☆ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ☆

# ਨਿਹਕਲੰਕ ਹਰਿਸ਼ਬਦ ਭੰਡਾਰ

## ਤੇਰਵਾਂ ਭਾਗ











# ਤਤਕਰਾ


| ਮਿਤੀ-ਸੰਮਤ | ਨਾਮ | ਸਥਾਨ | | ਪੰਨਾ ਨੰ: |
|---|---|---|---|---|
| ੦੧ ਕੱਤਕ ੨੦੧੯ ਬਿਕ੍ਰਮੀ | ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੦੦੧ |
| ੧੮ ਕੱਤਕ ੨੦੧੯ ਬਿਕ੍ਰਮੀ | ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੦੧੪ |
| ੧੯ ਕੱਤਕ ੨੦੧੯ ਬਿਕ੍ਰਮੀ | ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੦੨੦ |
| ੧੯ ਕੱਤਕ ੨੦੧੯ ਬਿਕ੍ਰਮੀ | ਨੂੰ ਇਹ ਸ਼ਬਦ ਰਾਸ਼ਟਰਪਤੀ ਨੂੰ ਫੋਟੋ ਨਾਲ ਭੇਜੇ ਗਏ | ਜੇਠੂਵਾਲ | ਅੰਮ੍ਰਿਤਸਰ | ੦੩੩ |
| ੦੧ ਮੱਘਰ ੨੦੧੯ ਬਿਕ੍ਰਮੀ | ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੦੪੦ |
| ੦੭ ਮੱਘਰ ੨੦੧੯ ਬਿਕ੍ਰਮੀ | ਬੰਤਾ ਸਿੰਘ ਦੇ ਗ੍ਰਿਹਿ | ਪੰਜ ਗਰਾਈਂ | ਗੁਰਦਾਸਪੁਰ | ੦੫੫ |
| ੦੮ ਮੱਘਰ ੨੦੧੯ ਬਿਕ੍ਰਮੀ | ਮਹਿੰਦਰ ਸਿੰਘ ਦੇ ਗ੍ਰਿਹਿ | ਦੱਯਾ | ਗੁਰਦਾਸਪੁਰ | ੦੬੩ |
| ੦੮ ਮੱਘਰ ੨੦੧੯ ਬਿਕ੍ਰਮੀ | ਨੌਰੰਗ ਸਿੰਘ ਦੇ ਗ੍ਰਿਹਿ | ਦੱਯਾ | ਗੁਰਦਾਸਪੁਰ | ੦੬੯ |
| ੦੯ ਮੱਘਰ ੨੦੧੯ ਬਿਕ੍ਰਮੀ | ਪ੍ਰੀਤਮ ਕੌਰ ਦੇ ਗ੍ਰਿਹਿ | ਠੀਕਰੀ ਵਾਲਾ | ਗੁਰਦਾਸਪੁਰ | ੦੭੭ |
| ੦੯ ਮੱਘਰ ੨੦੧੯ ਬਿਕ੍ਰਮੀ | ਕਰਤਾਰ ਸਿੰਘ ਦੇ ਗ੍ਰਿਹਿ | ਭੁੰਮਲੀ | ਗੁਰਦਾਸਪੁਰ | ੦੮੪ |
| ੧੦ ਮੱਘਰ ੨੦੧੯ ਬਿਕ੍ਰਮੀ | ਚਾਨਣ ਸ਼ਾਹ ਨਾਲ ਗੋਸ਼ਟ | ਭੁੰਮਲੀ | ਗੁਰਦਾਸਪੁਰ | ੦੯੦ |
| ੧੦ ਮੱਘਰ ੨੦੧੯ ਬਿਕ੍ਰਮੀ | ਜੁਗਿੰਦਰ ਸਿੰਘ ਦੇ ਗ੍ਰਿਹਿ | ਡਡਵਾਂ | ਗੁਰਦਾਸਪੁਰ | ੦੯੨ |
| ੧੦ ਮੱਘਰ ੨੦੧੯ ਬਿਕ੍ਰਮੀ | ਸ਼ੁਦਰਸ਼ਨ ਨਾਲ ਗੋਸ਼ਟ | ਸੋਹਲ | ਗੁਰਦਾਸਪੁਰ | ੦੯੭ |
| ੧੦ ਮੱਘਰ ੨੦੧੯ ਬਿਕ੍ਰਮੀ | ਸਵਰਨ ਸਿੰਘ ਦੇ ਗ੍ਰਿਹਿ | ਹਯਾਤ ਨਗਰ | ਗੁਰਦਾਸਪੁਰ | ੦੯੯ |
| ੧੧ ਮੱਘਰ ੨੦੧੯ ਬਿਕ੍ਰਮੀ | ਪਿਰਤਾ ਸਿੰਘ ਦੇ ਗ੍ਰਿਹਿ | ਕਲਾਨੌਰ | ਗੁਰਦਾਸਪੁਰ | ੧੧੦ |
| ੧੧ ਮੱਘਰ ੨੦੧੯ ਬਿਕ੍ਰਮੀ | ਸਰਦਾਰਾ ਸਿੰਘ ਦੇ ਗ੍ਰਿਹਿ | ਕਲਾਨੌਰ | ਗੁਰਦਾਸਪੁਰ | ੧੧੩ |
| ੧੨ ਮੱਘਰ ੨੦੧੯ ਬਿਕ੍ਰਮੀ | ਪਿਰਤਾ ਸਿੰਘ ਦੇ ਗ੍ਰਿਹਿ | ਕਲਾਨੌਰ | ਗੁਰਦਾਸਪੁਰ | ੧੨੦ |
| ੧੨ ਮੱਘਰ ੨੦੧੯ ਬਿਕ੍ਰਮੀ | ਜਾਗੀਰ ਸਿੰਘ ਦੇ ਗ੍ਰਿਹਿ | ਭੋਲੇ ਕੇ | ਗੁਰਦਾਸਪੁਰ | ੧੨੧ |
| ੧੨ ਮੱਘਰ ੨੦੧੯ ਬਿਕ੍ਰਮੀ | ਦਲੀਪ ਸਿੰਘ ਦੇ ਗ੍ਰਿਹਿ | ਪਿਪਗਲੀ | ਗੁਰਦਾਸਪੁਰ | ੧੨੪ |



1 ੧੩

| | | | | |
|---|---|---|---|---|
| ੧੨ ਮੱਘਰ ੨੦੧੯ ਬਿਕ੍ਰਮੀ | | ਜੱਟਾ | ਗੁਰਦਾਸਪੁਰ | ੧੨੮ |
| ੧੩ ਮੱਘਰ ੨੦੧੯ ਬਿਕ੍ਰਮੀ | ਜਸਵੰਤ ਸਿੰਘ ਨਾਲ ਗੋਸ਼ਟ | ਰਮਦਾਸ | ਗੁਰਦਾਸਪੁਰ | ੧੩੩ |
| ੧੩ ਮੱਘਰ ੨੦੧੯ ਬਿਕ੍ਰਮੀ | ਸੁੰਦਰ ਸਿੰਘ ਦੇ ਗ੍ਰਹਿ | ਰੋਸੇ | ਗੁਰਦਾਸਪੁਰ | ੧੪੧ |
| ੧੩ ਮੱਘਰ ੨੦੧੯ ਬਿਕ੍ਰਮੀ | ਪਾਲ ਸਿੰਘ ਦੇ ਗ੍ਰਹਿ | ਸ਼ੋਹਨ | ਗੁਰਦਾਸਪੁਰ | ੧੪੪ |
| ੧੩ ਮੱਘਰ ੨੦੧੯ ਬਿਕ੍ਰਮੀ | ਗੁਰਮੁਖ ਸਿੰਘ ਦੇ ਗ੍ਰਹਿ | ਸੋਹਲ | ਗੁਰਦਾਸਪੁਰ | ੧੪੭ |
| ੧੪ ਮੱਘਰ ੨੦੧੯ ਬਿਕ੍ਰਮੀ | — | ਦੋਸਤ ਪਰਾ | ਗੁਰਦਾਸਪੁਰ | ੧੫੮ |
| ੧੪ ਮੱਘਰ ੨੦੧੯ ਬਿਕ੍ਰਮੀ | ਕਿਸ਼ਨ ਸਿੰਘ ਦੇ ਗ੍ਰਹਿ | ਅੱਲੜਪਿੰਡੀ | ਗੁਰਦਾਸਪੁਰ | ੧੬੪ |
| ੧੫ ਮੱਘਰ ੨੦੧੯ ਬਿਕ੍ਰਮੀ | ਦਲੀਪ ਸਿੰਘ ਦੇ ਗ੍ਰਹਿ | ਬਾਬੂਪੁਰ | ਗੁਰਦਾਸਪੁਰ | ੧੮੬ |
| ੧੬ ਮੱਘਰ ੨੦੧੯ ਬਿਕ੍ਰਮੀ | ਆਸਾ ਸਿੰਘ ਪਿਆਰਾ ਸਿੰਘ ਦੇ ਗ੍ਰਹਿ | ਬਾਬੂਪੁਰ | ਗੁਰਦਾਸਪੁਰ | ੧੯੬ |
| ੧੭ ਮੱਘਰ ੨੦੧੯ ਬਿਕ੍ਰਮੀ | ਹਜ਼ਾਰਾ ਸਿੰਘ ਬਲਾਕਾ ਸਿੰਘ ਦੇ ਗ੍ਰਹਿ | ਬਾਬੂਪੁਰ | ਗੁਰਦਾਸਪੁਰ | ੨੧੯ |
| ੧੭ ਮੱਘਰ ੨੦੧੯ ਬਿਕ੍ਰਮੀ | ਵਰਖਾ ਸਿੰਘ ਦੇ ਗ੍ਰਹਿ | ਬਾਬੂਪੁਰ | ਗੁਰਦਾਸਪੁਰ | ੨੨੮ |
| ੧੭ ਮੱਘਰ ੨੦੧੯ ਬਿਕ੍ਰਮੀ | ਖੇੜਾ ਸਿੰਘ ਕਰਤਾਰ ਕੌਰ ਦੇ ਗ੍ਰਹਿ | ਬਾਬੂਪੁਰ | ਗੁਰਦਾਸਪੁਰ | ੨੩੪ |
| ੧੮ ਮੱਘਰ ੨੦੧੯ ਬਿਕ੍ਰਮੀ | ਦੀਦਾਰ ਸਿੰਘ ਦੇ ਗ੍ਰਹਿ | ਬਾਬੂਪੁਰ | ਗੁਰਦਾਸਪੁਰ | ੨੪੨ |
| ੧੮ ਮੱਘਰ ੨੦੧੯ ਬਿਕ੍ਰਮੀ | ਬੀਬੀ ਬਾਜੀ ਦੇ ਗ੍ਰਹਿ | ਬਾਬੂਪੁਰ | ਗੁਰਦਾਸਪੁਰ | ੨੪੭ |
| ੧੮ ਮੱਘਰ ੨੦੧੯ ਬਿਕ੍ਰਮੀ | ਸੰਤ ਸਿੰਘ ਦੇ ਗ੍ਰਹਿ | ਬਾਬੂਪੁਰ | ਗੁਰਦਾਸਪੁਰ | ੨੪੯ |
| ੧੮ ਮੱਘਰ ੨੦੧੯ ਬਿਕ੍ਰਮੀ | ਮੁਨਸ਼ਾ ਸਿੰਘ ਦੇ ਗ੍ਰਹਿ | ਬਾਬੂਪੁਰ | ਗੁਰਦਾਸਪੁਰ | ੨੫੪ |
| ੧੯ ਮੱਘਰ ੨੦੧੯ ਬਿਕ੍ਰਮੀ | ਮੇਲਾ ਸਿੰਘ ਦੇ ਗ੍ਰਹਿ | ਬਾਬੂਪੁਰ | ਗੁਰਦਾਸਪੁਰ | ੨੫੬ |
| ੧੯ ਮੱਘਰ ੨੦੧੯ ਬਿਕ੍ਰਮੀ | — | ਬਾਬੂਪੁਰ | ਗੁਰਦਾਸਪੁਰ | ੨੬੧ |
| ੧੯ ਮੱਘਰ ੨੦੧੯ ਬਿਕ੍ਰਮੀ | ਦਲੀਪ ਸਿੰਘ ਦੇ ਗ੍ਰਹਿ | ਬਾਬੂਪੁਰ | ਗੁਰਦਾਸਪੁਰ | ੨੬੬ |
| ੧੯ ਮੱਘਰ ੨੦੧੯ ਬਿਕ੍ਰਮੀ | ਬੂੜ ਸਿੰਘ ਦੇ ਗ੍ਰਹਿ | ਵਜੀਰਪੁਰ | ਗੁਰਦਾਸਪੁਰ | ੨੭੧ |
| ੨੦ ਮੱਘਰ ੨੦੧੯ ਬਿਕ੍ਰਮੀ | ਮੁਨਸ਼ਾ ਸਿੰਘ ਦੇ ਗ੍ਰਹਿ | ਨੋਸ਼ਹਿਰਾ | ਗੁਰਦਾਸਪੁਰ | ੨੮੦ |
| ੨੦ ਮੱਘਰ ੨੦੧੯ ਬਿਕ੍ਰਮੀ | ਉਜਾਗਰ ਸਿੰਘ ਦੇ ਗ੍ਰਹਿ | ਚੇਬੇ | ਗੁਰਦਾਸਪੁਰ | ੨੮੨ |



2
੧੩




| | | | | |
|---|---|---|---|---|
| ੨੦ ਮੱਘਰ ੨੦੧੯ ਬਿਕ੍ਰਮੀ | ਤ੍ਰਿਲੋਕ ਸਿੰਘ, ਤ੍ਰਿਲੋਕ ਸਿੰਘ ਦੇ ਗ੍ਰਿਹਿ | ਓਗਰਾ | ਗੁਰਦਾਸਪੁਰ | ੨੯੦ |
| ੨੧ ਮੱਘਰ ੨੦੧੯ ਬਿਕ੍ਰਮੀ | ਅਤਰ ਸਿੰਘ, ਚਤਰ ਸਿੰਘ, ਲੱਖਾ ਸਿੰਘ | ਓਗਰਾ | ਗੁਰਦਾਸਪੁਰ | ੩੦੨ |
| ੨੧ ਮੱਘਰ ੨੦੧੯ ਬਿਕ੍ਰਮੀ | ਚਾਨਣ ਕੌਰ ਦੇ ਗ੍ਰਿਹਿ | ਓਗਰਾ | ਗੁਰਦਾਸਪੁਰ | ੩੦੬ |
| ੨੧ ਮੱਘਰ ੨੦੧੯ ਬਿਕ੍ਰਮੀ | ਗਿਆਨ ਸਿੰਘ ਦੇ ਗ੍ਰਿਹਿ | ਓਗਰਾ | ਗੁਰਦਾਸਪੁਰ | ੩੦੮ |
| ੨੧ ਮੱਘਰ ੨੦੧੯ ਬਿਕ੍ਰਮੀ | ਰਾਵੀ ਕੰਢੇ ਦੇ ਗ੍ਰਿਹਿ | ਓਗਰਾ | ਗੁਰਦਾਸਪੁਰ | ੩੦੮ |
| ੨੧ ਮੱਘਰ ੨੦੧੯ ਬਿਕ੍ਰਮੀ | ਬਚਨ ਸਿੰਘ ਦੇ ਗ੍ਰਿਹਿ | ਸਿਮਲ ਸੋਕਰ | ਗੁਰਦਾਸਪੁਰ | ੩੧੦ |
| ੨੨ ਮੱਘਰ ੨੦੧੯ ਬਿਕ੍ਰਮੀ | ਚਰਨ ਸਿੰਘ ਦੇ ਗ੍ਰਿਹਿ | ਸਿਮਲ ਸੋਕਰ | ਗੁਰਦਾਸਪੁਰ | ੩੧੮ |
| ੨੨ ਮੱਘਰ ੨੦੧੯ ਬਿਕ੍ਰਮੀ | ਚਰਨ ਸਿੰਘ ਦੇ ਗ੍ਰਿਹਿ | ਅਨਤੋੜ | ਗੁਰਦਾਸਪੁਰ | ੩੨੨ |
| ੨੩ ਮੱਘਰ ੨੦੧੯ ਬਿਕ੍ਰਮੀ | ਮਹਿੰਗਾ ਸਿੰਘ ਦੇ ਗ੍ਰਿਹਿ | ਸਦਾ | ਗੁਰਦਾਸਪੁਰ | ੩੨੯ |
| ੨੩ ਮੱਘਰ ੨੦੧੯ ਬਿਕ੍ਰਮੀ | ਗੁਰਚਰਨ ਸਿੰਘ ਦੇ ਗ੍ਰਿਹਿ | ਕੱਤੋਵਾਲ | ਗੁਰਦਾਸਪੁਰ | ੩੩੧ |
| ੨੪ ਮੱਘਰ ੨੦੧੯ ਬਿਕ੍ਰਮੀ | ਅਜੀਤ ਸਿੰਘ ਦੇ ਗ੍ਰਿਹਿ | ਕੱਤੋਵਾਲ | ਗੁਰਦਾਸਪੁਰ | ੩੩੭ |
| ੨੪ ਮੱਘਰ ੨੦੧੯ ਬਿਕ੍ਰਮੀ | — | ਨਵਾਂ ਪਿੰਡ | ਗੁਰਦਾਸਪੁਰ | ੩੪੧ |
| ੨੪ ਮੱਘਰ ੨੦੧੯ ਬਿਕ੍ਰਮੀ | ਕਰਮ ਸਿੰਘ ਦੇ ਗ੍ਰਿਹਿ | ਨਇਆਸ਼ਾਲਾ | ਗੁਰਦਾਸਪੁਰ | ੩੪੩ |
| ੨੪ ਮੱਘਰ ੨੦੧੯ ਬਿਕ੍ਰਮੀ | ਸਰੂਪ ਸਿੰਘ ਦੇ ਗ੍ਰਿਹਿ | ਮੰਗੂ ਪੁਰ | ਕਪੂਰਥਲਾ | ੩੪੫ |
| ੨੫ ਮੱਘਰ ੨੦੧੯ ਬਿਕ੍ਰਮੀ | ਮਹਿੰਦਰ ਸਿੰਘ ਦੇ ਗ੍ਰਿਹਿ | ਹਰਨਾਮ ਪੁਰ | ਕਪੂਰਥਲਾ | ੩੫੦ |
| ੦੧ ਪੋਹ ੨੦੧੯ ਬਿਕ੍ਰਮੀ | ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੩੫੩ |
| ੧੦ ਪੋਹ ੨੦੧੯ ਬਿਕ੍ਰਮੀ | ਠਾਕਰ ਸਿੰਘ ਦੇ ਨਵਿਤ | ਜੇਠੂਵਾਲ | ਅੰਮ੍ਰਿਤਸਰ | ੩੬੦ |
| ੨੫ ਪੋਹ ੨੦੧੯ ਬਿਕ੍ਰਮੀ | ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੩੬੬ |
| ੨੬ ਪੋਹ ੨੦੧੯ ਬਿਕ੍ਰਮੀ | ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੩੭੧ |
| ੨੭ ਪੋਹ ੨੦੧੯ ਬਿਕ੍ਰਮੀ | ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੩੯੯ |
| ੨੮ ਪੋਹ ੨੦੧੯ ਬਿਕ੍ਰਮੀ | ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੪੧੫ |
| ੩੦ ਪੋਹ ੨੦੧੯ ਬਿਕ੍ਰਮੀ | ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੪੨੧ |





3 ੧੩




| | | | | |
|---|---|---|---|---|
| ੦੧ ਮਾਘ ੨੦੧੯ ਬਿਕ੍ਰਮੀ | ਭਗਵਾਨ ਸਿੰਘ, ਬੂੜ ਸਿੰਘ ਦੇ ਗ੍ਰਿਹਿ | ਜੇਠੂਵਾਲ | ਅੰਮ੍ਰਿਤਸਰ | ੪੨੭ |
| ੦੧ ਮਾਘ ੨੦੧੯ ਬਿਕ੍ਰਮੀ | —— | ਜੇਠੂਵਾਲ | ਅੰਮ੍ਰਿਤਸਰ | ੪੩੦ |
| ੦੧ ਮਾਘ ੨੦੧੯ ਬਿਕ੍ਰਮੀ | ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੪੩੨ |
| ੦੩ ਮਾਘ ੨੦੧੯ ਬਿਕ੍ਰਮੀ | ਸੋਹਣ ਸਿੰਘ ਦੇ ਗ੍ਰਿਹਿ | ਮੁੰਡੀ ਜਮਾਲ | ਫਿਰੋਜ਼ਪੁਰ | ੪੫੭ |
| ੦੪ ਮਾਘ ੨੦੧੯ ਬਿਕ੍ਰਮੀ | ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੪੫੯ |
| ੦੯ ਮਾਘ ੨੦੧੯ ਬਿਕ੍ਰਮੀ | ਅਜੀਤ ਸਿੰਘ ਦੇ ਗ੍ਰਿਹਿ | ਬਟਾਲਾ | ਗੁਰਦਾਸਪੁਰ | ੪੬੬ |
| ੦੯ ਮਾਘ ੨੦੧੯ ਬਿਕ੍ਰਮੀ | ਸੋਹਣ ਸਿੰਘ ਦੇ ਗ੍ਰਿਹਿ | ਬਟਾਲਾ | ਗੁਰਦਾਸਪੁਰ | ੪੭੧ |
| ੦੯ ਮਾਘ ੨੦੧੯ ਬਿਕ੍ਰਮੀ | ਜਸਬੀਰ ਸਿੰਘ, ਦਿਲਬਾਗ ਸਿੰਘ, ਜਗੀਰ ਸਿੰਘ | ਭੋਲੇਕੇ | ਗੁਰਦਾਸਪੁਰ | ੪੭੩ |
| ੧੦ ਮਾਘ ੨੦੧੯ ਬਿਕ੍ਰਮੀ | ਸੋਹਣ ਸਿੰਘ, ਮੋਹਣ ਸਿੰਘ ਦੇ ਗ੍ਰਿਹਿ | ਭੋਲੇਕੇ | ਗੁਰਦਾਸਪੁਰ | ੪੮੦ |
| ੧੦ ਮਾਘ ੨੦੧੯ ਬਿਕ੍ਰਮੀ | ਕਰਤਾਰ ਸਿੰਘ ਦੇ ਗ੍ਰਿਹਿ | ਭੋਲੇਕੇ | ਗੁਰਦਾਸਪੁਰ | ੪੮੪ |
| ੧੦ ਮਾਘ ੨੦੧੯ ਬਿਕ੍ਰਮੀ | ਗਿਰਧਾਰੀ ਲਾਲ ਦੇ ਗ੍ਰਿਹਿ | ਭੋਲੇਕੇ | ਗੁਰਦਾਸਪੁਰ | ੪੮੬ |
| ੧੦ ਮਾਘ ੨੦੧੯ ਬਿਕ੍ਰਮੀ | ਭਗਵਾਨ ਸਿੰਘ ਦੇ ਗ੍ਰਿਹਿ | ਮਹਿਤਾ ਚੌਕ | ਅੰਮ੍ਰਿਤਸਰ | ੪੯੦ |
| ੧੦ ਮਾਘ ੨੦੧੯ ਬਿਕ੍ਰਮੀ | ਮੱਸਾ ਸਿੰਘ ਦੇ ਗ੍ਰਿਹਿ | ਕੋਟਲੀ ਥਾਨ ਸਿੰਘ | ਅੰਮ੍ਰਿਤਸਰ | ੪੯੬ |
| ੧੭ ਮਾਘ ੨੦੧੯ ਬਿਕ੍ਰਮੀ | ਬਲਦੇਵ ਸਿੰਘ ਦੇ ਗ੍ਰਿਹਿ | ਹਰੀ ਪੁਰ | ਅੰਮ੍ਰਿਤਸਰ | ੫੦੪ |
| ੧੭ ਮਾਘ ੨੦੧੯ ਬਿਕ੍ਰਮੀ | ਨਰਾਇਣ ਸਿੰਘ ਦੇ ਗ੍ਰਿਹਿ | ਗੁਮਾਨ ਪੁਰਾ | ਅੰਮ੍ਰਿਤਸਰ | ੫੧੧ |
| ੧੮ ਮਾਘ ੨੦੧੯ ਬਿਕ੍ਰਮੀ | ਹਰਨਾਮ ਸਿੰਘ ਦੇ ਗ੍ਰਿਹਿ | ਗੁਮਾਨ ਪੁਰਾ | ਅੰਮ੍ਰਿਤਸਰ | ੫੧੬ |
| ੧੮ ਮਾਘ ੨੦੧੯ ਬਿਕ੍ਰਮੀ | ਸਵਰਨ ਸਿੰਘ ਦੇ ਗ੍ਰਿਹਿ | ਗੁਮਾਨ ਪੁਰਾ | ਅੰਮ੍ਰਿਤਸਰ | ੫੧੯ |
| ੧੮ ਮਾਘ ੨੦੧੯ ਬਿਕ੍ਰਮੀ | ਬਲਵੰਤ ਸਿੰਘ, ਹਰਬੰਸ ਸਿੰਘ ਦੇ ਗ੍ਰਿਹਿ | ਮਾਹਲ | ਅੰਮ੍ਰਿਤਸਰ | ੫੨੧ |
| ੧੮ ਮਾਘ ੨੦੧੯ ਬਿਕ੍ਰਮੀ | ਚੰਨਣ ਸਿੰਘ ਦੇ ਗ੍ਰਿਹਿ | ਮਾਹਲ | ਅੰਮ੍ਰਿਤਸਰ | ੫੨੭ |
| ੧੮ ਮਾਘ ੨੦੧੯ ਬਿਕ੍ਰਮੀ | ਬੇਲਾ ਸਿੰਘ ਦੇ ਗ੍ਰਿਹਿ | ਮਾਹਲ | ਅੰਮ੍ਰਿਤਸਰ | ੫੨੯ |
| ੧੮ ਮਾਘ ੨੦੧੯ ਬਿਕ੍ਰਮੀ | ਮਹਿੰਦਰ ਸਿੰਘ ਦੇ ਗ੍ਰਿਹਿ | ਗੋਪਾ ਰਾਏ | ਅੰਮ੍ਰਿਤਸਰ | ੫੩੩ |
| ੧੮ ਮਾਘ ੨੦੧੯ ਬਿਕ੍ਰਮੀ | ਸਵਿੰਦਰ ਸਿੰਘ ਦੇ ਗ੍ਰਿਹਿ | ਭੁਲਰ | ਅੰਮ੍ਰਿਤਸਰ | ੫੩੬ |





4 ੧੩





| | | | | |
|---|---|---|---|---|
| ੧੯ ਮਾਘ ੨੦੧੯ ਬਿਕ੍ਰਮੀ | ਬੀਬੀ ਪਿਆਰੋ ਦੇ ਗ੍ਰਹਿ | ਭੁਲਰ | ਅੰਮ੍ਰਿਤਸਰ | ੫੪੭ |
| ੧੯ ਮਾਘ ੨੦੧੯ ਬਿਕ੍ਰਮੀ | ਨਾਜਰ ਸਿੰਘ ਦੇ ਗ੍ਰਹਿ | ਮਾਨਾ ਵਾਲਾ | ਅੰਮ੍ਰਿਤਸਰ | ੫੫੦ |
| ੧੯ ਮਾਘ ੨੦੧੯ ਬਿਕ੍ਰਮੀ | ਪੂਰਨ ਸਿੰਘ ਦੇ ਗ੍ਰਹਿ | ਲੈਲੀਆਂ | ਅੰਮ੍ਰਿਤਸਰ | ੫੫੨ |
| ੧੯ ਮਾਘ ੨੦੧੯ ਬਿਕ੍ਰਮੀ | ਮੰਗਲ ਸਿੰਘ ਦੇ ਗ੍ਰਹਿ | ਸਾਰੰਗੜਾ | ਅੰਮ੍ਰਿਤਸਰ | ੫੫੭ |
| ੨੦ ਮਾਘ ੨੦੧੯ ਬਿਕ੍ਰਮੀ | ਸਮਾਂ ਸਿੰਘ ਦੇ ਗ੍ਰਹਿ | ਮੋਧੇ | ਅੰਮ੍ਰਿਤਸਰ | ੫੬੬ |
| ੨੦ ਮਾਘ ੨੦੧੯ ਬਿਕ੍ਰਮੀ | ਹਜ਼ਾਰਾ ਸਿੰਘ ਦੇ ਗ੍ਰਹਿ | ਕਾਉਂ ਕੇ | ਅੰਮ੍ਰਿਤਸਰ | ੫੭੩ |
| ੨੦ ਮਾਘ ੨੦੧੯ ਬਿਕ੍ਰਮੀ | ਅਵਤਾਰ ਸਿੰਘ ਦੇ ਗ੍ਰਹਿ | ਕਾਉਂ ਕੇ | ਅੰਮ੍ਰਿਤਸਰ | ੫੭੯ |
| ੨੦ ਮਾਘ ੨੦੧੯ ਬਿਕ੍ਰਮੀ | ਸੁਰਜਨ ਸਿੰਘ ਦੇ ਗ੍ਰਹਿ | ਭਰੋਭਾਲ | ਅੰਮ੍ਰਿਤਸਰ | ੫੮੨ |
| ੨੧ ਮਾਘ ੨੦੧੯ ਬਿਕ੍ਰਮੀ | ਰਾਮ ਸਿੰਘ ਦੇ ਗ੍ਰਹਿ | ਸੋਹਲ | ਅੰਮ੍ਰਿਤਸਰ | ੫੯੨ |
| ੨੧ ਮਾਘ ੨੦੧੯ ਬਿਕ੍ਰਮੀ | ਹਰੀ ਸਿੰਘ ਦੇ ਗ੍ਰਹਿ | ਸੋਹਲ | ਅੰਮ੍ਰਿਤਸਰ | ੫੯੮ |
| ੨੧ ਮਾਘ ੨੦੧੯ ਬਿਕ੍ਰਮੀ | ਮਹਿੰਦਰ ਸਿੰਘ ਦੇ ਗ੍ਰਹਿ | ਸੋਹਲ | ਅੰਮ੍ਰਿਤਸਰ | ੬੦੦ |
| ੨੧ ਮਾਘ ੨੦੧੯ ਬਿਕ੍ਰਮੀ | ਮੰਗਲ ਸਿੰਘ, ਦਰਬਾਰਾ ਸਿੰਘ ਦੇ ਗ੍ਰਹਿ | ਸੋਹਲ | ਅੰਮ੍ਰਿਤਸਰ | ੬੦੨ |
| ੨੧ ਮਾਘ ੨੦੧੯ ਬਿਕ੍ਰਮੀ | ਦਲੀਪ ਸਿੰਘ ਦੇ ਗ੍ਰਹਿ | ਗੱਗੋ ਬੂਆ | ਅੰਮ੍ਰਿਤਸਰ | ੬੦੩ |
| ੨੨ ਮਾਘ ੨੦੧੯ ਬਿਕ੍ਰਮੀ | ਗੁਰਬਖ਼ਸ਼ ਸਿੰਘ ਦੇ ਗ੍ਰਹਿ | ਗੱਗੋ ਬੂਆ | ਅੰਮ੍ਰਿਤਸਰ | ੬੧੧ |
| ੨੨ ਮਾਘ ੨੦੧੯ ਬਿਕ੍ਰਮੀ | ਚੰਨਣ ਸਿੰਘ ਦੇ ਗ੍ਰਹਿ | ਗੱਗੋ ਬੂਆ | ਅੰਮ੍ਰਿਤਸਰ | ੬੧੪ |
| ੨੨ ਮਾਘ ੨੦੧੯ ਬਿਕ੍ਰਮੀ | ਜਗੀਰ ਸਿੰਘ ਦੇ ਗ੍ਰਹਿ | ਗੱਗੋ ਬੂਆ | ਅੰਮ੍ਰਿਤਸਰ | ੬੧੬ |
| ੨੨ ਮਾਘ ੨੦੧੯ ਬਿਕ੍ਰਮੀ | ਕਰਮ ਸਿੰਘ ਦੇ ਗ੍ਰਹਿ | ਗੱਗੋ ਬੂਆ | ਅੰਮ੍ਰਿਤਸਰ | ੬੧੭ |
| ੨੨ ਮਾਘ ੨੦੧੯ ਬਿਕ੍ਰਮੀ | | ਗੱਗੋ ਬੂਆ | ਅੰਮ੍ਰਿਤਸਰ | ੬੧੮ |
| ੨੨ ਮਾਘ ੨੦੧੯ ਬਿਕ੍ਰਮੀ | ਸੁਰਜਨ ਸਿੰਘ ਦੇ ਗ੍ਰਹਿ | ਭੁਲਰ | ਅੰਮ੍ਰਿਤਸਰ | ੬੧੯ |
| ੨੨ ਮਾਘ ੨੦੧੯ ਬਿਕ੍ਰਮੀ | ਮੋਤਾ ਸਿੰਘ ਦੇ ਗ੍ਰਹਿ | ਕਲਸੀਆਂ | ਅੰਮ੍ਰਿਤਸਰ | ੬੨੪ |
| ੨੨ ਮਾਘ ੨੦੧੯ ਬਿਕ੍ਰਮੀ | ਬੀਬੀ ਬੀਰੋ ਦੇ ਗ੍ਰਹਿ | ਕਲਸੀਆਂ | ਅੰਮ੍ਰਿਤਸਰ | ੬੨੫ |
| ੨੨ ਮਾਘ ੨੦੧੯ ਬਿਕ੍ਰਮੀ | ਮਨੀ ਰਾਮ ਦੇ ਗ੍ਰਹਿ | ਸਿਧਵਾਂ | ਅੰਮ੍ਰਿਤਸਰ | ੬੨੫ |






5 ੧੩




| | | | | | |
|---|---|---|---|---|---|
| ੨੩ ਮਾਘ ੨੦੧੯ ਬਿਕ੍ਰਮੀ | ਸਮੁੰਦ ਸਿੰਘ ਦੇ ਗ੍ਰਿਹਿ | ਮਾੜੀ ਮੇਘਾ | ਅੰਮ੍ਰਿਤਸਰ | ੬੩੩ |
| ੨੩ ਮਾਘ ੨੦੧੯ ਬਿਕ੍ਰਮੀ | ਕੁੰਦਨ ਸਿੰਘ ਦੇ ਗ੍ਰਿਹਿ | ਮਾਲ ਚੱਕ | ਅੰਮ੍ਰਿਤਸਰ | ੬੪੦ |
| ੨੩ ਮਾਘ ੨੦੧੯ ਬਿਕ੍ਰਮੀ | ਗੰਡਾ ਸਿੰਘ ਦੇ ਗ੍ਰਿਹਿ | ਦਰਾਜ ਕੇ | ਅੰਮ੍ਰਿਤਸਰ | ੬੪੨ |
| ੨੪ ਮਾਘ ੨੦੧੯ ਬਿਕ੍ਰਮੀ | ਲਛਮਣ ਸਿੰਘ ਦੇ ਗ੍ਰਿਹਿ | ਭੂਰੇ | ਅੰਮ੍ਰਿਤਸਰ | ੬੫੦ |
| ੨੪ ਮਾਘ ੨੦੧੯ ਬਿਕ੍ਰਮੀ | | ਭੂਰੇ | ਅੰਮ੍ਰਿਤਸਰ | ੬੫੪ |
| ੨੫ ਮਾਘ ੨੦੧੯ ਬਿਕ੍ਰਮੀ | ਸੂਰਤ ਸਿੰਘ ਦੇ ਗ੍ਰਿਹਿ | ਮਸਤ ਗੜ੍ਹ | ਅੰਮ੍ਰਿਤਸਰ | ੬੬੨ |
| ੨੫ ਮਾਘ ੨੦੧੯ ਬਿਕ੍ਰਮੀ | ਮੱਖਣ ਸਿੰਘ ਦੇ ਗ੍ਰਿਹਿ | ਸੁਗਾ | ਅੰਮ੍ਰਿਤਸਰ | ੬੭੪ |
| ੨੬ ਮਾਘ ੨੦੧੯ ਬਿਕ੍ਰਮੀ | ਹਜ਼ਾਰਾ ਸਿੰਘ ਦੇ ਗ੍ਰਿਹਿ | ਮਨਿਆਲਾ | ਅੰਮ੍ਰਿਤਸਰ | ੬੮੮ |
| ੨੬ ਮਾਘ ੨੦੧੯ ਬਿਕ੍ਰਮੀ | ਬਲੀ ਸਿੰਘ ਦੇ ਗ੍ਰਿਹਿ | ਕੇਰੋਂ | ਗੁਰਦਾਸਪੁਰ | ੬੯੦ |
| ੨੬ ਮਾਘ ੨੦੧੯ ਬਿਕ੍ਰਮੀ | ਜਗੀਰ ਸਿੰਘ ਦੇ ਗ੍ਰਿਹਿ | ਸਭਰਾ | ਗੁਰਦਾਸਪੁਰ | ੬੯੩ |
| ੨੭ ਮਾਘ ੨੦੧੯ ਬਿਕ੍ਰਮੀ | ਗੁਰਬਚਨ ਸਿੰਘ, ਮੋਹਣ ਸਿੰਘ | ਉਸਮਾ | ਗੁਰਦਾਸਪੁਰ | ੭੦੮ |
| ੨੭ ਮਾਘ ੨੦੧੯ ਬਿਕ੍ਰਮੀ | ਕਰਤਾਰ ਸਿੰਘ, ਨਿਰੰਜਨ ਸਿੰਘ | ਚੰਬਲ | ਅੰਮ੍ਰਿਤਸਰ | ੭੧੭ |
| ੨੮ ਮਾਘ ੨੦੧੯ ਬਿਕ੍ਰਮੀ | ਤਾਰਾ ਸਿਘ ਦੇ ਗ੍ਰਿਹਿ | ਚੰਬਲ | ਅੰਮ੍ਰਿਤਸਰ | ੭੨੭ |
| ੨੮ ਮਾਘ ੨੦੧੯ ਬਿਕ੍ਰਮੀ | ਗੁਰਨਾਮ ਸਿੰਘ ਦੇ ਗ੍ਰਿਹਿ | ਚੰਬਲ | ਅੰਮ੍ਰਿਤਸਰ | ੭੩੧ |
| ੨੮ ਮਾਘ ੨੦੧੯ ਬਿਕ੍ਰਮੀ | ਦੀਦਾਰ ਸਿੰਘ ਦੇ ਗ੍ਰਿਹਿ | ਜੱਟਾ | ਅੰਮ੍ਰਿਤਸਰ | ੭੩੪ |
| ੨੮ ਮਾਘ ੨੦੧੯ ਬਿਕ੍ਰਮੀ | ਕੇਸੋ ਰਾਮ ਦੇ ਗ੍ਰਿਹਿ | ਜੰਡੋ ਕੇ ਸਰਹਾਲੀ | ਅੰਮ੍ਰਿਤਸਰ | ੭੩੯ |
| ੨੮ ਮਾਘ ੨੦੧੯ ਬਿਕ੍ਰਮੀ | ਸੋਹਣ ਸਿੰਘ ਦੇ ਗ੍ਰਿਹਿ | ਤਰਨ ਤਾਰਨ | ਅੰਮ੍ਰਿਤਸਰ | ੭੪੨ |
| ੨੯ ਮਾਘ ੨੦੧੯ ਬਿਕ੍ਰਮੀ | ਚਰਨ ਸਿੰਘ ਦੇ ਗ੍ਰਿਹਿ | ਤਰਨ ਤਾਰਨ | ਅੰਮ੍ਰਿਤਸਰ | ੭੬੦ |
| ੨੯ ਮਾਘ ੨੦੧੯ ਬਿਕ੍ਰਮੀ | ਦਲੀਪ ਸਿੰਘ ਦੇ ਗ੍ਰਿਹਿ | ਤਰਨ ਤਾਰਨ | ਅੰਮ੍ਰਿਤਸਰ | ੭੬੩ |
| ੨੯ ਮਾਘ ੨੦੧੯ ਬਿਕ੍ਰਮੀ | ਈਸ਼ਰ ਸਿੰਘ ਪ੍ਰੇਮ ਸਿੰਘ ਦੇ ਗ੍ਰਿਹਿ | ਬੁੱਗੇ | ਅੰਮ੍ਰਿਤਸਰ | ੭੬੬ |
| ੦੧ ਫੱਗਣ ੨੦੧੯ ਬਿਕ੍ਰਮੀ | ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੭੭੨ |
| ੦੨ ਫੱਗਣ ੨੦੧੯ ਬਿਕ੍ਰਮੀ | ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੭੯੧ |





6 ੧੩




| | | | | |
|---|---|---|---|---|
| ੦੬ ਫੱਗਣ ੨੦੧੯ ਬਿਕ੍ਰਮੀ | ਹਰਬੰਸ ਸਿੰਘ ਦੇ ਗ੍ਰਿਹਿ | ਠੀਕਰੀ ਛੰਨਾ | ਕਰਨਾਲ | ੭੯੪ |
| ੦੬ ਫੱਗਣ ੨੦੧੯ ਬਿਕ੍ਰਮੀ | ਅਰਜਨ ਸਿੰਘ ਦੇ ਗ੍ਰਿਹਿ | ਬਲੋਚ ਪੁਰ | ਕਰਨਾਲ | ੭੯੬ |
| ੦੭ ਫੱਗਣ ੨੦੧੯ ਬਿਕ੍ਰਮੀ | ਬਿਸ਼ਨ ਸਿੰਘ ਦੇ ਗ੍ਰਿਹਿ | ਗੁੜਗਾਉ | ਹਰਿਆਣਾ | ੮੦੬ |
| ੦੮ ਫੱਗਣ ੨੦੧੯ ਬਿਕ੍ਰਮੀ | ਨੈਸ਼ਨਲ ਹਾਈ ਸਕੂਲ | ਬਾਦਸ਼ਾਹਪੁਰ | ਹਰਿਆਣਾ | ੮੧੦ |
| ੦੮ ਫੱਗਣ ੨੦੧੯ ਬਿਕ੍ਰਮੀ | —— | ਗੁੜਗਾਉ | ਹਰਿਆਣਾ | ੮੧੨ |
| ੦੯ ਫੱਗਣ ੨੦੧੯ ਬਿਕ੍ਰਮੀ | ਰੇਸ਼ਮ ਸਿੰਘ ਦੇ ਗ੍ਰਿਹਿ | ਮੇਰਠ ਛਾਉਣੀ | ਮੇਰਠ | ੮੨੨ |
| ੧੦ ਫੱਗਣ ੨੦੧੯ ਬਿਕ੍ਰਮੀ | ਹਰਿਭਜਨ ਸਿੰਘ ਦੇ ਗ੍ਰਿਹਿ | ਲੰਗਰ ਪੁਰਾ | ਉਤਰ ਪ੍ਰਦੇਸ | ੮੩੩ |
| ੧੦ ਫੱਗਣ ੨੦੧੯ ਬਿਕ੍ਰਮੀ | ਸ਼ਿਵ ਸਿੰਘ ਦੇ ਗ੍ਰਿਹਿ | ਮੇਰਟ ਛੌਣੀ | ਉਤਰ ਪ੍ਰਦੇਸ | ੮੪੦ |
| ੧੦ ਫੱਗਣ ੨੦੧੯ ਬਿਕ੍ਰਮੀ | ਪ੍ਰੇਮੀ ਦੇਵੀ ਦੇ ਗ੍ਰਿਹਿ | ਗਰਾਸ ਮੰਡੀ | ਉਤਰ ਪ੍ਰਦੇਸ | ੮੪੦ |
| ੧੦ ਫੱਗਣ ੨੦੧੯ ਬਿਕ੍ਰਮੀ | ਰੇਸ਼ਮ ਸਿੰਘ ਦੇ ਗ੍ਰਿਹਿ | ਮੇਰਟ ਛੌਣੀ | ਉਤਰ ਪ੍ਰਦੇਸ | ੮੪੩ |
| ੧੧ ਫੱਗਣ ੨੦੧੯ ਬਿਕ੍ਰਮੀ | ਦਰਬਾਰੀ ਲਾਲ ਦੇ ਗ੍ਰਿਹਿ | ਗਾਜੀਆਬਾਦ | ਉਤਰ ਪ੍ਰਦੇਸ | ੮੫੨ |
| ੧੧ ਫੱਗਣ ੨੦੧੯ ਬਿਕ੍ਰਮੀ | ਦਰਸਨ ਸਿੰਘ ਦੇ ਗ੍ਰਿਹਿ | ਧੀਰਪੁਰ ਢੱਕਾ | ਦਿਲੀ | ੮੫੩ |
| ੧੧ ਫੱਗਣ ੨੦੧੯ ਬਿਕ੍ਰਮੀ | ਅਵਤਾਰ ਸਿੰਘ ਨਿਰੰਕਾਰੀ ਨਾਲ | | ਦਿਲੀ | ੮੫੭ |
| ੧੧ ਫੱਗਣ ੨੦੧੯ ਬਿਕ੍ਰਮੀ | ਕਰਤਾਰ ਸਿੰਘ ਦੇ ਗ੍ਰਿਹਿ | ਸਕੂਰ ਬਸਤੀ | ਦਿਲੀ | ੮੬੦ |
| ੧੨ ਫੱਗਣ ੨੦੧੯ ਬਿਕ੍ਰਮੀ | ਦਿਲੀ ਦਰਬਾਰ ਦੇ ਗ੍ਰਿਹਿ | ਪਹਾੜਗੰਜ | ਦਿਲੀ | ੮੬੯ |
| ੧੨ ਫੱਗਣ ੨੦੧੯ ਬਿਕ੍ਰਮੀ | ਸਰੂਪ ਸਿੰਘ ਦੇ ਗ੍ਰਿਹਿ | ਚਾਂਕੀਆ ਪੁਰੀ | ਦਿਲੀ | ੮੭੯ |
| ੧੩ ਫੱਗਣ ੨੦੧੯ ਬਿਕ੍ਰਮੀ | ਗੁਰਚਰਨ ਸਿੰਘ ਦੇ ਗ੍ਰਿਹਿ | ਚਾਂਕੀਆ ਪੁਰੀ | ਦਿਲੀ | ੮੮੪ |
| ੧੩ ਫੱਗਣ ੨੦੧੯ ਬਿਕ੍ਰਮੀ | ਚੰਦਾ ਸਿੰਘ, ਰਾਜ ਸਿੰਘ ਦੇ ਗ੍ਰਿਹਿ | ਪਰਤਾਪ ਨਗਰ | ਦਿਲੀ | ੮੮੭ |
| ੧੩ ਫੱਗਣ ੨੦੧੯ ਬਿਕ੍ਰਮੀ | ਅਵਤਾਰ ਸਿੰਘ ਦੇ ਗ੍ਰਿਹਿ | ਦਿਲੀ | ਦਿਲੀ | ੮੯੩ |
| ੧੩ ਫੱਗਣ ੨੦੧੯ ਬਿਕ੍ਰਮੀ | ਕਰਮ ਸਿੰਘ ਦੇ ਗ੍ਰਿਹਿ | ਕਰੌਲ ਬਾਗ | ਦਿਲੀ | ੮੯੭ |
| ੧੩ ਫੱਗਣ ੨੦੧੯ ਬਿਕ੍ਰਮੀ | ਰਤਨ ਸਿੰਘ ਦੇ ਗ੍ਰਿਹਿ | ਦਿਲੀ ਦਰਬਾਰ | ਦਿਲੀ | ੮੯੮ |
| ੧੪ ਫੱਗਣ ੨੦੧੯ ਬਿਕ੍ਰਮੀ | ਭਗਤ ਸਿੰਘ ਦੇ ਗ੍ਰਿਹਿ | ਇਟਾਰਸੀ | ਮੱਧ ਪ੍ਰਦੇਸ | ੯੦੩ |





7 ੧੩




| | | | | |
|---|---|---|---|---|
| ੧੫ ਫੱਗਣ ੨੦੧੯ ਬਿਕ੍ਰਮੀ | ਜਸਵੰਤ ਸਿੰਘ ਦੇ ਗ੍ਰਿਹਿ | ਇਟਾਰਸੀ | ਮੱਧ ਪ੍ਰਦੇਸ | ੯੧੪ |
| ੧੫ ਫੱਗਣ ੨੦੧੯ ਬਿਕ੍ਰਮੀ | ਭਗਤ ਸਿੰਘ ਦੇ ਗ੍ਰਿਹਿ | ਏਟਾਰਸੀ | ਮੱਧ ਪ੍ਰਦੇਸ | ੯੧੯ |
| ੧੬ ਫੱਗਣ ੨੦੧੯ ਬਿਕ੍ਰਮੀ | ਭਗਤ ਸਿੰਘ ਦੇ ਗ੍ਰਿਹਿ | ਇਟਾਰਸੀ | ਮੱਧ ਪ੍ਰਦੇਸ | ੯੨੪ |
| ੧੬ ਫੱਗਣ ੨੦੧੯ ਬਿਕ੍ਰਮੀ | ਸੁਰਿੰਦਰ ਸਿੰਘ ਦੇ ਗ੍ਰਿਹਿ | ਇਟਾਰਸੀ | ਇਟਾਰਸੀ | ੯੨੮ |
| ੧੬ ਫੱਗਣ ੨੦੧੯ ਬਿਕ੍ਰਮੀ | ਕੌੜਾ ਮਲ ਦੇ ਗ੍ਰਿਹਿ | ਇਟਾਰਸੀ | ਮੱਧ ਪ੍ਰਦੇਸ | ੯੩੨ |
| ੧੬ ਫੱਗਣ ੨੦੧੯ ਬਿਕ੍ਰਮੀ | ਟੋਪਨ ਰਾਮ ਦੇ ਗ੍ਰਿਹਿ | ਇਟਾਰਸੀ | ਮੱਧ ਪ੍ਰਦੇਸ | ੯੩੫ |
| ੧੬ ਫੱਗਣ ੨੦੧੯ ਬਿਕ੍ਰਮੀ | ਭਗਤ ਸਿੰਘ ਦੇ ਗ੍ਰਿਹਿ | ਇਟਾਰਸੀ | ਮੱਧ ਪ੍ਰਦੇਸ | ੯੩੬ |
| ੧੮ ਫੱਗਣ ੨੦੧੯ ਬਿਕ੍ਰਮੀ | ਲੈਫਟੀਨੈਂਟ ਮਹਿੰਦਰ ਸਿੰਘ ਦੇ ਗ੍ਰਿਹਿ | ਔਰੰਗਾਬਾਦ | ਮੱਧ ਪ੍ਰਦੇਸ | ੯੪੮ |
| ੧੯ ਫੱਗਣ ੨੦੧੯ ਬਿਕ੍ਰਮੀ | ਔਰੰਗਜੇਬ ਦੇ ਮਕਬਰੇ ਉਤੇ | ਖੁਲਦਾਬਾਦ | ਮੱਧ ਪ੍ਰਦੇਸ | ੯੬੭ |
| ੧੯ ਫੱਗਣ ੨੦੧੯ ਬਿਕ੍ਰਮੀ | ਮਹਿੰਦਰ ਸਿੰਘ ਦੇ ਗ੍ਰਿਹਿ | ਔਰੰਗਾਬਾਦ | ਮੱਧ ਪ੍ਰਦੇਸ | ੯੬੮ |
| ੨੦ ਫੱਗਣ ੨੦੧੯ ਬਿਕ੍ਰਮੀ | ਮਹਿੰਦਰ ਸਿੰਘ ਦੇ ਗ੍ਰਿਹਿ | ਔਰੰਗਾਬਾਦ | ਮੱਧ ਪ੍ਰਦੇਸ | ੯੭੪ |
| ੨੦ ਫੱਗਣ ੨੦੧੯ ਬਿਕ੍ਰਮੀ | ਜਸਵੰਤ ਸਿੰਘ ਦੇ ਗ੍ਰਿਹਿ | ਔਰੰਗਾਬਾਦ | ਮੱਧ ਪ੍ਰਦੇਸ | ੯੮੦ |
| ੨੦ ਫੱਗਣ ੨੦੧੯ ਬਿਕ੍ਰਮੀ | ਜਗਜੀਤ ਸਿੰਘ ਦੇ ਗ੍ਰਿਹਿ | ਔਰੰਗਾਬਾਦ | ਮੱਧ ਪ੍ਰਦੇਸ | ੯੮੪ |
| ੨੦ ਫੱਗਣ ੨੦੧੯ ਬਿਕ੍ਰਮੀ | ਸਰਮੈਲ ਸਿੰਘ ਦੇ ਗ੍ਰਿਹਿ | ਔਰੰਗਾਬਾਦ | ਮੱਧ ਪ੍ਰਦੇਸ | ੯੮੫ |
| ੨੦ ਫੱਗਣ ੨੦੧੯ ਬਿਕ੍ਰਮੀ | ਮਹਿੰਦਰ ਸਿੰਘ ਦੇ ਗ੍ਰਿਹਿ | ਔਰੰਗਾਬਾਦ | ਮੱਧ ਪ੍ਰਦੇਸ | ੯੮੭ |
| ੨੧ ਫੱਗਣ ੨੦੧੯ ਬਿਕ੍ਰਮੀ | ਹਰਬੰਸ ਸਿੰਘ ਦੇ ਗ੍ਰਿਹਿ | ਪੂਨਾ | — | ੯੯੮ |
| ੨੧ ਫੱਗਣ ੨੦੧੯ ਬਿਕ੍ਰਮੀ | ਹਰਬੰਸ ਸਿੰਘ ਦੇ ਗ੍ਰਿਹਿ | ਪੂਨਾ | | ੯੯੯ |
| ੨੨ ਫੱਗਣ ੨੦੧੯ ਬਿਕ੍ਰਮੀ | ਹਰਚੰਦ ਸਿੰਘ ਸੀ੦ ਐਮ੦ ਈ੦ ਕਿਰਕੀ ਬੰਗਲਾ ੯ | | ਪੂਨਾ | ੧੦੦੬ |
| ੨੨ ਫੱਗਣ ੨੦੧੯ ਬਿਕ੍ਰਮੀ | ਗੁਰਬਲਵਿੰਦਰ ਸਿੰਘ ਸੀ੦ ਐਮ੦ ਈ੦ ਕਿਰਕੀ ਬੰਗਲਾ ੯ | | ਪੂਨਾ | ੧੦੧੨ |
| ੨੨ ਫੱਗਣ ੨੦੧੯ ਬਿਕ੍ਰਮੀ | ਗੁਰਦੇਵ ਸਿੰਘ ਸੀ੦ ਐਮ੦ ਈ੦ ਕਿਰਕੀ ਬੰਗਲਾ ੯ | | ਪੂਨਾ | ੧੦੧੨ |
| ੨੨ ਫੱਗਣ ੨੦੧੯ ਬਿਕ੍ਰਮੀ | ਹਰਬੰਸ ਸਿੰਘ ਸੀ੦ ਐਮ੦ ਈ੦ ਕਿਰਕੀ ਬੰਗਲਾ ੯ | | ਪੂਨਾ | ੧੦੧੩ |
| ੨੩ ਫੱਗਣ ੨੦੧੯ ਬਿਕ੍ਰਮੀ | ਹਰਬੰਸ ਸਿੰਘ ਸੀ੦ ਐਮ੦ ਈ੦ ਕਿਰਕੀ ਬੰਗਲਾ ੯ | | ਪੂਨਾ | ੧੦੨੪ |






२३ ਫੱਗਣ २०१੯ ਬਿਕ੍ਰਮੀ ਪ੍ਰੀਤਮ ਸਿੰਘ ਸੀ० ਐਮ० ਈ० ਕਿਰਕੀ ਬੰਗਲਾ ੯ ਪੂਨਾ ੧੦੨੮
२३ ਫੱਗਣ २०१੯ ਬਿਕ੍ਰਮੀ ਪਿਆਰਾ ਸਿੰਘ ਸੀ० ਐਮ० ਈ० ਕਿਰਕੀ ਬੰਗਲਾ ੯ ਪੂਨਾ ੧੦੨੯
२३ ਫੱਗਣ २०१੯ ਬਿਕ੍ਰਮੀ ਗਿਆਨ ਸਿੰਘ ਸੀ० ਐਮ० ਈ० ਕਿਰਕੀ ਬੰਗਲਾ ੯ ਪੂਨਾ ੧੦੩੧
२३ ਫੱਗਣ २०१੯ ਬਿਕ੍ਰਮੀ ਪਿਆਰਾ ਸਿੰਘ ਸੀ० ਐਮ० ਈ० ਕਿਰਕੀ ਬੰਗਲਾ ੯ ਪੂਨਾ ੧੦੩੨
२३ ਫੱਗਣ २०१੯ ਬਿਕ੍ਰਮੀ ਗੁਰਬਖ਼ਸ਼ ਸਿੰਘ ਸੀ० ਐਮ० ਈ० ਕਿਰਕੀ ਬੰਗਲਾ ੯ ਪੂਨਾ ੧੦੩੩
२३ ਫੱਗਣ २०१੯ ਬਿਕ੍ਰਮੀ ਮਲ ਸਿੰਘ, ਸੰਤੋਖ ਸਿੰਘ, ਓਮਪਰਕਾਸ਼ ਸਕੰਦਰਾਬਾਦ ੧੦੩੫



9 9

੧੩ ੧੩







ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ



## ❇ ਪਹਿਲੀ ਕੱਤਕ ੨੦੧੯ ਬਿਕਰਮੀ ਜੇਠੂਵਾਲ ❇

ਸੋ ਪੁਰਖ ਨਿਰੰਜਣ ਚੜ੍ਹਿਆ ਚਾ, ਸਚਖੰਡ ਦਵਾਰ ਬਹਿ ਬਹਿ ਖ਼ੁਸ਼ੀ ਮਨਾਇੰਦਾ । ਨਿਰਗੁਣ ਸਰਗੁਣ ਮੇਲਾ ਮਿਲਿਆ ਆ, ਹਰਿ ਪੁਰਖ ਨਿਰੰਜਣ ਸੇਵ ਕਮਾਇੰਦਾ । ਜੁਗ ਜੁਗ ਵਿਛੜੇ ਫੜ ਫੜ ਬਾਂਹ, ਏਕੰਕਾਰਾ ਅੰਗ ਲਗਾਇੰਦਾ । ਦੋ ਜਹਾਨਾਂ ਦੀਪ ਜਗਾ, ਆਦਿ ਨਿਰੰਜਣ ਨੂਰ ਧਰਾਇੰਦਾ । ਦਰਗਾਹ ਸਾਚੀ ਸਚ ਨਿਸ਼ਾਨਾ ਇਕ ਝੁਲਾ, ਅਬਿਨਾਸ਼ੀ ਕਰਤਾ ਖੇਲ ਕਰਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਵਿਸ਼ਨ ਬ੍ਰਹਮਾ ਸ਼ਿਵ ਉਠਾ, ਸ੍ਰੀ ਭਗਵਾਨ ਰਾਹ ਜਣਾਇੰਦਾ । ਆਤਮ ਪਰਮਾਤਮ ਪਰਦਾ ਲਾਹ, ਪਾਰਬ੍ਰਹਮ ਪ੍ਰਭ ਭੇਵ ਖੁਲ੍ਹਾਇੰਦਾ । ਨੇਤਰ ਨੈਣ ਇਕ ਉਠਾ, ਅੱਖ ਪਰਤਖ ਆਪ ਵਖਾਇੰਦਾ । ਜੁਗ ਚੌਕੜੀ ਪੰਧ ਮੁਕਾ, ਆਪਣਾ ਪੱਲੂ ਆਪ ਛੁਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚੀ ਖ਼ੁਸ਼ੀ ਮਨਾਇੰਦਾ । ਸੋ ਪੁਰਖ ਨਿਰੰਜਣ ਚਾਓ ਘਨੇਰਾ, ਘਰ ਸਾਚੇ ਵੱਜੇ ਵਧਾਈਆ । ਲੇਖਾ ਚੁਕਿਆ ਮੇਰਾ ਤੇਰਾ, ਤੇਰਾ ਮੇਰਾ ਭੇਵ ਨਾ ਰਾਈਆ । ਹਰਿ ਪੁਰਖ ਨਿਰੰਜਣ ਦੇਵਣਹਾਰਾ ਸਾਚਾ ਗੇੜਾ, ਗੇੜਾ ਆਪਣੇ ਹੱਥ ਰਖਾਈਆ । ਏਕੰਕਾਰਾ ਨਾਉਂ ਰਖਾਏ ਸਿੰਘ ਸ਼ੇਰਾ, ਰੂਪ ਰੰਗ ਰੇਖ ਨਾ ਕੋਇ ਵਖਾਈਆ । ਆਦਿ ਨਿਰੰਜਣ ਕਰ ਪਰਕਾਸ਼ ਮਿਟਾਏ ਅੰਧੇਰਾ, ਜਲਵਾ ਨੂਰ ਨੂਰ ਰੁਸ਼ਨਾਈਆ । ਅਬਿਨਾਸ਼ੀ ਕਰਤਾ ਵਸਾਏ ਸੱਚਾ ਖੇੜਾ, ਸਚਖੰਡ ਸਾਚੇ ਸੋਭਾ ਪਾਈਆ । ਸ੍ਰੀ ਭਗਵਾਨ ਦਰਗਾਹ ਲਾਏ ਆਪਣਾ ਡੇਰਾ, ਦਰ ਦਰਬਾਰਾ ਆਪ ਸੁਹਾਈਆ । ਪਾਰਬ੍ਰਹਮ ਪ੍ਰਭ ਆਪੇ ਜਾਣੇ ਆਪਣਾ ਵੇਲਾ, ਵਾਰ ਥਿਤ ਨਾ ਕੋਇ ਵਖਾਈਆ । ਕਰੇ ਖੇਲ ਇਕ ਇਕੇਲਾ, ਦੂਜਾ ਸੰਗ ਨਾ ਕੋਇ ਰਲਾਈਆ । ਧਾਰ ਬੰਧਾਏ ਗੁਰੂ ਗੁਰ ਚੇਲਾ, ਚੇਲਾ ਗੁਰ ਕਰੇ ਕੁੜਮਾਈਆ । ਬੋਧ ਅਗਾਧੀ ਸੱਜਣ ਸੁਹੇਲਾ, ਮੀਤ ਮਿੱਤਰ ਪਿਆਰਾ ਮੇਰਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਬੈਠਾ ਰਿਹਾ ਵੇਹਲਾ, ਗੁਰ ਅਵਤਾਰਾਂ ਸੇਵਾ ਲਾਈਆ । ਸੋ ਪੁਰਖ ਨਿਰੰਜਣ ਹੋਇਆ ਖ਼ੁਸ਼, ਖ਼ਾਹਸ਼ ਆਪਣੀ ਆਪ ਜਣਾਇੰਦਾ । ਜੁਗ ਚੌਕੜੀ ਰਿਹਾ ਲੁਕ, ਨਜ਼ਰ ਕਿਸੇ ਨਾ ਆਇੰਦਾ । ਸਚਖੰਡ ਦਾ ਬੂਟਾ ਪੁੱਟ, ਲੋਕਮਾਤ ਲਗਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਏਕਾ ਨਾਮ ਪੜ੍ਹਾਈ ਤੁਕ, ਤਰਜ਼ ਰਾਗ ਨਾ ਕੋਇ ਸੁਣਾਇੰਦਾ । ਸਚ ਨਿਸ਼ਾਨਿਉਂ ਸਾਰੇ ਗਏ ਉਕ, ਤੀਰ ਅੰਦਾਜ਼

੧
੧੩

ਨਾ ਕੋਇ ਜਣਾਇੰਦਾ । ਜੀਵਣ ਜੀਵਣ ਪੈਂਡਾ ਗਿਆ ਮੁੱਕ, ਯੁਗਤੀ ਆਪਣੇ ਹੱਥ ਰਖਾਇੰਦਾ । ਅੰਤਮ ਸਭ ਦੇ ਕੋਲੋਂ ਰਿਹਾ ਪੁੱਛ, ਲੁਕਿਆ ਕੋਇ ਰਹਿਣ ਨਾ ਪਾਇੰਦਾ । ਵੇਖਣਹਾਰਾ ਚਾਰੇ ਗੁਠ, ਦਹਿ ਦਿਸ਼ਾ ਪਰਦਾ ਲਾਹਿੰਦਾ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਬੈਠਾ ਰਿਹਾ ਕਰ ਕੇ ਚੁੱਪ, ਆਪਣਾ ਨਾਦ ਨਾ ਕਿਸੇ ਸੁਣਾਇੰਦਾ । ਕਿਸੇ ਹੱਥ ਨਾ ਆਇਆ ਅੰਧੇਰੇ ਘੁੱਪ, ਚੌਦਸ ਚੰਦ ਨਾ ਕੋਇ ਰੁਸ਼ਨਾਇੰਦਾ । ਆਪਣੀ ਕਰਨੀ ਆਪੇ ਉਠ, ਆਪਣੀ ਕਾਰ ਆਪ ਕਮਾਇੰਦਾ । ਕਰੇ ਖੇਲ ਅਬਿਨਾਸ਼ੀ ਅਚੁਤ, ਦੂਸਰ ਸੰਗ ਨਾ ਕੋਇ ਰਖਾਇੰਦਾ । ਨਾ ਕੋਈ ਬਣਤ ਨਾ ਕੋਈ ਬੁੱਤ, ਰੂਹ ਰੂਪ ਨਾ ਕੋਇ ਵਖਾਇੰਦਾ । ਮਾਤ ਪਿਤਾ ਨਾ ਕੋਇ ਪੁੱਤ, ਜਨਨੀ ਜਨ ਨਾ ਕੋਇ ਅਖਵਾਇੰਦਾ । ਮਾਸ ਬਰਖ਼ ਨਾ ਕੋਇ ਰੁੱਤ, ਦਿਵਸ ਰੈਣ ਘੜੀ ਪਲ ਨਾ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਸੋਭਾ ਪਾਇੰਦਾ । ਸੋ ਪੁਰਖ ਨਿਰੰਜਣ ਹੋਇਆ ਦਿਆਲ, ਘਰ ਸਾਚੇ ਖ਼ੁਸ਼ੀ ਮਨਾਈਆ । ਅੰਤਮ ਹੋਇਆ ਹੱਲ ਸਵਾਲ, ਬਾਕੀ ਕੋਇ ਨਜ਼ਰ ਨਾ ਆਈਆ । ਲਹਿਣਾ ਦੇਣਾ ਚੁਕਾਇਆ ਕਾਲ ਮਹਾਂਕਾਲ, ਮਹਿਮਾ ਆਪਣੀ ਆਪ ਜਣਾਈਆ । ਸਚ ਦਵਾਰਾ ਸਚ ਸੱਚੀ ਧਰਮਸਾਲ, ਸਚਖੰਡ ਦਏ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਆਦਿ ਜੁਗਾਦਿ ਕਰੇ ਪ੍ਰਿਤਪਾਲ, ਪ੍ਰਿਤਪਾਲਕ ਬੇਪਰਵਾਹੀਆ । ਦੋ ਜਹਾਨਾਂ ਚਲੇ ਨਾਲ ਨਾਲ, ਸਗਲਾ ਸੰਗ ਰਖਾਈਆ । ਸਦਾ ਸੁਹੇਲਾ ਬਣੇ ਦਲਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਇਕ ਵਡਿਆਈਆ । ਸੋ ਪੁਰਖ ਨਿਰੰਜਣ ਹੋ ਮਿਹਰਵਾਨ, ਮਿਹਰ ਨਜ਼ਰ ਇਕ ਉਠਾਇੰਦਾ । ਕਰੇ ਖੇਲ ਸ੍ਰੀ ਭਗਵਾਨ, ਕਰਨੀ ਕਰਤਾ ਆਪ ਜਣਾਇੰਦਾ । ਦਾਤਾ ਦਾਨੀ ਬਣ ਅੰਞਾਣ, ਬਾਲਾ ਆਪਣਾ ਵੇਸ ਵਟਾਇੰਦਾ । ਨਿਰਗੁਣ ਰੂਪ ਹੋ ਪਰਧਾਨ, ਸਰਗੁਣ ਆਪਣਾ ਭੇਵ ਚੁਕਾਇੰਦਾ । ਨੇਤਰ ਨੈਣ ਖੋਲ੍ਹ ਮਹਾਨ, ਅੱਖ ਅੱਖ ਨਾਲ ਮਿਲਾਇੰਦਾ । ਜੋਤੀ ਜੋਤ ਨੂਰ ਦੋ ਜਹਾਨ, ਨੂਰ ਨੁਰਾਨਾ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਘਰ ਆਪ ਵਡਿਆਇੰਦਾ । ਸੋ ਪੁਰਖ ਨਿਰੰਜਣ ਦਇਆਨਿਧ, ਆਪਣੀ ਦਇਆ ਕਮਾਈਆ । ਨਵ ਨੌਂ ਚਾਰ ਕਰ ਕਰ ਬਿਧ, ਬਿਧ ਨਾਤਾ ਲਏ ਜੁੜਾਈਆ । ਆਪੇ ਕਰੇ ਕਾਰਜ ਸਿਧ, ਸਗਲਾ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਪਾਰਾ, ਹਰਿ ਹਰਿ ਆਪ ਕਰਾਇੰਦਾ । ਸਚਖੰਡ ਵਸੇ ਸਚ ਦਵਾਰਾ, ਦਰਗਾਹ ਸਾਚੀ ਧਾਮ ਸੁਹਾਇੰਦਾ । ਨਿਰਗੁਣ ਨੂਰ ਕਰ ਉਜਿਆਰਾ, ਜ਼ਹੂਰ ਆਪਣਾ ਆਪ ਪਰਗਟਾਇੰਦਾ । ਸ਼ਾਹ ਪਾਤਸ਼ਾਹ ਬਣ ਸਿਕਦਾਰਾ, ਸ਼ਹਿਨਸ਼ਾਹ ਆਪਣਾ ਨਾਉਂ ਧਰਾਇੰਦਾ । ਭੂਪਤ ਭੂਪ ਰਾਜ ਰਾਜਾਨ ਜੋਧਾ ਸੂਰਬੀਰ ਵਡ ਬਲਕਾਰਾ, ਬਲ ਆਪਣਾ ਆਪ ਧਰਾਇੰਦਾ । ਨਾਮ ਨਿਧਾਨ ਸ਼ਬਦ ਅਗੰਮੀ ਬੋਲ ਜੈਕਾਰਾ, ਜੈ ਜੈਕਾਰ ਅਲਾਇੰਦਾ । ਦਰ ਦਰਵੇਸ਼ ਬਣ ਭਿਖਾਰਾ, ਨਿਉਂ ਨਿਉਂ ਸੀਸ ਜਗਦੀਸ਼ ਝੁਕਾਇੰਦਾ । ਵਸਤ ਅਮੋਲਕ ਦੇਵਣਹਾਰ ਆਪ ਭੰਡਾਰਾ, ਵਡ ਭੰਡਾਰੀ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਸਾਚਾ ਖੇਲ ਕਰੇ ਕਰਤਾਰ, ਕਰਤਾ ਆਪਣੇ ਹੱਥ ਰੱਖੇ ਵਡਿਆਈਆ । ਸੋ ਪੁਰਖ ਨਿਰੰਜਣ ਹੋ ਤਿਆਰ, ਤ੍ਰੈਭਵਣ ਧਨੀ ਵੇਸ ਵਟਾਈਆ । ਹਰਿ ਪੁਰਖ ਨਿਰੰਜਣ ਖੋਲ੍ਹ ਕਿਵਾੜ, ਸਾਚਾ ਮੰਦਰ ਦਏ ਸੁਹਾਈਆ । ਆਦਿ ਨਿਰੰਜਣ ਦੀਪਕ ਬਾਲ, ਨੂਰੋ ਨੂਰ ਕਰੇ ਰੁਸ਼ਨਾਈਆ । ਅਬਿਨਾਸ਼ੀ ਕਰਤਾ ਬਣ ਪ੍ਰਿਤਪਾਲ, ਸੇਵਾ ਆਪਣੇ ਹੱਥ ਵਖਾਈਆ । ਸ੍ਰੀ ਭਗਵਾਨ ਹੋ ਦਿਆਲ,

ਦੀਨਨ ਆਪਣੇ ਗਲੇ ਲਗਾਈਆ । ਪਾਰਬ੍ਰਹਮ ਅਵੱਲੜੀ ਚਾਲ, ਚਾਲ ਨਿਰਾਲੀ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਵੇਲਾ ਰਿਹਾ ਸੁਹਾਈਆ । ਪਾਰਬ੍ਰਹਮ ਪ੍ਰਭ ਪਾਇਆ ਫੇਰਾ, ਫੇਰੀ ਆਪਣੇ ਹੱਥ ਰਖਾਇੰਦਾ । ਦੋ ਜਹਾਨਾਂ ਚਾਓ ਘਨੇਰਾ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਆਪ ਉਠਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਵਖਾਏ ਨੇਰਨ ਨੇਰਾ, ਦੂਰ ਦੁਰਾਡਾ ਪੰਧ ਮੁਕਾਇੰਦਾ । ਨਵ ਨੌਂ ਚਾਰ ਚੁਕਾਏ ਗੇੜਾ, ਉਲਟੀ ਲੱਠ ਆਪ ਭਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ੍ਰਿਹ ਬਹਿ ਬਹਿ ਖ਼ੁਸ਼ੀ ਮਨਾਇੰਦਾ । ਗ੍ਰਿਹ ਮੰਦਰ ਸੋਹੇ ਆਪ, ਆਪਣਾ ਘਰ ਆਪ ਵਡਿਆਈਆ । ਆਪੇ ਕਰ ਵੱਡ ਪਰਤਾਪ, ਵੇਖਣਹਾਰਾ ਚਾਈਂ ਚਾਈਆ । ਜੁਗ ਚੌਕੜੀ ਜਪਾਵਣਹਾਰਾ ਜਾਪ, ਜਪ ਜੀਵ ਜੀਵ ਸਮਝਾਈਆ । ਦੋ ਜਹਾਨਾਂ ਮਾਈ ਬਾਪ, ਪਿਤਾ ਪੂਤ ਖੇਲ ਕਰਾਈਆ । ਨਿਰਗੁਣ ਸਰਗੁਣ ਸੱਜਣ ਸਾਕ, ਸਗਲਾ ਬੰਧਨ ਪਾਈਆ । ਲੱਖ ਚੁਰਾਸੀ ਮਾਟੀ ਖ਼ਾਕ, ਪੰਜ ਤੱਤ ਕਰੇ ਕੁੜਮਾਈਆ । ਨਿਰਗੁਣ ਜੋਤ ਨੂਰ ਲਲਾਟ, ਗ੍ਰਿਹ ਮੰਦਰ ਇਕ ਰੁਸ਼ਨਾਈਆ । ਸਚ ਸੰਦੇਸ਼ਾ ਸ਼ਬਦ ਨਾਦ, ਧੁਨ ਆਤਮਕ ਰਾਗ ਸੁਣਾਈਆ । ਖੇਲਣਹਾਰਾ ਖੇਲ ਤਮਾਸ਼, ਗੋਪੀ ਕਾਹਨ ਰਾਸ ਰਚਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਸਰਗੁਣ ਨਿਰਗੁਣ ਵਸੇ ਪਾਸ, ਦੂਰ ਦੁਰਾਡਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਘਰ ਏਕਾ ਰੰਗ ਰੰਗਾਈਆ । ਸਾਚੇ ਘਰ ਹਰਿ ਸਾਚਾ ਰੰਗ, ਰੰਗ ਰੰਗੀਲਾ ਆਪ ਰੰਗਾਇੰਦਾ । ਨਵ ਨੌਂ ਚਾਰ ਪੂਰੀ ਹੋਈ ਮੰਗ, ਮੰਗਤ ਆਪਣਾ ਵੇਸ ਵਟਾਇੰਦਾ । ਦੋ ਜਹਾਨਾਂ ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਪਾਰ ਲੰਘ, ਲੋਕਮਾਤ ਫੇਰਾ ਪਾਇੰਦਾ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਸਾਚੇ ਸੰਤ ਵੇਖ ਚੰਦ, ਚੰਦ ਚਾਂਦਨਾ ਨੂਰ ਚਮਕਾਇੰਦਾ । ਸਤਿ ਸਤਿਵਾਦ ਬ੍ਰਹਮ ਬ੍ਰਹਿਮਾਦ ਆਤਮ ਪਰਮਾਤਮ ਬ੍ਰਹਮ ਪਾਰਬ੍ਰਹਮ ਜਣਾਏ ਇਕ ਅਨੰਦ, ਅਨੰਦ ਅਨੰਦ ਵਿਚ ਵਖਾਇੰਦਾ । ਕੂੜੀ ਕਿਰਿਆ ਮਾਇਆ ਮਮਤਾ ਹਉਮੇ ਹੰਗਤਾ ਢਾਹੀ ਕੰਧ, ਪਰਦਾ ਉਹਲਾ ਨਾ ਕੋਇ ਰਖਾਇੰਦਾ । ਨਵ ਸਤ ਕੱਟਿਆ ਪੰਧ, ਬਣ ਪਾਂਧੀ ਪੰਧ ਮੁਕਾਇੰਦਾ । ਗੀਤ ਸੁਹਾਗੀ ਸੋਹਲਾ ਛੰਦ, ਸੋ ਪੁਰਖ ਨਿਰੰਜਣ ਆਪੇ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਵਖਾਇੰਦਾ । ਰੰਗ ਰੰਗੀਲਾ ਏਕੰਕਾਰ, ਘਰ ਸਾਚੇ ਖ਼ੁਸ਼ੀ ਮਨਾਈਆ । ਜਨ ਭਗਤਾਂ ਹੋਇਆ ਸਚ ਦੀਦਾਰ, ਕਰ ਦਰਸ ਹਰਸ ਮਿਟਾਈਆ । ਹਰਖ ਸੋਗ ਨਾ ਕੋਇ ਵਿਚ ਸੰਸਾਰ, ਚਿੰਤਾ ਗ਼ਮ ਨਾ ਕੋਇ ਰਖਾਈਆ । ਨਵ ਨੌਂ ਚਾਰ ਵਿਛੜਿਆ ਰਿਹਾ ਸਾਂਝਾ ਯਾਰ, ਯਾਰੀ ਮਾਤ ਨਾ ਕਿਸੇ ਲਗਾਈਆ । ਰਸਨਾ ਕਹਿ ਕਹਿ ਗਏ ਗੁਰ ਅਵਤਾਰ, ਪੀਰ ਪੈਗ਼ੰਬਰ ਸਿਫ਼ਤ ਸਾਲਾਹੀਆ । ਮੁਕਾਮੇ ਹੱਕ ਵਸੇ ਪਰਵਰਦਿਗਾਰ, ਮਹੱਲ ਅਟੱਲ ਕਰੇ ਰੁਸ਼ਨਾਈਆ । ਸਚਖੰਡ ਦੁਆਰੇ ਬਹੇ ਆਪ ਨਿਰੰਕਾਰ, ਨਾਨਕ ਨਿਰਗੁਣ ਗੁਰ ਰਿਹਾ ਜਣਾਈਆ । ਕਬੀਰ ਜੁਲਾਹਾ ਕਰੇ ਨਿਮਸਕਾਰ, ਦੋਏ ਜੋੜ ਸੀਸ ਝੁਕਾਈਆ । ਜਿਸ ਦੀ ਚਾਰ ਜੁਗ ਗੌਂਦੇ ਗਏ ਵਾਰ, ਵਾਰਤਾ ਮਾਤ ਸੁਣਾਈਆ । ਸੋ ਸਿਫ਼ਤ ਸਾਲਾਹੀ ਬੇਪਰਵਾਹੀ ਪਰਗਟ ਹੋਣਾ ਆਪ ਨਿਰੰਕਾਰ, ਨਿਰਗੁਣ ਆਪਣਾ ਵੇਸ ਵਟਾਈਆ । ਸਚ ਭੂਮਕਾ ਵੇਖ ਸੰਸਾਰ, ਵਡ ਸੰਸਾਰੀ ਦਇਆ ਕਮਾਈਆ । ਮੰਦਰ ਸੋਹੇ ਇਕ ਦਵਾਰ, ਦਰ ਦਰਵਾਜਾ ਆਪ ਖੁਲ੍ਹਾਈਆ । ਜੁਗ ਚੌਕੜੀ ਵਿਛੜੇ ਮੇਲੇ ਮੇਲਣਹਾਰ, ਮੇਲ ਮਿਲਾਵਾ ਆਪਣੇ ਹੱਥ ਰਖਾਈਆ । ਊਚਾਂ ਨੀਚਾਂ ਕਰ ਪਿਆਰ, ਰਾਉ ਰੰਕਾਂ ਰਾਹ ਵਖਾਈਆ । ਕਾਗਦ ਕਲਮ ਛਾਹੀ ਨਾ ਪਾਵੇ ਸਾਰ, ਕਾਤਬ ਲੇਖ ਨਾ ਕੋਇ ਚੁਕਾਈਆ । ਚਾਰ

ਵੇਦ ਗਏ ਹਾਰ, ਪੁਰਾਨ ਅਠਾਰਾਂ ਨੀਰ ਵਹਾਈਆ । ਸ਼ਾਸਤਰ ਸਿਮਰਤ ਗੀਤਾ ਗਿਆਨ ਨਾ ਕੋਇ ਵਿਚਾਰ, ਤ੍ਰਲੋਕੀ ਨਾਥ ਬਣ ਅਨਾਥ, ਬੈਠਾ ਸੀਸ ਝੁਕਾਈਆ । ਈਸਾ ਮੂਸਾ ਕਲਮਾ ਕਲਾਮ ਇਲਾਹੀ ਨੂਰ ਕਿਸੇ ਮਕਤਬ ਪੜ੍ਹੇ ਨਾ ਕੋਇ ਗਾਥ, ਕਲਮਾ ਕਲਾਮ ਨਾ ਕੋਇ ਜਣਾਈਆ । ਸਚ ਅਮਾਮ ਵੇਖਣਹਾਰ ਨਜ਼ਾਮ, ਸਚ ਦਵਾਰੇ ਏਕਾ ਨੈਣ ਉਠਾਈਆ । ਪੀਰ ਪੈਗ਼ੰਬਰ ਕਰ ਗ਼ੁਲਾਮ ਕਰੌਂਦਾ ਰਿਹਾ ਸਯਦਾ ਸਲਾਮ, ਹਦੀਸ ਜਗਦੀਸ਼ ਇਕ ਪੜ੍ਹਾਈਆ । ਕਰੇ ਖੇਲ ਨੌਜਵਾਨ, ਰੂਪ ਰੰਗ ਨਾ ਕੋਇ ਨਿਸ਼ਾਨ, ਭੇਖ ਨਜ਼ਰ ਕੋਇ ਨਾ ਆਈਆ । ਨਾਨਕ ਗੋਬਿੰਦ ਦੇ ਦੇ ਦਾਨ, ਇਕ ਵਖਾਏ ਸਚ ਨਿਸ਼ਾਨ, ਝੁਲਦਾ ਰਹੇ ਦੋ ਜਹਾਨ, ਨਾ ਕੋਈ ਮੇਟੇ ਮੇਟ ਮਿਟਾਈਆ । ਆਪਣਾ ਨਾਉਂ ਰੱਖ ਪੁਰਖ ਅਕਾਲ, ਸਚਖੰਡ ਵਸਾਏ ਸੱਚੀ ਧਰਮਸਾਲ, ਮੇਲਾ ਮੇਲ ਮੇਲਣਹਾਰ, ਦੀਵਾ ਬਾਤੀ ਏਕਾ ਬਾਲ, ਕਰੇ ਖੇਲ ਦੀਨ ਦਿਆਲ, ਆਪੇ ਸੁਣੇ ਮੁਰੀਦਾਂ ਹਾਲ, ਮੁਰਸ਼ਦ ਆਪਣਾ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚੇ ਖ਼ੁਸ਼ੀ ਮਨਾਈਆ । ਹੋਇਆ ਖ਼ੁਸ਼ਹਾਲ ਆਪ ਕਰਤਾਰ, ਭੇਵ ਕਿਸੇ ਨਾ ਆਇਆ । ਕਲਜੁਗ ਅੰਤਮ ਹੋ ਤਿਆਰ, ਤ੍ਰੈਗੁਣ ਅਤੀਤਾ ਵੇਸ ਵਟਾਇਆ । ਮੰਦਰ ਮਸੀਤਾਂ ਵਸਿਆ ਬਾਹਰ, ਜਗਤ ਅੰਗੀਠਾ ਰਿਹਾ ਤਪਾਇਆ । ਗੀਤਾ ਗਿਆਨ ਨਾ ਪਾਵੇ ਸਾਰ, ਅਠਾਰਾਂ ਧਿਆਏ ਨਾ ਪੰਧ ਮੁਕਾਇਆ । ਗੁਰ ਅਵਤਾਰ ਪੀਰ ਪੈਗ਼ੰਬਰ ਚੜ੍ਹਿਆ ਚਿਖਾ ਵਿਚ ਸੰਸਾਰ, ਅਗਨੀ ਹਵਨ ਨਾਲ ਮਿਲਾਇਆ । ਸਭ ਦਾ ਲੇਖਾ ਜੁਗ ਜੁਗ ਦੇਵੇ ਪਾੜ੍ਹ, ਥਿਰ ਕੋਇ ਰਹਿਣ ਨਾ ਪਾਇਆ । ਪਾਰਬ੍ਰਹਮ ਦੀ ਸਾਰੇ ਤੱਕਦੇ ਰਹੇ ਆੜ, ਨਿਉਂ ਨਿਉਂ ਆਪਣਾ ਸੀਸ ਝੁਕਾਇਆ । ਕਹਿੰਦੇ ਰਹੇ ਲਾਸ਼ਰੀਕ ਵਾਹਦ ਗਾਡ, ਨੂਰੋ ਨੂਰ ਨੂਰ ਧਰਾਇਆ । ਕਿਸੇ ਹੱਥ ਨਾ ਆਈ ਹਾਦ, ਮਹਿਦੂਦ ਹੱਦ ਨਾ ਕੋਇ ਕਰਾਇਆ । ਉਚੀ ਕੂਕ ਦੇਂਦੇ ਰਹੇ ਬਾਂਗ, ਨਾਅਰਾ ਨੌਬਤ ਨਾਮ ਵਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਖ਼ੁਸ਼ੀ ਮਨਾਇਆ । ਸਾਚਾ ਘਰ ਇਕੋ ਏਕ, ਏਕੰਕਾਰਾ ਆਪ ਜਣਾਇੰਦਾ । ਜਿਸ ਦਾ ਕੋਇ ਰੂਪ ਨਾ ਕੋਇ ਰੇਖ, ਨੇਤਰ ਨੈਣ ਨਜ਼ਰ ਕਿਸੇ ਨਾ ਆਇੰਦਾ । ਜਿਸ ਦੀ ਸਿਫ਼ਤ ਕਰ ਕਰ ਗਿਆ ਗੁਰ ਦਸਮੇਸ਼, ਦਸ ਦਸ ਮਾਸ ਭੇਵ ਨਾ ਪਾਇੰਦਾ । ਤਿਸ ਸਾਹਿਬ ਅੱਗੇ ਚਲੇ ਨਾ ਕਿਸੇ ਕੋਇ ਪੇਸ਼, ਪੇਸ਼ਾ ਸਰਬ ਜਗਤ ਜਗਤ ਮਾਤ ਕਮਾਇੰਦਾ । ਜਿਸ ਦੀ ਪੂਜਾ ਕਰਦੇ ਵਿਸ਼ਨ ਬ੍ਰਹਮਾ ਸ਼ਿਵ ਮਹੇਸ਼, ਕੋਟਨ ਕੋਟ ਸੀਸ ਨਿਵਾਇੰਦਾ । ਆਦਿ ਜੁਗਾਦਿ ਜਿਸ ਦਾ ਇਕੋ ਸੱਚਾ ਦੇਸ, ਪਰਦੇਸ ਫੇਰਾ ਕੋਇ ਨਾ ਪਾਇੰਦਾ । ਜਿਸ ਮੰਦਰ ਰਹੇ ਹਮੇਸ਼, ਸੋ ਮੰਦਰ ਹੱਥ ਕਿਸੇ ਨਾ ਆਇੰਦਾ । ਜਿਸ ਦਵਾਰੇ ਬਹਿ ਬਹਿ ਰਿਹਾ ਖੇਡ, ਸਾਚੀ ਖੇਡ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਦਇਆ ਆਪ ਕਮਾਇੰਦਾ । ਸਾਚੀ ਦਇਆ ਸ੍ਰੀ ਭਗਵਾਨ, ਆਪਣੀ ਆਪ ਜਣਾਈਆ । ਕਲਜੁਗ ਅੰਤਮ ਹੋ ਮਿਹਰਵਾਨ, ਮਿਹਰ ਨਜ਼ਰ ਇਕ ਉਠਾਈਆ । ਸਚਖੰਡ ਦਵਾਰਾ ਕਰ ਪਰਵਾਨ, ਪਰਵਾਨਾ ਨਾਮ ਹੱਥ ਫੜਾਈਆ । ਲੋਕਮਾਤ ਹੋ ਪਰਧਾਨ, ਪਰਧਾਨਗੀ ਆਪਣੇ ਹੱਥ ਰਖਾਈਆ । ਜੁਗ ਚੌਕੜੀ ਵਿਛੜੇ ਮੇਲੇ ਆਣ, ਆਪ ਆਪਣਾ ਬੰਧਨ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੱਸ ਦੱਸ ਗਏ ਨਿਸ਼ਾਨ, ਨਿਸ਼ਾਨਾ ਆਪਣਾ ਦਏ ਝੁਲਾਈਆ । ਕਰੇ ਖੇਲ ਨੌਜਵਾਨ, ਬਿਰਧ ਬਾਲ ਰੂਪ ਨਾ ਕੋਇ ਵਟਾਈਆ । ਜੁਗ ਚੌਕੜੀ ਬਣਿਆ ਰਿਹਾ ਬੇਪਹਿਚਾਨ, ਬੇਨਜ਼ੀਰ ਨਜ਼ਰ ਕਿਸੇ ਨਜ਼ਰ ਨਾਲ ਨਾ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਖੇਲ ਅਪਾਰਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਜੁਗ ਚੌਕੜੀ ਦੇਂਦਾ ਰਿਹਾ ਲਾਰਾ, ਭੇਵ ਅਭੇਦਾ ਆਪ ਛੁਪਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੇ ਸਹਾਰਾ, ਸਹਿਜ ਸਹਿਜ ਸਹਿਜ ਗੁਣ ਆਪ ਸਮਝਾਇੰਦਾ । ਕਲਜੁਗ ਅੰਤਮ ਪਰਗਟ ਹੋਵੇ ਨਿਹਕਲੰਕ ਨਰਾਇਣ ਨਰ ਅਵਤਾਰਾ, ਜਿਸ ਦਾ ਭੇਵ ਕੋਇ ਨਾ ਆਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਚਾਰੇ ਬਾਣੀ ਬੋਲ ਜੈਕਾਰਾ, ਜੈ ਜੈਕਾਰਾ ਨਾਅਰਾ ਇਕੋ ਲਾਇੰਦਾ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਦਏ ਸਹਾਰਾ, ਸਿਰ ਆਪਣਾ ਹੱਥ ਟਿਕਾਇੰਦਾ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਅੰਤਮ ਕਰੇ ਪਾਰ ਕਿਨਾਰਾ, ਤੇਰਾ ਖੇਵਟ ਖੇਟਾ ਬਣ ਬਣ ਮਾਤ ਚਲਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦੇ ਆਧਾਰਾ, ਕਰੋੜ ਤੇਤੀਸਾ ਖੋਲ੍ਹ ਕਿਵਾੜਾ, ਸੁਰਪਤ ਇੰਦ ਆਪ ਉਠਾਇੰਦਾ । ਭਗਤ ਭਗਵਾਨ ਲਾਏ ਅਖਾੜਾ, ਆਪੇ ਵੇਖੇ ਵੇਖਣਹਾਰਾ, ਦੂਸਰ ਸੰਗ ਨਾ ਕੋਇ ਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਆਪੇ ਕਰ, ਆਪਣੀ ਖ਼ੁਸ਼ੀ ਆਪ ਮਨਾਈਆ । ਗੁਰਮੁਖ ਗੁਰ ਗੁਰ ਆਪੇ ਵਰ, ਵਰ ਇਕੋ ਇਕ ਸਮਝਾਈਆ । ਨਿਰਭੌ ਚੁਕਾਏ ਭੈ ਡਰ, ਭਿਆਨਕ ਰੂਪ ਨਜ਼ਰ ਨਾ ਆਈਆ । ਸੰਤ ਸੁਹੇਲੇ ਘਾੜਨ ਘੜ, ਘੜ ਘੜ ਵੇਖੇ ਥਾਉਂ ਥਾਈਂਆ । ਸਚ ਮਹੱਲੇ ਆਪੇ ਚੜ੍ਹ, ਗ੍ਰਿਹ ਮੰਦਰ ਸੋਭਾ ਪਾਈਆ । ਆਤਮ ਪਰਮਾਤਮ ਲਏ ਫੜ, ਪੱਲੂ ਆਪਣੇ ਹੱਥ ਰਖਾਈਆ । ਕਰੇ ਖੇਲ ਨਰਾਇਣ ਨਰ, ਨਾਰੀ ਕੰਤ ਸੇਜ ਸੁਹਾਈਆ । ਨਿਰਗੁਣ ਜੋਤ ਨੂਰ ਧਰ, ਅਗਿਆਨ ਅੰਧੇਰ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਖ਼ੁਸ਼ੀ ਮਨਾਈਆ । ਘਰ ਸਾਚੇ ਬਹਿ ਸ੍ਰੀ ਭਗਵਾਨ, ਆਪਣੀ ਖ਼ੁਸ਼ੀ ਆਪ ਜਣਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖੇ ਮਾਰੇ ਧਿਆਨ, ਧੀਰਜਵਾਨ ਆਪ ਸਮਝਾਇੰਦਾ । ਹਰਿ ਪਰਗਟ ਹੋਇਆ ਇਕੋ ਕਾਹਨ, ਨਾਮ ਬੰਸਰੀ ਹੱਥ ਰਖਾਇੰਦਾ । ਲੋਕ ਪਰਲੋਕ ਦਏ ਪੈਗ਼ਾਮ, ਪੀਰ ਪੈਗ਼ੰਬਰ ਆਪ ਪੜ੍ਹਾਇੰਦਾ । ਨਾਮ ਧਰਾਏ ਹਰਿ ਅਮਾਮ, ਅਮਾਮ ਅਮਾਮਾ ਵੇਸ ਵਟਾਇੰਦਾ । ਲੇਖਾ ਜਾਣੇ ਦੋ ਜਹਾਨ, ਚੌਦਾਂ ਤਬਕਾਂ ਫੋਲ ਫੁਲਾਇੰਦਾ । ਸਭ ਦਾ ਲੇਖਾ ਮੁੱਕੇ ਹਰਾਮ, ਹਲਾਲ ਆਪਣਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਵਖਾਇੰਦਾ । ਆਪਣਾ ਖੇਲ ਕਰੇ ਹੱਕ, ਹਕੀਕਤ ਆਪ ਜਣਾਈਆ । ਕਲਜੁਗ ਅੰਤਮ ਪੀਰ ਪੈਗ਼ੰਬਰਾਂ ਉਤੇ ਪਿਆ ਸ਼ੱਕ, ਸਾਬਤ ਨਜ਼ਰ ਕੋਇ ਨਾ ਆਈਆ । ਬਣ ਬਣ ਪਾਂਧੀ ਗਏ ਥੱਕ, ਪੈਂਡਾ ਸਕੇ ਨਾ ਮਾਤ ਮੁਕਾਈਆ । ਦੇ ਦੇ ਸੁੱਖਿਆ ਗਏ ਅੱਕ, ਸਾਚੀ ਕਰੇ ਨਾ ਕੋਇ ਪੜ੍ਹਾਈਆ । ਸਜਦਾ ਕਰ ਕਰ ਰਗੜਿਆ ਨੱਕ, ਨਾਮ ਨਕੇਲ ਕੋਇ ਨਾ ਪਾਈਆ । ਚੌਦਾਂ ਤਬਕ ਖੋਲ੍ਹ ਹੱਟ, ਸਾਚੀ ਵਸਤ ਨਾ ਕੋਇ ਵਿਕਾਈਆ । ਮਣਕਾ ਮਣਕਾ ਮਾਲਾ ਤਸਬੀ ਰਹੇ ਰਟ, ਰੱਟਾ ਦੀਨ ਮਜ਼੍ਹਬ ਲੜਾਈਆ । ਸ਼ਰਅ ਕੋਈ ਨਾ ਕੱਢੇ ਵੱਟ, ਲਾਸ਼ਰੀਕ ਨਾ ਕੋਇ ਵਖਾਈਆ । ਦਵੈਤੀ ਮੇਟੇ ਨਾ ਕੋਇ ਫੱਟ, ਫ਼ਤਵਾ ਗ਼ੈਰ ਨਾ ਕੋਇ ਵਖਾਈਆ । ਸੁਹਾਗ ਨਾ ਦਿਸੇ ਕੋਈ ਨੱਥ, ਮੀਢੀ ਸੀਸ ਨਾ ਕੋਇ ਗੁੰਦਾਈਆ । ਅੱਲਾ ਰਾਣੀ ਨਾ ਕੋਈ ਪਤ, ਪਤਿਪਰਮੇਸ਼ਵਰ ਭੁਲਿਆ ਸੱਚਾ ਮਾਹੀਆ । ਕਲਜੁਗ ਪ੍ਰੇਮ ਅੰਦਰ ਗਈ ਫਸ, ਫਾਂਦੀ ਕੋਇ ਨਾ ਅੰਤ ਤੁੜਾਈਆ । ਚਾਰੋਂ ਕੁੰਟ ਰਹੀ ਨੱਠ, ਘਰ ਘਰ ਫੇਰਾ ਪਾਈਆ । ਜਿਧਰ ਵੇਖੇ ਕੁਲੀ ਕੱਖ, ਸਾਚਾ ਵਣਜ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਹੋਇਆ


੫
੧੩

ਖ਼ੁਸ਼ਹਾਲ, ਆਪ ਆਪਣਾ ਭੇਵ ਚੁਕਾਇੰਦਾ । ਉਠੋ ਵੇਖੋ ਸਾਰੇ ਕਰੋ ਧਿਆਨ, ਹਰਿ ਸਤਿਗੁਰ ਆਪ ਜਣਾਇੰਦਾ । ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਆਪਣੀ ਕਲ ਆਪ ਧਰਾਇੰਦਾ । ਚੌਦਾਂ ਵਿਦਿਆ ਮੇਟ ਨਿਸ਼ਾਨ, ਸਾਚੀ ਸਿਖਿਆ ਇਕ ਸਮਝਾਇੰਦਾ । ਅੱਖਰ ਵੱਖਰ ਕਰ ਪਰਵਾਨ, ਨਾਮ ਪਰਵਾਨਾ ਹੱਥ ਫੜਾਇੰਦਾ । ਚਰਨ ਕਵਲ ਦੇ ਧਿਆਨ, ਧਿਆਨ ਧਿਆਨ ਨਾਲ ਮਿਲਾਇੰਦਾ । ਸਾਚਾ ਰਾਗ ਸੁਣਾਏ ਕਾਨ, ਤੰਦੀ ਤੰਦ ਨਾ ਕੋਇ ਹਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਖ਼ੁਸ਼ੀ ਹੋਇਆ ਆਪ ਭਗਵਾਨ, ਭਗਵਨ ਆਪਣੀ ਦਇਆ ਕਮਾਈਆ । ਗ਼ਰੀਬ ਨਿਮਾਣਿਆਂ ਆਪੇ ਮਿਲਿਆ ਆਣ, ਮਿਹਰਵਾਨ ਆਪਣਾ ਪੰਧ ਮੁਕਾਈਆ । ਆਪਣੀ ਗੋਦੀ ਚੁੱਕੇ ਆਣ, ਜੁਗ ਜੁਗ ਹਰਿ ਜੂ ਖ਼ੁਸ਼ੀ ਵਖਾਈਆ । ਜਿਸ ਦੇ ਹੁਕਮੇ ਅੰਦਰ ਕੋਟਨ ਕੋਟ ਰਾਮ ਕ੍ਰਿਸ਼ਨ ਕਾਹਨ, ਈਸਾ ਮੂਸਾ ਮੁਹੰਮਦ ਬੈਠੇ ਸੀਸ ਝੁਕਾਈਆ । ਸੋ ਸਾਹਿਬ ਬਰਦਾ ਬਣਿਆ ਗ਼ੁਲਾਮ, ਦਰ ਦਰ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਰਿਹਾ ਸਮਝਾਈਆ । ਆਪਣਾ ਖੇਲ ਦੱਸੇ ਕਰਤਾਰ, ਹਰਿ ਹਰਿ ਜੂ ਦਇਆ ਕਮਾਇੰਦਾ । ਨੇਤਰ ਵੇਖੇ ਗੁਰ ਅਵਤਾਰ, ਪੀਰ ਪੈਗ਼ੰਬਰ ਆਪ ਮਿਲਾਇੰਦਾ । ਰੁੱਤ ਰੁਤੜੀ ਸੋਹੇ ਫੁਲਵਾੜ, ਪਤ ਡਾਲ੍ਹੀ ਆਪ ਮਹਿਕਾਇੰਦਾ । ਪਾਰਬ੍ਰਹਮ ਪ੍ਰਭ ਲੋਕਮਾਤ ਲਾਈ ਇਕ ਗੁਲਜ਼ਾਰ, ਗੁਲਸ਼ਨ ਆਪਣਾ ਆਪ ਖਿਲਾਇੰਦਾ । ਆਦਿ ਜੁਗਾਦਿ ਜੁਗ ਜੁਗ ਰਹੇ ਇਕ ਬਹਾਰ, ਖ਼ਿਜ਼ਾਂ ਰੂਪ ਨਾ ਕੋਇ ਵਟਾਇੰਦਾ । ਲੱਖ ਚੁਰਾਸੀ ਵਿਚੋਂ ਛੱਤੀ ਛੱਤੀ ਮਾਰ ਲਕਾਰ, ਹੱਦ ਹਦੂਦ ਵੰਡ ਵੰਡਾਇੰਦਾ । ਗੁਰਮੁਖ ਗੁਰਸਿਖ ਅੰਦਰ ਵਾੜ, ਅੱਗੇ ਹੋ ਹੋ ਆਪਣਾ ਵਾਸਤਾ ਪਾਇੰਦਾ । ਬਿਨ ਗੁਰਸਿਖਾਂ ਕੋਈ ਨਾ ਮਦਦਗਾਰ, ਯਾਰੀ ਯਾਰ ਨਾ ਕੋਇ ਨਿਭਾਇੰਦਾ । ਬਿਨ ਭਗਤਾਂ ਕਰੇ ਨਾ ਕੋਇ ਪਿਆਰ, ਦੋ ਜਹਾਨ ਖ਼ਾਲੀ ਨਜ਼ਰੀ ਆਇੰਦਾ । ਬਿਨ ਸੰਤਾਂ ਮਿਲੇ ਨਾ ਸਚ ਦੀਦਾਰ, ਦੀਦ ਈਦ ਚੰਦ ਨਾ ਕੋਇ ਚੜ੍ਹਾਇੰਦਾ । ਬਿਨ ਗੁਰਮੁਖਾਂ ਕੋਇ ਨਾ ਦਏ ਆਧਾਰ, ਤ੍ਰਿਸਨਾ ਮਾਤ ਨਾ ਕੋਇ ਬੁਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਵਖਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖੇ ਖੇਲ, ਹਰਿ ਸਤਿਗੁਰ ਆਪ ਵਖਾਈਆ । ਭਗਤ ਭਗਵੰਤ ਕਰ ਕਰ ਮੇਲ, ਮੇਲਾ ਹਰਿ ਦਵਾਰ ਲਗਾਈਆ । ਜੁਗ ਜੁਗ ਵਸਦਾ ਰਿਹਾ ਧਾਮ ਨਵੇਲ, ਕਲਜੁਗ ਅੰਤਮ ਵੇਸ ਵਟਾਈਆ । ਰੂਪ ਧਰਾਇਆ ਗੁਰੂ ਗੁਰ ਚੇਲ, ਚੇਲਾ ਗੁਰ ਆਪ ਅਖਵਾਈਆ । ਘਰ ਘਰ ਦਰ ਦਰ ਸਗਨ ਮਨਾ ਚੜ੍ਹਾਏ ਤੇਲ, ਬਣ ਪਾਂਧੀ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਸਮਝਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਖੋਲ੍ਹੋ ਅੱਖ, ਹਰਿ ਆਖ਼ਰ ਆਪ ਜਣਾਇੰਦਾ । ਲੱਖ ਚੁਰਾਸੀ ਨਾਲੋਂ ਕੀਤੇ ਵੱਖ, ਭਗਤ ਭਗਵਾਨ ਆਪ ਵਖਾਇੰਦਾ । ਜਿਨ੍ਹਾਂ ਪਿਛੇ ਹੋਇਆ ਆਪ ਪਰਤੱਖ, ਪਾਰਖੂ ਆਪਣਾ ਨਾਉਂ ਧਰਾਇੰਦਾ । ਸਚ ਦਵਾਰੇ ਕਰ ਇਕੱਠ, ਇਕੋ ਰੰਗ ਵਖਾਇੰਦਾ । ਜੁਗ ਚੌਕੜੀ ਮਾਰਗ ਚਲਦਾ ਮੰਦਰ ਮਸਜਿਦ ਸ਼ਿਵਦਵਾਲੇ ਮੱਠ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਇੰਦਾ । ਸਾਚਾ ਭੇਵ ਦੱਸੇ ਨਿਰੰਕਾਰ, ਨਿਰਗੁਣ ਆਪ ਜਣਾਈਆ । ਤੇਈ ਅਵਤਾਰ ਗਏ ਹਾਰ, ਭਗਤ ਅਠਾਰਾਂ ਪੰਧ ਮੁਕਾਈਆ । ਈਸਾ ਮੂਸਾ ਮੁਹੰਮਦ ਕਰ ਪੁਕਾਰ, ਅੰਜੀਲ ਕੁਰਾਨਾ ਲੇਖ ਜਣਾਈਆ । ਨਾਨਕ ਗੋਬਿੰਦ ਬੋਲ ਜੈਕਾਰ, ਜੀਵ ਜੰਤ ਜਗਤ ਸਮਝਾਈਆ । ਸਰਬ ਜੀਆਂ ਦਾ ਸਾਂਝਾ ਯਾਰ, ਇਕੋ ਇਕ ਬੇਪਰਵਾਹੀਆ । ਅੰਤਮ ਸਾਰੇ ਗਏ ਹਾਰ,

ਮਾਰਗ ਇਕ ਨਾ ਕੋਇ ਰਖਾਈਆ । ਸਾਚਾ ਨਾਅਰਾ ਸਚ ਨਾ ਦਿਸੇ ਕਿਸੇ ਜੈਕਾਰ, ਜੋ ਮੇਲਾ ਲਏ ਮਿਲਾਈਆ । ਕੋਈ ਰਾਮ ਕਰੇ ਪਿਆਰ, ਕੋਈ ਕ੍ਰਿਸ਼ਨ ਸੀਸ ਨਿਵਾਈਆ । ਕੋਈ ਮੂਸਾ ਮੰਗੇ ਦੀਦਾਰ, ਕੋਈ ਈਸਾ ਨੂਰ ਖ਼ੁਦਾਈਆ । ਕੋਈ ਮੁਹੰਮਦ ਕਹੇ ਯਾਰ, ਯਾਰੀ ਯਾਰਾਂ ਸੰਗ ਰਖਾਈਆ । ਕੋਈ ਨਾਨਕ ਕਹੇ ਨਿਰੰਕਾਰ, ਕੋਈ ਗੋਬਿੰਦ ਸੀਸ ਝੁਕਾਈਆ । ਕੋਈ ਕਹੇ ਸਤਿਨਾਮ ਕਰਤਾਰ, ਕੋਈ ਵਾਹਿਗੁਰੂ ਢੋਲਾ ਗਾਈਆ । ਸਾਚਾ ਭੇਵ ਨਾ ਪਾਇਆ ਜੀਵ ਵਿਚ ਸੰਸਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦਏ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਹਰਿ ਰਿਹਾ ਦੱਸ, ਦਹਿ ਦਿਸ਼ਾ ਆਪ ਵਖਾਈਆ । ਵੇਖੇ ਹਰਿ ਜੂ ਹੋਇਆ ਵਸ, ਭੇਵ ਅਭੇਦ ਖੁਲ੍ਹਾਈਆ । ਇਕੋ ਅੱਖਰ ਦੱਸ ਕੇ ਗਿਆ ਫਸ, ਦੂਜੀ ਕਰੇ ਨਾ ਕੋਇ ਪੜ੍ਹਾਈਆ । ਚਾਰ ਕੁੰਟ ਨਾ ਜਾਏ ਨੱਠ, ਦਹਿ ਦਿਸ਼ਾ ਨਾ ਪੰਧ ਮੁਕਾਈਆ । ਸਾਚੇ ਭਗਤਾਂ ਹੋਇਆ ਇਕੱਠ, ਦਰ ਘਰ ਵੱਜੀ ਸਚ ਵਧਾਈਆ । ਨਾ ਕੋਈ ਤੀਰਥ ਨਾ ਕੋਈ ਤੱਟ, ਕਿਨਾਰਾ ਕੋਇ ਨਜ਼ਰ ਨਾ ਆਈਆ । ਚੌਦਾਂ ਲੋਕ ਨਾ ਕੋਈ ਹੱਟ, ਚੌਦਾਂ ਤਬਕ ਨਾ ਕੋਇ ਵਡਿਆਈਆ । ਨਾ ਕੋਈ ਮੰਦਰ ਮਸਜਿਦ ਮੱਠ, ਸ਼ਿਵਦਵਾਲਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਸਮਝਾਈਆ । ਸਾਚਾ ਖੇਲ ਸ੍ਰੀ ਭਗਵਾਨ, ਏਕਾ ਏਕ ਜਣਾਇੰਦਾ । ਇਕੋ ਅੱਖਰ ਇਕ ਗਿਆਨ, ਏਕਾ ਵਾਰ ਪੜ੍ਹਾਇੰਦਾ । ਪੀਰ ਪੈਗ਼ੰਬਰ ਗੁਰ ਅਵਤਾਰ ਰਸਨਾ ਜਿਹਵਾ ਸਾਰੇ ਗਾਣ, ਗਾ ਗਾ ਸ਼ੁਕਰ ਮਨਾਇੰਦਾ । ਆਤਮ ਪਰਮਾਤਮ ਦੇਵੇ ਦਾਨ, ਦਾਤਾ ਦਾਨੀ ਖੇਲ ਕਰਾਇੰਦਾ । ਪਾਰਬ੍ਰਹਮ ਦਾ ਬ੍ਰਹਮ ਨਿਸ਼ਾਨ, ਬ੍ਰਹਮ ਬੂਟਾ ਆਪ ਲਗਾਇੰਦਾ । ਲੱਖ ਚੁਰਾਸੀ ਕਰ ਪਰਧਾਨ, ਪੰਜ ਤੱਤ ਨਾਚ ਨਚਾਇੰਦਾ । ਤ੍ਰੈਗੁਣ ਮਾਇਆ ਕਰ ਪਰਵਾਨ, ਪਰਮ ਪੁਰਖ ਵੇਖ ਵਖਾਇੰਦਾ । ਸਤਿਜੁਗ ਤ੍ਰੇਤਾ ਦਵਾਪਰ ਖੇਲ ਮਹਾਨ, ਕਲਜੁਗ ਆਪਣਾ ਰੰਗ ਰੰਗਾਇੰਦਾ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਦੇਵੇ ਗਿਆਨ, ਏਕਾ ਪਰਦਾ ਆਪ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਆਪ ਲਗਾਇੰਦਾ । ਸਾਚਾ ਮਾਰਗ ਪਾਰਬ੍ਰਹਮ, ਬ੍ਰਹਮ ਆਪਣਾ ਆਪ ਲਗਾਈਆ । ਨਿਰਗੁਣ ਰੂਪ ਨਿਰਗੁਣ ਧਰਮ, ਨਿਰਗੁਣ ਰਾਹ ਚਲਾਈਆ । ਨਿਰਗੁਣ ਜ਼ਾਤ ਪਾਤ ਨਿਰਗੁਣ ਵਰਨ, ਨਿਰਗੁਣ ਵੰਡ ਵੰਡਾਈਆ । ਨਿਰਗੁਣ ਸ਼ਾਹ ਪਾਤਸ਼ਾਹ ਨਿਰਗੁਣ ਸਰਨ, ਸਰਨਗਤ ਇਕ ਸਮਝਾਈਆ । ਨਿਰਗੁਣ ਕਰਤਾ ਕਰਨੀ ਕਰਨ, ਕਰਤਾ ਪੁਰਖ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਰਿਹਾ ਖੁਲ੍ਹਾਈਆ । ਨਿਰਗੁਣ ਪਰਮਾਤਮ ਨਿਰਗੁਣ ਆਤਮ, ਆਤਮ ਪਰਮਾਤਮ ਭੇਵ ਚੁਕਾਇੰਦਾ । ਨਾ ਕੋਈ ਜਾਣੇ ਧਰਮ ਸਨਾਤਮ, ਸਨਾਤਨ ਆਪਣਾ ਰੰਗ ਵਖਾਇੰਦਾ । ਭੇਵ ਖੁਲ੍ਹਾਵਣਹਾਰਾ ਬਾਤਨ, ਜ਼ਾਹਰਾ ਆਪਣਾ ਰੂਪ ਵਟਾਇੰਦਾ । ਲੇਖਾ ਜਾਣੇ ਮਕਤੂਲ ਕਾਤਲ, ਕਤਲਗਾਹ ਆਪ ਸਮਝਾਇੰਦਾ । ਆਪੇ ਬਣਿਆ ਰਹੇ ਮੁਕੱਦਸ ਬਾਤਲ, ਬੇਵਫ਼ਾ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਇੰਦਾ । ਸਾਚਾ ਭੇਵ ਜੀਵ ਈਸ਼, ਜਗਦੀਸ਼ਰ ਆਪ ਜਣਾਈਆ । ਜੁਗ ਚੌਕੜੀ ਚਲੇ ਰੀਤ, ਰੀਤੀਵਾਨ ਫੇਰਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਗਾ ਗਾ ਗਏ ਗੀਤ, ਗੀਤ ਸੁਹਾਗੀ ਢੋਲਾ ਗਾਈਆ । ਵੰਡਾਂ ਵੰਡ ਵੰਡ ਗਏ ਮੰਦਰ ਮਸੀਤ, ਮਸਲਾ ਹੱਲ ਨਾ ਕੋਇ ਕਰਾਈਆ । ਅੰਤਮ ਔਧ ਗਈ ਬੀਤ, ਵੇਲਾ ਸਭ ਦਾ ਰਿਹਾ ਮੁਕਾਈਆ । ਪਰਗਟ ਹੋਇਆ ਆਪ ਅਨਡੀਠ, ਅਨਡਿਠੜੀ

ਕਾਰ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਆਪੇ ਜੀਤ, ਜਿੱਤ ਆਪਣੇ ਹੱਥ ਰਖਾਈਆ । ਫੇਰ ਜਨ ਭਗਤਾਂ ਕਰੇ ਸਚ ਪ੍ਰੀਤ, ਲੋਕਮਾਤ ਦਏ ਵਡਿਆਈਆ । ਫੜ ਫੜ ਮਿਠੇ ਕੀਤੇ ਕੌੜੇ ਰੀਠ, ਆਪਣਾ ਨਾਮ ਰਸ ਭਰਾਈਆ । ਆਪੇ ਵੜ੍ਹਿਆ ਅੰਦਰ ਚੀਤ, ਚਿਤਵਿਤ ਠਗੋਰੀ ਕੋਇ ਨਾ ਪਾਈਆ । ਆਪੇ ਗਾਏ ਸੁਹਾਗੀ ਗੀਤ, ਗੋਬਿੰਦ ਆਪਣਾ ਨਾਉਂ ਵਡਿਆਈਆ । ਲੇਖਾ ਜਾਣੇ ਹਸਤ ਕੀਟ, ਊਚ ਨੀਚ ਭੇਵ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਇਕ ਜਣਾਈਆ । ਸਾਚਾ ਰਾਹ ਨਿਰਗੁਣ ਨਿਰਗੁਣ ਰੰਗ, ਰੰਗ ਰੰਗੀਲਾ ਆਪ ਜਣਾਇੰਦਾ । ਨਿਰਗੁਣ ਸੇਜ ਨਿਰਗੁਣ ਪਲੰਘ, ਨਿਰਗੁਣ ਨਰ ਹਰਿ ਹੰਢਾਇੰਦਾ । ਨਿਰਗੁਣ ਨਾਮ ਨਿਰਗੁਣ ਮਰਦੰਗ, ਨਿਰਗੁਣ ਤਾਰ ਸਤਾਰ ਹਿਲਾਇੰਦਾ । ਨਿਰਗੁਣ ਰਸ ਨਿਰਗੁਣ ਅਨੰਦ, ਅਨੰਦ ਅਨੰਦ ਵਿਚ ਵਖਾਇੰਦਾ । ਨਿਰਗੁਣ ਨੂਰ ਨਿਰਗੁਣ ਚੰਦ, ਨਿਰਗੁਣ ਚਾਂਦਨਾ ਚੰਦ ਚਮਕਾਇੰਦਾ । ਨਿਰਗੁਣ ਖੰਡ ਨਿਰਗੁਣ ਬ੍ਰਹਿਮੰਡ, ਨਿਰਗੁਣ ਆਪਣੀ ਵੰਡ ਵੰਡਾਇੰਦਾ । ਨਿਰਗੁਣ ਸੂਰਜ ਨਿਰਗੁਣ ਚੰਦ, ਨਿਰਗੁਣ ਗਗਨ ਮੰਡਲ ਰੁਸ਼ਨਾਇੰਦਾ । ਨਿਰਗੁਣ ਵਸੇ ਸਚਖੰਡ, ਨਿਰਗੁਣ ਲੋਕਮਾਤ ਫੇਰਾ ਪਾਇੰਦਾ । ਨਿਰਗੁਣ ਸੂਰਬੀਰ ਸਰਬੰਗ, ਨਿਰਗੁਣ ਸ਼ਹਿਨਸ਼ਾਹ ਅਖਵਾਇੰਦਾ । ਨਿਰਗੁਣ ਚਿਲਾ ਤੀਰ ਕਮੰਦ, ਨਿਰਗੁਣ ਤੇਜ ਕਟਾਰ ਚਮਕਾਇੰਦਾ । ਨਿਰਗੁਣ ਨਿਰਗੁਣ ਕਰੇ ਜੰਗ, ਨਿਰਗੁਣ ਨਿਰਗੁਣ ਵਾਰ ਰਖਾਇੰਦਾ । ਨਿਰਗੁਣ ਨਿਰਗੁਣ ਪਾਏ ਬੰਧ, ਪੰਜ ਤੱਤ ਕਾਇਆ ਪਰਦਾ ਪਾਇੰਦਾ । ਨਿਰਗੁਣ ਨਿਰਗੁਣ ਗਾਏ ਛੰਦ, ਗੁਰ ਅਵਤਾਰ ਨਾਉਂ ਧਰਾਇੰਦਾ । ਨਿਰਗੁਣ ਸੁਹਾਗਣ ਨਿਰਗੁਣ ਰੰਡ, ਨਿਰਗੁਣ ਕੰਤ ਕੰਤੂਹਲ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਮਾਇੰਦਾ । ਨਿਰਗੁਣ ਕਰਨੀ ਕਰੇ ਕਰਤਾਰਾ, ਕੁਦਰਤ ਨਿਰਗੁਣ ਰੂਪ ਵਖਾਈਆ । ਨਿਰਗੁਣ ਬੰਨ੍ਹੇ ਸਾਚੀ ਧਾਰਾ, ਨਿਰਗੁਣ ਲੇਖਾ ਦਏ ਮੁਕਾਈਆ । ਨਿਰਗੁਣ ਆਵੇ ਜਾਵੇ ਵਿਚ ਸੰਸਾਰਾ, ਨਿਰਗੁਣ ਮਾਰਗ ਏਕਾ ਲਾਈਆ । ਨਿਰਗੁਣ ਕਰੇ ਖੇਲ ਅਗੰਮ ਅਪਾਰਾ, ਅਲੱਖ ਅਲੱਖਣਾ ਵਡ ਵਡਿਆਈਆ । ਨਿਰਗੁਣ ਸਰਗੁਣ ਸਤਿਜੁਗ ਤਰੇਤਾ ਦੁਆਪਰ ਦੇਂਦਾ ਰਿਹਾ ਲਾਰਾ, ਭੇਵ ਅਭੇਦ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਸਿਖਿਆ ਇਕ ਸਮਝਾਈਆ । ਸਾਚੀ ਸਿਖਿਆ ਹਰਿ ਦਾਤਾਰ, ਦਾਤਾ ਆਪ ਜਣਾਇੰਦਾ । ਆਤਮ ਪਰਮਾਤਮ ਕਰ ਪਿਆਰ, ਪਰਮ ਪੁਰਖ ਭੇਵ ਚੁਕਾਇੰਦਾ । ਸਚਖੰਡ ਦਾ ਸਚ ਵਿਹਾਰ, ਲੋਕਮਾਤ ਜਣਾਇੰਦਾ । ਦਰ ਦਰਵਾਜਾ ਖੋਲ੍ਹ ਕਿਵਾੜ, ਗ੍ਰਹਿ ਮੰਦਰ ਆਪ ਸੁਹਾਇੰਦਾ । ਭਗਤ ਭਗਵੰਤ ਇਕ ਵਿਹਾਰ, ਬਣ ਬਿਵਹਾਰੀ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਲਗਾਇੰਦਾ । ਸਾਚਾ ਮਾਰਗ ਹਰਿ ਜੂ ਹਰਿ ਸੰਗਤ, ਸਗਲਾ ਸੰਗ ਰਖਾਈਆ । ਨਾ ਕੋਈ ਅੰਕੜਾ ਨਾ ਕੋਈ ਅੰਕਤ, ਅੰਕ ਲੇਖ ਨਾ ਕੋਇ ਬਣਾਈਆ । ਨਾ ਕੋਈ ਪਾਂਧਾ ਨਾ ਕੋਈ ਪੰਡਤ, ਸਾਚੀ ਵਿਦਿਆ ਨਾ ਕੋਇ ਪੜ੍ਹਾਈਆ । ਨਾ ਕੋਈ ਦਾਤਾ ਨਾ ਕੋਈ ਮੰਗਤ, ਭਿਛਿਆ ਨਾਮ ਨਾ ਕੋਇ ਵਰਤਾਈਆ । ਨਾ ਕੋਈ ਗੁਰ ਨਾ ਕੋਈ ਸੰਗਤ, ਕਲਜੁਗ ਅੰਤ ਸੰਗ ਨਾ ਕੋਇ ਨਿਭਾਈਆ । ਪੁਰਖ ਅਬਿਨਾਸ਼ੀ ਸਾਰੇ ਕੀਤੇ ਖੰਡਤ, ਖੰਡਾ ਆਪਣੇ ਹੱਥ ਰਖਾਈਆ । ਦਰ ਦਰਵੇਸ਼ ਬਣੇ ਦਰ ਮੰਗਤ, ਬੈਠੇ ਸੀਸ ਝੁਕਾਈਆ । ਦਰੋਹੀ ਖ਼ੁਦਾਏ ਨਬੀ ਰਸੂਲ ਕਹਿਣ ਅਸੀਂ ਬਹੀਏ ਬਣ ਕੇ ਪੰਗਤ, ਸ਼ਰਅ ਮਜ਼੍ਹਬ ਨਾ ਦੀਨ ਕੋਇ ਵਡਿਆਈਆ । ਗੜ੍ਹ ਤੁਟਾ ਹਉਮੇ ਹੰਗਤ, ਹੰ ਬ੍ਰਹਮ ਤੇਰੀ ਸ਼ਰਨਾਈਆ ।

ਤੇਰਾ ਚਰਨ ਦੁਆਰਾ ਸਾਚਾ ਜੰਨਤ, ਦੂਜਾ ਦਰ ਨਾ ਕੋਇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਵਖਾਈਆ । ਸਾਚਾ ਖੇਲ ਤੱਕੋ ਮੀਤ, ਮਿੱਤਰ ਪਿਆਰਾ ਆਪ ਜਣਾਇੰਦਾ । ਪੁਰਖ ਅਬਿਨਾਸ਼ੀ ਚਲਾਈ ਰੀਤ, ਲੋਕਮਾਤ ਸਮਝਾਇੰਦਾ । ਭਗਤ ਭਗਵਾਨ ਮਿਲ ਮਿਲ ਗਾਇਣ ਇਕੋ ਗੀਤ, ਸੋਹੰ ਸੋਹਲਾ ਆਪ ਸੁਣਾਇੰਦਾ । ਸਚ ਸਚ ਦੀ ਸਚ ਪ੍ਰੀਤ, ਘਰ ਸਾਚੇ ਆਪ ਲਗਾਇੰਦਾ । ਪਿਛਲੀ ਸਭ ਦੀ ਗਈ ਬੀਤ, ਅਗਲਾ ਲੇਖਾ ਆਪਣੇ ਹੱਥ ਰਖਾਇੰਦਾ । ਸ੍ਰਿਸ਼ਟ ਸਬਾਈ ਲਈ ਜੀਤ, ਆਪ ਜਿਤਿਆ ਕਦੇ ਨਾ ਜਾਇੰਦਾ । ਗ਼ਰੀਬ ਨਿਮਾਣਿਆਂ ਨਾਲ ਗੰਢ ਲਈ ਪੀਚ, ਦੋ ਜਹਾਨ ਨਾ ਕੋਇ ਖੁਲ੍ਹਾਇੰਦਾ । ਸ਼ਹਿਨਸ਼ਾਹ ਬਣਿਆ ਆਪ ਨਾਚੀਜ਼, ਗੁਰਮੁਖਾਂ ਮਾਤ ਵਡਿਆਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਕੋਲੋਂ ਨਾ ਗਿਆ ਪਤੀਜ, ਆਪਣਾ ਭੇਵ ਨਾ ਕਿਸੇ ਖੁਲ੍ਹਾਇੰਦਾ । ਛੋਟਿਆਂ ਬਾਲਿਆਂ ਪੂਰੀ ਕਰੇ ਰੀਝ, ਸਿਰ ਆਪਣਾ ਹੱਥ ਟਿਕਾਇੰਦਾ । ਦੋ ਜਹਾਨ ਜੇ ਕੋਈ ਲਾ ਕੇ ਵੇਖੇ ਨੀਝ, ਨੇਤਰ ਨਜ਼ਰ ਕਿਸੇ ਨਾ ਆਇੰਦਾ । ਇਕੋ ਨਾਨਕ ਦਿਤੀ ਨਿੱਕੀ ਝੀਤ, ਕਬੀਰ ਤਾਕੀ ਬੰਦ ਵਖਾਇੰਦਾ । ਸਾਰਿਆਂ ਪੀਸਣ ਲਿਆ ਪੀਸ, ਹਰਿ ਜੂ ਚੱਕੀ ਆਪ ਚਲਾਇੰਦਾ । ਉਠ ਕੇ ਸਾਰੇ ਵੇਖੋ ਖ਼ਾਲੀ ਹੋਏ ਖ਼ੀਸ, ਸੌਦਾ ਹੱਟ ਨਾ ਕੋਇ ਵਿਕਾਇੰਦਾ । ਨਾ ਕੋਈ ਸ਼ਰਅ ਨਾ ਹਦੀਸ, ਕਲਮਾ ਨਬੀ ਨਾ ਕੋਇ ਪੜ੍ਹਾਇੰਦਾ । ਫੜ ਫੜ ਬਾਹੋਂ ਰਿਹਾ ਘਸੀਟ, ਈਸਾ ਮੂਸਾ ਸੀਸ ਝੁਕਾਇੰਦਾ । ਕਰਵਟ ਦੇ ਨਾ ਬਦਲੇਂ ਪੀਠ, ਨੇਤਰ ਨੈਣਾਂ ਨੀਰ ਵਹਾਇੰਦਾ । ਤੇਰਾ ਰਲ ਕੇ ਗਾਈਏ ਗੀਤ, ਸੋਹੰ ਢੋਲਾ ਮੋਹੇ ਭਾਇੰਦਾ । ਤੇਰੇ ਚਰਨ ਕਵਲ ਅੰਮ੍ਰਿਤ ਆਬ ਹਯਾਤ ਪੀਏ ਲਾ ਕੇ ਝੀਕ, ਰਸਨਾ ਮੁਖ ਨਾ ਕੋਇ ਵਖਾਇੰਦਾ । ਤੇਰੀ ਸੱਚੀ ਦਿਸੇ ਰੀਤ, ਜ਼ਾਤ ਪਾਤ ਨਾ ਕੋਇ ਬਣਾਇੰਦਾ । ਲੇਖਾ ਚੁਕਿਆ ਮੰਦਰ ਮਸੀਤ, ਵਕਤ ਪੰਜ ਨਿਮਾਜ਼ ਨਾ ਕੋਇ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਵਖਾਇੰਦਾ । ਵਾਹ ਵਾ ਤੇਰਾ ਖੇਲ ਲੱਗਾ ਸੋਹਣਾ, ਗੁਰ ਅਵਤਾਰ ਖ਼ੁਸ਼ੀ ਮਨਾਈਆ । ਹਰਿ ਸੰਗਤ ਵਿਚ ਬਹਿ ਕੇ ਕਿਸੇ ਨਾ ਰੋਣਾ, ਸੁਖ ਸੁਖ ਵਿਚ ਮਿਲਾਈਆ । ਆਤਮ ਮੈਲ ਦੁਰਮਤ ਧੋਣਾ, ਸੋਹੰ ਢੋਲਾ ਗਾਈਆ । ਆਤਮ ਅੰਤਰ ਤੇਰੇ ਜੋਗਾ ਹੋਣਾ, ਹੋਰ ਨਾ ਕੋਇ ਸਾਕ ਸੱਜਣ ਭੈਣ ਭਾਈਆ । ਇਕੋ ਬੀਜ ਸਾਚਾ ਬੋਣਾ, ਅੰਮ੍ਰਿਤ ਬੂਟਾ ਮਾਤ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਰਿਹਾ ਵਖਾਈਆ । ਵੇਖੋ ਖੇਲ ਹਰੀ ਦੁਆਰ, ਹਰਿ ਸਾਚਾ ਆਪ ਜਣਾਇੰਦਾ । ਸਤਿਜੁਗ ਦਾ ਸਚ ਪਿਆਰ, ਹਰਿ ਸੰਗਤ ਵਿਚ ਪਰਨਾਇੰਦਾ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਕਰ ਤਿਆਰ, ਤੱਤ ਇਕੋ ਇਕ ਵਖਾਇੰਦਾ । ਬ੍ਰਹਮ ਮਤ ਦੇ ਅਧਾਰ, ਮਨਮਤ ਮੋਹ ਚੁਕਾਇੰਦਾ । ਗਤਮਿਤ ਜਾਣੇ ਕਰਤਾਰ, ਦੂਸਰ ਭੇਵ ਕੋਇ ਨਾ ਆਇੰਦਾ । ਰਥ ਚਲਾਏ ਵਿਚ ਸੰਸਾਰ, ਬਣ ਰਥਵਾਹੀ ਸੇਵ ਕਮਾਇੰਦਾ । ਸਾਢੇ ਤਿੰਨ ਹੱਥ ਕਰ ਤਿਆਰ, ਮੰਦਰ ਅੰਦਰ ਆਸਣ ਲਾਇੰਦਾ । ਨਿਰਗੁਣ ਜੋਤ ਨੂਰ ਉਜਿਆਰ, ਪੁਰਖ ਅਕਾਲ ਵੇਸ ਵਟਾਇੰਦਾ । ਅਜੂਨੀ ਰਹਿਤ ਹੋ ਤਿਆਰ, ਅਨੁਭਵ ਪਰਕਾਸ਼ ਕਰਾਇੰਦਾ । ਰਿਖੀ ਮੁਨੀ ਗਏ ਹਾਰ, ਆਪਣੀ ਰੇਖ ਨਾ ਕਿਸੇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਸਮਝਾਇੰਦਾ । ਸਾਚਾ ਖੇਲ ਕਰੇ ਕਰਤਾਰਾ, ਹਰਿ ਕਰਨੀ ਆਪ ਜਣਾਈਆ । ਸਚਖੰਡ ਦਾ ਸਚ ਵਿਹਾਰਾ, ਲੋਕਮਾਤ ਪਰਗਟਾਈਆ । ਇਕ ਨੌਂ ਦਾ ਇਕ ਅਖਾੜਾ, ਏਕੰਕਾਰਾ ਆਪ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ


੯ ੧੩

ਰੀਤੀ ਦਏ ਸਮਝਾਈਆ । ਜਗਤ ਰੀਤੀ ਦੱਸੇ ਆਪ, ਆਪਾ ਆਪ ਛੁਪਾਈਆ । ਸਤਿ ਸਤਿਵਾਦੀ ਸੱਚਾ ਜਾਪ, ਘਰ ਸਾਚੇ ਆਪ ਜਪਾਈਆ । ਏਕਾ ਅੱਖਰ ਏਕਾ ਪਾਠ, ਏਕਾ ਵਾਰ ਪੜ੍ਹਾਈਆ । ਦੋ ਜਹਾਨਾਂ ਪਾਰ ਘਾਟ, ਅੱਧਵਿਚਕਾਰ ਨਾ ਕੋਇ ਡੁਬਾਈਆ । ਲਹਿਣਾ ਦੇਣ ਚੁਕਾਏ ਮਾਤ, ਬਾਕੀ ਕੋਇ ਨਜ਼ਰ ਨਾ ਆਈਆ । ਜਨ ਭਗਤਾਂ ਧੂੜੀ ਮਸਤਕ ਖ਼ਾਕ, ਟਿੱਕਾ ਆਪਣਾ ਆਪ ਚਮਕਾਈਆ । ਹਰਿਜਨ ਉਪਜਾਏ ਸਾਚੀ ਜ਼ਾਤ, ਜ਼ਾਤ ਆਪਣੀ ਨਾਲ ਮਿਲਾਈਆ । ਗੁਰਮੁਖ ਤੇਰੀ ਨਾ ਹੋਏ ਵਫ਼ਾਤ, ਫ਼ਾਤਿਆ ਸਭ ਦਾ ਦਏ ਪੜ੍ਹਾਈਆ । ਉਨੀ ਕੱਤਕ ਗੁਰ ਅਵਤਾਰ ਪੀਰ ਪੈਗ਼ੰਬਰ ਬਣਾਏ ਇਕ ਜਮਾਤ, ਇਕੋ ਅੱਖਰ ਦਏ ਸਮਝਾਈਆ । ਸਚਖੰਡ ਦੀ ਸਚ ਕਨਾਤ, ਸ਼ਬਦ ਦੀਵਾਰ ਆਪ ਵਖਾਈਆ । ਜੇ ਕੋਈ ਵੇਖੇ ਮਾਰ ਝਾਤ, ਭਗਤ ਦੁਆਰਾ ਦਏ ਦਰਸਾਈਆ । ਜਿਸ ਦਵਾਰੇ ਪਰਗਟ ਹੋਏ ਸਾਖਿਆਤ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਮਾਰਗ ਦਏ ਲਗਾਈਆ । ਉਨੀ ਕੱਤਕ ਨੀਲਾ ਬਾਣਾ, ਹਰਿ ਹਰਿ ਜੂ ਆਪ ਸੁਹਾਈਆ । ਕਰੇ ਖੇਲ ਵਡ ਜਰਵਾਣਾ, ਜਾਬਰ ਜ਼ਬਰ ਬੇਪਰਵਾਹੀਆ । ਸਚ ਸੰਦੇਸ਼ਾ ਦੇਵੇ ਰਾਜਾ ਰਾਣਾ, ਹੁਕਮ ਹਾਕਮ ਆਪ ਜਣਾਈਆ । ਸਭ ਨੂੰ ਮੰਨਣਾ ਪਏ ਭਾਣਾ, ਨਾ ਕੋਈ ਮੇਟੇ ਮੇਟ ਮਿਟਾਈਆ । ਅਮਾਮ ਮਹਿੰਦੀ ਜਿਸ ਦਰਸ਼ਨ ਪਾਣਾ, ਮੁਸਲਮ ਸੁੰਨੀ ਦਏ ਸੁਣਾਈਆ । ਰਾਮ ਕ੍ਰਿਸ਼ਨ ਜਿਸ ਚਰਨ ਧਿਆਨ ਲਗਾਣਾ, ਸਰਨ ਚਰਨ ਦਏ ਵਡਿਆਈਆ । ਨਾਨਕ ਗੋਬਿੰਦ ਜਿਸ ਗੋਦ ਸੁਹਾਣਾ, ਤਿਸ ਗੋਦੀ ਲਏ ਉਠਾਈਆ । ਵਰਨਾਂ ਬਰਨਾਂ ਦਏ ਫ਼ਰਮਾਨਾ, ਫੁਰਨਾ ਸਭ ਦਾ ਬੰਦ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਈਆ । ਉਨੀ ਕੱਤਕ ਪੰਥ ਖ਼ਾਲਸਾ, ਹਰਿ ਖ਼ਾਲਸ ਦਏ ਸਮਝਾਈਆ । ਜਿਸ ਦੀ ਕਰਦੇ ਰਹੇ ਲਾਲਸਾ, ਸੋ ਲਾਲਣ ਆਇਆ ਮਾਹੀਆ । ਨੇਤਰ ਖੋਲ੍ਹੋ ਲਾਹੋ ਨਿੰਦਰਾ ਆਲਸਾ, ਆਲਸ ਸਭ ਦਾ ਰਿਹਾ ਗਵਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਜੋ ਕਰਦਾ ਰਿਹਾ ਮਾਲਸ਼ਾਂ, ਲੋਕਮਾਤ ਮਰਦ ਮਰਦਾਨ ਬਣਾਈਆ । ਸੋ ਸਭ ਦਾ ਅੰਤਮ ਬਣਿਆ ਸਾਲਸਾ, ਲੇਖਾ ਹੱਕੋ ਹੱਕ ਮੁਕਾਈਆ । ਕਰਨ ਆਇਆ ਇਕ ਅਦਾਲਤਾ, ਆਦਲ ਆਪਣਾ ਰੂਪ ਵਟਾਈਆ । ਪਿਛੋਂ ਦੇਵੇ ਨਾ ਕੋਈ ਅਲਾਮਤਾ, ਉਲਮਾ ਚਲੇ ਨਾ ਕੋਇ ਚਤੁਰਾਈਆ । ਆਪ ਰਹੇ ਸਹੀ ਸਲਾਮਤਾ, ਸਭ ਦਾ ਲੇਖਾ ਦਏ ਮੁਕਾਈਆ । ਏਥੇ ਕਿਸੇ ਨੂੰ ਕਰੇ ਨਾ ਕੋਈ ਮਮਾਨਤਾ, ਸੁਣੇ ਫ਼ਰਿਯਾਦ ਸੱਚਾ ਮਾਹੀਆ । ਅੰਤਮ ਦੇਣੀ ਨਾ ਕਿਸੇ ਜ਼ਮਾਨਤਾ, ਬਰੀਖ਼ਾਨਾ ਨਾ ਕੋਇ ਵਖਾਈਆ । ਇਕੋ ਗੋਬਿੰਦ ਆਇਆ ਦੇਣ ਸ਼ਹਾਦਤਾ, ਸ਼ਹਿਨਸ਼ਾਹ ਆਪਣੇ ਸੰਗ ਰਖਾਈਆ । ਸਭ ਦੀ ਲੇਖੇ ਲਾਏ ਇਬਾਦਤਾ, ਆਪਣੀ ਝੋਲੀ ਪਾਈਆ । ਉਠ ਉਠ ਕਰ ਲਓ ਆਪ ਤੁਆਕਬਾ, ਪਿੱਛਾ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਾਚਾ ਲੇਖ ਲਿਖੇ ਸ਼ਾਹ ਇੰਗਲੈਂਡ, ਇੰਗਲਸਤਾਨ ਆਪ ਜਣਾਇੰਦਾ । ਅੰਤਮ ਖ਼ਾਲੀ ਦਿਸੇ ਲੈਂਡ, ਲੈਂਡ ਮਾਰਕ ਆਪ ਵਖਾਇੰਦਾ । ਨਾ ਕੋਈ ਫ਼ਰੈਂਡਿ ਨਾ ਫ਼ਰੈਂਡ, ਫ਼ਰਮਾਂਬਰਦਾਰ ਨਾ ਕੋਇ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਇੰਦਾ । ਸਾਚਾ ਲੇਖਾ ਲਿਖੇ ਸ਼ਾਹ ਈਰਾਨ, ਅਰਬ ਤੁਰਕਸਤਾਨ ਨਾਲ ਮਿਲਾਈਆ । ਪੁਰਖ ਅਬਿਨਾਸ਼ੀ ਚਾੜ੍ਹੇ ਇਕ ਤੂਫ਼ਾਨ, ਤੋਹਫ਼ਾ ਸਭ ਨੂੰ ਦਏ ਪੁਚਾਈਆ । ਸਾਬਤ ਰਹੇ ਨਾ ਕੋਇ ਈਮਾਨ, ਸਿਦਕ ਸਬੂਰੀ ਨਾ ਕੋਇ ਹੰਢਾਈਆ । ਆਪ ਬਦਲਣ ਆਇਆ ਨਜ਼ਾਮ, ਨਜ਼ਮ ਇਕੋ ਨਾਮ ਸੁਣਾਈਆ । ਚਲ

ਕੇ ਬਰਦੇ ਬਣੋ ਗ਼ੁਲਾਮ, ਗ਼ੁਰਬਤ ਕੋਇ ਰਹਿਣ ਨਾ ਪਾਈਆ । ਦਰਸ਼ਨ ਕਰੋ ਇਕ ਅਮਾਮ, ਜਿਸ ਨੂੰ ਮੁਹੰਮਦ ਸੀਸ ਝੁਕਾਈਆ । ਸਚ ਸੰਦੇਸ਼ਾ ਦਏ ਪੈਗ਼ਾਮ, ਪੀਰ ਪੈਗ਼ੰਬਰ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਲਾਸ਼ਰੀਕਾ, ਹਰਿ ਆਪਣਾ ਹੁਕਮ ਵਰਤਾਇੰਦਾ । ਡੂੰਘੀ ਧਾਰ ਉਠਾਏ ਅਮਰੀਕਾ, ਅਮਰਪਦ ਇਕ ਜਣਾਇੰਦਾ । ਅੰਤਮ ਵੇਲਾ ਆਇਆ ਨਜ਼ਦੀਕਾ, ਨੇੜੇ ਹੋ ਹੋ ਖੇਲ ਕਰਾਇੰਦਾ । ਲੇਖਾ ਜਾਣੇ ਜੀਵ ਜੀਅ ਕਾ, ਅਭੁੱਲ ਭੁੱਲ ਕਦੇ ਨਾ ਜਾਇੰਦਾ । ਅੱਗੇ ਪੈਣ ਨਾ ਦੇਵੇ ਤਰੀਕਾ, ਤਾਰੀਕ ਅੰਧੇਰਾ ਆਪ ਗਵਾਇੰਦਾ । ਜਿਸ ਦੀ ਮੂਸਾ ਰੱਖਦਾ ਗਿਆ ਉਡੀਕਾ, ਈਸਾ ਨੈਣਾਂ ਰਾਹ ਤਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਇੰਦਾ । ਸਾਚਾ ਹੁਕਮ ਘੱਲੇ ਚੀਨਾ, ਚਿਰ ਅੰਤ ਕੋਇ ਨਾ ਲਾਈਆ । ਅੰਤਮ ਸਭ ਨੂੰ ਹੋਣਾ ਪਏ ਅਧੀਨਾ, ਸਿਰ ਸਕੇ ਨਾ ਕੋਇ ਉਠਾਈਆ । ਪੁਰਖ ਅਬਿਨਾਸ਼ੀ ਸਾਚੇ ਅਸਵ ਪਾਵਣਹਾਰਾ ਜ਼ੀਨਾ, ਸ਼ਾਹਸਵਾਰਾ ਸੱਚਾ ਮਾਹੀਆ । ਸਭ ਦਾ ਪਾੜਨਹਾਰਾ ਸੀਨਾ, ਤੀਰ ਨਿਸ਼ਾਨਾ ਇਕ ਚਲਾਈਆ । ਵੇਖਣਹਾਰਾ ਕੱਤਕ ਰੁੱਤ ਮਹੀਨਾ, ਰੁਤੜੀ ਆਪਣੀ ਨਾਲ ਮਿਲਾਈਆ ਅਠਾਰਾਂ ਸਾਲ ਬੈਠਾ ਰਿਹਾ ਬਣ ਨਾਬੀਨਾ, ਆਪਣੀ ਅੱਖ ਨਾ ਕਦੇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਦਏ ਘਲਾਈਆ । ਸਚ ਸੰਦੇਸ਼ ਰੂਸ ਨਰੇਸ਼ਾ, ਏਕਾ ਏਕ ਜਣਾਈਆ । ਆਪਣਾ ਦੱਸਣ ਆਇਆ ਭੇਸਾ, ਭੇਵ ਅਭੇਦ ਖੁਲ੍ਹਾਈਆ । ਅੱਗੇ ਚਲੇ ਨਾ ਕਿਸੇ ਕੋਈ ਪੇਸ਼ਾ, ਜ਼ਿਮੀ ਅਸਮਾਨ ਨਾ ਕੋਇ ਲੜਾਈਆ । ਬੁੱਧ ਮਤ ਦੀ ਖੇਡੇ ਖੇਡਾ, ਜੀਵਣ ਜੁਗਤ ਨਾ ਕਿਸੇ ਜਣਾਈਆ । ਕੂੜੀ ਕਿਰਿਆ ਕੀਤਾ ਤੇਰੇ ਜੇਡਾ, ਚਾਰੋਂ ਕੁੰਟ ਰਹੀ ਭਵਾਈਆ । ਅੰਤਮ ਸਭ ਦਾ ਹੋਏ ਇਕੋ ਨੇਤਾ, ਨਿਹਕਲੰਕ ਬੇਪਰਵਾਹੀਆ । ਨੌਂ ਖੰਡ ਪ੍ਰਿਥਮੀ ਕਰ ਕਰ ਵੇਤਾ, ਸ਼ਬਦੀ ਸ਼ਬਦ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਹੋ ਮਿਹਰਵਾਨ, ਮਿਹਰਵਾਨ ਦਇਆ ਕਮਾਈਆ । ਸੰਦੇਸ਼ਾ ਦੇਵੇ ਮੁਗ਼ਲ ਪਠਾਣ, ਨਾਮ ਨਿਧਾਨਾ ਇਕ ਜਣਾਈਆ । ਚੁਗ਼ਲੀ ਚੁਗ਼ਲ ਨਾ ਲਾਏ ਕੋਇ ਵਿਚ ਜਹਾਨ, ਪਰਦਾ ਆਪਣਾ ਆਪ ਚੁਕਾਈਆ । ਸਾਚੇ ਤਖ਼ਤ ਬੈਠਾ ਨੌਜਵਾਨ, ਹੁਜਰਾ ਇਕੋ ਇਕ ਸੁਹਾਈਆ । ਰਲ ਕੇ ਸਾਰੇ ਕਰੋ ਸਲਾਮ, ਅਲੈਕਮ ਮਿਲੇ ਮਾਤ ਵਡਿਆਈਆ । ਅੰਤਮ ਛੁਪਣ ਵਾਲਾ ਭਾਨ, ਕਿਰਨ ਚੰਦ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਕੰਮ ਕਰੇ ਖ਼ਾਸ, ਖ਼ਾਹਸ਼ ਸਭ ਦੀ ਪੂਰ ਕਰਾਇੰਦਾ । ਹੁਕਮ ਦੇਵੇ ਸ਼ਾਹ ਫ਼ਰਾਂਸ, ਫਾਂਸੀ ਸਭ ਦੇ ਹੱਥ ਵਖਾਇੰਦਾ । ਸੌਖਾ ਲੈਣ ਨਾ ਦੇਵੇ ਸਾਂਸ, ਸਾਹ ਸਾਹ ਆਪਣਾ ਨਾਮ ਵਖਾਇੰਦਾ । ਨੌਂ ਖੰਡ ਪ੍ਰਿਥਮੀ ਪਾਵੇ ਰਾਸ, ਬਣ ਨਟੂਆ ਸਾਂਗ ਵਰਤਾਇੰਦਾ । ਈਸਾ ਮੂਸਾ ਮੁਹੰਮਦ ਪੀਰ ਪੈਗ਼ੰਬਰ ਪਰਗਟਾਏ ਆਪਣੀ ਸ਼ਾਖ਼, ਸ਼ਨਾਖ਼ਤ ਇਕੋ ਇਕ ਜਣਾਇੰਦਾ । ਸ਼ਾਹ ਤੁਰਕੀ ਕਰੇ ਘਾਤ, ਘਾਉ ਆਪਣਾ ਨਾਮ ਲਗਾਇੰਦਾ । ਬਿਨ ਹਰਿ ਨਾ ਕੋਇ ਨਜ਼ਾਤ, ਬਿਨ ਖ਼ੁਦਾ ਖ਼ੁਦੀ ਨਾ ਕੋਇ ਮਿਟਾਇੰਦਾ । ਰਲ ਮਿਲ ਪੀਓ ਹਯਾਤ ਆਬ, ਅਰਬ ਅਰਬਾਨੀਆਂ ਆਪ ਸਮਝਾਇੰਦਾ । ਪ੍ਰਭ ਦੇਵਣਹਾਰਾ ਅੰਤ ਇਕੋ ਖ਼ਤਾਬ, ਖ਼ਤਾ ਸਭ ਦੀ ਵੇਖ ਵਖਾਇੰਦਾ । ਸਭ ਨੂੰ ਮੰਨਣਾ ਪਏ ਹੁਕਮ ਜਨਾਬ, ਜਲਵਾ ਆਪਣਾ ਨਾ ਕੋਇ ਧਰਾਇੰਦਾ । ਦੋ ਜਹਾਨਾਂ ਵਡ ਨਵਾਬ, ਲੋਕਮਾਤ ਫੇਰੀ ਪਾਇੰਦਾ । ਖ਼ਾਲੀ ਹੱਥ ਕਰੋ ਆਦਾਬ, ਪੁੰਨ ਸਵਾਬ ਭੇਵ ਚੁਕਾਇੰਦਾ । ਜਿਸ ਦਾ ਪੀਰ ਪੈਗ਼ੰਬਰ ਲੈਂਦੇ

੧੧
੧੩

ਰਹੇ ਖ਼ਵਾਬ, ਸੋ ਖ਼ਬਰ ਆਪ ਪੁਚਾਇੰਦਾ। ਜੇ ਕਿਸੇ ਲੈਣਾ ਸਚ ਜਵਾਬ, ਘਰ ਸੱਦੋ ਦਰ ਆ ਆ ਹੁਕਮ ਮਨਾਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਪਾਕ ਖ਼ਾਕ ਖ਼ਾਕ ਪਾਕ ਆਪ ਕਰਾਇੰਦਾ। ਮਨ ਵਾਸਨਾ ਜਾਏ ਚਲ, ਚਲਿਤਰ ਹਰਿ ਵਖਾਇੰਦਾ। ਗੁਰਸਿਖ ਦੁਆਰਾ ਲਏ ਮੱਲ, ਮਨਸਾ ਮੋਹ ਮੁਕਾਇੰਦਾ। ਜਿਸ ਦੁਆਰੇ ਰਿਹਾ ਘੱਲ, ਸੋ ਦੁਆਰਾ ਚਰਨ ਕਵਲ ਸਮਝਾਇੰਦਾ। ਸਚ ਪ੍ਰੇਮ ਜਾਣਾ ਰਲ, ਪਿਆਰ ਘਰ ਇਕ ਵਖਾਇੰਦਾ। ਜਿਥੇ ਮਿਲੇ ਇਕੋ ਫਲ, ਦੂਜੀ ਵਸਤ ਨਾ ਕੋਇ ਵਰਤਾਇੰਦਾ। ਜਿਥੇ ਨੇੜ ਨਾ ਆਏ ਕਾਲ ਕਲ, ਕਾਲਖ ਟਿੱਕਾ ਨਾ ਕੋਇ ਲਗਾਇੰਦਾ। ਸੋ ਸਾਹਿਬ ਹੋਇਆ ਤੇਰੇ ਵਲ, ਤੇਰੇ ਅੱਗੇ ਵਾਸਤਾ ਪਾਇੰਦਾ। ਬਾਹਰੋਂ ਦਿਸੇ ਤੇਰੀ ਚੰਮੜੀ ਖੱਲ, ਨਿਝ ਘਰ ਤੇਰੇ ਡੇਰਾ ਲਾਇੰਦਾ। ਅੰਤ ਨਾ ਕਰੇ ਛਲ, ਛਹਿਬਰ ਆਪਣਾ ਨਾਮ ਵਖਾਇੰਦਾ। ਘਰ ਦੀਪਕ ਦੀਆ ਗਿਆ ਬਲ, ਅਗਿਆਨ ਅੰਧੇਰ ਚੁਕਾਇੰਦਾ। ਜਿਸ ਦਵਾਰੇ ਰਿਹਾ ਘੱਲ, ਸੋ ਦਵਾਰਾ ਤੇਰੇ ਅੰਦਰ ਵਖਾਇੰਦਾ। ਆਤਮ ਪਰਮਾਤਮ ਜਾਏ ਰਲ, ਅੱਗਾ ਪਿਛਾ ਨਾ ਕੋਇ ਬਣਾਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੁਨੇਹੁੜਾ ਦੇਵੇ ਘਰ, ਉਠ ਪਾਲ ਰਾਹ ਤੇਰਾ ਆਪ ਤਕਾਇੰਦਾ। ਉਠ ਕੇ ਜਾ ਜਾ ਜਾ, ਆਪਣੀ ਯਾਦ ਦਿਲਾਈਆ। ਤੇਰੀ ਸਿਫ਼ਤ ਵਾਹ ਵਾ, ਵਾਹਿਗੁਰੂ ਆਪ ਗਾਈਆ। ਤੇਰਾ ਮੇਰਾ ਇਕੋ ਰਾਹ, ਰਹਿਬਰ ਬਣੇ ਜਗਤ ਲੋਕਾਈਆ। ਤੇਰਾ ਨਾਤਾ ਜੁੜਿਆ ਸਹਿਜ ਸੁਭਾ, ਸਬਕ ਸਾਬਤ ਇਕ ਪੜ੍ਹਾਈਆ। ਰਹਿਬਰ ਬਣਿਆ ਆਪ ਖ਼ੁਦਾ, ਰਾਹ ਸਾਚਾ ਰਿਹਾ ਵਖਾਈਆ। ਜਿਸ ਘਰ ਜਾ ਫੇਰ ਨਾ ਹੋਏ ਜੁਦਾ, ਜੁਜ਼ ਆਪਣਾ ਨਾ ਕੋਇ ਵੰਡਾਈਆ। ਚਲਾ ਜਾ ਚਲਾ ਜਾ ਚਲਾ ਜਾ, ਜਬ ਤੱਕ ਨਾ ਮਿਲੇ

੧੨ ਮਾਹੀਆ। ਬਾਹੋਂ ਫੜ ਗਲ ਲਏ ਲਗਾ, ਤਿਸ ਅੱਗੇ ਕਰ ਅਰਜੋਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ੧੨

੧੩ ੧੩

ਰਿਹਾ ਸੁਣਾਈਆ। ਉਠ ਜਾ ਉਠ ਜਾ ਮੰਨ ਕਹਿਣਾ, ਕਹਿ ਕਹਿ ਆਪ ਸੁਣਾਇਆ। ਤੇਰੇ ਪਿੱਛੇ ਹਰਿ ਜੂ ਰਹਿਣਾ, ਫਿਰ ਫਿਰ ਆਪਣਾ ਵਕਤ ਲੰਘਾਇਆ। ਸਾਚੀ ਵਸਤ ਨਾਮ ਅਮੋਲਕ ਪਾਏ ਗਹਿਣਾ, ਗਹਿਰ ਗੰਭੀਰ ਬੇਪਰਵਾਹਿਆ। ਧਾਮ ਇਕੱਠੇ ਇਕੋ ਰਹਿਣਾ, ਰਹਿ ਰਹਿ ਖ਼ੁਸ਼ੀ ਮਨਾਇਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਘਰ ਵਿਚ ਰਿਹਾ ਘਲਾਇਆ। ਗੁਰਮੁਖ ਫੜੀ ਹਰਿ ਜੂ ਡੋਰ, ਡੋਰੀ ਗੁਰਮੁਖ ਹੱਥ ਫੜਾਈਆ। ਚਮਰੇਟੇ ਮਿਲਿਆ ਢੋ ਢੋ ਢੋਰ, ਪਾਣਾਂ ਗੰਢ ਪਵਾਈਆ। ਬਟਵਾਰਾ ਵੇਖਿਅ ਠੱਗ ਚੋਰ, ਚੋਰੀ ਠੱਗੀ ਹਰਿ ਜੂ ਭਾਈਆ। ਤ੍ਰੇਤਾ ਦਵਾਪਰ ਕਲਜੁਗ ਵਿਛੜੇ ਲਏ ਜੋੜ, ਜੋੜੀ ਜਗਤ ਜੁੜਾਈਆ। ਆਪੇ ਚੜ੍ਹ ਕੇ ਵੇਖੇ ਸਾਚੇ ਘੋੜ, ਘੋੜਾ ਨਜ਼ਰ ਕਿਸੇ ਨਾ ਆਈਆ। ਗ਼ਫ਼ਲਤ ਅੰਦਰ ਗਿਆ ਬੌਹੜ, ਬੌਹੜੀ ਬੌਹੜੀ ਕਰ ਕਰ ਆਪਣਾ ਹਾਲ ਸੁਣਾਈਆ। ਹਰਿ ਜੂ ਵੇਖਿਆ ਤੱਕ ਕੇ ਗ਼ੌਰ, ਗਹਿਰ ਗੰਭੀਰ ਨੈਣ ਤਕਾਈਆ। ਪੂਰਬ ਜਨਮ ਦੇ ਵਿਛੜੇ ਅੰਤ ਬਣਾਏ ਆਪਣੇ ਕੌਰ, ਦੇਵੇ ਮਾਣ ਵਡਿਆਈਆ। ਦੋਹਾਂ ਦਵਾਦਸ ਗਈ ਸੌਰ, ਦਾਅਵਤ ਹਰਿ ਖਵਾਈ ਆ। ਪਰਮ ਪੁਰਖ ਪ੍ਰਭ ਗਿਆ ਬੌਹੜ, ਬਹੁ ਭਾਂਤ ਦਏ ਵਡਿਆਈਆ। ਜਨਮ ਜਨਮ ਦੀ ਮਿਟੇ ਔੜ, ਅੰਮ੍ਰਿਤ ਰਸ ਚੁਆਈਆ। ਮਾਣਸ ਜਨਮ ਗਿਆ ਸੌਰ, ਸੌਹਰੇ ਪੇਈਏ ਖ਼ੁਸ਼ੀ ਮਨਾਈਆ। ਜਿਸ ਦੇ ਸਿਰ ਤੇ ਆਦਿ ਜੁਗਾਦਿ ਝੁਲਦਾ ਚੌਰ, ਸੋ ਚੂਹੜੇ ਚਮਿਆਰ ਗਲੇ ਲਗਾਈਆ। ਫਲ ਮਿੱਠੇ ਕੀਤੇ ਕੌੜ, ਵਿਖ ਅੰਮ੍ਰਿਤ ਰੂਪ ਬਣਾਈਆ। ਬਿਧ ਕਰੀ ਅਵਰ ਕੀ ਔਰ, ਕੋਈ ਭੇਵ ਨਾ ਜਾਣੇ ਰਾਈਆ। ਕਰ ਕਿਰਪਾ ਬਦਲੇ

ਤੋਰ, ਤਰਾ ਤਰਜ਼ ਆਪ ਸਮਝਾਈਆ । ਸੱਸੇ ਉਪਰ ਨਜ਼ਰ ਆਇਆ ਹੋੜਾ ਹੋੜ, ਹੋਕਾ ਦੇ ਦੇ ਰਿਹਾ ਸਮਝਾਈਆ । ਹੰ ਬ੍ਰਹਮ ਕਰੇ ਕੋਰਾ ਕੋਰ, ਦੁਰਮੱਤ ਮੈਲ ਨਾ ਲਾਗੇ ਰਾਈਆ । ਇਕ ਦੂਜੇ ਦੇ ਨਾਲ ਦਿਤੇ ਤੋਰ, ਨਾਤਾ ਸਕੇ ਨਾ ਕੋਇ ਤੁੜਾਈਆ । ਪਾਰਬ੍ਰਹਮ ਦੇ ਨਿੱਕੇ ਬਾਲੇ ਛੋਹਰ, ਆਪਣੀ ਉਂਗਲੀ ਰਿਹਾ ਲਗਾਈਆ । ਕਦੀ ਚੁੱਕ ਲਏ ਆਪਣੀ ਮੌਰ, ਮੋਢੇ ਉਪਰ ਲਏ ਟਿਕਾਈਆ । ਆਪ ਬਣ ਕੇ ਬਰਦਾ ਘੋੜ, ਗੁਰਮੁਖ ਆਪਣੀ ਪੀਠ ਟਿਕਾਈਆ । ਅੰਤ ਨਿਮਸਕਾਰ ਕਰੇ ਦੋਏ ਜੋੜ, ਜੋੜੀ ਜੋੜੀ ਆਪ ਸ਼ਹਿਨਸ਼ਾਹੀਆ । ਗੁਰਮੁਖਾਂ ਦੀ ਸਦਾ ਸਦਾ ਲੋੜ, ਬਿਨ ਗੁਰਮੁਖਾਂ ਹਰਿ ਜੂ ਕੰਮ ਕਿਸੇ ਨਾ ਆਈਆ । ਗੁਰਸਿਖੋ ਤੁਹਾਡੇ ਅੱਗੇ ਕੋਈ ਨਾ ਜ਼ੋਰ, ਬਣ ਬਰਦਾ ਸੀਸ ਝੁਕਾਈਆ । ਜਿਧਰ ਚਾਹੋ ਲਓ ਤੋਰ, ਤੋਰ ਆਪਣੀ ਆਇਆ ਬਦਲਾਈਆ । ਤੁਹਾਡੇ ਹੱਥ ਫੜਾਈ ਡੋਰ, ਜ਼ਿਮੀ ਅਸਮਾਨ ਚਰਨਾਂ ਹੇਠ ਦਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਸਾਚੇ ਖ਼ੁਸ਼ੀ ਵਖਾਈਆ । ਜੋੜੀ ਜੁੜੀ ਜੁੜਿਆ ਰਥ, ਰਥ ਰਥਵਾਹੀ ਖੇਲ ਕਰਾਇੰਦਾ । ਵੇਖਣ ਆਇਆ ਪੁਰਖ ਸਮਰਥ, ਸਮਰਥ ਆਪਣੀ ਧਾਰ ਚਲਾਇੰਦਾ । ਨਾਮ ਅਮੋਲਕ ਦੇ ਵੱਥ, ਵਸਤ ਇਕੋ ਇਕ ਵਰਤਾਇੰਦਾ । ਇਕ ਦੂਜੇ ਦਾ ਕਰਨਾ ਜਸ, ਦੂਜੀ ਸਿਖਿਆ ਨਾ ਕੋਇ ਪੜ੍ਹਾਇੰਦਾ । ਗੁਰਸਿਖਾਂ ਗੁਰਸਿਖ ਮਿਲੇ ਹੱਸ ਹੱਸ, ਹੰਸ ਮੁਖ ਆਪ ਹੰਸਾਇੰਦਾ । ਜਨ ਭਗਤਾਂ ਅੱਗੇ ਆਪੇ ਕਰ ਕੇ ਬਹਿ ਜਾਏ ਬੱਸ, ਬਸਤਾ ਆਪਣਾ ਬੰਨ੍ਹ ਵਖਾਇੰਦਾ । ਸਚ ਦਵਾਰਿਉਂ ਕਦੇ ਨਾ ਜਾਏ ਨੱਸ, ਘਰ ਬਹਿ ਬਹਿ ਡੇਰਾ ਲਾਇੰਦਾ । ਕਲਜੁਗ ਅੰਤਮ ਕੀਤੇ ਵੱਖ, ਵੱਖਰੀ ਧਾਰ ਜਣਾਇੰਦਾ । ਜਗਤ ਜੋੜੀ ਭਗਤ ਭਗਵੰਤ ਕਰਨ ਆਇਆ ਪੱਖ, ਸਿਰ ਆਪਣਾ ਹੱਥ ਰਖਾਇੰਦਾ । ਜਿਸ ਕੱਖੋਂ ਕੀਤੇ ਲੱਖ, ਲੱਖੋਂ ਆਪਣੇ ਖ਼ਜ਼ਾਨੇ ਪਾਇੰਦਾ । ਜਿਸ ਦਾ ਭੇਵ ਨਾ ਸਕਿਆ ਕੋਈ ਦੱਸ, ਪਰਦਾ ਚੁੱਕ ਨਾ ਕੋਇ ਵਖਾਇੰਦਾ । ਸੋ ਨਿਰਗੁਣ ਆਇਆ ਨੱਠ, ਔਂਦਾ ਜਾਂਦਾ ਨਜ਼ਰ ਕਿਸੇ ਨਾ ਆਇੰਦਾ । ਜਨ ਭਗਤਾਂ ਦਵਾਰੇ ਗਿਆ ਢੱਠ, ਆਪਣਾ ਬਲ ਨਾ ਕੋਇ ਵਖਾਇੰਦਾ । ਹਰਿ ਸੰਗਤ ਤੇਰਾ ਇਕੱਠ, ਪ੍ਰਭ ਸੱਚੇ ਇਕੋ ਭਾਇੰਦਾ । ਰਵਦਾਸ ਚੁਮਾਰਾ ਲਏ ਰੱਖ, ਬਾਲਮੀਕ ਤੋੜ ਨਿਭਾਇੰਦਾ । ਪੁਰਖ ਅਬਿਨਾਸ਼ੀ ਅੰਦਰ ਜਾਏ ਵਸ, ਵਾਸਤਾ ਦੋਹਾਂ ਅੱਗੇ ਪਾਇੰਦਾ । ਤੁਹਾਡੇ ਪ੍ਰੇਮ ਬੱਧਾ ਕਸ, ਢਿਲਾ ਰੂਪ ਨਾ ਕੋਇ ਰਖਾਇੰਦਾ । ਮੇਰੀ ਤੱਕ ਤੱਕ ਥੱਕੀ ਅੱਖ, ਆਖ਼ਰ ਤੁਹਾਡੇ ਦਵਾਰੇ ਆਇੰਦਾ । ਪਰਗਟ ਹੋ ਆਪ ਪਰਤੱਖ, ਪਾਰਸ ਕੰਚਨ ਲੋਹਾ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਪੁਰਖ ਸਮਰਥ, ਰਥ ਭਗਤਾਂ ਆਪ ਚਲਾਇੰਦਾ । ਛੱਬੀ ਅੰਦਰ ਇਕੋ ਛੱਬ, ਹਰਿ ਛਹਿਬਰ ਨਾਮ ਲਗਾਇੰਦਾ । ਬਿਨ ਲੱਭਿਆਂ ਪਿਆ ਲੱਭ, ਗੁਰਮੁਖ ਲੱਭਣ ਕਿਤੇ ਨਾ ਜਾਇੰਦਾ । ਆਪਣੀ ਵੰਡੀ ਸਾਚੀ ਹੱਦ, ਹਦੂਦ ਆਪਣੇ ਹੱਥ ਰਖਾਇੰਦਾ । ਗੁਰਸਿਖ ਸੱਜਣ ਸਾਚੇ ਸੱਦ, ਸਦਾ ਏਕਾ ਨਾਮ ਸੁਣਾਇੰਦਾ । ਆਪ ਵਖਾਏ ਆਪਣਾ ਪਦ, ਪਦ ਨਿਰਬਾਣ ਆਪ ਜਣਾਇੰਦਾ । ਪਿਛਲੀ ਕੀਤੀ ਦੇਵੇ ਵੱਡ, ਅੱਗਾ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਲ ਬਸਾਲ ਬਣ ਦਲਾਲ, ਹਾਲ ਅਹਿਵਾਲ ਦਲਾਲ ਆਪ ਅਖਵਾਇੰਦਾ ।

## ❇ ੧੮ ਕੱਤਕ ੨੦੧੯ ਬਿਕਰਮੀ ਹਰਿ ਭਗਤ ਦਵਾਰ ਜੇਠੂਵਾਲ ❇

ਜ਼ਬਰ ਜ਼ੇਰ ਹੋਈ ਜ਼ੇਰ, ਜਾਬਰ ਇਕ ਖ਼ੁਦਾਇਆ । ਬੇਸਬਰ ਨਾ ਲਾਏ ਦੇਰ, ਬੇਐਬ ਬੇਪਰਵਾਹਿਆ । ਲੇਖਾ ਜਾਣੇ ਚੰਨ ਅੰਧੇਰ, ਧੂਆਂਧਾਰ ਸਮਾਇਆ । ਆਦਿ ਜੁਗਾਦਿ ਖੇਲੇ ਖੇਲ, ਖ਼ਾਲਕ ਖ਼ਲਕ ਰੂਪ ਵਟਾਇਆ । ਜੁਗ ਚੌਕੜੀ ਚਾੜ੍ਹੇ ਤੇਲ, ਸਾਹਿਬ ਸਾਚਾ ਸਗਨ ਮਨਾਇਆ । ਮਹਿਬੂਬ ਵਸੇ ਧਾਮ ਨਵੇਲ, ਹੁਜਰਾ ਹੱਕ ਆਪ ਵਡਿਆਇਆ । ਅਲਫ਼ ਯੇ ਕਰੇ ਮੇਲ, ਆਲਮੀਨ ਬੇਪਰਵਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜ਼ੇਰ ਜ਼ਬਰ ਲੇਖ ਮੁਕਾਇਆ । ਜ਼ੇਰ ਜ਼ਬਰ ਨਾ ਕੋਇ ਜ਼ਾਹਰ, ਜ਼ਾਹਰਾ ਰੂਪ ਧਰਾਈਆ । ਸਚ ਖ਼ੁਦਾ ਨਾ ਹੋਏ ਕਾਇਰ, ਬਲ ਇਕੋ ਇਕ ਰਖਾਈਆ । ਦੂਜਾ ਕੋਇ ਨਾ ਦਿਸੇ ਗ਼ੈਰ, ਗ਼ੈਰਤ ਆਪਣੇ ਵਿਚ ਛੁਪਾਈਆ । ਚੌਦਾਂ ਤਬਕ ਕਰੇ ਸੈਰ, ਸੈਰਗਾਹ ਇਕ ਬਣਾਈਆ । ਮਿਹਬਾਨ ਬੀਦੋ ਬੀ ਖ਼ੈਰ, ਮਹਿਮਾਨ ਖ਼ਲਕ ਖ਼ੁਦਾਈਆ । ਲੇਖਾ ਜਾਣ ਸੰਝ ਸਵੇਰ, ਸਰਘੀ ਆਪਣੇ ਰੰਗ ਰੰਗਾਈਆ । ਦਰਗਾਹ ਵੇਖੇ ਸੱਚਾ ਖੇੜ, ਖੇੜਾ ਨਗਰ ਇਕ ਵਡਿਆਈਆ । ਨੂਰ ਇਲਾਹੀ ਬੰਨ੍ਹੇ ਬੇੜ, ਜਲਵਾ ਜ਼ਾਹਰ ਜ਼ਹੂਰ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜ਼ੇਰ ਜ਼ਬਰ ਲਏ ਸਮਾਈਆ । ਜ਼ੇਰ ਜ਼ਬਰ ਜਾਏ ਸਮਾ, ਸਮਾਪਤ ਆਪ ਕਰਾਇੰਦਾ । ਆਪਣੇ ਵਿਚ ਲਏ ਛੁਪਾ, ਪਰਦਾ ਉਹਲਾ ਆਪ ਵਖਾਇੰਦਾ । ਰਹਿਬਰ ਬਣੇ ਨੂਰ ਖ਼ੁਦਾ, ਮਖ਼ਲੂਕ ਖ਼ਲਕ ਸਮਝਾਇੰਦਾ । ਸਤਿ ਸਰੂਪ ਕਰ ਫ਼ਿਦਾ, ਫ਼ਿਤਰਤ ਸਰਬ ਮਿਟਾਇੰਦਾ । ਰਾਹ ਜਣਾਏ ਇਕ ਸਿਧਾ, ਸਿਦਕ ਸਬੂਰੀ ਨਾਲ ਮਿਲਾਇੰਦਾ । ਚੌਦਾਂ ਤਬਕ ਪਏ ਗਿਧਾ, ਪੀਰ ਪੈਗ਼ੰਬਰ ਨਾਚ ਨਚਾਇੰਦਾ । ਕੋਈ ਨਾ ਜਾਣੇ ਹਰਿ ਕਾ ਖੇਲ ਕਿਡਾ, ਭੇਵ ਅਭੇਵ ਨਾ ਕੋਇ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜ਼ੇਰ ਜ਼ਬਰ ਵੇਖ ਵਖਾਇੰਦਾ । ਜ਼ੇਰ ਜ਼ਬਰ ਹੋਏ ਖ਼ਾਕ, ਹਰਿ ਖ਼ਲਕ ਆਪ ਸਮਝਾਈਆ । ਪਰਵਰਦਿਗਾਰ ਪਾਕੀ ਪਾਕ, ਪਤਤ ਪੁਨੀਤ ਬੇਪਰਵਾਹੀਆ । ਸਾਹਿਬ ਸੁਲਤਾਨ ਸੱਜਣ ਸਾਕ, ਸਾਖਿਆਤ ਨੂਰ ਰੁਸ਼ਨਾਈਆ । ਦਰ ਬਦਰ ਸੁਣਾਏ ਗਾਥ, ਬੇਦਰਦੀ ਦਰਦ ਵੰਡਾਈਆ । ਹੱਕ ਜਨਾਬ ਸਾਚੀ ਜ਼ਾਤ, ਸਚ ਸਫ਼ਾਤ ਇਕ ਦ੍ਰਿੜਾਈਆ । ਦੋ ਜਹਾਨ ਨਾ ਹੋਏ ਵਫ਼ਾਤ, ਫ਼ਤਵਾ ਸਾਦਰ ਨਾ ਕੋਇ ਕਰਾਈਆ । ਖੇਲੇ ਖੇਲ ਕਾਇਨਾਤ, ਕਲਮਾ ਨਬੀ ਰਸੂਲ ਪੜ੍ਹਾਈਆ । ਰੂਹ ਬੁੱਤ ਬਾਗ਼ ਬਾਗ਼ਾਤ, ਬਾਗ਼ਬਾਨ ਬਾਗ਼ੀਚਾ ਇਕ ਲਗਾਈਆ । ਚੌਦਸ ਚੌਦਾਂ ਹੋਈ ਅੰਧੇਰੀ ਰਾਤ, ਚੰਨ ਚੌਧਵੀਂ ਮੁਖ ਛੁਪਾਈਆ । ਸਚ ਨਾ ਦਿਸੇ ਕੋਈ ਜਮਾਤ, ਕਰੇ ਹੱਕ ਨਾ ਕੋਇ ਪੜ੍ਹਾਈਆ । ਕੋਈ ਨਾ ਦੇਵੇ ਅੰਤ ਨਿਜ਼ਾਤ, ਵਹੀ ਨਾਜ਼ਲ ਦਏ ਵਖਾਈਆ । ਕੋਈ ਨਾ ਪੁੱਛੇ ਬਾਤਨ ਬਾਤ, ਬਾਤਲ ਰੂਪ ਨਾ ਕੋਇ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜ਼ੇਰ ਜ਼ਬਰ ਰਿਹਾ ਖਪਾਈਆ । ਜ਼ੇਰ ਜ਼ਬਰ ਮਾਰੇ ਧਾਹ, ਨੇਤਰ ਨੀਰ ਵਹਾਇਆ । ਦਰੋਹੀ ਦਰੋਹੀ ਦਰੋਹੀ ਖ਼ੁਦਾ, ਖ਼ੁਦੀ ਰੂਪ ਨਾ ਕੋਇ ਵਡਿਆਇਆ । ਅਲਫ਼ ਯੇ ਹੋਏ ਜੁਦਾ, ਜੁਜ਼ ਆਪਣਾ ਵੰਡ ਵੰਡਾਇਆ । ਤੇਰੇ ਉਤੋਂ ਹੋਏ ਫ਼ਿਦਾ, ਸਭ ਦੇ ਉਪਰ ਡੇਰਾ ਲਾਇਆ । ਚਰਨਾਂ ਹੇਠਾਂ ਸੀਸ ਝੁਕਾ, ਸਜਦਾ ਦਰ ਦਰ ਇਕ ਵਖਾਇਆ । ਕਾਗਦ ਕਲਮ ਲੇਖ ਬਣਾ, ਲਿਖ ਲਿਖ ਲੇਖਾ ਮਾਤ ਜਣਾਇਆ । ਚੌਦਾਂ ਤਬਕ ਵੰਡ ਵੰਡਾ, ਹਿੱਸਾ ਇਕੋ ਇਕ ਰਖਾਇਆ । ਚਾਰ ਕੁੰਟ ਫੇਰੀ ਪਾ, ਦਹਿ ਦਿਸ਼ਾ ਡੇਰਾ ਢਾਹਿਆ । ਪੀਰ ਪੈਗ਼ੰਬਰ ਆਪ ਪੜ੍ਹਾ, ਕਲਮਾ ਨਬੀ ਜਣਾਇਆ । ਰਹਿਮਤ ਕਰ ਇਕ ਖ਼ੁਦਾ, ਰਹਿਮਾਨ ਬੇਪਰਵਾਹਿਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹਿਆ । ਸ਼ਹਿਨਸ਼ਾਹ ਵਡ ਪੀਰਨ ਪੀਰ, ਬੇਐਬ ਵੱਡੀ ਵਡਿਆਈਆ । ਇਕ ਇਕੱਲਾ ਦਸਤਗੀਰ, ਦਸਤ ਆਪਣਾ ਰਿਹਾ ਦਿਖਲਾਈਆ । ਚੌਦਾਂ ਤਬਕ ਦੇਵੇ ਧੀਰ, ਧੀਰਜ ਸਭ ਦੀ ਰਿਹਾ ਮਿਟਾਈਆ । ਆਫ਼ਤਾਬ ਮਹਿਤਾਬ ਚੜ੍ਹੇ ਇਕ ਅਖ਼ੀਰ, ਮਹਿਰਾਬ ਕਰੇ ਰੁਸ਼ਨਾਈਆ । ਹਯਾਤ ਆਬ ਠਾਂਡਾ ਸੀਰ, ਨੀਰ ਨੀਰ ਰੂਪ ਵਖਾਈਆ । ਬਦਲਣਹਾਰ ਜਗਤ ਤਕਦੀਰ, ਤਦਬੀਰ ਆਪਣੀ ਰਿਹਾ ਸਮਝਾਈਆ । ਨੂਰੀ ਜਲਵਾ ਸਚ ਤਸਵੀਰ, ਤਸਬੀ ਮਾਲਾ ਨਾ ਕੋਇ ਲਟਕਾਈਆ । ਚੋਟੀ ਚੜ੍ਹ ਕੇ ਬੈਠਾ ਅਖ਼ੀਰ, ਆਖ਼ਰ ਆਪਣਾ ਘਰ ਸੁਹਾਈਆ । ਲੇਖਾ ਜਾਣੇ ਸ਼ਾਹ ਹਕੀਰ, ਹਕੀਕਤ ਹੱਕ ਦਏ ਦ੍ਰਿੜਾਈਆ । ਪਹਿਨਣਹਾਰਾ ਬਸਤਰ ਨੀਲ, ਨੀਲਮ ਆਪਣਾ ਰੂਪ ਜਣਾਈਆ । ਜ਼ਿਮੀਂ ਅਸਮਾਨਾਂ ਬਣ ਵਕੀਲ, ਸਾਚਾ ਵੁਕਲਾ ਫੇਰਾ ਪਾਈਆ । ਦੇਵਣਹਾਰਾ ਇਕ ਦਲੀਲ, ਦਿਲਬਰ ਹਰਿ ਜੂ ਸੱਚਾ ਮਾਹੀਆ । ਸੁਣਨਹਾਰਾ ਸਚ ਅਪੀਲ, ਅਪਰੰਪਰ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜ਼ੇਰ ਜ਼ਬਰ ਰਿਹਾ ਉਠਾਈਆ । ਜ਼ੇਰ ਜ਼ਬਰ ਜਾਏ ਉਠ, ਹਰਿ ਹਰਿ ਜੂ ਆਪ ਉਠਾਇੰਦਾ । ਚਾਰ ਕੁੰਟ ਵੇਖੇ ਗੁੱਠ, ਦਿਸ਼ਾ ਆਪਣੀ ਫੋਲ ਫੁਲਾਇੰਦਾ । ਖ਼ਾਲੀ ਦਿਸਣ ਕਾਇਆ ਬੁੱਤ, ਰੂਹ ਕਲਬੂਤ ਪਾਕ ਨਾ ਕੋਇ ਕਰਾਇੰਦਾ । ਨਾ ਕੋਇ ਸੁਹਾਏ ਸੁਹੰਜਣੀ ਰੁੱਤ, ਪਤ ਡਾਲ੍ਹੀ ਨਾ ਕੋਇ ਮਹਿਕਾਇੰਦਾ । ਸਚ ਮਹਿਰਾਬੇ ਕੋਈ ਨਾ ਪਏ ਉਠ, ਹੁਜਰਾ ਹਰਿ ਨਾ ਕੋਇ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜ਼ਬਰ ਜ਼ੇਰ ਰੰਗ ਰੰਗਾਇੰਦਾ । ਜ਼ਬਰ ਜ਼ੇਰ ਤੇਰੀ ਅੰਤਮ ਹੱਦ, ਹਦੂਦ ਦਏ ਸਮਝਾਈਆ । ਪੀਰ ਪੈਗ਼ੰਬਰ ਗਏ ਲੱਦ, ਮੁਲਾਂ ਸ਼ੇਖ਼ ਰਹਿਣ ਨਾ ਪਾਈਆ । ਕਿੱਸੇ ਕਹਾਣੀਆਂ ਗਏ ਛੱਡ, ਜਗਤ ਢੋਲਾ ਮਾਤ ਸੁਣਾਈਆ । ਅੰਜੀਲ ਕੁਰਾਨਾ ਦੇ ਦੇ ਮਤ, ਮਤ ਮਤਾਂਤਰ ਗਏ ਬਣਾਈਆ । ਕਰਾਏ ਖੇਲ ਪੁਰਖ ਸਮਰਥ, ਸਮਰਥ ਆਪਣਾ ਭੇਵ ਛੁਪਾਈਆ । ਨੂਰ ਨੁਰਾਨਾ ਜੋਤ ਉਜਾਲਾ ਨੂਰ ਇਲਾਹੀ ਹੋ ਪਰਗਟ, ਪਰਗਟ ਆਪਣੀ ਕਾਰ ਕਮਾਈਆ । ਚੌਦਾਂ ਤਬਕ ਖੋਲ੍ਹ ਹੱਟ, ਖ਼ਾਲਕ ਖ਼ਲਕ ਦਏ ਸਮਝਾਈਆ । ਇਕ ਨਗਾਰਾ ਵੱਜੇ ਸੱਟ, ਨਾਦ ਧੁੰਨ ਸ਼ਨਵਾਈਆ । ਪੀਰ ਪੈਗ਼ੰਬਰ ਸੱਬਰ ਬੈਠੇ ਘੱਤ, ਯਾਰੜਾ ਨਜ਼ਰ ਕੋਇ ਨਾ ਆਈਆ । ਸਭ ਦੇ ਖ਼ਾਲੀ ਦਿਸਣ ਹੱਥ, ਚਾਰੋਂ ਕੁੰਟ ਕੂਕ ਸੁਣਾਈਆ । ਕਵਣ ਕਰੇ ਪੂਰੀ ਆਸ, ਆਸਾ ਤ੍ਰਿਸਨਾ ਦਏ ਮਿਟਾਈਆ । ਕਵਣ ਰੱਖੇ ਸੱਚਾ ਸਾਥ, ਸਗਲਾ ਸੰਗ ਨਿਭਾਈਆ । ਕਵਣ ਜਣਾਏ ਪਾਰ ਕਿਨਾਰਾ ਘਾਟ, ਬਣੇ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜ਼ੇਰ ਜ਼ਬਰ ਆਪ ਜਣਾਈਆ । ਜ਼ੇਰ ਜ਼ਬਰ ਹਰਿ ਦਏ ਦਿਲਾਸਾ, ਸਿਰ ਆਪਣਾ ਹੱਥ ਟਿਕਾਇੰਦਾ । ਚੌਦਾਂ ਤਬਕ ਜੱਗ ਤਮਾਸ਼ਾ, ਚੌਦਾਂ ਲੋਕ ਸਲੋਕ ਅਲਾਇੰਦਾ । ਚੌਦਾਂ ਵਿਦਿਆ ਦੇਵੇ ਇਕ ਭਰਵਾਸਾ, ਭਰਮ ਭੁਲੇਖਾ ਆਪ ਕਢਾਇੰਦਾ । ਅੰਤਮ ਸਭ ਨੇ ਹੋਣਾ ਨਾਸਾ, ਲੋਕਮਾਤ ਰਹਿਣ ਕੋਇ ਨਾ ਪਾਇੰਦਾ । ਜੁਗ ਚੌਕੜੀ ਪਰਗਟਾਈਆਂ ਸ਼ਾਖ਼ਾਂ, ਪਤ ਡਾਲ੍ਹੀ ਆਪ ਮਹਿਕਾਇੰਦਾ । ਆਪੇ ਬਣਦਾ ਰਿਹਾ ਰਾਖਾ, ਲੁਕ ਲੁਕ ਸੇਵ ਕਮਾਇੰਦਾ । ਪੀਰ ਪੈਗ਼ੰਬਰਾਂ ਦੱਸਦਾ ਰਿਹਾ ਸਾਕਾ, ਨਬੀ ਰਸੂਲ ਆਪ ਪੜ੍ਹਾਇੰਦਾ । ਆਪੇ ਬਣਿਆ ਰਿਹਾ ਆਕਾ, ਆਕੀ ਨਜ਼ਰ ਕੋਇ ਨਾ ਆਇੰਦਾ । ਤਨ ਮਾਟੀ ਦਿਸੇ ਨਾ ਕੋਇ ਖ਼ਾਕਾ, ਧੂੜੀ ਧੂੜ ਨਾ ਕੋਇ ਉਡਾਇੰਦਾ । ਨੂਰ ਇਲਾਹੀ ਪਾਕੀ ਪਾਕਾ, ਪਤਤ ਪੁਨੀਤ ਵੇਸ ਵਟਾਇੰਦਾ । ਸਚ ਬਣਾਏ ਇਕ ਜਮਾਤਾ, ਦੂਸਰ ਪੱਟੀ ਨਾ ਕੋਇ ਪੜ੍ਹਾਇੰਦਾ । ਲੇਖਾ ਜਾਣੇ ਬਾਤਨ ਬਾਤਾ, ਬਿਹਬਲ ਆਪਣਾ

੧੬
੧੩

ਹਾਲ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜ਼ੇਰ ਜ਼ਬਰ ਵੇਖ ਵਖਾਇੰਦਾ । ਜ਼ੇਰ ਜ਼ਬਰ ਪਿਆ ਰੋ, ਨੇਤਰ ਨੈਣਾਂ ਨੀਰ ਵਹਾਈਆ । ਚੌਦਾਂ ਲੋਕ ਗਏ ਸੋ, ਨੇਤਰ ਨੈਣ ਨਾ ਕੋਇ ਖੁਲ੍ਹਾਈਆ । ਪੀਰ ਪੈਗ਼ੰਬਰ ਢੋਆ ਦੇਵੇ ਨਾ ਕੋਈ ਢੋ, ਢੂੰਡ ਥੱਕੀ ਸਰਬ ਲੋਕਾਈਆ । ਮੁਲਾਂ ਸ਼ੇਖ਼ ਆਪਣਾ ਆਪ ਗਏ ਖੋ, ਵਸਤ ਹਟ ਨਾ ਕਿਸੇ ਵਿਕਾਈਆ । ਕਲਮਾ ਨਬੀ ਨਾ ਕਰੇ ਲੋਅ, ਨੂਰ ਜ਼ਹੂਰ ਨਾ ਕੋਇ ਪਰਗਟਾਈਆ । ਤੇਰੇ ਚਰਨ ਨਾ ਸਕੇ ਕੋਇ ਛੋਹ, ਦੂਰ ਦੁਰਾਡੇ ਦੇਣ ਦੁਹਾਈਆ । ਕੰਨਾਂ ਨਾਲ ਸੁਣਦੇ ਰਹੇ ਤੇਰੀ ਸੋ, ਨੇਤਰ ਦਰਸ ਕੋਇ ਨਾ ਪਾਈਆ । ਆਪਣੇ ਜਿਹਾ ਆਪੇ ਹੋ, ਪ੍ਰਭ ਆਪਣੀ ਖੇਲ ਕਰਾਈਆ । ਆਦਿ ਜੁਗਾਦਿ ਰਹੇ ਨਿਰਮੋਹ, ਮੁਹੱਬਤ ਹੱਕ ਨਾ ਕਿਸੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜ਼ੇਰ ਜ਼ਬਰ ਰਿਹਾ ਜਣਾਈਆ । ਜ਼ੇਰ ਜ਼ਬਰ ਦਿਤਾ ਜਣਾ, ਹਰਿ ਜਾਣਤ ਭੇਵ ਖੁਲ੍ਹਾਇੰਦਾ । ਬਖ਼ਸ਼ਣਹਾਰਾ ਸਰਬ ਗੁਨਾਹ, ਗੁਸਤਾਖ਼ ਨਜ਼ਰ ਕੋਇ ਨਾ ਆਇੰਦਾ । ਪੀਰ ਪੈਗ਼ੰਬਰਾਂ ਦੇਵਣਹਾਰ ਪਨਾਹ, ਦਰਗਾਹ ਸਾਚੀ ਧਾਮ ਸੁਹਾਇੰਦਾ । ਸਦੀ ਸਦੀਵੀ ਦੇਵਣਹਾਰਾ ਠੰਡੀ ਛਾਂ, ਸਿਰ ਆਪਣਾ ਹੱਥ ਟਿਕਾਇੰਦਾ । ਨਬੀ ਰਸੂਲਾਂ ਪਕੜਨਹਾਰਾ ਬਾਂਹ, ਜੁਗ ਜੁਗ ਆਪਣੇ ਮਾਰਗ ਪਾਇੰਦਾ । ਚੌਦਾਂ ਤਬਕ ਲੇਖਾ ਰਿਹਾ ਵਖਾ, ਪਰਦਾ ਉਹਲਾ ਆਪ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਜਣਾਇੰਦਾ । ਸਾਚਾ ਖੇਲ ਕਰੇ ਕਰਤਾਰ, ਹਰਿ ਕਰਨੀ ਆਪ ਕਰਾਈਆ । ਇਕ ਨੌਂ ਦੇ ਆਧਾਰ, ਦਰ ਸਾਚੇ ਵੇਖ ਵਖਾਈਆ । ਏਕਾ ਨਾਇਆਂ ਕਰ ਪਿਆਰ, ਪਿਆਰ ਵੇਖੇ ਸਰਬ ਲੋਕਾਈਆ । ਨਵ ਨੌਂ ਗਈ ਹਾਰ, ਚਾਰ ਚਾਰ ਨਾ ਕੋਇ ਵਡਿਆਈਆ । ਸ੍ਰਿਸ਼ਟ ਸਬਾਈ ਧੂਆਂਧਾਰ, ਸਾਚਾ ਚੰਦ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਲੇਖਾ ਆਪ ਜਣਾਈਆ । ਜ਼ੇਰ ਜ਼ਬਰ ਤੇਰਾ ਧੁਰ ਦਾ ਲੇਖਾ, ਹਰਿ ਸਤਿਗੁਰ ਆਪ ਜਣਾਇੰਦਾ । ਕੱਢਣਹਾਰਾ ਭਰਮ ਭੁਲੇਖਾ, ਭਾਂਡਾ ਭਰਮ ਭੌ ਭੰਨਾਇੰਦਾ । ਵਸਣਹਾਰਾ ਸਾਚੇ ਦੇਸਾ, ਦਰਗਾਹ ਸਾਚੀ ਧਾਮ ਸੁਹਾਇੰਦਾ । ਚੌਦਾਂ ਤਬਕ ਜਾਣੇ ਲੇਖਾ, ਲੇਖਾ ਆਪਣੇ ਹੱਥ ਵਖਾਇੰਦਾ । ਆਦਿ ਜੁਗਾਦਿ ਭੁੱਲੇ ਨਾ ਚੇਤਾ, ਅਭੁਲ ਭੁੱਲ ਵਿਚ ਨਾ ਆਇੰਦਾ । ਪੀਰ ਪੈਗ਼ੰਬਰਾਂ ਦੇਵੇ ਨਿਉਂਤਾ, ਏਕਾ ਸੱਦਾ ਨਾਮ ਜਣਾਇੰਦਾ । ਜਿਸ ਦਾ ਲੱਭਦੇ ਰਹੇ ਭੇਤਾ, ਸੋ ਆਪਣਾ ਭੇਵ ਖੁਲ੍ਹਾਇੰਦਾ । ਜਿਸ ਦੇ ਪਿਛੇ ਮਕਬਰੇ ਅੰਦਰ ਕਰੀ ਵਿਉਂਤਾ, ਸੋ ਸੀਆਂ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜ਼ੇਰ ਜ਼ਬਰ ਨਾਲ ਮਿਲਾਇੰਦਾ । ਜ਼ੇਰ ਜ਼ਬਰ ਮੇਲਾ ਮੀਤ, ਮਿੱਤਰ ਪਿਆਰਾ ਆਪ ਬਣਾਈਆ । ਨੇਤਰ ਵੇਖੋ ਜਗਤ ਮਸੀਤ, ਮੁਸੱਲਾ ਕਵਣ ਰਿਹਾ ਵਿਛਾਈਆ । ਕਵਣ ਕਰੇ ਸਚ ਪ੍ਰੀਤ, ਵੁਜ਼ੂ ਹੱਕ ਜਣਾਈਆ । ਕਵਣ ਨਿਮਾਜ਼ ਪੜ੍ਹੇ ਠੀਕ, ਠੀਕਰ ਝੂਠਾ ਭੰਨ ਜਣਾਈਆ । ਕਵਣ ਮੇਟੇ ਅੰਧੇਰਾ ਤਾਰੀਕ, ਚੌਦਸ ਚੰਨ ਕਰੇ ਰੁਸ਼ਨਾਈਆ । ਕਵਣ ਲੇਖਾ ਜਾਣੇ ਲਾਸ਼ਰੀਕ, ਸ਼ਿਰਕਤ ਦੇਵੇ ਆਪ ਮਿਟਾਈਆ । ਕਵਣ ਗਾਏ ਸੁਹਾਗੀ ਗੀਤ, ਨਾਅਰਾ ਇਕੋ ਇਕ ਇਲਾਹੀਆ । ਕਵਣ ਵਸੇ ਧਾਮ ਅਨਡੀਠ, ਦਰਗਾਹ ਸਾਚੀ ਬੈਠਾ ਡੇਰਾ ਲਾਈਆ । ਕਵਣ ਲੱਖ ਚੁਰਾਸੀ ਚੌਦਾਂ ਤਬਕ ਤ੍ਰੈ ਭਵਣ ਜਾਏ ਜੀਤ, ਅਵਣ ਗਵਣ ਚਰਨਾਂ ਹੇਠ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜ਼ੇਰ ਜ਼ਬਰ ਰਿਹਾ ਸੁਣਾਈਆ । ਜ਼ੇਰ ਜ਼ਬਰ ਕਰੇ ਸਲਾਮ, ਸਜਦਾ ਸੀਸ ਝੁਕਾਇਆ । ਤੇਰੇ ਬਰਦੇ ਬਣ ਗ਼ੁਲਾਮ, ਪੀਰ ਪੈਗ਼ੰਬਰ ਸੇਵ ਕਮਾਇਆ । ਤੂੰ ਸ਼ਹਿਨਸ਼ਾਹ ਅਮਾਮ, ਤੇਰਾ ਹੁਜਰਾ ਨਜ਼ਰ ਕਿਸੇ

ਨਾ ਆਇਆ । ਚੌਦਾਂ ਤਬਕ ਇਕ ਪੈਗ਼ਾਮ, ਨਬੀ ਰਸੂਲ ਆਪ ਪੜ੍ਹਾਇਆ । ਤੇਰਾ ਸਚ ਸਚ ਨਜ਼ਾਮ, ਸਚ ਰਹਿਮਤ ਇਕ ਖ਼ੁਦਾਇਆ । ਤੇਰਾ ਝੁਲਦਾ ਰਹੇ ਨਿਸ਼ਾਨ, ਨਾ ਕੋਈ ਮੇਟੇ ਮੇਟ ਮਿਟਾਇਆ । ਤੇਰੀ ਮੰਨਦੇ ਰਹੇ ਆਣ, ਦਰ ਅੱਗੇ ਝੋਲੀ ਡਾਹਿਆ । ਤੇਰੀ ਸੁਣਦੇ ਰਹੇ ਕਲਾਮ, ਬਿਨ ਕੰਨਾਂ ਰਾਗ ਸੁਣਾਇਆ । ਤੇਰੀ ਸਕੇ ਨਾ ਕਰ ਪਛਾਣ, ਬੇਪਹਿਚਾਨ ਤੇਰਾ ਨੂਰ ਨਜ਼ਰ ਨਾ ਆਇਆ । ਅੰਤਮ ਇਕੋ ਮੰਗੀਏ ਦਾਨ, ਦਰ ਦਰਵੇਸ਼ ਫੇਰੀ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚਾ ਇਕ ਸੁਹਾਇਆ । ਸਚ ਖ਼ੁਦਾਵੰਦ ਖ਼ੁਦ ਕਰੀਮ, ਰਹਿਮਤ ਆਪ ਕਮਾਈਆ । ਲੇਖਾ ਜਾਣੇ ਡੰਡਾ ਮੀਮ, ਮੁਸ਼ਕਲ ਆਪਣੇ ਹੱਥ ਰਖਾਈਆ । ਅਲਫ਼ ਯੇ ਨਾ ਕੋਇ ਤਕਸੀਮ, ਤਅਲੁਕਾਤ ਨਾ ਕੋਇ ਤੁੜਾਈਆ । ਜ਼ੇਰ ਜ਼ਬਰ ਸਚ ਮਜ਼ਮੂਨ, ਮੁਹੱਬਤ ਇਕੋ ਇਕ ਵਖਾਈਆ । ਨੁਕਤਾ ਕੋਇ ਨਾ ਜਾਣੇ ਨੂਨ, ਹਮਜ਼ਾ ਰੰਗ ਨਾ ਕੋਇ ਚੜ੍ਹਾਈਆ । ਸਾਹਿਬ ਸੱਚੇ ਦਾ ਸਚ ਕਾਨੂੰਨ, ਨਾ ਕੋਈ ਮੇਟੇ ਮੇਟ ਮਿਟਾਈਆ । ਨੂਰ ਇਲਾਹੀ ਰੱਖੇ ਏਕਾ ਫੂਨ, ਬਿਨ ਤੰਦੀ ਤਾਰ ਰਖਾਈਆ । ਆਪੇ ਬਣਿਆ ਰਹੇ ਮਮਨੂਨ, ਬੇਨਜ਼ੀਰ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਰਿਹਾ ਜਣਾਈਆ । ਜ਼ੇਰ ਜ਼ਬਰ ਹਰਿ ਦਏ ਸਲਾਹ, ਸਲਾਹਗੀਰ ਇਕ ਅਖਵਾਇਆ । ਚੌਦਾਂ ਤਬਕ ਇਕ ਮਲਾਹ, ਬੇੜਾ ਆਪਣੇ ਕੰਧ ਉਠਾਇਆ । ਈਸਾ ਮੂਸਾ ਜਿਸ ਲੇਖੇ ਲਏ ਲਗਾ, ਮੁਹੰਮਦ ਚਰਨਾਂ ਹੇਠ ਦਬਾਇਆ । ਚੌਦਾਂ ਲੋਕ ਲਏ ਵਸਾ, ਚੌਦਾਂ ਤਬਕ ਰੰਗ ਚੜ੍ਹਾਇਆ । ਚਾਰੋਂ ਕੂੰਟ ਵੇਖਣਹਾਰਾ ਮਾਰ ਧਿਆਨ, ਬਿਨ ਨੇਤਰ ਨੈਣ ਜਗਤ ਉਠਾਇਆ । ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹ, ਸ਼ਹਿਨਸ਼ਾਹ ਆਪਣਾ ਰੂਪ ਪਰਗਟਾਇਆ । ਸਚ ਸੰਦੇਸ਼ਾ ਦੇਵੇ ਆ, ਸੁਨੇਹੁੜਾ ਇਕੋ ਇਕ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹਿਆ । ਬੇਪਰਵਾਹ ਖੇਲ ਹੱਕ, ਹਕੂਕ ਆਪਣੇ ਹੱਥ ਰਖਾਈਆ । ਚੌਦਾਂ ਲੋਕ ਰਿਹਾ ਤੱਕ, ਤਕਵਾ ਹੋਰ ਨਾ ਕੋਇ ਜਣਾਈਆ । ਪੀਰ ਪੈਗ਼ੰਬਰਾਂ ਉਤੇ ਪਿਆ ਸ਼ੱਕ, ਸ਼ੱਕ ਸਭ ਦਾ ਦਏ ਮਿਟਾਈਆ । ਇਕ ਨਕੇਲ ਪਾਏ ਨੱਕ, ਨਾਮ ਡੋਰੀ ਹੱਥ ਉਠਾਈਆ । ਕਰਨਹਾਰਾ ਕੱਖੋਂ ਲੱਖ, ਲੱਖੋਂ ਕੱਖ ਦਏ ਬਣਾਈਆ । ਆਪਣੇ ਖ਼ਾਤੇ ਰਿਹਾ ਘੱਤ, ਖ਼ਾਤਾ ਨਜ਼ਰ ਕਿਸੇ ਨਾ ਆਈਆ । ਮੁਲਾਂ ਸ਼ੇਖ਼ ਮੁਸਾਇਕ ਗੋਡਿਆਂ ਉਪਰ ਬੈਠੇ ਰੱਖ ਕੇ ਹੱਥ, ਨੇਤਰ ਨੈਣ ਨੈਣ ਸ਼ਰਮਾਈਆ । ਮੁਹੰਮਦ ਚਲੇ ਨਾ ਕੋਇ ਵਸ, ਚਾਲ ਨਿਰਾਲੀ ਇਕ ਰਖਾਈਆ । ਚਾਰ ਯਾਰੀ ਹੋਈ ਬੇਬਸ, ਬਿਹਬਲ ਹੋ ਹੋ ਦਏ ਦੁਹਾਈਆ । ਚੌਦਾਂ ਲੋਕ ਰਹੇ ਨੱਠ, ਪਾਂਧੀ ਪੰਧ ਨਾ ਕੋਇ ਮੁਕਾਈਆ । ਦਰੋਹੀ ਖ਼ੁਦਾਏ ਲੱਗਾ ਫਟ, ਪੱਟੀ ਉਪਰ ਨਾ ਕੋਇ ਬੰਧਾਈਆ । ਜਗਤ ਕਾਅਬਾ ਉਬਲੇ ਰਤ, ਰਤੀ ਰਤ ਨਾ ਕੋਇ ਸੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਵੱਲਾ, ਭੇਵ ਕਿਸੇ ਨਾ ਆਇਆ । ਕਰੇ ਖੇਲ ਇਕ ਇਕੱਲਾ, ਦੂਜਾ ਸੰਗ ਨਾ ਕੋਇ ਰਲਾਇਆ । ਸਚ ਸਿੰਘਾਸਣ ਇਕੋ ਮੱਲਾ, ਮਹੱਲ ਅਟੱਲ ਕਰੇ ਰੁਸ਼ਨਾਇਆ । ਦੀਪਕ ਜੋਤ ਏਕਾ ਬਲਾ, ਨੂਰੋ ਨੂਰ ਨੂਰ ਧਰਾਇਆ । ਪੀਰ ਪੈਗ਼ੰਬਰ ਫੜਾਇਆ ਪੱਲਾ, ਪੱਲੂ ਏਕਾ ਗੰਢ ਦਿਵਾਇਆ । ਮੇਲ ਮਿਲਾਵਾ ਏਕਾ ਅੱਲਾ, ਇਲਾਹੀ ਆਪਣਾ ਨੂਰ ਦਰਸਾਇਆ । ਕਰਨ ਆਇਆ ਸਾਚਾ ਹੱਲਾ, ਹਾਲਤ ਸਭ ਦੀ ਵੇਖ ਵਖਾਇਆ । ਨਾਮ ਫੜਿਆ ਤਿੱਖਾ ਭੱਲਾ, ਦੋ ਜਹਾਨਾਂ ਰਿਹਾ ਡਰਾਇਆ । ਵੇਖਣਹਾਰਾ ਉਚਾ ਟਿੱਲਾ, ਡੂੰਘੀ ਕੰਦਰ ਫੋਲ ਫੁਲਾਇਆ । ਜੋਤੀ


੧੭
੧੩

ਸ਼ਬਦੀ ਆਪੇ ਰਲਾ, ਜਲਵਾ ਨੂਰ ਡਗਮਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜ਼ੇਰ ਜ਼ਬਰ ਪਰਦਾ ਦਏ ਉਠਾਇਆ । ਜ਼ੇਰ ਜ਼ਬਰ ਹਰਿ ਦੇਵੇ ਦੱਸ, ਆਪਣਾ ਭੇਵ ਜਣਾਈਆ । ਚੌਦਾਂ ਤਬਕ ਨਾ ਕੋਇ ਵਸ, ਵਾਸਤਾ ਸਾਰੇ ਰਹੇ ਪਾਈਆ । ਚਾਰ ਕੁੰਟ ਖ਼ਾਲੀ ਦਿਸੇ ਹੱਟ, ਵਸਤ ਸਤਿ ਨਾ ਕੋਇ ਵਰਤਾਈਆ । ਤੀਸ ਬਤੀਸ ਗਏ ਥੱਕ, ਰਸਨਾ ਜਿਹਵਾ ਕਰ ਹਲਕਾਈਆ । ਤੇਰਾ ਜਲਵਾ ਨਾ ਸਕੇ ਤੱਕ, ਤਸਬੀ ਕੰਮ ਕਿਸੇ ਨਾ ਆਈਆ । ਮਣਕਾ ਮਣਕਾ ਮਾਲਾ ਰਟ, ਮੌਲੀ ਤੰਦ ਸਗਨ ਮਨਾਈਆ । ਲਾਲ ਮਹਿੰਦੀ ਰੰਗ ਰਤ, ਰਤੜਾ ਰੰਗ ਇਕ ਜਣਾਈਆ । ਅੰਤਮ ਸਾਰੇ ਹੋਏ ਬਸ, ਬੈਠੇ ਢੇਰੀ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਮਿਲੇ ਸੱਚੀ ਸਰਨਾਈਆ । ਸਰਨਾਈ ਦੇਵੇ ਮਦਦਗਾਰ, ਆਪਣੀ ਦਇਆ ਕਮਾਇੰਦਾ । ਏਕਾ ਨਾਇਆਂ ਖੇਲ ਅਪਾਰ, ਹਰਿ ਖ਼ਾਲਕ ਖ਼ਲਕ ਜਣਾਇੰਦਾ । ਵੀਹ ਸੌ ਬਿਕਰਮੀ ਹੋ ਤਿਆਰ, ਉਨੀ ਉਨੀਸਾ ਰੰਗ ਚੜ੍ਹਾਇੰਦਾ । ਕੱਤਕ ਮਹੀਨਾ ਠਾਂਡਾ ਦਵਾਰ, ਦਰ ਸਾਚਾ ਇਕ ਸਮਝਾਇੰਦਾ । ਛੈਲ ਛਬੀਲਾ ਪਰਵਰਦਿਗਾਰ, ਪੀਰ ਪੈਗ਼ੰਬਰ ਕਬੀਲਾ ਵੇਖ ਵਖਾਇੰਦਾ । ਬਣਿਆ ਵਸੀਲਾ ਅਪਰ ਅਪਾਰ, ਨੂਰੋ ਨੂਰ ਨੂਰ ਪਰਗਟਾਇੰਦਾ । ਸੁਣੇ ਅਪੀਲਾ ਸਚ ਦਰਬਾਰ, ਦਰਗਾਹ ਸਾਚੀ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਮਤ ਉਨੀ, ਉਨੀ ਉਨੀ ਮੇਲ ਮਿਲਾਇੰਦਾ । ਉਨੀ ਕੱਤਕ ਪਹਿਲੀ ਰਾਤ, ਇਕ ਅੱਠ ਦਏ ਵਡਿਆਈਆ । ਉਨੀ ਵੇਖੇ ਖੇਲ ਤਮਾਸ਼, ਪਰਦਾ ਨਸ਼ੀ ਪਰਦਾ ਆਪ ਚੁਕਾਈਆ । ਚੌਦਾਂ ਤਬਕ ਦੇਵਣਹਾਰ ਨਿਜ਼ਾਤ, ਨਿਝ ਘਰ ਬੈਠਾ ਡੇਰਾ ਲਾਈਆ । ਸਬਕ ਪੜ੍ਹਾਏ ਸਚ ਜਮਾਤ, ਪੱਟੀ ਇਕੋ ਇਕ ਲਿਖਾਈਆ । ਮੁਹੰਮਦ ਵੇਖਣਾ ਮਾਰ ਝਾਤ, ਹਰਿ ਝਲਕ ਰਿਹਾ ਵਖਾਈਆ । ਪਰਗਟ ਹੋਇਆ ਕਾਇਨਾਤ, ਕਲਮਾ ਆਪਣਾ ਆਪ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੱਤਕ ਅਠਾਰਾਂ ਹੁਕਮ ਜਣਾਈਆ । ਕੱਤਕ ਅਠਾਰਾਂ ਅੱਧੀ ਰਾਤ, ਹਰਿ ਆਦੀ ਆਪ ਜਣਾਇੰਦਾ । ਮੁਹੰਮਦ ਮਿਲਣਾ ਇਕੋ ਸਾਥ, ਚਾਰ ਯਾਰੀ ਆਪ ਜਣਾਇੰਦਾ । ਹਰਿ ਦਵਾਰਾ ਸੱਚਾ ਘਾਟ, ਸਾਚਾ ਮੰਦਰ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਹੁਕਮ ਸੁਣਾਇੰਦਾ । ਧੁਰ ਫ਼ਰਮਾਨਾ ਸਚ ਸੰਦੇਸ਼ਾ, ਹਰਿ ਸਤਿਗੁਰ ਆਪ ਜਣਾਈਆ । ਸ਼ਹਿਨਸ਼ਾਹ ਹਰਿ ਵਡ ਨਰੇਸ਼ਾ, ਨਿਰਗੁਣ ਬੇਪਰਵਾਹੀਆ । ਧਾਮ ਅਵੱਲੜੇ ਵਸੇ ਦੇਸਾ, ਦਰਗਾਹ ਸਾਚੀ ਆਸਣ ਲਾਈਆ । ਆਪੇ ਜਾਣੇ ਪਿਛਲਾ ਲੇਖਾ, ਅਗਲਾ ਮਾਰਗ ਆਪ ਸਮਝਾਈਆ । ਚੌਦਾਂ ਸਦੀਆਂ ਰੱਖਿਆ ਚੇਤਾ, ਚੌਦਾਂ ਤਬਕ ਦਏ ਵਡਿਆਈਆ । ਨਬੀ ਰਸੂਲਾਂ ਖੇਲਿਆ ਖੇਡਾ, ਖ਼ਾਲਕ ਖ਼ਲਕ ਆਪ ਖਲਾਈਆ । ਭੇਵ ਅਭੇਦਾ ਦੱਸਿਆ ਭੇਤਾ, ਅੰਜੀਲ ਕੁਰਾਨ ਜਣਾਈਆ । ਕਰ ਪੜ੍ਹਾਈ ਔਲੀਆ ਸ਼ੇਖ਼ਾ, ਸਬਕ ਇਸਲਾਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਈਆ । ਅੱਧੀ ਰਾਤ ਹੋਏ ਅੰਧ, ਅੰਧ ਅੰਧੇਰ ਜਣਾਇੰਦਾ । ਮੁਹੰਮਦ ਮੁਕਾ ਕੇ ਔਣਾ ਪੰਧ, ਹਰਿ ਪਾਂਧੀ ਆਪ ਜਣਾਇੰਦਾ । ਚੌਦਾਂ ਲੋਕ ਝੂਠਾ ਧੰਦ, ਧੰਦਾ ਹਰਿ ਜੂ ਆਪ ਕਰਾਇੰਦਾ । ਬਿਨ ਹਰਿ ਚਰਨ ਨਾ ਕੋਇ ਅਨੰਦ, ਰਸ ਫਿਕਾ ਸਰਬ ਵਖਾਇੰਦਾ । ਅੰਤਮ ਹੋਣਾ ਖੰਡ ਖੰਡ, ਖੰਡਾ ਖੜਗ ਖੜਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਸੁਣਾਇੰਦਾ । ਸਾਚਾ ਹੁਕਮ ਸੁਣਿਆ ਕੰਨ, ਮੁਹੰਮਦ ਧਿਆਨ ਲਗਾਈਆ । ਤੂੰ ਦਾਤਾ ਮੇਰਾ ਜਨਨੀ ਜਨ,

ਹਉਂ ਬਾਲਕ ਰੂਪ ਸਖਾਈਆ । ਚੌਦਾਂ ਲੋਕ ਭਾਂਡਾ ਦੇਵੇਂ ਭੰਨ, ਚੌਦਾਂ ਤਬਕ ਖੇਲ ਰਚਾਈਆ । ਕੋਈ ਨਾ ਜਾਣੇ ਨੇਤਰ ਅੰਨ, ਅੱਖ ਪਰਤੱਖ ਨਾ ਕੋਇ ਖੁਲ੍ਹਾਈਆ । ਤੇਰਾ ਹੁਕਮ ਸੁਣਿਆ ਕੰਨ, ਸੁਣ ਸੁਣ ਖ਼ੁਸ਼ੀ ਮਨਾਈਆ । ਪਰਵਰਦਿਗਾਰ ਬੇੜਾ ਦੇਵੇ ਬੰਨ੍ਹ, ਪ੍ਰਭ ਮਿਲਿਆ ਸੱਚਾ ਮਾਹੀਆ । ਦੇਵਣ ਆਇਆ ਅੰਤਮ ਡੰਨ, ਡੰਕਾ ਇਕੋ ਰਿਹਾ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਰਿਹਾ ਵਰਤਾਈਆ । ਸਾਚਾ ਹੁਕਮ ਹਰਿ ਕਰਤਾਰਾ, ਹਰਿ ਹਰਿ ਆਪ ਜਣਾਇੰਦਾ । ਅਠਾਰਾਂ ਕੱਤਕ ਸਚ ਦਿਹਾੜਾ, ਸਤਿ ਸਤਿਵਾਦੀ ਆਪ ਸਮਝਾਇੰਦਾ । ਚਰਨ ਕਵਲ ਪਰਵਰਦਿਗਾਰਾ, ਪਰਮ ਪੁਰਖ ਵਖਾਇੰਦਾ । ਸਾਢੇ ਤਿੰਨ ਹੱਥ ਦਏ ਇਕ ਸਹਾਰਾ, ਸਚ ਸਿੰਘਾਸਣ ਸੋਭਾ ਪਾਇੰਦਾ । ਜੋਤੀ ਜਾਤਾ ਹੋ ਉਜਿਆਰਾ, ਨੂਰੋ ਨੂਰ ਧਰਾਇੰਦਾ । ਦੀਆ ਬਾਤੀ ਧੂਆਂਧਾਰਾ, ਬੱਤੀ ਬਾਤ ਨਾ ਕੋਇ ਟਿਕਾਇੰਦਾ । ਚੜ੍ਹਦੀ ਦਿਸ਼ਾ ਕਰੇ ਪਸਾਰਾ, ਆਪ ਆਪਣਾ ਆਸਣ ਲਾਇੰਦਾ । ਲਹਿੰਦੀ ਦਿਸ਼ਾ ਖੇਲ ਨਿਆਰਾ, ਪੰਚ ਪਿਆਰਾ ਮੇਲ ਮਿਲਾਇੰਦਾ । ਸਿੰਘ ਬਿਸ਼ਨ ਕਰ ਤਿਆਰਾ, ਧੁਰ ਫ਼ਰਮਾਣਾ ਹੁਕਮ ਸੁਣਾਇੰਦਾ । ਪਰਮੇਸ਼ਵਰ ਕਰਿਆ ਖੇਲ ਨਿਆਰਾ, ਸੰਮਤ ਪੰਦਰਾਂ ਭੇਵ ਚੁਕਾਇੰਦਾ । ਇਕ ਇਕੱਲਾ ਕੀਤਾ ਬਾਹਰਾ, ਉਪਰ ਆਪਣਾ ਪਰਦਾ ਪਾਇੰਦਾ । ਮੁਹੰਮਦ ਮੰਗੇ ਮੰਗ ਬਣ ਭਿਖਾਰਾ, ਪੁਰਖ ਅਬਿਨਾਸ਼ੀ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਭੇਵ ਛੁਪਾਇੰਦਾ । ਸਾਚਾ ਭੇਵ ਖੋਲ੍ਹੇ ਕਰਤਾਰ, ਆਪਣੀ ਦਇਆ ਕਮਾਈਆ । ਦਰ ਦਰਵੇਸ਼ ਆਵਣ ਚਾਰ ਯਾਰ, ਨੇਤਰ ਨੈਣਾਂ ਨੀਰ ਵਹਾਈਆ । ਅੱਗੋਂ ਨਜ਼ਰੀ ਆਏ ਗੁਰਮੁਖ ਸਿੰਘ ਲਾਲ ਦੁਲਾਰ, ਗੁਰ ਸਤਿਗੁਰ ਮੇਲ ਮਿਲਾਈਆ । ਲਹਿੰਦੀ ਦਿਸ਼ਾ ਖੇਲ ਕਰਤਾਰ, ਕਰਤਾ ਪੁਰਖ ਆਪ ਵਡਿਆਈਆ । ਦੱਖਣ ਵੇਖ ਇਕ ਕਿਨਾਰ, ਸਿੰਘ ਇੰਦਰ ਸੋਭਾ ਪਾਈਆ । ਪਹਾੜ ਕਰੇ ਆਪ ਦੋ ਫਾੜ, ਸਿੰਘ ਪ੍ਰੀਤਮ ਪ੍ਰੀਤਮ ਮੇਲਾ ਸਹਿਜ ਸੁਭਾਈਆ । ਸਿੰਘ ਪਾਲ ਹੋਏ ਖ਼ਬਰਦਾਰ, ਹੱਥ ਚਵਰ ਚਵਰ ਝੁਲਾਈਆ । ਕਰੇ ਖੇਲ ਅਗੰਮ ਅਪਾਰ, ਹਰਿ ਕਾ ਭੇਵ ਕੋਇ ਨਾ ਪਾਈਆ । ਦਰ ਆਈ ਸੰਗਤ ਕੋਈ ਨਾ ਜਾਏ ਬਾਹਰ, ਅੰਦਰ ਵੜ ਵੜ ਖ਼ੁਸ਼ੀ ਮਨਾਈਆ । ਗ਼ਫ਼ਲਤ ਵਿਚ ਨਾ ਆਏ ਪਰਵਰਦਿਗਾਰ, ਆਪਣੀ ਗ਼ਫ਼ਲਤ ਰਿਹਾ ਮਿਟਾਈਆ । ਨਿਰਗੁਣ ਸਰਗੁਣ ਖਿਚੇ ਆਪ ਲਕਾਰ, ਲਕੀਰ ਫ਼ਕੀਰ ਦਏ ਸਮਝਾਈਆ । ਗੁਰਮੁਖ ਲਹਿੰਦੀ ਦਿਸ਼ਾ ਸੋਵਣ ਪੈਰ ਪਸਾਰ, ਨੇਤਰ ਨੈਣ ਧਿਆਨ ਲਗਾਈਆ । ਮੱਕੇ ਕਾਅਬੇ ਰਾਤੀਂ ਸੁਤਿਆਂ ਜਾ ਜਾ ਮਾਰੇ ਮਾਰ, ਅੱਧੀ ਰੈਣ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਬਸਤਰ ਕਰੇ ਖ਼ਾਕੀ, ਆਪੇ ਚੜ੍ਹੇ ਸਾਚੇ ਰਾਕੀ, ਆਪੇ ਖੋਲ੍ਹੇ ਬੰਦ ਤਾਕੀ, ਹੱਟ ਆਪਣਾ ਆਪ ਖੁਲ੍ਹਾਈਆ । ਕਰੇ ਖੇਲ ਅੱਧੀ ਰਾਤ, ਹਰਿ ਭੇਵ ਕੋਇ ਨਾ ਪਾਇੰਦਾ । ਦੇਵਣਹਾਰਾ ਸਾਚੀ ਦਾਤ, ਦਾਤਾ ਦਾਨੀ ਵੇਸ ਵਟਾਇੰਦਾ । ਮੁਹੰਮਦ ਲਹਿਣਾ ਚੁੱਕੇ ਸਾਕ, ਚਾਰ ਯਾਰੀ ਸੰਗ ਮੁਕਾਇੰਦਾ । ਆਪ ਸੋਏ ਨਾ ਕਿਸੇ ਖਾਟ, ਚੜ੍ਹਦੀ ਦਿਸ਼ਾ ਵੰਡ ਵੰਡਾਇੰਦਾ । ਲਹਿੰਦੀ ਦਿਸ਼ਾ ਆਏ ਘਾਟ, ਘਾਟਾ ਕੋਇ ਨਾ ਪੂਰ ਕਰਾਇੰਦਾ । ਆਪੇ ਵੇਖ ਖੇਲ ਤਮਾਸ਼, ਖ਼ਾਲਕ ਖ਼ਲਕ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਵੇਸ ਅਨੇਕਾ ਰੂਪ ਧਰਾਇੰਦਾ । ਵੇਸ ਅਨੇਕਾ ਕਰ ਮਲੰਘ, ਮਹਿਫ਼ਲ ਆਪਣੀ ਆਪ ਲਗਾਈਆ । ਕਰੇ ਖੇਲ ਸੂਰਾ ਸਰਬੰਗ, ਸੂਰਬੀਰ ਸੱਚਾ ਸ਼ਹਿਨਸ਼ਾਹੀਆ । ਚੌਦਾਂ ਤਬਕ ਕਰੇ ਜੰਗ, ਜੰਗਜੂ ਬਣੇ ਸੱਚਾ ਮਾਹੀਆ । ਲਾਲ ਮਹਿੰਦੀ ਲਾਏ ਰੰਗ, ਰੰਗ ਰੰਗੀਲਾ ਫੇਰਾ ਪਾਈਆ ।

ਕਰਵਟ ਬਦਲ ਵੇਖੇ ਕੰਡ, ਪਾਸਾ ਆਪਣਾ ਲਏ ਬਦਲਾਈਆ । ਤਿੱਖੀ ਧਾਰ ਚੰਡ ਪਰਚੰਡ, ਬ੍ਰਹਿਮੰਡ ਦਏ ਡਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਈਆ । ਕਰੇ ਖੇਲ ਭੁੱਖਾ ਨੰਗਾ, ਖ਼ਾਲੀ ਹੱਥ ਰਖਾਇੰਦਾ । ਦੋ ਜਹਾਨਾਂ ਟੱਪ ਕੇ ਆਇਆ ਕੰਧਾ, ਨੰਗੀ ਪੈਰੀਂ ਫੇਰਾ ਪਾਇੰਦਾ । ਵੇਖਣਹਾਰਾ ਚੰਗਾ ਮੰਦਾ, ਲੱਖ ਚੁਰਾਸੀ ਫੋਲ ਫੁਲਾਇੰਦਾ । ਚੌਦਾਂ ਤਬਕਾਂ ਤੋੜਨਹਾਰਾ ਜੰਦਾ, ਚੌਦਾਂ ਲੋਕ ਕੁੰਡਾ ਲਾਹਿੰਦਾ । ਬਾਹਰੋਂ ਦਿਸੇ ਖ਼ਾਕੀ ਬੰਦਾ, ਅੰਦਰੋਂ ਨੂਰੋ ਨੂਰ ਖ਼ੁਦਾ ਨਜ਼ਰੀ ਆਇੰਦਾ । ਦੋ ਜਹਾਨਾਂ ਵੇਖੇ ਆਰ ਪਾਰ ਕੰਢਾ, ਆਪਣੀ ਹੱਦ ਨਾ ਕਿਸੇ ਜਣਾਇੰਦਾ । ਵਸਣਹਾਰਾ ਕੋਟਨ ਕੋਟ ਵਿਚ ਬ੍ਰਹਿਮੰਡਾ, ਬ੍ਰਹਿਮਾਦ ਆਪਣਾ ਹੁਕਮ ਵਰਤਾਇੰਦਾ । ਬੁੱਢਾ ਸ਼ੇਖ਼ ਹੋਇਆ ਅੰਧਾ, ਨੇਤਰ ਨੈਣ ਨਾ ਕੋਇ ਖੁਲ੍ਹਾਇੰਦਾ । ਜਗਤ ਗੁਨਾਹ ਨਾ ਕੋਇ ਬਖ਼ਸ਼ੰਦਾ, ਬਖ਼ਸ਼ਿਸ਼ ਝੋਲੀ ਨਾ ਕੋਇ ਪਾਇੰਦਾ । ਚੌਦਾਂ ਤਬਕ ਪਏ ਡੰਡਾ, ਨੇਤਰ ਰੋ ਰੋ ਨੀਰ ਸਰਬ ਵਹਾਇੰਦਾ । ਕੋਈ ਨਾ ਚੜ੍ਹੇ ਸਾਚਾ ਚੰਦਾ, ਨੂਰੋ ਨੂਰ ਨਾ ਕੋਇ ਦਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਭੁੱਖਾ ਨੰਗਾ ਤਨ ਅਲਫ਼ੀ ਚੋਲੀ, ਜਾਮਾ ਤਨ ਨਾ ਕੋਇ ਰਖਾਈਆ । ਕਰੇ ਖੇਲ ਹੌਲੀ ਹੌਲੀ, ਹੌਲਾ ਆਪਣਾ ਭਾਰ ਵਖਾਈਆ । ਨਾਲ ਰਖਾਏ ਤੰਦ ਮੌਲੀ, ਮੌਲਾ ਆਪਣਾ ਫੇਰਾ ਪਾਈਆ । ਉਨੀ ਕੱਤਕ ਚੁੱਕੇ ਡੋਲੀ, ਡੋਲਾ ਆਪਣੇ ਕੰਧ ਉਠਾਈਆ । ਕਲਜੁਗ ਤੇਰੀ ਅੰਤ ਵਿਹਾਏ ਬੋਲੀ, ਅਨਬੋਲਤ ਵੇਖ ਵਖਾਈਆ । ਨਬੀ ਰਸੂਲਾਂ ਅੰਤਰ ਰਿਹਾ ਫੋਲੀ, ਬਸੰਤਰ ਲੱਗੀ ਸਰਬ ਲੋਕਾਈਆ । ਪੂਰਾ ਤੋਲ ਰਿਹਾ ਤੋਲੀ, ਤੋਲਣ ਆਇਆ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਖੇਲ ਆਪਣਾ ਕਰਨਾ, ਕਰਨਹਾਰ ਕਰਤਾਰਾ । ਅੱਧੀ ਰਾਤ ਚੌਦਾਂ ਤਬਕ ਉਪਰ ਚੜ੍ਹਨਾ, ਚੜ੍ਹ ਵੇਖੇ ਆਪ ਮੁਨਾਰਾ । ਪੀਰ ਪੈਗ਼ੰਬਰਾਂ ਬੋਦੀਆਂ ਉਤੋਂ ਫੜਨਾ, ਲੇਖਾ ਮੰਗੇ ਪਰਵਰਦਿਗਾਰਾ । ਅੱਗੇ ਕਿਸੇ ਹੋ ਨਾ ਅੜਨਾ, ਨਿਉਂ ਨਿਉਂ ਸਜਦਾ ਕਰਨ ਨਿਮਸਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਆਪਣਾ ਸਚ ਵਿਹਾਰਾ । ਸਿੰਘ ਅੰਗਰੇਜ਼ ਚੌਥਾ ਯਾਰ, ਅੰਤਮ ਮੰਗ ਮੰਗਾਈਆ । ਕਾਦਰ ਕਰੀਮ ਕਰਤਾ ਮਿਲੇ ਪਰਵਰਦਿਗਾਰ, ਬੇਪਰਵਾਹ ਸੱਚਾ ਸ਼ਹਿਨਸ਼ਾਹੀਆ । ਦੇਵੇ ਦਰਸ ਦੀਦ ਦੀਦਾਰ, ਦਰਦ ਦੁੱਖ ਮਿਟਾਈਆ । ਚੌਦਾਂ ਤਬਕਾਂ ਕੱਢੇ ਬਾਹਰ, ਚਰਨ ਸਰਨ ਮਿਲੇ ਸਰਨਾਈਆ । ਮੇਲ ਮਿਲਾਏ ਅੰਤਮ ਵਾਰ, ਅੰਤਮ ਲਹਿਣਾ ਦਏ ਚੁਕਾਈਆ । ਪੁਰਖ ਅਬਿਨਾਸ਼ੀ ਕਰ ਪਿਆਰ, ਪੂਰਬ ਲੇਖਾ ਲੇਖੇ ਲਾਈਆ । ਨਾਵੇਂ ਦਰ ਸੌਣਾ ਪੈਰ ਪਸਾਰ, ਅਠਾਰਾਂ ਕੱਤਕ ਦਸਵੇਂ ਆਪੇ ਲਏ ਚੜ੍ਹਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਗੁਰਮੁਖ ਰੰਗ ਰੰਗ ਗੁਰਮੁਖ ਨਾਲ ਰੰਗਾਈਆ ।



### ❇ ੧੯ ਕੱਤਕ ੨੦੧੯ ਬਿਕਰਮੀ ਹਰਿ ਭਗਤ ਦਵਾਰ ਜੇਠੂਵਾਲ ❇

ਪਰਵਰਦਿਗਾਰ ਚੁੱਕਿਆ ਪਰਦਾ, ਮੁਕਾਮੇ ਹੱਕ ਰੁਸ਼ਨਾਈਆ । ਲੇਖਾ ਜਾਣੇ ਦਰ ਬਦਰ ਦਾ, ਬੇਨਜ਼ੀਰ ਸੱਚਾ ਮਾਹੀਆ । ਸਾਚੇ ਅਸਵ ਏਕਾ ਚੜ੍ਹਦਾ, ਸ਼ਾਹਸਵਾਰਾ ਸੱਚਾ ਮਾਹੀਆ । ਪੀਰ ਪੈਗ਼ੰਬਰ ਆਪੇ ਫੜਦਾ, ਚੌਦਾਂ ਚੌਦਾਂ ਫੇਰਾ ਪਾਈਆ । ਕਲਮਾ ਨਬੀ ਆਪੇ ਪੜ੍ਹਦਾ, ਪੜ੍ਹ ਪੜ੍ਹ ਰਿਹਾ ਸੁਣਾਈਆ । ਜੀਵ ਜੰਤ ਘਾੜਤ ਘੜਦਾ, ਘੜ ਘੜ ਦਏ ਵਡਿਆਈਆ । ਪੰਜ ਤੱਤ ਕਾਇਆ ਅੰਦਰ ਵੜਦਾ, ਰੂਹ ਬੁੱਤ ਕਰੇ

ਕੁੜਮਾਈਆ । ਨਿਰਗੁਣ ਸਰਗੁਣ ਬਣ ਬਣ ਬਰਦਾ, ਫ਼ਰਮਾਂਬਰਦਾਰ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨੂਰ ਕਰੇ ਰੁਸ਼ਨਾਈਆ । ਪਰਵਰਦਿਗਾਰਾ ਨੂਰ ਜਲਾਲਾ, ਜਲਵਾ ਹਰਿ ਜਣਾਇੰਦਾ । ਕਰੇ ਖੇਲ ਬੇਮਿਸਾਲਾ, ਪਿਛਲੀ ਮਿਸਲ ਸਰਬ ਮਿਟਾਇੰਦਾ । ਰਹਿਣ ਨਾ ਦੇਵੇ ਕੋਈ ਦਲਾਲਾ, ਦਸਤਗੀਰ ਨਾ ਕੋਇ ਅਖਵਾਇੰਦਾ । ਲੇਖਾ ਜਾਣੇ ਦੋ ਜਹਾਨਾਂ, ਦੋਏ ਦੋਏ ਵੇਸ ਵਟਾਇੰਦਾ । ਸਤਿ ਸਤਿਵਾਦੀ ਸਤਿ ਜਣਾਏ ਇਕ ਨਿਸ਼ਾਨਾ, ਨਾਮ ਨਿਸ਼ਾਨਾ ਇਕ ਲਗਾਇੰਦਾ । ਪਰਵਰਦਿਗਾਰ ਹੋ ਪਰਧਾਨਾ, ਸਚ ਪਰਧਾਨਗੀ ਆਪ ਕਮਾਇੰਦਾ । ਧੁਰਦਰਗਾਹੀ ਸਚ ਤਰਾਨਾ, ਬਿਨ ਤਰਜ਼ ਤਾਲ ਅਲਾਇੰਦਾ । ਵਸਣਹਾਰਾ ਸਚ ਮਕਾਨਾ, ਮਹਿਫ਼ਲ ਆਪਣੇ ਘਰ ਲਗਾਇੰਦਾ । ਸਚ ਮਹਿਰਾਬੇ ਇਕ ਟਿਕਾਣਾ, ਹੁਜਰਾ ਹੱਕ ਹੱਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਕਰੇ ਖੇਲ ਸਚ ਮਹਿਬੂਬ, ਭੇਵ ਕੋਇ ਨਾ ਪਾਈਆ । ਆਪਣਾ ਦੇਵੇ ਆਪ ਸਬੂਤ, ਸਾਬਤ ਆਪਣਾ ਨਾਮ ਵਡਿਆਈਆ । ਪੰਜ ਤੱਤ ਨਾ ਕੋਇ ਕਲਬੂਤ, ਤਨ ਖ਼ਾਕੀ ਨਾ ਕੋਇ ਰਖਾਈਆ । ਨਾ ਕੋਈ ਤਾਣਾ ਪੇਟਾ ਸੂਤ, ਕਰੇ ਖੇਲ ਬੇਪਰਵਾਹੀਆ । ਭੇਵ ਨਾ ਜਾਣੇ ਪੰਜ ਭੂਤ, ਭੂਤਕ ਰੂਪ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਵਰਦਿਗਾਰ ਵੇਸ ਵਟਾਈਆ । ਪਰਵਰਦਿਗਾਰ ਇਕ ਇਕੱਲਾ, ਹਰਿ ਆਪਣਾ ਖੇਲ ਕਰਾਇੰਦਾ । ਨੂਰ ਇਲਾਹੀ ਨੂਰੀ ਰਲਾ, ਨੂਰੋ ਨੂਰ ਨੂਰ ਪਰਗਟਾਇੰਦਾ । ਆਪ ਉਪਾਏ ਸਚ ਮਹੱਲਾ, ਸਾਚਾ ਦਰ ਆਪ ਖੁਲ੍ਹਾਇੰਦਾ । ਆਪ ਫੜਾਏ ਆਪਣਾ ਪੱਲਾ, ਪੱਲੂ ਆਪਣੀ ਗੰਢ ਪਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਰਾਇੰਦਾ । ਆਪਣੀ ਕਰਨੀ ਹਰਿ ਸੁਲਤਾਨ, ਸ਼ਹਿਨਸ਼ਾਹ ਪ੍ਰਭ ਆਪ ਕਰਾਈਆ । ਖੇਲੇ ਖੇਲ ਵਡ ਮਿਹਰਵਾਨ, ਮਿਹਬਾਨ ਬੇਪਰਵਾਹੀਆ । ਸਤਿ ਸਤਿ ਸਤਿ ਨਿਸ਼ਾਨ, ਸਤਿ ਸਤਿ ਸਤਿ ਦਏ ਵਖਾਈਆ । ਨਿਰਗੁਣ ਸਰਗੁਣ ਕਰ ਪਰਵਾਨ, ਸਚ ਪਰਵਾਨਾ ਇਕ ਜਣਾਈਆ । ਲੇਖਾ ਜਾਣ ਜ਼ਿਮੀ ਅਸਮਾਨ, ਜ਼ਾਮਨ ਆਪਣਾ ਆਪ ਬਣਾਈਆ । ਭੇਵ ਨਾ ਪਾਏ ਅੰਜੀਲ ਕੁਰਾਨ, ਕੁਰਹ ਹੱਕ ਨਾ ਖੋਜ ਖੁਜਾਈਆ । ਹੱਕ ਮੁਕਾਮੇ ਨੌਜਵਾਨ, ਨੌਬਤ ਆਪਣੇ ਨਾਮ ਵਜਾਈਆ । ਸੁਹਬਤ ਜਾਣੇ ਨਾ ਕੋਇ ਜਹਾਨ, ਸਹੀ ਸਲਾਮਤ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਜਣਾਈਆ । ਸਾਚਾ ਖੇਲ ਬਿਸਮਿਲ ਧਾਰ, ਬਿਸਮਿਲ ਆਪਣਾ ਰੰਗ ਵਖਾਇੰਦਾ । ਹੱਕ ਹਕੀਕਤ ਖੋਲ੍ਹ ਕਿਵਾੜ, ਬੰਦ ਤਾਕੀ ਕੁੰਡਾ ਲਾਹਿੰਦਾ । ਸ਼ਬਦ ਅਗੰਮੀ ਏਕਾ ਲਾੜ, ਪੁਰਖ ਅਕਾਲਾ ਆਪ ਬਣਾਇੰਦਾ । ਨਿਰਗੁਣ ਚਲੇ ਨਾਲ ਨਾਲ, ਸਗਲਾ ਸੰਗ ਨਿਭਾਇੰਦਾ । ਚੌਦਾਂ ਤਬਕ ਵੱਜੇ ਤਾਲ, ਤਲਵਾੜਾ ਆਪਣੇ ਹੱਥ ਰਖਾਇੰਦਾ । ਪੀਰ ਪੈਗ਼ੰਬਰ ਆਪੇ ਭਾਲ, ਮੁਰੀਦ ਮੁਰਸ਼ਦ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੱਕ ਨਬੇੜਾ ਆਪ ਜਣਾਇੰਦਾ । ਹੱਕ ਨਬੇੜਾ ਹੱਕ ਹਕੀਕਤ, ਹਰਿ ਹਰਿ ਜੂ ਵੇਖ ਵਖਾਈਆ । ਨਾ ਕੋਈ ਜਾਣੇ ਅਵਰ ਸ਼ਰੀਕਤ, ਲਾਸ਼ਰੀਕ ਫੇਰਾ ਪਾਈਆ । ਮੇਟਣਹਾਰਾ ਜਗਤ ਤਾਰੀਕਤ, ਅੰਧ ਅੰਧੇਰ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਪਰਵਰਦਿਗਾਰ ਪਰਦਾ ਚੁੱਕ, ਚਾਰ ਕੁੰਟ ਕਰੇ ਰੁਸ਼ਨਾਈਆ । ਨਵ ਨੌਂ ਚਾਰ ਬੈਠਾ ਲੁਕ, ਲੁਕ ਲੁਕ ਖੇਲ ਕਰਾਈਆ । ਅੰਤਮ ਕਲਜੁਗ ਪਿਆ ਉਠ, ਦਿਸ ਕਿਸੇ ਨਾ ਆਈਆ । ਪੀਰ ਪੈਗ਼ੰਬਰ ਵੇਖੇ ਸੁਤ, ਅਬਿਨਾਸ਼ੀ ਅਚੁਤ

ਦਇਆ ਕਮਾਈਆ । ਸਦੀ ਚੌਧਵੀਂ ਰਿਹਾ ਪੁੱਛ, ਸਦਕੇ ਵਾਰੀ ਘੋਲੀ ਘੋਲ ਘੁਮਾਈਆ । ਆਬੇ ਹਯਾਤ ਕਵਣ ਘੁੱਟ, ਮਧਰ ਪਿਆਲਾ ਕਵਣ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਕਰਨ ਆਇਆ, ਕਰੇ ਖੇਲ ਅਵੱਲਾ । ਨਿਰਗੁਣ ਨੂਰ ਧਰ ਕੇ ਆਇਆ, ਵਸੇ ਸਚ ਮਹੱਲਾ । ਆਪਣਾ ਆਪ ਘੜ ਕੇ ਆਇਆ, ਜੋਤੀ ਸ਼ਬਦੀ ਰਲਾ । ਸਾਚੇ ਅਸਵ ਚੜ੍ਹ ਕੇ ਆਇਆ, ਦੋ ਜਹਾਨ ਪਏ ਤਰਥਲਾ । ਆਪਣੀ ਮਰਨੀ ਮਰ ਕੇ ਆਇਆ, ਆਪੇ ਹੋਏ ਰਹੇ ਬਿਸਮਿਲਾ । ਇਲਾਹੀ ਨੂਰ ਧਰ ਕੇ ਆਇਆ, ਨਾਮ ਜਣਾਏ ਇਲੱਲਿਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਵਸਣਹਾਰਾ ਉਚੇ ਟਿੱਲਾ । ਉਚਾ ਟਿੱਲਾ ਸਚ ਮਨਾਰਾ, ਪਰਵਰਦਿਗਾਰ ਖੇਲ ਕਰਾਈਆ । ਨੂਰੀ ਜਲਵਾ ਨੂਰ ਉਜਿਆਰਾ, ਨੂਰੋ ਨੂਰ ਡਗਮਗਾਈਆ । ਕਲਮਾ ਨਬੀ ਨਾ ਕੋਇ ਪਿਆਰਾ, ਕਾਇਨਾਤ ਨਾ ਕੋਇ ਵਡਿਆਈਆ । ਸ਼ਨਾਖ਼ਤ ਕਰੇ ਨਾ ਕੋਇ ਵਿਚ ਸੰਸਾਰਾ, ਰੂਪ ਰੰਗ ਨਾ ਕੋਇ ਵਖਾਈਆ । ਇਬਾਦਤ ਭੁੱਲਿਆ ਜੀਵ ਗਵਾਰਾ, ਇਬਾਰਤ ਸਚ ਨਾ ਕੋਇ ਲਿਖਾਈਆ । ਸਧਰ ਦਿਸੇ ਨਾ ਕੋਈ ਸਚ ਸਰਕਾਰਾ, ਸਾਚਾ ਹੁਕਮ ਨਾ ਕੋਇ ਮਨਾਈਆ । ਚੌਦਾਂ ਤਬਕ ਹਾਹਾਕਾਰਾ, ਸਾਚਾ ਸਬਕ ਨਾ ਕੋਇ ਪੜ੍ਹਾਈਆ । ਅੰਜੀਲ ਕੁਰਾਨ ਮਾਰੇ ਨਾਅਰਾ, ਨੇਤਰ ਨੈਣ ਨੀਰ ਵਹਾਈਆ । ਸ੍ਰੀ ਭਗਵੰਤ ਹੋ ਉਜਿਆਰਾ, ਲੇਖਾ ਜਾਣੇ ਮੁਹੰਮਦੀ ਯਾਰਾ, ਅਹਿਮਦ ਆਪਣਾ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਕਰੇ ਆਲਮੀਨ, ਇਲਮ ਆਪਣਾ ਨਾ ਕਿਸੇ ਜਣਾਇੰਦਾ । ਚੌਦਾਂ ਲੋਕ ਕਰ ਤਕਸੀਮ, ਚੌਦਾਂ ਤਬਕ ਵੰਡ ਵੰਡਾਇੰਦਾ । ਦੇਵਣਹਾਰਾ ਸਚ ਤਾਅਲੀਮ, ਤਾਅਜ਼ੀਮ ਇਕੋ ਇਕ ਸਮਝਾਇੰਦਾ । ਏਕਾ ਜਲਵਾ ਰੱਖੇ ਅਜ਼ੀਮ, ਅਜ਼ਮਤ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਸਾਚਾ ਖੇਲ ਕਰੇ ਜਨਾਬ, ਦੂਸਰ ਅਵਰ ਨਾ ਕੋਇ ਵਡਿਆਈਆ । ਪੀਰ ਪੈਗ਼ੰਬਰਾਂ ਦੇਵਣਹਾਰ ਖ਼ਤਾਬ, ਖ਼ਤੂਤ ਹੱਥ ਨਾ ਕੋਇ ਫੜਾਈਆ । ਆਪੇ ਕਰਨਹਾਰ ਆਦਾਬ, ਸਲਾਮ ਅਲੈਕਮ ਆਪ ਸਮਝਾਈਆ । ਆਪੇ ਲੇਵਣਹਾਰ ਜਵਾਬ, ਵੇਸ ਅਨੇਕਾਂ ਰੂਪ ਵਟਾਈਆ । ਆਪ ਵਖਾਵਣਹਾਰ ਖ਼ਵਾਬ, ਖ਼ੂਬੀ ਆਪਣੀ ਦਏ ਸਮਝਾਈਆ । ਲੇਖਾ ਜਾਣੇ ਪੁੰਨ ਸਵਾਬ, ਭੇਵ ਅਭੇਦਾ ਭੇਵ ਖੁਲ੍ਹਾਈਆ । ਦੇਵਣਹਾਰ ਹਯਾਤ ਆਬ, ਆਬ ਹਯਾਤ ਦਏ ਪਿਲਾਈਆ । ਵਸਣਹਾਰਾ ਸਚ ਮਹਿਰਾਬ, ਹੁਜਰਾ ਇਕੋ ਇਕ ਵਖਾਈਆ । ਜੁਗ ਚੌਕੜੀ ਮੁਖ ਤੇ ਰੱਖਦਾ ਰਿਹਾ ਨਕਾਬ, ਅੰਤਮ ਆਪਣਾ ਪਰਦਾ ਲਾਹੀਆ । ਜਿਸ ਨੂੰ ਈਸਾ ਕਹਿ ਕੇ ਗਿਆ ਬਾਪ, ਸੋ ਫੇਰਾ ਰਿਹਾ ਪਾਈਆ । ਜਿਸ ਨੂੰ ਮੁਹੰਮਦ ਕਹੇ ਮੇਰਾ ਸਾਕ, ਸੋ ਸਾਕਾ ਰਿਹਾ ਸੁਣਾਈਆ । ਜਿਸ ਪੀਰ ਪੈਗ਼ੰਬਰ ਕੀਤੇ ਖ਼ਾਕ, ਖ਼ਾਕੀ ਖ਼ਾਕ ਨਾਲ ਮਿਲਾਈਆ । ਸੋ ਪਰਗਟ ਹੋਇਆ ਆਪ, ਪਰਵਰਦਿਗਾਰ ਨਾਉਂ ਧਰਾਈਆ । ਚੜ੍ਹ ਕੇ ਆਇਆ ਸਾਚੇ ਰਾਕ, ਅਸਵ ਇਕੋ ਇਕ ਦੌੜਾਈਆ । ਆਦਿ ਜੁਗਾਦੀ ਪਾਕੀ ਪਾਕ, ਪਾਕ ਰਸੂਲ ਬੇਪਰਵਾਹੀਆ । ਦੋ ਜਹਾਨਾਂ ਕਰੇ ਵਫ਼ਾਤ, ਆਪਣਾ ਫ਼ਤਵਾ ਦੇਵੇ ਲਾਈਆ । ਨਾ ਕੋਈ ਦੀਸੇ ਸੱਜਣ ਸਾਕ, ਸਗਲਾ ਸੰਗ ਨਾ ਕੋਇ ਨਿਭਾਈਆ । ਇਕੇ ਹੁਜਰੇ ਰਿਹਾ ਝਾਕ, ਝਰੋਕਾ ਆਪਣਾ ਆਪ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਲਵਾ ਨੂਰ ਇਕ ਇਲਾਹੀਆ । ਜਲਵਾ ਨੂਰ ਇਕ ਜਲਾਲ, ਹਰਿ ਹਰਿ ਹਰਿ ਆਪ ਜਣਾਇੰਦਾ । ਚਲੇ ਚਲਾਏ ਅਵਲੜੀ ਚਾਲ, ਭੇਵ ਅਭੇਦ

ਨਾ ਕੋਇ ਸਮਝਾਇੰਦਾ । ਪੀਰ ਪੈਗ਼ੰਬਰ ਨਾਤਾ ਜੁੜਦਾ ਰਿਹਾ ਮਾਟੀ ਖਾਲ, ਖ਼ਾਲਕ ਖ਼ਲਕ ਆਪ ਸਮਝਾਇੰਦਾ । ਅੰਤਮ ਸਾਰੇ ਹੋ ਹੋ ਗਏ ਬੇਹਾਲ, ਬਿਹਬਲ ਹੋ ਹੋ ਨੀਰ ਨੈਣ ਵਹਾਇੰਦਾ । ਸਦੀ ਚੌਧਵੀਂ ਅੰਤਮ ਖ਼ੁਦਾਵੰਦ ਬਣੇ ਇਕ ਦਲਾਲ, ਸਚ ਦਲਾਲੀ ਆਪ ਕਮਾਇੰਦਾ । ਵੇਖਣਹਾਰਾ ਹੱਕ ਹਲਾਲ, ਹਕੀਕਤ ਹਰਿ ਜੂ ਖੋਜ ਖੁਜਾਇੰਦਾ । ਐਲੀ ਅੱਲਾ ਮਾਰੇ ਛਾਲ, ਇਲਾਹੀ ਨੂਰ ਆਪ ਧਰਾਇੰਦਾ । ਚੌਦਾਂ ਤਬਕ ਲਏ ਸੰਭਾਲ, ਪਿਛਲੀ ਸਫ਼ਾ ਸਰਬ ਉਠਾਇੰਦਾ । ਜਿਸ ਦੀ ਘਾਲਣ ਰਹੇ ਘਾਲ, ਸੋ ਘਾਲਣ ਲੇਖੇ ਲਾਇੰਦਾ । ਆਪੇ ਸੁਣੇ ਮੁਰੀਦਾਂ ਹਾਲ, ਮੁਰਸ਼ਦ ਆਪਣਾ ਫੇਰਾ ਪਾਇੰਦਾ । ਨੇਤਰ ਨੈਣਾਂ ਦਏ ਵਖਾਲ, ਬਿਨ ਅੱਖਾਂ ਰਾਹ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਸੁਣਾਇੰਦਾ । ਆਪਣਾ ਭੇਵ ਦੱਸੇ ਮੁਰੀਦ, ਮੁਰਸ਼ਦ ਆਪਣਾ ਫੇਰਾ ਪਾਈਆ । ਪੀਰਾਂ ਪੈਗ਼ੰਬਰਾਂ ਦੇਵੇ ਦੀਦ, ਦੀਦ ਸ਼ੁਨੀਦ ਖੇਲ ਕਰਾਈਆ । ਇਕੋ ਕਲਮਾ ਸਾਚੀ ਈਦ, ਇਬਰਤਨਾਕ ਕਰੇ ਪੜ੍ਹਾਈਆ । ਆਪਣੀ ਹੱਥੀਂ ਕਿਸੇ ਨਾ ਦੇਵੇ ਕੱਟ ਰਸੀਦ, ਰਸੂਲ ਸਾਚਾ ਖੇਲ ਵਖਾਈਆ । ਕੋਈ ਨਾ ਕਰੇ ਦਰ ਬਕਰੀਦ, ਜ਼ਬਹ ਆਪਣਾ ਆਪ ਜਣਾਈਆ । ਜੁਮਾਦੁਲਸਾਨੀ ਖੇਲ ਨਜ਼ਦੀਕ, ਨੇਤਰ ਨੈਣ ਦਏ ਦਰਸਾਈਆ । ਜਿਸ ਦਾ ਕਲਮਾ ਪੜ੍ਹਿਆ ਠੀਕ, ਸੋ ਠੀਕਰ ਭੰਨ ਵਖਾਈਆ । ਜਿਸ ਦੀ ਧਾਰ ਇਕ ਬਰੀਕ, ਸੋ ਆਪਣਾ ਨੂਰ ਪਰਗਟਾਈਆ । ਜਿਸ ਨੂੰ ਕਹਿੰਦੇ ਲਾਸ਼ਰੀਕ, ਸੋ ਆਇਆ ਸੱਚਾ ਮਾਹੀਆ । ਜਿਸ ਦੀ ਲੱਭਦੇ ਗਏ ਪ੍ਰੀਤ, ਪੀਰ ਪੈਗ਼ੰਬਰ ਝੋਲੀ ਡਾਹੀਆ । ਜਿਸ ਦਾ ਆਬ ਹਯਾਤ ਪੀਤਾ ਲਾ ਲਾ ਝੀਕ, ਈਸਾ ਮੂਸਾ ਮੁਹੰਮਦ ਖ਼ੁਸ਼ੀ ਮਨਾਈਆ । ਸੋ ਸਾਹਿਬ ਖੇਲ ਕਰੇ ਅਨਡੀਠ, ਆਪਣਾ ਭੇਵ ਜਣਾਈਆ । ਚੌਦਾਂ ਸਦੀਆਂ ਸੁੱਤਾ ਰਿਹਾ ਦੇ ਕਰ ਪੀਠ, ਸੁਫ਼ਨੇ ਵਿਚ ਮੁਹੰਮਦ ਨਜ਼ਰ ਨਾ ਆਈਆ । ਅੰਤਮ ਦੱਸਣ ਆਇਆ ਆਪਣੀ ਇਕ ਤਾਰੀਕ, ਤਰੀਕਾ ਆਪਣੇ ਹੱਥ ਰਖਾਈਆ । ਸਭ ਦੇ ਖ਼ਾਲੀ ਕਰੇ ਖ਼ੀਸ, ਨਾਮ ਹੱਟ ਨਾ ਕੋਇ ਚਲਾਈਆ । ਕਲਮਾ ਕੋਇ ਨਾ ਤੀਸ ਬਤੀਸ, ਹਜ਼ਾਰਾਂ ਦਰੂਦ ਨਾ ਕੋਇ ਪੜ੍ਹਾਈਆ । ਕੋਈ ਰਸੂਲ ਨਾ ਕਰੇ ਸ਼ੁਨੀਦ, ਈਦ ਚੰਦ ਨਾ ਕੋਇ ਚੜ੍ਹਾਈਆ । ਜਿਸ ਦੀ ਕਰਦੇ ਰਹੇ ਉਡੀਕ, ਸੋ ਆਇਆ ਫੇਰਾ ਪਾਈਆ । ਸਦੀ ਚੌਧਵੀਂ ਰਹੀ ਬੀਤ, ਪਿਛਲੀ ਬੀਤੀ ਦਏ ਸੁਣਾਈਆ । ਜਿਸ ਦਾ ਨਬੀ ਰਸੂਲਾਂ ਗਾਇਆ ਗੀਤ, ਸੋ ਕਲਮਾ ਰਿਹਾ ਪੜ੍ਹਾਈਆ । ਕਿਸੇ ਨਜ਼ਰ ਨਾ ਆਏ ਚੌਦਾਂ ਤਬਕ ਨਿੱਕੀ ਝੀਤ, ਪਰਦਾ ਦੂਈ ਨਾ ਕੋਇ ਉਠਾਈਆ । ਵਸਣਹਾਰਾ ਹਸਤ ਕੀਟ, ਕੀਟ ਕੀਟਾਂ ਰਿਹਾ ਸਮਾਈਆ । ਬੈਠਾ ਰਹੇ ਸਦਾ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਜਣਾਈਆ । ਭੇਵ ਅਭੇਦਾ ਖੋਲ੍ਹੇ ਸਾਂਝਾ ਯਾਰ, ਯਾਰੀ ਆਪਣੀ ਨਾ ਕਿਸੇ ਜਣਾਈਆ । ਗੁਰ ਪੀਰ ਅਵਤਾਰ ਕਰਦਾ ਰਿਹਾ ਤਿਆਰ, ਆਪਣੀ ਤਿਆਰੀ ਨਾ ਕਿਸੇ ਸਮਝਾਈਆ । ਚਰਨ ਕਵਲ ਦੱਸਦਾ ਰਿਹਾ ਪਿਆਰ, ਆਪਣਾ ਮੁਖ ਨਾ ਕਿਸੇ ਵਖਾਈਆ । ਸਾਮ੍ਹਣੇ ਹੋ ਕੀਤਾ ਨਾ ਕਿਸੇ ਦੀਦਾਰ, ਜਲਵਾ ਨੂਰ ਨਜ਼ਰ ਨਾ ਆਈਆ । ਪੰਜ ਤੱਤ ਅੰਦਰ ਕਰੌਂਦਾ ਰਿਹਾ ਗੁਫ਼ਤਾਰ, ਗੁਪਤ ਆਪਣਾ ਆਪ ਛੁਪਾਈਆ । ਜੁਗ ਚੌਕੜੀ ਚਲੌਂਦਾ ਰਿਹਾ ਨਾਲ ਰਫ਼ਤਾਰ, ਆਪਣੀ ਰਫ਼ਤਾਰ ਨਾ ਕਿਸੇ ਜਣਾਈਆ । ਅੰਤਮ ਸਾਰੇ ਗਏ ਹਾਰ, ਢਹਿ ਢਹਿ ਢੇਰੀ ਖ਼ਾਕ ਮਿਲਾਈਆ । ਦੋਏ ਜੋੜ ਮੰਗਦੇ ਗਏ ਭਿਖਾਰ, ਬਣ ਸਵਾਲੀ ਅਲਖ ਜਗਾਈਆ । ਤੇਰਾ ਭੇਵ ਨਾ ਆਇਆ ਪਰਵਰਦਿਗਾਰ, ਪੀਰ ਪੈਗ਼ੰਬਰ ਦੇਣ ਦੁਹਾਈਆ । ਮੂਸਾ ਡਿਗਾ ਮੂੰਹ ਦੇ ਭਾਰ, ਦੋਏ ਜੋੜ ਸੀਸ ਨਿਵਾਈਆ ।


੨੩
੧੩

ਈਸਾ ਮੰਗੇ ਚਰਨ ਧੂੜੀ ਛਾਰ, ਮਸਤਕ ਟਿੱਕਾ ਲਾਈਆ । ਮੁਹੰਮਦ ਚਾਲੀ ਸਾਲ ਨਾ ਹੋਇਆ ਉਜਿਆਰ, ਕਾਇਆ ਮਾਟੀ ਚੰਮ ਹੰਢਾਈਆ । ਬਾਤੀ ਬਾਲੀ ਆਪ ਕਰਤਾਰ, ਦੀਵਾ ਨਾਮ ਇਕ ਜਗਾਈਆ । ਚਵਾਤੀ ਲਾਈ ਇਕੋ ਵਾਰ, ਚੌਦਾਂ ਲੋਕ ਅਗਨ ਬੁਝਾਈਆ । ਬੂੰਦ ਸਵਾਂਤੀ ਦਿਤੀ ਠੰਡੀ ਠਾਰ, ਆਬ ਹਯਾਤ ਜਾਮ ਪਿਆਈਆ । ਬਿਨ ਕਲਮ ਛਾਹੀਉਂ ਲੇਖਾ ਦਿਤਾ ਵਖਾਲ, ਲਿਖਿਆ ਲੇਖ ਨਾ ਕੋਇ ਮਿਟਾਈਆ । ਅਲਫ਼ ਯੇ ਨਾ ਕੋਇ ਸਵਾਲ, ਇਲਮ ਉਲਮਾ ਨਾ ਕੋਇ ਪੜ੍ਹਾਈਆ । ਕਰੇ ਖੇਲ ਆਪ ਕਮਾਲ, ਕਲਮਾ ਆਪਣਾ ਆਪ ਜਣਾਈਆ । ਨਜ਼ਰ ਨਾ ਆਇਆ ਸਚ ਅਮਾਮ, ਸਚ ਘਰ ਵਸੇ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਖੇਲ ਰਿਹਾ ਸਮਝਾਈਆ । ਸਾਚੀ ਖੇਲ ਦੱਸੇ ਅਮਾਮ, ਸਿਰ ਅਮਾਮਾਂ ਫੇਰਾ ਪਾਇੰਦਾ । ਪੀਰ ਪੈਗ਼ੰਬਰ ਬਰਦੇ ਰੱਖੇ ਗ਼ੁਲਾਮ, ਸਚ ਗ਼ੁਲਾਮੀ ਆਪ ਜਣਾਇੰਦਾ । ਕਲਮਾ ਕਲਮਾ ਦੇ ਕਲਾਮ, ਕਾਇਨਾਤ ਆਪ ਪੜ੍ਹਾਇੰਦਾ । ਤਾਰਾ ਚੰਦ ਕਰਾ ਸਲਾਮ, ਇਸਮ ਆਪਣਾ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਆਪ ਜਣਾਇੰਦਾ । ਤਾਰਾ ਚੰਦ ਚੰਦ ਤਾਰਾ, ਹਰਿ ਇਕੋ ਰੰਗ ਵਖਾਈਆ । ਚੌਦਾਂ ਤਬਕ ਇਕ ਕਿਨਾਰਾ, ਕਿਨਾਰਾ ਪਾਰ ਨਾ ਕੋਇ ਵਡਿਆਈਆ । ਮੁਹੰਮਦ ਵਸੇ ਅੱਧਵਿਚਕਾਰਾ, ਬੈਠਾ ਆਪਣਾ ਡੇਰਾ ਲਾਈਆ । ਉਪਰ ਵੇਖੇ ਪਰਵਰਦਿਗਾਰਾ, ਜਲਵਾ ਨੂਰ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਭੇਵ ਆਪ ਖੁਲ੍ਹਾਈਆ । ਖੋਲ੍ਹੇ ਭੇਵ ਹਰਿ ਸੱਚਾ ਆਕਾ, ਆਕੀ ਕੋਈ ਰਹਿਣ ਨਾ ਪਾਈਆ । ਪੀਰ ਪੈਗ਼ੰਬਰ ਗੋਦੀ ਚੁੱਕੇ ਛੋਟਾ ਕਾਕਾ, ਏਕਾ ਆਪਣੀ ਉਂਗਲੀ ਲਾਈਆ । ਜਿਸ ਦਾ ਗੌਂਦੇ ਰਹੇ ਸਾਕਾ, ਸੋ ਸਾਖਿਆਤ ਰੂਪ ਵਟਾਈਆ । ਚੌਦਾਂ ਤਬਕ ਚੁਕਾਏ ਬਾਕਾ, ਬਾਕੀ ਕੋਇ ਰਹਿਣ ਨਾ ਪਾਈਆ । ਪੂਰਾ ਕਰਨ ਆਇਆ ਘਾਟਾ, ਘਾਟ ਆਪਣਾ ਦਏ ਸਮਝਾਈਆ । ਅੱਲਾ ਰਾਣੀ ਗੁੰਨ੍ਹੇ ਆਟਾ, ਘਰ ਆਪਣੇ ਖ਼ੁਸ਼ੀ ਮਨਾਈਆ । ਪਰਗਟ ਹੋਇਆ ਇਕੋ ਮਾਈ ਬਾਪਾ, ਜਿਸ ਦੀ ਈਸਾ ਮੂਸਾ ਚਲੇ ਰਜ਼ਾਈਆ । ਮੇਰਾ ਬੌਹੜੀ ਖੁਲ੍ਹਾ ਝਾਟਾ, ਚੌਦਾਂ ਲੋਕ ਦਏ ਦੁਹਾਈਆ । ਪੀਰ ਪੈਗ਼ੰਬਰ ਤੁੱਟਾ ਸਾਕਾ, ਸਗਲਾ ਸੰਗ ਨਾ ਕੋਇ ਨਿਭਾਈਆ । ਪਰਵਰਦਿਗਾਰਾ ਨਾ ਬੰਨ੍ਹਿਆ ਨਾਤਾ, ਨਾਤਾ ਨਾਲ ਨਾ ਕੋਇ ਜੁੜਾਈਆ । ਚੌਦਾਂ ਤਬਕ ਨਿੱਕਾ ਜਿਹਾ ਹਾਤਾ, ਪ੍ਰਭ ਚਰਨਾਂ ਹੇਠ ਦਬਾਈਆ । ਜਿਸ ਦਾ ਕਿਸੇ ਨਾ ਖਿਚਿਆ ਖ਼ਾਕਾ, ਸੋ ਆਪਣਾ ਵੇਸ ਵਟਾਈਆ । ਅੰਤਮ ਦੇਵਣ ਆਇਆ ਨਜਾਤਾ, ਨਿਜ ਘਰ ਫੇਰਾ ਪਾਈਆ । ਬਣੀ ਰਹੀ ਨਾਰ ਕਮਜ਼ਾਤਾ, ਕੋਝੀ ਕਮਲੀ ਰੰਗ ਨਾ ਕੋਇ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਫੇਰਾ ਆਪੇ ਪਾਈਆ । ਫੇਰਾ ਪਾਏ ਸਚ ਕਰੀਮ, ਕਰਮ ਆਪਣਾ ਆਪ ਜਣਾਇੰਦਾ । ਅੰਤਮ ਮੰਨਣਾ ਪਏ ਦੀਨ, ਦੀਨ ਦੁਨੀ ਆਪ ਸਮਝਾਇੰਦਾ । ਜਿਸ ਨੇ ਗੁਰ ਅਵਤਾਰ ਪੀਰ ਪੈਗ਼ੰਬਰ ਕੀਤੀ ਤਕਸੀਮ, ਸੋ ਪਿਛਲਾ ਲੇਖਾ ਮੇਟ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ੁਰਮਾਣਾ ਹੁਕਮ ਜਣਾਇੰਦਾ । ਧੁਰ ਫ਼ੁਰਮਾਣਾ ਸੁਣਿਆ ਕੰਨ, ਚੌਦਾਂ ਲੋਕ ਰਹੇ ਕੁਰਲਾਈਆ । ਪਰਵਰਦਿਗਾਰ ਪਰਗਟ ਹੋਇਆ ਕਹਿਣ ਧੰਨ ਧੰਨ, ਘਰ ਘਰ ਵੱਜੇ ਵਧਾਈਆ । ਲੱਖ ਚੁਰਾਸੀ ਦੇਵੇ ਡੰਨ, ਡੰਕਾ ਇਕੋ ਨਾਮ ਸੁਣਾਈਆ । ਜੋ ਘੜਿਆ ਸੋ ਦੇਵੇ ਭੰਨ, ਭੰਨਣਹਾਰ ਬੇਪਰਵਾਹੀਆ । ਆਲਮ ਉਲਮਾ ਹੋਏ ਅੰਨ੍ਹ, ਸਾਚਾ ਇਲਮ ਨਾ ਕੋਇ ਜਣਾਈਆ । ਜੋਤੀ ਨੂਰ ਨਜ਼ਰ ਨਾ ਆਏ ਚੰਨ,

ਚੌਦਸ ਚੰਦ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਪਾਰਾ, ਹਰਿ ਹਰਿ ਜੂ ਆਪ ਕਰਾਇੰਦਾ । ਚੌਦਾਂ ਨੂਰ ਨੂਰ ਉਜਿਆਰਾ, ਨੂਰ ਨੁਰਾਨਾ ਨੂਰ ਧਰਾਇੰਦਾ । ਲੇਖਾ ਜਾਣੇ ਚੰਦ ਸਿਤਾਰਾ, ਸਤਹ ਆਪਣੀ ਆਪ ਛੁਪਾਇੰਦਾ । ਖ਼ਾਲਕ ਖ਼ਲਕ ਖ਼ਲਕ ਖ਼ਾਲਕ ਪਰਵਰਦਿਗਾਰਾ, ਮਖ਼ਲੂਕ ਆਪਣਾ ਪਰਦਾ ਲਾਹਿੰਦਾ । ਪਰਗਟ ਹੋ ਵਿਚ ਸੰਸਾਰਾ, ਸਚ ਸਾਲਸੀ ਆਪ ਜਣਾਇੰਦਾ । ਜਿਸ ਦਾ ਹੱਥ ਨਾ ਆਇਆ ਕਿਨਾਰਾ, ਨੱਯਾ ਦੋ ਜਹਾਨ ਵਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਜਣਾਇੰਦਾ । ਭੇਵ ਅਭੇਦਾ ਦੇਵੇ ਖੋਲ੍ਹ, ਹਰਿ ਖ਼ਾਲਕ ਖ਼ਲਕ ਖ਼ੁਦਾਇਆ । ਨਾਅਰਾ ਵਜਾਏ ਮਰਦੰਗ ਢੋਲ, ਸਲੋਕ ਚੌਦਾਂ ਲੋਕ ਸੁਣਾਇਆ । ਅਵਣ ਗਵਣ ਤੋਲੇ ਤੋਲ, ਤੋਲਾ ਬਣ ਕੇ ਨਿਰਗੁਣ ਤੋਲ ਤੁਲਾਇਆ । ਦੋ ਜਹਾਨਾਂ ਲਏ ਫੋਲ, ਅੰਦਰ ਵੜ ਵੜ ਕੁੰਡਾ ਲਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹਿਆ । ਬੇਪਰਵਾਹ ਪਾਕ ਰਸੂਲ, ਰਹਿਮਤ ਆਪਣੀ ਆਪ ਕਮਾਈਆ । ਆਪਣਾ ਬਦਲਣ ਨਾ ਦੇਵੇ ਅਸੂਲ, ਅਸਲੀਅਤ ਆਪਣੇ ਹੱਥ ਰਖਾਈਆ । ਆਦਿ ਜੁਗਾਦਿ ਨਾ ਜਾਏ ਭੂਲ, ਅਭੁਲ ਬੇਪਰਵਾਹੀਆ । ਮੁਰੀਦ ਮੁਰਸ਼ਦ ਕਰੇ ਕਬੂਲ, ਕਬੀਲਾ ਆਪਣਾ ਇਕ ਬਣਾਈਆ । ਸਾਚੇ ਹੁਜਰੇ ਰਿਹਾ ਝੂਲ, ਝਲਕ ਇਕੋ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਹੋਇਆ ਮੁਖ਼ਾਤਬ, ਭੇਵ ਆਪਣਾ ਆਪ ਜਣਾਇੰਦਾ । ਅੰਤਮ ਸਭ ਦਾ ਕਰਨ ਆਇਆ ਤੁਆਕਬ, ਪਿਛੇ ਹੋ ਹੋ ਸੇਵ ਕਮਾਇੰਦਾ । ਆਪਣੀ ਜਾਣੇ ਸਚ ਸਦਾਕਤ, ਸਿਦਕ ਸਬੂਰੀ ਸੰਗ ਰਖਾਇੰਦਾ । ਲਹਿਣਾ ਦੇਣਾ ਚੁੱਕੇ ਇਬਾਦਤ, ਪੀਰ ਪੈਗ਼ੰਬਰ ਮੇਟ ਮਿਟਾਇੰਦਾ । ਲੇਖਾ ਜਾਣੇ ਹਰਿ ਜੂ ਬਾਤਨ, ਬਾਤਲ ਆਪਣਾ ਭੇਵ ਖੁਲਾਇੰਦਾ । ਮੁਕੱਦਸ ਕੋਈ ਨਾ ਦਿਸਾ ਆਤਲ, ਇਤਲ ਵੇਸ ਨਾ ਕੋਇ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਇੰਦਾ । ਮਿਹਰਵਾਨ ਹੋਇਆ ਫ਼ਿਦਾ, ਮਿਹਬਾਨ ਬੀਦੋ ਬੇਪਰਵਾਹੀਆ । ਨੂਰੀ ਜਲਵਾ ਧਰ ਖ਼ੁਦਾ, ਖ਼ੁਦੀ ਸਭ ਦੀ ਦਏ ਗਵਾਈਆ । ਪੀਰ ਪੈਗ਼ੰਬਰਾਂ ਨਾਲੋਂ ਹੋਇਆ ਜੁਦਾ, ਜੁਜ਼ ਆਪਣਾ ਆਪ ਵੰਡਾਈਆ । ਅੰਤਮ ਮਾਰਗ ਲਾਏ ਸਿਧਾ, ਸਾਚਾ ਰਾਹ ਦਏ ਸਮਝਾਈਆ । ਜਿਸ ਨੂੰ ਕਹਿੰਦੇ ਰਹੇ ਵੱਡਾ ਕਿਡਾ, ਅੰਤ ਕੋਇ ਨਾ ਪਾਈਆ । ਸਾਮ੍ਹਣੇ ਹੋ ਕੇ ਆਇਆ ਨਿੱਕਾ, ਨੀਕਣ ਨੀਕਾ ਰੂਪ ਧਰਾਈਆ । ਜਿਸ ਦਾ ਨਾਮ ਚਲੌਂਦੇ ਰਹੇ ਸਿਕਾ, ਦੋ ਜਹਾਨਾਂ ਦਮ ਚੰਮ ਕੁੜਮਾਈਆ । ਸੋ ਅੰਤਮ ਆਪਣੇ ਆਪ ਆਪਣੇ ਮਸਤਕ ਲਾਵਣ ਆਇਆ ਟਿੱਕਾ, ਟਿੱਕਾ ਲਾਵੇ ਸੱਚਾ ਸ਼ਹਿਨਸ਼ਾਹੀਆ । ਨਬੀ ਰਸੂਲਾਂ ਕਰਿਆ ਰਸ ਫ਼ਿਕਾ, ਫ਼ਿਤਰਤ ਸਭ ਦੀ ਦਏ ਗਵਾਈਆ । ਸਦੀ ਚੌਧਵੀਂ ਤੇਰਾ ਹਿੱਸਾ, ਪ੍ਰਭ ਤੇਰੀ ਝੋਲੀ ਪਾਈਆ । ਅੱਗੇ ਹੋ ਪਰਵਰਦਿਗਾਰ ਮੁਹੰਮਦ ਅਜੇ ਨਾ ਡਿਠਾ, ਸੋ ਰਹਿਮਾਨ ਆਪਣਾ ਵੇਸ ਵਟਾਈਆ । ਜੁਗ ਜੁਗ ਦੇਂਦਾ ਰਿਹਾ ਸਿਫ਼ਤੀ ਚਿਠਾ, ਹੱਕ ਹਕੂਕ ਆਪਣੇ ਹੱਥ ਰਖਾਈਆ । ਜਿਸ ਦਾ ਨਾਮ ਨਿਧਾਨ ਸਭ ਨੇ ਲਿਖਾ, ਬੇਅੰਤ ਕਹਿ ਕਹਿ ਸ਼ੁਕਰ ਮਨਾਈਆ । ਜਿਸ ਦਾ ਪੀਸਣ ਲੋਕਮਾਤ ਪੀਰ ਪੈਗ਼ੰਬਰਾਂ ਪੀਸਾ, ਆਪਣੀ ਹੱਥੀਂ ਸੇਵ ਕਮਾਈਆ । ਸੋ ਸਾਹਿਬ ਦੇਵਣ ਆਇਆ ਆਪ ਹਦੀਸਾ, ਹਜ਼ਰਤ ਬਣਿਆ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਉਨੀਸਾ ਖੇਲ ਕਰਾਈਆ । ਇਕ ਉਨੀਸਾ ਏਕਾ ਏਕ, ਇਕ ਇਕੱਲਾ ਹਰਿ ਅਖਵਾਇੰਦਾ । ਇਕ ਜਣਾਏ ਸਾਚੀ ਟੇਕ,

ਟੇਕ ਇਕੋ ਇਕ ਵਡਿਆਇੰਦਾ । ਏਕਾ ਘਰ ਰਿਹਾ ਵੇਖ, ਦੂਜਾ ਰੂਪ ਨਾ ਕੋਇ ਧਰਾਇੰਦਾ । ਅੰਤਮ ਖੋਲ੍ਹਣ ਆਇਆ ਭੇਤ, ਭੇਵ ਆਪਣਾ ਆਪ ਸਮਝਾਇੰਦਾ । ਜਿਸ ਦਾ ਗੁਰ ਅਵਤਾਰ ਕਰਦੇ ਆਏ ਹੇਤ, ਸੋ ਆਪਣਾ ਹੇਤ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਜਣਾਇੰਦਾ । ਸਾਚਾ ਹੁਕਮ ਚੌਦਾਂ ਤਬਕ, ਚਾਰ ਕੁੰਟ ਰਿਹਾ ਜਣਾਈਆ । ਪਿਛਲਾ ਭੁੱਲੋ ਸਾਰੇ ਸਬਕ, ਸਫ਼ਾ ਸਭ ਦੀ ਰਿਹਾ ਮਿਟਾਈਆ । ਪੀਰ ਪੈਗ਼ੰਬਰ ਰਹੇ ਤਭਕ, ਤੋਬਾ ਤੋਬਾ ਦੇਣ ਦੁਹਾਈਆ । ਕੋਈ ਨਾ ਸਕੇ ਅੱਗੇ ਅਟਕ, ਨੇਤਰ ਨੈਣਾਂ ਨੀਰ ਵਹਾਈਆ । ਪੁਰਖ ਅਕਾਲ ਪਰਵਰਦਿਗਾਰ ਆਪਣਾ ਨਾਮ ਚੜ੍ਹਾਇਆ ਕਟਕ, ਬਲ ਇਕੋ ਇਕ ਜਣਾਈਆ । ਅੰਤਮ ਸਭ ਨੂੰ ਦੇਵੇ ਝਟਕ, ਹਲਾਲੀ ਸਭ ਦੀ ਦਏ ਵਖਾਈਆ । ਨਾ ਕੋਈ ਪੀਰ ਪੈਗ਼ੰਬਰ ਲੋਕਮਾਤ ਉਮਤ ਨਾਲ ਰੱਖੇ ਤੁਅੱਲਕ, ਤਲਾਕ ਸਭ ਦੇ ਦਏ ਦਿਖਾਈਆ । ਪਰਗਟ ਹੋਇਆ ਆਪ ਖ਼ਾਲਕ ਖ਼ਲਕ, ਮਖ਼ਲੂਕ ਵੇਖੇ ਚਾਈਂ ਚਾਈਂਆ । ਲੇਖਾ ਜਾਣੇ ਫ਼ਰਸ਼ ਅਰਸ਼, ਅਰਸ਼ ਫ਼ਰਸ਼ ਏਕਾ ਰੰਗ ਵਖਾਈਆ । ਚੌਦਾਂ ਤਬਕ ਨਾ ਕਰੇ ਤਰਸ, ਛੁਰੀ ਹੱਕ ਹੱਥ ਉਠਾਈਆ । ਅੱਧਵਿਚਕਾਰ ਸਾਰੇ ਰਹੇ ਲਟਕ, ਫਾਸੀ ਹਰਿ ਜੂ ਇਕੋ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੁਰੀਦ ਮੁਰਸ਼ਦ ਲੱਭੇ ਆਪਣੇ ਭਗਤ, ਭਗਵਨ ਆਪਣਾ ਫੇਰਾ ਪਾਈਆ । ਮੁਰੀਦ ਮੁਰਸ਼ਦ ਲਏ ਲੱਭ, ਆਪ ਆਪਣਾ ਖੇਲ ਕਰਾਇੰਦਾ । ਕਬਰਾਂ ਵਿਚ ਜੋ ਦਿਤੇ ਦਬ, ਸੋ ਪੀਰ ਰੂਹ ਪਾਕ ਨਾਲ ਮਿਲਾਇੰਦਾ । ਆਬ ਹਯਾਤ ਪਿਆਇਆ ਝੱਬ, ਝਲਕ ਆਪਣੀ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲ ਆਪਣਾ ਆਪ ਸਮਝਾਇੰਦਾ । ਔਲੀਏ ਪੀਰ ਵੇਖੇ ਗੌਂਸ, ਕੁਤਬ ਆਪਣਾ ਰੰਗ ਵਖਾਈਆ । ਸਭ ਨੂੰ ਦੇਵਣ ਆਇਆ ਧੌਂਸ, ਧੌਲ ਧਰਮ ਰਿਹਾ ਹਿਲਾਈਆ । ਜਿਥੇ ਕਿਸੇ ਦੀ ਨਾ ਹੋਈ ਕਦੇ ਪਹੁੰਚ, ਦਰ ਜਾ ਨਾ ਦਰਸ਼ਨ ਪਾਈਆ । ਸੋ ਵੇਖਣਹਾਰਾ ਪੁਸ਼ਕਰ ਕਰੌਂਚ, ਸੰਬਲ ਆਪਣਾ ਡੇਰਾ ਲਾਈਆ । ਚੌਦਾਂ ਤਬਕ ਵੇਖੇ ਗਲ ਬੱਧਾ ਤੌਕ, ਤਸਬੀ ਹੱਥ ਨਾ ਕਿਸੇ ਫੜਾਈਆ । ਮਣਕਾ ਫੇਰੇ ਨਾ ਕੋਈ ਕਰ ਕੇ ਸ਼ੌਕ, ਸ਼ਿਕਵਾ ਸਭ ਦਾ ਰਿਹਾ ਮਿਟਾਈਆ । ਕਿਸੇ ਹੱਥ ਨਾ ਆਇਆ ਮਾਹੀ ਖ਼ੌਂਤ, ਬੇਵਾ ਫਿਰੇ ਸਰਬ ਲੋਕਾਈਆ । ਅੰਤਮ ਸਾਰੀ ਚਲੀ ਔਤ, ਪੁੱਤ ਪੋਤਰਾ ਗੋਦ ਨਾ ਕੋਇ ਬਹਾਈਆ । ਪੀਰ ਪੈਗ਼ੰਬਰ ਗਏ ਭੌਂਕ, ਰਸਨਾ ਜਿਹਵਾ ਢੋਲਾ ਸੁਣਾਈਆ । ਔਂਦੇ ਰਹੇ ਅੱਗੇ ਪਿਛੇ ਜੌਕ ਦਰ ਜੌਕ, ਜਗਤ ਹਰਿ ਜੂ ਆਪ ਜਣਾਈਆ । ਚੌਦਾਂ ਤਬਕ ਦੱਸ ਕੇ ਗਏ ਕਿਲਾ ਕੋਟ, ਅਗਲਾ ਭੇਵ ਨਾ ਕਿਸੇ ਜਣਾਈਆ । ਪਰਵਰਦਿਗਾਰ ਨਿਰਮਲ ਜੋਤ, ਨੂਰ ਨੁਰਾਨਾ ਡਗਮਗਾਈਆ । ਜਿਸ ਦੀ ਕਿਸੇ ਹੱਥ ਨਾ ਆਈ ਸੋਤ, ਸੋ ਆਪਣੀ ਨਾ ਕਿਸੇ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਕਰਾਏ ਨਾਲ ਸ਼ੌਕ, ਆਪਣਾ ਸ਼ੌਕ ਆਪ ਹੰਢਾਈਆ । ਆਪਣਾ ਸ਼ੌਕ ਹੰਢਾਏ ਹਰਿ ਸ਼ੌਕੀਨ, ਆਪਣੀ ਦਇਆ ਕਮਾਇੰਦਾ । ਪੀਰ ਪੈਗ਼ੰਬਰਾਂ ਕਰਨਹਾਰਾ ਤਲਕੀਨ, ਧੁਰ ਫ਼ਰਮਾਨਾ ਹੁਕਮ ਸੁਣਾਇੰਦਾ । ਬਰਦੇ ਬਣ ਕੇ ਰਹੋ ਮਸਕੀਨ, ਮਸਲਾ ਇਕੋ ਇਕ ਪੜ੍ਹਾਇੰਦਾ । ਚਰਨ ਦਵਾਰੇ ਮੰਨਣੀ ਈਨ, ਸ਼ਰਅ ਇਕੋ ਇਕ ਸਮਝਾਇੰਦਾ । ਅਲਫ਼ ਯੇ ਨਾ ਕੋਇ ਮੀਮ, ਨੁਕਤਾ ਨੂਨ ਨਾ ਕੋਇ ਪੜ੍ਹਾਇੰਦਾ । ਐਨ ਗ਼ੈਨ ਨਾ ਕੋਇ ਸੀਨ, ਰੁਸਵਾ ਰੂਪ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਸਮਝਾਇੰਦਾ । ਆਪਣਾ ਖੇਲ ਹਰਿ ਜੂ ਦੱਸੇ, ਦੱਸਣ ਆਇਆ ਸੱਚਾ ਮਾਹੀਆ । ਆਪਣੇ ਖੇੜੇ


੨੬
੧੩

ਆਪੇ ਵਸੇ, ਘਰ ਆਪਣਾ ਰਿਹਾ ਸੁਹਾਈਆ । ਆਪੇ ਰੋਵੇ ਆਪੇ ਹੱਸੇ, ਆਪੇ ਵੇਖ ਵੇਖ ਖ਼ੁਸ਼ੀ ਕਰਾਈਆ । ਆਪੇ ਨੇਰੇ ਆਪੇ ਦੂਰ ਦੁਰਾਡਾ ਨੱਸੇ, ਨਜ਼ਰ ਕਿਸੇ ਨਾ ਆਈਆ । ਆਪੇ ਹੋਏ ਅੰਧੇਰੀ ਮੱਸੇ, ਆਪੇ ਚੰਦ ਚੰਦ ਚਮਕਾਈਆ । ਆਪੇ ਗਗਨ ਪਾਤਾਲ ਕਰ ਕਰ ਇਕੱਠੇ, ਵੰਡ ਆਪਣੇ ਹੱਥ ਰਖਾਈਆ । ਆਪੇ ਗੁਰ ਅਵਤਾਰ ਪੀਰ ਪੈਗ਼ੰਬਰ ਬਣਾਏ ਛੋਟੇ ਛੋਟੇ ਪੱਠੇ, ਲੋਕਮਾਤ ਦੀਨ ਮਜ਼੍ਹਬ ਘੋਲ ਕਰਾਈਆ । ਅੰਤਮ ਸਾਰੇ ਆਪਣੇ ਆਪ ਗਏ ਢੱਠੇ, ਆਪਣੀ ਪਿੱਠ ਰਹੇ ਲਵਾਈਆ । ਦੋਏ ਜੋੜ ਵਾਸਤੇ ਸਭ ਨੇ ਘੱਤੇ, ਤੇਰੀ ਕੋਇ ਨਾ ਜਾਣੇ ਵਡਿਆਈਆ । ਜਿਉਂ ਭਾਵੇ ਤਿਉਂ ਦਰ ਆਪਣੇ ਰੱਖੇ, ਤੁਧ ਬਿਨ ਅਵਰ ਨਾ ਕੋਇ ਸਹਾਈਆ । ਸਾਡੇ ਖ਼ੀਸੇ ਹੋਏ ਸਖੇ, ਸਖ਼ਾਵਤ ਨਜ਼ਰ ਕੋਇ ਨਾ ਆਈਆ । ਉਮਤ ਉਮਤੀ ਵਿਚ ਫਸੇ, ਫ਼ੈਸਲਾ ਤੇਰਾ ਨਾ ਕੋਇ ਵਖਾਈਆ । ਤੂੰ ਦੂਰ ਬਹਿ ਬਹਿ ਹੱਸੇਂ, ਸਾਡੇ ਉਤੇ ਤਰਸ ਨਾ ਕੋਇ ਕਮਾਈਆ । ਚੌਦਾਂ ਤਬਕ ਚਰਨਾਂ ਹੇਠਾਂ ਫੜ ਫੜ ਝੱਸੇਂ, ਦਰਦੀਆ ਦਰਦ ਨਾ ਕੋਇ ਵੰਡਾਈਆ । ਬੌਹੜੀ ਬੌਹੜੀ ਤੇਰੇ ਦਵਾਰੇ ਅਸੀਂ ਢੱਠੇ, ਬਲ ਆਪਣਾ ਗਏ ਮੁਕਾਈਆ । ਕਬਰਸਤਾਨ ਉਡਦੇ ਘੱਟੇ, ਘਾਟਾ ਪੂਰ ਨਾ ਕੋਇ ਕਰਾਈਆ । ਕਿਸੇ ਤੰਦ ਨਾ ਮੌਲੀ ਗੱਟੇ, ਸਾਚਾ ਸਗਨ ਨਾ ਕੋਇ ਮਨਾਈਆ । ਚੌਦਾਂ ਲੋਕ ਪਰਵਰਦਿਗਾਰ ਆਪਣੇ ਛਾਨਣੀ ਪਾ ਪਾ ਛੱਟੇ, ਦਿਸ ਕਿਸੇ ਨਾ ਆਈਆ । ਅਸੀਂ ਬੈਠੇ ਰਹੇ ਬਣ ਕੇ ਹੱਟੇ ਕੱਟੇ, ਆਪਣਾ ਬਲ ਧਰਾਈਆ । ਭੇਵ ਨਾ ਜਾਣਿਆ ਅੰਤਮ ਪਰਗਟ ਹੋਏ ਅਬਿਨਾਸ਼ੀ ਅਚੁਤੇ, ਚੇਤਨ ਸਭ ਨੂੰ ਦਏ ਕਰਾਈਆ । ਨੌਂ ਸੌ ਚੁਰਾਨਵੇਂ ਜੁਗ ਚੌਕੜੀ ਪੁਰਖ ਅਕਾਲ ਇਕੋ ਸ਼ੇਰ ਨਾ ਕਿਸੇ ਰਜਾਇਆ ਭੁੱਖੇ, ਭੁੱਖੇ ਭੁੱਖ ਨਾ ਕੋਇ ਗਵਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਰੱਖੇ ਆਪਣੀ ਕੁੱਖੇ, ਆਪੇ ਬਣਿਆ ਪਿਤਾ ਮਾਈਆ । ਅੰਤਮ ਆ ਕੇ ਸਾਨੂੰ ਪੁੱਛੇ, ਦੋ ਜਹਾਨਾਂ ਫੇਰਾ ਪਾਈਆ । ਕਵਣ ਦਵਾਰਾ ਕਿਸ ਘਰ ਜਾਈਏ ਲੁਕੇ, ਲੁਕਿਆਂ ਰਹਿਣ ਕਿਤੇ ਨਾ ਆਈਆ । ਉਚੀ ਬਾਂਹ ਕਰ ਕਰ ਸਾਰੇ ਰੋਂਦੇ ਪਰਵਰਦਿਗਾਰ ਫੜ ਸਾਨੂੰ ਨਾ ਕੁੱਟੇ, ਨਾ ਦੇਵੇ ਅੰਤ ਸਜ਼ਾਈਆ । ਆਪਣੀ ਹੱਥੀਂ ਜੜ੍ਹ ਸਾਡੀ ਪੁਟੇ, ਲੋਕਮਾਤ ਰਹਿਣ ਨਾ ਪਾਈਆ । ਸਦੀ ਚੌਧਵੀਂ ਗਏ ਲੁੱਟੇ, ਲੁੱਟ ਇਕੋ ਵਾਰ ਵਖਾਈਆ । ਜਿਸ ਦੇ ਨਾਲੋਂ ਬੈਠੇ ਰੁਸੇ, ਸੋ ਸਭ ਦਾ ਰੋਸਾ ਰਿਹਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਪਾਰਾ, ਅਪਰੰਪਰ ਆਪ ਕਰਾਇੰਦਾ । ਵੇਖਣਹਾਰਾ ਸਰਬ ਸੰਸਾਰਾ, ਸੰਸਾਰ ਸਾਗਰ ਖੋਜ ਖੁਜਾਇੰਦਾ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਕਰੇ ਕਾਰਾ, ਕਰਨੀ ਕਰਤਾ ਆਪ ਕਮਾਇੰਦਾ । ਜੁਗ ਚੌਕੜੀ ਸਚ ਵਿਹਾਰਾ, ਬਿਵਹਾਰੀ ਆਪ ਜਣਾਇੰਦਾ । ਮੁਹੰਮਦ ਰੋਵੇ ਗਿਰਿਆਜ਼ਾਰਾ, ਨੇਤਰ ਨੈਣਾਂ ਨੀਰ ਵਹਾਇੰਦਾ । ਈਸਾ ਦੋਏ ਜੋੜ ਕਰੇ ਪੁਕਾਰਾ, ਪੁਨਹ ਪੁਨਹ ਸੀਸ ਝੁਕਾਇੰਦਾ । ਮੂਸਾ ਮੰਗੇ ਖ਼ਾਕ ਛਾਰਾ, ਮਸਤਕ ਧੂੜੀ ਟਿੱਕਾ ਲਾਇੰਦਾ । ਚੌਦਾਂ ਲੋਕ ਹੋਇਆ ਅੰਧਿਆਰਾ, ਚੌਦਾਂ ਤਬਕ ਨੂਰ ਨਾ ਕੋਇ ਰਖਾਇੰਦਾ । ਲੇਖਾ ਜਾਣੇ ਨਾ ਚੰਦ ਸਿਤਾਰਾ, ਚੰਦ ਚਾਂਦਨਾ ਨਾ ਕੋਇ ਚਮਕਾਇੰਦਾ । ਆਫ਼ਤਾਬ ਨਾ ਕੋਇ ਪਿਆਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲ ਆਪਣਾ ਆਪ ਚਲਾਇੰਦਾ । ਆਫ਼ਤਾਬ ਨਾ ਕੋਇ ਤਲੂ, ਨੂਰ ਨੂਰ ਨਾ ਕੋਇ ਰੁਸ਼ਨਾਈਆ । ਕੋਈ ਨਾ ਜਾਣੇ ਲੇਖਾ ਨਦੀ ਨੂਹ, ਨੂਹ ਨਦੀ ਹੱਥ ਕਿਸੇ ਨਾ ਆਈਆ । ਪੀਰ ਪੈਗ਼ੰਬਰ ਕੱਢਦੇ ਗਏ ਸੂਹ, ਭੇਵ ਅਭੇਦ ਨਾ ਕੋਇ ਖੁਲ੍ਹਾਈਆ । ਜਿਸ ਦੀ ਵੜ ਕੇ ਮੁਹੰਮਦ ਨਾ ਵੇਖੀ ਜੂਹ, ਸੋ ਪਰਗਟ ਹੋਇਆ ਸੱਚਾ ਮਾਹੀਆ । ਜਿਸ ਪਿਛੇ ਯੂਸਫ਼ ਸੁਟਾਇਆ ਖੂਹ, ਸੋ ਖ਼ਵਾਬ ਰਿਹਾ ਜਣਾਈਆ ।

ਚੌਦਾਂ ਤਬਕਾਂ ਆਏ ਬਦਬੂ, ਦੋਜ਼ਖ਼ ਬਹਿਸ਼ਤ ਨਾ ਕੋਇ ਵਡਿਆਈਆ । ਅੰਤਮ ਨਾਤਾ ਤੋੜੇ ਬੁੱਤ ਰੂਹ, ਅਰੂਜ ਆਪਣਾ ਆਪ ਜਣਾਈਆ । ਜਿਸ ਨੂੰ ਕਹਿੰਦੇ ਅੱਲਾ ਹੂ, ਸੋ ਹੱਕ ਹੱਕ ਰਿਹਾ ਵਖਾਈਆ । ਅੱਗੇ ਪੀਰ ਪੈਗ਼ੰਬਰ ਕੋਈ ਨਾ ਕਰੇ ਮੂੰਹ, ਮੋਹ ਮੁਹੱਬਤ ਰਹੇ ਤੁੜਾਈਆ । ਜਿਸ ਦੇ ਚਰਨਾਂ ਨਾਲ ਨਾ ਸਕੇ ਛੂਹ, ਸੋ ਛਹਿਬਰ ਰਿਹਾ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਕਰਾਈਆ । ਸਾਚਾ ਖੇਲ ਦੇਵੇ ਤਾਲਬ, ਤੁਲਬਾ ਇਕੋ ਇਕ ਪੜ੍ਹਾਇੰਦਾ । ਆਪੇ ਹੋਏ ਸਭ ਤੇ ਗ਼ਾਲਬ, ਗ਼ਲਬਾ ਆਪਣਾ ਆਪੇ ਪਾਇੰਦਾ । ਸਾਲ ਉਂਨੀ ਰਿਹਾ ਹੋਇਆ ਨਾਬਾਲਗ਼, ਬਾਲੀ ਬੁੱਧ ਨਾ ਕੋਇ ਜਣਾਇੰਦਾ । ਆਪਣਾ ਲਾਹ ਕੇ ਆਇਆ ਆਲਸ, ਨਿੰਦਰਾ ਰੂਪ ਨਾ ਕੋਇ ਵਟਾਇੰਦਾ । ਪਰਵਰਦਿਗਾਰ ਬਣਿਆ ਸਾਲਸ, ਸਾਚੀ ਸਾਲਸੀ ਆਪ ਕਮਾਇੰਦਾ । ਆਪੇ ਕਰੇ ਸਚ ਅਦਾਲਤ, ਅਦਲ ਆਪਣੇ ਹੱਥ ਰਖਾਇੰਦਾ । ਲੇਖਾ ਜਾਣੇ ਮਕਤੂਲ ਕਾਤਲ, ਕਤਲਗਾਹ ਪਰਦਾ ਲਾਹਿੰਦਾ । ਜਿਸ ਦਾ ਜਲਵਾ ਤੱਕਿਆ ਬਾਤਲ, ਸੋ ਬਾਤਨ ਭੇਵ ਖੁਲ੍ਹਾਇੰਦਾ । ਮੇਟਣਹਾਰ ਅੰਧੇਰੀ ਰਾਤਨ, ਨੂਰੋ ਨੂਰ ਨੂਰ ਚੜ੍ਹਾਇੰਦਾ । ਸਚ ਸਿੰਘਾਸਣ ਲਾਏ ਆਸਣ, ਸੋਭਾਵੰਤ ਸੋਭਾ ਪਾਇੰਦਾ । ਖੇਲੇ ਖੇਲ ਪ੍ਰਿਥਮੀ ਆਕਾਸ਼ਨ, ਗਗਨ ਗਗਨੰਤਰ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਇੰਦਾ । ਭੇਵ ਜਣਾਏ ਸ਼ਾਹ ਨਵਾਬ, ਰਹਿਮਾਨ ਦਇਆ ਕਮਾਈਆ । ਨਾ ਕੋਈ ਹਿੱਸਾ ਨਾ ਕੋਈ ਬਾਬ, ਵੰਡਣ ਵੰਡ ਨਾ ਕੋਇ ਵੰਡਾਈਆ । ਪਰਵਰਦਿਗਾਰ ਇਕ ਆਦਾਬ, ਆਦਰਸ਼ ਇਕ ਸਮਝਾਈਆ । ਸਾਚਾ ਹੁਜਰਾ ਸਚ ਮਹਿਰਾਬ, ਆਫ਼ਤਾਬ ਸਚ ਚੜ੍ਹਾਈਆ । ਪੀਰ ਪੈਗ਼ੰਬਰ ਸਾਰੇ ਕਰ ਲਾ ਜਵਾਬ, ਜੁਮਲਾ ਆਪਣਾ ਦਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਦੱਸੇ ਹਾਲ, ਅਹਿਵਾਲ ਆਪ ਜਣਾਈਆ । ਜਲਵਾ ਜਲਵਾ ਜਲਵਾ ਇਕ ਜਲਾਲ, ਜ਼ਾਹਰ ਜ਼ਹੂਰ ਦਏ ਦਰਸਾਈਆ । ਲੇਖਾ ਜਾਣੇ ਸ਼ਾਹ ਕੰਗਾਲ, ਸ਼ਾਹ ਕੰਗਾਲਾਂ ਵੇਖ ਵਖਾਈਆ । ਨਿਰਗੁਣ ਸਰਗੁਣ ਕਰੇ ਪ੍ਰਿਤਪਾਲ, ਪ੍ਰਿਤਪਾਲਕ ਵੇਸ ਵਟਾਈਆ । ਚਲੇ ਚਲਾਏ ਅਵੱਲੜੀ ਚਾਲ, ਜੁਗ ਚੌਕੜੀ ਭੇਵ ਚੁਕਾਈਆ । ਸਤਿਜੁਗ ਤ੍ਰੇਤਾ ਦਵਾਪਰ ਨਿਭਿਆ ਨਾਲ, ਰੂਪ ਅਨੂਪ ਆਪ ਰਖਾਈਆ । ਕਲਜੁਗ ਅੰਤਮ ਖੇਲ ਕਰੇ ਨਿਰਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਸਮਝਾਈਆ । ਖੇਲ ਕਰੇ ਹਰਿ ਨਿਰੰਕਾਰੀ, ਨਿਰਗੁਣ ਦਇਆ ਕਮਾਇੰਦਾ । ਨੀਲ ਬਸਤਰ ਪਹਿਨੇ ਬਨਵਾਰੀ, ਰੂਪ ਅਨੂਪ ਧਰਾਇੰਦਾ । ਜਿਸ ਗੋਬਿੰਦ ਨਾਲ ਲਾਈ ਯਾਰੀ, ਨਾਨਕ ਆਪਣੇ ਅੰਗ ਵਖਾਇੰਦਾ । ਜਿਸ ਵਸਾਈ ਸਚਖੰਡ ਅਟਾਰੀ, ਮਹੱਲ ਅਟੱਲ ਇਕ ਰੁਸ਼ਨਾਇੰਦਾ । ਜਿਸ ਦਾ ਨਾਮ ਸਤਿ ਜੈਕਾਰੀ, ਜੈ ਜੈਕਾਰ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਇੰਦਾ । ਨੀਲੇ ਬਸਤਰ ਹਰਿਜੂ ਪਹਿਨ, ਗੋਬਿੰਦ ਰੰਗ ਵਖਾਈਆ । ਗੋਬਿੰਦ ਵੇਖੇ ਆਪਣੇ ਨੈਣ, ਨੈਣ ਨੈਣਾਂ ਵਿਚ ਟਿਕਾਈਆ । ਪਿਤਾ ਪੂਤ ਮੰਨਿਆ ਕਹਿਣ, ਮੰਨ ਕਹਿਣਾ ਖ਼ੁਸ਼ੀ ਵਖਾਈਆ । ਅੰਤਮ ਆਇਆ ਦੇਣਾ ਦੇਣ, ਦੇਵਣਹਾਰ ਭੁੱਲ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੀਲ ਬਸਤਰ ਤਨ ਛੁਹਾਈਆ । ਨੀਲ ਬਸਤਰ ਸੋਹੇ ਤਨ, ਤਨ ਖ਼ਾਕੀ ਆਪ ਵਡਿਆਇੰਦਾ । ਸੇਵਾ ਲੱਗੇ ਤਾਰਾ ਚੰਨ, ਚੌਦਾਂ ਲੋਕ ਮੁਖ ਸ਼ਰਮਾਇੰਦਾ । ਸੰਗ ਮੁਹੰਮਦ ਸਾਰੇ ਲਿਆਂਦੇ ਬੰਨ੍ਹ, ਗੁਰਮੁਖਾਂ ਅੱਖਾਂ ਨਾਲ ਵਖਾਇੰਦਾ । ਸੱਤਾਂ ਤਬਕਾਂ ਦੇਵੇ ਡੰਨ, ਸੱਤ ਸੱਤ ਚੌਦਾਂ ਬਣਤ

੨੮
੧੩

ਬਣਾਇੰਦਾ । ਪੰਜਾਂ ਰਾਗ ਸੁਣਾਏ ਕੰਨ, ਪੰਜ ਆਪਣੀ ਗੋਦ ਉਠਾਇੰਦਾ । ਵੇਖੇ ਹਰਿ ਜੂ ਦੇਵੇ ਡੰਨ, ਨਾਮ ਖੰਡਾ ਇਕ ਚਮਕਾਇੰਦਾ । ਸ੍ਰਿਸ਼ਟ ਸਬਾਈ ਨੇਤਰ ਕਰੇ ਅੰਨ੍ਹ, ਆਪਣਾ ਨੇਤਰ ਨਾ ਕਿਸੇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵੇਸ ਆਪ ਵਟਾਇੰਦਾ । ਕਾਲਾ ਬਸਤਰ ਨੀਲਾ ਰੰਗ, ਰੰਗ ਰੰਗੀਲਾ ਆਪ ਰੰਗਾਈਆ । ਪੁਰਖ ਅਬਿਨਾਸ਼ੀ ਸੂਰਾ ਸਰਬੰਗ, ਸੂਰਬੀਰ ਦਇਆ ਕਮਾਈਆ । ਗੋਬਿੰਦ ਸੀਸ ਸਚ ਪਲੰਘ, ਪ੍ਰਭ ਚੜ੍ਹਿਆ ਸੱਚਾ ਮਾਹੀਆ । ਇਕ ਵਜਾਏ ਨਾਮ ਮਰਦੰਗ, ਚੌਦਾਂ ਤਬਕ ਰਿਹਾ ਹਿਲਾਈਆ । ਕਰਨਹਾਰਾ ਖੰਡ ਖੰਡ, ਖੰਡਾ ਖੜਗ ਰਿਹਾ ਖੜਕਾਈਆ । ਪੀਰ ਪੈਗ਼ੰਬਰ ਹੋਏ ਰੰਡ, ਅੱਲਾ ਰਾਣੀ ਦਏ ਦੁਹਾਈਆ । ਸਾਡਾ ਨੂਰ ਖਿਚਿਆ ਤਾਰਾ ਚੰਦ, ਆਪਣੇ ਸੀਨੇ ਨਾਲ ਲਗਾਈਆ । ਸਾਡਾ ਟੁੱਟਾ ਬੰਦ ਬੰਦ, ਹੱਡੀ ਹੱਡੀ ਰਹੀ ਕੁਰਲਾਈਆ । ਪੀਰ ਪੈਗ਼ੰਬਰਾਂ ਰਿਹਾ ਨਾ ਕੋਈ ਘਮੰਡ, ਬਣ ਨਿਮਾਣੇ ਨੇਤਰ ਨੈਣਾਂ ਨੀਰ ਵਹਾਈਆ । ਦਰੋਹੀ ਖ਼ੁਦਾਏ ਦੀ ਨਬੀ ਰਸੂਲ ਦੀ ਸਾਡੀ ਝੋਲੀ ਪਾ ਦੇ ਵੰਡ, ਖ਼ਾਲੀ ਝੋਲੀ ਰਹੇ ਵਖਾਈਆ । ਤੇਰਾ ਖੇਲ ਵਿਚ ਬ੍ਰਹਿਮੰਡ, ਤੇਰਾ ਭੇਵ ਕੋਇ ਨਾ ਆਈਆ । ਤੇਰਾ ਕਲਮਾ ਕੋਇ ਨਾ ਜਾਣੇ ਛੰਦ, ਨਾ ਕੋਈ ਲਿਖੇ ਕਲਮ ਛਾਹੀਆ । ਕਿਸ ਮੈਖ਼ਾਨੇ ਕੀਤੇ ਬੰਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਇਕ ਰਖਾਈਆ । ਸਾਚਾ ਖੇਲ ਬਸਤਰ ਨੀਲਾ, ਨੀਲ ਬਸਤਰ ਆਪ ਰੰਗਾਇੰਦਾ । ਪਰਗਟ ਹੋਇਆ ਛੈਲ ਛਬੀਲਾ, ਸ਼ਹਿਨਸ਼ਾਹ ਆਪਣਾ ਵੇਸ ਵਟਾਇੰਦਾ । ਗੁਰ ਅਵਤਾਰ ਵੇਖਣ ਆਇਆ ਕਬੀਲਾ, ਪੀਰ ਪੈਗ਼ੰਬਰ ਨਾਲ ਮਿਲਾਇੰਦਾ । ਦੋ ਜਹਾਨ ਕਰਿਆ ਆਪਣਾ ਹੀਲਾ, ਦੂਜਾ ਸੰਗ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਨੀਲ ਬਸਤਰ ਪਹਿਰ ਨੌਜਵਾਨ, ਨੱਯਾ ਜਗਤ ਰਿਹਾ ਚਲਾਈਆ । ਜਿਸ ਦੀ ਪੂਜਾ ਕਰੇ ਰਾਮ, ਸੋ ਰਮੱਯਾ ਫੇਰਾ ਪਾਈਆ । ਜਿਸ ਦਾ ਧਿਆਨ ਧਰੇ ਕ੍ਰਿਸ਼ਨਾ ਕਾਹਨ, ਸੋ ਕਾਹਨ ਸਿਰ ਆਪਣੇ ਮੁਕਟ ਵਖਾਈਆ । ਜਿਸ ਨੂੰ ਈਸਾ ਕਰੇ ਸਲਾਮ, ਸੋ ਸਹੀ ਸਲਾਮਤ ਨਜ਼ਰੀ ਆਈਆ । ਜਿਸ ਨੂੰ ਮੁਹੰਮਦ ਕਰੇ ਆਦਾਬ, ਬੇਤਾਬ ਫੇਰਾ ਪਾਈਆ । ਜਿਸ ਤੋਂ ਮੰਗਣ ਹੱਕ ਜਨਾਬ, ਸੋ ਹੱਕ ਹਕੀਕਤ ਰਿਹਾ ਵਖਾਈਆ । ਜਿਸ ਦਾ ਢੋਲਾ ਨਾਨਕ ਗਾਇਆ ਸਤਿਨਾਮ, ਸੋ ਸਤਿ ਸਤਿ ਰਿਹਾ ਸਮਾਈਆ । ਜਿਸ ਨੂੰ ਗੋਬਿੰਦ ਕਿਹਾ ਪੁਰਖ ਅਕਾਲ, ਸੋ ਇਕ ਇਕੱਲਾ ਵੇਸ ਵਟਾਈਆ । ਆਪਣਾ ਬਣਿਆ ਆਪ ਦਲਾਲ, ਦਿਲਬਰ ਆਪਣੀ ਦਇਆ ਕਮਾਈਆ । ਨਿਰਗੁਣ ਸੰਗ ਨਿਰਗੁਣ ਭਾਲ, ਨਿਰਗੁਣ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਦਏ ਜਣਾਈਆ । ਪੂਰਬ ਲੇਖਾ ਨੀਲ ਬਸਤਰ, ਗੋਬਿੰਦ ਦਏ ਵਡਿਆਈਆ । ਦੋ ਜਹਾਨਾਂ ਇਕੋ ਸ਼ਸਤਰ, ਲਾਸ਼ਰੀਕ ਆਪ ਚਮਕਾਈਆ । ਤਿਖੀ ਧਾਰ ਨਾਮ ਅਸਤਰ, ਆਤਸ਼ ਰੂਪ ਦਏ ਵਖਾਈਆ । ਜੁਗ ਚੌਕੜੀ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਕਰੌਂਦਾ ਰਿਹਾ ਕਸਰਤ, ਅੰਤਮ ਘੋਲ ਵੇਖੇ ਚਾਈਂ ਚਾਈਂਆ । ਆਪਣੀ ਮਿਟਾਵਣ ਆਇਆ ਆਪ ਹਸਰਤ, ਦੂਜਾ ਸੰਗ ਨਾ ਕੋਇ ਰਲਾਈਆ । ਚੌਦਾਂ ਲੋਕ ਕਰਦੇ ਰਹੇ ਐਸ਼ ਇਸ਼ਰਤ, ਆਸ਼ਕ ਮਾਸ਼ੂਕ ਭੇਵ ਨਾ ਰਾਈਆ । ਸੂਫ਼ੀ ਮਿਟਾ ਕੇ ਗਏ ਆਪਣੀ ਫ਼ਿਤਰਤ, ਫ਼ਤਵਾ ਜਗਤ ਸੀਸ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਬਸਤਰ ਇਕ ਰੰਗਾਈਆ । ਸਾਚਾ ਬਸਤਰ ਨੀਲਾ ਰੰਗ, ਹਰਿ ਰੰਗਣਹਾਰ ਕਰਤਾਰਾ । ਗੋਬਿੰਦ ਲਾਇਆ ਆਪਣੇ ਅੰਗ, ਅੰਗੀਕਾਰ ਕਰੇ ਨਿਰੰਕਾਰਾ । ਜਿਸ ਵਸਾਇਆ ਪੁਰੀ ਅਨੰਦ,

੨੯
੧੩

ਸੋ ਵਸੇ ਸੰਬਲ ਧਾਮ ਨਿਆਰਾ । ਜਿਸ ਨੂੰ ਕਹਿੰਦੇ ਗੁਜਰੀ ਚੰਦ, ਸੋ ਸ਼ਬਦੀ ਖੇਲ ਅਪਾਰਾ । ਜਿਸ ਨੇ ਪਾਈ ਪੰਜਾਂ ਵੰਡ, ਸੋ ਪੰਜਾਂ ਕਰੇ ਪਿਆਰਾ । ਜਿਸ ਨੇ ਮੇਟਿਆ ਸੂਰਜ ਚੰਦ, ਗੁਰਮੁਖ ਚਮਕਾਏ ਸਚ ਸਿਤਾਰਾ । ਗੁਰਮੁਖਾਂ ਅੰਦਰ ਰੱਖੇ ਆਪਣਾ ਪਰਮਾਨੰਦ, ਏਕਾ ਬਣੇ ਦਰ ਭਿਖਾਰਾ । ਕਰੇ ਖੇਲ ਸੂਰਾ ਸਰਬੰਗ, ਨੌਂ ਖੰਡ ਪ੍ਰਿਥਮੀ ਇਕ ਵਣਜਾਰਾ । ਚਾਰ ਵਰਨ ਸੁਣਾਏ ਛੰਦ, ਹਿੰਦੂ ਮੁਸਲਮ ਸਿਖ ਈਸਾਈ ਦਏ ਸਹਾਰਾ । ਪੀਰ ਪੈਗ਼ੰਬਰ ਵਿਚ ਪਾਏ ਨਾ ਕੋਈ ਵੰਡ, ਸਾਰੇ ਕੀਤੇ ਪਾਰ ਕਿਨਾਰਾ । ਆਪਣੀ ਵੰਡਣ ਰਿਹਾ ਵੰਡ, ਪਰਗਟ ਹੋ ਵਿਚ ਸੰਸਾਰਾ । ਦੂਈ ਦਵੈਤੀ ਢਾਹੇ ਕੰਧ, ਇਕੋ ਇਕ ਵਖਾਏ ਸਚ ਮਨਾਰਾ । ਕੱਟਣਹਾਰਾ ਧਰਮ ਰਾਏ ਦਾ ਫੰਦੀ ਫੰਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੀਲੇ ਬਸਤਰ ਤਨ ਸ਼ਿੰਗਾਰਾ । ਨੀਲੇ ਬਸਤਰ ਪਗੜੀ ਸੋਹੇ ਸੀਸ, ਹਰਿ ਸੀਸ ਸੀਸ ਵਡਿਆਈਆ । ਇਕ ਇਕੱਲਾ ਆਇਆ ਹਰਿ ਜਗਦੀਸ਼, ਜਗਤ ਉਲਟੀ ਰੀਤ ਵਖਾਈਆ । ਲੇਖਾ ਚੁਕਾਏ ਮੰਦਰ ਮਸੀਤ, ਮੁਸੱਲਾ ਹੇਠ ਨਾ ਕੋਇ ਵਿਛਾਈਆ । ਨਬੀ ਰਸੂਲਾਂ ਵੇਖੇ ਨੀਤ, ਨੀਤੀਵਾਨ ਫੇਰਾ ਪਾਈਆ । ਭੇਵ ਖੋਲ੍ਹੇ ਆਪ ਅਨਡੀਠ, ਅਨਡਿਠੜੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਸਤਰ ਏਕਾ ਤਨ ਛੁਹਾਈਆ । ਬਸਤਰ ਤਨ ਗਿਆ ਲਾਗ, ਹਰਿ ਨੀਲਮ ਆਪ ਰੰਗਾਇੰਦਾ । ਸਚਖੰਡ ਦਾ ਸਚ ਚਿਰਾਗ, ਲੋਕਮਾਤ ਜਗਾਇੰਦਾ । ਜੁਗ ਜੁਗ ਦਾ ਭਗਤ ਵੈਰਾਗ, ਹਰਿ ਭਗਵਨ ਆਪ ਮਿਟਾਇੰਦਾ । ਕਰਮ ਕਰਮ ਦਾ ਧੋਵੇ ਦਾਗ਼, ਨਿਰਮਲ ਨੀਰ ਵਖਾਇੰਦਾ । ਦੋ ਜਹਾਨਾਂ ਰਚ ਰਚ ਕਾਜ, ਸਾਚਾ ਸਗਨ ਮਨਾਇੰਦਾ । ਖੇਲੇ ਖੇਲ ਗ਼ਰੀਬ ਨਿਵਾਜ, ਗ਼ਰੀਬ ਨਿਮਾਣਿਆਂ ਗਲੇ ਲਗਾਇੰਦਾ । ਗੁਰ ਗੋਬਿੰਦ ਦੇ ਕੇ ਗਿਆ ਆਵਾਜ਼, ਉਚੀ ਕੂਕ ਕੂਕ ਸੁਣਾਇੰਦਾ । ਜਿਸ ਮੇਰਾ ਸਾਜਣ ਲਿਆ ਸਾਜ, ਮੈਂ ਉਸ ਦਾ ਰਾਹ ਜਣਾਇੰਦਾ । ਕਲਜੁਗ ਅੰਤਮ ਆਵੇ ਭਾਜ, ਨਿਹਕਲੰਕ ਨਾਉਂ ਰਖਾਇੰਦਾ । ਨਿਉਂ ਨਿਉਂ ਕਰੇ ਨਾ ਕਿਸੇ ਨਿਮਾਜ਼, ਨਿਮਾਜ਼ੀ ਰੂਪ ਨਾ ਕੋਇ ਵਟਾਇੰਦਾ । ਚਾਰ ਜੁਗ ਦਾ ਖੋਲ੍ਹਣ ਆਏ ਪਾਜ, ਗ਼ਾਜ਼ੀ ਪਾਜ਼ੀ ਵੇਖ ਵਖਾਇੰਦਾ । ਨਵੀਂ ਸਾਜਣਾ ਲਏ ਸਾਜ, ਸਾਜਣਹਾਰ ਦਇਆ ਕਮਾਇੰਦਾ । ਲੇਖਾ ਚੁਕਾਏ ਹਾਜੀ ਹਾਜ, ਮੱਕਾ ਕਾਅਬਾ ਫੋਲ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਬਸਤਰ ਇਕ ਸੁਹਾਇੰਦਾ । ਸਾਚਾ ਬਸਤਰ ਤਨ ਚੋਲਾ, ਚੋਲੀ ਹਰਿ ਜੂ ਆਪ ਬਦਲਾਈਆ । ਆਪਣਾ ਭੇਵ ਆਪੇ ਖੋਲ੍ਹਾ, ਖੋਲ੍ਹ ਖ਼ਾਲਕ ਖ਼ਲਕ ਰਿਹਾ ਸਮਝਾਈਆ । ਪੀਰ ਪੈਗ਼ੰਬਰਾਂ ਕੋਲੋਂ ਰੱਖਦਾ ਰਿਹਾ ਉਹਲਾ, ਲੁਕ ਲੁਕ ਮੁਖ ਛੁਪਾਈਆ । ਕਲਜੁਗ ਅੰਤਮ ਬਣ ਕਹਾਰ, ਚੁੱਕਣ ਆਇਆ ਡੋਲਾ, ਸੇਵਕ ਬਣਿਆ ਸੱਚਾ ਮਾਹੀਆ । ਮੁਰੀਦ ਸਾਰੇ ਪਾਓ ਰੌਲਾ, ਮੁਰਸ਼ਦ ਆਇਆ ਬੇਪਰਵਾਹੀਆ । ਜਿਸ ਗੋਬਿੰਦ ਨਾਲ ਕੀਤਾ ਕੌਲਾ, ਸੋ ਕੌਲ ਰਿਹਾ ਨਿਭਾਈਆ । ਕਰੇ ਖੇਲ ਉਪਰ ਧੌਲਾ, ਧਰਨੀ ਧਰਤ ਧਵਲ ਵਡਿਆਈਆ । ਜਨ ਭਗਤਾਂ ਭਾਰ ਕਰੇ ਹੌਲਾ, ਗੁਰ ਪੀਰਾਂ ਸਿਰ ਪੰਡ ਚੁਕਾਈਆ । ਵੇਖੋ ਖੇਲ ਕਰਦਾ ਕੀ ਮੌਲਾ, ਮੌਲੀ ਤੰਦੀ ਤੰਦ ਬੰਧਾਈਆ । ਆਪੇ ਬਣ ਕੇ ਆਇਆ ਵਿਚੋਲਾ, ਵਿਚਲੀ ਗੱਲ ਰਿਹਾ ਸਮਝਾਈਆ । ਜਿਸ ਦਾ ਪਰਦਾ ਕਿਸੇ ਨਾ ਫੋਲਾ, ਸੋ ਆਪਣੀ ਖਲੜੀ ਰਿਹਾ ਲੁਹਾਈਆ । ਜਿਸ ਦਾ ਤੋਲ ਕਿਸੇ ਨਾ ਤੋਲਾ, ਸੋ ਕੰਡਾ ਗੁਰਮੁਖਾਂ ਹੱਥ ਫੜਾਈਆ । ਜਿਸ ਦਾ ਗੌਂਦੇ ਰਹੇ ਢੋਲਾ, ਸੋ ਢੋਲਾ ਗਾ ਗਾ ਖ਼ੁਸ਼ੀ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਸਤਰ ਰੰਗ ਇਕ ਰੰਗਾਈਆ । ਬਸਤਰ ਨੀਲ ਰੰਗ ਮਲੰਗ, ਮਲਾਹ ਨਜ਼ਰ ਕਿਸੇ ਨਾ ਆਇੰਦਾ । ਜਿਸ ਦੇ

ਪਿਛੇ ਐਲੀ ਕਸੇ ਤੰਗ, ਦੁਲਦੁਲ ਫੜ ਫੜ ਸੇਵ ਕਮਾਇੰਦਾ । ਜਿਸ ਦੀ ਗੋਬਿੰਦ ਖਿਚੇ ਕਮੰਦ, ਭੱਥਾ ਤੀਰ ਨਾਲ ਮਿਲਾਇੰਦਾ । ਜਿਸ ਨੂੰ ਪੀਰ ਪੈਗ਼ੰਬਰ ਗੌਂਦੇ ਬੱਤੀ ਦੰਦ, ਦੰਦਾਂ ਵਿਚ ਕਦੇ ਨਾ ਆਇੰਦਾ । ਜਿਸ ਨੇ ਕਲਮਾ ਸੁਣਾਇਆ ਰਸੂਲਾਂ ਛੰਦ, ਸੋ ਸੰਸਾ ਸਰਬ ਚੁਕਾਇੰਦਾ । ਜੋ ਵਸਿਆ ਜੇਰਜ ਅੰਡ, ਨੂਰ ਜ਼ਹੂਰ ਆਪ ਧਰਾਇੰਦਾ । ਜਿਨ ਬਣਾਇਆ ਤਾਰਾ ਚੰਦ, ਸੋ ਤਾਰਾ ਚੰਦ ਆਪਣੇ ਹੱਥ ਰਖਾਇੰਦਾ । ਵੇਖੇ ਪੀਰ ਪੈਗ਼ੰਬਰ ਪੌਂਦੇ ਡੰਡ, ਨੇਤਰ ਨੈਣ ਨੀਰ ਵਹਾਇੰਦਾ । ਸਾਡੀ ਉਮਤ ਹੋਈ ਰੰਡ, ਸਿਰ ਹੱਥ ਨਾ ਕੋਇ ਟਿਕਾਇੰਦਾ । ਸਦੀ ਚੌਧਵੀਂ ਭਾਗਾਂ ਮੰਦ, ਸਾਚਾ ਭਾਗ ਨਾ ਕੋਇ ਲਗਾਇੰਦਾ । ਦੀਨ ਦਿਆਲ ਨਾ ਹੋਇਆ ਬਖ਼ਸ਼ੰਦ, ਆਪਣੀ ਬਖ਼ਸ਼ਿਸ਼ ਆਪ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਵਖਾਇੰਦਾ । ਨੀਲਾ ਬਸਤਰ ਜਗਤ ਪਾਜਾਮਾ, ਪਾਜ ਸਭ ਦਾ ਦਏ ਖੁਲ੍ਹਾਈਆ । ਪੰਜ ਤੱਤ ਨਾ ਪੂਜਾ ਰਾਮਾ, ਰਾਮ ਨਿਰਗੁਣ ਗਿਆ ਆਈਆ । ਲੇਖਾ ਚੁੱਕੇ ਰਾਧਾ ਕ੍ਰਿਸ਼ਨਾ ਕਾਹਨਾ, ਸ਼ਬਦ ਕਾਹਨ ਫੇਰਾ ਪਾਈਆ । ਪਰਗਟ ਹੋਇਆ ਵਡ ਅਮਾਮਾ, ਈਮਾਨ ਆਪਣਾ ਦਏ ਵਖਾਈਆ । ਬਿਨ ਲਿਖਣ ਪੜ੍ਹਨ ਤੋਂ ਜਾਣੇ ਕਲਾਮਾ, ਲੇਖਾ ਲਿਖਤ ਨਾ ਕੋਇ ਸਮਝਾਈਆ । ਬਣ ਬਰਦਾ ਦੇਵਣ ਆਇਆ ਪੈਗ਼ਾਮਾ, ਜਬਰਾਈਲ ਅਸਰਾਈਲ ਅਸਰਾਫੀਲ ਮੇਕਾਈਲ ਮਾਣ ਮਿਟਾਈਆ । ਬਾਹਰੋਂ ਵੇਖਣ ਪੰਜ ਤੱਤ ਕਾਇਆ ਪਹਿਰਿਆ ਜਾਮਾ, ਬਸਤਰ ਨੀਲੇ ਰੰਗ ਰੰਗਾਈਆ । ਅੰਦਰ ਵੇਖਣ ਇਕ ਭਗਵਾਨਾ, ਜੋਤੀ ਨੂਰ ਨੂਰ ਰੁਸ਼ਨਾਈਆ । ਬੰਨ੍ਹਣ ਆਇਆ ਸੱਚਾ ਗਾਨਾ, ਮੌਲੀ ਤੰਦ ਇਕ ਵਖਾਈਆ । ਲੇਖਾ ਚੁੱਕੇ ਦੋ ਜਹਾਨਾਂ, ਬੰਧਨ ਇਕੋ ਇਕ ਬੰਧਾਈਆ । ਕਰੇ ਖੇਲ ਵਡ ਮਿਹਰਵਾਨਾ, ਮਿਹਰ ਆਪਣੀ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਨੀਲਾ ਰੰਗ ਚਰਨ ਜੋੜਾ, ਹਰਿ ਜੋੜੀ ਜੋੜ ਜੁੜਾਇੰਦਾ । ਪੁਰਖ ਅਬਿਨਾਸ਼ੀ ਇਕੋ ਘੋੜਾ, ਸ਼ਬਦੀ ਸ਼ਬਦ ਵੰਡਾਇੰਦਾ । ਸੱਸੇ ਉਪਰ ਲੱਗਾ ਹੋੜਾ, ਹੋਕਾ ਦੇ ਜਣਾਇੰਦਾ । ਹੰ ਬ੍ਰਹਮ ਪ੍ਰਭ ਆਪੇ ਬੌਹੜਾ, ਬੌਹੜੀ ਬੌਹੜੀ ਸਰਬ ਕੁਰਲਾਇੰਦਾ । ਅੰਤਮ ਵਕਤ ਰਹਿ ਗਿਆ ਥੋੜਾ, ਥੋੜਾ ਥੋੜਾ ਪੰਧ ਮੁਕਾਇੰਦਾ । ਚੌਦਾਂ ਤਬਕ ਨਾ ਲੰਮਾਂ ਚੌੜਾ, ਇਕ ਅੰਗੁਸ਼ਤ ਹੇਠ ਦਬਾਇੰਦਾ । ਲੱਖ ਚੁਰਾਸੀ ਵੇਖੇ ਮਿੱਠਾ ਕੌੜਾ, ਕੌੜਾ ਸਭ ਨਜ਼ਰੀ ਆਇੰਦਾ । ਪੰਡਤ ਪਾਂਧਿਓ ਵੇਖੋ ਆਇਆ ਬ੍ਰਹਿਮਣ ਗੌੜਾ, ਜਿਸ ਨੇ ਗੋਬਿੰਦ ਅੰਦਰ ਲਾਇਆ ਪੌੜਾ, ਡੰਡਾ ਨਜ਼ਰ ਕਿਸੇ ਨਾ ਆਇੰਦਾ । ਅੱਗੇ ਮਾਰਗ ਦੱਸੇ ਸੌੜਾ, ਬਿਨ ਹਰਿ ਜੂ ਪਾਰ ਨਾ ਕੋਇ ਕਰਾਇੰਦਾ । ਗੋਬਿੰਦ ਅਟਕਾਇਆ ਇਕੋ ਰੋੜਾ, ਗੁਰ ਅਵਤਾਰ ਪੀਰ ਪੈਗ਼ੰਬਰ ਨਾ ਕੋਇ ਹਟਾਇੰਦਾ । ਜਿਸ ਦੀ ਗੋਬਿੰਦ ਕਹਿ ਕੇ ਗਿਆ ਪਏ ਲੋੜਾ, ਸੋ ਲੋੜੀਂਦੜਾ ਸਾਜਣ ਘਰ ਘਰ ਫੇਰਾ ਪਾਇੰਦਾ । ਉਠੋ ਵੇਖੋ ਖੁਲ੍ਹਾ ਵੇਹੜਾ, ਚਾਰ ਦੀਵਾਰ ਨਾ ਕੋਇ ਵਖਾਇੰਦਾ । ਸੂਰਜ ਚੰਦ ਸਤਾਰ ਛੇੜਨ ਛੇੜਾ, ਛੀਕਰ ਹੂੰਗਰ ਏਕਾ ਲਾਇੰਦਾ । ਹਰਿ ਕਾ ਭੇਵ ਜਾਣੇ ਕੇਹੜਾ, ਕਹਿ ਕਹਿ ਹਾਲ ਨਾ ਕੋਇ ਸੁਣਾਇੰਦਾ । ਜਿਉਂ ਭਾਵੇ ਤਿਉਂ ਬੰਨ੍ਹੇ ਬੇੜਾ, ਬੰਨ ਬੇੜਾ ਆਪਣੇ ਕੰਧ ਉਠਾਇੰਦਾ । ਜਨ ਭਗਤਾਂ ਰਾਹ ਦੱਸਿਆ ਤੂੰ ਮੇਰਾ ਮੈਂ ਤੇਰਾ, ਤੇਰਾ ਮੇਰਾ ਭੇਵ ਕੋਇ ਨਾ ਆਇੰਦਾ । ਕਲਜੁਗ ਅੰਤਮ ਪੀਰ ਪੈਗ਼ੰਬਰ ਕੋਈ ਨਾ ਰੱਖੇ ਵੱਡਾ ਜੇਰਾ, ਜ਼ੇਰ ਜ਼ਬਰ ਸਰਬ ਮਿਟਾਇੰਦਾ । ਬਿਨ ਪੁਛਿਉਂ ਪਾਇਆ ਫੇਰਾ, ਬਿਨ ਸੱਦਿਆਂ ਸੱਦਾ ਆਪ ਜਣਾਇੰਦਾ । ਹਕੀਕਤ ਕਰੇ ਹੱਕ ਨਬੇੜਾ, ਲਾਸ਼ਰੀਕਤ ਸ਼ਰੀਕਤ ਆਪ ਖਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਨ ਬਸਤਰ ਇਕ ਛੁਹਾਇੰਦਾ ।

ਤਨ ਬਸਤਰ ਚੜ੍ਹਿਆ ਰੰਗ ਗੂੜ੍ਹਾ, ਬੇਪਰਵਾਹ ਆਪ ਰੰਗਾਈਆ । ਲਾਲ ਮਹਿੰਦੀ ਰੰਗਣ ਚੂੜ੍ਹਾ, ਮੌਲੀ ਤੰਦ ਮੀਢੀ ਰਿਹਾ ਗੁੰਦਾਈਆ । ਨਾਤਾ ਤੁੱਟਣਾ ਬਹਿਸ਼ਤੀ ਹੂਰਾਂ, ਹਰਿ ਹਰਿ ਰਾਗ ਨਾ ਕੋਇ ਸੁਣਾਈਆ । ਮੁਹੰਮਦ ਲੇਖਾ ਕਰੇ ਪੂਰਾ, ਪੂਰਾ ਪੂਰਨ ਰਿਹਾ ਪਾਈਆ । ਗੋਬਿੰਦ ਬਚਨ ਨਾ ਹੋਏ ਅਧੂਰਾ, ਹਦੂਦ ਸਭ ਦੀ ਦਏ ਮਿਟਾਈਆ । ਆਪਣੀ ਜ਼ਰੂਰਤ ਪੂਰੀ ਕਰੇ ਜ਼ਰੂਰਾ, ਜ਼ਾਹਰ ਜ਼ਹੂਰ ਸੱਚਾ ਸ਼ਹਿਨਸ਼ਾਹੀਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਆਪਣੇ ਵਿਚ ਮਿਲਾਏ ਜੋਤੀ ਨੂਰਾ, ਨੂਰ ਧਰ ਨਾ ਕੋਇ ਜਣਾਈਆ । ਪਰਗਟ ਹੋਇਆ ਜੋਧਾ ਸੂਰਾ, ਸੂਰਬੀਰ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੌਲੀ ਤੰਦ ਹੱਥ ਉਠਾਈਆ । ਮੌਲੀ ਤੰਦ ਵੇਖ ਹੱਥ, ਮੁਹੰਮਦ ਰਾਹ ਤਕਾਇੰਦਾ । ਮੇਰੀ ਤੋਬਾ ਮੇਰੀ ਬਸ, ਬਸਤਾ ਆਪਣਾ ਆਪ ਬੰਨ੍ਹਾਇੰਦਾ । ਮੇਰੀ ਕੁਰਾਨ ਗਾ ਨਾ ਥੱਕੀ ਤੇਰਾ ਜਸ, ਤੇਰਾ ਜਲਵਾ ਨਜ਼ਰ ਨਾ ਆਇੰਦਾ । ਚੌਦਾਂ ਸਦੀਆਂ ਰਾਹ ਰਿਹਾ ਤੱਕ, ਬੁੱਢਾ ਸ਼ੇਖ਼ ਨੈਣ ਉਠਾਇੰਦਾ । ਅੰਤਮ ਬੂਟਾ ਗਿਆ ਪੱਕ, ਫਲ ਤੇਰੇ ਹੱਥ ਫੜਾਇੰਦਾ । ਨਾਤਾ ਤੁਟਿਆ ਮਦੀਨਾ ਮੱਕ, ਮਕਬਰਾ ਕੋਇ ਨਾ ਮੋਹੇ ਸੁਹਾਇੰਦਾ । ਮੇਰੀ ਨਕੇਲ ਤੇਰੇ ਹੱਥ, ਆਪਣੀ ਡੋਰੀ ਤੋਹੇ ਫੜਾਇੰਦਾ । ਦੋਏ ਜੋੜ ਵਾਸਤਾ ਘੱਤ, ਆਪਣੀ ਭੁੱਲ ਬਖ਼ਸ਼ਾਇੰਦਾ । ਲੇਖੇ ਲਾ ਮੇਰੀ ਰੱਤ, ਮੇਰਾ ਕਰਬਲਾ ਕੂਕ ਸੁਣਾਇੰਦਾ । ਹਸਨ ਹੁਸੈਨ ਗਏ ਢੱਠ, ਅਲੀ ਅਲੀ ਨਾ ਕੋਇ ਜਣਾਇੰਦਾ । ਬਿਨ ਤੇਰੇ ਕਿਸੇ ਦਰ ਨਾ ਮਿਲਿਆ ਰਸ, ਸਾਚਾ ਰਸ ਨਾ ਕੋਇ ਵਖਾਇੰਦਾ । ਤਾਰਾ ਚੰਦ ਰਹੇ ਛੁਪ, ਭੇਵ ਅਭੇਦ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਤੇਰੇ ਆਸ ਰਖਾਇੰਦਾ । ਤੇਰੇ ਦਰ ਆਸ ਮੇਰੇ ਮੌਲਾ, ਇਕੋ ਇਕ ਰਖਾਈਆ । ਚੌਦਾਂ ਸਦੀਆਂ ਪੂਰਾ ਕਰਦੇ ਕੌਲਾ, ਕਵਲ ਨੈਣ ਤੇਰੀ ਵਡਿਆਈਆ । ਆਪੇ ਵਸੇਂ ਪਰਦੇ ਉਹਲਾ, ਪਰਦਾਨਸ਼ੀਂ ਆਪਣਾ ਨਾਉਂ ਧਰਾਈਆ । ਮੇਰਾ ਭਾਰ ਕਰਦੇ ਹੌਲਾ, ਤੇਰੇ ਹੱਥ ਸਮਰਥ ਵਡਿਆਈਆ । ਮੇਰਾ ਚੰਮ ਤੇਰਾ ਬਣੇ ਪੌਲਾ, ਪਾਹਨੀ ਰੂਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਰਿਹਾ ਜਣਾਈਆ । ਮੁਹੰਮਦ ਵੇਖ ਬੇਨਕ਼ਾਬ, ਨੁਕਤਾ ਆਪਣਾ ਆਪ ਮਿਟਾਇੰਦਾ । ਦਰ ਦਰਵੇਸ਼ ਕਰ ਆਦਾਬ, ਆਦਤ ਇਕੋ ਇਕ ਸਮਝਾਇੰਦਾ । ਨਾ ਕੋਈ ਕਲਮਾ ਨਾ ਨਿਮਾਜ਼, ਨਜ਼ਾਮ ਆਪਣਾ ਆਪ ਬਦਲਾਇੰਦਾ । ਨਾ ਕੋਈ ਸਾਜਣ ਰਿਹਾ ਸਾਜ, ਜਲਵਾ ਨੂਰ ਆਪ ਪਰਗਟਾਇੰਦਾ । ਲੱਖ ਚੁਰਾਸੀ ਰਚ ਰਚ ਕਾਜ, ਚੌਦਾਂ ਤਬਕ ਪਰਦਾ ਲਾਹਿੰਦਾ । ਚਰਨ ਦਵਾਰੇ ਐਣਾ ਭਾਜ, ਹਰਿ ਭਾਵੀ ਆਪ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਜਣਾਇੰਦਾ । ਆਪਣਾ ਹੁਕਮ ਹਰਿ ਜਣਾ, ਏਕਾ ਏਕ ਸਮਝਾਈਆ । ਹੱਥੀਂ ਤੰਦ ਲੈਣਾ ਬੰਧਾ, ਬੰਧਨ ਪਿਛਲਾ ਦਏ ਮੁਕਾਈਆ । ਸਾਚੀ ਵੰਡਣ ਦਏ ਵੰਡਾ, ਵੰਡਣਹਾਰਾ ਥਾਉਂ ਥਾਈਂਆ । ਆਪਣੀ ਹੱਥੀਂ ਗੰਢਾਂ ਦਏ ਬਨ੍ਹਾ, ਖੋਲ੍ਹਣ ਕੋਇ ਫੇਰ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਗੋਬਿੰਦ ਰੰਗ ਨੀਲੀ ਧਾਰ, ਨੀਲੇ ਵਾਲਾ ਆਪ ਰੰਗਾਇੰਦਾ । ਸ਼ਹਿਨਸ਼ਾਹ ਸ਼ਾਹ ਬਣ ਸੱਚੀ ਸਰਕਾਰ, ਸ਼ਾਹ ਪਾਤਸ਼ਾਹ ਹੁਕਮ ਸੁਣਾਇੰਦਾ । ਲੇਖਾ ਲਿਖੇ ਅਗੰਮ ਅਪਾਰ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਕਲਜੁਗ ਅੰਤਮ ਖੇਲ ਅਪਾਰ, ਹਰਿ ਕਰਤਾਰਾ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਆਪ ਸੁਣਾਇੰਦਾ ।

### ❇ ੧੯ ਕੱਤਕ ਨੂੰ ਇਹ ਸ਼ਬਦ ਰਾਸ਼ਟਰਪਤੀ ਨੂੰ ਫੋਟੋ ਨਾਲ ਭੇਜੇ ਗਏ ❇

ਸਚ ਸੰਦੇਸ਼ਾ ਰਾਜ ਰਾਜਾਨ, ਸ਼ਾਹ ਪਾਤਸ਼ਾਹ ਆਪ ਜਣਾਈਆ । ਪੁਰਖ ਅਬਿਨਾਸ਼ੀ ਹੁਕਮਰਾਨ, ਏਕਾ ਹੁਕਮ ਮਨਾਈਆ । ਤਖ਼ਤ ਨਿਵਾਸੀ ਨੌਜਵਾਨ, ਸਾਚੇ ਤਖ਼ਤ ਸੋਭਾ ਪਾਈਆ । ਕਲਜੁਗ ਅੰਤਮ ਬਣ ਪਰਧਾਨ, ਨਾਮ ਪਰਧਾਨਗੀ ਇਕ ਵਖਾਈਆ । ਵਾਲੀ ਹਿੰਦ ਕਰ ਧਿਆਨ, ਹਰਿ ਗਿਆਨ ਰਿਹਾ ਦ੍ਰਿੜਾਈਆ । ਸੰਮਤ ਅਠਾਰਾਂ ਖਿਚੀ ਵਿਚੋਂ ਆਪ ਮਿਆਨ, ਤਿਖੀ ਧਾਰ ਧਾਰ ਜਣਾਈਆ । ਰਜਿੰਦਰ ਪਰਸ਼ਾਦ ਬਣਿਆ ਅਵਾਣ, ਹਰਿ ਹਰਿ ਭੇਵ ਕੋਇ ਨਾ ਪਾਈਆ । ਪੰਡਤ ਨਹਿਰੂ ਬਣਿਆ ਆਪ ਸੁਜਾਨ, ਜਗਤ ਵਿਦਿਆ ਕਰੇ ਲੜ੍ਹਾਈਆ । ਅੰਤ ਵਰਾਸਤ ਹੋਣੀ ਵੈਰਾਨ, ਸਿਆਸਤ ਕੰਮ ਕਿਸੇ ਨਾ ਆਈਆ । ਨੇਤਰ ਖੋਲ੍ਹ ਬਾਲ ਅੰਜਾਣ, ਸ੍ਰੀ ਭਗਵਾਨ ਰਿਹਾ ਸਮਝਾਈਆ । ਪਰਗਟ ਹੋਇਆ ਵਾਲੀ ਦੋ ਜਹਾਨ, ਨਿਹਕਲੰਕਾ ਨਾਉਂ ਰਖਾਈਆ । ਬਵੰਜਾਂ ਦੇਸ਼ਾਂ ਸੰਦੇਸ਼ਾ ਦੇ ਵਿਚ ਜਹਾਨ, ਪਿਛਲਾ ਲੇਖਾ ਯਾਦ ਕਰਾਈਆ । ਭੁਲਿਆ ਰਹੇ ਨਾ ਸ਼ਾਹ ਇੰਗਲਸ਼ਤਾਨ, ਇੰਕ ਇੰਕ ਲਿਖੇ ਲੇਖ ਨਾਲ ਛਾਹੀਆ । ਅਮਰੀਕਾ ਬਣਿਆ ਨਾ ਰਹੇ ਵਿਧਾਨ, ਭੇਵ ਅਭੇਦ ਰਿਹਾ ਖੁਲ੍ਹਾਈਆ । ਨੇਤਰ ਖੋਲ੍ਹੇ ਸ਼ਾਹ ਈਰਾਨ, ਸ਼ਹਿਨਸ਼ਾਹ ਇਕੋ ਹੁਕਮ ਮਨਾਈਆ । ਰੂਸਾ ਚੀਨਾ ਦੇ ਬਿਆਨ, ਸਚ ਬਿਆਨਾ ਇਕ ਜਣਾਈਆ । ਸ਼ਬਦ ਅਗੰਮੀ ਇਕ ਤੂਫ਼ਾਨ, ਤੋਹਫ਼ਾ ਘਰ ਘਰ ਦਏ ਪੁਚਾਈਆ । ਅੰਤਮ ਸਾਰੇ ਹੋਣੇ ਵੈਰਾਨ, ਵੈਰੀ ਵੈਰ ਨਾ ਕੋਇ ਕਮਾਈਆ । ਲੇਖਾ ਚੁਕਣਾ ਸ਼ਾਹ ਅਫ਼ਗਾਨ, ਤੁਰਕਸਤਾਨ ਤੁਰਤ ਕਰੇ ਲੜਾਈਆ । ਪਰਗਟ ਹੋਇਆ ਜੋਧਾ ਸੂਰਬੀਰ ਬਲੀ ਬਲਵਾਨ, ਬਲ ਆਪਣਾ ਦਏ ਵਖਾਈਆ । ਸੱਤ ਰੰਗ ਵਖਾਇਆ ਜਿਸ ਨਸ਼ਾਨ, ਰਾਸ਼ਟਰਪਤੀ ਹੱਥ ਫੜਾਈਆ । ਸੋ ਆਇਆ ਵਿਚ ਮੈਦਾਨ, ਆਪਣਾ ਪਰਦਾ ਰਿਹਾ ਉਠਾਈਆ । ਪਹਿਲੀ ਚੇਤਰ ਦੇਵੇ ਗਿਆਨ, ਗੋਸ਼ਟ ਕਰੇ ਥਾਉਂ ਥਾਈਂਆ । ਪਟਣੇ ਲੌਹਣ ਜਾਏ ਮੁਕਾਣ, ਬੇਮੁਕਾਮ ਫੇਰਾ ਪਾਈਆ । ਆਪਣੀ ਫੇਰ ਜਣਾਏ ਸ਼ਾਨ, ਸ਼ਹਿਨਸ਼ਾਹ ਇਕੋ ਇਕ ਅਖਵਾਈਆ । ਪੰਥ ਖ਼ਾਲਸਾ ਹੋਏ ਹੈਰਾਨ, ਹਰਿ ਜੂ ਹਰਿ ਹਰਿ ਆਪਣਾ ਹੁਕਮ ਜਣਾਈਆ । ਗੋਬਿੰਦ ਸੂਰਾ ਪਰਗਟ ਹੋਇਆ ਮੇਲ ਮਿਲਾਇਆ ਗੁਣ ਨਿਧਾਨ, ਗੁਣ ਆਪਣਾ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਇਕੋ ਇਕ ਜਣਾਈਆ । ਸਚ ਸੰਦੇਸ਼ਾ ਸ਼ਾਹ ਸੁਲਤਾਨਾ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਸਾਚਾ ਖੰਡਾ ਕੱਢ ਮਿਆਨਾ, ਮੀਆਂ ਬੀਵੀ ਵੰਡ ਵੰਡਾਇੰਦਾ । ਮੀਆਂ ਬਣਿਆਂ ਆਪ ਭਗਵਾਨਾ, ਬੀਵੀ ਸਿਆਸਤ ਰੂਪ ਵਖਾਇੰਦਾ । ਆਪੇ ਵੇਖਣ ਆਇਆ ਘਰ ਘਰ ਖ਼ਾਨਾ, ਦਰ ਦਰ ਆਪਣਾ ਕੁੰਡਾ ਲਾਹਿੰਦਾ । ਅੰਤਮ ਝੁੱਲਣਾ ਇਕ ਨਿਸ਼ਾਨਾ, ਨਿਸ਼ਾਨਾ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਇਕ ਸੁਣਾਇੰਦਾ । ਸਚ ਸੰਦੇਸ਼ਾ ਪਾਕ ਸਦਰ, ਪਰਵਰਦਿਗਾਰ ਆਪ ਜਣਾਇੰਦਾ । ਉਮਤ ਨਬੀ ਪੈਣਾ ਗ਼ਦਰ, ਨਾ ਕੋਈ ਮੇਟ ਮਿਟਾਇੰਦਾ । ਬਿਨ ਖ਼ੁਦਾਵੰਦ ਕਰੇ ਨਾ ਕੋਈ ਕਦਰ, ਕਾਦਰ ਆਪਣਾ ਹੁਕਮ ਵਰਤਾਇੰਦਾ । ਸਦੀ ਚੌਧਵੀਂ ਨਜ਼ਾਮ ਦੇਵੇ ਬਦਲ, ਬਦਲਾ ਆਪਣੇ ਹੱਥ ਰਖਾਇੰਦਾ । ਕਰਨ ਆਇਆ ਸਾਚਾ ਅਦਲ, ਅਦਾਲਤ ਇਕੋ ਇਕ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਆਪ ਸੁਣਾਇੰਦਾ । ਸਚ ਸੰਦੇਸ਼ਾ ਅਰਬ ਕਾਸਰ, ਹਰਿ ਹਰਿ ਆਪ ਜਣਾਈਆ । ਨੇਤਰ ਖੋਲ੍ਹ ਸਦਰ ਨਾਸਰ, ਨਾਸਤਕ ਰੂਪ ਸਰਬ ਖ਼ੁਦਾਈਆ । ਲਹਿੰਦੀ ਦਿਸ਼ਾ ਵਖਾਏ ਆਤਸ਼, ਅਗਨੀ ਅੱਗ ਅੱਗ ਲਗਾਈਆ । ਵੇਖੇ ਕਰੇ ਖੇਲ

੩੩
੧੩

ਖ਼ੁਦਾਵੰਦ ਸਾਜ਼ਸ਼, ਆਪਣੀ ਸਾਜ਼ਸ਼ ਨਾ ਕਿਸੇ ਜਣਾਈਆ । ਮੁਹੰਮਦ ਪੂਰੀ ਕਰਨ ਆਇਆ ਖ਼ਾਹਸ਼, ਖ਼ਾਹਸ਼ ਉਮਤ ਨਾਲ ਮਿਲਾਈਆ । ਅੰਤਮ ਨਿੱਕੀ ਜੇਹੀ ਰਹਿਣ ਦੇਵੇ ਇਕੋ ਸ਼ਾਖ਼, ਸ਼ਨਾਖ਼ਤ ਆਪਣੀ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਇਕ ਪੁਚਾਈਆ । ਸਚ ਸੰਦੇਸ਼ਾ ਈਰਾਨ ਸ਼ਾਹ, ਹੁਕਮਰਾਨ ਆਪ ਜਣਾਈਆ । ਅੰਤ ਭੁੱਲੇ ਸੱਚਾ ਰਾਹ, ਰਹਿਬਰ ਨਜ਼ਰ ਕੋਇ ਨਾ ਆਈਆ । ਇਬਾਦਤਖ਼ਾਨਾ ਕੋਈ ਦਿਸੇ ਨਾ, ਸਜਦਾ ਸੀਸ ਨਾ ਕੋਇ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਇਕ ਵਰਤਾਈਆ ।

ਉਂਨੀ ਕੱਤਕ ਸਚ ਦਿਹਾੜਾ, ਇਕ ਇਕ ਨਾਲ ਮਿਲਾਈਆ । ਏਕਾ ਨਾਇਆਂ ਕਰ ਵਿਹਾਰਾ, ਬਿਵਹਾਰੀ ਖੇਲ ਕਰਾਈਆ । ਏਕਾ ਨਾਇਆਂ ਕਰ ਉਜਿਆਰਾ, ਉਜ਼ਰ ਸਭ ਦਾ ਦਏ ਮਿਟਾਈਆ । ਏਕਾ ਨਾਇਆਂ ਬੋਲ ਜੈਕਾਰਾ, ਜੈ ਜੈਕਾਰ ਦਏ ਸੁਣਾਈਆ । ਏਕਾ ਨਾਇਆਂ ਕਰ ਤਿਆਰਾ, ਤ੍ਰੈਭਵਣ ਬੂਝ ਬੁਝਾਈਆ । ਏਕਾ ਨਾਇਆਂ ਲਾ ਅਖਾੜਾ, ਨਵ ਖੰਡ ਨਾਚ ਨਚਾਈਆ । ਏਕਾ ਨਾਇਆਂ ਪੁਰਖ ਨਾਰਾ, ਨਰ ਨਰਾਇਣ ਵੇਖ ਵਖਾਈਆ । ਏਕਾ ਨਾਇਆਂ ਸਾਚੀ ਕਾਰਾ, ਕਰਤਾ ਪੁਰਖ ਆਪ ਕਮਾਈਆ । ਏਕਾ ਨਾਇਆਂ ਕਰ ਪਸਾਰਾ, ਪਸਰ ਪਸਾਰੀ ਵੇਖੇ ਥਾਉਂ ਥਾਈਂਆ । ਏਕਾ ਨਾਇਆਂ ਦੇ ਅਧਾਰਾ, ਸਚ ਪਿਆਰਾ ਦਏ ਵਖਾਈਆ । ਏਕਾ ਨਾਇਆਂ ਰੂਪ ਵਟਾਏ ਚੰਨ ਸਤਾਰਾ, ਤਾਰ ਸਤਾਰ ਹਿਲਾਈਆ । ਏਕਾ ਨਾਇਆਂ ਭਗਤ ਦਵਾਰਾ, ਭਗਵਾਨ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਉਂਨੀ ਆਪਣੀ ਉਨਤੀ ਲਏ ਕਰਾਈਆ । ਏਕਾ ਉਂਨੀ ਖੇਲ ਉਨੀਸਾ, ਹਰਿ ਕਰਤਾ ਆਪ ਕਰਾਇੰਦਾ । ਏਕਾ ਖੇਲ ਜਗਤ ਜਗਦੀਸ਼ਾ, ਜਗਦੀਸ਼ਰ ਆਪ ਜਣਾਇੰਦਾ । ਏਕਾ ਨਾਮ ਇਕ ਹਦੀਸਾ, ਏਕਾ ਹਜ਼ਰਤ ਆਪ ਪੜ੍ਹਾਇੰਦਾ । ਏਕਾ ਰੂਪ ਦੱਸੇ ਅਨਡੀਠਾ, ਅਨਭਵ ਆਪਣਾ ਰੰਗ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਇਆਂ ਮੇਲ ਮਿਲਾਇੰਦਾ । ਏਕਾ ਨਾਇਆਂ ਨੱਯਾ ਨਾਉਂ, ਨਰ ਨਿਰੰਕਾਰਾ ਆਪ ਚਲਾਈਆ । ਏਕਾ ਨਾਇਆਂ ਮੇਲਾ ਸਹਿਜ ਸੁਭਾਉ, ਸਤਿਗੁਰ ਪੂਰਾ ਆਪ ਮਿਲਾਈਆ । ਏਕਾ ਨਾਇਆਂ ਨਜ਼ਰੀ ਆਏ ਹਰ ਘਟ ਥਾਉਂ, ਘਟ ਘਟ ਰਿਹਾ ਸਮਾਈਆ । ਏਕਾ ਨਾਇਆਂ ਨਿਉਂ ਨਿਉਂ ਲਾਗੋ ਪਾਉਂ, ਪਾਰਬ੍ਰਹਮ ਸਚ ਸਰਨਾਈਆ । ਏਕਾ ਨਾਇਆਂ ਮੇਲ ਮਿਲਾਇਆ ਪਿਤਾ ਮਾਉਂ, ਮਾਤ ਪਿਤ ਆਪ ਅਖਵਾਈਆ । ਏਕਾ ਨਾਇਆਂ ਭਗਤ ਉਧਾਰੇ ਫੜ ਫੜ ਬਾਹੋਂ, ਬਾਲਕ ਆਪਣੇ ਲੇਖੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਰਿਹਾ ਜਣਾਈਆ । ਆਪਣਾ ਖੇਲ ਕਰੇ ਭਗਵੰਤ, ਭਗਵਨ ਆਪਣੀ ਦਇਆ ਕਮਾਇੰਦਾ । ਚੰਦ ਕਹੇ ਤੂੰ ਮੇਰਾ ਕੰਤ, ਹਉਂ ਨਾਰੀ ਰੂਪ ਵਟਾਇੰਦਾ । ਤੇਰੀ ਮਹਿਮਾ ਸਦਾ ਅਗਣਤ, ਲੇਖਾ ਲਿਖ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਤੇਰੇ ਓਟ ਰਖਾਇੰਦਾ । ਤਾਰਾ ਕਹੇ ਮੈਂ ਤੇਰਾ ਤਾਰਾ, ਤਾਰਨਹਾਰ ਤੇਰੀ ਵਡਿਆਈਆ । ਕਲਜੁਗ ਆਇਆ ਅੰਤ ਕਿਨਾਰਾ, ਤੱਟ ਰੋਵੇ ਦਏ ਦੁਹਾਈਆ । ਆਦਿ ਜੁਗਾਦਿ ਤੇਰਾ ਪਿਆਰਾ, ਪ੍ਰੇਮ ਪਿਆਰ ਭੁੱਲ ਨਾ ਜਾਈਆ । ਹਉਂ ਬਰਦਾ ਸੇਵਾਦਾਰਾ, ਬਾਲਕ ਤੇਰੀ ਸੇਵ ਕਮਾਈਆ । ਤੂੰ ਬੇਪਰਵਾਹ

੩੫
੧੩

ਪਰਵਰਦਿਗਾਰਾ, ਤੇਰੀ ਡੂੰਘੀ ਗਾਰ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਤੇਰੇ ਓਟ ਰਖਾਈਆ । ਚੰਦ ਕਹੇ ਮੈਂ ਤੇਰਾ ਨੂਰ, ਨੂਰ ਨੂਰ ਵਿਚ ਸਮਾਇੰਦਾ । ਤੂੰ ਸਾਹਿਬ ਹਾਜ਼ਰ ਹਜ਼ੂਰ, ਹਜ਼ਰਤ ਤੇਰੇ ਅੱਗੇ ਵਾਸਤਾ ਪਾਇੰਦਾ । ਮੇਰੀ ਬੇਨੰਤੀ ਕਰ ਮਨਜ਼ੂਰ, ਮਨਸ਼ਾ ਹੋਰ ਨਾ ਕੋਇ ਵਧਾਇੰਦਾ । ਚੌਦਾਂ ਸਦੀਆਂ ਤਪਿਆ ਵਾਂਗ ਤੰਦੂਰ, ਤੁਧ ਬਿਨ ਸੀਤਲ ਧਾਰਾ ਨਾ ਕੋਇ ਵਖਾਇੰਦਾ । ਮੇਰਾ ਮੁਆਫ਼ ਕਰ ਕਸੂਰ, ਕਸੂਰਵਾਨ ਵਾਸਤਾ ਪਾਇੰਦਾ । ਮੈਂ ਵਿਛੜਿਆਂ ਰਿਹਾ ਤੈਥੋਂ ਦੂਰ, ਨੇਰਨ ਨੇਰ ਨਾ ਕੋਇ ਲਿਆਇੰਦਾ । ਮੇਰਾ ਕੱਟਦੇ ਸ਼ਰਅ ਜੂੜ, ਸ਼ਰੀਅਤ ਵੰਡ ਨਾ ਕੋਇ ਵੰਡਾਇੰਦਾ । ਮੈਂ ਤੇਰੇ ਚਰਨਾਂ ਲਾਵਾਂ ਧੂੜ, ਮਸਤਕ ਟਿੱਕਾ ਇਕ ਵਖਾਇੰਦਾ । ਤੁਧ ਬਿਨ ਹੋਇਆ ਮਜ਼ਬੂਰ, ਮੇਰੀ ਮਜ਼ਬੂਰੀ ਨਾ ਕੋਇ ਮੁਕਾਇੰਦਾ । ਤੂੰ ਸਰਬ ਕਲਾ ਭਰਪੂਰ, ਘਟ ਘਟ ਆਪ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਤੇਰੇ ਝੋਲੀ ਡਾਹਿੰਦਾ । ਤਾਰਾ ਕਹੇ ਮੈਂ ਤੇਰਾ ਤਾਰਾ, ਤੁਧ ਬਿਨ ਨਜ਼ਰ ਕੋਇ ਨਾ ਆਈਆ । ਚੌਦਾਂ ਲੋਕ ਨਾ ਕੋਇ ਸਹਾਰਾ, ਸਿਰ ਹੱਥ ਨਾ ਕੋਇ ਰਖਾਈਆ । ਤੇਰੀ ਖ਼ੁਦਾਈ ਤੇਰਾ ਲਾਏ ਨਾਅਰਾ, ਲਾਸ਼ਰੀਕ ਤੇਰੀ ਸ਼ਨਵਾਈਆ । ਸ਼ਹਿਨਸ਼ਾਹ ਤੇਰਾ ਨਜ਼ਾਰਾ, ਜਲਵਾ ਨੂਰ ਨਜ਼ਰ ਨਾ ਪਾਈਆ । ਤੂੰ ਹੱਦ ਹਦੂਦ ਵਸੇਂ ਬਾਹਰਾ, ਸ਼ਰਅ ਵੰਡ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚੰਦ ਸਤਾਰਾ ਦਏ ਦੁਹਾਈਆ । ਚੰਦ ਸਤਾਰਾ ਰਿਹਾ ਕੂਕ, ਕੂਕ ਕੂਕ ਸੁਣਾਇੰਦਾ । ਤੂੰ ਸਾਹਿਬ ਊਚੇ ਊਚ, ਮਹੱਲ ਅਟੱਲ ਡੇਰਾ ਲਾਇੰਦਾ । ਸਦੀ ਚੌਧਵੀਂ ਹੋਣਾ ਕੂਚ, ਕੂਚਾ ਗਲੀ ਰਹਿਣ ਕੋਇ ਨਾ ਪਾਇੰਦਾ । ਤਾਣਾ ਪੇਟਾ ਨਜ਼ਰ ਆਏ ਨਾ ਕੋਇ ਸੂਤ, ਬਣ ਤਰਖਾਣ ਸੂਤਰ ਲਾਇੰਦਾ । ਆਪੇ ਘੜੇਂ ਸਚ ਕਲਬੂਤ, ਕਲਮਾ ਆਪਣਾ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਾਰਾ ਚੰਦ ਮੰਗ ਮੰਗਾਇੰਦਾ । ਤਾਰਾ ਚੰਦ ਕਰੇ ਪੁਕਾਰ, ਦਰੋਹੀ ਦਰੋਹੀ ਰਹੇ ਸੁਣਾਈਆ । ਮੇਲ ਮਿਲਾ ਸਾਂਝੇ ਯਾਰ, ਯਾਰੀ ਯਾਰਾਂ ਨਾਲ ਰਖਾਈਆ । ਤੁਧ ਬਿਨ ਪਾਵੇ ਨਾ ਕੋਇ ਸਾਰ, ਸਿਰ ਹੱਥ ਨਾ ਕੋਇ ਟਿਕਾਈਆ । ਪੀਰ ਪੈਗ਼ੰਬਰ ਕਰ ਗਏ ਕਿਨਾਰ, ਕੰਨੀ ਆਪਣੀ ਗਏ ਛੁਡਾਈਆ । ਤੇਰੇ ਦਰ ਤੇ ਡਿਗੇ ਆਣ, ਨਿਉਂ ਨਿਉਂ ਚਰਨਾਂ ਸੀਸ ਨਿਵਾਈਆ । ਅਸੀਂ ਪਿਛੇ ਰਹੇ ਅੰਵਾਣ, ਤੇਰਾ ਭੇਵ ਕੋਇ ਨਾ ਪਾਈਆ । ਉਨੀ ਕੱਤਕ ਕਰ ਪਛਾਣ, ਵੀਹ ਅਠਾਰਾਂ ਕਰੀ ਕੁੜਮਾਈਆ । ਗੋਬਿੰਦ ਖ਼ੂਨ ਦਿਤਾ ਬਲੀਦਾਨ, ਨੀਹਾਂ ਹੇਠ ਆਪ ਰਖਾਈਆ । ਉਤੇ ਭਗਤ ਦਵਾਰਾ ਬਣਿਆ ਇਕ ਨਿਸ਼ਾਨ, ਨਿਸ਼ਾਂਨਾ ਸਚ ਸਚ ਝੁਲਾਈਆ । ਜਿਸ ਘਰ ਵਸੇ ਆਪ ਭਗਵਾਨ, ਭਗਵਨ ਆਪਣਾ ਡੇਰਾ ਲਾਈਆ । ਗੁਰਮੁਖਾਂ ਦਵਾਰੇ ਆਇਆ ਬਣ ਮਹਿਮਾਨ, ਮਿਹਰਵਾਨ ਫੇਰਾ ਪਾਈਆ । ਜਨ ਭਗਤਾਂ ਦੀ ਮੰਨਣ ਆਇਆ ਆਣ, ਆਪਣਾ ਤਾਣ ਗਿਆ ਮਿਟਾਈਆ । ਉਤੇ ਬਹਿ ਕੇ ਪਿਛੇ ਆਪਣਾ ਦੇਵੇ ਸਚ ਬਿਆਨ, ਬਿਆਨਾ ਆਪਣਾ ਨਾਮ ਰਖਾਈਆ । ਭਗਤੋ ਦਿਓ ਇਕੋ ਦਾਨ, ਦਾਤਾ ਝੋਲੀ ਅੱਗੇ ਡਾਹੀਆ । ਹੁਕਮ ਕਰੋ ਤੇ ਅੰਦਰ ਵੜਾਂ ਆਣ, ਹੁਕਮੇ ਅੰਦਰ ਆਪਣਾ ਹੁਕਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਚੰਦ ਸਤਾਰਾ ਪਏ ਰੋ, ਨੇਤਰ ਨੈਣਾਂ ਨੀਰ ਵਹਾਇਆ । ਸਾਡੀ ਸੁਰਤ ਸੰਭਾਲੇ ਨਾ ਕੋ, ਕੂਟ ਕੂਟ ਨਜ਼ਰ ਕੋਇ ਨਾ ਆਇਆ । ਤੇਰੇ ਚਰਨਾਂ ਨਾਲ ਨਾ ਸਕੇ ਛੋਹ, ਬਾਂਕੇ ਛੋਹਰੇ ਦੇਣ ਦੁਹਾਇਆ । ਤੂੰ ਭਗਤ ਦਵਾਰੇ ਆਇਆ ਛੱਬੀ ਪੋਹ, ਮੋਹ ਮੁਹੱਬਤ ਇਕ ਵਧਾਇਆ । ਪੀਰ ਪੈਗ਼ੰਬਰਾਂ ਲਿਆ ਟੋਹ, ਅੰਦਰ ਵੜ

ਵੜ ਪਰਦਾ ਲਾਹਿਆ । ਸਭ ਦੀ ਵਸਤ ਲਈ ਖੋਹ, ਆਪਣੇ ਅੰਦਰ ਆਪ ਛੁਪਾਇਆ । ਆਪਣੇ ਜਿਹਾ ਆਪੇ ਹੋ, ਰੂਪ ਆਪਣਾ ਆਪ ਪਰਗਟਾਇਆ । ਦੋ ਜਹਾਨਾਂ ਕਰੇ ਲੋ, ਲੋਆਂ ਪੁਰੀਆਂ ਨੂਰ ਵਖਾਇਆ । ਅਸੀਂ ਗੂੜ੍ਹੀ ਨੀਂਦ ਗਏ ਸੋ, ਪੀਰ ਪੈਗ਼ੰਬਰ ਨਾ ਕਿਸੇ ਉਠਾਇਆ । ਸਾਡੇ ਨਾਲ ਕਮਾਇਆ ਧਰੋਹ, ਤੇਰੇ ਅੱਗੇ ਵਾਸਤਾ ਪਾਇਆ । ਤੂੰ ਹੋਵੀਂ ਨਾ ਆਪ ਨਿਰਮੋਹ, ਤੁਧ ਬਿਨ ਮਾਣ ਨਾ ਕੋਇ ਦਿਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਦਇਆ ਆਪ ਕਮਾਇਆ । ਸੁਣ ਤਾਰੇ ਮੇਰੇ ਛੋਟੇ ਲਾਲ, ਹਰਿ ਸਾਚਾ ਸਚ ਜਣਾਈਆ । ਸਦੀ ਚੌਧਵੀਂ ਖਾ ਜਾਏ ਕਾਲ, ਮਹਾਂਕਾਲ ਡੌਰੂ ਰਿਹਾ ਵਜਾਈਆ । ਚੌਦਾਂ ਤਬਕ ਹੋਣ ਬੇਹਾਲ, ਬੇਹਬਲ ਹੋਵੇ ਸਰਬ ਲੋਕਾਈਆ । ਮੁਹੰਮਦ ਸੰਗ ਨਾ ਨਿਭੇ ਨਾਲ, ਸਗਲਾ ਸੰਗ ਨਾ ਕੋਇ ਰਖਾਈਆ । ਸਾਚਾ ਮਾਰਗ ਦਿਆਂ ਸਿਖਾਲ, ਪਰਦਾ ਉਹਲਾ ਇਕ ਚੁਕਾਈਆ । ਗੋਬਿੰਦ ਬਣੇ ਤੇਰਾ ਦਲਾਲ, ਬਣ ਵਿਚੋਲਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਜਣਾਈਆ । ਸਾਚੇ ਤਾਰੇ ਤੇਰਾ ਮੇਲ ਨਾਲ ਮਨਜੀਤ, ਮਨ ਵਾਸਨਾ ਪੂਰ ਕਰਾਇੰਦਾ । ਆਪਣੀ ਛਾਤੀ ਉਤੇ ਮਾਰੀ ਲੀਕ, ਪਿਛਲੀ ਲੀਕ ਆਪ ਮਿਟਾਇੰਦਾ । ਅੱਗੇ ਕੋਈ ਨਾ ਦਿਸੇ ਫ਼ਰੀਕ, ਫ਼ਿਰਕਾ ਸਭ ਦਾ ਆਪ ਬਦਲਾਇੰਦਾ । ਆਪਣੀ ਲਿਖ ਲਿਖ ਦਏ ਤਾਰੀਖ਼, ਪਿਛਲੀ ਤਹਿਰੀਕ ਸਰਬ ਮਿਟਾਇੰਦਾ । ਬਾਲੇ ਬਾਲੇ ਰਹੇ ਉਡੀਕ, ਬਾਲੀ ਬੁੱਧ ਵੇਖ ਵਖਾਇੰਦਾ । ਤੇਰੀ ਰੱਖੇ ਸਚ ਪ੍ਰੀਤ, ਪ੍ਰੀਤੀਵਾਨ ਆਪ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸਾਚਾ ਹੁਕਮ ਜਣਾਇੰਦਾ । ਚੰਦ ਕਹੇ ਮੈਂ ਤੇਰਾ ਚੰਦ, ਤੇਰੇ ਨੂਰ ਸਮਾਈਆ । ਜਿਉਂ ਭਾਵੇ ਤਿਉਂ ਟੁੱਟੀ ਗੰਢ, ਗੰਢਣਹਾਰ ਬੇਪਰਵਾਹੀਆ । ਤੇਰਾ ਗੋਬਿੰਦ ਮੇਲਾ ਪੁਰੀ ਅਨੰਦ, ਪੁਰ ਅਨੰਦ ਆਪਣੇ ਵਿਚ ਵਖਾਈਆ । ਜੇ ਤੂੰ ਮਾਣ ਦਿਤਾ ਲਾਲ ਗੁਜਰੀ ਚੰਦ, ਮੈਂ ਚੰਦ ਤੇਰੀ ਸਰਨਾਈਆ । ਚੌਦਾਂ ਤਬਕ ਦੇ ਕੇ ਆਇਆ ਕੰਡ, ਆਪਣੀ ਕਰਵਟ ਰਿਹਾ ਬਦਲਾਈਆ । ਲਾ ਸੀਨੇ ਪਾ ਦੇ ਠੰਡ, ਮੇਰੀ ਕੱਟ ਪਿਛਲੀ ਜੁਦਾਈਆ । ਮੈਂ ਤੇਰਾ ਮਾਣਾਂ ਇਕ ਅਨੰਦ, ਅਨੰਦ ਤੇਰੇ ਚਰਨ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਤੇਰੇ ਮੰਗ ਮੰਗਾਈਆ । ਸੁਣ ਚੰਦ ਮੇਰੇ ਸੀਤਲ ਸੀਤ, ਹਰਿ ਸਾਚਾ ਸਚ ਜਣਾਇੰਦਾ । ਤੇਰਾ ਮੇਲਾ ਨਾਲ ਜਗਦੀਸ਼, ਜਗਦੀਸ਼ਰ ਆਪ ਕਰਾਇੰਦਾ । ਜਿਸ ਦਵਾਰੇ ਛੱਤਰ ਝੁਲੇ ਪ੍ਰਭ ਸਾਚੇ ਸੀਸ, ਸੋ ਦਵਾਰਾ ਸੋਭਾ ਪਾਇੰਦਾ । ਤੇਰੀ ਕੋਈ ਨਾ ਕਰੇ ਰੀਸ, ਤੇਰੀ ਬੇਨੰਤੀ ਆਪਣੇ ਲੇਖੇ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚੰਦ ਸਿਤਾਰੇ ਆਪ ਸਮਝਾਇੰਦਾ । ਚੰਦ ਸਤਾਰਾ ਦੋਵੇਂ ਲਾਲ, ਲਾਲਨ ਆਪਣੇ ਰੰਗ ਰੰਗਾਈਆ । ਆਪਣੀ ਛਾਤੀ ਲਏ ਸਵਾਲ, ਗੁਰਮੁਖਾਂ ਰਾਹ ਵਖਾਈਆ । ਸਾਰੇ ਉਠ ਉਠ ਕਰੋ ਭਾਲ, ਬਿਨ ਭਾਲਿਆਂ ਨਜ਼ਰੀ ਆਈਆ । ਬਣ ਬਰਦਾ ਹੋਇਆ ਦਲਾਲ, ਸਚ ਦਲਾਲੀ ਰਿਹਾ ਕਮਾਈਆ । ਤੁਹਾਡੀ ਝੱਲਦਾ ਰਿਹਾ ਝਾਲ, ਸ਼ਾਹ ਕੰਗਾਲ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚੰਦ ਸਤਾਰ ਦਏ ਵਡਿਆਈਆ । ਚੰਦ ਸਤਾਰ ਸਾਚੇ ਲਾੜੇ, ਧੁਰ ਦਰਗਾਹੀ ਆਪ ਪਰਗਟਾਇੰਦਾ । ਉਨੀ ਕੱਤਕ ਚੜ੍ਹਾਏ ਖਾਰੇ, ਖਾਰਾ ਆਪਣੀ ਹੱਥੀਂ ਉਠਾਇੰਦਾ । ਚੌਦਾਂ ਸਦੀਆਂ ਮੁਹੰਮਦ ਦੇਂਦਾ ਰਿਹਾ ਲਾਰੇ, ਲਾ ਲਾ ਲਾਰਾ ਵਕਤ ਲੰਘਾਇੰਦਾ । ਆਪ ਬੈਠਾ ਰਿਹਾ ਪਾਰ ਕਿਨਾਰੇ, ਉਰਾਰ ਰੂਪ ਨਾ ਕੋਇ ਵਖਾਇੰਦਾ । ਦੂਰ ਦੁਰਾਡੇ ਦੱਸਦਾ ਰਿਹਾ ਨਾਲ ਇਸ਼ਾਰੇ, ਇਸ਼ਾਰਾ ਆਪਣਾ ਆਪ ਪਰਗਟਾਇੰਦਾ । ਕਰੇ ਖੇਲ ਪਰਵਰਦਿਗਾਰੇ,

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਵਖਾਇੰਦਾ । ਚੰਦ ਸਤਾਰੇ ਚੜ੍ਹਿਆ ਚਾਅ, ਚਾਓ ਘਨੇਰਾ ਇਕ ਵਖਾਈਆ । ਪਰਵਰਦਿਗਾਰ ਮਿਲਿਆ ਆ, ਮਿਲ ਮਿਲ ਖ਼ੁਸ਼ੀ ਮਨਾਈਆ । ਸਾਚੀ ਦਰਗਾਹ ਬਣੇ ਮਲਾਹ, ਬੇੜਾ ਆਪਣੇ ਕੰਧ ਉਠਾਈਆ । ਸਾਚਾ ਮਾਰਗ ਦਏ ਵਖਾ, ਰਹਿਬਰ ਬਣੇ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਰੰਗ ਆਪ ਰੰਗਾਈਆ । ਚੰਦ ਸਤਾਰੇ ਸਾਚੇ ਪੂਤ, ਹਰਿਜੂ ਆਪਣੇ ਰੰਗ ਰੰਗਾਇੰਦਾ । ਏਕਾ ਪੇਟਾ ਤਾਣਾ ਦਿਸੇ ਸੂਤ, ਸੂਤਰ ਧਾਰੀ ਵੇਖ ਵਖਾਇੰਦਾ । ਲੇਖਾ ਜਾਣੇ ਆਪ ਅਨੂਪ, ਮਹਿਮਾ ਆਪਣੀ ਆਪ ਸੁਣਾਇੰਦਾ । ਸ਼ਹਿਨਸ਼ਾਹ ਵਡ ਭੂਪਨ ਭੂਪ, ਭੂਪਤ ਰਾਜ ਜੋਗ ਕਮਾਇੰਦਾ । ਲੇਖਾ ਜਾਣ ਚਾਰ ਕੂਟ, ਦਹਿ ਦਿਸ਼ਾ ਫੋਲ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਇਆਂ ਵੇਖ ਵਖਾਇੰਦਾ । ਏਕਾ ਨਾਇਆਂ ਸੰਮਤ ਉਂਨੀ, ਬੀਸ ਬੀਸ ਦਏ ਵਡਿਆਈਆ । ਪੁਰਖ ਅਬਿਨਾਸ਼ੀ ਵਡ ਗੁਣ ਗੁਣੀ, ਗੁਣਵੰਤਾ ਫੇਰਾ ਪਾਈਆ । ਲੇਖਾ ਚੁਕਾਏ ਮੁਸਲਮ ਸੁਨੀ, ਸ਼ੀਆ ਰੂਪ ਨਾ ਕੋਇ ਵਖਾਈਆ । ਲਹਿਣਾ ਚੁੱਕੇ ਰਿਖੀ ਮੁੰਨੀ, ਤਪੀ ਤਪੀਸ਼ਰ ਨਾ ਕੋਇ ਵਡਿਆਈਆ । ਚੋਟੀ ਸਭ ਦੀ ਜਾਏ ਮੁੰਨੀ, ਮੋਨ ਆਪਣਾ ਸਕੇ ਨਾ ਕੋਇ ਖੁਲ੍ਹਾਈਆ । ਬਿਨ ਭਗਤ ਕਿਸੇ ਘਰ ਨਾ ਵੱਜੇ ਰਾਗ ਨਾਦ ਧੁਨੀ, ਧੁਨ ਆਤਮਕ ਨਾ ਕੋਇ ਸ਼ਨਵਾਈਆ । ਸਭ ਦੇ ਸਿਰ ਤੋਂ ਲੱਥੇ ਚੁੰਨੀ, ਕੰਤ ਸੁਹਾਗ ਨਾ ਕੋਇ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਦਏ ਵਡਿਆਈਆ । ਚੰਦ ਸਤਾਰੇ ਤੇਰਾ ਸਤਿ, ਸਤਿ ਸਤਿਵਾਦੀ ਆਪ ਜਣਾਇੰਦਾ । ਉਮਤ ਨਬੀ ਰਸੂਲ ਦੇਵੇ ਮਤ, ਮਸਲਾ ਇਕੋ ਇਕ ਪੜ੍ਹਾਇੰਦਾ । ਆਪੇ ਜਾਣੇ ਮਿਤਗਤ, ਗਤਮਿਤ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਉਂਨੀ ਕੱਤਕ ਆਪ ਵਡਿਆਇੰਦਾ । ਉਂਨੀ ਕੱਤਕ ਮੇਲਾ ਮੇਲ, ਮਿਲ ਮਿਲ ਖ਼ੁਸ਼ੀ ਕਰਾਈਆ । ਸਾਹਿਬ ਸਤਿਗੁਰ ਸੱਜਣ ਸੁਹੇਲ, ਘਰ ਸਾਚਾ ਵੇਖ ਵਖਾਈਆ । ਵਸਣਹਾਰਾ ਸਦਾ ਨਵੇਲ, ਦੂਰ ਦੁਰਾਡਾ ਪੰਧ ਮੁਕਾਈਆ । ਗੋਬਿੰਦ ਲੇਖਾ ਗੁਰੂ ਗੁਰ ਚੇਲ, ਚੇਲਾ ਗੁਰ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਬਸਤਰ ਨੀਲ ਰੰਗ ਰੰਗਾਈਆ । ਬਸਤਰ ਨੀਲ ਰੰਗ ਅਪਾਰਾ, ਪਰਾ ਪਸੰਤੀ ਮਧਮ ਬੈਖ਼ਰੀ ਭੇਵ ਨਾ ਆਇਆ । ਆਦਿ ਜੁਗਾਦੀ ਜਿਸ ਦਾ ਇਕੋ ਨਾਅਰਾ, ਜ਼ਾਹਰਾ ਆਪਣਾ ਨੂਰ ਰੁਸ਼ਨਾਇਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦਾ ਕਰਦੇ ਗਏ ਮੁਸ਼ਾਅਰਾ, ਮੁਸ਼ਕਲ ਹੱਲ ਨਾ ਕੋਇ ਕਰਾਇਆ । ਸੋ ਅੰਤਮ ਜਨ ਭਗਤਾਂ ਭਗਤ ਦਵਾਰੇ ਦੇਵੇ ਪਹਿਰਾ, ਬਣ ਸੇਵਾਦਾਰ ਸੇਵ ਕਮਾਇਆ । ਅੱਗੇ ਔਣ ਨਾ ਦੇਵੇ ਕੋਈ ਐਰ ਗ਼ੈਰਾ, ਗ਼ੈਰਤ ਆਪਣੀ ਰਿਹਾ ਜਣਾਇਆ । ਕਲਜੁਗ ਅੰਤਮ ਵਰਤੇ ਕਹਿਰਾ, ਕਹਿਰ ਆਪਣੇ ਰੰਗ ਰੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹਿਆ । ਚੰਨ ਸਤਾਰ ਦੋਵੇਂ ਜਾਗੇ, ਜਾਗਰਤ ਨੈਣ ਖੁਲ੍ਹਾਈਆ । ਪ੍ਰਭ ਦਰ ਸਾਚੇ ਆਏ ਭਾਗੇ, ਆਪਣਾ ਪੰਧ ਮੁਕਾਈਆ । ਪੁਰਖ ਅਬਿਨਾਸ਼ੀ ਤੇਰਾ ਕਾਜੇ, ਤੁਧ ਬਿਨ ਅਵਰ ਨਾ ਕੋਇ ਸਹਾਈਆ । ਪੀਰ ਪੈਗ਼ੰਬਰ ਤੇਰਾ ਕਲਮਾ ਪੜ੍ਹਦੇ ਗਏ ਨਿਮਾਜ਼ੇ, ਤੇਰੇ ਹੁਜਰੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਤੇਰੇ ਇਕ ਸਰਨਾਈਆ । ਪੁਰਖ ਅਬਿਨਾਸ਼ੀ ਹੋ ਦਿਆਲ, ਆਪਣੀ ਦਇਆ ਕਮਾਇੰਦਾ । ਚੰਦ ਸਤਾਰੇ ਸੁਰਤ ਸੰਭਾਲ, ਸੁਰਤੀ ਸੁਰਤ ਖੁਲ੍ਹਾਇੰਦਾ । ਚਰਨ ਪ੍ਰੀਤੀ ਨਿਭੇ

ਨਾਲ, ਸਚ ਨਿਸ਼ਾਨਾ ਇਕ ਵਖਾਇੰਦਾ । ਪਹਿਲੋਂ ਵੇਖੇ ਸ੍ਰਿਸ਼ਟ ਸਬਾਈ ਹੁੰਦੀ ਬੇਹਾਲ, ਧੀਰਜ ਧੀਰ ਨਾ ਕੋਇ ਧਰਾਇੰਦਾ । ਚਾਰੋਂ ਕੁੰਟ ਆਏ ਜ਼ਵਾਲ, ਜ਼ਾਵੀਆ ਆਪਣਾ ਨਾ ਕਿਸੇ ਸਮਝਾਇੰਦਾ । ਕੁਤਰ ਰੂਪ ਵੰਡ ਵੰਡੇ ਨਾ ਕੋਇ ਜਹਾਨ, ਰਕਬਾ ਮੁਰੱਕਬ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਸਮਝਾਇੰਦਾ । ਚੰਦ ਸਤਾਰੇ ਸੁਣ ਲੈ ਬਾਤ, ਬੇਪਰਵਾਹ ਜਣਾਈਆ । ਚੌਦਾਂ ਤਬਕ ਅੰਧੇਰੀ ਰਾਤ, ਅੰਧ ਅੰਧੇਰਾ ਛਾਈਆ । ਨਾਰ ਕੁਲੱਖਣੀ ਹੋਈ ਕਮਜ਼ਾਤ, ਕਲਮਾ ਨਬੀ ਨਾ ਕੋਇ ਸ਼ਨਵਾਈਆ । ਪੰਜ ਵਕਤ ਨਾ ਕੋਇ ਨਿਮਾਜ਼, ਵੁਜ਼ੂ ਬਾਂਗ ਨਾ ਕੋਇ ਵਡਿਆਈਆ । ਸਚ ਮਿਲੇ ਨਾ ਕੋਈ ਸਫ਼ਾਤ, ਸਿਫ਼ਰਾ ਸਿਫ਼ਰ ਨਾ ਕੋਇ ਗਵਾਈਆ । ਏਕਾ ਅਲਫ਼ ਨਾ ਮਿਲੇ ਨਜਾਤ, ਯੇ ਯੁਕਤੀ ਨਾ ਕੋਇ ਸਮਝਾਈਆ । ਸਾਚਾ ਦਿਸੇ ਨਾ ਕੋਇ ਬਾਗਾਤ, ਮਾਲੀ ਬਣ ਸੇਵ ਨਾ ਕੋਇ ਕਮਾਈਆ । ਪੀਰ ਪੈਗ਼ੰਬਰ ਮਾਰਗ ਦੱਸ ਦੱਸ ਗਏ ਬਹੁ ਭਾਂਤ, ਪਰਦਾ ਸਕੇ ਨਾ ਕੋਇ ਚੁਕਾਈਆ । ਆਪ ਦੂਰ ਦੁਰਾਡੇ ਰਹੇ ਝਾਕ, ਤੇਰਾ ਦਰਸ ਕੋਇ ਨਾ ਪਾਈਆ । ਚੰਦ ਸਤਾਰੇ ਤੇਰਾ ਬਨਿਆ ਹਰਿ ਜੂ ਸਾਕ, ਆਪਣਾ ਸੰਗ ਰਖਾਈਆ । ਕਰ ਕਿਰਪਾ ਪਰਦਾ ਦੇਵੇ ਢਾਕ, ਢਾਕਨ ਕੋ ਪਤ ਸੱਚਾ ਮਾਹੀਆ । ਤੇਰਾ ਲੇਖਾ ਕਰੇ ਬੇਬਾਕ, ਲਹਿਣਾ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਰਿਹਾ ਸਮਝਾਈਆ । ਚੰਦ ਸਤਾਰ ਚਰਨ ਫੜ, ਸੀਸ ਜਗਦੀਸ਼ ਝੁਕਾਇਆ । ਤੇਰੇ ਦਵਾਰੇ ਡਿਗੇ ਦੜ, ਨਿਧੜਕ ਬੇਪਰਵਾਹਿਆ । ਕਰ ਕਿਰਪਾ ਬਾਹੋਂ ਲੈ ਫੜ, ਸਿਰ ਆਪਣਾ ਹੱਥ ਟਿਕਾਇਆ । ਚੌਦਾਂ ਤਬਕ ਗਏ ਹਰ, ਜਿਤ ਨਜ਼ਰ ਕੋਇ ਨਾ ਆਇਆ । ਤੁਧ ਬਿਨ ਸਾਈਂ ਗਏ ਮਰ, ਮਰਨ ਮਰਨ ਨਾ ਕੋਇ ਮਿਟਾਇਆ । ਕਰ ਕਿਰਪਾ ਆਪਣੇ ਬੰਨ੍ਹ ਲੜ, ਇਕੋ ਡੋਰੀ ਤੰਦ ਰਖਾਇਆ । ਤੇਰੇ ਦਵਾਰੇ ਲੱਗੇ ਜੜ੍ਹ, ਨਾ ਸਕੇ ਕੋਇ ਉਖੜਾਇਆ । ਤੇਰਾ ਨਾਉਂ ਲਈਏ ਪੜ੍ਹ, ਪੜ੍ਹ ਪੜ੍ਹ ਸ਼ੁਕਰ ਮਨਾਇਆ । ਤੇਰਿਆਂ ਭਗਤਾਂ ਸੇਵਾ ਲਈਏ ਕਰ, ਬਣ ਸੇਵਕ ਵੇਸ ਵਟਾਇਆ । ਤੇਰੇ ਦਵਾਰਿਉਂ ਆਵੇ ਡਰ, ਵੇਲੇ ਅੰਤ ਨਾ ਦਏਂ ਦੁਰਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਚੰਦ ਸਤਾਰ ਸੀਸ ਝੁਕਾਇਆ । ਚੰਦ ਸਤਾਰ ਗਏ ਝੁਕ, ਝੁਕ ਝੁਕ ਸਲਾਮ ਬੁਲਾਈਆ । ਪਿਛਲਾ ਪੈਂਡਾ ਗਿਆ ਮੁੱਕ, ਅੱਗੇ ਤੇਰੇ ਹੱਥ ਵਡਿਆਈਆ । ਪੀਰ ਪੈਗ਼ੰਬਰਾਂ ਕੋਲੋਂ ਲਿਆ ਪੁੱਛ, ਬਣੇ ਕੋਈ ਨਾ ਸਚ ਮਲਾਹੀਆ । ਪਰਵਰਦਿਗਾਰ ਸਭ ਦੀਆਂ ਜੜ੍ਹਾਂ ਰਿਹਾ ਪੱਟ, ਨਾ ਸਕੇ ਕੋਇ ਲਗਾਈਆ । ਕਲਜੁਗ ਅੰਤਮ ਆਪੇ ਪਿਆ ਉਠ, ਬਲ ਆਪਣਾ ਆਪ ਧਰਾਈਆ । ਜਨ ਭਗਤ ਬਣਾਏ ਸਾਚੇ ਸੁਤ, ਪਿਤਾ ਪੂਤ ਜੋੜ ਜੁੜਾਈਆ । ਲੱਗੀ ਪ੍ਰੀਤ ਨਾ ਜਾਏ ਛੁੱਟ, ਬੰਧਨ ਬੰਧ ਨਾ ਕੋਇ ਤੁੜਾਈਆ । ਭਗਤ ਫਲਵਾੜੀ ਗਈ ਫੁਟ, ਸਤਿਜੁਗ ਸਾਚਾ ਨੂਰ ਰੁਸ਼ਨਾਈਆ । ਆਪ ਸੁਹਾਏ ਆਪਣੀ ਰੁੱਤ, ਰੁੱਤ ਰੁਤੜੀ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਡੀ ਪੂਰੀ ਆਸ ਕਰਾਈਆ । ਸ੍ਰੀ ਭਗਵਾਨ ਦੱਸੇ ਭੇਤ, ਭੇਵ ਆਪ ਜਣਾਈਆ । ਸੰਮਤ ਚੜ੍ਹਨਾ ਪਹਿਲੀ ਚੇਤ, ਵੀਹ ਸੌ ਵੀਹ ਬਿਕਰਮੀ ਦਏ ਵਡਿਆਈਆ । ਚੰਦ ਸਤਾਰੇ ਛਾਤੀ ਉਤੇ ਲੈਣਾ ਖੇਡ, ਪਿਤਾ ਪੂਤ ਲਾਡ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਰਿਹਾ ਸੁਣਾਈਆ । ਚੰਦ ਸਤਾਰੇ ਕਰੋ ਧਿਆਨ, ਹਰਿ ਸਾਚਾ ਸਚ ਜਣਾਇੰਦਾ । ਸਾਰੇ ਰੱਖੋ ਇਕ ਈਮਾਨ, ਅਮਾਮ ਆਪ ਸਮਝਾਇੰਦਾ । ਬਗ਼ਲੇ

ਮਾਰੋ ਜਗਤ ਕੁਰਾਨ, ਕੁਰਾ ਆਪਣਾ ਫੇਰ ਵਖਾਇੰਦਾ । ਨਾ ਕੋਈ ਕਲਮਾ ਨਾ ਕਲਾਮ, ਹਰਫ਼ ਬਹੱਰਫ਼ ਨਾ ਕੋਇ ਪੜ੍ਹਾਇੰਦਾ । ਦੀਨ ਮਜ਼੍ਹਬ ਨਾ ਕੋਇ ਇਸਲਾਮ, ਸ਼ਰਅ ਸ਼ਰੀਅਤ ਨਾ ਕੋਇ ਰਖਾਇੰਦਾ । ਸੱਚੋ ਸਚ ਇਕ ਨਜ਼ਾਮ, ਨਜ਼ਰੀਆ ਇਕੋ ਇਕ ਪਾਇੰਦਾ । ਬਣਿਆ ਰਹੇ ਆਪ ਗ਼ੁਲਾਮ, ਬਰਦਾ ਰੂਪ ਆਪ ਹੋ ਜਾਇੰਦਾ । ਨਾ ਕੋਈ ਸੁਬਹ ਨਾ ਕੋਈ ਸ਼ਾਮ, ਚੰਦ ਸਤਾਰ ਨਾ ਕੋਇ ਚਮਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਇੰਦਾ । ਸਾਚਾ ਹੁਕਮ ਚੰਦ ਸਤਾਰੇ, ਹਰਿ ਹਰਿਜੂ ਆਪ ਜਣਾਈਆ । ਦੇਵਣਹਾਰਾ ਵਸਤ ਅਪਾਰੇ, ਵਾਸਤਕ ਇਕੋ ਇਕ ਵਰਤਾਈਆ । ਦੋਏ ਲਾਲ ਬੈਠੇ ਸਚ ਦਵਾਰੇ, ਦਰ ਪਰਦਾ ਰਿਹਾ ਖੁਲ੍ਹਾਈਆ । ਜਗਤ ਜਗਦੀਸ਼ ਵਾਜਾਂ ਮਾਰੇ, ਸੋਹੰ ਢੋਲਾ ਏਕਾ ਗਾਈਆ । ਆ ਚੰਦ ਮੇਰੇ ਚੰਦ ਪਿਆਰੇ, ਤੈਨੂੰ ਸਾਹਿਬ ਸਾਚਾ ਚੰਦ ਦਿਆਂ ਵਖਾਈਆ । ਜਿਸ ਦੀ ਜੋਤ ਅੱਠੇ ਪਹਿਰ ਚਮਕਾਂ ਮਾਰੇ, ਰੈਣ ਅੰਧੇਰੀ ਨਾ ਕੋਇ ਵਖਾਈਆ । ਆਦਿ ਜੁਗਾਦਿ ਨਾ ਹੋਏ ਧੂਆਂਧਾਰੇ, ਬਾਦਲ ਉਪਰ ਨਾ ਪਰਦਾ ਪਾਈਆ । ਸੋ ਸਾਹਿਬ ਮੇਰਾ ਵਸੇ ਸੱਚਖੰਡ ਦਵਾਰੇ, ਸੱਚਖੰਡ ਦਵਾਰਾ ਲੋਕਮਾਤ ਬਣਾਈਆ । ਸੀਸ ਬੰਨ੍ਹੇ ਸਚ ਦਸਤਾਰੇ, ਦਸਤ ਆਪਣੇ ਸੇਵ ਕਮਾਈਆ । ਗੋਬਿੰਦ ਮੇਲਾ ਕੰਤ ਭਤਾਰੇ, ਘਰ ਪਾਇਆ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਆ ਸਤਾਰੇ ਵੇਖ ਸਤਿ, ਸਤਿ ਸਤਿਵਾਦੀ ਆਪ ਜਣਾਇੰਦਾ । ਛੋਟਾ ਬਾਲਾ ਦੇਵੇ ਮਤ, ਮਨਜੀਤਾ ਮਨ ਜਿਤਿਆ ਹੱਥ ਕਿਸੇ ਨਾ ਆਇੰਦਾ । ਆ ਕੇ ਵੇਖ ਮੇਰਾ ਕਮਲਾਪਤ, ਕੋਝਿਆਂ ਕਮਲਿਆਂ ਗਲੇ ਲਗਾਇੰਦਾ । ਜਿਸ ਦਾ ਗੋਬਿੰਦ ਸੱਬਰ ਬੈਠਾ ਘੱਤ, ਸੋ ਗੋਬਿੰਦ ਵਿਚ ਸਮਾਇੰਦਾ । ਚਰਨ ਦਵਾਰੇ ਆ ਕੇ ਢੱਠ, ਡਿਗਿਆਂ
੩੯ ੧੩ ਫੜ ਉਠਾਇੰਦਾ । ਚਾਰ ਜੁਗ ਦਿਆਂ ਵਿਛੜਿਆਂ ਹੋਇਆ ਇਕੱਠ, ਆਪ ਆਪਣਾ ਮੇਲ ਮਿਲਾਇੰਦਾ । ਜਿਸ ਦੋ ਜਹਾਨ ਚਲਾਇਆ ਰਥ, ਗੁਰ ੩੯ ੧੩
ਅਵਤਾਰ ਪੀਰ ਪੈਗ਼ੰਬਰ ਰਾਹ ਵਖਾਇੰਦਾ । ਸੋ ਸਾਹਿਬ ਹੋਇਆ ਪਰਗਟ, ਪਰਗਟ ਆਪਣੀ ਜੋਤ ਜਗਾਇੰਦਾ । ਸਚ ਸਤਾਰੇ ਸਾਚਾ ਨਾਮ ਲੈਣਾ ਰਟ, ਸੋਹੰ ਢੋਲਾ ਇਕ ਅਲਾਇੰਦਾ । ਤੇਰਾ ਮਿਟੇ ਵਿਛੋੜਾ ਫੱਟ, ਪੱਟੀ ਆਪਣੇ ਨਾਮ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਵਖਾਇੰਦਾ । ਚੰਦ ਸਤਾਰ ਸੁਣ ਸੰਦੇਸ਼ਾ, ਇਕ ਧਿਆਨ ਲਗਾਈਆ । ਕਵਣ ਵੇਲਾ ਮਿਲੇ ਨਰ ਨਰੇਸ਼ਾ, ਨਰ ਨਰਾਇਣ ਬੇਪਰਵਾਹੀਆ । ਪਿਛਲਾ ਚੁਕਾਏ ਮੂਲ ਲੇਖਾ, ਮੁਲਾਂ ਸ਼ੇਖ਼ ਸੰਗ ਤੁੜਾਈਆ । ਅੱਗੇ ਕਰੇ ਨਾਲ ਭਗਤਾਂ ਹੇਤਾ, ਹਿੱਤ ਆਪਣਾ ਨਾਲ ਮਿਲਾਈਆ । ਦਰ ਆਇਆਂ ਘਰ ਖੋਲ੍ਹੇ ਭੇਤਾ, ਭੇਵ ਅਭੇਦ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚੰਨ ਸਤਾਰ ਦਏ ਵਡਿਆਈਆ । ਚੰਨ ਸਤਾਰ ਤੇਰਾ ਚੁਕਿਆ ਲਹਿਣਾ, ਹਰਿ ਲਹਿਣਾ ਲੇਖੇ ਪਾਇੰਦਾ । ਉਠ ਉਠ ਵੇਖੋ ਆਪਣੇ ਨੈਣਾਂ, ਨੇਤਰ ਨੈਣਾਂ ਆਪ ਵਖਾਇੰਦਾ । ਜਿਉਂ ਭਗਤਾਂ ਮੰਨਿਆਂ ਮੇਰਾ ਕਹਿਣਾ, ਤਿਉਂ ਸਾਚਾ ਹੁਕਮ ਸੁਣਾਇੰਦਾ । ਸਰਨ ਸਰਨਾਈ ਸਾਚੇ ਬਹਿਣਾ, ਦਰ ਘਰ ਸਾਚਾ ਇਕ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੰਡਲ ਮੰਡਪ ਆਪ ਵਡਿਆਇੰਦਾ । ਚੰਦ ਸਤਾਰਾ ਮੰਡਲ ਧਾਰ, ਭੂਮਕਾ ਧਵਲ ਦਏ ਵਡਿਆਈਆ । ਆਕਾਸ਼ ਆਕਾਸ਼ਾਂ ਖੇਲ ਨਿਆਰ, ਪਰਕਾਸ਼ ਪਰਕਾਸ਼ ਲਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਰੁਤੜੀ ਰੁੱਤ ਮਹਿਕਾਈਆ । ਸਾਚੀ ਰੁਤੜੀ ਸੋਹੇ ਰੁੱਤ, ਹਰਿ ਸਤਿਗੁਰ ਆਪ ਸੁਹਾਇੰਦਾ । ਕਰੇ

ਖੇਲ ਅਬਿਨਾਸ਼ੀ ਅਚੁਤ, ਪਰਦਾ ਓਹਲਾ ਆਪ ਉਠਾਇੰਦਾ । ਪਹਿਲੀ ਚੇਤਰ ਮੰਡਲ ਮੰਡਪ ਲਏ ਪੁੱਛ, ਬਚਿਆ ਕੋਇ ਰਹਿਣ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਇਕ ਸੁਣਾਇੰਦਾ । ਸਚ ਸੰਦੇਸ਼ਾ ਚੁੱਪ ਚੁਪੀਤਾ, ਚੌਹਾਂ ਹਰਿ ਜਣਾਈਆ । ਆਦਿ ਜੁਗਾਦੀ ਜੁਗ ਜੁਗ ਰੀਤਾ, ਭਗਵਨ ਆਪ ਬਣਾਈਆ । ਲੇਖਾ ਚੁੱਕੇ ਮੰਦਰ ਮਸੀਤਾ, ਮਸਤਕ ਤਿਲਕ ਨਾ ਕੋਇ ਛੁਹਾਈਆ । ਤ੍ਰੈਗੁਣ ਤਪੇ ਨਾ ਕੋਇ ਅੰਗੀਠਾ, ਹਵਨ ਕੁੰਡ ਨਾ ਕੋਇ ਵਡਿਆਈਆ । ਨਾ ਕੋਈ ਕਬਾਬ ਭੁੰਨੇ ਉਪਰ ਸੀਖਾਂ, ਛੁਰੀ ਹਲਾਲ ਨਾ ਕੋਇ ਸਮਝਾਈਆ । ਝਟਕਾ ਕਰੇ ਨਾ ਕੋਈ ਪ੍ਰੀਤਾ, ਗੋਬਿੰਦ ਖੰਡਾ ਇਕ ਖੜਕਾਈਆ । ਚਾਰ ਵਰਨ ਦੱਸੇ ਇਕ ਤਰੀਕਾ, ਤਰਾ ਤਰਾ ਨਾਲ ਸਮਝਾਈਆ । ਪ੍ਰਭ ਕਾ ਭਾਣਾ ਲਾਗੇ ਮੀਠਾ, ਸਦ ਮੰਨੋ ਇਕ ਰਜ਼ਾਈਆ । ਗੁਰਮੁਖ ਇਕ ਸੱਤ ਛੇ ਪੰਜ ਜੇ ਨਾ ਫੋਲਦੇ ਮੇਰਾ ਅੰਗੀਠਾ, ਘਰ ਘਰ ਬਹਿੰਦਾ ਡੇਰਾ ਲਾਈਆ । ਪੁਰਖ ਅਕਾਲ ਵਖੌਂਦਾ ਇਕੋ ਰੀਤਾ, ਮੰਦਰ ਮਸੀਤਾਂ ਡੇਰਾ ਢਾਹੀਆ । ਮੇਰਾ ਸਾਹਿਬ ਸਦਾ ਸਦ ਜੀਤਾ, ਨਾ ਮਰੇ ਨਾ ਜਾਈਆ । ਵੇਖੋ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਬਦਲਣ ਆਇਆ ਰੀਤਾ, ਰੀਤੀਵਾਨ ਫੇਰਾ ਪਾਈਆ । ਊਚ ਨੀਚ ਰਾਉ ਰੰਕ ਹਸਤ ਕੀਟ ਜਿਨ ਇਕੋ ਜਿਹਾ ਕੀਤਾ, ਕੀਤੀ ਸਭ ਦੀ ਆਪਣੇ ਹੱਥ ਰਖਾਈਆ । ਸਦੀ ਚੌਧਵੀਂ ਵੇਲਾ ਬੀਤਾ, ਬੀਤੀ ਕਹਾਣੀ ਲੇਖੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਚ ਸਮਗਰੀ ਇਕ ਲਿਆਈਆ । ਸਚ ਸਮਗਰੀ ਲੈ ਕੇ ਆਇਆ, ਵਾਹਦ ਲਾਸ਼ਰੀਕਾ । ਇਕ ਨਗਰੀ ਬਹਿ ਕੇ ਆਇਆ, ਜਿਸ ਦੀਆਂ ਕਰਦੇ ਰਹੇ ਉਡੀਕਾਂ । ਜੋਤ ਉਜਗਰੀ ਕਰ ਕੇ ਆਇਆ, ਪਿਛਲੀਆਂ ਮੇਟੇ ਸਰਬ ਤਰੀਕਾਂ । ਆਪਣੀ ਕਹਾਣੀ ਸਜਰੀ ਪੜ੍ਹ ਕੇ ਆਇਆ, ਜਨ ਭਗਤਾਂ ਦੱਸੇ ਚਰਨ ਪ੍ਰੀਤਾ । ਪੀਰ ਪੈਗ਼ੰਬਰ ਗੁਰ ਅਵਤਾਰਾਂ ਫੜ ਕੇ ਆਇਆ, ਫੜ ਫੜ ਬਾਹੋਂ ਸਰਬ ਘਸੀਟਾ । ਸਤਿਜੁਗ ਦਾ ਸਾਚਾ ਚੰਦ ਚੜ੍ਹ ਕੇ ਆਇਆ, ਨੂਰੋ ਨੂਰ ਨੂਰ ਅਨਡੀਠਾ । ਤਾਰਨਹਾਰਾ ਤਾਰਾ ਬਣ ਕੇ ਆਇਆ, ਸਾਹਿਬ ਦਿਆਲ ਦਿਆਲ ਹਰਿ ਨਜ਼ਦੀਕਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣੀ ਰੀਤਾ ।



### ❇ ਪਹਿਲੀ ਮੱਘਰ ੨੦੧੯ ਬਿਕਰਮੀ ਹਰਿ ਭਗਤ ਦਵਾਰ ਜੇਠੂਵਾਲ ❇

ਪੁਰਖ ਅਕਾਲ ਕਲ ਸਾਚੀ ਕਲਗ਼ੀ, ਹਰਿ ਸਾਚੀ ਕਾਰ ਕਮਾਈਆ । ਨਿਰਗੁਣ ਸਰਗੁਣ ਖੇਲ ਆਪੇ ਕਰਦੀ, ਨਾਰ ਕੰਤ ਰੂਪ ਵਟਾਈਆ । ਸਚਖੰਡ ਦਵਾਰੇ ਆਪ ਚੜ੍ਹਦੀ, ਖ਼ਾਕੀ ਖ਼ਾਕ ਆਪ ਸਮਾਈਆ । ਆਪਣਾ ਨਾਮ ਆਪਣਾ ਅੱਖਰ ਆਪਣਾ ਕਲਮਾ ਆਪੇ ਪੜ੍ਹਦੀ, ਪੜ੍ਹ ਪੜ੍ਹ ਆਪੇ ਖ਼ੁਸ਼ੀ ਮਨਾਈਆ । ਆਪਣੀ ਜੋਤ ਆਪਣੀ ਅਗਨੀ ਆਪਣੇ ਹਵਨ ਆਪੇ ਸੜਦੀ, ਦੂਸਰ ਸਾਰ ਕਿਸੇ ਨਾ ਆਈਆ । ਆਦਿ ਅੰਤ ਆਪਣਾ ਘਾੜਨ ਆਪੇ ਘੜਦੀ, ਸੁਨਿਆਰ ਠਠਿਆਰ ਨਾ ਕੋਇ ਵਡਿਆਈਆ । ਸੀਸ ਜਗਦੀਸ਼ ਸੇਵ ਕਮਾਏ ਬਣ ਬਣ ਬਰਦੀ, ਨਿਉਂ ਨਿਉਂ ਆਪਣਾ ਸੀਸ ਝੁਕਾਈਆ । ਦਰ ਦਰਵੇਸ਼ ਬਣ ਬਣ ਫਿਰੇ ਡਰਦੀ, ਨਿਰਭੌ ਭੈ ਇਕ ਰਖਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਫਿਰੇ ਫੜਦੀ, ਦੋ ਜਹਾਨਾਂ ਵੇਖ ਵਖਾਈਆ । ਨੌਂ ਖੰਡ ਪ੍ਰਿਥਮੀ ਸਤ ਦੀਪ ਬ੍ਰਹਿਮੰਡ ਖੰਡ ਪੁਰੀ ਅਕਾਸ਼ ਫਿਰੇ ਲੜਦੀ, ਆਪ ਆਪਣਾ ਬਲ ਵਖਾਈਆ । ਜੁਗਾ ਜੁਗੰਤਰ ਕਿਸੇ ਕੋਲੋਂ ਨਾ ਹਰਦੀ,

ਹਾਰ ਜਿਤ ਆਪਣੇ ਹੱਥ ਰਖਾਈਆ । ਬਿਨ ਭਗਤ ਪਿਆਰ ਸਦਾ ਮਰਦੀ, ਜੀਵਣ ਜੁਗਤ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਨੂਰ ਜੋਤ ਸੁਆਈਆ । ਜੋਤੀ ਨੂਰ ਕਲ਼ਗੀਧਰ, ਕਲਕਲਕੀ ਖੇਲ ਖਿਲਾਇੰਦਾ । ਸਚ ਸਿੰਘਾਸਣ ਆਪੇ ਚੜ੍ਹ, ਤਖ਼ਤ ਨਿਵਾਸੀ ਸੋਭਾ ਪਾਇੰਦਾ । ਮਰਦ ਮਰਦਾਨਾ ਆਪੇ ਬਣ, ਨੂਰ ਜ਼ਹੂਰ ਆਪ ਕਰਾਇੰਦਾ । ਹੱਕ ਮੁਕਾਮੇ ਆਪੇ ਖੜ, ਜਲਵਾ ਨੂਰ ਵੇਖ ਵਖਾਇੰਦਾ । ਆਇਤ ਸ਼ਰਾਇਤ ਆਪੇ ਪੜ੍ਹ, ਕਲਮਾ ਨਬੀ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਸਮਝਾਇੰਦਾ । ਸਾਚੀ ਕਲ਼ਗੀ ਗੋਬਿੰਦ ਤੋੜਾ, ਭੇਵ ਕੋਇ ਨਾ ਪਾਇੰਦਾ । ਕਲਜੁਗ ਅੰਤਮ ਬਣਿਆ ਜੋੜਾ, ਨਿਰਗੁਣ ਸਰਗੁਣ ਮੇਲ ਮਿਲਾਇੰਦਾ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਰਸ ਵੇਖੇ ਮਿੱਠਾ, ਕੌੜਾ, ਆਦਿ ਜੁਗਾਦੀ ਫੇਲ ਫੁਲਾਇੰਦਾ । ਪੁਰਖ ਅਬਿਨਾਸ਼ੀ ਇਕੋ ਰੱਖਿਆ ਆਪਣਾ ਘੋੜਾ, ਆਪ ਆਪਣਾ ਆਸਣ ਲਾਇੰਦਾ । ਚੁੱਕਣਹਾਰਾ ਆਪਣਾ ਪੌੜਾ, ਰੂਪ ਰੰਗ ਨਾ ਕੋਇ ਰਖਾਇੰਦਾ । ਦੋ ਜਹਾਨਾਂ ਫਿਰੇ ਦੌੜਾ, ਦਰੋਹੀ ਖ਼ੁਦਾਏ ਸਰਬ ਕੁਰਲਾਇੰਦਾ । ਖੇਲ ਕਰਾਏ ਬ੍ਰਹਿਮਣ ਗੌੜਾ, ਗ਼ੌਰ ਆਪਣਾ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਲਗੀ ਆਪ ਸਮਝਾਇੰਦਾ । ਸਾਚੀ ਕਲਗੀ ਗੋਬਿੰਦ ਧਾਰ, ਹਰਿ ਹਰਿ ਖੇਲ ਕਰਾਈਆ । ਪੁਰਖ ਅਕਾਲ ਹੋ ਉਜਿਆਰ, ਉਜਰਤ ਪਿਛਲੀ ਲੇਖੇ ਪਾਈਆ । ਲਹਿਣਾ ਦੇਣਾ ਦੇਵੇ ਕਰਜ਼ ਉਤਾਰ, ਮਕਰੂਜ਼ ਆਪਣਾ ਫ਼ਰਜ਼ ਰਿਹਾ ਨਿਭਾਈਆ । ਚਮਕ ਵਖਾਏ ਅਪਰ ਅਪਾਰ, ਦਮਕ ਆਪਣੇ ਵਿਚ ਛੁਪਾਈਆ । ਸਨਕ ਸਨੰਦਨ ਰੋਵੇ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਬਰਾਹ ਚਰਨ ਧੂੜੀ ਮੰਗੇ ਛਾਰ, ਤੇਰਾ ਮੁਖੜਾ ਨਜ਼ਰ ਨਾ ਆਈਆ । ਹਾਵ ਗ਼ਰੀਵ ਕਹੇ ਮੇਰੇ ਉਤੇ ਹੋ ਅਸਵਾਰ, ਮੁਖ ਮੇਰਾ ਤੋਹੇ ਸਾਲਾਹੀਆ । ਯਗੈ ਪੁਰਸ਼ ਦੋਏ ਦੋਏ ਜੌੜ ਮੰਗੇ ਚਰਨ ਧੂੜ ਛਾਰ, ਖ਼ਾਕੀ ਖ਼ਾਕ ਖ਼ਾਕ ਰਮਾਈਆ । ਨਰ ਨਰਾਇਣ ਕਹੇ ਖੋਲ੍ਹ ਤਾਕ, ਬੰਦ ਕਵਾੜੀ ਕੁੰਡਾ ਲਾਹੀਆ । ਤੇਰੀ ਕਲ਼ਗੀ ਵੇਖਾਂ ਝਾਕ, ਝਾਕੀ ਇਕੋ ਵਾਰ ਜਣਾਈਆ । ਸਚਖੰਡ ਨਿਵਾਸੀ ਤੇਰਾ ਸਾਕ, ਸਤਿ ਪੁਰਖ ਨਿਰੰਜਣ ਤੇਰੀ ਵਡ ਵਡਿਆਈਆ । ਜੁਗ ਚੌਕੜੀ ਤੱਕਦੇ ਰਹੇ ਤੇਰੀ ਵਾਟ, ਤੇਰਾ ਪੰਧ ਨਾ ਕੋਇ ਮੁਕਾਈਆ । ਤੁਧ ਬਿਨ ਪੁਛੇ ਨਾ ਕੋਇ ਵਾਤ, ਸੀਸ ਜਗਦੀਸ਼ ਹੱਥ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਲ਼ਗੀ ਇਕ ਸਮਝਾਈਆ । ਸਾਚੀ ਕਲ਼ਗੀ ਕਲ ਅਵਤਾਰਾ, ਏਕਾ ਏਕ ਜਣਾਇੰਦਾ । ਸਚਖੰਡ ਨਿਵਾਸੀ ਹੋ ਉਜਿਆਰਾ, ਸੋ ਪੁਰਖ ਨਿਰੰਜਣ ਵੇਸ ਵਟਾਇੰਦਾ । ਹਰਿ ਪੁਰਖ ਨਿਰੰਜਣ ਖੋਲ੍ਹ ਕਵਾੜਾ, ਥਿਰ ਘਰ ਆਪਣਾ ਕੁੰਡਾ ਲਾਹਿੰਦਾ । ਏਕੰਕਾਰਾ ਪਾਵੇ ਸਾਰਾ, ਆਦਿ ਨਿਰੰਜਣ ਨੂਰ ਧਰਾਇੰਦਾ । ਅਬਿਨਾਸ਼ੀ ਕਰਤਾ ਕਰ ਪਿਆਰਾ, ਸ੍ਰੀ ਭਗਵਾਨ ਸੰਗ ਰਖਾਇੰਦਾ । ਪਾਰਬ੍ਰਹਮ ਪ੍ਰਭ ਬਣ ਵਣਜਾਰਾ, ਸਾਚਾ ਵਣਜ ਆਪ ਜਣਾਇੰਦਾ । ਦੱਤਾ ਤ੍ਰੈ ਵੇਖ ਕਿਨਾਰਾ, ਹਰਿ ਘਾਟ ਇਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੂਸਰ ਨਜ਼ਰ ਕਿਸੇ ਨਾ ਆਇੰਦਾ । ਹਰਿ ਕਲ਼ਗੀ ਨੂਰ ਨੂਰ ਅਵੱਲਾ, ਨਜ਼ਰ ਕਿਸੇ ਨਾ ਆਇੰਦਾ । ਪਰਵਰਦਿਗਾਰ ਇਕ ਇਕੱਲਾ, ਦਰਗਾਹ ਸਾਚੀ ਵੇਖ ਵਖਾਇੰਦਾ । ਚੌਦਾਂ ਤਬਕ ਤਬਕ ਮਹੱਲਾ, ਸਾਚਾ ਸਬਕ ਸਬਕ ਪੜ੍ਹਾਇੰਦਾ । ਆਦਿ ਜੁਗਾਦੀ ਏਕਾ ਪੱਲਾ, ਪੱਲੂ ਆਪਣਾ ਨਾਮ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਏਕਾ ਘੱਲਾ, ਜੋਤ ਸ਼ਬਦੀ ਆਪੇ ਰੱਲਾ,

ਜੋਤੀ ਨੂਰ ਨੂਰ ਸਮਾਇੰਦਾ । ਜੋਤੀ ਨੂਰ ਆਲਮੀਨ, ਉਲਮਾ ਆਲਮ ਭੇਵ ਨਾ ਰਾਈਆ । ਦੇਵਣਹਾਰਾ ਸਚ ਤਲਕੀਨ, ਜਾਗਰਤ ਜੋਤ ਕਰੇ ਰੁਸ਼ਨਾਈਆ । ਕਰੇ ਕਰਾਏ ਹੱਕ ਤਲਕੀਨ, ਤਹਿਕੀਕ ਆਪਣੀ ਆਪ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਪਾਰਾ, ਕਲ ਕਲਕੀ ਆਪ ਜਣਾਇੰਦਾ । ਲੇਖਾ ਜਾਣ ਧੁਰ ਦਰਬਾਰਾ, ਧੁਰ ਦਾ ਭੇਵ ਆਪ ਚੁਕਾਇੰਦਾ । ਨਿਰਗੁਣ ਸਰਗੁਣ ਪਾਵੇ ਸਾਰਾ, ਸਰਗੁਣ ਨਿਰਗੁਣ ਵੇਖ ਵਖਾਇੰਦਾ । ਜੁਗ ਚੌਕੜੀ ਪਾਰ ਕਿਨਾਰਾ, ਸਤਿਜੁਗ ਤ੍ਰੇਤਾ ਦਵਾਪਰ ਆਪ ਹੰਢਾਇੰਦਾ । ਲੇਖਾ ਜਾਣ ਤੇਈ ਅਵਤਾਰਾ, ਦਰ ਦਰ ਆਪਣਾ ਹੁਕਮ ਮਨਾਇੰਦਾ । ਹੁਕਮੇ ਅੰਦਰ ਖੇਲ ਨਿਆਰਾ, ਨਰ ਹਰਿ ਨਰਾਇਣ ਆਪ ਕਰਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਕਰ ਲਿਖਾਰਾ, ਲਿਖ ਲਿਖ ਲੇਖਾ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਹਰਿ ਕਰਤਾਰ, ਏਕਾ ਏਕ ਕਰਾਈਆ । ਭਗਤਨ ਮੇਲਾ ਕੰਤ ਭਤਾਰ, ਘਰ ਸਾਚੇ ਵੱਜੇ ਵਧਾਈਆ । ਲੇਖਾ ਜਾਣੇ ਪੀਰ ਪੈਗ਼ੰਬਰ ਸਾਚੇ ਯਾਰ, ਯਾਰੀ ਯਾਰਾਂ ਨਾਲ ਨਿਭਾਈਆ । ਈਸਾ ਮੂਸਾ ਮੁਹੰਮਦ ਦੇ ਆਧਾਰ, ਏਕਾ ਏਕ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਭੇਵ ਆਪ ਜਣਾਈਆ । ਸਾਚਾ ਭੇਵ ਹਰਿ ਭਗਵਾਨਾ, ਏਕਾ ਏਕ ਜਣਾਇੰਦਾ । ਨਾਨਕ ਨਿਰਗੁਣ ਨਾਮ ਤਰਾਨਾ, ਸਤਿ ਸਤਿ ਵਡਿਆਇੰਦਾ । ਸਚਖੰਡ ਦਵਾਰਾ ਸਚ ਮਕਾਨਾ, ਹੱਕ ਮੁਕਾਮ ਇਕ ਦ੍ਰਿੜਾਇੰਦਾ । ਏਕਾ ਜੋਤੀ ਖੇਲ ਮਹਾਨਾ, ਗੋਬਿੰਦ ਏਕਾ ਗੋਦ ਸੁਹਾਇੰਦਾ । ਗੋਬਿੰਦ ਮੇਲਾ ਪਿਤਾ ਸੁਜਾਨਾ, ਸਾਚੀ ਸਿਖਿਆ ਇਕ ਰਖਾਇੰਦਾ । ਧੁਰਦਰਗਾਹੀ ਹਰਿ ਨਿਸ਼ਾਨਾ, ਨਿਗਾਹਬਾਨ ਆਪ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਗੋਬਿੰਦ ਸੂਰਾ, ਪੁਰਖ ਅਕਾਲ ਇਕ ਧਿਆਈਆ । ਅੰਦਰ ਬਾਹਰ ਇਕੋ ਬਹੁੜਾ, ਗੁਪਤ ਜ਼ਾਹਰ ਵੇਖ ਵਖਾਈਆ । ਨੇਤਰ ਲੋਚਣ ਨੈਣ ਹਾਜ਼ਰ ਹਜ਼ੂਰਾ, ਦਿਵਸ ਰੈਣ ਨਾ ਕੋਇ ਵਡਿਆਈਆ । ਸਰਬ ਕਲਾ ਸਮਰਥ ਭਰਪੂਰਾ, ਭਰਪੂਰ ਰਿਹਾ ਸਰਬ ਠਾਈਂਆ । ਵਸਣਹਾਰਾ ਦੂਰ ਨੇੜਾ, ਨੇਰਨ ਹੋ ਹੋ ਦਰਸ ਦਿਖਾਈਆ । ਤੂੰ ਮੇਰਾ ਮੈਂ ਤੇਰਾ, ਤੇਰਾ ਮੇਰਾ ਭੇਵ ਨਾ ਜਾਣੇ ਕੋਇ ਰਾਈਆ । ਤੇਰਾ ਨਗਰ ਮੇਰਾ ਖੇੜਾ, ਮੇਰਾ ਖੇੜਾ ਤੇਰੀ ਵਡਿਆਈਆ । ਲੱਖ ਚੁਰਾਸੀ ਝੂਠਾ ਝੇੜਾ, ਜੀਵਣ ਜੁਗਤ ਜਗਤ ਕੁੜਮਾਈਆ । ਕਲਜੁਗ ਅੰਤਮ ਪੁਰਖ ਅਕਾਲ ਪਾਰਬ੍ਰਹਮ ਪਤਿਪਰਮੇਸ਼ਵਰ ਨਿਹਕਾਮੀ ਸਦਾ ਸਵਾਮੀ ਪਾਏ ਫੇਰਾ, ਫੇਰੀ ਆਪਣੀ ਇਕ ਜਣਾਈਆ । ਨਵ ਨੌਂ ਚਾਰ ਕਰੇ ਨਬੇੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਚੁਕਾਈਆ । ਸਾਚਾ ਭੇਵ ਹਰਿ ਹਰਿ ਖੋਲ੍ਹੇ, ਖ਼ਾਲਕ ਖ਼ਲਕ ਹਰਿ ਜਣਾਇੰਦਾ । ਦੋ ਜਹਾਨਾਂ ਤੋਲ ਤੋਲੇ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਆਦਿ ਜੁਗਾਦਿ ਰਹੇ ਅਡੋਲੇ, ਅਡੋਲ ਡੁਲ ਕਦੇ ਨਾ ਜਾਇੰਦਾ । ਵਸਣਹਾਰਾ ਕਾਇਆ ਪਰਦੇ ਓਹਲੇ, ਆਪਣਾ ਭੇਵ ਨਾ ਕਿਸੇ ਜਣਾਇੰਦਾ । ਬਿਨ ਗੋਬਿੰਦ ਸਾਚੀ ਧਰਤ ਕੋਇ ਨਾ ਮੌਲੇ, ਮੌਲਾ ਰੂਪ ਨਾ ਕੋਇ ਵਖਾਇੰਦਾ । ਨਿਰਗੁਣ ਨਿਰਗੁਣ ਨਾਲ ਕਰੇ ਕੌਲੇ, ਸਰਗੁਣ ਸਰਗੁਣ ਮੋਹ ਚੁਕਾਇੰਦਾ । ਅੰਤਮ ਕਲ ਪਰਗਟ ਹੋਏ ਉਪਰ ਧੌਲੇ, ਧਰਨੀ ਧਰਤ ਧਵਲ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਜਣਾਇੰਦਾ । ਸਾਚੀ ਖੇਲ ਹਰਿ ਕਰਤਾਰ, ਗੁਰ ਗੁਰ ਗੋਬਿੰਦ ਆਪ ਜਣਾਈਆ ।

ਤੇਰਾ ਸੀਸ ਮੇਰੀ ਦਸਤਾਰ, ਤੇਰੀ ਦਸਤਾਰ ਮੇਰੀ ਰੁਸ਼ਨਾਈਆ । ਤੇਰੀ ਪ੍ਰੀਤ ਮੇਰਾ ਪਿਆਰ, ਮੇਰਾ ਪਿਆਰ ਤੇਰੀ ਵਡਿਆਈਆ । ਤੇਰੀ ਰੀਤ ਵਿਚ ਸੰਸਾਰ, ਸ਼ਾਹ ਹਕੀਰ ਵੇਖ ਵਖਾਈਆ । ਬੇਨਕਾਬ ਮੁਖ ਪਰਦਾ ਆਪੇ ਪਾੜ, ਸ਼ਰਅ ਸ਼ਰੀਅਤ ਨਾ ਕੋਇ ਵਡਿਆਈਆ । ਦੀਨ ਮਜ਼੍ਹਬਾਂ ਵਸੇ ਬਾਹਰ, ਨੂਰ ਨੁਰਾਨਾ ਸੱਚਾ ਮਾਹੀਆ । ਕਲ ਕਲਕੀ ਲੈ ਅਵਤਾਰ, ਸਿਰ ਕਲਗ਼ੀ ਇਕ ਟਿਕਾਈਆ । ਜਿਸ ਦੀ ਕਿਸੇ ਨਾ ਪਾਈ ਸਾਰ, ਚਾਰ ਜੁਗ ਨਿਉਂ ਨਿਉਂ ਸੀਸ ਝੁਕਾਈਆ । ਤੇਈ ਅਵਤਾਰ ਰਹੇ ਭਿਖਾਰ, ਭਗਤ ਖ਼ਾਲੀ ਝੋਲੀ ਅੱਗੇ ਡਾਹੀਆ । ਪੀਰ ਪੈਗ਼ੰਬਰ ਸੁਣਦੇ ਰਹੇ ਗੁਫ਼ਤਾਰ, ਜਲਵਾ ਨੂਰ ਨਜ਼ਰ ਕਿਸੇ ਨਾ ਆਈਆ । ਕਿਰਨ ਕਿਰਨ ਕਿਰਨ ਵਿਚੋਂ ਕੱਢੀ ਬਾਹਰ, ਆਪਣੀ ਕਿਰਪਾ ਦਏ ਦ੍ਰਿੜਾਈਆ । ਮੂਸਾ ਡਿਗਾ ਮੂੰਹ ਦੇ ਭਾਰ, ਮੁਫ਼ਲਸ ਹੋ ਕੇ ਮੰਗ ਮੰਗਾਈਆ । ਖ਼ਿਮਾ ਗ਼ਰੀਬੀ ਸਾਚੇ ਯਾਰ, ਨਜ਼ਦੀਕੀ ਤੇਰੀ ਨਜ਼ਦੀਕੀ ਨਜ਼ਰ ਕਿਸੇ ਨਾ ਆਈਆ । ਬਾਰੀਕੀ ਬਾਰੀਕੀ ਬਾਰੀਕ ਤੇਰੀ ਗੁਫ਼ਤਾਰ, ਗੁਫ਼ਤ ਸ਼ਨੀਦ ਨਾ ਕੋਇ ਜਣਾਈਆ । ਕੋਈ ਨਾ ਜਾਣੇ ਤੇਰੀ ਰਫ਼ਤਾਰ, ਤੇਰਾ ਭੇਵ ਨਾ ਕੋਇ ਜਣਾਈਆ । ਦੋਏ ਜੋੜ ਕਰੇ ਨਿਮਸਕਾਰ, ਪਰਵਰਦਿਗਾਰ ਤੇਰੀ ਸਰਨਾਈਆ । ਤੇਰਾ ਨੂਰ ਇਕ ਅਪਾਰ, ਤੇਰੀ ਚਮਕ ਚਮਕ ਵਡਿਆਈਆ । ਤੂੰ ਪੀਰਾਂ ਦਾ ਪੀਰ ਪੈਗ਼ੰਬਰ ਸ਼ਾਹਾਂ ਦਾ ਸ਼ਾਹ ਸਿਕਦਾਰ, ਦਸਤਗੀਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਲਗ਼ੀ ਦਏ ਵਡਿਆਈਆ । ਸਾਚੀ ਕਲਗ਼ੀ ਗੋਬਿੰਦ ਰੰਗ, ਸੋ ਪੁਰਖ ਨਿਰੰਜਣ ਆਪ ਵਖਾਇੰਦਾ । ਚਰਨ ਭਿਖਾਰੀ ਮੰਗੀ ਮੰਗ, ਮੰਗੀ ਮੰਗ ਪੂਰ ਕਰਾਇੰਦਾ । ਪਰਗਟ ਹੋ ਸੂਰਾ ਸਰਬੰਗ, ਸੋ ਪੁਰਖ ਨਿਰੰਜਣ ਵੇਸ ਵਟਾਇੰਦਾ । ਦੋ ਜਹਾਨ ਵਜਾਏ ਮਰਦੰਗ, ਮਰਦੰਗਾ ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਸਾਚਾ ਖੇਲ ਹਰਿ ਕਰਤਾਰਾ, ਕਲ ਕਲਜੁਗ ਆਪ ਵਖਾਈਆ । ਜੋਤੀ ਜਾਮਾ ਭੇਖ ਨਿਆਰਾ, ਆਦਿ ਜੁਗਾਦੀ ਰਾਮਾ ਨਜ਼ਰ ਕਿਸੇ ਨਾ ਆਈਆ । ਸਚਖੰਡ ਨਿਵਾਸੀ ਸਾਚਾ ਕਾਹਨਾ, ਖੇਲੇ ਖੇਲ ਮਰਦ ਮਰਦਾਨਾ, ਵਡ ਮਰਦਾਨਗੀ ਇਕ ਕਮਾਈਆ । ਪੀਰ ਪੈਗ਼ੰਬਰ ਗਾਏ ਇਕ ਤਰਾਨਾ, ਤਰਾ ਤਰਾ ਨਾਲ ਸਮਝਾਈਆ । ਭਗਤ ਭਗਵਾਨ ਦਏ ਨਿਸ਼ਾਨਾ, ਸਤਿ ਨਿਸ਼ਾਨਾ ਇਕ ਵਖਾਈਆ । ਗੁਰ ਗੁਰ ਦੇਵੇ ਇਕ ਪਰਵਾਨਾ, ਪਰਮ ਪੁਰਖ ਬੂਝ ਬੁਝਾਈਆ । ਜੁਗ ਚੌਕੜੀ ਖੇਲ ਮਹਾਨਾ, ਸਤਿਜੁਗ ਤ੍ਰੇਤਾ ਦਵਾਪਰ ਵੇਖ ਵਖਾਈਆ । ਕਲਜੁਗ ਅੰਤਮ ਹੋਏ ਪਰਧਾਨਾ, ਸਤਿ ਪਰਧਾਨਗੀ ਆਪ ਕਮਾਈਆ । ਸੀਸ ਜਗਦੀਸ਼ ਸੁਹਾਏ ਇਕ ਨਿਸ਼ਾਨਾ, ਬੇਨਿਸ਼ਾਨਾ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਕਲਕੀ ਵੇਸ ਵਟਾਈਆ । ਕਲ ਕਲਕੀ ਗੋਬਿੰਦ ਧਾਰ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਜੋਤੀ ਜੋਤ ਹੋ ਉਜਿਆਰ, ਸ਼ਬਦੀ ਸ਼ਬਦ ਵੰਡ ਵੰਡਾਇੰਦਾ । ਤਖ਼ਤ ਨਿਵਾਸੀ ਸਾਚੇ ਤਖ਼ਤ ਬੈਠ ਨਿਰੰਕਾਰ, ਨਿਰਗੁਣ ਆਪਣਾ ਖੇਲ ਖਿਲਾਇੰਦਾ । ਜੁਗ ਚੌਕੜੀ ਪਾਵੇ ਸਾਰ, ਪੂਰਬ ਲਹਿਣਾ ਵੇਖ ਵਖਾਇੰਦਾ । ਸਚਖੰਡ ਨਿਵਾਸੀ ਖੇਲ ਅਪਾਰ, ਹਰਿ ਕਰਤਾ ਆਪ ਜਣਾਇੰਦਾ । ਪੰਚਮ ਮੁਖ ਮੁਖ ਅਪਾਰ, ਅਪਰੰਪਰ ਰੰਗ ਰੰਗਾਇੰਦਾ । ਇਕ ਅੱਠ ਕਰ ਵਿਚਾਰ, ਬੀਸ ਬੀਸ ਸੰਗ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਇੰਦਾ । ਏਕਾ ਏਕ ਹੋਇਆ ਦੋ, ਨਿਰਗੁਣ ਸਰਗੁਣ ਰੂਪ ਧਰਾਈਆ । ਸਰਗੁਣ ਨਿਰਗੁਣ ਲੱਗਾ ਮੋਹ, ਮੋਹ ਮੁਹੱਬਤ ਇਕ ਵਡਿਆਈਆ । ਆਤਮ ਪਰਮਾਤਮ ਗਈ ਛੋਹ, ਬਾਂਕਾ ਛੋਹਰਾ ਰੂਪ ਵਟਾਈਆ । ਆਪਣਾ

ਨਾਂ ਰਖਾਇਆ ਸੋ, ਹੰ ਆਪਣਾ ਬੰਸ ਸੁਹਾਈਆ । ਅੰਮ੍ਰਿਤ ਇਕੋ ਇਕ ਚੋ, ਪਿਆਰ ਪਿਆਰ ਵਿਚੋਂ ਟਪਕਾਈਆ । ਨਿਰਗੁਣ ਜੋਤ ਕਰੇ ਲੋਅ, ਅੰਧ ਅੰਧੇਰ ਨਾ ਕੋਇ ਵਖਾਈਆ । ਆਪਣੇ ਜਿਹਾ ਆਪੇ ਹੋ, ਆਪਣੇ ਹੱਥ ਰੱਖੀ ਵਡਿਆਈਆ । ਨਾਤਾ ਤੋੜ ਛੱਬੀ ਪੋਹ, ਪੂਰਨ ਪੂਰ ਰਿਹਾ ਸਰਬ ਠਾਈਂਆ । ਦੋ ਜਹਾਨਾਂ ਰਿਹਾ ਜੋਹ, ਗੁਰ ਪੀਰ ਅਵਤਾਰ ਨਾਲ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਜਣਾਈਆ । ਸਾਚਾ ਖੇਲ ਕਰਨੇ ਯੋਗ, ਜੁਗਤੀ ਆਪਣੇ ਹੱਥ ਰਖਾਇੰਦਾ । ਵੇਖਣਹਾਰ ਲੋਕ ਪਰਲੋਕ, ਬ੍ਰਹਿਮੰਡ ਖੰਡ ਖੋਜ ਖੁਜਾਇੰਦਾ । ਸੁਣਾਵਣਹਾਰਾ ਸਚ ਸਲੋਕ, ਬ੍ਰਹਮਾ ਵਿਸ਼ਨ ਸ਼ਿਵ ਆਪ ਪੜ੍ਹਾਇੰਦਾ । ਦੇਵਣਹਾਰਾ ਵਸਤ ਥੋਕ, ਨਾਮ ਭੰਡਾਰਾ ਝੋਲੀ ਪਾਇੰਦਾ । ਵਸਾਵਣਹਾਰਾ ਕਿਲਾ ਕੋਟ, ਸਚਖੰਡ ਦਵਾਰ ਬੰਕ ਵਡਿਆਇੰਦਾ । ਪਰਗਟਾਵਣਹਾਰਾ ਨਿਰਮਲ ਜੋਤ, ਜੋਤੀ ਨੂਰ ਨੂਰ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਆਪਣਾ ਖੇਲ ਆਪਣਾ ਪਿਆਰ, ਆਪੇ ਆਪ ਜਣਾਈਆ । ਆਪੇ ਪ੍ਰੀਤਮ ਕਰੇ ਵਿਹਾਰ, ਪੀਆ ਆਪਣਾ ਰੰਗ ਰੰਗਾਈਆ । ਆਪੇ ਵੇਖੇ ਵੇਖਣਹਾਰ, ਵੇਖ ਵੇਖ ਆਪ ਬਿਗਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪ ਚੁਕਾਈਆ । ਆਪਣਾ ਪਰਦਾ ਚੁੱਕੇ ਆਪ, ਹਰਿ ਸਾਚਾ ਸਚ ਜਣਾਇੰਦਾ । ਆਪਣਾ ਦੱਸੇ ਆਪ ਪਰਤਾਪ, ਭੇਵ ਅਭੇਦ ਆਪ ਖੁਲ੍ਹਾਇੰਦਾ । ਆਪਣਾ ਬਣੇ ਆਪੇ ਮਾਈ ਬਾਪ, ਦੂਸਰ ਗੋਦ ਨਾ ਕੋਇ ਸੁਹਾਇੰਦਾ । ਆਪਣਾ ਕਰੇ ਆਪੇ ਜਾਪ, ਆਪੇ ਆਪਣਾ ਨਾਉਂ ਵਡਿਆਇੰਦਾ । ਆਪਣਾ ਬਣੇ ਆਪੇ ਸਾਕ, ਸੱਜਣ ਸੈਣ ਆਪ ਅਖਵਾਇੰਦਾ । ਆਪੇ ਆਪਣੀ ਪਰਗਟਾਏ ਸਾਚੀ ਜ਼ਾਤ, ਜ਼ਾਤ ਅਜ਼ਾਤੀ ਨਾ ਕੋਇ ਰਖਾਇੰਦਾ । ਆਪੇ ਹੋਏ ਪਾਕੀ ਪਾਕ, ਪੁਨੀਤ ਆਪਣਾ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪ ਉਠਾਇੰਦਾ । ਆਪਣਾ ਪਰਦਾ ਆਪੇ ਲਾਹ, ਲਹਿਰ ਲਹਿਰ ਵਿਚੋਂ ਪਰਗਟਾਈਆ । ਆਦਿ ਨਿਰੰਜਣ ਆਪ ਅਖਵਾ, ਸੋ ਪੁਰਖ ਨਿਰੰਜਣ ਸੋਭਾ ਪਾਈਆ । ਹਰਿ ਪੁਰਖ ਨਿਰੰਜਣ ਵੇਸ ਵਟਾ, ਏਕੰਕਾਰੇ ਰੰਗ ਰੰਗਾਈਆ । ਸਚਖੰਡ ਬੈਠੇ ਸਾਚੇ ਥਾਂ, ਥਾਨ ਥਨੰਤਰ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਇਛਿਆ ਆਪ ਧਰਾਈਆ । ਆਪਣੀ ਇਛਿਆ ਆਪੇ ਰੱਖ, ਮਿਹਰਵਾਨ ਖੇਲ ਕਰਾਇੰਦਾ । ਆਪਣੇ ਵਿਚੋਂ ਹੋ ਪਰਤੱਖ, ਆਪਣਾ ਨੂਰ ਪਰਗਟਾਇੰਦਾ । ਆਪਣਾ ਖੇਲ ਕਰੇ ਸਮਰਥ, ਸਮਰਥ ਆਪਣੀ ਧਾਰ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਇੰਦਾ । ਆਪੇ ਸ਼ਾਹ ਸੁਲਤਾਨ ਰਾਜਨ ਰਾਜ, ਸ਼ਾਹੋ ਭੂਪ ਆਪ ਅਖਵਾਈਆ । ਆਪੇ ਰਚ ਰਚ ਆਪਣਾ ਕਾਜ, ਹਰਿ ਹਰਿ ਆਪੇ ਵੇਖ ਵਖਾਈਆ । ਆਪੇ ਬਣੇ ਗੁਰੂ ਮਹਾਰਾਜ, ਸ਼ਾਹ ਪਾਤਸ਼ਾਹ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪਣੀ ਇਛਿਆ ਆਪੇ ਪੂਰ ਕਰਾਈਆ । ਆਪਣੀ ਇਛਿਆ ਦੇਵੇ ਮਾਣ, ਹਰਿ ਜੂ ਦਇਆ ਕਮਾਇੰਦਾ । ਸ਼ਾਹੋ ਭੂਪ ਬਣ ਰਾਜ ਰਾਜਾਨ, ਹੁਕਮੀ ਹੁਕਮ ਸੁਣਾਇੰਦਾ । ਤਖ਼ਤ ਨਿਵਾਸੀ ਨੌਜਵਾਨ, ਪੰਚਮ ਮੁਖ ਵਡਿਆਇੰਦਾ । ਪੰਚਮ ਪੰਚਾਂ ਕਰ ਪਰਧਾਨ, ਪੰਚਮ ਭੇਵ ਖੁਲ੍ਹਾਇੰਦਾ । ਆਪਣਾ ਨੂਰ ਨੂਰ ਮਹਾਨ, ਪਰਕਾਸ਼ ਪਰਕਾਸ਼ ਨਾਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨੂਰ ਆਪ ਧਰਾਇੰਦਾ । ਆਪਣਾ ਨੂਰ ਜੋਤੀ ਧਾਰ,

ਜੋਤ ਜੋਤ ਰੁਸ਼ਨਾਈਆ । ਆਪਣੀ ਜੋਤ ਕਰ ਪਿਆਰ, ਆਪਣੇ ਅੰਗ ਲਗਾਈਆ । ਆਪਣੇ ਮੰਦਰ ਦਏ ਆਧਾਰ, ਆਪ ਆਪਣੀ ਖ਼ੁਸ਼ੀ ਵਖਾਈਆ । ਆਪੇ ਫੜ ਫੜ ਕਰੇ ਪਿਆਰ, ਪਿਆਰ ਪਿਆਰ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਪਿਆਰ ਨਿਰਗੁਣ ਧਾਰ, ਨਿਰਗੁਣ ਨਿਰਗੁਣ ਦਏ ਵਡਿਆਈਆ । ਨਿਰਗੁਣ ਪਿਆਰ ਸਾਚਾ ਦਰਦੀ, ਪੁਰਖ ਅਕਾਲ ਦਰਦ ਵੰਡਾਇੰਦਾ । ਸਤਿ ਸਤਿਵਾਦੀ ਆਪਣੇ ਪਿਆਰ ਪੁਆਏ ਸਾਚੀ ਬਰਦੀ, ਵਰਦੀ ਆਪਣੇ ਰੰਗ ਰੰਗਾਇੰਦਾ । ਆਪਣੇ ਨੂਰ ਨੁਰਾਨੇ ਨਾਉਂ ਧਰਾਏ ਸਾਚੀ ਕਲਗ਼ੀ, ਕਲਗ਼ੀ ਆਪਣੇ ਸੀਸ ਉਠਾਇੰਦਾ । ਆਦਿ ਜੁਗਾਦਿ ਜੁਗ ਜੁਗ ਆਪਣੀ ਕਲਾ ਰਾਖੇ ਚੜ੍ਹਦੀ, ਲੱਖ ਚੁਰਾਸੀ ਆਪ ਨਿਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਲਗ਼ੀ ਆਪ ਬਣਾਇੰਦਾ । ਸਾਚੀ ਕਲਗ਼ੀ ਧੁਰਦਰਗਾਹ, ਹਰਿ ਇਕੋ ਇਕ ਬਣਾਈਆ । ਜੁਗ ਜੁਗ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਸ਼ਬਦੀ ਸ਼ਬਦ ਦੇਂਦਾ ਰਿਹਾ ਸਲਾਹ, ਆਪ ਆਪਣੀ ਸਿਫ਼ਤ ਸੁਣਾਈਆ । ਕਲਜੁਗ ਅੰਤਮ ਨਿਰਗੁਣ ਪਰਗਟ ਹੋ ਕੇ ਆਏ ਸਚ ਮਲਾਹ, ਬੇੜਾ ਆਪਣੇ ਕੰਧ ਉਠਾਈਆ । ਦੋ ਜਹਾਨਾਂ ਕਰੇ ਰੁਸ਼ਨਾ, ਚੌਦਾਂ ਤਬਕ ਵੇਖ ਵਖਾਈਆ । ਚੌਦਾਂ ਲੋਕ ਪਰਦਾ ਦੇਵੇ ਲਾਹ, ਪਰਦਾਨਸ਼ੀਂ ਬੇਪਰਵਾਹੀਆ । ਸਾਚਾ ਸੋਹਲਾ ਦਏ ਸੁਣਾ, ਸੋ ਪੁਰਖ ਨਿਰੰਜਣ ਵਡ ਵਡਿਆਈਆ । ਹੰ ਬ੍ਰਹਮ ਬੋਲਾ ਲਏ ਵਿਆਹ, ਪਾਰਬ੍ਰਹਮ ਪ੍ਰਭ ਫੇਰੀ ਪਾਈਆ । ਗੋਬਿੰਦ ਵਿਚੋਲਾ ਲਏ ਬਣਾ, ਰੂਪ ਰੰਗ ਰੇਖ ਨਜ਼ਰ ਨਾ ਆਈਆ । ਪਰਦਾ ਉਹਲਾ ਆਪ ਉਠਾ, ਮੌਲਾ ਆਪਣਾ ਵੇਸ ਵਟਾਈਆ । ਤੋਲਾ ਬਣ ਬੇਪਰਵਾਹ, ਨਾਮ ਕੰਡਾ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਕਲਗ਼ੀਧਰ



ਸਿਰ ਕਲਗ਼ੀ ਰੱਖ, ਕਲਜੁਗ ਅੰਤਮ ਖੇਲ ਕਰਾਈਆ । ਜੁਗ ਚੌਕੜੀ ਰਿਹਾ ਦੱਸ, ਸ਼ਬਦੀ ਸ਼ਬਦ ਰਾਗ ਸੁਣਾਈਆ । ਆਦਿ ਅੰਤ ਕਿਸੇ ਨਾ ਹੋਇਆ ਵਸ, ਬੇਵਸ ਸਰਬ ਲੋਕਾਈਆ । ਜੁਗ ਚੌਕੜੀ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਗਾ ਗਾ ਥੱਕੀ ਜੱਸ, ਅੰਤ ਕਹਿਣ ਕੋਇ ਨਾ ਪਾਈਆ । ਕਲਜੁਗ ਅੰਤਮ ਸਭ ਦਾ ਤੁਟਾ ਹੱਠ, ਧੀਰਜ ਧੀਰ ਨਾ ਕੋਇ ਧਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਚਖੰਡ ਦਵਾਰੇ ਪ੍ਰਭ ਚਰਨੀਂ ਗਏ ਢੱਠ, ਆਪਣਾ ਬਲ ਨਾ ਕੋਇ ਰਖਾਈਆ । ਤੇਰਾ ਖੇਲ ਪੁਰਖ ਸਮਰਥ, ਸਮਰਥ ਤੇਰੇ ਹੱਥ ਵਡਿਆਈਆ । ਕਲਜੁਗ ਅੰਤਮ ਜਿਉਂ ਭਾਵੇ ਤਿਉਂ ਲੈਣਾ ਰੱਖ, ਤੁਧ ਬਿਨ ਨਜ਼ਰ ਕੋਇ ਨਾ ਆਈਆ । ਲੱਖ ਚੁਰਾਸੀ ਭਾਂਡੇ ਸੱਖ, ਨਾਮ ਵਸਤ ਨਾ ਕੋਇ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੀਨ ਮਜ਼੍ਹਬ ਕਰਦੇ ਆਏ ਪੱਖ, ਨਿਰਪੱਖ ਨਾ ਕੋਇ ਅਖਵਾਈਆ । ਅੰਤਮ ਹੋਏ ਖ਼ਾਲੀ ਹੱਥ, ਦੋ ਜਹਾਨ ਫਿਰੀ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਜਣਾਈਆ । ਸਾਚਾ ਖੇਲ ਜਾਣੇ ਭਗਵੰਤ, ਭੇਵ ਅਭੇਦ ਜਣਾਇੰਦਾ । ਜੁਗ ਜੁਗ ਮਾਇਆ ਪਾਏ ਬੇਅੰਤ, ਬੇਅੰਤ ਆਪਣੀ ਧਾਰ ਵਖਾਇੰਦਾ । ਹਰਿਜਨ ਮੇਲਾ ਵਿਰਲੇ ਸੰਤ, ਸੰਤ ਸਾਜਣ ਅੰਗ ਲਗਾਇੰਦਾ । ਨਾਮ ਜਣਾਏ ਇਕੋ ਮੰਤ, ਮੰਤਰ ਏਕਾ ਨਾਮ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਸਮਝਾਇੰਦਾ । ਸਾਚਾ ਖੇਲ ਸ੍ਰੀ ਭਗਵਾਨ, ਏਕਾ ਏਕ ਜਣਾਈਆ । ਆਪਣਾ ਮੰਗੇ ਆਪੇ ਦਾਨ, ਦਰ ਆਪਣੇ ਅਲਖ ਜਗਾਈਆ । ਸ਼ਾਹੋ ਭੂਪ ਬਣ ਸੁਲਤਾਨ, ਦਰ ਦਰਵੇਸ਼ ਆਪ ਹੋ ਜਾਈਆ । ਆਪੇ ਨਿਉਂ ਨਿਉਂ ਕਰੇ ਸਲਾਮ, ਸਜਦਾ ਸੀਸ ਆਪ ਝੁਕਾਈਆ । ਆਪੇ ਦੇਵਣਹਾਰ ਪੈਗ਼ਾਮ, ਪੀਰ ਪੈਗ਼ੰਬਰ

ਆਪ ਪੜ੍ਹਾਈਆ । ਆਪੇ ਬਣੇ ਸਚ ਅਮਾਮ, ਇਸਮ ਆਜ਼ਮ ਆਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਹੁਕਮ ਆਪ ਵਰਤਾਈਆ । ਸਾਚਾ ਹੁਕਮ ਸਚ ਸੰਦੇਸ਼ਾ, ਹਰਿ ਕਲਕੀ ਆਪ ਜਣਾਇੰਦਾ । ਕਲਜੁਗ ਅੰਤਮ ਧਾਰੇ ਵੇਸਾ, ਨਿਹਕਲੰਕ ਨਾਉਂ ਰਖਾਇੰਦਾ । ਲਹਿਣਾ ਦੇਣ ਚੁਕਾਏ ਬ੍ਰਹਮਾ ਵਿਸ਼ਨ ਮਹੇਸ਼ਾ, ਸ਼ੰਕਰ ਲੇਖਾ ਆਪ ਮੁਕਾਇੰਦਾ । ਜੁਗ ਚੌਕੜੀ ਕੱਢੇ ਭਰਮ ਭੁਲੇਖਾ, ਭਾਂਡਾ ਭਰਮ ਭੌ ਭੰਨਾਇੰਦਾ । ਖੇਲ ਖਲਾਏ ਪਿਤਾ ਪੂਤ ਹਰਿ ਬੇਟਾ, ਦੂਜਾ ਸੰਗ ਨਾ ਕੋਇ ਰਲਾਇੰਦਾ । ਜੁਗ ਚੌਕੜੀ ਭੁੱਲੇ ਨਾ ਚੇਤਾ, ਚੇਤਨ ਸਭ ਨੂੰ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਲ਼ਗੀ ਆਪ ਰੰਗਾਇੰਦਾ । ਆਪਣੀ ਕਲ਼ਗੀ ਹਰਿ ਨਿਰੰਕਾਰ, ਏਕਾ ਰੰਗ ਵਖਾਈਆ । ਗੁਰ ਗੋਬਿੰਦ ਤੇਰਾ ਸਚ ਪਿਆਰ, ਨਾਨਕ ਧਾਰ ਨਾਲ ਮਿਲਾਈਆ । ਪਰਗਟ ਹੋ ਅਗੰਮ ਅਪਾਰ, ਅਲੱਖ ਅਗੋਚਰ ਖੇਲ ਵਖਾਈਆ । ਸੰਬਲ ਵਸੇ ਧਾਮ ਨਿਆਰ, ਸੰਬਲ ਆਪਣਾ ਚਰਨ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਆਪ ਚੁਕਾਈਆ । ਪੂਰਬ ਲੇਖਾ ਆਪ ਚੁਕੌਣਾ, ਹਰਿ ਸਾਚਾ ਸਚ ਜਣਾਇੰਦਾ । ਕਲ਼ਗੀਧਰ ਫੇਰਾ ਪੌਣਾ, ਕਲ਼ਗੀ ਆਪਣੇ ਸੀਸ ਟਿਕਾਇੰਦਾ । ਗੁਰਮੁਖ ਸਾਚੇ ਆਪ ਉਠੌਣਾ, ਅੰਦਰ ਵੜ ਵੜ ਸੇਵ ਕਮਾਇੰਦਾ । ਜੁਗ ਜਨਮ ਦਾ ਲਹਿਣਾ ਆਪ ਚੁਕੌਣਾ, ਦੇਣਾ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ਼ਗੀਧਰ ਆਪ ਹੋ ਆਇੰਦਾ । ਕਲ਼ਗੀਧਰ ਆਇਆ ਜਗ, ਜਾਗਰਤ ਜੋਤ ਕਰੇ ਰੁਸ਼ਨਾਈਆ । ਫੜ ਫੜ ਹੰਸ ਬਣਾਏ ਕਗ, ਕਾਗੋਂ ਹੰਸ ਆਪ ਉਡਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਰਖਾਇਆ ਵਿਚ ਅੱਧ, ਬਿਨ ਨਾਨਕ ਨਜ਼ਰ ਕਿਸੇ ਨਾ ਆਈਆ । ਇਕ ਕਬੀਰਾ ਲਿਆ ਸੱਦ, ਸੱਦਾ ਆਪਣਾ ਨਾਮ ਰਖਾਈਆ । ਕਲਜੁਗ ਅੰਤਮ ਪਰਦਾ ਲਏ ਕੱਜ, ਗੁਰਮੁਖ ਸਾਚੇ ਗੋਦ ਬਹਾਈਆ । ਗ਼ਰੀਬ ਨਿਮਾਣੇ ਪਿਛੇ ਲਏ ਨਾ ਛੱਡ, ਅੱਗੇ ਹੋ ਹੋ ਦਰਸ ਕਰਾਈਆ । ਜਗਤ ਜਹਾਨ ਪਾਰ ਹੱਦ, ਦੋ ਜਹਾਨਾਂ ਡੇਰਾ ਢਾਹੀਆ । ਜਿਉਂ ਪੁਰਖ ਅਕਾਲ ਗੁਰ ਗੋਬਿੰਦ ਬਣਾਈ ਆਪਣੀ ਯਦ, ਬੰਸ ਸਰਬੰਸ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਕਲ਼ਗੀ ਇਕ ਚਮਕਾਈਆ । ਸੋ ਕਲ਼ਗੀ ਆਈ ਮਾਤ, ਲੱਗ ਮਾਤਰ ਨਾ ਕੋਇ ਰਖਾਇੰਦਾ । ਵਰਨ ਬਰਨ ਨਾ ਕੋਇ ਜ਼ਾਤ, ਦੀਨ ਮਜ਼੍ਹਬ ਨਾ ਵੰਡ ਵੰਡਾਇੰਦਾ । ਜਗਤ ਭੰਡਾਰ ਨਾ ਕੋਇ ਖ਼ਾਤ, ਖ਼ਾਤਾ ਇਕੋ ਨਾਮ ਵਖਾਇੰਦਾ । ਪਿਛਲਾ ਲਹਿਣਾ ਚੁਕਾਏ ਪਿਛਲੀ ਗਾਥ, ਅੱਗੇ ਆਪਣਾ ਮਾਰਗ ਲਾਇੰਦਾ । ਕਲਜੁਗ ਅੰਤਮ ਲਹਿਣਾ ਚੁਕਾਏ ਸੀਆਂ ਸਾਢੇ ਤਿੰਨ ਤਿੰਨ ਹਾਥ, ਰਵਦਾਸ ਚੁਮਿਆਰਾ ਲੇਖਾ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਭੁਲ ਭੁੱਲ ਕਦੇ ਨਾ ਜਾਇੰਦਾ । ਅਭੁਲ ਕਦੀ ਨਾ ਭੁਲਿਆ, ਆਦਿ ਜੁਗਾਦੀ ਸਾਚੀ ਕਾਰ । ਲੱਖ ਚੁਰਾਸੀ ਵਿਚ ਕਦੇ ਨਾ ਰੁਲਿਆ, ਨਿਰਗੁਣ ਜੋਤ ਨੂਰ ਉਜਿਆਰ । ਲੱਖ ਚੁਰਾਸੀ ਫਲਿਆ ਫੁਲਿਆ, ਪਤ ਪੰਖੜੀਆਂ ਵੇਖੇ ਇਕ ਗੁਲਜ਼ਾਰ । ਆਦਿ ਅੰਤ ਕਦੇ ਨਾ ਹੁੱਲਿਆ, ਸਦ ਰੱਖੇ ਬਸੰਤ ਬਹਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਕਲਕੀ ਇਕ ਅਵਤਾਰ । ਕਲ ਕਲਕੀ ਹਰਿ ਆਇਆ ਪ੍ਰਭ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਭਗਤ ਭਗਵੰਤ ਲਏ ਲੱਭ, ਲੱਖ ਚੁਰਾਸੀ ਫੋਲ ਫੁਲਾਈਆ । ਸਤਿਜੁਗ ਤ੍ਰੇਤਾ ਦਵਾਪਰ ਜੋ ਚਰਨਾਂ ਹੇਠਾਂ ਰੱਖੇ ਦੱਬ, ਕਲਜੁਗ ਅੰਤ ਲਏ ਪਰਗਟਾਈਆ । ਸਰਗੁਣ

ਨਿਰਗੁਣ ਲਏ ਸੱਦ, ਹੁਕਮੀ ਹੁਕਮ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਆਇਆ ਦਰਵੇਸ਼, ਹਰਿ ਦਰਦੀ ਦਰਦ ਵੰਡਾਇੰਦਾ । ਸ਼ਾਹ ਸੁਲਤਾਨਾ ਨਰ ਨਰੇਸ਼, ਨਿਰਗੁਣ ਸਰਗੁਣ ਖੇਲ ਕਰਾਇੰਦਾ । ਵਸਣਹਾਰਾ ਸਚਖੰਡ ਸਾਚੇ ਦੇਸ, ਲੋਕਮਾਤ ਫੇਰਾ ਪਾਇੰਦਾ । ਗ਼ਰੀਬ ਨਿਮਾਣਿਆਂ ਕਰੇ ਹੇਤ, ਕੋਝੇ ਕਮਲੇ ਗਲੇ ਲਗਾਇੰਦਾ । ਗੋਬਿੰਦ ਸਾਥੀਆਂ ਨਾਲ ਰਿਹਾ ਖੇਡ, ਸਗਲਾ ਸੰਗ ਆਪ ਹੋ ਜਾਇੰਦਾ । ਬਿਨ ਭਗਤਾਂ ਦੱਸੇ ਕਿਸੇ ਨਾ ਭੇਤ, ਲੱਖ ਚੁਰਾਸੀ ਜੀਵ ਸਰਬ ਕੁਰਲਾਇੰਦਾ । ਵੇਖੋ ਰੁੱਤ ਬਸੰਤੀ ਮੌਲੇ ਚੇਤ, ਚੇਤਰ ਆਪਣੇ ਰੰਗ ਰੰਗਾਇੰਦਾ । ਬੀਸ ਬੀਸੇ ਖੋਲ੍ਹੇ ਭੇਤ, ਭਾਂਡੇ ਸਭ ਦੇ ਆਪ ਭੰਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਕੰਧ ਕਲਰ ਰੇਤ, ਬਾਲੂ ਆਪਣਾ ਪਰਦਾ ਲਾਹਿੰਦਾ । ਕਲਗ਼ੀਧਰ ਆਇਆ ਜਗਦੀਸ਼, ਜਗਦੀਸ਼ਰ ਆਪਣੀ ਦਇਆ ਕਮਾਈਆ । ਸ੍ਰਿਸ਼ਟ ਸਬਾਈ ਰਿਹਾ ਪੀਸ, ਪੀਸਣ ਪੀਸ ਸੇਵ ਕਮਾਈਆ । ਕਿਸੇ ਸਿਰ ਤੇ ਰਹਿਣ ਨਾ ਦੇਵੇ ਸੀਸ, ਸੀਸ ਛਤਰ ਨਾ ਕੋਇ ਝੁਲਾਈਆ । ਨਾ ਕੋਈ ਪੜ੍ਹੇ ਜਗਤ ਹਦੀਸ, ਹੁਜਰੇ ਮਿਲੇ ਨਾ ਕੋਇ ਵਡਿਆਈਆ । ਨਾਤਾ ਤੁਟੇ ਤੀਸ ਬਤੀਸ, ਬੀਸ ਇਕੀਸ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਗ਼ੀ ਏਕਾ ਨੂਰ ਚਮਕਾਈਆ । ਕਲਗ਼ੀ ਚਮਕੇ ਨੂਰ ਨੁਰਾਨਾ, ਨੂਰ ਇਲਾਹੀ ਵੇਖ ਵਖਾਇੰਦਾ । ਪਰਵਰਦਿਗਾਰ ਹੋ ਬਲਵਾਨਾ, ਬਲ ਆਪਣਾ ਆਪ ਜਣਾਇੰਦਾ । ਅਮਾਮ ਅਮਾਮਾਂ ਇਕ ਤਰਾਨਾ, ਰਾਗ ਅਨਾਦੀ ਨਾਦ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਜਣਾਇੰਦਾ । ਸਾਚੀ ਸਿਖਿਆ ਹਰਿ ਕਰਤਾਰਾ, ਨਰ ਹਰਿ ਨਰਾਇਣ ਆਪ ਜਣਾਇੰਦਾ । ਪੰਜ ਮਹੀਨੇ ਨਾ ਕੋਈ ਵਿਹਾਰਾ, ਜੁਗ ਜੁਗ ਭੁੱਲ ਕਦੇ ਨਾ ਜਾਇੰਦਾ । ਸਿੰਘ ਸਵਰਨ ਕਿਉਂ ਰੋਵੇ ਜ਼ਾਰੋ ਜ਼ਾਰਾ, ਨੇਤਰ ਨੀਰ ਨੈਣ ਪੁੰਝਾਇੰਦਾ । ਤੇਰੀ ਭੁੱਲ ਨਾ ਗਈ ਵੱਜੀ ਕਟਾਰਾ, ਖ਼ੰਜਰ ਆਪਣਾ ਜਿਗਰ ਚਿਰਾਇੰਦਾ । ਤੇਰਾ ਲੇਖਾ ਨਾਲ ਮੁਹੰਮਦ ਯਾਰਾ, ਚਾਰ ਯਾਰੀ ਵੰਡ ਵੰਡਾਇੰਦਾ । ਆਪਣੀ ਅੱਖੀਂ ਵੇਖ ਨਜ਼ਾਰਾ, ਨਾਜ਼ਲ ਵਹੀ ਆਪ ਜਣਾਇੰਦਾ । ਉਲਟੇ ਰੂਪ ਬਣਿਆ ਲਿਖਾਰਾ, ਕਾਤਬ ਕਲਮ ਨਾ ਕੋਇ ਵਡਿਆਇੰਦਾ । ਜਲਵਾ ਨੂਰ ਪਰਵਰਦਿਗਾਰਾ, ਪਰਵਸ਼ ਗੁਰਮੁਖਾਂ ਅੰਦਰ ਪਾਇੰਦਾ । ਏਕਾ ਨਾਇਆਂ ਹੋਏ ਉਜਿਆਰਾ, ਉੱਨੀ ਉਨੀਸਾ ਵੇਖ ਵਖਾਇੰਦਾ । ਚਾਰੋਂ ਕੁੰਟ ਪਰਗਟ ਹੋਏ ਪੀਰ ਜ਼ਾਹਰਾ, ਜ਼ਾਹਰਾ ਆਪਣੀ ਕਲ ਧਰਾਇੰਦਾ । ਜਿਸ ਦਾ ਲਾਇਆ ਹਜ਼ਾਰਾ ਦਰੂਦ ਨਾਅਰਾ, ਲਾ ਹੱਕ ਆਪਣਾ ਹੁਕਮ ਮਨਾਇੰਦਾ । ਅਲਫ਼ ਯੇ ਜਿਸ ਦਾ ਕਰਦੀ ਰਹੀ ਮੁਸ਼ਾਇਰਾ, ਸੋ ਮੁਸ਼ਕਲਾਂ ਹੱਲ ਕਰਾਇੰਦਾ । ਪੀਰ ਪੈਗ਼ੰਬਰ ਗੁਰ ਅਵਤਾਰ ਫੜ ਕੇ ਰੱਖੇ ਆਪਣੇ ਦਾਇਰਾ, ਹੱਦ ਸਭ ਦੀ ਆਪ ਤੁੜਾਇੰਦਾ । ਕਲ ਕਲਕੀ ਲੈ ਅਵਤਾਰਾ, ਕਰੇ ਖੇਲ ਅਪਰ ਅਪਾਰਾ, ਨਿਹਕਲੰਕ ਇਕ ਵਣਜਾਰਾ, ਲੱਖ ਚੁਰਾਸੀ ਹੱਟ ਵਖਾਇੰਦਾ । ਲੱਖ ਚੁਰਾਸੀ ਖੋਲ੍ਹੇ ਹੱਟ, ਹੱਟ ਹਟਵਾਣਾ ਇਕੋ ਆਈਆ । ਕਰੇ ਖੇਲ ਪੁਰਖ ਸਮਰਥ, ਸਮਰਥ ਪੁਰਖ ਵਡ ਵਡਿਆਈਆ । ਸ੍ਰਿਸ਼ਟ ਸਬਾਈ ਪਾਏ ਨੱਥ, ਸ਼ਬਦ ਡੋਰੀ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਕਲਗ਼ੀ ਦੋ ਜਹਾਨ ਕਰੇ ਰੁਸ਼ਨਾਈਆ । ਪੁਰਖ ਅਕਾਲ ਸੂਰਾ ਸਰਬੰਗ, ਸਤਿਗੁਰ ਹੁਕਮ ਜਣਾਈਆ । ਤਖ਼ਤ ਨਿਵਾਸੀ ਬੈਠ ਸਾਚੇ ਪਲੰਘ, ਸਚਖੰਡ ਦਏ ਵਡਿਆਈਆ । ਆਦਿ ਜੁਗਾਦੀ ਇਕ ਅਨੰਦ, ਅਨੰਦ ਅਨੰਦ ਵਿਚ ਵਖਾਈਆ । ਜੁਗ ਚੌਕੜੀ ਗਈ ਲੰਘ, ਵੇਲਾ ਵਕਤ ਵਿਹਾਈਆ । ਗੁਰ ਅਵਤਾਰ ਪੀਰ

ਪੈਗ਼ੰਬਰ ਜੋ ਮੰਗਦੇ ਰਹੇ ਮੰਗ, ਮੰਗੀ ਮੰਗ ਝੋਲੀ ਪਾਈਆ । ਦੂਰ ਦੁਰਾਡੇ ਖਲੋਤੇ ਅੱਗੇ ਆਓ ਲੰਘ, ਪ੍ਰਭ ਸਾਚਾ ਰਿਹਾ ਬੁਲਾਈਆ । ਵੇਖੋ ਪਰਕਾਸ਼ ਬਿਨ ਸੂਰਜ ਚੰਦ, ਹਰਿ ਸਤਿਗੁਰ ਆਪ ਕਰਾਈਆ । ਜਿਸ ਦਾ ਲੇਖਾ ਕੋਟ ਬ੍ਰਹਿਮੰਡ, ਕੋਟਨ ਕੋਟ ਰੂਪ ਵਟਾਈਆ । ਜਿਸ ਦਾ ਗੌਂਦੇ ਰਹੇ ਛੰਦ, ਰਸਨਾ ਜਿਹਵਾ ਢੋਲਾ ਗਾਈਆ । ਸੋ ਸਾਹਿਬ ਅੰਤ ਮੁਕਾ ਕੇ ਆਇਆ ਆਪਣਾ ਪੰਧ, ਬਣ ਪਾਂਧੀ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਰਿਹਾ ਖੁਲ੍ਹਾਈਆ । ਸਚ ਦਵਾਰਾ ਹਰਿ ਜੂ ਖੋਲ੍ਹ, ਨਿਰਗੁਣ ਹੁਕਮ ਜਣਾਇਆ । ਆਓ ਵਸੋ ਮੇਰੇ ਕੋਲ, ਭੇਵ ਅਭੇਦਾ ਆਪ ਜਣਾਇਆ । ਆਪਣਾ ਆਪਣਾ ਦੁਖੜਾ ਲਓ ਫੋਲ, ਹਰਿ ਦੁਖੀਆਂ ਦਰਦ ਵੰਡਾਇਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਕਰਦਾ ਰਿਹਾ ਕੌਲ, ਕੀਤਾ ਕੌਲ ਭੁੱਲ ਨਾ ਜਾਇਆ । ਸਚਖੰਡ ਨਿਵਾਸੀ ਪਰਗਟ ਹੋ ਕੇ ਆਇਆ ਉਪਰ ਧੌਲ, ਧਰਤ ਧਵਲ ਭੇਵ ਨਾ ਰਾਇਆ । ਦਰ ਚੁਕਾਏ ਪਰਦਾ ਓਹਲ, ਮੁਖ ਘੁੰਗਟ ਆਪ ਉਠਾਇਆ । ਸਚ ਦਵਾਰੇ ਜਾਣਾ ਮੌਲ, ਮੌਲਾ ਆਪਣਾ ਨੂਰ ਵਖਾਇਆ । ਜਿਸ ਦੀ ਗੋਬਿੰਦ ਛਕੀ ਪੌਹਲ, ਸੋ ਪਰਮ ਪੁਰਖ ਵੇਸ ਵਟਾਇਆ । ਜਿਸ ਦਾ ਭੇਵ ਨਾ ਪਾਇਆ ਕਿਸੇ ਪਾਂਧੇ ਰੌਲ, ਚਾਰ ਵੇਦ ਨੈਣ ਸ਼ਰਮਾਇਆ । ਸੋ ਸਤਿਗੁਰ ਵਸਿਆ ਭਗਤਾਂ ਕੋਲ, ਕੂੜੀ ਕਿਰਿਆ ਮੇਟ ਮਿਟਾਇਆ । ਜੁਗ ਚੌਕੜੀ ਮਾਰਦਾ ਰਿਹਾ ਰੋਲ, ਅੰਤਮ ਸਾਖਿਆਤ ਵੇਸ ਵਟਾਇਆ । ਫੜ ਫੜ ਉਂਗਲੀ ਆਪਣੇ ਨਾਲ ਰਿਹਾ ਤੋਰ, ਆਪਣਾ ਭੇਵ ਨਾ ਕਿਸੇ ਜਣਾਇਆ । ਜਿਸ ਨੂੰ ਉਂਗਲਾਂ ਨਾਲ ਦੱਸਦੇ ਰਹੇ ਉਤੇ ਵਸੇ ਹੋਰ, ਸੋ ਹਰਿ ਜੂ ਨੇੜਾ ਆਪਣਾ ਆਪ ਵਖਾਇਆ । ਜਿਸ ਦੇ ਅੱਗੇ ਬੰਦਨਾ ਕਰਦੇ ਰਹੇ ਦੋਏ ਜੋੜ, ਸੋ ਗੋਬਿੰਦ ਨਾਲ ਜੋੜੀ ਰਿਹਾ ਬਣਾਇਆ । ਚੜ੍ਹ ਕੇ ਆਇਆ ਸਾਚੇ ਘੋੜ, ਘੋੜਾ ਨਜ਼ਰ ਨਾ ਕੋਇ ਵਖਾਇਆ । ਜਿਸ ਦਾ ਉਚਾ ਲੰਮਾ ਪੌੜ, ਚੜ੍ਹ ਪੌੜੇ ਦਰਸ ਕਿਸੇ ਨਾ ਪਾਇਆ । ਜਿਸ ਦਾ ਮਾਰਗ ਦਿਸੇ ਸੌੜ, ਔਝੜ ਰਾਹ ਪੰਧ ਨਾ ਕੋਇ ਮੁਕਾਇਆ । ਸੋ ਵੇਖਣ ਆਇਆ ਕਲਜੁਗ ਅੰਤਮ ਘੋਰ, ਨੂਰ ਨੁਰਾਨਾ ਨੂਰ ਚਮਕਾਇਆ । ਤਿਸ ਅੱਗੇ ਕਿਸੇ ਦਾ ਚਲਣਾ ਨਾ ਕੋਈ ਜ਼ੋਰ, ਜ਼ੋਰ ਆਪਣਾ ਆਪ ਵਖਾਇਆ । ਜਿਸ ਦਾ ਮੰਤਰ ਇਕੋ ਨਾਮ ਫੋਰ, ਫੁਰਨਾ ਸਭ ਦਾ ਆਪਣੇ ਵਿਚ ਲਏ ਛੁਪਾਇਆ । ਜਿਸ ਦੇ ਉਤੇ ਸਭ ਨੇ ਰੱਖੀ ਡੋਰ, ਸੋ ਡੋਰੀ ਆਪਣੇ ਨਾਮ ਬੰਧਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਸਾਚੇ ਲਏ ਬੁਲਾਇਆ । ਆਓ ਦਰ ਨਿੱਕੇ ਬਾਲੇ, ਹਰਿ ਬਾਲਕ ਆਪ ਸਮਝਾਈਆ । ਕਲਜੁਗ ਅੰਤ ਕਿਉਂ ਹੋਏ ਬੇਹਾਲੇ, ਬਿਹਬਲ ਹੋ ਹੋ ਨੀਰ ਵਹਾਈਆ । ਪੀਰ ਪੈਗ਼ੰਬਰਾਂ ਸੂਸੇ ਕਾਲੇ, ਕਾਲੀ ਰੈਣ ਅੰਧੇਰੀ ਛਾਈਆ । ਭਗਤਾਂ ਕੱਢੇ ਅੰਤ ਦੀਵਾਲੇ, ਖ਼ਾਲੀ ਹੱਥ ਦੇਣ ਦੁਹਾਈਆ । ਪ੍ਰਭ ਕਿਸੇ ਨਾ ਮਿਲਿਆ ਮੰਦਰ ਮੱਠ ਸ਼ਿਵਦਵਾਲੇ, ਚਾਰੋਂ ਕੁੰਟ ਰਹੀ ਕੁਰਲਾਈਆ । ਆਤਮ ਅੰਤਰ ਕਰੇ ਨਾ ਕੋਈ ਪ੍ਰਿਤਪਾਲੇ, ਪ੍ਰਿਤਪਾਲਕ ਬੈਠਾ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰ ਕਿਰਪਾ ਦਇਆ ਕਮਾਈਆ । ਗੁਰ ਪੀਰ ਅਵਤਾਰ ਆਓ ਅੱਗੇ, ਅੱਗਾ ਨਜ਼ਰ ਕਿਸੇ ਨਾ ਆਇੰਦਾ । ਸਭ ਦੇ ਰੰਗ ਹੋਏ ਬੱਗੇ, ਬੱਗਾ ਸ਼ੇਰ ਇਕ ਡਰਾਇੰਦਾ । ਹੁਕਮੇ ਅੰਦਰ ਸਾਰੇ ਬੱਧੇ, ਹੁਕਮੀ ਹੁਕਮ ਆਪ ਮਨਾਇੰਦਾ । ਵਾਰੋ ਵਾਰੀ ਭਾਰ ਸਭ ਨੇ ਲੱਦੇ, ਥਿਰ ਨਜ਼ਰ ਕੋਇ ਨਾ ਆਇੰਦਾ । ਜਿਸ ਨੇ ਲੋਕਮਾਤ ਘੱਲੇ ਅੰਤਮ ਓਹੋ ਸੱਦੇ, ਸੱਦਾ ਇਕੋ ਇਕ ਸੁਣਾਇੰਦਾ । ਚੌਦਾਂ ਤਬਕਾਂ ਵਿਚੋਂ ਫੜ ਫੜ ਕੱਢੇ, ਅੰਦਰ ਵੜ ਮੁਖ ਨਾ ਕੋਇ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਆਪਣਾ ਹੁਕਮ ਆਪ ਮਨਾਇੰਦਾ । ਅੱਗੇ ਆਓ ਵੇਖੋ ਪ੍ਰੀਤ, ਹਰਿ ਸੀਤਗੁਰ ਆਪ ਜਣਾਈਆ । ਜਿਸ ਨੂੰ ਕਹਿੰਦੇ ਰਹੇ ਲਾਸ਼ਰੀਕ, ਤੁਹਾਡੀ ਸ਼ਿਰਕਤ ਦਏ ਮਿਟਾਈਆ । ਜਿਸ ਦੀ ਦੱਸਦੇ ਆਏ ਤਰੀਕ, ਕਲਜੁਗ ਅੰਤਮ ਫੇਰਾ ਪਾਈਆ । ਸੋ ਵੇਲਾ ਆਇਆ ਨਜ਼ਦੀਕ, ਨੇੜੇ ਹੋ ਹੋ ਦਇਆ ਕਮਾਈਆ । ਆਓ ਦਰਸ਼ਨ ਪਾਓ ਠੀਕ, ਠੀਕਰਾ ਸਭ ਦਾ ਭੰਨ ਵਖਾਈਆ । ਦੀਨ ਮਜ਼੍ਹਬ ਜ਼ਾਤ ਪਾਤ ਕੋਈ ਰਹਿਣ ਨਾ ਦੇਵੇ ਝੀਤ, ਆਪਣੀ ਝਲਕ ਇਕ ਵਖਾਈਆ । ਸਭ ਦਾ ਅੰਤਰ ਕਰੇ ਠਾਂਡਾ ਸੀਤ, ਅਗਨੀ ਤੱਤ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਅਵਾਜ ਇਕ ਲਗਾਈਆ । ਆਓ ਨੇੜੇ ਵੇਖੋ ਦਰ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ । ਸਰਨ ਸਰਨਾਈ ਏਕਾ ਪੜ, ਸਰਨਗਤ ਇਕ ਰਖਾਇੰਦਾ । ਸਾਚੇ ਪੌੜੇ ਜਾਣਾ ਚੜ੍ਹ, ਪੌੜਾ ਇਕੋ ਇਕ ਵਡਿਆਇੰਦਾ । ਚੌਦਾਂ ਸਦੀਆਂ ਜੋ ਅੱਧ ਵਿਚ ਬੈਠੇ ਅੜ, ਅੜਿਕਾ ਆਪਣਾ ਨਾਮ ਹਟਾਇੰਦਾ । ਰਲ ਮਿਲ ਸਾਰੇ ਇਕੋ ਕਲਮਾ ਲਓ ਪੜ੍ਹ, ਕਲਮਾ ਕਲਾਮ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ੁਰਮਾਣਾ ਆਪ ਸੁਣਾਇੰਦਾ । ਧੁਰ ਫ਼ੁਰਮਾਣਾ ਸੁਣ ਲਓ ਗੀਤ, ਹਰਿ ਸਾਚਾ ਸਚ ਸੁਣਾਈਆ । ਸਤਿਜੁਗ ਬਦਲਣ ਆਇਆ ਰੀਤ, ਕਲਜੁਗ ਲੇਖਾ ਦਏ ਮੁਕਾਈਆ । ਈਸਾ ਮੂਸਾ ਮੁਹੰਮਦ ਨਾਤਾ ਤੋੜੇ ਮਸੀਤ, ਮਸਲਾ ਹੱਕ ਕਰੇ ਪੜ੍ਹਾਈਆ । ਗੁਰ ਅਵਤਾਰ ਪੁਰਖ ਅਕਾਲ ਮੰਨੋ ਠੀਕ, ਇਟਾਂ ਗਾਰਾ ਨਾ ਕੋਇ ਵਡਿਆਈਆ । ਜਿਸ ਦਾ ਗੋਬਿੰਦ ਅੰਮ੍ਰਿਤ ਪੀਤਾ ਲਾ ਕੇ ਝੀਕ, ਸੋ ਪਿਆਲਾ ਸਭ ਨੂੰ ਰਿਹਾ ਵਖਾਈਆ । ਜਾਮ ਪਿਆਏ ਬੀਸ ਬੀਸ, ਬੀਸ ਬੀਸ ਆਪ ਹੋ ਆਈਆ । ਸਭ ਦੇ ਖ਼ਾਲੀ ਹੋਏ ਖ਼ੀਸ, ਖ਼ਾਲਕ ਆਪਣੀ ਖੇਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੁਨੇਹੁੜਾ ਇਕ ਪੁਚਾਈਆ । ਸਚ ਸੁਨੇਹੁੜਾ ਸੁਣਿਆ ਦਰ ਦਰਵਾਜੇ, ਤੇਰਾ ਅੰਤ ਕੋਈ ਨਾ ਪਾਇੰਦਾ । ਪਰਵਰਦਿਗਾਰ ਗ਼ਰੀਬ ਨਿਵਾਜੇ, ਗ਼ੁਰਬਤ ਕੋਇ ਨਾ ਵਿਚ ਰਖਾਇੰਦਾ । ਅੰਤਮ ਪਰਗਟ ਹੋਇਓਂ ਦੇਸ ਮਾਝੇ, ਗੋਬਿੰਦ ਘਰ ਇਕ ਵਸਾਇੰਦਾ । ਦੋ ਜਹਾਨਾਂ ਰਚਿਆ ਕਾਜੇ, ਰਚ ਰਚ ਕਾਜ ਖ਼ੁਸ਼ੀ ਮਨਾਇੰਦਾ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਸਾਡੇ ਸਾਜਣ ਸਾਜੇ, ਪੰਜ ਤੱਤ ਕਾਇਆ ਚੋਲਾ ਤਨ ਹੰਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰਾ ਇਕੋ ਭਾਇੰਦਾ । ਪੀਰ ਪੈਗ਼ੰਬਰ ਕਰਨ ਪੁਕਾਰ, ਉਚੀ ਕੂਕ ਕੂਕ ਸੁਣਾਈਆ । ਤੇਰਾ ਜਲਵਾ ਪਰਵਰਦਿਗਾਰ, ਨੂਰ ਨੂਰ ਨੂਰ ਚਮਕਾਈਆ । ਚਰਨ ਕਵਲ ਦੇ ਆਧਾਰ, ਧੂੜੀ ਖ਼ਾਕ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਜੋੜ ਹੱਥ, ਦੋਏ ਬੰਧਨ ਸੀਸ ਝੁਕਾਇਆ । ਸਚ ਦਵਾਰ ਤੇਰਾ ਪੁਰਖ ਸਮਰਥ, ਸਮਰਥ ਇਕੋ ਨਜ਼ਰੀ ਆਇਆ । ਜੁਗ ਜੁਗ ਆਪਣਾ ਮਾਰਗ ਦੱਸ, ਲੋਕਮਾਤ ਰਾਹ ਚਲਾਇਆ । ਤੇਰਾ ਨਾਉਂ ਗਾ ਗਾ ਆਏ ਜੱਸ, ਜਸ ਵੇਦ ਪੁਰਾਨ ਸਿਫ਼ਤ ਸਾਲਾਹਿਆ । ਤੇਰਾ ਆਦਿ ਅੰਤ ਕਿਸੇ ਨਾ ਆਇਆ ਹੱਥ, ਬੇਅੰਤ ਤੇਰੀ ਵਡਿਆਇਆ । ਅੰਤਮ ਸਾਰੇ ਕਰ ਕੇ ਗਏ ਬਸ, ਨਿਉਂ ਨਿਉਂ ਚਰਨਾਂ ਸੀਸ ਟਿਕਾਇਆ । ਤੇਰੇ ਬਰਦੇ ਤੇਰੇ ਹੋਏ ਵਸ, ਜਿਉਂ ਭਾਵੇਂ ਲਏਂ ਚਲਾਇਆ । ਕਲਜੁਗ ਅੰਤਮ ਰੈਣ ਅੰਧੇਰੀ ਮਸ, ਸਾਚਾ ਚੰਦ ਨਾ ਕੋਇ ਚਮਕਾਇਆ । ਸਾਡੀ ਪੂਰੀ ਕਰਦੇ ਆਸ, ਨਿਰਾਸਾ ਕੋਇ ਰਹਿਣ ਨਾ ਪਾਇਆ । ਅਸੀਂ ਤੇਰੇ ਹੋਏ ਦਾਸ, ਬਣ ਸੇਵਕ ਸੇਵ ਕਮਾਇਆ । ਜੋਤੀ


੪੯
੧੩

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਇਆ । ਦਰ ਆਓ ਪੀਰ ਅਵਤਾਰ ਗੁਰ, ਹਰਿ ਸਤਿਗੁਰ ਆਪ ਜਣਾਈਆ । ਸਚ ਪ੍ਰੀਤੀ ਜਾਏ ਜੁੜ, ਜੋੜਨਹਾਰਾ ਫੇਰਾ ਪਾਈਆ । ਏਥੇ ਓਥੇ ਨਿਭੇ ਤੋੜ, ਅੱਧਵਿਚਕਾਰ ਨਾ ਕੋਇ ਤੁੜਾਈਆ । ਕਲਜੁਗ ਅੰਤ ਭਗਵੰਤ ਦੀ ਪਈ ਲੋੜ, ਭਗਵਨ ਆਪਣਾ ਫੇਰਾ ਪਾਈਆ । ਨੇਤਰ ਖੋਲ੍ਹੋ ਵੇਖੋ ਨਾਲ ਗ਼ੌਰ, ਗਹਿਰ ਗਵਰਾ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੁਨੇਹੜਾ ਇਕ ਸੁਣਾਈਆ । ਸਚ ਸੁਨੇਹੜਾ ਸੁਣਿਆ ਕੰਨ, ਬਿਨ ਕੰਨਾਂ ਆਪ ਜਣਾਇੰਦਾ । ਚਾਰ ਜੁਗ ਦੇ ਵਿਛੜੇ ਗਏ ਮੰਨ, ਮਨ ਮਨਸਾ ਪੂਰ ਕਰਾਇੰਦਾ । ਦਰ ਦਵਾਰ ਖਲੋਤੇ ਕਹਿਣ ਧੰਨ ਧੰਨ, ਧੰਨ ਤੇਰੀ ਵਡਿਆਈ ਭੇਵ ਕੋਇ ਨਾ ਆਇੰਦਾ । ਆਦਿ ਜੁਗਾਦੀ ਜਨਨੀ ਜਨ, ਮਾਤ ਪਿਤਾ ਹੋ ਜਾਇੰਦਾ । ਏਥੇ ਓਥੇ ਬੇੜਾ ਬੰਨ੍ਹ, ਬੇੜਾ ਆਪਣੇ ਕੰਧ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰਾ ਇਕੋ ਭਾਇੰਦਾ । ਦਰ ਤੇਰੇ ਸਾਰੇ ਗਏ ਆ, ਪਿਛੇ ਕੋਇ ਰਹਿਣ ਨਾ ਪਾਈਆ । ਦੋਏ ਜੋੜ ਪਏ ਸਰਨਾ, ਨਿਉਂ ਨਿਉਂ ਸਜਦਾ ਸੀਸ ਝੁਕਾਈਆ । ਆਦਿ ਜੁਗਾਦੀ ਇਕ ਮਲਾਹ, ਮਲਾਹਗੀਰ ਇਕ ਸਮਝਾਈਆ । ਪੁਰਖ ਅਬਿਨਾਸ਼ੀ ਸਾਚੀ ਦੇ ਸਲਾਹ, ਸਿਫ਼ਤ ਸਾਲਾਹ ਨਾ ਕੋਇ ਵਡਿਆਈਆ । ਲੱਖ ਚੁਰਾਸੀ ਨਾਲੋਂ ਤੋੜ ਕੇ ਆਏ ਨਕਾਹ, ਤੇਰੇ ਨਾਲ ਹੋਏ ਕੁੜਮਾਈਆ । ਮੁਹੰਮਦ ਕਹੇ ਚੌਦਾਂ ਤਬਕ ਦਿਤੇ ਤਜਾ, ਜ਼ਿਮੀਂ ਅਸਮਾਨਾਂ ਡੇਰਾ ਢਾਹੀਆ । ਈਸਾ ਕਹੇ ਮੇਰੇ ਖ਼ੁਦਾ, ਖ਼ੁਦੀ ਤੇਰੇ ਵਿਚ ਰਖਾਈਆ । ਮੂਸਾ ਕਹੇ ਹੋਇਆ ਫ਼ਿਦਾ, ਫ਼ਿਤਰਤ ਰੂਪ ਨਾ ਕੋਇ ਜਣਾਈਆ । ਤੇਈ ਅਵਤਾਰ ਬੈਠੇ ਸੀਸ ਝੁਕਾ, ਦੋਏ ਦੋਏ ਪਰਨਾਮ ਇਕ ਵਖਾਈਆ । ਭਗਤ ਭਗਵੰਤ ਢੋਲਾ ਰਹੇ ਗਾ, ਗਾ ਗਾ ਸ਼ੁਕਰ ਮਨਾਈਆ । ਨਾਨਕ ਗੋਬਿੰਦ ਰਹੇ ਧਿਆ, ਧਿਆਨ ਧਿਆਨ ਨਾਲ ਰਲਾਈਆ । ਵੇਖੇ ਵੇਲਾ ਅੰਤਮ ਗਿਆ ਆ, ਕਰੇ ਖੇਲ ਬੇਪਰਵਾਹੀਆ । ਨਿਹਕਲੰਕਾ ਨਾਉਂ ਧਰਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਡੰਕਾ ਇਕੋ ਸ਼ਬਦ ਵਜਾ, ਦੋ ਜਹਾਨਾਂ ਦਏ ਸੁਣਾਈਆ । ਦਵਾਰ ਬੰਕਾ ਇਕ ਸੁਹਾ, ਗੋਬਿੰਦ ਗੜ੍ਹ ਦਏ ਵਸਾਈਆ । ਪੁਰਖ ਅਕਾਲ ਫੇਰਾ ਪਾ, ਹੋਕਾ ਦੇ ਦੇ ਗੁਰਮੁਖ ਰਿਹਾ ਉਠਾਈਆ । ਸਾਚਾ ਹੱਟ ਦਏ ਚਲਾ, ਹਰਿਜਨ ਸਾਚੇ ਵਸਤ ਵਖਾਈਆ । ਕਾਗ਼ਦ ਕਲਮ ਨਾ ਕੋਇ ਸ਼ਾਹ, ਬਿਨ ਸ਼ਾਹੀ ਲੇਖਾ ਰਿਹਾ ਲਿਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਲੱਖ ਚੁਰਾਸੀ ਦੇ ਸਾਰੇ ਬਣੇ ਗਵਾਹ, ਭੁਲਿਆ ਕੋਇ ਰਹਿਣ ਨਾ ਪਾਈਆ । ਪੁਰਖ ਅਬਿਨਾਸ਼ੀ ਸਫ਼ਾ ਸਭ ਦੀ ਦਏ ਉਠਾ, ਉਲਟੀ ਰੀਤੀ ਰੀਤ ਚਲਾਈਆ । ਚਾਰ ਜੁਗ ਦਾ ਡੇਰਾ ਦੇਵੇ ਢਾਹ, ਢਾਹ ਢਾਹ ਖ਼ਾਕ ਮਿਲਾਈਆ । ਮੱਕੇ ਕਾਅਬੇ ਹੱਜ ਨਾ ਸਕੇ ਕੋਈ ਕਰਾ, ਕਰਬਲਾ ਸਭ ਨੂੰ ਦਏ ਵਖਾਈਆ । ਤੇਈ ਅਵਤਾਰਾਂ ਲੇਖਾ ਦਏ ਮੁਕਾ, ਦਰ ਸਾਚੇ ਮੁੱਕਰ ਕੋਇ ਨਾ ਜਾਈਆ । ਭਗਤ ਭਗਵੰਤ ਲਹਿਣਾ ਦੇਣਾ ਝੋਲੀ ਦੇਵੇ ਪਾ, ਝੋਲੀ ਆਪਣੀ ਹੱਥੀਂ ਭਰਾਈਆ । ਨੂਰੀ ਜਲਵਾ ਨੂਰ ਧਰੇ ਖ਼ੁਦਾ, ਨੂਰੋ ਨੂਰ ਕਰੇ ਰੁਸ਼ਨਾਈਆ । ਪੁਰਖ ਅਕਾਲ ਪਰਗਟ ਹੋਵੇ ਬੇਪਰਵਾਹ, ਆਪਣਾ ਪਰਦਾ ਆਪ ਚੁਕਾਈਆ । ਜਿਸ ਦੇ ਅੱਗੇ ਗੋਬਿੰਦ ਸੀਸ ਗਿਆ ਝੁਕਾ, ਨਿਰਗੁਣ ਸਾਚਾ ਨਾਮ ਮੰਗ ਮੰਗਾਈਆ । ਸੋ ਪੁਰਖ ਨਿਰੰਜਣ ਸਤਿ ਸਤਿਵਾਦੀ ਆਦਿ ਜੁਗਾਦੀ ਆਇਆ ਵੇਸ ਵਟਾ, ਵੇਸ ਅਵੱਲਾ ਆਪ ਕਰਾਈਆ । ਸੀਸ ਜਗਦੀਸ਼ ਤਾਜ ਰਿਹਾ ਸੁਹਾ, ਤਖ਼ਤ ਤਾਜਾਂ ਖ਼ਾਕ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਸਾਚੇ ਘਰ, ਦਰ ਬੈਠਾ ਸੱਚਾ ਮਾਹੀਆ । ਦਰ

ਬੈਠਾ ਸੱਚਾ ਮਾਹੀ, ਭੇਵ ਅਭੇਦ ਖੁਲ੍ਹਾਇੰਦਾ । ਚਾਰ ਜੁਗ ਦੇ ਆਓ ਰਾਹੀ, ਹਰਿ ਰਹਿਬਰ ਵੇਖ ਵਖਾਇੰਦਾ । ਇਕੋ ਵੇਰ ਇਕ ਸਲਾਹੀ, ਇਕੋ ਰਾਹ ਜਣਾਇੰਦਾ । ਇਕੋ ਪਿਤਾ ਇਕੋ ਮਾਈ, ਏਕਾ ਬਾਲਕ ਰੂਪ ਵਖਾਇੰਦਾ । ਇਕੋ ਦਾਇਆ ਇਕੋ ਦਾਈ, ਇਕੋ ਗੋਦ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਆਪਣੇ ਆਪ ਬੁਲਾਇੰਦਾ । ਆਓ ਦਰ ਵੇਖੋ ਨੇੜੇ, ਹਰਿ ਜੂ ਦਇਆ ਕਮਾਈਆ । ਕਲਜੁਗ ਅੰਤਮ ਮੁੱਕਣੇ ਝੇੜੇ, ਝੇੜੇ ਸਭ ਦੇ ਆਪ ਚੁਕਾਈਆ । ਕਿਸੇ ਨਾ ਵਸਣਾ ਝੂਠੇ ਖੇੜੇ, ਖੇੜਾ ਝੂਠਾ ਰਹਿਣ ਨਾ ਪਾਈਆ । ਗ਼ਰੀਬ ਨਿਮਾਣੇ ਗੁਰਸਿਖ ਗੁਰ ਦਰ ਬੈਠੇ ਕਰ ਕੇ ਵੱਡੇ ਜੇਰੇ, ਆਪ ਆਪਣਾ ਗਏ ਗਵਾਈਆ । ਜਿਸ ਨੂੰ ਨਾਨਕ ਨਿਰਗੁਣ ਕਹਿ ਕੇ ਗਿਆ ਚੌਥੀ ਲਾਂਵ ਲਏ ਫੇਰੇ, ਫੇਰਾ ਆਪਣਾ ਆਪੇ ਪਾਈਆ । ਜਨ ਭਗਤਾਂ ਕਰੇ ਹੱਕ ਨਬੇੜੇ, ਹੱਕੋ ਹੱਕ ਵੇਖ ਵਖਾਈਆ । ਜਿਨ੍ਹਾਂ ਪਾਏ ਦਵਾਲੇ ਘੇਰੇ, ਤਿਨ੍ਹਾਂ ਮਿਲੇ ਦਰਗਾਹ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰਾਂ ਦਰ ਰਿਹਾ ਬੁਲਾਈਆ । ਗੁਰ ਅਵਤਾਰ ਖੋਲ੍ਹਣ ਅੱਖ, ਅੱਖ ਅੱਖ ਨਾਲ ਮਿਲਾਈਆ । ਵੇਖੋ ਸਾਹਿਬ ਹੋਇਆ ਪਰਤੱਖ, ਪਾਰਖੂ ਬਣਿਆ ਸੱਚਾ ਮਾਹੀਆ । ਇਸ ਦੇ ਚਰਨੀ ਜਾਈਏ ਢੱਠ, ਬਿਨ ਢੱਠਿਆਂ ਸਾਰ ਕੋਇ ਨਾ ਪਾਈਆ । ਦਰੋਹੀ ਖ਼ੁਦਾਏ ਦੀ ਸਦੀ ਚੌਧਵੀਂ ਕੀਤਾ ਕੱਠ, ਇਕੱਠਾ ਇਕੋ ਹੁਕਮ ਸੁਣਾਈਆ । ਆਪਣੀ ਗੇੜਨਹਾਰਾ ਲੱਠ, ਦੋ ਜਹਾਨਾਂ ਰਿਹਾ ਭਵਾਈਆ । ਆਪਣਾ ਆਪਣਾ ਹਾਲ ਚੱਲੀਏ ਦੱਸ, ਹਾਲ ਮੁਰੀਦਾਂ ਸੁਣ ਸੁਣ ਖ਼ੁਸ਼ੀ ਮਨਾਈਆ । ਨਾ ਕੋਈ ਜਾਣੇ ਇਸ ਦਾ ਜਸ, ਜਸ ਗਾ ਗਾ ਅੰਤ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਵੇਖੋ ਕੱਠੇ ਹੋਏ ਭਾਈ ਭਾਈ, ਗੁਰ ਅਵਤਾਰ ਵੇਖ ਵਖਾਇੰਦਾ । ਜਿਸ ਨੇ ਕੱਟਣੀ ਸਭ ਦੀ ਫਾਹੀ, ਸੋ ਸਤਿਗੁਰ ਫੇਰਾ ਪਾਇੰਦਾ । ਜਿਸ ਨੇ ਕੱਠੇ ਕੀਤੇ ਝੀਵਰ ਛੀਂਬੇ ਨਾਈ, ਸੋ ਗੋਬਿੰਦ ਮੇਲ ਮਿਲਾਇੰਦਾ । ਜਿਸ ਦੀ ਨਾਨਕ ਨਿਰਗੁਣ ਕਰੀ ਕੁੜਮਾਈ, ਬਣ ਨਾਰ ਕੰਤ ਸੇਜ ਹੰਢਾਇੰਦਾ । ਜਿਸ ਨੂੰ ਰਾਮ ਕ੍ਰਿਸ਼ਨ ਕਹਿਣ ਸੱਚਾ ਗੋਸਾਈਂ, ਸੋ ਗਹਿਰ ਗੰਭੀਰ ਫੇਰਾ ਪਾਇੰਦਾ । ਜਿਸ ਨੂੰ ਭਗਤ ਕਹਿਣ ਫੜ ਫੜ ਪਾਰ ਕਰਾਏ ਬਾਹੀਂ, ਭਵ ਸਾਗਰ ਨਾ ਕੋਇ ਰੁੜ੍ਹਾਇੰਦਾ । ਆਓ ਦਰਸ਼ਨ ਕਰੀਏ ਚਾਈਂ ਚਾਈਂ, ਚਾਉ ਘਨੇਰਾ ਇਕ ਜਣਾਇੰਦਾ । ਜਿਸ ਦੇ ਪਿਛੇ ਲੋਕਮਾਤ ਆਏ ਬਣ ਕੇ ਰਾਹੀ, ਸੋ ਰਹਿਬਰ ਵੇਖ ਵਖਾਇੰਦਾ । ਜਿਸ ਦੇ ਪਿਛੇ ਗੋਬਿੰਦ ਬੂਟਾ ਪੁਟਿਆ ਕਾਹੀ, ਸੋ ਸਭ ਦੀ ਜੜ੍ਹ ਉਖੜਾਇੰਦਾ । ਗ਼ਰੀਬ ਨਿਮਾਣਿਆਂ ਦੁਰਮਤ ਮੈਲ ਮੁਖ ਧੋਵੇ ਛਾਹੀ, ਬਣ ਸੇਵਕ ਸੇਵ ਕਮਾਇੰਦਾ । ਲੱਖ ਚੁਰਾਸੀ ਕੱਟੇ ਫਾਹੀ, ਫੰਦਨ ਆਪਣੇ ਨਾਮ ਪਾਇੰਦਾ । ਜਿਸ ਨੇ ਰਵਿਦਾਸ ਚੁਮਿਆਰੇ ਕੰਗਣ ਫੜਾਇਆ ਗੰਗਾ ਧਾਰ ਕੱਢ ਕੇ ਬਾਹੀਂ, ਸੋ ਆਪਣਾ ਹੋਕਾ ਨਾਮ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਗੁਰ ਅਵਤਾਰ ਦਰ ਸੁਹਾਇੰਦਾ । ਗੁਰ ਅਵਤਾਰ ਆ ਦਵਾਰੇ, ਦਰ ਸਾਚੇ ਖ਼ੁਸ਼ੀ ਮਨਾਈਆ । ਤੇਰਾ ਨੂਰ ਤੇਰਾ ਚਮਤਕਾਰੇ, ਤੇਰੀ ਜੋਤ ਜੋਤ ਸਵਾਈਆ । ਤੇਰਾ ਦਰ ਤੇਰਾ ਦਰਬਾਰੇ, ਸਚਖੰਡ ਤੇਰੀ ਵਡਿਆਈਆ । ਤੇਰੇ ਚਰਨ ਬਣ ਭਿਖਾਰੇ, ਇਕੋ ਭਿਖਿਆ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਸੀਸ ਝੁਕਾਈਆ । ਦੇ ਵਰ ਸੱਚੇ ਭਗਵਾਨਾ, ਵਾਰੀ ਵਾਰੀ ਸੀਸ ਝੁਕਾਇਆ । ਤੂੰ ਸਾਹਿਬ ਸੱਚਾ ਸੁਲਤਾਨਾ, ਤੇਰਾ ਅੰਤ ਕਿਸੇ ਨਾ ਪਾਇਆ । ਤੂੰ ਮਰਦ ਮਰਦ ਮਰਦਾਨਾ,

ਸਚ ਮਰਦਾਨਗੀ ਰਿਹਾ ਜਣਾਇਆ । ਕਲਜੁਗ ਅੰਤਮ ਪਹਿਰੇਂ ਬਾਣਾ, ਜੋਤੀ ਜਾਮਾ ਵੇਸ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਰਿਹਾ ਸੁਣਾਇਆ । ਸਚ ਸੰਦੇਸ਼ਾ ਹਰਿ ਕਰਤਾਰ, ਹਰਿ ਜੂ ਹਰਿ ਹਰਿ ਆਪ ਜਣਾਈਆ । ਦਰ ਦਵਾਰ ਸੁਣੇ ਗੁਰੂ ਅਵਤਾਰ, ਪੀਰ ਪੈਗ਼ੰਬਰ ਆਪ ਸਮਝਾਈਆ । ਏਕਾ ਨਾਇਆਂ ਕਰੇ ਖ਼ਬਰਦਾਰ, ਬੇਖ਼ਬਰ ਖ਼ਬਰ ਪੁਚਾਈਆ । ਬੀਸ ਬੀਸਾ ਹੋਏ ਉਜਿਆਰ, ਭੇਵ ਅਭੇਦਾ ਆਪ ਜਣਾਈਆ । ਲੇਖਾ ਲਿਖੇ ਅਗੰਮ ਅਪਾਰ, ਲਿਖ ਲਿਖ ਹੱਥੋ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਪੁਰਖ ਅਕਾਲ ਵੱਜੇ ਵਧਾਈਆ । ਪੁਰਖ ਅਕਾਲ ਆਦਿ ਅੰਤ, ਸੋ ਪੁਰਖ ਨਿਰੰਜਣ ਖੇਲ ਕਰਾਇੰਦਾ । ਹਰਿ ਪੁਰਖ ਨਿਰੰਜਣ ਜੁਗਾ ਜੁਗੰਤ, ਜੁਗ ਜੁਗ ਆਪਣੀ ਕਾਰ ਕਮਾਇੰਦਾ । ਏਕੰਕਾਰਾ ਮਹਿਮਾ ਅਗਣਤ, ਭੇਵ ਅਭੇਦ ਨਾ ਕੋਇ ਖੁਲ੍ਹਾਇੰਦਾ । ਆਦਿ ਨਿਰੰਜਣ ਨੂਰ ਅਨੰਤ, ਅੰਤ ਕੋਇ ਨਾ ਪਾਇੰਦਾ । ਅਬਿਨਾਸ਼ੀ ਕਰਤਾ ਏਕਾ ਨਾਮ ਜਪਾਏ ਸਾਚਾ ਮੰਤ, ਮੰਤਰ ਇਕੋ ਇਕ ਦ੍ਰਿੜਾਇੰਦਾ । ਸ੍ਰੀ ਭਗਵਾਨ ਸਾਚਾ ਕੰਤ, ਕੰਤ ਕੰਤੂਹਲ ਸੋਭਾ ਪਾਇੰਦਾ । ਪਾਰਬ੍ਰਹਮ ਲੇਖਾ ਜਾਣ ਜੁਗਾ ਜੁਗੰਤ, ਜੁਗ ਜੁਗ ਆਪਣਾ ਰਾਹ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਲ ਆਪ ਧਰਾਇੰਦਾ । ਆਪਣੀ ਕਲ ਧਰ ਕੇ ਆਇਆ , ਹਰਿ ਕਰਤਾ ਪੁਰਖ ਅਕਾਲ । ਸੰਬਲ ਨਗਰ ਵੜ ਕੇ ਆਇਆ, ਗੁਰ ਗੋਬਿੰਦ ਰੱਖਿਆ ਨਾਲ । ਗ਼ਰੀਬ ਨਿਮਾਣਿਆਂ ਲੜ ਫੜ ਕੇ ਆਇਆ, ਗੁਰਮੁਖ ਵੇਖੇ ਸਾਚੇ ਲਾਲ । ਜਰ ਜਰਵਾਣਿਆਂ ਨਾਲ ਲੜ ਕੇ ਆਇਆ, ਮਾਰੇ ਨਾਮ ਖੰਡਾ ਤੇਜ਼ ਕਟਾਰ । ਸੋਹੰ ਅੱਖਰ ਇਕੋ ਪੜ੍ਹ ਕੇ ਆਇਆ, ਆਤਮ ਪਰਮਾਤਮ ਪਰਮਾਤਮ ਆਤਮ ਨਿਭੇ ਨਾਲ । ਆਪਣੀ ਮਰਨੀ ਆਪੇ ਮਰ ਕੇ ਆਇਆ, ਭਗਤ ਭਗਵੰਤ ਲਏ ਜਵਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਆਪ ਕਮਾਲ । ਕਰੇ ਖੇਲ ਆਪ ਕਰਤਾਰਾ, ਕੁਦਰਤ ਕਾਦਰ ਵੇਖ ਵਖਾਈਆ । ਜੋਤੀ ਨੂਰ ਨੂਰ ਚਮਤਕਾਰਾ, ਜ਼ਾਹਰਾ ਨੂਰ ਕਰੇ ਰੁਸ਼ਨਾਈਆ । ਹੱਕ ਹਕੀਕਤ ਪਾਵੇ ਸਾਰਾ, ਲਾਸ਼ਰੀਕ ਇਕ ਖ਼ੁਦਾਈਆ । ਚੌਦਾਂ ਸਦੀਆਂ ਪਾਰ ਕਿਨਾਰਾ, ਚੌਦਾਂ ਤਬਕ ਡੇਰਾ ਢਾਹੀਆ । ਚੌਦਾਂ ਲੋਕ ਇਕੋ ਨਾਅਰਾ, ਇਕੋ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਕਰੇ ਕਰਤਾਰ, ਹਰਿ ਜੂ ਆਪਣਾ ਖੇਲ ਕਰਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖਣ ਵਾਰੋ ਵਾਰ, ਨੇਤਰ ਨੈਣ ਸਰਬ ਉਠਾਇੰਦਾ । ਲੋਕਮਾਤ ਲੱਖ ਚੁਰਾਸੀ ਜਿਸ ਲਾਈ ਗੁਲਜ਼ਾਰ, ਪਤ ਡਾਲ੍ਹੀ ਫੋਲ ਫੁਲਾਇੰਦਾ । ਮਾਲੀ ਬਣਿਆ ਪਰਵਰਦਿਗਾਰ, ਖ਼ਾਲੀ ਹੱਥ ਫੇਰਾ ਪਾਇੰਦਾ । ਗੁਲਸ਼ਨ ਵੇਖੇ ਹਰਿ ਨਿਰੰਕਾਰ, ਬੁਲਬੁਲ ਆਪਣੇ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਹੁਕਮ ਵਰਤਾਇੰਦਾ । ਗੁਲਸ਼ਨ ਵੇਖੇ ਹਰਿ ਅਹਿਬਾਬ, ਆਪ ਆਪਣਾ ਰੂਪ ਵਟਾਈਆ । ਸਚ ਸਰੰਗ ਵਜਾਏ ਰਬਾਬ, ਤਾਰ ਸਤਾਰ ਨਾ ਕੋਇ ਹਲਾਈਆ । ਸ਼ਾਹ ਪਾਤਸ਼ਾਹ ਲੇਖਾ ਜਾਣੇ ਸ਼ਾਹ ਨਵਾਬ, ਰੱਯਤ ਆਪਣਾ ਭੇਵ ਚੁਕਾਈਆ । ਈਸਾ ਮੂਸਾ ਮੁਹੰਮਦ ਜਿਸ ਦਾ ਲੈਂਦੇ ਗਏ ਖ਼ਵਾਬ, ਸੋ ਖ਼ਾਹ ਮਖ਼ਾਹ ਆਪਣਾ ਹੁਕਮ ਚਲਾਈਆ । ਜਿਸ ਨੂੰ ਮੰਨਦੇ ਗਏ ਹੱਕ ਜਨਾਬ, ਸੋ ਜਲਵਾ ਰਿਹਾ ਵਖਾਈਆ । ਜਿਸ ਦੀ ਮੂਸਾ ਝੱਲ ਨਾ ਸਕਿਆ ਤਾਬ, ਸੋ ਆਪਣਾ ਨੂਰ ਗੁਰਮੁਖਾਂ ਅੱਗੇ ਰਿਹਾ ਪਰਗਟਾਈਆ । ਜਿਸ ਨੂੰ ਈਸਾ ਕਹੇ ਮੇਰਾ ਬਾਪ, ਸੋ ਖ਼ੁਦਾਵੰਦ

ਫੇਰਾ ਪਾਈਆ । ਜਿਸ ਦਾ ਨਿਰਗੁਣ ਨਾਨਕ ਜਪਿਆ ਜਾਪ, ਜਪਤ ਜਪਤ ਸੁਖ ਪਾਈਆ । ਜਿਸ ਨੂੰ ਗੁਰ ਗੋਬਿੰਦ ਕਹੇ ਪੁਰਖ ਅਕਾਲ ਥਾਪਨਾ ਰਿਹਾ ਥਾਪ, ਥਪਕੀ ਆਪਣੀ ਗੋਦ ਇਕ ਵਖਾਈਆ । ਸੋ ਕਲਜੁਗ ਅੰਤਮ ਵਖਾਵਣ ਆਇਆ ਆਪਣਾ ਪਰਤਾਪ, ਪਰਮ ਪੁਰਖ ਵਡ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਰਹੇ ਕਾਂਪ, ਥਰ ਹਰ ਕੰਪੇ ਬਾਲਾ ਜੀਉ ਪਿਛਲਾ ਲੇਖਾ ਪੂਰ ਕਰਾਈਆ । ਬਿਨ ਬੂਝ ਨਾਨਕ ਨਾ ਜਪਿਆ ਜਾਪ, ਬਿਨ ਸੂਝ ਸੂਝ ਕਿਸੇ ਨਾ ਆਈਆ । ਸੰਮਤ ਵੀਹ ਸੌ ਵੀਹ ਬਿਕਰਮੀ ਸਭ ਨੂੰ ਦੱਸੇ ਸੱਚਾ ਜਾਪ, ਜਿਸ ਨੂੰ ਪੜ੍ਹਿਆਂ ਮੁਕਤੀ ਚਰਨਾਂ ਹੇਠ ਸੀਸ ਝੁਕਾਈਆ । ਨੇੜ ਨਾ ਆਇਣ ਤੀਨੋਂ ਤਾਪ, ਤ੍ਰੈਗੁਣ ਭੱਜੇ ਵਾਹੋ ਦਾਹੀਆ । ਕਾਮ ਕਰੋਧ ਲੋਭ ਮੋਹ ਹੰਕਾਰ ਤੋੜੇ ਸਾਕ, ਆਸਾ ਤ੍ਰਿਸਨਾ ਇਕ ਘਰ ਵਸੇ ਨਾ ਧੀ ਜਵਾਈਆ । ਜਿਸ ਨੂੰ ਮਿਲ ਜਾਏ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਮਾਈ ਬਾਪ, ਤਿਸ ਭੁੱਖ ਨਾ ਲਾਗੇ ਰਾਈਆ । ਜਿਸ ਨਾਰੀ ਮਿਲ ਜਾਏ ਹਰਿ ਜੂ ਕਮਲਾਪਾਤ, ਦੂਜੀ ਸੇਜ ਨਾ ਕੋਇ ਹੰਢਾਈਆ । ਜਿਸ ਆਵਣ ਜਾਵਣ ਚੁੱਕ ਜਾਏ ਵਾਟ, ਤੀਰਥ ਤੱਟ ਨਾ ਨੁਹਾਵਣ ਜਾਈਆ । ਜਿਸ ਘਰ ਆ ਕੇ ਮਿਲੇ ਪੁਰਖ ਸਮਰਥ, ਸੋ ਢੂੰਡਣ ਕਿਤੇ ਨਾ ਜਾਈਆ । ਗ਼ਰੀਬ ਨਿਮਾਣਾ ਹੋ ਕੇ ਜਨ ਭਗਤਾਂ ਗਾਏ ਜਸ, ਆਪਣੇ ਜਸ ਨਾ ਰੱਖੇ ਵਡਿਆਈਆ । ਏਥੇ ਮਾਣ ਦੇ ਨਾ ਕਰੇ ਬਸ, ਸਚਖੰਡ ਆਪਣੇ ਚਰਨਾਂ ਹੇਠ ਰਖਾਈਆ । ਇਕ ਦਵਾਰਾ ਜਾਣਾ ਵਸ, ਜਿਸ ਦਵਾਰੇ ਸਤਿਗੁਰ ਸੱਚਾ ਪੁਰਖ ਅਕਾਲ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੋਤੀ ਜਾਮਾ ਰੂਪ ਵਟਾਈਆ । ਜੋਤੀ ਜਾਮਾ ਭਗਤਾਂ ਖ਼ਾਤਰ, ਨਿਰਗੁਣ ਨਿਰਗੁਣ ਆਪ ਵਟਾਇਆ । ਸਚਖੰਡ ਦਵਾਰੇ ਬਣਿਆ ਰਿਹਾ ਚਾਤਰ, ਜੁਗ ਜੁਗ ਅਛਲ ਛਲ ਵਖਾਇਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਨਾਮ ਸੁਨੇਹੜਾ ਦੇਂਦਾ ਰਿਹਾ ਪਾਤਰ, ਲਿਖ ਲਿਖ ਲੇਖਾ ਜਗਤ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇਆ । ਆਪਣਾ ਖੇਲ ਕਰੇ ਬੇਜ਼ੋਰ, ਜਰ ਜਰਵਾਣਾ ਭੇਵ ਚੁਕਾਈਆ । ਆਪਣਾ ਬੇੜਾ ਆਪੇ ਰੋੜ੍ਹ, ਕਲਜੁਗ ਨੱਯਾ ਦਏ ਵਹਾਈਆ । ਆਪਣਾ ਚੋਲਾ ਆਪੇ ਛੋੜ, ਪੰਜ ਤੱਤ ਮਾਟੀ ਖ਼ਾਕ ਰਲਾਈਆ । ਆਪਣਾ ਜੋੜਾ ਆਪੇ ਜੋੜ, ਸਰਗੁਣ ਨਿਰਗੁਣ ਕਰੀ ਕੁੜਮਾਈਆ । ਆਪਣਾ ਹੋੜਾ ਆਪੇ ਲੋੜ, ਸੱਸੇ ਉਪਰ ਰਿਹਾ ਟਿਕਾਈਆ । ਬਿਨ ਨਾਨਕ ਵੇਖਿਆ ਕਿਸੇ ਨਾ ਕਰ ਕੇ ਗ਼ੌਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਵਿਚ ਸਮਾਈਆ । ਜਿਸ ਦਾ ਮੰਤਰ ਚਲੇ ਫੋਰ, ਫ਼ੁਰਨਾ ਆਪਣਾ ਨਾਮ ਜਣਾਈਆ । ਜਿਸ ਦਾ ਖੇਲ ਅੰਧ ਘੋਰ, ਘੋਰੀ ਨਜ਼ਰ ਕਿਸੇ ਨਾ ਆਈਆ । ਜਿਸ ਦੇ ਹੱਥ ਸਭ ਦੀ ਡੋਰ, ਜਿਉਂ ਭਾਵੇ ਰਿਹਾ ਚਲਾਈਆ । ਜਿਸ ਦੀ ਗੁਰੂ ਅਵਤਾਰਾਂ ਰੱਖੀ ਲੋੜ, ਸੋ ਲੋਹੜਾ ਪੌਣ ਕਲਜੁਗ ਅੰਤਮ ਫੇਰੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਖੇਲ ਇਕ ਕਰਾਈਆ । ਨਿਰਗੁਣ ਖੇਲ ਕਰਨੇ ਆਇਆ, ਹਰਿ ਦਾਤਾ ਬੇਪਰਵਾਹ । ਆਪੇ ਮੇਟਣਹਾਰਾ ਝੂਠੀ ਛਾਇਆ, ਸ਼ਹਿਨਸ਼ਾਹ ਆਪਣਾ ਹੁਕਮ ਚਲਾ । ਆਪੇ ਦੇਵਣਹਾਰਾ ਆਪਣਾ ਨਾਂ, ਨਾਉਂ ਨਿਰੰਕਾਰਾ ਇਕ ਦ੍ਰਿੜਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਬਿਸਮਲ ਰੂਪ ਖ਼ੁਦਾ । ਬਿਸਮਿਲ ਰੂਪ ਹੋਇਆ ਖ਼ੁਦ ਆਪ, ਆਪਣਾ ਭੇਵ ਜਣਾਈਆ । ਲੇਖਾ ਜਾਣ ਬਹੁ ਬਿਧ ਭਾਂਤ, ਭਾਵੀ ਭਾਣਾ ਹਰਿ ਵਰਤਾਈਆ । ਪੀਰ ਪੈਗ਼ੰਬਰ ਸੁਣੇ ਬਾਤ, ਹਰਿ ਬਾਤਨ ਰਿਹਾ ਜਣਾਈਆ । ਸਾਰੇ ਪੜ੍ਹੋ ਇਕ ਜਮਾਤ, ਤੁਲਬਾ ਰੂਪ ਇਕ ਵਖਾਈਆ । ਮਕਤਬ ਖੋਲ੍ਹੇ ਹੱਕ ਜਨਾਬ,

ਹੱਕ ਹਕੀਕਤ ਦਏ ਦ੍ਰਿੜਾਈਆ । ਅਲਫ਼ ਯੇ ਲੋਕਮਾਤ ਦਿਤਾ ਖ਼ਤਾਬ, ਪ੍ਰਭ ਚਰਨ ਦਵਾਰੇ ਅਲਫ਼ ਕੰਮ ਕਿਸੇ ਨਾ ਆਈਆ । ਇਕ ਅਲਫ਼ ਵਜਾਈ ਤਨ ਰਬਾਬ, ਸਾਰੰਗ ਸਾਰੰਗਾ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਸਿਖਿਆ ਇਕ ਸਮਝਾਈਆ । ਸਾਚੀ ਸਿਖਿਆ ਸੁਣ ਲਓ ਮੀਤ, ਮਿੱਤਰ ਪਿਆਰਾ ਆਪ ਜਣਾਇੰਦਾ । ਆਦਿ ਜੁਗਾਦੀ ਸਾਚੀ ਰੀਤ, ਰੀਤੀਵਾਨ ਆਪ ਵਖਾਇੰਦਾ । ਤੂੰ ਮੇਰਾ ਮੈਂ ਤੇਰਾ ਰਲ ਮਿਲ ਗਾਓ ਗੀਤ, ਗੀਤ ਗੋਬਿੰਦ ਇਕ ਵਖਾਇੰਦਾ । ਪਾਰਬ੍ਰਹਮ ਪ੍ਰਭ ਸਾਚੀ ਪ੍ਰੀਤ, ਪੁਰਖ ਅਕਾਲ ਤੋੜ ਨਿਭਾਇੰਦਾ । ਗੋਬਿੰਦ ਦੱਸ ਕੇ ਗਿਆ ਠੀਕ, ਕਲਜੁਗ ਜੀਵ ਭੇਤ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਆਪਣਾ ਰੂਪ ਧਰਾਇੰਦਾ । ਨਿਰਗੁਣ ਆਇਆ ਦਰ ਬਨਵਾਲੀ, ਬਨ ਖੰਡ ਨਾ ਫੇਰਾ ਪਾਈਆ । ਆਦਿ ਸ਼ਕਤ ਨਾ ਜੋਤ ਜਵਾਲੀ, ਚਤੁਰਭੁਜ ਨਾ ਖੇਲ ਕਰਾਈਆ । ਨੂਰ ਨੁਰਾਨਾ ਜੋਤ ਨੁਰਾਨੀ, ਜ਼ਹੂਰ ਇਕ ਸ਼ਨਵਾਈਆ । ਆਦਿ ਜੁਗਾਦਿ ਮਸਤ ਮਸਤਾਨੀ, ਮਸਤੀ ਇਕੋ ਇਕ ਖ਼ੁਦਾਈਆ । ਅਲਕ ਫ਼ਲਕ ਨਾ ਕੋਇ ਰੁਸ਼ਨਾਨੀ, ਰੋਸ਼ਨ ਨੂਰ ਨਾ ਕੋਇ ਵਡਿਆਈਆ । ਪੀਰ ਪੈਗੰਬਰ ਨਾ ਕੋਇ ਜ਼ਿੰਦਗਾਨੀ, ਰੂਹ ਬੁੱਤ ਨਾ ਕੋਇ ਸਮਾਈਆ । ਅੰਤਮ ਹੋਏ ਸਾਰੇ ਫ਼ਾਨੀ, ਸਭ ਦਾ ਲੇਖਾ ਆਪ ਚੁਕਾਈਆ । ਭੇਵ ਖੁਲ੍ਹਾ ਅੰਜੀਲ ਕੁਰਾਨੀ, ਇਜ਼ਰਾਈਲ ਸੇਵ ਕਮਾਈਆ । ਕਲਜੁਗ ਅੰਤਮ ਆਵੇ ਇਕ ਤੁਗ਼ਿਆਨੀ, ਪੀਰ ਪੈਗ਼ੰਬਰ ਗਏ ਸਮਝਾਈਆ । ਨਦੀ ਨੂਹ ਚੜ੍ਹੇ ਤੁਫ਼ਾਨੀ, ਤੋਹਫ਼ਾ ਦੇਵੇ ਖ਼ਲਕ ਖ਼ੁਦਾਈਆ । ਮਾਣ ਰਹੇ ਨਾ ਕੋਇ ਸੁਲੇਮਾਨੀ, ਸਿਲਸਲਾ ਸਭ ਦਾ ਕਰੇ ਸਫ਼ਾਈਆ । ਇਕ ਸੁਣਾਏ ਆਪਣੀ ਆਪ ਕਹਾਣੀ, ਪਿਛਲੀ ਕਹਾਣੀ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਜਿਹਾ ਹੋਵੇ ਆਪ ਲਾਸਾਨੀ, ਲਾਅ ਆਪਣਾ ਲਏ ਬਣਾਈਆ । ਆਪਣਾ ਲਾਅ ਕਰੇ ਤਾਮੀਲ, ਤਾਮੀਲ ਆਪਣੀ ਆਪ ਕਰਾਈਆ । ਦੂਸਰ ਦਏ ਨਾ ਕੋਇ ਦਲੀਲ, ਦਲੀਲ ਦਲੀਲ ਨਾ ਕੋਇ ਮਿਲਾਈਆ । ਦਰਗਾਹ ਸਾਚੀ ਨਾ ਕੋਇ ਵਕੀਲ, ਵੁਕਲਾ ਨਜ਼ਰ ਕੋਇ ਨਾ ਪਾਈਆ । ਕਲਜੁਗ ਅੰਤਮ ਚੌਦਾਂ ਤਬਕਾਂ ਤੋੜੇ ਆਪ ਫ਼ਸੀਲ, ਨੇਜ਼ਾ ਨਾਮ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਤੈਨੂੰ ਦੱਸੀਏ ਸਚ, ਸਚ ਸਚ ਆਖ ਸੁਣਾਇਆ । ਤੇਰੇ ਹੁਕਮੇ ਅੰਦਰ ਆਏ ਨੱਚ, ਲੋਕਮਾਤ ਵੇਸ ਵਟਾਇਆ । ਅੰਤਮ ਤੇਰੇ ਪਿਆਰ ਅੰਦਰ ਗਏ ਰਚ, ਆਪ ਆਪਣਾ ਭੇਵ ਛੁਪਾਇਆ । ਜਿਉਂ ਭਾਵੇ ਤਿਉਂ ਲੈਣਾ ਰੱਖ, ਸਿਰ ਆਪਣਾ ਹੱਥ ਟਿਕਾਈਆ । ਵੀਹ ਸੌ ਵੀਹ ਬਿਕਰਮੀ ਪਹਿਲੀ ਚੇਤ ਤੇਰੇ ਅੱਗੇ ਡਾਹੀਏ ਹੱਥ, ਬਿਨ ਹੱਥਾਂ ਹੱਥ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਦੇਣਾ ਸੱਚਾ ਵਰ, ਵਰ ਦਾਤਾ ਇਕੋ ਨਜ਼ਰੀ ਆਇਆ । ਪਰਦੇ ਅੰਦਰ ਢਕਿਆ ਪਰਦਾ, ਪਰਦਾ ਆਪਣਾ ਨਾਮ ਪਾਈਆ । ਗੁਰਮੁਖ ਚਿੰਤਾ ਵਿਚ ਕਦੇ ਨਾ ਸੜਦਾ, ਜਗਤ ਅਗਨ ਨਾ ਕੋਇ ਤਪਾਈਆ । ਦਰ ਦਵਾਰੇ ਜੋ ਹੋਏ ਬਰਦਾ, ਬੰਦੀਖ਼ਾਨਾ ਦਏ ਛੁਡਾਈਆ । ਕਰ ਨਿਮਸਕਾਰ ਸੋਹੰ ਅੱਖਰ ਪੜ੍ਹਦਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਮਿਲੇ ਸਰਨਾਈਆ । ਪੁਰਖ ਅਬਿਨਾਸ਼ੀ ਕਿਰਪਾ ਕਰਦਾ, ਕਰ ਕਿਰਪਾ ਮੇਲ ਮਿਲਾਈਆ । ਨਾਤਾ ਤੁਟਿਆ ਝੂਠੇ ਘਰ ਦਾ, ਘਰ ਸਾਚੇ ਮਿਲੀ ਵਡਿਆਈਆ । ਮੇਰਾ ਰਾਮ ਨਾ ਜੀਂਦਾ ਨਾ ਮਰਦਾ, ਮਰਨ ਜੰਮਣ ਵਿਚ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਪੱਲੂ ਆਪੇ ਫੜਦਾ, ਅੰਤ ਆਪਣੇ ਲੜ ਬੰਧਾਈਆ ।

## ❇ ੭ ਮੱਘਰ ੨੦੧੯ ਬਿਕਰਮੀ ਪੰਜ ਗਰਾਈਂ ਬੰਤਾ ਸਿੰਘ ਦੇ ਗ੍ਰਿਹ ਜ਼ਿਲਾ ਗੁਰਦਾਸ ਪੁਰ ❇

ਸੋ ਪੁਰਖ ਨਿਰੰਜਣ ਤੇਰੀ ਓਟ, ਗੁਰ ਅਵਤਾਰ ਪੀਰ ਪੈਗ਼ੰਬਰ ਨਿਰਗੁਣ ਰਹੇ ਧਿਆਨ ਲਗਾਈਆ । ਸਚਖੰਡ ਦਵਾਰਾ ਸਾਚਾ ਕੋਟ, ਸੂਰਜ ਚੰਦ ਨਾ ਕੋਇ ਰੁਸ਼ਨਾਈਆ । ਇਕ ਪਰਕਾਸ਼ ਨਿਰਮਲ ਜੋਤ, ਨੂਰੋ ਨੂਰ ਡਗਮਗਾਈਆ । ਜੁਗ ਚੌਕੜੀ ਤੇਰੇ ਚਰਨ ਨਾ ਸਕੇ ਪਹੁੰਚ, ਦੋ ਜਹਾਨ ਢੋਲਾ ਗਾਈਆ । ਆਦਿ ਅੰਤ ਤੁਧ ਬਿਨ ਲੱਖ ਚੁਰਾਸੀ ਜਾਏ ਔਂਤ, ਪਿਤਾ ਪੂਤ ਨਾ ਕੋਇ ਵਡਿਆਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਫਿਰ ਫਿਰ ਵੇਖਿਆ ਲੱਖਣ ਕਰੌਚ, ਪੁਸ਼ਕਰ ਜੰਬੂ ਫੇਰਾ ਪਾਈਆ । ਸਲਮਲ ਸਾਨ ਦਿਸੇ ਖੋਟ, ਸਾਚਾ ਹੱਟ ਨਾ ਕੋਇ ਜਣਾਈਆ । ਕੁਸ਼ਾ ਨੇਤਰ ਰੋਵੇ ਰੋਤ, ਨੈਣ ਨੈਣਾਂ ਨੀਰ ਵਹਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਕਰ ਕਰ ਗਏ ਖੋਜ, ਖੋਜਤ ਖੋਜਤ ਭੇਵ ਕੋਇ ਨਾ ਪਾਈਆ । ਵਿਸ਼ਨ ਬ੍ਰਹਮਾ ਸ਼ਿਵ ਤ੍ਰੈਗੁਣ ਮਾਇਆ ਪੰਜ ਤੱਤ ਜਗਤ ਰਚਨਾ ਚੁੱਕਿਆ ਬੋਝ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਵੰਡ ਵੰਡਾਈਆ । ਆਤਮ ਪਰਮਾਤਮ ਈਸ਼ ਜੀਵ ਜਗਦੀਸ਼ ਬ੍ਰਹਮ ਪਾਰਬ੍ਰਹਮ ਰਿਹਾ ਲੋਚ, ਲੋਚਾਂ ਪੂਰ ਨਾ ਕੋਇ ਵਖਾਈਆ । ਸਾਹਿਬ ਸੁਹੇਲਾ ਇਕ ਇਕੇਲਾ ਨਿਰਗੁਣ ਦਾਤਾ ਪੁਰਖ ਬਿਧਾਤਾ ਕਦੇ ਨਾ ਆਏ ਵਿਚ ਸੋਚ, ਸੋਚ ਸੋਚ ਥੱਕੀ ਸਰਬ ਲੋਕਾਈਆ । ਰਸਨਾ ਜਿਹਵਾ ਬੱਤੀ ਦੰਦ ਗਾ ਨਾ ਥੱਕੇ ਹੋਂਟ, ਮਨ ਮਤ ਬੁੱਧ ਨਾ ਕੋਇ ਚਤੁਰਾਈਆ । ਚੌਦਾਂ ਲੋਕ ਚੌਦਾਂ ਤਬਕ ਚੌਦਾਂ ਵਿਦਿਆ ਕੋਈ ਨਾ ਸਕੇ ਦਰ ਤੇਰੇ ਪਹੁੰਚ, ਚੌਦਸ ਚੰਦ ਨਾ ਕੋਇ ਰੁਸ਼ਨਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਜਗਤ ਬਸੰਤਰ ਸਾਰੇ ਹੋਏ ਫ਼ੌਤ, ਫ਼ਤਵਾ ਸਾਦਰ ਇਕ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਓਟ ਤਕਾਈਆ । ਪੁਰਖ ਅਕਾਲ ਤੇਰੀ ਦਰਗਾਹ, ਪਰਵਰਦਿਗਾਰ ਸਚ ਖ਼ੁਦਾਇਆ । ਮੁਕਾਮੇ ਹੱਕ ਹੋ ਰੁਸ਼ਨਾ, ਨੂਰੀ ਜਲਵਾ ਨੂਰ ਪਰਗਟਾਇਆ । ਤਖ਼ਤ ਨਿਵਾਸੀ ਬਣ ਸੱਚਾ ਸ਼ਹਿਨਸ਼ਾਹ, ਸ਼ਾਹੋ ਭੂਪ ਨਾਮ ਵਡਿਆਇਆ । ਹੁਕਮੀ ਹੁਕਮ ਇਕ ਜਣਾ, ਧੁਰ ਫ਼ੁਰਮਾਣਾ ਆਪ ਸੁਣਾਇਆ । ਸਚਖੰਡ ਦਵਾਰਾ ਇਕ ਵਸਾ, ਥਿਰ ਘਰ ਆਪਣਾ ਪਰਦਾ ਲਾਹਿਆ । ਸੁਤ ਦੁਲਾਰਾ ਇਕ ਜਣਾ, ਜਨਨੀ ਜਨ ਨਾਉਂ ਧਰਾਇਆ । ਦਾਈ ਦਾਇਆ ਬਣ ਸੇਵ ਕਮਾ, ਸੇਵਾ ਆਪਣੇ ਹੱਥ ਰਖਾਇਆ । ਭੇਵ ਅਭੇਦਾ ਆਪ ਖੁਲ੍ਹਾ, ਅਲੱਖ ਅਗੋਚਰ ਅਗੰਮ ਅਥਾਹ, ਆਪਣਾ ਪਰਦਾ ਆਪ ਉਠਾਇਆ । ਨਿਰਗੁਣ ਨਿਰਗੁਣ ਮੇਲ ਮਿਲਾ, ਨਾਰੀ ਕੰਤ ਸੇਜ ਹੰਢਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਗਾਹ ਸਾਚੀ ਧਾਮ ਸੁਹਾਇਆ । ਦਰਗਾਹ ਸਾਚੀ ਸੋਭਨੀਕ, ਸੋਭਾਵੰਤ ਆਪ ਸੁਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮੰਗਣ ਇਕ ਤੌਫ਼ੀਕ, ਤੌਫ਼ੀਕ ਤੇਰੀ ਖ਼ੁਦਾਈਆ । ਆਦਿ ਜੁਗਾਦਿ ਲਾਸ਼ਰੀਕ, ਸ਼ਰਕਤ ਵਿਚ ਕਦੇ ਨਾ ਆਈਆ । ਜੁਗ ਚੌਕੜੀ ਤੇਰੀ ਰੱਖਦੇ ਗਏ ਉਡੀਕ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਢੋਲਾ ਗਾਈਆ । ਅੰਤਮ ਵੇਲਾ ਆਇਆ ਨਜ਼ਦੀਕ, ਕੋਟਨ ਕੋਟ ਕਾਲ ਵਿਹਾਈਆ । ਗੋਬਿੰਦ ਦੱਸ ਕੇ ਗਿਆ ਠੀਕ, ਠੀਕਰ ਸਭ ਦਾ ਆਪ ਭੰਨਾਈਆ । ਨਿਰਗੁਣ ਧਾਰਾ ਪੁਰਖ ਅਕਾਲਾ ਦੀਨ ਦਿਆਲਾ ਦੋ ਜਹਾਨਾਂ ਦੱਸੇ ਇਕ ਪ੍ਰੀਤ, ਸਾਚੀ ਪ੍ਰੀਤ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਸੀਸ ਝੁਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸੀਸ ਗਿਆ ਝੁਕ, ਦਰ ਕਰਨ ਇਕ ਅਰਜ਼ੋਈਆ । ਸਚਖੰਡ ਦਵਾਰ ਬੈਠਾ ਲੁਕ,

ਲੁਕਵੀਂ ਖੇਲ ਕਰਾਈਆ । ਕਲਜੁਗ ਵੇਲਾ ਅੰਤਮ ਉਠ, ਉਠ ਉਠ ਆਪਣਾ ਰੰਗ ਵਖਾਈਆ । ਗ਼ਰੀਬ ਨਿਮਾਣਿਆਂ ਉਪਰ ਤੁਠ, ਗੁਰਬਤ ਸਭ ਦੀ ਦੇ ਮਿਟਾਈਆ । ਜਗ ਕਰਨੀ ਕੀਤੀ ਸਭ ਤੋਂ ਪੁੱਛ, ਲੁਕਿਆ ਕੋਇ ਰਹਿਣ ਨਾ ਪਾਈਆ । ਨੌਂ ਖੰਡ ਪ੍ਰਿਥਮੀ ਨੌਂ ਦਵਾਰ ਖ਼ਾਲੀ ਦਿਸਣ ਕਾਇਆ ਬੁੱਤ, ਹੁਜਰੇ ਹੱਜ ਨਾ ਕੋਇ ਕਰਾਈਆ । ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਉਚੇ ਟਿੱਲੇ ਪਰਬਤ ਬੁਕ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਜੇਰਜ ਅੰਡਾਂ ਉਤਭੁਜ ਸੇਤਜ ਆਪਣਾ ਹੁਕਮ ਜਣਾਈਆ । ਸਾਡੇ ਹੱਥ ਨਾ ਦਿਸੇ ਕੁਛ, ਖ਼ਾਲੀ ਝੋਲੀ ਅੱਗੇ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਸੀਸ ਝੁਕਾਈਆ । ਤੇਰੇ ਦਰ ਝੁਕਿਆ ਸੀਸ, ਸਾਹਿਬ ਸੱਚੇ ਸੁਲਤਾਨਾ । ਜੁਗ ਚੌਕੜੀ ਪੜ੍ਹੀ ਤੇਰੀ ਹਦੀਸ, ਕਲਮਾ ਨਬੀ ਰਸੂਲ ਵਖਾਨਾ । ਲੇਖਾ ਗਾਇਆ ਤੀਸ ਬਤੀਸ, ਸ਼ਰਅ ਸ਼ਰੀਅਤ ਜੋੜ ਜੁੜਾਨਾ । ਏਕਾ ਮੰਗੀ ਮੰਗ ਬੀਸ ਇਕੀਸ, ਪਰਗਟ ਹੋ ਨੂਰ ਨੁਰਾਨਾ । ਲੇਖਾ ਜਾਣ ਰਾਗ ਛਤੀਸ, ਬਹੱਤਰ ਖੋਲ੍ਹ ਇਕ ਦੁਕਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮੇਰੇ ਸਾਹਿਬ ਮਰਦ ਮਰਦਾਨਾ । ਮਰਦ ਮਰਦਾਨ ਸਚਖੰਡ ਨਿਵਾਸੀ, ਪੁਰਖ ਅਕਾਲ ਵੱਡੀ ਵਡਿਆਈਆ । ਨਿਰਗੁਣ ਨੂਰ ਜੋਤ ਪਰਕਾਸ਼ੀ, ਪਰਕਾਸ਼ਵਾਨ ਖ਼ਲਕ ਖ਼ੁਦਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਪੂਰੀ ਕਰੇ ਆਸੀ, ਨਿਰਾਸਾ ਕੋਇ ਰਹਿਣ ਨਾ ਪਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਕਰਦਾ ਆਇਆ ਬੰਦ ਖ਼ਲਾਸੀ, ਬੰਦੀਖ਼ਾਨਾ ਤੋੜ ਤੁੜਾਈਆ । ਦੇਵਣਹਾਰਾ ਧਰਮ ਰਾਏ ਦੇ ਹੱਥ ਫਾਸੀ, ਫ਼ਤਵਾ ਇਕੋ ਇਕ ਲਗਾਈਆ । ਕੋਈ ਰਹਿਣ ਨਾ ਦੇਵੇ ਪੰਡਤ ਕਾਂਸੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰੋ ਧਿਆਨ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਸਚਖੰਡ ਨਿਵਾਸੀ ਨੌਜਵਾਨ, ਨਿਰਗੁਣ ਆਪਣਾ ਰੂਪ ਧਰਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦੇਵੇ ਗਿਆਨ, ਕਰੋੜ ਤਤੀਸਾ ਸੁਰਪਤ ਇੰਦ ਆਪ ਉਠਾਇੰਦਾ । ਤ੍ਰੈਗੁਣ ਮਾਇਆ ਤੋੜੇ ਮਾਣ, ਪੰਜ ਤੱਤ ਮਮਤਾ ਮੋਹ ਚੁਕਾਇੰਦਾ । ਰਾਉ ਰੰਕਾਂ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਦੇਵੇ ਧੁਰ ਫ਼ੁਰਮਾਣ, ਸਚ ਸੰਦੇਸ਼ਾ ਇਕ ਸੁਣਾਇੰਦਾ । ਜੋਤੀ ਨੂਰ ਨੂਰ ਮਹਾਨ, ਨੂਰ ਨੁਰਾਨਾ ਵੇਸ ਵਟਾਇੰਦਾ । ਪੀਰ ਪੈਗ਼ੰਬਰਾਂ ਦੇਵੇ ਦਾਨ, ਦਸਤਗੀਰ ਆਪਣਾ ਦਸਤ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਨਰ ਨਰੇਸ਼ਾ ਇਕੋ ਇਕ ਜਣਾਇੰਦਾ । ਸਚ ਸੰਦੇਸ਼ਾ ਏਕੰਕਾਰ, ਓਅੰਕਾਰ ਆਪ ਜਣਾਈਆ । ਸੋ ਪੁਰਖ ਨਿਰੰਜਣ ਹੋ ਤਿਆਰ, ਹਰਿ ਪੁਰਖ ਨਿਰੰਜਣ ਲਏ ਉਠਾਈਆ । ਆਦਿ ਨਿਰੰਜਣ ਖੋਲ੍ਹ ਕਵਾੜ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਅਬਿਨਾਸ਼ੀ ਕਰਤਾ ਠਾਂਡਾ ਦਰਬਾਰ, ਦੋ ਜਹਾਨਾਂ ਇਕ ਵਖਾਈਆ । ਸ੍ਰੀ ਭਗਵਾਨ ਸਤਿ ਨਿਸ਼ਾਨਾ ਦੇਵੇ ਚਾੜ੍ਹ, ਨਿਰਗੁਣ ਸਰਗੁਣ ਆਪ ਝੁਲਾਈਆ । ਪਾਰਬ੍ਰਹਮ ਬ੍ਰਹਮ ਕਰੇ ਖ਼ਬਰਦਾਰ, ਲੱਖ ਚੁਰਾਸੀ ਲਏ ਜਗਾਈਆ । ਆਤਮ ਪਰਮਾਤਮ ਦਏ ਅਧਾਰ, ਈਸ਼ ਜੀਵ ਨੈਣ ਖੁਲ੍ਹਾਈਆ । ਕਰੇ ਖੇਲ ਅਗੰਮ ਅਪਾਰ, ਅਲੱਖ ਅਗੋਚਰ ਵਡ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰੇ ਖ਼ਬਰਦਾਰ, ਸਚ ਸੰਦੇਸ਼ਾ ਇਕ ਜਣਾਈਆ । ਸਤਿਜੁਗ ਤ੍ਰੇਤਾ ਦਵਾਪਰ ਵਿਛੜੇ ਮਿਲੋ ਯਾਰ, ਕਲਜੁਗ ਅੰਤਮ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਇਕ ਸੁਣਾਈਆ । ਸਚ ਸੰਦੇਸ਼ਾ ਸਾਚਾ ਗੀਤ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਹੰ ਬ੍ਰਹਮ ਮਮ ਇਕੋ ਪ੍ਰੀਤ, ਤੋਹੇ ਰੂਪ ਨਾ ਕੋਇ ਵਖਾਇੰਦਾ ।

ਲੇਖਾ ਜਾਣੇ ਹਸਤ ਕੀਟ, ਉਚ ਨੀਚ ਰਾਉ ਰੰਕ ਭੇਵ ਚੁਕਾਇੰਦਾ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਨੌਂ ਸੌ ਚੁਰਾਨਵੇਂ ਚੌਕੜੀ ਜੁਗ ਆਇਆ ਜੀਤ, ਜਿਤ ਆਪਣੇ ਹੱਥ ਵਖਾਇੰਦਾ । ਈਸਾ ਮੂਸਾ ਮੁਹੰਮਦ ਨਾਨਕ ਗੋਬਿੰਦ ਜਿਸ ਦੀ ਰੱਖਦੇ ਗਏ ਉਡੀਕ, ਸੋ ਸਾਹਿਬ ਫੇਰਾ ਪਾਇੰਦਾ । ਲੱਖ ਚੁਰਾਸੀ ਖ਼ਾਲੀ ਕਰੇ ਖ਼ੀਸ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਦਰ ਦਰ ਆਪ ਫਿਰਾਇੰਦਾ । ਆਤਮ ਪਰਮਾਤਮ ਪਰਮਾਤਮ ਆਤਮ ਇਕੋ ਬਣੇ ਸਚ ਰਫ਼ੀਕ, ਰਫ਼ਾਕਤ ਆਪਣੀ ਆਪ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਸ੍ਰੀ ਭਗਵਾਨ ਆਪ ਸਮਝਾਇੰਦਾ । ਪੀਰ ਪੈਗ਼ੰਬਰ ਗੁਰ ਅਵਤਾਰ ਨੇਤਰ ਖੋਲ੍ਹੋ, ਨਿਰਗੁਣ ਆਪ ਖੁਲ੍ਹਾਈਆ । ਤੂੰ ਮੇਰਾ ਮੈਂ ਤੇਰਾ ਸਾਰੇ ਢੋਲਾ ਇਕੋ ਬੋਲੋ, ਪਿਛਲਾ ਬੋਲਾ ਦਏ ਚੁਕਾਈਆ । ਮੰਤਰ ਅੰਤਰ ਨਿਰਗੁਣ ਨਿਰਗੁਣ ਧਾਰ ਮੌਲੋ, ਸਰਗੁਣ ਤਨ ਨਾ ਕੋਇ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੁਨੇਹੜਾ ਇਕ ਸੁਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਖੋਲ੍ਹੋ ਅੱਖ, ਹਰਿ ਆਖ਼ਰ ਆਪ ਜਣਾਇੰਦਾ । ਕਲ ਕਲਕੀ ਹੋਇਆ ਪਰਤੱਖ, ਨਿਹਕਲੰਕ ਰੂਪ ਵਟਾਇੰਦਾ । ਅਮਾਮ ਮਹਿੰਦੀ ਹੋ ਸਮਰਥ, ਸਮਰਥ ਆਪਣੀ ਧਾਰ ਚਲਾਇੰਦਾ । ਨੌਂ ਖੰਡ ਪ੍ਰਿਥਮੀ ਸੱਤ ਦੀਪ ਲੱਖ ਚੁਰਾਸੀ ਖੇੜਾ ਕਰੇ ਭੱਠ, ਅਗਨੀ ਜੋਤੀ ਲੰਬੂ ਲਾਇੰਦਾ । ਕਿਸੇ ਦਾ ਚਲੇ ਨਾ ਕੋਇ ਵਸ, ਹੁਕਮੇ ਅੰਦਰ ਸਰਬ ਭਵਾਇੰਦਾ । ਜਿੰਨਾਂ ਚਿਰ ਗੁਰ ਗੋਬਿੰਦ ਨਾ ਕਹੇ ਬਸ, ਬਸਤਾ ਸਭ ਦਾ ਆਪ ਬੰਧਾਇੰਦਾ । ਸਚਖੰਡ ਨਿਵਾਸੀ ਦੂਰ ਦੁਰਾਡਾ ਰਿਹਾ ਹੱਸ, ਸੋਹੰ ਹੰਸਾ ਆਪਣਾ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਇੰਦਾ । ਸਾਚਾ ਹੁਕਮ ਵਰਤੇ ਜਗ, ਜਗ ਜੀਵਣ ਦਾਤਾ ਆਪ ਜਣਾਈਆ । ਜੀਵ ਜੰਤ ਹੋਏ ਕਗ, ਕਾਗ ਵਾਂਗ ਰਹੇ ਕੁਰਲਾਈਆ । ਨਵ ਨੌਂ ਲੱਗੀ ਅੱਗ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਬਿਨ ਹਰਿਨਾਮੇ ਖ਼ਾਲੀ ਦਿਸਣ ਹੱਡ, ਪੰਜ ਤੱਤ ਕਰੇ ਲੜਾਈਆ । ਕਾਇਆ ਅੰਧੇਰੀ ਡੂੰਘੀ ਖੱਡ, ਨਿਰਮਲ ਜੋਤ ਨਾ ਕੋਇ ਰੁਸ਼ਨਾਈਆ । ਗੁਰ ਕਾ ਸ਼ਬਦ ਗਏ ਛੱਡ, ਮਨ ਵਾਸਨਾ ਹੋਈ ਹਲਕਾਈਆ । ਕਿਸੇ ਨਾ ਮਿਲੇ ਅਮਰਾਪਦ, ਸਾਧ ਸੰਤ ਰਸਨਾ ਜਿਹਵਾ ਗਾ ਗਾ ਹਰਿ ਹਰਿ ਨਾਮ ਨਾ ਕੋਇ ਰਸ ਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਹਾਣੀ ਆਪ ਸੁਣਾਈਆ । ਸਚ ਕਹਾਣੀ ਧੁਰ ਦੀ ਬਾਤ, ਜ਼ਾਹਰ ਬਾਤਨ ਆਪ ਜਣਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਪੜ੍ਹੇ ਇਕ ਜਮਾਤ, ਪੱਟੀ ਆਪਣੀ ਆਪ ਵਖਾਇੰਦਾ । ਅਲਫ਼ ਯੇ ਨਾਤਾ ਕਾਇਨਾਤ, ਦਰਗਾਹ ਰੂਪ ਨਾ ਕੋਇ ਜਣਾਇੰਦਾ । ਪਰਵਰਦਿਗਾਰ ਸਾਖਿਆਤ, ਨਿਰਗੁਣ ਨਿਰਗੁਣ ਇਕ ਅਖਵਾਇੰਦਾ । ਜੁਗਾ ਜੁਗੰਤਰ ਨਾ ਕੋਈ ਜ਼ਾਤ, ਦੀਨ ਮਜ਼੍ਹਬ ਨਾ ਵੰਡ ਵੰਡਾਇੰਦਾ । ਏਥੇ ਓਥੇ ਕਦੇ ਨਾ ਹੋਏ ਵਫ਼ਾਤ, ਮੜ੍ਹੀ ਗੋਰ ਨਾ ਕੋਇ ਦਬਾਇੰਦਾ । ਜੁਗਾ ਜੁਗੰਤਰ ਗੁਰ ਅਵਤਾਰਾਂ ਵਖਾਏ ਆਪਣਾ ਘਾਟ, ਸਾਚੇ ਪੱਤਣ ਡੇਰਾ ਲਾਇੰਦਾ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਅੰਤਮ ਮੁੱਕੀ ਵਾਟ, ਬਣ ਪਾਂਧੀ ਫੇਰਾ ਪਾਇੰਦਾ । ਲੇਖਾ ਜਾਣੇ ਚੌਦਾਂ ਤਬਕ ਚੌਦਾਂ ਲੋਕ ਚੌਦਾਂ ਵਿਦਿਆ ਹਾਟ, ਦੋ ਜਹਾਨਾਂ ਪਰਦਾ ਲਾਹਿੰਦਾ । ਦੇਵਣਹਾਰਾ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਸਦਾ ਨਿਜਾਤ, ਨਿਜ ਘਰ ਆਪਣੇ ਡੇਰਾ ਲਾਇੰਦਾ । ਕਿਸੇ ਹੱਥ ਨਾ ਆਏ ਵਿਚੋਂ ਲੁਗ਼ਾਤ, ਲੁਕ ਲੁਕ ਆਪਣਾ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਇਕ ਸਮਝਾਇੰਦਾ । ਸਚ ਸੰਦੇਸ਼ਾ ਧੁਰ ਦੀ ਗਾਥਾ, ਹਰਿ


੫੭
੧੩

ਗੋਬਿੰਦ ਆਪ ਜਣਾਈਆ । ਪੁਰਖ ਅਕਾਲ ਪਿਤਾ ਮਾਤਾ, ਪੂਤ ਸਪੂਤਾ ਦਏ ਵਡਿਆਈਆ । ਨਿਰਗੁਣ ਬੱਧਾ ਨਿਰਗੁਣ ਨਾਤਾ, ਸਰਗੁਣ ਨਾਤਾ ਤੋੜ ਤੁੜਾਈਆ । ਮਨ ਮਤ ਬੁੱਧ ਨਾ ਕੋਈ ਨਾਰ ਕਮਜ਼ਾਤਾ, ਕੁਲੱਖਣੀ ਰੂਪ ਨਾ ਕੋਇ ਵਟਾਈਆ । ਨਾ ਕੋਈ ਸੱਜਣ ਨਾ ਕੋਈ ਸਾਕਾ, ਪਿਤਾ ਪੂਤ ਮਾਤ ਪੁੱਤ ਨਾਰੀ ਕੰਤ ਨਾ ਕੋਇ ਹੰਢਾਈਆ । ਖੇਲਣਹਾਰਾ ਜਗਤ ਤਮਾਸ਼ਾ, ਜੁਗ ਚੌਕੜੀ ਵੇਖ ਵਖਾਈਆ । ਕਲਜੁਗ ਅੰਤਮ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਪੂਰਨ ਕਰੇ ਆਸਾ, ਪੂਰਬ ਲੇਖਾ ਆਪ ਮੁਕਾਈਆ । ਮੰਡਲ ਮੰਡਪ ਦੋ ਜਹਾਨ ਪ੍ਰਿਥਮੀ ਆਕਾਸ਼ ਪਾਵੇ ਸਾਚੀ ਰਾਸਾ, ਬਣ ਨਟੂਆ ਨਾਟਕ ਆਪਣਾ ਇਕ ਜਣਾਈਆ । ਜੁਗ ਜੁਗ ਕਿਸੇ ਨਾ ਦੱਸਿਆ ਆਪਣਾ ਸਚ ਖ਼ੁਲਾਸਾ, ਆਪਾ ਆਪਣੇ ਵਿਚ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਨੂਰ ਜੋਤ ਧਰ, ਧਰਨੀ ਧਰਤ ਧਵਲ ਦਏ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰਾਂ ਦੇ ਦਿਲਾਸਾ, ਦੀਦ ਈਦ ਇਕ ਵਖਾਇੰਦਾ । ਰਹੀਮ ਕਰੀਮ ਸਚ ਖ਼ੁਦਾ ਬੇਐਬ ਪਰਵਰਦਿਗਾਰ ਨਾ ਕਦੇ ਵਿਨਾਸਾ, ਅਬਿਨਾਸ਼ੀ ਆਪਣਾ ਨਾਉਂ ਧਰਾਇੰਦਾ । ਦੋ ਜਹਾਨਾਂ ਆਰ ਪਾਰ ਮੰਜਧਾਰ ਆਪੇ ਜਾਣੇ ਆਪਣਾ ਵਾਸਾ, ਨੇਤਰ ਨੈਣ ਲੋਚਣ ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਹੁਕਮ ਆਪ ਸਮਝਾਇੰਦਾ । ਸਾਚਾ ਹੁਕਮ ਹਕੀਕਤ ਹੱਕ, ਨਰ ਹਰਿ ਨਰਾਇਣ ਆਪ ਜਣਾਈਆ । ਜਿਸ ਦਾ ਚਾਰ ਜੁਗ ਵੇਦ ਪੁਰਾਨ ਸ਼ਾਸਤਰ ਸਿਮਰਤ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਪੌਂਦੀ ਰਹੀ ਸ਼ੱਕ, ਸੋ ਸ਼ਹਿਨਸ਼ਾਹ ਆਪਣਾ ਰੂਪ ਵਟਾਈਆ । ਨਿਰਗੁਣ ਜੋਤ ਨਿਰਾਕਾਰ ਆਦਿ ਨਿਰੰਜਣ ਜੋ ਵਸੇ ਘਟ ਘਟ, ਜੋਤ ਨਿਰੰਜਣ ਕਰੇ ਰੁਸ਼ਨਾਈਆ । ਪਾਰਬ੍ਰਹਮ ਬ੍ਰਹਮ ਬੀਜ ਬੀਜੇ ਕਾਇਆ ਵਤ, ਪਤ ਡਾਲ੍ਹੀ ਫੁਲ ਫਲਵਾੜੀ ਆਪ ਮਹਿਕਾਈਆ । ਜੋ ਲੱਖ ਚੁਰਾਸੀ ਦੇਵਣਹਾਰਾ ਬੁੱਧ ਮਨ ਮਤ, ਭੇਵ ਅਭੇਦਾ ਭੇਵ ਖੁਲ੍ਹਾਈਆ । ਜੋ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਚਲਾਵਣਹਾਰਾ ਜੁਗ ਜੁਗ ਰਥ, ਬਣ ਰਥਵਾਹੀ ਸੇਵ ਕਮਾਈਆ । ਜਿਸ ਦਾ ਰਸਨਾ ਜਿਹਵਾ ਗਾ ਗਾ ਗਈ ਜਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਜੂ ਆਪਣਾ ਭੇਵ ਖੁਲ੍ਹਾਈਆ । ਖੋਲ੍ਹੇ ਭੇਵ ਆਪ ਨਿਰੰਕਾਰਾ, ਨਿਰਗੁਣ ਆਪਣੀ ਦਇਆ ਕਮਾਇੰਦਾ । ਸਤਿ ਸਤਿਵਾਦੀ ਲੈ ਅਵਤਾਰਾ, ਅਵਣ ਗਵਣ ਭੇਵ ਚੁਕਾਇੰਦਾ । ਦੋ ਜਹਾਨਾਂ ਕਰੇ ਖ਼ਬਰਦਾਰਾ, ਸ਼ਬਦ ਦੁਲਾਰਾ ਇਕ ਉਠਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦਏ ਹੁਲਾਰਾ, ਹੁਜਰਾ ਸਭ ਦਾ ਆਪੇ ਢਾਹਿੰਦਾ । ਤ੍ਰੈਗੁਣ ਰੋਵੇ ਜ਼ਾਰੋ ਜ਼ਾਰਾ, ਪੰਜ ਤੱਤ ਧੀਰ ਨਾ ਕੋਇ ਧਰਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਦੋਏ ਦੋਏ ਜੋੜ ਕਰਨ ਨਿਮਸਕਾਰਾ, ਨਿਉਂ ਨਿਉਂ ਸਜਦਾ ਸੀਸ ਸਰਬ ਝੁਕਾਇੰਦਾ । ਤੇਰੀ ਖੇਲ ਤੇਰੀ ਕੁਦਰਤ ਪਰਵਰਦਿਗਾਰਾ, ਬੇਪਰਵਾਹ ਤੇਰਾ ਭੇਵ ਕੋਇ ਨਾ ਆਇੰਦਾ । ਸਰਗੁਣ ਨਿਰਗੁਣ ਤੇਰੀ ਧਾਰਾ, ਗੁਰ ਅਵਤਾਰ ਖ਼ੁਸ਼ੀ ਮਨਾਇੰਦਾ । ਪਾਰਬ੍ਰਹਮ ਬ੍ਰਹਮ ਤੇਰਾ ਪਸਾਰਾ, ਪਤ ਡਾਲ੍ਹੀ ਆਪ ਮਹਿਕਾਇੰਦਾ । ਈਸ਼ ਜੀਵ ਤੇਰਾ ਹੁਲਾਰਾ, ਲਹਿਰ ਲਹਿਰ ਨਾਲ ਮਿਲਾਇੰਦਾ । ਆਤਮ ਪਰਮਾਤਮ ਤੇਰਾ ਅਖਾੜਾ, ਪੰਜ ਤੱਤ ਕਾਇਆ ਨਾਚ ਨਚਾਇੰਦਾ । ਨਿਰਗੁਣ ਜੋਤ ਤੇਰਾ ਉਜਿਆਰਾ, ਜੋਤ ਨਿਰੰਜਣ ਡਗਮਗਾਇੰਦਾ । ਘੜਨਹਾਰ ਸਦਾ ਠਠਿਆਰਾ, ਘੜ ਭਾਂਡੇ ਵੇਖ ਵਖਾਇੰਦਾ । ਜਗਤ ਦ੍ਰਿਸ਼ਟੀ ਰੰਗ ਚੁਮਿਆਰਾ, ਇਸ਼ਟੀ ਇਸ਼ਟ ਨਾ ਕਿਸੇ ਜਣਾਇੰਦਾ । ਲੇਖਾ ਜਾਣੇ ਧੁਰ ਦਰਬਾਰਾ, ਧੁਰ ਦੀ ਧਾਰ ਆਪ ਪਰਗਟਾਇੰਦਾ । ਕਲਜੁਗ ਅੰਤਮ ਪਾਵੇ ਸਾਰਾ, ਕਾਲਖ

ਟਿੱਕਾ ਆਪੇ ਲਾਹਿੰਦਾ । ਸਚਖੰਡ ਨਿਵਾਸੀ ਖੋਲ੍ਹ ਦਵਾਰਾ, ਦਰ ਦਰਵਾਜ਼ਾ ਇਕ ਵਖਾਇੰਦਾ । ਸ਼ਬਦ ਅਗੰਮੀ ਵੱਜੇ ਨਗਾਰਾ, ਤਾਲ ਤਲਵਾੜਾ ਨਾ ਕੋਇ ਜਣਾਇੰਦਾ । ਮੰਦਰ ਮਸਜਿਦ ਸ਼ਿਵਦਵਾਲਾ ਮੱਠ ਨਾ ਕੋਈ ਗੁਰੂਦਵਾਰਾ, ਹਰਿ ਮੰਦਰ ਇਕ ਵਡਿਆਇੰਦਾ । ਤੇਲ ਬਾਤੀ ਦੀਆ ਨਾ ਕੋਇ ਉਜਿਆਰਾ, ਕਮਲਾਪਾਤੀ ਜੋਤੀ ਨੂਰ ਡਗਮਗਾਇੰਦਾ । ਸੱਚਖੰਡ ਨਿਵਾਸੀ ਸਾਚੇ ਤਖ਼ਤ ਬੈਠ ਸੱਚੀ ਸਰਕਾਰਾ, ਧੁਰ ਫ਼ੁਰਮਾਣਾ ਹੁਕਮ ਜਣਾਇੰਦਾ । ਲੇਖਾ ਚੁਕੇ ਚਾਰ ਯਾਰਾ, ਯਾਰੀ ਯਾਰ ਨਾ ਕੋਇ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਇੰਦਾ । ਸਾਚਾ ਹੁਕਮ ਵਰਤੇ ਮਾਤ, ਨਵ ਨੌਂ ਕਰੇ ਜਣਾਈਆ । ਮੇਟਣਹਾਰ ਅੰਧੇਰੀ ਰਾਤ, ਅੰਧ ਅੰਧੇਰ ਦਏ ਗਵਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਏਕਾ ਦਰਸ ਦਿਖਾਏ ਸਾਖਿਆਤ, ਸ਼ਾਖ਼ ਸਭ ਦੀ ਦਏ ਕਟਾਈਆ । ਨਾਮ ਪਿਆਲਾ ਪਿਆਏ ਆਬ ਹਯਾਤ, ਅੰਮ੍ਰਿਤ ਰਸ ਇਕ ਚਖਾਈਆ । ਜਲਵਾ ਨੂਰ ਦਏ ਆਫ਼ਤਾਬ, ਮਹਿਤਾਬ ਕਰੇ ਰੁਸ਼ਨਾਈਆ । ਲੇਖਾ ਲਿਖੇ ਹੱਕ ਜਨਾਬ, ਦਸਤਗੀਰ ਵਡ ਵਡਿਆਈਆ । ਅੰਤਮ ਇਕ ਦਵਾਰੇ ਕਰਨਾ ਪਏ ਆਦਾਬ, ਸਲਾਮ ਅਲੈਕਮ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਾਚਾ ਦਰ, ਮਹਿਰਾਬ ਇਕੋ ਇਕ ਸਾਲਾਹੀਆ । ਸਚ ਮਹਿਰਾਬ ਦੱਸੇ ਮਹਿਬੂਬ, ਮਹਿਫ਼ਲ ਆਪਣੀ ਇਕ ਲਗਾਇੰਦਾ । ਜਿਸ ਦਾ ਕਿਸੇ ਨਾ ਦਿਤਾ ਸਬੂੰਤ, ਸਾਖਿਆਤ ਨਾ ਕੋਇ ਵਖਾਇੰਦਾ । ਨਾ ਕੋਈ ਕਾਇਆ ਨਾ ਕੋਈ ਕਾਅਬਾ ਨਾ ਕੋਈ ਕਲਬੂਤ, ਰੂਹ ਬੁੱਤ ਨਾ ਕੋਇ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੀਰ ਪੈਗ਼ੰਬਰ ਆਪ ਜਣਾਇੰਦਾ । ਪੀਰ ਪੈਗ਼ੰਬਰ ਦਰ ਦਰਵੇਸ਼, ਹਰਿ ਦਰਦੀ ਦਰਦ ਜਣਾਈਆ । ਪਰਵਰਦਿਗਾਰ ਨਿਰਗੁਣ ਨੂਰ ਪੁਰਖ ਅਕਾਲ ਰਹੇ ਹਮੇਸ਼, ਨਾ ਮਰੇ ਨਾ ਜਾਈਆ । ਮੁੱਛ ਦਾੜ੍ਹੀ ਨਾ ਕੋਇ ਕੇਸ, ਨਾ ਕੋਇ ਮੂੰਡ ਮੁੰਡਾਈਆ । ਲੇਖਾ ਜਾਣੇ ਵਿਸ਼ਨ ਬ੍ਰਹਮਾ ਸ਼ਿਵ ਮਹੇਸ਼, ਲੇਖਾ ਆਪਣੇ ਹੱਥ ਰਖਾਈਆ । ਜਿਸ ਦਵਾਰੇ ਨਾਨਕ ਨਿਰਗੁਣ ਕਰੇ ਆਦੇਸ, ਸਰਗੁਣ ਨਾਨਕ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਵਾਰਾ ਇਕ ਵਡਿਆਈਆ । ਸਚ ਦਵਾਰਾ ਸੋਭਾਵੰਤ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਸਾਹਿਬ ਸਤਿਗੁਰ ਵਸੇ ਇਕੋ ਕੰਤ, ਕੰਤ ਕੰਤੂਹਲ ਸੇਜ ਹੰਢਾਇੰਦਾ । ਆਦਿ ਜੁਗਾਦੀ ਏਕਾ ਮੰਤ, ਮੰਤਰ ਆਪਣਾ ਨਾਮ ਦ੍ਰਿੜਾਇੰਦਾ । ਸਦਾ ਸੁਹੇਲਾ ਸਾਚਾ ਪੰਡਤ, ਜਗਤ ਵਿਦਿਆ ਨਾ ਕੋਇ ਰਖਾਇੰਦਾ । ਦੋ ਜਹਾਨ ਰੱਖੇ ਅਖੰਡਤ, ਖੰਡ ਖੰਡ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਖੁਲ੍ਹਾਇੰਦਾ । ਸਾਚਾ ਭੇਵ ਖੋਲ੍ਹੇ ਆਪ, ਸਦੀ ਚੌਧਵੀਂ ਵੇਖ ਵਖਾਈਆ । ਜਿਸ ਨੂੰ ਈਸਾ ਕਹੇ ਬਾਪ, ਸੋ ਪਿਦਰ ਫੇਰਾ ਪਾਈਆ । ਜਿਸ ਨੂੰ ਮੁਹੰਮਦ ਕਰੇ ਆਦਾਬ, ਨਿਉਂ ਨਿਉਂ ਸਜਦਾ ਸੀਸ ਝੁਕਾਈਆ । ਜਿਸ ਨੂੰ ਨਾਨਕ ਨਿਰਗੁਣ ਕਹੇ ਵਡ ਪਰਤਾਪ, ਵਡ ਪਰਤਾਪੀ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਸੱਚਾ ਮਾਹੀਆ । ਸਤਿ ਸਤਿਵਾਦੀ ਸੱਚਾ ਮਾਹੀ, ਮਿਹਰਵਾਨ ਹਰਿ ਅਖਵਾਇੰਦਾ । ਕਲਜੁਗ ਅੰਤਮ ਬਣਿਆ ਰਾਹੀ, ਨਿਰਗੁਣ ਆਪਣਾ ਫੇਰਾ ਪਾਇੰਦਾ । ਕਲਜੁਗ ਮੇਟੇ ਝੂਠੀ ਸ਼ਾਹੀ, ਸ਼ਹਿਨਸ਼ਾਹ ਕੋਇ ਨਜ਼ਰ ਨਾ ਆਇੰਦਾ । ਗੋਬਿੰਦ ਬੂਟਾ ਪੁਟਿਆ ਕਾਹੀ, ਕੂੜੀ ਕਿਰਿਆ ਜੜ੍ਹ ਉਖੜਾਇੰਦਾ । ਪੀਰ ਪੈਗ਼ੰਬਰ ਗੁਰ ਅਵਤਾਰ ਫੜ ਫੜ ਬਾਹੋਂ ਮੇਲੇ ਭਾਈ ਭਾਈ, ਦੀਨ ਮਜ਼੍ਹਬ ਨਾ ਕੋਇ

ਰਖਾਇੰਦਾ । ਸਚ ਸੰਦੇਸ਼ਾ ਦੇਵੇ ਥਾਉਂ ਥਾਈਂ, ਥਾਨ ਥਨੰਤਰ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਸਿਖਿਆ ਇਕ ਸਮਝਾਇੰਦਾ । ਸਾਚੀ ਸਿਖਿਆ ਸਚ ਦਲੀਲ, ਦਹਿ ਦਿਸ਼ਾ ਆਪ ਜਣਾਈਆ । ਨੀਲ ਬਸਤਰ ਪਹਿਰ ਨੀਲ, ਨੀਲੀ ਧਾਰ ਪਾਰ ਕਰਾਈਆ । ਲੇਖਾ ਜਾਣੇ ਗੁਣੀ ਗਹੀਰ, ਗਹਿਰ ਗਵਰ ਵਡੀ ਵਡਿਆਈਆ । ਸਭ ਦੀ ਬਦਲਣ ਆਇਆ ਤਕਸੀਰ, ਤਕਦੀਰ ਤਕਸੀਰ ਨਾਲ ਰਲਾਈਆ । ਕੱਟਣ ਆਇਆ ਸ਼ਰਅ ਜ਼ੰਜੀਰ, ਸ਼ਰੀਅਤ ਕੰਮ ਕਿਸੇ ਨਾ ਆਈਆ । ਲੇਖਾ ਜਾਣ ਹਕੀਰ ਫ਼ਕੀਰ, ਸ਼ਹਿਨਸ਼ਾਹ ਪਰਦਾ ਦਏ ਉਠਾਈਆ । ਕੂੜੀ ਕਿਰਿਆ ਮੇਟੇ ਲਕੀਰ, ਸਚ ਸੁੱਚ ਦਏ ਵਡਿਆਈਆ । ਮੁਰੀਦ ਮੁਰਸ਼ਦ ਕੱਟੇ ਭੀੜ, ਭੈ ਭੌ ਨਾ ਕੋਇ ਵਖਾਈਆ । ਗੁਰਮੁਖਾਂ ਦੇਵੇ ਅੰਮ੍ਰਿਤ ਆਤਮ ਸੀਰ, ਤ੍ਰਿਸਨਾ ਅਗਨੀ ਅੱਗ ਬੁਝਾਈਆ । ਜਨ ਭਗਤਾਂ ਚੋਟੀ ਚਾੜ੍ਹੇ ਫੜ ਅਖ਼ੀਰ, ਜਿਸ ਦਵਾਰੇ ਜੁਲਾਹਾ ਕਬੀਰ ਢੋਲਾ ਗਾਈਆ । ਲੇਖਾ ਜਾਣੇ ਪੀਰਨ ਪੀਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਹਿਮਤ ਆਪਣੀ ਆਪ ਕਮਾਈਆ । ਰਹਿਮਤ ਕਮਾਏ ਆਪ ਰਹਿਮਾਨ, ਦੂਸਰ ਸੰਗ ਨਾ ਕੋਇ ਰਖਾਇੰਦਾ । ਚੌਦਾਂ ਤਬਕਾਂ ਵੇਖ ਈਮਾਨ, ਮੁਹੰਮਦ ਨੇਤਰ ਨੈਣ ਖੁਲ੍ਹਾਇੰਦਾ । ਪੀਰ ਫ਼ਕੀਰ ਕਰ ਗ਼ੁਲਾਮ, ਬਰਦੇ ਇਕੋ ਦਰ ਬਹਾਇੰਦਾ । ਨਜ਼ਰੀ ਆਏ ਸਚ ਅਮਾਮ, ਨਜ਼ਰ ਨਜ਼ਰ ਨਾਲ ਮਿਲਾਇੰਦਾ । ਦੇਵਣਹਾਰਾ ਜੁਗ ਜੁਗ ਪੈਗ਼ਾਮ, ਪਾਤਰ ਆਪਣਾ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੂਸਰ ਭੇਵ ਕੋਇ ਨਾ ਆਇੰਦਾ । ਦੂਸਰ ਭੇਵ ਨਾ ਜਾਣੇ ਕੋਆ, ਕੂਕ ਕੂਕ ਗੁਰ ਅਵਤਾਰ ਗਏ ਜਸ ਗਾਈਆ । ਆਪਣੇ ਜਿਹਾ ਆਪੇ ਹੋਆ, ਨਿਰਗੁਣ ਨਿਰਗੁਣ ਵਿਚ ਸਮਾਈਆ । ਆਪਣਾ ਅੰਮ੍ਰਿਤ ਆਪੇ ਚੋਆ, ਰਸ ਆਪਣਾ ਆਪ ਚਖਾਈਆ । ਆਪਣੀ ਕਰੇ ਆਪੇ ਸਚ ਲੋਆ, ਨਿਰਗੁਣ ਜੋਤ ਜੋਤ ਰੁਸ਼ਨਾਈਆ । ਆਪਣਾ ਦੇਵਣਹਾਰਾ ਜੁਗ ਜੁਗ ਢੋਆ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਆਪਣਾ ਨਾਮ ਝੋਲੀ ਪਾਈਆ । ਨਾ ਜਨਮੇ ਨਾ ਕਦੇ ਮੋਆ, ਜਨਮ ਮਰਨ ਵਿਚ ਨਾ ਆਈਆ । ਸਚਖੰਡ ਨਿਵਾਸੀ ਨਵਾਂ ਨਰੋਆ, ਬਿਰਧ ਬਾਲ ਨਾ ਰੂਪ ਵਟਾਈਆ । ਆਲਸ ਨਿੰਦਰਾ ਵਿਚ ਕਦੇ ਨਾ ਸੋਇਆ, ਦਿਵਸ ਰੈਣ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਗਾਥਾ ਰਿਹਾ ਸਮਝਾਈਆ । ਸਾਚੀ ਗਾਥਾ ਦੇਵੇ ਦੱਸ, ਸੋ ਪੁਰਖ ਨਿਰੰਜਣ ਦਇਆ ਕਮਾਇੰਦਾ । ਹਰਿ ਪੁਰਖ ਨਿਰੰਜਣ ਹੋ ਬੇਬਸ, ਬੇਐਬ ਫੇਰਾ ਪਾਇੰਦਾ । ਏਕੰਕਾਰਾ ਆਇਆ ਨੱਸ, ਨਿਰਗੁਣ ਆਪਣਾ ਰੂਪ ਵਟਾਇੰਦਾ । ਆਦਿ ਨਿਰੰਜਣ ਕਰ ਪਰਕਾਸ਼, ਜੋਤੀ ਜਾਤਾ ਡਗਮਗਾਇੰਦਾ । ਅਬਿਨਾਸ਼ੀ ਕਰਤਾ ਬਣ ਬਣ ਦਾਸੀ ਦਾਸ, ਸੇਵਕ ਸਾਚੀ ਸੇਵ ਕਮਾਇੰਦਾ । ਸ੍ਰੀ ਭਗਵਾਨ ਪੂਰੀ ਕਰੇ ਆਸ, ਆਸਾ ਪੂਰਨ ਆਪ ਹੋ ਜਾਇੰਦਾ । ਪਾਰਬ੍ਰਹਮ ਬ੍ਰਹਮ ਵਸੇ ਪਾਸ, ਸਦਾ ਸੁਹੇਲਾ ਸੰਗ ਰਖਾਇੰਦਾ । ਲੇਖਾ ਜਾਣ ਪ੍ਰਿਥਮੀ ਅਕਾਸ਼, ਗਗਨ ਮੰਡਲ ਖੋਜ ਖੁਜਾਇੰਦਾ । ਭੇਵ ਖੁਲਾਏ ਪਵਣ ਸਵਾਸ, ਸਵਾਸ ਸਵਾਸਾਂ ਵਿਚ ਸਮਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਵ ਨੌਂ ਚਾਰ ਵੇਖਣਹਾਰਾ ਖੇਲ ਤਮਾਸ਼, ਖ਼ਾਲਕ ਖ਼ਲਕ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣੀ ਖੇਲ ਕਰਾਇੰਦਾ । ਖ਼ਾਲਕ ਖ਼ਲਕ ਕੀਤਾ ਮਜਬੂਰ, ਮਜਬੂਰੀ ਆਪਣੀ ਦਏ ਸੁਣਾਈਆ । ਚੌਦਾਂ ਲੋਕ ਕਰਨ ਕਸੂਰ, ਕਸਰ ਨਜ਼ਰ ਕਿਤੇ ਨਾ ਆਈਆ । ਨੇੜੇ ਵਸਣਹਾਰਾ ਦਿਸੇ ਦੂਰ, ਨੇਰਨ ਨੇਰ ਦਰਸ ਕੋਇ ਨਾ ਪਾਈਆ । ਸਾਧ

ਸੰਤ ਕਲਜੁਗ ਅੰਤ ਸੂਫ਼ੀ ਹੋਏ ਮਫ਼ਰੂਰ, ਸੁਫ਼ਨੇ ਵਿਚ ਦਰਸ ਕੋਇ ਨਾ ਪਾਈਆ । ਕਲਮਾ ਪੜ੍ਹ ਪੜ੍ਹ ਪਾਇਣ ਫ਼ਤੂਰ, ਭੇਵ ਅਭੇਦ ਨਾ ਕੋਇ ਜਣਾਈਆ । ਜਲਵਾ ਨਜ਼ਰ ਨਾ ਆਏ ਕੋਇ ਜ਼ਹੂਰ, ਜ਼ਾਹਰ ਰੰਗ ਨਾ ਕੋਇ ਵਖਾਈਆ । ਕਲਜੁਗ ਨਾਤਾ ਜੁੜਿਆ ਕੂੜੇ ਕੂੜ, ਕੂੜੀ ਕਿਰਿਆ ਸਰਬ ਹੰਢਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਬਦਲਣ ਆਇਆ ਸਰਬ ਦਸਤੂਰ, ਦੋ ਸਤ ਵੇਖੇ ਥਾਉਂ ਥਾਈਆ । ਹਰਿਜਨ ਮੇਲੇ ਆਪ ਜ਼ਰੂਰ, ਜ਼ਰੂਰਤ ਆਪਣੀ ਪੂਰ ਕਰਾਈਆ । ਸਰਬ ਕਲਾ ਆਪੇ ਭਰਪੂਰ, ਭਰਪੂਰ ਰਿਹਾ ਸਰਬ ਥਾਈਂਆ । ਨਵ ਨੌਂ ਕਰੇ ਚੂਰੋ ਚੂਰ, ਚੂੰਡੀ ਚੋਟੀ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਾਤਲ ਮਕਤੂਲ ਲਾਏ ਫ਼ਤਵਾ, ਫ਼ਾਤਿਆ ਸਭ ਦਾ ਆਪ ਪੜ੍ਹਾਇੰਦਾ । ਲੇਖਾ ਜਾਣੇ ਨੂਰੀ ਜਲਵਾ, ਜਲਾਲ ਆਪਣਾ ਇਕ ਵਖਾਇੰਦਾ । ਚੌਦਾਂ ਸਦੀਆਂ ਚੌਦਾਂ ਲੋਕ ਚੌਦਾਂ ਤਬਕ ਸਭ ਦਾ ਲੇਖਾ ਮੰਗੇ ਖਾਦਾ ਹਲਵਾ, ਛੁਰੀ ਕਸਾਈ ਜਗਤ ਹੱਥ ਨਾ ਕੋਇ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਭੇਵ ਅਭੇਦਾ ਖੋਲ੍ਹੇ ਖ਼ਾਲਕ, ਖ਼ਲਕਤ ਦਏ ਜਣਾਈਆ । ਪੀਰ ਪੈਗ਼ੰਬਰ ਕਹਿਣ ਆਇਆ ਮਾਲਕ, ਮਲਕੁਲਮੌਤ ਨਾਲ ਲਿਆਈਆ । ਅੱਗੇ ਕੋਈ ਨਾ ਦਿਸੇ ਸਾਲਸ, ਸਗਲਾ ਸੰਗ ਨਾ ਕੋਇ ਨਿਭਾਈਆ । ਨਾਨਕ ਗੋਬਿੰਦ ਕਹੇ ਪੁਰਖ ਅਕਾਲ ਇਕੋ ਖ਼ਾਲਸ, ਦੂਸਰ ਖ਼ਾਲਸ ਨਜ਼ਰ ਕੋਇ ਨਾ ਆਈਆ । ਜੁਗ ਚੌਕੜੀ ਸਾਰਿਆਂ ਨਾਲ ਕਰਦਾ ਰਿਹਾ ਨਾਲਸ਼, ਭੇਵ ਅਭੇਦਾ ਨਾ ਕਿਸੇ ਜਣਾਈਆ । ਕਲਜੁਗ ਵੇਲੇ ਅੰਤਮ ਕਿਸੇ ਦੀ ਮੰਨੇ ਨਾ ਕੋਈ ਸਫ਼ਾਰਸ, ਸਭ ਦੀ ਸਫ਼ਾ ਰਿਹਾ ਉਠਾਈਆ । ਪੀਰ ਪੈਗ਼ੰਬਰ ਤੋਬਾ ਤੋਬਾ ਕਰਕੇ ਬੈਠੇ ਢਾਹ ਢਾਰਸ, ਢੈ ਢੈ ਢੇਰੀ ਖ਼ਾਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹੀ ਬੇਪਰਵਾਹ ਇਕ ਖ਼ੁਦਾ, ਖ਼ੁਦੀ ਵਿਚ ਕਦੇ ਨਾ ਆਇੰਦਾ । ਆਦਿ ਜੁਗਾਦਿ ਰਹੇ ਜੁਦਾ, ਜੁਜ਼ ਆਪਣਾ ਆਪ ਵੰਡਾਇੰਦਾ । ਪੀਰ ਪੈਗ਼ੰਬਰਾਂ ਰਾਹ ਦੱਸੇ ਸਿਧਾ, ਸਿਦਕ ਸਬੂਰੀ ਨਾਲ ਮਿਲਾਇੰਦਾ । ਮੁਰੀਦ ਮੁਰਸ਼ਦ ਮੁਰਸ਼ਦ ਮੁਰੀਦ ਮਿਲ ਮਿਲ ਪਾਏ ਗਿਧਾ, ਨਿਰਗੁਣ ਸਰਗੁਣ ਤਾਲ ਆਪ ਵਜਾਇੰਦਾ । ਕੋਈ ਨਾ ਜਾਣੇ ਸਾਹਿਬ ਕਿਡਾ, ਇਸ਼ਾਰਿਆਂ ਨਾਲ ਸਰਬ ਸਮਝਾਇੰਦਾ । ਚਰਨ ਦਵਾਰਾ ਬਿਨ ਨਾਨਕ ਕਿਸੇ ਨਾ ਦਿਤਾ, ਅੱਧਵਿਚਕਾਰ ਸਰਬ ਰਖਾਇੰਦਾ । ਜੁਗ ਚੌਕੜੀ ਵੰਡਦਾ ਆਇਆ ਹਿੱਸਾ, ਝੋਲੀ ਸਭ ਦੀ ਆਪ ਭਰਾਇੰਦਾ । ਖਾਣੀ ਬਾਣੀ ਵੇਦ ਪੁਰਾਨ ਸ਼ਾਸਤਰ ਸਿਮਰਤ ਕਥਾ ਕਹਾਣੀ ਸੁਣਾਏ ਕਿੱਸਾ, ਆਪਣਾ ਭੇਵ ਨਾ ਕਿਸੇ ਖੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਦਵਾਰੇ ਸਾਚੇ ਵੜ, ਸਾਚੇ ਤਖ਼ਤ ਸੋਭਾ ਪਾਇੰਦਾ । ਸਾਚਾ ਤਖ਼ਤ ਸੱਚੇ ਸੁਲਤਾਨ, ਸਤਿ ਤੇਰੀ ਵਡਿਆਈਆ । ਸਾਚਾ ਖੇਲ ਸ੍ਰੀ ਭਗਵਾਨ, ਭਗਵਨ ਭੇਵ ਕੋਇ ਨਾ ਪਾਈਆ । ਸਾਚਾ ਨੂਰ ਤੇਰਾ ਮਹਾਨ, ਜਲਵਾ ਨੂਰ ਨੂਰ ਰੁਸ਼ਨਾਈਆ । ਮਿਹਬਾਨ ਬੀਦੋ ਇਕ ਮਿਹਬਾਨ, ਬੀ ਖ਼ੈਰ ਯਾ ਅੱਲਾ ਤੇਰੀ ਵਡਿਆਈਆ । ਮੁਕਾਮੇ ਹੱਕ ਤੇਰਾ ਨਿਸ਼ਾਨ, ਰਸਵਾ ਦੂਜਾ ਨਜ਼ਰ ਕੋਇ ਨਾ ਆਈਆ । ਸਾਬਤ ਤੇਰਾ ਇਕ ਈਮਾਨ, ਉਮਤ ਰੂਪ ਨਾ ਕੋਇ ਵਖਾਈਆ । ਇਲਾਹੀ ਕਲਾਮ ਤੇਰਾ ਪੈਗ਼ਾਮ, ਰਸਨਾ ਜਿਹਵਾ ਨਾ ਕੋਇ ਸੁਣਾਈਆ । ਸਚਖੰਡ ਤੇਰਾ ਮਕਾਨ, ਛੱਪਰ ਛੰਨ ਨਾ ਕੋਇ ਛੁਹਾਈਆ । ਦਰ ਦਰਵੇਸ਼ ਨਾ ਕੋਇ ਦਰਬਾਨ, ਸਜਦਾ ਸੀਸ ਨਾ ਕੋਇ ਕਰਾਈਆ । ਤੀਰ ਤਰਕਸ਼ ਨਾ ਕੋਇ ਕਮਾਨ, ਖੰਡਾ ਖੜਗ ਨਾ ਕੋਇ ਖੜਕਾਈਆ । ਕਾਗਦ ਕਲਮ ਨਾ ਕੋਇ ਕਲਾਮ, ਕਾਤਬ


੬੧
੧੩

੬੨
੧੩

ਲਿਖੇ ਨਾਲ ਨਾ ਕੋਇ ਸ਼ਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਤੱਤਵ ਤੱਤ ਨਾ ਕੋਇ ਵਖਾਨ, ਏਕਾ ਦੂਆ ਦੂਆ ਏਕਾ ਵੇਸ ਅਵੇਸ ਨਾ ਕੋਇ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਚਰਨ ਕਵਲ ਮਿਲੇ ਸਰਨਾਈਆ । ਪੀਰ ਪੈਗ਼ੰਬਰ ਗੁਰ ਅਵਤਾਰ ਮੰਗਣ ਮੰਗ, ਪ੍ਰਭ ਅੱਗੇ ਸੀਸ ਝੁਕਾਇਆ । ਜੁਗ ਚੌਕੜੀ ਗਈ ਲੰਘ, ਕਲਜੁਗ ਵੇਲਾ ਅੰਤਮ ਆਇਆ । ਨੌ ਖੰਡ ਪ੍ਰਿਥਮੀ ਦੀਸੇ ਨੰਗ, ਸਿਰ ਓਢਣ ਨਾ ਕੋਇ ਟਿਕਾਇਆ । ਕਿਸੇ ਦੁਆਰੇ ਮਿਲੇ ਨਾ ਪਰਮਾਨੰਦ, ਨਿਜਾਨੰਦ ਨਾ ਕੋਇ ਚਖਾਇਆ । ਮੰਦਰ ਮਸਜਿਦ ਸ਼ਿਵਦਵਾਲੇ ਮੱਠ ਗੁਰੂਦੁਆਰ ਪੈਂਦੀ ਡੰਡ, ਡੰਕਾ ਨਾਮ ਨਾ ਕੋਇ ਵਜਾਇਆ । ਦੀਨ ਮਜ਼੍ਹਬ ਜ਼ਾਤ ਪਾਤ ਕੂੜੀ ਕਿਰਿਆ ਹੋਈ ਕੰਧ, ਤੁਧ ਬਿਨ ਧੱਕਾ ਨਾ ਕੋਇ ਲਾਇਆ । ਮੁਲਾਂ ਸ਼ੇਖ਼ ਮੁਸਾਇਕ ਪੀਰ ਪੰਡਤ ਪਾਂਧੇ ਗ੍ਰੰਥੀ ਪੰਥੀ ਗਾ ਗਾ ਸੁਣੌਂਦੇ ਛੰਦ, ਸੰਸਾ ਰੋਗ ਨਾ ਕੋਇ ਚੁਕਾਇਆ । ਆਤਮ ਪਰਮਾਤਮ ਮੁਕਿਆ ਕਿਸੇ ਨਾ ਪੰਧ, ਸਾਧ ਸੰਤ ਨੇਤਰ ਰੋ ਰੋ ਨੈਣਾਂ ਨੀਰ ਰਹੇ ਵਹਾਇਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਏਕੰਕਾਰਾ ਇਕੋ ਸੁੱਤਾ ਦੇ ਕਰ ਕੰਡ, ਕਰਵਟ ਆਪਣੀ ਨਾ ਲਏ ਬਦਲਾਇਆ । ਜੀਵ ਜੰਤ ਕਲਜੁਗ ਅੰਤ ਹੋਏ ਭਾਗਾਂਮੰਦ, ਆਪਣਾ ਭਾਗ ਸਕੇ ਨਾ ਕੋਇ ਵੰਡਾਇਆ । ਬਿਨ ਸਤਿਗੁਰ ਪੂਰੇ ਕੋਇ ਨਾ ਪਾਏ ਠੰਡ, ਅਗਨੀ ਤੱਤ ਨਾ ਕੋਇ ਬੁਝਾਇਆ । ਜਗਤ ਵੈਰਾਗਣ ਹੋਈ ਦੁਹਾਗਣ ਸੁਰਤ ਸਵਾਣੀ ਮਾਤ ਰੰਡ, ਹਰਿ ਕੰਤ ਸ਼ਬਦ ਨਾ ਕੋਇ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਲਏ ਜਗਾਇਆ । ਹਰਿਜਨ ਸਾਚੇ ਜਾਗਣ ਵੇਲਾ, ਸਤਿਗੁਰ ਪੂਰਾ ਆਪ ਜਗਾਈਆ । ਕਲਜੁਗ ਵਕਤ ਹੋਏ ਦੁਹੇਲਾ, ਵੇਲਾ ਗਿਆ ਹੱਥ ਨਾ ਆਈਆ । ਪਰਗਟ ਹੋਇਆ ਇਕ ਇਕੇਲਾ, ਏਕੰਕਾਰਾ ਸਾਚਾ ਮਾਹੀਆ । ਨਾਲ ਮਿਲਾਇਆ ਗੋਬਿੰਦ ਚੇਲਾ, ਚੇਲਾ ਗੁਰ ਆਪ ਅਖਵਾਈਆ । ਏਥੇ ਓਥੇ ਸੱਜਣ ਸੁਹੇਲਾ, ਸਗਲਾ ਸੰਗ ਆਪ ਨਿਭਾਈਆ । ਆਤਮ ਪਰਮਾਤਮ ਕਰਿਆ ਮੇਲਾ, ਮਿਲ ਮਿਲ ਆਪਣੀ ਖ਼ੁਸ਼ੀ ਵਖਾਈਆ । ਕੱਟਣਹਾਰਾ ਧਰਮ ਰਾਏ ਦੀ ਜੇਲਾ, ਲੱਖ ਚੁਰਾਸੀ ਫੰਦ ਕਟਾਈਆ । ਵਸਣਹਾਰਾ ਧਾਮ ਨਵੇਲਾ, ਸਚਖੰਡ ਬੈਠਾ ਡੇਰਾ ਲਾਈਆ । ਜੋਤ ਨਿਰੰਜਣ ਚਾੜ੍ਹੇ ਤੇਲਾ, ਆਦਿ ਨਿਰੰਜਣ ਫੇਰਾ ਪਾਈਆ । ਅਚਰਜ ਖੇਲ ਪਾਰਬਹਮ ਪ੍ਰਭ ਖੇਲਾ, ਖ਼ਾਲਕ ਖ਼ਲਕ ਭੇਵ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਦਾਤਾ ਪੁਰਖ ਬਿਧਾਤਾ ਗੁਰਮੁਖ ਸੱਜਣ ਲਏ ਮਿਲਾਈਆ । ਗੁਰਮੁਖ ਸੱਜਣ ਮੇਲੇ ਆਣ, ਆਨ ਇਕੋ ਇਕ ਰਖਾਇੰਦਾ । ਮੇਲ ਮਿਲਾਵਾ ਸ੍ਰੀ ਭਗਵਾਨ, ਭਗਵਨ ਆਪਣਾ ਰੰਗ ਰੰਗਾਇੰਦਾ । ਆਤਮ ਪਰਮਾਤਮ ਦੇਵੇ ਦਾਨ, ਸੋਹੰ ਢੋਲਾ ਇਕ ਪੜ੍ਹਾਇੰਦਾ । ਦੋ ਜਹਾਨ ਝੁਲਾਏ ਨਿਸ਼ਾਨ, ਸਤਿ ਸਤਿਵਾਦੀ ਹੱਥ ਉਠਾਇੰਦਾ । ਸਚਖੰਡ ਨਿਵਾਸੀ ਸਾਚਾ ਕਾਹਨ, ਗੁਰਮੁਖ ਗੋਪੀ ਆਪ ਪਰਨਾਇੰਦਾ । ਲੇਖਾ ਜਾਣੇ ਸਾਚਾ ਰਾਮ, ਸੀਤਾ ਸੁਰਤੀ ਆਪ ਜਗਾਇੰਦਾ । ਨਾਮ ਅਗੰਮੀ ਮਾਰੇ ਬਾਣ, ਅਣਿਆਲਾ ਤੀਰ ਆਪ ਚਲਾਇੰਦਾ । ਅੰਤਰ ਹੋਵੇ ਜਾਣੀ ਜਾਣ, ਮੰਤਰ ਇਕੋ ਇਕ ਪੜ੍ਹਾਇੰਦਾ । ਬਸੰਤਰ ਬੁਝੇ ਵਿਚ ਜਹਾਨ, ਸਾਂਤਕ ਸਤਿ ਸਤਿ ਕਰਾਇੰਦਾ । ਬਿਨ ਪੜ੍ਹਿਆਂ ਦੇਵੇ ਗਿਆਨ, ਗੋਝ ਗਿਆਨ ਆਪ ਖੁਲ੍ਹਾਇੰਦਾ । ਜਿਸ ਜਨ ਕਰ ਕਿਰਪਾ ਦੇਵੇ ਆਪਣਾ ਨਾਮ, ਤਿਸ ਨਾਮ ਆਪਣੇ ਵਿਚ ਜਣਾਇੰਦਾ । ਜਨ ਭਗਤਾਂ ਪੂਰਨ ਕਰੇ ਕਾਮ, ਕਰਨੀ ਕਿਰਤ ਆਪ ਕਮਾਇੰਦਾ । ਕਾਇਆ ਨਗਰ ਖੇੜਾ ਵੇਖ ਗਰਾਮ, ਗ੍ਰਿਹਿ ਆਪਣਾ ਫੇਰਾ ਪਾਇੰਦਾ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗਾ ਜੁਗੰਤਰ, ਗੁਰ ਸ਼ਬਦ ਜਣਾਏ ਸਾਚਾ ਮੰਤਰ, ਮੰਤਰ ਆਪਣਾ ਨਾਮ ਸੁਣਾਇੰਦਾ ।

## ❇ ੮ ਮੱਘਰ ੨੦੧੯ ਬਿਕਰਮੀ ਮਹਿੰਦਰ ਸਿੰਘ ਦੇ ਗ੍ਰਿਹ ਪਿੰਡ ਦੱਯਾ ਜ਼ਿਲਾ ਗੁਰਦਾਸ ਪੁਰ ❇

ਸੋ ਪੁਰਖ ਨਿਰੰਜਣ ਠਾਂਡਾ ਦਰਬਾਰਾ, ਗੁਰ ਅਵਤਾਰ ਪੀਰ ਪੈਗ਼ੰਬਰ ਰਹੇ ਜਸ ਗਾਈਆ । ਨਿਰਗੁਣ ਨੂਰ ਜੋਤ ਉਜਿਆਰਾ, ਨੂਰ ਜ਼ਹੂਰ ਇਕ ਰੁਸ਼ਨਾਈਆ । ਸ਼ਾਹੋ ਭੂਪ ਵਡ ਸਿਕਦਾਰਾ, ਸ਼ਹਿਨਸ਼ਾਹ ਬੈਠਾ ਆਸਣ ਲਾਈਆ । ਅਲੱਖ ਅਗੋਚਰ ਅਗੰਮ ਅਪਾਰਾ, ਅਲੱਖ ਅਲੱਖਣਾ ਲੱਖਿਆ ਨਾ ਜਾਈਆ । ਨੂਰ ਇਲਾਹੀ ਪਰਵਰਦਿਗਾਰਾ, ਬੇਐਬ ਰੂਪ ਖ਼ੁਦਾਈਆ । ਮੁਕਾਮੇ ਹੱਕ ਇਕ ਨਜ਼ਾਰਾ, ਨਜ਼ਰ ਵਿਚ ਕਦੇ ਨਾ ਆਈਆ । ਕਾਗਦ ਕਲਮ ਨਾ ਲਿਖਣਹਾਰਾ, ਲਿਖ ਲਿਖ ਲੇਖ ਨਾ ਕੋਇ ਮੁਕਾਈਆ । ਵਸਣਹਾਰਾ ਧਾਮ ਨਿਆਰਾ, ਸਚਖੰਡ ਸਾਚੇ ਸੋਭਾ ਪਾਈਆ । ਸ਼ਬਦ ਅਗੰਮੀ ਬੋਲ ਜੈਕਾਰਾ, ਜੈ ਜੈਕਾਰ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹੀ ਖੇਲ ਅਪਾਰਾ, ਹਰਿ ਜੂ ਹਰਿ ਹਰਿ ਆਪ ਕਰਾਇੰਦਾ । ਲੇਖਾ ਜਾਣੇ ਧੁਰ ਦਰਬਾਰਾ, ਦਰਗਾਹ ਸਾਚੀ ਧਾਮ ਸੁਹਾਇੰਦਾ । ਨਿਰਗੁਣ ਸਰਗੁਣ ਹੋ ਉਜਿਆਰਾ, ਸਰਗੁਣ ਨਿਰਗੁਣ ਰੰਗ ਰੰਗਾਇੰਦਾ । ਦੋ ਜਹਾਨਾਂ ਕਰ ਪਸਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਰਾਇੰਦਾ । ਕਰਤਾ ਪੁਰਖ ਕਰਨੀ ਕਰ, ਕਰਤਾ ਕਾਦਰ ਆਪਣੀ ਖੇਲ ਕਰਾਈਆ । ਆਪੇ ਦਾਤਾ ਦਾਨੀ ਦੇਵੇ ਵਰ, ਦਰ ਦਰਵੇਸ਼ ਆਪਣੀ ਝੋਲੀ ਆਪ ਭਰਾਈਆ । ਨਿਰਗੁਣ ਸਰਗੁਣ ਰੂਪ ਧਰ, ਧਰਨੀ ਧਰਤ ਧਵਲ ਦਏ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸ਼ਬਦ ਅਗੰਮੀ ਦੇਵੇ ਏਕਾ ਡਰ, ਨਿਰਭੌ ਭੈ ਆਪਣਾ ਇਕ ਸਮਝਾਈਆ । ਬੋਧ ਅਗਾਧਾ ਨਿਸ਼ਅੱਖਰ ਅੱਖਰ ਲੈਣਾ ਪੜ੍ਹ, ਰਸਨਾ ਜਿਹਵਾ ਨਾ ਕੋਈ ਪੜ੍ਹਾਈਆ । ਸਚ ਮਹੱਲੇ ਉਚ ਮਿਨਾਰ ਦਰਸ ਦਿਖਾਏ ਅੱਗੇ ਖੜ੍ਹ, ਜੋਤੀ ਜੋਤ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਕਰਨੇਹਾਰਾ, ਜੁਗ ਚੌਕੜੀ ਖੇਲ ਖਿਲਾਇੰਦਾ । ਕਰੇ ਖੇਲ ਏਕੰਕਾਰਾ, ਨਿਤ ਨਵਿਤ ਵੇਖ ਵਖਾਇੰਦਾ । ਗੁਰ ਅਵਤਾਰ ਕਰ ਉਜਿਆਰਾ, ਪੀਰ ਪੈਗ਼ੰਬਰ ਨੂਰ ਵਖਾਇੰਦਾ । ਜੋਤੀ ਜਾਤਾ ਪੁਰਖ ਬਿਧਾਤਾ, ਆਤਮ ਪਰਮਾਤਮ ਕਰ ਪਿਆਰਾ, ਪ੍ਰੇਮ ਪ੍ਰੀਤੀ ਬੰਧਨ ਏਕਾ ਪਾਇੰਦਾ । ਸ਼ਬਦ ਅਗੰਮੀ ਬੋਲ ਜੈਕਾਰਾ, ਸਚ ਸੰਦੇਸ਼ਾ ਇਕ ਸੁਣਾਇੰਦਾ । ਪੰਜ ਤੱਤ ਕਾਇਆ ਖੋਲ੍ਹ ਕਿਵਾੜਾ, ਜਨ ਜਨਨੀ ਲੇਖੇ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਸਮਝਾਇੰਦਾ । ਸਾਚਾ ਖੇਲ ਆਦਿ ਪੁਰਖ, ਏਕਾ ਏਕ ਜਣਾਇੰਦਾ । ਨਾ ਕੋਈ ਸੋਗ ਨਾ ਕੋਈ ਹਰਖ਼, ਚਿੰਤਾ ਸੋਗ ਨਾ ਕੋਇ ਵਖਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕਰ ਕਰ ਪਰਖ, ਸਾਚਾ ਪਾਰਖੂ ਸੇਵਾ ਲਾਇੰਦਾ । ਨਿਤ ਨਵਿਤ ਆਤਮ ਪਰਮਾਤਮ ਦੇਵੇ ਦਰਸ, ਦਰਸ ਈਦ ਦੀਦ ਚੰਦ ਚਮਕਾਇੰਦਾ । ਨਿਰਗੁਣ ਸਰਗੁਣ ਉਪਰ ਕਰ ਕਰ ਤਰਸ, ਮਿਹਰ ਨਜ਼ਰ ਇਕ ਰਖਾਇੰਦਾ । ਆਬੇ ਹਯਾਤ ਅੰਮ੍ਰਿਤ ਮੇਘ ਦੇਵੇ ਬਰਸ, ਅਗਨੀ ਤੱਤ ਬੁਝਾਇੰਦਾ । ਲੇਖਾ ਜਾਣੇ ਅਰਸ਼ ਕੁਰਸ਼,

ਕਲਜੁਗ ਆਪਣਾ ਭੇਵ ਚੁਕਾਇੰਦਾ । ਦੋ ਜਹਾਨਾਂ ਲਾਹੇ ਕਰਜ਼, ਮਕਰੂਜ਼ ਆਪਣਾ ਲਹਿਣਾ ਆਪ ਮੁਕਾਇੰਦਾ । ਜੁਗ ਜੁਗ ਹੋਣ ਨਾ ਦੇਵੇ ਕੋਈ ਹਰਜ, ਵਿਸ਼ਨ ਬ੍ਰਹਮਾ ਸ਼ਿਵ ਉਠਾਇੰਦਾ । ਪੂਰ ਕਰਾਏ ਆਪਣਾ ਫਰਜ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰ ਪੀਰ ਪੈਗ਼ੰਬਰ ਭੇਵ ਅਭੇਦ ਜਣਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਦਿਸੇ ਨਾਤਾ, ਨਿਰਗੁਣ ਆਪਣੀ ਦਇਆ ਕਮਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੁਗ ਚੌਕੜੀ ਖੇਲ੍ਹਿਆ ਜਗਤ ਤਮਾਸ਼ਾ, ਜੀਵਣ ਜੁਗਤ ਆਪਣੇ ਹੱਥ ਰਖਾਇੰਦਾ । ਜੋਤੀ ਨੂਰ ਸ਼ਬਦੀ ਧਾਰ ਦੇਵਣਹਾਰਾ ਦਾਤਾ, ਦਾਤਾ ਦਾਨੀ ਦਇਆ ਕਮਾਇੰਦਾ । ਮੇਟਣਹਾਰਾ ਅੰਧੇਰੀ ਰਾਤਾ, ਸਤਿਗੁਰ ਸਾਚਾ ਚੰਦ ਚਮਕਾਇੰਦਾ । ਜਗਤ ਵਿਦਿਆ ਦੱਸ ਗਾਥਾ, ਗਾ ਗਾ ਅੰਤ ਕੋਇ ਨਾ ਪਾਇੰਦਾ । ਲੁਕਿਆ ਰਿਹਾ ਪੁਰਖ ਬਿਧਾਤਾ, ਨੇਤਰ ਨੈਣ ਨਜ਼ਰ ਨਾ ਆਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਦੀਨ ਮਜ਼੍ਹਬ ਜੁੜ੍ਹਿਆ ਨਾਤਾ, ਸਾਚੀ ਜ਼ਾਤ ਨਾ ਕੋਈ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਪਰਦਾ ਆਪ ਚੁਕਾਇੰਦਾ । ਸਾਚਾ ਪਰਦਾ ਦੇਵੇ ਲਾਹ, ਲਾਸ਼ਰੀਕ ਇਕ ਖ਼ੁਦਾਈਆ । ਪਰਗਟ ਹੋਇਆ ਬੇਪਰਵਾਹ, ਪਰਦਾਨਸ਼ੀਂ ਨਜ਼ਰੀ ਆਈਆ । ਜਲਵਾ ਨੂਰ ਏਕਾ ਧਰਾ, ਨੂਰੋ ਨੂਰ ਰੁਸ਼ਨਾਈਆ । ਲੇਖਾ ਮੁਕਾਏ ਕਾਗ਼ਜ਼ ਕਲਮ ਸ਼ਾਹ, ਸ਼ਹਿਨਸ਼ਾਹ ਆਪਣਾ ਹੁਕਮ ਮਨਾਈਆ । ਸਚ ਦਵਾਰਾ ਦਏ ਖੁਲ੍ਹਾ, ਖ਼ਾਲਕ ਖ਼ਲਕ ਦਏ ਵਡਿਆਈਆ । ਮਖ਼ਲੂਕ ਏਕਾ ਮਾਰਗ ਦਏ ਪਾ, ਰਹਿਬਰ ਬਣੇ ਸੱਚਾ ਮਾਹੀਆ । ਨਾਮ ਨਿਧਾਨਾ ਇਕ ਦ੍ਰਿੜ੍ਹਾ, ਦ੍ਰਿਸ਼ਟੀ ਸਭ ਦੀ ਦਏ ਖੁਲ੍ਹਾਈਆ । ਵਿਸ਼ਨ ਬ੍ਰਹਮਾ ਸ਼ਿਵ ਸੇਵਾ ਲਾ, ਕਰੋੜ ਤੇਤੀਸਾ ਹੁਕਮ ਮਨਾਈਆ । ਗੁਰ ਅਵਤਾਰ ਲਏ ਉਠਾ, ਪੀਰ ਪੈਗ਼ੰਬਰ ਨਾਲ ਮਿਲਾਈਆ । ਪਿਛਲਾ ਲੇਖਾ ਦਏ ਮੁਕਾ, ਅਗਲਾ ਲੇਖਾ ਕੋਈ ਰਹਿਣ ਨਾ ਪਾਈਆ । ਹੋਕਾ ਦੇਵੇ ਵਾਹੋ ਦਾਹ, ਦੋ ਜਹਾਨਾਂ ਰਿਹਾ ਸੁਣਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਅਕਾਸ਼ ਪਰਕਾਸ਼ ਇਕ ਕਰਾ, ਸੂਰਜ ਚੰਦ ਨਾ ਕੋਈ ਰੁਸ਼ਨਾਈਆ । ਸੂਰਜ ਚੰਨ ਚਰਨੀ ਡਿਗੇ ਆ, ਦਰ ਸਾਚੇ ਸੀਸ ਝੁਕਾਈਆ । ਸਾਡੀ ਪਿਛਲੀ ਨਾ ਵੇਖ ਖ਼ਤਾ, ਅਭੁਲ ਭੁੱਲ ਕਦੇ ਨਾ ਜਾਈਆ । ਤੁਧ ਬਿਨ ਹੋਏ ਬੇਅਬਾ, ਅਬਾਦਤ ਕੰਮ ਕਿਸੇ ਨਾ ਆਈਆ । ਰਹਿਬਰ ਬਣਿਆ ਇਕ ਖ਼ੁਦਾ, ਚਾਰ ਕੁੰਟ ਕੁੰਟ ਦੁਹਾਈਆ । ਉਮਤ ਉਮਤੀ ਰਹੀ ਕੁਰਲਾ, ਆਪਣੀ ਕੂਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਿਖੌਣਾ ਸਾਚਾ ਘਰ, ਜਿਸ ਘਰ ਬੈਠਾ ਆਸਣ ਲਾਈਆ । ਸਚ ਮਹੱਲਾ ਦੱਸ ਮਹਿਰਾਬ, ਤੇਰੇ ਅੱਗੇ ਇਕ ਅਰਜ਼ੋਈਆ । ਨਿਉਂ ਨਿਉਂ ਸਜਦਾ ਕਰਨ ਅਦਾਬ, ਸੀਸ ਜਗਦੀਸ਼ ਇਕ ਝੁਕਾਈਆ । ਸ਼ਾਹ ਪਾਤਸ਼ਾਹ ਇਕ ਨਵਾਬ, ਨੌਬਤ ਇਕੋ ਨਾਮ ਵਜਾਈਆ । ਦੇਵਣਹਾਰ ਹਯਾਤੇ ਆਬ, ਆਬੇ ਹਯਾਤ ਏਕਾ ਰੂਪ ਦਰਸਾਈਆ । ਲਹਿਣਾ ਦੇਣਾ ਚੁਕੇ ਮੱਕਾ ਕਾਅਬ, ਕਾਅਬਾ ਤੇਰੇ ਚਰਨ ਵਡਿਆਈਆ । ਸ਼ਾਹ ਅਸਵਾਰ ਚਰਨ ਘੋੜੇ ਦੇ ਰਕਾਬ, ਤੁਆਕਬ ਆਪਣਾ ਆਪ ਵਖਾਈਆ । ਪੀਰ ਪੈਗ਼ੰਬਰਾਂ ਬਣਦਾ ਰਿਹਾ ਮਾਈ ਬਾਪ, ਪਿਤਾ ਪੂਤ ਗੋਦ ਸੁਹਾਈਆ । ਗੁਰ ਅਵਤਾਰ ਕਰਦੇ ਰਹੇ ਤੇਰਾ ਜਾਪ, ਜਪ ਜਪ ਆਪਣਾ ਸ਼ੁਕਰ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਦੇਵੇ ਵਰ ਦਰ ਦਰਬਾਨਾ, ਦਹਿ ਦਿਸ਼ਾ ਵੇਖ ਵਖਾਇੰਦਾ । ਸ਼ਬਦ ਅਗੰਮੀ ਇਕ ਪਰਵਾਨਾ, ਪਰਮ ਪੁਰਖ ਆਪ ਸਮਝਾਇੰਦਾ । ਕਾਗਦ ਕਲਮ ਹੋਏ ਹੈਰਾਨਾ, ਹਰਿ ਕਾ ਭੇਵ ਕੋਈ ਨਾ ਆਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨਾ ਪੜ੍ਹ ਪੜ੍ਹ ਥੱਕੇ

ਅੰਜੀਲ ਕੁਰਾਨਾ, ਦੋ ਜਹਾਨਾ ਪੰਧ ਨਾ ਕੋਈ ਮੁਕਾਇੰਦਾ । ਖਾਣੀ ਬਾਣੀ ਗੁਣ ਨਿਧਾਨਾ ਦੱਸੇ ਇਕ ਨਿਸ਼ਾਨਾ, ਤੀਰ ਨਿਸ਼ਾਨਾ ਚਿਲੇ ਨਾ ਕੋਈ ਚੜ੍ਹਾਇੰਦਾ । ਸਚਖੰਡ ਵਸੇ ਸ੍ਰੀ ਭਗਵਾਨਾ, ਦਰਗਾਹ ਸਾਚੀ ਆਸਣ ਲਾਇੰਦਾ । ਜੋਧਾ ਸੂਰਬੀਰ ਮਰਦ ਮਰਦਾਨਾ, ਮਹਾਂਬਲੀ ਨਾਉਂ ਧਰਾਇੰਦਾ । ਜੁਗ ਚੌਕੜੀ ਵਰਤੇ ਭਾਣਾ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਤਖ਼ਤੋਂ ਲਾਹੇ ਰਾਜਾ ਰਾਣਾ, ਸ਼ਾਹ ਸੁਲਤਾਨਾ ਖ਼ਾਕ ਮਿਲਾਇੰਦਾ । ਕਰੇ ਖੇਲ ਦੋ ਜਹਾਨਾਂ, ਨਿਰਗੁਣ ਸਰਗੁਣ ਧਾਰ ਜਣਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕਰੋ ਧਿਆਨਾ, ਧਿਆਨ ਧਿਆਨ ਵਿਚ ਮਿਲਾਇੰਦਾ । ਪਰਗਟ ਹੋਇਆ ਨੌਜਵਾਨਾ, ਬਿਰਧ ਬਾਲ ਜਵਾਨ ਰੂਪ ਨਾ ਕੋਈ ਰਖਾਇੰਦਾ । ਸਾਚੇ ਵਸੇ ਮੰਦਰ ਮਕਾਨਾ, ਸੰਬਲ ਡੇਰਾ ਇਕੋ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਆਪ ਸਮਝਾਇੰਦਾ । ਸਾਚੀ ਸਿਖਿਆ ਸੰਬਲ ਖੇੜਾ, ਹਰਿ ਸਤਿਗੁਰ ਆਪ ਜਣਾਈਆ । ਜਿਸ ਦਵਾਰੇ ਚੁਕੇ ਝੇੜਾ, ਝਗੜਾ ਕੋਈ ਰਹਿਣ ਨਾ ਪਾਈਆ । ਦੋ ਜਹਾਨਾਂ ਵਖਾਏ ਖੁਲ੍ਹਾ ਵੇਹੜਾ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਵੰਡ ਨਾ ਕੋਈ ਵੰਡਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਢਾਹ ਢਾਹ ਬੈਠੇ ਆਪਣਾ ਡੇਰਾ, ਮੰਦਰ ਮਸਜਿਦ ਸ਼ਿਵਦਵਾਲਾ ਮੱਠ ਗੁਰੂਦਵਾਰ ਨਾ ਕੋਈ ਸੁਹਾਈਆ । ਕਲਜੁਗ ਵੇਲਾ ਆਇਆ ਨੇੜਾ, ਦੂਰ ਦੁਰਾਡਾ ਪੰਧ ਮੁਕਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਜਨ ਭਗਤਾਂ ਕਹੇ ਤੂੰ ਮੇਰਾ ਮੈਂ ਤੇਰਾ, ਦੂਸਰ ਸੰਗ ਨਾ ਕੋਈ ਰਖਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਸਚਖੰਡ ਬੈਠਾ ਰਿਹਾ ਕਰ ਕੇ ਵਡਾ ਜੇਰਾ, ਜ਼ੋਰ ਜ਼ਬਰ ਹੁਕਮ ਮਨਾਈਆ । ਨਿਰਗੁਣ ਧਾਰ ਨਿਰਗੁਣ ਜੋਤ ਨਿਰੰਕਾਰ ਪਾਇਆ ਫੇਰਾ, ਭੇਵ ਅਭੇਦਾ ਨਾ ਕੋਈ ਸਮਝਾਈਆ । ਬਿਨ ਨਾਨਕ ਗੋਬਿੰਦ ਜਾਣੇ ਕਿਹੜਾ, ਕਵਣ ਘਰ ਵਸੇ ਸੱਚਾ ਮਾਹੀਆ । ਆਦਿ ਜੁਗਾਦਿ ਜੁਗਾ ਜੁਗੰਤਰ ਲੱਖ ਚੁਰਾਸੀ ਕਰੇ ਹੱਕ ਨਿਬੇੜਾ, ਪੀਰ ਪੈਗ਼ੰਬਰ ਆਪਣੀ ਗੋਦ ਬਹਾਈਆ । ਬ੍ਰਹਿਮੰਡ ਖੰਡ ਦੇਵਣਹਾਰਾ ਗੇੜਾ, ਸੂਰਜ ਚੰਦ ਰਿਹਾ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੂਪ ਆਪ ਜਣਾਈਆ । ਸਾਚਾ ਰੂਪ ਨਿਰਗੁਣ ਰੰਗ, ਨਿਰਵੈਰ ਆਪ ਜਣਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸ਼ਬਦ ਡੋਰੀ ਬੰਨ ਪਤੰਗ, ਲੋਕਮਾਤ ਆਪ ਉਡਾਇੰਦਾ । ਆਦਿ ਜੁਗਾਦਿ ਜੁਗਾਂ ਜੁਗੰਤਰ ਦੋ ਜਹਾਨਾਂ ਵੇਖੇ ਆਰ ਪਾਰ ਲੰਘ, ਮੰਝਧਾਰ ਆਪਣਾ ਖੇਲ ਖਿਲਾਇੰਦਾ । ਭਗਤ ਭਗਵੰਤ ਸਾਚੇ ਸੰਤ ਵਸੇ ਸੰਗ, ਸਗਲਾ ਸੰਗ ਆਪ ਹੋ ਜਾਇੰਦਾ । ਗ਼ਰੀਬ ਨਿਮਾਣਿਆਂ ਕੱਟਣਹਾਰਾ ਭੁੱਖ ਨੰਗ, ਨਾਮ ਵਸਤ ਝੋਲੀ ਪਾਇੰਦਾ । ਜ਼ਾਤ ਪਾਤ ਦੀਨ ਮਜ਼੍ਹਬ ਮਾਰਨਹਾਰਾ ਝੂਠੀ ਕੰਧ, ਸ਼ਰਅ ਸ਼ਰੀਅਤ ਮੇਟ ਮਿਟਾਇੰਦਾ । ਆਤਮ ਪਰਮਾਤਮ ਸੁਣਾਏ ਸਾਚਾ ਛੰਦ, ਗੀਤ ਗੋਬਿੰਦ ਇਕ ਅਲਾਇੰਦਾ । ਏਥੇ ਓਥੇ ਦੋ ਜਹਾਨ ਸ੍ਰੀ ਭਗਵਾਨ ਮੁਕਾਏ ਪੰਧ, ਬਣ ਪਾਂਧੀ ਫੇਰਾ ਪਾਇੰਦਾ । ਜੁਗ ਜਨਮ ਦੀ ਟੁੱਟੀ ਦੇਵੇ ਗੰਢ, ਗੰਢਣਹਾਰ ਗੋਪਾਲ ਸਵਾਮੀ ਸਿਰ ਸਿਰ ਆਪਣੀ ਸੇਵ ਕਮਾਇੰਦਾ । ਨਾਤਾ ਤੋੜੇ ਕੂੜੀ ਕਿਰਿਆ ਝੂਠ ਪਖੰਡ, ਮਾਇਆ ਮਮਤਾ ਮੋਹ ਮਿਟਾਇੰਦਾ । ਬ੍ਰਹਮ ਪਾਰਬ੍ਰਹਮ ਪ੍ਰਭ ਦੇਵੇ ਇਕ ਅਨੰਦ, ਅਨੰਦ ਅਨੰਦ ਵਿਚ ਰਖਾਇੰਦਾ । ਹਰਿਜਨ ਸੱਜਣ ਸਤਿ ਸਤਿਵਾਦੀ ਸਤਿ ਚੜ੍ਹਾਏ ਚੰਦ, ਚੰਦ ਚਾਂਦਨੀ ਇਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਘਰ ਇਕ ਵਸਾਇੰਦਾ । ਸੱਚਾ ਘਰ ਵਸਾਏ ਇਕ, ਏਕੰਕਾਰਾ ਵਡ ਵਡਿਆਈਆ । ਨਿਰਮਲ ਨੂਰ ਜੋਤ ਬਬੇਕ, ਵਿਵੇਕੀ ਆਪਣੀ ਖੇਲ ਰਚਾਈਆ । ਤ੍ਰੈਗੁਣ ਮਾਇਆ ਨਾ ਲਾਏ ਸੇਕ, ਅਗਨੀ ਤੱਤ ਨਾ ਕੋਇ ਰਖਾਈਆ । ਦੂਸਰ ਰੱਖੇ ਨਾ ਕੋਈ ਟੇਕ,

ਇਸ਼ਟ ਦੇਵ ਨਾ ਕੋਇ ਮਨਾਈਆ । ਆਦਿ ਜੁਗਾਦਿ ਕਰੇ ਖੇਲ ਹਮੇਸ਼, ਨਿਤ ਨਵਿਤ ਵੇਸ ਵਟਾਈਆ । ਵਸਣਹਾਰਾ ਸਚਖੰਡ ਸਾਚੇ ਦੇਸ, ਸਚ ਸਿੰਘਾਸਣ ਸੋਭਾ ਪਾਈਆ । ਨਿਰਗੁਣ ਸਰਗੁਣ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਭਗਤ ਭਗਵੰਤ ਰਿਹਾ ਵੇਖ, ਨਿਰਗੁਣ ਦਾਤਾ ਬੇਪਰਵਾਹੀਆ । ਆਦਿ ਜੁਗਾਦਿ ਅਲਖਣਾ ਅਲੱਖ ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਆਦੇਸ, ਨਿਉਂ ਨਿਉਂ ਆਪਣਾ ਸੀਸ ਝੁਕਾਈਆ । ਲੇਖਾ ਜਾਣੇ ਗੁਰ ਅਵਤਾਰ ਪੀਰ ਪੈਗ਼ੰਬਰ ਔਲੀਏ ਸ਼ੇਖ਼, ਮੁਲਾਂ ਮੁਸਾਇਕ ਪਰਦਾ ਰਿਹਾ ਉਠਾਈਆ । ਪੰਡਤ ਪਾਂਧੇ ਦਸਤ ਬਦਸਤ ਵੇਖਣਹਾਰਾ ਰੇਖ, ਰੇਖਾ ਸਭ ਦੀ ਰਿਹਾ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਮਗਰੀ ਇਕ ਵਖਾਈਆ । ਸਚ ਸਮਗਰੀ ਸਾਚੀ ਰਾਸ, ਹਰਿ ਆਪਣੇ ਹੱਥ ਰਖਾਇੰਦਾ । ਨਿਰਗੁਣ ਜੋਤ ਨੂਰ ਪਰਕਾਸ਼, ਪਰਕਾਸ਼ਵਾਨ ਫੇਰਾ ਪਾਇੰਦਾ । ਲਹਿਣਾ ਦੇਣਾ ਤੋੜ ਲੱਖ ਆਕਾਸ਼ਾਂ ਆਕਾਸ਼, ਆਕਾਸ਼ਾਂ ਉਪਰ ਆਪਣਾ ਡੇਰਾ ਲਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਨਿਰਗੁਣ ਸਰਗੁਣ ਕਰ ਦਾਸੀ ਦਾਸ, ਸੇਵਕ ਸੇਵਾ ਸਚ ਸਮਝਾਇੰਦਾ । ਜੁਗ ਚੌਕੜੀ ਹੋਏ ਵਿਨਾਸ, ਥਿਰ ਕੋਇ ਰਹਿਣ ਨਾ ਪਾਇੰਦਾ । ਅੰਤਮ ਸੱਦੇ ਆਪਣੇ ਪਾਸ, ਧੁਰ ਫ਼ੁਰਮਾਣਾ ਹੁਕਮ ਜਣਾਇੰਦਾ । ਪਤ ਡਾਲ੍ਹੀ ਵੇਖਣਹਾਰਾ ਸ਼ਾਖ਼, ਫੁੱਲ ਫਲਵਾੜੀ ਫੋਲ ਫੁਲਾਇੰਦਾ । ਸੰਤ ਸੁਹੇਲੇ ਗੁਰੂ ਗੁਰ ਚੇਲੇ ਪਰਖਣਹਾਰਾ ਪਾਰਜਾਤ, ਪਰਮ ਪੁਰਖ ਪ੍ਰਭ ਦਇਆ ਕਮਾਇੰਦਾ । ਕਲਜੁਗ ਅੰਤਮ ਕੰਢੇ ਆਇਆ ਘਾਟ, ਘਾਟਾ ਸਭ ਦਾ ਪੂਰ ਕਰਾਇੰਦਾ । ਬਿਨ ਭਗਤਾਂ ਕਿਸੇ ਨਾ ਦੇਵੇ ਦਾਤ, ਲੱਖ ਚੁਰਾਸੀ ਖ਼ਾਲੀ ਹੱਥ ਫਿਰਾਇੰਦਾ । ਜੀਵ ਜੰਤ ਕੂੜੀ ਕਿਰਿਆ ਕਰੇ ਘਾਤ, ਘਾਓ ਇਕੋ ਨਾਮ ਲਗਾਇੰਦਾ । ਆਤਮ ਪਰਮਾਤਮ ਦੇਵਣਹਾਰਾ ਸੱਚਾ ਸਾਥ, ਸਗਲਾ ਸੰਗ ਆਪ ਹੋ ਜਾਇੰਦਾ । ਸ਼ਬਦ ਸਰੂਪੀ ਨਾਤਾ ਤੋੜੇ ਜ਼ਾਤ ਪਾਤ, ਆਤਮ ਬ੍ਰਹਮ ਇਕ ਸਮਝਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦਰਸ ਦਿਖਾਏ ਸਾਖਿਆਤ, ਸਖੀ ਸਰਵਰ ਰੂਪ ਧਰਾਇੰਦਾ । ਪਰਦਾ ਲਾਹੇ ਕਾਇਨਾਤ, ਮੁਖ ਨਕਾਬ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਰੇ ਪੁਰਖ ਸਮਰਥ, ਆਪਣੇ ਹੱਥ ਰੱਖੀ ਵਡਿਆਈਆ । ਲੋਕਮਾਤ ਨਿਰਗੁਣ ਧਾਰ ਕਰ ਪਰਗਟ, ਪਰਗਟ ਆਪਣਾ ਰੂਪ ਜਣਾਈਆ । ਲਹਿਣਾ ਦੇਣ ਚੁਕਾਏ ਚੌਦਾਂ ਤਬਕ ਚੌਦਾਂ ਹੱਟ, ਚੌਦਾਂ ਲੋਕ ਭੇਵ ਨਾ ਰਾਈਆ । ਤ੍ਰੈਗੁਣ ਮਾਇਆ ਮਾਰੇ ਸੱਟ, ਨਾਮ ਖੰਡਾ ਹੱਥ ਉਠਾਈਆ । ਪੰਜ ਵਿਕਾਰਾ ਮੇਟੇ ਫੱਟ, ਕਰੇ ਖੇਲ ਬੇਪਰਵਾਹੀਆ । ਨਿਰਗੁਣ ਮਾਰਗ ਨਿਰਗੁਣ ਦੱਸ, ਸਰਗੁਣ ਸਰਗੁਣ ਕਰੇ ਪੜ੍ਹਾਈਆ । ਗੁਰ ਅਵਤਾਰ ਕਰ ਕਰ ਵਸ, ਪੀਰ ਪੈਗ਼ੰਬਰ ਬੰਧਨ ਪਾਈਆ । ਕਲਜੁਗ ਅੰਤਮ ਖ਼ਾਲੀ ਕੀਤੇ ਸਭ ਦੇ ਹੱਥ, ਵਸਤ ਹੱਥ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਰਚਾਈਆ । ਸਾਚਾ ਖੇਲ ਰਚ ਕਰਤਾਰ, ਕੁਦਰਤ ਕਾਦਰ ਵੇਖ ਵਖਾਇੰਦਾ । ਕਲ ਕਲਕੀ ਲੈ ਅਵਤਾਰ, ਕਲਜੁਗ ਅੰਤਮ ਪਰਦਾ ਲਾਹਿੰਦਾ । ਨਿਰਗੁਣ ਨੂਰ ਨੂਰ ਉਜਿਆਰ, ਨਿਹਕਲੰਕਾ ਨਾਉਂ ਰਖਾਇੰਦਾ । ਅਮਾਮ ਅਮਾਮਾਂ ਵਡ ਸਿਕਦਾਰ, ਸ਼ਹਿਨਸ਼ਾਹ ਸ਼ਾਹ ਆਪ ਹੋ ਆਇੰਦਾ । ਮੁਕਾਮੇ ਹੱਕ ਕਰ ਗ਼ੁਫ਼ਤਾਰ, ਗ਼ੁਫ਼ਤ ਸ਼ਨੀਦ ਰੰਗ ਵਖਾਇੰਦਾ । ਹੱਕ ਹਕੀਕਤ ਪਾਵੇ ਸਾਰ, ਲਾਸ਼ਰੀਕ ਦਇਆ ਕਮਾਇੰਦਾ । ਸਚ ਤੌਫ਼ੀਕ ਇਕ ਨਿਰੰਕਾਰ, ਦੂਜਾ ਸੰਗ ਨਾ ਕੋਇ ਮਿਲਾਇੰਦਾ । ਪੀਰ ਪੈਗ਼ੰਬਰ ਕਰੇ ਖ਼ਬਰਦਾਰ, ਖ਼ਵਾਬ ਆਪਣਾ ਇਕੋ ਇਕ ਜਣਾਇੰਦਾ । ਗੁਰ ਅਵਤਾਰਾਂ ਦੇ ਆਧਾਰ, ਆਦਰਸ਼ ਆਪਣਾ ਇਕ ਵਖਾਇੰਦਾ । ਸਾਰੇ ਕਰੋ

੬੬
੧੩

ਇਕ ਸਵਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਇੰਦਾ । ਸਚ ਸਵਾਲ ਕਰੋ ਸਵਾਲੀ, ਹਰਿ ਸਤਿਗੁਰ ਆਪ ਜਣਾਈਆ । ਜਲਵਾ ਨੂਰ ਜੋਤ ਅਕਾਲੀ, ਨੂਰੋ ਨੂਰ ਨੂਰ ਰੁਸ਼ਨਾਈਆ । ਸ਼ਬਦ ਅਗੰਮੀ ਕਰੇ ਦਲਾਲੀ, ਨਿਰਗੁਣ ਦਾਤਾ ਵਡ ਵਡਿਆਈਆ । ਲੇਖਾ ਜਾਣੇ ਹੱਕ ਹਲਾਲੀ, ਹਕੀਕਤ ਆਪਣੇ ਵਿਚ ਛੁਪਾਈਆ । ਪਰਗਟ ਹੋਏ ਦੋ ਜਹਾਨਾਂ ਵਾਲੀ, ਦੋਏ ਦੋਏ ਆਪਣੀ ਧਾਰ ਜਣਾਈਆ । ਪੀਰ ਪੈਗ਼ੰਬਰ ਫਿਰਦੇ ਖ਼ਾਲੀ, ਖ਼ਾਲਕ ਖ਼ਲਕ ਦਏ ਵਖਾਈਆ । ਕਰੇ ਖੇਲ ਆਪ ਨਿਰਾਲੀ, ਨਿਰਗੁਣ ਆਪਣੀ ਧਾਰ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਕਰੇ ਪੜ੍ਹਾਈਆ । ਖ਼ਾਲੀ ਹੱਥ ਕਰਨ ਪੁਕਾਰ, ਨਾਅਰਾ ਇਕੋ ਇਕ ਲਗਾਈਆ । ਤੇਰਾ ਖੇਲ ਪਰਵਰਦਿਗਾਰ, ਬੇਪਰਵਾਹ ਨਜ਼ਰ ਨਾ ਆਈਆ । ਹੂ ਹੂ ਕਰਨ ਕਰ ਨਿਮਸਕਾਰ, ਕਰਤਾ ਕੀਮਤ ਕੋਇ ਨਾ ਪਾਈਆ । ਕੋਈ ਨਾ ਦਿਸੇ ਮਦਦਗਾਰ, ਮੁਸ਼ਕਲ ਹੱਲ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮਿਲੇ ਸਚ ਸੱਚੀ ਸਰਨਾਈਆ । ਲਾਸ਼ਰੀਕ ਪਰਵਰਦਿਗਾਰਾ, ਮਿਹਰਵਾਨ ਮਿਹਰਵਾਨ ਮਿਹਰਵਾਨ ਦਇਆ ਕਮਾਇੰਦਾ । ਪਰਗਟ ਹੋਇਆ ਏਕੰਕਾਰਾ, ਏਕਾ ਹੁਕਮ ਸੁਣਾਇੰਦਾ । ਰਲ ਮਿਲ ਗਾਓ ਸਾਚੀ ਵਾਰਾ, ਵਾਰਤਾ ਆਪਣੀ ਆਪ ਜਣਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਚਰਨ ਕਵਲ ਕਵਲ ਚਰਨ ਕਰੇ ਨਿਮਸਕਾਰਾ, ਨਿਉਂ ਨਿਉਂ ਏਕਾ ਘਰ ਵਖਾਇੰਦਾ । ਕਲਜੁਗ ਅੰਤਮ ਕਰੇ ਪਾਰ ਕਿਨਾਰਾ, ਅੱਧਵਿਚਕਾਰ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਰਨ ਇਕ ਜਣਾਇੰਦਾ । ਸਾਚੀ ਸਰਨ ਸ੍ਰੀ ਭਗਵਾਨ, ਦੂਸਰ ਓਟ ਨਾ ਕੋਇ ਰਖਾਈਆ । ਜੁਗ ਚੌਕੜੀ ਜੋ ਦੇਂਦਾ ਰਿਹਾ ਦਾਨ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਝੋਲੀ ਨਾਮ ਭਰਾਈਆ । ਜਿਸ ਦਾ ਦੱਸਦੇ ਗਏ ਨਿਸ਼ਾਨ, ਬੇਪਹਿਚਾਨ ਨਜ਼ਰ ਕਿਸੇ ਨਾ ਆਈਆ । ਸੋ ਕਲਜੁਗ ਅੰਤਮ ਪਰਗਟ ਹੋਇਆ ਵਿਚ ਜਹਾਨ, ਦੋ ਜਹਾਨਾਂ ਵਾਲੀ ਦਇਆ ਕਮਾਈਆ । ਸਤਿਜੁਗ ਸਾਚਾ ਮਾਰਗ ਦੱਸੇ ਆਣ, ਸਤਿ ਸਤਿਵਾਦੀ ਦਇਆ ਕਮਾਈਆ । ਰਲ ਮਿਲ ਸਾਰੇ ਆਤਮ ਪਰਮਾਤਮ ਪਰਮਾਤਮ ਆਤਮ ਢੋਲਾ ਗਾਓ ਸ੍ਰੀ ਭਗਵਾਨ, ਸੋ ਪੁਰਖ ਨਿਰੰਜਣ ਕਰੇ ਪੜ੍ਹਾਈਆ । ਹੰ ਬ੍ਰਹਮ ਪਾਰਬ੍ਰਹਮ ਪ੍ਰਭ ਮਿਲਿਆ ਆਣ, ਮਮਤਾ ਮੋਹ ਰਿਹਾ ਚੁਕਾਈਆ । ਸਚਖੰਡ ਨਿਵਾਸੀ ਹੋ ਪਰਧਾਨ, ਤਖ਼ਤ ਨਿਵਾਸੀ ਸਚ ਪਰਧਾਨਗੀ ਆਪ ਕਮਾਈਆ । ਦਰ ਦਰਬਾਰ ਕਰੋ ਸਲਾਮ, ਅਲੈਕਮ ਸਭ ਦੀ ਝੋਲੀ ਪਾਈਆ । ਮੰਤਰ ਸਿਖਿਆ ਸਤਿ ਨਾਮ, ਨਾਮ ਸਤਿ ਵੱਜੇ ਵਧਾਈਆ । ਰਸਨਾ ਜਿਹਵਾ ਗਾਏ ਕਲਾਮ, ਹਰਿ ਕਾ ਕਲਮਾ ਰਸਨਾ ਜਿਹਵਾ ਪੜ੍ਹਨ ਵਿਚ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਸਿਖਿਆ ਇਕ ਦ੍ਰਿੜਾਈਆ । ਸਾਚੀ ਸਿਖਿਆ ਨਿਰਗੁਣ ਸਰਗੁਣ ਮੀਤ, ਮੁਰੀਦ ਮੁਰਸ਼ਦ ਖੇਲ ਕਰਾਇੰਦਾ । ਸਾਚੀ ਸਿਖਿਆ ਪ੍ਰਭ ਚਰਨ ਪ੍ਰੀਤ, ਪਰਮ ਪੁਰਖ ਵੇਖ ਵਖਾਇੰਦਾ । ਸਾਚੀ ਸਿਖਿਆ ਮੇਲ ਮਿਲਾਏ ਇਕ ਅਤੀਤ, ਤ੍ਰੈਗੁਣ ਬੰਧਨ ਨਾ ਕੋਇ ਪਾਇੰਦਾ । ਸਾਚੀ ਸਿਖਿਆ ਲਹਿਣਾ ਦੇਣ ਚੁਕਾਏ ਹਸਤ ਕੀਟ, ਊਚ ਨੀਚ ਨਾ ਕੋਇ ਵਡਿਆਇੰਦਾ । ਸਾਚੀ ਸਿਖਿਆ ਦੇਵੇ ਧਾਮ ਅਨਡੀਠ, ਦਰਗਾਹ ਸਾਚੀ ਡੇਰਾ ਲਾਇੰਦਾ । ਸਾਚੀ ਸਿਖਿਆ ਦੇਵੇ ਬੀਠਲੋ ਬੀਠ, ਪਾਰਬ੍ਰਹਮ ਪ੍ਰਭ ਸਿਰ ਸਿਰ ਹੁਕਮ ਮਨਾਇੰਦਾ । ਰਲ ਮਿਲ ਸਾਰੇ ਗਾਓ ਇਕੋ ਗੀਤ, ਸੋਹੰ ਢੋਲਾ ਆਪ ਜਣਾਇੰਦਾ । ਨਾਤਾ ਤੁਟਣਾ ਮੰਦਰ ਮਸੀਤ, ਸ਼ਿਵਦਵਾਲਾ ਮੱਠ, ਬਿਨ

ਕਾਇਆ ਮੰਦਰ ਨਜ਼ਰ ਕੋਇ ਨਾ ਆਇੰਦਾ । ਪ੍ਰਭ ਪਰਖਣ ਆਇਆ ਲੱਖ ਚੁਰਾਸੀ ਨੀਤ, ਕਲਜੁਗ ਅੰਤਮ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾਇੰਦਾ । ਸਾਚੀ ਸਿਖਿਆ ਧੁਰ ਦਾ ਲੇਖਾ, ਲਿਖਤ ਵਿਚ ਕਦੇ ਨਾ ਆਈਆ । ਕੰਨ ਲਾ ਲਾ ਸੁਣੇ ਵਿਸ਼ਨ ਬ੍ਰਹਮਾ ਮਹੇਸ਼ ਗਣੇਸ਼ਾ, ਗਣਪਤ ਆਪਣਾ ਧਿਆਨ ਲਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਚਰਨ ਕਵਲ ਕਵਲ ਚਰਨ ਕਰਨ ਆਦੇਸਾ, ਦ੍ਰਿਸ਼ਟ ਇਸ਼ਟ ਨਾਲ ਮਿਲਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਕਰਦਾ ਆਇਆ ਆਪਣਾ ਪੇਸ਼ਾ, ਪੇਸ਼ੀਨਗੋਈ ਸਭ ਨੂੰ ਰਿਹਾ ਸੁਣਾਈਆ । ਕਲਜੁਗ ਅੰਤਮ ਸਭ ਤੋਂ ਮੰਗੇ ਲੇਖਾ, ਗੁਰ ਅਵਤਾਰ ਪੀਰ ਪੈਗ਼ੰਬਰ ਬਚਿਆ ਕੋਇ ਰਹਿਣ ਨਾ ਪਾਈਆ । ਜੁਗ ਚੌਕੜੀ ਖੇਲਦਾ ਆਇਆ ਖੇਡਾ, ਵਡ ਖਿਡਾਰੀ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਆਪ ਜਣਾਈਆ । ਖੇਲੇ ਖੇਡ ਏਕੰਕਾਰਾ, ਅਕਲ ਕਲਾ ਅਖਵਾਇੰਦਾ । ਸਚਖੰਡ ਨਿਵਾਸੀ ਕਰ ਪਸਾਰਾ, ਥਿਰ ਘਰ ਪਰਦਾ ਲਾਹਿੰਦਾ । ਸੁੰਨ ਅਗੰਮੀ ਹੋ ਉਜਿਆਰਾ, ਧੁਆਂਧਾਰ ਵੇਖ ਵਖਾਇੰਦਾ । ਸ਼ਬਦ ਅਨਾਦੀ ਬੋਲ ਜੈਕਾਰਾ, ਬ੍ਰਹਮ ਬ੍ਰਹਿਮਾਦੀ ਆਪ ਸੁਣਾਇੰਦਾ । ਮਾਤ ਪੂਤ ਬਣ ਲੇਖਾ ਜਾਣੇ ਸੁਤ ਦੁਲਾਰਾ, ਜਨ ਜਨਨੀ ਗੋਦ ਵਡਿਆਇੰਦਾ । ਸ਼ਬਦੀ ਸੁਤ ਦਏ ਹੁਲਾਰਾ, ਝੂਲਾ ਇਕੋ ਇਕ ਵਖਾਇੰਦਾ । ਵਸਤ ਅਮੋਲਕ ਭਰ ਭੰਡਾਰਾ, ਸਤਿ ਸਤਿਵਾਦੀ ਦਇਆ ਕਮਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਕਰ ਪਸਾਰਾ, ਤ੍ਰੈਗੁਣ ਨਾਤਾ ਜੋੜ ਜੋੜਾਇੰਦਾ । ਪੰਜ ਤੱਤ ਤੱਤ ਅਖਾੜਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਆਪਣਾ ਹੁਕਮ ਚਲਾਇੰਦਾ । ਲੱਖ ਚੁਰਾਸੀ ਕਰ ਪਸਾਰਾ, ਆਤਮ ਪਰਮਾਤਮ ਪਰਮਾਤਮ ਆਤਮ ਵੰਡ ਵੰਡਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਨਾਤਾ ਜੋੜ ਵਿਚ ਸੰਸਾਰਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਏਕਾ ਰੰਗ ਰੰਗਾਇੰਦਾ । ਆਦਿ ਅੰਤ ਸ੍ਰੀ ਭਗਵਾਨ ਪਾਵਣਹਾਰਾ ਸਭ ਦੀ ਸਾਰਾ, ਸਮਰਥ ਪੁਰਖ ਆਪਣਾ ਖੇਲ ਕਰਾਇੰਦਾ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਨਵ ਨੌਂ ਚਾਰ ਵੇਖਿਆ ਵਾਰੋ ਵਾਰਾ, ਵਾਰਤਾ ਆਪਣੇ ਨਾਮ ਅਲਾਇੰਦਾ । ਕਲਜੁਗ ਅੰਤਮ ਪਰਗਟ ਹੋ ਨਿਹਕਲੰਕ ਨਰਾਇਣ ਨਰ ਅਵਤਾਰਾ, ਨਾਮ ਡੰਕਾ ਇਕ ਵਜਾਇੰਦਾ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਲੋਕਮਾਤ ਖੋਲ੍ਹ ਸਚ ਦਵਾਰਾ, ਸਚਖੰਡ ਆਪਣਾ ਡੇਰਾ ਲਾਇੰਦਾ । ਜੋਤੀ ਜਾਤਾ ਪੁਰਖ ਬਿਧਾਤਾ ਨਿਰਗੁਣ ਨੂਰ ਕਰ ਉਜਿਆਰਾ, ਦੀਵਾ ਬਾਤੀ ਨਾ ਕੋਇ ਜਗਾਇੰਦਾ । ਖਾਣੀ ਬਾਣੀ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਨਾ ਕੋਇ ਸਹਾਰਾ, ਪੜ੍ਹ ਪੜ੍ਹ ਆਸ ਨਾ ਕੋਇ ਵਧਾਇੰਦਾ । ਆਪੇ ਵਸੇ ਸਭ ਤੋਂ ਬਾਹਰਾ, ਬੇਪਰਵਾਹ ਆਪਣਾ ਪਰਦਾ ਆਪ ਉਠਾਇੰਦਾ । ਕਲਜੁਗ ਅੰਤਮ ਪਾਰ ਕਿਨਾਰਾ, ਘਨੱਯਾ ਨੱਯਾ ਆਪ ਚਲਾਇੰਦਾ । ਸਾਚਾ ਸੱਯਾ ਪਰਵਰਦਿਗਾਰਾ, ਪਾਰਬ੍ਰਹਮ ਪ੍ਰਭ ਖੇਲ ਕਰਾਇੰਦਾ । ਜਨ ਭਗਤਾਂ ਦੇਵੇ ਇਕ ਸਹਾਰਾ, ਆਤਮ ਪਰਮਾਤਮ ਪਰਮਾਤਮ ਆਤਮ ਮੇਲ ਮਿਲਾਇੰਦਾ । ਸੋਹੰ ਸ਼ਬਦ ਸਚ ਜੈਕਾਰਾ, ਦੋ ਜਹਾਨਾਂ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਮਗਰੀ ਸਾਚੀ ਰਾਸ, ਆਦਿ ਜੁਗਾਦਿ ਰੱਖੇ ਪਾਸ, ਜਨ ਭਗਤਾਂ ਦੇਵੇ ਬਣ ਬਣ ਦਾਸੀ ਦਾਸ, ਸੇਵਕ ਆਪਣੀ ਸੇਵ ਕਮਾਇੰਦਾ । ਸੇਵਕ ਬਣ ਸ੍ਰੀ ਭਗਵਾਨ, ਜਗ ਚਾਕਰੀ ਜਗਤ ਕਮਾਈਆ । ਜਨ ਭਗਤਾਂ ਦੇਵੇ ਬ੍ਰਹਮ ਗਿਆਨ, ਬ੍ਰਹਮ ਵਿਦਿਆ ਇਕ ਪੜ੍ਹਾਈਆ । ਧਰਮ ਵਖਾਏ ਸਚ ਨਿਸ਼ਾਨ, ਦਰਗਾਹ ਸਾਚੀ ਆਪ ਉਠਾਈਆ । ਲੇਖਾ ਚੁਕੇ ਗੋਪੀ


੬੮
੧੩

ਕਾਹਨ, ਜਿਸ ਜਨ ਮਿਲੇ ਸੱਚਾ ਮਾਹੀਆ । ਜਨ ਭਗਤਾਂ ਦਰਸ ਦੇਵੇ ਦਰ ਦਰ ਆਣ, ਘਰ ਘਰ ਮੇਲਾ ਸਹਿਜ ਸੁਭਾਈਆ । ਜਗਤ ਨੇਤਰ ਨਾ ਸਕਣ ਪਛਾਣ, ਗੁਰ ਨੇਤਰ ਨਜ਼ਰ ਕਿਸੇ ਨਾ ਆਈਆ । ਸ੍ਰਿਸ਼ਟ ਸਬਾਈ ਹੋਈ ਹੈਰਾਨ, ਹਰਿ ਕਾ ਭੇਵ ਕੋਇ ਨਾ ਪਾਈਆ । ਪੜ੍ਹ ਪੜ੍ਹ ਥੱਕੇ ਜੀਵ ਜਹਾਨ, ਚੌਦਾਂ ਵਿਦਿਆ ਪਈ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੁਰਮੁਖ ਵਿਰਲੇ ਮੇਲੇ ਆਣ, ਪੂਰਬ ਲਹਿਣਾ ਜੁਗ ਜਨਮ ਦਾ ਦੇਣਾ ਕਰਮ ਕਾਂਡ ਨਿਹਕਰਮੀ ਨਿਰਗੁਣ ਲੇਖਾ ਦਏ ਮੁਕਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਸ਼ਵ ਆਪਣੀ ਧਾਰ ਚਲਾਈਆ ।



### ❈ ੮ ਮੱਘਰ ੨੦੧੯ ਬਿਕਰਮੀ ਨੌਰੰਗ ਸਿੰਘ ਦੇ ਗ੍ਰਿਹਿ ਪਿੰਡ ਦੱਯਾ ਜ਼ਿਲਾ ਗੁਰਦਾਸ ਪੁਰ ❈

ਸੋ ਪੁਰਖ ਨਿਰੰਜਣ ਸੋਚੇ ਆਪਣੀ ਸੋਚ, ਸੋਚ ਵਿਚ ਕਦੇ ਨਾ ਆਇੰਦਾ । ਆਦਿ ਜੁਗਾਦੀ ਨਿਰਮਲ ਜੋਤ, ਨੂਰ ਨੂਰਾਨਾ ਡਗਮਗਾਇੰਦਾ । ਵਸਣਹਾਰਾ ਸਚਖੰਡ ਸਾਚੇ ਕੋਟ, ਚਾਰ ਦੀਵਾਰ ਨਾ ਕੋਇ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਸੋਚ ਆਪ ਸਮਝਾਇੰਦਾ । ਸਾਚੀ ਸੋਚ ਸੋਚੇ ਹਰਿ, ਦੂਸਰ ਸੰਗ ਨਾ ਕੋਇ ਰਖਾਈਆ । ਨਿਰਭੌ ਚੁਕਾਏ ਭੈ ਡਰ, ਭੈ ਅਵਰ ਨਾ ਕੋਇ ਰਖਾਈਆ । ਸਚ ਮਹੱਲੇ ਆਪੇ ਚੜ੍ਹ, ਅਟੱਲ ਮਨਾਰ ਕਰੇ ਰੁਸ਼ਨਾਈਆ । ਦਰਗਾਹ ਸਾਚੀ ਨਿਰਗੁਣ ਖੜ, ਪਰਵਰਦਿਗਾਰ ਨੂਰ ਰੁਸ਼ਨਾਈਆ । ਸਚ ਸਿੰਘਾਸਣ ਬਹਿ ਬਹਿ ਦੇਵੇ ਵਰ, ਤਖ਼ਤ ਨਿਵਾਸੀ ਸੱਚਾ ਮਾਹੀਆ । ਅਕਲ ਕਲਾ ਕਲ ਖੇਲ ਕਰ, ਅਲੱਖ ਅਗੋਚਰ ਅਗੰਮ ਅਥਾਹ ਆਪਣੀ ਧਾਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਚ ਸੋਚ ਵਿਚ ਸਮਾਈਆ । ਸਾਚੀ ਸੋਚ ਸ੍ਰੀ ਭਗਵਾਨ, ਏਕਾ ਏਕ ਜਣਾਇੰਦਾ । ਆਦਿ ਜੁਗਾਦੀ ਨੌਜਵਾਨ, ਨਿਰਗੁਣ ਆਪਣਾ ਬਲ ਵਖਾਇੰਦਾ । ਸੋ ਪੁਰਖ ਨਿਰੰਜਣ ਹੋ ਪਰਧਾਨ, ਸਤਿ ਪਰਧਾਨਗੀ ਆਪ ਕਮਾਇੰਦਾ । ਹਰਿ ਪੁਰਖ ਨਿਰੰਜਣ ਦੇਵੇ ਦਾਨ, ਦਾਤਾ ਦਾਨੀ ਦਇਆ ਕਮਾਇੰਦਾ । ਏਕੰਕਾਰਾ ਖੇਲ ਮਹਾਨ, ਖੇਲਣਹਾਰਾ ਆਪ ਖਲਾਇੰਦਾ । ਆਦਿ ਨਿਰੰਜਣ ਨੂਰ ਮਹਾਨ, ਜੋਤੀ ਜਾਤਾ ਡਗਮਗਾਇੰਦਾ । ਅਬਿਨਾਸ਼ੀ ਕਰਤਾ ਸ਼ਾਹ ਸੁਲਤਾਨ, ਸਾਚੇ ਤਖ਼ਤ ਸੋਭਾ ਪਾਇੰਦਾ । ਸ੍ਰੀ ਭਗਵਾਨ ਹੁਕਮਰਾਨ, ਧੁਰ ਫ਼ਰਮਾਣਾ ਹੁਕਮ ਸੁਣਾਇੰਦਾ । ਪਾਰਬ੍ਰਹਮ ਆਪੇ ਜਾਣੇ ਆਪਣੀ ਆਨ, ਭਾਣੇ ਆਪਣੇ ਆਪ ਸਮਾਇੰਦਾ । ਸਚਖੰਡ ਨਿਵਾਸੀ ਥਿਰ ਘਰ ਦਵਾਰਾ ਖੋਲ੍ਹ ਦੁਕਾਨ, ਸਾਚਾ ਹੱਟ ਇਕ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੋਚ ਆਪਣੇ ਵਿਚ ਛੁਪਾਇੰਦਾ । ਸਾਚੀ ਸੋਚ ਸ੍ਰੀ ਭਗਵੰਤ, ਭੇਵ ਅਭੇਦ ਛੁਪਾਈਆ । ਨਿਰਗੁਣ ਨਿਰਗੁਣ ਨਾਰ ਕੰਤ , ਕੰਤ ਕੰਤੂਹਲ ਸੇਜ ਸੁਹਾਈਆ । ਪੁਰਖ ਅਕਾਲ ਬਣਾਏ ਬਣਤ, ਅਕਲ ਕਲ ਵਡ ਵਡਿਆਈਆ । ਸਚਖੰਡ ਦਵਾਰਾ ਧਾਮ ਸੁਹੰਤ, ਸੋਭਨੀਕ ਕਰੇ ਰੁਸ਼ਨਾਈਆ । ਲੇਖਾ ਜਾਣੇ ਜੁਗਾ ਜੁਗੰਤ, ਜੁਗ ਜੁਗ ਆਪਣਾ ਵੇਸ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੋਚ ਇਕ ਪਰਗਟਾਈਆ । ਸਾਚੀ ਸੋਚ ਹਰਿ ਨਿਰੰਕਾਰ, ਇਕ ਇਕੱਲਾ ਆਪ ਪਰਗਟਾਇੰਦਾ । ਸਚਖੰਡ ਨਿਵਾਸੀ ਹੋ ਤਿਆਰ, ਥਿਰ ਘਰ ਆਪਣਾ ਪਰਦਾ ਲਾਹਿੰਦਾ । ਮੁਕਾਮੇ ਹੱਕ ਖੋਲ ਕਵਾੜ, ਨੂਰੀ ਜਲਵਾ ਨੂਰ ਚਮਕਾਇੰਦਾ ।

ਲੇਖਾ ਜਾਣੇ ਧੁਰ ਦਰਬਾਰ, ਦਰ ਦਰਵਾਜਾ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੋਚ ਆਪਣੇ ਨਾਲ ਰਖਾਇੰਦਾ । ਸਾਚੀ ਸੋਚ ਆਪਣੇ ਨਾਲ ਰੱਖ, ਨਰ ਹਰਿ ਨਰਾਇਣ ਖੇਲ ਕਰਾਈਆ । ਆਦਿ ਆਦਿ ਹੋ ਪਰਤੱਖ, ਮਧ ਆਪਣੀ ਧਾਰ ਚਲਾਈਆ । ਨਿਰਗੁਣ ਨੂਰ ਕਰ ਪਰਗਟ, ਹਰ ਘਟ ਰਿਹਾ ਸਮਾਈਆ । ਸਤਿ ਸਤਿਵਾਦੀ ਸਤਿ ਪੁਰਖ ਨਿਰੰਜਣ ਆਪਣਾ ਮਾਰਗ ਆਪੇ ਦੱਸ, ਬਣ ਪਾਂਧੀ ਫੇਰਾ ਪਾਈਆ । ਕਰੇ ਖੇਲ ਪੁਰਖ ਸਮਰਥ, ਮਹਿਮਾਂ ਅਕੱਥ ਆਪ ਜਣਾਈਆ । ਚਲਾਵਣਹਾਰਾ ਸਾਚਾ ਰਥ, ਬਣ ਰਥਵਾਹੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਚ ਆਪਣੇ ਨਾਲ ਪਰਨਾਈਆ । ਸਾਚੀ ਸੋਚ ਜੁੜਿਆ ਨਾਤਾ, ਪੁਰਖ ਅਕਾਲ ਦਇਆ ਕਮਾਇੰਦਾ । ਨਿਰਗੁਣ ਖੇਲ ਖੇਲ ਤਮਾਸ਼ਾ, ਨਿਰਗੁਣ ਆਪਣਾ ਰੰਗ ਵਖਾਇੰਦਾ । ਨਿਰਗੁਣ ਮੰਦਰ ਨਿਰਗੁਣ ਕਰੇ ਨਿਵਾਸਾ, ਨਿਰਗੁਣ ਬਹਿ ਬਹਿ ਖ਼ੁਸ਼ੀ ਮਨਾਇੰਦਾ । ਨਿਰਗੁਣ ਜੋਤ ਨੂਰ ਪਰਕਾਸ਼ਾ, ਨਿਰਗੁਣ ਅੰਧ ਅੰਧੇਰ ਵਖਾਇੰਦਾ । ਨਿਰਗੁਣ ਰੱਖੇ ਡੂੰਘਾ ਖ਼ਾਤਾ, ਨਿਰਗੁਣ ਅਤੋਲ ਅਤੁਟ ਨਿਖੁਟ ਭੰਡਾਰ ਆਪ ਵਰਤਾਇੰਦਾ । ਨਿਰਗੁਣ ਦੇਵਣਹਾਰਾ ਦਾਤਾ, ਨਿਰਗੁਣ ਖ਼ਾਲੀ ਝੋਲੀ ਅੱਗੇ ਡਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਸੋਚ ਨਾ ਕਿਸੇ ਜਣਾਇੰਦਾ । ਸਾਚੀ ਸੋਚ ਕਿਸੇ ਨਾ ਦੱਸੇ, ਜੁਗ ਜੁਗ ਵੱਡੀ ਵਡਿਆਈਆ । ਸਚਖੰਡ ਦਵਾਰੇ ਆਪੇ ਵਸੇ, ਵਸਣਹਾਰਾ ਸੱਚਾ ਸ਼ਹਿਨਸ਼ਾਹੀਆ । ਆਪਣੇ ਪਿਆਰ ਅੰਦਰ ਆਪੇ ਫਸੇ, ਪ੍ਰੀਤਮ ਆਪਣਾ ਬੰਧਨ ਆਪੇ ਪਾਈਆ । ਆਪੇ ਦੋ ਜਹਾਨਾਂ ਉਠ ਉਠ ਨੱਸੇ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਵੱਲਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਵਸਣਹਾਰਾ ਨਿਹਚਲ ਧਾਮ ਅਟੱਲਾ, ਸਤਿ ਸਤਿਵਾਦੀ ਦਰਗਾਹ ਸਾਚੀ ਆਸਣ ਲਾਇੰਦਾ । ਆਦਿ ਜੁਗਾਦਿ ਜੁਗ ਜੁਗ ਅਛਲ ਅਛੱਲਾ, ਵਲ ਛਲ ਆਪਣੀ ਖੇਲ ਕਰਾਇੰਦਾ । ਜੋਤੀ ਸ਼ਬਦੀ ਆਪੇ ਰਲਾ, ਰਲ ਮਿਲ ਆਪਣਾ ਭੇਵ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਸਾਚਾ ਖੇਲ ਕਰੇ ਕਰਤਾਰਾ, ਕੁਦਰਤ ਕਾਦਰ ਵੇਖ ਵਖਾਈਆ । ਆਦਿ ਜੁਗਾਦੀ ਲੈ ਅਵਤਾਰਾ, ਜੁਗ ਜੁਗ ਵੇਸ ਵਟਾਈਆ । ਸ਼ਬਦ ਅਨਾਦੀ ਬੋਲ ਜੈਕਾਰਾ, ਬ੍ਰਹਮ ਬ੍ਰਹਿਮਾਦ ਕਰੇ ਸ਼ਨਵਾਈਆ । ਆਦਿ ਨਿਰੰਜਣ ਨੂਰ ਉਜਿਆਰਾ, ਜੋਤ ਨਿਰੰਜਣ ਡਗਮਗਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇ ਸਹਾਰਾ, ਤ੍ਰੈਗੁਣ ਬੰਧਨ ਏਕਾ ਪਾਈਆ । ਪੰਜ ਤੱਤ ਕਰੇ ਪਿਆਰਾ, ਤੱਤਵ ਤੱਤ ਨਾਲ ਸਮਾਈਆ । ਲੱਖ ਚੁਰਾਸੀ ਖੋਲ੍ਹ ਕਿਵਾੜਾ, ਉਤਭੁਜ ਸੇਤਜ ਜੇਰਜ ਅੰਡਜ ਆਪਣਾ ਰੰਗ ਰੰਗਾਈਆ । ਆਤਮ ਪਰਮਾਤਮ ਦੇ ਸਹਾਰਾ, ਸਗਲਾ ਸੰਗ ਰਖਾਈਆ । ਨਿਰਗੁਣ ਸਰਗੁਣ ਕਰ ਵਿਚਾਰਾ, ਨਿਰਗੁਣ ਆਪਣੀ ਕਲ ਪਰਗਟਾਈਆ । ਨਾਉਂ ਰੱਖ ਗੁਰ ਅਵਤਾਰਾ, ਗੁਰ ਗੁਰ ਆਪਣਾ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਪਰਵਰਦਿਗਾਰ, ਬੇਐਬ ਵੱਡੀ ਵਡਿਆਈਆ । ਨੂਰ ਇਲਾਹੀ ਹੋ ਉਜਿਆਰ, ਕਿਰਨ ਕਿਰਨ ਨਾਲ ਮਿਲਾਈਆ । ਸੂਰਜ ਚੰਦ ਰਵ ਸਸ ਪਾਵੇ ਸਾਰ, ਮੰਡਲ ਮੰਡਪ ਖੋਜ ਖੁਜਾਈਆ । ਲੋਕ ਪਰਲੋਕ ਦੇ ਆਧਾਰ, ਅਵਣ ਗਵਣ ਰਿਹਾ ਜਣਾਈਆ । ਤ੍ਰੈਭਵਣ ਖੇਲ ਅਪਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਆਪਣੇ ਹੱਥ ਰਖਾਈਆ । ਸਾਚਾ ਭੇਵ ਸ਼ਾਹ ਸੁਲਤਾਨ, ਸ਼ਹਿਨਸ਼ਾਹ ਆਪਣੇ

ਹੱਥ ਰਖਾਇੰਦਾ । ਸਤਿਜੁਗ ਤ੍ਰੇਤਾ ਦਵਾਪਰ ਕਰ ਪਰਵਾਨ, ਨਾਮ ਪਰਵਾਨਾ ਹੱਥ ਫੜਾਇੰਦਾ । ਜੁਗ ਚੌਕੜੀ ਹੋ ਮਿਹਰਵਾਨ, ਨਵ ਨੌਂ ਆਪਣੀ ਵੰਡ ਵੰਡਾਇੰਦਾ । ਚਾਰ ਚਾਰ ਕਰੇ ਕਲਿਆਣ, ਕਲ ਆਪਣੀ ਆਪ ਰਖਾਇੰਦਾ । ਪੰਚਮ ਪੰਚ ਦੇਵੇ ਮਾਣ, ਪੰਚਮ ਆਪਣਾ ਪਰਦਾ ਲਾਹਿੰਦਾ । ਛੇਵੇਂ ਛੱਪਰ ਛੰਨ ਨਾ ਕੋਇ ਮਕਾਨ, ਬੇਮੁਕਾਮ ਫੇਰਾ ਪਾਇੰਦਾ । ਸੱਤਵੇਂ ਸਤਿ ਸਤਿਵਾਦੀ ਨੌਜਵਾਨ, ਨਿਰਗੁਣ ਆਪਣਾ ਨਾਉਂ ਰਖਾਇੰਦਾ । ਅੱਠਾਂ ਤੱਤਾਂ ਕਰੇ ਕਲਿਆਣ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁੱਧ ਆਪਣੀ ਝੋਲੀ ਪਾਇੰਦਾ । ਨੌਂ ਦਵਾਰੇ ਦਰ ਖੋਲ੍ਹ ਦੁਕਾਨ, ਸ੍ਰਿਸ਼ਟ ਸਬਾਈ ਰਾਹ ਚਲਾਇੰਦਾ । ਦਸਵੇਂ ਖੇਲ ਸ੍ਰੀ ਭਗਵਾਨ, ਭਗਵਨ ਆਪਣਾ ਘਰ ਵਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਭੇਵ ਅਭੇਦਾ ਸਾਚੇ ਘਰ, ਘਰ ਮੰਦਰ ਆਪ ਸੁਹਾਈਆ । ਨਿਰਗੁਣ ਸਰਗੁਣ ਦੇਵੇ ਵਰ, ਸਰਗੁਣ ਨਿਰਗੁਣ ਦਇਆ ਕਮਾਈਆ । ਦਰਸ ਦਿਖਾਏ ਅੱਗੇ ਖੜ, ਜੋਤੀ ਜਾਤਾ ਨੂਰ ਰੁਸ਼ਨਾਈਆ । ਸੱਚੇ ਮੰਦਰ ਬਹੇ ਚੜ੍ਹ, ਹਰਿ ਮੰਦਰ ਕੁੰਡਾ ਲਾਹੀਆ । ਨੂਰ ਪਰਕਾਸ਼ ਏਕਾ ਕਰ, ਅੰਧ ਅੰਧੇਰ ਦਏ ਗਵਾਈਆ । ਬ੍ਰਹਮ ਪਾਰਬ੍ਰਹਮ ਪ੍ਰਭ ਲਏ ਫੜ, ਸੁਰਤੀ ਸ਼ਬਦ ਜੋੜ ਜੁੜਾਈਆ । ਕਾਇਆ ਮੰਦਰ ਘਾੜਨ ਘੜ, ਗੁਰ ਸਤਿਗੁਰ ਵੰਡ ਵੰਡਾਈਆ । ਇਕੋ ਅੱਖਰ ਦੇਵੇ ਵਰ, ਨਿਸ਼ਅੱਖਰ ਕਰੇ ਪੜ੍ਹਾਈਆ । ਸਤਿ ਸਰੂਪੀ ਬਾਹੋਂ ਫੜ, ਸੀਸ ਧੜ ਲੇਖ ਮੁਕਾਈਆ । ਪੰਚ ਵਿਕਾਰਾ ਤੋੜ ਗੜ੍ਹ, ਕੂੜੀ ਕਿਰਿਆ ਦਏ ਖਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਪੰਜ ਤੱਤ ਚੋਲਾ, ਕਾਇਆ ਮੰਦਰ ਆਪ ਸੁਹਾਇੰਦਾ । ਲੱਖ ਚੁਰਾਸੀ ਕੋਲੋਂ ਰੱਖੇ ਉਹਲਾ, ਪਰਦਾ ਦੂਈ ਨਾ ਕਿਸੇ ਉਠਾਇੰਦਾ । ਗੁਰ ਅਵਤਾਰ ਸੁਣਾਏ ਆਪਣਾ ਸੋਹਲਾ, ਸੋਹਲਾ ਇਕੋ ਨਾਮ ਜਣਾਇੰਦਾ । ਨਜ਼ਰੀ ਆਏ ਹਰਿ ਜੂ ਮੌਲਾ, ਮੌਲਾ ਆਪਣਾ ਰੂਪ ਵਟਾਇੰਦਾ । ਉਲਟਾ ਕਰੇ ਨਾਭ ਕੌਲਾ, ਕਵਲ ਨਾਭੀ ਆਪ ਭਵਾਇੰਦਾ । ਪੰਜ ਤੱਤ ਨਾ ਪਾਏ ਰੌਲਾ, ਕਾਮ ਕਰੋਧ ਲੋਭ ਮੋਹ ਹੰਕਾਰ ਨੇੜ ਨਾ ਆਇੰਦਾ । ਸਚ ਦਵਾਰਾ ਇਕੋ ਖੋਲ੍ਹਾ, ਗੁਰ ਅਵਤਾਰਾਂ ਆਪ ਵਖਾਇੰਦਾ । ਤੂੰ ਮੇਰਾ ਮੈਂ ਤੇਰਾ ਪੁਰਖ ਅਕਾਲ ਗਾਵੇ ਢੋਲਾ, ਦੂਜਾ ਰਾਗ ਨਾ ਕੋਇ ਸੁਣਾਇੰਦਾ । ਲੱਖ ਚੁਰਾਸੀ ਬਣਿਆ ਤੋਲਾ, ਨਾਮ ਕੰਡਾ ਹੱਥ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰਾਂ ਰੂਪ ਵਖਾਇੰਦਾ । ਗੁਰ ਅਵਤਾਰ ਆਪੇ ਬਣ, ਨਿਰਗੁਣ ਸਰਗੁਣ ਕਰੇ ਕੁੜਮਾਈਆ । ਲੇਖਾ ਜਾਣੇ ਜਨਨੀ ਜਨ, ਧੰਨ ਧੰਨ ਜਣੇਂਦੀ ਮਾਈਆ । ਏਕਾ ਰਾਗ ਸੁਣਾਏ ਕੰਨ, ਬਿਨ ਕੰਨਾਂ ਆਪੇ ਗਾਈਆ । ਭਾਂਡਾ ਭਰਮ ਭੌ ਪ੍ਰਭ ਦੇਵੇ ਭੰਨ, ਠੀਕਰ ਕੋਇ ਰਹਿਣ ਨਾ ਪਾਈਆ । ਕਰੇ ਪਰਕਾਸ਼ ਪੰਜ ਤੱਤ ਕਾਇਆ ਤਨ, ਅਗਨੀ ਤੱਤ ਦਏ ਬੁਝਾਈਆ । ਸਚਖੰਡ ਵਸਾਏ ਵਸੇਰਾ ਨਾ ਕੋਈ ਛੱਪਰ ਨਾ ਕੋਈ ਛੰਨ, ਸੂਰਜ ਚੰਦ ਨਾ ਕੋਇ ਰੁਸ਼ਨਾਈਆ । ਇੱਕ ਇਕੱਲਾ ਸ੍ਰੀ ਭਗਵਾਨ, ਸਚਖੰਡ ਬੈਠਾ ਡੇਰਾ ਲਾਈਆ । ਕੋਟਨ ਕੋਟ ਮੰਗਣ ਦਾਨ, ਨਿਉਂ ਨਿਉਂ ਸਜਦਾ ਸੀਸ ਝੁਕਾਈਆ । ਮਿਹਰਵਾਨ ਹੋ ਮਿਹਰਵਾਨ, ਮਿਹਬਾਨ ਬੀਦੋ ਬੀ ਖ਼ੈਰ ਯਾ ਅੱਲਾ, ਇਲਾਹੀ ਨੂਰ ਦਇਆ ਕਮਾਈਆ । ਪਰਵਰਦਿਗਾਰ ਇਕ ਇਕੱਲਾ, ਸਚ ਮਹੱਲਾ ਰਿਹਾ ਵਸਾਈਆ । ਪੀਰ ਪੈਗ਼ੰਬਰ ਫੜਾਏ ਪੱਲਾ, ਡੋਰੀ ਸ਼ਬਦੀ ਤੰਦ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪਣੇ ਹੱਥ ਰਖਾਈਆ । ਸਾਚੀ ਖੇਲ ਕਰਤਾ ਕਰਤਾਰ, ਕਰਨੀ ਆਪਣੇ ਹੱਥ ਰਖਾਇੰਦਾ । ਜੁਗ ਚੌਕੜੀ


੭੧
੧੩

ਕਰ ਵਿਹਾਰ, ਬਿਵਹਾਰੀ ਆਪਣੀ ਧਾਰ ਚਲਾਇੰਦਾ । ਨਿਰਗੁਣ ਸਰਗੁਣ ਲੈ ਅਵਤਾਰ, ਪੰਜ ਤੱਤ ਚੋਲਾ ਮਾਤ ਹੰਢਾਇੰਦਾ । ਸ਼ਬਦੀ ਸ਼ਬਦ ਬੋਲ ਜੈਕਾਰ, ਸ਼ਹਿਨਸ਼ਾਹ ਆਪਣਾ ਰਾਗ ਸੁਣਾਇੰਦਾ । ਲੇਖਾ ਲਿਖਤ ਲੇਖ ਅਪਾਰ, ਲਿਖ ਲਿਖ ਲੇਖਾ ਆਪ ਪਰਗਟਾਇੰਦਾ । ਵਿਸ਼ਨੂੰ ਵਿਸ਼ਵ ਕਰ ਵਿਚਾਰ, ਵਾਸਤਕ ਆਪਣੇ ਰੰਗ ਰੰਗਾਇੰਦਾ । ਬ੍ਰਹਮੇ ਖੋਲ੍ਹ ਇਕ ਕਵਾੜ, ਕੁੰਡਾ ਆਪਣੀ ਹੱਥੀਂ ਲਾਹਿੰਦਾ । ਠੋਕਰ ਦੇਵੇ ਨਾਮ ਮਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰਾਹ ਆਪ ਚਲਾਇੰਦਾ । ਸਾਚਾ ਰਾਹ ਚਲਾਏ ਆਪ, ਆਪਣੀ ਦਇਆ ਕਮਾਈਆ । ਆਦਿ ਪੁਰਖ ਬਣ ਬਣ ਮਾਈ ਬਾਪ, ਲੱਖ ਚੁਰਾਸੀ ਬਣਤ ਬਣਾਈਆ । ਵਿਸ਼ਨ ਬ੍ਰਹਮਾ ਦੇਵੇ ਦਾਤ, ਸ਼ੰਕਰ ਆਪਣਾ ਹੁਕਮ ਮਨਾਈਆ । ਆਤਮ ਪਰਮਾਤਮ ਓਅੰ ਸੋਹੰ ਸਤਿ ਸਰੂਪੀ ਸਾਚਾ ਜਾਪ, ਜਪਤ ਜਪਤ ਏਕਾ ਸੁਖ ਵਖਾਈਆ । ਈਸ਼ ਜੀਵ ਵਡ ਪਰਤਾਪ, ਵਡ ਪਰਤਾਪੀ ਪਰਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਸੋਚ ਨਾ ਕਿਸੇ ਜਣਾਈਆ । ਸੋਚਿਆਂ ਕਿਸੇ ਨਾ ਆਵੇ ਹੱਥ, ਗੁਰ ਅਵਤਾਰ ਧਿਆਨ ਲਗਾਇਆ । ਆਦਿ ਜੁਗਾਦੀ ਪੁਰਖ ਸਮਰਥ, ਸਚਖੰਡ ਬੈਠਾ ਡੇਰਾ ਲਾਇਆ । ਜੁਗ ਚੌਕੜੀ ਦੇਵਣਹਾਰਾ ਨਾਮ ਵੱਥ, ਵਸਤ ਅਮੋਲਕ ਇਕ ਵਰਤਾਇਆ । ਸਦਾ ਸੁਹੇਲਾ ਮਾਰਗ ਦੱਸ, ਲੋਕਮਾਤ ਰਾਹ ਚਲਾਇਆ । ਪੰਜ ਤੱਤ ਕਾਇਆ ਚੋਲੇ ਅੰਦਰ ਵਸ, ਜਗਤ ਲੇਖਾ ਰਿਹਾ ਮੁਕਾਇਆ । ਤ੍ਰੈਗੁਣ ਵਿਚ ਨਾ ਜਾਏ ਫਸ, ਮਮਤਾ ਮੋਹ ਨਾ ਕੋਇ ਵਧਾਇਆ । ਆਪਣਾ ਨਾਉਂ ਗਾਏ ਹੱਸ ਹੱਸ, ਸੋਹੰ ਹੰਸਾ ਰਾਗ ਅਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਸਾਚਾ ਹਰਿ, ਸਾਚੀ ਕਰਨੀ ਆਪ ਕਮਾਇਆ । ਸਾਚੀ ਕਰਨੀ ਕਰੇ ਗੋਬਿੰਦ, ਭੇਵ ਅਭੇਦ ਛੁਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਆਦਿ ਜੁਗਾਦਿ ਬਣਾਏ ਆਪਣੀ ਬਿੰਦ, ਪਿਤਾ ਪੂਤ ਲਾਡ ਲਡਾਈਆ । ਦੀਨ ਦਿਆਲ ਠਾਕਰ ਸਵਾਮੀ ਸਾਹਿਬ ਸੁਲਤਾਨ ਹੋਏ ਬਖ਼ਸ਼ੰਦ, ਬਖ਼ਸ਼ਿਸ਼ ਆਪਣੇ ਹੱਥ ਰਖਾਈਆ । ਜੋਧਾ ਸੂਰਬੀਰ ਵਡ ਮਰਗਿੰਦ, ਬਲ ਆਪਣਾ ਆਪ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੋਚ ਦਏ ਵਡਿਆਈਆ । ਸਾਚੀ ਸੋਚ ਸੋਚਣਹਾਰਾ, ਏਕੰਕਾਰਾ ਆਪ ਅਖਵਾਇੰਦਾ । ਜੁਗ ਚੌਕੜੀ ਕਰ ਵਿਹਾਰਾ, ਨਿਰਗੁਣ ਸਰਗੁਣ ਧਾਰ ਚਲਾਇੰਦਾ । ਬ੍ਰਹਿਮੰਡ ਖੰਡ ਜੇਰਜ ਅੰਡ ਵੇਖਣਹਾਰਾ, ਨੂਰ ਨੁਰਾਨਾ ਡਗਮਗਾਇੰਦਾ । ਸਚਖੰਡ ਨਿਵਾਸੀ ਪਰਵਰਦਿਗਾਰਾ, ਥਿਰ ਘਰ ਆਪਣਾ ਪਰਦਾ ਲਾਹਿੰਦਾ । ਸ਼ਬਦ ਅਗੰਮੀ ਸੁਤ ਦੁਲਾਰਾ, ਪੂਤ ਸਪੂਤਾ ਆਪ ਪਰਗਟਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰਾਏ ਵਣਜ ਵਪਾਰਾ, ਲੋਆਂ ਪੁਰੀਆਂ ਹੱਟ ਚਲਾਇੰਦਾ । ਚੌਦਾਂ ਲੋਕ ਦੇ ਸਹਾਰਾ, ਚੌਦਾਂ ਵਿਦਿਆ ਅੰਗ ਲਗਾਇੰਦਾ । ਚੌਦਾਂ ਤਬਕਾਂ ਪਾਵੇ ਸਾਰਾ, ਸਬਕ ਇਲਾਹੀ ਇਕ ਪੜ੍ਹਾਇੰਦਾ । ਲਹਿਣਾ ਦੇਣਾ ਜਾਣੇ ਸੂਰਜ ਚੰਦ ਸਤਾਰਾ, ਮੰਡਲ ਮੰਡਪ ਖੋਜ ਖੁਜਾਇੰਦਾ । ਨੂਰ ਇਲਾਹੀ ਹੋ ਉਜਿਆਰਾ, ਜੋਤੀ ਜੋਤ ਜੋਤ ਰੁਸ਼ਨਾਇੰਦਾ । ਲੇਖਾ ਜਾਣ ਧੁਰ ਦਰਬਾਰਾ, ਧੁਰ ਦੀ ਕਲ ਆਪ ਵਰਤਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਪਾਰ ਕਿਨਾਰਾ, ਕਲਜੁਗ ਅੰਤਮ ਵੇਖ ਵਖਾਇੰਦਾ । ਲਹਿਣਾ ਚੁਕਾਏ ਸ਼ਾਸਤਰ ਸਿਮਰਤ ਵੇਦ ਚਾਰਾ, ਚਾਰੇ ਖਾਣੀ ਚਾਰੇ ਬਾਣੀ ਪਰਦਾ ਲਾਹਿੰਦਾ । ਚਾਰ ਵਰਨ ਵੇਖੇ ਅਖਾੜਾ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਨਾਚ ਨਚਾਇੰਦਾ । ਚਾਰੋਂ ਕੁੰਟ ਖੇਲ ਨਿਆਰਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪ ਕਰਾਇੰਦਾ । ਕਲ ਕਲਕੀ ਲੈ ਅਵਤਾਰਾ, ਕਰੇ ਖੇਲ ਅਗੰਮ ਅਪਾਰਾ, ਬੇਪਰਵਾਹ ਨਜ਼ਰ ਕਿਸੇ ਨਾ ਆਇੰਦਾ ।


੭੨
੧੩

ਵੇਦ ਵਿਆਸ ਕਰੇ ਪਿਆਰਾ, ਪੂਤ ਸਪੂਤਾ ਦਏ ਸਹਾਰਾ, ਬ੍ਰਹਿਮਣ ਗੌੜਾ ਵੇਖ ਵਖਾਇੰਦਾ । ਮੂਸਾ ਡਿਗਾ ਮੂੰਹ ਦੇ ਭਾਰਾ, ਜਲਵਾ ਤੱਕਿਆ ਇਕ ਨਜ਼ਾਰਾ, ਬੇਨਜ਼ੀਰ ਆਪ ਵਖਾਇੰਦਾ । ਈਸਾ ਮੰਗੇ ਬਣ ਭਿਖਾਰਾ, ਕਿਰਪਾ ਕਰ ਪਰਵਰਦਿਗਾਰਾ, ਤੁਧ ਬਿਨ ਨਜ਼ਰ ਕੋਇ ਨਾ ਆਇੰਦਾ । ਮੁਹੰਮਦ ਰੋਵੇ ਜ਼ਾਰੋ ਜ਼ਾਰਾ, ਚੌਦਾਂ ਸਦੀਆਂ ਦੇ ਹੁਲਾਰਾ, ਚੌਦਾਂ ਤਬਕ ਤੇਰਾ ਕਿਨਾਰਾ, ਪਾਰ ਹੱਦ ਨਾ ਕੋਇ ਜਣਾਇੰਦਾ । ਨਾਤਾ ਜੁੜਿਆ ਚਾਰ ਯਾਰਾ, ਚਾਰੋਂ ਕੁੰਟ ਹੋਏ ਹਲਕਾਰਾ, ਇਜ਼ਰਾਈਲ ਜਬਰਾਈਲ ਮੇਕਾਈਲ ਅਸਰਾਫ਼ੀਲ ਹੁਕਮੀ ਹੁਕਮ ਮਨਾਇੰਦਾ । ਕਰੇ ਖੇਲ ਆਪ ਕਰਤਾਰਾ, ਅਮਾਮ ਅਮਾਮਾਂ ਸਚ ਸਿਕਦਾਰਾ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਸੋਚ ਆਪਣੇ ਹੱਥ ਰਖਾਇੰਦਾ । ਸਾਚੀ ਸੋਚ ਜੁਗ ਜੁਗ ਧਾਰ, ਨਿਰਗੁਣ ਨਿਰਗੁਣ ਆਪ ਚਲਾਈਆ । ਨਿਰਗੁਣ ਕਿਰਨ ਨਿਰਗੁਣ ਉਜਿਆਰ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਨਿਰਗੁਣ ਤੱਤ ਨਿਰਗੁਣ ਕਰੇ ਪਸਾਰ, ਨਿਰਗੁਣ ਨਿਰਗੁਣ ਵੇਖੇ ਚਾਈਂ ਚਾਈਆ । ਨਿਰਗੁਣ ਨਾਨਕ ਦੇਵੇ ਇਕ ਆਧਾਰ, ਅਦਰ ਉਦਰ ਨਾ ਫੇਰਾ ਪਾਈਆ । ਕਾਇਆ ਚੋਲਾ ਵਿਚ ਸੰਸਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਅਪਣੇ ਵਿਚ ਰਖਾਈਆ । ਭੇਵ ਅਭੇਦਾ ਪਾਰਬ੍ਰਹਮ, ਪ੍ਰਭ ਆਪਣੇ ਵਿਚ ਰਖਾਇੰਦਾ । ਆਦਿ ਜੁਗਾਦਿ ਨਾ ਪਏ ਜੰਮ, ਜਨਮ ਮਰਨ ਵਿਚ ਨਾ ਆਇੰਦਾ । ਜੁਗ ਚੌਕੜੀ ਜਾਣੇ ਕੰਮ, ਨਿਹਕਰਮੀ ਕਰਮ ਕਮਾਇੰਦਾ । ਪਵਣ ਸਵਾਸ ਨਾ ਲਏ ਦੰਮ, ਰਸਨਾ ਜਿਹਵਾ ਨਾ ਕੋਇ ਹਿਲਾਇੰਦਾ । ਕਿਸੇ ਨਾ ਵਸੇ ਛੱਪਰ ਛੰਨ, ਚਾਰ ਦੀਵਾਰੀ ਬੰਦ ਨਾ ਕੋਇ ਵਖਾਇੰਦਾ । ਸਾਚੇ ਤਖ਼ਤ ਬਹੇ ਸ੍ਰੀ ਭਗਵਨ, ਸਚਖੰਡ ਸਾਚੇ ਸੋਭਾ ਪਾਇੰਦਾ । ਲਹਿਣਾ ਦੇਣਾ ਮੁਕਾਏ ਸੂਰਜ ਚੰਨ, ਤਾਰਾ ਮੰਡਪ ਆਪਣੀ ਗੋਦ ਬਹਾਇੰਦਾ । ਨੂਰ ਇਲਾਹੀ ਇਕ ਸੁਣਾਏ ਰਾਗ ਕੰਨ, ਕਾਇਨਾਤ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਮੰਤਰ ਇਕ ਸਮਝਾਇੰਦਾ । ਸਾਚਾ ਮੰਤਰ ਸਤਿ ਨਾਮ, ਸਤਿ ਸਤਿ ਕਰੀ ਜਣਾਈਆ । ਨਿਰਗੁਣ ਨਾਨਕ ਇਕ ਪੈਗ਼ਾਮ, ਪੀਰ ਪੈਗ਼ੰਬਰ ਰਿਹਾ ਸੁਣਾਈਆ । ਆਦਿ ਜੁਗਾਦੀ ਸਾਚਾ ਰਾਮ, ਰਮਿਆ ਹਰ ਘਟ ਠਾਈਆ । ਨਿਰਗੁਣ ਦਾਤਾ ਇਕੋ ਕਾਹਨ, ਲੱਖ ਚੁਰਾਸੀ ਗੋਪੀ ਰਿਹਾ ਹੰਢਾਈਆ । ਜੁਗ ਚੌਕੜੀ ਬਦਲਣਹਾਰ ਨਜ਼ਾਮ, ਲੇਖਾ ਜਾਣੇ ਥਾਉਂ ਥਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇਵੇ ਦਾਨ, ਦਾਤਾ ਦਾਨੀ ਆਪਣੀ ਵਸਤ ਵਰਤਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਪੰਜ ਤੱਤ ਮੇਲਾ ਮੇਲੇ ਆਣ, ਲੋਕਮਾਤ ਵੱਜੇ ਵਧਾਈਆ । ਸਚ ਵਖਾਏ ਇਕ ਨਿਸ਼ਾਨ, ਨਿਸ਼ਾਨਾ ਆਪਣੇ ਹੱਥ ਉਠਾਈਆ । ਸ੍ਰਿਸ਼ਟ ਸਬਾਈ ਹੋਈ ਅੰਞਾਣ, ਹਰਿ ਕਾ ਭੇਵ ਕੋਇ ਨਾ ਪਾਈਆ । ਪੜ੍ਹ ਪੜ੍ਹ ਥੱਕੇ ਜੀਵ ਜਹਾਨ, ਜੀਵਣ ਜੁਗਤ ਨਾ ਕਿਸੇ ਜਣਾਈਆ । ਸੁਣ ਸੁਣ ਥੱਕੇ ਝੂਠੇ ਕਾਨ, ਅਨਹਦ ਰਾਗ ਨਾ ਕੋਇ ਸ਼ਨਵਾਈਆ । ਪੀ ਪੀ ਥੱਕੀ ਰਸਨਾ ਜਾਮ, ਅੰਮਿਉਂ ਰਸ ਨਾ ਕੋਇ ਚੁਆਈਆ । ਚਲਾ ਚਲਾ ਥੱਕੇ ਸ਼ਸਤਰ ਬਾਣ, ਤੀਰ ਨਿਰਾਲਾ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੋਚ ਨਾ ਕਿਸੇ ਦ੍ਰਿੜਾਈਆ । ਸਾਚੀ ਸੋਚ ਏਕੰਕਾਰ, ਨਿਰਗੁਣ ਆਪਣੇ ਹੱਥ ਰਖਾਇੰਦਾ । ਨਾਨਕ ਨਿਰਗੁਣ ਦੇ ਆਧਾਰ, ਸਰਗੁਣ ਨਾਨਕ ਆਪ ਪੜ੍ਹਾਇੰਦਾ । ਸਚਖੰਡ ਨਿਵਾਸੀ ਖੇਲ ਅਪਾਰ, ਪੁਰਖ ਅਬਿਨਾਸ਼ੀ ਵੇਖ ਵਖਾਇੰਦਾ । ਬ੍ਰਹਿਮੰਡਾਂ ਖੰਡਾਂ ਵਸਿਆ ਬਾਹਰ, ਲੋਕਮਾਤ ਰਾਹ ਚਲਾਇੰਦਾ । ਜਗਤ ਉਦਾਸੀ ਭੇਖ ਨਿਆਰ, ਭੇਖੀ ਆਪਣਾ ਰੰਗ ਰੰਗਾਇੰਦਾ ।

ਸ਼ਬਦ ਅਗੰਮੀ ਇਕ ਸਤਾਰ, ਬਿਨ ਤੰਦੀ ਤੰਦ ਵਜਾਇੰਦਾ । ਦਿਵਸ ਰੈਣ ਕਰੇ ਗ਼ੁਫ਼ਤਾਰ, ਰਸਨਾ ਜਿਹਵਾ ਨਾ ਕੋਇ ਹਿਲਾਇੰਦਾ । ਸਚ ਸੰਦੇਸ਼ਾ ਦਿਤਾ ਅੰਤਮ ਵਾਰ, ਅੰਤ ਭਗਵੰਤ ਖੇਲ ਕਰਾਇੰਦਾ । ਕਲਜੁਗ ਪਰਗਟ ਹੋਵੇ ਨਿਹਕਲੰਕ ਨਰਾਇਣ ਨਰ ਅਵਤਾਰ, ਜਿਸ ਦਾ ਭੇਵ ਕੋਇ ਨਾ ਪਾਇੰਦਾ । ਆਪੇ ਸੋਚ ਕਰੇ ਸਰਬ ਸੰਸਾਰ, ਪਿਛਲੀ ਸੋਚ ਸਰਬ ਗਵਾਇੰਦਾ । ਜਿਸ ਦੇ ਦਰਸ਼ਨ ਰਹੇ ਲੋਚ ਪੀਰ ਪੈਗ਼ੰਬਰ ਗੁਰ ਅਵਤਾਰ, ਸਭ ਦੀ ਲੋਚਾ ਪੂਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੋਚ ਇਕ ਰਖਾਇੰਦਾ । ਸਾਚੀ ਸੋਚ ਸ਼ਬਦੀ ਸੁਤ, ਸੁਤ ਦੁਲਾਰੇ ਹੱਥ ਫੜਾਈਆ । ਕਲਜੁਗ ਅੰਤ ਸੁਹੌਣੀ ਰੁੱਤ, ਰੁਤ ਰੁੱਤੜੀ ਮਾਤ ਮਹਿਕਾਈਆ । ਨਾ ਕੋਈ ਕਾਇਆ ਨਾ ਕੋਈ ਬੁੱਤ, ਰੂਹ ਕਲਬੂਤ ਨਾ ਵੰਡ ਵੰਡਾਈਆ । ਆਪਣੀ ਧਾਰੋਂ ਆਪੇ ਉਠ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੋਚ ਰਿਹਾ ਸਮਝਾਈਆ । ਸਾਚੀ ਸੋਚ ਸੋਚਣ ਆਇਆ, ਨਿਹਕਲੰਕ ਨਰ ਨਰਾਇਣ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਵੇਖਣ ਆਇਆ, ਨਿਰਗੁਣ ਨਿਰਗੁਣ ਖੋਲ੍ਹ ਆਪਣਾ ਨੈਣ । ਜਗਤ ਲਹਿਣਾ ਮੇਟਣ ਆਇਆ, ਨਾਤਾ ਤੋੜੇ ਕੂੜਾ ਸਾਕ ਸੱਜਣ ਸੈਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੋ ਜਹਾਨ ਵਹਾਏ ਵਹਿਣ । ਸਾਚੀ ਸੋਚ ਇਕੋ ਆਸ, ਆਸਾ ਸਭ ਦੀ ਪੂਰ ਕਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਪੁਰਖ ਅਕਾਲ ਸੱਦੇ ਪਾਸ, ਸੱਦਾ ਆਪਣਾ ਨਾਮ ਦਿਵਾਈਆ । ਸਿਫ਼ਤ ਸਾਲਾਹੀ ਬੇਪਰਵਾਹ ਵੇਖੇ ਖੇਲ ਤਮਾਸ਼, ਖ਼ਾਲਕ ਖ਼ਲਕ ਰੂਪ ਵਟਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਜੁਗ ਕਰਤਾ ਕਦੇ ਨਾ ਹੋਏ ਨਾਸ, ਅਬਿਨਾਸ਼ੀ ਆਪਣਾ ਰਾਹ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਸੋਚ ਆਪੇ ਰਿਹਾ ਪਰਗਟਾਈਆ । ਅੰਤਮ ਸੋਚ ਕਰੇ ਪਰਗਟ, ਪਰਗਟ ਆਪਣਾ ਖੇਲ ਕਰਾਇੰਦਾ । ਲਹਿਣਾ ਮੁਕਾਏ ਚੌਦਾਂ ਲੋਕ ਹੱਟ, ਹੱਟ ਹਟਵਾਣਾ ਫੇਰਾ ਪਾਇੰਦਾ । ਚੌਦਾਂ ਤਬਕ ਆਪਣੇ ਖਾਤੇ ਲਏ ਘੱਤ, ਖ਼ਾਤਾ ਪਿਛਲਾ ਆਪ ਮੁਕਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦਰ ਦਵਾਰੇ ਏਕਾ ਰੱਖ, ਏਕਾ ਘਰ ਬਹਾਇੰਦਾ । ਸਾਚਾ ਮਾਰਗ ਸਤਿ ਸਤਿਵਾਦੀ ਦੇਵੇ ਦੱਸ, ਦਹਿ ਦਿਸ਼ਾ ਵੰਡ ਵੰਡਾਇੰਦਾ । ਬ੍ਰਹਿਮੰਡ ਖੰਡ ਪੰਧ ਮੁਕਾਏ ਨੱਸ ਨੱਸ, ਲੋਅ ਪੁਰੀਆਂ ਚਰਨਾਂ ਹੇਠ ਦਬਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਗਾਇਣ ਜਸ, ਜਸ ਵੇਦ ਪੁਰਾਨ ਕਿਸੇ ਹੱਥ ਨਾ ਆਇੰਦਾ । ਆਦਿ ਜੁਗਾਦੀ ਸ਼ਬਦ ਅਨਾਦੀ ਮਹਿਮਾਂ ਅਕਥ, ਕਥਨੀ ਕਥ ਨਾ ਕੋਇ ਸੁਣਾਇੰਦਾ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਜੁਗ ਚੌਕੜੀ ਚਲੌਂਦਾ ਆਇਆ ਰਥ, ਬਣ ਰਥਵਾਹੀ ਸੇਵ ਕਮਾਇੰਦਾ । ਕਲਜੁਗ ਅੰਤਮ ਨਿਰਗੁਣ ਜੋਤ ਕਰ ਪਰਕਾਸ਼, ਨਿਹਕਲੰਕਾ ਨਾਉਂ ਰਖਾਇੰਦਾ । ਸੰਬਲ ਨਗਰੀ ਰੱਖੇ ਵਾਸ, ਗੋਬਿੰਦ ਮੇਲਾ ਇਕ ਮਿਲਾਇੰਦਾ । ਆਪੇ ਬੈਠਾ ਆਪਣੇ ਘਾਟ, ਪੱਤਣ ਨਜ਼ਰ ਕਿਸੇ ਨਾ ਆਇੰਦਾ । ਗੁਰ ਅਵਤਾਰਾਂ ਪੁੱਛਣਹਾਰਾ ਵਾਤ, ਪਿਛਲੀ ਵਾਰਤਾ ਆਪ ਮੁਕਾਇੰਦਾ । ਪੀਰ ਪੈਗ਼ੰਬਰਾਂ ਤੋੜੇ ਨਾਤ, ਨਾਤਾ ਬਿਧਾਤਾ ਆਪਣੇ ਨਾਲ ਜੁੜਾਇੰਦਾ । ਚੌਦਾਂ ਤਬਕ ਵੇਖੇ ਖਾਤ, ਨਾਜ਼ਲ ਵਹੀ ਨਾ ਕੋਇ ਵਖਾਇੰਦਾ । ਰਲ ਮਿਲ ਪੜ੍ਹੋ ਇਕ ਜਮਾਤ, ਦੂਜਾ ਅੱਖਰ ਨਾ ਕੋਇ ਸਿਖਾਇੰਦਾ । ਅਲਫ਼ ਯੇ ਹੋਈ ਵਫ਼ਾਤ, ਫ਼ਾਤਿਆ ਸਭ ਦਾ ਆਪ ਪੜ੍ਹਾਇੰਦਾ । ਇਕ ਸੁਣਾਏ ਬਾਤਨ ਬਾਤ, ਬੈਤੁਲ ਆਪਣਾ ਘਰ ਵਖਾਇੰਦਾ । ਨਿਰਗੁਣ ਨੂਰ ਇਕ ਮਹਿਤਾਬ, ਆਫ਼ਤਾਬ ਆਪ ਰੁਸ਼ਨਾਇੰਦਾ । ਸਚ ਸੁਲਤਾਨਾ ਹੱਕ ਜਨਾਬ, ਹਕੀਕਤ ਪਰਦਾ ਆਪੇ ਲਾਹਿੰਦਾ । ਵਡ ਅਮਾਮ ਕਰੋ ਆਦਾਬ, ਅਦਬ

ਇਕੋ ਇਕ ਸਮਝਾਇੰਦਾ । ਜੁਗ ਚੌਕੜੀ ਕਦੇ ਨਾ ਭੁੱਲੇ ਯਾਦ, ਯਾਦਾਸਤ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੋਚ ਆਪ ਰਖਾਇੰਦਾ । ਸਾਚੀ ਸੋਚ ਇਕ ਨਿਰੰਕਾਰ, ਆਪਣੇ ਹੱਥ ਰਖਾਈਆ । ਜੁਗ ਜੁਗ ਬੇੜਾ ਕਰੇ ਪਾਰ, ਬੇੜਾ ਆਪਣੇ ਕੰਧ ਉਠਾਈਆ । ਬੇਅੰਤ ਬੇਅੰਤ ਬੇਅੰਤ ਕਹਿਣ ਸਰਬ ਪੁਕਾਰ, ਅੰਤ ਕਹਿਣ ਕੋਇ ਨਾ ਆਈਆ । ਦੋਏ ਦੋਏ ਜੋੜ ਕਰਨ ਨਿਮਸਕਾਰ, ਨਿਉਂ ਨਿਉਂ ਆਪਣਾ ਸੀਸ ਝੁਕਾਈਆ । ਸਚਖੰਡ ਵਸੇ ਏਕੰਕਾਰ, ਇਕ ਇਕੱਲਾ ਸੱਚਾ ਮਾਹੀਆ । ਲੇਖਾ ਜਾਣੇ ਤੇਈ ਅਵਤਾਰ, ਭਗਤ ਅਠਾਰਾਂ ਸੰਗ ਮਿਲਾਈਆ । ਈਸਾ ਮੂਸਾ ਸੰਗ ਮੁਹੰਮਦ ਖੋਲ੍ਹ ਕਵਾੜ, ਨੇਤਰ ਨੈਣ ਨੈਣ ਦਰਸਾਈਆ । ਨਾਨਕ ਗੋਬਿੰਦ ਸਾਚੀ ਕਾਰ, ਪੁਰਖ ਅਕਾਲ ਆਪ ਕਮਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਦੇ ਅਧਾਰ, ਖਾਣੀ ਬਾਣੀ ਵੰਡ ਵੰਡਾਈਆ । ਕਲਜੁਗ ਅੰਤਮ ਵੇਖੇ ਵੇਖਣਹਾਰ, ਵੇਖਣਹਾਰਾ ਇਕ ਅਖਵਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਬਣ ਬਰਦੇ ਮੰਗਦੇ ਗਏ ਭਿਖਾਰ, ਭਿਖਕ ਆਪਣੀ ਝੋਲੀ ਡਾਹੀਆ । ਕਲਜੁਗ ਅੰਤਮ ਪਰਗਟ ਹੋਵੇ ਮਹਾਂਬਲੀ ਅਵਤਾਰ, ਬਲ ਆਪਣਾ ਆਪ ਜਣਾਈਆ । ਪਿਛਲੀ ਸੋਚ ਕਰੇ ਕਰਤਾਰ, ਕੀਤਾ ਕੌਲ ਭੁੱਲ ਨਾ ਜਾਈਆ । ਕਲਜੁਗ ਕੂੜੀ ਕਿਰਿਆ ਕਰੇ ਪਾਰ, ਜੂਠ ਝੂਠ ਦਏ ਮਿਟਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਊਚ ਨੀਚ ਰਾਉ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਦੇਵੇ ਇਕ ਆਧਾਰ, ਜ਼ਾਤ ਪਾਤ ਨਾ ਕੋਇ ਰਖਾਈਆ । ਆਤਮ ਪਰਮਾਤਮ ਬ੍ਰਹਮ ਪਾਰਬ੍ਰਹਮ ਸ਼ਬਦ ਅਨਾਦ ਸੁਣਾਏ ਜੈਕਾਰ, ਜੈ ਜੈਕਾਰ ਕਰੇ ਲੋਕਾਈਆ । ਢੋਲਾ ਸੋਹਲਾ ਏਕਾ ਵਾਰ, ਗੀਤ ਗੋਬਿੰਦ ਆਪ ਅਲਾਈਆ । ਨਬੀ ਰਸੂਲਾਂ ਕਰੇ ਖ਼ਬਰਦਾਰ, ਕਲਮਾ ਅਮਾਮ ਇਕ ਪੜ੍ਹਾਈਆ । ਸਚ ਸੰਦੇਸ਼ਾ ਦੇਵੇ ਆਣ, ਦੇਸ ਪਰਦੇਸਾਂ ਫੇਰਾ ਪਾਈਆ । ਏਕਾ ਇਸ਼ਟ ਸ੍ਰੀ ਭਗਵਾਨ, ਦ੍ਰਿਸ਼ਟ ਸਭ ਦੀ ਦਏ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਇਕੋ ਸੋਚ ਦਏ ਵਡਿਆਈਆ । ਇਕੋ ਸੋਚ ਹਰਿ ਹਰਿ ਧਾਰ, ਹਰਿ ਦਾਤਾ ਆਪ ਪਰਗਟਾਇੰਦਾ । ਸਚਖੰਡ ਦਵਾਰਾ ਖੋਲ੍ਹ ਕਵਾੜ, ਲੋਕਮਾਤ ਰੰਗ ਰੰਗਾਇੰਦਾ । ਭਗਤ ਭਗਵੰਤ ਕਰ ਤਿਆਰ, ਤ੍ਰੈਗੁਣ ਅਤੀਤਾ ਮੇਲ ਮਿਲਾਇੰਦਾ । ਠਾਂਡਾ ਸੀਤਾ ਪਾਵੇ ਸਾਰ, ਸਾਜਣ ਮੀਤਾ ਅੰਗ ਲਗਾਇੰਦਾ । ਚਰਨ ਪ੍ਰੀਤਾ ਵਿਚ ਸੰਸਾਰ, ਸਾਚੀ ਰੀਤਾ ਆਪ ਰਖਾਇੰਦਾ । ਮੰਦਰ ਮਸੀਤਾ ਪਾਰ ਕਿਨਾਰ, ਸਤਿਜੁਗ ਸਾਚਾ ਰਾਹ ਜਣਾਇੰਦਾ । ਊਚਾਂ ਨੀਚਾਂ ਇਕ ਵਿਹਾਰ, ਜ਼ਾਤ ਪਾਤ ਨਾ ਵੰਡ ਵੰਡਾਇੰਦਾ । ਸਚ ਬਗ਼ੀਚਾ ਖਿੜੇ ਗ਼ੁਲਜ਼ਾਰ, ਗੁਲਸ਼ਨ ਆਪਣੇ ਗੁਲ ਮਹਿਕਾਇੰਦਾ । ਰਸਨਾ ਜਿਹਵਾ ਗਾਏ ਇਕ ਜੈਕਾਰ, ਸੋਹੰ ਢੋਲਾ ਆਪ ਸੁਣਾਇੰਦਾ । ਆਤਮ ਪਰਮਾਤਮ ਕਰੇ ਪਿਆਰ, ਪਰਮ ਪੁਰਖ ਮੇਲ ਮਿਲਾਇੰਦਾ । ਕੂੜੀ ਕਿਰਿਆ ਮੇਟੇ ਛਾਰ, ਝੂਠੀ ਖੇਹ ਨਾ ਕੋਇ ਉਡਾਇੰਦਾ । ਸਚ ਸੁੱਚ ਕਰੇ ਪਿਆਰ, ਸਤਿ ਸਤਿ ਆਪਣਾ ਰੰਗ ਰੰਗਾਇੰਦਾ । ਕਾਗਦ ਕਲਮ ਨਾ ਪਾਏ ਸਾਰ, ਸ਼ਾਹੀ ਲੇਖ ਨਾ ਕੋਇ ਜਣਾਇੰਦਾ । ਪੁਰਖ ਅਬਿਨਾਸ਼ੀ ਹੋ ਤਿਆਰ, ਪਰਮ ਪੁਰਖ ਦਇਆ ਕਮਾਇੰਦਾ । ਜਨ ਭਗਤਾਂ ਖੋਲ੍ਹੇ ਬੰਦ ਕਵਾੜ, ਬਜ਼ਰ ਕਪਾਟੀ ਕੁੰਡਾ ਲਾਹਿੰਦਾ । ਮੇਟ ਮਿਟਾਏ ਪੰਚਮ ਧਾੜ, ਪੰਚਮ ਨਾਤਾ ਤੋੜ ਤੁੜਾਇੰਦਾ । ਨਿਰਮਲ ਜੋਤੀ ਕਰ ਉਜਿਆਰ, ਇਕ ਇਕਲੋਤੀ ਮੇਲ ਮਿਲਾਇੰਦਾ । ਸੋਈ ਸੁਰਤੀ ਲਏ ਉਠਾਲ, ਅਕਾਲ ਮੂਰਤੀ ਵੇਖ ਵਖਾਇੰਦਾ । ਸਤਿਗੁਰ ਸੱਚਾ ਹੋਏ ਦਿਆਲ, ਗੁਰਮੁਖ ਲਾਲ ਗੋਦ ਬਹਾਇੰਦਾ । ਅੰਤਮ ਨੇੜ ਨਾ ਆਏ ਕਾਲ, ਮਹਾਂਕਾਲ ਮੁਖ ਭਵਾਇੰਦਾ । ਨਾਤਾ ਤੋੜ ਜਗਤ ਜੰਜਾਲ, ਚਰਨ ਕਵਲ ਇਕ

ਦਰਸਾਇੰਦਾ । ਮਾਨਸ ਜਨਮ ਨਾ ਹੋਏ ਬੇਹਾਲ, ਬੇਹਬਲ ਹੋ ਨਾ ਕੋਇ ਕੁਰਲਾਇੰਦਾ । ਵੇਲੇ ਅੰਤ ਕਰੇ ਸੰਭਾਲ, ਸਤਿਗੁਰ ਪੂਰਾ ਅਪਰ ਅਪਾਰ ਆਪੇ ਸੁਣੇ ਮੁਰੀਦਾਂ ਹਾਲ, ਮੁਰਸ਼ਦ ਮੁਰੀਦਾਂ ਹਾਲ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੋਚ ਇਕ ਲਿਆਇੰਦਾ । ਸਾਚੀ ਸੋਚ ਲੈ ਕੇ ਆਇਆ, ਕਲ ਕਲਕੀ ਹਰਿ ਅਵਤਾਰ । ਸਚਖੰਡ ਦੁਆਰੇ ਬਹਿ ਕੇ ਆਇਆ, ਨਿਰਗੁਣ ਦਾਤਾ ਪਰਵਰਦਿਗਾਰ । ਦੋ ਜਹਾਨਾਂ ਕਹਿ ਕੇ ਆਇਆ, ਸਚ ਸੰਦੇਸ਼ਾ ਦੇਵੇ ਏਕਾ ਵਾਰ । ਆਪਣਾ ਭਾਣਾ ਸਹਿ ਕੇ ਆਇਆ, ਭਾਣਾ ਮੰਨੇ ਅਗੰਮ ਅਪਾਰ । ਆਪਣੀ ਚਰਨੀ ਢਹਿ ਕੇ ਆਇਆ, ਦੋਏ ਦੋਏ ਜੋੜ ਕਰ ਨਿਮਸਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਪਰ ਅਪਾਰ । ਅਪਰ ਅਪਾਰ ਖੇਲ ਅਪਾਰਾ, ਅਪਰੰਪਰ ਆਪ ਕਰਾਇੰਦਾ । ਆਦਿ ਜੁਗਾਦੀ ਸੋਚਾਂ ਸੋਚਦਾ ਰਿਹਾ ਏਕੰਕਾਰਾ, ਆਪਣੀ ਸੋਚ ਨਾ ਕਿਸੇ ਜਣਾਇੰਦਾ । ਕਲਜੁਗ ਅੰਤਮ ਲੈ ਅਵਤਾਰਾ, ਨਿਰਗੁਣ ਆਪਣਾ ਨਾਉਂ ਧਰਾਇੰਦਾ । ਸਤਿਜੁਗ ਕਰਨਾ ਸਚ ਵਿਹਾਰਾ, ਬਣ ਬਿਵਹਾਰੀ ਫੇਰਾ ਪਾਇੰਦਾ । ਆਤਮ ਪਰਮਾਤਮ ਕਰੇ ਪਿਆਰਾ, ਪ੍ਰੇਮ ਪ੍ਰੀਤੀ ਇਕ ਸਿਖਾਇੰਦਾ । ਊਚਾਂ ਨੀਚਾਂ ਪਾਰ ਕਿਨਾਰਾ, ਗ਼ਰੀਬ ਨਿਮਾਣੇ ਗਲੇ ਲਗਾਇੰਦਾ । ਭਗਤ ਭਗਵੰਤ ਦਏ ਸਹਾਰਾ, ਭਗਵਨ ਆਪਣਾ ਰਾਹ ਚਲਾਇੰਦਾ । ਚਾਰ ਵਰਨ ਵਖਾਏ ਇਕ ਘਰ ਬਾਰਾ, ਭਗਤ ਦਵਾਰਾ ਆਪ ਪਰਗਟਾਇੰਦਾ । ਜਿਸ ਗ੍ਰਿਹਿ ਵਸੇ ਏਕੰਕਾਰਾ, ਸੋ ਮੰਦਰ ਸੋਭਾ ਪਾਇੰਦਾ । ਜਿਸ ਮੰਦਰ ਨਾਮ ਜੈਕਾਰਾ, ਤਿਸ ਮੰਦਰ ਹਰਿ ਜੂ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੋਚ ਆਪ ਪਰਗਟਾਇੰਦਾ । ਸਾਚੀ ਸੋਚ ਹਰਿ ਹਰਿ ਦਾਤ, ਇਕੋ ਇਕ ਰਖਾਈਆ । ਸਤਿਜੁਗ ਸਚ ਜਣਾਏ ਨਾਮ ਕਰਾਮਾਤ, ਨਿਹਕਰਮੀ ਆਪਣਾ ਕਰਮ ਕਮਾਈਆ । ਚਾਰ ਵਰਨ ਬਣਾਏ ਇਕ ਜਮਾਤ, ਏਕਾ ਅੱਖਰ ਕਰੇ ਪੜ੍ਹਾਈਆ । ਏਕਾ ਬਸਤਰ ਏਕਾ ਖਾਟ, ਅਬਿਨਾਸ਼ੀ ਰਿਹਾ ਸੁਹਾਈਆ । ਏਕਾ ਪੁਛਣਹਾਰਾ ਵਾਤ, ਘਰ ਘਰ ਆਪਣਾ ਫੇਰਾ ਪਾਈਆ । ਏਕਾ ਮੇਟਣਹਾਰ ਅੰਧੇਰੀ ਰਾਤ, ਕਲਜੁਗ ਰੈਣ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸੋਚ ਆਪ ਵਰਤਾਈਆ । ਸਾਚੀ ਸੋਚ ਗੁਰਮੁਖਾਂ ਗੋਲੀ, ਕਲਜੁਗ ਅੰਤ ਭਗਵੰਤ ਆਪ ਬਣਾਈਆ । ਬਿਨ ਸੋਚਿਆਂ ਬਦਲੇ ਕਾਇਆ ਚੋਲੀ, ਚੋਲਾ ਆਪਣੇ ਰੰਗ ਰੰਗਾਈਆ । ਬਿਨ ਕਹਾਰੋਂ ਚੁਕੇ ਆਪ ਡੋਲੀ, ਬਣ ਸੇਵਕ ਸੇਵ ਕਮਾਈਆ । ਚਾਰ ਜੁਗ ਦੀ ਵਿਆਹਣ ਆਇਆ ਬੋਲੀ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਸਚ ਦਵਾਰਾ ਏਕਾ ਖੋਲੀ, ਜਨ ਭਗਤਾਂ ਆਪ ਵਖਾਈਆ । ਲੱਖ ਚੁਰਾਸੀ ਹੋਈ ਪੋਲੀ, ਨਾਮ ਭਾਰ ਨਾ ਕੋਇ ਵੰਡਾਈਆ । ਗੁਰਮੁਖ ਗੁਰਸਿਖ ਜਨਮ ਜਨਮ ਆਤਮ ਪਰਮਾਤਮ ਚਰਨ ਘੋਲੀ, ਘੋਲੀ ਘੋਲ ਘੋਲ ਘੁਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੋਚ ਇਕ ਪਰਨਾਈਆ । ਸਾਚੀ ਸੋਚ ਦਏ ਪਰਨਾ, ਪਰਨਾ ਆਪਣਾ ਨਾਮ ਵਿਚ ਰਖਾਇੰਦਾ । ਨਿਰਗੁਣ ਨਿਰਗੁਣ ਕਰੇ ਵਿਵਾਹ, ਸੌਹਰੇ ਪੇਈਏ ਆਪਣੇ ਘਰ ਬਣਾਇੰਦਾ । ਬੀਸ ਬੀਸਾ ਇਕ ਸੁਧਾਏ ਸਾਹ, ਸੰਸਾ ਸਭ ਦਾ ਆਪ ਮੁਕਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸਾਚਾ ਢੋਲਾ ਲੈਣ ਗਾ, ਗਾ ਗਾ ਖ਼ੁਸ਼ੀ ਸਰਬ ਮਨਾਇੰਦਾ । ਤੋਬਾ ਤੋਬਾ ਤੋਬਾ ਕਹਿਣ ਰਹਿਬਰ ਬਣਿਆ ਆਪ ਖ਼ੁਦਾ, ਖ਼ੁਦੀ ਸਭ ਦੀ ਆਪ ਮਿਟਾਇੰਦਾ । ਨਾਮ ਸਤਿ ਸਤਿ ਰਿਹਾ ਜਪਾ, ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਆਪਣਾ ਭੇਵ ਜਣਾਇੰਦਾ । ਰਾਮ ਰਾਮ ਰਾਮ ਰਿਹਾ ਸਮਾ, ਰਹਿਮਤ ਆਪਣੀ ਆਪ ਕਮਾਇੰਦਾ ।

ਕ੍ਰਿਸ਼ਨ ਕ੍ਰਿਸ਼ਨ ਕ੍ਰਿਸ਼ਨ ਕਾਹਨ ਰਿਹਾ ਅਖਵਾ, ਘਨੱਯਾ ਆਪਣਾ ਭੇਵ ਜਣਾਇੰਦਾ । ਆਦਿ ਸ਼ਕਤ ਮੱਯਾ ਨੱਯਾ ਰਿਹਾ ਚਲਾ, ਸਾਚਾ ਸੱਯਾ ਫੇਰਾ ਪਾਇੰਦਾ । ਜਿਸ ਰਵਿਦਾਸ ਚੁਮਿਆਰੇ ਪਿਛੇ ਕੱਢੀ ਆਪਣੀ ਬਾਂਹ, ਗੰਗਾ ਧਾਰ ਖੇਲ ਕਰਾਇੰਦਾ । ਜਿਸ ਲੇਖੇ ਲਾਇਆ ਕਬੀਰ ਜੁਲਾਹ, ਜੋਬਨ ਆਪਣਾ ਰੰਗ ਰੰਗਾਇੰਦਾ । ਜਿਸ ਕੋਟਨ ਕੋਟ ਪਾਪੀ ਦਿਤੇ ਤਰਾ, ਦੁਖੀਆਂ ਦੁੱਖ ਦਰਦ ਵੰਡਾਇੰਦਾ । ਸੋ ਸਾਚੀ ਸੋਚ ਆਪਣੀ ਭਗਤਾਂ ਨਾਲ ਦਏ ਪਰਨਾ, ਪਰਮ ਪੁਰਖ ਆਪਣਾ ਮੇਲਾ ਆਪ ਮਿਲਾਇੰਦਾ । ਵੇਖੇ ਪਰਵਰਦਿਗਾਰ ਕਰੇ ਨਕਾਹ, ਮੁਖ ਨਕਾਬ ਨਾ ਕੋਇ ਰਖਾਇੰਦਾ । ਪੁੰਨ ਸਵਾਬ ਨਾ ਕੋਇ ਜਣਾ, ਸੁਹਬਤ ਵੰਡ ਨਾ ਕੋਇ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਸੋਚ ਜਨ ਭਗਤਾਂ ਝੋਲੀ ਪਾਇੰਦਾ । ਧੁਰ ਦੀ ਸੋਚ ਆਈ ਭਗਤ ਦਵਾਰ, ਦੋਏ ਜੋੜ ਪਏ ਸਰਨਾਈਆ । ਮੇਰੀ ਕਬੂਲ ਕਰੋ ਨਿਮਸਕਾਰ, ਬਣ ਨਿਮਾਣੀ ਦਏ ਦੁਹਾਈਆ । ਚੌਥੇ ਜੁਗ ਰਲੀ ਵਿਚ ਪਰਵਾਰ, ਪੁਰਖ ਅਬਿਨਾਸ਼ੀ ਆਪਣਾ ਬੰਸ ਵਡਿਆਈਆ । ਮੈਂ ਕਰਨ ਆਈ ਦੀਦਾਰ, ਚੌਧਵੀਂ ਚੰਦ ਰਿਹਾ ਸ਼ਰਮਾਈਆ । ਲੱਖ ਚੁਰਾਸੀ ਵਿਚੋਂ ਖਿੜੀ ਇਕ ਗੁਲਜ਼ਾਰ, ਪੁਰਖ ਅਬਿਨਾਸ਼ੀ ਬੂਟਾ ਲਾਈਆ । ਜਿਸ ਦੀ ਮਹਿਕ ਨੂੰ ਤਰਸਣ ਗੁਰ ਅਵਤਾਰ ਬ੍ਰਹਮਾ ਵਿਸ਼ਨ ਸ਼ਿਵ ਰਾਹ ਤਕਾਣ, ਨੇਤਰ ਨੈਣ ਨੈਣ ਉਠਾਈਆ । ਜਿਨ੍ਹਾਂ ਕਲਜੁਗ ਅੰਤਮ ਮਿਲਿਆ ਵਿਸ਼ਨੂੰ ਭਗਵਾਨ, ਜਿਸ ਵਿਸ਼ਵ ਧਾਰ ਚਲਾਈਆ । ਨੈਣ ਦਰਸ਼ਨ ਕੀਤਾ ਆਣ, ਮੇਰੀ ਹਰਸ ਰਹੀ ਨਾ ਰਾਈਆ । ਦਰ ਦਵਾਰ ਕਰੋ ਪਰਵਾਨ, ਨੇਤਰ ਨੈਣ ਨੈਣ ਨੀਰ ਵਹਾਈਆ । ਮੈਂ ਬਾਲੀ ਇਕ ਅੰਞਾਣ, ਮੇਰੀ ਚਲੇ ਨਾ ਕੋਇ ਚਤੁਰਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਕਲਜੁਗ ਅੰਤ ਭਗਤਾਂ ਉਤੇ ਹੋਇਆ ਮਿਹਰਵਾਨ, ਮਿਹਰ ਨਜ਼ਰ ਇਕ ਉਠਾਈਆ । ਮੈਂ ਮੰਗਣ ਆਈ ਦਾਨ, ਖ਼ਾਲੀ ਝੋਲੀ ਦਿਓ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਸੋਚ ਰਿਹਾ ਦ੍ਰਿੜਾਈਆ । ਸਾਚੀ ਸੋਚ ਚੜ੍ਹਿਆ ਚਾ, ਚਾਉ ਘਨੇਰਾ ਇਕ ਰਖਾਇਆ । ਗੁਰਮੁਖ ਮਿਲਿਆ ਜਗਤ ਮਲਾਹ, ਬੇੜਾ ਪਾਰ ਦਏ ਕਰਾਇਆ । ਜਿਸ ਨਾਲ ਸ੍ਰੀ ਭਗਵਾਨ ਕਰੇ ਸਲਾਹ, ਸੰਸਾ ਰੋਗ ਰਿਹਾ ਮੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭੇਵ ਅਭੇਦਾ ਆਪਣੇ ਹੱਥ ਰਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਪਹਿਚਾਨ ਜਗਤ ਨੇਤਰ ਨਜ਼ਰ ਕਿਸੇ ਨਾ ਆਇਆ ।



### ❇ ੯ ਮੱਘਰ ੨੦੧੯ ਬਿਕਰਮੀ ਪਰੀਤਮ ਕੌਰ ਦੇ ਗ੍ਰਿਹ ਠੀਕਰੀ ਵਾਲਾ ❇

ਇਕ ਇਕੱਲਾ ਏਕੰਕਾਰਾ, ਅਕਲ ਕਲ ਹਰਿ ਅਖਵਾਇੰਦਾ । ਨਿਰਗੁਣ ਸਰਗੁਣ ਖੇਲ ਅਪਾਰਾ, ਦੋਏ ਦੋਏ ਰੂਪ ਆਪ ਵਟਾਇੰਦਾ । ਏਕਾ ਦੂਆ ਕਰ ਵਿਹਾਰਾ, ਦੋਏ ਦੋਏ ਆਪਣੇ ਅੰਗ ਲਗਾਇੰਦਾ । ਥਿਰ ਘਰ ਵਾਸੀ ਖੋਲ੍ਹ ਕਿਵਾੜਾ, ਸ਼ਬਦੀ ਸੁਤ ਸੁਤ ਜਗਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਵੇਖੇ ਆਪ ਅਖਾੜਾ, ਦੋ ਜਹਾਨਾਂ ਖੋਜ ਖੁਜਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦਏ ਹੁਲਾਰਾ, ਸੁਰਪਤ ਰਾਜਾ ਕਰੋੜ ਤਤੀਸਾ ਸੋਇਆ ਰਹਿਣ ਨਾ ਪਾਇੰਦਾ । ਤ੍ਰੈਗੁਣ ਮਾਇਆ ਦੇਂਦਾ ਰਿਹਾ ਲਾਰਾ, ਪੰਚਮ ਤੱਤ ਭੇਵ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਏਕਾ ਦੂਆ ਬਣਤ ਬਣਾਇੰਦਾ । ਏਕੰਕਾਰਾ ਇਕ ਇਕੱਲਾ, ਸਚਖੰਡ ਵਸੇ ਸੱਚਾ ਮਾਹੀਆ । ਸਚ ਸਿੰਘਾਸਣ ਏਕਾ ਮੱਲਾ, ਤਖ਼ਤ ਨਿਵਾਸੀ ਸੋਭਾ ਪਾਈਆ । ਜੋਤੀ ਨੂਰ ਆਪੇ ਬਲਾ, ਨੂਰੋ ਨੂਰ ਨੂਰ ਰੁਸ਼ਨਾਈਆ । ਧੁਰ ਫ਼ਰਮਾਣਾ ਸਾਚਾ ਘੱਲਾ, ਸਚ ਸੰਦੇਸ਼ਾ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੂਆ ਆਪਣਾ ਨੂਰ ਜਣਾਈਆ । ਏਕਾ ਦੂਆ ਹੋਇਆ ਦੋ, ਦੋ ਦੋ ਆਪਣੀ ਧਾਰ ਚਲਾਇੰਦਾ । ਆਪਣੇ ਜਿਹਾ ਆਪੇ ਹੋ, ਹੋਕਾ ਆਪਣੇ ਨਾਮ ਸੁਣਾਇੰਦਾ । ਪਿਤਾ ਪੂਤ ਲੱਗਾ ਮੋਹ, ਪਰਮ ਪੁਰਖ ਮੇਲ ਮਿਲਾਇੰਦਾ । ਨਿਰਗੁਣ ਸਰਗੁਣ ਖੇਲ ਕਰੇ ਸੋ, ਸੋ ਪੁਰਖ ਨਿਰੰਜਣ ਭੇਵ ਕੋਇ ਨਾ ਪਾਇੰਦਾ । ਹਰਿ ਪੁਰਖ ਨਿਰੰਜਣ ਲੇਖਾ ਜਾਣੇ ਸੋ, ਸੋ ਆਪਣੀ ਵੰਡ ਵੰਡਾਇੰਦਾ । ਏਕੰਕਾਰਾ ਲੈ ਕੇ ਆਏ ਢੋਆ ਢੋ, ਸਾਚੀ ਵਸਤ ਹੱਥ ਰਖਾਇੰਦਾ । ਆਦਿ ਨਿਰੰਜਣ ਜੋਤ ਨਿਰੰਜਣ ਚੁਕਾਏ ਮੋਹ, ਮੋਹ ਮੁਹੱਬਤ ਵੇਖ ਵਖਾਇੰਦਾ । ਸ੍ਰੀ ਭਗਵਾਨ ਅਬਿਨਾਸ਼ੀ ਕਰਤਾ ਨਿਰਗੁਣ ਸਰਗੁਣ ਨਾਲ ਜਾਏ ਛੋਹ, ਸ਼ਹਿਨਸ਼ਾਹ ਏਕਾ ਰੰਗ ਰੰਗਾਇੰਦਾ । ਪਾਰਬ੍ਰਹਮ ਬ੍ਰਹਮ ਵੇਖਣਹਾਰਾ ਲੇਖਾ ਜਾਣੇ ਛੱਬੀ ਪੋਹ, ਦੋਏ ਦੋਏ ਆਪਣਾ ਭੇਵ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੂਆ ਬੰਧਨ ਪਾਇੰਦਾ । ਏਕਾ ਦੂਆ ਜੁੜਿਆ ਜੋੜ, ਨਿਰਗੁਣ ਸਰਗੁਣ ਧਾਰ ਚਲਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਧੁਰ ਦਰਗਾਹੀ ਲਾਇਆ ਏਕਾ ਪੌੜ, ਪਰਵਰਦਿਗਾਰ ਵਡ ਵਡਿਆਈਆ । ਮੁਕਾਮੇ ਹੱਕ ਕਰੇ ਖੇਲ ਵੇਖੇ ਕਰ ਕੇ ਗ਼ੌਰ, ਨੂਰ ਨੁਰਾਨਾ ਸ਼ਾਹ ਸੁਲਤਾਨਾ ਜਲਵਾ ਨੂਰ ਇਕੋ ਇਕ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੂਆ ਦਏ ਸਮਝਾਈਆ । ਸਾਚਾ ਦੂਆ ਨਿਰਗੁਣ ਸਰਗੁਣ ਵੱਖ, ਭੇਵ ਅਭੇਦਾ ਆਪ

੭੮
੧੩

ਜਣਾਇੰਦਾ । ਪਤਿਪਰਮੇਸ਼ਵਰ ਹੋ ਪਰਤੱਖ, ਲੱਖ ਚੁਰਾਸੀ ਆਪਣਾ ਰੂਪ ਵਟਾਇੰਦਾ । ਸ਼ਬਦ ਅਗੰਮੀ ਬੋਲ ਅਲੱਖ, ਨਾਮ ਜੈਕਾਰਾ ਇਕ ਸੁਣਾਇੰਦਾ । ਨਿਰਗੁਣ ਨਾਲ ਨਿਰਗੁਣ ਵੱਖ, ਨਿਰਗੁਣ ਨਾਲ ਨਿਰਗੁਣ ਬੰਧਨ ਪਾਇੰਦਾ । ਸਰਗੁਣ ਖੇਲ ਕਰੇ ਸਮਰਥ, ਸਮਰਥ ਆਪਣੀ ਕਾਰ ਵਖਾਇੰਦਾ । ਥਿਰ ਘਰ ਵਾਸੀ ਹੋ ਪਰਗਟ, ਸ਼ਬਦੀ ਡੰਕਾ ਇਕ ਵਜਾਇੰਦਾ । ਆਦਿ ਆਦਿ ਆਪਣਾ ਮਾਰਗ ਦੱਸ, ਵਿਸ਼ਨ ਬ੍ਰਹਮਾ ਸ਼ਿਵ ਸੇਵ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੂਆ ਖੋਜ ਖੁਜਾਇੰਦਾ । ਏਕਾ ਦੂਆ ਏਕਾ ਅੰਕ, ਏਕੰਕਾਰ ਆਪ ਜਣਾਈਆ । ਸਚਖੰਡ ਦਵਾਰ ਸੁਹਾਏ ਬੰਕ, ਬੰਕ ਦਵਾਰੀ ਸੋਭਾ ਪਾਈਆ । ਲੇਖਾ ਜਾਣੇ ਆਦਿ ਅੰਤ, ਜੁਗ ਜੁਗ ਵੱਡੀ ਵਡਿਆਈਆ । ਨਾਮ ਨਿਧਾਨ ਜਣਾਏ ਮੰਤ, ਮੰਤਰ ਇਕੋ ਇਕ ਸਮਝਾਈਆ । ਖੇਲੇ ਖੇਲ ਨਾਰ ਕੰਤ, ਕੰਤ ਕੰਤੂਹਲ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੂਆ ਆਪਣੇ ਰੰਗ ਰੰਗਾਈਆ । ਨਿਰਗੁਣ ਸਰਗੁਣ ਬਣਿਆ ਦੂਆ, ਹਰਿ ਜੂ ਆਪਣੇ ਅੰਗ ਲਗਾਇੰਦਾ । ਦੂਸਰ ਭੇਵ ਨਾ ਜਾਣੇ ਕੋਆ, ਅਲੱਖ ਅਗੋਚਰ ਅਗੰਮ ਅਥਾਹ ਬੇਪਰਵਾਹ ਆਪਣੇ ਵਿਚ ਛੁਪਾਇੰਦਾ । ਬ੍ਰਹਿਮੰਡ ਖੰਡ ਪੁਰੀ ਅਕਾਸ਼ ਪਰਕਾਸ਼ ਲੇਖਾ ਜਾਣੇ ਲਹਿਣਾ ਲੋਆ, ਨੇਤਰ ਲੋਚਣ ਨੈਣ ਆਪਣਾ ਆਪ ਖੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਵੇਸ ਵਟਾਇੰਦਾ । ਲੱਖ ਚੁਰਾਸੀ ਘਾੜਨ ਘੜ, ਤ੍ਰੈਗੁਣ ਮਾਇਆ ਬੰਧਨ ਪਾਈਆ । ਪੰਚਮ ਤੱਤ ਅੰਦਰ ਆਪੇ ਵੜ, ਆਤਮ ਪਰਮਾਤਮ ਵੇਸ ਵਟਾਈਆ । ਸਚ ਦਵਾਰੇ ਏਕਾ ਚੜ੍ਹ, ਤਖ਼ਤ ਨਿਵਾਸੀ ਸੋਭਾ ਪਾਈਆ । ਨਿਸ਼ਅੱਖਰ ਅੱਖਰ ਆਪੇ ਪੜ੍ਹ, ਆਖ਼ਰ ਕਰੇ ਸਰਬ ਪੜ੍ਹਾਈਆ । ਨਿਰਗੁਣ ਜੋਤ ਨੂਰ ਧਰ, ਧਰਨੀ

੭੯
੧੩

ਧਰਤ ਦਏ ਵਡਿਆਈਆ । ਦੇਵਣਹਾਰਾ ਸਾਚਾ ਵਰ, ਵਿਸ਼ਨੂੰ ਝੋਲੀ ਇਕ ਭਰਾਈਆ । ਸਚ ਭੰਡਾਰਾ ਹੱਥੀਂ ਧਰ, ਧੁਰ ਦਾ ਲੇਖਾ ਦਏ ਸਮਝਾਈਆ । ਬ੍ਰਹਮਾ ਚਰਨੀ ਡਿੱਗਾ ਦੜ, ਨਿਊਂ ਨਿਊਂ ਚਰਨੀ ਸੀਸ ਝੁਕਾਈਆ । ਪਾਰਬ੍ਰਹਮ ਪ੍ਰਭ ਕਿਰਪਾ ਕਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਪੁਰਖ ਅਬਿਨਾਸ਼ਾ ਵੇਖਣਹਾਰ ਖੇਲ ਤਮਾਸ਼ਾ ਆਪਣੀ ਕਿਰਪਾ ਦੇਵੇ ਕਰ, ਦੇ ਮਤ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਏਕਾ ਦੂਆ ਪਰਦਾ ਲਾਹੀਆ । ਏਕਾ ਦੂਆ ਪਰਦਾ ਲਾਹ, ਏਕੰਕਾਰਾ ਦਇਆ ਕਮਾਇੰਦਾ । ਸੋ ਪੁਰਖ ਨਿਰੰਜਣ ਬਣ ਮਲਾਹ, ਸਾਚਾ ਬੇੜਾ ਆਪ ਚਲਾਇੰਦਾ । ਸ਼ਬਦ ਅਗੰਮੀ ਦੇ ਸਲਾਹ, ਚਾਰੇ ਵੇਦਾਂ ਭੇਵ ਖੁਲ੍ਹਾਇੰਦਾ । ਇਕ ਦ੍ਰਿੜਾਏ ਆਪਣਾ ਨਾਂ, ਨਾਉਂ ਨਿਰੰਕਾਰਾ ਆਪ ਜਣਾਇੰਦਾ । ਨਿਰਗੁਣ ਸਰਗੁਣ ਪਕੜਨਹਾਰਾ ਬਾਂਹ, ਸਮਰਥ ਆਪਣਾ ਹੱਥ ਰਖਾਇੰਦਾ । ਸਚ ਸੰਦੇਸ਼ਾ ਦਏ ਸੁਣਾ, ਬਿਨ ਕੰਨਾਂ ਆਪ ਜਣਾਇੰਦਾ । ਘਟ ਘਟ ਹਰਿ ਜੂ ਰਿਹਾ ਸਮਾ, ਸਚ ਸਿੰਘਾਸਣ ਆਸਣ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾਇੰਦਾ । ਸਾਚੀ ਸਿਖਿਆ ਦੱਸੇ ਯਾਦ, ਯਾਦ ਆਪਣੀ ਆਪ ਜਣਾਈਆ । ਜਿਸ ਨੇ ਰਚਨਾ ਰਚੀ ਆਦਿ, ਸੋ ਅੰਤ ਵੇਖਣ ਆਈਆ । ਜੁਗ ਚੌਕੜੀ ਸੁਣੇ ਫ਼ਰਯਾਦ, ਦਰਗਾਹ ਬੈਠਾ ਆਸਣ ਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੇਵੇ ਦਾਦ, ਨਾਮ ਅਮੋਲਕ ਝੋਲੀ ਪਾਈਆ । ਲੇਖਾ ਜਾਣੇ ਸੰਤ ਸਾਧ, ਹਰਿ ਸੱਜਣ ਸਚ ਗੋਸਾਈਂਆ । ਭਗਤ ਭਗਵੰਤ ਆਪੇ ਲਾਧ, ਵਾਦ ਵਿਵਾਦ ਮੇਟ ਮਿਟਾਈਆ । ਸ਼ਬਦ ਸੁਣਾਏ ਅਗੰਮੀ ਨਾਦ, ਧੁੰਨ ਆਤਮਕ ਰਾਗ ਸੁਣਾਈਆ । ਆਪਣੇ ਵਿਚੋਂ ਆਪਾ ਕਾਢ, ਪੰਜ ਤੱਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੂਆ ਖੇਲ ਆਪ ਰਖਾਈਆ । ਦੂਆ ਖੇਲ ਹਰਿ ਕਰਤਾਰਾ, ਦੋਏ ਦੋਏ ਧਾਰ ਆਪ ਚਲਾਇੰਦਾ । ਨਿਰਗੁਣ ਸਰਗੁਣ ਲੈ ਅਵਤਾਰਾ, ਜੁਗ ਜੁਗ ਵੇਸ ਵਟਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕਰਦਾ ਆਇਆ ਪਾਰ ਕਿਨਾਰਾ, ਭੇਵ ਅਭੇਦਾ ਆਪ ਚੁਕਾਇੰਦਾ । ਨੌ ਸੌ ਚੁਰਾਨਵੇਂ ਚੌਕੜੀ ਜੁਗ ਲੱਖ ਚੁਰਾਸੀ ਵੇਖਦਾ ਰਿਹਾ ਅਖਾੜਾ, ਵਿਸ਼ਨ ਬ੍ਰਹਮਾ ਸ਼ਿਵ ਨਾਚ ਨਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੂਏ ਆਪਣਾ ਰੰਗ ਵਖਾਇੰਦਾ । ਦੋਏ ਧਾਰ ਕੁਦਰਤ ਕਰਤਾਰ, ਆਪਣੀ ਆਪ ਜਣਾਈਆ । ਕਰੇ ਖੇਲ ਪਰਵਰਦਿਗਾਰ, ਬੇਐਬ ਨੂਰ ਖ਼ੁਦਾਈਆ । ਮੁਕਾਮੇ ਹੱਕ ਹੋ ਤਿਆਰ, ਤ੍ਰੈਗੁਣ ਆਪਣਾ ਵੇਸ ਵਟਾਈਆ । ਖ਼ਾਲਕ ਖ਼ਲਕ ਵੇਖੇ ਸਾਂਝਾ ਯਾਰ, ਮਖ਼ਲੂਕ ਆਪਣਾ ਪਰਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੂਆ ਸਭ ਨੂੰ ਰਿਹਾ ਵਖਾਈਆ । ਏਕਾ ਦੂਆ ਪੀਰ ਪੈਗ਼ੰਬਰ ਗੁਰ ਅਵਤਾਰ ਦਿਤੀ ਦਾਤ, ਦਾਤਾ ਦਾਨੀ ਦਇਆ ਕਮਾਇੰਦਾ । ਆਤਮ ਪਰਮਾਤਮ ਇਕ ਜਮਾਤ, ਇਕੋ ਅੱਖਰ ਆਪ ਪੜ੍ਹਾਇੰਦਾ । ਪਾਰਬ੍ਰਹਮ ਬ੍ਰਹਮ ਦੇਵੇ ਸਾਥ, ਸਗਲਾ ਸੰਗ ਨਿਭਾਇੰਦਾ । ਸਿਫ਼ਤ ਸਾਲਾਹੀ ਸੁਣਾਏ ਗਾਥ, ਮਹਿਮਾ ਅਕਥ ਕਥ ਦ੍ਰਿੜਾਇੰਦਾ । ਵਸਣਹਾਰਾ ਆਪਣੇ ਘਾਟ, ਪਾਰ ਕਿਨਾਰਾ ਨਾ ਕਿਸੇ ਜਣਾਇੰਦਾ । ਜੁਗ ਚੌਕੜੀ ਮੇਟਣਹਾਰਾ ਵਾਟ, ਬਣ ਪਾਂਧੀ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲਣਹਾਰਾ ਸਾਚਾ ਹਰਿ, ਹਰਿ ਜੂ ਆਪਣਾ ਖੇਲ ਕਰਾਇੰਦਾ । ਕਰੇ ਖੇਲ ਪੁਰਖ ਸਮਰਥ, ਸਮਰਥ ਹੱਥ ਵੱਡੀ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਚਲਾਇਆ ਰਥ, ਬਣ ਰਥਵਾਹੀ ਸੇਵ ਕਮਾਈਆ । ਲੱਖ ਚੁਰਾਸੀ ਪਾਈ ਨੱਥ,

੯੦
੧੩

ਨਾਮ ਡੋਰੀ ਹੱਥ ਉਠਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਸੁਣਾਈ ਗਥ, ਰਸਨਾ ਜਿਹਵਾ ਮੇਲ ਮਿਲਾਈਆ । ਬੱਤੀ ਦੰਦ ਨਾ ਸਕਣ ਦੱਸ, ਹਰਿ ਕਾ ਅੰਤ ਕੋਇ ਨਾ ਪਾਈਆ । ਸਾਧ ਸੰਤ ਜੀਵ ਜਹਾਨ ਨੌਂ ਖੰਡ ਪ੍ਰਿਥਮੀ ਸੱਤ ਦੀਪ ਉਚੇ ਟਿੱਲੇ ਪਰਬਤ ਰਹੇ ਨੱਠ, ਬਣ ਪਾਂਧੀ ਪੰਧ ਨਾ ਕੋਇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੂਆ ਆਪਣਾ ਅੰਕ ਬਣਾਈਆ । ਦੂਆ ਦੂਈ ਧਾਰ, ਧਰਨੀ ਧਰਤ ਧਵਲ ਜਣਾਇੰਦਾ । ਭੇਵ ਖੋਲ੍ਹ ਤੇਈ ਅਵਤਾਰ, ਭੇਦ ਆਪਣੇ ਹੱਥ ਰਖਾਇੰਦਾ । ਸ਼ਾਸਤਰ ਸਿਮਰਤ ਕਰਨ ਪੁਕਾਰ, ਉਚੀ ਕੂਕ ਕੂਕ ਅਲਾਇੰਦਾ । ਵੇਦ ਵਿਆਸਾ ਨੇਤਰ ਰੋਵੇ ਜ਼ਾਰੋ ਜ਼ਾਰ, ਨੈਣ ਨੈਣ ਨੈਣ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਭੇਵ ਆਪ ਚੁਕਾਇੰਦਾ । ਸਾਚਾ ਭੇਵ ਏਕਾ ਏਕ, ਇਕ ਇਕੱਲਾ ਆਪ ਜਣਾਈਆ । ਭਗਤ ਭਗਵੰਤ ਦੇ ਟੇਕ, ਇਸ਼ਟ ਦ੍ਰਿਸ਼ਟ ਆਪ ਵਖਾਈਆ । ਤ੍ਰੈਗੁਣ ਮਾਇਆ ਨਾ ਲਾਏ ਸੇਕ, ਅਗਨੀ ਤੱਤ ਨਾ ਕੋਇ ਜਲਾਈਆ । ਆਤਮ ਪਰਮਾਤਮ ਮੇਲ ਮਿਲਾ ਬੁੱਧੀ ਕਰੇ ਬਬੇਕ, ਵਵੇਕੀ ਆਪਣੀ ਖੇਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੂਆ ਦਏ ਵਡਿਆਈਆ । ਏਕਾ ਦੂਆ ਈਸਾ ਮੂਸਾ ਰੰਗ, ਗਲ ਅਲਫ਼ੀ ਏਕਾ ਪਾਇੰਦਾ । ਸ਼ਹਿਨਸ਼ਾਹ ਸੂਰਾ ਸਰਬੰਗ, ਭੇਵ ਅਭੇਦ ਆਪ ਜਣਾਇੰਦਾ । ਮੁਕਾਮੇ ਹੱਕ ਵਜਾਏ ਮਰਦੰਗ, ਮਰਦ ਮਰਦਾਨਾ ਆਪ ਅਖਵਾਇੰਦਾ । ਮੁਹੰਮਦ ਦੇਵਣਹਾਰਾ ਸੰਗ, ਸਗਲਾ ਸੰਗ ਆਪ ਨਿਭਾਇੰਦਾ । ਚੌਦਾਂ ਤਬਕ ਵੇਖੇ ਲੰਘ, ਸਬਕ ਇਕੋ ਇਕ ਪੜ੍ਹਾਇੰਦਾ । ਈਸਾ ਮੂਸਾ ਮੁਹੰਮਦ ਅੰਤ ਮੰਗੀ ਇਕ ਮੰਗ, ਦੋਏ ਦੋਏ ਜੋੜ ਸੀਸ ਸਰਬ ਝੁਕਾਇੰਦਾ । ਅੰਤਮ ਹੋਈ ਨੰਗੀ ਕੰਡ, ਸਿਰ ਹੱਥ ਨਾ ਕੋਇ ਟਿਕਾਇੰਦਾ । ਨੇਤਰ ਰੋਵੇ ਕੋਟ ਬ੍ਰਹਿਮੰਡ, ਬ੍ਰਹਿਮਾਂਡ ਸਾਰ ਨਾ ਕੋਇ ਪਾਇੰਦਾ । ਕਲਜੁਗ ਅੰਤ ਅੰਧੇਰਾ ਹੋਣਾ ਅੰਧ, ਚਾਰੋਂ ਕੁੰਟ ਸਾਚਾ ਨੂਰ ਨਾ ਕੋਇ ਰੁਸ਼ਨਾਇੰਦਾ । ਕੰਮ ਨਾ ਆਏ ਚੌਧਵੀਂ ਚੰਦ, ਚੌਦਸ ਚੰਦ ਨਾ ਕੋਇ ਚਮਕਾਇੰਦਾ । ਤੁਧ ਬਿਨ ਪਰਵਰਦਿਗਾਰ ਟੁੱਟੀ ਦੇਵੇ ਨਾ ਕੋਈ ਗੰਢ, ਗੰਢਣਹਾਰ ਨਜ਼ਰ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੂਆ ਇਕੋ ਇਕ ਜਣਾਇੰਦਾ । ਏਕਾ ਦੂਆ ਏਕੰਕਾਰ, ਓਅੰਕਾਰ ਦਇਆ ਕਮਾਈਆ । ਨਿਰਗੁਣ ਨਿਰਗੁਣ ਕਰ ਪਿਆਰ, ਸਰਗੁਣ ਨਾਨਕ ਮੇਲ ਮਿਲਾਈਆ । ਸਰਗੁਣ ਨਾਨਕ ਤਨ ਸ਼ਿੰਗਾਰ, ਨਿਰਗੁਣ ਨਾਨਕ ਜੋਤ ਜੋਤ ਰੁਸ਼ਨਾਈਆ । ਨਿਰਗੁਣ ਨਾਨਕ ਸ਼ਬਦੀ ਕਾਰ, ਸਾਚਾ ਸੋਹਲਾ ਇਕੋ ਗਾਈਆ । ਨਿਰਗੁਣ ਨਾਨਕ ਪਰਨਾਇਆ ਕੰਤ ਭਤਾਰ, ਘਰ ਸਾਚੇ ਵੱਜੀ ਵਧਾਈਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਦੇਵੇ ਮਾਣ ਵੱਡੀ ਵਡਿਆਈਆ । ਵਸਤ ਅਮੋਲਕ ਝੋਲੀ ਡਾਰ, ਨਾਮ ਸਤਿ ਇਕ ਰਖਾਈਆ । ਏਕਾ ਜੋਤੀ ਖੇਲ ਅਪਾਰ, ਗੋਬਿੰਦ ਆਪਣੀ ਗੋਦ ਬਹਾਈਆ । ਪੁਰਖ ਅਕਾਲ ਹੋਇਆ ਖ਼ਬਰਦਾਰ, ਬੇਖ਼ਬਰ ਆਪਣੀ ਖ਼ਬਰ ਸੁਣਾਈਆ । ਸਬਰ ਪਿਆਲਾ ਦਿਤਾ ਪਿਆਲ, ਮਤਵਾਲਾ ਇਕੋ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਏਕਾ ਦੂਆ ਸਿਫ਼ਤ ਸਾਲਾਹੀਆ । ਨਾਨਕ ਦੂਆ ਨਿਰਗੁਣ ਰੰਗ, ਨਿਰਗੁਣ ਨਾਨਕ ਵੇਖ ਵਖਾਇਆ । ਸਚਖੰਡ ਨਿਵਾਸੀ ਸਚ ਪਲੰਘ, ਪੁਰਖ ਅਬਿਨਾਸ਼ੀ ਇਕ ਹੰਡਾਇਆ । ਗ਼ਰੀਬ ਨਿਮਾਣਾ ਮੰਗੇ ਮੰਗ, ਨਿਉਂ ਨਿਉਂ ਆਪਣਾ ਸੀਸ ਝੁਕਾਇਆ । ਸਤਿਜੁਗ ਤ੍ਰੇਤਾ ਦੁਆਪਰ ਗਏ ਲੰਘ, ਕਲਜੁਗ ਵੇਲਾ ਅੰਤਮ ਆਇਆ । ਗੁਰ ਅਵਤਾਰ ਪੀਰ ਪੈਗ਼ੰਬਰ ਚਾਰ ਜੁਗ ਦੇ ਹੋਏ

ਨੰਗ, ਸਗਲਾ ਸੰਗ ਨਾ ਕੋਇ ਰਖਾਇਆ। ਚਾਰੋਂ ਕੁੰਟ ਭੇਖ ਪਖੰਡ, ਭਾਂਡਾ ਭਰਮ ਨਾ ਕੋਇ ਭੰਨਾਇਆ। ਕੋਈ ਨਾ ਦੇਵੇ ਆਤਮ ਪਰਮਾਤਮ ਪਰਮਾਨੰਦ, ਨਿਜਾਨੰਦ ਰਸ ਨਾ ਕੋਇ ਚਖਾਇਆ। ਕੋਈ ਨਾ ਗਾਏ ਸੁਹਾਗੀ ਛੰਦ, ਗੋਬਿੰਦ ਮੇਲ ਨਾ ਕੋਇ ਮਿਲਾਇਆ। ਸੁਰਤ ਸਵਾਣੀ ਹੋਈ ਰੰਡ, ਸ਼ਬਦੀ ਕੰਤ ਨਾ ਕੋਇ ਹੰਢਾਇਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰਾ ਇਕ ਸੁਹਾਇਆ। ਦਰ ਤੇਰਾ ਸੋਭਾਵੰਤ, ਮੇਰੇ ਸਾਹਿਬ ਸੱਚੇ ਸੁਲਤਾਨਾ। ਆਦਿ ਜੁਗਾਦੀ ਏਕਾ ਕੰਤ, ਲੱਖ ਚੁਰਾਸੀ ਸੇਜ ਹੰਢਾਣਾ। ਜੁਗ ਜੁਗ ਦੇਵੇ ਮੰਤ, ਮੰਤਰ ਨਾਮ ਇਕ ਸਮਝਾਣਾ। ਤੋੜਨਹਾਰਾ ਹਉਮੇ ਹੰਗਤ, ਹੰ ਬ੍ਰਹਮ ਆਪ ਪਛਾਣਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸੋ ਪੁਰਖ ਨਿਰੰਜਣ ਹੋਏ ਆਪ ਮਿਹਰਵਾਨਾ। ਸੋ ਪੁਰਖ ਨਿਰੰਜਣ ਦੀਨ ਦਿਆਲ, ਦਇਆਨਿਧ ਦਇਆ ਕਮਾਈਆ। ਆਦਿ ਜੁਗਾਦਿ ਜੁਗ ਜੁਗ ਕਰੇ ਪ੍ਰਿਤਪਾਲ, ਬਣ ਸੇਵਕ ਸੇਵ ਕਮਾਈਆ। ਜੁਗ ਚੌਕੜੀ ਚਲਣਹਾਰਾ ਨਾਲ ਨਾਲ, ਵਿਛੜ ਕਦੇ ਨਾ ਜਾਈਆ। ਕਲਜੁਗ ਅੰਤਮ ਖੇਲ ਕਰੇ ਕਮਾਲ, ਪਾਰਬ੍ਰਹਮ ਵਡ ਵਡਿਆਈਆ। ਨੌਂ ਖੰਡ ਪ੍ਰਿਥਮੀ ਸੱਤ ਦੀਪ ਗ੍ਰਿਹਿ ਮੰਦਰ ਵੇਖੇ ਸੱਚੀ ਧਰਮਸਾਲ, ਧਰਮ ਦਵਾਰੇ ਫੇਰਾ ਪਾਈਆ। ਤ੍ਰੈਗੁਣ ਮਾਇਆ ਤੋੜੇ ਜੰਜਾਲ, ਜਾਗਰਤ ਜੋਤ ਕਰੇ ਰੁਸ਼ਨਾਈਆ। ਆਪੇ ਸੁਣੇ ਮੁਰੀਦਾਂ ਹਾਲ, ਮੁਰਸ਼ਦ ਆਪਣਾ ਰੂਪ ਧਰਾਈਆ। ਲਹਿਣਾ ਦੇਣ ਚੁਕਾਏ ਕਾਲ ਮਹਾਂਕਾਲ, ਮਹਾਂਬਲੀ ਵੱਡੀ ਵਡਿਆਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਭੇਵ ਆਪ ਸਮਝਾਈਆ। ਸਾਚਾ ਭੇਵ ਸ੍ਰੀ ਭਗਵਾਨਾ, ਨਿਰਗੁਣ ਸਰਗੁਣ ਆਪ ਜਣਾਇੰਦਾ। ਕਲਜੁਗ ਅੰਤਮ ਖੇਲ ਮਹਾਨਾ, ਖ਼ਾਲਕ ਖ਼ਲਕ ਵੇਖ ਵਖਾਇੰਦਾ। ਪਰਗਟ ਹੋਵੇ ਜੋਧਾ ਸੂਰਬੀਰ ਬਲੀ ਬਲਵਾਨਾ, ਬਲ ਆਪਣਾ ਆਪ ਧਰਾਇੰਦਾ। ਦੋ ਜਹਾਨਾਂ ਮਰਦ ਮਰਦਾਨਾ, ਸਚ ਮਰਦਾਨਗੀ ਆਪ ਕਮਾਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਉਂ ਆਪ ਪਰਗਟਾਇੰਦਾ। ਆਪਣਾ ਨਾਉਂ ਰੱਖੇ ਨਿਰੰਕਾਰ, ਨਿਹਕਲੰਕ ਵੱਜੇ ਵਧਾਈਆ। ਮਾਤ ਪਿਤ ਨਾ ਕੋਇ ਆਧਾਰ, ਭਾਈ ਭੈਣ ਨਾ ਕੋਇ ਵਖਾਈਆ। ਸਾਕ ਸੈਣ ਨਾ ਕੋਇ ਸੰਸਾਰ, ਪੁਤਰ ਧੀ ਨਾ ਕੋਇ ਜਣਾਈਆ। ਭਗਤ ਭਗਵਾਨ ਕਰੇ ਪਿਆਰ, ਬਿਨ ਭਗਤਾਂ ਨਜ਼ਰ ਕਿਸੇ ਨਾ ਆਈਆ। ਸਾਚੇ ਸੰਤਾਂ ਲਏ ਉਠਾਲ, ਗੁਰਮੁਖਾਂ ਆਪਣਾ ਪਰਦਾ ਲਾਹੀਆ। ਲੇਖਾ ਜਾਣੇ ਸ਼ਾਹ ਕੰਗਾਲ, ਸ਼ਹਿਨਸ਼ਾਹ ਆਪਣਾ ਫੇਰਾ ਪਾਈਆ। ਕਲਜੁਗ ਕਿਰਿਆ ਕਰ ਬੇਹਾਲ, ਸਤਿਜੁਗ ਸਾਚਾ ਰਾਹ ਚਲਾਈਆ। ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗੁਰ ਅਵਤਾਰ ਪੀਰ ਪੈਗ਼ੰਬਰ ਲਏ ਉਠਾਲ, ਗੋਬਿੰਦ ਨੇਤਰ ਦਏ ਵਖਾਈਆ। ਅੰਤਮ ਸਭ ਦੇ ਸਿਰ ਤੇ ਕੂਕੇ ਕਾਲ, ਦੂਏ ਨਾਲ ਸਿਫ਼ਰਾ ਆਪੇ ਲਾਈਆ। ਅਲਖ ਅਗੋਚਰ ਅਗੰਮ ਅਥਾਹ ਚਲੇ ਅਵੱਲੜੀ ਚਾਲ, ਵੇਦ ਕਤੇਬ ਭੇਵ ਨਾ ਪਾਈਆ। ਸ਼ਾਸਤਰ ਸਿਮਰਤ ਹੋਏ ਹੈਰਾਨ, ਅੰਜੀਲ ਕੁਰਾਨ ਨਾ ਕੋਇ ਵਡਿਆਈਆ। ਲੇਖਾ ਜਾਣੇ ਦੋ ਜਹਾਨ, ਦੋਏ ਦੋਏ ਆਪਣਾ ਰੂਪ ਵਟਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੂਆ ਸਿਫ਼ਰਾ ਜੋੜ ਜੁੜਾਈਆ। ਦੂਆ ਸਿਫ਼ਰਾ ਮਿਲਿਆ ਮੇਲ, ਮੇਲਣਹਾਰ ਆਪ ਅਖਵਾਇੰਦਾ। ਸ਼ਬਦ ਗੁਰੂ ਲੱਖ ਚੁਰਾਸੀ ਕੂੜ ਕੁੜਿਆਰੀ ਚਾੜ੍ਹੇ ਤੇਲ, ਪਹਿਲੀ ਚੇਤਰ ਸਗਨ ਮਨਾਇੰਦਾ। ਗੁਰਮੁਖਾਂ ਮੇਲਾ ਹਰਿ ਜੂ ਸਾਚੇ ਸੱਜਣ ਸੁਹੇਲ, ਸੰਸਾ ਰੋਗ ਸਰਬ ਮਿਟਾਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੂਆ

ਸਿਫ਼ਰਾ ਜੋੜ ਜੁੜਾਇੰਦਾ । ਦੂਆ ਸਿਫ਼ਰਾ ਜੁੜਿਆ ਜੋੜਾ, ਹਰਿ ਸਤਿਗੁਰ ਆਪ ਜੁੜਾਈਆ । ਗੁਰ ਗੋਬਿੰਦ ਚੜ੍ਹਿਆ ਸਾਚੇ ਘੋੜਾ, ਘੋੜਾ ਨਜ਼ਰ ਕਿਸੇ ਨਾ ਆਈਆ । ਨੀਲੀ ਧਾਰੋਂ ਬਾਹਰ ਮਾਰੇ ਪੌੜਾ, ਸੁੰਬ ਇਕੋ ਇਕ ਹਿਲਾਈਆ । ਸਭ ਨੂੰ ਨਜ਼ਰੀ ਆਏ ਬ੍ਰਹਿਮਣ ਗੌੜਾ, ਨੂਰੋ ਨੂਰ ਨੂਰ ਰੁਸ਼ਨਾਈਆ । ਹਿੰਦੂ ਮੁਸਲਮ ਸਿਖ ਈਸਾਈ ਵੇਖਣ ਕਰ ਕੇ ਗੌਰਾ, ਨੇਤਰ ਨੈਣ ਨੈਣ ਖੁਲ੍ਹਾਈਆ । ਕਰੇ ਬਿਧ ਅਵਰ ਕੀ ਔਰਾ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਕਲਜੁਗ ਅੰਤਮ ਕੂੜੀ ਕਿਰਿਆ ਰਹਿ ਜਾਏ ਝੇਰਾ, ਸਗਲਾ ਸੰਗ ਨਾ ਕੋਇ ਰਖਾਈਆ । ਅਗਲਾ ਵਕਤ ਰਹਿ ਗਿਆ ਥੋੜਾ, ਥੋੜਾ ਕਰ ਕਰ ਰਿਹਾ ਮੁਕਾਈਆ । ਸੱਸੇ ਉਪਰ ਲਾਇਆ ਹੋੜਾ, ਨਾਨਕ ਸਤਿਗੁਰ ਗਿਆ ਸਮਝਾਈਆ । ਹੰ ਬ੍ਰਹਮ ਪ੍ਰਭ ਆਪੇ ਬੌਹੜਾ, ਬਹੁੜੀ ਬਹੁੜੀ ਸੁਣੇ ਖ਼ਲਕ ਖ਼ੁਦਾਈਆ । ਦੋ ਜਹਾਨ ਫਿਰੇ ਦੌੜਾ, ਬ੍ਰਹਿਮੰਡਾਂ ਖੰਡਾਂ ਚਰਨਾਂ ਹੇਠ ਦਬਾਈਆ । ਦੂਆ ਸਿਫ਼ਰਾ ਬੀਸ ਬੀਸ ਏਕੋ ਵਰਕਾ ਰੱਖੇ ਕੋਰਾ, ਉਤੇ ਹਰਫ਼ ਨਾ ਕੋਇ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬੀਸ ਦਏ ਬਣਾਈਆ । ਏਕਾ ਬੀਸ ਸੁਹਾਏ ਬੀਸਾ, ਬੀਸ ਬੀਸ ਨਾਲ ਵਡਿਆਈਆ । ਪਰਗਟ ਹੋਵੇ ਹਰਿ ਜਗਦੀਸ਼ਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਖ਼ਾਲੀ ਕਰੇ ਖ਼ੀਸਾ, ਦਰ ਦਰ ਘਰ ਘਰ ਆਪ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੀਸ ਬੀਸਾ ਚੜ੍ਹੇ ਜਗ, ਜਗਜੀਵਣ ਦਾਤਾ ਆਪ ਜਣਾਇੰਦਾ । ਜਨ ਭਗਤਾਂ ਦਰਸ਼ਨ ਦੇਵੇ ਉਪਰ ਸ਼ਾਹ ਰਗ, ਨਿਰਗੁਣ ਆਪਣਾ ਪਰਦਾ ਲਾਹਿੰਦਾ । ਮਨਮੁਖਾਂ ਤ੍ਰੈਗੁਣ ਅਗਨੀ ਲਾਏ ਅੱਗ, ਨੌਂ ਖੰਡ ਪ੍ਰਿਥਮੀ ਤੱਤ ਨਾ ਕੋਇ ਬੁਝਾਇੰਦਾ । ਕੂੜੀ ਕਿਰਿਆ ਹੋਏ ਕਗ, ਹੰਸ ਰੂਪ ਨਾ ਕੋਇ ਵਟਾਇੰਦਾ । ਵੀਹ ਸੌ ਵੀਹ ਪੰਦਰਾਂ ਕੱਤਕ ਕਿਸੇ ਨੂੰ ਲੌਣ ਨਾ ਦੇਵੇ ਅਜ ਪਜ, ਜੋ ਘੜਿਆ ਭੰਨ ਵਖਾਇੰਦਾ । ਨਿਰਗੁਣ ਦਾਤਾ ਪੁਰਖ ਬਿਧਾਤਾ ਦਿਲੀ ਤਖ਼ਤ ਬਹੇ ਸਜ, ਸਚ ਸਿੰਘਾਸਣ ਸੋਭਾ ਪਾਇੰਦਾ । ਗੋਬਿੰਦ ਖ਼ਾਲਸਾ ਪੰਥ ਪਏ ਗੱਜ, ਦੋ ਜਹਾਨਾਂ ਗੂੰਜ ਅਲਾਇੰਦਾ । ਗ਼ਰੀਬਾਂ ਨਿਮਾਣਿਆਂ ਪਰਦਾ ਦੇਵੇ ਕੱਜ, ਹਿੰਦੂ ਮੁਸਲਮ ਸਿਖ ਈਸਾਈ ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਆਪਣੀ ਗੋਦ ਉਠਾਇੰਦਾ । ਸੰਤ ਸੁਹੇਲੇ ਗੁਰੂ ਗੁਰ ਚੇਲੇ ਇਕ ਦਵਾਰੇ ਬਹਿਣ ਸਜ, ਸਾਚਾ ਮੰਦਰ ਇਕ ਵਡਿਆਇੰਦਾ । ਨਾਤਾ ਤੁਟੇ ਮੱਕਾ ਕਾਅਬਾ ਹੱਜ, ਹੁਜਰਾ ਹੋਰ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੀਹ ਸੌ ਵੀਹ ਖੇਲ ਕਰਾਇੰਦਾ । ਵੀਹ ਸੌ ਵੀਹ ਖੇਲ ਨਿਆਰਾ, ਹਰਿ ਨਿਰੰਕਾਰਾ ਆਪ ਕਰਾਈਆ । ਗੋਬਿੰਦ ਲੇਖਾ ਲਿਖ ਕੇ ਗਿਆ ਲਿਖਾਰਾ, ਨਾ ਕੋਈ ਮੇਟੇ ਮੇਟ ਮਿਟਾਈਆ । ਪੁਰਖ ਅਕਾਲ ਬਣਿਆ ਵਣਜਾਰਾ, ਕਲਜੁਗ ਅੰਤਮ ਫੇਰਾ ਪਾਈਆ । ਦਹਿ ਦਿਸ਼ਾ ਹੋਵੇ ਹਾਹਾਕਾਰਾ, ਗੁਰਮੁਖ ਵਿਰਲਾ ਹਰਿ ਹਰਿ ਨਾਮ ਧਿਆਈਆ । ਲੇਖਾ ਜਾਣੇ ਜੰਗਲ ਜੂਹ ਉਜਾੜ ਪਹਾੜ ਡੂੰਘੀ ਗ਼ਾਰਾ, ਸਮੁੰਦ ਸਾਗਰ ਫੋਲ ਫੁਲਾਈਆ । ਇਕੋ ਖ਼ਾਲਸ ਖ਼ਾਲਸਾ ਕਰੇ ਨਿਆਰਾ, ਜੂਠ ਝੂਠ ਰਹਿਣ ਨਾ ਪਾਈਆ । ਸਚ ਸੁੱਚ ਸਚ ਵਿਹਾਰਾ, ਸਤਿ ਸਤਿਵਾਦੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੀਸ ਬੀਸਾ ਲੇਖਾ ਦਏ ਚੁਕਾਈਆ । ਬੀਸ ਬੀਸਾ ਆਏ ਮਾਤ, ਮਾਤਰ ਭੂਮੀ ਵੇਖ ਵਖਾਇੰਦਾ । ਚਾਰ ਵਰਨ ਬਣਾਏ ਇਕ ਜਮਾਤ, ਘਰ ਇਕੋ ਇਕ ਸੁਹਾਇੰਦਾ । ਪੁਰਖ ਅਕਾਲ ਸਾਰੇ ਮਿਲ ਕੇ ਗੌਣ ਗਾਥ, ਦੂਜਾ ਇਸ਼ਟ ਨਾ ਕੋਇ ਮਨਾਇੰਦਾ । ਗੁਰ ਗੋਬਿੰਦ ਸਤਿਗੁਰ ਪੂਰਾ ਵਸੇ ਸਾਥ, ਵਿਛੜ ਕਦੇ ਨਾ ਜਾਇੰਦਾ । ਨਾਨਕ ਨਿਰਗੁਣ ਦੇਵੇ ਦਾਤ, ਸਰਗੁਣ

ਝੋਲੀ ਆਪ ਭਰਾਇੰਦਾ । ਹਰਿ ਜੂ ਆਪਣਾ ਕੰਮ ਅੰਤਮ ਕਰੇ ਖ਼ਾਸ, ਸਭ ਦੀ ਖ਼ਾਹਸ਼ ਪੂਰ ਵਖਾਇੰਦਾ । ਮੰਡਲ ਮੰਡਪ ਪਾਵੇ ਰਾਸ, ਗੋਪੀ ਕਾਹਨ ਨਾਚ ਨਚਾਇੰਦਾ । ਸੀਤਾ ਰਾਮ ਕਰੇ ਦਾਸ, ਕੋਟਨ ਕੋਟ ਰਾਮ ਸੀਸ ਝੁਕਾਇੰਦਾ । ਈਸਾ ਮੂਸਾ ਮੁਹੰਮਦ ਚੌਦਾਂ ਤਬਕ ਮਿਲੇ ਬਣਵਾਸ, ਸਦੀ ਚੌਧਵੀਂ ਪਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪਣੇ ਹੱਥ ਰਖਾਇੰਦਾ । ਸਾਚਾ ਖੇਲ ਕਰਨੇ ਯੋਗ, ਏਕੰਕਾਰ ਇਕ ਅਖਵਾਈਆ । ਲਹਿਣਾ ਦੇਣ ਮੁਕਾਏ ਚੌਦਾਂ ਲੋਕ, ਚੋਦਾਂ ਵਿਦਿਆ ਭੇਵ ਚੁਕਾਈਆ । ਚੌਦਾਂ ਤਬਕ ਦੇਵੇ ਝੋਕ, ਹੁਕਮੀ ਹੁਕਮ ਇਕ ਸੁਣਾਈਆ । ਹਰਿ ਕਾ ਭਾਣਾ ਸਕੇ ਨਾ ਕੋਈ ਰੋਕ, ਗੁਰ ਅਵਤਾਰ ਪੀਰ ਪੈਗ਼ੰਬਰ ਲੱਖ ਲੱਖ ਸ਼ੁਕਰ ਮਨਾਈਆ । ਕਲਜੁਗ ਕੂੜੀ ਕਿਰਿਆ ਵਧ ਗਈ ਬਹੁਤ, ਗੁਰ ਕਾ ਸ਼ਬਦ ਨਾ ਕੋਇ ਧਿਆਈਆ । ਜਗਤ ਵਾਸਨਾ ਹੋਏ ਮੋਹਤ, ਮਨ ਕਾ ਮਣਕਾ ਨਾ ਕੋਇ ਭਵਾਈਆ । ਕਲਜੁਗ ਜੀਵ ਆਹਲਣਿਉਂ ਡਿਗੇ ਬੋਟ, ਬਿਨ ਸਤਿਗੁਰ ਪੂਰੇ ਫੇਰ ਨਾ ਕੋਇ ਉਠਾਈਆ । ਗੁਰ ਗੋਬਿੰਦ ਕਹਿ ਕੇ ਗਿਆ ਪੁਰਖ ਅਕਾਲ ਰੱਖੋ ਏਕਾ ਓਟ, ਆਦਿ ਜੁਗਾਦਿ ਹੋਏ ਸਹਾਈਆ । ਸਚਖੰਡ ਨਿਵਾਸੀ ਨਿਰਮਲ ਜੋਤ, ਵਰਨ ਬਰਨ ਨਾ ਕੋਇ ਰਖਾਈਆ । ਭਗਤ ਭਗਵੰਤ ਬਣਾਏ ਔਤ ਪੋਤ, ਪੂਤ ਸਪੂਤਾ ਗੋਦ ਸੁਹਾਈਆ । ਵੀਹ ਸੌ ਵੀਹ ਬਿਕਰਮੀ ਪੰਦਰਾਂ ਕੱਤਕ ਗੁਰਮੁਖਾਂ ਉਤੇ ਹੋਵੇ ਆਪ ਮੋਹਤ, ਆਪਣੀ ਭੇਟਾ ਆਪ ਚੜ੍ਹਾਈਆ । ਰਸਨਾ ਜਿਹਵਾ ਨੌਂ ਖੰਡ ਸਾਰੇ ਗਾਇਣ ਹੋਟ, ਹੌਲੀ ਹੌਲੀ ਦਏ ਜਣਾਈਆ । ਰਾਤੀਂ ਸੁਤਿਆਂ ਸਭ ਦੇ ਅੰਦਰੋਂ ਕੱਢੇ ਖੋਟ, ਆਪਣੀ ਦਇਆ ਆਪ ਕਮਾਈਆ । ਗੁਰਮੁਖ ਗੁਰਸਿਖ ਹਰਿਜਨ ਕਲਜੁਗ ਅੰਤਮ ਵੇਲਾ ਕਰੋ ਹੋਸ਼, ਵੇਲਾ ਗਿਆ ਹੱਥ ਨਾ ਆਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਜੋ ਬੈਠਾ ਰਿਹਾ ਖ਼ਾਮੋਸ਼, ਸੋ ਸੰਦੇਸ਼ਾ ਰਿਹਾ ਸੁਣਾਈਆ । ਜਿਸ ਦਾ ਦਰਸ਼ਨ ਰਹੇ ਲੋਚ, ਸੋ ਲੋਚਣ ਦਰਸ਼ਨ ਦਏ ਕਰਾਈਆ । ਗੁਰ ਸ਼ਬਦ ਸਾਰੇ ਕਰੋ ਖੋਜ, ਗੁਰ ਸ਼ਬਦੀ ਬੂਝ ਬੁਝਾਈਆ । ਗੁਰ ਨਾਨਕ ਗੋਬਿੰਦ ਨਾਲ ਮਿਲ ਕੇ ਮਾਣੋ ਮੌਜ, ਸਚਖੰਡ ਮਿਲੇ ਵਡਿਆਈਆ । ਦੂਏ ਨਾਲ ਚੁੱਕੀ ਦੂਜ, ਸਿਫ਼ਰਾ ਇਕੋ ਇਕ ਖ਼ੁਦਾਈਆ । ਦੂਜੇ ਦੂਏ ਹੋਏ ਬੂਝ, ਆਪ ਆਪਣਾ ਪਰਦਾ ਲਾਹੀਆ । ਚੌਥਾ ਅੱਖਰ ਚੌਥਾ ਸਿਫ਼ਰਾ ਭੇਵ ਖੁਲਾਏ ਗੂੜ੍ਹ, ਗਿਆਨ ਨੇਤਰ ਇਕ ਦ੍ਰਿੜਾਈਆ । ਬਿਨ ਖੰਡਿਉਂ ਜਾਣਾ ਝੂਝ, ਆਤਮ ਪਰਮਾਤਮ ਭੇਟ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੀਹ ਸੌ ਵੀਹ ਬਿਕਰਮੀ ਦੇਵੇ ਮਾਣ ਵਡਿਆਈਆ । ਵੀਹ ਸੌ ਵੀਹ ਬਿਕਰਮੀ ਦੇਵੇ ਮਾਣਾ, ਹਰਿ ਸਤਿਗੁਰ ਖੇਲ ਕਰਾਇੰਦਾ । ਤਖ਼ਤੋਂ ਲਾਹੇ ਰਾਜਾ ਰਾਣਾ, ਸਿਰ ਤਾਜ ਨਾ ਕੋਇ ਟਿਕਾਇੰਦਾ । ਜਨ ਭਗਤਾਂ ਦੇਵੇ ਇਕ ਧਿਆਨਾ, ਧਿਆਨ ਧਿਆਨ ਵਿਚ ਮਿਲਾਇੰਦਾ । ਹਰਿਜਨ ਸਾਚਾ ਸੁਘੜ ਸਿਆਣਾ, ਗੁਰ ਸਤਿਗੁਰ ਦਰਸ਼ਨ ਪਾਇੰਦਾ । ਵੀਹ ਸੌ ਵੀਹ ਬਿਕਰਮੀ ਪਰਮ ਪੁਰਖ ਪਤਿਪਰਮੇਸ਼ਵਰ ਪਾਰਬ੍ਰਹਮ ਪ੍ਰਭ ਹੋਏ ਪਰਧਾਨਾ, ਸਚ ਪਰਧਾਨਗੀ ਆਪ ਕਮਾਇੰਦਾ । ਏਕਾ ਹੁਕਮ ਦੇਵੇ ਧੁਰ ਫ਼ੁਰਮਾਣਾ, ਨੌਂ ਖੰਡ ਪ੍ਰਿਥਮੀ ਆਪ ਜਣਾਇੰਦਾ । ਵੀਹ ਸੋ ਇਕੀ ਝੁੱਲੇ ਸੱਤ ਰੰਗ ਨਿਸ਼ਾਨਾ, ਸੱਤਾਂ ਦੀਪਾਂ ਹੁਕਮ ਮਨਾਇੰਦਾ । ਵਾਹਵਾ ਖੇਲ ਕਰੇ ਭਗਵਾਨਾ, ਭਗਵਨ ਆਪਣਾ ਰਾਹ ਚਲਾਇੰਦਾ । ਕੋਈ ਭੇਵ ਨਾ ਜਾਣੇ ਜੀਵ ਜਹਾਨਾ, ਮਨ ਮਤ ਬੁੱਧ ਅੰਤ ਕੋਇ ਨਾ ਆਇੰਦਾ । ਗੁਰਸਿਖਾਂ ਗੁਰਮੁਖਾਂ ਗੁਰ ਸਤਿਗੁਰ ਦੇਵੇ ਨਾਮ ਨਿਧਾਨਾ, ਨਿਜ ਆਤਮ ਪਰਮਾਤਮ ਬ੍ਰਹਮ ਪਾਰਬ੍ਰਹਮ ਮੇਲ ਮਿਲਾਇੰਦਾ । ਵੀਹ ਸੌ ਵੀਹ ਬਿਕਰਮੀ ਸ੍ਰਿਸ਼ਟ ਸਬਾਈ ਕਰੇ ਪਰਵਾਨਾ, ਹੁਕਮ ਹਾਕਮ ਆਪ ਸੁਣਾਇੰਦਾ । ਗੁਰਮੁਖ ਸਖੀਆਂ

ਮਿਲ ਮਿਲ ਮੰਗਲ ਗਾਣਾ, ਗਾ ਗਾ ਮੰਗਲ ਘਰ ਘਰ ਸ਼ੁਕਰ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜਨ ਭਗਤਾਂ ਅੱਗੇ ਆਪਣਾ ਸੀਸ ਨਿਵਾਇੰਦਾ ।

### ❇ ੯ ਮੱਘਰ ੨੦੧੯ ਬਿਕਰਮੀ ਕਰਤਾਰ ਸਿੰਘ ਦੇ ਗ੍ਰਿਹਿ ਪਿੰਡ ਭੁੰਬਲੀ ਜ਼ਿਲਾ ਗੁਰਦਾਸ ਪੁਰ ❇

ਸਾਚੀ ਸੋਚ ਧੁਰ ਵਸਤ, ਜਨ ਭਗਤਾਂ ਝੋਲੀ ਪਾਇੰਦਾ । ਲਹਿਣਾ ਦੇਣਾ ਦੇਵੇ ਦਸਤ ਬਦਸਤ, ਦੀਨ ਦਿਆਲ ਦੀਨਾਂ ਨਾਥ ਦਇਆ ਕਮਾਇੰਦਾ । ਲੇਖਾ ਚੁਕਾਏ ਕੀਟ ਹਸਤ, ਨੀਚ ਊਚ ਰੰਗ ਰੰਗਾਇੰਦਾ । ਦਿਵਸ ਰੈਣ ਰਹਿਣ ਮਸਤ, ਨਾਮ ਮਸਤੀ ਇਕ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਸਾਚੀ ਸੋਚ ਜਨ ਭਗਤਾਂ ਝੋਲੀ ਡਾਲ, ਸੋ ਪੁਰਖ ਨਿਰੰਜਣ ਦਇਆ ਕਮਾਈਆ । ਆਪੇ ਵੇਖੇ ਮੁਰੀਦਾਂ ਹਾਲ, ਮੁਰਸ਼ਦ ਬਣਿਆ ਸੱਚਾ ਮਾਹੀਆ । ਜੁਗ ਚੌਕੜੀ ਅਵੱਲੜੀ ਚਾਲ, ਚਾਲ ਨਿਰਾਲੀ ਇਕ ਰਖਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸਾਚੀ ਵਸਤ ਰੱਖੀ ਸੰਭਾਲ, ਗੁਰ ਅਵਤਾਰ ਪੀਰ ਪੈਗੰਬਰ ਨਾ ਕਿਸੇ ਵਰਤਾਈਆ । ਕਲਜੁਗ ਅੰਤ ਜਨ ਭਗਤਾਂ ਪਿਛੇ ਘਾਲੇ ਆਪਣੀ ਘਾਲ, ਬਣ ਸੇਵਕ ਸੇਵ ਕਮਾਈਆ । ਦਿਵਸ ਰੈਣ ਅਠੇ ਪਹਿਰ ਘੜੀ ਪਲ ਚਲੇ ਨਾਲ ਨਾਲ, ਵਿਛੜ ਕਦੇ ਨਾ ਜਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਜੀਵਣ ਜੁਗਤ ਜਗਤ ਜਣਾਈਆ । ਨੇੜ ਨਾ ਆਏ ਕਾਲ ਮਹਾਂਕਾਲ, ਮਹਾਂਕਾਲ ਆਪਣਾ ਹੁਕਮ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਾਚੀ ਸੋਚ ਭਗਤਨ ਗੰਢ, ਸੋ ਪੁਰਖ ਨਿਰੰਜਣ ਆਪ ਰਖਾਇੰਦਾ । ਨਿਰਗੁਣ ਸਰਗੁਣ ਪਾਏ ਠੰਡ, ਸਾਂਤਕ ਸਤਿ ਸਤਿ ਕਰਾਇੰਦਾ । ਆਤਮ ਪਰਮਾਤਮ ਇਕ ਅਨੰਦ, ਨਿਜਾਨੰਦ ਰਸ ਚਖਾਇੰਦਾ । ਜੋਤੀ ਨੂਰ ਸਾਚਾ ਚੰਦ, ਚੰਦ ਚਾਂਦਨਾ ਇਕ ਰਖਾਇੰਦਾ । ਦੂਈ ਦਵੈਤੀ ਢਾਹ ਕੰਧ, ਭਾਂਡਾ ਭਰਮ ਭੌ ਭੰਨਾਇੰਦਾ । ਪੰਚ ਵਿਕਾਰਾ ਕਰੇ ਖੰਡ ਖੰਡ, ਖੰਡਾ ਇਕੋ ਨਾਮ ਉਠਾਇੰਦਾ । ਲੇਖਾ ਚੁਕਾਏ ਬੱਤੀ ਦੰਦ, ਰਸਨਾ ਜਿਹਵਾ ਵੇਖ ਵਖਾਇੰਦਾ । ਸੋਹੰ ਢੋਲਾ ਸੁਣਾਏ ਸਾਚਾ ਛੰਦ, ਸੰਸਾ ਰੋਗ ਨਾ ਕੋਇ ਰਖਾਇੰਦਾ । ਜਨਮ ਜਨਮ ਦਾ ਮੇਟੇ ਪੰਧ, ਆਵਣ ਜਾਵਣ ਲੇਖੇ ਲਾਇੰਦਾ । ਨਜ਼ਰ ਨਾ ਆਏ ਜਗਤ ਨੇਤਰ ਅੰਧ, ਲੱਖ ਚੁਰਾਸੀ ਭਰਮ ਭੁਲਾਇੰਦਾ । ਪੁਰਖ ਅਕਾਲ ਸੁੱਤਾ ਦੇ ਕਰ ਕੰਡ, ਆਪਣੀ ਕਰਵਟ ਨਾ ਕੋਇ ਬਦਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਵਸਤ ਹਰਿ ਭਗਤ ਦੁਆਰ, ਭਗਵਨ ਆਪਣੇ ਆਪ ਰਿਹਾ ਵਰਤਾਈਆ । ਜਿਸ ਦੀ ਸੋਚ ਸੋਚ ਨਾ ਸਕੇ ਗੁਰ ਅਵਤਾਰ, ਪੀਰ ਪੈਗੰਬਰ ਅੰਤ ਕਹਿਣ ਨਾ ਪਾਈਆ । ਜੁਗ ਚੌਕੜੀ ਗਾ ਗਾ ਗਏ ਵਾਰ, ਵਾਰਤਾ ਲੋਕਮਾਤ ਸੁਣਾਈਆ । ਮਾਣਸ ਜਨਮ ਗਏ ਹਾਰ, ਹਰਿ ਕਾ ਭੇਵ ਕੋਇ ਨਾ ਆਈਆ । ਬੇਅੰਤ ਬੇਅੰਤ ਬੇਅੰਤ ਕਹਿ ਪੁਕਾਰ, ਨਿਉਂ ਨਿਉਂ ਸਜਦਾ ਸੀਸ ਝੁਕਾਈਆ । ਸੋਚਿਆਂ ਸੋਚ ਵਿਚ ਨਾ ਆਏ ਨਿਰੰਕਾਰ, ਨਿਰਗੁਣ ਦਾਤਾ ਵਡ ਵਡਿਆਈਆ । ਕਲਜੁਗ ਅੰਤਮ ਹੋ ਖ਼ਬਰਦਾਰ, ਜਨ ਭਗਤਾਂ ਸਾਚੀ ਖ਼ਬਰ ਆਪ ਸੁਣਾਈਆ । ਆਓ ਵੇਖੋ ਜਿਸ ਦਾ ਅੰਤ ਨਾ ਪਾਰਾਵਾਰ, ਬੇਅੰਤ ਆਪਣਾ ਫੇਰਾ ਪਾਈਆ । ਗੁਰ ਅਵਤਾਰ ਪੀਰ ਪੈਗੰਬਰ ਬੱਧੇ ਚਰਨਾਂ ਨਾਲ, ਚਰਨ ਚਰਨੋਦਕ ਇਕ ਵਖਾਈਆ । ਜਨ

ਭਗਤਾਂ ਪਿਛੇ ਹੋਇਆ ਆਪ ਬੇਹਾਲ, ਬਿਹਬਲ ਆਪਣਾ ਰੂਪ ਵਟਾਈਆ । ਸਚਖੰਡ ਨਿਵਾਸੀ ਮਾਰੀ ਇਕੋ ਛਾਲ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਖੇਲ ਅਪਾਰਾ, ਭਗਤਨ ਮੀਤਾ ਆਪ ਕਰਾਇੰਦਾ । ਨਿਰਗੁਣ ਸਰਗੁਣ ਬਣ ਵਣਜਾਰਾ, ਸਤਿਗੁਰ ਸਾਚਾ ਹੱਟ ਖੁਲ੍ਹਾਇੰਦਾ । ਵਸਤ ਅਮੋਲਕ ਨਾਮ ਥਾਰਾ, ਥਿਰ ਘਰ ਵਾਸੀ ਆਪ ਟਿਕਾਇੰਦਾ । ਤੋਲਣਹਾਰਾ ਪਰਵਰਦਿਗਾਰਾ ਬੇਪਰਵਾਹ ਦਇਆ ਕਮਾਇੰਦਾ । ਵੰਡਣਹਾਰਾ ਅਗੰਮ ਅਪਾਰਾ, ਅਲੱਖ ਅਗੋਚਰ ਅਥਾਹ ਰਾਹ ਚਲਾਇੰਦਾ । ਵੇਖਣਹਾਰਾ ਸਰਬ ਸੰਸਾਰਾ, ਲੱਖ ਚੁਰਾਸੀ ਫੋਲ ਫੁਲਾਇੰਦਾ । ਦੇਵਣਹਾਰਾ ਚਰਨ ਪਿਆਰਾ, ਹਰਿਜਨ ਸਾਚੇ ਆਪ ਜਗਾਇੰਦਾ । ਆਤਮ ਅੰਤਰ ਕਰ ਉਜਿਆਰਾ, ਜਗਤ ਬਸੰਤਰ ਅਗਨ ਬੁਝਾਇੰਦਾ । ਏਕਾ ਮੰਤਰ ਸੋਹੰ ਨਾਮ ਜੈਕਾਰਾ, ਸੋ ਪੁਰਖ ਨਿਰੰਜਣ ਆਪ ਦ੍ਰਿੜਾਇੰਦਾ । ਪਾਰਬ੍ਰਹਮ ਬ੍ਰਹਮ ਖੇਲ ਨਿਆਰਾ, ਖ਼ਾਲਕ ਖ਼ਲਕ ਆਪ ਕਰਾਇੰਦਾ । ਸ਼ਾਹੋ ਭੂਪ ਬਣ ਸਿਕਦਾਰਾ, ਤਖ਼ਤ ਨਿਵਾਸੀ ਹੁਕਮ ਮਨਾਇੰਦਾ । ਕਾਗਦ ਕਲਮ ਨਾ ਲਿਖਣਹਾਰਾ, ਵਿਸ਼ਨ ਬ੍ਰਹਮਾ ਸ਼ਿਵ ਭੇਵ ਨਾ ਪਾਇੰਦਾ । ਗੁਰ ਅਵਤਾਰ ਕਰਨ ਨਿਮਸਕਾਰਾ, ਪੀਰ ਪੈਗ਼ੰਬਰ ਸਜਦਾ ਸੀਸ ਝੁਕਾਇੰਦਾ । ਮਹਾਂਬਲੀ ਇਕ ਅਵਤਾਰਾ, ਆਦਿ ਜੁਗਾਦੀ ਵੇਸ ਵਟਾਇੰਦਾ । ਸਚਖੰਡ ਵਸੇ ਧਾਮ ਨਿਆਰਾ, ਨਿਹਚਲ ਆਪਣਾ ਆਸਣ ਲਾਇੰਦਾ । ਨਾਦ ਅਨਾਦੀ ਬੋਲ ਜੈਕਾਰਾ, ਸ਼ਬਦੀ ਸ਼ਬਦ ਰਾਗ ਸੁਣਾਇੰਦਾ । ਪਵਣ ਪਵਣੀ ਇਕ ਹੁਲਾਰਾ, ਅਵਣ ਗਵਣ ਫੇਰਾ ਪਾਇੰਦਾ । ਤੰਦ ਤਾਰ ਨਾ ਕੋਇ ਸਤਾਰਾ, ਸਤਿ ਸਤਿਵਾਦੀ ਹੁਕਮ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵਸਤ ਜਨ ਭਗਤਾਂ ਹੱਥ ਫੜਾਇੰਦਾ । ਭਗਤਾਂ ਦੇਵੇ ਹਰਿ ਜੂ ਦਾਤ, ਦਾਤਾ ਦਾਨੀ ਦਇਆ ਕਮਾਈਆ । ਕਲਜੁਗ ਮੇਟ ਅੰਧੇਰੀ ਰਾਤ, ਸਤਿਜੁਗ ਸਾਚਾ ਚੰਦ ਰੁਸ਼ਨਾਈਆ । ਗ਼ਰੀਬ ਨਿਮਾਣਿਆਂ ਪੁਛਣ ਆਇਆ ਵਾਤ, ਬਿਨ ਸੱਦਿਆਂ ਘਰ ਘਰ ਫੇਰਾ ਪਾਈਆ । ਦਿਵਸ ਰੈਣ ਰੈਣ ਦਿਵਸ ਸੱਜਣ ਸੁਹੇਲਾ ਗਾਵੇ ਗਾਥ, ਗਾ ਗਾ ਆਪਣਾ ਸ਼ੁਕਰ ਮਨਾਈਆ । ਚਾਰ ਜੁਗ ਜਿਸ ਦੀ ਕਿਸੇ ਨਾ ਆਈ ਹਾਥ, ਪਾਰ ਕਿਨਾਰਾ ਨਾ ਕੋਇ ਵਖਾਈਆ । ਸੋ ਜਨ ਭਗਤਾਂ ਬਣਿਆ ਦਾਸ, ਚਾਕਰ ਚਾਕਰੀ ਇਕ ਕਮਾਈਆ । ਤਨ ਮਾਟੀ ਕੀਤਾ ਖ਼ਾਕ, ਪੰਜ ਤੱਤ ਨਾ ਕੋਇ ਵਡਿਆਈਆ । ਨਿਰਗੁਣ ਜੋਤ ਸੱਜਣ ਸਾਕ, ਹਰਿ ਸ਼ਬਦ ਵੱਜੇ ਵਧਾਈਆ । ਸਚ ਰਸੂਲ ਪਾਕੀ ਪਾਕ, ਨਬੀ ਆਪਣਾ ਫੇਰਾ ਪਾਈਆ । ਚੌਦਾਂ ਲੋਕ ਦਏ ਤਲਾਕ, ਚੌਦਾਂ ਤਬਕ ਰਹੇ ਕੁਰਲਾਈਆ । ਦੋ ਜਹਾਨ ਸੁਣਾਏ ਏਕਾ ਆਇਤ, ਸ਼ਰੀਅਤ ਇਕੋ ਇਕ ਸਮਝਾਈਆ । ਪਰਗਟ ਹੋਇਆ ਸਾਖਿਆਤ, ਸਾਹਿਬ ਸਤਿਗੁਰ ਸੱਚਾ ਮਾਹੀਆ । ਜਨ ਭਗਤ ਬਣਾਏ ਪਾਰਜਾਤ, ਸਿੰਮਲ ਰੁੱਖ ਨਾ ਕੋਇ ਵਖਾਈਆ । ਦੇਵਣਹਾਰਾ ਇਕੋ ਦਾਤ, ਨਾਮ ਨਾਮਾ ਝੋਲੀ ਪਾਈਆ । ਲੇਖਾ ਜਾਣੇ ਪੱਤਣ ਘਾਟ, ਪੁਰਖ ਅਬਿਨਾਸ਼ੀ ਡੇਰਾ ਲਾਈਆ । ਅੰਤ ਮੁਕਾਵਣ ਆਇਆ ਵਾਟ, ਪਾਂਧੀ ਕੋਇ ਰਹਿਣ ਨਾ ਪਾਈਆ । ਸਚ ਵਖਾਏ ਇਕੋ ਖਾਟ, ਆਤਮ ਸੇਜਾ ਸੋਭਾ ਪਾਈਆ । ਨਿਰਮਲ ਜੋਤ ਕਰ ਪਰਕਾਸ਼, ਅਗਿਆਨ ਅੰਧੇਰ ਚੁਕਾਈਆ । ਲੇਖਾ ਜਾਣ ਪਵਣ ਸਵਾਸ, ਸਵਾਸ, ਸਵਾਸਾਂ ਰਿਹਾ ਸਮਾਈਆ । ਦਿਵਸ ਰੈਣ ਰੈਣ ਦਿਵਸ ਆਤਮ ਪਰਮਾਤਮ ਕਰੇ ਭੋਗ ਬਲਾਸ, ਬ੍ਰਹਮ ਪਾਰਬ੍ਰਹਮ ਧੁਰ ਸੰਜੋਗੀ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਈਆ । ਸਾਚਾ ਖੇਲ ਕਰੇ ਕਰਤਾਰਾ, ਹਰਿ ਕਰਨੀ ਆਪ ਕਰਾਇੰਦਾ । ਜੁਗ ਚੌਕੜੀ ਵੇਖਣਹਾਰਾ,

ਕਲਜੁਗ ਅੰਤਮ ਫੇਰਾ ਪਾਇੰਦਾ । ਰੂਪ ਰੰਗ ਤੇ ਵਸੇ ਬਾਹਰਾ, ਰੇਖ ਭੇਖ ਨਾ ਕੋਇ ਜਣਾਇੰਦਾ । ਸਚਖੰਡ ਸੁਹਾਏ ਇਕ ਦਵਾਰਾ ਦਰਗਾਹ ਸਾਚੀ ਆਸਣ ਲਾਇੰਦਾ । ਕਲਜੁਗ ਅੰਤ ਹੋ ਉਜਿਆਰਾ, ਨੂਰੋ ਨੂਰ ਡਗਮਗਾਇੰਦਾ । ਵਸਣਹਾਰਾ ਧਾਮ ਨਿਆਰਾ, ਸੰਬਲ ਆਪਣਾ ਡੇਰਾ ਲਾਇੰਦਾ । ਸਤਿ ਸਤਿਵਾਦੀ ਬੋਲ ਜੈਕਾਰਾ, ਜੈ ਜੈਕਾਰ ਇਕੋ ਨਾਮ ਸੁਣਾਇੰਦਾ । ਚਾਰ ਵਰਨਾਂ ਦਏ ਅਧਾਰਾ, ਚਾਰੇ ਖਾਣੀ ਚਾਰੇ ਬਾਣੀ ਮੇਲ ਮਿਲਾਇੰਦਾ । ਰਾਗਾਂ ਨਾਦਾਂ ਵਸੇ ਬਾਹਰਾ, ਛੱਤੀ ਰਾਗ ਭੇਵ ਨਾ ਪਾਇੰਦਾ । ਕਰੇ ਖੇਲ ਅਗੰਮ ਅਪਾਰਾ, ਅਲੱਖ ਅਲੱਖਣਾ ਵੇਸ ਵਟਾਇੰਦਾ । ਖੋਲ੍ਹੇ ਤਾਕ ਇਕ ਕਵਾੜਾ, ਦੋ ਜਹਾਨਾਂ ਕੁੰਡਾ ਲਾਹਿੰਦਾ । ਚੌਦਾਂ ਤਬਕਾਂ ਪਾਵੇ ਸਾਰਾ, ਚੌਦਾਂ ਲੋਕ ਭੇਵ ਚੁਕਾਇੰਦਾ । ਚੌਦਾਂ ਵਿਦਿਆ ਕਰੇ ਖ਼ਵਾਰਾ, ਚਾਰੋਂ ਕੁੰਟ ਫੋਲ ਫੁਲਾਇੰਦਾ । ਦਹਿ ਦਿਸ਼ਾ ਦੇਵੇ ਇਕ ਸਹਾਰਾ, ਉਤਰ ਪੂਰਬ ਪੱਛਮ ਦੱਖਣ ਮੰਡਲ ਮੰਡਪ ਆਪਣੇ ਰੰਗ ਰੰਗਾਇੰਦਾ । ਲੇਖਾ ਜਾਣੇ ਸੂਰਜ ਚੰਦ ਸਤਾਰਾ, ਸਤਹ ਆਪਣੀ ਨਾ ਕਿਸੇ ਸਮਝਾਇੰਦਾ । ਜੁਗ ਚੌਕੜੀ ਲੈ ਅਵਤਾਰਾ, ਨਿਰਗੁਣ ਸਰਗੁਣ ਸੇਵਾ ਲਾਇੰਦਾ । ਕਲਜੁਗ ਅੰਤਮ ਨਿਰਗੁਣ ਆਇਆ ਪਹਿਲੀ ਵਾਰਾ, ਸਰਗੁਣ ਚੋਲਾ ਨਾ ਕੋਇ ਹੰਢਾਇੰਦਾ । ਮੰਗਣ ਨਾ ਜਾਏ ਕਿਸੇ ਦੁਆਰਾ, ਖ਼ਾਲੀ ਝੋਲੀ ਨਾ ਕੋਇ ਵਖਾਇੰਦਾ । ਦੇਵਣਹਾਰ ਸਰਬ ਸੰਸਾਰਾ, ਸਤਿ ਭੰਡਾਰਾ ਆਪ ਵਰਤਾਇੰਦਾ । ਬੋਲਣਹਾਰਾ ਨਾਮ ਜੈਕਾਰਾ, ਨਾਮ ਨਿਧਾਨਾ ਆਪ ਉਪਜਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖਣਹਾਰ ਅਖਾੜਾ, ਜੁਗ ਚੌਕੜੀ ਨਾਚ ਨਚਾਇੰਦਾ । ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸਤਿ ਸਤਿਵਾਦੀ ਪੁਰਖ ਅਕਾਲ ਇਕੋ ਲਾੜਾ, ਸੀਸ ਜਗਦੀਸ਼ ਇਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਰੇ ਆਪ, ਘਰ ਆਪਣੇ ਖ਼ੁਸ਼ੀ ਮਨਾਈਆ । ਜਨ ਭਗਤਾਂ ਬਣੇ ਮਾਈ ਬਾਪ, ਪਿਤਾ ਪੂਤ ਦਏ ਵਡਿਆਈਆ । ਇਕੋ ਮੰਤਰ ਇਕੋ ਪਾਠ, ਪੂਜਾ ਇਕੋ ਇਕ ਸਮਝਾਈਆ । ਇਕ ਸਰੋਵਰ ਮਾਰੇ ਠਾਠ, ਅੱਠਸੱਠ ਬੈਠੇ ਮੁਖ ਸ਼ਰਮਾਈਆ । ਇਕੋ ਦੇਵਣਹਾਰਾ ਦਾਤ, ਦਇਆਵਾਨ ਇਕ ਹੋ ਜਾਈਆ । ਇਕੋ ਪੁਛਣਹਾਰਾ ਵਾਤ, ਨਿਰਗੁਣ ਆਪਣਾ ਫੇਰਾ ਪਾਈਆ । ਪੀਰ ਪੈਗ਼ੰਬਰ ਗੁਰ ਅਵਤਾਰ ਬੈਠੇ ਇਕ ਜਮਾਤ, ਦੂਸਰ ਅੱਖਰ ਨਾ ਕੋਇ ਪੜ੍ਹਾਈਆ । ਹਰਿ ਹਰਿ ਦਰਸ਼ਨ ਸਾਖਿਆਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪ ਉਠਾਈਆ । ਆਪਣਾ ਪਰਦਾ ਚੁਕੇ ਉਹਲਾ, ਆਲਮ ਉਲਮਾ ਭੇਵ ਕੋਇ ਨਾ ਪਾਇੰਦਾ । ਨਿਰਗੁਣ ਨਿਰਵੈਰ ਪੁਰਖ ਅਕਾਲ ਬਦਲੇ ਚੋਲਾ, ਚੋਲੀ ਰੰਗ ਨਾ ਕੋਇ ਵਖਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਦੇਂਦਾ ਰਿਹਾ ਮਾਣ ਲੋਕਮਾਤ ਕਲਾ ਸੋਲਾ, ਸੋਲਾਂ ਕਲ ਆਪਣੇ ਚਰਨਾਂ ਹੇਠ ਦਬਾਇੰਦਾ । ਚਾਰ ਜੁਗ ਖਾਣੀ ਬਾਣੀ ਵੇਦ ਪੁਰਾਨੀ ਅੰਜੀਲ ਕੁਰਾਨੀ ਪਵੌਂਦਾ ਰਿਹਾ ਰੌਲਾ, ਆਪਣਾ ਭੇਵ ਨਾ ਕਿਸੇ ਖੁਲ੍ਹਾਇੰਦਾ । ਕੋਈ ਕੂਕੇ ਇਕੋ ਮੌਲਾ, ਮੌਲਾ ਹੱਥ ਕਿਸੇ ਨਾ ਆਇੰਦਾ । ਗੁਰ ਅਵਤਾਰਾਂ ਨਾਲ ਕਰਦਾ ਰਿਹਾ ਕੌਲਾ, ਕੀਤਾ ਕੌਲ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਵੈਰ ਵੇਸ ਵਟਾਇੰਦਾ । ਕੀਤਾ ਕੌਲ ਦੱਸੇ ਨਿਰੰਕਾਰ, ਨਿਰਗੁਣ ਆਪਣੀ ਦਇਆ ਕਮਾਈਆ । ਹਰ ਘਟ ਵਸੇ ਵਿਚ ਸੰਸਾਰ, ਘਰ ਘਰ ਬੈਠਾ ਡੇਰਾ ਲਾਈਆ । ਵੇਖਣਹਾਰਾ ਰੈਣ ਅੰਧੇਰੀ ਮਸੇ ਅੰਧ ਅੰਧਿਆਰ, ਕੂੜ ਕੁੜਿਆਰਾ ਵੇਖ ਵਖਾਈਆ । ਪਾਵੇ ਸਾਰ ਧੂਆਂਧਾਰ, ਧੁੰਦੂਕਾਰ ਦਏ ਮਿਟਾਈਆ । ਗ਼ਫ਼ਲਤ ਵਿਚ ਨਾ ਆਏ ਪਰਵਰਦਿਗਾਰ, ਬੇਪਰਵਾਹ ਫੇਰਾ

ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੋਚ ਬਿਨ ਸੋਚਿਆਂ ਭਗਤਾਂ ਹੱਥ ਫੜਾਈਆ । ਸਾਚੀ ਸੋਚ ਝੋਲੀ ਪਾ, ਝੂਲਾ ਆਪਣੇ ਨਾਮ ਲਗਾਇੰਦਾ । ਸਤਿਗੁਰ ਨਿਰਗੁਣ ਬਣਿਆ ਆਪ ਮਲਾਹ, ਬੇੜਾ ਆਪਣੇ ਕੰਧ ਉਠਾਇੰਦਾ । ਅੱਗੇ ਪਿਛੇ ਫਿਰੇ ਖ਼ੁਦਾ, ਖ਼ੁਦ ਆਪਣੀ ਸੇਵ ਕਮਾਇੰਦਾ । ਰਹਿਬਰ ਬਣਿਆ ਬੇਪਰਵਾਹ, ਬੇਨਜ਼ੀਰ ਵੇਸ ਵਟਾਇੰਦਾ । ਸਚ ਖ਼ਤਾਬ ਦਏ ਦਿਵਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਇੰਦਾ । ਸਾਚੀ ਸੋਚ ਪੱਲੇ ਬੰਨ੍ਹ, ਜਨ ਭਗਤਾਂ ਦਏ ਵਡਿਆਈਆ । ਧੁਰਦਰਗਾਹੀ ਸਾਚਾ ਧੰਨ, ਧੰਨ ਖ਼ਜ਼ੀਨਾ ਇਕ ਲੁਟਾਈਆ । ਏਥੇ ਓਥੇ ਕੋਈ ਨਾ ਦੇਵੇ ਡੰਨ, ਰਾਏ ਧਰਮ ਬੈਠਾ ਸੀਸ ਝੁਕਾਈਆ । ਭਗਤ ਭਗਵੰਤ ਚੜ੍ਹਾਏ ਚੰਨ, ਸੂਰਜ ਚੰਦ ਨੈਣ ਸ਼ਰਮਾਈਆ । ਸਤਿ ਪੁਰਖ ਨਿਰੰਜਣ ਬੇੜਾ ਦਿਤਾ ਬੰਨ੍ਹ, ਬੰਨ੍ਹ ਬੇੜਾ ਆਪਣੇ ਕੰਧ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਧਾਰ ਆਪ ਜਣਾਈਆ । ਧੁਰ ਦੀ ਧਾਰ ਸਚ ਸੰਦੇਸ਼ਾ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਜਨ ਭਗਤਾਂ ਚੁਕਾਵਣ ਆਇਆ ਲੇਖਾ, ਆਪਣਾ ਲੇਖਾ ਭਗਤਾਂ ਹੱਥ ਫੜਾਇੰਦਾ । ਗ਼ਰੀਬ ਨਿਮਾਣਿਆਂ ਨਿਉਂ ਨਿਉਂ ਕਰੇ ਆਪ ਆਦੇਸਾ, ਆਪਣਾ ਸਿਰ ਜਨ ਭਗਤਾਂ ਭੇਟ ਚੜ੍ਹਾਇੰਦਾ । ਰੂਪ ਧਰਿਆ ਮੁਛ ਦਾੜ੍ਹੀ ਨਾ ਕੋਇ ਕੇਸਾ, ਮੂੰਡ ਮੁੰਡਾਇਆ ਨਜ਼ਰ ਕੋਇ ਨਾ ਆਇੰਦਾ । ਜਿਸ ਦੁਆਰੇ ਕੋਟਨ ਕੋਟ ਖਲੋਤੇ ਬ੍ਰਹਮਾ ਵਿਸ਼ਨ ਮਹੇਸ਼ਾ, ਮਹਿਫ਼ਲ ਆਪਣੀ ਇਕ ਲਗਾਇੰਦਾ । ਕਰਨਹਾਰਾ ਸਾਚਾ ਹੇਤਾ, ਨਿਤ ਨਵਿਤ ਫੇਰਾ ਪਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਨਾਲ ਖੇਡਦਾ ਰਿਹਾ ਖੇਡਾਂ, ਨਿੱਕੀ ਨਿੱਕੀ ਖੇਡ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਇੰਦਾ । ਆਪਣਾ ਭੇਵ ਦੱਸੇ ਹਾਲ, ਅਹਿਵਾਲ ਨਾ ਕੋਇ ਜਣਾਈਆ । ਕਲਜੁਗ ਅੰਤਮ ਸਭ ਦੇ ਸਿਰ ਤੇ ਕੂਕੇ ਕਾਲ, ਕਾਲ ਨਗਾਰਾ ਇਕ ਵਜਾਈਆ । ਅੰਤਮ ਦਿਸੇ ਨਾ ਕੋਇ ਦਲਾਲ, ਜਗਤ ਦਲਾਲੀ ਨਾ ਕੋਇ ਵਖਾਈਆ । ਫਲ ਨਾ ਦਿਸੇ ਕਿਸੇ ਡਾਲ, ਪਤਝੜ ਵੇਖੇ ਥਾਉਂ ਥਾਈਂਆ । ਗੁਰਮੁਖਾਂ ਵਸੇ ਆਪ ਨਾਲ, ਨਾਮ ਆਪਣਾ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਸਮਝਾਈਆ । ਸਾਚੀ ਖੇਲ ਦੱਸਣ ਆਇਆ, ਸੋ ਪੁਰਖ ਨਿਰੰਜਣ ਮੀਤ । ਤ੍ਰੈਗੁਣ ਮਾਇਆ ਪਰਦਾ ਲਾਹਿਆ, ਨਜ਼ਰੀ ਆਇਆ ਇਕ ਅਤੀਤ । ਆਪਣਾ ਮਾਰਗ ਆਪ ਵਖਾਇਆ, ਸੋਹੰ ਢੋਲਾ ਗਾਓ ਗੀਤ । ਜਨਮ ਮਰਨ ਦਾ ਦੁੱਖ ਮਿਟਾਇਆ, ਸਤਿਜੁਗ ਚਲਾਈ ਸਾਚੀ ਰੀਤ । ਘਰ ਵਿਚ ਘਰ ਦਏ ਦਿਖਾਇਆ, ਨਾਤਾ ਤੁਟੇ ਮੰਦਰ ਮਸੀਤ । ਆਤਮ ਪਰਮਾਤਮ ਦਏ ਮਿਲਾਇਆ, ਪਰਖਣਹਾਰਾ ਲੱਖ ਚੁਰਾਸੀ ਨੀਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਹਸਤ ਕੀਟ । ਹਸਤ ਕੀਟ ਵੇਖੇ ਆਪ, ਹਰਿ ਆਪਣੀ ਦਇਆ ਕਮਾਈਆ । ਚਾਰ ਵਰਨ ਦਾ ਇਕੋ ਜਾਪ, ਰਸਨਾ ਜਿਹਵਾ ਦਏ ਸਮਝਾਈਆ । ਆਤਮ ਪਰਮਾਤਮ ਸੱਚਾ ਪਾਠ, ਪੂਜਾ ਇਕੋ ਇਕ ਵਖਾਈਆ । ਸਰ ਸਰੋਵਰ ਘਰ ਮੰਦਰ ਵਖਾਏ ਤਾਟ, ਅੰਮ੍ਰਿਤ ਇਕੋ ਤਾਲ ਭਰਾਈਆ । ਨਿਰਮਲ ਜੋਤ ਜਗਾਏ ਲਲਾਟ, ਨੂਰੋ ਨੂਰ ਨੂਰ ਰੁਸ਼ਨਾਈਆ । ਨਾਤਾ ਤੁਟੇ ਆਨ ਬਾਟ, ਮਾਤ ਗਰਭ ਨਾ ਫੇਰਾ ਪਾਈਆ । ਲੱਖ ਚੁਰਾਸੀ ਮੁਕੇ ਵਾਟ, ਜੂਨੀ ਜੂਨ ਨਾ ਕੋਇ ਭੁਆਈਆ । ਲੇਖਾ ਚੁਕਾਏ ਧੁਰ ਮਸਤਕ ਮਾਥ, ਲਹਿਣਾ ਦੇਣਾ ਝੋਲੀ ਪਾਈਆ । ਮੇਲ ਮਿਲਾਵਾ ਸਾਚੇ ਨਾਥ, ਅਨਾਥਾਂ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ


੯੭
੧੩

ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਸੋਚ ਵਿਚਾਰ, ਬਿਨ ਸੋਚਿਆਂ ਆਪ ਜਣਾਇੰਦਾ । ਲੇਖਾ ਜਾਣ ਧੁਰ ਦਰਬਾਰ, ਧੁਰ ਦਰਬਾਰੀ ਫੇਰਾ ਪਾਇੰਦਾ । ਹਿੱਸਾ ਵੰਡੇ ਵਿਚ ਸੰਸਾਰ, ਦਹਿ ਦਿਸ਼ਾ ਖੋਜ ਖੁਜਾਇੰਦਾ । ਗੁਰਮੁਖਾਂ ਲੇਖਾ ਝੋਲੀ ਦੇਵੇ ਡਾਲ, ਪੂਰਬ ਲਹਿਣਾ ਆਪ ਮੁਕਾਇੰਦਾ । ਦੋ ਜਹਾਨਾਂ ਬਣੇ ਦਲਾਲ, ਏਥੇ ਓਥੇ ਸੇਵ ਕਮਾਇੰਦਾ । ਲੇਖੇ ਲਾਏ ਪੰਜ ਤੱਤ ਕਾਇਆ ਮਾਟੀ ਖਾਲ, ਖ਼ਾਲਕ ਆਪਣੇ ਰੰਗ ਰੰਗਾਇੰਦਾ । ਸ਼ਬਦ ਅਨਾਦ ਵਜਾਏ ਤਾਲ, ਧੁਨ ਅਨਾਦੀ ਰਾਗ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰ ਕਿਰਪਾ ਵੇਖ ਵਖਾਇੰਦਾ । ਕਰ ਕਿਰਪਾ ਵੇਖੇ ਨਰਾਇਣ ਨਰ, ਨਿਜ ਘਰ ਆਪਣਾ ਫੇਰਾ ਪਾਈਆ । ਆਤਮ ਪਰਮਾਤਮ ਖੋਲ੍ਹ ਦਰ, ਦਰ ਦਰਵਾਜਾ ਕੁੰਡਾ ਲਾਹੀਆ । ਸਤਿ ਪਰਕਾਸ਼ ਇਕੋ ਧਰ, ਅਗਿਆਨ ਅੰਧੇਰ ਦਏ ਚੁਕਾਈਆ । ਸਵਛ ਸਰੂਪੀ ਅੱਗੇ ਖੜ੍ਹ, ਦਰਸੀ ਦਰਸ ਆਪ ਵਖਾਈਆ । ਨਾ ਕੋਈ ਸੀਸ ਨਾ ਕੋਈ ਧੜ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਸ਼ਬਦ ਅਗੰਮੀ ਏਕਾ ਪੜ੍ਹ, ਨਿਸ਼ਅੱਖਰ ਕਰੇ ਪੜ੍ਹਾਈਆ । ਆਤਮ ਸੇਜਾ ਬਹੇ ਚੜ੍ਹ, ਸਚ ਸਿੰਘਾਸਣ ਡੇਰਾ ਲਾਈਆ । ਸੁਰਤ ਸਵਾਣੀ ਲਏ ਫੜ, ਸ਼ਬਦ ਹਾਣੀ ਮੇਲ ਮਿਲਾਈਆ । ਆਪ ਵਸਾਏ ਸਾਚਾ ਘਰ, ਘਰ ਘਰ ਵਿਚ ਵੱਜੇ ਵਧਾਈਆ । ਨਿਰਭੌ ਚੁਕਾਏ ਭੈ ਡਰ, ਭਿਆਨਕ ਰੂਪ ਨਾ ਕੋਇ ਵਖਾਈਆ । ਸਾਚਾ ਘਾੜਨ ਆਪੇ ਘੜ, ਘੜ ਘੜ ਵੇਖੇ ਚਾਈਂ ਚਾਈਂਆ । ਆਪ ਬੰਧਾਏ ਆਪਣੇ ਲੜ, ਪੱਲੂ ਏਕਾ ਗੰਢ ਪੁਆਈਆ । ਨਾ ਜਨਮੇ ਨਾ ਜਾਏ ਮਰ, ਜਨਮ ਮਰਨ ਨਾ ਕੋਇ ਰਖਾਈਆ । ਮਾਣਸ ਜਨਮ ਨਾ ਜਾਏ ਹਰ, ਜਿਸ ਸਿਰ ਆਪਣਾ ਹੱਥ ਟਿਕਾਈਆ । ਲੇਖਾ ਜਾਣੇ ਨਾਰੀ ਨਰ, ਨਰ ਨਰਾਇਣ ਵੱਡੀ ਵਡਿਆਈਆ । ਸੇਵਾ ਕਰੇ ਦਰ ਦਰ, ਹਰਿ ਦਰਦੀ ਦਰਦ ਵੰਡਾਈਆ । ਵਸਤ ਅਮੋਲਕ ਇਕੋ ਧਰ, ਧਰਨੀ ਧਰਤ ਧਵਲ ਦਏ ਸੁਹਾਈਆ । ਆਪਣੀ ਕਰਨੀ ਆਪੇ ਕਰ, ਕਰਤਾ ਪੁਰਖ ਖੇਲ ਵਖਾਈਆ । ਕਲਜੁਗ ਅੰਤਮ ਕਿਲਾ ਤੋੜ ਹੰਕਾਰੀ ਗੜ੍ਹ, ਕੂੜੀ ਕਿਰਿਆ ਦਏ ਖਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਰ ਆਪਣਾ ਨਾਮ ਵਖਾਈਆ । ਵਰ ਦਾਤਾ ਸ੍ਰੀ ਭਗਵਾਨ, ਭਗਵਨ ਆਪਣੀ ਦਇਆ ਕਮਾਇੰਦਾ । ਵੇਖਣਹਾਰਾ ਸਚ ਨਿਸ਼ਾਨ, ਸਚ ਸੁੱਚ ਨਾਲ ਮਿਲਾਇੰਦਾ । ਬਣਾਵਣਹਾਰਾ ਸਤਿ ਵਿਧਾਨ, ਵਿਦਤ ਆਪਣਾ ਭੇਵ ਚੁਕਾਇੰਦਾ । ਅਖਵਾਵਣਹਾਰਾ ਇਕੋ ਕਾਹਨ, ਸਚਖੰਡ ਸਾਚੇ ਡੇਰਾ ਲਾਇੰਦਾ । ਗਵੌਣਹਾਰਾ ਇਕੋ ਰਾਮ, ਰਮੱਯਾ ਆਪਣਾ ਨਾਉਂ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਰਚਾਇੰਦਾ । ਆਪਣਾ ਖੇਲ ਰਚ ਨਿਰੰਕਾਰ, ਨਿਰਗੁਣ ਆਪਣੀ ਧਾਰ ਚਲਾਈਆ । ਕਲਜੁਗ ਅੰਤ ਹੋ ਤਿਆਰ, ਤ੍ਰੈਗੁਣ ਅਤੀਤਾ ਫੇਰਾ ਪਾਈਆ । ਗੁਰ ਅਵਤਾਰਾਂ ਸੁਰਤ ਸੰਭਾਲ, ਪੀਰ ਪੈਗ਼ੰਬਰਾਂ ਆਪ ਉਠਾਈਆ । ਅੰਤਮ ਲੇਖਾ ਸਭ ਨੂੰ ਦਏ ਵਖਾਲ, ਬਚਿਆ ਕੋਇ ਰਹਿਣ ਨਾ ਪਾਈਆ । ਦੀਨ ਮਜ਼੍ਹਬ ਹੋਏ ਬੇਹਾਲ, ਚਾਰੋਂ ਕੁੰਟ ਕੁੰਟ ਲੜਾਈਆ । ਸਾਚੀ ਸਿਖਿਆ ਕੋਈ ਨਾ ਸਕੇ ਸਿਖਾਲ, ਆਤਮ ਪਰਮਾਤਮ ਮੇਲ ਨਾ ਕੋਇ ਮਿਲਾਈਆ । ਦੂਈ ਦਵੈਤੀ ਚਲੀ ਚਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਕਰਾਈਆ । ਸਾਚਾ ਖੇਲ ਕਰੇ ਅੰਤਮ ਜੁਗ, ਜੁਗ ਚੌਕੜੀ ਆਪ ਮਿਟਾਇੰਦਾ । ਕਲਜੁਗ ਔਧ ਗਈ ਪੁਗ, ਵੇਲਾ ਆਪਣੇ ਹੱਥ ਰਖਾਇੰਦਾ । ਲੱਖ ਚੁਰਾਸੀ ਕੂੜੀ ਚੋਗ ਲਈ ਚੁਗ, ਅੰਤਮ ਲੇਖਾ ਆਪ ਮੁਕਾਇੰਦਾ । ਕਿਸੇ ਸੰਗ ਨਾ ਜਾਏ ਕੁਛ, ਖ਼ਾਲੀ ਹੱਥ ਸਰਬ ਫਿਰਾਇੰਦਾ । ਪੀਰ ਪੈਗ਼ੰਬਰ ਗੁਰ

੮੮ ੧੩

ਅਵਤਾਰ ਇਕ ਦੂਜੇ ਨੂੰ ਰਹੇ ਪੁਛ, ਹਰਿ ਜੂ ਕੀ ਕੀ ਖੇਲ ਵਰਤਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਜੋ ਬੈਠਾ ਰਿਹਾ ਲੁਕ, ਕਲਜੁਗ ਅੰਤਮ ਵੇਸ ਵਟਾਇੰਦਾ । ਸਤਿ ਸਰੂਪ ਸ਼ਾਹੋ ਭੂਪ, ਸ਼ੇਰ ਹੋ ਕੇ ਰਿਹਾ ਬੁੱਕ, ਦੋ ਜਹਾਨਾਂ ਭਬਕ ਲਗਾਇੰਦਾ । ਲੱਖ ਚੁਰਾਸੀ ਡਰਦਾ ਬੂਟਾ ਰਿਹਾ ਸੁੱਕ, ਸੁਕਿਆ ਹਰਾ ਨਾ ਕੋਇ ਕਰਾਇੰਦਾ । ਧਰਤ ਮਾਤ ਦੀ ਖ਼ਾਲੀ ਕਰੇ ਕੁੱਖ, ਜਨ ਜਨਨੀ ਵੇਖ ਵਖਾਇੰਦਾ । ਜਨ ਭਗਤਾਂ ਮੇਟੇ ਵਿਛੋੜਾ ਦੁੱਖ, ਆਪ ਆਪਣਾ ਮੇਲ ਮਿਲਾਇੰਦਾ । ਦਰਸ਼ਨ ਦੇ ਦੇ ਮੇਟੇ ਤ੍ਰਿਸਨਾ ਭੁੱਖ, ਭੁਖਿਆਂ ਭੁੱਖ ਆਪ ਗਵਾਇੰਦਾ । ਸੋਚਿਆਂ ਕੋਈ ਨਾ ਸਕੇ ਸੋਚ, ਸੋਚ ਵਿਚ ਕਦੇ ਨਾ ਆਇੰਦਾ । ਹਰਿ ਕਾ ਭਾਣਾ ਕੋਈ ਨਾ ਸਕੇ ਰੋਕ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਢਾਵਣਹਾਰਾ ਕਿਲਾ ਕੋਟ, ਬੰਕ ਦਵਾਰਾ ਇਕ ਵਖਾਇੰਦਾ । ਜਿਸ ਮੰਦਰ ਪਰਗਟਾਏ ਨਿਰਮਲ ਜੋਤ, ਸੋ ਮੰਦਰ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਰ ਇਕੋ ਇਕ ਅਖਵਾਇੰਦਾ । ਇਕੋ ਨਰ ਨਰ ਨਰਾਇਣ, ਨਾਰੀ ਵੇਖੇ ਸਰਬ ਲੋਕਾਈਆ । ਰਸਨਾ ਕੋਈ ਨਾ ਸਕੇ ਕਹਿਣ, ਕਹਿ ਕਹਿ ਅੰਤ ਕੋਇ ਨਾ ਪਾਈਆ । ਬਿਨ ਭਗਵੰਤ ਦਰਸ ਨਾ ਪੇਖੇ ਕੋਈ ਨੈਣ, ਕਬੀਰ ਜੋਲਾਹਾ ਦਏ ਗਵਾਈਆ । ਲੇਖਾ ਜਾਣੇ ਨੁਕਤਾ ਐਨ ਗ਼ੈਨ, ਐਨ ਆਪਣਾ ਰੂਪ ਸਮਝਾਈਆ । ਲਹਿਣਾ ਦੇਣ ਚੁਕਾਏ ਸਾਕ ਸੱਜਣ ਸੈਣ, ਸੈਣ ਇਕੋ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਵਸਤ ਆਪ ਵਰਤਾਈਆ । ਸਾਚੀ ਵਸਤ ਨਾਮ ਅਮੋਲਕ, ਅਨਮੁਲੀ ਝੋਲੀ ਪਾਇੰਦਾ । ਆਪ ਟਿਕਾਏ ਕਾਇਆ ਗੋਲਕ, ਤ੍ਰੈਗੁਣ ਉਤੇ ਪਰਦਾ ਪਾਇੰਦਾ । ਸ਼ਬਦ ਵਜਾਏ ਅਗੰਮੀ ਢੋਲਕ, ਢੋਲਾ ਆਪਣਾ ਰਾਗ ਸੁਣਾਇੰਦਾ । ਆਪੇ ਬਣਿਆ ਰਹੇ ਅਨਬੋਲਤ, ਰਸਨਾ ਜਿਹਵਾ ਨਾ ਕੋਇ ਹਿਲਾਇੰਦਾ । ਆਦਿ ਜੁਗਾਦਿ ਸਦਾ ਅਨਡੋਲਤ, ਡੁਲ ਕਦੇ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਇਕੋ ਵਰ, ਵਰ ਇਕੋ ਨਾਮ ਵਖਾਇੰਦਾ । ਇਕੋ ਨਾਮ ਹਰਿ ਗੁਣਵੰਤ, ਗੁਰਮੁਖ ਝੋਲੀ ਪਾਈਆ । ਹੋਏ ਧਨਾਢ ਵਡਾ ਧੰਨਵੰਤ, ਦਰ ਮੰਗਣ ਕਿਸੇ ਨਾ ਜਾਈਆ । ਆਤਮ ਪਰਮਾਤਮ ਮਣੀਆ ਮੰਤ, ਮਨ ਵਾਸਨਾ ਦਏ ਮੁਕਾਈਆ । ਮੇਲ ਮਿਲਾਏ ਹਰਿ ਜੂ ਕੰਤ, ਘਰ ਸਾਚੇ ਵੱਜੇ ਵਧਾਈਆ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਉਤਰ ਕਦੇ ਨਾ ਜਾਈਆ । ਗੜ੍ਹ ਤੁਟੇ ਹਉਮੇ ਹੰਗਤ, ਹੰ ਬ੍ਰਹਮ ਮਮ ਨਾ ਕੋਇ ਚਤੁਰਾਈਆ । ਮੇਲ ਮਿਲਾਏ ਸਾਚੀ ਸੰਗਤ, ਹਰਿ ਸੰਗਤ ਰੂਪ ਸਮਾਈਆ । ਹਰਿ ਕਾ ਭੇਵ ਨਾ ਜਾਣੇ ਕੋਈ ਪੰਡਤ, ਪੜ੍ਹਿਆਂ ਹੱਥ ਕਿਸੇ ਨਾ ਆਈਆ । ਕਰੇ ਖੇਲ ਬਾਰ ਅਨਕ, ਅਨਕ ਕਲ ਆਪ ਵਰਤਾਈਆ । ਲੇਖਾ ਜਾਣੇ ਸੰਤ ਸੁਹੇਲੇ ਜਿਉਂ ਜਨ ਜਨਕ, ਜਨ ਆਪਣੀ ਗੋਦ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜਨ ਭਗਤਾਂ ਕਰੇ ਆਪ ਪਰਖ, ਬਣ ਬਣ ਪਾਰਖੂ ਫੇਰਾ ਪਾਈਆ । ਪਾਰਖੂ ਬਣ ਲਾਏ ਕਸਵਟੀ, ਕਸਵਟੀ ਆਪਣਾ ਨਾਂਉਂ ਰਖਾਇੰਦਾ । ਗੁਰਮੁਖ ਕਿਸੇ ਤੋਲ ਨਾ ਤੁਲੇ ਤਕੜੀ ਸੇਰ ਵੱਟੀ, ਚੌਦਾਂ ਭਾਰ ਨਾ ਤੁਲ ਰਖਾਇੰਦਾ । ਗੁਰਮੁਖ ਨਾਮ ਕਿਸੇ ਨਾ ਮਿਲੇ ਹੱਟੀ, ਚੌਦਾਂ ਲੋਕ ਸਰਬ ਕੁਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਆਪ ਸਾਲਾਹਿੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਧੁਰ ਦਾ ਦਾਨ, ਧੁਰ ਦੀ ਸੋਚ ਜਨ ਭਗਤਾਂ ਵਿਚ ਰਖਾਇੰਦਾ ।

੮੯
੧੩

❈ ੧੦ ਮੱਘਰ ੨੦੧੯ ਬਿਕਰਮੀ ਚਾਨਣ ਸ਼ਾਹ ਨਾਲ ਗੋਸ਼ਟ ਭੁੰਬਲੀ ਜ਼ਿਲਾ ਗੁਰਦਾਸ ਪੁਰ ❈

ਕਵਣ ਦੁਆਰੇ ਹੋਏ ਸਤਿਸੰਗ, ਸਤਿਗੁਰ ਬੈਠਾ ਆਸਣ ਲਾਈਆ । ਕਵਣ ਦੁਆਰੇ ਚੜ੍ਹੇ ਰੰਗ, ਰੰਗ ਉਤਰ ਕਦੇ ਨਾ ਜਾਈਆ । ਕਵਣ ਸੇਜ ਸੋਹੇ ਪਲੰਘ, ਕਵਣ ਕੰਤ ਰਿਹਾ ਹੰਢਾਈਆ । ਕਵਣ ਮਨ ਵਾਸਨਾ ਕਰੇ ਖੰਡ, ਖੰਡਾ ਖੜਗ ਨਾਮ ਹੱਥ ਉਠਾਈਆ । ਕਵਣ ਦੇਵੇ ਇਕ ਅਨੰਦ, ਅਨੰਦ ਅਨੰਦ ਵਿਚ ਵਖਾਈਆ । ਕਵਣ ਸੁਣਾਏ ਸੁਹਾਗੀ ਛੰਦ, ਬਿਨ ਰਸਨਾ ਜਿਹਵਾ ਗਾਈਆ । ਕਵਣ ਲਹਿਣਾ ਦੇਣਾ ਚੁਕਾਏ ਜੀਉ ਇੰਡ ਪਿੰਡ ਬ੍ਰਹਿਮੰਡ, ਬ੍ਰਹਿਮਾਂਡ ਕਰੇ ਸ਼ਨਵਾਈਆ । ਕਵਣ ਨਾਤਾ ਤੋੜੇ ਬੱਤੀ ਦੰਦ, ਮਨ ਮਤ ਬੁੱਧ ਨਾ ਕੋਇ ਚਤੁਰਾਈਆ । ਕਵਣ ਲੇਖ ਚੁਕਾਏ ਭੇਖ ਪਖੰਡ, ਸਚ ਸੁੱਚ ਦਏ ਦ੍ਰਿੜਾਈਆ । ਕਵਣ ਦੁਆਰੇ ਅੱਗੇ ਜਾਏ ਲੰਘ, ਅੱਧਵਿਚਕਾਰ ਨਾ ਕੋਇ ਅਟਕਾਈਆ । ਕਵਣ ਦੁਆਰੇ ਚੜ੍ਹੇ ਸਾਚਾ ਚੰਦ, ਸੂਰਜ ਚੰਦ ਨਾ ਕੋਇ ਰੁਸ਼ਨਾਈਆ । ਕਵਣ ਗ੍ਰਿਹ ਮਿਲੇ ਸੂਰਾ ਸਰਬੰਗ, ਸੋ ਪੁਰਖ ਨਿਰੰਜਣ ਆਸਣ ਲਾਈਆ । ਚਾਨਣ ਸ਼ਾਹ ਕਿਉਂ ਦਿਤੀ ਕੰਡ, ਕੰਢਾ ਵੇਖਣ ਆਇਆ ਸੱਚਾ ਮਾਹੀਆ । ਸੁਰਤ ਦੁਹਾਗਣ ਹੋਈ ਰੰਡ, ਕੰਤ ਕੰਤੂਹਲ ਨਜ਼ਰ ਨਾ ਆਈਆ । ਆਤਮ ਨੇਤਰ ਦਿਸੇ ਅੰਧ, ਨਿਜ ਨੇਤਰ ਨਾ ਕੋਇ ਰੁਸ਼ਨਾਈਆ । ਰਸਨਾ ਜਿਹਵਾ ਜਗਤ ਡੰਡ, ਡੰਕਾ ਡੋਰੂ ਰਹੀ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਖੇਲ ਕਰ, ਪੁਛਣ ਆਇਆ ਇਕੋ ਘਰ, ਕਵਣ ਮੰਦਰ ਨਿਰਗੁਣ ਬੈਠਾ ਆਸਣ ਲਾਈਆ । ਕਵਣ ਦੁਆਰ ਸ਼ਬਦ ਧੁਨਕਾਰ, ਧੁੰਨ ਅਨਾਦੀ ਨਾਦ ਵਜਾਇੰਦਾ । ਕਵਣ ਘਰ ਨਿਰਮਲ ਜੋਤ ਕਰੇ ਪਰਕਾਸ਼, ਨੂਰ ਨੁਰਾਨਾ ਡਗਮਗਾਇੰਦਾ । ਕਵਣ ਦੁਆਰ ਸਾਹਿਬ ਸਤਿਗੁਰ ਵਸੇ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਡੇਰਾ ਲਾਇੰਦਾ । ਕਵਣ ਗ੍ਰਿਹ ਸਤਿ ਪੁਰਖ ਨਿਰੰਜਣ ਕਰੇ ਖੇਲ ਤਮਾਸ਼, ਸਚਖੰਡ ਦੁਆਰਾ ਏਕੰਕਾਰਾ ਨਿਰਗੁਣ ਧਾਰਾ ਵੇਸ ਵਟਾਇੰਦਾ । ਕਵਣ ਰੂਪ ਸ਼ਾਹੋ ਭੂਪ ਪੂਰੀ ਪੂਰਨ ਕਰੇ ਆਸ, ਆਸਾ ਤ੍ਰਿਸ਼ਨਾ ਨਾ ਕੋਇ ਵਧਾਇੰਦਾ । ਚਾਨਣ ਸ਼ਾਹ ਆਪਣੀ ਮੰਜ਼ਲ ਦੱਸਣੀ ਖ਼ਾਸ, ਖ਼ੁਲਾਸਾ ਹਰਿ ਜੂ ਪੁੱਛ ਪੁਛਾਇੰਦਾ । ਕਵਣ ਵਸਤ ਰੱਖੀ ਪਾਸ, ਕਾਇਆ ਚੋਲੇ ਬੰਦ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਛਣਹਾਰਾ ਇਕੋ ਘਰ, ਕਾਇਆ ਮੰਦਰ ਅੰਦਰ ਡੂੰਘੀ ਕੰਦਰ ਖੋਜ ਖੁਜਾਇੰਦਾ । ਆਪਣਾ ਆਪ ਦੱਸ ਹਾਲ, ਹਾਲਤ ਹਰਿ ਜੂ ਪੁੱਛ ਪੁਛਾਈਆ । ਕਵਣ ਰੂਪ ਖੇਲ ਕਰੇ ਕਾਲ, ਨਵ ਨੌਂ ਫੇਰਾ ਪਾਈਆ । ਕਵਣ ਲੇਖਾ ਜਾਣੇ ਮਹਾਂਕਾਲ, ਮਹਾਂਬਲੀ ਵਡ ਵਡਿਆਈਆ । ਕਵਣ ਦੁਆਰੇ ਗੁਰ ਸ਼ਬਦ ਮਿਲੇ ਦਲਾਲ, ਸਚ ਦਲਾਲੀ ਇਕ ਕਮਾਈਆ । ਕਵਣ ਦੁਆਰੇ ਜੋਤ ਨਿਰੰਜਣ ਦੀਪਕ ਦੇਵੇ ਬਾਲ, ਆਦਿ ਨਿਰੰਜਣ ਬੇਪਰਵਾਹੀਆ । ਕਵਣ ਦੁਆਰੇ ਸਚ ਵਖਾਏ ਸੱਚੀ ਧਰਮਸਾਲ, ਧਰਮ ਦੁਆਰਾ ਇਕ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਧਾਂ ਸੰਤਾਂ ਜੀਵਾਂ ਜੰਤਾਂ ਅੰਦਰ ਬਾਹਰ ਜਾਣੇ ਚਾਲ, ਅਭੁੱਲ ਭੁੱਲ ਕਦੇ ਨਾ ਜਾਈਆ । ਆਪਣੀ ਮੰਜ਼ਲ ਦੇਣੀ ਦੱਸ, ਦਹਿ ਦਿਸ਼ਾ ਵੇਖ ਵਖਾਇੰਦਾ । ਕਵਣ ਦੁਆਰੇ ਸੁਰਤੀ ਰਹੀ ਵਸ, ਵੇਸ ਅਵੇਸ ਕਵਣ ਕਰਾਇੰਦਾ । ਕਵਣ ਕੂਟੇ ਰਿਹਾ ਨੱਸ, ਉਤਰ ਪੂਰਬ ਪੱਛਮ ਦੱਖਣ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁੱਛਣ ਆਇਆ ਇਕੋ ਘਰ, ਜਿਸ ਮੰਦਰ ਗ੍ਰਿਹ ਅੰਦਰ ਪਰਕਾਸ਼, ਸ਼ਬਦ ਜੋਤ ਖੇਲ ਕਰਾਇੰਦਾ । ਜੋਤ ਸ਼ਬਦ ਕਵਣ ਧਾਰ, ਕਵਣ ਘਰ ਮਿਲੇ ਵਡਿਆਈਆ । ਕਵਣ ਬਿਧ ਮਿਲੇ ਮੀਤ ਮੁਰਾਰ, ਪਰਮ ਪੁਰਖ ਬੇਪਰਵਾਹੀਆ । ਆਲਸ ਨਿੰਦਰਾ

ਕਰ ਖ਼ਵਾਰ, ਜਾਗਤ ਸੋਵਤ ਏਕਾ ਰੰਗ ਵਖਾਈਆ । ਪਰਾ ਪਸੰਤੀ ਮਧਮ ਬੈਖ਼ਰੀ ਕਰ ਖ਼ਵਾਰ, ਆਤਮ ਪਰਮਾਤਮ ਭੇਵ ਅਭੇਦ ਜਣਾਈਆ । ਬ੍ਰਹਮ ਪਾਰਬ੍ਰਹਮ ਖੋਲ੍ਹ ਕਿਵਾੜ, ਖ਼ਾਲਕ ਖ਼ਲਕ ਵੇਖ ਵਖਾਈਆ । ਨੂਰ ਇਲਾਹੀ ਪਰਵਰਦਿਗਾਰ, ਜਲਵਾ ਹੱਕ ਦਏ ਜਣਾਈਆ । ਸ਼ਨਾਖ਼ਤ ਕਰੇ ਅਗੰਮ ਅਪਾਰ, ਸਾਖਿਆਤ ਆਪਣਾ ਰੂਪ ਵਟਾਈਆ । ਸੋ ਸਤਿਗੁਰ ਪੂਰਾ ਸੱਚਾ ਮਿਹਰਵਾਨ, ਮਿਹਰ ਨਜ਼ਰ ਇਕ ਉਠਾਈਆ । ਆਤਮ ਅੰਤਰ ਦੇਵੇ ਬ੍ਰਹਮ ਗਿਆਨ, ਬ੍ਰਹਮ ਵਿਦਿਆ ਕਰੇ ਪੜ੍ਹਾਈਆ । ਰਸਨਾ ਜਿਹਵਾ ਕਰੇ ਨਾ ਕੋਈ ਕਲਿਆਣ, ਬੋਲਤ ਬੋਲ ਨਾ ਕੋਇ ਸੁਣਾਈਆ । ਕਾਇਆ ਵੇਖੇ ਸਚ ਮਿਆਨ, ਸਾਚਾ ਖੰਡਾ ਇਕ ਵਖਾਈਆ । ਕਵਣ ਦੁਆਰ ਮਿਲੇ ਭਗਵਾਨ, ਸਚ ਸਿੰਘਾਸਣ ਬੈਠਾ ਆਸਣ ਲਾਈਆ । ਚਾਨਣ ਸ਼ਾਹ ਦੇਣਾ ਆਪਣਾ ਆਪ ਬਿਆਨ, ਭੇਵ ਅਭੇਦ ਖੁਲ੍ਹਾਈਆ । ਪੁਛਣਹਾਰਾ ਨਾ ਬਣਿਆ ਅੰਞਾਣ, ਹਰ ਘਟ ਜਾਣੇ ਥਾਉਂ ਥਾਈਆ । ਅੰਦਰ ਬਾਹਰ ਗੁਪਤ ਜ਼ਾਹਰ, ਨਿਰਗੁਣ ਦਾਤਾ ਪੁਰਖ ਬਿਧਾਤਾ ਬੇਅੰਤ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਛਣ ਆਇਆ ਇਕੋ ਘਰ, ਜਿਸ ਘਰ ਸੰਤ ਸੁਹੇਲੇ ਗੁਰੂ ਗੁਰ ਚੇਲੇ, ਹਰਿ ਸਤਿਗੁਰ ਮਿਲ ਮਿਲ ਮਿਲ ਖ਼ੁਸ਼ੀ ਮਨਾਈਆ । ਘਰ ਵਿਚ ਘਰ ਘਰ ਕਵਣ ਸੁਹਾਗ, ਕਵਣ ਖੇਲ ਕਰਾਈਆ । ਕਵਣ ਨਾਦ ਸ਼ਬਦ ਧੁਨ ਰਾਗ, ਕਵਣ ਗੀਤ ਗੋਬਿੰਦ ਅਲਾਈਆ । ਕਵਣ ਤਾਲ ਤਲਵਾੜਾ ਵਜਾਏ ਸਾਜ, ਸਾਜਣ ਆਪਣੀ ਸੇਵ ਕਮਾਈਆ । ਕਵਣ ਰੱਖਣਹਾਰਾ ਲਾਜ, ਸਿਰ ਆਪਣਾ ਹੱਥ ਟਿਕਾਈਆ । ਕਵਣ ਖੋਲ੍ਹਣਹਾਰਾ ਪਾਜ, ਪਰਦਾ ਆਪਣਾ ਨਾ ਕੋਇ ਜਣਾਈਆ । ਜਿਸ ਨੂੰ ਕਹਿੰਦੇ ਗੁਰੂ ਮਹਾਰਾਜ, ਸੋ ਗੁਰ ਸ਼ਬਦ ਵਸੇ ਕਵਣ ਥਾਈਆਂ । ਜਿਸ ਦੀ ਕੰਨਾਂ ਨਾਲ ਸੁਣੀ ਨਾ ਜਾਏ ਆਵਾਜ਼, ਕਵਣ ਹੁਜਰੇ ਬਾਂਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣ ਆਇਆ ਸੰਤ ਸਮਾਜ, ਜਗਤ ਭਾਗ ਵੰਡ ਵੰਡਾਈਆ । ਆਦਿ ਜੁਗਾਦੀ ਇਕੋ ਸਤਿਗੁਰ, ਦੂਸਰ ਅਵਰ ਨਾ ਕੋਇ ਜਣਾਈਆ । ਦਰਗਾਹ ਸਾਚੀ ਬੈਠਾ ਧੁਰ, ਸਚਖੰਡ ਸਾਚੇ ਸੋਭਾ ਪਾਈਆ । ਸ਼ਬਦੀ ਸੁਰਤੀ ਰਿਹਾ ਜੁੜ, ਮੂਰਤ ਅਕਾਲ ਬੇਪਰਵਾਹੀਆ । ਅੱਠੇ ਪਹਿਰ ਚੜ੍ਹਿਆ ਰਹੇ ਘੋੜ, ਦੋ ਜਹਾਨਾਂ ਚਰਨਾਂ ਹੇਠ ਦਬਾਈਆ । ਲੱਖ ਚੁਰਾਸੀ ਵੇਖਣਹਾਰਾ ਰੀਠਾ ਮਿੱਠਾ ਕੌੜ, ਆਤਮ ਪਰਮਾਤਮ ਖੋਜ ਖੁਜਾਈਆ । ਦਿਵਸ ਰੈਣ ਅੱਠੇ ਪਹਿਰ ਰਿਹਾ ਬੌਹੜ, ਸਦਾ ਸੁਹੇਲਾ ਸੱਚਾ ਮਾਹੀਆ । ਜਿਸ ਦੁਆਰੇ ਸਾਧ ਸੰਤ ਕੋਟਨ ਕੋਟ, ਰਹੇ ਦੌੜ, ਦੌੜਿਆਂ ਹੱਥ ਕਿਸੇ ਨਾ ਆਈਆ । ਸੋ ਸਾਹਿਬ ਸਤਿਗੁਰ ਇਕੋ ਵੇਖਿਆ ਕਰ ਕੇ ਗ਼ੌਰ, ਦੂਸਰੇ ਵਲ ਅੱਖ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਇਕੋ ਗੁਰ ਗੁਰ ਸਤਿਗੁਰ ਆਪ ਹੋ ਜਾਈਆ । ਜਵਾਬ ਵਲੋਂ ਲਾਜਵਾਬ, ਰੁਹਾਨੀਅਤ ਕੰਮ ਕਿਸੇ ਨਾ ਆਈਆ । ਜਿਸ ਦਾ ਲੈਂਦੇ ਰਹੇ ਖ਼ਵਾਬ, ਸੋ ਖ਼ਵਾਬ ਵਿਚ ਦਰਸ ਦੇਣ ਨਾ ਆਈਆ । ਕਾਇਆ ਖ਼ਾਲੀ ਦਿਸੇ ਮਹਿਰਾਬ, ਮਹਿਬੂਬ ਬੈਠਾ ਮੁਖ ਛੁਪਾਈਆ । ਮਨ ਵਾਸਨਾ ਵੱਜੇ ਰਬਾਬ, ਮਤ ਮਤਵਾਲੀ ਤੰਦੀ ਤੰਦ ਰਖਾਈਆ । ਲੇਖਾ ਮੰਗੇ ਹੱਕ ਜਨਾਬ, ਹਕੀਕਤ ਪਰਦਾ ਆਪਣਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪਣੇ ਹੱਥ ਰਖਾਈਆ । ਏਥੇ ਅੰਤ ਕੋਈ ਨਾ ਰਿਹਾ, ਕੋਟਨ ਕੋਟ ਗੁਰ ਅਵਤਾਰ ਪੀਰ ਪੈਗ਼ੰਬਰ ਗਏ ਫੇਰਾ ਪਾਈਆ । ਅੰਤ ਕਾਲ ਪੰਜ ਤੱਤ ਕਾਇਆ ਬੁਰਜ ਸਭ ਦਾ ਢਹਿਆ, ਢੈ ਢੈ ਢੇਰੀ ਖ਼ਾਕ ਮਿਲਾਈਆ । ਪ੍ਰਭ ਕਾ ਭਾਣਾ ਸਭ ਨੇ ਸਹਿਆ, ਸਿਰ ਸਿਰ ਹੁਕਮ ਮਨਾਈਆ । ਆਦਿ ਜੁਗਾਦਿ

ਜੁਗਾ ਜੁਗੰਤਰ ਪੁਰਖ ਅਕਾਲ ਇਕੋ ਆਪਣੇ ਜਿਹਾ ਆਪੇ ਰਿਹਾ, ਲੱਖ ਚੁਰਾਸੀ ਜੁਗ ਜੁਗ ਕਾਲ ਫਾਸ ਲਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਵਸੇ ਆਪੇ ਘਰ, ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਜੁਗ ਚੌਕੜੀ ਗੇੜਾ ਗੇੜੇ ਨਾਲ ਭੁਆਈਆ । ਆਤਮ ਬ੍ਰਹਮ ਪੰਜ ਤੱਤ ਵਸੇ, ਈਸ਼ ਜੀਵ ਖੇਲ ਕਰਾਇੰਦਾ । ਮਨ ਵਾਸਨਾ ਜੀਵ ਫਸੇ, ਸ੍ਰਿਸ਼ਟ ਸਬਾਈ ਨਾਚ ਨਚਾਇੰਦਾ । ਗੁਰਮੁਖ ਵਿਰਲਾ ਸਤਿਗੁਰ ਦੁਆਰੇ ਬਹਿ ਬਹਿ ਹੱਸੇ, ਮਿਲ ਸਤਿਗੁਰ ਖ਼ੁਸ਼ੀ ਮਨਾਇੰਦਾ । ਸਤਿਗੁਰ ਪੂਰਾ ਤੀਰ ਨਿਰਾਲਾ ਇਕੋ ਕਸੇ, ਨਾਮ ਚਿਲਾ ਹੱਥ ਉਠਾਇੰਦਾ । ਜਗਤ ਵਿਕਾਰਾ ਫੜ ਫੜ ਝੱਸੇ, ਆਸਾ ਤ੍ਰਿਸਨਾ ਮਾਇਆ ਮਮਤਾ ਹਉਮੇ ਹੰਗਤਾ ਕਾਮ ਕਰੋਧ ਲੋਭ ਮੋਹ ਹੰਕਾਰ ਨਾਤਾ ਤੋੜ ਤੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਅੰਤ ਕਲਜੁਗ ਸੰਤ ਲਏ ਫੜ, ਨਾਮ ਡੋਰੀ ਹੱਥ ਉਠਾਇੰਦਾ ।

### ❇ ੧੦ ਮੱਘਰ ੨੦੧੯ ਬਿਕਰਮੀ ਜੁਗਿੰਦਰ ਸਿੰਘ ਦੇ ਗ੍ਰਹਿ ਪਿੰਡ ਡਡਵਾਂ ਜ਼ਿਲਾ ਗੁਰਦਾਸ ਪੁਰ ❇

ਸਚਖੰਡ ਦੁਆਰ ਸੱਚਾ ਸ਼ਹਿਨਸ਼ਾਹ, ਸੋ ਪੁਰਖ ਨਿਰੰਜਣ ਬੈਠਾ ਧਿਆਨ ਲਗਾਈਆ । ਦੋ ਜਹਾਨਾਂ ਵੇਖੇ ਥਾਉਂ ਥਾਂ, ਥਿਰ ਘਰ ਵਾਸੀ ਆਪਣਾ ਕੁੰਡਾ ਲਾਹੀਆ । ਵਿਸ਼ਨ ਬ੍ਰਹਮਾ ਸ਼ਿਵ ਰਹੇ ਕੁਰਲਾ, ਨਾਅਰਾ ਇਕੋ ਇਕ ਲਗਾਈਆ । ਪੀਰ ਪੈਗ਼ੰਬਰ ਮਾਰਨ ਧਾਹ, ਉਚੀ ਕੂਕ ਕੂਕ ਸੁਣਾਈਆ । ਗੁਰ ਅਵਤਾਰ ਰਹੇ ਧਿਆ, ਬੇਅੰਤ ਤੇਰੀ ਵਡਿਆਈਆ । ਜੁਗ ਚੌਕੜੀ ਗਏ ਵਿਹਾ, ਕੋਟਨ ਕੋਟ ਕਾਲ ਬਿਤਾਈਆ । ਸਤਿਜੁਗ ਤ੍ਰੇਤਾ ਦੁਆਪਰ ਲਿਆ ਹੰਡਾ, ਕਲਜੁਗ ਖੇਲ ਵਡ ਵਡਿਆਈਆ । ਤੇਰਾ ਲੇਖਾ ਕੋਈ ਲਿਖ ਸਕੇ ਨਾ, ਲਿਖਤ ਵਿਚ ਕਦੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਸਚਖੰਡ ਬੈਠਾ ਡੇਰਾ ਲਾਈਆ । ਸਚਖੰਡ ਨਿਵਾਸੀ ਸ਼ਾਹ ਪਾਤਸ਼ਾਹ, ਸ਼ਹਿਨਸ਼ਾਹ ਆਪਣਾ ਆਸਣ ਲਾਇੰਦਾ । ਨਿਰਗੁਣ ਸਰਗੁਣ ਵੇਖਣਹਾਰਾ ਰਾਹ, ਬੇਪਰਵਾਹ ਖੇਲ ਕਰਾਇੰਦਾ । ਆਦਿ ਜੁਗਾਦੀ ਵਡ ਮਲਾਹ, ਖੇਵਟ ਖੇਟਾ ਨਾਉਂ ਰਖਾਇੰਦਾ । ਧੁਰ ਫ਼ੁਰਮਾਣਾ ਹੁਕਮ ਜਣਾ, ਸਚ ਸੰਦੇਸ਼ਾ ਇਕ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਆਪਣਾ ਰੰਗ ਰੰਗਾਇੰਦਾ । ਸਚਖੰਡ ਨਿਵਾਸੀ ਰੰਗ ਅਪਾਰਾ, ਸੋ ਪੁਰਖ ਨਿਰੰਜਣ ਆਪ ਰੰਗਾਈਆ । ਹਰਿ ਪੁਰਖ ਨਿਰੰਜਣ ਹੋ ਉਜਿਆਰਾ, ਨਿਰਗੁਣ ਬੈਠਾ ਆਸਣ ਲਾਈਆ । ਏਕੰਕਾਰਾ ਕਰ ਪਸਾਰਾ, ਵੇਖਣਹਾਰਾ ਥਾਉਂ ਥਾਈਆ । ਆਦਿ ਨਿਰੰਜਣ ਨੂਰ ਉਜਿਆਰਾ, ਰਵ ਸਸ ਦਏ ਰੁਸ਼ਨਾਈਆ । ਅਬਿਨਾਸ਼ੀ ਕਰਤਾ ਠਾਂਡਾ ਦਰਬਾਰਾ, ਦਰਗਾਹ ਸਾਚੀ ਧਾਮ ਸੁਹਾਈਆ । ਅਬਿਨਾਸ਼ੀ ਕਰਤਾ ਦਏ ਹੁਲਾਰਾ, ਸਾਚੇ ਹੁਜਰੇ ਸੋਭਾ ਪਾਈਆ । ਪਾਰਬ੍ਰਹਮ ਪ੍ਰਭ ਬੇਐਬ ਪਰਵਰਦਿਗਾਰਾ, ਨੂਰੀ ਜਲਵਾ ਨੂਰ ਇਲਾਹੀਆ । ਅਲੱਖ ਅਗੋਚਰ ਅਗੰਮ ਅਪਾਰਾ, ਆਪੇ ਜਾਣੇ ਆਪਣੀ ਕਾਰਾ, ਕਰਨੀ ਆਪਣੀ ਆਪ ਕਮਾਈਆ । ਵਸਣਹਾਰਾ ਧਾਮ ਨਿਆਰਾ, ਨਿਹਚਲ ਬੈਠਾ ਡੇਰਾ ਲਾਈਆ । ਜੁਗਾ ਜੁਗੰਤਰ ਪਾਵੇ ਸਾਰਾ, ਮਹਾਂਸਾਰਥੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਾਹ ਪਾਤਸ਼ਾਹ ਆਪਣੀ ਧਾਰ ਆਪ ਚਲਾਈਆ । ਸਾਚੀ ਧਾਰ ਪੁਰਖ ਨਿਰੰਜਣ, ਸੋ ਆਪਣੀ ਆਪ ਚਲਾਇੰਦਾ । ਦਾਤਾ ਦਾਨੀ ਦੁੱਖ ਦਰਦ ਭੈ ਭੰਜਨ, ਭਵ ਸਾਗਰ ਵੇਖ ਵਖਾਇੰਦਾ । ਨਿਰਗੁਣ ਸਰਗੁਣ ਦੇਵਣਹਾਰਾ ਸਾਚਾ ਮਜਣ, ਸਰੋਵਰ

ਇਕੋ ਇਕ ਨੁਹਾਇੰਦਾ । ਥਿਰ ਘਰ ਵਾਸੀ ਪੁਰਖ ਅਬਿਨਾਸ਼ੀ ਸਤਿ ਸਤਿਵਾਦੀ ਏਕਾ ਸੱਜਣ, ਸਗਲਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਾਚੇ ਡੇਰਾ ਲਾਇੰਦਾ । ਸਚਖੰਡ ਦੁਆਰੇ ਸੋਭਨੀਕ, ਸਤਿ ਸਤਿਵਾਦੀ ਵਡ ਵਡਿਆਈਆ । ਆਦਿ ਜੁਗਾਦੀ ਲਾਸ਼ਰੀਕ ਸ਼ਿਰਕਤ ਵਿਚ ਕਦੇ ਨਾ ਆਈਆ । ਵਸਣਹਾਰਾ ਦੂਰ ਨਜ਼ਦੀਕ, ਨੇਰਨ ਨੇਰ ਪੰਧ ਮੁਕਾਈਆ । ਆਪਣਾ ਭਾਣਾ ਵਰਤੇ ਠੀਕ, ਠੋਕਰ ਸਭ ਨੂੰ ਰਿਹਾ ਲਗਾਈਆ । ਸਦਾ ਸੁਹੇਲਾ ਇਕ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਈਆ । ਆਤਮ ਪਰਮਾਤਮ ਦੱਸਣਹਾਰ ਪ੍ਰੀਤ, ਸਚ ਪ੍ਰੀਤੀ ਇਕ ਸਮਝਾਈਆ । ਪਰਖਣਹਾਰਾ ਲੱਖ ਚੁਰਾਸੀ ਨੀਤ, ਨਿਜ ਘਰ ਬੈਠਾ ਡੇਰਾ ਲਾਈਆ । ਲੇਖਾ ਜਾਣੇ ਹਸਤ ਕੀਟ, ਰਾਜ ਰਾਜਾਨਾਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਾਚਾ ਇਕ ਵਡਿਆਈਆ । ਸਚਖੰਡ ਦੁਆਰਾ ਵਡ ਵਡੇਰਾ, ਨਜ਼ਰ ਕਿਸੇ ਨਾ ਆਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਪੁਰਖ ਅਬਿਨਾਸ਼ੀ ਕਰਨਹਾਰਾ ਮਿਹਰਾਂ, ਮਿਹਰ ਨਜ਼ਰ ਇਕ ਉਠਾਇੰਦਾ । ਸਰਗੁਣ ਸਰਗੁਣ ਬੰਨ੍ਹਣਹਾਰਾ ਬੇੜਾ, ਨਿਰਗੁਣ ਨਿਰਗੁਣ ਆਪਣੇ ਕੰਧ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਸਚ ਮਹੱਲਾ ਆਪ ਉਪਾਇੰਦਾ । ਸਚ ਮਹੱਲਾ ਸੋਭਾਵੰਤ, ਸਤਿ ਸਤਿਵਾਦੀ ਆਪ ਉਪਾਈਆ । ਆਦਿ ਜੁਗਾਦਿ ਮਹਿਮਾਂ ਅਗਣਤ, ਲੇਖਾ ਲਿਖਤ ਵਿਚ ਨਾ ਆਈਆ । ਪੁਰਖ ਅਕਾਲ ਨਾਰ ਕੰਤ, ਅਜੂਨੀ ਰਹਿਤ ਸੇਜ ਸੁਹਾਈਆ । ਏਕੰਕਾਰਾ ਮਣੀਆਂ ਮੰਤ, ਮੰਤਰ ਇਕੋ ਨਾਮ ਦ੍ਰਿੜਾਈਆ । ਬਣਾਵਣਹਾਰਾ ਸਾਚੀ ਬਣਤ, ਘੜਨ ਭੰਨਣਹਾਰ ਸਮਰਥ ਪੁਰਖ, ਪੁਰਖ ਪੁਰਖੋਤਮ ਆਪਣਾ ਰਾਹ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਖੇਲ ਅਵੱਲਾ, ਨਿਰਗੁਣ ਨਿਰਗੁਣ ਆਪ ਕਰਾਇੰਦਾ । ਦਰਗਾਹ ਸਾਚੀ ਇਕ ਇਕੱਲਾ, ਮੁਕਾਮੇ ਹੱਕ ਸੋਭਾ ਪਾਇੰਦਾ । ਆਦਿ ਜੁਗਾਦਿ ਜੁਗ ਜੁਗ ਫੜਾਵਣਹਾਰਾ ਨਾਮ ਪੱਲਾ, ਪੱਲੂ ਇਕੋ ਇਕ ਪਰਗਟਾਇੰਦਾ । ਜੋਤੀ ਸ਼ਬਦੀ ਆਪੇ ਰਲਾ, ਰਲ ਮਿਲ ਆਪਣਾ ਖੇਲ ਕਰਾਇੰਦਾ । ਦੀਪ ਪਰਕਾਸ਼ ਆਪੇ ਬਲਾ, ਤੇਲ ਬਾਤੀ ਨਾ ਕੋਇ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰ ਆਪ ਵਡਿਆਇੰਦਾ । ਸਚਖੰਡ ਦੁਆਰ ਸਾਚੇ ਚੜ੍ਹ, ਹਰਿ ਨੀਕਨ ਨੀਕ ਧਿਆਨ ਲਗਾਈਆ । ਮਹੱਲ ਅਟੱਲ ਆਪੇ ਖੜ, ਬ੍ਰਹਿਮੰਡ ਖੰਡ ਖੋਜ ਖੁਜਾਈਆ । ਨਿਰਮਲ ਜੋਤ ਪਰਕਾਸ਼ ਆਪੇ ਧਰ, ਦੋ ਜਹਾਨ ਕਰੇ ਰੁਸ਼ਨਾਈਆ । ਜੁਗ ਚੌਕੜੀ ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾਈਆ । ਬੋਧ ਅਗਾਧ ਨਿਸ਼ਅੱਖਰ ਆਪੇ ਪੜ੍ਹ, ਗੁਰ ਅਵਤਾਰ ਪੀਰ ਪੈਗ਼ੰਬਰ ਕਰੇ ਪੜ੍ਹਾਈਆ । ਲੱਖ ਚੁਰਾਸੀ ਲਾਵਣਹਾਰਾ ਜੜ੍ਹ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁੱਧ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਵਸੇ ਸੱਚਾ ਮਾਹੀਆ । ਮਾਹੀ ਵਸੇ ਸਚਖੰਡ, ਨਜ਼ਰ ਕਿਸੇ ਨਾ ਆਇੰਦਾ । ਜੁਗ ਚੌਕੜੀ ਵੰਡੇ ਵੰਡ, ਗੁਰ ਅਵਤਾਰ ਸੇਵ ਲਗਾਇੰਦਾ । ਪੀਰ ਪੈਗ਼ੰਬਰ ਚਾੜ੍ਹ ਚੰਦ, ਨਿਰਗੁਣ ਸਰਗੁਣ ਆਪ ਚਮਕਾਇੰਦਾ । ਦੀਨ ਮਜ਼੍ਹਬ ਰੱਖੇ ਕੰਧ, ਪਰਦਾ ਆਪਣਾ ਆਪ ਉਠਾਇੰਦਾ । ਸਤਿ ਸੁਹਾਗ ਸੁਣਾਏ ਛੰਦ, ਬ੍ਰਹਮ ਬ੍ਰਹਿਮਾਦ ਨਾਦ ਵਜਾਇੰਦਾ । ਵਸਣਹਾਰਾ ਸਾਚੀ ਸੇਜ ਪਲੰਘ, ਘਟ ਘਟ ਆਪਣਾ ਡੇਰਾ ਲਾਇੰਦਾ । ਕਰੇ ਖੇਲ ਸੂਰਾ ਸਰਬੰਗ, ਬਲ ਆਪਣਾ ਆਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਸਾਚੀ ਕਾਰ ਕਮਾਇੰਦਾ । ਸਾਚੀ

ਕਾਰ ਕਰੇ ਕਰਤਾਰਾ, ਕੁਦਰਤ ਕਾਦਰ ਵੇਖ ਵਖਾਈਆ । ਦੋ ਜਹਾਨਾਂ ਪਾਵੇ ਸਾਰਾ, ਚੌਦਾਂ ਲੋਕ ਭੇਵ ਚੁਕਾਈਆ । ਚੌਦਾਂ ਤਬਕ ਦੇ ਹੁਲਾਰਾ, ਦੂਈ ਪਰਦਾ ਇਕ ਉਠਾਈਆ । ਅਵਣ ਗਵਣ ਇਕ ਨਜ਼ਾਰਾ, ਨਿਰਗੁਣ ਸਰਗੁਣ ਦਏ ਸਮਝਾਈਆ । ਕਾਗਦ ਕਲਮ ਨਾ ਲਿਖਣਹਾਰਾ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਤ ਕਹਿਣ ਨਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦਰ ਠਾਂਡੇ ਕਰਨ ਨਿਮਸਕਾਰਾ, ਦੋਏ ਦੋਏ ਜੋੜ ਸੀਸ ਝੁਕਾਈਆ । ਤੇਰਾ ਅੰਤ ਨਾ ਪਾਰਾਵਾਰਾ, ਬੇਅੰਤ ਤੇਰੀ ਸ਼ਹਿਨਸ਼ਾਹੀਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨੌਂ ਸੌ ਚੁਰਾਨਵੇਂ ਚੌਕੜੀ ਜੁਗ ਔਂਦਾ ਰਿਹਾ ਵਾਰੋ ਵਾਰਾ, ਨਿਤ ਨਵਿਤ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਆਰੇ ਸਾਚੇ ਚੜ੍ਹ, ਸਾਚੇ ਤਖ਼ਤ ਆਸਣ ਲਾਈਆ । ਸਾਚੇ ਤਖ਼ਤ ਆਸਣ ਲਾਇਆ, ਰਹਿਬਰ ਨਜ਼ਰ ਕਿਸੇ ਨਾ ਆਇੰਦਾ । ਵਿਸ਼ਨ ਬ੍ਰਹਮਾ ਸ਼ਿਵ ਰਹੇ ਕੁਰਲਾਇਆ, ਉਚੀ ਕੂਕ ਕੂਕ ਸੁਣਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਰਹੇ ਗਾਇਆ, ਗਾ ਗਾ ਸ਼ੁਕਰ ਸਰਬ ਮਨਾਇੰਦਾ । ਖੰਡ ਬ੍ਰਹਿਮੰਡ ਚਰਨ ਕਵਲ ਧਿਆਨ ਰਹੇ ਲਗਾਇਆ, ਨੇਤਰ ਨੈਣ ਦਰਸ ਕੋਇ ਨਾ ਪਾਇੰਦਾ । ਰਵ ਸਸ ਰਹੇ ਸ਼ਰਮਾਇਆ, ਚੰਦ ਚਾਂਦਨਾ ਕੰਮ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਸਾਚੇ ਡੇਰਾ ਲਾਇੰਦਾ । ਡੇਰਾ ਲੱਗਾ ਸਚ ਦੁਆਰ, ਸੋ ਪੁਰਖ ਨਿਰੰਜਣ ਆਪ ਲਗਾਈਆ । ਹਰਿ ਪੁਰਖ ਨਿਰੰਜਣ ਹੋ ਤਿਆਰ, ਤ੍ਰੈਭਵਨ ਧਨੀ ਆਪਣੀ ਖੇਲ ਕਰਾਈਆ । ਏਕੰਕਾਰਾ ਹੋ ਉਜਿਆਰ, ਆਦਿ ਨਿਰੰਜਣ ਨੂਰ ਕਰੇ ਰੁਸ਼ਨਾਈਆ । ਅਬਿਨਾਸ਼ੀ ਕਰਤਾ ਸੁਣ ਪੁਕਾਰ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਏਕਾ ਹੁਕਮ ਜਣਾਈਆ । ਸ੍ਰੀ ਭਗਵਾਨ ਚਾਰ ਜੁਗ ਦੇ ਵਿਛੜੇ ਲਏ ਉਠਾਲ,

੯੪
੧੩
ਪੂਰਬ ਲੇਖਾ ਆਪ ਮੁਕਾਈਆ । ਪਾਰਬ੍ਰਹਮ ਬ੍ਰਹਮ ਚਲੇ ਨਾਲ ਨਾਲ, ਆਤਮ ਪਰਮਾਤਮ ਜੋੜ ਜੁੜਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਵੇਖੇ ਜਗਤ ਧਰਮਸਾਲ, ਮੰਦਰ ਮਸਜਿਦ ਮੱਠ ਸ਼ਿਵਦਵਾਲੇ ਖੋਜ ਖੁਜਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਹੋਏ ਬੇਹਾਲ, ਬਿਹਬਲ ਰੋਵੇ ਸਰਬ ਲੋਕਾਈਆ । ਨਾ ਕੋਈ ਸੁਣੇ ਮੁਰੀਦਾਂ ਹਾਲ, ਮੁਰਸ਼ਦ ਨਜ਼ਰ ਕੋਇ ਨਾ ਆਈਆ । ਈਸਾ ਮੂਸਾ ਮੁਹੰਮਦ ਦਏ ਨਾ ਕੋਇ ਪੈਗ਼ਾਮ, ਸਚ ਹਦੀਸ ਨਾ ਕੋਇ ਪੜ੍ਹਾਈਆ । ਚੌਧਵੀਂ ਚੰਦ ਨਾ ਕੋਇ ਨਿਸ਼ਾਨ, ਚੌਦਾਂ ਤਬਕ ਨਾ ਕੋਇ ਰੁਸ਼ਨਾਈਆ । ਨਾਤਾ ਤੁਟਾ ਅੰਜੀਲ ਕੁਰਾਨ, ਕਾਇਆ ਕੁਰਾ ਖੋਜ ਨਾ ਕੋਇ ਖੁਜਾਈਆ । ਸਾਚੇ ਹੁਜਰੇ ਮਿਲੇ ਨਾ ਮਿਹਰਵਾਨ, ਮਿਹਬਾਨ ਬੀਦੋ ਨੂਰ ਜ਼ਹੂਰ ਨਾ ਕੋਇ ਦਰਸਾਈਆ । ਮੱਕਾ ਕਾਅਬਾ ਹੋਇਆ ਹੈਰਾਨ, ਹਜ਼ਰਤ ਬੈਠਾ ਮੁਖ ਛੁਪਾਈਆ । ਕਿਸੇ ਕੰਮ ਨਾ ਆਏ ਜਗਤ ਈਮਾਨ, ਅਮਾਨਤ ਸਭ ਦੀ ਆਪਣੀ ਝੋਲੀ ਪਾਈਆ । ਮੁਕਾਮੇ ਹੱਕ ਨੌਜਵਾਨ, ਹਰਿ ਜੂ ਬੈਠਾ ਡੇਰਾ ਲਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਧੁਰਦਰਗਾਹੀ ਨੂਰ ਇਲਾਹੀ ਸੁਣਾਏ ਸਚ ਕਲਾਮ, ਕਲਮਾ ਆਪਣਾ ਨਾਉਂ ਦ੍ਰਿੜਾਈਆ । ਪੀਰ ਪੈਗ਼ੰਬਰਾਂ ਵਡ ਅਮਾਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਸਾਚੇ ਖੜ, ਖੰਡਾ ਇਕੋ ਨਾਮ ਚਮਕਾਈਆ । ਸਾਚਾ ਖੰਡਾ ਨਾਮ ਕਟਾਰ, ਹਰਿ ਕਰਤਾ ਆਪ ਚਮਕਾਇੰਦਾ । ਜੁਗ ਚੌਕੜੀ ਵੇਖੀ ਵਿਚ ਸੰਸਾਰ, ਗੁਰ ਅਵਤਾਰ ਪੀਰ ਪੈਗ਼ੰਬਰ ਸੇਵਾ ਲਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸਾਰੇ ਮੰਗਦੇ ਗਏ ਵਾਰੋ ਵਾਰ, ਖ਼ਾਲੀ ਝੋਲੀ ਸਰਬ ਭਰਾਇੰਦਾ । ਦੇਵਣਹਾਰਾ ਆਪ ਦਾਤਾਰ, ਦਾਤਾ ਦਾਨੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ

ਨਿਵਾਸੀ ਪੁਰਖ ਅਬਿਨਾਸ਼ੀ ਨਿਰਗੁਣ ਦਾਤਾ ਪੁਰਖ ਬਿਧਾਤਾ, ਨਰ ਹਰਿ ਆਪਣਾ ਫੇਰਾ ਪਾਇੰਦਾ । ਮੰਗਦੇ ਰਹੇ ਮੰਗ ਅਸੀਸ, ਗੁਰ ਅਵਤਾਰ ਧਿਆਨ ਲਗਾਈਆ । ਪੀਰ ਪੈਗ਼ੰਬਰ ਪੜ੍ਹੰਦੇ ਰਹੇ ਹਦੀਸ, ਤੀਸ ਬਤੀਸ ਸੋਹਲਾ ਗਾਈਆ । ਅੰਤਮ ਖੇਲ ਕਰੇ ਜਗਦੀਸ਼, ਜਾਗਰਤ ਜੋਤ ਕਰੇ ਰੁਸ਼ਨਾਈਆ । ਏਕਾ ਛਤਰ ਝੁਲਾਏ ਸੀਸ, ਦੋ ਜਹਾਨਾਂ ਸੱਚਾ ਸ਼ਹਿਨਸ਼ਾਹੀਆ । ਸ੍ਰਿਸ਼ਟ ਸਬਾਈ ਜਾਏ ਪੀਸ, ਕਲਜੁਗ ਚੱਕੀ ਆਪ ਪਿਸਾਈਆ । ਸ਼ਾਹ ਸੁਲਤਾਨਾ ਖ਼ਾਲੀ ਕਰੇ ਖ਼ੀਸ, ਮਾਇਆ ਰਾਣੀ ਦਏ ਦੁਹਾਈਆ । ਲਹਿਣਾ ਦੇਣਾ ਚੁਕਾਏ ਬੀਸ ਇਕੀਸ, ਬੀਸ ਇਕੀਸਾ ਆਪ ਹੋ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਆਪੇ ਵੜ, ਅੰਦਰ ਬੈਠਾ ਮੁਖ ਛੁਪਾਈਆ । ਅੰਦਰ ਬੈਠਾ ਹਰਿ ਜੂ ਛੁਪ, ਨਜ਼ਰ ਕਿਸੇ ਨਾ ਆਇੰਦਾ । ਨੌਂ ਸੌ ਚੁਰਾਨਵੇਂ ਚੌਕੜੀ ਰਿਹਾ ਲੁਕ, ਰੂਪ ਰੰਗ ਰੇਖ ਨਾ ਕੋਇ ਵਖਾਇੰਦਾ । ਕਲਜੁਗ ਅੰਤਮ ਨਿਰਗੁਣ ਧਾਰ ਵਿਚੋਂ ਫੁੱਟ, ਜੋਤੀ ਜੋਤ ਡਗਮਗਾਇੰਦਾ । ਗੋਬਿੰਦ ਸੂਰਾ ਮੇਲੇ ਸਾਚਾ ਸੁਤ, ਜਨ ਜਨਨੀ ਆਪ ਹੋ ਆਇੰਦਾ । ਕਰੇ ਖੇਲ ਅਬਿਨਾਸ਼ੀ ਅਚੁਤ, ਚਿਤਵਿਤ ਠਗੌਰੀ ਨਾ ਕੋਇ ਰਖਾਇੰਦਾ । ਨਾਤਾ ਤੋੜੇ ਕਾਇਆ ਬੁੱਤ, ਕੂੜੀ ਕਿਰਿਆ ਮੇਟ ਮਿਟਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਕੋਲੋਂ ਰਿਹਾ ਪੁੱਛ, ਦਰ ਘਰ ਸਾਚੇ ਆਪ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਇਕ ਵਸਾਇੰਦਾ । ਸਚਖੰਡ ਦੁਆਰਾ ਵਸਿਆ ਏਕ, ਵਸਾਵਣਹਾਰ ਆਪ ਵਸਾਈਆ । ਆਦਿ ਜੁਗਾਦੀ ਸਾਚੀ ਟੇਕ, ਨਿਰਗੁਣ ਸਰਗੁਣ ਰਿਹਾ ਸਮਝਾਈਆ । ਜੁਗ ਚੌਕੜੀ ਖੇਲਿਆ ਖੇਡ, ਖਿਡਾਰੀ ਆਪਣਾ ਰਾਹ ਚਲਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਨਾਲ ਕਰਦਾ ਰਿਹਾ ਹੇਤ, ਅੰਤਰ ਅੰਤਰ ਜੋੜ ਜੁੜਾਈਆ । ਵੇਖਣਹਾਰਾ ਕਾਇਆ ਖੇਤ, ਪੰਜ ਤੱਤ ਮੇਲਾ ਸਹਿਜ ਸੁਭਾਈਆ । ਸਤਿਜੁਗ ਤ੍ਰੇਤਾ ਦੁਆਪਰ ਰੁੱਤ ਬਸੰਤੀ ਵੇਖੀ ਚੇਤ, ਚੇਤਨ ਆਪਣਾ ਰੰਗ ਵਖਾਈਆ । ਨਜ਼ਰੀ ਆਇਆ ਨੇਤਨ ਨੇਤ, ਨਿਜ ਨੇਤਰ ਨੈਣ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਕਰੇ ਕਾਰ, ਕਰਤਾ ਪੁਰਖ ਕਰਨੇਹਾਰ, ਕੁਦਰਤ ਕਾਦਰ ਲਏ ਵਿਚਾਰ, ਦੂਜਾ ਸੰਗ ਨਾ ਕੋਇ ਰਖਾਈਆ । ਨਾ ਕੋਈ ਸੰਗੀ ਨਾ ਕੋਈ ਸੰਗ, ਸਗਲਾ ਸੰਗ ਨਾ ਕੋਇ ਰਖਾਇੰਦਾ । ਆਦਿ ਜੁਗਾਦਿ ਸੂਰਾ ਸਰਬੰਗ, ਬਲ ਆਪਣਾ ਆਪ ਪਰਗਟਾਇੰਦਾ । ਗੁਰ ਅਵਤਾਰਾਂ ਚਾੜ੍ਹੇ ਰੰਗ, ਪੀਰ ਪੈਗ਼ੰਬਰਾਂ ਆਪ ਵਡਿਆਇੰਦਾ । ਗ੍ਰਿਹ ਮੰਦਰ ਵਜਾਏ ਸਚ ਮਰਦੰਗ, ਨਾਦ ਧੁਨ ਆਪ ਸੁਣਾਇੰਦਾ । ਕਰ ਪਰਕਾਸ਼ ਚਾੜ੍ਹੇ ਚੰਦ, ਜੋਤ ਨਿਰੰਜਣ ਨੂਰ ਰੁਸ਼ਨਾਇੰਦਾ । ਨਾਤਾ ਤੋੜ ਜੇਰਜ ਅੰਡ, ਉਤਭੁਜ ਸੇਤਜ ਫੰਦ ਕਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਇੰਦਾ । ਸਾਚਾ ਹੁਕਮ ਸ੍ਰੀ ਭਗਵਾਨਾ, ਏਕਾ ਏਕ ਵਰਤਾਈਆ । ਕਲਜੁਗ ਅੰਤਮ ਪਹਿਰੇ ਬਾਣਾ, ਨਿਰਗੁਣ ਜੋਤ ਨੂਰ ਰੁਸ਼ਨਾਈਆ । ਸ਼ਬਦ ਅਗੰਮੀ ਗਾਏ ਗਾਣਾ, ਚਾਰ ਵੇਦ ਭੇਵ ਨਾ ਰਾਈਆ । ਦੋ ਜਹਾਨਾ ਦੇਵੇ ਧੁਰ ਫ਼ਰਮਾਣਾ, ਵਿਸ਼ਨ ਬ੍ਰਹਮਾ ਸ਼ਿਵ ਉਠਾਈਆ । ਸਚਖੰਡ ਨਿਵਾਸੀ ਦਰ ਘਰ ਸਾਚਾ ਕਰ ਪਰਵਾਨਾ, ਸੰਬਲ ਆਪਣਾ ਡੇਰਾ ਲਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਵਖਾਏ ਇਕ ਮਕਾਨਾਂ, ਮੱਕਾ ਕਾਅਬਾ ਨਾ ਕੋਇ ਚਤੁਰਾਈਆ । ਸ਼ਿਵਦਵਾਲਾ ਮੱਠ ਗੁਰੂਦੁਆਰ ਨਾ ਕੋਇ ਨਿਸ਼ਾਨਾ, ਨਿਸ਼ਾਨਾ ਇਕੋ ਨਾਮ ਲਗਾਈਆ । ਜੋਧਾ ਸੂਰਬੀਰ ਬਲੀ ਬਲਵਾਨਾ, ਪਾਰਬ੍ਰਹਮ ਬੇਪਰਵਾਹੀਆ । ਏਥੇ ਓਥੇ ਮਰਦ ਮਰਦਾਨਾ, ਸਚ ਮਰਦਾਨਗੀ ਆਪ ਕਮਾਈਆ । ਆਤਮ ਪਰਮਾਤਮ ਪਰਮਾਤਮ ਆਤਮ ਦੇਵੇ ਇਕ ਗਿਆਨਾ,

ਜਗਤ ਵਿਦਿਆ ਨਾ ਕੋਇ ਪੜ੍ਹਾਈਆ । ਅੱਠੇ ਪਹਿਰ ਇਕ ਤਰਾਨਾ, ਤੁਰੀਆ ਰਾਗ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਆਪਣੀ ਸੇਵਾ ਲਾਈਆ । ਸਾਚੀ ਸੇਵਾ ਆਪੇ ਲੱਗ, ਨਿਰਗੁਣ ਸਰਗੁਣ ਸੇਵ ਕਮਾਇੰਦਾ । ਕਲਜੁਗ ਅੰਤਮ ਹੋ ਪਰਗਟ, ਨਿਹਕਲੰਕਾ ਨਾਉਂ ਧਰਾਇੰਦਾ । ਵੇਖਣਹਾਰਾ ਘਟ ਘਟ, ਗ੍ਰਿਹ ਗ੍ਰਿਹ ਆਪਣਾ ਪਰਦਾ ਲਾਹਿੰਦਾ । ਜਨ ਭਗਤਾਂ ਅੰਦਰ ਆਪੇ ਵਸ, ਰੈਣ ਅੰਧੇਰੀ ਮੱਸ ਮਿਟਾਇੰਦਾ । ਨਿਰਗੁਣ ਜੋਤ ਕਰ ਪਰਕਾਸ਼, ਅਗਿਆਨ ਅੰਧੇਰ ਚੁਕਾਇੰਦਾ । ਆਤਮ ਪਰਮਾਤਮ ਭੋਗ ਬਲਾਸ, ਘਰ ਸਾਚਾ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਅੰਤਮ ਵੇਖ ਵਖਾਇੰਦਾ । ਕਲਜੁਗ ਅੰਤਮ ਵੇਖੇ ਆਪ, ਅਪਰੰਪਰ ਆਪਣੀ ਦਇਆ ਕਮਾਈਆ । ਜਿਸ ਨੂੰ ਈਸਾ ਮੂਸਾ ਮੰਨਦੇ ਰਹੇ ਬਾਪ, ਪਰਵਰਦਿਗਾਰ ਸਚ ਖ਼ੁਦਾਈਆ । ਜਿਸ ਨੂੰ ਮੁਹੰਮਦ ਕਰਦਾ ਰਿਹਾ ਆਦਾਬ, ਨਿਉਂ ਨਿਉਂ ਸੀਸ ਝੁਕਾਈਆ । ਜਿਸ ਨੂੰ ਨਾਨਕ ਕਹਿੰਦਾ ਰਿਹਾ ਵਡ ਪਰਤਾਪ, ਬੇਅੰਤ ਬੇਅੰਤ ਬੇਅੰਤ ਕਹਿ ਕਹਿ ਖ਼ੁਸ਼ੀ ਮਨਾਈਆ । ਜਿਸ ਨੂੰ ਗੁਰ ਗੋਬਿੰਦ ਪਿਤਾ ਪੂਤ ਬਣਾਇਆ ਸੱਜਣ ਸਾਕ, ਸਗਲਾ ਸੰਗ ਨਿਭਾਈਆ । ਸੋ ਸਾਹਿਬ ਸਤਿਗੁਰ ਸਵਾਮੀ ਨਿਹਕਰਮੀ ਨਿਹਕਾਮੀ, ਆਦਿ ਜੁਗਾਦੀ ਅੰਤਰਜਾਮੀ, ਸ਼ਬਦ ਅਗੰਮੀ ਬੋਲ ਬਾਣੀ, ਬਾਣ ਨਿਰਾਲਾ ਤੀਰ ਚਲਾਈਆ । ਕਲਜੁਗ ਕੂੜੀ ਮੇਟੇ ਨਿਸ਼ਾਨੀ, ਲੇਖਾ ਜਾਣੇ ਦੋ ਜਹਾਨੀ, ਗੁਰਮੁਖ ਮੇਲੇ ਪਦ ਨਿਰਬਾਣੀ, ਚੌਥੇ ਪਦ ਮੇਲ ਮਿਲਾਈਆ । ਪਿਛੇ ਰਹਿ ਜਾਏ ਜਗਤ ਕਹਾਣੀ, ਨਾ ਕੋਈ ਰਾਜਾ ਨਾ ਕੋਈ ਰਾਣੀ, ਸੁਘੜ ਸਿਆਣੀ ਕੰਮ ਕਿਸੇ ਨਾ ਆਈਆ । ਪਰਗਟ ਹੋਇਆ ਸ਼ਾਹ ਸੁਲਤਾਨੀ, ਆਦਿ ਜੁਗਾਦੀ ਚੜ੍ਹੀ ਰਹੇ ਇਕ ਜਵਾਨੀ, ਬਿਰਧ ਬਾਲ ਨਾ ਰੂਪ ਵਟਾਈਆ । ਨਾ ਕੋਈ ਚਿਲਾ ਤੀਰ ਕਮਾਨੀ, ਨਾ ਕੋਈ ਸ਼ਸਤਰ ਖੰਡਾ ਖਿਚੇ ਵਿਚੋਂ ਮਿਆਨੀ, ਨਾਮ ਖੰਡਾ ਇਕ ਚਮਕਾਈਆ । ਲੇਖਾ ਜਾਣੇ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਵੇਖੇ ਥਾਉਂ ਥਾਈਂਆ । ਭਰਮੇ ਭੁੱਲੇ ਜੀਵ ਪਰਾਣੀ, ਪਰਮ ਪੁਰਖ ਨਜ਼ਰ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਲੋਕਮਾਤ ਫੇਰਾ ਪਾਈਆ । ਲੋਕਮਾਤ ਆਇਆ ਠਾਕਰ, ਭੇਵ ਕੋਇ ਨਾ ਆਇੰਦਾ । ਕਲਜੁਗ ਵੇਖੇ ਡੂੰਘਾ ਸਾਗਰ, ਗਹਿਰ ਗੰਭੀਰ ਖੋਜ ਖੁਜਾਇੰਦਾ । ਲੱਖ ਚੁਰਾਸੀ ਭੇਵ ਜਾਣੇ ਕਰਤਾ ਕਾਦਰ, ਕੁਦਰਤ ਆਪਣਾ ਰੰਗ ਵਖਾਇੰਦਾ । ਮੁਰੀਦ ਮੁਰਸ਼ਦ ਦੇਵੇ ਆਦਰ, ਭਗਤ ਭਗਵਾਨ ਮੇਲ ਮਿਲਾਇੰਦਾ । ਗੁਰਮੁਖਾਂ ਦੇਵੇ ਸਿਦਕ ਸਬੂਰੀ ਸਾਦਰ, ਸਤਿ ਸੰਤੋਖ ਗਿਆਨ ਦ੍ਰਿੜ੍ਹਾਇੰਦਾ । ਨਿਰਮਲ ਕਰਮ ਕਰੇ ਉਜਾਗਰ, ਦੁਰਮਤ ਮੈਲ ਧਵਾਇੰਦਾ । ਸਾਚਾ ਵਣਜ ਕਰਾਏ ਇਕ ਸੌਦਾਗਰ, ਨਾਮ ਵਸਤ ਝੋਲੀ ਪਾਇੰਦਾ । ਆਪ ਟਿਕਾਏ ਪੰਜ ਤੱਤ ਗਾਗਰ, ਬਜਰ ਕਪਾਟੀ ਕੁੰਡਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੇ ਰੰਗ ਰੰਗਾਇੰਦਾ । ਹਰਿ ਕਾ ਰੰਗ ਸਦਾ ਅਨਡਿਠ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਲੱਖ ਚੁਰਾਸੀ ਸੁੱਤਾ ਦੇ ਕਰ ਪਿੱਠ, ਕਰਵਟ ਘਰ ਵਿਚ ਨਾ ਰਿਹਾ ਬਦਲਾਈਆ । ਗੁਰਮੁਖ ਵਿਰਲੇ ਮਾਣਸ ਜਨਮ ਗਏ ਜਿਤ, ਜਿਸ ਜਨ ਆਪਣਾ ਮੇਲ ਮਿਲਾਈਆ । ਗ਼ਰੀਬ ਨਿਮਾਣਿਆਂ ਕਰੇ ਹਿੱਤ, ਗ਼ਰੀਬ ਨਿਵਾਜ਼ ਸੱਚਾ ਸ਼ਹਿਨਸ਼ਾਹੀਆ । ਆਪੇ ਮਾਤ ਆਪੇ ਪਿਤ, ਗੁਰਮੁਖ ਪੂਤ ਗੋਦ ਸੁਹਾਈਆ । ਕਲਜੁਗ ਅੰਤਮ ਬੀਸ ਬੀਸਾ ਸੁਹਾਏ

ਸਾਚੀ ਥਿਤ, ਰੁੱਤ ਰੁਤੜੀ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਵਿਚ ਸੰਸਾਰਾ ਅਲੱਖ ਅਗੋਚਰ ਅਗੰਮ ਅਪਾਰਾ, ਚਰਨ ਕਵਲ ਇਕ ਦਰਸਾਈਆ । ਚਰਨ ਕਵਲ ਸਾਚੀ ਧੂੜ, ਧੂੜੀ ਮਸਤਕ ਹਰਿ ਜਣਾਇੰਦਾ । ਚਤੁਰ ਸੁਘੜ ਬਣਾਏ ਮੂਰਖ ਮੂੜ੍ਹ, ਜਿਸ ਜਨ ਟਿੱਕਾ ਨਾਮ ਲਗਾਇੰਦਾ । ਨਾਤਾ ਤੋੜੇ ਮਾਇਆ ਮਮਤਾ ਕੂੜੇ ਕੂੜ, ਹਉਮੇ ਹੰਗਤਾ ਰੋਗ ਗਵਾਇੰਦਾ । ਨਿਜ ਘਰ ਨਿਜ ਆਤਮ ਜੋਤੀ ਧਰੇ ਸਾਚਾ ਨੂਰ, ਨੂਰ ਨੁਰਾਨਾ ਡਗਮਗਾਇੰਦਾ । ਸ਼ਬਦ ਅਨਾਦੀ ਅਨਹਦ ਵਜਾਏ ਸਾਚੀ ਤੂਰ, ਤੁਰਤ ਆਪਣਾ ਹੁਕਮ ਸੁਣਾਇੰਦਾ । ਆਸਾ ਮਨਸਾ ਕਰੇ ਪੂਰ, ਨਿਰਾਸਾ ਰੂਪ ਨਾ ਕੋਇ ਵਖਾਇੰਦਾ । ਦਰਸ ਦਿਖਾਏ ਹਾਜ਼ਰ ਹਜ਼ੂਰ, ਮੁਖ ਨਕਾਬ ਨਾ ਪਰਦਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਦੁਆਰਾ ਏਕੰਕਾਰਾ ਇਕ ਇਕੱਲਾ ਆਪ ਜਣਾਇੰਦਾ । ਇਕ ਇਕੱਲਾ ਆਪੇ ਇਕ, ਇਕ ਇਕ ਨਾਲ ਮਿਲਾਈਆ । ਕਲਜੁਗ ਅੰਤਮ ਲੇਖਾ ਦਏ ਲਿਖ, ਲਿਖਿਆ ਲੇਖ ਨਾ ਕੋਇ ਮਿਟਾਈਆ । ਸਚ ਵਸਤ ਪਾਏ ਭਿਖ, ਅਨਮੁਲੜੀ ਦਾਤ ਆਪ ਵਰਤਾਈਆ । ਬਿਨ ਨੇਤਰ ਰਾਤੀਂ ਸੁਤਿਆਂ ਪਏ ਦਿਸ, ਘਰ ਘਰ ਆਪਣਾ ਦਰਸ ਦਿਖਾਈਆ । ਜਨਮ ਕਰਮ ਦੀ ਲਾਹੇ ਵਿਖ, ਦੁਰਮਤ ਮੈਲ ਦਏ ਧੁਆਈਆ । ਸਦਾ ਸੁਹੇਲਾ ਰੱਖੇ ਸਾਇਆ ਹੇਠ, ਸਿਰ ਆਪਣਾ ਹੱਥ ਟਿਕਾਈਆ । ਕਲਜੁਗ ਅਗਨ ਨਾ ਲੱਗੇ ਮਹੀਨਾ ਜੇਠ, ਅੰਮ੍ਰਿਤ ਮੇਘ ਇਕ ਬਰਸਾਈਆ । ਹੰ ਬ੍ਰਹਮ ਦੱਸੇ ਆਪਣਾ ਭੇਤ, ਸੋ ਪੁਰਖ ਨਿਰੰਜਣ ਪਰਦਾ ਲਾਹੀਆ । ਭਗਤ ਭਗਵੰਤ ਲਏ ਵੇਖ, ਲੱਖ ਚੁਰਾਸੀ ਗੂੜ੍ਹੀ ਨੀਂਦ ਸਵਾਈਆ । ਸੰਤ ਸਤਿਗੁਰ ਕਰੇ ਹੇਤ, ਘਰ ਘਰ ਵਿਚ ਮੇਲ ਮਿਲਾਈਆ । ਗੁਰਮੁਖ ਗੁਰ ਗੁਰ ਨੇਤਨ ਨੇਤ, ਨਿਜ ਘਰ ਆਪਣਾ ਰੰਗ ਰੰਗਾਈਆ । ਗੁਰਸਿਖ ਰੁੱਤ ਬਸੰਤੀ ਰਹੇ ਚੇਤ, ਪੱਤ ਡਾਲੀ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਦੋ ਜਹਾਨਾਂ ਵੇਖ ਵਖਾਈਆ ।

### ❊ ੧੦ ਮੱਘਰ ੨੦੧੯ ਬਿਕਰਮੀ ਸੁਦਰਸ਼ਨ ਨਾਲ ਗੋਸ਼ਟ ਪਿੰਡ ਸੋਹਲ ਜ਼ਿਲਾ ਗੁਰਦਾਸ ਪੁਰ ❊

ਸੁਦਰਸ਼ਨ ਕਹਾਣੀ ਦੱਸੀ ਜੱਗ, ਕਲਮ ਸ਼ਾਹੀ ਮੇਲ ਮਿਲਾਈਆ । ਆਪਣਾ ਵਸੇਰਾ ਦੱਸੋ ਕਿਸ ਬਿਧ ਵਸੋ ਉਪਰ ਸ਼ਾਹ ਰਗ, ਨਵ ਦਰ ਕੂੜਾ ਡੇਰਾ ਢਾਹੀਆ । ਕਵਣ ਬਿਧ ਮਿਟਾਈ ਜਗਤ ਤ੍ਰਿਸਨਾ ਅੱਗ, ਮਾਇਆ ਮਮਤਾ ਮੋਹ ਤਜਾਈਆ । ਕਵਣ ਦੁਆਰ ਵੱਜੇ ਨਦ, ਅਨਹਦ ਧੁੰਨ ਅਨਾਦੀ ਰਾਗ ਸੁਣਾਈਆ । ਕਵਣ ਮੱਕੇ ਕਾਅਬੇ ਕੀਤਾ ਹੱਜ, ਹੁਜਰਾ ਹਕੀਕਤ ਕਵਣ ਸੁਹਾਈਆ । ਕਵਣ ਰੂਪ ਨਿਰਗੁਣ ਸਚ ਸਿੰਘਾਸਣ ਰਿਹਾ ਸਜ, ਤਖ਼ਤ ਨਿਵਾਸੀ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੌਣ ਨਾ ਦੇਵੇ ਅੱਜ ਪਜ, ਪਰਦਾ ਪਰਦਾ ਲਏ ਫੁਲਾਈਆ । ਪਰਦੇ ਅੰਦਰ ਪਰਵਰਦਿਗਾਰ, ਕਵਣ ਮੁਖ ਨਕ਼ਾਬ ਰਖਾਇੰਦਾ । ਕਵਣ ਜਲਵਾ ਦਏ ਦੀਦਾਰ, ਦੀਦ ਈਦ ਚੰਦ ਚੜ੍ਹਾਇੰਦਾ । ਕਵਣ ਤਕਵਾ ਸ਼ਿਕਵਾ ਕਰੇ ਪਾਰ, ਸਾਖਿਆਤ ਰੂਪ ਵਖਾਇੰਦਾ । ਕਵਣ ਵੇਖੇ ਬਾਤਨ ਜ਼ਾਹਰ, ਜ਼ਾਹਰ ਜ਼ਹੂਰ ਆਪ ਅਖਵਾਇੰਦਾ । ਕਵਣ ਬਿਨ ਰਸਨਾ ਜਿਹਵਾ ਕਰੇ ਗੁਫ਼ਤਾਰ, ਬਿਨ ਕੰਨਾਂ ਰਾਗ ਅਲਾਇੰਦਾ । ਕਵਣ ਮੁਕਾਮੇ ਹੱਕ ਹੋਏ ਖ਼ਬਰਦਾਰ, ਬੇਖ਼ਬਰ ਖ਼ਬਰ ਆਪਣੀ ਆਪ ਪੁਚਾਇੰਦਾ ।

ਸੁਦਰਸ਼ਨ ਆਪਣਾ ਦੱਸੋ ਸਚ ਵਿਹਾਰ, ਕਵਣ ਦੁਆਰੇ ਸੁਰਤੀ ਸ਼ਬਦੀ ਮੇਲ ਮਿਲਾਇੰਦਾ । ਸੁਰਤ ਸ਼ਬਦ ਕਵਣ ਰੰਗ, ਕਵਣ ਰੂਪ ਰਿਹਾ ਜਣਾਈਆ । ਕਵਣ ਸੇਜ ਕਵਣ ਪਲੰਘ, ਕਵਣ ਆਸਣ ਰਿਹਾ ਲਾਈਆ । ਕਵਣ ਨਾਮ ਕਵਣ ਮਰਦੰਗ, ਕਵਣ ਤਾਲ ਤਲਵਾੜਾ ਰਿਹਾ ਜਣਾਈਆ । ਕਵਣ ਸੁੱਤਾ ਦੇ ਕਰ ਕੰਢ, ਆਪਣੀ ਕਰਵਟ ਨਾ ਸਕੇ ਬਦਲਾਈਆ । ਜਗਤ ਕਹਾਣੀ ਗਾਇਆ ਛੰਦ, ਜੀਵ ਜੰਤ ਸਮਝਾਈਆ । ਆਪਣਾ ਦੱਸੋ ਕਿੰਨਾ ਮੁਕਿਆ ਪੰਧ, ਅੱਗੇ ਨਜ਼ਰੀ ਕਿੰਨਾਂ ਆਈਆ । ਨਾ ਕੋਈ ਗੀਤ ਨਾ ਕੋਈ ਛੰਦ, ਨਾ ਕੋਈ ਤਾਰ ਸਤਾਰ ਹਿਲਾਈਆ । ਜਿਸ ਘਰ ਵਸੇ ਸੂਰਾ ਸਰਬੰਗ, ਸਤਿਗੁਰ ਪੂਰਾ ਡੇਰਾ ਲਾਈਆ । ਨਾ ਕੋਈ ਸੂਰਜ ਨਾ ਕੋਈ ਚੰਦ, ਮੰਡਲ ਮੰਡਪ ਨਾ ਕੋਇ ਵਖਾਈਆ । ਨਾ ਕੋਈ ਸੁਰਤ ਨਾਰ ਦੁਹਾਗਣ ਫਿਰੇ ਰੰਡ, ਬਿਹਬਲ ਹੋ ਦੇਵੇ ਨਾ ਕੋਇ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਪੁਛੇ ਸਚ ਘਰ, ਕਵਣ ਦੁਆਰ ਹਰਿ ਨਿਰੰਕਾਰ ਨਿਰਗੁਣ ਜੋਤ ਨਾ ਕੋਈ ਵਰਨ ਨਾ ਕੋਈ ਗੋਤ ਪੁਰਖ ਅਬਿਨਾਸ਼ੀ ਘਟ ਘਟ ਵਾਸੀ ਦੀਨ ਦਿਆਲਾ ਹਰਿ ਗੋਪਾਲਾ ਬੈਠਾ ਆਸਣ ਲਾਈਆ । ਆਪਣਾ ਦੱਸੋ ਸਚ ਟਿਕਾਣਾ, ਕਾਇਆ ਮੰਦਰ ਅੰਦਰ ਵੇਖ ਵਖਾਈਆ । ਕਵਣ ਰੂਪ ਮਿਲੇ ਬਬਾਣਾ, ਨਾਮ ਬਬਾਣਾ ਹੱਥ ਉਠਾਈਆ । ਕਵਣ ਬਿਧ ਲੇਖਾ ਜਾਣੇ ਭਾਣਾ, ਭਾਣੇ ਵਿਚ ਕਵਣ ਸਮਾਈਆ । ਕਵਣ ਪੀਣਾ ਕਵਣ ਖਾਣਾ, ਆਸਾ ਤ੍ਰਿਸਨਾ ਕਵਣ ਬੁਝਾਈਆ । ਕਵਣ ਗਾਏ ਅਗੰਮੀ ਗਾਣਾ, ਬੋਧ ਅਗਾਧ ਕਰੇ ਪੜ੍ਹਾਈਆ । ਪੀਰ ਪੈਗ਼ੰਬਰ ਗੁਰ ਅਵਤਾਰ ਜਿਸ ਅੱਗੇ ਹੋਏ ਰਹੇ ਨਿਮਾਣਾ, ਸੋ ਸ਼ਹਿਨਸ਼ਾਹ ਕਵਣ ਘਰ ਬੈਠਾ ਡੇਰਾ ਲਾਈਆ । ਸੁਦਰਸ਼ਨ ਸਚ ਬੋਲਣਾ ਆਪਣੀ ਜ਼ਬਾਨਾ, ਜ਼ੇਰ ਜ਼ਬਰ ਕੋਇ ਰਹਿਣ ਨਾ ਪਾਈਆ । ਕਾਇਆ ਮੰਦਰ ਸਾਢੇ ਤਿੰਨ ਹੱਥ ਮਕਾਨਾ, ਜਗਤ ਮਕਬਰਾ ਵੇਖ ਵਖਾਈਆ । ਅੰਤ ਕੋਈ ਨਾ ਰਹਿਣਾ ਰਾਜਾ ਰਾਣਾ, ਰਈਅਤ ਸੰਗ ਨਾ ਕੋਇ ਨਿਭਾਈਆ । ਜਨ ਭਗਤਾਂ ਮਿਲਿਆ ਇਕੋ ਪਦ ਨਿਰਬਾਣਾ, ਪਰਮ ਪੁਰਖ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਛਣਹਾਰਾ ਸਾਚਾ ਘਰ, ਆਪਣੀ ਹਕੀਕਤ ਹੱਕ ਹੱਕ ਦਿਓ ਸਮਝਾਈਆ । ਹੱਕ ਹਕੀਕਤ ਦੇਵੋ ਖੋਲ੍ਹ, ਪਰਦਾ ਪਰਦਾ ਨਾ ਕੋਇ ਰਖਾਇੰਦਾ । ਨਾਮ ਕੰਡੇ ਤੋਲੋ ਤੋਲ, ਜਗਤ ਹੱਟ ਨਾ ਕੋਇ ਚਲਾਇੰਦਾ । ਰਸਨਾ ਜਿਹਵਾ ਕੋਟਨ ਕੋਟ ਕਰ ਕਰ ਗਏ ਘੋਲ, ਹਾਰ ਜਿਤ ਜਿਤ ਹਾਰ ਦੋਵੇਂ ਰੰਗ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਦਰਸ਼ਨ ਵੇਖੇ ਤੇਰਾ ਘਰ, ਕਵਣ ਘਰ ਬਹਿ ਬਹਿ ਹਰਿ ਹਰਿ ਦਰਸ਼ਨ ਪਾਇੰਦਾ । ਓਥੇ ਏਥੇ ਅੰਦਰ ਬਾਹਰ, ਵੇਖਣਹਾਰਾ ਥਾਉਂ ਥਾਈਂਆ । ਆਪਣਾ ਲੇਖਾ ਕਰੇ ਜ਼ਾਹਰ, ਬਾਤਨ ਨਜ਼ਰੀ ਇਕੋ ਆਈਆ । ਦੀਦ ਸ਼ੁਨੀਦ ਈਦ ਬੇਦੀਦ ਬੇਦਰਦ ਕਰੋ ਗ਼ੁਫ਼ਤਾਰ, ਸੋਹਲਾ ਢੋਲਾ ਇਕੋ ਗਾਈਆ । ਕਵਣ ਬਿਧ ਬਿਨ ਛੁਰੀ ਕਰਦ ਤਲਵਾਰ ਹੋਏ ਹਲਾਲ, ਤਕਬੀਰ ਤਕਦੀਰ ਤਦਬੀਰ ਆਪਣੀ ਆਪ ਜਣਾਈਆ । ਸਚ ਸਚ ਆਪਣਾ ਦੱਸੋ ਅਹਿਵਾਲ, ਅਲਫ਼ ਯੇ ਨਾ ਕੋਇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਇਕੋ ਘਰ, ਕਾਇਆ ਮੰਦਰ ਅੰਦਰ ਡੂੰਘੀ ਕੰਦਰ ਉਚ ਮਹੱਲ ਅਟੱਲ ਮਨਾਰ ਬਜਰ ਕਪਾਟੀ ਵੇਖੇ ਪਾੜ, ਦਸਮ ਦਵਾਰੀ ਖੋਲ੍ਹ ਕਵਾੜ, ਨਿਰਮਲ ਜੋਤੀ ਕਰ ਉਜਿਆਰ, ਨੂਰ ਨੂਰ ਨੂਰ ਵਿਚ ਸਮਾਈਆ । ਤੂੰ ਮੈਂ ਮੇਰਾ ਤੇਰਾ, ਤੇਰਾ ਮੇਰਾ ਖੇਲ ਵਖਾਈਆ । ਅੰਦਰ ਬਾਹਰ ਜਗਤ ਝੇੜਾ, ਨਵ ਨੌਂ ਦਏ ਦੁਹਾਈਆ । ਗੁਰਮੁਖ ਵਿਰਲੇ ਵਸਿਆ ਕਾਇਆ ਖੇੜਾ, ਘਰ ਮੰਦਰ ਵੱਜੇ ਵਧਾਈਆ । ਮਨ ਮਨੂਆ ਦੇਵੇ

੯੮ ੧੩

ਗੇੜਾ, ਬੁੱਧ ਮਤ ਨਾ ਕੋਇ ਚਤੁਰਾਈਆ । ਏਥੇ ਓਥੇ ਹਕੋ ਹੱਕ ਨਬੇੜਾ, ਹੱਕ ਹਕੀਕਤ ਵੇਖੇ ਥਾਉਂ ਥਾਈਂਆ । ਮੁਰੀਦ ਮੁਰਸ਼ਦ ਇਕੋ ਹਾਲ, ਨੂਰ ਜ਼ਹੂਰ ਰਿਹਾ ਦਰਸਾਈਆ । ਦੋਹਾਂ ਨੇੜ ਨਾ ਆਵੇ ਕਾਲ, ਮਹਾਂਕਾਲ ਬੈਠਾ ਮੁਖ ਭੁਆਈਆ । ਆਪੇ ਕਰਨਹਾਰਾ ਹੱਲ ਸੁਆਲ, ਫ਼ਿਕਰਾ ਆਪਣਾ ਆਪੇ ਗਾਈਆ । ਬਿਨ ਤਲਵਾੜਿਉਂ ਵੱਜੇ ਤਾਲ, ਬਿਨ ਰਸਨਾ ਜਿਹਵਾ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰ ਘਟ ਖੇਲੇ ਖੇਲ ਖੇਲਣਹਾਰ ਇਕ ਅਖਵਾਈਆ ।

## ❇ ੧੦ ਮੱਘਰ ੨੦੧੯ ਬਿਕਰਮੀ ਸਵਰਨ ਸਿੰਘ ਦੇ ਗ੍ਰਿਹਿ ਹਯਾਤ ਨਗਰ ਜ਼ਿਲਾ ਗੁਰਦਾਸ ਪੁਰ ❇

ਸੋ ਪੁਰਖ ਨਿਰੰਜਣ ਸਾਚੀ ਧਾਰ, ਸਤਿ ਸਤਿਵਾਦੀ ਆਪ ਚਲਾਇੰਦਾ । ਹਰਿ ਪੁਰਖ ਨਿਰੰਜਣ ਖੇਲ ਅਪਾਰ, ਸ਼ਾਹ ਪਾਤਸ਼ਾਹ ਆਪ ਕਰਾਇੰਦਾ । ਏਕੰਕਾਰਾ ਬੇਐਬ ਪਰਵਰਦਿਗਾਰ, ਮੁਕਾਮੇ ਹੱਕ ਸੋਭਾ ਪਾਇੰਦਾ । ਆਦਿ ਨਿਰੰਜਣ ਨੂਰ ਉਜਿਆਰ, ਜਲਵਾ ਨੂਰ ਜ਼ਹੂਰ ਪਰਗਟਾਇੰਦਾ । ਅਬਿਨਾਸ਼ੀ ਕਰਤਾ ਵਸਣਹਾਰਾ ਠਾਂਡੇ ਦਰਬਾਰ, ਦਰਗਾਹ ਸਾਚੀ ਧਾਮ ਸੁਹਾਇੰਦਾ । ਸ੍ਰੀ ਭਗਵਾਨ ਖੋਲ੍ਹ ਕਿਵਾੜ, ਸਾਚਾ ਮੰਦਰ ਆਪ ਵਡਿਆਇੰਦਾ । ਪਾਰਬ੍ਰਹਮ ਪ੍ਰਭ ਹੋ ਤਿਆਰ, ਆਪਣਾ ਭੇਵ ਆਪ ਖੁਲ੍ਹਾਇੰਦਾ । ਸ਼ਾਹੋ ਭੂਪ ਬਣ ਸਿਕਦਾਰ, ਰਾਜਨ ਰਾਜ ਨਾਉਂ ਵਡਿਆਇੰਦਾ । ਸਾਚਾ ਤਖ਼ਤ ਕਰ ਤਿਆਰ, ਦਰ ਘਰ ਸਾਚੇ ਸੇਵ ਕਮਾਇੰਦਾ । ਲੇਖਾ ਜਾਣੇ ਧੁਰ ਦਰਬਾਰ, ਅਲੱਖ ਅਗੋਚਰ ਅਗੰਮ ਅਥਾਹ ਬੇਪਰਵਾਹ ਆਪਣੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਲ ਆਪ ਪਰਗਟਾਇੰਦਾ । ਆਪਣੀ ਕਲ ਕਰ ਪਰਤੱਖ, ਪਰਮ ਪੁਰਖ ਖੇਲ ਕਰਾਈਆ । ਨਿਰਗੁਣ ਨੂਰ ਜੋਤ ਪਰਗਟ, ਜੋਤੀ ਜਾਤਾ ਨੂਰ ਰੁਸ਼ਨਾਈਆ । ਸਚਖੰਡ ਦੁਆਰਾ ਖੋਲ੍ਹ ਹੱਟ, ਛੱਪਰ ਛੰਨ ਨਾ ਕੋਇ ਜਣਾਈਆ । ਆਪੇ ਹੋ ਪੁਰਖ ਸਮਰਥ, ਸਮਰਥ ਆਪਣਾ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਵੱਲਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਨਿਰਗੁਣ ਰੂਪ ਇਕ ਇਕੱਲਾ, ਪੁਰਖ ਅਕਾਲ ਵੇਸ ਵਟਾਇੰਦਾ । ਜੋਤੀ ਨੂਰ ਆਪੇ ਬਲਾ, ਧਾਰ ਧਾਰ ਵਿਚ ਸਮਾਇੰਦਾ । ਸਚ ਸਿੰਘਾਸਣ ਏਕਾ ਮੱਲਾ, ਤਖ਼ਤ ਨਿਵਾਸੀ ਸੋਭਾ ਪਾਇੰਦਾ । ਵਸਣਹਾਰਾ ਨਿਹਚਲ ਧਾਮ ਅਟੱਲਾ, ਮਹੱਲ ਅਟੱਲ ਆਪ ਰੁਸ਼ਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਇੰਦਾ । ਸਾਚਾ ਖੇਲ ਕਰ ਕਰਤਾਰ, ਆਪਣੀ ਕਰਨੀ ਆਪ ਕਮਾਈਆ । ਜੋਧਾ ਸੂਰਬੀਰ ਬਣ ਬਲਕਾਰ, ਬਲ ਆਪਣਾ ਆਪ ਵਖਾਈਆ । ਤਖ਼ਤ ਨਿਵਾਸੀ ਹੋ ਸਿਕਦਾਰ, ਧੁਰ ਫ਼ਰਮਾਣਾ ਹੁਕਮ ਮਨਾਈਆ । ਸਚ ਸੰਦੇਸ਼ਾ ਦੇਵੇ ਏਕਾ ਵਾਰ, ਦੂਜੀ ਵੰਡ ਨਾ ਕੋਇ ਵੰਡਾਈਆ । ਭੂਪਤ ਭੂਪ ਬਣੇ ਚੋਬਦਾਰ, ਸੇਵਕ ਸਾਚੀ ਸੇਵ ਕਮਾਈਆ । ਨਾ ਕੋਈ ਸਾਜਣ ਮੀਤ ਮੁਰਾਰ, ਸਗਲਾ ਸੰਗ ਨਾ ਕੋਇ ਰਖਾਈਆ । ਕਰੇ ਖੇਲ ਅਪਰ ਅਪਾਰ, ਅਪਰੰਪਰ ਆਪਣਾ ਨਾਉਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਇਕ ਸੁਹਾਈਆ । ਸਚਖੰਡ ਦੁਆਰੇ ਬੇਪਰਵਾਹ, ਪਰਵਰਦਿਗਾਰ ਆਸਣ ਲਾਇੰਦਾ । ਨਿਰਗੁਣ ਦੇਵੇ ਨਿਰਗੁਣ ਸਲਾਹ, ਸਿਫ਼ਤ ਸਾਲਾਹ ਆਪ ਹੋ ਜਾਇੰਦਾ । ਨਿਰਗੁਣ ਬਣ ਨਿਰਗੁਣ ਮਲਾਹ, ਨਿਰਗੁਣ ਬੇੜਾ ਆਪ ਚਲਾਇੰਦਾ ।

ਨਿਰਗੁਣ ਪਾਂਧੀ ਨਿਰਗੁਣ ਰਾਹ, ਨਿਰਗੁਣ ਆਪਣਾ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਦੁਆਰੇ ਆਪਣਾ ਰੰਗ ਰੰਗਾਇੰਦਾ । ਸਚਖੰਡ ਦੁਆਰੇ ਸਾਚਾ ਰੰਗ, ਹਰਿ ਸਤਿਗੁਰ ਆਪ ਰੰਗਾਈਆ । ਸਤਿ ਸਤਿਵਾਦੀ ਇਕ ਪਲੰਘ, ਬਿਨ ਪਾਵਾ ਚੂਲ ਟਿਕਾਈਆ । ਉਪਰ ਬੈਠ ਸੂਰਾ ਸਰਬੰਗ, ਸੀਸ ਜਗਦੀਸ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਕਰਤਾ ਆਪਣੀ ਖੇਲ ਕਰਾਈਆ । ਕਰੇ ਖੇਲ ਪੁਰਖ ਸਮਰਥ, ਸਮਰਥ ਆਪਣੀ ਧਾਰ ਚਲਾਇੰਦਾ । ਆਦਿ ਜੁਗਾਦੀ ਹੋ ਹੋ ਵੱਖ, ਨਿਰਗੁਣ ਨਿਰਗੁਣ ਰੰਗ ਵਖਾਇੰਦਾ । ਬੋਧ ਅਗਾਧੀ ਸ਼ਬਦ ਅਕੱਥ, ਬਿਨ ਰਸਨਾ ਜਿਹਵਾ ਗਾਇੰਦਾ । ਨਾਮ ਨਿਧਾਨਾ ਏਕਾ ਵੱਥ, ਵਸਤ ਅਮੋਲਕ ਆਪ ਵਰਤਾਇੰਦਾ । ਸਤਿ ਸਤਿਵਾਦੀ ਮਾਰਗ ਦੱਸ, ਜੁਗ ਚੌਕੜੀ ਰਾਹ ਚਲਾਇੰਦਾ । ਅੰਤਮ ਖੇੜਾ ਕਰੇ ਭੱਠ, ਜੋ ਘੜਿਆ ਭੰਨ ਵਖਾਇੰਦਾ । ਦੋ ਜਹਾਨਾਂ ਪੰਧ ਮੁਕਾਏ ਨੱਠ ਨੱਠ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਚਰਨਾਂ ਹੇਠ ਦਬਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਆਪਣੀ ਕਾਰ ਆਪ ਕਮਾਇੰਦਾ । ਸਾਚੀ ਕਾਰ ਕਰੇ ਕਰਤਾਰਾ, ਕੁਦਰਤ ਕਾਦਰ ਵੇਖ ਵਖਾਈਆ । ਨੂਰ ਇਲਾਹੀ ਹੋ ਉਜਿਆਰਾ, ਨੂਰੋ ਨੂਰ ਕਰੇ ਰੁਸ਼ਨਾਈਆ । ਨਿਰਗੁਣ ਸਰਗੁਣ ਪਾਵੇ ਸਾਰਾ, ਸਰਗੁਣ ਨਿਰਗੁਣ ਆਪਣਾ ਰੰਗ ਵਖਾਈਆ । ਲੇਖਾ ਜਾਣੇ ਧੁਰ ਦਰਬਾਰਾ, ਤ੍ਰੈ ਭਵਨ ਧਨੀ ਸੱਚਾ ਮਾਹੀਆ । ਬੇਅੰਤ ਬੇਅੰਤ ਬੇਅੰਤ ਆਪੇ ਖੋਲ੍ਹੇ ਆਪਣਾ ਬੰਦ ਕਿਵਾੜਾ, ਥਿਰ ਘਰ ਆਪੇ ਕੁੰਡਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਘਰ ਵਿਚ ਲਏ ਪਰਗਟਾਈਆ । ਸਚਖੰਡ ਅੰਦਰ ਥਿਰ ਘਰ, ਹਰਿ ਸਤਿਗੁਰ ਆਪ ਪਰਗਟਾਇੰਦਾ । ਨਿਰਗੁਣ ਦਾਤਾ ਦੇਵੇ ਵਰ, ਵਰ ਇਕੋ ਇਕ ਵਖਾਇੰਦਾ । ਆਪਣਾ ਘਾੜਨ ਆਪੇ ਘੜ, ਹਰਿ ਜੂ ਆਪੇ ਵੇਖ ਵਖਾਇੰਦਾ । ਆਪਣੀ ਕਰਨੀ ਆਪੇ ਕਰ, ਕਰਤਾ ਪੁਰਖ ਆਪਣਾ ਭੇਵ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਸਾਚਾ ਇਕ ਸੁਹਾਇੰਦਾ । ਥਿਰ ਘਰ ਦੇਵੇ ਏਕਾ ਮਾਣ, ਏਕਾ ਏਕ ਵੱਡੀ ਵਡਿਆਈਆ । ਸਚਖੰਡ ਨਿਵਾਸੀ ਨੌਜਵਾਨ, ਪਾਰਬ੍ਰਹਮ ਪ੍ਰਭ ਬੇਪਰਵਾਹੀਆ । ਲੇਖਾ ਜਾਣ ਦੋ ਜਹਾਨ, ਦੋਏ ਦੋਏ ਆਪਣੀ ਧਾਰ ਚਲਾਈਆ । ਸ਼ਾਹੋ ਭੂਪ ਬਣ ਰਾਜਾਨ, ਸਚ ਸੰਦੇਸਾ ਇਕ ਸੁਣਾਈਆ । ਨਾਰ ਕੰਤ ਖੇਲ ਮਹਾਨ, ਸ੍ਰੀ ਭਗਵੰਤ ਸੇਜ ਹੰਢਾਈਆ । ਦਾਈ ਦਾਇਆ ਹੋ ਮਿਹਰਵਾਨ, ਭੇਵ ਅਭੇਦਾ ਆਪ ਖੁਲ੍ਹਾਈਆ । ਗੋਦੀ ਸੋਹੇ ਬਾਲ ਅਵਾਣ, ਪੂਤ ਸਪੂਤ ਗੋਦ ਉਠਾਈਆ । ਸੁਤ ਦੁਲਾਰਾ ਇਕ ਮਿਹਰਵਾਨ, ਹਰਿ ਸ਼ਬਦੀ ਵੰਡ ਵੰਡਾਈਆ । ਥਿਰ ਘਰ ਕਰੇ ਆਪ ਪਰਵਾਨ, ਸਤਿ ਪਰਵਾਨਾ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਜੁਗਾਦਿ ਜੁਗਾ ਜੁਗੰਤਰ ਜੁਗ ਕਰਤਾ ਸੱਚਾ ਮਾਹੀਆ । ਜੁਗ ਕਰਤਾ ਹਰਿ ਕਰਨੇਹਾਰਾ, ਕਰਨੀ ਆਪਣੇ ਹੱਥ ਰਖਾਇੰਦਾ । ਨਵ ਨੌਂ ਕਰੇ ਪਾਰ ਕਿਨਾਰਾ, ਮੰਜਧਾਰ ਆਪ ਰੁੜ੍ਹਾਇੰਦਾ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਵੇਖਣਹਾਰਾ, ਪੇਖ ਪੇਖ ਆਪਣਾ ਹੁਕਮ ਮਨਾਇੰਦਾ । ਕਾਗ਼ਦ ਕਲਮ ਨਾ ਲਿਖਣਹਾਰਾ, ਲੇਖਾ ਲੇਖ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਆਪੇ ਚੜ੍ਹ, ਆਪਣਾ ਮੰਦਰ ਆਪ ਖੁਲ੍ਹਾਇੰਦਾ । ਆਪਣਾ ਮੰਦਰ ਆਪੇ ਖੋਲ੍ਹ, ਹਰਿ ਹਰਿ ਜੂ ਦਇਆ ਕਮਾਈਆ । ਨਾਉਂ ਨਿਰੰਕਾਰਾ ਏਕਾ ਬੋਲ, ਸ਼ਬਦੀ ਨਾਦ ਧੁਨ ਸ਼ਨਵਾਈਆ ।

ਆਦਿ ਜੁਗਾਦਿ ਰਹੇ ਅਡੋਲ, ਡੁਲ ਕਦੇ ਨਾ ਜਾਈਆ । ਆਪਣਾ ਕਰੇ ਆਪੇ ਪੂਰਾ ਕੌਲ, ਕੀਤਾ ਕੌਲ ਭੁੱਲ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਸੰਦੇਸਾ ਦਿਤਾ ਏਕਾ ਵਾਰ, ਅੰਤਮ ਆਪਣੇ ਲੇਖੇ ਲਾਈਆ । ਆਦਿ ਸੰਦੇਸਾ ਦਿਤਾ ਆਪ, ਸੋ ਪੁਰਖ ਨਿਰੰਜਣ ਰਿਹਾ ਜਣਾਈਆ । ਜੁਗਾਦਿ ਹੋਏ ਵਡ ਪਰਤਾਪ, ਮਧ ਭੇਵ ਕੋਇ ਨਾ ਆਈਆ । ਦੋ ਜਹਾਨਾਂ ਬਣੇ ਮਾਈ ਬਾਪ, ਪਿਤਾ ਪੂਤ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਦੁਆਰੇ ਦਇਆ ਕਮਾਈਆ । ਸਚਖੰਡ ਦੁਆਰੇ ਦਇਆ ਕਰ, ਹਰਿ ਦੀਨਨ ਦਇਆ ਕਮਾਇੰਦਾ । ਆਪਣਾ ਨੂਰ ਆਪੇ ਧਰ, ਨੂਰ ਨੁਰਾਨਾ ਵੇਸ ਵਟਾਇੰਦਾ । ਆਪਣੀ ਮਰਨੀ ਆਪੇ ਮਰ, ਮਰ ਜੀਵਤ ਖੇਲ ਜਣਾਇੰਦਾ । ਆਪਣਾ ਚੁਕਾਏ ਭੌ ਡਰ, ਭੈ ਅਵਰ ਨਾ ਕੋਇ ਵਖਾਇੰਦਾ । ਆਪਣਾ ਘਾੜਨ ਆਪੇ ਘੜ, ਘੜਨ ਭੰਨਣਹਾਰ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਸਾਚਾ ਹਰਿ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਰੇ ਕਲਜੁਗ ਅੰਤ, ਹਰਿ ਕਰਤਾ ਫੇਰਾ ਪਾਈਆ । ਵੇਸ ਵਟਾਏ ਸ੍ਰੀ ਭਗਵੰਤ, ਭਗਵਨ ਆਪਣਾ ਭੇਵ ਚੁਕਾਈਆ । ਸਚਖੰਡ ਦੁਆਰ ਬਣਾਏ ਸਾਚੀ ਬਣਤ, ਵੇਖਣਹਾਰਾ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੁਆਰੇ ਸੋਭਾ ਪਾਈਆ । ਸਚ ਦੁਆਰਾ ਏਕੰਕਾਰ, ਏਕਾ ਏਕ ਸੁਹਾਇੰਦਾ । ਸ਼ਾਹੋ ਭੂਪ ਬਣ ਸਿਕਦਾਰ, ਧੁਰ ਸੰਦੇਸ਼ਾ ਆਪ ਅਲਾਇੰਦਾ । ਜੁਗ ਚੌਕੜੀ ਪਾਵਣਹਾਰਾ ਸਾਰ, ਨਵ ਨੌਂ ਚਾਰ ਪੰਧ ਮੁਕਾਇੰਦਾ । ਕਲਜੁਗ ਆਈ ਅੰਤਮ ਵਾਰ, ਵਾਰਤਾ ਸਭ ਦੀ ਆਪ ਸਮਝਾਇੰਦਾ । ਵਿਸ਼ਨੂੰ ਹਰਿ ਜੀ ਲਏ ਉਠਾਲ, ਨੇਤਰ ਨੈਣ ਨੈਣ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰਾ ਇਕ ਸੁਹਾਇੰਦਾ । ਵਿਸ਼ਨੂੰ ਉਠ ਆ ਨੇੜੇ, ਸੋ ਪੁਰਖ ਨਿਰੰਜਣ ਰਿਹਾ ਜਣਾਈਆ । ਦੋ ਜਹਾਨ ਪਏ ਝੇੜੇ, ਝਗੜਾ ਜਗਤ ਨਾ ਕੋਇ ਮੁਕਾਈਆ । ਖੰਡ ਬ੍ਰਹਿਮੰਡ ਦੁਖੀ ਹੋਏ ਵੇਹੜੇ, ਸਾਂਤਕ ਸਤਿ ਨਾ ਕੋਇ ਵਰਤਾਈਆ । ਅੰਤਮ ਹਰਿ ਜੂ ਕਰੇ ਹੱਕ ਨਬੇੜੇ, ਵੇਖੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਰਿਹਾ ਜਣਾਈਆ । ਉਠ ਬ੍ਰਹਮੇ ਕਰ ਧਿਆਨ, ਹਰਿ ਸਤਿਗੁਰ ਆਪ ਸੁਣਾਇਆ । ਬ੍ਰਹਮ ਵਿਦਿਆ ਨਾ ਕੋਇ ਗਿਆਨ, ਪਾਰਬ੍ਰਹਮ ਨਜ਼ਰ ਕਿਸੇ ਨਾ ਆਇਆ । ਲੱਖ ਚੁਰਾਸੀ ਹੋਣੀ ਵੈਰਾਨ, ਧੀਰਜ ਧੀਰ ਨਾ ਕੋਇ ਧਰਾਇਆ । ਜੀਵ ਜੰਤ ਸਰਬ ਕੁਰਲਾਣ, ਅੰਮ੍ਰਿਤ ਮੇਘ ਨਾ ਕੋਇ ਬਰਸਾਇਆ । ਪੁਰਖ ਅਬਿਨਾਸ਼ੀ ਅੰਤਮ ਲੇਖਾ ਮੰਗੇ ਆਣ, ਬਚਿਆ ਕੋਇ ਰਹਿਣ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮੇ ਆਪਣਾ ਹੁਕਮ ਸੁਣਾਇਆ । ਸ਼ੰਕਰ ਉਠ ਖੋਲ੍ਹ ਅੱਖ, ਸੋ ਪੁਰਖ ਨਿਰੰਜਣ ਰਿਹਾ ਜਣਾਈਆ । ਪਾਰਬ੍ਰਹਮ ਪ੍ਰਭ ਹੋ ਪਰਤੱਖ, ਤੇਰੀ ਭੂਮਕਾ ਰਿਹਾ ਸੁਹਾਈਆ । ਤੇਰੀ ਤਰਸੂਲ ਦਿਸੇ ਖ਼ਾਲੀ ਹੱਥ, ਖੰਡਾ ਖੜਗ ਨਾ ਕੋਇ ਚਮਕਾਈਆ । ਕੂੜੀ ਕਿਰਿਆ ਨਾ ਗਈ ਢੱਠ, ਤੇਰਾ ਬਲ ਕੰਮ ਕਿਸੇ ਨਾ ਆਈਆ । ਫਿਰੀ ਦਰੋਹੀ ਸ਼ਿਵਦਵਾਲੇ ਮੱਠ, ਮੰਦਰ ਰੋ ਰੋ ਹਾਲ ਸੁਣਾਈਆ । ਲੱਗੀ ਅੱਗ ਪੰਜ ਅੱਠ, ਤੱਤ ਤੱਤ ਨਾ ਕੋਇ ਟਕਰਾਈਆ । ਅੰਤਮ ਆਪਣਾ ਆ ਕੇ ਲੇਖਾ ਦੱਸ, ਪੁਰਖ ਅਬਿਨਾਸ਼ੀ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫੁਰਮਾਣਾ ਇਕ ਜਣਾਈਆ । ਤ੍ਰੈਗੁਣ ਮਾਇਆ ਉਠ ਬਲਧਾਰ, ਹਰਿ ਸਾਚਾ ਸਚ ਜਣਾਇੰਦਾ ।

ਤੇਰੀ ਆਈ ਅੰਤਮ ਵਾਰ, ਕਲਜੁਗ ਕੂੜਾ ਪੰਧ ਮੁਕਾਇੰਦਾ । ਜੁਗ ਚੌਕੜੀ ਬਣੀ ਰਹੀ ਨਾਰ ਵਿਭਚਾਰ, ਕੂੜੀ ਕਿਰਿਆ ਬੰਧਨ ਪਾਇੰਦਾ । ਮੁਖ ਧੂੜੀ ਕੂੜੀ ਲੱਗੀ ਛਾਰ, ਮਸਤਕ ਟਿਕਾ ਨਾ ਕੋਇ ਲਾਇੰਦਾ । ਆ ਕੇ ਆਪਣਾ ਦੱਸ ਸਚ ਵਿਹਾਰ, ਤੇਰਾ ਲੇਖਾ ਤੇਰੇ ਹੱਥ ਫੜਾਇੰਦਾ । ਸਾਧ ਸੰਤ ਕੋਈ ਬਚਿਆ ਰਹੇ ਨਾ ਵਿਚ ਸੰਸਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਈ ਸਵਾਣੀ ਆਪ ਜਗਾਇੰਦਾ । ਪੰਜ ਤੱਤ ਜਾਣਾ ਜਾਗ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਰਿਹਾ ਜਗਾਈਆ । ਘਰ ਘਰ ਨਾ ਲੱਗੀ ਅਜੇ ਆਗ, ਅਗਨੀ ਅੱਗ ਨਾ ਕੋਇ ਵਖਾਈਆ । ਲੱਖ ਚੁਰਾਸੀ ਬੁੱਧੀ ਹੋਈ ਨਾ ਕਾਗ, ਕਾਗ ਦਿਸੇ ਨਾ ਸ੍ਰਿਸ਼ਟ ਸਬਾਈਆ । ਅੰਤ ਸੁਣੇ ਇਕ ਆਵਾਜ਼, ਬਿਨ ਕੰਨਾਂ ਆਪ ਸੁਣਾਈਆ । ਹਰਿ ਸਰਨਾਈ ਆਓ ਭਾਜ, ਭਾਵੀ ਹਰਿ ਜੀ ਰਿਹਾ ਵਰਤਾਈਆ । ਜਿਸ ਰਚਾਇਆ ਤੁਹਾਡਾ ਕਾਜ, ਸੋ ਕਰਤਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸਾ ਇਕ ਸੁਣਾਈਆ । ਸਚ ਸੰਦੇਸਾ ਸੰਤ ਕੁਮਾਰ, ਸਤਿ ਸਤਿਵਾਦੀ ਆਪ ਜਣਾਇੰਦਾ । ਉਠ ਬਰਾਹ ਕਰ ਦੀਦਾਰ, ਵੇਲਾ ਅੰਤਮ ਆਇੰਦਾ । ਹਾਵ ਗ਼ਰੀਵ ਹੋ ਖ਼ਬਰਦਾਰ, ਯਗੈ ਪੁਰਸ਼ ਨਾਲ ਮਿਲਾਇੰਦਾ । ਨਰਾਇਣ ਰੂਪ ਧੂੜੀ ਮੰਗੇ ਛਾਰ, ਧੂੜੀ ਮਸਤਕ ਇਕੋ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਸੱਦਾ ਇਕ ਜਣਾਇੰਦਾ । ਸੱਚਾ ਸੱਦਾ ਦੇਵੇ ਭਗਵਾਨ, ਭਗਵਨ ਆਪਣੀ ਦਇਆ ਕਮਾਈਆ । ਇਕ ਸੰਦੇਸ਼ਾ ਧੁਰ ਫ਼ਰਮਾਣ, ਧੁਰ ਦੀ ਧਾਰ ਆਪ ਸਮਝਾਈਆ । ਦਤਾ ਤ੍ਰੈ ਤੇਰੀ ਕਰੇ ਅੰਤ ਕਲਿਆਣ, ਪਾਰਬ੍ਰਹਮ ਪ੍ਰਭ ਬੇਪਰਵਾਹੀਆ । ਰਿਖਪ ਲੇਖਾ ਚੁਕੇ ਆਣ, ਲਿਖਿਆ ਲੇਖਾ ਦਏ ਮਿਟਾਈਆ । ਪਿਰਥੂ ਵੇਖ ਮਾਰ ਧਿਆਨ, ਸ੍ਰਿਸ਼ਟੀ ਰੋ ਰੋ ਨੀਰ ਵਹਾਈਆ । ਮਤਸ ਦੇਵੇ ਨਾ ਕੋਈ ਦਾਨ, ਖ਼ਾਲੀ ਹੱਥ ਰਿਹਾ ਫਿਰਾਈਆ । ਕਛਪ ਹੋਇਆ ਬਾਲ ਅੰਞਾਣ, ਮਿੰਦਰਾ ਸੀਸ ਨਾ ਕੋਇ ਚੁਕਾਈਆ । ਧਨੰਤਰ ਰੋਵੇ ਨਾ ਦਿਸੇ ਨੌਜਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਸੁਣਾਈਆ । ਸਾਚਾ ਹੁਕਮ ਮੋਹਣੀ ਧਾਰ, ਹਰਿ ਮਾਧਵ ਆਪ ਜਣਾਇੰਦਾ । ਹੰਸਾ ਬੰਸਾ ਖੋਲ੍ਹ ਕਵਾੜ, ਸਹੰਸਾ ਆਪਣਾ ਰੂਪ ਵਟਾਇੰਦਾ । ਨਰ ਸਿੰਘ ਤੇਰਾ ਇਕ ਦੁਆਰ, ਦਰ ਦਰਵਾਜਾ ਇਕ ਸਮਝਾਇੰਦਾ । ਬਾਵਣ ਆਏ ਬਣ ਭਿਖਾਰ, ਬਲ ਆਪਣਾ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰੇ ਆਪ ਬੁਲਾਇੰਦਾ । ਸਚ ਦੁਆਰੇ ਔਣਾ ਨੱਠ, ਮਿਹਰਵਾਨ ਰਿਹਾ ਜਣਾਈਆ । ਨਰ ਨਰਾਇਣ ਕਰ ਇਕੱਠ, ਹਰੀ ਹਰਿ ਵੇਖ ਵਖਾਈਆ । ਪਰਸ ਰਾਮ ਮਾਰ ਸੱਟ, ਰਾਮ ਰਾਮ ਲਏ ਜਗਾਈਆ । ਵੇਦ ਵਿਆਸ ਵੇਖੇ ਤੇਰਾ ਹੱਟ, ਕ੍ਰਿਸ਼ਨ ਬੰਸਰੀ ਕਵਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਪੁਰਖ ਸਮਰਥ, ਸਮਰਥ ਆਪਣਾ ਹੁਕਮ ਵਰਤਾਈਆ । ਹੁਕਮੇ ਅੰਦਰ ਈਸਾ ਮੂਸਾ, ਮੋਹ ਮੁਹੱਬਤ ਆਪ ਤਜਾਇੰਦਾ । ਤਨ ਵਖਾਏ ਏਕਾ ਸੂਸਾ, ਅਲਫ਼ੀ ਹੋਰ ਨਾ ਕੋਇ ਹੰਢਾਇੰਦਾ । ਧੁਰ ਫ਼ਰਮਾਣਾ ਸਚ ਹਦੀਸਾ, ਹੁਕਮੀ ਹੁਕਮ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੁਨੇਹੜਾ ਇਕ ਜਣਾਇੰਦਾ । ਸਚ ਸੁਨੇਹੜਾ ਮੁਹੰਮਦ ਯਾਰ, ਅਹਿਮਦ ਦਏ ਵਡਿਆਈਆ । ਚੌਦਾਂ ਤਬਕ ਵੇਖ ਵਿਚਾਰ, ਸਦੀ ਚੌਧਵੀਂ ਰਹੀ ਕੁਰਲਾਈਆ । ਕਰੇ ਖੇਲ ਪਰਵਰਦਿਗਾਰ, ਖ਼ਾਲਕ ਖ਼ਲਕ ਵੇਖੇ ਥਾਉਂ ਥਾਈਂਆ । ਲੇਖਾ ਜਾਣੇ ਧੁਰ ਦੀ ਕਾਰ, ਧੁਰ ਲਹਿਣਾ ਰਿਹਾ ਮੁਕਾਈਆ । ਔਣਾ ਚਲ

ਸੱਚੇ ਦੁਆਰ, ਦਰ ਦਰਵਾਜਾ ਇਕ ਖੁਲ੍ਹਾਈਆ । ਸ਼ਰਅ ਸ਼ਰੀਅਤ ਕਰੇ ਖ਼ਵਾਰ, ਲਾਸ਼ਰੀਕ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਮਾਰਗ ਰਿਹਾ ਵਖਾਈਆ । ਏਕਾ ਮਾਰਗ ਨਾਨਕ ਗੋਬਿੰਦ ਰੰਗ, ਰੰਗ ਰਾਤਾ ਆਪ ਜਣਾਇੰਦਾ । ਪੁਰਖ ਅਕਾਲ ਬਣਿਆ ਸੰਗ, ਦੂਜਾ ਸੰਗ ਨਾ ਕੋਇ ਰਲਾਇੰਦਾ । ਸ਼ਬਦ ਅਗੰਮੀ ਵੱਜੇ ਮਰਦੰਗ, ਮਰਦ ਮਰਦਾਨਾ ਆਪ ਵਜਾਇੰਦਾ । ਸਾਚੇ ਅਸਵ ਕਸੇ ਤੰਗ, ਨੀਲਾ ਨੀਲੀ ਧਾਰੋਂ ਪਾਰ ਵਖਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪੇ ਲੰਘ, ਜੇਰਜ ਅੰਡਜ ਆਪ ਉਠਾਇੰਦਾ । ਸਚ ਦੁਆਰਾ ਸੂਰਾ ਸਰਬੰਗ, ਸਤਿ ਸਤਿਵਾਦੀ ਆਪ ਖੁਲਾਇੰਦਾ । ਲਹਿਣਾ ਦੇਣਾ ਚੁਕਾਏ ਸੂਰਜ ਚੰਦ, ਮੰਡਲ ਮੰਡਪ ਹੁਕਮ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚੇ ਆਪ ਬੁਲਾਇੰਦਾ । ਦਰ ਘਰ ਸਾਚੇ ਸਾਜਣ ਔਣਾ, ਹਰਿ ਸੱਜਣ ਰਿਹਾ ਜਣਾਈਆ । ਵੀਹ ਸੌ ਵੀਹ ਬਿਕਰਮੀ ਰੁੱਤ ਸੁਹੌਣਾ, ਪਹਿਲੀ ਚੇਤਰ ਵੰਡ ਵੰਡਾਈਆ । ਵਿਸ਼ਨ ਬ੍ਰਹਮਾ ਸ਼ਿਵ ਨਿਉਂ ਨਿਉਂ ਸੀਸ ਝੁਕੌਣਾ, ਨਿਵਣ ਸੋ ਅੱਖਰ ਕਰੇ ਪੜ੍ਹਾਈਆ । ਤ੍ਰੈਗੁਣ ਮਾਇਆ ਡੇਰਾ ਢੌਣਾ, ਪੰਜ ਤੱਤ ਕਰੇ ਸਫ਼ਾਈਆ । ਤੇਈ ਅਵਤਾਰਾਂ ਹੁਕਮ ਜਣੌਣਾ, ਈਸਾ ਮੂਸਾ ਮੁਹੰਮਦ ਨਾਲ ਮਿਲਾਏ ਫੜ ਫੜ ਬਾਂਹੀਆ । ਨਾਨਕ ਗੋਬਿੰਦ ਢੋਲਾ ਗੌਣਾ, ਪ੍ਰਭ ਇਕੋ ਸੱਚਾ ਮਾਹੀਆ । ਸਾਚਾ ਹੁਕਮ ਇਕ ਸੁਣੌਣਾ, ਅਭੁਲ ਭੁੱਲ ਕਦੇ ਨਾ ਜਾਈਆ । ਚਾਰ ਜੁਗ ਦਾ ਲੇਖਾ ਆਪ ਮੁਕੌਣਾ, ਖ਼ਾਤੇ ਆਪਣੇ ਆਪੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੁਨੇਹੜਾ ਇਕ ਦ੍ਰਿੜਾਈਆ । ਚੌਥੇ ਜੁਗ ਜਾਣਾ ਆ, ਹਰਿ ਆਖ਼ਰ ਆਪ ਜਣਾਇੰਦਾ । ਪੁਰਖ ਅਬਿਨਾਸ਼ੀ ਕਰੇ ਖੇਲ ਬੇਪਰਵਾਹ, ਪਰਦਾਨਸ਼ੀਂ ਪਰਦਾ ਆਪ ਉਠਾਇੰਦਾ । ਰਹਿਬਰ ਬਣੇ ਇਕ ਖ਼ੁਦਾ, ਗ਼ਫ਼ਲਤ ਵਿਚ ਕਦੇ ਨਾ ਆਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਏਕਾ ਅੱਖਰ ਦਏ ਪੜ੍ਹਾ, ਸਾਚੀ ਸਿਖਿਆ ਇਕ ਸਮਝਾਇੰਦਾ । ਅਲਫ਼ ਯੇ ਪੰਧ ਦਏ ਮੁਕਾ, ਨੁਕਤਾ ਨੂਨ ਨਾ ਕੋਇ ਵਖਾਇੰਦਾ । ਅੱਖ ਪਰਤੱਖ ਦਏ ਖੁਲ੍ਹਾ, ਜਲਵਾ ਨੂਰ ਨੂਰ ਧਰਾਇੰਦਾ । ਦੀਨਾਂ ਮਜ਼੍ਹਬਾਂ ਭਾਂਡੇ ਖ਼ਾਲੀ ਸਖ ਦਏ ਕਰਾ, ਕੂੜੀ ਵਸਤ ਨਾ ਕੋਇ ਵਿਕਾਇੰਦਾ । ਹੱਥੋ ਹੱਥ ਲਹਿਣਾ ਦਏ ਮੁਕਾ, ਕਰਜ਼ਾ ਮਕਰੂਜ਼ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਨਰ ਨਰੇਸ਼ਾ ਬ੍ਰਹਮਾ ਵਿਸ਼ਨ ਮਹੇਸ਼ਾ ਆਪ ਸੁਣਾਇੰਦਾ । ਸਚ ਸੰਦੇਸ਼ਾ ਸੁਣ ਸੁਣ ਮੀਤ, ਸਾਰੇ ਰਹੇ ਖ਼ੁਸ਼ੀ ਮਨਾਈਆ । ਪਰਗਟ ਹੋਇਆ ਇਕ ਅਤੀਤ, ਤ੍ਰੈਭਵਨ ਧਨੀ ਫੇਰਾ ਪਾਈਆ । ਚਾਰ ਜੁਗ ਦੀ ਮੇਟੇ ਰੀਤ, ਸਤਿਜੁਗ ਸਾਚਾ ਰਾਹ ਚਲਾਈਆ । ਨਾਤਾ ਤੁਟੇ ਮੰਦਰ ਮਸੀਤ, ਸ਼ਿਵਦੁਆਲਾ ਮੱਠ ਰਹਿਣ ਨਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮਿਲ ਮਿਲ ਗਾਵਣ ਇਕੋ ਗੀਤ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਏਕਾ ਰੰਗ ਰੰਗਾਏ ਹਸਤ ਕੀਟ, ਊਚ ਨੀਚ ਨਾ ਕੋਇ ਵਡਿਆਈਆ । ਕਰਵਟ ਬਦਲ ਦਰਸ ਦਿਖਾਏ ਮੀਤ, ਮਿੱਤਰ ਪਿਆਰਾ ਫੇਰਾ ਪਾਈਆ । ਮੁਰੀਦ ਮੁਰਸ਼ਦ ਕਰਾਏ ਦੀਦ, ਦੀਦ ਈਦ ਚੰਦ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਈਆ । ਸਾਚਾ ਖੇਲ ਕਰੇ ਗੋਬਿੰਦ, ਹਰਿ ਗੋਬਿੰਦ ਧਾਰ ਚਲਾਇੰਦਾ । ਜੁਗ ਚੌਕੜੀ ਮੇਟੇ ਚਿੰਦ, ਚਿੰਤਾ ਚਿਖਾ ਨਾ ਕੋਇ ਰਖਾਇੰਦਾ । ਭਗਤ ਭਗਵਾਨ ਉਪਜਾਏ ਸਾਚੀ ਬਿੰਦ, ਸੁਤ ਅਨਾਦੀ ਨਾਉਂ ਧਰਾਇੰਦਾ । ਕਰੇ ਖੇਲ ਗੁਣੀ ਗਹਿੰਦ, ਗਹਿਰ ਗੰਭੀਰ ਆਪਣਾ ਰਾਹ ਚਲਾਇੰਦਾ । ਅੰਮ੍ਰਿਤ ਧਾਰ ਵਹਾਏ ਸਾਗਰ ਸਿੰਧ, ਸ਼ੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਜਾਮ ਪਿਆਇੰਦਾ ।

ਲੇਖਾ ਜਾਣੇ ਜੀਉ ਪਿੰਡ, ਇੰਡ ਬ੍ਰਹਿਮੰਡ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਜਣਾਇੰਦਾ । ਸਾਚਾ ਹੁਕਮ ਕਰ ਪਰਵਾਨ, ਸਾਰੇ ਰਹੇ ਧਿਆਨ ਲਗਾਈਆ । ਤੇਰੀ ਕਿਰਪਾ ਸ੍ਰੀ ਭਗਵਾਨ, ਤੇਰੀ ਮਿਹਰ ਨਜ਼ਰ ਵਡਿਆਈਆ । ਕਲਜੁਗ ਅੰਤਮ ਮਿਲੀਏ ਆਣ, ਚੌਥੇ ਜੁਗ ਹੋਏ ਕੁੜਮਾਈਆ । ਨਾਤਾ ਤੁਟੇ ਜਗਤ ਜਹਾਨ, ਈਸ਼ ਜੀਵ ਨਾ ਕੋਇ ਸਮਝਾਈਆ । ਕਾਗਦ ਕਲਮ ਨਾ ਕੋਇ ਨਿਸ਼ਾਨ, ਸ਼ਾਸਤਰ ਸਿਮਰਤ ਵੇਦ ਪੁਰਾਨ ਨਾ ਕੋਇ ਪੜ੍ਹਾਈਆ । ਆਤਮ ਪਰਮਾਤਮ ਇਕ ਗਿਆਨ, ਬ੍ਰਹਮ ਪਾਰਬ੍ਰਹਮ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਅਲਖ ਜਗਾਈਆ । ਦਰ ਘਰ ਸਾਚੇ ਆਈਏ ਚਲ, ਨਿਹਚਲ ਧਾਮ ਮਿਲੇ ਵਡਿਆਈਆ । ਜ਼ਿਮੀ ਅਸਮਾਨ ਜਾਇਣ ਹੱਲ, ਪਰਬਤ ਚੋਟੀ ਦੇਣ ਦੁਹਾਈਆ । ਕੋਈ ਨਾ ਪਾਏ ਸਾਰ ਜਲ ਥਲ, ਜਲ ਥਲ ਮਹੀਅਲ ਭੇਵ ਨਾ ਰਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨੌਂ ਸੌ ਚੁਰਾਨਵੇਂ ਚੌਕੜੀ ਜੁਗ ਕਰਦਾ ਰਿਹਾ ਵਲ ਛਲ, ਅਛਲ ਅਛੱਲ ਤੇਰਾ ਅੰਤ ਕੋਇ ਨਾ ਆਈਆ । ਅੰਤ ਸੁਨੇਹੜਾ ਦਿਤਾ ਘੱਲ, ਸੱਦਾ ਇਕੋ ਨਾਮ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸੂਝ ਇਕ ਜਣਾਈਆ । ਸਾਚੀ ਸੂਝ ਲੈਣੀ ਜਾਣ, ਹਰਿ ਸਤਿਗੁਰ ਆਪ ਜਣਾਇੰਦਾ । ਤੇਈ ਅਵਤਾਰ ਕਰਨ ਚਰਨ ਧਿਆਨ, ਭਗਤ ਅਠਾਰਾਂ ਨਾਲ ਮਿਲਾਇੰਦਾ । ਈਸਾ ਮੂਸਾ ਮੁਹੰਮਦ ਨਾਤਾ ਤੁਟੇ ਜ਼ਿਮੀਂ ਅਸਮਾਨ, ਸਤਿ ਸਤਿ ਨਾ ਵੰਡ ਵੰਡਾਇੰਦਾ । ਅੱਧਵਿਚਕਾਰੇ ਮਿਲੇ ਆਣ, ਚੰਦ ਸਤਾਰਾ ਮੁਖ ਛੁਪਾਇੰਦਾ । ਆਪਣਾ ਦੇਣਾ ਪਏ ਬਿਆਨ, ਹੱਕ ਹਕੀਕਤ ਖੋਜ ਖੁਜਾਇੰਦਾ । ਨਾਤਾ ਤੁਟੇ ਜਗਤ ਕੁਰਾਨ, ਤੀਸ ਬਤੀਸ ਨਾ ਕੋਇ ਵਡਿਆਇੰਦਾ । ਮੁਲਾਂ ਸ਼ੇਖ਼ ਮੁਸਾਇਕ ਹੋਣ ਵੈਰਾਨ, ਵੈਰੀ ਹਰਿ ਜੂ ਨਜ਼ਰੀ ਆਇੰਦਾ । ਕੂੜੀ ਰੈਣ ਕੂੜਾ ਛੁਟਣਾ ਭਾਨ, ਕੂੜਾ ਚੰਦ ਨਾ ਕੋਇ ਚੜ੍ਹਾਇੰਦਾ । ਸਿਦਕ ਰਿਹਾ ਨਾ ਕੋਇ ਈਮਾਨ, ਸਾਬਰ ਨਜ਼ਰ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਭੇਵ ਆਪ ਚੁਕਾਇੰਦਾ । ਸਾਚਾ ਭੇਵ ਚੁਕਣਾ ਮਾਤ, ਸੋ ਪੁਰਖ ਨਿਰੰਜਣ ਆਪ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮਿਲਣਾ ਇਕ ਜਮਾਤ, ਨਾਨਕ ਪੱਟੀ ਰਿਹਾ ਪੜ੍ਹਾਈਆ । ਚੌਦਾਂ ਲੋਕ ਡੂੰਘਾ ਖ਼ਾਤ, ਚੌਦਾਂ ਤਬਕ ਡੇਰਾ ਢਾਹੀਆ । ਕਲਜੁਗ ਮਿਟੇ ਅੰਧੇਰੀ ਰਾਤ, ਕੂੜੀ ਕਿਰਿਆ ਰਹਿਣ ਨਾ ਪਾਈਆ । ਨਾਤਾ ਤੁਟੇ ਕਾਮ ਕ੍ਰੋਧ ਲੋਭ ਮੋਹ ਹੰਕਾਰ ਸਾਕ, ਹਉਮੇ ਹੰਗਤਾ ਸੰਗ ਨਾ ਕੋਇ ਰਖਾਈਆ । ਕਰੇ ਖੇਲ ਪਰਵਰਦਿਗਾਰ ਪਾਕੀ ਪਾਕ, ਪਤਤ ਪੁਨੀਤ ਦਏ ਕਰਾਈਆ । ਨਾ ਕੋਈ ਦਿਸੇ ਜ਼ਾਤ ਪਾਤ, ਜ਼ਾਤ ਅਜ਼ਾਤੀ ਨਾ ਕੋਇ ਰਖਾਈਆ । ਨੂਰ ਇਲਾਹੀ ਕਮਲਾਪਾਤ, ਕਵਲ ਨੈਣ ਫੇਰਾ ਪਾਈਆ । ਦਰਸ ਦਿਖਾਏ ਸਾਖਿਆਤ, ਘਰ ਘਰ ਪਰਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਦਏ ਮੁਕਾਈਆ । ਲਹਿਣਾ ਦੇਣਾ ਅੰਤ ਮੁਕੌਣਾ, ਗੁਰ ਅਵਤਾਰਾਂ ਆਪ ਜਣਾਇੰਦਾ । ਰਲ ਮਿਲ ਸਭ ਨੇ ਢੋਲਾ ਇਕੋ ਗੌਣਾ, ਸੋ ਪੁਰਖ ਨਿਰੰਜਣ ਇਕ ਪੜ੍ਹਾਇੰਦਾ । ਸਤਿਜੁਗ ਮਾਰਗ ਸਾਚਾ ਲੌਣਾ, ਸਾਚੀ ਸਿਖਿਆ ਇਕ ਦ੍ਰਿੜਾਇੰਦਾ । ਆਤਮ ਪਰਮਾਤਮ ਮੇਲ ਮਿਲੌਣਾ, ਦੂਈ ਦਵੈਤੀ ਪਰਦਾ ਲਾਹਿੰਦਾ । ਸੁਰਤੀ ਸ਼ਬਦੀ ਗੰਢ ਪਵੌਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਰੇ ਅੰਤਮ ਕਲ, ਕਲਕਾਤੀ ਰਹਿਣ ਨਾ ਪਾਈਆ । ਸਤਿਜੁਗ ਸਾਚਾ ਪੁਰਖ ਬਿਧਾਤਾ ਮਾਤ

ਧਰ, ਧਰਨੀ ਧਰਤ ਧਵਲ ਦਏ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਇਕੋ ਲੈਣ ਪੜ, ਪਿਛਲੀ ਚੁਕੇ ਸਰਬ ਲੜਾਈਆ । ਇਕ ਸਰਨਾਈ ਜਾਣ ਪੜ, ਕਰਤਾ ਇਕੋ ਨਜ਼ਰੀ ਆਈਆ । ਦੀਨ ਮਜ਼੍ਹਬ ਟੁੱਟੇ ਗੜ੍ਹ, ਹਉਮੇ ਹੰਗਤਾ ਦਏ ਮਿਟਾਈਆ । ਭਗਤ ਭਗਵੰਤ ਆਪੇ ਫੜ, ਰਾਤੀਂ ਸੁਤਿਆਂ ਲਏ ਜਗਾਈਆ । ਕਾਇਆ ਮੰਦਰ ਆਪੇ ਚੜ੍ਹ, ਦਸਮ ਦਵਾਰੀ ਕੁੰਡਾ ਲਾਹੀਆ । ਨਿਰਗੁਣ ਨੂਰ ਪਰਕਾਸ਼ ਕਰ, ਅੰਧ ਅੰਧੇਰ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਬੀਸ ਬੀਸੇ ਵੱਜੇ ਵਧਾਈਆ । ਬੀਸ ਬੀਸੇ ਖੇਲ ਅਪਾਰਾ, ਹਰਿ ਕਰਤਾ ਆਪ ਕਰਾਇੰਦਾ । ਸਤਿਜੁਗ ਬੰਨ੍ਹੇ ਸਾਚੀ ਧਾਰਾ, ਧਰਨੀ ਧਰਤ ਧਵਲ ਵਡਿਆਇੰਦਾ । ਕਲਜੁਗ ਅੰਤਮ ਪਾਰ ਕਿਨਾਰਾ, ਧੁਰ ਦਰਬਾਰਾ ਹੁਕਮ ਸੁਣਾਇੰਦਾ । ਸਚ ਸੰਦੇਸ਼ਾ ਦੇਵੇ ਏਕਾ ਵਾਰਾ, ਏਕਾ ਦੂਆ ਦੂਆ ਏਕਾ ਭੌ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਆਪ ਚਲਾਇੰਦਾ । ਸਾਚਾ ਰਾਹ ਚਲਾਏ ਸਤਿਜੁਗ, ਸਤਿ ਸਤਿਵਾਦੀ ਦਇਆ ਕਮਾਈਆ । ਸੰਤ ਸਾਜਣ ਚੁਣ ਚੁਣ, ਲੱਖ ਚੁਰਾਸੀ ਵਿਚੋਂ ਲਏ ਜਗਾਈਆ । ਦਰਸ ਦਿਖਾਏ ਉਠ ਉਠ, ਨਿਜ ਨੇਤਰ ਆਪ ਖੁਲ੍ਹਾਈਆ । ਗੁਰਮੁਖਾਂ ਉਪਰ ਆਪੇ ਤੁਠ, ਮਿਹਰ ਨਜ਼ਰ ਇਕੋ ਪਾਈਆ । ਕੂੜੀ ਕਿਰਿਆ ਜੜ੍ਹ ਦੇਵੇ ਪੁਟ, ਬੂਟਾ ਨਜ਼ਰ ਕੋਇ ਨਾ ਆਈਆ । ਗੋਬਿੰਦ ਭੇਟਾ ਚਾੜ੍ਹੇ ਸੁਤ, ਸਤਿ ਸਤਿਵਾਦੀ ਦਇਆ ਕਮਾਈਆ । ਸਤਿਜੁਗ ਅੰਤਮ ਮੌਲੇ ਰੁੱਤ, ਪਤ ਡਾਲੀ ਫੁਲ ਫਲਵਾੜੀ ਆਪ ਮਹਿਕਾਈਆ । ਨਿਹਕਲੰਕ ਆਏ ਅਬਿਨਾਸ਼ੀ ਅਚੁੱਤ, ਕਲ ਕਲਕੀ ਫੇਰਾ ਪਾਈਆ । ਅੰਮ੍ਰਿਤ ਜਾਮ ਪਿਆਏ ਘੁੱਟ, ਅੰਮਿਉਂ ਰਸ ਏਕਾ ਮੁਖ ਚੁਆਈਆ । ਆਵਣ ਜਾਵਣ ਲੱਖ ਚੁਰਾਸੀ ਜਾਏ ਛੁੱਟ, ਰਾਏ ਧਰਮ ਨਾ ਦਏ ਸਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਜੁਗ ਸਾਚੇ ਲਏ ਜਗਾਈਆ । ਸਤਿਜੁਗ ਸਾਚੇ ਜਾਣਾ ਜਾਗ, ਪਹਿਲੀ ਚੇਤਰ ਹੁਕਮ ਜਣਾਇੰਦਾ । ਬੀਸ ਬੀਸੇ ਲੱਗਾ ਭਾਗ, ਹਰਿ ਜਗਦੀਸ਼ਾ ਖ਼ੁਸ਼ੀ ਮਨਾਇੰਦਾ । ਦੋ ਜਹਾਨਾਂ ਇਕ ਵੈਰਾਗ, ਵੈਰਾਗੀ ਆਪਣਾ ਨਾਮ ਵਡਿਆਇੰਦਾ । ਕਲਜੁਗ ਅੰਤਮ ਧੋਵੇ ਦਾਗ਼, ਕੂੜੀ ਕਿਰਿਆ ਮੇਟ ਮਿਟਾਇੰਦਾ । ਗੁਰਮੁਖ ਸੁਰਤ ਸਵਾਣੀ ਹਰਿਜੂ ਕੰਤ ਮਿਲੇ ਸੁਹਾਗ, ਘਰ ਮੰਦਰ ਸੋਭਾ ਪਾਇੰਦਾ । ਨਿਰਗੁਣ ਨਿਰਵੈਰ ਪੁਰਖ ਅਕਾਲ ਅਜੂਨੀ ਰਹਿਤ ਅਨੁਭਵ ਪਰਕਾਸ਼ ਮਾਰ ਇਕ ਅਵਾਜ਼, ਸ਼ਬਦ ਅਗੰਮੀ ਢੋਲਾ ਗਾਇੰਦਾ । ਗ਼ਰੀਬ ਨਿਵਾਜਾ ਸਾਜਣ ਸਾਜ, ਸ਼ਾਹੋ ਭੂਪ ਵਡ ਰਾਜਨ ਰਾਜ, ਤਖ਼ਤ ਨਿਵਾਸੀ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਆਪ ਜਗਾਇੰਦਾ । ਸਤਿਜੁਗ ਅੰਤਮ ਖੋਲ੍ਹੇ ਅੱਖ, ਸੋ ਪੁਰਖ ਨਿਰੰਜਣ ਆਪ ਖੁਲ੍ਹਾਈਆ । ਪੁਰਖ ਅਬਿਨਾਸ਼ੀ ਦਰਸ ਕਰਾਏ ਪਰਤੱਖ, ਪਾਰਖੂ ਬਣੇ ਸੱਚਾ ਮਾਹੀਆ । ਭਗਤ ਭਗਵਾਨ ਮਾਰਗ ਦੇਵੇ ਦੱਸ, ਦਹਿ ਦਿਸ਼ਾ ਆਪ ਸਮਝਾਈਆ । ਨਾਤਾ ਤੁਟੇ ਤੀਰਥ ਤੱਟ, ਕਿਨਾਰਾ ਕੋਈ ਨਾ ਦਏ ਵਡਿਆਈਆ । ਚੌਦਾਂ ਲੋਕ ਛੁੱਟੇ ਹੱਟ, ਤਬਕ ਤਬਕ ਨਾ ਕੋਇ ਅਲਾਈਆ । ਕਰੇ ਖੇਲ ਪੁਰਖ ਸਮਰਥ, ਮਹਿਮਾ ਅਕੱਥ ਇਕ ਸੁਣਾਈਆ । ਸਤਿਜੁਗ ਚਲਾਏ ਆਪ ਰਥ, ਨਿਰਗੁਣ ਸੇਵਕ ਸੇਵ ਕਮਾਈਆ । ਕਲਜੁਗ ਲਹਿਣਾ ਦੇਣਾ ਝੋਲੀ ਪਾਏ ਸੀਆਂ ਸਾਢੇ ਤਿੰਨ ਤਿੰਨ ਹੱਥ, ਰਵਦਾਸ ਚੁਮਿਆਰਾ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚੇ ਆਪ ਜਗਾਈਆ । ਸਤਿਜੁਗ ਸਾਚਾ ਸਾਚਾ ਪੁੱਤ, ਪ੍ਰਭ ਅੱਗੇ ਸੀਸ ਝੁਕਾਇੰਦਾ । ਤੇਰੀ ਕੁੱਖੋਂ ਗਿਆ ਉਠ, ਮਾਤ ਪਿਤ ਨਾ ਕੋਇ ਵਖਾਇੰਦਾ । ਤੂੰ ਸੁਹੰਣੀ ਮੇਰੀ ਰੁੱਤ, ਤੁਧ


੧੦੫
੧੩

ਬਿਨ ਨਜ਼ਰ ਕੋਇ ਨਾ ਆਇੰਦਾ । ਆਪਣੀ ਵਾਰੀ ਕੀਤੀ ਪੁੱਛ, ਤਿੰਨ ਜੁਗ ਸੋਇਆ ਨਾ ਕੋਇ ਉਠਾਇੰਦਾ । ਮੇਰੇ ਪੱਲੇ ਨਹੀਂ ਕੁੱਛ, ਤੇਰੇ ਅੱਗੇ ਝੋਲੀ ਡਾਹਿੰਦਾ । ਕਲਜੁਗ ਬੈਠਾ ਰਿਹੋਂ ਚੁੱਪ, ਤੇਰਾ ਭੇਵ ਕੋਇ ਨਾ ਪਾਇੰਦਾ । ਲੱਖ ਚੁਰਾਸੀ ਦਿਸੇ ਅੰਧੇਰਾ ਘੁੱਪ, ਨੂਰ ਨਜ਼ਰ ਕਿਸੇ ਨਾ ਆਇੰਦਾ । ਘਰ ਘਰ ਵੜੀ ਚੰਦਰੀ ਭੁੱਖ, ਭੁਖਿਆਂ ਭੁੱਖ ਨਾ ਕੋਇ ਮਿਟਾਇੰਦਾ । ਗ਼ਰੀਬ ਨਿਮਾਣਿਆਂ ਲੱਗਾ ਦੁੱਖ, ਦੁਖੀਆਂ ਦਰਦ ਨਾ ਕੋਇ ਬੁਝਾਇੰਦਾ । ਬਿਨ ਭਗਤਾਂ ਧਰਤੀ ਦੀ ਖ਼ਾਲੀ ਹੋਈ ਕੁੱਖ, ਜਨ ਜਨਨੀ ਗੋਦ ਨਾ ਕੋਇ ਸੁਹਾਇੰਦਾ । ਲੱਖ ਚੁਰਾਸੀ ਉਲਟਾ ਰੁਖ, ਜੂਨ ਅਜੂਨੀ ਆਪ ਭਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਸੀਸ ਨਿਵਾਇੰਦਾ । ਸਤਿਜੁਗ ਸੱਚਾ ਛੋਟਾ ਬਾਲਾ, ਪ੍ਰਭ ਅੱਗੇ ਸੀਸ ਝੁਕਾਈਆ । ਬਾਲੀ ਬੁੱਧ ਬਾਲ ਅੰਞਾਣਾ, ਮੇਰੀ ਚਲੇ ਨਾ ਕੋਇ ਚਤੁਰਾਈਆ । ਤੂੰ ਸਾਹਿਬ ਸਤਿਗੁਰ ਬਣਿਆ ਦਾਨਾ, ਦੇਵਣਹਾਰ ਇਕ ਅਖਵਾਈਆ । ਤੇਰੇ ਹੁਕਮੇ ਅੰਦਰ ਰਾਜਾ ਰਾਣਾ, ਕੋਟਨ ਕੋਟ ਬ੍ਰਹਿਮੰਡ ਖੰਡ ਰਿਹਾ ਭਵਾਈਆ । ਤੇਰੀ ਕਿਰਪਾ ਪੀਣਾ ਖਾਣਾ, ਤੁਧ ਬਿਨ ਵਸਤ ਅਵਰ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮੇਰਾ ਸਗਲਾ ਸੰਗ ਨਿਭਾਈਆ । ਸਗਲਾ ਸੰਗ ਰੱਖਣਾ ਰਘੁਨਾਥ, ਰਘੁਪਤ ਏਕਾ ਮੰਗ ਮੰਗਾਇੰਦਾ । ਸਾਚੀ ਦੱਸ ਇਕੋ ਗਾਥ, ਜਿਸ ਪੜ੍ਹਿਆਂ ਦੁੱਖ ਕੋਇ ਨਾ ਆਇੰਦਾ । ਨੌਂ ਖੰਡ ਪ੍ਰਿਥਮੀ ਬਣੇ ਇਕ ਜਮਾਤ, ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਇੰਦਾ । ਕੂੜੀ ਕਿਰਿਆ ਨਾ ਹੋਏ ਅੰਧੇਰੀ ਰਾਤ, ਜੂਠ ਝੂਠ ਰਹਿਣ ਨਾ ਪਾਇੰਦਾ । ਸਾਚਾ ਦੱਸ ਦੇ ਸੱਜਣ ਸਾਕ, ਕਵਣ ਨਾਤਾ ਜੋੜ ਜੁੜਾਇੰਦਾ । ਕਰੇ ਨਿਮਸਕਾਰ ਜੋੜ ਹਾਥ, ਚਰਨ ਕਵਲਾਂ ਸੀਸ ਝੁਕਾਇੰਦਾ । ਮੇਰਾ ਲਹਿਣਾ ਲਿਖ ਦੇ ਮਸਤਕ ਮਾਥ, ਤੇਰਾ ਲਿਖਿਆ ਨਾ ਕੋਇ ਮਿਟਾਇੰਦਾ । ਇਕੋ ਦੱਸ ਪੂਜਾ ਪਾਠ, ਜਿਸ ਪੜ੍ਹਿਆਂ ਜਮ ਨਾ ਅੰਤ ਸਤਾਇੰਦਾ । ਤੇਰੀ ਨੇੜੇ ਆਏ ਵਾਟ, ਤੇਰਾ ਦੂਰ ਦੁਰਾਡਾ ਪੰਧ ਨਾ ਕੋਇ ਮੁਕਾਇੰਦਾ । ਕਿਸ ਮਿਲੇਂ ਸੱਚੇ ਘਾਟ, ਸ਼ਿਵਦੁਆਲਾ ਮੰਦਰ ਮੱਠ ਕੋਇ ਰਹਿਣ ਨਾ ਪਾਇੰਦਾ । ਆਪਣੀ ਸੱਚੀ ਦੱਸ ਜ਼ਾਤ, ਜਿਸ ਜ਼ਾਤ ਵਿਚੋਂ ਵਿਸ਼ਨ ਬ੍ਰਹਮਾ ਸ਼ਿਵ ਗੁਰ ਅਵਤਾਰ ਪੀਰ ਪੈਗ਼ੰਬਰ ਲੱਖ ਚੁਰਾਸੀ ਜੂਨ ਪਰਗਟਾਇੰਦਾ । ਕਰ ਕਿਰਪਾ ਦੇ ਦੇ ਦਾਤ, ਤੇਰੇ ਘਰ ਘਾਟਾ ਕੋਇ ਨਜ਼ਰ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਅੱਗੇ ਝੋਲੀ ਡਾਹਿੰਦਾ । ਸਤਿਜੁਗ ਝੋਲੀ ਅੱਗੇ ਡਾਹ, ਦੋਏ ਜੋੜ ਵਾਸਤਾ ਪਾਇਆ । ਨਿਰਗੁਣ ਬਣਨਾ ਆਪ ਮਲਾਹ, ਸਰਗੁਣ ਸੰਗ ਨਾ ਕੋਇ ਰਖਾਇਆ । ਇਕ ਦ੍ਰਿੜੌਣਾ ਆਪਣਾ ਨਾਂ, ਦੂਜਾ ਇਸ਼ਟ ਨਾ ਕੋਇ ਮਨਾਇਆ । ਏਥੇ ਓਥੇ ਪਕੜੀ ਬਾਂਹ, ਪੱਲੂ ਆਪਣੇ ਨਾਲ ਬੰਧਾਇਆ । ਅਛਲ ਛਲਧਾਰੀ ਤੇਰਾ ਕਰੇ ਨਾ ਕੋਈ ਵਿਸਾਹ, ਅਛੱਲ ਛਲ ਤੇਰੀ ਖੇਲ ਬੇਪਰਵਾਹਿਆ । ਆਪਣਾ ਭੇਵ ਦੇ ਜਣਾ, ਜਿਸ ਬਿਧ ਤੇਰੀ ਮੇਰੇ ਸੀਸ ਰਹੇ ਸਾਇਆ । ਤੇਰੀ ਚਰਨੀ ਡਿਗਾ ਆ, ਜਿਉਂ ਭਾਵੇ ਤਿਉਂ ਲੈ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੁਨੇਹੜਾ ਰਿਹਾ ਸੁਣਾਇਆ । ਸਤਿਜੁਗ ਸਾਚੇ ਬਾਲ ਨਿਧਾਨ, ਬਾਲੀ ਬੁੱਧ ਆਪ ਜਣਾਈਆ । ਕਿਰਪਾ ਕਰੇ ਸ੍ਰੀ ਭਗਵਾਨ, ਸਿਰ ਤੇਰੇ ਹੱਥ ਟਿਕਾਈਆ । ਕਲਜੁਗ ਅੰਤ ਬਣਾਇਆ ਤੇਰਾ ਇਕ ਨਿਸ਼ਾਨ, ਨਿਸ਼ਾਨਾ ਆਪਣਾ ਨਾਮ ਲਗਾਈਆ । ਲੱਖ ਚੁਰਾਸੀ ਵਿਚੋਂ ਕਰ ਪਰਵਾਨ, ਗੁਰਮੁਖ ਸਾਚੇ ਮੇਲ ਮਿਲਾਈਆ । ਸੱਤਰਾਂ ਬਹੱਤਰਾਂ ਚੁਹੱਤਰਾਂ ਦਿਤਾ ਦਾਨ, ਦੋ ਜਹਾਨ ਖ਼ਾਲੀ ਹੱਥ ਵਖਾਈਆ ।

ਕੋਟਨ ਰਾਮ ਕਰਨ ਪਰਨਾਮ, ਵਿਸ਼ਨ ਬ੍ਰਹਮਾ ਸ਼ਿਵ ਸੀਸ ਝੁਕਾਈਆ । ਕੋਟਨ ਕਾਹਨ ਕਰਨ ਧਿਆਨ, ਹਰਿ ਮੁਕਟ ਬੈਣ ਸ਼ਰਨਾਈਆ । ਕੋਟਨ ਈਸਾ ਮੂਸਾ ਮੁਹੰਮਦ ਗਾਣ, ਗਾ ਗਾ ਸ਼ੁਕਰ ਮਨਾਈਆ । ਕੋਟਨ ਕੋਟ ਭਗਤ ਕਰਨ ਪਰਵਾਨ, ਕਬੀਰ ਜੋਲਾਹਾ ਦਏ ਸਾਲਾਹੀਆ । ਕੋਟਨ ਕੋਟ ਨਾਨਕ ਗੋਬਿੰਦ ਮੇਲ ਸ੍ਰੀ ਭਗਵਾਨ, ਭਗਵਨ ਮੇਲਾ ਸਹਿਜ ਸੁਭਾਈਆ । ਸਚਖੰਡ ਦਾ ਸਚ ਵਿਧਾਨ, ਲੋਕਮਾਤ ਲਿਆ ਪਰਗਟਾਈਆ । ਧੁਰਦਰਗਾਹੀ ਇਕ ਨਿਸ਼ਾਨ, ਸੱਤ ਰੰਗਾ ਰੂਪ ਵਟਾਈਆ । ਧਰਨੀ ਧਰਤ ਧਵਲ ਕਰੇ ਕਲਿਆਣ, ਕਲ ਕਾਲਖ ਟਿੱਕਾ ਲਾਹੀਆ । ਬਾਲੇ ਨੀਹਾਂ ਹੇਠਾਂ ਦੱਬੇ ਆਣ, ਕੂੜੀ ਕਿਰਿਆ ਜੜ੍ਹ ਉਖੜਾਈਆ । ਛੱਤੀ ਛੱਤੀ ਖੇਲ ਮਹਾਨ, ਨਾਨਕ ਨਿਰਗੁਣ ਵੰਡ ਵੰਡਾਈਆ । ਗੋਬਿੰਦ ਸੂਰਾ ਹੋ ਪਰਧਾਨ, ਪਰਮ ਪੁਰਖ ਰਿਹਾ ਧਿਆਈਆ । ਪੁਰਖ ਅਕਾਲ ਆਇਆ ਨੌਜਵਾਨ, ਨਿਰਗੁਣ ਆਪਣਾ ਫੇਰਾ ਪਾਈਆ । ਲੇਖਾ ਜਾਣ ਦੋ ਜਹਾਨ, ਲੋਆਂ ਪੁਰੀਆਂ ਖੋਜ ਖੁਜਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖਿਆ ਮਾਰ ਧਿਆਨ, ਪਿਛਲਾ ਲਹਿਣਾ ਸਰਬ ਚੁਕਾਈਆ । ਸਾਰੇ ਇਕੱਠੇ ਕੀਤੇ ਆਣ, ਲੁਕਿਆ ਕੋਇ ਰਹਿਣ ਨਾ ਪਾਈਆ । ਅੱਧਵਿਚਕਾਰੇ ਬੈਠਾ ਮੁਹੰਮਦ ਦੂਰ ਦੁਰਾਡਾ ਕਰੇ ਧਿਆਨ, ਧਿਆਨ ਧਿਆਨ ਨਾਲ ਮਿਲਾਈਆ । ਅੱਲਾ ਰਾਣੀ ਕਰ ਪਹਿਚਾਨ, ਮੀਆਂ ਬੀਵੀ ਲਏ ਪਰਨਾਈਆ । ਖ਼ਾਵੰਦ ਬਣਿਆ ਆਪ ਭਗਵਾਨ, ਲੱਖ ਚੁਰਾਸੀ ਸੁਰਤੀ ਰਿਹਾ ਪਰਨਾਈਆ । ਕਰੇ ਖੇਲ ਇਕ ਮਹਾਨ, ਖ਼ਾਲਕ ਖ਼ਲਕ ਦਏ ਸਮਝਾਈਆ । ਸਾਢੇ ਤਿੰਨ ਹੱਥ ਦੇਵੇ ਦਾਨ, ਰਵਦਾਸ ਚੁਮਿਆਰਾ ਨਾਲ ਮਿਲਾਈਆ । ਭਗਤ ਦੁਆਰਾ ਕਰ ਪਰਵਾਨ, ਭਗਵਨ ਆਪਣਾ ਆਸਣ ਲਾਈਆ । ਪਿਛਲੀ ਕੂੜੀ ਕਿਰਿਆ ਮਿਟੇ ਨਿਸ਼ਾਨ, ਅੱਗੇ ਸਚ ਨਿਸ਼ਾਨ ਝੁਲਾਈਆ । ਜਿਸ ਦੁਆਰੇ ਵੇਦ ਪੁਰਾਨ ਸ਼ਾਸਤਰ ਸਿਮਰਤ ਅੰਜੀਲ ਕੁਰਾਨ ਸਰਬ ਸ਼ਰਮਾਣ, ਨੇਤਰ ਨੈਣ ਸਕੇ ਨਾ ਕੋਇ ਉਠਾਈਆ । ਗੀਤਾ ਗਿਆਨ ਬਣੇ ਅੰਞਾਣ, ਅਠਾਰਾਂ ਧਿਆਏ ਨਾ ਕੋਇ ਵਡਿਆਈਆ । ਖਾਣੀ ਬਾਣੀ ਹੋਏ ਹੈਰਾਨ, ਹਰਿ ਕਾ ਭੇਵ ਕੋਇ ਨਾ ਪਾਈਆ । ਤਿਸ ਦੁਆਰੇ ਸਤਿਜੁਗ ਲੱਗੇ ਆਣ, ਸਤਿਗੁਰ ਆਪਣੀ ਨੀਂਹ ਰਖਾਈਆ । ਸ੍ਰਿਸ਼ਟ ਸਬਾਈ ਦਏ ਗਿਆਨ, ਇਕੋ ਅੱਖਰ ਆਪ ਪੜ੍ਹਾਈਆ । ਬ੍ਰਹਮਾ ਵਿਸ਼ਨ ਸ਼ਿਵ ਦਰ ਆ ਕੇ ਮੰਗਣ ਦਾਨ, ਖ਼ਾਲੀ ਝੋਲੀ ਅੱਗੇ ਡਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਪਰਵਾਨ, ਹਰਿ ਜੂ ਪਰਵਾਨਾ ਹੱਥ ਫੜਾਈਆ । ਏਕੰਕਾਰ ਏਕਾ ਸਚ ਬਣਾਏ ਵਿਧਾਨ, ਵਿਦਿਤ ਵਿਦਿਆ ਚਲੇ ਨਾ ਕੋਇ ਚਤੁਰਾਈਆ । ਸਤਿਜੁਗ ਤੇਰਾ ਸੰਗ ਨਿਭਾਏ ਸ੍ਰੀ ਭਗਵਾਨ, ਭਰਮ ਭੁਲੇਖਾ ਦਏ ਚੁਕਾਈਆ । ਮੇਰਿਆਂ ਭਗਤਾਂ ਮਿਲਣਾ ਆਣ, ਤੇਰਾ ਦੁੱਖੜਾ ਲੈਣ ਵੰਡਾਈਆ । ਉਜਲ ਮੁਖੜਾ ਹੋਏ ਵਿਚ ਜਹਾਨ, ਦੁਰਮਤ ਮੈਲ ਨਾ ਲਾਗੇ ਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦਿਤਾ ਸਾਚਾ ਵਰ, ਸਚ ਸੰਦੇਸ਼ਾ ਇਕ ਸੁਣਾਈਆ । ਸਚ ਸੰਦੇਸ਼ਾ ਸੁਣ ਭਗਵਾਨ, ਸਤਿਜੁਗ ਆਪਣੀ ਖ਼ੁਸ਼ੀ ਮਨਾਇੰਦਾ । ਚਾਰੋਂ ਕੁੰਟ ਵੇਖੇ ਮਾਰ ਧਿਆਨ, ਦਹਿ ਦਿਸ਼ਾ ਧਿਆਨ ਲਗਾਇੰਦਾ । ਕਵਣ ਦੁਆਰੇ ਬੈਠਾ ਭਗਤ ਭਗਵਾਨ, ਜਿਸ ਦਰ ਭਗਵਨ ਦਇਆ ਕਮਾਇੰਦਾ । ਨੌਂ ਖੰਡ ਪ੍ਰਿਥਮੀ ਦਿਸੇ ਵੈਰਾਨ, ਵੈਰੀ ਇਕੋ ਇਕ ਅਖਵਾਇੰਦਾ । ਕੂੜੀ ਕਿਰਿਆ ਚੜ੍ਹਿਆ ਤੂਫ਼ਾਨ, ਤੋਹਫ਼ਾ ਹਰਿ ਜੂ ਘਰ ਘਰ ਆਪ ਪੁਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਵਖਾਇੰਦਾ । ਸਤਿਜੁਗ ਚਾਰੋਂ ਕੁੰਟ ਵਿਚਾਰ, ਨੇਤਰ ਨੈਣ ਰਿਹਾ ਸ਼ਰਮਾਈਆ । ਕੋਈ ਨਾ ਦਿਸੇ ਸਾਚਾ ਯਾਰ, ਯਾਰੀ ਯਾਰ ਨਾ ਕੋਇ ਨਿਭਾਈਆ । ਚਾਰੋਂ ਕੁੰਟ ਧੂਆਂਧਾਰ ਸਾਚਾ

ਚੰਦ ਨਾ ਕੋਇ ਰੁਸ਼ਨਾਈਆ । ਕਵਣ ਦੁਆਰੇ ਭਗਤਾਂ ਕਰਾਂ ਭਾਲ, ਭਾਲ ਥੱਕਾ ਸਰਬ ਲੋਕਾਈਆ । ਕਵਣ ਬਿਧ ਮੇਰੀ ਪੂਰੀ ਹੋਏ ਘਾਲ, ਘਾਲੀ ਘਾਲ ਲੇਖੇ ਲਾਈਆ । ਪ੍ਰਭ ਅੱਗੇ ਫੇਰ ਕਰੇ ਸਵਾਲ, ਬਣ ਸਵਾਲੀ ਦਏ ਦੁਹਾਈਆ । ਬਿਨ ਤੇਰੀ ਕਿਰਪਾ ਕੋਈ ਭਗਤ ਨਾ ਚਲੇ ਮੇਰੇ ਨਾਲ, ਮੇਰੀ ਮਿਲੇ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਜਿਸ ਦੁਆਰੇ ਭਗਤਨ ਮੇਲਾ ਸਹਿਜ ਸੁਭਾਈਆ । ਭਗਤਨ ਮੇਲਾ ਦੱਸ ਅਕਾਲ, ਅਕਲ ਕਲਾ ਜਣਾਇੰਦਾ । ਸਤਿਜੁਗ ਸਾਚੇ ਸਾਚੇ ਲਾਲ, ਹਰਿ ਸਤਿਗੁਰ ਆਪ ਪਰਗਟਾਇੰਦਾ । ਨਾਤਾ ਤੋੜ ਕਾਲ ਮਹਾਂਕਾਲ, ਦੀਨ ਦਿਆਲ ਗੋਦ ਬਹਾਇੰਦਾ । ਤ੍ਰੈਗੁਣ ਮਾਇਆ ਨਾ ਕੋਇ ਜੰਜਾਲ, ਜਾਗਰਤ ਜੋਤ ਆਪ ਜਗਾਇੰਦਾ । ਆਪੇ ਸੁਣੇ ਮੁਰੀਦਾਂ ਹਾਲ, ਮੁਰਸ਼ਦ ਆਪਣਾ ਫੇਰਾ ਪਾਇੰਦਾ । ਅੱਠੇ ਪਹਿਰ ਵੱਜੇ ਅਗੰਮੀ ਤਾਲ, ਸ਼ਬਦ ਅਨਾਦੀ ਨਾਦ ਸੁਣਾਇੰਦਾ । ਸ਼ਾਹੋਂ ਕਰਨਹਾਰ ਕੰਗਾਲ, ਕੰਗਾਲੋਂ ਸ਼ਾਹ ਆਪ ਬਣਾਇੰਦਾ । ਸਤਿਜੁਗ ਚਲੀ ਅਵੱਲੜੀ ਚਾਲ, ਬਿਨ ਦੱਸਿਆਂ ਭੇਵ ਕੋਇ ਨਾ ਪਾਇੰਦਾ । ਸੰਬਲ ਨਗਰ ਲੈਣਾ ਭਾਲ, ਜਿਸ ਦੁਆਰੇ ਗੋਬਿੰਦ ਸੇਵ ਕਮਾਇੰਦਾ । ਪੁਰਖ ਅਕਾਲ ਚਲੇ ਨਾਲ ਨਾਲ, ਨਿਰਗੁਣ ਆਪਣਾ ਰਾਹ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਖੁਲ੍ਹਾਇੰਦਾ । ਸੰਬਲ ਨਗਰ ਵੇਖ ਖੇੜ੍ਹਾ, ਹਰਿ ਖਿੜਕੀ ਆਪ ਖੁਲ੍ਹਾਈਆ । ਜਿਥੇ ਕੋਈ ਨਾ ਦਿਸੇ ਝੇੜਾ, ਦੀਨ ਮਜ਼੍ਹਬ ਨਾ ਕੋਇ ਲੜਾਈਆ । ਪੁਰਖ ਅਕਾਲ ਗੋਬਿੰਦ ਕਹੇ ਤੂੰ ਮੇਰਾ ਮੈਂ ਤੇਰਾ, ਨਾਨਕ ਸੋਹੰ ਢੋਲਾ ਗਾਈਆ । ਸੋ ਸਾਹਿਬ ਖੁਲ੍ਹਾ ਕੀਤਾ ਵੇਹੜਾ, ਚਾਰ ਦੀਵਾਰ ਨਾ ਕੋਇ ਬਣਾਈਆ । ਅੰਤਮ ਕਰੇ ਹੱਕ ਨਬੇੜਾ, ਹਕੀਕਤ ਵੇਖੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰਾ ਰਿਹਾ ਜਣਾਈਆ । ਸਚ ਦੁਆਰਾ ਏਕਾ ਤੱਟ, ਹਰਿ ਸੱਜਣ ਆਪ ਜਣਾਇੰਦਾ । ਪੁਰਖ ਸਮਰਥ ਖੋਲਿਆ ਹੱਟ, ਬਣ ਹਟਵਾਣਾ ਸੇਵ ਕਮਾਇੰਦਾ । ਓਥੇ ਇਕੋ ਰੱਖੇ ਵੱਥ, ਦੂਸਰ ਵਸਤ ਨਾ ਕੋਇ ਟਿਕਾਇੰਦਾ । ਸਤਿਜੁਗ ਸਾਚੇ ਔਣਾ ਨੱਠ, ਬਣ ਪਾਂਧੀ ਪੰਧ ਮੁਕਾਇੰਦਾ । ਭਗਤਾਂ ਚਰਨੀ ਜਾਣਾ ਢੱਠ, ਸਾਚੀ ਸਿਖਿਆ ਇਕ ਸਮਝਾਇੰਦਾ । ਤੇਰੀ ਪੱਤ ਲੈਣ ਰੱਖ, ਲੋਕਮਾਤ ਮੇਲ ਮਿਲਾਇੰਦਾ । ਦੋਹਾਂ ਮਿਲ ਕੇ ਦੋ ਜਹਾਨ ਢੋਲਾ ਦੇਣਾ ਦੱਸ, ਦੋਏ ਦੋਏ ਰੂਪ ਖੇਲ ਕਰਾਇੰਦਾ । ਸੋਹੰ ਰੂਪ ਆਪ ਪਰਤੱਖ, ਪਾਰਬ੍ਰਹਮ ਬ੍ਰਹਮ ਆਪਣੇ ਅੰਗ ਲੰਗਾਇੰਦਾ । ਮਹਾਰਾਜ ਸ਼ੇਰ ਸਿੰਘ ਕਰੇ ਤੇਰਾ ਪੱਖ, ਸਗਲਾ ਸੰਗ ਆਪ ਹੋ ਜਾਇੰਦਾ । ਵਿਸ਼ਨੂੰ ਸਿਰ ਤੇ ਚੁਕ ਕੇ ਆਵੇ ਭਤ, ਘਰ ਘਰ ਰਿਜ਼ਕ ਪੁਚਾਇੰਦਾ । ਬ੍ਰਹਮਾ ਬ੍ਰਹਮ ਤੇਰੇ ਅੱਗੇ ਦੇਵੇ ਰੱਖ, ਰੱਖਿਆ ਇਕੋ ਓਟ ਤਕਾਇੰਦਾ । ਸ੍ਰੀ ਭਗਵਾਨ ਹੋ ਪਰਤੱਖ, ਰੂਪ ਅਨੂਪ ਦਰਸ ਕਰਾਇੰਦਾ । ਸਤਿਜੁਗ ਪਾਂਧੀ ਰਾਹੀ ਬਣ ਕੇ ਚਲਣਾ ਹੱਸ ਹੱਸ, ਅੱਧਵਿਚਕਾਰ ਨਾ ਕੋਇ ਅਟਕਾਇੰਦਾ । ਤੇਰਾ ਮਾਰਗ ਲਾਏ ਪੁਰਖ ਸਮਰਥ, ਸਾਚੀ ਵਸਤ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਦੇਵੇ ਸਾਚਾ ਦਾਨ, ਭਗਤ ਭਗਵੰਤ ਮਿਲਾਏ ਆਣ, ਮਿਲ ਮਿਲ ਆਪਣੀ ਖ਼ੁਸ਼ੀ ਵਖਾਇੰਦਾ ।

ਦਇਆ ਅੰਦਰ ਸੇਵਕ ਸਵਾਮੀ, ਸੇਵਾਦਾਰ ਅਖਵਾਈਆ । ਚਾਕਰ ਬਣੇ ਹਰਿ ਨਿਹਕਾਮੀ, ਨਿਹਕਰਮੀ ਕਰਮ ਕਾਂਡ ਮਿਟਾਈਆ । ਸਰਬ

ਜੀਆਂ ਘਟ ਅੰਤਰਜਾਮੀ, ਘਰ ਘਰ ਵੇਖ ਵਖਾਈਆ । ਗੁਰਮੁਖਾਂ ਉਪਰ ਕਰੇ ਮਿਹਰਵਾਨੀ, ਮਿਹਰਵਾਨ ਮਿਹਰ ਨਜ਼ਰ ਇਕ ਉਠਾਈਆ । ਧੁਰਦਰਗਾਹੀ ਦੇਵੇ ਇਕ ਨਿਸ਼ਾਨੀ, ਨਿਸ਼ਾਨਾ ਆਪਣਾ ਨਾਮ ਲਗਾਈਆ । ਆਤਮ ਪਰਮਾਤਮ ਸੁਣਾਏ ਕਹਾਣੀ, ਦੂਜਾ ਨਾਦ ਨਾ ਕੋਇ ਵਜਾਈਆ । ਗ੍ਰਹਿ ਮੰਦਰ ਅੰਦਰ ਵਖਾਏ ਪਦ ਨਿਰਬਾਣੀ, ਨਿਰਬਾਣ ਪਦ ਇਕੋ ਇਕ ਸਮਝਾਈਆ । ਅੰਮ੍ਰਿਤ ਆਤਮ ਦੇਵੇ ਠੰਡਾ ਪਾਣੀ, ਅਠਸਠ ਤੀਰਥ ਨੁਹਾਵਣ ਕੋਇ ਨਾ ਜਾਈਆ । ਸੁਰਤ ਸਵਾਣੀ ਸੁਘੜ ਸਿਆਣੀ, ਗੋਬਿੰਦ ਸ਼ਬਦ ਹਾਣੀ ਮੇਲ ਮਿਲਾਈਆ । ਜਨ ਭਗਤਾਂ ਉਤੋਂ ਵਿਟਹੁ ਹੋਏ ਆਪ ਕੁਰਬਾਣੀ, ਕਰਮ ਕਾਂਡ ਆਪਣੀ ਝੋਲੀ ਪਾਈਆ । ਏਥੇ ਓਥੇ ਦੋ ਜਹਾਨ ਔਣ ਨਾ ਦੇਵੇ ਹਾਨੀ, ਹਾਣੀ ਮਿਲਿਆ ਸੱਚਾ ਮਾਹੀਆ । ਲੇਖਾ ਚੁਕੇ ਅੰਡਜ ਜੇਰਜ ਉਤਭੁਜ ਸੇਤਜ ਚਾਰ ਖਾਣੀ, ਚਾਰ ਜੁਗ ਜੂਨੀ ਜੂਨ ਨਾ ਕੋਇ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਇਆ ਅੰਦਰ ਆਪਣੀ ਸੇਵ ਕਮਾਈਆ । ਦਇਆ ਅੰਦਰ ਹੋਇਆ ਠਾਕਰ, ਠੋਕਰ ਆਪਣੇ ਨਾਮ ਲਗਾਈਆ । ਗੁਰਸਿਖ ਤੇਰਾ ਡੂੰਘਾ ਸਾਗਰ, ਸਤਿਗੁਰ ਅੰਦਰ ਤਾਰੀਆਂ ਲਾਈਆ । ਨਿਰਮਲ ਕਰਮ ਕਰੇ ਉਜਾਗਰ, ਉਜਰਤ ਕੀਮਤ ਕੋਇ ਨਾ ਪਾਈਆ । ਧੁਰਦਰਗਾਹੀ ਸੱਚਾ ਮਾਹੀ ਨਿਰਗੁਣ ਦਾਤਾ ਬਣ ਕੇ ਆਇਆ ਆਪ ਸੌਦਾਗਰ, ਵਣਜ ਕਰਾਵੇ ਥਾਉਂ ਥਾਈਂਆ । ਪੂਰਬ ਜਨਮ ਦੇ ਵਿਛੜਿਆਂ ਕਲਜੁਗ ਅੰਤਮ ਦੇਵੇ ਆਦਰ, ਆਦਰਸ਼ ਆਪਣਾ ਇਕ ਵਖਾਈਆ । ਗਹਿਰ ਗੰਭੀਰ ਗੁਣ ਨਿਧ ਦਾਤਾ ਦਰ ਦੁਆਰੇ ਹੋਇਆ ਹਾਜ਼ਰ, ਹਾਜ਼ਰੀ ਸਭ ਦੀ ਦਏ ਲਗਾਈਆ । ਖ਼ਾਲਕ ਖ਼ਲਕ ਵੇਖਣ ਆਇਆ ਕਾਦਰ, ਕੁਦਰਤ ਆਪਣੀ ਗੋਦ ਬਹਾਈਆ । ਜਿਸ ਨੂੰ ਕਹਿੰਦੇ ਸੁਤ ਗੋਬਿੰਦ ਤੇਗ ਬਹਾਦਰ, ਸੋ ਗੋਬਿੰਦ ਪੁਰਖ ਅਕਾਲ ਵਿਚ ਸਮਾਈਆ । ਨਾਮ ਪਟੋਲਾ ਸਿਰ ਤੇ ਦੇਵੇ ਚਿਟੀ ਚਾਦਰ, ਢਾਕਣ ਕੁ ਪਤ ਹਾਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੇਵਾ ਕਰੇ ਬਣ ਸੇਵਕ, ਸੇਵਾ ਆਪਣੇ ਹੱਥ ਰਖਾਈਆ । ਦਇਆ ਅੰਦਰ ਹੋ ਦਿਆਲ, ਦੀਨਨ ਆਪਣੀ ਦਇਆ ਕਮਾਇੰਦਾ । ਕਾਇਆ ਮੰਦਰ ਅੰਦਰ ਵਖਾਵੇ ਧਰਮਸਾਲ, ਧਰਮ ਦੁਆਰਾ ਆਪ ਪਰਗਟਾਇੰਦਾ । ਜਨ ਭਗਤਾਂ ਪਿਛੇ ਭਗਤੀ ਘਾਲੀ ਘਾਲ, ਆਪਣੀ ਕੀਤੀ ਘਾਲ ਜਨ ਭਗਤਾਂ ਝੋਲੀ ਪਾਇੰਦਾ । ਨਿਰਗੁਣ ਜੋਤ ਬੇਮਿਸਾਲ, ਕਲਜੁਗ ਅੰਤ ਮੁਸੀਬਤ ਵਿਚ ਆਪ ਜਗਾਇੰਦਾ । ਕੰਚਨ ਪਾਰਸ ਮਿਲ ਹੋਏ ਸਵਰਨ ਸਵਰਨ ਮਿਲਿਆ ਹਰਿ ਕਾ ਲਾਲ, ਲਾਲ ਹਰਿ ਰੰਗ ਆਪ ਰੰਗਾਈਆ । ਅੰਤ ਨੇੜੇ ਨਾ ਆਏ ਕਾਲ, ਹੋਏ ਸਹਾਈ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਇਆਨਿਧ ਦੀਨ ਸਵਾਮੀ ਦਇਆ ਦਇਆ ਗੁਰਮੁਖਾਂ ਘਰ ਘਰ ਸੇਵਾ ਲਾਈਆ । ਅਨਾਇਤ ਕਰਨ ਦੀ ਪਿਛੇ ਰੱਖੀ ਆਦਤ, ਆਦਤ ਸਭ ਨੂੰ ਆਪ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਲਾ ਲਾ ਰੱਖੇ ਇਬਾਦਤ, ਇਬਾਰਤ ਲਿਖ ਲਿਖ ਕਰੀ ਪੜ੍ਹਾਈਆ । ਪਿਛੇ ਕਿਸੇ ਨਾ ਕਰਿਆ ਤੁਆਕਬ, ਲੇਖਾ ਲੈਣ ਦੇਣ ਕੋਇ ਨਾ ਆਈਆ । ਰਸਨਾ ਜਿਹਵਾ ਕਰਦੇ ਰਹੇ ਕਲਾਮਤ, ਆਪਣਾ ਕਲਮਾ ਕਿਸੇ ਨਾ ਝੋਲੀ ਪਾਈਆ । ਸਾਹਿਬ ਦਿਆਲ ਠਾਕਰ ਸਦਾ ਸਹੀ ਸਲਾਮਤ, ਸਤਿ ਸਰੂਪ ਸਮਾਈਆ । ਸਤਿਜੁਗ ਅਨਾਇਤ ਦੇਣ ਦੀ ਲਾਏ ਨਾ ਕੋਇ ਅਲਾਮਤ, ਫੜ ਫੜ ਬਾਹੋਂ ਪਾਰ ਕਰਾਈਆ । ਏਥੇ ਓਥੇ ਅੱਗੇ ਕੋਈ ਨਾ ਕਰੇ ਬਗ਼ਾਵਤ, ਨਾਮ ਖੰਡਾ ਇਕ ਉਠਾਈਆ । ਜਨ ਭਗਤਾਂ ਦੇਵੇ ਇਕੋ ਵਾਰ ਸਚ ਸਖ਼ਾਵਤ, ਖ਼ਾਲੀ ਝੋਲੀ ਆਪ ਭਰਾਈਆ । ਦੂਜੀ ਕੋਈ ਨਾ ਲੱਗੇ ਅਲਾਮਤ, ਆਲਮੀਨ

ਹੋਏ ਸਹਾਈਆ । ਜੁਗ ਚੌਕੜੀ ਭਗਤ ਭਗਵੰਤ ਧਰਨੀ ਧਰਤ ਧਵਲ ਉਤੇ ਰੱਖੇ ਆਪਣੀ ਆਪ ਅਮਾਨਤ, ਅੰਤ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਨਾਇਤ ਸ਼ਰਾਇਤ ਹਦਾਇਤ ਕਫ਼ਾਇਤ, ਆਪਣੇ ਵਿਚ ਛੁਪਾਈਆ । ਕਫ਼ਾਇਤ ਸ਼ੁਆਰੀ ਪਾਟਾ ਕਫ਼ਨ, ਕਫ਼ਨੀ ਦਏ ਉਡਾਈਆ । ਅੰਤਮ ਕਰਨ ਆਇਆ ਦਫ਼ਨ, ਦਫ਼ਾ ਆਪਣੀ ਨਾ ਕਿਸੇ ਸਮਝਾਈਆ । ਭਗਤ ਭਗਵਾਨ ਆਇਆ ਰੱਖਣ, ਰੱਖਿਆ ਕਰੇ ਸੱਚਾ ਮਾਹੀਆ । ਲੱਖ ਚੁਰਾਸੀ ਵਿਚੋਂ ਕੱਢੇ ਮੱਖਣ, ਨਾਮ ਮਧਾਣਾ ਛਾਛ ਵਿਰੋਲੇ ਥਾਉਂ ਥਾਈਂਆ । ਸਾਧਾਂ ਸੰਤਾਂ ਭਾਂਡੇ ਕੀਤੇ ਕਾਇਆ ਸੱਖਣ, ਨਾਦ ਧੁਨ ਆਤਮ ਸੰਖ ਨਾ ਕੋਇ ਵਜਾਈਆ । ਛਿੰਨ ਭੰਗਰ ਫੇਰਾ ਪਾਏ ਉਤਰ ਪੂਰਬ ਪੱਛਮ ਦੱਖਣ, ਔਂਦਾ ਜਾਂਦਾ ਨਜ਼ਰ ਕਿਸੇ ਨਾ ਆਈਆ । ਗ਼ਰੀਬ ਨਿਮਾਣਿਆਂ ਆਇਆ ਪਰਦੇ ਢਕਣ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਖ਼ਾਕ ਮਿਲਾਈਆ । ਕੂੜੀ ਕਿਰਿਆ ਲੋਕਮਾਤ ਵਿਚੋਂ ਆਇਆ ਕੱਢਣ, ਸਚ ਸੁੱਚ ਸਾਚਾ ਰਾਹ ਚਲਾਈਆ । ਗੁਰਮੁਖ ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ, ਉਚੇ ਟਿੱਲੇ ਪਰਬਤ ਕੋਈ ਨਾ ਜਾਏ ਲੱਭਣ, ਘਰ ਆ ਆ ਦਰਸ ਦਿਖਾਈਆ । ਅੰਮ੍ਰਿਤ ਆਤਮ ਜਾਮ ਪਿਆਏ ਸਾਚੀ ਮਧਨ, ਮਧਰ ਰਸ ਇਕੋ ਇਕ ਵਖਾਈਆ । ਬਣ ਦਰਵੇਸ਼ ਜਾਏ ਸੱਦਣ, ਦਰਦੀ ਦਰਦੀਆਂ ਦਰਦ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਸਾਚਾ ਵਰ, ਕਫ਼ਾਇਤ ਸ਼ੁਆਰੀ ਕਰੇ ਖ਼ਵਾਰੀ, ਕਲਜੁਗ ਅੰਤਮ ਹਾਰੀ ਹਾਏ ਹਾਏ ਦਰੋਹੀ ਦਰੋਹੀ ਹੋਕਾ ਦੇ ਦੇ ਕਰੇ ਦੁਹਾਈਆ । ਕਫ਼ਾਇਤ ਸ਼ੁਆਰੀ ਦੇਵੇ ਹੋਕਾ, ਨੇਤਰ ਨੈਣਾਂ ਨੀਰ ਵਹਾਈਆ । ਸ੍ਰਿਸ਼ਟ ਸਬਾਈ ਉਠੋ ਵੇਖੋ ਅੰਤਮ ਵੇਲਾ ਮੌਕਾ, ਵੇਲਾ ਗਿਆ ਹੱਥ ਨਾ ਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੋ ਦੇਂਦਾ ਰਿਹਾ ਧੋਖਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਨਜ਼ਰ ਕਿਸੇ ਨਾ ਆਈਆ । ਅੰਤਮ ਮਾਰਗ ਦੱਸੇ ਇਕੋ ਸੌਖਾ, ਸੋਹੰ ਅੱਖਰ ਕਰੇ ਪੜ੍ਹਾਈਆ । ਇਕੋ ਨਾਮ ਸਦਾ ਬਹੁਤਾ, ਬਹੁ ਬਹੁ ਭਾਂਤੀ ਵੰਡ ਵੰਡਾਈਆ । ਰਲ ਕੇ ਜੱਟ ਸਾਰੇ ਲਾਓ ਇਕੱਠਾ ਜੋਤਾ, ਭਾਰ ਦੋਂਹ ਹੱਥਾਂ ਉਪਰ ਪਾਈਆ । ਪੁਰਖ ਅਬਿਨਾਸ਼ੀ ਲੋਕਮਾਤ ਬਣ ਕੇ ਆਇਆ ਚੋਟਾ, ਨਿਰਗੁਣ ਆਪਣਾ ਰੂਪ ਵਟਾਈਆ । ਦਰ ਆ ਕੇ ਸੌਦਾ ਕਰੋ ਖਰਾ ਖੋਟਾ, ਵਣਜ ਵਣਜਾਰਾ ਇਕ ਜਣਾਈਆ । ਹੱਥੀਂ ਫੜ ਕੇ ਆਓ ਮੋਟਾ ਸੋਟਾ, ਪਾਰਬ੍ਰਹਮ ਨੱਠ ਕਿਤੇ ਨਾ ਜਾਈਆ । ਜਿਸ ਦੀਆਂ ਆਦਿ ਜੁਗਾਦਿ ਜਗੌਂਦੇ ਰਹੇ ਜੋਤਾਂ, ਸੋ ਜੋਤੀ ਸਰੂਪ ਫੇਰਾ ਪਾਈਆ । ਉਚੀ ਕੂਕ ਦਿਓ ਹੋਕਾ, ਦਰੋਹੀ ਦਰੋਹੀ ਦਰੋਹੀ ਨਾਮ ਖ਼ੁਦਾਈਆ । ਜਿਸ ਦਾ ਚਾਰ ਜੁਗ ਰਿਹਾ ਸੋਕਾ, ਸੋ ਸੁੱਕੇ ਰੁੱਖੜੇ ਹਰੇ ਕਰਾਈਆ । ਜੋ ਵਸੇ ਸਚਖੰਡ ਦੁਆਰੇ ਸਾਚੇ ਕੋਟਾ, ਸੋ ਸੰਬਲ ਨਗਰੀ ਡੇਰਾ ਲਾਈਆ । ਤੁਹਾਡੇ ਨਾਲ ਕਾਹਦਾ ਰੋਸਾ, ਜਗਤ ਰੁਸਿਆਂ ਰਿਹਾ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਕਫ਼ਾਇਤ ਇਸ਼ਾਰੀ ਇਸ਼ਾਰੇ ਨਾਲ ਮਿਟਾਈਆ ।

### ❇ ੧੧ ਮੱਘਰ ੨੦੧੯ ਬਿਕਰਮੀ ਧਿਰਤਾ ਸਿੰਘ ਦੇ ਗ੍ਰਿਹ ਕਲਾ ਨੌਰ ਜ਼ਿਲਾ ਗੁਰਦਾਸ ਪੁਰ ❇

ਕਿਰਪਾ ਕਰ ਸ੍ਰੀ ਭਗਵਾਨਾ, ਭੇਵ ਅਭੇਦ ਆਪ ਜਣਾਇੰਦਾ । ਸਤਿਜੁਗ ਸਾਚੇ ਕਰ ਧਿਆਨਾ, ਹਰਿ ਧਿਆਨੀ ਧਿਆਨ ਵਖਾਇੰਦਾ । ਆਦਿ ਜੁਗਾਦਿ ਖੇਲ ਮਹਾਨਾ, ਜੁਗ ਜੁਗ ਆਪ ਕਰਾਇੰਦਾ । ਆਦਿ ਪੁਰਖ ਪ੍ਰਭ ਹੋ ਪਰਧਾਨਾ, ਸਚ ਪਰਧਾਨਗੀ ਨਾਮ ਕਮਾਇੰਦਾ । ਲੇਖਾ ਜਾਣ ਦੋ

ਜਹਾਨਾ, ਦੋਏ ਦੋਏ ਰੂਪ ਵਟਾਇੰਦਾ । ਹੁਕਮੀ ਹੁਕਮ ਧੁਰ ਫ਼ਰਮਾਣਾ ਸਚ ਸੰਦੇਸ਼ਾ ਆਪ ਸੁਣਾਇੰਦਾ । ਰਾਗ ਅਨਾਦੀ ਨਾਦ ਤਰਾਨਾ, ਲੋਆਂ ਪੁਰੀਆਂ ਆਪ ਜਣਾਇੰਦਾ । ਨਿਰਗੁਣ ਸਰਗੁਣ ਪਹਿਰੇ ਬਾਣਾ, ਮਿਹਰਵਾਨ ਖੇਲ ਖਿਲਾਇੰਦਾ । ਘਟ ਘਟ ਹੋਏ ਅੰਤਰ ਜਾਮਾ, ਅੰਤਰਜਾਮੀ ਪਰਦਾ ਲਾਹਿੰਦਾ । ਬੋਧ ਅਗਾਧ ਨਾਮ ਨਿਧਾਨ ਗਾਏ ਗਾਣਾ, ਗਾ ਗਾ ਆਪਣਾ ਹੁਕਮ ਸੁਣਾਇੰਦਾ । ਸਦਾ ਸੁਹੇਲਾ ਇਕ ਇਕੇਲਾ ਆਪੇ ਜਾਣੇ ਆਪਣਾ ਭਾਣਾ, ਸਦ ਭਾਣੇ ਆਪ ਰਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਆਪ ਸਮਝਾਇੰਦਾ । ਸਾਚੀ ਸਿਖਿਆ ਸਤਿਜੁਗ ਮੀਤ, ਸੋ ਮਿੱਤਰ ਆਪ ਜਣਾਈਆ । ਭਗਤ ਭਗਵਾਨ ਇਕੋ ਰੀਤ, ਨਿਤ ਨਵਿਤ ਵੇਸ ਵਟਾਈਆ । ਆਤਮ ਪਰਮਾਤਮ ਢੋਲਾ ਗੀਤ, ਸਾਚਾ ਅੱਖਰ ਕਰੇ ਪੜ੍ਹਾਈਆ । ਵਖਾਏ ਧਾਮ ਇਕ ਅਨਡੀਠ, ਜਗਤ ਨੇਤਰ ਨਜ਼ਰ ਨਾ ਆਈਆ । ਲੇਖਾ ਜਾਣ ਹਸਤ ਕੀਟ, ਲੱਖ ਚੁਰਾਸੀ ਪਰਦਾ ਲਾਹੀਆ । ਕਲਜੁਗ ਅੰਤਮ ਰਿਹਾ ਬੀਤ, ਚਾਰੋਂ ਕੁੰਟ ਕੂਕ ਸੁਣਾਈਆ । ਸ਼ਾਹ ਸੁਲਤਾਨਾਂ ਖ਼ਾਲੀ ਖ਼ੀਸ, ਮਾਇਆ ਰਾਣੀ ਦਏ ਦੁਹਾਈਆ । ਕੂੜੀ ਕਿਰਿਆ ਰਹੀ ਪੀਸ, ਪੀਸਣ ਆਪਣਾ ਆਪ ਪਿਸਾਈਆ । ਨਾ ਕੋਈ ਸ਼ਰਅ ਨਾ ਹਦੀਸ, ਕਲਮਾ ਨਬੀ ਨਾ ਕੋਇ ਵਡਿਆਈਆ । ਨਾ ਕੋਈ ਛੱਤਰ ਝੁਲੇ ਸੀਸ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਇਕ ਸੁਣਾਈਆ । ਸਚ ਸੰਦੇਸ਼ਾ ਸਤਿਜੁਗ, ਸਤਿ ਸਤਿਵਾਦੀ ਆਪ ਜਣਾਇੰਦਾ । ਜੁਗ ਚੌਕੜੀ ਔਧ ਜਾਏ ਪੁਗ, ਥਿਰ ਕੋਇ ਰਹਿਣ ਨਾ ਪਾਇੰਦਾ । ਲੇਖਾ ਜਾਣ ਲੋਕ ਪਰਲੋਕ, ਦੋ ਜਹਾਨਾਂ ਵੇਖ ਵਖਾਇੰਦਾ । ਸਤਿਜੁਗ ਸਚ ਸੁਣਾਏ ਸਲੋਕ, ਸੋਹੰ ਢੋਲਾ ਆਪੇ ਗਾਇੰਦਾ । ਲੱਖ ਚੁਰਾਸੀ ਦੇਵੇ ਮੋਖ, ਮੁਕਤੀ ਚਰਨਾਂ ਹੇਠ ਰਖਾਇੰਦਾ । ਪੁਰਖ ਅਕਾਲ ਇਕੋ ਓਟ, ਦੂਜਾ ਇਸ਼ਟ ਨਾ ਕੋਇ ਮਨਾਇੰਦਾ । ਕਰ ਪਰਕਾਸ਼ ਨਿਰਮਲ ਜੋਤ, ਅਗਿਆਨ ਅੰਧੇਰ ਗਵਾਇੰਦਾ । ਜਨ ਭਗਤਾਂ ਉਪਰ ਹੋ ਮੋਹਤ, ਮੁਹੱਬਤ ਆਪਣੇ ਨਾਮ ਵਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਖੁਲ੍ਹਾਇੰਦਾ । ਭਗਤਾਂ ਸੰਗ ਸਦਾ ਸੁਹੇਲਾ, ਸੋ ਪੁਰਖ ਨਿਰੰਜਣ ਖੇਲ ਕਰਾਈਆ । ਕਲਜੁਗ ਅੰਤਮ ਵੇਖੇ ਵੇਲਾ, ਨਿਰਗੁਣ ਦਾਤਾ ਬੇਪਰਵਾਹੀਆ । ਲਹਿਣਾ ਦੇਣ ਚੁਕਾਏ ਗੁਰੂ ਗੁਰ ਚੇਲਾ, ਗੁਰ ਚੇਲਾ ਆਪਣਾ ਨਾਉਂ ਪਰਗਟਾਈਆ । ਏਥੇ ਓਥੇ ਸੱਜਣ ਸੁਹੇਲਾ, ਸਾਹਿਬ ਸੁਲਤਾਨ ਸੱਚਾ ਮਾਹੀਆ । ਵਸਣਹਾਰਾ ਧਾਮ ਨਵੇਲਾ, ਸਚਖੰਡ ਬੈਠਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਜਣਾਈਆ । ਸਾਚਾ ਖੇਲ ਦੱਸੇ ਆਪ, ਹਰਿ ਆਪਣਾ ਭੇਵ ਖੁਲ੍ਹਾਇੰਦਾ । ਸਤਿਜੁਗ ਤੇਰਾ ਪੂਜਾ ਪਾਠ, ਅੱਖ਼ਰ ਵੱਖ਼ਰ ਆਪ ਦ੍ਰਿੜ੍ਹਾਇੰਦਾ । ਸਤਿ ਸਰੋਵਰ ਮਾਰੇ ਠਾਠ, ਅੰਮ੍ਰਿਤ ਰਸ ਆਪ ਭਰਾਇੰਦਾ । ਇਕੋ ਕਿਨਾਰਾ ਦਿਸੇ ਤਾਟ, ਤੀਰਥ ਆਪਣਾ ਨਾਮ ਵਖਾਇੰਦਾ । ਲੱਖ ਚੁਰਾਸੀ ਆਤਮ ਸੇਜਾ ਵੇਖੇ ਖਾਟ, ਘਰ ਘਰ ਮੰਦਰ ਆਪ ਬਣਾਇੰਦਾ । ਮਨ ਮਨੂਆ ਨਾ ਨਾਚੇ ਨਾਟ, ਸਵਾਂਗੀ ਸਵਾਂਗ ਨਾ ਕੋਇ ਰਖਾਇੰਦਾ । ਆਤਮ ਪਰਮਾਤਮ ਦੇਵੇ ਇਕੋ ਦਾਤ, ਦੂਜੀ ਵਸਤ ਨਾ ਕੋਇ ਵਰਤਾਇੰਦਾ । ਪੰਚ ਵਿਕਾਰਾ ਕਰੇ ਘਾਤ, ਨਾਮ ਖੰਡਾ ਇਕ ਰਖਾਇੰਦਾ । ਕਲਜੁਗ ਮੇਟ ਅੰਧੇਰੀ ਰਾਤ, ਸਤਿਜੁਗ ਸਾਚਾ ਚੰਦ ਚੜ੍ਹਾਇੰਦਾ । ਚਾਰ ਵਰਨ ਇਕ ਪਰਭਾਤ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਏਕਾ ਰੂਪ ਦਰਸਾਇੰਦਾ । ਨਿਰਮਲ ਜੋਤ ਨੂਰ ਲਲਾਟ, ਨੂਰੋ ਨੂਰ ਡਗਮਗਾਇੰਦਾ । ਗ਼ਰੀਬ ਨਿਮਾਣਿਆਂ ਪੁਛੇ ਵਾਤ, ਸ਼ਹਿਨਸ਼ਾਹ ਆਪਣਾ ਫੇਰਾ

ਪਾਇੰਦਾ । ਨਾਤਾ ਤੋੜ ਜ਼ਾਤ ਪਾਤ, ਦੀਨ ਮਜ਼੍ਹਬ ਨਾ ਕੋਇ ਰਖਾਇੰਦਾ । ਅੰਦਰ ਬਾਹਰ ਗੁਪਤ ਜ਼ਾਹਰ ਦੇਵੇ ਸਾਥ, ਸਗਲਾ ਸੰਗ ਆਪ ਹੋ ਜਾਇੰਦਾ । ਪਰਮ ਪੁਰਖ ਪ੍ਰਭ ਕਮਲਾਪਾਤ, ਕਵਲ ਨੈਣ ਨੈਣ ਖੁਲਾਇੰਦਾ । ਦੀਨ ਦਿਆਲ ਬਣ ਬਣ ਸੱਜਣ ਸਾਕ, ਸਗਲਾ ਸੰਗ ਆਪ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਆਪ ਜਣਾਇੰਦਾ । ਸਾਚਾ ਰਾਹ ਏਕੰਕਾਰ, ਸਤਿਜੁਗ ਸਤਿ ਸਤਿ ਜਣਾਈਆ । ਸਾਚਾ ਮੇਲਾ ਵਿਚ ਸੰਸਾਰ, ਭਗਤ ਭਗਵਾਨ ਦਏ ਕਰਾਈਆ । ਕਰੇ ਖੇਲ ਅਗੰਮ ਅਪਾਰ, ਭੇਵ ਕੋਇ ਨਾ ਆਈਆ । ਚਾਰ ਜੁਗ ਦੀ ਪਿਛਲੀ ਵਾਰਤਾ ਜਾਏ ਹਾਰ, ਅੱਗੇ ਆਪਣਾ ਮਾਰਗ ਲਾਈਆ । ਕਾਗ਼ਦ ਕਲਮ ਹੋਏ ਖ਼ਵਾਰ, ਖ਼ਹਿ ਖ਼ਹਿ ਮਰੇ ਸਰਬ ਲੋਕਾਈਆ । ਹਰਿ ਕਾ ਨਾਉਂ ਵਿਕੇ ਨਾ ਕਿਸੇ ਇਸ਼ਤਿਹਾਰ, ਕਰਤਾ ਕੀਮਤ ਕੋਇ ਨਾ ਪਾਈਆ । ਹੱਟ ਖੋਲ੍ਹੇ ਨਾ ਕੋਇ ਬਣ ਵਣਜਾਰ, ਟਕਾ ਟਕਾ ਮੁਲ ਨਾ ਕੋਇ ਪਾਈਆ । ਬਿਨ ਕਾਇਆ ਮੰਦਰ ਦੂਜਾ ਰਹਿਣ ਨਾ ਦੇਵੇ ਕੋਈ ਗੁਰੂਦੁਆਰ, ਘਰ ਡੂੰਘੀ ਕੰਦਰ ਸਤਿਗੁਰ ਪੂਰਾ ਆਸਣ ਲਾਈਆ । ਜਿਸ ਦਾ ਵਰਕਾ ਹੱਥਾਂ ਨਾਲ ਨਾ ਸਕੇ ਕੋਈ ਪਾੜ, ਕੂੜੇ ਕਿਰਕਟ ਵਿਚ ਨਾ ਕੋਇ ਸੁਟਾਈਆ । ਅੱਖਾਂ ਨਾਲ ਜਗਤ ਨਾ ਕਰੇ ਵਸਾਲ, ਨਿਜ ਨੇਤਰ ਦਏ ਦਰਸਾਈਆ । ਚਾਰ ਕੁੰਟ ਦਹਿ ਦਿਸ਼ਾ ਕੋਇ ਨਾ ਸਕੇ ਭਾਲ, ਜੰਗਲ ਜੂਹ ਉਜਾੜ ਪਹਾੜ, ਹੱਥ ਕਿਸੇ ਨਾ ਆਈਆ । ਊਚਾਂ ਨੀਚਾਂ ਰਾਉ ਰੰਕਾਂ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਇਕੋ ਨਾਮ ਦੇਵੇ ਸੱਚਾ ਲਾਲ, ਲਾਲਣ ਆਪਣੀ ਵੰਡ ਵੰਡਾਈਆ । ਸਤਿਜੁਗ ਤੇਰੀ ਪੂਰੀ ਕਰੇ ਘਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਆਪ ਜਣਾਈਆ । ਸਾਚਾ ਮਾਰਗ ਆਤਮ ਅੰਤ, ਅੰਤਰਜਾਮੀ ਆਪ ਜਣਾਇੰਦਾ । ਇਕੋ ਪੂਜਾ ਇਕੋ ਮੰਤ, ਮੰਤਰ ਆਪਣਾ ਨਾਮ ਸਮਝਾਇੰਦਾ । ਇਕੋ ਸੇਜ ਇਕੋ ਕੰਤ, ਸੁਹੰਜਣੀ ਸੇਜ ਇਕ ਹੰਢਾਇੰਦਾ । ਇਕੋ ਮਹਿਮਾ ਇਕ ਅਗਣਤ, ਲੇਖਾ ਇਕੋ ਆਪਣੇ ਹੱਥ ਰਖਾਇੰਦਾ । ਇਕ ਬਣਾਏ ਸਾਚੀ ਬਣਤ, ਘੜਨ ਭੰਨਣਹਾਰ ਇਕ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਸਾਚਾ ਖੇਲ ਦੱਸੇ ਆਖ਼ਰ, ਆਖ਼ਰ ਆਪਣੇ ਹੱਥ ਰਖਾਈਆ । ਨਾਤਾ ਤੋੜੇ ਪਾਹਨ ਪਾਥਰ, ਸਿਲ ਪੂਜਸ ਨਜ਼ਰ ਕੋਇ ਨਾ ਆਈਆ । ਕਲਮ ਸ਼ਾਹੀ ਨਾ ਬਣੇ ਕੋਈ ਚਾਕਰ, ਸੇਵਕ ਸੇਵ ਨਾ ਕੋਇ ਵਡਿਆਈਆ । ਪਾਰਬ੍ਰਹਮ ਪਤਿਪਰਮੇਸ਼ਵਰ ਸਤਿਜੁਗ ਤ੍ਰੇਤਾ ਦੁਆਪਰ ਸਭ ਦੇ ਕੋਲੋਂ ਕਰੌਂਦਾ ਰਿਹਾ ਆਪਣੀ ਖ਼ਾਤਰ, ਸਿਰ ਖ਼ਤਰਾ ਆਪਣਾ ਇਕ ਸਮਝਾਈਆ । ਕਿਸੇ ਨੂੰ ਬਣਨ ਨਾ ਦਿਤਾ ਚਾਤਰ, ਗੁਰ ਅਵਤਾਰ ਪੀਰ ਪੈਗ਼ੰਬਰ ਕੋਟਨ ਕੋਟ ਗਏ ਸੀਸ ਝੁਕਾਈਆ । ਅੰਤ ਰਹਿਣ ਨਾ ਦਿਤੀ ਕਿਸੇ ਦੀ ਆਕੜ, ਸ਼ਾਹ ਸੁਲਤਾਨਾਂ ਖ਼ਾਕ ਮਿਲਾਈਆ । ਕਲਜੁਗ ਅੰਤਮ ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਗੰਮੀ ਘੋੜੇ ਪਾਏ ਪਾਖ਼ਰ, ਸ਼ਾਹਸਵਾਰ ਬਣੇ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਸਾਚਾ ਧੰਦੇ ਲਾਈਆ । ਸਤਿਜੁਗ ਤੇਰਾ ਸਾਚਾ ਧੰਦਾ, ਧੁਰਦਰਗਾਹੀ ਆਪ ਜਣਾਇੰਦਾ । ਪਹਿਲੋਂ ਲੱਖ ਚੁਰਾਸੀ ਆਤਮ ਅੰਤਰ ਆਪਣੀ ਹੱਥੀਂ ਫੇਰੇ ਰੰਦਾ, ਬਣ ਤਰਖ਼ਾਣ ਸੇਵ ਕਮਾਇੰਦਾ । ਫਿਰ ਸਚ ਸੁੱਚ ਬਣਾਏ ਬੰਦਾ, ਬੰਦਗੀ ਆਪਣੇ ਨਾਮ ਦ੍ਰਿੜਾਇੰਦਾ । ਕੂੜੀ ਕਿਰਿਆ ਸੰਗ ਨਾ ਵਖਾਏ ਕੋਈ ਗੰਦਾ, ਮਾਇਆ ਮਮਤਾ ਮੋਹ ਚੁਕਾਇੰਦਾ । ਗਿਆਨਹੀਣ ਅਗਿਆਨੀ ਕੋਈ ਰਹਿਣ ਨਾ ਦੇਵੇ ਅੰਧਾ, ਆਤਮ ਨੇਤਰ ਸਰਬ ਖੁਲਾਇੰਦਾ । ਸਤਿਗੁਰ ਪੂਰਾ ਨਜ਼ਰੀ ਆਏ ਇਕੋ ਚੰਦਾ, ਚੰਦ ਸੂਰਜ ਜਿਸ ਨੂੰ ਸੀਸ ਝੁਕਾਇੰਦਾ । ਇਕੋ

ਹੁਕਮ ਚਲਾਏ ਵਿਚ ਨਵ ਖੰਡਾ, ਨਵ ਨੌਂ ਆਪਣਾ ਹੁਕਮ ਮਨਾਇੰਦਾ । ਦਾਤਾ ਜੋਧਾ ਸੂਰਬੀਰ ਸਰਬੰਗਾ, ਸ਼ਹਿਨਸ਼ਾਹ ਬਲ ਆਪਣਾ ਆਪ ਧਰਾਇੰਦਾ । ਵੇਖਣਹਾਰਾ ਆਰ ਪਾਰ ਕੰਢਾ, ਮਧ ਆਪਣਾ ਖੇਲ ਕਰਾਇੰਦਾ । ਭਗਤ ਭਗਵਾਨ ਸਦਾ ਬਖ਼ਸ਼ੰਦਾ, ਬਖ਼ਸ਼ਿਸ਼ ਆਪਣੇ ਹੱਥ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਤੇਰਾ ਸੰਗ ਰਖਾਇੰਦਾ । ਸਤਿਜੁਗ ਤੇਰਾ ਸੰਗ ਨਿਰਭੈ, ਨਿਰਭੌ ਆਪਣਾ ਸੰਗ ਰਖਾਈਆ । ਦੂਜਾ ਕੋਈ ਮਾਤ ਨਾ ਰਹੇ, ਰਹਿਬਰ ਇਕੋ ਸੱਚਾ ਮਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਚਰਨੀ ਗਏ ਢਹਿ, ਆਪਣਾ ਵੇਲਾ ਵਕਤ ਚੁਕਾਈਆ । ਏਕਾ ਬੋਲਣ ਰਸਨਾ ਢੋਲਾ ਤੂੰ ਮੈਂ, ਮੈਂ ਤੂੰ ਤੇਰੇ ਵਿਚ ਭੇਵ ਨਾ ਰਾਈਆ । ਤੇਰਾ ਭਾਣਾ ਰਹੇ ਸਹਿ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸੇਵ ਕਮਾਈਆ । ਬਿਨ ਤੇਰੇ ਅੰਤ ਕੋਈ ਨਾ ਰਹੇ, ਖ਼ਾਕੀ ਖ਼ਾਕ ਸਰਬ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਹੁਕਮ ਆਪ ਵਰਤਾਈਆ । ਸਾਚਾ ਹੁਕਮ ਦੇਵੇ ਭਗਵਾਨ, ਦਾਤਾ ਦਾਨੀ ਦਇਆ ਕਮਾਇੰਦਾ । ਮਸਤਕ ਤਿਲਕ ਨਾ ਕੋਇ ਨਿਸ਼ਾਨ, ਤਰਸੂਲ ਰੂਪ ਨਾ ਕੋਇ ਵਖਾਇੰਦਾ । ਜੈਨੀ ਬੋਧੀ ਨਾ ਕੋਇ ਕਲਿਆਣ, ਤਨ ਗਾਤਰਾ ਨਾ ਕੋਇ ਲਟਕਾਇੰਦਾ । ਲਬਾਂ ਕੱਟ ਨਾ ਬਣੇ ਕੋਇ ਮੁਸਲਮਾਨ, ਸੁਨਤ ਰੂਪ ਨਾ ਕੋਇ ਵਖਾਇੰਦਾ । ਸਜਦਾ ਕਰੇ ਨਾ ਕੋਇ ਕਬਰਸਤਾਨ, ਮਕਬਰਾ ਨਜ਼ਰ ਕੋਇ ਨਾ ਆਇੰਦਾ । ਪਰਗਟ ਹੋ ਆਪ ਮਿਹਰਵਾਨ, ਮਿਹਬਾਨ ਵੇਸ ਵਟਾਇੰਦਾ । ਛਤਰੂ ਮਿੱਤਰ ਕਰੇ ਆਣ, ਸੰਸਾ ਰੋਗ ਸਰਬ ਗਵਾਇੰਦਾ । ਆਤਮ ਪਰਮਾਤਮ ਵਖਾਏ ਇਕ ਇਸਲਾਮ, ਇਸਮ ਆਜ਼ਮ ਆਪ ਦ੍ਰਿੜਾਇੰਦਾ । ਰੂਹ ਬੁੱਤ ਦਏ ਕਲਾਮ, ਕਲਮਾ ਨਬੀ ਆਪ ਪੜ੍ਹਾਇੰਦਾ । ਆਤਮ ਪਰਮਾਤਮ ਮਾਰੇ ਬਾਣ, ਤੀਰ ਅਣਿਯਾਲਾ ਇਕ ਚਲਾਇੰਦਾ । ਹਰ ਘਟ ਨਜ਼ਰੀ ਆਏ ਰਾਮ, ਰਹਿਮਤ ਆਪਣੀ ਆਪ ਕਮਾਇੰਦਾ । ਸਤਿਜੁਗ ਸਾਚੇ ਦੇਵੇ ਮਾਣ, ਅਭਿਮਾਨ ਰੂਪ ਨਾ ਕੋਇ ਵਖਾਇੰਦਾ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਸੋਹਲਾ ਢੋਲਾ ਗਾਇਣ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਵਨ ਆਪਣਾ ਹੁਕਮ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਮਾਰਗ ਆਪੇ ਲਾਇੰਦਾ ।



### ❇ ੧੧ ਮੱਘਰ ੨੦੧੯ ਬਿਕਰਮੀ ਸਰਦਾਰਾ ਸਿੰਘ ਦੇ ਗ੍ਰਿਹਿ ਕਲਾਨੌਰ ਜ਼ਿਲਾ ਗੁਰਦਾਸਪੁਰ ❇

ਸਚ ਸਿੰਘਾਸਣ ਸ਼ਹਿਨਸ਼ਾਹ, ਤਖ਼ਤ ਨਿਵਾਸੀ ਆਸਣ ਲਾਈਆ । ਸੋ ਪੁਰਖ ਨਿਰੰਜਣ ਬੇਪਰਵਾਹ, ਬੇਐਬ ਪਰਦਾ ਆਪ ਉਠਾਈਆ । ਹਰਿ ਪੁਰਖ ਨਿਰੰਜਣ ਖੇਲ ਖਲਾ, ਖ਼ਾਲਕ ਖ਼ਲਕ ਵੇਖ ਵਖਾਈਆ । ਏਕੰਕਾਰਾ ਵੇਸ ਵਟਾ, ਦੋ ਜਹਾਨਾਂ ਫੇਰਾ ਪਾਈਆ । ਆਦਿ ਨਿਰੰਜਣ ਨੂਰ ਧਰਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਅਬਿਨਾਸ਼ੀ ਕਰਤਾ ਵੰਡ ਵੰਡਾ, ਬ੍ਰਹਿਮੰਡ ਖੰਡ ਵੇਖੇ ਥਾਉਂ ਥਾਈਂਆ । ਸ੍ਰੀ ਭਗਵਾਨ ਸਚ ਨਿਸ਼ਾਨਾ ਹੱਥ ਉਠਾ, ਸਤਿ ਸਤਿਵਾਦੀ ਰਿਹਾ ਵਖਾਈਆ । ਪਾਰਬ੍ਰਹਮ ਪ੍ਰਭ ਰਿਹਾ ਧਿਆਨ ਲਗਾ, ਧਿਆਨ ਧਿਆਨ ਵਿਚ ਮਿਲਾਈਆ । ਰਾਜਨ ਰਾਜ ਭੂਪਨ ਭੂਪ ਸਚ ਸੰਦੇਸ਼ਾ ਰਿਹਾ ਸੁਣਾ, ਧੁਰ ਫ਼ੁਰਮਾਣਾ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰਬਾਰੇ ਆਸਣ ਲਾਈਆ ।

੧੧੩
੧੩

ਸਚ ਦਰਬਾਰੇ ਹਰਿ ਜੂ ਚੜ੍ਹ, ਨਿਰਗੁਣ ਆਪਣਾ ਆਸਣ ਲਾਇੰਦਾ । ਸਤਿ ਸਤਿਵਾਦੀ ਖੋਲ੍ਹ ਦਰ, ਦਰ ਦਰਵਾਜਾ ਆਪ ਖੁਲ੍ਹਾਇੰਦਾ । ਨਾਉਂ ਰਖਾਏ ਨਰਾਇਣ ਨਰ, ਨਰ ਹਰਿ ਆਪਣੀ ਕਲ ਧਰਾਇੰਦਾ । ਆਦਿ ਜੁਗਾਦੀ ਘਾੜਨ ਘੜ, ਜੁਗ ਜੁਗ ਵੇਖ ਵਖਾਇੰਦਾ । ਅਲੱਖ ਅਗੋਚਰ ਅਗੰਮ ਅਥਾਹ ਬੇਪਰਵਾਹ ਨਿਸ਼ਅੱਖਰ ਆਪਣਾ ਆਪੇ ਪੜ੍ਹ, ਪੜ੍ਹ ਪੜ੍ਹ ਆਪਣਾ ਰਾਗ ਸੁਣਾਇੰਦਾ । ਸਦਾ ਸੁਹੇਲਾ ਇਕ ਇਕੇਲਾ ਨਿਰਗੁਣ ਨਿਰਗੁਣ ਦੇਵਣਹਾਰਾ ਵਰ, ਸਾਚੀ ਵਸਤ ਆਪ ਵਰਤਾਇੰਦਾ । ਕਰਤਾ ਪੁਰਖ ਕਰਤਾਰ ਆਪਣੀ ਕਰਨੀ ਕਰ, ਕੁਦਰਤ ਕਾਦਰ ਰੰਗ ਰੰਗਾਇੰਦਾ । ਧਰਨੀ ਧਰਤ ਧਵਲ ਧਰ, ਜਲ ਥਲ ਮਹੀਅਲ ਆਪ ਸਮਾਇੰਦਾ । ਸਮੁੰਦ ਸਾਗਰ ਦੇ ਦੇ ਵਰ, ਸਿਰ ਆਪਣਾ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਖ਼ਤ ਨਿਵਾਸੀ ਏਕਾ ਤਖ਼ਤ ਸੋਭਾ ਪਾਇੰਦਾ । ਸਾਚਾ ਤਖ਼ਤ ਏਕੰਕਾਰ, ਆਦਿ ਜੁਗਾਦਿ ਦਏ ਵਡਿਆਈਆ । ਜੁਗ ਚੌਕੜੀ ਖੇਲ ਅਪਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖੇ ਚਾਈਂ ਚਾਈਂਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਖੇਲ ਕਰੇ ਅਪਾਰ, ਅਪਰੰਪਰ ਆਪਣਾ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਇਕ ਸੁਣਾਈਆ । ਸਚ ਸੰਦੇਸ਼ਾ ਆਦਿ ਜੁਗਾਦਿ, ਜੁਗ ਕਰਤਾ ਆਪ ਜਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦੇਵੇ ਦਾਦ, ਦਾਦਰ ਆਪਣਾ ਰਾਗ ਅਲਾਇੰਦਾ । ਖੇਲੇ ਖੇਲ ਬ੍ਰਹਮ ਬ੍ਰਹਿਮੰਡ, ਪਾਰਬ੍ਰਹਮ ਆਪਣਾ ਭੇਵ ਚੁਕਾਇੰਦਾ । ਸਤਿ ਸਤਿਵਾਦੀ ਦੇਵੇ ਦਾਦ, ਦਸਤ ਬਦਸਤ ਆਪ ਫੜਾਇੰਦਾ । ਧੁਰਦਰਗਾਹੀ ਵਜਾਏ ਆਪਣਾ ਨਾਦ, ਅਨਾਦੀ ਧੁਨ ਆਪ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਭੇਵ ਆਪ ਖੁਲ੍ਹਾਇੰਦਾ ।



ਧੁਰ ਦਾ ਭੇਵ ਸ੍ਰੀ ਭਗਵਾਨ, ਆਦਿ ਪੁਰਖ ਆਪ ਖੁਲ੍ਹਾਈਆ । ਵਿਸ਼ਨ ਬ੍ਰਹਮੇ ਦੇਵੇ ਦਾਨ, ਸ਼ੰਕਰ ਝੋਲੀ ਆਪ ਭਰਾਈਆ । ਆਪਣਾ ਨਾਮ ਇਕ ਨਿਸ਼ਾਨ, ਸਚ ਨਿਸ਼ਾਨਾ ਲਏ ਪਰਗਟਾਈਆ । ਆਪਣੀ ਕਿਰਪਾ ਹੋ ਮਿਹਰਵਾਨ, ਮਿਹਰ ਨਜ਼ਰ ਇਕ ਉਠਾਈਆ । ਆਪਣਾ ਹੁਕਮ ਕਰ ਪਰਧਾਨ, ਧੁਰ ਫ਼ਰਮਾਣਾ ਆਪ ਜਣਾਈਆ । ਆਪਣੀ ਇਛਿਆ ਕਰ ਪਰਵਾਨ, ਸਾਚੀ ਭਿਛਿਆ ਝੋਲੀ ਪਾਈਆ । ਕਰੇ ਖੇਲ ਨੌਜਵਾਨ, ਨੱਯਾ ਆਪਣੀ ਆਪ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮੇ ਦੇਵੇ ਮਾਣ ਵਡਿਆਈਆ । ਵਿਸ਼ਨੂੰ ਦੇਵੇ ਆਪਣੀ ਯਾਦ, ਹਰਿ ਜੂ ਆਪਣਾ ਭੇਵ ਖੁਲ੍ਹਾਇੰਦਾ । ਸ੍ਰੀ ਭਗਵਾਨ ਵਜਾਏ ਨਾਦ, ਬਿਨ ਕੰਨਾਂ ਆਪ ਸੁਣਾਇੰਦਾ । ਬਿਨ ਰਸਨਾ ਦੇਵੇ ਸਵਾਦ, ਰਸ ਰਸੀਆ ਆਪ ਚਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਿਸ਼ਨੂੰ ਆਪਣੇ ਰੰਗ ਰੰਗਾਇੰਦਾ । ਵਿਸ਼ਨੂੰ ਵੇਖੇ ਹਰਿ ਹਰਿ ਰੰਗ, ਘਰ ਆਪਣੇ ਖ਼ੁਸ਼ੀ ਮਨਾਈਆ । ਇਕੋ ਸੇਜ ਇਕ ਪਲੰਘ, ਏਕਾ ਆਸਣ ਲਾਈਆ । ਇਕ ਸੁਹੇਲਾ ਇਕੋ ਸੰਗ, ਏਕਾ ਅੰਗਣ ਰਿਹਾ ਉਠਾਈਆ । ਇਕੋ ਨਾਦ ਇਕ ਮਰਦੰਗ, ਇਕੋ ਢੋਲਾ ਰਿਹਾ ਗਾਈਆ । ਇਕੋ ਦਾਤਾ ਸੂਰਾ ਸਰਬੰਗ, ਸ਼ਹਿਨਸ਼ਾਹ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਈਆ । ਧੁਨ ਨਾਦ ਅੰਤਰ ਧਾਰ, ਧਾਰ ਧਾਰ ਨਾਲ ਮਿਲਾਇੰਦਾ । ਭਗਵਨ ਕਰੇ ਆਪ ਪਿਆਰ, ਵਿਸ਼ਨੂੰ ਆਪਣਾ ਰੂਪ ਵਖਾਇੰਦਾ । ਵਿਸ਼ਨੂੰ ਮੇਲਾ ਹਰਿ ਕਰਤਾਰ, ਕਰਤਾ ਕਰਨੀ ਆਪ ਕਮਾਇੰਦਾ । ਨਿਰਗੁਣ ਕਰ ਸਚ ਪਿਆਰ, ਨਿਰਗੁਣ ਆਪਣੀ ਗੋਦ ਸੁਹਾਇੰਦਾ । ਨਿਰਗੁਣ ਕਰੇ ਆਪ ਗ਼ੁਫ਼ਤਾਰ, ਭੇਵ ਅਭੇਦ ਆਪ ਖੁਲਾਇੰਦਾ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵਸਤ ਆਪ ਵਰਤਾਇੰਦਾ । ਸਾਚੀ ਵਸਤ ਪਾਰਬ੍ਰਹਮ, ਪ੍ਰਭ ਆਪਣੀ ਆਪ ਵਰਤਾਈਆ । ਵਿਸ਼ਨੂੰ ਤੇਰਾ ਮੇਰਾ ਹੋਇਆ ਧਰਮ, ਘਰ ਸਾਚੇ ਵੱਜੇ ਵਧਾਈਆ । ਆਦਿ ਜੁਗਾਦੀ ਕਰੇ ਖੇਲ ਨਿਹਕਰਮੀ ਕਰਮ, ਕਰਮ ਆਪਣੇ ਹੱਥ ਰਖਾਈਆ । ਮੇਰਾ ਨੂਰ ਤੇਰਾ ਵਰਨ, ਤੇਰਾ ਵਰਨ ਮੇਰੀ ਵਡਿਆਈਆ । ਮੇਰੀ ਧੂੜ ਸਾਚੇ ਚਰਨ, ਤੇਰੇ ਮਸਤਕ ਟਿੱਕਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਦਿ ਆਦਿ ਆਦਿ ਸਮਝਾਈਆ । ਆਦਿ ਆਦਿ ਹਰਿ ਖੇਲ ਕਰ, ਕਰਤਾ ਆਪਣੀ ਦਇਆ ਕਮਾਇੰਦਾ । ਵਿਸ਼ਨੂੰ ਭੰਡਾਰਾ ਨਾਮ ਭਰ, ਭਰ ਪਿਆਲਾ ਜਾਮ ਪਿਆਇੰਦਾ । ਚਰਨ ਧੂੜ ਵਖਾਏ ਸਾਚਾ ਘਰ, ਘਰ ਮੰਦਰ ਇਕ ਜਣਾਇੰਦਾ । ਕਿਰਪਾਨਿਧ ਫੜਾਏ ਆਪਣਾ ਲੜ, ਪਲੂ ਇਕੋ ਗੰਢ ਪਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨ ਕਵਲ ਕਵਲ ਚਰਨ ਆਪਣਾ ਖੇਲ ਕਰਾਇੰਦਾ । ਚਰਨ ਨਾਲ ਚਰਨ ਮਿਲਾ, ਦੋਏ ਦੋਏ ਆਪਣੀ ਧਾਰ ਚਲਾਇੰਦਾ । ਸਚਖੰਡ ਬੈਠਾ ਬੇਪਰਵਾਹ, ਬੇਐਬ ਖੇਲ ਕਰਾਇੰਦਾ । ਰਗੜ ਨਾਲ ਰਗੜ ਲਏ ਪਰਗਟਾ, ਪਰਗਟ ਆਪਣਾ ਰਸ ਚੁਆਇੰਦਾ । ਸਾਚੇ ਰਸ ਅੰਮ੍ਰਿਤ ਨਾਮ ਧਰਾ, ਵਿਸ਼ਨੂੰ ਅੰਤਰ ਜਾਮ ਪਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਵਿਸ਼ਨੂੰ ਪੀਤਾ ਸਚ ਪਿਆਲਾ, ਪੀਆ ਪ੍ਰੀਤਮ ਆਪ ਪਿਆਈਆ । ਕਿਰਪਾ ਕਰੇ ਦੀਨ ਦਿਆਲਾ, ਆਦਿ ਆਦਿ ਵੱਡੀ ਵਡਿਆਈਆ । ਘਰ ਵਿਚ ਬਣਾਈ ਸੱਚੀ ਧਰਮਸਾਲਾ, ਥਿਰ ਆਪਣਾ ਪਰਦਾ ਲਾਹੀਆ । ਕਵਲ ਕਵਲ ਖੇਲ ਨਿਰਾਲਾ, ਕਵਲ ਨੈਣ ਲਏ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਅੰਮ੍ਰਿਤ ਅੰਮ੍ਰਿਤ ਰੂਪ ਦਰਸਾਈਆ । ਅੰਮ੍ਰਿਤ ਦੇਵੇ ਹਰਿ ਜੂ ਦਾਤ, ਦਾਤਾ ਦਾਨੀ ਦਇਆ ਕਮਾਇੰਦਾ । ਵਿਸ਼ਨੂੰ ਨਾਲ ਰਲੇ ਜਮਾਤ, ਬ੍ਰਹਮਾ ਆਪਣਾ ਰੂਪ ਧਰਾਇੰਦਾ । ਨਿਰਗੁਣ ਨਿਰਗੁਣ ਦੇਵੇ ਸਾਥ, ਸਗਲਾ ਸੰਗ ਆਪ ਹੋ ਜਾਇੰਦਾ । ਲੇਖਾ ਜਾਣੇ ਸਾਚੇ ਮਾਥ, ਮਸਤਕ ਆਪਣਾ ਭੇਵ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਵਸਤ ਆਪ ਵਰਤਾਇੰਦਾ । ਵਸਤ ਦੇਵੇ ਬਣ ਵਿਚੋਲਾ, ਵਿਸ਼ਨੂੰ ਨਾਲ ਰਲਾਈਆ । ਪੁਰਖ ਅਬਿਨਾਸ਼ੀ ਤੋਲ ਤੋਲਾ, ਤੋਲਣਹਾਰਾ ਸੱਚਾ ਮਾਹੀਆ । ਚਰਨ ਕਵਾੜ ਪਰਦਾ ਖੋਲ੍ਹਾ, ਦਰ ਮਿਲੇ ਮਾਣ ਵਡਿਆਈਆ । ਵਿਸ਼ਨ ਬ੍ਰਹਮੇ ਚੁਕਿਆ ਓਹਲਾ, ਚਰਨ ਇਕੋ ਨਜ਼ਰੀ ਆਈਆ । ਰਸਨਾ ਕਹਿਣ ਸੋਹੰ ਢੋਲਾ, ਤੂੰ ਮੇਰਾ ਮੈਂ ਤੇਰਾ ਤੁਧ ਬਿਨ ਨਜ਼ਰ ਕੋਇ ਨਾ ਆਈਆ । ਪੁਰਖ ਅਬਿਨਾਸ਼ੀ ਸਮਰਥ ਸਵਾਮੀ ਪਹਿਲੀ ਵਾਰ ਬੋਲਾ, ਸਚ ਸੰਦੇਸਾ ਦਏ ਜਣਾਈਆ । ਦੋਵੇਂ ਮਿਲ ਕੇ ਪਾਓ ਰੌਲਾ, ਉਚੀ ਕੂਕ ਕੂਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਫ਼ਤ ਆਪ ਸਾਲਾਹੀਆ । ਵਿਸ਼ਨ ਬ੍ਰਹਮਾ ਤੱਕ ਨਜ਼ਾਰਾ, ਨਜ਼ਰ ਆਪਣੀ ਸਰਬ ਬਦਲਾਇੰਦਾ । ਦੋਏ ਜੋੜ ਕਰ ਨਿਮਸਕਾਰਾ, ਚਰਨ ਧਿਆਨ ਸਰਬ ਲਗਾਇੰਦਾ । ਮੰਗਣ ਮੰਗ ਦਰ ਭਿਖਾਰਾ, ਖ਼ਾਲੀ ਝੋਲੀ ਇਕ ਵਖਾਇੰਦਾ । ਤੇਰਾ ਖੇਲ ਪਰਵਰਦਿਗਾਰਾ, ਬੇਐਬ ਨਜ਼ਰ ਨਾ ਆਇੰਦਾ । ਦਰ ਤੇਰੇ ਮਿਲੇ ਸਹਾਰਾ, ਦਰਦੀ ਹੋਰ ਨਾ ਕੋਇ ਜਣਾਇੰਦਾ । ਤੇਰੀ ਸਿਫ਼ਤ ਭਰੇ ਭੰਡਾਰਾ, ਸਿਫ਼ਤੀ ਸਿਫ਼ਤ ਨਾ ਕੋਇ ਸਾਲਾਹਿੰਦਾ । ਹਉਂ ਚਾਕਰ ਸੇਵਾਦਾਰਾ, ਸਤਿ ਚਾਕਰੀ ਇਕ ਕਮਾਇੰਦਾ । ਹਉਂ ਬਾਲਕ ਖ਼ਿਦਮਤਗਾਰਾ, ਚਰਨ ਧੂੜ ਮਸਤਕ ਟਿੱਕਾ ਲਾਇੰਦਾ । ਏਕਾ ਦੇ

ਨਾਮ ਆਧਾਰਾ, ਇਕੋ ਓਟ ਤਕਾਇੰਦਾ । ਇਕੋ ਵਣਜ ਇਕ ਵਪਾਰਾ, ਏਕਾ ਹੱਟ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਿਸ਼ਨ ਬ੍ਰਹਮੇ ਆਪ ਸਮਝਾਇੰਦਾ । ਵਿਸ਼ਨੂੰ ਮੰਗ ਇਕੋ ਮੰਗ, ਹਰਿ ਸੱਜਣ ਆਪ ਜਣਾਈਆ । ਬ੍ਰਹਮੇ ਤੇਰਾ ਚਾੜ੍ਹੇ ਚੰਦ, ਬ੍ਰਹਮ ਤੇਰਾ ਨੂਰ ਰੁਸ਼ਨਾਈਆ । ਆਪਣਾ ਦੇਵੇ ਇਕੋ ਛੰਦ, ਸਾਚਾ ਢੋਲਾ ਦਏ ਜਣਾਈਆ । ਨਿਰਗੁਣ ਨਿਰਗੁਣ ਪਾਵੇ ਗੰਢ, ਡੋਰੀ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸਾ ਅੰਤਰ ਦਏ ਪਰਗਟਾਈਆ । ਬ੍ਰਹਮੇ ਅੰਤਰ ਆਏ ਆਵਾਜ਼, ਧੁਨ ਅਨਾਦੀ ਆਪ ਵਜਾਇੰਦਾ । ਆਪ ਸੁਣਾਏ ਸਾਚਾ ਸਾਜ, ਰਾਗੀ ਆਪਣਾ ਰਾਗ ਅਲਾਇੰਦਾ । ਤੇਰਾ ਤੇਰਾ ਵੇਖੇ ਕਾਜ, ਕਰਨੀ ਕਰਤਾ ਆਪ ਕਮਾਇੰਦਾ । ਲੇਖਾ ਲਿਖ ਗੁਰੂ ਮਹਾਰਾਜ, ਹਰਿ ਗੋਬਿੰਦ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਜਣਾਇੰਦਾ । ਬ੍ਰਹਮੇ ਸੁਣੀ ਸਚ ਪੁਕਾਰ, ਨਿਰਗੁਣ ਨਿਰਗੁਣ ਰਿਹਾ ਜਣਾਈਆ । ਚਾਰ ਕੁੰਟ ਦਿਹ ਦਿਸ਼ਾ ਉਠ ਉਠ ਵੇਖੇ ਨੈਣ ਉਘਾੜ, ਨੇਤਰ ਨਜ਼ਰ ਕੋਇ ਨਾ ਆਈਆ । ਨਾ ਕੋਈ ਪਿਛੇ ਨਾ ਅਗਾੜ, ਭੇਵ ਅਭੇਦ ਨਾ ਕੋਇ ਖੁਲ੍ਹਾਈਆ । ਦੋਏ ਜੋੜ ਪ੍ਰਭ ਅੱਗੇ ਕਰੇ ਨਿਮਸਕਾਰ, ਤੇਰੀ ਮਹਿਮਾ ਕਥਨ ਨਾ ਜਾਈਆ । ਕਰ ਕਿਰਪਾ ਦੇ ਆਧਾਰ, ਸਿਰ ਮੇਰੇ ਹੱਥ ਟਿਕਾਈਆ । ਪੁਰਖ ਅਬਿਨਾਸ਼ੀ ਹੋ ਤਿਆਰ, ਦੀਨਨ ਆਪਣੀ ਦਇਆ ਕਮਾਈਆ । ਚਰਨ ਧੂੜੀ ਦੇਵੇ ਛਾਰ, ਛਾਹੀ ਇਕੋ ਨਾਮ ਰਖਾਈਆ । ਵਿਸ਼ਨੂੰ ਅੰਮ੍ਰਿਤ ਵਿਚ ਦੇਵੇ ਡਾਲ, ਹਰਿ ਕਾ ਨਾਉਂ ਕਾਨੀ ਵਿਚ ਫਿਰਾਈਆ । ਕਰੇ ਖੇਲ ਦੀਨ ਦਿਆਲ, ਦੀਨਨ ਆਪਣਾ ਭੇਵ ਚੁਕਾਈਆ । ਮਿਲੇ ਸੰਦੇਸ਼ਾ ਲਿਖੋ ਹਾਲ, ਅਹਿਵਾਲ ਰਿਹਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਈਆ । ਚਰਨ ਧੂੜ ਬਣੀ ਸ਼ਾਹੀ, ਅੰਮ੍ਰਿਤ ਵਿਸ਼ਨੂੰ ਇਕ ਚੁਆਇੰਦਾ । ਹਰਿ ਕਾ ਨਾਉਂ ਕਲਮ ਬਣੀ ਬੇਪਰਵਾਹੀ, ਬੇਪਰਵਾਹ ਆਪ ਪਰਗਟਾਇੰਦਾ । ਬ੍ਰਹਮੇ ਫੜੀ ਚਾਈਂ ਚਾਈਂ, ਸਾਹਿਬ ਸੁਲਤਾਨ ਆਪ ਫੜਾਇੰਦਾ । ਲੇਖਾ ਲਿਖੇ ਬਿਨ ਹੱਥੀਂ ਬਾਹੀਂ, ਉਂਗਲੀ ਨਜ਼ਰ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਆਪੇ ਲਾਇੰਦਾ । ਕਲਮ ਸ਼ਾਹੀ ਕਰ ਪਿਆਰ, ਅੰਮ੍ਰਿਤ ਜਲ ਨਾਲ ਰਲਾਇੰਦਾ । ਲੇਖਾ ਲਿਖ ਵੇਦ ਚਾਰ, ਚਾਰ ਜੁਗ ਵੰਡ ਵੰਡਾਇੰਦਾ । ਚਾਰੇ ਬਾਣੀ ਕਰ ਉਜਿਆਰ, ਪਰਾ ਪਸੰਤੀ ਮਧਮ ਬੈਖ਼ਰੀ ਨਾਉਂ ਰਖਾਇੰਦਾ । ਚਾਰੇ ਜੁਗ ਵੰਡ ਕਰ ਸੰਸਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਾਉਂ ਧਰਾਇੰਦਾ । ਚਾਰੇ ਵਰਨਾਂ ਦੇ ਆਧਾਰ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਰੰਗ ਰੰਗਾਇੰਦਾ । ਕਰੇ ਖੇਲ ਅਗੰਮ ਅਪਾਰ, ਜੁਗ ਜੁਗ ਆਪਣਾ ਹੁਕਮ ਮਨਾਇੰਦਾ । ਸ਼ਾਸਤਰ ਸਿਮਰਤ ਕਰ ਤਿਆਰ, ਕਲਮ ਸ਼ਾਹੀ ਖੇਲ ਕਰਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਖੋਲ੍ਹ ਕਵਾੜ, ਧੁਰ ਸੰਦੇਸਾ ਆਪ ਅਲਾਇੰਦਾ । ਰਸਨਾ ਸ਼ਬਦ ਬੋਲ ਜੈਕਾਰ, ਜੈ ਜੈ ਨਾਅਰਾ ਇਕ ਸੁਣਾਇੰਦਾ । ਵੇਦ ਵਿਆਸਾ ਦੇ ਆਧਾਰ, ਅੱਠ ਦਸ ਜੋੜ ਜੁੜਾਇੰਦਾ । ਕਾਹਨਾ ਕ੍ਰਿਸ਼ਨਾ ਕਰ ਪਿਆਰ, ਦਸ ਅੱਠ ਬੰਧਨ ਪਾਇੰਦਾ । ਈਸਾ ਮੂਸਾ ਸੰਗ ਮੁਹੰਮਦ ਦੇ ਦੀਦਾਰ, ਦੀਦ ਈਦ ਚੰਦ ਚੜ੍ਹਾਇੰਦਾ । ਕਾਤਬ ਬਣ ਪਰਵਰਦਿਗਾਰ, ਸਰਗੁਣ ਆਪਣਾ ਹੁਕਮ ਮਨਾਇੰਦਾ । ਅੰਜੀਲ ਕੁਰਾਨਾ ਕਰ ਕਰ ਖ਼ਬਰਦਾਰ, ਤੀਸ ਬਤੀਸਾ ਢੋਲਾ ਗਾਇੰਦਾ । ਭਗਤ ਭਗਵੰਤ ਦੇ ਪਿਆਰ, ਆਤਮ ਪਰਮਾਤਮ ਜੋੜ ਜੁੜਾਇੰਦਾ । ਸਚ ਸੰਦੇਸ਼ਾ ਵਿਚ ਸੰਸਾਰ,

ਸੁਰਤੀ ਸ਼ਬਦੀ ਆਪ ਸੁਣਾਇੰਦਾ । ਪਰਦਾ ਉਹਲਾ ਦਏ ਉਤਾਰ, ਉਤਰ ਪੂਰਬ ਪੱਛਮ ਦੱਖਣ ਚਾਰੋਂ ਕੁੰਟ ਫੇਰਾ ਪਾਇੰਦਾ । ਆਖਣ ਆਏ ਏਕੰਕਾਰ, ਨਿਤ ਨਵਿਤ ਕਰ ਕਰ ਹਿਤ, ਨਿਰਗੁਣ ਸਰਗੁਣ ਰੂਪ ਧਰਾਇੰਦਾ । ਕਰਤਾ ਪੁਰਖ ਕਰਨੀ ਆਪਣੀ ਕਰੇ ਕਾਰ, ਕੁਦਰਤ ਕਾਦਰ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਮ ਸ਼ਾਹੀ ਮਾਣ ਵਧਾਇੰਦਾ । ਕਲਮ ਸ਼ਾਹੀ ਦਿਤਾ ਮਾਣ, ਲੋਕਮਾਤ ਵੱਜੇ ਵਧਾਈਆ । ਲਿਖ ਲਿਖ ਲੇਖਾ ਥੱਕੀ ਸ੍ਰੀ ਭਗਵਾਨ, ਅੰਤ ਕਹਿਣ ਨਾ ਪਾਈਆ । ਨਾਨਕ ਨਿਰਗੁਣ ਦੇ ਬਿਆਨ, ਲੱਖ ਚੁਰਾਸੀ ਗਿਆ ਸਮਝਾਈਆ । ਖਾਣੀ ਬਾਣੀ ਜਗਤ ਨਿਧਾਨ, ਗੁਣ ਨਿਧਾਨ ਰਿਹਾ ਪਰਗਟਾਈਆ । ਹੱਥ ਨਾ ਆਇਆ ਕਿਸੇ ਨਿਸ਼ਾਨ, ਉਚ ਮਹੱਲੇ ਬੈਠਾ ਡੇਰਾ ਲਾਈਆ । ਗੋਬਿੰਦ ਕਹੇ ਪਿਤਾ ਸੁਜਾਨ, ਪੁਰਖ ਅਕਾਲ ਬੇਪਰਵਾਹੀਆ । ਲੇਖਾ ਜਾਣੇ ਦੋ ਜਹਾਨ, ਦੋਏ ਦੋਏ ਆਪਣਾ ਰੂਪ ਵਖਾਈਆ । ਕਾਗ਼ਦ ਕਲਮ ਸ਼ਾਹੀ ਦਏ ਬਿਆਨ, ਜੁਗ ਚੌਕੜੀ ਗੁਰ ਅਵਤਾਰ ਆਪਣਾ ਬਿਆਨ ਗਏ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਚੌਕੜੀ ਕਲਮ ਸ਼ਾਹੀ ਮਿਲੇ ਵਧਾਈਆ । ਕਲਮ ਸ਼ਾਹੀ ਕੀਤਾ ਵਾਧਾ, ਲਿਖ ਲਿਖ ਲੇਖ ਜਣਾਇਆ । ਗੁਰ ਅਵਤਾਰ ਪੀਰ ਪੈਗ਼ੰਬਰ ਪਿਤਾ ਪੂਤ ਪੋਤਰਾ ਦੱਸਿਆ ਦਾਦਾ, ਦਹਿ ਦਿਸ਼ਾ ਖੋਜ ਖੁਜਾਇਆ । ਲੇਖ ਲਿਖਾਇਆ ਸੰਤਾਂ ਸਾਧਾਂ, ਭਗਤ ਭਗਵੰਤ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨੌਂ ਸੌ ਚੁਰਾਨਵੇਂ ਚੌਕੜੀ ਜੁਗ ਕਲਮੀ ਕਲਮਾ ਵੰਡ ਵੰਡਾਇਆ । ਕਲਮੀ ਕਲਮਾ ਲਿਖ ਲਿਖ ਲੇਖ, ਕਾਇਨਾਤ ਰਹੀ ਸੁਣਾਈਆ । ਆਦਿ ਜੁਗਾਦੀ ਜੁਗ ਜੁਗ ਵੇਸ, ਕਰਤਾ ਕੀਮਤ ਕਹਿਣ ਨਾ ਪਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਲਿਖਦੀ ਰਹੀ ਲੇਖ, ਰੇਖਾ ਰੇਖ ਨਾਲ ਮਿਲਾਈਆ । ਕਿਸੇ ਨੂੰ ਦੱਸਦੀ ਰਹੀ ਰੱਖਦਾ ਮੁੱਛ ਦਾੜ੍ਹੀ ਕੇਸ, ਕਿਸੇ ਨੂੰ ਮੂੰਡ ਮੁੰਡਾਇਆ ਰਹੀ ਸਾਲਾਹੀਆ । ਕਿਸੇ ਨਾਲ ਫਾਂਸੀ ਚੜ੍ਹਿਆਂ ਕਰੇ ਹੇਤ, ਕਿਸੇ ਦੀ ਪੁੱਠੀ ਖੱਲ੍ਹ ਲੁਹਾਈਆ । ਕਿਸੇ ਸਿਰ ਪੁਆਈ ਤੱਤੀ ਰੇਤ, ਕਿਸੇ ਬਾਲੇ ਨੀਹਾਂ ਹੇਠ ਦਬਾਈਆ । ਆਪਣਾ ਦੱਸਿਆ ਨਾ ਕਿਸੇ ਭੇਤ, ਕਲਮ ਸ਼ਾਹੀ ਕੀ ਕੀ ਕਰਮ ਕਮਾਈਆ । ਜੁਗ ਚੌਕੜੀ ਖੇਡਾਂ ਰਹੀ ਖੇਡ, ਨੌਂ ਖੰਡ ਪ੍ਰਿਥਮੀ ਡੇਰਾ ਢਾਹੀਆ । ਕਾਗ਼ਜ਼ ਉਤੇ ਚੜ੍ਹ ਚੜ੍ਹ ਰਹੀ ਵੇਖ, ਆਪ ਆਪਣਾ ਮਾਣ ਵਧਾਈਆ । ਕਲਜੁਗ ਅੰਤਮ ਨਿਰਗੁਣ ਤੇਰਾ ਸਾਰੇ ਛੱਡ ਗਏ ਭੇਤ, ਤੇਰੀ ਓਟ ਨਾ ਕੋਇ ਰਖਾਈਆ । ਕਾਗ਼ਜ਼ ਪਤਰੇ ਰਹੇ ਵੇਖ, ਪਿਛਲਾ ਕਰਜ਼ਾ ਨਾ ਕੋਇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਮ ਸ਼ਾਹੀ ਭੇਵ ਜਣਾਈਆ । ਕਲਮ ਸ਼ਾਹੀ ਕਹੇ ਪੁਕਾਰ, ਵਾਹਵਾ ਤੇਰੀ ਵਡ ਵਡਿਆਈਆ । ਜੁਗ ਚੌਕੜੀ ਸੇਵਾ ਕਰੀ ਵਿਚ ਸੰਸਾਰ, ਬਣ ਨਿਮਾਣੀ ਸੇਵ ਕਮਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਲਿਖਦੀ ਰਹੀ ਗੁਫ਼ਤਾਰ, ਤੇਰਾ ਗੁਪਤ ਭੇਵ ਸਮਝਾਈਆ । ਆਪਣੇ ਲੇਖੇ ਨਾਲ ਮੰਦਰ ਮਸਜਿਦ ਸ਼ਿਵਦੁਆਲੇ ਮੱਠ ਕੀਤੇ ਤਿਆਰ, ਤੇਰਾ ਨਾਉਂ ਚੀਨ ਕਿਸੇ ਨਾ ਪਾਈਆ । ਸ੍ਰਿਸ਼ਟ ਸਬਾਈ ਕੀਤੀ ਖ਼ਵਾਰ, ਤੇਰੇ ਹੁਕਮੇ ਸੀਸ ਟਿਕਾਈਆ । ਕਲਜੁਗ ਅੰਤਮ ਚਾਰੋਂ ਕੁੰਟ ਹੋ ਤਿਆਰ, ਆਪਣਾ ਡੰਕਾ ਦਿਤਾ ਵਜਾਈਆ । ਸ੍ਰਿਸ਼ਟ ਸਬਾਈ ਉਠ ਦੁਹਾਗਣ ਨਾਰ, ਹਰਿ ਜੂ ਕੰਤ ਵੇਖ ਚਾਈਂ ਚਾਈਆ । ਜਿਸ ਨੇ ਮੇਰੀ ਸੇਵਾ ਲਾਈ ਜੁਗ ਚਾਰ, ਅੰਤਮ ਆਪਣੀ ਝੋਲੀ ਪਾਈਆ । ਸਭ ਦਾ ਦੁੱਖੜਾ ਰਿਹਾ ਨਿਵਾਰ, ਦਰਦੀ ਦਰਦੀਆਂ ਦਰਦ ਵੰਡਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਭਗਤ ਭਗਵਾਨ ਇਕੱਠੇ ਕੀਤੇ ਆਣ, ਚਰਨ

ਕਵਲ ਦਏ ਸਰਨਾਈਆ । ਅੰਤਮ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਏਕਾ ਵਾਰ ਚਰਨੀਂ ਡਿਗਣ ਆਣ, ਉਠ ਉਠ ਬੈਠੇ ਰਾਹ ਤਕਾਈਆ । ਕਵਣ ਵੇਲਾ ਸੰਦੇਸ਼ਾ ਦਏ ਸ੍ਰੀ ਭਗਵਾਨ, ਗ਼ਰੀਬ ਨਿਮਾਣਿਆਂ ਦਰ ਮੰਗਾਈਆ । ਜਾ ਕੇ ਦੱਸੀਏ ਆਪਣਾ ਹਾਲ, ਫ਼ਰਿਯਾਦ ਸਚ ਸਚ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਰਿਹਾ ਕਮਾਈਆ । ਕਲਮ ਕਹੇ ਮੈਂ ਦਿਆਂ ਸੰਦੇਸ਼ਾ, ਕਲਜੁਗ ਅੰਤਮ ਸੇਵ ਕਮਾਈਆ । ਸ਼ਾਹੀ ਕਹੇ ਮੈਂ ਲਿਖਾਂ ਲੇਖਾ, ਨਿਹਕਲੰਕ ਫੇਰਾ ਪਾਈਆ । ਜਿਸ ਨੂੰ ਗੁਰ ਦਸਮੇਸ਼ ਕਹਿੰਦਾ ਗਿਆ ਮੇਰਾ ਪਿਤਾ, ਸੋ ਪੁਰਖ ਨਿਰਜਣ ਵੇਸ ਵਟਾਈਆ । ਆਦਿ ਨਾ ਭੁਲਿਆ ਮੇਰਾ ਚੇਤਾ, ਅੰਤ ਨੈਣ ਰਿਹਾ ਖੁਲ੍ਹਾਈਆ । ਸੁਤ ਦੁਲਾਰਾ ਪੁੱਤਰ ਜੇਠਾ, ਇਕੋ ਇਕ ਜਗਾਈਆ । ਨੌਂ ਖੰਡ ਪ੍ਰਿਥਮੀ ਮਾਰਨ ਆਇਆ ਠੇਡਾ, ਠੋਕਰ ਆਪਣੇ ਨਾਮ ਲਗਾਈਆ । ਚਾਰ ਜੁਗ ਮੈਂ ਦੱਸ ਨਾ ਸਕੀ ਪ੍ਰਭ ਜੂ ਕੇਡਾ, ਸ਼ਾਸਤਰ ਸਿਮਰਤ ਵੇਦ ਪੁਰਾਨ ਮੇਰੀ ਦੇਵੇ ਨਾ ਕੋਇ ਗਵਾਹੀਆ । ਕਲਜੁਗ ਅੰਤਮ ਜਨ ਭਗਤਾਂ ਨਾਲ ਕਰਨ ਆਇਆ ਹੇਤਾ, ਮੇਰੀ ਪਿਛਲੀ ਰੀਤ ਗਵਾਈਆ । ਰੁੱਤ ਬਸੰਤੀ ਇਕੋ ਰੱਖੇ ਚੇਤਾ, ਫੁਲ ਫਲਵਾੜੀ ਆਪ ਮਹਿਕਾਈਆ । ਕਲਜੁਗ ਕੂੜਾ ਭੰਨੇ ਰੀਠਾ, ਕੂੜੀ ਕਿਰਿਆ ਰਹਿਣ ਨਾ ਪਾਈਆ । ਦੋ ਜਹਾਨਾਂ ਲੱਖ ਚੁਰਾਸੀ ਜੀਵਾਂ ਜੰਤਾਂ ਸਾਧਾਂ ਸੰਤਾਂ ਦੇਵੇ ਨੇਂਦਾ, ਘਰ ਘਰ ਆਪਣਾ ਹੁਕਮ ਸੁਣਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਸਚ ਸਿੰਘਾਸਣ ਇਕੋ ਬਹਿੰਦਾ, ਸਚਖੰਡ ਸਾਚੇ ਡੇਰਾ ਲਾਈਆ । ਕਲਜੁਗ ਅੰਤਮ ਖੇੜਾ ਢਹਿੰਦਾ, ਨਾ ਸਕੇ ਕੋਇ ਬਚਾਈਆ । ਦੀਨ ਮਜ਼੍ਹਬ ਜਗਤ
੧੧੮ ਇਸਲਾਮ ਇਕ ਦੂਜੇ ਨਾਲ ਖਹਿੰਦਾ, ਖਹਿ ਖਹਿ ਕਰੇ ਲੜਾਈਆ । ਅੱਗੇ ਹੋ ਕੋਈ ਨਾ ਬਹਿੰਦਾ, ਦੂਰ ਦੁਰਾਡੇ ਬੈਠੇ ਮੁਖ ਛੁਪਾਈਆ । ਵੇਖੋ ੧੧੮
੧੩ ਮੇਰਾ ਲੇਖਾ ਅੰਤਮ ਢਹਿੰਦਾ, ਕਲਮ ਸ਼ਾਹੀ ਦਏ ਦੁਹਾਈਆ । ਹਰਿ ਕਾ ਭਾਣਾ ਕੋਇ ਨਾ ਸਹਿੰਦਾ, ਸਾਰੇ ਬੈਠੇ ਸੀਸ ਝੁਕਾਈਆ । ਜੋਤੀ ਜੋਤ ੧੩
ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਡਾ ਲੇਖਾ ਲੇਖੇ ਪਾਈਆ । ਲੇਖਾ ਲੇਖੇ ਪੌਣ ਆਇਆ, ਬੇਐਬ ਮਿਹਰਵਾਨ । ਪਿਛਲੀ ਰੀਤੀ ਮਿਟੌਣ ਆਇਆ, ਨਿਰਗੁਣ ਨੂਰ ਸ੍ਰੀ ਭਗਵਾਨ । ਮੰਦਰ ਮਸੀਤੀ ਢੌਣ ਆਇਆ, ਸ਼ਬਦ ਅਗੰਮੀ ਮਾਰੇ ਬਾਣ । ਜਗਤ ਪਲੀਤੀ ਵਹੌਣ ਆਇਆ, ਸਚ ਸੁੱਚ ਕਰੇ ਪਰਧਾਨ । ਅਨਡੀਠੀ ਰੀਤੀ ਚਲੌਣ ਆਇਆ, ਨਾਮ ਜਪਾਏ ਨੌਜਵਾਨ । ਹਸਤ ਕੀਟੀ ਆਪਣੀ ਗੋਦ ਉਠੌਣ ਆਇਆ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਕਰੇ ਪਰਵਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਵਾਲੀ ਦੋ ਜਹਾਨ । ਸ਼ਾਹੀ ਕਹੇ ਪ੍ਰਭ ਰੱਖੀ ਆਸ, ਤੇਰੀ ਇਕੋ ਓਟ ਤਕਾਈਆ । ਕਲਮ ਕਹੇ ਮੈਂ ਬਣੀ ਦਾਸ, ਬਣ ਸੇਵਕ ਸੇਵ ਕਮਾਈਆ । ਕਾਗ਼ਜ਼ ਕਹੇ ਮੈਂ ਜਗਤ ਕੀਤੀ ਪੂਰੀ ਖ਼ਾਹਸ਼, ਜਗਤ ਜਗਤ ਬੰਧਨ ਪਾਈਆ । ਬਿਨ ਭਗਤਾਂ ਤੇਰਾ ਮਾਰਗ ਕਿਸੇ ਨਾ ਆਇਆ ਹਾਥ, ਮੇਰੇ ਅੱਖ਼ਰ ਪੜ੍ਹ ਪੜ੍ਹ ਥੱਕੀ ਲੋਕਾਈਆ । ਊੜਾ ਕਹੇ ਏਕ ਓਅੰਕਾਰ ਤੇਰਾ ਸਗਲਾ ਸਾਥ, ਝਾੜ ਮਿਟਾਵੇ ਥਾਉਂ ਥਾਈਂਆ । ਅਲਫ਼ ਕਹੇ ਮੈਂ ਚੌਦਾਂ ਤਬਕ ਕੀਤੇ ਨਾਰ ਕਮਜ਼ਾਤ, ਯੇ ਯੁਕਤੀ ਹੱਥ ਨਾ ਕਿਸੇ ਫੜਾਈਆ । ਤੇਰਾ ਭੇਵ ਨਾ ਆਇਆ ਕਲਮ ਦਵਾਤ, ਪਰਦਾ ਸਕੇ ਨਾ ਕੋਇ ਉਠਾਈਆ । ਮੁਹੰਮਦ ਨਾਲ ਕੀਤੀ ਨਿੱਕੀ ਨਿੱਕੀ ਬਾਤ, ਤਿਸ ਬਾਤ ਨੂੰ ਬਾਤਲ ਕਹਿ ਮਨਾਈਆ । ਜਲਵਾ ਨੂਰ ਨਜ਼ਰ ਨਾ ਆਇਆ ਸਾਖ਼ਿਆਤ, ਪਰਵਰਦਿਗਾਰ ਮਿਲਿਆ ਨਾ ਸੱਚਾ ਮਾਹੀਆ । ਬਗ਼ਲ ਕੁਰਾਨ ਰੱਖ ਬਣਾਈ ਜਮਾਤ, ਆਪਣਾ ਜਾਮਾ ਸਕੇ ਨਾ ਕੋਇ ਬਦਲਾਈਆ । ਮਸਜਿਦ ਬਹਿ ਬਹਿ ਰੋਵਣ ਮਸਤਕ ਧਰ

ਧਰ ਹਾਥ, ਨਿਉਂ ਨਿਉਂ ਖ਼ਾਕ ਖ਼ਾਕ ਰਮਾਈਆ । ਤੇਰੀ ਮਿਲੀ ਕਿਸੇ ਨਾ ਜ਼ਾਤ, ਜ਼ੇਰ ਜ਼ਬਰ ਦਏ ਦੁਹਾਈਆ । ਈਸਾ ਮੂਸਾ ਮੁਹੰਮਦ ਕੋਟਨ ਪਾ ਗਏ ਵਫ਼ਾਤ, ਸਭ ਦੇ ਉਤੇ ਆਪਣਾ ਫ਼ਤਵਾ ਲਾਈਆ । ਤੇਰੇ ਬਿਨਾਂ ਪੀਰ ਪੈਗ਼ੰਬਰਾਂ ਪਾਈ ਨਾ ਕਿਸੇ ਨਜਾਤ, ਨਿਜ ਘਰ ਡੇਰਾ ਕੋਇ ਨਾ ਲਾਈਆ । ਅੰਤਮ ਸਾਰੇ ਗਏ ਖ਼ਾਲੀ ਹਾਥ, ਉਚੀ ਕੂਕ ਕੂਕ ਸੁਣਾਈਆ । ਈਸਾ ਕਹੇ ਮੇਰੇ ਪਿਛੇ ਆਵੇ ਮੇਰਾ ਬਾਪ, ਜਿਸ ਦੀ ਸਰਬ ਲੋਕਾਈਆ । ਮੁਹੰਮਦ ਕਹੇ ਅਮਾਮ ਮਹਿੰਦੀ ਦੇਵੇ ਮੇਰਾ ਸਾਥ, ਸਿਰ ਮੇਰੇ ਹੱਥ ਟਿਕਾਈਆ । ਨਾਨਕ ਨਿਰਗੁਣ ਕਹੇ ਨਿਹਕਲੰਕ ਵਡ ਪਰਤਾਪ, ਦੋ ਜਹਾਨਾਂ ਖੇਲ ਕਰਾਈਆ । ਗੁਰ ਗੋਬਿੰਦ ਕਹੇ ਪੁਰਖ ਅਕਾਲ ਪਿਤਾ ਮਾਤ, ਮੋਹਿ ਆਪਣੀ ਗੋਦ ਸੁਹਾਈਆ । ਜਿਸ ਦਾ ਇਕੋ ਇਕ ਜਾਪ, ਸੋਹੰ ਢੋਲਾ ਗਾਈਆ । ਤਿਸ ਦਾ ਲੇਖਾ ਲਿਖੇ ਨਾ ਕਲਮ ਦਵਾਤ, ਸ਼ਾਹੀ ਨੇਤਰ ਰੋ ਰੋ ਨੈਣਾਂ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਅੰਤ ਸੰਦੇਸ਼ਾ ਨਰ ਨਰੇਸਾ ਦੇਵੇ ਕਲਮ ਸ਼ਾਹੀਆ । ਕਲਮ ਕਹੇ ਉਠ ਭੈਣ ਸ਼ਾਹੀ, ਸ਼ਹਿਨਸ਼ਾਹ ਅੰਤਮ ਫੇਰਾ ਪਾਇੰਦਾ । ਜਿਸ ਨੂੰ ਲਿਖ ਲਿਖ ਦੱਸਦੀ ਰਹੀ ਰਾਹੀ, ਸੋ ਰਹਿਬਰ ਵੇਖ ਵਖਾਇੰਦਾ । ਜਿਸ ਦਾ ਗੀਤ ਗੌਂਦੀ ਰਹੀ ਸੱਚਾ ਮਾਹੀ, ਸੋ ਮਹਿਬੂਬ ਆਪਣਾ ਰੰਗ ਵਖਾਇੰਦਾ । ਕਰੇ ਖੇਲ ਬੇਪਰਵਾਹੀ, ਪਰਵਾਹ ਕੋਈ ਨਾ ਹੋਰ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦਾ ਲੇਖਾ ਹੱਥੋ ਹੱਥ ਚੁਕਾਇੰਦਾ । ਚਾਰ ਜੁਗ ਮੈਂ ਕਰਦੀ ਰਹੀ ਸ਼ੁਕਰ, ਸ਼ਾਹੀ ਆਪਣਾ ਹਾਲ ਸੁਣਾਈਆ । ਕਲਜੁਗ ਅੰਤਮ ਕਿਵੇਂ ਜਾਵਾਂ ਮੁੱਕਰ, ਮੁੱਕਾ ਹਰਿ ਜੂ ਰਿਹਾ ਵਖਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਲਿਖ ਲਿਖ ਪੰਡਤ ਪਾਂਧੇ ਮੁਲਾ ਸ਼ੇਖ਼ ਮੁਸਾਇਕ ਗਰੰਥੀਆਂ ਪੰਥੀਆਂ ਖਵੌਂਦੀ ਰਹੀ ਟੁੱਕਰ, ਘਰ ਘਰ ਝੋਲੀ ਡਾਹੀਆ । ਅੰਤਮ ਬਿਨ ਸਾਹਿਬ ਸਤਿਗੁਰ ਚਾਰੋਂ ਕੁੰਟ ਹੋਈ ਛੁੱਟੜ, ਮੇਰੀ ਸੁਧ ਕੋਇ ਨਾ ਪਾਈਆ । ਚਾਰੋਂ ਕੁੰਟ ਜੀਵ ਜੰਤ ਮੇਰੀ ਸੀਸ ਮੀਂਢੀ ਪੁੱਟਣ, ਜ਼ੋਰ ਲਾਵਣ ਵਾਹੋ ਦਾਹੀਆ । ਮੇਰੇ ਲਿਖੇ ਲੇਖ ਵੇਦ ਪੁਰਾਨ ਅੰਜੀਲ ਕੁਰਾਨ ਸ਼ਾਸਤਰ ਸਿਮਰਤ ਖਾਣੀ ਬਾਣੀ ਉਤੇ ਥੁੱਕਣ, ਜੋ ਕਲਜੁਗ ਜੀਵ ਪੈਰਾਂ ਹੇਠ ਰਹੇ ਰੁਲਾਈਆ । ਪਾਰਬ੍ਰਹਮ ਅਬਿਨਾਸ਼ੀ ਕਰਤਾ ਅੰਤਮ ਸਭ ਨੂੰ ਆਇਆ ਕੁੱਟਣ, ਨਾਮ ਖੰਡਾ ਹੱਥ ਉਠਾਈਆ । ਬੌਹੜੀ ਬੌਹੜੀ ਜੜ੍ਹ ਆਇਆ ਪੁੱਟਣ, ਦਰੋਹੀ ਦਰੋਹੀ ਨਾ ਸਕੇ ਕੋਇ ਬਚਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਚਰਨ ਦੁਆਰੇ ਬਹਿ ਬਹਿ ਲੁਕਣ, ਅੱਗੇ ਹੋ ਮੇਰੀ ਫ਼ਰਯਾਦ ਨਾ ਕੋਇ ਸੁਣਾਈਆ । ਚਾਰ ਜੁਗ ਦੇ ਬੂਟੇ ਸੁੱਕਣ, ਸੁਕੇ ਹਰੇ ਨਾ ਕੋਇ ਕਰਾਈਆ । ਮੇਰੀ ਖ਼ਾਲੀ ਹੁੰਦੀ ਦਿਸੇ ਕੁੱਖਣ, ਮੇਰੀ ਗੋਦੀ ਭਾਗ ਨਾ ਕੋਇ ਲਗਾਈਆ । ਮੇਰਾ ਪੈਂਡਾ ਆਇਆ ਅੰਤਮ ਮੁੱਕਣ, ਬਣਿਆ ਪਾਂਧੀ ਰਾਹੀਆ । ਮੇਰੀ ਕੀਤੀ ਕਰਤਾ ਪੁਰਖ ਆਪਣੀ ਗੋਦੀ ਆਇਆ ਚੁੱਕਣ, ਖ਼ਾਲੀ ਸਭ ਦੇ ਹੱਥ ਕਰਾਈਆ । ਦੋ ਜਹਾਨਾਂ ਸਭ ਦੇ ਕੋਲੋਂ ਆਇਆ ਪੁੱਛਣ, ਪੁਛ ਗਿਛ ਕਰੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਨਰ, ਆਦਿ ਦਿਤਾ ਜਿਸ ਨੇ ਵਰ, ਅੰਤਮ ਆਪਣੇ ਵਿਚ ਛੁਪਾਈਆ ।


੧੧੯
੧੩

## ❃ ੧੨ ਮੱਘਰ ੨੦੧੯ ਬਿਰਕਮੀ ਪਿਰਤਾ ਸਿੰਘ ਦੇ ਘਰ ਕਲਾਨੌਰ ਜ਼ਿਲਾ ਗੁਰਦਾਸਪੁਰ ❃

ਗੁਰਮੁਖ ਨਾਤਾ ਹਰਿ ਹਰਿ ਚਰਨ, ਚਰਨ ਮਿਲੇ ਵਡਿਆਈਆ । ਸਤਿਗੁਰ ਪੂਰਾ ਭੈ ਚੁਕਾਏ ਮਰਨ ਡਰਨ, ਜਨਮ ਮਰਨ ਫੰਦ ਕਟਾਈਆ । ਦਰਗਾਹ ਸਾਚੀ ਦੇਵੇ ਸਾਚੀ ਸਰਨ, ਸ਼ਾਹ ਪਾਤਸ਼ਾਹ ਦਇਆ ਕਮਾਈਆ । ਕਾਦਰ ਕਰਤਾ ਕਰਨੀ ਕਰਨ, ਕਰਮ ਕਾਂਡ ਦਏ ਮਿਟਾਈਆ । ਨਾਤਾ ਤੋੜ ਵਰਨ ਬਰਨ, ਆਤਮ ਪਰਮਾਤਮ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਲੇਖਾ ਥਾਉਂ ਥਾਈਂਆ । ਗੁਰ ਗੁਰ ਮੇਲਾ ਗੁਰਸਿਖ ਮੀਤ, ਅਲਖ ਅਲਖਨਾ ਖੇਲ ਕਰਾਇੰਦਾ । ਆਦਿ ਜੁਗਾਦੀ ਇਕ ਅਤੀਤ, ਤ੍ਰੈਭਵਨ ਧਨੀ ਖੇਲ ਖਿਲਾਇੰਦਾ । ਲੱਖ ਚੁਰਾਸੀ ਪਰਖਣਹਾਰਾ ਨੀਤ, ਘਟ ਘਟ ਆਪਣਾ ਡੇਰਾ ਲਾਇੰਦਾ । ਭੇਵ ਚੁਕਾਏ ਹਸਤ ਕੀਟ, ਰਾਓ ਰੰਕਾਂ ਖੇਲ ਕਰਾਇੰਦਾ । ਜਿਸ ਜਨ ਸੁਣਾਏ ਆਪਣਾ ਗੀਤ, ਮੰਦਰ ਮਸੀਤ ਡੇਰਾ ਢਾਇੰਦਾ । ਸਦਾ ਸੁਹੇਲਾ ਵਸੇ ਚੀਤ, ਚਿਤ ਵਿਤ ਠਗੌਰੀ ਕੋਈ ਨਾ ਪਾਇੰਦਾ । ਹਰਿ ਚਰਨ ਸੱਚੀ ਪ੍ਰੀਤ, ਪ੍ਰੀਤੀਵਾਨ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇੰਦਾ । ਹਰਿਜਨ ਸਾਚੇ ਸਾਚਾ ਸੱਜਣ, ਸੋ ਪੁਰਖ ਨਿਰੰਜਣ ਇਕ ਅਖਵਾਈਆ । ਚਰਨ ਧੂੜ ਕਰਾਏ ਮਜਨ, ਦੁਰਮਤ ਮੈਲ ਧੁਆਈਆ । ਗੜ੍ਹ ਹੰਕਾਰੀ ਭਾਂਡੇ ਭੱਜਣ, ਭਾਂਡਾ ਭਰਮ ਭੌ ਭੰਨਾਈਆ । ਗ੍ਰਿਹਿ ਮੰਦਰ ਅੰਦਰ ਨਿਰਮਲ ਦੀਪਕ ਦੀਪ ਜਗਨ, ਜਾਗਰਤ ਜੋਤ ਕਰੇ ਰੁਸ਼ਨਾਈਆ । ਤ੍ਰੈਗੁਣ ਮਾਇਆ ਬੁਝੇ ਅਗਨ, ਅਗਨੀ ਤੱਤ ਨਾ ਕੋਇ ਜਲਾਈਆ । ਅੱਠੇ ਪਹਿਰ ਰੱਖੇ ਮਗਨ, ਅੰਮ੍ਰਿਤ ਰਸ ਇਕ ਚਖਾਈਆ । ਆਤਮ ਪਰਮਾਤਮ ਪਰਮਾਤਮ ਆਤਮ ਲੱਗੀ ਰਹੇ ਲਗਨ, ਨਾ ਕੋਈ ਤੋੜੇ ਤੋੜ ਤੁੜਾਈਆ । ਨਾਮ ਖ਼ੁਮਾਰੀ ਮਸਤਕ ਟਿੱਕਾ ਲਾਏ ਚੰਦਨ, ਚੰਦ ਚਾਂਦਨੀ ਮੁਖ ਸ਼ਰਮਾਈਆ । ਦੀਨ ਦਿਆਲ ਠਾਕਰ ਸੁਆਮੀ ਸਾਹਿਬ ਸਦਾ ਬਖ਼ਸ਼ੰਦਨ, ਬਖ਼ਸ਼ਿਸ਼ ਆਪਣੇ ਹੱਥ ਰਖਾਈਆ । ਦੋਏ ਜੋੜ ਜੋੜ ਕਰੇ ਜਨ ਬੰਦਨ, ਦਰ ਦੁਆਰੇ ਦਏ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲੇਖਾ ਲੇਖੇ ਪਾਈਆ । ਹਰਿਜਨ ਲੇਖਾ ਜਾਣੇ ਆਪ, ਹਰਿ ਸਾਹਿਬ ਸੱਚਾ ਦਿਆਲਾ । ਮੇਟਣਹਾਰਾ ਤੀਨੋਂ ਤਾਪ, ਨਿਰਗੁਣ ਸਰਗੁਣ ਕਰੇ ਪ੍ਰਿਤਪਾਲਾ । ਏਥੇ ਓਥੇ ਬਣੇ ਬਾਪ, ਗੁਰਮੁਖ ਬਾਲ ਉਠਾਏ ਆਪਣੇ ਬਾਲਾ । ਆਤਮ ਪਰਮਾਤਮ ਦੇਵੇ ਜਾਪ, ਸੋਹੰ ਨਾਮ ਸੁਖਾਲਾ । ਚੌਦਾਂ ਲੋਕ ਪਾਰ ਕਰਾਏ ਹਾਟ, ਇਕ ਵਖਾਏ ਸੱਚਖੰਡ ਸਚੀ ਧਰਮਸਾਲਾ । ਆਵਣ ਜਾਵਣ ਮਾਤ ਗਰਭ ਲੇਖਾ ਚੁਕੇ ਆਨ ਬਾਟ, ਤੋੜਨਹਾਰਾ ਜਗਤ ਜੰਜਾਲਾ । ਆਤਮ ਸੇਜ ਸੁਹਾਏ ਖਾਟ, ਜੋਤ ਨਿਰੰਜਣ ਦੀਪਕ ਏਕਾ ਬਾਲਾ । ਜਨਮ ਜਨਮ ਦੀ ਪਿਛਲੀ ਮੁੱਕੀ ਵਾਟ, ਅੱਗੇ ਦਿਸੇ ਪੰਧ ਨਿਰਾਲਾ । ਪੂਰਾ ਸਤਿਗੁਰ ਵਸੇ ਸਦਾ ਸਾਥ, ਦੋ ਜਹਾਨਾਂ ਬਣ ਰਖਵਾਲਾ । ਸਗਲ ਵਸੂਰੇ ਜਾਣ ਲਾਥ, ਨੇਤਰ ਨੈਣ ਹੋਏ ਖ਼ੁਸ਼ਹਾਲਾ । ਆਪ ਕਰਾਏ ਪਾਰ ਘਾਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਵਖਾਏ ਏਕਾ ਘਰ, ਜਿਸ ਗ੍ਰਿਹਿ ਵਸੇ ਦੀਨ ਦਿਆਲਾ । ਦੀਨ ਦਿਆਲ ਸਾਹਿਬ ਸੁਲਤਾਨ, ਸਤਿ ਸਤਿਵਾਦੀ ਦਇਆ ਕਮਾਈਆ । ਸੋ ਪੁਰਖ ਨਿਰੰਜਣ ਖੇਲੇ ਖੇਲ ਮਹਾਨ, ਨਿਰਗੁਣ ਸਰਗੁਣ ਵੇਸ ਵਟਾਈਆ । ਭਗਤ ਭਗਵੰਤ ਦੇਵੇ ਦਾਨ, ਨਾਮ ਅਮੋਲਕ ਝੋਲੀ ਪਾਈਆ । ਕੂੜੀ ਕਿਰਿਆ ਕੂੜੇ ਅਭਿਮਾਨ, ਨਿਵਣ-ਸੁ-ਅੱਖਰ ਇਕ ਸਮਝਾਈਆ । ਘਰ ਮੇਲਾ ਗੋਪੀ ਕਾਹਨ, ਗ੍ਰਿਹਿ ਬੰਸਰੀ ਨਾਮ ਵਜਾਈਆ । ਆਤਮ ਪਰਮਾਤਮ ਦੇਵੇ ਗਿਆਨ, ਚੌਦਾਂ

ਵਿਦਿਆ ਮੁਖ ਸ਼ਰਮਾਈਆ । ਜਿਸ ਜਨ ਕਿਰਪਾ ਕਰੇ ਆਪ ਭਗਵਾਨ, ਤਿਸ ਜਨ ਜਮ ਨੇੜ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸੱਜਣ ਸਾਚਾ ਮੀਤਾ, ਕਾਇਆ ਮੰਦਰ ਵਿਖਾਏ ਠਾਂਡਾ ਸੀਤਾ, ਏਕਾ ਅੰਤਰ ਆਤਮ ਆਪਣਾ ਨਾਮ ਜਪਾਈਆ । ਅੰਤਰ ਆਤਮ ਇਕੋ ਰੰਗ, ਰੰਗ ਰੰਗੀਲਾ ਆਪ ਵਖਾਇੰਦਾ । ਦੂਈ ਦਵੈਤੀ ਢਾਹ ਕੰਧ, ਕੂੜੀ ਕਿਰਿਆ ਮੇਟ ਮਿਟਾਇੰਦਾ । ਗੀਤ ਸੁਹਾਗੀ ਸਾਚਾ ਛੰਦ, ਬ੍ਰਹਮ ਪਾਰਬ੍ਰਹਮ ਸਮਝਾਇੰਦਾ । ਨਿਜ਼ ਘਰ ਨਿਜ਼ ਆਤਮ ਨਿਜ਼ ਰਸ ਇਕੋ ਅੰਮ੍ਰਿਤ ਧਾਰਾ ਗੰਗ, ਸੁਰਸਤੀ ਜਮਨਾ ਗੋਦਾਵਰੀ ਚਰਨਾਂ ਹੇਠ ਵਹਾਇੰਦਾ । ਗੀਤ ਸੁਹਾਗੀ ਸੋਹਲਾ ਛੰਦ, ਛਹਿਬਰ ਆਪਣੇ ਨਾਮ ਲਗਾਇੰਦਾ । ਪੰਚ ਵਿਕਾਰਾ ਖੰਡ ਖੰਡ, ਖੰਡਾ ਖੜਗ ਇਕ ਚਮਕਾਇੰਦਾ । ਸੁਰਤ ਸਵਾਣੀ ਨਾ ਹੋਵੇ ਰੰਡ, ਗੁਰ ਸ਼ਬਦੀ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਨਾਤਾ ਪੁਰਖ ਬਿਧਾਤਾ ਜੁਗਾ ਜੁਗੰਤਰ ਪਹਿਨ ਬਸਤਰ ਅੰਤਰ ਆਤਮ ਮੰਤਰ ਆਪ ਜਪਾਇੰਦਾ । ਆਤਮ ਪਰਮਾਤਮ ਇਕੋ ਜਾਪ, ਜਗ ਜੀਵਣ ਦਾਤਾ ਆਪ ਜਣਾਈਆ । ਜਨਮ ਜਨਮ ਦਾ ਉਤਰੇ ਪਾਪ, ਪਤਤ ਪੁਨੀਤ ਦਏ ਕਰਾਈਆ । ਕੂੜੀ ਕਿਰਿਆ ਬਸਤਰ ਜਾਏ ਪਾਟ, ਸ਼ਬਦ ਦੁਸ਼ਾਲਾ ਤਨ ਛੁਹਾਈਆ । ਮੇਟੇ ਆਪ ਅੰਧੇਰੀ ਰਾਤ, ਨਿਰਗੁਣ ਚੰਦ ਕਰੇ ਰੁਸ਼ਨਾਈਆ । ਸੋਹੰ ਢੋਲਾ ਇਕੋ ਗਾਥ, ਗੁਰਮੁਖ ਗਾ ਗਾ ਖ਼ੁਸ਼ੀ ਮਨਾਈਆ । ਦਰਸ ਦੇਵੇ ਪ੍ਰਭ ਆਪਣਾ ਆਪ, ਘਰ ਮੰਦਰ ਫੇਰਾ ਪਾਈਆ । ਏਥੇ ਓਥੇ ਸੱਜਣ ਸਾਕ, ਦੋ ਜਹਾਨਾਂ ਸੰਗ ਨਿਭਾਈਆ । ਫੜ ਫੜ ਬਾਹੋਂ ਪਾਰ ਕਿਨਾਰੇ ਲਾਏ ਘਾਟ, ਘਾਟਾ ਕੋਈ ਰਹਿਣ ਨਾ ਪਾਈਆ । ਮੇਲ ਮਿਲਾਵਾ ਕਮਲਾਪਾਤ, ਕਵਲ ਨੈਣ ਹਰਿਜਨ ਮੇਲਾ ਏਕਾ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਦੇਵੇ ਇਕੋ ਦਾਤ, ਧੁਰਦਰਗਾਹੀ ਆਪ ਵਰਤਾਈਆ ।


੧੨੧
੧੩

### ❇ ੧੨ ਮੱਘਰ ੨੦੧੯ ਬਿਕਰਮੀ ਜਗੀਰ ਸਿੰਘ ਦੇ ਘਰ ਪਿੰਡ ਭੋਲੇ ਕੇ ਜ਼ਿਲਾ ਗੁਰਦਾਸਪੁਰ ❇

ਸਤਿਜੁਗ ਪ੍ਰਭ ਸਾਚੀ ਦਾਦ, ਸਤਿ ਸਤਿਵਾਦੀ ਝੋਲੀ ਪਾਇੰਦਾ । ਆਤਮ ਪਰਮਾਤਮ ਵੱਜੇ ਇਕੋ ਨਾਦ, ਦੂਜਾ ਰਾਗ ਨਾ ਕੋਈ ਅਲਾਇੰਦਾ । ਬ੍ਰਹਮ ਪਾਰਬ੍ਰਹਮ ਪ੍ਰਭ ਹੋਏ ਬਿਸਮਾਦ, ਬਿਸਮਿਲ ਆਪਣੀ ਖੇਲ ਕਰਾਇੰਦਾ । ਨਾਮ ਨਿਧਾਨਾ ਬੋਧ ਅਗਾਧ, ਅੱਖਰ ਅੱਖਰ ਨਾਲ ਮਿਲਾਇੰਦਾ । ਲੇਖਾ ਜਾਣੇ ਸੰਤ ਸਾਧ, ਸੱਜਣ ਹਰਿ ਜੂ ਵੇਖ ਵਖਾਇੰਦਾ । ਪੰਜ ਤੱਤ ਕੂੜੀ ਕਿਰਿਆ ਕਾਢ, ਸਚ ਸੁੱਚ ਇਕ ਵਰਤਾਇੰਦਾ । ਮੇਟ ਮਿਟਾਏ ਵਾਦ ਵਿਵਾਦ, ਵਿਖ ਅੰਮ੍ਰਿਤ ਰੂਪ ਆਪ ਵਖਾਇੰਦਾ । ਲੇਖਾ ਜਾਣੇ ਤਨ ਮਾਟੀ ਕਾਇਆ ਹਾਡ, ਮਨ ਮਤ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਵਸਤ ਆਪ ਵਰਤਾਇੰਦਾ । ਸਤਿਜੁਗ ਸਾਚੇ ਤੇਰਾ ਮੀਤ, ਮਿੱਤਰ ਪਿਆਰਾ ਇਕ ਅਖਵਾਈਆ । ਪੁਰਖ ਅਬਿਨਾਸ਼ੀ ਤ੍ਰੈਗੁਣ ਅਤੀਤ, ਤ੍ਰੈਭਵਨ ਧਨੀ ਤੇਰਾ ਸੰਗ ਨਿਭਾਈਆ । ਨੌਂ ਖੰਡ ਪ੍ਰਿਥਮੀ ਨਾਤਾ ਤੁਟੇ ਮੰਦਰ ਮਸੀਤ, ਸਾਚਾ ਦਰ ਇਕ ਸੁਹਾਈਆ । ਸ਼ਬਦ ਅਨਾਦੀ ਗਾਏ ਗੀਤ, ਗੋਬਿੰਦ ਆਪਣਾ ਢੋਲਾ ਇਕ ਸੁਣਾਈਆ । ਜਨ ਭਗਤਾਂ ਵਸੇ ਸਦਾ ਚੀਤ, ਚੇਤਨ ਆਪਣਾ ਰੂਪ ਧਰਾਈਆ । ਲੇਖਾ ਜਾਣੇ ਹਸਤ ਕੀਟ, ਊਚ ਨੀਚ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ

ਵਸਤ ਇਕ ਵਰਤਾਈਆ । ਸਤਿਜੁਗ ਵਸਤ ਦੇਵੇ ਨਾਮ, ਸੋ ਪੁਰਖ ਨਿਰੰਜਣ ਦਇਆ ਕਮਾਇੰਦਾ । ਮੇਟ ਮਿਟਾਏ ਅੰਧੇਰੀ ਸ਼ਾਮ, ਸਤਿ ਸਤਿਵਾਦੀ ਚੰਦ ਚਮਕਾਇੰਦਾ । ਨੇਹਕਰਮੀ ਕਰੇ ਆਪਣਾ ਕਾਮ, ਕਰਮ ਕਾਂਡ ਮੇਟ ਮਿਟਾਇੰਦਾ । ਲੇਖਾ ਜਾਣੇ ਬ੍ਰਹਮ ਬ੍ਰਹਿਮੰਡ, ਲੱਖ ਚੁਰਾਸੀ ਖੋਜ ਖੁਜਾਇੰਦਾ । ਪਿਆਵਣਹਾਰਾ ਅੰਮ੍ਰਿਤ ਜਾਮ, ਨਿਝਰ ਝਿਰਨਾ ਆਪ ਝਿਰਾਇੰਦਾ । ਵਸਾਣਹਾਰਾ ਨਗਰ ਖੇੜਾ ਗਰਾਮ, ਦਸਮ ਦੁਆਰੀ ਕੁੰਡਾ ਲਾਹਿੰਦਾ । ਨਿਰਗੁਣ ਜੋਤੀ ਕਰ ਪਰਕਾਸ਼ ਕੋਟਨ ਭਾਨ, ਅੰਧ ਅੰਧੇਰ ਮਿਟਾਇੰਦਾ । ਸ੍ਰਿਸ਼ਟ ਸਬਾਈ ਦੇਵੇ ਇਕ ਗਿਆਨ, ਏਕਾ ਦੂਆ ਮੁਖ ਭਵਾਇੰਦਾ । ਚਰਨ ਧੂੜੀ ਇਕ ਅਸ਼ਨਾਨ, ਅਠਸਠ ਤੀਰਥ ਇਕ ਵਖਾਇੰਦਾ । ਕਾਗ਼ਜ਼ ਕਲਮ ਸ਼ਾਹੀ ਹੋਏ ਹੈਰਾਨ, ਹਰਿ ਕਾ ਭੇਵ ਕੋਈ ਨਾ ਪਾਇੰਦਾ । ਪਰਗਟ ਹੋਵੇ ਜੋਧਾ ਸੂਰਬੀਰ ਬਲਵਾਨ, ਬਲ ਆਪਣਾ ਆਪ ਧਰਾਇੰਦਾ । ਜੀਵ ਜੰਤ ਸਾਧ ਸੰਤ ਇਕ ਰਖਾਣੇ ਆਣ, ਹੁਕਮੀ ਹੁਕਮ ਆਪ ਮਨਾਇੰਦਾ । ਸੋਹੰ ਢੋਲਾ ਸਾਰੇ ਗਾਣ, ਵਿਸ਼ਨ ਬ੍ਰਹਮਾ ਸ਼ਿਵ ਸੀਸ ਝੁਕਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਪਾਰਬ੍ਰਹਮ ਅਬਿਨਾਸ਼ੀ ਕਰਤੇ ਚਰਨ ਕਵਲ ਸੀਸ ਝੁਕਾਨ, ਝੁਕ ਝੁਕ ਆਪਣਾ ਸੀਸ ਨਿਵਾਈਆ । ਕਰੇ ਖੇਲ ਸ੍ਰੀ ਭਗਵਾਨ, ਦੂਜਾ ਨਜ਼ਰ ਕੋਇ ਨਾ ਆਈਆ । ਬ੍ਰਹਿਮੰਡ ਖੰਡ ਪੁਰੀਆਂ ਲੋਆਂ ਵੇਖੇ ਮਾਰ ਧਿਆਨ, ਅੰਡਜ ਜੇਰਜ ਉਤਭੁਜ ਸੇਤਜ ਖੋਜ ਖੁਜਾਈਆ । ਸਤਿਜੁਗ ਸਾਚੇ ਸਾਚਾ ਦੇਵੇ ਦਾਨ, ਦਾਤਾ ਦਾਨੀ ਆਪ ਵਰਤਾਈਆ । ਲੇਖਾ ਦਰ ਤੇ ਆ ਕੇ ਮੰਗੇ ਕੋਲੋਂ ਕਾਹਨ, ਮੁਕੰਦ ਮਨੋਹਰ ਲਖਮੀ ਨਰਾਇਣ ਨੈਣ ਆਪਣਾ ਆਪ ਖੁਲ੍ਹਾਈਆ । ਪਰਵਰਦਿਗਾਰ ਨੂਰ ਇਲਾਹੀ ਸਚ ਪੈਗ਼ੰਬਰ ਦੇਵੇ ਇਕ ਪੈਗ਼ਾਮ, ਪੀਰਨ ਪੀਰ ਆਪ ਪੜ੍ਹਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਮੰਤਰ ਜਣਾਏ ਏਕਾ ਨਾਮ, ਨਮੋ ਸਤਿ ਸਤਿ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਤੇਰਾ ਖੁਲ੍ਹਾਏ ਸਾਚਾ ਦਰ, ਦਰ ਦਰਵਾਜਾ ਆਪ ਖੁਲ੍ਹਾਈਆ । ਸਤਿਜੁਗ ਤੇਰਾ ਖੋਲ੍ਹ ਦਰ, ਹਰਿ ਦਰਦੀ ਦਰਦ ਵੰਡਾਇੰਦਾ । ਚਾਰ ਵਰਨਾਂ ਦੇਵੇ ਇਕੋ ਵਰ, ਦੂਜਾ ਇਸ਼ਟ ਨਾ ਕੋਈ ਵਖਾਇੰਦਾ । ਭਗਤ ਭਗਵੰਤ ਆਪੇ ਫੜ, ਸਾਚੇ ਮਾਰਗ ਏਕਾ ਲਾਇੰਦਾ । ਡੂੰਘੀ ਕੰਦਰ ਆਪੇ ਵੜ, ਉਚੇ ਟਿੱਲੇ ਪਰਬਤ ਫੋਲ ਫੁਲਾਇੰਦਾ । ਅੱਖਰ ਅੱਖਰ ਆਪੇ ਪੜ੍ਹ, ਸਾਚਾ ਢੋਲਾ ਆਪ ਸੁਣਾਇੰਦਾ । ਅਗਨੀ ਹਵਨ ਨਾ ਜਾਏ ਸੜ, ਮੜ੍ਹੀ ਗੋਰ ਨਾ ਕੋਈ ਦਬਾਇੰਦਾ । ਨਿਰਗੁਣ ਸਰਗੁਣ ਫੜਾਏ ਲੜ, ਸ਼ਬਦੀ ਡੋਰੀ ਬੰਧਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚੇ ਸਾਚੀ ਦਾਤ, ਚਰਨ ਕਵਲ ਬੰਧਾਏ ਨਾਤ, ਨਾਤਾ ਬਿਧਾਤਾ ਇਕ ਵਖਾਇੰਦਾ । ਸਾਚਾ ਬੰਨ੍ਹੇ ਹਰਿ ਜੂ ਨਾਤਾ, ਸਤਿਜੁਗ ਸਾਚੀ ਵੰਡ ਵੰਡਾਈਆ । ਸ੍ਰਿਸ਼ਟ ਸਬਾਈ ਇਕੋ ਗਾਥਾ, ਰਸਨਾ ਜਿਹਵਾ ਆਪ ਸਮਝਾਈਆ । ਇਕੋ ਤੀਰਥ ਇਕੋ ਤਾਟਾ, ਸਰ ਸਰੋਵਰ ਇਕੋ ਇਕ ਨੁਹਾਈਆ । ਇਕ ਅੰਮ੍ਰਿਤ ਇਕੋ ਬਾਟਾ, ਆਬੇ ਹਯਾਤ ਇਕ ਵਖਾਈਆ । ਇਕੋ ਮਸਤਕ ਇਕੋ ਮਾਥਾ, ਲਿਖਣਹਾਰ ਇਕ ਹੋ ਜਾਈਆ । ਇਕੋ ਸੱਜਣ ਇਕੋ ਸਾਕਾ, ਸਗਲਾ ਸੰਗ ਇਕ ਨਿਭਾਈਆ । ਇਕੋ ਪਰਵਰਦਿਗਾਰ ਪਾਕੀ ਪਾਕਾ, ਪਤਤ ਪੁਨੀਤ ਦਏ ਕਰਾਈਆ । ਪੀਰ ਪੈਗ਼ੰਬਰਾਂ ਗੁਰ ਅਵਤਾਰਾਂ ਦੇਵਣਹਾਰਾ ਦਾਤਾਂ, ਸਚਖੰਡ ਨਿਵਾਸੀ ਸੱਚਾ ਮਾਹੀਆ । ਕਲਜੁਗ ਅੰਤਮ ਮੇਟ ਅੰਧੇਰੀ ਰਾਤਾ, ਰੁੱਤ ਰੁਤੜੀ ਦਏ ਮਹਿਕਾਈਆ । ਮਨਮਤ ਮਿਟੇ ਨਾਰ ਕਮਜ਼ਾਤਾ, ਕੁਲੱਖਣੀ ਲੋਕਮਾਤ ਰਹਿਣ ਨਾ ਪਾਈਆ । ਸਤਿਜੁਗ ਸਾਚੇ ਜਨ ਭਗਤਾਂ ਪੁਛੇ ਆਪ ਵਾਤਾਂ, ਵਡ ਦਾਤਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਸਾਚੇ


੧੨੨
੧੩

੧੨੩
੧੩

ਲਏ ਉਠਾਈਆ । ਉਠ ਜਾਗ ਛੋਟੇ ਬਾਲੇ, ਸੋ ਪੁਰਖ ਨਿਰੰਜਣ ਆਪ ਜਗਾਇੰਦਾ । ਲੱਖ ਚੁਰਾਸੀ ਤੇਰੇ ਹਵਾਲੇ, ਧਰਮ ਤੇਰਾ ਇਕ ਮਨਾਇੰਦਾ । ਲੇਖਾ ਜਾਣ ਕਾਲ ਮਹਾਂਕਾਲੇ, ਮਹਾਂਬਲੀ ਆਪਣਾ ਹੁਕਮ ਵਰਤਾਇੰਦਾ । ਸੰਗ ਰਖਾਏ ਦੀਨ ਦਿਆਲੇ, ਦੀਨਨ ਆਪਣੀ ਗੋਦ ਬਹਾਇੰਦਾ । ਕੋਈ ਨਾ ਦਿਸੇ ਸ਼ਾਹ ਕੰਗਾਲੇ, ਇਕੋ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਮੀਤਾ ਠਾਂਡਾ ਸੀਤਾ, ਸਤਿ ਦੁਆਰਾ ਇਕ ਜਣਾਇੰਦਾ । ਸਤਿ ਦੁਆਰ ਏਕੰਕਾਰ, ਅਕਲ ਕਲ ਆਪ ਵਖਾਈਆ । ਸੁਤ ਦੁਲਾਰੇ ਹੋ ਤਿਆਰ, ਤ੍ਰੈਭਵਨ ਧਨੀ ਰਿਹਾ ਉਠਾਈਆ । ਕਲਜੁਗ ਅੰਤਮ ਆਈ ਹਾਰ, ਚਾਰੋਂ ਕੁੰਟ ਰਿਹਾ ਕੁਰਲਾਈਆ । ਸਤਿਜੁਗ ਸਾਚੇ ਤੇਰਾ ਸਤਿ ਕਰੇ ਵਿਹਾਰ, ਸਤਿ ਸਤਿਵਾਦੀ ਫੇਰਾ ਪਾਈਆ । ਸ਼ਬਦ ਅਨਾਦੀ ਇਕ ਜੈਕਾਰ, ਜੈ ਜੈਕਾਰ ਕਰੇ ਲੋਕਾਈਆ । ਵਿਸ਼ਨ ਬ੍ਰਹਮਾ ਸ਼ਿਵ ਗੁਰ ਅਵਤਾਰ ਪੀਰ ਪੈਗ਼ੰਬਰ ਕਰੇ ਖ਼ਬਰਦਾਰ, ਹੁਕਮੀ ਹੁਕਮ ਇਕ ਸਮਝਾਈਆ । ਸੋਹੰ ਢੋਲਾ ਗਾਓ ਅੰਤਮ ਅਪਾਰ, ਅਲਖ ਅਗੋਚਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚੇ ਦੇਵੇ ਮਾਣ ਵਡਿਆਈਆ । ਸਤਿਜੁਗ ਸਾਚਾ ਗਿਆ ਉਠ, ਨੇਤਰ ਨੈਣ ਖੁਲ੍ਹਾਇੰਦਾ । ਕਿਰਪਾ ਕਰ ਅਬਿਨਾਸ਼ੀ ਅਚੁਤ, ਇਕੋ ਤੇਰੀ ਓਟ ਤਕਾਇੰਦਾ । ਬਾਲੀ ਬਾਲਾ ਮੈਂ ਤੇਰਾ ਪੁੱਤ, ਭੇਵ ਕੋਇ ਨਾ ਆਇੰਦਾ । ਠਾਕਰ ਸੁਆਮੀ ਸਾਹਿਬ ਮੇਰੇ ਉਪਰ ਤੁਠ, ਦਰ ਤੇਰੇ ਮੰਗ ਮੰਗਾਇੰਦਾ । ਅੰਮ੍ਰਿਤ ਜਾਮ ਪਿਔਣਾ ਘੁੱਟ, ਰਸ ਇਕੋ ਇਕ ਚਖਾਇੰਦਾ । ਨਿਰਮਲ ਜੋਤ ਕਰ ਪਰਕਾਸ਼, ਅਗਿਆਨ ਅੰਧੇਰ ਮਿਟਾਇੰਦਾ । ਬਣ ਸੇਵਕ ਦਾਸੀ ਦਾਸ, ਸੇਵਾ ਸਾਚੀ ਸਚ ਕਮਾਇੰਦਾ । ਜਨ ਭਗਤਾਂ ਪੂਰੀ ਕਰਨੀ ਆਸ, ਘਰ ਘਰ ਫੇਰਾ ਪਾਇੰਦਾ । ਲੇਖਾ ਵੇਖਾਂ ਪ੍ਰਿਥਮੀ ਆਕਾਸ਼, ਗਗਨ ਮੰਡਲ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਇੰਦਾ । ਤੇਰੇ ਦਰ ਅਲਖ ਭਗਵਾਨ, ਭਗਤੀ ਆਪਣੀ ਝੋਲੀ ਪਾਈਆ । ਮੈਂ ਬਾਲੀ ਬੁੱਧ ਅਵਾਣ, ਮੇਰੀ ਚਲੇ ਨਾ ਕੋਈ ਚਤੁਰਾਈਆ । ਤੂੰ ਸਾਹਿਬ ਸੱਜਣ ਸੁਲਤਾਨ, ਹੱਥ ਤੇਰੇ ਵਡਿਆਈਆ । ਗ਼ਰੀਬ ਨਿਮਾਣਿਆਂ ਦੇਵੇਂ ਮਾਣ, ਰਾਜ ਰਾਜਾਨਾਂ ਖ਼ਾਕ ਮਿਲਾਈਆ । ਸਚ ਸੰਦੇਸਾ ਜੁਗ ਜੁਗ ਦੇਵੇਂ ਆਣ, ਗੁਰ ਅਵਤਾਰ ਪੀਰ ਪੈਗ਼ੰਬਰ ਸੇਵਾ ਲਾਈਆ । ਕਲਜੁਗ ਅੰਤਮ ਖੇਲ ਕਰੇਂ ਮਹਾਨ, ਮਹਿਮਾ ਅਕੱਥ ਕਥੀ ਨਾ ਜਾਈਆ । ਸਤਿਜੁਗ ਮਾਰਗ ਲਾਏਂ ਆਣ, ਲਹਿਣਾ ਦੇਣਾ ਸਭ ਦਾ ਰਿਹਾ ਚੁਕਾਈਆ । ਕਾਗ਼ਜ਼ ਕਲਮ ਸ਼ਾਹੀ ਹੋਣ ਹੈਰਾਨ, ਚਾਰ ਜੁਗ ਦਾ ਲੇਖਾ ਲਿਖਿਆ ਪ੍ਰਭ ਆਪਣੀ ਝੋਲੀ ਪਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਗੀਤਾ ਗਿਆਨ, ਖਾਣੀ ਬਾਣੀ ਨੇਤਰ ਨੈਣ ਸਰਬ ਕੁਰਲਾਈਆ । ਜੁਗ ਚੌਕੜੀ ਬਣੇ ਰਹੇ ਅਵਾਣ, ਹਰਿ ਕਾ ਭੇਵ ਕਹਿਣ ਕੋਇ ਨਾ ਪਾਈਆ । ਨਾਨਕ ਗੋਬਿੰਦ ਇਕੋ ਮੰਗ ਕੇ ਗਏ ਦਾਨ, ਪੁਰਖ ਅਕਾਲ ਆਵੇ ਵਾਹੋ ਦਾਹੀਆ । ਈਸਾ ਮੂਸਾ ਕਰਦੇ ਗਏ ਕਲਾਮ, ਕਲਮਾ ਨਬੀ ਰਸੂਲ ਪੜ੍ਹਾਈਆ । ਚੌਦਾਂ ਲੋਕ ਵੇਖਦੇ ਗਏ ਨਜ਼ਾਮ, ਚੌਦਾਂ ਤਬਕ ਫੇਰਾ ਪਾਈਆ । ਬਰਦੇ ਬਣ ਕੇ ਕਰਦੇ ਸਲਾਮ, ਅਲੈਕਮ ਤੇਰੇ ਚਰਨ ਸਰਨਾਈਆ । ਮੁਕਾਮੇ ਹੱਕ ਨੌਜਵਾਨ, ਲਾਸ਼ਰੀਕ ਖੇਲ ਕਰਾਈਆ । ਪਰਗਟ ਹੋ ਵਿਚ ਜਹਾਨ, ਭੇਵ ਅਭੇਦ ਰਿਹਾ ਖੁਲ੍ਹਾਈਆ । ਸਾਚਾ ਮੰਦਰ ਇਕ ਮਕਾਨ, ਬੇਮੁਕਾਮ ਆਸਣ ਲਾਈਆ । ਸ਼ਬਦ ਅਗੰਮੀ ਦੇਵੇ ਧੁਰ ਫ਼ਰਮਾਣ, ਸਚ ਸੰਦੇਸਾ ਇਕ ਸੁਣਾਈਆ । ਸਤਿਜੁਗ ਤੇਰਾ ਮੇਲਾ ਦੋ ਜਹਾਨ, ਭਗਵਨ ਭਗਤਾਂ ਨਾਲ ਕਰਾਈਆ । ਦੋਹਾਂ ਮਿਲ ਕੇ ਢੋਲਾ ਗੌਣਾ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,

ਦੋ ਜਹਾਨਾਂ ਇਕ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸਾ ਨਰ ਨਰੇਸ਼ਾ ਵਿਸ਼ਨ ਬ੍ਰਹਮਾ ਸ਼ਿਵ ਸ਼ਹਿਨਸ਼ਾਹ ਸਾਖਿਆਤ ਇਕੋ ਇਕ ਸਮਝਾਈਆ ।

## ❋ ੧੨ ਮੱਘਰ ੨੦੧੯ ਬਿਕਰਮੀ ਦਲੀਪ ਸਿੰਘ ਦੇ ਘਰ ਪਿੰਡ ਪਿਪਰਾਲੀ ਜ਼ਿਲਾ ਗੁਰਦਾਸਪੁਰ ❋

ਸੋ ਪੁਰਖ ਸਾਹਿਬ ਸਮਰਥ, ਹਰਿ ਵੱਡਾ ਵਡ ਵਡਿਆਈਆ । ਆਦਿ ਜੁਗਾਦਿ ਚਲਾਏ ਰਥ, ਨਿਰਗੁਣ ਸਰਗੁਣ ਸੇਵ ਕਮਾਈਆ । ਬੋਧ ਅਗਾਧ ਖੇਲ ਅਕੱਥ, ਨਾਉਂ ਨਿਰੰਕਾਰਾ ਕਰੇ ਪੜ੍ਹਾਈਆ । ਦੋ ਜਹਾਨਾਂ ਆਪੇ ਵਸ, ਬ੍ਰਹਿਮੰਡ ਖੰਡ ਬੈਠਾ ਡੇਰਾ ਲਾਈਆ । ਰਵ ਸਸ ਕਰ ਪਰਕਾਸ਼, ਮੰਡਲ ਮੰਡਪ ਆਪ ਸੁਹਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰੇ ਦਾਸੀ ਦਾਸ, ਸੇਵਕ ਸੇਵਾ ਇਕ ਜਣਾਈਆ । ਲੇਖਾ ਜਾਣ ਪ੍ਰਿਥਮੀ ਅਕਾਸ਼, ਗਗਨ ਗਗਨੰਤਰ ਰਿਹਾ ਸੁਹਾਈਆ । ਜੁਗ ਚੌਕੜੀ ਖੇਲ ਤਮਾਸ਼, ਕਰਨੀ ਕਰਤਾ ਆਪ ਕਮਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਲੱਖ ਚੁਰਾਸੀ ਅੰਦਰ ਪਾਵੇ ਰਾਸ, ਗੋਪੀ ਕਾਹਨ ਆਪ ਨਚਾਈਆ । ਰਸਨਾ ਜਿਹਵਾ ਲੇਖਾ ਜਾਣ ਪਵਣ ਸਵਾਸ, ਸਵਾਸ ਸਵਾਸਾਂ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਪੁਰਖ ਅਬਿਨਾਸ਼ਾ, ਦੂਜਾ ਨਜ਼ਰ ਕੋਈ ਨਾ ਆਇੰਦਾ । ਨਿਰਗੁਣ ਸਰਗੁਣ ਪੂਰੀ ਕਰੇ ਆਸਾ, ਜੁਗ ਜੁਗ ਵੇਸ ਵਟਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਦੇ ਦਿਲਾਸਾ, ਸਮਰਥ ਸਿਰ ਆਪਣਾ ਹੱਥ ਟਿਕਾਇੰਦਾ । ਆਤਮ ਪਰਮਾਤਮ ਖੋਲ੍ਹ ਖੁਲਾਸਾ, ਬ੍ਰਹਮ ਪਾਰਬ੍ਰਹਮ ਸਮਝਾਇੰਦਾ । ਅੰਤਰ ਅੰਤਰ ਏਕਾ ਸਾਥਾ, ਸਗਲਾ ਸੰਗ ਨਿਭਾਇੰਦਾ । ਭੇਵ ਚੁਕਾਏ ਪੂਜਾ ਪਾਠਾ, ਮੰਤਰ ਇਕੋ ਨਾਮ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਸਾਚਾ ਖੇਲ ਹਰਿ ਨਿਰੰਕਾਰਾ, ਆਦਿ ਜੁਗਾਦਿ ਆਪ ਕਰਾਈਆ । ਨਿਰਗੁਣ ਸਰਗੁਣ ਲੈ ਅਵਤਾਰਾ, ਲੋਕਮਾਤ ਵੇਖ ਵਖਾਈਆ । ਸ਼ਬਦ ਅਨਾਦੀ ਬੋਲ ਜੈਕਾਰਾ, ਕਲਮ ਸ਼ਾਹੀ ਦਏ ਵਡਿਆਈਆ । ਕਾਤਬ ਬਣ ਵਡ ਲਿਖਾਰਾ, ਸੇਵਾ ਸਚ ਦਏ ਜਣਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਦਏ ਅਧਾਰਾ, ਸੀਸ ਜਗਦੀਸ ਹੱਥ ਟਿਕਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖੇ ਵਾਰੋ ਵਾਰਾ, ਵੇਖਣਹਾਰਾ ਨਜ਼ਰ ਕਿਸੇ ਨਾ ਆਈਆ । ਪੀਰ ਪੈਗ਼ੰਬਰ ਦੇ ਹੁਲਾਰਾ, ਹਜ਼ਰਤ ਇਕੋ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਪੁਰਖ ਅਗੰਮ, ਅਲਖ ਅਗੋਚਰ ਖੇਲ ਕਰਾਇੰਦਾ । ਨਾ ਮਰੇ ਨਾ ਪਏ ਜੰਮ, ਰੂਪ ਰੇਖ ਨਾ ਕੋਈ ਰਖਾਇੰਦਾ । ਸੱਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਆਪੇ ਜਾਣੇ ਆਪਣਾ ਕੰਮ, ਕਰਤਾ ਕਰਨੀ ਆਪ ਕਮਾਇੰਦਾ । ਦੋ ਜਹਾਨਾਂ ਬੇੜਾ ਬੰਨ੍ਹ, ਹਰਿ ਜੂ ਆਪਣੇ ਕੰਧ ਉਠਾਇੰਦਾ । ਗੁਰ ਅਵਤਾਰ ਬਣਾਏ ਜਨ, ਪੀਰ ਪੈਗ਼ੰਬਰ ਸੰਗ ਰਲਾਇੰਦਾ । ਭਾਗ ਲਗਾਏ ਪੰਜ ਤੱਤ ਤਨ, ਕਾਇਆ ਚੋਲੀ ਸੋਭਾ ਪਾਇੰਦਾ । ਲੇਖਾ ਜਾਣੇ ਛੱਪਰ ਛੰਨ, ਮੰਡਲ ਮੰਡਪ ਆਪ ਵਡਿਆਇੰਦਾ । ਵਸਤ ਅਮੋਲਕ ਨਾਮ ਧਨ, ਧੰਨ ਖ਼ਜ਼ੀਨਾ ਇਕ ਰਖਾਇੰਦਾ । ਏਕਾ ਰਾਗ ਸੁਣਾਏ ਕੰਨ, ਲੇਖਾ ਲਿਖਣ ਵਿਚ ਨਾ ਆਇੰਦਾ । ਮਾਤ ਪਿਤ ਬਣ ਜਨਨੀ ਜਨ, ਦਾਈ ਦਾਇਆ ਸੇਵ ਕਮਾਇੰਦਾ । ਕਰੇ ਖੇਲ ਸ੍ਰੀ ਭਗਵਾਨ, ਜੁਗ ਜੁਗ ਆਪਣਾ

੧੨੫
੧੩

ਰਾਹ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਵ ਨੌਂ ਚਾਰ ਵੰਡ ਵੰਡਾਇੰਦਾ । ਜੁਗ ਚੌਕੜੀ ਨਵ ਨੌਂ ਚਾਰ ਹਿਤ, ਆਪਣੇ ਹੱਥ ਰੱਖੇ ਵਡਿਆਈਆ । ਸੱਚਖੰਡ ਦੁਆਰੇ ਬੈਠਾ ਲੁਕ, ਨਜ਼ਰ ਕਿਸੇ ਨਾ ਆਈਆ । ਦੋ ਜਹਾਨਾਂ ਮਾਰਗ ਦੱਸੇ ਸਚ ਸੁੱਚ, ਜੀਵਣ ਜੁਗਤ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੇੜਾ ਗੇੜੇ ਵਿਚ ਰਖਾਈਆ । ਜੁਗ ਚੌਕੜੀ ਗੇੜਾ ਗੇੜੇ, ਆਪਣਾ ਬੰਧਨ ਆਪੇ ਪਾਈਆ । ਵੇਖਣਹਾਰਾ ਨੌਂ ਖੰਡ ਖੇੜੇ, ਨੌਂ ਦਰ ਖੋਜ ਖੁਜਾਈਆ । ਭਗਤ ਭਗਵੰਤ ਬੰਨ੍ਹੇ ਬੇੜੇ, ਬੰਨ੍ਹ ਬੇੜਾ ਆਪਣੇ ਕੰਧ ਉਠਾਈਆ । ਧਰਤ ਮਾਤ ਦੇ ਖੁਲ੍ਹੇ ਕਰੇ ਵੇਹੜੇ, ਸਤਿਜੁਗ ਤ੍ਰੇਤਾ ਦੁਆਪਰ ਫੇਰਾ ਪਾਈਆ । ਕਲਜੁਗ ਅੰਤਮ ਕਰੇ ਹੱਕ ਨਬੇੜੇ, ਹੱਕ ਹਕੀਕਤ ਵੇਖੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੇਪਰਵਾਹ ਆਪਣੀ ਦਇਆ ਕਮਾਈਆ । ਹੱਕ ਹਕੀਕਤ ਲਏ ਪੇਖ, ਲਾਸ਼ਰੀਕ ਇਕ ਖ਼ੁਦਾਇਆ । ਚਾਰ ਜੁਗ ਦਾ ਖ਼ਾਲੀ ਪੇਟ, ਨਿਰਗੁਣ ਆਪਣਾ ਲਏ ਭਰਾਇਆ । ਜਨ ਭਗਤਾਂ ਕਰੇ ਸਾਚਾ ਹੇਤ, ਮਿੱਤਰ ਪਿਆਰਾ ਸੰਗ ਰਖਾਇਆ । ਮੁਰੀਦ ਮੁਰਸ਼ਦ ਨਜ਼ਰੀ ਆਏ ਨੇਤਨ ਨੇਤ, ਨਿਝ ਨੇਤਰ ਦਰਸ ਦਿਖਾਇਆ । ਜੋਤ ਸਰੂਪੀ ਸ਼ਾਹੋ ਭੂਪੀ ਪੁਰਖ ਅਗੰਮਾ ਖੇਡੇ ਖੇਡ, ਦੋ ਜਹਾਨਾਂ ਫੇਰਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਜੁਗ ਲੇਖਾ ਆਪ ਚੁਕਾਇਆ । ਜੁਗ ਜੁਗ ਲੇਖਾ ਚੁਕਾਏ ਕਰਤਾਰ, ਦੂਜਾ ਸੰਗ ਨਾ ਕੋਈ ਰਖਾਈਆ । ਲਹਿਣਾ ਦੇਣਾ ਦੇਵੇ ਗੁਰ ਅਵਤਾਰ, ਭਗਤ ਅਠਾਰਾਂ ਭੇਵ ਚੁਕਾਈਆ । ਈਸਾ ਮੂਸਾ ਖੋਲ੍ਹ ਕਵਾੜ, ਤਾਕੀ ਇਕੋ ਇਕ ਜਣਾਈਆ । ਕਾਲਾ ਸੂਸਾ ਤਨ ਸ਼ਿੰਗਾਰ, ਅਲਫ਼ੀ ਅਲਫ਼ ਰੰਗ ਦਰਸਾਈਆ । ਯੇ ਯੁਕਤੀ ਆਪਣੇ ਹੱਥ ਰੱਖੇ ਸਿਰਜਣਹਾਰ, ਪਰਦਾਨਸ਼ੀਨ ਪਰਦਾ ਸਕੇ ਨਾ ਕੋਈ ਉਠਾਈਆ । ਗੁਰੂ ਗੁਰ ਦੇਵੇ ਇਕੋ ਧਾਰ, ਧਰਨੀ ਧਰਤ ਧਵਲ ਵਡਿਆਈਆ । ਸਤਿ ਸਤਿਵਾਦੀ ਸਾਚੀ ਕਾਰ, ਸਤਿਗੁਰ ਸੱਚਾ ਆਪ ਕਮਾਈਆ । ਕਰੇ ਖੇਲ ਅਪਰ ਅਪਾਰ, ਅਪਰੰਪਰ ਆਪਣਾ ਫੇਰਾ ਪਾਈਆ । ਪੀਰ ਪੈਗ਼ੰਬਰ ਵਾਜਾਂ ਰਹੇ ਮਾਰ, ਉਚੇ ਹੁਜਰੇ ਕੂਕ ਕੂਕ ਸੁਣਾਈਆ । ਸਦੀ ਚੌਧਵੀਂ ਆਵੇ ਪਰਵਰਦਿਗਾਰ, ਬੇਪਰਵਾਹ ਫੇਰਾ ਪਾਈਆ । ਚੌਦਾਂ ਤਬਕਾਂ ਕਰੇ ਖ਼ਬਰਦਾਰ, ਚੰਦ ਤਾਰਾ ਲਏ ਉਠਾਈਆ । ਜਗਤ ਹਦੀਸਾ ਵੇਖ ਕੁਰਾਨ, ਸਚ ਨਿਸ਼ਾਨਾ ਇਕ ਦ੍ਰਿੜਾਈਆ । ਹੱਕ ਹਕੀਕੀ ਇਕ ਈਮਾਨ, ਅਮਾਮ ਇਕੋ ਨਜ਼ਰੀ ਆਈਆ । ਈਸਾ ਮੂਸਾ ਮੁਹੰਮਦ ਸੰਗ ਚਾਰ ਯਾਰ ਕਰੇ ਗ਼ੁਲਾਮ, ਗੁਰਬਤ ਸਭ ਦੀ ਮੇਟ ਮਿਟਾਈਆ । ਨਾਨਕ ਗੋਬਿੰਦ ਵੇਖੇ ਮਾਰ ਧਿਆਨ, ਸਚਖੰਡ ਵਾਸੀ ਸੱਚਾ ਮਾਹੀਆ । ਕਲਜੁਗ ਅੰਤਮ ਚਾਰੋਂ ਕੁੰਟ ਹੋਏ ਵੈਰਾਨ, ਖੇੜਾ ਨਜ਼ਰ ਕੋਈ ਨਾ ਆਈਆ । ਕੂੜੀ ਕਿਰਿਆ ਚੜ੍ਹਿਆ ਤੁਫ਼ਾਨ, ਜੀਵ ਜੰਤ ਦਏ ਰੁੜ੍ਹਾਈਆ । ਆਤਮ ਪਰਮਾਤਮ ਦੱਸੇ ਨਾ ਕੋਈ ਗਿਆਨ, ਗੁਰ ਸ਼ਬਦ ਢੋਲਾ ਕੋਈ ਨਾ ਗਾਈਆ । ਅੰਮ੍ਰਿਤ ਰਸ ਮਿਲੇ ਨਾ ਕੋਈ ਜ਼ਬਾਨ, ਆਤਮ ਰਸ ਨਾ ਕੋਈ ਚਖਾਈਆ । ਅਨਹਦ ਰਾਗ ਸੁਣੇ ਨਾ ਕੋਈ ਕਾਨ, ਗਾ ਗਾ ਥੱਕੀ ਸਰਬ ਲੋਕਾਈਆ । ਜੀਵ ਜੰਤ ਹੋਏ ਬੇਈਮਾਨ, ਬੇਵਾ ਹੋਈ ਸੁਰਤ ਸਵਾਣੀ ਸ਼ਬਦ ਕੰਤ ਨਾ ਕੋਈ ਹੰਢਾਈਆ । ਪੁਰਖ ਅਬਿਨਾਸ਼ੀ ਵੇਖਣਹਾਰਾ ਚਤੁਰ ਸੁਘੜ ਸੁਜਾਨ, ਬਿਨ ਨੈਣਾਂ ਵੇਖ ਵਖਾਈਆ । ਕਲਜੁਗ ਅੰਤਮ ਹੋ ਪਰਧਾਨ, ਜੋਤੀ ਜਾਮਾ ਵੇਸ ਵਟਾਈਆ । ਨਿਹਕਲੰਕ ਬਣ ਬਲਵਾਨ, ਬਲ ਆਪਣਾ ਆਪ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਬੈਠਾ

ਭੇਵ ਚੁਕਾਈਆ । ਸਚਖੰਡ ਬੈਠਾ ਏਕੰਕਾਰ, ਅਕਲ ਕਲਾ ਅਖਵਾਇੰਦਾ । ਕਲਜੁਗ ਕੂੜੀ ਕਿਰਿਆ ਕਰੇ ਖ਼ਵਾਰ, ਸਤਿਜੁਗ ਸਾਚਾ ਰਾਹ ਜਣਾਇੰਦਾ । ਭਗਤ ਭਗਵਾਨ ਦਏ ਅਧਾਰ, ਆਤਮ ਪਰਮਾਤਮ ਮੇਲ ਮਿਲਾਇੰਦਾ । ਸਾਚੀ ਸਖੀਆਂ ਮੰਗਲਾਚਾਰ, ਗੀਤ ਗੋਬਿੰਦ ਅਲਾਇੰਦਾ । ਕਾਗ਼ਜ਼ ਕਲਮ ਸ਼ਾਹੀ ਰੋਵੇ ਜ਼ਾਰੋ ਜ਼ਾਰ, ਨੇਤਰ ਨੀਰ ਸਰਬ ਵਹਾਇੰਦਾ । ਕਲਮਾ ਭੁਲਿਆ ਸਰਬ ਸੰਸਾਰ, ਨਾਮ ਸਤਿ ਮੰਤਰ ਨਜ਼ਰ ਕਿਸੇ ਨਾ ਆਇੰਦਾ । ਘਰ ਘਰ ਦਿਸੇ ਧੂਆਂਧਾਰ, ਜਗਤ ਅੰਧੇਰਾ ਇਕੋ ਛਾਇੰਦਾ । ਕੂੜੀ ਕਿਰਿਆ ਵਣਜ ਵਪਾਰ, ਸਾਚਾ ਹੱਟ ਨਾ ਕੋਈ ਚਲਾਇੰਦਾ । ਚਾਰੇ ਖਾਣੀ ਹੋਈ ਖ਼ਵਾਰ, ਚਾਰੇ ਬਾਣੀ ਬਾਣ ਨਾ ਕੋਈ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਆਪਣਾ ਫੇਰਾ ਪਾਇੰਦਾ । ਨਿਰਗੁਣ ਪਾਏ ਆਪਣਾ ਫੇਰਾ, ਵੇਦ ਵਿਆਸ ਧਿਆਨ ਲਗਾਈਆ । ਈਸਾ ਕਹੇ ਪਰਵਰਦਿਗਾਰ ਮੇਰਾ, ਬੇਪਰਵਾਹ ਨਜ਼ਰ ਨਾ ਆਈਆ । ਮੁਹੰਮਦ ਕਹੇ ਮੇਰਾ ਬੰਨ੍ਹੇ ਬੇੜਾ, ਆਮਾਮ ਅਮਾਮਾ ਆਪਣਾ ਰੰਗ ਵਖਾਈਆ । ਨਾਨਕ ਕਹੇ ਪੁਰਖ ਅਕਾਲ ਬਣ ਆਪਣਾ ਚੁਕਾਏ ਹੱਕ ਨਿਬੇੜਾ, ਤੂੰ ਮੇਰਾ ਮੈਂ ਤੇਰਾ ਤੇਰਾ ਮੇਰਾ ਇਕੋ ਘਰ ਵਸਾਈਆ । ਗੁਰ ਗੋਬਿੰਦ ਕਹੇ ਪੁਰਖ ਅਕਾਲ ਮੇਰਾ ਸੰਬਲ ਨਗਰ ਵਸਾਏ ਖੇੜਾ, ਕੀਤਾ ਕੌਲ ਪੂਰ ਕਰਾਈਆ । ਕਲਜੁਗ ਮੇਟੇ ਝੂਠਾ ਝੇੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਕਰੇ ਮਾਤ, ਕਰਤਾ ਪੁਰਖ ਦਇਆ ਕਮਾਇੰਦਾ । ਸਤਿਜੁਗ ਸਾਚੀ ਦੇਵੇ ਦਾਤ, ਦਾਤਾ ਦਾਨੀ ਦਇਆ ਕਮਾਇੰਦਾ । ਆਤਮ ਪਰਮਾਤਮ ਇਕੋ ਜ਼ਾਤ, ਵਰਨ ਗੋਤ ਨਾ ਕੋਇ ਰਖਾਇੰਦਾ । ਨੇੜ ਨਾ ਆਏ ਨਾਰ ਕਮਜ਼ਾਤ, ਮਨ ਵਾਸਨਾ ਦੂਰ ਕਰਾਇੰਦਾ । ਇਕੋ ਪਿਆਲਾ ਆਬੇ ਹਯਾਤ, ਅੰਮ੍ਰਿਤ ਰਸ ਮੁਖ ਚੁਆਇੰਦਾ । ਦੂਈ ਦਵੈਤੀ ਪਰਦਾ ਲਾਹੇ ਕਾਇਨਾਤ, ਕਾਇਆ ਕਾਅਬਾ ਇਕ ਵਖਾਇੰਦਾ । ਨਿਉਂ ਨਿਉਂ ਸਜਦਾ ਕਰੇ ਆਦਾਬ, ਸੀਸ ਜਗਦੀਸ਼ ਇਕ ਝੁਕਾਇੰਦਾ । ਨਜ਼ਰੀ ਆਏ ਹੱਕ ਜਨਾਬ, ਮੁਕਾਮੇ ਹੱਕ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਸਮਝਾਇੰਦਾ । ਸਾਚਾ ਖੇਲ ਸੱਚਾ ਸ਼ਹਿਨਸ਼ਾਹ, ਹਰਿ ਸਤਿਗੁਰ ਆਪ ਜਣਾਈਆ । ਸਚਖੰਡ ਵਸੇ ਬੇਪਰਵਾਹ, ਤਖ਼ਤ ਨਿਵਾਸੀ ਡੇਰਾ ਲਾਈਆ । ਥਿਰ ਘਰ ਸੁਤ ਦੁਲਾਰਾ ਰਿਹਾ ਬਹਾ, ਪੂਤ ਸਪੂਤਾ ਗੋਦ ਉਠਾਈਆ । ਵਿਸ਼ਨ ਬ੍ਰਹਮਾ ਸ਼ਿਵ ਸੇਵ ਰਿਹਾ ਕਮਾ, ਸੇਵਾ ਇਕੋ ਇਕ ਜਣਾਈਆ । ਜੁਗ ਚੌਕੜੀ ਕੋਟਨ ਕਾਲ ਗਏ ਵਿਹਾ, ਥਿਰ ਕੋਇ ਰਹਿਣ ਨਾ ਪਾਈਆ । ਕਲਜੁਗ ਅੰਤਮ ਵੇਲਾ ਗਿਆ ਆ, ਲੇਖਾ ਲੇਖੇ ਸੱਚਾ ਪਾਈਆ । ਸਤਿਜੁਗ ਸਾਚਾ ਬਣੇ ਮਲਾਹ, ਬੇੜਾ ਆਪਣੇ ਕੰਧ ਉਠਾਈਆ । ਨੌਂ ਖੰਡ ਪ੍ਰਿਥਮੀ ਦੇਵੇ ਇਕੋ ਰਾਹ, ਦੀਨ ਮਜ਼੍ਹਬ ਨਾ ਕੋਇ ਲੜਾਈਆ । ਏਕਾ ਮੰਦਰ ਦਏ ਵਖਾ, ਸ਼ਿਵਦੁਆਲਾ ਮੱਠ ਮਸੀਤ ਗੁਰੂਦੁਆਰਾ ਇਕੋ ਨਜ਼ਰੀ ਆਈਆ । ਏਕਾ ਕਲਮਾ ਦਏ ਪੜ੍ਹਾ, ਕਾਇਨਾਤ ਕਰੇ ਸ਼ਨਵਾਈਆ । ਏਕਾ ਮੰਤਰ ਦਏ ਸਮਝਾ, ਨਮੋ ਸਤਿ ਸਤਿ ਏਕਾ ਢੋਲਾ ਗਾਈਆ । ਏਕਾ ਬੀਜ ਦਏ ਬਿਜਾ, ਲੱਖ ਚੁਰਾਸੀ ਕਾਇਆ ਖੇਤ ਹਲ ਚਲਾਈਆ । ਸਾਚਾ ਸੋਹਲਾ ਦਏ ਗਾ, ਗਾ ਗਾ ਆਪਣੀ ਖ਼ੁਸ਼ੀ ਮਨਾਈਆ । ਜਨ ਭਗਤਾਂ ਹੌਲਾ ਭਾਰ ਦਏ ਕਰਾ, ਸਿਰ ਆਪਣੇ ਭਾਰ ਉਠਾਈਆ । ਨਾਭੀ ਕਵਲ ਦਏ ਉਲਟਾ, ਅੰਮ੍ਰਿਤ ਝਿਰਨਾ ਇਕ ਝਿਰਾਈਆ । ਪੰਜ ਤੱਤ ਵਿਕਾਰਾ ਦਏ ਦਬਾ, ਕਾਮ ਕਰੋਧ ਲੋਭ ਮੋਹ ਹੰਕਾਰ ਰਹਿਣ ਨਾ ਪਾਈਆ । ਆਸਾ ਤ੍ਰਿਸਨਾ ਦਏ ਮਿਟਾ, ਹਉਮੇ ਹੰਗਤਾ ਗੜ੍ਹ ਤੁੜਾਈਆ । ਨਜ਼ਰੀ ਆਏ ਇਕੋ ਪਾਕ ਖ਼ੁਦਾ,

ਪਾਰਬ੍ਰਹਮ ਬੇਪਰਵਾਹੀਆ । ਸੋ ਪੁਰਖ ਨਿਰੰਜਣ ਵੇਸ ਵਟਾ, ਹਰਿ ਪੁਰਖ ਨਿਰੰਜਣ ਪਰਦਾ ਦਏ ਉਠਾਈਆ । ਏਕੰਕਾਰਾ ਦਰ ਖੁਲ੍ਹਾ, ਆਦਿ ਨਿਰੰਜਣ ਕਰੇ ਰੁਸ਼ਨਾਈਆ । ਅਬਿਨਾਸ਼ੀ ਕਰਤਾ ਫੇਰਾ ਪਾ, ਸ੍ਰੀ ਭਗਵਾਨ ਸਚ ਨਿਸ਼ਾਨ ਰਿਹਾ ਝੁਲਾਈਆ । ਪਾਰਬ੍ਰਹਮ ਪ੍ਰਭ ਲੇਖਾ ਜਾਣੇ ਥਾਉਂ ਥਾਂ, ਬ੍ਰਹਮ ਮੇਲਾ ਸਹਿਜ ਸੁਭਾਈਆ । ਆਤਮ ਪਰਮਾਤਮ ਏਕਾ ਘਰ ਦਏ ਵਖਾ, ਘਰ ਘਰ ਵਿਚ ਕੁੰਡਾ ਲਾਹੀਆ । ਦੀਆ ਬਾਤੀ ਇਕ ਜਗਾ, ਕਮਲਾਪਾਤੀ ਖ਼ੁਸ਼ੀ ਮਨਾਈਆ । ਅੰਮ੍ਰਿਤ ਬੂੰਦ ਸਵਾਂਤੀ ਦਏ ਪਿਆ, ਅਗਨੀ ਤੱਤ ਬੁਝਾਈਆ । ਸਾਚੀ ਦਾਤੀ ਝੋਲੀ ਦੇਵੇ ਪਾ, ਨਾਮ ਨਿਧਾਨਾ ਇਕ ਵਰਤਾਈਆ । ਸਤਿਜੁਗ ਸਾਚੇ ਫੜੇ ਬਾਂਹ, ਪੱਲੂ ਆਪਣੀ ਗੰਢ ਪਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਸਾਚਾ ਸੰਗ ਰਖਾਈਆ । ਸਤਿਜੁਗ ਤੇਰਾ ਸਾਚਾ ਲਹਿਣਾ, ਤੇਰੀ ਝੋਲੀ ਪਾਇੰਦਾ । ਭਗਤਾਂ ਮੇਲਾ ਕਰਨਾ ਨੈਣਾਂ, ਨੈਣ ਨੈਣਾਂ ਨਾਲ ਮਿਲਾਇੰਦਾ । ਭਾਣੇ ਅੰਦਰ ਸਦਾ ਰਹਿਣਾ, ਸਾਚਾ ਭਾਣਾ ਆਪ ਸਮਝਾਇੰਦਾ । ਗ਼ਰੀਬ ਨਿਮਾਣਿਆਂ ਅੰਦਰ ਵੜ ਕੇ ਬਹਿਣਾ, ਮਾਣ ਅਭਿਮਾਨ ਨਾ ਕੋਇ ਜਣਾਇੰਦਾ । ਕੂੜੀ ਕਿਰਿਆ ਨਜ਼ਰ ਨਾ ਆਏ ਕੋਈ ਗਹਿਣਾ, ਸਤਿ ਧਰਮ ਬਸਤਰ ਇਕ ਪਹਿਨਾਇੰਦਾ । ਭਗਤ ਦੁਆਰ ਜਾ ਜਾ ਚਰਨੀ ਢਹਿਣਾ, ਜੋ ਜੋ ਹਰਿ ਹਰਿ ਨਾਮ ਧਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਸਚ ਸਚ ਸਮਝਾਇੰਦਾ । ਸਤਿਜੁਗ ਸੁਣਿਆ ਲਾ ਕਰ ਕੰਨ, ਹਰਿ ਜੂ ਆਪ ਜਣਾਈਆ । ਰਸਨਾ ਕਹੇ ਧੰਨ ਧੰਨ, ਧੰਨ ਤੇਰੀ ਵਡਿਆਈਆ । ਮੇਰਾ ਬੇੜਾ ਦਿਤਾ ਬੰਨ੍ਹ, ਭਗਤਾਂ ਸੰਗ ਮਿਲਾਈਆ । ਤੇਰੇ ਭਗਤ ਸਾਚੇ ਜਨ, ਦੋ ਜਹਾਨ ਕਰਨ ਰੁਸ਼ਨਾਈਆ । ਏਥੇ ਓਥੇ ਕੋਈ ਨਾ ਦੇਵੇ ਡੰਨ, ਤੇਰੀ ਇਕੋ ਓਟ ਤਕਾਈਆ । ਜੁਗ ਚੌਕੜੀ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵਾਰੋ ਵਾਰੀ ਘੜੇ ਲਏ ਭੰਨ, ਘੜਨ ਭੰਨਣਹਾਰ ਆਪਣੀ ਖੇਲ ਕਰਾਈਆ । ਸਮਰਥ ਪੁਰਖ ਸੁਆਮੀ ਸਦਾ ਨਿਹਕਾਮੀ ਅੰਤਰਜਾਮੀ ਤੇਰਾ ਕਹਿਣਾ ਲਈਏ ਮੰਨ, ਦੂਜੀ ਓਟ ਨਾ ਕੋਇ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਹੁਕਮ ਇਕ ਸਮਝਾਈਆ । ਸਾਚਾ ਹੁਕਮ ਧੁਰ ਫ਼ਰਮਾਣਾ, ਸਚਖੰਡ ਨਿਵਾਸੀ ਆਪ ਜਣਾਇੰਦਾ । ਨੌਂ ਖੰਡ ਪ੍ਰਿਥਮੀ ਹੋਵੇ ਇਕੋ ਰਾਣਾ, ਦੂਸਰ ਸੀਸ ਤਾਜ ਨਾ ਕੋਇ ਟਿਕਾਇੰਦਾ । ਚਾਰ ਵਰਨ ਗਾਏ ਸੱਚਾ ਗਾਣਾ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਆਪ ਪੜ੍ਹਾਇੰਦਾ । ਇਕੋ ਮੰਦਰ ਸਚ ਦੁਆਰ ਨਜ਼ਰੀ ਔਣਾ, ਦੂਜਾ ਘਰ ਨਾ ਕੋਇ ਵਖਾਇੰਦਾ । ਇਕੋ ਅੰਮ੍ਰਿਤ ਪੀਣਾ ਖਾਣਾ, ਰਸਨਾ ਰਸ ਨਾ ਕੋਇ ਵਡਿਆਇੰਦਾ । ਇਕੋ ਇਸ਼ਟ ਸ੍ਰੀ ਭਗਵਾਨਾ, ਦੂਜੀ ਦ੍ਰਿਸ਼ਟ ਨਾ ਕੋਇ ਜਣਾਇੰਦਾ । ਆਤਮ ਪਰਮਾਤਮ ਸਚ ਤਰਾਨਾ, ਤੁਰੀਆ ਰਾਗ ਨਾਦ ਸੁਣਾਇੰਦਾ । ਜੋਧਾ ਸੂਰਬੀਰ ਬਲੀ ਬਲਵਾਨਾ, ਹੁਕਮ ਹਾਕਮ ਆਪ ਮਨਾਇੰਦਾ । ਸਤਿਜੁਗ ਸਾਚੇ ਬੰਨ੍ਹੇ ਗਾਨਾ, ਸਾਚਾ ਸਗਨ ਮਨਾਇੰਦਾ । ਬੀਸ ਬੀਸਾ ਕਰੇ ਪਰਧਾਨਾ, ਸਚ ਪਰਧਾਨਗੀ ਇਕ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਦ੍ਰਿੜਾਇੰਦਾ । ਸਾਚੀ ਸਿਖਿਆ ਸਿਰਜਣਹਾਰ, ਸਿਰ ਸਿਰ ਆਪ ਜਣਾਈਆ । ਸਤਿਜੁਗ ਰਹਿਣਾ ਖ਼ਬਰਦਾਰ, ਆਲਸ ਨਿੰਦਰਾ ਨਾ ਕੋਇ ਰਖਾਈਆ । ਨਾਤਾ ਤੁਟੇ ਚਾਰ ਯਾਰ, ਪੰਚਮ ਮਿਲੇ ਮਾਣ ਵਡਿਆਈਆ । ਚੌਥੇ ਜੁਗ ਆਈ ਹਾਰ, ਚਾਰੋਂ ਕੁੰਟ ਦਏ ਦੁਹਾਈਆ । ਚਾਰੇ ਵਰਨ ਹੋਏ ਖ਼ਵਾਰ, ਚਾਰੇ ਬਾਣੀ ਭੇਵ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ


੧੨੭
੧੩

ਕਿਰਪਾ ਕਰ, ਸਾਚਾ ਹੁਕਮ ਆਪ ਜਣਾਈਆ । ਸਾਚਾ ਹੁਕਮ ਸਚ ਸੰਦੇਸਾ, ਸਤਿ ਸਤਿਵਾਦੀ ਆਪ ਜਣਾਇੰਦਾ । ਦੋ ਜਹਾਨਾ ਇਕ ਨਰੇਸ਼ਾ, ਪੁਰਖ ਅਕਾਲ ਨਾਉਂ ਧਰਾਇੰਦਾ । ਹੁਕਮੇ ਅੰਦਰ ਰੱਖੇ ਬ੍ਰਹਮਾ ਵਿਸ਼ਨ ਮਹੇਸ਼ਾ, ਸ਼ੰਕਰ ਆਪਣੇ ਰਾਹ ਚਲਾਇੰਦਾ । ਇਕ ਜਣਾਏ ਸਚ ਆਦੇਸਾ, ਨਿਉਂ ਨਿਉਂ ਸੀਸ ਸਰਬ ਨਿਵਾਇੰਦਾ । ਜੁਗ ਚੌਕੜੀ ਕਰਦਾ ਆਇਆ ਆਪਣਾ ਪੇਸ਼ਾ, ਨਿਰਗੁਣ ਸਰਗੁਣ ਸੇਵ ਕਰਾਇੰਦਾ । ਕਲਜੁਗ ਅੰਤ ਸ੍ਰੀ ਭਗਵੰਤ ਜਨ ਭਗਤਾਂ ਕਰੇ ਹੇਤਾ, ਮਿਲ ਮਿਲ ਆਪਣਾ ਰੰਗ ਰੰਗਾਇੰਦਾ । ਆਤਮ ਪਰਮਾਤਮ ਈਸ਼ ਜੀਵ ਜਗਦੀਸ਼ ਬ੍ਰਹਮ ਪਾਰਬ੍ਰਹਮ ਖੋਲ੍ਹੇ ਭੇਤਾ, ਪਰਦਾ ਦੂਈ ਆਪ ਚੁਕਾਇੰਦਾ । ਲਹਿਣਾ ਦੇਣਾ ਚੁਕੇ ਔਲੀਆ ਪੀਰ ਸ਼ੇਖ਼ਾ, ਮੁਲਾਂ ਮੁਸਾਇਕ ਕੋਈ ਰਹਿਣ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਝੋਲੀ ਸਾਚੀ ਆਪ ਭਰਾਇੰਦਾ । ਸਤਿਜੁਗ ਤੇਰੀ ਸਾਚੀ ਝੋਲੀ, ਏਕਾ ਨਾਮ ਭਰਾਈਆ । ਜਗਤ ਵਿਦਿਆ ਤੇਰੀ ਗੋਲੀ, ਏਕਾ ਨਾਮ ਦਏ ਵਡਿਆਈਆ । ਸੁਰਤੀ ਸ਼ਬਦ ਫਲਵਾੜੀ ਮੌਲੀ, ਰੁੱਤ ਬਸੰਤੀ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਈਆ । ਰੁੱਤ ਬਸੰਤੀ ਮੌਲੇ ਰੁੱਤ, ਰੁੱਤ ਰੁਤੜੀ ਆਪ ਮਹਿਕਾਇੰਦਾ । ਸਤਿਜੁਗ ਸਾਚੇ ਸਾਹਿਬ ਸੱਚਾ ਗਿਆ ਤੁਠ, ਤੇਰੀ ਤ੍ਰਿਸ਼ਨਾ ਤ੍ਰਿਖਾ ਬੁਝਾਇੰਦਾ । ਅੰਮ੍ਰਿਤ ਜਾਮ ਪਿਆਏ ਘੁਟ, ਰਸ ਇਕੋ ਇਕ ਵਖਾਇੰਦਾ । ਕਲਜੁਗ ਕੂੜਾ ਕੱਢੇ ਕੁਟ, ਕਾਮ ਕਰੋਧ ਲੋਭ ਮੋਹ ਹੰਕਾਰ ਨਜ਼ਰ ਨਾ ਆਇੰਦਾ । ਤੇਰੀ ਧਾਰ ਵਿਚੋਂ ਤੇਰਾ ਰੂਪ ਪਏ ਫੁੱਟ, ਮਾਤ ਪਿਤ ਨਾ ਕੋਇ ਬਣਾਇੰਦਾ । ਨਾ ਕੋਈ ਪੰਜ ਤੱਤ ਦਿਸੇ ਬੁੱਤ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁੱਧ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਜੁਗ ਸਾਚਾ ਰਾਹ, ਬਣ ਰਹਿਬਰ ਆਪ ਜਣਾਇੰਦਾ ।



੧੨੮ ੧੩

## ❇ ੧੨ ਮੱਘਰ ੨੦੧੯ ਬਿਕਰਮੀ ਪਿੰਡ ਜੱਟਾ ਜ਼ਿਲਾ ਗੁਰਦਾਸਪੁਰ ❇

ਸਤਿ ਪੁਰਖ ਤੇਰਾ ਦਰਬਾਰ, ਘਰ ਸਚ ਵੱਜੇ ਵਧਾਈਆ । ਸ਼ਾਹੋ ਭੂਪ ਸਚ ਸਿਕਦਾਰ, ਸ਼ਹਿਨਸ਼ਾਹ ਤੇਰੀ ਵਡਿਆਈਆ । ਤੇਰਾ ਹੁਕਮ ਅਗੰਮ ਅਪਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਦੋਏ ਜੋੜ ਕਰਾਂ ਨਿਮਸਕਾਰ, ਚਰਨ ਕਵਲ ਧਿਆਨ ਲਗਾਈਆ । ਮੰਗਾਂ ਮੰਗ ਬਣ ਭਿਖਾਰ, ਦਰ ਦਰਵੇਸ਼ ਅਲੱਖ ਜਗਾਈਆ । ਸਤਿਜੁਗ ਰੋਵੇ ਕਰੇ ਪੁਕਾਰ, ਉਚੀ ਕੂਕ ਕੂਕ ਸੁਣਾਈਆ । ਮੈਨੂੰ ਤੇਰੇ ਉਤੇ ਆਵੇ ਨਾ ਕੋਈ ਇਤਬਾਰ, ਅਛਲ ਛਲ ਤੇਰੀ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸੱਦੇ ਦਰ ਦੁਆਰ, ਘਰ ਆਪਣੇ ਰਿਹਾ ਬਹਾਈਆ । ਕਲਜੁਗ ਵੇਖੀ ਕਰਨੀ ਕਾਰ, ਚਾਰੋਂ ਕੁੰਟ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਈਆ । ਸਤਿਜੁਗ ਕਹੇ ਮੇਰੇ ਸੁਲਤਾਨ, ਤੇਰੇ ਹੱਥ ਮੇਰੀ ਵਡਿਆਈਆ । ਮੈਂ ਬਾਲਕ ਬਾਲ ਅੰਞਾਣ, ਮੇਰੀ ਚਲੇ ਨਾ ਕੋਇ ਚਤੁਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮੈਨੂੰ ਦੇਵਣ ਆਪਣਾ ਦਾਨ, ਮੇਰੀ ਝੋਲੀ ਮਾਤ ਭਰਾਈਆ । ਰਸਨਾ ਕਹਿਣ ਸਾਡੀ ਪਿਛਲੀ ਗਈ ਕਲਾਮ, ਅੱਗੇ ਕਲਮੇ ਤੇਰੇ ਵਡਿਆਈਆ । ਨਾਤਾ ਤੁਟਾ ਸ਼ਰਅ ਈਮਾਨ, ਸ਼ਰੀਅਤ ਕਰੇ ਨਾ ਕੋਇ ਲੜਾਈਆ । ਇਸ਼ਟ ਦੇਵ ਨਾ ਕੋਇ ਮਨਾਣ, ਨਿਉਂ ਨਿਉਂ ਸੀਸ ਨਾ ਕੋਇ ਝੁਕਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਗੁਰ ਅਵਤਾਰਾਂ ਦੇ ਸੁਣਾਈਆ । ਗੁਰ ਅਵਤਾਰਾਂ ਦੇ ਫ਼ਰਮਾਣਾ, ਸੱਚੇ ਸਚ ਤੇਰੀ ਵਡਿਆਈਆ । ਸਾਰੇ ਕਹਿਣ ਮੰਨੀਏ ਤੇਰਾ ਭਾਣਾ, ਨਾ ਕੋਈ ਮੇਟੇ ਮੇਟ ਮਿਟਾਈਆ । ਚਾਰ ਜੁਗ ਦਾ ਭੁੱਲੀਏ ਗਾਣਾ, ਪੂਰਬ ਰਾਗ ਨਾ ਕੋਇ ਸੁਣਾਈਆ । ਸਾਰੇ ਮੰਨੀਏ ਇਕ ਭਗਵਾਨਾ, ਦੂਜਾ ਇਸ਼ਟ ਨਾ ਕੋਇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮੇਰੀ ਪੂਰੀ ਆਸ ਕਰਾਈਆ । ਸਾਹਿਬ ਸਤਿਗੁਰ ਪਿਆ ਹੱਸ, ਆਪਣੀ ਖ਼ੁਸ਼ੀ ਮਨਾਇੰਦਾ । ਗੁਰ ਅਵਤਾਰਾਂ ਦੇਵਾਂ ਦੱਸ, ਧੁਰ ਧੁਰ ਹੁਕਮ ਸੁਣਾਇੰਦਾ । ਪਿਛਲਾ ਲੇਖਾ ਕਰੋ ਬਸ, ਬਸਤਾ ਸਰਬ ਬੰਧਾਇੰਦਾ । ਪੰਧ ਮੁਕਾਇਆ ਨੱਠ ਨੱਠ, ਵੇਲਾ ਅੰਤਮ ਆਇੰਦਾ । ਚਰਨ ਕਵਲ ਗਏ ਢੱਠ, ਦਰ ਸਾਚਾ ਆਪ ਸੁਹਾਇੰਦਾ । ਦੇਵਣਹਾਰਾ ਸ਼ਬਦੀ ਮਤ, ਗੁਰਮਤੀ ਆਪ ਜਣਾਇੰਦਾ । ਆਦਿ ਜੁਗਾਦੀ ਕਮਲਾਪਤ, ਕਵਲ ਨੈਣ ਖੇਲ ਖਲਾਇੰਦਾ । ਜਿਸ ਬਣਾਈ ਆਪਣੀ ਰਤ, ਰਤੀ ਰਤ ਨਾਲ ਮਿਲਾਇੰਦਾ । ਸੋ ਸਾਹਿਬ ਜਾਣੇ ਮਿਤਗਤ, ਗਤਮਿਤ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਜਣਾਇੰਦਾ । ਸਾਚਾ ਹੁਕਮ ਗੁਰ ਅਵਤਾਰ, ਪੀਰ ਪੈਗ਼ੰਬਰ ਆਪ ਜਣਾਈਆ । ਸਾਰੇ ਬੋਲੋ ਇਕੋ ਵਾਰ, ਇਕੋ ਢੋਲਾ ਗਾਈਆ । ਪਿਛਲੀ ਕਰਨੀ ਪ੍ਰਭ ਦੀ ਝੋਲੀ ਰਹੇ ਡਾਰ, ਆਪਣੀ ਗੰਢ ਨਾ ਕੋਇ ਬੰਨ੍ਹਾਈਆ । ਅੰਤਮ ਡਿਗੇ ਮੂੰਹ ਦੇ ਭਾਰ, ਨੇਤਰ ਨੈਣ ਨਾ ਕੋਇ ਉਠਾਈਆ । ਚਾਰ ਯਾਰੀ ਹੋਈ ਖ਼ਵਾਰ, ਚਾਰੋਂ ਕੁੰਟ ਅੰਧੇਰਾ ਛਾਈਆ । ਲੱਖ ਚੁਰਾਸੀ ਹੋਈ ਬੀਮਾਰ, ਤਬੀਬ ਨਜ਼ਰ ਕੋਇ ਨਾ ਆਈਆ । ਧਨੰਤਰ ਰੋਵੇ ਜ਼ਾਰੋ ਜ਼ਾਰ, ਮੇਰੀ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਹੁਕਮ ਆਪ ਮਨਾਈਆ । ਸਾਚਾ ਹੁਕਮ ਇਕੋ ਏਕ, ਏਕਾ ਏਕ ਜਣਾਇੰਦਾ । ਸਾਰੇ ਰੱਖੋ ਇਕੋ ਟੇਕ, ਏਕਾ ਦਰ ਬਹਾਇੰਦਾ । ਪਿਛਲਾ ਚੁੱਕੇ ਸਭ ਦਾ ਲੇਖ, ਲੇਖਾ ਕੋਇ ਰਹਿਣ ਨਾ ਪਾਇੰਦਾ । ਲੋਕਮਾਤ ਕਰੇ ਨਾ ਕੋਈ ਹੇਤ, ਸਿਖ ਗੁਰ ਰੂਪ ਨਾ ਕੋਇ ਵਖਾਇੰਦਾ । ਮੁਰੀਦ ਮੁਰਸ਼ਦ ਨਾ ਲਏ ਵੇਖ, ਮੁਰਸ਼ਦ ਮੁਰੀਦ ਨਜ਼ਰ ਕੋਇ ਨਾ ਪਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਛੋਟੇ ਬਾਲੇ ਬਣ ਕੇ ਖੇਡਾਂ ਆਏ ਖੇਡ, ਪਿਛਲੀ ਖੇਡ ਸਰਬ ਭੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਦ੍ਰਿੜਾਇੰਦਾ । ਸੁਣੋ ਹੁਕਮ ਧੁਰ ਫ਼ਰਮਾਣਾ, ਧੁਰ ਦਰਬਾਰੀ ਆਪ ਜਣਾਈਆ । ਰਲ ਮਿਲ ਗਾਓ ਇਕੋ ਗਾਣਾ, ਸੋਹੰ ਢੋਲਾ ਰਿਹਾ ਸੁਣਾਈਆ । ਚਰਨ ਕਵਲ ਧਿਆਨ ਲਗਾਓ ਸ੍ਰੀ ਭਗਵਾਨਾ, ਦੂਜਾ ਦਰ ਨਾ ਕੋਇ ਵਡਿਆਈਆ । ਸਤਿਜੁਗ ਸਾਚੇ ਦਿਉ ਬਿਆਨਾ, ਰਸਨਾ ਜਿਹਵਾ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਧਾਰ ਆਪ ਸਮਝਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਕਹਿਣ, ਕਹਿ ਕਹਿ ਹਾਲ ਸੁਣਾਈਆ । ਸਤਿਜੁਗ ਤੇਰਾ ਸੱਚਾ ਸੈਣ, ਪੁਰਖ ਅਕਾਲ ਇਕ ਅਖਵਾਈਆ । ਜਨ ਭਗਤਾਂ ਖੋਲ੍ਹੇ ਨੇਤਰ ਨੈਣ, ਨਿਝ ਨੇਤਰ ਕਰੇ ਰੁਸ਼ਨਾਈਆ । ਆਦਿ ਅੰਤ ਆਵੇ ਲੈਣ, ਦੋ ਜਹਾਨਾਂ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਸਤਿਜੁਗ ਸਾਚੇ ਰਹੇ ਆਖ, ਇਕੋ ਇਕ ਜਣਾਈਆ । ਚਾਰ ਜੁਗ ਅਸੀਂ ਬਣੇ ਰਹੇ ਸ਼ਾਖ਼, ਪਤ ਡਾਲੀ ਮਾਤ ਮਹਿਕਾਈਆ । ਲੱਖ ਚੁਰਾਸੀ ਜੀਵ ਜੰਤ ਦੇਂਦੇ ਰਹੇ ਭਵਿਖਤ ਵਾਕ, ਦਾਤਾ ਦਾਨੀ ਸਰਬ ਸਮਝਾਈਆ ।

੧੨੯
੧੩

੧੩੦
੧੩

ਕਲਜੁਗ ਅੰਤਮ ਪਰਗਟ ਹੋਵੇ ਪਾਕੀ ਪਾਕ, ਪਾਕ ਰਸੂਲ ਫੇਰਾ ਪਾਈਆ । ਪਰਵਰਦਿਗਾਰ ਖੋਲ੍ਹੇ ਤਾਕ, ਬੰਦ ਕਵਾੜਾ ਇਕ ਦ੍ਰਿੜਾਈਆ । ਪੁਰਖ ਅਬਿਨਾਸ਼ੀ ਪਾਰ ਕਿਨਾਰਾ ਜਾਣੇ ਘਾਟ, ਸਾਚੇ ਪੱਤਣ ਬਹੇ ਸੱਚਾ ਮਾਹੀਆ । ਚਾਰ ਜੁਗ ਦੀ ਮੇਟੇ ਵਾਟ, ਕਲਜੁਗ ਲੇਖਾ ਦਏ ਚੁਕਾਈਆ । ਅੱਗੇ ਸੁਣਾਏ ਆਪਣੀ ਗਾਥ, ਸਾਚਾ ਢੋਲਾ ਇਕੋ ਗਾਈਆ । ਸਤਿਜੁਗ ਲਾਏ ਸਾਚਾ ਮਾਤ, ਸਚ ਸੁੱਚ ਕਰੇ ਪੜ੍ਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਰਲ ਮਿਲ ਦੇਣ ਤੇਰਾ ਸਾਥ, ਤੇਰਾ ਸਗਲਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਹੁਕਮ ਆਪ ਵਰਤਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਹੋ ਤਿਆਰ, ਸਚ ਸਚ ਰਹੇ ਜਣਾਈਆ । ਸਤਿਜੁਗ ਤੇਰਾ ਸਤਿ ਵਿਹਾਰ, ਸਤਿ ਪੁਰਖ ਨਿਰੰਜਣ ਰਿਹਾ ਲਿਆਈਆ । ਵਾਰੋ ਵਾਰ ਕੱਟਦੇ ਗਏ ਸਰਬ ਵਗਾਰ, ਬਣ ਵਗਾਰੀ ਫੇਰਾ ਪਾਈਆ । ਅੰਤਮ ਸਾਰੇ ਗਏ ਹਾਰ, ਹਰਿ ਜੂ ਆਪਣੀ ਖੇਲ ਕਰਾਈਆ । ਰਸਨਾ ਜਿਹਵਾ ਆਤਮ ਪਰਮਾਤਮ ਪਾ ਨਾ ਸਕੀ ਸਾਰ, ਪੜ੍ਹ ਪੜ੍ਹ ਥੱਕੀ ਸਰਬ ਲੋਕਾਈਆ । ਏਕਾ ਇਸ਼ਟ ਨਾ ਸਕੇ ਵਖਾਲ, ਦ੍ਰਿਸ਼ਟ ਜਗਤ ਨਾ ਕੋਇ ਖੁਲ੍ਹਾਈਆ । ਅੰਤਮ ਆਇਆ ਸਰਬ ਜ਼ਵਾਲ, ਜ਼ੇਰ ਜ਼ਬਰ ਕਰੇ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਬਣਤ ਆਪ ਬਣਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦਿਤਾ ਸਾਥ, ਬਣ ਸਾਥੀ ਸੰਗ ਨਿਭਾਈਆ । ਸ੍ਰੀ ਭਗਵਾਨ ਗਾਏ ਗਾਥ, ਸੋਹੰ ਢੋਲਾ ਆਪ ਪਰਗਟਾਈਆ । ਕੋਟਨ ਕੋਟ ਮੰਨਣ ਤਰਲੋਕੀ ਨਾਥ, ਸੀਸ ਜਗਦੀਸ ਅੱਗੇ ਨਾ ਕੋਇ ਉਠਾਈਆ । ਕੋਟਨ ਕੋਟ ਸੀਸ ਨਿਵਾਇਣ ਰਾਮ ਬੇਟਾ ਦਸਰਾਥ, ਦਹਿ ਦਿਸ਼ਾ ਨਾ ਕੋਇ ਚਤੁਰਾਈਆ । ਈਸਾ ਮੂਸਾ ਮੁਹੰਮਦ ਪਰਵਰਦਿਗਾਰ ਵਖਾਵੇ ਆਪਣੀ ਜ਼ਾਤ, ਨੂਰ ਜ਼ਹੂਰ ਇਕ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਜੁਗ ਤੇਰੀ ਵੰਡ ਵੰਡਾਈਆ । ਧੰਨ ਭਾਗ ਮੇਰੀ ਵੰਡੀ ਵੰਡ, ਸਤਿਜੁਗ ਸਾਚੇ ਸੀਸ ਝੁਕਾਇਆ । ਗੁਰ ਅਵਤਾਰ ਪੀਰ ਪੈਗ਼ੰਬਰ ਚਾੜ੍ਹਨ ਰੰਗ, ਪ੍ਰੇਮ ਰੰਗਣ ਨਾਲ ਮਿਲਾਇਆ । ਦੋ ਜਹਾਨ ਸ੍ਰੀ ਭਗਵਾਨ ਤੇਰਾ ਗਾਵਣ ਛੰਦ, ਵਿਸ਼ਨ ਬ੍ਰਹਮਾ ਸ਼ਿਵ ਢੋਲਾ ਅਲਾਇਆ । ਭਗਤ ਭਗਵੰਤ ਆਤਮ ਪਰਮਾਤਮ ਮਿਲੇ ਅਨੰਦ, ਅਨੰਦ ਅਨੰਦ ਵਿਚ ਧਰਾਇਆ । ਚੌਦਾਂ ਲੋਕ ਚੜ੍ਹੇ ਇਕੋ ਚੰਦ, ਚੌਦਸ ਚੰਦ ਮੁਖ ਭਵਾਇਆ । ਕਰੇ ਪਰਕਾਸ਼ ਕੋਟਨ ਬ੍ਰਹਿਮੰਡ, ਅੰਧ ਅੰਧੇਰ ਮਿਟਾਇਆ । ਜੋਤੀ ਜੋਤ ਸਰੂਪ ਹਰਿ, ਆਪਣੀ ਕਿਰਪਾ ਏਕੋ ਕਰ, ਕਰ ਕਿਰਪਾ ਵੇਖ ਵਖਾਇਆ । ਸਤਿਜੁਗ ਕਹੇ ਮੈਂ ਤੇਰਾ ਦਾਸ, ਬਣ ਸੇਵਕ ਸੇਵ ਕਮਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਮੇਰੀ ਪੂਰੀ ਕੀਤੀ ਆਸ, ਆਸਾ ਪੁੰਨੀ ਸਹਿਜ ਸੁਖਦਾਈਆ । ਲੋਕਮਾਤ ਧਰਤ ਧਵਲ ਬਿਨ ਰੂਪ ਰੰਗ ਕਰਾਂ ਵਾਸ, ਨੇਤਰ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦਿਤਾ ਸਾਚਾ ਵਰ, ਸਿਰ ਮੇਰੇ ਹੱਥ ਟਿਕਾਈਆ । ਲੋਕਮਾਤ ਵੇਖਾਂ ਆ, ਨੇਤਰ ਨੈਣ ਨੈਣ ਉਠਾਈਆ । ਤੇਰੇ ਹੁਕਮ ਦਾ ਮੈਨੂੰ ਚਾ, ਚਾਉ ਘਨੇਰਾ ਇਕ ਜਣਾਈਆ । ਸਾਚਾ ਮਾਰਗ ਦਿਆਂ ਲਗਾ, ਸਚ ਸੁੱਚ ਮਿਲੇ ਵਡਿਆਈਆ । ਸਾਚੇ ਭਗਤਾਂ ਚਰਨੀ ਡਿਗਾਂ ਜਾ, ਧੂੜੀ ਟਿੱਕਾ ਮਸਤਕ ਲਾਈਆ । ਓਹ ਮੇਰੀ ਪਕੜਨ ਬਾਂਹ, ਮੈਂ ਗ਼ਰੀਬ ਨਿਮਾਣਿਆਂ ਗਲੇ ਲਗਾਈਆ । ਨਿਥਾਵਿਆਂ ਦੇਵਾਂ ਸਾਚਾ ਥਾਂ, ਥਾਨ ਥਨੰਤਰ ਇਕ ਵਖਾਈਆ । ਬਿਨ ਪੁੱਤਰਾਂ ਰੋਵੇ ਕੋਈ ਨਾ ਮਾਂ, ਜਗਤ ਰੰਡੇਪਾ ਨਾ ਕੋਇ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਇਕੋ ਦਿਤਾ ਸੱਚਾ ਵਰ, ਮੇਰੀ ਆਸਾ ਪੂਰ ਕਰਾਈਆ । ਮੇਰੀ ਆਸਾ ਪੂਰੀ ਕਰ ਕਰਤਾਰ, ਮੇਰਾ ਸੰਗ ਨਿਭਾਇਆ । ਮੈਂ ਲੱਖ ਚੁਰਾਸੀ ਕਰਾਂ ਵਿਚਾਰ, ਘਰ ਘਰ ਆਪਣਾ ਫੇਰਾ ਪਾਇਆ । ਗੁਰਮੁਖਾਂ ਜਾ ਕੇ ਕਰਾਂ ਦੀਦਾਰ, ਨੇਤਰ ਨੈਣ ਨੈਣ ਮਿਲਾਇਆ । ਆਪੇ ਆਪਣਾ ਜਾ ਕੇ ਦੱਸਾਂ ਹਾਲ, ਗਲ ਵਿਚ ਪੱਲੂ ਏਕਾ ਪਾਇਆ । ਤੁਸਾਂ ਰਹਿਣਾ ਮੇਰੇ ਨਾਲ, ਦੂਜਾ ਸੰਗ ਨਾ ਮੋਹੇ ਭਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿਜਨ ਸਾਚੇ ਸੰਗ ਰਖਾਇਆ । ਹਰਿ ਜੂ ਕਹੇ ਬੋਲ ਜੈਕਾਰ, ਜੈ ਜੈਕਾਰ ਇਕ ਜਣਾਈਆ । ਸਾਚਾ ਭਗਤ ਸੱਚਾ ਸਰਦਾਰ, ਸਚਖੰਡ ਬੈਠਾ ਆਸਣ ਲਾਈਆ । ਸ਼ਹਿਨਸ਼ਾਹ ਖੇਲ ਕਰੇ ਅਪਾਰ, ਹੁਕਮ ਹਾਕਮ ਆਪ ਜਣਾਈਆ । ਚਾਰ ਯਾਰੀ ਕਰ ਖ਼ੁਵਾਰ, ਪੰਚਮ ਦੇਵੇ ਮਾਣ ਵਡਿਆਈਆ । ਪੰਚਮ ਪੰਚ ਕਰ ਪਰਵਾਨ, ਧੁਰ ਫ਼ਰਮਾਣਾ ਇਕ ਸੁਣਾਈਆ । ਪਹਿਲੋਂ ਖਿਚੇ ਵਿਚੋਂ ਆਪ ਜਹਾਨ, ਦਰਗਾਹ ਸਾਚੀ ਸੰਗ ਰਖਾਈਆ । ਸਚਖੰਡ ਬਣਾਏ ਆਪ ਵਿਧਾਨ, ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਤੇਰਾ ਰਾਜ ਜੋਗ ਦਏ ਸਮਝਾਈਆ । ਰਾਜ ਜੋਗ ਸਚਖੰਡ, ਸਚਖੰਡ ਨਿਵਾਸੀ ਆਪ ਜਣਾਇੰਦਾ । ਜਿਉਂ ਬ੍ਰਹਮੇ ਵੰਡੀ ਵੰਡ, ਸਿੰਘ ਪਾਲ ਸੀਸ ਛਤਰ ਝੁਲਾਇੰਦਾ । ਜਿਉਂ ਸ਼ੰਕਰ ਦੁਆਰੇ ਚੜ੍ਹਿਆ ਚੰਦ, ਜਗਤ ਜਗਦੀਸਾ ਨੂਰ ਧਰਾਇੰਦਾ । ਜਿਉਂ ਇੰਦਰ ਮੁਕਿਆ ਪੰਧ, ਮਨਜੀਤਾ ਮਾਇਆ ਮਮਤਾ ਮੋਹ ਚੁਕਾਇੰਦਾ । ਜਿਉਂ ਸਵਰਨ ਮਾਣੇ ਇਕ ਅਨੰਦ, ਪ੍ਰਭ ਚਰਨ ਧਿਆਨ ਲਗਾਇੰਦਾ । ਜਿਉਂ ਗੁਰਦਿਆਲ ਸਚਖੰਡ ਜਾ ਕੇ ਪਾਈ ਵੰਡ, ਸਾਡੀ ਕੀਤੀ ਹੱਥ ਨਾ ਕਿਉਂ ਫੜਾਇੰਦਾ । ਸਤਿਜੁਗ ਮੰਗੀ ਤੈਥੋਂ ਮੰਗ, ਤਿੰਨ ਜੁਗ ਸੋਇਆ ਵਕਤ ਲੰਘਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਤੇਰਾ ਸਚ ਵਿਧਾਨ, ਪੁਰਖ ਅਬਿਨਾਸ਼ੀ ਆਪ ਜਣਾਇੰਦਾ । ਸਚ ਵਿਧਾਨ ਸ੍ਰੀ ਭਗਵਾਨ, ਏਕਾ ਏਕ ਬਣਾਈਆ । ਏਕਾ ਹੁਕਮ ਧੁਰ ਫ਼ਰਮਾਣ, ਸਚ ਸੰਦੇਸ਼ਾ ਦਏ ਸੁਣਾਈਆ । ਵਿਸ਼ਨੂੰ ਬਣੇ ਬਾਲ ਅਞਾਣ, ਬਣ ਸੇਵਕ ਸੇਵ ਕਮਾਈਆ । ਬ੍ਰਹਮਾ ਜੋਤੀ ਮਿਲੇ ਆਣ, ਗੁਰਮੁਖ ਸਾਚਾ ਸੋਭਾ ਪਾਈਆ । ਸ਼ੰਕਰ ਕਹੇ ਮੇਰੀ ਹੋਈ ਕਲਿਆਣ, ਕਲਜੁਗ ਅੰਤਮ ਵੱਜੀ ਵਧਾਈਆ । ਸੁਰਪਤ ਕਹੇ ਮੇਰਾ ਲੱਗੇ ਚਰਨ ਧਿਆਨ, ਚਰਨ ਕਵਲ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਭੇਵ ਆਪ ਚੁਕਾਈਆ । ਸਾਚਾ ਭੇਵ ਸ੍ਰੀ ਭਗਵਾਨ, ਹਰਿ ਜੂ ਹਰਿ ਹਰਿ ਆਪ ਚੁਕਾਇੰਦਾ । ਪੰਚਮ ਕਰ ਦਰ ਪਰਵਾਨ, ਨਾਮ ਪਰਵਾਨਾ ਹੱਥ ਫੜਾਇੰਦਾ । ਲੋਆਂ ਪੁਰੀਆਂ ਦੇ ਗਿਆਨ, ਸਚ ਸੰਦੇਸ਼ਾ ਇਕ ਸੁਣਾਇੰਦਾ । ਖੇਲੇ ਖੇਲ ਦੋ ਜਹਾਨ, ਦੋਏ ਦੋਏ ਧਾਰਾ ਆਪ ਵਖਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਇਕੱਠੇ ਕੀਤੇ ਆਣ, ਸਭ ਦਾ ਲੇਖਾ ਆਪ ਮੁਕਾਇੰਦਾ । ਕੂੜਾ ਝੁੱਲੇ ਨਾ ਕੋਇ ਨਿਸ਼ਾਨ, ਕਲਜੁਗ ਕੂੜ ਕੁੜਿਆਰਾ ਰਹਿਣ ਨਾ ਪਾਇੰਦਾ । ਸਤਿਜੁਗ ਸਾਚੇ ਕਰ ਪਰਵਾਨ, ਸੱਤ ਰੰਗ ਨਿਸ਼ਾਨਾ ਇਕ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੇ ਤਖ਼ਤ ਆਪ ਵਡਿਆਇੰਦਾ । ਸਾਚਾ ਤਖ਼ਤ ਸੱਚੀ ਸਰਕਾਰ, ਸਾਚੀ ਰੱਯਤ ਨਾਲ ਰਲਾਈਆ । ਸਾਚਾ ਹੁਕਮ ਕਰੇ ਵਿਚਾਰ, ਸਾਚੀ ਸ਼ਖ਼ਸੀਅਤ ਲਏ ਪਰਗਟਾਈਆ । ਸਾਚਾ ਦੇਵੇ ਇਕ ਆਧਾਰ, ਨਾਮ ਅਹਿਮੀਅਤ ਇਕ ਜਣਾਈਆ । ਦੂਜਾ ਅਵਰ ਨਾ ਕੋਇ ਵਪਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਦੇਵੇ ਮਾਣ ਵਡਿਆਈਆ । ਸਤਿਜੁਗ ਤੇਰਾ ਹੋਏ ਮਾਣਾ,

ਹਰਿ ਸਤਿਗੁਰ ਆਪ ਜਣਾਇੰਦਾ । ਤਖ਼ਤੇ ਬਹੇ ਇਕੋ ਰਾਣਾ, ਦੂਜਾ ਨਜ਼ਰ ਕੋਇ ਨਾ ਆਇੰਦਾ । ਨੌਂ ਖੰਡ ਪ੍ਰਿਥਮੀ ਗਾਏ ਸਾਚਾ ਗਾਣਾ, ਸ੍ਰੀ ਭਗਵਾਨ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਮਾਰਗ ਆਪ ਜਣਾਇੰਦਾ । ਸਾਚਾ ਮਾਰਗ ਲਾਏ ਆਪ, ਸਤਿਜੁਗ ਤੈਨੂੰ ਦਏ ਵਡਿਆਈਆ । ਸ੍ਰਿਸ਼ਟ ਸਬਾਈ ਮਾਈ ਬਾਪ, ਲੱਖ ਚੁਰਾਸੀ ਵੇਖ ਵਖਾਈਆ । ਨਵ ਨੌਂ ਦਾ ਕਰਾਏ ਜਾਪ, ਜੀਵਣ ਜੁਗਤ ਦਏ ਜਣਾਈਆ । ਆਤਮ ਪਰਮਾਤਮ ਸੱਚਾ ਪਾਠ, ਇਕੋ ਅੱਖਰ ਦਏ ਸਮਝਾਈਆ । ਚਰਨ ਕਵਲ ਬੰਧਾਏ ਨਾਤ, ਨਾਤਾ ਬਿਧਾਤਾ ਜੋੜ ਜੁੜਾਈਆ । ਕੂੜੀ ਕਿਰਿਆ ਨਾਤਾ ਤੋੜ ਸੱਜਣ ਸਾਕ, ਸਗਲਾ ਸੰਗ ਆਪ ਅਖਵਾਈਆ । ਨਿਜ ਨੇਤਰ ਖੋਲ੍ਹ ਤਾਕ, ਅੰਧ ਅੰਧੇਰ ਦਏ ਮਿਟਾਈਆ । ਭਗਤ ਭਗਵਾਨ ਨਿਭਾਏ ਸਾਥ, ਬਣ ਸੰਗੀ ਸੇਵ ਕਮਾਈਆ । ਸਤਿਜੁਗ ਪੂਰੀ ਕਰੇ ਆਸ, ਆਸਾ ਆਪਣੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਭੇਵ ਆਪ ਜਣਾਈਆ । ਸਤਿਜੁਗ ਕਹੇ ਮੈਂ ਬਾਲਾ ਨਿੱਕਾ, ਬਲਹੀਣ ਦਏ ਦੁਹਾਈਆ । ਕਵਣ ਚਲਾਏ ਸਾਚਾ ਸਿੱਕਾ, ਕੂੜੀ ਕਿਰਿਆ ਕਰੇ ਸਫ਼ਾਈਆ । ਨੌਂ ਖੰਡ ਪ੍ਰਿਥਮੀ ਲੱਖ ਚੁਰਾਸੀ ਰਸ ਜਾਣੇ ਫਿਕਾ, ਅੰਮ੍ਰਿਤ ਰਸ ਨਜ਼ਰ ਕੋਇ ਨਾ ਆਈਆ । ਹਉਮੇ ਹੰਗਤਾ ਮਸਤਕ ਲੱਗਾ ਟਿੱਕਾ, ਸਚ ਸੁੱਚ ਨਾ ਕੋਇ ਦ੍ਰਿੜਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਪੜ੍ਹ ਪੜ੍ਹ ਸੁਣੌਣ ਚਿਠਾ, ਚਿਤ ਵਿਚ ਨਾ ਕੋਇ ਵਸਾਈਆ । ਗੁਰੂ ਬਣ ਬਣ ਬਣੌਣ ਆਪਣਾ ਹਿੱਸਾ, ਘਰ ਘਰ ਹਿੰਸਾ ਕਰੇ ਲੜਾਈਆ । ਜਗਤ ਪੀਸਣੀ ਕਲਜੁਗ ਪੀਸਾ, ਬਚਿਆ ਕੋਈ ਨਜ਼ਰ ਨਾ ਆਈਆ । ਸਚ ਨਾ ਪੜ੍ਹੇ ਕੋਈ ਹਦੀਸਾ, ਕਲਮਾ ਨਬੀ ਨਾ ਕੋਇ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਿਰ ਮੇਰੇ ਹੱਥ ਟਿਕਾਈਆ । ਸਤਿਜੁਗ ਕਹੇ ਮੈਂ ਬਾਲਾ ਛੋਟਾ, ਬਾਹੂ ਬਲ ਨਾ ਕੋਇ ਰਖਾਇੰਦਾ । ਕਲਜੁਗ ਵੇਖੋ ਕੂੜਾ ਮੋਟਾ, ਚਾਰੋਂ ਕੁੰਟ ਫੇਰਾ ਪਾਇੰਦਾ । ਜੂਠਿਆਂ ਝੂਠਿਆਂ ਸਾਧਾਂ ਸੰਤਾਂ ਨਾਲ ਲੈ ਕੇ ਕਸੀ ਫਿਰੇ ਲੰਗੋਟਾ, ਉਚੀ ਕੂਕ ਕੂਕ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਬਲ ਨਾ ਕੋਇ ਰਖਾਇੰਦਾ । ਸਤਿਜੁਗ ਕਹੇ ਮੇਰੀ ਨਿੱਕੀ ਜਵਾਨੀ, ਜੋਬਨ ਨਜ਼ਰ ਕੋਇ ਨਾ ਆਈਆ । ਚਾਰੋਂ ਕੁੰਟ ਕੂੜੀ ਕਿਰਿਆ ਹੋਈ ਵੈਰਾਨੀ, ਧੀਰਜ ਧੀਰ ਨਾ ਕੋਇ ਧਰਾਈਆ । ਕਰ ਕਿਰਪਾ ਦੇ ਸਚ ਨਿਸ਼ਾਨੀ, ਦਰ ਇਕੋ ਮੰਗ ਮੰਗਾਈਆ । ਪੁਰਖ ਅਬਿਨਾਸ਼ੀ ਕਰ ਮਿਹਰਵਾਨੀ, ਮਿਹਰਵਾਨ ਦਇਆ ਕਮਾਈਆ । ਸੋਹੰ ਅੱਖਰ ਪੜ੍ਹਨੀ ਬਾਣੀ, ਬਾਣ ਨਿਰਾਲਾ ਤੇਰੇ ਹੱਥ ਫੜਾਈਆ । ਭਗਤਾਂ ਉਤੋਂ ਜਾਵੀਂ ਕੁਰਬਾਨੀ, ਆਪ ਆਪਣਾ ਭੇਟ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭੇਵ ਅਭੇਦਾ ਆਪ ਖੁਲ੍ਹਾਈਆ । ਸਤਿਜੁਗ ਬਾਲਾ ਪਿਆ ਰੋ, ਨੇਤਰ ਨੈਣਾਂ ਨੀਰ ਵਹਾਇੰਦਾ । ਜਿੰਨਾਂ ਚਿਰ ਮੇਰੇ ਨਾਲ ਚਰਨ ਨਾ ਦੇਵੇਂ ਛੋਹ, ਮੇਰਾ ਮਨ ਨਾ ਧੀਰ ਧਰਾਇੰਦਾ । ਮੈਂ ਤੇਰੇ ਵੈਰਾਗ ਆਪਣਾ ਆਪ ਲਵਾਂ ਕੋਹ, ਤੁਧ ਬਿਨ ਚੈਨ ਕੋਇ ਨਾ ਪਾਇੰਦਾ । ਕਰ ਪਰਕਾਸ਼ ਦੇ ਸਾਚੀ ਲੋਅ, ਨਿਰਗੁਣ ਤੇਰੀ ਜੋਤ ਆਸ ਰਖਾਇੰਦਾ । ਦਰਸ ਦਿਖਾ ਅੱਗੇ ਹੋ, ਹੌਕਾ ਵੱਡਾ ਭਰ ਜਣਾਇੰਦਾ । ਪੁਰਖ ਅਬਿਨਾਸ਼ੀ ਦਇਆ ਕਰ ਸਚ ਸੁਣਾਏ ਸੋ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਸਤਿਜੁਗ ਸਾਚੇ ਰੱਖਣਾ ਯਾਦ ਤੇਰਾ ਲਹਿਣਾ ਪਾਏ ਝੋਲੀ ਛੱਬੀ ਪੋਹ, ਸੰਸਾ ਰੋਗ ਨਾ ਕੋਇ ਵਧਾਇੰਦਾ ।



੧੩੨ ੧੩

ਇਕੋ ਦੇਵੇ ਢੋਆ ਢੋ, ਧੁਰਦਰਗਾਹੀ ਆਪ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਤੇਰੇ ਹੱਥ ਟਿਕਾਇੰਦਾ । ਸਤਿਜੁਗ ਬਾਲਾ ਨੇਤਰ ਵਹਾਏ ਨੀਰ, ਅੱਖ ਅੱਖ ਨਾ ਕੋਇ ਖੁਲ੍ਹਾਈਆ । ਮੇਰੀ ਬਦਲ ਆਪ ਤਕਦੀਰ, ਬੇਪਰਵਾਹ ਸਚੇ ਮਾਹੀਆ । ਹੱਥ ਫੜਾ ਇਕ ਸ਼ਮਸ਼ੀਰ, ਸ਼ਰਅ ਮੇਟੇ ਥਾਉਂ ਥਾਈਂਆ । ਕਲਮਾ ਦੇ ਬੇਨਜ਼ੀਰ, ਕਲਾਮ ਤੇਰੀ ਇਕ ਇਲਾਹੀਆ । ਦੀਨਾਂ ਮਜ਼੍ਹਬਾਂ ਤੋੜ ਜ਼ੰਜੀਰ, ਜ਼ਰਾ ਜ਼ਰਾ ਦੇ ਕਟਾਈਆ । ਚੋਟੀ ਚੜ੍ਹ ਇਕ ਅਖ਼ੀਰ, ਆਖ਼ਰ ਆਪਣਾ ਹੁਕਮ ਮਨਾਈਆ । ਸਭ ਦੀ ਇਕੋ ਵਾਰ ਪੜ੍ਹ ਤਕਬੀਰ, ਮੁਲਾਂ ਸ਼ੇਖ਼ ਪੰਧ ਮੁਕਾਈਆ । ਮੇਰੇ ਸਾਹਿਬ ਮੇਰਾ ਹੋਣਾ ਦਸਤਗੀਰ, ਦਸਤ ਦਸਤ ਨਾਲ ਮਿਲਾਈਆ । ਦਰ ਤੇਰੇ ਕੱਢਾਂ ਇਕ ਲਕੀਰ, ਲਾਅਨਤ ਪਏ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਦ ਚਲਾਂ ਤੇਹੇ ਰਜ਼ਾਈਆ । ਸਦ ਚਲਾਂ ਤੇਰੀ ਰਜ਼ਾ, ਰਹਿਮਤ ਰਹਿਮਾਨ ਇਕ ਕਮਾਈਆ । ਨੇੜ ਆਏ ਨਾ ਕੋਈ ਕਜ਼ਾ, ਕੁਦਰਤ ਕਾਦਰ ਵੇਖ ਵਖਾਈਆ । ਤੇਰੇ ਦਰਸ ਇਕ ਮਜ਼ਾ, ਦੀਨ ਮਜ਼੍ਹਬ ਨਾ ਕੋਇ ਲੜਾਈਆ । ਵੇਲੇ ਅੰਤ ਨਾ ਦਈਂ ਸਜ਼ਾ, ਅਭੁਲ ਭੁੱਲ ਬਖ਼ਸ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਚ ਰਿਹਾ ਸਮਝਾਈਆ । ਸਤਿਜੁਗ ਦੱਸਾਂ ਸਚ ਅਸੂਲ, ਬੀਸ ਬੀਸਾ ਰਾਹ ਤਕਾਇੰਦਾ । ਜਵਾਬ ਦੇਵਾਂ ਇਕ ਮਾਅਕੂਲ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਜੁਗ ਜੁਗ ਲਹਿਣਾ ਦੇਣਾ ਨਾ ਜਾਏ ਭੂਲ, ਅਭੁਲ ਆਪਣਾ ਖੇਲ ਕਰਾਇੰਦਾ । ਬਿਨ ਭਗਤਾਂ ਕਿਸੇ ਹੱਥ ਨਾ ਆਏ ਅਰਜ਼ ਤੂਲ, ਆਪਣਾ ਰਕਬਾ ਨਾ ਕਿਸੇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਇਕ ਸੁਣਾਇੰਦਾ । ਸਚ ਸੰਦੇਸ਼ਾ ਦੇ ਭਗਵਾਨ, ਇਕੋ ਇਕ ਜਣਾਈਆ । ਵੀਹ ਸੌ ਵੀਹ ਬਿਕਰਮੀ ਦੇਵੇ ਧੁਰ ਫ਼ਰਮਾਣ, ਧੁਰ ਦੀ ਮੋਹਰ ਲਗਾਈਆ । ਬਦਲੀ ਕਰੇ ਨਾ ਕੋਈ ਵਿਚ ਜਹਾਨ, ਬਦਲਾ ਸਭ ਦਾ ਰਿਹਾ ਚੁਕਾਈਆ । ਲੇਖਾ ਲਿਖਾਏ ਜਗਤ ਵਿਧਾਨ, ਨਵ ਖੰਡ ਰਾਜ ਜੋਗ ਕਵਣ ਧਾਰ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਦੇਵੇ ਦਾਨ, ਲੋਕਮਾਤ ਕਰੇ ਪਰਧਾਨ, ਹੱਥ ਫੜਾਏ ਸਚ ਨਿਸ਼ਾਨ, ਸੀਸ ਝੁਕੌਣ ਰਾਜ ਰਾਜਾਨ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਪਣਾ ਹੁਕਮ ਮਨਾਈਆ ।



## ❇ ੧੩ ਮੱਘਰ ੨੦੧੯ ਬਿਕਰਮੀ ਜਸਵੰਤ ਸਿੰਘ ਨਾਲ ਗੋਸ਼ਟ ਰਮਦਾਸ ਜ਼ਿਲਾ ਗੁਰਦਾਸਪੁਰ ❇

ਰੀ ਸਖ਼ੀ ਦੱਸ ਆਪਣਾ ਕੰਤ, ਕਵਣ ਗ੍ਰਿਹ ਵਸੇ ਸੱਚਾ ਮਾਹੀਆ । ਕਵਣ ਚੋਲੀ ਚਾੜ੍ਹੇ ਰੰਗਤ, ਰੰਗ ਉਤਰ ਕਦੇ ਨਾ ਜਾਈਆ । ਕਵਣ ਬਿਧ ਬਣਾਏ ਬਣਤ, ਘੜਨ ਭੰਨਣਹਾਰ ਬੇਪਰਵਾਹੀਆ । ਕਵਣ ਨਾਮ ਜਣਾਏ ਮੰਤ, ਅੰਤਰ ਆਪਣੀ ਬੂਝ ਬੁਝਾਈਆ । ਗੜ੍ਹ ਤੋੜ ਹਉਮੇ ਹੰਗਤ, ਹੰ ਬ੍ਰਹਮ ਕਰੇ ਰਸਾਈਆ । ਨਾਤਾ ਤੋੜ ਲੱਖ ਚੁਰਾਸੀ ਜੀਵ ਜੰਤ, ਆਪਣੀ ਸੇਜ ਲਏ ਬਹਾਈਆ । ਕੋਈ ਭੇਵ ਨਾ ਜਾਣੇ ਪਾਂਧਾ ਪੰਡਤ, ਗਿਆਨੀ ਧਿਆਨੀ ਸਾਰ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਵਣ ਦੁਆਰੇ ਮਿਲੇ ਵਰ, ਵਰ ਸੱਚਾ ਇਕੋ ਮਾਹੀਆ ।

ਰੀ ਸਖ਼ੀ ਦੱਸ ਸਾਚੀ ਬਾਤ, ਮੈਂ ਪੁੱਛਣ ਘਰ ਆਈਆ । ਕਲਜੁਗ ਕੋਝੀ ਕਮਲੀ ਹੋਈ ਨਾਰ ਕਮਜਾਤ, ਕੰਤ ਕੰਤੂਹਲ ਨਜ਼ਰ ਨਾ ਆਈਆ । ਮੈਂ ਫਿਰ ਫਿਰ ਥੱਕੀ ਦੀਨ ਮਜ਼੍ਹਬ ਵਿਚ ਜ਼ਾਤ ਪਾਤ, ਚਾਰੋਂ ਕੁੰਟ ਨੇਤਰ ਨੈਣਾਂ ਨੀਰ ਵਹਾਈਆ । ਮੇਰੀ ਝੋਲੀ ਕਿਸੇ ਨਾ ਪਾਈ ਸੱਚੀ ਦਾਤ, ਮਿਲੇ ਮੇਲ ਸੱਚੇ ਮਾਹੀਆ । ਅੰਦਰ ਵੜ ਵੜ ਕਰੇ ਮੇਰੇ ਨਾਲ ਬਾਤ, ਬੰਦ ਤਾਕੀ ਕੁੰਡਾ ਲਾਹੀਆ । ਬਿਨ ਰਸਨਾ ਜਿਹਵਾ ਸੁਣਾਏ ਗਾਥ, ਬੱਤੀ ਦੰਦ ਨਾ ਕੋਇ ਹਿਲਾਈਆ । ਮੈਨੂੰ ਨਿਰਗੁਣ ਜੋਤ ਕਰੇ ਪਰਕਾਸ਼, ਘਰ ਸਾਚਾ ਚੰਦ ਚੜ੍ਹਾਈਆ । ਸਦ ਵਸੇ ਮੇਰੇ ਪਾਸ, ਦਿਵਸ ਰੈਣ ਵਿਛੜ ਨਾ ਜਾਈਆ । ਮੈਂ ਅੰਤ ਹੋਈ ਨਿਰਾਸ, ਸਖ਼ੀ ਸਹੇਲੀ ਮੇਰਾ ਸੱਜਣ ਨਜ਼ਰ ਕਿਤੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਖ਼ੀਆਂ ਨਾਲ ਸਖ਼ੀਆਂ ਮੇਲਾ ਘਰ ਇਕੋ ਇਕ ਰਸਾਈਆ । ਦੱਸ ਸਖ਼ੀ ਉਹ ਸਾਚਾ ਮੀਤ, ਜਿਸ ਘਰ ਸਾਚੇ ਡੇਰਾ ਲਾਇੰਦਾ । ਆਦਿ ਜੁਗਾਦੀ ਇਕੋ ਰੀਤ, ਜੁਗ ਜੁਗ ਵੇਸ ਵਟਾਇੰਦਾ । ਸਦਾ ਸੁਹੇਲਾ ਸਦਾ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਇੰਦਾ । ਕੋਝਿਆਂ ਕਮਲਿਆਂ ਨਾਲ ਕਰੇ ਪ੍ਰੀਤ, ਫੜ ਬਾਹੋਂ ਗੋਦ ਬਹਾਇੰਦਾ । ਨਾਨਕ ਨਿਰਗੁਣ ਦੱਸੀ ਸਾਚੀ ਰੀਤ, ਲੱਖ ਚੁਰਾਸੀ ਜੀਵ ਜੰਤ ਸਮਝਾਇੰਦਾ । ਮੇਰਾ ਤੇਰਾ ਸਾਹਿਬ ਇਕ ਅਨਡੀਠ, ਨੇਤਰ ਜਗਤ ਨਜ਼ਰ ਕਿਸੇ ਨਾ ਆਇੰਦਾ । ਜਿਸ ਦੇ ਗੌਂਦੇ ਗਏ ਗੀਤ, ਸੋ ਗੋਬਿੰਦ ਸਚਖੰਡ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਖ਼ੀਆਂ ਖੇਲ ਕਰਾਇੰਦਾ । ਸਖ਼ੀ ਕਹੇ ਆ ਸੁਣ ਪਿਆਰੀ, ਮੈਂ ਆਪਣਾ ਹਾਲ ਸੁਣਾਈਆ । ਜੁਗ ਜੁਗ ਰਹੀ ਮਾਤ ਕੁਆਰੀ, ਕੋਈ ਕੰਤ ਮਿਲਿਆ ਨਾ ਮੇਰਾ ਮਾਹੀਆ । ਔਂਦੀ ਜਾਂਦੀ ਰਹੀ ਵਾਰੋ ਵਾਰੀ, ਲੱਖ ਚੁਰਾਸੀ ਫੇਰਾ ਪਾਈਆ । ਅੱਜ ਰਮਦਾਸ ਆਈ ਮਿਲਣ ਦੀ ਵਾਰੀ, ਘਰ ਮੇਲਾ ਸਹਿਜ ਸੁਭਾਈਆ । ਨਾਤਾ ਤੁਟੇ ਜਗਤ ਵਿਭਚਾਰੀ, ਦੁਖੀ ਦੁੱਖ ਦਰਦ ਰਹੇ ਨਾ ਰਾਈਆ । ਮਿਲੇ ਮਹੱਲ ਅਟੱਲ ਮੁਨਾਰੀ, ਮਿਲ ਸੰਤਾਂ ਸੋਝੀ ਪਾਈਆ । ਜਿਥੇ ਵਸੇ ਮੀਤ ਮੁਰਾਰੀ, ਨਿਝ ਘਰ ਬੈਠਾ ਡੇਰਾ ਲਾਈਆ । ਮੇਰੀ ਖੁਲ੍ਹਣ ਵਾਲੀ ਤਾੜੀ, ਲਹਿਣਾ ਦੇਣਾ ਚੁਕੇ ਪਿਛੇ ਅਗਾੜੀ, ਅੱਗੇ ਇਕੋ ਨਜ਼ਰੀ ਆਈਆ । ਸੰਤਾਂ ਕੋਲੋਂ ਪੁਛੇ ਸਖ਼ੀ ਆਪ ਬਣ ਕਵਾਰੀ, ਮੇਰਾ ਮਾਹੀ ਦੇਣਾ ਮਿਲਾਈਆ । ਮੈਂ ਜਾ ਕੇ ਚਰਨ ਕਵਲ ਕਰਾਂ ਨਿਮਸਕਾਰੀ, ਨਿਉਂ ਨਿਉਂ ਸਜਦਾ ਸੀਸ ਝੁਕਾਈਆ । ਜਿਸ ਨੂੰ ਕਹਿੰਦੇ ਬੇਅੰਤ ਬੇਐਬ ਪਰਵਰਦਿਗਾਰੀ, ਮੁਕਾਮੇ ਹੱਕ ਡੇਰਾ ਲਾਈਆ । ਸਚਖੰਡ ਵਸੇ ਨਿਰਗੁਣ ਜੋਤ ਨਿਰੰਕਾਰੀ, ਨਿਰਗੁਣ ਆਪਣਾ ਤਖ਼ਤ ਬਣਾਈਆ । ਅੰਦਰੇ ਅੰਦਰ ਮੇਲ ਮਿਲੌਣਾ ਨਜ਼ਰ ਨਾ ਆਏ ਜੀਵ ਸੰਸਾਰੀ, ਜੀਵਣ ਜੁਗਤ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਖ਼ੀ ਸਖ਼ੀਆਂ ਸੰਗ ਰਲਾਈਆ । ਆ ਸਖ਼ੀ ਵੇਖ ਮੇਰਾ ਸੱਜਣ, ਘਰ ਘਰ ਵਿਚ ਵਸੇ ਮਾਹੀਆ । ਆਦਿ ਜੁਗਾਦਿ ਪਰਦੇ ਕੱਜਣ, ਜਨ ਭਗਤਾਂ ਸੇਵ ਕਮਾਈਆ । ਚਰਨ ਧੂੜੀ ਦੇਵੇ ਮਜਨ, ਦੁਰਮਤ ਮੈਲ ਧਵਾਈਆ । ਏਥੇ ਓਥੇ ਪਰਦੇ ਕਜਣ, ਸਿਰ ਆਪਣਾ ਹੱਥ ਟਿਕਾਈਆ । ਅਨਹਦ ਨਾਦ ਅਨਾਦੀ ਤਾਲ ਓਥੇ ਵੱਜਣ, ਤਾਲ ਤਲਵਾੜਾ ਇਕੋ ਇਕ ਜਣਾਈਆ । ਕੂੜ ਕੁੜਿਆਰ ਜਗਤ ਵਿਭਚਾਰ ਘਰ ਛੱਡ ਛੱਡ ਭੱਜਣ, ਜਿਸ ਘਰ ਵਸੇ ਮੇਰਾ ਮਾਹੀਆ । ਜੁਗ ਜਨਮ ਦੀ ਵਿਛੜੀ ਆਪਣੀ ਗੋਦ ਬਹਾਏ ਸੱਜਣ, ਸਖ਼ੀ ਸੁਰਤੀ ਸ਼ਬਦੀ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਖ਼ੀ ਸਖ਼ੀ ਨਾਲ ਮਿਲਾਈਆ । ਸਖ਼ੀ ਨਾਲ ਸਖ਼ੀ ਮੇਲਾ, ਹਰਿ ਸਤਿਗੁਰ ਆਪ ਕਰਾਇੰਦਾ । ਇਕੋ

ਘਰ ਵਖਾਏ ਗੁਰੂ ਗੁਰ ਚੇਲਾ, ਗੁਰ ਗੋਬਿੰਦ ਰਾਹ ਚਲਾਇੰਦਾ । ਸੰਤ ਸਾਜਣ ਵੇਖ ਵਖਾਏ ਧਾਮ ਨਵੇਲਾ, ਨਿਝ ਨੇਤਰ ਭੇਵ ਜਣਾਇੰਦਾ । ਸਖ਼ੀ ਸਖ਼ੀ ਮਿਲਣ ਦਾ ਆਇਆ ਵੇਲਾ, ਮੱਘਰ ਤੇਰਾਂ ਰੁੱਤ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਗਲਾ ਸੰਗ ਆਪ ਨਿਭਾਇੰਦਾ । ਸਖ਼ੀ ਨਾਲ ਸਖ਼ੀ ਕਰੇ ਪਿਆਰ, ਮੀਂਢੀ ਸੀਸ ਇਕ ਗੁੰਦਾਈਆ । ਦੋਹਾਂ ਵਿਚੋਲਾ ਬਣਿਆ ਨਿਰੰਕਾਰ, ਨਿਰਗੁਣ ਸਰਗੁਣ ਮੇਲਾ ਲਏ ਮਿਲਾਈਆ । ਫੇਰੇ ਮਾਰੇ ਵਾਰੋ ਵਾਰ, ਦੋ ਜਹਾਨਾਂ ਆਵੇ ਜਾਵੇ ਚਾਈਂ ਚਾਈਂਆ । ਲੱਖ ਚੁਰਾਸੀ ਵਿਚੋਂ ਲਏ ਉਠਾਲ, ਅੰਦਰ ਵੜ ਵੜ ਬੂਝ ਬੁਝਾਈਆ । ਨਾਤਾ ਤੋੜ ਕਾਲ ਮਹਾਂਕਾਲ, ਦੀਨ ਦਿਆਲ ਦਇਆ ਕਮਾਈਆ । ਘਰ ਵਿਚ ਘਰ ਸੱਚੀ ਧਰਮਸਾਲ, ਧੁਰ ਦਰਬਾਰਾ ਦਏ ਵਖਾਈਆ । ਜਾਗਤ ਸੋਵਤ ਊਠਤ ਬੈਠਤ ਵਸੇ ਨਾਲ, ਸਦਾ ਸਦ ਅੰਗੀਕਾਰ ਆਪ ਹੋ ਜਾਈਆ । ਸਖ਼ੀ ਸਖ਼ੀ ਵਲ ਵੇਖ ਹੋ ਨਿਹਾਲ, ਬਿਨ ਸਖ਼ੀਆਂ ਹਰਿ ਜੂ ਘਰ ਕਿਸੇ ਨਾ ਜਾਈਆ । ਲੱਖ ਚੁਰਾਸੀ ਰਹੀ ਭਾਲ, ਜੀਵ ਜੰਤ ਕੋਟਨ ਕੋਟ ਜੰਗਲ ਜੂਹ ਉਜਾੜ ਪਹਾੜ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਖ਼ੀਆਂ ਨਾਲ ਸਖ਼ੀ ਰੰਗ ਸਖ਼ਾਵਤ ਇਕੋ ਇਕ ਜਣਾਈਆ । ਸਖ਼ੀ ਵੇਖ ਚੜ੍ਹਿਆ ਰੰਗ, ਰੰਗ ਰੰਗੀਲਾ ਆਪ ਚੜ੍ਹਾਇੰਦਾ । ਆਤਮ ਮਾਣੇ ਇਕ ਪਲੰਘ, ਸੇਜ ਚਰਨਾਂ ਹੇਠ ਦਬਾਇੰਦਾ । ਉਤੇ ਬੈਠ ਸੂਰਾ ਸਰਬੰਗ, ਆਪਣਾ ਹੁਕਮ ਮਨਾਇੰਦਾ । ਨਾ ਕੋਈ ਸੂਰਜ ਨਾ ਕੋਈ ਚੰਦ, ਜੋਤੀ ਨੂਰ ਡਗਮਗਾਇੰਦਾ । ਨਾ ਕੋਈ ਗੀਤ ਨਾ ਕੋਈ ਛੰਦ, ਨਾ ਕੋਈ ਢੋਲਾ ਰਾਗ ਅਲਾਇੰਦਾ । ਆਦਿ ਪੁਰਖ ਅਬਿਨਾਸ਼ੀ ਕਰਤਾ ਸੂਰਾ ਸਰਬੰਗ, ਸਾਹਿਬ ਸੁਲਤਾਨ ਸਚ ਸਿੰਘਾਸਣ ਪੁਰਖ ਅਬਿਨਾਸ਼ਣ ਆਪਣਾ ਡੇਰਾ ਲਾਇੰਦਾ । ਸਖ਼ੀਆਂ ਅੰਦਰ ਸਤਿਗੁਰ ਜਾਏ ਲੰਘ, ਚੋਰੀ ਚੋਰੀ ਆਪਣਾ ਕੁੰਡਾ ਲਾਹਿੰਦਾ । ਰਹਿਣ ਨਾ ਦੇਵੇ ਮਾਤ ਗੰਢ, ਘੁੰਡੀ ਆਪਣੀ ਹੱਥੀਂ ਖੁਲਾਇੰਦਾ । ਮੁਖ ਚਿਹਰਾ ਵੇਖੇ ਨੱਕ ਬਲਾਕ ਮੱਥੇ ਚੰਦ, ਜੋਤੀ ਨੂਰ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਖ਼ੀਆਂ ਘਰ ਸਖ਼ੀ ਆਪਣਾ ਫੇਰਾ ਪਾਇੰਦਾ । ਸਖ਼ੀ ਵੇਖ ਮੇਰਾ ਸੁਲਤਾਨ, ਸੁਤਿਆਂ ਲਏ ਜਗਾਈਆ । ਆਦਿ ਜੁਗਾਦੀ ਸੱਚਾ ਕਾਹਨ, ਸਾਚੀ ਗੋਪੀ ਲਏ ਪਰਨਾਈਆ । ਇਕੋ ਮਿਲਿਆ ਹਾਣੀ ਹਾਣ, ਆਦਿ ਜੁਗਾਦਿ ਨਾ ਮਰੇ ਨਾ ਜਾਈਆ । ਨੇਤਰ ਖੋਲ੍ਹ ਕਰੋ ਪਛਾਣ, ਬਿਨ ਨੇਤਰਾਂ ਨਜ਼ਰ ਕਿਸੇ ਨਾ ਆਈਆ । ਲੱਖ ਚੁਰਾਸੀ ਜੀਵ ਜਗਤ ਹੋਇਆ ਅਵਾਣ, ਹਰਿ ਕਾ ਭੇਵ ਕੋਇ ਨਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੇ ਦੇ ਗਏ ਬਿਆਨ, ਲਿਖ ਲਿਖ ਲੇਖਾ ਮਾਤ ਸਮਝਾਈਆ । ਸਾਹਿਬ ਸਤਿਗੁਰ ਨਿਰਗੁਣ ਦਾਤਾ ਪੁਰਖ ਬਿਧਾਤਾ ਗੁਰਮੁਖ ਵਿਰਲੀ ਸਖ਼ੀ ਮਿਲੇ ਆਣ, ਜਿਸ ਸਿਰ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਖ਼ੀ ਨਾਲ ਸਖ਼ੀ ਸਾਥ, ਸਗਲਾ ਸੰਗ ਆਪ ਨਿਭਾਈਆ । ਹੱਥਾਂ ਨਾਲ ਮਿਲਾਏ ਹੱਥ, ਸੌਦਾ ਹੱਥੋ ਹੱਥ ਚੁਕਾਈਆ । ਅੰਦਰ ਬਾਹਰ ਪੁਰਖ ਸਮਰਥ, ਹਾਜ਼ਰ ਹਜ਼ੂਰ ਫੇਰਾ ਪਾਈਆ । ਜੁਗ ਜਨਮ ਦੇ ਵਿਛੜੇ ਹੋਇਆ ਇਕੱਠ, ਇਕੱਠਾ ਪੈਂਡਾ ਰਿਹਾ ਮੁਕਾਈਆ । ਅੰਦਰ ਵੜ ਕੇ ਗੇੜੇ ਉਲਟੀ ਲੱਠ, ਲੱਠ ਲੱਠ ਨਾਲ ਭਵਾਈਆ । ਗੋਬਿੰਦ ਮਾਰਗ ਏਕਾ ਦੱਸ, ਨਾਨਕ ਨਿਰਗੁਣ ਕਰੇ ਪੜ੍ਹਾਈਆ । ਪੁਰਖ ਅਕਾਲ ਆਇਆ ਨੱਸ, ਜੋਤੀ ਜਾਤਾ ਵੇਸ ਵਟਾਈਆ । ਅਗਲਾ ਹਾਲ ਦੱਸਣੋਂ ਕਰੇ ਬਸ, ਅਲਫ਼ ਯੇ ਨਾ ਕੋਇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੱਥ ਨਾਲ ਹੱਥ ਰਿਹਾ ਮਿਲਾਈਆ । ਤੇਰਾਂ ਮੱਘਰ ਸਾਚੀ ਥਿਤ, ਜੋਗੀ ਜੁਗਤ ਹੱਥ ਨਾ ਆਈਆ ।

ਭਗਤ ਭਗਵੰਤ ਇਕੋ ਹਿੱਤ, ਹਿਤਕਾਰੀ ਵੇਖ ਵਖਾਈਆ । ਲੇਖਾ ਜਾਣੇ ਨਿਤ ਨਵਿਤ, ਨਿਜ ਘਰ ਬੈਠਾ ਡੇਰਾ ਲਾਈਆ । ਅੱਗੇ ਦੱਸੇ ਤੇ ਨਿਕਲੇ ਫਿਕ, ਫਿਕਰਾ ਹੱਕ ਨਾ ਕੋਇ ਸਮਝਾਈਆ । ਮਾਣਸ ਜਨਮ ਜਨ ਲਏ ਜਿਤ, ਗੁਰ ਸਤਿਗੁਰ ਦਰਸ਼ਨ ਪਾਈਆ ।

ਜਲ ਤਰੰਗ ਉਪਜੇ ਤਰੰਗ, ਜਲ ਹੀ ਵਿਚ ਸਮਾਈਆ । ਤਰੰਗ ਅੰਤਮ ਹੋਵੇ ਭੰਗ, ਗੁਰਮੁਖ ਭੰਗ ਰੂਪ ਨਾ ਕਦੇ ਵਖਾਈਆ । ਏਥੇ ਓਥੇ ਸਦਾ ਰਹੇ ਅਨੰਦ, ਅਨੰਦ ਮੰਗਲ ਇਕੋ ਗਾਈਆ । ਪੁਰਖ ਅਕਾਲ ਦਾ ਸੱਚਾ ਚੰਦ, ਗੁਰਮੁਖ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੋਟਨ ਕੋਟ ਤਰੰਗ, ਸੰਤਾਂ ਦੇ ਚਰਨਾਂ ਹੇਠਾਂ ਰਖਾਈਆ । ਤਰੰਗ ਤਰੰਗ ਦੀ ਦੇਵੇ ਕੋਈ ਕੀ ਮਿਸਾਲ ਤਰੰਗ, ਮਾਤਲੋਕ ਖੇਲ ਕਰਾਇੰਦਾ । ਗੁਰਮੁਖਾਂ ਚੜ੍ਹੇ ਅਗੰਮੀ ਰੰਗ, ਹਰਿ ਸਤਿਗੁਰ ਆਪ ਚੜ੍ਹਾਇੰਦਾ । ਗੁਰਮੁਖ ਆਵੇ ਜਾਵੇ ਨਿਸ਼ੰਗ, ਏਥੇ ਓਥੇ ਇਕੋ ਘਰ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਪੂਰੀ ਕਰੇ ਉਮੰਗ, ਆਪਣੀ ਉਮੰਗ ਭਗਤਾਂ ਅੱਗੇ ਰਖਾਇੰਦਾ । ਕਾਲ ਦਿਆਲ ਪ੍ਰਭ ਕੀ ਮਾਇਆ, ਅਚਰਜ ਖੇਲ ਆਪ ਕਰਾਈਆ । ਜਪ ਤਪ ਹਠ, ਸਤਿ ਸੰਜਮ ਨੇਮ ਬਣਾਇਆ, ਜੋਗ ਅਭਿਆਸ ਨਾਲ ਰਲਾਈਆ । ਟੂਣਾ ਜਾਦੂ ਮੜ੍ਹੀ ਮਸਾਣ ਭੂਤ ਪ੍ਰੇਤ ਜਿੰਨ ਖ਼ਬੀਸ ਰਾਹ ਚਲਾਇਆ, ਹੁਕਮੇ ਹੁਕਮ ਸਰਬ ਭਵਾਈਆ । ਸਭ ਦੇ ਉਤੇ ਆਪਣਾ ਮੰਤਰ ਨਾਮ ਰਖਾਇਆ, ਪ੍ਰਿਥਮੀ ਆਕਾਸ਼ ਆਪਣੇ ਹੁਕਮ ਚਲਾਈਆ । ਬੀਰ ਬੇਤਾਲ ਬੰਨ੍ਹ ਵਖਾਇਆ, ਹਾਕਨ ਡਾਕਨ ਸਿਰ ਮੁੰਡਵਾਈਆ । ਅੰਚਨੀ ਕੰਚਨੀ ਹੁਕਮ ਜਣਾਇਆ, ਸਕਤੀ ਭੁਗਤੀ ਭੁੱਲ ਕਦੇ ਨਾ ਜਾਈਆ । ਇਕੋ ਡੰਡਾ ਸੰਤਾਂ ਹੱਥ ਫੜਾਇਆ, ਸਭ ਦੀ ਕਰਨ ਸਫ਼ਾਈਆ ।

ਸੋ ਸੁਣੇ ਜਿਸ ਸੁਣਾਏ ਆਪ, ਰਸਨਾ ਜਿਹਵਾ ਕਹਿਣ ਨਾ ਜਾਈਆ । ਕਾਇਆ ਮੰਦਰ ਅੰਦਰ ਦੇਵੇ ਜਾਪ, ਨਿਰਗੁਣ ਆਪਣੀ ਕਰੇ ਪੜ੍ਹਾਈਆ । ਆਤਮ ਪਰਮਾਤਮ ਸੱਚਾ ਪਾਠ, ਦੂਸਰ ਰਾਹ ਨਾ ਕੋਇ ਜਣਾਈਆ । ਸੋ ਨਾਮ ਸਤਿਗੁਰ ਪੂਰਾ ਦੇਵੇ ਆਪਣੀ ਦਾਤ, ਜਿਸ ਨਾਮ ਦੀ ਸਿਫ਼ਤ ਕਰੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਨਾਮ ਸਤਿਗੁਰ ਪਿਆਰ, ਸਦਾ ਸਹਾਈ ਅੰਦਰ ਬਾਹਰ, ਖੇਲੇ ਖੇਲ ਗੁਪਤ ਜ਼ਾਹਰ, ਬਿਨ ਗੁਰਮੁਖਾਂ ਹੱਥ ਕਿਸੇ ਨਾ ਆਈਆ । ਨਾਮ ਵਸਤ ਸਦਾ ਅਨਡਿਠ, ਨੇਤਰ ਨੈਣ ਨਜ਼ਰ ਨਾ ਆਈਆ । ਅੰਦਰੇ ਅੰਦਰ ਬਦਲੇ ਕਰਵਟ, ਆਪ ਆਪਣਾ ਪਰਦਾ ਲਾਹੀਆ । ਦੂਈ ਦਵੈਤ ਮੇਟ ਫੱਟ, ਬਜਰ ਕਪਾਟੀ ਦਏ ਤੁੜਾਈਆ । ਅੱਗੇ ਵੱਜੇ ਅਨਹਦ ਸੱਟ, ਸਚ ਨਗਾਰਾ ਇਕ ਸੁਣਾਈਆ । ਨਿਰਗੁਣ ਜੋਤ ਕਰ ਪਰਕਾਸ਼, ਸਾਚੇ ਘਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਆਪਣਾ ਵਰ, ਚਰਨ ਕਵਲ ਵਖਾਏ ਸਾਚਾ ਘਰ, ਘਰ ਸੱਚਾ ਇਕੋ ਨਾਮ ਵਧਾਈਆ । ਮੰਜ਼ਲ ਵਿਚ ਨਾ ਹੋਏ ਰੁਕਾਵਟ, ਅੱਧਵਿਚਕਾਰ ਨਾ ਕੋਇ ਰਖਾਈਆ । ਦੋ ਜਹਾਨ ਚਲਦਿਆਂ ਹੋਏ ਨਾ ਥਕਾਵਟ, ਥੱਕ ਜਾਏ ਨਾ ਪਾਂਧੀ ਰਾਹੀਆ । ਕੂੜੀ ਨੇੜ ਨਾ ਆਏ ਬਨਾਵਟ, ਸਚ ਸੁੱਚ ਮਿਲੇ ਵਡਿਆਈਆ । ਸੰਤਾਂ ਕੋਲ ਇਕ ਸਖ਼ਾਵਤ, ਮਿਹਰ ਨਜ਼ਰ ਨਜ਼ਰ ਉਠਾਈਆ । ਨੌਂ ਦੁਆਰੇ ਹੋਏ ਨਾ ਕੋਇ ਬਗ਼ਾਵਤ, ਪੰਜ


੧੩੬
੧੩

ਚੋਰ ਨਾ ਕਰੇ ਲੜਾਈਆ । ਸਤਿਗੁਰ ਅੰਦਰ ਵੜਿਆ ਰਹੇ ਮਹਾਵਤ, ਨਾਮ ਨੇਜ਼ਾ ਹੱਥ ਉਠਾਈਆ । ਨਾਲ ਰੱਖੇ ਸਦਾ ਸਹੀ ਸਲਾਮਤ, ਸਹਿਜ ਸਹਿਜ ਆਪਣਾ ਹੁਕਮ ਮਨਾਈਆ । ਇਕ ਵਖਾਏ ਸਚ ਅਦਾਲਤ, ਫ਼ਰਜ਼ ਜ਼ੁਲਮ ਕੋਇ ਰਹਿਣ ਨਾ ਪਾਈਆ । ਆਪਣੇ ਘਰੋਂ ਕਦੇ ਨਾ ਕਰੇ ਮਮਾਨਤ, ਆਈਏ ਜਾਈਏ ਚਾਈਂ ਚਾਈਂਆ । ਇਕੋ ਦਿਓ ਨਾਮ ਜ਼ਮਾਨਤ, ਜ਼ਿਮਨੀ ਲੋਕਮਾਤ ਭਰਾਈਆ । ਬਿਨ ਕਾਗ਼ਜ਼ਾਂ ਕਰੇ ਪਛਾਣਤ, ਅਸ਼ਟਾਮ ਕੰਮ ਕਿਸੇ ਨਾ ਆਈਆ । ਬਿਨ ਜਾਣਿਆਂ ਹੋ ਜਾਣਤ, ਅਨਜਾਣਤ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਮੰਜ਼ਲ ਮੰਜ਼ਲ ਰਿਹਾ ਮੁਕਾਈਆ । ਨਾ ਅਸ਼ਟਾਮ ਨਾ ਫੀਸ ਕੋਰਟ, ਕੋਰਟ ਹਰਿ ਜੂ ਇਕੋ ਇਕ ਬਣਾਈਆ । ਸ਼ਬਦ ਨਗਾਰਾ ਵੱਜੇ ਚੋਟ, ਚੋਬਦਾਰ ਰਸਨਾ ਕਹਿ ਨਾ ਕੋਇ ਬੁਲਾਈਆ । ਠੱਗਾਂ ਚੋਰਾਂ ਕੱਢੇ ਖੋਟ, ਸਾਧਾਂ ਸੰਤਾਂ ਗੋਦ ਬਿਠਾਈਆ । ਹਿਰਦੇ ਵਿਚ ਲਾਏ ਨਕਬ, ਚੋਰੀ ਕਰੇ ਆਪ ਕਰਤਾਰ । ਜੁਗ ਚੌਕੜੀ ਏਹੋ ਮਰਜ਼, ਗੁਰਮੁਖ ਵਿਰਲੇ ਰਿਹਾ ਤਾਰ । ਸਾਹਿਬ ਸਤਿਗੁਰ ਸਦਾ ਸਦਾ ਨਿਭਾਏ ਆਪਣਾ ਫ਼ਰਜ਼, ਦਰ ਦਰ ਬਣ ਕੇ ਸੇਵਾਦਾਰ, ਪੂਰਬ ਜਨਮ ਦਾ ਲਾਹੇ ਕਰਜ਼, ਭਾਉ ਭਗਤੀ ਕੀਤੀ ਅਪਰ ਅਪਾਰ, ਮੁਰੀਦ ਮੁਰਸ਼ਦ ਲੱਭੇ ਮਰਜ਼, ਅੰਦਰ ਵੜ ਕੇ ਕਾਇਆ ਮਾਟੀ ਖਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਦੀਨ ਦਿਆਲ । ਅੰਦਰੇ ਅੰਦਰ ਜਾਏ ਚੜ੍ਹ, ਸੁਖ਼ਮਨ ਟੇਢੀ ਪਾਰ ਕਰਾਈਆ । ਅੰਮ੍ਰਿਤ ਜਾਮ ਪਿਆਲਾ ਹੱਥ ਫੜ, ਨਿਝਰ ਝਿਰਨਾ ਦਏ ਝਿਰਾਈਆ । ਪੰਚ ਵਿਕਾਰ ਸੁਟੇ ਦੜ, ਖੰਡਾ ਖੜਗ ਇਕ ਉਠਾਈਆ । ਬਜਰ ਕਪਾਟੀ ਤੋੜ ਗੜ੍ਹ, ਦੂਈ ਦਵੈਤੀ ਪਰਦਾ ਆਪ ਉਠਾਈਆ । ਨਿਰਗੁਣ ਜੋਤ ਪਰਕਾਸ਼ ਕਰ, ਘਰ ਘਰ ਵਿਚ ਕਰੇ ਰੁਸ਼ਨਾਈਆ । ਦਰਸ ਦਿਖਾਏ ਇਕੋ ਹਰਿ, ਪੰਜ ਤੱਤ ਨਾ ਕੋਇ ਵਡਿਆਈਆ । ਦੀਨ ਦਿਆਲ ਠਾਕਰ ਸਵਾਮੀ ਬੰਨ੍ਹੇ ਆਪਣੇ ਲੜ, ਪੱਲੂ ਸ਼ਬਦੀ ਗੰਢ ਪਵਾਈਆ । ਸਖ਼ੀ ਕਹੇ ਮੋਹੇ ਮਿਲਿਆ ਵਰ, ਘਰ ਕੰਤ ਕੰਤੂਹਲ ਨਜ਼ਰੀ ਆਈਆ । ਨਿਰਭੌ ਚੁਕਾਏ ਭੈ ਡਰ, ਸਿਰ ਆਪਣਾ ਹੱਥ ਟਿਕਾਈਆ । ਬਿਨ ਹੱਥਾਂ ਪੈਰਾਂ ਕਾਇਆ ਮੰਦਰ ਅੰਦਰ ਉਚੇ ਪੌੜੇ ਜਾਏ ਚੜ੍ਹ, ਸਚ ਸਿੰਘਾਸਣ ਆਸਣ ਡੇਰਾ ਲਾਈਆ । ਬਿਨ ਕਲਮਿਉਂ ਕਲਮਾ ਲਏ ਪੜ੍ਹ, ਬਿਨ ਅੱਖਰਾਂ ਅੱਖਰ ਦਏ ਸੁਣਾਈਆ । ਲੇਖਾ ਜਾਣੇ ਚੇਤਨ ਜੜ੍ਹ, ਚਾਲਾਕੀ ਆਪਣੀ ਨਾ ਕਿਸੇ ਸਮਝਾਈਆ । ਜਨ ਭਗਤਾਂ ਉਤੇ ਕਿਰਪਾ ਕਰ, ਕਿਰਪਨ ਆਪਣੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨੇਤਰ ਸਰਵਣ ਹਿਰਦਾ ਸਚ, ਲੂੰ ਲੂੰ ਅੰਦਰ ਜਾਏ ਰਚ, ਜੋਤ ਪਰਕਾਸ਼ ਜਾਏ ਮੱਚ, ਮਵਾਤਾ ਇਕੋ ਵਾਰ ਲਗਾਈਆ । ਨਾਮ ਮਵਾਤੀ ਲਾਏ ਤੀਲੀ, ਆਪਣੀ ਹੱਥੀਂ ਖੇਲ ਕਰਾਇੰਦਾ । ਪ੍ਰਭੂ ਮਿਲਿਆ ਨਾ ਕਿਸੇ ਦਲੀਲੀ, ਦਲੀਲ ਵਿਚ ਕਦੇ ਨਾ ਆਇੰਦਾ । ਇਕੋ ਦੱਸੇ ਸਚ ਅਸੀਲੀ, ਅਸਲ ਆਪਣਾ ਰਾਹ ਚਲਾਇੰਦਾ । ਬਿਨ ਹਰਿ ਨਾਮ ਨਾ ਕੋਇ ਵਕੀਲੀ, ਵੁਕਲਾ ਕੋਇ ਨਜ਼ਰ ਨਾ ਆਇੰਦਾ । ਜਿਸ ਨੇ ਅੰਤ ਕਰੀ ਅਪੀਲੀ, ਬਰੀਖ਼ਾਨਾ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਦਰ ਵੜ ਵੜ ਆਪਣਾ ਮੇਲ ਮਿਲਾਇੰਦਾ । ਅੰਦਰ ਵੜੇ ਆਪ ਨਿਰੰਕਾਰ, ਨਿਰਗੁਣ ਆਪਣਾ ਫੇਰਾ ਪਾਈਆ । ਨੇਤਰ ਜਗਤ ਨਾ ਦਿਸੇ ਸੰਸਾਰ, ਲੱਖ ਚੁਰਾਸੀ ਵੇਖਣ ਕੋਇ ਨਾ ਪਾਈਆ । ਬਣੇ ਠੱਗ ਬੇਐਬ ਪਰਵਰਦਿਗਾਰ, ਠੱਗੀ ਇਕੋ ਇਕ ਕਮਾਈਆ । ਸ਼ਾਹ ਰਗ ਉਪਰ ਚੜ੍ਹ ਕੇ ਦਏ ਦੀਦਾਰ, ਜਲਵਾ ਨੂਰ ਇਕ ਇਲਾਹੀਆ । ਮਸਤ ਅਲਮਸਤ ਕਰੇ ਗ਼ੁਫ਼ਤਾਰ, ਗ਼ੁਫ਼ਤ ਸ਼ਨੀਦ

ਖੇਲ ਕਰਾਈਆ । ਵਜ਼ੂਦ ਤੱਤ ਨਾ ਕੋਇ ਆਧਾਰ, ਮਨ ਮਤ ਬੁੱਧ ਨਾ ਕੋਇ ਚਤੁਰਾਈਆ । ਅਲੱਖ ਅਲੱਖ ਅਲੱਖ ਬੋਲ ਜੈਕਾਰ, ਅਲੱਖ ਨਿਰੰਜਣ ਗੁਰਮੁਖ ਲਏ ਉਠਾਈਆ । ਹੋ ਪਰਤੱਖ ਦਰਸ ਦੇਵੇ ਕਾਇਆ ਘਰ ਸੱਚੇ ਘਰ ਬਾਰ, ਘਰ ਮੰਦਰ ਸੋਭਾ ਪਾਈਆ । ਨੇਤਰ ਕੀਤਾ ਦਰਸ ਜਲਵਾ ਯਾਰ, ਸਰਵਣ ਸੁਣਿਆ ਸ਼ਬਦ ਵਿਹਾਰ, ਆਤਮ ਵੜਿਆ ਸਾਂਝਾ ਯਾਰ, ਜਿਸ ਨੇ ਘੜਿਆ ਸਰਬ ਸੰਸਾਰ, ਫੜਿਆਂ ਹੱਥ ਕਿਸੇ ਨਾ ਆਈਆ । ਫੜਿਆਂ ਕਿਸੇ ਨਾ ਆਵੇ ਹੱਥ, ਦੋ ਹੱਥ ਦੇਣ ਦੁਹਾਈਆ । ਰਸਨਾ ਗਾ ਨਾ ਸਕੀ ਗਥ, ਬੇਅੰਤ ਵਡ ਵਡਿਆਈਆ । ਪੰਧ ਮੁਕੇ ਨਾ ਨੱਸ ਨੱਸ, ਕੋਟਨ ਕੋਟ ਸਾਧ ਸੰਤ ਬਣੇ ਪਾਂਧੀ ਰਾਹੀਆ । ਕਲਮ ਸ਼ਾਹੀ ਗਾ ਨਾ ਥੱਕੀ ਜਸ, ਸਮੁੰਦ ਸਾਗਰ ਦੇਣ ਦੁਹਾਈਆ । ਬਸੁਧਾ ਕਹੇ ਮੇਰੀ ਹੋਈ ਬਸ, ਵਨਾਸਪਤ ਮੇਰੀ ਛਾਤੀ ਵਿਨ੍ਹ ਵਿਨ੍ਹ ਛਾਨਣੀ ਦਿਤੀ ਕਰਾਈਆ । ਮੇਰਾ ਸਾਹਿਬ ਸਦਾ ਸਮਰਥ, ਬੇਪਰਵਾਹ ਬੇਪਰਵਾਹੀਆ । ਜਿਸ ਜਨ ਕਰ ਕਿਰਪਾ ਆਪਣਾ ਮਾਰਗ ਦੇਵੇ ਦੱਸ, ਸੋ ਜਨ ਮਿਲਣ ਦੁਆਰੇ ਜਾਈਆ । ਅੱਗੋਂ ਮਿਲੇ ਹੱਸ ਹੱਸ, ਨਿਰਗੁਣ ਆਪਣਾ ਪਰਦਾ ਲਾਹੀਆ । ਆ ਆ ਸਖ਼ੀ ਰਲ ਕੇ ਜਾਈਏ ਵਸ, ਵਸੇਰਾ ਇਕੋ ਘਰ ਵਖਾਈਆ । ਤੂੰ ਮੇਰਾ ਮੈਂ ਤੇਰਾ ਲਵਾਂ ਰਸ, ਬਿਨ ਹਰਿ ਰਸ ਨੌਂ ਰਸ ਕੰਮ ਕਿਸੇ ਨਾ ਆਈਆ । ਇਕ ਦੂਜੇ ਦੀ ਪੂਰੀ ਹੋਏ ਆਸ, ਨਿਰਾਸ ਰਹਿਣ ਕੋਇ ਨਾ ਪਾਈਆ । ਬਣੇ ਵਿਚੋਲਾ ਵਿਚ ਰਮਦਾਸ, ਲੇਖਾ ਲਿਖਤ ਨਾਲ ਦਏ ਗਵਾਹੀਆ । ਪ੍ਰਭ ਦਾ ਇਕੋ ਕੰਮ ਖ਼ਾਸ, ਖ਼ਾਹਸ਼ ਸਭ ਦੀ ਪੂਰ ਕਰਾਈਆ । ਜੇ ਕੋਈ ਪੁਛੇ ਕਿਥੇ ਕਰੇ ਨਿਵਾਸ, ਘਟ ਘਟ ਡੇਰਾ ਲਾਈਆ । ਭਗਤ ਭਗਵੰਤ ਦੀ ਸੱਚੀ ਸ਼ਾਖ਼, ਸ਼ਨਾਖ਼ਤ ਆਪਣੀ ਦਏ ਜਣਾਈਆ । ਕਰ ਕਿਰਪਾ ਕਰੇ ਬੰਦ ਖ਼ਲਾਸ, ਬੰਦੀਖ਼ਾਨਾ ਦਏ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਿਰਦੇ ਅੰਦਰ ਆਪੇ ਵੜ, ਬਿਨ ਪੌੜੀਉਂ ਡੰਡੇ ਜਾਏ ਚੜ੍ਹ, ਦਰਸ ਦਿਖਾਏ ਅੱਗੇ ਖੜ, ਨਾ ਕੋਈ ਸੀਸ ਨਾ ਕੋਈ ਧੜ, ਜਨ ਭਗਤਾਂ ਚਰਨੀ ਡਿਗੇ ਦੜ, ਆਪਣਾ ਮਾਣ ਨਾ ਕੋਇ ਵਖਾਈਆ । ਸਾਥੀ ਹੋਏ ਤਨ ਤਨ, ਤਨ ਹੋਈ ਕੁੜਮਾਈਆ । ਸਾਥੀ ਹੋਏ ਮਨ ਮਨ, ਮਨ ਵਾਸਨਾ ਜਗਤ ਸਮਾਈਆ । ਸਾਥੀ ਹੋਏ ਕੰਨ ਕੰਨ, ਕੰਨ ਕੰਨਾਂ ਗੋਸ਼ਟ ਇਕ ਦ੍ਰਿੜਾਈਆ । ਸਾਥੀ ਹੋਏ ਜਨ ਜਨ, ਧੰਨ ਧੰਨ ਜਣੇਂਦੀ ਮਾਈਆ । ਸਾਥੀ ਸਾਥੀਆਂ ਬੇੜਾ ਰਹੇ ਬੰਨ੍ਹ, ਆਪ ਆਪਣੇ ਨਾਲ ਮਿਲਾਈਆ । ਜਿਨ੍ਹਾਂ ਸਾਥੀ ਮਿਲਿਆ ਸ੍ਰੀ ਭਗਵਨ, ਏਥੇ ਓਥੇ ਖ਼ੁਸ਼ੀ ਮਨਾਈਆ । ਸਾਥੀਆਂ ਨਾਲ ਮਿਲੇ ਸਾਥੀ, ਸਗਲਾ ਸੰਗ ਰਖਾਇਆ । ਅੰਦਰ ਬਾਹਰ ਇਕੋ ਗਾਥੀ, ਮੰਤਰ ਹਰਿ ਹਰਿ ਨਾਮ ਧਿਆਇਆ । ਜਨਮ ਜਨਮ ਦੀ ਮੁਕੇ ਬਾਕੀ, ਪਿਛਲਾ ਹਿਸਾਬ ਨਾ ਕੋਇ ਰਖਾਇਆ । ਸਾਥੀ ਖੋਲ੍ਹੇ ਸਾਥੀਆਂ ਤਾਕੀ, ਘਰ ਵੜ ਵੜ ਕੁੰਡਾ ਲਾਹਿਆ । ਆਓ ਵੇਖੋ ਮਾਰੋ ਝਾਤੀ, ਹਰਿ ਸਤਿਗੁਰ ਖੇਲ ਰਚਾਇਆ । ਅੰਮ੍ਰਿਤ ਜਾਮ ਪਿਆਏ ਸਾਕੀ, ਨਿਝਰ ਝਿਰਨਾ ਮੁਖ ਚੁਆਇਆ । ਜਗਤ ਨਾਤਾ ਤਨ ਖ਼ਾਕੀ, ਇਸਤਰੀ ਪੁਰਸ਼ ਰੂਪ ਵਟਾਇਆ । ਅਗਲਾ ਖੇਲ ਬਹੁ ਬਿਧ ਭਾਤੀ, ਭਾਵ ਗੁਰਮੁਖਾਂ ਹੱਥ ਫੜਾਇਆ । ਰਸਨਾ ਜਿਹਵਾ ਕਰਦੀ ਰਹੀ ਇਕ ਦੂਜੇ ਨਾਲ ਬਾਤੀ, ਬਾਤਨ ਜਲਵਾ ਜਲਾਲ ਹਰਿ ਨਾ ਕਿਸੇ ਜਣਾਇਆ । ਕੰਤ ਕੰਤੂਹਲ ਨਾਰ ਸੇਜ ਮਾਣੀ ਰਾਤੀਂ, ਜਗਤ ਗਰਿਸਤ ਮਾਤ ਹੰਢਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਥੀ ਸਾਥੀਆਂ ਸੰਗ ਰਖਾਇਆ । ਸਾਥੀ ਸਾਥੀ ਮਿਲਿਆ ਜੋੜਾ, ਜੋੜੀ ਜਗਤ ਜੁਗਤ ਬਣਾਈਆ । ਪੁਰਖ ਅਬਿਨਾਸ਼ੀ ਦੇਵਣਹਾਰਾ ਨਾਮ ਘੋੜਾ, ਗੁਰਮੁਖਾਂ ਉਪਰ ਰਿਹਾ ਬਠਾਈਆ । ਦੋ ਜਹਾਨਾਂ ਫਿਰੇ ਦੌੜਾ, ਆਵਣ

੧੩੮
੧੩

ਜਾਵਣ ਖੇਲ ਰਚਾਈਆ । ਲੱਖ ਚੁਰਾਸੀ ਵੇਖੇ ਫਲ ਮਿੱਠਾ ਕੌੜਾ, ਘਰ ਘਰ ਫੇਰਾ ਪਾਈਆ । ਸਚ ਸੰਦੇਸ਼ਾ ਦੇਵੇ ਨਰ ਨਰੇਸ਼ਾ ਅੰਤਮ ਵੇਲਾ ਰਹਿ ਗਿਆ ਥੋੜਾ, ਬਿਨ ਹਰਿ ਕੰਮ ਕੋਇ ਨਾ ਆਈਆ । ਜੋੜੀ ਕਿਸੇ ਪੈਰੀਂ ਪੌਣ ਨਾ ਦੇਵੇ ਜੋੜਾ, ਟੁੱਟੀ ਜੁਤੀ ਪਾਹਨੀ ਚੰਮ ਚਮੜ ਦ੍ਰਿਸ਼ਟੀ ਕੰਮ ਕਿਸੇ ਨਾ ਆਈਆ । ਸੱਸੇ ਉਪਰ ਲਾਏ ਇਕੋ ਹੋੜਾ, ਨਿਰਗੁਣ ਸਰਗੁਣ ਮੇਲ ਮਿਲਾਈਆ । ਹੰ ਬ੍ਰਹਮ ਪ੍ਰਭ ਆਪੇ ਬੌਹੜਾ, ਆਤਮ ਪਰਮਾਤਮ ਜੋੜ ਜੁੜਾਈਆ । ਇਸਤਰੀ ਮਰਦ ਅੰਤ ਜਵਾਬ ਦੇਣ ਕੋਰਾ, ਅੱਗੇ ਸੰਗ ਨਾ ਕੋਇ ਜਾਈਆ । ਪੁਰਖ ਅਬਿਨਾਸ਼ੀ ਇਕੋ ਕਹੇ ਤੂੰ ਮੇਰਾ ਮੈਂ ਤੇਰਾ, ਤੇਰਾ ਮੇਰਾ ਇਕੋ ਘਰ ਸੁਹਾਈਆ । ਗੁਰਮੁਖ ਵੇਖ ਤੇਰਾ ਉਚੇ ਮੰਦਰ ਡੇਰਾ, ਵਿਸ਼ਨ ਬ੍ਰਹਮਾ ਸ਼ਿਵ ਥੱਲੇ ਬੈਠੇ ਸੀਸ ਝੁਕਾਈਆ । ਓਥੇ ਇਕੋ ਚਾਉ ਘਨੇਰਾ, ਆਦਿ ਜੁਗਾਦਿ ਵੱਜੇ ਵਧਾਈਆ । ਗੁਰਮੁਖ ਸਖ਼ੀਆਂ ਪਾਇਆ ਘੇਰਾ, ਵਿਚ ਵਸੇ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਸਾਥੀ ਸਦਾ ਸਦਾ ਵਡਿਆਈਆ । ਰਸਨਾ ਲੱਗੇ ਪ੍ਰੇਮ ਪਿਆਰ ਭੋਗ, ਸਚ ਵਸਤ ਮਿਲੇ ਵਡਿਆਈਆ । ਜਨਮ ਕਰਮ ਦਾ ਮਿਟੇ ਰੋਗ, ਕੂੜੀ ਕਿਰਿਆ ਮੋਹ ਮਿਟਾਈਆ । ਜਗਤ ਵਿਛੋੜਾ ਨਾ ਹੋਏ ਵਿਜੋਗ, ਵਿਛੜ ਕਦੇ ਨਾ ਜਾਈਆ । ਸੰਤ ਸਤਿਗੁਰ ਧੁਰ ਸੰਜੋਗ, ਧੁਰ ਸੰਜੋਗੀ ਮੇਲ ਮਿਲਾਈਆ । ਅੰਦਰ ਬਾਹਰ ਦਰਸ ਅਮੋਘ, ਜਲਵਾ ਨੂਰ ਰੁਸ਼ਨਾਈਆ । ਆਤਮ ਪਰਮਾਤਮ ਨਾਮ ਮਿਲੇ ਸਾਚੀ ਚੋਗ, ਚੁਗ ਖ਼ੁਸ਼ੀ ਮਨਾਈਆ । ਸਤਿ ਧਰਮ ਦਾ ਸਾਚਾ ਜੋਗ, ਜੁਗਤੀ ਸੰਤਾਂ ਹੱਥ ਫੜਾਈਆ । ਲੱਖ ਚੁਰਾਸੀ ਉਤਰੇ ਬੋਝ, ਰਾਏ ਧਰਮ ਨਾ ਦਏ ਸਜਾਈਆ । ਜਿਥੇ ਕੋਈ ਨਾ ਸਕੇ ਪਹੁੰਚ, ਉਸ ਘਰ ਡੇਰਾ ਦੇਣਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਸਨਾ ਰਸ ਇਕੋ ਖਾਈਆ । ਇਕੋ ਰਸ ਖਾਏ ਭਗਵਾਨ, ਰਸੀਆ ਰਸ ਆਪ ਹੋ ਜਾਇੰਦਾ । ਪ੍ਰੇਮ ਭਗਤੀ ਮੰਗੇ ਦਾਨ, ਜਨ ਭਗਤਾਂ ਅੱਗੇ ਝੋਲੀ ਡਾਹਿੰਦਾ । ਭਗਤ ਸੱਚਾ ਹੋਏ ਮਿਹਰਵਾਨ, ਭਗਵਨ ਅੱਗੇ ਭੋਗ ਲਵਾਇੰਦਾ । ਭਗਵਨ ਸੱਚਾ ਦੇਵੇ ਦਾਨ, ਜੀਵ ਜੰਤ ਤਰਾਇੰਦਾ । ਜਨਮ ਮਰਨ ਦੀ ਚੁਕੇ ਕਾਣ, ਆਵਣ ਜਾਵਣ ਫੰਦ ਕਟਾਇੰਦਾ । ਲੇਖਾ ਮੁਕੇ ਮੜੀ ਮਸਾਣ, ਗੋਬਿੰਦ ਆਪਣੀ ਗੋਦ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਸਨਾ ਰਸ ਇਕੋ ਇਕ ਏਕਾ ਵਾਰ ਖਾਇੰਦਾ । ਸ਼ੁਕਰ ਸ਼ੁਕਰ ਸ਼ੁਕਰ ਗੁਜ਼ਾਰ, ਸ਼ੁਕਰ ਸ਼ਾਕਰ ਇਕ ਜਣਾਈਆ । ਮੁਕਰ ਜਾਏ ਨਾ ਫੇਰ ਗਵਾਰ, ਅਭੁਲ ਭੁੱਲ ਕਦੇ ਨਾ ਜਾਈਆ । ਉਤਰ ਆਇਆ ਆਪ ਨਿਰੰਕਾਰ, ਮਹਾਂਬਲੀ ਫੇਰਾ ਪਾਈਆ । ਜੋਤ ਸ਼ਬਦ ਇਕੋ ਧਾਰ, ਸ਼ਬਦੀ ਸ਼ਬਦ ਡੰਕ ਸੁਣਾਈਆ । ਕਲ ਕਲਕੀ ਲੈ ਅਵਤਾਰ, ਕਲਜੁਗ ਲੇਖਾ ਰਿਹਾ ਮੁਕਾਈਆ । ਈਸਾ ਮੂਸਾ ਮੁਹੰਮਦ ਲਹਿਣਾ ਦੇਣਾ ਕਰਜ਼ ਦਏ ਉਤਾਰ, ਚੌਦਾਂ ਤਬਕ ਵੇਖੇ ਥਾਉਂ ਥਾਈਆ । ਚੌਦਾਂ ਲੋਕ ਖੋਲ੍ਹ ਕਵਾੜ, ਦਰ ਦਰ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸੰਤ ਸੁਹੇਲੇ ਦੇਵੇ ਵਰ, ਗੁਰ ਚੇਲੇ ਏਕਾ ਘਰ ਬਹਾਈਆ । ਖ਼ਾਹਸ਼ ਅੰਦਰ ਹੋਵੇ ਖ਼ਾਹਸ਼, ਖ਼ੁਸ਼ੀ ਖ਼ੁਸ਼ੀ ਨਾਲ ਮਿਲਾਇੰਦਾ । ਰਵਦਾਸ ਪਿਛੇ ਹੋਇਆ ਦਾਸ, ਲੇਖਾ ਚੁਮਿਆਰ ਹੱਥ ਫੜਾਇੰਦਾ । ਜਿਸ ਦਾ ਮਿੱਤਰ ਕਮਲਾਪਾਤ, ਦੂਜਾ ਸੰਗ ਨਾ ਕੋਇ ਜਣਾਇੰਦਾ । ਭਗਤਾਂ ਪਿਛੇ ਹਰਿ ਜੂ ਆਪਣਾ ਕਰੇ ਘਾਤ, ਘਾਉ ਆਪਣੇ ਆਪ ਲਗਾਇੰਦਾ । ਜਨ ਭਗਤਾਂ ਉਤਮ ਕਰੇ ਜ਼ਾਤ, ਆਪਣੀ ਜ਼ਾਤ ਨਾ ਕੋਇ ਵਖਾਇੰਦਾ । ਪਿਛੋਂ ਲਿਖੀ ਰਹਿ ਜਾਏ ਬਾਤ, ਅੱਗੇ ਹੋ ਦਰਸ ਕੋਇ ਨਾ ਪਾਇੰਦਾ । ਚਲ ਕੇ ਆਇਆ ਆਪਣੇ ਘਾਟ, ਪਿਛਲਾ ਘਾਟਾ ਪੂਰ ਕਰਾਇੰਦਾ । ਜਿਸ

ਤੰਦ ਵਿਚੋਂ ਕਸੀਰਾ ਦਿਤੀ ਦਾਤ, ਸੋ ਤੰਦ ਤੰਦ ਵੇਖ ਵਖਾਇੰਦਾ । ਦੋਹਾਂ ਹੋਰ ਮਿਲ ਕੇ ਫੇਰ ਬਣੇ ਜਮਾਤ, ਅਗਲਾ ਫੇਰ ਭੇਵ ਸਮਝਾਇੰਦਾ । ਕਰੇ ਖੇਲ ਪੁਰਖ ਅਬਿਨਾਸ਼, ਪੂਰਬ ਲਹਿਣਾ ਵੇਖ ਵਖਾਇੰਦਾ । ਆਦਿ ਜੁਗਾਦਿ ਜੁਗ ਜੁਗ ਇਕੋ ਦੇਵੇ ਸੱਚਾ ਸਾਥ, ਸੰਤਾਂ ਸਾਥੀ ਆਪ ਵਖਾਇੰਦਾ । ਜਿਸ ਰਵਦਾਸ ਰਖਾਈ ਪਾਤ, ਸੋ ਰਵਦਾਸ ਪਤ ਪਤ ਨਾਲ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕੀ ਪੌੜੀ ਲਹਿਰ, ਅੰਦਰ ਵੜ ਵੜ ਕਰੇ ਸੈਰ, ਸੈਰਗਾਹ ਇਕੋ ਇਕ ਜਣਾਇੰਦਾ । ਸੈਰਗਾਹ ਸੂਰਾ ਸਰਬੰਗਣ, ਜਲ ਜਲਧਾਰ ਆਪ ਜਣਾਈਆ । ਕਸੀਰੇ ਉਤੋਂ ਦਿਤਾ ਕੰਗਣ, ਕਾਂਗ ਆਪਣੇ ਨਾਮ ਚੜ੍ਹਾਈਆ । ਜੇ ਕੋਈ ਹੁਣ ਜਾਵੇ ਮੰਗਣ, ਅੱਗੋਂ ਹੱਥ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ ਜਨ ਭਗਤਾਂ ਸੰਗ ਆਪਣਾ ਖੇਲ ਰਚਾਈਆ । ਭਗਤਾਂ ਨਾਲ ਖੇਲੇ ਲੁਕਣਮੀਚੀ, ਮਚਲਾ ਹੋ ਹੋ ਖੇਲ ਕਰਾਇੰਦਾ । ਨਾ ਕੋਈ ਵੇਖੇ ਜ਼ਾਤ ਊਚ ਨੀਚੀ, ਨੀਚਾਂ ਅੰਦਰ ਡੇਰਾ ਲਾਇੰਦਾ । ਆਤਮ ਪਰਮਾਤਮ ਗੰਢ ਆਪਣੀ ਹੱਥੀਂ ਪੀਚੀ, ਨਾ ਕੋਈ ਖੋਲ੍ਹ ਖੁਲ੍ਹਾਇੰਦਾ । ਰਵਿਦਾਸ ਉਂਗਲੀ ਵਟ ਚੜ੍ਹਾਇਆ ਨਿਕੀ ਚੀਚੀ, ਪਾਹਣਾ ਖਿਚ ਸੇਵ ਕਮਾਇੰਦਾ । ਅੰਤਮ ਪ੍ਰਭੂ ਵੇਖਣ ਆਇਆ ਬਾਗ਼ੀਚੀ, ਫੁਲ ਫਲਵਾੜੀ ਫੋਲ ਫੁਲਾਇੰਦਾ । ਗੁਰਮੁਖ ਆਤਮ ਪ੍ਰੇਮ ਪਿਆਰ ਦੀ ਨੀਕਨ ਨੀਕੀ, ਮਨ ਮਨਸਾ ਨਾ ਕੋਇ ਵਖਾਇੰਦਾ । ਸਭ ਨੂੰ ਦੇਂਦਾ ਪਿਛਲੀ ਕੀਤੀ, ਪਿਛਲਾ ਲੇਖਾ ਭੁੱਲ ਕਦੇ ਨਾ ਜਾਇੰਦਾ । ਜਿਸ ਰਵਿਦਾਸ ਨਾਲ ਲਾਈ ਪ੍ਰੀਤੀ, ਤਿਸ ਰਵਿਦਾਸ ਦਾਸ ਆਪਣੇ ਨਾਲ ਮਿਲਾਇੰਦਾ । ਜੇ ਕੋਈ ਪੁਛੇ ਪਿਛਲੀ ਬੀਤੀ, ਬਨਾਰਸ ਥੇਟਾ ਭੇਵ ਖੁਲ੍ਹਾਇੰਦਾ । ਜਾਣੇ ਖੇਲ ਜੀਅ ਜੀ ਕੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਣ ਸੇਵਕ ਸੇਵ ਆਪ ਕਮਾਇੰਦਾ । ਪ੍ਰਸਾਦਿ ਅੰਦਰ ਪ੍ਰਸਾਦਿ, ਪਰਮ ਪੁਰਖ ਰਸ ਭਰਾਈਆ । ਆਤਮ ਅੰਦਰ ਪਰਮਾਤਮ ਨਾਦ, ਸਚ ਸੰਦੇਸ਼ ਰਿਹਾ ਸੁਣਾਈਆ । ਯਾਦ ਅੰਦਰ ਯਾਦ, ਯਾਦਾਸਤ ਇਕ ਸਮਝਾਈਆ । ਲੇਖਾ ਲੇਖ ਬੋਧ ਅਗਾਧ, ਲਿਖ ਲਿਖ ਸਕੇ ਨਾ ਕੋਇ ਮੁਕਾਈਆ । ਮੇਲ ਮਿਲਾਵਾ ਮਾਧਵ ਮਾਧ, ਮੋਹਨ ਮੋਹਨੀ ਰੂਪ ਖੇਲ ਕਰਾਈਆ । ਇਕ ਦੂਜੇ ਦੀ ਸੁਣ ਫ਼ਰਿਯਾਦ, ਫ਼ਰਮਾਂਬਰਦਾਰ ਫੇਰਾ ਪਾਈਆ । ਸਤਿ ਪ੍ਰਸਾਦਿ ਸਾਚੀ ਦਾਦ, ਦਸਤ ਦਸਤ ਹੱਥ ਵਡਿਆਈਆ । ਹਰਿ ਜੂ ਰੀਤੀ ਜੁਗਾਦਿ ਆਦਿ, ਜੁਗ ਜੁਗ ਵੇਖ ਵਖਾਈਆ । ਮਿਲੇ ਸਚ ਸੱਚਾ ਸਵਾਦ, ਆਪਣੀ ਸੁਧ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰਸਦਿ ਗੁਰ ਪ੍ਰਸਾਦਿ ਝੋਲੀ ਪਾਈਆ । ਨਾਲੇ ਖਾਵਾਂਗੇ ਨਾਲੇ ਹੱਸਾਂਗੇ । ਸ੍ਰਿਸ਼ਟ ਸਬਾਈ ਦੱਸਾਂਗੇ । ਅੰਦਰ ਵੜ ਵੜ ਵਸਾਂਗੇ । ਦਾਈ ਸਦਾ ਲਾਵੇ ਦਾ, ਅਚਰਜ ਖੇਲ ਰਚਾਈਆ । ਭਗਤ ਭਗਵਾਨ ਦਾ ਕਦੇ ਨਾ ਕਰੇ ਵਸਾਹ, ਅਛਲ ਛਲਧਾਰੀ ਆਦਿ ਜੁਗਾਦਿ ਅਛਲ ਛਲ ਆਪਣਾ ਵੇਸ ਵਟਾਈਆ । ਦੂਸਰਿਆਂ ਦੱਸਦਾ ਰਿਹਾ ਰਾਹ, ਇਸ਼ਾਰਿਆਂ ਨਾਲ ਸਮਝਾਈਆ । ਵੇਦ ਪੁਰਾਨ ਸ਼ਾਸਤਰ ਸਿਮਰਤ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਲੇਖ ਦਿਤਾ ਲਿਖਾ, ਕਲਮ ਸ਼ਾਹੀ ਦੇ ਵਡਿਆਈਆ । ਆਪ ਬੈਠਾ ਰਿਹਾ ਮੁਖ ਛੁਪਾ, ਸਚਖੰਡ ਆਪਣਾ ਡੇਰਾ ਲਾਈਆ । ਉਚੀ ਕੂਕ ਕਹੇ ਕਬੀਰ ਜੋਲਾਹ, ਵੇਖੋ ਭਗਤੋ ਹਰਿ ਜੂ ਸਾਡਾ ਕੀ ਕੀ ਹਾਲ ਕਰਾਈਆ । ਪੁਠੀਆਂ ਖੱਲਾਂ ਦਏ ਲੁਹਾ, ਜਲ ਵਿਚ ਦਏ ਡੁਬਾ, ਹੁਕਮੀ ਆਪਣਾ ਹੁਕਮ ਨਾ ਕੋਇ ਪਰਤਾਈਆ । ਅਸੀਂ ਮੰਨਦੇ ਰਹੇ ਰਜ਼ਾ, ਭਾਣੇ ਵਿਚ ਸੀਸ ਝੁਕਾਈਆ । ਮੈਂ ਇਕੋ ਵਾਰ ਦੇਵਾਂ ਇਕ ਸਦਾ, ਸਾਚਾ ਹੁਕਮ ਜਣਾਈਆ । ਜੇ

ਮੁੜ ਕੇ ਆਵੇ ਫੇਰ ਖ਼ੁਦਾ, ਫ਼ਤਵਾ ਸਭ ਦੇ ਉਤੇ ਲਾਈਆ । ਤੁਸਾਂ ਪਹਿਲੋਂ ਲੈਣਾ ਉਹਨੂੰ ਦਾਅ, ਸਾਚੀ ਰੀਤ ਦਿਆਂ ਜਣਾਈਆ । ਫੇਰ ਆਪੇ ਤੁਹਾਡੇ ਉਤੋਂ ਹੋਏ ਫ਼ਿਦਾ, ਫ਼ਿਤਰਤ ਆਪਣੀ ਦਏ ਜਣਾਈਆ । ਰਾਹ ਦੱਸੇ ਇਕੋ ਸਿਧਾ, ਆਤਮ ਪਰਮਾਤਮ ਲਏ ਮਿਲਾਈਆ । ਪਾਰਬ੍ਰਹਮ ਬ੍ਰਹਮ ਮਿਲ ਕੇ ਪਾਓ ਗਿੱਧਾ, ਘਰ ਸਾਚੇ ਵੱਜੇ ਵਧਾਈਆ । ਖਾਣਾ ਪੀਣਾ ਇਕੋ ਥਾਂ ਰਿਧਾ, ਇਕੋ ਤਸ਼ਤਰੀ ਰਿਹਾ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਾਓ ਭਗਤਾਂ ਆਪ ਸਿਖਾਈਆ । ਵੇਖੋ ਹੋਇਆ ਜਗਤ ਦੰਗਲ, ਦਗ਼ਾ ਸਭ ਦੇ ਨਾਲ ਕਮਾਇੰਦਾ । ਅੰਦਰ ਵੜ ਕੇ ਕਰੇ ਮੰਗਲ, ਭੇਵ ਅਭੇਦ ਖੁਲ੍ਹਾਇੰਦਾ । ਕੂੜੀ ਕਿਰਿਆ ਤੋੜੇ ਸੰਗਲ, ਸਾਖਿਆਤ, ਰੂਪ ਦਰਸਾਇੰਦਾ । ਜਗਤ ਸ਼ਹਾਦਤ ਜਲ ਇਕੱਠਾ ਕੀਤਾ ਨੰਗਲ, ਗੁਰਮੁਖ ਅੰਦਰ ਆਤਮ ਤਾਲ ਵਹਾਇੰਦਾ । ਹਰਿਜਨ ਕਿਤੇ ਨਾ ਜਾਏ ਮੰਗਣ, ਘਰ ਬੈਠਿਆਂ ਵਸਤ ਪੁਚਾਇੰਦਾ । ਅੱਠੇ ਪਹਿਰ ਨਾਮ ਰੰਗਣ, ਬਿਨ ਰੰਗਿਆਂ ਰੰਗ ਚੜ੍ਹਾਇੰਦਾ । ਜਿਸ ਰਵਿਦਾਸ ਠੱਗਿਆ ਕੰਗਣ, ਤਿਸ ਠੱਗ ਲੇਖਾ ਪਾਇੰਦਾ । ਗ਼ਰੀਬ ਨਿਮਾਣਿਆਂ ਹਰਿ ਜੂ ਆਪੇ ਆਏ ਪਾਹਨਾ ਗੰਢਣ, ਬਣ ਸੇਵਕ ਸੇਵ ਕਮਾਇੰਦਾ । ਮਸਤਕ ਟਿੱਕਾ ਲਾਏ ਚੰਦਨ, ਚੌਦਾਂ ਰਤਨ ਮੁਖ ਸ਼ਰਮਾਇੰਦਾ । ਜਨ ਭਗਤਾਂ ਦੋਏ ਜੋੜ ਕਰੇ ਬੰਦਨ, ਬੰਦਗੀ ਆਪਣੀ ਝੋਲੀ ਪਾਇੰਦਾ । ਇਕੋ ਡੋਰ ਇਕੋ ਤੰਦਨ, ਭਗਤ ਭਗਵਾਨ ਖੇਲ ਕਰਾਇੰਦਾ । ਸੂਰਬੀਰ ਸਦਾ ਬਖ਼ਸ਼ੰਦਨ, ਬਖ਼ਸ਼ਿਸ਼ ਸੰਤਾਂ ਹੱਥ ਫੜਾਇੰਦਾ । ਜਨਮ ਕਰਮ ਪੂਰਬ ਦੀ ਟੁੱਟੀ ਆਏ ਗੰਢਣ, ਗੰਢ ਆਪਣੇ ਨਾਮ ਪਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਕਰਤਾ ਵੇਖ ਵਖਾਇੰਦਾ ।



੧੪੧ ੧੩

❇ ੧੩ ਮੱਘਰ ੨੦੧੯ ਬਿਕਰਮੀ ਸੁੰਦਰ ਸਿੰਘ ਦੇ ਗ੍ਰਹਿ ਪਿੰਡ ਰੋਸੇ ਜ਼ਿਲਾ ਗੁਰਦਾਸਪੁਰ ❇

ਸਮੇਂ ਅੰਦਰ ਖੇਲ ਅਪਾਰ, ਆਦਿ ਜੁਗਾਦਿ ਹਰਿ ਕਰਾਇੰਦਾ । ਸਮੇਂ ਅੰਦਰ ਗੁਰ ਅਵਤਾਰ, ਪੀਰ ਪੈਗ਼ੰਬਰ ਸੇਵਾ ਲਾਇੰਦਾ । ਸਮੇਂ ਅੰਦਰ ਵੇਦ ਚਾਰ, ਸ਼ਾਸਤਰ ਸਿਮਰਤ ਰਾਹ ਚਲਾਇੰਦਾ । ਸਮੇਂ ਅੰਦਰ ਖੋਲ੍ਹ ਕਵਾੜ, ਖਾਣੀ ਬਾਣੀ ਵੰਡ ਵੰਡਾਇੰਦਾ । ਸਮੇਂ ਅੰਦਰ ਬੋਲ ਜੈਕਾਰ, ਨਾਉਂ ਨਿਰੰਕਾਰਾ ਆਪ ਦ੍ਰਿੜਾਇੰਦਾ । ਸਮੇਂ ਅੰਦਰ ਹੁਕਮਰਾਨ, ਧੁਰ ਫ਼ਰਮਾਣਾ ਹੁਕਮ ਜਣਾਇੰਦਾ । ਸਮੇਂ ਅੰਦਰ ਨੌਜਵਾਨ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਸਮੇਂ ਅੰਦਰ ਖੜਗ ਖੰਡਾ ਖਿਚ ਕਿਰਪਾਨ, ਦੋ ਜਹਾਨਾਂ ਵੇਖ ਵਖਾਇੰਦਾ । ਸਮੇਂ ਅੰਦਰ ਬ੍ਰਹਿਮੰਡ ਖੰਡ ਜੇਰਜ ਅੰਡ ਉਤਭੁਜ ਸੇਤਜ ਵੇਖੇ ਆਣ, ਲੱਖ ਚੁਰਾਸੀ ਫੋਲ ਫੁਲਾਇੰਦਾ । ਸਮੇਂ ਅੰਦਰ ਜੁਗ ਚੌਕੜੀ ਮੰਨੇ ਆਪਣਾ ਭਾਣ, ਸਦ ਭਾਣੇ ਵਿਚ ਰਹਾਇੰਦਾ । ਸਮੇਂ ਅੰਦਰ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਲੇਖਾ ਜਾਣੇ ਜੀਵ ਜਹਾਨ, ਆਤਮ ਪਰਮਾਤਮ ਖੋਜ ਖੁਜਾਇੰਦਾ । ਸਮੇਂ ਅੰਦਰ ਸ਼ਬਦ ਅਗੰਮੀ ਚੜ੍ਹੇ ਬਬਾਣ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਪਾਰ ਕਰਾਇੰਦਾ । ਸਮੇਂ ਅੰਦਰ ਭਗਤ ਭਗਵਾਨ ਦੇਵੇ ਦਾਨ, ਬ੍ਰਹਮ ਪਾਰਬ੍ਰਹਮ ਮਿਲਾਇੰਦਾ । ਸਮੇਂ ਅੰਦਰ ਬਣ ਅਵਾਣ, ਗ਼ਫ਼ਲਤ ਆਪਣੀ ਸਭ ਤੇ ਪਾਇੰਦਾ । ਸਮੇਂ ਅੰਦਰ ਲੇਖਾ ਜਾਣ ਜ਼ਿਮੀ ਅਸਮਾਨ, ਲੋਕ ਪਰਲੋਕ ਖੋਜ ਖੁਜਾਇੰਦਾ । ਸਮੇਂ ਅੰਦਰ ਚੌਦਾਂ ਲੋਕ ਖੋਲ੍ਹ ਦੁਕਾਨ, ਚੌਦਾਂ ਤਬਕ ਹੱਟ ਚਲਾਇੰਦਾ । ਸਮੇਂ ਅੰਦਰ ਦੇ ਗਿਆਨ, ਗੁਰ ਉਪਦੇਸ਼ ਗੁਰ ਮੰਤਰ ਨਾਮ ਦ੍ਰਿੜਾਇੰਦਾ । ਸਮੇਂ ਅੰਦਰ ਕਰ ਕਲਿਆਣ, ਜੁਗ

ਜੁਗ ਆਪਨੀ ਝੋਲੀ ਪਾਇੰਦਾ । ਸਮੇਂ ਅੰਦਰ ਸ੍ਰਿਸ਼ਟ ਸਬਾਈ ਦੇਵੇ ਬ੍ਰਹਮ ਗਿਆਨ, ਬ੍ਰਹਮ ਗਿਆਤਾ ਪੁਰਖ ਬਿਧਾਤਾ ਪਾਰਬ੍ਰਹਮ ਆਪਣਾ ਭੇਵ ਚੁਕਾਇੰਦਾ । ਸਮੇਂ ਅੰਦਰ ਮੇਟੇ ਅੰਧੇਰੀ ਰਾਤਾ, ਸਮੇਂ ਅੰਦਰ ਸਾਚਾ ਚੰਦ ਚੜ੍ਹਾਇੰਦਾ । ਸਮੇਂ ਅੰਦਰ ਲੱਖ ਚੁਰਾਸੀ ਜੀਵ ਜਨਮ ਦਵਾਏ ਘਰ ਪਿਤਾ ਮਾਤਾ, ਗੋਦੀ ਗੋਦ ਗੋਦ ਬਹਾਇੰਦਾ । ਸਮੇਂ ਅੰਦਰ ਬੋਧ ਅਗਾਧ ਸੁਣਾਏ ਗਾਥਾ, ਏਕਾ ਮੰਤਰ ਨਾਮ ਦ੍ਰਿੜ੍ਹਾਇੰਦਾ । ਸਮੇਂ ਅੰਦਰ ਜੀਵਣ ਜੁਗਤ ਬੰਧਾਏ ਨਾਤਾ, ਸਾਕ ਸੱਜਣ ਸੈਣ ਰੂਪ ਵਟਾਇੰਦਾ । ਸਮੇਂ ਅੰਦਰ ਵੰਡ ਵੰਡਾਏ ਜ਼ਾਤਾਂ ਪਾਤਾਂ, ਦੀਨ ਮਜ਼੍ਹਬ ਨਾਉਂ ਧਰਾਇੰਦਾ । ਸਮੇਂ ਅੰਦਰ ਨੌਂ ਖੰਡ ਪ੍ਰਿਥਮੀ ਸਤ ਦੀਪ ਵੇਖੇ ਖੇਲ ਤਮਾਸ਼ਾ, ਗੁਰ ਅਵਤਾਰ ਪੀਰ ਪੈਗ਼ੰਬਰ ਸੇਵਾ ਲਾਇੰਦਾ । ਸਮੇਂ ਅੰਦਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਸਮਾਂ ਆਪਣੇ ਹੱਥ ਰਖਾਇੰਦਾ । ਸਾਚਾ ਸਮਾਂ ਰਿਹਾ ਬੀਤ, ਜੁਗ ਚੌਕੜੀ ਦਏ ਦੁਹਾਈਆ । ਥਿਰ ਰਿਹਾ ਨਾ ਕੋਇ ਅਤੀਤ, ਕਲਜੁਗ ਤ੍ਰੇਤਾ ਦੁਆਪਰ ਸਤਿਜੁਗ ਕੋਟਨ ਵਾਰ ਫੇਰਾ ਗਏ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਗਾ ਗਾ ਗਏ ਢੋਲਾ ਗੀਤ, ਰਾਹ ਮੰਦਰ ਮਸਜਿਦ ਸ਼ਿਵਦੁਆਲ ਮਸੀਤ ਸਮਝਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਲੱਖ ਚੁਰਾਸੀ ਪਰਖਣਹਾਰਾ ਨੀਤ, ਸਾਚੇ ਤਖ਼ਤ ਬੈਠਾ ਸੱਚਾ ਮਾਹੀਆ । ਕਲਜੁਗ ਅੰਤਮ ਖੇਲ ਕਰੇ ਅਨਡੀਠ, ਵੇਦ ਕਤੇਬ ਭੇਵ ਨਾ ਆਈਆ । ਜਿਸ ਦਾ ਨਾਨਕ ਗੋਬਿੰਦ ਗੌਂਦੇ ਗਏ ਗੀਤ, ਈਸਾ ਮੂਸਾ ਮੁਹੰਮਦ ਬੈਠੇ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਸਾਹਿਬ ਸੁਲਤਾਨ ਸਚਖੰਡ ਨਿਵਾਸੀ ਹੁਕਮਰਾਨ, ਹੁਕਮੇ ਅੰਦਰ ਸਮਾਂ ਰਿਹਾ ਜਣਾਈਆ । ਹੁਕਮੇ ਅੰਦਰ ਸਚ ਜਣਾ, ਲੱਖ ਚੁਰਾਸੀ ਭੇਵ ਖੁਲਾਇੰਦਾ । ਹਰਿ ਜੂ ਭਾਣਾ ਰਿਹਾ ਵਰਤਾ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਵੇਦ ਵਿਆਸਾ ਗਿਆ ਲਿਖਾ, ਪੂਤ ਸਪੂਤਾ ਬ੍ਰਹਿਮਣ ਗੌੜਾ ਉਚੇ ਟਿੱਲੇ ਪਰਬਤ ਡੇਰਾ ਲਾਇੰਦਾ । ਈਸਾ ਰਿਹਾ ਧਿਆਨ ਲਗਾ, ਪਰਵਰਦਿਗਾਰ ਮੇਰਾ ਖ਼ੁਦਾ, ਆਪਣਾ ਪੂਤ ਸੰਗ ਨਿਭਾਇੰਦਾ । ਮੁਹੰਮਦ ਚਰਨ ਧੂੜੀ ਮਸਤਕ ਟਿੱਕਾ ਰਿਹਾ ਲਾ, ਮੇਰਾ ਅਮਾਮ ਸਿਰ ਮੇਰੇ ਹੱਥ ਟਿਕਾਇੰਦਾ । ਨਾਨਕ ਨਿਰਗੁਣ ਬੇਪਰਵਾਹ ਰਿਹਾ ਜਣਾ, ਨਿਹਕਲੰਕ ਏਕਾ ਡੰਕ ਸੁਣਾਇੰਦਾ । ਗੋਬਿੰਦ ਸ੍ਰਿਸ਼ਟ ਸਬਾਈ ਗਿਆ ਸਮਝਾ, ਪੁਰਖ ਅਕਾਲ ਆਵੇ ਬੇਪਰਵਾਹ, ਸੰਬਲ ਆਪਣਾ ਡੇਰਾ ਲਾਇੰਦਾ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਲਹਿਣਾ ਦੇਣਾ ਦਏ ਮੁਕਾ, ਪੂਰਬ ਲੇਖਾ ਵੇਖ ਵਖਾਇੰਦਾ । ਕਲਜੁਗ ਮੇਟੇ ਰੈਣ ਅੰਧੇਰੀ ਛਾ, ਸਤਿਜੁਗ ਸਾਚਾ ਚੰਦ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸਮਾਂ ਆਪ ਸਮਝਾਇੰਦਾ । ਸਾਚਾ ਸਮਾਂ ਲਓ ਤੱਕ, ਹਰਿ ਨੇਤਰ ਰਿਹਾ ਤਕਾਈਆ । ਕਲਜੁਗ ਅੰਤਮ ਗਿਆ ਥੱਕ, ਕੂੜੀ ਕਿਰਿਆ ਸੰਗ ਰਖਾਈਆ । ਖ਼ਾਲੀ ਦਿਸੇ ਮਦੀਨਾ ਮੱਕ, ਹੁਜਰਾ ਹੱਜ ਨਾ ਕੋਇ ਵਖਾਈਆ । ਮਾਇਆ ਮਮਤਾ ਹਉਮੇ ਹੰਗਤਾ ਕਾਮ ਕਰੋਧ ਲੋਭ ਮੋਹ ਹੰਕਾਰ ਬੂਟਾ ਗਿਆ ਪੱਕ, ਫਲ ਇਕੋ ਵਾਰ ਝੜਾਈਆ । ਹਰਿ ਕਾ ਭਾਣਾ ਕੋਈ ਨਾ ਸਕੇ ਡੱਕ, ਗੁਰ ਅਵਤਾਰ ਪੀਰ ਪੈਗ਼ੰਬਰ ਬੈਠੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਮਾਂ ਸਮੇਂ ਨਾਲ ਟਕਰਾਈਆ । ਸਮਾਂ ਸਮਾਂ ਹੋਏ ਬਲਵਾਨ, ਵਡ ਬਲਵਾਨ ਆਪ ਜਣਾਇੰਦਾ । ਧਰਨੀ ਰਹੇ ਨਾ ਕੋਇ ਨਿਸ਼ਾਨ, ਧਵਲ ਖੇੜਾ ਨਾ ਕੋਇ ਵਸਾਇੰਦਾ । ਨਾਤਾ ਟੁੱਟੇ ਬੇਈਮਾਨ, ਕੂੜੀ ਵੰਡ ਨਾ ਕੋਇ ਵੰਡਾਇੰਦਾ । ਖੇਲੇ ਖੇਲ ਸ੍ਰੀ ਭਗਵਾਨ, ਖੇਲਣਹਾਰਾ ਦਿਸ ਨਾ ਆਇੰਦਾ । ਨੌਂ ਖੰਡ ਪ੍ਰਿਥਮੀ ਕਰੇ ਵੈਰਾਨ, ਸੱਤਾਂ ਦੀਪਾਂ ਫੇਰਾ ਪਾਇੰਦਾ । ਗੁਰਮੁਖ ਸਾਚੇ ਕਰੇ ਪਰਵਾਨ,

ਜਿਸ ਜਨ ਆਪਣੀ ਬੂਝ ਬੁਝਾਇੰਦਾ । ਸੰਤਾਂ ਦੇਵੇ ਨਾਮ ਦਾਨ, ਆਤਮ ਨਿਧਾਨ ਵੇਖ ਵਖਾਇੰਦਾ । ਭਗਤ ਭਗਵਾਨ ਦੇਵੇ ਮਾਣ, ਦਰਗਾਹ ਸਾਚੀ ਰੰਗ ਰੰਗਾਇੰਦਾ । ਕੂੜੀ ਕਿਰਿਆ ਮਿਟੇ ਨਿਸ਼ਾਨ, ਸਚ ਸੁੱਚ ਆਪ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਮਾਂ ਸ੍ਰਿਸ਼ਟ ਸਬਾਈ ਵਿਚ ਵਖਾਇੰਦਾ । ਸ੍ਰਿਸ਼ਟ ਸਬਾਈ ਵੇਖੇ ਸਮਾਂ, ਸੰਮਨ ਸਭ ਦੇ ਰਿਹਾ ਕਢਾਈਆ । ਨਾਤਾ ਤੁਟੇ ਪੁਤਰਾਂ ਅੰਮਾਂ, ਅਮੜੀ ਗੋਦ ਨਾ ਕੋਇ ਸੁਹਾਈਆ । ਜੀਵ ਜੰਤ ਨੇਤਰ ਰੋਵਣ ਛੰਮ ਛੰਮਾ, ਧੀਰਜ ਧੀਰ ਨਾ ਕੋਇ ਰਖਾਈਆ । ਦੀਨ ਮਜ਼੍ਹਬ ਟੁੱਟੇ ਬੰਨਾਂ, ਸ਼ਰਅ ਸ਼ਰੀਅਤ ਕਰੇ ਲੜਾਈਆ । ਕਲਜੁਗ ਜੀਵ ਆਤਮ ਅੰਨਾ, ਹਰਿ ਕਾ ਭੇਵ ਨਾ ਜਾਣੇ ਰਾਈਆ । ਗੁਰਮੁਖ ਵਿਰਲੇ ਭਾਣਾ ਮੰਨਾ, ਤਿਸ ਸਮਾਂ ਨੇੜ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਮੇਂ ਅੰਦਰ ਲੱਖ ਚੁਰਾਸੀ ਗੇੜਾ ਰਿਹਾ ਦਵਾਈਆ । ਸਮੇਂ ਅੰਦਰ ਦੇਵੇ ਗੇੜਾ, ਗੇੜਾ ਆਪਣੇ ਹੱਥ ਰਖਾਇੰਦਾ । ਨੌਂ ਖੰਡ ਪ੍ਰਿਥਮੀ ਪਏ ਝੇੜਾ, ਘਰ ਘਰ ਅਗਨੀ ਅੱਗ ਲਗਾਇੰਦਾ । ਨੌਂ ਖੰਡ ਪ੍ਰਿਥਮੀ ਖੁਲ੍ਹਾ ਹੋਏ ਵੇਹੜਾ, ਛੱਪਰ ਛੰਨ ਨਾ ਕੋਇ ਛੁਹਾਇੰਦਾ । ਕਲਜੁਗ ਅੰਤਮ ਕਰੇ ਹੱਕ ਨਬੇੜਾ, ਹੱਕ ਹਕੀਕਤ ਵੇਖ ਵਖਾਇੰਦਾ । ਪਾਰਬ੍ਰਹਮ ਅਬਿਨਾਸ਼ੀ ਕਰਤਾ ਅੰਤ ਨਾ ਲਾਏ ਦੇਰਾ, ਨੇਰਨ ਨੇਰਾ ਵਕਤ ਲਿਆਇੰਦਾ । ਵੀਹ ਸੌ ਵੀਹ ਬਿਕਰਮੀ ਪਾਏ ਘੇਰਾ, ਸ਼ਬਦ ਡੋਰੀ ਤੰਦ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਸਮਾਂ ਸਚ ਸੁਲਤਾਨ, ਵੇਖਣਹਾਰਾ ਦੋ ਜਹਾਨ, ਬ੍ਰਹਿਮੰਡਾਂ ਖੰਡਾਂ ਖੋਜ ਖੁਜਾਇੰਦਾ । ਸਾਚੇ ਸਮੇਂ ਦੀ ਰੱਖੋ ਉਡੀਕ, ਵੇਲਾ ਨੇੜੇ ਗਿਆ ਆਈਆ । ਜਿਸ ਦੀ ਗੋਬਿੰਦ ਦੱਸ ਕੇ ਗਿਆ ਤਰੀਕ, ਤਹਿਕੀਕਾਤ ਕਰੇ ਬੇਪਰਵਾਹੀਆ । ਪਰਗਟ ਹੋਵੇ ਲਾਸ਼ਰੀਕ, ਸ਼ਿਰਕਤ ਸਭ ਦੀ ਦਏ ਮਿਟਾਈਆ । ਵੀਹ ਸੌ ਵੀਹ ਬਿਕਰਮੀ ਪੰਦਰਾਂ ਕੱਤਕ ਠੀਕ, ਠੀਕਰ ਸਭ ਦਾ ਭੰਨ ਵਖਾਈਆ । ਅੱਗੇ ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਸਾਰੇ ਗੌਣ ਇਕੋ ਗੀਤ, ਹਿੰਦੂ ਮੁਸਲਮ ਸਿਖ ਈਸਾਈ ਏਕਾ ਰੰਗ ਵਖਾਈਆ । ਨਾਤਾ ਤੁਟੇ ਮੰਦਰ ਮਸੀਤ, ਆਤਮ ਮਿਲੇ ਇਕ ਅਤੀਤ, ਤ੍ਰੈਗੁਣ ਲਹਿਣਾ ਦਏ ਮੁਕਾਈਆ । ਸਮੇਂ ਅੰਦਰ ਗੁਰਮੁਖ ਵਿਰਲਾ ਮਾਣਸ ਜਨਮ ਜਾਏ ਜੀਤ, ਭਰਮੇ ਭੁਲੇ ਸਰਬ ਲੋਕਾਈਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਸਮਾਂ ਕਰੇ ਖ਼ਾਲੀ ਖ਼ੀਸ, ਸਿਰ ਤਾਜ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਮਾਂ ਜਗਤ ਨਾਲ ਪਰਨਾਈਆ । ਰਿਧੀ ਸਿਧੀ ਕੀ ਵਿਚਾਰੀ, ਗੁਰਮੁਖਾਂ ਕੰਮ ਕਿਸੇ ਨਾ ਆਈਆ । ਜਿਨ੍ਹਾਂ ਮਿਲੇ ਜੋਤ ਨਰਾਇਣ ਨਰ ਨਿਰੰਕਾਰੀ, ਏਥੇ ਓਥੇ ਹੋਏ ਸਹਾਈਆ । ਨਾਮ ਖ਼ਜ਼ਾਨਾ ਭਰੇ ਪਟਾਰੀ, ਕਾਇਆ ਮੰਦਰ ਅੰਦਰ ਆਪ ਟਿਕਾਈਆ । ਕਲਜੁਗ ਅੰਤ ਨਾ ਹੋਏ ਖ਼ਵਾਰੀ, ਆਪਣੀ ਗੋਦੀ ਲਏ ਉਠਾਈਆ । ਹਉਮੇ ਹੰਗਤਾ ਕਰੇ ਦੂਰ ਬੀਮਾਰੀ, ਕਾਮ ਕਰੋਧ ਲੋਭ ਮੋਹ ਹੰਕਾਰ ਦਏ ਮਿਟਾਈਆ । ਜਿਸ ਨੇ ਹਰਿ ਸੰਗਤ ਕਰੀ ਪਿਆਰੀ, ਤਿਸ ਹਰਿ ਜੂ ਮਿਲੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਰਿਧੀ ਸਿਧੀ ਗੁਰਮੁਖਾਂ ਚਰਨਾਂ ਹੇਠ ਰਖਾਈਆ । ਨੌਂ ਨਿਧ ਅਠਾਰਾਂ ਸਿਧ, ਗੁਰਮੁਖ ਨੈਣ ਨਾ ਕਦੇ ਤਕਾਇੰਦਾ । ਗੁਰ ਕਾ ਮੰਤਰ ਆਤਮ ਜਾਏ ਵਿਧ, ਪਰਮਾਤਮ ਮੇਲ ਮਿਲਾਇੰਦਾ । ਦੋ ਜਹਾਨਾਂ ਹੋਵਣ ਕਾਰਜ ਸਿਧ, ਅੱਗੇ ਹੋ ਨਾ ਕੋਇ ਅਟਕਾਇੰਦਾ । ਪਾਰ ਲੰਘਣ ਦੀ ਇਕੋ ਬਿਧ, ਪ੍ਰਭ ਚਰਨ ਧਿਆਨ ਲਗਾਇੰਦਾ । ਵੇਖੋ ਕਲਜੁਗ ਅੰਤ ਬੈਠੇ ਨਾ ਰਹਿਣਾ ਕਰ ਕੇ ਜ਼ਿਦ, ਵੇਲਾ ਗਿਆ ਹੱਥ ਨਾ ਆਇੰਦਾ । ਪੁਰਖ

ਅਕਾਲ ਏਥੇ ਓਥੇ ਮਾਤ ਪਿਤ, ਆਪਣੀ ਗੋਦ ਬਹਾਇੰਦਾ । ਜਨ ਭਗਤਾਂ ਕਰੇ ਸਦਾ ਹਿਤ, ਸਿਰ ਆਪਣਾ ਹੱਥ ਟਿਕਾਇੰਦਾ । ਜੁਗ ਜੁਗ ਆਵੇ ਨਿਤ ਨਵਿਤ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਵੇਸ ਵਟਾਇੰਦਾ । ਵਸੇ ਧਾਮ ਆਪ ਅਨਡਿਠ, ਜਗਤ ਨੇਤਰ ਨਜ਼ਰ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਰਿਧੀ ਸਿਧੀ ਜਨ ਭਗਤਾਂ ਦਾਸੀ ਰੂਪ ਵਖਾਇੰਦਾ । ਰਿਧੀ ਸਿਧੀ ਹੋਏ ਦਾਸੀ, ਬਣ ਦਾਸੀ ਸੇਵ ਕਮਾਈਆ । ਜਿਨ੍ਹਾਂ ਮਿਲਿਆ ਪੁਰਖ ਅਬਿਨਾਸ਼ੀ, ਦੂਜਾ ਘਰ ਨਾ ਮੰਗਣ ਜਾਈਆ । ਅੱਠੇ ਪਹਿਰ ਨਿਰਮਲ ਜੋਤ ਨੂਰ ਪਰਕਾਸ਼ੀ, ਅੰਧ ਅੰਧੇਰ ਨਜ਼ਰ ਨਾ ਆਈਆ । ਹਰਿ ਕਾ ਭੇਵ ਨਾ ਜਾਣੇ ਕੋਈ ਪੰਡਤ ਕਾਸ਼ੀ, ਪੜ੍ਹ ਪੜ੍ਹ ਥੱਕੀ ਸਰਬ ਲੋਕਾਈਆ । ਸਤਿਗੁਰ ਪੂਰਾ ਕਰੇ ਬੰਦ ਖ਼ਲਾਸੀ, ਜੋ ਜਨ ਚਰਨ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਾਮ ਵਸਤ ਅਮੋਲਕ ਕਾਇਆ ਗੋਲਕ ਆਪ ਟਿਕਾਈਆ । ਰਿਧੀ ਸਿਧੀ ਮਾਰੇ ਧਾਹ, ਨੇਤਰ ਨੈਣਾਂ ਨੀਰ ਵਹਾਈਆ । ਮੇਰੀ ਗੁਰਮੁਖਾਂ ਅੱਗੇ ਚਲੇ ਕੋਈ ਨਾ ਵਾਹ, ਜਿਨ੍ਹਾਂ ਮਿਲਿਆ ਸਤਿਗੁਰ ਮਾਹੀਆ । ਕਰ ਕਿਰਪਾ ਆਪਣਾ ਨਾਮ ਦਿਤਾ ਦ੍ਰਿੜ੍ਹਾ, ਦ੍ਰਿੜ੍ਹ ਵਿਸ਼ਵਾਸ ਇਕ ਜਣਾਈਆ । ਸਾਹਿਬ ਸੱਚਾ ਬਣਿਆ ਮਲਾਹ, ਬੇੜਾ ਆਪਣੇ ਕੰਧ ਉਠਾਈਆ । ਰਾਏ ਧਰਮ ਦਰ ਦੇਵੇ ਦੁਰਕਾ, ਚਿਤਰ ਗੁਪਤ ਨਾ ਲੇਖ ਵਖਾਈਆ । ਲਾੜ੍ਹੀ ਮੌਤ ਨਾ ਕਰੇ ਨਕਾਹ, ਮੁਖ ਘੁੰਗਟ ਰਹੀ ਪਾਈਆ । ਰਿਧੀ ਸਿਧੀ ਨੈਣ ਰਹੇ ਸ਼ਰਮਾ, ਅੱਖ ਸਕੇ ਨਾ ਅੱਗੇ ਉਠਾਈਆ । ਗੁਰਸਿਖਾਂ ਗੁਰ ਸਤਿਗੁਰ ਪੂਰਾ ਮਿਲਿਆ ਆ, ਆਪ ਆਪਣਾ ਰੰਗ ਵਖਾਈਆ । ਆਤਮ ਸੇਜਾ ਪਲੰਘ ਬੈਠਾ ਡਾਹ, ਸੇਜ ਸੁਹੰਜਣੀ ਰਿਹਾ ਹੰਢਾਈਆ । ਬਿਨ ਹੱਥਾਂ ਪਕੜੇ ਬਾਂਹ, ਆਪ ਆਪਣੇ ਕੰਧ ਉਠਾਈਆ । ਦਰਗਾਹ ਸਾਚੀ ਦੇਵੇ ਥਾਂ, ਸਚਖੰਡ ਵੱਜੇ ਵਧਾਈਆ । ਥਿਰ ਘਰ ਕੁੰਡਾ ਦੇਵੇ ਲਾਹ, ਆਪ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪਾਰ ਲੰਘਣ ਦਾ ਇਕੋ ਨਾਂ, ਨਾਉਂ ਨਿਰੰਕਾਰਾ ਦਏ ਸਮਝਾਈਆ ।



## ❇ ੧੩ ਮੱਘਰ ੨੦੧੯ ਬਿਕਰਮੀ ਪਾਲ ਸਿੰਘ ਦੇ ਗ੍ਰਿਹਿ ਪਿੰਡ ਸ਼ੋਹਨ ਜ਼ਿਲਾ ਗੁਰਦਾਸਪੁਰ ❇

ਨਨ੍ਹਾ ਨਿੱਕਾ ਤੇਰਾ ਬਾਲ, ਸਤਿਜੁਗ ਇਕ ਧਿਆਨ ਲਗਾਈਆ । ਕਰ ਕਿਰਪਾ ਪ੍ਰਭ ਦੀਨ ਦਿਆਲ, ਮਿਹਰ ਨਜ਼ਰ ਉਠਾਈਆ । ਸਾਚਾ ਮਾਰਗ ਦੇ ਸਿਖਾਲ, ਸਚ ਸਿਖਿਆ ਕਰ ਪੜ੍ਹਾਈਆ । ਬਣ ਵਿਚੋਲਾ ਆਪ ਦਲਾਲ, ਇਕੋ ਓਟ ਰਖਾਈਆ । ਲੇਖਾ ਦੱਸ ਹੱਕ ਹਲਾਲ, ਹਕੀਕਤ ਮਿਲੇ ਵਡਿਆਈਆ । ਕੂੜੀ ਕਿਰਿਆ ਤੋੜ ਜੰਜਾਲ, ਸਚ ਸਚ ਸਮਝਾਈਆ । ਚਾਰ ਵਰਨ ਇਕ ਧਰਮਸਾਲ, ਦਰ ਦਰਵਾਜ਼ਾ ਇਕ ਖੁਲ੍ਹਾਈਆ । ਦੀਪ ਦੀਆ ਇਕੋ ਬਾਲ, ਦੋ ਜਹਾਨ ਕਰ ਰੁਸ਼ਨਾਈਆ । ਨਾਮ ਵਸਤ ਸਚ ਧੰਨ ਮਾਲ, ਲੱਖ ਚੁਰਾਸੀ ਜੀਵ ਵਰਤਾਈਆ । ਗ਼ਰੀਬ ਨਿਮਾਣਿਆਂ ਸੁਣ ਹਾਲ, ਹਲਤ ਪਲਤ ਹੋ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਟਿਕਾਈਆ । ਸਤਿਜੁਗ ਕਹੇ ਮੈਂ ਨਿੱਕਾ ਬੱਚਾ, ਤੇਰੇ ਚਰਨ ਧਿਆਨ ਲਗਾਈਆ । ਇਕੋ ਦੇ ਦੇ ਸਾਚਾ ਸੱਚਾ, ਸਾਚੀ ਵਸਤ ਵਿਚ ਟਿਕਾਈਆ । ਗੁਰਮੁਖ ਕੋਇ ਨਾ ਰਹੇ ਕੱਚਾ, ਕੱਚੀ ਮਾਟੀ ਨਜ਼ਰ ਨਾ ਆਈਆ । ਮੇਰੀ ਮਾਤਾ ਜੋਤ ਅਕਾਲਣ ਬੈਠੀ ਜ਼ੱਚਾ, ਦਿਵਸ ਰੈਣ ਧਿਆਨ ਲਗਾਈਆ । ਜੋਤੀ ਜੋਤ ਸਰੂਪ

੧੪੫
੧੩

ਹਰਿ, ਆਪ ਆਪਣੀ ਕਿਰਪਾ ਕਰ, ਏਕਾ ਗੁਣ ਦਏ ਸਮਝਾਈਆ । ਜੋਤ ਅਕਾਲਣ ਤੇਰੀ ਮਾਂ, ਹਰਿ ਮਮਤਾ ਆਪ ਜਣਾਇੰਦਾ । ਏਕਾ ਰਸ ਰਹੀ ਚੁੰਘਾ, ਸੀਰ ਨਜ਼ਰ ਕਿਸੇ ਨਾ ਆਇੰਦਾ । ਸੋ ਪੁਰਖ ਨਿਰੰਜਣ ਰਿਹਾ ਸਮਝਾ, ਬੇਸਮਝ ਆਪ ਪੜ੍ਹਾਇੰਦਾ । ਲੇਖਾ ਜਾਣੇ ਦੋ ਜਹਾਂ, ਦੋਏ ਦੋਏ ਅੱਖਰ ਰੂਪ ਵਖਾਇੰਦਾ । ਸੋ ਪੁਰਖ ਨਿਰੰਜਣ ਖੇਲ ਰਿਹਾ ਕਰਾ, ਹੰ ਤੇਰਾ ਰੰਗ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਜਣਾਇੰਦਾ । ਜੋਤ ਅਕਾਲਣ ਤੇਰੀ ਮਾਤਾ, ਮਮਤਾ ਇਕੋ ਇਕ ਜਣਾਈਆ । ਸਤਿ ਸਤਿਵਾਦੀ ਦੇਵੇ ਦਾਤਾ, ਦਾਤਾ ਦਾਨੀ ਦਇਆ ਕਮਾਈਆ । ਨਿੱਕੇ ਬਾਲੇ ਪੜ੍ਹਨਾ ਇਕ ਜਮਾਤਾ, ਪੱਟੀ ਇਕੋ ਇਕ ਰਖਾਈਆ । ਇਕੋ ਗਾਈਂ ਸਾਚੀ ਗਾਥਾ, ਸੋਹੰ ਦਏ ਵਡਿਆਈਆ । ਤੇਰਾ ਨਜ਼ਰੀ ਆਏ ਪਾਪਾ, ਮਾਤਾ ਮੱਤ ਦੇ ਸਮਝਾਈਆ । ਆਦਿ ਜੁਗਾਦੀ ਸਾਚਾ ਆਕਾ, ਅਕਲ ਇਕੋ ਇਕ ਵਖਾਈਆ । ਤੂੰ ਮੇਰੀ ਗੋਦੀ ਸੋਹੇਂ ਨਿੱਕਾ ਕਾਕਾ, ਕੁੱਖ ਸੁਲੱਖਣੀ ਮਿਲੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਦੇਣਾ ਜਣਾਈਆ । ਜੋਤ ਅਕਾਲਣ ਤੇਰੀ ਮੱਯਾ, ਘਰ ਸਾਚੇ ਵੇਖ ਵਖਾਈਆ । ਆਪੇ ਪਕੜੇ ਫੜ ਫੜ ਬਹੀਯਾ, ਬਾਹੂ ਆਪਣਾ ਬਲ ਜਣਾਈਆ । ਇਕ ਚੜ੍ਹਾਏ ਸਾਚੀ ਨੱਯਾ, ਨੌਕਾ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਰਿਹਾ ਵਖਾਈਆ । ਜੋਤ ਅਕਾਲਣ ਮਾਤ ਪਿਆਰੀ, ਪਰਮ ਪੁਰਖ ਆਪ ਜਣਾਇੰਦਾ । ਤੇਰੀ ਭਰੇ ਖੇਡਣ ਵਾਲੀ ਸਚ ਪਟਾਰੀ, ਸਾਚੀ ਵੰਡ ਆਪ ਵੰਡਾਇੰਦਾ । ਲੋਕਮਾਤ ਕਰ ਤਿਆਰੀ, ਤ੍ਰੈਗੁਣ ਤੇਰਾ ਰੰਗ ਵਖਾਇੰਦਾ । ਪੰਜ ਤੱਤ ਨਿਭੌਣੀ ਯਾਰੀ, ਯਾਰੀ ਯਾਰਾਂ ਨਾਲ ਜਣਾਇੰਦਾ । ਨੌਂ ਖੰਡ ਪ੍ਰਿਥਮੀ ਵੇਖ ਕਿਆਰੀ, ਲੱਖ ਚੁਰਾਸੀ ਖੇਤੀ ਬੀਜ ਬਿਜਾਇੰਦਾ । ਫੇਰਾ ਮਾਰੀਂ ਵਾਰੋ ਵਾਰੀ, ਚਾਰੇ ਕੂਟਾਂ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਆਪ ਜਣਾਇੰਦਾ । ਮੈਂ ਛੋਟਾ ਬਾਲਾ ਨਿੱਕਾ ਬੱਚਾ, ਬਚਤ ਆਪਣੀ ਰਿਹਾ ਜਣਾਈਆ । ਤੇਰਾ ਹੁਕਮ ਮੰਨਾਂ ਸੱਚਾ, ਸਚ ਸਮਗਰੀ ਝੋਲੀ ਪਾਈਆ । ਨਵ ਨੌਂ ਚਾਰ ਫਿਰਾਂ ਨੱਠਾਂ, ਦਿਵਸ ਰੈਣ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਝੋਲੀ ਖ਼ਾਲੀ ਦੇ ਭਰਾਈਆ । ਪੁਰਖ ਅਬਿਨਾਸ਼ੀ ਹੋ ਦਿਆਲ, ਮਾਤਾ ਸੁਲੱਖਣੀ ਨਾਲ ਰਲਾਇੰਦਾ । ਜੋਤ ਅਕਾਲਣ ਕਰੇ ਪ੍ਰਿਤਪਾਲ, ਪ੍ਰਿਤਪਾਲਕ ਆਪ ਸਮਝਾਇੰਦਾ । ਸਾਚਾ ਮਾਰਗ ਇਕ ਸਿਖਾਲ, ਸਾਚੇ ਧੰਦੇ ਆਪੇ ਲਾਇੰਦਾ । ਮੇਲ ਮਿਲਾਏ ਸ਼ਾਹ ਕੰਗਾਲ, ਕੰਗਾਲ ਸ਼ਾਹ ਰੂਪ ਵਟਾਇੰਦਾ । ਗੋਬਿੰਦ ਸੁਣੇ ਮੁਰੀਦਾਂ ਹਾਲ, ਮੁਰਸ਼ਦ ਆਪਣਾ ਵੇਸ ਵਟਾਇੰਦਾ । ਜਾ ਕੇ ਵੇਖ ਸੱਚੀ ਧਰਮਸਾਲ, ਧਰਮ ਦੁਆਰਾ ਹਰਿ ਜਣਾਇੰਦਾ । ਜਿਥੇ ਹਰਿ ਜੂ ਭਗਤਾਂ ਨਾਲ ਕਰੇ ਵਸਾਲ, ਵਿਸ਼ਵ ਆਪਣਾ ਰਾਹ ਜਣਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦੀ ਦੇ ਦੇ ਗਏ ਮਿਸਾਲ, ਸੋ ਸਭ ਦੀ ਮਿਸਲ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੱਚੇ ਛੋਟੇ ਆਪ ਸਮਝਾਇੰਦਾ । ਬੱਚੇ ਕੱਚੇ ਚੜ੍ਹਿਆ ਚਾਅ, ਚਚਾ ਨਜ਼ਰ ਇਕੋ ਆਈਆ । ਹਰ ਘਟ ਰਚਿਆ ਥਾਂ ਥਾਂ, ਥਾਨ ਥਨੰਤਰ ਰਿਹਾ ਸਮਾਈਆ । ਜਿਧਰ ਵੇਖਾਂ ਪਿਤਾ ਮਾਂ, ਪੁਰਖ ਅਕਾਲ ਗੋਦ ਸੁਹਾਈਆ । ਸਚ ਜਣਾਇਆ ਇਕੋ ਨਾਂ, ਨਾਉਂ ਨਿਰੰਕਾਰਾ ਦਏ ਵਡਿਆਈਆ । ਅੱਖ ਖੋਲ੍ਹ ਵੇਖਿਆ ਜਨ ਭਗਤਾਂ ਪਕੜੀ ਬੈਠਾ ਬਾਂਹ, ਬਾਜ਼ੂ ਆਪਣੇ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਰਿਹਾ ਕਰਾਈਆ ।

ਨਿੱਕਾ ਬੱਚਾ ਹੋਏ ਨਨ੍ਹਾ, ਨੈਨਣ ਨੈਣਾਂ ਹਰਿ ਦਰਸਾਇੰਦਾ । ਉਠ ਮੇਰੇ ਲਾਡਲੇ ਚੰਨਾ, ਹਰਿ ਜੂ ਸਾਚਾ ਚੰਦ ਚੜ੍ਹਾਇੰਦਾ । ਜ਼ਾਤ ਪਾਤ ਦੀਨ ਮਜ਼੍ਹਬ ਭੰਨਿਆਂ ਬੰਨਾ, ਗੁਰਮੁਖ ਇਕੋ ਰੰਗ ਵਖਾਇੰਦਾ । ਉਠ ਕੇ ਸੁਣ ਆਪਣਿਆਂ ਕੰਨਾਂ, ਹਰਿ ਭਗਤਾਂ ਆਪ ਪੜ੍ਹਾਇੰਦਾ । ਨਾਮੇ ਪਿਛੇ ਛੁਹਾਈ ਛੰਨਾ, ਜਨ ਭਗਤਾਂ ਪਿਛੇ ਮੰਦਰ ਇਕ ਬਣਾਇੰਦਾ । ਜੁਗ ਚੌਕੜੀ ਫਿਰੇ ਭੰਨਾ, ਬਣ ਪਾਂਧੀ ਪੰਧ ਮੁਕਾਇੰਦਾ । ਲੱਖ ਚੁਰਾਸੀ ਦਿਸੇ ਹਰਿ ਜੂ ਅੰਨਾ, ਅੰਧ ਅੰਧੇਰਾ ਸਰਬ ਵਖਾਇੰਦਾ । ਗੁਰਮੁਖ ਵਿਰਲੇ ਆਤਮ ਮੰਨਾ, ਮਨ ਮਣਕਾ ਆਪ ਭਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚੇ ਚੰਨ ਜਗਾਇੰਦਾ । ਸਤਿਜੁਗ ਚੰਨ ਵੇਖ ਚਾਂਦ, ਹਰਿ ਚਮਕ ਰਿਹਾ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਨ ਚਰਨ ਬਹਾਏ ਬਾਂਧ, ਆਪਣਾ ਹੁਕਮ ਮਨਾਈਆ । ਦੋ ਜਹਾਨ ਵਖਾਏ ਆਂਢ ਗਵਾਂਢ, ਦਾਤਾ ਬੇਪਰਵਾਹੀਆ । ਕਲਜੁਗ ਅੰਤਮ ਵਰਤਿਆ ਸਵਾਂਗ, ਸਵਾਂਗੀ ਆਪਣਾ ਸਾਂਗ ਵਰਤਾਈਆ । ਜੋ ਚਾਹੇ ਸੋ ਲੈਣਾ ਮਾਂਗ, ਦੇਵਣਹਾਰ ਆਪ ਹੋ ਜਾਈਆ । ਚੌਥੇ ਜੁਗ ਪੂਰੀ ਕਰੇ ਤੇਰੀ ਤਾਂਘ, ਤਾਹਨੇ ਮਾਰੇ ਨਾ ਕੋਈ ਲੋਕਾਈਆ । ਸੋਹੰ ਨਾਮ ਚੜ੍ਹਾਏ ਕਾਂਗ, ਲੇਖਾ ਸਭ ਦਾ ਦਏ ਰੁੜ੍ਹਾਈਆ । ਨਾ ਕੋਈ ਰੋਜ਼ਾ ਨਾ ਕੋਈ ਬਾਂਗ, ਮੁਸੱਲਾ ਹੇਠ ਨਾ ਕੋਈ ਵਿਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਨ੍ਹੇ ਕਰੇ ਇਕ ਪੜ੍ਹਾਈਆ । ਨਨ੍ਹੇ ਬੱਚੇ ਵੇਖ ਨੈਣ, ਨੈਣ ਮੁੰਧਾਰੀ ਦਇਆ ਕਮਾਇੰਦਾ । ਰਸਨਾ ਸਕੇ ਨਾ ਕਿਸੇ ਕਹਿਣ, ਕਹਿ ਕਹਿ ਅੰਤ ਨਾ ਕੋਈ ਪਾਇੰਦਾ । ਭਗਤ ਭਗਵਾਨ ਬਣ ਕੇ ਸਾਕ ਸੱਜਣ ਸੈਣ, ਸਗਲਾ ਸੰਗ ਰਖਾਇੰਦਾ । ਕਲਜੁਗ ਅੰਤਮ ਆਇਆ ਲੈਣ, ਲਹਿਣਾ ਦੇਣਾ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਦ੍ਰਿੜ੍ਹਾਇੰਦਾ । ਸਾਚੀ ਸਿਖਿਆ ਪਹਿਲੀ ਪੱਟੀ, ਪਰਵਰਦਿਗਾਰ ਤੇਰੀ ਸੱਚੀ ਭਾਈਆ । ਬਾਲੀ ਬੁੱਧ ਖੱਟੀ ਖੱਟੀ, ਘਾਟਾ ਨਜ਼ਰ ਕੋਈ ਨਾ ਆਈਆ । ਕਲਜੁਗ ਨੈਣਾਂ ਉਤੋਂ ਖੋਲ੍ਹੇ ਪੱਟੀ, ਅੱਖ ਪਰਤੱਖ ਦਏ ਕਰਾਈਆ । ਸੋ ਪੁਰਖ ਚਲਾਏ ਸਾਚੀ ਹੱਟੀ, ਹੰ ਬ੍ਰਹਮ ਵਣਜ ਕਰਾਈਆ । ਕਾਇਆ ਰੰਗਣ ਰੰਗ ਚੜ੍ਹਾਏ ਨਾਮ ਰਤੀ, ਰਤੀ ਰਤ ਦਏ ਸੁਕਾਈਆ । ਚਾਰ ਵਰਨ ਦੇਵੇ ਇਕੋ ਮਤੀ, ਸ਼ੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਰਿਹਾ ਸਮਝਾਈਆ । ਜਨ ਭਗਤਾਂ ਵਾ ਨਾ ਲੱਗੇ ਤੱਤੀ, ਅਗਨੀ ਤੱਤ ਨਾ ਕੋਈ ਤਪਾਈਆ । ਗੁਰਮੁਖ ਵੇਖੇ ਸਾਚੀ ਸਖ਼ੀ, ਹਰਿ ਜੂ ਸੱਚਾ ਮਾਹੀਆ । ਕਰੇ ਵਸੇਰਾ ਬਿਨ ਛੱਪਰ ਛੰਨੀ ਪਖੀ, ਮਹੱਲ ਅਟੱਲ ਨਾ ਕੋਇ ਵਡਿਆਈਆ । ਲੇਖਾ ਜਾਣੇ ਸਰਬ ਪੁਰਖ ਸਮਰਥੀ, ਸਮਰਥ ਆਪਣਾ ਵੇਸ ਵਟਾਈਆ । ਲਹਿਣਾ ਦੇਣਾ ਚੁਕਾਏ ਹੱਥੋ ਹੱਥੀ, ਕਰ ਕਿਰਪਾ ਫੇਰਾ ਪਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ, ਪਾਏ ਨੱਥੀ, ਨਾਮ ਡੋਰੀ ਹੱਥ ਉਠਾਈਆ । ਕਲਜੁਗ ਅੰਤਮ ਤਾਏ ਇਕੋ ਭੱਠੀ, ਨੌਂ ਖੰਡ ਜੀਵ ਰਿਹਾ ਤਪਾਈਆ । ਲੱਖ ਚੁਰਾਸੀ ਏਕਾ ਵਾਰ ਕਰ ਇਕੱਠੀ, ਜਗਤ ਕੜਾਹੇ ਦੇਵੇ ਪਾਈਆ । ਆਪੇ ਹੋਏ ਸਰਬ ਭਖੀ, ਲੱਖ ਚੁਰਾਸੀ ਖਾ ਸ਼ੁਕਰ ਨਾ ਅਜੇ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਜੁਗ ਸਾਚੇ ਦਏ ਸਮਝਾਈਆ । ਸੁਣ ਬੱਚੇ ਆਪਣਾ ਬਚਪਾਨ, ਹਾਲ ਸ਼ਹਿਨਸ਼ਾਹ ਹਰਿ ਜਣਾਇੰਦਾ । ਹਰਿ ਚਰਨ ਬਖ਼ਸ਼ੇ ਇਕ ਧਿਆਨ, ਧਿਆਨ ਧਿਆਨ ਨਾਲ ਮਿਲਾਇੰਦਾ । ਭਗਤਾਂ ਕੋਲੋਂ ਜਾ ਕੇ ਪੁੱਛ ਮੇਰਾ ਗਿਆਨ, ਬਿਨ ਪੜ੍ਹਿਆਂ ਆਪ ਪੜ੍ਹਾਇੰਦਾ । ਸਤਿਜੁਗ ਨਿਉਂ ਨਿਉਂ ਸਯਦਾ ਕਰੇ ਸਲਾਮ, ਬਣ ਬਰਦਾ ਸੀਸ ਝੁਕਾਇੰਦਾ । ਪਰਵਰਦਿਗਾਰ ਦੱਸ ਸਚ ਮੁਕਾਮ,

ਜਿਸ ਮੁਕਾਮ ਤੇਰਾ ਮੁਰੀਦ ਡੇਰਾ ਲਾਇੰਦਾ । ਸ੍ਰੀ ਭਗਵਾਨ ਬੋਲ ਕਹੇ ਬਿਨ ਜ਼ਬਾਨ, ਸਚ ਸੰਦੇਸ਼ਾ ਇਕ ਸੁਣਾਇੰਦਾ । ਭਗਤ ਦੁਆਰਾ ਇਕ ਮਹਾਨ, ਲੇਖਾ ਲਿਖਤ ਵਿਚ ਨਾ ਆਇੰਦਾ । ਓਥੇ ਜਾ ਕੇ ਮੰਗਣਾ ਦਾਨ, ਸਾਚਾ ਮਾਰਗ ਆਪ ਸਮਝਾਇੰਦਾ । ਮੇਰੇ ਭਗਤ ਹੋਣ ਮਿਹਰਵਾਨ, ਭਗਵਨ ਆਪਣਾ ਗੁਣ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਖੁਲ੍ਹਾਇੰਦਾ । ਸਾਚਾ ਭੇਵ ਖੋਲ੍ਹਣਹਾਰਾ, ਖ਼ਾਲਕ ਖ਼ਲਕ ਦਏ ਵਡਿਆਈਆ । ਸਾਚਾ ਤੋਲ ਤੋਲਣਹਾਰਾ, ਤੋਲਾ ਇਕੋ ਬੇਪਰਵਾਹੀਆ । ਲੱਖ ਚੁਰਾਸੀ ਕਾਇਆ ਪਰਦਾ ਫੋਲਣਹਾਰਾ, ਹਰਿ ਘਟ ਵਸੇ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਮਗਰੀ ਸਾਚੀ ਦਾਤ, ਚਰਨ ਕਵਲ ਬੰਧਾਏ ਨਾਤ, ਛੋਟੇ ਬਾਲੇ ਪਤ ਲਏ ਰਾਖ, ਰਾਖੀ ਕਰੇ ਹਰ ਘਟ ਥਾਈਂਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਘਰ ਸਚ ਦਏ ਨਿਵਾਸ, ਸਦਾ ਸੁਹੇਲਾ ਵਸੇ ਪਾਸ, ਪਾਸਾ ਸਭ ਦਾ ਦਏ ਉਲਟਾਈਆ ।

### ❇ ੧੩ ਮੱਘਰ ੨੦੧੯ ਬਿਕਰਮੀ ਗੁਰਮੁਖ ਸਿੰਘ ਦੇ ਘਰ ਪਿੰਡ ਸ਼ੋਹਨ ❇

ਸਤਿ ਸਤਿ ਸਤਿ ਨਰੇਸ਼, ਨਿਹਕਲੰਕ ਵੱਡੀ ਵਡਿਆਈਆ । ਸਤਿ ਸਤਿ ਸਤਿ ਬਣ ਦਰਵੇਸ਼, ਦਰ ਆਏ ਸੀਸ ਝੁਕਾਈਆ । ਸਤਿ ਸਤਿ ਸਤਿ ਪੰਜ ਕਰਨ ਅਦੇਸ, ਧੂੜੀ ਟਿੱਕਾ ਮਸਤਕ ਲਾਈਆ । ਨੌਂ ਨੌਂ ਰਹੇ ਵੇਖ, ਚਾਰ ਚਾਰ ਨੈਣ ਸ਼ਰਮਾਈਆ । ਦੋਏ ਦੋਏ ਨਾ ਚਲੇ ਪੇਸ਼, ਨਿਰਗੁਣ ਸਰਗੁਣ ਵੇਖ ਵਖਾਈਆ । ਪਤਿਪਰਮੇਸ਼ਵਰ ਨਾ ਕੋਈ ਰੂਪ ਰੰਗ ਨਾ ਰੇਖ, ਛੱਪਰ ਛੰਨ ਨਜ਼ਰ ਨਾ ਆਈਆ । ਜੁਗ ਚੌਕੜੀ ਖੇਲਦਾ ਰਿਹਾ ਖੇਡ, ਬ੍ਰਹਿਮੰਡ ਖੰਡ ਫੇਰਾ ਪਾਈਆ । ਆਦਿ ਜੁਗਾਦਿ ਕਿਸੇ ਨਾ ਦੱਸਿਆ ਭੇਤ, ਭੇਵ ਆਪਣੇ ਹੱਥ ਰਖਾਈਆ । ਨੌ ਸੱਤ ਕਰ ਕਰ ਵੇਖੇ ਵੇਂਤ, ਵੰਡੇ ਵੰਡਾਂ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਨਰ ਨਰੇਸ਼ ਸ੍ਰੀ ਭਗਵਾਨਾ, ਨਰ ਹਰਿ ਵੱਡੀ ਵਡਿਆਈਆ । ਵਸਣਹਾਰਾ ਸਚ ਮਕਾਨਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਤਖ਼ਤ ਨਿਵਾਸੀ ਨੌਜਵਾਨਾ, ਨਾ ਮਰੇ ਨਾ ਜਾਈਆ । ਸੋ ਪੁਰਖ ਨਿਰੰਜਣ ਮਰਦ ਮਰਦਾਨਾ, ਹਰਿ ਪੁਰਖ ਨਿਰੰਜਣ ਭੇਵ ਕੋਈ ਨਾ ਆਈਆ । ਆਪੇ ਖੇਲੇ ਖੇਲ ਮਹਾਨਾ, ਖੇਲਣਹਾਰ ਆਪ ਅਖਵਾਈਆ । ਆਦਿ ਨਿਰੰਜਣ ਨੂਰ ਬੇਪਹਿਚਾਨਾ, ਜਗਤ ਨੇਤਰ ਨਜ਼ਰ ਨਾ ਆਈਆ । ਅਬਿਨਾਸ਼ੀ ਕਰਤਾ ਹੋ ਪਰਧਾਨਾ, ਸਚ ਪਰਧਾਨਗੀ ਆਪ ਕਮਾਈਆ । ਸ੍ਰੀ ਭਗਵਾਨ ਹੁਕਮਰਾਨਾ, ਸਚ ਸੰਦੇਸ਼ਾ ਇਕ ਸੁਣਾਈਆ । ਬ੍ਰਹਿਮੰਡ ਖੰਡ ਦੇ ਪਰਵਾਨਾ, ਧੁਰ ਫ਼ਰਮਾਣਾ ਇਕ ਜਣਾਈਆ । ਲੇਖਾ ਜਾਣ ਦੋ ਜਹਾਨਾ, ਸੱਚਖੰਡ ਆਪਣਾ ਪਰਦਾ ਲਾਹੀਆ । ਥਿਰ ਘਰ ਦੇਵਣਹਾਰਾ ਮਾਣਾ, ਸ਼ਬਦੀ ਸੁਤ ਆਪ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਕਰੇ ਖੇਲ ਬੇਐਬ ਪਰਵਰਦਿਗਾਰ, ਨਰ ਨਰੇਸ਼ ਇਕ ਅਖਵਾਇੰਦਾ । ਵਸਣਹਾਰਾ ਧਾਮ ਨਿਆਰ, ਸੱਚਖੰਡ ਸਾਚੇ ਸੋਭਾ ਪਾਇੰਦਾ । ਨਿਰਮਲ ਜੋਤੀ ਦੀਪਕ ਉਜਿਆਰ, ਦੀਆ ਬਾਤੀ ਨਾ ਕੋਈ ਰਖਾਇੰਦਾ । ਸ਼ਾਹੋ ਭੂਪ ਬਣ ਸਿਕਦਾਰ, ਸ਼ਹਿਨਸ਼ਾਹ ਆਪਣਾ ਨਾਉਂ ਪਰਗਟਾਇੰਦਾ । ਜੋਧਾ ਸੂਰਬੀਰ ਬਲੀ ਬਲਵਾਨ, ਬਲ ਆਪਣਾ ਆਪ ਧਰਾਇੰਦਾ । ਦਰ ਦਰਵੇਸ਼ਾ ਬਣ ਭਿਖਾਰ, ਘਰ ਘਰ

ਅਲਖ ਜਗਾਇੰਦਾ । ਆਪੇ ਹੋਏ ਦੇਵਣਹਾਰ, ਦਾਤਾ ਦਾਨੀ ਦਇਆ ਕਮਾਇੰਦਾ । ਅਲੱਖ ਅਗੋਚਰ ਅਗੰਮ ਅਥਾਹ ਬੇਪਰਵਾਹ ਕਰੇ ਖੇਲ ਪਰਵਰਦਿਗਾਰ, ਆਪਣਾ ਪਰਦਾ ਆਪ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣਾ ਨਾਉਂ ਪਰਗਟਾਇੰਦਾ । ਨਰ ਨਰੇਸ਼ ਸ੍ਰੀ ਭਗਵਾਨਾ, ਭਗਵਨ ਆਪਣਾ ਖੇਲ ਕਰਾਇੰਦਾ । ਸਤਿ ਸਤਿਵਾਦ ਗਾਏ ਸੱਚਾ ਗਾਣਾ, ਗਾ ਗਾ ਆਪਣੀ ਖ਼ੁਸ਼ੀ ਮਨਾਇੰਦਾ । ਦੂਸਰ ਨਾ ਕੋਈ ਸੰਗ ਰਖਾਨਾ, ਸੰਗੀ ਰੂਪ ਨਾ ਕੋਈ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਘਰ ਸਾਚਾ ਇਕ ਸੁਹਾਇੰਦਾ । ਨਰ ਨਰੇਸ਼ ਹੋ ਪਰਧਾਨ, ਆਪਣੀ ਦਇਆ ਕਮਾਇੰਦਾ । ਲੇਖਾ ਜਾਣ ਦੋ ਜਹਾਨ, ਦੋਏ ਦੌਏ ਧਾਰ ਆਪ ਚਲਾਇੰਦਾ । ਸ਼ਬਦੀ ਸੁਤ ਬਾਲ ਅਵਾਣ, ਦੇ ਮਤ ਆਪ ਉਠਾਇੰਦਾ । ਸਾਚੀ ਵਸਤ ਵਸਤ ਮਹਾਨ, ਦਸਤ ਬਦਸਤ ਆਪ ਫੜਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰ ਪਰਵਾਨ, ਸੋ ਪੁਰਖ ਨਾਮ ਜਣਾਇੰਦਾ । ਤ੍ਰੈਗੁਣ ਮਾਇਆ ਕਰ ਪਰਧਾਨ, ਪੰਜ ਤੱਤ ਮੇਲਾ ਮੇਲ ਮਿਲਾਇੰਦਾ । ਲੱਖ ਚੁਰਾਸੀ ਖੋਲ੍ਹ ਦੁਕਾਨ, ਮਨ ਮਤ ਬੁੱਧ ਵਿਚ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਤ ਚਾਰ ਆਪ ਸਮਝਾਇੰਦਾ । ਸੱਤ ਚਾਰ ਖੇਲ ਅਪਾਰਾ, ਸਤਿ ਸਤਿਵਾਦੀ ਆਪ ਕਰਾਈਆ । ਤ੍ਰੈ ਤ੍ਰੈ ਮੇਲਾ ਅਗੰਮ ਅਪਾਰਾ, ਸੋ ਸਾਹਿਬ ਆਪ ਲਿਖਾਈਆ । ਚਾਰੇ ਵੇਦਾਂ ਦੇ ਸਹਾਰਾ, ਚਾਰੋਂ ਕੁੰਟ ਕਰੇ ਰੁਸ਼ਨਾਈਆ । ਚਾਰੇ ਬਾਣੀ ਬੋਲ ਜੈਕਾਰਾ, ਚਾਰੇ ਖਾਣੀ ਵੰਡ ਵੰਡਾਈਆ । ਚਾਰੇ ਜੁਗ ਦੇ ਸਹਾਰਾ, ਚਾਰ ਵਰਨ ਬੰਧਨ ਪਾਈਆ । ਚਾਰ ਯਾਰੀ ਅੰਤ ਕਿਨਾਰਾ, ਹਰਿ ਜੂ ਹਰਿ ਹਰਿ ਰਿਹਾ ਜਣਾਈਆ । ਲੇਖਾ ਜਾਣੇ ਧੁਰ ਦਰਬਾਰਾ, ਧੁਰ ਦੀ ਕਾਰ ਆਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਕਰੇ ਕਰਤਾਰ, ਕੁਦਰਤ ਕਾਦਰ ਖੇਲ ਖਿਲਾਇੰਦਾ । ਜੁਗ ਚੌਕੜੀ ਪਾਵੇ ਸਾਰ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖਿਆ ਵਾਰੋ ਵਾਰ, ਕੋਟਨ ਕੋਟ ਕਾਲ ਬਿਤਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰੇ ਖ਼ਬਰਦਾਰ, ਸਚ ਸੰਦੇਸ਼ਾ ਇਕ ਸੁਣਾਇੰਦਾ । ਨਿਰਗੁਣ ਸਰਗੁਣ ਕਰੇ ਪਿਆਰ, ਆਤਮ ਪਰਮਾਤਮ ਮੇਲ ਮਿਲਾਇੰਦਾ । ਈਸ਼ ਜੀਵ ਦੇ ਅਧਾਰ, ਈਸ਼ਵਰ ਆਪਣਾ ਪਰਦਾ ਲਾਹਿੰਦਾ । ਬ੍ਰਹਮ ਪਾਰਬ੍ਰਹਮ ਪਾਵੇ ਸਾਰ, ਸਗਲਾ ਸੰਗ ਆਪ ਹੋ ਜਾਇੰਦਾ । ਸ਼ਬਦ ਅਗੰਮ ਸੁਣਾਏ ਸਚੀ ਗ਼ੁਫ਼ਤਾਰ, ਰਸਨਾ ਜਿਹਵਾ ਨਾ ਕੋਈ ਹਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੁਆਰਾ ਇਕ ਸੁਹਾਇੰਦਾ । ਸਚ ਦੁਆਰਾ ਸਤਿ ਸਾਜਾ, ਸਤਿ ਸਤਿਵਾਦੀ ਆਪ ਖੁਲ੍ਹਾਈਆ । ਖੇਲੇ ਖੇਲ ਗ਼ਰੀਬ ਨਿਵਾਜ਼ਾ, ਭੇਵ ਅਭੇਵ ਰਿਹਾ ਜਣਾਈਆ । ਸ਼ਾਹੋ ਭੂਪ ਰਾਜਨ ਰਾਜਾ, ਸ਼ਹਿਨਸ਼ਾਹ ਆਪਣਾ ਫੇਰਾ ਪਾਈਆ । ਸਤਿਜੁਗ ਤ੍ਰੇਤਾ ਦੁਆਪਰ ਵੇਂਹਦਾ ਰਿਹਾ ਤਮਾਸ਼ਾ, ਨਿਰਗੁਣ ਸਰਗੁਣ ਕਰ ਪੜ੍ਹਾਈਆ । ਕਲਜੁਗ ਅੰਤਮ ਪੂਰੀ ਕਰੇ ਆਸਾ, ਆਸਾ ਆਪਣੇ ਨਾਲ ਪਰਨਾਈਆ । ਗੁਰ ਅਵਤਾਰ ਸੇਵਾ ਕਰਦੇ ਗਏ ਬਣ ਬਣ ਦਾਸੀ ਦਾਸਾ, ਦਾਸੀ ਦਾਸ ਦਏ ਵਡਿਆਈਆ । ਮੰਡਲ ਮੰਡਪ ਪਾਵੇ ਰਾਸਾ, ਗੋਪੀ ਕਾਹਨ ਆਪ ਨਚਾਈਆ । ਪੀਰ ਪੈਗ਼ੰਬਰ ਪਰਗਟਾਏ ਸਾਚੀ ਸ਼ਾਖ਼ਾ, ਪਰਵਰਦਿਗਾਰ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਰ ਨਰੇਸ਼ ਬੇਪਰਵਾਹੀਆ । ਨਰ ਨਰੇਸ਼ ਬੇਪਰਵਾਹ, ਜਗਤ ਖੇਲ ਕਰਾਇੰਦਾ । ਗੁਰ ਅਵਤਾਰ ਮਾਤ ਪਰਗਟਾ, ਪਰਗਟ ਆਪਣੀ ਕਲ ਜਣਾਇੰਦਾ ।


੧੪੮
੧੩

ਨਾਮ ਨਿਧਾਨਾ ਝੋਲੀ ਪਾ, ਵਸਤ ਅਮੋਲਕ ਆਪ ਵਰਤਾਇੰਦਾ । ਰਸਨਾ ਜਿਹਵਾ ਢੋਲਾ ਗਾ, ਲੱਖ ਚੁਰਾਸੀ ਜੀਵ ਪੜ੍ਹਾਇੰਦਾ । ਪਰਦਾ ਓਹਲਾ ਆਪ ਰਖਾ, ਭੇਵ ਅਭੇਦ ਆਪ ਚੁਕਾਇੰਦਾ । ਜੁਗ ਜੁਗ ਕਾਇਆ ਚੋਲਾ ਬਦਲਾ, ਬਦਲੀ ਲੋਕਮਾਤ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਰ ਨਰੇਸ਼ਾ ਇਕ ਅਖਵਾਇੰਦਾ । ਨਰ ਨਰੇਸ਼ਾ ਇਕ ਅਪਾਰ, ਮਹਿਮਾ ਅਕਥ ਕਥੀ ਨਾ ਜਾਈਆ । ਜੁਗ ਚੌਕੜੀ ਵੇਖੇ ਵਾਰੋ ਵਾਰ, ਨਿਰਗੁਣ ਸਰਗੁਣ ਵੇਸ ਵਟਾਈਆ । ਸਰਗੁਣ ਨਿਰਗੁਣ ਕਰੇ ਪਿਆਰ, ਪਰਮ ਪੁਰਖ ਮੇਲ ਮਿਲਾਈਆ । ਕਾਗਦ ਕਲਮ ਕਰ ਤਿਆਰ, ਸਾਚਾ ਲੇਖਾ ਦਏ ਜਣਾਈਆ । ਆਪੇ ਵਸੇ ਸਭ ਤੋਂ ਬਾਹਰ, ਹੱਥ ਕਿਸੇ ਨਾ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਭਗਤ ਦੇ ਗਏ ਦੀਦਾਰ, ਨੇਤਰ ਨੈਣ ਨੈਣ ਉਠਾਈਆ । ਦਰ ਦੁਆਰ ਦਿਸੇ ਸਾਂਝਾ ਯਾਰ, ਮੁਕਾਮੇ ਹੱਕ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਰ ਨਰਾਇਣ ਫੇਰਾ ਪਾਈਆ । ਨਰ ਨਰੇਸ਼ ਨਰ ਨਰਾਇਣ, ਜਗਤ ਨੇਤਰ ਨਜ਼ਰ ਨਾ ਆਇੰਦਾ । ਰਸਨਾ ਜਿਹਵਾ ਸਾਰੇ ਕਹਿਣ, ਅੱਗੇ ਹੋ ਦਰਸ ਨਾ ਕੋਈ ਕਰਾਇੰਦਾ । ਨਾਤਾ ਜੁੜਿਆ ਭਾਈ ਭੈਣ, ਸਾਕ ਸੱਜਣ ਸੈਣ ਨਾ ਕੋਈ ਤਜਾਇੰਦਾ । ਅੰਤਮ ਖ਼ਾਲੀ ਹੱਥ ਸਾਰੇ ਰਹਿਣ, ਖ਼ਾਲੀ ਝੋਲੀ ਨਾ ਕੋਈ ਭਰਾਇੰਦਾ । ਕੂੜੀ ਕਿਰਿਆ ਕੂੜੇ ਵੈਹਣ ਵਹਿਣ, ਅੰਮ੍ਰਿਤ ਜਲ ਨਾ ਕੋਈ ਨੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਤ ਚਾਰ ਪੰਧ ਮੁਕਾਇੰਦਾ । ਸੱਤ ਚਾਰ ਹਰਿ ਕਰੇ ਨਿਬੇੜਾ, ਕਲਜੁਗ ਅੰਤਮ ਆਈਆ । ਵਿਸ਼ਨ ਬ੍ਰਹਮਾ ਸ਼ਿਵ ਚੁਕਾਏ ਡੇਰਾ, ਡੇਰਾ ਆਪਣੇ ਚਰਨ ਵਖਾਈਆ । ਤ੍ਰੈਗੁਣ ਮਾਇਆ ਚੁਕੇ ਝੇੜਾ, ਪੰਜ ਤੱਤ ਨਾ ਕੋਈ ਲੜਾਈਆ । ਤੇਈ ਅਵਤਾਰਾਂ ਪਾਏ ਫੇਰਾ, ਘਰ ਆਪਣੇ ਆਪ ਬਹਾਈਆ । ਅਠਾਰਾਂ ਭਗਤ ਵੇਖੇ ਕਰ ਕੇ ਵੱਡਾ ਜੇਰਾ, ਜ਼ੇਰ ਜ਼ਬਰ ਨਾ ਕੋਈ ਜਣਾਈਆ । ਈਸਾ ਮੂਸਾ ਮੁਹੰਮਦ ਕਰੇ ਹੱਕ ਨਬੇੜਾ, ਹਕੀਕਤ ਵੇਖੇ ਥਾਉਂ ਥਾਈਂਆ । ਗੁਰੂ ਦਸ ਕਰੇ ਮਿਹਰਾ, ਹਰਿ ਦਾਤਾ ਦਇਆ ਕਮਾਈਆ । ਪੰਜਾਂ ਦੱਸੇ ਤੂੰ ਮੇਰਾ ਮੈਂ ਤੇਰਾ, ਤੇਰਾ ਮੇਰਾ ਭੇਵ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤ ਚਾਰ ਵੇਖ ਵਖਾਈਆ । ਸਤ ਦੋ ਵੇਖੇ ਚਾਰ, ਚਾਰੋਂ ਕੁੰਟ ਭੇਵ ਚੁਕਾਇੰਦਾ । ਕਲਜੁਗ ਅੰਤਮ ਆਈ ਹਾਰ, ਚਾਰ ਯਾਰੀ ਨਾ ਸੰਗ ਨਿਭਾਇੰਦਾ । ਮੁਹੰਮਦ ਰੋਵੇ ਜ਼ਾਰੋ ਜ਼ਾਰ, ਨੈਤਰ ਨੈਣਾਂ ਨੀਰ ਵਹਾਇੰਦਾ । ਅੱਲਾ ਰਾਣੀ ਨਾ ਕੋਇ ਪਿਆਰ, ਅਲਫ਼ੀ ਗਲ ਨਾ ਕੋਇ ਹੰਢਾਇੰਦਾ । ਚੌਦਾਂ ਤਬਕ ਹੋਏ ਖ਼ੁਆਰ, ਖ਼ਾਹਸ਼ ਪੂਰੀ ਨਾ ਕੋਇ ਵਖਾਇੰਦਾ । ਉਮਤ ਕਰੇ ਨਾ ਕੋਇ ਅਧਾਰ, ਸਿਰ ਹੱਥ ਨਾ ਕੋਇ ਟਿਕਾਇੰਦਾ । ਖੇਲੇ ਖੇਲ ਪਰਵਰਦਿਗਾਰ, ਬੇਐਬ ਨਜ਼ਰ ਕਿਸੇ ਨਾ ਆਇੰਦਾ । ਲੇਖਾ ਜਾਣ ਧੁਰ ਦਰਬਾਰ, ਧੁਰ ਦਾ ਮੂਲ ਆਪ ਚੁਕਾਇੰਦਾ । ਅਮਾਮ ਅਮਾਮਾ ਵਡ ਸਿਕਦਾਰ, ਸ਼ਾਹ ਸੁਲਤਾਨ ਫੇਰਾ ਪਾਇੰਦਾ । ਵੇਖਣਹਾਰਾ ਚੰਦ ਸਤਾਰ, ਚੰਦ ਸਤਾਰ ਆਪਣੇ ਚਰਨਾਂ ਹੇਠ ਰਖਾਇੰਦਾ । ਅੰਜੀਲ ਕੁਰਾਨ ਲਿਖ ਲਿਖ ਗਈ ਹਾਰ, ਹਰਿ ਕਾ ਮਕਤਬ ਹੱਥ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਰ ਨਰੇਸ਼ ਫੇਰਾ ਪਾਇੰਦਾ । ਨਰ ਨਰੇਸ਼ ਆਇਆ ਮਾਤ, ਮਤਾ ਇਕੋ ਇਕ ਪਕਾਈਆ । ਕਲਜੁਗ ਮੇਟੇ ਅੰਧੇਰੀ ਰਾਤ, ਸਤਿਜੁਗ ਸਾਚਾ ਚੰਦ ਚੜ੍ਹਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਰੱਖੇ ਸਾਥ, ਸਾਚੀ ਸਿਖਿਆ ਇਕ ਪੜ੍ਹਾਈਆ । ਰਲ ਮਿਲ ਬਹਿਣਾ ਇਕ ਜਮਾਤ, ਸ਼ੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਨਾ ਕੋਇ ਅਖਵਾਈਆ ।



੧੪੯
੧੩

ਆਤਮ ਪਰਮਾਤਮ ਗੂੜ੍ਹਾ ਗਾਥ, ਸੋਹੰ ਅੱਖਰ ਕਰੇ ਪੜ੍ਹਾਈਆ । ਪਿਛਲਾ ਲੇਖਾ ਛੱਡੋ ਤਰਲੋਕੀ ਨਾਥ, ਰਾਮ ਪਰਗਟ ਨਜ਼ਰੀ ਆਈਆ । ਪੀਰ ਪੈਗ਼ੰਬਰ ਕਲਮਾ ਪੜ੍ਹੋ ਇਕੋ ਆਇਤ, ਅਲਫ਼ ਯੇ ਪੰਧ ਮੁਕਾਈਆ । ਨਾ ਕੋਈ ਸ਼ਰਅ ਸ਼ਰਾਇਤ, ਸ਼ਹਿਨਸ਼ਾਹ ਆਪਣਾ ਹੁਕਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਤ ਚਾਰ ਲੇਖਾ ਰਿਹਾ ਮੁਕਾਈਆ । ਸੱਤ ਚਾਰ ਲੇਖਾ ਮੁੱਕਣਾ, ਸੋ ਪੁਰਖ ਨਿਰੰਜਣ ਆਪ ਮੁਕਾਇੰਦਾ । ਹਰਿ ਕਾ ਭਾਣਾ ਕਦੇ ਨਾ ਰੁਕਣਾ, ਨਾ ਕੋਇ ਮੇਟੇ ਮੇਟ ਮਿਟਾਇੰਦਾ । ਕੂੜੀ ਕਿਰਿਆ ਬੂਟਾ ਸੁੱਕਣਾ, ਹਰਿਆ ਸਿੰਚ ਨਾ ਕੋਇ ਕਰਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਅੰਤਮ ਕਿਸੇ ਨਾ ਲੁਕਣਾ, ਫੜ ਬਾਹੋਂ ਆਪ ਉਠਾਇੰਦਾ । ਸ਼ਾਹ ਸੁਲਤਾਨ ਨੌਜਵਾਨ ਇਕੋ ਬੁੱਕਣਾ, ਨਾਮ ਭਬਕ ਇਕ ਲਗਾਇੰਦਾ । ਦੋ ਜਹਾਨਾਂ ਆਪਣੀ ਹੱਥੀਂ ਲੁਟਣਾ, ਅੱਗੇ ਹੋ ਨਾ ਕੋਇ ਬਚਾਇੰਦਾ । ਕਲਜੁਗ ਕੂੜਾ ਬੂਟਾ ਪੁੱਟਣਾ, ਸ਼ੌਹ ਦਰਿਆਏ ਆਪ ਰੁੜ੍ਹਾਇੰਦਾ । ਸਤਿਜੁਗ ਉਠਾਏ ਸਾਚਾ ਸੁਤਨਾ, ਸੁਤ ਦੁਲਾਰੇ ਆਪ ਜਗਾਇੰਦਾ । ਭਗਤ ਸੁਹਾਏ ਸਾਚੀ ਰੁਤਨਾ, ਰੁੱਤ ਬਸੰਤੀ ਆਪ ਮਹਿਕਾਇੰਦਾ । ਕੂੜੀ ਕਿਰਿਆ ਫੜ ਫੜ ਕੁਟਨਾ, ਕਾਮ ਕਰੋਧ ਲੋਭ ਮੋਹ ਹੰਕਾਰ ਰਹਿਣ ਨਾ ਪਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਕੋਲੋਂ ਪੁਛਣਾ, ਧੁਰ ਫ਼ਰਮਾਣਾ ਹੁਕਮ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਰ ਨਰੇਸ਼ ਇਕੋ ਇਕ ਆਇੰਦਾ । ਨਰ ਨਰੇਸ਼ ਆਇਆ ਏਕ, ਕਲਜੁਗ ਅੰਤਮ ਫੇਰਾ ਪਾਈਆ । ਲੱਖ ਚੁਰਾਸੀ ਰਿਹਾ ਪੇਖ, ਬਿਨ ਨੈਣਾਂ ਨੈਣ ਖੁਲ੍ਹਾਈਆ । ਜੁਗ ਜੁਗ ਮੇਟਣਹਾਰਾ ਰੇਖ, ਰੇਖਾ ਆਪਣੀ ਦਏ ਸਮਝਾਈਆ । ਲਹਿਣਾ ਦੇਣਾ ਚੁਕਾਏ ਔਲੀਆ ਪੀਰ ਸ਼ੇਖ਼, ਮੁਸਾਇਕ ਕੋਇ ਨਜ਼ਰ ਨਾ ਆਈਆ । ਦੋ ਜਹਾਨਾਂ ਖੇਲ ਰਿਹਾ ਖੇਡ, ਬ੍ਰਹਿਮੰਡ ਖੰਡ ਆਪਣਾ ਹੁਕਮ ਵਰਤਾਈਆ । ਸ੍ਰਿਸ਼ਟ ਸਬਾਈ ਅਗਨੀ ਲੱਗੇ ਮਹੀਨਾ ਜੇਠ, ਨਾ ਸਕੇ ਕੋਈ ਬਚਾਈਆ । ਘਰ ਘਰ ਦਰ ਦਰ ਦਿਸੇ ਬਾਲੂ ਰੇਤ, ਸੀਸ ਹੱਥ ਨਾ ਕੋਈ ਟਿਕਾਈਆ । ਕਲਜੁਗ ਅੰਤਮ ਸੁੰਞਾ ਹੋਇਆ ਖੇਤ, ਸਤਿਗੁਰ ਰਾਖਾ ਨਜ਼ਰ ਕੋਈ ਨਾ ਆਈਆ । ਨਾਨਕ ਨਿਰਗੁਣ ਗੋਬਿੰਦ ਦੱਸ ਕੇ ਗਿਆ ਭੇਤ, ਭੇਦ ਅਭੇਦ ਇਕ ਰਖਾਈਆ । ਪੁਰਖ ਅਕਾਲ ਅੰਤਮ ਕਰੇ ਹੇਤ, ਨਿਹਕਲੰਕਾ ਨਾਉਂ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਰ ਨਰੇਸ਼ ਵੱਡੀ ਵਡਿਆਈਆ । ਨਰ ਨਰੇਸ਼ ਆਇਆ ਜਗ, ਜਗ ਜੀਵਣ ਦਾਤਾ ਦਇਆ ਕਮਾਇੰਦਾ । ਪਰਗਟ ਹੋ ਸੂਰਾ ਸਰਬੱਗ, ਸਾਚਾ ਰਾਣਾ ਹੁਕਮ ਵਰਤਾਇੰਦਾ । ਨੌਂ ਖੰਡ ਪ੍ਰਿਥਮੀ ਲਾਏ ਅੱਗ, ਅਗਨੀ ਤੱਤ ਆਪ ਜਲਾਇੰਦਾ । ਹਰਿ ਭਗਤਾਂ ਦਰਸ ਦਿਖਾਏ ਉਪਰ ਸ਼ਾਹ ਰਗ, ਦਸਮ ਦੁਆਰੀ ਮੇਲ ਮਿਲਾਇੰਦਾ । ਕਾਇਆ ਅੰਦਰ ਮੱਕਾ ਕਾਅਬਾ ਕਰਾਏ ਹੱਜ, ਹੁਜਰਾ ਸਚ ਆਪ ਸੁਹਾਇੰਦਾ । ਆਤਮ ਸੇਜਾ ਬਹੇ ਸਜ, ਸਚ ਸਿੰਘਾਸਣ ਸੋਭਾ ਪਾਇੰਦਾ । ਗੁਰਮੁਖਾਂ ਪਰਦਾ ਲਏ ਕੱਜ, ਨਾਮ ਦੋਸ਼ਾਲਾ ਹੱਥ ਉਠਾਇੰਦਾ । ਮੌਤ ਲਾੜੀ ਰਹੀ ਨੱਚ, ਮੁਖ ਘੁੰਗਟ ਨਾ ਕੋਇ ਵਖਾਇੰਦਾ । ਬਿਨਾਂ ਗੁਰਮੁਖਾਂ ਮਿਲੇ ਨਾ ਹਰਿ ਕਾ ਨਾਮ ਸਚ, ਕੂੜੀ ਕਿਰਿਆ ਆਪ ਪਰਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਹਿਨਸ਼ਾਹ ਆਪਣਾ ਵੇਸ ਵਟਾਇੰਦਾ । ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਹਰਿ ਸੰਤ ਜਨਾਂ ਰਿਹਾ ਜਣਾ, ਜੀਵਣ ਦਾਤਾ ਦਇਆ ਕਮਾਈਆ । ਕਲਜੁਗ ਅੰਤਮ ਗਿਆ ਆ, ਬਣ ਪਾਂਧੀ ਪੰਧ ਮੁਕਾਈਆ । ਚਾਰੋਂ ਕੁੰਟ ਅੰਧੇਰਾ ਰਿਹਾ ਛਾ, ਵਰਨ ਬਰਨ ਕਰਨ ਲੜਾਈਆ । ਨਾਰੀ ਕੰਤ ਨਾ ਰਿਹਾ ਹੰਢਾ,

ਕੰਤ ਨਾਰ ਨਾ ਕੋਈ ਹੰਢਾਈਆ । ਮਾਂ ਪੁੱਤਰ ਰਹੀ ਤਜਾ, ਧੀ ਭੈਣ ਨਾ ਕੋਈ ਵਖਾਈਆ । ਚਾਰੋਂ ਕੁੰਟ ਭੁੱਲਿਆ ਬੇਪਰਵਾਹ, ਭਰਮੇ ਭੁੱਲੀ ਸਰਬ ਲੋਕਾਈਆ । ਬਿਨ ਕਲਮਿਉਂ ਹੋਏ ਨਿਕਾਹ, ਕਵਾਰ ਕੰਨਿਆ ਦਏ ਦੁਹਾਈਆ । ਗੁਰ ਕਾ ਸ਼ਬਦ ਨਾ ਆਵੇ ਸਾਹ ਸਾਹ, ਰਸਨਾ ਜਿਹਵਾ ਨਾ ਕੋਈ ਹਲਾਈਆ । ਅਠਸਠ ਤੀਰਥ ਨੰਗੀ ਪੈਰੀਂ ਤਾਰੀਆਂ ਰਹੇ ਲਾ, ਨਿਰਭੌ ਭੈ ਨਾ ਕੋਈ ਜਣਾਈਆ । ਗੁਰਦਰ ਮੰਦਰ ਮਸਜਿਦ ਸ਼ਿਵਦੁਆਲੇ ਮੱਠ ਧੀਆਂ ਭੈਣਾਂ ਰਹੇ ਤਕਾ, ਨੇਤਰ ਨੈਣ ਨਾ ਕੋਈ ਸ਼ਰਮਾਈਆ । ਕਲਜੁਗ ਭੱਜਾ ਫਿਰੇ ਵਾਹੋ ਦਾਹ, ਘਰ ਘਰ ਆਪਣਾ ਫੇਰਾ ਪਾਈਆ । ਸਾਧਾਂ ਸੰਤਾਂ ਜਗਤ ਕੂੜਾ ਟਿੱਕਾ ਰਿਹਾ ਲਗਾ, ਕੂੜੀ ਕਿਰਿਆ ਨਾਲ ਮਿਲਾਈਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਹਉਮੇ ਹੰਗਤਾ ਰਿਹਾ ਜਣਾ, ਮਾਇਆ ਮਮਤਾ ਵਿਚ ਫਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਰਗੁਣ ਆਪਣਾ ਫੇਰਾ ਪਾਈਆ । ਨਿਰਗੁਣ ਫੇਰਾ ਪਾਏ ਆਪ, ਸਰਗੁਣ ਸੰਗ ਨਾ ਕੋਇ ਰਖਾਈਆ । ਲੱਖ ਚੁਰਾਸੀ ਵੇਖੇ ਪਾਪ, ਨਾਮ ਖੰਡਾ ਹੱਥ ਉਠਾਈਆ । ਸ੍ਰਿਸ਼ਟ ਸਬਾਈ ਭੁੱਲੀ ਜਾਪ, ਅਜਪਾ ਜਾਪ ਨਾ ਕੋਇ ਕਰਾਈਆ । ਨਾਤਾ ਜੁੜਿਆ ਪਿਤਾ ਮਾਤ, ਪੁਰਖ ਅਕਾਲ ਗੋਦ ਨਾ ਕੋਈ ਸੁਹਾਈਆ । ਕੂੜੀ ਕਿਰਿਆ ਵੇਖੇ ਨਾਤ, ਸਾਚਾ ਵਣਜ ਨਾ ਕੋਈ ਵਖਾਈਆ । ਫਿਰ ਫਿਰ ਥੱਕੇ ਤੀਰਥ ਤਾਟ, ਦੁਰਮਤ ਮੈਲ ਨਾ ਕੋਈ ਧਵਾਈਆ । ਜਨਮ ਜਨਮ ਕੱਟ ਕੱਟ ਥੱਕੇ ਵਾਟ, ਮਾਤ ਗਰਭ ਫੇਰ ਨਾ ਕੋਈ ਕਟਾਈਆ । ਗੁਰ ਕਾ ਸ਼ਬਦ ਨਾ ਮਿਲਿਆ ਰਾਥ, ਬਾਡੀ ਨਜ਼ਰ ਕੋਈ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸੱਤ ਚਾਰ ਲਹਿਣਾ ਰਿਹਾ ਚੁਕਾਈਆ । ਸੱਤ ਚਾਰ ਵੇਖੇ ਵੇਖਣਹਾਰਾ, ਵੇਖਿਆਂ ਨਜ਼ਰ ਨਾ ਆਈਆ । ਕਲ ਕਲਕੀ ਲੈ ਅਵਤਾਰਾ, ਨਿਰਗੁਣ ਆਪਣਾ ਨਾਉਂ ਧਰਾਈਆ । ਸ਼ਬਦ ਖੰਡਾ ਹੱਥ ਦੋ ਧਾਰਾ, ਲੁਹਾਰ ਤਰਖ਼ਾਣ ਨਾ ਕੋਈ ਘੜਾਈਆ । ਸੰਬਲ ਵਸਿਆ ਧਾਮ ਨਿਆਰਾ, ਮਹੱਲ ਅਟੱਲ ਨਾ ਕੋਈ ਰੁਸ਼ਨਾਈਆ । ਗੋਬਿੰਦ ਮਿਲਿਆ ਮੀਤ ਮੁਰਾਰਾ, ਪੁਰਖ ਅਕਾਲ ਸੱਚਾ ਮਾਹੀਆ । ਕਲਜੁਗ ਕੂੜਾ ਕਰੇ ਪਾਰ ਕਿਨਾਰਾ, ਪ੍ਰਕਿਰਤੀ ਕੋਈ ਰਹਿਣ ਨਾ ਪਾਈਆ । ਸਤਿਜੁਗ ਸਾਚਾ ਦਏ ਸਹਾਰਾ, ਸਿਰ ਆਪਣਾ ਹੱਥ ਟਿਕਾਈਆ । ਚਾਰ ਵਰਨ ਇਕ ਜੈਕਾਰਾ, ਚਾਰੋਂ ਕੁੰਟ ਆਪ ਸੁਣਾਈਆ । ਆਤਮ ਪਰਮਾਤਮ ਕਰੇ ਪਿਆਰਾ, ਸੋਹੰ ਢੋਲਾ ਇਕੋ ਗਾਈਆ । ਹਰਿ ਕਾ ਚਰਨ ਸੱਚਾ ਗੁਰਦੁਆਰਾ, ਮੰਦਰ ਇਕੋ ਇਕ ਰਖਾਈਆ । ਮਸਜਿਦ ਹੋਵੇ ਪਾਰ ਕਿਨਾਰਾ, ਮਹੱਲਾ ਇਕੋ ਇਕ ਸੁਹਾਈਆ । ਨੂਰੀ ਜਲਵਾ ਪਰਵਰਦਿਗਾਰਾ, ਖ਼ਾਕੀ ਤਨ ਨਾ ਕੋਈ ਹੰਡਾਈਆ । ਮੁਕਾਮੇ ਹੱਕ ਹੱਕ ਨਗਾਰਾ, ਬੇਨਜ਼ੀਰ ਦਏ ਵਖਾਈਆ । ਸੱਚਖੰਡ ਖੋਲ੍ਹ ਆਪ ਕਵਾੜਾ, ਥਿਰ ਘਰ ਆਪਣਾ ਕੁੰਡਾ ਲਾਹੀਆ । ਸੁੰਨ ਅਗੰਮ ਕਰ ਉਜਿਆਰਾ, ਨੂਰੋ ਨੂਰ ਕਰੇ ਰੁਸ਼ਨਾਈਆ । ਲੇਖਾ ਜਾਣ ਚੰਦ ਸਤਾਰਾ, ਚੰਦ ਚਾਂਦਨੀ ਇਕ ਸੁਹਾਈਆ । ਮੰਡਲ ਮੰਡਪ ਵੇਖ ਅਖਾੜਾ, ਲੋਆਂ ਪੁਰੀਆਂ ਫੇਰਾ ਪਾਈਆ । ਜੁਗ ਜੁਗ ਗੁਰ ਅਵਤਾਰਾਂ ਪੀਰਾਂ ਪੈਗ਼ੰਬਰਾਂ ਜੋ ਦੇਂਦਾ ਰਿਹਾ ਲਾਰਾ, ਕਲਜੁਗ ਅੰਤਮ ਫੇਰਾ ਪਾਈਆ । ਜੁਗਾ ਜੁਗੰਤਰ ਪਾਰਬ੍ਰਹਮ ਪਤਿਪਰਮੇਸ਼ਵਰ ਰਿਹਾ ਕਵਾਰਾ, ਨਾਰ ਕੰਤ ਨਾ ਕੋਈ ਪਰਨਾਈਆ । ਕਲਜੁਗ ਅੰਤਮ ਕਰੇ ਸਚ ਵਿਹਾਰਾ, ਸਾਖਿਆਤ ਵੇਸ ਵਟਾਈਆ । ਭਗਤਾਂ ਮੇਲਾ ਵਿਚ ਸੰਸਾਰਾ, ਗੁਰ ਚੇਲਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਨਰ, ਨਰ ਨਰਾਇਣ ਵੱਡੀ ਵਡਿਆਈਆ । ਨਰ ਨਰਾਇਣ ਹਰਿ ਖੇਲ ਅਵੱਲਾ, ਚਤੁਰਭੁਜ ਨਜ਼ਰ

ਨਾ ਆਈਆ । ਬਿਸਮਿਲ ਧਾਰ ਆਪੇ ਰਲਾ, ਛੁਰੀ ਕਰਦ ਨਾ ਕੋਈ ਵਖਾਈਆ । ਆਪੇ ਨਾਉਂ ਰਖਾਏ ਇਲ ਲਿਲਾ, ਵੇਖਣਹਾਰਾ ਆਲਮੀਨ ਸਰਬ ਲੋਕਾਈਆ । ਆਪੇ ਤੀਰ ਆਪੇ ਚਿਲਾ, ਖੜਗ ਖੰਡਾ ਆਪ ਉਠਾਈਆ । ਨਾਨਕ ਗੋਬਿੰਦ ਧਾਰ ਆਪੇ ਮਿਲਾ, ਮਿਲ ਮਿਲ ਆਪਣੀ ਖ਼ੁਸ਼ੀ ਮਨਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨੌਂ ਸੌ ਚੁਰਾਨਵੇਂ ਚੌਕੜੀ ਜੁਗ ਕਰਦਾ ਰਿਹਾ ਛਿਲਾ, ਆਪਣਾ ਮੁਖ ਨਾ ਕਿਸੇ ਦਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਕਰੇ ਮਾਤ, ਮਿੱਤਰ ਪਿਆਰਾ ਫੇਰਾ ਪਾਇੰਦਾ । ਕਲਜੁਗ ਮੇਟ ਅੰਧੇਰੀ ਰਾਤ, ਸਤਿਜੁਗ ਸਾਚਾ ਰਾਹ ਚਲਾਇੰਦਾ । ਸ੍ਰਿਸ਼ਟ ਸਬਾਈ ਬੰਧਾਏ ਨਾਤ, ਨਾਤਾ ਬਿਧਾਤਾ ਜੋੜ ਜੁੜਾਇੰਦਾ । ਏਕਾ ਅੱਖਰ ਸੁਣਾਏ ਗਾਥ, ਸੋਹੰ ਢੋਲਾ ਆਪ ਪੜ੍ਹਾਇੰਦਾ । ਲਹਿਣਾ ਦੇਣਾ ਮੇਟੇ ਮਸਤਕ ਮਾਥ, ਪੂਰਬ ਲੇਖਾ ਫੋਲ ਫੁਲਾਇੰਦਾ । ਮੇਟ ਮਿਟਾਏ ਜ਼ਾਤ ਪਾਤ, ਊਚ ਨੀਚ ਨਾ ਕੋਈ ਜਣਾਇੰਦਾ । ਪੁਰਖ ਅਕਾਲ ਪਿਤਾ ਮਾਤ, ਲੱਖ ਚੁਰਾਸੀ ਗੋਦ ਸੁਹਾਇੰਦਾ । ਏਥੇ ਓਥੇ ਪੁੱਛੇ ਵਾਤ, ਦੋ ਜਹਾਨਾਂ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਰ ਹਰਿ ਆਪਣਾ ਖੇਲ ਖਲਾਇੰਦਾ । ਖੇਲਣ ਆਇਆ ਖੇਲ, ਖ਼ਾਲਕ ਖ਼ਲਕ ਵੇਖ ਵਖਾਈਆ । ਜਗਤ ਧੜੇ ਆਇਆ ਮੇਟਣ, ਮੇਲ ਮਿਲਾਵਾ ਇਕ ਜਣਾਈਆ । ਜੋਤ ਨਿਰੰਜਣ ਚਾੜ੍ਹੇ ਤੇਲ, ਆਦਿ ਨਿਰੰਜਣ ਖ਼ੁਸ਼ੀ ਮਨਾਈਆ । ਪੁਰਖ ਅਬਿਨਾਸ਼ੀ ਸੱਜਣ ਸੁਹੇਲ, ਪ੍ਰਭ ਮਿਲਿਆ ਇਕੋ ਮਾਹੀਆ । ਰਾਏ ਧਰਮ ਦੀ ਕੱਟੇ ਜੇਲ, ਲੱਖ ਚੁਰਾਸੀ ਫੰਦ ਕਟਾਈਆ । ਪ੍ਰਭ ਮਿਲਣ ਦਾ ਇਕੋ ਵੇਲ, ਕਲਜੁਗ ਅੰਤ ਦਏ ਜਣਾਈਆ ।
੧੫੨ ਲੇਖਾ ਚੁਕੇ ਗੁਰੂ ਗੁਰ ਚੇਲ, ਗੁਰ ਚੇਲਾ ਏਕਾ ਘਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ੧੫੨
੧੩ ੧੩
ਵਰ, ਲੇਖਾ ਜਾਣੇ ਥਾਉਂ ਥਾਈਆ । ਲੇਖਾ ਜਾਣੇ ਥਾਨ ਥਨੰਤਰ, ਦਹਿ ਦਿਸ਼ਾ ਖੋਜ ਖੁਜਾਇੰਦਾ । ਉਤਰ ਪੂਰਬ ਪੱਛਮ ਦੱਖਣ ਵੇਖਣਹਾਰਾ ਜਗਤ ਬਸੰਤਰ, ਹਰ ਘਟ ਆਪਣਾ ਡੇਰਾ ਲਾਇੰਦਾ । ਬ੍ਰਹਮ ਪਾਰਬ੍ਰਹਮ ਆਦਿ ਜੁਗਾਦਿ ਸਾਚਾ ਮੰਤਰ, ਇਕੋ ਇਕ ਸਮਝਾਇੰਦਾ । ਲੇਖਾ ਜਾਣੇ ਗਗਨ ਗਗਨੰਤਰ, ਗ੍ਰਿਹਿ ਮੰਦਰ ਫੇਰਾ ਪਾਇੰਦਾ । ਸਤਿਜੁਗ ਬਣਾਏ ਸਾਚੀ ਬਣਤਰ, ਕਲਜੁਗ ਕੂੜੀ ਕਿਰਿਆ ਮੇਟ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਸਾਚਾ ਹਰਿ, ਹਰਿ ਹਰਿ ਆਪਣਾ ਹੁਕਮ ਵਰਤਾਇੰਦਾ । ਨਰ ਨਰੇਸ਼ ਹਰਿ ਸੱਚਾ ਰਾਣਾ, ਰਹਿਬਰ ਇਕੋ ਇਕ ਅਖਵਾਈਆ । ਸਤਿਜੁਗ ਸਾਚਾ ਮਾਰਗ ਲਾਣਾ, ਲੋਕਮਾਤ ਦਏ ਵਡਿਆਈਆ । ਬੀਸ ਬੀਸਾ ਵਕਤ ਸੁਹਾਣਾ, ਜਗਦੀਸਾ ਹੁਕਮ ਸੁਣਾਈਆ । ਸ਼ਾਹ ਸੁਲਤਾਨਾ ਖ਼ਾਕ ਮਿਲਾਨਾ, ਸੀਸ ਤਾਜ ਨਾ ਕੋਈ ਰਖਾਈਆ । ਪਰਗਟ ਹੋਏ ਇਕ ਭਗਵਾਨਾ, ਭਗਤਨ ਵੇਖੇ ਥਾਉਂ ਥਾਈਆ । ਨਜ਼ਰੀ ਆਏ ਇਕੋ ਕਾਹਨਾ, ਨਾਮ ਬੰਸਰੀ ਆਪ ਵਜਾਈਆ । ਭੇਵ ਖੁਲ੍ਹਾਏ ਸਾਚਾ ਰਾਮਾ, ਰਮਈਆ ਆਪਣਾ ਨਾਉਂ ਧਰਾਈਆ । ਨੂਰ ਇਲਾਹੀ ਦਏ ਪੈਗ਼ਾਮਾ, ਈਸਾ ਮੂਸਾ ਲਏ ਉਠਾਈਆ । ਮੁਹੰਮਦ ਦੱਸੇ ਸਚ ਕਲਾਮਾ, ਕਲਮਾ ਸੱਚਾ ਆਪ ਜਣਾਈਆ । ਚੌਦਾਂ ਤਬਕਾਂ ਵੇਖੇ ਨਿਸ਼ਾਨਾ, ਨਿਸ਼ਾਨ ਇਕੋ ਇਕ ਦਰਸਾਈਆ । ਪਰਵਰਦਿਗਾਰ ਵਡ ਮਿਹਰਵਾਨਾ, ਮਹਿਬਾਨ ਬੀਦੋ ਬੀਖੈਰ ਯਾ ਅੱਲਾ ਨਜ਼ਰ ਕਿਸੇ ਨਾ ਆਈਆ । ਨਾਨਕ ਗੁਣ ਗਾਏ ਤਰਾਨਾ, ਨਾਮ ਸਤਿ ਸਤਿ ਸੁਣਾਈਆ । ਪੁਰਖ ਅਕਾਲ ਹੋ ਪਰਧਾਨਾ, ਮਿਹਰ ਨਜ਼ਰ ਇਕ ਟਿਕਾਈਆ । ਗੋਬਿੰਦ ਕਹੇ ਬਲੀ ਬਲਵਾਨਾ,

ਬੇਅੰਤ ਸੱਚਾ ਸ਼ਹਿਨਸ਼ਾਹੀਆ । ਜੋਧਾ ਸੂਰ ਮਰਦ ਮਰਦਾਨਾ, ਵਡ ਮਰਦਾਨਗੀ ਆਪ ਕਮਾਈਆ । ਕਲਜੁਗ ਅੰਤਮ ਪਹਿਰੇ ਬਾਣਾ ਕਲ ਕਲਕੀ ਨਾਉਂ ਧਰਾਈਆ । ਸੰਬਲ ਵਸੇ ਇਕ ਟਿਕਾਣਾ, ਟਿੱਕਾ ਆਪਣੇ ਮਸਤਕ ਲਾਈਆ । ਭਗਤਾਂ ਬੰਨ੍ਹੇ ਸਾਚਾ ਗਾਨਾ, ਮੌਲੀ ਤੰਦ ਨਾ ਹੱਥ ਉਠਾਈਆ । ਮੁਲਾਂ ਸ਼ੇਖ਼ ਕਰੇ ਵੈਰਾਨਾ, ਘਰ ਘਰ ਢੇਰੀ ਤਨ ਬਣਾਈਆ । ਜਨ ਸੰਤਾਂ ਦੇਵੇ ਗੁਣ ਗੁਣਨਿਧਾਨਾ, ਗੁਣਵੰਤਾ ਆਪ ਜਣਾਈਆ । ਗੁਰਮੁਖਾਂ ਮਾਰੇ ਤੀਰ ਨਿਸ਼ਾਨਾ, ਅਨਿਆਲਾ ਤੀਰ ਉਠਾਈਆ । ਗੁਰਸਿਖ ਵੇਖੇ ਬਾਲ ਅੰਞਾਣਾ, ਫੜ ਬਾਹੋਂ ਗੋਦ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਕਲਜੁਗ ਅੰਤਮ ਵੇਖ ਵਖਾਈਆ । ਕਲਜੁਗ ਅੰਤਮ ਵੇਖੇ ਭਗਵਾਨ, ਸ੍ਰੀ ਭਗਵਾਨ ਫੇਰਾ ਪਾਇੰਦਾ । ਸ਼ਾਸਤਰ ਸਿਮਰਤ ਵੇਦ ਹੋਏ ਹੈਰਾਨ, ਲਿਖ ਲਿਖ ਲੇਖ ਨਾ ਕੋਈ ਜਣਾਇੰਦਾ । ਗੀਤਾ ਦੇ ਦੇ ਥੱਕੀ ਗਿਆਨ, ਅਠਾਰਾਂ ਧਿਆਏ ਪੰਧ ਮੁਕਾਇੰਦਾ । ਅੱਠ ਦੱਸ ਖੇਲ੍ਹ ਦੁਕਾਨ, ਦਹਿ ਦਿਸ਼ਾ ਖੇਲ ਮਹਾਨ, ਅੱਠਾਂ ਤੱਤਾਂ ਬੰਧਨ ਪਾਇੰਦਾ । ਅੰਜੀਲ ਕੁਰਾਨ ਕਰੇ ਬਿਆਨ, ਪਰਵਰਦਿਗਾਰ ਭੇਵ ਨਾ ਕਿਸੇ ਜਣਾਇੰਦਾ । ਹੁਕਮੇ ਅੰਦਰ ਇਕ ਇਸਲਾਮ, ਇਸਮ ਆਜ਼ਮ ਆਪ ਅਖਵਾਇੰਦਾ । ਨੂਰੀ ਜਲਵਾ ਇਕ ਅਮਾਮ, ਉਮਤ ਆਪਣੇ ਰੰਗ ਰੰਗਾਇੰਦਾ । ਪੀਰ ਪੈਗ਼ੰਬਰਾਂ ਦੇ ਪੈਗ਼ਾਮ, ਲੋਕਮਾਤ ਸਾਚਾ ਸਬਕ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸੱਤ ਚਾਰ ਦਰ ਬੁਲਾਇੰਦਾ । ਸੱਤ ਚਾਰ ਆਏ ਨੱਠੇ, ਕਲਜੁਗ ਅੰਤਮ ਪੰਧ ਮੁਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਪਾਰਬ੍ਰਹਮ ਸਰਨ ਢੱਠੇ, ਦੋਏ ਦੋਏ ਜੋੜ ਸੀਸ ਝੁਕਾਈਆ । ਤੇਰੇ ਰੰਗ ਸਦਾ ਰੱਤੇ, ਰਤੀ ਰਤ ਰਹਿਣ ਨਾ ਪਾਈਆ । ਕਲਜੁਗ ਅੰਤਮ ਜਿਉਂ ਭਾਵੇ ਤਿਉਂ ਰੱਖੇ, ਲੋਕਮਾਤ ਚਲੇ ਨਾ ਕੋਈ ਚਤੁਰਾਈਆ । ਖ਼ਾਲੀ ਦਿਸਣ ਹੱਥ ਸਖੇ, ਸੱਚੀ ਵਸਤ ਨਜ਼ਰ ਕੋਈ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਤ ਚਾਰ ਰਿਹਾ ਮੰਗਾਈਆ । ਸੱਤ ਚਾਰ ਆਏ ਨੇੜੇ, ਨੇਰਨ ਨੇਰਾ ਖੇਲ ਕਰਾਇੰਦਾ । ਆਓ ਵੇਖੋ ਖੁਲ੍ਹੇ ਵੇਹੜੇ, ਹਰਿ ਖ਼ਾਲਕ ਖ਼ਲਕ ਜਣਾਇੰਦਾ । ਅੰਤਮ ਕਰੇ ਹੱਕ ਨਬੇੜੇ, ਨਿਜ ਘਰ ਵਾਸੀ ਫੇਰਾ ਪਾਇੰਦਾ । ਸਾਰੇ ਰਲ ਕੇ ਕਹੋ ਇਕ ਦੂਜੇ ਨੂੰ ਪਾਰਬ੍ਰਹਮ ਪਰਵਰਦਿਗਾਰ ਫੜ ਫੜ ਕੱਟੇ ਗੇੜੇ, ਗੇੜਾ ਆਪਣਾ ਨਾਮ ਲਗਾਇੰਦਾ । ਦੀਨ ਮਜ਼੍ਹਬਾਂ ਚੁੱਕੇ ਡੇਰੇ, ਸ਼ਰਅ ਕਦੇ ਨਾ ਕੋਈ ਲੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਤ ਚਾਰ ਰਿਹਾ ਦਰਸਾਇੰਦਾ । ਸੱਤ ਚਾਰ ਆ ਦੁਆਰ, ਦਰ ਇਕੋ ਮੰਗ ਮੰਗਾਈਆ । ਸੋ ਪੁਰਖ ਨਿਰੰਜਣ ਕਿਰਪਾ ਧਾਰ, ਹਰਿ ਪੁਰਖ ਨਿਰੰਜਣ ਹੋ ਸਹਾਈਆ । ਏਕੰਕਾਰ ਕਰ ਪਿਆਰ, ਬਿਰਹੋਂ ਰੋਗ ਨਾ ਕੋਇ ਲਗਾਈਆ । ਆਦਿ ਨਿਰੰਜਣ ਤੇਰਾ ਉਜਿਆਰ, ਉਜਲ ਮੁਖ ਭੁੱਲ ਨਾ ਜਾਈਆ । ਅਬਿਨਾਸ਼ੀ ਕਰਤੇ ਤੇਰਾ ਸਹਾਰ, ਸਾਹ ਸਾਹ ਸਮਾਈਆ । ਸ੍ਰੀ ਭਗਵਾਨ ਤੇਰਾ ਹੁਲਾਰ, ਏਥੇ ਓਥੇ ਦਏ ਵਡਿਆਈਆ । ਪਾਰਬ੍ਰਹਮ ਤੇਰਾ ਵਣਜ ਵਪਾਰ, ਬ੍ਰਹਮ ਲਿਆ ਹੱਟ ਖੁਲ੍ਹਾਈਆ । ਨਾਤਾ ਤੋੜ ਸਰਬ ਸੰਸਾਰ, ਦਰ ਤੇਰੇ ਆਏ ਚਾਈਂ ਚਾਈਂਆ । ਪਿਛੇ ਰਿਹਾ ਨਾ ਕੋਈ ਬਾਹਰ, ਯਾਰੀ ਯਾਰ ਨਾ ਕੋਈ ਵਖਾਈਆ । ਲਿਖ ਲਿਖ ਲੇਖਾ ਕਰ ਕਰ ਆਏ ਗੁਫ਼ਤਾਰ, ਰਸਨਾ ਜਿਹਵਾ ਢੋਲਾ ਗਾਈਆ । ਸੇਵਾ ਕਰ ਜੁਗ ਚੌਕੜੀ ਚਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਫੇਰਾ ਪਾਈਆ । ਅੰਤਮ ਸਾਰੇ ਆਏ ਹਾਰ, ਹਰਿ ਜੂ ਤੇਰਾ ਅੰਤ ਨਜ਼ਰ ਨਾ ਆਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਕਰੇ ਪੁਕਾਰ, ਉੱਚੀ

੧੫੩ ੧੩

ਕੂਕ ਕੂਕ ਸੁਣਾਈਆ । ਰਸਨਾ ਜਿਹਵਾ ਵਾਜਾਂ ਰਿਹਾ ਮਾਰ, ਬੱਤੀ ਦੰਦ ਨਾਲ ਮਿਲਾਈਆ । ਤੇਰੀ ਖ਼ਬਰ ਨਾ ਆਈ ਕੋਈ ਪਰਵਰਦਿਗਾਰ, ਪਰਦਾ ਸਕੇ ਨਾ ਕੋਈ ਉਠਾਈਆ । ਰਾਹ ਤੱਕਣ ਸਾਂਝੇ ਯਾਰ, ਮੁਖੋਂ ਇਕੋ ਇਕ ਜਣਾਈਆ । ਸ਼ਿਕਵਾ ਮੇਟ ਮੇਰੀ ਸਰਕਾਰ, ਮਿਹਰ ਮੁਹੱਬਤ ਨੈਣ ਉਠਾਈਆ । ਤੁਧ ਬਿਨ ਹੋਏ ਸਾਰੇ ਬੇਜ਼ਾਰ, ਦਰੋਹੀ ਦਰਦ ਨਾ ਕੋਈ ਵੰਡਾਈਆ । ਇਕੱਠੇ ਹੋਏ ਗੁਰ ਅਵਤਾਰ, ਭਗਤ ਅਠਾਰਾਂ ਨਾਲ ਮਿਲਾਈਆ । ਈਸਾ ਮੂਸਾ ਮੁਹੰਮਦ ਕਰੇ ਨਿਮਸਕਾਰ, ਚਾਰ ਯਾਰੀ ਡੇਰਾ ਢਾਈਆ । ਗੋਬਿੰਦ ਨਾਨਕ ਜਾਏ ਬਲਿਹਾਰ, ਮਹਿਮਾ ਅਕੱਥ ਨਾ ਕੋਈ ਜਣਾਈਆ । ਤੇਰਾ ਸਚ ਸੱਚਾ ਦਰਬਾਰ, ਸਚ ਤਖ਼ਤ ਸੋਭਾ ਪਾਈਆ । ਅੰਤ ਵੇਖ ਆਪਣੀ ਗੁਲਜ਼ਾਰ, ਕਲਜੁਗ ਗੁਲਸ਼ਨ ਰਿਹਾ ਵਖਾਈਆ । ਲੱਖ ਚੁਰਾਸੀ ਹੋਏ ਦੁਹਾਗਣ ਨਾਰ, ਹਰਿ ਜੂ ਕੰਤ ਨਾ ਕੋਈ ਹੰਢਾਈਆ । ਘਰ ਘਰ ਦਿਸੇ ਜਗਤ ਵਿਭਚਾਰ, ਸਤਿ ਸੰਤੋਖ ਨਾ ਕੋਈ ਦ੍ਰਿੜਾਈਆ । ਧੀਆਂ ਭੈਣਾਂ ਕਰਨ ਵਪਾਰ, ਸੌਦਾ ਹੱਟੋ ਹੱਟ ਵਿਕਾਈਆ । ਕਾਗ਼ਦ ਕਲਮ ਸ਼ਾਹੀ ਲਿਖੇ ਕਲਜੁਗ ਜੀਵਾਂ ਪੜ੍ਹ ਪੜ੍ਹ ਸੁਟੇ ਪਾੜ, ਪਾਤੀ ਕਮਲਾਪਾਤੀ ਹੱਥ ਨਾ ਕੋਈ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਆਏ ਆਸਣ ਲਾਈਆ । ਦਰ ਆਏ ਲਾਇਆ ਆਸਣ, ਇਕੋ ਆਸ ਰਖਾਈਆ । ਸਤ ਚਾਰ ਖੇਲ ਤਮਾਸ਼ਣ, ਤਮਾਂ ਹੋਰ ਨਾ ਕੋਈ ਵਧਾਈਆ । ਮਿਲਿਆ ਮੇਲ ਪੁਰਖ ਅਬਿਨਾਸ਼ਣ, ਅਬਿਨਾਸ਼ੀ ਕਰਤਾ ਆਪਣੀ ਗੋਦ ਬਹਾਈਆ । ਲਹਿਣਾ ਦੇਣਾ ਚੁਕੇ ਪ੍ਰਿਥਮੀ ਅਕਾਸਨ, ਗਗਨ ਮੰਡਲ ਨਾ ਕੋਇ ਫੇਰਾ ਪਾਈਆ । ਸਤਿਗੁਰ ਮਿਲਿਆ ਸੱਚਾ ਸਾਥਨ, ਸਗਲਾ ਸੰਗ ਨਿਭਾਈਆ । ਲਹਿਣਾ ਦੇਣਾ ਚੁਕਿਆ ਪੂਜਾ ਪਾਠਣ, ਮਸਤਕ ਤਿਲਕ ਨਾ ਕੋਈ ਵਡਿਆਈਆ । ਲਹਿਣਾ ਦੇਣਾ ਕੋਈ ਨਾ ਤੀਰਥ ਤਾਟਨ, ਬਿਨਾਂ ਘਾਟਨ ਦਏ ਚੜ੍ਹਾਈਆ । ਲੱਖ ਚੁਰਾਸੀ ਮੁੱਕੀ ਵਾਟਨ, ਮਾਤ ਗਰਭ ਨਾ ਫੇਰਾ ਪਾਈਆ । ਨਾਤਾ ਤੁਟਾ ਆਣ ਬਾਟਨ, ਜੇਰਜ ਅੰਡਜ ਉਤਭੁਜ ਸੇਤਜ ਲੇਖਾ ਰਿਹਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੱਤ ਚਾਰ ਰਿਹਾ ਜਣਾਈਆ । ਸੱਤ ਚਾਰ ਖੋਲ੍ਹ ਅੱਖ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਹਰਿ ਪੁਰਖ ਨਿਰੰਜਣ ਹੋ ਪਰਤੱਖ, ਪਰਮ ਪੁਰਖ ਵੇਸ ਵਟਾਇੰਦਾ । ਏਕੰਕਾਰਾ ਕਰ ਪਰਕਾਸ਼, ਆਦਿ ਨਿਰੰਜਣ ਡਗਮਗਾਇੰਦਾ । ਅਬਿਨਾਸ਼ੀ ਕਰਤਾ ਬਣ ਬਣ ਦਾਸੀ ਦਾਸ, ਸੇਵਕ ਸੇਵਾ ਆਪ ਕਮਾਇੰਦਾ । ਸ੍ਰੀ ਭਗਵਾਨ ਸਾਚੀ ਸੇਜਾ ਕਰੇ ਭੋਗ ਬਲਾਸ, ਭਸਮੜ ਰੂਪ ਨਾ ਕੋਇ ਵਟਾਇੰਦਾ । ਪਾਰਬ੍ਰਹਮ ਬ੍ਰਹਮ ਵੇਖੇ ਖੇਲ ਤਮਾਸ਼, ਖ਼ਾਲਕ ਖ਼ਲਕ ਨਾਚ ਨਚਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਪ੍ਰਭ ਸੱਦੇ ਆਪਣੇ ਪਾਸ, ਕਲਜੁਗ ਪਾਸਾ ਆਪ ਉਲਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਜਣਾਇੰਦਾ । ਸਾਚਾ ਹੁਕਮ ਗੁਰੂ ਅਵਤਾਰ, ਹਰਿ ਕਰਤਾ ਆਪ ਜਣਾਈਆ । ਆਪਣੇ ਆਪਣੇ ਲਓ ਨਿਕਾਲ, ਜੋ ਮਾਤ ਨਜ਼ਰੀ ਆਈਆ । ਪੀਰ ਪੈਗ਼ੰਬਰ ਬਣੋ ਦਲਾਲ, ਉਮਤ ਨਬੀ ਦਏ ਸਮਝਾਈਆ । ਹਕੀਕਤ ਵੇਖੋ ਹੱਕ ਹਲਾਲ, ਲਾਸ਼ਰੀਕ ਰਿਹਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖੇ ਰਿਹਾ ਪਾਈਆ । ਲੇਖਾ ਲੇਖੇ ਲਗਾਏ ਆਪ, ਹਰਿ ਆਪਣੀ ਦਇਆ ਕਮਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖਣ ਮਾਰ ਝਾਤ, ਲੋਕਮਾਤ ਨੈਣ ਉਠਾਇੰਦਾ । ਗੁਰਦਰ ਮੰਦਰ ਮਸਜਿਦ ਸ਼ਿਵਦੁਆਲੇ ਸਤਿ ਧਰਮ ਨਾ ਕੋਈ ਪਾਠ, ਹਿੰਸਾ ਰੋਗ ਨਾ ਕੋਇ ਗਵਾਇੰਦਾ । ਜੀਵਾਂ ਜੰਤਾਂ ਕਰਨ ਘਾਤ, ਘਾਉ ਨਾਮ ਨਾ ਕੋਇ ਲਗਾਇੰਦਾ । ਨਾਤਾ ਜੁੜਿਆ

ਜ਼ਾਤ ਪਾਤ, ਸ਼ਰਅ ਜ਼ੰਜੀਰ ਨਾ ਕੋਇ ਕਟਾਇੰਦਾ । ਅੰਤਰ ਆਤਮ ਸੁਣੇ ਨਾ ਕੋਈ ਨਾਦ, ਢੋਲਕ ਛੈਣੇ ਸਰਬ ਵਜਾਇੰਦਾ । ਮੇਲ ਮਿਲੇ ਨਾ ਮਾਧਵ ਮਾਧ, ਮੋਹਣੀ ਰੂਪ ਵੇਖ ਵਖਾਇੰਦਾ । ਹਰਿ ਜੂ ਸੁਣੀ ਨਾ ਕਿਸੇ ਫ਼ਰਿਆਦ, ਅੱਗੇ ਹੋਏ ਨਾ ਕੋਇ ਬਚਾਇੰਦਾ । ਆਤਮ ਪਰਮਾਤਮ ਕੋਈ ਨਾ ਕਰੇ ਲਾਡ, ਫੜ ਬਾਹੋਂ ਨਾ ਗਲੇ ਲਗਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕਲਜੁਗ ਅੰਤਮ ਕਿਸੇ ਨਾ ਦੇਵੇ ਦਾਦ, ਸਿਰ ਹੱਥ ਨਾ ਕੋਇ ਰਖਾਇੰਦਾ । ਘਰ ਘਰ ਵੜਿਆ ਜਗਤ ਵਿਵਾਦ, ਅੰਮ੍ਰਿਤ ਵਿਖ ਰੂਪ ਵਟਾਇੰਦਾ । ਰਸਨਾ ਜਿਹਵਾ ਲੈ ਲੈ ਥੱਕੇ ਸਵਾਦ, ਨਿਝਰ ਰਸ ਨਾ ਕੋਇ ਚੁਆਇੰਦਾ । ਜੀਵਨ ਜਗਤ ਪੂਰੀ ਹੋਈ ਨਾ ਖ਼ਾਹਸ਼, ਖ਼ਾਹਸ਼ਾਂ ਵਿਚ ਸਰਬ ਭੁਆਇੰਦਾ । ਕਾਜ਼ੀ ਮੁਲਾਂ ਕਲਮਿਉਂ ਹੋਏ ਬਦ-ਮੁਆਸ਼, ਮਾਸ਼ਾ ਅੱਲਾ ਨਜ਼ਰ ਕਿਸੇ ਨਾ ਆਇੰਦਾ । ਮੁਰੀਦ ਮੁਰਸ਼ਦ ਵਸੇ ਨਾ ਪਾਸ, ਮੁਰਸ਼ਦ ਮੁਰੀਦ ਹੱਥ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਸੱਤ ਚਾਰ ਦੇਵੇ ਵਰ, ਧਰਨੀ ਧਰਤ ਧਵਲ ਸਮਝਾਇੰਦਾ । ਧਰਨੀ ਧਰਤ ਧਵਲ ਖੋਲ੍ਹ ਜਾਗ, ਜਾਗਰਤ ਅੱਖ ਇਕ ਖੁਲ੍ਹਾਈਆ । ਸੰਬਲ ਨਗਰ ਲੱਗਾ ਭਾਗ, ਵਡਭਾਗੀ ਫੇਰਾ ਪਾਈਆ । ਗੋਬਿੰਦ ਲੱਗਾ ਇਕ ਵੈਰਾਗ, ਪ੍ਰਭ ਮਿਲਿਆ ਸੱਚਾ ਮਾਹੀਆ । ਚਾਰ ਜੁਗ ਦਾ ਧੋਵੇ ਦਾਗ਼, ਦੁਰਮਤ ਮੈਲ ਧਵਾਈਆ । ਗੁਰਮੁਖ ਬਣਾਏ ਹੰਸ ਕਾਗ, ਕਾਗੋਂ ਹੰਸ ਉਡਾਈਆ । ਜਗਤ ਤ੍ਰਿਸ਼ਨਾ ਮੇਟੇ ਆਗ, ਅੰਮ੍ਰਿਤ ਮੇਘ ਇਕ ਬਰਸਾਈਆ । ਆਪਣੀ ਹੱਥੀਂ ਪਕੜੇ ਵਾਗ, ਨੀਲੇ ਵਾਲਾ ਸੱਚਾ ਮਾਹੀਆ । ਲੱਖ ਚੁਰਾਸੀ ਦੇਵੇ ਦਾਗ਼, ਤੋੜਾ ਇਕੋ ਨਾਮ ਲਗਾਈਆ । ਕਿਸੇ ਘਰ ਨਾ ਬਲੇ ਚਰਾਗ਼, ਦੀਵਾ ਬੱਤੀ ਨਾ ਕੋਇ ਰੁਸ਼ਨਾਈਆ । ਕੋਈ ਨਾਰ ਹੰਢਾਏ ਨਾ ਕੰਤ ਸੁਹਾਗ, ਜਗਤ ਰੰਡੇਪਾ ਦਏ
੧੫੫ ੧੩ ਵਖਾਈਆ । ਜਨ ਭਗਤਾਂ ਮਜਨ ਕਰਾਏ ਇਕੋ ਮਾਘ, ਚਰਨ ਧੂੜੀ ਆਪ ਨੁਹਾਈਆ । ਅੰਤਮ ਪਰਦਾ ਦੇਵੇ ਕਾਜ, ਸਿਰ ਆਪਣਾ ਹੱਥ ਟਿਕਾਈਆ । ੧੫੫ ੧੩
ਰਾਤੀਂ ਸੁਤਿਆਂ ਮਾਰੇ ਆਵਾਜ, ਦਿਨੇ ਜਾਗਦੇ ਲਏ ਮਿਲਾਈਆ । ਸਤਿ ਪੁਰਖ ਨਿਰੰਜਣ ਚਲਾਏ ਜਹਾਜ, ਨਾਮ ਚੱਪੂ ਇਕ ਲਗਾਈਆ । ਕਲਜੁਗ ਅੰਤਮ ਰਚਿਆ ਕਾਜ, ਕਰਤਾ ਪੁਰਖ ਖੇਲ ਕਰਾਈਆ । ਗ਼ਰੀਬ ਨਿਮਾਣਿਆਂ ਦੇਵੇ ਦਾਜ, ਸੋਹੰ ਵਸਤ ਝੋਲੀ ਪਾਈਆ । ਸ਼ਾਹ ਸੁਲਤਾਨਾਂ ਮੇਟੇ ਖ਼ਾਕ, ਖ਼ਾਕੀ ਖ਼ਾਕ ਕੰਮ ਕਿਸੇ ਨਾ ਆਈਆ । ਕਲਜੁਗ ਅੰਤ ਕਰੇ ਵਫ਼ਾਤ, ਫ਼ਾਤਿਆ ਇਕੋ ਵਾਰ ਪੜ੍ਹਾਈਆ । ਸਤਿਜੁਗ ਸਚ ਬਣਾਏ ਜਮਾਤ, ਜ਼ਾਮਨ ਹੋਏ ਬੇਪਰਵਾਹੀਆ । ਕਲਮਾ ਨਬੀ ਸੁਣਾਏ ਕਾਇਨਾਤ, ਕਾਤਬ ਆਪਣਾ ਲੇਖ ਲਿਖਾਈਆ । ਅੰਮ੍ਰਿਤ ਪਿਆਏ ਆਬੇਹਯਾਤ, ਹਯਾਤੀ ਸਭ ਦੀ ਦਏ ਬਦਲਾਈਆ । ਈਸਾ ਮੂਸਾ ਮੁਹੰਮਦ ਜਿਸ ਦਾ ਲੈਂਦੇ ਰਹੇ ਖ਼ੁਆਬ, ਸੋ ਖ਼ਬਰ ਰਿਹਾ ਸੁਣਾਈਆ । ਪੀਰ ਪੈਗ਼ੰਬਰ ਕਰਨ ਆਦਾਬ, ਨਿਉਂ ਨਿਉਂ ਸਯਦਾ ਸੀਸ ਝੁਕਾਈਆ । ਕਰੇ ਖੇਲ ਹੱਕ ਜਨਾਬ, ਹਰਿ ਜੂ ਆਪਣਾ ਫੇਰਾ ਪਾਈਆ । ਲੱਖ ਚੁਰਾਸੀ ਹੋਈ ਲਾਜੁਆਬ, ਰਸਨਾ ਜਿਹਵਾ ਦਏ ਨਾ ਕੋਈ ਗਵਾਹੀਆ । ਚਾਰੋਂ ਕੁੰਟ ਵਧਿਆ ਪਾਪ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਘਰ ਘਰ, ਘਰ ਮੰਦਰ ਵੇਖ ਵਖਾਈਆ । ਘਰ ਘਰ ਹਰਿ ਜੂ ਮੰਦਰ ਖੋਲ੍ਹੇ, ਗ੍ਰਿਹਿ ਗ੍ਰਿਹਿ ਵੇਖ ਵਖਾਇੰਦਾ । ਵਸਣਹਾਰਾ ਪਰਦੇ ਓਹਲੇ, ਬਜਰ ਕਪਾਟੀ ਤੋੜ ਤੁੜਾਇੰਦਾ । ਅਨਹਦ ਨਾਦੀ ਸ਼ਬਦ ਬੋਲੇ, ਅਗੰਮ ਅਗੰਮੜਾ ਰਾਗ ਅਲਾਇੰਦਾ । ਨਾਮ ਕੰਡੇ ਤੋਲ ਤੋਲੇ, ਤੋਲਣਹਾਰਾ ਫੇਰਾ ਪਾਇੰਦਾ । ਗੁਰਮੁਖ ਵੇਖੇ ਭਾਲੇ ਭੋਲੇ, ਭੋਲੇ ਭਾਉ ਮੇਲ ਮਿਲਾਇੰਦਾ । ਲੱਖ ਚੁਰਾਸੀ ਪਾਈ ਵਿਚ ਡੋਲੇ, ਡੋਲੇ ਵਿਚ ਨਜ਼ਰ ਕਿਸੇ ਨਾ ਆਇੰਦਾ । ਗੋਬਿੰਦ

ਪੂਰੇ ਕਰੇ ਕੀਤੇ ਕੌਲੇ, ਕੀਤਾ ਕੌਲ ਭੁੱਲ ਨਾ ਜਾਇੰਦਾ । ਜਨ ਭਗਤਾਂ ਆਪਣੇ ਕੰਧ ਚੁਕੇ ਡੋਲੇ, ਬਣ ਕਹਾਰ ਸੇਵ ਕਮਾਇੰਦਾ । ਮਨਮੁਖਾਂ ਅੰਤਮ ਰਾਏ ਧਰਮ ਮਾਰੇ ਪੌਲੇ, ਅੱਗੇ ਹੋ ਨਾ ਕੋਇ ਛੁਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਦਾਤਾ ਪੁਰਖ ਬਿਧਾਤਾ ਭਗਤ ਬਣਾਏ ਉਤਮ ਜ਼ਾਤਾ, ਜ਼ਾਤ ਅਜ਼ਾਤੀ ਮੇਟ ਮਿਟਾਇੰਦਾ । ਜ਼ਾਤ ਪਾਤੀ ਤੋੜੇ ਨਾਤਾ, ਦਾਤਾ ਦਾਨ ਇਕ ਜਣਾਈਆ । ਖੇਲੇ ਖੇਲ ਪੁਰਖ ਅਬਿਨਾਸ਼ਾ, ਅਬਿਨਾਸ਼ੀ ਕਰਤਾ ਫੇਰਾ ਪਾਈਆ । ਹਰਿਜਨ ਮੇਲੇ ਬਹੁ ਬਿਧ ਭਾਂਤਾ, ਬਿਧ ਆਪਣੇ ਹੱਥ ਰਖਾਈਆ । ਬੈਠਾ ਰਹੇ ਇਕ ਇਕਾਂਤਾ, ਸਚਖੰਡ ਸਾਚੇ ਡੇਰਾ ਲਾਈਆ । ਸਤਿਜੁਗ ਤ੍ਰੇਤਾ ਦੁਆਪਰ ਦੱਸਦਾ ਆਇਆ ਗਾਥਾ, ਗੁਰ ਅਵਤਾਰ ਕਰੇ ਪੜ੍ਹਾਈਆ । ਕਲਜੁਗ ਅੰਤਮ ਆਪਣਾ ਸਚ ਸੁਣਾਏ ਸਾਕਾ, ਸਾਕੀ ਆਪਣਾ ਨਾਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲੇ ਆਪਣੇ ਘਰ, ਘਰ ਸੱਚਾ ਇਕ ਖੁਲ੍ਹਾਈਆ । ਸਾਚਾ ਘਰ ਸਾਢੇ ਤਿੰਨ ਹੱਥ, ਹਰਿ ਕਲਜੁਗ ਵੇਖ ਵਖਾਇੰਦਾ । ਅੰਦਰ ਵੜ ਚਲਾਏ ਰਥ, ਬਣ ਰਥਵਾਹੀ ਸੇਵ ਕਮਾਇੰਦਾ । ਪੰਚ ਵਿਕਾਰੇ ਪਾਏ ਨੱਥ, ਆਸਾ ਤ੍ਰਿਸ਼ਨਾ ਨਾਚ ਨਚਾਇੰਦਾ । ਗੁਰਮੁਖ ਵਿਰਲੇ ਮਾਰਗ ਦੱਸ, ਸਾਚੇ ਧੰਦੇ ਆਪੇ ਲਾਇੰਦਾ । ਆਤਮ ਪਰਮਾਤਮ ਮੇਲ ਮਿਲਾਏ ਹੱਸ ਹੱਸ, ਸੋਹੰ ਹੰਸਾ ਰੂਪ ਵਟਾਇੰਦਾ । ਭਗਤ ਭਗਵਾਨ ਇਕ ਦੂਜੇ ਦਾ ਗੌਣ ਜਸ, ਜਸ ਵੇਦ ਪੁਰਾਨਾਂ ਹੱਥ ਨਾ ਆਇੰਦਾ । ਸਾਚੇ ਸੰਤ ਮਾਰਗ ਗਏ ਦੱਸ, ਜਿਸ ਜਨ ਆਪਣਾ ਘਰ ਵਖਾਇੰਦਾ । ਕਲਜੁਗ ਅੰਤ ਗੁਰਸਿਖੋ ਔਣਾ ਨੱਠ, ਨਿਰਗੁਣ ਆਪਣਾ ਰਾਹ ਜਣਾਇੰਦਾ । ਸਚਖੰਡ ਦੁਆਰੇ ਕਰੇ ਇਕੱਠ, ਭਗਤ ਦੁਆਰਾ ਆਪ ਬਣਾਇੰਦਾ । ਕਲਜੁਗ ਖੇੜਾ ਹੋਏ ਭੱਠ, ਪੁਰਖ ਅਬਿਨਾਸ਼ੀ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸੱਤ ਚਾਰ ਵਖਾਏ ਇਕੋ ਘਰ, ਘਰ ਸਾਚਾ ਆਪ ਖੁਲ੍ਹਾਇੰਦਾ । ਸਾਚਾ ਘਰ ਗਿਆ ਖੁਲ੍ਹ, ਹਰਿ ਸਤਿਗੁਰ ਆਪ ਖੁਲ੍ਹਾਈਆ । ਦਰ ਕੋਈ ਨਾ ਲਾਏ ਮੁਲ, ਕੀਮਤ ਕਰਤਾ ਕੋਇ ਨਾ ਪਾਈਆ । ਜੋ ਜਨ ਆਏ ਭੁੱਲ, ਭੁੱਲਿਆਂ ਮਾਰਗ ਦਏ ਸਮਝਾਈਆ । ਗੁਰਮੁਖ ਲੱਖ ਚੁਰਾਸੀ ਵਿਚੋਂ ਕੱਢੇ ਫੁੱਲ, ਪਤ ਡਾਲੀ ਆਪ ਮਹਿਕਾਈਆ । ਹਰਿਜਨ ਬੂਟਾ ਜਾਏ ਨਾ ਹੁਲ, ਲੱਖ ਚੁਰਾਸੀ ਸਿੰਮਲ ਰਿਹਾ ਵਖਾਈਆ । ਭਾਗ ਲੱਗੇ ਤਿਸ ਸਾਚੀ ਕੁਲ, ਜਿਸ ਘਰ ਗੁਰਮੁਖ ਜਨਨੀ ਜਾਈਆ । ਲੋਕਮਾਤ ਨਾ ਜਾਏ ਰੁਲ, ਪੁਰਖ ਅਬਿਨਾਸ਼ੀ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਦੇਵੇ ਮਾਣ ਵਡਿਆਈਆ । ਗੁਰਮੁਖ ਮੇਲਾ ਏਕਾ ਗੁਰ, ਗੁਰ ਸਤਿਗੁਰ ਆਪ ਮਿਲਾਇੰਦਾ । ਚਰਨ ਪ੍ਰੀਤੀ ਗਈ ਜੁੜ, ਨਾ ਕੋਈ ਤੋੜੇ ਤੋੜ ਤੁੜਾਇੰਦਾ । ਨਾਮ ਭਗਤੀ ਨਾ ਰਹੇ ਥੁੜ, ਭਰਿਆ ਖ਼ਜ਼ਾਨਾ ਝੋਲੀ ਪਾਇੰਦਾ । ਹਰਿ ਜੂ ਵੇਖੇ ਚੜ੍ਹ ਕੇ ਘੁੜ, ਸ਼ਬਦ ਘੋੜਾ ਇਕ ਦੌੜਾਇੰਦਾ । ਵਸਣਹਾਰਾ ਅੰਧੇਰ ਘੋਰ, ਪਰਕਾਸ਼ ਪਰਕਾਸ਼ ਨਾਲ ਮਿਲਾਇੰਦਾ । ਫੜਨਹਾਰਾ ਪੰਜ ਚੋਰ, ਡੋਰੀ ਆਪਣੇ ਹੱਥ ਉਠਾਇੰਦਾ । ਲੱਗੀ ਪ੍ਰੀਤ ਨਿਭਾਏ ਤੋੜ, ਤੁਟੀ ਪਿਛਲੀ ਗੰਢ ਵਖਾਇੰਦਾ । ਗੁਰਸਿਖ ਆਪਣੇ ਅੱਗੇ ਲਏ ਤੋਰ, ਪਿਛੇ ਹੋ ਹੋ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਜਨ ਭਗਤਾਂ ਆਪ ਮਿਲਾਇੰਦਾ । ਭਗਤ ਦੁਆਰਾ ਆਤਮ ਸੰਗ, ਪਰਮਾਤਮ ਵੇਖ ਵਖਾਈਆ । ਸੇਜ ਸੁਹੰਜਣੀ ਵੇਖ ਪਲੰਘ, ਹਰਿ ਸਤਿਗੁਰ ਫੇਰਾ ਪਾਈਆ । ਨਾਮ ਨਿਧਾਨ ਵਜਾਏ ਮਰਦੰਗ, ਅਨਹਦ ਸੇਵਾ ਲਾਈਆ । ਅੰਮ੍ਰਿਤ ਸਰੋਵਰ ਚੜ੍ਹੇ ਕੰਗ, ਨਿਝਰ ਝਿਰਨਾ ਦਏ ਝਿਰਾਈਆ ।

ਦੂਈ ਦਵੈਤੀ ਹਉਮੇ ਹੰਗਤਾ ਢਾਹੇ ਕੰਧ, ਬਜਰ ਕਪਾਟੀ ਪਰਦਾ ਲਾਹੀਆ । ਨਜ਼ਰੀ ਆਏ ਸੂਰਾ ਸਰਬੰਗ, ਘਰ ਵਸੇ ਸੱਚਾ ਮਾਹੀਆ । ਆਤਮ ਸੇਜਾ ਦਏ ਅਨੰਦ, ਅਨੰਦ ਅਨੰਦ ਵਿਚ ਵਖਾਈਆ । ਸਾਚਾ ਢੋਲਾ ਗਾਏ ਛੰਦ, ਸੋਹੰ ਅੱਖਰ ਕਰੇ ਪੜ੍ਹਾਈਆ । ਤੇਰਾ ਮੇਰਾ ਚੁਕਿਆ ਪੰਧ, ਘਰ ਮੇਲਾ ਸਹਿਜ ਸੁਭਾਈਆ । ਸੁਰਤ ਸਵਾਣੀ ਨਾ ਹੋਏ ਰੰਡ, ਗੁਰ ਸ਼ਬਦੀ ਲਏ ਪਰਨਾਈਆ । ਗੁਰਮੁਖ ਖ਼ੁਸ਼ੀ ਬੰਦ ਬੰਦ, ਬੰਦੀਖ਼ਾਨਾ ਦਏ ਤੁੜਾਈਆ । ਭਗਤ ਭਗਵਾਨ ਚਾੜ੍ਹੇ ਚੰਦ, ਚੰਦ ਚਾਂਦਨੀ ਮੁਖ ਸ਼ਰਮਾਈਆ । ਗੁਰਸਿਖਾਂ ਮਿਲੇ ਆਪ ਬਖ਼ਸ਼ੰਦ, ਗਹਿਰ ਗੰਭੀਰ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਤ ਚਾਰ ਦੇਵੇ ਵਡਿਆਈਆ । ਸਤ ਚਾਰ ਮਿਲਿਆ ਮੌਕਾ, ਮੋਹ ਮੁਹੱਬਤ ਆਪ ਜਣਾਇੰਦਾ । ਕਲਜੁਗ ਅੰਤ ਨਾ ਦੇਵੇ ਧੋਖਾ, ਫੜ ਬਾਹੋਂ ਗਲੇ ਲਗਾਇੰਦਾ । ਸੋਹੰ ਮੰਤਰ ਦੱਸਿਆ ਸੌਖਾ, ਪੂਜਾ ਪਾਠ ਨਾ ਕੋਇ ਜਣਾਇੰਦਾ । ਜਿਸ ਧਾਮ ਨਾ ਕੋਈ ਪਹੁੰਚਾ, ਫੜ ਬਾਹੋਂ ਆਪ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਤਰਾਇੰਦਾ । ਹਰਿਜਨ ਤਾਰੇ ਬਾਹੋਂ ਫੜ, ਪ੍ਰਭ ਆਪਣੀ ਸੇਵ ਕਮਾਈਆ । ਗ਼ਰੀਬ ਨਿਮਾਣੇ ਲਾਏ ਲੜ, ਪਲੂ ਆਪਣੀ ਗੰਢ ਪਵਾਈਆ । ਦਰਸ ਦਿਖਾਏ ਅੱਗੇ ਖੜ੍ਹ, ਨਿਰਗੁਣ ਜੋਤ ਨੂਰ ਰੁਸ਼ਨਾਈਆ । ਜੋ ਜਨ ਸੋਹੰ ਅੱਖਰ ਰਹੇ ਪੜ੍ਹ, ਅੰਤਮ ਮੇਲਾ ਲਏ ਮਿਲਾਈਆ । ਰਾਏ ਧਰਮ ਦਾ ਚੁੱਕੇ ਡਰ, ਚਿੱਤਰ ਗੁਪਤ ਨੇੜ ਨਾ ਆਈਆ । ਪਾਰਬ੍ਰਹਮ ਪ੍ਰਭ ਕਿਰਪਾ ਕਰ, ਆਪਣੀ ਗੋਦੀ ਲਏ ਉਠਾਈਆ । ਗੁਰਸਿਖ ਲੋਕਮਾਤ ਰਹਿਣ ਹੋ ਨਿਡਰ, ਭੈ ਸੀਸ ਨਾ ਕੋਇ ਜਣਾਈਆ । ਜਿਸ ਲੱਖ ਚੁਰਾਸੀ ਘਾੜਨ ਲਿਆ ਘੜ, ਘੜ ਘੜ ਵੇਖੇ ਥਾਉਂ ਥਾਈਂਆ । ਨਾ ਜਨਮੇ ਨਾ ਜਾਏ ਮਰ, ਜਨਮ ਮਰਨ ਵਿਚ ਨਾ ਆਈਆ । ਕਲਜੁਗ ਅੰਤਮ ਆਪਣੀ ਕਿਰਪਾ ਕਰ, ਨਿਹਕਲੰਕ ਨਾਉਂ ਰਖਾਈਆ । ਗੁਰਸਿਖ ਵੇਖੇ ਦਰ ਦਰ, ਘਰ ਘਰ ਫੇਰਾ ਪਾਈਆ । ਬਿਰਹੋਂ ਵੈਰਾਗ ਅੰਦਰ ਹਰਿ ਜੂ ਜਾਏ ਮਰ, ਮਰ ਜੀਵਤ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਖੇਲ ਇਕ ਮਹਾਨ, ਹਰਿਜਨ ਸਾਚੇ ਦੇਵੇ ਦਾਨ, ਦਾਤਾ ਦਾਨੀ ਦਇਆ ਕਮਾਈਆ ।



ਨਾਮ ਨਿਧਾਨ ਦਾਨ ਅਤੁਟ, ਅਤੋਟ ਆਪ ਵਰਤਾਇੰਦਾ । ਗੁਰਸਿਖ ਖ਼ਜ਼ਾਨਾ ਨਾ ਜਾਏ ਨਿਖੁਟ, ਨਿਖੁਟਿਆਂ ਪਾਰ ਕਰਾਇੰਦਾ । ਪੁਰਖ ਅਕਾਲ ਗੋਬਿੰਦ ਬਣਾਇਆ ਪੁੱਤ, ਗੋਬਿੰਦ ਗੁਰਸਿਖ ਗੋਦ ਬਹਾਇੰਦਾ । ਵੇਖੋ ਸਾਚੀ ਮੌਲੇ ਰੁੱਤ, ਰੁੱਤ ਰੁਤੜੀ ਆਪ ਮਹਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਸਾਚੇ ਮਾਣ ਰਖਾਇੰਦਾ । ਹਰਿਜਨ ਤੇਰਾ ਸਾਚਾ ਮਾਣ, ਮਨ ਕਾ ਮਣਕਾ ਆਪ ਭਵਾਈਆ । ਤੇਰੀ ਮਹਿਮਾ ਗਾਏ ਜਹਾਨ, ਚਾਰ ਚੌਕੜੀ ਵੱਜੇ ਵਧਾਈਆ । ਵਿਸ਼ਨ ਬ੍ਰਹਮਾ ਸ਼ਿਵ ਧਿਆਨ ਲਗਾਣ, ਨੇਤਰ ਨੈਣ ਨੈਣ ਉਠਾਈਆ । ਸੁਰਪਤ ਇੰਦ ਕਰੇ ਕਲਿਆਣ, ਕਰੋੜ ਤਤੀਸਾ ਖ਼ੁਸ਼ੀ ਮਨਾਈਆ । ਜਿਸ ਦਾ ਮੇਲਾ ਮਿਲਿਆ ਸ੍ਰੀ ਭਗਵਾਨ, ਤਿਸ ਜਨ ਮਿਲੇ ਦਰਗਾਹ ਵਡਿਆਈਆ । ਸਚਖੰਡ ਬਖ਼ਸ਼ੇ ਚਰਨ ਧਿਆਨ, ਚਰਨੋਦਕ ਇਕੋ ਜਾਮ ਪਿਆਈਆ । ਮਸਤਕ ਟਿੱਕਾ ਲਾਏ ਆਣ, ਰੂਪ ਰੇਖ ਦਏ ਮਿਟਾਈਆ । ਦੂਰ ਦੁਰਾਡਾ ਮਿਲੇ ਆਣ, ਨਿਰਗੁਣ ਆਪਣਾ ਪੰਧ ਮੁਕਾਈਆ । ਲੱਖ ਚੁਰਾਸੀ ਵਿਚੋਂ ਕਰ ਪਹਿਚਾਨ, ਗੁਰਸਿਖ ਸੱਜਣ ਲਏ ਜਗਾਈਆ । ਦੀਨ ਦਿਆਲਾ

ਹਰਿ ਗੋਪਾਲਾ ਲੇਖਾ ਜਾਣੇ ਹਾਣੀਆਂ ਹਾਣ, ਬਿਰਧ ਬਾਲ ਰੂਪ ਨਾ ਕੋਇ ਵਖਾਈਆ । ਜੋਬਨ ਮਾਣੇ ਦੋ ਜਹਾਨ, ਰੰਗ ਰਤੜਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੁਰਮੁਖ ਸੱਜਣ ਲਏ ਫੜ, ਫੜ ਬਾਹੋਂ ਗਲੇ ਲਗਾਈਆ । ਗੁਰਸਿਖ ਸਦਾ ਜੀਵਤ ਮਰੇ, ਜੀਵਣ ਮਰਨ ਵਿਚ ਨਾ ਆਈਆ । ਸੀਸ ਜਗਦੀਸ ਕੱਟ ਆਪੇ ਧਰੇ, ਧਰਨੀ ਧਰਤ ਧਵਲ ਸੁਹਾਈਆ । ਇਕੀ ਕੁਲਾਂ ਫੋਲ ਫੜੇ, ਜਿਸ ਸਿਰ ਆਪਣਾ ਹੱਥ ਟਿਕਾਈਆ । ਮਾਤ ਪਿਤ ਭੈਣ ਭਾਈ ਚਾਚੇ ਤਾਏ ਜੋ ਰਹਿਣ ਲੜੇ, ਵੇਲੇ ਅੰਤ ਲਏ ਮਿਲਾਈਆ । ਨਾਮ ਕੰਗਣ ਵਿਚ ਜੜੇ, ਬਾਹਰ ਨਿਕਲ ਕੋਇ ਨਾ ਜਾਈਆ । ਬਿਨ ਤੰਦੀਉਂ ਡੋਰੀਉਂ ਆਪੇ ਫੜੇ, ਫੜਨਹਾਰਾ ਦਿਸ ਨਾ ਆਈਆ । ਗੁਰਮੁਖ ਤੇਰੇ ਕਾਜ ਸਰੇ, ਜਿਸ ਦਾ ਸੀਸ ਸਤਿਗੁਰ ਆਪਣੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸ਼ਬਦ ਖੇਲ ਵਖਾਈਆ । ਸ਼ਬਦੀ ਮਾਰੇ ਸ਼ਬਦੀ ਰੱਖੇ, ਰੱਖਣਹਾਰ ਇਕ ਅਖਵਾਇੰਦਾ । ਜਗਤ ਕੁਟੰਬ ਸਾਰਾ ਵਸੇ, ਫੜ ਬਾਹੋਂ ਪਾਰ ਕਰਾਇੰਦਾ । ਨਾ ਕੋਈ ਰੋਵੇ ਨਾ ਕੋਈ ਹੱਸੇ, ਸ਼ਬਦੀ ਮਾਤਾ ਮੇਲ ਮਿਲਾਇੰਦਾ । ਕੂੜੀ ਕਿਰਿਆ ਜਗਤ ਫਸੇ, ਫਾਸੀ ਸਭ ਦੇ ਗਲ ਲਟਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਵੰਡੇ ਇਕੋ ਹਿੱਸੇ, ਹਿੱਸਾ ਹੱਥ ਨਾ ਕਿਸੇ ਫੜਾਇੰਦਾ । ਗੁਰਮੁਖ ਲੱਭਾ ਵੇਖੇ ਸੀਸ, ਸੀਸ ਧੜ ਵੰਡ ਵੰਡਾਈਆ । ਕਰੇ ਖੇਲ ਹਰਿ ਜਗਦੀਸ, ਜੀਵਣ ਜੁਗਤ ਰਿਹਾ ਸਮਝਾਈਆ । ਕਲਜੁਗ ਲੱਖ ਚੁਰਾਸੀ ਪੀਸਣ ਲਿਆ ਪੀਸ, ਬਿਨ ਗੁਰਮੁਖਾਂ ਬਚ ਕੋਇ ਨਾ ਜਾਈਆ । ਰਾਏ ਧਰਮ ਤਪਾਵਣਹਾਰਾ ਤੱਤੀ ਸੀਖ਼, ਸਲਾਖਾਂ ਸਭ ਦੇ ਹੱਥ ਫੜਾਈਆ । ਜਿਸ ਘਰ ਵਿਚ ਗਾਇਆ ਸੋਹੰ ਗੀਤ, ਸਰਵਣ ਸੁਣਨਹਾਰਾ ਜਨਮ ਮਰਨ ਵਿਚ ਨਾ ਆਈਆ । ਤੇਰੇ ਮਾਤ ਪਿਤਾ ਭੈਣ ਭਾਈਆਂ ਚਾਚਿਆਂ ਤਾਇਆਂ ਤੇਰੇ ਨਾਲ ਰੱਖੀ ਪ੍ਰੀਤ, ਪ੍ਰੀਤ ਨਾਲ ਪ੍ਰੀਤ ਲਏ ਪਰਨਾਈਆ । ਸਦੀ ਬੀਸਵੀਂ ਸਾਰਿਆਂ ਮਿਲ ਕੇ ਗੌਣਾ ਇਕੋ ਗੀਤ, ਗੀਤ ਗੋਬਿੰਦ ਅਲਾਈਆ । ਜਿਸ ਗੁਰਸਿਖ ਮਿਲਿਆ ਸੱਚਾ ਮੀਤ, ਸੋ ਮਿੱਤਰਾਂ ਰਿਹਾ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਧੜ ਧੜ ਸਿਰ ਨਿਰਭੌ ਚੁਕਾ ਭੈ ਡਰ, ਜਨਮ ਮਰਨ ਮਰਨ ਜੰਮਣ ਆਪਣੇ ਹੱਥ ਵਖਾਈਆ ।



## ❇ ੧੪ ਮੱਘਰ ੨੦੧੯ ਬਿਕਰਮੀ ਦੋਸਤ ਪੁਰਾ ਜ਼ਿਲਾ ਗੁਰਦਾਸਪੁਰ ❇

ਕਲਜੁਗ ਤੇਰਾ ਵੇਲਾ ਵਕਤ, ਹਰਿ ਵਿਅਕਤੀ ਆਪ ਜਣਾਇੰਦਾ । ਨਵ ਨੌਂ ਨਾਤਾ ਤੁਟੇ ਬੂੰਦ ਰਕਤ, ਲੱਖ ਚੁਰਾਸੀ ਭੇਵ ਚੁਕਾਇੰਦਾ । ਤ੍ਰੈਗੁਣ ਮਾਇਆ ਸਾੜੇ ਜਗਤ, ਅਗਨੀ ਤੱਤ ਨਾ ਕੋਇ ਬੁਝਾਇੰਦਾ । ਕੂੜੀ ਕਿਰਿਆ ਆਪਣਾ ਪੂਰਾ ਕਰੇ ਫ਼ਰਜ਼, ਮਾਇਆ ਮਮਤਾ ਮੇਲ ਮਿਲਾਇੰਦਾ । ਪਾਰਬ੍ਰਹਮ ਅਬਿਨਾਸ਼ੀ ਕਰਤਾ ਹਰਿਜਨ ਵੇਖੇ ਸਾਚੇ ਭਗਤ, ਭਗਵਨ ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਵ ਨੌਂ ਚਾਰ ਪੰਧ ਮੁਕਾਇੰਦਾ । ਕਲਜੁਗ ਤੇਰਾ ਅੰਤ ਅੰਧੇਰਾ, ਨਵ ਨੌਂ ਨਜ਼ਰ ਨਾ ਆਈਆ । ਪੁਰਖ ਅਬਿਨਾਸ਼ੀ ਪਾਏ ਫੇਰਾ, ਬੇਪਰਵਾਹ ਬੇਪਰਵਾਹੀਆ । ਪਰਵਰਦਿਗਾਰ ਆਇਆ ਨੇਰਨ ਨੇਰਾ, ਦੂਰ ਦੁਰਾਡਾ ਪੰਧ ਮੁਕਾਈਆ । ਬ੍ਰਹਿਮੰਡ ਖੰਡ ਪਾਏ ਘੇਰਾ,

ਦੋ ਜਹਾਨਾਂ ਵੇਖ ਵਖਾਈਆ । ਸੰਤ ਸੱਜਣ ਵੇਖੇ ਕਿਹੜਾ ਕਿਹੜਾ, ਲੱਖ ਚੁਰਾਸੀ ਫੋਲ ਫੁਲਾਈਆ । ਘਰ ਘਰ ਦਿਸੇ ਝੂਠਾ ਝੇੜਾ, ਮਾਇਆ ਮਮਤਾ ਕਰੇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਕਲਜੁਗ ਤੇਰਾ ਅੰਧੇਰਾ ਅੰਧ, ਚਾਰੋਂ ਕੁੰਟ ਛਾਈਆ । ਹਿੰਦੂ ਮੁਸਲਮ ਸਿਖ ਈਸਾਈ ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਆਤਮ ਭੁੱਲੇ ਪਰਮਾਨੰਦ, ਨਿਜਾਨੰਦ ਨਾ ਕੋਇ ਵਖਾਈਆ । ਰਸਨਾ ਜਿਹਵਾ ਬੱਤੀ ਦੰਦ ਢੋਲਾ ਗਾਇਣ ਛੰਦ, ਸ਼ਹਿਨਸ਼ਾਹ ਨਜ਼ਰ ਕਿਸੇ ਨਾ ਆਈਆ । ਲੱਖ ਚੁਰਾਸੀ ਜੂਨ ਅਜੂਨੀ ਜੇਰਜ ਅੰਡ, ਉਤਭੁਜ ਸੇਤਜ ਡੇਰਾ ਲਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਆਸਾ ਤ੍ਰਿਸਨਾ ਵੰਡੀ ਵੰਡ, ਹਰਿ ਮੰਤਰ ਨਾਮ ਨਾ ਕੋਇ ਦ੍ਰਿੜਾਈਆ । ਸਚ ਪਰਕਾਸ਼ ਨਾ ਕੋਇ ਚੰਦ, ਚੌਦਾਂ ਤਬਕ ਅੰਧੇਰਾ ਛਾਈਆ । ਈਸਾ ਮੂਸਾ ਸੰਗ ਮੁਹੰਮਦ ਚਾਰ ਯਾਰੀ ਹੋਈ ਨੰਗ, ਅਲਫ਼ੀ ਤਨ ਨਾ ਕੋਇ ਵਖਾਈਆ । ਗੁਰ ਅਵਤਾਰ ਚਾਰ ਕੁੰਟ ਦਹਿ ਦਿਸ਼ਾ ਵੇਖ ਵਿਚਾਰ ਹਰਿ ਸਰਨ ਸਰਨਾਈ ਰਹੇ ਮੰਗ, ਨਿਉਂ ਨਿਉਂ ਆਪਣਾ ਸੀਸ ਝੁਕਾਈਆ । ਕਲਜੁਗ ਅੰਤਮ ਟੁੱਟੀ ਗੰਢ, ਗੰਢਣਹਾਰ ਗੋਪਾਲ ਸਵਾਮੀ ਇਕ ਤੇਰੀ ਓਟ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਆਪ ਸੁਣਾਈਆ । ਕਲਜੁਗ ਤੇਰਾ ਅੰਤਮ ਵੇਲਾ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਝਗੜਾ ਪਿਆ ਗੁਰ ਗੁਰ ਚੇਲਾ, ਚੇਲਾ ਨਜ਼ਰ ਕੋਇ ਨਾ ਆਇੰਦਾ । ਭਗਤ ਭਗਵੰਤ ਗੁਰਮੁਖ ਵਿਰਲੇ ਕਰੇ ਮੇਲਾ, ਮਿਲ ਮਿਲ ਆਪਣਾ ਰੰਗ ਵਖਾਇੰਦਾ । ਦੋ ਜਹਾਨਾਂ ਸੱਜਣ ਸੁਹੇਲਾ, ਸਗਲਾ ਸੰਗ ਆਪ ਹੋ ਜਾਇੰਦਾ । ਸਚਖੰਡ ਵਸੇ ਧਾਮ ਨਵੇਲਾ, ਮੁਕਾਮੇ ਹੱਕ ਡੇਰਾ ਲਾਇੰਦਾ । ਆਪੇ ਜਾਣੇ ਆਪਣਾ ਵਕਤ ਵੇਲਾ, ਵਾਰ ਥਿਤ ਨਾ ਕਿਸੇ ਜਣਾਇੰਦਾ । ਲੱਖ ਚੁਰਾਸੀ ਘੱਲੇ ਧਰਮ ਰਾਏ ਦੀ ਜੇਲਾ, ਕਲਜੁਗ ਅੰਤਮ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਇਕ ਸੁਣਾਇੰਦਾ । ਸਚ ਸੰਦੇਸਾ ਏਕੰਕਾਰ, ਅਕਲ ਕਲਧਾਰੀ ਆਪ ਜਣਾਈਆ । ਸੋ ਪੁਰਖ ਨਿਰੰਜਣ ਹੋ ਤਿਆਰ, ਹਰਿ ਪੁਰਖ ਨਿਰੰਜਣ ਭੇਵ ਖੁਲ੍ਹਾਈਆ । ਆਦਿ ਨਿਰੰਜਣ ਹੋ ਉਜਿਆਰ, ਅਬਿਨਾਸ਼ੀ ਕਰਤਾ ਰਿਹਾ ਸਮਝਾਈਆ । ਸ੍ਰੀ ਭਗਵਾਨ ਦਏ ਹੁਲਾਰ, ਵਿਸ਼ਨ ਬ੍ਰਹਮਾ ਸ਼ਿਵ ਉਠਾਈਆ । ਪਾਰਬ੍ਰਹਮ ਪ੍ਰਭ ਹੋ ਤਿਆਰ, ਤ੍ਰੈਭਵਨ ਵੇਖੇ ਥਾਉਂ ਥਾਈਂਆ । ਬ੍ਰਹਮ ਨੇਤਰ ਦਏ ਉਘਾੜ, ਈਸ਼ ਜੀਵ ਪਰਦਾ ਲਾਹੀਆ । ਲੱਖ ਚੁਰਾਸੀ ਚਬਾਏ ਆਪਣੀ ਦਾੜ੍ਹ, ਬਚਿਆ ਕੋਇ ਰਹਿਣ ਨਾ ਪਾਈਆ । ਵੇਖਣਹਾਰ ਬਹੱਤਰ ਨਾੜ, ਨਾੜੀ ਨਾੜੀ ਰਿਹਾ ਸਮਾਈਆ । ਫਿਰੇ ਦਰੋਹੀ ਜੰਗਲ ਜੂਹ ਉਜਾੜ ਪਹਾੜ, ਉਚੇ ਟਿੱਲੇ ਪਰਬਤ ਸਮੁੰਦ ਸਾਗਰ ਖੋਜ ਖੁਜਾਈਆ । ਹਰਿਜਨ ਮੇਲੇ ਸਚ ਦੁਆਰ, ਦਰ ਦਰਵਾਜਾ ਇਕ ਜਣਾਈਆ । ਗ਼ਰੀਬ ਨਿਵਾਜਾ ਹੋ ਤਿਆਰ, ਗ਼ਰੀਬ ਨਿਮਾਣੇ ਗੋਦ ਉਠਾਈਆ । ਸ਼ਬਦ ਅਗੰਮੀ ਦੇ ਹੁਲਾਰ, ਹੁਜਰਾ ਹੱਕ ਇਕ ਵਖਾਈਆ । ਲਾਸ਼ਰੀਕ ਪਰਵਰਦਿਗਾਰ, ਮੁਰੀਦ ਮੁਰਸ਼ਦ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਲੇਖਾ ਰਿਹਾ ਮੁਕਾਈਆ । ਕਲਜੁਗ ਅੰਤਮ ਵੇਖ ਹਾਲ, ਹਰਿ ਜੂ ਹਰਿ ਹਰਿ ਆਪ ਜਣਾਇੰਦਾ । ਫਿਰੇ ਦਰੋਹੀ ਅੰਤਮ ਕਾਲ, ਕਾਲ ਨਗਾਰਾ ਇਕ ਵਜਾਇੰਦਾ । ਸ੍ਰਿਸ਼ਟ ਸਬਾਈ ਹੋਈ ਬੇਹਾਲ, ਧੀਰਜ ਧੀਰ ਨਾ ਕੋਇ ਧਰਾਇੰਦਾ । ਚੌਦਾਂ ਲੋਕ ਆਏ ਜ਼ਵਾਲ, ਚੌਦਾਂ ਤਬਕ ਨਾ ਕੋਇ ਬਚਾਇੰਦਾ । ਕਾਇਆ ਮਾਟੀ ਪੰਜ ਤੱਤ ਅਗਨੀ ਲੱਗੇ ਖ਼ਾਲ, ਖ਼ਾਲਕ ਖ਼ਲਕ ਆਪ ਜਲਾਇੰਦਾ । ਬਿਨ ਹਰਿਭਗਤ ਗ੍ਰਿਹਿ ਵੱਜੇ ਨਾ ਕਿਸੇ ਤਾਲ, ਅਨਹਦ ਨਾਦੀ ਨਾਦ ਨਾ ਕੋਇ

ਸੁਣਾਇੰਦਾ । ਚਾਰ ਕੁੰਟ ਹੋਏ ਵੈਰਾਨ, ਕਲਜੁਗ ਵੈਰੀ ਫੇਰਾ ਪਾਇੰਦਾ । ਮੰਦਰ ਮਸਜਿਦ ਸ਼ਿਵਦੁਆਲਾ ਮੱਠ ਰਹੇ ਨਾ ਕੋਇ ਨਿਸ਼ਾਨ, ਨਿਸ਼ਾਨਾ ਸਭ ਦਾ ਆਪ ਮਿਟਾਇੰਦਾ । ਇਨਸਾਨ ਰੂਪ ਬਣਾਏ ਹੈਵਾਨ, ਹਵਾ ਸਭ ਦੀ ਆਪ ਬਦਲਾਇੰਦਾ । ਕਰੇ ਖੇਲ ਨੌਜਵਾਨ, ਨੌਬਤ ਆਪਣੇ ਨਾਮ ਵਜਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੇਵੇ ਧੁਰ ਫ਼ਰਮਾਣ, ਧੁਰ ਦੀ ਬਾਣੀ ਆਪ ਸੁਣਾਇੰਦਾ । ਹੱਕ ਹਕੀਕਤ ਕਰੋ ਪਹਿਚਾਨ, ਬੇਪਹਿਚਾਨ ਆਪ ਸਮਝਾਇੰਦਾ । ਦੋਏ ਜੋੜ ਕਰੋ ਸਲਾਮ, ਸਲਾਮ ਅਲੈਕਮ ਏਕਾ ਘਰ ਵਖਾਇੰਦਾ । ਦੋਏ ਬੰਧਨ ਰਸਨਾ ਕਹੋ ਸਤਿਨਾਮ, ਮੰਤਰ ਸਤਿ ਸਤਿ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਲੇਖਾ ਆਪ ਚੁਕਾਇੰਦਾ । ਕਲਜੁਗ ਤੇਰਾ ਲੇਖ ਮੁਕੌਣਾ, ਸੋ ਪੁਰਖ ਨਿਰੰਜਣ ਆਪ ਜਣਾਈਆ । ਚੌਥੇ ਜੁਗ ਡੇਰਾ ਢੌਣਾ, ਚਾਰੋਂ ਕੁੰਟ ਵੇਖ ਵਖਾਈਆ । ਗੁਰਮੁਖ ਵਿਰਲਾ ਆਪ ਜਗੌਣਾ, ਜਿਸ ਆਪਣੀ ਦਇਆ ਕਮਾਈਆ । ਆਤਮ ਪਰਮਾਤਮ ਪਰਮਾਤਮ ਆਤਮ ਬ੍ਰਹਮ ਪਾਰਬ੍ਰਹਮ ਮੇਲ ਮਿਲੌਣਾ, ਮੇਲ ਮਿਲਾਵਾ ਏਕਾ ਥਾਈਆ । ਦੂਈ ਦਵੈਤੀ ਹਉਮੇ ਹੰਗਤਾ ਮਾਇਆ ਮਮਤਾ ਪਰਦਾ ਲੌਹਣਾ, ਬਜਰ ਕਪਾਟੀ ਤੋੜ ਤੁੜਾਈਆ । ਹੰ ਬ੍ਰਹਮ ਮਮ ਏਕਾ ਘਰ ਦਸੌਣਾ, ਓਅੰ ਸੋਹੰ ਰੂਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਜੜ੍ਹ ਉਖੜਾਈਆ । ਕਲਜੁਗ ਤੇਰੀ ਉਖੜੇ ਜੜ੍ਹ, ਸੋਹੰ ਚਿਲਾ ਹੱਥ ਉਠਾਇੰਦਾ । ਸਚਖੰਡ ਨਿਵਾਸੀ ਧੁਰ ਦਰਗਾਹ ਆਪੇ ਖੜ, ਬੇਪਰਵਾਹ ਵੇਖ ਵਖਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸਤਿਜੁਗ ਤ੍ਰੇਤਾ ਦੁਆਪਰ ਵਿਛੜੇ ਲਏ ਫੜ, ਨਾਮ ਡੋਰੀ ਇਕ ਬੰਧਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਲੱਖ ਚੁਰਾਸੀ ਜੀਵ ਜੰਤ ਜਿਸ ਘਾੜਨ ਲਿਆ ਘੜ, ਘੜਨ ਭੰਨਣ ਆਪਣੇ ਹੱਥ ਰਖਾਇੰਦਾ । ਨਿਸ਼ਅੱਖਰ ਵੱਖਰ ਬੋਧ ਅਗਾਧ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਜਿਸ ਅੱਖਰ ਲਿਆ ਪੜ੍ਹ, ਸੋ ਨਿਸ਼ਅੱਖਰ ਰੂਪ ਵਖਾਇੰਦਾ । ਕਾਗਦ ਕਲਮ ਸ਼ਾਹੀ ਗਈ ਹਰ, ਸਮੁੰਦ ਸਾਗਰ ਨੇਤਰ ਨੈਣਾਂ ਨੀਰ ਵਹਾਇੰਦਾ । ਬਨਾਸਪਤ ਭਾਰ ਅਠਾਰਾਂ ਗਈ ਸੜ, ਲੇਖਾ ਲੇਖ ਨਾ ਕੋਇ ਜਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰੋੜ ਤਤੀਸਾ ਸੁਰਪਤ ਇੰਦ ਪ੍ਰਭ ਸਰਨਾਈ ਡਿਗੇ ਦੜ, ਅੱਗੇ ਸੀਸ ਨਾ ਕੋਇ ਉਠਾਇੰਦਾ । ਤ੍ਰੈਗੁਣ ਮਾਇਆ ਪੰਜ ਤੱਤ ਆਪਣਾ ਬਲ ਗਈ ਹਰ, ਮਨ ਮਤ ਬੁੱਧ ਸੰਗ ਨਾ ਕੋਇ ਰਖਾਇੰਦਾ । ਨੌਂ ਖੰਡ ਪ੍ਰਿਥਮੀ ਸੱਤ ਦੀਪ ਚਾਰ ਕੁੰਟ ਦਹਿ ਦਿਸ਼ਾ ਆਵੇ ਡਰ, ਭੈ ਅਵਰ ਨਾ ਕੋਇ ਹਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਤੇਰਾ ਅੰਤ ਕਰਾਇੰਦਾ । ਕਲਜੁਗ ਅੰਤਮ ਮਾਰੇ ਧਾਹ, ਨੇਤਰ ਨੈਣਾਂ ਨੀਰ ਵਹਾਈਆ । ਚਾਰਾਂ ਯਾਰਾਂ ਰਿਹਾ ਧਿਆ, ਨੇਤਰ ਨੈਣ ਨੈਣ ਉਠਾਈਆ । ਮੁਹੰਮਦ ਮਿਲੇ ਦਰ ਆ, ਦਰ ਦਰਵਾਜਾ ਰਿਹਾ ਖੁਲ੍ਹਾਈਆ । ਈਸਾ ਤੱਕੇ ਤੇਰਾ ਰਾਹ, ਉਚੇ ਟਿੱਲੇ ਵੇਖ ਵਖਾਈਆ । ਮੂਸਾ ਪਕੜੇ ਤੇਰੀ ਬਾਂਹ, ਕੋਹਤੂਰ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਕਲਜੁਗ ਅੰਤਮ ਰਿਹਾ ਉਡੀਕ, ਨੇਤਰ ਨੈਣ ਨੈਣ ਉਠਾਇਆ । ਮੇਰਾ ਵੇਲਾ ਅੰਤ ਨਜ਼ਦੀਕ, ਪੰਧ ਨਜ਼ਰ ਕੋਇ ਨਾ ਆਇਆ । ਗੁਰ ਅਵਤਾਰ ਪੀਰ ਪੈਗ਼ੰਬਰ ਅੰਤਮ ਬਣ ਗਏ ਸਰਬ ਸ਼ਰੀਕ, ਘਰ ਘਰ ਸ਼ਿਰਕਤ ਰਿਹਾ ਵਖਾਇਆ । ਪਰਵਰਦਿਗਾਰ ਨਿਸ਼ਾਨਾ ਮਿਲੇ ਨਾ ਕੋਇ ਠੀਕ, ਲੱਖ ਚੁਰਾਸੀ ਠੀਕਰ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਆਪ ਜਣਾਇਆ । ਕਲਜੁਗ ਕੂੜਾ ਕਰ ਵਿਚਾਰ, ਵਿਚਾਰ


੧੬੦
੧੩

ਵਿਚਾਰ ਨਾਲ ਮਿਲਾਈਆ । ਚੌਥੇ ਜੁਗ ਆਈ ਹਾਰ, ਚੌਕਾ ਕੰਮ ਕੋਇ ਨਾ ਆਈਆ । ਇਕ ਇਕੱਲਾ ਏਕ ਓਅੰਕਾਰ, ਲੇਖਾ ਸਭ ਦਾ ਰਿਹਾ ਮੁਕਾਈਆ । ਦੂਜੀ ਕੁਦਰਤ ਕਰ ਤਿਆਰ, ਤੀਜੇ ਨੈਣ ਰਿਹਾ ਦਰਸਾਈਆ । ਚੌਥੇ ਪਦ ਭਗਤ ਪਿਆਰ, ਪੰਚਮ ਮੇਲਾ ਸਹਿਜ ਸੁਭਾਈਆ । ਛੇਵੇਂ ਛੱਪਰ ਛੰਨ ਕਰ ਤਿਆਰ, ਸਤਿ ਸਤਿਵਾਦੀ ਬੈਠਾ ਆਸਣ ਲਾਈਆ । ਅੱਠਾਂ ਤੱਤਾਂ ਮਾਰੇ ਮਾਰ, ਨੌਂ ਦਰ ਵੇਖੇ ਥਾਉਂ ਥਾਈਂਆ । ਦਸਵੇਂ ਖੇਲ ਕਰੇ ਅਪਾਰ, ਇਕ ਦਸ ਵੱਜੇ ਵਧਾਈਆ । ਦੋ ਦਸ ਸਾਂਝਾ ਯਾਰ, ਤਿੰਨ ਦਸ ਭੇਵ ਰਿਹਾ ਖੁਲ੍ਹਾਈਆ । ਚਾਰ ਦਸ ਨੱਸ ਨੱਸ, ਚੌਦਾਂ ਲੋਕਾਂ ਡੇਰਾ ਢਾਹੀਆ । ਪੰਜ ਦਸ ਹੱਸ ਹੱਸ, ਗੁਰਮੁਖ ਸੱਜਣ ਰਿਹਾ ਮਿਲਾਈਆ । ਛੇ ਦਸ ਹੋ ਵਸ, ਸੋਲਾਂ ਇਛਿਆ ਪੂਰ ਕਰਾਈਆ । ਸੱਤ ਦਸ ਆਪੇ ਢੱਠ, ਆਪਣਾ ਮਾਣ ਮਿਟਾਈਆ । ਦਸ ਅੱਠ ਬੰਨ੍ਹੇ ਗੱਠ, ਭਗਤੀ ਭਗਤਾਂ ਹੱਥ ਫੜਾਈਆ । ਦਸ ਨੌ ਨੌਂ ਖੰਡ ਪ੍ਰਿਥਮੀ ਰਿਹਾ ਭੌਂ, ਦੋ ਜਹਾਨਾਂ ਵੇਖ ਵਖਾਈਆ । ਦਸ ਦਸ ਬੀਸ ਕਰੇ ਖੇਲ ਹਰਿ ਜਗਦੀਸ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਖ਼ਾਲੀ ਖ਼ੀਸ, ਸੀਸ ਆਪਣੇ ਛਤਰ ਝੁਲਾਈਆ । ਕਲਜੁਗ ਤੇਰੀ ਅੰਤ ਹਦੀਸ, ਫਾਤਿਆ ਪੜ੍ਹੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਭੇਵ ਆਪ ਜਣਾਈਆ । ਕਲਜੁਗ ਅੰਤਮ ਬੁਢਾ ਸ਼ੇਖ਼, ਦਰ ਸਾਚੇ ਸੀਸ ਝੁਕਾਇੰਦਾ । ਪਰਵਰਦਿਗਾਰ ਨੇਤਰ ਖੋਲ੍ਹ ਵੇਖ, ਹੋਏ ਨਿਮਾਣਾ ਮੰਗ ਮੰਗਾਇੰਦਾ । ਮੇਰੀ ਮਿਟਦੀ ਜਾਏ ਰੇਖ, ਲੇਖਾ ਨਜ਼ਰ ਕੋਇ ਨਾ ਆਇੰਦਾ । ਲੰਮੀ ਦਾੜ੍ਹੀ ਖੁਲੜ੍ਹੇ ਕੇਸ, ਗੱਲ ਪਲੂ ਏਕਾ ਪਾਇੰਦਾ । ਪੁਰਖ ਅਕਾਲ ਦੀਨ ਦਿਆਲ ਅੱਗੇ ਹੋ ਜਾ ਕੇ ਵੇਖ, ਗੁਰੂ ਦਸਮੇਸ਼ ਦਹਿ ਦਿਸ਼ਾ ਭੇਵ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਇੰਦਾ । ਬੁੱਢਾ ਸ਼ੇਖ਼ ਫੜ ਡੰਗੋਰੀ, ਪ੍ਰਭ ਚਰਨ ਧਿਆਨ ਲਗਾਈਆ । ਅੰਤ ਕਰੇ ਬਹੁੜੀ ਬਹੁੜੀ, ਦੂਰ ਦੁਰਾਡਾ ਮਾਰੇ ਧਾਹੀਆ । ਲੱਖ ਚੁਰਾਸੀ ਹੋਈ ਕੌੜੀ, ਅੰਮ੍ਰਿਤ ਰਸ ਨਾ ਕੋਇ ਵਖਾਈਆ । ਪ੍ਰਭ ਜੂ ਤੇਰੇ ਹੱਥ ਮੇਰੀ ਡੋਰੀ, ਜਿਉਂ ਭਾਵੇ ਲੈ ਚਲਾਈਆ । ਕੀਤੀ ਮਾਤ ਠੱਗੀ ਚੋਰੀ, ਤੇਰੇ ਹੁਕਮੇ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਮਿਲੀ ਇਕ ਸਰਨਾਈਆ । ਬੁੱਢਾ ਸ਼ੇਖ਼ ਹੋਏ ਮੌਲਾਣਾ, ਮੌਲਾ ਇਕੋ ਇਕ ਧਿਆਈਆ । ਜਗਤ ਕਿਤਾਬ ਵੇਖ ਕੁਰਾਨਾ, ਕੁਰਾ ਕਾਇਆ ਕਾਅਬਾ ਫੋਲ ਫੁਲਾਈਆ । ਚੌਦਾਂ ਤਬਕ ਖੇਲ ਮਹਾਨਾ, ਸਬਕ ਆਪਣਾ ਆਪ ਪੜ੍ਹਾਈਆ । ਖੇਲਿਆ ਖੇਲ ਦੀਨ ਇਸਲਾਮਾ, ਸਾਹਿਬ ਸਿਰ ਤੇਰਾ ਹੁਕਮ ਮਨਾਈਆ । ਅੰਤਮ ਘਰ ਘਰ ਭੁਲਾਈ ਕਲਾਮਾਂ, ਕਲਾ ਨਬੀ ਨਾ ਕੋਇ ਪੜ੍ਹਾਈਆ । ਮੋਹੇ ਬਖ਼ਸ਼ ਮੇਰੇ ਅਮਾਮਾਂ, ਚਰਨ ਧੂੜੀ ਖ਼ਾਕ ਰਮਾਈਆ । ਮੇਰਾ ਪਾਟਾ ਚੀਰ ਤੇੜ ਨਾ ਕੋਇ ਪਜਾਮਾ, ਕੁਲਾ ਸੀਸ ਨਾ ਕੋਇ ਟਿਕਾਈਆ । ਹਜ਼ਰਤ ਦੇ ਇਕ ਪੈਗ਼ਾਮਾ, ਪੈਗ਼ੰਬਰ ਨਜ਼ਰ ਕੋਇ ਨਾ ਆਈਆ । ਸ਼ਾਹ ਸੁਲਤਾਨ ਸੱਚੇ ਰਾਮਾਂ, ਰਹਿਮਤ ਤੇਰੀ ਮੰਗ ਮੰਗਾਈਆ । ਨੇਤਰ ਵੇਖ ਸ੍ਰੀ ਭਗਵਾਨਾ, ਬੇਹਾਲ ਦਏ ਦੁਹਾਈਆ । ਤੇਰਾ ਭੁੱਲਿਆ ਇਕ ਟਿਕਾਣਾ, ਟਿੱਕਾ ਮਸਤਕ ਕੂੜਾ ਲਾਈਆ । ਚਾਰ ਵਰਨ ਜਣਾਇਆ ਗਾਣਾ, ਅਠਾਰਾਂ ਬਰਨ ਕਰੀ ਲੜਾਈਆ । ਅੰਤਮ ਮੰਨਣਾ ਪਿਆ ਭਾਣਾ, ਨਾ ਕੋਈ ਮੇਟੇ ਮੇਟ ਮਿਟਾਈਆ । ਤਖ਼ਤੋਂ ਲਹਿੰਦਾ ਜਾਂਦਾ ਰਾਜਾ ਰਾਣਾ, ਸਿਰ ਤਾਜ ਨਾ ਕੋਇ ਟਿਕਾਈਆ । ਸਭ ਨੂੰ ਭੁਲਿਆ ਪੀਣਾ ਖਾਣਾ, ਖ਼ਾਕੀ ਖ਼ਾਕ ਰਹੇ ਵਖਾਈਆ । ਪਰਗਟ ਹੋਇਆ ਹਰਿ ਮਿਹਰਵਾਨਾ, ਮਿਹਰਵਾਨ ਫੇਰਾ ਪਾਈਆ । ਮੈਂ ਬੁੱਢਾ ਅੰਤ ਅੰਞਾਣਾ,

ਬਾਲੀ ਬੁੱਧ ਨਾ ਕੋਇ ਚਤੁਰਾਈਆ । ਪ੍ਰਭ ਸਾਚਾ ਦੱਸ ਟਿਕਾਣਾ, ਜਿਸ ਘਰ ਤੇਰਾ ਦਰਸ਼ਨ ਪਾਈਆ । ਲੋਕਮਾਤ ਆਇਆ ਬਣ ਮਿਹਮਾਨਾਂ, ਜਗਤ ਮਹਿਮਾਨੀ ਰਿਹਾ ਖਾਈਆ । ਅੰਤ ਅੰਤ ਪਿਆ ਪਛਤਾਣਾ, ਪਿਛੇ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਲਜੁਗ ਕੂਕ ਕੂਕ ਸੁਣਾਈਆ । ਕਲਜੁਗ ਕੂਕੇ ਕਰੇ ਪੁਕਾਰ, ਪ੍ਰਭ ਅੱਗੇ ਹਾਲ ਸੁਣਾਇੰਦਾ । ਜੁਗ ਚੌਕੜੀ ਉਤਰੀ ਪਾਰ, ਪਾਰ ਉਤਾਰਾ ਤੁਧ ਬਿਨ ਨਾ ਕੋਇ ਕਰਾਇੰਦਾ । ਫਿਰ ਫਿਰ ਗਏ ਤੇਈ ਅਵਤਾਰ, ਭਗਤ ਅਠਾਰਾਂ ਸੀਸ ਝੁਕਾਇੰਦਾ । ਈਸਾ ਮੂਸਾ ਮੁਹੰਮਦ ਮੰਗਦੇ ਗਏ ਦੀਦਾਰ, ਦੀਦ ਈਦ ਚੰਦ ਚੜ੍ਹਾਇੰਦਾ । ਚਾਰ ਯਾਰ ਬਣ ਪਨਹਾਰ, ਸੇਵਕ ਸਾਚੀ ਸੇਵ ਲਗਾਇੰਦਾ । ਲੇਖਾ ਜਾਣ ਗੁਰ ਅਵਤਾਰ, ਨਾਨਕ ਗੋਬਿੰਦ ਰੰਗ ਰੰਗਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਵੇਖਿਆ ਵਾਰੋ ਵਾਰ, ਕਲਜੁਗ ਵੇਲਾ ਅੰਤਮ ਆਇੰਦਾ । ਮੈਂ ਡਿਗਾ ਮੂੰਹ ਦੇ ਭਾਰ, ਬਾਹੋਂ ਫੜ ਨਾ ਕੋਇ ਉਠਾਇੰਦਾ । ਚਾਰੋਂ ਕੁੰਟ ਆਈ ਹਾਰ, ਜਿਤ ਰੂਪ ਨਾ ਕੋਇ ਵਖਾਇੰਦਾ । ਕਰ ਕਿਰਪਾ ਦੇ ਦੀਦਾਰ, ਚਰਨ ਕਵਲ ਧਿਆਨ ਲਗਾਇੰਦਾ । ਮੈਂ ਮੂਰਖ ਮੂੜ੍ਹ ਗਵਾਰ, ਪਤਹੀਣ ਸੀਸ ਝੁਕਾਇੰਦਾ । ਤੂੰ ਸਭ ਦਾ ਸਾਂਝਾ ਯਾਰ, ਗ਼ਰੀਬ ਨਿਮਾਣਿਆਂ ਗਲੇ ਲਗਾਇੰਦਾ । ਪਤਤ ਪਾਪੀ ਦੇਵੇਂ ਤਾਰ, ਦੁਸ਼ਟ ਹੰਕਾਰੀ ਆਪ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਵਾਸਤਾ ਪਾਇੰਦਾ । ਦਰ ਵਾਸਤਾ ਦਿਤਾ ਘਤ, ਦੋਏ ਦੋਏ ਜੋੜ ਕਰੇ ਨਿਮਸਕਾਰਿਆ । ਮੇਰੀ ਅੰਤਮ ਸੁੱਕੀ ਰੱਤ, ਤੱਤ ਨਜ਼ਰ ਕੋਇ ਨਾ ਆ ਰਿਹਾ । ਲੱਖ ਚੁਰਾਸੀ ਭੁੱਲੀ ਬ੍ਰਹਮ ਮਤ, ਮਨ ਮਤ ਗੇੜ ਚਲਾ ਲਿਆ । ਰਹਿਣ ਨਾ ਦਿਤਾ ਧੀਰਜ ਜਤ, ਸਤਿ
੧੬੨ ਸੰਤੋਖ ਨਾ ਕੋਇ ਰਖਾ ਲਿਆ । ਨਾਰ ਕੰਤ ਸੱਥਰ ਬੈਠੇ ਘੱਤ, ਸਾਚਾ ਸੱਥਰ ਨਾ ਕਿਸੇ ਹੰਡਾ ਲਿਆ । ਕੂੜੀ ਕਿਰਿਆ ਬੀਜ ਬੀਜਿਆ ਵਤ, ੧੬੨
੧੩ ੧੩
ਕਲਜੁਗ ਅੰਤਮ ਸਿੰਮਲ ਰੁੱਖ ਲਹਿਰਾ ਰਿਹਾ । ਨਾਤਾ ਤੁਟਾ ਤੀਰਥ ਤੱਟ, ਸਰ ਸਰੋਵਰ ਸਰ ਨਾ ਕੋਇ ਜਣਾ ਲਿਆ । ਗੁਰਦੁਆਰ ਮੰਦਰ ਮਸਜਿਦ ਮੱਠ, ਧਰਮ ਡੇਰਾ ਨਾ ਕੋਇ ਵਖਾ ਲਿਆ । ਸਭ ਦਾ ਬੇੜਾ ਡੋਬਿਆ ਨੱਠ ਨੱਠ, ਆਪਣਾ ਪੰਧ ਮੁਕਾ ਲਿਆ । ਅੰਤ ਤੇਰੇ ਦੁਆਰੇ ਗਿਆ ਢੱਠ, ਚਰਨ ਸਰਨ ਸੀਸ ਝੁਕਾ ਲਿਆ । ਸਚ ਸੰਦੇਸਾ ਦੇ ਮਤ, ਬੇਮਤੀ ਆਪ ਜਣਾ ਲਿਆ । ਵੇਲੇ ਅੰਤਮ ਰੱਖ ਪਤ, ਇਕ ਤੇਰੀ ਓਟ ਰਖਾ ਰਿਹਾ । ਅੱਗੋਂ ਕਹੇ ਪੁਰਖ ਸਮਰਥ, ਸਚ ਸੰਦੇਸਾ ਇਕ ਸੁਣਾ ਲਿਆ । ਜਨ ਭਗਤਾਂ ਚਰਨੀਂ ਜਾ ਕੇ ਢੱਠ, ਜਿਨ੍ਹਾਂ ਤੇਰੇ ਵਿਚ ਮੇਰਾ ਦਰਸ਼ਨ ਪਾ ਲਿਆ । ਮੈਂ ਹੋਇਆ ਭਗਤਾਂ ਵਸ, ਡੋਰੀ ਭਗਤਾਂ ਹੱਥ ਫੜਾ ਰਿਹਾ । ਓਥੇ ਮੇਰਾ ਕੋਈ ਨਾ ਚਲੇ ਵਸ, ਸ੍ਰੀ ਭਗਵਾਨ ਆਪ ਸਮਝਾ ਰਿਹਾ । ਪ੍ਰੇਮ ਪਿਆਰ ਅੰਦਰ ਗਿਆ ਫਸ, ਅੰਤ ਬਾਹਰ ਨਾ ਕੋਇ ਕਢਾ ਰਿਹਾ । ਮੈਂ ਗੁਰਸਿਖਾਂ ਵਿਕਿਆ ਹੱਟ, ਦੂਜੀ ਕੀਮਤ ਨਾ ਕੋਇ ਰਖਾ ਲਿਆ । ਹਰਿਜਨ ਤੇਰਾ ਦੁੱਖੜਾ ਦੇਣ ਕੱਟ, ਬਣ ਦਰਦੀ ਦਰਦ ਵੰਡਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸੁਣਾ ਲਿਆ । ਸਚ ਸੰਦੇਸਾ ਸੁਣ ਕੇ ਗੀਤ, ਕਲਜੁਗ ਇਕੋ ਖ਼ੁਸ਼ੀ ਮਨਾਈਆ । ਨਾਤਾ ਤੁਟਾ ਮੰਦਰ ਮਸੀਤ, ਬਿਨ ਭਗਤਾਂ ਪ੍ਰਭ ਜੂ ਹੱਥ ਕਿਸੇ ਨਾ ਆਈਆ । ਸਦੀ ਚੌਧਵੀਂ ਰਹੀ ਬੀਤ, ਚੌਦਾਂ ਤਬਕ ਦੇਣ ਦੁਹਾਈਆ । ਨਿਰਗੁਣ ਬਦਲਣ ਆਇਆ ਰੀਤ, ਸਰਗੁਣ ਦਏ ਆਪ ਸਮਝਾਈਆ । ਗੋਬਿੰਦ ਕਰੇ ਖੇਲ ਅਨਡੀਠ, ਪੁਰਖ ਅਕਾਲ ਵੱਜੇ ਵਧਾਈਆ । ਸਾਹਿਬ ਸੁਲਤਾਨ ਸਾਚਾ ਮੀਤ, ਸਤਿਗੁਰ ਆਪਣਾ ਫੇਰਾ ਪਾਈਆ । ਸਚਖੰਡ

ਨਿਵਾਸੀ ਇਕ ਅਤੀਤ, ਤ੍ਰੈਗੁਣ ਡੇਰਾ ਰਿਹਾ ਢਾਈਆ । ਜਨ ਭਗਤਾਂ ਕੀਤਾ ਠਾਂਡਾ ਸੀਤ, ਅੰਮ੍ਰਿਤ ਮੇਘ ਇਕ ਬਰਸਾਈਆ । ਚਰਨ ਕਵਲ ਬੰਧਾਏ ਪ੍ਰੀਤ, ਪ੍ਰੀਤੀਵਾਨ ਇਕੋ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਜਣਾਈਆ । ਕਲਜੁਗ ਉਠ ਉਠ ਤੱਕੇ ਰਾਹ, ਨੇਤਰ ਨੈਣ ਨੈਣ ਉਠਾਇਆ । ਕਵਣ ਦੁਆਰੇ ਮਿਲੇ ਮਲਾਹ, ਭਗਤ ਭਗਵੰਤ ਰਿਹਾ ਜਗਾਇਆ । ਇਕੋ ਦੇਵੇ ਸਚ ਸਲਾਹ, ਮੇਰਾ ਬੇੜਾ ਪਾਰ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਸੁਣਾਇਆ । ਕਲਜੁਗ ਵੇਖ ਅੰਤਮ ਧਾਰ, ਧਰਨੀ ਧਰਤ ਧਵਲ ਜਣਾਈਆ । ਕਰਿਆ ਖੇਲ ਅਗੰਮ ਅਪਾਰ, ਅਲੱਖ ਅਗੋਚਰ ਬੇਪਰਵਾਹੀਆ । ਸਤਿ ਸਤਿਵਾਦੀ ਹੋ ਤਿਆਰ, ਬ੍ਰਹਮ ਬ੍ਰਹਿਮਾਦੀ ਖੋਜ ਖੁਜਾਈਆ । ਆਦਿ ਜੁਗਾਦੀ ਇਕ ਅਵਤਾਰ, ਜੁਗ ਜੁਗ ਵੇਸ ਵਟਾਈਆ । ਕਲਜੁਗ ਅੰਤ ਹੋ ਤਿਆਰ, ਨਿਹਕਲੰਕਾ ਨਾਉਂ ਰਖਾਈਆ । ਸ਼ਬਦ ਡੰਕਾ ਅਪਰ ਅਪਾਰ, ਦੋ ਜਹਾਨਾਂ ਆਪ ਸੁਣਾਈਆ । ਸਾਚਾ ਬੰਕ ਕਰ ਤਿਆਰ, ਭਗਤ ਭਗਵਾਨ ਦਏ ਵਡਿਆਈਆ । ਛੱਤੀ ਜੁਗ ਦਾ ਕਰਜ਼ ਉਤਾਰ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦਏ ਸਮਝਾਈਆ । ਲੇਖਾ ਮੰਗੇ ਵਾਰੋ ਵਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਭੁੱਲ ਕਦੇ ਨਾ ਜਾਈਆ । ਵਿਸ਼ਨ ਬ੍ਰਹਮਾ ਸ਼ਿਵ ਬੈਠੇ ਚਰਨ ਸਰਨ ਕਰਨ ਨਿਮਸਕਾਰ, ਨੇਤਰ ਨੈਣ ਸਕੇ ਨਾ ਕੋਇ ਉਠਾਈਆ । ਓਥੇ ਕਰੇ ਸਚ ਵਿਹਾਰ, ਸਤਿਗੁਰ ਸੱਚਾ ਸ਼ਹਿਨਸ਼ਾਹੀਆ । ਤੇਰਾ ਲੇਖਾ ਦਏ ਨਿਵਾਰ, ਭੁਲੇਖਾ ਭਗਤਾਂ ਕੋਲੋਂ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰਾ ਇਕ ਜਣਾਈਆ । ਸਚ ਦੁਆਰਾ ਵੇਖ ਅਟੱਲ, ਅਟੱਲ ਆਪ ਜਣਾਇੰਦਾ । ਲੱਖ ਚੁਰਾਸੀ ਕਰ ਕੇ ਵਲ ਛਲ,
੧੬੩ ੧੩ ਪੁਰਖ ਅਬਿਨਾਸ਼ੀ ਆਪ ਬਣਾਇੰਦਾ । ਸਚ ਸਿੰਘਾਸਣ ਬੈਠਾ ਮੱਲ, ਨਿਹਚਲ ਆਪਣਾ ਡੇਰਾ ਲਾਇੰਦਾ । ਧੁਰਦਰਗਾਹੀ ਸੰਦੇਸਾ ਘੱਲ, ਭਗਤ ੧੬੩ ੧੩
ਭਗਵਾਨ ਆਪ ਮਿਲਾਇੰਦਾ । ਲਹਿਣਾ ਦੇਣਾ ਚੁੱਕੇ ਤੇਰਾ ਕਲਜੁਗ ਕਲ, ਕਾਲਖ ਟਿੱਕਾ ਆਪ ਧਵਾਇੰਦਾ । ਜਨ ਭਗਤਾਂ ਦੀ ਧੂੜੀ ਮਸਤਕ ਮਲ, ਮਰ ਜੀਵਤ ਰੂਪ ਵਟਾਇੰਦਾ । ਚੋਟੀ ਪਰਬਤ ਸਮੁੰਦ ਸਾਗਰ ਉਚੇ ਟਿੱਲੇ ਜਾਣ ਹੱਲ, ਹਲਕਾ ਸਭ ਦਾ ਭਾਰ ਕਰਾਇੰਦਾ । ਕੂੜੀ ਕਿਰਿਆ ਧਰਮ ਰਾਜ ਲਾਹੇ ਖੱਲ੍ਹ, ਅੱਗੇ ਹੋ ਨਾ ਕੋਇ ਬਚਾਇੰਦਾ । ਪਾਰਬ੍ਰਹਮ ਅਬਿਨਾਸ਼ੀ ਕਰਤਾ ਨਿਰਗੁਣ ਸਰਗੁਣ ਲੋਕਮਾਤ ਚਲਾਏ ਸ਼ਬਦੀ ਹੱਲ, ਸਭ ਦੀ ਜੜ੍ਹ ਉਖੜਾਇੰਦਾ । ਵੇਖੇ ਖੇਲ ਘੜੀ ਪਲ, ਥਿਤ ਵਾਰ ਨਾ ਕੋਇ ਜਣਾਇੰਦਾ । ਅੰਤਮ ਤੇਰਾ ਮੇਟ ਸਲ, ਸਤਿਜੁਗ ਸਾਚਾ ਆਪ ਲਗਾਇੰਦਾ । ਗ਼ਰੀਬ ਨਿਮਾਣਿਆਂ ਵਿਚ ਜਾਏ ਰਲ, ਰਲ ਮਿਲ ਆਪਣੀ ਖ਼ੁਸ਼ੀ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਆਪ ਚੁਕਾਇੰਦਾ । ਸਭ ਦਾ ਲੇਖਾ ਮੁਕਾਏ ਆਪ, ਆਪਣੇ ਹੱਥ ਰੱਖੇ ਵਡਿਆਈਆ । ਆਦਿ ਜੁਗਾਦੀ ਮਾਈ ਬਾਪ, ਪਿਤਾ ਪੂਤ ਵੇਸ ਵਟਾਈਆ । ਜੁਗ ਚੌਕੜੀ ਮੰਤਰ ਜਾਪ, ਨਮੋ ਨਮੋ ਸਮਝਾਈਆ । ਸ਼ਾਸਤਰ ਸਿਮਰਤ ਵੇਦ ਪਾਠ, ਚੌਦਾਂ ਵਿਦਿਆ ਕਰੇ ਪੜ੍ਹਾਈਆ । ਸਰ ਸਰੋਵਰ ਤੀਰਥ ਤਾਟ, ਜਲਧਾਰਾ ਰੂਪ ਵਖਾਈਆ । ਗੁਰ ਅਵਤਾਰ ਦੇ ਦੇ ਦਾਤ, ਲੱਖ ਚੁਰਾਸੀ ਜੀਵ ਸਮਝਾਈਆ । ਪੀਰ ਪੈਗ਼ੰਬਰ ਸੱਜਣ ਸਾਕ, ਸਗਲਾ ਬੰਧਨ ਪਾਈਆ । ਨਿਰਗੁਣ ਸਰਗੁਣ ਪਾਕੀ ਪਾਕ, ਪੁਨੀਤ ਪਤਤ ਵੇਖ ਵਖਾਈਆ । ਵਰਨ ਬਰਨ ਜ਼ਾਤ ਪਾਤ, ਦੀਨ ਮਜ਼੍ਹਬ ਵੰਡ ਵੰਡਾਈਆ । ਬੁੱਧ ਮਤ ਮਨ ਦੇਵੇ ਪੰਜ ਤੱਤ ਸੁਗਾਤ, ਤ੍ਰੈਗੁਣ ਮਾਇਆ ਜੋੜ ਜੁੜਾਈਆ । ਰਵ ਸਸ ਖੇਲ ਤਮਾਸ਼, ਸੂਰਜ ਚੰਦ ਕਰੇ ਰੁਸ਼ਨਾਈਆ । ਧਰਤ

ਧਵਲ ਕਰ ਪਰਕਾਸ਼, ਬ੍ਰਹਿਮੰਡ ਖੰਡ ਵੇਖ ਵਖਾਈਆ । ਜੇਰਜ ਅੰਡ ਸਾਜਣ ਸਾਜ, ਉਤਭੁਜ ਸੇਤਜ ਰੰਗ ਰੰਗਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਰਚ ਰਚ ਕਾਜ, ਜੁਗ ਜੁਗ ਆਪਣਾ ਹੁਕਮ ਮਨਾਈਆ । ਧਰਮ ਦੁਆਰੇ ਦੇਵੇ ਰਾਜ, ਰਾਏ ਧਰਮ ਮਾਣ ਵਡਿਆਈਆ । ਚਿਤਰ ਗੁਪਤ ਦੇ ਹਿਸਾਬ, ਲੇਖਾ ਸਭ ਦਾ ਹੱਥ ਫੜਾਈਆ । ਲਾੜੀ ਮੌਤ ਬੰਧਾਏ ਨਾਤ, ਨਾਤਾ ਸਭ ਦਾ ਆਪ ਜੁੜਾਈਆ । ਜੁਗ ਜੁਗ ਜਨ ਭਗਤਾਂ ਪੁਛੇ ਆਪ ਵਾਤ, ਹਰਿ ਜੂ ਬਣੇ ਪਿਤਾ ਮਾਈਆ । ਲੱਖ ਚੁਰਾਸੀ ਵਿਚੋਂ ਕਾਢ, ਸਤਿਗੁਰ ਆਪਣੀ ਗੋਦ ਬਹਾਈਆ । ਦੋ ਜਹਾਨ ਲਡਾਏ ਲਾਡ, ਏਥੇ ਓਥੇ ਹੋਏ ਸਹਾਈਆ । ਨਾਮ ਅਨਮੁਲਾ ਦੇਵੇ ਦਾਤ, ਤੋਲ ਤਰਾਜ਼ੂ ਨਾ ਕੋਇ ਤੁਲਾਈਆ । ਜਨਮ ਜਨਮ ਦੀ ਮੇਟੇ ਵਾਟ, ਮਾਤ ਗਰਭ ਫੰਦ ਕਟਾਈਆ । ਗੁਰਸਿਖ ਵਿਕੇ ਨਾ ਕਿਸੇ ਹਾਟ, ਸਤਿਗੁਰ ਆਪਣੇ ਹੱਟ ਵਿਕਾਈਆ । ਅੰਤਮ ਵਖਾਏ ਇਕੋ ਜ਼ਾਤ, ਬ੍ਰਹਮ ਪਾਰਬ੍ਰਹਮ ਸਮਾਈਆ । ਕਲਜੁਗ ਤੇਰਾ ਲੇਖਾ ਡੂੰਘੇ ਖ਼ਾਤ, ਖ਼ਾਤਾ ਤੇਰੇ ਨੈਣ ਵਖਾਈਆ । ਤੇਰੀ ਇਛਿਆ ਹੋਈ ਨਾਰ ਕਮਜ਼ਾਤ, ਕੁਲੱਖਣੀ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤ ਭਗਵਾਨ ਆਪ ਮਿਲਾਈਆ । ਭਗਤ ਭਗਵਾਨ ਇਕੋ ਘਰ, ਘਰ ਮੰਦਰ ਆਪ ਵਸਾਇੰਦਾ । ਕਲਜੁਗ ਅੰਤਮ ਖੋਲ੍ਹੇ ਦਰ, ਦਰ ਦਰਵਾਜ਼ਾ ਆਪ ਜਣਾਇੰਦਾ । ਸੰਤ ਸੁਹੇਲੇ ਸੱਜਣ ਫੜ, ਗੁਰ ਸਤਿਗੁਰ ਮੇਲ ਮਿਲਾਇੰਦਾ । ਕਾਇਆ ਡੂੰਘੀ ਕੰਦਰ ਵੜ, ਵੜ ਵੜ ਆਪਣਾ ਰੰਗ ਰੰਗਾਇੰਦਾ । ਲੱਖ ਚੁਰਾਸੀ ਰਹੀ ਸੜ, ਅਗਨੀ ਅੱਗ ਨਾ ਕੋਇ ਬੁਝਾਇੰਦਾ । ਭਗਤਾਂ ਸੰਗ ਭਗਵਾਨ ਰਲ, ਰਲ ਮਿਲ ਆਪਣੀ ਖ਼ੁਸ਼ੀ ਮਨਾਇੰਦਾ । ਪੂਰਬ ਜਨਮ ਦਾ ਦੇਵੇ ਫਲ, ਫੁੱਲ ਫਲਵਾੜੀ ਆਪ ਮਹਿਕਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਪਿਛੇ ਰਿਹਾ ਘਲ, ਅੰਤਮ ਆਪਣਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਦੇਵੇ ਦਾਨ, ਦਾਤਾ ਆਪਣੀ ਦਇਆ ਕਮਾਇੰਦਾ ।



### ❇ ੧੪ ਮੱਘਰ ੨੦੧੯ ਬਿਕਰਮੀ ਕਿਸ਼ਨ ਸਿੰਘ ਦੇ ਗ੍ਰਹਿ ਅਲੜ ਪਿੰਡੀ ਜ਼ਿਲਾ ਗੁਰਦਾਸਪੁਰ ❇

ਸਾਂਗੋ ਪਾਂਗ ਤੇਰਾ ਟੁੱਟਾ ਮਾਣ, ਤਖ਼ਤ ਨਿਵਾਸੀ ਆਪ ਤੁੜਾਇਆ । ਸਹੰਸਰ ਮੁਖ ਬਾਸ਼ਕ ਤਸ਼ਕ ਕੁਰਲਾਣ, ਰੋ ਰੋ ਨੇਤਰ ਨੀਰ ਵਹਾਇਆ । ਲੋਕਮਾਤ ਮਿਲਿਆ ਮਾਣ, ਗੁਰਮੁਖਾਂ ਹਰਿ ਹਰਿ ਆਪ ਦਿਵਾਇਆ । ਜੜ੍ਹ ਹਿਲੀ ਦੋ ਜਹਾਨ, ਧੀਰਜ ਧੀਰ ਨਾ ਕੋਇ ਧਰਾਇਆ । ਗੁਰ ਅਵਤਾਰ ਸਰਨੀ ਡਿਗੇ ਆਣ, ਗਲ ਵਾਸਤਾ ਪੱਲੂ ਪਾਇਆ । ਉਲਟਾ ਹੋਇਆ ਜ਼ਿਮੀ ਅਸਮਾਨ, ਚੌਦਾਂ ਤਬਕ ਦੇਣ ਦੁਹਾਇਆ । ਕਰਿਆ ਖੇਲ ਵਿਸ਼ਨੂੰ ਭਗਵਾਨ, ਜਿਸ ਦਾ ਵਿਸ਼ਾ ਹੱਥ ਕਿਸੇ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਜਾ ਸਾਚਾ ਤਖ਼ਤ ਵਡਿਆਈਆ । ਸਾਚੀ ਸੇਜਾ ਬਣਿਆ ਤਖ਼ਤ, ਹਰਿ ਸਤਿਗੁਰ ਆਪ ਬਣਾਈਆ । ਆਪਣਾ ਸੀਸ ਦੇ ਕੇ ਪਹਿਲੋਂ ਧੜਤ, ਧੜਾ ਭਗਤਾਂ ਫੇਰ ਬਣਾਈਆ । ਆਪਣੇ ਸੀਸ ਤਾਜ ਜੜੇ ਜੜ੍ਹਤ, ਹੀਰੇ ਲਾਲ ਮਾਣਕ ਮੋਤੀ ਜੋਤ ਸੁਆਈਆ । ਵਿਸ਼ਨੂੰ ਸਾਂਗੋ ਪਾਂਗ ਸੇਜ ਹੰਢਾਈ ਛੋਟੀ, ਗੁਰਸਿਖ ਆਸਣ ਦਏ ਵਡਿਆਈਆ ।

ਕਰੇ ਸੇਵਾ ਤੇੜ ਰੱਖ ਲੰਗੋਟੀ, ਤਨ ਬਸਤਰ ਨਾ ਕੋਇ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਘਰ ਬੰਕ ਇਕ ਸੁਹਾਈਆ । ਚਰਨ ਮਸਤਕ ਇਕੋ ਜੋਤ, ਸੀਸ ਜੋਤ ਜਗਤ ਸਵਾਈਆ । ਚਰਨ ਮਸਤਕ ਇਕੋ ਕੋਟ, ਗੁਰਮੁਖ ਮੰਦਰ ਰੂਪ ਵਟਾਈਆ । ਸੀਸ ਚਰਨ ਇਕੋ ਓਟ, ਚਰਨ ਓਟ ਸੀਸ ਰਖਾਈਆ । ਪਾਰਬ੍ਰਹਮ ਅਬਿਨਾਸ਼ੀ ਕਰਤਾ ਨਿਰਗੁਣ ਸਰੂਪ ਜਨ ਭਗਤਾਂ ਉਤੇ ਹੋਇਆ ਆਪ ਮੋਹਤ, ਮੋਹ ਮੁਹੱਬਤ ਖੇਲ ਕਰਾਈਆ । ਲੱਖ ਚੁਰਾਸੀ ਖ਼ਾਲੀ ਕੀਤੀ ਫੋਕ, ਜੋਤੀ ਕਿਸੇ ਵਿਚ ਰਹਿਣ ਨਾ ਪਾਈਆ । ਗ਼ਰੀਬ ਨਿਮਾਣਿਆਂ ਬਖ਼ਸ਼ੇ ਇਕੋ ਓਟ, ਓਟ ਆਸਰਾ ਇਕ ਜਣਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਸੀਸ ਮਸਤਕ ਰੰਗ, ਵਿਸ਼ਨੂੰ ਲੱਛਮੀ ਇਕੋ ਮੰਗ, ਲੇਖਾ ਜਾਣੇ ਸੂਰਾ ਸਰਬੰਗ, ਲਾਲਨ ਲਾਲ ਰੰਗ ਇਕ ਰੰਗਾਈਆ । ਲੱਛਮੀ ਕਹੇ ਵਿਸ਼ਨੂੰ ਭਗਵਾਨ, ਕੀ ਏਹ ਖੇਲ ਰਚਾਇਆ । ਆਦਿ ਮਿਲਿਆ ਮੈਨੂੰ ਦਾਨ, ਮੇਰੀ ਹੱਥੀਂ ਚੂੜ੍ਹਾ ਪਾਇਆ । ਮੇਰਾ ਜੋਬਨ ਨੌਜਵਾਨ, ਨਜ਼ਰ ਕਿਸੇ ਨਾ ਆਇਆ । ਮੈਂ ਤੇਰੀ ਇਕ ਰਕਾਨ, ਦਰ ਬੈਠੀ ਸੀਸ ਝੁਕਾਇਆ । ਤੂੰ ਸਾਹਿਬ ਮੇਰਾ ਸਚ ਸੁਲਤਾਨ, ਸਦ ਆਪਣਾ ਸੰਗ ਰਖਾਇਆ । ਕਲਜੁਗ ਅੰਤਮ ਵੇਖ ਹੋਈ ਹੈਰਾਨ, ਤੂੰ ਕਿਹੜਾ ਵੇਸ ਵਟਾਇਆ । ਗ਼ਰੀਬ ਨਿਮਾਣਿਆਂ ਪਿਛੇ ਫਿਰੇ ਭਗਵਾਨ, ਲੋਕ ਲੱਜਿਆ ਆਪ ਮਿਟਾਇਆ । ਚਰਨਾਂ ਉਤੇ ਰੱਖ ਚਰਨ ਦੇਵੇਂ ਆਪ ਪਹਿਚਾਨ, ਆਪਣੀ ਚਰਨ ਧੂੜੀ ਗੁਰਮੁਖਾਂ ਝੋਲੀ ਪਾਇਆ । ਬੌਹੜੀ ਮੇਰੀ ਸੁੰਞੀ ਹੋਈ ਦੁਕਾਨ, ਦਰਗਾਹ ਵਸਤ ਨਾ ਕੋਈ ਰਖਾਇਆ । ਕਰ ਕਿਰਪਾ ਦੱਸ ਨਿਸ਼ਾਨ, ਜਿਸ ਦੁਆਰੇ ਬੈਠਾ ਆਪਣਾ ਰੰਗ ਚੜ੍ਹਾਇਆ । ਪੁਰਖ ਅਬਿਨਾਸ਼ੀ ਹੁਕਮਰਾਨ, ਉਂਗਲੀ ਨਾਲ ਰਿਹਾ ਸਮਝਾਇਆ । ਉਠ ਸੁਲੱਖਣੀ ਮਾਰ ਧਿਆਨ, ਲੱਛਮੀ ਤੇਰਾ ਵਕਤ ਚੁਕਾਇਆ । ਭਗਤਾਂ ਭਗਵੰਤ ਮਿਲਿਆ ਸੱਚਾ ਕਾਹਨ, ਘਰ ਗੋਪੀ ਇਕ ਹੰਢਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਦਿ ਜੁਗਾਦਿ ਆਪਣਾ ਭੇਵ ਨਾ ਕਿਸੇ ਜਣਾਇਆ । ਤੇੜ ਲੰਗੋਟੀ ਢਾਈ ਗਜ਼, ਗਿਰਾਹ ਗਿਰਾਹ ਨਾਪ ਨਪਾਈਆ । ਆਪਣਾ ਪਰਦਾ ਨਿਰਗੁਣ ਕੱਜ, ਸਰਗੁਣ ਹੋਏ ਸਹਾਈਆ । ਤਖ਼ਤ ਸਿੰਘਾਸਣ ਬਹੇ ਸਜ, ਹਰਿ ਸੱਜਣ ਬੇਪਰਵਾਹੀਆ । ਜਨ ਭਗਤਾਂ ਦਰਸ ਕਰੇ ਰੱਜ ਰੱਜ, ਆਪਣੀ ਤ੍ਰਿਖਾ ਬੁਝਾਈਆ । ਸੇਵਾ ਕਰੇ ਭੱਜ ਭੱਜ, ਭਾਵੀ ਰਿਹਾ ਮਿਟਾਈਆ । ਨੇਤਰ ਪੇਖੇ ਸਾਚਾ ਹੱਜ, ਹੁਜਰਾ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਤੇੜ ਲੰਗੋਟੀ ਪੰਜ ਹੱਥ, ਪੰਜਾਂ ਵੇਖ ਵਖਾਇੰਦਾ । ਕਰ ਖੇਲ ਪੁਰਖ ਸਮਰਥ, ਸਮਰੀ ਆਪਣੀ ਆਪ ਜਣਾਇੰਦਾ । ਸ਼ੁਕਰ ਧੰਨ ਦੁਆਰ ਗਾਏ ਜਸ, ਸੋਹਲਾ ਸੋ ਸੋ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਤੇੜ ਲੰਗੋਟੀ ਸਾਢੇ ਸੱਤ ਫੁੱਟ, ਢਾਕਨ ਕੋ ਪਤ ਇਕ ਅਖਵਾਈਆ । ਦੋ ਜਹਾਨਾਂ ਰਿਹਾ ਲੁਟ, ਤਨ ਆਪਣਾ ਪਰਦਾ ਲਾਹੀਆ । ਭਗਤਨ ਗੋਦੀ ਰਿਹਾ ਚੁੱਕ, ਚੁੱਕ ਚੁੱਕ ਖ਼ੁਸ਼ੀ ਮਨਾਈਆ । ਖੇਲੇ ਖੇਲ ਲੁਕ ਲੁਕ, ਨਜ਼ਰ ਕਿਸੇ ਨਾ ਆਈਆ । ਆਪਣਿਆਂ ਆਪੇ ਰਿਹਾ ਪੁੱਛ, ਘਰ ਘਰ ਫੇਰਾ ਪਾਈਆ । ਨੰਗੀਂ ਪੈਰੀਂ ਹੱਥ ਨਾ ਕੁਛ, ਖੱਪਰੀ ਗੁਰਮੁਖ ਰਿਹਾ ਉਠਾਈਆ । ਸੀਸ ਨਿਵਾਏ ਝੁਕ ਝੁਕ, ਆਪਣਾ ਮਾਣ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਤੇੜ ਲੰਗੋਟੀ ਗਿਰਾਹ ਚਾਲੀ, ਚਾਲੀ ਸਭ ਦੀ ਆਪ ਪੁਆਇੰਦਾ । ਕਰੇ ਖੇਲ ਹੱਥਾਂ ਖ਼ਾਲੀ,

ਖ਼ਾਲੀ ਹੱਥ ਸਰਬ ਵਖਾਇੰਦਾ । ਜਨ ਭਗਤਾਂ ਦੇਵੇ ਆਪ ਦਲਾਲੀ, ਬਣ ਵਿਚੋਲਾ ਵੇਖ ਵਖਾਇੰਦਾ । ਲੇਖਾ ਜਾਣ ਜੋਤ ਅਕਾਲੀ, ਨਿਰਗੁਣ ਆਪਣਾ ਫੇਰਾ ਪਾਇੰਦਾ । ਦਰ ਦਰਵੇਸ਼ ਬਣੇ ਦਰ ਪਾਲੀ, ਹਲਤ ਪਲਤ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਰਾਇੰਦਾ । ਤੇੜ ਲੰਗੋਟੀ ਨੱਬੇ ਇੰਚ, ਨਾਂਇਆ ਸਿਫ਼ਰਾ ਰੰਗ ਰੰਗਾਈਆ । ਜਨ ਭਗਤਾਂ ਕਾਇਆ ਧਰਤੀ ਆਪੇ ਸਿੰਚ, ਨਾਮ ਬੂਟਾ ਇਕੋ ਲਾਈਆ । ਆਪ ਬਣਾਏ ਆਪਣੀ ਵੇਂਤ, ਕਰੇ ਖੇਲ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਲੰਗੋਟੀ ਦਏ ਵਡਿਆਈਆ । ਇਕ ਲੰਗੋਟੀ ਵੇਖੇ ਛੋਟੀ, ਛੋਟਾ ਆਪਣਾ ਰੂਪ ਵਟਾਇੰਦਾ । ਬੰਦ ਕਰੇ ਅੰਦਰ ਨਿਰਮਲ ਜੋਤੀ, ਜੋਤ ਜੋਤ ਨਾਲ ਮਿਲਾਇੰਦਾ । ਸ੍ਰਿਸ਼ਟ ਸਬਾਈ ਰਹੀ ਸੋਤੀ, ਸੁਤਿਆਂ ਹਰਿ ਜੂ ਖੇਲ ਕਰਾਇੰਦਾ । ਜਨ ਭਗਤ ਬਣਾਏ ਆਪਣੇ ਗੋਤੀ, ਗੋਤ ਆਪਣੀ ਵਿਚ ਮਿਲਾਇੰਦਾ । ਸੇਵਾ ਕਰੇ ਦਰ ਬਰਦਾ ਬਣ ਕੇ ਬਾਲਣ ਹੱਥੀਂ ਝੋਕੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਮਾਈਆ । ਇਕ ਲੰਗੋਟੀ ਬੰਨ੍ਹੇ ਭੇਥਾ, ਗੰਢ ਆਪਣੇ ਹੱਥ ਪੁਆਈਆ । ਦੋ ਜਹਾਨ ਕਰੇ ਥੋਥਾ, ਫੁਰਨਾ ਕੋਈ ਰਹਿਣ ਨਾ ਪਾਈਆ । ਨਿਰਗੁਣ ਸਰਗੁਣ ਦੇਵੇ ਹੋਕਾ, ਹੁਕਮ ਹੱਕ ਇਕ ਜਣਾਈਆ । ਪਹਿਲੀ ਵਾਰ ਮਿਲਿਆ ਮੌਕਾ, ਲੋਕਮਾਤ ਭੇਵ ਚੁਕਾਈਆ । ਨਿਰਗੁਣ ਨਿਰਵੈਰ ਆਪ ਪਹੁੰਚਾ, ਪਰਮ ਪੁਰਖ ਫੇਰਾ ਪਾਈਆ । ਜਨ ਭਗਤਾਂ ਮਾਰਗ ਦੱਸੇ ਸੌਖਾ, ਔਖੀ ਘਾਟੀ ਨਾ ਕੋਈ ਚੜ੍ਹਾਈਆ । ਵੇਲੇ ਅੰਤ ਨਾ ਦੇਵੇ ਧੋਖਾ, ਧੂਆਂ ਧੁਖੇ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਰੰਗ ਆਪ ਸਮਾਈਆ । ਭਗਤ ਕੁੜਮਾਈ ਹੋਇਆ ਵੇਲਾ, ਹਰਿ ਮਿਲਣੀ ਆਪ ਕਰਾਈਆ । ਬਣ ਵਿਚੋਲਾ ਸੱਜਣ ਸੁਹੇਲਾ, ਜੁਗ ਵਿਛੜੇ ਰਿਹਾ ਮਿਲਾਈਆ । ਸੇਵਾ ਕਰੇ ਗੁਰੂ ਬਣ ਚੇਲਾ, ਚੇਲਾ ਗੁਰੂ ਰੂਪ ਵਖਾਈਆ । ਨੰਗੀਂ ਪੈਰੀਂ ਫਿਰੇ ਅਕੇਲਾ, ਮੰਜ਼ਲੋ ਮੰਜ਼ਲੀ ਪੰਧ ਮੁਕਾਈਆ । ਵੇਖੋ ਗਰਮੁਖਾਂ ਦੇ ਮਿਲਣ ਦਾ ਵੇਲਾ, ਬਿਨ ਮੰਦਰ ਮਸਜਿਦ ਮੱਠ ਰਿਹਾ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਗੰਢ ਰਿਹਾ ਪੁਆਈਆ । ਸਾਚੀ ਗੰਢ ਪੁਆਏ ਆਪ, ਭਗਤੀ ਨਾਤਾ ਜੋੜ ਜੁੜਾਇੰਦਾ । ਬਣਿਆ ਵਿਚੋਲਾ ਪ੍ਰਭ ਜੂ ਆਪ, ਦੂਜਾ ਭਗਤ ਨਾ ਕੋਈ ਰਖਾਇੰਦਾ । ਪਹਿਲੋਂ ਬਣੇ ਭਗਤ ਆਪ, ਤ੍ਰਿਸ਼ਨਾ ਜਗਤ ਬੁਝਾਇੰਦਾ । ਫੇਰ ਬਣਿਆ ਆਪ ਸਾਕ, ਗੁਰਮੁਖਾਂ ਜੋੜ ਜੁੜਾਇੰਦਾ । ਗੋਬਿੰਦ ਤੇਰਾ ਪੂਰਾ ਕਰੇ ਪਹਿਲਾ ਵਾਕ, ਕੀਤਾ ਕੌਲ ਭੁੱਲ ਨਾ ਜਾਇੰਦਾ । ਸਰਸੇ ਕੰਡੇ ਦਿਤੀ ਦਾਤ, ਕਲਜੁਗ ਅੰਤਮ ਹਰਸ ਮਿਟਾਇੰਦਾ । ਪੁਰਖ ਅਕਾਲ ਪ੍ਰਿਤਪਾਲੇ ਵੇਖੇ ਮਾਰ ਝਾਤ, ਜੰਗਲ ਜੰਗਲ ਜੂਹ ਰੂਪ ਵਟਾਇੰਦਾ । ਜਿਥੇ ਕੋਈ ਨਾ ਪੁਛੇ ਵਾਤ, ਓਥੇ ਤੇਰੀ ਓਟ ਦਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਆਪ ਮਿਲਾਇੰਦਾ । ਮੇਲਣ ਆਇਆ ਸ੍ਰੀ ਭਗਵਾਨ, ਜਗਤ ਬੰਧਨ ਰਿਹਾ ਪਾਈਆ । ਗੁਰਮੁਖ ਗੁਰਸਿਖ ਆਪ ਪਹਿਚਾਨ, ਪਿਛਲਾ ਲੇਖਾ ਰਿਹਾ ਚੁਕਾਈਆ । ਹਰਿ ਭਗਤ ਵੇਖੇ ਮਾਰ ਧਿਆਨ, ਧੀ ਪੁੱਤ ਨਾਉਂ ਧਰਾਈਆ । ਸੌਹਰੇ ਪੇਈਏ ਖੇਲ ਮਹਾਨ, ਹਰਿ ਖ਼ਾਲਕ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਬੰਧਨ ਜਗਤ ਤੁੜਾਈਆ । ਜਗਤ ਬੰਧਨ ਤੋੜ, ਨਾਤਾ ਇਕੋ ਇਕ ਜਣਾਇੰਦਾ । ਮਾਝਾ ਦੁਆਬਾ ਇਕੱਠੇ ਕੀਤੇ ਤੋਰ, ਤੁਰਤ ਆਪਣਾ ਖੇਲ ਵਖਾਇੰਦਾ । ਕਿਸੇ ਨਜ਼ਰ ਨਾ ਆਏ ਹੋਰ, ਹੋਕਾ ਦੇ ਦੇ ਆਪ ਜਣਾਇੰਦਾ । ਸੀਸ

ਤਾਜ ਜੋ ਰੱਖਿਆ ਬਾਂਕੇ ਸ਼ੋਹਰ, ਸੋ ਸ਼ਹਿਨਸ਼ਾਹ ਲੇਖਾ ਪੂਰ ਕਰਾਇੰਦਾ । ਜੰਮੂ ਮਾਲਵਾ ਜੇ ਚਾਹੋ ਲੋੜ, ਲਿਖ ਹਾਲ ਫੇਰ ਸੁਣਾਇੰਦਾ । ਤਖ਼ਤ ਚੜ੍ਹ ਕੇ ਪਕੜੇ ਡੋਰ, ਡੋਰੀ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸੰਗ ਮਿਲਾਇੰਦਾ । ਹਰਿਜਨ ਵੇਖੇ ਹਰਿਜਨ ਆਇਆ, ਆਪਣਾ ਪੰਧ ਮੁਕਾਈਆ । ਪੁਰਖ ਅਬਿਨਾਸ਼ੀ ਤ੍ਰੈਗੁਣ ਲਾਹੀ ਮਾਇਆ, ਪਰਦਾ ਰਿਹਾ ਉਠਾਈਆ । ਵਿਚੋਂ ਇਕੋ ਨਜ਼ਰੀ ਆਇਆ, ਸਭ ਦਾ ਪਿਤਾ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਮੰਗਣ ਰਿਹਾ ਮੰਗਾਈਆ । ਸਗਨ ਮਨਾਏ ਸਗਲਾ ਸੰਗ, ਹਰਿ ਸਗਲੀ ਵੇਖ ਵਖਾਈਆ । ਬਣ ਵਿਚੋਲਾ ਸੂਰਾ ਸਰਬੰਗ, ਸੁਰਤੀ ਸੁਰਤ ਸ਼ਬਦ ਕੁੜਮਾਈਆ । ਲਾਲ ਸਿੰਘ ਦੁਆਰੇ ਪਹਿਲੋਂ ਮੰਗੀ ਮੰਗ, ਪ੍ਰਭ ਵਿਚੋਲਾ ਪਿਛੇ ਰਹਿ ਨਾ ਜਾਈਆ । ਪੁਰਖ ਅਬਿਨਾਸ਼ੀ ਸਭ ਦੀ ਚੋਲੀ ਰਿਹਾ ਰੰਗ, ਰੰਗਣ ਆਇਆ ਸੱਚਾ ਮਾਹੀਆ । ਲਾਲੋ ਤੇਰੀ ਪਿਛਲੀ ਭੁੱਖ ਨੰਗ, ਅੰਤ ਰਿਹਾ ਮੁਕਾਈਆ । ਤੇਰੇ ਘਰ ਦਾ ਇਕੋ ਡੰਗ, ਡੰਕਾ ਦੋ ਜਹਾਨ ਵਜਾਈਆ । ਢਾਈ ਗਜ਼ ਢਕੇ ਆਪਣਾ ਨੰਗ, ਨੰਗੀ ਕਰੇ ਸਰਬ ਲੋਕਾਈਆ । ਪੁਰਖ ਅਬਿਨਾਸ਼ੀ ਖੇਲ ਕਰੇ ਬਣ ਮਲੰਗ, ਮੁਲੰਮਾ ਸਭ ਦਾ ਦੇਵੇ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਜਨਹਰਿ ਸੰਗ ਰਖਾਈਆ । ਹਰਿਜਨ ਵੇਖੇ ਭਾਈ ਭਾਈ, ਭਈਆਂ ਭੈਣਾਂ ਮੇਲ ਮਿਲਾਇੰਦਾ । ਗੁਰਮੁਖ ਮੇਲਾ ਗੁਰਮੁਖ ਚਾਈਂ ਚਾਈਂ, ਗੁਰ ਸਤਿਗੁਰ ਆਪ ਕਰਾਇੰਦਾ । ਇਕ ਦੂਜੇ ਦੀਆਂ ਪਕੜੇ ਬਾਹੀਂ, ਫੜੀ ਬਾਂਹ ਨਾ ਕੋਈ ਛੁਡਾਇੰਦਾ । ਅੰਦਰੇ ਅੰਦਰੇ ਕਾਇਆ ਮੰਦਰ ਪ੍ਰੇਮ ਪਿਆਰੇ ਬਣੋ ਰਾਹੀ, ਰਹਿਬਰ ਸਾਚਾ ਰਾਹ ਜਣਾਇੰਦਾ ।
੧੬੭ ੧੩ ਅੱਗੋਂ ਮਿਲੇ ਸੱਚਾ ਮਾਹੀ, ਸਾਚੀ ਸਿਖਿਆ ਇਕ ਸਮਝਾਇੰਦਾ । ਦੁਆਬਾ ਮਾਝਾ ਕੋਈ ਭੁੱਲੇ ਨਾਹੀ, ਗੁਰਮੁਖਾਂ ਪਿਛਲੀ ਭੁੱਲ ਸਰਬ ਬਖ਼ਸ਼ਾਇੰਦਾ । ੧੬੭ ੧੩
ਕਲਜੁਗ ਅੰਤਮ ਬੂਟਾ ਹੁੱਲੇ ਨਾਹੀ, ਫਲ ਆਪਣੀ ਹੱਥੀਂ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਣ ਲਾਗੀ ਲਾਗਣ ਸੇਵ ਕਮਾਇੰਦਾ । ਲਾਗਣ ਲਾਗੀ ਬਣਿਆ ਨਾਈ, ਝੀਵਰ ਛੀਂਬਾ ਆਪ ਅਖਵਾਈਆ । ਬ੍ਰਹਿਮਣ ਸਾਂਸੀ ਬਣੇ ਗੋਸਾਈਂ, ਗੋਬਿੰਦ ਆਪਣਾ ਫੇਰਾ ਪਾਈਆ । ਗ਼ਰੀਬ ਨਿਮਾਣਿਆਂ ਪਕੜੇ ਬਾਹੀਂ, ਫੜ ਬਾਹੋਂ ਗੋਦ ਉਠਾਈਆ । ਸਚਖੰਡ ਲੈ ਜਾਏ ਚਾਈਂ ਚਾਈਂ, ਖੇੜਾ ਇਕ ਵਖਾਈਆ । ਏਕਾ ਘਰ ਵਸਾਏ ਧੀ ਜਵਾਈ, ਕੁੜਮ ਕੁੜਮਾਈ ਆਪ ਕਰਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਹਰਿ ਸੰਗਤ ਦੇਵਣ ਆਇਆ ਆਪ ਵਧਾਈ, ਵਾਧਾ ਆਪਣੇ ਹੱਥ ਰਖਾਈਆ । ਵਾਧਾ ਵਧੇ ਵਧੇ ਪੀੜੀ, ਨੀਂਹ ਸਤਿਗੁਰ ਆਪ ਰਖਾਇੰਦਾ । ਪ੍ਰਹਿਲਾਦ ਪਿਛੇ ਬਣ ਕੇ ਆਇਆ ਕੀੜੀ, ਗੁਰਮੁਖਾਂ ਪਿਛੇ ਆਪਣਾ ਰੂਪ ਵਟਾਇੰਦਾ । ਕਰੇ ਖੇਲ ਬੇਨਜ਼ੀਰੀ, ਨਜ਼ਰ ਨਾ ਕਿਸੇ ਵਖਾਇੰਦਾ । ਗੁਰਮੁਖ ਮਿਲਣ ਦਾ ਵਕਤ ਅਖ਼ੀਰੀ, ਆਖ਼ਰ ਆਪਣਾ ਮੇਲ ਮਿਲਾਇੰਦਾ । ਜਿਹਨੂੰ ਕਹਿੰਦੇ ਪ੍ਰਭ ਮਿਲੇ ਤਕਦੀਰੀ, ਬਿਨ ਤਕਦੀਰੋਂ ਤਕਦੀਰ ਬਣਾਇੰਦਾ । ਦਾਤਾ ਦਾਨੀ ਗੁਣੀ ਗਹੀਰੀ, ਗ਼ਰੀਬ ਨਿਮਾਣੇ ਗਲੇ ਲਗਾਇੰਦਾ । ਪ੍ਰੇਮ ਪਿਆਰ ਦੀ ਦੇ ਕੇ ਨਾਮ ਜੰਜੀਰੀ, ਕੜੀ ਕੜੀ ਨਾਲ ਫਸਾਇੰਦਾ । ਆਪ ਕੱਟਦਾ ਰਿਹਾ ਦਿਲਗੀਰੀ, ਗੁਰਮੁਖਾਂ ਦੁੱਖ ਉਠਾਇੰਦਾ । ਆਪ ਕੱਟਦਾ ਰਿਹਾ ਫ਼ਕੀਰੀ, ਦਰ ਦਰ ਘਰ ਘਰ ਅਲਖ ਜਗਾਇੰਦਾ । ਗੁਰਮੁਖਾਂ ਦੇਂਦਾ ਰਿਹਾ ਅਮੀਰੀ, ਨੇਤਰ ਨੈਣ ਨੈਣ ਉਠਾਇੰਦਾ । ਗੋਬਿੰਦ ਛੱਡਣੀ ਆਪਣੀ ਪੀਰੀ, ਪਿਤਾ ਪੂਤ ਭੇਟ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਹਰਿਜਨ ਹਰਿਜਨ

ਨਾਲ ਮਿਲਾਇੰਦਾ । ਸਚ ਦੱਸੋ ਮਿਲੋਗੇ ਨਾਲ, ਹਰਿ ਮਿਲਣੀ ਆਪ ਕਰਾਈਆ । ਸਚ ਦੱਸੋ ਬਣੋਗੇ ਲਾਲ, ਬਿਨ ਤੁਹਾਡੇ ਪੁੱਤ ਨਜ਼ਰ ਨਾ ਆਈਆ । ਸਚ ਦੱਸੋ ਸੁਣੋਗੇ ਹਾਲ, ਮੁਰਸ਼ਦ ਮੁਰੀਦਾਂ ਹਾਲ ਸੁਣਾਈਆ । ਸਚ ਦੱਸੋ ਚਲੋਗੇ ਨਾਲ, ਜਿਥੇ ਕੋਈ ਨਾ ਜਾਏ ਪਾਂਧੀ ਰਾਹੀਆ । ਸਚ ਦੱਸੋ ਲਓਗੇ ਭਾਲ, ਭੁਲਿਆਂ ਹੱਥ ਕਿਸੇ ਨਾ ਆਈਆ । ਸਚ ਦੱਸੋ ਮੰਨੋਗੇ ਸਵਾਲ, ਖ਼ਾਲੀ ਝੋਲੀ ਤੁਹਾਡੇ ਅੱਗੇ ਡਾਹੀਆ । ਸਚ ਦੱਸੋ ਪ੍ਰੇਮ ਪਿਆਰ ਦੀ ਘਾਲਣਾ ਲਓਗੇ ਘਾਲ, ਗੁਰਮੁਖ ਗੁਰਮੁਖ ਨਾਲ ਪਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਛਣ ਆਇਆ ਸੱਚਾ ਮਾਹੀਆ ।

ਗੁਰਮੁਖ ਕਦੇ ਨਾ ਹੋਏ ਮੁਰਦਾ, ਮੁਰਸ਼ਦ ਆਪਣੀ ਗੋਦ ਉਠਾਈਆ । ਗੁਰਮੁਖ ਕਦੇ ਨਾ ਬੇੜਾ ਡੁੱਬਦਾ, ਸਤਿਗੁਰ ਤਾਰੇ ਫੜ ਫੜ ਬਾਹੀਆ । ਗੁਰਮੁਖ ਸ਼ੌਹ ਦਰਯਾਏ ਕਦੇ ਨਾ ਰੁੜ੍ਹਦਾ, ਸ੍ਰੀ ਭਗਵਾਨ ਨੱਯਾ ਨਾਮ ਚੜ੍ਹਾਈਆ । ਅੱਖੀਂ ਵੇਖੋ ਗੇੜਾ ਗਿੜਦਾ, ਕਰਤਾ ਕੀ ਕੀ ਖੇਲ ਰਚਾਈਆ । ਲੇਖਾ ਜਾਣੇ ਧੁਰ ਦੀ ਪਿਰਦਾ, ਧੁਰ ਮਸਤਕ ਵੇਖ ਵਖਾਈਆ । ਸ੍ਰਿਸ਼ਟੀ ਵੇਖੇ ਪੂਰਨ ਫਿਰਦਾ, ਪਰਮ ਪੁਰਖ ਪ੍ਰਭ ਨਜ਼ਰ ਕਿਸੇ ਨਾ ਆਈਆ । ਜੁਗ ਜੁਗ ਰੱਖੇ ਆਪਣਾ ਪਰਦਾ, ਪ੍ਰਿਤਪਾਲਕ ਵਡ ਵਡਿਆਈਆ । ਗੁਰਮੁਖ ਅੰਦਰ ਰੱਖੇ ਆਪਣਾ ਆਪ ਠਰਦਾ, ਸੀਨੇ ਨਾਲ ਸੀਨਾ ਲਾਈਆ । ਵੇਖੇ ਕਲਜੁਗ ਗੇੜ ਗਿੜਦਾ, ਲੇਖਾ ਗੁਰਮੁਖ ਹੱਥ ਫੜਾਈਆ । ਸਤਿਜੁਗ ਚਰਨ ਦੁਆਰੇ ਆਵੇ ਰਿੜਦਾ, ਦੋਏ ਜੋੜ ਸੀਸ ਝੁਕਾਈਆ । ਨੇਤਰ ਨੈਣ ਨੀਰ ਕਿਰਨਾ ਕਿਰਨਾ ਕਿਰਦਾ, ਕੀਰਤ ਕੀਰਨਾ ਆਪਣਾ ਦਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਮੀਤਾ ਇਕ ਅਤੀਤਾ, ਖੇਲ ਭਗਤਾਂ ਹੱਥ ਰਖਾਈਆ । ਗੁਰਮੁਖ ਕਦੇ ਨਾ ਜਾਏ ਮਰ, ਜਨਮ ਮਰਨ ਵਿਚ ਨਾ ਆਈਆ । ਪੁਰਖ ਅਬਿਨਾਸ਼ੀ ਜਿਸ ਦੀ ਸੇਵਾ ਰਿਹਾ ਕਰ, ਸੋ ਹਰਿਜਨ ਦਰਗਾਹ ਸਾਚੀ ਵਸੇ ਥਾਈਂ ਥਾਈਂਆ । ਜਿਨ੍ਹਾ ਕੋਲੋਂ ਪੁਰਖ ਅਕਾਲ ਰਿਹਾ ਡਰ, ਸਿਰ ਅਪਣੇ ਭੈ ਰਖਾਈਆ । ਦੂਰ ਦੁਰਾਡੇ ਇਕੱਠੇ ਕਰੇ ਬਾਹੋਂ ਫੜ, ਫੜ ਬਾਹੋਂ ਮੇਲ ਮਿਲਾਈਆ । ਸਿਰ ਆਪਣਿਆਂ ਪੱਟਾਂ ਉਤੇ ਧਰ, ਧਰਨੀ ਨਾਤਾ ਦਏ ਤੁੜਾਈਆ । ਜਿਨ੍ਹਾਂ ਪਿਛੇ ਗੋਬਿੰਦ ਭਾਣਾ ਗਿਆ ਜਰ, ਸੋ ਗੋਬਿੰਦ ਆਇਆ ਮਾਹੀਆ । ਗ਼ਰੀਬ ਨਿਮਾਣਿਆਂ ਕੋਝਿਆਂ ਕਮਲਿਆਂ ਨਿਰਗੁਣ ਨਿੱਕਿਆਂ ਵੱਡਿਆਂ ਦੇਵੇ ਵਰ, ਜਿਨ੍ਹਾਂ ਬਖ਼ਸ਼ੀ ਚਰਨ ਸਰਨਾਈਆ । ਦਿਵਸ ਰੈਣ ਦਰ ਦੁਆਰੇ ਬਣ ਸੇਵਕ ਪਾਣੀ ਰਿਹਾ ਭਰ, ਚਾਕਰੀ ਚਾਕ ਇਕ ਕਮਾਈਆ । ਆਪਣੇ ਸੀਸ ਪੱਲੂ ਬੰਧਾ ਲੜ, ਕੰਨੀ ਆਪਣੇ ਹੱਥ ਰਖਾਈਆ । ਲਹਿਣਾ ਦੇਣਾ ਚੁਕਾਏ ਘਰ ਘਰ, ਆਪਣਾ ਆਪ ਤਜਾਈਆ । ਹੋ ਕੇ ਨਿਮਾਣਾ ਗੁਰਮੁਖਾਂ ਅੰਦਰ ਗਿਆ ਵੜ, ਬੌਹੜੀ ਬੌਹੜੀ ਦਏ ਦੁਹਾਈਆ । ਆਓ ਸਿਖੋ ਫੜੋ ਲੜ, ਪੁਰਖ ਅਬਿਨਾਸ਼ੀ ਆਇਆ ਬੇਪਰਵਾਹੀਆ । ਮਾਰ ਛਾਲ ਛਾਤੀ ਉਤੇ ਜਾਓ ਚੜ੍ਹ, ਮਿਲੇ ਮਾਣ ਜਗਤ ਵਡਿਆਈਆ । ਜਿਨ੍ਹਾਂ ਆਪਣਾ ਆਪ ਦਿਤਾ ਹਰ, ਸੋ ਹਰਿ ਕੀ ਪੌੜੀ ਰਿਹਾ ਵਖਾਈਆ । ਧੀਆਂ ਪੁਤਰ ਸਾਰੇ ਜਾਓ ਬਣ, ਪਿਤਾ ਆਇਆ ਬਣ ਕੇ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਸੇਵ ਸਾਚਾ ਹਰਿ, ਗੁਰਮੁਖ ਸਾਚੇ ਸੰਗ ਰਖਾਈਆ । ਗੁਰਮੁਖ ਕਦੇ ਨਾ ਰੋਵੇ, ਨੇਤਰ ਨੈਣ ਨੀਰ ਵਹਾਈਆ । ਪ੍ਰਭ ਚਰਨ ਦੁਆਰੇ ਦੁਰਮਤ ਮੈਲ ਧੋਵੇ, ਮੁਖ ਉਜਲ


੧੯੮
੧੩

ਮਾਤ ਕਰਾਈਆ । ਨੇਤਰੀ ਵੇਖੇ ਗੁਰਮੁਖ ਗੁਰਮੁਖ ਜੇਹਾ ਹੋਵੇ, ਗੁਰ ਆਪਣੇ ਲਾਗੇ ਨਿਉਂ ਨਿਉਂ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਸਗਨ ਰਿਹਾ ਮਨਾਈਆ । ਗੁਰਮੁਖਾਂ ਨਾਲ ਮਨਾਏ ਸਗਨ, ਸਗਲਾ ਸੰਗ ਦਇਆ ਕਮਾਈਆ । ਆਰ ਪਾਰ ਲੱਗੇ ਇਕੋ ਲਗਨ, ਲਹਿਣਾ ਦੇਣਾ ਸਰਬ ਚੁਕਾਈਆ । ਜਿਉਂ ਸਤਿਗੁਰ ਗੁਰਸਿਖਾਂ ਵੇਖ ਰਹੇ ਮਗਨ, ਤਿਉਂ ਗੁਰਸਿਖ ਸਤਿਗੁਰ ਮਗਨ ਰਖਾਈਆ । ਆਪ ਸੜਿਆ ਪਹਿਲੋਂ ਅਗਨ, ਗੁਰਮੁਖਾਂ ਅਗਨ ਰਿਹਾ ਬੁਝਾਈਆ । ਦੋ ਜਹਾਨ ਦੀਪਕ ਜਗਨ, ਪੁਰਖ ਅਕਾਲ ਤੇਲ ਬਾਤੀ ਇਕੋ ਪਾਈਆ । ਆਪਣੀ ਹੱਥੀਂ ਕਾਇਆ ਭਾਂਡੇ ਆਇਆ ਮਾਂਜਨ, ਪੋਚ ਪੁਚਾਏ ਸੱਚਾ ਮਾਹੀਆ । ਲਾਲੋ ਲਾਲ ਬਣਾਇਆ ਸਾਜਣ, ਕਿਸ਼ਨ ਸਿੰਘ ਘਰ ਵੱਜੇ ਵਧਾਈਆ । ਗੁਰਸਿਖ ਸਾਰੇ ਬਣੇ ਆਂਢਣ ਗਵਾਂਢਣ, ਨਾਤੇ ਨਾਤਿਆਂ ਨਾਲ ਜੁੜਾਈਆ । ਹੀਰ ਵਿਚਾਰੀ ਕੀ ਸਾਰ ਜਾਣੇ ਰਾਂਝਣ, ਗਲ ਬੈਠੀ ਗਲਵਕੜੀ ਪਾਈਆ । ਦੀਨ ਦਿਆਲ ਗ਼ਰੀਬ ਨਿਵਾਜਣ, ਗ਼ਰੀਬ ਨਿਮਾਣਿਆਂ ਹੋਏ ਸਹਾਈਆ । ਅੰਤਮ ਰੱਖਣ ਆਇਆ ਲਾਜਣ, ਲੋਕਲਾਜ ਆਪ ਗਵਾਈਆ । ਧੰਨ ਗੁਰਸਿਖ ਧੰਨ ਹਰਿ ਸੰਗਤ ਹੋਏ ਵਡ ਭਾਗਨ, ਜਿਸ ਦੁਆਰੇ ਵਡਭਾਗੀ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮਿਲਾਏ ਸਾਚਾ ਘਰ, ਦਰ ਦਰ ਘਰ ਘਰ ਵੱਜੇ ਵਧਾਈਆ । ਵੱਜੇ ਵਧਾਈ ਘਰ ਸਖੀ, ਸੱਜਣ ਪਾਇਆ ਮੀਤ । ਜਿਸ ਪਤ ਮਾਤ ਰੱਖੀ, ਸੋ ਮਿਲਿਆ ਇਕ ਅਤੀਤ । ਸ੍ਰਿਸ਼ਟ ਸਬਾਈ ਰਹੀ ਹੱਕੀ ਬੱਕੀ, ਕਵਣ ਢੋਲਾ ਗਾਏ ਸੋਹੰ ਗੀਤ । ਚਾਰ ਖਾਣੀ ਅੰਤਮ ਥੱਕੀ, ਨਾਤਾ ਤੁਟਿਆ ਮੰਦਰ ਮਸੀਤ । ਗੁਰਮੁਖ ਫੁਲਵਾੜੀ ਇਕੋ ਪੱਕੀ, ਗੋਬਿੰਦ ਚਰਨ ਲੱਗੀ ਪ੍ਰੀਤ । ਪੁਰਖ ਅਬਿਨਾਸ਼ੀ ਲੱਗੀ ਚੰਗੀ, ਲੱਖ ਚੁਰਾਸੀ ਵਿਚੋਂ ਕਢੀ ਬਾਹਿ ਕੇ ਲੀਕ । ਜਿੰਨਾਂ ਪਿਛੇ ਕੱਟਦਾ ਰਿਹਾ ਤੰਗੀ, ਅੰਤਮ ਦੂਰ ਦੁਰਾਡਾ ਆਇਆ ਨਜ਼ਦੀਕ । ਏਥੇ ਬਣਿਆ ਮਾਤ ਸੰਗੀ, ਅੱਗੇ ਮੇਲਾ ਲਾਸ਼ਰੀਕ । ਬਣ ਭਿਖਕ ਮੰਗ ਇਕੋ ਮੰਗੀ, ਚੌਦਾਂ ਮੱਘਰ ਗੁਰਸਿਖ ਗੁਰਸਿਖ ਮਿਲਣ ਦੀ ਤਰੀਕ । ਹਰਿ ਜੂ ਲਾਏ ਆਪਣੇ ਅੰਗੀ, ਅੰਗੀਕਾਰ ਕਰੇ ਹਸਤ ਕੀਟ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦਇਅਵਾਨ ਦਇਆਵਾਨ ਮਿਹਰਵਾਨ ਮਿਹਰ ਕਰੇ ਮਿਹਰ ਬੰਧਾਏ ਚਰਨ ਪ੍ਰੀਤ । ਗੁਰਮੁਖ ਵਕਤ ਨਾ ਹੋਏ ਦੁਹੇਲਾ, ਜਲ ਧਾਰ ਨਾ ਕੋਈ ਰੁੜਾਈਆ । ਪ੍ਰਭ ਜੂ ਮਿਲਿਆ ਇਕ ਅਕੇਲਾ, ਅਕਲ ਕਲਧਾਰੀ ਫੇਰਾ ਪਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਬੈਠਾ ਰਿਹਾ ਵੇਹਲਾ, ਕਲਜੁਗ ਅੰਤਮ ਕਰਨ ਆਪਣਾ ਕੰਮ ਆਈਆ । ਭਗਤਾਂ ਲੱਭੇ ਭਗਤ ਸੁਹੇਲਾ, ਭੱਜ ਭੱਜ ਆਪਣਾ ਪੰਧ ਮੁਕਾਈਆ । ਵੇਖੋ ਤਰਨ ਦਾ ਆਇਆ ਵੇਲਾ, ਤਾਰਨ ਵਾਲਾ ਰਿਹਾ ਤਰਾਈਆ । ਗੋਬਿੰਦ ਮਾਣ ਦੇ ਕੇ ਗਿਆ ਗੁਰੂ ਚੇਲਾ, ਸੋ ਸਤਿਗੁਰ ਚੇਲਾ ਗੁਰ ਰੂਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਤੇਰਾ ਵਕਤ ਦੁਹੇਲਾ ਦਏ ਕਟਾਈਆ । ਵਕਤ ਦੁਹੇਲਾ ਦਏ ਕੱਟ, ਕੱਟਣਹਾਰਾ ਆਪ ਆਇਆ । ਗੁਰਮੁਖਾਂ ਮੇਲ ਪਹਿਲਾ ਫੱਟ, ਪੱਟੀ ਆਪਣੇ ਨਾਮ ਬੰਧਾਇਆ । ਆਪਣੇ ਸੀਨੇ ਉਤੇ ਲਏ ਚੁੱਕ, ਸੀਨਾ ਸੀਨਾ ਵੇਖ ਵਖਾਇਆ । ਲਹਿਣਾ ਦੇਣਾ ਦੇਵੇ ਹੱਕੋ ਹੱਕ, ਹੱਕ ਨਿਬੇੜਾ ਆਪ ਜਣਾਇਆ । ਸਤਿਗੁਰ ਪੂਰਾ ਕਦੇ ਨਾ ਜਾਏ ਥੱਕ, ਦਿਵਸ ਰੈਣ ਸੇਵ ਕਮਾਇਆ । ਚਰਨ ਲੱਗ ਜੋ ਪਿਛੇ ਗਏ ਹਟ, ਅੰਤ ਉਹਨਾਂ ਨਾਲ ਮਿਲਾਇਆ । ਜਿਸ ਨੇ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗਾਈ ਗਾਥ, ਤਿਸ ਦਾ ਵਕਤ ਦੁਹੇਲਾ ਨਾ ਕੋਈ ਰਖਾਇਆ । ਜਿਉਂ ਸਤਿਗੁਰ ਪੂਰਨ ਵਸਿਆ

ਸਾਥ, ਆਤਮ ਸੇਜਾ ਪਲੰਘ ਵਿਛਾਇਆ । ਅੰਦਰ ਵੜ ਚਲਾਏ ਰਾਥ, ਔਂਦਾ ਜਾਂਦਾ ਨਜ਼ਰ ਨਾ ਆਇਆ । ਰਾਤੀ ਸੁਤਿਆਂ ਦੇਵੇ ਦਾਤ, ਦਿਨੇ ਜਾਗਦਿਆਂ ਪੰਜ ਤੱਤ ਗੇੜਾ ਰਿਹਾ ਵਿਖਾਇਆ । ਹਰਿ ਸੰਗਤ ਤੇਰਾ ਵੱਡਾ ਭਾਗ, ਵਡ ਹਰਿ ਜੂ ਆਪ ਵੰਡਾਇਆ । ਤੁਹਾਡੇ ਪਿਛੇ ਫਿਰੇ ਕੰਤ ਸੁਹਾਗ, ਗੁਰਮੁਖ ਨਾਰੀ ਕਰ ਪਿਆਰੀ ਆਪਣੇ ਅੰਗ ਲਗਾਇਆ । ਚੌਦਾਂ ਮੱਘਰ ਸਾਰੇ ਜਾਣਾ ਜਾਗ, ਹੁਣ ਜਾਗਣ ਵੇਲਾ ਆਇਆ । ਫੜ ਬਾਹੋਂ ਰਿਹਾ ਕਾਢ, ਫੜ ਆਪਣੇ ਗਲੇ ਲਗਾਇਆ । ਸਾਰੇ ਰਲ ਮਿਲ ਕਰ ਲਓ ਲਾਡ, ਪਿਤਾ ਪੂਤ ਗੋਦ ਬਹਾਇਆ । ਗੋਬਿੰਦ ਭੁੱਲੇ ਨਾ ਅਜੇ ਯਾਦ, ਯਾਦਦਾਸ਼ਤ ਆਪਣੇ ਵਿਚ ਛੁਪਾਇਆ । ਜਿਸ ਦੇ ਹੱਥ ਤੇ ਉਡਦਾ ਬਾਜ਼, ਸੋ ਬਾਜ਼ਾਂ ਵਾਲਾ ਆਇਆ । ਜਿਸ ਨੇ ਸਵਾਰਨੇ ਤੁਹਾਡੇ ਕਾਜ, ਆਪਣਾ ਕਾਜ ਨਾ ਕੋਈ ਵਖਾਇਆ । ਜਿਸ ਨੂੰ ਸਾਰੇ ਕਹਿੰਦੇ ਗੁਰੂ ਮਹਾਰਾਜ, ਸੋ ਗ਼ਰੀਬ ਨਿਮਾਣਾ ਹੋ ਕੇ ਵੇਖਣ ਆਇਆ । ਰਲ ਕੇ ਰਚੀਏ ਇਕੋ ਕਾਜ, ਗੁਰਸਿਖ ਗੁਰਸਿਖ ਸਤਿਗੁਰ ਸਤਿਗੁਰ ਗੁਰਸਿਖ ਲਏ ਪਰਨਾਇਆ । ਸਾਰੇ ਮਾਰੋ ਇਕੋ ਆਵਾਜ਼, ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਾਡੀ ਸੇਵਾ ਰਿਹਾ ਕਮਾਇਆ । ਸੁਣ ਆਵਾਜ਼ ਉਠੇ ਅਵਤਾਰ, ਗੁਰ ਗੁਰ ਨੈਣ ਰਿਹਾ ਖੁਲ੍ਹਾਈਆ । ਪੀਰ ਪੈਗ਼ੰਬਰ ਹੋਏ ਖ਼ਬਰਦਾਰ, ਕਵਣ ਖ਼ਬਰ ਰਿਹਾ ਸੁਣਾਈਆ । ਭਗਤ ਅਠਾਰਾਂ ਹੋਏ ਬੇਦਾਰ, ਆਲਸ ਨਿੰਦਰਾ ਰਹੇ ਗਵਾਈਆ । ਵਿਸ਼ਨ ਬ੍ਰਹਮਾ ਸ਼ਿਵ ਨੈਣ ਰਹੇ ਉਘਾੜ, ਚਾਰ ਕੁੰਟ ਧਿਆਨ ਲਗਾਈਆ । ਸਾਰੇ ਵੇਖਣ ਵੇਖੋ ਭਾਗ ਲੱਗਾ ਉਜਾੜ, ਸ੍ਰੀ ਭਗਵਾਨ ਆਪ ਲਗਾਈਆ । ਗੁਰਸਿਖ ਇਕੱਠੇ ਕੀਤੇ ਲਾੜ, ਲਾੜੀ ਆਪਣੀ ਜੋਤ ਨਾਲ ਪਰਨਾਈਆ । ਚਾਰੋਂ ਕੁੰਟ ਫੜ ਫੜ ਏਹਨਾਂ ਚਰਨਾਂ ਹੇਠਾਂ ਲਏ ਵਾੜ, ਬਾਹਰ ਸਕੇ ਨਾ ਕੋਈ ਕਢਾਈਆ । ਰਲ ਮਿਲ ਕੇ ਢੋਲਾ ਲਾਇਆ ਇਕ ਅਵਾਜ਼, ਆਤਮ ਪਰਮਾਤਮ ਵੱਜੀ ਵਧਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦਿਤਾ ਦਾਜ, ਗੁਰਮੁਖਾਂ ਝੋਲੀ ਆਪ ਭਰਾਈਆ । ਜਿਸ ਨੇ ਸਾਜਣ ਲਿਆ ਸਾਜ, ਸੋ ਸੱਜਣ ਵੇਖ ਵਖਾਈਆ । ਸਾਰੇ ਚਲ ਕੇ ਵੇਖੀਏ ਕਿਸ ਤਰਾਂ ਕਾਜ, ਬਿਨ ਸ਼ਰਅ ਨਕਾਹ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤ ਭਗਵੰਤ ਇਕੱਠੇ ਕਰ, ਚੌਥੀ ਲਾਂਵ ਇਕੋ ਵਾਰ ਪੜ੍ਹਾਈਆ । ਪ੍ਰਭ ਦੁਆਰੇ ਬਿਰਖ ਹੋਈ ਪੀੜ, ਪ੍ਰਭ ਵਿਚ ਧਿਆਨ ਲਗਾਈਆ । ਹਰਿ ਸੰਗਤ ਔਂਦੀ ਘੱਤ ਵਹੀਰ, ਚਰਨ ਕਵਲ ਵਾਹੋ ਦਾਹੀਆ । ਨਾਮ ਦਿਓ ਦੇ ਸਮੇਂ ਦਾ ਮੈਂ ਦਿਲਗੀਰ, ਮੇਰੀ ਦਰਦ ਨਾ ਕੋਇ ਵੰਡਾਈਆ । ਜਿੰਨਾਂ ਚਿਰ ਦੁਆਬੇ ਵਿਚੋਂ ਨਾ ਆਏ ਵਹੀਰ, ਮੇਰਾ ਦੁੱਖ ਨਾ ਕੋਈ ਵੰਡਾਈਆ । ਮੈਂ ਪੰਜ ਸਾਲ ਦੱਸਦਾ ਰਿਹਾ ਮੇਰੀ ਬਦਲ ਤਕਦੀਰ, ਮੇਰਾ ਵੇਲਾ ਗਿਆ ਆਈਆ । ਪੁਰਖ ਅਬਿਨਾਸ਼ੀ ਸੰਮਤ ਚੌਦਾਂ ਦੱਸ ਕੇ ਗਿਆ ਪਹਿਲੀ ਵਾਰ, ਜਨ ਭਗਤਾਂ ਕੋਲੋਂ ਤੇਰਾ ਬੰਧਨ ਦਏ ਕਟਾਈਆ । ਚੌਦਾਂ ਮੱਘਰ ਵਕਤ ਅਖ਼ੀਰ, ਤੇਰਾ ਆਖਰ ਦਏ ਮੁਕਾਈਆ । ਵੇਖੋ ਗੁਰਸਿਖ ਤੇਰੇ ਨਾਲ ਤੇਰੀ ਵੰਡਾਵਣ ਪੀੜ, ਨੇਤਰ ਨੈਣਾਂ ਨੀਰ ਵਹਾਈਆ । ਰਵਦਾਸ ਚੁਮਿਆਰਾ ਗਾਵੇ ਗੀਤ, ਬੇੜਾ ਬੰਨ੍ਹ ਵਖਾਈਆ । ਪੁਰਖ ਅਬਿਨਾਸ਼ੀ ਆਪਣੀ ਚਲਾਏ ਜੁਗ ਜੁਗ ਰੀਤ, ਰੀਤੀਵਾਨ ਭੁੱਲ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਉਤਭੁਜ ਲੇਖਾ ਰਿਹਾ ਮੁਕਾਈਆ । ਹਰਿ ਦਰ ਕਰਨ ਪੁਕਾਰ, ਹਰਿ ਬਾਰਿਸ਼ ਨਾਮ ਕਰਾਇੰਦਾ । ਤਰਸ ਕੀਤਾ ਕਰਤਾਰ, ਤਾਰਨਹਾਰਾ ਵੇਖ ਵਖਾਇੰਦਾ । ਦੁਆਬਿਉਂ ਪਿਛਲੇ ਸੱਜਣ ਲਿਆਂਦੇ ਉਠਾਲ, ਉਠ ਉਠ ਆਪਣੀ ਸੇਵ ਕਮਾਇੰਦਾ । ਉਚੇ ਬਿਰਛ ਵੇਖੇ ਮੇਰੇ ਲਾਲ,

੧੭੦
੧੩

ਲਾਲਨ ਆਪਣੇ ਰੰਗ ਰੰਗਾਇੰਦਾ । ਜਿਨ੍ਹਾਂ ਦੀ ਕਿਸੇ ਹੱਥ ਨਾ ਆਈ ਚਾਲ, ਕੋਟਨ ਕੋਟ ਧਿਆਨ ਲਗਾਇੰਦਾ । ਪਹਿਲੋਂ ਪੁਛਿਆ ਗੁਰਸਿਖਾਂ ਹਾਲ, ਫਿਰ ਗੁਰਮੁਖਾਂ ਕੋਲੋਂ ਤੇਰਾ ਹਾਲ ਪੁਛਾਇੰਦਾ । ਨੇਤਰ ਜਲਵਾ ਕਰ ਜਲਾਲ, ਜ਼ਰੂਰਤ ਤੇਰੀ ਪੂਰ ਕਰਾਇੰਦਾ । ਲਾਲੋ ਘਰ ਆਇਆ ਲਾਲ, ਪੁਰਖ ਅਬਿਨਾਸ਼ੀ ਪਿਛਲਾ ਹਿਸਾਬ ਦੇਣਾ ਵਖਾਲ, ਲੇਖਾ ਵੱਖੋ ਵੱਖ ਜਣਾਇੰਦਾ । ਅੰਤਮ ਇਕੱਠੇ ਕੀਤੇ ਆਣ, ਅੱਗੇ ਵੰਡ ਨਾ ਕੋਈ ਵੰਡਾਈਆ । ਗ਼ਰੀਬ ਨਿਮਾਣਿਆਂ ਸੁਘੜ ਸਿਆਣਿਆਂ ਬਾਲ ਅਵਾਣਿਆਂ ਬਿਰਧਾਂ ਦੇਵੇ ਇਕੋ ਮਾਣ, ਦੂਜੀ ਵੰਡ ਨਾ ਕੋਈ ਵੰਡਾਇੰਦਾ । ਜਿਸ ਜਨ ਗਾਇਆ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨਮ ਮਰਨ ਵਿਚ ਨਾ ਆਇੰਦਾ । ਗੁਰਮੁਖ ਆਏ ਨਾਮ ਸੱਦੇ, ਸੱਦਾ ਹਰਿ ਜੂ ਹਰਿਜਨ ਆਪ ਜਣਾਈਆ । ਆਤਮ ਰਸ ਪ੍ਰੇਮ ਮੱਧੇ, ਸੋ ਮਤਵਾਲੇ ਅੰਗ ਲਗਾਈਆ । ਲੱਖ ਚੁਰਾਸੀ ਵਿਚੋਂ ਲੱਭੇ, ਦਰ ਦਰ ਘਰ ਘਰ ਫੋਲ ਫੁਲਾਈਆ । ਸ੍ਰੀ ਭਗਵਾਨ ਸਦਾ ਸੁਹੇਲਾ ਇਕ ਅਕੇਲਾ ਜਨ ਭਗਤਾਂ ਫਿਰ ਸੱਜੇ ਖੱਬੇ, ਅੱਗੇ ਪਿਛੇ ਸੇਵ ਕਮਾਈਆ । ਜਗਤ ਪਾਰ ਕਰਾਏ ਝੂਠੀ ਹੱਦੇ, ਹੱਦ ਆਪਣੀ ਇਕ ਵਖਾਈਆ । ਕੂੜੀ ਕਿਰਿਆ ਵਿਚੋਂ ਕੱਢੇ, ਸਾਚੇ ਮੰਦਰ ਦਏ ਬਹਾਈਆ । ਸਾਕ ਸੱਜਣ ਝੂਠੇ ਭੈਣ ਭਾਈ ਛੱਡੇ, ਗੁਰਮੁਖ ਗੁਰਮੁਖ ਨਾਲ ਕਰੇ ਕੁੜਮਾਈਆ । ਪੁਰਖ ਅਬਿਨਾਸ਼ੀ ਦੋਹਾਂ ਹੱਥੀ ਗਾਨੇ ਬੱਧੇ, ਨੇਤਰ ਵੇਖੇ ਚਾਈਂ ਚਾਈਂਆ । ਨਾਮ ਦੁਸ਼ਾਲੇ ਪਰਦੇ ਕੱਜੇ, ਸਾਲੂ ਸੁੱਬਰ ਇਕੋ ਸੀਸ ਟਿਕਾਈਆ । ਨਾਤਾ ਛੁਟੇ ਛੋਟੇ ਵੱਡੇ, ਇਕੋ ਰੰਗ ਰਿਹਾ ਚੜ੍ਹਾਈਆ । ਵਿਸ਼ਨੂੰ ਵਖਾਏ ਵਿਸ਼ਵ ਪਦੇ, ਭਗਵਾਨ ਭਗਤਾਂ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਈਆ । ਸੱਦੇ ਆਏ ਸਾਚੇ ਘਰ, ਘਰ ਸੱਜਣ ਇਕ ਜਣਾਇੰਦਾ । ਜਿਥੇ ਚੁੱਕੇ ਜਨਮ ਮਰਨ ਡਰ, ਡਰ ਸਭ ਦਾ ਆਪ ਮੁਕਾਇੰਦਾ । ਨਿਮਾਣੇ ਨਿਤਾਣੇ ਨਿਥਾਵਿਆਂ ਫੜ, ਦਰਗਾਹ ਸਾਚੀ ਮਾਣ ਦਵਾਇੰਦਾ । ਜਿਸ ਘਰ ਆਪ ਬੈਠਾ ਚੜ੍ਹ, ਤਿਸ ਦੁਆਰੇ ਗੁਰਮੁਖ ਆਪ ਬਹਾਇੰਦਾ । ਰਵਦਾਸ ਅੱਖਰ ਰਿਹਾ ਪੜ੍ਹ, ਏਕਾ ਢੋਲਾ ਗਾਇੰਦਾ । ਸ੍ਰੀ ਭਗਵਾਨ ਗਿਆ ਡਰ, ਡਰ ਡਰ ਆਪਣੀ ਸੇਵ ਕਮਾਇੰਦਾ । ਸੰਤ ਸੁਹੇਲੇ ਇਕੱਠੇ ਕਰ, ਪਿਛਲਾ ਲੇਖਾ ਆਪ ਚੁਕਾਇੰਦਾ । ਸਚ ਵਿਚੋਲਾ ਆਪ ਬਣ, ਸੋਹੰ ਢੋਲਾ ਇਕ ਸੁਣਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਸੱਚਾ ਦਾਨ, ਗੁਰਮੁਖ ਗੁਰਮੁਖ ਘਰ ਮੰਗਾਇੰਦਾ । ਕਿਸ਼ਨ ਸਿੰਘ ਨੇਤਰ ਨੈਣ ਨੀਰ ਤੇਲ ਰਿਹਾ ਚੋਅ, ਹਰਿ ਸਤਿਗੁਰ ਸਚ ਜਣਾਈਆ । ਅੱਧਵਿਚਕਾਰ ਖਲੋਤਾ ਆਪ ਹੋ, ਅੰਦਰ ਬਾਹਰ ਚਰਨ ਟਿਕਾਈਆ । ਸਤਿਜੁਗ ਇਕ ਪ੍ਰਹਿਲਾਦ ਦਿਤਾ ਢੋਆ ਢੋ, ਨਰ ਸਿੰਘ ਰੂਪ ਵਟਾਈਆ । ਕਲਜੁਗ ਅੰਤਮ ਭਗਤ ਦੁਆਰ ਜੋ ਚਰਨ ਜਾਏ ਛੋਹ, ਸੱਚਖੰਡ ਸਾਚੇ ਦਏ ਬਹਾਈਆ । ਗੁਰਮੁਖ ਘਰ ਗੁਰਮੁਖ ਕਰੇ ਲੋ, ਬਾਤੀ ਬਾਤੀ ਨਾਲ ਜਗਾਈਆ । ਗੁਰਮੁਖ ਘਰ ਗੁਰਮੁਖ ਜਾਏ ਸੌਂ, ਆਲਸ ਨਿੰਦਰਾ ਜਗਤ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਵਿਹਾਰਾ ਆਪ ਕਰਾਈਆ । ਕਿਸ਼ਨ ਸਿੰਘ ਨੇਤਰ ਨੀਰ ਸਚ ਰਸ, ਹਰਿ ਰਸੀਆ ਆਪ ਜਣਾਇੰਦਾ । ਪੁਰਖ ਅਬਿਨਾਸ਼ੀ ਬਣ ਵਿਚੋਲਾ ਮਾਰਗ ਰਿਹਾ ਦੱਸ, ਦਹਿ ਦਿਸ਼ਾ ਵੇਖ ਵਖਾਇੰਦਾ । ਭੈਣ ਭਾਈ ਇਕੱਠੇ ਹੋ ਕੇ ਮਿਲੋ ਹੱਸ ਹੱਸ, ਹਰਿ ਸੰਗਤ ਨੈਨਣ ਨੈਣ ਨਾ ਕੋਈ ਤਕਾਇੰਦਾ । ਜਿਸ ਗੁਰਸਿਖ ਮੇਰੀ ਰੱਖਣੀ ਪੱਤ, ਸੋ ਗੁਰਮੁਖ ਧੀ ਭੈਣ ਕੋਈ ਨਾ ਅੱਖ ਉਠਾਇੰਦਾ । ਆਤਮ ਅੰਦਰ ਇਕੋ ਜਤ, ਧੀਰਜ ਤੁਹਾਡੇ ਹੱਥ ਫੜਾਇੰਦਾ । ਜੇ ਮਨ ਹੋ ਜਾਵੇ ਬੇਵਸ, ਚਰਨ ਦੁਆਰਾ ਇਕ ਵਖਾਇੰਦਾ । ਕੋਝੇ ਕਮਲੇ ਆਓ ਨੱਸ,

ਗ਼ਰੀਬ ਨਿਮਾਣੇ ਗਲੇ ਲਗਾਇੰਦਾ । ਜਗਤ ਵਿਕਾਰ ਵਿਚ ਨਾ ਜਾਣਾ ਫਸ, ਸਾਚੀ ਸਿਖਿਆ ਇਕ ਸਮਝਾਇੰਦਾ । ਸਤਿਗੁਰ ਪੂਰੇ ਦੀ ਛਾਤੀ ਉਤੇ ਚੜ੍ਹੋ ਹੱਸ ਹੱਸ, ਫੜ ਬਾਹੋਂ ਨਾ ਕੋਈ ਹਟਾਇੰਦਾ । ਤੁਸੀਂ ਮੇਰੇ ਮੈਂ ਤੁਹਾਡੇ ਵਸ, ਦੂਜਾ ਕੋਈ ਨਜ਼ਰ ਨਾ ਆਇੰਦਾ । ਤੁਸੀਂ ਮੇਰੀ ਕਰੋ ਪੂਰੀ ਆਸ, ਮੈਂ ਤੁਹਾਡੀ ਖ਼ਾਹਸ਼ ਮਿਟਾਇੰਦਾ । ਤੁਸੀਂ ਮੇਰੇ ਦਾਸ ਮੈਂ ਤੁਹਾਡਾ ਦਾਸ, ਦੂਜਾ ਨਜ਼ਰ ਕੋਈ ਨਾ ਆਇੰਦਾ । ਮੇਰਾ ਪਵਣ ਤੁਹਾਡਾ ਸੁਆਸ, ਮੇਰੇ ਵਿਚ ਸਮਾਇੰਦਾ । ਤੁਹਾਡੇ ਪਿਛੇ ਆਪਣਾ ਆਪ ਕੀਤਾ ਨਾਸ, ਜਗਤ ਨਿਸ਼ਾਨਾ ਨਾ ਕੋਈ ਵਖਾਇੰਦਾ । ਪੁਤਰ ਧੀ ਨਾ ਵਸੇ ਸਾਥ, ਪਿਤਾ ਪੂਤ ਖੇਲ ਵਰਤਾਇੰਦਾ । ਗੁਰਸਿਖ ਇਕੋ ਬਣਾਈ ਸ਼ਾਖ਼, ਸ਼ਨਾਖ਼ਤ ਹੋਰ ਨਾ ਕੋਈ ਜਣਾਇੰਦਾ । ਪਤ ਮੇਰੀ ਲੈਣੀ ਰਾਖ, ਰੱਖਿਆ ਤੁਹਾਡੇ ਹੱਥ ਫੜਾਇੰਦਾ । ਨੇਤਰ ਤੱਕ ਕੋਈ ਨਾ ਸਕੇ ਝਾਕ, ਜੋ ਗੁਰਮੁਖ ਸਤਿਗੁਰ ਵਿਚ ਸਮਾਇੰਦਾ । ਅੰਤਮ ਪੂਰਾ ਕਰਨਾ ਇਕੋ ਵਾਕ, ਗੋਬਿੰਦ ਏਕਾ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਦੁਆਰੇ ਆਪੇ ਖੜ੍ਹ, ਆਪਣੇ ਘਰ ਦਾ ਹਾਲ ਸੁਣਾਇੰਦਾ । ਘਰ ਦਾ ਹਾਲ ਦੱਸੇ ਘਰ ਵਾਲਾ, ਘਰ ਘਰ ਆਪਣਾ ਫੇਰਾ ਪਾਈਆ । ਆਪਣੇ ਘਰ ਦਾ ਕੱਢ ਦਵਾਲਾ, ਗੁਰਮੁਖਾਂ ਘਰ ਵਸਾਈਆ । ਆਪੇ ਹੋਇਆ ਫਿਰੇ ਬੇਹਾਲਾ, ਹਰਿਜਨ ਦੇਵੇ ਮਾਣ ਵਡਿਆਈਆ । ਕਲਜੁਗ ਅੰਤਮ ਅਵੱਲੜੀ ਚਾਲਾ, ਸ਼ਾਸਤਰ ਸਿਮਰਤ ਵੇਦ ਪੁਰਾਨ ਭੇਵ ਨਾ ਆਈਆ । ਗੁਰਮੁਖਾਂ ਮਾਰਗ ਦਿਤਾ ਇਕ ਸੁਖਾਲਾ, ਸੁਖੀ ਵਸੋ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਦਾ ਭੇਵ ਆਪ ਖੁਲ੍ਹਾਈਆ । ਘਰ ਦਾ ਖੋਲ੍ਹੇ ਹਰਿ ਜੂ ਭੇਤ, ਗੁਰਮੁਖ ਭੇਤੀ ਆਪ ਬਣਾਇੰਦਾ । ਜਿਸ ਦੇ ਪਿਛੇ ਸਿਰ ਤੱਤੀ ਪਵਾਈ ਰੇਤ, ਸੋ ਅਗਨੀ ਤੱਤ ਬੁਝਾਇੰਦਾ । ਸਚਖੰਡ ਨਿਵਾਸੀ ਆਪ ਕਰਨ ਆਇਆ ਹੇਤ, ਹਿਤ ਆਪਣਾ ਆਪ ਜਣਾਇੰਦਾ । ਵੇਖੋ ਗ਼ਰੀਬ ਨਿਮਾਣਾ ਹਰਿ ਜੂ ਲਓ ਵੇਖ, ਖ਼ਾਲੀ ਹੱਥ ਫੇਰੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਦਾ ਪਰਦਾ ਆਪੇ ਲਾਹਿੰਦਾ । ਘਰ ਦਾ ਪਰਦਾ ਦੇਵੇ ਲਾਹ, ਲਾਸ਼ਰੀਕ ਫੇਰਾ ਪਾਈਆ । ਗੁਰਮੁਖ ਦਿਓ ਇਕ ਸਲਾਹ, ਸਤਿਗੁਰ ਪੂਰਾ ਮੰਗ ਮੰਗਾਈਆ । ਮੇਰੇ ਅੰਤ ਬਣੇ ਮਲਾਹ, ਬੇੜਾ ਤੁਹਾਡੇ ਕੰਧ ਉਠਾਈਆ । ਤੁਹਾਡੇ ਪਿਛੇ ਸਤਿਜੁਗ ਦੱਸੇ ਰਾਹ, ਨਿਉਂ ਨਿਉਂ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਦਾ ਲੇਖਾ ਰਿਹਾ ਜਣਾਈਆ । ਘਰ ਵਿਚ ਘਰ ਵਸੇ ਭਗਵਾਨ, ਘਰ ਭਗਤੀ ਰੰਗ ਰੰਗਾਇੰਦਾ । ਭਗਤ ਮੀਤਾ ਨੌਂਜਵਾਨ, ਨਵ ਨੌਂ ਆਪਣਾ ਖੇਲ ਕਰਾਇੰਦਾ । ਅੰਤਮ ਵੇਖੇ ਮਾਰ ਧਿਆਨ, ਦਹਿ ਦਿਸ਼ਾ ਖੋਜ ਖੁਜਾਇੰਦਾ । ਲੱਖ ਚੁਰਾਸੀ ਦਿਸੇ ਵੈਰਾਨ, ਵੈਰੀ ਘਰ ਘਰ ਨਜ਼ਰੀ ਆਇੰਦਾ । ਗੁਰਮੁਖ ਵਿਰਲਾ ਗਾਏ ਸਾਚਾ ਗਾਨ, ਆਤਮ ਪਰਮਾਤਮ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਘਰ ਵਿਚ ਖੋਜ ਖੁਜਾਇੰਦਾ । ਘਰ ਵਿਚ ਘਰ ਖੋਜਣਹਾਰਾ, ਖੋਜਤ ਖੋਜਤ ਵੇਖ ਵਖਾਈਆ । ਕਲਜੁਗ ਅੰਤਮ ਕਰੇ ਸਚ ਵਿਹਾਰਾ, ਬਿਵਹਾਰੀ ਫੇਰਾ ਪਾਈਆ । ਨਾਲ ਲਿਆਏ ਰਵਦਾਸ ਚੁਮਿਆਰਾ, ਸਾਢੇ ਤਿੰਨ ਹੱਥ ਗੰਡ ਪੁਆਈਆ । ਪਹਿਲੋਂ ਚਮੜਾ ਗੰਢੇ ਵਿਚ ਸੰਸਾਰਾ, ਪਾਹਨੇ ਗੰਢ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਘਰ ਵਿਚ ਖੇਲ ਕਰਾਈਆ । ਘਰ ਵਿਚ ਖੇਲ ਖੇਲ ਅਗੰਮ, ਅਲੱਖ ਅਗੋਚਰ ਆਪ ਕਰਾਇੰਦਾ । ਜਿਸ ਨੇ ਪਾਣਾ ਗੰਢਿਆ ਚੰਮ, ਬਣ ਚਮਰੇਟਾ ਸੇਵ ਕਮਾਇੰਦਾ । ਕਲਜੁਗ ਅੰਤਮ ਫੜ ਕਲਮ, ਕਾਇਨਾਤ ਲੇਖ ਮੁਕਾਇੰਦਾ ।

ਲਹਿਣਾ ਚੁਕਾਏ ਚੌਦਾਂ ਇਲਮ, ਆਲਮ ਨਜ਼ਰ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਘਰ ਰਾਗ ਅਲਾਇੰਦਾ । ਘਰ ਘਰ ਰਾਗ ਧੁੰਨ ਜੈਕਾਰਾ, ਘਰ ਘਰ ਗੁਰਮੁਖ ਵੱਜੇ ਵਧਾਈਆ । ਘਰ ਘਰ ਸਚ ਸਚ ਕਰ ਪਿਆਰਾ, ਹਰਿ ਸਾਜਨ ਦਏ ਸਮਝਾਈਆ । ਘਰ ਘਰ ਗੁਰਮੁਖ ਗੁਰਸਿਖ ਇਕ ਦੂਜੇ ਨੂੰ ਦੇਣ ਅਧਾਰਾ, ਅੰਧ ਆਤਮ ਮੇਲ ਮਿਲਾਈਆ । ਸਤਿਜੁਗ ਚਲੇ ਸਚ ਵਿਹਾਰਾ, ਸ੍ਰਿਸ਼ਟ ਸਬਾਈ ਰਾਹ ਵਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸ਼ਾਹ ਪਾਤਸ਼ਾਹ ਆਪ ਨਿਰੰਕਾਰਾ, ਗੁਰਮੁਖ ਗੁਰਮੁਖ ਵਖਾਏ ਦੁਆਰਾ, ਗੁਰਮੁਖ ਗੁਰਮੁਖ ਨਾਲ ਮਿਲਾਈਆ । ਗੁਰਮੁਖ ਤੱਕੇ ਰਾਹ ਇਕ, ਇਕ ਧਿਆਨ ਲਗਾਇਆ । ਹਰਿਜਨ ਮਿਲਣ ਦੀ ਸਾਚੀ ਸਿਕ, ਆਤਮ ਅੰਤਰ ਵੇਖ ਵਖਾਇਆ । ਪ੍ਰਭ ਦੁਆਰਿਉਂ ਮਿਲੇ ਭਿਖ, ਵਸਤ ਅਮੋਲਕ ਝੋਲੀ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੋ ਦੋ ਆਬਾ ਮੇਲ ਮਿਲਾਇਆ । ਦੋ ਦੋ ਆਬਾ ਪਾਏ ਮਾਝਾ, ਮਾਝਾ ਆਪਣਾ ਨਾਉਂ ਰਖਾਈਆ । ਨਿਰਗੁਣ ਪੀਰ ਸਭ ਦਾ ਸਾਂਝਾ, ਸਗਲਾ ਸੰਗ ਵਖਾਈਆ । ਗੁਰਮੁਖ ਉਠਾਏ ਮਾਰ ਵਾਜਾਂ, ਗੁਰਸਿਖ ਜਗਾਏ ਹੁਕਮ ਸੁਣਾਈਆ । ਰਲ ਮਿਲ ਸਾਰੇ ਇਕੋ ਘਰ ਕਰੋ ਕਾਜਾ, ਕਰਤਾ ਪੁਰਖ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੁਆਰੇ ਹਰਿਜਨ ਫੜ, ਫੜ ਬਾਹੋਂ ਆਪ ਲੰਘਾਈਆ । ਹੌਲੀ ਹੌਲੀ ਸਾਰੇ ਲੰਘੋ, ਹਰਿ ਸਤਿਗੁਰ ਆਪ ਲੰਘਾਇੰਦਾ । ਪ੍ਰੇਮ ਪ੍ਰੀਤੀ ਏਕਾ ਮੰਗੋ, ਆਤਮ ਪਰਮਾਤਮ ਜੋੜ ਜੁੜਾਇੰਦਾ । ਕਾਇਆ ਚੋਲੀ ਬਸਤਰ ਰੰਗੋ, ਰੰਗ ਇਕੋ ਇਕ ਵਖਾਇੰਦਾ । ਲੋਕ ਲਜਿਆ ਮੂਲ ਨਾ ਸੰਗੋ, ਵੇਲਾ ਗਿਆ ਹੱਥ ਨਾ ਆਇੰਦਾ । ਉਠੋ ਮੇਰੇ ਸਾਚੇ ਚੰਦੋ, ਹਰਿ ਸਤਿਗੁਰ ਚੰਦ ਚੜ੍ਹਾਇੰਦਾ । ਪਿਛਲੀ ਟੁੱਟੀ ਅੰਤਮ ਗੰਢੋ, ਗੰਢ ਆਪਣੇ ਨਾਲ ਪੁਆਇੰਦਾ । ਏਥੇ ਓਥੇ ਮੇਰੇ ਨਾਲ ਹੰਢੋ, ਜਗਤ ਵਿਛੋੜਾ ਆਪ ਕਟਾਇੰਦਾ । ਆਪਣਾ ਬੇੜਾ ਆਪੇ ਬੰਨ੍ਹੋ, ਸਤਿਗੁਰ ਸਾਚਾ ਸਚ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਲੰਘਾਇੰਦਾ । ਹਰਿਜਨ ਲੰਘੋ ਇਕ ਲਕੀਰ, ਹਰਿ ਹਰਿ ਆਪ ਲੰਘਾਇੰਦਾ । ਕੋਟਨ ਕੋਟ ਤਰਸਨ ਪੀਰ ਫ਼ਕੀਰ, ਪਰਵਰਦਿਗਾਰ ਵਿਚੋਲਾ ਨਜ਼ਰ ਕਿਸੇ ਨਾ ਆਈਆ । ਭਗਤਾਂ ਨਾਲ ਭਗਤਾਂ ਬਦਲੇ ਤਕਦੀਰ, ਤਦਬੀਰ ਆਪਣੀ ਰਿਹਾ ਜਣਾਈਆ । ਇਕ ਦੂਜੇ ਦੇ ਬਣੋ ਵੀਰ, ਭੈਣ ਭਈਆ ਜੋੜ ਜੁੜਾਈਆ । ਪੰਜ ਤੱਤ ਕਾਇਆ ਮਾਟੀ ਝੂਠਾ ਸਰੀਰ, ਅੰਤ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਰਾਹ ਚਲਾਈਆ । ਹਰਿਜਨ ਮੰਗੋ ਵਾਹੋ ਦਾਹ, ਵਾਹ ਵਾਹ ਹਰਿ ਜੂ ਖੇਲ ਕਰਾਇੰਦਾ । ਬਣਿਆ ਵਿਚੋਲਾ ਬੇਪਰਵਾਹ, ਪਰਦਾ ਆਪ ਚੁਕਾਇੰਦਾ । ਸਾਰੇ ਢੋਲਾ ਲਓ ਗਾ, ਗਾਵਣਹਾਰਾ ਆਪ ਸੁਣਾਇੰਦਾ । ਉਚੀ ਕੂਕ ਰੌਲਾ ਲਓ ਪਾ, ਹਰਿਜਨ ਗੋਬਿੰਦ ਆਪਣੀ ਗੋਦ ਬਹਾਇੰਦਾ । ਹੌਲਾ ਭਾਰ ਰਿਹਾ ਕਰਾ, ਹੌਲੀ ਹੌਲੀ ਪਾਰ ਕਰਾਇੰਦਾ । ਮੌਲਾ ਰੂਪ ਆਪ ਖ਼ੁਦਾ, ਮਲਕਲਮੌਤ ਪਰੇ ਹਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਗੁਰਸਿਖ ਗੁਰ ਗੁਰ ਗੁਰ ਧੁਰ ਧੁਰ ਧੁਰ ਦਰਗਾਹ ਸਾਚੀ ਆਪ ਬਹਾਇੰਦਾ । ਵੇਖੇ ਪਿੰਜਰ ਹੱਡ ਨਾੜੀ ਮਾਸ, ਹਰਿ ਸਤਿਗੁਰ ਫੇਰਾ ਪਾਇੰਦਾ । ਗੁਰਮੁਖ ਮਿਲਣ ਦੀ ਇਕੋ ਆਸ, ਦੂਜੀ ਆਸ ਨਾ ਕੋਇ ਰਖਾਇੰਦਾ । ਰਲ ਮਿਲ ਸਾਰੇ ਬੁਝਾਓ ਪਿਆਸ, ਤ੍ਰਿਸਨਾ ਅਗਨ ਇਕ ਜਲਾਇੰਦਾ । ਸਚ ਦੁਆਰੇ ਪਾਓ ਰਾਸ, ਹਰਿ ਜੂ ਹਰਿ ਹਰਿ ਵੇਖਣ ਆਇੰਦਾ । ਜਿਸ ਦੇ ਪਿਛੇ ਫਰੀਦ ਲਗਾਈ ਤਾਂਘ, ਸੋ ਜਨ

੧੭੩
੧੩

੧੭੪
੧੩

ਭਗਤਾਂ ਤਾਂਘ ਰਖਾਇੰਦਾ । ਵੇਖੇ ਕੀ ਕੀ ਵਟਾਇਆ ਸਾਂਗ, ਸਵਾਂਗੀ ਆਪਣਾ ਸਵਾਂਗ ਰਚਾਇੰਦਾ । ਖ਼ਾਲੀ ਹੱਥੀ ਬੰਨੇ ਤਗ, ਨਿਉਂ ਨਿਉਂ ਸੀਸ ਝੁਕਾਇੰਦਾ । ਆਓ ਗੁਰਸਿਖ ਲੱਗੋ ਅੰਗ, ਅੰਗੀਕਾਰ ਇਕ ਜਣਾਇੰਦਾ । ਮੇਰਾ ਕੱਟੋ ਵਿਛੋੜਾ ਨੰਗ, ਤੰਗੀ ਆਪਣੀ ਆਪ ਜਣਾਇੰਦਾ । ਤੁਹਾਡੇ ਪਿਛੇ ਦੋ ਜਹਾਨਾ ਆਇਆ ਲੰਘ, ਲੋਆਂ ਪੁਰੀਆਂ ਚਰਨਾਂ ਹੇਠ ਦਬਾਇੰਦਾ । ਨਿਰਗੁਣ ਨੰਗੀ ਕੀਤੀ ਕੰਡ, ਸਿਰ ਤੁਹਾਡੇ ਪਰਦਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੱਡ ਮਾਸ ਨਾੜੀ ਚੰਮ ਤੁਹਾਡੇ ਹਟ ਵਿਕਾਇੰਦਾ । ਵੇਖੇ ਚੰਮ ਮਾਸ ਨਾੜੀ ਹੱਡ, ਹਰਿ ਸਤਿਗੁਰ ਆਪ ਜਣਾਇੰਦਾ । ਤੁਹਾਡੇ ਪਿਛੇ ਪਿਤਾ ਮਾਤ ਛੱਡ, ਅੱਗੋਂ ਨਿਰਗੁਣ ਹੋ ਕੇ ਆਇੰਦਾ । ਫੇਰ ਬਣਾਈ ਸਾਚੀ ਯਦ, ਵਿਸ਼ਨੂੰ ਆਪਣਾ ਖੇਲ ਕਰਾਇੰਦਾ । ਗੋਬਿੰਦ ਵੰਡਾਇਆ ਵਿਚੋਂ ਅੱਧ, ਦੂਸਰ ਹੱਥ ਕਿਸੇ ਨਾ ਆਇੰਦਾ । ਨਾਨਕ ਨਿਰਗੁਣ ਗਿਆ ਸੱਦ, ਸਤਿਗੁਰ ਆਪਣਾ ਖੇਲ ਕਰਾਇੰਦਾ । ਮੁਹੰਮਦ ਮੰਗਦਾ ਗਿਆ ਹੱਜ, ਅਮਾਮ ਆਪਣਾ ਹੱਜ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣਾ ਘਰ ਵਖਾਇੰਦਾ । ਖ਼ਾਲੀ ਪਿੰਜਰ ਵੇਖੇ ਸੁੱਕਾ, ਚੰਮ ਨਜ਼ਰ ਕੋਈ ਨਾ ਆਈਆ । ਬਿਰਹੋਂ ਵੈਰਾਗ ਅੰਦਰ ਹਰਿ ਜੂ ਉਠਾ, ਨਿਰਗੁਣ ਆਪਣਾ ਨੂਰ ਧਰਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਜੋ ਰਿਹਾ ਸੁੱਤਾ, ਕਰਵਟ ਬਦਲੇ ਨਾ ਸੱਚਾ ਮਾਹੀਆ । ਕਲਜੁਗ ਅੰਤਮ ਘਰ ਘਰ ਕਰਦਾ ਪੁਛਾ, ਗੁਰਮੁਖ ਸਾਚੇ ਵੇਖ ਵਖਾਈਆ । ਜਿਹਨੂੰ ਆਦਿ ਜੁਗਾਦਿ ਕਹਿੰਦੇ ਹਰਿ ਜੂ ਲੁਚਾ, ਅਛਲ ਅਛੱਲ ਖੇਲ ਕਰਾਈਆ । ਦਰ ਤੁਹਾਡੇ ਆਏ ਸੁੱਚਾ, ਪਿਛੇ ਛੱਡ ਕੋਈ ਨਾ ਜਾਈਆ । ਪ੍ਰੇਮ ਪਿਆਰ ਦਾ ਇਕੋ ਭੁੱਖਾ, ਦੂਜੀ ਰਸਨ ਨਾ ਰਸਨ ਲਗਾਈਆ । ਨਾ ਵੱਡਾ ਨਾ ਜਾਣੇ ਨਿੱਕਾ, ਹਰ ਘਟ ਰਿਹਾ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪ ਵਡਿਆਈਆ । ਤਨ ਪਿੰਜਰ ਵੇਖੇ ਖ਼ਾਕ, ਹਰਿ ਖ਼ਾਕੀ ਖੇਲ ਕਰਾਈਆ । ਅੰਦਰ ਵੜਿਆ ਪਰਵਰਦਿਗਾਰ ਪਾਕ, ਪਾਕ ਰਸੂਲ ਫੇਰਾ ਪਾਈਆ । ਈਸਾ ਮੂਸਾ ਮੁਹੰਮਦ ਪੂਰਾ ਕਰੇ ਵਾਕ, ਵਕਿਆ ਵੇਖੇ ਥਾਉਂ ਥਾਈਂਆ । ਮੁਰੀਦ ਮੁਰਸ਼ਦ ਦੇਣ ਆਇਆ ਨਜਾਤ, ਨਿਝ ਘਰ ਆਪਣਾ ਰਿਹਾ ਵਖਾਈਆ । ਪਿਛਲੇ ਪਾੜੇ ਕਾਗ਼ਜ਼ਾਤ, ਕਲਮਾ ਅੱਗੇ ਨਾ ਕੋਈ ਪੜ੍ਹਾਈਆ । ਤੁਹਾਡੇ ਪਿਛੇ ਪਾਈ ਵਫ਼ਾਤ, ਫ਼ਤਵਾ ਆਪਣੇ ਉਪਰ ਲਾਈਆ । ਅੰਤਮ ਬਣ ਕੇ ਆਇਆ ਸਾਕ, ਨਿਹਕਲੰਕ ਨਾਉਂ ਧਰਾਈਆ । ਨਾ ਕੋਈ ਵਰਨ ਨਾ ਕੋਈ ਜ਼ਾਤ, ਬਰਨ ਵੰਡ ਨਾ ਕੋਈ ਵੰਡਾਈਆ । ਨਾ ਕੋਈ ਬਸਤਰ ਨਾ ਕੋਈ ਖਾਟ, ਭੂਸ਼ਨ ਤਨ ਨਾ ਕੋਈ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਸ਼ਹਿਨਸ਼ਾਹੀਆ । ਲਤਾਂ ਬਾਹਵਾਂ ਵੇਖੇ ਹੱਥ, ਹਰਿ ਜੂ ਆਪ ਦਸਾਇੰਦਾ । ਸਰਗੁਣ ਅੰਦਰ ਨਿਰਗੁਣ ਵਸ, ਨਿਰਗੁਣ ਧਾਰ ਚਲਾਇੰਦਾ । ਗੋਬਿੰਦ ਇਕੋ ਰੱਖ ਕੇ ਗਿਆ ਆਸ, ਆਸਾ ਪੂਰ ਕਰਾਇੰਦਾ । ਸੰਬਲ ਵੇਖੇ ਨਗਰੀ ਖ਼ਾਸ, ਖ਼ਾਲਕ ਖ਼ਲਕ ਵਿਚ ਵਖਾਇੰਦਾ । ਅੰਦਰ ਨੂਰ ਜੋਤ ਪਰਕਾਸ਼, ਪਰਕਾਸ਼ਵਾਨ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣਾ ਰਾਹ ਜਣਾਇੰਦਾ । ਹਰਿਜਨ ਰਾਹ ਵੇਖ ਮੀਤ, ਮਿੱਤਰ ਪਿਆਰਾ ਆਪ ਜਣਾਈਆ । ਤੇਰੀ ਮੰਗੀ ਇਕ ਪ੍ਰੀਤ, ਚਾਰ ਵਰਨ ਦਏ ਸਮਝਾਈਆ । ਤੇਰੀ ਸੱਚੀ ਇਕ ਨੀਤ, ਨੀਤੀਵਾਨ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਮੇਲ ਮਿਲਾਈਆ । ਹਰਿਜਨ ਤੇਰੇ ਦਰ ਦੁਆਰ, ਹਰਿ ਦਰਦੀ ਫੇਰਾ ਪਾਇੰਦਾ । ਨੰਗੀਂ ਪੈਰੀਂ ਹੋ ਖਵਾਰ, ਬਣ ਪਾਂਧੀ ਪੰਧ ਮੁਕਾਇੰਦਾ ।

ਚਾਰੇ ਕੂਟਾਂ ਵੇਖੇ ਵਾਰੋ ਵਾਰ, ਦਹਿ ਦਿਸ਼ਾ ਖੋਜ ਖੁਜਾਇੰਦਾ । ਗੁਰ ਅਵਤਾਰ ਲੋਕਮਾਤ ਕਰਨ ਇਸ਼ਾਰ, ਅੱਗੇ ਹੋ ਨਾ ਕੋਈ ਬਚਾਇੰਦਾ । ਤੇਰਾ ਖੇਲ ਪਰਵਰਦਿਗਾਰ, ਬੇਅੰਤ ਅੰਤ ਕੋਇ ਨਾ ਆਇੰਦਾ । ਦੱਸ ਕੇ ਆਏ ਵਿਚ ਸੰਸਾਰ, ਲਿਖ ਲਿਖ ਲੇਖਾ ਸਰਬ ਸਮਝਾਇੰਦਾ । ਕਲਜੁਗ ਕਲਕੀ ਲੈ ਅਵਤਾਰ, ਨਿਹਕਲੰਕ ਨਾਉਂ ਰਖਾਇੰਦਾ । ਆਪਣੀ ਮਰਜ਼ੀ ਕਰੇ ਨਿਰੰਕਾਰ, ਸਭ ਦੀ ਮਰਜ਼ ਆਪ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਮਾਣ ਰਖਾਇੰਦਾ । ਭਗਤਾਂ ਵੇਖੋ ਮਿਲਿਆ ਮਾਣ, ਹਰਿ ਸਤਿਗੁਰ ਆਪ ਦਵਾਇਆ । ਲੇਖਾ ਚੁਕਾਏ ਦੋ ਜਹਾਨ, ਦੋਏ ਦੋਏ ਆਪਣਾ ਰੰਗ ਰੰਗਾਇਆ । ਦਰਗਾਹ ਸਾਚੀ ਦੇ ਪਰਵਾਨ, ਪਰਵਾਨਾ ਇਕੋ ਹੱਥ ਫੜਾਇਆ । ਸੋਹੰ ਢੋਲਾ ਸੋ ਗਾਨ, ਸੋ ਆਪਣਾ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਚੜ੍ਹਾਇਆ । ਅੰਤਮ ਚੜ੍ਹਿਆ ਰੰਗ ਵੇਖ, ਵਿਸ਼ਨੂੰ ਆਪਣੀ ਅੱਖ ਖੁਲ੍ਹਾਈਆ । ਬ੍ਰਹਮੇ ਵੇਖ ਮਾੜੇ ਵੇਸ, ਪ੍ਰਭ ਆਪਣੀ ਕਲ ਧਰਾਈਆ । ਸ਼ੰਕਰ ਤੇਰੇ ਨਾਲ ਜੋ ਕਰਦਾ ਹੇਤ, ਅੰਤ ਅੱਖ ਰਿਹਾ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਮਾਣ ਵਡਿਆਈਆ । ਵਿਸ਼ਨੂੰ ਕਹੇ ਸ਼ਿਵ ਕਿਸ ਦਾ ਕਰਦਾ ਸ਼ੁਕਰ, ਸ਼ੁਕਰ ਕਿਸ ਦੇ ਨਾਮ ਮਨਾਈਆ । ਕਲਜੁਗ ਅੰਤਮ ਗਿਆ ਮੁੱਕਰ, ਪੁਰਖ ਅਬਿਨਾਸ਼ੀ ਆਪਣਾ ਮੁਖ ਭਵਾਈਆ । ਭਾਗ ਲਗਾਇਆ ਨਿੱਕੀ ਨੁੱਕਰ, ਗੁਰਮੁਖ ਦੁਆਰਾ ਇਕ ਵਖਾਈਆ । ਤੇਰਾ ਘਰ ਵਖਾਏ ਖ਼ਾਨਾ ਬੁੱਚੜ, ਲੱਖ ਚੁਰਾਸੀ ਕੋਹ ਕੋਹ ਢੇਰੀ ਲਾਈਆ । ਓਥੇ ਕੋਈ ਨਾ ਸਕੇ ਉਪੜ, ਭੱਜੀ ਫਿਰੇ ਸਰਬ ਲੋਕਾਈਆ । ਜਿਸ ਭਗਤ ਬਣਾਏ ਆਪਣੇ ਪੁੱਤਰ, ਪੁੱਤਰ ਧੀ ਨਾ ਕੋਈ ਵਡਿਆਈਆ । ਜਿਸ ਨੂੰ ਨਾਨਕ ਕਹਿ ਕੇ ਗਿਆ ਉਤੋਂ ਆਵੇ ਉਤਰ, ਮਾਤ ਪਿਤਾ ਨਾ ਕੋਇ ਜਾਈਆ । ਤੇਰੀ ਯਾਰੀ ਕਰੇ ਛੁੱਟੜ, ਅੰਤਮ ਸੰਗ ਨਾ ਕੋਇ ਨਿਭਾਈਆ । ਮੇਰੇ ਕੋਹਣ ਆਇਆ ਕੁੱਕੜ, ਮੇਰੀ ਲਛਮੀ ਰਹੀ ਕੁਰਲਾਈਆ । ਕਲਜੁਗ ਵੇਸ ਧਰਿਆ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਰਿਹਾ ਸਲਾਹੀਆ । ਬ੍ਰਹਮੇ ਵੇਖ ਆਪਣਾ ਬੁਢੇਪਾ, ਵਿਸ਼ਨੂੰ ਆਖ ਜਣਾਈਆ । ਤੇਰਾ ਮੇਟਣਹਾਰਾ ਸੌਹਰਾ ਪੇਕਾ, ਪੇਕਾ ਸੌਹਰਾ ਨਜ਼ਰ ਕਿਸੇ ਨਾ ਆਈਆ । ਪੁਰਖ ਅਬਿਨਾਸ਼ੀ ਗੁਰਮੁਖਾਂ ਨਾਲ ਕਰਨ ਗਿਆ ਏਕਾ, ਇਕੋ ਅੱਖਰ ਰਿਹਾ ਪੜ੍ਹਾਈਆ । ਚਰਨ ਕਵਲ ਰਖਾਏ ਟੇਕਾ, ਦੂਜਾ ਇਸ਼ਟ ਨਾ ਕੋਈ ਜਣਾਈਆ । ਆਪਣਾ ਦੱਸ ਕੇ ਆਏ ਭੇਤਾ, ਸਾਡੀ ਚਲੇ ਨਾ ਕੋਈ ਚਤੁਰਾਈਆ । ਅੰਦਰ ਵੜ ਵੜ ਕਰੇ ਹੇਤਾ, ਨਜ਼ਰ ਨਜ਼ਰ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਵਿਸ਼ਨੂੰ ਕਹੇ ਵੇਖ ਬੁੱਢੇ ਬ੍ਰਹਿਮਣ, ਪਾਰਬ੍ਰਹਮ ਪ੍ਰਭ ਖੇਲ ਕਰਾਇੰਦਾ । ਜੋ ਤੇਰਾ ਬਣਿਆ ਰਿਹਾ ਜ਼ਾਮਨ, ਅੰਤਮ ਆਪਣਾ ਪਲੂ ਛੁਡਾਇੰਦਾ । ਜਿਸ ਕੋਟਨ ਕੋਟ ਸੇਵਾ ਲਾਏ ਕ੍ਰਿਸ਼ਨ ਰਾਮਣ, ਈਸਾ ਮੂਸਾ ਮੁਹੰਮਦ ਖੇਲ ਕਰਾਇੰਦਾ । ਜਿਸ ਨਾਨਕ ਗੋਬਿੰਦ ਫੜਾਇਆ ਦਾਮਨ, ਸੋ ਦਾਮਨਗੀਰ ਵੇਸ ਵਟਾਇੰਦਾ । ਜਿਨ ਭਗਤਾਂ ਮੇਲ ਮਿਲਾਏ ਆਮਣੋ ਸਾਹਮਣ, ਸਮਾਂ ਆਪਣੇ ਹੱਥ ਰਖਾਇੰਦਾ । ਧੁਰਦਰਗਾਹੀ ਦੇਵੇ ਇਕ ਨਿਸ਼ਾਨਨ, ਨਿਸ਼ਾਨਾ ਆਪਣਾ ਨਾਉਂ ਜਣਾਇੰਦਾ । ਭਗਤ ਭਗਵੰਤ ਗਿਆ ਪਹਿਚਾਨਣ, ਫੜ ਫੜ ਬਾਹੋਂ ਆਪ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਬ੍ਰਹਮਾ ਕਹੇ ਦੱਸ ਪਿਆਰੇ, ਹਰਿ ਜੂ ਕਿਸ ਬਿਧ ਖੇਲ ਕਰਾਈਆ । ਕਵਣ ਰੂਪ ਧਰੇ ਸੰਸਾਰੇ, ਧਰਨੀ ਧਵਲ ਚਰਨ ਟਿਕਾਈਆ ।

੧੭੫
੧੩

ਵਿਸ਼ਨੂੰ ਦੂਰੋਂ ਦੱਸੇ ਇਸ਼ਾਰੇ, ਅੱਖ ਅੱਖ ਨਾਲ ਮਿਲਾਈਆ । ਵੇਖੇ ਖੇਲ ਪਰਵਰਦਿਗਾਰੇ, ਗਲ ਅਲਫ਼ੀ ਕੋਈ ਨਾ ਪਾਈਆ । ਭੁੱਖਾ ਨੰਗਾ ਫਿਰੇ ਗੁਰਮੁਖਾਂ ਦੁਆਰੇ, ਬਿਨ ਸੱਦਿਉਂ ਘਰ ਘਰ ਜਾਈਆ । ਆਪਣਾ ਚੋਲਾ ਪਹਿਲੋਂ ਪਾੜੇ, ਗੁਰਮੁਖ ਚੋਲੇ ਰਿਹਾ ਸਵਾਈਆ । ਸਾਡੇ ਦਿਨ ਆਏ ਮਾੜੇ, ਵੇਲਾ ਅੰਤ ਰਿਹਾ ਜਣਾਈਆ । ਚਲੋ ਚਲ ਕੇ ਕੱਢੀਏ ਹਾੜੇ, ਚਰਨ ਕਵਲ ਸੀਸ ਟਿਕਾਈਆ । ਫੜ ਬਾਹੋਂ ਜੇ ਤਾਰੇ, ਤਾਰਨਹਾਰ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਜਣਾਈਆ । ਵਿਸ਼ਨੂੰ ਕਹੇ ਸ਼ੰਕਰ ਉਠ, ਤੇਰੀ ਤ੍ਰਸੂਲ ਰਿਹਾ ਸੁਟਾਈਆ । ਸਾਡਾ ਦਰ ਦੁਆਰਾ ਰਿਹਾ ਲੁਟ, ਬਣ ਲੁਟੇਰਾ ਬੇਪਰਵਾਹੀਆ । ਰਲ ਮਿਲ ਜਾ ਕੇ ਲਈਏ ਪੁਛ, ਕਿਉਂ ਹਰਿ ਜੂ ਖੇਲ ਰਚਾਈਆ । ਚਰਨ ਕਵਲ ਜਾਈਏ ਝੁਕ, ਸਰਨ ਮਿਲੇ ਸਰਨਾਈਆ । ਗਲਵਕੜੀ ਪਾਏ ਘੁੱਟ, ਪ੍ਰੇਮ ਪਿਆਰ ਵਧਾਈਆ । ਛੋਟੇ ਬਾਲ ਪੈਣੇ ਮੁੱਕ, ਮਾਣ ਹੰਕਾਰ ਨਾ ਕੋਈ ਰਖਾਈਆ । ਜੇ ਸਾਹਿਬ ਜਾਏ ਤੁਠ, ਸਿਰ ਸਾਡੇ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮ ਅੰਦਰ ਸਰਬ ਭਵਾਈਆ । ਵਿਸ਼ਨੂੰ ਬ੍ਰਹਮਾ ਸ਼ਿਵ ਕਰਨ ਦਲੀਲ, ਤਿੰਨੇ ਇਕੋ ਮਤਾ ਪਕਾਈਆ । ਅੰਤਮ ਚਲ ਕੇ ਕਰੋ ਅਪੀਲ, ਬਰੀਖ਼ਾਨਾ ਦਏ ਵਖਾਈਆ । ਜਿਸ ਉਨੀ ਕੱਤਕ ਬਸਤਰ ਪਹਿਰੇ ਨੀਲ, ਧੁਰ ਫ਼ਰਮਾਣਾ ਹੁਕਮ ਸੁਣਾਈਆ । ਸੋ ਸਤਿਗੁਰ ਛੈਲ ਛਬੀਲ, ਸ਼ਹਿਨਸ਼ਾਹ ਆਪਣਾ ਰੂਪ ਵਟਾਈਆ । ਕਿਸੇ ਹੱਥ ਨਾ ਆਏ ਥਾਣੇ ਤਹਿਸੀਲ, ਸੋ ਸਾਹਿਬ ਹਰ ਘਟ ਰਿਹਾ ਸਮਾਈਆ । ਜਿਸ ਦੀ ਅੰਜੀਲ ਕੁਰਾਨ ਨਾ ਬਣੇ ਵਕੀਲ, ਸ਼ਹਾਦਤ ਦੇਵੇ ਨਾ ਪੀਰ ਕੋਈ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਫੇਰਾ ਪਾਈਆ । ਬ੍ਰਹਮਾ ਕਹੇ ਮੈਂ ਮੰਗਾਂ ਦਾਨ, ਮੰਗਣਾ ਮੋਹੇ ਮੇਰਾ ਭਾਈਆ । ਚਾਰ ਵੇਦ ਬਕਤਾ ਬ੍ਰਹਮ ਗਿਆਨ, ਚਾਰ ਜੁਗ ਜਗਤ ਪੜ੍ਹਾਈਆ । ਚਾਰ ਵਰਨ ਕਰਨ ਧਿਆਨ, ਧਰਨੀ ਧਰਤ ਧਵਲ ਸੁਹਾਈਆ । ਚਾਰੇ ਮੁਖ ਖੋਲ੍ਹ ਦੁਕਾਨ, ਚਾਰ ਕੁੰਟ ਹੱਟ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਖੇਲਣਹਾਰਾ ਹੁਕਮ ਵਰਤਾਈਆ । ਵਿਸ਼ਨੂੰ ਕਹੇ ਮੀਟ ਅੱਖ, ਹਰਿ ਜੂ ਅੱਖ ਬੰਦ ਕਰਾਇੰਦਾ । ਮੇਰਾ ਭੰਡਾਰਾ ਕਰੇ ਸਖ, ਸਖਣੇ ਹੱਥ ਵਖਾਇੰਦਾ । ਆਦਿ ਮੈਨੂੰ ਲਿਆ ਦੱਸ, ਅੰਤ ਨਜ਼ਰ ਨਾ ਆਇੰਦਾ । ਭਾਣੇ ਅੰਦਰ ਰਿਹਾ ਵਸ, ਨਿਉਂ ਨਿਉਂ ਸੀਸ ਝੁਕਾਇੰਦਾ । ਸਾਂਗੋ ਪਾਂਗ ਰਿਹਾ ਦੱਸ, ਬਾਸ਼ਕ ਤੁਸ਼ਕਾ ਸੇਜ ਹੰਢਾਇੰਦਾ । ਓਹ ਵੀ ਆਈ ਕਿਸ਼ਨ ਸਿੰਘ ਹੱਥ, ਖ਼ਾਲੀ ਹੱਥ ਇਕ ਵਖਾਇੰਦਾ । ਮੇਰੇ ਨਾਲੋਂ ਪਹਿਲੋਂ ਪ੍ਰਭ ਦੀ ਚਰਨੀ ਗਿਆ ਢੱਠ, ਮੇਰਾ ਡੇਰਾ ਢਾਹ ਵਖਾਇੰਦਾ । ਓਹਦੇ ਪਿਛੇ ਦੁਆਬਿਉਂ ਆਏ ਨੱਠ, ਦੋ ਦੋ ਆਬਾ ਮੇਲ ਮਿਲਾਇੰਦਾ । ਜਿਨ੍ਹੇ ਬ੍ਰਹਮੇ ਲਾਹੌਣੀ ਤੇਰੀ ਪਤ, ਸੋ ਪਤਿਪਰਮੇਸ਼ਵਰ ਆਪ ਵਖਾਇੰਦਾ । ਜਾਨਣਹਾਰਾ ਮਿਤਗਤ, ਗਤਮਿਤ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਰਾਇੰਦਾ । ਬ੍ਰਹਮਾ ਕਹੇ ਉਠ ਭੋਲੇ ਨਾਥ, ਸ਼ੰਕਰ ਰਿਹਾ ਜਗਾਈਆ । ਪੁਰਖ ਅਬਿਨਾਸ਼ੀ ਲੋਕਮਾਤ ਦਿਤਾ ਸਾਥ, ਜਨ ਭਗਤਾਂ ਸੰਗ ਰਖਾਈਆ । ਸਾਡਾ ਅੰਤਮ ਵਸੇ ਘਾਟ, ਪਾਰ ਕਿਨਾਰਾ ਇਕ ਜਣਾਈਆ । ਮੁਕਾਵਣਹਾਰਾ ਦੂਰ ਦੁਰਾਡੀ ਵਾਟ, ਪੰਧ ਨੇਰਨ ਨੇਰ ਮੁਕਾਈਆ । ਗੁਰਸਿਖਾਂ ਦੇਵਣ ਆਇਆ ਦਾਤ, ਦਾਤਾ ਦਾਨੀ ਦਇਆ ਕਮਾਈਆ । ਪੰਚਾਂ ਬਣੀ ਇਕ ਜ਼ਮਾਤ, ਸੱਚਖੰਡ ਸਾਚੇ ਰਿਹਾ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ ।


੧੭੬
੧੩

ਗੋਬਿੰਦ ਢਈਆ ਢਾਈ ਗਜ਼, ਪੁਰਖ ਅਕਾਲ ਵੱਡੀ ਵਡਿਆਈਆ । ਅੰਤਮ ਤਖ਼ਤ ਬਹੇ ਸਾਚਾ ਸੱਜਣ ਸਜ, ਸਾਹਿਬ ਸੱਚਾ ਮਾਹੀਆ । ਜਨ ਭਗਤਾਂ ਦਰਸ ਕਰੇ ਆਪ ਰੱਜ ਰੱਜ, ਆਪਣਾ ਦਰਸ਼ ਭਗਤ ਕਰਾਈਆ । ਹੱਕ ਵਖਾਏ ਮੱਕਾ ਕਾਅਬਾ ਹੱਜ, ਹੁਜਰਾ ਅਮਾਮ ਇਕ ਵਡਿਆਈਆ । ਨਿਹਕਲੰਕ ਨਰਾਇਣ ਆਏ ਭੱਜ, ਭਗਵਨ ਆਪਣਾ ਫੇਰਾ ਪਾਈਆ । ਚਾਰ ਵਰਨ ਮੇਟੇ ਹੱਦ, ਪੰਚਮ ਏਕਾ ਰਾਹ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਚਰਨ ਦੁਆਰੇ ਲਏ ਸੱਦ, ਵਿਸ਼ਨ ਬ੍ਰਹਮਾ ਸ਼ਿਵ ਹੁਕਮ ਮਨਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬੈਠੇ ਰਹੇ ਅੱਡ ਅੱਡ, ਅੰਤਮ ਇਕੋ ਘਰ ਵਖਾਈਆ । ਪ੍ਰੇਮ ਪਿਆਰ ਸਾਚੀ ਡੋਰੀ ਜਾਇਨ ਬੱਝ, ਸ੍ਰੀ ਭਗਵਾਨ ਆਪ ਬਨ੍ਹਾਈਆ । ਸ਼ਰਅ ਸ਼ਰੀਅਤ ਲੌਣ ਨਾ ਦੇਵੇ ਅਜ ਪਜ, ਜ਼ਾਤ ਪਾਤ ਨਾ ਵੰਡ ਵੰਡਾਈਆ । ਸੰਤ ਸੁਹੇਲੇ ਸੰਤਨ ਰੱਖੇ ਲਜ, ਗੁਰਮੁਖ ਗੁਰ ਗੁਰ ਗੋਦ ਉਠਾਈਆ । ਕਾਲ ਨਗਾਰਾ ਜਾਏ ਵੱਜ, ਡੋਰੂ ਕਲਜੁਗ ਹੱਥ ਫੜਾਈਆ । ਜੋ ਘੜਿਆ ਸੋ ਜਾਏ ਭੱਜ, ਥਿਰ ਕੋਇ ਰਹਿਣ ਨਾ ਪਾਈਆ । ਜਨ ਭਗਤਾਂ ਦੇਵੇ ਇਕੋ ਪਦ, ਚੌਥੇ ਦਰ ਆਪ ਬਹਾਈਆ । ਬਣ ਦਰਵੇਸ਼ ਲਏ ਸੱਦ, ਦਰ ਦਰ ਆਪਣੀ ਅਲਖ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਢਈਆ ਢਈਆ ਰੰਗ ਰੰਗਾਈਆ । ਏਕਾ ਢਈਆ ਹੱਥ ਪੰਜ, ਹਰਿ ਪੰਚਮ ਖੇਲ ਕਰਾਇੰਦਾ । ਤਖ਼ਤ ਨਿਵਾਸੀ ਸਾਚੇ ਤਖ਼ਤ ਬਹੇ ਸਜ, ਸੱਜਣ ਆਪਣਾ ਹੁਕਮ ਵਰਤਾਇੰਦਾ । ਸ਼ਾਹੋ ਭੂਪ ਪਏ ਗੱਜ, ਗਰਜ ਆਪਣੇ ਨਾਮ ਸੁਣਾਇੰਦਾ । ਕੂੜੀ ਕਿਰਿਆ ਜਗਤ ਮਿਰਗਾਵਲੀ ਜਾਏ ਭੱਜ, ਅੱਗੇ ਕੋਈ ਨਜ਼ਰ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਢਈਆ ਰੰਗ ਰੰਗਾਇੰਦਾ । ਢਾਈ ਗਜ਼ ਗਿਰਾਹ ਚਾਲੀ, ਚਾਲ ਵੱਖਰੀ ਆਪ ਕਰਾਈਆ । ਹਰ ਘਟ ਜੋਤ ਜੋਤ ਅਕਾਲੀ, ਅਕਲ ਕਲ ਖੇਲ ਖਲਾਈਆ । ਭਗਤਾਂ ਲੇਖੇ ਲਾਏ ਪਹਿਲੀ ਘਾਲ ਘਾਲੀ, ਘਾਲੀ ਘਾਲ ਲੇਖੇ ਪਾਈਆ । ਅੱਗੇ ਬਣੇ ਆਪ ਸਵਾਲੀ, ਹਰਿ ਜੂ ਆਪਣੀ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਢਈਆ ਖੇਲ ਕਰਾਈਆ । ਏਕਾ ਢਈਆ ਲਾਏ ਢਾਹ, ਤਿੰਨਾਂ ਵਹੀਰ ਬਣਾਇੰਦਾ । ਵਿਸ਼ਨੂੰ ਵਿਸ਼ਵ ਜਾਏ ਸਮਾ, ਸਮਾਂ ਆਪਣਾ ਆਪ ਸਮਝਾਇੰਦਾ । ਬ੍ਰਹਮਾ ਬ੍ਰਹਮ ਦਏ ਤਜਾ, ਪਾਰਬ੍ਰਹਮ ਹੁਕਮ ਸਮਝਾਇੰਦਾ । ਸ਼ੰਕਰ ਮੰਨੇ ਸਚ ਰਜ਼ਾ, ਰਹਿਮਤ ਆਪਣੀ ਇਕ ਸਮਝਾਇੰਦਾ । ਸੁਰਪਤ ਇੰਦ ਮੁਖ ਜਾਏ ਭਵਾ, ਕਰੋੜ ਤਤੀਸਾ ਰੰਗ ਚੜ੍ਹਾਇੰਦਾ । ਪੀਰ ਪੈਗ਼ੰਬਰ ਗੁਰ ਅਵਤਾਰ ਨਾਤਾ ਜਗਤ ਜਾਣ ਤੁੜਾ, ਜੁਗਤੀ ਜੁਗਤ ਨਾ ਕੋਈ ਜਣਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਬਣਨ ਗਵਾਹ, ਸਫ਼ਾਈ ਸਭ ਦੀ ਆਪ ਰਖਾਇੰਦਾ । ਕਲਜੁਗ ਅੰਤਮ ਮੁਕਰੇ ਕੋਈ ਨਾ, ਹੁਕਮ ਹੁਕਮ ਆਪ ਦ੍ਰਿੜਾਇੰਦਾ । ਸਾਰੇ ਵੇਖੋ ਥਾਉਂ ਥਾਂ, ਹਰਿ ਕਾ ਨਾਮ ਨਾ ਕੋਈ ਧਿਆਇੰਦਾ । ਕਲਜੁਗ ਜੀਵ ਹੋਏ ਕਾਂ, ਕੂੜੀ ਕਿਰਿਆ ਵਿਸ਼ਟਾ ਮੁਖ ਰਖਾਇੰਦਾ । ਕੋਈ ਖਾਏ ਸੂਰ ਕੋਈ ਗਾਂ, ਗਾਂ ਸੂਰ ਖਾਵਣ ਵਾਲਾ ਗੁਰ ਸਤਿਗੁਰ ਸੰਗ ਨਾ ਕੋਈ ਨਿਭਾਇੰਦਾ । ਰਾਏ ਧਰਮ ਹੱਥ ਦੇਵੇ ਫੜਾ, ਕੁੰਭੀ ਨਰਕ ਆਪ ਭਵਾਇੰਦਾ । ਅਗਨੀ ਅੱਗ ਦਏ ਜਲਾ, ਭੁੰਨ ਕਬਾਬ ਆਪ ਵਖਾਇੰਦਾ । ਸੀਖ਼ਾਂ ਉਪਰ ਲਏ ਚੜ੍ਹਾ, ਸਲਾਖ਼ਾਂ ਜਮਾਂ ਹੱਥ ਫੜਾਇੰਦਾ । ਹਰਿਜਨ ਸਾਚੇ ਲਏ ਬਚਾ, ਜਿਨ੍ਹਾਂ ਆਪਣਾ ਮੇਲ ਮਿਲਾਇੰਦਾ । ਵਿਸ਼ਨੂੰ ਤੇਰੀ ਚਲੇ ਨਾ ਕੋਈ ਵਾਹਵਾ, ਹਰਿ ਜੂ ਖੇਲ ਕਰਾਇੰਦਾ । ਬ੍ਰਹਮੇ ਮੰਗ ਮੰਗ ਚਰਨ ਪਨਾਹ, ਚਰਨ ਦੁਆਰਾ ਇਕ ਵਖਾਇੰਦਾ । ਸ਼ੰਕਰ ਧੂੜੀ ਟਿੱਕਾ ਲੈਣਾ ਲਾ, ਭੋਲੇ ਨਾਥ ਆਪ ਜਗਾਇੰਦਾ ।


੧੭੭
੧੩

ਪੁਰਖ ਅਬਿਨਾਸ਼ੀ ਸਭ ਦਾ ਲੇਖਾ ਰਿਹਾ ਮੁਕਾ, ਲਿਖ ਲਿਖ ਲੇਖ ਆਪ ਸਮਝਾਇੰਦਾ । ਸਾਚਾ ਹੁਕਮ ਦੇਣਾ ਚਲਾ, ਦੋ ਜਹਾਨਾ ਆਪ ਜਣਾਇੰਦਾ । ਲੋਆਂ ਪੁਰੀਆਂ ਗੁਰਮੁਖ ਸਾਚੇ ਰਿਹਾ ਬਹਾ, ਫੜ ਬਾਹੋਂ ਆਪ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਮਾਇੰਦਾ । ਗੁਰ ਅਵਤਾਰ ਇਕੱਠੇ ਆਏ, ਪਿਛਲਾ ਪੰਧ ਮੁਕਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰਨ ਹਾਏ ਹਾਏ, ਹੌਕਾ ਲੈ ਲੈ ਰਹੇ ਜਣਾਈਆ । ਪੀਰ ਪੈਗ਼ੰਬਰ ਰਹੇ ਕੁਰਲਾਏ, ਦਰੋਹੀ ਇਕੋ ਨਾਮ ਖ਼ੁਦਾਈਆ । ਭਗਤ ਅਠਾਰਾਂ ਰਹੇ ਧਿਆਏ, ਚਰਨ ਕਵਲ ਸੀਸ ਝੁਕਾਈਆ । ਨਾਲ ਲਿਆਂਦੀ ਆਦਿ ਸ਼ਕਤ ਮਾਏ, ਮਈਆ ਆਪਣੀ ਖੁਲ੍ਹੀ ਗੁੱਤ ਰਹੀ ਵਖਾਈਆ । ਚਤੁਰ ਭੁਜ ਆਪਣੀਆਂ ਬਾਹਾਂ ਅੱਗੇ ਡਾਹੇ, ਭਾਰ ਸਕੇ ਨਾ ਕੋਈ ਉਠਾਈਆ । ਅੱਲਾ ਰਾਣੀ ਨੇਤਰ ਨੈਣਾਂ ਨੀਰ ਵਹਾਏ, ਖ਼ੁਦਾਵੰਦ ਤਰਸ ਨਾ ਕੋਈ ਕਮਾਈਆ । ਚਾਰੋਂ ਕੁੰਟ ਅੰਧੇਰਾ ਛਾਏ, ਸਾਚਾ ਚੰਦ ਨਾ ਕੋਈ ਚੜ੍ਹਾਈਆ । ਜਿਸ ਈਸਾ ਚੜ੍ਹਾਇਆ ਫਾਹੇ, ਗਲ ਅਲਫ਼ੀ ਤਨ ਨਾ ਕੋਈ ਰਖਾਈਆ । ਜਿਸ ਨੂੰ ਨਾਨਕ ਗੋਬਿੰਦ ਗਾਏ, ਸੋ ਅਕੱਲਾ ਹਰਿ ਜੂ ਆਈਆ । ਚਲੋ ਚਲ ਕੇ ਲੱਗੀਏ ਪਾਏ, ਪਾਹਿਨ ਕਬੀਰ ਰੂਪ ਵਟਾਈਆ । ਗ਼ਰੀਬ ਨਿਮਾਣਿਆਂ ਪਕੜੇ ਬਾਹੀਂ, ਬਾਹੂ ਆਪਣੇ ਨਾਲ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਰਿਹਾ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਆਓ ਅੱਗੇ, ਹਰਿ ਸਾਚਾ ਸਚ ਜਣਾਇੰਦਾ । ਆਪਣੇ ਗਲੋਂ ਲਾਹੇ ਝੱਗੇ, ਸੀਸ ਦਸਤਾਰ ਨਾ ਕੋਈ ਰਖਾਇੰਦਾ । ਹੁਕਮੇ ਅੰਦਰ ਜਾਓ ਭੱਜੇ, ਧੁਰ ਫ਼ਰਮਾਣਾ ਹੁਕਮ ਸੁਣਾਇੰਦਾ । ਮੇਰਿਆਂ ਭਗਤਾਂ ਖੱਬੇ ਫਿਰੋ ਸੱਜੇ, ਜਿਨ੍ਹਾਂ ਆਪਣਾ ਆਪ ਜਣਾਇੰਦਾ । ਜੇ ਕੋਈ ਤੁਹਾਨੂੰ ਹੋਰ ਸੱਦੇ, ਕਿਸੇ ਵਲ ਨਾ ਅੱਖ ਤਕਾਇੰਦਾ । ਕਿਸੇ ਦਾ ਬਣਨਾ ਨਾ ਪਿਓ ਦਾਦੇ, ਪੁੱਤਰ ਆਪਣੀ ਗੋਦ ਬਹਾਇੰਦਾ । ਤੁਹਾਡੇ ਪੂਰੇ ਕਰੇ ਵਾਹਦੇ, ਵਾਇਦਾ ਖ਼ਿਲਾਫ਼ ਨਾ ਕਦੇ ਅਖਵਾਇੰਦਾ । ਜੁਗ ਜੁਗ ਬਦਲੇ ਆਪਣੇ ਕਾਇਦੇ, ਕਾਨੂੰਨ ਆਪਣੇ ਹੱਥ ਰਖਾਇੰਦਾ । ਸਤਿਜੁਗ ਦੁਆਪਰ ਤ੍ਰੇਤਾ ਕਲਜੁਗ ਵਾਰੋ ਵਾਰੀ ਭੇਜੇ, ਨਾਮ ਵਸਤ ਵਸਤ ਵਰਤਾਇੰਦਾ । ਕੋਈ ਸੌਂ ਕੇ ਆਏ ਸੱਜਣ ਸੇਜੇ, ਕੋਈ ਤ੍ਰਲੋਕੀ ਨਾਚ ਨਚਾਇੰਦਾ । ਕੋਇ ਤਨ ਮਾਟੀ ਖ਼ਾਕੀ ਵੇਚੇ, ਕੋਈ ਅੱਖਰਾਂ ਕੀਮਤ ਪਾਇੰਦਾ । ਕੋਈ ਤਨ ਦੇ ਦੇ ਆਇਆ ਮੇਚੇ, ਹੱਥੋ ਹੱਥ ਵੰਡ ਵੰਡਾਇੰਦਾ । ਪੁਰਖ ਅਬਿਨਾਸ਼ੀ ਆਪਣੀ ਕੋਈ ਨਾ ਦੱਸੇ ਰੇਖੇ, ਰੂਪ ਰੰਗ ਨਾ ਕੋਈ ਜਣਾਇੰਦਾ । ਜਿਉਂ ਭਾਵੇ ਤਿਉਂ ਧਾਰੇ ਭੇਖੇ, ਕਲਜੁਗ ਅੰਤਮ ਨੰਗੀ ਪੈਰੀਂ ਖੇਲ ਕਰਾਇੰਦਾ । ਬਾਲਿਆਂ ਅੰਦਰ ਬਾਲ ਬਣ ਬਣ ਖੇਡੇ, ਬੁਢਿਆਂ ਵਿਚ ਬੁਢੇਪਾ ਆਪ ਹੰਢਾਇੰਦਾ । ਨੌਜਵਾਨਾ ਨੌਜਵਾਨ ਬਣ ਬਣ ਮੇਲੇ, ਆਪਣਾ ਜੋਬਨ ਆਪ ਵਖਾਇੰਦਾ । ਗੁਰਮੁਖ ਮਿਲੇ ਸੱਜਣ ਸੁਹੇਲੇ, ਸਾਚਾ ਸੰਗ ਆਪ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪ ਰਖਾਇੰਦਾ । ਗੁਰਮੁਖ ਤੇਰਾ ਢਾਈ ਗਜ਼ ਦੁਪੱਟਾ, ਦੋ ਪਹਿਰ ਆਪਣੇ ਤਨ ਲਗਾਈਆ । ਲੱਖ ਚੁਰਾਸੀ ਅੱਖੀਂ ਪਾਵੇ ਘੱਟਾ, ਨੇਤਰ ਨਜ਼ਰ ਕਿਸੇ ਨਾ ਆਈਆ । ਪਿਛੇ ਕਹਾਣੀ ਰਹਿ ਜਾਏ ਅਲਬਤਾ, ਮਿਸਲ ਮਿਸਾਲ ਨਾ ਕੋਈ ਰਖਾਈਆ । ਗੁਰਮੁਖਾਂ ਪਿਛੇ ਘਰ ਘਰ ਖਵੌਂਦਾ ਫਿਰੇ ਭੱਤਾ, ਸਿਰ ਆਪਣੇ ਭਾਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਢਾਈ ਗਜ਼ ਦੁਪੱਟਾ ਵੇਖੇ ਖੱਦਰ, ਖ਼ਾਹਿਸ਼ ਸਭ ਦੀ ਪੂਰ ਕਰਾਈਆ । ਗੁਰਮੁਖਾਂ ਪੂਰੀ ਕਰੇ ਸਧਰ, ਆਪਣੀ ਆਸ਼ਾ ਲਏ ਸਮਝਾਈਆ । ਸ੍ਰਿਸ਼ਟ ਸਬਾਈ ਕਰੇ ਪੱਧਰ, ਨਾਮ ਸੁਹਾਗਾ ਇਕ ਫਿਰਾਈਆ । ਚਾਰੋਂ ਕੁੰਟ


੧੭੮
੧੩

ਪਾਏ ਗਦਰ, ਰਾਜ ਰਾਜਾਨਾ ਰਿਹਾ ਉਠਾਈਆ । ਕਰੇ ਖੇਲ ਕਰੀਮ ਕਾਦਰ, ਕਰਤਾ ਆਪਣਾ ਵੇਸ ਵਟਾਈਆ । ਜਨ ਭਗਤਾਂ ਦੇਵੇ ਆਦਰ, ਆਦਰਸ਼ ਆਪਣਾ ਇਕ ਵਖਾਈਆ । ਬੇਘਰ ਹੋਇਆ ਹਾਜ਼ਰ, ਹਜ਼ਰਤ ਆਪਣਾ ਵੇਸ ਵਟਾਈਆ । ਗੁਰਮੁਖ ਗੁਰਸਿਖ ਹੋਇਆ ਉਜਾਗਰ, ਲੋਕਮਾਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਹੋਏ ਆਪ ਮਿਹਰਵਾਨ, ਮਿਹਰ ਨਜ਼ਰ ਇਕ ਉਠਾਈਆ ।

ਦਰਸ਼ਨ ਕੀਤਾ ਦਰ ਘਰ ਆ, ਨੇਤਰ ਨੈਣ ਨਿਹਾਲਿਆ । ਗੁਰਸਿਖ ਮਿਲ ਗੁਰਸਿਖ ਚੜ੍ਹਿਆ ਚਾ, ਗੁਰਮੁਖ ਗੁਰਮੁਖ ਰੰਗ ਵਖਾ ਲਿਆ । ਪੈਂਡਾ ਮੁਕਿਆ ਵਾਹੋ ਦਾਹ, ਮੰਜ਼ਲ ਸਾਚੀ ਇਕ ਬਹਾ ਲਿਆ । ਗੁਰਸਿਖ ਰਿੱਧਾ ਗੁਰਸਿਖ ਪੱਕਾ, ਗੁਰਸਿਖ ਖਾਣਾ ਲਓ ਖਾ, ਖਾ ਪੀ ਪੀ ਖਾ ਗੁਰ ਗੁਰ ਸ਼ੁਕਰ ਮਨਾ ਲਿਆ । ਵਲੀਏ ਛਲੀਏ ਦਾ ਕੀ ਵਸਾਹ, ਅਛਲ ਅਛੱਲ ਆਪਣਾ ਵੇਸ ਧਰਾ ਲਿਆ । ਜਿਸ ਵਿਛੜੇ ਲਏ ਮਿਲਾ, ਵਿਛੋੜਾ ਅੰਤ ਫੰਦ ਕਟਾ ਲਿਆ । ਸੋ ਸੇਵਾ ਰਿਹਾ ਕਮਾ, ਹਰਿ ਸਾਹਿਬ ਦੀਨ ਦਿਆਲਿਆ । ਪੰਜ ਸਿਖ ਸੇਵਾ ਲੈਣ ਕਮਾ, ਪੂਰਨ ਸਿਖੀ ਦੀ ਪੂਰੀ ਹੋਵੇ ਘਾਲਿਆ । ਇਕੀ ਇਕੀ ਮੇਲਾ ਲਿਆ ਮਿਲਾ, ਏਕਾ ਅੱਖ਼ਰ ਆਪਣਾ ਨਾਮ ਰਲਾ ਲਿਆ । ਧਾਰੋਂ ਤਿੱਖੀ ਦਏ ਵਖਾ, ਨਿੱਕੀ ਨਿੱਕੀ ਭੇਵ ਚੁਕਾ ਲਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਸਾਚਾ ਦਾਨ, ਗੁਰਮੁਖ ਤੇਰਾ ਸਚ ਪਕਵਾਨ, ਗੁਰਸਿਖਾਂ ਮੁਖ ਲਗਾ ਲਿਆ ।



ਦਰਸ਼ਨ ਕਰ ਖਾਓ ਖ਼ਾਣਾ, ਖ਼ਾਹਿਸ਼ ਸਭ ਦੀ ਪੂਰ ਕਰਾਈਆ । ਵੇਖੋ ਵਰਤੇ ਕੀ ਹਰਿ ਭਾਣਾ, ਬੇਅੰਤ ਬੇਪਰਵਾਹੀਆ । ਤਖ਼ਤੋਂ ਲਾਹੇ ਰਾਜਾ ਰਾਣਾ, ਸਾਚਾ ਹੁਕਮ ਵਰਤਾਈਆ । ਬਰਦਾ ਗ਼ੁਲਾਮ ਦਰ ਦਰ ਫਿਰੇ ਨਿਮਾਣਾ, ਫਰਮਾਂਬਰਦਾਰ ਫੇਰਾ ਪਾਈਆ । ਤਨ ਕਪੜ ਓਡਨ ਨਾ ਕੋਈ ਵਖਾਨਾ, ਭੂਸ਼ਨ ਅੰਗ ਨਾ ਕੋਈ ਲਗਾਈਆ । ਖ਼ੁਸ਼ੀਆਂ ਅੰਦਰ ਗਾਏ ਭਗਤਾਂ ਗਾਣਾ, ਗਾ ਗਾ ਆਪਣਾ ਸ਼ੁਕਰ ਮਨਾਈਆ । ਦੁਆਬਾ ਮਾਝਾ ਜਿਸ ਸਾਥ ਰਖਾਨਾ, ਸਭ ਆਪਣੇ ਨਾਮ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗੁਰਮੁਖਾਂ ਦੇਵੇ ਸਾਚਾ ਦਾਨ, ਪਹਿਲੋਂ ਖਾਣਾ ਰਿਧਾ ਪਕਵਾਨ, ਪਵਿਤਰ ਗੁਰਮੁਖ ਘਰ ਕਰਾਈਆ ।

ਵੱਡੇ ਦੀਆਂ ਵਡਿਆਈਆ, ਗੁਰਮੁਖ ਵੱਡੇ ਦੀਆਂ । ਗੁਰਮੁਖ ਤੇਰੀ ਵਡ ਵਡਿਆਈ, ਜੋਤ ਅਕਾਲਣ ਜਿਸ ਪਰਨਾਈ, ਘਰ ਘਰ ਵੱਜੇ ਵਧਾਈਆ, ਗੁਰਮੁਖ ਤੇਰਾ ਵਡ ਘਰ, ਜਿਥੇ ਹਰਿ ਜੂ ਮੰਗੇ ਵਰ, ਦੋਏ ਜੋੜ ਪਿਆ ਸਰਨਾਈਆ । ਗੁਰਮੁਖ ਤੇਰਾ ਸਚ ਮਹੱਲਾ, ਪੁਰਖ ਅਬਿਨਾਸ਼ੀ ਆਇਆ ਇਕ ਇਕੱਲਾ, ਦਰਦੀਆਂ ਦਰਦ ਰਿਹਾ ਵੰਡਾਈਆ । ਗੁਰਮੁਖ ਤੇਰਾ ਵਡ ਦਰਵਾਜਾ, ਜਿਸ ਘਰ ਆਏ ਗ਼ਰੀਬ ਨਿਵਾਜਾ, ਇਕੱਠਾ ਕੀਤਾ ਦੁਆਬਾ ਮਾਝਾ, ਗੁਰਮੁਖ ਵੱਡੇ ਦੀਆਂ ਵਡਿਆਈਆ ।

ਜਿਸ ਕਰ ਦਰਸ ਨਾਨਕ ਚੜ੍ਹਿਆ ਚਾਓ, ਚਾਓ ਘਨੇਰਾ ਇਕ ਰਖਾਈਆ । ਜਿਸ ਦਾ ਆਦਿ ਜੁਗਾਦਿ ਪਸਾਓ, ਜੁਗ ਜੁਗ ਖੇਲ ਕਰਾਈਆ । ਜੁਗਾਂ ਜੁਗੰਤ ਜਿਸ ਦਾ ਨਾਉਂ, ਨਾਉਂ ਨਿਰੰਕਾਰਾ ਵਡ ਵਡਿਆਈਆ । ਸੋ ਸਾਹਿਬ ਸੁਲਤਾਨ ਕਲਜੁਗ ਅੰਤਮ ਪਕੜੇ ਬਾਹੋਂ, ਗੁਰਮੁਖ ਆਪਣੇ ਅੰਗ ਲਗਾਈਆ । ਨਿਰਗੁਣ ਸਰਗੁਣ ਕਰੇ ਨਿਆਉਂ, ਸਚ ਅਦਾਲਤ ਇਕ ਲਗਾਈਆ । ਤਿਸ ਸਾਹਿਬ ਬਲ ਬਲ ਜਾਓ, ਦੀਨ ਦਿਆਲ ਫੇਰਾ ਪਾਈਆ । ਨੇਤਰ ਨੈਣ ਨੈਣਾਂ ਅੱਖ ਖੁਲ੍ਹਾਓ, ਪਰਤੱਖ ਰੂਪ ਵਖਾਈਆ । ਏਥੇ ਓਥੇ ਪਿਤਾ ਮਾਉਂ, ਸਾਚੀ ਗੋਦ ਦਏ ਵਡਿਆਈਆ । ਬਣ ਸੁਹੇਲਾ ਇਕ ਅਕੇਲਾ ਸਿਰ ਦੇਵੇ ਠੰਡੀ ਛਾਉਂ, ਸਿਰ ਆਪਣਾ ਹੱਥ ਟਿਕਾਈਆ । ਕਲਜੁਗ ਅੰਤਮ ਭਗਤਾਂ ਕੋਲੋਂ ਕੱਢਣ ਆਇਆ ਗਉਂ, ਆਪਣੀ ਆਸ਼ਾ ਪੂਰ ਕਰਾਈਆ । ਗੁਰਸਿਖ ਵੇਖੇ ਸਾਚੇ ਰਾਓ, ਰੰਕ ਆਪਣਾ ਨਾਮ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਓ ਭਗਤਾਂ ਇਕ ਜਣਾਈਆ । ਜਿਸ ਨਾਨਕ ਵੇਖ ਚੜ੍ਹਿਆ ਚਾ, ਘਰ ਸਾਚੇ ਖ਼ੁਸ਼ੀ ਮਨਾਇੰਦਾ । ਸੋ ਸਾਹਿਬ ਫੇਰਾ ਰਿਹਾ ਪਾ, ਜਨ ਭਗਤ ਸਿਫ਼ਤ ਸਲਾਹਿੰਦਾ । ਠਾਕਰ ਬਣਿਆ ਦੀਨ ਦਯਾ, ਦਿਆਲ ਆਪਣਾ ਖੇਲ ਕਰਾਇੰਦਾ । ਸਚ ਚਲਾਏ ਇਕ ਨੱਯਾ, ਨੌਕਾ ਆਪਣਾ ਨਾਮ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਉ ਘਨੇਰਾ ਇਕ ਸੁਣਾਇੰਦਾ । ਜਿਸ ਪੇਖ ਨਾਨਕ ਚੜ੍ਹਿਆ ਰੰਗ, ਰੰਗ ਰੰਗੀਲਾ ਆਇਆ ਮਾਹੀਆ । ਇਕੋ ਡੋਰ ਇਕ ਪਤੰਗ, ਏਕਾ ਤੰਦਨ ਤੰਦ ਬੰਧਾਈਆ । ਇਕ ਰਸ ਇਕ ਅਨੰਦ, ਏਕਾ ਰਸੀਆ ਵੇਖ ਵਖਾਈਆ । ਏਕਾ ਸੂਰਯਾ ਏਕਾ ਚੰਦ, ਏਕਾ ਜੋਤ ਨੂਰ ਰੁਸ਼ਨਾਈਆ । ਏਕਾ ਵੰਡਣਹਾਰਾ ਵੰਡ, ਬ੍ਰਹਿਮੰਡ ਖੋਜ ਖੁਜਾਈਆ । ਦੀਨ ਦਿਆਲ ਠਾਕਰ ਬਖ਼ਸ਼ੰਦ, ਬਖ਼ਸ਼ਿਸ਼ ਆਪਣੀ ਗੁਰਮੁਖਾਂ ਝੋਲੀ ਪਾਈਆ । ਆਪੇ ਫਿਰੇ ਹੋ ਕੇ ਨੰਗ, ਗੁਰਮੁਖ ਦੇਵੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਿਆਲ ਆਪਣੀ ਦਇਆ ਕਮਾਈਆ । ਦੀਨ ਦਿਆਲ ਠਾਕਰ ਸਵਾਮੀ, ਹਰਿ ਜੂ ਆਪਣੀ ਦਇਆ ਕਮਾਇੰਦਾ । ਜਿਸ ਨੂੰ ਨਾਨਕ ਮਿਲਿਆ ਅੰਤਰਜਾਮੀ, ਸੋ ਅੰਤਰ ਮੰਗ ਮੰਗਾਇੰਦਾ । ਜਿਸ ਦੀ ਸਿਫ਼ਤ ਕਰੇ ਚਾਰ ਜੁਗ ਦੀ ਬਾਣੀ, ਸੋ ਬਾਣ ਨਿਰਾਲਾ ਤੀਰ ਲਗਾਇੰਦਾ । ਜਿਸ ਦੀ ਗੁਰ ਅਵਤਾਰ ਪੀਰ ਪੈਗੰਬਰ ਮਾਤ ਨਿਸ਼ਾਨੀ, ਸੋ ਸਚ ਨਿਸ਼ਾਨਾ ਇਕ ਜਣਾਇੰਦਾ । ਜਿਸ ਦੀ ਆਦਿ ਜੁਗਾਦਿ ਜੁਗਾਂ ਜੁਗੰਤਰ ਲੱਖ ਚੁਰਾਸੀ ਗਾਏ ਕਹਾਣੀ, ਸੋ ਭਗਤਾਂ ਗਾਥਾ ਗਾ ਗਾ ਖ਼ੁਸ਼ੀ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਿਸ਼ ਆਪਣੀ ਆਪ ਜਣਾਇੰਦਾ । ਬਖ਼ਸ਼ਣਹਾਰਾ ਮੀਤਾ ਇਕ ਅਤੀਤਾ, ਤ੍ਰੈਭਵਨ ਧਨੀ ਦਇਆ ਕਮਾਈਆ । ਗੁਰਮੁਖ ਦੁਲਾਰਾ ਠਾਂਡਾ ਸੀਤਾ, ਸਾਹਿਬ ਸਤਿਗੁਰ ਵੇਖੇ ਅਨਡੀਠਾ, ਨੇਤਰ ਨਜ਼ਰ ਕੋਈ ਨਾ ਆਈਆ । ਲੱਖ ਚੁਰਾਸੀ ਤਪੇ ਅੰਗੀਠਾ, ਨਾ ਕੋਈ ਮਰਿਆ ਨਾ ਕੋਈ ਜੀਤਾ, ਜੀਵਣ ਜੁਗਤ ਨਾ ਕੋਈ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਿਆਲ ਦਇਆ ਸਮਝਾਈਆ । ਸਾਚੀ ਦਇਆ ਆਪ ਕਰ, ਦੀਨਨ ਆਪ ਜਣਾਇੰਦਾ । ਸਚਖੰਡ ਨਿਵਾਸੀ ਏਕਾ ਨਰ, ਨਰ ਨਰਾਇਣ ਵੇਸ ਵਟਾਇੰਦਾ । ਜੋਤ ਅਗੰਮੀ ਨੂਰ ਧਰ, ਨੂਰੋ ਨੂਰ ਡਗਮਗਾਇੰਦਾ । ਸਚ ਮਹੱਲੇ ਆਪੇ ਚੜ੍ਹ, ਸਿੰਘਾਸਣ ਆਸਣ ਸੋਭਾ ਪਾਇੰਦਾ । ਆਪਣੀ ਕਰਨੀ ਆਪੇ ਕਰ, ਕਰਤਾ ਪੁਰਖ ਕਾਰ ਕਮਾਇੰਦਾ । ਨੌਂ ਨੌਂ ਚਾਰ ਜਾਏ ਹਰ, ਲੇਖਾ ਸਭ ਦਾ ਆਪ ਮੁਕਾਇੰਦਾ । ਸੰਤ ਸੁਹੇਲੇ ਗੁਰੂ ਗੁਰ ਚੇਲੇ ਗੁਰਸਿਖ ਸੱਜਣ ਲਏ ਫੜ, ਫੜ ਫੜ ਆਪਣਾ ਮੇਲ ਮਿਲਾਇੰਦਾ । ਲੇਖਾ ਜਾਣ ਦਰ ਬ ਦਰ, ਦਰ ਦਰ ਆਪਣਾ

ਫੇਰਾ ਪਾਇੰਦਾ । ਜਗਤ ਵਿਕਾਰੇ ਨਾਲ ਲੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਿਆਲ ਆਪਣੀ ਦਇਆ ਆਪ ਜਣਾਇੰਦਾ । ਦਿਆਲ ਦਇਆ ਕਰੇ ਹਰਿ ਮੀਤ, ਮਿੱਤਰ ਪਿਆਰਾ ਬੇਪਰਵਾਹੀਆ । ਲੇਖਾ ਵੇਖ ਹਸਤ ਕੀਟ, ਕੀਟਨ ਆਪਣੇ ਰੰਗ ਰੰਗਾਈਆ । ਦੋ ਜਹਾਨਾਂ ਰਿਹਾ ਜੀਤ, ਬਲ ਆਪਣਾ ਲਏ ਪਰਗਟਾਈਆ । ਜਨ ਭਗਤਾਂ ਦੇਵੇ ਵਸਤ ਅਨਡੀਠ, ਨਾਮ ਨਾਮਾ ਝੋਲੀ ਪਾਈਆ । ਚਰਨ ਕਵਲ ਕਵਲ ਚਰਨ ਪ੍ਰੀਤ, ਧਵਲ ਧਵਲ ਸੁਹਾਈਆ । ਸੋਹੰ ਸੋ ਅਗੰਮੀ ਗੀਤ, ਆਪਣੇ ਜੇਹਾ ਆਪੇ ਹੋ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਿਆਲ ਆਪਣੀ ਦਇਆ ਕਮਾਈਆ । ਦਇਆ ਕਰ ਦਿਤਾ ਦਾਨ, ਹਰਿ ਸਤਿਗੁਰ ਦਇਆ ਕਮਾਇੰਦਾ । ਕਲਜੁਗ ਅੰਤਮ ਮਿਲਿਆ ਆਣ, ਮੇਲ ਮਿਲਾਵਾ ਆਪ ਕਰਾਇੰਦਾ । ਜਿਸ ਨੂੰ ਨਾਨਕ ਵੇਖ ਕਰੇ ਪਰਨਾਮ, ਸੋ ਨਿਰਗੁਣ ਆਪਣੀ ਸੇਵ ਕਮਾਇੰਦਾ । ਭਗਤਨ ਰਚਿਆ ਪੂਰਨ ਕਾਮ, ਨੇਹਕਾਮੀ ਆਪ ਜਣਾਇੰਦਾ । ਆਪੇ ਬਨਿਆ ਰਹੇ ਅੰਵਾਣ, ਸੁਘੜ ਸਿਆਣਾ ਗੁਰਮੁਖ ਨਾਉਂ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਇਆ ਇਕੋ ਪ੍ਰੇਮ ਸਿਖਾਇੰਦਾ । ਸਾਚੀ ਦਇਆ ਹਰਿ ਕਾ ਪ੍ਰੇਮ, ਪਰਮ ਪੁਰਖ ਆਪ ਜਣਾਈਆ । ਗੋਬਿੰਦ ਕੀਤਾ ਉਪਰ ਹੇਮ, ਕੁੰਟ ਵੰਡ ਨਾ ਕੋਈ ਵੰਡਾਈਆ । ਪੁਰਖ ਅਕਾਲ ਕੀਤਾ ਨੇਮ, ਅਭੁੱਲ ਭੁੱਲ ਕਦੇ ਨਾ ਜਾਈਆ । ਕਲਜੁਗ ਅੰਤਮ ਆਏ ਲੈਣ, ਗੁਰਮੁਖ ਸੱਜਣ ਲਏ ਜਗਾਈਆ । ਦੇਵਣਹਾਰਾ ਦੇਵੇ ਦੇਣ, ਵਹਿੰਦੀ ਧਾਰ ਆਪ ਵਹਾਈਆ । ਸੋਹੰ ਢੋਲਾ ਹਰਿਜਨ ਸਾਰੇ ਕਹਿਣ, ਗੁਰ ਗੋਬਿੰਦ ਅੰਤ ਗਿਆ ਸਮਝਾਈਆ । ਭਥਾ ਤੀਰ ਤੀਰ ਕਮਾਨ, ਸੋਹੰ ਵੇਖੇ ਸਾਚੇ ਨੈਣ, ਨੈਣ ਨੈਣਾਂ ਨਾਲ ਮਿਲਾਈਆ । ਪਾਰਬ੍ਰਹਮ ਬ੍ਰਹਮ ਬਣੇ ਸਾਕ ਸੱਜਣ ਸੈਣ, ਸੈਨਾਪਤ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਇਆ ਦੀਨਨ ਹੱਥ ਫੜਾਈਆ । ਦਇਆ ਵਿਚਾਰੀ ਮਾਰੇ ਧਾਹ, ਪ੍ਰਭ ਅੱਗੇ ਸੀਸ ਝੁਕਾਈਆ । ਕਲਜੁਗ ਕਿਸੇ ਦੁਆਰੇ ਮਿਲਿਆ ਨਾ ਰਾਹ, ਫਿਰ ਫਿਰ ਥੱਕੀ ਦਏ ਦੁਹਾਈਆ । ਚਾਰੋਂ ਕੁੰਟ ਮੁਖ ਦਿਸੇ ਕਾਲਾ ਛਾਹ, ਨੂਰ ਜ਼ਹੂਰ ਨਾ ਕੋਈ ਨਿਸ਼ਾਂ, ਕਾਮੀ ਕਰੋਧੀ ਰਹੇ ਕੁਰਲਾਈਆ । ਬਣ ਪਾਂਧੀ ਰਾਹੀ ਕੋਈ ਨਾ ਦੱਸੇ ਤੇਰਾ ਨਾਂ, ਰਹਿਬਰ ਨਜ਼ਰ ਨਾ ਕੋਈ ਆਈਆ । ਚਾਰੋਂ ਕੁੰਟ ਅੰਧੇਰਾ ਗਿਆ ਛਾ, ਸਾਚਾ ਚੰਦ ਨਾ ਕੋਇ ਚੜ੍ਹਾਈਆ । ਪ੍ਰਭ ਤੇਰੀ ਚਰਨੀ ਡਿਗੀ ਆ, ਜਗਤ ਦੁਹਾਗਣ ਰੂਪ ਵਟਾਈਆ । ਸਾਚੇ ਕੰਤ ਨਾ ਦੇਵੇ ਕੋਈ ਮਿਲਾ, ਮੈਂਢੀ ਸੀਸ ਨਾ ਕੋਈ ਗੁੰਦਾਈਆ । ਰੰਗਲੇ ਹੱਥ ਨਾ ਦਏ ਕੋਈ ਵਖਾ, ਕੱਜਲ ਧਾਰ ਨਾ ਕੋਈ ਬੰਧਾਈਆ । ਸਾਚਾ ਬਸਤਰ ਭੂਸ਼ਨ ਨਾ ਦਏ ਕੋਈ ਸੁਹਾ, ਕੰਗਣ ਨਾਮ ਨਾ ਕੋਈ ਵਡਿਆਈਆ । ਬਿਨ ਤੇਰੀ ਕਿਰਪਾ, ਤੇਰੀ ਦਇਆ ਕੰਮ ਕਿਸੇ ਨਾ ਆਈਆ । ਦੀਨ ਦਿਆਲ ਤੇਰੀ ਸ਼ਰਨਾ, ਦਰ ਤੇਰੇ ਝੋਲੀ ਪਾਈਆ । ਪੁਰਖ ਅਬਿਨਾਸ਼ੀ ਰਿਹਾ ਸਮਝਾ, ਫੜ ਬਾਹੋਂ ਆਪ ਫੜਾਈਆ । ਉਠ ਵੇਖ ਕਰ ਧਿਆਂ, ਧਿਆਨ ਧਿਆਨ ਨਾਲ ਮਿਲਾਈਆ । ਜਿਸ ਦੁਆਰੇ ਹਰਿ ਜੂ ਸੇਵਾ ਰਿਹਾ ਕਮਾ, ਤਿਸ ਗ੍ਰਹਿ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਦਇਆ ਆਪ ਸਮਝਾਈਆ । ਉਠ ਦਇਆ ਨਿੱਕੀ ਬਾਲੀ, ਹਰਿ ਬਾਲਮ ਆਪ ਜਣਾਇੰਦਾ । ਤੇਰੀ ਵੇਖੇ ਅਲ੍ਹੜ ਜਵਾਨੀ, ਜੋਬਨ ਰੰਗ ਨਾ ਕੋਈ ਰੰਗਾਇੰਦਾ । ਸਤਿ ਪੁਰਖ ਨਿਰੰਜਣ ਦੇਵੇ ਸਤਿ ਨਿਸ਼ਾਨੀ, ਸਚ ਤੇਰੇ ਹੱਥ ਫੜਾਇੰਦਾ । ਤੇਰਾ ਭੇਵ ਨਾ ਜਾਣੇ ਕੋਈ ਵਿਦਵਾਨੀ, ਜਗਤ ਨੇਤਰ ਨੈਣ ਨਾ ਕੋਈ ਦਰਸਾਇੰਦਾ । ਹਰਿਜਨ ਮੇਰਾ

ਸੱਚਾ ਹਾਣੀ, ਹਾਣੀਆਂ ਹਾਣ ਨਾਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨ ਦਿਆਲ ਆਪ ਸਮਝਾਇੰਦਾ । ਉਠ ਦਇਆ ਭਗਤ ਕੁਆਰੀ, ਜਗਤ ਦਏ ਵਡਿਆਈਆ । ਪੁਰਖ ਅਬਿਨਾਸ਼ੀ ਖੇਲ ਨਿਆਰੀ, ਘਟ ਘਟ ਵਾਸ ਰਿਹਾ ਕਰਾਈਆ । ਜਨ ਭਗਤਾਂ ਪੈਜ ਰਿਹਾ ਸਵਾਰੀ, ਮੇਲ ਮਿਲਾਏ ਵਾਰੋ ਵਾਰੀ, ਭੇਵ ਅਭੇਦਾ ਆਪ ਖੁਲ੍ਹਾਈਆ । ਜਾ ਤੂੰ ਸੱਚੇ ਦਰਬਾਰੀ, ਦਰ ਦਰਵਾਜਾ ਖੋਲ੍ਹੇ ਆਪ ਨਿਰੰਕਾਰੀ, ਨਿਰਗੁਣ ਆਪਣਾ ਕੁੰਡਾ ਲਾਹੀਆ । ਜਨ ਭਗਤਾਂ ਬਣ ਸੇਵਕ ਸਚ ਦਵਾਰੀ, ਘਰ ਘਰ ਅੰਦਰ ਦਏ ਬਹਾਰੀ, ਹਰਿ ਜੂ ਸਾਚੀ ਸੇਵ ਕਮਾਈਆ । ਪੁਰਖ ਅਬਿਨਾਸ਼ੀ ਵੇਖੇ ਆਪਣੀ ਵਾਰੀ, ਨੇਤਰ ਨੈਣ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਘੜ ਸਿਆਣਿਆਂ ਰਿਹਾ ਸਮਝਾਈਆ । ਸੁਘੜ ਸਿਆਣੀ ਅੱਖ ਖੋਲ੍ਹ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਮੈਂ ਭਗਤਾਂ ਕੀਤਾ ਪੱਖ, ਤੇਰੀ ਸੇਵ ਇਕ ਸਮਝਾਇੰਦਾ । ਤੂੰ ਜਾ ਕੇ ਚਰਨ ਢੱਠ, ਸਾਚਾ ਮਾਰਗ ਇਕ ਵਿਖਾਇੰਦਾ । ਓਥੇ ਹਰਿ ਜੂ ਕੀਤਾ ਇਕੱਠ, ਅਕਲ ਕਲ ਆਪਣੀ ਖੇਲ ਕਰਾਇੰਦਾ । ਤੇਰੀ ਲੇਖੇ ਲਾਵੇ ਰਤ, ਰਤੀ ਆਪਣੇ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨ ਦਿਆਲ ਦਇਆ ਕਮਾਇੰਦਾ । ਦਇਆ ਕਹੇ ਮੈਂ ਦੀਨ ਨਿਮਾਣ, ਮੇਰੀ ਚਲੇ ਨਾ ਕੋਈ ਚਤੁਰਾਈਆ । ਭਗਤ ਭਗਵੰਤ ਤੇਰਾ ਖੇਲ ਮਹਾਨ, ਖ਼ਾਲਕ ਖ਼ਲਕ ਬੇਪਰਵਾਹੀਆ । ਕਰ ਕਿਰਪਾ ਦੇ ਇਕ ਨਿਸ਼ਾਨ, ਜਨ ਭਗਤਾਂ ਦਿਆਂ ਵਖਾਈਆ । ਪੁਰਖ ਅਬਿਨਾਸ਼ੀ ਵਡ ਮਿਹਰਬਾਨ, ਸਾਚੀ ਵਸਤ ਰਿਹਾ ਸਮਝਾਈਆ । ਜਾ ਕੇ ਗਾ ਇਕ ਗਿਆਨ, ਸੋਹੰ ਢੋਲਾ ਰਿਹਾ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮਤ ਇਕ ਸਮਝਾਈਆ । ਸਾਚੀ ਲੈ ਕੇ ਹਰਿ ਦਰ ਮਤ, ਮਤ ਮਤਵਾਲੀ ਫੇਰਾ ਪਾਈਆ । ਦੂਰ ਦੁਰਾਡੀ ਆਈ ਨੱਸ, ਗੁਰਮੁਖ ਕਿਹੜਾ ਫੇਰਾ ਪਾਈਆ । ਬਿਰਹੋਂ ਵੈਰਾਗਣ ਹੋਈ ਬੇਵਸ, ਆਪਣੀ ਸੁਧ ਭੁਆਈਆ । ਪੈਰੀਂ ਛਾਲੇ ਪੈ ਗਏ ਨੱਠ ਨੱਠ, ਕਲਜੁਗ ਅਗਨੀ ਰੇਤ ਬਾਲੂ ਨਜ਼ਰੀ ਆਈਆ । ਲੁਕ ਲੁਕ ਬਚਾਈ ਆਪਣੀ ਪਤ, ਚਾਰੋਂ ਕੁੰਟ ਠੱਗ ਚੋਰ ਯਾਰ ਬੈਠੇ ਨੈਣ ਉਠਾਈਆ । ਦਰੋਹੀ ਖ਼ੁਦਾਏ ਬਿਨ ਭਗਤਾਂ ਮੈਨੂੰ ਕੋਈ ਨਾ ਸਕੇ ਰੱਖ, ਸਾਧ ਸੰਤ ਜੀਵ ਜੰਤ ਧੀਰਜ ਧੀਰ ਨਾ ਕੋਈ ਧਰਾਈਆ । ਜਿਧਰ ਜਾਵਾਂ ਕਲਜੁਗ ਜੀਵ ਮੇਰੇ ਵਲ ਤੱਕਣ ਕਰ ਕਰ ਅੱਖ, ਨੈਣ ਨੈਣਾਂ ਨਾਲ ਮਿਲਾਈਆ । ਮੈਂ ਡਰਦੀ ਡਰਦੀ ਪਿਛੇ ਆਈ ਹਟ, ਮੁਖ ਆਪਣੇ ਘੁੰਗਟ ਪਾਈਆ । ਸੋਹੰ ਢੋਲਾ ਅੰਦਰੇ ਅੰਦਰ ਰਟ, ਗੁਰਮੁਖਾਂ ਰਾਹ ਤਕਾਈਆ । ਮੇਰਾ ਮਿਟੇ ਵਿਛੋੜਾ ਫੱਟ, ਦਰਦੀ ਦਰਦ ਦਰਦ ਵੰਡਾਈਆ । ਦੀਨ ਦਿਆਲ ਮਾਰਗ ਦਿਤਾ ਦੱਸ, ਸਿੰਘ ਨਰੈਣ ਨਰਾਇਣ ਇਕੋ ਆਸ ਲਗਾਈਆ । ਜਿਸ ਦਾ ਨਾਨਕ ਖ਼ੁਸ਼ੀ ਹੋਏ ਗਾ ਗਾ ਜਸ, ਸੋ ਜਨ ਭਗਤਾਂ ਆਪੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਤਿਗੁਰ ਦਇਆ ਆਈ ਨਜ਼ਦੀਕ, ਨਜ਼ਰ ਨਜ਼ਰ ਉਠਾਈਆ । ਮੇਰੀ ਪੂਰੀ ਹੋਈ ਉਡੀਕ, ਪਿਛਲਾ ਪੰਧ ਰਹਿਣ ਨਾ ਪਾਈਆ । ਭਗਤ ਦੁਆਰੇ ਭਗਵੰਤ ਪ੍ਰੀਤ, ਦੂਜਾ ਨਜ਼ਰ ਕੋਇ ਨਾ ਆਈਆ । ਨਾ ਕੋਈ ਮੰਦਰ ਨਾ ਕੋਈ ਮਸੀਤ, ਪੰਡਤ ਮੁਲਾਂ ਸ਼ੇਖ਼ ਨਾ ਕੋਈ ਸਾਲਾਹੀਆ । ਆਤਮ ਪਰਮਾਤਮ ਇਕੋ ਗੀਤ, ਗੁਰ ਰਾਗੀ ਰਾਗ ਅਲਾਈਆ । ਮੇਰੀ ਕਾਇਆ ਹੋਈ ਸੀਤ, ਕਲਜੁਗ ਅਗਨੀ ਅੱਗ ਬੁਝਾਈਆ । ਮੇਰੀ ਲੱਗੇ ਇਕ ਪ੍ਰੀਤ, ਦੋਏ ਜੋੜ ਮੰਗੇ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਦੁਆਰਾ ਇਕ ਵਖਾਈਆ । ਭਗਤ ਦੁਆਰੇ

ਗਈ ਆ, ਬਣ ਪਾਂਧੀ ਪੰਧ ਮਕਾਇਆ । ਦਇਆ ਨਿਮਾਣੀ ਰਹੀ ਕੁਰਲਾ, ਕੂਕ ਕੂਕ ਸੁਣਾਇਆ । ਗਲ ਪਲੂ ਮੂੰਹ ਵਿਚ ਪਾ, ਮਸਤਕ ਟਿੱਕਾ ਧੂੜੀ ਖ਼ਾਕ ਰਮਾਇਆ । ਦਰ ਚਰਨ ਡਿਗਾ ਆ, ਆਪਣਾ ਆਪ ਭੁਲਾਇਆ । ਮੈਨੂੰ ਸੱਚੇ ਸਤਿਗੁਰੂ ਪਾਇਆ ਰਾਹ, ਜਨ ਭਗਤਾਂ ਮੇਲ ਮਿਲਾਇਆ । ਗੁਰਮੁਖ ਪਕੜੋ ਮੇਰੀ ਬਾਂਹ, ਕਲਜੁਗ ਵੇਲਾ ਅੰਤਮ ਆਇਆ । ਕੋਈ ਕਰੇ ਨਾ ਅੱਗੋਂ ਨਾ, ਦੋਏ ਜੋੜ ਵਾਸਤਾ ਇਕ ਸੁਣਾਇਆ । ਨਰਾਇਣ ਸਿੰਘ ਕਹਿ ਦੇ ਹਾਂ ਵਿਚ ਹਾਂ, ਹਰਿ ਜੂ ਆਪਣਾ ਖੇਲ ਰਚਾਇਆ । ਜਿਸ ਦੀ ਨਾਨਕ ਗੋਬਿੰਦ ਪਕੜੀ ਬਾਂਹ, ਸੋ ਆਪਣੀ ਬਾਂਹ ਗੁਰਮੁਖਾਂ ਹੱਥ ਫੜਾਇਆ । ਜਿਸ ਦਾ ਦਰਸ਼ਨ ਕਰ ਕਰ ਚੜ੍ਹੇ ਚਾ, ਸੋ ਦਰਸ਼ਨ ਕਰ ਕਰ ਆਪਣਾ ਰੰਗ ਰੰਗਾਇਆ । ਪੁਰਖ ਅਬਿਨਾਸ਼ੀ ਬਣ ਵਿਚੋਲਾ ਕਰੇ ਖੇਲ ਬੇਪਰਵਾਹ, ਦੋ ਜਹਾਨਾਂ ਫੇਰਾ ਪਾਇਆ । ਆਪਣੀ ਦਇਆ ਗੁਰਮੁਖਾਂ ਨਾਲ ਦਏ ਪਰਨਾ, ਲਾੜੀ ਲਾੜਾ ਏਕਾ ਘਰ ਵਸਾਇਆ । ਆਤਮ ਸੇਜਾ ਦਏ ਸੁਹਾ, ਪਲੰਘ ਰੰਗੀਲਾ ਇਕ ਵਿਛਾਇਆ । ਧੁਨ ਅਨਾਦੀ ਨਾਦ ਦਏ ਵਜਾ, ਅਨਹਦ ਰਾਗੀ ਰਾਗ ਸੁਣਾਇਆ । ਨਿਰਮਲ ਦੀਆ ਦੀਪਕ ਜੋਤ ਲਏ ਜਗਾ, ਅੰਧ ਅੰਧੇਰ ਮਿਟਾਇਆ । ਅੰਮ੍ਰਿਤ ਝਿਰਨਾ ਦਏ ਝਿਰਾ, ਸਚ ਸਰੋਵਰ ਇਕ ਵਖਾਇਆ । ਜੋਤ ਅਕਾਲਣ ਬਣੇ ਸੱਚੀ ਮਾਂ, ਘਰ ਸਾਚਾ ਸਗਨ ਮਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਇਆ ਨਿਮਾਣੀ ਗੁਰਮੁਖ ਹਾਣੀ, ਗੁਰ ਸਤਿਗੁਰ ਮੇਲ ਮਿਲਾਇਆ । ਮਿਲਿਆ ਮੇਲ ਘਰ ਸੋਭਾਵੰਤ, ਗ੍ਰਿਹ ਮੰਦਰ ਵੱਜੇ ਵਧਾਈਆ । ਨਾਰੀ ਮਿਲਿਆ ਇਕੋ ਕੰਤ, ਦੂਜਾ ਸੰਗ ਨਾ ਕੋਈ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨ ਦਿਆਲ ਗੰਢ ਪੁਆਈਆ । ਦਇਆ ਕਹੇ ਮੇਰਾ ਭਗਤ ਸੁਆਮੀ, ਹਰਿ ਸੁਆਮੀ ਮੇਲ ਮਿਲਾਇਆ । ਅੰਮ੍ਰਿਤ ਦੇਵੇ ਠੰਡਾ ਪਾਣੀ, ਤ੍ਰਿਸਨਾ ਜਗਤ ਬੁਝਾਇਆ । ਬਿਰਹੋਂ ਮਾਰੇ ਤੀਰ ਕਾਨੀ, ਅਣਿਯਾਲਾ ਤੀਰ ਚਲਾਇਆ । ਨਾਤਾ ਤੁਟਾ ਚਾਰ ਖਾਣੀ, ਖਾਨਾ ਇਕੋ ਇਕ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਿਆਲ ਆਪਣਾ ਰੰਗ ਰੰਗਾਇਆ । ਦਇਆ ਕਹੇ ਮੈਂ ਹੋਈ ਸੁਹਾਗਣ, ਘਰ ਘਰ ਵੱਜੇ ਵਧਾਈਆ । ਚਾਰ ਜੁਗ ਦੀ ਜਗਤ ਵੈਰਾਗਣ, ਆਪਣਾ ਵਕਤ ਗਈ ਮੁਕਾਈਆ । ਗ੍ਰਿਹ ਮੰਦਰ ਮਿਲਿਆ ਸੱਚਾ ਸਾਜਣ, ਫੜ ਬਾਹੋਂ ਗਲੇ ਲਗਾਈਆ । ਹਰਿ ਜੂ ਰਚਿਆ ਆਪਣਾ ਕਾਜਨ, ਕਰਤਾ ਆਪੇ ਖੇਲ ਕਰਾਈਆ । ਸੋ ਮੇਰੇ ਪਿਛੇ ਦੇਵੇ ਦਾਜਨ, ਹਰਿ ਮੁਹੱਬਤ ਝੋਲੀ ਪਾਈਆ । ਗ਼ਰੀਬ ਨਿਮਾਣੀ ਹੋਈ ਵਡਭਾਗਨ, ਦਰ ਮਿਲਿਆ ਇਕੋ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਮਾਹੀ ਮਿਲਿਆ ਇਕੋ ਖ਼ਾਵੰਦ, ਮੀਆਂ ਬੀਵੀ ਖ਼ੁਸ਼ੀ ਜਣਾਇੰਦਾ । ਲੇਖਾ ਚੁਕਿਆ ਗਾਵਣ ਬੱਤੀ ਦੰਦ, ਦੰਦ ਦਦਾਸਾ ਨਾ ਕੋਈ ਰਖਾਇੰਦਾ । ਸਤਿ ਸਤਿਵਾਦੀ ਚੜ੍ਹਿਆ ਚੰਦ, ਦੂਜ ਤੀਜ ਨਜ਼ਰ ਨਾ ਕੋਈ ਉਠਾਇੰਦਾ । ਮੈਂ ਨਿਮਾਣੀ ਮਿਟਿਆ ਰੰਜ, ਸੁਖ ਸੁਖ ਨਾਲ ਪਰਨਾਇੰਦਾ । ਜੁਗ ਚੌਕੜੀ ਮਿਟਿਆ ਪੰਧ, ਘਰ ਸਾਚਾ ਇਕ ਵਖਾਇੰਦਾ । ਦਿਆਲ ਸਵਾਮੀ ਸਦਾ ਬਖ਼ਸ਼ੰਦ, ਬਖ਼ਸ਼ਿਸ਼ ਆਪਣੀ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਹੁਕਮ ਵਰਤਾਇੰਦਾ । ਦਇਆ ਕਹੇ ਮੇਰਾ ਠਾਡਾਂ ਸੀਨਾ, ਹਰਿ ਸਤਿਗੁਰ ਆਪ ਕਰਾਇਆ । ਬਿਨ ਜਲ ਤੜਫਦੀ ਰਹੀ ਜਗ ਮੀਨਾ, ਸਾਤਕ ਸਤਿ ਨਾ ਕੋਈ ਕਰਾਇਆ । ਮਿਲਿਆ ਵਰ ਹਰਿ ਸੰਗਤ ਮੱਘਰ ਮਹੀਨਾ, ਭਗਤ ਦੁਆਰ ਵੱਜੀ ਵਧਾਈਆ । ਸਾਹਿਬ ਦਿਆਲ ਵਡ ਪਰਬੀਨਾ, ਪਰਮ ਪੁਰਖ ਬੇਪਰਵਾਹੀਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਿਛਲਾ ਲੇਖਾ ਰਿਹਾ ਜਣਾਈਆ । ਪਿਛਲਾ ਲੇਖਾ ਵੀਹ ਸੌ ਦਸ, ਦਸ ਬਿਕਰਮੀ ਆਪ ਜਣਾਇੰਦਾ । ਹਰਿ ਜੂ ਹਰਿ ਖੇਲ ਕੀਤਾ ਹੱਸ ਹੱਸ, ਆਪਣਾ ਰਾਹ ਚਲਾਇੰਦਾ । ਹਰਿ ਸੰਗਤ ਹਰਿ ਮਾਰਗ ਦੱਸ, ਸਾਚੀ ਸੇਵਾ ਸੇਵ ਲਗਾਇੰਦਾ । ਦੂਰ ਦੁਰਾਡਾ ਆਏ ਨੱਸ, ਲੋਕਮਾਤ ਖੇਲ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਆਪ ਰੰਗਾਇੰਦਾ । ਵੀਹ ਸੌ ਦਸ ਖੇਲ ਅਪਾਰਾ, ਪੰਦਰਾਂ ਮੱਘਰ ਆਪ ਕਰਾਈਆ । ਦੂਰ ਦੁਰਾਡਾ ਹਰਿ ਨਿਰੰਕਾਰਾ, ਨੇਰਨ ਨੇਰਾ ਨਜ਼ਰੀ ਆਈਆ । ਗੁਰਸਿਖ ਵੇਖੇ ਇਕ ਦੁਲਾਰਾ, ਛੋਟਾ ਬਾਲਾ ਬਾਲ ਉਠਾਈਆ । ਮਨਜੀਤਾ ਜਿਤਿਆ ਸੰਸਾਰਾ, ਜੀਵਣ ਜੁਗਤ ਦਏ ਜਣਾਈਆ । ਪੰਦਰਾਂ ਮੱਘਰ ਆਪਣੀ ਸਹੇਲੀ ਸਖ਼ੀਆਂ ਮੰਗਲਚਾਰਾ, ਹਰਿ ਗੀਤ ਗੋਬਿੰਦ ਅਲਾਈਆ । ਸਿੰਘ ਪਾਲ ਦਿਤਾ ਨਜ਼ਾਰਾ, ਨਜ਼ਰ ਨਜ਼ਰ ਨਾਲ ਮਿਲਾਈਆ । ਰਵਦਾਸ ਬਣਾਇਆ ਆਪ ਲਿਖਾਰਾ, ਲੇਖਾ ਲੇਖੇ ਲਿਖਿਆ ਪਾਈਆ । ਰੈਣ ਸਬਾਈ ਕਰ ਵਿਹਾਰਾ, ਬਿਵਹਾਰਾ ਆਪ ਜਣਾਈਆ । ਨੌਂ ਸਾਲ ਸੁੱਤਾ ਰਿਹਾ ਗੂੜ੍ਹੀ ਨੀਂਦ ਵਿਚ ਖ਼ੁਮਾਰਾ, ਖ਼ੁਦ ਆਪਣਾ ਖੇਲ ਵਖਾਈਆ । ਜਿਸ ਵਸਤ ਨੂੰ ਲੱਭਦੇ ਗਏ ਗੁਰ ਅਵਤਾਰਾ, ਪੀਰ ਪੈਗ਼ੰਬਰ ਝੋਲੀ ਡਾਹੀਆ । ਸੋ ਦੇਵਣ ਆਇਆ ਵਡ ਸੰਸਾਰਾ, ਮਹਾਂਸਾਰਥੀ ਫੇਰਾ ਪਾਈਆ । ਇਕੋ ਦਿਤਾ ਹਰਿ ਭੰਡਾਰਾ, ਆਦਿ ਜੁਗਾਦਿ ਰਿਹਾ ਵਰਤਾਈਆ । ਸੋਲਾਂ ਮੱਘਰ ਕਰੇ ਸਚ ਵਿਹਾਰਾ, ਸਿੰਘ ਮਨਜੀਤਾ ਰਾਹ ਤਕਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੀਨ ਦਿਆਲ ਦੇਵੇ ਦਾਨ, ਦਇਆ ਦਰਸ ਦਇਆ ਦਾਸੀ ਦਇਆ ਭਾਸੀ ਦਇਆ ਨਿਸ਼ਾਨੀ, ਬਿਨ ਫਾਸਿਉਂ ਫਾਸ ਕਟਾਈਆ ।

੧੮੪
੧੩

ਸ੍ਰੀ ਭਗਵਾਨ ਕਰੋ ਕਾਬੂ, ਕਬਜ਼ਾ ਹਰਿ ਜੀ ਰਿਹਾ ਜਣਾਈਆ । ਚਾਰ ਜੁਗ ਗੁਰ ਅਵਤਾਰਾਂ ਟਿਕਟਾਂ ਦੇਂਦਾ ਰਿਹਾ ਬਣ ਕੇ ਬਾਬੂ, ਬਾਬਲ ਆਪਣਾ ਭੇਵ ਨਾ ਕਿਸੇ ਜਣਾਈਆ । ਕੋਟਨ ਕੋਟ ਜਿਸ ਰੁਲਾਏ ਸੰਤ ਸਾਧੂ, ਜੰਗਲ ਜੂਹ ਉਜਾੜ ਪਹਾੜ ਭੁਆਈਆ । ਸਾਡੇ ਪਿਛੇ ਗੋਬਿੰਦ ਵਾਇਦਾ ਕਰ ਕੇ ਗਿਆ ਨਾਲ ਦਾਦੂ, ਸੋ ਦਰਦੀ ਨਜ਼ਰ ਕਿਤੇ ਨਾ ਆਈਆ । ਕਲਜੁਗ ਅੰਤਮ ਸੱਚਖੰਡ ਵਿਚੋਂ ਬਣ ਕੇ ਆਇਆ ਵਾਧੂ, ਆਪਣਾ ਹਿੱਸਾ ਆਪ ਵਰਤਾਈਆ । ਜਿਸ ਨੇ ਖਪਾਏ ਕ੍ਰਿਸ਼ਨ ਕੁਲ ਯਾਦਵ ਯਾਦੂ, ਨਜ਼ਰ ਕੋਇ ਨਾ ਆਈਆ । ਜਿਸ ਨੂੰ ਕਹਿੰਦੇ ਮੋਹਣ ਮਾਧਵ ਮਾਧੂ, ਸੋ ਮਧੁਰ ਧੁਨ ਸੁਣਾਈਆ । ਉਸ ਦੇ ਪਕੜੇ ਸਾਰੇ ਬਾਜ਼ੂ, ਬਲ ਆਪਣਾ ਆਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਰਿਹਾ ਜਣਾਈਆ । ਕਰ ਕਾਬੂ ਲਓ ਦੱਬ, ਹਰਿ ਜੂ ਹਰਿਜਨ ਆਪ ਸੁਣਾਇੰਦਾ । ਪਿਛਲਾ ਅਗਲਾ ਲੇਖਾ ਮੰਗੋ ਸਭ, ਬਿਨ ਲੇਖਾ ਦਿਤਿਆਂ ਨੱਠ ਕਿਤੇ ਨਾ ਜਾਇੰਦਾ । ਸਾਰੇ ਕਹੋ ਅਸੀਂ ਕਰਨ ਨਹੀਂ ਜਾਣਾ ਕਿਤੇ ਹੱਜ, ਮੱਕਾ ਕਾਅਬਾ ਨਜ਼ਰ ਕੋਈ ਨਾ ਆਇੰਦਾ । ਤੇਰੀ ਪ੍ਰੇਮ ਸਤਾਰ ਸਾਡੇ ਅੰਦਰ ਜਾਏ ਵੱਜ, ਰਾਗ ਨਾਦ ਕੰਮ ਕਿਸੇ ਨਾ ਆਇੰਦਾ । ਸਾਡੀ ਪਾਰ ਕਰਦੇ ਹੱਦ, ਜਿਸ ਦੁਆਰੇ ਲੋਕਮਾਤ ਕੋਈ ਨਾ ਜਾਇੰਦਾ । ਸਾਡਾ ਪਰਦਾ ਲੈਣਾ ਕੱਜ, ਢਾਕਨ ਕੋ ਪਤ ਤੂੰ ਅਖਵਾਇੰਦਾ । ਲੌਣ ਨਹੀਂ ਦੇਣਾ ਅੱਜ ਪਜ, ਵਲ ਛਲ ਧਾਰੀ ਤੇਰਾ ਛਲ ਗੁਰਸਿਖਾਂ ਮੂਲ ਨਹੀਂ ਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਸਮਝਾਇੰਦਾ । ਆਇਆ ਕਬਜ਼ੇ ਕਰੋ ਕਬਜ਼ਾ, ਮੁਰਸ਼ਦ

ਕਾਮਲ ਰਿਹਾ ਜਣਾਈਆ । ਚੌਦਾਂ ਲੋਕ ਚੌਦਾਂ ਤਬਕ ਬਾਗ ਬਗੀਚਾ ਰਹੇ ਨਾ ਸਬਜ਼ਾ, ਹਰੀ ਓਮ ਹਰੀ ਰੰਗ ਹਰਾ ਰੰਗ ਰਿਹਾ ਉਡਾਈਆ । ਭਗਤ ਭਗਵਾਨ ਇਕੋ ਬਖ਼ਸ਼ਾ, ਬਖ਼ਸ਼ੀਸ਼ ਆਪਣੀ ਰਿਹਾ ਸਮਝਾਈਆ । ਰੂਪ ਰੰਗ ਨਾ ਕੋਈ ਸ਼ਖ਼ਸਾ, ਸ਼ਖ਼ਸੀਅਤ ਇਕੋ ਇਕ ਵਡਿਆਈਆ । ਜਗਤ ਵਣਜਾਰੇ ਕਿਸੇ ਨਾ ਪਰਖਾ, ਪਾਰਖੂ ਨਜ਼ਰ ਕੋਇ ਨਾ ਆਈਆ । ਅੱਗੇ ਜਾ ਕੇ ਫੇਰ ਕੋਈ ਨਾ ਪਰਤਾ, ਪ੍ਰਤੀਨਿਧ ਨਾ ਕੋਈ ਅਖਵਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਆਪਣਾ ਲੇਖਾ ਲਿਖ ਕੇ ਗਏ ਵਰਕਾ, ਵਰਕਾ ਵਰਕਾ ਧੁਰ ਸੰਦੇਸ਼ਾ ਮਾਤ ਸੁਣਾਈਆ । ਪੁਰਖ ਅਬਿਨਾਸ਼ੀ ਕਲਜੁਗ ਅੰਤਮ ਆਪਣਾ ਆਪ ਕਰਾਏ ਖੜਕਾ, ਖੰਡਾ ਖੜਗ ਨਾਮ ਉਠਾਈਆ । ਗੁਰਮੁਖ ਉਠੇ ਸੱਚਾ ਤਗੜਾ, ਫੜ ਬਾਹੋਂ ਲਏ ਬਿਠਾਈਆ । ਪਾਰਬ੍ਰਹਮ ਜੇ ਅੱਗੋਂ ਅਕੜਾ, ਹਰਿ ਸੰਗਤ ਨਾਲ ਮਿਲਾਈਆ । ਸਾਰਿਆਂ ਮਿਲ ਕੇ ਪ੍ਰੇਮ ਨਾਲ ਜਕੜਾ, ਹੱਥਕੜੀ ਇਕੋ ਹੱਥ ਵਿਖਾਈਆ । ਚਾਰ ਜੁਗ ਤੂੰ ਬੈਠਾ ਰਿਹੋਂ ਵੱਖਰਾ, ਹੱਥ ਕਿਸੇ ਨਾ ਆਈਆ । ਹੁਣ ਤੇਰਾ ਚਲਣ ਨਹੀਂ ਦੇਣਾ ਕੋਈ ਨਖ਼ਰਾ, ਹਰਿਜਨ ਸਾਚੇ ਰਿਹਾ ਜਣਾਈਆ । ਨਾ ਕੋਈ ਅਸ਼ਾਰੀਆ ਨਾ ਕੋਈ ਕਸਰਾ, ਜ਼ੀਰੋ ਸਿਫ਼ਰ ਨਾ ਕੋਈ ਜਣਾਈਆ । ਜੁਗ ਚੌਕੜੀ ਬਣਿਆ ਰਹਿਉਂ ਮਸਖ਼ਰਾ, ਲੱਖ ਚੁਰਾਸੀ ਠੱਗ ਠੱਗ, ਆਪਣਾ ਖੇਲ ਜਣਾਈਆ । ਕਿਸੇ ਤੋਂ ਭੇਟ ਚੜ੍ਹਾਇਆ ਬੱਕਰਾ, ਕਿਸੇ ਤੋਂ ਗਊ ਦੀ ਖੱਲ੍ਹ ਲੂਹਾਈਆ । ਕਿਸੇ ਤੋਂ ਜ਼ਬਹ ਕਰਾਇਆ ਛਤਰਾ, ਛੁਰੀ ਕਰਦ ਹੱਥ ਫੜਾਈਆ । ਅੰਤਮ ਸਾਰਿਆਂ ਕੋਲੋਂ ਮੁਕਰਾ, ਪੱਲੂ ਹੱਥ ਨਾ ਕਿਸੇ ਜਣਾਈਆ । ਆਦਿ ਜੁਗਾਦਿ ਬਣਿਆ ਰਹਿਉਂ ਨਾਸ਼ੁਕਰਾ, ਸ਼ੁਕਰ ਕਰ ਨਾ ਖ਼ੁਸ਼ੀ ਮਨਾਈਆ । ਕਲਜੁਗ ਅੰਤਮ ਪਿਤਾ ਘੇਰੇ ਅਇਉਂ ਪੁਤਰਾਂ, ਪਿਤਾ ਪੂਤ ਪਈ ਲੜਾਈਆ । ਗੋਬਿੰਦ ਕਹਿ ਕੇ ਗਿਆ ਹਾਲ ਸੁਣਾਏ ਮਿੱਤਰਾਂ, ਮੁਰੀਦ ਮੁਰਸ਼ਦ ਵੇਖ ਵਖਾਈਆ । ਹੁਣ ਨਹੀਂ ਲੜਾਨਾ ਬਾਜ਼ਾਂ ਤਿਤਰਾਂ, ਨਾਮ ਖੰਡਾ ਹੱਥ ਉਠਾਈਆ । ਜਿਸ ਦਾ ਖਾਣੀ ਬਾਣੀ ਵੇਦ ਪੁਰਾਨ ਕਰਦੇ ਰਹੇ ਜ਼ਿਕਰਾ, ਸੋ ਜ਼ਾਹਿਰ ਜ਼ਹੂਰ ਨਜ਼ਰੀ ਆਈਆ । ਪੀਰ ਪੈਗ਼ੰਬਰਾਂ ਜਿਸ ਦਾ ਗਾਇਆ ਫਿਕਰਾ, ਸੋ ਫਾਕੇ ਕੱਟ ਕੱਟ ਘਰ ਗੁਰਮੁਖਾਂ ਡੇਰਾ ਲਾਈਆ । ਜਿਸ ਨੂੰ ਕਹਿੰਦੇ ਬੇਨਜ਼ੀਰ ਨਿੱਕਾ ਨਿੱਕਾ ਨਿਕੜਾ, ਸਾਢੇ ਤਿੰਨ ਹੱਥ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲ ਖੇਲ ਵਿਚ ਵਖਾਈਆ । ਸਚ ਮੁਰਾਰੀ ਗੋਬਿੰਦ ਰਾਮ, ਰਮਈਆ ਆਪਣਾ ਖੇਲ ਕਰਾਈਆ । ਸਾਚਾ ਸਈਆਂ ਦੋ ਜਹਾਨ ਸ਼ਾਹ ਪਾਤਸ਼ਾਹ ਫੇਰਾ ਪਾਈਆ । ਪੂਰਨ ਰਚਿਆ ਪੂਰਨ ਕਾਮ, ਸਤਿਗੁਰ ਪੂਰਾ ਆਪ ਕਰਾਈਆ । ਹਰਿ ਭਗਤ ਖੇੜਾ ਵੇਖ ਗਰਾਮ, ਵਡ ਗਰਾਮੀ ਦਇਆ ਕਮਾਈਆ । ਮਧੁਰ ਪਿਆਲਾ ਸੋਹੰ ਜਾਮ ਰਸ, ਅੰਮਿਉਂ ਰਸ ਆਪ ਚੁਆਈਆ । ਜੋਤ ਨਿਰਾਲੀ ਨਿਰਗੁਣ ਭਾਨ, ਚਰਨੋਦਕ ਮੁਖ ਚੁਆਈਆ । ਆਤਮ ਹਰਿ ਬੋਧ ਪੰਡਤ ਗਿਆਨ, ਨਮੋ ਸਤਿ ਦ੍ਰਿੜਾਈਆ । ਵਸਤ ਅਮੋਲਕ ਅਗੰਮੀ ਦਾਨ, ਅਲਖ ਅਗੋਚਰ ਝੋਲੀ ਪਾਈਆ । ਸਚ ਸੰਦੇਸਾ ਸ਼ਬਦ ਜ਼ਬਾਨ, ਸ੍ਰੀ ਭਗਵਾਨ ਆਪ ਸੁਣਾਈਆ । ਆਤਮ ਪਰਮਾਤਮ ਪਰਮ ਪੁਰਖ ਪਰਖੋਤਮ ਦੇਵੇ ਮਾਣ, ਅਭਿਮਾਣ ਕੋਇ ਰਹਿਣ ਨਾ ਪਾਈਆ । ਚਤੁਰ ਸੁਘੜ ਸੁਜਾਨ ਸੱਜਣ ਗੁਰਮੁਖ ਵੇਖੇ ਬਾਲ ਅੰਞਾਣ, ਬਾਲੀ ਬੁੱਧ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਗੋਬਿੰਦ ਫੇਰਾ ਪਾਈਆ । ਹਰਿ ਗੋਬਿੰਦ ਮੀਤਾ ਰਮਈਆ ਨਾਉਂ, ਨਰ ਨਿਰੰਕਾਰ ਵੱਡੀ ਵਡਿਆਈਆ । ਪਕੜਨਹਾਰਾ ਨਿਰਗੁਣ ਸਰਗੁਣ ਬਾਹੋਂ, ਸਰਗੁਣ ਨਿਰਗੁਣ ਨਿਰਗੁਣ ਸਰਗੁਣ ਆਪਣੀ ਖੇਲ ਜਣਾਈਆ । ਸਦਾ ਮਿਲਣ ਦਾ ਰੱਖੇ ਚਾਓ, ਚਾਓ ਘਨੇਰਾ ਇਕ ਦ੍ਰਿੜਾਈਆ । ਰਹਿਬਰ

ਬਣ ਕਰੇ ਨਿਆਉਂ, ਸਰਗੁਣ ਨਿਰਗੁਣ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਰਾਮ ਮਿਲੇ ਵਡਿਆਈਆ । ਰਾਮ ਰਮਈਆ ਇਕ ਇਕੱਲਾ ਏਕ ਅਕਲ ਕਲਾ ਅਖਵਾਇੰਦਾ । ਜੁਗਾ ਜੁਗੰਤਰ ਲੱਖ ਚੁਰਾਸੀ ਰਿਹਾ ਵੇਖ, ਘਟ ਘਟ ਆਪਣੀ ਕਾਰ ਕਰਾਇੰਦਾ । ਅਜੂਨੀ ਰਹਿਤ ਅਨਭਵ ਰੁਸ਼ਨਾ ਧਰ ਧਰ ਭੇਖ, ਅਬਚਲ ਆਪਣਾ ਡੇਰਾ ਲਾਇੰਦਾ । ਸਤਿ ਸਤਿਵਾਦੀ ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਧੁਰ ਦੀ ਵਾਦੀ ਗੁਰਮੁਖਾਂ ਕਰੇ ਹੇਤ, ਧੁਰ ਫ਼ਰਮਾਣਾ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਾਮ ਰਮਈਆ ਆਪ ਚਲਾਏ ਸਾਚੀ ਨਈਆ, ਗੋਬਿੰਦ ਬੇੜਾ ਹੱਥ ਵਖਾਇੰਦਾ । ਗੋਬਿੰਦ ਬੇੜਾ ਬੰਨ੍ਹੇ ਰਾਮ, ਰਮਕ ਰਮਕ ਆਪਣੀ ਧਾਰ ਜਣਾਇੰਦਾ । ਲੇਖਾ ਜਾਣੇ ਕਾਹਨ ਘਨਈਆ ਕ੍ਰਿਸ਼ਨਾ ਸ਼ਾਮ, ਬੰਸਰੀ ਇਕੋ ਨਾਮ ਸੁਣਾਇੰਦਾ । ਸੀਤਾ ਸੁਰਤੀ ਪ੍ਰਾਣਾਯਾਮ, ਪਰਮ ਪਰਮਾਤਮ ਵੇਖ ਵਖਾਇੰਦਾ । ਰਾਧਾ ਤੁਰਤ ਦੇਵੇ ਦਾਨ, ਵਸਤ ਅਮੋਲਕ ਝੋਲੀ ਪਾਇੰਦਾ । ਅੰਦਰ ਬਾਹਰ ਖੇਲ ਮਹਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਰੰਗ ਗੋਬਿੰਦ ਰਾਮ, ਰਾਮ ਗੋਬਿੰਦ ਗੋਬਿੰਦ ਰਾਮ ਰਾਮ ਗੋਬਿੰਦ ਸਮਾਈਆ । ਲੇਖਾ ਜਾਣੇ ਅੰਮ੍ਰਿਤ ਧਾਰ ਸਾਗਰ ਸਿੰਧ, ਗਹਿਰ ਗੰਭੀਰ ਗੁਣੀ ਗਹੀਰ ਵੱਡੀ ਵਡਿਆਈਆ । ਭੇਵ ਚੁਕਾਏ ਸੁਰਪਤ ਇੰਦ, ਕਰੋੜ ਤਤੀਸਾ ਲੇਖ ਚੁਕਾਈਆ । ਭਗਤ ਭਗਵਾਨ ਬਣਾਏ ਬਣਾਏ ਹਰਿਜਨ ਬਿੰਦ, ਸਤਿ ਅਸਤਿ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਰਮਈਆ ਰਾਮ ਰਾਮ ਗੋਬਿੰਦ ਵਿਚ ਸਮਾਈਆ । ਰਾਮ ਗੋਬਿੰਦ ਇਕੋ ਰੰਗ, ਦੂਜਾ ਰੰਗ ਨਾ ਕੋਈ ਵਟਾਇੰਦਾ । ਗੋਬਿੰਦ ਰਾਮ ਇਕੋ ਸੰਗ, ਸਗਲਾ ਸੰਗ ਨਿਭਾਇੰਦਾ । ਰਾਮ ਗੋਬਿੰਦ ਇਕ ਅਨੰਦ, ਜਨ ਭਗਤਾਂ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਸੇਵ ਆਪ ਜਣਾਇੰਦਾ । ਸਾਚਾ ਭੇਵ ਹਰਿ ਜੂ ਖੋਲ੍ਹੇ ਅੰਤਰ ਆਤਮ ਆਪੇ ਬੋਲੇ, ਲਹਿਣਾ ਜਾਣੇ ਹੌਲੇ ਹੌਲੇ, ਪਰਦਾ ਉਹਲਾ ਆਪ ਉਠਾਈਆ । ਸੁਰਤੀ ਸ਼ਬਦੀ ਆਪੇ ਮੌਲੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਾਮ ਗੋਬਿੰਦ ਗੋਬਿੰਦ ਰਾਮ ਅੰਮ੍ਰਿਤ ਪਿਆਏ ਸਾਚਾ ਜਾਮ, ਰਸ ਇਕੋ ਇਕ ਵਖਾਈਆ । ਇਕੋ ਰਸ ਇਕੋ ਰਸਾਇਣ, ਰਸ ਆਪਣਾ ਆਪ ਜਣਾਇੰਦਾ । ਇਕੋ ਰਾਮ ਇਕੋ ਕਾਹਨ, ਇਕੋ ਘਰ ਘਰ ਹੁਕਮ ਵਰਤਾਇੰਦਾ । ਇਕੋ ਕ੍ਰਿਸ਼ਨ ਇਕੋ ਨੈਣ, ਕਵਲ ਨੈਣ ਇਕ ਅਖਵਾਇੰਦਾ । ਇਕੋ ਗੋਬਿੰਦ ਇਕੋ ਸੈਣ, ਸਾਜਣ ਇਕੋ ਇਕ ਜਣਾਇੰਦਾ । ਇਕੋ ਅੰਤਮ ਆਏ ਲੈਣ, ਭਗਤ ਭਗਵੰਤ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਾਮ ਗੋਬਿੰਦ ਕਰਾਏ ਪਹਿਚਾਨ, ਬੇਪਹਿਚਾਨ ਆਪਣੀ ਨਾਲ ਮਿਲਾਇੰਦਾ ।



### ❇ ੧੫ ਮੱਘਰ ੨੦੧੯ ਬਿਕਰਮੀ ਦਲੀਪ ਸਿੰਘ ਦੇ ਘਰ ਪਿੰਡ ਬਾਬੂਪੁਰ ਜ਼ਿਲਾ ਗੁਰਦਾਸ ਪੁਰ ❇

ਪਿਛੋਂ ਹਰਿ ਜੀ ਆਇਆ ਅੱਗੇ, ਅਗਲੀ ਖੇਲ ਕਰਾਈਆ । ਗ਼ਰੀਬ ਨਿਮਾਣੇ ਲੱਗੇ ਚੰਗੇ, ਗੁਰਮੁਖ ਰੂਪ ਵਖਾਈਆ । ਨਾਮ ਰੰਗਣ ਇਕੋ ਰੰਗੇ, ਬਣ ਲਲਾਰੀ ਰੰਗ ਰੰਗਾਈਆ । ਫੜ ਫੜ ਬਾਹੋਂ ਚੁੱਕੇ ਕੰਧੇ, ਹਰਿ ਕਾਹਨੀ ਬੇਪਰਵਾਹੀਆ । ਦੋ ਜਹਾਨਾਂ ਛੱਡੇ ਧੰਦੇ, ਗੁਰਮੁਖਾਂ

ਸੇਵ ਕਮਾਈਆ । ਲੱਖ ਚੁਰਾਸੀ ਜੀਵ ਅੰਧੇ, ਅੰਧ ਅੰਧੇਰ ਵਖਾਈਆ । ਭਗਤ ਜਨਾਂ ਹਰਿ ਹਰਿ ਬਖ਼ਸ਼ੰਦੇ, ਬਖ਼ਸ਼ਿਸ਼ ਆਪਣੀ ਰਿਹਾ ਵਰਤਾਈਆ । ਵੇਖੇ ਵੇਲਾ ਆਇਆ ਕੰਢੇ, ਕੰਢੀ ਵਾਲਾ ਆਇਆ ਸੱਚਾ ਮਾਹੀਆ । ਢੋਲੇ ਗਾਓ ਸਾਚੇ ਛੰਦੇ, ਸ਼ਹਿਨਸ਼ਾਹ ਆਪਣਾ ਹੁਕਮ ਜਣਾਈਆ । ਬਿਨ ਬੰਦਗੀਉਂ ਬਣੇ ਸਾਚੇ ਬੰਦੇ, ਬੰਦੀਖ਼ਾਨਾ ਦਏ ਤੁੜਾਈਆ । ਜਨਮ ਜਨਮ ਜਨਮ ਦੀ ਟੁੱਟੀ ਗੰਢੇ, ਗੰਢ ਚੌਥੇ ਜੁਗ ਪੁਆਈਆ । ਲੱਗੀ ਪ੍ਰੀਤੀ ਅੰਤਮ ਹੰਢੇ, ਮਿਲੇ ਮਾਣ ਵਡਿਆਈਆ । ਜਿਸ ਨੂੰ ਗੋਬਿੰਦ ਕਹਿ ਕੇ ਗਿਆ ਤਿਖੀ ਧਾਰ ਖੰਡੇ, ਸੋ ਗੁਰਮੁਖਾਂ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਿਛਾ ਦੂਰ ਅੱਗਾ ਨੇੜੇ ਰਿਹਾ ਵਖਾਈਆ । ਪਿਛੋਂ ਨੇੜੇ ਗਿਆ ਆ, ਆ ਆ ਆਪਣਾ ਖੇਲ ਕਰਾਇੰਦਾ । ਪਰਵਰਦਿਗਾਰ ਬੇਪਰਵਾਹ ਪਰਵਾਹ ਆਪਣੀ ਆਪ ਰਖਾਇੰਦਾ । ਜਨ ਭਗਤਾਂ ਬਣ ਮਲਾਹ, ਖੇਵਟ ਖੇਟਾ ਬੇੜਾ ਇਕ ਉਠਾਇੰਦਾ । ਨਾਮ ਨਈਆ ਚਪੂ ਲਾ, ਸਾਚਾ ਸਈਆ ਸੇਵ ਕਮਾਇੰਦਾ । ਫੜ ਫੜ ਬਹੀਆ ਗਲੇ ਲਗਾ, ਦਰ ਘਰ ਸਾਚਾ ਇਕ ਵਖਾਇੰਦਾ । ਜੋਤੀ ਜਲਵਾ ਕਰ ਰੁਸ਼ਨਾ, ਸ਼ਬਦੀ ਸ਼ਬਦ ਨਾਦ ਸੁਣਾਇੰਦਾ । ਗ਼ਰੀਬ ਨਿਮਾਣੇ ਸੁਘੜ ਸਿਆਣੇ ਲਏ ਜਗਾ, ਸੁਖ ਆਤਮ ਇਕ ਵਖਾਇੰਦਾ । ਰਾਜੇ ਰਾਣੇ ਦੇਵੇ ਢਾਹ, ਚਾਰੋਂ ਕੁੰਟ ਫੇਰਾ ਪਾਇੰਦਾ । ਫਿਰਨਹਾਰ ਜਲ ਅਸਗਾਹ, ਥਲ ਆਪਣੇ ਚਰਨ ਦਬਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੂਰ ਦੁਰਾਡਾ ਨੇੜੇ ਹੋ ਕੇ ਮਿਲਿਆ ਆ, ਮਿਲ ਮਿਲ ਆਪਣਾ ਰਾਹ ਵਖਾਇੰਦਾ । ਸੇਜ ਸੁਹੰਜਣੀ ਸੋਹੇ ਫੂਲ, ਹਰਿ ਛਹਿਬਰ ਇਕ ਲਗਾਈਆ । ਚਰਨ ਛੁਹਾਏ ਕੰਤ ਕੰਤੂਹਲ, ਬੇਅੰਤ ਬੇਪਰਵਾਹੀਆ । ਭਾਗ ਲਗਾਏ ਗੁਰਮੁਖ ਕੁਲ, ਕੁਲਵੰਤਾ ਦਇਆ ਕਮਾਈਆ । ਹਰਿਜਨ ਨਾ ਜਾਏ ਮਾਤ ਰੁਲ, ਕੀਮਤ ਹਰਿ ਜੂ ਆਪੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੇਜ ਸੁਹੰਜਣੀ ਜੋਤ ਨਿਰੰਜਣੀ ਨੂਰੋ ਨੂਰ ਕਰੇ ਰੁਸ਼ਨਾਈਆ । ਸੇਜ ਸੁਹੰਜਣੀ ਚਿਟੀ ਚਾਦਰ, ਹਰਿ ਫੂਲਣ ਰੰਗ ਵਟਾਈਆ । ਜਿਸ ਦੇ ਪਿਛੇ ਸੀਸ ਦਿਤਾ ਤੇਗ ਬਹਾਦਰ, ਸੋ ਤੇਰਾ ਨਾਮ ਲੈ ਕੇ ਆਈਆ । ਗ਼ਰੀਬ ਨਿਮਾਣਿਆਂ ਕੋੜ੍ਹਿਆਂ ਕਮਲਿਆਂ ਦੁਖੀਆਂ ਭੁਖੀਆਂ ਦੇਵੇ ਆਦਰ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਜ ਸੁਹਾਈਆ । ਸਾਚੀ ਸੇਜ ਉਪਰ ਧਵਲ, ਧਰਨੀ ਦਏ ਮਾਣ ਵਡਿਆਈਆ । ਉਪਰ ਵੇਖ ਗੁਰਮੁਖ ਫੁਲ ਕਵਲ, ਕਵਲ ਨੈਣ ਖ਼ੁਸ਼ੀ ਮਨਾਈਆ । ਜਿਸ ਨੂੰ ਕਹਿੰਦੇ ਨੂਰ ਇਲਾਹੀ ਅਵਲ, ਸੋ ਆਲਮੀਨ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੇਜੇ ਵੇਖੇ ਚਾਈਂ ਚਾਈਂਆ । ਸਾਚੀ ਸੇਜ ਰਹੀ ਹੱਸ, ਬਿਨ ਦੰਦਾਂ ਖ਼ੁਸ਼ੀ ਮਨਾਈਆ । ਮਿਹਰ ਨਜ਼ਰ ਮੇਘ ਗਿਆ ਵਸ, ਗੁਰਮੁਖ ਬਸਤੀ ਇਕ ਫਿਰਾਈਆ । ਪੁਰਖ ਅਬਿਨਾਸ਼ੀ ਆਇਆ ਨੱਸ, ਦੂਰ ਦੁਰਾਡਾ ਧੁਰਦਰਗਾਹੀਆ । ਦਰ ਆਇਆਂ ਸਭ ਦੀ ਪੂਰੀ ਕਰੇ ਆਸ, ਆਸਾ ਆਪਣੇ ਘਰੋਂ ਵਰਤਾਈਆ । ਗੁਰਮੁਖ ਅੰਤ ਨਾ ਹੋਏ ਬੇਆਸ, ਅੰਮ੍ਰਿਤ ਇਕੋ ਜਾਮ ਪਿਆਈਆ । ਚਾਰ ਜੁਗ ਗੁਰ ਅਵਤਾਰ ਬਣੌਂਦਾ ਰਿਹਾ ਆਪਣੀ ਸ਼ਾਖ਼, ਸੇਵਾ ਵੱਖੋ ਵੱਖ ਸਮਝਾਈਆ । ਜਿਸ ਨੇ ਰਚਨਾ ਰਚੀ ਆਦਿ, ਸੋ ਜੁਗਾਦਿ ਖੇਲ ਕਰਾਈਆ । ਜਨ ਭਗਤਾਂ ਦੇਵੇ ਦਾਦ, ਦਾਦੂ ਦੇਹਰਾ ਲਹਿਣਾ ਆਪ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਫੂਲਣ ਸੇਜ ਰੱਖੇ ਯਾਦ, ਜਿਸ ਪ੍ਰਭ ਮਿਲਣ ਦੀ ਆਸ ਰਖਾਈਆ । ਮੈਂ ਨਿਮਾਣਾ ਬਾਬਾ ਆਦਮ, ਦਰ ਤੇਰੇ ਗਿਆ ਆਈਆ । ਨਾਲ ਮਾਈ ਹੱਵਾ ਬਣੀ ਖ਼ਾਦਮ, ਖ਼ੁਦੀ ਮਾਣ ਗਵਾਈਆ । ਰਾਗ ਸੁਣਿਆ ਤੇਰਾ

੧੯੭ ੧੩

ਕੰਨ, ਕੰਨ ਅਵਾਜ਼ ਅਲਾਹੀਆ । ਦੂਰ ਦੁਰਾਡੇ ਆਏ ਚਲ, ਬਣ ਕੇ ਪਾਂਧੀ ਰਾਹੀਆ । ਮਿਹਰਵਾਨ ਮਿਹਰਵਾਨ ਨਿਗਹ ਕਰ ਸਾਡੇ ਵਲ, ਵਲ ਛਲ ਨਾ ਕੋਈ ਰਖਾਈਆ । ਅਸੀਂ ਫਿਰ ਫਿਰ ਥੱਕੇ ਜੰਗਲ ਜੂਹ ਉਜਾੜ ਪਹਾੜ ਥਲ, ਡੂੰਘੇ ਸਾਗਰ ਫੇਰਾ ਪਾਈਆ । ਕਿਸੇ ਦਵਾਰਿਉਂ ਸਵਾਲ ਨਾ ਹੋਇਆ ਹੱਲ, ਹਲਕਾ ਭਾਰ ਨਾ ਕੋਈ ਕਰਾਈਆ । ਚੌਦਾਂ ਤਬਕ ਨਾ ਮਿਟਿਆ ਸਲ, ਅਗਨੀ ਅੱਗ ਨਾ ਕੋਈ ਬੁਝਾਈਆ । ਆਬੇ ਹਯਾਤ ਨਾ ਮਿਲਿਆ ਜਲ, ਸੀਰ ਨੀਰ ਨਾ ਕੋਈ ਪਿਆਈਆ । ਨਵ ਨੌਂ ਲਹਿਣੀ ਖੱਲ੍ਹ, ਖ਼ਲਕ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਰ ਤੇਰੇ ਵਡ ਵਡਿਆਈਆ । ਫ਼ਰਸ਼ ਉਤੇ ਵਸੇਂ ਕਿ ਅਰਸ਼, ਅਰੂਜ ਤੇਰਾ ਨਜ਼ਰ ਨਾ ਆਇੰਦਾ । ਮਿਹਰਵਾਨ ਕਰ ਤਰਸ, ਮਹਿਬੂਬ ਤੇਰਾ ਰਾਹ ਆਦਿ ਤਕਾਇੰਦਾ । ਅੰਤਮ ਕਰ ਕੇ ਆਇਆ ਆਪਣਾ ਹਰਜ਼, ਦੋਏ ਜੋੜ ਵਾਸਤਾ ਪਾਇੰਦਾ । ਅੰਜੀਲ ਕੁਰਾਨਾਂ ਚਲਾਈ ਤਰਜ਼, ਤਾਰ ਸਤਾਰ ਨਾ ਕੋਈ ਹਲਾਇੰਦਾ । ਪੀਰ ਪੀਰਾਂ ਤੇਰੀ ਗਰਜ਼, ਗਰਜ਼ ਕੇ ਤੇਰੀ ਓਟ ਤਕਾਇੰਦਾ । ਘਰ ਘਰ ਫਿਰਨ ਦੀ ਛੱਡੀ ਮਰਜ਼, ਮੁਰਦਾ ਤੇਰੇ ਦਰ ਸੀਸ ਝੁਕਾਇੰਦਾ । ਦੋਏ ਜੋੜ ਕਰਾਂ ਅਰਜ਼, ਆਰਜ਼ੂ ਆਪਣੀ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਫੇਰਾ ਪਾਇੰਦਾ । ਅਰਸ਼ ਉਤੇ ਤੇਰਾ ਅਰੂਜ਼, ਬੇਐਬ ਤੇਰੀ ਰੁਸ਼ਨਾਈਆ । ਨੂਰ ਨੁਰਾਨਾ ਇਕ ਮਹਿਬੂਬ, ਵਜੂਦ ਨਜ਼ਰ ਕੋਇ ਨਾ ਆਈਆ । ਤੇਰਾ ਮਿਲਿਆ ਨਾ ਕੋਈ ਸਬੂਤ, ਸੂਰਤ ਸਚ ਨਾ ਕੋਈ ਵਿਖਾਈਆ । ਮੈਂ ਮੰਗਾਂ ਅਸਲ ਨਾਲ ਸੂਦ, ਤੇਰਾ ਲੇਖਾ ਦਏ ਮੁਕਾਈਆ । ਤੇਰਾ ਚੁਕਿਆ ਹਜ਼ਾਰਾ ਦਰੂਦ, ਇਲਮ ਆਲਮ ਨਾ ਕੋਈ ਪੜ੍ਹਾਈਆ । ਇਕ ਤੇਰੀ ਇਕੋ ਦਰਗਾਹ ਕੂਕ, ਤੇਰੀ ਬਾਂਗ ਸਦਾ ਅਲਾਈਆ । ਮੇਰੀ ਅੰਤਮ ਚੁਕੇ ਚੂਕ, ਚੌਕੰਨਾ ਹੋ ਰਿਹਾ ਧਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖ਼ਾਲੀ ਝੋਲੀ ਦੇ ਭਰਾਈਆ । ਆਦਮ ਕਹੇ ਮੈਂ ਆਇਆ ਆਦਮ, ਅਦਨਾ ਹੋ ਕੇ ਸੀਸ ਝੁਕਾਇੰਦਾ । ਦੇ ਜਲਵਾ ਇਕ ਬਾਤਨ, ਬਾਲਮ ਤੇਰੀ ਆਸ ਤਕਾਇੰਦਾ । ਕਲਜੁਗ ਵੇਖੋ ਅੰਧੇਰੀ ਰਾਤਨ, ਚੌਦਸ ਚੰਦ ਨਾ ਕੋਈ ਚੜ੍ਹਾਇੰਦਾ । ਨਾਲ ਆਈ ਮੇਰੀ ਸਾਥਨ, ਫੜ ਬਾਹੋਂ ਆਪ ਵਖਾਇੰਦਾ । ਦੋਏ ਹੋਏ ਨਾਥ ਅਨਾਥਨ, ਨਾਥੀ ਨਾਥ ਸੇਵ ਕਮਾਇੰਦਾ । ਘਰ ਘਰ ਮਿਲਿਆ ਸਾਚਾ ਸਾਥਨ, ਸੰਗੀ ਸੰਗ ਨਾ ਕੋਈ ਵਖਾਇੰਦਾ । ਜਿਉਂ ਭਾਵੇ ਤਿਉਂ ਲੈਣਾ ਰਾਖਣ, ਰਾਖੀ ਤੇਰੇ ਹੱਥ ਵਖਾਇੰਦਾ । ਦੇ ਸੁਨੇਹੁੜਾ ਸਾਚਾ ਪਾਤਨ, ਪਾਤੀ ਇਕੋ ਮੰਗ ਮੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਤੇਰੇ ਆਸ ਲਗਾਇੰਦਾ । ਆਸ ਦਰ ਪਰਵਰਦਿਗਾਰ, ਇਕੋ ਇਕ ਰਖਾਈਆ । ਵੇਖ ਨਿਮਾਣੀ ਬੁਢੀ ਨਾਰ, ਬੁਢੇਪਾ ਰਹੀ ਜਣਾਈਆ । ਜਣੇਪਾ ਕਰਿਆ ਸਰਬ ਸੰਸਾਰ, ਜੁਗ ਚੌਕੜੀ ਖੇਲ ਕਰਾਈਆ । ਪੁੱਤਰ ਧੀ ਗਏ ਵਸਾਰ, ਸਾਚਾ ਸੰਗ ਨਾ ਕੋਈ ਰਖਾਈਆ । ਨਬੀ ਰਸੂਲ ਦੇ ਕੇ ਗਏ ਲਾਰ, ਅਲਾਮਤ ਇਕੋ ਇਕ ਲਗਾਈਆ । ਕਲਮਾ ਪੜ੍ਹ ਪੜ੍ਹ ਕੱਟ ਕੇ ਗਏ ਵਗਾਰ, ਸਰਗੁਣ ਤਨ ਮਾਤ ਹੰਢਾਈਆ । ਉਚੀ ਕੂਕ ਕਰਦੇ ਗਏ ਪੁਕਾਰ, ਰਸਨਾ ਜਿਹਵਾ ਢੋਲਾ ਗਾਈਆ । ਅੰਤਮ ਆਵੇ ਸਾਂਝਾ ਯਾਰ, ਯਾਰੀ ਸਭ ਦੇ ਨਾਲ ਲਗਾਈਆ । ਤੱਕਦੇ ਰਹੇ ਰਾਹ ਦੋਵੇ ਕੰਤ ਭਤਾਰ, ਨਾਰੀ ਨਰ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਬੁਢੀ ਮਾਏ ਗਾਏ ਢੋਲਾ, ਇਕੋ ਇਕ ਜਣਾਈਆ । ਮੈਥੋਂ ਪਾਇਆ

੧੮੮
੧੩

ਨਾ ਜਾਏ ਰੌਲਾ, ਬਲਹੀਣ ਦਏ ਦੁਹਾਈਆ । ਕਿਉਂ ਕਰ ਕੇ ਬੈਠਾ ਉਹਲਾ, ਮੁਖ ਆਤਮ ਪਰਦਾ ਪਾਈਆ । ਤੁਧ ਬਿਨ ਨਾ ਕੋਈ ਵਿਚੋਲਾ, ਅੰਤਮ ਮੇਲਾ ਲਏ ਮਿਲਾਈਆ । ਮੈਂ ਸੁਣ ਕੇ ਆਈ ਦਰ ਦਰਵਾਜਾ ਖੇਲ੍ਹਾ, ਗ਼ਰੀਬ ਨਿਮਾਣਿਆਂ ਦਏ ਵਡਿਆਈਆ । ਮੇਰਾ ਬੁਢੇਪਾ ਮੈਨੂੰ ਦੇਵੇ ਝਕੋਲਾ, ਕਦਮ ਕਦਮ ਨਾਲ ਠੁਕਰਾਈਆ । ਮੇਰਾ ਵੇਖ ਪਹਿਲਾ ਜੋਬਨ ਜਿਸ ਵੇਲੇ ਪਾਈ ਵਿਚ ਡੋਲਾ, ਨਾਰ ਸੁਹਾਗਣ ਰੂਪ ਵਟਾਈਆ । ਪਰਵਰਦਿਗਾਰ ਕੀਤਾ ਕੌਲਾ, ਕੌਲ ਇਕੋ ਇਕ ਜਣਾਈਆ । ਅੰਤਮ ਆਵੇ ਆਪ ਮੌਲਾ, ਮੌਲਵੀ ਰੂਪ ਨਾ ਕੋਈ ਦਸਾਈਆ । ਰੰਗ ਨਾ ਜਾਣੇ ਕੋਈ ਗੋਰਾ ਸੌਲਾ, ਸਾਹਿਬ ਸੱਚਾ ਬੇਪਰਵਾਹੀਆ । ਹੌਲਾ ਕਰੇ ਭਾਰ ਧੌਲਾ, ਧਰਨੀ ਆਪਣੀ ਦਇਆ ਕਮਾਈਆ । ਬਲ ਰੱਖੇ ਆਪਣੇ ਡੌਲਾ, ਜਵਾਨ ਮਰਦ ਵਡ ਵਡਿਆਈਆ । ਦੋ ਜਹਾਨ ਵਖਾਏ ਆਪਣਾ ਪੌਲਾ, ਕੋਈ ਤਾਬ ਨਾ ਝੱਲੇ ਰਾਈਆ । ਸ਼ਹਿਨਸ਼ਾਹ ਸ਼ਾਹ ਮੇਰਾ ਦੂਲਾ, ਦੌਲਤ ਹੱਥ ਨਾ ਕਿਸੇ ਵਖਾਈਆ । ਤੇਰੇ ਅੱਗੇ ਪਰਦਾ ਫੋਲਾ, ਨੇਤਰ ਨੈਣ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਬੁੱਢੀ ਨੱਢੀ ਵੇਖ ਵਖਾਈਆ । ਮਾਈ ਹਵਾ ਹੋਈ ਬੁੱਢੀ, ਅੰਤ ਬੁੜ੍ਹੇਪਾ ਆਇਆ । ਕਲਜੁਗ ਅੰਤਮ ਪਾਏ ਲੁੱਡੀ, ਚਾਰੋਂ ਕੁੰਟ ਖੇਲ ਵਖਾਇਆ । ਆਦਮ ਰਹੀ ਕੋਈ ਨਾ ਸੁਧੀ, ਸੁਧ ਬੁੱਧ ਨਾ ਕੋਈ ਜਣਾਇਆ । ਇਕੋ ਰਮਜ਼ ਤੇਰੀ ਸੁਝੀ, ਰਹਿਮਾਨ ਫੇਰਾ ਪਾਇਆ । ਮੈਨੂੰ ਭੇਵ ਦੱਸ ਗੁਝੀ, ਕਿਸ ਬਿਧ ਆਪਣਾ ਰਾਹ ਚਲਾਇਆ । ਹੱਥ ਡੰਗੋਰੀ ਫੜ ਕੇ ਭੱਜੀ, ਬਲਹੀਣ ਦਇਆ ਕਮਾਇਆ । ਹੱਥ ਵਿਚ ਖ਼ਾਲੀ ਲੈ ਕੇ ਆਈ ਕੁਜੀ, ਜਿਸ ਵਿਚ ਦੋ ਜਹਾਨ ਬੰਦ ਕਰਾਇਆ । ਜਿਥੇ ਪੀਰ ਪੈਗ਼ੰਬਰਾਂ ਗੁਰ ਅਵਤਾਰਾਂ ਦੀ ਬੰਦ ਕੀਤੀ ਰੁਚੀ, ਹੌਕਾ ਕੋਈ ਲੈਣ ਨਾ ਪਾਇਆ । ਵਿਚ ਵਸਤ ਰੱਖੀ ਇਕੋ ਸੁਚੀ, ਵਸਤ ਆਪਣਾ ਨਾਮ ਵਡਿਆਇਆ । ਮੈਨੂੰ ਅੰਤਮ ਸਾਰੇ ਕਹਿੰਦੇ ਲੁੱਚੀ, ਮੇਰਾ ਮਾਣ ਨਾ ਕੋਈ ਰਖਾਇਆ । ਮੈਂ ਦਰ ਦਰ ਫਿਰਦੀ ਕੁੱਤੀ, ਵਾਂਗ ਕੂਕਰਾਂ ਫੇਰਾ ਪਾਇਆ । ਬੌਹੜੀ ਮੇਰੇ ਖ਼ੁਦਾ ਮੈਂ ਗਈ ਲੁੱਟੀ, ਸਿਰ ਹੱਥ ਨਾ ਕੋਈ ਟਿਕਾਇਆ । ਗਾਨਾ ਰਿਹਾ ਨਾ ਮੇਰੀ ਗੁੱਟੀ, ਮਹਿੰਦੀ ਰੰਗ ਨਾ ਕੋਈ ਜਣਾਇਆ । ਮੈਂ ਹੁਣ ਰਹਿਵਾਂ ਕਿਉਂ ਛੁਪੀ, ਮੁਗਧ ਮੂਰਖ ਕਿਉਂ ਕਿਉਂ ਜਾਇਆ । ਮੇਰੀ ਜਾਨ ਨਿਮਾਣੀ ਦੀ ਕਿਉਂ ਨਾ ਛੁੱਟੀ, ਤੇਰੇ ਦਰ ਉਤੇ ਵਾਸਤਾ ਪਾਇਆ । ਪੁਰਖ ਅਬਿਨਾਸ਼ੀ ਹੱਸ ਹੱਸ ਕਹੇ ਹੁਣ ਵੇਖ ਆਪਣੀ ਰੁੱਤੀ, ਹਰਿ ਜੂ ਕੀ ਕੀ ਖੇਲ ਰਚਾਇਆ । ਉਮਤ ਕੋਲੋਂ ਫਿਰ ਜਾ ਕੇ ਪੁੱਛੀਂ, ਆਪ ਆਪਣਾ ਪੰਧ ਮੁਕਾਇਆ । ਜਿਸ ਚੜ੍ਹਾਈ ਅੰਤਮ ਅਸਮਾਨਾ ਗੁੱਡੀ, ਸੋ ਖ਼ਾਕ ਰਿਹਾ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਰਿਹਾ ਰਚਾਇਆ । ਆਦਮ ਆਇਆ ਬਾਹਰ ਭਾਜਾ, ਬਾਬਲ ਰਿਹਾ ਜਣਾਈਆ । ਚੌਦਾਂ ਲੋਕ ਮਾਰਦਾ ਰਿਹੋਂ ਵਾਜਾ, ਆਪਣਾ ਹੁਕਮ ਮਨਾਈਆ । ਖੇਲ ਖੇਲਦਾ ਰਿਹੋਂ ਮੱਕਾ ਕਾਅਬਾ, ਹੁਜਰਾ ਹੱਕ ਜਣਾਈਆ । ਅੰਤਮ ਤੇਰੀ ਕੋਈ ਨਾ ਰੱਖੇ ਲਾਜਾ, ਸਾਰੇ ਗਏ ਪੱਲੂ ਛੁਡਾਈਆ । ਹੁਣ ਕਿਉਂ ਆਇਆ ਦਰ ਭਾਜਾ, ਨੰਗੀਂ ਪੈਰੀਂ ਫੇਰਾ ਪਾਈਆ । ਕਿਥੇ ਗਿਆ ਤੇਰਾ ਉਮਤੀ ਰਾਜਾ, ਉਮਰ ਆਰਜੂ ਜਿਸ ਹੰਢਾਈਆ । ਉਠ ਉਠ ਮਾਰ ਨਬੀ ਨੂੰ ਵਾਜਾਂ, ਨਾਇਰ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਬੁੱਢਾ ਕਹੇ ਮੇਰਾ ਗਿਆ ਬਲ, ਬਲ ਨਜ਼ਰ ਕੋਈ ਨਾ ਆਈਆ । ਥੱਕ ਥੱਕ ਮੈਂ ਆਇਆ ਚਲ, ਆਪਣਾ ਪੰਧ ਮੁਕਾਈਆ । ਪਿਛੇ ਮੋੜ ਮੂਲ ਨਾ ਘੱਲ, ਰਾਹ ਨਜ਼ਰ ਕੋਈ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਏਕਾ ਦਿਤਾ ਸਾਚਾ ਵਰ, ਤੇਰੇ ਚਰਨ ਸੀਸ ਝੁਕਾਈਆ । ਆਦਮ ਹੱਵਾ ਕਰੇ ਪੁਕਾਰ, ਦੋਏ ਜੋੜ ਸਰਨਾਇਆ । ਖੇਲੇ ਖੇਲ ਅਪਰ ਅਪਾਰ, ਜੀਵ ਜੰਤ ਜਗ ਜਾਇਆ । ਅੰਤਮ ਖ਼ਾਲੀ ਦਿਸੇ ਪਾਸਾ ਹਾਰ, ਜਿਤ ਰੂਪ ਨਾ ਕੋਈ ਵਟਾਇਆ । ਅਸੀਂ ਸੁਣਿਆਂ ਵਿਸ਼ਨ ਬ੍ਰਹਮਾ ਸ਼ਿਵ ਲਏ ਉਠਾਲ, ਸੋਇਆ ਕੋਈ ਰਹਿਣ ਨਾ ਪਾਇਆ । ਗੁਰ ਅਵਤਾਰ ਕੀਤੇ ਕੰਗਾਲ, ਪੀਰ ਪੈਗੰਬਰ ਦਰ ਵਖਾਇਆ । ਦੋ ਜਹਾਨ ਹੋਏ ਬੇਹਾਲ, ਬੇਹਬਲ ਚੌਦਾਂ ਤਬਕ ਕੁਰਲਾਇਆ । ਮੈਂ ਸਭ ਦਾ ਵੇਖਿਆ ਹਾਲ, ਖ਼ਾਲੀ ਹੱਥ ਰਹੇ ਵਖਾਇਆ । ਅਸੀਂ ਬੁੱਢੇ ਅੰਤ ਕੰਗਾਲ, ਸਾਚਾ ਸੰਗ ਨਾ ਕੋਈ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਇਆ । ਤਖ਼ਤ ਉਤੇ ਲਾਇਆ ਆਸਣ, ਆਸਣ ਉਤੇ ਅਬਿਨਾਸ਼ੀ ਡੇਰਾ ਲਾਈਆ । ਖੇਲਣਹਾਰਾ ਖੇਲ ਪ੍ਰਿਥਮੀ ਅਕਾਸ਼ਨ, ਅਕਾਸ਼ ਅਕਾਸ਼ਾਂ ਉਤੇ ਸਮਾਈਆ । ਆਦਿ ਜੁਗਾਦੀ ਖੇਲ ਤਮਾਸ਼ਨ, ਖ਼ਾਲਕ ਖ਼ਲਕ ਵੇਖ ਵਖਾਈਆ । ਆਦਮ ਹੱਵਾ ਦਾਸੀ ਦਾਸਨ, ਸੇਵਕ ਸਚ ਜਣਾਈਆ । ਜੇ ਕਟੌਣੀ ਅੰਤ ਫਾਸਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਹੁਕਮ ਇਕ ਸੁਣਾਈਆ । ਸੁਣੇ ਹੁਕਮ ਸਚ ਦਲੀਲ, ਤਾਮੀਲ ਆਪ ਕਰਾਇੰਦਾ । ਹਰਿ ਭਗਤ ਬਣੌਣਾ ਇਕ ਵਕੀਲ, ਅਦਾਲਤ ਹੱਕ ਇਕ ਸਮਝਾਇੰਦਾ । ਜਿਸ ਬਸਤਰ ਪਹਿਰੇ ਨੀਲ, ਸੋ ਤਾਜ ਸੀਸ ਟਿਕਾਇੰਦਾ । ਦਰ ਦਵਾਰਾ ਕਰੇ ਅਪੀਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਦੁਆਰ ਇਕ ਜਣਾਇੰਦਾ । ਸੰਤ ਦੁਆਰ ਵਸੇ ਕਰਤਾਰ, ਪਰਵਰਦਿਗਾਰ ਦਇਆ ਕਮਾਈਆ । ਆਦਮ ਹੱਵਾ ਲਹਿਣਾ ਦੇਣਾ ਦਏ ਕਰਜ਼ ਉਤਾਰ, ਪਿਛਲੀ ਬਾਕੀ ਝੋਲੀ ਪਾਈਆ । ਅੱਗੇ ਕਰੇ ਸਚ ਵਿਹਾਰ, ਹਰਿ ਸਾਹਿਬ ਸੱਚਾ ਮਾਹੀਆ । ਭਗਤ ਦੁਆਰਾ ਭਗਵੰਤ ਦੁਆਰ, ਸ੍ਰੀ ਭਗਵਾਨ ਆਪ ਸੁਣਾਈਆ । ਸਚ ਦਿਹਾੜੇ ਚਲ ਆ ਕਰੇ ਨਿਮਸਕਾਰ, ਵੇਲਾ ਵਕਤ ਆਪ ਜਣਾਈਆ । ਛੱਬੀ ਪੋਹ ਖੇਲ ਅਪਾਰ, ਹਰਿ ਖ਼ਾਲਕ ਆਪ ਕਰਾਈਆ । ਆਦਮ ਹੱਵਾ ਵੇਖੇ ਦੋਵੇਂ ਕੰਗਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦੇਵੇ ਇਕੋ ਸੱਦਾ, ਆਦਿ ਉਪਾਇਆ ਅੰਤਮ ਬੱਧਾ, ਆਪ ਵਸੇ ਬਾਹਰ ਦਵਾਰੀ ਹੱਦਾ, ਹੱਦ ਆਪਣੀ ਸਭ ਨੂੰ ਰਿਹਾ ਵਖਾਈਆ । ਨਾ ਵਲਦੀਅਤ ਨਾ ਕੋਈ ਵਲੀ, ਵਲੀ ਐਹਿਦ ਨਾ ਕੋਈ ਜਣਾਈਆ । ਆਦਿ ਜੁਗਾਦਿ ਬਣਦਾ ਰਿਹਾ ਛਲੀ, ਵਲ ਛਲ ਸਭ ਨੂੰ ਰਿਹਾ ਪਾਈਆ । ਕਿਸੇ ਨੂੰ ਕਹੇ ਤੂੰ ਨਾਰ ਸਵਾਣੀ ਸੁਲੱਖਣੀ ਸਚਖੰਡ ਦੀ ਕਲੀ, ਕਿਸੇ ਨੂੰ ਗੁਲਸ਼ਨ ਰੂਪ ਵਖਾਈਆ । ਅੰਤਮ ਫੜ ਕੇ ਸਾਰੇ ਪੈਰਾਂ ਹੇਠਾਂ ਦੇਵੇ ਮਲੀ, ਰਗੜ ਰਗੜ ਨਾਲ ਬਦਲਾਈਆ । ਜੁਗਾਦ ਇਕੋ ਜੋਤ ਬਲੀ, ਜੁਗ ਜੁਗ ਨੂਰ ਨੂਰ ਵਿਚੋਂ ਪਰਗਟਾਈਆ । ਆਪੇ ਫੁੱਲ ਆਪ ਫਲੀ, ਆਪੇ ਪਤਝੜ ਵੇਖ ਵਖਾਈਆ । ਆਪੇ ਹੋਕਾ ਦੇਵੇ ਗਲੀਓ ਗਲੀ, ਦੋ ਜਹਾਨ ਗਲੀ ਆਪ ਬਣਾਈਆ । ਆਪੇ ਹੋਏ ਭਲੀਓ ਭਲੀ, ਭਾਲਿਆਂ ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੀ ਦੱਸੇ ਖੇਲ੍ਹ ਝੱਲੀ, ਜਿਸ ਦਾ ਕੋਈ ਭੇਵ ਨਾ ਪਾਵੇ ਰਾਈਆ । ਕਿਸੇ ਦੱਸੇ ਮੈਂ ਹਾਂ ਕੀ, ਕੀ ਖੇਲ ਕਰਾਇੰਦਾ । ਕਿਥੇ ਰੱਖਣੀ ਆਪਣੀ ਨੀਂਹ, ਖੇੜਾ ਕਿਥੇ ਵਸਾਇੰਦਾ । ਕਿਥੇ ਬੀਜਿਆ ਆਪਣਾ ਬੀ, ਫੁੱਲ ਫੁਲਵਾੜੀ ਕਿਥੇ ਲਾਇੰਦਾ । ਨਾ ਜੀਵਣ ਨਾ ਜੀ, ਨਾ ਜੁਗਤ ਕੋਈ ਬਣਾਇੰਦਾ । ਨਾ ਧਰਨੀ ਨਾ ਸੀਂ, ਵੰਡਣ ਵੰਡ ਨਾ ਕੋਈ ਵਖਾਇੰਦਾ । ਨਾ ਬੱਕਰੀ ਨਾ ਸ਼ੀਹ, ਨਾ ਭੌ ਭਿਆਨਕ ਆਪਣਾ

ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਲ ਆਪ ਧਰਾਇੰਦਾ । ਕੀ ਦੱਸੇ ਮੈਂ ਹਾਂ ਕਿਹੜਾ, ਕੀ ਕੀ ਕਰੇ ਪੜ੍ਹਾਈਆ । ਕਿਡਾ ਵੱਡਾ ਮੇਰਾ ਵੇਹੜਾ, ਜਿਸ ਘਰ ਆਪਣਾ ਚਰਨ ਟਿਕਾਈਆ । ਕਿੱਡਾ ਸੋਹਣਾ ਲੱਗੇ ਖੇੜਾ, ਜਿਸ ਗ੍ਰਿਹ ਆਪਣੀ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾ ਵੱਡਾ ਨਾ ਛੋਟਾ ਨਾ ਪਤਲਾ ਨਾ ਮੋਟਾ ਨਾ ਖਰਾ ਨਾ ਖੋਟਾ, ਖੋਟਾ ਖਰਾ ਆਪ ਕਰਾਈਆ । ਅੱਗੇ ਹੱਲ ਕੀ ਦੱਸਣਾ ਬਹੁਤਾ, ਪੜ੍ਹਿਆਂ ਭੇਵ ਕੋਈ ਨਾ ਪਾਈਆ । ਆਪੇ ਜੋਤੀ ਆਪੇ ਜੋਤਾ, ਆਪੇ ਜੋਤਰਾ ਲਾਏ ਵਾਹੋ ਦਾਹੀਆ । ਆਪੇ ਹਾਲੀ ਆਪੇ ਪੰਜਾਲੀ ਆਪੇ ਜੇਵੜਾ ਫੜੇ ਸੋਟਾ, ਆਪੇ ਦੋ ਜਹਾਨ ਹੱਕੇ ਵਾਹੋ ਦਾਹੀਆ । ਆਪੇ ਕਸੇ ਜੱਟ ਬਣ ਲੰਗੋਟਾ, ਅੰਤਮ ਕਲਜੁਗ ਸਿਰੋਂ ਫੜਿਆ ਝੂਠਾ, ਮਾਰ ਠੁੱਡੇ ਰਿਹਾ ਹਿਲਾਈਆ । ਲੱਖ ਚੁਰਾਸੀ ਜੀਵ ਜੰਤ ਵੇਖੇ ਫੋਕਾ, ਵੇਦ ਪੁਰਾਨ ਸ਼ਾਸਤਰ ਸਿਮਰਤ ਜਗਤ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਬਾਹਰੋਂ ਦੇਂਦੀ ਰਹੀ ਹੋਕਾ, ਅੰਦਰ ਵੜ ਨਾ ਕੋਈ ਜਗਾਈਆ । ਪੁਰਖ ਅਬਿਨਾਸ਼ੀ ਵੇਖਣਹਾਰਾ ਚਾਰੋਂ ਕੁੰਟ ਪਿਆ ਸੋਕਾ, ਪੀਰ ਪੈਗ਼ੰਬਰ ਦੇ ਗਏ ਧੋਖਾ, ਧੂਆਂ ਘਰ ਘਰ ਗਏ ਤਪਾਈਆ । ਅੰਤ ਹਾਰ ਕੇ ਕਹਿ ਕੇ ਗਏ ਪਰਵਰਦਿਗਾਰ ਵੇਖੇ ਆਣ ਕੇ ਮੌਕਾ, ਹਾਜ਼ਰ ਹਜ਼ੂਰ ਸੱਚਾ ਮਾਹੀਆ । ਬਿਨ ਭਗਤਾਂ ਕਿਸੇ ਕਾਇਆ ਮੰਦਰ ਅੰਦਰ ਸਾਫ਼ ਨਾ ਕੀਤਾ ਚੌਂਕਾ, ਜਗਤ ਸਵਾਣੀ ਸੁਚੱਜੀ ਨਜ਼ਰ ਕੋਈ ਨਾ ਆਈਆ । ਗੁਰਸਿਖ ਤੇਰਾ ਪ੍ਰੇਮ ਪਟਨਾ ਪੌਂਟਾ, ਗੋਬਿੰਦ ਗਿਆ ਨਾ ਕਦੇ ਔਂਤਾ, ਗੁਰਮੁਖ ਆਪਣੇ ਨਾਲ ਮਿਲਾਈਆ । ਫੜ ਬਾਹੋਂ ਫੜਾਇਆ ਪੌਂਚਾ, ਹੱਥ ਹੱਥ ਨਾਲ ਮਿਲਾਈਆ । ਕਲਜੁਗ ਚਾਰੋਂ ਕੁੰਟ ਭੌਂਕਾ, ਰੌਲਾ ਪਾਏ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪ ਮੁਕਾਈਆ । ਮਿਹਰ ਹਜ਼ੂਰ ਦੀ ਬੜੀ ਤਿਖੀ, ਚੀਰ ਚੀਰ ਪਵਾਈਆ । ਜਿਸ ਦੀ ਧਾਰ ਗੋਬਿੰਦ ਲਿਖੀ, ਲਿਖ ਲਿਖ ਲਿਖੀ ਕਲਮ ਸ਼ਾਹੀਆ । ਬਿਨ ਪੁਰਖ ਅਕਾਲ ਸਾਚੀ ਨਾ ਕੋਇ ਬਣਾਏ ਸਿਖੀ, ਸਿਖਿਆ ਸਚ ਨਾ ਕੋਇ ਜਣਾਈਆ । ਕੋਟਨ ਕੋਟ ਤਰਸਨ ਮੁਨੀ ਰਿਖ਼ੀ, ਮੁਨ ਸੁਨ ਧਿਆਨ ਲਗਾਈਆ । ਘਰ ਜਾ ਕੇ ਪ੍ਰਭ ਕਿਸੇ ਨਾ ਪਾਈ ਭਿਖੀ, ਦਰਸ ਕਰ ਤਰਸ ਨਾ ਕੋਇ ਵਖਾਈਆ । ਕਲਜੁਗ ਅੰਤਮ ਜਨ ਭਗਤ ਦੁਆਰੇ ਕਰੇ ਖੇਲ ਅਨਡਿਠੀ, ਅਨਡਿਠੜੀ ਕਾਰ ਕਮਾਈਆ । ਧੁਰਦਰਗਾਹੀ ਬਣ ਹਲਕਾਰਾ, ਲੈ ਕੇ ਆਇਆ ਚਿਠੀ, ਡਾਕੀਆ ਘਰ ਘਰ ਡਾਕ ਪੁਚਾਈਆ । ਆਪਣੀ ਹੱਥੀਂ ਪ੍ਰਭ ਸਾਚੇ ਲਿਖੀ, ਲਿਖਣਹਾਰਾ ਹੋਰ ਨਾ ਕੋਇ ਜਣਾਈਆ । ਜਨ ਭਗਤੋ ਤੁਹਾਡੇ ਪਿਛੇ ਘਰ ਆਏ ਖਾਵਣ ਰੁੱਖੀ ਮਿਸੀ, ਟੁੱਕਰ ਹੱਥਾਂ ਉਤੇ ਰਖਾਈਆ । ਨਾ ਕੋਈ ਵਾਰ ਨਾ ਕੋਈ ਥਿਤੀ, ਘੜੀ ਪਲ ਨਾ ਵੰਡ ਵੰਡਾਈਆ । ਆਪਣੀ ਧਾਰ ਰੱਖੇ ਨਿੱਕੀ, ਨਿੱਕਾ ਵੱਡਾ ਸੱਚਾ ਮਾਹੀਆ । ਜਾਣੇ ਖੇਲ ਜੀਵ ਜੀਅ ਕੀ, ਸਿਰ ਸਿਰ ਰਿਜ਼ਕ ਸਬਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਕਰੇ ਖੇਲ ਖ਼ਾਲਕ ਖ਼ਲਕ ਮਹਾਨ, ਆਦਮ ਹੱਵਾ ਅੰਦਰ ਹੱਦ, ਹੁਕਮੇ ਸੱਦ ਬਹਾਈਆ । ਦੂਰ ਦੁਰਾਡੀ ਆਈ ਸੱਦੀ, ਸੱਦਾ ਹਰਿ ਜਣਾਇਆ । ਹੱਥ ਵਿਚ ਰੋਟੀ ਦਿਸੇ ਅੱਧੀ, ਪਾਣੀ ਛੰਨਾ ਨਾ ਕੋਇ ਫੜਾਇਆ । ਰੋਵੇ ਕੁਰਲਾਵੇ ਬੌਹੜੀ ਮੈਂ ਅੱਗੋਂ ਪਿਛੋਂ ਕੱਢੀ, ਮੇਰਾ ਹੋਏ ਨਾ ਕੋਇ ਸਹਾਇਆ । ਮੈਂ ਦੁਨੀਆਂ ਸਾਰੀ ਛੱਡੀ, ਛਡਿਆ ਮੁਲਕ ਪਰਾਇਆ । ਲੋਕਮਾਤ ਫੇਰ ਨਾ ਚੜ੍ਹਾਂ ਗੱਡੀ, ਸਫ਼ਰੀ ਸਫ਼ਰ ਨਾ ਕੋਇ ਵਖਾਇਆ । ਮੇਰਾ ਪਿਛਲਾ ਲੇਖਾ ਸੁਟ ਵਿਚ ਰੱਦੀ, ਆਪਣੀ ਹੱਥੀਂ ਦੇ ਪੜ੍ਹਾਇਆ । ਪੁਰਖ ਅਬਿਨਾਸ਼ੀ ਦਇਵਾਨ ਬਣਾ ਆਪਣੀ ਬਾਲੀ ਨੱਢੀ, ਪੁਤਰੀ ਪੁਤਰਾਂ ਨਾਲ ਮਿਲਾਇਆ ।

ਚਰਨ ਪ੍ਰੀਤੀ ਤੇਰੇ ਲੱਗੀ, ਲੱਗੀ ਤੋੜ ਨਿਭਾਇਆ । ਮੇਰਾ ਪਰਦਾ ਅੰਤਮ ਕੱਜੀਂ, ਤੂੰ ਕੱਜਣਹਾਰ ਅਖਵਾਇਆ । ਵੇਖੀਂ ਲੜ ਛੋੜ ਨਾ ਭੱਜੀਂ, ਭੱਜਿਆਂ ਹੱਥ ਕਿਸੇ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਖੇਲ ਆਪ ਰਚਾਇਆ । ਸਾਰੇ ਰਲ ਕੇ ਕਰੋ ਜਾਸੂਸੀ, ਹਰਿ ਜੂ ਕੀ ਕੀ ਰਿਹਾ ਲੁਕਾਈਆ । ਸਾਡੇ ਕੋਲੋਂ ਕਰੇ ਕੰਜੂਸੀ, ਵਸਤ ਹੱਥ ਨਾ ਕੋਇ ਫੜਾਈਆ । ਅੰਤਮ ਸਾਡਾ ਹੱਕ ਮੌਰੂਸੀ, ਮੁਫ਼ਤ ਵਿਚ ਲੁੱਟਣੀ, ਨਾ ਲੱਗੇ ਪੈਸਾ ਧੇਲਾ ਰਾਈਆ । ਅਸੀਂ ਵੇਂਹਦੇ ਆਪ ਪਹਿਨੇ ਤਨ ਸੂਸੀ, ਅਲਫ਼ੀ ਚੋਲੇ ਰਿਹਾ ਹੰਢਾਈਆ । ਦਿਨ ਰਾਤ ਲਿਖਦੇ ਦਰ ਘਰ ਬਣ ਕੇ ਮੁਣਸ਼ੀ, ਚੋਰੀ ਚੋਰੀ ਧਿਆਨ ਲਗਾਈਆ । ਜਿਸ ਵੇਲੇ ਪ੍ਰਭ ਮਾਤਲੋਕ ਦੀ ਬਦਲੇ ਕੁਰਸੀ, ਅਰਸ਼ ਕੁਰਸ਼ ਵੇਖ ਵਖਾਈਆ । ਓਸੇ ਵੇਲੇ ਕਰਾਂਗੇ ਫੁਰਤੀ, ਜਾਚ ਬਾਹਮਣ ਰਿਹਾ ਸਿਖਾਈਆ । ਜ਼ਰੀਦਾਰ ਪਾਵਾਂਗੇ ਕੁੜਤੀ, ਕੁੜੀਆਂ ਮੁੰਡਿਆਂ ਰੰਗ ਚੜ੍ਹਾਈਆ । ਸਵਰਨ ਕਟੋਰੇ ਵਿਚ ਦਿਆਂਗੇ ਗੁੜ੍ਹਤੀ, ਰਸ ਉਂਗਲਾਂ ਨਾਲ ਮੁਖ ਲਗਾਈਆ । ਫਿਰ ਬਦਲੇ ਨਾ ਸਾਡੀ ਸੁਰਤੀ, ਸ਼ਬਦ ਸ਼ਬਦ ਵੱਜੇ ਵਧਾਈਆ । ਨਜ਼ਰ ਆਏ ਅਕਾਲ ਮੂਰਤੀ, ਨਿਰਗੁਣ ਬੈਠਾ ਆਸਣ ਲਾਈਆ । ਅੱਗੋਂ ਆਕੜ ਕੇ ਲੰਘਾਂਗੇ ਮੂਹਰ ਦੀ, ਬਣ ਬੱਚੇ ਨੱਠਾਂਗੇ ਵਾਹੋ ਦਾਹੀਆ । ਦੋ ਜਹਾਨ ਕਹਿਣਗੇ ਵੇਖੋ ਕੁਲ ਸੂਰਬੀਰ ਦੀ, ਬਲ ਆਪਣਾ ਰਹੇ ਵਖਾਈਆ । ਵਾਟ ਰਹੇ ਨਾ ਨੇੜ ਦੂਰ ਦੀ, ਘਰ ਘਰ ਵਿਚ ਵੱਜੇ ਵਧਾਈਆ । ਰੀਤੀ ਚੁੱਕੇ ਚੁਮਿਆਰ ਚੂਹੜ ਦੀ, ਚੁਮਿਆਰ ਸਭ ਦਾ ਲੇਖਾ ਮੁਕਾਈਆ । ਤ੍ਰਿਸਨਾ ਮੁੱਕੇ ਬਹਿਸ਼ਤੀ ਹੂਰ ਦੀ, ਹੂਰਾਂ ਗੁਰਮੁਖਾਂ ਦਿਆਂ ਚਰਨਾਂ ਹੇਠ ਦਬਾਈਆ । ਇਕੋ ਗਲ ਸਚ ਸ਼ਊਰ ਦੀ, ਸ਼ਹਿਨਸ਼ਾਹ ਕਰੇ ਪੜ੍ਹਾਈਆ । ਮਿਲਣੀ ਹੋਏ ਹੱਕ ਮਹਿਬੂਬ ਦੀ, ਮੁਹੱਬਤ ਆਪਣੇ ਨਾਲ ਲਗਾਈਆ । ਹੁੰਡੀ ਚੁਕਾਏ ਅਸਲ ਸੂਦ ਦੀ, ਹੁੰਡੀਆਂ ਵਾਲੇ ਚਰਨ ਲਗਾਈਆ । ਖੇਲ ਕਰਾਏ ਸਚ ਹਦੂਦ ਦੀ, ਹਦੂਦ ਵੰਡੇ ਥਾਉਂ ਥਾਈਂਆ । ਸ੍ਰਿਸ਼ਟੀ ਰਚਨਾ ਨੇਸਤੋ ਨਾਬੂਦ ਦੀ, ਨਿਸ਼ਾਨ ਕੋਇ ਰਹਿਣ ਨਾ ਪਾਈਆ । ਗੁਰਸਿਖੀ ਉਛਲਦੀ ਟੱਪਦੀ ਕੁੱਦਦੀ, ਕੁੱਦ ਕੁੱਦ ਖ਼ੁਸ਼ੀ ਮਨਾਈਆ । ਜੋ ਅੰਤਮ ਕਲਜੁਗ ਬੁਝਦੀ, ਪ੍ਰਭ ਚਰਨਾਂ ਨਾਲ ਲੁਝਦੀ, ਰੁਚੀ ਇਕੋ ਧਿਆਨ ਲਗਾਈਆ । ਅੱਗੇ ਗੱਲ ਸਾਰੀ ਮੁੱਕਦੀ, ਜਿਸ ਨੂੰ ਘਰ ਆ ਕੇ ਮਿਲ ਜਾਏ ਸੱਚਾ ਮਾਹੀਆ । ਸ੍ਰਿਸ਼ਟੀ ਉਹਦੇ ਚਰਨਾਂ ਉਤੇ ਝੁਕਦੀ, ਜਿਉਂ ਪੂਰਨ ਵਿਚ ਪਰਮੇਸ਼ਵਰ ਬੈਠਾ ਆਸਣ ਲਾਈਆ । ਹੁਣ ਗੱਲ ਨਹੀਂ ਰਹਿ ਗਈ ਲੁਕਦੀ, ਉਚੀ ਕੂਕੋ ਦਿਉ ਦੁਹਾਈਆ । ਗੁਰਸਿਖ ਵੇਲ ਕਦੇ ਨਾ ਸੁੱਕਦੀ, ਗੋਬਿੰਦ ਬੂਟਾ ਗਿਆ ਲਾਈਆ । ਮਾਈ ਹੱਵਾ ਆ ਆ ਸਿਖਾਂ ਕੋਲੋਂ ਪੁਛਦੀ, ਮੇਰਾ ਦੱਸੋ ਸੱਚਾ ਮਾਹੀਆ । ਔਹ ਵੇਖੋ ਤੁਹਾਡੇ ਪਿਛੇ ਲੁਕਦੀ, ਨੇਤਰ ਨੈਣ ਰਹੇ ਸ਼ਰਮਾਈਆ । ਹੱਥ ਜੋੜ ਗੋਡਿਆਂ ਤਾਈਂ ਝੁਕਦੀ, ਕਲਮਾ ਕਲਾਮ ਰਹੀ ਗਾਈਆ । ਮੇਰੀ ਜ਼ਬਾਨ ਕਹਿਣੋਂ ਸੁੱਕਦੀ, ਮਿਹਰਵਾਨ ਤੇਰੀ ਵਡਿਆਈਆ । ਕਦੇ ਬਹਿੰਦੀ ਕਦੇ ਉਠਦੀ, ਹੱਥ ਅਗਾਂਹ ਅਗਾਂਹ ਵਧਾਈਆ । ਖ਼ੈਰ ਮੰਗੇ ਆਪਣੀ ਕੁੱਖ ਦੀ, ਜਿਸ ਕੁੱਖ ਵਿਚੋਂ ਭਗਤਾਂ ਲਿਆ ਜਾਈਆ । ਮਾਂ ਪੁਤਰਾਂ ਕੋਲੋਂ ਪੁਛਦੀ, ਸਚ ਦੱਸੋ ਤੁਹਾਡਾ ਪਿਤਾ ਤੁਹਾਨੂੰ ਮਿਲਿਆ ਚਾਈਂ ਚਾਈਂਆ । ਜੇ ਮਿਲਿਆ ਉਹਦੇ ਵਲ ਨੱਠੋ, ਫੜ ਲਓ ਜਾ ਕੇ ਬਾਹੀਂਆ । ਮੇਰਾ ਹਾਲ ਤੁਸੀਂ ਦੱਸੋ, ਮੋਹੇ ਕਮਲੀ ਲਏ ਗਲ ਲਾਈਆ । ਫੇਰ ਪ੍ਰਭ ਚਰਨਾਂ ਵਿਚ ਵਸੋ, ਵਸਤੀ ਬਸਤੀ ਬਾਦੇ ਸਹਰ ਸੁਣੋ ਬਾਂਗ ਇਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਹਰਿ ਕਹਾਣੀ ਆਪ ਜਣਾਈਆ । ਤੇਰੀ ਕਹਾਣੀ ਪ੍ਰਭ ਅਜੀਬ, ਸੁਣ ਸੁਣ ਹੋਏ ਹੈਰਾਨ । ਦੂਰ

ਦੁਰਾਡਾ ਆਇਆ ਨਜ਼ੀਕ, ਹੋਇਆ ਬੇਪਹਿਚਾਣ । ਕਲਮਾ ਬਣ ਲਾਸ਼ਰੀਕ, ਕਲਮ ਨਾਲ ਚਾੜ੍ਹੇ ਤੂਫ਼ਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਦਾ ਨਾ ਹੋਏ ਕਦੇ ਜਜ਼ਬਾਤ, ਜਜ਼ਬ ਆਪਣੇ ਵਿਚ ਕਰਾਈਆ । ਕਹਿਣ ਸੁਨਣ ਦੀ ਪਿਛੇ ਰਹਿ ਗਈ ਬਾਤ, ਹੁਣ ਕਰਨੀ ਕਰ ਵਖਾਈਆ । ਸਾਹਿਬ ਦੇਵਣਹਾਰ ਨਿਜ਼ਾਤ, ਨਿਛਾਵਰ ਆਪਣਾ ਆਪ ਕਰਾਈਆ । ਕਰ ਕੇ ਘਾਓ ਲਾਇਆ ਘਾਤ, ਗਹਿਰਾ ਗਵਰਾ ਆਪ ਵਖਾਈਆ । ਜਿਸ ਚਰਨ ਬੰਧਾਇਆ ਨਾਤ, ਬੰਧਨ ਆਪਣਾ ਆਪ ਪਾਈਆ । ਹਰਿ ਸੰਗਤ ਬਣਾਈ ਜਮਾਤ, ਸੋਹੰ ਪੱਟੀ ਆਪ ਪੜ੍ਹਾਈਆ । ਦਿਵਸ ਰੈਣ ਦੇਵੇ ਸਾਥ, ਸਾਚਾ ਸੰਗ ਰਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪਾਤਸ਼ਾਹ ਸ਼ਹਿਨਸ਼ਾਹ ਸਚਖੰਡ ਰੱਖੇ ਨਿਵਾਸ, ਸਚਖੰਡ ਨਿਵਾਸੀ ਕਹੇ ਮੈਂ ਭਗਤਾਂ ਸੇਵ ਕਮਾਈਆ । ਕਰ ਦੀਦਾਰ ਹਉਂ ਹੋਏ ਨਿਰਾਸ, ਗੁਰਮੁਖ ਈਦ ਚੰਦ ਵਖਾਈਆ । ਪ੍ਰਭ ਨੂੰ ਹੋਰ ਕੰਮ ਕਿਹੜਾ ਖ਼ਾਸ, ਜਿਸ ਵਿਚ ਬੈਠਾ ਧਿਆਨ ਲਗਾਈਆ । ਸਿਰਫ਼ ਇਕੋ ਗੁਰਮੁਖ ਮਿਲਣ ਦੀ ਰੱਖੇ ਆਸ, ਜੁਗ ਜੁਗ ਆਸਾ ਆਪ ਵਧਾਈਆ । ਪਾਰਬ੍ਰਹਮ ਪ੍ਰਭ ਚਲ ਕੇ ਆਇਆ ਤੁਹਾਡੇ ਪਾਸ, ਆਪਣਾ ਪੰਧ ਮੁਕਾਈਆ । ਹੁਣ ਤੁਸਾਂ ਦੇਣਾ ਸਾਥ, ਤੁਹਾਡੇ ਪਿਛੇ ਬਣੇ ਰਾਹੀ ਆ । ਕਰੇ ਖੇਲ ਅਲੱਖਣਾ ਲਾਖ, ਲੇਖਾ ਲਿਖਤ ਨਾ ਲਖਿਆ ਜਾਈਆ । ਭੇਵ ਦੱਸੇ ਵਿਚ ਹਾਸ ਬਲਾਸ, ਅੰਦਰ ਵੜ ਕੰਨਾਂ ਵਿਚ ਨਾ ਕਿਛ ਸੁਣਾਈਆ । ਜੋ ਕੁਛ ਰੱਖਿਆ ਆਪਣੇ ਪਾਸ, ਸੋ ਗੁਰਮੁਖਾਂ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖ ਨਾ ਹੋਏ ਵਫ਼ਾਤ, ਕਫ਼ਨ ਦਫ਼ਨ ਦਫ਼ਾ ਵਿਚ ਨਾ ਕਿਸੇ ਲਿਖਾਈਆ । ਜਮਾ ਤਫ਼ਰੀਕ ਵੇਖੇ ਤਕਸੀਮ, ਜ਼ਰਬ ਆਪਣੇ ਨਾਲ ਦਿਵਾਈਆ । ਅਲਫ਼ ਯੇ ਨੂਨ ਨੁਕਤਾ ਮੀਮ, ਮਿਸਲ ਹਰਿ ਜੂ ਰਿਹਾ ਬਣਾਈਆ । ਸੇ ਸੁਆਦ ਵੇਖੇ ਸੀਨ, ਸੀਨਾ ਚਾਕ ਆਪ ਕਰਾਈਆ । ਜ਼ੇ ਯੇ ਦੇਵੇ ਯਕੀਨ, ਯਾਦਦਾਸ਼ਤ ਇਕ ਬਣਾਈਆ । ਤੋਏਂ ਤੇ ਕਰੇ ਤਲਕੀਨ, ਹੇ ਹੇ ਹੁਕਮ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਚਾਰ ਚਾਰ ਵਡਿਆਈਆ । ਜ਼ਰਬ ਕਹੇ ਮੈਂ ਕੀਤਾ ਸਬਰ, ਸਬਰ ਪਿਆਲਾ ਪੀਤਾ । ਗੁਰਮੁਖਾਂ ਮਿਲਿਆ ਸ਼ੇਰ ਬਬਰ, ਗੁਰਮੁਖ ਆਪਣੇ ਜਿਹਾ ਕੀਤਾ । ਹਰਿ ਸੰਗਤ ਬਣਾਇਆ ਟੱਬਰ, ਪੁੱਤਰ ਧੀਆਂ ਬਣਿਆ ਮੀਤਾ । ਘਰ ਵਖਾਇਆ ਉਤੇ ਅੰਬਰ, ਨਾਤਾ ਤੋੜ ਮੰਦਰ ਮਸੀਤਾ, ਸਾਚਾ ਰਚ ਇਕ ਸਵੰਬਰ, ਕਰਿਆ ਖੇਲ ਮਾਤ ਅਨਡੀਠਾ । ਸਚ ਸਵਾਮੀ ਹਰਿ ਭਰਤੰਬਰ, ਪ੍ਰਭ ਬਣਿਆ ਇਕੋ ਮੀਤਾ, ਕੂੜੀ ਕਿਰਿਆ ਮੇਟ ਅਡੰਬਰ, ਹਰਿਜਨ ਕਰੇ ਠਾਂਡਾ ਸੀਤਾ, ਜਿਸ ਦੀ ਸਿਫ਼ਤ ਕਰਦੇ ਪੀਰ ਪੈਗ਼ੰਬਰ, ਸੋ ਭਗਤਾਂ ਸੁਣਾਏ ਆਪਣਾ ਗੀਤਾ । ਜਿਸ ਨੂੰ ਲੱਭਦੇ ਡੂੰਘੀ ਕੰਦਰ, ਸੋ ਲਹਿਣਾ ਚੁਕਾਏ ਹਸਤ ਕੀਟਾ । ਆਓ ਲੰਘ ਕੇ ਵੇਖੋ ਗੁਰਸਿਖ ਅੰਦਰ, ਜਿਸ ਘਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਬੈਠਾ ਨਾ ਮਰਿਆ ਨਾ ਜੀਤਾ । ਮਰੇ ਜੀਏ ਨਾ ਖਾਏ ਕੁਛ, ਖ਼ਾਲਕ ਖ਼ਲਕ ਖੇਲ ਕਰਾਈਆ । ਗੁਰਮੁਖਾਂ ਕੋਲੋਂ ਲਓ ਪੁਛ, ਸਚ ਸਚ ਦੇਣ ਸਮਝਾਈਆ । ਨਾ ਰੂਹ ਨਾ ਦਿਸੇ ਬੁੱਤ, ਪੰਜ ਤੱਤ ਨਾ ਕੋਇ ਹੰਡਾਈਆ । ਨਾ ਧੀ ਨਾ ਕੋਈ ਪੁੱਤ, ਮਾਤ ਪਿਤ ਨਾ ਕੋਇ ਬਣਾਈਆ । ਗ਼ਰੀਬ ਨਿਮਾਣਿਆਂ ਗੋਦੀ ਰਿਹਾ ਚੁੱਕ, ਚੁੱਕ ਚੁੱਕ ਆਪਣੀ ਖ਼ੁਸ਼ੀ ਵਖਾਈਆ । ਜੁਗ ਚੌਕੜੀ ਬੈਠਾ ਰਿਹਾ ਲੁਕ, ਅੰਤਮ ਆਪਣਾ ਪੜਦਾ ਲਾਹੀਆ । ਦਰ ਆਇਆਂ ਅੰਮ੍ਰਿਤ ਦੇਵੇ ਘੁੱਟ, ਅਮਿਉਂ ਰਸ ਮੇਘ ਆਪ ਬਰਸਾਈਆ । ਕਰ ਪਰਕਾਸ਼ ਨਿਰਮਲ ਜੋਤ, ਜੋਤੀ

ਜਾਤਾ ਡਗਮਗਾਈਆ । ਜਨ ਭਗਤਾਂ ਉਤੇ ਹੋਇਆ ਮੋਹਤ, ਮੁਨੀ ਰਿਖੀ ਹੱਥ ਕਿਸੇ ਨਾ ਆਈਆ । ਸੰਬਲ ਸੁਹਾਏ ਸਾਚਾ ਕੋਟ, ਨਗਰੀ ਉਜਗਰੀ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਦਰ ਵੜ ਵੜ ਡੇਰਾ ਲਾਈਆ ।

ਪਰਵਰਦਿਗਾਰ ਚੜ੍ਹ ਕੇ ਆਇਆ ਘੋੜਾ, ਦੁਲਦੁਲ ਅਲੀ ਨਾ ਕੋਇ ਵਡਿਆਈਆ । ਪੀਰ ਪੈਗ਼ੰਬਰ ਆ ਕੇ ਲਾਹੋ ਪੈਰੀਂ ਜੋੜਾ, ਸਚ ਆਸਣ ਦੇਣਾ ਵਿਛਾਈਆ । ਪੁਰਖ ਅਬਿਨਾਸ਼ੀ ਲੰਮਾਂ ਚੌੜਾ, ਚੌਦਾਂ ਲੋਕ ਆਸਣ ਲਏ ਲਾਈਆ । ਓਹਨੂੰ ਹੁੱਕਾ ਦਿਓ ਚਮੋੜਾ, ਸੂਟਾ ਖਿਚੇ ਵਾਹੋ ਦਾਹੀਆ । ਸੂਟਾ ਖਿਚਿਆ ਅੰਦਰੋਂ ਰਸ ਆਇਆ ਕੌੜਾ, ਸਭ ਨੂੰ ਪੁੱਛੇ ਥਾਈਂ ਥਾਈਂਆ । ਕਿਉਂ ਪ੍ਰੇਮ ਤਮਾਕੂ ਪਾਇਆ ਥੋੜਾ, ਸਿੰਚ ਹਰੀ ਕਿਆਰੀ ਨਾ ਕੋਇ ਕਰਾਈਆ । ਵੇਖੋ ਤੁਹਾਡੀ ਚਿਲਮ ਕਾਇਆ ਵਿਚ ਟੁੱਟਾ ਰੋੜਾ, ਮੋਰੀ ਬੰਦ ਨਾ ਕੋਇ ਕਰਾਈਆ । ਤੁਹਾਡਾ ਨੇਚਾ ਨਾ ਦਿਸੇ ਕੋਰਾ, ਨੜੀ ਹੱਕ ਨਾ ਵਿਚ ਫਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਸੂਟਾ ਰਿਹਾ ਲਗਾਈਆ । ਸੂਟਾ ਲਾਏ ਖਿਚੇ ਦੋ ਜਹਾਨ, ਖਿਚ ਆਪਣੀ ਇਕ ਵਖਾਈਆ । ਧੂਆਂਧਾਰ ਕਰੇ ਜ਼ਿਮੀਂ ਅਸਮਾਨ, ਤਾਰਾ ਚੰਦ ਮੁਖ ਸ਼ਰਮਾਈਆ । ਰਹਿਣ ਨਾ ਦੇਵੇ ਕੋਈ ਬੇਈਮਾਨ, ਬੇਵਾ ਕਰੇ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁੱਕਾ ਇਕ ਸਮਝਾਈਆ । ਮਾਰੇ ਸੂਟਾ ਹੁੱਕਾ ਕਰੇ ਗੁੜਗੜਾਹਟ, ਚੌਦਾਂ ਤਬਕ ਪਾਣੀ ਖੌਲਿਆ । ਪੀਰ ਪੈਗ਼ੰਬਰਾਂ ਪਈ ਘਬਰਾਹਟ, ਕੀ ਕਰਿਆ ਖੇਲ ਮੌਲਾ ਮੌਲਿਆ । ਜਿਸ ਦੀ ਦੂਰ ਦੁਰਾਡੀ ਸੁਣਦੇ ਰਹੇ ਸੰਨਸਨਾਹਟ, ਸੋ ਆਇਆ ਉਪਰ ਧੌਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜਿਸ ਪਿਛਲਾ ਪਰਦਾ ਫੋਲਿਆ । ਫੜ ਚਮੋੜਾ ਮਾਰੇ ਫੂਕ, ਆਪਣਾ ਖੇਲ ਵਖਾਈਆ । ਪੀਰ ਪੈਗ਼ੰਬਰਾਂ ਚੌਦਾਂ ਲੋਕਾਂ ਦੇਵੇ ਫੂਕ, ਬਚਿਆ ਕੋਇ ਰਹਿਣ ਨਾ ਪਾਈਆ । ਪੰਜ ਤੱਤ ਨਾ ਦਿਸੇ ਭੂਤਕ ਭੂਤ, ਭੇਵ ਅਭੇਦ ਆਪ ਜਣਾਈਆ । ਰੂਹ ਬੁੱਤ ਨਾ ਰਹੇ ਸਬੂਤ, ਸਭ ਦਾ ਲੇਖਾ ਰਿਹਾ ਮੁਕਾਈਆ । ਆਪਣੇ ਚਰਨਾਂ ਨਾਲ ਚੌਦਾਂ ਤਬਕ ਦਏ ਕਲਬੂਤ, ਅੜਚਨ ਕੋਇ ਰਹਿਣ ਨਾ ਪਾਈਆ । ਖੇਲੇ ਖੇਲ ਵਡ ਮਹਿਬੂਬ, ਮੋਹ ਨਾਤਾ ਦਏ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ । ਚਮੋੜਾ ਹੁੱਕਾ ਪਿਤਲ ਨੜੀ, ਜੁਗ ਦਾਤਾ ਵੇਖ ਵਖਾਇੰਦਾ । ਸਦੀ ਚੌਧਵੀਂ ਅੰਤਮ ਘੜੀ, ਘੜਿਆਲ ਆਪਣੇ ਨਾਮ ਵਜਾਇੰਦਾ । ਅੱਲਾ ਰਾਣੀ ਅੰਤਮ ਡਰੀ, ਨੇਤਰ ਨੈਣ ਨੈਣ ਸ਼ਰਮਾਇੰਦਾ । ਉਮਤ ਮੇਰੀ ਮਾਤ ਹਰੀ, ਹਾਜ਼ਰ ਹੋ ਨਾ ਕੋਇ ਬਚਾਇੰਦਾ । ਕੋਈ ਨਾ ਦਿਸੇ ਖ਼ਾਨਾ ਬਰੀ, ਬਰੇਆਜ਼ਮ ਸਰਬ ਕੁਰਲਾਇੰਦਾ । ਹਰਿ ਜੂ ਹੁਕਮ ਸੁਣਾਇਆ ਆਪਣਾ ਖਰੀ, ਖ਼ਰੀਦੋ ਫ਼ਰੋਖ਼ਤ ਆਪ ਜਣਾਇੰਦਾ । ਪੀਰ ਪੈਗ਼ੰਬਰ ਬਣ ਗਏ ਸ਼ਰੱਈ, ਸ਼ਰੀਅਤ ਸ਼ਰੀਅਤ ਨਾਲ ਟਕਰਾਇੰਦਾ । ਆਪ ਬੈਠਾ ਸਚ ਮਹਿਰਾਬੇ ਵਿਛਾ ਸਾਚੀ ਜ਼ਰੀ, ਸੀਨ ਆਪਣਾ ਨਾ ਕਿਸੇ ਦਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੀਰ ਪੈਗ਼ੰਬਰਾਂ ਹੁੱਕਾ ਇਕ ਵਖਾਇੰਦਾ । ਪੀਰ ਪੈਗ਼ੰਬਰੋ ਵੇਖੋ ਹੁੱਕਾ, ਹਰਿ ਹੁਜਰੇ ਆਪ ਵਖਾਈਆ । ਜਿਸ ਦਾ ਪਾਣੀ ਕਦੇ ਨਾ ਮੁੱਕਾ, ਆਬ ਹਯਾਤ ਵੰਡ ਵੰਡਾਈਆ । ਜਿਸ ਦੇ ਉਤੇ ਦੇਵੇ ਕੋਈ ਨਾ ਤੁੱਕਾ, ਮੁਖ ਬੰਦ ਨਾ ਕੋਇ ਕਰਾਈਆ । ਜਿਸ ਦਾ ਸੂਟਾ ਲੈਂਦਿਆਂ ਸਾਹ ਕਦੇ ਨਾ ਸੁੱਕਾ, ਸੁੱਕੇ ਹਰੇ ਦਏ ਕਰਾਈਆ । ਜਿਸ

ਦੇ ਪੀਤਿਆਂ ਵਿੰਗਾ ਨਾ ਹੋਏ ਮੁਖਾ, ਰਸਨਾ ਧੁਆਂਧਾਰ ਨਾ ਕੋਇ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਵਖਾਈਆ । ਵੇਖੇ ਖੇਲ ਆਓ ਦਵਾਰ, ਧੁਰ ਦਰਬਾਰੀ ਆਪ ਜਣਾਇੰਦਾ । ਪੀਓ ਸੁਲਫ਼ਾ ਏਕਾ ਵਾਰ, ਸੂਟਾ ਆਪਣੇ ਨਾਮ ਲਗਾਇੰਦਾ । ਉਲਫ਼ਤ ਕਰੋ ਪਰਵਰਦਿਗਾਰ, ਮੁਹਬਤ ਸਚ ਸਚ ਜਣਾਇੰਦਾ । ਆਪਣੀ ਉਮਤ ਮਾਰੋ ਮਾਰ, ਸੁਨਤ ਸਭ ਦੀ ਮੇਟ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਚੌਦਾਂ ਤਬਕ ਸਚ ਸਿੰਘਾਸਣ ਆਪ ਲਗਾਏ ਪੁਰਖ ਅਬਿਨਾਸ਼ਣ, ਨੀਲ ਬਸਤਰ ਬਸਨ ਬਨਵਾਰੀ ਖੇਲੇ ਖੇਲ ਅਗੰਮ ਅਪਾਰੀ, ਲੇਖਾ ਜਾਣ ਅੰਦਰ ਬਾਹਰੀ, ਜ਼ਾਹਰ ਜ਼ਹੂਰ ਰੂਪ ਧਰਾਇੰਦਾ । ਜ਼ਾਹਰ ਜ਼ਹੂਰ ਆਇਆ ਜ਼ਾਲਮ, ਜ਼ੁਲਮ ਸਭ ਦਾ ਵੇਖ ਵਖਾਈਆ । ਆਪਣੇ ਹਿੱਸੇ ਪਹਿਲੋਂ ਵੰਡ ਕੇ ਗਿਆ ਆਪਣਾ ਕਾਲਮ, ਹੱਦ ਆਪਣੀ ਆਪ ਬੰਧਾਈਆ । ਅੰਤਮ ਵੇਖੇ ਸਾਰੀ ਆਲਮ, ਉਲਮਾ ਪਰਦਾ ਆਪ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਲੇਖਾ ਰਿਹਾ ਜਣਾਈਆ । ਹੁੱਕੇ ਨਾਲ ਵੇਖੀ ਹੁੱਕੀ, ਹੁਕਮ ਆਪਣਾ ਆਪ ਜਣਾਈਆ । ਅੱਲਾ ਰਾਣੀ ਫਿਰਦੀ ਚੁੱਕੀ, ਚੋਟੀ ਸਭ ਦੀ ਆਪ ਮੁੰਡਾਈਆ । ਅੰਤ ਹੋਈ ਤਿਹਾਈ ਭੁੱਖੀ, ਤ੍ਰਿਸਨਾ ਅਗਨ ਨਾ ਕੋਇ ਬੁਝਾਈਆ । ਉਮਤ ਉਮਤੀਆਂ ਨਾਲ ਹੋਈ ਲੁੱਚੀ, ਆਪਣੀ ਪਤ ਨਾ ਕੋਇ ਰਖਾਈਆ । ਦੋ ਕੰਨਾਂ ਹੋਈ ਬੁੱਚੀ, ਬੁਚਕਾ ਸਿਰ ਤੇ ਭਾਰ ਉਠਾਈਆ । ਮੁਲਾਂ ਸ਼ੇਖ਼ਾਂ ਮੁਰਸ਼ਦ ਨਾਲ ਨਾ ਲੱਗੀ ਰੁਚੀ, ਮੁਰੀਦ ਮੁਰਸ਼ਦ ਨਾ ਕੋਇ ਮਿਲਾਈਆ । ਦਾੜ੍ਹੀ ਮੁੰਨਦੇ ਰਹੇ ਫੜ ਕੇ ਕੂਚੀ, ਝੂਠਾ ਸਾਬਨ ਨਾਲ ਮਿਲਾਈਆ । ਅੰਦਰ ਵੜ ਕੇ ਕਿਸੇ ਨਾ ਦੱਸੀ ਸਾਚੀ ਸੂਚੀ, ਸੂਚਨਾ ਨਾਮ ਨਾ ਕੋਇ ਜਣਾਈਆ । ਪ੍ਰਭ ਮਿਲੇ ਨਾ ਤਾਅ ਦਿਤਿਆਂ ਮੁਛੀਂ, ਮੁਛਾਂ ਸਭ ਦੀਆਂ ਰਿਹਾ ਕਟਾਈਆ । ਆਪਣੇ ਗਲ ਵਿਚ ਪਾ ਕੇ ਆਇਆ ਨਾਈ ਗੁੱਛੀ, ਨਾਮ ਉਸਤਰਾ ਤਿਖ਼ਾ ਰਿਹਾ ਕਰਾਈਆ । ਜੇਹੜੀ ਚੋਟੀ ਪਰਵਰਦਿਗਾਰ ਨਾ ਝੁਕੀ, ਸੋ ਸਭ ਦੀ ਦਏ ਮੁੰਡਾਈਆ । ਅੱਲਾ ਰਾਣੀ ਜੇ ਬਣੇ ਨਾਰ ਫੱਫਣੇ ਕੁੱਟੀ, ਕੁੱਟ ਕੁੱਟ ਬਾਹਰ ਦਏ ਕਢਾਈਆ । ਜਿਨ੍ਹਾਂ ਹੁੱਕਾ ਪੀਤਾ ਸੂਟੀ, ਤਿਨ੍ਹਾਂ ਦੋਜ਼ਖ਼ ਅਗਨੀ ਡਾਹੀਆ । ਬਹਿਸ਼ਤ ਲਏ ਨਾ ਕੋਇ ਹੂਟੀ, ਸਚ ਨਵਾਬ ਨਾ ਕੋਇ ਮਿਲਾਈਆ । ਜਿਨ੍ਹਾਂ ਪੀਤੀ ਭੰਗ ਬੂਟੀ, ਬੂਟਾ ਤਿਨ੍ਹਾਂ ਰਿਹਾ ਉਖੜਾਈਆ । ਹਰਿ ਜੂ ਚਲੀ ਚਾਲ ਕਸੂਤੀ, ਕਸਰ ਛੱਡੇ ਨਾ ਕੋਈ ਰਾਈਆ । ਸਭ ਦੀ ਭੰਨੇ ਫੜ ਕੇ ਬੂਥੀ, ਘਸੁੰਨ ਮੁੱਕ ਰਿਹਾ ਵਖਾਈਆ । ਕਾਇਆ ਮੰਦਰ ਫੜ ਕੇ ਹੱਥੀਂ ਪੁਟੀ ਚੂਥੀ, ਦਰ ਦਰਵਾਜਾ ਦਏ ਭੰਨਾਈਆ । ਲੇਖਾ ਵੇਖੇ ਈਸਾ ਮੂਸੀ, ਮੁਫ਼ਤ ਆਪਣੀ ਸੇਵ ਕਮਾਈਆ । ਪਰਵਰਦਿਗਾਰ ਪਹਿਲੋਂ ਘੱਲੇ ਕਰਨ ਜਾਸੂਸੀ, ਲੋਕਮਾਤ ਹੁਕਮ ਸੁਣਾਈਆ । ਆਪਣੀ ਅਸਲੀਅਤ ਦੱਸ ਖ਼ਾਸੂਸੀ, ਖ਼ਸਲਤ ਸਭ ਦੀ ਵੇਖ ਵਖਾਈਆ । ਅੰਤਮ ਘਰ ਘਰ ਹੋਏ ਮਾਯੂਸੀ, ਹੰਸ ਮੁਖ ਨਾ ਕੋਇ ਸਾਲਾਹੀਆ । ਕਰੇ ਖੇਲ ਚੀਨੀ ਰੂਸੀ, ਚੀ ਬਰ ਜਬੀਂ ਨਾ ਕੋਇ ਵਡਿਆਈਆ । ਅਜ਼ੀਂ ਕਰੇ ਇਕ ਹਦੀਸੀ, ਸੀਂ ਸਾਢੇ ਤਿੰਨ ਤਿੰਨ ਹੱਥ ਵੰਡਾਈਆ । ਖ਼ਾਲੀ ਕਰੇ ਸਭ ਦੀ ਸ਼ੀਸੀ, ਖਹਿ ਖਹਿ ਮਾਰੇ ਲੋਕਾਈਆ । ਨਾਮ ਆਪਣੇ ਮਾਰੇ ਇਕੋ ਸੀਟੀ, ਗੁਰਮੁਖਾਂ ਲਏ ਜਗਾਈਆ । ਨਿਰਗੁਣ ਬਣ ਕੇ ਆਇਆ ਟੀਟੀ, ਟਿਕਟਾਂ ਸਭ ਦੇ ਹੱਥ ਫੜਾਈਆ । ਟੋਪੀ ਅੰਦਰ ਨਿੱਕੀ ਗੀਟੀ, ਚਿਲਮ ਕੋਲਿਆਂ ਨਾਲ ਭਰਾਈਆ । ਆਪੇ ਵੇਖੇ ਪਿਛਲੀ ਬੀਤੀ, ਅਗਲੀ ਆਪਣੇ ਹੱਥ ਰਖਾਈਆ । ਨੇੜੇ ਆਈ ਸਦੀ ਬੀਸੀ, ਬਿਸਤਰਾ ਸਭ ਦਾ ਦਏ ਬੰਧਾਈਆ । ਆਪਣੀ ਹੱਥੀਂ ਚੱਕੀ ਪੀਸੀ, ਪੀਹਣ ਆਇਆ ਸੱਚਾ ਮਾਹੀਆ ।

ਜੇ ਕੋਈ ਬਚੀ ਰਹਿ ਗਈ ਜੀਤੀ, ਤਿਸ ਜੀਵਣ ਜੁਗਤ ਦਏ ਜਣਾਈਆ । ਸਤਿਜੁਗ ਇਕੋ ਜੇਹੀ ਰੀਤੀ, ਦੂਆ ਏਕਾ ਮੇਲ ਮਿਲਾਈਆ । ਪ੍ਰਭ ਚਰਨ ਲੱਗੇ ਸਚ ਪ੍ਰੀਤੀ, ਪ੍ਰੀਤੀ ਇਕ ਸਿਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਖਣਹਾਰਾ ਸਭ ਦੀ ਨੀਤੀ, ਨੀਤੀਵਾਨ ਫੇਰਾ ਪਾਈਆ । ਹੁੱਕਾ ਕਹੇ ਗੁੜ ਗੁੜ ਕਰ ਕੇ ਦਿਤਾ ਹੋਕਾ, ਹੌਲੀ ਹੌਲੀ ਜਗਤ ਜਣਾਇਆ । ਪੁਰਖ ਅਬਿਨਾਸ਼ੀ ਅੰਤਮ ਸਭ ਨਾਲ ਕਰਨਾ ਧੋਖਾ, ਅਛਲ ਛਲ ਧਾਰੀ ਆਪਣਾ ਵੇਸ ਵਟਾਇਆ । ਕਿਸੇ ਸਾਹ ਲੈਣ ਨਾ ਦੇਵੇ ਸੌਖਾ, ਸੌਖਿਉਂ ਔਖਾ ਪੰਧ ਮੁਕਾਇਆ । ਆਪਣਾ ਕਿਸੇ ਹੱਥ ਨਾ ਔਣ ਦੇਵੇ ਮੌਕਾ, ਭੇਵ ਅਭੇਦਾ ਭੇਵ ਛੁਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣੀ ਕਾਰ ਆਪਣਾ ਆਪ ਲਾਇਆ ।

## ❇ ੧੬ ਮੱਘਰ ੨੦੧੯ ਬਿਕਰਮੀ ਆਸਾ ਸਿੰਘ ਪਿਆਰਾ ਸਿੰਘ ਦੇ ਗ੍ਰਿਹ ਬਾਬੂ ਪੁਰ ❇

ਸ੍ਰੀ ਭਗਵਾਨ ਤੇਰੀ ਚਾਲਾਕੀ, ਪਰਵਰਦਿਗਾਰ ਭੇਵ ਕੋਇ ਨਾ ਪਾਈਆ । ਜੁਗ ਜੁਗ ਮਾਣ ਦੇਂਦਾ ਰਿਹਾ ਪੰਜ ਤੱਤ ਖ਼ਾਕੀ, ਨਿਰਗੁਣ ਜੋਤ ਕਰ ਰੁਸ਼ਨਾਈਆ । ਅੰਮ੍ਰਿਤ ਜਾਮ ਪਿਔਂਦਾ ਰਿਹਾ ਬਣ ਬਣ ਸਾਕੀ, ਮਧੁਰ ਪਿਆਲਾ ਹੱਥ ਉਠਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਖੋਲ੍ਹਦਾ ਰਿਹਾ ਤਾਕੀ, ਜਗਤ ਝਰੋਖਾ ਕੁੰਡਾ ਲਾਹੀਆ । ਆਪ ਬਣ ਕੇ ਬੈਠਾ ਰਿਹਾ ਆਕੀ, ਜ਼ੇਰ ਜ਼ਬਰ ਨਾ ਕੋਇ ਜਣਾਈਆ । ਸ਼ਾਹ ਸੁਲਤਾਨਾਂ ਚੜ੍ਹੌਂਦਾ ਰਿਹਾ ਉਪਰ ਹਾਥੀ, ਐਰਾਪਤ ਨਾ ਮਾਣ ਜਣਾਈਆ । ਘੋੜਿਆਂ ਉਪਰ ਜ਼ੀਨ ਪਾਖਰ ਪੌਂਦਾ ਰਿਹਾ ਕਾਠੀ, ਸੋਲਾਂ ਕਲੀਆਂ ਵੰਡ ਵੰਡਾਈਆ । ਅੱਖਰ ਵੱਖਰ ਦੇਂਦਾ ਰਿਹਾ ਦਾਤੀ, ਨਿਰਗੁਣ ਸਰਗੁਣ ਕਰ ਪੜ੍ਹਾਈਆ । ਘਰ ਮੰਦਰ ਸਵੌਂਦਾ ਰਿਹਾ ਖ਼ਾਟੀ, ਸਚ ਸਿੰਘਾਸਣ ਇਕ ਸੁਹਾਈਆ । ਚੌਦਾਂ ਲੋਕ ਵਖੌਂਦਾ ਰਿਹਾ ਹਾਟੀ, ਰੂਪ ਅਨੂਪ ਵਟਾਈਆ । ਚੌਦਾਂ ਤਬਕਾਂ ਬਣਦਾ ਰਿਹਾ ਸਾਥੀ, ਜ਼ਿਮੀ ਅਸਮਾਨਾਂ ਖੋਜ ਖੁਜਾਈਆ । ਕਰਦਾ ਰਿਹਾ ਖੇਲ ਧਰਤ ਮਾਤ ਦੀ ਉਤੇ ਛਾਤੀ, ਸਰਗੁਣ ਨਿਰਗੁਣ ਬੇਪਰਵਾਹੀਆ । ਗੌਂਦਾ ਰਿਹਾ ਆਤਮ ਆਰਤੀ, ਘਿਰਤ ਦੀਪ ਕਰ ਰੁਸ਼ਨਾਈਆ । ਸੁਣੌਂਦਾ ਰਿਹਾ ਹਿੰਦੀ ਉਰਦੂ ਗੁਰਮੁਖੀ ਫ਼ਾਰਸੀ, ਫ਼ਾਸਲਾ ਆਪਣਾ ਨਾ ਕਿਸੇ ਜਣਾਈਆ । ਪੀਰ ਪੈਗ਼ੰਬਰ ਘੱਲਦਾ ਰਿਹਾ ਸਫ਼ਾਰਸ਼ੀ, ਲੇਖਾ ਆਪਣੇ ਹੱਥ ਜਣਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਬਣੌਂਦਾ ਰਿਹਾ ਆੜ੍ਹਤੀ, ਧੜਤ ਆਪਣਾ ਨਾਮ ਵੱਟਾ ਲਗਾਈਆ । ਲੇਖਾ ਲਿਖ ਲਿਖ ਦੱਸਦਾ ਰਿਹਾ ਇਬਾਰਤੀ, ਅਦਮ ਆਪਣਾ ਨਾ ਕਿਸੇ ਜਣਾਈਆ । ਦੋ ਜਹਾਨ ਫਿਰਦਾ ਰਿਹਾ ਬਣ ਮਸਾਲਚੀ, ਨਿਰਗੁਣ ਨੂਰ ਕਰ ਰੁਸ਼ਨਾਈਆ । ਘਰ ਘਰ ਚਲੌਂਦਾ ਰਿਹਾ ਖ਼ਾਨਾ ਬਾਬਰਚੀ, ਬਾਵਰਚੀ ਆਪਣਾ ਨਾਉਂ ਧਰਾਈਆ । ਜੀਵ ਜੰਤ ਬਣੌਂਦਾ ਰਿਹਾ ਲਾਲਚੀ, ਲਾਲਚ ਕਰੇ ਜਗਤ ਕੁੜਮਾਈਆ । ਜੁਗ ਜੁਗ ਕਰਦਾ ਰਿਹਾ ਨਾਲਸ਼ੀ, ਨਾਲਸ਼ ਆਪਣੀ ਨਾ ਕਿਸੇ ਸਮਝਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕਰਦਾ ਰਿਹਾ ਮਾਲਸ਼ੀ, ਮਸਲਾ ਇਕੋ ਇਕ ਆਪਣੇ ਹੱਥ ਰਖਾਈਆ । ਤੇਈ ਅਵਤਾਰ ਭਗਤ ਅਠਾਰਾਂ ਦਸ ਗੁਰ ਈਸਾ ਮੂਸਾ ਮੁਹੰਮਦ ਹੱਥ ਫੜੌਂਦਾ ਰਿਹਾ ਖ਼ਾਲੀ ਬਾਲਟੀ, ਨਾਮ ਪਿਛੋਂ ਝੋਲੀ ਪਾਈਆ । ਲੋਕਮਾਤ ਆ ਕੇ ਦੀਨ ਮਜ਼੍ਹਬ ਬੰਨ੍ਹ ਗਏ ਪਾਰਟੀ, ਹਰਿ ਕਾ ਪਾਰਟ ਅਦਾ ਨਾ ਕੋਇ ਕਰਾਈਆ । ਨਾਮ ਵਿਹੂਣਾ ਦੱਸ


੧੯੬
੧੩

ਗਏ ਜੰਗਲ ਜੂਹ ਉਜਾੜ ਪਹਾੜ ਡੂੰਘੀ ਗਾਰਤੀ, ਗਹਿਰ ਗੰਭੀਰ ਨਾ ਕੋਇ ਮਿਲਾਈਆ । ਹਕੀਕਤ ਹੱਕ ਨਾ ਜਾਣੇ ਕੋਇ ਪਾਦਰੀ, ਈਸਾ ਮੂਸਾ ਨਾ ਸਿਫ਼ਤ ਸਾਲਾਹੀਆ । ਕਰਤਾ ਕੀਮਤ ਕੋਇ ਨਾ ਜਾਣੇ ਕਾਦਰੀ, ਕੁਦਰਤ ਭੇਵ ਕੋਇ ਨਾ ਆਈਆ । ਸਾਰੇ ਆਪਣੀ ਆਪਣੀ ਕਰ ਕੇ ਗਏ ਬਹਾਦਰੀ, ਲੋਕਮਾਤ ਬਲ ਧਰਾਈਆ । ਚਾਰ ਵਰਨ ਬਣਾ ਕੇ ਗਏ ਬਰਾਦਰੀ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਨਾਉਂ ਧਰਾਈਆ । ਸਬਰ ਪਿਆਲਾ ਕਿਸੇ ਨਾ ਦਿਤਾ ਸਾਬਰੀ, ਸਿਦਕ ਸਚ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਲੇਖਾ ਵੇਖੇ ਥਾਉਂ ਥਾਈਂਆ । ਪਰਵਰਦਿਗਾਰ ਬੜਾ ਚਲਾਕ, ਚੰਚਲ ਆਪਣਾ ਖੇਲ ਕਰਾਇੰਦਾ । ਕਦੇ ਪਾਕ ਕਦੇ ਖ਼ਾਕ, ਖ਼ਾਕ ਪਾਕ ਰੂਪ ਵਟਾਇੰਦਾ । ਕਦੇ ਸੱਜਣ ਕਦੇ ਸਾਕ, ਕਦੇ ਨਾਤਾ ਤੋੜ ਤੁੜਾਇੰਦਾ । ਕਦੇ ਗੀਤ ਕਦੇ ਗਾਥ, ਕਦੇ ਗੋਬਿੰਦ ਨਾਉਂ ਰਖਾਇੰਦਾ । ਕਦੇ ਚਰਨ ਕਦੇ ਨਾਤ, ਕਦੇ ਮੁਖੜਾ ਮੁਖ ਭੁਆਇੰਦਾ । ਕਦੇ ਪਿਤਾ ਕਦੇ ਮਾਤ, ਕਦੇ ਪੂਤ ਸਪੂਤ ਸੁਹਾਇੰਦਾ । ਕਦੇ ਵਰਨ ਗੋਤ ਜ਼ਾਤ, ਕਦੇ ਦੀਨ ਮਜ਼੍ਹਬ ਵੰਡ ਵੰਡਾਇੰਦਾ । ਕਦੇ ਸ਼ਰਅ ਸ਼ਰੀਅਤ ਸ਼ਾਖ਼, ਕਦੇ ਸ਼ਨਾਖ਼ਤ ਵੇਖਣ ਆਇੰਦਾ । ਕਦੇ ਬਾਤਨ ਜ਼ਾਹਰ ਕਰ ਕਰ ਬਾਤ, ਕਦੇ ਬੈਤਲ ਰੂਪ ਵਟਾਇੰਦਾ । ਕਦੇ ਪੀਰ ਪੈਗ਼ੰਬਰਾਂ ਦੇਵੇ ਦਾਤ, ਕਲਮਾ ਕਲਾਮ ਝੋਲੀ ਪਾਇੰਦਾ । ਕਦੇ ਆਪਣੀ ਹੱਥੀਂ ਕਰ ਵਫ਼ਾਤ, ਫ਼ਾਤਿਹਾ ਸਭ ਦਾ ਆਪ ਪੜ੍ਹਾਇੰਦਾ । ਕਦੇ ਖਿਸ਼ਤ ਕਦੇ ਹਾਤ, ਕਦੇ ਮਹੱਲਾ ਰੂਪ ਵਟਾਇੰਦਾ । ਕਦੇ ਖੇਲ ਖੇਲੇ ਕਾਇਨਾਤ, ਕਦੇ ਕਾਇਆ ਕਾਅਬਾ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹੱਥ ਕਿਸੇ ਨਾ ਆਇੰਦਾ । ਵੱਡ ਚਲਾਕ ਪਰਵਰਦਿਗਾਰ, ਜੁਗ ਜੁਗ ਆਪਣੀ ਖੇਲ ਕਰਾਈਆ । ਨਿਰਗੁਣ ਸਰਗੁਣ ਦੇ ਆਧਾਰ, ਸਰਗੁਣ ਨਿਰਗੁਣ ਰਾਹ ਜਣਾਈਆ । ਕਿਸੇ ਖੇਹ ਸੀਸ ਪਵਾਏ ਛਾਰ, ਧੂਣੀ ਅਗਨ ਰਿਹਾ ਤਪਾਈਆ । ਕਿਸੇ ਜਲ ਧਾਰਾ ਦੇਵੇ ਠਾਰ, ਹੁਕਮੀ ਹੁਕਮ ਦਏ ਸਜਾਈਆ । ਕਿਸੇ ਫੜ ਫੜ ਸੁੱਟੇ ਡੂੰਘੀ ਗਾਰ, ਜੋਗ ਅਭਿਆਸ ਕਰੇ ਪੜ੍ਹਾਈਆ । ਕਿਸੇ ਪੜ੍ਹਨ ਲਾਇਆ ਵਿਚ ਸੰਸਾਰ, ਰਸਨਾ ਜਿਹਵਾ ਕਰ ਕਰ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਭੇਵ ਨਾ ਕਿਸੇ ਜਣਾਈਆ । ਵਡ ਚਲਾਕ ਬੇਪਰਵਾਹ, ਭੇਵ ਨਾ ਕੋਇ ਜਣਾਇੰਦਾ । ਆਦਿ ਜੁਗਾਦਿ ਜੁਗਾਦਿ ਆਦਿ ਲੌਂਦਾ ਰਿਹਾ ਦਾਅ, ਦਾਉ ਆਪਣਾ ਨਾ ਕਿਸੇ ਸਮਝਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੇਂਦਾ ਰਿਹਾ ਨਾਂ, ਅੰਤ ਨਿਸ਼ਾਨਾ ਸਭ ਦਾ ਆਪ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣੀ ਚਲਾਕੀ ਬਣ ਉਚੱਕਾ, ਆਪ ਕਰਾਇੰਦਾ । ਹਰਿ ਜੂ ਹੋਏ ਇਕ ਉਚੱਕਾ, ਵਲ ਛਲ ਖੇਲ ਕਰਾਈਆ । ਆਪਣੇ ਇਰਾਦਿਉਂ ਹੋਏ ਪੱਕਾ, ਕੱਚੀ ਕਰੇ ਸਰਬ ਲੋਕਾਈਆ । ਆਪਣਾ ਬੋਲ ਕਰੇ ਸੱਚਾ, ਸਚ ਹੋਰ ਨਾ ਕਿਸੇ ਸਮਝਾਈਆ । ਬਣ ਮਾਤ ਗੋਦ ਉਠਾਏ ਜ਼ੱਚਾ, ਸੀਰ ਨੀਰ ਇਕ ਪਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਢਾਲੇ ਨਿੱਕਾ ਨਿੱਕਾ ਸੱਚਾ, ਲੋਕਮਾਤ ਵੰਡ ਵੰਡਾਈਆ । ਅੰਦਰ ਵੜੇ ਸ਼ਬਦੀ ਬੱਚਾ, ਬਚਪਨ ਆਪਣਾ ਦਏ ਸਮਝਾਈਆ । ਸਾਰਿਆਂ ਨੂੰ ਕਹਿ ਕੇ ਆਇਆ ਅੱਛਾ, ਭੇਵ ਅਭੇਦ ਨਾ ਕਿਸੇ ਬਤਾਈਆ । ਇਕ ਦੱਸਿਆ ਮੈਂ ਕਰੂੰ ਤੁਹਾਡੀ ਰੱਛਾ, ਰੱਛਿਆ ਆਪਣੇ ਹੱਥ ਫੜਾਈਆ । ਜੋ ਮੰਗੇ ਤਿਸ ਪਾਏ ਭਿਛਾ, ਵਡ ਦਾਤਾ ਬੇਪਰਵਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਖਾਣੀ ਬਾਣੀ ਗੌਂਦੇ ਗਏ ਕਿਸਾ, ਹਰਿ ਦੀ ਕਿਸਮ ਨਾ ਕਿਸੇ ਸਮਝਾਈਆ । ਕਿਰਨ ਕਿਰਨ

ਵੰਡਾਇਆ ਹਿੱਸਾ, ਕਰਾਮਾਤ ਨਾ ਕੋਇ ਜਣਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੋ ਜਹਾਨ ਵਾਹੇ ਦਾਹੀਆ। ਪੁਰਖ ਅਕਾਲ ਬੜਾ ਲੁੱਚਾ, ਦੋ ਜਹਾਨ ਖੇਲ ਕਰਾਇੰਦਾ। ਸਾਰਿਆਂ ਕੋਲੋਂ ਓਹਲੇ ਲੁਕਾ, ਦਿਸ ਕਿਸੇ ਨਾ ਆਇੰਦਾ। ਕਿਸੇ ਹੱਥ ਫੜਾਇਆ ਹੁੱਕਾ, ਕਿਸੇ ਚੋਟੀ ਸੀਸ ਮੁੰਡਾਇੰਦਾ। ਕਿਸੇ ਫੜ ਟੰਗਾਇਆ ਪੁੱਠਾ, ਕਿਸੇ ਖਲੜੀ ਤਨ ਲੁਹਾਇੰਦਾ। ਕਿਸੇ ਨੀਹਾਂ ਹੇਠ ਦਬਾਏ ਪੁੱਤਾ, ਕਿਸੇ ਤੱਤੀ ਤਵੀ ਉਤੇ ਬਹਾਇੰਦਾ। ਕਿਸੇ ਧਾਰ ਤਲਵਾਰ ਨਾਲ ਟੁੱਕਾ, ਕਿਸੇ ਅੰਗ ਅੰਗ ਕਟਾਇੰਦਾ। ਜੇ ਕੋਈ ਪੁਛੇ ਕੀ ਖੇਲ ਕਰੇ ਅਬਿਨਾਸ਼ੀ ਅਚੁਤਾ, ਆਪਣਾ ਭੇਵ ਨਾ ਕਿਸੇ ਸਮਝਾਇੰਦਾ। ਜੁਗ ਚੌਕੜੀ ਬੈਠਾ ਰਹੇ ਰੁੱਸਾ, ਅੱਗੇ ਹੋ ਨਾ ਕੋਈ ਬਚਾਇੰਦਾ। ਪ੍ਰਭ ਸਾਚੇ ਅੱਗੇ ਕੋਈ ਨਾ ਗੁਸਾ, ਭਾਣਾ ਮੰਨ ਮੰਨ ਸਭ ਸ਼ੁਕਰ ਮਨਾਇੰਦਾ। ਗੁਰ ਅਵਤਾਰ ਪੀਰ ਪੈਗ਼ੰਬਰ ਕੋਈ ਨਾ ਦੱਸ ਸਕਿਆ ਪ੍ਰਭ ਦਾ ਜੁੱਸਾ, ਵਜੂਦ ਨਜ਼ਰ ਕਿਸੇ ਨਾ ਆਇੰਦਾ। ਕਵਣ ਸੇਜੇ ਸਚ ਸਿੰਘਾਸਣ ਸੁੱਤਾ, ਕਵਲ ਨੈਣ ਡੇਰਾ ਲਾਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਵਖਾਇੰਦਾ। ਵੇਖੋ ਹਰਿ ਜੂ ਲੁੱਚਾ ਠੱਗ, ਠੱਗੀ ਸਭ ਦੇ ਨਾਲ ਕਰਾਈਆ। ਪੰਜ ਤੱਤ ਲਾ ਲਾ ਅੱਗ, ਅਗਨੀ ਤੱਤ ਜਲਾਈਆ। ਗੁਰ ਅਵਤਾਰ ਪੀਰ ਪੈਗ਼ੰਬਰ ਲੋਕਮਾਤ ਭੇਜੇ ਵੱਗ, ਵਾਗੀ ਬਣ ਬਣ ਸੱਚੇ ਮਾਹੀਆ। ਇਕੋ ਦੱਸਿਆ ਅਚਾਰ ਚੱਜ, ਅਚਰਜ ਆਪਣਾ ਵੇਸ ਨਾ ਕਿਸੇ ਵਡਿਆਈਆ। ਕਿਸੇ ਮੱਕੇ ਕਾਅਬੇ ਕਰੌਂਦਾ ਰਿਹਾ ਹੱਜ, ਕਲਮਾ ਨਬੀ ਅਮਾਮ ਪੜ੍ਹਾਈਆ। ਕਿਸੇ ਨਾਮ ਸਤਿ ਦਿਤਾ ਦੱਸ, ਕਿਸੇ ਵਾਹਿਗੁਰੂ ਸਿਫ਼ਤ ਸਾਲਾਹੀਆ। ਕਿਸੇ ਰਾਮ ਰਾਮ ਦਿਤਾ ਜਸ, ਕਿਸੇ ਕ੍ਰਿਸ਼ਨ ਕ੍ਰਿਸ਼ਨ ਸਮਝਾਈਆ। ਆਪ ਦੂਰ ਦੁਰਾਡਾ ਬਹਿ ਕੇ ਰਿਹਾ ਵਸ, ਆਪਣੀ ਲੁਕਵੀਂ ਖੇਲ੍ਹ ਰਚਾਈਆ। ਜੁਗ ਜੁਗ ਚੌਕੜੀ ਗਾ ਗਾ ਗਏ ਥੱਕ, ਅੰਤਮ ਆਪ ਵੇਖਣ ਆਈਆ। ਚਾਰੋਂ ਕੁੰਟ ਲੌਂਦੇ ਭੱਖ, ਅਗਨੀ ਤੱਤ ਰਹੀ ਤਪਾਈਆ। ਖ਼ਾਲੀ ਦਿਸੇ ਚੌਦਾਂ ਹੱਟ, ਕਿਸ਼ਨ ਵੰਡ ਵੰਡ ਵੰਡਾਈਆ। ਚੌਦਾਂ ਤਬਕ ਬਣੇ ਹੱਟ, ਬਣ ਸਵਾਂਗੀ ਸਵਾਂਗ ਵਖਾਈਆ। ਗੁਰ ਅਵਤਾਰ ਪੀਰ ਪੈਗ਼ੰਬਰ ਪ੍ਰਭ ਸਰਨਾਈ ਗਏ ਢੱਠ, ਆਪਣਾ ਆਪ ਗਵਾਈਆ। ਜਿਉਂ ਭਾਵੇ ਤਿਉਂ ਲੈਣਾ ਰੱਖ, ਤੇਰੇ ਹੱਥ ਤੇਰੀ ਵਡਿਆਈਆ। ਵੇਖ ਸਾਡੇ ਖ਼ਾਲੀ ਹੱਥ, ਦਰ ਤੇਰੇ ਦੇਣ ਦੁਹਾਈਆ। ਜਿਨ੍ਹਾਂ ਲੱਕੜਾਂ ਉਤੇ ਦਿਤੇ ਰੱਖ, ਕਾਇਆ ਮਾਟੀ ਰੂਪ ਨਾ ਕੋਇ ਵਖਾਈਆ। ਧੁਆਂਧਾਰ ਤੇਰਾ ਨੂਰ ਵੇਖ ਸਮਰਥ, ਤੇਰੇ ਘਰ ਵੱਜੇ ਵਧਾਈਆ। ਬਿਨ ਤੁਧ ਕੋਈ ਨਾ ਰੱਖੇ ਪਤ, ਪਤਵੰਤ ਮੇਰੇ ਮਾਹੀਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਭੇਵ ਨਾ ਕਿਸੇ ਜਣਾਈਆ। ਹਰਿ ਜੂ ਲੁੱਚਾ ਠੱਗ ਚੋਰ, ਚੋਰੀ ਸਭ ਦੇ ਨਾਲ ਕਰਾਇੰਦਾ। ਵਸਣਹਾਰ ਅੰਧੇਰੀ ਘੋਰ, ਡੂੰਘੀ ਖੱਡ ਕੁੰਦਰ ਵੇਖ ਵਖਾਇੰਦਾ। ਅੱਗੇ ਲਏ ਸਾਰੇ ਤੋਰ, ਤੁਰਤ ਆਪਣਾ ਹੁਕਮ ਸੁਣਾਇੰਦਾ। ਕੋਈ ਨਾ ਸਕੇ ਅੱਗੋਂ ਮੋੜ, ਸਯਦਾ ਸੀਸ ਸਰਬ ਝੁਕਾਇੰਦਾ। ਨਿਰਗੁਣ ਸਰਗੁਣ ਦੋਵੇਂ ਜੋੜ, ਦੋਏ ਦੋਏ ਆਪਣੀ ਕਲ ਵਰਤਾਇੰਦਾ। ਅੰਦਰੋਂ ਬਾਹਰੋਂ ਦਿਸੇ ਹੋਰ, ਭੇਦ ਅਭੇਦ ਆਪ ਛੁਪਾਇੰਦਾ। ਤਿਸ ਅੱਗੇ ਚਲੇ ਨਾ ਕੋਈ ਜ਼ੋਰ, ਜ਼ੋਰ ਜ਼ਾਬਰ ਆਪ ਜਣਾਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਗਿਆਨ ਧੁਰ ਦੀ ਬਾਣੀ ਆਪਣੀ ਕਰਨੀ ਆਪ ਜਣਾਇੰਦਾ।

ਸਾਚੇ ਤਖ਼ਤ ਹਰਿ ਜੂ ਬਹਿੰਦਾ, ਹਰਿ ਬਹਿ ਬਹਿ ਖੇਲ ਕਰਾਈਆ । ਵੇਖਣਹਾਰਾ ਚੜ੍ਹਦਾ ਲਹਿੰਦਾ, ਉਤਰ ਪਹਾੜ ਭੇਵ ਚੁਕਾਈਆ । ਅੱਲਾ ਰਾਣੀ ਤੇਰਾ ਪਾ ਕੇ ਲਹਿੰਗਾ, ਮੁਖ ਘੁੰਗਟ ਰਹੀ ਵਖਾਈਆ । ਪੀਰ ਪੈਗ਼ੰਬਰੋ ਉਠੋ ਵੇਖੋ ਪਰਵਰਦਿਗਾਰ ਕੀ ਕੀ ਕਹਿੰਦਾ, ਧੁਰ ਫ਼ਰਮਾਣਾ ਆਪ ਸੁਣਾਈਆ । ਵੇਲੇ ਅੰਤ ਕੌਣ ਰਹਿੰਦਾ, ਚੌਦਾਂ ਤਬਕ ਸਫ਼ਾ ਰਿਹਾ ਉਠਾਈਆ । ਚਾਰ ਜੁਗ ਗੁਰ ਅਵਤਾਰਾਂ ਭਾਣਾ ਰਿਹਾ ਸਹਿੰਦਾ, ਅੰਤਮ ਆਪਣਾ ਭਾਣਾ ਇਕ ਵਰਤਾਈਆ । ਜੀਵ ਜੰਤ ਦੋ ਜਹਾਨ ਇਕੋ ਗਾਹ ਗਹਿੰਦਾ, ਫੇਰਾ ਆਪਣਾ ਨਾਮ ਲਗਾਈਆ । ਸ਼ਾਹ ਸੁਲਤਾਨ ਸੂਰਬੀਰ ਬਿਨ ਢਾਹਿਉਂ ਢਹਿੰਦਾ, ਮੂੰਹ ਦੇ ਭਾਰ ਸੁਟਾਈਆ । ਵਹਿਣ ਵਹਾ ਕੇ ਇਕੋ ਨੈਂ ਦਾ, ਨੂਹ ਨਦੀ ਨਾ ਕੋਈ ਵਡਿਆਈਆ । ਨਾਤਾ ਤੋੜੇ ਭਰਾ ਭੈਣ ਦਾ, ਬੇਪਰਵਾਹ ਬੇਪਰਵਾਹੀਆ । ਹੁਣ ਵੇਲਾ ਨਹੀਂ ਨਿੰਦਰਾ ਵਿਚ ਰਹਿਣ ਦਾ, ਨੇਤਰ ਨੈਣ ਨੈਣ ਦੇਣਾ ਖੁਲ੍ਹਾਈਆ । ਵਿਖਾਏ ਖੇਲ ਲਾੜੀ ਮੌਤ ਡੈਣ ਦਾ, ਡੰਕਾ ਆਪਣਾ ਨਾਮ ਵਜਾਈਆ । ਲੇਖਾ ਚੁਕੇ ਸਾਕ ਸੱਜਣ ਸੈਣ ਦਾ, ਸਗਲਾ ਸੰਗ ਤੁੜਾਈਆ । ਹਿਸਾਬ ਮੁੱਕੇ ਲੈਣ ਦੇਣ ਦਾ, ਵਹੀ ਖ਼ਾਤਾ ਰਿਹਾ ਉਡਾਈਆ । ਭੇਵ ਚੁੱਕਿਆ ਸੁਖ ਚੈਨ ਦਾ, ਸੁਹੰਜਣੀ ਸੇਜ ਦਏ ਕਰਾਈਆ । ਲੇਖਾ ਮੁੱਕਿਆ ਐਨ ਗ਼ੈਨ ਦਾ, ਲਿਖ਼ਤ ਸਭ ਦੀ ਰਿਹਾ ਮਿਟਾਈਆ । ਲਹੂ ਲੇਖੇ ਲੱਗਾ ਹਸਨ ਹੁਸੈਨ ਦਾ, ਪੀਰ ਪੈਗ਼ੰਬਰਾਂ ਰਿਹਾ ਸਮਝਾਈਆ । ਪੁਤਰ ਵੇਖੇ ਫ਼ਾਤਮਾ ਭੈਣ ਦਾ, ਮਿਹਰਵਾਨ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਰਿਹਾ ਕਰਾਈਆ ।



੧੯੯
੧੩

ਮੁਸ਼ਕਲ ਕੁਸ਼ਾ ਹੋਏ ਮਫ਼ਰੂਰ, ਮੋਹ ਮੁਹੱਬਤ ਸਰਬ ਤੁੜਾਈਆ । ਹੁਕਮੇ ਅੰਦਰ ਲਾ ਕਸੂਰ, ਬੇਕਸੂਰ ਕਸੂਰ ਠਹਿਰਾਈਆ । ਕੀ ਕੀਤਾ ਮਨਸੂਰ, ਮਨਸੂਰ ਸੂਲੀ ਉਪਰ ਚੜ੍ਹਾਈਆ । ਸਭ ਨੂੰ ਕਰਦਾ ਅੰਤ ਮਜ਼ਬੂਰ, ਮੁਜਰਾ ਜਲਵਾ ਇਕ ਵਖਾਈਆ । ਆਪਣੀ ਜ਼ਰੂਰਤ ਪੂਰੀ ਕਰੇ ਜ਼ਰੂਰ, ਜ਼ਹੂਰ ਆਪਣਾ ਲਏ ਪਰਗਟਾਈਆ । ਮੁਸ਼ਕਲ ਕੁਸ਼ਾ ਬੜਾ ਸ਼ਊਰ, ਸ਼ੋਹਰਤ ਸਭ ਦੀ ਦਏ ਗਵਾਈਆ । ਜ਼ਨਾਨੀ ਮਰਦਾਨੀ ਆਏ ਤੁਗਿਆਨੀ, ਤੂਫ਼ਾਨ ਇਕ ਚੜ੍ਹਾਇੰਦਾ । ਸਿਦਕ ਸਬੂਰੀ ਵੇਖ ਈਮਾਨੀ, ਆਮਦ ਇਕੋ ਘਰ ਵਖਾਇੰਦਾ । ਬਿਰਹੋਂ ਤੀਰ ਵੈਰਾਗ ਕਾਨੀ, ਕਲਬੂਤ ਕਾਇਆ ਆਪ ਲਗਾਇੰਦਾ । ਜਗਤ ਗਾਏ ਜਗਤ ਕਹਾਣੀ, ਭੇਵ ਭੇਵ ਨਾ ਕੋਇ ਸਮਝਾਇੰਦਾ । ਅੰਤਮ ਸਭ ਨੂੰ ਕਰੇ ਫ਼ਾਨੀ, ਫ਼ਤਵਾ ਸਭ ਦੇ ਉਤੇ ਲਾਇੰਦਾ । ਬੈਠਾ ਇਕ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਇੰਦਾ । ਸਦਾ ਸੁਹੇਲਾ ਇਕ ਲਾਸਾਨੀ, ਲਾਸ਼ਾਂ ਸਭ ਦੀਆਂ ਆਪ ਦਬਾਇੰਦਾ । ਕਿਆ ਕੋਈ ਦੇਵੇ ਕਲਮ ਬਿਆਨੀ, ਹਰਿ ਕਲਾਮ ਕਲਮੇ ਵਿਚ ਕਦੇ ਨਾ ਆਇੰਦਾ । ਸਭ ਨੂੰ ਕਰਦਾ ਰਿਹਾ ਪਰੇਸ਼ਾਨੀ, ਪਰਚਾ ਹੱਲ ਨਾ ਕੋਇ ਕਰਾਇੰਦਾ । ਨਾਰ ਮਰਦ ਮਰਦ ਨਾਰ ਕਹਾਣੀ, ਕਹਾਵਤ ਬਗ਼ਾਵਤ ਅਦਾਵਤ ਅਲਾਮਤ ਆਪ ਲਗਾਇੰਦਾ ।

ਸਤਿ ਚਿਤ ਸਦਾ ਸਦ ਚੇਤਨ, ਅਨੰਦ ਆਪਣਾ ਰਸ ਰਖਾਈਆ । ਲੱਭ ਲੱਭ ਥੱਕੇ ਸਾਰੇ ਭੇਤਨ, ਭੇਵ ਹੱਥ ਕਿਸੇ ਨਾ ਆਈਆ । ਚਲ ਚਲ ਗਏ ਨੇਤਰੀ ਪੇਖਣ, ਬਣ ਬਣ ਪਾਂਧੀ ਪੰਧ ਮੁਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦਰ ਦੁਆਰਿਉਂ ਬਾਹਰ ਖੇਡਣ, ਹੱਥ ਦਹਿਲੀਜਾਂ

ਨਾਲ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਚਿਤ ਅਨੰਦ, ਨਾ ਕੋਈ ਰੂਪ ਨਾ ਕੋਈ ਰੰਗ, ਨਾ ਕੋਈ ਧਾਰ ਨਾ ਕੋਈ ਗੰਗ, ਨਾ ਕੋਈ ਨਾਦ ਨਾ ਮਰਦੰਗ, ਨਾ ਕੋਈ ਕੰਗਣ ਨਾ ਕੋਈ ਵੰਗ, ਨਾ ਕੋਈ ਸੁਹਾਗਣ ਨਾ ਕੋਈ ਰੰਡ, ਨਾ ਕੋਈ ਸੂਰਜ ਨਾ ਕੋਈ ਚੰਦ, ਨਾ ਕੋਈ ਗੀਤ ਨਾ ਕੋਈ ਛੰਦ, ਨਾ ਕੋਈ ਬੰਧਨ ਨਾ ਕੋਈ ਬੰਧ, ਨਾ ਕੋਈ ਵਾਟ ਨਾ ਕੋਈ ਪੰਧ, ਨਾ ਕੋਈ ਰਸਨਾ ਨਾ ਕੋਈ ਦੰਦ, ਨਾ ਕੋਈ ਬ੍ਰਹਮ ਨਾ ਕੋਈ ਹੰ, ਕਰੇ ਖੇਲ ਸੂਰਾ ਸਰਬੰਗ, ਸਦ ਚਿਤ ਆਪ ਅਨੰਦ, ਜੀਉ ਪਿੰਡ ਜਿਸ ਦਾਤ ਦਿਤੀ ਵੰਡ, ਖੇਲੇ ਖੇਲ ਕੋਟ ਬ੍ਰਹਿਮੰਡ, ਜੁਗ ਚੌਕੜੀ ਸਭ ਦੇ ਨਾਲ ਰਿਹਾ ਹੰਢ, ਰਸਨਾ ਜਿਹਵਾ ਪਾਈ ਗੰਢ, ਪ੍ਰੇਮ ਪਿਆਰ ਡੋਰੀ ਰੱਖੀ ਤੰਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਚਿਤ ਅਨੰਦ, ਚਰਚਾ ਦੇ ਪਰਚਾ ਮਾਤ ਕਰਾਈਆ ।

ਪੂਰਨ ਪਰਮੇਸ਼ਵਰ ਬਣਿਆ ਆਪ, ਪਰਮੇਸ਼ਵਰ ਪੂਰਨ ਵਿਚ ਸਮਾਈਆ । ਪੂਰਨ ਕਰੇ ਨਾ ਕਿਸੇ ਦਾ ਜਾਪ, ਪਰਮੇਸ਼ਵਰ ਪੜ੍ਹਨ ਕਿਤੇ ਨਾ ਜਾਈਆ । ਪੂਰਨ ਕਰੇ ਨਾ ਕੋਈ ਪਾਠ, ਪਰਮੇਸ਼ਵਰ ਕਰੇ ਨਾ ਕੋਇ ਪੜ੍ਹਾਈਆ । ਪੂਰਨ ਬਣਿਆ ਪ੍ਰਭ ਦਾ ਸਾਕ, ਪਰਮੇਸ਼ਵਰ ਪੂਰਨ ਰਿਹਾ ਪਰਨਾਈਆ । ਪੂਰਨ ਬਣਿਆ ਵਿਚੋਲਾ ਆਪ, ਪਰਮੇਸ਼ਵਰ ਕਰੀ ਘਰ ਕੁੜਮਾਈਆ । ਦੋਹਾਂ ਰਲ ਕੇ ਇਕੋ ਮਿਲ ਗਈ ਜ਼ਾਤ, ਜੁਗ ਜੁਗ ਵੰਡ ਨਾ ਕੋਇ ਵੰਡਾਈਆ । ਰਲ ਕੇ ਇਕੱਠੀ ਕਰਨ ਬਾਤ, ਦਿਵਸ ਰੈਣ ਸਲਾਹ ਪਕਾਈਆ । ਪੂਰਨ ਪਿਛੇ ਪਰਮੇਸ਼ਵਰ ਪਾਈ ਵਫ਼ਾਤ, ਆਪਣਾ ਹੱਕ
੨੦੦ ਰਹਣ ਫੱਕ ਦਿਤਾ ਕਰਾਈਆ । ਅੰਦਰ ਵੜ ਗਿਆ ਲੈ ਕੇ ਡੂੰਘਾ ਖ਼ਾਤ, ਹੱਟ ਸਾਚਾ ਦਿਤਾ ਖੁਲ੍ਹਾਈਆ । ਪਰਮੇਸ਼ਵਰ ਪੂਰਨ ਦਿਤੀ ਨਜ਼ਾਤ, ਨਿਸ਼ਾਵਰ ੨੦੦
੧੩ ਪਰਮੇਸ਼ਵਰ ਪੂਰਨ ਰਿਹਾ ਕਰਾਈਆ । ਕਿਆ ਕੋਈ ਕਰੇ ਏਥੇ ਵਜ਼ਾਹਤ, ਮਿਸਲ ਸਕੇ ਨਾ ਕੋਈ ਲਿਖਾਈਆ । ਦਫ਼ਾ ਹਰਫ਼ ਜ਼ੇਰ ਜ਼ਬਰ ਨਾ ੧੩
ਜਾਣੇ ਕੋਈ ਲੁਗਾਤ, ਲੱਗ ਮਾਤਰ ਨਾ ਕੋਈ ਵਡਿਆਈਆ । ਪੂਰਨ ਪਰਮੇਸ਼ਵਰ ਅਕੱਠੇ ਹੋਏ ਪਹਿਲੀ ਵੇਰ ਪਹਿਲੀ ਰਾਤ, ਪੋਹ ਛੱਬੀ ਮਿਲੀ ਵਡਿਆਈਆ । ਦੋਹਾਂ ਦਾ ਨਾ ਕੋਈ ਪਿਤਾ ਮਾਤ, ਸਾਕ ਸੱਜਣ ਨਾ ਕੋਈ ਬਣਾਈਆ । ਪੂਰਨ ਵਲ ਜੇ ਕੋਈ ਲਏ ਝਾਕ, ਪਰਮੇਸ਼ਵਰ ਆਵੇ ਵਾਹੋ ਦਾਹੀਆ । ਪਰਮੇਸ਼ਵਰ ਦਾ ਜੇ ਕੋਈ ਖੋਲ੍ਹੇ ਤਾਕ, ਪੂਰਨ ਅੱਗੇ ਹੋ ਕੇ ਬੰਦ ਕਰਾਇਆ । ਬਿਨ ਪੂਰਨ ਕੋਈ ਨਾ ਲੱਗੇ ਘਾਟ, ਪਰਮੇਸ਼ਵਰ ਪੂਰਨ ਹੱਥ ਦਿਤੀ ਵਡਿਆਈਆ । ਪਰਮੇਸ਼ਵਰ ਪੂਰਨ ਮਿਲਣ ਆਇਆ ਖ਼ਾਸ, ਖ਼ਾਹਿਸ਼ ਗੋਬਿੰਦ ਪੂਰ ਕਰਾਇਆ । ਪੂਰਨ ਪਰਮੇਸ਼ਵਰ ਪੂਰੀ ਕੀਤੀ ਆਸ, ਆਸ ਪਰਮੇਸ਼ਵਰ ਪੂਰਨ ਰਿਹਾ ਕਰਾਇਆ । ਇਕ ਦੂਜੇ ਵਿਚ ਰਚ ਕੇ ਕੀਤਾ ਵਾਸ, ਆਪਣੀ ਰਚਨਾ ਫੇਰ ਬਣਾਈਆ । ਪੂਰਨ ਲਏ ਪਰਮੇਸ਼ਵਰ ਸਾਂਸ, ਸਾਹ ਸਾਹ ਪਰਮੇਸ਼ਵਰ ਰਿਹਾ ਸਮਾਈਆ । ਪੂਰਨ ਖੇਲ ਪ੍ਰਿਥਮੀ ਅਕਾਸ਼, ਪਰਮੇਸ਼ਵਰ ਗਗਨ ਮੰਡਲ ਫੇਰਾ ਪਾਈਆ । ਦੋ ਜਹਾਨਾਂ ਦੀ ਵਿਸ਼ਨ ਬ੍ਰਹਮਾ ਸ਼ਿਵ ਰੱਖੀ ਆਸ, ਗੁਰ ਅਵਤਾਰ ਪੀਰ ਪੈਗ਼ੰਬਰ ਧਿਆਨ ਲਗਾਈਆ । ਪੂਰਨ ਪ੍ਰਭ ਦੀ ਬਣਿਆ ਸ਼ਾਖ਼, ਪਰਮੇਸ਼ਵਰ ਪਤ ਡਾਲੀ ਰੂਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿੱਕੀ ਗੱਲ ਵੱਡੀ ਕਰ ਵਖਾਈਆ । ਵੱਡਿਓਂ ਹੋਈ ਨਿੱਕੀ, ਪ੍ਰਭ ਸਾਚੇ ਖੇਲ ਰਚਾਇਆ । ਨਿਕੀਓਂ ਹੋਈ ਵੱਡੀ, ਵੱਡ ਵਡਾ ਵੇਖ ਵਖਾਇਆ । ਪੂਰਨ ਪਰਮੇਸ਼ਵਰ ਦੋ ਜਹਾਨ ਖੇਡਨ ਕਬੱਡੀ, ਹੱਦ ਆਪਣੀ ਨਾ ਕਿਸੇ

ਵਖਾਇਆ । ਪਿਛਲੀ ਕੀਤੀ ਸਭ ਦੀ ਰੱਦੀ, ਰੰਦਾ ਇਕੋ ਵਾਰ ਫਿਰਾਇਆ । ਅੱਗੇ ਹੁਕਮੇ ਅੰਦਰੇ ਬੱਧੀ, ਸਿਰ ਸਕੇ ਨਾ ਕੋਈ ਉਠਾਇਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਖ਼ਾਲੀ ਕੀਤੀ ਗੱਦੀ, ਗਦਾ ਚੱਕਰ ਨਾ ਕੋਈ ਫਿਰਾਇਆ । ਅੱਗੇ ਖਾਣ ਨੂੰ ਮਿਲੇ ਰੋਟੀ ਅੱਧੀ, ਮਾਹਲ ਪੂੜੇ ਅੱਗੇ ਨਾ ਕੋਈ ਟਿਕਾਇਆ । ਵੇਖੋ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਚਲਦੀ ਰਹੀ ਗੱਡੀ, ਹੁਕਮੇ ਅੰਦਰ ਸਰਬ ਫਿਰਾਇਆ । ਅੰਤਮ ਕਿਸੇ ਦੀ ਨਜ਼ਰ ਨਾ ਆਵੇ ਹੱਡੀ, ਪੰਜ ਤੱਤ ਖ਼ਾਕੀ ਖ਼ਾਕ ਸਮਾਇਆ । ਨਾ ਕੋਈ ਪੁਸ਼ਤ ਨਾ ਕੋਈ ਯਦੀ, ਬੰਸ ਸਰਬੰਸ ਨਾ ਕੋਈ ਸਹਾਇਆ । ਸਭ ਦੀ ਬੀਤਦੀ ਗਈ ਸਦੀ, ਸੱਦਾ ਹਰਿ ਜੂ ਘਰ ਘਰ ਆਪ ਸੁਣਾਇਆ । ਪਿਛੇ ਕਥਾ ਕਹਾਣੀ ਲਿਖੀ ਰਹਿ ਗਈ ਬੱਧੀ, ਜਗਤ ਸੰਦੇਸ਼ਾ ਇਕ ਅਲਾਇਆ । ਅੰਤਮ ਖ਼ਾਲੀ ਬੈਠੀ ਟੱਡੀ, ਨੇਤਰ ਨੈਣ ਨੈਣ ਉਠਾਇਆ । ਜਿਸ ਆਦਿ ਜੁਗਾਦਿ ਜੁਗਾਂ ਜੁਗੰਤਰ ਆਪਣੀ ਸਿਖਿਆ ਵਿਚੋਂ ਆਪਣੇ ਕੱਢੀ, ਸੋ ਸਾਹਿਬ ਖੇਲ ਕਰਾਇਆ । ਪੂਰਨ ਪਰਮੇਸ਼ਵਰ ਇਕ ਦੂਜੇ ਨਾਲ ਪਾਈ ਜੱਫੀ, ਪਰਦਾ ਪਰਦਾ ਮਾਤ ਚੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿੱਕੀ ਵੱਡੀ ਵੱਡੀ ਨਿੱਕੀ ਗੱਲ ਆਪਣੇ ਵਿਚ ਰਖਾਇਆ । ਨਿੱਕੀ ਕਹੇ ਤੇ ਹੋਏ ਨਿੱਕਾ, ਨਿੱਕਾ ਨਜ਼ਰ ਕਿਸੇ ਨਹੀਂ ਆਇੰਦਾ । ਵੱਡੀ ਕਹੇ ਤੇ ਹੋਏ ਵੱਡਾ, ਭੈ ਸਰਬ ਜਣਾਇੰਦਾ । ਏਸੇ ਕਰ ਕੇ ਪੁਰਖ ਅਬਿਨਾਸ਼ੀ ਆਪਣਾ ਖਹਿੜਾ ਛੱਡਾ, ਪੂਰਨ ਜਗਤ ਵਖਾਇੰਦਾ । ਕੋਈ ਕਹੇ ਬੁੱਢਾ ਨੱਢਾ, ਜੱਟ ਵੇਸ ਵਟਾਇੰਦਾ । ਕੋਈ ਕਹੇ ਮਾਲਸ਼ਾਂ ਕਰੇ ਹੱਡਾਂ, ਦੁੱਧ ਪੀ ਪੀ ਸ਼ੁਕਰ ਮਨਾਇੰਦਾ । ਕੋਈ ਕਹੇ ਘਰ ਆਵੇਂ ਦਿਤਿਆਂ ਸੱਦਾ, ਦਰ ਦਰ ਫੇਰਾ ਪਾਇੰਦਾ । ਪਰਮੇਸ਼ਵਰ ਕਹੇ ਪੂਰਨ ਸਭ ਦੀ ਰੱਖੇ ਲੱਜਾ, ਜਿਸ ਸਿਰ ਆਪਣਾ ਹੱਥ ਟਿਕਾਇੰਦਾ । ਜਿਸ ਮੇਰਾ ਪਰਦਾ ਕੱਜਾ, ਸੋ ਪੂਰਨ ਹਰ ਘਟ ਨਜ਼ਰੀ ਆਇੰਦਾ । ਦਿਨੇ ਰਾਤੀ ਫਿਰੇ ਭੱਜਾ, ਗੁਰਮੁਖਾਂ ਦਰਸ ਦਿਖਾਇੰਦਾ । ਘਰ ਘਰ ਅੰਦਰ ਜਾ ਕੇ ਨੱਚਾ, ਆਪਣਾ ਨਾਚ ਨਚਾਇੰਦਾ । ਲੂੰ ਲੂੰ ਅੰਦਰ ਤੀਰ ਨਿਸ਼ਾਨਾ ਬਣ ਕੇ ਵੱਜਾ, ਸਾਢੇ ਤਿੰਨ ਕਰੋੜ ਆਪਣੀ ਝੋਲੀ ਪਾਇੰਦਾ । ਆਤਮ ਸੇਜਾ ਬਹਿ ਬਹਿ ਸਜਾ, ਸਚ ਸਿੰਘਾਸਣ ਆਸਣ ਲਾਇੰਦਾ । ਗੁਰਮੁਖਾਂ ਦਰਸ਼ਨ ਕਰ ਕਰ ਰੱਜਾ, ਆਪਣੀ ਭੁੱਖ ਸਰਬ ਗਵਾਇੰਦਾ । ਪਰਮੇਸ਼ਵਰ ਕਹੇ ਪੂਰਨ ਮੇਰਾ ਬੱਚਾ, ਬਿਨ ਬੱਚਿਆਂ ਪਿਓ ਕੰਮ ਕਿਸੇ ਨਾ ਆਇੰਦਾ । ਗੋਬਿੰਦ ਸੂਰਾ ਹੋਇਆ ਸੱਚਾ, ਜੋ ਅੰਤਮ ਮੰਗ ਮੰਗਾਇੰਦਾ । ਹਰਿ ਕਾ ਬਚਨ ਨਾ ਹੋਏ ਕੱਚਾ, ਕਾਇਆ ਕੱਚੀ ਵੰਗ ਰੰਗ ਚੜ੍ਹਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਪੂਰਨ ਪਰਮੇਸ਼ਵਰ ਢਾਲਿਆ ਇਕੋ ਸੰਚਾ, ਪਾਰਸ ਪਾਰਸ ਨਾਲ ਮਿਲਾਇੰਦਾ । ਨਿੱਕਾ ਕਹੇ ਹੋਏ ਨਿਕੰਮਾ, ਨਿਕਰਮਣ ਆਪ ਅਖਵਾਈਆ । ਵੱਡਾ ਕਹੇ ਹੋਏ ਸ੍ਰੀ ਭਗਵਨਾ, ਭਗਵਨ ਆਪਣਾ ਭੇਵ ਜਣਾਈਆ । ਪੂਰਨ ਵੇਖਿਆ ਇਕੋ ਚੰਨਾ, ਹਰਿ ਚੰਦ ਆਪ ਚਮਕਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਇਕੋ ਹੱਦ ਇਕੋ ਬੰਨਾ, ਇਕੋ ਵੰਡ ਰਿਹਾ ਵੰਡਾਈਆ । ਪਰਮੇਸ਼ਵਰ ਨਾਲ ਪੂਰਨ ਮੰਨਾ, ਪਰਮੇਸ਼ਵਰ ਪੂਰਨ ਸੀਸ ਝੁਕਾਈਆ । ਲੋਕੀਂ ਵੇਖਣ ਬੈਠਾ ਅੰਨ੍ਹਾਂ, ਅੰਦਰ ਕੋਟਨ ਕੋਟ ਬ੍ਰਹਿਮੰਡ ਰਿਹਾ ਛੁਪਾਈਆ । ਬਿਨ ਗੁਰਮੁਖਾਂ ਕੋਈ ਰਾਗ ਨਾ ਸੁਣੇ ਕੰਨਾਂ, ਸਰਵਣ ਸਭ ਦੇ ਬੰਦ ਕਰਾਈਆ । ਵੇਖੋ ਸਿਖੋ ਤੁਹਾਡੇ ਚਰਨ ਧੋਵੇ ਧੰਨਾ, ਪ੍ਰਭ ਜੂ ਦੇਵਣਹਾਰ ਵਡਿਆਈਆ । ਨਾਮ ਦੇਵ ਆਏ ਭੰਨਾਂ, ਜਿਸ ਦੀ ਛੱਪਰੀ ਛੰਨ ਛੁਹਾਈਆ । ਹਰਿ ਸੰਗਤ ਤੇਰਾ ਵੇਖ ਪਿਆਰ ਦਰ ਦੁਆਰੇ ਉਹ ਵੀ ਮੰਨਾ, ਆਪਣਾ ਮਾਣ ਗਵਾਈਆ । ਕੀ ਹੋਇਆ ਮੈਂ ਭੋਗ ਲਵਾਇਆ ਛੰਨਾ, ਸਿਖ ਗਾਗਰਾਂ ਰਹੇ ਰੁੜ੍ਹਾਈਆ ।

ਜਿਨ੍ਹਾਂ ਪਿਛੇ ਹੋਇਆ ਝੱਲਾ, ਆਪਣੀ ਝਲਕ ਵਖਾਈਆ । ਔਹ ਰੋਂਦੀ ਆਈ ਰਾਣੀ ਅੱਲਾ, ਗਲ ਵਾਸਤਾ ਰਹੀ ਪਾਈਆ । ਦਰੋਹੀ ਮੇਰਾ ਫੜ ਪੱਲਾ, ਮੇਰੀ ਲਾਜ ਨਾ ਕੋਇ ਰਖਾਈਆ । ਚੌਦਾਂ ਸਦੀਆਂ ਕੱਟਿਆ ਛਿਲਾ, ਤੇਰੀ ਇਕੋ ਆਸ ਤਕਾਈਆ । ਮੇਰੀ ਮੀਢੀ ਪੁੱਟੇ ਬੂਰਾ ਕੱਕਾ ਬਿੱਲਾ, ਬੈਠਾ ਧਿਆਨ ਲਗਾਈਆ । ਮੈਂ ਕਹਿ ਕਹਿ ਥੱਕੀ ਇਲ ਲਿਲਾ ਬਿਸਮਿਲਾ, ਬਿਸਮਲ ਰੂਪ ਨਾ ਕੋਇ ਵਖਾਈਆ । ਚਾਰੋਂ ਕੁੰਟ ਦਿਸੇ ਫ਼ਨਾਹ ਫ਼ਿਲਾ, ਫ਼ਸੀਲ ਕੋਇ ਰਹਿਣ ਨਾ ਪਾਈਆ । ਤੇਰਾ ਉਚਾ ਸੋਹਣਾ ਲੱਗੇ ਟਿੱਲਾ, ਜਿਸ ਦੁਆਰੇ ਆਸਣ ਲਾਈਆ । ਜਿਵੇਂ ਗੁਰਸਿਖਾਂ ਮਿਲਣ ਦਾ ਕੀਤਾ ਹੀਲਾ, ਹਲਤ ਪਲਤ ਫੇਰਾ ਪਾਈਆ । ਤਨ ਬਸਤਰ ਪਹਿਨੇ ਕਾਲਾ ਪੀਲਾ ਲਾਲ ਨੀਲਾ, ਚਿੱਟਾ ਸੂਹਾ ਵੇਖ ਵਖਾਈਆ । ਪਰਵਰਦਿਗਾਰ ਸਾਹਿਬ ਸੁਲਤਾਨ ਸਚ ਗੋਸਾਈਂ ਤੂੰ ਛੈਲ ਛਬੀਲਾ, ਸ਼ਾਹ ਪਾਤਸ਼ਾਹ ਨਾਉਂ ਧਰਾਈਆ । ਜਿਥੇ ਭਗਤ ਬਣਾਇਆ ਕਬੀਲਾ, ਓਥੇ ਮੈਨੂੰ ਨਾਲ ਰਲਾਈਆ । ਮੈਂ ਤੱਕ ਕੇ ਆਈ ਪਿਛਲਾ ਵਸੀਲਾ, ਚੌਹ ਯਾਰਾਂ ਵਿਚੋਂ ਏਹ ਨਾਲ ਲੈਣ ਮਿਲਾਈਆ । ਮੈਂ ਕੀਤਾ ਨਹੀਂ ਕੋਈ ਵਕੀਲਾ, ਬਣ ਨਿਮਾਣੀ ਫੇਰਾ ਪਾਈਆ । ਤੇਰੇ ਮਿਲਣ ਦਾ ਇਕੋ ਹੀਲਾ, ਫੇਰ ਹੱਥ ਕਿਸੇ ਨਾ ਆਈਆ । ਜਿਉਂ ਵਜ਼ੀਰ ਕਿਸਤ ਦੇਵੇ ਸ਼ਹਿਫ਼ੀਲਾ, ਬਾਦਸ਼ਾਹ ਆਪਣੇ ਹੁਕਮ ਬੰਦ ਕਰਾਈਆ । ਮੇਰੇ ਪਿਛੇ ਕਿਉਂ ਹੋਇਉਂ ਢੀਲਾ, ਆਪਣਾ ਮੁਖ ਭੁਆਈਆ । ਮੈਂ ਚੌਦਾਂ ਲੋਕ ਚੱਕੀ ਚਲੌਂਦੀ ਰਹੀ ਪਾ ਕੇ ਪੀਹਣ ਗੀਲਾ, ਹੱਥਾ ਹੱਥੇ ਹੱਥੀ ਫਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿੱਕਾ ਵੱਡਾ ਵੱਡਾ ਨਿੱਕਾ ਦੋਹਾਂ ਲਗਾਏ ਆਪਣਾ ਟਿੱਕਾ, ਏਕ ਇਕੋ ਇਕ ਜਣਾਈਆ । ਨਿੱਕਾ ਕਹੇ ਹੋਏ ਨਾਕਾਰਾ, ਨਿਕਟ ਵਰਤੀ ਨਾ ਕੋਇ ਅਖਵਾਇੰਦਾ । ਵੱਡਾ ਕਹੇ ਬਣੇ ਸਿਕਦਾਰਾ, ਦੋ ਜਹਾਨਾਂ ਹੁਕਮ ਮਨਾਇੰਦਾ । ਦੋਹਾਂ ਤੋਂ ਕੀਤਾ ਆਪ ਕਿਨਾਰਾ, ਪੂਰਨ ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਆਪ ਵਖਾਇੰਦਾ । ਏਥੇ ਓਥੇ ਦੇ ਸਹਾਰਾ, ਸਾਹਿਬ ਸਾਬਰ ਵੇਖ ਵਖਾਇੰਦਾ । ਹੁਕਮੀ ਹੁਕਮ ਹੁਕਮ ਵਰਤਾਰਾ, ਹਾਕਮ ਹੱਕ ਹੱਕ ਸਮਝਾਇੰਦਾ । ਕਾਗਦ ਕਲਮ ਨਾ ਲਿਖਣਹਾਰਾ, ਲੇਖਾ ਲਿਖਤ ਵਿਚ ਨਾ ਆਇੰਦਾ । ਜਨ ਭਗਤਾਂ ਕਰੇ ਸਚ ਪਿਆਰਾ, ਪਿਆਰ ਭਗਤਾਂ ਨਾਲ ਪਰਨਾਇੰਦਾ । ਬਾਹਰੋਂ ਦਿਸੇ ਜੱਟ ਗਵਾਰਾ, ਅੰਦਰ ਗੂੜ੍ਹਾ ਰੰਗ ਚੜ੍ਹਾਇੰਦਾ । ਬਾਹਰੋਂ ਦਿਸੇ ਕੇਸ ਸੀਸ ਦਸਤਾਰਾ, ਅੰਦਰ ਨੂਰੋ ਨੂਰ ਡਗਮਗਾਇੰਦਾ । ਪਰਮੇਸ਼ਵਰ ਪੂਰਨ ਪੂਰਨ ਪਰਮੇਸ਼ਵਰ ਵੱਡਿਆਂ ਨਿੱਕਿਆਂ ਨਾਲ ਕਰੇ ਇਕੋ ਵਿਹਾਰਾ, ਵੱਡਾ ਪਰਮੇਸ਼ਵਰ ਨਿੱਕਾ ਪੂਰਨ, ਬਿਨ ਨਿੱਕੇ ਪੂਰਨ ਪਰਮੇਸ਼ਵਰ ਕੰਮ ਕਿਸੇ ਨਾ ਆਇੰਦਾ । ਦੋਹਾਂ ਮਿਲ ਕੇ ਕਰਨਾ ਕੰਮ ਸੰਪੂਰਨ, ਪੂਰਨਾ ਆਪਣਾ ਆਪੇ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿੱਕਾ ਵੱਡਾ ਇਕੋ ਰਾਮ, ਵੱਡਾ ਨਿੱਕਾ ਆਪਣਾ ਰੂਪ ਵਖਾਇੰਦਾ ।



ਪੂਰਨ ਪਰਮੇਸ਼ਵਰ ਕਹਿਣਾ ਨਹੀਂ ਦੋਸ਼, ਪਰਮੇਸ਼ਵਰ ਪੂਰਨ ਰੰਗ ਵਖਾਈਆ । ਸਚਖੰਡ ਜੋ ਬੈਠਾ ਰਿਹਾ ਖ਼ਾਮੋਸ਼, ਖ਼ਾਹ ਮਖ਼ਾਹ ਆਪਣੀ ਕਥਾ ਸੁਣਾਈਆ । ਸ੍ਰਿਸ਼ਟ ਸਬਾਈ ਟਿਕਾਣੇ ਲਿਆ ਹੋਸ਼, ਹੁਸ਼ਿਆਰ ਹੋਇਆ ਸੱਚਾ ਮਾਹੀਆ । ਰਾਜੇ ਰਾਣੇ ਜੰਗਲਾਂ ਵਿਚ ਫਿਰਾਏ ਖ਼ਰਗੋਸ਼, ਕਲਜੁਗ ਕੂੜੀ ਕਿਰਿਆ ਕੁੱਤੇ ਮਗਰ ਲਗਾਈਆ । ਨੌਂ ਸੌ ਚੁਰਾਨਵੇਂ ਚੌਕੜੀ ਪਿਛੋਂ ਚੜ੍ਹਿਆ ਜੋਸ਼, ਆਪਣਾ ਬਲ ਧਰਾਈਆ । ਖੋਜਿਆਂ ਕੋਈ ਨਾ ਕੱਢੇ

ਖੋਜ, ਖੋਜ ਥੱਕੀ ਸਰਬ ਲੋਕਾਈਆ । ਕਿਸੇ ਹੱਥ ਨਾ ਆਏ ਰੋਜ਼ਿਆਂ ਵਿਚ ਰੋਜ਼, ਫ਼ਾਕੇ ਮਰ ਮਰ ਦੇਣ ਦੁਹਾਈਆ । ਜਿਸ ਦੀ ਨਾਨਕ ਸੋਚਦਾ ਗਿਆ ਸੋਚ, ਸੋਚ ਸੋਚ ਨਾ ਕੋਇ ਜਣਾਈਆ । ਜਿਸ ਦੀ ਗੋਬਿੰਦ ਰੱਖੀ ਲੋਚ, ਦੋਏ ਲੋਚਣ ਧਿਆਨ ਲਗਾਈਆ । ਸੋ ਸਾਹਿਬ ਗਿਆ ਪਹੁੰਚ, ਪੂਰਨ ਪੂਰਨ ਵਿਚ ਸਮਾਈਆ । ਲੇਖਾ ਜਾਣੇ ਲੱਖਣ ਕਰੌਂਚ, ਪੁਸ਼ਕਰ ਜੰਬੂ ਵੇਖ ਵਖਾਈਆ । ਸਾਨ ਸਲਮਲ ਹੰਢਾਏ ਆਪਣਾ ਸ਼ੌਕ, ਸ਼ੌਕੀਨ ਬਣਿਆ ਬੇਪਰਵਾਹੀਆ । ਕੁਸ਼ਾ ਮਾਣੇ ਇਕੋ ਮੌਜ, ਕੁਸ਼ਲਿਆ ਬੇਟਾ ਰਾਮ ਆਸਾ ਪੂਰ ਕਰਾਈਆ । ਕਰੇ ਖੇਲ ਬਿਨ ਲਸ਼ਕਰ ਫ਼ੌਜ, ਖੰਡਾ ਤੀਰ ਨਾ ਕੋਇ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੇ ਅੰਦਰ ਹੁਕਮ ਚਲਾਈਆ । ਵਸ਼ਿਸ਼ਟ ਕੋਲ ਗਿਆ ਰਾਮ, ਰਾਮ ਪਿਆ ਸਰਨਾਈਆ । ਰਾਮ ਮੰਗੀ ਦਾਤ ਨਾਮ, ਨਾਮ ਰਾਮ ਝੋਲੀ ਪਾਈਆ । ਵਸ਼ਿਸ਼ਟ ਕਰ ਪ੍ਰਨਾਮ, ਪ੍ਰਾਣਾਯਾਮ ਲੇਖ ਚੁਕਾਈਆ । ਰਾਮ ਕਹੇ ਦੇ ਪੈਗ਼ਾਮ, ਹੁਕਮ ਸਚ ਸੁਣਾਈਆ । ਵਸ਼ਿਸ਼ਟ ਕਹੇ ਰਾਮ ਜਿਸ ਤੈਨੂੰ ਬਣਾਇਆ ਰਾਮ, ਸੋ ਰਾਮ ਅੰਤਮ ਕਲ ਆਵੇ ਵਾਹੋ ਦਾਹੀਆ । ਜਿਸ ਦਾ ਹੱਡ ਮਾਸ ਨਾੜੀ ਨਾ ਚਾਮ, ਦਸਰਥ ਬਿੰਦ ਨਾ ਕੋਇ ਅਖਵਾਈਆ । ਸੋ ਰਾਮ ਬੇਪਹਿਚਾਣ, ਰੂਪ ਰੰਗ ਨਾ ਕੋਇ ਵਖਾਈਆ । ਮੇਰੀ ਕੁਸ਼ਾ ਕਰ ਧਿਆਨ, ਜਿਸ ਉਪਰ ਆਸਣ ਲਾਈਆ । ਤੇਰੀ ਦਿਸ਼ਾ ਕਰੇ ਪਰਵਾਨ, ਦਹਿਸਿਰ ਮਾਰ ਨਾ ਕੋਇ ਵਡਿਆਈਆ । ਹੁਕਮੇ ਅੰਦਰ ਖੇਲ ਕਰੇ ਹੁਕਮਰਾਨ, ਬਨਬਾਸ ਕੱਟਣ ਕੋਇ ਨਾ ਜਾਈਆ । ਹਨਵੰਤ ਰੱਖੇ ਨਾ ਕੋਇ ਧਿਆਨ, ਸੁਗਰੀਵ ਸੰਗ ਨਾ ਕੋਇ ਰਖਾਈਆ । ਤੀਰ ਫੜੇ ਨਾ ਕੋਇ ਕਮਾਨ, ਚਿੱਲਾ ਹੱਥ ਨਾ ਕੋਇ ਲਟਕਾਈਆ । ਕਰ ਕਿਰਪਾ ਮਾਰੇ ਇਕੋ ਬਾਣ, ਖਾਣੀ ਬਾਣੀ ਸਭ ਦੀ ਹੋਸ਼ ਭੁਲਾਈਆ । ਆਪ ਬਣਿਆ ਰਹੇ ਬੇਪਹਿਚਾਨ, ਪਹਿਚਾਨ ਪੂਰਨ ਰੂਪ ਵਟਾਈਆ । ਜੇ ਕੋਈ ਲੱਭਣ ਜਾਏ ਨਿਸ਼ਾਨ, ਨਿਸ਼ਾਨਾ ਹੱਥ ਕਿਸੇ ਨਾ ਆਈਆ । ਜੇ ਕੋਈ ਕਹੇ ਵਿਸ਼ਨੂੰ ਭਗਵਾਨ, ਵਿਸ਼ਨੂੰ ਬਣ ਕਾਰ ਕਮਾਈਆ । ਸਭ ਨੂੰ ਦੇਵੇ ਆਤਮ ਦਾਨ, ਸੋਹੰ ਢੋਲਾ ਇਕ ਸੁਣਾਈਆ । ਪਹਿਲੋਂ ਪੂਰਨ ਰੂਪ ਬਣ ਕੇ ਜਾਏ ਰਾਮ, ਪੂਰਨ ਰਾਮ ਰੂਪ ਵਖਾਈਆ । ਫੇਰ ਕੰਮ ਕਰੇ ਨਿਸ਼ਕਾਮ, ਨਿਸਚਾ ਸਭ ਨੂੰ ਆਪ ਦਿਵਾਈਆ । ਪਰਾਪਰ ਪਰਾਪੇਗੰਡਾ ਨਾ ਕਰੇ ਕੋਈ ਜਹਾਨ, ਸਾਧ ਸੰਤ ਦੂਰ ਜਾ ਜਾ ਨਾ ਕਰੇ ਕੋਇ ਸ਼ਨਵਾਈਆ । ਸਾਰਿਆਂ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਕੋਲੋਂ ਲਏ ਲਗਾਨ, ਜੋ ਆਪਣੀ ਵੰਡਾਂ ਵੰਡ ਵੰਡ ਵੰਡਾਂ ਗਏ ਪਾਈਆ । ਸਚਖੰਡ ਬੈਠਾ ਪੂਰਨ ਅੰਦਰ ਵੜ ਕੇ ਦਏ ਫ਼ਰਮਾਣ, ਸਚ ਸੰਦੇਸ਼ਾ ਇਕ ਸੁਣਾਈਆ । ਸਾਰੇ ਚਰਨੀਂ ਡਿੱਗੋ ਆਣ, ਦਸਰਥ ਬੇਟਾ ਰਾਮ ਭੱਜੇ ਵਾਹੋ ਦਾਹੀਆ । ਚਲੋ ਦਰਸ਼ਨ ਕਰੀਏ ਸ੍ਰੀ ਭਗਵਾਨ, ਜਿਸ ਸਾਡੀ ਬਣਤ ਬਣਾਈਆ । ਗ਼ਰੀਬ ਨਿਮਾਣਿਆਂ ਦੇਵੇ ਮਾਣ, ਮਨਸਾ ਆਪਣੀ ਨਾ ਕੋਇ ਰਖਾਈਆ । ਬਾਹਰੋਂ ਦਿਸੇ ਮੂਰਖ ਅਵਾਣ, ਅੰਦਰ ਸਮਰਥ ਖੇਲ ਕਰਾਈਆ । ਬਿਨ ਪੂਰਨ ਕਲਜੁਗ ਅੰਤ ਕਿਸੇ ਦੀ ਨਾ ਹੋਵੇ ਕਲਿਆਣ, ਪੁਰਖ ਅਬਿਨਾਸ਼ੀ ਮੋਹਰ ਲਗਾਈਆ । ਫਿਰ ਕੇ ਵੇਖੋ ਸਾਰਾ ਜਹਾਨ, ਸਾਧਾਂ ਸੰਤਾਂ ਡੇਰਾ ਰਿਹਾ ਢਾਹੀਆ । ਸਿਰਫ਼ ਖ਼ਾਲੀ ਰਹਿ ਗਿਆ ਪੀਣ ਖਾਣ, ਅੰਦਰ ਜੋਤ ਨਾ ਕੋਇ ਰੁਸ਼ਨਾਈਆ । ਝੂਠੇ ਨੈਣ ਸਰਬ ਸ਼ਰਮਾਣ, ਅੱਗੇ ਅੱਖ ਨਾ ਕੋਇ ਉਠਾਈਆ । ਦੂਰੋਂ ਦੂਰ ਸਰਬ ਡਰਾਣ, ਜੇ ਅੱਗੇ ਆਵੇ ਤੇ ਭੱਜਣ ਵਾਹੋ ਦਾਹੀਆ । ਕਬੀਰ ਨਾਨਕ ਹੋਏ ਹੈਰਾਨ, ਹਰਿ ਜੂ ਕੀ ਕੀ ਖੇਲ ਰਚਾਈਆ । ਪਵਣ ਪਾਣੀ ਨੈਣ ਸ਼ਰਮਾਣ, ਰੋ ਰੋ ਨੈਣਾਂ ਨੀਰ ਵਹਾਈਆ । ਅਗਨੀ ਅੱਗ ਹੋਈ ਕੁਰਬਾਨ, ਕਰਬਲਾ ਮਿਲੇ ਨਾ ਕੋਇ ਵਡਿਆਈਆ । ਆਰਬਲਾ

ਚੁੱਕੀ ਵਿਚ ਜਹਾਨ, ਆਰਜ਼ੂ ਕੋਈ ਨਜ਼ਰ ਨਾ ਆਈਆ । ਪੂਰਨ ਪਰਮੇਸ਼ਵਰ ਮਿਲਿਆ ਆਣ, ਆਣ ਸਭ ਨੂੰ ਰਿਹਾ ਪਾਈਆ । ਸ੍ਰਿਸ਼ਟ ਸਬਾਈ ਦਿਸੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਹਾਰਾਜ ਸ਼ੇਰ ਸਿੰਘ ਨਜ਼ਰ ਕਿਸੇ ਨਾ ਆਈਆ । ਵੇਖੇ ਬਣਿਆ ਹਰਿ ਸ਼ੈਤਾਨ, ਸ਼ਰਅ ਉਲਟੀ ਆਪ ਚਲਾਈਆ । ਨਿਰਗੁਣ ਵਸਿਆ ਆਪ ਅਮਾਮ, ਸਰਗੁਣ ਪਰਦਾ ਉਤੇ ਪਾਈਆ । ਪੂਰਨ ਕਰਿਆ ਪੂਰਾ ਕਾਮ, ਨਿਹਕਰਮੀ ਕਰਮ ਕਾਂਡ ਨਾ ਕੋਇ ਜਣਾਈਆ । ਗੋਬਿੰਦ ਕੀਤੀ ਆਪ ਪਹਿਚਾਨ, ਪਿਛਲਾ ਪਰਦਾ ਰਿਹਾ ਚੁਕਾਈਆ । ਸੰਬਲ ਖੇੜਾ ਕਰ ਪਰਵਾਨ, ਪਰਵਾਨਾ ਘਰ ਘਰ ਰਿਹਾ ਪੁਚਾਈਆ । ਬਾਲਾ ਨੱਢਾ ਨੌਜਵਾਨ, ਬੁੱਢਾ ਆਪਣਾ ਰੂਪ ਵਟਾਈਆ । ਏਕਾ ਨਾਇਆਂ ਹੋ ਪਰਧਾਨ, ਸਾਲ ਉਨੀਵੇਂ ਖ਼ੁਸ਼ੀ ਮਨਾਈਆ । ਮੁੱਛ ਫੁੱਟ ਨੌਜਵਾਨ, ਕੁਛ ਕੁਛ ਆਪਣਾ ਹਾਲ ਸੁਣਾਈਆ । ਸਮਰਥ ਪੁਰਖ ਪੁਰਖ ਮਿਹਰਵਾਨ, ਮਿਹਰ ਨਜ਼ਰ ਇਕ ਉਠਾਈਆ । ਪੂਰਨ ਪਰਮੇਸ਼ਵਰ ਸ੍ਰੀ ਭਗਵਾਨ, ਜਗਤੇਸ਼ਵਰ ਰਹੇਸ਼ਵਰ ਮਹੇਸ਼ਵਰ ਤਮ ਮਮ ਮਮ ਤਮ ਅਗਮ ਨਿਗਮ ਨਿਗਹ ਆਪ ਰਖਾਈਆ । ਮੇਰੇ ਮਾਹੀ ਸਵੰਬਰ ਰਚਿਆ, ਦੋ ਜਹਾਨ ਵੱਜੀ ਵਧਾਈਆ । ਨਾਤਾ ਤੁਟਾ ਕੂੜਿਆਂ ਕੱਚਿਆਂ, ਕੱਚੀ ਗੰਢ ਰਹਿਣ ਨਾ ਪਾਈਆ । ਮਿਲਿਆ ਮੇਲ ਗੁਰਸਿਖਾਂ ਸੱਚਿਆਂ, ਜਿਨ੍ਹਾਂ ਸਤਿਗੁਰ ਸੱਚਾ ਮਿਲਿਆ ਚਾਈਂ ਚਾਈਂਆ । ਵੇਖੋ ਮਾਣ ਦੇਵੇ ਆਪਣੇ ਬੱਚਿਆਂ, ਗਲ ਫੂਲਣ ਹਾਰ ਪੁਆਈਆ । ਲੂੰ ਲੂੰ ਅੰਦਰ ਵੜ ਕੇ ਰਚਿਆ, ਰਚ ਰਚ ਆਪਣੀ ਖ਼ੁਸ਼ੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੇ ਅੰਦਰ ਹੁਕਮ ਵਡਿਆਈਆ । ਸਵੰਬਰ ਰਚੇ ਆਪ ਨਿਰੰਕਾਰ, ਨਿਰਗੁਣ ਨਿਰਗੁਣ ਖੇਲ ਕਰਾਇੰਦਾ । ਸਰਗੁਣ ਸਰਗੁਣ ਕਰ ਤਿਆਰ, ਸਤਿਗੁਰ ਆਪਣਾ ਮੇਲ ਮਿਲਾਇੰਦਾ । ਜੋਤ ਅਕਾਲਣ ਕਰ ਵਿਚਾਰ, ਸ਼ਬਦ ਦਲਾਲਣ ਵੇਖ ਵਖਾਇੰਦਾ । ਨਾਰ ਕੰਤ ਕੰਤ ਨਾਰ ਸੋਹੇ ਇਕ ਦੁਆਰ, ਦਰ ਮੰਦਰ ਬੰਕ ਵਡਿਆਇੰਦਾ । ਗੁਰਮੁਖ ਮੇਲਾ ਗੁਰਮੁਖ ਧਾਰ, ਗੁਰਸਿਖ ਗੁਰ ਗੁਰ ਗੋਰ ਸਮਾਇੰਦਾ । ਬਣ ਵਚੋਲਾ ਏਕੰਕਾਰ, ਆਤਮ ਪਰਮਾਤਮ ਜੋੜ ਜੁੜਾਇੰਦਾ । ਸਾਚੀ ਸਖੀਆਂ ਮੰਗਲਾਚਾਰ, ਗੀਤ ਗੋਬਿੰਦ ਅਲਾਇੰਦਾ । ਕਰ ਕਿਰਪਾ ਹਰਿ ਸੰਗਤ ਪਾਇਆ ਆਪਣਾ ਹਾਰ, ਹਰਿ ਕੇ ਪੌੜੇ ਆਪ ਚੜ੍ਹਾਇੰਦਾ । ਅੱਗੇ ਜਾ ਕੇ ਵੇਖੋ ਬਹਾਰ, ਸ਼ਹਿਨਸ਼ਾਹ ਆਪਣਾ ਰੰਗ ਵਖਾਇੰਦਾ । ਇਸਤਰੀ ਪੁਰਸ਼ ਨਾਰੀ ਨਰ ਆਪਣੀ ਗੋਦ ਲਏ ਬਠਾਲ, ਸਿਰ ਤੇ ਆਪਣਾ ਹੱਥ ਟਿਕਾਇੰਦਾ । ਓਥੇ ਨਾ ਕੋਈ ਸ਼ਾਹ ਨਾ ਕੰਗਾਲ, ਕੰਗਾਲਾਂ ਆਪਣੇ ਸੰਗ ਰਖਾਇੰਦਾ । ਵੇਖੋ ਬਣਿਆ ਆਪ ਦਲਾਲ, ਬਿਨ ਪੈਸਿਉਂ ਬਿਨ ਵੱਢੀਉਂ, ਬਿਨ ਰਿਸ਼ਵਤ ਰੱਛਿਆ ਸਰਬ ਕਰਾਇੰਦਾ । ਜਿਉਂ ਪਰਦੇਸੀ ਮਾਂ ਪਿਉ ਪੁੱਤ ਲੈਣ ਜਾਏ ਗੱਡੀਉਂ, ਜਗਤ ਮਿਸਾਲ ਦੇ ਸਮਝਾਇੰਦਾ । ਤਿਉਂ ਸਤਿਗੁਰ ਸੁਰਤ ਸੁਆਣੀ ਵਿਚੋਂ ਕੱਢੇ ਹੱਡੀਉਂ, ਆਤਮਾ ਪਰਮਾਤਮਾ ਆਪਣੇ ਨਾਲ ਮਿਲਾਇੰਦਾ । ਨਾਤਾ ਤੋੜੇ ਚਾਰ ਖਾਣੀ ਰੰਡੀਉਂ, ਕੰਤ ਸੁਹਾਗੀ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਫੂਲਣ ਹਾਰ ਹਰਿ ਕੇ ਹਰਿ ਜੂ ਹਰਿ ਸੰਗਤ ਗਲ ਪੁਆਇੰਦਾ । ਹਰਿ ਸੰਗਤ ਹਰਿ ਜੂ ਪਾਇਆ ਹਾਰ, ਹਰਿ ਕੀ ਪੌੜੀ ਆਪ ਚੜ੍ਹਾਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਕੋਇ ਨਾ ਹੋਏ ਖ਼ਵਾਰ, ਖ਼ੁਆਬ ਵਿਚ ਨਹਾਵਣ ਕੋਇ ਨਾ ਜਾਈਆ । ਘਰ ਬੈਠਿਆਂ ਦੇਵੇ ਪੁੰਨ ਸਵਾਬ, ਸਬਰ ਸੰਤੋਖ ਝੋਲੀ ਰਿਹਾ ਭਰਾਈਆ । ਕੰਮ ਕਰਦਿਆਂ ਸਿਰ ਨਵਾਂ ਕਰੋ ਆਦਾਬ, ਘਰ ਬੈਠਿਆਂ ਲੇਖੇ ਲਾਈਆ । ਮੌਤ ਲਾੜੀ ਨਾ ਦਏ ਅਜ਼ਾਬ, ਰਾਏ ਧਰਮ ਨਾ ਅੰਤ ਸਜ਼ਾਈਆ । ਅੱਗੇ ਵੇਖੋ ਵੱਜਦੀ ਰਬਾਬ, ਬਿਨ ਤੰਦੀ ਤੰਦ ਵਜਾਈਆ । ਜਿਸ ਨੇ ਲੇਖੇ

੨੦੪
੧੩

ਲਾਇਆ ਕੰਢੀ ਜਾ ਉਕਾਬ, ਕਰਨੀ ਕਰਤਾ ਭੁੱਲ ਨਾ ਜਾਈਆ । ਸੋ ਕੰਢੀ ਵਾਲੇ ਸੱਦੇ ਸਾਥ, ਕੰਢਾ ਇਕੋ ਘਰ ਵਖਾਈਆ । ਵੇਖੋ ਚਰਪਟ ਪਾਟੇ ਕਾਨ, ਮੁੰਦਰਾ ਨਜ਼ਰ ਕੋਇ ਨਾ ਆਇੰਦਾ । ਹਰਿ ਜੂ ਸਭ ਨੂੰ ਵੇਖੇ ਇਕੇ ਘਾਟ, ਪੱਤਣ ਆਪਣਾ ਇਕ ਸਮਝਾਇੰਦਾ । ਆਓ ਰਲ ਮਿਲ ਕਰੀਏ ਸੱਚੀ ਬਾਤ, ਦੀਵਾ ਬੱਤੀ ਸਭ ਦਾ ਗੁਲ ਕਰਾਇੰਦਾ । ਜਨ ਭਗਤਾਂ ਪਤ ਲਏ ਰਾਖ, ਰਾਖੀ ਦਿਵਸ ਰੈਣ ਕਰਾਇੰਦਾ । ਹਰਿ ਸੰਗਤ ਵਿਚ ਮਨਮੁਖ ਰਹਿਣ ਨਾ ਦੇਵੇ ਨਾਰ ਕਮਜ਼ਾਤ, ਜੋ ਜਨ ਰਸਨਾ ਮਾਸ ਸ਼ਰਾਬ ਚਾਹ ਲਗਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਹੁਕਮ ਕਰੇ ਕਰੜਾ, ਸਭ ਨੂੰ ਲਾਏ ਰਗੜਾ, ਵੇਖੋ ਘਰ ਘਰ ਪੈਂਦਾ ਝਗੜਾ, ਦਗੜ ਦਗੜ ਘੋੜਾ ਆਪਣਾ ਆਪ ਦੌੜਾਇੰਦਾ । ਦਗੜ ਦਗੜ ਦੌੜੇ ਘੋੜਾ, ਘੁਰਕੀ ਸਭ ਨੂੰ ਰਿਹਾ ਵਖਾਈਆ । ਚੌਥੇ ਜੁਗ ਚੁਕਿਆ ਪੌੜਾ, ਪੌੜੀ ਡੰਡਾ ਸਭ ਦਾ ਰਿਹਾ ਸੁਟਾਈਆ । ਸਭ ਦਾ ਮੈਦਾਨ ਕਰੇ ਰੌੜਾ, ਮੰਜ਼ਲ ਆਪਣੇ ਹੱਥ ਰਖਾਈਆ । ਅੰਤਮ ਦੇਵੇ ਜਵਾਬ ਕੋਰਾ, ਲੇਖਾ ਮਿਟੇ ਕਲਮ ਸ਼ਾਹੀਆ । ਸਭ ਦੇ ਕੋਲ ਰਹਿ ਜਾਏ ਝੋਰਾ, ਮਿਲੇ ਮੇਲ ਨਾ ਸੱਚੇ ਮਾਹੀਆ । ਜਿਸ ਨੇ ਲੇਖੇ ਲਾਏ ਸਿੰਘ ਜੁਝਾਰ ਫ਼ਤਹਿ ਜ਼ੋਰਾ, ਅਜੀਤ ਜਿਤ ਆਪਣੇ ਹੱਥ ਰਖਾਈਆ । ਕਦੀ ਕਦੀ ਗੁਰਸਿਖਾਂ ਨੂੰ ਮਾਰ ਦੇਵੇ ਹਨੋਰਾ, ਦੁੱਖ ਦੁੱਖ ਨਾਲ ਲੜਾਈਆ । ਰਸਨਾ ਜਿਹਵਾ ਪਾਏ ਸ਼ੋਰਾ, ਹਰਿ ਜੂ ਲਾਰਿਆਂ ਵਿਚ ਰਿਹਾ ਰਖਾਈਆ । ਪੁਰਖ ਅਬਿਨਾਸ਼ੀ ਕਹੇ ਆਤਮ ਪਰਮਾਤਮ ਜੁੜਿਆ ਜੋੜਾ, ਜੋੜੀ ਦੋ ਜਹਾਨ ਵਖਾਈਆ । ਇਕ ਦੂਜੇ ਦੀ ਪੈ ਗਈ ਲੋੜਾ, ਲੋਹੜਾ ਕਰੇ ਸਰਬ ਲੋਕਾਈਆ । ਵੇਖੇ ਸੱਸੇ ਉਪਰ ਲੱਗਾ ਹੋੜਾ, ਹੋਕਾ ਦੇ ਦੇ ਰਿਹਾ ਸੁਣਾਈਆ । ਹੰ ਬ੍ਰਹਮ ਪ੍ਰਭ ਵੇਖੇ ਫਲ ਮਿੱਠਾ ਕੌੜਾ, ਰਸ ਰਸੀਆ ਫੇਰਾ ਪਾਈਆ । ਕਲਜੁਗ ਜੀਵ ਹੋਇਆ ਡੋਰਾ, ਕੰਨੀਂ ਸੁਣਨ ਕੋਇ ਨਾ ਆਈਆ । ਕਲਜੁਗ ਸਭ ਦੇ ਨਾਲ ਕਰੇ ਖੋਰਾ, ਖ਼ੁਦੀ ਸਭ ਦੇ ਵਿਚ ਵਸਾਈਆ । ਪੁਰਖ ਅਬਿਨਾਸ਼ੀ ਕਰੇ ਖੇਲ ਵਿਚ ਫੋਰਾ, ਫੁਰੇ ਮੰਤਰ ਨਾਮ ਸਤਿ ਨਾਨਕ ਮੰਗੀ ਇਕ ਮਤ, ਤੱਤ ਤੱਤ ਨਾਲ ਬਦਲਾਈਆ । ਸਾਰੇ ਸੱਥਰ ਬਹਿਣ ਘੱਤ, ਵਿਸ਼ਨ ਬ੍ਰਹਮਾ ਸ਼ਿਵ ਡੇਰਾ ਢਾਹੀਆ । ਪੁਰਖ ਅਬਿਨਾਸ਼ੀ ਕਿਰਪਾ ਨਿਧਾਨ ਹੋ ਮਿਹਰਵਾਨ ਸਭ ਨੂੰ ਮਾਰੇ ਇਕੋ ਲੱਤ, ਉਠੋ ਭਾਈ ਚਲੋ ਵਾਹੋ ਦਾਹੀਆ । ਆਪਣਾ ਲਹਿਣਾ ਲਓ ਚੱਕ, ਸਭ ਦੇ ਸਿਰ ਤੇ ਭਾਰ ਬੰਨ੍ਹਾਈਆ । ਕਮਰ ਬੰਧੋ ਆਪਣਾ ਕਸ, ਕਸਮ ਸਭ ਨੂੰ ਰਿਹਾ ਖ਼ਵਾਈਆ । ਸਾਰੇ ਕਹੋ ਸਾਡੀ ਹੋਈ ਬਸ, ਅੰਤ ਚਲੀ ਨਾ ਕੋਈ ਚਤੁਰਾਈਆ । ਨਿਰਗੁਣ ਬ੍ਰਹਮ ਮਾਇਆ ਬ੍ਰਹਮ ਵਿਚ ਗਿਆ ਫਸ, ਪਾਰਬ੍ਰਹਮ ਨਾ ਕੋਇ ਮਿਲਾਈਆ । ਤਰਸੂਲ ਸੁੱਟੀ ਸ਼ਿਵ ਜੀ ਹੱਥ, ਅਸੂਲ ਤੇਰਾ ਨਾ ਕੋਇ ਬਦਲਾਈਆ । ਵਿਸ਼ਨੂੰ ਭੰਡਾਰਾ ਹੋਇਆ ਸਖ, ਸਖੀ ਸਰਵਰ ਖੇਲ ਰਚਾਈਆ । ਗੁਰ ਅਵਤਾਰ ਹੋ ਇਕੱਠ, ਪੀਰ ਪੈਗ਼ੰਬਰ ਨਾਲ ਮਿਲਾਈਆ । ਲੋਕਮਾਤ ਵੇਖਣ ਆਪਣਾ ਹੱਟ, ਮੰਦਰ ਮਸੀਤ ਸ਼ਿਵਦੁਆਲੇ ਮੱਠ ਗੁਰਦੁਆਰੇ ਖ਼ਾਲੀ ਨਜ਼ਰੀ ਆਈਆ । ਨੇਤਰ ਰੋਵਣ ਅੱਠ ਸੱਠ, ਅਠੋਤਰੀ ਮਾਲਾ ਦਏ ਦੁਹਾਈਆ । ਮਣਕਾ ਮਣਕਾ ਜੋ ਰਹੇ ਰਟ, ਰੱਟਾ ਸਭ ਦੇ ਘਰ ਵਿਚ ਪਾਈਆ । ਕਿਉਂ ਗੁੱਸੇ ਹੋਇਆ ਗਵਾਰ ਜੱਟ, ਨਿਰਗੁਣ ਸਰਗੁਣ ਦੋਸਾਂਘਾ ਹੱਥ ਉਠਾਈਆ । ਬਣ ਕਿਰਸਾਣ ਦੇਵੇ ਕੱਟ, ਵਾਢੀ ਇਕੋ ਵਾਰ ਪਾਈਆ । ਪਿਛੋਂ ਗਾਹ ਦੇਵੇ ਝੱਟ, ਬੂਰੇ ਸੰਢੇ ਉਤੇ ਫਿਰਾਈਆ । ਫੇਰ ਇਸ਼ਾਰੇ ਨਾਲ ਦੇਵੇ ਛੱਟ, ਤੂੜੀ ਦਾਨਾ ਅੱਡ ਕਰਾਈਆ । ਗੁਰਮੁਖ ਦਾਣੇ ਆਪਣੀ ਝੋਲੀ ਲਏ ਘੱਤ, ਤੂੜੀ ਭੂਸਾ ਵੇਖੇ ਸਰਬ ਲੋਕਾਈਆ । ਆਪਣੇ ਅੰਦਰ ਲਏ ਢੱਕ, ਉਤੇ ਆਪਣਾ ਪਰਦਾ ਪਾਈਆ । ਸਚਖੰਡ ਅੰਦਰ ਸਾਂਭ

ਕੇ ਲਏ ਰੱਖ, ਆਪਣੀ ਹੱਥੀਂ ਕੁੰਡਾ ਲਾਈਆ । ਓਸੇ ਅੰਦਰ ਵੜ ਕੇ ਆਪ ਜਾਏ ਵਸ, ਵਾਸਤਾ ਗੁਰਸਿਖਾਂ ਅੱਗੇ ਪਾਈਆ । ਮੈਂ ਤੁਹਾਡੇ ਵਿਚ ਗਿਆ ਫਸ, ਮੇਰੀ ਚਲੀ ਨਾ ਕੋਇ ਚਤੁਰਾਈਆ । ਚਾਰ ਜੁਗ ਮੇਰਾ ਗੌਂਦੇ ਗਏ ਜਸ, ਮੈਂ ਤੁਹਾਡਾ ਜਸ ਗਾ ਗਾ ਸ਼ੁਕਰ ਮਨਾਈਆ । ਆਓ ਇਕ ਦੂਜੇ ਨੂੰ ਹਾਲ ਦੇਈਏ ਦੱਸ, ਦਸਮ ਦਵਾਰੀ ਤੁਹਾਡੇ ਪਿਛੇ ਫਿਰ ਫਿਰ ਥੱਕੀ, ਨੇਤਰ ਰੋਵੇ ਮਾਰੇ ਧਾਹੀਂਆ । ਮੈਂ ਸਾਧਾਂ ਸੰਤਾਂ ਕੋਲੋਂ ਅੱਕੀ, ਜੂਠਿਆਂ ਝੂਠਿਆਂ ਮੇਰੀ ਪਤ ਗਵਾਈਆ । ਜਿਹੜੇ ਕਹਿੰਦੇ ਸਰਬ ਭੱਖੀ, ਸੋ ਭੁੱਖਿਆਂ ਭੁੱਖ ਨਾ ਕੋਇ ਗਵਾਈਆ । ਮੈਂ ਨੇਤਰ ਵੇਖੇ ਅੱਖੀਂ, ਜੰਗਲ ਜੂਹਾਂ ਫੇਰਾ ਪਾਈਆ । ਕਾਮ ਵਾਸਨਾ ਕੂੜੀ ਕਿਰਿਆ ਅੰਗ ਲਾਈ ਸਖੀ, ਧੀਰਜ ਧੀਰ ਨਾ ਕੋਇ ਧਰਾਈਆ । ਬਿਨ ਪਰਮਾਤਮਾ ਕੋਈ ਨਾ ਰਿਹਾ ਜਤੀ, ਆਤਮਾ ਸਭ ਦੀ ਆਪ ਡੁਲਾਈਆ । ਬਿਨ ਸ੍ਰੀ ਭਗਵਾਨ ਨਾ ਕੋਈ ਪਤੀ, ਸਗਲਾ ਸੰਗ ਨਾ ਕੋਇ ਨਿਭਾਈਆ । ਵੇਖੋ ਵਾ ਵਗਦੀ ਤੱਤੀ, ਬਿਨ ਸਤਿਗੁਰ ਨਾ ਕੋਇ ਸਹਾਈਆ । ਗੁਰਸਿਖੋ ਦਿਓ ਪਿਆਰ ਰੱਤੀ, ਚੋਲੀ ਰਤੜੀ ਦਿਓ ਕਰਾਈਆ । ਰਲ ਕੇ ਸਾਰੇ ਦਿਓ ਮੱਤੀ, ਪੁਰਖ ਅਬਿਨਾਸ਼ੀ ਲਓ ਸਮਝਾਈਆ । ਜਿਸ ਦੋ ਜਹਾਨ ਤਪਾਈ ਭੱਠੀ, ਜੋਤੀ ਅਗਨੀ ਰਿਹਾ ਡਾਹੀਆ । ਜਿਸ ਪੀਰ ਪੈਗ਼ੰਬਰਾਂ ਬੰਨ੍ਹੀ ਮੌਲੀ ਅੱਟੀ, ਦਾੜ੍ਹੀ ਰੱਤੇ ਰੱਤ ਰੰਗਾਈਆ । ਜਿਸ ਲੱਖ ਚੁਰਾਸੀ ਪਾਈ ਨੱਥੀ, ਨੱਕ ਨਕੌੜਾ ਨਾ ਕੋਇ ਰਖਾਈਆ । ਜੋ ਲੁਕਿਆ ਗੁਰਸਿਖਾਂ ਦੀ ਕੁਲੀ ਕੱਖੀਂ, ਉਚੇ ਟਿੱਲੇ ਮੰਦਰ ਨਜ਼ਰ ਕਿਤੇ ਨਾ ਆਈਆ । ਸਭ ਨੂੰ ਪੈ ਜਾਏ ਉਠ ਕੇ ਵੱਖੀ, ਨੇਜ਼ਾ ਤਿਖ਼ੀ ਧਾਰ ਲਗਾਈਆ । ਵੇਖੋ ਕੀ ਕੀ ਖੇਲ ਕਰੇ ਹੱਥੋ ਹੱਥੀ, ਮਨ ਹਾਥੀ ਰਿਹਾ ਢਾਹੀਆ । ਕੀ ਕਰੇ ਅੱਲਾ ਰਾਣੀ ਨਾਂ ਰਖਾਇਆ ਰੱਖੀ, ਆਪਣੀ ਰੱਖਿਆ ਨਾ ਅੰਤ ਕਰਾਈਆ । ਭੱਜੀ ਫਿਰੇ ਪੱਛਮੀ ਪੱਛੀ, ਪਛੋ ਤਾ ਕਰੇ ਲੋਕਾਈਆ । ਪਿਛੇ ਲੱਗਦੀ ਰਹੀ ਅੱਛੀ, ਅੱਲਾ ਮੀਆਂ ਕਹਿ ਕਹਿ ਸ਼ੁਕਰ ਮਨਾਈਆ । ਹੁਣ ਪੈਣ ਲੱਗੀ ਗ਼ਸ਼ੀ, ਗਹਿਰ ਗੰਭੀਰ ਆਇਆ ਫੇਰਾ ਪਾਈਆ । ਜਿਨ੍ਹਾਂ ਖਾਦੀ ਫੜ ਫੜ ਵੱਛੀ, ਬਿਸਤਰਾ ਸਭ ਦਾ ਰਿਹਾ ਬੰਧਾਈਆ । ਵੇਖੋ ਮੁਹੰਮਦ ਹੱਥ ਰੱਸੀ, ਚਾਰ ਯਾਰਾਂ ਨਾਲ ਮਿਲਾਈਆ । ਮੂਸੇ ਗੰਢ ਆਪਣੀ ਕਸੀ, ਈਸਾ ਵਟਣਾ ਰਿਹਾ ਚੜ੍ਹਾਈਆ । ਪੁਰਖ ਅਬਿਨਾਸ਼ੀ ਸਾਚਾ ਮਾਰਗ ਦੱਸੀਂ, ਜਿਸ ਘਰ ਬਿਸਤਰਾ ਦੇਈਏ ਲਾਈਆ । ਪੁਰਖ ਅਬਿਨਾਸ਼ੀ ਰਿਹਾ ਹੱਸੀ, ਨਾਲ ਇਸ਼ਾਰਿਆਂ ਰਿਹਾ ਸਮਝਾਈਆ । ਤੁਸੀਂ ਰੋਵੋ ਜਿਵੇਂ ਥਲ ਵਿਚ ਰੋਂਦੀ ਸੱਸੀ, ਪੁਨੂੰ ਪੂਰਨ ਨਜ਼ਰ ਕਿਸੇ ਨਾ ਆਈਆ । ਬਿਨ ਆਬੋਂ ਤੜਫੇ ਮੱਛੀ, ਅੰਮ੍ਰਿਤ ਜਲ ਨਾ ਕੋਇ ਵਖਾਈਆ । ਸ੍ਰੀ ਭਗਵਾਨ ਕਹੇ ਇਕ ਗੱਲ ਅੱਛੀ, ਅੱਛੀ ਤਰਾਂ ਸਮਝਾਈਆ । ਜਿਸ ਦੁਆਰੇ ਜੋਤ ਅਕਾਲਣ ਫਿਰਦੀ ਨੱਸੀ, ਫੂਲਣ ਹਾਰ ਹੱਥ ਉਠਾਈਆ । ਓਥੇ ਬਸਤੀ ਇਕੋ ਵਸੀ, ਜਿਨ੍ਹਾਂ ਦਾ ਬਸਤਾ ਪੁਰਖ ਅਕਾਲ ਆਪਣੇ ਸਿਰ ਉਠਾਈਆ । ਨਾਤਾ ਤੋੜਿਆ ਭੈਣ ਭਾਈ ਚਾਚੀ ਤਾਈ ਮਾਮੀ ਫੁਫੀ ਮਾਸੀ, ਮਾਸੜ ਮਸਖ਼ਰਾ ਨਜ਼ਰ ਕੋਇ ਨਾ ਆਈਆ । ਓਥੇ ਹੋਏ ਬੰਦ ਖ਼ੁਲਾਸੀ, ਜੋ ਜਨ ਜਾਏ ਖ਼ੁਦੀ ਗਵਾਈਆ । ਗਲੋਂ ਕੱਟੇ ਜਮ ਕੀ ਫਾਸੀ, ਫ਼ਾਸਲਾ ਸਭ ਦਾ ਦਏ ਮੁਕਾਈਆ । ਵੇਖੋ ਔਂਦੀ ਰਾਣੀ ਝਾਂਸੀ, ਜਿਸ ਅੰਤ ਧਿਆਨ ਲਗਾਈਆ । ਕਿਲੇ ਗਵਾਲੀਅਰ ਕੋਲ ਲਾਹੇ ਉਦਾਸੀ, ਮਿਟੀ ਪਾਥਰ ਸਮਾਧ ਵੇਖ ਵਖਾਈਆ । ਹਰਿ ਜੂ ਸਭ ਦੀ ਪੂਰੀ ਕਰੇ ਆਸੀ, ਪਿਛਲਾ ਲਹਿਣਾ ਸਰਬ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਨ ਅੰਦਰ ਪੂਰਨ ਪਰਮਾਣ, ਪਾਰਬ੍ਰਹਮ ਆਪ ਜਣਾਈਆ ।



੨੦੬
੧੩

ਲੜ ਫੜਾ ਬਣਾਈ ਲੜੀ, ਲਲਚਾ ਆਪਣੇ ਨਾਮ ਪਾਈਆ । ਈਸਾ ਗਿਰਜਿਆਂ ਵਿਚ ਵੇਖੇ ਘੜੀ, ਵੇਲਾ ਵਕਤ ਗਿਆ ਆਈਆ । ਕੈਥਲਕ ਰੋਮਨ ਕੋਇ ਨਾ ਕਰੇ ਅੜੀ, ਰੂਪੋਸ਼ ਆਇਆ ਫੇਰਾ ਪਾਈਆ । ਪੋਪ ਕਹਿਣ ਹੂ ਗਾਡ ਜਿਸ ਕਿਰਪਾ ਕਰੀ, ਭਗਤਾਂ ਦਏ ਵਡਿਆਈਆ । ਕਵਣ ਮੈਨ ਜੋ ਮੈਨ ਕਰੇ ਬਰੀ, ਮਾਣ ਸਭ ਦਾ ਰਿਹਾ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਰਿਹਾ ਜਣਾਈਆ । ਗਾਡ ਮੇਡ ਗਾਡ ਗਾਡ, ਪੂਰਨ ਰੂਪ ਵਖਾਈਆ । ਪੀਰ ਪੈਗ਼ੰਬਰਾਂ ਕੀਤਾ ਬੰਦ ਬਲਾਕ, ਬੇਇਲਮ ਫੇਰਾ ਪਾਈਆ । ਅੱਗੇ ਇਕੋ ਲਾਇਆ ਲਾਕ, ਲਾਕ ਸਕੇ ਨਾ ਕੋਇ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੜੀ ਲੜੀ ਨਾਲ ਬੰਧਾਈਆ । ਕੈਥਲਕ ਵੇਖ ਰੋਮਨ, ਰੂਏ ਆਲਮ ਰਿਹਾ ਜਣਾਈਆ । ਨਾਲ ਰਖਾਏ ਸਾਰੇ ਮੋਮਨ, ਕਾਫ਼ਰ ਦੇਣ ਦੁਹਾਈਆ । ਹਰਿ ਜੂ ਹੋਇਆ ਇਕੋ ਸੋਮਨ, ਸੁਰਤੀ ਸਭ ਦੀ ਦਏ ਭੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਲੜੀ ਘੜੀ ਘੜੀ ਵਖਾਈਆ । ਈਸਾ ਕਹੇ ਪੋਪ ਕਰੋ ਪੜਤਾਲ, ਪੁਸ਼ਤ ਦਰ ਪੁਸ਼ਤੀ ਆਇਆ ਮਾਹੀਆ । ਜਿਸ ਦੇ ਪਿਛੇ ਮੇਰਾ ਹੋਇਆ ਜ਼ਵਾਲ, ਕਿਲ ਹੱਥਾਂ ਪੈਰਾਂ ਵਿਚ ਲਗਾਈਆ । ਉਸ ਦੇ ਅੱਗੇ ਜਾ ਕੇ ਕਰੋ ਸਵਾਲ, ਤੁਹਾਡੀ ਘੜੀ ਲੇਖੇ ਲਾਈਆ । ਯੋਰੋਸ਼ਲਮ ਨਾ ਵੱਜੇ ਤਾਲ, ਈਸਉਲਸਲਾਮ ਨਾ ਕੋਇ ਚਤੁਰਾਈਆ । ਮੂਸਾ ਹੋਇਆ ਮੁਸ਼ਤਬਾ, ਮੁਸ਼ਕਲ ਹੱਲ ਨਾ ਕੋਇ ਕਰਾਈਆ । ਜਿਸ ਜਿਸ ਕਰਾਈ ਆਪਣੀ ਉਲਫ਼ਤਾ, ਉਲੂ ਬਣਾਏ ਸੱਚਾ ਮਾਹੀਆ । ਵੇਖੋ ਘਰ ਘਰ ਫਿਰਦੇ ਮੁਫ਼ਲਸਾ, ਮੰਗਣ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲੜੀ ਇਕ ਵਖਾਈਆ । ਲੜੀ ਵੇਖੋ ਰੋਮਨ ਰੂਮ, ਸ਼ਾਹ ਰੂਮ ਆਪ ਜਣਾਇੰਦਾ । ਜਿਸ ਨੇ ਈਸਾ ਮੂਸਾ ਬੱਚੇ ਭੇਜੇ ਮਾਸੂਮ, ਨੰਨ੍ਹੇ ਨੰਨ੍ਹੇ ਖੇਲ ਕਰਾਇੰਦਾ । ਅੰਤਮ ਸਭ ਨੂੰ ਕਰੇ ਮਹਿਰੂਮ, ਮੋਹਰ ਅੱਗੇ ਨਾ ਕੋਈ ਲਗਾਇੰਦਾ । ਵੇਖਣਹਾਰਾ ਹਰਿ ਮਜ਼ਲੂਮ, ਜ਼ੁਲਮ ਜ਼ਾਲਮ ਰੰਗ ਰੰਗਾਇੰਦਾ । ਅਕੱਠੇ ਹੋ ਜਾਓ ਇਕੋ ਵਾਰ ਹਜੂਮ, ਪੀਰ ਜ਼ਾਹਰਾ ਨਜ਼ਰੀ ਆਇੰਦਾ । ਉਹਦੇ ਬਰਦੇ ਹੋਵੋ ਮਮਨੂਨ, ਮਮਨੂਨ ਮੁਸ਼ਕਲ ਸਭ ਦੀ ਹੱਲ ਕਰਾਇੰਦਾ । ਆਪਣਾ ਦੱਸੇ ਨਾ ਕੋਇ ਜਨੂਨ, ਜਲਵਾ ਇਕੋ ਨਜ਼ਰੀ ਆਇੰਦਾ । ਉਹਦਾ ਚਲਣਾ ਇਕ ਕਾਨੂੰਨ, ਪਿਛਲੀ ਕੀਤੀ ਸਭ ਉਲਟਾਇੰਦਾ । ਜਾ ਕੇ ਸਿਖੋ ਇਕ ਮਜ਼ਮੂਨ, ਸੋਹੰ ਕਲਮਾ ਆਪ ਪੜ੍ਹਾਇੰਦਾ । ਕੋਈ ਬਣਿਓ ਨਾ ਅੱਗੇ ਉਹਦੇ ਫ਼ਰਊਨ, ਸਭ ਨੂੰ ਖ਼ਾਕੀ ਖ਼ਾਕ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੜੀ ਲੜੀ ਨਾਲ ਰਖਾਇੰਦਾ । ਈਸਾ ਕਹੇ ਰੋਮਨ ਵੇਖ ਰੋਮ, ਰੋਮ ਰੋਮ ਰਿਹਾ ਸਮਾਈਆ । ਜਿਸ ਮੈਥੋਂ ਛਡਾਇਆ ਹੋਮ, ਤੁਹਾਡਾ ਘਰ ਦੇਵੇ ਢਾਹੀਆ । ਹਿੰਦੂ ਕਹਿੰਦੇ ਉਸ ਨੂੰ ਓਮ, ਸਿਖ ਏਕੰਕਾਰ ਕਹਿ ਧਿਆਈਆ । ਮੂਸਾ ਕਹੇ ਰੂਪ ਮੋਮ, ਈਸਾ ਉਸ ਦੀ ਜ਼ਾਤ ਵਖਾਈਆ । ਜਿਸ ਦੀ ਮੁਹੰਮਦ ਬਣਿਆ ਕੌਮ, ਸੋ ਕੌਮੀ ਫੇਰਾ ਪਾਈਆ । ਕਲਜੁਗ ਅੰਤ ਹੁਣ ਕਿਸੇ ਨਾ ਦੇਵੇ ਸੌਣ, ਗਿਰਜੇ ਮੰਦਰ ਸ਼ਿਵਦੁਆਲੇ ਮੱਠ ਸਾਰੇ ਰਿਹਾ ਢਾਹੀਆ । ਉਹਦੇ ਹੁਕਮੇ ਅੰਦਰ ਚਲਣੀ ਪੌਣ, ਪਾਣੀ ਅਗਨੀ ਨਾਲ ਰਲਾਈਆ । ਜਿਸ ਨੇ ਸਭ ਦੀ ਭੰਨਣੀ ਧੌਣ, ਮਾਰ ਮਾਰ ਧੌਲਾਂ ਮੂੰਹ ਦੇ ਭਾਰ ਸੁਟਾਈਆ । ਉਸ ਦੀ ਮਹਿਮਾ ਜਾਣੇ ਕੌਣ, ਲਾਸ਼ਰੀਕ ਇਕ ਖ਼ੁਦਾਈਆ । ਜਿਸ ਖੇਡਾਂ ਲਾਏ ਰਾਮ ਰੌਣ, ਕ੍ਰਿਸ਼ਨ ਕੰਸ ਉਂਗਲੀਆਂ ਉਤੇ ਨਚਾਈਆ । ਸੋ ਆਪਣਾ ਢੋਲਾ ਆਇਆ ਗੌਣ, ਗਾ ਗਾ ਗੁਰਮੁਖਾਂ ਰਿਹਾ ਸੁਣਾਈਆ । ਸਾਡਾ ਲੇਖਾ ਆਇਆ ਖੋਹਣ, ਕਤਾਬਾਂ ਬਗ਼ਲਾਂ ਵਿਚੋਂ ਕਢਾਈਆ । ਚੌਦਾਂ

੨੦੮
੧੩

ਤਬਕ ਸਾਰੇ ਰੋਣ, ਰੋਂਦਿਆਂ ਸਾਰ ਕੋਇ ਨਾ ਪਾਈਆ । ਸਾਰੇ ਕਹਿਣ ਖ਼ੁਦਾ ਕਰੇ ਖੇਲ ਅਨਹੋਣ, ਹੋਣੀ ਸਭ ਦੇ ਸਿਰ ਤੇ ਛਾਈਆ । ਦੋਏ ਜੋੜ ਵਾਸਤਾ ਸਾਰੇ ਪੌਣ, ਨਿਉਂ ਨਿਉਂ ਸੀਸ ਝੁਕਾਈਆ । ਕੋਈ ਨਾ ਅੱਗੇ ਕਹੇ ਹੂ ਗਾਡ ਕੌਣ, ਗਾਡ ਤੂਹੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਲੜੀ ਲੜੀ ਨਾਲ ਬੰਧਾਈਆ । ਈਸਾ ਕਹੇ ਪੋਪ ਸਿਰ ਵੇਖ ਹੈਟ, ਹਰਿ ਹੈਟ ਰਿਹਾ ਉਠਾਈਆ । ਨਿਰਗੁਣ ਹੱਥ ਵਿਚ ਫੜਿਆ ਬੈਟ, ਬਾਲ ਇਕੋ ਨਾਮ ਉਠਾਈਆ । ਸਾਰੇ ਬਣ ਜਾਓ ਰੈਟ ਕੈਟ, ਚੂਹੇ ਬਿਲੀਆਂ ਨਾਚ ਨਚਾਈਆ । ਬਿਗ ਥਿੰਗ ਨਾ ਕੋਇ ਫ਼ੈਟ, ਫੱਟਾ ਸਭ ਦਾ ਰਿਹਾ ਖਿਚਾਈਆ । ਇਕੋ ਹੁਕਮ ਦੇਵੇ ਰਾਈਟ ਰੈਟ ਰਿਟਨ ਵਿਚ ਨਾ ਕੋਇ ਲਿਆਈਆ । ਚਾਰੋਂ ਕੁੰਟ ਵੇਖੇ ਅੰਧੇਰੀ ਨਾਈਟ, ਵਨ ਟੂ ਥਰੀ ਫ਼ੋਰ ਫ਼ਾਈਵ ਗਿਣੋਂ ਥਾਉਂ ਥਾਈਂਆ । ਪੀਰ ਪੈਗ਼ੰਬਰ ਹੋਏ ਬਲਾਈਂਡ, ਡਫ ਡੰਬ ਕੰਨ ਸੁਣਨ ਕੋਇ ਨਾ ਪਾਈਆ । ਹਰਿ ਜੂ ਬੈਠਾ ਵੇਖੇ ਬੀਹਾਈਂਡ, ਆਪਣਾ ਹੁਕਮ ਰਿਹਾ ਵਰਤਾਈਆ । ਸਭ ਨੂੰ ਮਾਈਨਸ ਕਰੇ ਮਾਈਂਡ, ਮੁਨਾਫ਼ਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਪੜ੍ਹਨ ਗੁਰਸਿਖਾਂ ਦੁਆਰੇ ਆਈਆ । ਹਰਿ ਜੂ ਪੜ੍ਹੇ ਬਿਨ ਕਾਗ਼ਜ਼ ਪੇਪਰ ਸ਼ਾਹੀ ਇੰਕ, ਅੱਖਰ ਆਪਣਾ ਆਪ ਪਰਗਟਾਇੰਦਾ । ਗੁਰਮੁਖਾਂ ਕਹੇ ਥੈਂਕਯੂ ਥੈਂਕ, ਥੇਟਰ ਆਪਣਾ ਆਪ ਵਖਾਇੰਦਾ । ਚਿੱਟੇ ਕਾਲੇ ਜੋ ਕਰਦਾ ਰਿਹਾ ਪੇਂਟ, ਵਾਈਟ ਬਲੈਕ ਆਲ ਰਾਈਟ ਕਹਿ ਸੁਣਾਇੰਦਾ । ਕਿਸੇ ਹੇਅਰ ਫ਼ੇਸ ਲੌਣ ਨਾ ਦੇਵੇ ਸੈਂਟ, ਖ਼ਾਕੀ ਖ਼ਾਕ ਸਰਬ ਰੁਲਾਇੰਦਾ । ਹੁਕਮ ਹਾਕਮ ਦੇਵੇ ਸੈਂਟ, ਸਾਦਰ ਆਪਣਾ ਹੁਕਮ ਮਨਾਇੰਦਾ । ਅੰਤਮ ਸਭ ਦਾ ਕਰੇ ਐਂਡ, ਇਨਡੈਕਸ ਆਪਣੇ ਹੱਥ ਰਖਾਇੰਦਾ । ਮੁਰਗ਼ੀਖ਼ਾਨਾ ਬਣਾ ਵਿਚ ਰਖਾਏ ਕਾਕ ਹੈਨ, ਐਗ ਸਭ ਦੇ ਭੰਨ ਵਖਾਇੰਦਾ । ਲੇਖਾ ਜਾਣੇ ਸ਼ੀ ਹੀ ਮੈਨ, ਮੈਨ ਆਪਣਾ ਭੇਵ ਖੁਲ੍ਹਾਇੰਦਾ । ਦੀ ਦੋਜ਼ ਦੈਨ, ਦੈਟ ਆਪਣਾ ਪਰਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਵਖਾਏ ਇਕ ਘਰ, ਲੜੀ ਲੜੀ ਨਾਲ ਗੰਢਾਇੰਦਾ । ਤਾਲਬ ਇਲਮ ਵੇਖੇ ਤੁਲਬਾ, ਤਾਲੀਮ ਗੁਰਸਿਖਾਂ ਕੋਲੋਂ ਪਾਈਆ । ਨਾ ਫਿਰਦਾ ਨਾ ਤੁਰਦਾ, ਔਂਦਾ ਜਾਂਦਾ ਨਜ਼ਰ ਨਾ ਆਈਆ । ਨਾ ਭੱਜੇ ਨਾ ਰੁੜ੍ਹਦਾ, ਇਕੋ ਥਾਂ ਬੈਠਾ ਆਪਣਾ ਖੇਲ ਕਰਾਈਆ । ਜਿਸ ਵੇਲੇ ਵੇਖੇ ਭਗਤਾਂ ਬੇੜਾ ਰੁੜ੍ਹਦਾ, ਆ ਕੇ ਬੰਨ੍ਹੇ ਲਾਈਆ । ਅੰਦਰ ਵੜ ਕੇ ਨਾਲ ਜੁੜਦਾ, ਬਾਹਰੋਂ ਰੂਪ ਨਾ ਕੋਇ ਵਖਾਈਆ । ਲੇਖਾ ਜਾਣੇ ਚੱਕੀ ਪੁੜ ਦਾ, ਹੱਥਾ ਆਪਣੇ ਹੱਥ ਰਖਾਈਆ । ਏਹੋ ਸਾਥ ਸਿਖ ਗੁਰੂ ਦਾ, ਗੁਰ ਸਿਖ ਸਿਖ ਗੁਰ ਇਕੋ ਘਰ ਵਖਾਈਆ । ਮੇਲ ਮਿਲਾਏ ਧੁਰ ਦਾ, ਧੁਰ ਦਾ ਸੰਗ ਆਪ ਹੋ ਜਾਈਆ । ਜੇ ਆਪਣਾ ਘਾਟਾ ਵੇਖੇ ਥੁੜ ਦਾ, ਗੁਰਮੁਖਾਂ ਅੱਗੇ ਝੋਲੀ ਡਾਹੀਆ । ਸਤਿਗੁਰ ਪੂਰਾ ਕਿਸੇ ਦੇ ਮੋੜਿਆਂ ਨਹੀਂ ਜੇ ਮੁੜਦਾ, ਕਲਜੁਗ ਆਪਣਾ ਫੇਰਾ ਪਾਈਆ । ਵਰ ਪਾਓ ਜਿਹਾ ਲੋੜੀ ਦਾ, ਗੁਰ ਅਵਤਾਰ ਗਏ ਸਮਝਾਈਆ । ਏਥੇ ਕੰਮ ਨਹੀਂ ਜ਼ੋਰ ਜ਼ੋਰੀ ਦਾ, ਪੀਆ ਪ੍ਰੇਮ ਨਾਲ ਪਰਨਾਈਆ । ਵੇਖੋ ਖੇਲ ਬਾਂਕੀ ਛੋਹਰੀ ਦਾ, ਸ਼ੌਹਰ ਖ਼ੁਸ਼ੀਆਂ ਨਾਲ ਰੀਝਾਈਆ, ਗਾਨਾਂ ਬੱਧਾ ਪ੍ਰੇਮ ਡੋਰੀ ਦਾ, ਚੋਰੀ ਚੋਰੀ ਸਗਨ ਮਨਾਈਆ । ਸੀਸ ਗੁੰਦਿਆ ਸਾਚੀ ਘੋੜੀ ਦਾ, ਗੁਰਮੁਖ ਖ਼ੁਸ਼ੀਆਂ ਨਾਲ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗੁਰਮੁਖ ਆਪਣੇ ਲੜ ਲਗਾਈਆ । ਈਸਾ ਕਹੇ ਮਾਰੋ ਝਾਕੀ, ਝਾਕਾ ਹਰਿ ਜੂ ਰਿਹਾ ਵਖਾਈਆ । ਬਾਹਰੋਂ ਦਿਸੇ ਬੰਦਾ ਖ਼ਾਕੀ, ਅੰਦਰ ਜਲਵਾ ਨੂਰ ਰੁਸ਼ਨਾਈਆ । ਮੁਰਸ਼ਦ ਮੁਰੀਦਾਂ

ਦੇਵੇ ਜਾਮ ਸਾਕੀ, ਸਾਖਿਆਤ ਨਜ਼ਰੀ ਆਈਆ । ਪੀਰ ਪੈਗ਼ੰਬਰ ਖੇਲ ਖਿਲਾਏ ਜਿਉਂ ਟੀਮਾਂ ਖੇਲਣ ਫੁਟਬਾਲ ਹਾਕੀ, ਜਗਤ ਮਿਸਾਲ ਨਾਲ ਸਮਝਾਈਆ । ਅੰਤਮ ਗੋਲ ਕਰੇ ਇਕੋ ਬਾਕੀ, ਸੀਟੀ ਆਪਣੇ ਨਾਮ ਵਜਾਈਆ । ਸਾਰੇ ਵੇਖਣ ਆਇਆ ਪਾਸਾ ਹਾਰ ਘਾਟੀ, ਪਰਵਰਦਿਗਾਰ ਸਭ ਦੀ ਅੱਖੀਂ ਘੱਟਾ ਪਾਈਆ । ਜਿਸ ਉਮਤ ਦੀ ਕਰਦੇ ਰਹੇ ਰਾਖੀ, ਉਸ ਦੀ ਵਾੜ ਰਿਹਾ ਉਖੜਾਈਆ । ਸਾਡੀ ਚਲਣ ਨਾ ਦੇਵੇ ਚਾਲਾਕੀ, ਚਾਲਾਕ ਬਣਿਆ ਬੇਪਰਵਾਹੀਆ । ਸਾਰੇ ਵੇਖੋ ਕਿਸੇ ਕੋਲ ਹੈ ਬਾਕੀ, ਅੱਗੇ ਪਿਛੇ ਮਾਰਨ ਹੱਥ ਨਜ਼ਰ ਕੁਛ ਨਾ ਆਈਆ । ਸਾਰੇ ਕਹਿਣ ਤੂੰ ਪਰਵਰਦਿਗਾਰ ਜ਼ਾਤ ਸਫ਼ਾਤੀ, ਅਜ਼ਾਤੀ ਰਹਿਣ ਕੋਇ ਨਾ ਪਾਈਆ । ਤੇਰੀ ਮਹਿਫ਼ਲ ਕਰਨੀ ਰਹਿ ਗਈ ਇਕੋ ਬਾਕੀ, ਬਾਕੀ ਯਾਰ ਲਏ ਹੰਢਾਈਆ । ਕਰ ਕਿਰਪਾ ਖੋਲ੍ਹ ਤਾਕੀ, ਤਕਵਾ ਤੇਰੇ ਉਤੇ ਰਖਾਈਆ । ਪੁਰਖ ਅਬਿਨਾਸ਼ੀ ਪਰਵਰਦਿਗਾਰ ਚਰਨ ਅੰਗੂਠੇ ਨਾਲ ਲਾਹੇ ਨਿੱਕੀ ਜਿਹੀ ਟਾਕੀ, ਟੁਕੜਾ ਪਰਾਂ ਦੇਵੇ ਹਟਾਈਆ । ਅੱਗੇ ਕੋਟਨ ਕੋਟ ਪੀਰ ਪੈਗ਼ੰਬਰ ਪਏ ਸਫ਼ਾਤੀ, ਸਫ਼ਾ ਹਸਤੀ ਜਗਤ ਮਿਟਾਈਆ । ਨਾ ਕੋਈ ਦੀਵਾ ਨਾ ਕੋਈ ਬਾਤੀ, ਮੋਮ ਬੱਤੀ ਨਾ ਕੋਇ ਰੁਸ਼ਨਾਈਆ । ਨਾ ਕੋਈ ਪਿਆਲਾ ਨਾ ਕੋਈ ਸਾਕੀ, ਸੁਰਾਹੀ ਹੱਥ ਨਾ ਕੋਇ ਉਠਾਈਆ । ਨਾ ਬੁੱਤ ਨਾ ਤਨ ਖ਼ਾਕੀ, ਰੂਏ ਆਲਮ ਨਾ ਕੋਇ ਜਣਾਈਆ । ਇਕ ਪਰਵਰਦਿਗਾਰ ਹੱਥ ਪਿਆਲਾ ਵਖਾਏ ਆਬ ਹਯਾਤੀ, ਹੱਯਾ ਸਭ ਦਾ ਰਿਹਾ ਗਵਾਈਆ । ਪਿਛਲੀ ਸਭ ਦੀ ਗਈ ਗਵਾਤੀ, ਲਹਿਣਾ ਆਪਣੇ ਹੱਥ ਰਖਾਈਆ । ਜਿਸ ਨੂੰ ਅੱਗੇ ਚਾਹੀਏ ਹਯਾਤੀ, ਦੋਏ ਜੋੜ ਪਓ ਸਰਨਾਈਆ । ਪੁਰਖ ਅਬਿਨਾਸ਼ੀ ਵੇਖੇ ਸੇਜ ਵਛਾਈ ਖਾਟੀ, ਖਟਕਾ ਸਭ ਦਾ ਰਿਹਾ ਗਵਾਈਆ । ਜਿਸ ਦਾ ਰੋਜ਼ਾ ਰੱਖੇ ਪੜ੍ਹੇ ਨਿਮਾਜ਼ੀ, ਮੁਆਸ਼ਾ ਅੱਲਾ ਮਾਸ਼ੂਕ ਆਸ਼ਕ ਆਸ਼ਕ ਮਾਸ਼ੂਕ ਲਾ ਹਦੂਦ ਸਚ ਮਹਿਬੂਬ, ਸਬੂਤ ਆਪਣਾ ਰਿਹਾ ਦਿਵਾਈਆ । ਸਬੂਤ ਵੇਖੇ ਹਰਿ ਹਰਿ ਸਾਬਤ, ਸਚ ਸਚ ਜਣਾਇੰਦਾ । ਜਿਸ ਦੀ ਕਰਦੇ ਰਹੇ ਇਬਾਦਤ, ਸੋ ਆਦਮ ਹੱਵਾ ਚਰਨਾਂ ਹੇਠ ਰਖਾਇੰਦਾ । ਕਲਜੁਗ ਅੰਤਮ ਆਪਣੀ ਬਦਲਣ ਆਇਆ ਆਦਤ, ਅਦਲੀ ਬਣ ਕੇ ਰੂਪ ਵਟਾਇੰਦਾ । ਸਭ ਦੀ ਫੜ ਫੜ ਕਰੇ ਹਜ਼ਾਮਤ, ਮੁੱਛ ਦਾੜ੍ਹੀ ਹੱਥੀਂ ਆਪ ਕਟਾਇੰਦਾ । ਲਬਾਂ ਕੱਟ ਦੇਵੇ ਹੱਥ ਅਮਾਨਤ, ਮੁਹੰਮਦ ਨੈਣ ਨੈਣ ਸ਼ਰਮਾਇੰਦਾ । ਮੁਖ ਨਾਲ ਮੁਖ ਲਗਾ ਲੱਗੀ ਅਲਾਮਤ, ਹੋਂਟ ਹੋਂਟਾਂ ਨਾਲ ਟਕਰਾਇੰਦਾ । ਵੇਖੇ ਸਭ ਦੀ ਆਈ ਸ਼ਾਮਤ, ਸ਼ਮਾ ਸਭ ਦੀ ਗੁਲ ਕਰਾਇੰਦਾ । ਬੇਪੀਰ ਹੋਇਆ ਬੇਪਛਾਣਤ, ਬੇਦਰਦੀ ਫੇਰਾ ਪਾਈਆ । ਜਿਧਰ ਵੇਖੀਏ ਸਹੀ ਸਲਾਮਤ, ਸਾਬਤ ਨੂਰ ਨਜ਼ਰੀ ਆਈਆ । ਵੇਖੋ ਸਾਡੇ ਹੁੰਦਿਆਂ ਘਰ ਘਰ ਸਾਡੇ ਪਾਏ ਬਗ਼ਾਵਤ, ਔਂਦਾ ਜਾਂਦਾ ਨਜ਼ਰ ਕਿਸੇ ਨਾ ਆਈਆ । ਸਦੀ ਚੌਧਵੀਂ ਕਰੇ ਅਦਾਵਤ, ਇਸਮ ਆਪਣਾ ਨਾ ਕਿਸੇ ਸਮਝਾਈਆ । ਮੁਰਸ਼ਦ ਮੁਰੀਦਾਂ ਕਰੇ ਸਖ਼ਾਵਤ, ਵਸਤ ਦਸਤ ਇਕ ਫੜਾਈਆ । ਸਚ ਅੰਮਾਰੀ ਚੜ੍ਹਿਆ ਮਹਾਵਤ, ਨਾਮ ਨੇਜ਼ਾ ਹੱਥ ਉਠਾਈਆ । ਪੀਰ ਪੈਗ਼ੰਬਰ ਗੁਰ ਅਵਤਾਰ ਕਹਿਣ ਜਿਸ ਦੀ ਦੱਸਦੇ ਰਹੇ ਕਹਾਵਤ, ਕਹਿ ਕਹਿ ਜਗਤ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖ ਲੜੀ ਆਪਣੇ ਨਾਲ ਬੰਧਾਈਆ । ਹਰਿ ਸੰਗਤ ਸੇਵਾ ਸੀਸ ਦਾਰੀ, ਬਰਦਾਰੀ ਘੋਲੀ ਘੋਲ ਘੁਮਾਈਆ । ਕਰੇ ਖੇਲ ਪਹਿਲੀ ਵਾਰੀ, ਪਾਰਬ੍ਰਹਮ ਪ੍ਰਭ ਬੇਪਰਵਾਹੀਆ । ਹਰਿ ਸੰਗਤ ਪਾਰ ਉਤਾਰੇ ਸਾਰੀ, ਵੇਲੇ ਅੰਤ ਹੋ ਸਹਾਈਆ । ਘਰ ਸਿਹਰਾ ਲੈ ਕੇ ਜਾਏ ਸਿਰ ਚੁੱਕ ਕੇ ਖਾਰੀ, ਫੂਲਣਹਾਰ ਆਪ ਗੁੰਦਾਈਆ । ਗੁਰਮੁਖ ਕੰਨਿਆਂ ਵੇਖੇ ਕਵਾਰੀ, ਅੰਤ ਭਗਵੰਤ ਲਏ ਪਰਨਾਈਆ । ਆਪਣੀ

ਬੀਤੀ ਦੱਸੇ ਸਾਰੀ, ਗੁਰਸਿਖਾਂ ਕੀਤੀ ਆਪਣੀ ਝੋਲੀ ਪਾਈਆ । ਹਸਤ ਕੀਟੀ ਇਕ ਦੁਆਰੀ, ਨੀਚ ਊਚ ਨਾ ਕੋਇ ਚਤੁਰਾਈਆ । ਮੰਨ ਜਿਤ ਲਓ ਅਟਾਰੀ, ਅਟੱਲ ਪਦਵੀ ਰਿਹਾ ਵਖਾਈਆ । ਸੋਲਾਂ ਮੱਘਰ ਲੇਖਾ ਕਰੇ ਸ਼ੁਮਾਰੀ, ਬੇਸ਼ੁਮਾਰ ਦਇਆ ਕਮਾਈਆ । ਦਇਆ ਗੁਰਸਿਖਾਂ ਘਰ ਫੇਰੇ ਬਹਾਰੀ, ਅੰਦਰ ਵੜ ਵੜ ਕੂੜਾ ਕਿਰਕਟ ਹੂੰਝੇ ਵਾਹੋ ਦਾਹੀਆ । ਫੇਰ ਪੀਆ ਨਾਲ ਲਗਾਏ ਯਾਰੀ, ਪਰੀਤਮ ਆਪਣਾ ਦਏ ਮਿਲਾਈਆ । ਹੀਆ ਕਰੋ ਬਣ ਬਲਕਾਰੀ, ਬਲ ਆਪਣਾ ਆਪ ਧਰਾਈਆ । ਸਾਢੇ ਤਿੰਨ ਹੱਥ ਲਹਿਣਾ ਦਿਤਾ ਰਵਦਾਸ ਚੁਮਾਰੀ, ਚੰਮੜਾ ਗੰਢ ਵੇਖ ਵਖਾਈਆ । ਗੁਰ ਪ੍ਰਸਾਦਿ ਗੁਰ ਕਿਰਪਾ ਧਾਰੀ, ਹਰਿ ਪੁਸਤਕ ਰਿਹਾ ਖੁਲ੍ਹਾਈਆ । ਜਿਸ ਦਾ ਲੇਖਾ ਲਿਖੇ ਨਾ ਕੋਇ ਲਿਖਾਰੀ, ਲਿਖਣ ਪੜ੍ਹਨ ਵਿਚ ਨਾ ਆਈਆ । ਜੁਗ ਜੁਗ ਜਨ ਭਗਤਾਂ ਕੱਟੇ ਰੋਗ ਬੀਮਾਰੀ, ਮਰੀਜ਼ ਤਬੀਬ ਵੇਖੇ ਚਾਈਂ ਚਾਈਂਆ । ਨਾਮ ਪੁੜੀ ਦੇਵੇ ਕਰ ਪਿਆਰੀ, ਸਚ ਖ਼ੁਮਾਰੀ ਦਏ ਚੜ੍ਹਾਈਆ । ਕਰ ਪਰਕਾਸ਼ ਜੋਤ ਨਿਰੰਕਾਰੀ, ਅੰਧ ਅੰਧੇਰ ਦਏ ਮਿਟਾਈਆ । ਜੋਤ ਅਕਾਲਣ ਜਾਏ ਬਲਿਹਾਰੀ, ਗੁਰਮੁਖ ਤੇਰੀ ਵਡ ਵਡਿਆਈਆ । ਤੂੰ ਜਿਤਿਆ ਮੈਂ ਹਾਰੀ, ਤੇਰੀ ਸੇਵਾ ਮੈਨੂੰ ਲਿਆ ਫਸਾਈਆ । ਧੰਨ ਭਾਗ ਤੂੰ ਅੱਖ ਉਘਾੜੀ, ਮੇਰੀ ਅੱਖ ਅੱਖ ਨਾਲ ਮਿਲਾਈਆ । ਬਿਨ ਕਜਲੋਂ ਹੋਈ ਠੰਡੀ ਠਾਰੀ, ਸੀਤਲ ਸੁਰਮਾ ਨਾਲ ਪਾਈਆ । ਪਾ ਗਲਵਕੜੀ ਪਿਛਲੀ ਮੇਟ ਖ਼ਵਾਰੀ, ਖੁਰਕ ਖੰਘ ਸਿਖਾਂ ਦੇ ਗਵਾਈਆ । ਤੇਰੇ ਘਰ ਕੀ ਚਲੇ ਡਾਕਦਾਰੀ, ਧਨੰਤਰ ਬੈਠਾ ਸੀਸ ਝੁਕਾਈਆ । ਕਿਥੋਂ ਸਿਖਿਉਂ ਲੌਣੀ ਯਾਰੀ, ਯਾਰ ਸਾਰੇ ਦੇਣ ਦੁਹਾਈਆ । ਭੁੱਖਿਆਂ ਭਗਤਾਂ ਕੱਟਣੀ ਔਖੀ ਹੋਈ ਦਿਹਾੜੀ, ਦਿਹਾੜੀ ਕਰ ਕਰ ਝੱਟ ਰਹੇ ਲੰਘਾਈਆ । ਅਸਾਂ ਉਡੀਕਣੀ ਇਕੋ ਹਾੜੀ, ਸਚ ਤੇਰੀ ਆਸ ਰਖਾਈਆ । ਜੇ ਸਾਡੇ ਸਿਰ ਤੇ ਰਹੇ ਭਾਰੀ, ਤੇਰੀ ਕੀ ਵਡਿਆਈਆ । ਪੁਰਖ ਅਕਾਲ ਕਹੇ ਮੈਂ ਬਣਾਂ ਜ਼ਰੂਰ ਵਗਾਰੀ, ਬਣ ਸੇਵਕ ਸੇਵ ਕਮਾਈਆ । ਜੋ ਕੁਛ ਹੋਊ ਮੈਂ ਕਰੂੰ ਸੱਚੀ ਦਾਰੀ, ਦਰਦੀਆਂ ਦਰਦ ਵੰਡਾਈਆ । ਲੱਖ ਚੁਰਾਸੀ ਚੀਰ ਫਾੜੀ, ਮੱਛ ਡੱਡ ਹੱਟੋ ਹੱਟ ਵਿਕਾਈਆ । ਗੁਰਸਿਖਾਂ ਦੇਵਾਂ ਇਕੋ ਨਾਮ ਡਾਲੀ, ਧੁਰਦਰਗਾਹੀ ਫਲ ਖਵਾਈਆ । ਸੋਹੰ ਬੋਲੋ ਸਚ ਜੈਕਾਰੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦਇਆ ਕਮਾਈਆ ।

ਪਰਸ਼ਾਦ ਦੇਣਾ ਇਕੋ ਕਿਣਕਾ, ਹਰਿ ਜੂ ਮੰਗ ਮੰਗਾਈਆ । ਵੇਖੋ ਲਹਿਣਾ ਜਿਨ ਜਿਨ ਕਾ, ਦਰ ਦਰ ਰਿਹਾ ਚੁਕਾਈਆ । ਕਰੇ ਖੇਲ ਛਿੰਨ ਛਿੰਨ ਕਾ, ਛਿੰਨ ਭੰਗਰ ਫੇਰਾ ਪਾਈਆ । ਲੇਖਾ ਇਨ ਬਿਨ ਕਾ, ਇਨ ਬਿਨ ਆਪਣਾ ਰੰਗ ਰੰਗਾਈਆ । ਚੌਦਾਂ ਪੰਦਰਾਂ ਸੋਲਾਂ ਮੇਲ ਮਿਲਾਇਆ ਤਿੰਨ ਦਿਨ ਕਾ, ਤ੍ਰੈਲੋਕ ਵੱਜੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਪਰਸਾਦ ਲੋਕਮਾਤ ਦੀ ਸਾਚੀ ਦਾਦ, ਸਚਖੰਡ ਲੈ ਕੇ ਜਾਏ ਚਾਈਂ ਚਾਈਂਆ । ਸਚਖੰਡ ਜਾ ਕੇ ਦੇਵੇ ਭੋਰਾ ਭੋਰਾ, ਭੋਰਾ ਆਪ ਵਰਤਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਥੋੜਾ, ਕਿਉਂ ਨਹੀਂ ਸਾਡੇ ਬੁੱਕ ਭਰਾਇੰਦਾ । ਜਿਨ੍ਹਾਂ ਦੀ ਪੂਰੀ ਕਰ ਕੇ ਆਇਆ ਲੋੜਾਂ, ਲੋਹੜਾ ਸਾਡੇ ਕੋਲੋਂ ਕਿਉਂ ਸ਼ਰਮਾਇੰਦਾ । ਅਸੀਂ ਤੇਰਾ ਗਾ ਕੇ ਆਏ ਦੋਹਰਾ, ਛੱਤੀ ਰਾਗਾਂ ਗੰਢ ਪੁਆਇੰਦਾ । ਕੀ ਹੋਇਆ ਜੇ ਅੰਤਮ ਇਕ ਸੱਸੇ ਉਤੇ ਲਾਇਆ ਹੋੜਾ, ਹੋਕਾ ਸਭ ਨੂੰ ਇਕ ਸੁਣਾਇੰਦਾ । ਬੇਪਰਵਾਹ ਕਿਉਂ ਸਾਨੂੰ ਦਿਤਾ ਜਵਾਬ ਕੋਰਾ, ਸਾਡਾ ਲੇਖਾ ਲਿਖਤ ਪੜ੍ਹਤ ਵਿਚ ਨਹੀਂ ਆਇੰਦਾ । ਪੁਰਖ ਅਬਿਨਾਸ਼ੀ ਕਹੇ ਮੇਰਾ ਆਦਿ

ਜੁਗਾਦਿ ਇਕੋ ਜੋੜਾ, ਜੁਗ ਜੁਗ ਆਪ ਰਖਾਇੰਦਾ । ਜੋ ਕਹੇ ਮੈਂ ਤੇਰਾ ਤੂੰ ਮੇਰਾ, ਮੇਰਾ ਤੇਰਾ ਭੇਵ ਕੋਇ ਨਾ ਪਾਇੰਦਾ । ਚਾਰ ਜੁਗ ਭੌਂਦਾ ਰਿਹਾ ਕਰ ਕਰ ਹੇਰਾ ਫੇਰਾ, ਹਿਰਸ ਸਭ ਦੀ ਨਾਲ ਰਲਾਇੰਦਾ । ਵੇਖੇ ਸਾਰਿਆਂ ਦਾ ਖ਼ਾਲੀ ਕੀਤਾ ਡੇਰਾ, ਅੰਦਰ ਵੜ ਆਪਣਾ ਹੁਕਮ ਨਾ ਕੋਇ ਸੁਣਾਇੰਦਾ । ਚਾਰੋਂ ਕੁੰਟ ਹੋਏ ਝੇੜਾ, ਝਿੜਕਾਂ ਸਭ ਨੂੰ ਆਪ ਪੁਆਇੰਦਾ । ਪੀਰ ਪੈਗ਼ੰਬਰ ਕਹਿਣ ਆਪਣੀ ਮਰਜ਼ੀ ਨਾਲ ਕਰੇ ਨਬੇੜਾ, ਮਜ਼ਾ ਸਭ ਨੂੰ ਕੀ ਚਖਾਇੰਦਾ । ਨਾਂ ਰੱਖ ਕੇ ਆਪਣਾ ਵੱਡਾ ਸਿੰਘ ਸ਼ੇਰਾ, ਹੋ ਸ਼ੇਰ ਭੱਬਕ ਲਗਾਇੰਦਾ । ਦੋ ਜਹਾਨ ਇਕੋ ਵਾਰ ਪਾਇਆ ਘੇਰਾ, ਚਾਰ ਕੁੰਟ ਰਾਹ ਨਜ਼ਰ ਕੋਇ ਨਾ ਆਇੰਦਾ । ਕਿੰਨਾਂ ਚਿਰ ਬੈਠੇ ਕਰ ਕੇ ਜੇਰਾ, ਦਿਨੇ ਰਾਤੀਂ ਹੁਕਮ ਸੁਣਾਇੰਦਾ । ਭੁਖਿਆਂ ਨੰਗਿਆਂ ਉਤੇ ਕਰੇਂ ਮਿਹਰਾ, ਸਾਨੂੰ ਗਲ ਨਾ ਕੋਇ ਸੁਣਾਇੰਦਾ । ਕੀ ਦੱਸੀਏ ਓਥੇ ਕੇਹੜਾ ਕੇਹੜਾ, ਪੂਰਬ ਵਿਛੜੇ ਮੇਲ ਮਿਲਾਇੰਦਾ । ਬਿਨ ਬਸਤੀਉਂ ਬਿਨ ਨਗਰੋਂ ਵਸਾਇਆ ਖੇੜਾ, ਕੱਖਾਂ ਕੁਲੀ ਭਾਗ ਲਗਾਇੰਦਾ । ਜਗਤ ਪੀਰ ਪੈਗ਼ੰਬਰ ਆਸਾ ਤ੍ਰਿਸਨਾ ਲਾਇਆ ਝੇੜਾ, ਦੇਵਰ ਭਾਬੀ ਰੂਪ ਵਟਾਇੰਦਾ । ਅੰਤ ਆਪਣੇ ਹੱਥ ਰੱਖੇ ਬੇੜਾ, ਬਿਨ ਬੇੜਿਉਂ ਪਾਰ ਕਰਾਇੰਦਾ । ਗੁਰਸਿਖਾਂ ਕੀਤੀ ਮਿਹਰਾ, ਮਿਹਰ ਆਪਣੀ ਝੋਲੀ ਭਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਪਰਸਾਦ ਹਰਿ ਦਰਗਾਹ ਦੇਵੇ ਦਾਦ, ਆਪਣੀ ਹੱਥੀਂ ਆਪ ਵਰਤਾਇੰਦਾ । ਭੋਰਾ ਭੋਰਾ ਸਾਰੇ ਖਾਓ, ਖ਼ਾਲਕ ਰਿਹਾ ਸਮਝਾਈਆ । ਪੀਰ ਪੈਗ਼ੰਬਰ ਗੁਰ ਅਵਤਾਰ ਸਾਰੇ ਢੋਲਾ ਗਾਓ, ਸੋ ਪੁਰਖ ਨਿਰੰਜਣ ਰਿਹਾ ਜਣਾਈਆ । ਚਰਨ ਕਵਲ ਬਹਿ ਬਹਿ ਖ਼ੁਸ਼ੀ ਮਨਾਓ, ਆਪਣਾ ਮਾਣ ਮਿਟਾਈਆ । ਲੋਕਮਾਤ ਧਿਆਨ ਲਗਾਓ, ਨੇਤਰ ਨੈਣ ਨੈਣ ਖੁਲ੍ਹਾਈਆ । ਜਿਸ ਦੁਆਰੇ ਹਰਿ ਜੂ ਹਰਿ ਭਗਤਾਂ ਲਾਗੇ ਪਾਉਂ, ਨਿਉਂ ਨਿਉਂ ਆਪਣਾ ਸੀਸ ਝੁਕਾਈਆ । ਤਿਸ ਦੁਆਰੇ ਬਲ ਬਲ ਜਾਓ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਪਰਸਾਦ ਦੇਵੇ ਸਤਿ, ਲੜਨਾ ਝਗੜਨਾ ਦੀਨ ਮਜ਼੍ਹਬ ਛੱਡੋ ਅੰਤ, ਆਪਣੀ ਪਤ ਲਓ ਰਖਾਈਆ । ਸਾਰੇ ਕਹਿਣ ਅਸੀਂ ਖਾਵਾਂਗੇ । ਸੋਹੰ ਢੋਲਾ ਗਾਵਾਂਗੇ । ਪੁਰਖ ਅਬਿਨਾਸ਼ੀ ਮਨਾਵਾਂਗੇ । ਹਰਿ ਸੰਗਤ ਦਰਸ਼ਨ ਪਾਵਾਂਗੇ । ਨਿਉਂ ਨਿਉਂ ਸੀਸ ਝੁਕਾਵਾਂਗੇ । ਤੇਰੇ ਗੁਰਸਿਖਾਂ ਦਾ ਰਾਹ ਤਕਾਵਾਂਗੇ । ਅੱਗੋਂ ਹੋ ਹੋ ਗਲੇ ਲਗਾਵਾਂਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਦੇਣਾ ਸਾਚਾ ਵਰ, ਦੂਜੀ ਓਟ ਨਾ ਕੋਇ ਤਕਾਵਾਂਗੇ । ਅਸੀਂ ਗੀਤ ਤੇਰਾ ਗੌਣਾ, ਇਕੋ ਨਾਮ ਸਚ ਧਿਔਣਾ, ਗੁਰਮੁਖ ਤੇਰਾ ਨਜ਼ਰੀ ਔਣਾ, ਪ੍ਰੇਮ ਪਿਆਰ ਇਕ ਵਧੌਣਾ, ਦੂਸਰ ਵੰਡ ਨਾ ਕੋਇ ਵੰਡਾਈਆ । ਪੁਰਖ ਅਬਿਨਾਸ਼ੀ ਕਹੇ ਮੈਂ ਲੋਕਮਾਤ ਨੱਸਾਂਗਾ । ਭਗਤਾਂ ਨੂੰ ਜਾ ਕੇ ਦੱਸਾਂਗਾ । ਉਹਨਾਂ ਵਿਚ ਬਹਿ ਕੇ ਵਸਾਂਗਾ । ਅੰਤ ਪਤ ਉਹਨਾਂ ਦੀ ਰੱਖਾਂਗਾ । ਪਰਦਾ ਆਪਣੀ ਹੱਥੀਂ ਢੱਕਾਂਗਾ । ਤੁਹਾਡੇ ਕੋਲੋਂ ਮੂਲ ਨਾ ਝਕਾਂਗਾ । ਨਾ ਥੱਕਾਂਗਾ ਨਾ ਅੱਕਾਂਗਾ । ਸ਼ੇਰ ਵਾਂਗੂੰ ਮਾਰ ਭਬਕ ਸਭ ਨੂੰ ਮੂੰਹ ਦੇ ਭਾਰ ਸੁਟਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਆਪੇ ਰੱਖਾਂਗਾ । ਗੁਰਮੁਖਾਂ ਮੈਂ ਜਾਵਾਂ ਕੋਲ, ਕੁਲ ਆਪਣੀ ਦਿਆਂ ਸਮਝਾਈਆ । ਧਿਆਨ ਨਾ ਕਰਨਾ ਕੋਈ ਉਪਰ ਧੌਲ, ਧੁਰ ਫ਼ਰਮਾਣਾ ਇਕ ਸੁਣਾਈਆ । ਬਿਨ ਖੰਡਿਉਂ ਅੰਦਰ ਵੜ ਕੇ ਪੌੜੇ ਚੜ੍ਹ ਕੇ ਅੰਮ੍ਰਿਤ ਆਤਮ ਛਕਾ ਕੇ ਆਵਾਂ ਪੌਹਲ, ਅੰਮ੍ਰਿਤ ਕੋਇ ਰਹਿਣ ਨਾ ਪਾਈਆ । ਪ੍ਰੇਮ ਪਤਾਸਾ ਪਿਆਵਾਂ ਘੋਲ, ਘੋਲੀ ਵਾਰੀ ਸਦਕੇ ਜਾਈਆ । ਆਪਣੀ ਹੱਥੀਂ ਕੁੰਡਾ ਆਵਾਂ ਖੋਲ੍ਹ, ਖਿੜਕੀ ਬੰਦ ਨਾ ਕੋਇ ਕਰਾਈਆ । ਜਿਥੇ ਪੁਜੇ ਨਾ ਕੋਈ ਪੰਡਤ ਪਾਂਧਾ ਰੌਲ, ਗਰੰਥੀ ਬਾਣੀ ਨਾ ਕੋਇ ਸੁਣਾਈਆ ।

ਮੌਲਵੀ ਕਰੇ ਨਾ ਕੋਈ ਕੌਲ, ਕਲਮਾ ਰਸਨਾ ਨਾ ਕੋਇ ਗਾਈਆ । ਇਕੇ ਵੇਰ ਬਦਲ ਦੇਵਾਂ ਮਾਹੌਲ, ਮੋਹਰ ਆਪਣੇ ਨਾਮ ਲਗਾਈਆ । ਵੇਖੇ ਕਰ ਕਰ ਵੇਖੇ ਘੋਲ, ਟੱਕਰ ਟੱਕਰ ਨਾਲ ਟਕਰਾਈਆ । ਆਪ ਬੈਠਾ ਰਹੇ ਅਡੋਲ, ਅਟੱਲ ਮਨਾਰ ਸੱਚਾ ਮਾਹੀਆ । ਗੁਰਮੁਖਾਂ ਦੇਵੇ ਸਚ ਝਕੋਲ, ਝਕੋਲਾ, ਇਕੋ ਇਕ ਜਣਾਈਆ । ਹਰਿ ਸੰਗਤ ਤੇਰਾ ਪਰਸਾਦ ਅਨਮੋਲ, ਹਰਿ ਜੂ ਆਪਣੇ ਹੱਥਾਂ ਉਤੇ ਲਗਾਈਆ । ਸਦਾ ਰੱਖੇ ਆਪਣੇ ਕੋਲ, ਅੰਦਰ ਆਪਣੇ ਲਏ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸੋਹੰ ਢੋਲਾ ਆਪੇ ਬੋਲ, ਆਤਮ ਪਰਮਾਤਮ ਪਰਮਾਤਮ ਆਤਮ ਧਰਮ ਸਮਾਪਤ ਸਭ ਕਰਾਈਆ । ਢਾਈ ਉਤੇ ਸਾਢੇ ਤਿੰਨ, ਸਾਢੇ ਤਿੰਨ ਤਿੰਨ ਵੰਡ ਵੰਡਾਈਆ । ਸਾਢੇ ਤਿੰਨ ਢਾਈ ਰਹੇ ਗਿਣ, ਗਿਣਤੀ ਮਿਣਤੀ ਆਪੇ ਰਿਹਾ ਸਮਝਾਈਆ । ਛੇ ਘਰ ਛੇ ਗੁਰ ਵੇਖਣਹਾਰ ਛਿੰਨ ਛਿੰਨ, ਛੇ ਸ਼ਾਸਤਰ ਲੇਖਾ ਰਿਹਾ ਮੁਕਾਈਆ । ਵਕਤ ਲੰਘਾਇਆ ਗਿਣ ਗਿਣ, ਘੜੀ ਪਲ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਢੇ ਤਿੰਨ ਜੋੜ ਢਾਈ ਉਲਟਾ ਕਰ ਵੱਜੇ ਵਧਾਈਆ । ਸੋਲਾਂ ਮੱਘਰ ਸਮਾਪਤ ਦਿਨ, ਛੇ ਵਜੇ ਰਾਤ ਅੰਧੇਰੀ ਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਾਤ ਦਿਵਸ ਦਿਵਸ ਰਾਤ ਗੁਰਸਿਖਾਂ ਗੁਰਮੁਖਾਂ ਹਰਿ ਸੰਗਤ ਹਰਿ ਜੂ ਅੰਦਰ ਬਾਹਰ ਆਪਣੇ ਨਾਲ ਕਰੀ ਕੁੜਮਾਈਆ । ਘੜੀ ਕਹੇ ਮੇਰੇ ਵੱਜ ਗਏ ਛੇ, ਉਲਟਿਆ ਨੌਂ ਛੇ ਰੂਪ ਵਟਾਈਆ । ਸਾਰਾ ਦਿਨ ਪੀਰਾਂ ਪੈਗ਼ੰਬਰਾਂ ਗੁਰ ਅਵਤਾਰਾਂ ਦੀ ਲੈਂਦੀ ਰਹੀ ਹੇ ਭੇ, ਪ੍ਰਭ ਕੀ ਕੀ ਖੇਲ ਰਚਾਈਆ । ਹੋਈ ਰੈਣ ਹੋਈ ਸ਼ਾਮ ਸਾਰਿਆਂ ਬਸਤੇ ਠੱਪੇ ਅਲਫ਼ ਯੇ, ਮਕਤਬ ਖੁਲ੍ਹਾ ਨਜ਼ਰ ਕੋਇ ਨਾ ਆਈਆ । ਫੱਟੀਆਂ ਉਤੇ ਝਾੜਨ ਖੇਹ, ਹੱਥ ਹੱਥਾਂ ਨਾਲ ਮਿਲਾਈਆ । ਸਾਰੇ ਕਹਿਣ ਦਰੋਹੀ ਖ਼ੁਦਾਏ ਦੀ ਬਿਨ ਪਰਵਰਦਿਗਾਰ ਕੋਈ ਨਾ ਸੱਚਾ ਨੇਂਹ, ਬਿਨ ਅਕਾਲ ਨਾ ਕੋਇ ਸਹਾਈਆ । ਸਾਰੇ ਪੰਜ ਤੱਤ ਕਾਇਆ ਮਾਟੀ ਕਰ ਕੇ ਆਏ ਖੇਹ, ਖੇਹ ਜਗਤ ਨਾਲ ਉਡਾਈਆ । ਆਈ ਰੈਣ ਮਿਲੇ ਸੈਣ ਸੱਜਣ ਇਹ, ਜਿਸ ਆਪਣੀ ਖੇਲ ਰਚਾਈਆ । ਇਸ ਹੱਥ ਲੈ ਇਸ ਹੱਥ ਦੇ, ਦਿਵਸ ਰਾਤ ਇਕੋ ਹੁਕਮ ਵਰਤਾਈਆ । ਚਾਰ ਜੁਗ ਚੁਪ ਕਰ ਕੇ ਅਸੀਂ ਰਹੇ ਬਹੇ, ਬੀਤੀ ਕਹਾਣੀ ਨਾ ਕਿਸੇ ਸੁਣਾਈਆ । ਪੀਰ ਪੈਗ਼ੰਬਰਾਂ ਨਾਲ ਕਰਦੇ ਰਹੇ ਖਹਿ, ਕਲਮਾ ਸ਼ਬਦ ਨਾਲ ਲੜਾਈਆ । ਅੰਤ ਬਿਨ ਲੰਗੋਟਿਉਂ ਬਿਨ ਖਾੜਿਉਂ ਗਏ ਢਹਿ, ਹਰਿ ਜੂ ਧੱਕਾ ਇਕੋ ਲਾਈਆ । ਆਓ ਭਾਣਾ ਲਈਏ ਸਹਿ, ਰੈਣ ਅੰਧੇਰੀ ਨਜ਼ਰੀ ਆਈਆ । ਗੁਰਮੁਖ ਵਿਰਲਾ ਲਾਹਾ ਮਾਤ ਲਏ, ਜਿਸ ਸਿਰ ਆਪਣੀ ਨਜ਼ਰ ਉਠਾਈਆ । ਨਾਲ ਹੋ ਕੇ ਅੰਦਰ ਵੜ ਕੇ ਫੜ ਫੜ ਬਾਹੋਂ ਦੇਵੇ ਸ਼ਹਿ, ਨਿਰਭੌ ਭੈ ਰਿਹਾ ਚੁਕਾਈਆ । ਜੋ ਦਿਨੇ ਚਰਨੀਂ ਬੈਠੇ ਰਹੇ, ਸੋ ਅੰਤ ਰਾਤ ਵਿਛੜ ਨਾ ਜਾਈਆ । ਆਦਿ ਜੁਗਾਦਿ ਜੁਗੋ ਜੁਗ ਇਕੋ ਜਿਹਾ ਰਹੇ, ਵਧੇ ਘਟੇ ਨਾ ਮੇਰਾ ਮਾਹੀਆ । ਛੇ ਵਜੇ ਛੈਲ ਛਬੀਲਾ ਕਹੇ, ਸ਼ਹਿਨਸ਼ਾਹ ਆਪਣੀ ਦਇਆ ਕਮਾਈਆ । ਜੋ ਜਨ ਮੇਰਾ ਨਾਮ ਲਏ, ਲਾਇਕ ਪੁੱਤਰ ਸੋ ਅਖਵਾਈਆ । ਸ੍ਰਿਸ਼ਟ ਸਬਾਈ ਹੋਣੀ ਖੈ, ਖ਼ਾਲਕ ਲੁੱਟੇ ਵਾਹੋ ਦਾਹੀਆ । ਗੁਰਮੁਖ ਤੇਰੇ ਪੰਘੂੜੇ ਸਚਖੰਡ ਡਹੇ, ਸਿੰਘ ਪਾਲ ਸਵਰਨ ਜਗਦੀਸ਼ ਮਨਜੀਤ ਗੁਰਦਿਆਲ ਰਾਹ ਤਕਾਈਆ । ਪੰਚ ਪਰਵਾਨ ਕਰ ਕੇ ਫੇਰ ਬੋਲੇ ਜੈ, ਪੰਚ ਪਰਧਾਨ ਦਏ ਬਣਾਈਆ । ਪਰਗਟ ਹੋ ਕੇ ਕਹੇ, ਮੈਂ ਹੰਕਾਰ ਵਿਚ ਆਇਆ ਸੱਚਾ ਮਾਹੀਆ । ਸਾਰੇ ਕਹਿਣ, ਹੈਂ, ਕੀ ਪੁਰਖ ਅਕਾਲ ਵੇਸ ਵਟਾਈਆ । ਪੰਡਤ ਮੁਲਾਣੇ ਗਰੰਥੀ ਸਾਰੇ ਕਰਨ ਭੈਂ ਭੈਂ ਭੈਂ, ਭੇਡਾਂ ਬੱਕਰੀਆਂ ਵਾਂਗ ਕੁਰਲਾਈਆ । ਹਰਿਭਗਤ

ਹਰਿਸੰਤ ਗੁਰਮੁਖ ਗੁਰਸਿਖ ਕਹਿਣ ਤੇਰੀ ਜੈ, ਜੈ ਜੈਕਾਰ ਢੋਲਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਵਸਤ ਗੁਰਸਿਖਾਂ ਦਏ, ਦੇਂਦਿਆਂ ਤੋਟ ਕਦੇ ਨਾ ਆਈਆ । ਇਕੱਠੇ ਹੋ ਕੇ ਲੌਣ ਜ਼ੋਰ, ਮਤਾ ਆਪਣਾ ਇਕ ਪਕਾਈਆ । ਚਲੋ ਰਲ ਕੇ ਪਾਈਏ ਸ਼ੋਰ, ਸਾਡੀ ਕੀਤੀ ਕਿਉਂ ਰਿਹਾ ਉਲਟਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਰੱਖੀ ਸਾਡੀ ਲੋੜ, ਹੁਣ ਅੰਤ ਕਿਉਂ ਗਿਉਂ ਭੁਲਾਈਆ । ਜੁਗ ਚੌਕੜੀ ਮੰਤਰ ਦੇਂਦਾ ਰਿਹੋਂ ਹੋਰ ਹੋਰ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਕਰ ਪੜ੍ਹਾਈਆ । ਆਪਣੇ ਹੱਥ ਫੜ ਕੇ ਡੋਰ, ਗੁਡੀਆ ਲੋਕਮਾਤ ਨਚਾਈਆ । ਕਰ ਪਰਕਾਸ਼ ਪੰਜ ਤੱਤ ਗੋਰ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਗੁਰ ਅਵਤਾਰ ਪੀਰ ਨਾਉਂ ਰੱਖ ਕੇ ਦਿਤੇ ਤੋਰ, ਪਿਛੋਂ ਤੋੜਾ ਆਪਣਾ ਨਾਮ ਲਗਾਈਆ । ਹੁਣ ਕਿਉਂ ਅੰਤ ਸਾਡੇ ਅੱਗੇ ਅਟਕਾਏ ਰੋੜ, ਰੋੜਕਾ ਐਵੇਂ ਬੈਠਾ ਪਾਈਆ । ਪੁਰਖ ਅਬਿਨਾਸ਼ੀ ਕਹੇ ਹੁਣ ਤੁਹਾਡੀ ਪੈ ਗਈ ਲੋੜ, ਲੋਕਮਾਤ ਤੋਂ ਖਿਚ ਆਪਣੇ ਚਰਨ ਬਹਾਈਆ । ਮੈਂ ਲੱਗਾ ਰੰਗ ਰੰਗਣ ਮੜੀ ਗੋਰ, ਘਰ ਇਕੋ ਇਕ ਵਖਾਈਆ । ਅੰਤ ਜਿਸ ਤਰ੍ਹਾਂ ਤੁਹਾਨੂੰ ਪੈ ਗਈ ਮੇਰੀ ਲੋੜ, ਮੇਰੇ ਬਿਨਾਂ ਨਜ਼ਰ ਕੋਈ ਨਾ ਆਈਆ । ਮੈਂ ਚਾਹੁੰਦਾ ਹਾਂ ਏਹੋ ਲੜੀ ਲੋਕਮਾਤ ਦੇਵਾਂ ਤੋਰ, ਤੁਰਤ ਆਪਣਾ ਹੁਕਮ ਮਨਾਈਆ । ਕੋਈ ਦੀਨ ਮਜ਼੍ਹਬ ਜ਼ਾਤ ਪਾਤ ਪੰਜ ਤੱਤ ਰਸਨਾ ਕਹੇ ਨਾ ਪੁਰਖ ਅਕਾਲ ਹੋਰ, ਖ਼ੁਦਾਵੰਦ ਚੋਰ ਰਾਮ ਅਡੋਲ, ਕ੍ਰਿਸ਼ਨ ਮੁਕਟ ਸੀਸ ਟਿਕਾਈਆ । ਮੈਂ ਅੰਤ ਮਿਟੌਣੇ ਸਾਰੇ ਘੋਲ, ਘੁਰਕੀ ਇਕੋ ਨਾਮ ਵਖਾਈਆ । ਅੱਗੇ ਵੱਜਣ ਨਹੀਂ ਦੇਣਾ ਰੋਲ, ਨਰੋਲ ਆਪਣਾ ਨਾਮ ਜਪਾਈਆ । ਏਥੇ ਓਥੇ ਦੋ ਜਹਾਨ ਸਾਰੇ ਇਕੋ ਅੱਖਰ ਲੈਣਾ ਬੋਲ, ਬੋਲ ਬਾਲਾ ਇਕ ਸੁਣਾਈਆ । ਆਪਣੀ ਹੱਥੀਂ ਤੋਲਣਾ ਤੋਲ, ਕੰਡਾ ਆਪਣਾ ਆਪ ਉਠਾਈਆ । ਤੁਸੀਂ ਬੱਚੇ ਅਜੇ ਅਨਭੋਲ, ਮੇਰੀ ਗਤ ਕਿਸੇ ਨਾ ਪਾਈਆ । ਕੀ ਹੋਇਆ ਜੇ ਨਾਨਕ ਪਿਛੇ ਸੱਦੇ ਕੋਲ, ਗੋਬਿੰਦ ਕੀਤਾ ਕੌਲ ਪੂਰ ਕਰਾਈਆ । ਪੂਰਨ ਅੰਦਰ ਪੂਰਨ ਹੋ ਕੇ ਗਿਆ ਮੌਲ, ਮੁਲਕ ਛੱਡਿਆ ਆਪਣਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੌਲੀ ਹੌਲੀ ਸਭ ਕਿਛ ਰਿਹਾ ਸਮਝਾਈਆ । ਭਗਤ ਕਹਿਣ ਭਗਵਾਨ ਪੜ੍ਹ, ਪੱਟੀ ਇਕੋ ਹੱਥ ਫੜਾਈਆ । ਪਹਿਲੋਂ ਸਾਡੇ ਅੰਦਰ ਵੜ, ਫੇਰ ਲਿਖਣਾ ਦੇਈਏ ਸਮਝਾਈਆ । ਅੰਦਰ ਵੜ ਕੇ ਉਂਗਲੀ ਫੜ, ਬਿਨ ਉਂਗਲੀਉਂ ਲੈ ਫਿਰਾਈਆ । ਫੇਰ ਰੱਖ ਸਾਡਾ ਡਰ, ਨੈਣ ਅੱਖ ਸ਼ਰਮਾਈਆ । ਜੋ ਦੱਸੀਏ ਸੋ ਲੈਣਾ ਕਰ, ਸਾਡਾ ਕਰਮ ਕਾਂਡ ਗਵਾਈਆ । ਜੇ ਕਹੀਏ ਦੇ ਵਰ, ਤੂੰ ਕਹਿਣਾ ਮੈਂ ਭੁੱਲ ਦਿਤੀ ਬਖ਼ਸ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੇ ਨਾਮ ਸਦਾ ਵਡਿਆਈਆ । ਗੁਰਸਿਖੋ ਮੈਂ ਪੜ੍ਹਨ ਆਇਆ ਊੜਾ, ਏਕੰਕਾਰ ਰੂਪ ਵਟਾਈਆ । ਤੁਸੀਂ ਰੰਗ ਚਾੜ੍ਹੋ ਗੂੜ੍ਹਾ, ਉਤਰ ਕਦੇ ਨਾ ਜਾਈਆ । ਮੈਂ ਮਸਤਕ ਲਾਵਾਂ ਧੂੜਾ, ਤੁਹਾਡੀ ਹੋਏ ਨਾ ਕਦੇ ਜੁਦਾਈਆ । ਜੋ ਦੱਸੋ ਮੈਂ ਕਰੂੰ ਪੂਰਾ, ਪੂਰਨੇ ਪੂਰਨ ਰਿਹਾ ਪਾਈਆ । ਤੁਹਾਡਾ ਬਚਨ ਨਾ ਕਰੂੰ ਅਧੂਰਾ, ਜੋ ਸੁਣਿਆ ਸੋ ਆਪਣੇ ਵਿਚ ਛੁਪਾਈਆ । ਮਾਰ ਕੁੱਟ ਭਾਵੇਂ ਕਰੋ ਚੂਰਾ ਚੂਰਾ, ਤੁਹਾਡਾ ਪਿਛਾ ਛੱਡ ਨਾ ਜਾਈਆ । ਗੁਰਸਿਖ ਉਸਤਾਦ ਮੈਨੂੰ ਮਨਜ਼ੂਰਾ, ਜਿਸ ਦੀ ਭੁੱਲੇ ਨਾ ਕਦੇ ਪੜ੍ਹਾਈਆ । ਸੇਵਾ ਕਰਾਂ ਬਣ ਮਜ਼ਦੂਰਾ, ਉਜਰਤ ਮੰਗਾਂ ਨਾ ਕੋਇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਕਰਾਈਆ । ਗੁਰਸਿਖ ਕਹੇ ਭਗਵਾਨ ਲਿਖ, ਲਿਖਣਾ ਇਕੋ ਇਕ ਜਣਾਈਆ । ਪਹਿਲੋਂ ਬਣਾ ਆਪਣੇ ਸਿਖ, ਫੇਰ ਆਪਣੀ ਗੋਦ ਬਹਾਈਆ ।

੨੧੩
੧੩

ਚਰਨ ਪ੍ਰੀਤੀ ਪਾ ਭਿਖ, ਇਕੋ ਮੰਗ ਮੰਗਾਈਆ । ਜਿਧਰ ਵੇਖੀਏ ਪਏਂ ਦਿਸ, ਤੇਰਾ ਨੂਰ ਰੁਸ਼ਨਾਈਆ । ਸਾਡਾ ਹਰਫ਼ ਇਕ ਅਨਡਿਠ, ਗੁਰਮੁਖ ਰਹੇ ਜਣਾਈਆ । ਜੇ ਸਾਨੂੰ ਦਿਤੀ ਪਿੱਠ, ਅੱਗੇ ਦੱਸਣੀ ਨਹੀਂ ਅਸੀਂ ਪੜ੍ਹਾਈਆ । ਤੂੰ ਕਹੁ ਤੁਸੀਂ ਗਏ ਜਿਤ, ਹਾਰ ਆਪਣੇ ਕੋਲ ਰਖਾਈਆ । ਜਿਸ ਟਿੱਲੇ ਚੜ੍ਹ ਕੇ ਕਬੀਰ ਜੁਲਾਹੇ ਮਾਰੀ ਛਿੱਕ, ਯਾਦ ਕੀਤਾ ਬੇਪਰਵਾਹੀਆ । ਅਸੀਂ ਪੜ੍ਹੌਣਾ ਤੈਨੂੰ ਓਸ ਸਕੂਲ ਵਿਚ, ਮਕਤਬ ਹੋਰ ਨਾ ਕੋਇ ਵਖਾਈਆ । ਫੜ ਬਾਹੋਂ ਸਾਨੂੰ ਲੈ ਚਲ ਖਿਚ, ਫੇਰ ਦੱਸੀਏ ਕਿਸ ਤਰਾਂ ਪਾਣੀ ਵਿਚ ਘੋਲੀ ਦੀ ਸ਼ਾਹੀਆ । ਜਿੰਨਾਂ ਚਿਰ ਨਾ ਕਰੇਂ ਸਾਨੂੰ ਜਿਚ, ਆਪਣੀ ਤੰਗੀ ਨਾ ਦਏਂ ਜਣਾਈਆ । ਓਨਾਂ ਚਿਰ ਲਿਖਣਾ ਨਾ ਸਕੇਂ ਸਿਖ, ਕਲਮ ਹੱਥ ਨਾ ਤੇਰੇ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਰਸਿਖ ਤੇਰੀ ਪਾਠਸ਼ਾਲਾ, ਸ੍ਰੀ ਭਗਵਾਨ ਵੇਖ ਖ਼ੁਸ਼ੀ ਮਨਾਇੰਦਾ । ਪਹਿਲੋਂ ਸੁਣ ਮੇਰਾ ਅਹਿਵਾਲਾ, ਐਹਲ ਆਪਣਾ ਭੇਵ ਜਣਾਇੰਦਾ । ਮੈਨੂੰ ਸੌਖਾ ਦੱਸਣਾ ਸਵਾਲਾ, ਜਿਸ ਦਾ ਅੰਕ ਨਜ਼ਰ ਕੋਇ ਨਾ ਆਇੰਦਾ । ਮੈਂ ਨਿੱਕਾ ਬਣ ਬਾਲ ਅਵਾਣਾ, ਪੜ੍ਹਨ ਦਵਾਰੇ ਤੇਰੇ ਆਇੰਦਾ । ਪਹਿਲੇ ਹੱਥ ਫੜਾ ਕਾਨਾ, ਜਿਸ ਦਾ ਸਿਰ ਕੱਟ ਕਲਮ ਰੂਪ ਵਟਾਇੰਦਾ । ਫੇਰ ਮੈਂ ਸੁਣਾਂ ਤੇਰਾ ਗਾਣਾ, ਤੇਰਾ ਗਾਣਾ ਸੋਹੰ ਮੋਹੇ ਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਦੁਆਰ ਪੜ੍ਹਨ ਆਪ ਆਇੰਦਾ । ਨਾਜ਼ਰ ਸਿੰਘ ਕਿਸ਼ਨ ਸਿੰਘ ਅਜੀਤ ਸਿੰਘ ਚੇਲਾ ਸਿੰਘ ਚਾਰ ਹੋ ਇਕੱਠੇ, ਪ੍ਰਭ ਸੀਸ ਤਾਜ ਲਾਜ ਰਖਾਈਆ । ਹੱਥ ਉਠਾਓ ਉਪਰ ਅੱਠੇ, ਪੁਰਖ ਅਬਿਨਾਸ਼ੀ ਤੁਹਾਡੀ ਓਟ ਤਕਾਈਆ । ਸਰਨ ਸਰਨਾਈ ਸਤਿਗੁਰ ਢੱਠੇ, ਢੈ ਢੈ ਸ਼ੁਕਰ ਮਨਾਈਆ । ਗਲ ਪਾ ਪੱਲੂ ਵਾਸਤਾ ਘੱਤੇ, ਘੱਤ ਵਹੀਰ ਆਇਆ ਬੇਪਰਵਾਹੀਆ । ਤੁਹਾਡੇ ਪਿਛੇ ਬੱਚੇ ਨੀਹਾਂ ਹੇਠਾਂ ਰੱਖੇ, ਸਾਚੀ ਸੇਵ ਇਕ ਕਮਾਈਆ । ਆਪਣੇ ਝੁੱਗੇ ਕੀਤੇ ਸਖੇ, ਤੁਹਾਡੇ ਸਖ਼ਣੇ ਘਰ ਵਸਾਈਆ । ਤੁਸੀਂ ਵੇਖੋ ਆਪਣੀ ਪ੍ਰੇਮ ਅੱਖੇ, ਮੇਰੀ ਅੱਖ ਤੁਹਾਡਾ ਰਾਹ ਤਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਰਹਿ ਜਾਣ ਹੱਕੇ ਬੱਕੇ, ਅਬੂਬਕਰ ਬੈਠਾ ਸੀਸ ਝੁਕਾਈਆ । ਸਭ ਦੀ ਅੱਖੀਂ ਪਾਓ ਘੱਟੇ, ਘਾਟਾ ਇਕੋ ਪੂਰ ਕਰਾਈਆ । ਜਿਸ ਨੂੰ ਧੰਨੇ ਪਾਇਆ ਵਿਚੋਂ ਵੱਟੇ, ਸੋ ਵੱਟਾ ਦੇਣ ਆਈਆ । ਵੇਖੋ ਲੋਕਾਈ ਸਿਆਪਾ ਘੱਤੇ, ਗੁਰਮੁਖ ਉਚੀ ਕੂਕ ਕੂਕ ਸੁਣਾਈਆ । ਬੀਜੋ ਨਾਮ ਹਰਿ ਕੇ ਵੱਤੇ, ਪੁਰਖ ਅਬਿਨਾਸ਼ੀ ਫੇਰਾ ਪਾਈਆ । ਬਣ ਸਵਾਣੀ ਲੈ ਕੇ ਆਏ ਭੱਤੇ, ਨਾਮ ਕਟੋਰਾ ਹੱਥ ਉਠਾਈਆ । ਸਭ ਦੇ ਖ਼ਾਲੀ ਕਰੇ ਛਿਕੇ, ਵਸਤ ਅਮੋਲਕ ਵਿਚੋਂ ਬਾਹਰ ਕਢਾਈਆ । ਕੂੜੇ ਸਾਧ ਸੰਤ ਰਾਏ ਧਰਮ ਅੱਗੇ ਹੱਕੇ, ਡੰਡਾ ਇਕੋ ਹੱਥ ਉਠਾਈਆ । ਜਿਨ੍ਹਾਂ ਮਸਤਕ ਲਾਏ ਟਿੱਕੇ, ਬਣ ਗੁਰੂ ਗੱਦੀ ਹੰਢਾਈਆ । ਤਿਨ੍ਹਾਂ ਏਥੇ ਓਥੇ ਮੂੰਹ ਫਿੱਟੇ, ਫਿਟ ਆਪਣੀ ਜ਼ਾਤ ਗਵਾਈਆ । ਅੰਦਰੋਂ ਰਹੇ ਨਿੱਕੇ, ਬਾਹਰ ਵੱਡੀ ਕੀਤੀ ਚਤੁਰਾਈਆ । ਰਸ ਸਾਰੇ ਹੋ ਗਏ ਫਿਕੇ, ਫਿਕਰਾ ਸਚ ਨਾ ਕੋਇ ਪੜ੍ਹਾਈਆ । ਪੁਰਖ ਅਬਿਨਾਸ਼ੀ ਚੜ੍ਹਿਆ ਸਭ ਦੀ ਹਿੱਕੇ, ਸਾਹ ਉਪਰ ਹੇਠਾਂ ਰਹੇ ਖਿਚਾਈਆ । ਵੇਖੋ ਵਾਂਗ ਮਤੀਰਿਆਂ ਫਿਸੇ, ਮਤਾ ਹਰਿ ਜੂ ਲਿਆ ਪਕਾਈਆ । ਮਾਣ ਗੁਰਮੁਖਾਂ ਇਕੋ ਦਿਤੇ, ਗੁਰਸਿਖਾਂ ਵਡ ਵਡਿਆਈਆ । ਅੰਤਮ ਆਇਆ ਆਪ ਹਿੱਸੇ, ਹਿੱਸਾ ਆਪਣਾ ਵੰਡ ਵਖਾਈਆ । ਲੱਖ ਚੁਰਾਸੀ ਕਿਸੇ ਨਾ ਦਿਸੇ, ਅੱਖਾਂ ਵਾਲੇ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਤੇਰੀ ਸਾਇਆ ਇਕ ਰਖਾਈਆ । ਗੁਰਮੁਖ ਤੇਰੇ ਅੱਠ ਤੱਤ, ਚਾਰ ਜੁਗ ਅੱਠ ਤੱਤ ਮੇਲ ਮਿਲਾਇਆ । ਤੁਹਾਡੇ ਹੇਠਾਂ ਵੜਿਆ ਪੁਰਖ ਸਮਰਥ,

ਇਕੋ ਓਟ ਤਕਾਇਆ । ਤੁਸਾਂ ਪਤ ਲੈਣੀ ਰੱਖ, ਪ੍ਰੀਤ ਤੁਹਾਡੇ ਨਾਲ ਲਗਾਇਆ । ਬੌਹੜੀ ਹੁਣ ਨਾ ਹੋਣਾ ਵੱਖ, ਵਿਛੋੜਾ ਝੱਲਿਆ ਨਾ ਜਾਇਆ । ਘਰ ਆ ਕੇ ਗਿਆ ਦੱਸ, ਧੁਰ ਫ਼ਰਮਾਣਾ ਹੁਕਮ ਸੁਣਾਇਆ । ਹੁਣ ਕੋਈ ਨਾ ਚਲਣਾ ਮੇਰਾ ਵਸ, ਜੋ ਹੋਣਾ ਸੋ ਦਏ ਵਰਤਾਇਆ । ਤੁਸਾਂ ਪੂਰੀ ਕਰਨੀ ਆਸ, ਆਸ ਰੱਖ ਕੇ ਇਕੋ ਆਇਆ । ਮੇਰੇ ਹੋ ਕੇ ਵਸਣਾ ਮੇਰੇ ਪਾਸ, ਮੇਰੀ ਪਗ ਨਾ ਦੇਣੀ ਰੁਲਾਇਆ । ਵੇਖੋ ਆਪਣੇ ਉਚੇ ਹਾਥ, ਹੱਥੋ ਹੱਥੀ ਸੌਦਾ ਰਿਹਾ ਮੁਕਾਇਆ । ਨਾ ਕੋਈ ਕਰੋ ਪੂਜਾ ਪਾਠ, ਬਿਨ ਪੜ੍ਹਿਆਂ ਪਾਰ ਲੰਘਾਇਆ । ਜਿਸ ਮੁਕਾਈ ਆਪਣੀ ਵਾਟ, ਸੋ ਤੁਹਾਡਾ ਪੰਧ ਦਏ ਮੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੱਠਾਂ ਬਾਹਵਾਂ ਹੇਠ ਆਪ ਆਇਆ । ਬਾਹਵਾਂ ਅੱਠ ਅੱਠ ਤੱਤ, ਤੱਤ ਤੱਤ ਕਰੇ ਸਫ਼ਾਈਆ । ਗੁਰਮੁਖ ਚਾਰ ਗਏ ਦੱਸ, ਚੌਥੇ ਜੁਗ ਖੇਲ ਰਚਾਈਆ । ਚੌਂਹ ਵਰਨਾ ਦਾ ਇਕੋ ਜਸ, ਚਾਰੋਂ ਤਰਫ਼ ਦਏ ਸੁਣਾਈਆ । ਚਾਰ ਯਾਰੀ ਹੋਈ ਬਸ, ਮੇਰੇ ਯਾਰ ਮੇਰੀਆਂ ਪਕੜਨ ਬਾਹੀਆ । ਅੱਗੇ ਪੰਜਾਂ ਮਾਰਗ ਦੇਵਾਂ ਦੱਸ, ਲਾਲ ਸਿੰਘ ਨਾਲ ਰਲਾਈਆ । ਉਠ ਨਾਲ ਕਰ ਇਕੱਠ, ਪੁਰਖ ਅਬਿਨਾਸ਼ੀ ਦਏ ਸਮਝਾਈਆ । ਤੁਹਾਡੀ ਚਰਨੀਂ ਗਿਆ ਢੱਠ, ਚਰਨ ਮੰਗੀ ਇਕ ਸਰਨਾਈਆ । ਤੁਸੀਂ ਸਾਰੇ ਕਰੋ ਇਕੋ ਹਠ, ਬਿਨ ਪ੍ਰਭ ਦੂਜੇ ਸੀਸ ਨਾ ਕਿਸੇ ਝੁਕਾਈਆ । ਆਪਣੇ ਅੰਦਰ ਦੇ ਲਓ ਗੱਠ, ਨਾ ਕੋਈ ਖੋਲ੍ਹੇ ਖੋਲ੍ਹ ਖੁਲ੍ਹਾਈਆ । ਤੁਹਾਡੇ ਚਰਨਾਂ ਹੇਠਾਂ ਤੀਰਥ ਅਠਸਠ, ਚਾਰ ਜੁਗ ਦੀ ਵਿਦਿਆ ਤੁਹਾਡੀ ਕਰੇ ਪੜ੍ਹਾਈਆ । ਵੇਦ ਪੁਰਾਨ ਸ਼ਾਸਤਰ ਸਿਮਰਤ ਅੰਜੀਲ ਕੁਰਾਨ ਗੀਤਾ ਗਿਆਨ ਗੁਰੂ ਗ੍ਰੰਥ ਗੁਰ ਬਾਣੀ ਤੁਹਾਡਾ ਰਾਹ ਰਹੀ ਦੱਸ, ਭਗਵਨ ਇਕੋ ਢੋਲਾ ਗਾਈਆ । ਸਾਰਿਆਂ ਜਿਧਰ ਜਾਓ ਕਹਿਣਾ ਹੱਸ, ਪਾਰਬ੍ਰਹਮ ਪ੍ਰਭ ਮਿਲਿਆ ਸੱਚਾ ਮਾਹੀਆ । ਪਿਛਲੇ ਸਾਰੇ ਦਿਤੇ ਛੱਡ, ਗੁਰਦਰ ਮੰਦਰ ਮਸਜਿਦ ਕੰਮ ਕਿਸੇ ਨਾ ਆਈਆ । ਅਸੀਂ ਹੋ ਗਏ ਸਭ ਤੋਂ ਅੱਡ, ਸਾਕ ਸੱਜਣ ਨਾ ਕੋਇ ਰਖਾਈਆ । ਜਿਸ ਨਿਸ਼ਾਨਾ ਦਿਤਾ ਗੱਡ, ਉਸ ਦੀ ਇਕੋ ਓਟ ਤਕਾਈਆ । ਅਸੀਂ ਵਿਸ਼ਨੂੰ ਹੋਏ ਯਦ, ਭਗਵਨ ਮਿਲਿਆ ਚਾਈਂ ਚਾਈਂਆ । ਦੀਨ ਮਜ਼੍ਹਬ ਪਾਰ ਕੀਤੀ ਹੱਦ, ਜ਼ਾਤ ਪਾਤ ਧੱਕੇ ਦੇ ਦੇ ਪਰੇ ਹਟਾਈਆ । ਇਕੋ ਨਾਮ ਪੀਤੀ ਮਧ, ਮਧਰ ਰਸ ਨਾ ਕੋਇ ਰਖਾਈਆ । ਕੇਤੇ ਗੁਰ ਅਵਤਾਰ ਪੀਰ ਪੈਗ਼ੰਬਰ ਗਏ ਲੱਦ, ਕੋਟਨ ਕੋਟ ਫੇਰੀਆਂ ਪਾਈਆ । ਪਿਛੇ ਕਥਾ ਕਹਾਣੀ ਗਏ ਛੱਡ, ਲਿਖ ਵਾਰਤਾ ਜਗਤ ਸਮਝਾਈਆ । ਹੁਕਮੇ ਅੰਦਰ ਪੁਰਖ ਅਬਿਨਾਸ਼ੀ ਲਏ ਸੱਦ, ਬਿਨ ਭਗਤਾਂ ਲੈਣ ਕਿਸੇ ਨਾ ਆਈਆ । ਕਲਜੁਗ ਅੰਤਮ ਲੱਖ ਚੁਰਾਸੀ ਵਿਚੋਂ ਕੱਢ, ਕੜਿਕੀ ਆਪਣੀ ਵਿਚ ਫਸਾਈਆ । ਡੂੰਘੀ ਵੜਿਆ ਅੰਦਰ ਖੱਡ, ਖੁੱਡਾ ਆਪਣਾ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ ਅੱਠਾਂ ਬਾਹਵਾਂ ਹੇਠਾਂ ਲਏ ਕਰਾਈਆ । ਅੱਠੇ ਬਾਹੀਆਂ ਆਈਆਂ ਹੇਠ, ਹੇਠਲੀ ਉਤੇ ਕਰਾਇੰਦਾ । ਰੁਲਦੇ ਫਿਰਨ ਵਡ ਵਡ ਸੇਠ, ਧੱਕਾ ਸਭ ਨੂੰ ਆਪ ਲਗਾਇੰਦਾ । ਅਗਨੀ ਤਪੇ ਇਕੋ ਜੇਠ, ਤੱਤੀ ਵਾ ਵਗਾਇੰਦਾ । ਫੇਰ ਲੱਭਣ ਕੇਤੇ ਕੇਤ, ਲੱਭਿਆਂ ਹੱਥ ਕਿਸੇ ਨਾ ਆਇੰਦਾ । ਅੰਤਮ ਸੁੰਞਾ ਹੋਣਾ ਖੇਤ, ਪਾਹਰੂ ਹੋ ਨਾ ਕੋਇ ਬਚਾਇੰਦਾ । ਸਭ ਦੇ ਸਿਰ ਵਿਚ ਪੈਣੀ ਰੇਤ, ਬਾਲੂ ਤੱਤੀ ਆਪ ਉਡਾਇੰਦਾ । ਜਿਨ੍ਹਾਂ ਦੱਸਿਆ ਆਪਣਾ ਭੇਤ, ਤਿਨ੍ਹਾਂ ਭਰਾ ਭਤੀਜੇ ਨਾਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਚੌਸਠ ਘੜੀ ਗੁਰਮੁਖਾਂ ਰਾਹ ਤਕਾਇੰਦਾ । ਚੌਸਠ ਘੜੀ ਹੋਈ ਕਲਜੋਗਣ, ਕਲਜੁਗ ਰੂਪ ਵਟਾਈਆ । ਮੂਰਖ ਮੁਗਧ ਮੂੜ੍ਹ ਕੂੜੀ ਕਿਰਿਆ

੨੧੬
੧੩

ਭੋਗ ਭੋਗਣ, ਭਗਵਨ ਨਜ਼ਰ ਕਿਸੇ ਨਾ ਆਈਆ । ਸ੍ਰਿਸ਼ਟ ਸਬਾਈ ਹੋਈ ਰੋਗਣ, ਹਉਮੇ ਰੋਗ ਨਾ ਕੋਇ ਗਵਾਈਆ । ਭੁੱਖੀ ਨੰਗੀ ਹੋਈ ਜੋਗਣ, ਜੁਗਤੀ ਹੱਥ ਕਿਸੇ ਨਾ ਆਈਆ । ਸਾਧ ਸੰਤ ਕਹਿਣ ਅਸੀਂ ਨਾਰ ਸੰਜੋਗਣ, ਪੁਰਖ ਅਬਿਨਾਸ਼ੀ ਧੱਕੇ ਦੇ ਦੇ ਬਾਹਰ ਕਢਾਈਆ । ਆਪਣੀ ਕੀਤੀ ਅੰਤਮ ਭੋਗਣ, ਨਾ ਸਕੇ ਕੋਇ ਬਚਾਈਆ । ਦਰ ਦਰ ਘਰ ਘਰ ਹੋਏ ਸੋਗਣ, ਚਿੰਤਾ ਸਭ ਨੂੰ ਰਹੀ ਖਾਈਆ । ਪਿਛਲਾ ਲਿਖਿਆ ਲੇਖ ਪੜ੍ਹ ਪੜ੍ਹ ਸਾਰੇ ਘੋਖਣ, ਘੋਖਿਆਂ ਹੱਥ ਕਿਸੇ ਨਾ ਆਈਆ । ਸਾਰੇ ਹੋਏ ਅੰਦਰੋਂ ਥੋਥਣ, ਥੋਥੀ ਮਤ ਰਖਾਈਆ । ਪੀਰਾਂ ਅੱਗੇ ਚੜ੍ਹੌਂਦੇ ਬੋਤਲ, ਤਨ ਸੰਧੂਰ ਰੰਗ ਰੰਗਾਈਆ । ਗੁਰਦੁਆਰਾ ਮੰਦਰ ਮਸਜਿਦ ਸ਼ਿਵਦੁਆਲਾ ਬਣਾਇਆ ਹੋਟਲ, ਨਾਰ ਵੇਸਵਾ ਰਹੇ ਹੰਢਾਈਆ । ਪੁਰਖ ਅਬਿਨਾਸ਼ੀ ਅੰਤਮ ਸਭ ਦਾ ਕਰਨ ਲੱਗਾ ਟੋਟਲ, ਲੇਖਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਚਾਰੇ ਏਕਾ ਰੰਗ ਵਖਾਈਆ । ਮਾਝਾ ਜੰਮੂ ਮਾਲਵਾ ਦੁਆਬਾ, ਸੀਸ ਜਗਦੀਸ ਸੁਹਾਇਆ । ਇਸ ਦੇ ਅੰਦਰ ਹੋ ਕੇ ਲੁਕਿਆ ਕਾਅਬਾ, ਮੁਖ਼ਬਰ ਹੋ ਕੇ ਹਰਿ ਜੂ ਭੇਵ ਸੁਣਾਇਆ । ਕਦੀ ਕਦੀ ਬਾਹਰੋਂ ਮਾਰ ਜਾਏ ਦਾਬਾ, ਅੰਦਰ ਪ੍ਰੇਮ ਪ੍ਰੇਮ ਵਧਾਇਆ । ਕਦੀ ਬਣੇ ਸ਼ਾਹ ਰਾਜਾ, ਸੀਸ ਆਪਣੇ ਤਾਜ ਟਿਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਚਾਰ ਚਾਰ ਭੇਵ ਜਣਾਇਆ । ਚਾਰੇ ਹੋਏ ਸਾਚੇ ਮੁਖ, ਚਾਰ ਮੁਖ ਤਾਜ ਵਡਿਆਈਆ । ਪੰਜਵਾਂ ਆਪੇ ਬੈਠਾ ਵਿਚੋਂ ਉਠ, ਸੋਹੰ ਰੂਪ ਵਖਾਈਆ । ਗੁਰਮੁਖ ਸਤਾਰੇ ਨਾਲ ਗਏ ਜੁਟ, ਸਾਚੇ ਸੀਸ ਕਰਨ ਰੁਸ਼ਨਾਈਆ । ਧਰਤ ਮਾਤ ਵਿਚੋਂ ਪੁੱਟ, ਆਪਣੇ ਅੰਗ ਲਗਾਈਆ । ਅੰਤ ਸੁਹਾਏ ਸਾਚੀ ਰੁੱਤ, ਰੁੱਤ ਰੁਤੜੀ ਆਪ ਮਹਿਕਾਈਆ । ਨਾਲ ਗੋਬਿੰਦ ਮਿਲਿਆ ਪੁੱਤ, ਪੋਤਰੇ ਗੁਰਮੁਖ ਰਿਹਾ ਵਖਾਈਆ । ਸਾਰੇ ਇਕੋ ਵਾਰ ਜਾਓ ਝੁਕ, ਪ੍ਰਭ ਮਿਲਿਆ ਬੇਪਰਵਾਹੀਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕਿਸੇ ਨੂੰ ਦੱਸਦਾ ਰਿਹਾ ਕੁਛ ਕਿਸੇ ਨੂੰ ਕੁਛ, ਆਪਣਾ ਭੇਵ ਨਾ ਕੋਇ ਜਣਾਈਆ । ਕਲਜੁਗ ਅੰਤਮ ਜਨ ਭਗਤ ਦੁਆਰੇ ਆਇਆ ਲੁਕ ਲੁਕ, ਲੁਕਵੀਂ ਖੇਲ ਜਣਾਈਆ । ਅੰਤਮ ਮੀਟੀ ਗਈ ਪੁਗ, ਆਪਣੀ ਹੱਥੀਂ ਗੁਰਸਿਖਾਂ ਪਕੜੇ ਬਾਹੀਂਆਂ । ਫਿਰ ਗੋਦੀ ਲਏ ਚੁੱਕ, ਦੋ ਜਹਾਨ ਫਿਰੇ ਚਾਈਂ ਚਾਈਂਆ । ਗੁਰਸਿਖ ਸੌਣਾ ਸੇਜ ਘੂਕ, ਸੁਤਿਆਂ ਫੇਰ ਨਾ ਕੋਇ ਉਠਾਈਆ । ਜਿਸ ਵੇਲੇ ਪ੍ਰਭ ਚਾਹੇ ਮੈਂ ਵੇਖਾਂ ਆਪਣਾ ਪੁੱਤ, ਫਿਰ ਹੌਲੀ ਹੌਲੀ ਲਏ ਜਗਾਈਆ । ਤੁਸਾਂ ਰਹਿਣਾ ਹੁਣ ਚੁੱਪ, ਸਚਖੰਡ ਸਾਚੇ ਵੱਜੇ ਵਧਾਈਆ । ਇਕੋ ਭੇਤ ਲੈਣਾ ਪੁਛ, ਮਿਲੇਂ ਕਿਹੜੀ ਥਾਈਆ । ਗੁਰਮੁਖ ਕਹੇ ਅੱਗੋਂ ਉਠ, ਪ੍ਰਭ ਦੇ ਸਚ ਸਮਝਾਈਆ । ਸ੍ਰੀ ਭਗਵਾਨ ਕਹੇ ਮੈਂ ਗਿਆ ਤੁਠ, ਦੀਨ ਆਪਣੀ ਦਇਆ ਕਮਾਈਆ । ਸਭ ਨੂੰ ਵਖਾਈ ਆਪਣੀ ਠੁਠ, ਖ਼ਾਲੀ ਹੱਥ ਫਿਰਾਈਆ । ਤੁਸੀਂ ਰਲ ਕੇ ਚਰਨ ਫੜ ਲਓ ਘੁਟ, ਘੁਟ ਘੁਟ ਛਾਤੀ ਨਾਲ ਲਗਾਈਆ । ਇਕ ਦੂਜੇ ਨੂੰ ਸਾਰੇ ਲਓ ਪੁੱਛ, ਕੀ ਘਰ ਘਰ ਆਵੇ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਦੇਵੇ ਮਾਣ ਵਡਿਆਈਆ । ਅੱਠਾਂ ਹੱਥਾਂ ਕੀਤੀ ਛਾਂ, ਅੱਠ ਦਸ ਭੇਵ ਚੁਕਾਇੰਦਾ । ਇਕੋ ਸਿਮਰੇ ਹਰਿ ਜੂ ਨਾਂ, ਜਨ ਭਗਤਾਂ ਢੋਲਾ ਗਾਇੰਦਾ । ਜਿਨ੍ਹਾਂ ਨਿਥਾਵਿਆਂ ਨੂੰ ਦਿਤਾ ਥਾਂ, ਨਿਥਾਵਾ ਸ਼ੁਕਰ ਸ਼ੁਕਰ ਮਨਾਇੰਦਾ । ਲੇਖਾ ਜਾਣ ਪਿਤਾ ਮਾਂ, ਬੰਸ ਸਰਬੰਸ ਵੇਖ ਵਖਾਇੰਦਾ । ਆਪ ਮਿਲਾਏ ਹਾਂ ਵਿਚ ਹਾਂ, ਤੂੰ ਮੈਂ ਭੇਵ ਜਣਾਇੰਦਾ । ਪਰਗਟ ਕਰੇ ਏਕਾ ਨਾਂ, ਸੋਹੰ ਢੋਲਾ ਸੱਚਾ ਗਾਇੰਦਾ । ਜਨ ਭਗਤਾਂ ਪਕੜੇ ਬਾਂਹ,

ਬਾਂਹ ਭਗਤਾਂ ਹੱਥ ਫੜਾਇੰਦਾ । ਗੁਰਸਿਖ ਕਰਿਓ ਨਾ ਅਗੋਂ ਨਾਂਹ, ਨਾਨਕ ਗੋਬਿੰਦ ਗੁਰਸਿਖ ਰਾਹ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਹਿਜ ਸਹਿਜ ਸੱਜਣਾਂ ਮੇਲ ਮਿਲਾਇੰਦਾ । ਕਾਣਾ ਕੌਂਟਾ ਛੱਡੀਆਂ ਗੱਡੀਆਂ, ਗਾਡੀਵਾਨ ਖੇਲ ਕਰਾਈਆ । ਸਿੰਮਲ ਸਕੋਰ ਪ੍ਰੀਤਾਂ ਲੱਗੀਆਂ, ਪ੍ਰੇਮ ਆਪਣਾ ਰੰਗ ਵਖਾਈਆ । ਗੁਰਮੁਖਾਂ ਜੋਤਾਂ ਜਗੀਆਂ, ਜਗਤ ਹੋਏ ਰੁਸ਼ਨਾਈਆ । ਤੋੜ ਨਿਭਾਵੇ ਪਿਛਲੀਆਂ ਲੱਗੀਆਂ, ਅਗਲਾ ਪੰਧ ਮੁਕਾਈਆ । ਗੁਰਸਿਖਾਂ ਨਾਲ ਮਿਲਾਏ ਗੁਰਮੁਖ ਸਖੀਆਂ, ਸਖਾ ਸੁਹੇਲਾ ਸੱਚਾ ਮਾਹੀਆ । ਭਾਗ ਲਗਾਏ ਕੁਲੀ ਕੱਖੀਆਂ, ਕੱਖੋਂ ਲੱਖ ਬਣਾਈਆ । ਕਰੇ ਵਾਸ ਵਿਚ ਜਾ ਕੇ ਪੱਖੀਆਂ, ਪੱਤਣ ਆਪਣੀ ਹੱਦ ਜਣਾਈਆ । ਨਾਲ ਲੈ ਕੇ ਜਾਏ ਪ੍ਰੇਮ ਰੱਸੀਆਂ, ਰਸਤਾ ਸਭ ਦਾ ਸਾਫ਼ ਕਰਾਈਆ । ਵੇਖਣਹਾਰਾ ਮਾੜੀਆਂ ਅੱਛੀਆਂ, ਕੋਝੀਆਂ ਕਮਲੀਆਂ ਗਲੇ ਲਗਾਈਆ । ਰੂਹਾਂ ਪਾਰ ਕਰਾਏ ਸੱਚੀਆਂ, ਬਦ ਰੂਹਾਂ ਧੱਕੇ ਰਿਹਾ ਲਗਾਈਆ । ਜੇਹੜੀਆਂ ਹੁਣ ਵੀ ਰਹਿ ਗਈਆਂ ਕੱਚੀਆਂ, ਹਰਿ ਸੰਗ ਨਾ ਕੋਇ ਰਖਾਈਆ । ਪ੍ਰਭ ਗੱਲਾਂ ਦੱਸੇ ਸੱਚੀਆਂ, ਵਲ ਛਲ ਨਾ ਕੋਇ ਜਣਾਈਆ । ਇਹ ਨਿੱਕੀਆਂ ਨਿੱਕੀਆਂ ਬੱਚੀਆਂ, ਆਪਣੀ ਗੋਦ ਬਹਾਈਆ । ਜਿਨ੍ਹਾਂ ਦੀਆਂ ਪੱਤਾਂ ਆਪ ਰੱਖੀਆਂ, ਸਿਰ ਆਪਣਾ ਹੱਥ ਟਿਕਾਈਆ । ਸੌਦਾ ਲੈਣ ਨਾ ਜਾਣ ਕਿਸੇ ਹੱਟੀਆਂ, ਹੱਟ ਹੱਟ ਨਾ ਕਿਸੇ ਫਿਰਾਈਆ । ਗੁਰਮੁਖ ਵਿਰਲੇ ਖੱਟੀਆਂ ਖੱਟੀਆਂ, ਖੱਟੀ ਹੋਈ ਸਰਬ ਲੋਕਾਈਆ । ਬਚਨ ਸਿੰਘ ਆਪਣੇ ਸੀਸ ਗੁੰਦੌਣੀਆਂ ਪੱਟੀਆਂ, ਪਟਨੇ ਵਾਲਾ ਆਇਆ ਮਾਹੀਆ । ਵੇਖੇ ਸਾਰੇ ਭਰਦੇ ਚੱਟੀਆਂ, ਰਸ ਅੰਮ੍ਰਿਤ ਨਾ ਕਿਸੇ ਚਖਾਈਆ । ਮੰਦਰਾਂ ਅੰਦਰ ਬਾਲਦੇ ਹੱਥਾਂ ਨਾਲ ਵਟ ਵਟ ਵੱਟੀਆਂ, ਪਾ ਘਿਰਤ ਤੇਲ ਮਾਚਸ ਅਗਨੀ ਲਾਈਆ । ਧਰਦੇ ਧਿਆਨ ਅੱਖਾਂ ਤੇ ਬੰਨ੍ਹ ਕੇ ਪੱਟੀਆਂ, ਕੰਨਾਂ ਵਿਚ ਉਂਗਲਾਂ ਪਾਈਆ । ਸੁਰਤੀਆਂ ਧੀਆਂ ਭੈਣਾਂ ਪਿਛੇ ਫਿਰਨ ਨੱਠੀਆਂ, ਮਨ ਵਾਸਨਾ ਬੰਦ ਨਾ ਕੋਇ ਕਰਾਈਆ । ਐਵੇਂ ਫੋਕੀਆਂ ਮਾਲਾ ਰਟੀਆਂ, ਸਿਮਰਨੇ ਕੂਕਣ ਦੇਣ ਦੁਹਾਈਆ । ਹੀਰ ਵਾਂਗ ਨਾ ਬਣੀਆਂ ਜੱਟੀਆਂ, ਮਾਹੀ ਇਕ ਨਾ ਕੋਇ ਹੰਢਾਈਆ । ਚਾਰੋਂ ਕੁੰਟ ਦੀਨਾਂ ਮਜ਼੍ਹਬਾਂ ਵਹੀਰਾਂ ਘੱਤੀਆਂ, ਮੰਦਰ ਮਸਜਿਦ ਸ਼ਿਵਦੁਆਲੇ ਰੋਵਣ ਵਾਹੋ ਦਾਹੀਆ । ਸਾਧਾਂ ਸੰਤਾਂ ਕਾਜ਼ੀਆਂ ਪੰਡਤਾਂ ਇਕ ਦੂਜੇ ਨਾਲ ਰੱਖ ਲਈਆਂ ਪੱਤੀਆਂ, ਹਿੱਸਾ ਰਹੇ ਵੰਡਾਈਆ । ਮੁਲਾਂ ਸ਼ੇਖ਼ਾਂ ਦਾੜ੍ਹੀਆਂ ਰੱਤੀਆਂ, ਰੱਤੀ ਨਾਮ ਨਜ਼ਰ ਕੋਇ ਨਾ ਆਈਆ । ਕਰ ਪਖੰਡ ਤਨ ਲਾਵਣ ਸੀਖਾਂ ਤੱਤੀਆਂ, ਅਗਨੀ ਤੱਤ ਨਾ ਕੋਇ ਬੁਝਾਈਆ । ਗੁਰਸਿਖ ਤੇਰੀਆਂ ਫ਼ਸਲਾਂ ਪੱਕੀਆਂ, ਵੱਢਣ ਆਏ ਸੱਚਾ ਮਾਹੀਆ । ਆਂਢਣਾਂ ਗਵਾਂਢਣਾਂ ਰਹਿ ਜਾਣ ਹੱਕੀਆਂ ਬੱਕੀਆਂ, ਹਰਿ ਜੂ ਕੀ ਕੀ ਖੇਲ ਰਚਾਈਆ । ਦੁਨੀਆਂ ਰਹਿ ਜਾਏ ਬੰਨ੍ਹਦੀ ਕੱਟੀਆਂ ਵੱਛੀਆਂ, ਕਟਕ ਸਭ ਤੇ ਰਿਹਾ ਚੜ੍ਹਾਈਆ । ਅੱਗ ਸੇਕਦੇ ਰਹਿ ਜਾਏ ਪੱਛੀਆਂ, ਪਛੋਤਾਵਾ ਸਰਬ ਲੋਕਾਈਆ । ਚਾਰੋਂ ਕੁੰਟ ਸਭ ਨੂੰ ਪੈਣੀਆਂ ਗ਼ਸ਼ੀਆਂ, ਗਸ਼ਤੇ ਚੜ੍ਹਿਆ ਸੱਚਾ ਸ਼ਹਿਨਸ਼ਾਹੀਆ । ਗੁਰਮੁਖ ਤੇਰੇ ਮਿਲਣ ਦੀਆਂ ਤੇਰੀਆਂ ਅੱਖੀਆਂ, ਤੇਰੇ ਤਨ ਛੁਹਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਨ੍ਹਾਂ ਨਾਲ ਲਗਾਈਆਂ ਪੱਕੀਆਂ, ਪੱਕੀ ਆਪਣੀ ਰਿਹਾ ਪਕਾਈਆ । ਕਛੈਹਰੇ ਲੰਗੋਟੇ ਬੰਨ੍ਹੇ ਤਹਿਮਤ, ਸਾਰੇ ਤੋਹਮਤ ਰਹੇ ਲਗਾਈਆ । ਜੇ ਤੂੰ ਕਰਨ ਵਾਲਾ ਰਹਿਮਤ, ਰਹਿਮ ਕਿਥੇ ਬੈਠਾ ਛੁਪਾਈਆ । ਪੁਰਖ ਅਬਿਨਾਸ਼ੀ ਕਹੇ ਮੇਰੇ ਨਾਲ ਸਾਰੇ ਹੋ ਜਾਓ ਸਹਿਮਤ, ਸਫ਼ਲ ਸਭ ਨੂੰ ਦਿਆਂ ਕਰਾਈਆ । ਜਿਹੜਾ ਭੁਲਿਆ ਹੋਇਆ ਅਹਿਮਕ, ਏਥੇ ਓਥੇ ਰਿਹਾ ਸ਼ੁਦਾਈਆ । ਹਰਿ ਜੂ ਨਿੱਕਾ ਵੱਡਾ ਕਾਇਆ ਅੰਦਰ ਇਕ ਮਕੈਨਿਕ, ਪੁਰਜ਼ਾ

ਪੁਰਜ਼ਾ ਖੋਲ੍ਹੇ ਜੋੜੇ ਵੇਖੇ ਥਾਉਂ ਥਾਈਆ । ਬੁੱਢਾ ਹੋ ਕੇ ਲਾ ਲਏ ਐਨਕ, ਅੱਖਾਂ ਆਪਣੀਆਂ ਲਏ ਬਦਲਾਈਆ । ਆਪੇ ਸੈਨਕ ਆਪੇ ਦੈਨਕ, ਦਇਆਨਿਧ ਵਡ ਵਡਿਆਈਆ । ਗੁਰਮੁਖਾਂ ਚੋਰੀ ਚੋਰੀ ਮਾਰੇ ਆਪਣੀ ਸੈਨਤ, ਪਲਕ ਪਲਕ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਇਕ ਉਠਾਈਆ । ਸਿਰ ਦਸਤਾਰ ਪਗੜੀ ਰੱਖੇ ਦੋਪੱਟੇ, ਵਲ ਵਿੰਗੇ ਟੇਢੇ ਲਾਈਆ । ਸਾਰੇ ਜੱਟ ਹੱਟੇ ਕੱਟੇ, ਬੈਠੇ ਘੇਰਾ ਪਾਈਆ । ਪੁਰਖ ਅਬਿਨਾਸ਼ੀ ਵਿਚਾਰਾ ਕਿਥੇ ਨੱਠੇ, ਰਾਹ ਨਜ਼ਰ ਕੋਇ ਨਾ ਆਈਆ । ਜਿਨ੍ਹਾਂ ਪ੍ਰੇਮ ਪਿਆਲੇ ਪੀਤੇ ਲਾਹ ਕੇ ਨਾਮ ਸੁਰਾਹੀ ਗਟੇ, ਖ਼ੁਮਾਰੀ ਚੜ੍ਹੀ ਵਾਹੋ ਦਾਹੀਆ । ਹੋਏ ਮਸਤਾਨੇ ਆਏ ਨੱਠੇ, ਪ੍ਰਭ ਚਰਨੀ ਡੇਰਾ ਲਾਈਆ । ਜੇ ਕੋਈ ਪਿਛੇ ਧੱਕੇ, ਪਿਛੇ ਪਰਤ ਕੋਇ ਨਾ ਜਾਈਆ । ਅੱਗੇ ਆ ਕੇ ਕਹਿਣ ਅਸੀਂ ਤੇਰੇ ਸਕੇ, ਨਾਤਾ ਤੇਰੇ ਚਰਨ ਜੁੜਾਈਆ । ਤੇਰੇ ਰੰਗ ਅੰਦਰ ਰਤੇ, ਰੱਤੀ ਰੱਤ ਸੁਕਾਈਆ । ਅਸੀਂ ਇਕੱਠਿਆਂ ਕੀਤੇ ਇਕੋ ਪੱਕੇ ਮਤੇ, ਮਨਮਤ ਦੇਣੀ ਤਜਾਈਆ । ਵਾਸਤੇ ਪ੍ਰਭ ਜੂ ਅੱਗੇ ਘੱਤੇ, ਕੀਤੀ ਘਾਲ ਲੇਖੇ ਲਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਲੇਖੇ ਲਾਏ ਹੱਥ ਅੱਠੇ, ਦਹਿ ਦਿਸ਼ਾ ਹੱਥ ਉਠਾਈਆ । ਪਾਏ ਕਮੀਜ਼ ਗਲ ਕੁੜਤੇ, ਫਿਰਨ ਵਾਹੋ ਦਾਹੀਆ । ਚਲਦਿਆਂ ਫਿਰਦਿਆਂ ਆਏ ਮੁੜ੍ਹਕੇ, ਪ੍ਰਭ ਚਰਨ ਧਿਆਨ ਲਗਾਈਆ । ਕੋਈ ਆਇਆ ਹੇਰੋਂ ਕੋਈ ਰੁੜਕੇ, ਕੋਈ ਬੋਪਾਰਾਂ ਤਜਾਈਆ । ਕੋਈ ਗੋਰਾਇਆ ਆਇਆ ਛੱਡ ਕੇ, ਕੋਈ ਡਲੇਵਾਲੋਂ ਮੁਖ ਭੁਆਈਆ । ਕੋਈ ਹਰੀ ਪੁਰੋਂ ਆਇਆ ਲੜ ਕੇ, ਕੋਈ ਝੰਡੇਰ ਰਿਹਾ ਤਜਾਈਆ । ਕੋਈ ਜੰਡਿਆਲਿਉਂ ਆਇਆ ਯੱਕੇ ਚੜ੍ਹ ਕੇ, ਕੋਈ ਚੀਮਿਉਂ ਫੇਰਾ ਪਾਈਆ । ਪੁਰਖ ਅਬਿਨਾਸ਼ੀ ਲਿਆਂਦੇ ਆਪ ਫੜ ਕੇ, ਕਰਿਆ ਖੇਲ ਬੇਪਰਵਾਹੀਆ । ਸਿੰਘ ਗੁਰਮੇਜ ਮਿਲਿਆ ਅਜ ਤੜਕੇ, ਤੱਕੜ ਹਰਿ ਜੂ ਆਪ ਤੁਲਾਈਆ । ਮਾਝਾ ਮਾਲਵਾ ਦੁਆਬਾ ਜੰਮੂ ਇਕੋ ਜੇਹੇ ਕਰ ਕੇ, ਗੁਰਮੁਖ ਸਾਚੇ ਮੇਲ ਮਿਲਾਈਆ । ਪਿਛਲੇ ਫੋਲਣੇ ਛੱਡੇ ਵਰਕੇ, ਵਰਕਾ ਸਭ ਦਾ ਦਿਤਾ ਉਲਟਾਈਆ । ਖੋਟੇ ਖਰੇ ਆਪੇ ਪਰਖੇ, ਨਾਮ ਕਸਵਟੀ ਹੱਥ ਉਠਾਈਆ । ਗੁਰਸਿਖ ਨਾ ਕੋਈ ਸੋਗ ਨਾ ਕੋਈ ਹਰਖੇ, ਚਿੰਤਾ ਰੋਗ ਨਾ ਕੋਇ ਜਣਾਈਆ । ਨਿਤ ਨਵਿਤ ਕਰੋ ਦਰਸੇ, ਦਰਸ਼ਨ ਆਪਣਾ ਆਪ ਵਖਾਈਆ । ਅੰਮ੍ਰਿਤ ਮੇਘ ਇਕੋ ਬਰਸੇ, ਸਾਂਤਕ ਸਤਿ ਸਤਿ ਕਰਾਈਆ । ਵੱਡਿਆਂ ਛੋਟਿਆਂ ਨਾਲ ਇਕੋ ਰੰਗ ਵਰਤੇ, ਅਮੀਰਾਂ ਗ਼ਰੀਬਾਂ ਇਕੋ ਰਾਹ ਚਲਾਈਆ । ਖ਼ੁਸ਼ੀ ਹੋਵੇ ਸੌਂ ਕੇ ਉਤੇ ਫ਼ਰਸੇ, ਗੁਰਸਿਖ ਵਛੌਣਾ ਇਕ ਵਛਾਈਆ । ਜਿਹੜੇ ਛੱਡ ਕੇ ਆਇਆ ਸਰਸੇ, ਗੋਬਿੰਦ ਅੰਤ ਲਿਆ ਮਿਲਾਈਆ । ਗੁਰਸਿਖ ਮੇਰਾ ਕੋਈ ਨਾ ਤਰਸੇ, ਤ੍ਰਿਖਾ ਸਭ ਦੀ ਰਿਹਾ ਬੁਝਾਈਆ । ਜਿਉਂ ਚਾੜ੍ਹੇ ਉਪਰ ਚਰਖ਼ੇ, ਚਰਖ਼ੜੀ ਵਾਂਗ ਭੁਆਈਆ । ਜਿਹੜੇ ਦੇਗ਼ਾਂ ਵਿਚ ਉਬਾਲੇ ਧਰ ਕੇ, ਧਰਨੀ ਖੇਲ ਵਖਾਈਆ । ਸੋ ਵੇਖੋ ਲਿਆਂਦੇ ਫੜ ਕੇ, ਦਿਆਲਾ ਸਿੰਘ ਨਸੀਬ ਰੂਪ ਵਟਾਈਆ । ਪ੍ਰੇਮ ਪਿਆਰ ਅੰਦਰ ਜੜ ਕੇ, ਜੋੜੀ ਜੁਗਤ ਨਾਲ ਜੁੜਾਈਆ । ਪਿਛੇ ਕੋਈ ਨਾ ਰਹਿ ਜਾਏ ਅੜ ਕੇ, ਅੜਿਕਾ ਸਭ ਦਾ ਰਿਹਾ ਹਟਾਈਆ । ਪਹਿਲੋਂ ਆਇਆ ਘਾੜਨ ਘੜ ਕੇ, ਫੇਰ ਆਪਣੀ ਬਣਤ ਬਣਾਈਆ । ਅਸਵ ਘੋੜੇ ਸਾਚੇ ਚੜ੍ਹ ਕੇ, ਸ਼ਹਿਨਸ਼ਾਹ ਆਪਣਾ ਫੇਰਾ ਪਾਈਆ । ਗੁਰਮੁਖ ਬਣਾਏ ਬਰਦੇ, ਵਰਦੀ ਆਪਣੇ ਨਾਮ ਪਹਿਨਾਈਆ । ਸਾਰੇ ਗਾਓ ਗੀਤ ਹਰਿ ਹਰਿ ਦੇ, ਹਰਿਜਨ ਹਰਿ ਜੂ ਆਪ ਸੁਣਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖੇ ਜਾਣੇ ਘਰ ਘਰ ਦੇ, ਕਿਆ ਕੋਈ ਰੱਖੇ ਭੇਦ ਛੁਪਾਈਆ । ਚੋਰੀ ਯਾਰੀ ਜੋ ਜਨ ਕਰਦੇ, ਸਭ ਦਾ ਲੇਖਾ ਰਿਹਾ ਲਿਖਾਈਆ । ਜੋ ਜਨ

ਚਰਨੀ ਸੀਸ ਧਰਦੇ, ਤਿਨ੍ਹਾਂ ਆਪਣੇ ਨਾਲ ਮਿਲਾਈਆ । ਗੁਰਸਿਖ ਸੋ ਜੋ ਸਤਿਗੁਰ ਕੋਲੋਂ ਡਰਦੇ, ਸੋ ਗੁਰਸਿਖ ਸਤਿਗੁਰ ਭਾਈਆ । ਬਾਕੀ ਸਾਰੇ ਜੰਮਦੇ ਮਰਦੇ, ਜੋ ਬੈਠੇ ਮੁਖ ਭੁਆਈਆ । ਮਾਣਸ ਜਨਮ ਆਪਣਾ ਹਰਦੇ, ਹਰਿ ਜੂ ਨਜ਼ਰ ਕਿਸੇ ਨਾ ਆਈਆ । ਪੁੱਤਰ ਮਾਵਾਂ ਨਾਲ ਲੜਦੇ, ਕਿਉਂ ਜੰਮਿਆਂ ਮੇਰੀ ਮਾਈਆ । ਮੈਨੂੰ ਕਿਉਂ ਨਾ ਘੱਲਿਆ ਜਿਥੇ ਭਗਤ ਪੜ੍ਹਦੇ, ਸ੍ਰੀ ਭਗਵਾਨ ਰਿਹਾ ਪੜ੍ਹਾਈਆ । ਨਹੀਂ ਕਾਇਦੇ ਕੋਈ ਹੱਥੀਂ ਫੜਦੇ, ਅੰਦਰ ਵੜ ਕੇ ਰਿਹਾ ਸਮਝਾਈਆ । ਸੋਹੰ ਗੌਂਦੇ ਡਰਦੇ ਡਰਦੇ, ਕੋਈ ਸੁਣ ਨਾ ਲਏ ਲੋਕਾਈਆ । ਪੁਰਖ ਅਬਿਨਾਸ਼ੀ ਲੱਖ ਚੁਰਾਸੀ ਵਿਚੋਂ ਗੁਰਸਿਖ ਕੱਢੇ ਤਰਦੇ ਤਰਦੇ, ਤੁਰੰਤ ਆਪਣੀ ਦਇਆ ਕਮਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗੁਰਸਿਖ ਬਣਾਏ ਹਰਿ ਦੇ, ਹਿਰਦੇ ਹਰਿ ਜੂ ਆਪਣਾ ਆਸਣ ਲਾਈਆ । ਬਾਕੀ ਫੋਕੀਆਂ ਗੱਲਾਂ ਕਰਦੇ, ਰਸਨਾਂ ਨਾਲ ਚਤੁਰਾਈਆ । ਅੰਦਰ ਕਾਮ ਵਾਸਨਾ ਨਾਲ ਲੜਦੇ, ਕਰੋਧ ਰਿਹਾ ਟਕਰਾਈਆ । ਜੋ ਸਤਿਗੁਰ ਪੂਰੇ ਸਰਨੀ ਪੜਦੇ, ਤਿਸ ਪਰਦਾ ਦੇਵੇ ਪਾਈਆ । ਸਾਚੇ ਪੌੜੇ ਗੁਰਸਿਖ ਚੜ੍ਹਦੇ, ਸਤਿਗੁਰ ਹੱਥਾਂ ਉਤੇ ਉਠਾਈਆ । ਸਚਖੰਡ ਦੁਆਰੇ ਜਾ ਕੇ ਖੜਦੇ, ਆਖਣ ਆ ਮਿਲ ਮੇਰੇ ਮਾਹੀਆ । ਅਸੀਂ ਪਿਆਰੇ ਤੇਰੇ ਦਰ ਦੇ, ਤੇਰੇ ਪਿਆਰ ਖੇਲ ਰਚਾਈਆ । ਪੁਰਖ ਅਬਿਨਾਸ਼ੀ ਕਹੇ ਅਸੀਂ ਇਕ ਦੂਜੇ ਦੇ ਬਰਦੇ, ਸੇਵਕ ਸੇਵਾ ਰੂਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਗੁਰਸਿਖ ਵੇਖੇ ਰੱਖੇ ਕਲਾ ਚੜ੍ਹਦੇ, ਲਹਿੰਦੀ ਧਾਰ ਨਾ ਕੋਇ ਵਖਾਈਆ ।


੨੧੯
੧੩

## ❇ ੧੭ ਮੱਘਰ ੨੦੧੯ ਬਿਕਰਮੀ ਹਜ਼ਾਰਾ ਸਿੰਘ ਬਲਾਕਾ ਸਿੰਘ ਬਾਬੂ ਪੁਰਾ ਜ਼ਿਲਾ ਗੁਰਦਾਸਪੁਰ ❇

ਤਾਜ ਕਹੇ ਮੈਂ ਸੱਚਾ ਤਾਜ, ਤਾਜਰ ਦੋ ਜਹਾਨ ਅਖਵਾਇੰਦਾ । ਮੇਰਾ ਮਿੱਤਰ ਗੁਰੂ ਮਹਾਰਾਜ, ਸ਼ਾਹ ਪਾਤਸ਼ਾਹ ਨਾਉਂ ਰਖਾਇੰਦਾ । ਜਿਸ ਨੇ ਮੇਰੀ ਰੱਖੀ ਲਾਜ, ਫੜ ਆਪਣੇ ਸੀਸ ਟਿਕਾਇੰਦਾ । ਫੇਰ ਨਿਰਗੁਣ ਰਚ ਰਚ ਕਾਜ, ਕਰਤਾ ਆਪਣੀ ਖੇਲ ਕਰਾਇੰਦਾ । ਸਚਖੰਡ ਬਹਿ ਕੇ ਮਾਰੇ ਆਵਾਜ, ਨਾਉਂ ਨਿਰੰਕਾਰਾ ਆਪ ਜਣਾਇੰਦਾ । ਕਰ ਕਿਰਪਾ ਬਖ਼ਸ਼ਿਆ ਰਾਜ, ਸਾਚੀ ਸੇਵ ਲਗਾਇੰਦਾ । ਸਚ ਚਲੌਣਾ ਇਕ ਜਹਾਜ, ਬੇੜਾ ਇਕੋ ਇਕ ਪਰਗਟਾਇੰਦਾ । ਨਿਰਗੁਣ ਸਰਗੁਣ ਰੱਖਣੀ ਲਾਜ, ਲਾਜਾਵੰਤ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਆਪਣਾ ਖੇਲ ਕਰਾਇੰਦਾ । ਤਾਜ ਕਹੇ ਪ੍ਰਭ ਦਿਤਾ ਮਾਣ, ਨਥਾਵੇਂ ਮਿਲੀ ਵਡਿਆਈਆ । ਕਿਰਪਾ ਕਰ ਸ੍ਰੀ ਭਗਵਾਨ, ਮੇਰੀ ਬਣਤ ਬਣਾਈਆ । ਆਪਣੀ ਇਛਿਆ ਕਰ ਪਰਧਾਨ, ਭਿਛਿਆ ਝੋਲੀ ਪਾਈਆ । ਨਿਰਗੁਣ ਨੂਰ ਖੇਲ ਮਹਾਨ, ਨਿਰਾਕਾਰ ਆਪ ਕਰਾਈਆ । ਸਚਖੰਡ ਕਿਲਾ ਕਰ ਪਰਵਾਨ, ਸੱਸਾ ਸਤਿਗੁਰ ਆਪ ਸਮਾਈਆ । ਆਪਣੀ ਬਿੰਦ ਸਚ ਨਿਸ਼ਾਨ, ਸੁਤ ਦੁਲਾਰਾ ਲਏ ਪਰਗਟਾਈਆ । ਸ਼ਬਦੀ ਨੂਰ ਨੌਜਵਾਨ, ਨਰ ਨਰਾਇਣ ਲਏ ਧਰਾਈਆ । ਹਾਹਾ ਹਰਿ ਕਾ ਰੂਪ ਹਰੀ ਸੰਤਾਨ, ਪੀਹੜੀ ਆਪਣੀ ਆਪ ਵਧਾਈਆ । ਥਿਰ ਘਰ ਖੋਲ੍ਹ ਵਿਚ ਮਕਾਨ, ਸਚਖੰਡ ਅੰਦਰ ਰਿਹਾ ਵਖਾਈਆ । ਸੱਸਾ ਸਾਹਿਬ ਬਣ ਮਿਆਨ, ਹਾਹਾ ਆਪਣੀ ਧਾਰ ਵਿਚ ਛੁਪਾਈਆ । ਈੜੀ ਇਸ਼ਟ ਵਡ ਮਿਹਰਵਾਨ, ਆਸ਼ਕ ਮਾਸ਼ੂਕ ਆਪਣੀ ਖੇਲ ਕਰਾਈਆ । ਐੜਾ ਅੱਖ ਪਰਤੱਖ ਖੋਲ੍ਹ ਸ੍ਰੀ ਭਗਵਾਨ, ਆਪਣਾ ਪਰਦਾ ਆਪ ਉਠਾਈਆ । ਊੜਾ

ਉਪਰ ਨੀਚੇ ਨਾ ਕੋਇ ਨਿਸ਼ਾਨ, ਸੱਜੇ ਖੱਬੇ ਨਾ ਕੋਇ ਵਖਾਈਆ । ਇਕੋ ਨੂਰ ਜੋਤ ਮਹਾਨ, ਜੋਤੀ ਜਾਤਾ ਡਗਮਗਾਈਆ । ਏਕੰਕਾਰਾ ਬਣਾ ਵਿਧਾਨ, ਐੜਾ ਅੱਖ ਆਪ ਖੁਲ੍ਹਾਈਆ । ਈੜੀ ਏਥੇ ਓਥੇ ਹੁਕਮਰਾਨ, ਦੋ ਜਹਾਨਾਂ ਹੁਕਮ ਮਨਾਈਆ । ਸੱਸਾ ਸਚ ਕਰੇ ਕਲਿਆਣ, ਸੋਹਲਾ ਇਕੋ ਇਕ ਗਾਈਆ । ਹਾਹਾ ਹਰਦਮ ਕਰ ਪਰਵਾਨ, ਬੈਠਾ ਸੀਸ ਝੁਕਾਈਆ । ਸਾਚਾ ਮੁਖ ਮੁਖ ਮਿਹਰਵਾਨ, ਨਿਰਗੁਣ ਨਿਰਗੁਣ ਵਿਚ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੇ ਤਾਜ ਦਏ ਵਡਿਆਈਆ । ਸੱਸੇ ਅੰਦਰ ਹਾਹਾ ਰੱਖ, ਹਰਿ ਜੂ ਆਪਣਾ ਖੇਲ ਕਰਾਇਆ । ਹੋੜਾ ਬਿੰਦੀ ਕੀਤਾ ਪੱਖ, ਹਰਿ ਮੰਦਰ ਦਏ ਵਡਿਆਇਆ । ਨਿਰੰਕਾਰ ਨਿਰਾਕਾਰ ਨੂਰ ਨੁਰਾਨਾ ਕਰ ਪਰਤੱਖ, ਕਿਰਨ ਕਿਰਨ ਟਪਕਾਇਆ । ਕਲਗ਼ੀ ਰੂਪ ਆਪਣਾ ਦੱਸ, ਸਿਰ ਆਪਣੇ ਆਪ ਟਿਕਾਇਆ । ਨਾ ਕੋਈ ਮਹਿਮਾ ਨਾ ਕੋਈ ਜਸ, ਨਾ ਕੋਈ ਲੇਖ ਸਮਝਾਇਆ । ਨਾ ਕੋਈ ਓਥੇ ਰਿਹਾ ਵਸ, ਜਿਸ ਦਰ ਕਲਗ਼ੀ ਆਪਣਾ ਨੈਣ ਖੁਲ੍ਹਾਇਆ । ਆਪਣੇ ਅੱਗੇ ਆਪੇ ਕਹੇ ਬਸ ਬਸ, ਵਾਸਤਾ ਆਪਣਾ ਪਾਇਆ । ਮੈਂ ਥੱਲੇ ਆਵਾਂ ਨੱਸ, ਆਪਣਾ ਰਾਹ ਚਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਇਆ । ਤਾਜ ਕਹੇ ਮੈਂ ਵਡ ਵਡਭਾਗਾ, ਹਰਿ ਭਾਗੀ ਦਇਆ ਕਮਾਈਆ । ਗ਼ਰੀਬ ਨਿਮਾਣਾ ਬਣਾਇਆ ਵਡ ਵਡ ਰਾਜਾ, ਰਾਜ ਰਾਜਾਨ ਹੋਇਆ ਸਹਾਈਆ । ਸਚਖੰਡ ਦੁਆਰ ਬਹਿ ਬਹਿ ਆਪਣਾ ਰਚਿਆ ਕਾਜਾ, ਭੇਵ ਅਭੇਦ ਛੁਪਾਈਆ । ਆਪਣਾ ਖੋਲ੍ਹ ਆਪ ਦਰਵਾਜਾ, ਚਾਰੋਂ ਕੁੰਟ ਕੁੰਡਾ ਲਾਹੀਆ । ਪਹਿਲੇ ਘਰ ਸ਼ਬਦੀ ਸਾਜਾ, ਸਾਜਣ ਆਪਣਾ ਖੇਲ ਕਰਾਈਆ । ਦੂਜੇ ਘਰ ਵਿਸ਼ਨੂੰ ਨਾਚਾ, ਵਿਸ਼ਵ ਆਪਣਾ ਰਾਹ ਚਲਾਈਆ । ਤੀਜੇ ਘਰ ਬ੍ਰਹਮਾ ਨਿਉਂ ਨਿਉਂ ਮੰਗੇ ਦਾਜਾ, ਚਰਨ ਕਵਲ ਧਿਆਨ ਲਗਾਈਆ । ਚੌਥੇ ਘਰ ਸ਼ੰਕਰ ਕਹੇ ਮੇਰੀ ਰੱਖੇ ਲਾਜਾ, ਤੁਧ ਬਿਨ ਨਜ਼ਰ ਅਵਰ ਕੋਇ ਨਾ ਆਈਆ । ਪੁਰਖ ਅਬਿਨਾਸ਼ੀ ਕਹੇ ਮੈਂ ਰਚਿਆ ਆਪਣਾ ਸਚ ਸਮਾਜਾ, ਸਮਾਜ ਇਕੋ ਇਕ ਬਣਾਈਆ । ਭੂਪਤ ਭੂਪ ਸ਼ਹਿਨਸ਼ਾਹ ਰਾਜਨ ਰਾਜਾ, ਹੁਕਮ ਹਾਕਮ ਧੁਰ ਫ਼ਰਮਾਣਾ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਤਾਜ ਦਏ ਵਡਿਆਈਆ । ਸਾਚੇ ਤਾਜ ਚੜ੍ਹਿਆ ਚਾ, ਹਰਿ ਜੂ ਆਪਣਾ ਖੇਲ ਕਰਾਇਆ । ਆਪਣੀ ਹੱਥੀਂ ਫੜ ਕੇ ਲਿਆ ਸੀਸ ਟਿਕਾ, ਟਿੱਕਾ ਆਪਣੇ ਮਸਤਕ ਲਾਇਆ । ਨਿੱਕਾ ਵੱਡਾ ਦਿਤਾ ਬਣਾ, ਵਡ ਵੱਡੇ ਬੇਪਰਵਾਹਿਆ । ਸਚਖੰਡ ਨਿਵਾਸੀ ਆਪਣਾ ਸਿੱਕਾ ਦਿਤਾ ਚਲਾ, ਧੁਰ ਫ਼ਰਮਾਣਾ ਹੁਕਮ ਸੁਣਾਇਆ । ਘਰ ਵਿਚ ਘਰ ਦਿਤਾ ਖੁਲ੍ਹਾ, ਸਚਖੰਡ ਅੰਦਰ ਥਿਰ ਘਰ ਆਪ ਪਰਗਟਾਇਆ । ਸੱਸਾ ਹਾਹਾ ਇਕ ਦੂਜੇ ਨਾਲ ਜੋੜ ਦਿਤਾ ਜੁੜਾ, ਹਾਹਾ ਅੰਦਰ ਵੜ ਵੜ ਖ਼ੁਸ਼ੀ ਮਨਾਇਆ । ਸ਼ਬਦੀ ਕਹੇ ਮੋਹੇ ਮਿਲਿਆ ਮਲਾਹ, ਮੇਰਾ ਬੇੜਾ ਕੰਧ ਉਠਾਇਆ । ਵਿਸ਼ਨੂੰ ਕਹੇ ਮੇਰੇ ਵਿਚ ਗਿਆ ਸਮਾ, ਸਮਾਪਤ ਆਪਣਾ ਖੇਲ ਕਰਾਇਆ । ਬ੍ਰਹਮਾ ਕਹੇ ਪਾਰਬ੍ਰਹਮ ਮੇਰੀ ਝੋਲੀ ਵਸਤ ਦਿਤੀ ਪਾ, ਸਚ ਭੰਡਾਰ ਇਕ ਵਰਤਾਇਆ । ਸ਼ੰਕਰ ਕਹੇ ਮੇਰੀ ਮਸਤਕ ਧੂੜੀ ਟਿੱਕਾ ਦਿਤਾ ਲਾ, ਚਰਨ ਚਰਨੋਦਕ ਇਕ ਪਿਆਇਆ । ਤਾਜ ਕਹੇ ਮੇਰੇ ਚਾਰੇ ਮੁਖ ਬਿਨ ਨੈਣਾਂ ਰਹੇ ਸ਼ਰਮਾ, ਹਰਿ ਜੂ ਕੀ ਕੀ ਖੇਲ ਰਚਾਇਆ । ਕਲਗ਼ੀ ਕਹੇ ਮੈਂ ਵੇਖਾਂ ਥਾਉਂ ਥਾਂ, ਥਾਨ ਥਨੰਤਰ ਫੋਲ ਫੁਲਾਇਆ । ਸਾਰੇ ਕਹੋ ਵਿਸ਼ਨ ਬ੍ਰਹਮਾ ਸ਼ਿਵ ਸੁਤ ਸ਼ਬਦ ਮੇਰੀ ਇਕੋ ਇਕ ਮਾਇਆ ਜਿਸ ਦਾ ਕੋਈ ਨਾ ਨਾਂ, ਲਿਖਣ ਪੜ੍ਹਨ ਵਿਚ ਕਦੇ ਨਾ ਆਇਆ । ਜਿਸ ਦਾ ਲੱਭੇ ਕਿਸੇ ਨਾ ਥਾਂ, ਮੰਦਰ

ਮਸੀਤ ਨਾ ਕੋਇ ਵਖਾਇਆ । ਜਿਸ ਦੀ ਕੰਤ ਫੜੇ ਨਾ ਕੋਈ ਬਾਂਹ, ਫੜ ਬਾਹੋਂ ਗਲੇ ਨਾ ਕੋਇ ਲਗਾਇਆ । ਜਿਸ ਦੀ ਬਣਤ ਕੋਈ ਸਕੇ ਨਾ ਬਣਾ, ਘੜਨਹਾਰ ਠਠਿਆਰ ਨਜ਼ਰ ਕੋਇ ਨਾ ਆਇਆ । ਜਿਸ ਦਾ ਲੇਖਾ ਬੇਪਰਵਾਹ, ਬੇਪਰਵਾਹੀ ਵਿਚ ਸਮਾਇਆ । ਕਰ ਕਿਰਪਾ ਆਪੇ ਬਣੇ ਪਿਤਾ ਆਪੇ ਮਾਂ, ਆਪ ਆਪਣਾ ਰੰਗ ਰੰਗਾਇਆ । ਓਥੇ ਦੂਜਾ ਕੋਈ ਨਾ ਕਰੇ ਹਾਂ, ਹਾਂ ਨਾਲ ਹਾਂ ਨਾ ਕੋਇ ਮਿਲਾਇਆ । ਇਕ ਇਕੱਲਾ ਸ਼ਹਿਨਸ਼ਾਹ, ਸਚ ਸਿੰਘਾਸਣ ਸੋਭਾ ਪਾਇਆ । ਸਾਚਾ ਮਾਰਗ ਰਿਹਾ ਜਣਾ, ਸ਼ਬਦੀ ਸੁਤ ਸੁਤ ਉਠਾਇਆ । ਵਿਸ਼ਨ ਬ੍ਰਹਮਾ ਸ਼ਿਵ ਲਏ ਪੜ੍ਹਾ, ਧੁਰ ਫ਼ਰਮਾਣਾ ਹੁਕਮ ਸੁਣਾਇਆ । ਸਚ ਸੰਦੇਸ਼ਾ ਇਕ ਜਣਾ, ਜਨ ਜਨਨੀ ਲੇਖੇ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੀਸ ਜਗਦੀਸ ਤਾਜ ਇਕੋ ਇਕ ਟਿਕਾਇਆ । ਤਾਜ ਕਹੇ ਮੋਹੇ ਇਕੋ ਓਟ, ਓਟ ਓਟ ਜਣਾਈਆ । ਸਚ ਪਰਕਾਸ਼ ਨਿਰਮਲ ਜੋਤ, ਜੋਤ ਜੋਤ ਰੁਸ਼ਨਾਈਆ । ਖੇਲਾਂ ਖੇਲ ਓਤ ਪੋਤ, ਪੁੱਤ ਪੋਤਰੇ ਹੰਢਾਈਆ । ਨਿਰਗੁਣ ਸਰਗੁਣ ਕਰ ਸੰਜੋਗ, ਧੁਰ ਸੰਜੋਗੀ ਮੇਲ ਮਿਲਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਵਿਸ਼ਨ ਬ੍ਰਹਮਾ ਸ਼ਿਵ ਤੇਰਾ ਲੇਖਾ ਤ੍ਰੈ ਤ੍ਰੈਲੋਕ, ਲੋਕ ਪਰਲੋਕ ਆਪਣਾ ਰੰਗ ਵਖਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਗੀਤ ਅਤੀਤ ਸੁਣਾਏ ਸਲੋਕ, ਸੋਹਲਾ ਢੋਲਾ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੇ ਤਾਜ ਦਏ ਵਡਿਆਈਆ । ਤਾਜ ਕਹੇ ਪ੍ਰਭ ਸਾਚੇ ਮੀਤ, ਮੋਹੇ ਦੇਣਾ ਸਚ ਬਤਾਈਆ । ਆਦਿ ਚਲਾਈ ਮੇਰੀ ਰੀਤ, ਘਰ ਸਚ ਵੱਜੀ ਵਧਾਈਆ । ਅੱਗੇ ਦੱਸ ਖੇਲ ਅਨਡੀਠ, ਕਿਸ ਬਿਧ ਆਪਣਾ ਰਾਹ ਜਣਾਈਆ । ਪੁਰਖ ਅਬਿਨਾਸ਼ੀ ਇਕ ਅਤੀਤ, ਤਰਾ ਤਰਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਜਣਾਈਆ । ਸੁਣ ਤਾਜ ਮੇਰੇ ਸਾਚੇ ਸੰਗੀ, ਹਰਿ ਸਤਿਗੁਰ ਆਪ ਜਣਾਇੰਦਾ । ਤੇਰੀ ਧਾਰ ਆਪੇ ਰੰਗੀ, ਰੰਗ ਰੰਗੀਲਾ ਆਪ ਚੜ੍ਹਾਇੰਦਾ । ਕਰੇ ਖੇਲ ਸੂਰਾ ਸਰਬੰਗੀ, ਹੁਕਮ ਹਾਕਮ ਆਪ ਮਨਾਇੰਦਾ । ਏਹੋ ਗਲ ਮੋਹੇ ਲੱਗੇ ਚੰਗੀ, ਕਲਗ਼ੀ ਤੋੜਾ ਸੀਸ ਟਿਕਾਇੰਦਾ । ਸਚ ਮੰਗ ਦਰ ਸਾਚੇ ਮੰਗੀ, ਦਰ ਪਰਦਾ ਆਪ ਖੁਲ੍ਹਾਇੰਦਾ । ਨਿਰਗੁਣ ਸਰਗੁਣ ਖੇਲ ਕਰੇ ਭੁਯੰਗੀ, ਭੁਯੰਗ ਆਪਣਾ ਰਾਹ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਜਣਾਇੰਦਾ । ਸੁਤ ਦੁਲਾਰਾ ਭੁਯੰਗੀ ਬਾਲਾ, ਅਨਭਵ ਆਪ ਜਣਾਈਆ । ਖੇਲੇ ਖੇਲ ਤਰੰਗੀ ਦਿਆਲਾ, ਵਿਸ਼ਨ ਬ੍ਰਹਮਾ ਸ਼ਿਵ ਨਾਲ ਰਲਾਈਆ । ਧੁਰ ਦਾ ਸੰਗੀ ਬਣ ਕਿਰਪਾਲਾ, ਕਿਰਪਾਨਿਧ ਦਇਆ ਕਮਾਈਆ । ਅੱਗੇ ਮਾਰਗ ਦੱਸੇ ਸੁਖਾਲਾ, ਦੋਏ ਦੋਏ ਆਪਣਾ ਰੂਪ ਵਟਾਈਆ । ਨਿਰਗੁਣ ਸਰਗੁਣ ਕਰ ਪਰਧਾਨਾ, ਲੱਖ ਚੁਰਾਸੀ ਵੇਖ ਵਖਾਈਆ । ਜਗਤ ਜੋਗ ਰਾਜ ਚਲਾਨਾ, ਜੀਵਣ ਦਏ ਵਡਿਆਈਆ । ਮਾਣਸ ਮਾਨੁਖ ਕਰ ਪਰਧਾਨਾ, ਸੀਸ ਜਗਦੀਸ ਤਾਜ ਟਿਕਾਈਆ । ਨੌਂ ਸੌ ਚੁਰਾਨਵੇਂ ਚੌਕੜੀ ਖੇਲ ਮਹਾਨਾ, ਗੁਰ ਅਵਤਾਰ ਪੀਰ ਪੈਗ਼ੰਬਰ ਸੇਵਾ ਲਾਈਆ । ਅੰਤਮ ਕਲਜੁਗ ਗੁਰ ਗੋਬਿੰਦ ਸੁਤ ਲੋਕਮਾਤ ਪਰਗਟਾ ਨਿਸ਼ਾਨਾ, ਸ਼ਬਦੀ ਸੁਤ ਸਿਰ ਇਕੋ ਕਲਗ਼ੀ ਤੋੜਾ ਦਏ ਟਿਕਾਈਆ । ਗੋਬਿੰਦ ਮੰਗੇ ਅੱਗੇ ਦਾਨਾ, ਪੁਰਖ ਅਕਾਲ ਧਿਆਨ ਲਗਾਈਆ । ਪਾਰਬ੍ਰਹਮ ਮੈਂ ਨਿੱਕਾ ਬਾਲਾ, ਤੇਰੀ ਸਾਰ ਕੋਇ ਨਾ ਪਾਈਆ । ਤੂੰ ਦੋ ਜਹਾਨ ਰਖਵਾਲਾ, ਗੋਬਿੰਦ ਨਿੱਕੇ ਘਰ ਵਿਚ ਸੇਵ ਕਮਾਈਆ । ਮੇਰੀ ਨਿਮਸਕਾਰ ਕਰ ਪਰਵਾਨਾ, ਦੋਏ ਜੋੜ ਸੀਸ ਝੁਕਾਈਆ । ਸਾਹਿਬ ਸਤਿਗੁਰ ਸੀਸ ਤੇਰੇ ਤਾਜ ਸੁਹਾਨਾ, ਆਦਿ ਜੁਗਾਦਿ

ਤੇਰੀ ਵਡਿਆਈਆ । ਜਿਸ ਕੋਟਨ ਕੋਟ ਘੱਲੇ ਕ੍ਰਿਸ਼ਨ ਕਾਹਨਾ, ਲੋਕਮਾਤ ਮੰਡਲ ਰਾਸ ਗਏ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੇ ਤਾਜ ਰਿਹਾ ਸਮਝਾਈਆ । ਸੁਣ ਤਾਜ ਮੇਰੇ ਸਿਰ ਦੇ ਸਿਰ, ਹਰਿ ਸਤਿਗੁਰ ਆਪ ਜਣਾਇੰਦਾ । ਲੋਕਮਾਤ ਵਖਾਵਾਂ ਤੇਰੀ ਧਿਰ, ਧੁਰ ਦਰਬਾਰਾ ਆਪ ਜਣਾਇੰਦਾ । ਜੁਗ ਚੌਕੜੀ ਗੇੜਾ ਜਾਏ ਗਿੜ, ਗੇੜਾ ਗੇੜੇ ਵਿਚ ਭੁਆਇੰਦਾ । ਰਾਜ ਰਾਜਾਨ ਸ਼ਾਹ ਸੁਲਤਾਨ ਤੇਰੇ ਪਿਛੇ ਮਰਨ ਭਿੜ ਭਿੜ, ਤੇਰਾ ਭੇਵ ਨਾ ਕਿਸੇ ਜਣਾਇੰਦਾ । ਕਲਜੁਗ ਅੰਤਮ ਲੱਖ ਚੁਰਾਸੀ ਖਿਚ ਕੇ ਲਿਆਵਾਂ ਵਿਚ ਪਿੜ, ਪਿੰਡੀ ਸਭ ਦੀ ਵੇਖ ਵਖਾਇੰਦਾ । ਚਾਰ ਜੁਗ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਬੱਤੀ ਦੰਦਾਂ ਨਾਲ ਤੇਰੀ ਮਹਿਮਾ ਕਰਦੇ ਰਹਿਣ ਕਿੜ ਕਿੜ, ਕੜਿਕੀ ਵਿਚ ਸਰਬ ਫਸਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਕੋਲੋਂ ਗੱਲਾਂ ਸੁਣ ਹੱਸਣ ਹਿੜ ਹਿੜ, ਹੱਟ ਹਰਿ ਨਾ ਕੋਇ ਵਖਾਈਆ । ਅੰਤਮ ਸਾਰੇ ਦੁਆਰੇ ਖ਼ਾਲੀ ਹੋਣ ਥਿੜ ਥਿੜ, ਥਿੜਕਿਆਂ ਪੈਰ ਨਾ ਕੋਇ ਟਿਕਾਈਆ । ਇਕ ਦੂਜੇ ਨਾਲ ਮਰਨ ਚਿੜ ਚਿੜ, ਜਿਉਂ ਚਿੜੀਆਂ ਬਾਜ਼ ਤੁੜਾਈਆ । ਗੋਬਿੰਦ ਕਹੇ ਮੈਂ ਤੇਰੀ ਕਰਾਂ ਸੇਵਾ ਗੁਰਮੁਖਾਂ ਵੇਖਾਂ ਫਿਰ ਫਿਰ, ਘਰ ਘਰ ਸੇਵ ਕਮਾਈਆ । ਤੇਰਾ ਰਸ ਚੁਆਵਾਂ ਝਿਰ ਝਿਰ, ਬਣ ਝਿਰਨਾ ਸੇਵ ਕਮਾਈਆ । ਅਗੰਮੀ ਧਾਰ ਝਿਰ ਝਿਰ, ਰਸ ਇਕੋ ਮੁਖ ਚੁਆਈਆ । ਦੂਰ ਦੁਰਾਡਾ ਜ਼ਿਮੀ ਅਸਮਾਨੋਂ ਗਿਰ ਗਿਰ, ਗੁਰਮੁਖਾਂ ਧੂੜੀ ਖ਼ਾਕ ਰਮਾਈਆ । ਆਪਣਾ ਨਾਉਂ ਰੱਖਾਂ ਨਿਰ ਨਿਰ, ਨਿਰਗੁਣ ਨਿਰੰਕਾਰ ਵੇਸ ਵਟਾਈਆ । ਸਾਚੇ ਤਾਜ ਫੇਰ ਹੱਸਣਾ ਖਿੜ ਖਿੜ, ਹਰਿ ਖਿੜਕੀ ਦਏ ਖੁਲ੍ਹਾਈਆ । ਚਾਰੋਂ ਕੁੰਟ ਵੇਖਣਾ ਤਿੜ ਤਿੜ, ਆਪਣਾ ਬਲ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਤਾਜ ਦਏ ਵਡਿਆਈਆ । ਤਾਜ ਕਹੇ ਮੈਂ ਰਾਜਨ ਰਾਜਾ, ਰਾਜਨ ਰਾਜ ਖੇਲ ਕਰਾਈਆ । ਦੋ ਜਹਾਨਾਂ ਰਚ ਰਚ ਕਾਜਾ, ਕਰਨੀ ਆਪਣੀ ਰਿਹਾ ਕਮਾਈਆ । ਭਗਤੀਉਂ ਦੇਵੇ ਭਗਤੀ ਦਾਜਾ, ਸ਼ਕਤੀਉਂ ਸ਼ਕਤ ਸ਼ਕਤ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸੀਸ ਜਗਦੀਸ ਜਗਦੀਸ ਸੀਸ ਇਕੋ ਤਾਜ ਸੁਹਾਈਆ । ਤਾਜ ਕਹੇ ਪ੍ਰਭ ਤੇਰੀ ਮਰਜ਼ੀ, ਮੇਰੀ ਚਲੇ ਨਾ ਕੋਇ ਵਡਿਆਈਆ । ਮੇਰੀ ਇਕੋ ਇਕ ਤੇਰੇ ਅੱਗੇ ਅਰਜ਼ੀ, ਬਿਨ ਲਿਖਿਆਂ ਰਿਹਾ ਟਿਕਾਈਆ । ਮੈਂ ਸਦ ਬਣਿਆ ਰਹਾਂ ਫ਼ਰਜ਼ੀ, ਫ਼ਰਜ਼ ਤੇਰਾ ਪੂਰ ਕਰਾਈਆ । ਮੋਹੇ ਆਪਣੀ ਹੋਏ ਨਾ ਕੋਇ ਗਰਜ਼ੀ, ਆਸਾ ਆਸ ਨਾ ਕੋਇ ਜਣਾਈਆ । ਤੇਰੀ ਸੇਵਾ ਕਰਾਂ ਹਰਿ ਜੀ, ਜਿਸ ਆਪਣੇ ਸੀਸ ਦਿਤੀ ਵਡਿਆਈਆ । ਜੁਗ ਚੌਕੜੀ ਖੇਲ ਵੇਖਾਂ ਦਰ ਦਰ ਦੀ, ਦੋ ਜਹਾਨਾਂ ਫੇਰਾ ਪਾਈਆ । ਕਲਜੁਗ ਅੰਤਮ ਮੈਨੂੰ ਦਿਸੇ ਮੇਰੀ ਕਿਰਨ ਲੋਕਮਾਤ ਜਾਏ ਬਣ ਕੇ ਵੰਨਗੀ, ਵੰਨਗੀ ਤੇਰੇ ਸੁਤ ਵਖਾਈਆ । ਗੋਬਿੰਦ ਸਿਰ ਬੰਨ੍ਹੇ ਨਿੱਕੀ ਕਲਗ਼ੀ, ਕਲਗ਼ੀਆਂ ਵਾਲਾ ਦਇਆ ਕਮਾਈਆ । ਕਿਸੇ ਹੋਰ ਨਜ਼ਰ ਨਾ ਆਵੇ ਇਹਦੇ ਵਰਗੀ, ਵਰਗ ਸਭ ਨੂੰ ਦਏ ਲਗਾਈਆ । ਕੋਟਨ ਕੋਟ ਰਾਜ ਰਾਜਾਨ ਸ਼ਾਹ ਸੁਲਤਾਨ ਆਪਣੀ ਬਣੌਣ ਵਰਦੀ, ਵਾਅਦੇ ਖ਼ਿਲਾਫ਼ ਅੰਤ ਹੋਏ ਸਰਬ ਲੋਕਾਈਆ । ਨਿੱਕੀ ਵੰਨਗੀ ਤੇਰੇ ਦਰਦਾਂ ਮਰਦੀ, ਮਰਦੀ ਮਰਦੀ ਆਪਣਾ ਹਾਲ ਸੁਣਾਈਆ । ਪੁਰਖ ਅਕਾਲ ਤੇਰਾ ਢੋਲਾ ਪੜ੍ਹਦੀ, ਸੀਸ ਖ਼ਾਕ ਨਾਲ ਛੁਹਾਈਆ । ਨੇਤਰ ਨੈਣ ਰੱਖੇ ਦਿਸ਼ਾ ਚੜ੍ਹਦੀ, ਗੋਬਿੰਦ ਅੱਖ ਉਠਾਈਆ । ਨਾ ਕੋਈ ਗਰਮੀ ਨਾ ਕੋਈ ਸਰਦੀ, ਦੁੱਖ ਕੋਇ ਨਾ ਲਾਗੇ ਰਾਈਆ । ਮੇਰਾ ਭਾਣਾ ਬਹਿ ਬਹਿ ਜਰਦੀ, ਤੇਰੇ ਜਲਵੇ ਵਿਚ ਸਮਾਈਆ । ਦੋਏ

ਜੋੜ ਬੇਨੰਤੀ ਕਰਦੀ, ਮੰਨ ਅਰਜ਼ੋਈ ਮੇਰੇ ਮਾਹੀਆ । ਕਲਜੁਗ ਅੰਤਮ ਵੇਖ ਸ੍ਰਿਸ਼ਟ ਸਬਾਈ ਸੜ੍ਹਦੀ, ਤੁਧ ਬਿਨ ਹੋਏ ਨਾ ਕੋਇ ਸਹਾਈਆ । ਮੈਂ ਦੂਰ ਦੁਰਾਡੀਆਂ ਆਸਾਂ ਕਰਦੀ, ਬੈਠੀ ਧਿਆਨ ਲਗਾਈਆ । ਗਲ ਪਾ ਪੱਲਾ ਵਾਸਤਾ ਕਰਦੀ, ਨਿਹਕਰਮੀ ਕਰਮ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ । ਕਲ਼ਗੀ ਕਹੇ ਦੱਸ ਭਗਵਾਨ, ਇਕੱਲੀ ਕਲ਼ਗੀ ਕੰਮ ਨਾ ਆਈਆ । ਗੋਬਿੰਦ ਤੈਥੋਂ ਮੰਗੇ ਦਾਨ, ਤੇਰਾ ਦਾਨ ਗੋਬਿੰਦ ਝੋਲੀ ਡਾਹੀਆ । ਤੇਰਾ ਖੰਡਾ ਤੇਰਾ ਮਿਆਨ, ਤੇਰਾ ਨੂਰ ਤੇਰੀ ਰੁਸ਼ਨਾਈਆ । ਤੇਰਾ ਆਤਮ ਮੇਰਾ ਪਰਮਾਤਮ ਖੇਲ ਮਹਾਨ, ਦੂਜਾ ਨਜ਼ਰ ਕੋਈ ਨਾ ਆਈਆ । ਤੂੰ ਆਪਣੇ ਸਿਰ ਉਤੇ ਰੱਖਿਆ ਸੱਸਾ ਹਾਹਾ ਨੌਜਵਾਨ, ਨਾ ਮਰੇ ਨਾ ਜਾਈਆ । ਕਿਉਂ ਸੁੱਤਾ ਸਚਖੰਡ ਵਿਚ ਮਕਾਨ, ਲੋਕਮਾਤ ਫੇਰਾ ਕਿਉਂ ਨਾ ਪਾਈਆ । ਗੋਬਿੰਦ ਅੜ ਕੇ ਮੰਗੇ ਦਾਨ, ਅੱਗੇ ਹੋ ਕੇ ਰਿਹਾ ਸੁਣਾਈਆ । ਜਿੰਨਾਂ ਚਿਰ ਨਾ ਰੱਖੇਂ ਮੇਰਾ ਮਾਣ, ਤੇਰੀ ਮੁਹੱਬਤ ਨਾ ਮੋਹੇ ਭਾਈਆ । ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਆਪਣੀ ਦਇਆ ਕਮਾਈਆ । ਉਠ ਬਾਲ ਮੇਰੇ ਬਾਲ ਨਿਧਾਨ, ਫੜ ਗੋਦੀ ਲਏ ਬਹਾਈਆ । ਕਲਜੁਗ ਅੰਤਮ ਆਵਾਂ ਨਿਰਗੁਣ ਨੂਰ ਮਹਾਂਬਲੀ ਬਲਵਾਨ, ਬਲ ਤੇਰਾ ਨਾਲ ਮਿਲਾਈਆ । ਸਚਖੰਡ ਦਾ ਸਚ ਨਿਸ਼ਾਨ, ਲੋਕਮਾਤ ਝੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਚ ਰਿਹਾ ਜਣਾਈਆ । ਗੋਬਿੰਦ ਸੁਤ ਉਠ ਦੁਲਾਰੇ, ਹਰਿ ਬਾਹੋਂ ਪਕੜ ਉਠਾਇੰਦਾ । ਤੇਰੀ ਕਲ਼ਗੀ ਵਾਜਾਂ ਮਾਰੇ, ਦਿਵਸ ਰੈਣ ਧਿਆਨ ਲਗਾਇੰਦਾ । ਕਰੇ ਖੇਲ ਅਗੰਮ ਅਪਾਰੇ, ਅਗੰਮ ਅਥਾਹ ਆਪਣਾ ਰਾਹ ਚਲਾਇੰਦਾ । ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰੇ, ਕਲ ਕਲਕੀ ਵੇਸ ਵਟਾਇੰਦਾ । ਸਿਰ ਰੱਖੇ ਤਾਜ ਅਪਰ ਅਪਾਰੇ, ਸਚਖੰਡ ਦੀ ਧਾਰ ਧਾਰ ਲੋਕਮਾਤ ਜਣਾਇੰਦਾ । ਸੱਸਾ ਹਾਹਾ ਲਿਖੇ ਅਪਰ ਅਪਾਰੇ, ਸੱਸਾ ਹਾਹਾ ਹਾਹਾ ਸੱਸੇ ਵਿਚ ਬੰਦ ਕਰਾਇੰਦਾ । ਚਾਰੇ ਮੁਖ ਲਏ ਉਘਾੜੇ, ਸ਼ਬਦ ਵਿਸ਼ਨ ਬ੍ਰਹਮਾ ਸ਼ਿਵ ਚਰਨਾਂ ਹੇਠ ਰਖਾਇੰਦਾ । ਫੇਰ ਕਰੇ ਸਚ ਵਿਹਾਰੇ, ਸਾਚੀ ਕਰਨੀ ਆਪ ਕਮਾਇੰਦਾ । ਤੇਰੇ ਲਾਹੇ ਕਰਜ਼ ਉਧਾਰੇ, ਪੂਰਬ ਲਹਿਣਾ ਝੋਲੀ ਪਾਇੰਦਾ । ਤੇਰਾ ਪਿਤਾ ਤੇਗ਼ ਬਹਾਦਰ ਰੱਖੇ ਨਾਲੇ, ਨਾਲ ਮਾਤਾ ਸੋਭਾ ਪਾਇੰਦਾ । ਤੈਨੂੰ ਆਪਣੀ ਗੋਦ ਉਠਾਲੇ, ਆਪਣੇ ਸੀਨੇ ਨਾਲ ਲਗਾਇੰਦਾ । ਤੇਰੇ ਬੱਚੇ ਨੀਹਾਂ ਹੇਠ ਦੱਬੇ ਫੇਰ ਜਵਾਲੇ, ਜਵਾ ਕੇ ਨੀਹਾਂ ਹੇਠ ਫੇਰ ਦਬਾਇੰਦਾ । ਜਿਨ੍ਹਾਂ ਸਿਰ ਤੇ ਬੱਧੇ ਚੱਕਰ ਦੁਮਾਲੇ, ਤਿਨ੍ਹਾਂ ਦਮਾਂ ਦਮ ਵੇਖ ਵਖਾਇੰਦਾ । ਕਰੇ ਖੇਲ ਪੁਰਖ ਅਕਾਲੇ, ਅਕਲ ਕਲ ਆਪਣੀ ਧਾਰ ਚਲਾਇੰਦਾ । ਕਿਰਪਾ ਕਰੇ ਦੀਨ ਦਿਆਲੇ, ਦੀਨਨ ਆਪਣਾ ਰੰਗ ਰੰਗਾਇੰਦਾ । ਚਾਰ ਮੁਖ ਚਾਰ ਕੁੰਟ ਕਰੇ ਖੇਲ ਮਹਾਨੇ, ਮਹਿਮਾਂ ਆਪਣੀ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੇ ਤਾਜ ਆਪ ਸਮਝਾਇੰਦਾ । ਗੋਬਿੰਦ ਕਲ਼ਗੀ ਤੇਰੀ ਰਹੀ ਉਡੀਕ, ਉਡੀਕ ਇਕੋ ਇਕ ਰਖਾਈਆ । ਹੁਣ ਨੇੜੇ ਆਈ ਤਰੀਕ, ਤਖ਼ਤਾ ਸਭ ਦਾ ਦਏ ਉਲਟਾਈਆ । ਪੁਰਖ ਅਕਾਲ ਬਣੇ ਮੀਤ, ਮਿੱਤਰ ਪਿਆਰਾ ਨਜ਼ਰੀ ਆਈਆ । ਤੇਰੀ ਕਲ਼ਗੀ ਧਰੇ ਆਪਣੇ ਸੀਸ, ਜਗਦੀਸ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਗੋਬਿੰਦ ਕਹੇ ਮੈਂ ਨਾ ਮੰਨਾਂ, ਤੇਰੀ ਖੇਲ ਬੇਪਰਵਾਹੀਆ । ਜਿੰਨਾਂ ਚਿਰ ਨਾ ਚਲ ਕੇ ਆਏਂ ਮੇਰੇ ਬੰਨਾਂ, ਘਰ ਮੇਰੇ ਫੇਰਾ ਪਾਈਆ । ਜੇ ਭੁੱਲ ਜਾਵੇਂ ਮੈਂ ਕਹਾਂ ਪੁਰਖ ਅਕਾਲ ਅੰਨ੍ਹਾਂ, ਓਹਨੂੰ ਨਜ਼ਰ ਕਿਛ ਨਾ ਆਈਆ ।

ਐਵੇਂ ਕਹਿੰਦੇ ਮਾਲ ਚਾਰਦਾ ਰਿਹਾ ਧੰਨਾ, ਨਾਮੇ ਛੱਪਰੀ ਰਿਹਾ ਛੁਹਾਈਆ । ਪੁਰਖ ਅਕਾਲ ਕਹੇ ਮੈਂ ਤੇਰੇ ਪਿਛੇ ਫਿਰਾਂ ਭੰਨਾਂ, ਭੱਜ ਭੱਜ ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਰਿਹਾ ਸੁਣਾਈਆ । ਸੰਚ ਸੰਦੇਸ਼ਾ ਸੁਣ ਨਾ ਹੋਵਾਂ ਖ਼ੁਸ਼, ਖ਼ੁਸ਼ੀ ਤੇਰੀ ਮੋਹੇ ਨਾ ਭਾਈਆ । ਜਿੰਨਾਂ ਚਿਰ ਮੇਰੇ ਗੁਰਸਿਖਾਂ ਕੋਲੋਂ ਨਾ ਲਵੇਂ ਪੁਛ, ਗੋਬਿੰਦ ਵਸੇ ਕੇਹੜੀ ਥਾਈਆ । ਤੂੰ ਜੁਗ ਚੌਕੜੀ ਰਿਹੋਂ ਲੁਕ, ਜਿੰਨਾਂ ਚਿਰ ਪਰਗਟ ਨਾ ਹੋਵੇਂ ਮੈਂ ਮੰਨਾਂ ਨਾ ਤੇਰੀ ਰਜ਼ਾਈਆ । ਬਿਨ ਤੈਥੋਂ ਨਹੀਂ ਹੁੰਦਾ ਚੁੱਪ, ਬਣ ਕੇ ਪਿਤਾ ਬੈਠਾ ਮੁਖ ਛੁਪਾਈਆ । ਉਠ ਤਕੜਾ ਹੋ ਕੇ ਉਠ, ਕੀ ਘਾਟਾ ਤੈਨੂੰ ਨਜ਼ਰੀ ਆਈਆ । ਸਾਰੇ ਫੜ ਕੇ ਕਰ ਦੇ ਇਕ ਗੁੱਠ, ਬਚਿਆ ਕੋਇ ਰਹਿਣ ਨਾ ਪਾਈਆ । ਮੇਰੇ ਸਿਖਾਂ ਉਤੇ ਤੁਠ, ਜੋ ਤੇਰੇ ਪਿਛੇ ਆਪਣਾ ਆਪ ਗਏ ਗਵਾਈਆ । ਜਿਨ੍ਹਾਂ ਨੂੰ ਮੈਂ ਵੀ ਰਿਹਾ ਝੁਕ, ਤੇਰਾ ਰਾਹ ਵਖਾਈਆ । ਤੂੰ ਵਸੇਂ ਅੰਧੇਰੇ ਘੁੱਪ, ਧੋਖੇ ਦੇਣ ਵਾਲੀ ਆਦਤ ਅਜੇ ਨਾ ਤੇਰੀ ਜਾਈਆ । ਕਾਗ਼ਜ਼ਾਂ ਉਤੇ ਲਿਖਾਇਆ ਅਬਿਨਾਸ਼ੀ ਅਚੁਤ, ਚਿਤ੍ਰ ਬਣ ਕੇ ਬੈਠਾ ਮੁਖ ਛੁਪਾਈਆ । ਆ ਮੈਨੂੰ ਲਾ ਗਲ ਘੁੱਟ, ਮੈਂ ਤੇਰੀ ਓਟ ਰਖਾਈਆ । ਜੂਠੀ ਝੂਠੀ ਜੜ ਪੁੱਟ, ਤੇਰੇ ਹੱਥ ਤੇਰੀ ਵਡਿਆਈਆ । ਵੇਖ ਮੇਰੇ ਨਿਕੇ ਪੁੱਤ, ਨੀਹਾਂ ਵਿਚ ਤੇਰਾ ਨਾਮ ਧਿਆਈਆ । ਮੇਰੇ ਕੋਲ ਨਹੀਂ ਕੁਛ, ਜੋ ਕੁਛ ਤੇਰੀ ਭੇਟ ਚੜ੍ਹਾਈਆ । ਬਣ ਕੇ ਸੂਮ ਸਭ ਕੁਛ ਬੈਠੋਂ ਘੁੱਟ, ਸਾਡੀ ਵੰਡ ਨਾ ਸਾਨੂੰ ਫੜਾਈਆ । ਜੇ ਨਾ ਮੰਨਿਉਂ ਸਾਰੇ ਜਾਵਾਂਗੇ ਰੁਠ, ਤੇਰੀ ਕੌਣ ਕਰੂ ਵਡਿਆਈਆ । ਸਚਖੰਡ ਕੌਣ ਕਰੇ ਤੇਰੀ ਪੁੱਛ, ਕੱਲਾ ਰੋਵੇਂ ਮਾਰੇਂ ਧਾਹੀਂਆ । ਪਿਓ ਕੰਮ ਨਾ ਆਵੇ ਬਿਨਾਂ ਪੁਤ, ਪੀਹੜੀ ਚਲੇ ਨਾ ਨਿਸ਼ਾਨ ਨਾ ਕੋਇ ਝੁਲਾਈਆ । ਸ੍ਰੀ ਭਗਵਾਨ ਡਰਦਾ ਡਰਦਾ ਗਿਆ ਉਠ, ਫੜ ਬਾਹੋਂ ਰਿਹਾ ਚੁਪ ਕਰਾਈਆ । ਗੋਬਿੰਦ ਬਸ ਕਰ ਮੇਰੇ ਸੁਤ, ਮੈਥੋਂ ਤੇਰਾ ਦੁੱਖ ਝੱਲਿਆ ਨਾ ਜਾਈਆ । ਜਿੰਨਾਂ ਚਿਰ ਨਾ ਹੋਵੇਂ ਖ਼ੁਸ਼, ਓਨਾਂ ਚਿਰ ਹਰਿ ਜੂ ਤੇਰੀ ਸੇਵ ਕਮਾਈਆ । ਤੂੰ ਸੌਣਾ ਘੂਕ ਮੈਂ ਸੁਹਾਵਾਂ ਤੇਰੀ ਰੁੱਤ, ਤੇਰਾ ਜ਼ੋਰ ਨਾ ਕੋਇ ਲਗਾਈਆ । ਧੋਖਾ ਦੇ ਕੇ ਨਜ਼ਰ ਨਾ ਆਵਣ ਦੇਵਾਂ ਤੇਰਾ ਬੁੱਤ, ਤੇਰੇ ਨਾਮ ਦਿਆਂ ਵਡਿਆਈਆ । ਜੇ ਕੋਈ ਬਾਹਰੋਂ ਪੁਛਣਾ ਲਏ ਪੁਛ, ਸਾਰੇ ਕਹਿਣ ਪੂਰਨ ਬੈਠਾ ਚੁਪ, ਗੋਬਿੰਦ ਹੱਥ ਕਿਸੇ ਨਾ ਆਈਆ । ਕਰ ਕਿਰਪਾ ਗੁਰਸਿਖਾਂ ਪਰਦਾ ਦੇਵਾਂ ਚੁੱਕ, ਤੇਰਾ ਮੇਰਾ ਮੇਰਾ ਤੇਰਾ ਇਕੋ ਰੰਗ ਵਖਾਈਆ । ਸਾਰੇ ਕਹਿਣ ਵੇਖੋ ਹੁਣ ਕੁਛ ਫੇਰ ਕੁਛ, ਜੋਤੀ ਜਾਤਾ ਖੇਲ ਕਰਾਈਆ । ਪਿਛਲੀ ਵਸਤ ਜੋ ਰੱਖੀ ਘੁੱਟ, ਅੰਤ ਦੇਵੇ ਗੰਢ ਖੁਲ੍ਹਾਈਆ । ਸਾਰਿਆਂ ਇਕੱਠਿਆਂ ਹੋ ਕੇ ਲੈਣੀ ਲੁੱਟ, ਲੁੱਟ ਇਕੋ ਘਰ ਪਵਾਈਆ । ਕੋਈ ਦੱਸ ਨਾ ਸਕੇ ਮਾਂ ਨੂੰ ਪੁਤ, ਪ੍ਰਭ ਜੂ ਕੀ ਕੀ ਵਸਤ ਫੜਾਈਆ । ਇਕ ਦੂਜੇ ਵਲ ਵੇਖ ਵੇਖ ਸਾਰੇ ਹੋ ਜਾਣ ਚੁੱਪ, ਹਰ ਘਟ ਹਰ ਘਟ ਰਿਹਾ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸੀਸ ਜਗਦੀਸ ਇਕੋ ਤਾਜ ਸੁਹਾਈਆ । ਗੋਬਿੰਦ ਕਹੇ ਪ੍ਰਭ ਕਵਣ ਵੇਲਾ, ਮੇਰੀ ਕਲਗ਼ੀ ਮਿਲੇ ਵਡਿਆਈਆ । ਸਾਹਿਬ ਤੂੰ ਗੁਰੂ ਮੈਂ ਤੇਰਾ ਚੇਲਾ, ਚੇਲਾ ਗੁਰ ਤੇਰੀ ਸਰਨਾਈਆ । ਮੈਂ ਬਰਦਾ ਤੂੰ ਸੱਜਣ ਸੁਹੇਲਾ, ਡਰਦਾ ਡਰਦਾ ਮੰਗ ਮੰਗਾਈਆ । ਪੁਰਖ ਅਬਿਨਾਸ਼ੀ ਕਹੇ ਕਲਜੁਗ ਅੰਤ ਹੋਏ ਵਕਤ ਦੁਹੇਲਾ, ਚਾਰ ਕੁੰਟ ਕੁਰਲਾਈਆ । ਤਿਸ ਵੇਲੇ ਤੇਰਾ ਮੇਰਾ ਹੋਏ ਮੇਲਾ, ਮਿਲਣੀ ਜਗਦੀਸ਼ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਤੇਰੀ ਕਲਗ਼ੀ ਨਾਲ ਮਿਲਾਏ ਤਾਜ, ਕਰੇ ਖੇਲ ਵਡ ਰਾਜਨ ਰਾਜ, ਸ਼ਹਿਨਸ਼ਾਹ ਆਪਣਾ ਫੇਰਾ ਪਾਈਆ । ਕਲਗ਼ੀ ਨਾਲ ਜੁੜੇ ਜੋੜਾ, ਜੋੜੀ

ਨਿਰਗੁਣ ਸਰਗੁਣ ਆਪ ਜੁੜਾਇੰਦਾ । ਪੁਰਖ ਅਕਾਲ ਦੀਨ ਦਿਆਲ ਚੜ੍ਹੇ ਸਾਚੇ ਘੋੜਾ, ਗੋਬਿੰਦ ਆਪਣੀ ਗੋਦ ਬਹਾਇੰਦਾ । ਪਿਛਲੀਆਂ ਸਭ ਦੇ ਨਾਲੋਂ ਕੱਢੇ ਖੋਰਾਂ, ਖੋਜ ਖੋਜ ਵੇਖ ਵਖਾਇੰਦਾ । ਜੇਹੜੇ ਦੱਸਦੇ ਰਹੇ ਬਹਿਸ਼ਤੀ ਮਿਲਣ ਹੂਰਾਂ, ਹੁਲੀਆ ਸਭ ਦਾ ਆਪ ਛਪਾਇੰਦਾ । ਤੇਰੇ ਨਾਲ ਕੀਤਾ ਬਚਨ ਕਰੇ ਪੂਰਾ, ਪੂਰੀ ਪੂਰਨ ਪੂਰਨ ਆਪੇ ਪਾਇੰਦਾ । ਕਰੇ ਖੇਲ ਅੰਤ ਜ਼ਰੂਰਾ, ਜ਼ਾਹਰ ਜ਼ਹੂਰ ਵੇਸ ਵਟਾਇੰਦਾ । ਨਾਉਂ ਧਰਾਏ ਜੋਧਾ ਸੂਰਾ, ਬਲ ਆਪਣਾ ਆਪ ਲਿਆਇੰਦਾ । ਤੇਰਾ ਰੰਗ ਚਾੜ੍ਹੇ ਗੂੜ੍ਹਾ, ਉਤਰ ਕਦੇ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਗ਼ੀ ਤਾਜ ਨਾਲ ਮਿਲਾਇੰਦਾ । ਕਲਗ਼ੀ ਤਾਜ ਕਰ ਇਕੱਠ, ਆਪਣਾ ਰੰਗ ਰੰਗਾਈਆ । ਕਰੇ ਖੇਲ ਪੁਰਖ ਸਮਰਥ, ਸਮਰਥ ਆਪਣੀ ਧਾਰ ਚਲਾਈਆ । ਅੱਗੇ ਰਹਿਣ ਨਾ ਦੇਵੇ ਵੱਖ, ਵੱਖਰੀ ਵੰਡ ਨਾ ਕੋਇ ਵੰਡਾਈਆ । ਸਿਰ ਆਪਣੇ ਉਪਰ ਲਏ ਰੱਖ, ਰਖਿਆ ਕਰੇ ਸਰਬ ਥਾਈਆ । ਪੁਰਖ ਅਕਾਲ ਤੇਰਾ ਗਾਵੇ ਜਸ, ਤੇਰੇ ਭਗਤਾਂ ਦਏ ਵਡਿਆਈਆ । ਸਭ ਦੀ ਪੂਰੀ ਕਰੇ ਆਸ, ਜਿਨ੍ਹਾਂ ਤੇਰੀ ਚਰਨ ਧੂੜੀ ਮਸਤਕ ਲਾਈਆ । ਨਿਰਗੁਣ ਜੋਤ ਕਰੇ ਪਰਕਾਸ਼, ਪਰਚਾ ਆਪਣੀ ਹੱਥੀਂ ਪਾਈਆ । ਲੇਖਾ ਜਾਣੇ ਫ਼ੇਲ ਪਾਸ, ਇਕੋ ਨਜ਼ਰੀ ਆਈਆ । ਗੁਰਸਿਖ ਨਾ ਹੋਏ ਕੋਇ ਉਦਾਸ, ਦਰ ਘਰ ਸੁਤਿਆਂ ਦਰਸ ਦਿਖਾਈਆ । ਇਕੋ ਕੰਮ ਹੋਵੇ ਖ਼ਾਸ, ਖ਼ਾਹਸ਼ ਸਭ ਦੀ ਆਪਣੀ ਝੋਲੀ ਪਾਈਆ । ਚਾਰੇ ਮੁਖ ਕਰ ਆਪਣੇ ਦਾਸ, ਰਸਤਾ ਸਭ ਨੂੰ ਦਏ ਸਮਝਾਈਆ । ਕਲਜੁਗ ਅੰਤਮ ਖੇਲ ਤਮਾਸ਼, ਕਲ ਕਰਤਾ ਵੇਖ ਵਖਾਈਆ । ਮਾਝਾ ਜੰਮੂ ਦੁਆਬਾ ਮਾਲਵਾ ਲੇਖ ਲਿਖਿਆ ਖ਼ਾਸ, ਖ਼ਸੂਸਯਤ ਸਾਚੀ ਦਏ ਸਮਝਾਈਆ । ਸੋਹੰ ਆਤਮ ਪਰਮਾਤਮ ਵਸੇ ਪਾਸ, ਦਰ ਘਰ ਸਾਚੇ ਬੈਠਾ ਡੇਰਾ ਲਾਈਆ । ਨਿਰਗੁਣ ਸਰਗੁਣ ਮਾਝਾ ਪਾਇਆ ਪੁਰਖ ਅਬਿਨਾਸ਼, ਦੋ ਅੱਖਰ ਜੋੜ ਜੁੜਾਈਆ । ਤ੍ਰੈ ਅੱਖਰ ਦੁਆਬਾ ਵਿਸ਼ਨ ਬ੍ਰਹਮਾ ਸ਼ਿਵ ਕੀਤੇ ਦਾਸ, ਬਣ ਦਾਸੀ ਸੇਵ ਕਮਾਈਆ । ਤ੍ਰੈ ਅੱਖਰ ਮਾਲਵਾ ਤ੍ਰੈਗੁਣ ਮਾਇਆ ਹੋਈ ਉਦਾਸ, ਇਕੀ ਜੇਠ ਨਾਭੇਵਾਲਾ ਧੱਕਾ ਲਾਈਆ । ਜੰਮੂ ਅੱਖਰ ਦੋ ਜਨਮ ਮਰਨ ਦੀ ਮੁਕੇ ਖ਼ਾਹਸ਼, ਮਾਤ ਗਰਭ ਨਾ ਫੇਰਾ ਪਾਈਆ । ਪੰਚਮ ਮੀਤਾ ਵਸੇ ਸਾਥ, ਸਗਲਾ ਸੰਗ ਨਿਭਾਈਆ । ਕਲਗ਼ੀ ਵਾਲਾ ਕਹੇ ਮੇਰੀ ਪੂਰੀ ਹੋਈ ਆਸ, ਗੁਰਮੁਖ ਆਸਾ ਨਾਲ ਮਿਲਾਈਆ । ਤਾਜ ਕਹੇ ਸ਼ਾਬਾਸ਼ ਸ਼ਾਬਾਸ਼ ਸ਼ਾਬਾਸ਼, ਗੁਰਸਿਖ ਜਿਸ ਹਰਿ ਜੂ ਦਰਸ਼ਨ ਪਾਈਆ । ਗੁਰ ਗੋਬਿੰਦ ਕਹੇ ਮੈਂ ਵੇਖਾਂ ਰਾਸ, ਨਿਰਗੁਣ ਸਰਗੁਣ ਨਾਚ ਨਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸੀਸ ਤਾਜ ਦੇਵੇ ਦਾਨ, ਲੇਖਾ ਜਾਣ ਦੋ ਜਹਾਨ, ਦੋਏ ਦੋਏ ਰੰਗ ਸੂਰਾ ਸਰਬੰਗ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਤਮ ਪਰਮਾਤਮ ਪਰਮਾਤਮ ਆਤਮ ਬ੍ਰਹਮ ਪਾਰਬ੍ਰਹਮ ਪਾਰਬ੍ਰਹਮ ਬ੍ਰਹਮ ਜੀਵ ਈਸ਼ ਈਸ਼ ਜੀਵ ਵਟ ਕਸੀਸ, ਆਪਣਾ ਖੇਲ ਰਚਾਈਆ ।

ਗੋਬਿੰਦ ਕਹੇ ਕਿਉਂ ਵੱਟੇਂ ਕਸੀਸ, ਕੀ ਕਸਰਤ ਰਹਿ ਗਈ ਬਾਕੀ । ਆਪਣਾ ਨਾਉਂ ਰੱਖ ਜਗਦੀਸ, ਲੁਕਦਾ ਫਿਰੇਂ ਬਣ ਕੇ ਬੰਦਾ ਖ਼ਾਕੀ । ਤਕੜਾ ਹੋ ਕੇ ਦੱਸ ਦੋ ਜਹਾਨਾਂ ਇਕ ਹਦੀਸ, ਮੈਂ ਬੱਚਾ ਤੇਰਾ ਸਾਥੀ । ਦੇ ਹੁਕਮ ਮੈਂ ਪੀਸਣ ਦੇਵਾਂ ਪੀਸ, ਅੱਗੇ ਰਹੇ ਨਾ ਕੋਇ ਆਕੀ । ਪੁਰਖ ਅਕਾਲ ਕਹੇ ਨਿੱਕੇ ਬੱਚੇ ਤੂੰ ਦੱਸੇਂ ਠੀਕ, ਠੀਕਰ ਸਭ ਦਾ ਭੰਨ ਵਖਾਇਆ । ਗੋਬਿੰਦ ਕਹੇ ਤੇਰੀ ਪਿਛੇ ਰੱਖਦੇ ਰਹੇ ਉਡੀਕ, ਕਵਣ ਵੇਲਾ ਆਏਂ

ਫੇਰਾ ਪਾਇਆ । ਗੁਰਸਿਖਾਂ ਨੂੰ ਦੇ ਪਿਆਲਾ ਨਾਮ ਪੀਵਣ ਲਾ ਕੇ ਝੀਕ, ਪਿਛਲਾ ਅਗਲਾ ਦੁੱਖ ਮਿਟਾਇਆ । ਕੀ ਹੁਣ ਵੀ ਬਣਨਾ ਈਂ ਸਾਡਾ ਸ਼ਰੀਕ, ਪਿਤਾ ਪੂਤ ਤੇਰੇ ਪਿਛੇ ਭੇਟ ਚੜ੍ਹਾਇਆ । ਪੁਰਖ ਅਬਿਨਾਸ਼ੀ ਆਪਣੇ ਨੱਕ ਨਾਲ ਕੱਢੇ ਲੀਕ, ਲਕੀਰ ਤਕਦੀਰ ਦਏ ਬਦਲਾਇਆ । ਗੋਬਿੰਦ ਤੇਰਾ ਬੂਟਾ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਇਆ । ਤੂੰ ਮੈਨੂੰ ਲਿਆ ਜੀਤ, ਮੈਂ ਤੇਰੀ ਜਿਤ ਕਰਾਂ ਰੁਸ਼ਨਾਇਆ । ਮੇਰਾ ਸੀਨਾ ਠਾਂਡਾ ਸੀਤ, ਤੇਰੇ ਗੁਰਸਿਖਾਂ ਦਰਸ਼ਨ ਪਾਇਆ । ਜਿਨ੍ਹਾਂ ਨਾਤਾ ਛੱਡਿਆ ਮੰਦਰ ਮਸੀਤ, ਇਕੋ ਪੁਰਖ ਅਕਾਲ ਮਨਾਇਆ । ਸੌਂਦਿਆਂ ਜਾਗਦਿਆਂ ਗਾਵਣ ਸੋਹੰ ਗੀਤ, ਗੋਬਿੰਦ ਘਰ ਘਰ ਨਜ਼ਰੀ ਆਇਆ । ਸ੍ਰੀ ਭਗਵਾਨ ਕਹੇ ਵਾਕਿਆ ਮੈਂ ਬੜਾ ਢੀਠ, ਦੁਖੀਆਂ ਵੇਖ ਦੁੱਖ ਨਾ ਕਦੇ ਵੰਡਾਇਆ । ਜਿੰਨਾਂ ਚਿਰ ਮੇਰੇ ਚਰਨ ਨਾ ਲਾਏ ਕੋਈ ਪ੍ਰੀਤ, ਪਰਦਾ ਕਿਸੇ ਉਤੇ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਹਿਜ ਸਹਿਜ ਸਹਿਜ ਹੌਲੀ ਹੌਲੀ ਹੌਲੀ ਹੋਕਾ ਦੇ ਦੇ ਰਿਹਾ ਸੁਣਾਇਆ । ਹੌਲੀ ਹੌਲੀ ਕਿਉਂ ਦੇਵੇਂ ਹੋਕਾ, ਗੋਬਿੰਦ ਰਿਹਾ ਜਣਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਪਿਛੋਂ ਤੇਰੇ ਹੱਥ ਆਇਆ ਮੌਕਾ, ਮੁਖ਼ਬਰ ਹੋ ਕੇ ਕਰ ਲੜਾਈਆ । ਬਲਧਾਰੀ ਹੋ ਕੇ ਕਿਉਂ ਦੇਵੇਂ ਧੋਖਾ, ਆਪਣੀ ਪਤ ਗਵਾਈਆ । ਮਾਰਨਾ ਜਵਾਲਣਾ ਕੰਮ ਸੌਖਾ, ਜੇ ਹੁਕਮ ਦੇਵੇਂ ਛਿੰਨ ਵਿਚ ਸਾਰੇ ਦਿਆਂ ਖਪਾਈਆ । ਧਰਤ ਮਾਤ ਦਾ ਪੋਚਿਆ ਰਹਿ ਜਾਏ ਚੌਂਕਾ, ਉਤੇ ਕੋਈ ਬਹੇ ਨਾ ਬ੍ਰਾਹਮਣ ਨਾਈ ਆ । ਬ੍ਰਹਮਾ ਹੋ ਜਾਏ ਔਂਤਾ, ਲੱਖ ਚੁਰਾਸੀ ਗੋਦ ਨਾ ਕੋਇ ਸੁਹਾਈਆ । ਜੇ ਤੂੰ ਗ਼ਫ਼ਲਤ ਵਿਚ ਲੈ ਲਿਆ ਢੌਂਕਾ, ਕੋਟਨ ਕੋਟ ਜੁਗ ਬੀਤ ਬੀਤ ਜਾਈਆ । ਮੈਨੂੰ ਤੇਰੇ ਖੇਲ ਵੇਖਣ ਦਾ ਸ਼ੌਂਕਾ, ਚਾਉ ਇਕੋ ਇਕ ਰਖਾਈਆ । ਘੁੱਟ ਹੱਥ ਨਾਲ ਫੜਿਆ ਪੌਂਚਾ, ਪਹੁੰਚ ਆਪਣੀ ਦੇ ਜਣਾਈਆ । ਪੁਰਖ ਅਕਾਲ ਕਹੇ ਗੋਬਿੰਦ ਵੇਖ ਮੌਜਾਂ, ਮੌਜੂਦ ਹੋ ਕੇ ਹਰਿ ਜੂ ਰਿਹਾ ਵਖਾਈਆ । ਕਰੇ ਲੜਾਈ ਬਿਨ ਪਲਟਣ ਫ਼ੌਜਾਂ, ਫ਼ੌਜਦਾਰ ਬੇਪਰਵਾਹੀਆ । ਖ਼ਾਲੀ ਕਰੇ ਅਮਾਰੀ ਹੌਦਾ, ਮਹਾਵਤ ਕੋਇ ਰਹਿਣ ਨਾ ਪਾਈਆ । ਬਿਨ ਭਗਤਾਂ ਏਥੇ ਓਥੇ ਕਿਸੇ ਨਾ ਦੇਵੇ ਔਹਦਾ, ਸ਼ਾਹ ਪਾਤਸ਼ਾਹ ਰਾਜ ਰਾਜਾਨ ਖ਼ਾਕ ਵਿਚ ਮਿਲਾਈਆ । ਆਪਣੀ ਹੱਥੀਂ ਕਰਨ ਆਇਆ ਸੌਦਾ, ਬਣ ਵਪਾਰੀ ਫੇਰਾ ਪਾਈਆ । ਫਿਰ ਫਿਰ ਵੇਖੇ ਲੋਕ ਚੌਦਾਂ, ਚੌਦਾਂ ਤਬਕਾਂ ਕੁੰਡਾ ਲਾਹੀਆ । ਚਾਰ ਕੁੰਟ ਨਜ਼ਰ ਆਵਣ ਕੌਡਾਂ, ਕਰਤਾ ਕੀਮਤ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸੀਸ ਜਗਦੀਸ ਇਕੋ ਤਾਜ ਸੁਹਾਈਆ । ਤਾਜ ਰੱਖ ਨਾ ਤੇਰੀ ਵਡਿਆਈ, ਕੋਟਨ ਕੋਟ ਤਾਜ ਹੰਡਾਇੰਦਾ । ਜਿੰਨਾਂ ਚਿਰ ਨਾ ਬਦਲੇਂ ਪਿਛਲੀ ਸ਼ਾਹੀ, ਅਗਲਾ ਮਾਰਗ ਲਾਇੰਦਾ । ਜਿੰਨਾਂ ਚਿਰ ਨਾ ਵੱਜੇ ਤੇਰੇ ਨਾਮ ਵਧਾਈ, ਦੋ ਜਹਾਨ ਤੇਰਾ ਢੋਲਾ ਗਾਇੰਦਾ । ਔਹ ਵੇਖੋ ਆਈ ਆਦਿ ਸ਼ਕਤ ਮਾਈ, ਠੁੰਮਕ ਠੁੰਮਕ ਪੈਰ ਵਖਾਇੰਦਾ । ਭਰੀ ਗੁੱਸੇ ਦਏ ਦੁਹਾਈ, ਕੂਕ ਕੂਕ ਨਾਲ ਰਲਾਇੰਦਾ । ਮੈਨੂੰ ਦੇ ਕੇ ਅੰਤ ਜੁਦਾਈ, ਗੁਰਸਿਖਾਂ ਪਿਛੇ ਠੇਡੇ ਖਾਇੰਦਾ । ਪਹਿਲੋਂ ਬਣਾਇਆ ਮੈਨੂੰ ਆਦਿ ਮਾਈ, ਆਦਤ ਪਿਛਲੀ ਹੁਣ ਭੁਆਇੰਦਾ । ਗ਼ਰੀਬ ਨਿਮਾਣਿਆਂ ਜਾ ਕੇ ਵੇਖੇ ਚਾਈਂ ਚਾਈਂ, ਮੇਰਾ ਪਿਆਰ ਨਾ ਤੈਨੂੰ ਭਾਇੰਦਾ । ਪੁਰਖ ਅਕਾਲ ਕਹੇ ਮੈਂ ਕੀ ਕਰਾਂ ਮੇਰੀਆਂ ਗੋਬਿੰਦ ਪਕੜੀਆਂ ਬਾਹੀਂ, ਫੜ ਫੜ ਬਾਹੋਂ ਗੁਰਸਿਖਾਂ ਰਾਹ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਤਾਜ ਤਖ਼ਤ ਤਖ਼ਤ ਤਾਜ ਸਖ਼ਤੀ ਨਾਲ ਉਲਟਾਇੰਦਾ । ਉਲਟਾਏ ਰਾਜ ਜਗਤ ਤਖ਼ਤ, ਤਖ਼ਤ ਨਿਵਾਸੀ ਖੇਲ ਕਰਾਇੰਦਾ । ਗੋਬਿੰਦ ਵਾਰੇ

ਜ਼ਿਗਰੇ ਲਖ਼ਤ, ਲੇਖਾ ਆਪਣੇ ਹੱਥ ਰਖਾਇੰਦਾ । ਅੱਗੇ ਗੁਰਸਿਖਾਂ ਪੈਣ ਨਾ ਦੇਵੇ ਵਖ਼ਤ, ਵੱਖਰੀ ਧਾਰ ਚਲਾਇੰਦਾ । ਹੁਕਮ ਵਿਚ ਨਾ ਆਵੇ ਫ਼ਰਕ, ਧੁਰ ਫ਼ਰਮਾਣਾ ਹੁਕਮ ਮਨਾਇੰਦਾ । ਲੱਖ ਚੁਰਾਸੀ ਵਿਚੋਂ ਕੱਢ ਅਰਕ, ਹਰਿਜਨ ਆਪਣੇ ਮੇਲ ਮਿਲਾਇੰਦਾ । ਬਾਕੀ ਸਾਰਿਆਂ ਕੀਤਾ ਤਰਕ, ਤਾਰ ਸਤਾਰ ਨਾ ਕਿਸੇ ਹਲਾਇੰਦਾ । ਡੂੰਘੀ ਗਾਰ ਕਰੇ ਗ਼ਰਕ, ਬਾਹੋਂ ਫੜ ਨਾ ਕੋਇ ਉਠਾਇੰਦਾ । ਜਾ ਕੇ ਜਿਹੜਾ ਮੁੜ ਕੇ ਆਇਆ ਪਰਤ, ਪਰਮੇਸ਼ਰ ਪੂਰਨ ਆਪਣਾ ਭੇਵ ਜਣਾਇੰਦਾ । ਜਨ ਭਗਤਾਂ ਲਈ ਲੈ ਕੇ ਆਇਆ ਖ਼ਰਚ, ਜਗਤ ਗ਼ਰੀਬੀ ਦੂਰ ਕਰਾਇੰਦਾ । ਕਿਸੇ ਸਿਰ ਰਹਿਣ ਨਾ ਦੇਵੇ ਕਰਜ਼, ਕਾਗ਼ਜ਼ ਸਭ ਦੇ ਆਪ ਪੜਵਾਇੰਦਾ । ਆਪਣਾ ਪੂਰਾ ਕਰੇ ਫ਼ਰਜ਼, ਫ਼ਰਮਾਬਰਦਾਰ ਸੇਵ ਕਮਾਇੰਦਾ । ਗੋਬਿੰਦ ਵੇਲੇ ਜੋ ਹੋ ਗਿਆ ਹਰਜ਼, ਪਿਛਲਾ ਲੇਖਾ ਝੋਲੀ ਪਾਇੰਦਾ । ਅੱਗੇ ਜਨ ਭਗਤਾਂ ਅੱਗੇ ਕਰੇ ਆਪ ਅਰਜ਼, ਆਰਜ਼ੂ ਆਪਣੀ ਇਕ ਸਮਝਾਇੰਦਾ । ਮੈਨੂੰ ਤੁਹਾਡੇ ਮਿਲਣ ਦੀ ਮਰਜ਼, ਬਿਨ ਸਿਖਾਂ ਰੋਗ ਨਾ ਕੋਇ ਗਵਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਹੋ ਗਏ ਅਸਚਰਜ, ਅਚਰਜ ਹਰਿ ਜੀ ਖੇਲ ਰਚਾਇੰਦਾ । ਆਓ ਸਾਰੇ ਚਲ ਕੇ ਸ੍ਰੀ ਭਗਵਾਨ ਲਈਏ ਵਰਜ, ਕਿਉਂ ਗ਼ਰੀਬਾਂ ਪਿਛੇ ਧੱਕੇ ਖਾਇੰਦਾ । ਜਿਨ੍ਹਾਂ ਨੂੰ ਗੌਣਾ ਨਾ ਆਵੇ ਨਾ ਕੋਈ ਤਾਲ ਨਾ ਕੋਈ ਤਰਜ਼, ਜੋਗ ਅਭਿਆਸ ਨਾ ਕੋਇ ਕਮਾਇੰਦਾ । ਸਾਰੇ ਗੁਰਸਿਖ ਬੈਠੇ ਹੋ ਕੇ ਨਧੜਕ, ਸਾਡਾ ਖ਼ੌਫ਼ ਨਾ ਕੋਇ ਖਾਇੰਦਾ । ਜੇ ਕੋਈ ਪੁਛੇ ਅਗੋਂ ਕਹਿੰਦੇ ਕੜਕ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਾਡਾ ਸੰਗ ਨਿਭਾਇੰਦਾ । ਪਰੇ ਲੈ ਜਾਓ ਆਪਣੀ ਲਿਖਤ ਪੜ੍ਹਤ, ਸੋਹੰ ਇਕੋ ਢੋਲਾ ਸੱਚਾ ਭਾਇੰਦਾ । ਨਾ ਕੋਈ ਨੇਮ ਨਾ ਕੋਈ ਵਰਤ, ਨਿਯਮ ਹੋਰ ਨਾ ਕੋਇ ਬਣਾਇੰਦਾ । ਆਪਣੇ ਮਿਲਣ ਦੀ ਇਕੋ ਪੱਕੀ ਕੀਤੀ ਸ਼ਰਤ, ਸ਼ਰਾਰਤ ਹੋਰ ਨਾ ਕੋਇ ਵਖਾਇੰਦਾ । ਅੰਤਮ ਸਾਰੇ ਹੋਏ ਗ਼ਰਕ, ਗ਼ਰੂਰ ਸਭ ਦਾ ਆਪ ਮਿਟਾਇੰਦਾ । ਗੁਰਸਿਖਾਂ ਦਾ ਅੰਦਰ ਵੜ ਕੇ ਪਤਰਾ ਲਿਆ ਪਰਤ, ਪਤੀ ਪਰਮੇਸ਼ਵਰ ਆਪਣੀ ਸੇਵ ਕਮਾਇੰਦਾ । ਇਕੋ ਵਾਰ ਇਕੋ ਅੱਖ ਗਈ ਫਰਕ, ਫੁਰਨਾ ਸਭ ਦਾ ਬੰਦ ਕਰਾਇੰਦਾ । ਗੁਰਸਿਖ ਤੁਹਾਡੀ ਹੋਵੇ ਚੜ੍ਹਤ, ਚੜ੍ਹਦੀਆਂ ਕਲਾਂ ਆਪ ਕਰਾਇੰਦਾ । ਵੇਦ ਪੁਰਾਨ ਸ਼ਾਸਤਰ ਸਿਮਰਤ ਗੀਤਾ ਗਿਆਨ ਅੰਜੀਲ ਕੁਰਾਨ ਸਾਰੇ ਕਹਿਣ ਸਾਡਾ ਬੰਦ ਹੋਇਆ ਧੜਤ, ਸਾਡਾ ਹਿੱਸਾ ਨਾ ਕੋਇ ਕਢਾਇੰਦਾ । ਚਲੋ ਸਾਰੇ ਰਲ ਕੇ ਕਰੀਏ ਅਰਜ਼, ਚਾਰ ਖਾਣੀ ਮਤਾ ਪਕਾਇੰਦਾ । ਪੁਰਖ ਅਬਿਨਾਸ਼ੀ ਸਭ ਨੂੰ ਰਿਹਾ ਵਰਜ, ਬਿਨ ਗੁਰਮੁਖਾਂ ਕੋਇ ਨਾ ਮੋਹੇ ਭਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਖੇਲ ਇਕ ਮਹਾਨ, ਗੱਲੀਂ ਬਾਤੀਂ ਦਿਨੇ ਰਾਤੀਂ ਆਪਣਾ ਹਾਲ ਸੁਣਾਇੰਦਾ । ਤੇਰਾ ਹਾਲ ਬੜਾ ਚੰਗਾ, ਗੋਬਿੰਦ ਰਿਹਾ ਜਣਾਈਆ । ਜੁਗ ਚੌਕੜੀ ਖੇਲ ਕਰਦਾ ਰਿਹੋਂ ਬਹੁ ਰੰਗਾ, ਭੇਵ ਅਭੇਦ ਛੁਪਾਈਆ । ਬੇਅੰਤ ਬੇਅੰਤ ਬੇਅੰਤ ਅਖਵਾ ਕੇ ਬੈਠਾ ਰਿਹੋਂ ਵਿਚ ਘਮੰਡਾ, ਨਜ਼ਰ ਕਿਸੇ ਨਾ ਆਈਆ । ਕਲਜੁਗ ਅੰਤ ਹੁਣ ਹੋ ਨੰਗਾ, ਦਰ ਤੇਰੇ ਮੰਗ ਮੰਗਾਈਆ । ਮਾਸੂਮ ਰੋਵਣ ਹੇਠਾਂ ਕੰਧਾਂ, ਤੇਰਾ ਰਾਹ ਤਕਾਈਆ । ਮੈਂ ਨਾ ਜਾਣਾ ਤੇਰਾ ਲੇਖਾ ਤਾਰਾ ਚੰਦਾ, ਤਾਰਾ ਚੰਦ ਦੇ ਗਲੋਂ ਲਾਹੀਆ । ਜਿੰਨਾਂ ਚਿਰ ਆਪ ਨਾ ਆਏਂ ਹੱਥ ਫੜ ਮਰਦੰਗਾ, ਡੌਰੂ ਡੰਕ ਵਜਾਈਆ । ਪੁਰਖ ਅਕਾਲ ਆਪੇ ਮੰਨਾ, ਮੰਨ ਮੰਨ ਰਿਹਾ ਜਣਾਈਆ । ਉਠ ਮੇਰੇ ਲਾਡਲੇ ਚੰਨਾ, ਤੇਰਾ ਚੰਦ ਕਰੇ ਰੁਸ਼ਨਾਈਆ । ਤੇਰੀ ਵਸੇ ਸਾਚੀ ਛੰਨਾ, ਛੱਪਰੀ ਸੰਬਲ ਆਪ ਸੁਹਾਈਆ । ਤੇਰਾ ਮੇਰਾ ਇਕੋ ਬੰਨਾ, ਹੱਦ ਬੇਹੱਦ ਦਏ ਮਿਟਾਈਆ । ਤੇਰਾ ਮੇਰਾ ਇਕੋ ਮੁੱਕਤਾ ਇਕੋ ਕੰਨਾ, ਟਿੱਪੀ ਬਿੰਦੀ ਕਰੇ ਸਫ਼ਾਈਆ । ਆਹ ਹੋੜਾ

ਕਨੌੜਾ ਫਿਰੇ ਭੰਨਾ, ਸਿਹਾਰੀ ਬਿਹਾਰੀ ਦਏ ਦੁਹਾਈਆ । ਔਂਕੜ ਦੁਲੈਂਕੜ ਦੇਵੇ ਡੰਨਾ, ਡੰਕਾ ਨਾਮ ਵਜਾਈਆ । ਏਹ ਲਾਂ ਦੋਲਾਂਵ ਦੋ ਧਾਰ ਸ੍ਰੀ ਭਗਵਨਾ, ਦੋਹਾਂ ਉਪਰ ਮੁਖ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ ਕਰੇ ਖੇਲ ਸਾਚਾ ਹਰਿ, ਗੋਬਿੰਦ ਆਸਾ ਹਰਿ ਗੋਬਿੰਦ ਪੂਰ ਕਰਾਈਆ ।

❈ ੧੭ ਮੱਘਰ ੨੦੧੯ ਬਿਕਰਮੀ ਵਰਖਾ ਸਿੰਘ ਦੇ ਗ੍ਰਹਿ ਬਾਬੂ ਪੁਰਾ ਜ਼ਿਲਾ ਗੁਰਦਾਸਪੁਰ ❈

ਤੂੰ ਕੌਣ ਤਾਜਾਂ ਵਾਲਾ ਤਾਜੂ, ਸਾਨੂੰ ਤਾਜ ਰਿਹਾ ਵਖਾਈਆ । ਰਾਵੀ ਕੰਢੇ ਫਿਰੇਂ ਬਣ ਕੇ ਬਾਬੂ, ਬਾਬਲ ਆਪਣਾ ਰੂਪ ਛੁਪਾਈਆ । ਐਵੇਂ ਝੇੜਾ ਪਾਇਆ ਵਾਧੂ, ਸ੍ਰਿਸ਼ਟ ਸਬਾਈ ਰਿਹਾ ਨਚਾਈਆ । ਹੁਕਮੇ ਅੰਦਰ ਕਰ ਕਾਬੂ, ਬਚਿਆ ਕੋਏ ਰਹਿਣ ਨਾ ਪਾਈਆ । ਪਿਛੇ ਗੁਰ ਅਵਤਾਰ ਪੀਰ ਪੈਗ਼ੰਬਰ ਸਾਡੇ ਘੱਲਦਾ ਰਿਹੋਂ ਚਾਚੂ, ਪਿਤਾ ਹੱਥ ਕਿਸੇ ਨਾ ਆਈਆ । ਕਲਜੁਗ ਅੰਤਮ ਬਣ ਕੇ ਆਇਉਂ ਬਾਪੂ, ਪੁਰਖ ਅਬਿਨਾਸ਼ੀ ਫੇਰਾ ਪਾਈਆ । ਵੇਖ ਨਿੱਕੇ ਨਿੱਕੇ ਬਾਲੇ ਕਾਕੂ, ਕੱਕੇ ਬੂਰੇ ਥਾਉਂ ਥਾਈਂਆ । ਨੌਂ ਖੰਡ ਪ੍ਰਿਥਮੀ ਤੇਰਾ ਹੁਕਮ ਬਣੇ ਡਾਕੂ, ਡਾਕਾ ਘਰ ਘਰ ਦਏ ਲਗਾਈਆ । ਸਭ ਦੇ ਤੋੜ ਸੱਜਣ ਸਾਕੂ, ਨਾਤਾ ਕੋਇ ਨਜ਼ਰ ਨਾ ਆਈਆ । ਬਿਨ ਹੱਥਾਂ ਬਾਹਵਾਂ ਕਰ ਲੈ ਕਾਚੂ, ਕੁਚਲਦੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਿਉਂ ਐਵੇਂ ਰਿਹਾ ਤਰਸਾਈਆ । ਤਾਜਾਂ ਵਾਲੇ ਤੇਰਾ ਤਜਰਬਾ, ਭੇਵ ਕੋਇ ਨਾ ਆਈਆ । ਲੇਖਾ ਜਾਣੇ ਅਰਬਾਂ ਖ਼ਰਬਾਂ, ਖ਼ਰਬਾਂ ਅਰਬਾਂ ਪਦਮਾਂ ਵਿਚ ਵਟਾਈਆ । ਦੋ ਜਹਾਨਾਂ ਨਿਰਗੁਣ ਸਰਗੁਣ ਦੇਂਦਾ ਰਹੇਂ ਜ਼ਰਬਾਂ, ਤਕਸੀਮ ਆਪਣੇ ਹੱਥ ਰਖਾਈਆ । ਮਰਦਾਂ ਨਾਲ ਮਿਲੌਂਦਾ ਰਿਹੋਂ ਮਰਦਾਂ, ਮਰਦ ਮਰਦਾਨਗੀ ਇਕ ਜਣਾਈਆ । ਨੌਂ ਸੌ ਚੁਰਾਨਵੇਂ ਚੌਕੜੀ ਆਪ ਬੈਠਾ ਰਿਹੋਂ ਡਰਦਾ, ਲੋਕਮਾਤ ਨਾ ਫੇਰਾ ਪਾਈਆ । ਦੂਰ ਦੁਰਾਡਾ ਹੁਕਮ ਰਿਹੋਂ ਘੱਲਦਾ, ਗੁਰ ਅਵਤਾਰ ਸੇਵਾ ਲਾਈਆ । ਨਿਰਗੁਣ ਹੋ ਕੇ ਸਰਗੁਣ ਰਿਹੋਂ ਸੜਦਾ, ਅਗਨੀ ਤੱਤ ਭੇਟ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਵੱਜੇ ਵਧਾਈਆ । ਦੋ ਜਹਾਨਾਂ ਫਿਰੇਂ ਮਿਣਦਾ, ਮਿਣਤੀ ਆਪਣੇ ਹੱਥ ਰਖਾਈਆ । ਮੰਡਲ ਮੰਡਪ ਤਾਰੇ ਫਿਰੇਂ ਗਿਣਦਾ, ਗਿਣਤੀ ਆਪਣੀ ਰਿਹਾ ਕਰਾਈਆ । ਭਗਤ ਦੁਆਰੇ ਨੀਹਾਂ ਆਪੇ ਚਿਣਦਾ, ਚੰਦ ਆਪਣਾ ਕਰ ਰੁਸ਼ਨਾਈਆ । ਖੇਲ ਕਰੇਂ ਛਿੰਨ ਛਿੰਨ ਦਾ, ਸ਼ਹਿਨਸ਼ਾਹ ਆਪਣਾ ਵੇਸ ਵਟਾਈਆ । ਤੇਰਾ ਅੰਤਮ ਲੇਖਾ ਤਿੰਨ ਦਿਨ ਦਾ, ਤ੍ਰੈਲੋਕਾਂ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰ ਸਰਬ ਲੋਕਾਈਆ । ਲੋਕਾਈ ਵੇਖੇ ਮੁਰੱਬਾ ਮੁਸਤਤੀਲ, ਮੁੰਨਕਿਲ ਸਭ ਨੂੰ ਆਪ ਕਰਾਇੰਦਾ । ਪਿਛੇ ਪੌਂਦਾ ਰਿਹਾ ਤਾਅਤੀਲ, ਅੰਤਮ ਮੁਸਤਕਲ ਆਪਣਾ ਹੁਕਮ ਜਣਾਇੰਦਾ । ਕਿਸੇ ਦੀ ਮੰਨੇ ਨਾ ਕੋਇ ਦਲੀਲ, ਦਲੇਰ ਹੋ ਕੇ ਆਪਣਾ ਹੁਕਮ ਮਨਾਇੰਦਾ । ਸੰਤ ਸੁਹੇਲੇ ਲਏ ਮੇਲ, ਮਿਲਾਵਾ ਇਕੋ ਘਰ ਜਣਾਇੰਦਾ । ਨਿਰਗੁਣ ਹੋ ਕੇ ਖੇਲੇ ਖੇਲ, ਖ਼ਾਲਕ ਖ਼ਲਕ ਆਪ ਉਠਾਇੰਦਾ । ਦੋ ਜਹਾਨਾਂ ਕਰ ਕੇ ਵੇਹਲ, ਵੇਹਲਾ ਆਪਣਾ ਰੰਗ ਰੰਗਾਇੰਦਾ । ਕਲਜੁਗ ਅੰਤਮ ਜੋ ਨਿਹਕਲੰਕ ਦੁਆਰੇ ਹੋ ਗਿਆ ਫ਼ੇਲ, ਤਿਸ ਮਕਤਬ ਹੋਰ ਨਾ ਕੋਇ ਵਖਾਇੰਦਾ । ਸਦਾ ਰਹੇ ਧਰਮ ਰਾਏ ਦੀ ਜੇਲ, ਚੁਰਾਸੀ ਗੇੜਾ ਗੇੜ ਵਖਾਇੰਦਾ ।



੨੨੮
੧੩

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਇੰਦਾ । ਫ਼ੇਲ ਪਾਸ ਇਕੋ ਸਬਕ, ਬਿਨ ਅੱਖਰਾਂ ਕਰੇ ਪੜ੍ਹਾਈਆ । ਜਿਸ ਨੂੰ ਪੜ੍ਹ ਨਾ ਸਕੇ ਚੌਦਾਂ ਤਬਕ, ਚੌਦਾਂ ਲੋਕ ਕਹਿਣ ਨਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਰਹੇ ਤਭਕ, ਤਬਅ ਸਭ ਦੀ ਰਿਹਾ ਬਦਲਾਈਆ । ਪੜ੍ਹੌਣ ਵਾਲਾ ਜਦੋਂ ਸ਼ੇਰ ਮਾਰੇ ਭਬਕ, ਸਭ ਨੂੰ ਮੂੰਹ ਦੇ ਭਾਰ ਸੁਟਾਈਆ । ਵੇਖੇ ਹਰਿ ਜੂ ਕਰੇ ਆਪਣਾ ਕਰਤਬ, ਕੁਦਰਤ ਹੁਕਮ ਵਿਚ ਨਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਫ਼ੇਲ ਪਾਸ ਬਿਨ ਸਬਕੋਂ ਵੇਖ ਵਖਾਈਆ । ਫ਼ੇਲ ਪਾਸ ਨਾ ਕੋਇ ਪੱਟੀ, ਇਬਾਰਤ ਜਗਤ ਨਾ ਕੋਇ ਲਿਖਾਇੰਦਾ । ਕਲਮ ਸ਼ਾਹੀ ਨਾ ਮੰਗਾਏ ਕਿਸੇ ਹੱਟੀ, ਕਾਗ਼ਜ਼ ਨਾਲ ਨਾ ਕੋਇ ਮਿਲਾਇੰਦਾ । ਉਂਗਲਾਂ ਨਾਲ ਨਾ ਰਿਹਾ ਦੱਸੀ, ਅਲਫ਼ ਯੇ ਨਾ ਕੋਇ ਜਣਾਇੰਦਾ । ਪ੍ਰੇਮ ਪਿਆਰ ਅੰਦਰ ਜੋ ਫ਼ਸੀ, ਤਿਸ ਕਰ ਪਾਸ ਨਾਤਾ ਫ਼ੇਲ ਤੁੜਾਇੰਦਾ । ਤਾਜ ਵਾਲੇ ਤਖ਼ਤੀ ਸ਼ਾਹ, ਸ਼ਹਿਨਸ਼ਾਹ ਤੇਰੀ ਵਡਿਆਈਆ । ਇਕ ਵਾਰ ਮੁਖ ਦਿਖਾ, ਨੇਤਰ ਨੈਣ ਰਾਹ ਤਕਾਈਆ । ਲੁਕਵੀਂ ਖੇਲ ਦੇ ਹਟਾ, ਆਪਣਾ ਪਰਦਾ ਦੇ ਚੁਕਾਈਆ । ਇਕ ਵਖਾ ਸੱਚਾ ਥਾਂ, ਜਿਸ ਥਾਂ ਮਿਲੇ ਵਡਿਆਈਆ । ਪੁਰਖ ਅਬਿਨਾਸ਼ੀ ਹੋ ਮਿਹਰਵਾਂ, ਮਿਹਰ ਨਜ਼ਰ ਰਿਹਾ ਟਿਕਾਈਆ । ਜਨ ਭਗਤਾਂ ਪਕੜੇ ਬਾਂਹ, ਬਾਹੋਂ ਫੜ ਫੜ ਰਿਹਾ ਉਠਾਈਆ । ਸਚ ਬਬਾਣੇ ਇਕ ਚੜ੍ਹਾ, ਨਿਸ਼ਾਨਾ ਇਕੋ ਇਕ ਜਣਾਈਆ । ਜਿਸ ਨੇ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਲਿਆ ਨਾਂ, ਤਿਸ ਏਥੇ ਓਥੇ ਆਪਣੇ ਸੰਗ ਰਲਾਈਆ । ਤੇਰਾ ਸੰਗ ਦਿਸੇ ਦੂਰ, ਦੂਰ ਦੁਰਾਡਾ ਨਜ਼ਰ ਨਾ ਆਇੰਦਾ । ਪੁਰਖ ਅਬਿਨਾਸ਼ੀ ਕਹੇ ਮੈਂ ਹਾਜ਼ਰ ਹਜ਼ੂਰ, ਨੇਰਨ ਨੇਰਾ ਫੇਰਾ ਪਾਇੰਦਾ । ਅੱਗੇ ਕਰੋ ਨਾ ਮੈਨੂੰ ਮਜ਼ਬੂਰ, ਮਜਬੂਰੀ ਸਭ ਦੀ ਆਪ ਕਟਾਇੰਦਾ । ਪਿਛਲਾ ਬਖ਼ਸ਼ੇ ਸਰਬ ਕਸੂਰ, ਅੱਗੇ ਕਸਰ ਨਾ ਕੋਇ ਰਖਾਇੰਦਾ । ਮੈਥੋਂ ਕੰਮ ਲਿਓ ਘੂਰ ਘੂਰ, ਘੁਰਕੀ ਮੈਂ ਨਾ ਹੁਣ ਵਖਾਇੰਦਾ । ਫੜ ਕੇ ਅੱਗੇ ਲਾਓ ਜੱਟ ਮੁੜ੍ਹ, ਮੁਫ਼ਤ ਤੁਹਾਡੀ ਸੇਵ ਕਮਾਇੰਦਾ । ਸਾਰਿਆਂ ਨੂੰ ਦੱਸੋ ਸ੍ਰੀ ਭਗਵਾਨ ਲੱਭਾ ਮਜ਼ੂਰ, ਬਿਨ ਮਜ਼ੂਰੀਉਂ ਮੁਰਸ਼ਦ ਮੁਰੀਦਾਂ ਸੇਵਾ ਕਮਾਇੰਦਾ । ਜੇ ਤੁਹਾਡੇ ਘਰ ਹੋਏ ਹਨੇਰਾ ਆਪਣਾ ਜੋਤੀ ਦੇਵਾਂ ਨੂਰ, ਨੂਰ ਵੇਖ ਵੇਖ ਖ਼ੁਸ਼ੀ ਮਨਾਇੰਦਾ । ਤੁਹਾਡਾ ਆਪਣੀ ਝੋਲੀ ਪਾਵਾਂ ਕੂੜ, ਸਚ ਤੁਹਾਡੇ ਘਰ ਵਸਾਇੰਦਾ । ਤੁਹਾਡੀ ਆਸਾ ਕਰਾਂ ਪੂਰ, ਆਪਣੀ ਆਸਾ ਹੋਰ ਵਧਾਇੰਦਾ । ਆਪਣਾ ਤਾਜ ਗੁਰਮੁਖਾਂ ਦੇ ਸਿਰ ਤੇ ਰੱਖਾਂ ਜ਼ਰੂਰ, ਹੋ ਮਜ਼ਬੂਰ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਮਗਰੀ ਇਕੋ ਇਕ ਵਰਤਾਇੰਦਾ । ਵਲ ਛਲ ਤੇਰਾ ਡੂੰਘਾ ਰਾਜ਼, ਰਾਜ਼ਕ ਨਜ਼ਰ ਕਿਸੇ ਨਾ ਆਈਆ । ਜੁਗ ਜੁਗ ਕਰਦਾ ਰਿਹੋਂ ਸਾਜ਼ ਬਾਜ਼, ਬਾਜ਼ੀਗਰ ਨਟ ਨਟੂਆ ਸਾਂਗ ਵਰਤਾਈਆ । ਚਾਰ ਵਰਨ ਬਣਾ ਸਮਾਜ, ਘਰ ਘਰ ਵੰਡ ਵੰਡਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਅੱਲਾ ਵਾਹਿਗੁਰੂ ਰਾਮ ਨਾਮ ਦਿਤਾ ਦਾਜ, ਪਟਾਰੀ ਆਪਣਾ ਨਾਮ ਫੜਾਈਆ । ਲੋਕਮਾਤ ਰਚ ਰਚ ਕਾਜ, ਕਾਦਰ ਆਪਣੀ ਖੇਲ ਕਰਾਈਆ । ਕਿਸੇ ਸੁਤਿਆਂ ਮਾਰ ਆਵਾਜ਼, ਕਿਸੇ ਜਾਗਦਿਆਂ ਲਿਆ ਮਿਲਾਈਆ । ਕਿਸੇ ਦਾ ਡੁੱਬਦਾ ਤਾਰਿਆ ਜਹਾਜ਼, ਕਿਸੇ ਦਾ ਤਰਦਾ ਦਿਤਾ ਡੁਬਾਈਆ । ਧੰਨ ਧੰਨ ਤੈਨੂੰ ਕਹਿੰਦੇ ਗਏ ਗੁਰੂ ਮਹਾਰਾਜ, ਬੇਅੰਤ ਤੇਰੀ ਵਡਿਆਈਆ । ਜੁਗ ਚੌਕੜੀ ਵੇਂਹਦਾ ਰਿਹੋਂ ਖੇਲ ਤਮਾਸ਼, ਨਿਰਗੁਣ ਆਪਣਾ ਮੁਖ ਛੁਪਾਈਆ । ਭਗਤਾਂ ਨਾਲ ਕਰਦਾ ਰਿਹੋਂ ਹਾਸ ਬਲਾਸ, ਕਬੀਰ ਜੁਲਾਹੇ ਗੰਗਾ ਵਿਚ ਰੁੜ੍ਹਾਈਆ । ਇਕ ਵਾਰ ਕਰ ਕੇ ਸਾਰੇ ਨਰਾਸ, ਫੇਰ ਅੰਤ ਹੋਏਂ ਸਹਾਈਆ ।

ਅਸੀਂ ਤੇਰੀ ਪਿਛਲੀ ਨਹੀਂ ਮੰਨਣੀ ਬਾਤ, ਅੱਗੇ ਆਪਣੀ ਰੀਤ ਜਣਾਈਆ । ਜਿੰਨਾਂ ਚਿਰ ਦਰਸ ਨਾ ਦੇਵੇਂ ਸਾਖਿਆਤ, ਸਾਜਣ ਤੈਨੂੰ ਨਾ ਕੋਇ ਅਖਵਾਈਆ । ਪੁਰਖ ਅਬਿਨਾਸ਼ੀ ਮੰਨ ਕੇ ਕਹਿਣਾ ਹੋਇਆ ਦਾਸ, ਘਰ ਘਰ ਫੇਰਾ ਪਾਈਆ । ਡਰਦਾ ਫਿਰਦਾ ਸੁਣਾਏ ਗਾਥ, ਆਪਣਾ ਢੋਲਾ ਗਾਈਆ । ਉਂਗਲਾਂ ਨਾਲ ਲਗਾਈ ਫਿਰੇ ਤ੍ਰਲੋਕੀ ਨਾਥ, ਕ੍ਰਿਸ਼ਨ ਬਾਲਿਆਂ ਵਾਂਗ ਖਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਛਲ ਛਲ ਧਾਰੀ, ਭਗਤ ਵਛਲ ਗਿਰਧਾਰੀ, ਗਿਰਵਰ ਆਪਣਾ ਫੇਰਾ ਪਾਈਆ । ਗਿਰਵਰ ਗਿਰਧਾਰ ਮੁਕੰਦ ਮਨੋਹਰ ਲਖਮੀ ਨਰਾਇਣ, ਨਰ ਹਰਿ ਆਪਣੀ ਖੇਲ ਕਰਾਇੰਦਾ । ਸਿਫ਼ਤ ਸਾਲਾਹੀ ਬੇਪਰਵਾਹੀ ਕੋਈ ਨਾ ਸਕੇ ਕਹਿਣ, ਕਹਿ ਕਹਿ ਅੰਤ ਨਾ ਕੋਇ ਜਣਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਭਾਣਾ ਸਿਰ ਤੇ ਸਹਿਣ, ਸਹਿ ਸਹਿ ਸ਼ੁਕਰ ਮਨਾਇੰਦਾ । ਕਲਜੁਗ ਅੰਤਮ ਭਗਤ ਭਗਵੰਤ ਆਇਆ ਲੈਣ, ਲਹਿਣਾ ਦੇਣਾ ਮੂਲ ਚੁਕਾਇੰਦਾ । ਆਓ ਵੇਖੋ ਦਰਸ਼ਨ ਨੈਣ, ਨੇਤਰ ਨੈਣ ਸਰਬ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਲ ਛਲ ਆਪਣਾ ਰਾਹ ਚਲਾਇੰਦਾ । ਵਲ ਛਲ ਧਾਰੀ, ਤੇਰਾ ਡੂੰਘਾ ਸਾਗਰ, ਦੋ ਜਹਾਨ ਨਜ਼ਰ ਨਾ ਆਈਆ । ਚਾਰ ਜੁਗ ਖੇਲ ਕਰਦਾ ਰਿਹੋਂ ਪੰਜ ਤੱਤ ਕਾਇਆ ਗਾਗਰ, ਗੁਰ ਅਵਤਾਰ ਨਾਉਂ ਧਰਾਈਆ । ਆਪਣਾ ਨਾਮ ਹੱਟੋ ਹੱਟ ਵੇਚਦਾ ਰਿਹੋਂ ਬਣ ਸੌਦਾਗਰ, ਵਣਜਾਰੇ ਗੁਰ ਗੁਰ ਰੂਪ ਵਖਾਈਆ । ਸਾਰੇ ਤੈਨੂੰ ਕਹਿੰਦੇ ਗਏ ਕਰੀਮ ਕਾਦਰ, ਕਰਤਾ ਪੁਰਖ ਬੇਪਰਵਾਹੀਆ । ਤੇਰਾ ਮੰਨਦੇ ਗਏ ਸਾਰੇ ਆਡਰ, ਅੱਡਾ ਬੈਠਾ ਨਾ ਕੋਇ ਜਮਾਈਆ । ਕਲਜੁਗ ਅੰਤਮ ਬਣਿਉਂ ਆਪ ਬਹਾਦਰ, ਨਿਰਗੁਣ ਆਪਣਾ ਫੇਰਾ ਪਾਈਆ । ਜਿਉਂ ਤੇਗ ਬਹਾਦਰ ਦੀ ਚਿੱਟੀ ਚਾਦਰ, ਤੇਗ਼ ਸ਼ਮਸ਼ੀਰ ਸ਼ਮਸ ਖੜਕਾਈਆ । ਜਿਉਂ ਗੋਬਿੰਦ ਦਿਤਾ ਆਦਰ, ਪੁਰਖ ਅਕਾਲ ਆਦਰਸ਼ ਵਖਾਈਆ । ਅੰਤ ਕਲ ਜਨ ਭਗਤਾਂ ਪਿਛੇ ਹੋਇਉਂ ਪਾਗਲ, ਆਪਣੀ ਸੁਧ ਨਾ ਕੋਇ ਰਖਾਈਆ । ਚਾਰੋਂ ਕੁੰਟ ਵੇਖ ਅੰਧੇਰੇ ਬਾਦਲ, ਆਪਣਾ ਨੂਰ ਕਰੇਂ ਰੁਸ਼ਨਾਈਆ । ਅੰਤ ਕਰੇਂ ਸਤਿ ਤਬਾਦਲ, ਅਦਲਾ ਬਦਲੀ ਖੇਲ ਰਚਾਈਆ । ਹਰਿਜਨ ਮਿਲੇ ਇਕੋ ਬਾਬਲ, ਦੋ ਜਹਾਨਾਂ ਹੋਏ ਸਹਾਈਆ । ਹਰਿ ਸੰਗਤ ਵਿਚ ਬੈਠਾ ਵਲੀ ਕੰਧਾਰੀ ਜੋ ਆਇਆ ਵਿਚੋਂ ਕਾਬਲ, ਖੇਲ ਨਾਨਕ ਨਾਲ ਕਰਾਈਆ । ਮੰਗਿਆ ਵਰ ਪ੍ਰਭ ਮਿਲੇ ਆਦਲ, ਅਦਾਲਤ ਆਪਣੀ ਦਏ ਜਣਾਈਆ । ਗੁਰ ਨਾਨਕ ਕਹੇ ਪੁਰਖ ਅਕਾਲ ਇਕੋ ਕਾਬਲ, ਕਬਜ਼ਾ ਸਭ ਦੇ ਉਤੇ ਰਖਾਈਆ । ਤੇਰਾ ਲੇਖਾ ਜਾਣੇ ਬਾਤਨ, ਜ਼ਾਹਰ ਨਾ ਕੋਇ ਚਤੁਰਾਈਆ । ਕਲਜੁਗ ਅੰਤਮ ਬਣਾਏ ਸਾਥਨ, ਹਰਿ ਭਗਤਾਂ ਨਾਲ ਮਿਲਾਈਆ । ਮਾਣਸ ਜਨਮ ਢੋਲਾ ਗੌਣਾ ਸੋਹੰ ਗਾਥਨ, ਗਾ ਗਾ ਖ਼ੁਸ਼ੀ ਮਨਾਈਆ । ਮੇਲਾ ਸਿੰਘ ਪੰਜਾਬੀ ਰੂਪ ਵਟਾਇਆ ਵਿਚ ਪੰਜਾਬਨ, ਪੰਜਾ ਨਾਨਕ ਦਿਤਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਹੱਥੋ ਹੱਥ ਚੁਕਾਈਆ । ਕੰਨੀਂ ਨੱਤੀ ਪਿਛਲਾ ਮੁੰਦਰਾ, ਨਿਸ਼ਾਨੀ ਰਿਹਾ ਜਣਾਈਆ । ਪਿਛੇ ਰਾਹ ਤੱਕਦਾ ਰਿਹਾ ਵੜ ਕੇ ਡੂੰਘੀਆਂ ਕੁੰਦਰਾਂ, ਕੁੰਡਾ ਜਿੰਦਰਾ ਬਾਹਰੋਂ ਲਾਈਆ । ਅੰਤ ਬੂਟਾ ਵੇਖੋ ਪੁੰਗਰਾ, ਨਾਨਕ ਦਰਸ ਆਇਆ ਕਰਾਈਆ । ਹੁਣ ਵੇਖਿਆ ਹਿਸਾਬ ਕੁੰਡਲਾਂ, ਕੁੰਡੀ ਆਪਣੇ ਨਾਮ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਵਲੀ ਨਾਲ ਵਲੀ ਕੀਤਾ ਅਹਿਦ, ਅਹਿਦ ਨਾਮਾ ਪਰਵਰਦਿਗਾਰ ਆਪਣੇ ਹੱਥ ਰਖਾਈਆ । ਵੇਖੋ ਦਰ ਤੇ ਆਈ ਭਾਵੀ, ਭੌ ਇਕੋ ਇਕ ਡਰਾਈਆ । ਡਰਦੀ ਮਾਰੀ ਹੋਈ ਪੀਲੀ ਸਾਵੀ, ਰੰਗ ਰੰਗ ਰਿਹਾ ਵਟਾਈਆ । ਬੇਲੇ

ਵਿਚ ਹਰਿ ਜੂ ਬੈਠਾ ਕੰਢੇ ਰਾਵੀ, ਕੰਡਾ ਸਭ ਨੂੰ ਰਿਹਾ ਖੁਬਾਈਆ । ਭੱਜੀ ਫਿਰਦੀ ਹੋਈ ਫਾਵੀ, ਚਾਰੋਂ ਕੁੰਟ ਪੰਧ ਮੁਕਾਈਆ । ਦੂਰ ਦੁਰਾਡੀ ਗੁਰਮੁਖਾਂ ਕੋਲੋਂ ਸੁਣਦੀ ਸ੍ਰੀ ਭਗਵਾਨ ਕਲਜੁਗ ਅੰਤਮ ਆਪਣੀ ਕਰਨ ਆਇਆ ਲਾਵੀ, ਨਾਮ ਦਾਤੀ ਪਿੱਠ ਪਿਛੇ ਲਟਕਾਈਆ । ਮੈਂ ਵੀ ਵੇਖਾਂ ਚਾਵੀਂ ਚਾਵੀਂ, ਚਾਉ ਘਨੇਰਾ ਇਕ ਜਣਾਈਆ । ਬਣ ਕਿਰਸਾਣਾ ਵੱਢੇ ਕੇਹੜੀ ਬਾਹੀ, ਕਿਸ ਬਿਧ ਆਪਣਾ ਖੇਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਰਿਹਾ ਵਖਾਈਆ । ਭਾਵੀ ਕਹੇ ਮੇਰੇ ਭਗਵਾਨ, ਦਰ ਤੇਰੇ ਸੀਸ ਝੁਕਾਇਆ । ਤੁਧ ਬਿਨ ਮੈਨੂੰ ਕੋਈ ਨਾ ਦੇਵੇ ਦਾਨ, ਮੈਂ ਭੁੱਖੀ ਵਾਸਤਾ ਪਾਇਆ । ਲੱਖ ਚੁਰਾਸੀ ਮੇਰਾ ਪਕਵਾਨ, ਜੇ ਦੇਵੇਂ ਹੁਕਮ ਤੇ ਲਵਾਂ ਖਾਇਆ । ਮੈਂ ਫਿਰ ਫਿਰ ਹੋਈ ਹੈਰਾਨ, ਤੇਰਾ ਭੇਵ ਕੋਇ ਨਾ ਆਇਆ । ਕਿਉਂ ਤੂੰ ਪਹਿਲੋਂ ਚੁਣ ਚੁਣ ਆਪਣੇ ਆਪ ਕੱਢੇਂ ਪਛਾਣ, ਅਜੇ ਹੁਕਮ ਨਾ ਮੈਨੂੰ ਸੁਣਾਇਆ । ਸ੍ਰੀ ਭਗਵਾਨ ਹੋ ਮਿਹਰਵਾਨ, ਸਿਰ ਰਿਹਾ ਹੱਥ ਟਿਕਾਇਆ । ਵੇਖ ਬੱਚੀ ਖੇਲ ਮਹਾਨ, ਹਰਿ ਸਤਿਗੁਰ ਰਿਹਾ ਕਰਾਇਆ । ਚਾਰੋਂ ਕੁੰਟ ਵੇਖ ਮਾਰ ਧਿਆਨ, ਤੇਰੀ ਨਜ਼ਰ ਨਜ਼ਰ ਨਾਲ ਰਿਹਾ ਮਿਲਾਇਆ । ਇਕੋ ਮੰਨਣਾ ਸਚ ਫ਼ਰਮਾਣ, ਧੁਰ ਸੰਦੇਸ਼ਾ ਰਿਹਾ ਜਣਾਇਆ । ਜਿਸ ਦੁਆਰੇ ਢੋਲਾ ਲੱਗੇ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਦਰਵਾਜਾ ਬੰਦ ਕਰਾਇਆ । ਜਾ ਕੇ ਚਰਨੀਂ ਡਿਗੀਂ ਭਗਤਾਂ ਕਰੀਂ ਪਰਨਾਮ, ਪੱਲੂ ਗਲ ਵਿਚ ਪਾਇਆ । ਮੈਨੂੰ ਦਿਓ ਸੱਚਾ ਨਾਮ, ਜਿਹੜਾ ਸਤਿਗੁਰ ਤੁਹਾਨੂੰ ਵਰਤਾਇਆ । ਮੈਂ ਫਿਰ ਜਾਵਾਂ ਲੱਖ ਚੁਰਾਸੀ ਖਾਣ, ਘਰ ਘਰ ਫੇਰਾ ਪਾਇਆ । ਮੇਰੇ ਹੱਥ ਕੁਹਾੜਾ ਫੜਾਏ ਤਰਖਾਣ, ਜੱਟ ਡੰਡਿਆਂ ਨਾਲ ਰਿਹਾ ਡਰਾਇਆ । ਜੇ ਪਿਛੇ ਮੁੜੀ ਆਣ, ਮਾਰ ਚਪੇੜਾਂ ਮੁਖ ਭੁਆਇਆ । ਮੈਂ ਅੰਤ ਹੋਈ ਹੈਰਾਨ, ਹਰਿ ਜੂ ਇਹ ਕੀ ਖੇਲ ਰਚਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰੰਗ ਆਪਣਾ ਰਿਹਾ ਵਖਾਇਆ । ਭਾਵੀ ਕਹੇ ਮੈਂ ਆਈ ਭੌਂਦੀ, ਚੱਕਰ ਜਗਤ ਲਗਾਈਆ । ਰਾਵੀ ਕੰਢੇ ਵੇਖਿਆ ਸੰਗਤ ਸੋਹੰ ਢੋਲਾ ਗੌਂਦੀ, ਗਾ ਗਾ ਸ਼ੁਕਰ ਮਨਾਈਆ । ਰਾਤ ਜਾਗਦੀ ਦਿਨੇ ਨਾ ਸੌਂਦੀ, ਸੁਤਿਆਂ ਰੈਣ ਨਾ ਕੋਇ ਵਿਹਾਈਆ । ਅੱਠੇ ਪਹਿਰ ਸ੍ਰੀ ਭਗਵਾਨ ਦੀਆਂ ਔਸੀਆਂ ਪੌਂਦੀ, ਇਕੋ ਆਸ ਰਖਾਈਆ । ਸ੍ਰੀ ਭਗਵਾਨ ਇਕੋ ਗੱਲ ਭੌਂਦੀ, ਭਗਤਾਂ ਹੋਏ ਸਹਾਈਆ । ਮੈਨੂੰ ਹੁਕਮ ਦਿਤਾ ਜਾ ਕੇ ਦੋ ਜਹਾਨਾਂ ਪਿੱਟ ਡੌਂਡੀ, ਸਭ ਨੂੰ ਦੇ ਉਠਾਈਆ । ਅੰਤਮ ਕਿਸੇ ਦਾ ਮੁਲ ਨਾ ਪੈਣਾ ਕੌਡੀ, ਕੀਮਤ ਕਰਤਾ ਨਾ ਕੋਇ ਰਖਾਈਆ । ਬੀਤਦੀ ਜਾਏ ਸਦੀ ਚੌਧਵੀਂ, ਚੌਦਸ ਚੰਦ ਨਾ ਕੋਇ ਰੁਸ਼ਨਾਈਆ । ਨਾਤਾ ਤੁਟੇ ਮੁਲਾਂ ਮੌਲਵੀ, ਮਿਲਖ ਜਾਗੀਰ ਵੈਰਾਨ ਵਖਾਈਆ । ਧੌਲ ਉਤੋਂ ਲਾਹੇ ਭਾਰ ਹਰਿ ਜੂ ਵੱਡਾ ਧੌਲਵੀ, ਧੌਲਾਂ ਮਾਰ ਮਾਰ ਪਰੇ ਹਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਾਵੀ ਇਕੋ ਗਲ ਜਣਾਈਆ । ਭਾਵੀ ਕਹੇ ਤੇਰੀ ਸੱਚੀ ਗੱਲ, ਸ੍ਰੀ ਭਗਵਾਨ ਮੋਹੇ ਭਾਈਆ । ਤੇਰੇ ਭਗਤਾਂ ਸੰਗ ਜਾਵਾਂ ਰਲ, ਰਲ ਮਿਲ ਖ਼ੁਸ਼ੀ ਮਨਾਈਆ । ਬਾਕੀ ਸਭ ਦੀ ਲਾਹਵਾਂ ਖੱਲ, ਆਪਣਾ ਹੁਕਮ ਮਨਾਈਆ । ਹੁਕਮੇ ਅੰਦਰ ਚੜ੍ਹੇ ਦਲ, ਦਰੜ ਫਰੜ ਕਰਾਂ ਲੋਕਾਈਆ । ਤੇਰੀ ਭਾਵੀ ਕਿਉਂ ਨਾ ਕਰੇ ਛਲ, ਜਿਸ ਤੇਰੀ ਪੜ੍ਹੀ ਪੜ੍ਹਾਈਆ । ਚਾਰ ਕੁੰਟ ਦਹਿ ਦਿਸ਼ਾ ਰਾਹ ਬਹਵਾਂ ਮੱਲ, ਅੱਗੇ ਆ ਨਾ ਕੋਇ ਛੁਡਾਈਆ । ਜੇ ਕੋਈ ਧੀਗੋ ਜੋਰੀ ਕਰੇ ਤੇਰੇ ਵਲ ਦੇਵਾਂ ਘੱਲ, ਤੂੰ ਹੋਣਾ ਅੰਤ ਸਹਾਈਆ । ਕਿਸੇ ਪੀਣ ਨਾ ਦੇਵਾਂ ਜਲ, ਥਲ ਸਭ ਨੂੰ ਦਿਆਂ ਰੁਲਾਈਆ । ਮੈਂ ਤੇਰਾ ਭਾਣਾ ਰਹੀ ਝੱਲ, ਤੇਰਾ ਭਾਣਾ ਮੇਰਾ ਖੇਲ ਵਖਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਰੱਬੀ ਨੂਰ ਇਲਾਹੀਆ । ਓ ਰੱਬੀ ਰੱਬ, ਕੀ ਇਹ ਖੇਲ ਰਚਾਇਆ । ਹੁਕਮ ਦੇ ਝੱਬ, ਮੈਂ ਸਭ ਨੂੰ ਲਵਾਂ ਦਬਾਇਆ । ਉਤੋਂ ਲਵਾਂ ਦੱਬ, ਸਿਰ ਸਕੇ ਨਾ ਕੋਇ ਉਠਾਇਆ । ਦਾੜ੍ਹਾਂ ਹੇਠ ਲਵਾਂ ਚੱਬ, ਚਕਨਾ ਚੂਰ ਕਰਾਇਆ । ਨਾ ਜਾਣਾ ਵੱਡਾ ਛੋਟਾ ਕੱਦ, ਸਾਰੇ ਇਕੋ ਰਾਹ ਵਖਾਇਆ । ਨੌਂ ਖੰਡ ਪ੍ਰਿਥਮੀ ਵੇਖਾਂ ਫਿਰ ਫਿਰ ਹੱਦ, ਦੂਰ ਦੁਰਾਡਾ ਪੰਧ ਮੁਕਾਇਆ । ਲੱਖ ਚੁਰਾਸੀ ਮੇਰੀ ਮੱਛੀ ਡੱਡ, ਮੇਰਾ ਪੇਟ ਨਾ ਕਿਸੇ ਭਰਾਇਆ । ਮੈਂ ਖ਼ੁਸ਼ੀਆਂ ਨਾਲ ਚੱਬਾਂ ਹੱਡ, ਹਾਕਣ ਡਾਕਣ ਰੂਪ ਵਟਾਇਆ । ਤੈਥੋਂ ਡਰਦੀ ਤੇਰੇ ਭਗਤ ਬਾਹਰ ਲਵਾਂ ਕੱਢ, ਲੱਖ ਚੁਰਾਸੀ ਫੋਲ ਫੁਲਾਇਆ । ਕੋਲ ਜਾ ਕੇ ਸੁਣਾਂ ਸੋਹੰ ਨਦ, ਕੰਨ ਕੰਨਾਂ ਨਾਲ ਮਿਲਾਇਆ । ਫਿਰ ਖ਼ੁਸ਼ੀ ਹੋ ਕੇ ਓਨ੍ਹਾਂ ਨਾਲ ਕਰ ਕੇ ਆਵਾਂ ਹੱਜ, ਮੱਕਾ ਕਾਅਬਾ ਡੇਰਾ ਢਾਹਿਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਗਏ ਲਦ, ਭਾਵੀ ਸਕੇ ਨਾ ਕੋਇ ਮਿਟਾਇਆ । ਅੰਤ ਕਲ ਓ ਸਾਹਿਬ ਮੇਰਾ ਸੁਲਤਾਨ ਸ਼ੇਰ ਹੋ ਕੇ ਮੇਰੇ ਨਾਲ ਰਿਹਾ ਗੱਜ, ਮੈਂ ਚਾਈਂ ਚਾਈਂ ਭੱਜਾਂ ਵਾਹੋ ਦਾਹਿਆ । ਬਿਨ ਸਤਿਗੁਰ ਪੂਰਨ ਪੂਰਨ ਪਰਮੇਸ਼ਰ ਕੋਈ ਪਰਦਾ ਨਾ ਸਕੇ ਕੱਜ, ਅੱਗੇ ਪਿਛੇ ਨਾ ਕੋਇ ਸਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਖੇਲ, ਖੇਲ ਬੇਪਰਵਾਹਿਆ । ਹੋਣੀ ਕਹੇ ਮੈਂ ਕਰਨੀ ਅਣਹੋਣੀ, ਮੇਰੀ ਕੀਤੀ ਨਾ ਕੋਇ ਉਲਟਾਈਆ । ਲੱਖ ਚੁਰਾਸੀ ਫੜ ਕੇ ਕੋਹਣੀ, ਬਚਿਆ ਕੋਇ ਰਹਿਣ ਨਾ ਪਾਈਆ । ਮੈਂ ਹੱਥ ਵਿਚ ਫੜ ਲਈ ਬੇਸਬਰੀ ਦੋਹਣੀ, ਲਹੂ ਮਿਝ ਨਾਲ ਭਰਾਈਆ । ਲੱਖ ਚੁਰਾਸੀ ਮੈਨੂੰ ਲੱਗੇ ਸੋਹਣੀ, ਇਕੋ ਵਾਰ ਵਿਚ ਛੁਪਾਈਆ । ਬਿਨ ਭਗਤਾਂ ਘਰ ਘਰ ਪਏ ਰੋਣੀ, ਰੌਣਕ ਸਭ ਦੀ ਦਿਆਂ ਗਵਾਈਆ । ਸਭ ਨੂੰ ਭੁੱਲੇ ਸੇਜ ਸੌਣੀ, ਕੰਤ ਨਾਰ ਨਾ ਕੋਇ ਹੰਢਾਈਆ । ਪੁਰਖ ਅਬਿਨਾਸ਼ੀ ਦੇ ਹੁਕਮ ਨਾਲ ਮੈਂ ਪਹਿਲੋਂ ਕਰਨੀ ਬੌਹਣੀ, ਵੰਡ ਵੇਰਵੇ ਵਾਰ ਫੇਰ ਸਮਝਾਈਆ । ਪਿਛੋਂ ਨਾਲੋਂ ਮੇਰੀ ਤਾਕਤ ਹੋ ਗਈ ਚੌਣੀ, ਕਿਉਂ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਮੇਰਾ ਹੋਇਆ ਸਹਾਈਆ । ਲੱਤਾਂ ਬਾਹਵਾਂ ਮਾਰ ਸ੍ਰਿਸ਼ਟ ਸਬਾਈ ਢੌਣੀ, ਧੱਕੋ ਧੱਕੀ ਖ਼ਾਕ ਬਣਾਈਆ । ਕਿਸੇ ਸ਼ਹਿਨਸ਼ਾਹ ਦੀ ਬਣੀ ਨਾ ਰਹਿ ਜਾਏ ਛੌਣੀ, ਸ਼ਾਹ ਪਾਤਸ਼ਾਹ ਕਰਾਂ ਸਫ਼ਾਈਆ । ਮੇਰਾ ਪੀਆ ਮੇਰਾ ਪ੍ਰੀਤਮ ਮੇਰਾ ਸ਼ਹਿਨਸ਼ਾਹ ਮੈਨੂੰ ਕਹੇ ਮੇਰੀ ਚੰਗੀ ਹੋਣੀ, ਜਿਸ ਚੰਗੀ ਤਰਾਂ ਕੀਤੀ ਸਫ਼ਾਈਆ । ਜੇ ਕੋਈ ਅੜੇ ਫੜ ਫੜ ਚਾੜ੍ਹਾਂ ਤੌਣੀ, ਖਲੜੀ ਖੱਲ੍ਹ ਲੁਹਾਈਆ । ਇਕ ਜੋੜਾ ਨਿਸ਼ਾਨੀ ਰਹਿ ਜਾਏ ਕਾਂ ਕੌਣੀ, ਦੂਜਾ ਕੋਇ ਨਜ਼ਰ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਹੁਕਮ ਮਨਾਈਆ ।



ਨੌਂ ਸੌ ਚੁਰਾਨਵੇਂ ਚੌਕੜੀ ਜੁਗ ਨਾ ਆਵੇ ਨੇੜੇ, ਦੂਰੋਂ ਦੂਰੋਂ ਮੰਗ ਮੰਗਾਈਆ । ਜੁਗ ਜੁਗ ਪ੍ਰਭੂ ਜੀ ਨਿੱਕੀਆਂ ਨਿੱਕੀਆਂ ਛੇੜਾਂ ਛੇੜੇ, ਡੋਰੀ ਗੁਰ ਅਵਤਾਰਾਂ ਹੱਥ ਫੜਾਈਆ । ਫਿਰ ਅੱਗੇ ਪਿਛੇ ਉਹ ਵੀ ਰੇੜ੍ਹੇ, ਕਾਇਆ ਭਾਂਡੇ ਭੰਨ ਵਖਾਈਆ । ਆਪੇ ਬੈਠਾ ਰਹੇ ਕਰ ਕੇ ਵੱਡੇ ਜੇਰੇ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਭਾਵੀ ਕੀਤੇ ਖੇਲ ਬਥੇਰੇ, ਲੋਕਮਾਤ ਚਾਈਂ ਚਾਈਆ । ਕਲਜੁਗ ਅੰਤ ਹਰਿ ਜੂ ਕਰੇ ਹੱਕ ਨਬੇੜੇ, ਹੱਕੋ ਹੱਕ ਰਿਹਾ ਜਣਾਈਆ । ਹੋਣੀ ਹੁਣ ਵੀ ਚਲ ਕੇ ਆਈ ਭਗਤਾਂ ਖੇੜੇ, ਭਗਤਾਂ ਨਾਲ ਅੰਗ ਮਿਲਾਈਆ । ਕੱਲੀ ਨਾ ਆਵੇ ਮੇਰੇ ਵੇਹੜੇ, ਦੂਰ

ਦੁਰਾਡੀ ਵਾਸਤਾ ਪਾਈਆ । ਜਿਥੇ ਗੁਰਸਿਖ ਲਾ ਕੇ ਬੈਠੇ ਡੇਰੇ, ਪੁਰਖ ਅਬਿਨਾਸ਼ੀ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਹੋਣੀ ਬੜੇ ਚਿਰਾਂ ਪਿਛੋਂ ਸੰਗਤ ਵਿਚ ਰਲਾ ਆਪਣੇ ਕੋਲ ਬਹਾਈਆ । ਚਾਰ ਜੁਗ ਦੀ ਵੇਖੀ ਚੌਂਕੀ, ਪਾਵੇ ਚਾਰ ਬਣਾਈਆ । ਇਸ ਤੋਂ ਅੱਗੇ ਪਾਰਬ੍ਰਹਮ ਦੀ ਸਭ ਨੂੰ ਦਿਸੇ ਕੁਲ ਔਂਤੀ, ਔਂਤਰਾ ਰੂਪ ਵਖਾਈਆ । ਜਿਥੇ ਰੂਹ ਨਾ ਕੋਈ ਪਹੁੰਚੀ, ਭੇਵ ਨਾ ਕੋਇ ਖੁਲ੍ਹਾਈਆ । ਸਾਰੇ ਕਹਿਣ ਪੁਰਖ ਅਕਾਲ ਇਕੋ ਫਿਰੇ ਜੌਂਕੀ, ਇਕ ਇਕੱਲਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪਣੇ ਵਿਚ ਛੁਪਾਈਆ । ਜੌਂਕੀ ਹੁਣੇ ਹੋਇਆ ਵੇਹਲਾ, ਪਿਛਲਾ ਲੇਖਾ ਤਜਾਈਆ । ਇਕੋ ਨਾਲ ਰਲਿਆ ਗੋਬਿੰਦ ਚੇਲਾ, ਦੋਹਾਂ ਮਿਲ ਕੇ ਖ਼ੁਸ਼ੀ ਮਨਾਈਆ । ਆਪਣਾ ਵੇਖਣ ਆਇਆ ਵੇਲਾ, ਵੇਹਲਾ ਹੋ ਕੇ ਫੇਰਾ ਪਾਈਆ । ਜਨ ਭਗਤਾਂ ਬਣ ਸੱਜਣ ਸੁਹੇਲਾ, ਸਾਚੀ ਖ਼ੁਸ਼ੀ ਮਨਾਈਆ । ਜਿਨ੍ਹਾਂ ਖ਼ਾਦਾ ਬੱਕਰਾ ਲੇਲਾ ਛੇਲਾ, ਛਿਲਾਂ ਸਭ ਦੀਆਂ ਰਿਹਾ ਲੁਹਾਈਆ । ਨੌਂ ਖੰਡ ਪ੍ਰਿਥਮੀ ਵੇਖੇ ਜੰਗਲ ਬੇਲਾ, ਗੁਰ ਅਵਤਾਰ ਪੀਰ ਪੈਗ਼ੰਬਰ ਬਿਲੀ ਮਿਆਉਂ ਨਾ ਕੋਇ ਕਰਾਈਆ । ਕਿਉਂ, ਸ਼ੇਰ ਸਿੰਘ ਬਣ ਕੇ ਆਇਆ ਵੱਡਾ ਬਘੇਲਾ, ਬਾਘ ਸਾਰਿਆਂ ਰਿਹਾ ਡਰਾਈਆ । ਵਿਸ਼ਨੂੰ ਕਹੇ ਮੈਨੂੰ ਗੋਦੀ ਲੈ ਲਾ, ਮੈਥੋਂ ਤਾਬ ਝੱਲੀ ਨਾ ਜਾਈਆ । ਸ੍ਰੀ ਭਗਵਾਨ ਕਹੇ ਓਏ ਨਾ ਡਰ ਮੈਂ ਕਰਦਾਂ ਰੇਲਾ ਪੇਲਾ, ਰੋੜ੍ਹ ਇਕੋ ਵਾਰ ਵਹਾਈਆ । ਫਿਰ ਵੀ ਵੇਹਲੇ ਦਾ ਵੇਹਲਾ, ਕੰਮ ਨਜ਼ਰ ਕੋਇ ਨਾ ਆਈਆ । ਇਕੋ ਨਾਲ ਲਿਆਇਆ ਨਿੱਕਾ ਜਿਹਾ ਠੇਲਾ, ਜਿਨ੍ਹਾਂ ਉਤੇ ਗੁਰਮੁਖ ਲਏ ਬਹਾਈਆ । ਕਰ ਕਿਰਪਾ ਆਪਣਾ ਮੇਲ ਮੇਲਾ, ਮਿਲਣੀ ਜਗਦੀਸ਼ ਆਪ ਕਰਾਈਆ । ਸਚ ਦੁਆਰ ਚਾੜ੍ਹੇ ਤੇਲਾ, ਸਗਨ ਇਕੋ ਵਾਰ ਮਨਾਈਆ । ਬਾਹੋਂ ਪਕੜ ਗੋਦੀ ਚੁੱਕ ਦੋ ਜਹਾਨ ਗੁਰਮੁਖਾਂ ਦੇਵੇ ਕੁਛੜ ਚੁੱਕ ਲੋਰੀ ਫਿਰ ਵੇਹਲੇ ਦਾ ਵੇਹਲਾ, ਵੇਹਲੇ ਹੋਰ ਕੋਈ ਕੰਮ ਨਜ਼ਰ ਨਾ ਆਈਆ । ਸਭ ਦਾ ਪੁਠਾ ਕਰੇ ਡੇਲਾ, ਅੰਦਰ ਵੜ ਧਿਆਨ ਨਾ ਕੋਇ ਲਗਾਈਆ । ਲੱਖ ਚੁਰਾਸੀ ਭੰਨੇ ਜਿਉਂ ਜੱਟ ਗੁੱਸੇ ਵਿਚ ਗੁੜ ਦਾ ਭੇਲਾ, ਡਲੀ ਡਲੀ ਦਏ ਕਰਾਈਆ । ਜੀਵ ਜੰਤ ਸਾਧ ਸੰਤ ਸ਼ਬਦ ਵੇਲਣੇ ਪੀੜ ਫੇਰ ਵੇਹਲੇ ਦਾ ਵੇਹਲਾ, ਕੋਈ ਕੰਮ ਨਜ਼ਰ ਨਾ ਆਈਆ । ਵੇਹਲਾ ਸੋਚੇ ਹੁਣ ਕਰਾਂ ਰਾਖੀ, ਹੋਰ ਕੋਈ ਕੰਮ ਨਜ਼ਰ ਨਾ ਆਇਆ । ਸ੍ਰੀ ਭਗਵਾਨ ਇਕੋ ਭਾਖ਼ੀ, ਆਪਣਾ ਭੇਵ ਜਣਾਇਆ । ਜਾ ਕੇ ਜਨ ਭਗਤਾਂ ਸੁਣਾਵਾਂ ਆਪਣੀ ਸਾਖੀ, ਸੰਸਾ ਰੋਗ ਜਗਤ ਮਿਟਾਇਆ । ਜਿਹੜੇ ਮੰਨ ਲੈਣ ਮੇਰੀ ਆਖੀ, ਮੈਂ ਆਖਰ ਸੰਗ ਨਿਭਾਇਆ । ਦਰ ਦਰਵਾਜ਼ੇ ਖੋਲ੍ਹਾਂ ਤਾਕੀ, ਤਕਵਾ ਇਕੋ ਇਕ ਜਣਾਇਆ । ਰਾਤੀਂ ਸੁਤਿਆਂ ਦੇਵਾਂ ਝਾਕੀ, ਝਾਕਾ ਸਭ ਦਾ ਦਿਆਂ ਮਿਟਾਇਆ । ਪੀਰ ਪੈਗ਼ੰਬਰ ਕਹਿਣ ਪਰਵਰਦਿਗਾਰ ਪਾਕੀ, ਪਾਕ ਰਸੂਲ ਬੇਪਰਵਾਹਿਆ । ਮੁਰੀਦਾਂ ਮੁਰਸ਼ਦ ਚੁੱਕੇ ਛਾਤੀ, ਗੁਰਮੁਖ ਆਪਣੀ ਗੋਦ ਬਹਾਇਆ । ਘਰ ਘਰ ਜਗਾਏ ਦੀਆ ਬਾਤੀ, ਕਮਲਾਪਾਤੀ ਸੇਵ ਕਮਾਇਆ । ਗੁਰਸਿਖਾਂ ਸੇਜ ਵਛੌਣਾ ਵਖਾਏ ਖਾਟੀ, ਖਟਕਾ ਸਭ ਦਾ ਹੋਰ ਗਵਾਇਆ । ਆਪ ਚੜ੍ਹ ਕੇ ਆਪਣੀ ਘਾਟੀ, ਹਰਿਜਨ ਆਪਣੇ ਘਾਟ ਰਖਾਇਆ । ਪਿਛਲਾ ਲਹਿਣਾ ਦੇ ਬਾਕੀ, ਅਗਲਾ ਲੇਖਾ ਫੇਰ ਸਮਝਾਇਆ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਪਣਾ ਖੇਲ ਕਰ ਬਹੁ ਭਾਂਤੀ, ਪਰਵਰਦਿਗਾਰ ਬੇਮੁਹਤਾਜੀ ਰਚ ਕੇ ਕਾਜੀ, ਕਰ ਕਾਜ ਰਚ ਕਾਜ ਕਰਤਾ ਪੁਰਖ ਫੇਰ ਵੇਹਲੇ ਦਾ ਵੇਹਲਾ । ਆਪੇ ਵੇਹਲਾ ਆਪੇ ਰੁਝੇ, ਆਪੇ ਕਾਰ ਕਮਾਈਆ । ਆਪਣੀ ਕਰਨੀ ਆਪੇ ਬੁਝੇ, ਆਪਣਾ ਭੇਵ ਖੁਲ੍ਹਾਈਆ । ਬਾਕੀ ਕਰੇ ਖੇਲ ਇਕ ਦੂਜੇ, ਤੀਜੇ ਚੌਥੇ ਵੰਡ ਵੰਡਾਈਆ ।

ਜਨ ਭਗਤਾਂ ਕਰ ਸਾਚੀ ਰੀਝੇ, ਰੱਜ ਰੱਜ ਆਪਣਾ ਦਰਸ ਕਰਾਈਆ । ਚਲਾ ਹੱਲ ਕਿਰਸਾਣ ਬੀਜ ਬੀਜੇ, ਵਤਰ ਆਪਣਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਵਤਰ ਸਾਂਭ ਫੇਰ ਸੁਹਾਗਾ, ਢੱਗਾ ਵੱਛਾ ਆਪੇ ਸਾਂਭਾ, ਪਿਛਲਾ ਲਾਹ ਜਗਤ ਉਲਾਂਭਾ, ਨਿਰਗੁਣ ਰੂਪ ਬਣ ਕੇ ਕਾਮਾਂ, ਕਰਤਾ ਪੁਰਖ ਆਪਣੀ ਕਰਨੀ ਕਰ ਕਾਰ ਕਮਾ, ਫੇਰ ਵੇਹਲੇ ਦਾ ਵੇਹਲਾ ।

❇ ੧੭ ਮੱਘਰ ੨੦੧੯ ਬਿਕਰਮੀ ਖੇੜਾ ਸਿੰਘ ਕਰਤਾਰ ਕੌਰ ਦੇ ਗ੍ਰਿਹਿ ਬਾਬੂ ਪੁਰਾ ❇

ਜਿਥੇ ਕਹੋ ਓਥੇ ਰਹਿਵਾਂਗਾ । ਜਿਥੇ ਬਹਾਓ ਓਥੇ ਬਹਿਵਾਂਗਾ । ਜਿਥੇ ਘਲਾਓ ਓਥੇ ਜਾਵਾਂਗਾ । ਜਿਥੇ ਸਵਾਓ ਓਥੇ ਸੋਵਾਂਗਾ । ਬਿਨ ਤੁਹਾਡੇ ਕਿਤੇ ਨਾ ਰਹਿਵਾਂਗਾ । ਜਿਥੇ ਸੱਦੋ ਓਥੇ ਆਵਾਂਗਾ । ਆ ਆ ਕੇ ਦਰਸ਼ਨ ਪਾਵਾਂਗਾ । ਜੁਗ ਜੁਗ ਦੀ ਤ੍ਰਿਖਾ ਬੁਝਾਵਾਂਗਾ । ਘਰ ਬਹਿ ਕੇ ਮੰਗਲ ਗਾਵਾਂਗਾ । ਨਾਤਾ ਜੋੜ ਭੈਣ ਭਰਾਵਾਂ ਦਾ । ਬਲ ਵੇਖਾਂ ਸੱਚੀਆਂ ਬਾਹਵਾਂ ਦਾ । ਪ੍ਰੇਮ ਵਧਾਵਾਂ ਪੁਤਰਾਂ ਮਾਵਾਂ ਦਾ । ਸਿਰ ਰੱਖ ਕੇ ਹੱਥ ਠੰਡੀਆਂ ਛਾਵਾਂ ਦਾ । ਤੁਹਾਡੀ ਚਰਨ ਧੂੜੀ ਨਹਾਵਾਂਗਾ । ਲੱਖ ਲੱਖ ਸ਼ੁਕਰ ਮਨਾਵਾਂਗਾ । ਜੇ ਆਖੋ ਤੇ ਸਚਖੰਡ ਜਾਵਾਂਗਾ । ਨਹੀਂ ਤੇ ਏਥੇ ਬਹਿ ਕੇ ਤੁਹਾਡਾ ਰਾਗ ਅਲਾਵਾਂਗਾ । ਬਿਨ ਤੰਦ ਸਤਾਰ ਤੁਹਾਡਾ ਸਤਾਰ ਵਜਾਵਾਂਗਾ । ਨਾ ਕੁਛ ਪੀਵਾਂਗਾ ਨਾ ਖਾਵਾਂਗਾ । ਨਾ ਆਵਾਂਗਾ ਨਾ ਜਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਵਖਾਵਾਂਗਾ । ਇਕ ਵਾਰ ਜੇ ਦਿਓ ਸੱਦਾ, ਸਦਾ ਘਰ ਘਰ ਆਪ ਸੁਣਾਇੰਦਾ । ਸ੍ਰੀ ਭਗਵਾਨ ਨਿਰਗੁਣ ਰੂਪ ਆਏ ਭੱਜਾ, ਭੱਜ ਭੱਜ ਪੰਧ ਮੁਕਾਇੰਦਾ । ਤੁਸਾਂ ਮੇਰੀ ਰੱਖੀ ਲੱਜਾ, ਤੁਹਾਡੇ ਉਤੇ ਪਰਦਾ ਪਾਇੰਦਾ । ਵੇਖੋ ਤਾਲ ਇਕ ਦੂਜੇ ਦਾ ਕਿਸ ਤਰਾਂ ਵੱਜਾ, ਆਤਮ ਪਰਮਾਤਮ ਨਾਲ ਟਕਰਾਇੰਦਾ । ਗੁਰਸਿਖਾਂ ਅੰਦਰ ਵੜ ਵੜ ਨੱਚਾ, ਨਟੂਆ ਆਪਣਾ ਸਾਂਗ ਵਰਤਾਇੰਦਾ । ਸਤਿਗੁਰ ਹੁਣ ਨਹੀਂ ਜੇ ਕੱਚਾ, ਪਿਛਲੀ ਰੀਤੀ ਸਰਬ ਗਵਾਇੰਦਾ । ਧੁਰੋਂ ਆਇਆ ਬਣ ਕੇ ਪੱਕਾ, ਪੱਕੀ ਸਭ ਨੂੰ ਆਪ ਕਰਾਇੰਦਾ । ਰਾਹ ਵਿਚ ਚਲਦਿਆਂ ਚਲਦਿਆਂ ਪੁਰਖ ਅਕਾਲ ਥੱਕਾ, ਗੁਰਸਿਖ ਦੁਆਰੇ ਆ ਕੇ ਆਪਣਾ ਥਕੇਵਾਂ ਸਰਬ ਮਿਟਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਰਹਿ ਗਏ ਹੱਕਾ ਬੱਕਾ, ਹਰਿ ਜੂ ਕਿਥੇ ਡੇਰਾ ਲਾਇੰਦਾ । ਪੀਰ ਪੈਗ਼ੰਬਰ ਕਹਿਣ ਵੇਖੋ ਛੱਡਿਆ ਮਦੀਨਾ ਮੱਕਾ, ਮੁਹੰਮਦ ਮਕਬਰਾ ਨਾ ਕੋਇ ਸੁਹਾਇੰਦਾ । ਈਸਾ ਮੂਸਾ ਫਿਰੇ ਨੱਸਾ, ਮੁਸ਼ਤਰੀ ਸਭ ਨੂੰ ਆਪ ਕਰਾਇੰਦਾ । ਜਿਸ ਨੇ ਰੰਗ ਬਣਾਇਆ ਬੂਰਾ ਕੱਕਾ, ਸੋ ਗ਼ਰੀਬ ਨਿਮਾਣਿਆਂ ਵਿਚ ਸੋਭਾ ਪਾਇੰਦਾ । ਸਭ ਦੀ ਅੱਖੀਂ ਪਾ ਗਿਆ ਘੱਟਾ, ਚਾਰੋਂ ਕੁੰਟ ਖੇਹ ਉਡਾਇੰਦਾ । ਕੀ ਹੁਣ ਮਾਣ ਰਹਿ ਜਾਏ ਨਾਮਾ ਵੱਟਾ, ਬਿਨ ਵੱਟਿਉਂ ਗੁਰਮੁਖਾਂ ਘਰ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੇਵਾ ਸਚ ਸਚ ਕਮਾਇੰਦਾ । ਨਿਹਕਲੰਕ ਹਰਿ ਉਤਰਿਆ, ਪ੍ਰਭ ਮਹਾਂਬਲੀ ਅਵਤਾਰ । ਕਰੇ ਖੇਲ ਵਾਂਗ ਸੁਥਰਿਆਂ, ਨਿਰਗੁਣ ਸਰਗੁਣ ਦੋਵੇਂ ਡੰਡੇ ਫੜੇ ਦੋਵੇਂ ਧਾਰ । ਲਹਿਣਾ ਦੇਣਾ ਚੁਕਾਏ ਮੁਛ ਦਾੜ੍ਹੀ ਮੁੰਨਿਆਂ ਖੁਸਰਿਆਂ, ਖੇਲ ਕਰੇ ਅਗੰਮ ਅਪਾਰ । ਸਚ ਮਹੱਲ ਇਕੋ ਉਸਰਿਆ, ਗੋਬਿੰਦ ਬਾਲੇ ਨੀਹਾਂ ਹੇਠ ਸਵਾਲ । ਸਾਚਾ ਬੂਟਾ ਇਕੋ ਪੁੰਗਰਿਆ, ਪੁਰਖ ਅਬਿਨਾਸ਼ੀ ਵੇਖੇ ਦੀਨ ਦਿਆਲ । ਮਰਦੰਗ ਵਜਾਏ ਕਿੰਗਰ ਕਿੰਗਰਿਆਂ, ਕਿੰਗੀ ਵੱਜੇ ਨਾ ਕੋਇ ਤਾਲ । ਜਿਸ

ਲਹਿਣਾ ਦੇਣਾ ਚੁਕਾਇਆ ਇੰਦਰਿਆ, ਸ਼ਿਵ ਕਰਿਆ ਅੰਤ ਜ਼ਵਾਲ । ਵੇਖ ਵਖਾਏ ਸਰਬ ਫੁਨਿੰਦਰਿਆਂ, ਫੁਨ ਇੰਦਰ ਦੀਨ ਦਿਆਲ । ਜਿਸ ਗੁਰ ਅਵਤਾਰ ਪੀਰ ਪੈਗ਼ੰਬਰ ਬੰਦ ਕੀਤੇ ਆਪਣੇ ਪਿੰਜਰਿਆਂ, ਕਰੇ ਖੇਲ ਅਗੰਮ ਅਪਾਰ । ਦੋ ਜਹਾਨ ਲੱਖ ਚੁਰਾਸੀ ਦੀਨ ਮਜ਼੍ਹਬ ਜ਼ਾਤ ਪਾਤ ਵੇਖੇ ਖਿੰਡਰਿਆਂ, ਚਾਰੋਂ ਕੁੰਟ ਹੋਏ ਬੇਹਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਗਟ ਹੋ ਮਹਾਂਬਲੀ ਅਵਤਾਰ । ਮਹਾਂਬਲੀ ਉਤਰਿਆ ਉਤਰ, ਦਿਸ਼ਾ ਆਪਣੀ ਆਪ ਜਣਾਈਆ । ਨਾਲ ਮਿਲਾਇਆ ਗੋਬਿੰਦ ਪੁੱਤਰ, ਪਿਤਾ ਘਰ ਵੱਜੀ ਵਧਾਈਆ । ਇਕ ਸੁਹਾਏ ਸਾਚੀ ਰੁੱਤੜ, ਰੁੱਤ ਰੁੱਤੜੀ ਆਪ ਮਹਿਕਾਈਆ । ਜਿਨ ਲਹਿਣਾ ਚੁਕਾਇਆ ਬ੍ਰਹਮੇ ਕੁੱਕੜ, ਬੁਢ਼ੇਪਾ ਸਭ ਦਾ ਲੇਖੇ ਲਾਈਆ । ਘਰ ਘਰ ਦਰ ਦਰ ਲੋਆਂ ਪੁਰੀਆਂ ਆਪੇ ਉਪੜ, ਉਪਰ ਨੀਚੇ ਵੇਖੇ ਥਾਉਂ ਥਾਈਂਆ । ਜਿਸ ਵਿਸ਼ਨੂੰ ਕੋਲੋਂ ਖੋਹ ਲਿਆ ਟੁੱਕਰ, ਭੰਡਾਰਾ ਆਪਣੇ ਵਿਚ ਛੁਪਾਈਆ । ਜਿਸ ਲੱਖ ਚੁਰਾਸੀ ਖਾ ਨਾ ਕੀਤਾ ਸ਼ੁਕਰ, ਸੋ ਨਾਸ਼ੁਕਰਾ ਫੇਰਾ ਪਾਈਆ । ਜਿਸ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਨਾਲ ਕਰ ਕੇ ਵਾਅਦੇ ਅੰਤਮ ਗਿਆ ਮੁੱਕਰ, ਲੇਖਾ ਮੰਗੇ ਥਾਉਂ ਥਾਈਂਆ । ਪਿਤਾ ਪੂਤ ਉਠਾਏ ਆਪਣੇ ਕੁਛੜ, ਗੋਬਿੰਦ ਮੇਲਾ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਹਾਂਬਲੀ ਆਪਣਾ ਫੇਰਾ ਪਾਈਆ । ਚਵੀਆਂ ਅਵਤਾਰ ਧਰਿਆ ਕਸੂਤਾ, ਰੂਪ ਰੰਗ ਰੇਖ ਨਾ ਕੋਇ ਵਖਾਈਆ । ਮਾਤ ਪਿਤ ਨਾ ਕੋਇ ਪੂਤਾ, ਜਨਨੀ ਗੋਦ ਨਾ ਕੋਇ ਵਡਿਆਈਆ । ਦੋ ਜਹਾਨਾਂ ਨਿਰਗੁਣ ਸਰਗੁਣ ਕਰੇ ਝੂਠਾ, ਲੇਖਾ ਮੰਗੇ ਥਾਉਂ ਥਾਈਂਆ । ਜੁਗ ਚੌਕੜੀ ਕਰੇ ਮੂਧਾ ਠੂਠਾ, ਆਪਣੀ ਹੱਥੀਂ ਦਏ ਉਲਟਾਈਆ । ਬਣ ਕੇ ਸ਼ੇਰ ਫਿਰੇ ਭੁੱਖਾ, ਭੁੱਖੇ ਭੁੱਖ ਨਾ ਕੋਇ ਗਵਾਈਆ । ਜੀਵ ਜੰਤ ਕੋਈ ਰਹਿਣ ਨਾ ਦੇਵੇ ਲੁਕਾ, ਜੰਗਲ ਜੂਹ ਉਜਾੜ ਪਹਾੜ ਸਮੁੰਦ ਸਾਗਰ ਫੋਲੇ ਥਾਉਂ ਥਾਈਆ । ਭੱਜਾ ਜਾਂਦਾ ਕਿਸੇ ਕੋਲੋਂ ਨਾ ਰੁਕਾ, ਰੁਕਾਵਟ ਨਜ਼ਰ ਕੋਇ ਨਾ ਆਈਆ । ਲਹਿੰਦੀ ਦਿਸ਼ਾ ਸਭ ਦਾ ਭੰਨੇ ਹੁੱਕਾ, ਹੁਕਮ ਆਪਣਾ ਇਕ ਮਨਾਈਆ । ਚੜ੍ਹਦੀ ਦਿਸ਼ਾ ਖੇਲ ਕਰੇ ਪੁੱਠਾ, ਪੁੱਠੀ ਸਭ ਦੀ ਖੱਲ੍ਹ ਲੁਹਾਈਆ । ਦੱਖਣ ਦਿਸ਼ਾ ਆਪੇ ਰੁੱਠਾ, ਕੋਈ ਸਕੇ ਨਾ ਮਾਤ ਮਨਾਈਆ । ਉਚਾ ਟਿੱਲਾ ਆਪੇ ਲੁੱਟਾ, ਪਰਬਤ ਕੂਕਣ ਦੇਣ ਦੁਹਾਈਆ । ਚਵੀਆਂ ਅਵਤਾਰ ਕੰਮ ਕਰੇ ਪੁੱਠਾ, ਪਿਛਲੀ ਕੀਤੀ ਸਭ ਦੀ ਦਏ ਉਲਟਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਸਚ ਸੰਦੇਸ਼ਾ ਦਿਤਾ ਰੁੱਕਾ, ਏਕਾ ਆਪਣਾ ਹੁਕਮ ਸੁਣਾਈਆ । ਲੋਕਮਾਤ ਪਿਛਲਾ ਲਹਿਣਾ ਸਭ ਦਾ ਮੁੱਕਾ, ਅਗਲਾ ਲੇਖਾ ਆਪਣੇ ਹੱਥ ਰਖਾਈਆ । ਵਿਸ਼ਨ ਬ੍ਰਹਮੇ ਸ਼ਿਵ ਟੁੱਕਰ ਦੇਵੇ ਰੁਖਾ, ਆਪਣੀ ਹੱਥੀਂ ਰਿਹਾ ਵਰਤਾਈਆ । ਕਿਰਪਾ ਨਿਧਾਨ ਸ੍ਰੀ ਭਗਵਾਨ ਬਿਨ ਭਗਤਾਂ ਕਿਸੇ ਦੁਆਰ ਨਾ ਝੁਕਾ, ਸਭ ਨੂੰ ਆਪਣੇ ਚਰਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੂਆ ਚੌਕਾ ਮੇਲ ਮਿਲਾਈਆ । ਪਹਿਲਾ ਦੂਆ ਨਿਰਗੁਣ ਸਰਗੁਣ, ਸਰਗੁਣ ਨਿਰਗੁਣ ਖੇਲ ਕਰਾਇੰਦਾ । ਲੱਖ ਚੁਰਾਸੀ ਛਾਣ ਪੁਣ, ਆਤਮ ਪਰਮਾਤਮ ਵੇਖ ਵਖਾਇੰਦਾ । ਗ਼ਰੀਬ ਨਿਮਾਣਿਆਂ ਦੁਖੀਆਂ ਪੁਕਾਰ ਸੁਣ, ਦੂਰ ਦੁਰਾਡਾ ਨੇੜੇ ਆਇੰਦਾ । ਲੱਖ ਚੁਰਾਸੀ ਵਿਚੋਂ ਚੁਣ, ਚੁਟਕੀ ਗੁਰਮੁਖ ਆਪ ਬਚਾਇੰਦਾ । ਵੇਖੋ ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਲੱਗਾ ਘੁਣ, ਖ਼ਾਲੀ ਸਭ ਦੇ ਪੇਟ ਵਖਾਇੰਦਾ । ਇੰਦ ਇੰਦਰਾਸਣ ਕਰੋੜ ਤਤੀਸਾ ਸਾਰੇ ਰੋਣ, ਨੇਤਰ ਨੈਣਾਂ ਨੀਰ ਵਹਾਇੰਦਾ । ਵਿਸ਼ਨ ਬ੍ਰਹਮੇ ਸ਼ਿਵ ਨਾ ਮਿਲੇ ਸੌਣ, ਸੌਖਾ ਸਾਹ ਨਾ ਕਿਸੇ ਰਖਾਇੰਦਾ । ਪੀਰ ਪੈਗ਼ੰਬਰ ਗੁਰ ਅਵਤਾਰ ਦੂਰ ਦੁਰਾਡੇ ਬੈਠੇ ਗੌਣ, ਹਰਿ ਜੂ ਕੀ ਕੀ ਖੇਲ

ਰਚਾਇੰਦਾ। ਦੋ ਜਹਾਨਾਂ ਸ੍ਰੀ ਭਗਵਾਨਾ ਭੰਨਣ ਆਇਆ ਧੌਣ, ਧੌਲ ਮਾਰ ਮਾਰ ਆਪਣਾ ਜ਼ੋਰ ਵਖਾਇੰਦਾ। ਅੱਗੇ ਅੱਗੇ ਭੱਜੀ ਫਿਰੇ ਡਰਦੀ ਪੌਣ, ਜਲ ਪਾਣੀ ਮੁਖ ਨਾ ਕੋਇ ਉਠਾਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੂਆ ਆਪਣਾ ਖੇਲ ਕਰਾਇੰਦਾ। ਪਹਿਲਾ ਦੂਆ ਸ਼ਬਦ ਜੋਤੀ, ਜੋਤੀ ਸ਼ਬਦ ਜਣਾਈਆ। ਨਿਰਗੁਣ ਚੜ੍ਹਿਆ ਆਪਣੀ ਚੋਟੀ, ਚੋਟੀ ਨਜ਼ਰ ਕਿਸੇ ਨਾ ਆਈਆ। ਦੋ ਜਹਾਨ ਪਰਦਾ ਲਾਹਵੇ ਕੂੜੀ ਧੋਤੀ, ਲੇਖਾ ਵੇਖੇ ਥਾਉਂ ਥਾਈਆ। ਜਗਤ ਵਾਸਨਾ ਕੱਢੇ ਖੋਟੀ, ਖੋਵੇ ਆਪਣੀ ਵਸਤ ਪਰਾਈਆ। ਗੁਰਮੁਖ ਵਿਰਲੇ ਮਾਣਕ ਮੋਤੀ, ਸੱਤ ਚਾਰ ਲਏ ਜਗਾਈਆ। ਸਿਖੀ ਰੱਖੇ ਆਪੇ ਛੋਟੀ, ਬਹੱਤਰ ਨਾੜੀ ਕਰ ਰੁਸ਼ਨਾਈਆ। ਸੱਤਰਾਂ ਹੱਥ ਨਾਮ ਸੋਟੀ, ਸਤਿ ਸਤਿਵਾਦੀ ਆਪ ਫੜਾਈਆ। ਬ੍ਰਹਮੇ ਤੇੜ ਵਖਾਏ ਲੰਗੋਟੀ, ਚਾਰੋਂ ਮੁਖ ਦਏ ਦੁਹਾਈਆ। ਸ਼ੰਕਰ ਭੰਗ ਪੋਸਤ ਰਿਹਾ ਘੋਟੀ, ਬਣ ਅਵਧੂਤ ਖ਼ਾਕ ਰਮਾਈਆ। ਇੰਦਰ ਅੰਤਮ ਮਾਰੇ ਫੜ ਬੇਦੋਸ਼ੀ, ਤਖ਼ਤ ਤਾਜ ਦਏ ਗਵਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੂਆ ਆਪਣਾ ਅੰਕ ਬਣਾਈਆ। ਏਕੇ ਉਤੋਂ ਹੋ ਦੋ, ਇਕ ਦੋ ਖੇਲ ਕਰਾਇੰਦਾ। ਨਿਰਗੁਣ ਸਰਗੁਣ ਆਪੇ ਹੋ, ਹੋਕਾ ਪੰਜ ਤੱਤ ਆਪ ਜਣਾਇੰਦਾ। ਆਪੇ ਛੱਡੇ ਪੰਜ ਤੱਤ ਮੋਹ, ਛੱਬੀ ਪੋਹ ਦਿਵਸ ਸੁਹਾਇੰਦਾ। ਸਰਗੁਣ ਨਿਰਗੁਣ ਜਿਹਾ ਹੋ, ਨਿਰਗੁਣ ਆਪਣਾ ਰੂਪ ਵਟਾਇੰਦਾ। ਸਚਖੰਡ ਦੀ ਸਾਚੀ ਸੋ, ਸੋ ਪੁਰਖ ਨਿਰੰਜਣ ਲੈ ਕੇ ਆਇੰਦਾ। ਹੰ ਬ੍ਰਹਮ ਬੀਜ ਬੋ, ਪਰਦਾ ਆਪਣਾ ਆਪ ਚੁਕਾਇੰਦਾ। ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਸਭ ਨੂੰ ਲਏ ਟੋਹ, ਆਪ ਆਪਣਾ ਖੇਲ ਕਰਾਇੰਦਾ। ਲੇਖਾ ਮੰਗੇ ਪਿਛੇ ਆਏ ਕਰ ਜੋ, ਅਭੁੱਲ ਭੁੱਲ ਕਦੇ ਨਾ ਜਾਇੰਦਾ। ਦੂਏ ਉਤੋਂ ਚੌਕਾ ਹੋ, ਜ਼ਰਬ ਜ਼ਰਬ ਨਾਲ ਮਿਲਾਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚੌਕਾ ਏਕਾ ਭੇਵ ਜਣਾਇੰਦਾ। ਚੌਕਾ ਦੱਸੇ ਹਰਿ ਜੂ ਸਚ, ਸਚ ਸਚ ਜਣਾਇੰਦਾ। ਪਹਿਲਾਂ ਸ਼ੇਰ ਸਿੰਘ ਕਾਇਆ ਮਾਟੀ ਕੱਚ, ਕਾਇਆ ਜਗਤ ਹੰਢਾਇੰਦਾ। ਫਿਰ ਅਗਨੀ ਰੂਪ ਮੱਚ, ਆਪਣਾ ਆਪ ਮਿਟਾਇੰਦਾ। ਫਿਰ ਸਚਖੰਡ ਦੁਆਰੇ ਨੱਚ, ਜੋਤੀ ਜੋਤ ਡਗਮਗਾਇੰਦਾ। ਫਿਰ ਪੂਰਨ ਅੰਦਰ ਰਚ, ਗੋਬਿੰਦ ਰੰਗ ਚੜ੍ਹਾਇੰਦਾ। ਵੇਖੋ ਖੇਲ ਕਾਇਆ ਕੱਚ, ਕੰਚਨ ਆਪਣਾ ਨਾਮ ਜਣਾਇੰਦਾ। ਦੋ ਜਹਾਨਾਂ ਲੱਖ ਚੁਰਾਸੀ ਕੋਲੋਂ ਬਚ, ਬਚਪਨ ਆਪਣਾ ਆਪ ਧਰਾਇੰਦਾ। ਦੂਏ ਨਾਲ ਚੌਕਾ ਬਣਿਆ ਸਚ, ਚਵੀ ਆਪਣਾ ਅੰਕ ਬਣਾਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਆਪਣੀ ਧਾਰ ਚਲਾਇੰਦਾ। ਨਿਰਗੁਣ ਨੂਰ ਚਵੀਆਂ ਅਵਤਾਰ, ਚੌਂਹ ਕੰਨੀ ਵੇਖ ਵਖਾਈਆ। ਕਰੇ ਖੇਲ ਬਿਨ ਛਵੀਆਂ ਤਲਵਾਰ, ਸ਼ਹਿਨਸ਼ਾਹ ਹਰਿ ਜੂ ਬੇਪਰਵਾਹੀਆ। ਲੈ ਕੇ ਫਵੀਆਂ ਮੇਟੇ ਸਰਬ ਸੰਸਾਰ, ਭੈ ਭੌ ਇਕ ਜਣਾਈਆ। ਨਈਆ ਸਭ ਦੀ ਡੋਲੇ ਮੰਝਧਾਰ, ਪਾਰ ਕਿਨਾਰ ਨਾ ਕੋਇ ਰਖਾਈਆ। ਜਿਸ ਦੀ ਗੁਰ ਅਵਤਾਰ ਪੀਰ ਪੈਗ਼ੰਬਰ ਕਰਦੇ ਗਏ ਗੁਫ਼ਤਾਰ, ਗ਼ਰੀਬ ਨਿਵਾਜ਼ ਫੇਰਾ ਪਾਈਆ। ਮਹਾਂਬਲੀ ਉਤਰੇ ਆਪਣੀ ਧਾਰ, ਜੋਤੀ ਨੂਰ ਨੂਰ ਰੁਸ਼ਨਾਈਆ। ਮਹੱਲ ਅਟੱਲ ਨਾ ਕੋਇ ਮਨਾਰ, ਛੱਪਰ ਛੰਨ ਨਾ ਡੇਰਾ ਲਾਈਆ। ਗੋਬਿੰਦ ਕਰੇ ਇਕ ਪਿਆਰ, ਬੇਪਰਵਾਹ ਸੱਚਾ ਮਾਹੀਆ। ਸੰਬਲ ਵੇਖ ਧਾਮ ਨਿਆਰ, ਸੰਭਲ ਆਪਣਾ ਚਰਨ ਟਿਕਾਈਆ। ਸਿੰਮਲ ਰੁੱਖ ਸਰਬ ਸੰਸਾਰ, ਫੁਲ ਫਲ ਨਾ ਕੋਇ ਵਖਾਈਆ। ਬੂਟਾ ਹੁਲਿਆ ਅੰਤਮ ਵਾਰ, ਚਾਰੋਂ ਕੁੰਟ ਦਏ ਦੁਹਾਈਆ। ਪਰਗਟ ਹੋ ਚਵੀਆਂ ਅਵਤਾਰ, ਦੂਆ ਚੌਕਾ ਵੇਖ ਵਖਾਈਆ। ਬਿਨ ਕਹੀਆਂ ਸਭ ਦੀ ਜੜ੍ਹ ਦਏ ਉਖਾੜ, ਨਾਮ ਡੂੰਘਾ

ਟੱਪ ਲਵਾਈਆ । ਜਿਸ ਦੀ ਕੋਇ ਨਾ ਪਾਵੇ ਸਾਰ, ਸੋ ਸਾਹਿਬ ਫੇਰਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦਰ ਲੋਚਣ ਕਰਨ ਦੀਦਾਰ, ਨੇਤਰ ਨੈਣ ਨੈਣ ਉਠਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸਾਡੇ ਨਾਲ ਕਰਦਾ ਰਿਹਾ ਉਧਾਰ, ਲਾਰੇ ਦੇ ਦੇ ਵਕਤ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਹਾਂਬਲੀ ਆਪਣਾ ਵੇਸ ਵਟਾਈਆ । ਨਿਹਕਲੰਕ ਹਰਿ ਸਾਚਾ ਢੋਲਾ, ਦੋ ਜਹਾਨਾਂ ਰਿਹਾ ਜਣਾਈਆ । ਨਾ ਕੋਈ ਪਰਦਾ ਨਾ ਕੋਈ ਉਹਲਾ, ਨਿਰਗੁਣ ਆਪਣਾ ਹੁਕਮ ਮਨਾਈਆ । ਦਰ ਦਰਵਾਜ਼ਾ ਇਕੋ ਖੋਲ੍ਹਾ, ਖੋਲ੍ਹ ਵਖਾਏ ਖ਼ਲਕ ਖ਼ੁਦਾਈਆ । ਜਗਤ ਮੰਤਰ ਨਾ ਪਾਏ ਰੌਲਾ, ਆਤਮ ਪਰਮਾਤਮ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹੰ ਮੰਤਰ ਇਕ ਸੁਣਾਈਆ । ਸੋਹੰ ਮੰਤਰ ਸੁਣ ਕੇ, ਮਨੀ ਸਿੰਘ ਲਈ ਅੰਗੜਾਈਆ । ਮੈਂ ਸਿਖ ਲਿਆਂਦੇ ਤੇਰੇ ਕੋਲ ਚੁਣ ਕੇ, ਘਰ ਘਰ ਫੇਰਾ ਪਾਈਆ । ਤੂੰ ਦੇਂਦਾ ਰਿਹੋਂ ਲੁਕ ਲੁਕ ਕੇ, ਪਰਦਾ ਆਪਣੇ ਉਪਰ ਪਾਈਆ । ਤੇਰੇ ਪਿਛੇ ਮੈਂ ਦੱਸਦਾ ਰਿਹਾ ਬੁਕ ਬੁਕ ਕੇ, ਸਿੰਘ ਸ਼ੇਰ ਸ਼ੇਰ ਆਇਆ ਬੇਪਰਵਾਹੀਆ । ਮੈਨੂੰ ਜੇਲੀਂ ਘੱਲਿਆ ਚੁੱਕ ਚੁੱਕ ਕੇ, ਚੱਕੀ ਜਗਤ ਪਿਸਾਈਆ । ਆਪਣੀ ਤਾਕਤ ਨੂੰ ਰੱਖਿਆ ਘੁੱਟ ਘੁੱਟ ਕੇ, ਮੇਰੀ ਰਸਨਾ ਦਏ ਦੁਹਾਈਆ । ਮੇਰੀ ਕਾਇਆ ਨੂੰ ਲੁਟ ਪੁਟ ਕੇ, ਹੁਣ ਆਪਣਾ ਖੇਲ ਰਚਾਈਆ । ਪੁਰਾਣਿਆਂ ਸਿਖਾਂ ਤੋਂ ਰੁੱਠ ਕੇ, ਅਗਲਿਆਂ ਨਾਲ ਖ਼ੁਸ਼ੀ ਰੰਗਾਈਆ । ਮੈਂ ਬੈਠਾ ਰਿਹਾ ਚੁੱਪ ਕਰ ਕੇ, ਆਪ ਆਪਣਾ ਵਕਤ ਲੰਘਾਈਆ । ਹੁਣ ਵੇਲੇ ਸਿਰ ਆਇਆ ਉਠ ਕੇ, ਨਾਲ ਖੀਰਾਂ ਵਾਲੀਉਂ ਅਤਰ ਸਿੰਘ ਮਿਲਾਈਆ । ਵੇਖ ਮਾਹਣਾ ਸਿੰਘ ਬੈਠਾ ਛੁਪ ਕੇ, ਸੁੰਦਰ ਸਿੰਘ ਉਂਗਲਾਂ ਨਾਲ ਰਿਹਾ ਸਮਝਾਈਆ । ਗੁਰਮੁਖ ਸਿੰਘ ਤੇਰੀ



ਸੇਵ ਕਮਾਈ ਮੋਢੇ ਚੁੱਕ ਕੇ, ਬਣ ਘੋੜਾ ਭੱਜੇ ਵਾਹੋ ਦਾਹੀਆ । ਬਹਾਵਲ ਸਿੰਘ ਵੇਖੇ ਉਠ ਕੇ, ਜਿਨ ਆਪਣਾ ਧੰਨ ਦਿਤਾ ਲੁਟਾਈਆ । ਸਿੰਘ ਬੁੱਧ ਤੇਰੇ ਸਿਰ ਚਰਨਾਂ ਉਤੇ ਸੁੱਟ ਕੇ, ਚੁਟਕੀਆਂ ਮਾਰ ਰਿਹਾ ਖ਼ੁਸ਼ੀ ਮਨਾਈਆ । ਹੁਣ ਕਿਉਂ ਵੇਹਨਾ ਅੱਖ ਪੁੱਟ ਕੇ, ਪਹਿਲੋਂ ਅੱਖ ਨਾ ਕੋਇ ਖੁਲ੍ਹਾਈਆ । ਸਾਡਾ ਗਲਾ ਹੱਥੀਂ ਘੁੱਟ ਕੇ, ਸਾਨੂੰ ਹੇਠੋਂ ਉਪਰ ਲੈ ਕੇ ਜਾਈਆ । ਫੇਰ ਲਿਆਇਉਂ ਲੁਟ ਪੁਟ ਕੇ, ਲੁਟੇਰਾ ਬਣਿਉਂ ਸੱਚਾ ਮਾਹੀਆ । ਹੁਣ ਲਾ ਗਲ ਘੁੱਟ ਕੇ, ਵੇਲਾ ਗਿਆ ਆਈਆ । ਅਸੀਂ ਤੇਰੀ ਕੁੱਖੋਂ ਆਏ ਫੁੱਟ ਕੇ, ਮਾਤਾ ਫੇਰ ਨਾ ਕੋਇ ਬਣਾਈਆ । ਹੁਣ ਵੇਖੀਏ ਫੇਰ ਇੰਦਰ ਸਿੰਘ ਪਹਿਲਵਾਨ ਨਾਲ ਜੁਟ ਕੇ, ਦੰਗਲ ਜਗਤ ਵੇਖਣ ਆਈਆ । ਗੰਜੇ ਕੋਲੋਂ ਰਹੀਏ ਲੁਕ ਕੇ, ਚਵਾਤੀ ਦੇਵੇ ਨਾ ਕਿਤੇ ਲਾਈਆ । ਅਸੀਂ ਹੁਣ ਨਹੀਂ ਧੂਣੀਆਂ ਵਾਗ ਧੁਖਦੇ, ਲੰਬੂ ਇਕੋ ਵਾਰ ਵੇਖ ਵਖਾਈਆ । ਅਸੀਂ ਆਏ ਪੁੱਛਦੇ ਪੁੱਛਦੇ, ਹਰਿ ਜੂ ਰਾਵੀ ਕੰਢੇ ਡੇਰਾ ਲਾਈਆ । ਜਿਸ ਦੇ ਅੱਗੇ ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਝੁਕਦੇ, ਨਿਉਂ ਨਿਉਂ ਸਜਦਾ ਸੀਸ ਕਰਾਈਆ । ਕਦੇ ਬਹਿੰਦੇ ਕਦੇ ਉਠਦੇ, ਦੋਏ ਜੋੜ ਵਾਸਤਾ ਪਾਈਆ । ਅਗਲੀ ਗਲ ਨਾ ਡਰਦੇ ਪੁਛਦੇ, ਹਰਿ ਜੂ ਕੀ ਕੀ ਖੇਲ ਵਰਤਾਈਆ । ਪਿਛਲੀ ਕੀਤੀ ਨੂੰ ਝੁਰਦੇ, ਦੀਨਾਂ ਮਜ਼੍ਹਬਾਂ ਵਿਚ ਪਾਈ ਲੋਕਾਈਆ । ਵੇਖੋ ਖੇਲ ਹਰੀ ਹਰਿ ਦੇ, ਹਰਿ ਜੂ ਆਪਣੀ ਕਾਰ ਕਮਾਈਆ । ਲੇਖੇ ਜਾਣੇ ਘਰ ਘਰ ਦੇ, ਦਰ ਦਰ ਵੇਖ ਵਖਾਈਆ । ਜਿਧਰ ਵੇਖੇ ਅੱਗੇ ਕੋਈ ਨਾ ਅੜਦੇ, ਅੜਿਕੇ ਸਭ ਦੇ ਰਿਹਾ ਹਟਾਈਆ । ਕੱਚੇ ਬੇਰਾਂ ਵਾਂਗੂ ਝੜਦੇ, ਹਲੂਣਾ ਇਕੋ ਨਾਮ ਲਗਾਈਆ । ਅੱਗੇ ਵਹਿਣ ਵਹਾਏ ਹੜ ਦੇ, ਲਹਿਰ ਲਹਿਰ ਨਾਲ ਮਿਲਾਈਆ । ਗੋਬਿੰਦ ਉਠ ਕੇ ਆਇਆ ਚੜ੍ਹਦੇ, ਚੜ੍ਹਦੀਆਂ ਕਲਾਂ ਦਏ ਸਮਝਾਈਆ । ਜਿਸ ਪਟਣੇ ਵਿਚ ਕਲਜੁਗ ਜੀਵ

੨੩੭
੧੩

ਸੜਦੇ, ਪਿਛਲਾ ਪਟਾ ਦਏ ਪੜਾਈਆ । ਗੁਰਮੁਖ ਅੱਗੇ ਬਣਾਏ ਬਰਦੇ, ਬਰੀ ਖ਼ਾਨਾ ਇਕ ਜਣਾਈਆ । ਸਾਹਿਬ ਸਤਿਗੁਰ ਦਾ ਜੋ ਭਾਣਾ ਮੰਨਦੇ, ਮੰਨ ਇਛਿਆ ਪੂਰ ਕਰਾਈਆ । ਕੋਈ ਮਾਣ ਨਾ ਜੋਬਨ ਧੰਨ ਦੇ, ਅੰਤ ਸੰਗ ਕੋਇ ਨਾ ਜਾਈਆ । ਗੁਰਮੁਖ ਸੀਸ ਚਰਨਾਂ ਤੇ ਧਰਦੇ, ਚਾਰੇ ਇਕੋ ਖ਼ੁਸ਼ੀ ਮਨਾਈਆ । ਨਾਲ ਪੱਲੂ ਮਨੀ ਸਿੰਘ ਦਾ ਫੜਦੇ, ਪ੍ਰਭ ਜੀ ਆਪਣੀ ਦਇਆ ਕਮਾਈਆ । ਮਨੀ ਸਿੰਘ ਕਹੇ ਭਾਈ ਸਿਖੋ ਹੁਣ ਕਿਉਂ ਡਰਦੇ, ਡੰਕਾ ਮਾਰੋ ਵਾਹੋ ਦਾਹੀਆ । ਜਿਸ ਦੇ ਪਿਛੇ ਰਹੇ ਮਰਦੇ ਲੜਦੇ, ਮਰਨਾ ਉਸ ਨੂੰ ਦਿਓ ਸਿਖਾਈਆ । ਜਿਸ ਦੇ ਪਿਛੇ ਸਿਆਪੇ ਰਹੇ ਕਰਦੇ, ਸਿਆਪਾ ਉਹਦੇ ਗਲ ਪਾਈਆ । ਆਪ ਖ਼ਾਲੀ ਹੱਥੀਂ ਹੋ ਕੇ ਬਹਿ ਜਾਓ ਬਰਦੇ, ਜਗਤ ਰੱਖੋ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਨੀ ਸਿੰਘ ਵੇਖ ਆਪਣੀ ਖ਼ੁਸ਼ੀ ਮਨਾਈਆ । ਮਨੀ ਸਿੰਘ ਆ ਮੇਰੇ ਮੁੰਨੇ, ਤੇਰਾ ਮੰਨਿਆ ਹਰਿ ਭਗਵਾਨਾ । ਜਿਸ ਰਾਜੇ ਰਾਣੇ ਡੰਨੇ, ਖ਼ਾਲੀ ਕੀਤੇ ਤਖ਼ਤ ਨਿਸ਼ਾਨਾ । ਅੰਤਮ ਵੇਖ ਸਾਰੇ ਕੀਤੇ ਅੰਨ੍ਹੇ, ਕੋਈ ਨਾ ਜਾਣੇ ਵਿਸ਼ਨੂੰ ਭਗਵਾਨਾ । ਫੜ ਬੋਦੀਉਂ ਗੰਨਿਆਂ ਵਾਂਗੂੰ ਭੰਨੇ, ਹਲੂਣਾ ਮਾਰੇ ਦੋ ਜਹਾਨਾਂ, ਕਿਸੇ ਰਹਿਣ ਨਾ ਦੇਵੇ ਛੱਪਰ ਛੰਨੇ, ਉਚੇ ਮੰਦਰ ਨਾ ਕੋਇ ਟਿਕਾਣਾ, ਗੜ੍ਹ ਹੰਕਾਰੀ ਭਾਂਡੇ ਭੰਨੇ, ਜੋਧਾ ਸੂਰਬੀਰ ਮਰਦ ਮਰਦਾਨਾ, ਲੱਖ ਚੁਰਾਸੀ ਜੀਵ ਡੰਨੇ, ਸ਼ਾਹੋ ਭੂਪ ਰਾਉ ਰੰਕ ਰਾਜਾਨਾ । ਗੁਰਮੁਖ ਵਿਰਲੇ ਬੇੜਾ ਬੰਨ੍ਹੇ, ਜਿਸ ਜਨ ਦੇਵੇ ਆਪਣਾ ਚਰਨ ਧਿਆਨਾ । ਮਨੀ ਸਿੰਘ ਕਹੇ ਜੇ ਹੁਣ ਵੀ ਮੇਰੀ ਮੰਨੇਂ, ਸਭ ਦਾ ਇਕੋ ਵਾਰ ਮੇਟ ਨਿਸ਼ਾਨਾ । ਕਿਸੇ ਘਰ ਨਾ ਰਹਿ ਜਾਏ ਥਾਲੀ ਛੰਨੇ, ਸ੍ਰਿਸ਼ਟ ਸਬਾਈ ਹੋਏ ਹੈਰਾਨਾ । ਭਗਤ ਭਗਵੰਤ ਫਿਰ ਆਪ ਜਣੇ, ਜਨ ਜਨਨੀ ਬਣ ਦੋ ਜਹਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ
२३८ ੧੩ ਕਿਰਪਾ ਕਰ, ਸ੍ਰੀ ਭਗਵਾਨ ਹੋਏ ਮਿਹਰਵਾਨਾ । ਮਨੀ ਸਿੰਘ ਦੱਸ ਆਪਣੀ ਗੱਲ, ਗਲਵਕੜੀ ਹਰਿ ਜੂ ਪਾਈਆ । ਹੁਣ ਨਹੀਂ ਕਰਦਾ ਵਲ ਛਲ, ਵੇਲਾ ਗਿਆ ਆਈਆ । ਕੀ ਹੋਇਆ ਜੇ ਜੇਲ ਦਿਤਾ ਘੱਲ, ਅੱਗੇ ਪਿਛੇ ਦੀ ਜੇਲ ਕਟਾਈਆ । ਆ ਹਰਿ ਸੰਗਤ ਨਾਲ ਰਲ, ਰਲ ਮਿਲ ਇਕੋ ਰੰਗ ਰੰਗਾਈਆ । ਪ੍ਰਭ ਮਿਲਣ ਦਾ ਦੱਸ ਵਲ, ਪਰਦਾ ਆਪਣਾ ਆਪ ਉਠਾਈਆ । ਜਿਹੜਾ ਤੇਰੇ ਅੰਦਰ ਰਖਿਆ ਜਲ, ਗੁਰਮੁਖਾਂ ਦੇ ਵਰਤਾਈਆ । ਆਹ ਲੈ ਮੈਥੋਂ ਫਲ, ਅੰਮ੍ਰਿਤ ਰਸ ਦਿਆਂ ਖਵਾਈਆ । ਫੇਰ ਆਪਣੀ ਜੇਲ ਵਲ ਚਲ, ਜਿਥੇ ਸਿਆਪਾ ਦਿਤਾ ਕਰਾਈਆ । ਔਹ ਵੇਖ ਕਪੂਰਥਲਾ ਥਲ, ਕੁਪੀ ਸਭ ਦੀ ਰਿਹਾ ਰੁੜ੍ਹਾਈਆ । ਆਪਣਾ ਧਰ ਕੇ ਬੈਠਾ ਬਲ, ਬਲ ਸਭ ਦਾ ਰਿਹਾ ਖਿਚਾਈਆ । ਗੁਰਮੁਖਾਂ ਕੀਤਾ ਆਪਣੇ ਵਲ, ਦੂਜਾ ਸੰਗ ਨਾ ਕੋਇ ਨਿਭਾਈਆ । ਹਰਿ ਕਾ ਭਾਣਾ ਕੋਇ ਨਾ ਸਕੇ ਝੱਲ, ਝਲਕ ਇਕੋ ਵਾਰ ਵਖਾਈਆ । ਬਣ ਜੱਟ ਕਿਰਸਾਣ ਵੌਹਣ ਲੱਗਾ ਹੱਲ, ਸਭ ਦੀ ਜੜ੍ਹ ਰਿਹਾ ਉਖੜਾਈਆ । ਬਣ ਤਰਖਾਣ ਠੋਕੀ ਫਾਲ, ਫ਼ਰਕ ਕੋਇ ਰਹਿਣ ਨਾ ਪਾਈਆ । ਨਵ ਨੌਂ ਹੋਏ ਬੇਹਾਲ, ਹਲ ਸਵਾਲ ਨਾ ਕੋਇ ਕਰਾਈਆ । ਦੋ ਜਹਾਨ ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਸਭ ਦੇ ਸਿਰ ਤੇ ਕੂਕੇ ਕਾਲ, ਕਾਲ ਕਾਲ ਪਏ ਦੁਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਚ ਦੁਆਰੇ ਹੋਣ ਬੇਹਾਲ, ਬੇਹਬਲ ਹੋ ਹੋ ਰਹੇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਨੀ ਸਿੰਘ ਤੇਰਾ ਕਹਿਣਾ ਮੰਨ, ਆਪਣਾ ਹੁਕਮ ਰਿਹਾ ਵਰਤਾਈਆ ।

२३८ ੧੩

ਮਨੀ ਸਿੰਘ ਕਹੇ ਪ੍ਰਭ ਕਰ ਸਿਆਪਾ, ਇਕ ਅਰਦਾਸ ਸੁਣਾਈਆ । ਨਾ ਕੋਈ ਪੂਜਾ ਨਾ ਕੋਈ ਪਾਠਾ, ਗਿਆਨ ਧਿਆਨ ਨਾ ਕੋਇ ਦ੍ਰਿੜਾਈਆ । ਆਪਣੀ ਹੱਥੀਂ ਕਰ ਪੂਰਾ ਘਾਟਾ, ਵਸਤ ਇਕੋ ਇਕ ਵਰਤਾਈਆ । ਜਨ ਭਗਤਾਂ ਬਣ ਸੱਚਾ ਰਾਖਾ, ਬੇਮੁਖਾਂ ਦੇ ਡਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਨੀ ਸਿੰਘ ਸਤਿ ਸਿਆਪਾ ਦਏ ਜਣਾਈਆ । ਹਾਏ ਹਾਏ ਵੇਖੋ ਆਇਆ ਸ਼ੇਰ, ਗੁਰ ਅਵਤਾਰ ਜਿਸ ਲਏ ਘੇਰ, ਵਿਸ਼ਨ ਬ੍ਰਹਮਾ ਸ਼ਿਵ ਕੀਤੇ ਢੇਰ, ਤ੍ਰੈਗੁਣ ਮਾਇਆ ਲੇਖਾ ਰਿਹਾ ਨਬੇੜ, ਦਰੋਹੀ ਆਪਣਾ ਹੁਕਮ ਸੁਣਾਇਆ; ਹਾਏ ਹਾਏ ਵੇਖੋ ਸ਼ੇਰ ਆਇਆ । ਪੰਜ ਤੱਤ ਰਹੇ ਕੁਰਲਾ, ਉਚੀ ਰੋਵਣ ਮਾਰਨ ਧਾਹ, ਕੋਈ ਨਾ ਪਕੜੇ ਮਾਤ ਬਾਂਹ, ਇਕੋ ਸ਼ੇਰ ਰਿਹਾ ਡਰਾ, ਕਿਸੇ ਨੂੰ ਲੱਭੇ ਨਾ ਕੋਈ ਥਾਂ, ਉਚੀ ਕੂਕਣ ਦੇਣ ਦੁਹਾਇਆ; ਹਾਏ ਹਾਏ ਇਕੋ ਸ਼ੇਰ ਆਇਆ । ਚਾਰ ਕੁੰਟ ਹੋਇਆ ਹਨੇਰਾ, ਮੰਦਰ ਮਸਜਿਦ ਗੁਰਦਰ ਢੱਠਾ ਡੇਰਾ, ਸਰੋਵਰ ਤੱਟ ਹੋਇਆ ਨਬੇੜਾ, ਅੱਗੇ ਕੋਈ ਨਾ ਬੰਨ੍ਹੇ ਬੇੜਾ, ਸਾਰੇ ਕਹਿਣ ਉਜੜਿਆ ਖੇੜਾ, ਕੋਇ ਨਾ ਹੋਏ ਸਹਾਇਆ; ਹਾਏ ਹਾਏ ਇਕੋ ਸ਼ੇਰ ਆਇਆ । ਔਹ ਵੇਖੋ ਸ਼ੇਰ ਗਿਆ ਆ, ਜਿਸ ਦੀ ਪਿਤਾ ਨਾ ਕੋਈ ਮਾਂ, ਦੋ ਜਹਾਨਾਂ ਰਿਹਾ ਖਾ, ਕੋਈ ਨਾ ਛੱਡੇ ਜਿਨ੍ਹਾਂ ਖ਼ਾਦੀ ਸੂਰ ਗਾਂ, ਪੀਰ ਪੈਗ਼ੰਬਰ ਅੱਗੇ ਹੋ ਨਾ ਕੋਇ ਬਚਾਇਆ; ਹਾਏ ਹਾਏ ਇਕੋ ਸ਼ੇਰ ਆਇਆ । ਵੇਖੋ ਸ਼ੇਰ ਮਾਰੇ ਕੜਕਾ, ਸੰਘੋਂ ਅੱਗੇ ਲੰਘੇ ਨਾ ਕਿਸੇ ਦਾ ਝਟਕਾ, ਬੇਮੁਖ ਜੀਵ ਅੱਧ ਵਿਚਕਾਰੇ ਲਟਕਾ, ਪਟਨੇ ਵਾਲੇ ਸਿਰ ਤੇ ਬੱਧਾ ਪਟਕਾ, ਨਾ ਕੁੜੀ ਨਾ ਲੜਕਾ, ਉਚੀ ਕੂਕ ਰਿਹਾ ਸੁਣਾਇਆ; ਹਾਏ ਹਾਏ ਇਕੋ ਸ਼ੇਰ ਆਇਆ । ਵੇਖੋ ਸ਼ੇਰ ਆਉਂਦਾ ਨੱਠਾ, ਪੀਰ ਪੈਗ਼ੰਬਰ ਸਾਰਾ ਢੱਠਾ, ਵਿਸ਼ਨ ਬ੍ਰਹਮਾ ਸ਼ਿਵ ਅੱਗੇ ਕੋਈ ਨਾ ਡਟਾ, ਤ੍ਰੈਗੁਣ ਮਾਇਆ ਨਾ ਕਰੇ ਰੱਟਾ, ਪੰਜ ਤੱਤ ਮਾਰੇ ਫੱਟਾ, ਲੱਖ ਚੁਰਾਸੀ ਦਏ ਦੁਹਾਇਆ; ਹਾਏ ਹਾਏ ਇਕੋ ਸ਼ੇਰ ਆਇਆ । ਵੇਖੋ ਸ਼ੇਰ ਆਇਆ ਜੱਗ, ਸਭ ਨੂੰ ਫੜੇ ਸ਼ਾਹ ਰਗ, ਹੰਸ ਬਣਾਏ ਜੀਵ ਕਗ, ਬਿਨ ਗੁਰਮੁਖਾਂ ਸੋਹੰ ਜਾਪ ਨਾ ਕਿਸੇ ਜਪਾਇਆ; ਹਾਏ ਹਾਏ ਇਕੋ ਸ਼ੇਰ ਆਇਆ । ਇਕੋ ਸ਼ੇਰ ਆਇਆ ਬਾਘ, ਆਪਣਾ ਮੁਖ ਖੁਲ੍ਹਾਈਆ । ਨੌਂ ਖੰਡ ਪ੍ਰਿਥਮੀ ਬੁਝਾਏ ਚਿਰਾਗ਼, ਦੀਵਾ ਬੱਤੀ ਨਾ ਕੋਇ ਜਗਾਈਆ । ਮੰਦਰ ਮਸਜਿਦ ਮੱਠ ਸ਼ਿਵਦੁਆਲ ਕੋਈ ਨਾ ਮਾਰੇ ਆਵਾਜ਼, ਬਾਂਗ ਕੂਕ ਨਾ ਕੋਇ ਸੁਣਾਈਆ । ਹਰਿ ਜੂ ਵਰਤੇ ਆਪਣੇ ਸਵਾਂਗ, ਭੇਵ ਨਾ ਕਿਸੇ ਜਣਾਇਆ; ਹਾਏ ਹਾਏ ਇਕੋ ਸ਼ੇਰ ਆਇਆ । ਵੇਖੋ ਸ਼ੇਰ ਹੱਟਾ ਕੱਟਾ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਕੋਈ ਨਾ ਲੱਗੇ ਅੱਛਾ, ਧੋਤੀ ਬੋਦੀ ਜੰਞੂ ਟਿੱਕਾ ਪਿਆਰ ਨਾ ਕਰੇ ਕਿਸੇ ਕੱਛਾ, ਮੁਛ ਦਾੜ੍ਹੀ ਵਾਲਾ ਲੱਗੇ ਕੋਇ ਨਾ ਅੱਛਾ, ਬਿਨ ਭਗਤਾਂ ਆਪਣਾ ਰਾਹ ਨਾ ਕਿਸੇ ਜਣਾਇਆ; ਹਾਏ ਹਾਏ ਇਕੋ ਸ਼ੇਰ ਆਇਆ, ਜਿਸ ਦੇ ਨਾਮ ਪਈ ਦੁਹਾਈਆ । ਧਰਤੀ ਆਈ ਲੱਖ ਚੁਰਾਸੀ ਦੱਸ ਸ਼ੇਰ ਕੇਹੜਾ, ਜੋ ਸਭ ਨੂੰ ਰਿਹਾ ਡਰਾਈਆ । ਜਿਸ ਖ਼ਾਲੀ ਕਰਨਾ ਮੇਰਾ ਵੇਹੜਾ, ਘਰ ਘਰ ਖੇਹ ਉਡਾਈਆ । ਮੈਂ ਕਿਤਾਂ ਬਹਿਵਾਂ ਕਰ ਕੇ ਵੱਡਾ ਜ਼ੇਰਾ, ਮੈਥੋਂ ਦੁੱਖ ਝੱਲਿਆ ਨਾ ਜਾਈਆ । ਅਸੀਂ ਕੀ ਦੱਸੀਏ ਪਹਿਲੋਂ ਬੰਦਾ ਬਣ ਕੇ ਨਾਂ ਰਖਾਇਆ ਸਿੰਘ ਸ਼ੇਰਾ, ਫੇਰ ਸ਼ਹਿਨਸ਼ਾਹ ਬਣ ਕੇ ਫੇਰਾ ਪਾਈਆ । ਹੁਣ ਸਿਰਫ਼ ਗੁਰਮੁਖਾਂ ਦੱਸੇ ਤੂੰ ਮੇਰਾ ਮੈਂ ਤੇਰਾ, ਬਾਕੀ ਸਭ ਦੀ ਸਫ਼ਾ ਮਿਟਾਈਆ । ਜਨ ਭਗਤਾਂ ਲਾਇਆ ਡੇਰਾ, ਡੇਰਾ ਸਭ ਦਾ ਰਿਹਾ ਢਾਹੀਆ । ਜਾ ਭੱਜ ਕੇ ਹੁਣ ਵੇਲਾ ਆਇਆ ਨੇੜਾ, ਜੇ ਤੇਰਾ ਹੋਏ ਸਹਾਈਆ । ਧਰਨੀ ਕਹੇ ਜਿੰਨਾਂ ਚਿਰ ਨਾ ਕਰੇ ਆਪਣੀ ਮਿਹਰਾ, ਮੇਰਾ ਕਦਮ ਨਾ ਚੁਕਿਆ ਜਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਇਕ ਸ਼ੇਰ ਹੋ ਦਲੇਰ, ਸਭ ਨੂੰ ਰਿਹਾ ਡਰਾਈਆ । ਬਲ ਵਧ ਗਿਆ ਤੇਰਾ ਏ । ਜਿਸ ਨੂੰ ਸੱਚਾ ਸਤਿਗੁਰ ਮਿਲਿਆ, ਜਿਸ ਦਾ ਨਾਮ ਸਿੰਘ ਸ਼ੇਰਾ ਏ । ਝੂਠਾ ਚੁਕਿਆ ਝੇੜਾ ਏ । ਸਤਿਗੁਰ ਕਹੇ ਤੂੰ ਮੇਰਾ ਮੈਂ ਤੇਰਾ, ਕੀਤਾ ਹੱਕ ਨਬੇੜਾ ਏ । ਗੁਰਸਿਖ ਵਸਿਆ ਖੇੜਾ ਏ । ਅੱਗੇ ਕੁਛ ਨਹੀਂ ਦੱਸਣਾ, ਪਿਛਲਾ ਦੱਸਿਆ ਬਥੇਰਾ ਏ । ਮੈਂ ਰੰਗ ਨੂੰ ਚੜ੍ਹਾਵਾਂਗਾ । ਗੁਰਸਿਖ ਗੋਦੀ ਚੁੱਕ ਕੇ, ਆਪਣੀਆਂ ਖ਼ੁਸ਼ੀਆਂ ਮਨਾਵਾਂਗਾ । ਛੱਡ ਪਿਛਲੇ ਹਾਵੇ ਨੂੰ । ਅੱਗੇ ਹਰਿ ਜੂ ਖੇਲ ਕਰ, ਬੰਨ੍ਹ ਆਪਣੇ ਦਾਅਵੇ ਨੂੰ । ਗੁਰਸਿਖ ਸਾਗਰ ਏ, ਨਿਰਮਲ ਕਰਮ ਜੀਹਦੇ ਦਰ ਹੋਏ ਉਜਾਗਰ ਨੇ । ਦਿਨ ਵੇਖ ਅਜ਼ਾਦੀ ਦੇ, ਲਹਿਣੇ ਹਰਿ ਮੁਕੌਣ ਆਇਆ, ਬੁੱਢੀ ਗੁਜਰੀ ਦਾਦੀ ਦੇ । ਦੀਦਾਰ ਦੇਵੇ ਹਰਿ ਜੂ ਖੁੱਲ੍ਹਾ, ਖੁੱਲ੍ਹ ਮਖੁੱਲ੍ਹ ਰਖਾਈਆ । ਪਿਛਲੇ ਜਨਮ ਦਾ ਫੜਿਆ ਸੁੱਲਾ, ਆਪਣੀ ਦਇਆ ਕਮਾਈਆ । ਮੋਟਾ ਤਾਜਾ ਵੇਖੇ ਫੁੱਲਾ, ਅੰਦਰ ਰੰਗ ਰੰਗਾਈਆ । ਕੀ ਹੋਇਆ ਜੇ ਸਿਰ ਤੇ ਨਹੀਂ ਕੁੱਲਾ, ਪਗੜੀ ਹਰਿ ਬੰਧਾਈਆ । ਭੁੱਲਣ ਵਾਲਾ ਨਹੀਂ ਭੁੱਲਾ, ਅਭੁਲ ਹੱਥ ਵਡਿਆਈਆ । ਮਿਹਰ ਅੰਦਰ ਨਹੀਂ ਰੁਲਾ, ਰੁਲਦੀ ਵੇਖ ਸਰਬ ਲੋਕਾਈਆ । ਬਿਨ ਕਸਵਟੀਉਂ ਪਾਇਆ ਮੁੱਲਾ, ਕਰਤਾ ਕੀਮਤ ਆਪ ਚੁਕਾਈਆ । ਨਾ ਕੋਈ ਹੁੱਕਾ ਨਾ ਕੋਈ ਚੁਲ੍ਹਾ, ਸੂਟਾ ਖਿਚ ਨਾ ਕੋਇ ਲਗਾਈਆ । ਨਾ ਕੋਈ ਕਾਜ਼ੀ ਨਾ ਕੋਈ ਮੁਲਾਂ, ਨਾ ਕੋਈ ਸੁੰਨਤ ਵਖਾਈਆ । ਨਾ ਕੋਈ ਮੁਹੰਮਦ ਨਾ ਕੋਈ ਰਸੂਲ ਲਿਲਾ, ਲਾ ਸ਼ਰੀਅਤ ਕਲਮਾ ਰਿਹਾ ਪੜ੍ਹਾਈਆ । ਨਾ ਬੂਰਾ ਨਾ ਕੱਕਾ ਬਿਲਾ, ਕਾਲਾ ਰੰਗ ਨਾ ਕੋਇ ਵਖਾਈਆ । ਪੁਰਖ ਅਬਿਨਾਸ਼ੀ ਕਦੇ ਨਾ ਢਿਲਾ, ਆਦਿ ਜੁਗਾਦਿ ਜੁਗ ਜੁਗ ਖੇਲੇ ਖੇਲ ਵਾਹੋ ਦਾਹੀਆ । ਰੋਜ਼ਾ ਬਾਂਗ ਨਿਮਾਜ਼ ਨਾ ਕੋਈ ਕਟਾਇਆ ਛਿਲਾ, ਭੋਰੇ ਵਿਚ ਨਾ ਕੋਇ ਰਖਾਈਆ । ਪਹਿਲਾ ਤੱਤ ਕੀਤਾ ਫ਼ਨਾਹ ਫਿਲਾ, ਤੱਤ ਤੱਤ ਫੇਰ ਬਦਲਾਈਆ । ਪਹਿਲੋਂ ਪੀਹਣ ਪਾਇਆ ਗਿਲਾ, ਸਾਧਾਂ ਸੰਤਾਂ ਮਗਰ ਫਿਰਾਈਆ । ਫਿਰ ਆਪਣੇ ਠੋਕਿਆ ਨਾਮ ਦਾ ਕਿਲਾ, ਕਿਲੀ ਸਭ ਦੀ ਦਿਤੀ ਉਖੜਾਈਆ । ਜਿਸ ਨੇ ਹੱਥ ਵਿਚ ਫੜਿਆ ਚਿਲਾ, ਤੀਰ ਕਮਾਨ ਟੰਕ ਕੰਧ ਉਠਾਈਆ । ਸੋ ਕਲਜੁਗ ਅੰਤਮ ਹਿਲਾ, ਹੌਲੀ ਹੌਲੀ ਆਪਣੀ ਲਏ ਅੰਗੜਾਈਆ । ਬਣੇ ਸ਼ੌਕੀਨ ਜੁਤੀਆਂ ਉਤੇ ਕਢਾ ਤਿੱਲਾ, ਤਿਲਕ ਸਭ ਦੇ ਰਿਹਾ ਢਾਹੀਆ । ਇਕ ਅਲੂਣੀ ਵਖਾਏ ਸਿਲਾ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਰਿਹਾ ਚਟਾਈਆ । ਮੋਟਾ ਬਣ ਨਾ ਚਲੇ ਜਿਲ੍ਹਾ, ਨਿੱਕਾ ਭੱਜੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰਸ ਖੁੱਲਾ ਜਨਮ ਜਨਮ ਜਨਮ ਵਿਚ ਵਖਾਈਆ । ਖੁਲ੍ਹਾ ਦਰਸ ਵੇਖ ਦੀਦ, ਦਿਆਲ ਆਪ ਵਖਾਇੰਦਾ । ਨਾ ਕੋਈ ਮੰਗੇ ਸ਼ਰਅ ਬਕਰੀਦ, ਸੀਸ ਭੇਟ ਨਾ ਕੋਇ ਵਖਾਇੰਦਾ । ਲਹਿਣਾ ਚੁਕਿਆ ਚੰਦ ਈਦ, ਈਦ ਆਪਣਾ ਨੂਰ ਦਰਸਾਇੰਦਾ । ਵੇਖੋ ਆਪਣੀ ਆਪ ਲਿਖ ਲਿਖ ਦੇ ਰਿਹਾ ਰਸੀਦ, ਲਿਖਿਆ ਲੇਖ ਨਾ ਕੋਇ ਮਿਟਾਇੰਦਾ । ਨਾਲ ਗੋਬਿੰਦ ਕਰੇ ਤਾਈਦ, ਪੁਰਖ ਅਕਾਲ ਭੁੱਲ ਕਦੇ ਨਾ ਜਾਇੰਦਾ । ਅੱਗੇ ਹੋਣ ਨਾ ਦੇਵੇ ਕਿਸੇ ਨੂੰ ਸ਼ਹੀਦ, ਸ਼ਹਾਦਤ ਆਪਣੀ ਆਪੇ ਪਾਇੰਦਾ । ਕਰੇ ਖੇਲ ਇਕ ਅਨਡੀਠ, ਅਨਡਿਠੜਾ ਰਾਹ ਚਲਾਇੰਦਾ । ਦਿਆਲ ਠਾਕਰ ਬਣੇ ਮੀਤ, ਮਿੱਤਰ ਪਿਆਰਾ ਆਪ ਅਖਵਾਇੰਦਾ । ਲੇਖਾ ਚੁਕਿਆ ਜਗਤ ਮਸੀਤ, ਮਸਲਾ ਇਕੋ ਵਾਰ ਹੱਲ ਕਰਾਇੰਦਾ । ਜਿਸ ਜਨ ਸੋਹੰ ਢੋਲਾ ਗਾਇਆ ਗੀਤ, ਤਿਸ ਅੱਲਾ ਮੀਆਂ ਆ ਆ ਸੇਵ ਕਮਾਇੰਦਾ । ਜਿਸ ਦੀ ਯਾਦ ਕਰਦੇ ਰਹੇ ਵਿਚ ਚੀਤ, ਸੋ ਅਚਨਚੇਤ ਆਪਣਾ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੁਲ੍ਹਾ ਅਨਮੁਲਾ

ਦਰਸ ਆਪ ਵਖਾਇੰਦਾ । ਹਿੰਦੂ ਮੁਸਲਮ ਸਿਖ ਈਸਾਈ ਕੇਹੜੀ ਬਾਤ, ਹਰਿ ਜੂ ਭੇਵ ਜਣਾਇੰਦਾ । ਅੰਦਰ ਸਭ ਦੀ ਇਕੋ ਜ਼ਾਤ, ਬਾਹਰ ਵੰਡ ਨਾ ਕੋਇ ਵਖਾਇੰਦਾ । ਆਤਮ ਪਰਮਾਤਮ ਸਦਾ ਸਾਥ, ਸਗਲਾ ਸੰਗ ਨਿਭਾਇੰਦਾ । ਮੁਰੀਦ ਮੁਰਸ਼ਦ ਮੁਰਸ਼ਦ ਮੁਰੀਦ ਪੁੱਛੇ ਵਾਤ, ਦਰ ਦਰ ਵੇਖ ਵਖਾਇੰਦਾ । ਜਿਸ ਨੇ ਅੰਦਰ ਵੇਖਿਆ ਮਾਰ ਝਾਤ, ਸੋ ਦੀਨ ਮਜ਼੍ਹਬ ਵਿਚ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੁਸਲਿਆਂ ਨਾਲ ਕਰੇ ਮਸਲਾ, ਹਿੰਦੂ ਵੇਖੇ ਨਾ ਕੋਈ ਅਸਲਾ, ਦੋ ਫਸਲਾ ਆਪਣਾ ਖੇਲ ਕਰਾਇੰਦਾ । ਬਿਨ ਬੰਦਗੀ ਪਾਏ ਖ਼ੈਰ, ਖਹਿੜਾ ਸਭ ਤੋਂ ਦਏ ਛੁਡਾਈਆ । ਪੁਰਖ ਅਕਾਲ ਕਰ ਕੇ ਆਪਣੀ ਮਿਹਰ, ਮਿਹਰਵਾਨ ਲਏ ਮਿਲਾਈਆ । ਜੂਠਾ ਝੂਠਾ ਚੁਕੇ ਝਗੜਾ ਝੇੜ, ਝੰਜਟ ਸਾਰੇ ਰਿਹਾ ਮਿਟਾਈਆ । ਗੁਰਮੁਖ ਸੱਜਣ ਸਾਚੇ ਘੇਰ ਘੇਰ, ਵਸਤ ਅਨਮੁਲੀ ਝੋਲੀ ਪਾਈਆ । ਇਕ ਮਿਸਾਲ ਭੀਲਣੀ ਖਾਦੇ ਬੇਰ, ਹੁਣ ਵੇਖੋ ਗ਼ਰੀਬ ਨਿਮਾਣਿਆਂ ਦੇ ਟੁੱਕੜੇ ਮੰਗ ਮੰਗ ਖਾਈਆ । ਨਾਉਂ ਧਰ ਸ਼ੇਰ ਦਲੇਰ, ਦੇਰ ਅੰਤ ਕੋਇ ਨਾ ਲਾਈਆ । ਜਗਤ ਵਾਸਨਾ ਢਾਹ ਢਾਹ ਕਰੇ ਢੇਰ, ਕਾਇਆ ਮੰਦਰ ਖ਼ਾਕ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਬੰਦਗੀ ਗੁਰਮੁਖਾਂ ਝੋਲੀ ਪਾਈਆ । ਗੁਰਮੁਖਾਂ ਪਿਛੇ ਕਰੇ ਬੰਦਗੀ, ਹਰਿ ਜੂ ਬੰਦਨਾ ਆਪ ਜਣਾਇੰਦਾ । ਆਪਣੀ ਹੱਥੀਂ ਤੁਹਾਡੇ ਅੰਦਰੋਂ ਕੱਢੇ ਗੰਦਗੀ, ਕੂੜੀ ਕਿਰਿਆ ਮੈਲ ਧਵਾਇੰਦਾ । ਦਰ ਘਰ ਗੁਰਮੁਖਾਂ ਕਰੇ ਮੁਸ਼ੰਦਗੀ, ਮੁਸ਼ਕਲ ਸਭ ਦੀ ਹੱਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਬੰਦਗੀ ਇਕ ਜਣਾਇੰਦਾ । ਸਾਚੀ ਬੰਦਗੀ ਹਰਿ ਕਾ ਚਰਨ, ਸਤਿਗੁਰ ਸਚ ਸਚ ਸਮਝਾਈਆ । ਬਿਨ ਨੇਤਰੋਂ ਖੁਲ੍ਹੇ ਨੇਤਰ ਹਰਨ ਫਰਨ, ਭੇਵ ਅਭੇਵ ਦਏ ਜਣਾਈਆ । ਲੇਖਾ ਚੁੱਕੇ ਮਰਨ ਡਰਨ, ਗੇੜ ਚੁਰਾਸੀ ਦਏ ਕਟਾਈਆ । ਸਾਚੇ ਪੌੜੇ ਗੁਰਮੁਖ ਚੜ੍ਹਨ, ਜਿਸ ਜਨ ਆਪਣੀ ਦਇਆ ਕਮਾਈਆ । ਬਿਨ ਬੰਦਗੀਉਂ ਦਰਗਾਹ ਸਾਚੀ ਵੜਨ, ਜਿਸ ਮਿਲਿਆ ਸੱਚਾ ਮਾਹੀਆ । ਆਤਮ ਪਰਮਾਤਮ ਸੋਹੰ ਢੋਲਾ ਪੜ੍ਹਨ, ਢੋਲਾ ਹਰਿ ਜੂ ਰਿਹਾ ਜਣਾਈਆ । ਬਣ ਵਿਚੋਲਾ ਆਏ ਖੜਨ, ਖਿੜਕੀ ਕਾਇਆ ਕੁੰਡਾ ਲਾਹੀਆ । ਨਾਤਾ ਤੋੜੇ ਬਰਨ ਵਰਨ, ਸਰਨ ਆਪਣੀ ਇਕ ਤਕਾਈਆ । ਬਿਨ ਬੰਦਗੀਉਂ ਗੁਰਮੁਖ ਹਰਿ ਕਾ ਦਰਸ਼ਨ ਕਰਨ, ਪਿਛਲਾ ਲੇਖਾ ਲੇਖੇ ਪਾਈਆ । ਬੰਦਗੀ ਵੇਖ ਇਕ ਨਰੈਣ, ਨਰੈਣ ਹਰਿ ਜੂ ਆਪ ਜਣਾਇੰਦਾ । ਦਰ ਦਰਸ ਪੇਖਤ ਨੈਣ, ਨੈਣ ਨੈਣਾਂ ਹਰਸ ਮਿਟਾਇੰਦਾ । ਜਿਸ ਦੀ ਸ਼ਾਸਤਰ ਸਿਮਰਤ ਵੇਦ ਪੁਰਾਨ ਸਿਫ਼ਤ ਕਹਿਣ, ਸੋ ਤੁਹਾਡੀ ਸਿਫ਼ਤ ਆਪ ਸਾਲਾਹਿੰਦਾ । ਬਿਨ ਸੱਦਿਆਂ ਪੁੱਛਿਆਂ ਗੁਰਮੁਖਾਂ ਆਇਆ ਲੈਣ, ਲਹਿਣਾ ਪਿਛਲਾ ਵੇਖ ਵਖਾਇੰਦਾ । ਬਿਨ ਸਾਕੋਂ ਬਣਿਆ ਸਾਕ ਸੱਜਣ ਸੈਨ, ਆਤਮ ਪਰਮਾਤਮ ਜੋੜ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੰਦਗੀ ਬੰਦੇ ਇਕ ਜਣਾਇੰਦਾ । ਸਾਚੀ ਬੰਦਗੀ ਵੇਖ ਬੰਦੇ, ਬਿਨ ਬਦਨੋਂ ਆਪ ਜਣਾਈਆ । ਰਸਨਾ ਜਿਹਵਾ ਝੂਠੇ ਧੰਦੇ, ਗਾ ਗਾ ਥੱਕੀ ਸਰਬ ਲੋਕਾਈਆ । ਪੜ੍ਹਨ ਵਾਲੇ ਸਾਰੇ ਅੰਧੇ, ਆਤਮ ਪਰਦਾ ਕੋਇ ਨਾ ਲਾਹੀਆ । ਦੀਨ ਦਿਆਲ ਸਾਹਿਬ ਸਤਿਗੁਰ ਜਿਸ ਜਨ ਆਪਣਾ ਰਾਗ ਸੁਣਾਏ ਕੰਨੇ, ਕਾਗ ਹੰਸ ਬਣਾਈਆ । ਸੋ ਗੁਰਮੁਖ ਸਚ ਬੰਦਗੀ ਇਕੋ ਮੰਨੇ, ਜਿਸ ਬੰਦਗੀ ਨਾਲ ਪ੍ਰਭ ਮਿਲੇ ਨੂਰ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਸਤ ਇਕੋ ਇਕ ਵਰਤਾਈਆ । ਬੰਦਗੀ ਦੇਵੇ ਬੰਦੀ ਤੋੜ, ਬੰਦੀਖ਼ਾਨਾ ਨਾ ਕੋਇ ਰਖਾਇੰਦਾ । ਨਾਤਾ ਚੁੱਕੇ ਮੜ੍ਹੀ ਗੋਰ, ਅੰਧ ਘੋਰ ਸਰਬ ਗਵਾਇੰਦਾ ।

ਆਪਣੇ ਸੰਗ ਲਏ ਤੋਰ, ਤਾਰਨਹਾਰ ਦਇਆ ਕਮਾਇੰਦਾ । ਨਰੈਣ ਨਰਾਇਣ ਪੈ ਗਈ ਲੋੜ, ਲੋੜੀਂਦਾ ਸਾਜਣ ਘਰ ਵਿਚ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਾਮ ਬੰਦਗੀ ਹਰਿਜਨ ਝੋਲੀ ਪਾਇੰਦਾ । ਔਹ ਆਈ ਮਾਈ ਮੱਯਾ ਹੋਣੀ, ਆਪਣਾ ਰੂਪ ਵਟਾਈਆ । ਲੱਖ ਚੁਰਾਸੀ ਜਿਸ ਨੇ ਕੋਹਣੀ, ਬਣ ਬੱਕਰਾ ਰੂਪ ਕਸਾਈਆ । ਲੋਕੀਂ ਕਹਿਣ ਕਰਨੀ ਅਨਹੋਣੀ, ਗੁਰੂ ਪੀਰ ਅਵਤਾਰ ਛੱਡ ਗਏ ਨਾਤਾ, ਹੋਣੀ ਸਭ ਦਾ ਗੁਰੂ ਨਜ਼ਰ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਕਾਰ ਮਾਤਾ ਦਏ ਵਖਾਈਆ । ਕਲਜੁਗ ਬੇਰੀ ਉਪਰ ਛਤਰੀ, ਛਤਰ ਛਾਇਆ ਇਕ ਜਣਾਈਆ । ਇਸ ਦੀਆਂ ਸੀਖਾਂ ਤਾਰਾਂ ਬ੍ਰਹਿਮਣ ਵੈਸ਼ ਸ਼ੂਦਰ ਸ਼ੱਤਰੀ, ਚਾਰ ਕੁੰਟ ਵਖਾਈਆ । ਅੰਤਮ ਹੋਣੀ ਮੌਤ ਫਲ ਖਾ ਜਾਏ ਬਣ ਕੇ ਬੱਕਰੀ, ਪਤ ਡਾਲੀ ਰਹਿਣ ਨਾ ਪਾਈਆ । ਪੁਰਖ ਅਬਿਨਾਸ਼ੀ ਹੁਕਮੇ ਜਕੜੀ, ਹਿਲ ਨਾ ਸਕੇ ਰਾਈਆ । ਖੜੀ ਖਲੋਤੀ ਅਕੜੀ, ਸੁੱਕੀ ਹੋ ਕੇ ਦਏ ਦੁਹਾਈਆ । ਵਿਚ ਰਹੇ ਕੋਈ ਨਾ ਮਕਰੀ, ਫ਼ਰੇਬ ਸਭ ਦੇ ਰਿਹਾ ਮਿਟਾਈਆ । ਜਿਸ ਦੇ ਸਿਰ ਉਤੇ ਛੱਤੜੀ, ਤਿਸ ਦੀ ਜੜ੍ਹ ਰਿਹਾ ਉਖੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਰਿਹਾ ਜਣਾਈਆ ।

## ❇ ੧੮ ਮੱਘਰ ੨੦੧੯ ਬਿਕਰਮੀ ਦੀਦਾਰ ਸਿੰਘ ਦੇ ਗ੍ਰਹਿ ਬਾਬੂ ਪੁਰਾ ਜ਼ਿਲਾ ਗੁਰਦਾਸਪੁਰ ❇



ਸਾਹਿਬ ਸਤਿਗੁਰ ਇਕੋ ਡੰਕਾ, ਏਕੰਕਾਰਾ ਆਪ ਵਜਾਈਆ । ਧਰਮ ਦੁਆਰੇ ਸੁਣਿਆ ਜਨਕਾ, ਅਸ਼ਟਾਬੱਕਰ ਨੈਣ ਸ਼ਰਮਾਈਆ । ਕਰੇ ਬੰਦਨਾ ਬਾਰ ਅਨਕਾ, ਅਕਲ ਕਲ ਵੇਖ ਵਖਾਈਆ । ਬਿਨ ਫੇਰਿਆਂ ਫਿਰਿਆ ਮਨ ਕਾ ਮਣਕਾ, ਮਨ ਵਾਸਨਾ ਰਹਿਣ ਨਾ ਪਾਈਆ । ਲਾਲਚ ਚੁਕਾ ਝੂਠੇ ਧੰਨ ਕਾ, ਧਨਾਢ ਇਕੋ ਨਜ਼ਰੀ ਆਈਆ । ਲੇਖਾ ਚੁਕਿਆ ਸੂਰਜ ਚੰਦ ਕਾ, ਚਾਨਣ ਮਿਲਿਆ ਸੱਚਾ ਮਾਹੀਆ । ਵਸੇਰਾ ਚੁਕਿਆ ਛੱਪਰ ਛੰਨ ਕਾ, ਮਹੱਲ ਅਟੱਲ ਨਾ ਕੋਇ ਸੁਹਾਈਆ । ਰਾਗ ਸੁਣਿਆ ਏਕਾ ਕੰਨ ਕਾ, ਅਨਾਦੀ ਨਾਦ ਵਜਾਈਆ । ਲੇਖਾ ਚੁੱਕਿਆ ਮਾਟੀ ਤਨ ਕਾ, ਤਾਰ ਸਤਾਰ ਨਾ ਕੋਇ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਡੰਕਾ ਇਕ ਵਜਾਈਆ । ਸਾਚਾ ਡੰਕਾ ਏਕਾ ਨਾਮ, ਸੋ ਪੁਰਖ ਨਿਰੰਜਣ ਆਪ ਵਜਾਇੰਦਾ । ਜਿਸ ਨੂੰ ਸੁਣ ਕੇ ਰਘਪਤ ਰਾਮ, ਰਮੱਯਾ ਨਿਉਂ ਨਿਉਂ ਸੀਸ ਝੁਕਾਇੰਦਾ । ਜਿਸ ਡੰਕੇ ਪਿਛੇ ਕਰੇ ਕਾਮ, ਜਨਕ ਸਪੁੱਤਰੀ ਮਾਤ ਪਰਨਾਇੰਦਾ । ਜਿਸ ਡੰਕੇ ਅੰਦਰ ਬਣੇ ਗੁਲਾਮ, ਆਪਣਾ ਮਾਣ ਗਵਾਇੰਦਾ । ਜਿਸ ਡੰਕੇ ਪਿਛੇ ਛੱਡੇ ਅਸਥਾਨ, ਅਯੁਧਿਆ ਰੂਪ ਨਾ ਕੋਇ ਵਖਾਇੰਦਾ । ਜਿਸ ਡੰਕੇ ਪਿਛੇ ਗਿਆ ਬੀਆਬਾਨ, ਜੰਗਲ ਜੂਹ ਉਜਾੜ ਬੀਆਬਾਨ ਫੇਰਾ ਪਾਇੰਦਾ । ਜਿਸ ਡੰਕੇ ਪਿਛੇ ਹੋਇਆ ਹੈਰਾਨ, ਸੀਤਾ ਸਵਾਣੀ ਮੁਖ ਭਵਾਇੰਦਾ । ਜਿਸ ਡੰਕੇ ਪਿਛੇ ਹਨਵੰਤ ਮਿਲਿਆ ਆਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਡੰਕਾ ਇਕ ਵਜਾਈਆ । ਸਾਚਾ ਡੰਕਾ ਸਾਹਿਬ ਸਮਰਥ, ਆਦਿ ਜੁਗਾਦਿ ਵਜਾਇੰਦਾ । ਹਰਿ ਪੁਰਖ ਨਿਰੰਜਣ ਰੱਖੇ ਆਪਣੇ ਹੱਥ, ਦੂਸਰ ਹੱਥ ਨਾ ਕਿਸੇ ਫੜਾਇੰਦਾ । ਕਾਹਨਾ ਕ੍ਰਿਸ਼ਨਾ ਮਾਰਗ ਦੱਸ, ਕਿਣਕਾ ਕਿਣਕਾ ਭੇਵ ਖੁਲ੍ਹਾਇੰਦਾ । ਆਪੇ ਵੇਖੇ ਖੇਲ ਹੱਸ ਹੱਸ, ਹੰਸ ਮੁਖ ਸਾਚੇ ਤਖ਼ਤ ਸੋਭਾ ਪਾਇੰਦਾ । ਸਤਿ ਸੰਦੇਸ਼ ਸੁਣਾਏ ਜਸ, ਭੇਵ ਅਭੇਦ ਖੁਲ੍ਹਾਇੰਦਾ । ਤਿੰਨਾਂ ਲੋਕਾਂ ਅੰਦਰ ਕਰ ਕੇ ਵਸ, ਆਪਣਾ ਵਸਲ

ਨਾ ਕਿਸੇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਡੰਕਾ ਇਕ ਸੁਣਾਇੰਦਾ । ਸਾਚਾ ਡੰਕਾ ਪੀਰ ਪੈਗ਼ੰਬਰ, ਪਰਵਰਦਿਗਾਰ ਆਪ ਸੁਣਾਈਆ । ਨੂਰੀ ਨੂਰ ਲਾਏ ਤਨਕਾ, ਤਨ ਰਬਾਬ ਇਲਾਹੀਆ । ਖੇਲੇ ਖੇਲ ਅਲੱਖ ਅਗੰਮ ਕਾ, ਅਗੰਮ ਅਥਾਹ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਡੰਕਾ ਇਕ ਵਖਾਈਆ । ਸਾਚਾ ਡੰਕਾ ਸੁਣਿਆ ਨਾਨਕ, ਨਿਰੰਕਾਰ ਆਪ ਵਜਾਇਆ । ਕਰਿਆ ਖੇਲ ਇਕ ਅਚਾਨਕ, ਅਚਰਜ ਆਪਣਾ ਭੇਵ ਖੁਲ੍ਹਾਇਆ । ਨਾਨਕ ਨਿਰਗੁਣ ਵੇਖੇ ਹਰਿ ਕਾ ਡੰਕਾ ਸਹੀ ਸਲਾਮਤ, ਸਭ ਨੂੰ ਰਿਹਾ ਸਮਝਾਇਆ । ਆਦਿ ਜੁਗਾਦਿ ਸਦਾ ਸਦਾ ਸਭ ਨੂੰ ਕਰੇ ਮਮਾਨਤ, ਸਿਰ ਸਿਰ ਆਪਣਾ ਹੁਕਮ ਮਨਾਇਆ । ਕੋਈ ਨਾ ਸਕਿਆ ਮਾਤ ਪਛਾਣਤ, ਪਛੋਤਾਵ ਸਭ ਨੂੰ ਰਿਹਾ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਡੰਕਾ ਹੱਥ ਰਖਾਇਆ । ਸਾਚਾ ਡੰਕ ਸ੍ਰੀ ਭਗਵਾਨ, ਏਕਾ ਆਪਣੇ ਹੱਥ ਰਖਾਈਆ । ਸ਼ਾਹ ਪਾਤਸ਼ਾਹ ਨੌਜਵਾਨ, ਸਾਚੇ ਤਖ਼ਤ ਆਪ ਉਠਾਈਆ । ਦੋ ਜਹਾਨਾਂ ਹੁਕਮਰਾਨ, ਭੈ ਭੌ ਇਕ ਜਣਾਈਆ । ਵਿਸ਼ਨ ਬ੍ਰਹਮਾ ਸ਼ਿਵ ਮੰਨਣ ਆਣ, ਅੱਗੇ ਸੀਸ ਨਾ ਕੋਇ ਉਠਾਈਆ । ਤੇਈ ਅਵਤਾਰ ਕਰ ਕਰ ਗਏ ਧਿਆਨ, ਧਿਆਨ ਵਿਚ ਨਾ ਆਈਆ । ਪੀਰ ਪੈਗ਼ੰਬਰ ਕਲਮਾ ਪੜ੍ਹਦੇ ਰਹੇ ਈਮਾਨ, ਆਪ ਆਪਣਾ ਰਾਹ ਜਣਾਈਆ । ਨਾਨਕ ਨਿਰਗੁਣ ਨਿਰਗੁਣ ਡੰਕਾ ਵਖਾਇਆ ਕਰ ਧਿਆਨ, ਧਿਆਨ ਧਿਆਨ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਈਆ । ਨਾਨਕ ਨਿਰਗੁਣ ਵੇਖਿਆ ਡੰਕਾ, ਸਤਿ ਸਤਿਵਾਦੀ ਹੱਥ ਰਖਾਇੰਦਾ । ਨਾ ਕੋਈ ਘਾੜਤ ਨਾ ਕੋਈ ਬਣਤਾ, ਰੂਪ ਰੰਗ ਰੇਖ ਨਾ ਕੋਇ ਵਖਾਇੰਦਾ । ਨਾ ਕੋਈ ਆਦਿ ਨਾ ਕੋਈ ਅੰਤਾ, ਮਧ ਨਜ਼ਰ ਕੋਇ ਨਾ ਆਇੰਦਾ । ਨਾ ਕੋਈ ਸੋਗ ਨਾ ਕੋਈ ਚਿੰਤਾ, ਹਰਖ਼ ਨਾ ਰੂਪ ਵਟਾਇੰਦਾ । ਨਾ ਕੋਈ ਉਸਤਤ ਨਾ ਕੋਈ ਨਿੰਦਾ, ਸਿਫ਼ਤੀ ਸਿਫ਼ਤ ਨਾ ਕੋਇ ਸਾਲਾਹਿੰਦਾ । ਨਾ ਕੋਈ ਕੁੰਜੀ ਨਾ ਕੋਈ ਜਿੰਦਾ, ਅੰਦਰ ਬੰਦ ਨਾ ਕਿਸੇ ਕਰਾਇੰਦਾ । ਨਾ ਕੋਈ ਸਾਗਰ ਨਾ ਕੋਈ ਸਿੰਧਾ, ਜਲ ਧਾਰ ਨਾ ਕੋਇ ਰੁੜ੍ਹਾਇੰਦਾ । ਕਰੇ ਖੇਲ ਗੁਣੀ ਗਹੀਰ ਗਹਿਰ ਗਹਿੰਦਾ, ਮਿਹਰਵਾਨ ਮਿਹਰਵਾਨ ਮਿਹਰ ਆਪਣੀ ਨਜ਼ਰ ਉਠਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਹੱਥ ਕਿਸੇ ਨਾ ਦੇਂਦਾ, ਕੋਟਨ ਕੋਟ ਗੁਰ ਅਵਤਾਰ ਪੀਰ ਪੈਗ਼ੰਬਰ ਮੰਗ ਮੰਗਾਇੰਦਾ । ਅੱਗੋਂ ਹਰਿ ਜੂ ਹੱਸ ਕੇ ਕਹਿੰਦਾ, ਏਸ ਡੰਕੇ ਅੰਦਰ ਸਭ ਨੂੰ ਮਾਤ ਫਿਰਾਇੰਦਾ । ਇਹ ਡੰਕਾ ਮੇਰੇ ਚਰਨਾਂ ਕੋਲ ਬਹਿੰਦਾ, ਦਿਵਸ ਰੈਣ ਸੀਸ ਨਿਵਾਇੰਦਾ । ਹੋਏ ਨਿਮਾਣਾ ਸਰਨੀ ਪੈਂਦਾ, ਦਰ ਇਕੋ ਮੰਗ ਮੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਡੰਕਾ ਇਕ ਪਰਗਟਾਇੰਦਾ । ਸਾਚਾ ਡੰਕਾ ਤੇਰਾ ਭਗਵਾਨ, ਨਾਨਕ ਵੇਖ ਵੇਖ ਬਿਗਸਾਈਆ । ਦਰ ਤੇਰੇ ਦਰਸ਼ਨ ਕੀਤਾ ਆਣ, ਤਰਸ ਦਿਤਾ ਕਮਾਈਆ । ਦੋਏ ਜੋੜ ਕਰਾਂ ਪਰਨਾਮ, ਚਰਨੀਂ ਸੀਸ ਝੁਕਾਈਆ । ਤੇਰਾ ਡੰਕਾ ਤੇਰੇ ਹੱਥ ਸੋਹੇ ਮਿਹਰਵਾਨ, ਵੇਖਿਆਂ ਨਜ਼ਰ ਕੋਇ ਨਾ ਆਈਆ । ਖ਼ਾਲੀ ਝੋਲੀ ਮੰਗਾਂ ਦਾਨ, ਦਰ ਤੇਰੇ ਅੱਗੇ ਡਾਹੀਆ । ਗ਼ਰੀਬ ਨਿਮਾਣਿਆਂ ਵਲ ਵੇਖ ਮਾਰ ਧਿਆਨ, ਮੋਹੇ ਗ਼ਰੀਬ ਇਕੋ ਮੰਗ ਮੰਗਾਈਆ । ਚੁਗ ਚੌਕੜੀ ਕਰਿਆ ਖੇਲ ਮਹਾਨ, ਗੁਰ ਅਵਤਾਰ ਸੇਵਾ ਲਾਈਆ । ਮੈਂ ਬਾਲੀ ਬੁੱਧ ਅਵਾਣ, ਤੇਰਾ ਅੰਤ ਨਾ ਪਾਇਆ ਜਾਈਆ । ਤੇਰਾ ਡੰਕਾ ਵੇਖ ਨੌਜਵਾਨ, ਮੇਰੇ ਅੰਤਰ ਵੱਜੀ ਵਧਾਈਆ । ਮੈਂ ਲੋਕਮਾਤ ਤੇਰੇ ਹੁਕਮੇ ਅੰਦਰ ਦੇ ਕੇ ਜਾਵਾਂ ਬਿਆਨ, ਲੇਖਾ ਲਿਖਤ ਨਾਲ ਮਿਲਾਈਆ । ਕਲਜੁਗ ਅੰਤਮ ਪਰਗਟ ਹੋਵੇ

ਨਿਹਕਲੰਕ ਬਲੀ ਬਲਵਾਨ, ਬਲ ਆਪਣਾ ਆਪ ਪਰਗਟਾਈਆ । ਡੰਕਾ ਵਜਾਏ ਦੋ ਜਹਾਨ, ਫ਼ਤਹਿ ਆਪਣੇ ਹੱਥ ਰਖਾਈਆ । ਮੇਰੀ ਜੋਤੀ ਤੇਰੀ ਸੇਵਾ ਕਰੇ ਆਣ, ਗੋਬਿੰਦ ਤੇਰਾ ਰੂਪ ਵਖਾਈਆ । ਪਿਤਾ ਪੂਤ ਨਾਤਾ ਜੁੜੇ ਜਹਾਨ, ਤਾਗਾ ਸੂਤ ਏਕਾ ਵੱਟ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਡੰਕਾ ਰਿਹਾ ਚਮਕਾਈਆ । ਸਾਚਾ ਡੰਕਾ ਫੜ ਹੱਥ, ਹਰਿ ਜੂ ਨਾਨਕ ਆਪ ਵਖਾਇੰਦਾ । ਆ ਨਾਨਕ ਤੈਨੂੰ ਦਿਆਂ ਦੱਸ, ਮੇਰਾ ਡੰਕਾ ਕੀ ਕੀ ਖੇਲ ਕਰਾਇੰਦਾ । ਵੇਖ ਥੱਲੇ ਉਪਰ ਦੋ ਜਹਾਨਾਂ ਏਹਦੇ ਵਸ, ਪੀਰ ਪੈਗ਼ੰਬਰ ਦੋਏ ਦੋਏ ਜੋੜ ਵਾਸਤਾ ਪਾਇੰਦਾ । ਇਹ ਸਾਰਿਆਂ ਵਲ ਵੇਖ ਕੇ ਰਿਹਾ ਹੱਸ, ਆਪਣਾ ਭੇਵ ਨਾ ਕਿਸੇ ਜਣਾਇੰਦਾ । ਜੁਗ ਜੁਗ ਜਿਧਰ ਚਾਹੇ ਓਧਰ ਦੇਵੇ ਧੱਸ, ਮਾਰ ਹੁੱਜਾਂ ਅੱਗੇ ਲਾਇੰਦਾ । ਇਹਦੇ ਅੱਗੇ ਕਿਸੇ ਦਾ ਚਲੇ ਨਾ ਕੋਇ ਵਸ, ਅੱਗੇ ਹੋ ਨਾ ਕੋਇ ਅਟਕਾਇੰਦਾ । ਕਰਵਟ ਬਦਲ ਵੇਖੇ ਸਾਰੇ ਜਾਣ ਢੱਠ, ਮੂੰਹ ਦੇ ਭਾਰ ਆਪ ਸੁਟਾਇੰਦਾ । ਆਪ ਹੁਕਮ ਦੇਵੇ ਡਟ, ਭੈ ਭੌ ਇਕ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਡੰਕੇ ਆਪ ਵਖਾਇੰਦਾ । ਵੇਖ ਨਾਨਕ ਡੰਕਾ ਵੱਜੇ, ਡੌਰੂ ਨਜ਼ਰ ਕੋਇ ਨਾ ਆਈਆ । ਬ੍ਰਹਿਮੰਡ ਖੰਡ ਅੱਗੇ ਪਿਛੇ ਫਿਰਨ ਭੱਜੇ, ਭਾਜੜ ਸਭ ਨੂੰ ਰਿਹਾ ਪਾਈਆ । ਕੋਈ ਨਾ ਰੱਖੇ ਕਿਸੇ ਦੀ ਲੱਜੇ, ਸਿਰ ਹੱਥ ਨਾ ਕੋਇ ਟਿਕਾਈਆ । ਹੁਕਮੇ ਅੰਦਰ ਸਾਰੇ ਬੱਧੇ, ਇਕੋ ਹੁਕਮ ਵਡਿਆਈਆ । ਪੀਰ ਪੈਗ਼ੰਬਰ ਔਹ ਵੇਖ ਇਹਦੇ ਹੁਕਮੇ ਨੱਚੇ, ਬਣ ਮਲੰਘ ਨਾਚ ਵਖਾਈਆ । ਫਿਰ ਵੀ ਕਹਿਣ ਅਸੀਂ ਕੱਚੇ, ਸਾਡੀ ਚਲੀ ਨਾ ਕੋਈ ਚਤੁਰਾਈਆ । ਔਹ ਵੇਖ ਨਾਨਕ ਸਾਰੇ ਦਿਸਣ ਬੱਚੇ, ਬਾਲੀ ਬੁੱਧ ਵਖਾਈਆ । ਵੇਖ ਮੇਰੇ ਅੰਦਰ ਏਨ੍ਹਾਂ ਦੇ ਸੰਚੇ, ਜਿਥੋਂ ਬਾਹਰ ਲਵਾਂ ਪਰਗਟਾਈਆ । ਉਂਗਲੀ ਲਾ ਲਾ ਵੇਖਾਂ ਫਿਰਨ ਭੱਜੇ, ਭੱਜਿਆਂ ਪੰਧ ਨਾ ਕੋਇ ਮੁਕਾਈਆ । ਜਿਸ ਵੇਲੇ ਮੇਰਾ ਡੰਕਾ ਗੱਜੇ, ਸਾਰੇ ਮੂੰਹ ਦੇ ਭਾਰ ਸੁਟਾਈਆ । ਸਾਰੇ ਕਹਿਣ ਜਿਉਂ ਭਾਵੇ ਤਿਉਂ ਰੱਖੇਂ, ਤੇਰੇ ਹੱਥ ਵਡਿਆਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਫੜ ਡੰਕਾ ਆਪੇ ਫਬੇ, ਆਪਣੇ ਹੱਥ ਰਿਹਾ ਉਠਾਈਆ । ਜੇ ਕੋਈ ਅੱਖਾਂ ਚੁੱਕ ਕੇ ਲੱਭੇ, ਨਜ਼ਰ ਕਿਸੇ ਨਾ ਆਈਆ । ਨਾਨਕ ਤੇਰੇ ਉਤੇ ਕਿਰਪਾ ਕੀਤੀ ਝੱਬੇ, ਝੂੰਮ ਝੂੰਮ ਆਪਣਾ ਮੇਘ ਬਰਸਾਈਆ । ਜਿਸ ਨੂੰ ਕਹਿੰਦੇ ਪੀਰ ਪੈਗ਼ੰਬਰ ਉਹ ਰੱਬ ਰੱਬੇ, ਰੰਬੀਆਂ ਨਾਲ ਸਭ ਦੀਆਂ ਖੋਪਰੀਆਂ ਰਿਹਾ ਲਾਹੀਆ । ਵੇਖ ਮਕਬਰਿਆਂ ਵਿਚ ਦੱਬੇ, ਤਨ ਖ਼ਾਕੀ ਵਿਚ ਸਮਾਈਆ । ਆਹ ਵੇਖ ਨਿੱਕੇ ਨਿੱਕੇ ਡੱਬੇ, ਜਿਥੇ ਗੁਰ ਅਵਤਾਰ ਪੀਰ ਪੈਗ਼ੰਬਰ ਦਿਤੇ ਬਠਾਈਆ । ਆਪ ਫਿਰੇ ਸੱਜੇ ਖੱਬੇ, ਅੱਗੇ ਪਿਛੇ ਆਪਣਾ ਹੁਕਮ ਵਰਤਾਈਆ । ਜੇ ਕੋਈ ਸਿਰ ਚੁੱਕੇ ਉਤੋਂ ਦੱਬੇ, ਆਪਣਾ ਭਾਰ ਪਾਈਆ । ਸਾਰੇ ਕਹਿਣ ਪ੍ਰਭ ਸਾਡੀ ਰੱਖ ਲੱਜੇ, ਤੇਰੇ ਬਿਨ ਅਵਰ ਨਾ ਕੋਇ ਸਹਾਈਆ । ਓਸ ਵੇਲੇ ਮੇਰਾ ਡੰਕਾ ਵੱਜੇ, ਡਰ ਸਭ ਦਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਨਕ ਡੰਕਾ ਦਿਤਾ ਵਖਾਈਆ । ਵੇਖ ਡੰਕਾ ਗੁਰ ਨਾਨਕ ਹੋਇਆ ਹੈਰਾਨ, ਸਤਿਗੁਰ ਘਾੜਤ ਕਿਵੇਂ ਘੜਾਈਆ । ਬਿਨ ਸਚਖੰਡ ਦੁਆਰਿਉਂ ਹੋਰ ਕਿਸੇ ਥਾਂ ਹੋ ਨਾ ਸਕੇ ਇਹਦੀ ਪਛਾਣ, ਨਜ਼ਰ ਕਿਸੇ ਨਾ ਆਈਆ । ਸਚ ਦੱਸ ਪਿਤਾ ਪੁਰਖ ਕਿਸ ਰੱਖੇਂ ਵਿਚ ਮਿਆਨ, ਆਦਿ ਜੁਗਾਦਿ ਛੁਪਾਈਆ । ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਸਚ ਸਚ ਰਿਹਾ ਜਣਾਈਆ । ਏਕੰਕਾਰ ਨੌਜਵਾਨ, ਇਕ ਇਕੱਲਾ ਬੇਪਰਵਾਹੀਆ । ਜਿਸ ਦਾ ਸਤਿ ਨਾਮ, ਸਤਿ ਸਤਿ ਸਮਾਈਆ । ਏਹੋ ਮੇਰਾ ਸੱਚਾ ਮਿਆਨ, ਜਿਥੋਂ ਆਪਣਾ ਮੰਤਰ ਪਰਗਟਾਈਆ । ਫੇਰ ਲੇਖਾ ਚਲੇ ਜਹਾਨ,

੨੪੫
੧੩

ਕਰਤਾ ਪੁਰਖ ਕਾਰ ਕਮਾਈਆ । ਨਿਰਭੌ ਹੋ ਸ੍ਰੀ ਭਗਵਾਨ, ਨਿਰਵੈਰ ਆਪਣੀ ਧਾਰ ਬੰਧਾਈਆ । ਅਕਾਲ ਮੂਰਤ ਵੇਖ ਮਾਰ ਧਿਆਨ, ਅਜੂਨੀ ਰਹਿਤ ਜੂਨ ਵਿਚ ਨਾ ਆਈਆ । ਸੈਭੰ ਨਾ ਹੋਏ ਮਿਹਰਵਾਨ, ਨਾਨਕ ਗੁਰ ਆਪਣਾ ਪ੍ਰਸਾਦਿ ਤੇਰੀ ਝੋਲੀ ਪਾਈਆ । ਸ੍ਰਿਸ਼ਟ ਸਬਾਈ ਦੇ ਜਾ ਗਿਆਨ, ਆਪਣਾ ਡੰਕਾ ਤੇਰੇ ਹੱਥ ਫੜਾਈਆ । ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਆਪਣਾ ਹੁਕਮ ਸੁਣਾਈਆ । ਨਾਨਕ ਚਰਨੀਂ ਡਿਗਾ ਸ੍ਰੀ ਭਗਵਾਨ, ਪ੍ਰਭ ਤੇਰਾ ਡੰਕਾ ਤੋਹੇ ਭਾਈਆ । ਮੈਂ ਹੁਕਮੇ ਅੰਦਰ ਕਰਾਂ ਕਲਿਆਣ, ਸਰਗੁਣ ਬਣ ਬਣ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੇ ਡੰਕੇ ਨਾਨਕ ਏਕੰਕਾਰ ਸਤਿਨਾਮ ਕਰਤਾ ਪੁਰਖ ਨਿਰਭੌ ਨਿਰਵੈਰ ਅਕਾਲ ਮੂਰਤ ਅਜੂਨੀ ਸੈਭੰ ਗੁਰ ਪ੍ਰਸਾਦਿ ਆਪਣਾ ਭੇਵ ਦਿਤਾ ਜਣਾਈਆ । ਅੱਗੇ ਲਿਖੀ ਗੁਰੂ ਗਰੰਥ ਦੀ ਗਾਥ, ਜੇ ਕੋਈ ਪੁਛੇ ਸਮਝ ਕਿਸੇ ਨਾ ਆਈਆ । ਦੱਸਣ ਸੁਣਨ ਦੀ ਨਹੀਂ ਏਹ ਬਾਤ, ਬਿਨ ਵੇਖਿਆਂ ਤ੍ਰਿਪਤ ਕੋਈ ਨਾ ਆਈਆ । ਸੋਚਿਆਂ ਸੋਚਣ ਵਾਲੀ ਨਹੀਂ ਗਾਥ, ਲਿਖ ਲਿਖ ਲੇਖ ਨਾ ਕੋਇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਡੰਕਾ ਦਏ ਵਡਿਆਈਆ । ਸਾਚਾ ਡੰਕਾ ਤੇਰਾ ਪਰਧਾਨ, ਸਚ ਪਰਧਾਨਗੀ ਰਿਹਾ ਕਮਾਈਆ । ਦੋ ਜਹਾਨਾਂ ਰੱਖੇ ਆਣ, ਬ੍ਰਹਿਮੰਡ ਖੰਡ ਹੁਕਮ ਮਨਾਈਆ । ਗੁਰ ਅਵਤਾਰਾਂ ਦਏ ਗਿਆਨ, ਪੀਰ ਪੈਗ਼ੰਬਰ ਕਰੇ ਪੜ੍ਹਾਈਆ । ਜੁਗ ਚੌਕੜੀ ਸੇਵ ਕਮਾਣ, ਨਿਰਗੁਣ ਸਰਗੁਣ ਵੇਸ ਵਟਾਈਆ । ਅੰਤਮ ਸਾਰੇ ਹੋਣ ਹੈਰਾਨ, ਤੇਰਾ ਅੰਤ ਕਹਿਣ ਨਾ ਪਾਈਆ । ਕਰ ਕਿਰਪਾ ਬੇਨੰਤੀ ਕਰ ਪਰਵਾਨ, ਸਚ ਪਰਵਾਨਾ ਮੇਰੇ ਹੱਥ ਫੜਾਈਆ । ਕਵਣ ਵੇਲਾ ਡੰਕਾ ਵਜਾਏਂ ਵਿਚ ਲੋਕਮਾਤ ਜਹਾਨ, ਜ਼ਾਹਰ ਜ਼ਹੂਰ ਆਪਣਾ ਵੇਸ ਵਟਾਈਆ । ਪੁਰਖ ਅਬਿਨਾਸ਼ੀ ਕਰ ਪਰਵਾਨ, ਪਰਮ ਪੁਰਖ ਦਏ ਸਮਝਾਈਆ । ਕਲਜੁਗ ਅੰਤਮ ਆਏ ਨੌਜਵਾਨ, ਆਪਣਾ ਡੰਕਾ ਨਾਲ ਲਿਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਖੇਲ ਆਪ ਮਹਾਨ, ਤਾਲ ਤਾਲ ਨਾਲ ਵਜਾਈਆ । ਅੰਤਮ ਡੰਕਾ ਕਲ ਵੱਜੇ ਮਾਤ, ਹਰਿ ਸਤਿਗੁਰ ਆਪ ਜਣਾਇੰਦਾ । ਦੋ ਜਹਾਨਾਂ ਵੇਖੇ ਡੂੰਘੇ ਖ਼ਾਤ, ਖ਼ਤਰਾ ਸਭ ਨੂੰ ਇਕ ਜਣਾਇੰਦਾ । ਜੁਗ ਚੌਕੜੀ ਵੇਖਣ ਮਾਰ ਝਾਤ, ਨੇਤਰ ਨੈਣ ਸਰਬ ਖੁਲ੍ਹਾਇੰਦਾ । ਲੈ ਅੰਗੜਾਈ ਅੰਧੇਰੀ ਰਾਤ, ਆਲਸ ਨਿੰਦਰਾ ਸਰਬ ਮਿਟਾਇੰਦਾ । ਨੌਂ ਖੰਡ ਪ੍ਰਿਥਮੀ ਸੱਤ ਦੀਪ ਵੇਖੇ ਪੈਂਦੀ ਰਾਸ, ਸਾਧਾਂ ਸੰਤਾਂ ਅੰਦਰ ਬਾਹਰ ਰਸਤਾ ਵੇਖ ਵਖਾਇੰਦਾ । ਗੁਰ ਪਰਨਾਲੀ ਵੇਖੇ ਜਗਤ ਸ਼ਾਖ਼, ਗੱਦੀ ਗੱਦੀਦਾਰ ਕੌਣ ਹੰਢਾਇੰਦਾ । ਨੇਤਰ ਲੋਚਣ ਖੁਲ੍ਹੀ ਵੇਖੇ ਆਂਖ, ਨਿਸ਼ਅੱਖਰ ਕਵਣ ਪੜ੍ਹਾਇੰਦਾ । ਸਰ ਸਰੋਵਰ ਵੇਖੇ ਤਾਟ, ਅੰਮ੍ਰਿਤ ਜਲ ਕਵਣ ਵਖਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ, ਗੀਤਾ ਗਿਆਨ ਅੰਜੀਲ ਕੁਰਾਨ ਵੇਖੇ ਪਾਠ, ਪਾਠਸ਼ਾਲਾ ਕਵਣ ਵਡਿਆਇੰਦਾ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਫੋਲ ਫੁਲਾਏ ਜ਼ਾਤ ਪਾਤ, ਅਜ਼ਾਤੀ ਰੰਗ ਕਵਣ ਰੰਗਾਇੰਦਾ । ਏਥੇ ਓਥੇ ਪੰਧ ਮੁਕਾਏ ਦੁਰਾਡਾ ਵਾਟ, ਦੂਰੋਂ ਨੇੜੇ ਨਜ਼ਰੀ ਆਇੰਦਾ । ਲੱਖ ਚੁਰਾਸੀ ਜੀਵ ਜੰਤ ਕਾਇਆ ਮੰਦਰ ਅੰਦਰ ਵੇਖੇ ਸੁਹੰਜਣੀ ਖਾਟ, ਆਸਣ ਸਿੰਘਾਸਣ ਕਵਣ ਸੋਭਾ ਪਾਇੰਦਾ । ਮਸਤਕ ਜੋਤ ਨਿਰੰਜਣ ਦੀਪਕ ਵੇਖੇ ਲਲਾਟ, ਬਿਨ ਤੇਲ ਬਾਤੀ ਕਵਣ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਆਪਣਾ ਡੰਕਾ ਇਕ ਪਰਗਟਾਇੰਦਾ । ਕਲਜੁਗ ਡੰਕਾ ਲੈ ਕੇ ਆਏ ਆਪ, ਆਪਣੀ ਹੱਥੀਂ ਲਏ ਵਜਾਈਆ । ਭੱਜਾ ਫਿਰੇ ਜਗਤ ਪਾਪ, ਪਾਪੀਆਂ ਨਾਲ ਰਿਹਾ ਮਿਲਾਈਆ । ਉਚੀ ਕੂਕੇ ਕਿਸੇ ਕੰਮ ਨਾ ਆਇਆ ਪਾਠ, ਰਸਨਾ ਜਿਹਵਾ

ਕੂੜੀ ਕਰੀ ਪੜ੍ਹਾਈਆ । ਵੇਖੋ ਸਭ ਦਾ ਹੁੰਦਾ ਘਾਤ, ਘਾਉ ਹਰਿ ਜੂ ਰਿਹਾ ਲਗਾਈਆ । ਉਤਰ ਪੂਰਬ ਪੱਛਮ ਦੱਖਣ ਕੋਈ ਨਾ ਦਏ ਨਜ਼ਾਤ, ਨਜ਼ਾਮ ਕੋਇ ਨਜ਼ਰ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਡੰਕਾ ਰਿਹਾ ਉਠਾਈਆ । ਦੱਸ ਡੰਕੇ ਕੀ ਤੇਰਾ ਕੰਮ, ਹਰਿ ਜੂ ਅੰਤ ਸੁਣਾਂਵਦਾ । ਡੰਕਾ ਕਹੇ ਮੈਂ ਸਭ ਦਾ ਲਾਹਵਾਂ ਚੰਮ, ਚਮੜੀ ਤਨ ਨਾ ਕੋਇ ਰਖਾਂਵਦਾ । ਘਰ ਘਰ ਪਾਵਾਂ ਗ਼ਮ, ਸੁਖ ਨਜ਼ਰ ਕਿਤੇ ਨਾ ਆਂਵਦਾ । ਜੋ ਘੜਿਆ ਸੋ ਦੇਵਾਂ ਭੰਨ, ਆਪਣੀ ਹੱਥੀਂ ਠੋਕਰ ਲਾਂਵਦਾ । ਪੁਰਖ ਅਬਿਨਾਸ਼ੀ ਕਹੇ ਸ਼ਾਬਾਸ਼ ਮੇਰੇ ਚੰਨ, ਤੇਰੀ ਗਲ ਸੁਣ ਕੇ ਮੈਂ ਖ਼ੁਸ਼ੀ ਮਨਾਂਵਦਾ । ਇਕ ਮੇਰਾ ਕਹਿਣਾ ਲੈਣਾ ਮੰਨ, ਮੈਂ ਹੁਕਮ ਨਾਲ ਸਮਝਾਂਵਦਾ । ਜਿਥੇ ਬੈਠਾ ਹੋਵੇ ਮੇਰਾ ਜਨ, ਓਥੇ ਜਾ ਕੇ ਸੀਸ ਨਵਾਵਣਾ । ਡੰਕਾ ਕਹੇ ਮੇਰੇ ਭਗਵਾਨ ਮੈਂ ਕਹਾਂ ਧੰਨ ਧੰਨ ਧੰਨ, ਜੋ ਮਹਾਰਾਜ ਸ਼ੇਰ ਸਿੰਘ ਦਰਸ਼ਨ ਪਾਂਵਦਾ । ਇਕ ਸੁਨੇਹੁੜਾ ਦੇਵਾਂ ਜਾ ਕੇ ਕੰਨ, ਹੌਲੀ ਹੌਲੀ ਸਮਝਾਂਵਦਾ । ਵੇਖਿਓ ਸਿਖੋ ਇਹ ਨਾ ਜਾਣਿਓ ਅੱਖਾਂ ਤੋਂ ਅੰਨ੍ਹ, ਅੰਦਰ ਵੜਿਆ ਨਜ਼ਰ ਕਿਸੇ ਨਾ ਆਇੰਦਾ । ਸਭ ਦੇ ਬੇੜੇ ਰਿਹਾ ਬੰਨ੍ਹ, ਬਿਨ ਚੱਪੂਉਂ ਆਪ ਤਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਡੰਕੇ ਆਪਣਾ ਖੇਲ ਵਖਾਇੰਦਾ । ਡੰਕਾ ਕਹੇ ਦੱਸ ਬਾਪੂ, ਔਹ ਵੇਖੋ ਚਾਚੇ ਗੁਰ ਅਵਤਾਰ ਪੀਰ ਪੈਗ਼ੰਬਰ ਰਹੇ ਕੁਰਲਾਈਆ । ਕਿਸੇ ਨੇ ਹੱਥ ਫੜਿਆ ਤਮਾਕੂ, ਕੋਈ ਛੁਰੀਆਂ ਨਾਲ ਝਟਕੇ ਰਿਹਾ ਕਰਾਈਆ । ਤੇਰੇ ਨਾਮ ਲੁੱਟਣ ਨੂੰ ਸਾਰੇ ਬਣ ਗਏ ਡਾਕੂ, ਹੱਟੋ ਹੱਟ ਵਿਕਾਈਆ । ਮੇਰੇ ਹੱਥ ਤੇਰੇ ਨਾਮ ਦਾ ਇਕੋ ਚਾਕੂ, ਸਭ ਦੇ ਪੇਟ ਚਾਕ ਕਰਾਈਆ । ਹੱਥ ਫੜਿਆ ਵੱਡਾ ਬਾਟੂ, ਦੋ ਜਹਾਨ ਵਿਚ ਛੁਪਾਈਆ । ਜਿਸ ਧਰਤੀ ਭੁਆਈ ਵਾਂਗ ਲਾਟੂ, ਭੰਬੀਰੀ ਆਪਣੇ ਹੱਥ ਰਖਾਈਆ । ਮੈਂ ਤੇਰਾ ਡੰਕਾ ਨਾਢੂ, ਸਭ ਦਾ ਮਾਣ ਗਵਾਈਆ । ਦੋ ਜਹਾਨ ਕੋਈ ਨਾ ਛਾਡੂੰ, ਸੰਸਾ ਕੋਇ ਰਹਿਣ ਨਾ ਪਾਈਆ । ਵੇਹਲਾ ਹੋ ਕੇ ਫਿਰ ਫਿਰਾਂ ਵਾਧੂ, ਆ ਤੈਨੂੰ ਸੀਸ ਝੁਕਾਈਆ । ਪੁਰਖ ਅਬਿਨਾਸ਼ੀ ਕਹੇ ਆਹ ਲੈ ਮੇਰਾ ਇਕ ਜਾਦੂ, ਗੁਰਸਿਖਾਂ ਸਿਰ ਧੂੜੀ ਪਾਈਆ । ਸਾਰੇ ਕਹਿਣ ਉਚੀ ਕੂਕ ਹਾਏ ਬਾਪੂ ਹਾਏ ਬਾਪੂ, ਤੇਰੀ ਝੱਲੀ ਨਾ ਜਾਏ ਜੁਦਾਈਆ । ਸ੍ਰੀ ਭਗਵਾਨ ਕਹੇ ਆਓ ਬੱਚੇ ਮੇਰੇ ਨਿੱਕੇ ਕਾਕੂ, ਆਪਣੇ ਕੁੜਤੇ ਹੇਠਾਂ ਲਵਾਂ ਛੁਪਾਈਆ । ਤੁਹਾਡੇ ਵਲ ਕੋਈ ਨਾ ਝਾਕੂ, ਨੈਣ ਸਭ ਦੇ ਦਿਆਂ ਕਢਾਈਆ । ਇਕ ਚੜ੍ਹਾਵਾਂ ਸੱਚੇ ਰਾਥੂ, ਰਥ ਆਪਣਾ ਨਾਮ ਵਖਾਈਆ । ਸਾਰੇ ਵਾਜਾਂ ਮਾਰਨ ਓਏ ਆ ਦਾਤੂ ਆ ਦਾਸੂ, ਓ ਦਾਦੂ ਦੇਹੁਰੇ ਵਾਲਾ ਗਿਆ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਡੰਕਾ ਇਕੋ ਇਕ ਵਖਾਈਆ । ਇਕੋ ਡੰਕਾ ਰਾਜਨ ਰਾਜਾ, ਰੱਯਤ ਦੋ ਜਹਾਨ ਵਖਾਇੰਦਾ । ਅੰਤਮ ਚਲ ਕੇ ਆਇਆ ਵਿਚ ਦੇਸ ਮਾਝਾ, ਬਣ ਮਜ਼ਦੂਰ ਸੇਵ ਕਮਾਇੰਦਾ । ਗ਼ਰੀਬ ਨਿਮਾਣਿਆਂ ਸੁਤਿਆਂ ਜਾਗਦਿਆਂ ਮਾਰੇ ਵਾਜਾਂ, ਆਪਣਾ ਭੇਵ ਖੁਲਾਇੰਦਾ । ਆਓ ਵੇਖੋ ਰਚਿਆ ਕਾਜਾ, ਪਿਤਾ ਪੂਤ ਗੋਦ ਸੁਹਾਇੰਦਾ । ਤੁਹਾਡੇ ਪਿਛੇ ਆਇਆ ਭਾਜਾ, ਭੱਜੜਿਆਂ ਪਿਟੀ ਅੱਲਾ ਰਾਣੀ ਗਲੋਂ ਲਾਹਿੰਦਾ । ਵੇਖੋ ਈਸਾ ਮੂਸਾ ਮੁਹੰਮਦ ਪੜ੍ਹਨ ਨਿਮਾਜਾਂ, ਨਿਮਾਜ਼ੀਆਂ ਵਲ ਨਾ ਨਜ਼ਰ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਡੰਕਾ ਇਕੋ ਨਾਮ ਸੁਣਾਇੰਦਾ । ਮਿਸਤਰਖ਼ਾਨੇ ਵੇਖ ਰਵਿਦਾਸ ਹੱਥ ਰੰਬੀ, ਰਮਤਾ ਰਮਤਾ ਖੇਲ ਕਰਾਈਆ । ਪਿਛਲੀ ਕਰਤੂਤ ਰਹੀ ਕੰਬੀ, ਕਾਂਬਾ ਲੱਗਾ ਵਾਹੋ ਦਾਹੀਆ । ਜਰਨੈਲ ਜੱਟ ਰਿਹਾ ਝੰਬੀ, ਨਾਲ ਬੰਦੂਕ ਲਿਆਇਆ ਉਠਾਈਆ । ਹੁਣ ਆਇਆ

ਰਾਵੀ ਕੰਢੀ, ਕਾਨਿਆਂ ਵਿਚ ਭੁਆਈਆ । ਜਿਥੇ ਨਾ ਕੋਈ ਰਾਹ ਨਾ ਕੋਈ ਡੰਡੀ, ਔਝੜ ਰਾਹ ਵਖਾਈਆ । ਨਾ ਸਵਾਣੀ ਨਾ ਕੰਨ ਡੰਡੀ, ਹੱਥ ਮਹਿੰਦੀ ਨਾ ਕੋਇ ਵਖਾਈਆ । ਕੰਗਣ ਲਿਆਂਦਾ ਮੰਗੀ, ਵਾਸਨਾ ਹੋ ਗਈ ਗੰਦੀ, ਗ਼ੁਰਬਤ ਨਾਲ ਮਿਲਾਈਆ । ਕਰਿਆ ਖੇਲ ਬਣ ਪਖੰਡੀ, ਪਰਖ ਪਰਖ ਨਾ ਕੋਇ ਰਖਾਈਆ । ਦੀਨ ਦਿਆਲ ਸਤਿਗੁਰ ਪੂਰਾ ਸਦਾ ਸਦਾ ਬਖ਼ਸ਼ੰਦੀ, ਮਿਸਤਰਖ਼ਾਨੇ ਅਇਆਂ ਸਭ ਨੂੰ ਜਾਏ ਰੰਦੀ, ਸਿਧਾ ਲਾਏ ਸੂਤਰ ਤੰਦੀ, ਜਗਤ ਵਿਕਾਰ ਵਾਧੂ ਸਿਕੜ ਦੇਵੇ ਲਾਹੀਆ । ਆ ਵੇਖ ਕਾਰਖ਼ਾਨਾ, ਖ਼ਾਨਾ ਸਭ ਦਾ ਰਿਹਾ ਬਦਲਾਈਆ । ਪਿਛੇ ਨਾਲੋਂ ਹੁਣ ਬਦਲਿਆ ਜ਼ਮਾਨਾ, ਬਦਲੀ ਜਨਮ ਜਨਮ ਵਖਾਈਆ । ਜਿਸ ਨੇ ਕੰਗਣ ਦਿਤਾ ਗਾਨਾ, ਸੋ ਘੁੰਗਟ ਰਿਹਾ ਉਠਾਈਆ । ਨਾ ਮਰਦ ਤੇ ਨਾ ਜ਼ਨਾਨਾ, ਗੰਗਾ ਮਾਈ ਨਾ ਕੋਇ ਵਡਿਆਈਆ । ਇਕੋ ਹੱਥ ਸਮਰਥ ਵਖਾਨਾ, ਵਸਤ ਅਤੋਟ ਅਤੁਟ ਵਰਤਾਈਆ । ਲੱਖ ਚੁਰਾਸੀ ਘੜੇ ਭੰਨੇ ਬਣ ਤਰਖਾਣਾ, ਚਰਖ਼ੇ ਗੁੱਡੀਆਂ ਨਾਲ ਮਿਲਾਈਆ । ਜੋ ਜਨ ਆ ਜਾਏ ਸਤਿਗੁਰ ਦੇ ਸੱਚੇ ਕਾਰਖ਼ਾਨਾ, ਤਿਸ ਦਾ ਕਾਲਖ਼ ਟਿੱਕਾ ਦੇਵੇ ਲਾਹੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਾ, ਸੱਚਾ ਕਾਰਖ਼ਾਨਾ ਆਪਣਾ ਨਾਮ ਚਲਾਈਆ । ਕਾਰਖ਼ਾਨੇ ਵਿਚ ਬੈਠਾ ਕਾਰੀਗਰ, ਕਰਤਾ ਆਪਣੀ ਖੇਲ ਕਰਾਇੰਦਾ । ਦਾਰੀ ਕਰੇ ਦਰ ਬਦਰ, ਦਰਦੀਆਂ ਦਰਦ ਵੰਡਾਇੰਦਾ । ਜਿਸ ਨੂੰ ਬਾਹੋਂ ਲਏ ਫੜ, ਤਿਸ ਦਾ ਪੁਰਜਾ ਪੁਰਜਾ ਸਾਫ਼ ਕਰਾਇੰਦਾ । ਜੇ ਕੋਈ ਅੱਗੇ ਜਾਏ ਅੜ, ਚਾੜ੍ਹ ਚਰਖੜੀ ਦੋ ਜਹਾਨਾਂ ਬਾਹਰ ਕਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਜੁਗਾਦਿ ਜੁਗ ਜੁਗ ਸਦਾ ਸਦਾ ਸਦ ਆਪਣਾ ਕਾਰਖ਼ਾਨਾ ਜ਼ਰੂਰ ਚਲਾਇੰਦਾ । ਕਾਰਖ਼ਾਨੇ ਵਿਚ ਨਹੀਂ ਕੋਈ ਮਜ਼ਦੂਰ, ਹਜ਼ੂਰ ਆਪਣੀ ਸੇਵ ਕਮਾਈਆ । ਆਵੇ ਜਾਵੇ ਨੇੜੇ ਦੂਰ, ਦੂਰ ਦੁਰਾਡਾ ਪੰਧ ਮੁਕਾਈਆ । ਕਲਾ ਕੁਦਰਤ ਆਪ ਭਰਪੂਰ, ਆਪਣਾ ਇੰਜਣ ਆਪ ਚਲਾਈਆ ।



੨੪੭
੧੩

### ❁ ੧੮ ਮੱਘਰ ੨੦੧੯ ਬਿਕਰਮੀ ਬੀਬੀ ਬਾਜੀ ਦੇ ਗ੍ਰਿਹ ਬਾਬੂ ਪੁਰਾ ਜ਼ਿਲਾ ਗੁਰਦਾਸਪੁਰ ❁

ਸਤਿਗੁਰ ਡੰਕਾ ਖੋਲ੍ਹੇ ਜਾਗ, ਜਗਤ ਨਿੰਦਰਾ ਦਏ ਚੁਕਾਈਆ । ਗੁਰਮੁਖਾਂ ਦੇਵੇ ਇਕ ਵੈਰਾਗ, ਬਿਰਹੋਂ ਚੋਟ ਲਗਾਈਆ । ਜਨਮ ਕਰਮ ਦਾ ਕੱਟੇ ਦਾਗ਼, ਦੁਰਮਤ ਮੈਲ ਧਵਾਈਆ । ਚਰਨ ਧੂੜ ਕਰਾਏ ਮਜਨ ਮਾਘ, ਅਮਰ ਅੰਮ੍ਰਿਤ ਮੇਘ ਬਰਸਾਈਆ । ਪੂਰਬ ਲਹਿਣਾ ਰੱਖੇ ਲਾਜ, ਲਾਜਾਵੰਤ ਬੇਪਰਵਾਹੀਆ । ਨਾਤਾ ਤੋੜ ਜਗਤ ਸਮਾਜ, ਸਮਗਰੀ ਆਪਣਾ ਨਾਮ ਵਖਾਈਆ । ਧੁਰਦਰਗਾਹੀ ਸੱਚਾ ਦਾਜ, ਨਾਮ ਅਨਮੋਲਾ ਝੋਲੀ ਪਾਈਆ । ਜਗਤ ਬੇੜਾ ਪਾਰ ਜਹਾਜ਼, ਮੰਜਧਾਰ ਨਾ ਕੋਇ ਰੁੜ੍ਹਾਈਆ । ਗ਼ਰੀਬ ਨਿਮਾਣਿਆਂ ਵੇਖੇ ਗ਼ਰੀਬ ਨਿਵਾਜ਼, ਪੁਰਖ ਅਬਿਨਾਸ਼ੀ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਡੰਕਾ ਇਕੋ ਨਾਮ ਸੁਣਾਈਆ । ਡੰਕਾ ਬੋਲੇ ਸਚ ਜੈਕਾਰ, ਜੈ ਜੈਕਾਰ ਸੁਣਾਇੰਦਾ । ਗੁਰਮੁਖਾਂ ਕਰੇ ਖ਼ਬਰਦਾਰ, ਧੁਰਦਰਗਾਹੀ ਖ਼ਬਰ ਆਪ ਪੁਚਾਇੰਦਾ । ਮੇਲ ਮਿਲਾਵਾ ਸਾਂਝੇ ਯਾਰ, ਸਗਲਾ ਸੰਗ ਰਖਾਇੰਦਾ । ਕਰੇ ਖੇਲ ਅਗੰਮ ਅਪਾਰ, ਅਥਾਹ ਆਪਣੀ ਕਲ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸਾ ਇਕ ਸੁਣਾਇੰਦਾ । ਹਰਿ ਡੰਕਾ ਨਾਮ ਸੁਣਾਏ ਸੰਦੇਸ, ਸੰਸਾ ਸਭ ਦਾ ਰਿਹਾ ਚੁਕਾਈਆ । ਆਓ ਵੇਖੋ ਨਰ ਨਰੇਸ਼, ਨਿਰਗੁਣ ਆਪਣਾ ਫੇਰਾ

ਪਾਈਆ । ਜੋਤੀ ਜਾਤਾ ਵਸਿਆ ਮਾਝੇ ਦੇਸ, ਸੰਬਲ ਆਪਣਾ ਦੇਸ ਸੁਹਾਈਆ । ਖੇਲ ਕਰੇ ਗੁਰੂ ਦਸਮੇਸ਼, ਗੁਰ ਗੁਰ ਆਪਣਾ ਨਾਉਂ ਵਡਿਆਈਆ । ਬਿਨ ਲਿਖਿਆਂ ਲਿਖੇ ਲੇਖ, ਲੇਖਾ ਆਪਣੇ ਹੱਥ ਜਣਾਈਆ । ਆਪਣੇ ਅੰਦਰ ਆਪਣਾ ਦੱਸੇ ਭੇਤ, ਘਰ ਘਰ ਵਿਚ ਕੁੰਡਾ ਲਾਹੀਆ । ਰਲ ਮਿਲ ਕੇ ਸਤਿਗੁਰ ਪੂਰੇ ਨਾਲ ਲਓ ਖੇਡ, ਹਸੰਦਿਆਂ ਖਡੰਦਿਆਂ ਵਿਚੇ ਮੁਕਤ ਕਰਾਈਆ । ਨਾਮ ਹੱਥ ਫੜਾਈ ਗੇਂਦ, ਬਾਲਾ ਬਾਲਿਆਂ ਰਿਹਾ ਪਰਚਾਈਆ । ਗੁਰ ਗੋਬਿੰਦ ਚਾਰ ਵਰਨਾਂ ਲਾ ਕੇ ਗਿਆ ਪੇਂਦ, ਫਲ ਪੁਰਖ ਅਕਾਲ ਲਗਾਈਆ । ਲੱਖ ਚੁਰਾਸੀ ਸੁੱਤੀ ਗੂੜ੍ਹੀ ਨੀਂਦ, ਸੋਇਆਂ ਮਾਤ ਨਾ ਕੋਇ ਉਠਾਈਆ । ਗੁਰਸਿਖ ਰਲ ਕੇ ਝੂਟੋ ਇਕੋ ਪੀਂਘ, ਦੋ ਜਹਾਨ ਹੁਲਾਰਾ ਵਖਾਈਆ । ਦੂਰੋਂ ਵੇਖ ਸਿੰਗੀ ਰਿਖੀ ਪਏ ਹੀਂਗ, ਆਪਣੀ ਤਪਸਿਆ ਮਾਣ ਗਵਾਈਆ । ਜਿਸ ਨੂੰ ਬਰਸ ਬਰਖਾਂ ਰਹੇ ਢੀਂਡ, ਢਾਬੂ ਨਜ਼ਰ ਕਿਸੇ ਨਾ ਆਈਆ । ਆਤਮ ਪਰਮਾਤਮ ਇਕ ਬੀਂਦ, ਬੰਧਨ ਰਿਹਾ ਪਾਈਆ । ਦਸਮ ਦੁਆਰੀ ਦੀ ਸੱਚੀ ਬੋਲੀ ਈਦ, ਦੀਦ ਸ਼ਨੀਦ ਲਿਖ ਕੇ ਰਸੀਦ ਕਿਸੇ ਹੱਥ ਨਾ ਫੜਾਈਆ । ਪਾਰਬ੍ਰਹਮ ਪ੍ਰਭ ਵੱਡਾ ਢਾਬੂ, ਟੱਬਰ ਦੋ ਜਹਾਨ ਬਣਾਇੰਦਾ । ਨਿਰਗੁਣ ਹੋ ਕੇ ਰੱਖੇ ਕਾਬੂ, ਸਰਗੁਣ ਨਾਚ ਨਚਾਇੰਦਾ । ਜਿਸ ਦਾ ਕਿਸੇ ਨਾ ਲੱਭਾ ਜਾਦੂ, ਜਾਦੂ ਅੰਦਰ ਕੋਟਨ ਕੋਟ ਨਾਮ ਪਰਗਟਾਇੰਦਾ । ਫਿਰ ਵੀ ਇਕ ਇਕੱਲਾ ਸਭ ਤੋਂ ਹੋ ਜਾਏ ਵਾਧੂ, ਵੇਹਲਾ ਹੋ ਕੇ ਖ਼ੁਸ਼ੀ ਮਨਾਇੰਦਾ । ਉਹ ਸਾਹਿਬ ਸੱਚਾ ਢਾਬੂ, ਢੋਲਕ ਛੈਣੇ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਬਾਣੀ ਭਗਤਾਂ ਵਿਚੋਂ ਪਰਗਟਾਇੰਦਾ । ਛੁਟੀ ਦੇਹ ਲੱਗਾ ਨੇਂਹ, ਦੇਹ ਦੇਹ ਵਿਚੋਂ ਪਲਟਾਈਆ । ਅੰਮ੍ਰਿਤ ਬਰਸਿਆ ਸਤਿਗੁਰ ਮੇਂਹ, ਦੁਰਮੱਤ ਮੈਲ ਰੁੜ੍ਹਾਈਆ । ਕੂੜੀ ਕਿਰਿਆ ਸਿਰ ਪਾਈ ਖ਼ੇਹ, ਇਕੋ ਆਪਣਾ ਨਾਮ ਸਮਝਾਈਆ । ਸਚ ਵਸਤ ਹਰਿ ਦਸਤੀ ਦੇ, ਦੋਏ ਹੱਥਾਂ ਸਫਲ ਕਰਾਈਆ । ਲੇਖੇ ਲਾਈ ਬੁਢੜੀ ਬੇ, ਪਰਦਾ ਨਾਮ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਮ ਕਰਮ ਨਾਲ ਵਟਾਈਆ । ਕਰਮ ਨਾਲ ਵਟਿਆ ਕਰਮ, ਪਿਛਲਾ ਕਰਮ ਮਿਟਾਇਆ । ਸਤਿਗੁਰ ਹੋਇਆ ਘਰ ਜਰਮ, ਸਤਿਗੁਰ ਸੱਚਾ ਪਾਇਆ । ਏਹੋ ਗੁਰਸਿਖ ਸੱਚਾ ਮਰਨ, ਗੁਰ ਚਰਨੀ ਸੀਸ ਨਿਵਾਇਆ । ਸਤਿਗੁਰ ਪੂਰਾ ਤਰਨੀ ਤਰਨ, ਤਾਰਨਹਾਰ ਅਖਵਾਇਆ । ਰਾਏ ਧਰਮ ਵਰਗੇ ਕੀ ਵਚਾਰੇ ਕਰਨ, ਚਿੱਤਰ ਗੁਪਤ ਹਿਸਾਬ ਸੁਟਾਇਆ । ਜਿੰਨਾਂ ਮਿਲ ਗਿਆ ਕਰਨੀ ਕਰਨ, ਕਰਤਾ ਪੁਰਖ ਫੇਰਾ ਪਾਇਆ । ਤਿਨ੍ਹਾਂ ਚੁਕਿਆ ਮਰਨ ਡਰਨ, ਜਨਮ ਗੇੜ ਨਾ ਕੋਇ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਦੇ ਦੇ ਸ਼ੁਕਰ ਮਨਾਇਆ । ਉਡੀਕ ਰੱਖੀ ਬੀਬੀ ਬਾਜ਼ੀ, ਬਚਤ ਹਰਿ ਜੂ ਆਪ ਜਣਾਈਆ । ਲੇਖੇ ਲਾਏ ਖਾਦੀ ਪੀਤੀ ਦਾਲ ਰੋਟੀ ਸਬਜੀ ਭਾਜੀ, ਲੂਣ ਮਿਰਚ ਹਲਦੀ ਨਾਲ ਮਿਲਾਈਆ । ਕਰ ਕੇ ਜਾਵੇ ਸਭ ਨੂੰ ਰਾਜ਼ੀ, ਆਸਾ ਆਸਾ ਪੂਰ ਕਰਾਈਆ । ਅੱਗੇ ਆਪਣਾ ਨਾਮ ਦੇ ਕੇ ਜਾਵੇ ਭਾਜੀ, ਅੰਮ੍ਰਿਤ ਖਾਣ ਪੀਣ ਝੋਲੀ ਪਾਈਆ । ਸਾਰੇ ਕਹੋ ਹਰਿ ਸੰਗਤ ਹੋ ਗਈ ਰਾਜ਼ੀ, ਘਰ ਕ੍ਰਿਸ਼ਨ ਰਾਧਾ ਕੀ ਚਲੇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਇਕ ਉਠਾਈਆ ।

✻ ੧੮ ਮੱਘਰ ੨੦੧੯ ਬਿਕਰਮੀ ਸੰਤ ਸਿੰਘ ਦੇ ਗ੍ਰਿਹ ਬਾਬੂ ਪੁਰਾ ਜ਼ਿਲਾ ਗੁਰਦਾਸਪੁਰ ✻

ਹਰਿ ਡੰਕਾ ਕਹੇ ਮੇਰਾ ਨਾਉਂ ਸਾਰ, ਮੇਰੀ ਸਾਰ ਕਿਸੇ ਨਾ ਪਾਈਆ । ਮੇਰਾ ਰੂਪ ਏਕੰਕਾਰ, ਆਕਾਰ ਨਜ਼ਰ ਕਿਸੇ ਨਾ ਆਈਆ । ਆਦਿ ਜੁਗਾਦਿ ਤਿਖੀ ਧਾਰ, ਲੁਹਾਰ ਤਰਖ਼ਾਣ ਨਾ ਕਿਸੇ ਘੜਾਈਆ । ਮੈਂ ਆਪਣੇ ਵਿਚੋਂ ਕੱਢਿਆ ਇਕ ਪਿਆਰ, ਪਿਆਰ ਸ਼ਬਦ ਰੂਪ ਵਟਾਈਆ । ਮੇਲ ਮਿਲਾ ਕੇ ਬਣ ਗਿਆ ਸ਼ਬਦ ਸਾਰ, ਸ਼ਹਿਨਸ਼ਾਹ ਬਣਿਆ ਬੇਪਰਵਾਹੀਆ । ਜਿਸ ਵਿਚੋਂ ਮੇਰੀ ਨਿਕਲੀ ਆਪ ਆਪਣੀ ਧਾਰ, ਅਸੁਤੇ ਪਰਕਾਸ਼ ਕਰਾਈਆ । ਜਗਮਗ ਜੋਤ ਜਗੀ ਅਪਾਰ, ਵੇਖਣ ਵਾਲਾ ਕੋਇ ਨਜ਼ਰ ਨਾ ਆਈਆ । ਆਪੇ ਵੇਖੇ ਪਾਵੇ ਸਾਰ, ਅੱਖ ਨੈਣ ਨਾ ਕੋਇ ਰਖਾਈਆ । ਆਪੇ ਫੜ ਕਰੇ ਪਿਆਰ, ਹੱਥ ਬਾਂਹ ਨਾ ਕੋਇ ਵਡਿਆਈਆ । ਆਪੇ ਅੰਗੀਕਾਰ ਕਰੇ ਕਰਤਾਰ, ਅੰਗ ਰੰਗ ਨਾ ਕੋਇ ਚੜ੍ਹਾਈਆ । ਆਪੇ ਸੇਜ ਸੁਹੰਜਣੀ ਕਰ ਤਿਆਰ, ਬਸਤਰ ਭੂਸ਼ਨ ਨਾ ਕੋਇ ਵਿਛਾਈਆ । ਆਪੇ ਬਣੇ ਸ਼ਹਿਨਸ਼ਾਹ ਸ਼ਾਹੋ ਭੂਪ ਸਿਕਦਾਰ, ਆਪਣਾ ਹੁਕਮ ਮਨਾਈਆ । ਆਪੇ ਬਣ ਕੇ ਸੇਵਕ ਸੇਵਾਦਾਰ, ਆਪਣੀ ਸੇਵ ਆਪ ਕਮਾਈਆ । ਆਪੇ ਬਣ ਪੁਰਖ ਸਿਰਜਣਹਾਰ, ਮੇਰੀ ਧਾਰ ਨਾਰ ਰੂਪ ਵਟਾਈਆ । ਵਿਚੋਲਾ ਬਣ ਸਚ ਦਰਬਾਰ, ਪਰਦਾ ਉਹਲਾ ਦਿਤਾ ਚੁਕਾਈਆ । ਸਾਰ ਸ਼ਬਦ ਸਾਰ ਕਰੇ ਪਿਆਰ, ਸਾਰ ਆਪਣੇ ਵਿਚ ਰਖਾਈਆ । ਰਸਨਾ ਕਹਿ ਕੇ ਕਲਮ ਲਿਖ ਕੇ ਇਕ ਊੜਾ ਉਤੋਂ ਮੂੰਹ ਗਏ ਖਲਾਰ, ਅੰਦਰ ਵੜ ਨਾ ਕੋਇ ਵਖਾਈਆ । ਹਰਿ ਜੂ ਆਪਣੀ ਵੱਡੀ ਰੱਖੀ ਡੂੰਘੀ ਗਾਰ, ਹਾਥ ਕਿਸੇ ਨਾ ਆਈਆ । ਆਪੇ ਓਥੇ ਬੈਠਾ ਰਹੇ ਬਣ ਕੇ ਹੁਸ਼ਿਆਰ, ਆਦਿ ਜੁਗਾਦਿ ਬੇਪਰਵਾਹੀਆ । ਆਪਣੇ ਪ੍ਰੇਮ ਦੀ ਵਜੌਂਦਾ ਰਹੇ ਆਪ ਸਤਾਰ, ਤਾਰ ਆਪਣੀ ਆਪ ਹਿਲਾਈਆ । ਆਪੇ ਕਰੇ ਸਚ ਗ਼ੁਫ਼ਤਾਰ, ਆਪਣੀ ਸੋਭਾ ਆਪ ਸੁਣਾਈਆ । ਰਫ਼ਤਾ ਰਫ਼ਤਾ ਆਹਿਸਤਾ ਆਹਿਸਤਾ ਹੌਲੀ ਹੌਲੀ ਆਪਣੇ ਵਿਚੋਂ ਆਪ ਨਿਕਲਿਆ ਬਾਹਰ, ਬਾਬਲ ਬਣ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਡੰਕਾ ਸ਼ਬਦ ਸਾਰ, ਸਾਜਣ ਇਕ ਅਖਵਾਈਆ । ਸਾਰ ਸ਼ਬਦ ਪ੍ਰਭ ਕਾ ਸ਼ੌਂਕ, ਸ਼ੌਕੀਨ ਆਪ ਹੰਢਾਇੰਦਾ । ਓਥੇ ਕੋਈ ਨਾ ਸਕੇ ਪਹੁੰਚ, ਮਸਕੀਨ ਹੋ ਹੋ ਸਰਬ ਗਾਇੰਦਾ । ਬਿਨ ਸਾਰ ਸ਼ਬਦ ਸਾਰੇ ਹੋਣ ਔਂਤ, ਔਂਤਰਾ ਜਗਤ ਵਖਾਇੰਦਾ । ਸਾਰ ਸ਼ਬਦ ਆਦਿ ਜੁਗਾਦਿ ਜੁਗ ਜੁਗ ਕਦੇ ਨਾ ਆਈ ਮੌਤ, ਮੌਤ ਸਭ ਦੇ ਨਾਲ ਪਰਨਾਇੰਦਾ । ਸਾਰ ਸ਼ਬਦ ਜੁਗਾ ਜੁਗੰਤਰ ਇਕੋ ਬਹੁਤ, ਬੌਹੜੀ ਬੌਹੜੀ ਸਭ ਤੋਂ ਕਰਾਇੰਦਾ । ਸਾਰ ਸ਼ਬਦ ਪਰਕਾਸ਼ ਨਿਰਮਲ ਜੋਤ, ਰੂਪ ਰੰਗ ਰੇਖ ਨਾ ਕੋਇ ਵਖਾਇੰਦਾ । ਸਭ ਦੀ ਪਾਵਣਹਾਰ ਸਰੋਤ, ਸਰੋਤ ਆਪਣੀ ਆਪ ਜਣਾਇੰਦਾ । ਜਿਸ ਬਣਾਇਆ ਸਚਖੰਡ ਕੋਟ, ਸੋ ਸਾਰ ਸ਼ਬਦ ਅਖਵਾਇੰਦਾ । ਏਕੰਕਾਰ ਵਸੇ ਆਪਣੇ ਲੋਕ, ਲੁਕਿਆ ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਆਪ ਆਪ ਪਰਗਟਾਇੰਦਾ । ਸਾਰ ਸ਼ਬਦ ਕਰੇ ਉਸਾਰੀ, ਉਸਰੇ ਮਹੱਲ ਮਨਾਰਾ । ਆਦਿ ਅੰਤ ਖੇਲ ਨਿਆਰੀ, ਖੇਲੇ ਖੇਲਣਹਾਰਾ । ਜੁਗਾ ਜੁਗੰਤਰ ਜੋਤ ਨਿਆਰੀ, ਨਿਰਗੁਣ ਸਰਗੁਣ ਦੱਸੇ ਧਾਰਾ, ਵਿਸ਼ਨ ਬ੍ਰਹਮਾ ਸ਼ਿਵ ਦਏ ਆਧਾਰੀ, ਗੁਰ ਅਵਤਾਰ ਪੀਰ ਪੈਗ਼ੰਬਰ ਇਕ ਸਹਾਰਾ । ਪੰਜ ਤੱਤ ਪੰਜ ਤਿੰਨ ਦੇ ਆਧਾਰੀ, ਕਰੇ ਖੇਲ ਅਗੰਮ ਅਪਾਰਾ । ਲੱਖ ਚੁਰਾਸੀ ਬਣ ਵਣਜਾਰੀ, ਖੋਲ੍ਹੇ ਹੱਟ ਸੰਸਾਰਾ । ਨਾਮ ਵਸਤ ਰੱਖ ਪਟਾਰੀ, ਤਾਲਾ ਲਾਇਆ ਭਾਰਾ । ਕੋਈ ਨਾ ਵੇਖੇ ਜੀਵ ਗਵਾਰੀ, ਨਜ਼ਰ ਕਿਸੇ ਨਾ ਆਇਆ । ਸਾਰ ਸ਼ਬਦ ਸ਼ਬਦ ਗੁਰ

ਕਰੇ ਪਿਆਰੀ, ਗੁਰ ਗੁਰਸਿਖ ਦਏ ਜਗਾਇਆ । ਦੀਆ ਬਾਤੀ ਇਕੋ ਵਾਰੀ, ਕਮਲਾਪਾਤੀ ਨੂਰ ਟਿਕਾਇਆ । ਲੇਖਾ ਜਾਣ ਧੁਰ ਦਰਬਾਰੀ, ਹਰਿਜਨ ਕਰੇ ਸਚ ਪਿਆਰੀ, ਪਰਮ ਪ੍ਰੀਤੀ ਇਕ ਸਿਖਾਇਆ । ਗੁਰ ਸਤਿਗੁਰ ਗੁਰਸਿਖ ਸੋਹੇ ਇਕ ਦੁਆਰੀ, ਆਤਮ ਪਰਮਾਤਮ ਪਾਵੇ ਸਾਰੀ, ਬ੍ਰਹਮ ਪਾਰਬ੍ਰਹਮ ਮਿਲਾਇਆ । ਸਾਰ ਸ਼ਬਦ ਆਦਿ ਜੁਗਾਦਿ ਤਿਖੀ ਕੁਹਾੜੀ, ਦੋ ਜਹਾਨਾਂ ਦੋ ਫਾੜ ਕਰਾਇਆ । ਡਰਦਾ ਬ੍ਰਹਮਾ ਬੁੱਢਾ ਚਰਨ ਛੁਹਾਏ ਦਾੜ੍ਹੀ, ਆਪਣਾ ਸੀਸ ਨਿਵਾਇਆ । ਵਿਸ਼ਨੂੰ ਚਰਨੀਂ ਡਿਗੇ ਵਾਰੋ ਵਾਰੀ, ਸਾਂਗੋ ਪਾਂਗ ਤਜਾਇਆ । ਸ਼ੰਕਰ ਕਹੇ ਮੇਰੀ ਸ਼ੰਕਿਆ ਹਾਰੀ, ਸ਼ਾਹ ਸ਼ੰਕਰ ਇਕ ਵਡਿਆਇਆ । ਗੁਰ ਅਵਤਾਰ ਪੀਰ ਪੈਗ਼ੰਬਰ ਜਾਇਣ ਬਲਿਹਾਰੀ, ਬਲ ਬਲ ਢੋਲਾ ਗਾਇਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਗੀਤਾ ਗਿਆਨ ਬਾਣੀ ਖਾਣੀ ਬਣ ਲਿਖਾਰੀ, ਲਿਖ ਲਿਖ ਲੇਖ ਜਣਾਇਆ । ਸਾਰ ਸ਼ਬਦ ਕਹੇ ਮੇਰੀ ਸਚ ਨਿਸ਼ਾਨੀ, ਜੁਗ ਚੌਕੜੀ ਨਾਮ ਸੰਦੇਸ਼ ਸੁਣਾਇਆ । ਏਥੇ ਓਥੇ ਮੇਰਾ ਕੋਇ ਨਾ ਸਾਨੀ, ਲਾਸ਼ਰੀਕ ਇਕ ਅਖਵਾਇਆ । ਪੀਰ ਪੈਗ਼ੰਬਰਾਂ ਮਾਰੇ ਕਾਨੀ, ਅਣਿਆਲਾ ਤੀਰ ਚਲਾਇਆ । ਦੋਜ਼ਖ਼ ਬਹਿਸ਼ਤ ਦੋਹਾਂ ਤੋਂ ਮੰਗੇ ਕੁਰਬਾਨੀ, ਬਚਿਆ ਕੋਇ ਰਹਿਣ ਨਾ ਪਾਇਆ । ਸਚਖੰਡ ਖੇਲ ਮਹਾਨੀ, ਸਚਖੰਡ ਆਪਣਾ ਘਰ ਸੁਹਾਇਆ । ਘਰ ਵਿਚ ਜਗੇ ਜੋਤ ਨੁਰਾਨੀ, ਨੂਰੋ ਨੂਰ ਡਗਮਗਾਇਆ । ਮੇਰਾ ਪਦ ਪਦ ਨਿਰਬਾਣੀ, ਚੌਥਾ ਪਦ ਇਕੀਵਾਂ ਹਿੱਸਾ ਇਹ ਪਹਿਲੀ ਵੰਡ ਵਖਾਇਆ । ਏਦੂੰ ਅੱਗੇ ਕਿਸੇ ਨਾ ਦਿਸਾ, ਬੇਅੰਤ ਬੇਅੰਤ ਬੇਅੰਤ ਬੇਪਰਵਾਹ ਆਪ ਅਖਵਾਇਆ । ਆਦਿ ਜੁਗਾਦਿ ਆਪ ਅਨਡਿਠਾ, ਅਨਡਿਠੜੀ ਕਾਰ ਕਮਾਇਆ । ਕਲਜੁਗ ਅੰਤਮ ਹੋ ਕੇ ਪੁੱਠਾ, ਪੁੱਠੀ ਪੈਰੀਂ ਲੋਕਮਾਤ ਆਇਆ । ਪੈਰੀਂ ਨਾ ਪਾਇਆ ਜੁੱਤਾ, ਰਾਹ ਖਹਿੜਾ ਨਾ ਕੋਇ ਵਖਾਇਆ । ਗੁਰਸਿਖ ਦੇ ਪਿਆਰ ਵਿਚੋਂ ਉਠਾ, ਰੂਪ ਰੰਗ ਨਾ ਕੋਇ ਜਣਾਇਆ । ਜਿਸ ਨੂੰ ਕੋਈ ਨਾ ਕਹੇ ਮਾਂ ਮੇਰਾ ਪੁੱਤਾ, ਸੋ ਪਤਿਪਰਮੇਸ਼ਰ ਆਇਆ । ਗੁਰਸਿਖਾਂ ਦੇ ਅੰਦਰ ਵੜ ਕੇ ਸੁੱਤਾ, ਗੂੜ੍ਹੀ ਨੀਂਦ ਆਪਣਾ ਆਸਣ ਲਾਇਆ । ਨਾਲ ਲੈ ਕੇ ਆਇਆ ਆਪਣਾ ਰੁੱਕਾ, ਸੋਹੰ ਸਾਚਾ ਲੇਖ ਪੜ੍ਹਾਇਆ । ਪਿਛਲਾ ਲੇਖ ਸਭ ਦਾ ਮੁੱਕਾ, ਮੁਕੀਆਂ ਨਾਲ ਰਿਹਾ ਡਰਾਇਆ । ਹੱਥੀਂ ਭੰਨਿਆਂ ਸਭ ਦਾ ਹੁੱਕਾ, ਹਕੀਕਤ ਆਪਣੇ ਹੱਥ ਰਖਾਇਆ । ਜਿਹੜਾ ਗੁਰ ਅਵਤਾਰਾਂ ਪੀਰਾਂ ਕੋਲੋਂ ਰਿਹਾ ਲੁਕਾ, ਸੋ ਪਰਦਾ ਰਿਹਾ ਉਠਾਇਆ । ਦੋ ਜਹਾਨ ਦਾ ਆਇਆ ਭੁੱਖਾ, ਸਿੰਘ ਸ਼ੇਰ ਆਪਣਾ ਨਾਉਂ ਰਖਾਇਆ । ਓਥੇ ਖਾਂਦਾ ਰਿਹਾ ਚੰਗਾ ਚੋਖਾ, ਏਥੇ ਭੁਖਿਆਂ ਕੋਲੋਂ ਟੁਕੜੇ ਮੰਗਣ ਆਇਆ । ਜੇਹੜਾ ਦੇਂਦਾ ਰਿਹਾ ਧੋਖਾ, ਗੁਰਸਿਖ ਧੂਏਂ ਧੁਖਦੇ ਅਗਨੀ ਜੋਤ ਕਰੇ ਰੁਸ਼ਨਾਇਆ । ਉਜਲ ਕਰੇ ਮੁਖਾ, ਮੁਖ ਆਪਣੇ ਨਾਲ ਸਲਾਹਿਆ । ਭਗਤ ਭਗਵੰਤ ਦੋਵੇਂ ਨਾ ਔਣ ਮਾਤ ਗਰਭ ਕੁੱਖਾ, ਦਸ ਦਸ ਮਾਸ ਨਾ ਅਗਨ ਤਪਾਇਆ । ਵੇਲਾ ਅੰਤਮ ਢੁਕਾ, ਝੁਕ ਝੁਕ ਆਪਣਾ ਦਰਸ ਵਖਾਇਆ । ਸਾਰੇ ਕਹਿਣ ਦੋ ਜਹਾਨ ਪੁਰਖ ਅਬਿਨਾਸ਼ੀ ਰਾਹੋਂ ਘੁਥਾ, ਭੁਖਿਆਂ ਨੰਗਿਆਂ ਪਿਛੇ ਫਿਰੇ ਵਾਹੋ ਦਾਹੀਆ । ਸ਼ਾਹ ਸੁਲਤਾਨ ਰਾਜ ਰਾਜਾਨ ਬਣ ਹੰਕਾਰੀ ਕਹਿਣ ਸ੍ਰੀ ਭਗਵਾਨ ਲੁੱਚਾ, ਜਿਸ ਸਭ ਦਾ ਮਾਣ ਗਵਾਇਆ । ਗੁਰਮੁਖ ਗੁਰਸਿਖ ਕਹਿਣ ਹਰਿ ਸਤਿਗੁਰ ਸੱਚਾ ਸੁੱਚਾ, ਸੁੱਚ ਸਚ ਰਿਹਾ ਵਰਤਾਇਆ । ਪ੍ਰੇਮ ਭਗਤੀ ਅੰਦਰ ਜੁਟਾ, ਦਿਵਸ ਰੈਣ ਘੋਲ ਕਰਾਇਆ । ਦੋ ਜਹਾਨ ਜਿਸ ਨੇ ਲੁੱਟਾ, ਲੁੱਟ ਆਪਣੇ ਨਾਮ ਜਣਾਇਆ । ਸਿੰਘ ਹੋ ਕੇ ਆਪ ਬੁੱਕਾ, ਬੁਕਲ ਸਭ ਦੀ ਪਾੜ ਵਖਾਇਆ । ਧਰਤ ਮਾਤ ਦੀ ਖ਼ਾਲੀ ਕਰੇ ਕੁੱਖਾ, ਲੱਖ ਚੁਰਾਸੀ ਮੁਖ ਰਖਾਇਆ । ਸ੍ਰੀ ਭਗਵਾਨ ਉਤੇ ਕਿਆ ਕੋਈ ਕਰੇ ਗ਼ੁੱਸਾ, ਫੜਿਆ

੨੫੦
੧੩

ਹੱਥ ਕਿਸੇ ਨਾ ਆਇਆ । ਇਕ ਦੂਜੇ ਤੋਂ ਲੈਂਦੇ ਫਿਰਦੇ ਪੁਛਾਂ, ਜਗਤ ਅੰਧੇਰਾ ਛਾਇਆ । ਦੀਨ ਦਿਆਲ ਠਾਕਰ ਸਵਾਮੀ ਸਭ ਤੋਂ ਰੁਸਾ, ਰਸਤਾ ਸਭ ਦਾ ਬੰਦ ਕਰਾਇਆ । ਲੇਖਾ ਚੁੱਕੇ ਮੂਸਾ ਈਸਾ, ਈਸ ਮੂਸ ਦਏ ਦੁਹਾਇਆ । ਕਾਲਾ ਪਾਇਆ ਗਲ ਵਿਚ ਸੂਸਾ, ਨੀਲਾ ਆਪਣਾ ਰੰਗ ਰੰਗਾਇਆ । ਕਲਜੁਗ ਖੇਹ ਉਡਾਏ ਕੂੜੀ ਕਿਰਿਆ ਭੂਸਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਰ ਸ਼ਬਦ ਸ਼ਬਦ ਸਾਰ ਨਿਰਗੁਣ ਰੂਪ ਆਪ ਕਰਤਾਰ, ਸਰਗੁਣ ਗੁਰ ਸ਼ਬਦ ਦਏ ਆਧਾਰ, ਸ਼ਬਦ ਗੁਰ ਪੰਜ ਤੱਤ ਡੇਰਾ ਲਾਇਆ । ਫੇਰ ਕਰੇ ਸਤਿ ਜੈਕਾਰ, ਜੈ ਜੈਕਾਰ ਸੁਣਾਇਆ । ਜੈ ਜੈਕਾਰ ਬਣ ਲਿਖਾਰ, ਅੱਖਰ ਰੂਪ ਵਟਾਇਆ । ਅੱਖਰ ਹੋਏ ਸੇਵਾਦਾਰ, ਸਿਫ਼ਤ ਕਰੇ ਬੇਪਰਵਾਹਿਆ । ਬੇਪਰਵਾਹ ਬੇਐਬ ਪਰਵਰਦਿਗਾਰ, ਬਿਨ ਭਗਤਾਂ ਹੱਥ ਕਿਸੇ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸਾਰ ਸਾਂਝਾ ਯਾਰ, ਗੁਰ ਅਵਤਾਰ ਜਿਸ ਦੀ ਧਾਰ, ਪੀਰ ਪੈਗ਼ੰਬਰ ਜਿਸ ਦੀ ਕਾਰ, ਕਰਨੀ ਕਰਤਾ ਆਪ ਕਮਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਸਚ ਵਿਹਾਰ, ਬਣ ਬਿਵਹਾਰੀ ਆਪਣਾ ਰਾਹ ਚਲਾਇਆ । ਜੁਗ ਜੁਗ ਸਭ ਦੇ ਹੱਥ ਫੜਾਇਆ ਡਬਰੂ, ਨਾਮ ਲੋਕਮਾਤ ਜਣਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗੁਰੂ ਅਵਤਾਰ ਪੀਰ ਪੈਗ਼ੰਬਰ ਬਣ ਕੇ ਗਏ ਗੱਭਰੂ, ਆਪਣਾ ਬਲ ਰਖਾਈਆ । ਪੁਰਖ ਅਕਾਲ ਸਭ ਨੂੰ ਕਹੇ ਇਹ ਨਿੱਕੇ ਨਿੱਕੇ ਬਚੜੂ, ਬੱਚਿਆਂ ਵਾਂਗ ਨਾਚ ਨਚਾਈਆ । ਅੰਤਮ ਸਭ ਦਾ ਖੇੜਾ ਉਜੜੂ, ਥਿਰ ਕੋਇ ਰਹਿਣ ਨਾ ਪਾਈਆ । ਬਾਹੋਂ ਫੜ ਸਭ ਨੂੰ ਰਗੜੂ, ਰਗੜਾ ਇਕੋ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਅੱਗੇ ਅੱਗੇ ਅੱਗੇ ਲਾਈਆ । ਅੱਗੇ ਵਾਲਿਆਂ ਚੁੱਕਿਆ ਪਿੱਛਾ, ਪਿੱਛਾ ਨਜ਼ਰ ਨਾ ਆਇਆ । ਜਿਨ੍ਹਾਂ ਦੀ ਪੁਰਖ ਅਕਾਲ ਕਰੇ ਰਿੱਛਾ, ਸੋ ਗੁਰਸਿਖ ਕਿਉਂ ਰਿਹਾ ਘਬਰਾਇਆ । ਵੰਡਣ ਆਇਆ ਇਕੋ ਹਿੱਸਾ, ਹਿਰਸ ਸਭ ਦੀ ਰਿਹਾ ਮਿਟਾਇਆ । ਅੰਦਰੇ ਅੰਦਰ ਮਾਰੇ ਖਿਚਾ, ਰਸਨ ਜ਼ਬਾਨ ਨਾ ਕੋਇ ਹਿਲਾਇਆ । ਪਿਛੇ ਰਵਿਦਾਸ ਫੜਿਆ ਨੀਚਾ, ਨੀਚੋਂ ਊਚ ਬਣਾਇਆ । ਹੁਣ ਰੱਖੇ ਚਰਨਾਂ ਵਿਚ ਦਲੀਜਾ, ਦਿਲਬਰ ਆਪਣਾ ਮੇਲ ਮਿਲਾਇਆ । ਕਰ ਪਿਆਰ ਕਰੇ ਰੀਝਾ, ਬੱਚੇ ਖ਼ੁਸ਼ੀ ਨਾਲ ਪੜ੍ਹਾਇਆ । ਤਿਨ੍ਹਾਂ ਦਾ ਖੁੱਲਿਆ ਜਾਣੋ ਨੈਣ ਤੀਜਾ, ਜਿਨ੍ਹਾਂ ਨੂੰ ਰਾਤੀਂ ਸੁਤਿਆਂ ਦਰਸ ਦਿਖਾਇਆ । ਸਤਿਗੁਰ ਸਾਹਿਬ ਓਨ੍ਹਾਂ ਉਤੇ ਪਤੀਜਾ, ਜਿਸ ਘਰ ਜਾ ਫੇਰੀ ਪਾਇਆ । ਪਿਛਲਾ ਨਾਤਾ ਛੁਟਿਆ ਚਾਚਾ ਭਤੀਜਾ, ਬਾਪੂ ਇਕੋ ਨਜ਼ਰੀ ਆਇਆ । ਘਰ ਵਿਚ ਖ਼ੁਸ਼ੀ ਕਰਾਏ ਗੁਰਸਿਖ ਸਵਾਣੀ ਵੇਖੇ ਮੇਰਾ ਮੈਨੂੰ ਮਿਲਿਆ ਜੀਜਾ, ਆਪ ਆਪਣਾ ਰੰਗ ਵਟਾਇਆ । ਇਕ ਦੂਜੇ ਦਾ ਖ਼ੁਸ਼ ਹੋਏ ਕਰ ਕੇ ਦੀਦਾ, ਦੀਦ ਈਦ ਚੰਦ ਚੜ੍ਹਾਇਆ । ਜਿਸ ਰਾਹ ਦੱਸਿਆ ਸਿਧਾ, ਚਰਨ ਕਵਲ ਧਿਆਨ ਲਗਾਇਆ । ਗੁਰਸਿਖ ਹਰਿ ਸੰਗਤ ਸਾਰੇ ਰਲ ਕੇ ਪਾਓ ਗਿਧਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਘਰ ਆਪ ਮਿਲਣ ਆਇਆ । ਪਿਛੇ ਵਾਲੀ ਛੱਡੀ ਚਾਲਾਕੀ, ਚਾਲਾਣ ਸਭ ਦੇ ਫਾੜ ਵਖਾਈਆ । ਹੁਣ ਦੇਣ ਆਇਆ ਬਾਕੀ, ਬੰਨ੍ਹ ਬਿਸਤਰ ਸਿਰ ਉਠਾਈਆ । ਨਾ ਕੋਈ ਪਿਨਸਲ ਨਾ ਕੋਈ ਕਾਪੀ, ਕੁਤਬਖ਼ਾਨਾ ਨਾ ਕੋਇ ਜਣਾਈਆ । ਕੋਟ ਜਨਮ ਦੇ ਉਧਾਰੇ ਪਾਪੀ, ਜੋ ਜਨ ਆਏ ਸਰਨਾਈਆ । ਅੱਠੇ ਪਹਿਰ ਕਰੇ ਰਾਖੀ, ਸਿਰ ਆਪਣਾ ਹੱਥ ਉਠਾਈਆ । ਏਹੋ ਜਿਹਾ ਪਿਛੇ ਕਿਸੇ ਨੂੰ ਨਹੀਂ ਲੱਭਾ ਸਾਥੀ, ਜੋ ਡਿਗਿਆਂ ਫੜ ਕੇ ਨਾਲ ਆਪਣੇ ਚਲਾਈਆ । ਵੇਖੋ ਕੋਟਨ ਕੋਟ ਰੋਂਦੇ ਪਾਠੀ, ਪੜ੍ਹਿਆਂ ਹੱਥ

ਕਿਸੇ ਨਾ ਆਈਆ । ਜਿਨ੍ਹਾਂ ਘਰ ਧੂਆਂ ਧੁਖੇ ਈਂਧਨ ਮਿਲੇ ਪਾਥੀ, ਸੋ ਗ਼ਰੀਬ ਨਿਮਾਣੇ ਗਲੇ ਲਗਾਈਆ । ਛੱਡ ਦਿਤੇ ਬੈਠੇ ਉਪਰ ਹਾਥੀ, ਤਾਜ ਖ਼ਾਕ ਵਿਚ ਮਿਲਾਈਆ । ਗੁਰਸਿਖਾਂ ਉਤੇ ਪਾਈ ਕਾਠੀ, ਸ਼ਾਹ ਸਵਾਰ ਬਣਿਆ ਸੱਚਾ ਮਾਹੀਆ । ਨਾ ਕੋਈ ਵੇਖੀ ਜ਼ਾਤ ਪਾਤੀ, ਵਰਨ ਬਰਨ ਨਾ ਕੋਇ ਚਤੁਰਾਈਆ । ਸੇਵਾ ਕਰੇ ਸੁਤਿਆਂ ਰਾਤੀਂ, ਪ੍ਰਭ ਨੂੰ ਰੱਤੀ ਸ਼ਰਮ ਨਾ ਆਈਆ । ਡੂੰਘੀ ਕੰਦਰ ਅੰਦਰ ਵੜ ਜਾਏ ਫੜ ਕੇ ਖੋਲ੍ਹੇ ਤਾਕੀ, ਨਾ ਜਾਣੇ ਬੁੱਢਾ ਜਵਾਨ ਨੱਢਾ ਨਾ ਬਿਰਧ ਮਾਈਆ । ਸਾਰਿਆਂ ਦਾ ਇਕੋ ਬਣਿਆਂ ਸਾਕੀ, ਨਾਮ ਪਿਆਲਾ ਰਿਹਾ ਪਿਆਈਆ । ਫੇਰ ਦੇਵਣ ਆਇਆ ਨਵੀਂ ਹਯਾਤੀ, ਹਯਾ ਆਪਣਾ ਰਿਹਾ ਮਿਟਾਈਆ । ਗੁਰਸਿਖ ਪਿਛੇ ਵਾਲੀ ਪਿਛੇ ਰਹਿ ਗਈ ਵਾਟੀ, ਅੱਗੇ ਆਪਣਾ ਹਾਲ ਜਣਾਈਆ । ਜੇ ਅਜੇ ਵੀ ਰਹਿ ਜਾਏ ਬਾਕੀ, ਫੜ ਬਾਹੋਂ ਲੈਣਾ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਆਪ ਰਿਹਾ ਲੁਟਾਈਆ । ਗੁਰਸਿਖੋ ਹਰਿ ਨੂੰ ਲੈਣਾ ਲੁੱਟ, ਵੇਲਾ ਵਕਤ ਆਇਆ । ਜੇ ਆਕੜੇ ਤੇ ਲੈਣਾ ਘੁੱਟ, ਆਪਣਾ ਜ਼ੋਰ ਲਗਾਇਆ । ਪਿਛੇ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਵਿਚ ਪੌਂਦਾ ਅਇਓਂ ਫੁਟ, ਅਸਾਂ ਇਕੋ ਰਾਹ ਰਖਾਇਆ । ਓਦੋਂ ਗੋਬਿੰਦ ਦਿਤਾ ਜਾਮ ਘੁੱਟ, ਹੁਣ ਕਿਉਂ ਗੋਬਿੰਦ ਆਪਣੇ ਵਿਚ ਛੁਪਾਇਆ । ਪੁਰਖ ਅਕਾਲ ਕਹੇ ਮੈਂ ਗਿਆ ਤੁਠ, ਤੁਹਾਡਾ ਗੋਬਿੰਦ ਤੁਹਾਡੇ ਨਾਲ ਮਿਲਾਇਆ । ਜੇ ਮੈਥੋਂ ਸਚ ਲਓ ਪੁਛ, ਜੋ ਕੁਛ ਰੱਖਿਆ ਸੋ ਤੁਹਾਡੀ ਭੇਟ ਚੜ੍ਹਾਇਆ । ਲਾਰੇ ਦੇ ਨਾ ਕਰਾਂ ਪੁਚ ਪੁਚ, ਪਹੁੰਚ ਆਪਣੀ ਦਿਆਂ ਸਮਝਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਅਗਲਾ ਲੇਖਾ ਆਪਣੇ ਹੱਥ ਰਖਾਇਆ । ਘੁੰਡੀ ਅੰਦਰ ਇਕ ਹੋਰ ਘੁੰਡਾ, ਘੁੰਗਟ ਮੁਖ ਤੇ ਪਾਈਆ । ਬੜਾ ਸੋਹਣਾ ਸੋਸ਼ੀਲ ਮੁੰਡਾ, ਨਜ਼ਰ ਕਿਸੇ ਨਾ ਆਈਆ । ਬੜਾ ਡਰੌਣਾ ਵੱਡਿਆਂ ਸਿੰਗਾਂ ਵਾਲਾ ਕੁੰਢਾ, ਜਿਸ ਕੋਟਨ ਕੋਟ ਨਰ ਸਿੰਘ ਆਪਣੇ ਵਿਚ ਛੁਪਾਈਆ । ਆਦਿ ਜੁਗਾਦਿ ਜੁਗੋ ਜੁਗ ਵੱਡਾ ਗੁੰਡਾ, ਅਛਲ ਅਛੱਲ ਬੇਪਰਵਾਹੀਆ । ਲੰਗੜਾ ਲੂਲਾ ਬਣੇ ਟੁੰਡਾ, ਫਿਰ ਵੀ ਭੱਜੇ ਵਾਹੋ ਦਾਹੀਆ । ਕਲਜੁਗ ਅੰਤਮ ਬਣ ਕੇ ਜੱਟ ਹੱਥ ਵਿਚ ਫੜਿਆ ਖੂੰਡਾ, ਦੋ ਜਹਾਨ ਰਿਹਾ ਡਰਾਈਆ । ਬਣ ਤਰਖਾਣ ਸਭ ਦਾ ਮੁੰਨੇ ਚੂੰਡਾ, ਕੁਹਾੜਾ ਇਕੋ ਨਾਮ ਚਲਾਈਆ । ਕਿਸੇ ਹੱਥ ਨਾ ਆਵੇ ਢੂੰਡਾ, ਢੂੰਡ ਥੱਕੇ ਕੋਟਨ ਕੋਟ ਜੀਵ ਲੋਕਾਈਆ । ਆਪ ਸੁੱਤਾ ਰਹੇ ਮੂਧਾ, ਮੁਖ ਆਪਣਾ ਰਿਹਾ ਛੁਪਾਈਆ । ਕਰ ਪਿਆਰ ਪ੍ਰੇਮ ਜਿਸ ਆਪਣੀ ਧਾਰ ਦੇਵੇ ਬੂੰਦ ਬੂੰਦਾ, ਵਖਾਏ ਮਿੱਠਾ ਰਸ ਜਿਉਂ ਗੁਰਸਿਖਾਂ ਘਰ ਤੇਜਾ ਸਿੰਘ ਖਾਏ ਮਠਿਆਈਆ । ਨਾ ਹੱਸਦਾ ਨਾ ਕੁੰਦਾ, ਨਾ ਬੋਲੇ ਨਾ ਸ਼ਰਮਾਈਆ । ਨਾ ਜੂੜਾ ਨਾ ਚੋਟੀ ਚੂੰਡਾ, ਸੀਸ ਪੱਟੀ ਨਾ ਕੋਇ ਵਖਾਈਆ । ਨਾ ਕੋਈ ਖੇਲ ਹਾਂ ਹੂੰ ਦਾ, ਤੂੰ ਮੈਂ ਨਾ ਕੋਇ ਸਮਝਾਈਆ । ਲੇਖਾ ਜਾਣੇ ਤੂ ਹੀ ਤੂ ਦਾ, ਦੂਜਾ ਅਵਰ ਨਾ ਕੋਇ ਰਖਾਈਆ । ਲੇਖਾ ਜਾਣੇ ਅੱਗੇ ਪਿਛੇ ਵਾਲੀ ਜੂਹ ਦਾ, ਗੁਰਸਿਖ ਸਖੀ ਕੋਲੋਂ ਪੁੱਛੇ ਥਾਉਂ ਥਾਈਆ । ਘਵਿੰਡੋਂ ਅੱਗੇ ਪਿੰਡ ਸੱਚੀ ਰੂਹ ਦਾ, ਜਿਉਂ ਘਵਿੰਡੋਂ ਚਲ ਪੂਰਨ ਜੇਠੂਵਾਲੋਂ ਲਿਆ ਪਰਨਾਈਆ । ਇਹ ਖੇਲ ਛੂੰ ਛਾਂ ਦਾ, ਛਿੰਨ ਵਿਚ ਆਪਣੀ ਧਾਰ ਚਲਾਈਆ । ਚੀਚਾ ਭਕਨਾ ਰਾਮ ਪੁਰਾ ਪਿੰਡ ਸੱਸ ਨੂੰਹ ਦਾ, ਬਾਸਰ ਕਾ ਗੁਮਾਨ ਪੁਰਾ ਗੁਮਾਨ ਪੁਰੇ ਵਿਚੋਂ ਇਕੋ ਨਰਾਇਣ ਨਜ਼ਰੀ ਆਈਆ । ਜੀਹਦੇ ਨਾਲ ਨਾਤਾ ਜੁੜਿਆ ਮੈਂ ਤੂੰ ਦਾ, ਮੈਂ ਤੂੰ ਇਕੋ ਰੰਗ ਵਖਾਈਆ । ਭੈਣ ਨੇ ਸੱਚਾ ਕਿਹਾ ਨਾਰਲੀ ਤੇ ਨਾਰਲਾ, ਤੇ ਅਮੀਂ ਸ਼ਾਹ ਖਾਲੜਾ, ਅੱਗੇ ਬੈਠਾ ਵੱਡਾ ਧਾਰੜਵਾ, ਡਾਕੇ ਸਭ ਨੂੰ ਰਿਹਾ


੨੫੨ ੧੩

ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਪਿੰਡ ਅੱਗੇ ਅੱਗੇ ਦਏ ਦਸਾਈਆ । ਗੁਰਸਿਖ ਵੇਖ ਅਗਲਾ ਪਿੰਡ, ਹਰਿ ਸਤਿਗੁਰ ਆਪ ਵਖਾਇੰਦਾ । ਜਿਥੇ ਦਿਸੇ ਨਾ ਕੋਇ ਚਿੰਦ, ਚਿੰਤਾ ਨਾ ਕੋਇ ਰਖਾਇੰਦਾ । ਨਾ ਕੋਈ ਸੁਰਪਤ ਨਾ ਕੋਈ ਇੰਦ, ਵਿਸ਼ਨ ਬ੍ਰਹਮਾ ਨਜ਼ਰ ਨਾ ਆਇੰਦਾ । ਇਕੋ ਇਕ ਸਾਹਿਬ ਗੁਣੀ ਗਹਿੰਦ, ਆਪਣਾ ਆਸਣ ਲਾਇੰਦਾ । ਗੁਰਸਿਖ ਬਣਾ ਆਪਣੀ ਬਿੰਦ, ਆਪਣੇ ਘਰ ਲਿਆਇੰਦਾ । ਜੇਹੜੇ ਕਰ ਕੇ ਬੈਠੇ ਰਹੇ ਜ਼ਿਦ, ਤਿਨ੍ਹਾਂ ਰਾਏ ਧਰਮ ਹੱਥ ਫੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰ ਅਗਲਾ ਪਿੰਡ ਪਿੰਡਾਂ ਵਿਚੋਂ ਪਿੰਡ ਵਸਾਇੰਦਾ । ਲੱਗੀ ਠੋਕਰ ਨਾਮ, ਨਾਮ ਮਤਵਾਲਿਆ । ਪੂਰਨ ਹੋਇਆ ਕਾਮ, ਸੇਵਾ ਘਾਲਿਆ । ਵਿਸਰਿਆ ਜੀਵ ਜਹਾਨ, ਮਿਲਿਆ ਪ੍ਰਿਤਪਾਲਿਆ । ਮਿਲਿਆ ਸੱਚਾ ਦਾਨ, ਧਰਮ ਨਿਸ਼ਾਨਿਆ । ਨਰਾਇਣ ਨੇਤਰ ਖੋਲ੍ਹਿਆ ਆਣ, ਬਿਨ ਅੱਖਾਂ ਰੰਗ ਵਖਾਨਿਆ । ਗੋਬਿੰਦ ਸੂਰੇ ਕਰ ਪਹਿਚਾਨ, ਪਿਛਲਾ ਲੇਖਾ ਲੇਖ ਚੁਕਾਨਿਆ । ਆਪਣਿਆਂ ਕੰਨਾਂ ਉਤੇ ਰੱਖ ਕੇ ਕਾਨ, ਗੁਰਸਿੱਖਾਂ ਅੱਗੇ ਦਏ ਬਿਆਨਿਆਂ । ਗੁਰਮੁਖ ਗੁਰਸਿਖ ਧੁਰਦਰਗਾਹੀ ਇਕ ਮਿਹਮਾਨ, ਹਰਿ ਸਤਿਗੁਰ ਕਰੇ ਪਰਵਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੱਗੇ ਸੱਦ ਪਿਛੇ ਧੱਕ ਕੀਤਾ ਨਬੇੜਾ ਹੱਕੋ ਹੱਕ, ਦੋ ਜਹਾਨ ਪੂਰਾ ਕਰੇ ਸਵਾਲਿਆ । ਪਿਛੇ ਸੁੱਟ ਕਰਾਏ ਯਾਦ ਪਿਛਾ, ਪਿਛਲੀ ਯਾਦ ਕਰਾਈਆ । ਪਹਿਲੋਂ ਗੌਂਦਾ ਰਿਹਾ ਜਗਤ ਕਹਾਣੀਆਂ ਕਿਸਾ, ਰਸਨਾ ਪੜ੍ਹ ਪੜ੍ਹ ਪਾਠ ਸੁਣਾਈਆ । ਹੁਣ ਸਾਹਿਬ ਸਤਿਗੁਰ ਦਿਸਾ, ਵੇਂਹਦਿਆਂ ਵੇਂਹਦਿਆਂ ਆਪਣਾ ਆਪ ਗਵਾਈਆ । ਸਤਿਗੁਰ ਕਹੇ ਮੈਂ ਗੁਰਸਿਖਾਂ ਨਾਲ ਕਿਵੇਂ ਨਜਿਠਾਂ, ਜਿਨ੍ਹਾਂ ਫੜ ਕੇ ਵਿਚ ਲਿਆ ਬਹਾਈਆ । ਹੋ ਮਜੂਰ

੨੫੩ ੧੩

ਕਹੇ ਮੈਂ ਦੇਵਾਂ ਆਪਣਾ ਨਾਮ ਚਿੱਠਾ, ਆਪਣੀ ਹੱਥੀਂ ਸੇਵ ਕਮਾਈਆ । ਜਿਥੇ ਕੋਈ ਨਾ ਪੁੱਜਾ ਮੁਨ ਰਿਖਾ, ਅੱਗੇ ਜਾ ਨਾ ਦਰਸ਼ਨ ਪਾਈਆ । ਓਥੇ ਮਿਲਾਂ ਤੈਨੂੰ ਗੁਰਸਿਖਾ, ਆਪਣਾ ਦੁਆਰ ਖੁਲ੍ਹਾਈਆ । ਫੇਰ ਏਥੇ ਓਥੇ ਦੋ ਜਹਾਨ ਦਾ ਹਾਲ ਪੁੱਛਾਂ, ਪਿਛਲੀ ਗੱਲ ਭੁੱਲੇ ਅੱਗੇ ਇਕੋ ਨਜ਼ਰੀ ਆਏ ਮਾਹੀਆ । ਭਗਤ ਭਗਵਾਨ ਕਦੇ ਨਾ ਹੋਏ ਗੁਸੇ, ਗੁਸੇ ਹੋਇਆਂ ਨੂੰ ਲੈਣ ਮਨਾਈਆ । ਬਾਹਰੋਂ ਦਿਸਣ ਚਲਦੇ ਫਿਰਦੇ ਲੱਤਾਂ ਬਾਹਵਾਂ ਸੁੱਕੇ, ਅੰਦਰ ਸਮਰਥ ਰਿਹਾ ਸਮਾਈਆ । ਸਤਿਗੁਰ ਗੁਰਮੁਖਾਂ ਘਰ ਘਰ ਪੁੱਛੇ, ਗੋਬਿੰਦ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੱਗਾ ਪਿਛਾ ਪਿਛਾ ਅੱਗਾ ਆਪਣਾ ਹੁਕਮ ਜਣਾਈਆ । ਦਾਸ ਰਾਮ ਰਾਮ ਦਾਸ, ਦਾਸ ਇਕੋ ਇਕ ਜਣਾਈਆ । ਜਿਸ ਦੇ ਕੋਲੋਂ ਆਏ ਉਸ ਦੇ ਜਾਣਾ ਪਾਸ, ਦੂਜਾ ਸੰਗ ਨਾ ਕੋਇ ਰਖਾਈਆ । ਜਿਸ ਨੇ ਅਗਨੀ ਹਵਨ ਪਵਣ ਪਾਣੀ ਦਿਤਾ ਸਵਾਸ, ਪੰਜ ਤੱਤ ਆਪਣਾ ਰੰਗ ਚੜ੍ਹਾਈਆ । ਆਤਮ ਪਰਮਾਤਮ ਚਲਾਈ ਸ਼ਾਖ਼, ਸਾਖਿਆਤ ਰੂਪ ਵਟਾਈਆ । ਰੀ ਸਖੀ ਉਠ ਸੁਣ ਭਾਖ, ਹਰਿ ਭਾਖਿਆ ਰਿਹਾ ਜਣਾਈਆ । ਫੜ ਕੇ ਲੈ ਜਾਏ ਆਪਣੇ ਪਾਸ, ਤੇਰੀ ਕੱਟੇ ਸਰਬ ਜੁਦਾਈਆ । ਚਲ ਕੇ ਕਰ ਸੱਚਾ ਸਾਥ, ਘਰ ਆਇਆ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਸਾਵਣਹਾਰਾ ਆਪੇ ਦਿਸੇ, ਦ੍ਰਿਸ਼ਟ ਇਸ਼ਟ ਇਕੋ ਇਕ ਜਣਾਈਆ । ਸਤਿਗੁਰ ਕਹੇ ਤੂੰ ਸੋਹਣੀ ਸੁਚੱਜੀ, ਸੁਚੱਜੜਾ ਰੂਪ ਵਟਾਇਆ । ਪ੍ਰੇਮ ਪਿਆਰ ਅੰਦਰ ਆਈ ਭੱਜੀ, ਪਿਛਲਾ ਨਾਤਾ ਸਰਬ ਤੁੜਾਇਆ । ਮਾਂ ਪਿਓ ਭੈਣ ਭਰਾਵਾਂ ਕੋਲੋਂ ਆਈ ਅੱਜੀ ਪੱਜੀ, ਲੁਕ ਲੁਕ ਸਤਿਗੁਰ ਦਰਸ਼ਨ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਹਰਿਜਨ ਹਰਿ ਹਰਿ ਸਾਚੇ ਰੰਗ ਰੰਗਾਇਆ । ਸਾਚਾ ਰੰਗ ਸੁਭਰ ਸਾਲੂ, ਪਰੇਮ ਰਤਨਾ ਆਪ ਰੰਗਾਈਆ । ਦੀਨ ਦਿਆਲ ਹੋਇਆ ਦਿਆਲੂ, ਦਿਲ ਜਾਨੀ ਸੱਚਾ ਮਾਹੀਆ ।. . . . . . . .

❁ ੧੮ ਮੱਘਰ ੨੦੧੯ ਬਿਕਰਮੀ ਮੁਨਸ਼ਾ ਸਿੰਘ ਦੇ ਗ੍ਰਿਹ ਬਾਬੂ ਪੁਰਾ ਜ਼ਿਲਾ ਗੁਰਦਾਸਪੁਰ ❁

ਸਾਹਿਬ ਸਤਿਗੁਰ ਹਰਿ ਸੱਚਾ ਸਾਹਿਬ, ਸਰਬ ਕਲਾ ਅਖਵਾਈਆ । ਆਦਿ ਜੁਗਾਦਿ ਨਾ ਕੋਇ ਐਬ, ਪਰਵਰਦਿਗਾਰ ਨੂਰ ਖ਼ੁਦਾਈਆ । ਜੁਗਾ ਜੁਗੰਤਰ ਰਹੇ ਗ਼ਾਇਬ, ਨਜ਼ਰ ਕਿਸੇ ਨਾ ਆਈਆ । ਲੱਖ ਚੁਰਾਸੀ ਬਣਿਆ ਰਹੇ ਵੈਦ, ਹਿਕਮਤ ਆਪਣੇ ਹੱਥ ਰਖਾਈਆ । ਬਿਨ ਭਗਤਾਂ ਕਿਸੇ ਨਾ ਦੇਵੇ ਭੇਤ, ਪਰਦਾ ਨਾ ਦੂਈ ਉਠਾਈਆ । ਸਤਿਜੁਗ ਤ੍ਰੇਤਾ ਦੁਆਪਰ ਜਿਸ ਕੱਲਰ ਕੰਧ ਢਾਹੀ ਰੇਤ, ਕਲਜੁਗ ਅੰਤਮ ਵੇਖਣ ਆਈਆ । ਜਿਸ ਧਰਤ ਧਵਲ ਖ਼ਾਲੀ ਕਰਨਾ ਖੇਤ, ਚਿੜੀਆਂ ਬਾਜ ਤੁੜਾਈਆ । ਸੋ ਸਾਹਿਬ ਸਤਿਗੁਰ ਧਰਿਆ ਭੇਖ, ਭੇਖਾਧਾਰੀ ਰੂਪ ਵਟਾਈਆ । ਰੂਪ ਰੰਗ ਨਾ ਕੋਇ ਰੇਖ, ਤੱਤ ਰੱਤ ਨਾ ਕੋਇ ਜਣਾਈਆ । ਜਨ ਭਗਤਾਂ ਕਰੇ ਸੱਚਾ ਹੇਤ, ਹਿਤਕਾਰੀ ਦਇਆ ਕਮਾਈਆ । ਨਜ਼ਰੀ ਆਏ ਨੇਤਨ ਨੇਤ, ਨਿਜ ਨੇਤਰ ਦਰਸ ਦਿਖਾਈਆ । ਲੱਭ ਲੱਭ ਥੱਕੇ ਕੇਤਨ ਕੇਤ, ਜੰਗਲ ਜੂਹ ਉਜਾੜ ਪਹਾੜ ਉਚੇ ਟਿਲੇ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਹਾਣੀ ਆਪ ਸਮਝਾਈਆ । ਸਚ ਕਹਾਣੀ ਸਚ ਦਰਗਾਹ, ਹਰਿ ਸਤਿਗੁਰ ਸਚ ਰਖਾਇੰਦਾ । ਆਦਿ ਜੁਗਾਦੀ ਜੁਗ ਮਲਾਹ, ਜੁਗਤੀ ਨਾਲ ਸਮਝਾਇੰਦਾ । ਸਾਰ ਸ਼ਬਦ ਸ਼ਬਦ ਗੁਰ ਲਏ ਪੜ੍ਹਾ, ਪੜ੍ਹ ਪੜ੍ਹ ਆਪਣਾ ਰਾਗ ਅਲਾਇੰਦਾ । ਘੜ ਘੜ ਅੱਖਰ ਦਏ ਬਣਾ, ਜੜ ਜੜ ਵੇਖ ਵਖਾਇੰਦਾ । ਧੜ ਧੜ ਲੇਖਾ ਦਏ ਚੁਕਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸਤਿਗੁਰ ਭੇਵ ਜਣਾਇੰਦਾ । ਸਾਰ ਸ਼ਬਦ ਸ਼ਬਦ ਅਨਮੋਲਾ, ਅਨਮੁਲੜੀ ਖੇਲ ਕਰਾਈਆ । ਜੁਗ ਚੌਕੜੀ ਰੱਖੇ ਉਹਲਾ, ਪਰਦਾ ਇਕੋ ਇਕ ਰਖਾਈਆ । ਕਰ ਕਿਰਪਾ ਗਾਏ ਢੋਲਾ, ਨਾਮ ਨਿਧਾਨ ਗੁਣ ਪਰਗਟਾਈਆ । ਸੱਚੋ ਸਚ ਸੁਣਾਏ ਸੋਹਲਾ, ਸੁਹਬਤ ਆਪਣੀ ਆਪ ਪਰਗਟਾਈਆ । ਕਲਜੁਗ ਅੰਤਮ ਨਿਰਗੁਣ ਹੋ ਕੇ ਪਾਏ ਰੌਲਾ, ਰੌਣਕ ਆਪਣੀ ਆਪ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਾਰ ਸ਼ਬਦ ਸਚ ਤੌਫ਼ੀਕ, ਦੋ ਤਰਫ਼ੀ ਖੇਲ ਕਰਾਇੰਦਾ । ਨਿਰਗੁਣ ਸਰਗੁਣ ਬਣ ਰਫ਼ੀਕ, ਆਪ ਆਪਣਾ ਰੰਗ ਰੰਗਾਇੰਦਾ । ਜੁਗ ਚੌਕੜੀ ਬਣ ਫ਼ਰੀਕ, ਫ਼ਿਰਕਾ ਸਭ ਦਾ ਮੇਟ ਮਿਟਾਇੰਦਾ । ਨਾਉਂ ਰੱਖ ਲਾਸ਼ਰੀਕ, ਜਲਵਾ ਨੂਰ ਇਕ ਦਿਖਾਇੰਦਾ । ਹੁਜਰਾ ਹੱਕ ਸੁਹਾਏ ਠੀਕ, ਮਹਿਰਾਬ ਆਪਣਾ ਰੰਗ ਰੰਗਾਇੰਦਾ । ਮੀਆਂ ਬੀਵੀ ਕਰੇ ਨਜ਼ਦੀਕ, ਦੂਰ ਦੁਰਾਡਾ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਸਾਰ ਆਪੇ ਪਾਇੰਦਾ । ਪਾਏ ਸਾਰ ਸਾਹਿਬ ਸੁਲਤਾਨ, ਸਾਹਿਬ ਸਾਹਿਬ ਵਡਿਆਈਆ । ਕਰੇ ਖੇਲ ਦੋ ਜਹਾਨ, ਨਿਰਗੁਣ ਸਰਗੁਣ ਵੇਖ ਵਖਾਈਆ । ਕਲਜੁਗ ਅੰਤਮ ਖੇਲ ਮਹਾਨ, ਸ੍ਰੀ ਭਗਵਾਨ ਆਪ ਸਮਝਾਈਆ । ਮੁਫ਼ਲਸ ਹੋ ਕੇ ਫਿਰੇ ਵਿਚ ਜਹਾਨ, ਧੰਨ ਦੌਲਤ ਖ਼ਜ਼ਾਨਾ ਗੁਰਮੁਖ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ


੨੫੪ ੧੩

ਖੇਲ ਸਾਚਾ ਹਰਿ, ਮਹਾਂਸਾਰਥੀ ਵਡ ਵਡਿਆਈਆ । ਗੁਰ ਸ਼ਬਦ ਸ਼ਬਦ ਗੁਰ, ਗੁਰ ਗੁਰੂ ਅਖਵਾਈਆ । ਗੁਰ ਸਿਖ ਸਿਖ ਗੁਰ ਲੇਖਾ ਧੁਰ, ਧੁਰ ਮਸਤਕ ਵੇਖ ਵਖਾਈਆ । ਜੋਤ ਸ਼ਬਦ ਸ਼ਬਦ ਜੋਤ ਨਿਰਗੁਣ ਜੁੜ, ਸਰਗੁਣ ਦਏ ਵਡਿਆਈਆ । ਪਰਮਾਤਮ ਆਤਮ ਲੋੜ ਲੋੜ, ਆਤਮ ਪਰਮਾਤਮ ਇਕ ਵਖਾਈਆ । ਬ੍ਰਹਮ ਪਾਰਬ੍ਰਹਮ ਡੋਰ ਡੋਰ, ਪਾਰਬ੍ਰਹਮ ਬ੍ਰਹਮ ਰਿਹਾ ਜਣਾਈਆ । ਓਨ੍ਹਾਂ ਚਲੇ ਨਾ ਕੋਇ ਜ਼ੋਰ, ਜ਼ੋਰ ਜ਼ੋਰ ਵਿਚ ਸਮਾਈਆ । ਵਿਚੋਲਾ ਬਣਾਏ ਮੰਤਰ ਫੋਰ, ਜੁਗ ਜੁਗ ਨਾਮ ਪਰਗਟਾਈਆ । ਅੰਧੇਰੇ ਵਿਚ ਅੰਧੇਰਾ ਘੋਰ, ਘੋਰ ਅੰਧੇਰਿਉਂ ਕਰੇ ਰੁਸ਼ਨਾਈਆ । ਠੱਗਾਂ ਵਿਚ ਰਲਾਏ ਚੋਰ, ਚੋਰ ਠੱਗਾਂ ਵਿਚੋਂ ਬਾਹਰ ਕਢਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਭਗਤ ਭਗਵੰਤ ਜਾਏ ਬੌਹੜ, ਨਿਰਗੁਣ ਸਰਗੁਣ ਵੇਸ ਵਟਾਈਆ । ਨਿਰਗੁਣ ਵੇਖੇ ਕਰ ਕੇ ਗ਼ੌਰ, ਸਰਗੁਣ ਆਪਣਾ ਰਾਹ ਜਣਾਈਆ । ਕਲਜੁਗ ਅੰਤਮ ਏਕਾ ਸੀਸ ਛਤਰ ਝੁਲੇ ਚੌਰ, ਚੌਕਾ ਕੂਕੇ ਦਏ ਦੁਹਾਈਆ । ਬਾਕੀ ਸਭ ਨੂੰ ਪਏ ਵਛੋੜਾ ਔਹਰ, ਮਰਜ਼ ਨਜ਼ਰ ਕਿਸੇ ਨਾ ਆਈਆ । ਗੁਰਸਿਖ ਲੱਖ ਚੁਰਾਸੀ ਵਿਚੋਂ ਕੱਢੇ ਆਪਣਾ ਜੌਹਰ, ਕੁਠਾਲੀ ਆਪਣੇ ਨਾਮ ਪਾਈਆ । ਪਿਛੇ ਰਿਹਾ ਹੋਰ ਅੱਗੇ ਹੋਇਆ ਹੋਰ, ਹੋਕਾ ਦੇਵੇ ਵਾਹੋ ਦਾਹੀਆ । ਗੁਰਮੁਖਾਂ ਚੁੱਕੇ ਆਪਣੀ ਮੌਰ, ਬੋਝਾ ਆਪਣੇ ਕੰਧ ਉਠਾਈਆ । ਬਾਕੀ ਸਭ ਦਾ ਲੇਖਾ ਕਰ ਜਾਏ ਚੌੜ, ਚੁਲ੍ਹਾ ਚੌਂਕਾ ਦੇਵੇ ਢਾਹੀਆ । ਲੱਖ ਚੁਰਾਸੀ ਵਖਾਏ ਢੋਰ, ਮਾਣਸ ਨਜ਼ਰ ਕੋਇ ਨਾ ਆਈਆ । ਜਿਨ੍ਹਾਂ ਪਾਰਬ੍ਰਹਮ ਪ੍ਰਭ ਮਿਲਿਆ ਨਿਰਗੁਣ ਬਾਂਕਾ ਛੋਹਰ, ਸ਼ਹਿਨਸ਼ਾਹ ਆਪਣਾ ਫੇਰਾ ਪਾਈਆ । ਸੋ ਗੁਰਮੁਖ ਸਭ ਨੂੰ ਦੱਸਣ ਆਪਣਾ ਜ਼ੋਰ, ਵਿਸ਼ਨ ਬ੍ਰਹਮੇ ਸ਼ਿਵ ਦੇਣ ਡਰਾਈਆ । ਸਾਨੂੰ ਨਹੀਂ ਤੁਹਾਡੀ ਲੋੜ, ਬਿਨ ਸਤਿਗੁਰ ਸੰਗ ਨਾ ਕੋਇ ਰਖਾਈਆ । ਵੇਖੋ ਤੁਹਾਨੂੰ ਅੱਗੇ ਪਿਛੇ ਰਿਹਾ ਤੋਰ, ਸਭ ਦਾ ਲੇਖਾ ਰਿਹਾ ਮੁਕਾਈਆ । ਸ਼ਹਿਨਸ਼ਾਹ ਚੜ੍ਹ ਕੇ ਆਇਆ ਘੋੜ, ਘੋੜਾ ਆਪਣਾ ਨਾਮ ਦੌੜਾਈਆ । ਚਾਰ ਜੁਗ ਚਾਰੇ ਵਾਗਾਂ ਫੜੀਆਂ ਡੋਰ, ਤੁਣਕਾ ਇਕੋ ਇਕ ਲਗਾਈਆ । ਧੁਰਦਰਗਾਹੀ ਘੋੜਾ ਪਾਵੇ ਸ਼ੋਰ, ਲੱਖ ਚੁਰਾਸੀ ਦਾਣਾ ਮੰਗੇ ਸਮੁੰਦ ਸਾਗਰ ਪੀ ਨਾ ਤ੍ਰਿਖਾ, ਬੁਝਾਈਆ । ਪਿਛੇ ਗੁਰ ਅਵਤਾਰ ਪੀਰ ਪੈਗ਼ੰਬਰ ਹਰਿ ਕਾ ਨਾਮ ਖਾਂਦੇ ਰਹੇ ਦੇਂਦੇ ਰਹੇ ਭੋਰ ਭੋਰ, ਕਿਣਕਾ ਕਿਣਕਾ ਵਰਤਾਈਆ । ਹੁਣ ਪੁਰਖ ਅਕਾਲ ਨੂੰ ਪਈ ਗੁਰਮੁਖਾਂ ਦੀ ਲੋੜ, ਖੁਲ੍ਹੇ ਗੱਫ਼ੇ ਵਰਤਾਈਆ । ਪਹਿਲੋਂ ਪੰਜ ਤੱਤ ਰੱਖ ਕੇ ਫੇਰ ਨਿਰਗੁਣ ਹੋ ਕੇ ਪੌਣ ਆਇਆ ਦੋਹਰ, ਦੋਹਰੀ ਧਾਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਦੇਵੇ ਇਕੋ ਮਾਣ, ਚਰਨ ਸਰਨ ਮਿਲੇ ਸਰਨਾਈਆ ।

ਹਰਿ ਜੂ ਵਰਤਾਏ ਖੁਲ੍ਹਾ ਗੱਫ਼ਾ, ਦੀਨ ਦਿਆਲ ਦਇਆ ਕਮਾਈਆ । ਮਿਲ ਕੇ ਮਾਰੋ ਜੱਟ ਜੱਫ਼ਾ, ਆਪਣਾ ਦਾਅ ਲਗਾਈਆ । ਸਭ ਕੁਛ ਲੈ ਕੇ ਦੋ ਹੱਥੀਂ ਮਾਰੋ ਮੂੰਹ ਵਿਚ ਫੱਕਾ, ਨਜ਼ਰ ਕਿਸੇ ਨਾ ਆਈਆ । ਹਰਿ ਸੰਗਤ ਬਣ ਜਾਓ ਭਾਈ ਭੈਣ ਸਕਾ, ਭਗਤੀ ਇਕੋ ਇਕ ਵਖਾਈਆ । ਆਦਿ ਜੁਗਾਦਿ ਦੇਂਦਿਆਂ ਕਦੇ ਨਾ ਥੱਕਾ, ਤੋਟ ਨਾ ਕੋਇ ਰਖਾਈਆ । ਵੇਖੋ ਤੁਹਾਡੇ ਸਾਹਮਣੇ ਖੋਲ੍ਹਿਆ ਹੱਟਾ, ਆਪਣਾ ਹੱਟ ਜਣਾਈਆ । ਕਿਸੇ ਨਾ ਤੋਲੇ ਤੱਕੜੀ ਵੱਟਾ, ਅਨਮੁਲੀ ਦਾਤ ਝੋਲੀ ਪਾਈਆ । ਚੂੰਕਿ ਚੁਨਾਂਚੇ ਨਾ ਕੋਈ ਕਹੇ ਅਲਬਤਾ, ਹੱਬ ਕੁਛ ਰਿਹਾ ਲੁਟਾਈਆ । ਪ੍ਰਭੂ ਕਹੇ

੨੫੫
੧੩

ਮੈਂ ਦੇਣਾ ਦਿਤਾ, ਇਹਸਾਨ ਨਾ ਕੋਇ ਚੜ੍ਹਾਈਆ । ਗੁਰਸਿਖ ਕਹੇ ਮੈਂ ਸਤਿਗੁਰ ਡਿਠਾ, ਹਰਿ ਜੂ ਨਜ਼ਰੀ ਆਈਆ । ਅੰਤ ਦੋਹਾਂ ਦਾ ਨਿਕਲੇ ਇਕੋ ਸਿੱਟਾ, ਇਕੋ ਰੰਗ ਵਖਾਈਆ । ਗੁਰਸਿਖ ਨਿਰਮਲ ਦੁੱਧ ਕਦੇ ਨਾ ਫਿੱਟਾ, ਕੂੜੀ ਕਿਰਿਆ ਜਗਤ ਕਾਂਜੀ ਆਪਣਾ ਮੁਖ ਭੁਆਈਆ । ਗੋਬਿੰਦ ਦਾਦੂ ਕਿਹਾ ਇੱਟ ਚੁੱਕਦੇ ਨੂੰ ਮਾਰੋ ਵੱਟਾ, ਇਕੋ ਇਕ ਜਣਾਈਆ । ਕਿਸੇ ਨਾਲ ਨਾ ਕਰੋ ਧੱਕਾ, ਨਿਵਣ ਸੋ ਅੱਖਰ ਪੜ੍ਹਾਈਆ । ਸਾਹਿਬ ਸਤਿਗੁਰ ਮੰਨੋ ਪੱਕਾ, ਪੱਕੀਆਂ ਪਕਾਈਆਂ ਝੋਲੀ ਪਾਈਆ । ਜੇ ਧੋਖਾ ਦੇਵੇ ਭੱਜੇ ਜਾਂਦੇ ਦਾ ਫੜ ਲਓ ਗਿੱਟਾ, ਗਿਟਿਉਂ ਕੱਢ ਨਕਾਲ ਉਪਰੋਂ ਕੱਢ ਠੁਕਾਈਆ । ਜਿੰਨਾਂ ਚਿਰ ਨਾ ਕਹੇ ਗੁਰਸਿਖ ਵੱਡਾ, ਛੱਡੋ ਨਾ ਮਿਲ ਕੇ ਭਾਈਆ । ਨਿਤ ਨਿਤ ਨਹੀਂ ਹੁੰਦਾ ਰੱਟਾ, ਇਕੋ ਵਾਰ ਲੈਣਾ ਮਨਾਈਆ । ਆਪਣੀ ਹੱਥੀਂ ਕਰਾ ਲਓ ਪਟਾ, ਫਿਰ ਮੁੱਕਰ ਕਦੀ ਨਾ ਜਾਈਆ । ਜੇ ਕਾਗ਼ਜ਼ ਦੇਵੇ ਚਿੱਟਾ, ਕਦੇ ਨਾ ਮੰਨੋ ਉਚੀ ਰੌਲਾ ਦਿਓ ਪਾਈਆ । ਸਚ ਗੱਲ ਇਹ ਨਹੀਂ ਜੇ ਠੱਠਾ, ਹਰਿ ਜੂ ਜੁਗ ਜੁਗ ਵਲ ਛਲ ਧਾਰੀ ਆਪਣਾ ਖੇਲ ਕਰਾਈਆ । ਕਿਉਂ ਆਪ ਜੂ ਹੋਇਆ ਹੱਟਾ ਕੱਟਾ, ਸਭ ਨੂੰ ਠੇਡਿਆਂ ਨਾਲ ਰਿੜ੍ਹਾਈਆ । ਈਸਾ ਚਾੜ੍ਹਿਆ ਫਾਸੀ ਉਤੇ ਫੱਟਾ, ਕਰੇ ਖੇਲ ਬੇਪਰਵਾਹੀਆ । ਗੋਬਿੰਦ ਰੱਤ ਨਾਲ ਰੱਤਾ, ਰੱਤੀ ਰੱਤ ਸੁਕਾਈਆ । ਬਾਲਿਆਂ ਨੀਹਾਂ ਹੇਠਾਂ ਰੱਖਾ, ਰੱਖ ਰੱਖ ਖ਼ੁਸ਼ੀ ਮਨਾਈਆ । ਫਿਰ ਵੀ ਕਹੇ ਅੱਛਾ, ਤੇਰੀ ਵਡ ਵਡਿਆਈਆ । ਹੁਣ ਸਚ ਦੱਸਾਂ, ਅੱਗੇ ਮੰਨੋ ਨਾ ਮੇਰੇ ਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗੁਰਸਿਖ ਗੁਰਸਿਖ ਗੁਰਸਿਖ ਦਏ ਵਡਿਆਈਆ ।



## ❇ ੧੯ ਮੱਘਰ ੨੦੧੯ ਬਿਕਰਮੀ ਮੇਲਾ ਸਿੰਘ ਦੇ ਗ੍ਰਿਹ ਜ਼ਿਲਾ ਗੁਰਦਾਸਪੁਰ ❇

ਸਚਖੰਡ ਦੁਆਰੇ ਪਿਆ ਹਾਸਾ, ਸੋ ਪੁਰਖ ਨਿਰੰਜਨ ਖ਼ੁਸ਼ੀ ਮਨਾਈਆ । ਹਰਿ ਪੁਰਖ ਨਿਰੰਜਣ ਖੇਲੇ ਖੇਲ ਤਮਾਸ਼ਾ, ਏਕੰਕਾਰਾ ਵੇਖੇ ਚਾਈਂ ਚਾਈਂਆ । ਰਾਸ ਰਚਾਏ ਬਿਨ ਗੋਪੀ ਕਾਹਨਾ, ਮਿਹਰਵਾਨ ਬੇਪਰਵਾਹੀਆ । ਢੋਲ ਢਮੱਕਾ ਵੱਜੇ ਦੋ ਜਹਾਨਾਂ, ਡੌਂਡੀ ਹਰਿ ਪਟਾਈਆ । ਕਲ ਕਲਕੀ ਕਲ ਪਹਿਰਿਆ ਜਾਮਾ, ਨਿਹਕਲੰਕ ਵਡਿਆਈਆ । ਸ਼ਬਦ ਅਗੰਮੀ ਇਕ ਤਰਾਨਾ, ਬੋਧ ਅਗਾਧ ਦ੍ਰਿੜਾਈਆ । ਅੰਮ੍ਰਿਤ ਸਰੋਵਰ ਜਾਮ ਮਹਾਨਾ, ਰਸ ਇਕੋ ਇਕ ਪਿਆਈਆ । ਗੁਰਸਿਖਾਂ ਪਿਆਏ ਬੀਨਾ ਦਾਨਾ, ਦਾਨਾ ਬੀਨਾ ਹਰਿ ਰਘੁਰਾਈਆ । ਠਾਂਡਾ ਕਰੇ ਘਰ ਘਰ ਸੀਨਾ, ਅਗਨੀ ਤੱਤ ਬੁਝਾਈਆ । ਲੇਖ ਚੁਕਾ ਮੱਕਾ ਮਦੀਨਾ, ਨਾਬੀਨਾ ਆਪਣਾ ਰੰਗ ਰੰਗਾਈਆ । ਪੀਰ ਅਵਤਾਰ ਗੁਰੂ ਗੁਰ ਕੱਠਾ ਕੀਨਾ, ਸੱਦਾ ਇਕੋ ਨਾਮ ਦਿਵਾਈਆ । ਵਿਸ਼ਨ ਬ੍ਰਹਮਾ ਸ਼ਿਵ ਹੋ ਅਧੀਨਾ, ਦਰ ਬੈਠੇ ਸੀਸ ਝੁਕਾਈਆ । ਪੁਰਖ ਅਬਿਨਾਸ਼ੀ ਹੁਕਮ ਦੇਵੇ ਲੋਕ ਤੀਨਾਂ, ਚੌਦਾਂ ਪਰਦਾ ਲਾਹੀਆ । ਘੋੜਿਆਂ ਉਤੇ ਪਾਓ ਜ਼ੀਨਾ, ਹਨੇ ਹੱਥ ਰਖਾਈਆ । ਆਪਣਾ ਆਪਣਾ ਵੇਖੋ ਦੀਨਾ, ਦੀਨ ਮਜ਼੍ਹਬ ਰਿਹਾ ਜਣਾਈਆ । ਅੰਤਮ ਰਮਜ਼ਾਨ ਮੁੱਕਣ ਵਾਲਾ ਮਹੀਨਾ, ਰਹਿਮ ਪਰਵਰਦਿਗਾਰ ਨਾ ਕੋਇ ਕਮਾਈਆ । ਨਾਤਾ ਤੁਟਣ ਲੱਗਾ ਜਲ ਮੀਨਾ, ਮਛਲੀ ਜਲ ਨਜ਼ਰ ਨਾ ਆਈਆ । ਸਾਹਿਬ ਸਤਿਗੁਰ ਗੁਰਮੁਖਾਂ ਰੰਗ ਚੜ੍ਹਾਇਆ ਇਕੋ ਭੀਨਾ, ਭਿੰਨੜੀ ਰੈਣ ਨਾਲ ਮਿਲਾਈਆ । ਅੰਦਰ ਵੜ ਵੜ ਨਾਮ ਵਜਾਏ ਸਾਚੀ ਬੀਨਾ, ਆਪ ਆਪਣਾ ਖੇਲ ਕਰਾਈਆ । ਲੱਖ ਚੁਰਾਸੀ ਕੋਲੋਂ ਸਭ ਕੁਛ ਛੀਨਾ, ਜਨ ਭਗਤਾਂ ਦਇਆ ਕਮਾਈਆ । ਲੱਖ ਚੁਰਾਸੀ ਨਾਲੋਂ ਵੱਖ ਕੀਨਾ, ਵੱਖਰੀ

ਧਾਰ ਚਲਾਈਆ । ਅੱਠੇ ਪਹਿਰ ਪੀਣਾ ਖਾਣਾ, ਖਾ ਖਾ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਰਾਸ ਆਪ ਰਚਾਈਆ । ਸਾਚੀ ਰਾਸ ਰਚੇ ਕਰਤਾਰ, ਹਰਿ ਕਰਤਾ ਖੇਲ ਕਰਾਇੰਦਾ । ਢੋਲ ਅਗੰਮੀ ਡੰਕ ਡਫਾਰ, ਸ੍ਰੀ ਭਗਵਾਨ ਆਪ ਵਜਾਇੰਦਾ । ਛਿਟੀ ਡੰਕਾ ਮਾਰੇ ਵਾਰੋ ਵਾਰ, ਤਾਲ ਤਾਲ ਨਾਲ ਮਿਲਾਇੰਦਾ । ਗੁਰ ਅਵਤਾਰ ਪੀਰ ਪੈਗੰਬਰ ਵੇਖਣ ਖ਼ੁਸ਼ੀਆਂ ਨਾਲ, ਖ਼ੁਸ਼ਹਾਲੀ ਰੂਪ ਵਟਾਇੰਦਾ । ਗੁਰਮੁਖ ਛਾਲਾਂ ਰਹੇ ਮਾਰ, ਸ਼ਹਿਨਸ਼ਾਹ ਆਪਣਾ ਖੇਲ ਕਰਾਇੰਦਾ । ਬੁੱਢੇ ਨੱਢੇ ਹੋ ਤਿਆਰ, ਇਕੋ ਰੰਗ ਰੰਗਾਇੰਦਾ । ਸੱਦੇ ਦਿਤੇ ਮਾਝੇ ਦੁਆਬੇ ਜੰਮੂ ਵਾਰੋ ਵਾਰ, ਆਪਣਾ ਹੁਕਮ ਸੁਣਾਇੰਦਾ । ਇਕੱਠੇ ਹੋਏ ਯਾਰ ਯਾਰ, ਯਾਰ ਯਾਰੀ ਖੇਲ ਵਖਾਇੰਦਾ । ਇਕ ਦੂਜੇ ਨੂੰ ਰਹੇ ਲਲਕਾਰ, ਉਚੀ ਬਾਂਹ ਕੱਢ ਕੱਢ ਸੱਦਾ ਹੋਕਾ ਆਪ ਦਿਵਾਇੰਦਾ । ਵੇਖੋ ਆਇਆ ਸਾਂਝਾ ਯਾਰ, ਸਭ ਦਾ ਮੇਲ ਮਿਲਾਇੰਦਾ । ਨਾਰਦ ਭੱਜਾ ਆਇਆ ਦੁਆਰ, ਬੋਦੀ ਉਤੇ ਹਿਲਾਇੰਦਾ । ਨੰਗੀਂ ਪੈਰੀਂ ਹੋ ਖ਼ੁਆਰ, ਗੁਰਮੁਖਾਂ ਦਰ ਤਕਾਇੰਦਾ । ਅੱਗੇ ਵੇਖੀ ਖਿੜੀ ਗੁਲਜ਼ਾਰ, ਹਰਿ ਜੂ ਗੁਲਸ਼ਨ ਆਪ ਮਹਿਕਾਇੰਦਾ । ਮਿਲ ਸਖੀਆਂ ਮੰਗਲਾਚਾਰ, ਸਤਿਗੁਰ ਪੂਰਾ ਰਾਗ ਅਲਾਇੰਦਾ । ਪ੍ਰੇਮ ਸਚ ਮਾਰੇ ਛਣਕਾਰ, ਛਣ ਛਣ ਛਣ ਛਣ ਸਾਰਾ ਜਹਾਨ ਕਰਾਇੰਦਾ । ਸਾਰੇ ਨੈਣ ਰਹੇ ਉਘਾੜ, ਵੇਖੋ ਹਰਿ ਕੀ ਖੇਲ ਕਰਾਇੰਦਾ । ਭਾਗ ਲੱਗਾ ਵਿਚ ਉਜਾੜ, ਜਿਥੇ ਨਜ਼ਰ ਕੋਇ ਨਾ ਆਇੰਦਾ । ਗੁਰਸਿਖਾਂ ਟੱਪੇ ਨਾੜ ਨਾੜ, ਬਹੱਤਰ ਨਾੜੀ ਰੰਗ ਰੰਗਾਇੰਦਾ । ਇਕ ਦੂਜੇ ਦੇ ਫਿਰੇ ਪਿਛੇ ਅਗਾੜ, ਪਿਛਾ ਅਗਾੜ ਨਜ਼ਰ ਕਿਸੇ ਨਾ ਆਇੰਦਾ । ਉਚੀ ਕੂਕ ਵਾਜਾਂ ਰਹੇ ਮਾਰ, ਆਓ ਹਰਿ ਜੀ ਖੇਲ ਕਰਾਇੰਦਾ । ਵਾਰੋ ਵਾਰੀ ਲੰਘਣ ਚਾਰ ਚਫਾਰ, ਚਾਰੋਂ ਕੂੰਟ ਖੋਜ ਖੁਜਾਇੰਦਾ । ਜਿਸ ਕੂਟੇ ਲੁਕਿਆ ਗੁਰਸਿਖ ਮੇਰਾ ਸਰਦਾਰ, ਰਾਤੀ ਸੁਤਿਆਂ ਆਪ ਉਠਾਇੰਦਾ । ਤੁਹਾਡੇ ਪੈਰਾਂ ਦੀ ਘਮਘਾਰ, ਘਰ ਘਰ ਆਪ ਜਣਾਇੰਦਾ । ਤੁਹਾਡੀ ਧੂੜੀ ਉਡੀ ਛਾਰ, ਬ੍ਰਹਮਾ ਵਿਸ਼ਨ ਸ਼ਿਵ ਮਸਤਕ ਲਾਇੰਦਾ । ਪੁਰਖ ਅਬਿਨਾਸ਼ੀ ਵੇਖੇ ਖ਼ੁਸ਼ੀਆਂ ਨਾਲ, ਘਰ ਸਾਚੇ ਖ਼ੁਸ਼ੀ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਪੈਰ ਵੱਜੇ ਨਾਲ ਅੱਡੀ, ਅੱਡਾ ਸਭ ਦਾ ਰਿਹਾ ਉਖੜਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੋ ਬੈਠੇ ਨਿਸ਼ਾਨਾ ਗੱਡੀ, ਨਿਸ਼ਾਨੇ ਸਭ ਦੇ ਰਿਹਾ ਮਿਟਾਈਆ । ਅੱਗੜ ਪਿਛੜ ਜਾਂਦੇ ਭਾਰ ਲੱਦੀ, ਵੇਖੋ ਵਾਹੋ ਦਾਹੀਆ । ਕੋਈ ਕਹੇ ਮੇਰੀ ਬੀਤਦੀ ਜਾਏ ਚੌਧਵੀਂ ਸਦੀ, ਸੱਦਾ ਘਰ ਘਰ ਰਹੇ ਸੁਣਾਈਆ । ਕੋਈ ਕਹੇ ਹੁਕਮੇ ਬੱਧੀ, ਚਲੇ ਨਾ ਕੋਇ ਚਤੁਰਾਈਆ । ਕੋਈ ਕਹੇ ਸਾਡੀ ਖ਼ਾਲੀ ਹੁੰਦੀ ਦਿਸੇ ਗੱਦੀ, ਸਿੰਘਾਸਣ ਉਪਰ ਕੋਇ ਨਾ ਲਾਈਆ । ਅੱਲਾ ਰਾਣੀ ਫਿਰੇ ਭੱਜੀ, ਗੁਰਸਿਖ ਪੈਰਾਂ ਨਾਲ ਡਰਾਈਆ । ਆਦਿ ਸ਼ਕਤ ਕਹੇ ਨੀਂ ਉਹ ਖੇਡਣ ਕਬੱਡੀ, ਚਤੁਰਭੁਜ ਕਹੇ, ਨਹੀਂ, ਉਹ ਆਪਣਾ ਨਾਚ ਨਚਾਈਆ । ਬ੍ਰਹਮਾ ਵਿਸ਼ਨ ਸ਼ਿਵ ਕਹਿਣ ਪ੍ਰਭ ਸਾਚੇ ਦੀ ਵੇਲ ਵਧੀ, ਓਸ ਵਧੀ ਵੇਲ ਵਿਚ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਬੁੱਢੀ ਦਾਦੀ ਖ਼ੁਸ਼ੀ ਵਖਾਈਆ ।

ਪੈਰ ਨਾਲ ਉਠੇ ਬਾਜ਼ੂ, ਬਾਜ਼ੀਗਰ ਆਪਣਾ ਸਵਾਂਗ ਵਖਾਇੰਦਾ । ਦੋ ਜਹਾਨਾਂ ਤੋਲੇ ਫੜ ਤਰਾਜ਼ੂ, ਕੰਡਾ ਆਪਣੇ ਹੱਥ ਵਖਾਇੰਦਾ । ਸ੍ਰਿਸ਼ਟ

ਸਬਾਈ ਆ ਗਈ ਕਾਬੂ, ਕਬਜ਼ਾ ਸਭ ਦੇ ਉਤੇ ਰਖਾਇੰਦਾ । ਕੋਈ ਬਚਿਆ ਰਹੇ ਨਾ ਜਗਤ ਸਾਧੂ, ਸਾਧਨਾ ਸਭ ਦੀ ਖ਼ਤਮ ਕਰਾਇੰਦਾ । ਇਕੋ ਗੁਰਮੁਖ ਸਭ ਨਾਲੋਂ ਵੱਖਰਾ ਕੀਤਾ ਵਾਧੂ, ਵਾਧਾ ਆਪਣੇ ਨਾਲ ਮਿਲਾਇੰਦਾ । ਖ਼ੁਸ਼ੀ ਮਨਾਏ ਫੜ ਕੇ ਬਾਜ਼ੂ, ਬਾਬਲ ਆਪਣਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਇੰਦਾ । ਬਾਂਹ ਨਾਲ ਉਠੇ ਹੱਥ, ਹਰਿ ਆਪਣਾ ਰਾਹ ਜਣਾਈਆ । ਕਰੇ ਖੇਲ ਪੁਰਖ ਸਮਰਥ, ਭੇਵ ਕੋਇ ਨਾ ਪਾਈਆ । ਗੁਰਮੁਖਾਂ ਕੋਲੋਂ ਪਵਾਏ ਨੱਥ, ਮਨਮੁਖਤਾ ਕਿਲਿਆਂ ਨਾਲ ਬੰਧਾਈਆ । ਗੁਰਸਿਖ ਤੇਰੇ ਧਮਾਕੇ ਨਾਲ ਕੂੜ ਕੁੜਿਆਰੇ ਬੁਰਜ ਜਾਣ ਢੱਠ, ਅੰਤ ਰਹਿਣ ਕੋਇ ਨਾ ਪਾਈਆ । ਜਿਉਂ ਘੁੰਮਰ ਵਿਚ ਦਿਤਾ ਗੇੜਾ ਗੁਰਸਿਖ ਝੱਟ, ਸੰਤਾ ਸਿੰਘ ਇਸ਼ਾਰਿਆਂ ਨਾਲ ਸਮਝਾਈਆ । ਭਾਗ ਸਿੰਘ ਭੁਆਏ ਸੋਟੀ ਪ੍ਰਭ ਉਲਟੀ ਗੇੜੇ ਲੱਠ, ਲੱਖ ਚੁਰਾਸੀ ਪੀਸ ਪਿਸਾਈਆ । ਸਿੰਘ ਦਲੀਪ ਡੱਗੇ ਉਤੇ ਲਾਈ ਸੱਟ, ਢੋਲ ਦਏ ਦੁਹਾਈਆ । ਵੇਖੇ ਹਰਿ ਜੂ ਸਾਰਿਆਂ ਦੇ ਅੰਦਰ ਵੜ ਗਿਆ ਝੱਟ ਪੱਟ, ਚੇਲਾ ਸਿੰਘ ਕਿਸ਼ਨ ਸਿੰਘ ਜੀਤ ਸਿੰਘ ਵਰਗੇ ਮੋਟੇ ਮੋਟੇ ਨਾਲ ਨਚਾਈਆ । ਸਿੰਘ ਇੰਦਰ ਦੀ ਪੱਗ ਗਈ ਢੱਠ, ਹੱਸ ਹੱਸ ਰਿਹਾ ਵਖਾਈਆ । ਸਿੰਘ ਜਰਨੈਲ ਐਵੇਂ ਰਿਹਾ ਨੱਠ, ਭੱਜਾ ਫਿਰੇ ਵਾਹੋ ਦਾਹੀਆ । ਸੁਖਦੇਵ ਤੰਬੀ ਪਾ ਕੇ ਰਿਹਾ ਨੱਚ, ਨਟੂਆ ਆਪਣਾ ਸਾਂਗ ਵਰਤਾਈਆ । ਨੌਜਵਾਨ ਸਿਖ ਰਹੇ ਟੱਪ, ਹੇਠਾਂ ਉਪਰ ਇਕੋ ਧਾਰ ਵਖਾਈਆ । ਦੋਂਹ ਪੈਰਾਂ ਦੀ ਮਾਰਨ ਜੋੜ ਕੇ ਸੱਟ, ਧਰਤੀ ਥੱਲੇ ਦਏ ਦੁਹਾਈਆ । ਪ੍ਰਭ ਅੱਗੇ ਵਾਸਤਾ ਰਹੀ ਘੱਤ, ਗੁਰਸਿਖਾਂ ਕੋਲੋਂ ਲੈਣਾ ਬਚਾਈਆ । ਮੇਰੀ ਛਾਤੀ ਉਤੇ ਰਹੇ ਨੱਚ, ਤੇਰਾ ਹਾਲ ਨਾ ਕੋਇ ਸੁਣਾਈਆ । ਜੇ ਤੂੰ ਮਿਲਿਉਂ ਓਹਨਾਂ ਨੂੰ ਸਚ, ਮੈਨੂੰ ਲੈ ਮਿਲਾਈਆ । ਮੈਂ ਵੀ ਨਾਲ ਮਿਲ ਕੇ ਲਵਾਂ ਨੱਚ, ਆਪਣਾ ਘੁੰਘਟ ਲਾਹੀਆ । ਮੈਂ ਅੱਗੇ ਅੱਖ ਚੁੱਕ ਕੇ ਵੇਂਹਦੀ ਰਹੀ ਬਚ, ਨੈਣ ਸ਼ਰਮ ਨਾਲ ਸ਼ਰਮਾਈਆ । ਹੁਣ ਮੇਰੀ ਲੱਥੀ ਲੋਕ ਲੱਜ, ਪੁਰਖ ਅਬਿਨਾਸ਼ੀ ਆਪਣੀ ਹੱਥੀਂ ਖੇਲ ਕਰਾਈਆ । ਜੇ ਕਹੇਂ ਮੈਂ ਸੰਗਤ ਵਿਚ ਆਵਾਂ ਭੱਜ, ਜੋ ਤੇਰਾ ਦਰਸ਼ਨ ਪਾਈਆ । ਪੁਰਖ ਅਬਿਨਾਸ਼ੀ ਪਿਆ ਹੱਸ, ਮੇਰਾ ਸਿਖ ਮੋਹੇ ਭਾਈਆ । ਮੈਂ ਅੰਮ੍ਰਿਤ ਦਿਤਾ ਰਸ, ਪੀ ਰਸ ਖ਼ੁਸ਼ੀਆਂ ਵਿਚ ਆਪਣੇ ਢੋਲੇ ਰਹੇ ਗਾਈਆ । ਏਨ੍ਹਾਂ ਦਾ ਨਹੀਂ ਕੁਛ ਵਸ, ਕਰਨ ਕਰਾਵਣਹਾਰਾ ਬੇਪਰਵਾਹੀਆ । ਜੁਗ ਚੌਕੜੀ ਪਿਛੋਂ ਪੂਰੀ ਹੋਈ ਆਸ, ਆਸਾ ਬਿਰਥੀ ਕਦੀ ਨਾ ਜਾਈਆ । ਉਚੇ ਟਿੱਲੇ ਵਾਲਾ ਵਲੀ ਕੰਧਾਰੀ ਆਇਆ ਪਾਸ, ਪ੍ਰਭ ਪਾਸਾ ਦਿਤਾ ਉਲਟਾਈਆ । ਕਰ ਖੇਲ ਖੇਲ ਤਮਾਸ਼, ਨਾਨਕ ਵੱਟਾ ਦਿਤਾ ਲਾਹੀਆ । ਸਾਰੇ ਕਹੋ ਮਿਲ ਕੇ ਸ਼ਾਬਾਸ਼, ਸਿੰਘ ਮੇਲਾ ਤੇਰਾ ਪਿਛਲਾ ਕਰਜ਼ ਲਾਹੀਆ । ਅੱਗੇ ਦੇਵੇ ਚਰਨ ਵਾਸ, ਚਰਨਾਂ ਵਿਚ ਬਹਾਈਆ । ਨਾਚ ਨਚੌਣ ਦਾ ਏਹੋ ਕੰਮ ਖ਼ਾਸ, ਤੇਰੀ ਦੁਰਮਤ ਮੈਲ ਧੁਆਈਆ , ਗੁਰਸਿਖਾਂ ਦਿਆਂ ਪੈਰਾਂ ਨਾਲ ਕੀਤਾ ਸਾਫ਼, ਰਗੜਾ ਰਗੜ ਰਗੜ ਰਗੜਾਈਆ । ਪੱਥਰ ਵਾਲਾ ਹੋਇਆ ਕਸੂਰ ਮੁਆਫ਼, ਪੰਜਾਂ ਆਪਣਾ ਨਾਮ ਵਖਾਈਆ । ਅੱਗੇ ਵੇਖੋ ਇਕੋ ਰਾਤ, ਨੱਚਦੀ ਟੱਪਦੀ ਗੁਰਸਿਖਾਂ ਘਰ ਆਈਆ । ਭਿੰਨੜੀ ਕਹੇ ਪ੍ਰਭ ਦੇਵੇ ਦਾਤ, ਮੇਰੀ ਖ਼ਾਲੀ ਝੋਲੀ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਈਆ । ਭਿੰਨੀ ਰੈਣੜੀ ਚੜ੍ਹਿਆ ਚਾ, ਚਾਉਂ ਘਨੇਰਾ ਇਕ ਜਣਾਈਆ । ਪੁਰਖ ਅਬਿਨਾਸ਼ੀ ਮਿਲਿਆ ਬੇਪਰਵਾਹ, ਬੇਪਰਵਾਹੀ ਧਾਰ ਵਖਾਈਆ । ਅੱਡੀ ਮਾਰ ਗੁਰਸਿਖਾਂ ਮੇਰੀ ਜਾਗ ਦਿਤੀ ਖੁਲ੍ਹਾ, ਆਲਸ ਨਿੰਦਰਾ ਦਿਤਾ ਮਿਟਾਈਆ । ਮੈਂ ਉਠ ਕੇ ਤੱਕਿਆ ਨੈਣ ਉਠਾ, ਚਾਰੋਂ ਕੁੰਟ ਧਿਆਨ ਲਗਾਈਆ ।

ਸ੍ਰਿਸ਼ਟ ਸਬਾਈ ਅੰਧੇਰਾ ਗਿਆ ਛਾ, ਚੰਦ ਨਜ਼ਰ ਕੋਇ ਨਾ ਆਈਆ । ਅਚਨ ਅਚਾਨਕ ਮੈਨੂੰ ਕਿਸੇ ਦਿਤਾ ਸੁਣਾ, ਅਗੰਮੀ ਵਾਜ ਲਗਾਈਆ । ਉਠ ਸਵਾਣੀ ਵੇਖ ਮਾਰ ਧਿਆਨ, ਧਿਆਨ ਧਿਆਨ ਨਾਲ ਮਿਲਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਹਰਿ ਸੰਗਤ ਵਿਚ ਬੈਠਾ ਡੇਰਾ ਲਾ, ਡੇਰੇ ਆਪਣੇ ਰਿਹਾ ਤਜਾਈਆ । ਅੰਦਰ ਵੜ ਵੜ ਖੇਲ ਰਿਹਾ ਖਲਾ, ਖ਼ਾਲਕ ਖ਼ਲਕ ਬੇਪਰਵਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਨਾਲ ਰਲਾ, ਵਿਸ਼ਨ ਬ੍ਰਹਮਾ ਸ਼ਿਵ ਰਿਹਾ ਮੰਗਾਈਆ । ਆਓ ਵੇਖੋ ਖੇਲ ਰਿਹਾ ਜਣਾ, ਜਾਣਨਹਾਰ ਵਡ ਵਡਿਆਈਆ । ਘੁੰਗਰੂ ਪੈਰਾਂ ਨਾਲ ਰਿਹਾ ਬਨ੍ਹਾ, ਤਨ ਸ਼ਿੰਗਾਰ ਵਖਾਈਆ । ਚੌਦਾਂ ਤਬਕ ਰਿਹਾ ਹਿਲਾ, ਹੱਲਾ ਇਕੋ ਵਾਰ ਬੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਰਿਹਾ ਵਖਾਈਆ । ਭਿੰਨੀ ਰੈਣ ਨੇਤਰ ਖੋਲ੍ਹ, ਆਪਣਾ ਧਿਆਨ ਲਗਾਈਆ । ਵਜਦਾ ਦਿਸਿਆ ਇਕੋ ਢੋਲ, ਗੁਰਮੁਖ ਗੁਰ ਗੁਰ ਆਪ ਵਜਾਈਆ । ਸੰਤ ਸੱਜਣ ਵਸੇ ਕੋਲ, ਘਰ ਮੇਲਾ ਸਹਿਜ ਸੁਭਾਈਆ । ਲੇਖਾ ਚੁਕੇ ਧਰਨੀ ਧੌਲ, ਧਵਲ ਦਏ ਵਡਿਆਈਆ । ਗੁਰਮੁਖਾਂ ਅੰਦਰ ਨਿਰਗੁਣ ਮੌਲ, ਫੁਲ ਫਲਵਾੜ ਮਹਿਕਾਈਆ । ਸਦ ਸੁਹਾਗੀ ਇਕੋ ਬੋਲ, ਸਾਚਾ ਢੋਲਾ ਰਿਹਾ ਜਣਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਕਰੇ ਘੋਲ, ਗੁਰਮੁਖਾਂ ਅਖਾੜਾ ਇਕ ਲਗਾਈਆ । ਭਿੰਨੜੀ ਰੈਣ ਉਠ ਕਰ ਤਿਆਰੀ, ਆਪਣਾ ਰਾਹ ਤਕਾਇੰਦੀ । ਭੱਜੀ ਆਏ ਵਾਰੋ ਵਾਰੀ, ਨੱਠ ਨੱਠ ਪੰਧ ਮੁਕਾਇੰਦੀ । ਦਰਸ਼ਨ ਪਾਵਾਂ ਜੋਤ ਨਿਰੰਕਾਰੀ, ਦੂਜੀ ਆਸ ਨਾ ਕੋਇ ਰਖਾਇੰਦੀ । ਕੇਸੀਂ ਜਾ ਕੇ ਚਰਨ ਦੇਵਾਂ ਬਹਾਰੀ, ਧੂੜ ਟਿੱਕਾ ਮਸਤਕ ਲਾਇੰਦੀ । ਵੇਖੋ ਔਹ ਚਲ ਕੇ ਆਈ ਦੁਆਰੀ, ਖ਼ੁਲੀ ਮੀਂਢੀ ਗਲ ਪੱਲੂ ਵਾਸਤਾ ਪਾਇੰਦੀ । ਮੈਂ ਭੁੱਖੀ
੨੫੯ ੧੩ ਤਿਹਾਈ ਤੇਰੇ ਦਰਸ ਮੁਰਾਰੀ, ਦਰ ਇਕੋ ਆਸ ਤਕਾਇੰਦੀ । ਦੂਰ ਦੁਰਾਡੀ ਦੋਏ ਜੋੜ ਕਰੇ ਨਿਮਸਕਾਰੀ, ਨੇਤਰ ਨੈਣਾਂ ਨੀਰ ਵਹਾਇੰਦੀ । ਪੁਰਖ ੨੫੯ ੧੩
ਅਬਿਨਾਸ਼ੀ ਕਰ ਪਿਆਰੀ , ਪ੍ਰੇਮ ਕਹਾਣੀ ਇਕ ਜਣਾਇੰਦੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚੇ ਮੇਲ ਮਿਲਾਇੰਦੀ । ਭਿੰਨੀ ਰੈਣੜੀਏ ਆ ਦਰ ਤੇ ਵੇਖ, ਹਰਿ ਸਤਿਗੁਰ ਰਿਹਾ ਜਣਾਈਆ । ਪੁਰਖ ਅਕਾਲ ਵਟਾਇਆ ਵੇਸ, ਅਕਲ ਕਲ ਬੇਪਰਵਾਹੀਆ । ਗੁਰਮੁਖਾਂ ਨਾਲ ਰਿਹਾ ਖੇਡ, ਖੇਡ ਆਪਣੀ ਇਕ ਜਣਾਈਆ । ਅੰਦਰ ਵੜ ਵੜ ਦਿਤਾ ਭੇਤ, ਭੇਵ ਆਪਣਾ ਰਿਹਾ ਸਮਝਾਈਆ । ਪੈਰਾਂ ਨਾਲ ਉਡਾਓ ਰੇਤ, ਮਨਮੁਖਾਂ ਸਿਰ ਪਏ ਛਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਿੰਨੀ ਰੈਣ ਰਿਹਾ ਜਣਾਈਆ । ਭਿੰਨੜੀ ਰੈਣ ਚੜ੍ਹਿਆ ਚਾ, ਆਪ ਆਪਣੀ ਖ਼ੁਸ਼ੀ ਮਨਾਇੰਦੀ । ਪੁਰਖ ਅਬਿਨਾਸ਼ੀ ਮਿਲਿਆ ਮਲਾਹ, ਪਿਛਲਾ ਦੁੱਖ ਕਟਾਇੰਦੀ । ਗੁਰਸਿਖਾਂ ਫੜਾਏ ਮੇਰੀ ਬਾਂਹ, ਅੰਤਰ ਇਕੋ ਆਸ ਤਕਾਇੰਦੀ । ਮੈਂ ਵੀ ਲਵਾਂ ਉਹਦਾ ਨਾਂ, ਜਿਸ ਨੂੰ ਹਰਿ ਸੰਗਤ ਬਹਿ ਬਹਿ ਗਾਇੰਦੀ । ਮੇਰੇ ਸਿਰ ਤੇ ਰੱਖੇ ਠੰਡੀ ਛਾਂ, ਤਾਰਿਆਂ ਭਰੀ ਨੈਣ ਸ਼ਰਮਾਇੰਦੀ । ਜਿਸ ਮੇਰਾ ਚੰਦ ਆਪਣੀ ਛਾਤੀ ਉਤੇ ਲਿਆ ਟਿਕਾ, ਮੈਂ ਉਹਦੇ ਦਰ ਤੇ ਵਾਸਤਾ ਪਾਇੰਦੀ । ਮੇਰੀ ਪਿਛਲੀ ਬਖ਼ਸ਼ ਖ਼ਤਾ, ਕਸੂਰ ਆਪਣੇ ਆਪ ਜਣਾਇੰਦੀ । ਮੈਂ ਹੋਈ ਰਹੀ ਬੇਵਫ਼ਾ, ਗੁਰਸਿਖਾਂ ਕੋਲੋਂ ਮੁਖ ਭਵਾਇੰਦੀ । ਕਲਜੁਗ ਅੰਤਮ ਦੋਏ ਜੋੜ ਫੜੀ ਪਨਾਹ, ਗੱਲ ਪਲੂ ਏਕਾ ਪਾਇੰਦੀ । ਗੁਰਸਿਖੋ ਆਪਣੀ ਰੈਣ ਆਪਣੀ ਰਾਤ ਰਾਤੀ ਸੁਤਿਆਂ ਪਾਰਬ੍ਰਹਮ ਦਿਆਂ ਮਿਲਾ, ਸਾਚੀ ਸੇਵਾ ਸੇਵ ਕਮਾਇੰਦੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਰਾਹ ਇਕ ਜਣਾਇੰਦੀ । ਸਿਖ ਕਹਿਣ

ਆ ਭਿੰਨੜੀ ਰੈਣੇ, ਭਿੰਨਾ ਭਿੰਨਾ ਰੰਗ ਚੜ੍ਹਾਈਆ । ਵੇਖ ਅਸੀਂ ਇਕੱਠੇ ਹੋ ਕੇ ਬੈਠੇ ਭਾਈ ਭੈਣੇ, ਤੂੰ ਵੀ ਭੈਣ ਸਾਡੇ ਨਾਲ ਮਿਲ ਮਿਲ ਸਤਿਗੁਰ ਦਰਸ਼ਨ ਪਾਈਆ । ਅਸੀਂ ਢੋਲੇ ਇਕੋ ਕਹਿਣੇ, ਤੈਨੂੰ ਦੇਈਏ ਸੁਣਾਈਆ । ਜੇ ਤੂੰ ਲੋਕਾਂ ਦੇ ਝੱਲਣੇ ਮੇਹਣੇ, ਫੇਰ ਸਾਡਾ ਸੰਗ ਰਖਾਈਆ । ਸਾਡੀ ਹੱਥੀਂ ਕੋਈ ਨਹੀਂ ਗਹਿਣੇ, ਇਕੋ ਸਤਿਗੁਰ ਰੰਗ ਚੜ੍ਹਾਈਆ । ਨਾ ਕੋਈ ਢੋਲਕੀ ਨਾ ਕੋਈ ਛੈਣੇ, ਸ਼ਹਿਨਸ਼ਾਹ ਆਪਣਾ ਤਾਲ ਵਜਾਈਆ । ਭਿੰਨੜੀ ਰੈਣ ਕਹੇ ਮੈਂ ਮੰਨੂੰ ਕਹਿਣੇ, ਭੈਣ ਭਾਈਆਂ ਨਾਲ ਆਪਣਾ ਨਾਤਾ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਜਣਾਈਆ । ਭਿੰਨੜੀ ਰੈਣ ਕਹੇ ਮੇਰੇ ਸਾਚੇ ਵੀਰ, ਵਿਰੜਾ ਕਰ ਸੁਣਾਈਆ । ਧੰਨ ਭਾਗ ਤੁਸਾਂ ਮੇਰੀ ਕੱਟੀ ਭੀੜ, ਪਿਛਲਾ ਪੰਧ ਮੁਕਾਈਆ । ਮੇਰਾ ਸ਼ਰਅ ਦਾ ਕੱਟਿਆ ਜ਼ੰਜੀਰ, ਰਾਤੀਂ ਸੁਤਿਆਂ ਉਠ ਕੇ ਮੁਲਾਂ ਸ਼ੇਖ਼ ਪੰਡਤ ਪਾਂਧੇ ਗਰੰਥੀ ਪੰਥੀ ਅੱਡੋ ਅੱਡ ਰਹੇ ਸਤਾਈਆ । ਹਰਿ ਕੀ ਕਿਸੇ ਨਾ ਵੇਖੀ ਰੇਖ, ਰੌਲਾ ਸਾਰੇ ਰਹੇ ਪਾਈਆ । ਬਿਨ ਸਤਿਗੁਰ ਨਾਨਕ ਹਰਿ ਜੂ ਕਿਸੇ ਨਾ ਦਿਤਾ ਭੇਤ, ਭਾਵੀ ਸਭ ਦੇ ਉਤੇ ਛਾਈਆ । ਮੈਂ ਚਾਰ ਜੁਗ ਜੁਗ ਚੌਕੜੀ ਰਹੀ ਵੇਖ, ਜੁਗ ਜੁਗ ਆਪਣੀ ਅੱਖ ਖੁਲ੍ਹਾਈਆ । ਮੇਰੇ ਅੰਦਰ ਕੋਟਨ ਕੋਟ ਕਾਮੀ ਕਰੋਧੀ ਰਹੇ ਖੇਡ, ਠੱਗ ਚੋਰ ਯਾਰ ਆਪਣਾ ਰਾਹ ਚਲਾਈਆ । ਕੋਟਨ ਕੋਟੀ ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਪ੍ਰਭ ਦਾ ਲੱਭਦੇ ਫਿਰਦੇ ਭੇਤ, ਲੱਭਦਿਆਂ ਹੱਥ ਕਿਸੇ ਨਾ ਆਈਆ । ਮੈਂ ਹੋਈ ਹੈਰਾਨ ਜੱਟਾਂ ਨੂੰ ਕਿਵੇਂ ਮਿਲ ਗਿਆ ਫਿਰਦਿਆਂ ਵਿਚ ਖੇਤ, ਹਲ ਵਾਹੁੰਦਿਆਂ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖ਼ੁਸ਼ੀ ਵਖਾਈਆ । ਵੀਰ ਮੈਨੂੰ ਸਚ ਦੱਸੋ, ਭਿੰਨੜੀ ਰੈਣ ਆਖ ਸੁਣਾਇਆ । ਇਕੱਠੇ ਹੋ ਕੇ ਕਿਸ ਤਰਾਂ ਵਸੋ, ਦੁੱਖੜਾ ਜਗਤ ਗਵਾਇਆ । ਇਕ ਦੂਜੇ ਨੂੰ ਮਿਲ ਮਿਲ ਹੱਸੋ, ਪ੍ਰੇਮ ਪਿਆਰ ਕਿਵੇਂ ਵਧਾਇਆ । ਮੈਂ ਨਹੀਂ ਵੇਖਿਆ ਤੁਸੀਂ ਖ਼ੁਸ਼ੀਆਂ ਵਿਚ ਕਿਵੇਂ ਨੱਚੋ, ਨੱਚ ਨੱਚ ਆਪਣਾ ਕੰਤ ਮਨਾਇਆ । ਮੈਂ ਗੱਲ ਦੱਸੀ ਸੱਚੀ, ਸੱਚੋ ਸਚ ਸਚ ਦ੍ਰਿੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰਾਹ ਚਲਾਇਆ । ਸਿਖ ਕਹਿਣ ਸੁਣ ਭੈਣ ਨਿੱਕੀ, ਤੈਨੂੰ ਭੇਵ ਦੇਈਏ ਜਣਾਈਆ । ਗੋਬਿੰਦ ਬੂਟਾ ਲਾਇਆ ਸਿਖੀ, ਪੁਰਖ ਅਕਾਲ ਵੇਖਣ ਆਈਆ । ਜਿਸ ਦੀ ਧਾਰ ਰੱਖੀ ਤਿਖੀ, ਤਿਖਿਆਂ ਦੰਦਿਆਂ ਉਤੋਂ ਲੰਘਾਈਆ । ਪਿਛਲੀ ਰੇਖ ਸਾਰੀ ਮਿਟੀ, ਏਸੇ ਖ਼ੁਸ਼ੀ ਵਿਚ ਅਸੀਂ ਮਿਟੀ ਘੱਟਾ ਰਹੇ ਉਡਾਈਆ । ਥੱਲਿਉਂ ਧਰਤ ਕੱਢੀ ਚਿਟੀ, ਚਿਟੀ ਚਾਦਰ ਗੁਰ ਤੇਗ ਬਹਾਦਰ ਰੂਪ ਵਟਾਈਆ । ਕਦੇ ਨਾ ਜਾਏ ਭਿਟੀ, ਊਚਾਂ ਨੀਚਾਂ ਏਕਾ ਘਰ ਵਖਾਈਆ । ਭੈਣ ਜੀ ਏਹ ਸਤਿਗੁਰ ਬਣਾਈ ਸਿਖੀ, ਸਿਖਿਆ ਹੋਰ ਨਾ ਕਿਸੇ ਸਿਖਾਈਆ । ਪਿਛਲਿਆਂ ਜਨਮਾਂ ਦੇ ਇਕੱਠੇ ਕੀਤੇ ਮੁਨੀ ਰਿਖੀ, ਮੁਸ਼ਕਲ ਹਰਿ ਜੂ ਹੱਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਦਰ ਵਖਾਈਆ । ਭੈਣ ਕਹੇ ਵੱਡੇ ਭਾਈ, ਸਚ ਸਚ ਸੁਣਾਇਆ । ਪੀਰ ਪੈਗ਼ੰਬਰ ਸਾਰੇ ਕਹਿਣ ਹਰਿ ਜੂ ਬਣਿਆ ਰਾਹੀ, ਗੁਰਸਿਖਾਂ ਪਿਛੇ ਫੇਰਾ ਪਾਇਆ । ਵਿਸ਼ਨ ਬ੍ਰਹਮਾ ਸ਼ਿਵ ਰਹੇ ਗਾਈ, ਸਾਹਿਬ ਸਤਿਗੁਰ ਲੋਕਮਾਤ ਰੰਗ ਰੰਗਾਇਆ । ਹੁਣ ਵੇਖਿਆ ਅੱਖੀਂ ਆਈ, ਅੱਖ ਪਰਤੱਖ ਦਰਸ਼ਨ ਪਾਇਆ । ਜਿਹਨੂੰ ਕਹਿੰਦੇ ਰਹੇ ਸਾਈਂ ਗੋਸਾਈਂ, ਸੋ ਬੀਠਲੋ ਆਪਣਾ ਰੂਪ ਵਟਾਇਆ । ਮੈਂ ਦਰਸ਼ਨ ਕੀਤਾ ਚਾਈਂ ਚਾਈਂ, ਆਪਣੀ ਤ੍ਰਿਖਾ ਬੁਝਾਇਆ । ਤੁਸੀਂ ਪਕੜੋ ਮੇਰੀਆਂ ਬਾਹੀਂ, ਬਾਜੂ ਅੱਗੇ ਇਕ ਵਧਾਇਆ । ਨਾਤਾ ਜੁੜਿਆ ਭੈਣ ਭਾਈ, ਭਾਈ ਭੈਣ ਇਕੋ ਮਾਂ

ਪਿਓ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਰਚਾਇਆ । ਭੈਣ ਮਾਂ ਪਿਓ ਸਾਡਾ ਬਾਪ, ਪੁਰਖ ਅਕਾਲ ਅਖਵਾਈਆ । ਜਿਸ ਨੇ ਜਣਾਇਆ ਸੋਹੰ ਜਾਪ, ਆਤਮ ਪਰਮਾਤਮ ਕਰੇ ਪੜ੍ਹਾਈਆ । ਕੋਟ ਜਨਮ ਦੇ ਮਿਟੇ ਪਾਪ, ਪਤਤ ਪੁਨੀਤ ਕਰਾਈਆ । ਕਰ ਕਿਰਪਾ ਮਿਲਿਆ ਆਪ, ਆਪਣੀ ਗੋਦ ਉਠਾਈਆ । ਕੋਈ ਰਿਹਾ ਨਾ ਰੋਗ ਸੰਤਾਪ, ਸੰਸਾ ਦਿਤਾ ਚੁਕਾਈਆ । ਨਜ਼ਰੀ ਆਇਆ ਰਸੂਲ ਪਾਕ, ਵਡ ਅਮਾਮ ਬੇਪਰਵਾਹੀਆ । ਜਿਸ ਸਾਥੋਂ ਉਡਾਈ ਖ਼ਾਕ, ਚਰਨ ਚਰਨ ਨਾਲ ਟਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭਿੰਨੜੀ ਰੈਣ ਗੁਰਮੁਖਾਂ ਨਾਲ ਮਿਲਾਈਆ । ਭਿੰਨੀ ਰੈਨੜੀਏ ਤੇਰਾ ਗੁਰਸਿਖ ਸੁਹੇਲਾ, ਹਰਿ ਸਤਿਗੁਰ ਆਪ ਜਣਾਇੰਦਾ । ਭੈਣ ਭਾਈ ਦੇ ਮਿਲਣ ਦਾ ਆ ਗਿਆ ਵੇਲਾ, ਬਿਨ ਭਾਈਆਂ ਭੈਣ ਦੀ ਪੱਤ ਨਾ ਕੋਇ ਰਖਾਇੰਦਾ । ਨੌਂ ਖੰਡ ਪ੍ਰਿਥਮੀ ਵਕਤ ਦੁਹੇਲਾ, ਦੋ ਜਹਾਨ ਸਰਬ ਕੁਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰ ਘਰ ਸਾਚੇ ਮੇਲ ਮਿਲਾਇੰਦਾ ।

### ❇ ੧੯ ਮੱਘਰ ੨੦੧੯ ਬਿਕਰਮੀ ਬਾਬੂ ਪੁਰਾ ❇

ਸਾਰ ਕਹੇ ਮੇਰੀ ਸਾਚੀ ਧਾਰ, ਤੁਰੀਆ ਰਾਹ ਚਲਾਈਆ । ਸੁਫ਼ਨ ਸਖੋਪਤ ਜਾਗਰਤ ਸਭ ਤੋਂ ਵਸੇ ਬਾਹਰ, ਬਸਤੀ ਆਪਣੀ ਇਕ ਵਸਾਈਆ । ਔਣ ਜਾਣ ਦਾ ਨਹੀਂ ਆਮ ਵਿਹਾਰ, ਖੁਲ੍ਹੀ ਗਲੀ ਨਾ ਕੋਇ ਵਖਾਈਆ । ਪਾਰਬ੍ਰਹਮ ਬੇਐਬ ਪਰਵਰਦਿਗਾਰ, ਬੇਪਰਵਾਹ ਵੇਖ ਵਖਾਈਆ । ਆਦਿ ਜੁਗਾਦਿ ਜਿਉਂ ਭਾਵੇ ਤਿਉਂ ਚਲਾਏ ਕਾਰ, ਕਰਨੀ ਕਰਤਾ ਆਪ ਜਣਾਈਆ । ਜਿਸ ਵੇਲੇ ਮਾਰੇ ਸਤਿ ਅਵਾਜ਼, ਸਤਿ ਸਤਿਵਾਦੀ ਦਇਆ ਕਮਾਈਆ । ਨਾ ਕੋਈ ਲੇਖਾ ਬੋਧ ਅਗਾਧ, ਅਗਾਧ ਬੋਧ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੁਰਯਾ ਆਪਣੀ ਧਾਰ ਜਣਾਈਆ । ਤੁਰਯਾ ਸੰਦੇਸਾ ਦੇਵੇ ਤੁਰਤ, ਸਾਰ ਸਾਰ ਜਣਾਇੰਦਾ । ਮੇਲ ਮਿਲਾਵਾ ਅਕਾਲ ਮੂਰਤ, ਮੂਰਤ ਅਵਰ ਨਾ ਕੋਇ ਵਖਾਇੰਦਾ । ਇਕ ਇਕੱਲਾ ਆਸਾ ਪੂਰਤ, ਅਸਲ ਆਪਣਾ ਆਪ ਜਣਾਇੰਦਾ । ਕਿਸੇ ਨਾ ਲੱਭੇ ਸਾਚੀ ਸੂਰਤ, ਹੁਸੀਨ ਆਪਣਾ ਮੁਖ ਛੁਪਾਇੰਦਾ । ਜਿਉਂ ਭਾਵੇ ਤਿਉਂ ਆਪਣੀ ਪੂਰੀ ਕਰੇ ਜ਼ਰੂਰਤ, ਜ਼ਾਹਰ ਆਪਣਾ ਖੇਲ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਧਾਰ ਜਣਾਇੰਦਾ । ਤੁਰਯਾ ਕਹੇ ਮੈਂ ਤੇਰਾ ਰਾਗ, ਅਨਰਾਗੀ ਤੇਰੀ ਵਡਿਆਈਆ । ਆਦਿ ਜੁਗਾਦਿ ਰਹੀ ਜਾਗ, ਨੇਤਰ ਨੈਣ ਖੁਲ੍ਹਾਈਆ । ਜੁਗਾ ਜੁਗੰਤਰ ਸੁਣਾ ਆਵਾਜ਼, ਬਿਨ ਕੰਨਾਂ ਧਿਆਨ ਲਗਾਈਆ । ਕਵਣ ਵੇਲੇ ਹਰਿ ਕਰੇ ਯਾਦ, ਸਚ ਸੰਦੇਸ ਸੁਣਾਈਆ । ਚਰਨ ਕਵਲ ਡਿਗਾਂ ਭਾਜ, ਮਸਤਕ ਟਿੱਕਾ ਲਾਈਆ । ਵੇਖਾਂ ਖੇਲ ਹਰਿ ਕਾ ਕਾਜ, ਕਿਸ ਬਿਧ ਰਿਹਾ ਕਰਾਈਆ । ਸਚਖੰਡ ਦਾ ਸਚ ਸਮਾਜ, ਸ਼ਹਿਨਸ਼ਾਹ ਬਣਾਈਆ । ਸ਼ਹਿਨਸ਼ਾਹ ਬਣ ਕੇ ਕਰੇ ਰਾਜ, ਆਪਣਾ ਹੁਕਮ ਵਰਤਾਈਆ । ਹੁਕਮੇ ਅੰਦਰ ਸਿਰ ਤੇ ਪਹਿਨੇ ਤਾਜ, ਤਖ਼ਤ ਨਿਵਾਸੀ ਬੇਪਰਵਾਹੀਆ । ਤਖ਼ਤ ਨਿਵਾਸੀ ਰੱਖੇ ਲਾਜ, ਆਪ ਆਪਣੀ ਦਇਆ ਕਮਾਈਆ । ਦਇਆ ਕਮਾ ਸਾਜੇ ਸਾਜ, ਸਾਜਣਹਾਰਾ ਖ਼ੁਸ਼ੀ ਮਨਾਈਆ । ਫੇਰ ਮਾਰੇ ਸਚ ਆਵਾਜ਼, ਸਾਰ

ਸ਼ਬਦ ਲਏ ਉਠਾਈਆ । ਸਾਰ ਸ਼ਬਦ ਗਾਏ ਰਾਗ, ਤੁਰਯਾ ਰਾਗ ਵਜਾਈਆ । ਤੁਰਯਾ ਹੋਏ ਆਪ ਵਿਸਮਾਦ, ਬਿਸਮਿਲ ਰੂਪ ਸਮਾਈਆ । ਨਾ ਕੋਈ ਖੇਲ ਨਾ ਤਮਾਸ਼, ਤਮਾਸ਼ਬੀਨ ਨਾ ਕੋਇ ਜਣਾਈਆ । ਪਤ ਡਾਲੀ ਨਾ ਕੋਇ ਸਾਖ਼, ਸ਼ਖ਼ਸੀਅਤ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੁਰਯਾ ਆਪਣੀ ਧਾਰ ਜਣਾਈਆ । ਤੁਰਯਾ ਕਹੇ ਮੈਂ ਤੇਰੀ ਤਾਰ, ਤਾਰਨਹਾਰੇ ਤੇਰੀ ਆਸ ਰਖਾਈਆ । ਤੁਧ ਬਿਨ ਕਰੇ ਨਾ ਕੋਇ ਪਿਆਰ, ਦੁਹਾਗਣ ਵੇਖੀ ਸ੍ਰਿਸ਼ਟ ਸਬਾਈਆ । ਉਚੀ ਕੂਕ ਕੂਕ ਵਾਜਾਂ ਰਹੀ ਮਾਰ, ਬਿਰਹੋਂ ਵੈਰਾਗਣ ਦਏ ਦੁਹਾਈਆ । ਕਵਣ ਵੇਲਾ ਪ੍ਰਭ ਨੇਤਰ ਲਏ ਉਘਾੜ, ਨੈਣ ਨੈਣ ਨੈਣ ਉਠਾਈਆ । ਮੇਰੀ ਪਾਵੇ ਸਾਰ, ਮੁਹੱਬਤ ਆਪਣੇ ਨਾਲ ਬੰਧਾਈਆ । ਸਿਰ ਪੱਲੂ ਦੇਵੇ ਡਾਰ, ਕਰ ਕਿਰਪਾ ਬੇਪਰਵਾਹੀਆ । ਮੈਂ ਜਾਵਾਂ ਸਚ ਦਰਬਾਰ, ਘਰ ਸੱਚੇ ਚਾਈਂ ਚਾਈਆ । ਓਥੇ ਵਜਾਵਾਂ ਆਪਣਾ ਤਾਲ, ਤਾਲ ਇਕੋ ਇਕ ਰਖਾਈਆ । ਸਚ ਸੁਣਾਵਾਂ ਆਪਣਾ ਰਾਗ, ਅਨਰਾਗੀ ਰਾਗ ਅਲਾਈਆ । ਉਚੀ ਕੂਕਾਂ ਮਾਰਾਂ ਆਵਾਜ਼, ਆ ਮਿਲ ਮੇਰੇ ਸੱਚੇ ਮਾਹੀਆ । ਮੇਰਾ ਅਗਲਾ ਪਿਛਲਾ ਧੋ ਦਾਗ਼, ਤੇਰੇ ਨਾਮ ਮਿਲੇ ਵਡਿਆਈਆ । ਤੂੰ ਸਾਹਿਬ ਕੰਤ ਸੁਹਾਗ, ਘਰ ਤੇਰੇ ਵੱਜੇ ਵਧਾਈਆ । ਕਰ ਕਿਰਪਾ ਗੁਰੂ ਮਹਾਰਾਜ, ਤੇਰੀ ਇਕੋ ਓਟ ਤਕਾਈਆ । ਮੈਂ ਵਖਾਵਾਂ ਆਪਣਾ ਨਾਜ਼, ਨਾਜ਼ਕ ਰੂਪ ਵਟਾਈਆ । ਮੇਰੇ ਸਾਹਿਬ ਸਤਿਗੁਰ ਤੇਰੇ ਦਰ ਤੇ ਕਰਾਂ ਨਾਚ, ਮੁਖ ਘੁੰਗਟ ਇਕ ਉਠਾਈਆ । ਜਿਸ ਤੁਰਯਾ ਨੂੰ ਕਿਸੇ ਨਾ ਪਾਇਆ ਹਾਥ, ਤੁਰਯਾ ਗਾ ਗਾ ਗਏ ਸੁਣਾਈਆ । ਸੋ ਤੁਰੀਯਾ ਤਿਰੀਆ ਬਣ ਕੇ ਆਈ ਤੇਰੇ ਪਾਸ, ਤ੍ਰਿਸ਼ਨਾ ਤ੍ਰਿਪਤ ਦੇ ਬੁਝਾਈਆ । ਤੂੰ ਸਾਹਿਬ ਅਲੱਖਣਾ ਲਾਖ, ਅਲੱਖ ਅਗੋਚਰ ਬੇਪਰਵਾਹੀਆ । ਅਗੰਮ ਅਥਾਹ ਬੇਪਰਵਾਹ ਮੈਂ ਤੇਰੀ ਹੋਈ ਦਾਸ, ਦਾਸੀ ਆਪਣਾ ਨਾਉਂ ਧਰਾਈਆ । ਮੇਰੀ ਪਿਛਲੀ ਪੁੰਨੀ ਆਸ, ਅੱਗੇ ਓਟ ਰਖਾਈਆ । ਪੁਰਖ ਅਬਿਨਾਸ਼ੀ ਕਿਹਾ ਹੱਸ, ਹੰਸ ਮੁਖ ਸਾਲਾਹੀਆ । ਆ ਸਾਚਾ ਮਾਰਗ ਦੇਵਾਂ ਦੱਸ, ਦਹਿ ਦਿਸ਼ਾ ਵਖਾਈਆ । ਜਾ ਕੇ ਮੇਰੇ ਭਗਤਾਂ ਕੋਲ ਵਸ, ਜਿਥੇ ਮੇਰੇ ਨਾਮ ਵਡਿਆਈਆ । ਆਪਣਾ ਜਾ ਕੇ ਰਾਗ ਦੱਸ, ਬਣ ਵੈਰਾਗਣ ਫੇਰਾ ਪਾਈਆ । ਮੂੰਹ ਦੇ ਭਾਰ ਜਾ ਕੇ ਢੱਠ, ਆਪਣਾ ਤਾਣ ਗਵਾਈਆ । ਜਿਥੇ ਹੋਇਆ ਸਤਿ ਇਕੱਠ, ਸਾਚਾ ਸੋਹਲਾ ਦੇਣਾ ਸੁਣਾਈਆ । ਮੈਂ ਧੁਰ ਦਰਗਾਹੋਂ ਆਈ ਨੱਠ, ਸਚ ਸੁਨੇਹੁੜਾ ਇਕ ਜਣਾਈਆ । ਸਚ ਸੱਚੀ ਦੇਵਾਂ ਦੱਸ, ਜੋ ਸਾਹਿਬ ਮੇਰੇ ਸਤਿਗੁਰ ਭਾਈਆ । ਪੁਰਖ ਅਬਿਨਾਸ਼ੀ ਮੇਰਾ ਚਲਣ ਨਾ ਦਿਤਾ ਕੋਈ ਵਸ, ਹੁਕਮੇ ਅੰਦਰ ਫਿਰਾਈਆ । ਇਕੋ ਕਿਹਾ ਜਿਸ ਘਰ ਹੋਵੇ ਮੇਰਾ ਜਸ, ਓਥੇ ਜਾਣਾ ਚਾਈਂ ਚਾਈਂਆ । ਗੁਰਮੁਖ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਢੋਲਾ ਲੌਂਦੇ ਹੋਣ ਹੱਸ ਹੱਸ, ਸੋ ਮੇਰਾ ਢੋਲਾ ਤੁਰਯਾ ਤੇਰਾ ਅੰਤ ਵਖਾਈਆ । ਤੁਰਯਾ ਅੱਗੋਂ ਪਈ ਰੋ, ਨੈਣਾਂ ਨੀਰ ਵਹਾਇਆ । ਹਾਏ, ਏ ਕੀ ਗਿਆ ਹੋ, ਪੁਰਖ ਅਬਿਨਾਸ਼ੀ ਕੀ ਕੀ ਖੇਲ ਰਚਾਇਆ । ਜੁਗ ਜੁਗ ਮੇਰਾ ਰਾਗ ਸੁਣਦਾ ਰਿਹਾ ਸੋ, ਸੋ ਹੁਣ ਆਪਣਾ ਰਾਗ ਗੁਰਮੁਖਾਂ ਰਿਹਾ ਸੁਣਾਇਆ । ਮੇਰੇ ਨਾਲੋਂ ਹੋਇਆ ਨਿਰਮੋਹ, ਮੁਹੱਬਤ ਭਗਤਾਂ ਨਾਲ ਵਧਾਇਆ । ਮੈਂ ਵੇਖਿਆ ਅੱਗੇ ਹੋ, ਜੋ ਵੇਖਿਆ ਸੋ ਆਖ ਸੁਣਾਇਆ । ਮੇਰਾ ਤਾਲ ਸੁਣੇ ਨਾ ਕੋ, ਰਾਗ ਨਾਦ ਨਾ ਕੋਇ ਜਣਾਇਆ । ਸ੍ਰੀ ਭਗਵਾਨ ਜਨ ਭਗਤਾਂ ਰਿਹਾ ਕਹਿ ਮੈਂ ਤੁਹਾਡੇ ਜੋਗਾ ਗਿਆ ਹੋ, ਜੁਗਤੀ ਇਕੋ ਇਕ ਜਣਾਇਆ । ਅੰਦਰ ਇਕ ਬਾਹਰੋਂ ਦਿਸਣ ਦੋ, ਦੋਹਾਂ ਦਾ ਇਕੋ ਘਰ ਮੇਲ ਮਿਲਾਇਆ । ਜੋ ਜਨ ਚਰਨ ਕਵਲ ਗਿਆ ਛੋਹ, ਸੋ ਸ਼ਹਿਨਸ਼ਾਹ ਆਪਣੇ ਘਰ

ਮੰਗਾਇਆ । ਤੁਰਯਾ ਰਾਗ ਆਪਣੇ ਹੱਥ ਰਹੀ ਧੋ, ਗੁਰਮੁਖਾਂ ਧੂੜੀ ਸਾਬਣ ਲਾਇਆ । ਜੁਗ ਚੌਕੜੀ ਮੈਨੂੰ ਕੋਈ ਨਾ ਸਕਿਆ ਟੋਹ, ਮੇਰਾ ਅੰਤ ਕਿਸੇ ਨਾ ਪਾਇਆ । ਅੰਤ ਸ੍ਰੀ ਭਗਵਾਨ ਮੈਥੋਂ ਸਭ ਕੁਛ ਲਿਆ ਖੋਹ, ਜਨ ਭਗਤਾਂ ਮੁਸ਼ਕਲ ਹੱਲ ਕਰਾਇਆ । ਮੇਰੀ ਸੇਵਾ ਲਾਈ ਗੁਰਸਿਖਾਂ ਅੰਦਰ ਲੈ ਕੇ ਜਾ ਢੋਆ ਢੋ, ਸੋਹੰ ਢੋਲਾ ਮੇਰੇ ਸਿਰ ਚੁਕਾਇਆ । ਮੈਂ ਕਿਹਾ ਕਿਰਪਾ ਨਿਧਾਨ, ਸ੍ਰੀ ਭਗਵਾਨ ਮੈਂ ਜਾਵਾਂ ਛੱਬੀ ਪੋਹ, ਜਿਸ ਵੇਲੇ ਤੇਰਾ ਤਖ਼ਤ ਸੋਭਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਬੰਧਾਇਆ । ਤੁਰੀਯਾ ਕਹੇ ਮੇਰੀ ਤਰਲ ਜਵਾਨੀ, ਜੋਬਨ ਬੇਪਰਵਾਹੀ ਦਾ । ਚਾਰ ਜੁਗ ਮੇਰੀ ਦੱਸਦੇ ਰਹੇ ਨਿਸ਼ਾਨੀ, ਨਿਸ਼ਾਨਾ ਤੀਰ ਨਾ ਕੋਇ ਲਗਾਇੰਦਾ । ਕਾਗ਼ਜ਼ ਕਲਮ ਸ਼ਾਹੀ ਲਿਖਦੇ ਰਹੇ ਬਿਆਨੀ, ਪਰਦਾ ਚੁੱਕ ਨਾ ਕੋਇ ਵਖਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਗੌਂਦੇ ਰਹੇ ਕਹਾਣੀ, ਕਹਿ ਕਹਿ ਸ਼ੁਕਰ ਮਨਾਇੰਦਾ । ਮੈਂ ਸਾਰ ਸ਼ਬਦ ਦੀ ਬਣ ਕੇ ਬੈਠੀ ਰਹੀ ਰਾਣੀ, ਮੈਨੂੰ ਹੱਥ ਨਾ ਕੋਇ ਲਾਇੰਦਾ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਮੇਰੀ ਰਹੀ ਅੱਲੜ ਜਵਾਨੀ, ਅੱਗੇ ਹੋ ਮੇਰੀ ਸੇਜ ਨਾ ਕੋਇ ਹੰਢਾਇੰਦਾ । ਦੂਰ ਦੁਰਾਡੇ ਸਾਰੇ ਹੋਏ ਕੁਰਬਾਨੀ, ਕੋਟਨ ਕੋਟ ਸ਼ਮਾ ਦੀਪਕ ਉਤੇ ਜਲਾਇੰਦਾ । ਕਲਜੁਗ ਅੰਤਮ ਪੁਰਖ ਅਕਾਲ ਕਰੀ ਖੇਲ ਮਹਾਨੀ, ਖੇਲਣਹਾਰਾ ਆਪ ਖਲਾਇੰਦਾ । ਨਿਰਗੁਣ ਵੇਖੇ ਮਾਰ ਧਿਆਨੀ, ਨੇਤਰ ਨੈਣ ਨੈਣ ਉਠਾਇੰਦਾ । ਬਿਨ ਹਰਿ ਕੰਤ ਸਭ ਦੀ ਬਿਰਥਾ ਜਾਏ ਜਵਾਨੀ, ਜੋਬਨ ਕੰਮ ਕਿਸੇ ਨਾ ਆਇੰਦਾ । ਤੁਰਯਾ ਤੇਰੀ ਤਰਜ਼ ਮਹਾਨੀ, ਤਰਾਂ ਤਰਾਂ ਸਮਝਾਇੰਦਾ । ਤੇਰਾ ਭੇਵ ਨਾ ਪਾਇਆ ਕਿਸੇ ਵਿਦਵਾਨੀ, ਵਿਦਿਆ ਰੰਗ ਨਾ ਕੋਇ ਚੜ੍ਹਾਇੰਦਾ । ਆ ਵੇਖ ਇਕ ਸਚ ਨਿਸ਼ਾਨੀ, ਹਰਿ ਸਤਿਗੁਰ ਆਪ ਜਣਾਇੰਦਾ । ਜਿਨ੍ਹਾਂ
੨੬੩ ੧੩ ਮਿਲਿਆ ਸਾਹਿਬ ਸਤਿਗੁਰ ਸਚ ਸੁਲਤਾਨੀ, ਸੋ ਤੇਰਾ ਰਾਗ ਕੋਇ ਨਾ ਗਾਇੰਦਾ । ਸਾਰ ਸ਼ਬਦ ਸਾਰ ਸਾਰ ਬਣੇ ਦਰਬਾਨੀ, ਦਰ ਸਾਚੀ ਸੇਵ ਕਮਾਇੰਦਾ । ਉਠ ਸੁਚੱਜੀ ਸੁਘੜ ਸਵਾਣੀ, ਹਰਿ ਕਰਤਾ ਭੇਵ ਖੁਲਾਇੰਦਾ । ਨੇਤਰ ਵੇਖ ਸੱਚਾ ਹਾਣੀ, ਹਰਿ ਸਚ ਸਚ ਜਣਾਇੰਦਾ । ਜਿਨ੍ਹਾਂ ਮਿਲਿਆ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤਿਨ੍ਹਾਂ ਸੁਫ਼ਨ ਸਖੋਪਤ ਜਾਗਰਤ ਤੁਰਯਾ ਤੁਰਯਾ ਤੇਰਾ ਪੰਧ ਮੁਕਾਇੰਦਾ । ਤੁਰਯਾ ਕਹੇ ਮੈਂ ਸਦਾ ਵਚੋਲੀ, ਸੰਤ ਭਗਤ ਮਿਲਾਈਆ । ਪੀਰ ਪੈਗ਼ੰਬਰਾਂ ਚੁੱਕੀ ਡੋਲੀ, ਦਰ ਤੇਰਾ ਰਹੀ ਵਖਾਈਆ । ਗੁਰ ਅਵਤਾਰਾਂ ਘੋਲ ਘੋਲੀ, ਆਪਣੀ ਸੇਵ ਕਮਾਈਆ । ਬਿਨ ਰਸਨਾ ਜਿਹਵਾ ਮੈਂ ਸਦਾ ਬੋਲੀ, ਬੱਤੀ ਦੰਦ ਨਾ ਕੋਇ ਰਖਾਈਆ । ਸ੍ਰੀ ਭਗਵਾਨ ਹੁਣ ਕਿਉਂ ਕਰਦਾ ਏਂ ਗੁਰਸਿਖਾਂ ਦੀ ਗੋਲੀ, ਕਿਉਂ ਤੂੰ ਗੁਰਸਿਖਾਂ ਅੰਦਰ ਵੜ ਕੇ ਆਪਣਾ ਰਾਗ ਸੁਣਾਈਆ । ਮੈਨੂੰ ਤੇਰੀ ਸਮਝ ਨਾ ਆਈ ਬੋਲੀ, ਤੂੰ ਕੀ ਕੀ ਕਰੇਂ ਪੜ੍ਹਾਈਆ । ਕਿਸ ਬਿਧ ਆਪਣੀ ਹੱਟੀ ਖੋਲ੍ਹੀ, ਤੱਕੜੀ ਵੱਟਾ ਨਾ ਕੋਇ ਰਖਾਈਆ । ਮੈਂ ਵੇਖ ਹੋਈ ਹੈਰਾਨ, ਕਿਸ ਤਰਾਂ ਪੂਰਨ ਬਦਲੀ ਚੋਲੀ, ਪਰਮੇਸ਼ਰ ਅੰਦਰ ਬੈਠਾ ਡੇਰਾ ਲਾਈਆ । ਮੈਂ ਵਾਰੀ ਮੈਂ ਘੋਲੀ, ਮੈਂ ਆਪਣਾ ਮਾਣ ਗਵਾਈਆ । ਮੈਂ ਆਪਣੀ ਗਠੜੀ ਫੋਲੀ, ਪੂਰਨ ਵਰਗਾ ਪੂਰਾ ਨਜ਼ਰ ਕੋਇ ਨਾ ਆਈਆ । ਜਿਧਰ ਵੇਖਾਂ ਮੇਰੀ ਪਾਟੀ ਚੋਲੀ, ਸਾਧਾਂ ਸੰਤਾਂ ਮੇਰੀਆਂ ਤਣੀਆਂ ਦਿਤੀਆਂ ਤੁੜਾਈਆ । ਮੇਰੀ ਵੇਖ ਖਾਲੀ ਡੋਲੀ, ਚਾਰ ਜੁਗ ਚਾਰ ਕਹਾਰ ਭੱਜੇ ਜਾਂਦੇ ਵਾਹੋ ਦਾਹੀਆ । ਮੈਂ ਪੌਣ ਆਈ ਰੌਲੀ, ਉਠੋ ਸਿਖੋ ਨੱਠੋ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਖੇਲ ਰਚਾਈਆ । ਜਨ ਭਗਤਾਂ ਘਰ ਕਰਨ ਆਇਆ ਬੋਹਣੀ, ਮੁਖ ਆਪਣੇ ਸਗਨ ਲਗਾਈਆ । ਫਿਰ ਸਭ ਨੂੰ ਚਾੜ੍ਹੇ ਤੌਣੀ, ਮੇਰਾ ਰਾਗ ਭੁਲਾਈਆ । ਕਰੇ ਸੋ ਜੋ ੨੬੩ ੧੩

ਸਾਹਿਬ ਭੌਣੀ, ਅੱਗੇ ਚਲੇ ਨਾ ਕੋਇ ਚਤੁਰਾਈਆ । ਚੌਦਾਂ ਵਿਦਿਆ ਸੁਰਤ ਭੁਲੌਣੀ, ਛੱਤੀ ਰਾਗ ਨਾ ਕੋਇ ਵਡਿਆਈਆ । ਅੱਗੇ ਹੋ ਛਾਤੀ ਕਿਸੇ ਨਾ ਡੌਹਣੀ, ਸ਼ਹਿਨਸ਼ਾਹ ਸਭ ਨੂੰ ਰਿਹਾ ਢਾਹੀਆ । ਬਣ ਕੇ ਜੱਟ ਕਰੇ ਰੌਣੀ, ਹੱਲ ਆਪਣਾ ਫੇਰ ਚਲਾਈਆ । ਆਪੇ ਜਾਣੇ ਹਾੜੀ ਸੌਣੀ, ਵਡ ਕਿਰਸਾਣਾ ਬੇਪਰਵਾਹੀਆ । ਜਿਸ ਨੇ ਬੀਜੀ ਓਸੇ ਗੌਹਣੀ, ਦੂਜਾ ਸੰਗ ਨਾ ਕੋਇ ਰਖਾਈਆ । ਜਿਸ ਗਾਹੀ ਓਸ ਉਡੌਣੀ, ਹਵਾ ਆਪਣੀ ਆਪ ਚਲਾਈਆ । ਜਿਸ ਉਡਾਈ ਓਨ ਆਪਣੇ ਅੰਦਰ ਪੌਣੀ, ਭੁੱਖੀ ਮਰੇ ਸਰਬ ਲੋਕਾਈਆ । ਫੇਰ ਵੇਖੇ ਅਵਣੀ ਗਵਣੀ, ਅਵਣ ਗਵਣ ਡੇਰਾ ਢਾਹੀਆ । ਮੇਰੀ ਸੁਰ ਕਿਸੇ ਨਾ ਮਿਲੇ ਸੁਣੌਣੀ, ਸੁਰਤ ਸਭ ਦੀ ਦਏ ਭੁਆਈਆ । ਕਿਉਂ ਪਿਛੇ ਲਾਈ ਸਭ ਦੇ ਹੋਣੀ, ਹੁਕਮੇ ਹੁਕਮ ਭੁਆਈਆ । ਗੁਰਮੁਖਾਂ ਖ਼ੁਸ਼ੀ ਇਕ ਵਖੌਣੀ, ਪਿਛਲੀ ਖ਼ੁਸ਼ਕੀ ਦੇਵੇ ਲਾਹੀਆ । ਪੁਸ਼ਤ ਦਰ ਪੁਸ਼ਤ ਪੁਸ਼ਟੀ ਆਪ ਕਰੌਣੀ, ਪੁਛਣ ਆਇਆ ਬੇਪਰਵਾਹੀਆ । ਪਰੇਮ ਨਾਲ ਕੁਸ਼ਤੀ ਪਰੇਮ ਕਰੌਣੀ, ਗੁਰਸਿਖ ਗੁਰਸਿਖ ਨਾਲ ਮਿਲਾਈਆ । ਦੂਤੀ ਦੁਸ਼ਟੀ ਸ੍ਰਿਸ਼ਟੀ ਸਰਬ ਖਪੌਣੀ, ਇਸ਼ਟੀ ਇਕੋ ਇਕ ਬਚਾਈਆ । ਦੋਜ਼ਖ਼ ਬਹਿਸਤੀ ਖੇਲ ਰਚੌਣੀ, ਬਚਿਆ ਕੋਇ ਰਹਿਣ ਨਾ ਪਾਈਆ । ਫ਼ਰਿਸ਼ਤਿਆਂ ਫ਼ਰਿਸਤ ਇਕ ਵਖੌਣੀ, ਆਪਣੇ ਹੱਥੀਂ ਕਰ ਲਿਖਾਈਆ । ਚਾਰ ਕੁੰਟ ਸੇਵਾ ਲੌਣੀ, ਭੱਜਾ ਫਿਰੇ ਵਾਹੋ ਦਾਹੀਆ । ਆਪਣੀ ਈਨ ਦੀਨ ਇਕ ਮਨੌਣੀ, ਮਿਹਬਾਨ ਬੀਦੋ ਵਡ ਵਡਿਆਈਆ । ਲੋਕ ਤੀਨ ਤਾਰ ਹਲੌਣੀ, ਸਤਾਰ ਆਪਣੀ ਦਏ ਜਣਾਈਆ । ਚੌਦਾਂ ਲੋਕ ਧਾਰ ਵਖੌਣੀ, ਧਾਰ ਆਪਣੇ ਨਾਮ ਪਰਗਟਾਈਆ । ਦੋ ਜਹਾਨ ਸਾਰ ਪੌਣੀ, ਸਾਰ ਸ਼ਬਦ ਵੱਜੇ ਵਧਾਈਆ । ਸਚਖੰਡ ਕਾਰ ਕਮੌਣੀ, ਗੁਰਮੁਖ ਸਾਚੇ ਮੇਲ ਮਿਲਾਈਆ । ਬੇਹੰਗਮ ਚਾਲ ਇਕ ਰਖੌਣੀ, ਰਾਹ ਵਿਚ ਨਾ ਕੋਇ ਅਟਕਾਈਆ । ਭੁੱਖ ਨੰਗ ਸਰਬ ਕਟੌਣੀ, ਭੁਖਿਆਂ ਭੁੱਖ ਗਵਾਈਆ । ਤੁਰਯਾ ਤਰੰਗ ਆਪ ਚੜ੍ਹੌਣੀ, ਤੁਰਤ ਦੇਵੇ ਸਮਝਾਈਆ । ਸੂਰੇ ਸਰਬੰਗ ਖੇਲ ਕਰੌਣੀ, ਮਰਦੰਗ ਆਪਣਾ ਨਾਮ ਵਜਾਈਆ । ਸਭ ਦੀ ਮੰਗ ਪੂਰ ਕਰੌਣੀ, ਗੁਰ ਅਵਤਾਰ ਪੀਰ ਪੈਗ਼ੰਬਰ ਜੋ ਬੈਠੇ ਧਿਆਨ ਲਗਾਈਆ । ਸਦਾ ਚਿਤ ਅਨੰਦ ਆਪਣੀ ਜੋਤ ਦਰ ਵਖੌਣੀ, ਦੂਜੀ ਹੋਰ ਨਾ ਕੋਇ ਵਡਿਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੱਗੇ ਕੋਇ ਰਹਿਣ ਨਾ ਦੇਵੇ ਅੜੌਣੀ, ਅੜਿਕੇ ਸਭ ਦੇ ਰਿਹਾ ਮਿਟਾਈਆ । ਤੁਰਯਾ ਕਹੇ ਪ੍ਰਭ ਤੇਰੀ ਰਹਿਮਤ, ਮੈਂ ਵੇਖ ਹੋਈ ਹੈਰਾਨਾ । ਗ਼ਰੀਬਾਂ ਨਾਲ ਹੋਇਉਂ ਸਹਿਮਤ, ਆਪਣਾ ਦਿਤਾ ਧੁਰ ਪਰਵਾਨਾ । ਸਾਰੇ ਆਖਣ ਗੁਰਸਿਖ ਅਹਿਮਕ, ਜਿਨ੍ਹਾਂ ਮਿਲਿਆ ਵਿਸ਼ਨੂੰ ਭਗਵਾਨਾ । ਵਿਸ਼ਨੂੰ ਭਗਵਾਨ ਕਹੇ ਮੈਂ ਤਾਰਾਂ ਜਿਨ੍ਹਾਂ ਤੇੜ ਬੱਧੀ ਤਹਿਮਤ, ਸਿਰ ਟੇਢੀ ਪੱਗ ਵਖਾਨਾ । ਓਨ੍ਹਾਂ ਨੂੰ ਅੱਗੇ ਕੋਈ ਨਾ ਆਵੇ ਜ਼ਹਿਮਤ, ਦੁੱਖ ਸੁਖ ਵਿਚ ਉਲਟਾਣਾ । ਲੱਖ ਚੁਰਾਸੀ ਵਿਚੋਂ ਕੱਢੇ ਅੰਦਰ ਵੜ ਕੇ ਮਾਰ ਸੈਨਤ, ਰਸਨਾ ਬੋਲ ਨਾ ਕੋਇ ਸੁਣਾਨਾ । ਜੇ ਕੋਈ ਵਿਦਵਾਨ ਵੇਖੇ ਲਾ ਕੇ ਐਨਕ, ਹਰਿ ਜੂ ਸ਼ੀਸ਼ੇ ਭੰਨ ਵਖਾਨਾ । ਜੇ ਕੋਈ ਲੇਖਾ ਲਿਖੇ ਨਾਲ ਸਵੈਨਇੰਕ, ਕਲਮ ਸ਼ਾਹੀ ਪੰਧ ਮੁਕਾਨਾ । ਜੇ ਕੋਈ ਕਹੇ ਸਾਧ ਸੰਤ ਮੈਂ ਵੱਡਾ ਮਕੈਨਕ, ਥੀਉਰੀ ਸਭ ਦੀ ਫ਼ੇਲ ਕਰਾਨਾ । ਜਨ ਭਗਤਾਂ ਮਿਲਿਆ ਹਰਿ ਜੂ ਹਰਿ ਹਰਿ ਵੱਡਾ ਸੈਨਕ, ਸੈਨਾਪਤੀ ਸ੍ਰੀ ਭਗਵਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਦੋ ਜਹਾਨਾਂ । ਤੁਰਯਾ ਕਹੇ ਮੈਂ ਹੋਈ ਹੈਰਾਨ, ਬੇਵਸ ਦਿਆਂ ਦੁਹਾਈਆ । ਤੇਰੀ ਹਰਿ ਜੂ ਖੇਲ ਮਹਾਨ, ਅੰਤ ਕੋਇ ਨਾ ਆਈਆ । ਜਿਨ੍ਹਾਂ ਨੂੰ ਕੋਈ ਨਾ ਪੁੱਛੇ ਤੂੰ ਓਨ੍ਹਾਂ ਦਾ ਬਣਿਆ ਆਣ, ਕੀ ਤੇਰੀ ਚਤੁਰਾਈਆ । ਮੈਂ ਤੁਰਯਾ ਤੇਰੇ ਦਰ ਨੌਜਵਾਨ, ਬੈਠੀ

੨੬੪
੧੩

ਆਪਣਾ ਰੂਪ ਵਟਾਈਆ । ਤੂੰ ਅੱਖ ਪੁਟ ਕੇ ਨਾ ਵੇਖਿਆ ਮਾਰ ਧਿਆਨ, ਤੇਰੀ ਬੇਪਰਵਾਹੀਆ । ਮੈਂ ਰਟ ਰਟ ਥੱਕੀ ਤੇਰਾ ਨਾਮ, ਬਿਨ ਰਸਨਾ ਜਿਹਵਾ ਗਾਈਆ । ਤੂੰ ਪਿਛੇ ਹਟ ਹਟ ਆਇਓਂ ਭਗਵਾਨ, ਲੋਕਮਾਤ ਫੇਰਾ ਪਾਈਆ । ਗਟ ਗਟ ਜੋ ਪੀਂਦੇ ਰਹੇ ਮਧਰਾ ਪਾਨ, ਤਿਨ੍ਹਾਂ ਮੇਲਾ ਰਿਹਾ ਮਿਲਾਈਆ । ਪੁਰਖ ਅਬਿਨਾਸ਼ੀ ਕਹੇ ਮੈਂ ਸਦਾ ਸਦਾ ਮਿਹਰਵਾਨ, ਜਨਮ ਜਨਮ ਵਿਚ ਬਦਲਾਈਆ । ਪਿਛਲਾ ਲੇਖਾ ਦਿਤਾ ਆਣ, ਕਿਓਂ, ਗੋਬਿੰਦ ਛੱਡੇ ਨਾ ਮੇਰੀ ਬਾਹੀਂਆ । ਤੂੰ ਬਾਲੀ ਨੱਢੀ ਅੰਞਾਣ, ਤੁਰਯਾ ਤੋਹੇ ਭੇਵ ਕੋਇ ਨਾ ਆਈਆ । ਆ ਵੇਖ ਮਾਰ ਧਿਆਨ, ਕਿਰਪਾ ਨਿਧਾਨ ਕੋਟਨ ਕੋਟ ਜਨਮ ਦੇ ਵਿਛੜੇ ਇਕੋ ਵਾਰ ਵਖਾਈਆ । ਵੇਖ ਖੇਲ ਲੱਗੀ ਪਛਤਾਣ, ਪਸਚਾਤਾਪ ਕਰ ਕਰ ਦਏ ਦੁਹਾਈਆ । ਕਿਰਪਾ ਕਰ ਸ੍ਰੀ ਭਗਵਾਨ, ਤੇਰੇ ਹੱਥ ਤੇਰੀ ਵਡਿਆਈਆ । ਮੈਂ ਆਖਿਆ ਗੁਰਸਿਖ ਬਾਲ ਅੰਞਾਣ, ਮੋਟੀ ਬੁੱਧ ਰਖਾਈਆ । ਤੇਰੀ ਕਿਰਪਾ ਮੈਂ ਵੇਖਿਆ ਇਕ ਨਿਸ਼ਾਨ, ਗੁਰਸਿਖ ਬੈਠਾ ਸਚਖੰਡ ਡੇਰਾ ਲਾਈਆ । ਮੈਨੂੰ ਉਹਦੀ ਦੱਸ ਪਹਿਚਾਣ, ਮੈਂ ਵੇਖਾਂ ਚਾਈਂ ਚਾਈਂਆ । ਅਗੋਂ ਕਹੇ ਸ੍ਰੀ ਭਗਵਾਨ, ਆ ਤੈਨੂੰ ਦਿਆਂ ਵਖਾਈਆ । ਜਿਸ ਦਾ ਨਾਮ ਸਿੰਘ ਪਾਲ, ਤੇਗ਼ ਬਹਾਦਰ ਵੱਜੀ ਵਧਾਈਆ । ਔਹ ਵੇਖ ਗੋਬਿੰਦ ਮੇਰੇ ਨਾਲ, ਉਂਗਲੀ ਲੱਗਾ ਫਿਰੇ ਵਾਹੋ ਦਾਹੀਆ । ਆ ਦੱਸਾਂ ਖੇਲ ਹੋਰ ਕਮਾਲ, ਦਾਦਾ ਪੋਤਰੇ ਨਾਲ ਲਿਆਈਆ । ਜੇਹੜੇ ਨੀਹਾਂ ਹੇਠਾਂ ਦਿਤੇ ਸੁਆਲ, ਸੋ ਮਨਜੀਤ ਜਗਦੀਸ਼ ਨਾਉਂ ਧਰਾਈਆ । ਜਿਨ੍ਹਾਂ ਖਾਏ ਕਦੇ ਨਾ ਕਾਲ, ਮਹਾਂਕਾਲ ਸਿਰ ਨਿਵਾਈਆ । ਤੁਰਯਾ ਤੇਰਾ ਸੁਣਿਆ ਨਹੀਂ ਓਨ੍ਹਾਂ ਤਾਲ, ਸਿਰ ਇਕੋ ਚਰਨ ਨਿਵਾਈਆ । ਦੋ ਜਹਾਨਾਂ ਹੱਲ ਹੋਇਆ ਸਵਾਲ, ਹਲਕਾ ਭਾਰ ਕਰਾਈਆ । ਹਰਿ ਸੰਗਤ ਦੱਸ ਕੇ ਆਏ ਹਾਲ, ਬਾਲੀ ਬੁੱਧ ਮਿਲੀ ਵਡਿਆਈਆ । ਸੋਲਾਂ ਮੱਘਰ ਵੱਜਾ ਤਾਲ, ਉਨੀ ਕੱਤਕ ਖ਼ੁਸ਼ੀ ਵਖਾਈਆ । ਹੋਰ ਵੇਖ ਮੇਰਾ ਲਾਲ, ਸਵਰਨ ਸਵਰਨ ਰੂਪ ਵਟਾਈਆ । ਜਿਸ ਸਤਿਜੁਗ ਘਾਲਣ ਲਈ ਘਾਲ, ਸੋ ਬਲ ਆਪਣਾ ਲੇਖਾ ਲਿਆ ਆਪਣੀ ਥਾਈਂਆ । ਪੰਜ ਪਰਵਾਨ ਹੋਏ ਬਹਾਲ, ਪਰਧਾਨ ਪੰਜੇ ਪੰਜ ਬਣਾਈਆ । ਪੰਜੇ ਸੋਹਣ ਦਰ ਰਾਜਾਨ, ਦਰਗਾਹ ਮਿਲੀ ਵਡਿਆਈਆ । ਪੰਜਾਂ ਦਾ ਇਕੋ ਧਿਆਨ, ਸ੍ਰੀ ਭਗਵਾਨ ਨਜ਼ਰੀ ਆਈਆ । ਪਿਛੇ ਹਰਿ ਸੰਗਤ ਨੂੰ ਦੇਣ ਗਿਆਨ, ਲੋਕਮਾਤ ਸਮਝਾਈਆ । ਵੀਰੋ ਭੈਣੋ ਛੇਤੀ ਔਣਾ ਸਚਖੰਡ ਮਕਾਨ, ਸਤਿਗੁਰ ਮਿਲੇ ਚਾਈਂ ਚਾਈਂਆ । ਏਥੇ ਨਾ ਕੋਈ ਪੀਣ ਨਾ ਕੋਈ ਖਾਣ, ਤ੍ਰਿਸਨਾ ਅੱਗ ਨਾ ਕੋਇ ਰਖਾਈਆ । ਨਾ ਕੋਈ ਪਵਣ ਨਾ ਮਸਾਣ, ਜਲ ਪਾਣੀ ਨਾ ਕੋਇ ਵਡਿਆਈਆ । ਨਾ ਕੋਈ ਰਾਗ ਨਾ ਕੋਈ ਗਾਣ, ਤੁਰੀਯਾ ਚਲੇ ਨਾ ਕੋਇ ਚਤੁਰਾਈਆ । ਜਦੋਂ ਮਿਲੇ ਮਿਲੇ ਭਗਵਾਨ, ਦੂਜਾ ਨਜ਼ਰ ਕੋਇ ਨਾ ਆਈਆ । ਗੁਰਸਿਖ ਨੱਚਣ ਕੁੱਦਣ ਟੱਪਣ ਗਾਣ, ਇਕੋ ਢੋਲਾ ਗਾਈਆ । ਤੂੰ ਮੇਰਾ ਮੈਂ ਤੇਰਾ ਤੇਰੀ ਮੇਰੀ ਇਕ ਪਛਾਣ, ਰੂਪ ਰੰਗ ਰੇਖ ਨਾ ਕੋਇ ਰਖਾਈਆ । ਅਗੋਂ ਹੱਸ ਕੇ ਕਹੇ ਭਗਵਾਨ, ਗੁਰਸਿਖ ਤੇਰੀ ਵਡ ਵਡਿਆਈਆ । ਤੇਰੇ ਬਿਨਾਂ ਮੇਰਾ ਸੁੰਞਾ ਦਿਸੇ ਮਕਾਨ, ਸਚਖੰਡ ਕੰਮ ਕਿਸੇ ਨਾ ਆਈਆ । ਜੇ ਭਗਤ ਨਾ ਹੋਵੇ ਤਾਂ ਮੈਂ ਔਂਤਰਾ ਜਾਵਾਂ ਵਿਚ ਜਹਾਨ, ਮੇਰੀ ਪੀਹੜੀ ਨਾ ਕੋਇ ਚਲਾਈਆ । ਭਗਤ ਕਹੇ ਜੇ ਤੂੰ ਨਾ ਦੇਵੇਂ ਮਾਣ, ਸਾਨੂੰ ਧਰਮ ਰਾਏ ਦਏ ਸਜਾਈਆ । ਸੁਣ ਕੇ ਗੱਲਾਂ ਤੁਰਯਾ ਹੋਈ ਹੈਰਾਨ, ਵੇਖੋ ਕੀ ਕਰੇ ਸੱਚਾ ਮਾਹੀਆ । ਮੇਰੀ ਖ਼ਾਲੀ ਹੋਈ ਦੁਕਾਨ, ਸੌਦਾ ਲੈਣ ਕੋਇ ਨਾ ਆਈਆ । ਹੱਟ ਖੋਲ੍ਹਿਆ ਵਿਸ਼ਨੂੰ ਭਗਵਾਨ, ਮੇਰੀ ਨਿੱਕੀ ਹੱਟੀ ਬੈਠੀ ਮੁਖ ਛੁਪਾਈਆ । ਜਿਸ ਨੂੰ ਕਰ ਕਿਰਪਾ ਸੌਦਾ ਦਿਤਾ ਆਪਣਾ ਦਾਨ, ਦਇਆਵਾਨ ਦਇਆ ਕਮਾਈਆ ।


੨੬੫
੧੩

ਤਿਸ ਨਾਤਾ ਤੁਟਾ ਜਹਾਨ, ਹਰਿ ਸੰਗਤ ਮੇਲ ਮਿਲਾਈਆ । ਅੱਗੇ ਸਤਿਗੁਰ ਕੀ ਦਏ ਬਿਆਨ, ਲੇਖਾ ਲੇਖ ਵਿਚ ਨਾ ਆਈਆ । ਜੇ ਸਚ ਦੱਸੇ ਤੇ ਸਾਰੇ ਕਹਿਣ ਸ਼ੈਤਾਨ, ਸ਼ਰਅ ਸਭ ਦੀ ਰਿਹਾ ਮਿਟਾਈਆ ।

❇ ੧੯ ਮੱਘਰ ੨੦੧੯ ਬਿਕਰਮੀ ਦਲੀਪ ਸਿੰਘ ਦੇ ਗ੍ਰਿਹ ਬਾਬੂ ਪੁਰਾ ਜ਼ਿਲਾ ਗੁਰਦਾਸਪੁਰ ❇

ਸੱਤਰਾਂ ਮੇਲਾ ਸਰਬੰਗ, ਸਰਬੰਗ ਦਇਆ ਕਮਾਈਆ । ਸੱਤਰਾਂ ਮਿਲਿਆ ਸੰਗ, ਸੰਗ ਨਿਭਾਈਆ । ਸੱਤਰਾਂ ਚੜ੍ਹਿਆ ਰੰਗ, ਰੰਗ ਰੰਗਾਈਆ । ਸੱਤਰਾਂ ਪੂਰੀ ਕਰੀ ਉਮੰਗ, ਉਮੰਗ ਝੋਲੀ ਪਾਈਆ । ਸੱਤਰਾਂ ਚੜ੍ਹਿਆ ਚੰਦ, ਚੰਦ ਰੁਸ਼ਨਾਈਆ । ਸੱਤਰਾਂ ਮਿਲਿਆ ਅਨੰਦ, ਅਨੰਦ ਵਡਿਆਈਆ । ਸੱਤਰਾਂ ਮਿਲਿਆ ਗੋਬਿੰਦ, ਗੋਬਿੰਦ ਹੋਈ ਕੁੜਮਾਈਆ । ਸੱਤਰਾਂ ਮੇਲਾ ਗੁਣੀ ਗਹਿੰਦ, ਗਹਿਰ ਗੰਭੀਰ ਸੇਵ ਕਮਾਈਆ । ਸੱਤਰਾਂ ਲੇਖੇ ਲੱਗੀ ਜਿੰਦ, ਜਿੰਦ ਵਾਰੀ ਘੋਲ ਘੁੰਮਾਈਆ । ਸੱਤਰ ਸਰਸੇ ਗਏ ਖਿੰਡ, ਅੰਤਮ ਇਕੱਠੇ ਆਪ ਕਰਾਈਆ । ਗੋਬਿੰਦ ਪਹਿਲੋਂ ਸੰਬਲ ਨਗਰ ਬੱਧਾ ਪਿੰਡ, ਪੁਰੀ ਅਨੰਦ ਤਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਤਰਾਂ ਦੇਵੇ ਮਾਣ ਵਡਿਆਈਆ । ਸੱਤਰਾਂ ਜੋਗਾ ਹੋਇਆ ਆਪ, ਸਤਿ ਸਤਿ ਸਮਝਾਈਆ । ਸੱਤਰਾਂ ਬਣਿਆਂ ਮਾਈ ਬਾਪ, ਪਿਤਾ ਪੂਤ ਸਮਝਾਈਆ । ਸੱਤਰਾਂ ਕੋਲੋਂ ਕਰਾ ਆਪਣਾ ਨਾਪ, ਹਰਿ ਆਪਣੀ ਵੰਡ ਵੰਡਾਈਆ । ਆਪੇ ਕਰ ਖੇਲ ਤਮਾਸ਼, ਪ੍ਰਭ ਵੇਖੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਤਰਾਂ ਹੋਇਆ ਆਪੇ ਜੋਗਾ, ਜੀਵਣ ਜੁਗਤ ਜੁਗਤ ਜਣਾਇੰਦਾ । ਗੋਬਿੰਦ ਬਦਲਿਆ ਆਪਣਾ ਚੋਗਾ, ਚੋਲਾ ਨਾ ਹੋਰ ਹੰਢਾਇੰਦਾ । ਨਿਰਗੁਣ ਹੋ ਕੇ ਦੇਵੇ ਹੋਕਾ, ਸਰਗੁਣ ਖੇਲ ਕਰਾਇੰਦਾ । ਅੰਤ ਨਦੇੜ ਜੋ ਦੇ ਕੇ ਗਿਆ ਧੋਖਾ, ਅੱਧਵਿਚਕਾਰ ਰਖਾਇੰਦਾ । ਅੰਤਮ ਵੇਖਣ ਆਇਆ ਮੌਕਾ, ਮੋਤਬਰ ਆਪਣਾ ਨਾਉਂ ਧਰਾਇੰਦਾ । ਜਿਸ ਨੇ ਛੱਡਿਆ ਪਟਨਾ ਪੌਂਟਾ, ਸੋ ਪੋਹ ਛੱਬੀ ਰੰਗ ਰੰਗਾਇੰਦਾ । ਏਕਾ ਢੱਯਾ ਸੁੱਤਾ ਰਿਹਾ ਲਾ ਕੇ ਢੌਂਕਾ, ਫਿਰ ਆਪਣੀ ਕਰਵਟ ਬਦਲਾਇੰਦਾ । ਗੋਬਿੰਦ ਕਦੇ ਨਾ ਜਾਏ ਔਂਤਾ, ਪੂਤ ਪੋਤਰੇ ਵੇਖ ਖ਼ੁਸ਼ੀ ਮਨਾਇੰਦਾ । ਧਰਤੀ ਮਾਤ ਸਾਫ਼ ਰੱਖਿਆ ਕਰ ਕੇ ਚੌਂਕਾ, ਖ਼ਾਕੀ ਖ਼ਾਕ ਸਾਫ਼ ਕਰਾਇੰਦਾ । ਗੋਬਿੰਦ ਕਰੇ ਉਸਾਰੀ ਨਾਲ ਸ਼ੌਂਕਾ, ਗੋਬਿੰਦ ਆਪਣਾ ਖ਼ੂਨ ਭੇਟ ਚੜ੍ਹਾਇੰਦਾ । ਜਨ ਭਗਤਾਂ ਆਪੇ ਪਹੁੰਚਾ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਤਰਾਂ ਆਪੇ ਦਇਆ ਕਮਾਇੰਦਾ । ਸੱਤਰਾਂ ਦੇਵੇ ਮਾਣ, ਮਾਣ ਵਡਿਆਈਆ । ਸੱਤਰਾਂ ਦੇਵੇ ਗਿਆਨ, ਗਿਆਨ ਚਤੁਰਾਈਆ । ਸੱਤਰਾਂ ਦੇਵੇ ਧਿਆਨ, ਧਿਆਨ ਲਗਾਈਆ । ਸੱਤਰਾਂ ਦੇਵੇ ਪੀਣ ਖਾਣ, ਅੰਮ੍ਰਿਤ ਰਸ ਵਖਾਈਆ । ਸੱਤਰਾਂ ਦੇਵੇ ਗਾਨ, ਸੋਹੰ ਢੋਲਾ ਕਰੇ ਪੜ੍ਹਾਈਆ । ਸੱਤਰਾਂ ਦੇਵੇ ਦਾਨ, ਨਾਮ ਅਨਮੁਲਾ ਝੋਲੀ ਪਾਈਆ । ਸੱਤਰਾਂ ਖੇਲ ਕਰੇ ਮਹਾਨ, ਧੁਰ ਫ਼ਰਮਾਣਾ ਹੁਕਮ ਸੁਣਾਈਆ । ਸੱਤਰਾਂ ਚਾੜ੍ਹੇ ਆਪਣੇ ਉਪਰ ਮਕਾਨ, ਬੇਮਕਾਨ ਖੇਲ ਕਰਾਈਆ । ਸੱਤਰਾਂ ਕੋਲੋਂ ਆਪਣੇ ਚਾਰ ਜੁਗ ਦੀ ਚਾਰ ਕੁੰਟ ਦੀ ਉਜਾੜ ਦੇਵੇ ਦੁਕਾਨ, ਸੱਤਰ ਇੱਟਾਂ ਦਏ ਉਖੜਾਈਆ । ਸਾਢੇ ਤਿੰਨ ਹੱਥ ਭਗਤ ਦਵਾਰੇ ਚੋਟੀ ਉਤੇ ਲਾ ਭਗਵਾਨ, ਭਗਤਾਂ ਖ਼ੁਸ਼ੀ ਮਨਾਈਆ । ਗੁਰਮੁਖ ਤੁਹਾਡਾ ਝੁੱਲੇ ਨਿਸ਼ਾਨ, ਸਤਿਜੁਗ ਸਾਚੇ ਵੱਜੇ ਵਧਾਈਆ । ਮੰਦਰ ਮਸਜਿਦ ਸ਼ਿਵਦੁਆਲੇ

੨੬੭
੧੩

ਸਰਬ ਮਿਟ ਜਾਣ, ਲੋਕਮਾਤ ਰਹਿਣ ਨਾ ਪਾਈਆ । ਇਕ ਗੋਬਿੰਦ ਦੂਜਾ ਰਹੇ ਭਗਵਾਨ, ਤੀਜੀ ਸੰਗਤ ਨਾਲ ਮਿਲਾਈਆ । ਸਚਖੰਡ ਨਿਵਾਸੀ ਸ੍ਰੀ ਭਗਵਾਨ, ਸਚ ਸਿੰਘਾਸਣ ਸੋਭਾ ਪਾਈਆ । ਕੋਟਨ ਕੋਟ ਗੁਰ ਅਵਤਾਰ ਪੀਰ ਪੈਗ਼ੰਬਰ ਬ੍ਰਹਮਾ ਵਿਸ਼ਨ ਸ਼ਿਵ ਸੀਸ ਝੁਕਾਣ, ਦੋਏ ਜੋੜ ਪੈਣ ਸਰਨਾਈਆ । ਤਖ਼ਤ ਨਿਵਾਸੀ ਹੋ ਮਿਹਰਵਾਨ, ਮਿਹਰ ਨਜ਼ਰ ਇਕ ਉਠਾਈਆ । ਇਕੋ ਵਾਰ ਗੁਰਮੁਖਾਂ ਵਲ ਕਰੇ ਧਿਆਨ, ਇਕੋ ਪੌੜੇ ਦਏ ਚੜ੍ਹਾਈਆ । ਜਿਥੇ ਝੁੱਲੇ ਧਰਮ ਨਿਸ਼ਾਨ, ਦੂਜਾ ਨਿਸ਼ਾਨਾ ਨਾ ਕੋਇ ਰਖਾਈਆ । ਜਿਥੇ ਇਕੋ ਇਸ਼ਟ ਨੌਜਵਾਨ, ਬੁੱਢਾ ਬਾਲ ਨਾ ਕਦੇ ਹੋ ਜਾਈਆ । ਜੇਹੜਾ ਗੁਰ ਅਵਤਾਰਾਂ ਦੇਂਦਾ ਰਿਹਾ ਦਾਨ, ਸੋ ਦਾਤਾ ਦਾਨੀ ਇਕੋ ਮੰਗੋ ਜਿਸ ਦੇ ਮੰਗਿਆਂ ਭੁੱਖ ਰਹੇ ਨਾ ਰਾਈਆ । ਉਸ ਦੇ ਚਰਨਾਂ ਹੇਠਾਂ ਲੁਕੋ, ਸ਼ਹਿਨਸ਼ਾਹ ਸ਼ੇਰ ਇਕੋ ਇਕ ਅਵਖਾਈਆ । ਉਸ ਦੇ ਸਾਇਆ ਹੇਠ ਬਾਂਹ ਕੱਢ ਕੇ ਬੁੱਕੋ, ਪ੍ਰਭ ਮਿਲਿਆ ਸੱਚਾ ਮਾਹੀਆ । ਆਪਣੇ ਨਿਸ਼ਾਨਿਉਂ ਕਦੇ ਨਾ ਉਕੋ, ਗੋਬਿੰਦ ਪਿਛੇ ਧਾਰ ਸਿਖਾਈਆ । ਹੁਣ ਨੇੜੇ ਆ ਕੇ ਢੁਕੋ, ਦੇਵੇ ਦਰਸ ਦਰਦੀ ਆਪਣਾ ਦਰਦ ਵੰਡਾਈਆ । ਸਾਰੇ ਇਕੱਠੇ ਹੋ ਕੇ ਪੁਛੋ, ਕਿਥੇ ਲੁਕਿਆ ਰਿਹੋਂ ਨਜ਼ਰ ਕਿਸੇ ਨਾ ਆਈਆ । ਅੱਗੇ ਹੋ ਕੇ ਫੜ ਲਓ ਗੁਟੋਂ, ਜਿਸ ਹੱਥ ਨਾਲ ਫੜੀ ਤਲਵਾਰ, ਤਿਸ ਹੱਥ ਨਾਲ ਗੁਰ ਸਤਿਗੁਰ ਲਓ ਮਨਾਈਆ । ਕਰ ਪਿਆਰ ਪ੍ਰਭ ਚਰਨੀ ਝੁਕੋ, ਝੁਕਵੀਂ ਖੇਲ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸੱਤਰਾਂ ਯਾਦ, ਯਾਦ ਜਣਾਇਆ । ਸੱਤਰਾਂ ਸੁਣ ਫ਼ਰਯਾਦ , ਫ਼ਰਿਯਾਦੀ ਫੇਰਾ ਪਾਇਆ । ਸੱਤਰਾਂ ਦੇਵੇ ਦਾਦ, ਵਸਤ ਵੰਡਾਇਆ । ਸੱਤਰਾਂ ਵੱਜੇ ਨਾਦ, ਨਾਦ ਅਲਾਇਆ । ਸੱਤਰਾਂ ਹੋ ਵਿਸਮਾਦ, ਵਿਸਮਾਦੀ ਖੇਲ ਰਚਾਇਆ । ਸੱਤਰਾਂ ਖੋਲ੍ਹੀ ਜਾਗ, ਜਾਗਰਤ ਰੂਪ ਜਣਾਇਆ । ਸੱਤਰਾਂ ਸੁਣੀ ਆਵਾਜ਼, ਦੂਰ ਦੁਰਾਡਾ ਨੱਠ ਕੇ ਆਇਆ । ਸੱਤਰਾਂ ਰਚਿਆ ਕਾਜ, ਕਰਨੀ ਕਰਤਾ ਆਪ ਕਮਾਇਆ । ਸੱਤਰਾਂ ਨਾਲ ਰਲਾਏ ਪੰਜ ਰਾਜ, ਮਿਸਤਰੀ ਆਪਣਾ ਹੁਕਮ ਮਨਾਇਆ । ਪਿਛੇ ਜੋ ਸੰਗਤ ਰਹਿ ਗਈ ਛੱਬੀ ਪੋਹ ਸਭ ਨੂੰ ਇਕੱਠਾ ਕਰ ਕੇ ਦੇਵੇ ਦਾਜ, ਇਕੋ ਜੇਹੀ ਝੋਲੀ ਦਏ ਭਰਾਇਆ । ਗੁਰਸਿਖ ਨਾਲ ਸੱਤਰ ਸੱਤਰ ਇੱਟਾਂ ਪ੍ਰਭ ਸਾਚੇ ਲਈ ਲੈ ਕੇ ਔਣਾ ਦਾਜ, ਧਰਮ ਦੁਆਰੇ ਤੁਹਾਡਾ ਮੰਦਰ ਦਏ ਬਣਾਇਆ । ਓਥੇ ਇਕੋ ਇਕ ਸਮਾਜ, ਦੂਜੀ ਵੰਡ ਨਾ ਕੋਇ ਵੰਡਾਇਆ । ਉਤੇ ਲਿਖ ਦਏ ਸਿਰ ਸੰਗਤ ਪਹਿਨਾਇਆ ਤਾਜ, ਸਿਰ ਆਪਣਾ ਭੇਟ ਚੜ੍ਹਾਇਆ । ਜਿਸ ਨੇ ਕਰਨਾ ਸੱਚਾ ਰਾਜ, ਦਰਗਾਹ ਸਾਚੀ ਵੇਖ ਵਖਾਇਆ । ਜਿਹਨੇ ਸੱਤਰਾਂ ਉਤੋਂ ਸਿਫ਼ਰਾ ਕਰ ਕੇ ਸਾਰਾ ਸੰਸਾਰ ਜਾਣਾ ਖਾਜ, ਖਾ ਖਾ ਆਪਣਾ ਸ਼ੁਕਰ ਮਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਤਰਾਂ ਹਰਿ ਸੰਗਤ ਸੰਗ ਇਕੋ ਰੰਗ ਵਖਾਇਆ । ਸੱਤਰਾਂ ਵਾਲਾ ਇਕੋ ਸਤਿਗੁਰ, ਸਤਿ ਸਤਿਵਾਦ ਅਖਵਾਈਆ । ਸਾਤਾ ਸਿਫ਼ਰਾ ਗਏ ਜੁੜ, ਅੰਕ ਅੰਕ ਨਾਲ ਮਿਲਾਈਆ । ਸਤਿ ਸਰੂਪ ਸਿਫ਼ਰਾ ਹੋ ਕੇ ਰਿਹਾ ਦੌੜ, ਨਜ਼ਰ ਕਿਸੇ ਨਾ ਆਈਆ । ਸਿਫ਼ਰਾ ਘਰ ਘਰ ਰਿਹਾ ਬੌਹੜ, ਸਤਿ ਸਤਿ ਸੁਣਾਈਆ । ਸੱਤ ਕਹੇ ਸਤਿ ਗਿਆ ਦੌੜ, ਸਤਿ ਸਿਫ਼ਰ ਰੂਪ ਹੋ ਜਾਈਆ । ਬਿਨ ਸਤਿਗੁਰ ਸਿਫ਼ਰ ਸਤਿ ਨਾ ਕਰੇ ਕੋਈ ਮਿੱਠਾ ਕੌੜ, ਰਸ ਅੰਮ੍ਰਿਤ ਨਾ ਕੋਇ ਭਰਾਈਆ । ਸੋ ਸਤਿਗੁਰ ਚੜ੍ਹਿਆ ਸਾਚੇ ਘੋੜ, ਜਿਸ ਦੀ ਸਿਫ਼ਤ ਕਰ ਕਰ ਥੱਕੇ ਲਿਖ ਲਿਖ ਲੇਖ ਕਲਮ ਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸਚ ਸਚ ਸਚ ਅਖਵਾਈਆ । ਸਚ ਸਤਿਗੁਰ ਇਕੋ ਸਤਰ, ਆਦਿ ਜੁਗਾਦਿ ਸਮਾਇੰਦਾ । ਸਤਿ ਸਤਿਗੁਰ ਖੋਲ੍ਹੇ ਪੱਤਰ,

ਆਪਣਾ ਵਰਕਾ ਆਪ ਉਲਟਾਇੰਦਾ । ਸਤਿ ਸਤਿਗੁਰ ਧਾਰ ਦੂਤਰ, ਦੋਏ ਦੋਏ ਰੂਪ ਧਰਾਇੰਦਾ । ਸਤਿ ਸਤਿਗੁਰ ਪਿਤਾ ਪੁੱਤਰ, ਗੋਬਿੰਦ ਅਕਾਲ ਰੰਗ ਰੰਗਾਇੰਦਾ । ਸਤਿ ਸਤਿਗੁਰ ਲੁਕਿਆ ਰਹੇ ਆਪਣੀ ਨੁੱਕਰ, ਨਜ਼ਰ ਕਿਸੇ ਨਾ ਆਇੰਦਾ । ਸਤਿ ਸਤਿਗੁਰ ਹਰਿਜਨ ਕਰੇ ਸ਼ੁਕਰ, ਸ਼ੁਕਰੀਆ ਇਕ ਮਨਾਇੰਦਾ । ਸਤਿ ਸਤਿਗੁਰ ਬਿਨ ਮਾਂ ਪਿਉ ਬਿਨ ਜਨਨੀ ਆਏ ਉਤਰ, ਕੁੱਖੀਂ ਭਾਗ ਨਾ ਕੋਇ ਲਗਾਇੰਦਾ । ਸਤਿ ਸਤਿਗੁਰ ਜੈਂਹ ਵੇਖੇ ਤੈਂਹ ਜਾਏ ਉਪੜ, ਦੂਰ ਨੇੜੇ ਨਾ ਕੋਇ ਜਣਾਇੰਦਾ । ਸਤਿ ਸਤਿਗੁਰ ਸਰਸੇ ਵਾਲਾ ਨਾ ਗਿਆ ਮੁਕਰ, ਪਿਛਲਾ ਲੇਖਾ ਆਪ ਮੁਕਾਇੰਦਾ । ਜਿਨ੍ਹਾਂ ਪਿਛੇ ਵਾਰੇ ਜਿਗਰੇ ਟੁਕੜ, ਲਖ਼ਤੇ ਜਿਗਰ ਭੇਟ ਚੜ੍ਹਾਇੰਦਾ । ਤਿਨ੍ਹਾਂ ਪਿਛੇ ਪਿਆ ਉਪੜ, ਅਗਲਾ ਪੰਧ ਮੁਕਾਇੰਦਾ । ਅੱਲਾ ਰਾਣੀ ਨੂੰ ਕੋਈ ਨਾ ਕਹੇ ਫੁੱਫੀ ਮੀਆਂ ਬਣੇ ਨਾ ਕੋਈ ਫੁੱਫੜ, ਭੈਣ ਭਾਈਆਂ ਅੱਗੇ ਲਾਇੰਦਾ । ਕਿਸੇ ਜ਼ੋਰ ਨਾ ਚਲੇ ਜਿਨ੍ਹਾਂ ਦਾੜ੍ਹੀ ਰਤੀ ਕੀਤੀ ਬਣ ਕੇ ਚਿੱਟੇ ਕੁੱਕੜ, ਚਿਤੂ ਸਭ ਨੂੰ ਆਪ ਬਣਾਇੰਦਾ । ਵੇਲੇ ਸਿਰ ਆ ਕੇ ਗਿਆ ਪੁੱਖਰ, ਆਪਣਾ ਖੇਲ ਵਖਾਈਆ । ਜਿਸ ਦੀਆਂ ਘਰ ਘਰ ਸੁੱਖਣਾਂ ਸੁੱਖਣ, ਸੋ ਬਿਨ ਗੁਰਸਿਖਾਂ ਮਿਲੇ ਨਾ ਕਿਸੇ ਮਾਹੀਆ । ਸ੍ਰਿਸ਼ਟ ਸਬਾਈ ਭਰੀ ਦੁੱਖਣ, ਧੁਆਂਧਾਰ ਲੋਕਾਈਆ । ਬਾਹੋਂ ਫੜ ਕੋਇ ਨਾ ਆਏ ਚੁੱਕਣ, ਸਾਰੇ ਬੈਠੇ ਮੁਖ ਭੁਆਈਆ । ਦੂਰ ਦੁਰਾਡੇ ਬਹਿ ਬਹਿ ਬੁੱਕਣ, ਅੱਗੇ ਵੇਖਣ ਸ਼ੇਰ ਪਿਛੇ ਸਭ ਮੁੜ ਜਾਈਆ । ਇਕ ਦੂਜੇ ਨੂੰ*ਕਹਿਣ ਚਲੋ ਰਲ ਕੇ ਚਲੀਏ ਕੁੱਟਣ, ਆਪਣਾ ਬਲ ਧਰਾਈਆ । ਜਿਸ ਵੇਲੇ ਸ੍ਰੀ ਭਗਵਾਨ ਮਾਰ ਭੱਬਕ ਆਪਣੀ ਖੋਲ੍ਹੇ ਬੁਕਲ, ਸਾਰੇ ਭੱਜਣ ਵਾਹੋ ਦਾਹੀਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਥਾਂ ਨਾ ਲੱਭੇ ਲੁਕਣ, ਬਿਨ ਹਰਿ ਚਰਨਾਂ ਓਟ ਨਜ਼ਰ ਕੋਇ ਨਾ ਆਈਆ । ਸਾਰੇ ਇਕ ਦੂਜੇ ਨੂੰ ਦੱਸਣ, ਸਾਡਾ ਪੈਂਡਾ ਆਇਆ ਉਤੇ ਮੁੱਕਣ, ਅਗਲਾ ਲੇਖਾ ਰਹੇ ਨਾ ਰਾਈਆ । ਸ੍ਰੀ ਭਗਵਾਨ ਨੌਜਵਾਨ ਮਿਹਰਵਾਨ ਦੀਨ ਦਿਆਲ ਠਾਕਰ ਸਵਾਮੀ ਕੋੜ੍ਹਿਆਂ ਕਮਲਿਆਂ ਆਪ ਗਿਆ ਚੁੱਕਣ, ਚੁਕ ਚੁਕ ਆਪਣੀ ਗੋਦ ਬਹਾਈਆ । ਗੋਬਿੰਦ ਨਾਲ ਰੱਖਿਆ ਪੁੱਤਣ, ਪਿਤਾ ਪੂਤ ਫੇਰਾ ਪਾਈਆ । ਗੁਰਮੁਖ ਦੁਆਰੇ ਗਿਆ ਝੁਕਣ, ਨਿਉਂ ਨਿਉਂ ਸੀਸ ਝੁਕਾਈਆ । ਲੱਖ ਚੁਰਾਸੀ ਗਿਆ ਫੂਕਣ, ਇਕ ਫੁੰਕਾਰ ਲਗਾਈਆ । ਦੋ ਜਹਾਨਾਂ ਗਿਆ ਸੂਤਣ, ਨਾਮ ਵਟਣਾ ਰਿਹਾ ਚੜ੍ਹਾਈਆ । ਕਲਜੁਗ ਅੰਤਮ ਸਾਰੇ ਭੂਤਨ, ਬੀਰ ਬੇਤਾਲ ਨਾਚ ਨਚਾਈਆ । ਸ੍ਰੀ ਭਗਵਾਨ ਸਭ ਦੇ ਸਿਰ ਵਿਚ ਮਾਰੇ ਜੂਤਨ, ਜੋ ਬੈਠੇ ਨਾਮ ਭੁਲਾਈਆ । ਲੇਖਾ ਜਾਣੇ ਚਾਰੇ ਕੂਟਨ, ਦਹਿ ਦਿਸ਼ਾ ਵੇਖ ਵਖਾਈਆ । ਨਾਤਾ ਤੋੜੇ ਜੂਠ ਝੂਠਣ, ਜੂਠਿਆਂ ਝੂਠਿਆਂ ਥੁੱਕਾਂ ਮੁਖ ਭਰਾਈਆ । ਜੰਗਲ ਜੂਹ ਉਜਾੜ ਪਹਾੜ ਵੇਖੇ ਅਵਧੂਤਨ, ਜੋ ਤਨ ਬੈਠੇ ਖ਼ਾਕ ਰਮਾਈਆ । ਗੁਫ਼ਾ ਅੰਦਰ ਵੇਖੇ ਸੁੱਤੇ ਘੂਕਨ, ਜੋ ਅੱਖਾਂ ਕਰ ਬੰਦ ਕੰਨਾਂ ਵਿਚ ਉਂਗਲਾਂ ਪਾਈਆ । ਜੋ ਸੂਰਾਂ ਵਾਂਗੂੰ ਸੂਕਣ, ਸਾਰੇ ਸਾਧ ਉਠਾਈਆ । ਜੋ ਪੀਵਣ ਭੰਗ ਬੂਟਨ, ਸਭ ਦੀ ਜੜ੍ਹ ਉਖੜਾਈਆ । ਜੋ ਸੁਲਫ਼ਿਆਂ ਲਾਵਣ ਸੂਟਨ, ਤਿਨ੍ਹਾਂ ਕਰੇ ਸਫ਼ਾਈਆ । ਜੋ ਤਮਾਕੂ ਪੀ ਪੀ ਨਸ਼ਾ ਝੂਟਣ, ਝਟਕਾ ਸਭ ਦਾ ਦਏ ਕਰਾਈਆ । ਜੋ ਉਚੀ ਬੋਲ ਬੋਲ ਮੰਦਰ ਮਸਜਿਦ ਸ਼ਿਵਦਆਲੇ ਮੱਠ ਕੂਕਣ, ਕੂਕਰ ਸੂਕਰ ਜੂਨ ਭੁਆਈਆ । ਹਰਿ ਭੁਲਿਆਂ ਦੇ ਸਿਰ ਵਿਚ ਅੰਤ ਕੁੱਤੇ ਮੂਤਣ, ਕਿਤੇ ਨਾ ਮਿਲੇ ਥਾਈਆਂ । ਜਾਮਾ ਭੁਆਏ ਹਾਕਨ ਡਾਕਨ ਬੈਤਾਲ ਭੂਤਨ, ਅੰਚਨੀ ਕੰਚਨੀ ਨਾਉਂ ਧਰਾਈਆ । ਕਲਾਸੋਦਰੀ ਹੋਏ ਉਤਨ, ਇਜੀਆ ਬਿਜੀਆ ਦਏ ਦੁਹਾਈਆ । ਸ੍ਰਿਸ਼ਟ ਸਬਾਈ ਵੇਖੇ ਰੋਗਣ, ਸੁਖ ਨਜ਼ਰ ਕਿਤੇ ਨਾ ਆਈਆ । ਆਪਣਾ ਕੀਤਾ ਸਾਰੇ ਭੋਗਣ, ਲੇਖਾ ਸਭ ਦੀ ਝੋਲੀ ਪਾਈਆ ।

ਲਾੜੀ ਮੌਤ ਬਣੇ ਕਲਜੋਗਣ, ਮਾਸ ਚੁੰਜਾਂ ਨਾਲ ਤੁੜਾਈਆ । ਕੂੜੀ ਕਿਰਿਆ ਹੋਏ ਵਜੋਗਣ, ਚਾਰੋਂ ਕੁੰਟ ਫਿਰੇ ਹਲਕਾਈਆ । ਸਿਰ ਦਿਸੇ ਨਾ ਕੋਈ ਓਢਣ, ਖੁਲ੍ਹੀ ਮੀਂਢੀ ਪਤ ਲੁਹਾਈਆ । ਚੋਰ ਉਚੱਕੇ ਰਾਹ ਵਿਚ ਬੋਚਣ, ਲੁਟ ਖਸੁਟ ਮਚਾਈਆ । ਜਿਸ ਨੂੰ ਸਤਿਗੁਰ ਨਾਨਕ ਕਿਹਾ ਓਹਦਾ ਖੇਲ ਵਿਚ ਨਾ ਆਏ ਸੋਚਣ, ਬਿਨ ਸੋਚਿਆਂ ਰਿਹਾ ਰਚਾਈਆ । ਜਿਸ ਨੇ ਮਾਣ ਦਿਵਾਇਆ ਧੰਨੇ ਤਰਲੋਚਣ, ਨਾਮਾ ਨਾਲ ਮਿਲਾਈਆ । ਜਿਸ ਬ੍ਰਹਮੇ ਸਮਝਾਇਆ ਕਪਾਲ ਮੋਚਣ, ਪੁਸ਼ਕਰ ਭੇਵ ਖੁਲ੍ਹਾਈਆ । ਸੋ ਸ੍ਰਿਸ਼ਟ ਸਬਾਈ ਆਇਆ ਝੋਕਣ, ਅਨਝੱਕ ਫੇਰਾ ਪਾਈਆ । ਗੁਰਸਿਖਾਂ ਨੂੰ ਆਇਆ ਰੋਕਣ, ਕੂੜੀ ਕਿਰਿਆ ਛੱਡੋ ਜੂਠਾ ਝੂਠਾ ਨਾਤਾ ਤੁੜਾਈਆ । ਜਿਸ ਦਾ ਖੇਲ ਲੋਕ ਪਰਲੋਕਣ, ਬ੍ਰਹਿਮੰਡ ਖੰਡ ਸਮਾਈਆ । ਜਿਸ ਦਾ ਗੁਰ ਅਵਤਾਰ ਗਾਇਣ ਸਲੋਕਣ, ਪੀਰ ਪੈਗ਼ੰਬਰ ਰਾਗ ਅਲਾਈਆ । ਜਿਸ ਦਾ ਖੇਲ ਕੋਟ ਕੋਟਨ, ਕੋਟ ਕੋਟੀ ਵੇਸ ਵਟਾਈਆ । ਜਿਸ ਦਾ ਰੂਪ ਨਿਰਮਲ ਜੋਤਨ, ਜੋਤੀ ਜੋਤ ਜੋਤ ਰੁਸ਼ਨਾਈਆ । ਜਿਸ ਨੇ ਖੇਲ ਬਣਾਇਆ ਗੋਬਿੰਦ ਪੁੱਤ ਪੋਤਨ, ਪਤਵੰਤ ਬੇਪਰਵਾਹੀਆ । ਸੋ ਦੇਵਣ ਆਇਆ ਮੋਖਣ, ਮੁਕਤੀ ਚਰਨਾਂ ਹੇਠ ਦਬਾਈਆ । ਖੇਲ ਕਰਾਇਆ ਸੱਤਰਾਂ ਵੇਂਹਦਿਆਂ ਲੋਚਣ, ਲੋਚਾਂ ਪੂਰ ਕਰਾਈਆ । ਪਿਛਲਾ ਮਿਟਾਵਣ ਆਇਆ ਰੋਸਣ, ਰੁਸਿਆਂ ਲਏ ਮਨਾਈਆ । ਟਿਕਾਣੇ ਕਰਨ ਆਇਆ ਹੋਸ਼ਨ, ਹੋਛਿਆਂ ਮਤ ਗਵਾਈਆ । ਗੁਰਸਿਖਾਂ ਅੰਦਰ ਲੌਣ ਆਇਆ ਆਪਣਾ ਨਾਮ ਰੋਸ਼ਨ, ਰੋਸ਼ਨੀ ਇਕੋ ਨੂਰ ਰੁਸ਼ਨਾਈਆ । ਦੇਣ ਆਇਆ ਦਰਗਾਹ ਸੱਚੀ ਦਾ ਸੱਚਾ ਪਰਮੋਸ਼ਨ, ਸੀਸ ਤਾਜ ਇਕ ਟਿਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਬੈਠੇ ਰਹਿਣ ਖ਼ਮੋਸ਼ਨ, ਅੱਗੇ ਬੋਲ ਨਾ ਕੋਇ ਸੁਣਾਈਆ । ਕਰੇ ਖੇਲ ਹਰਿ ਬੇਹੋਸ਼ਨ, ਮਖ਼ਮੂਰ ਮਖ਼ਮੂਰੀ ਇਕੋ ਨਾਮ ਰਖਾਈਆ । ਲੇਖਾ ਜਾਣੇ ਦੋਸ਼ ਬਦੋਸ਼ਣ, ਦੋਸ਼ੀਆਂ ਦੇਵੇ ਦੰਡ ਬਦੋਸ਼ਿਆਂ ਲਏ ਬਚਾਈਆ । ਸਮੁੰਦ ਸਾਗਰ ਵੇਖੇ ਓਸ਼ਨ, ਸ੍ਰੀ ਭਗਵਾਨ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਤਰ ਸੇਵਾ ਸਤਿ ਦਵਾਰ । ਸੱਤਰ ਇੱਟਾਂ ਹੱਟ ਵਣਜਾਰ । ਇੱਟ ਇੱਟ ਨਾਲ ਕਰੇ ਪਿਆਰ । ਚਿਟ ਲਾਏ ਨਾਲ ਚਰਨ ਧੂੜੀ ਛਾਰ । ਦੇਵੇ ਸਿਟ, ਗੁਰਮੁਖਾਂ ਥੱਲੇ ਕਰ ਪਿਆਰ । ਗੁਰਸਿਖ ਚਲਦੇ ਫਿਰਦੇ ਪੈਰਾਂ ਨਾਲ ਮਾਰਨ ਹਿੱਟ, ਨੀਂਹ ਉਖੜੇ ਜੀਵ ਗਵਾਰ । ਕਦਮ ਕਦਮ ਤੁਰਦੇ ਤੁਰਦੇ ਉਤੇ ਰਹੇ ਪਿੱਟ, ਹਾਹਾਕਾਰ ਕਰੇ ਸੰਸਾਰ । ਕਰੇ ਖੇਲ ਆਪ ਅਨਡਿਠ, ਕੋਈ ਨਾ ਪਾਵੇ ਸਾਰ । ਗੁਰਮੁਖ ਮਾਣਸ ਜਨਮ ਲਏ ਜਿਤ, ਜਿਸ ਜਿਤਿਆ ਹਰਿ ਨਿਰੰਕਾਰ । ਧਰਮ ਦੁਆਰੇ ਕਰਨਾ ਹਿਤ, ਭਗਤਾਂ ਹੋਏ ਪਿਆਰ । ਸੱਤਰਾਂ ਬਹੱਤਰਾਂ ਚੁਹੱਤਰਾਂ ਵਿਚੋਂ ਜੋ ਰਹਿ ਗਏ ਪਿਛੇ, ਪਿਛੋਂ ਕਰੇ ਅੱਗੇ ਸੱਤਰ ਇੱਟਾਂ ਕਰ ਵਿਹਾਰ । ਆਪ ਫਿਰੇ ਪਿਛੇ ਅੱਗੇ, ਅੱਗੇ ਪਿਛੇ ਖ਼ਬਰਦਾਰ । ਸਤਿ ਸਰਨਾਈ ਜੋ ਜਨ ਲੱਗੇ, ਸਤਿ ਪੁਰਖ ਨਿਰੰਜਣ ਮੇਲ ਮਿਲਾਏ ਆਪਣੀ ਧਾਰ । ਸਿਫ਼ਰਾ ਰੂਪ ਸਭ ਰਹਿ ਜਾਣ ਹੱਕੇ ਬੱਕੇ, ਨਜ਼ਰ ਨਾ ਆਏ ਨਰ ਨਿਰੰਕਾਰ । ਸੱਤਰ ਭਗਤ ਹੋਏ ਪੱਕੇ, ਪੱਕੀਆਂ ਇੱਟਾਂ ਦਿਤੀਆਂ ਉਖਾੜ । ਬਹੱਤਰਾਂ ਛੱਤੀ ਜੁਗਾਂ ਮਾਰੇ ਧੱਕੇ, ਮਹੱਲ ਅਟੱਲ ਸੁਹਾਇਆ ਇਕ ਦੁਆਰ । ਚੁਹੱਤਰਾਂ ਕਿਹਾ ਅਸੀਂ ਭੈਣ ਭਾਈ ਸਕੇ, ਸਤਿਜੁਗ ਸਾਚੀ ਬੰਨ੍ਹੀ ਧਾਰ । ਪੰਜ ਪੰਜ ਪੰਜ ਵਿਚੋਂ ਰੱਖੇ, ਚਾਰ ਚਾਰ ਵਣਜ ਵਪਾਰ । ਹਰਿ ਸੰਗਤ ਨਿੱਕੇ ਵੱਡੇ ਬੁੱਢੇ ਨੱਢੇ ਮਾਈ ਭਾਈ ਧੀ ਜਵਾਈ ਪਿਛੋਂ ਫੜ ਕਰੇ ਅੱਗੇ, ਅੱਗੇ ਲਾਏ ਆਪ ਨਿਰੰਕਾਰ । ਸੱਤਰਾਂ ਇੱਟਾਂ ਨਾਲ ਏਥੇ ਓਥੇ ਪਰਦਾ ਕੱਜੇ, ਏਥੇ ਫ਼ਰਸ਼ ਖ਼ਾਕੀ ਓਥੇ ਮਿਲੇ ਆਪ ਨਿਰੰਕਾਰ । ਇਸ ਸੇਵਾ ਤੋਂ ਪਿਛੇ ਕੋਈ ਨਾ ਬਚੇ, ਤੁਹਾਡਾ ਮਹੱਲ

ਰਿਹਾ ਉਸਾਰ । ਹਰਿ ਕਾ ਬਚਨ ਸਚ ਸੱਚੇ, ਸਚ ਸਚ ਕਰੇ ਗ਼ੁਫ਼ਤਾਰ । ਜੋ ਏਥੇ ਰਹਿ ਗਏ ਕੱਚੇ, ਅੱਗੇ ਕੋਈ ਨਾ ਮਦਦਗਾਰ । ਬਿਨ ਸਤਿਗੁਰ ਲੱਖ ਚੁਰਾਸੀ ਜੀਵ ਨੱਚੇ, ਅੰਤ ਕੋਈ ਨਾ ਉਤਰੇ ਪਾਰ । ਗੋਬਿੰਦ ਗੁਰਸਿਖਾਂ ਕਦੀ ਨਾ ਦੇਵੇ ਧੱਕੇ, ਜਿਨ੍ਹਾਂ ਉਤੋਂ ਆਪਣਾ ਆਪ ਦਿਤਾ ਵਾਰ । ਪਹਿਲੀ ਚੇਤ ਵਖਾਏ ਆਪਣਾ ਖੇਲ ਇਕੱਠੇ, ਅਰਸ਼ ਫ਼ਰਸ਼ ਹੋ ਤਿਆਰ । ਫੇਰ ਕਹੇ ਗੁਰਸਿਖ ਤੁਸੀਂ ਮੇਰੇ ਬੱਚੇ, ਮੈਂ ਤੁਹਾਡਾ ਪਿਤਾ, ਪੁਤਰਾ ਕਰਾਂ ਪਿਆਰ । ਜੋ ਸਾਹਿਬ ਮੈਨੂੰ ਹੁਕਮ ਦਿਤਾ, ਮੈਂ ਤੁਹਾਨੂੰ ਦਿਤਾ ਸੁਣਾ । ਤੁਹਾਡੇ ਪਿਆਰ ਅੰਦਰ ਨਿੱਕਾ, ਹੰਕਾਰ ਅੰਦਰ ਵਡ ਬਲਕਾਰ । ਅੱਗੇ ਚਲੌਣਾ ਆਪਣਾ ਸਿੱਕਾ, ਸਾਚੀ ਸਿਖੀ ਕਰ ਤਿਆਰ । ਸੱਤਰਾਂ ਇੱਟਾਂ ਨਾਲ ਵੰਡ ਲਓ ਹਿੱਸਾ, ਸਚਖੰਡ ਬਣੇ ਤੁਹਾਡਾ ਦਰਬਾਰ । ਜੇਹੜਾ ਅਜੇ ਕਿਸੇ ਨਾ ਡਿੱਠਾ, ਉਸ ਦੀ ਸੇਵਾ ਕਰੇ ਆਪ ਨਿਰੰਕਾਰ । ਸੌਂ ਨਾ ਜਾਣਾ ਦੇ ਕੇ ਪਿਠਾਂ, ਬੇਖ਼ਬਰ ਕਰੇ ਖ਼ਬਰਦਾਰ । ਵੇਖੋ ਅੰਤਮ ਕੀ ਨਿਕਲੇ ਸਿਟਾ, ਸਾਰੇ ਆਪੋ ਆਪਣੀ ਥਾਈਂ ਦਾਉ ਰਹੇ ਮਾਰ । ਕੋਈ ਕਹੇ ਜੱਟ ਫਿੱਟਾ, ਜੂਠ ਝੂਠ ਰਿਹਾ ਮਾਰ । ਕੋਈ ਕਹੇ ਮੰਦਰਾਂ ਲਵਾਵੇ ਇੱਟਾਂ, ਆਪਣਾ ਕਰੇ ਵਿਹਾਰ । ਕੋਈ ਕਹੇ ਬਾਣਾ ਰੱਖੇ ਚਿੱਟਾ, ਸੀਸ ਸੋਹਣੀ ਦਸਤਾਰ । ਕੋਈ ਕਹੇ ਪਾਵੇ ਪੀਲਾ ਖੱਟਾ, ਸੀਸ ਤਾਜ ਰੱਖ ਕਰੇ ਸ਼ੰਗਾਰ । ਕੋਈ ਕਹੇ ਚੂਹੜਿਆਂ ਚਮਾਰਾਂ ਨਾਲੋਂ ਮਿਟਾਈ ਭਿਟਾ, ਕੀਤਾ ਜਨਮ ਖ਼ਵਾਰ । ਕੋਈ ਕਹੇ ਵੱਡਾ ਹੋ ਕੇ ਬਣਿਆ ਨਿੱਕਾ, ਗ਼ਰੀਬ ਨਿਮਾਣਿਆਂ ਘਰ ਜਾ ਜਾ ਮੰਗੇ ਬਣੇ ਦਰ ਭਿਖਾਰ । ਪੁਰਖ ਅਕਾਲ ਕਹੇ ਮੈਂ ਜਨ ਭਗਤਾਂ ਮਾਤਾ ਪਿਤਾ, ਬਿਨ ਪੁਤਾਂ ਪਿਤਾ ਹੋਏ ਖ਼ਵਾਰ । ਮੇਰਾ ਆਦਿ ਜੁਗਾਦੀ ਹਿਤਾ, ਨਿਤ ਨਵਿਤ ਮੇਰੀ ਕਾਰ । ਜਿਸ ਨੂੰ ਮੈਂ ਪਹਿਲੋਂ ਡਿੱਠਾ, ਸੋ ਮੈਨੂੰ ਕਰੇ ਨਿਮਸਕਾਰ । ਬਾਕੀ ਸਾਰਾ ਰਸ ਫਿਕਾ, ਅੰਮ੍ਰਿਤ ਵਹੇ ਨਾ ਕੋਈ ਧਾਰ । ਕੀ ਹੋਇਆ ਜੇ ਗੋਬਿੰਦ ਕਹੇ ਆ ਮੇਰੇ ਪੁੱਤਾ, ਗੁਰਸਿਖ ਗੋਦੀ ਲਏ ਉਠਾਲ । ਗੁਰਸਿਖ ਗੋਬਿੰਦ ਦੀ ਗੋਦੀ ਰਹੇ ਸੁੱਤਾ, ਪੁਰਖ ਅਕਾਲ ਚਲੇ ਨਾਲ ਨਾਲ । ਸਚ ਏਦੂੰ ਹੋਰ ਨਹੀਂ ਚੰਗੀ ਰੁੱਤਾ, ਨਾ ਕੋਈ ਜਲਵਾ ਨਾ ਕੋਈ ਜਲਾਲ । ਸ੍ਰੀ ਭਗਵਾਨ ਗੁਰਮੁਖ ਸੱਚੇ ਹਰਿ ਸੰਗਤ ਵਿਚ ਕੀਤੇ ਇਕੱਠੇ ਜਿਉਂ ਅੰਗੂਰਾਂ ਵੇਲ ਗੁਛਾ, ਮੁੱਢ ਟਾਹਣ ਇਕੋ ਇਕ ਰਖਾਈਆ । ਕੋਈ ਨਾ ਭੁਲਿਉਂ ਉਤੇ ਲੈ ਕੇ ਬੈਠਾ ਧੁੱਸਾ, ਇਹ ਵੀ ਧੁੱਸਾ ਚੇਲਾ ਸਿੰਘ ਵਡਿਆਈਆ । ਮੈਂ ਫਿਰ ਸੁੱਕੇ ਦਾ ਸੁੱਕਾ, ਹੱਥ ਨਾ ਕਿਛ ਰਖਾਈਆ । ਜੇ ਕੋਈ ਮੈਥੋਂ ਖੋਣ ਆਵੇ ਅੱਗੋਂ ਵਖਾਵਾਂ ਮੁੱਕਾ, ਸਭ ਨੂੰ ਮੂੰਹ ਦੇ ਭਾਰ ਸੁਟਾਈਆ । ਦੋ ਜਹਾਨ ਦਾ ਆਇਆ ਭੁੱਖਾ, ਸਿੰਘ ਸ਼ੇਰ ਬੇਪਰਵਾਹੀਆ । ਜੇ ਹੋ ਕੇ ਵੇਖੇ ਉਚਾ, ਅੱਗੋਂ ਗੁਰਸਿਖ ਨਜ਼ਰੀ ਆਈਆ । ਗੁਰਸਿਖ ਸਭ ਦੇ ਨਾਲੋਂ ਸੁੱਚਾ, ਜਿਸ ਗੋਬਿੰਦ ਮਿਲਿਆ ਚਾਈਂ ਚਾਈਂਆ । ਗੋਬਿੰਦ ਦੇਵੇ ਸਾਚੀਆਂ ਪੁੱਛਾਂ, ਸਚ ਸਚ ਸਮਝਾਈਆ । ਜੋ ਜੁਗ ਚੌਕੜੀ ਰਿਹਾ ਲੁਕਾ, ਆਓ ਤੁਹਾਡੇ ਨਾਲ ਦਿਆਂ ਮਿਲਾਈਆ । ਜਿਨ ਭੰਨਣਾ ਟੋਪੀ ਹੁੱਕਾ, ਸ਼ਰਅ ਸ਼ਰੀਅਤ ਡੇਰਾ ਢਾਹੀਆ । ਜਿਸ ਹਟੌਣਾ ਖਾਣਾ ਕੁੱਠਾ, ਸੀਸ ਧੜ ਨਾ ਕੋਇ ਕਟਾਈਆ । ਸੋ ਸਾਹਿਬ ਸਤਿਗੁਰ ਤੁਠਾ, ਦੀਨ ਦਿਆਲ ਫੇਰਾ ਪਾਈਆ । ਰਲ ਮਿਲ ਹੋ ਜਾਓ ਇਕੋ ਮੁਠਾ, ਗੋਬਿੰਦ ਕਰ ਕੇ ਗਿਆ ਪੜ੍ਹਾਈਆ । ਫੇਰ ਟੰਗੇ ਨਾ ਕੋਈ ਪੁਠਾ, ਰਾਏ ਧਰਮ ਨਾ ਦਏ ਸਜਾਈਆ । ਜਮਦੂਤ ਜੇ ਆਇਣ ਨੇੜੇ ਸਿਰ ਵਿਚ ਮਾਰੋ ਜੁੱਤਾ, ਢੋਲਾ ਗਾਓ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਡਾ ਹੋਏ ਸਹਾਈਆ । ਗੁਰਸਿਖੋ ਤੁਹਾਡਾ ਪੈਂਡਾ ਮੁੱਕਾ, ਮੁੱਕਿਆ ਪੰਧ ਲੋਕਾਈਆ । ਮਾਤ ਗਰਭ ਨਾ ਉਲਟਾ ਰੁੱਖਾ, ਦਸ ਮਾਸ ਨਾ ਅਗਨ ਤਪਾਈਆ । ਜਿਸ ਦਾ ਸੀਸ ਜਗਦੀਸ ਝੁਕਾ, ਤਿਸ ਚੁਕ

ਖ਼ੁਸ਼ੀ ਮਨਾਈਆ । ਸੱਤਰ ਬਹੱਤਰ ਚੁਹੱਤਰ ਸੁਹਾਏ ਇਕੋ ਰੁੱਤਾ, ਹਰਿ ਸੰਗਤ ਫੁਲ ਫਲਵਾੜੀ ਆਪ ਮਹਿਕਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਕਿਸੇ ਕੋਲੋਂ ਨਾ ਜਾਏ ਲੁੱਟਾ, ਕਿਉਂ ਆਪਣਾ ਹੱਟ ਨਾ ਕਿਸੇ ਵਖਾਈਆ । ਹੱਟ ਲੁੱਟਣ ਦੇ ਪਏ ਝੇੜੇ, ਚਾਰ ਵਰਨ ਦੁਹਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਬਣੇ ਲੁਟੇਰੇ, ਸ਼ਰਅ ਕੁਹਾੜੀ ਹੱਥ ਉਠਾਈਆ । ਪੀਰ ਪੈਗ਼ੰਬਰ ਦੱਸਾਂ ਕਿਹੜੇ ਕਿਹੜੇ, ਜਿਹੜੇ ਗਏ ਫੇਰੀਆਂ ਪਾਈਆ । ਅੰਤ ਕੋਈ ਨਾ ਪੁਜਾ ਡੇਰੇ, ਅੱਧਵਿਚਕਾਰ ਥੱਕ ਥੱਕ ਆਪਣੀਆਂ ਢੇਰੀਆਂ ਢਾਹੀਆ । ਸਾਰੇ ਕਲਮ ਸ਼ਾਹੀ ਨਾਲ ਟੇਟੀਆਂ ਰਹੇ ਰੇੜ੍ਹੇ, ਟਿੱਕਾ ਮਸਤਕ ਨਾ ਕੋਇ ਲਗਾਈਆ । ਇਕ ਨਾਨਕ ਆਇਆ ਖੇੜੇ, ਗੋਬਿੰਦ ਉਂਗਲੀ ਹਰਿ ਫੜਾਈਆ । ਕਬੀਰ ਵੇਖਿਆ ਆ ਕੇ ਵੇਹੜੇ, ਆਪਣਾ ਕੁੰਡਾ ਲਾਹੀਆ । ਨਾਨਕ ਗੋਬਿੰਦ ਕਹਿਣ ਪ੍ਰਭ ਕਰੇ ਹੱਕ ਨਬੇੜੇ, ਪਾਰਬ੍ਰਹਮ ਬੇਪਰਵਾਹੀਆ । ਕਬੀਰ ਕਹੇ ਅੱਗੇ ਭਗਤਾਂ ਨਾਲ ਪਾਏ ਝੇੜੇ, ਤੇਰੀ ਭਗਤੀ ਲੋਕਮਾਤ ਨਾ ਕਿਸੇ ਸਖਾਈਆ । ਜੇ ਕਿਰਪਾ ਕਰਨੀ ਆਂ ਰਾਤੀਂ ਸੁਤਿਆਂ ਆ ਜਾਈਂ ਵੇਹੜੇ, ਔਦਿਆਂ ਜਾਂਦਿਆਂ ਤੇਰਾ ਕੀ ਘਟ ਜਾਈਆ । ਪਿਛੇ ਭਗਤ ਰੁਲਾਏ ਬਥੇਰੇ, ਭਾਣੇ ਵਿਚ ਰਖਾਈਆ । ਅੱਗੇ ਨਾ ਕਰੀਂ ਝੇੜੇ, ਝਿੜਕਾਂ ਦੇ ਨਾ ਜਾਨ ਸੁਕਾਈਆ । ਪੁਰਖ ਅਬਿਨਾਸ਼ੀ ਆ ਗਿਆ ਘੇਰੇ, ਕਿਛ ਕਹਿ ਨਾ ਸਕੇ ਰਾਈਆ । ਕਬੀਰ ਮੈਂ ਇਕ ਦੱਸਾਂ ਜੋ ਜਨ ਢੋਲਾ ਗਾਏ ਮੇਰੇ ਤੇਰੇ, ਤੂੰ ਮੇਰਾ ਮੈਂ ਤੇਰਾ ਉਸ ਦਾ ਹੋਵਾਂ ਸਹਾਈਆ । ਕਬੀਰ ਕਹੇ ਕੋਈ ਨਾ ਜਾਣੇ ਤੇਰੇ ਕੇਹੜੇ ਗੇੜੇ, ਤੁਧ ਬਿਨ ਤੇਰਾ ਨਾਮ ਕਵਣ ਧਿਆਈਆ । ਮੈਂ ਨਹੀਂ ਮੰਨਣੇ ਤੇਰੇ ਹੇਰੇ ਫੇਰੇ, ਸਚ ਸਾਚੀ ਦੇ ਸੁਣਾਈਆ । ਸ੍ਰੀ ਭਗਵਾਨ ਕਹੇ ਮੈਂ ਜਾਊਂ ਕਰ ਕੇ ਵੱਡੇ ਜੇਰੇ, ਲੋਕਮਾਤ ਫੇਰਾ ਪਾਈਆ । ਪਿਛਲੇ ਮੇਟੂੰ ਸਾਰੇ ਝੇੜੇ, ਅੱਗੇ ਝਗੜਾ ਨਾ ਕੋਇ ਰਖਾਈਆ । ਵਸਾਂ ਜਾ ਕੇ ਗੋਬਿੰਦ ਖੇੜੇ, ਸੰਬਲ ਦਿਆਂ ਮਾਣ ਵਡਿਆਈਆ । ਓਥੇ ਸ਼ਬਦੀ ਲਾਵਾਂ ਡੇਰੇ, ਸੋਹੰ ਢੋਲਾ ਗਾਈਆ । ਫੇਰ ਵੇਖਾਂ ਕੇਹੜੇ ਕੇਹੜੇ, ਜੋ ਮੈਨੂੰ ਰਹੇ ਧਿਆਈਆ । ਦਿਨੇ ਰਾਤੀਂ ਮਾਰਾਂ ਫੇਰੇ, ਬਣ ਮਰਾਸੀ ਜਜਮਾਨਾਂ ਘਰ ਜਾਈਆ । ਘਰ ਜਾ ਕੇ ਜਾਂ ਵੇਖਾਂ ਮੈਨੂੰ ਸੋਹਣੇ ਲੱਗੇ ਚੇਹਰੇ, ਗੁਰਸਿਖ ਚੰਦ ਕਰੇ ਰੁਸ਼ਨਾਈਆ । ਮੈਂ ਖ਼ੁਸ਼ ਹੋ ਕੇ ਕਹਾਂ ਵੀਹ ਸੌ ਉਨੀ ਬਿਕਰਮੀ ਜੇਹੜੇ ਮਿਲ ਗਏ ਓਹੋ ਬਥੇਰੇ, ਜਿਨ੍ਹਾਂ ਆਪਣੇ ਨਾਲ ਮਿਲਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਦੋ ਜਹਾਨ, ਦਾਤਾ ਦਾਨੀ ਵਡ ਮਿਹਰਵਾਨ, ਹਰਿ ਭਗਤਾਂ ਮਿਲੇ ਆਪੇ ਆਣ, ਆਪਣੀ ਸੇਵਾ ਆਪ ਕਮਾਈਆ ।

❇ ੧੯ ਮੱਘਰ ੨੦੧੯ ਬਿਕਰਮੀ ਬੂੜ ਸਿੰਘ ਦੇ ਗ੍ਰਹਿ ਵਜ਼ੀਰ ਪੁਰਾ ਜ਼ਿਲਾ ਗੁਰਦਾਸਪੁਰ ❇

ਸਤਿ ਪੁਰਖ ਨਿਰੰਜਣ ਸਰਬ ਗੁਣ ਤਾਸ, ਸਤਿ ਸਤਿਵਾਦੀ ਖੇਲ ਕਰਾਇੰਦਾ । ਨਿਰਮਲ ਜੋਤ ਕਰ ਪਰਕਾਸ਼, ਨੂਰ ਨੁਰਾਨਾ ਨੂਰ ਧਰਾਇੰਦਾ । ਨਾਉਂ ਰੱਖ ਪੁਰਖ ਅਬਿਨਾਸ਼, ਅਬਿਨਾਸ਼ੀ ਆਪਣੀ ਧਾਰ ਚਲਾਇੰਦਾ । ਸਾਚੇ ਮੰਡਲ ਪਾਵੇ ਰਾਸ, ਸਚਖੰਡ ਦੁਆਰਾ ਆਪ ਸੁਹਾਇੰਦਾ । ਸ਼ਾਹੋ ਭੂਪ ਬਣ ਸ਼ਹਿਨਸ਼ਾਹ ਸ਼ਾਬਾਸ਼, ਰਾਜਨ ਰਾਜ ਆਪ ਅਖਵਾਇੰਦਾ । ਸਚਖੰਡ ਦੁਆਰਾ ਹਰਿ ਨਿਰੰਕਾਰਾ ਇਕ ਇਕੱਲਾ ਬੁਲਾਏ ਆਪ ਇਜਲਾਸ, ਦੂਜਾ ਸੰਗ ਨਾ ਕੋਇ ਰਖਾਇੰਦਾ । ਜੁਗ ਚੌਕੜੀ ਵੇਖੇ ਖੇਲ ਤਮਾਸ਼, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਇੰਦਾ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਚਖੰਡ ਨਿਵਾਸੀ ਖੇਲ ਅਪਾਰਾ, ਸੋ ਪੁਰਖ ਨਿਰੰਜਣ ਆਪ ਕਰਾਈਆ । ਹਰਿ ਪੁਰਖ ਨਿਰੰਜਣ ਹੋ ਉਜਿਆਰਾ, ਏਕੰਕਾਰਾ ਨਾਲ ਮਿਲਾਈਆ । ਆਦਿ ਨਿਰੰਜਣ ਕਰ ਪਸਾਰਾ, ਅਬਿਨਾਸ਼ੀ ਕਰਤਾ ਵੇਖਣ ਆਈਆ । ਸ੍ਰੀ ਭਗਵਾਨ ਸਚ ਹੁਲਾਰਾ, ਦੋ ਜਹਾਨਾਂ ਆਪ ਦਿਵਾਈਆ । ਪਾਰਬ੍ਰਹਮ ਪ੍ਰਭ ਖੋਲ੍ਹ ਕਿਵਾੜਾ, ਬੰਦ ਤਾਕੀ ਕੁੰਡਾ ਲਾਹੀਆ । ਕਰੇ ਖੇਲ ਅਗੰਮ ਅਪਾਰਾ, ਅਗੰਮੜੀ ਕਾਰ ਕਮਾਈਆ । ਸਾਚਾ ਮੰਦਰ ਕਰ ਤਿਆਰਾ, ਸੱਚਖੰਡ ਵਾਸੀ ਡੇਰਾ ਲਾਈਆ । ਦੀਆ ਬਾਤੀ ਇਕ ਉਜਿਆਰਾ, ਕਮਲਾਪਾਤੀ ਆਪ ਟਿਕਾਈਆ । ਲੇਖਾ ਜਾਣੇ ਧੁਰ ਦਰਬਾਰਾ, ਦਰਗਾਹ ਸਾਚੀ ਵੱਜੇ ਵਧਾਈਆ । ਬੇਐਬ ਖ਼ੁਦਾਈ ਪਰਵਰਦਿਗਾਰਾ, ਜਲਵਾ ਨੂਰ ਨੂਰ ਇਲਾਹੀਆ । ਮੁਕਾਮੇ ਹੱਕ ਹੱਕ ਅਖਾੜਾ, ਲਾਸ਼ਰੀਕ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਈਆ । ਸਾਚੀ ਕਰਨੀ ਆਦਿ ਜੁਗਾਦਿ, ਜੁਗ ਕਰਤਾ ਆਪ ਕਰਾਇੰਦਾ । ਲੇਖਾ ਜਾਣ ਬ੍ਰਹਮ ਬ੍ਰਹਿਮਾਦ, ਬ੍ਰਹਿਮੰਡ ਖੋਜ ਖੁਜਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਦੇਵਣਹਾਰਾ ਦਾਦ, ਖਾਣੀ ਬਾਣੀ ਆਪ ਜਣਾਇੰਦਾ । ਸ਼ਬਦ ਅਗੰਮੀ ਬੋਧ ਅਗਾਧ, ਨਿਰਗੁਣ ਦਾਤਾ ਪੁਰਖ ਬਿਧਾਤਾ ਸਰਗੁਣ ਮਾਰਨਹਾਰ ਆਵਾਜ਼, ਭੇਵ ਅਭੇਦ ਖੁਲ੍ਹਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਤ੍ਰੈਗੁਣ ਮਾਇਆ ਪੰਜ ਤੱਤ ਲੱਖ ਚੁਰਾਸੀ ਰਚ ਰਚ ਕਾਜ, ਨਾਤਾ ਬਿਧਾਤਾ ਜੋੜ ਜੁੜਾਇੰਦਾ । ਆਤਮ ਪਰਮਾਤਮ ਨਿਰਗੁਣ ਸਰਗੁਣ ਦੇਵੇ ਦਾਜ, ਵਸਤ ਅਮੋਲਕ ਆਪ ਵਰਤਾਇੰਦਾ । ਮਨ ਮਤ ਬੁੱਧ ਸਾਜਣ ਸਾਜ, ਦਰ ਘਰ ਸਾਚੇ ਆਪ ਬਹਾਇੰਦਾ । ਸਚ ਸਮਗਰੀ ਦੇ ਗ਼ਰੀਬ ਨਿਵਾਜ਼, ਮਿਹਰਵਾਨ ਆਪਣੀ ਦਇਆ ਕਮਾਇੰਦਾ । ਵੇਖਣਹਾਰਾ ਖੇਲ ਤਮਾਸ਼, ਘਰ ਘਰ ਵਿਚ ਡੇਰਾ ਲਾਇੰਦਾ । ਜੋਤ ਨਿਰੰਜਣ ਕਰ ਪਰਕਾਸ਼, ਨੂਰੋ ਨੂਰ ਵਖਾਇੰਦਾ । ਸ਼ਬਦ ਨਾਦ ਧੁੰਨ ਸਰਬ ਗੁਣਤਾਸ, ਅਨਹਦ ਰਾਗੀ ਰਾਗ ਅਲਾਇੰਦਾ । ਕਰੇ ਖੇਲ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਇੰਦਾ । ਸਾਚੀ ਕਰਨੀ ਸ੍ਰੀ ਭਗਵਾਨ, ਸਤਿ ਸਤਿ ਆਪ ਕਰਾਈਆ । ਆਦਿ ਪੁਰਖ ਨੌਜਵਾਨ, ਰੂਪ ਰੰਗ ਰੇਖ ਨਾ ਕੋਇ ਰਖਾਈਆ । ਸਚਖੰਡ ਵਸੇ ਸਚ ਮਕਾਨ, ਥਿਰ ਘਰ ਆਪਣੇ ਚਰਨ ਟਿਕਾਈਆ । ਸੁਨ ਅਗੰਮੀ ਖੋਲ੍ਹ ਦੁਕਾਨ, ਭੇਵ ਅਭੇਦ ਖੁਲ੍ਹਾਈਆ । ਦਾਤਾ ਸੂਰਾ ਜੋਧਾ ਬੀਰ ਬਲੀ ਬਲਵਾਨ, ਬਲ ਆਪਣਾ ਆਪ ਪਰਗਟਾਈਆ । ਸ਼ਾਹੋ ਭੂਪ ਬਣ ਸੁਲਤਾਨ, ਤਖ਼ਤ ਨਿਵਾਸੀ ਸੋਭਾ ਪਾਈਆ । ਇਕ ਇਕੱਲਾ ਹੁਕਮਰਾਨ, ਧੁਰ ਫ਼ਰਮਾਣਾ ਆਪ ਜਣਾਈਆ । ਆਪ ਉਠਾਏ ਸੁਤ ਅੰਞਾਣ, ਬਾਲਾ ਬਾਲੀ ਬੁੱਧ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਰਨੀ ਕਰਤਾ ਆਪ ਕਮਾਈਆ । ਕਰਨੀ ਕਰਤਾ ਹਰਿ ਕਰਤਾਰ, ਆਦਿ ਪੁਰਖ ਆਪ ਕਰਾਇੰਦਾ । ਜੁਗਾ ਜੁਗੰਤਰ ਸਚ ਵਿਹਾਰ, ਬਿਵਹਾਰੀ ਆਪ ਚਲਾਇੰਦਾ । ਨਿਰਗੁਣ ਸਰਗੁਣ ਪਾਵੇ ਸਾਰ, ਨਿਰਾਕਾਰ ਖੇਲ ਖਲਾਇੰਦਾ । ਆਤਮ ਪਰਮਾਤਮ ਕਰ ਪਿਆਰ, ਬ੍ਰਹਮ ਪਾਰਬ੍ਰਹਮ ਮਿਲਾਇੰਦਾ । ਈਸ਼ ਜੀਵ ਦੇ ਆਧਾਰ, ਈਸ਼ਵਰ ਆਪਣਾ ਰੰਗ ਰੰਗਾਇੰਦਾ । ਖੋਲ੍ਹਣਹਾਰਾ ਬੰਦ ਕਵਾੜ, ਬੰਦ ਤਾਕੀ ਕੁੰਡਾ ਲਾਹਿੰਦਾ । ਕਰੇ ਖੇਲ ਅਗੰਮ ਅਪਾਰ, ਅਲੱਖ ਅਲੱਖਣਾ ਆਪਣੀ ਅਲਖ ਜਗਾਇੰਦਾ । ਸ਼ਬਦ ਅਗੰਮੀ ਬੋਲ ਜੈਕਾਰ, ਧੁਨ ਆਤਮਕ ਨਾਦ ਸੁਣਾਇੰਦਾ । ਆਪਣੀ ਕਿਰਪਾ ਆਪੇ ਧਾਰ, ਕਿਰਪਨ ਆਪਣਾ ਵੇਸ ਵਟਾਇੰਦਾ । ਸ਼ਬਦ ਵਚੋਲਾ ਏਕੰਕਾਰ, ਸੋਹੰ ਢੋਲਾ ਆਪ ਸੁਣਾਇੰਦਾ ।

ਸਚਖੰਡ ਦਾ ਸਚ ਵਿਹਾਰ, ਥਿਰ ਘਰ ਆਪਣਾ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਜਣਾਇੰਦਾ । ਆਪਣੀ ਕਰਨੀ ਹਰਿ ਜੂ ਕਰ, ਅਕਲ ਕਲ ਵਰਤਾਈਆ । ਸਚਖੰਡ ਦੁਆਰੇ ਸਾਚੇ ਚੜ੍ਹ, ਸਚ ਸਿੰਘਾਸਣ ਸੋਭਾ ਪਾਈਆ । ਰਾਜ ਰਾਜਾਨ ਆਪੇ ਬਣ, ਨਿਰਗੁਣ ਆਪਣਾ ਹੁਕਮ ਸੁਣਾਈਆ । ਦਰ ਦਰਵੇਸ਼ ਹੋਏ ਦਰ, ਨਿਉਂ ਨਿਉਂ ਸੀਸ ਝੁਕਾਈਆ । ਆਪਣਾ ਕਾਰਜ ਆਪੇ ਕਰ, ਕਰਤਾ ਪੁਰਖ ਖੇਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਦਏ ਖੁਲ੍ਹਾਈਆ । ਆਪਣਾ ਪਰਦਾ ਖੋਲ੍ਹੇ ਆਪ, ਹਰਿ ਵੱਡਾ ਵਡ ਵਡਿਆਈਆ । ਆਪੇ ਜਾਣੇ ਆਪਣਾ ਪਰਤਾਪ, ਦੂਜਾ ਨਜ਼ਰ ਕੋਇ ਨਾ ਆਈਆ । ਆਪੇ ਮਾਈ ਆਪੇ ਬਾਪ, ਪਿਤਾ ਪੂਤ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰਾਹ ਦਏ ਜਣਾਈਆ । ਆਪੇ ਮਾਤ ਪਿਤ ਪਤਵੰਤਾ, ਨਿਰਗੁਣ ਆਪਣਾ ਖੇਲ ਕਰਾਇੰਦਾ । ਆਪੇ ਆਦਿ ਆਪੇ ਅੰਤਾ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਆਪੇ ਨਾਰ ਆਪੇ ਕੰਤਾ, ਸੇਜ ਸੁਹੰਜਣੀ ਆਪ ਹੰਢਾਇੰਦਾ । ਆਪੇ ਦਾਈ ਆਪੇ ਦਾਇਆ ਆਪੇ ਸੇਵ ਕਮੰਤਾ, ਸੇਵਕ ਸੇਵਾ ਆਪ ਜਣਾਇੰਦਾ । ਆਪੇ ਸਾਚੀ ਗੋਦ ਸੁਹੰਤਾ, ਸ਼ਬਦੀ ਬੇਟਾ ਏਕਾ ਜਾਈਆ । ਸਚਖੰਡ ਦੁਆਰੇ ਅੰਦਰ ਥਿਰ ਘਰ ਆਪ ਬਣੰਤਾ, ਘੜਨ ਭੰਨਣਹਾਰ ਬੇਪਰਵਾਹੀਆ । ਕਰੇ ਪਰਕਾਸ਼ ਜੋਤ ਅਨੰਤਾ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਦਏ ਸਮਝਾਈਆ । ਨਿਰਗੁਣ ਦਾਈ ਨਿਰਗੁਣ ਦਾਇਆ, ਨਾਰ ਕੰਤ ਹਰਿ ਅਖਵਾਇੰਦਾ । ਪੂਤ ਸਪੂਤਾ ਏਕਾ ਜਾਇਆ, ਸ਼ਬਦੀ ਨਾਉਂ ਵਡਿਆਇੰਦਾ । ਥਿਰ ਘਰ ਸਾਚੇ ਆਪ ਬਹਾਇਆ, ਸਿਰ ਆਪਣਾ ਹੱਥ ਰਖਾਇੰਦਾ । ਸਾਚੀ ਸਿਖਿਆ ਇਕ ਸਮਝਾਇਆ, ਬਿਨ ਕੰਨਾਂ ਆਪ ਸੁਣਾਇੰਦਾ । ਸਾਚਾ ਮਾਰਗ ਇਕ ਵਖਾਇਆ, ਬਿਨ ਨੇਤਰਾਂ ਆਪ ਜਣਾਇੰਦਾ । ਸਾਚੇ ਧੰਦੇ ਆਪੇ ਲਾਇਆ, ਧੁਰ ਮਸਤਕ ਲੇਖ ਲਿਖਾਇੰਦਾ । ਅੱਖਰ ਵੱਖਰ ਆਪ ਪੜ੍ਹਾਇਆ, ਨਿਸ਼ਅੱਖਰ ਨਾਉਂ ਰਖਾਇੰਦਾ । ਸਚ ਸੰਦੇਸਾ ਇਕ ਸੁਣਾਇਆ, ਸ੍ਰੀ ਭਗਵਾਨ ਆਪ ਜਣਾਇੰਦਾ । ਗੁਰ ਗੁਰ ਤੇਰਾ ਨਾਉਂ ਧਰਾਇਆ, ਸਤਿਗੁਰ ਆਪਣਾ ਭੇਵ ਜਣਾਇੰਦਾ । ਤੇਰਾ ਮੇਰਾ ਇਕੋ ਸਾਇਆ, ਏਕਾ ਘਰ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਗੁਰੂ ਆਪ ਪਰਗਟਾਇੰਦਾ । ਸ਼ਬਦ ਗੁਰੂ ਗੁਰ ਥਿਰ ਘਰ, ਸਚਖੰਡ ਨਿਵਾਸੀ ਆਪ ਬਹਾਈਆ । ਸੋ ਪੁਰਖ ਨਿਰੰਜਣ ਦੇਵੇ ਵਰ, ਹਰਿ ਪੁਰਖ ਨਿਰੰਜਣ ਹੋਏ ਸਹਾਈਆ । ਏਕੰਕਾਰ ਫੜਾਏ ਲੜ, ਆਦਿ ਨਿਰੰਜਣ ਕਰੇ ਰੁਸ਼ਨਾਈਆ । ਸ੍ਰੀ ਭਗਵਾਨ ਲਗਾਏ ਤੇਰੀ ਜੜ੍ਹ, ਅਬਿਨਾਸ਼ੀ ਕਰਤਾ ਸਗਨ ਮਨਾਈਆ । ਪਾਰਬ੍ਰਹਮ ਤੇਰੀ ਸੇਵਾ ਲਏ ਕਰ, ਆਦਿ ਜੁਗਾਦਿ ਸੇਵ ਕਮਾਈਆ । ਨਿਰਭੌ ਚੁਕਾਏ ਭੈ ਡਰ, ਅਜੂਨੀ ਰਹਿਤ ਦਏ ਵਡਿਆਈਆ । ਅਕਾਲ ਮੂਰਤ ਤੇਰਾ ਨਾਉਂ ਧਰ, ਨਾ ਮਰੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਕਿਰਪਾ ਗੁਰ ਧਰ ਪ੍ਰਸਾਦਿ ਝੋਲੀ ਪਾਈਆ । ਸ਼ਬਦੀ ਗੁਰ ਚੜ੍ਹਿਆ ਚਾ, ਥਿਰ ਘਰ ਵੱਜੀ ਵਧਾਈਆ । ਹਰਿ ਜੀ ਮਿਲਿਆ ਇਕ ਮਲਾਹ, ਬੇੜਾ ਆਪ ਚਲਾਈਆ । ਇਕੋ ਦੇਵੇ ਸਚ ਸਲਾਹ, ਸਿਫ਼ਤੀ ਸਿਫ਼ਤ ਵਡਿਆਈਆ । ਇਕ ਜਪਾਏ ਆਪਣਾ ਨਾਂ, ਨਾਉਂ ਨਿਰੰਕਾਰਾ ਰਿਹਾ ਦ੍ਰਿੜਾਈਆ । ਇਕ ਵਖਾਇਆ ਸਚ ਮਕਾਨ, ਛੱਪਰ ਛੰਨ ਨਾ ਕੋਇ ਛੁਹਾਈਆ । ਇਕ ਜਣਾਇਆ ਚਰਨ ਧਿਆਨ, ਸਰਨ ਮਿਲੇ ਸਰਨਾਈਆ । ਦੋਏ ਜੋੜ ਮੰਗਾਂ ਦਾਨ, ਪ੍ਰਭ ਅੱਗੇ

੨੭੪
੧੩

ਝੋਲੀ ਡਾਹੀਆ । ਕਿਰਪਾ ਕਰ ਸ੍ਰੀ ਭਗਵਾਨ, ਇਕ ਤੇਰੀ ਓਟ ਤਕਾਈਆ । ਮੈਂ ਸੇਵਾ ਕਰਾਂ ਮਹਾਨ, ਪੂਤ ਸਪੂਤਾ ਸੋਭਾ ਪਾਈਆ । ਅਬਿਨਾਸ਼ੀ ਕਰਤਾ ਹੋ ਮਿਹਰਵਾਨ, ਮਿਹਰ ਨਜ਼ਰ ਇਕ ਉਠਾਈਆ । ਨਿਰਗੁਣ ਨਿਰਗੁਣ ਕਰ ਪਰਧਾਨ, ਸਚ ਪਰਧਾਨਗੀ ਦਏ ਜਣਾਈਆ । ਵਿਸ਼ਨੂੰ ਪਰਗਟ ਕੀਤਾ ਆਣ, ਵਿਸ਼ਵ ਆਪਣੀ ਕਲ ਜਣਾਈਆ । ਵਿਸ਼ਨੂੰ ਅੰਦਰ ਖੇਲ ਮਹਾਨ, ਅੰਮ੍ਰਿਤ ਰਸ ਇਕ ਭਰਾਈਆ । ਲੇਖਾ ਜਾਣ ਦੋ ਜਹਾਨ, ਦੋਏ ਦੋਏ ਧਾਰ ਆਪ ਚਲਾਈਆ । ਵਿਸ਼ਨੂੰ ਨਾਭੀ ਕਰ ਪਰਵਾਨ, ਏਕਾ ਗੁਲ ਖਿਲਾਈਆ । ਏਕਾ ਗੁਲ ਨੌਜਵਾਨ, ਪਾਰਬ੍ਰਹਮ ਬ੍ਰਹਮਾ ਲਏ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਦੁਲਾਰੇ ਦੇਵੇ ਵਰ, ਵਿਸ਼ਨ ਬ੍ਰਹਮਾ ਝੋਲੀ ਪਾਈਆ । ਵਿਸ਼ਨ ਬ੍ਰਹਮਾ ਵੇਖ ਸੁਤ, ਹਰਿ ਸਾਚਾ ਦਇਆ ਕਮਾਇੰਦਾ । ਕਰੇ ਖੇਲ ਅਬਿਨਾਸ਼ੀ ਅਚੁੱਤ, ਚੇਤਨ ਆਪਣਾ ਰਾਹ ਚਲਾਇੰਦਾ । ਆਪ ਸੁਹਾਈ ਆਪਣੀ ਰੁੱਤ, ਰੁੱਤ ਰੁੱਤੜੀ ਆਪ ਮਹਿਕਾਇੰਦਾ । ਆਪਣੀ ਧਾਰੋਂ ਆਪੇ ਉਠ, ਨਿਰਗੁਣ ਆਪਣੀ ਵੰਡ ਵੰਡਾਇੰਦਾ । ਸੁਨ ਅਗੰਮ ਧੁਆਂਧਾਰ ਪਏ ਤੁਠ, ਸ਼ੰਕਰ ਆਪਣੀ ਗੰਢ ਪਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਸਮਝਾਇੰਦਾ । ਸ਼ਬਦ ਗੁਰੂ ਗੁਰ ਦਇਆ ਕਮਾ, ਮਿਹਰ ਨਜ਼ਰ ਉਠਾਈਆ । ਵਿਸ਼ਨ ਬ੍ਰਹਮਾ ਸ਼ਿਵ ਲਏ ਉਪਾ, ਉਪਮਾ ਆਪਣੀ ਦਏ ਜਣਾਈਆ । ਵਚੋਲਾ ਬਣ ਬੇਪਰਵਾਹ, ਸੋਹੰ ਢੋਲਾ ਦਏ ਸੁਣਾਈਆ । ਕਰੇ ਕੌਲਾ ਥਾਉਂ ਥਾਂ, ਆਪ ਆਪਣਾ ਬੰਧਨ ਪਾਈਆ । ਹੌਲੀ ਹੌਲੀ ਦਏ ਪੜ੍ਹਾ, ਧੁਰ ਸੰਦੇਸਾ ਇਕ ਸੁਣਾਈਆ । ਵਿਸ਼ਨੂੰ ਦੋਏ ਜੋੜ ਪਏ ਸਰਨਾ, ਪ੍ਰਭ ਅੱਗੇ ਸੀਸ ਝੁਕਾਈਆ । ਬ੍ਰਹਮਾ ਨੇਤਰ ਰੋਵੇ ਮਾਰੇ ਧਾਹ, ਧੀਰਜ ਧੀਰ ਨਾ ਕੋਇ ਵਖਾਈਆ । ਸ਼ੰਕਰ ਧੂੜੀ ਖ਼ਾਕ ਰਿਹਾ ਰਮਾ, ਮਸਤਕ ਟਿੱਕਾ ਏਕਾ ਲਾਈਆ । ਸ੍ਰੀ ਭਗਵਾਨ ਸਹਿਜ ਸੁਭਾ, ਸਾਚਾ ਹੁਕਮ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਵੱਲਾ, ਹਰਿ ਸਤਿਗੁਰ ਆਪ ਕਰਾਇੰਦਾ । ਆਦਿ ਪੁਰਖ ਇਕ ਇਕੱਲਾ, ਸ਼ਬਦੀ ਧਾਰ ਰਾਹ ਚਲਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਫੜਾਇਆ ਪੱਲਾ, ਪੱਲੂ ਆਪਣਾ ਨਾਮ ਵਖਾਇੰਦਾ । ਵਸਣਹਾਰਾ ਨਿਹਚਲ ਧਾਮ ਅਟੱਲਾ, ਸਚ ਸਿੰਘਾਸਣ ਸੋਭਾ ਪਾਇੰਦਾ । ਜੋਤੀ ਸ਼ਬਦੀ ਆਪੇ ਰਲਾ, ਨਿਰਗੁਣ ਨਿਰਗੁਣ ਖੇਲ ਕਰਾਇੰਦਾ । ਸਚ ਸੰਦੇਸ ਨਰ ਨਰੇਸ਼ ਇਕੋ ਘੱਲਾ, ਧੁਰ ਫ਼ਰਮਾਣਾ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸ਼ਬਦੀ ਕਾਰ ਕਮਾਇੰਦਾ । ਗੁਰ ਸ਼ਬਦੀ ਕਰੇ ਸਾਚੀ ਸਾਇਆ, ਸਾਹਿਬ ਆਪਣੀ ਦਇਆ ਕਮਾਈਆ । ਵਿਸ਼ਨੂੰ ਮੇਲਾ ਸਹਿਜ ਸੁਭਾਇਆ, ਬ੍ਰਹਮੇ ਦਏ ਵਡਿਆਈਆ । ਸ਼ੰਕਰ ਆਪਣਾ ਰਾਹ ਵਖਾਇਆ, ਭੇਵ ਅਭੇਦ ਖੁਲ੍ਹਾਈਆ । ਤਿਨ੍ਹਾਂ ਵਿਚੋਲਾ ਬਣ ਕੇ ਆਇਆ, ਏਕਾ ਮਾਈ ਲਏ ਬਣਾਈਆ । ਸਾਚਾ ਸੋਹਲਾ ਇਕ ਸੁਣਾਇਆ, ਨਿਰਗੁਣ ਨਿਰਗੁਣ ਢੋਲਾ ਗਾਈਆ । ਨਾਮ ਭੰਡਾਰ ਇਕ ਵਰਤਾਇਆ, ਵਿਸ਼ਨੂੰ ਝੋਲੀ ਦਏ ਭਰਾਈਆ । ਬ੍ਰਹਮੇ ਬ੍ਰਹਮ ਵੰਡ ਵੰਡਾਇਆ, ਲੱਖ ਚੁਰਾਸੀ ਘਾੜਤ ਲਏ ਘੜਾਈਆ । ਸ਼ੰਕਰ ਹੱਥ ਤਰਸੂਲ ਫੜਾਇਆ, ਜੋ ਘੜਿਆ ਭੰਨ ਵਖਾਈਆ । ਤਿੰਨਾਂ ਨਿਉਂ ਕੇ ਸੀਸ ਨਿਵਾਇਆ, ਪ੍ਰਭ ਚਰਨ ਧੂੜ ਮਸਤਕ ਟਿੱਕਾ ਲਾਈਆ । ਜਿਉਂ ਭਾਵੇ ਤਿਉਂ ਲੈਣਾ ਚਲਾਇਆ, ਸਾਡੀ ਚਲੇ ਨਾ ਕੋਇ ਚਤੁਰਾਈਆ । ਪੁਰਖ ਅਬਿਨਾਸ਼ੀ ਹੋਏ ਸਹਾਇਆ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਪੰਜ ਤੱਤ ਮੇਲਾ ਲਏ ਮਿਲਾਈਆ । ਨਿਰਗੁਣ ਸਰਗੁਣ ਖੇਲ ਕਰਾਇਆ, ਘੜ ਭਾਂਡੇ ਵੇਖ ਵਖਾਈਆ । ਲੱਖ ਚੁਰਾਸੀ ਰੰਗ ਚੜ੍ਹਾਇਆ, ਅੰਡਜ

ਜੇਰਜ ਉਤਭੁਜ ਸੇਤਜ ਆਪਣਾ ਬੰਧਨ ਪਾਈਆ । ਚਾਰੇ ਖਾਣੀ ਰਾਹ ਜਣਾਇਆ, ਚਾਰੇ ਬਾਣੀ ਕਰੇ ਪੜ੍ਹਾਈਆ । ਪਰਾ ਪਸੰਤੀ ਮਧਮ ਬੈਖ਼ਰੀ ਢੋਲਾ ਗਾਇਆ, ਭੇਵ ਅਭੇਦਾ ਆਪ ਖੁਲ੍ਹਾਈਆ । ਬ੍ਰਹਮਾ ਵੇਤਾ ਆਪ ਸਮਝਾਇਆ, ਨੇਤਨ ਨੇਤਾ ਹਰਿ ਰਘੁਰਾਈਆ । ਆਪਣਾ ਚੇਤਾ ਆਪ ਕਰਾਇਆ, ਚਾਰੇ ਮੁਖ ਸਿਫ਼ਤ ਸਾਲਾਹੀਆ । ਚਾਰੇ ਵੇਦਾਂ ਭੇਵ ਚੁਕਾਇਆ, ਚਾਰੇ ਜੁਗ ਵੰਡ ਵੰਡਾਈਆ । ਚਾਰੋਂ ਕੁੰਟ ਕਰ ਰੁਸ਼ਨਾਇਆ, ਚਾਰ ਯਾਰੀ ਬੰਧਨ ਪਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਖੇਲ ਕਰਾਇਆ, ਖ਼ਾਲਕ ਖ਼ਲਕ ਰੂਪ ਵਟਾਈਆ । ਗੁਰ ਅਵਤਾਰ ਸੇਵਾ ਲਾਇਆ, ਭਗਤ ਭਗਵਾਨ ਕਰ ਪੜ੍ਹਾਈਆ । ਪੀਰ ਪੈਗ਼ੰਬਰ ਦੇ ਮਤ ਸਮਝਾਇਆ, ਕਲਮਾ ਨਬੀ ਰਸੂਲ ਜਣਾਈਆ । ਆਇਤ ਸ਼ਰਾਇਤ ਆਪ ਪੜ੍ਹਾਇਆ, ਲਾਸ਼ਰੀਕ ਬੇਪਰਵਾਹੀਆ । ਸਬਕ ਹਦੀਸ ਇਕ ਸੁਣਾਇਆ, ਇਕੋ ਹੁਕਮ ਮਨਾਈਆ । ਬੋਧ ਅਗਾਧ ਮੰਤਰ ਨਮੋ ਸਤਿ ਸਤਿ ਦ੍ਰਿੜਾਇਆ, ਦ੍ਰਿੜ ਵਿਸ਼ਵਾਸ ਇਕ ਵਖਾਈਆ । ਆਦਿ ਜੁਗਾਦੀ ਜੁਗ ਜੁਗ ਇਸ਼ਟ ਆਪ ਬਣਾਇਆ, ਕਰ ਖੇਲ ਬੇਪਰਵਾਹੀਆ । ਤੇਈ ਅਵਤਾਰ ਨਾਚ ਨਚਾਇਆ, ਪੰਜ ਤੱਤ ਕਾਇਆ ਵੇਖ ਵਖਾਈਆ । ਈਸਾ ਮੂਸਾ ਮੁਹੰਮਦ ਗੰਢ ਖੁਲ੍ਹਾਇਆ, ਚੌਦਾਂ ਤਬਕ ਪਰਦਾ ਲਾਹੀਆ । ਨਾਨਕ ਨਿਰਗੁਣ ਮੇਲਾ ਸਚਖੰਡ ਦੁਆਰੇ ਆਪ ਕਰਾਇਆ, ਨਾਮ ਸਤਿ ਝੋਲੀ ਪਾਈਆ । ਸਾਚਾ ਮੰਤਰ ਇਕ ਦ੍ਰਿੜਾਇਆ, ਆਤਮ ਪਰਮਾਤਮ ਮੇਲ ਮਿਲਾਈਆ । ਨਿਰਗੁਣ ਨਾਨਕ ਸੋਹੰ ਸੋਹਲਾ ਇਕੋ ਗਾਇਆ, ਦਰਗਾਹ ਸਾਚੀ ਵੱਜੇ ਵਧਾਈਆ । ਚਾਰੇ ਖਾਣੀ ਵਚੋਲਾ ਬਣ ਕੇ ਆਇਆ, ਚਾਰੇ ਬਾਣੀ ਕਰੇ ਪੜ੍ਹਾਈਆ । ਤੋਲਾ ਬਣ ਕੇ ਸੇਵ ਕਮਾਇਆ, ਗ਼ਰੀਬ ਨਿਮਾਣਿਆਂ ਗਲੇ ਲਗਾਈਆ । ਪਰਦਾ ਉਹਲਾ ਦਿਤਾ ਉਠਾਇਆ, ਗੁਰ ਸਤਿਗੁਰ ਸ਼ਬਦ ਇਕੋ ਨਜ਼ਰੀ ਆਈਆ । ਅੰਤਮ ਬੋਲਾ ਇਕ ਸੁਣਾਇਆ, ਕਲਜੁਗ ਅੰਤ ਨਿਹਕਲੰਕ ਆਵੇ ਵਾਹੋ ਦਾਹੀਆ । ਗੋਬਿੰਦ ਮੇਲਾ ਸਹਿਜ ਸੁਭਾਇਆ, ਪੁਰਖ ਅਕਾਲ ਵੱਜੇ ਵਧਾਈਆ । ਚੇਲਾ ਗੁਰ ਰੂਪ ਵਟਾਇਆ, ਸੱਜਣ ਸੁਹੇਲਾ ਵਡ ਵਡਿਆਈਆ । ਆਪਣਾ ਵੇਲਾ ਲਏ ਸੁਹਾਇਆ, ਵਾਰ ਥਿਤ ਨਾ ਕੋਇ ਜਣਾਈਆ । ਇਕ ਇਕੇਲਾ ਫੇਰਾ ਪਾਇਆ, ਦੋ ਜਹਾਨ ਵੇਖੇ ਥਾਉਂ ਥਾਈਂਆ । ਚਾਰ ਜੁਗ ਦੀ ਪਿਛਲੀ ਕਹਾਣੀ ਫੋਲ ਫੁਲਾਇਆ, ਲੁਕਿਆ ਕੋਇ ਰਹਿਣ ਨਾ ਪਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਜਿਸ ਦੀ ਸਿਫ਼ਤ ਰਹੇ ਸੁਣਾਇਆ, ਸੋ ਸਿਫ਼ਤ ਵਿਚ ਕਦੇ ਨਾ ਆਈਆ । ਅੰਤਮ ਸਭ ਨੂੰ ਗਰਿਫ਼ਤ ਲਏ ਕਰਾਇਆ, ਹੁਕਮ ਆਪਣਾ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸ਼ਬਦੀ ਦਏ ਵਡਿਆਈਆ । ਗੁਰ ਸ਼ਬਦੀ ਆਦਿ ਅੰਤ, ਹਰਿ ਸਤਿਗੁਰ ਆਪ ਜਣਾਇੰਦਾ । ਜੁਗ ਚੌਕੜੀ ਮਣੀਆਂ ਮੰਤ, ਮੰਤਰ ਨਾਮ ਦ੍ਰਿੜਾਇੰਦਾ । ਆਤਮ ਪਰਮਾਤਮ ਮੇਲ ਮਿਲਾਏ ਨਾਰ ਕੰਤ, ਸੀਤਾ ਸੁਰਤੀ ਰਾਮ ਮਿਲਾਇੰਦਾ । ਮਾਣ ਦਿਵਾਏ ਲੱਖ ਚੁਰਾਸੀ ਜੀਵ ਜੰਤ, ਜੀਵਣ ਜੁਗਤ ਜਣਾਇੰਦਾ । ਗੜ੍ਹ ਤੋੜ ਹਉਮੇ ਹੰਗਤ, ਕੂੜੀ ਕਿਰਿਆ ਮੇਟ ਮਿਟਾਇੰਦਾ । ਇਕੋ ਮੇਲਾ ਸਾਚੀ ਸੰਗਤ, ਹਰਿ ਰੰਗਤ ਨਾਮ ਚੜ੍ਹਾਇੰਦਾ । ਲੋਕਮਾਤ ਵਖਾਏ ਜਨਤ, ਸਵਰਗੀ ਇਕ ਸਵਰਗ ਰਖਾਇੰਦਾ । ਹਰਿ ਕਾ ਭੇਵ ਨਾ ਜਾਣੇ ਕੋਈ ਪੰਡਤ, ਚੌਦਾਂ ਵਿਦਿਆ ਪੜ੍ਹਿਆਂ ਹੱਥ ਨਾ ਆਇੰਦਾ । ਚੌਦਾਂ ਲੋਕ ਨਾ ਜਾਨਣ ਅੰਤ, ਤਰਲੋਕੀ ਨਾਥ ਆਪਣੇ ਵਿਚ ਛੁਪਾਇੰਦਾ । ਆਦਿ ਅੰਤ ਸਦਾ ਬੇਅੰਤ, ਬੇਪਰਵਾਹ ਆਪਣੀ ਖੇਲ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਜੁਗ ਦੀ ਕਰਨੀ, ਹਰਿ ਕਰਤਾ ਵੇਖ ਵਖਾਇੰਦਾ । ਚਾਰ ਜੁਗ ਦੀ ਕਰਨੀ ਕਿਰਿਆ, ਨਿਰਗੁਣ ਦਾਤਾ ਵੇਖ ਵਖਾਈਆ । ਸਤਿਜੁਗ ਤ੍ਰੇਤਾ ਦੁਆਪਰ

ਫਿਰਿਆ, ਕਲਜੁਗ ਅੰਤਮ ਵੇਸ ਵਟਾਈਆ । ਚਾਰੋਂ ਕੁੰਟ ਅੰਧੇਰਾ ਝੂਠਾ ਗੇੜ ਗਿੜਿਆ, ਸਚ ਸੁੱਚ ਨਜ਼ਰ ਨਾ ਆਈਆ । ਪੀਰਾਂ ਨਾਲ ਪੀਰ ਭਿੜਿਆ, ਸ਼ਰਅ ਨਾਲ ਸ਼ਰਅ ਕਰੇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਸ਼ਬਦ ਗੁਰ ਦਾਤਾ, ਜੁਗ ਜੁਗ ਵੇਖ ਵਖਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਵੇਖ ਤਮਾਸ਼ਾ, ਗੋਪੀ ਕਾਹਨ ਆਪ ਨਚਾਇੰਦਾ । ਈਸਾ ਮੂਸਾ ਮੁਹੰਮਦ ਚਾਰ ਯਾਰੀ ਦਿਤਾ ਸਾਥਾ, ਸਗਲਾ ਸੰਗ ਨਿਭਾਇੰਦਾ । ਨਾਨਕ ਗੋਬਿੰਦ ਪਿਤਾ ਪੁਰਖ ਅਕਾਲ ਬੰਧਾਇਆ ਨਾਤਾ, ਨਾ ਕੋਈ ਤੋੜੇ ਤੋੜ ਤੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਲੇਖਾ ਆਪ ਮੁਕਾਇੰਦਾ । ਜੁਗ ਜੁਗ ਲੇਖਾ ਮੁੱਕੇ ਜਗ, ਲੋਕਮਾਤ ਰਹਿਣ ਨਾ ਪਾਈਆ । ਕਲਜੁਗ ਅੰਤ ਸੂਰਾ ਸਰਬੱਗ, ਨਿਰਗੁਣ ਆਪਣਾ ਫੇਰਾ ਪਾਈਆ । ਲੱਖ ਚੁਰਾਸੀ ਵੇਖੇ ਕੱਗ, ਕਾਗ ਵਾਂਗ ਰਹੇ ਕੁਰਲਾਈਆ । ਸ਼ਾਹ ਸੁਲਤਾਨਾਂ ਘਰ ਲੱਗੀ ਅੱਗ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਬਿਨ ਹਰਿ ਨਾਮੇ ਖ਼ਾਲੀ ਦਿਸਣ ਹੱਡ, ਕੂੜੀ ਸਿਆਸਤ ਕਰੇ ਲੜਾਈਆ । ਭਾਈ ਭਾਈਆਂ ਨਾਲੋਂ ਹੋਏ ਅੱਡ, ਮਾਂ ਪੁੱਤ ਨਾ ਮੇਲ ਮਿਲਾਈਆ । ਕੋਈ ਨਾ ਸੋਹੇ ਸਾਚੀ ਯਦ, ਜਿਸ ਘਰ ਗੁਰਮੁਖ ਹਰਿ ਹਰਿ ਢੋਲਾ ਗਾਈਆ । ਉਚੇ ਲੰਮੇ ਦਿਸਣ ਕੱਦ, ਨਿੱਕਾ ਹੋ ਕੇ ਸੇਵ ਨਾ ਕੋਇ ਕਮਾਈਆ । ਕਲਜੁਗ ਝੂਠੀ ਪੀਤੀ ਮਧ, ਅੰਮ੍ਰਿਤ ਰਸ ਨਾ ਕੋਇ ਚਖਾਈਆ । ਗੁਰ ਕਾ ਨਾਤਾ ਗਏ ਛੱਡ, ਸੁਰਤੀ ਸ਼ਬਦ ਨਾ ਕੋਇ ਮਿਲਾਈਆ । ਖ਼ਾਲੀ ਦਿਸਣ ਮੰਦਰ ਮਸਜਿਦ ਮੱਠ, ਸ਼ਿਵਦੁਆਲੇ ਦੇਣ ਦੁਹਾਈਆ । ਕਾਮੀ ਕਰੋਧੀ ਕਪਟੀ ਮਾਲਾ ਰਹੇ ਰਟ, ਹਰੀ ਹਰਿ ਹਿਰਦੇ ਨਾ ਕੋਇ ਵਸਾਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਲੱਗਾ ਫੱਟ, ਤੀਰਥ ਅਠਸਠ ਗੁੰਡੇ ਤਾਰੀਆਂ ਰਹੇ ਲਾਈਆ । ਸਾਧ ਸੰਤ ਧੀਆਂ ਭੈਣਾਂ ਰਹੇ ਤੱਕ, ਗੁਰੂ ਸਿਖਿਆ ਨਾ ਕੋਇ ਸਮਝਾਈਆ । ਪੁਰਖ ਅਬਿਨਾਸ਼ੀ ਪ੍ਰਭ ਨੂੰ ਸਾਰਿਆਂ ਤੇ ਪੈ ਗਿਆ ਸ਼ੱਕ, ਫ਼ਤਵਾ ਸਭ ਦੇ ਉਤੇ ਲਾਈਆ । ਅੰਤਮ ਕਰੇ ਨਬੇੜਾ ਹੱਕ, ਨਾ ਕੋਈ ਮੇਟੇ ਮੇਟ ਮਿਟਾਈਆ । ਹਰਿ ਕਾ ਭਾਣਾ ਕੋਈ ਨਾ ਸਕੇ ਡੱਕ, ਨਾਨਕ ਗੋਬਿੰਦ ਗਿਆ ਲਿਖਾਈਆ । ਪਰਗਟ ਹੋਏ ਪੁਰਖ ਸਮਰਥ, ਬੇਪਰਵਾਹ ਬੇਪਰਵਾਹੀਆ । ਦੋ ਜਹਾਨਾਂ ਪਾਏ ਨੱਥ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪਣਾ ਬੰਧਨ ਪਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਸਾਧਾਂ ਸੰਤਾਂ ਜੀਆਂ ਜੰਤਾਂ ਮਾਰਗ ਦਏ ਦੱਸ, ਦਹਿ ਦਿਸ਼ਾ ਕਰ ਰੁਸ਼ਨਾਈਆ । ਸੰਤਾਂ ਭਗਤਾਂ ਮੇਲ ਮਿਲਾਏ ਹੱਸ ਹੱਸ, ਸੋਹੰ ਹੰਸਾ ਜਾਪ ਜਪਾਈਆ । ਧਰਤ ਧਵਲ ਜ਼ਿਮੀਂ ਅਸਮਾਨ ਪ੍ਰਿਥਮੀ ਆਕਾਸ਼ ਹੋਏ ਬੇਵਸ, ਮੰਡਲ ਮੰਡਪ ਨਾ ਕੋਇ ਵਡਿਆਈਆ । ਰਵ ਸਸ ਚਰਨੀ ਡਿਗਣ ਢੱਠ, ਜੋਤੀ ਕਿਰਨ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਹੁਕਮ ਵਰਤਾਈਆ । ਕਲਜੁਗ ਅੰਤਮ ਹੁਕਮ ਵਰਤੇ ਜੱਗ, ਸ਼ਹਿਨਸ਼ਾਹ ਆਪਣਾ ਆਪ ਚਲਾਇੰਦਾ । ਜਨ ਭਗਤਾਂ ਦੇਵੇ ਦਰਸ ਉਪਰ ਸ਼ਾਹ ਰਗ, ਬੇਮੁਖਾਂ ਨਜ਼ਰ ਨਾ ਆਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਹੁਕਮੇ ਬੈਠੇ ਬੱਝ, ਦਰ ਸਯਦਾ ਸੀਸ ਸਰਬ ਝੁਕਾਇੰਦਾ । ਜੋ ਘੜਿਆ ਸੋ ਜਾਏ ਭੱਜ, ਥਿਰ ਕੋਇ ਰਹਿਣ ਨਾ ਪਾਇੰਦਾ । ਹਰਿ ਜੂ ਵੇਖੇ ਮੱਕਾ ਕਾਅਬਾ , ਉਚੇ ਹੁਜਰੇ ਫੋਲ ਫੁਲਾਇੰਦਾ । ਸਚ ਮਹਿਰਾਬੇ ਨਾ ਕੋਈ ਹੱਜ, ਦੋ ਦੋ ਆਬਾ ਨਾ ਮੇਲ ਮਿਲਾਇੰਦਾ । ਕੂੜ ਨਗਾਰਾ ਰਿਹਾ ਵੱਜ, ਮੁਲਾਂ ਸ਼ੇਖ਼ ਮੁਸਾਇਕ ਸਰਬ ਕੁਰਲਾਇੰਦਾ । ਬਿਸਮਿਲ ਰੂਪ ਹੋ ਮੀਆਂ ਘਰ ਕੋਇ ਨਾ ਲਏ ਸੱਦ, ਅੱਲਾ ਰਾਣੀ ਮੁਖ ਘੁੰਗਟ ਨਾ ਕੋਇ ਉਠਾਇੰਦਾ । ਈਸਾ ਮੂਸਾ ਮੁਹੰਮਦ ਰਾਹ ਤੱਕਣ ਅੱਡੋ ਅੱਡ, ਪੀਰ

ਜ਼ਾਹਰਾ ਕਵਣ ਕੂਟੇ ਫੇਰਾ ਪਾਇੰਦਾ । ਨਾਨਕ ਨਿਰਗੁਣ ਗੋਬਿੰਦ ਸੁਤ ਦੁਲਾਰਾ ਗਿਆ ਦੱਸ, ਕਲਜੁਗ ਅੰਤਮ ਪੁਰਖ ਅਕਾਲ ਵੇਸ ਵਟਾਇੰਦਾ । ਸੰਬਲ ਨਗਰ ਜਾਏ ਵਸ, ਸਾਚਾ ਖੇੜਾ ਆਪ ਸੁਹਾਇੰਦਾ । ਨਿਰਗੁਣ ਜੋਤ ਕਰੇ ਪਰਕਾਸ਼, ਦੀਵਾ ਬਾਤੀ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖ ਵਖਾਇੰਦਾ । ਕਲਜੁਗ ਅੰਤਮ ਵੇਖਣ ਆਇਆ, ਗੁਰ ਸ਼ਬਦੀ ਨੌਜਵਾਨ । ਵਿਸ਼ਨ ਬ੍ਰਹਮਾ ਸ਼ਿਵ ਉਠਾਇਆ, ਦੇਵੇ ਧੁਰ ਫ਼ਰਮਾਣ । ਤ੍ਰੈਗੁਣ ਮਾਇਆ ਡੇਰਾ ਢਾਇਆ, ਲੇਖਾ ਚੁਕੇ ਵਿਚ ਜਹਾਨ । ਪੰਜਾਂ ਤੱਤਾਂ ਰਿਹਾ ਗਾਇਆ, ਦੇਵੇ ਧੁਰ ਫ਼ਰਮਾਣ । ਲੱਖ ਚੁਰਾਸੀ ਰਿਹਾ ਮਿਟਾਇਆ, ਭੂਠਾ ਦਿਸੇ ਨਾ ਕੋਇ ਨਿਸ਼ਾਨ । ਖ਼ਾਲੀ ਠੂਠਾ ਰਿਹਾ ਕਰਾਇਆ, ਸ੍ਰਿਸ਼ਟ ਸਬਾਈ ਹੋਏ ਹੈਰਾਨ । ਅੰਤਮ ਗੁੱਠਾ ਰਿਹਾ ਲਗਾਇਆ, ਲੋਕਮਾਤ ਰਹੇ ਨਾ ਕੋਇ ਬੇਈਮਾਨ । ਪੁਰਖ ਅਬਿਨਾਸ਼ੀ ਤੁਠਾ ਫੇਰਾ ਪਾਇਆ, ਨਾਲ ਮਿਲਾਇਆ ਗੋਬਿੰਦ ਸੂਰਾ ਨੌਜਵਾਨ । ਚਾਰ ਵਰਨ ਰੁੱਕਾ ਆਪ ਸੁਣਾਇਆ, ਸਚ ਸੰਦੇਸਾ ਧੁਰ ਫ਼ਰਮਾਣ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਏਕਾ ਰੰਗ ਰੰਗਾਇਆ, ਆਤਮ ਪਰਮਾਤਮ ਦੇਵੇ ਦਾਨ । ਸੋਹੰ ਢੋਲਾ ਇਕ ਸੁਣਾਇਆ, ਪੀਰ ਪੈਗ਼ੰਬਰ ਗੁਰ ਅਵਤਾਰ ਵਿਸ਼ਨ ਬ੍ਰਹਮਾ ਸ਼ਿਵ ਰਹੇ ਜਸ ਗਾਇਆ, ਜਨ ਭਗਤਾਂ ਭਗਵਨ ਮਿਲਿਆ ਆਣ । ਪੂਰੀ ਆਸ ਆਪ ਕਰਾਇਆ, ਆਸਾ ਤ੍ਰਿਸਨਾ ਮਿਟੇ ਜਹਾਨ । ਸਾਂਤਕ ਸਤਿ ਸਤਿ ਵਰਤਾਇਆ, ਘਰ ਸਖੀ ਸਹੇਲੀ ਮਿਲੇ ਕਾਹਨ । ਗ੍ਰਹਿ ਮੰਦਰ ਫੇਰਾ ਪਾਇਆ, ਆਤਮ ਸੇਜ ਕਰੇ ਪਰਵਾਨ । ਸਚ ਸਿੰਘਾਸਣ ਡੇਰਾ ਲਾਇਆ, ਨਿਰਮਲ ਜੋਤੀ ਜੋਤ ਜਗਾਏ ਮਹਾਨ । ਕੂੜੀ ਕਿਰਿਆ ਡੇਰਾ ਢਾਹਿਆ, ਕਰੇ ਖੇਲ ਸ੍ਰੀ ਭਗਵਾਨ । ਖ਼ਾਲਕ ਖ਼ਲਕ ਵੇਖ ਵਖਾਇਆ, ਪਰਵਰਦਿਗਾਰ ਨੌਜਵਾਨ । ਬਿਰਧ ਬਾਲ ਨਾ ਰੂਪ ਵਟਾਇਆ, ਚੌਦਾਂ ਲੋਕਾਂ ਚੌਦਾਂ ਤਬਕਾਂ ਚੜ੍ਹਾਏ ਇਕ ਤੁਫ਼ਾਨ । ਤੋਹਫ਼ਾ ਇਕੋ ਇਕ ਵਰਤਾਇਆ, ਨਾਤਾ ਤੁੱਟੇ ਅੰਜੀਲ ਕੁਰਾਨ । ਕਾਇਆ ਕੁਰਾ ਖੋਜ ਖੁਜਾਇਆ, ਸ਼ਾਸਤਰ ਸਿਮਰਤ ਵੇਦ ਪੁਰਾਨ ਪ੍ਰਭ ਦੀ ਚਰਨੀਂ ਡਿਗਣ ਆਣ । ਦੋਏ ਦੋਏ ਜੋੜ ਵਾਸਤਾ ਪਾਇਆ, ਸਾਨੂੰ ਪੜ੍ਹ ਪੜ੍ਹ ਕਲਜੁਗ ਜੀਵ ਹੋਏ ਸ਼ੈਤਾਨ । ਸੰਸਾ ਰੋਗ ਨਾ ਕੋਇ ਚੁਕਾਇਆ, ਨਿਰਗੁਣ ਸਰਗੁਣ ਦੇ ਦੇ ਗਏ ਬਿਆਨ । ਬਿਆਨਾ ਆਪਣਾ ਨਾਮ ਧਰਾਇਆ, ਅੰਤਮ ਖ਼ਾਲੀ ਹੋਏ ਮਕਾਨ । ਕਾਇਆ ਮੰਦਰ ਅੰਦਰ ਦਰਸ ਕਿਸੇ ਨਾ ਪਾਇਆ, ਨਾਤਾ ਜੁੜਿਆ ਕਾਮ ਕਰੋਧ ਲੋਭ ਮੋਹ ਹੰਕਾਰ ਸ਼ੈਤਾਨ । ਕੂੜੀ ਕਿਰਿਆ ਅੰਦਰ ਡੇਰਾ ਲਾਇਆ, ਕਲਜੁਗ ਚਾਰੋਂ ਕੁੰਟ ਹੋਇਆ ਪਰਧਾਨ । ਡੌਰੂ ਡੰਕਾ ਰਿਹਾ ਵਜਾਇਆ, ਸ਼ਾਹ ਸੁਲਤਾਨਾਂ ਕਰੇ ਵੈਰਾਨ । ਵੈਰੀ ਦਰ ਦਰ ਆਪ ਰਖਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਕਰਾਇਆ । ਸਾਚੀ ਖੇਲ ਕਰੇ ਭਗਵਾਨ, ਭਾਵੀ ਆਪਣੇ ਹੱਥ ਰਖਾਈਆ । ਲੱਖ ਚੁਰਾਸੀ ਮਾਰ ਧਿਆਨ, ਹਰ ਘਟ ਵੇਖੇ ਥਾਉਂ ਥਾਈਆ । ਸੰਤ ਸੁਹੇਲੇ ਲਏ ਪਹਿਚਾਨ, ਗੁਰ ਚੇਲੇ ਮੇਲ ਮਿਲਾਈਆ । ਮੁਰੀਦ ਮੁਰਸ਼ਦ ਵੇਖੇ ਆਣ, ਬੇਪਰਵਾਹ ਫੇਰਾ ਪਾਈਆ । ਭਗਤ ਭਗਵੰਤ ਕਰੇ ਕਲਿਆਣ, ਨਿਹਕਰਮੀ ਆਪਣਾ ਕਰਮ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖ ਵਖਾਈਆ । ਕਲਜੁਗ ਅੰਤਮ ਵੇਖੇ ਮਾਤ, ਨਿਰਗੁਣ ਨਿਰਗੁਣ ਰੂਪ ਵਟਾਇੰਦਾ । ਨੌਂ ਖੰਡ ਪ੍ਰਿਥਮੀ ਸੱਤ ਦੀਪ ਖੋਲ੍ਹੇ ਤਾਕ, ਬੰਦ ਕਵਾੜਾ ਕੁੰਡਾ ਲਾਹਿੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਲਹਿਣਾ ਚੁਕਾਏ ਹੱਥੋ ਹਾਥ, ਸਮਰਥ ਆਪਣੀ ਖੇਲ ਰਚਾਇੰਦਾ । ਭਗਤ ਭਗਵੰਤ ਇਕ ਦੂਜੇ ਦੇ ਦਾਸ, ਦਾਸੀ ਦਾਸ ਰੂਪ ਵਟਾਇੰਦਾ । ਸਾਚੇ ਸੰਤਾਂ ਵਸੇ ਪਾਸ, ਵਿਛੜ

ਕਦੇ ਨਾ ਜਾਇੰਦਾ । ਲੇਖਾ ਜਾਣ ਪ੍ਰਿਥਮੀ ਆਕਾਸ਼, ਗਗਨ ਮੰਡਲ ਫੋਲ ਫੁਲਾਇੰਦਾ । ਘਰ ਵਿਚ ਘਰ ਕਰੇ ਪਰਕਾਸ਼, ਜੋਤੀ ਨੂਰ ਨੂਰ ਜਗਾਇੰਦਾ । ਜਨਮ ਜਨਮ ਦੀ ਪੂਰੀ ਕਰੇ ਆਸ, ਹਰਿ ਸੱਜਣ ਮੇਲ ਮਿਲਾਇੰਦਾ । ਨਾਤਾ ਤੋੜੇ ਜਮ ਕਾ ਫ਼ਾਸ, ਰਾਏ ਧਰਮ ਨੇੜ ਨਾ ਆਇੰਦਾ । ਚਿਤਰ ਗੁਪਤ ਨਾ ਕੋਇ ਹਿਸਾਬ, ਲਾੜੀ ਮੌਤ ਦਰ ਦੁਰਕਾਇੰਦਾ । ਪਿਛਲਾ ਲੇਖਾ ਕਰੇ ਬਰਖ਼ਾਸਤ, ਆਸ ਗੁਰਮੁਖਾਂ ਪੂਰ ਕਰਾਇੰਦਾ । ਪ੍ਰਭ ਮਿਲਣ ਦੀ ਜਿਨ੍ਹਾਂ ਆਸ, ਨਿਜ ਨੇਤਰ ਦਰਸ ਕਰਾਇੰਦਾ । ਲੇਖੇ ਲਾਏ ਪਵਣ ਸਵਾਸ, ਸਵਾਸ ਸਵਾਸਾਂ ਵਿਚ ਸਮਾਇੰਦਾ । ਆਤਮ ਪਰਮਾਤਮ ਭੋਗ ਭੋਗੇ ਇਕ ਬਲਾਸ, ਸੇਜ ਸੁਹੰਜਣੀ ਆਪ ਹੰਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭਗਤ ਭਗਵੰਤ ਮੇਲ ਮਿਲਾਇੰਦਾ । ਭਗਤ ਭਗਵੰਤ ਗੁਰੂ ਗੁਰ ਚੇਲਾ, ਚੇਲਾ ਗੁਰ ਵਡ ਵਡਿਆਈਆ । ਆਦਿ ਜੁਗਾਦੀ ਸੱਜਣ ਸੁਹੇਲਾ, ਨਿਰਗੁਣ ਆਪਣਾ ਫੇਰਾ ਪਾਈਆ । ਸਤਿ ਸਤਿਵਾਦੀ ਆਪ ਸੁਹਾਇਆ ਆਪਣਾ ਵੇਲਾ, ਰੁੱਤ ਰੁਤੜੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਰ ਹਰਿ ਆਪਣਾ ਖੇਲ ਕਰਾਈਆ । ਨਰ ਹਰਿ ਨਰਾਇਣ ਖੇਲ ਅਗੰਮਾ, ਅਗੰਮੜੀ ਕਾਰ ਕਮਾਇੰਦਾ । ਨਾ ਮਰੇ ਨਾ ਕਦੇ ਜੰਮਾਂ, ਜੀਵਣ ਮਰਨ ਨਾ ਕੋਇ ਰਖਾਇੰਦਾ । ਜੁਗ ਚੌਕੜੀ ਕਰੇ ਆਪਣਾ ਕੰਮਾਂ, ਕਰਨੀ ਕਿਰਤ ਆਪ ਕਮਾਇੰਦਾ । ਗਗਨ ਰਹਾਏ ਬਿਨ ਥੰਮਾਂ, ਧਰਨੀ ਜਲ ਉਪਰ ਟਿਕਾਇੰਦਾ । ਦੇਵੇ ਪਰਕਾਸ਼ ਸੂਰਜ ਚੰਨਾ, ਮੰਡਲ ਮੰਡਪ ਆਪ ਚਮਕਾਇੰਦਾ । ਦੀਨ ਮਜ਼੍ਹਬ ਭੰਨਣਹਾਰਾ ਬੰਨਾਂ, ਗੁਰ ਅਵਤਾਰ ਸੇਵ ਲਗਾਇੰਦਾ । ਸਾਚਾ ਰਾਗ ਸੁਣਾਏ ਕੰਨਾਂ, ਧੁਰ ਦੀ ਬਾਣੀ ਬਾਣ ਲਗਾਇੰਦਾ । ਕਲਜੁਗ ਅੰਤਮ ਖੇਲ ਸ੍ਰੀ ਭਗਵਨਾ, ਚਾਰ ਵਰਨਾਂ ਏਕਾ ਨਾਉਂ ਦ੍ਰਿੜਾਇੰਦਾ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਆਤਮ ਪਰਮਾਤਮ ਸਭ ਨੇ ਮੰਨਾ, ਬ੍ਰਹਮ ਪਾਰਬ੍ਰਹਮ ਸਮਝਾਇੰਦਾ । ਸੋਹੰ ਦੇਵੇ ਨਾਮ ਧਨਾ, ਸਚ ਖ਼ਜ਼ੀਨਾ ਆਪ ਲੁਟਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੋ ਜਹਾਨ ਫਿਰੇ ਭੰਨਾ, ਬਣ ਪਾਂਧੀ ਪੰਧ ਮੁਕਾਇੰਦਾ । ਕਲਜੁਗ ਕੁੜਿਆਰਾ ਅੰਤਮ ਅੰਨ੍ਹਾਂ, ਨੇਤਰ ਨੈਣ ਨਾ ਕੋਇ ਖੁਲਾਇੰਦਾ । ਬੀਸ ਬੀਸਾ ਦੇਵੇ ਡੰਨਾ, ਜਗਦੀਸਾ ਹੁਕਮ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਸਾਚਾ ਖੇਲ ਅੰਤਮ ਕਲ, ਹਰਿ ਕਰਤਾ ਆਪ ਕਰਾਈਆ । ਸ੍ਰਿਸ਼ਟ ਸਬਾਈ ਕਰ ਵਲ ਛਲ, ਅਛਲ ਛਲ ਧਾਰੀ ਰਿਹਾ ਭੁਲਾਈਆ । ਜਨ ਭਗਤਾਂ ਅੰਤਰ ਗਿਆ ਰਲ, ਜੋਤੀ ਜੋਤ ਜੋਤ ਰੁਸ਼ਨਾਈਆ । ਸ਼ਬਦ ਸੁਨੇਹੁੜਾ ਰਿਹਾ ਘੱਲ, ਗੁਰ ਗੁਰ ਨਾਦ ਵਜਾਈਆ । ਧਾਮ ਵਖਾਏ ਇਕ ਅਟੱਲ, ਮਹੱਲ ਕਰੇ ਰੁਸ਼ਨਾਈਆ । ਵਸਣਹਾਰਾ ਜਲ ਥਲ, ਮਹੀਅਲ ਆਪਣਾ ਰੰਗ ਰੰਗਾਈਆ । ਦਰਸ ਦਿਖਾਏ ਘੜੀ ਘੜੀ ਪਲ ਪਲ, ਪਲਕ ਪਲਕ ਨਾਲ ਮਿਲਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਕੂੜੀ ਕਿਰਿਆ ਲਾਹੇ ਖੱਲ੍ਹ, ਨਾਮ ਖੰਡਾ ਰਿਹਾ ਚਮਕਾਈਆ । ਜੀਵ ਜੰਤ ਫੁੱਲ ਫੁਲਵਾੜੀ ਵੇਖੇ ਪਤ ਡਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਅੰਤਮ ਆਪਣਾ ਵੇਸ ਵਟਾਈਆ । ਵੇਸ ਵਟਾਇਆ ਸ੍ਰੀ ਭਗਵੰਤ, ਵੇਦ ਵਿਆਸਾ ਲੇਖ ਜਣਾਇੰਦਾ । ਪੂਤ ਸਪੂਤਾ ਬ੍ਰਹਿਮਣ ਗੌੜਾ ਵਡ ਮਹੰਤ, ਉਚੇ ਟਿੱਲੇ ਪਰਬਤ ਨਜ਼ਰ ਕਿਸੇ ਨਾ ਆਇੰਦਾ । ਮੂਸਾ ਜਿਸ ਦੇ ਅੱਗੇ ਕੱਢੇ ਮਿੰਨਤ, ਨਿਉਂ ਨਿਉਂ ਸੀਸ ਝੁਕਾਇੰਦਾ । ਈਸਾ ਜਿਸ ਤੋਂ ਮੰਗੇ ਸੁਖ ਜੰਨਤ, ਸੋ ਸਾਹਿਬ ਫੇਰਾ ਪਾਇੰਦਾ । ਮੁਹੰਮਦ ਜਣਾਏ

ਜਿਸ ਦੀ ਉਮਤ, ਸੋ ਅਮਾਮ ਵੇਸ ਵਟਾਇੰਦਾ । ਜਿਸ ਨੂੰ ਨਾਨਕ ਗੋਬਿੰਦ ਕਿਹਾ ਬੇਅੰਤ, ਸੋ ਸਤਿਗੁਰ ਹੁਕਮੇ ਹੁਕਮ ਚਲਾਇੰਦਾ । ਜੁਗ ਚੌਕੜੀ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਵ ਨੌਂ ਚਾਰ, ਚਾਰ ਚਾਰ ਪੰਧ ਮੁਕਾਇੰਦਾ । ਖੜਗ ਖੰਡਾ ਤੇਜ ਕਟਾਰ, ਬ੍ਰਹਿਮੰਡਾਂ ਆਪ ਚਮਕਾਇੰਦਾ । ਪਾਏ ਵੰਡਾ ਅਗੰਮ ਅਪਾਰ, ਲੇਖਾ ਲੇਖ ਨਾ ਕੋਇ ਸਮਝਾਇੰਦਾ । ਕਾਗਦ ਕਲਮ ਸ਼ਾਹੀ ਲਿਖ ਲਿਖ ਗਈ ਹਾਰ, ਅੰਤਮ ਸਭ ਦਾ ਮੁਖ ਭੁਆਇੰਦਾ । ਰੋਵਣ ਨੇਤਰ ਜ਼ਾਰੋ ਜ਼ਾਰ, ਸਮੁੰਦ ਸਾਗਰ ਨੈਣ ਸ਼ਰਮਾਇੰਦਾ । ਬਨਾਸਪਤ ਕਹੇ ਮੈਂ ਹੋਈ ਖ਼ਵਾਰ, ਚੌਂਦਾ ਭਾਰ ਮੇਰਾ ਕੰਮ ਕਿਸੇ ਨਾ ਆਇੰਦਾ । ਤੂੰ ਸਿਫ਼ਤ ਸਾਲਾਹੋਂ ਵਸਿਆ ਬਾਹਰ, ਤੇਰਾ ਅੰਤ ਕੋਇ ਨਾ ਪਾਇੰਦਾ । ਕਰ ਕਿਰਪਾ ਦੇ ਦੀਦਾਰ, ਮੁਰੀਦ ਮੁਰਸ਼ਦ ਰਾਹ ਤਕਾਇੰਦਾ । ਸਾਚੇ ਸੰਤ ਕਰਨ ਪੁਕਾਰ, ਉਚੀ ਕੂਕ ਕੂਕ ਸੁਣਾਇੰਦਾ । ਭਗਤ ਮੰਗੇ ਧੂੜੀ ਛਾਰ, ਮਸਤਕ ਟਿੱਕਾ ਇਕੋ ਇਕ ਲਾਇੰਦਾ । ਗੁਰਮੁਖ ਗੁਰ ਗੁਰ ਕਰੇ ਪਿਆਰ, ਗੁਰਸਿਖ ਗੁਰ ਵਿਚ ਸਮਾਇੰਦਾ । ਗੁਰਸਿਖ ਰਾਹ ਤੱਕੇ ਮੀਤ ਮੁਰਾਰ, ਮਿੱਤਰ ਪਿਆਰਾ ਕਵਣ ਵੇਲਾ ਦਇਆ ਕਮਾਇੰਦਾ । ਸ੍ਰੀ ਭਗਵਾਨ ਵੇਖਣਹਾਰ, ਲੋਚਣ ਨੈਣ ਨਾ ਕੋਇ ਰਖਾਇੰਦਾ । ਸਚਖੰਡ ਨਿਵਾਸੀ ਪਾਵੇ ਸਾਰ, ਸ਼ਬਦ ਸਵਾਸੀ ਆਪ ਬਚਾਇੰਦਾ । ਅੰਦਰ ਮੰਦਰ ਕਰੇ ਗ਼ੁਫ਼ਤਾਰ, ਤਾਰ ਸਤਾਰ ਇਕ ਹਿਲਾਇੰਦਾ । ਨਿਜ ਨੇਤਰ ਦਏ ਦੀਦਾਰ, ਦੀਦ ਈਦ ਚੰਦ ਚੜ੍ਹਾਇੰਦਾ । ਚਾਰ ਵਰਨਾਂ ਕਰੇ ਪਿਆਰ, ਰਾਮਾ ਕ੍ਰਿਸ਼ਨਾ ਰੂਪ ਵਖਾਇੰਦਾ । ਮੁਕੰਦ ਮਨੋਹਰ ਲਖਮੀ ਨਰੈਣ ਰਾਮ ਰਮੱਯਾ ਹੋ ਤਿਆਰ, ਰਘਪਤ ਆਪਣਾ ਵੇਸ ਵਟਾਇੰਦਾ । ਹੱਕ ਹਕੀਕਤ ਲਾ ਸ਼ਰੀਕਤ ਵੇਖੇ ਵਿਗਸੇ ਵੇਖਣਹਾਰ, ਪਰਦਾਨਸ਼ੀਂ ਮੁਖ ਨਕਾਬ ਪਰਦਾ ਲਾਹਿੰਦਾ । ਖਾਣੀ ਬਾਣੀ ਜੀਵ ਪਰਾਣੀ ਬ੍ਰਹਮ ਗਿਆਨ ਸ਼ਬਦ ਨਿਸ਼ਾਨ, ਆਤਮ ਪਰਮਾਤਮ ਏਕਾ ਰਾਗ ਸੁਣਾਇੰਦਾ । ਆਦਿ ਜੁਗਾਦੀ ਸਚ ਕਹਾਣੀ, ਸੋ ਪੁਰਖ ਨਿਰੰਜਣ ਆਪ ਵਖਾਣੀ, ਹੰ ਬ੍ਰਹਮ ਦੇਵੇ ਪਦ ਨਿਰਬਾਣੀ, ਨਿਰਬਾਣ ਪਦ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਾਚੀ ਧਾਰ ਆਪ ਜਣਾਇੰਦਾ । ਸਾਚੀ ਧਾਰ ਸੋਹੰ ਢੋਲਾ, ਸੋ ਪੁਰਖ ਨਿਰੰਜਣ ਆਪ ਜਣਾਈਆ । ਚਾਰ ਵਰਨ ਦਾ ਬਣੇ ਵਚੋਲਾ, ਸਤਿਜੁਗ ਰਾਹ ਚਲਾਈਆ । ਬਜਰ ਕਪਾਟੀ ਲਾਹੇ ਉਹਲਾ, ਪਰਦਾ ਦੂਈ ਰਹਿਣ ਨਾ ਪਾਈਆ । ਦੂਰ ਵਸਿਆ ਦਿਸੇ ਕੋਲਾ, ਨੇਤਨ ਨੇਤ ਨਜ਼ਰੀ ਆਈਆ । ਕਾਇਆ ਬਦਲੀ ਕਰੇ ਚੋਲਾ, ਚੋਲੀ ਕਾਇਆ ਰੂਪ ਵਟਾਈਆ । ਪੰਜ ਤੱਤ ਨਾ ਪਾਏ ਰੌਲਾ, ਉਚੀ ਕੂਕ ਨਾ ਕੋਇ ਸੁਣਾਈਆ । ਆਤਮ ਪਰਮਾਤਮ ਆਪੇ ਮੌਲਾ, ਮਿਲ ਮਿਲ ਖ਼ੁਸ਼ੀ ਵਖਾਈਆ । ਪਰੇਮ ਪਿਆਰ ਦਏ ਝਕੋਲਾ, ਸੁਰਤੀ ਸ਼ਬਦ ਚੜ੍ਹਾਈਆ । ਨਿਰਗੁਣ ਸਰਗੁਣ ਚੁੱਕੇ ਡੋਲਾ, ਆਪਣੇ ਕੰਧ ਉਠਾਈਆ । ਪਿਛੇ ਰਹਿ ਜਾਏ ਕਲਜੁਗ ਗੋਲਾ, ਹਰਿ ਜੂ ਆਪਣਾ ਧੱਕਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਵਰਨ ਏਕਾ ਕਰੇ ਪੜ੍ਹਾਈਆ । ਚਾਰ ਵਰਨ ਏਕਾ ਅੱਖਰ ਪੜ੍ਹਨਾ, ਕਲਜੁਗ ਆਖ਼ਰ ਆਪ ਜਣਾਇੰਦਾ । ਕਾਇਆ ਮੰਦਰ ਅੰਦਰ ਵੜਨਾ, ਮਹੱਲ ਅਟੱਲ ਜਣਾਇੰਦਾ । ਆਤਮ ਪਰਮਾਤਮ ਪੌੜੇ ਚੜ੍ਹਨਾ, ਸੁਖਮਨ ਟੇਢੀ ਪਾਰ ਕਰਾਇੰਦਾ । ਈੜਾ ਪਿੰਗਲ ਆਪੇ ਡਰਨਾ, ਰਿਧ ਸਿਧ ਨਾ ਕੋਇ ਅਟਕਾਇੰਦਾ । ਅਨਹਦ ਨਾਦ ਅਨਾਦੀ ਸ਼ਬਦ ਸੁਣਨਾ ਕੰਨਾਂ, ਬਿਨ ਕੰਨਾਂ ਆਪ ਸੁਣਾਇੰਦਾ । ਮਨ ਮਨੂਆ ਨਾ ਫਿਰੇ ਭੰਨਾ, ਜਗਤ ਵਾਸਨਾ ਬੰਦ ਕਰਾਇੰਦਾ । ਆਤਮ ਜੋ ਹੋ ਕੇ ਬੈਠਾ ਅੰਨਾ, ਸਤਿਗੁਰ ਪੂਰਾ ਪਰਕਾਸ਼ ਕਰਾਇੰਦਾ । ਕਰੇ ਪਰਕਾਸ਼ ਕੋਟਨ ਸੂਰਜ ਚੰਨਾ, ਚੰਦ ਸੂਰਜ ਸਰਬ ਸ਼ਰਮਾਇੰਦਾ । ਜੋ ਮਾਲ

ਚਰਾਏ ਧੰਨਾ, ਸੋ ਸਤਿਗੁਰ ਸਿੰਘ ਬੂਝ ਘਰ ਫੇਰਾ ਪਾਇੰਦਾ । ਜਿਸ ਲੇਖੇ ਲਾਇਆ ਬਾਲ ਛੰਨਾ, ਸੰਸਾ ਰੋਗ ਸਰਬ ਮਿਟਾਇੰਦਾ । ਗ਼ਰੀਬ ਨਿਮਾਣਿਆਂ ਘਰ ਆਪੇ ਮੰਨਾਂ, ਸ਼ਾਹ ਸੁਲਤਾਨਾਂ ਖ਼ਾਕ ਮਿਲਾਇੰਦਾ । ਨਾਮਾ ਕਹੇ ਮੇਰਾ ਭਗਵਨਾ, ਸਿਰ ਮੇਰੇ ਹੱਥ ਟਿਕਾਇੰਦਾ । ਕਬੀਰ ਕਹੇ ਮੋਹੇ ਫੜਾਇਆ ਪਲਾ, ਪੱਲੂ ਆਪਣੀ ਗੰਢ ਪੁਆਇੰਦਾ । ਐਨਲ ਹੱਕ ਕਹੇ ਮੇਰਾ ਮਿਲੇ ਅੱਲਾ, ਆਲਮੀਨ ਨਜ਼ਰੀ ਆਇੰਦਾ । ਮਿਹਬਾਨ ਬੀਦੋ ਬੀ ਖ਼ੈਰ ਯਾ ਅੱਲਾ, ਇਲਾਹੀ ਨੂਰ ਆਪ ਪਰਗਟਾਇੰਦਾ । ਕਲਜੁਗ ਅੰਤਮ ਖੇਲ ਅਵੱਲਾ, ਵੇਦ ਕਤੇਬ ਭੇਵ ਨਾ ਆਇੰਦਾ । ਪਾਰਬ੍ਰਹਮ ਪਤਿਪਰਮੇਸ਼ਵਰ ਨਿਰਗੁਣ ਦਾਤਾ ਫਿਰੇ ਇਕ ਇਕੱਲਾ, ਜੋਤੀ ਜਾਤਾ ਵੇਸ ਵਟਾਇੰਦਾ । ਲੇਖਾ ਜਾਣੇ ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਉਚੇ ਟਿਲਾ, ਪਰਬਤ ਸਾਗਰ ਫੋਲ ਫੁਲਾਇੰਦਾ । ਦੋ ਜਹਾਨ ਜ਼ਿਮੀਂ ਅਸਮਾਨ ਸ਼ਬਦ ਹਲੂਣੇ ਹਿੱਲਾ, ਗੁਰ ਅਵਤਾਰ ਪੀਰ ਪੈਗ਼ੰਬਰ ਵਿਸ਼ਨ ਬ੍ਰਹਮਾ ਸ਼ਿਵ ਅੱਖ ਖੁਲ੍ਹਾਇੰਦਾ । ਗੋਬਿੰਦ ਹੱਥ ਵਿਚ ਫੜਿਆ ਚਿਲਾ, ਨਾਮ ਕਮਾਨ ਇਕ ਉਠਾਇੰਦਾ । ਸਭ ਦਾ ਅੰਗਣ ਹੋ ਗਿਆ ਢਿੱਲਾ, ਕੰਗਣ ਹੱਥ ਨਾ ਕੋਇ ਛਣਕਾਇੰਦਾ । ਅੰਤਮ ਨੇਤਰ ਰੋਵੇ ਬੂਰਾ ਕੱਕਾ ਬਿਲਾ, ਰੂਸਾ ਚੀਨਾ ਸੰਗ ਨਾ ਕੋਇ ਰਖਾਇੰਦਾ । ਨਵ ਨੌਂ ਹੋਏ ਫ਼ਨਾਹ ਫਿਲਾ, ਫ਼ਿਕਰ ਘਰ ਘਰ ਆਪੇ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਵ ਨੌਂ ਚਾਰ ਖੇਲ ਅਪਾਰ, ਲੇਖਾ ਜਾਣ ਗੁਰੂ ਗੁਰ ਅਵਤਾਰ, ਪੀਰ ਪੈਗ਼ੰਬਰ ਵੇਖ ਵਿਚਾਰ, ਧਾਰ ਸ਼ਬਦ ਸ਼ਬਦ ਧਾਰ ਇਕੋ ਰਾਹ ਵਖਾਇੰਦਾ ।

## ❇ ੨੦ ਮੱਘਰ ੨੦੧੯ ਬਿਕਰਮੀ ਮੁਨਸ਼ਾ ਸਿੰਘ ਦੇ ਗ੍ਰਹਿ ਨੌਸ਼ਹਿਰਾ ਜ਼ਿਲਾ ਗੁਰਦਾਸਪੁਰ ❇

ਆਦਿ ਸ਼ਬਦ ਕਹੇ ਮੈਂ ਤੇਰਾ ਸੁਤ, ਸੁਤ ਦੁਲਾਰਾ ਨਾਉਂ ਰਖਾਇੰਦਾ । ਵੇਖ ਖੇਲ ਅਬਿਨਾਸ਼ੀ ਅਚੁਤ, ਤੇਰਾ ਹੁਕਮ ਮਨਾਇੰਦਾ । ਸਾਹਿਬ ਸੁਹੌਣੀ ਮੇਰੀ ਰੁੱਤ, ਦੋਏ ਜੋੜ ਵਾਸਤਾ ਪਾਇੰਦਾ । ਸਚਖੰਡ ਦੁਆਰਿਉਂ ਵੇਖ ਉਠ, ਦਰਵੇਸ਼ ਇਕੋ ਮੰਗ ਮੰਗਾਇੰਦਾ । ਨਾ ਕੋਈ ਕਾਇਆ ਨਾ ਕੋਈ ਬੁੱਤ, ਪੰਜ ਤੱਤ ਨਾ ਕੋਇ ਰਖਾਇੰਦਾ । ਨਾਉਂ ਨਗਾਰਾ ਤੇਰੇ ਚੋਟ, ਦੂਜਾ ਰੂਪ ਨਾ ਕੋਇ ਜਣਾਇੰਦਾ । ਤੇਰਾ ਪਰਕਾਸ਼ ਨਿਰਮਲ ਜੋਤ, ਨੂਰ ਨੁਰਾਨਾ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਇੰਦਾ । ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਆਪਣੀ ਦਇਆ ਕਮਾਈਆ । ਸ਼ਬਦ ਸੁਤ ਸੁਤ ਬਲਵਾਨ, ਬਲ ਤੇਰੇ ਹੱਥ ਵਖਾਈਆ । ਦੋ ਜਹਾਨਾਂ ਤੇਰੀ ਆਣ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਤੇਰੇ ਹੁਕਮ ਫਿਰਾਈਆ । ਵਿਸ਼ਨ ਬ੍ਰਹਮਾ ਸ਼ਿਵ ਸੀਸ ਝੁਕਾਣ, ਸਿਰ ਸਕੇ ਨਾ ਕੋਇ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੇ ਦੇ ਦਾਨ, ਤੇਰਾ ਹੱਟ ਚਲਾਈਆ । ਜੁਗ ਚੌਕੜੀ ਖੇਲ ਮਹਾਨ, ਹਰਿ ਕਰਤਾ ਆਪ ਕਰਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਵ ਨੌਂ ਚਾਰ ਵੇਖਿਆ ਆਣ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸਾ ਇਕ ਸੁਣਾਈਆ । ਸਚ ਸੰਦੇਸਾ ਛੋਟੇ ਬਾਲ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਸੁਤ ਦੁਲਾਰੇ ਸੱਚੇ ਲਾਲ, ਤੇਰਾ ਗੋਬਿੰਦ ਰੰਗ ਰੰਗਾਇੰਦਾ । ਥਿਰ ਘਰ ਤੇਰੀ ਧਰਮਸਾਲ, ਧਰਮ ਦੁਆਰਾ ਇਕ ਬਣਾਇੰਦਾ । ਨਾ ਕੋਈ ਸ਼ਾਹ ਨਾ

ਕੰਗਾਲ, ਸ਼ਹਿਨਸ਼ਾਹ ਇਕੋ ਨਜ਼ਰੀ ਆਇੰਦਾ । ਇਕੋ ਸ਼ਬਦ ਇਕੋ ਤਾਲ, ਇਕੋ ਰਾਗ ਨਾਦ ਸੁਣਾਇੰਦਾ । ਇਕੋ ਵੇਖੇ ਵੇਖਣਹਾਰ ਬੇਮਿਸਾਲ, ਸਾਚੀ ਮਿਸਲ ਆਪ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਬਣਾਏ ਸਾਚਾ ਮੁਰਸ਼ਦ, ਪੀਰ ਪੈਗ਼ੰਬਰ ਮੁਰੀਦ ਰੂਪ ਵਟਾਇੰਦਾ । ਮੁਰਸ਼ਦ ਬਣਿਆ ਬੇਪਰਵਾਹ, ਮੁਰਦਾ ਰੂਪ ਨਾ ਕਦੇ ਵਖਾਈਆ । ਤੁਰਦਾ ਫਿਰਦਾ ਨਾ ਕਰੇ ਗੁਨਾਹ, ਉਠਦਾ ਬਹਿੰਦਾ ਨਜ਼ਰ ਕਿਸੇ ਨਾ ਆਈਆ । ਪੀਰ ਪੈਗ਼ੰਬਰਾਂ ਦੇਵਣਹਾਰ ਪਨਾਹ, ਸਿਰ ਆਪਣਾ ਹੱਥ ਟਿਕਾਈਆ । ਰਹਿਬਰ ਬਣੇ ਵਿਚ ਜਹਾਨ, ਦੋ ਜਹਾਨਾਂ ਵਾਲੀ ਬੇਪਰਵਾਹੀਆ । ਨਾਉਂ ਨਿਰੰਕਾਰਾ ਦਏ ਦ੍ਰਿੜ੍ਹਾ, ਇਸ਼ਟ ਦ੍ਰਿਸ਼ਟ ਦਏ ਖੁਲ੍ਹਾਈਆ । ਜੁਗ ਚੌਕੜੀ ਮਾਰਗ ਲਾ, ਗੁਰ ਅਵਤਾਰ ਧੰਦੇ ਲਾਈਆ । ਸਬਕ ਅਗੰਮੀ ਆਪ ਪੜ੍ਹਾ, ਨਿਰਗੁਣ ਸਰਗੁਣ ਕਰੇ ਪੜ੍ਹਾਈਆ । ਸਾਚੀ ਵੰਨੀ ਲਏ ਪਰਨਾ, ਹਰਿ ਕੰਤ ਕੰਤਹੂਲ ਸੱਚਾ ਸ਼ਹਿਨਸ਼ਾਹੀਆ । ਆਪਣੀ ਕੰਨੀ ਲਏ ਬੰਧਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਤੇਰੀ ਵੰਡ ਵੰਡਾਈਆ । ਸ਼ਬਦ ਸੁਤ ਵਡ ਬਲਕਾਰੇ, ਬਲ ਹਰਿ ਜੂ ਆਪ ਜਣਾਇੰਦਾ । ਆਦਿ ਜੁਗਾਦਿ ਤੇਰੇ ਖੇਲ ਨਿਆਰੇ, ਤੇਰਾ ਅੰਤ ਕੋਇ ਨਾ ਪਾਇੰਦਾ । ਗੁਰ ਅਵਤਾਰ ਬਣ ਪਨਿਹਾਰੇ, ਦਰ ਤੇਰੇ ਸੇਵ ਕਮਾਇੰਦਾ । ਅੰਦਰ ਬਾਹਰ ਗੁਪਤ ਜ਼ਾਹਰ ਲਾਵਣ ਤੇਰੇ ਨਾਅਰੇ, ਰਸਨਾ ਜਿਹਵਾ ਸਰਬ ਗਾਇੰਦਾ । ਖੰਡ ਬ੍ਰਹਿਮੰਡ ਲੋਕ ਪਰਲੋਕ ਜੀਵ ਜੰਤ ਲੱਖ ਚੁਰਾਸੀ ਤੇਰੇ ਸਹਾਰੇ, ਤੁਧ ਬਿਨ ਜੀਵਣ ਮਰਨ ਨਾ ਕੋਇ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਆਪ ਵਡਿਆਇੰਦਾ । ਸਾਚੇ ਸੁਤ ਤੇਰੇ ਹੱਥ ਵਡਿਆਈ, ਹਰਿ ਸਤਿਗੁਰ ਆਪ ਫੜਾਈਆ । ਨਿਰਗੁਣ ਸਰਗੁਣ ਕਰ ਕੁੜਮਾਈ, ਲੱਖ ਚੁਰਾਸੀ ਬੰਧਨ ਪਾਈਆ । ਸਚ ਸੰਦੇਸਾ ਲੋਕ ਪਰਲੋਕ ਸੁਣਾਈ, ਬ੍ਰਹਿਮੰਡ ਖੰਡ ਵੱਜੇ ਵਧਾਈਆ । ਇਕੋ ਓਟ ਹਰਿ ਸਰਨਾਈ, ਦੂਜਾ ਇਸ਼ਟ ਨਾ ਕੋਇ ਮਨਾਈਆ । ਜਿਸ ਨੂਰ ਗੁਰ ਅਵਤਾਰ ਪੀਰ ਪੈਗ਼ੰਬਰ ਰਹੇ ਧਿਆਈ, ਸੋ ਸਭ ਦਾ ਪਿਤਾ ਮਾਈਆ । ਜੁਗ ਚੌਕੜੀ ਤੇਰੇ ਹੱਥ ਫੜਾਈ, ਫੜ ਬਾਹੋਂ ਅੱਗੇ ਲਾਈਆ । ਜਿਉਂ ਭਾਵੇਂ ਤਿਉਂ ਲੈਣਾ ਚਲਾਈ, ਅੱਗੇ ਹੋ ਨਾ ਕੋਇ ਅਟਕਾਈਆ । ਸੁਤ ਦੁਲਾਰੇ ਖ਼ੁਸ਼ੀ ਮਨਾਈ, ਘਰ ਸਾਚੇ ਵੱਜੀ ਵਧਾਈਆ । ਮੈਂ ਕਲਜੁਗ ਅੰਤਮ ਵੇਖਾਂ ਚਾਈਂ ਚਾਈਂ, ਚਾਉ ਘਨੇਰਾ ਇਕ ਵਧਾਈਆ । ਭੱਜਾ ਫਿਰਾਂ ਬਿਨ ਲੱਤਾਂ ਬਾਂਹੀਂ, ਹੱਥ ਪੈਰ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦੀ ਸ਼ਬਦ ਦਏ ਜਣਾਈਆ । ਸ਼ਬਦ ਸੂਰਾ ਇਕੋ ਨੱਚੇ, ਆਪਣਾ ਤਾਲ ਵਜਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਹਰਿ ਜੂ ਭਾਂਡੇ ਦਿਤੇ ਕੱਚੇ, ਜੋ ਘੜਿਆ ਭੰਨ ਵਖਾਇੰਦਾ । ਅੰਤਮ ਮੈਨੂੰ ਕਿਹਾ ਉਠ ਲਾਡਲੇ ਬੱਚੇ, ਤੇਰੀ ਸਾਚੀ ਸੇਵ ਲਗਾਇੰਦਾ । ਪ੍ਰਭ ਦੇ ਹੁਕਮ ਮੈਨੂੰ ਲੱਗੇ ਚੰਗੇ, ਚੰਗੀ ਤਰਾਂ ਆਪਣੇ ਵਿਚ ਛੁਪਾਇੰਦਾ । ਲੋਕਮਾਤ ਲੱਖ ਚੁਰਾਸੀ ਵਿਚੋਂ ਵੇਖਾਂ ਮਾੜੇ ਚੰਗੇ, ਘਰ ਘਰ ਫੇਰਾ ਪਾਇੰਦਾ । ਜਿਸ ਨੇ ਛੱਡੀ ਪੁਰੀ ਅਨੰਦੇ, ਅਨੰਦ ਉਸ ਨੂੰ ਇਕ ਵਖਾਇੰਦਾ । ਆਪ ਚੁੱਕ ਕੇ ਆਪਣੇ ਕੰਧੇ, ਲੋਕਮਾਤ ਪੁਚਾਇੰਦਾ । ਦੋ ਜਹਾਨਾਂ ਵੇਖੇ ਧੰਦੇ, ਧਰਤ ਧਵਲ ਦਇਆ ਕਮਾਇੰਦਾ । ਸਾਹਿਬ ਦਿਆਲ ਠਾਕਰ ਸਵਾਮੀ ਪੁਰਖ ਅਕਾਲ ਜਿਸ ਦੀ ਮੰਨੇ, ਸੋ ਭੈ ਕਿਉਂ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦੀ ਗੁਰ ਡੰਕ ਵਜਾਇੰਦਾ । ਸ਼ਬਦ ਕਹੇ ਮੈਂ ਜਾਵਾਂਗਾ, ਨਿਰਗੁਣ ਨਿਰਗੁਣ ਲੈ ਅਵਤਾਰ । ਪੁਰਖ ਅਕਾਲ ਨਾਲ ਲਿਆਵਾਂਗਾ, ਕਰਾਂ ਖੇਲ ਅਗੰਮ

੨੮੧
੧੩

ਅਪਾਰ । ਗੋਬਿੰਦ ਡੰਕਾ ਇਕ ਵਜਾਵਾਂਗਾ, ਦੋ ਜਹਾਨਾਂ ਕਰੇ ਖ਼ਬਰਦਾਰ । ਰਾਉ ਰੰਕਾਂ ਆਪ ਉਠਾਵਾਂਗਾ, ਸਚ ਸੁਨੇਹੁੜਾ ਦਿਆਂ ਏਕਾ ਵਾਰ । ਜੋ ਘੜਿਆ ਭੰਨ ਵਖਾਵਾਂਗਾ, ਪ੍ਰਭ ਲਾਈ ਸੱਚੀ ਕਾਰ । ਦੋ ਜਹਾਨਾਂ ਆਪਣਾ ਹੁਕਮ ਮਨਾਵਾਂਗਾ, ਮੈਂ ਹੋਇਆ ਵਡ ਬਲਕਾਰ । ਗੁਰ ਅਵਤਾਰ ਪੀਰ ਪੈਗ਼ੰਬਰ ਫੜ ਫੜ ਚਰਨੀਂ ਲਾਵਾਂਗਾ, ਸਚ ਸੰਦੇਸਾ ਦੇਵਾਂ ਏਕਾ ਵਾਰ । ਜੋ ਅੜਿਆ ਭੰਨ ਵਖਾਵਾਂਗਾ, ਸੁੱਟਾਂ ਮੂੰਹ ਦੇ ਭਾਰ । ਡੰਕਾ ਇਕੋ ਨਾਮ ਵਜਾਵਾਂਗਾ, ਜੈ ਜੈਕਾਰ ਕਰੇ ਕਰਤਾਰ । ਸਾਚਾ ਢੋਲਾ ਇਕੋ ਗਾਵਾਂਗਾ, ਜਿਸ ਦੀ ਕੋਇ ਨਾ ਪਾਏ ਸਾਰ । ਵਿਸ਼ਨ ਬ੍ਰਹਮਾ ਸ਼ਿਵ ਨਾਚ ਨਚਾਵਾਂਗਾ, ਉਂਗਲੀਆਂ ਨਾਲ ਕਰ ਇਸ਼ਾਰ । ਅੰਤਮ ਸਭ ਨੂੰ ਫੜ ਕੇ ਤਖ਼ਤੋਂ ਲਾਹਵਾਂਗਾ, ਕੋਈ ਰਹੇ ਨਾ ਸਿਕਦਾਰ । ਦੋ ਜਹਾਨਾਂ ਇਕੋ ਰਾਹ ਚਲਾਵਾਂਗਾ, ਸ਼ਾਹ ਪਾਤਸ਼ਾਹ ਹੋ ਤਿਆਰ । ਪ੍ਰਭ ਸੱਚੇ ਦਾ ਸੱਚਾ ਸੁਤ ਫੇਰ ਅਖਵਾਵਾਂਗਾ, ਕੂੜੀ ਕਿਰਿਆ ਕਰ ਖ਼ੁਆਰ । ਬਿਨ ਖੰਡਿਉਂ ਸਭ ਨੂੰ ਮਾਰ ਮੁਕਾਵਾਂਗਾ, ਕੋਈ ਰਹੇ ਨਾ ਮੂਰਖ ਮੁਗਧ ਗਵਾਰ । ਸਾਚੀ ਉਤਪਤ ਫੇਰ ਕਰਾਵਾਂਗਾ, ਗੁਰਮੁਖ ਖਿੜੀ ਸੱਚੀ ਗੁਲਜ਼ਾਰ । ਪੱਤ ਡਾਲੀ ਆਪ ਮਹਿਕਾਵਾਂਗਾ, ਗੁਲਸ਼ਨ ਵੇਖ ਸਚ ਬਹਾਰ । ਸਚ ਭਵਰਾ ਇਕ ਬਣਾਵਾਂਗਾ, ਸੋਹੰ ਰੂਪ ਆਪ ਨਿਰੰਕਾਰ । ਏਕਾ ਦੂਜਾ ਭੇਵ ਮਿਟਾਵਾਂਗਾ, ਦੂਈ ਦਵੈਤ ਪਰਦਾ ਉਤਾਰ । ਜਿਧਰ ਕੋਈ ਵੇਖੇ ਓਧਰ ਨਜ਼ਰੀ ਆਵਾਂਗਾ । ਹਰ ਘਟ ਵਸੇ ਏਕੰਕਾਰ । ਫਿਰ ਬਹਿ ਕੇ ਸ਼ੁਕਰ ਮਨਾਵਾਂਗਾ, ਖ਼ੁਸ਼ੀ ਹੋਇਆ ਮੇਰਾ ਗੁਰਸਿਖ ਸਰਦਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਫੇਰ ਅਖਵਾਵਾਂਗਾ, ਜਿਸ ਵੇਲੇ ਦੋ ਜਹਾਨ ਕਰਨ ਨਿਮਸਕਾਰ ।



੨੮੨
੧੩

## ❇੨੦ ਮੱਘਰ ੨੦੧੯ ਬਿਕਰਮੀ ਉਜਾਗਰ ਸਿੰਘ ਦੇ ਗ੍ਰਿਹ ਪਿੰਡ ਚੇਬੇ ❇

ਸੋ ਪੁਰਖ ਨਿਰੰਜਣ ਵਡ ਮਿਹਰਵਾਨ, ਸਤਿ ਸਤਿਵਾਦੀ ਖੇਲ ਕਰਾਇੰਦਾ । ਹਰਿ ਪੁਰਖ ਨਿਰੰਜਣ ਸ਼ਾਹ ਸੁਲਤਾਨ, ਸ਼ਹਿਨਸ਼ਾਹ ਆਪਣਾ ਹੁਕਮ ਮਨਾਇੰਦਾ । ਏਕੰਕਾਰਾ ਵਡ ਬਲਵਾਨ, ਰੂਪ ਰੰਗ ਰੇਖ ਨਾ ਕੋਇ ਰਖਾਇੰਦਾ । ਆਦਿ ਨਿਰੰਜਣ ਨੂਰ ਮਹਾਨ, ਜੋਤੀ ਜਾਤਾ ਡਗਮਗਾਇੰਦਾ । ਅਬਿਨਾਸ਼ੀ ਕਰਤਾ ਵਾਲੀ ਦੋ ਜਹਾਨ, ਅਲੱਖ ਅਗੋਚਰ ਅਗੰਮ ਅਥਾਹ ਬੇਪਰਵਾਹ ਅਖਵਾਇੰਦਾ । ਸ੍ਰੀ ਭਗਵਾਨ ਸਤਿ ਨਿਸ਼ਾਨ, ਰਾਜ ਰਾਜਾਨ ਆਪ ਝੁਲਾਇੰਦਾ । ਪਾਰਬ੍ਰਹਮ ਪ੍ਰਭ ਹੋ ਪਰਧਾਨ, ਸਚ ਪਰਧਾਨਗੀ ਆਪ ਕਮਾਇੰਦਾ । ਨੂਰ ਇਲਾਹੀ ਸਚ ਮੁਕਾਮ, ਮੁਕਾਮੇ ਹੱਕ ਡੇਰਾ ਲਾਇੰਦਾ । ਬੇਐਬ ਖ਼ੁਦਾਈ ਦੀਨ ਦਿਆਲ, ਨੂਰੀ ਜਲਵਾ ਨੂਰ ਉਪਾਇੰਦਾ । ਦਰਗਾਹ ਸਾਚੀ ਖੇਲ ਮਹਾਨ, ਹਰਿ ਖ਼ਾਲਕ ਆਪ ਕਰਾਇੰਦਾ । ਰਾਮ ਰਮੱਯਾ ਮਿਹਰਵਾਨ, ਨਜ਼ਰ ਕਿਸੇ ਨਾ ਆਇੰਦਾ । ਆਪਣੀ ਇਛਿਆ ਕਰ ਪਰਧਾਨ, ਸਚਖੰਡ ਦੁਆਰਾ ਆਪ ਬਣਾਇੰਦਾ । ਸਾਚੇ ਤਖ਼ਤ ਹੁਕਮਰਾਨ, ਧੁਰ ਦੀ ਧਾਰ ਆਪ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਅਬਿਨਾਸ਼ੀ ਕਰਤਾ ਨਿਰਗੁਣ ਨਿਰਵੈਰ ਆਪਣਾ ਖੇਲ ਕਰਾਇੰਦਾ । ਨਿਰਗੁਣ ਨਿਰਵੈਰ ਪੁਰਖ ਅਕਾਲ, ਹਰਿ ਵਡਾ ਵਡ ਵਡਿਆਈਆ । ਨੂਰੀ ਜਲਵਾ ਸਤਿ ਜਲਾਲ, ਜ਼ਹੂਰ ਇਕ ਰੁਸ਼ਨਾਈਆ । ਸਚਖੰਡ ਵਸਣਹਾਰ ਸਚ ਸੱਚੀ ਧਰਮਸਾਲ, ਚਾਰ ਦੀਵਾਰ ਨਾ ਕੋਇ ਬਣਾਈਆ । ਇਕ ਇਕੱਲਾ ਏਕੰਕਾਰ, ਅਕਲ ਕਲ ਧਾਰੀ ਆਸਣ ਲਾਈਆ । ਸਾਚੀ ਕਰਨੀ ਕਰ ਤਿਆਰ, ਕਰਤਾ ਪੁਰਖ ਆਪਣਾ ਖੇਲ ਕਰਾਈਆ । ਥਿਰ ਘਰ ਦੁਆਰਾ ਖੋਲ੍ਹ ਕਵਾੜ, ਸ਼ਬਦੀ ਸੁਤ ਦਏ ਵਡਿਆਈਆ ।

ਸ਼ਬਦੀ ਸੁਤ ਕਰ ਪਿਆਰ, ਵਿਸ਼ਨੂੰ ਰੂਪ ਵਟਾਈਆ । ਵਿਸ਼ਨੂੰ ਅੰਦਰ ਅੰਮ੍ਰਿਤ ਧਾਰ, ਰਸ ਰਸੀਆ ਇਕ ਵਖਾਈਆ । ਰਸ ਸਾਚਾ ਕਵਲ ਕਰ ਉਜਿਆਰ, ਜਲਵਾ ਨੂਰ ਨੂਰ ਰੁਸ਼ਨਾਈਆ । ਨੂਰੀ ਜਲਵਾ ਕਰ ਉਜਿਆਰ, ਬ੍ਰਹਮਾ ਲਏ ਪਰਗਟਾਈਆ । ਲੇਖਾ ਜਾਣੇ ਧੁਆਂਧਾਰ, ਸੁੰਨ ਅਗੰਮ ਸਮਾਈਆ । ਕਰੇ ਖੇਲ ਅਪਰ ਅਪਾਰ, ਸ਼ੰਕਰ ਮੀਤਾ ਠਾਂਡਾ ਸੀਤਾ, ਭੋਲੇ ਨਾਥ ਦਏ ਵਡਿਆਈਆ । ਸਚ ਸੰਦੇਸਾ ਜਣਾਏ ਸਾਚੀ ਰੀਤਾ, ਸਾਚੀ ਸਿਖਿਆ ਕਰੇ ਪੜ੍ਹਾਈਆ । ਸ੍ਰੀ ਭਗਵਾਨ ਖੇਲ ਅਨਡੀਠਾ, ਅਨਡਿਠੜੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਹਰਿ ਕਰਤਾਰਾ, ਆਦਿ ਆਦਿ ਕਰਾਇੰਦਾ । ਨਿਰਗੁਣ ਨਿਰਗੁਣ ਹੋ ਉਜਿਆਰਾ, ਨੂਰੋ ਨੂਰ ਡਗਮਗਾਇੰਦਾ । ਸਚਖੰਡ ਨਿਵਾਸੀ ਸਚਖੰਡ ਖੋਲ੍ਹ ਦੁਆਰਾ, ਥਿਰ ਘਰ ਆਪਣਾ ਬੰਕ ਸੁਹਾਇੰਦਾ । ਪੂਤ ਸਪੂਤਾ ਸੁਤ ਦੁਲਾਰਾ, ਹਰਿ ਸ਼ਬਦੀ ਨਾਉਂ ਵਡਿਆਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰ ਉਜਿਆਰਾ, ਤ੍ਰੈਗੁਣ ਅਤੀਤਾ ਆਪਣਾ ਮੇਲ ਮਿਲਾਇੰਦਾ । ਪੰਜ ਤੱਤ ਕਰ ਤਿਆਰਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਜੋੜ ਜੁੜਾਇੰਦਾ । ਰਜੋ ਤਮੋ ਸਤੋ ਪਸਾਰਾ, ਏਕਾ ਰੰਗ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣੀ ਰਚਨਾ ਆਪ ਰਚਾਇੰਦਾ । ਆਪਣੀ ਰਚਨਾ ਪਾਰਬ੍ਰਹਮ, ਹਰਿ ਆਪੇ ਆਪ ਰਚਾਈਆ । ਲੇਖਾ ਜਾਣੇ ਖੇਲ ਅਗੰਮ, ਭੇਵ ਕੋਇ ਨਾ ਪਾਈਆ । ਕਰਨੀ ਕਰਤਾ ਕਰੇ ਕੰਮ, ਕਰਤਾ ਪੁਰਖ ਵਡ ਵਡਿਆਈਆ । ਮਾਤ ਪਿਤ ਬਿਨ ਕੁਖੋਂ ਪਏ ਜੰਮ, ਅਸੁਤੇ ਪਰਕਾਸ਼ ਕਰੇ ਰੁਸ਼ਨਾਈਆ । ਸ਼ਾਹੋ ਭੂਪ ਰਾਜ ਰਾਜਾਨ ਸਤਿ ਸੁਲਤਾਨ ਮਿਹਰਵਾਨ ਆਪਣਾ ਬੇੜਾ ਆਪੇ ਬੰਨ੍ਹ, ਨਿਰਗੁਣ ਆਪੇ ਰਿਹਾ ਚਲਾਈਆ । ਆਪੇ ਜਨਨੀ ਆਪੇ ਜਨ, ਧੰਨ ਜਣੇਂਦੀ ਆਪੇ ਮਾਈਆ । ਆਪੇ ਵਿਸ਼ਨ ਬ੍ਰਹਮਾ ਸ਼ਿਵ ਖੇਲ ਕਰੇ ਸ੍ਰੀ ਭਗਵਨ, ਦੂਜਾ ਸੰਗ ਨਾ ਕੋਇ ਰਖਾਈਆ । ਆਪੇ ਦੇਵੇ ਸਾਚਾ ਧੰਨ, ਵਿਸ਼ਨ ਭੰਡਾਰ ਇਕ ਭਰਾਈਆ । ਆਪੇ ਬ੍ਰਹਮੇ ਰਾਗ ਸੁਣਾਏ ਸਾਚਾ ਕੰਨ, ਭੇਵ ਅਭੇਦ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਤ੍ਰੈ ਤ੍ਰੈ ਹੋਏ ਇਕੋ ਦਾਤਾ, ਵੇਖਣਹਾਰਾ ਖੇਲ ਤਮਾਸ਼ਾ, ਆਪਣੀ ਇਛਿਆ ਸਚ ਤਰਸੂਲ ਭੋਲੇ ਨਾਥ ਫੜਾਈਆ । ਸਚ ਹੱਥ ਦੇ ਤਰਸੂਲ, ਤ੍ਰੈਗੁਣ ਅਤੀਤਾ ਖੇਲ ਕਰਾਇੰਦਾ । ਆਦਿ ਬਣਾਇਆ ਆਪ ਅਸੂਲ, ਅਸਲੀਅਤ ਆਪਣੇ ਵਿਚ ਰਖਾਇੰਦਾ । ਆਪਣਾ ਹੁਕਮ ਦੇਵੇ ਮਾਕੂਲ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਆਦਿ ਅੰਤ ਨਾ ਜਾਣਾ ਭੂਲ, ਜੁਗ ਜੁਗ ਸੇਵ ਲਗਾਇੰਦਾ । ਬਰਸਣਹਾਰਾ ਸਾਚੇ ਫੂਲ, ਹਰਿ ਬਰਖਾ ਇਕ ਬਰਸਾਇੰਦਾ । ਸਚ ਪੰਘੂੜਾ ਲੈਣਾ ਝੂਲ, ਨਾਮ ਹੁਲਾਰਾ ਇਕ ਵਖਾਇੰਦਾ । ਮੇਲ ਮਿਲਾਵਾ ਕੰਤ ਕੰਤੂਹਲ, ਹਰੀ ਹਰਿ ਇਕੋ ਨਜ਼ਰੀ ਆਇੰਦਾ । ਮਸਤਕ ਟਿੱਕਾ ਦੇਵੇ ਧੂਲ, ਧੂੜੀ ਟਿੱਕਾ ਮਸਤਕ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵਸਤ ਦੇਵੇ ਦਸਤ, ਬਦਸਤ ਆਪਣੀ ਦਇਆ ਆਪ ਕਮਾਇੰਦਾ । ਕਰੇ ਖੇਲ ਬੇਪਰਵਾਹ, ਪਰਦਾ ਆਪਣਾ ਦਏ ਉਠਾਈਆ । ਤਿੰਨਾਂ ਦੇਵੇ ਇਕ ਸਲਾਹ, ਸਾਚੇ ਮਾਰਗ ਲਾਈਆ । ਲੱਖ ਚੁਰਾਸੀ ਘਾੜਤ ਲਏ ਘੜਾ, ਘੜ ਘੜ ਵੇਖੇ ਥਾਉਂ ਥਾਈਂਆ । ਵਿਸ਼ਨ ਬ੍ਰਹਮਾ ਸ਼ਿਵ ਬੈਠੇ ਸੀਸ ਝੁਕਾ, ਪ੍ਰਭ ਚਰਨ ਧਿਆਨ ਲਗਾਈਆ । ਤੁਧ ਬਿਨ ਨਾ ਕੋਇ ਸਹਾ, ਖ਼ਾਲੀ ਹੱਥ ਰਹੇ ਵਖਾਈਆ । ਪੁਰਖ ਅਬਿਨਾਸ਼ੀ ਮਿਹਰਵਾਨ ਮਿਹਰ ਨਿਗਹ ਉਠਾ, ਆਪਣਾ ਗੁਣ ਦਏ ਜਣਾਈਆ । ਸਾਚਾ ਸੰਗ ਦਏ ਵਖਾ, ਸਤੋ ਰਜੋ ਤਮੋ ਬੰਧਨ ਪਾਈਆ । ਜੋਤੀ ਜੋਤ ਸਰੂਪ


੨੮੩
੧੩

ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਫ਼ਰਮਾਣਾ ਇਕ ਸੁਣਾਈਆ । ਧੁਰ ਫ਼ਰਮਾਣਾ ਤ੍ਰੈਗੁਣ ਅਤੀਤਾ, ਠਾਂਡਾ ਸੀਤਾ ਆਪ ਸੁਣਾਇੰਦਾ । ਬੈਠਾ ਰਹੇ ਧਾਮ ਅਨਡੀਠਾ, ਨਜ਼ਰ ਕਿਸੇ ਨਾ ਆਇੰਦਾ । ਵਿਸ਼ਨ ਬ੍ਰਹਮਾ ਸ਼ਿਵ ਸ਼ਬਦੀ ਧਾਰ ਚਲੇ ਰੀਤਾ, ਅਨਭਵ ਪਰਕਾਸ਼ ਕਰਾਇੰਦਾ । ਲੱਖ ਚੁਰਾਸੀ ਬਣਨਾ ਮੀਤਾ, ਮਿੱਤਰ ਪਿਆਰਾ ਦਇਆ ਕਮਾਇੰਦਾ । ਪੰਜ ਤੱਤ ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਬਣਾਏ ਬਗ਼ੀਚਾ, ਫੁੱਲ ਫਲਵਾੜੀ ਆਪ ਮਹਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸਾ ਨਰ ਨਰੇਸ਼ਾ ਪੁਰਖ ਅਕਾਲ ਦੀਨ ਦਿਆਲਾ, ਪਾਰਬ੍ਰਹਮ ਪ੍ਰਭ ਆਪਣਾ ਰਾਹ ਵਖਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਸੁਣ ਸੰਦੇਸ਼, ਪ੍ਰਭ ਅੱਗੇ ਸੀਸ ਝੁਕਾਈਆ । ਸ਼ਹਿਨਸ਼ਾਹ ਤੂੰ ਸਚ ਨਰੇਸ਼, ਬੇਅੰਤ ਤੇਰੀ ਵਡਿਆਈਆ । ਆਦਿ ਜੁਗਾਦਿ ਰਹੇਂ ਹਮੇਸ਼, ਨਾ ਮਰੇ ਨਾ ਜਾਈਆ । ਸਤਿ ਭੂਮਿਕਾ ਤੇਰਾ ਦੇਸ, ਸੂਰਜ ਚੰਦ ਨਾ ਕੋਇ ਰੁਸ਼ਨਾਈਆ । ਬਿਨ ਨੇਤਰਾਂ ਰਿਹੋਂ ਵੇਖ, ਬਿਨ ਕੰਨਾਂ ਰਾਗ ਅਲਾਈਆ । ਸਦ ਰੱਖੇਂ ਸਾਇਆ ਹੇਠ, ਤੇਰੀ ਇਕੋ ਓਟ ਤਕਾਈਆ । ਪੁਰਖ ਅਬਿਨਾਸ਼ੀ ਕਰੇ ਹੇਤ, ਹਿਤਕਾਰੀ ਵੇਖ ਵਖਾਈਆ । ਨੇਤਰ ਲੋਚਣ ਨੈਣ ਲੈਣਾ ਪੇਖ, ਪੇਖਤ ਆਪਣਾ ਰੰਗ ਚੜ੍ਹਾਈਆ । ਨਿਰਗੁਣ ਸਰਗੁਣ ਧਾਰੇ ਭੇਖ, ਲੱਖ ਚੁਰਾਸੀ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸੁਣਾਈਆ । ਸੁਣ ਸੰਦੇਸਾ ਬ੍ਰਹਮਾ ਮੀਤਾ, ਨੇਤਰ ਨੈਣ ਇਕ ਉਠਾਇੰਦਾ । ਸਤਿ ਸਤਿਵਾਦੀ ਤੇਰੀ ਰੀਤਾ, ਤੁਧ ਬਿਨ ਕੋਇ ਨਾ ਮੋਹੇ ਸਮਝਾਇੰਦਾ । ਹਉਂ ਬਾਲਕ ਬੱਨ੍ਹਾ ਛੋਟਾ ਨਾ ਜਾਣਾ ਤੇਰਾ ਕੀਤਾ, ਤੇਰਾ ਅੰਤ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਸੀਸ ਨਿਵਾਇੰਦਾ । ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਪਾਰਬ੍ਰਹਮ ਪ੍ਰਭ ਦਇਆ ਕਮਾਈਆ । ਤ੍ਰੈਗੁਣ ਮਾਇਆ ਪੰਜ ਤੱਤ ਨਿਸ਼ਾਨ, ਹਰਿ ਜੂ ਆਪਣਾ ਰੰਗ ਰੰਗਾਈਆ । ਮਨ ਮਤ ਬੁੱਧ ਦੇਵੇ ਗੁਣ ਨਿਧਾਨ, ਨਿੱਕੀ ਵਸਤ ਝੋਲੀ ਪਾਈਆ । ਸਾਚੀ ਵੰਡ ਕਰੇ ਮਹਾਨ, ਆਪਣਾ ਅੰਗ ਕਟਾਈਆ । ਬ੍ਰਹਮ ਰੂਪ ਨੌਜਵਾਨ, ਪਾਰਬ੍ਰਹਮ ਦਏ ਸਮਝਾਈਆ । ਆਤਮ ਕਰੇ ਖੇਲ ਮਹਾਨ, ਪਰਮਾਤਮ ਆਪਣੀ ਦਇਆ ਕਮਾਈਆ । ਈਸ਼ ਜੀਵ ਰੰਗ ਰੰਗਾਨ, ਜਗਦੀਸ਼ ਹੁਕਮ ਮਨਾਈਆ । ਲੱਖ ਚੁਰਾਸੀ ਦੱਸੇ ਨਿਸ਼ਾਨ, ਜੁਗ ਚੌਕੜੀ ਬੰਧਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾਈਆ । ਬ੍ਰਹਮੇ ਸੁਣ ਲਾ ਕੰਨ, ਹਰਿ ਸਾਚਾ ਸਚ ਜਣਾਇੰਦਾ । ਵਸਤ ਅਮੋਲਕ ਇਕੋ ਧੰਨ, ਬ੍ਰਹਮ ਤੇਰੀ ਝੋਲੀ ਪਾਇੰਦਾ । ਨਾ ਕੋਈ ਛੱਪਰ ਨਾ ਕੋਈ ਛੰਨ, ਪੰਜ ਤੱਤ ਅੰਦਰ ਆਪ ਟਿਕਾਇੰਦਾ । ਲੇਖਾ ਜਾਣੇ ਬੁੱਧ ਮਤ ਮਨ, ਮਨ ਵਾਸਨਾ ਨਾਲ ਰਲਾਇੰਦਾ । ਨੌਂ ਦੁਆਰੇ ਹੱਥ ਮੂੰਹ ਨੱਕ ਕੰਨ, ਨੇਤਰ ਸਰਵਣ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਸਮਝਾਇੰਦਾ । ਸੁਣ ਸੰਦੇਸਾ ਮੰਗੇ ਮੰਗ, ਬ੍ਰਹਮਾ ਪ੍ਰਭ ਅੱਗੇ ਸੀਸ ਝੁਕਾਈਆ । ਕਾਇਆ ਚੋਲੀ ਚਾੜ੍ਹ ਰੰਗ, ਘਰ ਮੰਦਰ ਖੋਜ ਖੁਜਾਈਆ । ਕਰ ਕਿਰਪਾ ਦੇ ਅੰਦਰ ਅਨੰਦ, ਨਿਜ ਘਰ ਮੇਲਾ ਸਹਿਜ ਸੁਭਾਈਆ । ਜਿਥੇ ਕੋਈ ਨਾ ਚੜ੍ਹੇ ਸੂਰਜ ਚੰਦ, ਤੇਰੀ ਜੋਤ ਕਰੇ ਰੁਸ਼ਨਾਈਆ । ਜਿਥੇ ਨਾਦ ਵੱਜੇ ਅਨਹਦ, ਸ਼ਬਦੀ ਆਪਣਾ ਰਾਗ ਅਲਾਈਆ । ਤੇਰਾ ਖੇਲ ਸੂਰੇ ਸਰਬੱਗ, ਦੂਸਰ ਨਜ਼ਰ ਕਿਸੇ ਨਾ ਆਈਆ । ਕਰ ਕਿਰਪਾ ਆਪਣੀ ਦੇ ਅੰਤਰ ਅੱਖ, ਜਿਸ ਲੋਚਣ ਵੇਖਣ ਕੋਇ ਨਾ ਪਾਈਆ । ਕਾਇਆ ਅੰਧੇਰੀ ਡੂੰਘੀ ਖੱਡ, ਆਪਣਾ

ਘਰ ਦੇ ਵਸਾਈਆ । ਅੰਮ੍ਰਿਤ ਆਤਮ ਸਚ ਸਰੋਵਰ ਦੇਣੀ ਸਾਚੀ ਮਧ, ਮਧੁਰ ਪਿਆਲਾ ਇਕ ਪਿਆਈਆ । ਨੌਂ ਦੁਆਰੇ ਚੁੱਕੇ ਹੱਦ, ਬਜਰ ਕਪਾਟੀ ਕੁੰਡਾ ਲਾਹੀਆ । ਏਕਾ ਧਾਮ ਵਸੇ ਜੋ ਬੈਠਾ ਅੱਡ, ਘਰ ਘਰ ਵਿਚ ਮੇਲ ਮਿਲਾਈਆ । ਬਿਨ ਤੇਰੇ ਖ਼ਾਲੀ ਰਹਿ ਜਾਏ ਮਾਸ ਨਾੜੀ ਹੱਡ, ਫੇਰ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮੇ ਰਿਹਾ ਆਪ ਸਮਝਾਈਆ । ਬ੍ਰਹਮੇ ਸੁਣ ਛੋਟੇ ਬਾਲੇ, ਪਾਰਬ੍ਰਹਮ ਆਪ ਜਣਾਇਆ । ਲੱਖ ਚੁਰਾਸੀ ਸ਼ਾਹ ਕੰਗਾਲੇ, ਕਾਇਆ ਰੰਗ ਰੰਗਾਇਆ । ਅੰਦਰ ਮੰਦਰ ਇਕ ਧਰਮਸਾਲੇ, ਜਿਸ ਘਰ ਡੇਰਾ ਲਾਇਆ । ਨੌਂ ਦੁਆਰੇ ਖੇਲ ਨਿਰਾਲੇ, ਮਨ ਮਨਸਾ ਮੋਹ ਵਧਾਇਆ । ਕਾਮ ਕਰੋਧ ਲੋਭ ਮੋਹ ਹੰਕਾਰ ਚਲੇ ਨਾਲ ਨਾਲੇ, ਆਸਾ ਤ੍ਰਿਸਨਾ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਰਿਹਾ ਕਮਾਇਆ । ਬ੍ਰਹਮਾ ਹੱਥ ਦੋਵੇਂ ਜੋੜ, ਪ੍ਰਭ ਅੱਗੇ ਸੀਸ ਝੁਕਾਈਆ । ਸਾਹਿਬ ਸਤਿਗੁਰ ਜੇ ਬ੍ਰਹਮ ਨੂੰ ਪੈ ਜਾਏ ਤੇਰੀ ਲੋੜ, ਕਿਸ ਬਿਧ ਲਏਂ ਮਿਲਾਈਆ । ਆਦਿ ਜੁਗਾਦਿ ਹੱਥ ਤੇਰੇ ਡੋਰ, ਦੂਸਰ ਚਲੇ ਨਾ ਕੋਇ ਚਤੁਰਾਈਆ । ਤੂੰ ਵਸੇਂ ਅੰਧੇਰੇ ਘੋਰ, ਨਜ਼ਰ ਕਿਸੇ ਨਾ ਆਈਆ । ਚਾਰੋਂ ਕੁੰਟ ਠੱਗ ਚੋਰ, ਬੈਠੇ ਡੇਰੇ ਲਾਈਆ । ਅੱਗੇ ਹੋ ਸਕੇ ਨਾ ਕੋਇ ਹੋੜ, ਹੋਕਾ ਦੇ ਨਾ ਕੋਇ ਜਗਾਈਆ । ਆਪਣੇ ਹੁਕਮੇ ਅੰਦਰ ਸਾਰੇ ਛੱਡੇ ਤੋਰ, ਬਿਨ ਤੇਰੇ ਹੁਕਮ ਪੰਧ ਨਾ ਕੋਇ ਪਾਈਆ । ਪੁਰਖ ਅਬਿਨਾਸ਼ੀ ਹੱਸ ਕੇ ਕਹੇ ਬ੍ਰਹਮੇ ਮੇਰਾ ਮੰਤਰ ਨਾਮ ਫੋਰ, ਫੁਰਨਾ ਸਭ ਦਾ ਬੰਦ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਦਏ ਜਣਾਈਆ । ਬ੍ਰਹਮਾ ਕਹੇ ਤੇਰਾ ਮੰਤਰ ਫੇਰ, ਫੁਰਨਾ ਸਭ ਦਾ ਬੰਦ ਕਰਾਇੰਦਾ । ਪਾਰਬ੍ਰਹਮ ਕਹੇ ਮੈਂ ਬਾਹਰੋਂ ਹੋਰ ਅੰਦਰੋਂ ਹੋਰ, ਨਿਰਗੁਣ ਸਰਗੁਣ ਖੇਲ ਕਰਾਇੰਦਾ । ਜੁਗ ਚੌਕੜੀ ਗੁਰ ਅਵਤਾਰ ਪੀਰ ਪੈਗ਼ੰਬਰ ਲੋਕਮਾਤ ਦੇਵਾਂ ਤੋਰ, ਤੁਰਤ ਸੰਦੇਸਾ ਇਕ ਸੁਣਾਇੰਦਾ । ਅੰਤਮ ਆਪਣੇ ਹੱਥ ਵਿਚ ਰੱਖਾਂ ਸਭ ਦੀ ਡੋਰ, ਜਿਉਂ ਭਾਵੇ ਤਿਉਂ ਚਲਾਇੰਦਾ । ਅੱਗੇ ਹੁਕਮ ਨਾ ਸਕੇ ਕੋਈ ਮੋੜ, ਨਾਮ ਖੰਡਾ ਹੱਥ ਉਠਾਇੰਦਾ । ਸਦਾ ਸਦਾ ਸਦ ਮੇਰੀ ਰਹੇ ਲੋੜ, ਅਬਿਨਾਸ਼ੀ ਕਰਤਾ ਆਪ ਜਣਾਇੰਦਾ । ਮੈਂ ਦੋ ਜਹਾਨਾਂ ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਚੜ੍ਹ ਕੇ ਵੇਖਾਂ ਅਗੰਮੀ ਘੋੜ, ਅੰਡਜ ਜੇਰਜ ਉਤਭੁਜ ਸੇਤਜ ਫੋਲ ਫੁਲਾਇੰਦਾ । ਮੇਰਾ ਨਾਮ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਖਾਣਾ ਭੋਰ ਭੋਰ, ਭੋਰਾ ਭੋਰਾ ਸਭ ਦੇ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸੁਣਾਇੰਦਾ । ਸਾਚੀ ਸਿਖਿਆ ਦਰ ਘਰ ਸਿਖ, ਬ੍ਰਹਮੇ ਲੱਖ ਲੱਖ ਸ਼ੁਕਰ ਮਨਾਇਆ । ਪੁਰਖ ਅਬਿਨਾਸ਼ੀ ਪਾ ਭਿਖ, ਦਰ ਮੰਗਣ ਮੰਗਤਾ ਆਇਆ । ਬਿਨ ਕਲਮ ਸ਼ਾਹੀ ਲੇਖ ਲਿਖ, ਲਿਖਿਆ ਲੇਖ ਨਾ ਕੋਇ ਮਿਟਾਇਆ । ਤੂੰ ਆਤਮ ਪਰਮਾਤਮ ਵੰਡਿਆ ਹਿੱਸ, ਹਿੱਸਾ ਆਪਣੇ ਹੱਥ ਰਖਾਇਆ । ਬਿਨ ਤੇਰੇ ਨੇਤਰ ਕਿਸੇ ਨਾ ਪਏ ਦਿਸ, ਦੋ ਲੋਚਣ ਕੰਮ ਕਿਸੇ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮੇ ਸਚ ਰਿਹਾ ਸਮਝਾਇਆ । ਬ੍ਰਹਮੇ ਸਚ ਸੁਣ ਲੈ ਮੀਤ, ਹਰਿ ਮਿੱਤਰ ਪਿਆਰਾ ਆਪ ਜਣਾਇੰਦਾ । ਆਦਿ ਬਣਾਈ ਆਪਣੀ ਰੀਤ, ਜੋਤੀ ਸ਼ਬਦ ਖੇਲ ਕਰਾਇੰਦਾ । ਸ਼ਬਦੀ ਧਾਰ ਇਕ ਅਨਡੀਠ, ਵਿਸ਼ਨ ਬ੍ਰਹਮਾ ਸ਼ਿਵ ਪਰਗਟਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਵਖਾਏ ਧਾਮ ਅਨਡੀਠ, ਨੇਤਰ ਨੈਣ ਨੈਣ ਖੁਲ੍ਹਾਇੰਦਾ । ਤਿੰਨੇ ਮਿਲ ਕੇ ਗਾਓ ਸੱਚਾ ਗੀਤ, ਸੋ ਪੁਰਖ ਨਿਰੰਜਣ ਹੰ ਬ੍ਰਹਮ ਪੜ੍ਹਾਇੰਦਾ । ਸੋਹੰ ਸ਼ਬਦ ਆਦਿ ਜੁਗਾਦਿ ਜੁਗਾ

ਜੁਗੰਤਰ ਰਹੇ ਠੀਕ, ਲੱਖ ਚੁਰਾਸੀ ਕਾਇਆ ਠੀਕਰ ਸਭ ਦਾ ਭੰਨ ਵਖਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਚਲੇ ਰੀਤ, ਸ਼ਿਵਦੁਆਲੇ ਮੱਠ ਮੰਦਰ ਮਸੀਤ ਨਾਲ ਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਜਣਾਇੰਦਾ । ਸਾਚਾ ਖੇਲ ਦੱਸੇ ਭਗਵਾਨਾ, ਭਗਵਨ ਆਪਣੀ ਦਇਆ ਕਮਾਈਆ । ਨਿਰਗੁਣ ਸਰਗੁਣ ਦਏ ਗਿਆਨਾ, ਗੁਰ ਮੰਤਰ ਨਾਮ ਦ੍ਰਿੜ੍ਹਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨਾ, ਜੀਵਣ ਜੁਗਤ ਜਗਤ ਜਣਾਈਆ । ਸਿਫ਼ਤੀ ਸਿਫ਼ਤ ਸਾਲਾਹਨ ਨੌਜਵਾਨਾ, ਬੇਅੰਤ ਬੇਪਰਵਾਹੀਆ । ਲੱਖ ਚੁਰਾਸੀ ਇਕ ਨਿਸ਼ਾਨਾ, ਸਾਰੇ ਰਹੇ ਸਮਝਾਈਆ । ਪੜ੍ਹ ਪੜ੍ਹ ਥੱਕੇ ਰਸਨ ਵਖਾਨਾ, ਵਾਕਿਆਤ ਨਜ਼ਰ ਕਿਸੇ ਨਾ ਆਈਆ । ਢੋਲੇ ਲਾਵਣ ਗਾਵਣ ਗਾਣਾ, ਗਾਵਣਹਾਰਾ ਗੀਤ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਰਿਹਾ ਕਰ, ਕਰਨੀ ਕਰਤਾ ਆਪ ਜਣਾਈਆ । ਚਾਰ ਜੁਗ ਦਾ ਸੱਚਾ ਰਾਹ, ਹਰਿ ਸਾਚਾ ਸਚ ਜਣਾਇੰਦਾ । ਗੁਰ ਅਵਤਾਰ ਕਰ ਮਲਾਹ, ਬੇੜਾ ਖੇਵਟ ਖੇਟ ਚਲਾਇੰਦਾ । ਨਾਉਂ ਨਿਰੰਕਾਰਾ ਦਏ ਸੁਣਾ, ਨਿਰਗੁਣ ਆਪਣਾ ਹੁਕਮ ਵਰਤਾਇੰਦਾ । ਤੇਈ ਅਵਤਾਰਾਂ ਹੁਕਮ ਮਨਾ, ਹੁਕਮੀ ਹੁਕਮ ਆਪ ਫ਼ਰਮਾਇੰਦਾ । ਭਗਤ ਅਠਾਰਾਂ ਜੋਤ ਜਗਾ, ਆਤਮ ਪਰਮਾਤਮ ਮੇਲ ਮਿਲਾਇੰਦਾ । ਪਾਰਬ੍ਰਹਮ ਬ੍ਰਹਮ ਪਰਦਾ ਲਾਹ, ਸਚ ਪਰਕਾਸ਼ ਇਕ ਵਖਾਇੰਦਾ । ਈਸਾ ਮੂਸਾ ਮੁਹੰਮਦ ਖੇਲ ਕਰਾ, ਖ਼ਾਲਕ ਖ਼ਲਕ ਨੂਰ ਦਰਸਾਇੰਦਾ । ਮੁਕਾਮੇ ਹੱਕ ਇਕ ਦ੍ਰਿੜਾ, ਹਕੀਕਤ ਇਕੋ ਇਕ ਵਡਿਆਇੰਦਾ । ਲਾਸ਼ਰੀਕ ਬਣ ਖ਼ੁਦਾ, ਕਲਮਾ ਨਬੀ ਰਸੂਲ ਸੁਣਾਇੰਦਾ । ਅਲਫ਼ ਯੇ ਦਏ ਪੜ੍ਹਾ, ਭੇਵ ਅਭੇਦ ਨਾ ਕੋਇ ਸਮਝਾਇੰਦਾ । ਚੌਦਾਂ ਤਬਕ ਰੰਗ ਰੰਗਾ, ਜ਼ਿਮੀਂ ਅਸਮਾਨ ਨਾਚ ਨਚਾਇੰਦਾ । ਤਾਰਾ ਚੰਦ ਕਰ ਰੁਸ਼ਨਾ, ਸੂਰਯਾ ਇਕੋ ਗੰਢ ਪੁਆਇੰਦਾ । ਅੰਜੀਲ ਕੁਰਾਨਾ ਦਏ ਪੜ੍ਹਾ, ਤੀਸ ਬਤੀਸਾ ਆਪ ਸੁਣਾਇੰਦਾ । ਮੁਲਾਂ ਸ਼ੇਖ਼ ਮੁਸਾਇਕ ਲਏ ਪਰਗਟਾ, ਤਸਬੀ ਮਾਲਾ ਗਲ ਲਟਕਾਇੰਦਾ । ਪੰਜ ਵਕਤ ਨਿਮਾਜ਼ ਰਿਹਾ ਪੜ੍ਹਾ, ਰੋਜ਼ਾ ਬਾਂਗ ਨਾਲ ਰਲਾਇੰਦਾ । ਲੇਖਾ ਜਾਣ ਦੋ ਜਹਾਨ, ਕੁਦਰਤ ਆਪਣੇ ਵਿਚ ਰਖਾਇੰਦਾ । ਅੰਤ ਸੰਦੇਸਾ ਦੇਵੇ ਇਕੋ ਸੱਚਾ ਨਾਂ, ਇਲਾਹੀ ਨੂਰ ਨੂਰ ਦਰਸਾਇੰਦਾ । ਸਚ ਅਮਾਮ ਇਕ ਖ਼ੁਦਾ, ਅਮਨ ਇਕੋ ਘਰ ਵਖਾਇੰਦਾ । ਸੰਮਣ ਸਭ ਦੇ ਰਿਹਾ ਕਢਾ, ਧੁਰ ਫ਼ਰਮਾਣਾ ਹੁਕਮ ਸੁਣਾਇੰਦਾ । ਅਵਣ ਗਵਣ ਫੇਰਾ ਪਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਸ਼ਿਵ ਦੇਵੇ ਵਰ, ਲੱਖ ਚੁਰਾਸੀ ਰਾਹ ਚਲਾਇੰਦਾ । ਲੱਖ ਚੁਰਾਸੀ ਪੀਰ ਪੈਗ਼ੰਬਰ, ਪਾਰਬ੍ਰਹਮ ਪ੍ਰਭ ਦਏ ਵਡਿਆਈਆ । ਗੁਰ ਅਵਤਾਰ ਰਚ ਸਵੰਬਰ, ਨਿਰਗੁਣ ਸਰਗੁਣ ਕਰੇ ਕੁੜਮਾਈਆ । ਆਤਮ ਪਰਮਾਤਮ ਵੇਖੇ ਅਡੰਬਰ, ਗ੍ਰਿਹਿ ਮੰਦਰ ਖੋਜ ਖੁਜਾਈਆ । ਸਰਬ ਕਲਾ ਆਪੇ ਭਰਤੰਬਰ, ਭਰਪੂਰ ਰਿਹਾ ਸਭ ਠਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਨਰਾਇਣ ਨਿਹਕਰਮੀ ਆਪਣਾ ਕਰਮ ਜਣਾਈਆ । ਵਿਸ਼ਨ ਬ੍ਰਹਮਾ ਸ਼ਿਵ ਸੁਣ ਬਾਤ, ਹਰਿ ਬਾਤਨ ਆਪ ਜਣਾਇੰਦਾ । ਜੁਗ ਚੌਕੜੀ ਖੇਲ ਤਮਾਸ਼, ਦੋ ਜਹਾਨਾਂ ਵੇਖ ਵਖਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਚਾਰ ਖਾਣੀ ਚਾਰ ਬਾਣੀ ਕਰ ਪਰਕਾਸ਼, ਪਰਾ ਪਸੰਤੀ ਮਧਮ ਬੈਖ਼ਰੀ ਰਾਗ ਅਲਾਇੰਦਾ । ਰਸਨਾ ਜਿਹਵਾ ਪਵਣ ਸਵਾਸ, ਬੱਤੀ ਦੰਦਾਂ ਸਿਫ਼ਤ ਸਾਲਾਹਿੰਦਾ । ਗੁਰ ਅਵਤਾਰ ਕਰ ਕਰ ਦਾਸੀ ਦਾਸ, ਸੇਵਾ ਸਚ ਸਚ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਜੁਗ ਚੌਕੜੀ ਪੰਧ ਮੁਕਾਇੰਦਾ । ਜੁਗ ਚੌਕੜੀ ਹੋਏ ਪਾਰ, ਥਿਰ ਕੋਇ ਰਹਿਣ ਨਾ ਪਾਈਆ । ਨਵ ਨੌਂ ਚਾਰ ਖੇਲ ਨਿਆਰ, ਨਿਰਗੁਣ ਦਾਤਾ ਆਪ ਕਰਾਈਆ । ਧੁਰ ਦਾ ਲੇਖਾ ਜਾਣੇ ਸਰਬ ਸੰਸਾਰ, ਲਿਖਿਆ ਲੇਖ ਨਾ ਕੋਇ ਵਖਾਈਆ । ਕਾਗਦ ਕਲਮ ਸ਼ਾਹੀ ਪਾ ਨਾ ਸਕੇ ਸਾਰ, ਬੇਅੰਤ ਕਹਿ ਕਹਿ ਸ਼ੁਕਰ ਮਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਪੁਕਾਰ, ਪ੍ਰਭ ਅੱਗੇ ਸੀਸ ਝੁਕਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਤੇਰਾ ਆਕਾਰ, ਨਿਰਾਕਾਰ ਸਰਬ ਸਮਾਈਆ । ਆਤਮ ਬ੍ਰਹਮ ਤੇਰਾ ਆਧਾਰ, ਵਰਨ ਗੋਤ ਨਾ ਕੋਇ ਰਖਾਈਆ । ਦੀਨ ਮਜ਼੍ਹਬ ਝੂਠ ਅਖਾੜ, ਮਾਇਆ ਮਮਤਾ ਜਗਤ ਕੁਰਲਾਈਆ । ਅੰਤਮ ਸਰਬ ਦਾ ਇਕੋ ਪਰਵਰਦਿਗਾਰ, ਸਾਂਝਾ ਯਾਰ ਇਕ ਅਖਵਾਈਆ । ਜਿਸ ਨੇ ਕਲਮਾ ਕੀਤਾ ਤਿਆਰ, ਨਾਮ ਮੰਤਰ ਸਤਿ ਦ੍ਰਿੜਾਈਆ । ਜਿਸ ਦਾ ਫ਼ਤਹਿ ਕਰੇ ਜੈਕਾਰ, ਸੋ ਸਾਹਿਬ ਬੇਪਰਵਾਹੀਆ । ਜਿਸ ਨੇ ਘੱਲਿਆ ਰਾਮ ਅਵਤਾਰ, ਸੋ ਰਾਮ ਹਰ ਘਟ ਆਸਣ ਲਾਈਆ । ਜਿਨ ਕ੍ਰਿਸ਼ਨ ਅਸੁਰ ਦਿਤੇ ਸੰਘਾਰ, ਸੋਲਾਂ ਕਲਾ ਬਲ ਵਖਾਈਆ । ਸੋ ਕਾਹਨ ਵਸੇ ਧਾਮ ਨਿਆਰ, ਸੀਸ ਜਗਦੀਸ਼ ਤਾਜ ਟਿਕਾਈਆ । ਜਿਸ ਦੇ ਹੁਕਮੇ ਅੰਦਰ ਫਿਰਨ ਜੁਗ ਚਾਰ, ਜੁਗ ਜੁਗ ਆਪਣਾ ਪੰਧ ਮੁਕਾਈਆ । ਸੋ ਵਿਸ਼ਨ ਬ੍ਰਹਮਾ ਸ਼ਿਵ ਲੇਖਾ ਦਏ ਵਖਾਲ, ਬਿਨ ਨੇਤਰ ਨੈਣ ਜਣਾਈਆ । ਕਲਜੁਗ ਅੰਤਮ ਹੋਏ ਦਿਆਲ, ਦੀਨ ਦਿਆਲ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਚ ਕਰੇ ਪੜ੍ਹਾਈਆ । ਵਿਸ਼ਨ ਬ੍ਰਹਮੇ ਸ਼ਿਵ ਰੱਖਣਾ ਯਾਦ, ਹਰਿ ਹਰਿ ਜੀ ਆਪ ਜਣਾਇੰਦਾ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਪਿਛੋਂ ਕਲਜੁਗ ਅੰਤਮ ਸਭ ਦੀ ਪੁਛੇ ਵਾਤ, ਦੋ ਜਹਾਨ ਖੋਜ ਖੁਜਾਇੰਦਾ । ਲੇਖਾ ਜਾਣੇ ਬ੍ਰਹਮ ਬ੍ਰਹਿਮਾਦ, ਬ੍ਰਹਿਮੰਡ ਮੰਡਲ ਮੰਡਪ ਵੇਖ ਵਖਾਇੰਦਾ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਵਜਾਏ ਨਾਦ, ਧੁਰ ਦੀ ਧਾਰ ਆਪ ਜਣਾਇੰਦਾ । ਆਤਮ ਪਰਮਾਤਮ ਪਰਮਾਤਮ ਆਤਮ ਦੇਵੇ ਦਾਦ, ਦਾਤਾ ਦਾਨੀ ਦਇਆ ਕਮਾਇੰਦਾ । ਸਤਿ ਸਤਿਵਾਦੀ ਇਕੋ ਰਚੇ ਸਾਚਾ ਕਾਜ, ਗੁਰ ਅਵਤਾਰ ਪੀਰ ਪੈਗ਼ੰਬਰ ਏਕਾ ਘਰ ਬਹਾਇੰਦਾ । ਪਿਛਲੀ ਛੱਡੋ ਜਗਤ ਨਿਮਾਜ਼, ਰੋਜ਼ਾ ਬਾਂਗ ਨਾ ਕੋਇ ਰਖਾਇੰਦਾ । ਸਤਿਜੁਗ ਸਾਰੇ ਪ੍ਰਭ ਸਾਚੇ ਨੂੰ ਮਾਰੋ ਇਕ ਅਵਾਜ਼, ਦੀਨ ਮਜ਼੍ਹਬ ਨਾ ਵੰਡ ਵੰਡਾਇੰਦਾ । ਸ਼ਹਿਨਸ਼ਾਹ ਹਰਿ ਸ਼ਾਹ ਨਵਾਬ, ਪਾਤਸ਼ਾਹ ਆਪਣਾ ਖੇਲ ਕਰਾਇੰਦਾ । ਝੁਕ ਝੁਕ ਸੀਸ ਕਰੋ ਆਦਾਬ, ਅਲੈਕਮ ਸਲਾਮ ਇਕ ਸਮਝਾਇੰਦਾ । ਜਿਸ ਨੂੰ ਈਸਾ ਕਹੇ ਮੇਰਾ ਬਾਪ, ਬੇਨਕਾਬ ਪਰਦਾ ਲਾਹਿੰਦਾ । ਜਿਸ ਨੂੰ ਮੁਹੰਮਦ ਕਿਹਾ ਅਮਾਮ ਆਵੇ ਆਪ, ਅਮਾਮ ਮਹਿੰਦੀ ਰੰਗ ਰੰਗਾਇੰਦਾ । ਜਿਸ ਨੂੰ ਵੇਦ ਵਿਆਸ ਕਹੇ ਪੂਤ ਸਪੂਤਾ ਬ੍ਰਹਿਮਣ ਗੌੜਾ ਉਚੇ ਟਿਲੇ ਪਰਬਤ ਹੋਏ ਵਡ ਪਰਤਾਪ, ਬੇਅੰਤ ਖੇਲ ਕਰਾਇੰਦਾ । ਜਿਸ ਦਾ ਆਦਿ ਜੁਗਾਦਿ ਜੁਗ ਜੁਗ ਜਪਦੇ ਰਹੇ ਜਾਪ, ਅੱਲਾ ਵਾਹਿਗੁਰੂ ਰਾਮ ਰਾਮ ਨਮੋ ਸਤਿ ਸਤਿ ਸਮਝਾਇੰਦਾ । ਸੋ ਸਾਹਿਬ ਸੁਲਤਾਨ ਕਲਜੁਗ ਅੰਤਮ ਇਕ ਜਣਾਏ ਸਾਚਾ ਪਾਠ, ਸੋਹੰ ਢੋਲਾ ਆਪ ਅਲਾਇੰਦਾ । ਕੋਟ ਜਨਮ ਦੇ ਲਾਹੇ ਪਾਪ, ਦੁਰਮਤ ਮੈਲ ਧਵਾਇੰਦਾ । ਨਜ਼ਰੀ ਆਏ ਆਪਾ ਆਪ, ਬ੍ਰਹਮ ਪਾਰਬ੍ਰਹਮ ਵਖਾਇੰਦਾ । ਅੰਦਰ ਬਾਹਰ ਗੁਪਤ ਜ਼ਾਹਰ ਏਥੇ ਓਥੇ ਪੱਤ ਲਏ ਰਾਖ, ਸਿਰ ਆਪਣਾ ਹੱਥ ਟਿਕਾਇੰਦਾ । ਦਰਸ ਕਰਾਏ ਸਾਖਿਆਤ, ਸਵਛ ਸਰੂਪੀ ਰੂਪ ਵਟਾਇੰਦਾ । ਚਰਨ ਕਵਲ ਬੰਧਾਏ ਨਾਤ, ਨਾਤਾ ਤੋੜ ਨਾ ਕੋਇ ਤੁੜਾਇੰਦਾ । ਜੇ ਕੋਈ ਬਾਹਰੋਂ ਪੁਛੇ ਗੱਲ ਬਾਤ, ਅੰਦਰਲਾ ਭੇਤ ਨਾ ਕਿਸੇ ਸਮਝਾਇੰਦਾ । ਕਲਜੁਗ ਅੰਤ ਅੰਧੇਰੀ ਰਾਤ, ਚਾਰੋਂ ਕੁੰਟ ਅੰਧੇਰਾ ਛਾਇੰਦਾ । ਸ਼ਾਹ ਸੁਲਤਾਨਾ ਰਾਜ ਰਾਜਾਨਾ ਦੇਵਣਹਾਰਾ

ਭਵਿਖਤ ਵਾਕ, ਸਾਚੀ ਸਚ ਸਚ ਜਣਾਇੰਦਾ । ਅੰਤਮ ਸਭ ਨੇ ਹੋਣਾ ਖ਼ਾਕ, ਖ਼ਾਕੀ ਖ਼ਾਕ ਨਾਲ ਮਿਲਾਇੰਦਾ । ਸਤਿਜੁਗ ਖੁਲ੍ਹਣਹਾਰਾ ਤਾਕ, ਬੰਦ ਤਾਕੀ ਕੁੰਡਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਿੰਦੂ ਮੁਸਲਮ ਸਿਖ ਈਸਾਈ ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਵਖਾਏ ਇਕੋ ਘਾਟ, ਇਕੋ ਦਰ ਦਏ ਵਡਿਆਈਆ । ਖੇਲੇ ਖੇਲ ਪੁਰਖ ਸਮਰਥ, ਸਮਰਥ ਆਪਣੀ ਦਇਆ ਕਮਾਈਆ । ਸ੍ਰਿਸ਼ਟ ਸਬਾਈ ਪਾਏ ਨੱਥ, ਨਵ ਸਤ ਆਪ ਨਾਚ ਨਚਾਈਆ । ਚਾਰੋਂ ਕੁੰਟ ਉਬਲੇ ਰੱਤ, ਸੀਤਲ ਧਾਰ ਨਾ ਕੋਇ ਵਖਾਈਆ । ਸਭ ਦੀ ਉਲਟੀ ਕਰੇ ਮਤ, ਪੜ੍ਹ ਪੜ੍ਹ ਬੈਠੇ ਮੁਖ ਭੁਆਈਆ । ਅੰਤਮ ਤੱਤ ਨਾਲ ਲੜਾਏ ਤੱਤ, ਤਿਖੀ ਧਾਰ ਚਲਾਈਆ । ਲੱਖ ਚੁਰਾਸੀ ਵਿਚੋਂ ਸ੍ਰੀ ਭਗਵਾਨ ਸੰਤ ਸੁਹੇਲੇ ਲਏ ਰੱਖ, ਦੂਰ ਨੇੜਾ ਨਾ ਕੋਇ ਵਖਾਈਆ । ਜੁਗ ਜੁਗ ਭਗਤਾਂ ਕਰਦਾ ਆਇਆ ਪੱਖ, ਧਰੂ ਪ੍ਰਹਿਲਾਦ ਦਏ ਵਡਿਆਈਆ । ਬਾਕੀ ਭਾਂਡੇ ਕਰੇ ਸੱਖ, ਖ਼ਾਲੀ ਹੱਥ ਫਿਰੇ ਲੋਕਾਈਆ । ਅੰਤਮ ਸਭ ਨੂੰ ਦੱਸੇ ਇਕੋ ਮਤ, ਮਧ ਆਪਣਾ ਭੇਵ ਖੁਲ੍ਹਾਈਆ । ਸ਼ਬਦ ਵਜਾਏ ਸਾਚੀ ਸੱਟ, ਅਨਹਦ ਆਪਣਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਪੁਰਖ ਅਬਿਨਾਸ਼ਾ, ਕਲਜੁਗ ਅੰਤਮ ਵੇਖੇ ਖੇਲ ਤਮਾਸ਼ਾ, ਖ਼ਾਲਕ ਖ਼ਲਕ ਵੇਖ ਵਖਾਈਆ । ਖ਼ਾਲਕ ਵੇਖੇ ਹਰਿ ਜੂ ਖ਼ਲਕ, ਮਖ਼ਲੂਕ ਖੋਜ ਖੁਜਾਇੰਦਾ । ਲੇਖਾ ਜਾਣੇ ਹਲਤ ਪਲਤ, ਜੁਗ ਜੁਗ ਨਾਚ ਨਚਾਇੰਦਾ । ਧੁਰ ਦਾ ਲੇਖਾ ਹੋਣ ਨਾ ਦੇਵੇ ਗਲਤ, ਜੋ ਲਿਖਿਆ ਪੂਰ ਕਰਾਇੰਦਾ । ਕਿਸੇ ਨਾ ਬਦਲਣ ਦੇਵੇ ਆਪਣੀ ਪਲਕ, ਅੱਖ ਅੱਖ ਨਾਲ ਵਟਾਇੰਦਾ । ਜਿਸ ਨੂੰ ਦੇਵੇ ਆਪਣੀ ਨੂਰੀ ਝਲਕ, ਸੋ ਜਨ ਚਰਨੀ ਸੀਸ ਨਿਵਾਇੰਦਾ । ਪਾਰਬ੍ਰਹਮ ਪਤਿਪਰਮੇਸ਼ਵਰ ਨਾ ਕੋਈ ਸੋਗ ਨਾ ਕੋਈ ਹਰਖ਼, ਜੋ ਘੜਿਆ ਭੰਨ ਵਖਾਇੰਦਾ । ਹਰਿ ਸਾਚੇ ਦੀ ਕਿਆ ਕੋਈ ਕਰੇ ਪਰਖ, ਪਰੀਖਿਆ ਵਿਚ ਕਦੇ ਨਾ ਆਇੰਦਾ । ਜੋ ਕਰਨਾ ਚਾਹੇ ਦਰਸ, ਆਤਮ ਅੰਤਰ ਮੰਗ ਮੰਗਾਇੰਦਾ । ਘਰ ਘਰ ਵਿਚ ਵਖਾਏ ਅਰਸ਼, ਕੁਰਸ਼ ਕਾਇਆ ਕੁਰਾ ਖੋਜ ਖੁਜਾਇੰਦਾ । ਜਿਸ ਜਨ ਉਪਰ ਕਰੇ ਆਪਣਾ ਤਰਸ, ਤਿਸ ਤ੍ਰੈਗੁਣ ਮਾਇਆ ਪਰਦਾ ਲਾਹਿੰਦਾ । ਹਰਿ ਮੇਘ ਦੇਵੇ ਬਰਸ, ਸਾਂਤਕ ਸਤਿ ਸਤਿ ਕਰਾਇੰਦਾ । ਜਨਮ ਜਨਮ ਦੀ ਮੇਟੇ ਹਰਸ, ਅੱਗੇ ਹਵਸ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਇਕੋ ਹਰਿ, ਚਾਰ ਵਰਨਾਂ ਇਕੋ ਰਾਹ ਚਲਾਇੰਦਾ । ਚਾਰ ਵਰਨਾਂ ਇਕੋ ਮੀਤਾ, ਪੁਰਖ ਅਕਾਲ ਵੱਡੀ ਵਡਿਆਈਆ । ਜਿਸ ਲੇਖ ਲਿਖਾਇਆ ਅਠਾਰਾਂ ਧਿਆਏ ਗੀਤਾ, ਪੁਰਾਨ ਅਠਾਰਾਂ ਕਰੇ ਪੜ੍ਹਾਈਆ । ਜਿਸ ਦਾ ਲੇਖਾ ਸ਼ਾਸਤਰ ਸਿਮਰਤ ਵੇਦ ਅਤੀਤਾ, ਚਾਰੇ ਜੁਗ ਕਰੇ ਕੁੜਮਾਈਆ । ਜਿਸ ਦਾ ਨੂਰ ਅੰਜੀਲ ਕੁਰਾਨ ਬਾਈਬਲ ਈਸਾ ਮੂਸਾ ਮੁਹੰਮਦ ਸਿਖਿਆ ਸਾਚੀ ਸੀਖਾ, ਸੋ ਮਕਤਬ ਇਕ ਜਣਾਈਆ । ਜਿਸ ਨਾਨਕ ਗੋਬਿੰਦ ਪਾਈ ਭੀਛਾ, ਸੋ ਬੇਅੰਤ ਬੇਅੰਤ ਬੇਪਰਵਾਹ ਸਚਖੰਡ ਨਿਵਾਸੀ ਇਕ ਅਖਵਾਈਆ । ਆਦਿ ਜੁਗਾਦਿ ਜੁਗੋ ਜੁਗ ਕਰੇ ਖੇਲ ਅਨਡੀਠਾ, ਅਨਡਿਠੜੀ ਕਾਰ ਕਮਾਈਆ । ਕਲਜੁਗ ਅੰਤਮ ਲੱਖ ਚੁਰਾਸੀ ਤਪੇ ਅੰਗੀਠਾ, ਜਗਤ ਗਿਆਨ ਨਾ ਕੋਇ ਬੁਝਾਈਆ । ਹਰਿ ਕਾ ਭਾਣਾ ਸਭ ਨੂੰ ਮੰਨਣਾ ਪਏ ਮੀਠਾ, ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਸੀਸ ਨਿਵਾਈਆ । ਸਤਿਜੁਗ ਸਾਚੀ ਚਲੇ ਰੀਤਾ, ਸੋਹੰ ਅੱਖਰ ਇਕ ਪੜ੍ਹਾਈਆ । ਪੁਰਖ ਅਬਿਨਾਸ਼ੀ ਮਿਲੇ ਮੀਤਾ, ਘਰ ਘਰ ਦਰਸ ਦਿਖਾਈਆ । ਨਾ ਮਰਿਆ ਨਾ ਕਦੇ ਜੀਤਾ, ਇਕੋ ਨੂਰ ਰੁਸ਼ਨਾਈਆ । ਵਸਣਹਾਰਾ ਹਸਤ ਕੀਟਾ, ਘਟ ਘਟ ਡੇਰਾ ਲਾਈਆ । ਭਗਤ ਭਗਵਾਨ ਦੱਸੇ ਸਚ ਪ੍ਰੀਤਾ, ਪ੍ਰੀਤੀਵਾਨ

ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਵ ਨੌਂ ਵੇਖੇ ਥਾਉਂ ਥਾਈਆ । ਥਾਨ ਥਨੰਤਰ ਵੇਖੇ ਨਵ ਨੌਂ, ਨਿਰਗੁਣ ਆਪਣਾ ਫੇਰਾ ਪਾਇੰਦਾ । ਗ਼ਫ਼ਲਤ ਵਿਚ ਨਾ ਰਹਿਣਾ ਸੌਂ, ਧੁਰ ਫ਼ਰਮਾਣਾ ਹੁਕਮ ਮਨਾਇੰਦਾ । ਅੰਤਮ ਵੰਡੀ ਸੀਆਂ ਸਾਢੇ ਤਿੰਨ ਹੱਥ ਭੌਂ, ਭਾਂਡਾ ਸਭ ਦਾ ਖ਼ਾਲੀ ਕਰਾਇੰਦਾ । ਬੀਜੇ ਰਹਿ ਜਾਣ ਕਣਕ ਤੇ ਜੌਂ, ਵਾਢੀ ਕੋਇ ਨਾ ਪਾਇੰਦਾ । ਪਿਛਾ ਫਿਰ ਵੇਖਣ ਭੌਂ ਭੌਂ, ਹਰਿ ਜੂ ਕੀ ਕੀ ਖੇਲ ਕਰਾਇੰਦਾ । ਕੋਈ ਨਾ ਕਹੇ ਕੀਤਾ ਹੌਂ, ਸਭ ਹਰਿ ਦੁਆਰੇ ਸੀਸ ਝੁਕਾਇੰਦਾ । ਜਨ ਭਗਤਾਂ ਪ੍ਰਭ ਮਿਲਣ ਕਾ ਚਾਉ, ਗੁਰਮੁਖ ਇਕੋ ਆਸ ਰਖਾਇੰਦਾ । ਚਾਹੇ ਮਾਰੇ ਚਾਹੇ ਜਵਾਓ, ਆਪਣਾ ਆਪ ਨਾ ਕੋਇ ਵਖਾਇੰਦਾ । ਜੋ ਦੇਵੇ ਸੋ ਪੀਓ ਖਾਓ, ਘਰ ਘਰ ਰਿਜ਼ਕ ਪੁਚਾਇੰਦਾ । ਕਿਸੇ ਦਾ ਲੱਗਣ ਨਾ ਦੇਵੇ ਦਾਓ, ਗੁਰ ਅਵਤਾਰ ਪੀਰ ਪੈਗ਼ੰਬਰ ਆਪਣੇ ਹੁਕਮ ਫਿਰਾਇੰਦਾ । ਹੁਕਮ ਨਾ ਚਲੇ ਅੱਗੇ ਨਾਓ, ਨੱਯਾ ਸਭ ਦੀ ਆਪ ਰੁੜ੍ਹਾਇੰਦਾ । ਦੋ ਜਹਾਨਾਂ ਲਾਏ ਪਾਉਂ, ਪਾਰਬ੍ਰਹਮ ਪ੍ਰਭ ਆਪਣਾ ਹੁਕਮ ਮਨਾਇੰਦਾ । ਸੰਤ ਸਤਿਗੁਰ ਉਠਾਏ ਫੜ ਫੜ ਬਾਹੋਂ, ਰਾਤੀਂ ਸੁਤਿਆਂ ਆਪ ਜਗਾਇੰਦਾ । ਫੜ ਫੜ ਹੰਸ ਬਣਾਏ ਕਾਉਂ, ਸੋਹੰ ਹੰਸਾ ਚੋਗ ਚੁਗਾਇੰਦਾ । ਸਦਾ ਸੁਹੇਲਾ ਸਿਰ ਰੱਖੇ ਠੰਡੀ ਛਾਉਂ, ਸਮਰਥ ਸਿਰ ਆਪਣਾ ਹੱਥ ਟਿਕਾਇੰਦਾ । ਏਥੇ ਓਥੇ ਕਰੇ ਹੱਕ ਨਿਆਉਂ, ਲਹਿਣਾ ਸਭ ਦਾ ਸਭ ਦੀ ਝੋਲੀ ਪਾਇੰਦਾ । ਜੇ ਕੋਈ ਮੰਗੇ ਹੋਰ ਅਗਾਊਂ, ਹਰਿ ਸੰਗਤ ਨਾਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਸੰਦੇਸ਼ਾ ਸਚ ਸਚ ਸੁਣਾਇੰਦਾ । ਸਚ ਸੰਦੇਸਾ ਨਿਰਗੁਣ ਬੇਅੰਤ, ਬੇਪਰਵਾਹ ਆਪ ਜਣਾਈਆ । ਸ੍ਰਿਸ਼ਟ ਸਬਾਈ ਇਕੋ ਕੰਤ, ਕੰਤ ਕੰਤੂਹਲ ਸ਼ਹਿਨਸ਼ਾਹੀਆ । ਚਤੁਰਭੁਜ ਮਹਿਮਾ ਅਗਣਤ, ਨਿੱਕਾ ਵੱਡਾ ਖੇਲ ਕਰਾਈਆ । ਆਦਿ ਜੁਗਾਦੀ ਜੁਗ ਜੁਗ ਮੰਤ, ਮੰਤਰ ਰਾਮ ਨਾਮ ਪੜ੍ਹਾਈਆ । ਗੁਰਮੁਖ ਵਿਰਲਾ ਜਾਣੇ ਸੰਤ, ਜਿਸ ਸਤਿਗੁਰ ਬੂਝ ਬੁਝਾਈਆ । ਜੁਗ ਜੁਗ ਮੇਲਾ ਭਗਤ ਭਗਵੰਤ, ਲੋਕਮਾਤ ਕਰਾਈਆ । ਗੜ੍ਹ ਤੋੜ ਹਉਮੇ ਹੰਗਤ, ਹੰ ਬ੍ਰਹਮ ਦਏ ਦ੍ਰਿੜਾਈਆ । ਜਿਸ ਨੇ ਰਚਨਾ ਰਚੀ ਆਦਿ ਉਹ ਵੇਖੇ ਖੇਲ ਅੰਤ, ਖੇਲਣਹਾਰਾ ਨੂਰ ਖ਼ੁਦਾਈਆ । ਚੌਦਾਂ ਤਬਕ ਰਹੇ ਤਭਕ, ਚੌਦਾਂ ਲੋਕ ਕੂਕ ਸੁਣਾਈਆ । ਬ੍ਰਹਿਮੰਡ ਖੰਡ ਕਹਿਣ ਕੀ ਰਿਹਾ ਵਰਤ, ਸੂਰਜ ਚੰਦ ਨੈਣ ਸ਼ਰਮਾਈਆ । ਕਲਜੁਗ ਅੰਤਮ ਨਿਹਕਲੰਕ ਪੁਰਖ ਅਬਿਨਾਸ਼ੀ ਪਰਗਟ ਹੋਇਆ ਵਿਚ ਭਾਰਤ, ਭਰਮ ਸਭ ਦਾ ਦਏ ਗਵਾਈਆ । ਕੋਈ ਨਾ ਜਾਣੇ ਪੰਡਤ ਪਾਂਧਾ ਮੁਲਾਂ ਸ਼ੇਖ਼ ਮੁਸਾਇਕ ਆਰਫ਼; ਚੌਦਾਂ ਵਿਦਿਆ ਹੱਥ ਨਾ ਆਈਆ । ਨਿਰਗੁਣ ਨਿਰੰਕਾਰ ਨਿਰਾਕਾਰ ਬੈਠਾ ਸਭ ਤੋਂ ਹੋ ਕੇ ਫ਼ਾਰਗ਼, ਫ਼ਤਵੇ ਸਭ ਦੇ ਉਤੇ ਲਾਈਆ । ਇਕੋ ਜੋਤੀ ਕਿਰਨ ਸੁੱਟੇ ਸਪਾਰਕ, ਨਵ ਸਤ ਦਏ ਜਲਾਈਆ । ਸ਼ਾਹ ਸੁਲਤਾਨਾਂ ਸ੍ਰੀ ਭਗਵਾਨ ਪਹਿਲੀ ਚੇਤਰ ਸਭ ਨੂੰ ਕਰੇ ਤੁਆਰਫ਼, ਤੋਹਫ਼ਾ ਘਰ ਘਰ ਦਏ ਪੁਚਾਈਆ । ਅਗਲੇ ਸੰਮਤ ਕੋਈ ਨਾ ਕਰੇ ਕਿਸੇ ਦੀ ਸਿਫ਼ਾਰਸ਼, ਅੱਗੇ ਹੋ ਨਾ ਕੋਇ ਬਚਾਈਆ । ਪਹਿਲੀ ਚੇਤਰ ਕਾਇਆ ਮੰਦਰ ਸਭ ਨੂੰ ਹੋਏ ਖ਼ਾਰਸ਼, ਰਾਤੀਂ ਸੁਤਿਆਂ ਨੀਂਦ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਵਰਨ ਦਾ ਇਕੋ ਦਾਤਾ, ਇਕੋ ਨਾਮ ਇਕੋ ਗਾਥਾ, ਇਕੋ ਮੰਦਰ ਇਕੋ ਮਾਠਾ, ਇਕੋ ਪੂਜਾ ਇਕੋ ਪਾਠਾ, ਇਕੋ ਇਸ਼ਟ ਦੇਵ ਵਖਾਈਆ । ਇਕੋ ਇਸ਼ਟ ਵਖਾਏ ਸ੍ਰਿਸ਼ਟ, ਈਸ਼ਰ ਆਪਣੀ ਦਇਆ ਕਮਾਇੰਦਾ । ਆਤਮ ਪਰਮਾਤਮ ਖੇਲ ਸਰਬ ਸ੍ਰਿਸ਼ਟ, ਸ੍ਰਿਸ਼ਟੀ ਆਪਣੇ ਰਾਹ ਚਲਾਇੰਦਾ । ਬ੍ਰਹਮ ਪਾਰਬ੍ਰਹਮ

ਸਚ ਵਖਾਏ ਦ੍ਰਿਸ਼, ਆਦਰਸ਼ ਇਕੋ ਇਕ ਜਣਾਇੰਦਾ । ਪਿਛਲੀ ਮੁੱਕੇ ਸਭ ਦੀ ਹਿਰਸ, ਅੱਗੇ ਇਕੋ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਚਾਰ ਵਰਨ ਇਕ ਸਰਨ ਜਨ ਭਗਤਾਂ ਖੋਲ੍ਹੇ ਨੇਤਰ ਹਰਨ ਫਰਨ, ਦੂਈ ਦਵੈਤੀ ਪਰਦਾ ਲਾਹਿੰਦਾ । ਦੂਈ ਦਵੈਤੀ ਪਰਦਾ ਕਰੇ ਚਾਕ, ਚਾਕਰ ਆਪਣੀ ਸੇਵ ਕਮਾਈਆ । ਕੂੜੀ ਕਿਰਿਆ ਕਰੇ ਖ਼ਾਕ, ਸਚ ਸੁਚ ਦਏ ਵਡਿਆਈਆ । ਆਦਿ ਜੁਗਾਦਿ ਕਲਮਾ ਪਾਕ, ਪਾਕ ਰਸੂਲ ਕਰੇ ਪੜ੍ਹਾਈਆ । ਜੁਗ ਚੌਕੜੀ ਦੇਵੇ ਨਾਮ ਦਾਤ, ਦਾਤਾ ਦਾਨੀ ਫੇਰਾ ਪਾਈਆ । ਕਲਜੁਗ ਅੰਤਮ ਸਭ ਦੀ ਪੁਛੇ ਵਾਤ, ਗ਼ਰੀਬ ਨਿਮਾਣੇ ਕੋਝੇ ਕਮਲੇ ਵੇਖ ਵਖਾਈਆ । ਸਦਾ ਸੁਹੇਲਾ ਦੇਵੇ ਸਾਥ, ਸਗਲਾ ਸੰਗ ਨਿਭਾਈਆ । ਵੀਹ ਸੌ ਇਕੀ ਬਿਕਰਮੀ ਪਹਿਲੀ ਚੇਤਰ ਧਰਮ ਬਣਾਏ ਇਕ ਜਮਾਤ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਨਾ ਕੋਇ ਅਖਵਾਈਆ । ਰਲ ਮਿਲ ਸਾਰੇ ਕਰਨ ਇਕੋ ਪਾਠ, ਸੋਹੰ ਢੋਲਾ ਰਸਨਾ ਗਾਈਆ । ਪਹਿਲੋਂ ਕੋਈ ਨਾ ਸੁਣੇ ਸਾਜ, ਸਭ ਬੈਠੇ ਮੁਖ ਭੁਆਈਆ । ਜਿਸ ਵੇਲੇ ਖ਼ਾਲੀ ਰਹਿ ਗਏ ਹਾਥ, ਸਾਰੇ ਦੇਣ ਦੁਹਾਈਆ । ਸ਼ਾਹ ਸੁਲਤਾਨ ਹੋਣ ਖ਼ਾਕ, ਤਖ਼ਤ ਤਾਜ ਨਾ ਕੋਇ ਹੰਢਾਈਆ । ਨੌਂ ਖੰਡ ਸੱਤ ਦੀਪ ਕਰਨ ਯਾਦ, ਇਕੋ ਇਕ ਖ਼ੁਦਾਈਆ । ਜਿਸ ਨੇ ਦੀਨਾਂ ਮਜ਼੍ਹਬਾਂ ਜ਼ਾਤਾਂ ਪਾਤਾਂ ਕੀਤਾ ਘਾਤ, ਘਾਉ ਆਪਣਾ ਨਾਮ ਲਗਾਈਆ । ਜਿਸ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦਿਤੀ ਵਫ਼ਾਤ, ਪੰਜ ਤੱਤ ਕਾਇਆ ਖ਼ਾਕ ਮਿਲਾਈਆ । ਜਿਸ ਆਤਮ ਦੇਣੀ ਨਜਾਤ, ਸੋ ਪਰਮਾਤਮ ਬੇਪਰਵਾਹੀਆ । ਰਲ ਮਿਲ ਸਾਰੇ ਪੜ੍ਹੀਏ ਇਕ ਜਮਾਤ, ਅੱਗੇ ਪਿਛੇ ਰਹਿ ਕੋਇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਨਿਰਵੈਰ ਪੁਰਖ ਅਕਾਲ ਪਾਰਬ੍ਰਹਮ ਬ੍ਰਹਮ ਸਤਿ ਸਵਾਮੀ ਆਦਿ ਜੁਗਾਦਿ ਸਦਾ ਨਿਹਕਾਮੀ, ਕਰਮ ਕਾਂਡ ਪਰਕਿਰਤੀ ਫਿਰਤੀ ਫਿਰਤੀ ਆਪਣੀ ਝੋਲੀ ਪਾਈਆ ।



❇ ੨੦ ਮੱਘਰ ੨੦੧੯ ਬਿਕਰਮੀ ਤਰਲੋਕ ਸਿੰਘ ਪਿੰਡ ਓਗਰਾ ਜ਼ਿਲਾ ਗੁਰਦਾਸਪੁਰ ❇

ਸਚਖੰਢ ਨਿਵਾਸੀ ਸਾਚੇ ਦੇਸਾ, ਦਰਗਾਹ ਸਾਚੀ ਹੁਕਮ ਜਣਾਇੰਦਾ । ਨਿਰਗੁਣ ਵੇਖ ਆਪਣਾ ਲੇਖਾ, ਸਰਗੁਣ ਪੰਧ ਚੁਕਾਇੰਦਾ । ਜੁਗ ਚੌਕੜੀ ਕੱਢੇ ਭਰਮ ਭੁਲੇਖਾ, ਸਚ ਸੁਚ ਦ੍ਰਿੜਾਇੰਦਾ । ਇਕੱਠੇ ਹੋ ਜਾਓ ਧਾਰੀ ਕੇਸਾ, ਮੂੰਡ ਮੁੰਡਾਏ ਨਾਲ ਮਿਲਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਕਰੇ ਹੇਤਾ, ਹੱਦ ਆਪਣੀ ਪਾਰ ਜਣਾਇੰਦਾ । ਚੁੱਕਣਹਾਰਾ ਜੁਗਾ ਜੁਗੰਤਰ ਸ਼ਾਹ ਨਰੇਸਾ, ਸ਼ਹਿਨਸ਼ਾਹ ਆਪਣਾ ਭੇਵ ਚੁਕਾਇੰਦਾ । ਦੀਨ ਮਜ਼੍ਹਬ ਦਾ ਛੱਡ ਦਿਓ ਪੇਸ਼ਾ, ਮਾਰਗ ਇਕੋ ਇਕ ਸਮਝਾਇੰਦਾ । ਜਿਸ ਨੂੰ ਕਰਦੇ ਰਹੇ ਆਦੇਸਾ, ਸੋ ਸਾਹਿਬ ਹੁਕਮ ਸੁਣਾਇੰਦਾ । ਨੌਂ ਖੰਡ ਪ੍ਰਿਥਮੀ ਸੱਤ ਦੀਪ ਘਰ ਘਰ ਜਾ ਕੇ ਦਿਓ ਸੰਦੇਸਾ, ਸ੍ਰੀ ਭਗਵਾਨ ਖੇਲ ਕਰਾਇੰਦਾ । ਨਾ ਕੋਈ ਰਹੇ ਮੁਲਾਂ ਔਲੀਆ ਪੀਰ ਸ਼ੇਖ਼ਾ, ਮੁਸੀਬਤ ਸਭ ਦੇ ਸਿਰ ਤੇ ਪਾਇੰਦਾ । ਕੋਈ ਨਾ ਪੰਡਤ ਪਾਂਧਾ ਵੇਖੇ ਰੇਖਾ, ਪੱਤਰੀ ਸਭ ਦੀ ਬੰਦ ਕਰਾਇੰਦਾ । ਕੋਈ ਨਾ ਕਰੇ ਝੂਠਾ ਭੇਖਾ, ਭੇਖਾਧਾਰੀ ਸਰਬ ਮਿਟਾਇੰਦਾ । ਦੋ ਜਹਾਨਾਂ ਦੇਵੇ ਨੇਂਤਾ, ਸਚ ਸਚ ਜਣਾਇੰਦਾ । ਲੋਆਂ ਪੁਰੀਆਂ ਕਰ ਕਰ ਵੇਂਤਾ, ਸਾਚੀ ਵੰਡ ਵੰਡਾਇੰਦਾ । ਸ੍ਰੀ ਭਗਵਾਨ ਖੇਵਟ ਖੇਟਾ, ਲੱਖ ਚੁਰਾਸੀ ਬੇੜਾ ਆਪ ਚਲਾਇੰਦਾ । ਅੰਤਮ ਮੇਲ ਹੋਇਆ ਪਿਤਾ ਬੇਟਾ, ਪੁਰਖ ਅਕਾਲ ਗੋਬਿੰਦ ਰੰਗ ਰੰਗਾਇੰਦਾ । ਜਿਸ ਭਾਗ ਲਗਾਇਆ ਰਵਿਦਾਸ

ਗੰਗਾ ਥੇਟਾ, ਸੋ ਗਹਿਰ ਗੰਭੀਰ ਖੇਲ ਕਰਾਇੰਦਾ । ਪਿਛਲਾ ਸਭ ਨੂੰ ਯਾਦ ਕਰਾਏ ਚੇਤਾ, ਅਭੁਲ ਭੁੱਲ ਕਦੇ ਨਾ ਜਾਇੰਦਾ । ਜਿਸ ਭਾਗ ਲਗਾਇਆ ਜੱਟ ਧੰਨੇ ਖੇਤਾ, ਸੋ ਆਪਣਾ ਖੇਲ ਕਰਾਇੰਦਾ । ਨਿਰਗੁਣ ਦੱਸਣ ਆਇਆ ਭੇਤਾ, ਪਰਦਾ ਆਪ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸਾ ਇਕ ਸੁਣਾਇੰਦਾ । ਧੁਰ ਸੰਦੇਸਾ ਧੁਰ ਦਰਬਾਰੀ, ਧੁਰ ਧੁਰ ਆਪ ਜਣਾਈਆ । ਸਾਰੇ ਉਠੋ ਏਕਾ ਵਾਰੀ, ਏਕਾ ਹੁਕਮ ਜਣਾਈਆ । ਲੋਕਮਾਤ ਔਂਦੇ ਰਹੇ ਵਾਰੋ ਵਾਰੀ, ਜੁਗ ਜੁਗ ਆਪਣੀ ਸੇਵ ਕਮਾਈਆ । ਸੇਵਾ ਕਰਦੇ ਰਹੇ ਨਾਮ ਜੈਕਾਰੀ, ਜੈ ਜੈ ਸੋਹਲਾ ਗਾਈਆ । ਧੁਰ ਫ਼ਰਮਾਣਾ ਧੁਰ ਦੀ ਦਾਰੀ, ਦੀਨ ਦੁਨੀ ਜਗਤ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸੁਣਾਈਆ । ਸਾਰੇ ਉਠੋ ਏਕਾ ਵਾਰ, ਏਕੰਕਾਰ ਜਣਾਇੰਦਾ । ਨੇਤਰ ਖੋਲ੍ਹੋ ਕਰੋ ਪਿਆਰ, ਪਰਮ ਪੁਰਖ ਦਇਆ ਕਮਾਇੰਦਾ । ਸਰਗੁਣ ਨਾਤਾ ਤੁਟਾ ਵਿਚ ਸੰਸਾਰ, ਨਿਰਗੁਣ ਜੋਤੀ ਜੋਤ ਮਿਲਾਇੰਦਾ । ਪੰਜ ਤੱਤ ਕਾਇਆ ਦੀਨ ਮਜ਼੍ਹਬ ਬਾਜ਼ਾਰ, ਲੋਕਮਾਤ ਹੱਟ ਖੁਲ੍ਹਾਇੰਦਾ । ਸੌਦਾ ਵਿਕਿਆ ਵਾਰੋ ਵਾਰ, ਜੀਵ ਜੰਤ ਜਗਤ ਰਾਹ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਆਪ ਜਣਾਇੰਦਾ । ਧੁਰ ਦਾ ਲੇਖਾ ਸ੍ਰੀ ਭਗਵਾਨਾ, ਹਰਿ ਹਰਿ ਜੂ ਆਪ ਜਣਾਇੰਦਾ । ਸਾਰੇ ਉਠੋ ਵੇਖੋ ਮਾਰੋ ਧਿਆਨਾ, ਹਰਿ ਜੂ ਆਪਣਾ ਭੇਵ ਖੁਲ੍ਹਾਇੰਦਾ । ਜੁਗ ਚੌਕੜੀ ਗੌਂਦੇ ਰਹੇ ਰਾਗ ਤਰਾਨਾ, ਤਰਾ ਤਰਾ ਸਮਝਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਬਣਦੇ ਰਹੇ ਮਾਤ ਪਰਧਾਨਾ, ਸਚ ਪਰਧਾਨਗੀ ਆਪ ਜਣਾਇੰਦਾ । ਅੰਤਮ ਦੱਸ ਕੇ ਆਏ ਇਕ ਨਿਸ਼ਾਨਾ, ਸਚ ਨਿਸ਼ਾਨਾ ਆਪ ਜਣਾਇੰਦਾ । ਹੁਕਮੇ ਅੰਦਰ ਕਰੇ ਖੇਲ ਸ੍ਰੀ ਭਗਵਾਨਾ, ਦੂਜਾ ਰਾਹ ਨਾ ਕੋਇ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸਾ ਆਪ ਸੁਣਾਇੰਦਾ । ਸਚ ਸੰਦੇਸਾ ਸੁਣੋ ਮੀਤ, ਹਰਿ ਮਿੱਤਰ ਆਪ ਜਣਾਈਆ । ਇਕੋ ਢੋਲਾ ਇਕੋ ਗੀਤ, ਇਕੋ ਰਾਗ ਅਲਾਈਆ । ਇਕੋ ਤੋਲਾ ਸਦਾ ਅਤੀਤ, ਦਰਗਾਹ ਸਾਚੀ ਸੋਭਾ ਪਾਈਆ । ਏਕਾ ਆਦ ਜੁਗਾਦਿ ਰਿਹਾ ਜੀਤ, ਜੁਗ ਜੁਗ ਹੁਕਮ ਵਰਤਾਈਆ । ਏਕਾ ਵਸੇ ਹਸਤ ਕੀਟ, ਊਚ ਨੀਚ ਰਿਹਾ ਸਮਾਈਆ । ਏਕਾ ਦੱਸੇ ਸਚ ਪ੍ਰੀਤ, ਪ੍ਰੀਤੀਵਾਨ ਬੇਪਰਵਾਹੀਆ । ਏਕਾ ਰਾਹ ਚਲਾਏ ਸ਼ਿਵਦੁਆਲੇ ਮੱਠ ਮੰਦਰ ਮਸੀਤ, ਗੁਰਦੁਆਰ ਆਪਣਾ ਰੰਗ ਰੰਗਾਈਆ । ਏਕਾ ਖੇਲ ਕਰੇ ਪ੍ਰਭ ਠੀਕ, ਠੀਕਰ ਸਭ ਦਾ ਭੰਨ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੁਨੇਹੁੜਾ ਇਕ ਸੁਣਾਈਆ । ਸਚ ਸੁਨੇਹੁੜਾ ਸਾਚੇ ਦੇਸ, ਪ੍ਰਦੇਸੀ ਆਪ ਜਣਾਇੰਦਾ । ਨੇਤਰ ਲੋਚਣ ਨੈਣ ਲਓ ਪੇਖ, ਦੀਨ ਦਿਆਲ ਆਪ ਵਖਾਇੰਦਾ । ਦੋ ਜਹਾਨ ਸ੍ਰੀ ਭਗਵਾਨ ਲੇਖਾ ਜਾਣੇ ਨੇਤਨ ਨੇਤ, ਨਿਤ ਨਵਿਤ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਗੁਰ ਇਕ ਜਣਾਇੰਦਾ । ਗੁਰ ਅਵਤਾਰ ਵੇਖੋ ਗੁਰ, ਹਰਿ ਸਤਿਗੁਰ ਆਪ ਜਣਾਈਆ । ਪੀਰ ਪੈਗ਼ੰਬਰ ਲੇਖਾ ਜਾਣੋ ਧੁਰ, ਧੁਰਦਰਗਾਹੀ ਆਪ ਸਮਝਾਈਆ । ਪੰਜ ਤੱਤ ਕਾਇਆ ਨਾਲ ਜੁੜ, ਆਤਮ ਪਰਮਾਤਮ ਖੇਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਈਆ । ਸਾਚਾ ਹੁਕਮ ਸਾਚਾ ਗੁਰ, ਹਰਿ ਸਤਿਗੁਰ ਆਪ ਜਣਾਈਆ । ਨਿਰਗੁਣ ਨਿਰਵੈਰ ਪੁਰਖ ਅਕਾਲ ਚੜ੍ਹਿਆ ਸਾਚੇ ਘੋੜ, ਦੋ ਜਹਾਨਾਂ ਫੇਰਾ ਪਾਈਆ । ਵੇਖਣਹਾਰਾ ਅੰਧੇਰ ਘੋਰ, ਡੂੰਘੀ ਕੰਦਰ ਵੇਖ ਵਖਾਈਆ । ਲੇਖਾ

ਜਾਣੇ ਠੱਗ ਚੋਰ, ਸਚ ਨਾਲਿਸ਼ ਆਪ ਕਮਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਮਾਰਗ ਦੱਸਦਾ ਰਿਹੋਂ ਹੋਰ ਹੋਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲਾਈਆ । ਪੰਜ ਤੱਤ ਕਾਇਆ ਖੇਲ ਅਪਾਰਾ, ਗੁਰ ਅਵਤਾਰ ਵੰਡ ਵੰਡਾਈਆ । ਜਗਤ ਨਾਮ ਬੋਲ ਜੈਕਾਰਾ, ਜੀਵ ਜੰਤ ਸਮਝਾਈਆ । ਦੀਨ ਮਜ਼੍ਹਬ ਕਰ ਪਸਾਰਾ, ਸ਼ਰਅ ਸ਼ਰੀਅਤ ਵੰਡ ਵੰਡਾਈਆ । ਤਿਲਕ ਬੋਦੀ ਜੰਞੂ ਖੇਲ ਅਪਾਰਾ, ਧੋਤੀ ਟਿੱਕਾ ਨਾਲ ਮਿਲਾਈਆ । ਕੂੜੀ ਕਿਰਿਆ ਗੋਬਰ ਚੌਂਕਾ, ਕਾਇਆ ਮਾਟੀ ਪੋਚ ਪੁਚਾਈਆ । ਹਰਿ ਮਿਲਣ ਦਾ ਕੋਈ ਨਾ ਰੱਖੇ ਸ਼ੌਂਕਾ, ਆਤਮ ਸੇਜ ਨਾ ਕੋਇ ਸੁਹਾਈਆ । ਸਚ ਸਰੋਵਰ ਸਾਚਾ ਅੰਮ੍ਰਿਤ ਕੋਈ ਨਾ ਦੇਵੇ ਤੌਂਕਾ, ਸਚ ਸੁਚ ਨਾ ਕੋਇ ਜਣਾਈਆ । ਕੂੜੀ ਰਸਨਾ ਕੂੜ ਭੌਂਕਾ, ਕੂਕ ਕੂਕ ਸੁਣਾਈਆ । ਅੰਤਮ ਗਿਆ ਲੋਕਮਾਤ ਔਂਤਾ, ਪਤ ਡਾਲੀ ਨਾ ਕੋਇ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਵੰਡ ਵੇਖ ਵਖਾਈਆ । ਜਗਤ ਵੰਡ ਮੁਨ ਲਬ, ਲਬ ਇਕੋ ਇਕ ਜਣਾਇੰਦਾ । ਆਪੇ ਦੋਸ਼ੀ ਆਪਣਾ ਕਰ ਕਰਤਬ, ਕਰਨੀ ਆਪਣਾ ਰਾਹ ਵਖਾਇੰਦਾ । ਆਪੇ ਨੂਰ ਅਲਾਹੀ ਆਪੇ ਰੱਬ, ਰਹਿਮਤ ਆਪਣੀ ਆਪ ਕਮਾਇੰਦਾ । ਸ਼ਰਅ ਸ਼ਰੀਅਤ ਸਭ, ਆਪਣੀ ਉਮਤ ਰਾਹ ਚਲਾਇੰਦਾ । ਏਕਾ ਮੱਕਾ ਕਾਅਬਾ ਹੱਜ, ਹੁਜਰਾ ਹੱਜ ਨਾ ਕੋਈ ਵਡਿਆਇੰਦਾ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਪਰਵਰਦਿਗਾਰ ਆਪਣੀ ਕਰਨੀ ਖੇਲ ਕਰੇ ਸਭ, ਸਦ ਸਦ ਆਪਣਾ ਰਾਹ ਚਲਾਇੰਦਾ । ਪੀਰ ਪੈਗ਼ੰਬਰ ਵੇਖੇ ਮਾਰ ਧਿਆਨ, ਪੰਜ ਤੱਤ ਕਾਇਆ ਚੋਲਾ ਮਾਟੀ ਅੰਦਰ ਦੇਣਾ ਦੱਬ, ਦਰਗਾਹ ਨਾਲ ਨਾ ਕੋਈ ਲਿਆਇੰਦਾ । ਜਗਤ ਕਿਰਿਆ ਜਗਤ ਆਏ ਛੱਡ, ਖ਼ਾਲੀ ਹੱਥ ਸਰਬ ਫਿਰਾਇੰਦਾ । ਹੁਣ ਕਿਉਂ ਬੈਠੇ ਅੱਡੋ ਅੱਡ, ਸਭ ਨੂੰ ਇਕੋ ਘਰ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਆਪ ਅਲਾਇੰਦਾ । ਸ਼ਰਅ ਸ਼ਰੀਅਤ ਜਗਤ ਨਾਤਾ, ਛੁਰੀਆਂ ਨਾਲ ਵੰਡ ਵੰਡਾਈਆ । ਅੰਜੀਲ ਕੁਰਾਨ ਰਸਨਾ ਜਿਹਵਾ ਗਾਥਾ, ਅਲਫ਼ ਯੇ ਕਰੇ ਪੜ੍ਹਾਈਆ । ਮਨ ਮੱਤ ਬੁੱਧ ਦੱਸੇ ਦਾਤਾ, ਸਿਖਿਆ ਸਿਖ ਇਕ ਜਣਾਈਆ । ਹਰਿ ਕਾ ਰੂਪ ਨਾ ਕਿਸੇ ਪਛਾਤਾ, ਪੇਸ਼ੀਨਗੋਈ ਦੇ ਦੇ ਰਹੇ ਸੁਣਾਈਆ । ਸਾਰੇ ਕਹਿਣ ਬੈਠਾ ਰਹੇ ਇਕ ਇਕਾਂਤਾ, ਦਰਗਾਹ ਸਾਚੀ ਆਸਣ ਲਾਈਆ । ਦਰਗਾਹ ਸੁਣਾਏ ਆਪਣੀਆਂ ਗਲਾਂ ਬਾਤਾਂ, ਸਚ ਸੰਦੇਸ਼ਾ ਆਪ ਜਣਾਈਆ । ਵੇਲੇ ਅੰਤਮ ਪੁੱਛੇ ਵਾਤਾ, ਪਰਵਰਦਿਗਾਰ ਬੇਪਰਵਾਹੀਆ । ਰੂਹ ਬੁੱਤ ਦਏ ਨਿਜ਼ਾਤਾ, ਪਾਕੀ ਪਾਕ ਇਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਭ ਨੂੰ ਰਿਹਾ ਜਣਾਈਆ । ਗੁਰ ਗੁਰ ਲੇਖਾ ਹਰਿ ਜੂ ਦੱਸ, ਦਹਿ ਦਿਸ਼ਾ ਖੇਲ ਕਰਾਇੰਦਾ । ਨਾਨਕ ਨਿਰਗੁਣ ਪਿਆ ਹੱਸ, ਦਰ ਸਾਚੇ ਖ਼ੁਸ਼ੀ ਮਨਾਇੰਦਾ । ਜਿਉਂ ਭਾਵੇ ਤਿਉਂ ਲੈਣਾ ਰੱਖ, ਤੇਰਾ ਮੇਰਾ ਭੇਵ ਨਾ ਕੋਈ ਆਇੰਦਾ । ਮੈਂ ਦੱਸਿਆ ਇਕੋ ਹੱਕ, ਹੱਕ ਹਕੀਕਤ ਫੋਲ ਫੁਲਾਇੰਦਾ । ਸਰਬ ਜੀਵਾਂ ਦਾ ਮੀਤਾ ਪੁਰਖ ਸਮਰਥ, ਦੂਜਾ ਨਜ਼ਰ ਕੋਈ ਨਾ ਆਇੰਦਾ । ਜਿਸ ਦੇ ਅੱਗੇ ਅਸੀਂ ਡਾਹੀਏ ਹੱਥ, ਖ਼ਾਲੀ ਝੋਲੀ ਸਰਬ ਭਰਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਮਾਰਗ ਰਿਹਾ ਦੱਸ, ਅੱਖਰ ਵੱਖਰ ਆਪ ਪੜ੍ਹਾਇੰਦਾ । ਨਿਰਗੁਣ ਜੋਤ ਦਏ ਪਰਕਾਸ਼, ਅੰਧ ਅੰਧੇਰ ਗਵਾਇੰਦਾ । ਆਤਮ ਸੇਜਾ ਕਰੇ ਭੋਗ ਬਿਲਾਸ, ਨਾਰੀ ਕੰਤ ਆਪ ਹੰਢਾਇੰਦਾ । ਸੇਵਾ ਕਰੇ ਬਣ ਬਣ ਦਾਸੀ ਦਾਸ, ਸੇਵਕ ਆਪਣਾ ਰਾਹ ਚਲਾਇੰਦਾ । ਗੁਰ ਅਵਤਾਰ ਤੇਰੀ ਸ਼ਾਖ਼, ਤੇਰੀ ਸ਼ਨਾਖ਼ਤ ਕਰਨ ਕੋਈ ਨਾ ਆਇੰਦਾ । ਕਰ ਕਿਰਪਾ ਜਿਸ ਦੇਵੇ ਦਾਤ, ਸੋ ਨਾਨਕ ਗੋਲਾ ਦਰ ਤੇਰੇ ਸੇਵ ਕਮਾਇੰਦਾ । ਤੂੰ

ਪਿਤਾ ਮਾਤ, ਹਉਂ ਬਾਲਕ ਰੂਪ ਵਟਾਇੰਦਾ । ਚਰਨ ਸਰਨ ਸਰਨ ਚਰਨ ਇਕੋ ਨਾਤ, ਨਾਤਾ ਬਿਧਾਤਾ ਮੰਗ ਮੰਗਾਇੰਦਾ । ਆਤਮ ਪਰਮਾਤਮ ਤੇਰੀ ਜ਼ਾਤ, ਦੂਜਾ ਰੂਪ ਨਾ ਕੋਈ ਵਖਾਇੰਦਾ । ਤੇਰਾ ਜਲਵਾ ਵੇਖ ਆਪਣੇ ਅੰਤਰ ਪੇਖ ਨਾ ਕੋਈ ਰੰਗ ਨਾ ਕੋਈ ਰੇਖ, ਸੋਹੰ ਢੋਲਾ ਇਕੋ ਗਾਇੰਦਾ । ਸਤਿ ਸਤਿਵਾਦੀ ਕਰ ਹੇਤ, ਹਿਤਕਾਰੀ ਤੇਰੇ ਹੱਥ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਰਹਿਬਰ ਇਕੋ ਇਕ ਅਖਵਾਇੰਦਾ । ਇਕੋ ਰਹਿਬਰ ਇਕੋ ਖ਼ੁਦਾ, ਨਿਰਗੁਣ ਹਰਿ ਅਖਵਾਇੰਦਾ । ਇਕੋ ਮੇਲਾ ਇਕ ਜੁਦਾ, ਜੁਜ਼ ਆਪਣਾ ਵੰਡ ਵੰਡਾਇੰਦਾ । ਇਕੋ ਹੋਏ ਸਰਬ ਫਿਦਾ, ਬਿਸਮਲ ਆਪਣਾ ਆਪ ਕਰਾਇੰਦਾ । ਆਪਣਾ ਮਾਰਗ ਲਾਏ ਸਿਧਾ, ਪੀਰ ਪੈਗ਼ੰਬਰ ਆਪ ਉਠਾਇੰਦਾ । ਹਰਿ ਚਰਨ ਦੁਆਰ ਸਾਰੇ ਰਲ ਮਿਲ ਪਾਓ ਗਿੱਧਾ, ਪੁਰਖ ਅਬਿਨਾਸ਼ੀ ਖ਼ੁਸ਼ੀਆਂ ਨਾਚ ਨਚਾਇੰਦਾ । ਨਿਰਗੁਣ ਨਿਰਵੈਰ ਸਾਚਾ ਭੋਜਨ ਇਕੋ ਰਿੱਧਾ, ਕੜਛਾ ਆਪਣਾ ਨਾਮ ਫਿਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਜਣਾਇੰਦਾ । ਸਾਚੀ ਕਰਨੀ ਗੋਬਿੰਦ ਧਾਰ, ਗੋਬਿੰਦ ਹਰਿ ਗੋਬਿੰਦ ਜਣਾਈਆ । ਤੇਰਾ ਖੇਲ ਅਗੰਮ ਅਪਾਰ, ਹੱਥ ਤੇਰੇ ਵਡਿਆਈਆ । ਚੌਥੇ ਜੁਗ ਦੀ ਅੰਤਮ ਕਾਰ, ਕਰਨੀ ਕਰਤੇ ਤੇਰੀ ਇਕ ਵਡਿਆਈਆ । ਮੈਂ ਬਣ ਕੇ ਬਾਲਾ ਦੱਸ ਕੇ ਆਇਆ ਵਿਚ ਸੰਸਾਰ, ਸ੍ਰਿਸ਼ਟ ਸਬਾਈ ਮਾਤ ਸਮਝਾਈਆ । ਪੁਰਖ ਅਕਾਲਾ ਏਕੰਕਾਰ, ਅਕਲ ਕਲ ਵਡੀ ਵਡਿਆਈਆ । ਇਕੋ ਇਸ਼ਟ ਸੱਚੀ ਸਰਕਾਰ, ਦੂਜਾ ਨਜ਼ਰ ਕੋਇ ਨਾ ਆਈਆ । ਜਿਸ ਸੇਵਾ ਲਾਏ ਗੁਰ ਅਵਤਾਰ, ਪੀਰ ਪੈਗ਼ੰਬਰ ਮਾਣ ਦਿਵਾਈਆ । ਕਿਰਪਾ ਕਰੀ ਇਕ ਅਪਾਰ, ਸਿਰ ਮੋਹੇ ਹੱਥ ਟਿਕਾਈਆ । ਪਿਤਾ ਪੂਤ ਕਰੇ ਪਿਆਰ, ਆਪਣਾ ਭੇਦ ਰਿਹਾ ਜਣਾਈਆ । ਕਲਜੁਗ ਅੰਤਮ ਸਚ ਵਿਹਾਰ, ਸਤਿ ਸਤਿਵਾਦੀ ਆਪਣੇ ਹੱਥ ਰਖਾਈਆ । ਜੁਗ ਚੌਕੜੀ ਵੇਖੇ ਵੇਖਣਹਾਰ, ਭੇਵ ਅਭੇਦ ਆਪ ਖੁਲ੍ਹਾਈਆ । ਕਲ ਕਲਕੀ ਲੈ ਅਵਤਾਰ, ਨਿਹਕਲੰਕ ਵੱਜੇ ਵਧਾਈਆ । ਸੰਬਲ ਵਸੇ ਧਾਮ ਨਿਆਰ, ਧਮਕੀ ਸਭ ਨੂੰ ਰਿਹਾ ਵਖਾਈਆ । ਕਰੇ ਖੇਲ ਆਪ ਕਰਤਾਰ, ਕੁਦਰਤ ਆਪਣੇ ਹੱਥ ਰਖਾਈਆ । ਪਰਗਟ ਹੋ ਪਰਵਰਦਿਗਾਰ, ਜਲਵਾ ਨੂਰ ਕਰੇ ਰੁਸ਼ਨਾਈਆ । ਪੀਰ ਪੈਗ਼ੰਬਰ ਇਕੱਠੇ ਕਰੇ ਇਕ ਦੁਆਰ, ਹਰਿ ਦਰਦੀ ਦਰਦ ਵੰਡਾਈਆ । ਰਲ ਮਿਲ ਸਾਰੇ ਬੋਲੋ ਇਕ ਜੈਕਾਰ, ਜੈ ਜੈਕਾਰ ਸਰਬ ਸੁਣਾਈਆ । ਪਿਛਲਾ ਨਾਤਾ ਤੋੜੋ ਵਿਚ ਸੰਸਾਰ, ਸਗਲਾ ਸੰਗ ਤਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸੱਜਣ ਸਾਚੇ ਆਪ ਉਠਾਈਆ । ਸੱਜਣ ਸੱਚੇ ਗਏ ਉਠ, ਸਚਖੰਡ ਵੱਜੀ ਵਧਾਈਆ । ਪੁਰਖ ਅਬਿਨਾਸ਼ੀ ਗਿਆ ਤੁਠ, ਸਭ ਨੂੰ ਰਿਹਾ ਸਮਝਾਈਆ । ਲੋਕਮਾਤ ਇਕ ਦੂਜੇ ਨਾਲ ਜੋ ਰਹੇ ਰੁਠ, ਦੀਨ ਮਜ਼੍ਹਬ ਵੰਡ ਵੰਡਾਈਆ । ਮਾਰਗ ਦੱਸਿਆ ਹਲਾਲ ਝਟਕਾ ਖਾਣਾ ਕੁਠ, ਕੁੱਠਾ ਖਾਧਾ ਕੰਮ ਕਿਸੇ ਨਾ ਆਈਆ । ਮੰਦਰ ਮਸਜਿਦ ਸ਼ਿਵਦੁਆਲੇ ਮੱਠ ਅੰਤਰ ਵੇਖੋ ਪਈ ਲੁੱਟ, ਧੀਰਜ ਧਰਮ ਨਾ ਕੋਇ ਰਖਾਈਆ । ਘਰ ਘਰ ਪਈ ਦਿਸੇ ਫੁੱਟ, ਸਾਚਾ ਸੰਗ ਨਾ ਕੋਇ ਜਣਾਈਆ । ਭਾਈ ਭਾਈਆਂ ਰਹੇ ਕੁੱਟ, ਦਰਦੀ ਦਰਦ ਨਾ ਕੋਇ ਵੰਡਾਈਆ । ਸਾਧਾਂ ਸੰਤਾਂ ਅੰਦਰ ਭਰਿਆ ਖੋਟ, ਜਗਤ ਵਾਸਨਾ ਕਰੇ ਲੜਾਈਆ । ਸ਼ਾਹ ਸੁਲਤਾਨਾਂ ਭਰੀ ਨਾ ਪੇਟ, ਹਵਸ ਦਿਨੋ ਦਿਨ ਵਧਾਈਆ । ਪੁਰਖ ਅਕਾਲ ਸਭ ਨੂੰ ਵਖਾਏ ਇਕੋ ਨਿਰਮਲ ਜੋਤ, ਆਦਿ ਜੁਗਾਦਿ ਡਗਮਗਾਈਆ । ਸ਼ਬਦ ਵਖਾਏ ਸਾਚਾ ਜੁਗ ਜੁਗ ਲਾਏ ਚੋਟ, ਗੁਰ ਅਵਤਾਰ ਪੀਰ ਪੈਗ਼ੰਬਰ ਪੰਜ ਤੱਤ ਨਗਾਰ ਬਣਾਈਆ । ਵਸਣਹਾਰਾ ਥਿਰ ਘਰ ਕੋਟ, ਸਚ

੨੯੩
੧੩

ਸਿੰਘਾਸਣ ਆਸਣ ਲਾਈਆ । ਪੁਰਖ ਅਬਿਨਾਸ਼ੀ ਆਦਿ ਜੁਗਾਦਿ ਜੁਗਾ ਜੁਗੰਤਰ ਇਕੋ ਬਹੁਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਗੁਰ ਇਕ ਦ੍ਰਿੜਾਈਆ । ਆਦਿ ਜੁਗਾਦਿ ਸਤਿਗੁਰ ਏਕ, ਗੁਰ ਗੁਰ ਆਪ ਜਣਾਇੰਦਾ । ਇਕੋ ਸ਼ਬਦ ਦੇਵੇ ਟੇਕ, ਨਿਤ ਨਿਤ ਵੇਸ ਵਟਾਇੰਦਾ । ਪੰਜ ਤੱਤ ਤੱਤ ਕਾਇਆ ਖੇਤ, ਲੋਕਮਾਤ ਹੰਢਾਇੰਦਾ । ਗੁਰ ਸ਼ਬਦੀ ਜਿਸ ਨੂੰ ਦੇਵੇ ਭੇਤ, ਸੋ ਗੁਰ ਅਵਤਾਰ ਅਖਵਾਇੰਦਾ । ਪਾਰਬ੍ਰਹਮ ਪ੍ਰਭ ਖੇਡੇ ਆਪਣੀ ਖੇਡ, ਖੇਲਣਹਾਰਾ ਖੇਲ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਹੁਕਮ ਮਨਾਇੰਦਾ । ਕਲਜੁਗ ਅੰਤਮ ਵੇਖੋ ਸੱਜਣ, ਹਰਿ ਸਤਿਗੁਰ ਆਪ ਜਣਾਈਆ । ਦੀਨ ਮਜ਼੍ਹਬ ਭਾਂਡੇ ਭੱਜਨ, ਪੁਰਖ ਅਬਿਨਾਸ਼ੀ ਆਪ ਭੰਨਾਈਆ । ਕੋਈ ਨਾ ਕਰੇ ਕਿਤੇ ਮਜਨ, ਤੱਟ ਕਿਨਾਰੇ ਸਰੋਵਰ ਦੇਣ ਦੁਹਾਈਆ । ਅੰਤ ਨਾ ਦੀਸੇ ਕੋਈ ਪਰਦੇ ਕੱਜਨ, ਨੌਂ ਖੰਡ ਹੋਏ ਹਲਕਾਈਆ । ਤਾਲ ਨਗਾਰੇ ਘਰ ਘਰ ਵੱਜਣ, ਨਵ ਨੌਂ ਦਏ ਦੁਹਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਹਰਿ ਜੂ ਸ਼ਬਦੀ ਸ਼ਬਦ ਸੰਦੇਸਾ ਦੇਵੇ ਸੱਦਨ, ਸਦਾ ਆਪਣਾ ਨਾਮ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਗੁਰ ਇਕ ਪਰਗਟਾਈਆ । ਸਾਰੇ ਵੇਖੋ ਸ਼ਬਦੀ ਧਾਰ, ਦੂਜਾ ਰੂਪ ਨਜ਼ਰ ਨਾ ਆਈਆ । ਇਕੋ ਗੁਰ ਇਕ ਅਵਤਾਰ, ਪੀਰ ਪੈਗ਼ੰਬਰ ਇਕ ਅਖਵਾਈਆ । ਪੰਜ ਤੱਤ ਦਾ ਜਗਤ ਵਿਹਾਰ, ਸਚਖੰਡ ਇਕੋ ਨੂਰ ਰੁਸ਼ਨਾਈਆ । ਆਦਿ ਜੁਗਾਦਿ ਦਏ ਵਖਾਲ, ਬੇਪਰਵਾਹ ਬੇਪਰਵਾਹੀਆ । ਜਿਸ ਦੀਪਕ ਤੁਹਾਡਾ ਦਿਤਾ ਬਾਲ, ਸੋ ਸਚ ਦਏ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਲੇਖਾ ਰਿਹਾ ਜਣਾਈਆ । ਪੀਰ ਪੈਗ਼ੰਬਰ ਹੋਏ ਹੈਰਾਨ, ਹਰਿ ਜੂ ਆਪਣਾ ਖੇਲ ਕਰਾਇਆ । ਆਦਿ ਜੁਗਾਦੀ ਇਕ ਨਿਸ਼ਾਨ, ਆਪਣਾ ਨਾਮ ਝੁਲਾਇਆ । ਜੁਗ ਚੌਕੜੀ ਸੇਵਾ ਲਾਏ ਵਿਚ ਜਹਾਨ, ਨਿੱਕੇ ਬਾਲੇ ਮਾਤ ਘਲਾਇਆ । ਕਰ ਕਿਰਪਾ ਦੇਵੇ ਸ਼ਬਦੀ ਦਾਨ, ਦਾਤਾ ਦਾਨੀ ਆਪ ਅਖਵਾਇਆ । ਬਿਨ ਸ਼ਬਦ ਕੋਈ ਨਾ ਬਣੇ ਕਾਹਨ, ਸੀਤਾ ਰਾਮ ਨਾ ਕੋਈ ਪਰਨਾਇਆ । ਬਿਨ ਸ਼ਬਦ ਬਣੇ ਨਾ ਕੋਈ ਅਮਾਮ, ਕਲਮਾ ਨਬੀ ਨਾ ਕੋਈ ਸੁਣਾਇਆ । ਬਿਨ ਸ਼ਬਦ ਨਾ ਪ੍ਰਗਟੇ ਸਤਿਨਾਮ, ਨਾਨਕ ਨਿਰਗੁਣ ਰਿਹਾ ਜਣਾਇਆ । ਬਿਨ ਸ਼ਬਦ ਗੋਬਿੰਦ ਪਿਤਾ ਮਿਲੇ ਨਾ ਆਣ, ਪੁਰਖ ਅਕਾਲ ਨਾ ਗੋਦ ਉਠਾਇਆ । ਬਿਨ ਸ਼ਬਦ ਖੇਲ ਚਲੇ ਨਾ ਦੋ ਜਹਾਨ, ਵਿਸ਼ਨ ਬ੍ਰਹਮਾ ਸ਼ਿਵ ਨਾ ਸੇਵ ਕਮਾਇਆ । ਬਿਨ ਸ਼ਬਦ ਨਾ ਹੋਏ ਕੋਈ ਗਿਆਨ, ਸ਼ਾਸਤਰ ਸਿਮਰਤ ਵੇਦ ਪੁਰਾਨ, ਕੰਮ ਕਿਸੇ ਨਾ ਆਇਆ । ਬਿਨ ਸ਼ਬਦ ਨਾ ਮਿਲੇ ਕਿਸੇ ਮਾਣ, ਲੱਖ ਚੁਰਾਸੀ ਜੀਵ ਹਲਕਾਇਆ । ਇਕੋ ਸ਼ਬਦ ਗੁਰ ਅਵਤਾਰ ਪੀਰ ਪੈਗ਼ੰਬਰ ਕਰੋ ਪਹਿਚਾਨ, ਸਤਿਗੁਰ ਸਾਰ ਰੂਪ ਵਟਾਇਆ । ਜੁਗ ਚੌਕੜੀ ਦਏ ਧਿਆਨ, ਬਿਨ ਅੱਖਾਂ ਅੱਖ ਮਿਲਾਇਆ । ਜਿਸ ਦਾ ਦੀਨ ਮਜ਼੍ਹਬ ਨਾ ਕੋਈ ਈਮਾਨ, ਸੋ ਸ਼ਬਦ ਤੁਹਾਡੇ ਵਿਚ ਟਿਕਾਇਆ । ਪੰਜ ਤੱਤ ਕਰਦੇ ਰਹੇ ਨਿਸ਼ਾਨ, ਨਿਸ਼ਾਨ ਜੁਗ ਜੁਗ ਝੁਲਾਇਆ । ਸਚਖੰਡ ਇਕੋ ਇਕ ਦੁਕਾਨ, ਵਣਜ ਵਣਜਾਰਾ ਇਕੋ ਨਜ਼ਰੀ ਆਇਆ । ਸਾਰੇ ਉਠ ਕੇ ਦਿਓ ਬਿਆਨ, ਪਿਛਲਾ ਲੇਖਾ ਸਰਬ ਮੁਕਾਇਆ । ਇਕੋ ਮੰਨੋ ਸਰਬ ਈਮਾਨ, ਇਕੋ ਇਸ਼ਟ ਹਰਿ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰਾਂ ਰਿਹਾ ਜਗਾਇਆ । ਗੁਰ ਅਵਤਾਰ ਗਏ ਜਾਗ, ਨਿਰਗੁਣ ਨਿਰਗੁਣ ਆਪ ਉਠਾਈਆ । ਦਰ ਘਰ ਸਾਚੇ ਲੱਗਾ ਭਾਗ, ਵੱਜੀ ਨਾਮ ਵਧਾਈਆ । ਰਲ ਮਿਲ ਸਾਰੇ ਗਾਇਨ ਰਾਗ, ਵਾਹ ਵਾਹ ਤੇਰੀ ਵਡ ਵਡਿਆਈਆ । ਤੂੰ ਸਾਹਿਬ

ਕੰਤ ਸੁਹਾਗ , ਹਉਂ ਨਾਰੀ ਸੇਵ ਕਮਾਈਆ । ਤੁਧ ਬਿਨ ਕਾਇਆ ਮੰਦਰ ਅੰਦਰ ਨਾ ਧਰੇ ਕੋਈ ਚਰਾਗ, ਬਿਨ ਚਰਾਗ ਗੁਰੂ ਪੀਰ ਨਾ ਕੋਈ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਲੇਖਾ ਸਭ ਨੂੰ ਦਏ ਸਮਝਾਈਆ । ਸਾਰੇ ਉਠ ਕੇ ਗਾਵਣ ਗੀਤ, ਇਕੋ ਢੋਲਾ ਗਾਈਆ । ਜਿਹੜੀ ਗੋਬਿੰਦ ਦੱਸ ਕੇ ਆਇਆ ਰੀਤ, ਸੋ ਸਭ ਦੇ ਮੰਨ ਨੂੰ ਭਾਈਆ । ਪੁਰਖ ਅਕਾਲ ਸਾਹਿਬ ਅਤੀਤ, ਨਾ ਮਰੇ ਨਾ ਜਾਈਆ । ਕਿਸੇ ਹੱਥ ਨਾ ਆਵੇ ਮੰਦਰ ਮਸੀਤ, ਹਰ ਘਟ ਬੈਠਾ ਡੇਰਾ ਲਾਈਆ । ਸ਼ਬਦੀ ਗੁਰ ਸਦਾ ਅਨਡੀਠ, ਅਨਡਿਠੜੀ ਕਾਰ ਕਮਾਈਆ । ਨਿਰਗੁਣ ਨਿਰਗੁਣ ਸਚ ਪ੍ਰੀਤ, ਸਰਗੁਣ ਸਰਗੁਣ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਰਿਹਾ ਜਣਾਈਆ । ਗੋਬਿੰਦ ਕਹੇ ਮੈਂ ਇਕੋ ਕਹਿਣਾ, ਦੂਜਾ ਕਹਿਣ ਨਾ ਜਾਈਆ । ਮੈਂ ਪਿਤਾ ਪੁਰਖ ਵੇਖਿਆ ਆਪਣਿਆਂ ਨੈਣਾਂ, ਬਾਕੀ ਸੁਣ ਸੁਣ ਰਹੇ ਗਾਈਆ । ਮੈਂ ਮੰਨਣਾ ਉਸ ਦਾ ਕਹਿਣਾ ਜਿਉਂ ਭਾਵੇ ਤਿਵੇਂ ਚਲਾਈਆ । ਅਦਿ ਜੁਗਾਦਿ ਚਰਨਾਂ ਵਿਚ ਬਹਿਣਾ, ਦੂਜੀ ਓਟ ਨਾ ਕੋਈ ਰਖਾਈਆ । ਨਾਨਕ ਦੱਸ ਕੇ ਗਿਆ ਭਾਣਾ ਸਹਿਣਾ, ਸੀਸ ਹੋਰ ਨਾ ਕੋਈ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਾਰ ਆਪ ਕਮਾਈਆ । ਪੀਰ ਪੈਗ਼ੰਬਰ ਕਹਿਣ ਗੋਬਿੰਦ ਵਾਹ ਵਾਹ, ਵਾਹ ਗੁਰੂ ਤੇਰੀ ਵਡਿਆਈਆ । ਨਿਰਗੁਣ ਆਦਿ ਜੁਗਾਦਿ ਮਲਾਹ, ਸਰਗੁਣ ਬੇੜਾ ਪਾਰ ਕਰਾਈਆ । ਤੂੰ ਸਭ ਤੋਂ ਨਿੱਕਾ ਵੱਡਿਆਂ ਦਿਤੀ ਸਚ ਸਲਾਹ, ਪੁਰਖ ਅਕਾਲ ਸਭ ਦਾ ਪਿਤਾ ਮਾਈਆ । ਪੰਜ ਤੱਤ ਕਾਇਆ ਕਰ ਕੇ ਨਾਰ ਕੰਤ ਆਏ ਹੰਡਾ, ਆਪਣਾ ਵਕਤ ਸੁਹਾਈਆ । ਪੀਰ ਪੈਗ਼ੰਬਰ ਕਰਦੇ ਰਹੇ ਜਿਨਾਹ, ਕੂੜੀ ਕਿਰਿਆ ਰਸ ਵਖਾਈਆ । ਸੋ ਕਾਇਆ ਅੰਤ ਹੋਈ ਸੁਆਹ, ਤੱਤ ਨਜ਼ਰ ਨਾ ਆਈਆ । ਨਿਰਗੁਣ ਨਿਰਗੁਣ ਪਕੜੀ ਬਾਂਹ, ਨਿਰਗੁਣ ਦਾਤਾ ਵਡ ਵਡਿਆਈਆ । ਅਸੀਂ ਬਖਸ਼ਾਈਏ ਸਰਬ ਗੁਨਾਹ, ਦੋਏ ਜੋੜ ਜੋੜ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਰਚਾਈਆ । ਗੋਬਿੰਦ ਅੱਗੋਂ ਪਿਆ ਹੱਸ, ਹੱਸ ਹੱਸ ਜਣਾਇੰਦਾ । ਜੇ ਮੰਨੋ ਕਿਸੇ ਦਾ ਫੇਰ ਨਾ ਚਲੇ ਵਸ, ਵਸ ਆਪਣੇ ਹੱਥ ਰਖਾਇੰਦਾ । ਚਰਨਾਂ ਵਿਚੋਂ ਕੋਈ ਨਾ ਜਾਏ ਨੱਸ, ਫੜਿਆ ਜਗਤ ਕੋਈ ਨਾ ਜਾਇੰਦਾ । ਸਭ ਦੇ ਖ਼ਾਲੀ ਕੀਤੇ ਹੱਥ, ਹੱਥਾਂ ਜ਼ੋਰ ਨਾ ਕੋਈ ਜਣਾਇੰਦਾ । ਜੇ ਪੁੱਠੀ ਕਰਦਾ ਅੱਖ, ਉਲਟੀ ਖੱਲ੍ਹ ਲੁਹਾਇੰਦਾ । ਜੇ ਚਰਨ ਜਾਏ ਢੱਠ, ਭੁਲਿਆਂ ਗਲੇ ਲਗਾਇੰਦਾ । ਸਾਰੇ ਮਿਲ ਕੇ ਲਓ ਰੱਖ, ਵੇਲਾ ਗਿਆ ਹੱਥ ਨਾ ਆਇੰਦਾ । ਆਪਣਾ ਆਪਣਾ ਦੁੱਖੜਾ ਦਿਓ ਦੱਸ, ਸਾਚਾ ਰਾਹ ਸਮਝਾਇੰਦਾ । ਊਚੀ ਕੂਕ ਬੋਲੋ ਅਨਝੱਕ, ਹਰਿ ਜੂ ਰਹਿਮਤ ਆਪ ਕਮਾਇੰਦਾ । ਪਰਵਰਦਿਗਾਰ ਲੋਕਮਾਤ ਅਸੀਂ ਮਾਰਗ ਦੱਸ ਕੇ ਆਏ ਥੱਕ, ਸਾਡਾ ਮੁੱਲ ਨਾ ਕੋਈ ਪਾਇੰਦਾ । ਸਾਡਾ ਕਲਮਾ ਕੀਤਾ ਫੱਕ, ਹੱਕ ਕੋਈ ਨਜ਼ਰ ਨਾ ਆਇੰਦਾ । ਸਾਨੂੰ ਸਭ ਤੇ ਪੈ ਗਿਆ ਸ਼ੱਕ, ਉਮਤ ਵਿਚ ਬਚਿਆ ਕੋਈ ਰਹਿਣ ਨਾ ਪਾਇੰਦਾ । ਜਿਉਂ ਭਾਵੇ ਤਿਉਂ ਦੇ ਧੱਕ, ਅੱਗੇ ਹੋ ਨਾ ਕੋਈ ਛੁਡਾਇੰਦਾ । ਪਿਛੇ ਅਸੀਂ ਬੈਠੇ ਰਹੇ ਅੱਡ ਅੱਡ, ਹੁਣ ਗੋਬਿੰਦ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਇੰਦਾ । ਪੁਰਖ ਅਬਿਨਾਸ਼ੀ ਦੱਸੇ ਬਾਤ, ਬਾਰਮਬਾਰ ਜਣਾਈਆ । ਕਲਜੁਗ ਵੇਖੇ ਅੰਧੇਰੀ ਰਾਤ, ਅੰਧ ਅੰਧੇਰਾ ਛਾਈਆ । ਸਚ ਨਾ ਦਿਸੇ ਕੋਈ ਜਮਾਤ, ਹਕੀਕਤ ਹੱਕ ਨਾ ਕੋਈ ਪੜ੍ਹਾਈਆ । ਨਜ਼ਰ ਨਾ ਆਏ ਕੋਈ ਰੂਹ ਬੁੱਤ ਪਾਕ, ਚਾਰ ਕੁੰਟ ਖੋਜ ਖੁਜਾਈਆ ।

ਸਚ ਨਾ ਦਿਸੇ ਕੋਈ ਘਾਟ, ਘਾਟਾ ਪਿਆ ਸਰਬ ਲੋਕਾਈਆ । ਆਤਮ ਪਰਮਾਤਮ ਕਿਸੇ ਨਾ ਮੁੱਕੀ ਵਾਟ, ਭੱਜੇ ਫਿਰਦੇ ਪਾਂਧੀ ਰਾਹੀਆ । ਅੰਦਰ ਬਾਹਰ ਕੋਈ ਨਾ ਪੁਛੇ ਵਾਤ, ਸਿਰ ਹੱਥ ਨਾ ਕੋਈ ਟਿਕਾਈਆ । ਮਨ ਮਤ ਹੋਈ ਨਾਰ ਕਮਜ਼ਾਤ, ਦੁਹਾਗਣ ਘਰ ਘਰ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਚ ਸਚ ਦ੍ਰਿੜਾਈਆ । ਦੀਨ ਦਿਆਲ ਪੁਰਖ ਸਮਰਥੇ, ਸਮਰਥ ਤੇਰੀ ਵਡਿਆਈਆ । ਸ਼ਬਦੀ ਸੁਤ ਦੁਲਾਰਾ ਗੋਬਿੰਦ ਦੱਸੇ, ਪ੍ਰਭ ਅੱਗੇ ਆਪ ਸੁਣਾਈਆ । ਪੀਰ ਪੈਗ਼ੰਬਰ ਹੋ ਇਕੱਠੇ, ਆਏ ਤੇਰੀ ਸਰਨਾਈਆ । ਸਾਰੇ ਕਹਿਣ ਅਸੀਂ ਪਿਛਲੇ ਨਾਮ ਕੱਟੇ, ਸਾਡੀ ਚਲੇ ਨਾ ਕੋਈ ਚਤੁਰਾਈਆ । ਦੀਨ ਮਜ਼੍ਹਬ ਮੇਟ ਰੱਟੇ, ਜੋ ਨਾਨਕ ਆਇਆ ਸਮਝਾਈਆ । ਸਾਡੇ ਚੀਥੜ ਪੁਰਾਣੇ ਫਟੇ, ਲੀਰੋ ਲੀਰ ਨਜ਼ਰੀ ਆਈਆ । ਸੌਦਾ ਲੱਭੇ ਨਾ ਕਿਸੇ ਹੱਟੇ, ਚੌਦਾਂ ਤਬਕ ਦੇਣ ਦੁਹਾਈਆ । ਚਾਰ ਕੁੰਟ ਫਿਰਦੇ ਨੱਠੇ, ਪੰਧ ਮੁਕਾਵਣ ਵਾਹੋ ਦਾਹੀਆ । ਕਿਸੇ ਨਾ ਆਏ ਕੁਛ ਹੱਥੇ, ਖ਼ਾਲਕ ਖ਼ਲਕ ਗਈ ਭੁਲਾਈਆ । ਕਿਰਪਾ ਕਰ ਪਹਿਲੇ ਪਾੜ ਪਟੇ, ਲੇਖਾ ਕੋਇ ਰਹੇ ਨਾ ਰਾਈਆ । ਸਚ ਮਾਰਗ ਇਕੋ ਦੱਸੇ, ਦਹਿ ਦਿਸ਼ਾਂ ਤੇਰੀ ਸਰਨਾਈਆ । ਹੁਣ ਨਹੀਂ ਮੰਗਦੇ ਹੋਰ ਹਿੱਸੇ, ਪਹਿਲਾ ਖ਼ਾਤਾ ਤੇਰੀ ਝੋਲੀ ਪਾਈਆ । ਗੋਬਿੰਦ ਕੋਲੋਂ ਗੁਰ ਇਕੋ ਸਿੱਖੇ, ਪੁਰਖ ਅਕਾਲ ਸਭ ਦਾ ਪਿਤਾ ਮਾਈਆ । ਜਿਸ ਨੇ ਸਾਡੇ ਲੇਖ ਲਿਖੇ, ਹੁਕਮੇ ਵਿਚ ਭੁਆਈਆ । ਜਿਸ ਦੀ ਯਾਦ ਅੰਦਰ ਵੇਦ ਪੁਰਾਨ ਸ਼ਾਸਤਰ ਸਿਮਰਤ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਲਿਖੇ ਕਿੱਸੇ, ਕਿਸਮਤ ਸਭ ਦੀ ਆਪਣੇ ਹੱਥ ਰਖਾਈਆ । ਜਗਤ ਰਸ ਕੀਤੇ ਫਿਕੇ, ਫਿਕੀ ਹੋਈ ਲੋਕਾਈਆ । ਸ਼ਬਦ ਸੁਤ ਗੁਰ ਗੋਬਿੰਦ ਹਾਲ ਦੱਸੇ ਨਿੱਕੇ, ਨਿਕਿਉਂ ਵੱਡੇ ਰਿਹਾ ਕਰਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਅੰਤਮ ਸਾਰੇ ਜਿਤੇ, ਹਾਰ ਸਭ ਨੂੰ ਨਜ਼ਰੀ ਆਈਆ । ਦੋ ਜਹਾਨ ਲੇਖਾ ਨਾ ਕੋਈ ਨਜਿਠੇ, ਸਾਰੇ ਬੈਠੇ ਮੁਖ ਭੁਆਈਆ । ਮਸਤ ਪਿਆਲੇ ਸਭ ਨੇ ਪੀਤੇ, ਨੈਣ ਕੋਈ ਨਾ ਸਕੇ ਖੁਲ੍ਹਾਈਆ । ਬੌਹੜੀ ਸਾਡੀ ਪਿਛਲੀ ਚੁੱਕੀ ਰੀਤੇ, ਪਿਛਲੀ ਦੇਵੇ ਨਾ ਕੋਇ ਸਫ਼ਾਈਆ । ਅੱਗੇ ਪੜ੍ਹੀਏ ਇਕ ਹਦੀਸੇ, ਹਰਿ ਜੂ ਇਕੋ ਨਜ਼ਰੀ ਆਈਆ । ਜੇ ਹੱਥ ਪਾਈਏ ਤੇ ਖ਼ਾਲੀ ਖੀਸੇ, ਧੰਨ ਦੌਲਤ ਬੈਠੇ ਸਰਬ ਲੁਟਾਈਆ । ਉਮਤ ਨਬੀ ਰਸੂਲ ਹੋਈ ਪਲੀਤੇ, ਪਾਕ ਰੂਹ ਨਜ਼ਰ ਕੋਇ ਨਾ ਆਈਆ । ਝੂਠਾ ਵੁਜ਼ੂ ਕਰਦੇ ਕਰ ਕਰ ਚੀਤੇ, ਚਿਤ ਵਿਚ ਹਰਿ ਨਾ ਕੋਇ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਗੁਰ ਪੀਰ ਅਵਤਾਰ ਤੇਰੀ ਸਰਨਾਈਆ । ਪੁਰਖ ਅਕਾਲ ਕਹੇ ਆ ਬਾਲ, ਤੇਰਾ ਬਚਪਨ ਮੋਹੇ ਭਾਈਆ । ਜਿਸ ਨੀਹਾਂ ਹੇਠਾਂ ਬਾਲੇ ਦਿਤੇ ਸੁਆਲ, ਗੁਰ ਪੀਰਾਂ ਰਾਹ ਵਖਾਈਆ । ਭਾਣਾ ਮੰਨਿਆ ਇਕ ਅਕਾਲ, ਆਪਣੀ ਰੱਖੀ ਨਾ ਕੋਇ ਚਤੁਰਾਈਆ । ਏਕਾ ਅੱਖਰ ਦਿਤਾ ਸਿਖਾਲ, ਵਾਹਿਗੁਰੂ ਹੱਥ ਵੱਡੀ ਵਡਿਆਈਆ । ਆਦਿ ਜੁਗਾਦਿ ਬਣੇ ਦਲਾਲ, ਨਿਰਗੁਣ ਸਰਗੁਣ ਹੋਏ ਸਹਾਈਆ । ਮੇਰੀ ਨਿਮਸਕਾਰ ਸਤਿ ਸ੍ਰੀ ਅਕਾਲ, ਅਕਾਲ ਅਕਾਲ ਰੂਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖੌਣਾ ਸਾਚਾ ਘਰ, ਦੂਜਾ ਰਾਹ ਨਾ ਕੋਇ ਜਣਾਈਆ । ਪੁਰਖ ਅਕਾਲ ਦੀਨ ਦਿਆਲਾ, ਦਇਆਨਿਧ ਜਣਾਇੰਦਾ । ਆਦਿ ਜੁਗਾਦੀ ਗੁਰ ਗੋਪਾਲਾ, ਸ਼ਬਦੀ ਨਾਉਂ ਰਖਾਇੰਦਾ । ਕਲਜੁਗ ਅੰਤਮ ਖੇਲ ਨਿਰਾਲਾ, ਨੂਰ ਨੁਰਾਨਾ ਆਪ ਦਰਸਾਇੰਦਾ । ਸਚਖੰਡ ਨਿਵਾਸੀ ਸਾਚੀ ਧਰਮਸਾਲਾ, ਧਰਮ ਦੁਆਰਾ ਇਕ ਵਡਿਆਇੰਦਾ । ਗੁਰਮੁਖਾਂ ਦੱਸੇ ਰਾਹ ਸੁਖਾਲਾ, ਸਾਚੀ ਸਿਖਿਆ ਇਕ ਪੜ੍ਹਾਇੰਦਾ । ਜੋ ਪੀਰ ਪੈਗ਼ੰਬਰਾਂ ਕੱਢ

ਦਵਾਲਾ, ਖ਼ਾਲੀ ਹੱਥ ਫਿਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਤੇਰੀ ਧਾਰ ਬੰਧਾਇੰਦਾ । ਗੋਬਿੰਦ ਕਹੇ ਸਾਹਿਬ ਸਮਰਥ, ਸਮਰਥ ਤੇਰੀ ਵਡਿਆਈਆ । ਲਹਿਣਾ ਦੇਣਾ ਚੁਕਾ ਹੱਥੋ ਹੱਥ, ਅੱਗੇ ਉਧਾਰ ਨਾ ਕੋਇ ਰਖਾਈਆ । ਜੁਗ ਚੌਕੜੀ ਲਾਰੇ ਦੇ ਦੇ ਗੁਰ ਅਵਤਾਰ ਆਪਣੇ ਚਰਨਾਂ ਹੇਠਾਂ ਰੱਖ, ਸਿਰ ਸਕੇ ਨਾ ਕੋਇ ਉਠਾਈਆ । ਜਗਤ ਜੁਗਤ ਮਾਰਗ ਆਏ ਦੱਸ, ਕਲਮ ਸ਼ਾਹੀ ਕਰ ਲਿਖਾਈਆ । ਅੰਤਮ ਸਾਰੇ ਕਰ ਕੇ ਗਏ ਬਸ, ਬਸਤਾ ਆਪਣਾ ਆਪ ਬੰਨ੍ਹਾਈਆ । ਤੂੰ ਦੂਰ ਦੁਰਾਡਾ ਬੈਠਾ ਵੇਖੇਂ ਹੱਸ, ਆਪਣੀ ਖ਼ੁਸ਼ੀ ਮਨਾਈਆ । ਅਸੀਂ ਗੌਂਦੇ ਰਹੇ ਤੇਰਾ ਜਸ, ਤੂੰ ਬਾਲਿਆਂ ਸੀਸ ਧੜ ਅੱਡ ਕਰਾਈਆ । ਹੁਣ ਦੱਸ ਕਿਥੇ ਜਾਏਂ ਨੱਠ, ਤੇਰਾ ਮੇਰਾ ਇਕੋ ਘਰ ਨਜ਼ਰੀ ਆਈਆ । ਜਿੰਨਾਂ ਚਿਰ ਮੇਰੀ ਪਤ ਨਾ ਲਏਂ ਰੱਖ, ਮੈਂ ਛੱਡਾਂ ਨਾ ਤੇਰੀ ਬਾਂਹੀਆ । ਸ੍ਰਿਸ਼ਟ ਸਬਾਈ ਮੈਂ ਆਇਆ ਦੱਸ, ਕਲਜੁਗ ਅੰਤਮ ਕਲ ਕਲਕੀ ਆਵੇ ਸੱਚਾ ਮਾਹੀਆ । ਸਾਚੇ ਖੇੜੇ ਜਾਏ ਵਸ, ਸੰਬਲ ਦੇਵੇ ਮਾਣ ਵਡਿਆਈਆ । ਬਾਕੀ ਸਾਰੇ ਜਾਣ ਢੱਠ, ਥਿਰ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਗੁਰ ਅਵਤਾਰ ਪੀਰ ਪੈਗ਼ੰਬਰ ਤੇਰੀ ਸਰਨ ਸਰਨਾਈਆ । ਪੁਰਖ ਅਬਿਨਾਸ਼ੀ ਬੋਲ ਜੈਕਾਰਾ, ਏਕਾ ਏਕ ਸੁਣਾਇੰਦਾ । ਪੀਰ ਪੈਗ਼ੰਬਰਾਂ ਦੇ ਦੇ ਲਾਰਾ, ਜੁਗ ਚੌਕੜੀ ਵਕਤ ਲੰਘਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਮੈਂ ਬਣਿਆ ਰਿਹਾ ਕੁਆਰਾ, ਮੇਰੀ ਸੇਜ ਨਾ ਕੋਇ ਹੰਢਾਇੰਦਾ । ਇਕ ਨਾਨਕ ਵਸਿਆ ਸਚ ਦੁਆਰਾ, ਉਹ ਵੀ ਚਰਨੀ ਸੀਸ ਝੁਕਾਇੰਦਾ । ਇਕ ਕਬੀਰਾ ਦਿਤਾ ਹੁਲਾਰਾ, ਹੁਜਰਾ ਏਕਾ ਇਕ ਵਖਾਇੰਦਾ । ਦੋਏ ਜੋੜ ਕਰੇ ਨਿਮਸਕਾਰਾ, ਨੇਤਰ ਅੱਖ ਨਾ ਉਪਰ ਉਠਾਇੰਦਾ । ਜਮਾਲ ਵੇਖ ਤੇਈ ਅਵਤਾਰਾ, ਅੱਧਵਿਚਕਾਰੇ ਸਰਬ ਲਟਕਾਇੰਦਾ । ਪੀਰ ਪੈਗ਼ੰਬਰ ਰੋਵਣ ਜ਼ਾਰੋ ਜ਼ਾਰਾ, ਜਲਵਾ ਨੂਰ ਨਜ਼ਰ ਕਿਸੇ ਨਾ ਆਇੰਦਾ । ਗੋਬਿੰਦ ਤੂੰ ਲੱਗਾ ਮੈਨੂੰ ਇਕ ਪਿਆਰਾ, ਤੇਰਾ ਕਲਗੀ ਤੋੜਾ ਮੋਹੇ ਭਾਇੰਦਾ । ਤੇਰਾ ਲੇਖ ਅਗੰਮ ਅਪਾਰਾ, ਲਿਖਿਆ ਲੇਖ ਨਾ ਕੋਇ ਮਿਟਾਇੰਦਾ । ਮੈਂ ਤੇਰਾ ਬਣਾਂ ਵਣਜਾਰਾ, ਤੇਰਾ ਹੱਟ ਚਲਾਇੰਦਾ । ਸੰਬਲ ਵੇਖਾਂ ਧਾਮ ਨਿਆਰਾ, ਨਜ਼ਰ ਕਿਸੇ ਨਾ ਆਇੰਦਾ । ਤੇਰਿਆਂ ਗੁਰਮੁਖਾਂ ਕਰਾਂ ਪਿਆਰਾ, ਗੁਰਮੁਖ ਆਪਣੇ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਆਪ ਸੁਣਾਇੰਦਾ । ਗੋਬਿੰਦ ਕਹੇ ਮੈਂ ਨਾ ਮੰਨਾਂ, ਅਛਲ ਅਛੱਲ ਤੇਰੀ ਵਡਿਆਈਆ । ਜਿੰਨਾਂ ਚਿਰ ਚੌਦਾਂ ਲੋਕ ਨਾ ਭੰਨੇਂ ਬੰਨ੍ਹਾਂ, ਚੰਦ ਤਾਰਾ ਆਪਣੇ ਸੀਨੇ ਉਪਰ ਰਖਾਈਆ । ਈਸਾ ਮੂਸਾ ਮੁਹੰਮਦ ਸਭ ਦਾ ਖ਼ਾਲੀ ਕਰ ਦੇ ਥਾਲੀ ਛੰਨਾ, ਜਲ ਥਲ ਸਾਰੇ ਦੇਣ ਦੁਹਾਈਆ । ਜੇ ਤੂੰ ਬੈਠਾ ਰਿਹੋਂ ਬਣ ਕੇ ਅੰਨ੍ਹਾ, ਗੋਬਿੰਦ ਤਾਨਿਆਂ ਨਾਲ ਤੇਰਾ ਸੀਨਾ ਪਾਰ ਕਰਾਈਆ । ਹੁਣ ਕੋਈ ਨਾ ਘੋੜਾ ਨਾ ਕਾਠੀ ਦਾ ਫੜਾਇਆ ਹੰਨਾ, ਤਰਕਸ਼ ਤੀਰ ਨਾ ਤਨ ਛੁਹਾਈਆ । ਮੈਂ ਸ਼ਬਦੀ ਸੁਤ ਤੇਰਾ ਚੰਨਾ, ਨਾ ਕੋਈ ਪਿਤਾ ਨਾ ਕੋਈ ਮਾਈਆ । ਦੋ ਜਹਾਨ ਫਿਰਾਂ ਭੰਨਾਂ, ਨਿਤ ਨਵਿਤ ਸੇਵ ਕਮਾਈਆ । ਤੇਰਾ ਹੁਕਮ ਸੁਣਾਂ ਬਿਨ ਕੰਨਾਂ, ਬਿਨ ਅੱਖਾਂ ਦਰਸ਼ਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਪੁਰਖ ਅਕਾਲ ਕਹੇ ਸੁਣ ਸੱਚੇ ਬੱਚੇ, ਤੇਰੇ ਬਚਪਨ ਦਿਆਂ ਵਡਿਆਈਆ । ਪਿਛਲੇ ਭਾਂਡੇ ਜੋ ਰਹਿ ਗਏ ਕੱਚੇ, ਹੁਣ ਬਿਨ ਆਵਿਉਂ ਦਿਆਂ ਪਕਾਈਆ । ਫੜ ਕੇ ਢਾਲਾਂ ਇਕੋ ਸੱਚੇ, ਸੱਚਾ ਏਕਾ ਨਾਮ ਵਖਾਈਆ । ਲੂੰ ਲੂੰ ਅੰਦਰ ਤੇਰਾ ਪਿਆਰ ਰਚੇ, ਪ੍ਰੇਮ ਪਿਆਰ ਨਾਲ ਪਰਨਾਈਆ । ਓਹੋ ਮੈਨੂੰ ਲੱਗੇ

੨੯੭
੧੩

ਅੱਛੇ, ਜਿਹੜੇ ਸਰਸੇ ਦਿਤੇ ਰੁੜ੍ਹਾਈਆ । ਭਾਵੇਂ ਲੰਗੋਟੇ ਭਾਵੇਂ ਤੇੜ ਕਛਿਹਰੇ ਕੱਛੇ, ਕੁਛੜ ਚੁੱਕਾਂ ਜਿਉਂ ਪੁੱਤ ਪਿਤਾ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਗੋਬਿੰਦ ਕਹੇ ਮੈਂ ਨਾ ਕਰਾਂ ਹਾਂ, ਹਾਂ ਹਾਂ ਵਿਚ ਨਾ ਕਦੇ ਮਿਲਾਈਆ । ਜਿੰਨਾਂ ਚਿਰ ਗੁਰਮੁਖਾਂ ਉਪਰ ਨਾ ਕਰੇਂ ਛਾਂ, ਆਪਣਾ ਨਾਮ ਛਹਿਬਰ ਲਾਈਆ । ਫੜ ਫੜ ਹੰਸ ਬਣਾ ਕਾਂ, ਕਾਗੋਂ ਹੰਸ ਉਡਾਈਆ । ਮੇਰੀ ਫੇਰ ਫੜ ਬਾਂਹ, ਨੇਤਰ ਨੈਣ ਦੇ ਵਖਾਈਆ । ਮੰਨਾਂ ਫੇਰ ਤੇਰੀ ਰਜ਼ਾ, ਰਾਜ਼ਕ ਰਹੀਮ ਬੇਪਰਵਾਹੀਆ । ਪਹਿਲੋਂ ਸਭ ਦੀ ਮੁਕਾ ਕਜ਼ਾ, ਲਾੜੀ ਮੌਤ ਨਾ ਸਕੇ ਪਰਨਾਈਆ । ਰਾਏ ਧਰਮ ਨਾ ਦਏ ਸਜਾ, ਚਿਤਰ ਗੁਪਤ ਨਾ ਲੇਖ ਵਖਾਈਆ । ਫੇਰ ਗੋਬਿੰਦ ਆਵੇ ਉਹ ਮਜ਼ਾ, ਜਿਹੜਾ ਅੰਮ੍ਰਿਤ ਰਸ ਚਖਾਈਆ । ਦੋ ਜਹਾਨ ਪੀ ਪੀ ਰੱਜਾ, ਤ੍ਰਿਸਨਾ ਭੁੱਖ ਨਾ ਲਾਗੇ ਰਾਈਆ । ਜੇ ਲਾਵੇਂ ਅਜਾ ਪਜਾ, ਹਾਂ ਵਿਚ ਹਾਂ ਨਾ ਕਦੇ ਮਿਲਾਈਆ । ਹੁਣ ਮੇਰੇ ਪੁਰਖ ਅਕਾਲ ਜਾ ਲੋਕਮਾਤ ਫੇਰ ਭੱਜਾ, ਤੇਰੀ ਕਦਰ ਕੋਇ ਨਾ ਪਾਈਆ । ਚਾਰੋਂ ਕੁੰਟ ਫਿਰੇਂ ਭੁੱਖਾ ਨੰਗਾ, ਤੇਰੇ ਹੱਥ ਰੋਟੀ ਨਾ ਕੋਇ ਫੜਾਈਆ । ਨਿਰਗੁਣ ਹੋ ਕੇ ਟੱਕਰਾਂ ਮਾਰ ਨਾਲ ਕੰਧਾਂ, ਨਿਰਗੁਣ ਤੇਰਾ ਸੰਗ ਨਾ ਕੋਇ ਰਖਾਈਆ । ਬਿਨ ਸਰਗੁਣ ਤੇਰਾ ਕੋਈ ਨਾ ਧੰਦਾ, ਤੇਰੀ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਵੇਖ ਵੇਖ ਖ਼ੁਸ਼ੀ ਮਨਾਈਆ । ਭਗਵਾਨ ਕਹੇ ਗੋਬਿੰਦ ਦਲੇਰ, ਭੈ ਨਾ ਕੋਇ ਰਖਾਈਆ । ਜਿਧਰ ਭੱਜਾਂ ਲਵੇ ਘੇਰ, ਨੌਜਵਾਨ ਅੱਗੋਂ ਘੇਰਾ ਪਾਈਆ । ਬਾਹੋਂ ਫੜ ਕਹੇ ਮੇਰਾ ਹੱਕ ਨਬੇੜ, ਹਕੀਕਤ ਤੇਰੇ ਹੱਥ ਵਡਿਆਈਆ । ਪਹਿਲਾਂ ਸਾਡੇ ਕੋਲੋਂ ਛੇੜਾਂ ਛੇੜ, ਹੁਣ ਬੈਠਾ ਮੁਖ ਛੁਪਾਈਆ । ਕਰ ਕਿਰਪਾ ਆਪਣਾ ਗੇੜਾ ਗੇੜ, ਝੇੜਾ ਚੁੱਕੇ ਦੀਨ ਮਜ਼੍ਹਬ ਲੜਾਈਆ । ਇਕੋ ਵਾਰ ਸਭ ਨੂੰ ਦੇ ਨਬੇੜ, ਮੁੜ ਮੁੜ ਲੇਖਾ ਲਿਖਿਆ ਨਾ ਜਾਈਆ । ਵੇਖ ਲੋਕਮਾਤ ਗੁਰ ਅਵਤਾਰ ਪੀਰ ਪੈਗੰਬਰ ਫਿਰਦੇ ਵਾਂਗ ਬਕਰੀਆਂ ਛੇੜ, ਸਤਿਗੁਰ ਸੱਚਾ ਨਜ਼ਰ ਕੋਈ ਨਾ ਆਈਆ । ਰਸਨਾ ਪੜ੍ਹ ਪੜ੍ਹ ਤੈਨੂੰ ਕਰਦੇ ਝੇੜਾਂ ਝੇੜ, ਲਜਿਆਵੰਤ ਤੈਨੂੰ ਹੱਯਾ ਨਜ਼ਰ ਕੋਈ ਨਾ ਆਈਆ । ਜੇ ਮੇਰੇ ਹੱਥ ਦੇਵੇਂ ਸਭ ਦੀਆਂ ਜੜਾਂ ਦੇਵਾਂ ਉਖੇੜ, ਦੂਤ ਦੁਸ਼ਟ ਕੋਈ ਰਹਿਣ ਨਾ ਪਾਈਆ । ਖ਼ਾਲੀ ਟਿੰਡ ਵਾਂਗੂੰ ਦੇਵਾਂ ਰੇੜ੍ਹ, ਰੇੜਕਾ ਸਭ ਦਾ ਆਪ ਮੁਕਾਈਆ । ਮੈਂ ਨਾ ਜਾਣਾ ਤੂੰ ਕਿਉਂ ਕੀਤੀ ਏਡੀ ਦੇਰ, ਡੂੰਘੇ ਦੱਬੇ ਬੱਚੇ ਨੀਹਾਂ ਹੇਠ ਦੇਣ ਦੁਹਾਈਆ । ਐਵੇਂ ਆਪਣਾ ਨਾਂ ਰਖਾ ਲਿਆ ਸਿੰਘ ਸ਼ੇਰ, ਸ਼ੇਰ ਭਬਕ ਨਾ ਕੋਇ ਲਗਾਈਆ । ਪੁਰਖ ਅਬਿਨਾਸ਼ੀ ਕਹੇ ਗੋਬਿੰਦ ਤੇਰੇ ਉਤੇ ਕਰਾਂ ਮਿਹਰ, ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੱਗਾ ਪਿਛਾ ਵੇਖੇ ਰਾਹ ਨਜ਼ਰ ਕੋਇ ਨਾ ਆਈਆ । ਗੋਬਿੰਦ ਕਹੇ ਮੈਂ ਨਾ ਮੰਨਾਂ ਦਲਾਸਾ, ਤੇਰਾ ਸੁਤ ਡੋਲ ਕਦੇ ਨਾ ਜਾਈਆ । ਜਿਨ੍ਹਾਂ ਚਿਰ ਆਪਣਾ ਸਚ ਨਾ ਦੱਸੇਂ ਖ਼ੁਲਾਸਾ, ਭੇਵ ਅਭੇਦ ਖੁਲ੍ਹਾਈਆ । ਮੈਂ ਆਪਣੀਂ ਨੇਤਰੀਂ ਵੇਖਾਂ ਤਮਾਸ਼ਾ, ਦੋ ਜਹਾਨ ਖ਼ੁਸ਼ੀ ਰਖਾਈਆ । ਸਭ ਦਾ ਮੂਧਾ ਕਰਦੇ ਕਾਸਾ, ਕਿਸਮਤ ਘਰ ਘਰ ਕਰੇ ਲੜਾਈਆ । ਜਿਹੜੇ ਤੈਨੂੰ ਕਰਦੇ ਹਾਸਾ, ਹਸਤੀ ਸਭ ਦੀ ਦੇ ਮਿਟਾਈਆ । ਫੇਰ ਪੁੱਛਾਂ ਅਗਲੀ ਬਾਤਾ, ਹਰਿ ਜੂ ਕੀ ਕੀ ਖੇਲ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੋਬਿੰਦ ਰਿਹਾ ਸਮਝਾਈਆ । ਗੋਬਿੰਦ ਸੁਤ ਸਾਚੇ ਲਾਲ, ਹਰਿ ਲਾਲਨ ਆਪ ਜਣਾਇੰਦਾ । ਔਹ ਵੇਖ ਤੇਰਾ ਮਹਾਂਕਾਲ, ਭਿਆਨਕ ਰੂਪ ਵਟਾਇੰਦਾ । ਪੈਰੀਂ ਟੁੰਬ ਉਠਾਵੇ ਕਾਲ, ਆਪਣਾ ਹੁਕਮ

੨੯੮
੧੩

ਜਣਾਇੰਦਾ । ਧਰਮ ਰਾਏ ਰਲਾਏ ਨਾਲ, ਇਕੋ ਸੰਗ ਬਣਾਇੰਦਾ । ਚਿਤਰ ਗੁਪਤ ਰਿਹਾ ਸਿਖਾਲ, ਸਭ ਦਾ ਲੇਖਾ ਫੋਲ ਫੁਲਾਇੰਦਾ । ਲਾੜੀ ਮੌਤ ਪਾਏ ਧਮਾਲ, ਦਰ ਦਰ ਨਾਚ ਨਚਾਇੰਦਾ । ਤੇਰਾ ਇਕੋ ਵਾਰ ਹੱਲ ਕਰੇ ਸਵਾਲ, ਸਭ ਦਾ ਲੇਖਾ ਆਪ ਮੁਕਾਇੰਦਾ । ਗੁਰਮੁਖ ਸੱਜਣ ਸਾਚੇ ਭਾਲ, ਦਰਗਾਹ ਸਾਚੀ ਮੇਲ ਮਿਲਾਇੰਦਾ । ਆਪੇ ਸੁਣ ਮੁਰੀਦਾਂ ਹਾਲ, ਮੁਰਸ਼ਦ ਆਪਣੇ ਰੰਗ ਰੰਗਾਇੰਦਾ । ਅੰਤ ਚਲੇ ਅਵਲੜੀ ਚਾਲ, ਚਾਲ ਨਿਰਾਲੀ ਇਕ ਰਖਾਇੰਦਾ । ਸ੍ਰਿਸ਼ਟ ਸਬਾਈ ਹੋਏ ਹਾਲ ਬੇਹਾਲ, ਧੀਰਜ ਧੀਰ ਨਾ ਕੋਇ ਰਖਾਇੰਦਾ । ਤੂੰ ਵੇਖੇਂ ਚਲ ਕੇ ਨਾਲ, ਤੇਰਾ ਸਾਚਾ ਸੰਗ ਰਖਾਇੰਦਾ । ਨੌਂ ਖੰਡ ਪ੍ਰਿਥਮੀ ਵੱਜੇ ਤਾਲ, ਸੱਤ ਦੀਪ ਡੌਰੂ ਡੰਕ ਸੁਣਾਇੰਦਾ । ਕਿਸੇ ਕੰਮ ਨਾ ਆਏ ਕਾਇਆ ਮਾਟੀ ਖ਼ਾਲ, ਖ਼ਾਲੀ ਹੱਥ ਸਰਬ ਫਿਰਾਇੰਦਾ । ਕਰੇ ਖੇਲ ਬੇਮਿਸਾਲ, ਅੱਗੇ ਪਿਛੇ ਮਿਸਲ ਨਾ ਕੋਇ ਬਣਾਇੰਦਾ । ਤੇਰੀ ਲੱਗੀ ਨਿਭੇ ਨਾਲ, ਪ੍ਰੀਤੀਵਾਨ ਆਪ ਨਿਭਾਇੰਦਾ । ਅੱਗੇ ਮਾਰਗ ਦਏ ਸਖਾਲ, ਸਤਿਜੁਗ ਸਾਚਾ ਰਾਹ ਚਲਾਇੰਦਾ । ਸੋ ਪੁਰਖ ਨਿਰੰਜਣ ਹੋ ਦਿਆਲ, ਆਤਮ ਪਰਮਾਤਮ ਰੰਗ ਰੰਗਾਇੰਦਾ । ਤੇਰਾ ਭੱਥਾ ਤੀਰ ਕਮਾਨ, ਸ਼ਸਤਰ ਸੋਹੰ ਰੂਪ ਵਟਾਇੰਦਾ । ਲੇਖਾ ਜਾਣ ਦੋਏ ਜਹਾਨ, ਦੂਜੀ ਕੁਦਰਤ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਇੰਦਾ । ਪੂਰੀ ਆਸ ਕਰਾਂਗਾ । ਗੋਬਿੰਦ ਰੂਪ ਧਰਾਂਗਾ । ਗੁਰਸਿਖ ਸੱਜਣ ਵਰਾਂਗਾ । ਸਰਗੁਣ ਅੰਦਰ ਵੜਾਂਗਾ । ਸਾਚੇ ਪੌੜੇ ਚੜ੍ਹਾਂਗਾ । ਮਹੱਲ ਅਟੱਲ ਖੜਾਂਗਾ । ਪੰਚ ਵਿਕਾਰੇ ਨਾਲ ਲੜਾਂਗਾ । ਸਭ ਦੇ ਅੱਗੇ ਅੜਾਂਗਾ । ਫੇਰ ਆਪਣਾ ਢੋਲਾ ਪੜ੍ਹਾਂਗਾ । ਸ੍ਰਿਸ਼ਟ ਸਬਾਈ ਜਿੱਤਾਂਗਾ । ਨਾ ਕਿਸੇ ਕੋਲੋਂ ਹਰਾਂਗਾ । ਨਿਰਭੈ ਹੋ ਭੌ ਵਿਚ ਨਾ ਡਰਾਂਗਾ । ਹਰਿ ਸੰਗਤ ਸੱਚਾ ਘਾੜਤ ਘੜਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪੁਰਖ ਅਕਾਲ ਲੜ ਫੜਾਂਗਾ । ਗੋਬਿੰਦ ਆਇਆ ਹੋਏ ਸਹਾਇਆ, ਗਲੇ ਲਗਾਇਆ ਗੋਦ ਉਠਾਇਆ, ਬਣੇ ਮਾਇਆ ਦੇਵੇ ਛਾਇਆ, ਜੋਤ ਜਗਾਇਆ ਅੰਧੇਰ ਮਿਟਾਇਆ, ਸ਼ਬਦ ਸੁਣਾਇਆ ਰਾਗ ਅਲਾਇਆ, ਮੰਦਰ ਸੁਹਾਇਆ ਤਾਲ ਵਜਾਇਆ, ਪ੍ਰੇਮ ਵਧਾਇਆ ਨੇਂਹ ਰਖਾਇਆ, ਪੁਰਖ ਅਕਾਲ ਮਿਲਾਇਆ, ਆਪ ਅੰਦਰ ਹੋ ਕੇ ਹੱਸਾਂਗਾ । ਅੰਦਰ ਵੜ ਕੇ ਹੱਸਾਂਗਾ । ਅਗਲਾ ਮਾਰਗ ਦੱਸਾਂਗਾ । ਪਰੇਮ ਅੰਦਰ ਵਸਾਂਗਾ । ਗੁਰਸਿਖ ਬਿਨ ਢਾਹਿਉਂ ਤੁਹਾਡੇ ਅੱਗੇ ਢੱਠਾਂਗਾ । ਪੱਲਾ ਛੋੜ ਕਦੇ ਨਾ ਨੱਠਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਰਖ ਅਕਾਲ ਮੇਲ ਮਿਲਾ, ਨੇੜੇ ਹੋ ਕੇ ਵਸਾਂਗਾ । ਨੇੜੇ ਆਵਾਂਗਾ । ਦਰਸ ਦਿਖਾਵਾਂਗਾ । ਪੁਰਖ ਅਕਾਲ ਮਿਲਾਵਾਂਗਾ । ਜੋਤੀ ਨੂਰ ਰੁਸ਼ਨਾਵਾਂਗਾ । ਬਾਹੋਂ ਫੜ ਗਲੇ ਲਗਾਵਾਂਗਾ । ਰੁਠਿਆਂ ਆ ਮਨਾਵਾਂਗਾ । ਭੁਖਿਆਂ ਭੁੱਖ ਮਿਟਾਵਾਂਗਾ । ਦੁੱਖੀਆਂ ਦੁੱਖ ਵੰਡਾਵਾਂਗਾ । ਸੁੱਕੀਆਂ ਕੁੱਖੀਆਂ ਹਰੀਆਂ ਕਰਾਵਾਂਗਾ । ਉਜਲ ਮੁਖੀਆਂ ਮਾਤ ਵਖਾਵਾਂਗਾ । ਆਤਮ ਪਰਮਾਤਮ ਜੋੜ ਜੁੜਾਵਾਂਗਾ । ਫੇਰ ਸੋਹੰ ਢੋਲਾ ਗਾਵਾਂਗਾ । ਘਰ ਨਾਨਕ ਰੰਗ ਰੰਗਾਵਾਂਗਾ । ਪੁਰਖ ਅਕਾਲ ਮਨਾਵਾਂਗਾ । ਫੇਰ ਗੋਬਿੰਦ ਰੂਪ ਅਖਵਾਵਾਂਗਾ । ਗੋਬਿੰਦ ਆਪ ਅਖਵਾਏਗਾ । ਪਿਛਲੀ ਰੀਤੀ ਸਰਬ ਮਿਟਾਏਗਾ । ਸਾਚੀ ਸਿਖੀ ਇਕ ਉਪਾਏਗਾ । ਤਿਖੀ ਧਾਰ ਵਖਾਏਗਾ । ਨਿੱਕੀ ਨਜ਼ਰ ਕਿਸੇ ਨਾ ਆਏਗਾ । ਸ਼ਾਹ ਸੁਲਤਾਨਾਂ ਖ਼ਾਕ ਮਿਲਾਏਗਾ । ਜੋ ਘੜਿਆ ਭੰਨ ਵਖਾਏਗਾ । ਘਰ ਘਰ ਚਿਰਾਗ਼ ਜਗਾਏਗਾ । ਫੇਰ ਆਪਣੀ ਜੋਤ ਜਗਾਏਗਾ । ਫੜ ਉਂਗਲੀ ਨਾਲ ਚਲਾਏਗਾ । ਦੀਨ ਦਿਆਲ ਨਾਲ ਮਿਲਾਏਗਾ । ਪਿਤਾ


੨੯੯
੧੩

ਪੂਤ ਗੋਦ ਸੁਹਾਏਗਾ । ਫੇਰ ਗੋਬਿੰਦ ਆਪ ਅਖਵਾਏਗਾ । ਗੋਬਿੰਦ ਫੇਰ ਅਖਵਾਵਾਂਗਾ । ਪੁਰਖ ਅਕਾਲ ਦੀ ਗੋਦ ਸੁਹਾਵਾਂਗਾ । ਜੁਗ ਵਿਛੜੇ ਮੇਲ ਮਿਲਾਵਾਂਗਾ । ਭੁੱਲਿਆਂ ਭੱਟਕਿਆਂ ਰਾਹੇ ਪਾਵਾਂਗਾ । ਅੰਮ੍ਰਿਤ ਜਾਮ ਪਿਆਵਾਂਗਾ । ਦੁਖੜੇ ਦਰਦ ਮਿਟਾਵਾਂਗਾ । ਕਾਗਾਂ ਤੋਂ ਹੰਸ ਬਣਾਵਾਂਗਾ । ਰਾਤੀਂ ਸੁੱਤਿਆਂ ਆਪ ਉਠਾਵਾਂਗਾ । ਜਿਸ ਕਿਹਾ ਚਿੜੀਆਂ ਤੋਂ ਬਾਜ਼ ਤੁੜਾਵਾਂਗਾ । ਦੋ ਜਹਾਨਾਂ ਚਰਨਾਂ ਹੇਠ ਦਬਾਵਾਂਗਾ । ਲੋਆਂ ਪੁਰੀਆਂ ਮਾਣ ਗਵਾਵਾਂਗਾ । ਬ੍ਰਹਮਾ ਵਿਸ਼ਨ ਸ਼ਿਵ ਨਿਵਾਵਾਂਗਾ । ਗੁਰ ਪੀਰ ਅਵਤਾਰ ਸਮਝਾਵਾਂਗਾ । ਪੁਰਖ ਅਕਾਲ ਮਿਲਾਵਾਂਗਾ । ਫੇਰ ਸੱਚਾ ਢੋਲਾ ਗਾਵਾਂਗਾ । ਰਲ ਮਿਲ ਗੁਰਸਿਖਾਂ ਵਿਚ ਆਪਣੀ ਖ਼ੁਸ਼ੀ ਮਨਾਵਾਂਗਾ । ਆਪਣੀ ਖ਼ੁਸ਼ੀ ਮਨਾਊਂਗਾ । ਆਪਾ ਭੇਟ ਚੜ੍ਹਾਊਂਗਾ । ਬੱਚੇ ਨੀਹਾਂ ਹੇਠ ਰਖਾਊਂਗਾ । ਗੁਰਮੁਖ ਉਤੇ ਮਹੱਲ ਵਸਾਊਂਗਾ । ਗੰਗਧਾਰ ਰੰਗ ਚੜ੍ਹਾਊਂਗਾ । ਛੱਤੀ ਜੁਗ ਦਾ ਕਰਜਾ ਲਾਹੂੰਗਾ । ਬਹੱਤਰਾਂ ਮਾਣ ਦਵਾਊਂਗਾ । ਸੱਤਰਾਂ ਨਾਲ ਰਲਾਊਂਗਾ । ਚੁਹੱਤਰਾਂ ਗੋਦ ਬਹਾਊਂਗਾ । ਪੰਜ ਪੰਜ ਪੰਜ ਡੰਕ ਵਜਾਊਂਗਾ । ਚਾਰ ਚਾਰ ਸੰਗ ਰਖਾਊਂਗਾ । ਹਰਿ ਸੰਗਤ ਰੰਗ ਚੜ੍ਹਾਊਂਗਾ । ਸੱਤਰਾਂ ਦੀ ਵੰਡ ਵੰਡਾਊਂਗਾ । ਪਿਛਲੀ ਕੀਤੀ ਝੋਲੀ ਪਾਊਂਗਾ । ਸੱਚੀ ਸੇਵਾ ਇਕ ਸਮਝਾਊਂਗਾ । ਭਗਤ ਦੁਆਰੇ ਸੇਵਾ ਇਕ ਸਮਝਾਊਂਗਾ । ਭਗਤ ਦੁਆਰ ਇਕ ਬਣਾਊਂਗਾ । ਧੁਰ ਦਰਗਾਹ ਦੀ ਸਾਚੀ ਚਿਟ, ਆਪਣੀ ਹੱਥੀਂ ਨਾਮ ਫੜਾਊਂਗਾ । ਲੋਕੀਂ ਵੇਂਹਦੇ ਰਹਿ ਜਾਣ ਬਿਟ ਬਿਟ, ਨਜ਼ਰ ਕਿਸੇ ਨਾ ਆਊਂਗਾ । ਲੱਖ ਚੁਰਾਸੀ ਜੀਵ ਜੰਤ ਜਿਤ, ਸਿਹਰਾ ਗੁਰਮੁਖਾਂ ਸਿਰ ਪਹਿਨਾਊਂਗਾ । ਕਰ ਕਰ ਸਾਚਾ ਹਿੱਤ, ਪਿਛਲਾ ਲੇਖਾ ਲੇਖ ਮੁਕਾਊਂਗਾ । ਆਪੇ ਬਣ ਕੇ ਮਾਤ ਪਿਤ, ਆਪਣੀ ਗੋਦ ਬਹਾਊਂਗਾ । ਪੁਰਖ ਅਕਾਲ ਮਿਲਾਊਂਗਾ । ਘਰ ਬਹਿ ਬਹਿ ਖ਼ੁਸ਼ੀ ਮਨਾਊਂਗਾ । ਸਚਖੰਡ ਦੁਆਰ ਫੇਰ ਵਸਾਊਂਗਾ । ਦੀਪਕ ਜੋਤੀ ਇਕ ਜਗਾਊਂਗਾ । ਬਿਨ ਗੁਰਸਿਖਾਂ ਥਾਂ ਨਾ ਕੋਈ ਪਾਊਂਗਾ । ਬਿਨ ਗੁਰਸਿਖਾਂ ਥਾਨ ਕੋਈ ਨਾ ਪਾਵਾਂਗਾ । ਕਰ ਧੂੜੀ ਅਸ਼ਨਾਨ, ਆਪਣੀ ਖ਼ੁਸ਼ੀ ਮਨਾਵਾਂਗਾ । ਜਿਨ੍ਹਾਂ ਪਿਛੇ ਬੱਚੇ ਕੀਤੇ ਦਾਨ, ਤਿਨ੍ਹਾਂ ਆਪਣੇ ਸੀਸ ਉਠਾਵਾਂਗਾ । ਦੋ ਜਹਾਨਾਂ ਪਾਰ ਲੈ ਕੇ ਖ਼ੁਸ਼ੀ ਖ਼ੁਸ਼ੀ ਜਾਵਾਂਗਾ । ਓਥੇ ਵਖਾ ਸਚ ਸੱਚਾ ਦਰਬਾਰ, ਆਪਣਾ ਰੰਗ ਚੜ੍ਹਾਵਾਂਗਾ । ਨਿਰਮਲ ਜੋਤ ਜਗੇ ਨਿਰੰਕਾਰ, ਤੇਲ ਬਾਤੀ ਨਾ ਕੋਇ ਪਾਵਾਂਗਾ । ਕਰ ਸਚਾ ਸਚ ਪਿਆਰ, ਸੱਚੀ ਗੋਦ ਉਠਾਵਾਂਗਾ । ਗੁਰਸਿਖ ਨਿੱਕਾ ਬੱਚਾ ਕਰ ਪਿਆਰਾ ਲਾਲ, ਲਾਲਨ ਆਪਣਾ ਰੂਪ ਵਖਾਵਾਂਗਾ । ਗੁਰਮੁਖਾਂ ਪਿਛਲਾ ਹੱਲ ਹੋਏ ਸੁਆਲ, ਪੱਟੀ ਅੱਗੇ ਹੋਰ ਪੜ੍ਹਾਵਾਂਗਾ । ਪੁਰਖ ਅਕਾਲ ਮਿਲਾਵਾਂਗਾ । ਤੇ ਦੁੱਖ ਦਰਦ ਮਿਟਾਵਾਂਗਾ । ਫੇਰ ਗੋਬਿੰਦ ਰੂਪ ਅਖਵਾਵਾਂਗਾ । ਸਭ ਦੀ ਲਾਜ ਰੱਖਾਂਗਾ । ਸ੍ਰਿਸ਼ਟ ਸਬਾਈ ਨੱਥਾਂਗਾ । ਸ਼ੇਰ ਵਾਂਗੂੰ ਗੱਜਾਂਗਾ । ਜਿਧਰ ਘੱਲੋ ਪਿੱਛੇ ਨਾ ਭੱਜਾਂਗਾ । ਇੱਟ ਚੁੱਕਦੇ ਨੂੰ ਪੱਥਰ ਵਾਂਗ ਵੱਜਾਂਗਾ । ਗੁਰਸਿਖਾਂ ਪਰਦੇ ਕੱਜਾਂਗਾ । ਕਰ ਦਰਸ ਏਥੇ ਓਥੇ ਰੱਜਾਂਗਾ । ਪ੍ਰੇਮ ਪਿਆਰ ਅੰਦਰ ਬੱਝਾਂਗਾ । ਬਿਨ ਤੰਦ ਸਤਾਰੋਂ ਤਾਲ ਹੋ ਕੇ ਵੱਜਾਂਗਾ । ਅੰਦਰ ਵੜ ਵੜ ਨੱਚਾਂਗਾ । ਜੋਤ ਵਾਂਗੂੰ ਮੱਚਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਵਖਾਵਾਂਗਾ । ਫੜ ਬਾਹੋਂ ਰਾਹੇ ਪਾਵਾਂਗਾ । ਪੁਰਖ ਅਕਾਲ ਗਲ ਲਗਾਵਾਂਗਾ । ਆਪ ਥਾਪੀਆਂ ਦੇ ਕੇ ਗੋਦ ਸਵਾਵਾਂਗਾ । ਗੋਦ ਵਿਚ ਦੇਵੇ ਥਾਪੀ, ਥੱਪਕ ਥੱਪਕ ਸਵਾਇੰਦਾ । ਕੋਟ ਜਨਮ ਦੇ ਉਧਰੇ ਪਾਪੀ, ਜੋ ਜਨ ਸਰਨਾਈ ਆਇੰਦਾ । ਮਿਟੇ ਰੈਣ ਅੰਧੇਰੀ ਰਾਤੀ, ਸਤਿਗੁਰ ਸਾਚਾ ਚੰਦ ਚੜ੍ਹਾਇੰਦਾ । ਨਵੀਂ ਗੁਰਸਿਖਾਂ ਫੇਰ ਦੇਵੇ ਹਯਾਤੀ, ਆਪਣਾ ਮੇਲ ਮਿਲਾਇੰਦਾ । ਗ੍ਰਿਹ ਮੰਦਰ ਕਰੇ

੩੦੦
੧੩

ਪਰਕਾਸ਼ ਦੀਆ ਬਾਤੀ, ਜੋਤ ਨਿਰੰਜਣ ਡਗਮਗਾਇੰਦਾ । ਭਰ ਪਿਆਲਾ ਜਾਮ ਪਿਆਏ ਸਾਕੀ, ਗੋਬਿੰਦ ਏਕਾ ਰਸ ਵਖਾਇੰਦਾ । ਬੰਦ ਕਵਾੜਾ ਖੋਲ੍ਹੇ ਤਾਕੀ, ਦਵੈਤੀ ਪਰਦਾ ਆਪੇ ਲਾਹਿੰਦਾ । ਬਿਨ ਪੁਛਿਆਂ ਦੇਵੇ ਬਾਕੀ, ਪਿਛਲਾ ਹਿਸਾਬ ਝੋਲੀ ਪਾਇੰਦਾ । ਗੁਰਸਿਖ ਅੱਗੇ ਵੇਖਣ ਮਾਰ ਝਾਤੀ, ਹਰਿ ਜੂ ਕੀ ਕੀ ਖੇਲ ਰਚਾਇੰਦਾ । ਨਿਰਗੁਣ ਸਰਗੁਣ ਬਣੇ ਸਾਥੀ, ਸਗਲਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਵਸਤ ਗੁਰਮੁਖਾਂ ਝੋਲੀ ਪਾਇੰਦਾ । ਨਾ ਕੋਈ ਨਰਦੀ ਨਾ ਕੋਈ ਨਰਦ, ਨਰ ਨਰਾਇਣ ਖੇਲ ਰਚਾਈਆ । ਕਿਸੇ ਨੂੰ ਵਖਾਈ ਕਿਸੇ ਦੀ ਫ਼ਰਦ, ਆਪਣਾ ਹੁਕਮ ਮਨਾਈਆ । ਜਿਉਂ ਭਾਵੇ ਤਿਉਂ ਲੋਕਮਾਤ ਵੰਡਾਏ ਦਰਦ, ਦਰਦੀਆਂ ਦੁੱਖ ਗਵਾਈਆ । ਆਪਣਾ ਪੂਰਾ ਕਰੇ ਫ਼ਰਜ਼, ਨਿਰਗੁਣ ਸਰਗੁਣ ਦਇਆ ਕਮਾਈਆ । ਨਿੱਕੀ ਜਿਹੀ ਤਾਰ ਛੋਟਾ ਜਿਹਾ ਢੋਲਾ ਪੰਜ ਤੱਤ ਸੁਣਾਏ ਤਰਜ਼, ਨਾਮ ਨਗਾਰਾ ਇਕ ਜਣਾਈਆ । ਗੁਰ ਅਵਤਾਰ ਨਾਉਂ ਰੱਖ ਕੂੜੀ ਕਿਰਿਆ ਕੋਲੋਂ ਦੇਣ ਵਰਜ, ਸਚ ਸੰਦੇਸਾ ਇਕ ਸੁਣਾਈਆ । ਦੋਏ ਜੋੜ ਸਾਰੇ ਕਰਦੇ ਰਹਿਣ ਅਰਜ਼, ਬੇਪਰਵਾਹ ਬੇਪਰਵਾਹ ਬੇਪਰਵਾਹ ਤੇਰੀ ਵਡਿਆਈਆ । ਪਾਰਬ੍ਰਹਮ ਨੂੰ ਆਦਿ ਤੋਂ ਪੈ ਗਈ ਮਰਜ਼, ਨਿਰਗੁਣ ਸਰਗੁਣ ਵੇਸ ਵਟਾਈਆ । ਨਾਲ ਲੈ ਕੇ ਆਏ ਆਪਣਾ ਨਾਮ ਖ਼ਰਚ, ਸਿਰ ਆਪਣੇ ਪੰਡ ਉਠਾਈਆ । ਜਿਸ ਤਰਾ ਜੀਵ ਜੰਤ ਜਾਣ ਪਰਚ, ਓਸੇ ਤਰਾਂ ਲਿਖ ਲਿਖ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਫ਼ਰਦ ਇਕੋ ਇਕ ਵਖਾਈਆ । ਕਲਜੁਗ ਰੱਖਿਆ ਆਪਣਾ ਢੰਗ, ਬੇ ਢੰਗਾ ਖੇਲ ਕਰਾਈਆ । ਪ੍ਰਭ ਕੋਲੋਂ ਵਸਤ ਲਈ ਮੰਗ, ਹੋ ਨਿਮਾਣਾ ਝੋਲੀ ਡਾਹੀਆ । ਅੰਤ ਗੋਬਿੰਦ ਬਣੇ ਮੇਰਾ ਸੰਗ, ਮੇਰਾ ਅੰਗ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਹੱਥ ਵਡਿਆਈਆ । ਕਲਜੁਗ ਕਹੇ ਪ੍ਰਭ ਮਸਤਕ ਧੂੜੀ ਦੇ ਖ਼ਾਕੀ, ਦਰ ਤੇਰੇ ਖ਼ਾਕ ਰਮਾਈਆ । ਮੇਰੇ ਵਿਚ ਭਰ ਇਕ ਚਾਲਾਕੀ, ਗੁਰ ਅਵਤਾਰਾਂ ਦਿਆਂ ਲੜਾਈਆ । ਉਹ ਸਾਰੇ ਮੰਗਣ ਮੈਨੂੰ ਆ ਕੇ ਮਿਲੇ ਪਾਕ ਰਸੂਲ ਪਾਕੀ, ਤੇਰਾ ਲਹਿਣਾ ਦਏ ਮੁਕਾਈਆ । ਗੋਬਿੰਦ ਕਹੇ ਪੁਰਖ ਅਕਾਲ ਤੇਰੀ ਲੇਖੇ ਲਾਏ ਹਯਾਤੀ, ਤੇਰਾ ਹਯਾ ਆਪਣੇ ਵਿਚ ਛੁਪਾਈਆ । ਕਲਜੁਗ ਕਹੇ ਗੋਬਿੰਦ ਤੂੰ ਜ਼ਰੂਰ ਬਣੀਂ ਮੇਰਾ ਸਾਥੀ, ਤੁਧ ਬਿਨ ਪੁਰਖ ਅਕਾਲ ਮੇਰੇ ਹੱਥ ਨਾ ਆਈਆ । ਮੈਂ ਕੂੜ ਕੁੜਿਆਰਾ ਸੱਦ ਤੇਰੀ ਤੱਕਾਂ ਵਾਟੀ, ਨੇਤਰ ਨੈਣ ਖੁਲ੍ਹਾਇਆ । ਗੋਬਿੰਦ ਕਹੇ ਮੈਂ ਜ਼ਰੂਰ ਅੰਤਮ ਮਾਰਾਂ ਝਾਤੀ, ਤੇਰਾ ਪਰਦਾ ਆਪ ਉਠਾਇਆ । ਕਲਜੁਗ ਕਹੇ ਮੈਂ ਚਾਰੋਂ ਕੁੰਟ ਕਰਾਂ ਅੰਧੇਰੀ ਰਾਤੀ, ਚੰਦ ਨਜ਼ਰ ਕੋਇ ਨਾ ਆਇਆ । ਗੋਬਿੰਦ ਕਹੇ ਮੈਂ ਤੇਰਾ ਬਣਾਂ ਜ਼ਰੂਰ ਸਾਥੀ, ਤੇਰਾ ਸੰਗ ਨਿਭਾਇਆ । ਕਲਜੁਗ ਕਹੇ ਮੈਂ ਰਹਿਣ ਨਾ ਦੇਵਾਂ ਕੋਈ ਆਕੀ, ਸਾਧਾਂ ਸੰਤਾਂ ਮੂੰਹ ਦੇ ਭਾਰ ਡਿਗਾਇਆ । ਗੋਬਿੰਦ ਕਹੇ ਮੈਂ ਪੁਰਖ ਅਕਾਲ ਕੋਲੋਂ ਚੁਕਾਵਾਂ ਬਾਕੀ, ਦੋਏ ਜੋੜ ਵਾਸਤਾ ਪਾਇਆ । ਕਲਜੁਗ ਰੁਚੀ ਖ਼ੁਸ਼ੀ ਖ਼ੁਸ਼ੀ ਹੋ ਕੇ ਨਾਚੀ, ਨੌਂ ਖੰਡ ਨੌਂ ਦਰ ਕੂੜੀ ਕਿਰਿਆ ਨਾਚ ਨਚਾਇਆ । ਧੰਨ ਵੇਲਾ ਸੋਹੇ ਵਕਤ ਜਿਸ ਵੇਲੇ ਮਿਲੇ ਪੁਰਖ ਅਬਿਨਾਸ਼ੀ, ਮੇਰਾ ਦੁੱਖੜਾ ਦਰਦ ਮਿਟਾਇਆ । ਗੋਬਿੰਦ ਕਹੇ ਮੈਂ ਤੇਰੀ ਕਟਾਵਾਂ ਅੰਤ ਫਾਸੀ, ਫਾਸੀ ਸਭ ਦੇ ਗਲ ਲਟਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਨਾਲ ਗਿਆ ਰਲ, ਇਕੋ ਓਟ ਅਕਾਲ ਰਖਾਇਆ । ਕਲਜੁਗ ਕਹੇ ਮੈਂ ਵਡਾ ਬਲਵਾਨ, ਪ੍ਰਭ ਸਿਰ ਮੇਰੇ ਹੱਥ ਟਿਕਾਇਆ । ਅੰਤਮ ਮੈਨੂੰ ਲੈਣ ਆਵੇ ਭਗਵਾਨ, ਮਿਹਰ ਨਜ਼ਰ

ਇਕ ਉਠਾਇਆ । ਮੈਂ ਚਾਰ ਕੁੰਟ ਫਿਰਾਂ ਬਣ ਕੇ ਕਾਹਨ, ਆਪਣਾ ਹੁਕਮ ਮਨਾਇਆ । ਜੂਠ ਝੂਠ ਕਰਾਂ ਪਰਧਾਨ, ਕੂੜੀ ਕਿਰਿਆ ਡੰਕ ਵਜਾਇਆ । ਘਰ ਘਰ ਫੇਰਾਂ ਸ਼ੈਤਾਨ, ਸ਼ਰਅ ਸ਼ਰਅ ਨਾਲ ਟਕਰਾਇਆ । ਸਾਬਤ ਰਹਿਣ ਨਾ ਦੇਵਾਂ ਕਿਸੇ ਦਾ ਈਮਾਨ, ਧੀਰਜ ਧੀਰ ਨਾ ਕੋਇ ਰਖਾਇਆ । ਇਕ ਦੂਜੇ ਦੀਆਂ ਧੀਆਂ ਭੈਣਾਂ ਸਰਬ ਤਕਾਣ, ਨੇਤਰ ਨੈਣ ਨਾ ਕੋਇ ਸ਼ਰਮਾਇਆ । ਕਾਮ ਕਰੋਧ ਦੀ ਚਲੇ ਦੁਕਾਨ, ਲੋਭ ਮੋਹ ਹੰਕਾਰ ਹੋਏ ਹਲਕਾਇਆ । ਗੁਰ ਅਵਤਾਰ ਪੀਰ ਪੈਗੰਬਰ ਮੈਨੂੰ ਕਹਿਣ ਤੂੰ ਵੱਡਾ ਪਰਧਾਨ, ਜਿਸ ਸਾਡਾ ਲੇਖਾ ਲੋਕਾਈ ਕੋਲੋਂ ਭੁਲਾਇਆ । ਪੜ੍ਹਦੇ ਸੁਣਦੇ ਗੌਂਦੇ ਹੋਏ ਬੇਈਮਾਨ, ਗੁਰ ਕਾ ਭੈ ਨਾ ਕਿਸੇ ਰਖਾਇਆ । ਮੰਦਰ ਮਸਜਿਦ ਮੱਠ ਸ਼ਿਵਦੁਆਲੇ ਸਾਰੇ ਜਾਣ, ਜਾਨਣਹਾਰਾ ਨਜ਼ਰ ਕਿਸੇ ਨਾ ਆਇਆ । ਕਲਜੁਗ ਕਹੇ ਮੈਂ ਮੰਗਿਆ ਇਕੋ ਦਾਨ, ਪ੍ਰਭ ਅੱਗੇ ਸੀਸ ਝੁਕਾਇਆ । ਮੈਂ ਕਿਸੇ ਦੀ ਨਾ ਮੰਨਾਂ ਆਣ, ਆਪਣਾ ਖੇਲ ਰਚਾਇਆ । ਜਿਸ ਵੇਲੇ ਮੇਰਾ ਸਾਹਿਬ ਮੈਨੂੰ ਦੇਵੇ ਫ਼ਰਮਾਣ, ਮੈਂ ਸਭ ਕੁਛ ਦਿਆਂ ਤਜਾਇਆ । ਚਲ ਕੇ ਚਰਨੀ ਡਿਗਾ ਆਣ, ਆਪਣਾ ਸੀਸ ਝੁਕਾਇਆ । ਅੱਗੋਂ ਗੋਬਿੰਦ ਮਿਲੇ ਮਿਹਰਵਾਨ, ਮੇਰਾ ਦੁਖੜਾ ਦਰਦ ਵੰਡਾਇਆ । ਫੜ ਵਖਾਏ ਇਕ ਨਿਸ਼ਾਨ, ਗੁਰਮੁਖ ਸਾਚੇ ਮਾਤ ਪਰਗਟਾਇਆ । ਭਗਤ ਭਗਵੰਤ ਖੇਲ ਮਹਾਨ, ਨਿਰਗੁਣ ਸਰਗੁਣ ਰੰਗ ਚੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗ ਜੁਗ ਲਹਿਣਾ ਦੇਣਾ ਸੁਣਨਾ ਕਹਿਣਾ ਮੰਨਣਾ ਆਪਣਾ ਹੁਕਮ ਰਖਾਇਆ ।



੩੦੨ ੧੩

❇ ੨੧ ਮੱਘਰ ੨੦੧੯ ਬਿਕਰਮੀ ਅਤਰ ਸਿੰਘ ਚਤਰ ਸਿੰਘ ਲਖਾ ਸਿੰਘ ਦੇ ਗ੍ਰਹਿ ਓਗਰਾ ਜ਼ਿਲਾ ਗੁਰਦਾਸਪੁਰ ❇

ਆਦਿ ਜੁਗਾਦਿ ਸਚ ਪਰਧਾਨ, ਸੋ ਪੁਰਖ ਨਿਰੰਜਣ ਇਕ ਅਖਵਾਇੰਦਾ । ਆਦਿ ਜੁਗਾਦਿ ਸਤਿ ਵਿਧਾਨ, ਸਤਿ ਸਤਿਵਾਦੀ ਆਪ ਬਣਾਇੰਦਾ । ਆਦਿ ਜੁਗਾਦਿ ਰਾਜ ਰਾਜਾਨ, ਸ਼ਹਿਨਸ਼ਾਹ ਇਕੋ ਨਜ਼ਰੀ ਆਇੰਦਾ । ਆਦਿ ਜੁਗਾਦਿ ਧੁਰ ਫ਼ਰਮਾਣ, ਸਚ ਸੰਦੇਸ਼ਾ ਆਪ ਅਲਾਇੰਦਾ । ਆਦਿ ਜੁਗਾਦਿ ਖੇਲ ਮਹਾਨ, ਨਿਰਗੁਣ ਨਿਰਾਕਾਰ ਆਪ ਖਲਾਇੰਦਾ । ਆਦਿ ਜੁਗਾਦਿ ਸਚ ਮਕਾਨ, ਸਚਖੰਡ ਸਾਚਾ ਆਪ ਸੁਹਾਇੰਦਾ । ਆਦਿ ਜੁਗਾਦਿ ਖੋਲ੍ਹ ਦੁਕਾਨ, ਥਿਰ ਘਰ ਆਪਣਾ ਹੱਟ ਚਲਾਇੰਦਾ । ਆਦਿ ਜੁਗਾਦਿ ਦੇਵੇ ਮਾਣ, ਸੁਤ ਦੁਲਾਰੇ ਸ਼ਬਦ ਉਠਾਇੰਦਾ । ਆਦਿ ਜੁਗਾਦਿ ਹੁਕਮਰਾਨ, ਧੁਰਦਰਗਾਹੀ ਇਕ ਅਖਵਾਇੰਦਾ । ਆਦਿ ਜੁਗਾਦਿ ਸਚ ਈਮਾਨ, ਚਰਨ ਕਵਲ ਹਰਿ ਜਣਾਇੰਦਾ । ਆਦਿ ਜੁਗਾਦਿ ਸਚ ਨਿਸ਼ਾਨ, ਧਰਮ ਨਿਸ਼ਾਨਾ ਇਕ ਵਖਾਇੰਦਾ । ਆਦਿ ਜੁਗਾਦਿ ਜੋਤੀ ਨੂਰ ਮਹਾਨ, ਨੂਰ ਨੂਰਾਨਾ ਡਗਮਗਾਇੰਦਾ । ਆਦਿ ਜੁਗਾਦਿ ਵਿਸ਼ਨ ਬ੍ਰਹਮਾ ਸ਼ਿਵ ਕਰ ਪਰਵਾਨ, ਨਾਮ ਪਰਵਾਨਾ ਹੱਥ ਫੜਾਇੰਦਾ । ਆਦਿ ਜੁਗਾਦਿ ਤ੍ਰੈ ਪੰਜ ਖੇਲ ਮਹਾਨ, ਲੱਖ ਚੁਰਾਸੀ ਵੰਡ ਵੰਡਾਇੰਦਾ । ਆਦਿ ਜੁਗਾਦਿ ਸਤਿਗੁਰ ਸੱਚਾ ਬਲਵਾਨ, ਸਤਿ ਪੁਰਖ ਨਿਰੰਜਣ ਆਪ ਅਖਵਾਇੰਦਾ । ਆਦਿ ਜੁਗਾਦਿ ਗੁਰ ਗੁਰ ਰੂਪ ਪਰਗਟਾਏ ਦੋ ਜਹਾਨ, ਸ਼ਬਦੀ ਨਾਉਂ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਸਮਝਾਇੰਦਾ । ਆਦਿ ਜੁਗਾਦਿ ਸ਼ਬਦ ਗੁਰ, ਦੂਜਾ ਨਜ਼ਰ ਕੋਇ ਨਾ ਆਈਆ । ਆਦਿ ਜੁਗਾਦਿ ਸ਼ਬਦ ਧੁਰ, ਸਚ ਸੰਦੇਸਾ ਦਏ ਸੁਣਾਈਆ । ਆਦਿ ਜੁਗਾਦਿ ਚੜ੍ਹੇ ਘੋੜ, ਦੋ ਜਹਾਨਾਂ ਵੇਖ ਵਖਾਈਆ । ਆਦਿ ਜੁਗਾਦਿ ਨਿਰਗੁਣ

ਸਰਗੁਣ ਲਏ ਜੋੜ, ਗੁਰ ਸ਼ਬਦ ਵੱਡੀ ਵਡਿਆਈਆ । ਆਦਿ ਜੁਗਾਦਿ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਕਰਾਈਆ । ਆਦਿ ਜੁਗਾਦਿ ਸ਼ਬਦ ਗੁਰ ਦਾਤਾ, ਦੂਜਾ ਨਜ਼ਰ ਕੋਇ ਨਾ ਆਇੰਦਾ । ਆਦਿ ਜੁਗਾਦਿ ਸ਼ਬਦ ਗੁਰ ਪਿਤਾ ਮਾਤਾ, ਗੋਦੀ ਗੋਦ ਆਪ ਸੁਹਾਇੰਦਾ । ਆਦਿ ਜੁਗਾਦਿ ਬੰਨ੍ਹੇ ਨਾਤਾ, ਨਾਤਾ ਬਿਧਾਤਾ ਜੋੜ ਜੁੜਾਇੰਦਾ । ਆਦਿ ਜੁਗਾਦਿ ਵਸਣਹਾਰਾ ਇਕ ਇਕਾਂਤਾ, ਨਿਰਵੈਰ ਆਪਣਾ ਖੇਲ ਕਰਾਇੰਦਾ । ਆਦਿ ਜੁਗਾਦਿ ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਵੇਖੇ ਮਾਰ ਝਾਤਾ, ਘਟ ਘਟ ਆਪਣਾ ਡੇਰਾ ਲਾਇੰਦਾ । ਆਦਿ ਜੁਗਾਦਿ ਜਨ ਭਗਤਾਂ ਪੁੱਛੇ ਵਾਤਾ, ਨਿਤ ਨਵਿਤ ਵੇਸ ਵਟਾਇੰਦਾ । ਆਦਿ ਜੁਗਾਦਿ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗੁਰ ਸ਼ਬਦ ਆਪ ਸਮਝਾਇੰਦਾ । ਸ਼ਬਦ ਗੁਰੂ ਗੁਰੂ ਗੁਰਦੇਵ, ਆਦਿ ਜੁਗਾਦਿ ਸਮਾਇਆ । ਅਲੱਖ ਨਿਰੰਜਣ ਅਲੱਖ ਅਭੇਵ, ਬੇਪਰਵਾਹ ਆਪਣਾ ਰਾਹ ਚਲਾਇਆ । ਸਦਾ ਸਦ ਸਦ ਕਰੇ ਸੇਵ, ਬਣ ਸੇਵਕ ਸੇਵ ਕਮਾਇਆ । ਏਕਾ ਦੇਵੇ ਨਾਮ ਸੱਚਾ ਮੇਵ, ਰਸ ਆਪਣਾ ਆਪ ਚਖਾਇਆ । ਗੋਬਿੰਦ ਮੇਲਾ ਕੁੰਟ ਹੇਮ, ਉਚੇ ਟਿੱਲੇ ਮੇਲ ਮਿਲਾਇਆ । ਸ਼ਬਦ ਗੁਰ ਗੁਰ ਸ਼ਬਦ ਕੀਤਾ ਨੇਮ, ਮਤਾ ਇਕੋ ਇਕ ਪਕਾਇਆ । ਤੇਰਾ ਮੇਰਾ ਲਹਿਣ ਦੇਣ, ਦੇਣਾ ਲਹਿਣਾ ਏਕਾ ਵਣਜ ਕਰਾਇਆ । ਨਿਰਗੁਣ ਸਰਗੁਣ ਬਣਿਆ ਸੱਜਣ ਸੈਣ, ਸਰਗੁਣ ਨਿਰਗੁਣ ਏਕਾ ਘਰ ਬਹਾਇਆ । ਇਕੋ ਨੇਤਰ ਇਕੋ ਲੋਚਣ ਨੈਣ, ਏਕਾ ਅੱਖ ਪਰਤੱਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਗੁਰ ਇਕ ਵਡਿਆਇਆ । ਆਦਿ ਜੁਗਾਦਿ ਸ਼ਬਦ ਗੁਰ ਦਾਤਾ, ਦਾਤਾ ਦਾਨੀ ਦਇਆ ਕਮਾਇੰਦਾ । ਆਦਿ ਜੁਗਾਦਿ ਸ਼ਬਦ ਗੁਰ ਗਾਥਾ, ਗੁਰ ਮੰਤਰ ਨਾਮ ਦ੍ਰਿੜਾਇੰਦਾ । ਆਦਿ ਜੁਗਾਦਿ ਚਲਾਏ ਰਾਥਾ, ਬਣ ਰਥਵਾਹੀ ਸੇਵ ਕਮਾਇੰਦਾ । ਆਦਿ ਜੁਗਾਦਿ ਖੇਲੇ ਖੇਲ ਤਰਲੋਕੀ ਨਾਥਾ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਨਾਚ ਨਚਾਇੰਦਾ । ਆਦਿ ਜੁਗਾਦਿ ਪਿਤਾ ਮਾਤਾ, ਲੱਖ ਚੁਰਾਸੀ ਗੋਦ ਬਹਾਇੰਦਾ । ਆਦਿ ਜੁਗਾਦਿ ਮੇਟੇ ਅੰਧੇਰੀ ਰਾਤਾ, ਸਚ ਸੁਚ ਚੰਦ ਇਕ ਚੜ੍ਹਾਇੰਦਾ । ਆਦਿ ਜੁਗਾਦਿ ਬੰਨ੍ਹੇ ਨਾਤਾ, ਸੁਰਤ ਸ਼ਬਦ ਮੇਲ ਮਿਲਾਇੰਦਾ । ਆਦਿ ਜੁਗਾਦਿ ਦਰਸ ਦਿਖਾਏ ਬਹੁ ਬਿਧ ਭਾਂਤਾ, ਗੁਰ ਅਵਤਾਰ ਪੀਰ ਪੈਗ਼ੰਬਰ ਰੂਪ ਵਟਾਇੰਦਾ । ਆਦਿ ਜੁਗਾਦਿ ਸਗਲਾ ਸਾਥਾ, ਨਿਰਗੁਣ ਸਰਗੁਣ ਸੰਗ ਨਿਭਾਇੰਦਾ । ਆਦਿ ਜੁਗਾਦਿ ਤੀਰਥ ਤਾਟਾ, ਸਰੋਵਰ ਮਜਨ ਇਕ ਕਰਾਇੰਦਾ । ਆਦਿ ਜੁਗਾਦਿ ਗੁਰ ਗੋਬਿੰਦ ਦਿਤਾ ਨਾਮ ਬਾਟਾ, ਸਚ ਪਿਆਲਾ ਹੱਥ ਫੜਾਇੰਦਾ । ਤੇਰੀ ਮੇਰੀ ਇਕੋ ਜਾਤਾ, ਜ਼ੋਰ ਜ਼ਬਰ ਨਾ ਵੰਡ ਵੰਡਾਇੰਦਾ । ਤੇਰਾ ਮੇਰਾ ਇਕੋ ਸਾਕਾ, ਸੱਜਣ ਇਕੋ ਨਜ਼ਰੀ ਆਇੰਦਾ । ਤੇਰਾ ਮੇਰਾ ਇਕੋ ਖ਼ਾਕਾ, ਨਿਰਗੁਣ ਸਾਚੀ ਵੰਡ ਵੰਡਾਇੰਦਾ । ਤੇਰਾ ਮੇਰਾ ਇਕੋ ਘਾਟਾ, ਘਾਟਾ ਨਜ਼ਰ ਕਿਸੇ ਨਾ ਆਇੰਦਾ । ਤੇਰਾ ਮੇਰਾ ਇਕੋ ਰਾਖਾ, ਪੁਰਖ ਅਕਾਲ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਗੁਰ ਖੇਲ ਖਲਾਇੰਦਾ । ਸ਼ਬਦ ਗੁਰ ਗੁਰੂ ਗੁਰ ਰੂਪ, ਇਕੋ ਇਕ ਵਡਿਆਈਆ । ਆਦਿ ਜੁਗਾਦਿ ਸਤਿ ਸਰੂਪ, ਸਤਿ ਸਤਿ ਸਮਾਈਆ । ਜੁਗਾ ਜੁਗੰਤਰ ਵਸੇ ਚਾਰੇ ਕੂਟ, ਦਹਿ ਦਿਸ਼ਾ ਵੇਖ ਵਖਾਈਆ । ਨਿਤ ਨਵਿਤ ਜਾਏ ਤੁੱਠ, ਹਰਿਜਨ ਸਾਚੇ ਲਏ ਮਿਲਾਈਆ । ਅੰਮ੍ਰਿਤ ਜਾਮ ਪਿਆਏ ਘੁੱਟ, ਤ੍ਰਿਸ਼ਨਾ ਭੁੱਖ ਮਿਟਾਈਆ । ਸ਼ਬਦ ਗੁਰ ਭੰਡਾਰ ਅਤੁਟ, ਬੇਅੰਤ ਆਪ ਵਰਤਾਈਆ । ਪੁਰਖ ਅਕਾਲ ਬਣਾਇਆ ਪੁੱਤ, ਘਰ ਸਾਚੇ ਵੱਜੇ ਵਧਾਈਆ । ਸਚ ਦੁਆਰੇ ਸੋਹੀ ਰੁੱਤ, ਹੇਮ ਆਪਣਾ ਕੁੰਟ ਵਖਾਈਆ ।

ਇਕ ਦੂਜੇ ਨੂੰ ਰਹੇ ਪੁੱਛ, ਸ਼ਬਦ ਗੋਬਿੰਦ ਗੋਬਿੰਦ ਸ਼ਬਦ ਇਕੱਠੇ ਕਰਨ ਸਲਾਹੀਆ । ਇਕ ਦੂਜੇ ਦੇ ਅੰਦਰ ਜਾਈਏ ਲੁਕ, ਲੁਕਿਆਂ ਨਜ਼ਰ ਕਿਸੇ ਨਾ ਆਈਆ । ਸ਼ਬਦ ਗੁਰ ਵੇਖੇ ਗੋਬਿੰਦ ਹੁਣ ਤੇਰੀ ਰੁੱਤ, ਤੇਰੇ ਪੰਜ ਤੱਤ ਮਿਲੇ ਵਡਿਆਈਆ । ਅੰਤਮ ਨਾਤਾ ਤੁਟੇ ਜਗਤ ਬੁੱਤ, ਬੁੱਤ ਪਰਸਤੀ ਰਹਿਣ ਨਾ ਪਾਈਆ । ਮੈਂ ਫੇਰ ਪਵਾਂ ਉਠ, ਤੇਰੀ ਧਾਰ ਚਲਾਈਆ । ਕੋਈ ਮਾਂ ਮੈਨੂੰ ਨਾ ਕਹੇ ਪੁੱਤ, ਗੁਜਰੀ ਗੋਦ ਨਾ ਕੋਇ ਸੁਹਾਈਆ । ਕੋਈ ਪਿਤਾ ਪੰਜ ਤੱਤ ਗੋਦੀ ਲਏ ਨਾ ਚੁੱਕ, ਲੋਰੀਆਂ ਦੇ ਨਾ ਕੋਇ ਖਡਾਈਆ । ਕੋਈ ਬਾਹੋਂ ਫੜ ਕੇ ਲਏ ਨਾ ਕੁੱਟ, ਰੁੱਸਿਆਂ ਘਰ ਨਾ ਕੋਇ ਮਨਾਈਆ । ਨਾ ਕਿਸੇ ਸੀਸ ਨਿਵਾਵਾਂ ਝੁਕ, ਖ਼ਾਕੀ ਤਨ ਨਾ ਕੋਇ ਹੰਢਾਈਆ । ਇਕ ਸੁਹਾਵਾਂ ਸਾਚੀ ਰੁੱਤ, ਰੁੱਤ ਰੁਤੜੀ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਬਦ ਗੁਰ ਇਕ ਵਖਾਈਆ । ਗੋਬਿੰਦ ਕਹੇ ਸ਼ਬਦ ਰੰਗ, ਰੰਗ ਰੰਗੀਲਾ ਆਪ ਰੰਗਾਇੰਦਾ । ਸ਼ਬਦ ਕਹੇ ਗੋਬਿੰਦ ਤੇਰੀ ਸੇਜ ਪਲੰਘ, ਆਸਣ ਇਕੋ ਮੋਹੇ ਭਾਇੰਦਾ । ਅੱਠੇ ਪਹਿਰ ਪੁਰਖ ਅਕਾਲ ਵਜਾਏ ਮਰਦੰਗ, ਤਾਰ ਸਿਤਾਰ ਆਪ ਹਿਲਾਇੰਦਾ । ਤੂੰ ਮੇਰਾ ਮੈਂ ਤੇਰਾ ਦੋਹਾਂ ਦੀ ਇਕੋ ਜਿਹੀ ਮੰਗ, ਪੁਰਖ ਅਕਾਲ ਇਕੋ ਵਸਤ ਝੋਲੀ ਪਾਇੰਦਾ । ਤੇਰਾ ਨੀਲਾ ਘੋੜਾ ਤੁਧ ਬਿਨ ਸੋਹੇ ਨਾ ਨੰਗੀ ਕੰਡ, ਪਾਖ਼ਰ ਜ਼ੀਨ ਨਾ ਕੋਇ ਸੁਹਾਇੰਦਾ । ਤੇਰਾ ਅਸਵ ਜਗਤ ਜਹਾਨ ਸ੍ਰਿਸ਼ਟ ਸਬਾਈ ਕਰੇ ਖੰਡ ਖੰਡ, ਖੰਡਾ ਖੜਗ ਇਕ ਖੜਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਆਪ ਜਣਾਇੰਦਾ । ਗੋਬਿੰਦ ਕਹੇ ਸ਼ਬਦੀ ਮੀਤਾ, ਸ਼ਬਦ ਕਹੇ ਗੋਬਿੰਦ ਰੀਤਾ, ਇਕੋ ਇਕ ਵਖਾਈਆ । ਤੇਰਾ ਮੇਰਾ ਸਾਹਿਬ ਅਨਡੀਠਾ, ਦੇਵਣਹਾਰ ਵਡਿਆਈਆ । ਗੋਬਿੰਦ ਕਿਹਾ ਮੈਂ ਚਲਾਵਾਂ ਸਾਚੀ ਰੀਤਾ, ਰੀਤੀਵਾਨ ਦਇਆ ਕਮਾਈਆ । ਗੁਰਸਿਖਾਂ ਸੀਨਾਂ ਕਰਾਂ ਠਾਂਡਾ ਸੀਤਾ, ਮਾਤ ਗਰਭ ਨਾ ਫੇਰ ਤਪਾਈਆ । ਮੇਰਾ ਕੋਈ ਨਾ ਫੋਲੇ ਅੰਗੀਠਾ, ਮੇਰਾ ਰੂਪ ਸ਼ਬਦ ਸ਼ਬਦ ਵਿਚ ਸਮਾਈਆ । ਸਾਚੀ ਦੱਸਾਂ ਇਕ ਪ੍ਰੀਤਾ, ਪੁਰਖ ਅਕਾਲ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਗੁਰ ਗੋਬਿੰਦ ਸ਼ਬਦ ਗੁਰ ਗੁਰ ਇਕੋ ਰੰਗ ਵਖਾਈਆ । ਗੋਬਿੰਦ ਕਹੇ ਮੈਂ ਗੁਰ ਸ਼ਬਦੀ ਪੂਰਾ, ਸ਼ਬਦ ਗੁਰ ਮੇਰਾ ਨਾਉਂ ਅਖਵਾਈਆ । ਸਦਾ ਸਦ ਹਾਜ਼ਰ ਹਜ਼ੂਰਾ, ਹਜ਼ੂਰ ਆਪਣਾ ਰੰਗ ਰੰਗਾਈਆ । ਸਾਚਾ ਬਚਨ ਕਰਾਂ ਪੂਰਾ, ਪੂਰਨ ਪੂਰਨਾ ਆਪੇ ਪਾਈਆ । ਵਸਣਹਾਰਾ ਨੇੜੇ ਦੂਰਾ, ਦੂਰ ਦੁਰਾਡਾ ਪੰਧ ਮੁਕਾਈਆ । ਜਿਨ੍ਹਾਂ ਮੇਰਾ ਹੁਕਮ ਮੰਨਿਆ ਕੂੜਾ, ਤਿਨ੍ਹਾਂ ਮੁਖ ਨਾ ਕਦੇ ਵਖਾਈਆ । ਹੱਥੀਂ ਬਾਹੀਂ ਲੋਹੇ ਕੜੇ ਪਾ ਪਾ ਬੈਠੇ ਚੂੜਾ, ਕੂੜ ਕੁੜਿਆਰ ਸ਼ਿੰਗਾਰ ਹੰਢਾਈਆ । ਜਿਸ ਜਨ ਮੇਰੀ ਮਸਤਕ ਲਾਈ ਧੂੜਾ, ਮੈਂ ਆਪਣੀ ਧੂਣੀ ਵਿਚੋਂ ਖ਼ਾਕ ਗੁਰਮੁਖਾਂ ਟਿੱਕਾ ਲਾਈਆ । ਦਾਤਾ ਜੋਧਾ ਸੂਰਬੀਰ ਸੂਰਾ, ਗੁਰ ਸ਼ਬਦ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸ਼ਬਦ ਇਕ ਵਖਾਈਆ । ਸ਼ਬਦ ਗੁਰੂ ਨਾ ਕੋਈ ਕਿਰਿਆ, ਗੋਬਿੰਦ ਬੰਧਨ ਵਿਚ ਨਾ ਆਇੰਦਾ । ਦੋ ਜਹਾਨ ਨਿਰਗੁਣ ਸਰਗੁਣ ਹੋ ਕੇ ਫਿਰਿਆ, ਔਂਦਾ ਜਾਂਦਾ ਆਪਣਾ ਮੁਖ ਛੁਪਾਇੰਦਾ । ਆਪਣੇ ਅੰਦਰ ਆਪਣੇ ਮੰਦਰ ਆਪਣੇ ਪੌੜੇ ਆਪੇ ਚੜ੍ਹਿਆ, ਚੜ੍ਹ ਚੜ੍ਹ ਖ਼ੁਸ਼ੀ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੂੜੀ ਕਿਰਿਆ ਸਚ ਜਣਾਇੰਦਾ । ਚੰਨਣ ਦੇਹੀ ਨੂੰ, ਚੰਨਣ ਲਗਾਇਆ ਸੀ । ਭਾਣਾ ਮੰਨਣ ਨੂੰ, ਭਗਵਾਨ ਮਨਾਇਆ ਸੀ । ਬੇੜਾ ਬੰਨ੍ਹਣ ਨੂੰ, ਬੇੜ੍ਹਾ ਰੁੜ੍ਹਾਇਆ ਸੀ । ਨਾਮ ਵੰਡਣ ਨੂੰ, ਸਿਰ ਤਾਜ ਟਿਕਾਇਆ ਸੀ । ਦੁਸ਼ਟ

ਖੰਡਣ ਨੂੰ, ਹਰਿ ਹੱਥ ਖੰਡਾ ਫੜਾਇਆ ਸੀ । ਨਾਮ ਰੰਗਣ ਨੂੰ, ਰੰਗ ਇਕੋ ਇਕ ਚੜ੍ਹਾਇਆ ਸੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਸੇਵਾ ਲਾਇਆ ਸੀ । ਚੰਦਨ ਚੰਦਨ ਲੱਗੀ ਅੱਗ, ਚੰਦ ਨਿਰਗੁਣ ਨਿਰਗੁਣ ਚਮਕਾਇਆ । ਫਿਰੀ ਦਰੋਹੀ ਵਿਚ ਜੱਗ, ਗੋਬਿੰਦ ਖ਼ੁਸ਼ੀ ਮਨਾਇਆ । ਮੇਰੇ ਸਿਰ ਤੇ ਰਹਿ ਗਈ ਮੇਰੀ ਪੱਗ, ਲੱਖ ਲੱਖ ਸ਼ੁਕਰ ਜਣਾਇਆ । ਪੁਰਖ ਅਕਾਲ ਤੇਰਾ ਕਰਜ਼ਾ ਲੱਥਾ ਅੱਜ, ਪਿਛਲਾ ਲੇਖਾ ਰਹੇ ਨਾ ਰਾਇਆ । ਵਿਚ ਚਿਖ਼ਾ ਵੜਿਆ ਭੱਜ, ਸਚ ਸਿੰਘਾਸਣ ਆਸਣ ਲਾਇਆ । ਉਚੀ ਕੂਕ ਦਿਤਾ ਦੱਸ, ਗੁਰਸਿਖ ਗੋਬਿੰਦ ਆਪ ਜਣਾਇਆ । ਤੁਹਾਡਾ ਮੇਰਾ ਕੋਈ ਨਾ ਚਲੇ ਵਸ, ਸ੍ਰੀ ਭਗਵਾਨ ਹੁਕਮ ਸੁਣਾਇਆ । ਆਓ ਰਲ ਮਿਲ ਲਈਏ ਹੱਸ, ਹਸਦਿਆਂ ਹਸਦਿਆਂ ਢੋਲਾ ਗਾਇਆ । ਪੁਰਖ ਅਕਾਲ ਦਾ ਗਾਓ ਜਸ, ਜੈ ਜੈਕਾਰ ਕਰਾਇਆ । ਮੈਂ ਦਿਤਾ ਅੰਮ੍ਰਿਤ ਰਸ, ਰਸ ਤੁਹਾਡੀ ਝੋਲੀ ਪਾਇਆ । ਅੰਤਮ ਵੇਖੋ ਖ਼ਾਲੀ ਹੱਥ, ਗੋਬਿੰਦ ਨਾਲ ਕੁਛ ਨਾ ਲੈ ਜਾਇਆ । ਬੱਚੇ ਨੀਹਾਂ ਹੇਠਾਂ ਦਿਤੇ ਦੱਬ, ਮਹੱਲ ਅਟੱਲ ਇਕ ਬਣਾਇਆ । ਜੋ ਕੁਛ ਸੋ ਤੁਹਾਡੀ ਝੋਲੀ ਪਾਇਆ ਸਭ, ਆਪਣਾ ਹੱਕ ਨਾ ਕੋਇ ਰਖਾਇਆ । ਜਿਸ ਵੇਲੇ ਸੱਦੇ ਆਵਾਂ ਭੱਜ, ਔਂਦਾ ਜਾਂਦਾ ਡੇਰ ਨਾ ਲਾਇਆ । ਗੋਬਿੰਦ ਭਾਂਡਾ ਜਾਏ ਨਾ ਭੱਜ, ਗੁਰ ਗੋਬਿੰਦ ਗੋਬਿੰਦ ਸ਼ਬਦ ਰੂਪ ਸਮਾਇਆ । ਤੁਸਾਂ ਮੇਰਾ ਪਰਦਾ ਲੈਣਾ ਕੱਜ, ਮੇਰੀ ਹੱਡੀ ਹੱਡੀ ਕੋਇ ਨਾ ਫੋਲ ਫੁਲਾਇਆ । ਕੀ ਸਵਾਹ ਵਿਚੋਂ ਗੋਬਿੰਦ ਨੂੰ ਕੋਈ ਲਏ ਲੱਭ, ਤਨ ਖ਼ੇਹ ਪੁਰਖ ਅਬਿਨਾਸ਼ੀ ਆਪਣੇ ਨੇਂਹ ਲਗਾਇਆ । ਮੰਨਣਾ ਹੁਕਮ ਦਰਸ ਕਰਨਾ ਰੱਜ ਰੱਜ, ਨਿਤ ਨਵਿਤ ਫੇਰਾ ਪਾਇਆ । ਜੇ ਇਕਰਾਰ ਕਰ ਗਏ ਭੱਜ, ਮੈਂ ਬੈਠਾ ਮੁਖ ਭੁਆਇਆ । ਫੇਰ ਨਿਰਗੁਣ ਹੋ ਕੇ ਆਵਾਂ ਸੰਬਲ ਨਗਰ ਬਹਿਵਾਂ ਸਜ, ਰੂਪ ਰੰਗ ਰੇਖ ਨਾ ਕੋਇ ਰਖਾਇਆ । ਨਾ ਕੋਈ ਜਾਣੇ ਲੰਮਾ ਉਚਾ ਕੱਦ, ਮੋਟਾ ਵੱਡਾ ਛੋਟਾ ਨਾ ਵੇਖ ਵਖਾਇਆ । ਮੈਂ ਸਭ ਤੋਂ ਹੋ ਜਾਂ ਅੱਡ, ਅਡਰਾ ਰਾਹ ਚਲਾਇਆ । ਪੁਰਖ ਅਕਾਲ ਆਪਣੇ ਦੁਆਰੇ ਲਵਾਂ ਸੱਦ, ਪ੍ਰੇਮ ਪ੍ਰੇਮ ਨਾਲ ਵਧਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗੋਬਿੰਦ ਸ਼ਬਦੀ ਰੂਪ ਧਰਾਇਆ । ਅੰਗੀਠਾ ਫੋਲਣ ਕੋਈ ਨਾ ਫੋਲੇ, ਸਤਿਗੁਰ ਗੁਰਮੁਖਾਂ ਆਪ ਜਣਾਈਆ । ਗੋਬਿੰਦ ਸਦਾ ਵਸੇ ਆਪਣੇ ਚੋਲੇ, ਚੋਲਾ ਗੋਬਿੰਦ ਆਪ ਹੰਢਾਈਆ । ਸ਼ਬਦੀ ਕਰੇ ਪਰਦੇ ਓਹਲੇ, ਨਾ ਮਰੇ ਨਾ ਜਾਈਆ । ਸਚ ਦੁਆਰਾ ਇਕੋ ਖੋਲ੍ਹੇ, ਚਾਰ ਕੁੰਟ ਵੇਖ ਵਖਾਈਆ । ਗੁਰਸਿਖ ਮੇਰਾ ਕਦੇ ਨਾ ਡੋਲੇ, ਚਲੇ ਹੁਕਮ ਰਜਾਈਆ । ਮੰਨ ਕਹਿਣਾ ਜੋ ਬਣੇ ਗੋਲੇ, ਗੁਲਸ਼ਨ ਤਿਨ੍ਹਾਂ ਦਿਆਂ ਖਿਲਾਈਆ । ਬਾਕੀ ਕੀਮਤ ਕੋਈ ਨਾ ਪਏ ਜਿਉਂ ਭੋ ਛੋਲੇ, ਭੂਸਾ ਗਧਿਆਂ ਅੱਗੇ ਪਾਈਆ । ਸਾਰਿਆਂ ਉਚੀ ਕੂਕ ਕੂਕ ਕਹਿਣਾ ਗੋਬਿੰਦ ਅੱਖਾਂ ਅੱਗੋਂ ਹੋਇਆ ਓਹਲੇ, ਸਾਡੇ ਅੰਦਰ ਵੜ ਕੇ ਗਿਆ ਸਮਾਈਆ । ਮੇਰਾ ਅੰਗੀਠਾ ਕੋਈ ਨਾ ਫੋਲੇ, ਫੋਲਿਆਂ ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਗੁਰ ਗੁਰ ਸ਼ਬਦ ਸ਼ਬਦੀ ਵੰਡ ਵੰਡਾਈਆ । ਵਜੂਦ ਵਿਚ ਵਸਲ, ਵਸਲ ਵਿਚ ਵਡਿਆਈਆ । ਵਸਲ ਵਿਚੋਂ ਅਸਲ, ਅਸਲੀਅਤ ਦਏ ਸਮਝਾਈਆ । ਸ਼ਬਦੀ ਰੁੱਤ ਸੰਸਾਰੀ ਫਸਲ, ਲੱਖ ਚੁਰਾਸੀ ਬੀਜੇ ਵੱਢੇ ਅੰਦਰ ਵੜ ਵੜ ਹਰੀ ਸਿੰਚ ਕਰਾਈਆ । ਜਿਸ ਵੇਲੇ ਕਰੇ ਆਪਣਾ ਫ਼ਜ਼ਲ, ਫ਼ਜ਼ੂਲ ਕਹਾਣੀ ਨਾ ਕੋਇ ਸੁਣਾਈਆ । ਗੁਰਸਿਖ ਚੜ੍ਹਾਏ ਆਪਣੀ ਮਜ਼ਲ, ਮੰਜ਼ਲ ਆਪਣੀ ਆਪ ਜਣਾਈਆ । ਜਿਥੇ ਕੋਈ ਨਾ ਆਵੇ ਅਜ਼ਲ, ਅਲਾਮਤ ਕੋਇ ਰਹਿਣ ਨਾ ਪਾਈਆ । ਓਥੇ ਕੋਈ ਨਾ

ਦਿਸੇ ਫੁੱਲ ਕਵਲ, ਵਿਸ਼ਨ ਬ੍ਰਹਮਾ ਸ਼ਿਵ ਨਾ ਕੋਇ ਚਤੁਰਾਈਆ । ਓਥੇ ਇਕੋ ਨੂਰ ਅਵਲ, ਜ਼ਹੂਰ ਜ਼ਹੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਏ ਹੱਕ ਵਜੂਦ, ਆਦਿ ਅੰਤ ਨਾ ਹੋਏ ਨੇਸਤੋ ਨਾਬੂਦ, ਕਿਸੇ ਨਾ ਆਏ ਵਿਚ ਹਦੂਦ, ਸਾਚੀ ਰੱਖੇ ਮੰਜ਼ਲੇ ਮਕਸੂਦ, ਗੁਰਸਿਖਾਂ ਅਸਲ ਨਾਲ ਗੋਬਿੰਦ ਦੇਵੇ ਸੂਦ, ਲੇਖਾ ਸਭ ਮੁਕਾਈਆ । ਜਿਸ ਵੇਲ ਮੁਰੀਦ ਮੁਰਸ਼ਦ ਦਾ ਵੇਖੇ ਸਚ ਅਰੂਜ, ਉਲਫ਼ਤ ਕਹਿ ਨਾ ਸਕੇ ਰਾਈਆ । ਮਾਰੇ ਧਾਹ ਮਿਲਿਆ ਮਹਿਬੂਬ, ਮੇਰੀ ਹਸਤੀ ਰਹੀ ਨਾ ਰਾਈਆ । ਏਹੋ ਵਜੂਦ ਏਹੋ ਸਬੂਤ ਨਾ ਕੋਈ ਰੂਹ ਨਾ ਕਲਬੂਤ, ਪਾਰਬ੍ਰਹਮ ਇਕੋ ਨਜ਼ਰੀ ਆਈਆ । ਵਜੂਦ ਵਸਲ ਦਾ ਰੰਗ, ਬਿਸਮਲ ਧਾਰ ਚਲਾਇੰਦਾ । ਸ਼ਬਦੀ ਧਾਰ ਡੋਰ ਪਤੰਗ, ਸੁਰਤੀ ਬੰਧਨ ਪਾਇੰਦਾ । ਕਾਇਆ ਮਾਟੀ ਪੰਜ ਤੱਤ ਦੇਹ ਜਾਏ ਹੰਢ, ਜਗਤ ਹੁੰਡੀ ਸਭ ਦੀ ਆਪ ਲੁਟਾਇੰਦਾ । ਅੱਗੇ ਖੇਲ ਸੂਰਾ ਸਰਬੰਗ, ਆਪਣੇ ਹੱਥ ਰਖਾਇੰਦਾ । ਰਾਹ ਵਿਚ ਸੁਣੇਂਦਾ ਜਾਏ ਢੋਲ ਮਰਦੰਗ, ਅਨਹਦ ਰਾਗ ਅਲਾਇੰਦਾ । ਅੱਗੇ ਜਾ ਕੇ ਇਹ ਵੀ ਹੋ ਜਾਏ ਨੰਗ, ਆਪਣਾ ਮਾਣ ਨਾ ਕੋਇ ਵਖਾਇੰਦਾ । ਫੇਰ ਸਤਿਗੁਰ ਗੁਰ ਗੁਰਸਿਖ ਲਗਾਏ ਅੰਗ, ਆਪਣੀ ਗੋਦੀ ਉਠਾਇੰਦਾ । ਆਪਣਾ ਦੁਆਰਾ ਆਪੇ ਲੰਘ, ਮੰਦਰ ਸਚ ਵਖਾਇੰਦਾ । ਸਚ ਸੇਜ ਸੁਹੰਜਣਾ ਪਲੰਘ, ਪਾਵਾ ਚੂਲ ਨਾ ਕੋਇ ਬਣਾਇੰਦਾ । ਬਿਨ ਵਜੂਦੋਂ ਬਿਨ ਵਸਲੋਂ ਦਏ ਅਨੰਦ, ਅਨੰਦ ਇਕੋ ਇਕ ਵਖਾਇੰਦਾ । ਨਾ ਕੋਈ ਸੂਰਜ ਨਾ ਕੋਈ ਚੰਦ, ਜੋਤੀ ਜੋਤ ਡਗਮਗਾਇੰਦਾ । ਨਾ ਕੋਈ ਢੋਲਾ ਨਾ ਕੋਈ ਗੀਤ ਨਾ ਕੋਈ ਛੰਦ, ਰਾਗੀ ਰਾਗ ਨਾ ਕੋਇ ਸੁਣਾਇੰਦਾ । ਸਾਰ ਸ਼ਬਦ ਧਾਰ ਜੋਤ ਸਦਾ ਅਖੰਡ, ਜਨ ਭਗਤਾਂ ਪ੍ਰਭ ਪਾਈ ਵੰਡ, ਆਪਣੇ ਚਰਨ ਕੋਲ ਬਹਾਇੰਦਾ । ਬਿਨ ਵੇਖਿਆਂ ਡਿਠਿਆਂ ਸਾਰੇ ਪੌਣ ਡੰਡ, ਸਾਚੀ ਖ਼ਬਰ ਨਾ ਕੋਇ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਜੂਦ ਵਜ਼ਾਹਤ ਨਾਲ ਜਣਾਇੰਦਾ । ਇਕ ਮਿਕ ਹੋ ਕੇ ਰਹਿ ਜਾਏ ਇਕ, ਇਕ ਇਕ ਵਡਿਆਈਆ । ਇਕ ਇਕ ਲੇਖਾ ਦੇਵੇ ਲਿਖ, ਲਿਖ ਲਿਖ ਬਣਤ ਬਣਾਈਆ । ਇਕ ਇਕ ਪਾਏ ਭਿੱਖ, ਇਕ ਝੋਲੀ ਲਏ ਭਰਾਈਆ । ਇਕ ਇਕ ਚਾਰ ਕੁੰਟ ਦਹਿ ਦਿਸ਼ਾ ਥੱਲੇ ਉਪਰ ਪਏ ਦਿਸ, ਬੇਪਰਵਾਹ ਬੇਪਰਵਾਹੀਆ । ਇਕ ਇਕ ਵੰਡੇ ਹਿੱਸ, ਹਿੱਸਾ ਆਪਣਾ ਆਪ ਕਢਾਈਆ । ਇਕ ਇਕ ਕਰੇ ਹਿੱਤ, ਜਨ ਜਨਨੀ ਗੋਦ ਸੁਹਾਈਆ । ਇਕ ਇਕ ਸਭ ਨੂੰ ਲਏ ਆਪ ਜਿੱਤ, ਹਾਰ ਆਪਣੇ ਹੱਥ ਰਖਾਈਆ । ਇਕ ਇਕ ਆਪਣਾ ਕਰੇ ਹਿੱਤ, ਨਿਤ ਨਵਿਤ ਆਪਣਾ ਵੇਸ ਵਟਾਈਆ । ਇਕ ਇਕ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਆਕਾਰ ਇਕ ਪਸਾਰ, ਇਕ ਵਿਹਾਰ ਇਕ ਆਧਾਰ, ਇਕ ਜੈਕਾਰ ਇਕ ਫੁਲਵਾੜ, ਇਕ ਬੂਟਾ ਸ਼ਬਦੀ ਝੂਟਾ ਲੱਖ ਚੁਰਾਸੀ ਮੂਧਾ ਕਰੇ ਠੂਠਾ, ਫਿਰ ਆਪੇ ਲਏ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕ ਇਕੋ ਇਕ ਸਮਾਈਆ ।

### ❇ ੨੧ ਮੱਘਰ ੨੦੧੯ ਬਿਕਰਮੀ ਚੰਨਣ ਕੌਰ ਦੇ ਗ੍ਰਿਹਿ ਓਗਰਾ ਜ਼ਿਲਾ ਗੁਰਦਾਸਪੁਰ ❇

ਸ਼ਬਦ ਬ੍ਰਹਮ ਸ਼ਬਦ ਬ੍ਰਹਿਮਾਦ, ਬ੍ਰਹਿਮੰਡ ਸ਼ਬਦ ਵਡਿਆਈਆ । ਸ਼ਬਦ ਧੁੰਨ ਸ਼ਬਦ ਰਾਗ, ਨਾਦ ਸ਼ਬਦ ਸ਼ਨਵਾਈਆ । ਸ਼ਬਦ ਸੁੰਨ ਸ਼ਬਦ ਸਮਾਧ, ਸ਼ਬਦ ਸ਼ਬਦੀ ਜੋਤ ਰੁਸ਼ਨਾਈਆ । ਸ਼ਬਦ ਬਿਸਮਲ ਸ਼ਬਦ ਵਿਸਮਾਦ, ਸ਼ਬਦ ਬੇਪਰਵਾਹੀਆ । ਸ਼ਬਦ ਸੰਤ ਸ਼ਬਦ ਸਾਧ, ਸ਼ਬਦ

ਗੁਰਮੁਖ ਰੂਪ ਵਟਾਈਆ । ਸ਼ਬਦ ਜੈਕਾਰਾ ਸ਼ਬਦ ਆਵਾਜ਼, ਸ਼ਬਦ ਢੋਲਾ ਗਾਈਆ । ਸ਼ਬਦ ਸੱਜਣ ਸ਼ਬਦ ਸਾਜ਼, ਸ਼ਬਦ ਤਲਵਾੜ ਵਜਾਈਆ । ਸ਼ਬਦ ਰੰਗ ਸ਼ਬਦ ਨਾਚ, ਸ਼ਬਦ ਰਾਸ ਰਚਾਈਆ । ਸ਼ਬਦ ਖੇਲ ਸ਼ਬਦ ਤਮਾਸ਼, ਸ਼ਬਦ ਸਵਾਂਗੀ ਵੇਸ ਵਟਾਈਆ । ਸ਼ਬਦ ਆਸ ਸ਼ਬਦ ਨਿਰਾਸ, ਬੇ ਵਫ਼ਾ ਸ਼ਬਦ ਅਖਵਾਈਆ । ਸ਼ਬਦ ਬੇਨੰਤੀ ਸ਼ਬਦ ਅਰਦਾਸ, ਸ਼ਬਦ ਸੀਸ ਝੁਕਾਈਆ । ਸ਼ਬਦ ਦਾਤਾ ਸ਼ਬਦ ਬੰਦ ਖ਼ਲਾਸ, ਸ਼ਬਦ ਬੰਦੀਖ਼ਾਨਾ ਰੂਪ ਵਟਾਈਆ । ਸ਼ਬਦ ਉਤਪਤ ਸ਼ਬਦ ਘਾਤ, ਘਾਉ ਸ਼ਬਦ ਇਕ ਲਗਾਈਆ । ਸ਼ਬਦ ਦਿਵਸ ਸ਼ਬਦ ਰਾਤ, ਸ਼ਬਦ ਸੂਰਜ ਚੰਦ ਰੁਸ਼ਨਾਈਆ । ਸ਼ਬਦ ਗੁਰੂ ਗੁਰਦੇਵ ਪਾਠ, ਸ਼ਬਦ ਪੂਜਾ ਨਾਉਂ ਵਡਿਆਈਆ । ਸ਼ਬਦ ਤੀਰਥ ਸ਼ਬਦ ਤਾਟ, ਸ਼ਬਦ ਜਲ ਥਲ ਮਹੀਅਲ ਰਿਹਾ ਸਮਾਈਆ । ਸ਼ਬਦ ਵਣਜਾਰਾ ਸ਼ਬਦ ਹਾਟ, ਸ਼ਬਦ ਇਕੋ ਵਸਤ ਵਖਾਈਆ । ਸ਼ਬਦ ਪੱਤਣ ਸ਼ਬਦ ਘਾਟ, ਆਰ ਪਾਰ ਸ਼ਬਦ ਸਮਾਈਆ । ਸ਼ਬਦ ਨੇੜੇ ਸ਼ਬਦ ਦੂਰ ਵਾਟ, ਸ਼ਬਦ ਨੇਤ ਨੇਤ ਅਖਵਾਈਆ । ਸ਼ਬਦ ਕਾਗ਼ਜ਼ ਸ਼ਬਦ ਦਵਾਤ, ਸ਼ਬਦ ਸ਼ਾਹੀ ਲੇਖ ਜਣਾਈਆ । ਬਿਨ ਸ਼ਬਦ ਕਿਸੇ ਦੀ ਬਣੇ ਨਾ ਕੋਈ ਜ਼ਾਤ, ਜਲਵਾ ਨੂਰ ਨਾ ਕੋਇ ਵਖਾਈਆ । ਸ਼ਬਦ ਪਿਤਾ ਸ਼ਬਦ ਮਾਤ, ਸ਼ਬਦ ਪੂਤ ਗੋਦ ਸੁਹਾਈਆ । ਸ਼ਬਦ ਚਰਨ ਸ਼ਬਦ ਨਾਤ, ਸ਼ਬਦ ਨਾਤਾ ਜੋੜ ਜੁੜਾਈਆ । ਸ਼ਬਦ ਉਹਲੇ ਸ਼ਬਦ ਸਾਖਿਆਤ, ਪਾਰਜਾਤ ਸ਼ਬਦ ਬਣਾਈਆ । ਸ਼ਬਦ ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਜਾਟ, ਸ਼ਬਦ ਨੀਚੋਂ ਨੀਚ ਸਮਾਈਆ । ਸ਼ਬਦ ਖਟੋਲਾ ਸ਼ਬਦ ਖਾਟ, ਸ਼ਬਦ ਬਸਤਰ ਓਢਣ ਦਏ ਵਡਿਆਈਆ । ਸ਼ਬਦ ਅੰਮ੍ਰਿਤ ਸ਼ਬਦ ਰਸ ਚਾਟ, ਸ਼ਬਦ ਰਸ ਫਿੱਕਾ ਰੂਪ ਧਰਾਈਆ । ਬਿਨ ਸ਼ਬਦ ਸਾਰੇ ਪੱਤਣ ਡੂੰਘੇ ਖ਼ਾਤ, ਕਰਤਾ ਕੀਮਤ ਕੋਇ ਨਾ ਪਾਈਆ । ਸ਼ਬਦ ਮਹੱਲ ਸ਼ਬਦ ਅਟੱਲ, ਸ਼ਬਦ ਰਾਗ ਰੰਗ ਰੰਗਾਇੰਦਾ । ਸ਼ਬਦ ਨਕਲ ਸ਼ਬਦ ਅਸਲ, ਅਸਲੀਅਤ ਸ਼ਬਦ ਆਪ ਜਣਾਇੰਦਾ । ਸ਼ਬਦ ਵਜੂਦ ਸ਼ਬਦ ਵਸਲ, ਗੁਰ ਗੋਬਿੰਦ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਇਕੋ ਘਰ ਵਖਾਇੰਦਾ । ਸ਼ਬਦ ਗ੍ਰਿਹਿ ਇਕੋ ਸਵਾਮੀ, ਹਰਿ ਮੰਦਰ ਆਪ ਬਣਾਇੰਦਾ । ਜਿਸ ਘਰ ਵਸੇ ਅੰਤਰਜਾਮੀ, ਦੂਜਾ ਨਜ਼ਰ ਕੋਇ ਨਾ ਆਇੰਦਾ । ਸ਼ਬਦ ਗੁਰੂ ਸ਼ਬਦ ਬਾਣੀ, ਸ਼ਬਦ ਸੰਦੇਸਾ ਆਪ ਜਣਾਇੰਦਾ । ਸ਼ਬਦ ਮਹਿਮਾ ਅਕਥ ਕਹਾਣੀ, ਕਥਨੀ ਕਥ ਨਾ ਕੋਇ ਜਣਾਇੰਦਾ । ਸ਼ਬਦ ਰਾਜਾ ਸ਼ਬਦ ਰਾਣੀ, ਸ਼ਬਦ ਰਈਅਤ ਰੂਪ ਵਟਾਇੰਦਾ । ਸ਼ਬਦ ਅਗਨੀ ਅੱਗ ਪਵਣ ਪਾਣੀ, ਜਲ ਬਿੰਬ ਰੂਪ ਸਮਾਇੰਦਾ । ਸ਼ਬਦ ਲੇਖਾ ਚਾਰ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਵੰਡ ਵੰਡਾਇੰਦਾ । ਸ਼ਬਦ ਨਾਦ ਚਾਰ ਬਾਣੀ, ਪਰਾ ਪਸੰਤੀ ਮਧਮ ਬੈਖ਼ਰੀ ਸ਼ਬਦ ਅਲਾਇੰਦਾ । ਸ਼ਬਦ ਸੁਰਤ ਸੁਘੜ ਸੁਚੱਜੀ ਸਵਾਣੀ, ਸ਼ਬਦ ਮਨ ਮਤੀ ਫੇਰ ਭੁਆਇੰਦਾ । ਸ਼ਬਦ ਬੁੱਧ ਮਤ ਕਰੇ ਮਤਵਾਲੀ, ਸ਼ਬਦ ਬਬੇਕੀ ਰੂਪ ਧਰਾਇੰਦਾ । ਸ਼ਬਦ ਕਿਰਸਾਣਾ ਸ਼ਬਦ ਹਾਲੀ, ਸ਼ਬਦ ਸਾਚਾ ਬੀਜ ਬਜਾਇੰਦਾ । ਸ਼ਬਦ ਦੇਵੇ ਸੱਚਾ ਪਾਣੀ, ਪ੍ਰੇਮ ਕੂਆਂ ਇਕ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਇਕੋ ਘਰ ਵਖਾਇੰਦਾ । ਸ਼ਬਦ ਘਰ ਇਕੋ ਦਰ, ਦਰ ਦਰਵਾਜਾ ਆਪ ਜਣਾਈਆ । ਸ਼ਬਦ ਵਰ ਇਕੋ ਨਰ, ਨਰ ਨਰਾਇਣ ਕਰੇ ਕੁੜਮਾਈਆ । ਸ਼ਬਦ ਮੇਲ ਇਕੋ ਹਰਿ, ਹਰਿ ਬਿਨ ਅਵਰ ਨਾ ਕੋਇ ਧਿਆਈਆ । ਸ਼ਬਦ ਭੈ ਸ਼ਬਦ ਡਰ, ਭੌ ਸ਼ਬਦ ਰਿਹਾ ਵਖਾਈਆ । ਸ਼ਬਦ ਜੰਮੇ ਸ਼ਬਦ ਮਰੇ, ਸ਼ਬਦ ਮਰਨ ਜੀਵਣ ਵਿਚ ਨਾ ਆਈਆ । ਸ਼ਬਦ ਵਿਸ਼ਨ ਬ੍ਰਹਮਾ ਸ਼ਿਵ ਬਣਾਏ ਧੜੇ, ਹੁਕਮੀ ਹੁਕਮ ਆਪ ਭੁਆਈਆ । ਸ਼ਬਦ ਭੰਨੇ ਸ਼ਬਦ ਘੜੇ, ਘੜਨ ਭੰਨਣਹਾਰ


੩੦੭
੧੩

ਸ਼ਬਦ ਅਖਵਾਈਆ । ਸ਼ਬਦ ਸਿਫ਼ਤੀ ਨਾਉਂ ਰਖਾਏ ਬੜੇ, ਕੋਟਨ ਕੋਟ ਰਸਨਾ ਗਾਈਆ । ਆਦਿ ਅੰਤ ਸ਼ਬਦ ਰੂਪ ਪ੍ਰਭ ਇਕੋ ਧਰੇ, ਰੂਪ ਰੰਗ ਰੇਖ ਨਾ ਕੋਇ ਜਣਾਈਆ । ਬਿਨ ਭਗਤਾਂ ਕਿਸੇ ਨਾ ਵਸੇ ਘਰੇ, ਘਰ ਸੁਹੰਜਣੀ ਸੇਜ ਵਖਾਈਆ । ਰਸਨਾ ਜਿਹਵਾ ਬੱਤੀ ਦੰਦ ਸ੍ਰਿਸ਼ਟ ਸਬਾਈ ਪੜ੍ਹੇ, ਉਚੀ ਕੂਕ ਕੂਕ ਸੁਣਾਈਆ । ਸਤਿਗੁਰ ਸ਼ਬਦ ਜਿਸ ਜਨ ਕਰ ਕਿਰਪਾ ਆਪ ਫੜੇ, ਆਪਣਾ ਬੰਧਨ ਪਾਈਆ । ਸੋ ਜਨ ਕਹੇ ਪੁਰਖ ਅਕਾਲ ਹਰੇ, ਓਅੰ ਸੋਹੰ ਏਕੰਕਾਰ ਵਿਚ ਸਮਾਈਆ । ਸ਼ਬਦ ਗੁਰ ਪਰੇ ਤੋਂ ਪਰੇ, ਪਾਰਬ੍ਰਹਮ ਆਪ ਅਖਵਾਈਆ । ਅੰਦਰ ਬਾਹਰ ਆਪੇ ਵੜੇ, ਆਪਣਾ ਖੇਲ ਰਚਾਈਆ । ਲੱਖ ਚੁਰਾਸੀ ਭੰਨੇ ਘੜੇ, ਹੁਕਮੇ ਹੁਕਮ ਮਨਾਈਆ । ਕਲਜੁਗ ਅੰਤਮ ਗੋਬਿੰਦ ਸੂਰਾ ਸ਼ਬਦੀ ਜੋਧਾ ਲੜੇ, ਬਲ ਆਪਣਾ ਆਪ ਪਰਗਟਾਈਆ । ਲੱਖ ਚੁਰਾਸੀ ਵੇਖੇ ਖੋਟੇ ਖਰੇ, ਗ੍ਰਿਹਿ ਗ੍ਰਿਹਿ ਫੋਲ ਫੁਲਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਸਰੂਪੀ ਨੌਜਵਾਨ, ਸ਼ਬਦੀ ਗੁਰ ਸ਼ਬਦੀ ਘੋੜੇ ਚੜ੍ਹੇ, ਦੋ ਜਹਾਨਾਂ ਫੇਰਾ ਪਾਈਆ ।

### ❇ ੨੧ ਮੱਘਰ ੨੦੧੯ ਬਿਕਰਮੀ ਗਿਆਨ ਸਿੰਘ ਦੇ ਗ੍ਰਿਹਿ ਓਗਰਾ ਜ਼ਿਲਾ ਗੁਰਦਾਸਪੁਰ ❇

ਸਤਿਗੁਰ ਸ਼ਬਦ ਸਚ ਪਿਆਰ, ਹਰਿ ਨਾਮ ਵਡਿਆਈਆ । ਜਨਮ ਮਰਨ ਦੁੱਖ ਲਾਹੇ ਭਾਰ, ਆਵਣ ਜਾਣ ਮੁਕਾਈਆ । ਦੁੱਖ ਦਲਿਦਰ ਦਏ ਨਵਾਰ, ਦਰਦੀਆਂ ਦਰਦ ਵੰਡਾਈਆ । ਰਸਨਾ ਜਿਹਵਾ ਇਕ ਜੈਕਾਰ, ਇਕੋ ਗੁਣ ਵਖਾਈਆ । ਕਿਰਪਾ ਕਰ ਆਪ ਨਿਰੰਕਾਰ, ਹਰਿਜਨ ਮੇਲ ਮਿਲਾਈਆ । ਸੋਹੰ ਸ਼ਬਦ ਸਚ ਜੈਕਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਹੋਏ ਸਹਾਈਆ ।

### ❇ ੨੧ ਮੱਘਰ ੨੦੧੯ ਰਾਵੀ ਕੰਢੇ ਜ਼ਿਲਾ ਗੁਰਦਾਸਪੁਰ ❇

ਅੰਮ੍ਰਿਤ ਰੋਟੀ ਮਿੱਠਾ ਗੁੜ੍ਹ, ਗੁਰ ਕਿਰਪਾ ਆਪ ਵਰਤਾਈਆ । ਸਚਖੰਡ ਨਿਵਾਸੀ ਨਿਕਲ ਕੇ ਆਇਆ ਵਿਚੋਂ ਕੁੜ, ਆਪਣਾ ਪਰਦਾ ਲਾਹੀਆ । ਗੁਰਮੁਖਾਂ ਨਾਲ ਗਿਆ ਜੁੜ, ਰਸ ਰਸ ਨਾਲ ਮਿਲਾਈਆ । ਅੰਤਮ ਅੰਤ ਗਿਆ ਬੌਹੜ, ਬੇਪਰਵਾਹ ਦਇਆ ਕਮਾਈਆ । ਹਰਿ ਗੋਬਿੰਦ ਲੱਗੀ ਔੜ, ਹਰਿ ਸਤਿਗੁਰ ਆਪ ਬੁਝਾਈਆ । ਨਾ ਕੋਈ ਦਿਸੇ ਸੀਸ ਚੌਰ, ਛਤਰ ਕੋਇ ਨਜ਼ਰ ਨਾ ਆਈਆ । ਇਕੋ ਧਰਤੀ ਮੰਗੇ ਧੂਰ, ਨੇਤਰ ਨੈਣ ਉਠਾਈਆ । ਸਾਹਿਬ ਸਤਿਗੁਰ ਆਸਾ ਪੂਰ, ਇਕੋ ਆਸ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਹੁਕਮ ਜਣਾਈਆ । ਹਰਿਗੋਬਿੰਦ ਖ਼ਾਧਾ ਰੁੱਖਾ ਮਿਸਾ, ਕੰਢੇ ਲੱਖ ਲੱਖ ਸ਼ੁਕਰ ਮਨਾਇਆ । ਪੁਰਖ ਅਬਿਨਾਸ਼ੀ ਕੱਢੇ ਤੇਰਾ ਹਿੱਸਾ, ਨਿਰਗੁਣ ਅੰਤਮ ਫੇਰਾ ਪਾਇਆ । ਮੈਂ ਲੈ ਕੇ ਆਇਆ ਚਿੱਠਾ, ਧੁਰ ਸੰਦੇਸ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਰਚਾਇਆ । ਧਰਨੀ ਕਹੇ ਗੋਬਿੰਦ ਹਰਿ, ਹਰਿ ਗੋਬਿੰਦ ਤੇਰੀ ਵਡਿਆਈਆ । ਕਰ ਕਿਰਪਾ ਦੇ ਸਾਚਾ ਵਰ, ਕੋੜ੍ਹੀ ਕਮਲੀ ਦਏ ਦੁਹਾਈਆ । ਕੰਢੀ ਕੰਢੇ ਆ ਕੇ ਖੜ, ਕੰਢਾ ਪਾਰ ਕਰਾਈਆ । ਰੰਡੀ ਸੁਹਾਗਣ ਆ ਕੇ ਕਰ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ,



੩੦੮
੧੩

ਆਪ ਆਪਣੀ ਕਿਰਪਾ ਕਰ, ਲੇਖਾ ਧੁਰ ਦਾ ਰਿਹਾ ਜਣਾਈਆ । ਗੋਬਿੰਦ ਕਹੇ ਸੁਣ ਧਰਨੀ ਧਵਲ, ਧੁਰ ਦਰਬਾਰੀ ਦਇਆ ਕਮਾਇੰਦਾ । ਨੂਰ ਇਲਾਹੀ ਏਕਾ ਅਵਲ, ਬੇਪਰਵਾਹ ਫੇਰਾ ਪਾਇੰਦਾ । ਜਿਸ ਨੂੰ ਸੀਸ ਝੁਕਾਏ ਕਾਹਨਾ ਕ੍ਰਿਸ਼ਨਾ ਸਵਲ, ਰਾਮਾ ਰਾਮ ਵਿਚ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਪਿਛਲਾ ਲੇਖਾ ਆਪ ਜਣਾਇੰਦਾ । ਪਿਛਲਾ ਲੇਖਾ ਗੋਬਿੰਦ ਰੰਗ, ਰੰਗ ਰੰਗੀਲਾ ਆਪ ਜਣਾਈਆ । ਧਰਨੀ ਕਹੇ ਮੇਰੀ ਪੂਰੀ ਕਰਨੀ ਮੰਗ, ਇਕੋ ਆਸ ਤਕਾਈਆ । ਹਰਿ ਜੂ ਕਹਿਣਾ ਆਵੇ ਨਿਸੰਗ, ਘਰ ਮੇਰੇ ਫੇਰਾ ਪਾਈਆ । ਮੇਰੀ ਚੋਲੀ ਚਾੜ੍ਹੇ ਰੰਗ, ਰੰਗ ਮਜੀਠ ਇਕ ਵਖਾਈਆ । ਨਾਲ ਲਿਆਏ ਆਪਣਾ ਸੰਗ, ਸੰਗੀ ਸਾਥੀ ਮੇਲ ਮਿਲਾਈਆ । ਮੈਂ ਭੁੱਖੀ ਨੰਗੀ ਟੁਕੜਾ ਲਵਾਂ ਮੰਗ, ਅੱਗੇ ਆਪਣੀ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਗੋਬਿੰਦ ਰਿਹਾ ਸੁਣਾਈਆ । ਹਰਿਗੋਬਿੰਦ ਕਰ ਅਰਦਾਸ, ਪੁਰਖ ਅਕਾਲ ਧਿਆਨ ਲਗਾਇੰਦਾ । ਸਚ ਪ੍ਰਭ ਸਚ ਤੇਰੀ ਰਾਸ, ਅੰਤ ਕੋਈ ਨਾ ਆਇੰਦਾ । ਧਰਨੀ ਲੱਗੀ ਇਕ ਪਿਆਸ, ਜਲ ਪਿਆਸ ਨਾ ਕੋਇ ਬੁਝਾਇੰਦਾ । ਥਲ ਨਾ ਹੋਏ ਕੋਇ ਨਿਰਾਸ, ਜੋ ਜਨ ਤੇਰਾ ਧਿਆਨ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਬੇਨੰਤੀ ਆਪ ਜਣਾਇੰਦਾ । ਸ੍ਰੀ ਭਗਵਾਨ ਸਚ ਸੰਦੇਸਾ, ਏਕਾ ਏਕ ਜਣਾਈਆ । ਹਰਿਗੋਬਿੰਦ ਤੇਰਾ ਲੇਖਾ, ਬਿਨ ਲਿਖਿਆਂ ਦਏ ਤਰਾਈਆ । ਪੁਰਖ ਅਕਾਲ ਧਾਰੇ ਭੇਸਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਭਾਗ ਲਗਾਏ ਸਾਚੇ ਦੇਸਾ, ਚਰਨ ਕਵਲ ਕਵਲ ਚਰਨ ਆਪ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਰਿਹਾ ਜਣਾਈਆ । ਸਤਿ ਸੰਦੇਸਾ ਸ੍ਰੀ ਭਗਵਾਨ, ਏਕਾ ਏਕ ਜਣਾਇੰਦਾ । ਅੰਤਮ ਵੇਖਾਂ ਮਾਰ ਧਿਆਨ, ਕਲਜੁਗ ਵਕਤ ਸੁਹਾਇੰਦਾ । ਲੇਖਾ ਚੁਕਾਵਾਂ ਦਰ ਘਰ ਆਣ, ਕੰਢੀ ਆਪਣਾ ਡੇਰਾ ਲਾਇੰਦਾ । ਹਰਿ ਸੰਗਤ ਮੇਲਾ ਮਿਲੇ ਮਹਾਨ, ਨਿੱਕੇ ਵੱਡੇ ਛੋਟੇ ਬਾਲੇ ਨਾਲ ਮਿਲਾਇੰਦਾ । ਕਰ ਕਿਰਪਾ ਦੇਵੇ ਦਾਨ, ਸਾਚੀ ਵਸਤ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਆਪ ਕਮਾਇੰਦਾ । ਹਰਿਗੋਬਿੰਦ ਧਰਨੀ ਦੱਸ ਕੇ ਜਾ, ਹਰਿ ਜੂ ਹੁਕਮ ਸੁਣਾਇਆ । ਕਲਜੁਗ ਅੰਤਮ ਆਵੇ ਬੇਪਰਵਾਹ, ਨਿਰਗੁਣ ਜੋਤ ਨੂਰ ਵੇਸ ਵਟਾਇਆ । ਜਨ ਭਗਤਾਂ ਬਣੇ ਆਪ ਮਲਾਹ, ਬੇੜਾ ਤੇਰੇ ਕੰਧ ਰਖਾਇਆ । ਤੇਰੀ ਭੁੱਖੀ ਦੀ ਭੁੱਖ ਦਏ ਗਵਾ, ਸਾਚਾ ਲੰਗਰ ਇਕ ਲਗਾਇਆ । ਰੁੱਖੇ ਸੁੱਕੇ ਟੁੱਕਰ ਖਾ, ਗੁਰਮੁਖ ਲੱਖ ਲੱਖ ਸ਼ੁਕਰ ਮਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੁਨੇਹੁੜਾ ਰਿਹਾ ਸੁਣਾਇਆ । ਧਰਨੀ ਦੋਏ ਜੋੜ ਕਰੇ ਪੁਕਾਰ, ਨਿਉਂ ਨਿਉਂ ਸੀਸ ਝੁਕਾਈਆ । ਗੋਬਿੰਦ ਦੱਸ ਸਚ ਵਿਹਾਰ, ਹਰਿ ਕਵਣ ਵੇਲਾ ਫੇਰਾ ਪਾਈਆ । ਸਤਿਗੁਰ ਕਹੇ ਬੋਲ ਜੈਕਾਰ, ਇਕੋ ਇਕ ਸੁਣਾਈਆ । ਕਲਜੁਗ ਅੰਤਮ ਆਵੇ ਆਪਣੀ ਧਾਰ, ਜੋਤੀ ਜਾਮਾ ਵੇਸ ਵਟਾਈਆ । ਸ਼ਬਦੀ ਗੁਰ ਖੇਲ ਅਪਾਰ, ਗੁਰ ਕਰਤਾ ਆਪ ਕਰਾਈਆ । ਹਰਿ ਸੰਗਤ ਲੈ ਕੇ ਆਏ ਦੁਆਰ, ਥਿਤ ਵਾਰ ਦਏ ਸਮਝਾਈਆ । ਇਕੀ ਮੱਘਰ ਵਜੇ ਢਾਈ, ਜੋਤੀ ਸ਼ਬਦ ਦਾ ਲੇਖ ਪਿਆਰ, ਬਚਨ ਬਚਨਾਂ ਨਾਲ ਪਰਨਾਈਆ । ਜਿਸ ਜਨ ਕਿਰਪਾ ਦੇਵੇ ਤਾਰ, ਮਿਹਰ ਨਜ਼ਰ ਉਠਾਈਆ । ਧਰਨੀ ਗੁਰਮੁਖਾਂ ਕਰੇ ਪਿਆਰ, ਜਲ ਨਾਤਾ ਰਹੀ ਤੁੜਾਈਆ । ਗੁਰ ਗੋਬਿੰਦ ਹਰਿ ਗੋਬਿੰਦ ਰੁੱਖਾ ਗੁੜ,

ਰਸ ਅੰਮ੍ਰਿਤ ਰੂਪ ਵਖਾਈਆ । ਧੰਨ ਭਾਗ ਹਰਿ ਹਰਿ ਸੰਗਤ ਗਈ ਬੌਹੜ, ਮੇਰੀ ਪਿਛਲੀ ਆਸ ਪੁਚਾਈਆ । ਅੱਗੇ ਸਦਾ ਰਹੇ ਪ੍ਰਭ ਸਾਚੇ ਦੀ ਲੋੜ, ਭੁੱਲ ਕਦੇ ਨਾ ਜਾਈਆ । ਗੁਰਸਿਖ ਲੰਗਰ ਖਾਣਾ ਨਿੱਕਾ ਨਿੱਕਾ ਭੋਰ, ਸ੍ਰਿਸ਼ਟ ਸਬਾਈ ਟੁੱਕੜੇ ਦਏ ਕਰਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਖੇਲ ਕਰ ਕੇ ਗ਼ੌਰ, ਲਹਿਣਾ ਦੇਣਾ ਸਰਬ ਚੁਕਾਈਆ ।

### ❇ ੨੧ ਮੱਘਰ ੨੦੧੯ ਬਿਕਰਮੀ ਬਚਨ ਸਿੰਘ ਦੇ ਗ੍ਰਿਹ ਸਿੰਮਲ ਸਕੋਰ ਜ਼ਿਲਾ ਗੁਰਦਾਸਪੁਰ ❇

ਸੋ ਪੁਰਖ ਨਿਰੰਜਣ ਇਕ ਇਕੇਲਾ, ਆਦਿ ਜੁਗਾਦਿ ਖੇਲ ਕਰਾਇੰਦਾ । ਸਚਖੰਡ ਨਿਵਾਸੀ ਸ਼ੇਰ ਬਘੇਲਾ, ਸ਼ਹਿਨਸ਼ਾਹ ਆਪਣਾ ਹੁਕਮ ਮਨਾਇੰਦਾ । ਦੋ ਜਹਾਨ ਵੇਖੇ ਜੰਗਲ ਜੂਹ ਉਜਾੜ ਪਹਾੜ ਬੇਲਾ, ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਖੋਜ ਖੁਜਾਇੰਦਾ । ਜੁਗਾ ਜੁਗੰਤਰ ਵਸਣਹਾਰਾ ਧਾਮ ਨਵੇਲਾ, ਨਿਰਗੁਣ ਨੂਰ ਡਗਮਗਾਇੰਦਾ । ਜੁਗ ਚੌਕੜੀ ਜਾਣੇ ਆਪਣਾ ਵੇਲਾ, ਵਾਰ ਥਿਤ ਨਾ ਕੋਇ ਰਖਾਇੰਦਾ । ਭਗਤ ਭਗਵਾਨ ਕਰਾਏ ਮੇਲਾ, ਮਿਲ ਮਿਲ ਆਪਣਾ ਰੰਗ ਚੜ੍ਹਾਇੰਦਾ । ਏਕਾ ਘਰ ਸੋਹੇ ਗੁਰੂ ਗੁਰ ਚੇਲਾ, ਗੋਬਿੰਦ ਆਪਣਾ ਰੰਗ ਰੰਗਾਇੰਦਾ । ਸਤਿ ਪੁਰਖ ਨਿਰੰਜਣ ਸੱਜਣ ਸੁਹੇਲਾ, ਸਦਾ ਸਦ ਸਗਲਾ ਸੰਗ ਨਿਭਾਇੰਦਾ । ਕੱਟਣਹਾਰਾ ਧਰਮ ਰਾਏ ਦੀ ਜੇਲਾ, ਲੱਖ ਚੁਰਾਸੀ ਆਵਣ ਜਾਵਣ ਫੰਦ ਕਟਾਇੰਦਾ । ਅਚਰਜ ਖੇਲ ਪਾਰਬ੍ਰਹਮ ਪ੍ਰਭ ਖੇਲਾ, ਭੇਵ ਅਭੇਦ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰਦਰਗਾਹੀ ਰੰਗ ਰੰਗਾਇੰਦਾ । ਸਚਖੰਡ ਨਿਵਾਸੀ ਏਕੰਕਾਰ, ਅਕਲ ਕਲ ਵਡਿਆਈਆ । ਜੋਤੀ ਜਾਤਾ ਹੋ ਉਜਿਆਰ, ਨੂਰੋ ਨੂਰ ਨੂਰ ਰੁਸ਼ਨਾਈਆ । ਥਿਰ ਘਰ ਸਾਚੇ ਹੋ ਤਿਆਰ, ਸਾਚੀ ਰੀਤਾ ਆਪ ਚਲਾਈਆ । ਠਾਂਡਾ ਸੀਤਾ ਕਰ ਪਿਆਰ, ਵਿਸ਼ਨ ਬ੍ਰਹਮਾ ਸ਼ਿਵ ਵੇਖ ਵਖਾਈਆ । ਅਨਡੀਠਾ ਖੇਲ ਕਰੇ ਕਰਤਾਰ, ਕੁਦਰਤ ਕਾਦਰ ਰੰਗ ਰੰਗਾਈਆ । ਭਗਤਨ ਮੀਤਾ ਕਰ ਪਿਆਰ, ਆਤਮ ਪਰਮਾਤਮ ਮੇਲ ਮਿਲਾਈਆ । ਪਾਰਬ੍ਰਹਮ ਬ੍ਰਹਮ ਦਏ ਆਧਾਰ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਖੇਲ ਕਰਾਈਆ । ਜੁਗ ਜੁਗ ਹਰਿ ਦਾ ਖੇਲ ਅਵੱਲਾ, ਏਕੰਕਾਰਾ ਆਪ ਕਰਾਇੰਦਾ । ਵਸਣਹਾਰਾ ਸਚਖੰਡ ਸਚ ਮਹੱਲਾ, ਜੋਤੀ ਜਾਤਾ ਡਗਮਗਾਇੰਦਾ । ਸ਼ਬਦੀ ਗੁਰ ਫੜਾਏ ਪੱਲਾ, ਸਰਗੁਣ ਆਪਣੀ ਵੰਡ ਵੰਡਾਇੰਦਾ । ਸਚ ਸਿੰਘਾਸਣ ਏਕਾ ਮੱਲਾ, ਪੁਰਖ ਅਬਿਨਾਸ਼ੀ ਡੇਰਾ ਲਾਇੰਦਾ । ਜੀਵ ਜੰਤ ਜੁਗ ਜੁਗ ਭੁਲਾਏ ਕਰ ਕਰ ਵਲ ਛਲਾ, ਅਛਲ ਛਲ ਧਾਰੀ ਆਪਣਾ ਰਾਹ ਤਕਾਇੰਦਾ । ਵਸਣਹਾਰਾ ਜੰਗਲ ਜੂਹ ਉਜਾੜ ਪਹਾੜ ਡੂੰਘੀ ਡਲਾ, ਸਮੁੰਦ ਸਾਗਰ ਖੋਜ ਖੁਜਾਇੰਦਾ । ਨੂਰ ਇਲਾਹੀ ਬੇਪਰਵਾਹੀ ਇਕ ਇਕੱਲਾ, ਮੁਕਾਮੇ ਹੱਕ ਡੇਰਾ ਲਾਇੰਦਾ । ਮਿਹਬਾਨ ਬੀਦੋ ਬੀ ਖ਼ੈਰ ਯਾ ਅੱਲਾ ਇਲਾਹੀ ਨੂਰ ਬਿਸਮਿਲਾ, ਬਿਸਮਿਲ ਆਪਣਾ ਰਾਹ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਸਾਚਾ ਹਰਿ, ਲੱਖ ਚੁਰਾਸੀ ਖੋਜ ਖੁਜਾਇੰਦਾ । ਲੱਖ ਚੁਰਾਸੀ ਖੋਜੇ ਆਪ, ਘਟ ਘਟ ਰਿਹਾ ਸਮਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦੱਸਦਾ ਆਇਆ ਜਾਪ, ਗੁਰ ਅਵਤਾਰ ਪੀਰ ਪੈਗ਼ੰਬਰ ਕਰੀ ਪੜ੍ਹਾਈਆ । ਭਗਤਾਂ ਦੇਂਦਾ ਰਿਹਾ ਸਾਥ, ਭਗਵਨ ਆਪਣਾ ਸੰਗ ਨਿਭਾਈਆ । ਆਤਮ ਸੇਜਾ ਭੋਗ ਬਿਲਾਸ, ਸੇਜ ਸੁਹੰਜਣੀ ਇਕ ਹੰਢਾਈਆ ।

ਦਾਤਾ ਦਾਨੀ ਸਰਬ ਗੁਣਤਾਸ, ਤ੍ਰੈਭਵਨ ਧਨੀ ਬੇਪਰਵਾਹੀਆ । ਖੇਲੇ ਖੇਲ ਪ੍ਰਿਥਮੀ ਆਕਾਸ਼, ਗਗਨ ਮੰਡਲ ਲੋਅ ਪੁਰੀ ਲੋਕ ਪਰਲੋਕ ਚੌਦਾਂ ਤਬਕਾਂ ਵੇਖ ਵਖਾਈਆ । ਨਿਰਗੁਣ ਸਰਗੁਣ ਆਪੇ ਹੋ, ਹਰਿ ਜੂ ਆਪਣਾ ਰਾਹ ਚਲਾਈਆ । ਆਤਮ ਪਰਮਾਤਮ ਜਾਏ ਛੋਹ, ਸ਼ਹਿਨਸ਼ਾਹ ਆਪਣਾ ਰੰਗ ਚੜ੍ਹਾਈਆ । ਧੁਰਦਰਗਾਹੀ ਦੇਵੇ ਢੋਆ ਢੋ, ਨਾਮ ਖ਼ਜ਼ਾਨਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੰਗਲ ਜੂਹ ਉਜਾੜ ਪਹਾੜ ਉਚੇ ਟਿੱਲੇ ਪਰਬਤ ਵੇਖ ਵਖਾਈਆ । ਉਚੇ ਟਿੱਲੇ ਵੇਖੇ ਜੰਗਲ, ਨਿਰਗੁਣ ਆਪਣਾ ਵੇਸ ਵਟਾਇੰਦਾ । ਵਿਸ਼ਨ ਬ੍ਰਹਮੇ ਸ਼ਿਵ ਕਰੋੜ ਤੇਤੀਸਾ ਸੁਰਪਤ ਇੰਦ ਜਣਾਏ ਇਕੋ ਮੰਗਲ, ਮੰਗਲਾਚਾਰ ਆਪ ਕਰਾਇੰਦਾ । ਤ੍ਰੈਗੁਣ ਮਾਇਆ ਪੰਜ ਤੱਤ ਜੀਵ ਜੰਤ ਸਾਧ ਸੰਤ ਨਾਮ ਨਿਧਾਨਾ ਮਾਰੇ ਸੰਗਲ, ਆਤਮ ਪਰਮਾਤਮ ਬੰਨ੍ਹ ਵਖਾਇੰਦਾ । ਜੁਗ ਚੌਕੜੀ ਲੋਕਮਾਤ ਮਾਰ ਝਾਤ ਜਨ ਭਗਤ ਦੁਆਰੇ ਆਏ ਮੰਗਣ, ਧਰੂ ਪ੍ਰਹਿਲਾਦ ਆਪ ਤਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੂਹ ਉਜਾੜ ਵੇਖ ਵਖਾਇੰਦਾ । ਕਲਜੁਗ ਵੇਖੇ ਜੰਗਲ ਜੂਹ, ਚਾਰ ਕੁੰਟ ਫੇਰਾ ਪਾਈਆ । ਲੇਖਾ ਜਾਣੇ ਅੱਲਾ ਹੂ, ਹੂ ਹੂ ਆਪਣਾ ਰੰਗ ਰੰਗਾਈਆ । ਭੇਵ ਖੁਲ੍ਹਾਏ ਤੂ ਹੀ ਤੂ, ਤੇਰੀ ਮੇਰੀ ਇਕ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਆਪ ਤਰਾਈਆ । ਹਰਿਜਨ ਜੁਗ ਜੁਗ ਤਾਰਦਾ, ਸੋ ਪੁਰਖ ਨਿਰੰਜਣ ਮੀਤ । ਹਰਿ ਪੁਰਖ ਨਿਰੰਜਣ ਪੈਜ ਸੁਆਰਦਾ, ਏਕੰਕਾਰ ਖੇਲ ਅਨਡੀਠ । ਆਦਿ ਨਿਰੰਜਣ ਖੇਲ ਕਰੇ ਜੋਤ ਉਜਿਆਰ ਦਾ, ਅਬਿਨਾਸ਼ੀ ਕਰਤਾ ਲੱਖ ਚੁਰਾਸੀ ਲੇਖਾ ਜਾਣੇ ਜਿਉਂ ਜਲ ਮੀਨ । ਸ੍ਰੀ ਭਗਵਾਨ ਸਚ ਨਿਸ਼ਾਨਾ ਇਕ ਉਠਾਲ ਦਾ, ਆਪ ਝੁਲਾਏ ਚੌਦਾਂ ਲੋਕ ਤ੍ਰੈਭਵਨ ਤੀਨ । ਪਾਰਬ੍ਰਹਮ ਰੰਗ ਵੇਖੇ ਨੂਰ ਜੋਤ ਮਹਾਨ ਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਹਰਿ ਬੇ ਦੀਨ । ਬੇ ਦੀਨ ਹਰਿ ਏਕੰਕਾਰ, ਅਕਲ ਕਲਾ ਵਡਿਆਈਆ । ਜੁਗ ਚੌਕੜੀ ਖੇਲ ਅਪਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਈਆ । ਵੇਦ ਸ਼ਾਸਤਰ ਸਿਮਰਤ ਪੁਰਾਨ ਪੁਰਾਨੀ ਕਰ ਤਿਆਰ, ਗੀਤਾ ਗਿਆਨ ਗਿਆਨ ਦ੍ਰਿੜਾਈਆ । ਅੰਜੀਲ ਕੁਰਾਨ ਖੋਲ੍ਹ ਕਿਵਾੜ, ਮੱਕਾ ਕਾਅਬਾ ਵੇਖ ਵਖਾਈਆ । ਨੂਰ ਇਲਾਹੀ ਪਰਵਰਦਿਗਾਰ, ਜਲਵਾ ਇਕੋ ਇਕ ਰੁਸ਼ਨਾਈਆ । ਨਾਨਕ ਗੋਬਿੰਦ ਸਾਚੀ ਧਾਰ, ਸ਼ਬਦੀ ਜੋਤ ਜੋਤ ਕੁੜਮਾਈਆ । ਸਰਬ ਜੀਆਂ ਦਾ ਸਾਂਝਾ ਯਾਰ, ਪੁਰਖ ਅਕਾਲ ਬੇਪਰਵਾਹੀਆ । ਕਲਜੁਗ ਅੰਤਮ ਪਾਵੇ ਸਾਰ, ਨਿਰਗੁਣ ਸਰਗੁਣ ਵੇਖ ਵਖਾਈਆ । ਕਲ ਕਲਕੀ ਲੈ ਅਵਤਾਰ, ਸੰਬਲ ਆਪਣਾ ਡੇਰਾ ਲਾਈਆ । ਸ਼ਬਦ ਅਗੰਮੀ ਬੋਲ ਜੈਕਾਰ, ਜੈ ਜੈਕਾਰ ਸੁਣਾਈਆ । ਭਗਤ ਭਗਵੰਤ ਲਏ ਉਠਾਲ, ਪੂਰਬ ਕਰਮਾਂ ਵੇਖ ਵਖਾਈਆ । ਆਤਮ ਪਰਮਾਤਮ ਦੀਨ ਦਿਆਲ, ਦਇਆਨਿਧ ਆਪਣਾ ਪਰਦਾ ਲਾਹੀਆ । ਹਰਿਜਨ ਵੇਖੇ ਸਾਚੇ ਲਾਲ, ਲਾਲਨ ਆਪਣੀ ਗੋਦ ਬਹਾਈਆ । ਕਾਇਆ ਮੰਦਰ ਅੰਦਰ ਇਕ ਵਖਾਏ ਸੱਚੀ ਧਰਮਸਾਲ, ਛੱਪਰ ਛੰਨ ਨਾ ਕੋਇ ਛੁਹਾਈਆ । ਭਗਤਨ ਮੀਤਾ ਠਾਂਡਾ ਸੀਤਾ ਨਿਰਗੁਣ ਸਰਗੁਣ ਵਸੇ ਨਾਲ, ਅੰਦਰ ਬਾਹਰ ਵੇਖ ਵਖਾਈਆ । ਕਲਜੁਗ ਅੰਤ ਅਵਲੜੀ ਚਾਲ, ਪੁਰਖ ਅਬਿਨਾਸ਼ੀ ਆਪ ਜਣਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਸਭ ਦੇ ਸਿਰ ਤੇ ਕੂਕੇ ਕਾਲ, ਕਲਜੁਗ ਆਪਣਾ ਡੰਕ ਵਜਾਈਆ । ਸੁਰਤੀ ਸੁਰਤ ਹੋਈ ਬੇਹਾਲ, ਸ਼ਬਦੀ ਗੁਰ ਨਾ ਕੋਇ ਮਿਲਾਈਆ । ਦੀਨ ਮਜ਼੍ਹਬ ਜ਼ਾਤ ਪਾਤ ਵਜਾਵਣ ਤਾਲ, ਬ੍ਰਹਮ ਪਾਰਬ੍ਰਹਮ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ

ਖੇਲ ਆਪ ਕਰਾਈਆ । ਸਾਚੀ ਖੇਲ ਕਰੇ ਕਰਤਾਰ, ਕੁਦਰਤ ਕਾਦਰ ਵੇਖ ਵਖਾਇੰਦਾ । ਅਲੱਖ ਅਗੋਚਰ ਅਗੰਮ ਅਥਾਹ ਬੇਪਰਵਾਹ ਪਰਵਰਦਿਗਾਰ, ਪਰਦਾਨਸ਼ੀਂ ਪਰਦਾ ਆਪ ਉਠਾਇੰਦਾ । ਲੇਖਾ ਜਾਣ ਦੋ ਜਹਾਨ ਨੌਜਵਾਨ ਸ੍ਰੀ ਭਗਵਾਨ ਇਕੋ ਅੰਮ੍ਰਿਤ ਬਰਸੇ ਮੇਂਹ, ਜਨ ਭਗਤਾਂ ਸੀਤਲ ਸੀਤ ਕਰਾਇੰਦਾ । ਹਰਿਜਨ ਹਰਿ ਹਰਿ ਲੱਗਾ ਨੇਂਹ, ਲੱਗੀ ਪ੍ਰੀਤ ਨਾ ਕੋਇ ਤੁੜਾਇੰਦਾ । ਲੱਖ ਚੁਰਾਸੀ ਪੰਜ ਤੱਤ ਕਾਇਆ ਮਾਟੀ ਅੰਤਮ ਖੇਹ, ਥਿਰ ਕੋਇ ਰਹਿਣ ਨਾ ਪਾਇੰਦਾ । ਲੇਖਾ ਚੁੱਕੇ ਅਲਫ਼ ਯੇ, ਚੌਦਾਂ ਵਿਦਿਆ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਮਿਲਾਵਾ ਆਪ ਕਰਾਇੰਦਾ । ਭਗਤ ਮਿਲਾਵਾ ਡੂੰਘੇ ਸਾਗਰ, ਹਰਿ ਸਤਿਗੁਰ ਆਪ ਜਣਾਈਆ । ਜੁਗ ਚੌਕੜੀ ਨਿਰਮਲ ਕਰਮ ਕਰੇ ਉਜਾਗਰ, ਦੁਰਮਤ ਮੈਲ ਧੁਆਈਆ । ਨਾਮ ਵਣਜ ਕਰਾਏ ਸਚ ਸੌਦਾਗਰ, ਸੌਦਾ ਇਕੋ ਹੱਟ ਵਿਕਾਈਆ । ਕਲਜੁਗ ਅੰਤਮ ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਚਾਰ ਵਰਨਾਂ ਦੇਵੇ ਇਕੋ ਆਦਰ, ਊਚ ਨੀਚ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਇਕੋ ਰਾਹ ਜਣਾਈਆ । ਭਗਤ ਜਣਾਏ ਇਕੋ ਰਾਹ, ਭਗਤੀ ਹਰਿ ਸਮਝਾਇੰਦਾ । ਪੁਰਖ ਅਬਿਨਾਸ਼ੀ ਇਕ ਮਲਾਹ, ਖੇਵਟ ਖੇਟਾ ਬੇੜਾ ਆਪ ਉਠਾਇੰਦਾ । ਜੁਗ ਚੌਕੜੀ ਸਚ ਸਲਾਹ, ਨਾਉਂ ਨਿਰੰਕਾਰ ਆਪ ਬੁਝਾਇੰਦਾ । ਏਥੇ ਓਥੇ ਫੜੇ ਬਾਂਹ, ਫੜ ਬਾਹੋਂ ਪਾਰ ਕਰਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾ, ਗੁਰ ਅਵਤਾਰ ਪੀਰ ਪੈਗ਼ੰਬਰ ਸਾਚੀ ਸੇਵਾ ਲਾਇੰਦਾ । ਅੰਤ ਸੰਦੇਸਾ ਨਰ ਨਰੇਸਾ ਇਕ ਜਣਾ, ਲੱਖ ਚੁਰਾਸੀ ਆਪ ਉਠਾਇੰਦਾ । ਕਲਜੁਗ ਅੰਤਮ ਨਿਹਕਲੰਕ ਨਰਾਇਣ ਜਾਵੇ ਆ, ਜੋਤੀ ਜਾਤਾ ਨੂਰ ਧਰਾਇੰਦਾ । ਗੁਰਮੁਖ ਵੇਖੇ ਥਾਉਂ ਥਾਂ, ਕਾਇਆ ਜੰਗਲ ਬੇਲਾ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰੰਗ ਰੰਗਾਇੰਦਾ । ਕਾਇਆ ਅੰਦਰ ਵੱਡਾ ਸਰ, ਨਜ਼ਰ ਕਿਸੇ ਨਾ ਆਈਆ । ਪੰਚ ਵਿਕਾਰਾ ਰਿਹਾ ਲੜ, ਦਿਵਸ ਰੈਣ ਕਰੇ ਲੜਾਈਆ । ਕੂੜੀ ਕਿਰਿਆ ਜਗਤ ਵਿਦਿਆ ਸਾਰੇ ਰਹੇ ਪੜ੍ਹ, ਆਤਮ ਪਰਮਾਤਮ ਨਾ ਕੌਇ ਪੜ੍ਹਾਈਆ । ਗੁਰ ਦਰ ਮੰਦਰ ਮਸਜਿਦ ਸਾਰੇ ਰਹੇ ਵੜ, ਅੰਦਰ ਵੜ ਦਰਸ ਕੋਇ ਨਾ ਪਾਈਆ । ਪੁਰਖ ਅਕਾਲਾ ਦੀਨ ਦਿਆਲਾ ਜੁਗ ਚੌਕੜੀ ਖੇਲ ਕਰ, ਹਰਿ ਸੱਜਣ ਲਏ ਜਗਾਈਆ । ਕਲਜੁਗ ਅੰਤਮ ਮੇਲ ਦਰ, ਦਰ ਦਰਵਾਜਾ ਇਕ ਖੁਲ੍ਹਾਈਆ । ਨਿਰਭੌ ਚੁਕਾਏ ਭੈ ਡਰ, ਭਿਆਨਕ ਰੂਪ ਨਾ ਕੋਇ ਵਖਾਈਆ । ਭਗਤ ਭਗਵੰਤ ਲਏ ਫੜ, ਸੁਰਤੀ ਸ਼ਬਦੀ ਬੰਧਨ ਪਾਈਆ । ਘਰ ਵਿਚ ਵਖਾਏ ਸਾਚਾ ਘਰ, ਗ੍ਰਿਹਿ ਮੰਦਰ ਕਰ ਰੁਸ਼ਨਾਈਆ । ਆਤਮ ਸੇਜਾ ਦੇਵੇ ਵਰ, ਸ਼ਬਦ ਵੱਜੇ ਸਚ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵੰਤ ਲਏ ਉਠਾਈਆ । ਭਗਤ ਭਗਵੰਤ ਜਾਏ ਜਾਗ, ਜਾਗਣਹਾਰ ਆਪ ਜਗਾਇੰਦਾ । ਜੁਗ ਚੌਕੜੀ ਲੱਗੇ ਭਾਗ, ਵਡਭਾਗੀ ਖੇਲ ਕਰਾਇੰਦਾ । ਗੁਰਮੁਖਾਂ ਧੋਵੇ ਦੁਰਮਤ ਮੈਲ ਦਾਗ਼, ਅੰਮ੍ਰਿਤ ਸਚ ਸੀਰ ਪਿਆਇੰਦਾ । ਫੜ ਫੜ ਹੰਸ ਬਣਾਏ ਕਾਗ, ਕਾਗ ਬੁੱਧੀ ਨਾ ਕੋਇ ਰਖਾਇੰਦਾ । ਅੰਤਰ ਦੇਵੇ ਇਕ ਵੈਰਾਗ, ਬਣ ਵੈਰਾਗੀ ਵੇਖ ਵਖਾਇੰਦਾ । ਚਰਨ ਧੂੜੀ ਮਜਨ ਮਾਘ, ਮਸਤਕ ਟਿੱਕਾ ਇਕੋ ਲਾਇੰਦਾ । ਹਰਿਜਨ ਮੇਲਾ ਕੰਤ ਸੁਹਾਗ, ਸ੍ਰੀ ਭਗਵਾਨ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗਾ ਜੁਗੰਤਰ ਭਗਤਾਂ ਰੰਗ ਰੰਗਾਇੰਦਾ । ਭਗਤਾਂ ਚਾੜ੍ਹੇ ਰੰਗ, ਦਇਆ ਕਮਾਇੰਦਾ । ਆਤਮ ਸੇਜਾ ਵੇਖ ਪਲੰਘ, ਸਚ ਸਿੰਘਾਸਣ ਆਸਣ ਲਾਇੰਦਾ । ਅਨਹਦ ਸ਼ਬਦ ਵਜਾਏ ਮਰਦੰਗ, ਮਰਦੰਗਾ ਇਕੋ ਹੱਥ ਉਠਾਇੰਦਾ ।

ਨੌਂ ਦੁਆਰੇ ਜਾਏ ਲੰਘ, ਬਜਰ ਕਪਾਟੀ ਤੋੜ ਤੁੜਾਇੰਦਾ , ਦਸਵੇਂ ਖੇਲ ਸੂਰਾ ਸਰਬੰਗ, ਸਤਿਗੁਰ ਆਪਣਾ ਪਰਦਾ ਲਾਹਿੰਦਾ । ਪੰਚ ਵਿਕਾਰ ਨਾ ਪਾਏ ਡੰਡ, ਕਾਮ ਕਰੋਧ ਲੋਭ ਮੋਹ ਹੰਕਾਰ ਮੂੰਹ ਦੇ ਭਾਰ ਸੁਟਾਇੰਦਾ । ਸੁਰਤ ਸਵਾਣੀ ਨਾ ਹੋਏ ਰੰਡ, ਗੁਰ ਸ਼ਬਦੀ ਮੇਲ ਮਿਲਾਇੰਦਾ । ਨਜ਼ਰੀ ਆਏ ਜੋ ਸੁੱਤਾ ਦੇ ਕਰ ਕੰਡ, ਆਪਣੀ ਕਰਵਟ ਆਪ ਬਦਲਾਇੰਦਾ । ਭਗਤ ਭਗਵਾਨ ਇਕ ਦੂਜੇ ਕੋਲੋਂ ਇਕੋ ਵਸਤ ਰਹੇ ਮੰਗ, ਪਿਆਰ ਪਿਆਰ ਨਾਲ ਵਟਾਇੰਦਾ । ਪਿਆਰ ਅੰਦਰ ਸਚ ਪਿਆਰ, ਪਰੀਤਮ ਪਿਆਰਾ ਆਪ ਜਣਾਈਆ । ਭਗਤ ਅਠਾਰਾਂ ਦੇ ਆਧਾਰ, ਭਗਵਨ ਆਪਣਾ ਰਾਹ ਚਲਾਈਆ । ਲੇਖਾ ਜਾਣ ਤੇਈ ਅਵਤਾਰ, ਈਸਾ ਮੂਸਾ ਮੁਹੰਮਦ ਕਲਮਾ ਨਬੀ ਰਸੂਲ ਪੜ੍ਹਾਈਆ । ਨਾਨਕ ਗੋਬਿੰਦ ਵੇਖੇ ਕਾਰ, ਕਰਨੀ ਕਰਤਾ ਆਪ ਕਮਾਈਆ । ਸਾਰੇ ਮੰਗਣ ਦੋਏ ਜੋੜ ਕਰਨ ਨਿਮਸਕਾਰ, ਪ੍ਰਭ ਅੱਗੇ ਸੀਸ ਝੁਕਾਈਆ । ਕਲ ਕਲਕੀ ਲੈ ਅਵਤਾਰ, ਬੇਅੰਤ ਤੇਰੀ ਵਡਿਆਈਆ । ਚਾਰ ਵਰਨਾਂ ਦੇ ਇਕ ਆਧਾਰ, ਇਕੋ ਅੱਖਰ ਕਰ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭਗਤਨ ਮੀਤਾ ਬੇਪਰਵਾਹੀਆ । ਭਗਤਨ ਮੀਤਾ ਪੁਰਖ ਅਗੰਮ, ਅਗੰਮੜੀ ਕਾਰ ਕਰਾਇੰਦਾ । ਨਿਰਗੁਣ ਸਰਗੁਣ ਬੇੜਾ ਬੰਨ੍ਹ, ਬਿਨ ਥੰਮਾਂ ਗਗਨ ਰਹਾਇੰਦਾ । ਲੇਖਾ ਜਾਣ ਸੂਰਜ ਚੰਨ, ਮੰਡਲ ਮੰਡਪ ਆਪ ਸੁਹਾਇੰਦਾ । ਭਗਤ ਭਗਵਾਨ ਇਕੋ ਰਾਗ ਸੁਣਾਏ ਕੰਨ, ਰਸਨਾ ਜਿਹਵਾ ਨਾ ਕੋਇ ਹਿਲਾਇੰਦਾ । ਭਾਗ ਲਗਾਏ ਪੰਜ ਤੱਤ ਤਨ, ਅੰਧ ਅੰਧੇਰ ਮਿਟਾਇੰਦਾ । ਵਸਣਹਾਰਾ ਛੱਪਰ ਛੰਨ, ਮਹੱਲ ਅਟੱਲ ਆਪ ਤਜਾਇੰਦਾ । ਜਿਸ ਉਪਰ ਸਾਹਿਬ ਜਾਏ ਮੰਨ, ਦੂਰ ਦੁਰਾਡਾ ਪੰਧ ਮੁਕਾਇੰਦਾ । ਏਥੇ ਓਥੇ ਦੋ ਜਹਾਨ ਬੇੜਾ ਦੇਵੇ ਬੰਨ੍ਹ, ਸ੍ਰੀ ਭਗਵਾਨ ਆਪਣੇ ਕੰਧ ਉਠਾਇੰਦਾ । ਇਕੋ ਦੇਵੇ ਨਾਮ ਧੰਨ, ਸਚ ਖ਼ਜ਼ਾਨਾ ਆਪ ਵਰਤਾਇੰਦਾ । ਕਲਜੁਗ ਅੰਤਮ ਖੇਲ ਸ੍ਰੀ ਭਗਵਨ, ਅਬਿਨਾਸ਼ੀ ਕਰਤਾ ਆਪ ਕਮਾਇੰਦਾ । ਲੇਖੇ ਲਾਏ ਗੁਰਮੁਖ ਜਨ, ਜਨ ਜਨੇਂਦੀ ਮਾਈ ਵੇਖ ਵਖਾਇੰਦਾ । ਨਜ਼ਰ ਨਾ ਆਏ ਨੇਤਰ ਅੰਨ੍ਹ, ਗਿਆਨ ਨੇਤਰ ਇਕ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੰਗਲ ਜੂਹ ਉਜਾੜ ਪਹਾੜ ਉਚੇ ਟਿੱਲੇ ਪਰਬਤ ਫੋਲ ਫੁਲਾਇੰਦਾ । ਉਚੇ ਟਿੱਲੇ ਪਰਬਤ ਚੜ੍ਹੇ ਚੋਟੀ, ਸਤਿਗੁਰ ਪੂਰਾ ਦਇਆ ਕਮਾਇੰਦਾ । ਜਨ ਭਗਤਾਂ ਕੱਢੇ ਵਾਸਨਾ ਖੋਟੀ, ਕੂੜੀ ਕਿਰਿਆ ਮੇਟ ਮਿਟਾਇੰਦਾ । ਕਰੇ ਪਰਕਾਸ਼ ਨਿਰਮਲ ਜੋਤੀ, ਅੰਧ ਅਗਿਆਨ ਮਿਟਾਇੰਦਾ । ਹੱਥ ਫੜਾਏ ਨਾਮ ਸੋਟੀ, ਪੰਜਾਂ ਚੋਰਾਂ ਦਰ ਦੁਰਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵਾਨ ਵੇਖ ਵਖਾਇੰਦਾ । ਭਗਤ ਭਗਵਾਨ ਵੇਖੇ ਆਪ, ਨਵ ਨੌਂ ਚਾਰ ਵੱਜੇ ਵਧਾਈਆ । ਆਦਿ ਜੁਗਾਦੀ ਮਾਈ ਬਾਪ, ਪਿਤਾ ਪੂਤ ਖੇਲ ਕਰਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦੱਸਿਆ ਜਾਪ, ਜੀਵਣ ਜੁਗਤ ਜਣਾਈਆ । ਰਸਨਾ ਜਿਹਵਾ ਢੋਲਾ ਜਾਪ, ਬੱਤੀ ਦੰਦ ਕਰੇ ਪੜ੍ਹਾਈਆ । ਜਨ ਭਗਤਾਂ ਭੇਵ ਚੁਕਾਏ ਆਤਮ ਪਰਮਾਤਮ ਬੰਧਾਏ ਨਾਤ, ਦੂਜੀ ਹੋਰ ਨਾ ਕੋਇ ਪੜ੍ਹਾਈਆ । ਮੇਟ ਮਿਟਾਏ ਅੰਧੇਰੀ ਰਾਤ, ਸਤਿਗੁਰ ਸਾਚਾ ਚੰਦ ਚੜ੍ਹਾਈਆ । ਸੋਹੰ ਸ਼ਬਦ ਸੁਣਾਏ ਗਾਥ, ਘਰ ਸਾਚੇ ਵੱਜੇ ਵਧਾਈਆ । ਮੇਲ ਮਿਲਾਵਾ ਹਰਿ ਰਘੁਨਾਥ, ਰਘੁਪਤ ਆਪਣੀ ਗੋਦ ਸੁਹਾਈਆ । ਲਹਿਣਾ ਦੇਣਾ ਮਸਤਕ ਮਾਥ, ਮੁਕੰਦ ਮਨੋਹਰ ਲਖਮੀ ਨਰਾਇਣ ਆਪ ਚੁਕਾਈਆ । ਪੀਰ ਪੈਗ਼ੰਬਰ ਦੇਵੇ ਦਾਤ, ਵਸਤ ਅਗੰਮੀ ਆਪ ਵਰਤਾਈਆ । ਏਥੇ ਓਥੇ ਦਏ ਨਜ਼ਾਤ, ਮੁਰੀਦ ਮੁਰਸ਼ਦ ਵੇਖ ਵਖਾਈਆ । ਸੂਫ਼ੀ ਹੋਏ ਨਾ ਕਦੇ ਵਫ਼ਾਤ, ਮਸਲਾ

੩੧੩
੧੩

ਹੱਕ ਹੱਕ ਜਣਾਈਆ । ਨਾਨਕ ਕਹੇ ਨਿਰਗੁਣ ਕਮਲਾਪਾਤ, ਕੰਤ ਇਕੋ ਇਕ ਅਖਵਾਈਆ । ਗੋਬਿੰਦ ਕਹੇ ਮੇਰਾ ਪਿਤਾ ਮਾਤ, ਪੁਰਖ ਅਕਾਲ ਵੱਡੀ ਵਡਿਆਈਆ । ਸ੍ਰੀ ਭਗਵਾਨ ਕਹੇ ਮੇਰੀ ਇਕੋ ਜ਼ਾਤ, ਜਲਵਾ ਨੂਰ ਨੂਰ ਰੁਸ਼ਨਾਈਆ । ਜੁਗ ਚੌਕੜੀ ਖੇਲ ਤਮਾਸ਼, ਕਰਨੀ ਕਰਤਾ ਆਪ ਕਮਾਈਆ । ਜਨ ਭਗਤਾਂ ਪੂਰੀ ਕਰੇ ਆਸ, ਨਿਰਾਸਾ ਕੋਇ ਰਹਿਣ ਨਾ ਪਾਈਆ । ਲੇਖੇ ਲਾਏ ਪਵਣ ਸਵਾਸ, ਸਵਾਸ ਸਵਾਸਾਂ ਵਿਚ ਸਮਾਈਆ । ਲੇਖਾ ਜਾਣ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਭਗਤ ਦਏ ਵਡਿਆਈਆ । ਭਗਤ ਭਗਵਾਨ ਇਕੋ ਦੇਸ, ਦਹਿ ਦਿਸ਼ਾ ਖੋਜ ਖੁਜਾਇੰਦਾ । ਭਗਤ ਭਗਵਾਨ ਇਕੋ ਵੇਸ, ਜੋਤੀ ਸ਼ਬਦੀ ਮੇਲ ਖੇਲ ਕਰਾਇੰਦਾ । ਭਗਤ ਭਗਵਾਨ ਇਕ ਨਰੇਸ਼, ਸ਼ਹਿਨਸ਼ਾਹ ਹਰਿ ਅਖਵਾਇੰਦਾ । ਭਗਤ ਭਗਵਾਨ ਇਕ ਆਦੇਸ, ਨਿਉਂ ਨਿਉਂ ਸਯਦਾ ਸੀਸ ਝੁਕਾਇੰਦਾ । ਭਗਤ ਭਗਵਾਨ ਲੇਖਾ ਚੁੱਕੇ ਵਿਸ਼ਨ ਬ੍ਰਹਮਾ ਮਹੇਸ਼, ਤ੍ਰੈਗੁਣ ਮਾਇਆ ਬੰਦ ਕਟਾਇੰਦਾ । ਭਗਤ ਭਗਵਾਨ ਜਾਣੇ ਰੇਖ, ਪਿਛਲੀ ਰੇਖਾ ਆਪ ਮੁਕਾਇੰਦਾ । ਭਗਤ ਭਗਵਾਨ ਕਰੇ ਹੇਤ, ਨਿਤ ਨਵਿਤ ਦਇਆ ਕਮਾਇੰਦਾ । ਭਗਤ ਭਗਵਾਨ ਇਕੋ ਮੰਦਰ ਰਹੇ ਖੇਡ, ਕਾਇਆ ਬੰਕ ਆਪ ਸੁਹਾਇੰਦਾ । ਭਗਤ ਭਗਵਾਨ ਇਕੋ ਭੇਤ, ਦੂਈ ਦਵੈਤੀ ਪਰਦਾ ਲਾਹਿੰਦਾ । ਭਗਤ ਭਗਵਾਨ ਇਕੋ ਨੇਤ, ਨਿਜ ਨੇਤਰ ਆਪ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਮੀਤਾ ਇਕ ਅਤੀਤਾ ਤ੍ਰੈ ਭਵਣ, ਧਨੀ ਆਪਣਾ ਵੇਸ ਵਟਾਇੰਦਾ । ਭਗਤਨ ਮੀਤਾ ਪਾਰਬ੍ਰਹਮ, ਬ੍ਰਹਮ ਵੇਖੇ ਚਾਈਂ ਚਾਈਆ । ਆਦਿ ਜੁਗਾਦਿ ਨਾ ਪਏ ਜੰਮ, ਜੀਵਣ ਮਰਨ ਵਿਚ ਨਾ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਰਾਗ ਸੁਣਾਏ ਕੰਨ, ਅੱਖਰ ਵੱਖਰ ਕਰੇ ਪੜ੍ਹਾਈਆ । ਨਿਰਗੁਣ ਸਰਗੁਣ ਬੇੜਾ ਬੰਨ੍ਹ, ਸਾਚਾ ਰਾਹ ਚਲਾਈਆ । ਲੇਖਾ ਜਾਣ ਛੱਪਰ ਛੰਨ, ਸ਼ਹਿਨਸ਼ਾਹ ਆਪਣਾ ਚਰਨ ਛੁਹਾਈਆ । ਆਤਮ ਪਰਮਾਤਮ ਪਰਮਾਤਮ ਆਤਮ ਏਕਾ ਰਾਗ ਸੁਣਾਏ ਕੰਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਆਪ ਮਿਲਾਈਆ । ਹਰਿਜਨ ਮੇਲਾ ਅੰਤਮ ਕਲ, ਹਰਿ ਕਰਤਾ ਆਪ ਕਰਾਇੰਦਾ । ਲੱਖ ਚੁਰਾਸੀ ਭੁਲਾਏ ਕਰ ਕਰ ਵਲ ਛਲ, ਅਛਲ ਛਲ ਧਾਰੀ ਆਪਣਾ ਭੇਵ ਛੁਪਾਇੰਦਾ । ਗੁਰਮੁਖਾਂ ਅੰਦਰ ਗਿਆ ਰਲ, ਜੋਤੀ ਜੋਤ ਜੋਤ ਸਮਾਇੰਦਾ । ਆਤਮ ਪਰਮਾਤਮ ਸੁਣਾਏ ਸਾਚੀ ਗੱਲ, ਸੋਹੰ ਅੱਖਰ ਆਪ ਪੜ੍ਹਾਇੰਦਾ । ਸਤਿਜੁਗ ਦਾ ਸਾਚਾ ਫਲ, ਸ੍ਰੀ ਭਗਵਾਨ ਝੋਲੀ ਪਾਇੰਦਾ । ਵਸਣਹਾਰਾ ਨਗਰ ਅਬਚਲ, ਆਪ ਆਪਣਾ ਪਰਦਾ ਲਾਹਿੰਦਾ । ਲੇਖਾ ਜਾਣ ਜੰਗਲ ਜੂਹ ਉਜਾੜ ਪਹਾੜ ਡੂੰਘੇ ਸਾਗਰ ਥਲ, ਜਲ ਆਪਣਾ ਚਰਨ ਛੁਹਾਇੰਦਾ । ਦੋ ਜਹਾਨ ਜਾਏ ਹੱਲ, ਹੱਲਾ ਇਕੋ ਨਾਮ ਬੁਲਾਇੰਦਾ । ਭਗਤ ਭਗਵਾਨ ਦੀਪਕ ਜੋਤੀ ਜਾਏ ਬਲ, ਬਲ ਆਪਣਾ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਰਾਹ ਆਪ ਚਲਾਇੰਦਾ । ਸਾਚਾ ਰਾਹ ਚਲੇ ਸੰਸਾਰ, ਸਤਿਜੁਗ ਸਾਚੀ ਧਾਰ ਬੰਧਾਈਆ । ਲੇਖਾ ਜਾਣ ਗੁਰ ਅਵਤਾਰ ਪੀਰ ਪੈਗ਼ੰਬਰਾਂ ਲੈਣਾ ਝੋਲੀ ਪਾਈਆ । ਸਦੀ ਚੌਧਵੀਂ ਵੇਖ ਵਿਚਾਰ, ਚੌਦਾਂ ਤਬਕਾਂ ਕੁੰਡਾ ਲਾਹੀਆ । ਦੋ ਜਹਾਨਾਂ ਕਰੇ ਖ਼ਬਰਦਾਰ, ਬ੍ਰਹਿਮੰਡ ਖੰਡ ਨੈਣ ਖੁਲ੍ਹਾਈਆ । ਵਿਸ਼ਨ ਬ੍ਰਹਮਾ ਸ਼ਿਵ ਲਏ ਉਠਾਲ, ਸੋਇਆ ਕੋਇ ਰਹਿਣ ਨਾ ਪਾਈਆ । ਲੇਖਾ ਜਾਣੇ ਸ਼ਾਹ ਕੰਗਾਲ, ਗ਼ਰੀਬ ਨਿਮਾਣਿਆਂ ਗੋਦ ਉਠਾਈਆ । ਚਾਰ ਵਰਨਾਂ ਹੱਲ ਕਰੇ ਸਵਾਲ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਇਕੋ ਘਰ

ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵਾਨ ਆਪ ਮਿਲਾਈਆ । ਭਗਤ ਭਗਵਾਨ ਮੰਨੇ ਬਚਨ, ਬਚਪਨ ਆਪ ਬਣਾਇੰਦਾ । ਕਾਇਆ ਚੋਲੀ ਚਾੜ੍ਹੇ ਰੰਗਣ, ਰੰਗ ਇਕੋ ਇਕ ਵਖਾਇੰਦਾ । ਖ਼ਾਕੀ ਮਾਟੀ ਕਰੇ ਕੰਚਨ, ਨਾਮ ਪਾਰਸ ਨਾਲ ਛੁਹਾਇੰਦਾ । ਲੱਖ ਚੁਰਾਸੀ ਜੀਵ ਜੰਤ ਮੱਚਣ, ਹਿਰਸ ਹਵਸ ਨਾ ਕੋਇ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚਾ ਆਪ ਤਰਾਇੰਦਾ । ਹਰਿਜਨ ਤਾਰੇ ਲੋਕਮਾਤ, ਬੇਪਰਵਾਹ ਖੇਲ ਕਰਾਇੰਦਾ । ਕਲਜੁਗ ਅੰਤਮ ਦੇਵੇ ਦਾਤ, ਸੋਹੰ ਵਸਤ ਝੋਲੀ ਪਾਇੰਦਾ । ਆਤਮ ਪਰਮਾਤਮ ਬੰਨ੍ਹੇ ਨਾਤ, ਜੂਠਾ ਝੂਠਾ ਨਾਤਾ ਤੋੜ ਤੁੜਾਇੰਦਾ । ਸਤਿ ਸਤਿਵਾਦੀ ਸੁਣਾਏ ਸਾਚੀ ਗਾਥ, ਜੀਵ ਜੰਤ ਆਪ ਪੜ੍ਹਾਇੰਦਾ । ਲੇਖਾ ਜਾਣ ਤਰਲੋਕੀ ਨਾਥ, ਲਹਿਣਾ ਦੇਣਾ ਝੋਲੀ ਪਾਇੰਦਾ । ਬੇਟਾ ਵੇਖ ਰਾਮ ਦਸਰਾਥ, ਦਹਿ ਦਿਸ਼ਾ ਖੋਜ ਖੁਜਾਇੰਦਾ । ਚਤਰਭੁਜ ਚਲੇ ਸਾਥ, ਆਦਿ ਸ਼ਕਤ ਰੰਗ ਰੰਗਾਇੰਦਾ । ਦੋ ਜਹਾਨਾਂ ਵੇਖ ਤਮਾਸ਼, ਬ੍ਰਹਿਮੰਡ ਖੰਡ ਖੋਜ ਖਜਾਇੰਦਾ । ਭਗਤ ਭਗਵਾਨ ਕਰ ਪਰਕਾਸ਼, ਨਿਰਮਲ ਜੋਤੀ ਜੋਤ ਜਗਾਇੰਦਾ । ਦਰ ਦੁਆਰੇ ਹੋਏ ਦਾਸ, ਬਣ ਸੇਵਕ ਸੇਵ ਕਮਾਇੰਦਾ । ਜੰਗਲ ਜੂਹ ਉਜਾੜ ਪਹਾੜ, ਖੇਲੇ ਖੇਲ ਪ੍ਰਿਥਮੀ ਆਕਾਸ਼, ਅਕਾਸ਼ ਆਕਾਸ਼ਾਂ ਡੇਰਾ ਢਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣਾ ਮੇਲ ਮਿਲਾਇੰਦਾ । ਹਰਿਜਨ ਮੇਲ ਸੂਰਾ ਸਰਬੰਗ, ਸੋ ਪੁਰਖ ਨਿਰੰਜਣ ਆਪ ਮਿਲਾਈਆ । ਹਰਿ ਪੁਰਖ ਨਿਰੰਜਣ ਲੈ ਮਰਦੰਗ, ਲੋਕਮਾਤ ਰਿਹਾ ਸੁਣਾਈਆ । ਏਕੰਕਾਰਾ ਚਾੜ੍ਹੇ ਰੰਗ, ਉਤਰ ਕਦੇ ਨਾ ਜਾਈਆ । ਅਬਿਨਾਸ਼ੀ ਕਰਤਾ ਦੱਸੇ ਢੰਗ, ਸੋਹੰ ਅੱਖਰ ਕਰੇ ਪੜ੍ਹਾਈਆ । ਸ੍ਰੀ ਭਗਵਾਨ ਇਕ ਜਣਾਏ ਸਚ ਅਨੰਦ, ਅਨੰਦ ਅਨੰਦ ਵਿਚ ਪਰਗਟਾਈਆ । ਪਾਰਬ੍ਰਹਮ ਬ੍ਰਹਮ ਸੁਣਾਏ ਸਾਚਾ ਛੰਦ, ਇਕੋ ਅੱਖਰ ਕਰੇ ਪੜ੍ਹਾਈਆ । ਕਲਜੁਗ ਔਧ ਰਹੀ ਹੰਢ, ਵੇਲਾ ਅੰਤਮ ਆਈਆ । ਫਿਰੇ ਦਰੋਹੀ ਨੌਂ ਖੰਡ, ਚਾਰ ਕੁੰਟ ਹੋਏ ਹਲਕਾਈਆ । ਤੀਰਥ ਤੱਟ ਹੋਏ ਭੰਗ, ਅਠਸਠ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਭਗਤ ਲਏ ਜਗਾਈਆ । ਇਕੋ ਭਗਤ ਜਗਾਏ ਸ੍ਰੀ ਭਗਵਾਨ, ਸਾਚੀ ਸਿਖਿਆ ਸਚ ਜਣਾਇੰਦਾ । ਜੰਗਲ ਬੇਲਾ ਵੇਖ ਬੀਆਬਾਨ, ਕੰਢੀ ਆਪਣਾ ਡੇਰਾ ਲਾਇੰਦਾ । ਧਰਮ ਸੰਦੇਸਾ ਨੌਜਵਾਨ, ਨਿਰਗੁਣ ਸਰਗੁਣ ਆਪ ਪੜ੍ਹਾਇੰਦਾ । ਸਤਿਜੁਗ ਸਚ ਬਣੇ ਵਿਧਾਨ, ਸਾਚਾ ਮਾਰਗ ਇਕ ਲਾਇੰਦਾ । ਲੇਖਾ ਚੁੱਕੇ ਰਾਜ ਰਾਜਾਨ, ਸ਼ਾਹ ਸੁਲਤਾਨ ਸੀਸ ਤਾਜ ਨਾ ਕੋਇ ਹੰਢਾਇੰਦਾ । ਕੂੜੀ ਕਿਰਿਆ ਹੋਏ ਵੈਰਾਨ, ਮਾਇਆ ਮਮਤਾ ਮੋਹ ਮਿਟਾਇੰਦਾ । ਨੌਂ ਖੰਡ ਪ੍ਰਿਥਮੀ ਬਣਾਏ ਇਕ ਇਸਲਾਮ, ਇਸਮ ਆਜ਼ਮ ਆਪ ਜਣਾਇੰਦਾ । ਪਰਵਰਦਿਗਾਰ ਦੇ ਪੈਗ਼ਾਮ, ਕਲਮਾ ਨਬੀ ਆਪ ਸੁਣਾਇੰਦਾ । ਨਜ਼ਰੀ ਆਏ ਇਕੋ ਰਾਮ, ਰਮੱਯਾ ਹਰ ਘਟ ਡੇਰਾ ਲਾਇੰਦਾ । ਇਕ ਘਨੱਯਾ ਦੇਵੇ ਦਾਨ, ਨਾਮ ਬੰਸਰੀ ਇਕ ਵਜਾਇੰਦਾ । ਨਾਨਕ ਗੋਬਿੰਦ ਖੇਲ ਮਹਾਨ, ਮੰਤਰ ਸਤਿ ਸਤਿ ਦ੍ਰਿੜਾਇੰਦਾ । ਅੰਤਮ ਮੰਗਣ ਸਾਰੇ ਦਾਨ, ਪ੍ਰਭ ਅੱਗੇ ਝੋਲੀ ਡਾਹਿੰਦਾ । ਕਲਜੁਗ ਅੰਤਮ ਨਿਹਕਲੰਕ ਆਏ ਬਲੀ ਬਲਵਾਨ, ਮਹਾਂਬਲੀ ਆਪਣਾ ਖੇਲ ਕਰਾਇੰਦਾ । ਸੰਬਲ ਵੇਖੇ ਸਚ ਮਕਾਨ, ਪੂਤ ਸਪੂਤਾ ਬ੍ਰਹਿਮਣ ਗੌੜਾ ਉਚੇ ਟਿੱਲੇ ਪਰਬਤ ਆਸਣ ਲਾਇੰਦਾ । ਹਰਿ ਸਿੰਘਾਸਣ ਕੋਇ ਨਾ ਜਾਣੇ ਲੰਮਾ ਚੌੜਾ, ਬੇਅੰਤ ਬੇਪਰਵਾਹ ਆਪਣਾ ਖੇਲ ਕਰਾਇੰਦਾ । ਸੰਤ ਸੁਹੇਲੇ ਲਏ ਉਠਾ, ਦੂਈ ਦਵੈਤੀ ਪਰਦਾ ਲਾਹਿੰਦਾ । ਨਿਰਮਲ ਜੋਤ ਇਕ ਜਗਾ, ਜਾਗਰਤ ਰੂਪ ਵਖਾਇੰਦਾ । ਹਰਿਜਨ ਮੇਲਾ ਸਹਿਜ ਸੁਭਾ, ਸੁਬ੍ਹਾ

ਸ਼ਾਮ ਦਰਸ ਦਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਇੰਦਾ । ਸਾਚਾ ਹੁਕਮ ਸ੍ਰੀ ਭਗਵਨ, ਭਗਤਨ ਮੀਤਾ ਆਪ ਜਣਾਈਆ । ਖੇਲੇ ਖੇਲ ਛੱਪਰੀ ਛੰਨ, ਸਤਿਗੁਰ ਆਪਣਾ ਫੇਰਾ ਪਾਈਆ । ਭਗਤ ਭਗਵੰਤ ਦੋਵੇਂ ਗਏ ਮੰਨ, ਘਰ ਸਾਚੇ ਵੱਜੇ ਵਧਾਈਆ । ਲੱਖ ਚੁਰਾਸੀ ਦੇਵੇ ਡੰਨ, ਜੋ ਘੜਿਆ ਭੰਨ ਵਖਾਈਆ । ਲੇਖੇ ਜਾਣੇ ਤਾਰਾ ਚੰਨ, ਸੂਰਜ ਨੂਰ ਆਪ ਚਮਕਾਈਆ । ਕਲਜੁਗ ਅੰਤਮ ਹੋ ਪਰਧਾਨ, ਨਾਮ ਪਰਧਾਨਗੀ ਇਕ ਵਖਾਈਆ । ਮਾਰਗ ਲਾਏ ਦੋ ਜਹਾਨ, ਜਗਤ ਸਮਾਜ ਰਹਿਣ ਨਾ ਪਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਮੁਸਲਮ ਹਿੰਦੂ ਸਿਖ ਈਸਾਈ ਆਤਮ ਪਰਮਾਤਮ ਦੇਵੇ ਗਿਆਨ, ਬੰਸਰੀ ਇਸਮ ਇਕ ਪੜ੍ਹਾਈਆ । ਦੀਦ ਸ਼ਨੀਦ ਈਦ ਨੂਰ ਨੂਰ ਮਹਾਨ, ਕਾਇਆ ਮੰਦਰ ਅੰਦਰ ਸਾਚਾ ਹੁਜਰਾ ਦਏ ਪਰਗਟਾਈਆ । ਸਾਢੇ ਤਿੰਨ ਹੱਥ ਕਰ ਪਰਵਾਨ, ਰਵਦਾਸ ਚੁਮਾਰਾ ਲਹਿਣਾ ਪੂਰ ਕਰਾਈਆ । ਭਗਤ ਭਗਵਾਨ ਇਕੋ ਮਾਣ, ਅਭਿਮਾਨ ਨਾ ਕੋਇ ਵਖਾਈਆ । ਛੱਪਰ ਛੰਨ ਡੂੰਘੀ ਕੰਦਰ ਨਿਰਗੁਣ ਸਰਗੁਣ ਵੇਖੇ ਆਣ, ਬੇਐਬ ਫੇਰਾ ਪਾਈਆ । ਭਗਤ ਭਗਵਾਨ ਕਰ ਪਰਵਾਨ, ਨਾਮ ਪਰਵਾਨਾ ਹੱਥ ਫੜਾਈਆ । ਜੋਧਾ ਸੂਰਬੀਰ ਬਲੀ ਬਲਵਾਨ, ਬਲ ਆਪਣਾ ਇਕ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦਰ ਦਰਵੇਸ਼ ਸੀਸ ਝੁਕਾਣ, ਵਿਸ਼ਨ ਬ੍ਰਹਮਾ ਸ਼ਿਵ ਚਰਨ ਧਿਆਨ ਲਗਾਈਆ । ਸਤਿਜੁਗ ਸਤਿ ਸਤਿਵਾਦੀ ਖੇਲ ਕਰੇ ਮਹਾਨ, ਮਹਿਮਾ ਅਗਾਧ ਬੋਧ ਪੜ੍ਹਾਈਆ । ਬਚਨ ਸਿੰਘ ਬਚਪਨ ਕਰ ਪਰਵਾਨ, ਜੰਗਲ ਉਜਾੜ ਜੂਹ ਆਪਣਾ ਦਰਸ ਦਿਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤਨ ਮੀਤਾ ਇਕ ਅਤੀਤਾ ਠਾਂਡਾ ਸੀਤਾ, ਜੁਗ ਜੁਗ ਚਲਾਏ ਆਪਣੀ ਰੀਤਾ, ਰੀਤੀਵਾਨ ਇਕ ਅਖਵਾਈਆ । ਰੀਤੀਵਾਨ ਭਗਤ ਭਗਵੰਤ, ਸਚ ਸਾਚੀ ਖੇਲ ਕਰਾਇੰਦਾ । ਘਰ ਮਿਲਾਵਾ ਨਾਰ ਕੰਤ, ਸੇਜ ਸੁਹੰਜਣੀ ਇਕ ਹੰਢਾਇੰਦਾ । ਆਤਮ ਸੇਜਾ ਚਾੜ੍ਹੇ ਰੰਗ ਬਸੰਤ, ਉਤਰ ਕਦੇ ਨਾ ਜਾਇੰਦਾ । ਗੜ੍ਹ ਤੋੜ ਹਉਮੇ ਹੰਗਤ, ਮਾਇਆ ਮਮਤਾ ਮੋਹ ਮਿਟਾਇੰਦਾ । ਹਰਿ ਕਾ ਭੇਵ ਨਾ ਜਾਣੇ ਕੋਈ ਪੰਡਤ, ਮੁਲਾਂ ਸ਼ੇਖ਼ ਮੁਸਾਇਕ ਸਰਬ ਕੁਰਲਾਇੰਦਾ । ਹਰਿਜਨ ਲੇਖਾ ਜੇਰਜ ਅੰਡਜ, ਉਤਭੁਜ ਸੇਤਜ ਵੇਖ ਵਖਾਇੰਦਾ । ਭਗਤ ਭਗਵਾਨ ਇਕ ਦੂਜੇ ਦੇ ਬਣਨ ਮੰਗਤ, ਇਛਿਆ ਭਿਛਿਆ ਆਪ ਵਰਤਾਇੰਦਾ । ਸਾਚਾ ਮੇਲਾ ਹਰਿ ਹਰਿ ਸੰਗਤ, ਹਰਿ ਸੰਗਤ ਸੰਗ ਰਖਾਇੰਦਾ । ਆਤਮ ਪਰਮਾਤਮ ਪਰਮਾਤਮ ਆਤਮ ਇਕ ਅਖੰਡਤ, ਖੜਗ ਖੰਡਾ ਸਾਰ ਵਖਾਇੰਦਾ । ਜਨ ਭਗਤਾਂ ਚਰਨਾਂ ਹੇਠ ਦਬਾਏ ਸਵਰਗ ਜੰਨਤ, ਚਰਨ ਕਵਲ ਇਕ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਭਗਤੀ ਆਪਣਾ ਨਾਮ ਦ੍ਰਿੜਾਈਆ । ਹਰਿ ਭਗਤੀ ਨਾਮ ਅਨਮੁਲ, ਕੀਮਤ ਕਰਤਾ ਕੋਇ ਨਾ ਲਾਈਆ । ਆਦਿ ਜੁਗਾਦਿ ਸਦਾ ਅਤੁਲ, ਨਾ ਕੋਈ ਤੋਲੇ ਤੋਲ ਤੁਲਾਈਆ । ਗੁਰਮੁਖ ਉਠਾਏ ਸਾਚੀ ਕੁਲ, ਕੁਲਵੰਤਾ ਹਰਿ ਰਘੁਰਾਈਆ । ਲੇਖਾ ਜਾਣੇ ਕਵਲ ਫੁੱਲ, ਨਾਭੀ ਰੂਪ ਆਪ ਉਲਟਾਈਆ । ਆਤਮ ਪਰਮਾਤਮ ਜਾਏ ਮਵਲ, ਮੌਲਾ ਆਪਣੀ ਖੇਲ ਕਰਾਈਆ । ਦੇਵੇ ਵਡਿਆਈ ਉਪਰ ਧਵਲ, ਧਰਨੀ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਭਗਤ ਭਗਵੰਤ ਇਕੋ ਘਰ ਵਸਾਈਆ । ਭਗਤ ਭਗਵੰਤ ਘਰ ਇਕ ਵਸੇਰਾ, ਵਿਸਰ ਕਦੇ ਨਾ ਜਾਇੰਦਾ । ਕਰੇ ਖੇਲ ਨੇਰਨ ਨੇਰਾ, ਦੂਰ ਦੁਰਾਡਾ ਪੰਧ ਮੁਕਾਇੰਦਾ । ਕੂੜੀ ਕਿਰਿਆ ਮੇਟੇ ਝੇੜਾ, ਸਚ ਸੁਚ ਸਮਝਾਇੰਦਾ । ਆਤਮ ਪਰਮਾਤਮ ਬੰਨ੍ਹੇ ਬੇੜਾ, ਬ੍ਰਹਮ ਪਾਰਬ੍ਰਹਮ ਲੇਖਾ ਆਪਣੇ ਹੱਥ

ਰਖਾਇੰਦਾ । ਸਾਢੇ ਤਿੰਨ ਹੱਥ ਵਸੇ ਗੁਰਮੁਖ ਖੇੜਾ, ਬੰਦ ਖਿੜਕੀ ਬਜ਼ਰ ਕਪਾਟੀ ਆਪੇ ਲਾਹਿੰਦਾ । ਦਰਸ ਦਖਾਏ ਨਜ਼ਰੀ ਆਏ ਤੂੰ ਮੇਰਾ ਮੈਂ ਤੇਰਾ, ਸੋਹੰ ਢੋਲਾ ਇਕ ਸੁਣਾਇੰਦਾ । ਸ੍ਰੀ ਭਗਵਾਨ ਵਡ ਦਲੇਰਾ, ਦੋ ਜਹਾਨਾਂ ਹੁਕਮ ਮਨਾਇੰਦਾ । ਕਲਜੁਗ ਅੰਤਮ ਲੱਖ ਚੁਰਾਸੀ ਪਾਏ ਘੇਰਾ, ਸ਼ਬਦੀ ਹੁਕਮ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵੰਤ ਮੇਲੇ ਦਰ, ਹਰਿ ਦਰਦੀ ਦਰਦ ਵੰਡਾਇੰਦਾ । ਭਗਤ ਭਗਵਾਨ ਮੇਟੇ ਦਰਦ, ਦਰਦੀ ਦਰਦ ਵੰਡਾਈਆ । ਆਦਿ ਅੰਤ ਕਰੇ ਮਨਜ਼ੂਰ ਅਰਜ਼, ਆਰਜ਼ੂ ਇਕੋ ਇਕ ਜਣਾਈਆ । ਸਦਾ ਸੁਹੇਲਾ ਪੂਰਾ ਕਰੇ ਫ਼ਰਜ਼, ਸਿਰ ਆਪਣਾ ਹੱਥ ਟਿਕਾਈਆ । ਭਗਤ ਭਗਵਾਨ ਇਕੋ ਗ਼ਰਜ਼, ਬਿਨ ਭਗਤਾਂ ਭਗਵਾਨ ਕੰਮ ਕਿਸੇ ਨਾ ਆਈਆ । ਹਰਿਜਨ ਢੋਲਾ ਨਾ ਕੋਈ ਰਾਗ ਨਾ ਕੋਈ ਤਰਜ਼, ਛੱਤੀ ਰਾਗ ਨਾ ਸਿਫ਼ਤ ਸਾਲਾਹੀਆ । ਆਤਮ ਪਰਮਾਤਮ ਵੇਖੇ ਮਰਜ਼, ਮੁਰੀਦ ਮੁਰਸ਼ਦ ਲਏ ਜਗਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਆਸਾ ਤ੍ਰਿਸਨਾ ਹਉਮੇ ਹੰਗਤਾ ਮਾਇਆ ਮਮਤਾ ਦੇਵੇ ਵਰਜ, ਨਾਮ ਖੰਡਾ ਇਕ ਵਖਾਈਆ । ਸੋਹੰ ਢੋਲਾ ਇਕੋ ਤਾਲ ਇਕੋ ਤਰਜ਼, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਦੇਵੇ ਸਾਚੀ ਦਾਤ, ਭਗਤ ਭਗਵੰਤ ਇਕ ਜਮਾਤ, ਇਕੋ ਅੱਖਰ ਲਏ ਪੜ੍ਹਾਈਆ । ਭਗਤ ਭਗਵਾਨ ਇਕੋ ਅੱਖਰ ਪੜ੍ਹਨਾ, ਹਰਿ ਸਤਿਗੁਰ ਰਾਹ ਜਣਾਇੰਦਾ । ਨਿਰਗੁਣ ਸਰਗੁਣ ਅੰਦਰ ਬਾਹਰ ਗੁਪਤ ਜ਼ਾਹਰ ਸੁਰਤ ਸਵਾਣੀ ਸ਼ਬਦੀ ਫੜਨਾ, ਏਕਾ ਬੰਧਨ ਪਾਇੰਦਾ । ਨਾਤਾ ਤੋੜੇ ਮਰਨਾ ਡਰਨਾ, ਜਨਮ ਮਰਨ ਫੰਦ ਕਟਾਇੰਦਾ । ਨੇਤਰ ਖੋਲ੍ਹੇ ਹਰਨਾ ਫ਼ਰਨਾ, ਜਗਤ ਫੁਰਨਾ ਬੰਦ ਕਰਾਇੰਦਾ । ਨਾਤਾ ਤੋੜੇ ਚਾਰ ਵਰਨਾਂ ਅਠਾਰਾਂ ਬਰਨਾਂ, ਇਕੋ ਰੰਗ ਰੰਗਾਇੰਦਾ । ਸਾਚੇ ਪੌੜੇ ਗੁਰਮੁਖ ਚੜ੍ਹਨਾ, ਚੌਥੇ ਪਦ ਡੇਰਾ ਲਾਇੰਦਾ । ਪੁਰਖ ਅਕਾਲ ਇਕੋ ਸਰਨਾ, ਦੂਜੀ ਓਟ ਨਾ ਕੋਇ ਰਖਾਇੰਦਾ । ਭਗਤ ਭਗਵਾਨ ਇਕੇ ਮੰਦਰ ਵੜਨਾ, ਮੰਦਰ ਮਸੀਤ ਸ਼ਿਵਦੁਆਲਾ ਮੱਠ ਗੁਰੂਦੁਆਰ ਇਕੋ ਇਕ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਸਾਚਾ ਵਰ, ਏਕਾ ਘਰ ਮਿਲਾਏ ਮੇਲਾ, ਦਰਸ ਹੋਏ ਗੁਰੂ ਗੁਰ ਚੇਲਾ, ਚੇਲਾ ਗੁਰ ਇਕੋ ਨਜ਼ਰੀ ਆਇੰਦਾ । ਚੇਲਾ ਗੁਰ ਭਗਵੰਤ ਭਗਤ, ਹਰਿ ਸਤਿਗੁਰ ਧਾਰ ਚਲਾਇੰਦਾ । ਜਗਤ ਮਿਲਾਵਾ ਜੁਗਾ ਜੁਗੰਤ, ਜੀਵਣ ਜੁਗਤ ਸਮਝਾਇੰਦਾ । ਤਨ ਮਾਟੀ ਬਣਾਏ ਸਾਚੀ ਬਣਤ, ਘਾੜਨ ਘੜਨਹਾਰ ਵੇਖ ਵਖਾਇੰਦਾ । ਦਰਸ ਦਿਖਾਏ ਰੂਪ ਅਨੰਤ, ਅਕਲ ਕਲਾ ਜਣਾਇੰਦਾ । ਦੇਵੇ ਵਡਿਆਈ ਵਿਚ ਜੀਵ ਜੰਤ, ਜਾਗਰਤ ਜੋਤ ਜਗਾਇੰਦਾ । ਆਤਮ ਪਰਮਾਤਮ ਬਣਾਏ ਸਾਚੀ ਸੰਗਤ, ਸਗਲਾ ਸੰਗ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵੰਤ ਗੋਦ ਉਠਾਇੰਦਾ । ਭਗਤ ਭਗਵਾਨ ਗੋਦੀ ਚੁੱਕ, ਸਚਖੰਡ ਵੇਖੇ ਚਾਈਂ ਚਾਈਆ । ਲੋਕਮਾਤ ਦਰਸ ਦੇਵੇ ਲੁਕ ਲੁਕ, ਜਗਤ ਨੇਤਰ ਨਜ਼ਰ ਨਾ ਆਈਆ । ਅੰਦਰ ਵੜ ਕੇ ਸਤਿਗੁਰ ਪੂਰਾ ਸ਼ਬਦੀ ਸ਼ੇਰ ਪਏ ਬੁੱਕ, ਨਾਮ ਆਪਣੀ ਭਬਕ ਲਗਾਈਆ । ਸਾਜਣ ਮੀਤਾ ਇਕ ਅਤੀਤਾ ਤ੍ਰੈ ਭਵਨ ਧਨੀ ਜੋਤ ਨਿਰੰਕਾਰ ਪਏ ਉਠ, ਆਪ ਆਪਣਾ ਬਲ ਧਰਾਈਆ । ਭਗਤ ਭਗਵਾਨ ਜਾਏ ਤੁਠ, ਦੀਨਨ ਆਪਣੀ ਦਇਆ ਕਮਾਈਆ । ਅੰਮ੍ਰਿਤ ਸਰੋਵਰ ਜਾਮ ਪਿਆਏ ਘੁਟ, ਘੁਟ ਘੁਟ ਗਲੇ ਲਗਾਈਆ । ਕਾਇਆ ਮੰਦਰ ਸਚ ਬਸੰਤੀ ਸੋਹੇ ਰੁੱਤ, ਪਤ ਡਾਲੀ ਫੁੱਲ ਆਪ ਮਹਿਕਾਈਆ । ਭਗਤ ਭਗਵਾਨ ਇਕ ਦੂਜੇ ਨੂੰ ਰਹੇ ਪੁੱਛ, ਕਲਜੁਗ ਅੰਤਮ ਵੇਲਾ ਕਵਣ ਘਰ ਵਸੇ ਗੁਰੂ ਗੁਰ ਚੇਲਾ,

ਗੋਬਿੰਦ ਮੇਲਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਅਗੰਮੀ ਦੇਵੇ ਦਾਨ, ਸਤਿ ਸਤਿਵਾਦੀ ਵਖਾਏ ਇਕ ਨਿਸ਼ਾਨ, ਨਿਸ਼ਾਨਾ ਦੋ ਜਹਾਨ ਉਠਾਈਆ । ਭਗਤ ਭਗਵਾਨ ਇਕ ਦੂਜੇ ਨੂੰ ਮਿਲੇ ਆਣ, ਜੰਗਲ ਜੂਹ ਲੇਖੇ ਲਗਾ, ਦਰਸ ਦਿਖਾਏ ਉਪਰ ਸ਼ਾਹ ਰਗਾ, ਆਤਮ ਪਰਮਾਤਮ ਦੇਵੇ ਇਕ ਅਨੰਦਾ, ਗੁਰਮੁਖ ਚੜ੍ਹਾਏ ਸਾਚਾ ਚੰਦਾ, ਕਲਜੁਗ ਅੰਧ ਅੰਧੇਰ ਮਿਟਾਈਆ । ਦੀਨ ਦਿਆਲ ਠਾਕਰ ਸਵਾਮੀ ਸਰਬ ਗੁਣਵੰਤ ਸ੍ਰੀ ਭਗਵੰਤ ਸਦਾ ਸੁਹੇਲਾ ਇਕ ਇਕੇਲਾ ਦੋ ਜਹਾਨ ਸਦਾ ਬਖ਼ਸ਼ੰਦ, ਬਖ਼ਸ਼ਿਸ਼ ਆਪਣੇ ਹੱਥ ਰਖਾਈਆ । ਢਾਈ ਵਜੇ ਵੇਖੇ ਢੱਯਾ, ਪੂਰਬ ਲੇਖ ਜਣਾਇੰਦਾ । ਸਤਿਗੁਰ ਗੁਰ ਸਤਿਗੁਰ ਚਲਾਏ ਸਾਚੀ ਨੱਯਾ, ਨੌਕਾ ਨਾਮ ਚਪੂ ਏਕਾ ਲਾਇੰਦਾ । ਭਗਤ ਭਗਵਾਨ ਪਕੜੇ ਬਹੀਆ । ਫੜ ਬਾਹੋਂ ਗਲੇ ਲਗਾਇੰਦਾ । ਰਾਏ ਧਰਮ ਨਾ ਕੱਢੇ ਵਹੀਆ, ਚਿਤਰ ਗੁਪਤ ਲੇਖ ਨਾ ਕੋਇ ਜਣਾਇੰਦਾ । ਜਿਸ ਜਨ ਹਰਿ ਜੂ ਮਿਲਿਆ ਪਿਤਾ ਮਈਆ । ਹਰਿਜਨ ਬਾਲਕ ਗੋਦ ਉਠਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਭਗਤ ਭਗਵਾਨ ਸਦਾ ਸਦ ਰਹੀਆ, ਲੱਖ ਚੁਰਾਸੀ ਭਾਂਡਾ ਸਰਬ ਭੰਨਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਭਗਤ ਭਗਵੰਤ ਦੇਵੇ ਦਾਨ, ਆਪ ਆਪਣੇ ਘਰ ਵਸਾਇੰਦਾ ।

## ❇ ੨੨ ਮੱਘਰ ੨੦੧੯ ਬਿਕਰਮੀ ਚਰਨ ਸਿੰਘ ਦੇ ਗ੍ਰਹਿ ਸਿਮਲ ਸਕੋਰ ਜ਼ਿਲਾ ਗੁਰਦਾਸਪੁਰ ❇



ਕਿਰਪਾ ਕਰੀ ਪੁਰਖ ਸਮਰਥ, ਦਰਦੀ ਦਰਦੀਆਂ ਦਰਦ ਵੰਡਾਇੰਦਾ । ਇੱਟਾਂ ਪੱਥਰ ਰੋੜੇ ਮਿੱਟੀ ਧਰਤ ਲੇਖੇ ਲਾਏ ਕੱਖ, ਕੱਖ ਆਪਣੇ ਅੰਗ ਲਗਾਇੰਦਾ । ਦੀਨ ਦਿਆਲ ਠਾਕਰ ਸਵਾਮੀ ਨਿਰਗੁਣ ਦਾਤੇ ਪਾਰਬ੍ਰਹਮ ਪਤ ਲਈ ਰੱਖ, ਸਿਰ ਆਪਣਾ ਹੱਥ ਟਿਕਾਇੰਦਾ । ਇਕ ਦੂਜੇ ਨੂੰ ਵੇਖ ਵੇਖ ਬਿਨ ਰਸਨਾ ਜਿਹਵਾ ਬੱਤੀ ਦੰਦਾਂ ਰਹੇ ਹੱਸ, ਲੱਖ ਲੱਖ ਸ਼ੁਕਰ ਮਨਾਇੰਦਾ । ਆਓ ਰਲ ਮਿਲ ਕਰੀਏ ਜਸ, ਸਾਹਿਬ ਸਤਿਗੁਰ ਨਜ਼ਰੀ ਆਇੰਦਾ । ਚਰਨ ਕਵਲ ਕਵਲ ਚਰਨ ਜਾਈਏ ਢੱਠ, ਰੋਗੀਆਂ ਰੋਗ ਮਿਟਾਇੰਦਾ ਸਾਡੀ ਪੂਰੀ ਕਰਨ ਆਇਆ ਆਸ, ਨਿਰਾਸਾ ਰੂਪ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਇੰਦਾ । ਮਿਹਰਵਾਨ ਹੋਇਆ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਕੋਝਿਆਂ ਕਮਲਿਆਂ ਗ਼ਰੀਬ ਨਿਮਾਣਿਆਂ ਦੇਵੇ ਮਾਣ, ਨਿਮਾਣਿਆਂ ਗਲੇ ਲਗਾਈਆ । ਨਿਰਗੁਣ ਨਿਰਗੁਣ ਨਿਰਵੈਰ ਨਿਰਵੈਰ ਚਲ ਕੇ ਆਇਆ ਸ੍ਰੀ ਭਗਵਾਨ, ਭਗਵਨ ਆਪਣਾ ਫੇਰਾ ਪਾਈਆ । ਨੇਤਰ ਲੋਚਣ ਨੈਣ ਦਰਸ਼ਨ ਕਰੀਏ ਆਣ, ਆਲਸ ਨਿੰਦਰਾ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਪੱਥਰ ਰੋੜਾ ਕਹੇ ਪੁਕਾਰ, ਉਚੀ ਕੂਕ ਸੁਣਾਇਆ । ਸੱਸੇ ਉਪਰ ਹੋੜਾ ਹੰ ਬ੍ਰਹਮ ਦਏ ਆਧਾਰ, ਸੋਹੰ ਇਕੋ ਰਾਗ ਸੁਣਾਇਆ । ਜੋਤੀ ਸ਼ਬਦੀ ਜੁੜਿਆ ਜੋੜਾ, ਦੋ ਜਹਾਨਾਂ ਵਾਲੀ ਚਲ ਕੇ ਆਇਆ । ਘਰ ਬੈਠਿਆਂ ਆਪੇ ਬੌਹੜਾ, ਆਪ ਆਪਣਾ ਪੰਧ ਮੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਸਿਰ ਆਪਣਾ ਹੱਥ ਟਿਕਾਇਆ । ਮਿੱਟੀ ਰੇਤ ਕਰੇ ਵਿਚਾਰ, ਹਰਿ ਵਿਚਾਰ ਵਿਚ ਨਾ ਆਈਆ । ਸਾਡੇ ਨਾਲ ਕੀਤਾ ਹਿਤ, ਹਿਤਕਾਰੀ ਫੇਰਾ

ਪਾਈਆ । ਅਸਾਂ ਆਪਣਾ ਆਪ ਲਿਆ ਜਿੱਤ, ਪ੍ਰਭ ਮਿਲਿਆ ਸੱਚਾ ਮਾਹੀਆ । ਸਾਡੇ ਵਾਸਤੇ ਲਿਆਇਆ ਕਿਛ, ਵਸਤ ਅਮੋਲਕ ਸੋਹੰ ਰਿਹਾ ਵਰਤਾਈਆ । ਇਕੋ ਪਾਏ ਅਗੰਮੀ ਭਿੱਛ, ਭਿਛਿਆ ਆਪਣੇ ਹੱਥ ਰਖਾਈਆ । ਆਓ ਰਲ ਕੇ ਹਰਿ ਸੰਗਤ ਕੋਲੋਂ ਸਿਖਿਆ ਲਈਏ ਸਿਖ, ਬਿਨ ਹਰਿ ਅਵਰ ਨਾ ਕੋਇ ਸਹਾਈਆ । ਜਿਧਰ ਵੇਖੀਏ ਆਏ ਦਿਸ, ਜੋਤੀ ਨੂਰ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਫੇਰਾ ਆਪੇ ਪਾਈਆ । ਫੇਰਾ ਪਾਏ ਪੁਰਖ ਅਗੰਮ, ਅਗੰਮੜੀ ਕਾਰ ਕਮਾਈਆ । ਲੇਖਾ ਜਾਣੇ ਦਮੋ ਦਮ, ਬਿਨ ਦਮਾਂ ਰਿਹਾ ਤਰਾਈਆ । ਹੱਡ ਮਾਸ ਨਾੜੀ ਨਾ ਕੋਇ ਚੰਮ, ਤਨ ਵਜੂਦ ਨਾ ਕੋਇ ਵਖਾਈਆ । ਅੰਦਰ ਵੜ ਵੜ ਵਸਲ ਕਰੇ ਸ੍ਰੀ ਭਗਵਨ, ਅਸਲ ਆਪਣਾ ਰੰਗ ਚੜ੍ਹਾਈਆ । ਰਲ ਮਿਲ ਕਰੀਏ ਜਸ਼ਨ, ਗ੍ਰਿਹਿ ਮੰਦਰ ਵੱਜੇ ਵਧਾਈਆ । ਇਕ ਦੂਜੇ ਨਾਲ ਕਰਨ ਬਚਨ, ਬਚਤ ਆਪਣੀ ਵੇਖ ਵਖਾਈਆ । ਸਾਹਿਬ ਸਤਿਗੁਰ ਆਇਆ ਰੱਖਣ, ਸਾਡੀ ਰਾਖੀ ਰਿਹਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਬੇਪਰਵਾਹ ਬੇਪਰਵਾਹੀਆ । ਇੱਟ ਪੱਥਰ ਰੋੜਾ ਮਿਟੀ ਕੱਖ ਮਾਰਨ ਧਾਹ, ਨੇਤਰ ਨੈਣਾਂ ਨੀਰ ਵਹਾਇਆ । ਜੁਗ ਚੌਕੜੀ ਗਏ ਵਿਹਾ, ਸਾਡਾ ਲੇਖ ਨਾ ਕਿਸੇ ਮੁਕਾਇਆ । ਪਾਰਬ੍ਰਹਮ ਤੇਰਾ ਤੱਕਦੇ ਰਹੇ ਰਾਹ, ਨੇਤਰ ਨੈਣ ਨੈਣ ਉਠਾਇਆ । ਕਵਣ ਵੇਲਾ ਪਕੜੇ ਬਾਂਹ, ਫੜ ਬਾਹੋਂ ਗਲੇ ਲਗਾਇਆ । ਸਿਰ ਦੇਵੇ ਠੰਡੀ ਛਾਂ, ਦੁਖੀਆਂ ਦੁੱਖ ਮਿਟਾਇਆ । ਇਕ ਜਣਾਏ ਆਪਣਾ ਨਾਂ, ਨਾਉਂ ਨਿਰੰਕਾਰਾ ਆਪ ਪਰਗਟਾਇਆ । ਆਪੇ ਬਣੇ ਪਿਤਾ ਮਾਂ, ਗ਼ਰੀਬ ਨਿਮਾਣੇ ਗੋਦ ਉਠਾਇਆ । ਨਿਥਾਵਿਆਂ ਦੇਵੇ ਥਾਂ, ਚਰਨ ਕਵਲ ਸਰਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰੰਗ ਚੜ੍ਹਾਇਆ । ਕੱਖ ਕਹੇ ਮੇਰੀ ਵੇਖ ਕੁੱਲੀ, ਹਰਿ ਕਲਮਾ ਇਕ ਪੜ੍ਹਾਈਆ । ਦੇਵੇ ਦਾਤ ਦਾਤ ਅਨਮੁਲੀ, ਕਰਤਾ ਕੀਮਤ ਕੋਇ ਨਾ ਪਾਈਆ । ਆਪਣੇ ਉਤੇ ਲੈ ਕੇ ਜੁੱਲੀ, ਦੁਖੀਆਂ ਦੁੱਖ ਰਿਹਾ ਵੰਡਾਈਆ । ਮੈਂ ਵੇਖ ਵੇਖ ਹੱਸੀ ਕੁੱਦੀ ਫੁੱਲੀ, ਮਨ ਚਾਉ ਘਨੇਰਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਮਾਈਆ । ਰੇਤ ਕਹੇ ਮੈਨੂੰ ਔਂਦਾ ਹਾਸਾ, ਹੱਸ ਹੱਸ ਖ਼ੁਸ਼ੀ ਮਨਾਇੰਦੀ । ਰਾਤੀਂ ਸੁਤਿਆਂ ਮੇਰੇ ਦੁੱਖ ਅੰਦਰ ਬਦਲਦਾ ਰਿਹਾ ਪਾਸਾ, ਪਾਸੇ ਪਾਸੇ ਨਾਲ ਬਦਲਾਈਆ । ਮੈਂ ਨੇੜੇ ਹੋ ਕੇ ਵੇਂਹਦੀ ਰਹੀ ਤਮਾਸ਼ਾ, ਪ੍ਰਭ ਜੂ ਕੀ ਕੀ ਖੇਲ ਰਚਾਈਆ । ਗ਼ਰੀਬ ਨਿਮਾਣਿਆਂ ਹੋਇਆ ਦਾਸੀ ਦਾਸਾ, ਬਣ ਸੇਵਕ ਸੇਵ ਕਮਾਈਆ । ਸਾਡੀ ਪੂਰੀ ਕਰੀ ਆਸਾ, ਪਿਛਲਾ ਦੁੱਖ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਇਕ ਓਠਾਈਆ । ਮਿੱਟੀ ਕਹੇ ਮੋਹੇ ਚੜ੍ਹਿਆ ਚਾ, ਚਾਉ ਘਨੇਰਾ ਇਕ ਜਣਾਈਆ । ਪਾਰਬ੍ਰਹਮ ਪ੍ਰਭ ਦੁਖੜੇ ਰਿਹਾ ਉਠਾ, ਹਾਂ ਹੂੰ ਕਰ ਕੇ ਆਪਣੀ ਵਸਤ ਮੰਗਾਈਆ । ਕੋਈ ਭੇਵ ਨਾ ਜਾਣੇ ਰਾ, ਕਰੇ ਖੇਲ ਬੇਪਰਵਾਹੀਆ । ਸਾਰੇ ਕਹਿਣ ਤਾਪ ਰਿਹਾ ਸਤਾ, ਦੀਨ ਅਧੀਨਾ ਨਿਮਾਣ ਨਿਮਾਣਿਆਂ ਆਪਣੀ ਛਾਤੀ ਉਪਰ ਟਿਕਾਈਆ । ਜਨਮ ਜਨਮ ਦਾ ਦੁੱਖੜਾ ਲਾਹ, ਦੁੱਖ ਆਪਣੇ ਵਿਚ ਟਿਕਾਈਆ । ਕਰੇ ਖੇਲ ਆਪ ਖ਼ੁਦਾ, ਨੂਰ ਜ਼ਹੂਰ ਬੇਪਰਵਾਹ ਬੇਪਰਵਾਹੀਆ । ਜਿਹੜਾ ਵਸਦਾ ਰਿਹਾ ਜੁਦਾ, ਸੋ ਅੰਤਮ ਮੇਲ ਮਿਲਾਈਆ । ਏਕਾ ਮਾਰਗ ਦੱਸੇ ਸਿਧਾ, ਸੋਹੰ ਅੱਖਰ ਕਰੇ ਪੜ੍ਹਾਈਆ । ਰਲ ਮਿਲ ਸਾਰੇ ਪਾਵਣ ਗਿੱਧਾ, ਘਰ ਸਾਚੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਰੋੜਾ ਕਹੇ ਮੋਹੇ

ਚੜ੍ਹਿਆ ਰੰਗ, ਰੰਗ ਰੰਗੀਲਾ ਇਕ ਰੰਗਾਈਆ । ਸਾਡੇ ਪਿਛੇ ਨਿਰਗੁਣ ਸਰਗੁਣ ਹੋ ਕੇ ਸੁੱਤਾ ਉਤੇ ਪਲੰਘ, ਪਲ ਪਲ ਆਪਣੀ ਦਏ ਦੁਹਾਈਆ । ਅਸੀਂ ਨੇੜੇ ਹੋ ਕੇ ਸਾਰੇ ਮੰਗਾਂ ਰਹੇ ਮੰਗ, ਅੱਗੇ ਆਪਣੀ ਝੋਲੀ ਡਾਹੀਆ । ਦੀਨ ਦਿਆਲ ਠਾਕਰ ਸਵਾਮੀ ਨਿਰਗੁਣ ਜੋਤ ਕਰ ਪਰਕਾਸ਼ ਸਾਚਾ ਚੰਦ, ਅੰਧ ਅੰਧੇਰ ਮਿਟਾਈਆ । ਜਨਮ ਜਨਮ ਦੀ ਟੁੱਟੀ ਗੰਢ, ਗੰਢ ਆਪਣੇ ਨਾਲ ਪੁਆਈਆ । ਕਰੇ ਖੇਲ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਭੇਵ ਅਭੇਦਾ ਆਪ ਖੁਲ੍ਹਾਈਆ । ਪੱਥਰ ਕਹੇ ਮੈਂ ਹੋਇਆ ਪੱਥਰ, ਪਾਹਨ ਮਿਲੇ ਨਾ ਕੋਇ ਵਡਿਆਈਆ । ਨੇਤਰ ਰੋਵੇ ਸੁੱਟੇ ਅੱਥਰ, ਹੰਝੂਆਂ ਨੀਰ ਵਹਾਈਆ । ਧੰਨੇ ਵੇਲੇ ਜੋ ਰਹਿ ਗਈ ਕਸਰ, ਕਲਜੁਗ ਅੰਤਮ ਪੂਰ ਕਰਾਈਆ । ਜਿਸ ਨੇ ਪਸਾਰਾ ਲਿਆ ਪਸਰ, ਸੋ ਵੇਖਣ ਆਇਆ ਸੱਚਾ ਮਾਹੀਆ । ਚਰਨਾਂ ਵਿਚ ਬਹਿ ਕੇ ਆਪਣਾ ਆਪ ਕਰੀਏ ਬਸਰ, ਦੂਜੀ ਓਟ ਨਾ ਕੋਇ ਰਖਾਈਆ । ਪ੍ਰੇਮ ਪਿਆਰ ਅੰਦਰ ਲਏ ਜਕੜ, ਆਪਣਾ ਬੰਧਨ ਪਾਈਆ । ਅੱਗੇ ਪਿਛੇ ਦਾ ਚੁੱਕੇ ਫ਼ਿਕਰ, ਫ਼ਿਕਰਾ ਸੋਹੰ ਢੋਲਾ ਗਾਈਆ । ਰਲ ਮਿਲ ਸਾਰੇ ਕਰਨ ਜ਼ਿਕਰ, ਗੱਲ ਗੱਲ ਨਾਲ ਮਿਲਾਈਆ । ਭੱਜੇ ਫਿਰਨ ਇਧਰ ਓਧਰ, ਓਧਰ ਇਧਰ ਖ਼ੁਸ਼ੀਆਂ ਰਾਗ ਅਲਾਈਆ । ਸ੍ਰੀ ਭਗਵਾਨ ਜਿਉਂ ਲੇਖਾ ਜਾਣੇ ਬਿਦਰ, ਤਿਉਂ ਗੁਰਮੁਖਾਂ ਕੁੱਲੀ ਕੱਖਾਂ ਦਏ ਵਡਿਆਈਆ । ਅਸੀਂ ਹੋ ਗਏ ਸਾਰੇ ਨਿਡਰ, ਭੈ ਸਿਰ ਨਾ ਕੋਇ ਰਖਾਈਆ । ਔਂਦਿਆਂ ਹੀ ਸਾਰੇ ਘਰੇ ਅੰਦਰ ਗਏ ਵੜ, ਫੜ ਕੇ ਪੁਰਖ ਅਕਾਲ ਲਿਆ ਢਾਈਆ । ਛਾਤੀ ਉਤੇ ਗਏ ਚੜ੍ਹ, ਨਿੱਕੇ ਬਾਲ ਲੱਤਾਂ ਬਾਹਵਾਂ ਮਾਰ ਮਾਰ ਖ਼ੂਬ ਹਿਲਾਈਆ । ਅੱਗੋਂ ਪਿਛੋਂ ਸਾਰਿਆਂ ਲਿਆ ਫੜ, ਚੰਬੜੇ ਵਾਹੋ ਦਾਹੀਆ । ਜਿੰਨਾਂ ਚਿਰ ਨਾ ਬੰਨ੍ਹੇ ਲੜ, ਪੱਲੂ ਛੱਡ ਕੋਇ ਨਾ ਪਾਈਆ । ਸ੍ਰੀ ਭਗਵਾਨ ਗਿਆ ਡਰ, ਰਾਤ ਹੌਕਿਆਂ ਵਿਚ ਲੰਘਾਈਆ । ਕਿਉਂ ਮੈਨੂੰ ਸਰ ਸਰਕੜਿਆਂ ਵਿਚੋਂ ਆਵੇ ਡਰ, ਕੱਖ ਪਰਤੱਖ ਰੂਪ ਵਟਾਈਆ । ਤੁਹਾਡੇ ਪਿਆਰ ਅੰਦਰ ਗਿਆ ਹਰ, ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੁਖੀਆਂ ਦੁੱਖ ਦਰਦੀਆਂ ਦਰਦ ਭੁੱਖਿਆਂ ਭੁੱਖ ਨੰਗਿਆਂ ਨੰਗ ਆਦਿ ਜੁਗਾਦਿ ਆਪਣਾ ਪਰਦਾ ਪਾਈਆ ।

ਹਰਿ ਜੂ ਵਿਚ ਬੜਾ ਵੈਰਾਗ, ਵੈਰਾਗੀ ਆਪਣਾ ਖੇਲ ਕਰਾਇੰਦਾ । ਜਿੰਨ੍ਹਾਂ ਪਿਛੇ ਆਇਆ ਭਾਗ, ਨੱਠ ਨੱਠ ਆਪਣਾ ਪੰਧ ਮੁਕਾਇਆ । ਤਿਨ੍ਹਾਂ ਧੋਵੇ ਪਿਛਲਾ ਦਾਗ਼, ਮਲ ਮਲ ਆਪਣੀ ਸੇਵ ਕਮਾਇਆ । ਰੈਣ ਸਬਾਈ ਆਪ ਜਾਗ, ਦੁੱਖੀਆਂ ਦੁੱਖ ਦਰਦ ਵੰਡਾਇਆ । ਨੇਤਰ ਨੀਰ ਵਹੇ ਗੁਰਮੁਖ ਹਰਿਜਨ ਵਿਛੜਿਆਂ ਮਿਲਿਆ ਆਜ, ਜੁਗ ਜਨਮ ਦਾ ਲੇਖ ਮੁਕਾਈਆ । ਬਿਨ ਸਤਿਗੁਰ ਪੂਰੇ ਕੋਇ ਨਾ ਰਚੇ ਸੱਚਾ ਕਾਜ, ਸੌਹਰੇ ਪੇਈਏ ਗੰਢ ਨਾ ਕੋਇ ਪੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੇਤਰ ਨੀਰ ਗੁਣੀ ਗਹੀਰ ਦਰਦੀਆਂ ਵੰਡੇ ਦੁੱਖ ਪੀੜ, ਪੀੜ ਆਪਣੇ ਵਿਚ ਛੁਪਾਈਆ । ਗੁਰਮੁਖਾਂ ਘਰ ਵਸਤੂ ਖੇਸ, ਦੁਸ਼ਾਲਾ ਨਜ਼ਰ ਕੋਇ ਨਾ ਆਈਆ । ਖੇਸ ਨਾਲ ਹਰਿ ਜੂ ਹੇਤ, ਪਿਆਰ ਗੰਢ ਪੁਆਈਆ । ਪਾਟੀ ਚਾਦਰ ਓਢਣ ਰੁੱਤ ਬਸੰਤੀ ਚੇਤ, ਖ਼ੁਸ਼ੀਆਂ ਵਿਚ ਵਖਾਈਆ । ਟੁੱਟੀ ਰੱਸੀ ਅੰਦਰੇ ਅੰਦਰ ਭੇਤ, ਪਿਆਰ ਪਿਆਰ

ਨਾਲ ਬੰਧਾਈਆ । ਹਰਿ ਜੂ ਹਰਿ ਹਰਿ ਸਤਿਗੁਰ ਖੇਡ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਦੇਵੇ ਮਾਣ ਵਡਿਆਈਆ । ਗੁਰਸਿਖ ਗੁਰ ਕਾ ਰੰਗ, ਗੁਰ ਸ਼ਬਦ ਵੱਡੀ ਵਡਿਆਈਆ । ਗੁਰਸਿਖ ਗੁਰ ਕਾ ਚੰਦ, ਦੋ ਜਹਾਨ ਕਰੇ ਰੁਸ਼ਨਾਈਆ । ਗੁਰਸਿਖ ਗੁਰ ਕਾ ਅਨੰਦ, ਅਨੰਦ ਅਨੰਦ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਦੇਵੇ ਮਾਣ ਵਡਿਆਈਆ । ਗੁਰਸਿਖ ਗੁਰ ਕਾ ਤਾਰਾ, ਤਾਰਨਹਾਰ ਦਇਆ ਕਮਾਇੰਦਾ । ਗੁਰਸਿਖ ਗੁਰ ਕਾ ਪਿਆਰਾ, ਪ੍ਰੇਮ ਪਿਆਰ ਇਕ ਜਣਾਇੰਦਾ । ਗੁਰਸਿਖ ਗੁਰ ਕਾ ਦੁਲਾਰਾ, ਪੂਤ ਸਪੂਤਾ ਗੋਦ ਸੁਹਾਇੰਦਾ । ਗੁਰਸਿਖ ਗੁਰ ਕਾ ਵਣਜਾਰਾ, ਨਾਮ ਵਸਤ ਝੋਲੀ ਪਾਇੰਦਾ । ਗੁਰਸਿਖ ਗੁਰ ਕਾ ਸ਼ੰਗਾਰਾ, ਸ਼ਹਿਨਸ਼ਾਹ ਇਕੋ ਰੰਗ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਆਪਣਾ ਮੇਲ ਮਿਲਾਇੰਦਾ । ਗੁਰਸਿਖ ਗੁਰ ਕਾ ਮੀਤ, ਮਿੱਤਰ ਪਿਆਰਾ ਇਕ ਅਖਵਾਈਆ । ਗੁਰਸਿਖ ਗੁਰ ਕੀ ਰੀਤ, ਜੁਗ ਜੁਗ ਮਾਤ ਵਖਾਈਆ । ਗੁਰਸਿਖ ਗੁਰ ਕਾ ਦੇਹੁਰਾ ਸ਼ਿਵਦੁਆਲਾ ਮੱਠ ਮੰਦਰ ਮਸੀਤ, ਜਿਸ ਅੰਦਰ ਸਤਿਗੁਰ ਡੇਰਾ ਲਾਈਆ । ਗੁਰਸਿਖ ਗੁਰ ਕਾ ਗੀਤ, ਬਿਨ ਗੁਰਸਿਖ ਲੇਖਾ ਲਿਖਤ ਨਾ ਕੋਇ ਜਣਾਈਆ । ਗੁਰਸਿਖ ਗੁਰ ਕਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਸਿਖ ਗੁਰ ਗੁਰ ਰੂਪ ਵਖਾਈਆ । ਗੁਰਸਿਖ ਗੁਰ ਕਾ ਮਰਦੰਗ, ਹਰਿ ਸਤਿਗੁਰ ਆਪ ਵਜਾਇੰਦਾ । ਗੁਰਸਿਖ ਗੁਰ ਕਾ ਛੰਦ, ਢੋਲਾ ਸੋਹਲਾ ਏਕਾ ਗਾਇੰਦਾ । ਗੁਰਸਿਖ ਗੁਰ ਕਾ ਤਨ, ਬਿਨ ਗੁਰਸਿਖ ਚੋਲੀ ਨਾ ਕੋਇ ਹੰਢਾਇੰਦਾ । ਗੁਰਸਿਖ ਗੁਰ ਕਾ ਮਨ, ਮਨ ਵਾਸਨਾ ਗੁਰ ਜਪਾਇੰਦਾ । ਗੁਰਸਿਖ ਗੁਰ ਕਾ ਜਨ, ਜਨ ਜਨਨੀ ਗੁਰ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਏਕਾ ਰਾਹ ਚਲਾਇੰਦਾ । ਗੁਰਸਿਖ ਗੁਰ ਕਾ ਰਾਹ, ਰਹਿਬਰ ਇਕ ਅਖਵਾਈਆ । ਗੁਰਸਿਖ ਗੁਰ ਕਾ ਮਲਾਹ, ਲੋਕਮਾਤ ਮਿਲੇ ਵਡਿਆਈਆ । ਗੁਰਸਿਖ ਗੁਰ ਕੀ ਸਲਾਹ, ਸਿਫ਼ਤੀ ਸਿਫ਼ਤ ਭਰਾਈਆ । ਗੁਰਸਿਖ ਗੁਰ ਕਾ ਨਾਂ, ਬਿਨ ਗੁਰਸਿਖ ਗੁਰ ਕਾ ਨਾਉਂ ਨਾ ਕੋਇ ਧਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਦੇਵੇ ਮਾਣ ਵਡਿਆਈਆ । ਗੁਰਸਿਖ ਗੁਰ ਕਾ ਸੱਜਣ, ਸਗਲਾ ਸੰਗ ਨਿਭਾਇੰਦਾ । ਗੁਰਸਿਖ ਗੁਰ ਕਾ ਮਜਨ, ਅੰਦਰ ਵੜ ਵੜ ਸਤਿਗੁਰ ਪੂਰਾ ਸਚ ਸਰੋਵਰ ਤਾਰੀ ਲਾਇੰਦਾ । ਗੁਰਸਿਖ ਗੁਰ ਕਾ ਪਰਦੇ ਕੱਜਣ, ਗੁਰਸਿਖ ਕਾਇਆ ਓਢਣ ਆਪ ਹੰਢਾਇੰਦਾ । ਗੁਰਸਿਖ ਗੁਰ ਕਾ ਜਹਾਜ਼ਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਬੇੜਾ ਆਪ ਚਲਾਇੰਦਾ । ਗੁਰਸਿਖ ਗੁਰ ਕਾ ਤਾਜ, ਸੀਸ ਜਗਦੀਸ ਦਏ ਵਡਿਆਈਆ । ਗੁਰਸਿਖ ਗੁਰ ਕਾ ਰਾਜ, ਹੁਕਮ ਮੰਨੇ ਚਾਈਂ ਚਾਈਂਆ । ਗੁਰਸਿਖ ਗੁਰ ਕਾ ਸਮਾਜ, ਦੂਜੀ ਵੰਡ ਨਾ ਕੋਇ ਵੰਡਾਈਆ । ਗੁਰਸਿਖ ਗੁਰ ਦੀ ਰੱਖੇ ਲਾਜ, ਬਿਨ ਗੁਰਸਿਖਾਂ ਗੁਰੂ ਦੇਵੇ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਨਾਤਾ ਜੋੜ ਜੁੜਾਈਆ । ਗੁਰਸਿਖ ਗੁਰ ਕਾ ਨਾਤਾ, ਚਰਨ ਕਵਲ ਚਿਤ ਲਾਇੰਦਾ । ਗੁਰਸਿਖ ਗੁਰ ਕਾ ਸਾਥਾ, ਸਗਲਾ ਸੰਗ ਨਿਭਾਇੰਦਾ । ਗੁਰਸਿਖ ਗੁਰ ਕਾ ਮਾਥਾ, ਮਸਤਕ ਵੇਖ ਵਖਾਇੰਦਾ । ਗੁਰਸਿਖ ਗੁਰ ਕਾ ਪਾਠਾ, ਪੂਜਾ ਗੁਰਮੁਖ ਰੂਪ ਵਟਾਇੰਦਾ । ਗੁਰਸਿਖ ਗੁਰ ਕਾ ਪੂਰਾ ਕਰੇ ਘਾਟਾ, ਬਿਨ ਗੁਰਸਿਖਾਂ ਝੋਲੀ ਨਾ ਕੋਇ ਭਰਾਇੰਦਾ । ਗੁਰਸਿਖ ਗੁਰ ਕੀ ਜ਼ਾਤਾ, ਵਰਨ ਬਰਨ ਨਾ ਕੋਇ ਜਣਾਇੰਦਾ । ਗੁਰਸਿਖ ਗੁਰ

ਕਾ ਗਾਏ ਸਾਕਾ, ਸ਼ਬਦੀ ਢੋਲਾ ਇਕ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਆਪਣਾ ਮੇਲ ਮਿਲਾਇੰਦਾ । ਗੁਰਸਿਖ ਗੁਰ ਕਾ ਨਾਦ, ਅਨਹਦ ਰਾਗ ਸੁਣਾਈਆ । ਗੁਰਸਿਖ ਗੁਰ ਕਾ ਸੁਆਦ, ਰਸ ਇਕੋ ਇਕ ਚਖਾਈਆ । ਗੁਰਸਿਖ ਗੁਰ ਕਾ ਬ੍ਰਿਮਾਦ, ਜਿਸ ਗ੍ਰਿਹਿ ਗੁਰ ਫਿਰੇ ਚਾਈਂ ਚਾਈਂਆ । ਗੁਰਸਿਖ ਗੁਰ ਕਾ ਸਾਜ, ਢੋਲਕ ਛੈਣਾ ਨਾ ਕੋਇ ਵਜਾਈਆ । ਗੁਰਸਿਖ ਗੁਰ ਕਾ ਨਾਜ਼, ਬਿਨ ਗੁਰਸਿਖ ਸਤਿਗੁਰ ਨਾਚ ਨਾ ਕੋਇ ਨਚਾਈਆ । ਗੁਰਸਿਖ ਗੁਰ ਕੀ ਆਵਾਜ਼, ਬਿਨ ਗੁਰਸਿਖ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਰਾਮ ਨਾਮ ਨਾ ਕੋਇ ਧਿਆਈਆ । ਗੁਰਸਿਖ ਗੁਰ ਕਾ ਅੰਗਣ, ਅੰਗੀਕਾਰ ਕਰਾਇੰਦਾ । ਗੁਰਸਿਖ ਗੁਰ ਕਾ ਕੰਗਣ, ਹੱਥੀਂ ਬਾਹੀਂ ਆਪ ਲਟਕਾਇੰਦਾ । ਗੁਰਸਿਖ ਗੁਰ ਕਾ ਤੰਦਨ, ਡੋਰੀ ਨਾਮ ਤੰਦ ਬੰਧਾਇੰਦਾ । ਗੁਰਸਿਖ ਗੁਰ ਇਕ ਦੂਜੇ ਤੋਂ ਦੋਵੇਂ ਮੰਗਣ, ਬਿਨਾਂ ਪਿਆਰ ਗੁਰਸਿਖ ਗੁਰ ਕੰਮ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗੁਰਮੁਖ ਵੱਡਾ ਵਡ ਵਡਿਆਇੰਦਾ । ਗੁਰਸਿਖ ਗੁਰ ਕਾ ਜਾਪ, ਜਪਤ ਜਪਤ ਸੁਖ ਪਾਈਆ । ਗੁਰਸਿਖ ਗੁਰ ਕਾ ਪਾਠ, ਪੜ੍ਹ ਪੜ੍ਹ ਕਰੇ ਪੜ੍ਹਾਈਆ । ਗੁਰਸਿਖ ਗੁਰ ਕਾ ਠਾਠ, ਸਰ ਸਰੋਵਰ ਦਏ ਵਡਿਆਈਆ । ਗੁਰਸਿਖ ਗੁਰ ਕਾ ਹਾਟ, ਬਣ ਵਣਜਾਰਾ ਹੱਟ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਗੁਰਸਿਖ ਏਕਾ ਘਰ ਵਖਾਈਆ । ਗੁਰਸਿਖ ਗੁਰ ਕਾ ਘਰ, ਹਰਿ ਮੰਦਰ ਨਾਉਂ ਰਖਾਇੰਦਾ । ਗੁਰਸਿਖ ਅੰਦਰ ਗੁਰ ਸਤਿਗੁਰ ਜਾਏ ਵੜ, ਔਂਦਾ ਜਾਂਦਾ ਨਜ਼ਰ ਨਾ ਆਇੰਦਾ । ਗੁਰਸਿਖ ਗੁਰ ਸੁਰਤੀ ਸ਼ਬਦੀ ਬੰਨ੍ਹੇ ਲੜ, ਪਲੂ ਗੰਢ ਪੁਆਇੰਦਾ । ਗੁਰਸਿਖ ਗੁਰ ਦਰਸ਼ਨ ਦੇਵੇ ਅੱਗੇ ਖੜ, ਸਵਛ ਸਰੂਪੀ ਰੂਪ ਵਟਾਇੰਦਾ । ਅੰਤ ਗੁਰਸਿਖ ਗੁਰ ਦੋਵੇਂ ਜਾਣ ਰਲ, ਸੀਸ ਧੜ ਨਾ ਕੋਇ ਵਖਾਇੰਦਾ । ਇਕ ਦੂਜੇ ਦਾ ਮਿਲੇ ਇਕੋ ਜਿਹਾ ਫਲ, ਕਾਣੀ ਵੰਡ ਨਾ ਕੋਇ ਵੰਡਾਇੰਦਾ । ਅੱਗੇ ਪਿਛੇ ਜਾਣ ਚਲ, ਰਾਹ ਵਿਚ ਨਾ ਕੋਇ ਅਟਕਾਇੰਦਾ । ਦੋਵੇਂ ਸਚਖੰਡ ਦੁਆਰ ਬਹਿਣ ਮੱਲ, ਜਿਥੇ ਦੂਜਾ ਨਜ਼ਰ ਕੋਇ ਨਾ ਆਇੰਦਾ । ਦੋਹਾਂ ਦਾ ਸਵਾਲ ਹੋਏ ਹੱਲ, ਬਾਕੀ ਰੂਪ ਨਾ ਕੋਇ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗ਼ਰੀਬ ਨਿਮਾਣਿਆਂ ਗੁਰਸਿਖਾਂ ਗੁਰਮੁਖਾਂ ਸ਼ਬਦੀ ਦੇਵੇ ਦਾਨ, ਬਿਨ ਸ਼ਬਦ ਗੁਰ ਪਾਰ ਨਾ ਕੋਇ ਕਰਾਇੰਦਾ ।



### ❊ ੨੨ ਮੱਘਰ ੨੦੧੯ ਬਿਕਰਮੀ ਚਰਨ ਸਿੰਘ ਦੇ ਘਰ ਪਿੰਡ ਅਨਤੋਰ ਜ਼ਿਲਾ ਗੁਰਦਾਸਪੁਰ ❊

ਸੋ ਪੁਰਖ ਨਿਰੰਜਣ ਸ਼ਾਹ ਸੁਲਤਾਨ, ਬੇਅੰਤ ਬੇਪਰਵਾਹੀਆ । ਸਚਖੰਡ ਨਿਵਾਸੀ ਖੇਲ ਮਹਾਨ, ਸ਼ਹਿਨਸ਼ਾਹ ਇਕੋ ਇਕ ਵਡਿਆਈਆ । ਤਖ਼ਤ ਨਿਵਾਸੀ ਮਿਹਰਵਾਨ, ਦਰਗਾਹ ਸਾਚੀ ਰੰਗ ਰੰਗਾਈਆ । ਹਰਿ ਪੁਰਖ ਨਿਰੰਜਣ ਦੇਵਣਹਾਰਾ ਸਾਚਾ ਦਾਨ, ਵਸਤ ਅਮੋਲਕ ਆਪ ਵਰਤਾਈਆ । ਆਦਿ ਨਿਰੰਜਣ ਨੂਰ ਮਹਾਨ, ਜੋਤੀ ਜਾਤਾ ਜੋਤ ਰੁਸ਼ਨਾਈਆ । ਅਬਿਨਾਸ਼ੀ ਕਰਤਾ ਵਡ ਬਲਵਾਨ, ਬਲ ਆਪਣਾ ਆਪ ਪਰਗਟਾਈਆ । ਸ੍ਰੀ ਭਗਵਾਨ ਸਚ ਨਿਸ਼ਾਨ, ਸਚ ਦੁਆਰੇ ਆਪ ਝੁਲਾਈਆ । ਪਾਰਬ੍ਰਹਮ ਪ੍ਰਭ ਕਰ ਪਰਵਾਨ, ਸਤਿ ਪਰਵਾਨਾ ਹੱਥ ਫੜਾਈਆ । ਦੋ ਜਹਾਨਾਂ ਹੁਕਮਰਾਨ,

ਸਤਿ ਸੰਦੇਸ਼ਾ ਇਕ ਸੁਣਾਈਆ । ਜੁਗ ਚੌਕੜੀ ਖੇਲ ਮਹਾਨ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਾਚੀ ਖੇਲ ਰਚਾਈਆ । ਸਚਖੰਡ ਨਿਵਾਸੀ ਏਕੰਕਾਰ, ਅਕਲ ਕਲਾ ਅਖਵਾਇੰਦਾ । ਮੁਕਾਮੇ ਹੱਕ ਨੂਰ ਉਜਿਆਰ, ਮਿਹਬਾਨ ਬੀਦੋ ਰੂਪ ਧਰਾਇੰਦਾ । ਪਰਵਰਦਿਗਾਰ ਸਾਂਝਾ ਯਾਰ, ਸਹੀ ਸਲਾਮਤ ਖੇਲ ਕਰਾਇੰਦਾ । ਸ਼ਾਹੋ ਭੂਪ ਬਣ ਸਿਕਦਾਰ, ਧੁਰ ਫ਼ੁਰਮਾਣਾ ਹੁਕਮ ਸੁਣਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਕਰੇ ਖ਼ਬਰਦਾਰ, ਵਿਸ਼ਨ ਬ੍ਰਹਮਾ ਸ਼ਿਵ ਉਠਾਇੰਦਾ । ਤ੍ਰੈਗੁਣ ਮਾਇਆ ਦੇ ਆਧਾਰ, ਪੰਜ ਤੱਤ ਪਰਦਾ ਆਪੇ ਲਾਹਿੰਦਾ । ਦੇਵਤ ਸੁਰ ਕਰੇ ਵਿਚਾਰ, ਬਚਿਆ ਕੋਇ ਰਹਿਣ ਨਾ ਪਾਇੰਦਾ । ਲੱਖ ਚੁਰਾਸੀ ਖੋਲ੍ਹ ਕਵਾੜ, ਅੰਡਜ ਜੇਰਜ ਉਤਭੁਜ ਸੇਤਜ ਆਪਣਾ ਭੇਵ ਜਣਾਇੰਦਾ । ਲੇਖਾ ਜਾਣ ਗੁਰੂ ਅਵਤਾਰ, ਪੀਰ ਪੈਗ਼ੰਬਰ ਨਾਲ ਮਿਲਾਇੰਦਾ । ਭਗਤਨ ਦੇਵੇ ਸਚ ਸਹਾਰ, ਸਿਰ ਆਪਣਾ ਹੱਥ ਟਿਕਾਇੰਦਾ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਖੇਲੇ ਖੇਲ ਅਗੰਮ ਅਪਾਰ, ਅਲਖ ਅਗੋਚਰ ਅੰਤ ਕੋਇ ਨਾ ਆਇੰਦਾ । ਜੋਤੀ ਜਾਤਾ ਪੁਰਖ ਬਿਧਾਤਾ ਇਕ ਇਕੱਲਾ ਏਕੰਕਾਰ, ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਜੁਗ ਆਪਣਾ ਰਾਹ ਚਲਾਇੰਦਾ । ਜੁਗ ਜੁਗ ਚਲਾਏ ਰਾਹ, ਸੋ ਪੁਰਖ ਨਿਰੰਜਣ ਵੱਡੀ ਵਡਿਆਈਆ । ਹਰਿ ਪੁਰਖ ਨਿਰੰਜਣ ਬਣ ਮਲਾਹ, ਦੋ ਜਹਾਨਾਂ ਬੇੜਾ ਕੰਧ ਉਠਾਈਆ । ਏਕੰਕਾਰ ਦਏ ਸਲਾਹ, ਸਿਫ਼ਤੀ ਸਿਫ਼ਤ ਸਿਫ਼ਤ ਸਾਲਾਹੀਆ । ਆਦਿ ਨਿਰੰਜਣ ਨੂਰ ਧਰਾ, ਜੋਤੀ ਜੋਤ ਡਗਮਗਾਈਆ । ਅਬਿਨਾਸ਼ੀ ਕਰਤਾ ਬੇਪਰਵਾਹ, ਬੇਐਬ ਨਾਉਂ ਖ਼ੁਦਾਈਆ । ਸ੍ਰੀ ਭਗਵਾਨ ਸਾਚੇ ਤਖ਼ਤ ਚਰਨ ਛੁਹਾ, ਸੀਸ ਜਗਦੀਸ ਵਡ ਵਡਿਆਈਆ । ਪਾਰਬ੍ਰਹਮ ਭੇਦ ਅਭੇਦ ਖੁਲ੍ਹਾ, ਪਰਦਾ ਉਹਲਾ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰਗਾਹ ਸਾਚੀ ਖ਼ੁਸ਼ੀ ਮਨਾਈਆ । ਦਰਗਾਹ ਸਾਚੀ ਖੇਲ ਅਵੱਲਾ, ਹਰਿ ਸਤਿਗੁਰ ਆਪ ਕਰਾਇੰਦਾ । ਸ੍ਰੀ ਭਗਵਾਨ ਇਕ ਇਕੱਲਾ, ਸਚ ਸਿੰਘਾਸਣ ਲਾਇੰਦਾ । ਸਚ ਸੰਦੇਸਾ ਇਕੋ ਘੱਲਾ, ਜੁਗ ਜੁਗ ਆਪਣਾ ਹੁਕਮ ਮਨਾਇੰਦਾ । ਨਿਰਗੁਣ ਸਰਗੁਣ ਫੜਾਏ ਪੱਲਾ, ਪੱਲੂ ਆਪਣੀ ਗੰਢ ਦਵਾਇੰਦਾ । ਦੀਪਕ ਜੋਤੀ ਏਕਾ ਬਲਾ, ਸ਼ਬਦੀ ਨਾਦ ਨਾਦ ਵਜਾਇੰਦਾ । ਵਸਣਹਾਰਾ ਜਲਾਂ ਥਲਾਂ, ਜੰਗਲ ਜੂਹ ਉਜਾੜ ਪਹਾੜ ਉਚੇ ਟਿੱਲੇ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਚੌਕੜੀ ਬੰਧਨ ਪਾਇੰਦਾ । ਜੁਗ ਚੌਕੜੀ ਖੇਲ ਅਪਾਰ, ਸ੍ਰੀ ਭਗਵਾਨ ਆਪ ਕਰਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇ ਅਧਾਰ, ਸਚ ਸੁੱਚ ਕਰੇ ਪੜ੍ਹਾਈਆ । ਏਕਾ ਨਾਮ ਸਤਿ ਜੈਕਾਰ, ਸਤਿ ਸਤਿ ਢੋਲਾ ਦਏ ਸੁਣਾਈਆ । ਸੱਚਾ ਸੇਵਕ ਸੇਵਾਦਾਰ, ਖ਼ਾਕ ਖ਼ਾਕੀ ਮਸਤਕ ਟਿੱਕਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਚੌਕੜੀ ਖੇਲ ਕਰਾਈਆ । ਜੁਗ ਚੌਕੜੀ ਉਤਰੇ ਪਾਰ, ਅੰਤ ਰਹਿਣ ਕੋਇ ਨਾ ਪਾਇਆ । ਸੇਵਾ ਕਰ ਗੁਰ ਅਵਤਾਰ, ਪੀਰ ਪੈਗ਼ੰਬਰ ਚੋਲਾ ਪੰਜ ਤੱਤ ਹੰਢਾਇਆ । ਨਾਮ ਸੰਦੇਸਾ ਦੇ ਸੰਸਾਰ, ਭੇਵ ਅਭੇਵ ਖੁਲ੍ਹਾਇਆ । ਊਚੀ ਕੂਕ ਕੂਕ ਪੁਕਾਰ, ਬ੍ਰਹਮ ਪਾਰਬ੍ਰਹਮ ਨਾਦ ਵਜਾਇਆ । ਆਤਮ ਪਰਮਾਤਮ ਖੋਲ੍ਹ ਕਵਾੜ, ਬੰਦ ਤਾਕੀ ਕੁੰਡਾ ਲਾਹਿਆ । ਲੇਖਾ ਲਿਖਤ ਅਗੰਮ ਅਪਾਰ, ਕਲਮ ਸ਼ਾਹੀ ਰੰਗ ਚੜ੍ਹਾਇਆ । ਅੰਤਮ ਸਾਰੇ ਗਏ ਹਾਰ, ਬੇਅੰਤ ਭੇਵ ਨਾ ਕਿਸੇ

ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਜੁਗ ਆਪਣਾ ਰੰਗ ਰੰਗਾਇਆ । ਜੁਗ ਜੁਗ ਹਰਿ ਜੂ ਰੰਗੇ ਰੰਗ, ਰੰਗਣਹਾਰਾ ਨਜ਼ਰ ਨਾ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਆਤਮ ਸੇਜ ਹੰਢਾਏ ਪਲੰਘ, ਸਚ ਸਿੰਘਾਸਣ ਆਸਣ ਲਾਈਆ । ਅੰਮ੍ਰਿਤ ਸਰੋਵਰ ਸਚ ਧਾਰ ਵਹਾਏ ਗੰਗ, ਗੰਗਾ ਸੁਰਸਤੀ ਜਮਨਾ ਗੋਦਾਵਰੀ ਮੁਖ ਸ਼ਰਮਾਈਆ । ਬ੍ਰਹਮ ਪਾਰਬ੍ਰਹਮ ਦੇਵੇ ਇਕ ਅਨੰਦ, ਅਨੰਦ ਅਨੰਦ ਵਿਚ ਵਖਾਈਆ । ਈਸ਼ ਜੀਵ ਚਾੜ੍ਹੇ ਚੰਦ, ਨਿਰਗੁਣ ਸਰਗੁਣ ਜੋਤ ਰੁਸ਼ਨਾਈਆ । ਪੰਜ ਵਿਕਾਰਾ ਕਰੇ ਖੰਡ ਖੰਡ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਹੋਏ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਸੇਵਾ ਲਾਈਆ । ਜੁਗ ਚੌਕੜੀ ਸੇਵਾਦਾਰ, ਗੁਰ ਅਵਤਾਰ ਜਣਾਇੰਦਾ । ਸਤਿਜੁਗ ਤ੍ਰੇਤਾ ਉਤਰਿਆ ਪਾਰ, ਦੁਆਪਰ ਆਪਣਾ ਰੰਗ ਵਖਾਇੰਦਾ । ਭਗਤ ਵਛਲ ਹਰਿ ਗਿਰਧਾਰ, ਮੁਕੰਦ ਮਨੋਹਰ ਲਖਮੀ ਨਰਾਇਣ ਨੈਣ ਆਪਣਾ ਇਕ ਖੁਲ੍ਹਾਇੰਦਾ । ਕਲਜੁਗ ਖੇਲ ਕਰੇ ਪਰਵਰਦਿਗਾਰ, ਨੂਰ ਨੁਰਾਨਾ ਡਗਮਗਾਇੰਦਾ । ਈਸਾ ਮੂਸਾ ਕਰੇ ਖਬਰਦਾਰ, ਬੇਖ਼ਬਰ ਖ਼ਬਰ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਆਪ ਸੁਣਾਇੰਦਾ । ਸਚ ਸੰਦੇਸਾ ਜੁਗੋ ਜੁਗ, ਜੁਗ ਕਰਤਾ ਆਪ ਜਣਾਈਆ । ਕਲਜੁਗ ਅੰਤਮ ਔਧ ਰਹੀ ਪੁਗ, ਪੁਰਖ ਅਬਿਨਾਸ਼ੀ ਪੰਧ ਮੁਕਾਈਆ । ਸ੍ਰਿਸ਼ਟ ਸਬਾਈ ਲੱਗਾ ਦੁੱਖ, ਹੰਸ ਮੁਖ ਨਾ ਕੋਇ ਵਡਿਆਈਆ । ਮਾਇਆ ਮਮਤਾ ਹਉਮੇ ਹੰਗਤਾ ਆਸਾ ਤ੍ਰਿਸਨਾ ਲੱਗੀ ਭੁੱਖ, ਧੀਰਜ ਧੀਰ ਨਾ ਕੋਈ ਧਰਾਈਆ । ਸੁਫਲ ਨਾ ਦਿਸੇ ਕੋਈ ਕੁੱਖ, ਭਗਤ ਭਗਵੰਤ ਨਾ ਕੋਈ ਮਿਲਾਈਆ । ਚਾਰੋਂ ਕੁੰਟ ਲੱਗਾ ਦੁੱਖ, ਦੁਖੀਆਂ ਦੁੱਖ ਨਾ ਕੋਈ ਗਵਾਈਆ । ਮਾਤ ਗਰਭ ਉਲਟਾ ਰੁਖ, ਦਸ ਦਸ ਮਾਸ ਅਗਨ ਤਪਾਈਆ । ਜਗਤ ਵਿਕਾਰਾ ਰਿਹਾ ਲੁੱਟ, ਠੱਗ ਚੋਰ ਯਾਰ ਦੇਣ ਦੁਹਾਈਆ । ਹੋਏ ਪਰਕਾਸ਼ ਨਾ ਨਿਰਮਲ ਜੋਤ, ਸ਼ਬਦ ਨਾਦ ਨਾ ਕੋਇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖੇ ਸਰਬ ਲੋਕਾਈਆ । ਕਲਜੁਗ ਅੰਤਮ ਵੇਖਣ ਆਇਆ, ਪਾਰਬ੍ਰਹਮ ਕਰਤਾਰ । ਲੱਖ ਚੁਰਾਸੀ ਤ੍ਰੈਗੁਣ ਮਾਇਆ, ਪੰਜ ਤੱਤ ਕਰੇ ਖੁਆਰ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਪੜ੍ਹ ਪੜ੍ਹ ਐਵੇਂ ਵਕਤ ਲੰਘਾਇਆ, ਮਿਲਿਆ ਮੇਲ ਨਾ ਸ੍ਰੀ ਭਗਵਾਨ । ਖਾਣੀ ਬਾਣੀ ਤੀਰ ਨਿਸ਼ਾਨਾ ਨਾ ਕਿਸੇ ਲਗਾਇਆ, ਬਜਰ ਕਪਾਟੀ ਨਾ ਕੋਈ ਪਾਰ । ਅਠਸਠ ਤੀਰਥ ਨਹਾਵਣ ਨਹਾਇਆ, ਦੁਰਮਤ ਮੈਲ ਨਾ ਦੇਵੇ ਕੋਈ ਉਤਾਰ । ਆਤਮ ਪਰਮਾਤਮ ਰੰਗ ਨਾ ਕਿਸੇ ਚੜ੍ਹਾਇਆ, ਸਾਧ ਸੰਤ ਹੁੰਦੇ ਫਿਰਨ ਖੁਆਰ । ਪਾਰਬ੍ਰਹਮ ਬ੍ਰਹਮ ਪਰਦਾ ਨਾ ਕਿਸੇ ਉਠਾਇਆ, ਨਿਰਮਲ ਜੋਤ ਨਾ ਕੋਇ ਉਜਿਆਰ । ਅਨਹਦ ਨਾਦੀ ਨਾਦ ਨਾ ਕਿਸੇ ਵਜਾਇਆ, ਕਾਇਆ ਮੰਦਰ ਅੰਦਰ ਡੂੰਘੀ ਕੰਦਰ ਖੋਲ੍ਹ ਕਿਵਾੜ । ਗੁਰ ਅਵਤਾਰ ਪੀਰ ਪੈਗ਼ੰਬਰ ਨਜ਼ਰ ਕਿਸੇ ਨਾ ਆਇਆ, ਰਾਤੀ ਸੁੱਤਿਆਂ ਹੋਏ ਖੁਆਰ । ਸਵਛ ਸਰੂਪੀ ਰੂਪ ਨਾ ਕੋਇ ਧਰਾਇਆ, ਸ਼ਾਹੋ ਭੂਪੀ ਮਿਲੇ ਨਾ ਏਕੰਕਾਰ । ਚਾਰੇ ਕੂਟੀ ਫੇਰਾ ਪਾਇਆ, ਦਹਿ ਦਿਸ਼ਾ ਹੋਏ ਹੈਰਾਨ । ਜੂਠਾ ਝੂਠਾ ਵਣਜ ਕਰਾਇਆ, ਸਚ ਸੁਚ ਨਾ ਕੋਇ ਆਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਗੰਮ ਅਪਾਰ । ਅਗੰਮ ਅਪਾਰਾ ਖੇਲ ਨਿਆਰਾ, ਨਿਰਗੁਣ ਸਰਗੁਣ ਰਿਹਾ ਜਣਾਈਆ । ਲੇਖਾ ਜਾਣ ਗੁਰ ਅਵਤਾਰਾ, ਪੀਰ ਪੈਗ਼ੰਬਰਾਂ ਰਿਹਾ ਮਨਾਈਆ । ਕਲਜੁਗ ਅੰਤਮ ਹੋ ਉਜਿਆਰਾ, ਨਿਰਗੁਣ ਜੋਤ ਜੋਤ ਰੁਸ਼ਨਾਈਆ । ਨਿਹਕਲੰਕ ਸ੍ਰੀ ਭਗਵਾਨ

ਵਡ ਸਿਕਦਾਰਾ, ਧੁਰ ਫ਼ਰਮਾਣਾ ਹੁਕਮ ਜਣਾਈਆ । ਚਾਰੋਂ ਕੁੰਟ ਮੇਟੇ ਅੰਧ ਅੰਧਿਆਰਾ, ਰੈਣ ਅੰਧੇਰੀ ਦਏ ਮਿਟਾਈਆ । ਸਚ ਸੁਚ ਕਰੇ ਵਰਤਾਰਾ, ਸਚ ਸੰਦੇਸਾ ਇਕ ਸੁਣਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਦਏ ਅਧਾਰਾ, ਚਾਰ ਵਰਨ ਏਕਾ ਰੰਗ ਰੰਗਾਈਆ । ਅਠਾਰਾਂ ਬਰਨ ਖੋਲ੍ਹ ਕਿਵਾੜਾ, ਅਭੇਵ ਅਭੇਦ ਸਮਝਾਈਆ । ਅਗਨੀ ਤੱਤ ਨਾ ਲੱਗੇ ਹਾੜਾ, ਅੰਮ੍ਰਿਤ ਮੇਘ ਇਕ ਬਰਸਾਈਆ । ਕਰ ਪਰਕਾਸ਼ ਬਹੱਤਰ ਨਾੜਾ, ਜਲਵਾ ਨੂਰ ਨੂਰ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਕਲਜੁਗ ਅੰਤਮ ਖੇਲ ਅਪਾਰ, ਸਤਿ ਪੁਰਖ ਨਿਰੰਜਣ ਆਪ ਕਰਾਇੰਦਾ । ਸਚਖੰਡ ਨਿਵਾਸੀ ਸਚ ਦਰਬਾਰ, ਘਰ ਸਾਚੇ ਆਪ ਲਗਾਇੰਦਾ । ਇਕੱਠੇ ਕਰ ਤੇਈ ਅਵਤਾਰ, ਹੁਕਮੀ ਹੁਕਮ ਆਪ ਜਣਾਇੰਦਾ । ਨੇਤਰ ਖੋਲ੍ਹ ਵੇਖੇ ਸੰਸਾਰ, ਕਲਜੁਗ ਆਪਣਾ ਰੰਗ ਵਟਾਇੰਦਾ । ਸ੍ਰਿਸ਼ਟ ਸਬਾਈ ਧੂਆਂਧਾਰ, ਹਰਿ ਕਾ ਨਾਮ ਚੰਦ ਨਾ ਕੋਈ ਚਮਕਾਇੰਦਾ । ਪੜ੍ਹ ਪੜ੍ਹ ਥੱਕੇ ਜੀਵ ਗਵਾਰ, ਪੜ੍ਹਿਆਂ ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸੁਣਾਇੰਦਾ । ਸਚ ਸੰਦੇਸਾ ਹਰਿਜਨ ਭਗਤ, ਸ੍ਰੀ ਭਗਵਾਨ ਆਪ ਸੁਣਾਈਆ । ਨੇਤਰ ਵੇਖੇ ਲੋਕਮਾਤ ਜਗਤ, ਚਾਰੋਂ ਕੁੰਟ ਅੰਧੇਰਾ ਛਾਈਆ । ਲੱਖ ਚੁਰਾਸੀ ਉਬਲੇ ਬੂੰਦ ਰਕਤ, ਧੀਰਜ ਧੀਰ ਨਾ ਕੋਈ ਧਰਾਈਆ । ਕਾਮ ਕਰੋਧ ਚੜ੍ਹਿਆ ਕਟਕ, ਆਸਾ ਤ੍ਰਿਸਨਾ ਹੋਏ ਹਲਕਾਈਆ । ਸਾਧ ਸੰਤ ਰਹੇ ਭਟਕ, ਮਨ ਵਾਸਨਾ ਨਾ ਕੋਈ ਮਿਟਾਈਆ । ਅੱਧਵਿਚਕਾਰੇ ਰਹੇ ਅਟਕ, ਮਹੱਲ ਅਟੱਲ ਚੜ੍ਹ ਦਰਸ ਕੋਈ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਵਨ ਭਗਤਾਂ ਰਿਹਾ ਜਣਾਈਆ । ਪੀਰ ਪੈਗ਼ੰਬਰ ਖੋਲ੍ਹੋ ਅੱਖ, ਪਰਵਰਦਿਗਾਰ ਆਪ ਜਣਾਇਆ । ਸਦੀ ਚੌਧਵੀਂ ਲੌਂਦੇ ਭੱਖ, ਚੌਦਾਂ ਤਬਕ ਰਹੇ ਕੁਰਲਾਇਆ । ਕਲਮਾ ਨਬੀ ਰਸੂਲ ਕਿਸੇ ਨਜ਼ਰ ਨਾ ਆਇਆ ਹੱਕ, ਹਕੀਕਤ ਰੰਗ ਨਾ ਕੋਈ ਚੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਰਿਹਾ ਜਣਾਇਆ । ਸਚ ਸੰਦੇਸਾ ਗੁਰ ਗੁਰ ਦਸ, ਹਰਿ ਜੂ ਹਰਿ ਹਰਿ ਆਪ ਸੁਣਾਇਆ । ਲੋਕਮਾਤ ਜੋ ਮਾਰਗ ਆਏ ਦੱਸ, ਆਤਮ ਪਰਮਾਤਮ ਕਰ ਪੜ੍ਹਾਈਆ । ਨੌਂ ਖੰਡ ਪ੍ਰਿਥਮੀ ਦਹਿ ਦਿਸ਼ਾ ਨਾ ਮਿਲਿਆ ਰਸ, ਨੇਤਰ ਨਾਮ ਨਾ ਕੋਈ ਵਡਿਆਈਆ । ਮਾਇਆ ਮਮਤਾ ਹਉਮੇ ਹੰਗਤਾ ਸਭ ਦਾ ਸਿਰ ਰਹੀ ਝੱਸ, ਖ਼ਾਕੀ ਖ਼ਾਕ ਖ਼ਾਕ ਉਡਾਈਆ । ਕੂੜੀ ਕਿਰਿਆ ਰਹੇ ਨੱਸ, ਹਰਿ ਜਗਤ ਪੰਧ ਨਾ ਕੋਈ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰੂ ਗੁਰ ਇਕੋ ਇਕ ਸੰਗ ਜਣਾਈਆ । ਵਿਸ਼ਨੂੰ ਉਠ ਕਰ ਧਿਆਨ, ਹਰਿ ਜੂ ਹਰਿ ਹਰਿ ਆਪ ਜਣਾਇੰਦਾ । ਚਾਰੋਂ ਕੁੰਟ ਦਿਸੇ ਵੈਰਾਨ, ਵੈਰੀ ਘਰ ਘਰ ਨਜ਼ਰੀ ਆਇੰਦਾ । ਕੋਈ ਨਾ ਦੇਵੇ ਕਿਸੇ ਮਾਣ, ਘਰ ਘਰ ਰਿਜ਼ਕ ਨਾ ਕੋਇ ਪੁਚਾਇੰਦਾ । ਗ਼ਰੀਬ ਨਿਮਾਣੇ ਸਰਬ ਕੁਰਲਾਣ, ਧੀਰਜ ਧੀਰ ਨਾ ਕੋਇ ਧਰਾਇੰਦਾ । ਦੋ ਜਹਾਨ ਖੇਲ ਮਹਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸਾ ਆਪ ਸੁਣਾਇੰਦਾ । ਸਤਿ ਸੰਦੇਸਾ ਪਾਰਬ੍ਰਹਮ, ਬ੍ਰਹਮ ਵੇਤੇ ਆਪ ਜਣਾਈਆ । ਲੱਖ ਚੁਰਾਸੀ ਤੇਰਾ ਦਮ, ਦਮ ਦਮਾਂ ਵਿਚ ਸਮਾਈਆ । ਨਿਰਗੁਣ ਸਰਗੁਣ ਕਰੇ ਕੰਮ, ਨਿਹਕਰਮੀ ਕਰਮ ਕਮਾਈਆ । ਹੱਡ ਮਾਸ ਨਾੜੀ ਰੱਤ ਚੰਮ, ਮਨ ਮਤ ਬੁੱਧ ਕਰ ਕੁੜਮਾਈਆ । ਵਸਤ ਅਮੋਲਕ ਨਾਮ ਧਨ, ਗ੍ਰਿਹ ਮੰਦਰ ਇਕ ਟਿਕਾਈਆ । ਹੋਏ ਵਸੇਰਾ ਬਿਨ ਛੱਪਰੀ ਛੰਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮੇ ਬਣਤ ਵਖਾਈਆ ।

ਸ਼ੰਕਰ ਉਠ ਭੋਲੇ ਨਾਥ, ਭੋਲੇ ਭਾਉ ਜਣਾਇੰਦਾ। ਚਾਰੋਂ ਕੁੰਟ ਦਿਸੇ ਘਾਤ, ਘਾਉ ਕਲਜੁਗ ਅੰਤ ਲਗਾਇੰਦਾ। ਸਚ ਨਾ ਦਿਸੇ ਕੋਇ ਜਮਾਤ, ਅੱਖਰ ਆਖ਼ਰ ਨਾ ਕੋਇ ਪੜ੍ਹਾਇੰਦਾ। ਸ੍ਰਿਸ਼ਟ ਸਬਾਈ ਅੰਧੇਰੀ ਰਾਤ, ਜਲਵਾ ਨੂਰ ਨਾ ਕੋਇ ਦਰਸਾਇੰਦਾ। ਧੂੜੀ ਨਾ ਰਮਾਏ ਕੋਈ ਖ਼ਾਕ, ਮਸਤਕ ਟਿੱਕਾ ਨਾ ਕੋਇ ਲਾਇੰਦਾ। ਪਈ ਲੜਾਈ ਜ਼ਾਤ ਪਾਤ, ਵਰਨ ਗੋਤ ਆਪਣਾ ਡੰਕ ਵਜਾਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ੰਕਰ ਏਕਾ ਹੁਕਮ ਸੁਣਾਇੰਦਾ। ਤ੍ਰੈਗੁਣ ਮਾਇਆ ਕਰ ਧਿਆਨ, ਸਤੋ ਰਜੋ ਤਮੋ ਆਪ ਜਣਾਈਆ। ਕਲਜੁਗ ਕੂੜੀ ਕਿਰਿਆ ਹੋਈ ਪਰਧਾਨ, ਘਰ ਘਰ ਆਪਣਾ ਡੰਕ ਵਜਾਈਆ। ਸ਼ਾਹ ਪਾਤਸ਼ਾਹ ਹੋਏ ਬੇਈਮਾਨ, ਰਾਜ ਰਾਜਾਨ ਨਾ ਕੋਇ ਵਡਿਆਈਆ। ਨਵ ਨੌਂ ਕੂੜੀ ਕਿਰਿਆ ਆਇਆ ਤੂਫ਼ਾਨ, ਗ਼ਰੀਬ ਨਿਮਾਣਿਆਂ ਰਿਹਾ ਰੁੜ੍ਹਾਈਆ। ਹਰਿ ਕਾ ਮੰਤਰ ਕੋਈ ਨਾ ਸਕੇ ਪਛਾਣ, ਗਾ ਗਾ ਥੱਕੀ ਸਰਬ ਲੋਕਾਈਆ। ਅੰਤਰ ਆਤਮ ਕਿਸੇ ਨਾ ਮਿਲਿਆ ਸ੍ਰੀ ਭਗਵਾਨ, ਭਗਵਨ ਨਜ਼ਰ ਕਿਸੇ ਨਾ ਆਈਆ। ਮੰਦਰ ਮਸਜਿਦ ਮੱਠ ਸ਼ਿਵਦੁਆਲੇ ਖੇਲੇ ਖੇਲ ਮਹਾਨ, ਬੇਪਹਿਚਾਨ ਵੇਸ ਵਟਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤ੍ਰੈਗੁਣ ਮਾਇਆ ਰਿਹਾ ਜਗਾਈਆ। ਪੰਜ ਤੱਤ ਵੇਖ ਵਿਚਾਰ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਆਪ ਜਣਾਇੰਦਾ। ਕਲਜੁਗ ਅੰਤਮ ਅੰਤਮ ਧਾਰ, ਧਰਨੀ ਧਰਤ ਧਵਲ ਸੁਹਾਇੰਦਾ। ਆਕਾਸ਼ ਪਰਕਾਸ਼ ਨਾ ਕੋਇ ਉਜਿਆਰ, ਮੰਡਲ ਮੰਡਪ ਨਾ ਕੋਇ ਵਡਿਆਇੰਦਾ। ਬ੍ਰਹਿਮੰਡ ਖੰਡ ਪੁਰੀ ਲੋਅ ਨਾ ਕੋਇ ਉਜਿਆਰ, ਸੂਰਜ ਚੰਦ ਨਾ ਕੋਇ ਚਮਕਾਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਚਮ ਭੇਵ ਅਭੇਦ ਜਣਾਇੰਦਾ। ਪੰਜ ਤੱਤ ਅੰਦਰ ਮਨ ਮਤ ਬੁੱਧ, ਬੁੱਧੀ ਏਕਾ ਹੁਕਮ ਸੁਣਾਈਆ। ਮਨ ਵਾਸਨਾ ਰਹੀ ਕੁੱਦ, ਮੱਤ ਮਤਵਾਲੀ ਦਏ ਦੁਹਾਈਆ। ਬੁੱਧ ਬਬੇਕੀ ਪਏ ਉਠ, ਜਿਸ ਜਨ ਆਪਣੀ ਦਇਆ ਕਮਾਈਆ। ਜਗਤ ਜੀਵ ਦਰ ਘਰ ਸਾਚਿਉਂ ਗਏ ਰੁੱਠ, ਸਚ ਧਿਆਨ ਨਾ ਕੋਇ ਲਗਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ। ਆਤਮ ਕਹੇ ਪਰਮਾਤਮ ਜਾਗ, ਜਗ ਜੀਵਣ ਦਾਤਾ ਆਪ ਜਗਾਇੰਦਾ। ਕਲਜੁਗ ਲੱਗਾ ਕੂੜਾ ਦਾਗ਼, ਬਿਨ ਸਤਿਗੁਰ ਪੂਰੇ ਨਾ ਕੋਇ ਧਵਾਇੰਦਾ। ਮਨ ਵਾਸਨਾ ਹੋਈ ਕਾਗ, ਹੰਸ ਰੂਪ ਨਾ ਕੋਇ ਵਟਾਇੰਦਾ। ਨਿਰਮਲ ਜੋਤ ਨਾ ਜਗੇ ਚਿਰਾਗ਼, ਅੰਧ ਅੰਧੇਰ ਨਾ ਕੋਇ ਗਵਾਇੰਦਾ। ਨਾਤਾ ਜੁੜਿਆ ਜੂਠੇ ਝੂਠੇ ਸੱਜਣ ਸਾਕ, ਗੁਰ ਸ਼ਬਦੀ ਸੰਗ ਨਾ ਕੋਇ ਨਿਭਾਇੰਦਾ। ਮਸਤਕ ਟਿੱਕਾ ਕੋਇ ਨਾ ਲਾਏ ਧੂੜੀ ਖ਼ਾਕ, ਖ਼ਾਕੀ ਖ਼ਾਕ ਨਾ ਕੋਇ ਰਮਾਇੰਦਾ। ਗ੍ਰਿਹਿ ਗ੍ਰਿਹਿ ਲੱਗੀ ਮਾਇਆ ਆਗ, ਅਗਨੀ ਤੱਤ ਨਾ ਕੋਇ ਬੁਝਾਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਾਰਬ੍ਰਹਮ ਬ੍ਰਹਮ ਆਪ ਜਗਾਇੰਦਾ। ਪਰਮਾਤਮ ਕਹੇ ਆਤਮ ਮੀਤ, ਮਿੱਤਰ ਪਿਆਰੇ ਆਪ ਜਣਾਈਆ। ਤੇਰੀ ਮੇਰੀ ਸਚ ਪ੍ਰੀਤ, ਪ੍ਰੀਤੀਵਾਨ ਰਿਹਾ ਸਮਾਈਆ। ਤੇਰਾ ਮੇਰਾ ਇਕੋ ਗੀਤ, ਸੋਹੰ ਢੋਲਾ ਕਰੇ ਪੜ੍ਹਾਈਆ। ਤੇਰਾ ਮੇਰਾ ਧਾਮ ਅਨਡੀਠ, ਜਗਤ ਨੇਤਰ ਨਜ਼ਰ ਨਾ ਆਈਆ। ਤੇਰਾ ਮੇਰਾ ਇਕੋ ਸੀਸ, ਜਗਦੀਸ ਰਿਹਾ ਸਮਝਾਈਆ। ਤੇਰੀ ਮੇਰੀ ਇਕ ਹਦੀਸ, ਇਕੋ ਇਕ ਪੜ੍ਹਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ। ਈਸ਼ ਜੀਵ ਵੇਖ ਵਿਚਾਰ, ਈਸ਼ਵਰ ਆਪ ਜਣਾਇੰਦਾ। ਕੂੜਾ ਨਾਤਾ ਜਗਤ ਸੰਸਾਰ, ਅੰਤ ਸੰਗ ਨਾ ਕੋਇ ਜਾਇੰਦਾ। ਤੇਰਾ ਮੇਰਾ ਇਕ ਵਣਜ ਵਪਾਰ, ਇਕੋ ਹੱਟ ਖੁਲ੍ਹਾਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

੩੨੭
੧੩

ਭੇਵ ਅਭੇਦ ਆਪ ਖੁਲ੍ਹਾਇੰਦਾ । ਆਤਮ ਬ੍ਰਹਮ ਜੀਵ ਪਏ ਰੋ, ਨੇਤਰ ਨੈਣਾਂ ਨੀਰ ਵਹਾਇਆ । ਕਲਜੁਗ ਤੇਰੀ ਕੋਈ ਨਾ ਦੇਵੇ ਸੋ, ਜਗਤ ਅੰਧੇਰਾ ਛਾਇਆ । ਸਾਚਾ ਬੀਜ ਨਾ ਦੇਵੇ ਕੋਈ ਬੋ, ਅੰਮ੍ਰਿਤ ਫਲ ਖਵਾਇਆ । ਘਰ ਵਿਚ ਘਰ ਨਾ ਕਰੇ ਕੋਈ ਲੋ, ਅਗਿਆਨ ਅੰਧੇਰ ਮਿਟਾਇਆ । ਸਾਚਾ ਦੇਵੇ ਨਾ ਕੋਈ ਢੋਆ ਢੋ, ਨਾਮ ਨਿਧਾਨਾ ਝੋਲੀ ਪਾਇਆ । ਤੇਰੇ ਨਾਲ ਨਾ ਸਕੇ ਛੋਹ, ਕਲਜੁਗ ਆਪਣਾ ਘੇਰਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਰਿਹਾ ਜਣਾਇਆ । ਆਤਮ ਬ੍ਰਹਮ ਨਾ ਮਾਰ ਧਾਹ, ਧੁਰਦਰਗਾਹੀ ਆਪ ਜਣਾਇੰਦਾ । ਕਲਜੁਗ ਅੰਤਮ ਗਿਆ ਆ, ਪੁਰਖ ਅਬਿਨਾਸ਼ੀ ਫੇਰਾ ਪਾਇੰਦਾ । ਚਾਰ ਕੁੰਟ ਦਹਿ ਦਿਸ਼ਾ ਵੇਖੇ ਥਾਂ ਥਾਂ, ਨਵ ਸਤ ਆਪਣਾ ਪਰਦਾ ਲਾਹਿੰਦਾ । ਭਗਤ ਭਗਵੰਤ ਲਏ ਜਗਾ, ਆਪ ਆਪਣੀ ਬੂਝ ਬੁਝਾਇੰਦਾ । ਸਾਚਾ ਰੰਗ ਦਏ ਚੜ੍ਹਾ, ਉਤਰ ਕਦੇ ਨਾ ਜਾਇੰਦਾ । ਦੁਰਮਤ ਮੈਲ ਦਏ ਧਵਾ, ਦੂਈ ਦਵੈਤੀ ਪਰਦਾ ਲਾਹਿੰਦਾ । ਸਚ ਪਰਕਾਸ਼ ਦਏ ਕਰਾ, ਜੋਤ ਨਿਰੰਜਣ ਡਗਮਗਾਇੰਦਾ । ਅਨਹਦ ਨਾਦੀ ਨਾਦ ਦਏ ਸੁਣਾ, ਬ੍ਰਹਮ ਬ੍ਰਹਿਮਾਦੀ ਆਪ ਜਣਾਇੰਦਾ । ਵਿਸਮਾਦੀ ਵਿਸਮਾਦ ਰਿਹਾ ਅਖਵਾ, ਬਿਸਮਲ ਆਪਣੀ ਧਾਰ ਜਣਾਇੰਦਾ । ਰਹਿਬਰ ਬਣ ਆਪ ਖ਼ੁਦਾ, ਖ਼ੁਦੀ ਸਭ ਦੀ ਮੇਟ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮ ਆਤਮ ਆਪ ਜਣਾਇੰਦਾ । ਬ੍ਰਹਮ ਆਤਮ ਪਿਆ ਹੱਸ, ਹੱਸ ਹੱਸ ਖ਼ੁਸ਼ੀ ਮਨਾਈਆ । ਪੁਰਖ ਅਬਿਨਾਸ਼ੀ ਹੋਇਆ ਵਸ, ਘਰ ਮਿਲਿਆ ਬੇਪਰਵਾਹੀਆ । ਦੂਰ ਦੁਰਾਡਾ ਆਇਆ ਨੱਸ, ਲੋਕਮਾਤ ਫੇਰਾ ਪਾਈਆ । ਨਾਮ ਨਿਧਾਨਾ ਤੀਰ ਮਾਰੇ ਕਸ, ਅਣਿਆਲਾ ਆਪ ਚਲਾਈਆ । ਸਾਚਾ ਮਾਰਗ ਦੇਵੇ ਦੱਸ, ਕਰੇ ਸਚ ਪੜ੍ਹਾਈਆ । ਨਿਰਮਲ ਜੋਤ ਕਰ ਪਰਕਾਸ਼, ਅੰਧ ਅੰਧੇਰ ਗਵਾਈਆ । ਏਥੇ ਓਥੇ ਦੇਵੇ ਸਾਥ, ਸਗਲਾ ਸੰਗ ਨਿਭਾਈਆ । ਇਕੋ ਦੱਸੇ ਪੂਜਾ ਪਾਠ, ਨਿਸ਼ਅੱਖਰ ਨਾਮ ਪੜ੍ਹਾਈਆ । ਇਕ ਸਰੋਵਰ ਮਾਰੇ ਠਾਠ, ਅਠਸਠ ਮਾਣ ਗਵਾਈਆ । ਮੇਲ ਮਿਲਾਏ ਕਮਲਾਪਾਤ, ਕਵਲ ਨੈਣ ਦਇਆ ਕਮਾਈਆ । ਸਾਚਾ ਮਿਲੇ ਸੱਜਣ ਸਾਕ, ਹਰਿ ਸੱਜਣ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਰਿਹਾ ਸੁਣਾਈਆ । ਆਤਮ ਬ੍ਰਹਮ ਦਇਆਵਾਨ, ਆਪਣੀ ਦਇਆ ਕਮਾਇੰਦਾ । ਸ਼ਬਦ ਅਗੰਮੀ ਦੇਵੇ ਦਾਨ, ਸੋਹੰ ਅੱਖਰ ਆਪ ਪੜ੍ਹਾਇੰਦਾ । ਇਕੋ ਮੰਦਰ ਇਕ ਮਕਾਨ, ਇਕੋ ਘਰ ਵਖਾਇੰਦਾ । ਇਕੋ ਇਸ਼ਟ ਸ੍ਰੀ ਭਗਵਾਨ, ਦੂਜਾ ਨਜ਼ਰ ਕੋਇ ਨਾ ਆਇੰਦਾ । ਇਕੋ ਸ਼ਹਿਨਸ਼ਾਹ ਸ਼ਾਹ ਰਾਜ ਰਾਜਾਨ, ਪਾਤਸ਼ਾਹ ਇਕੋ ਇਕ ਅਖਵਾਇੰਦਾ । ਇਕੋ ਹੁਕਮ ਇਕੋ ਹੁਕਮਰਾਨ, ਧੁਰ ਸੰਦੇਸਾ ਇਕ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਰਾਇੰਦਾ । ਤ੍ਰੈਗੁਣ ਮਾਇਆ ਸੋਈ ਉਠ, ਸੁਤਿਆਂ ਰੈਣ ਵਿਹਾਈਆ । ਦੀਨ ਦਿਆਲ ਠਾਕਰ ਸਵਾਮੀ ਗਿਆ ਤੁਠ, ਬੇਪਰਵਾਹ ਫੇਰਾ ਪਾਈਆ । ਕੂੜੀ ਕਿਰਿਆ ਕੱਢੇ ਕੁਟ, ਮਾਇਆ ਮਮਤਾ ਦਏ ਮਿਟਾਈਆ । ਜਗਤ ਵਾਸਨਾ ਲਏ ਲੁੱਟ, ਆਪ ਆਪਣਾ ਬਲ ਰਖਾਈਆ । ਸ੍ਰਿਸ਼ਟ ਸਬਾਈ ਕੱਢੇ ਫੁੱਟ, ਭਾਂਡਾ ਭਰਮ ਭੰਨਾਈਆ । ਕਰ ਪਰਕਾਸ਼ ਨਿਰਮਲ ਜੋਤ, ਇਸ਼ਟ ਦੇਵ ਇਕ ਅਖਵਾਈਆ । ਭਗਤ ਭਗਵਾਨ ਇਕ ਦੂਜੇ ਉਤੇ ਹੋਣ ਮੋਹਤ, ਮੋਹ ਮੁਹੱਬਤ ਆਪ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤ੍ਰੈਗੁਣ ਤੇਰਾ ਰੰਗ ਵਖਾਈਆ । ਪੰਜ ਤੱਤ ਖੋਲ੍ਹ ਅੱਖ, ਹਰਿ ਅੱਖਰ ਆਪ ਜਣਾਇੰਦਾ । ਸ੍ਰੀ ਭਗਵਾਨ ਹੋ ਪਰਤੱਖ, ਸਾਚੀ ਧਾਰ ਚਲਾਇੰਦਾ । ਸੰਤ ਸੁਹੇਲੇ ਲਏ ਰੱਖ, ਗੁਰ

ਚੇਲੇ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਡੇਰਾ ਢਾਹਿੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਹਰਿ ਜੂ ਰਿਹਾ ਜਣਾ, ਜਾਨਣਹਾਰ ਵੱਡੀ ਵਡਿਆਈਆ । ਨੇਤਰ ਖੋਲ੍ਹ ਮਾਰੋ ਧਿਆਨ, ਲੋਕਮਾਤ ਰਿਹਾ ਵਖਾਈਆ । ਸ੍ਰਿਸ਼ਟ ਸਬਾਈ ਹੋਈ ਬੇਈਮਾਨ, ਬੇਵਾ ਰੂਪ ਖ਼ੁਦਾਈਆ । ਸਚ ਨਾ ਦਿਸੇ ਕੋਈ ਈਮਾਨ, ਘਰ ਘਰ ਸ਼ਰਅ ਕਰੇ ਲੜਾਈਆ । ਨਾਤਾ ਤੁਟਾ ਅੰਜੀਲ ਕੁਰਾਨ, ਕਾਇਆ ਕੁਰਾ ਨਾ ਕੋਇ ਫੁਲਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਸਰਬ ਸ਼ਰਮਾਣ, ਨੇਤਰ ਨੈਣ ਨਾ ਕੋਇ ਉਠਾਈਆ । ਖਾਣੀ ਬਾਣੀ ਹੋਈ ਹੈਰਾਨ, ਹਰਿ ਕਾ ਭੇਵ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਰਿਹਾ ਜਣਾਈਆ । ਵਿਸ਼ਨ ਬ੍ਰਹਮਾ ਸ਼ਿਵ ਦਰ ਗਏ ਆ, ਹਰਿ ਹਰਿ ਜੂ ਆਪ ਬੁਲਾਇੰਦਾ । ਉਠੋ ਵੇਖੋ ਰਿਹਾ ਸਮਝਾ, ਸਮਝ ਸਮਝ ਨਾਲ ਮਿਲਾਇੰਦਾ । ਸਾਚਾ ਮੰਤਰ ਅੰਤਰ ਨਾ ਰਿਹਾ ਕੋਈ ਦ੍ਰਿੜਾ, ਬਸੰਤਰ ਮਾਤ ਨਾ ਕੋਇ ਬੁਝਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕਿਸੇ ਨਾ ਬਣੇ ਕੋਈ ਗਵਾਹ, ਅੱਗੇ ਹੋ ਨਾ ਕੋਇ ਛੁਡਾਇੰਦਾ । ਰਾਏ ਧਰਮ ਨੈਣ ਰਿਹਾ ਉਠਾ, ਨੇਤਰ ਨਿਜ ਖੁਲਾਇੰਦਾ । ਚਿਤਰ ਗੁਪਤ ਲੇਖਾ ਰਿਹਾ ਵਖਾ, ਪੂਰਬ ਲੇਖਾ ਖੋਲ੍ਹ ਜਣਾਇੰਦਾ । ਲਾੜੀ ਮੌਤ ਹੱਥੀਂ ਮਹਿੰਦੀ ਰਿਹਾ ਰੰਗਾ, ਲਾਲਨ ਇਕੋ ਰੰਗ ਚੜ੍ਹਾਇੰਦਾ । ਕਾਲ ਡੋਰੂ ਰਿਹਾ ਵਜਾ, ਡੰਕਾ ਆਪਣੇ ਹੱਥ ਵਖਾਇੰਦਾ । ਮਹਾਂਕਾਲ ਭੁਲਿਆ ਫਿਰੇ ਦਿਓ ਰਾਹ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਕਾਰ ਕਮਾਇੰਦਾ । ਕਲਜੁਗ ਅੰਤਮ ਜੀਵ ਜੰਤ ਸ੍ਰਿਸ਼ਟ ਸਬਾਈ ਝੂਠਾ ਨਾਤਾ ਦਏ ਤੁੜਾ, ਕੂੜੀ ਕਿਰਿਆ ਮੇਟ ਮਿਟਾਇੰਦਾ । ਹਰਿਜਨ ਹਰਿਭਗਤ ਗੁਰਮੁਖ ਗੁਰਸਿਖ ਹਰਿਸੱਜਣ ਲਏ ਮਿਲਾ, ਮੇਲ ਮਿਲਾਵਾ ਆਪ ਜਣਾਇੰਦਾ । ਡੁੱਬਦੇ ਪਾਥਰ ਪਾਹਨ ਲਏ ਤਰਾ, ਜਿਸ ਜਨ ਆਪਣਾ ਚਰਨ ਛੁਹਾਇੰਦਾ । ਆਤਮ ਪਰਮਾਤਮ ਸਾਚਾ ਰਾਗ ਦਏ ਸੁਣਾ, ਸੋਹੰ ਢੋਲਾ ਆਪ ਪੜ੍ਹਾਇੰਦਾ । ਬ੍ਰਹਮ ਪਾਰਬ੍ਰਹਮ ਪਰਦਾ ਦਏ ਉਠਾ, ਘਰ ਘਰ ਵਿਚ ਮੇਲ ਮਿਲਾਇੰਦਾ । ਅਨਹਦ ਰਾਗੀ ਰਾਗ ਦਏ ਸੁਣਾ, ਛੱਤੀ ਰਾਗ ਮੁਖ ਸ਼ਰਮਾਇੰਦਾ । ਮੇਲ ਮਿਲਾਵਾ ਸਹਿਜ ਸੁਭਾ, ਨਿਰਗੁਣ ਸਰਗੁਣ ਮੇਲ ਮਿਲਾਇੰਦਾ । ਸੇਜ ਸੁਹੰਜਣੀ ਇਕ ਹੰਢਾ, ਆਤਮ ਸੇਜਾ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਜਣਾਇੰਦਾ । ਸਚ ਸੰਦੇਸਾ ਸ੍ਰੀ ਭਗਵਾਨ, ਆਦਿ ਪੁਰਖ ਜਣਾਈਆ । ਕਲਜੁਗ ਅੰਤ ਮਿਟੇ ਨਿਸ਼ਾਨ, ਗੁਰ ਅਵਤਾਰ ਪੀਰ ਪੈਗ਼ੰਬਰ ਕੋਇ ਨਾ ਸਕੇ ਅਟਕਾਈਆ । ਸਤਿਜੁਗ ਸਾਚਾ ਬਣੇ ਵਿਧਾਨ, ਸਚ ਸੁਚ ਵੱਜੇ ਵਧਾਈਆ । ਸ੍ਰਿਸ਼ਟ ਸਬਾਈ ਇਕੋ ਨਜ਼ਰੀ ਆਏ ਕਾਹਨ, ਰਾਮ ਰਮੱਯਾ ਇਕ ਵਡਿਆਈਆ । ਨੌਂ ਖੰਡ ਪ੍ਰਿਥਮੀ ਦਿਸੇ ਇਕ ਅਮਾਮ, ਮਿਹਰਵਾਨ ਮਿਹਰਵਾਨ ਮਿਹਰਵਾਨ ਆਪਣੀ ਨਜ਼ਰ ਉਠਾਈਆ । ਦੋ ਜਹਾਨਾਂ ਇਕੋ ਹੁਕਮਰਾਨ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਗੁਰ ਅਵਤਾਰਾਂ ਮੇਲੇ ਆਣ, ਮੇਲ ਮਿਲਾਵਾ ਏਕਾ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਦ੍ਰਿੜਾਈਆ । ਸਚ ਸੰਦੇਸਾ ਸੋਹੰ ਸੋ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਆਤਮ ਪਰਮਾਤਮ ਆਪੇ ਹੋ, ਬ੍ਰਹਮ ਪਾਰਬ੍ਰਹਮ ਵੰਡ ਵੰਡਾਇੰਦਾ । ਪਰਕਾਸ਼ ਅੰਧੇਰ ਆਪੇ ਹੋ, ਸੁੰਨ ਅਗੰਮ ਆਪ ਸਮਾਇੰਦਾ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਆਪੇ ਹੋ, ਉਤਭੁਜ ਸੇਤਜ ਜੇਰਜ ਅੰਡਜ ਆਪੇ ਵੇਖ ਵਖਾਇੰਦਾ । ਆਤਮ ਸ਼ਕਤੀ ਪਰਮਾਤਮ ਸਭ ਦੀ ਲਏ ਖੋਹ, ਡੋਰ ਆਪਣੇ ਹੱਥ ਰਖਾਇੰਦਾ । ਜਨ ਭਗਤਾਂ ਕਰੇ ਸਚ ਮੋਹ, ਪਿਆਰ ਪਿਆਰ ਨਾਲ ਵਟਾਇੰਦਾ । ਦੁਰਮੱਤ ਮੈਲ ਦਰ

ਘਰ ਧੋ, ਦਵੈਤੀ ਰੰਗ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਜੁਗ ਮਾਰਗ ਆਪੇ ਲਾਇੰਦਾ । ਸਤਿਜੁਗ ਮਾਰਗ ਲੱਗੇ ਜੱਗ, ਜਗ ਜੀਵਣ ਦਾਤਾ ਆਪ ਲਗਾਈਆ । ਜਨ ਭਗਤਾਂ ਦਰਸ ਦੇਵੇ ਉਪਰ ਸ਼ਾਹ ਰਗ, ਨੌਂ ਦੁਆਰੇ ਪੰਧ ਮੁਕਾਈਆ । ਅਨਾਦ ਅਨਾਦੀ ਵਜਾਏ ਨਦ, ਬ੍ਰਹਮ ਬ੍ਰਹਿਮਾਦੀ ਆਪ ਸੁਣਾਈਆ । ਮੱਕਾ ਕਾਅਬਾ ਕਰਾਏ ਇਕੋ ਹੱਜ, ਹੁਜਰਾ ਹੱਕ ਵਖਾਈਆ । ਸ੍ਰੀ ਭਗਵਾਨ ਨਿਰਗੁਣ ਸਰੂਪ ਦੋ ਜਹਾਨ ਸਦਾ ਸੁਹੇਲਾ ਰਿਹਾ ਭੱਜ, ਔਂਦਾ ਜਾਂਦਾ ਨਜ਼ਰ ਕਿਸੇ ਨਾ ਆਇੰਦਾ । ਗ਼ਰੀਬ ਨਿਮਾਣਿਆਂ ਕੋਝਿਆਂ ਕਮਲਿਆਂ ਪਰਦਾ ਲਏ ਕੱਜ, ਸਿਰ ਆਪਣਾ ਹੱਥ ਟਿਕਾਇੰਦਾ । ਜੋ ਘੜਿਆ ਸੋ ਅੰਤਮ ਜਾਏ ਭੱਜ, ਬਚਿਆ ਕੋਇ ਰਹਿਣ ਨਾ ਪਾਇੰਦਾ । ਕਲਜੁਗ ਕਾਲ ਨਗਾਰਾ ਰਿਹਾ ਵੱਜ, ਸ੍ਰਿਸ਼ਟ ਸਬਾਈ ਆਪ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਕਲੰਕ ਆਪ ਮਿਟਾਇੰਦਾ । ਨਿਹਕਲੰਕ ਨਰਾਇਣ ਨਰ, ਨਰ ਹਰਿ ਵੱਡੀ ਵਡਿਆਈਆ । ਜੁਗ ਚੌਕੜੀ ਦੇਵਣਹਾਰਾ ਵਰ, ਸਤਿਜੁਗ ਆਪਣਾ ਰਾਹ ਵਖਾਈਆ । ਕਲਜੁਗ ਅੰਤਮ ਲਏ ਫੜ, ਹੱਥਕੜੀ ਇਕੋ ਨਾਮ ਉਠਾਈਆ । ਸਾਚਾ ਘਾੜਨ ਲਏ ਘੜ, ਸਚ ਸੁਚ ਕਰੇ ਰੁਸ਼ਨਾਈਆ । ਜਨ ਭਗਤਾਂ ਅੰਦਰ ਜਾਏ ਵੜ, ਆਪਣਾ ਪਰਦਾ ਲਾਹੀਆ । ਸੋਹੰ ਅੱਖਰ ਲਏ ਪੜ੍ਹ, ਆਤਮ ਪਰਮਾਤਮ ਵੱਜੇ ਵਧਾਈਆ । ਬ੍ਰਹਮ ਪਾਰਬ੍ਰਹਮ ਨਾ ਜਨਮੇ ਨਾ ਜਾਏ ਮਰ, ਲੱਖ ਚੁਰਾਸੀ ਖੇਲ ਕਰਾਈਆ । ਕੂੜੀ ਕਿਰਿਆ ਚੁਕੇ ਡਰ, ਭਿਆਨਕ ਰੂਪ ਨਾ ਕੋਇ ਵਖਾਈਆ । ਸਤਿਗੁਰ ਪੂਰਾ ਸਮਰਥ ਸਵਾਮੀ, ਜਿਸ ਜਨ ਉਪਰ ਕਿਰਪਾ ਦਏ ਕਰ, ਸੋ ਜਨ ਦਰਸ਼ਨ ਪਾਏ ਚਾਈਂ ਚਾਈਆ । ਸ੍ਰਿਸ਼ਟ ਸਬਾਈ ਮਾਇਆ ਮਮਤਾ ਅਗਨੀ ਰਹੀ ਸੜ, ਅੰਮ੍ਰਿਤ ਮੇਘ ਨਾ ਕੋਈ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਜੁਗਾ ਜੁਗੰਤਰ ਜੁਗ ਚੌਕੜੀ ਦੇਵਣਹਾਰਾ ਦਾਨ, ਦਾਤਾ ਦਾਨੀ ਇਕ ਅਖਵਾਈਆ ।



### ❇ ੨੩ ਮੱਘਰ ੨੦੧੯ ਬਿਕਰਮੀ ਮਹਿੰਗਾ ਸਿੰਘ ਦੇ ਗ੍ਰਿਹ ਪਿੰਡ ਸਦਾ ਜ਼ਿਲਾ ਗੁਰਦਾਸਪੁਰ ❇

ਸ਼ਬਦੀ ਸੁਤ ਗੁਰ ਅਵਤਾਰ, ਪੀਰ ਪੈਗ਼ੰਬਰ ਕਲਮਾ ਨਬੀ ਪੜ੍ਹਾਈਆ । ਬਸੰਤੀ ਰੁੱਤ ਸਤਿ ਗੁਲਜ਼ਾਰ, ਦੋ ਜਹਾਨਾਂ ਆਪ ਮਹਿਕਾਈਆ । ਨਿਰਗੁਣ ਸਰਗੁਣ ਕਰ ਉਜਿਆਰ, ਪੰਜ ਤੱਤ ਕਰੇ ਕੁੜਮਾਈਆ । ਬੋਧ ਅਗਾਧੀ ਨਾਦ ਅਨਾਦ ਧੁਨਕਾਰ, ਅਨਰਾਗੀ ਰਾਗ ਸੁਣਾਈਆ । ਨਿਰਮਲ ਜੋਤੀ ਕਰ ਉਜਿਆਰ, ਨੂਰੋ ਨੂਰ ਰੁਸ਼ਨਾਈਆ । ਸਾਚਾ ਸਾਕੀ ਪਰਵਰਦਿਗਾਰ, ਆਬੇ ਹਯਾਤ ਪਿਆਈਆ । ਹੱਕ ਹਕੀਕਤ ਪਾਵੇ ਸਾਰ, ਲਾਸ਼ਰੀਕ ਇਕ ਖ਼ੁਦਾਈਆ । ਇਕ ਇਕੱਲਾ ਏਕੰਕਾਰ, ਅਕਲ ਕਲਾ ਵਡਿਆਈਆ । ਲੇਖਾ ਜਾਣੇ ਧੁਰ ਦਰਬਾਰ, ਸੱਚਖੰਡ ਸਾਚੇ ਵੱਜੇ ਵਧਾਈਆ । ਥਿਰ ਘਰ ਦੁਆਰਾ ਖੋਲ੍ਹ ਕਵਾੜ, ਮਾਰਗ ਧੰਦਾ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਈਆ । ਸ਼ਬਦੀ ਰੰਗ, ਗੁਰੂ ਅਵਤਾਰ ਪੀਰ ਪੈਗ਼ੰਬਰ ਨਾਲ ਰਲਾਇੰਦਾ । ਕਰੇ ਖੇਲ ਸੂਰਾ ਸਰਬੰਗ, ਸੋ ਪੁਰਖ ਨਿਰੰਜਣ ਵੰਡ ਵੰਡਾਇੰਦਾ । ਹਰਿ ਪੁਰਖ ਨਿਰੰਜਣ ਦੇਵੇ ਨਾਮ ਮਰਦੰਗ, ਏਕੰਕਾਰਾ ਸੰਗ ਰਖਾਇੰਦਾ । ਆਦਿ ਨਿਰੰਜਣ ਜੋਤ ਸਰੂਪੀ ਚਾੜ੍ਹੇ ਚੰਦ, ਜੋਤੀ ਜੋਤ ਡਗਮਗਾਇੰਦਾ । ਅਬਿਨਾਸ਼ੀ

ਕਰਤਾ ਦੋ ਜਹਾਨ ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪੇ ਲੰਘ, ਲੋਕਮਾਤ ਫੇਰਾ ਪਾਇੰਦਾ । ਸ੍ਰੀ ਭਗਵਾਨ ਧੁਰਦਰਗਾਹੀ ਸਚ ਮਲਾਹੀ ਨਾਮ ਨਿਸ਼ਾਨ ਝੁਲਾਏ ਸੱਤ ਰੰਗ, ਰੰਗ ਰੰਗੀਲਾ ਇਕ ਜਣਾਇੰਦਾ । ਪਾਰਬ੍ਰਹਮ ਪਤਿਪਰਮੇਸ਼ਵਰ ਕਰੇ ਕਰਾਏ ਸਾਚੀ ਵੰਡ, ਵੰਡਣਹਾਰਾ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਗੁਰ ਅਵਤਾਰ ਖੇਲ ਅਪਾਰਾ, ਹਰਿ ਸਤਿਗੁਰ ਆਪ ਕਰਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖੇ ਵਾਰੋ ਵਾਰਾ, ਜੁਗ ਚੌਕੜੀ ਵੇਸ ਵਟਾਈਆ । ਵੇਦ ਸ਼ਾਸਤਰ ਸਿਮਰਤ ਪੁਰਾਨ ਦਏ ਹੁਲਾਰਾ, ਅੰਜੀਲ ਕੁਰਾਨਾ ਵੰਡ ਵੰਡਾਈਆ । ਗੀਤਾ ਗਿਆਨ ਜਗਤ ਵਣਜਾਰਾ, ਆਤਮ ਪਰਮਾਤਮ ਸੰਗ ਰਖਾਈਆ । ਅੰਜੀਲ ਕੁਰਾਨ ਕਰ ਉਜਿਆਰਾ, ਰੂਹ ਬੁੱਤ ਬੰਧਨ ਪਾਈਆ । ਬੋਧ ਅਗਾਧੀ ਸ਼ਬਦ ਉਜਿਆਰਾ, ਨਿਰਗੁਣ ਸਰਗੁਣ ਦਏ ਵਡਿਆਈਆ । ਕਾਗ਼ਜ਼ ਕਲਮ ਨਾ ਲਿਖਣਹਾਰਾ, ਲਿਖ ਲਿਖ ਲੇਖ ਨਾ ਕੋਈ ਜਣਾਈਆ । ਬੇਅੰਤ ਬੇਅੰਤ ਬੇਅੰਤ ਬੇਪਰਵਾਹ ਨਰ ਨਿਰੰਕਾਰਾ, ਦਰ ਸਾਚੇ ਬੈਠਾ ਆਸਣ ਲਾਈਆ । ਨਾ ਕੋਈ ਸੱਜਣ ਮੀਤ ਮੁਰਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਜੁਗ ਗੁਰ ਅਵਤਾਰ ਸੇਵ ਲਗਾਈਆ । ਗੁਰ ਅਵਤਾਰ ਦੇਵੇ ਮਾਣ, ਨਿਸ਼ਅੱਖਰ ਆਪ ਪੜ੍ਹਾਇੰਦਾ । ਸ਼ਬਦ ਅਗੰਮੀ ਧੁਰ ਫ਼ਰਮਾਣ, ਬਿਨ ਰਸਨਾ ਜਿਹਵਾ ਸੁਣਾਇੰਦਾ । ਅੰਤਰ ਆਤਮ ਕਰ ਪਹਿਚਾਨ, ਪਰਮਾਤਮ ਰੰਗ ਚੜ੍ਹਾਇੰਦਾ । ਦਿਵਸ ਰੈਣ ਇਕ ਧੁਨਕਾਨ, ਅਨਹਦ ਨਾਦੀ ਰਾਗ ਸੁਣਾਇੰਦਾ । ਬ੍ਰਹਮ ਬ੍ਰਹਿਮਾਦੀ ਖੇਲ ਮਹਾਨ, ਖ਼ਾਲਕ ਖ਼ਲਕ ਵੇਖ ਵਖਾਇੰਦਾ । ਧੁਰ ਸੰਦੇਸ਼ਾ ਨਰ ਨਰੇਸ਼ਾ ਦੇਵੇ ਆਣ, ਧਰਨੀ ਧਵਲ ਵਡਿਆਇੰਦਾ । ਲੇਖਾ ਜਾਣ ਜ਼ਿਮੀ ਅਸਮਾਨ, ਗਗਨ ਮੰਡਲ ਖੋਜ ਖੁਜਾਇੰਦਾ । ਪ੍ਰਿਥਮੀ ਅਕਾਸ਼ ਖੇਲ ਮਹਾਨ, ਰਵ ਸਸ ਸੂਰਜ ਚੰਨ ਮੰਡਲ ਮੰਡਪ ਆਪ ਵਡਿਆਇੰਦਾ । ਲੱਖ ਚੁਰਾਸੀ ਖੇਲ ਮਹਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰ ਮਾਰਗ ਲਾਇੰਦਾ । ਗੁਰ ਅਵਤਾਰ ਸੇਵਾਦਾਰ, ਸਦ ਸਦ ਆਪ ਜਣਾਈਆ । ਜੁਗ ਚੌਕੜੀ ਕਰ ਤਿਆਰ, ਲੋਕਮਾਤ ਲਏ ਪਰਗਟਾਈਆ । ਧੁਰ ਸੰਦੇਸਾ ਦੇਵੇ ਆਪਣੀ ਧਾਰ, ਸ਼ਬਦੀ ਸ਼ਬਦ ਰਾਗ ਅਲਾਹੀਆ । ਜੀਵਾਂ ਜੰਤਾਂ ਦਏ ਸਹਾਰ, ਸਿਰ ਆਪਣਾ ਹੱਥ ਟਿਕਾਈਆ । ਆਤਮ ਪਰਮਾਤਮ ਦਏ ਪਿਆਰ, ਬ੍ਰਹਮ ਪਾਰਬ੍ਰਹਮ ਕਰੇ ਕੁੜਮਾਈਆ । ਈਸ਼ ਜੀਵ ਵਖਾਏ ਖਿੜੀ ਗੁਲਜ਼ਾਰ, ਗੁਲਸ਼ਨ ਇਕੋ ਇਕ ਮਹਿਕਾਈਆ । ਰੋਸ਼ਨ ਕਰੇ ਕਾਇਆ ਮੁਨਾਰ, ਮਹਿਰਾਬ ਇਕੋ ਡੰਕ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰ ਹੁਕਮ ਮਨਾਈਆ । ਗੁਰ ਅਵਤਾਰ ਹੁਕਮੇ ਅੰਦਰ, ਸਤਿਜੁਗ ਤ੍ਰੇਤਾ ਹੁਕਮ ਮਨਾਇੰਦਾ । ਪੀਰ ਪੈਗ਼ੰਬਰ ਕਰ ਅਡੰਬਰ, ਉਮਤ ਉਮਤੀ ਰੰਗ ਚੜ੍ਹਾਇੰਦਾ । ਲੱਖ ਚੁਰਾਸੀ ਰਚ ਸਵੰਬਰ, ਨਿਰਗੁਣ ਸਰਗੁਣ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਇੰਦਾ । ਹੁਕਮੇ ਅੰਦਰ ਪੈਗ਼ੰਬਰ ਪੀਰ, ਪਾਰਬ੍ਰਹਮ ਪ੍ਰਭ ਹੁਕਮ ਮਨਾਈਆ । ਹੁਕਮੇ ਅੰਦਰ ਦਸਤਗੀਰ, ਦਸਤ ਬਦਸਤ ਦਏ ਵਡਿਆਈਆ । ਹੁਕਮੇ ਅੰਦਰ ਸ਼ਰਅ ਜ਼ੰਜੀਰ, ਲਾਸ਼ਰੀਕ ਖੇਲ ਕਰਾਈਆ । ਹੁਕਮੇ ਅੰਦਰ ਹੱਕ ਤੌਫ਼ੀਕ, ਤੋਹਫ਼ਾ ਲੋਕਮਾਤ ਵਖਾਈਆ । ਹੁਕਮੇ ਅੰਦਰ ਬਣੇ ਫਰੀਕ, ਬੇਅੰਤ ਵਡ ਵਡਿਆਈਆ । ਹੁਕਮੇ ਅੰਦਰ ਮੇਟੇ ਅੰਧੇਰਾ ਤਾਰੀਕ, ਚੌਦਾਂ ਤਬਕ ਕਰੇ ਰੁਸ਼ਨਾਈਆ । ਹੁਕਮੇ ਅੰਦਰ ਚੌਦਾਂ ਲੋਕ ਵੇਖੇ ਠੀਕ, ਨਿਰਗੁਣ ਆਪਣਾ ਪਰਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ


੩੩੦
੧੩

ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਹੁਕਮ ਮਨਾਈਆ । ਜੁਗ ਜੁਗ ਹੁਕਮ ਹਰਿ ਨਿਰੰਕਾਰਾ, ਇਕ ਇਕੱਲਾ ਆਪ ਜਣਾਇੰਦਾ । ਮੰਨ ਮੰਨ ਗਏ ਤੇਈ ਅਵਤਾਰਾ, ਭਗਤ ਅਠਾਰਾਂ ਨਾਲ ਮਿਲਾਇੰਦਾ । ਈਸਾ ਮੂਸਾ ਮੁਹੰਮਦ ਨਿਉਂ ਨਿਉਂ ਕਰਦੇ ਗਏ ਨਿਮਸਕਾਰਾ, ਸਯਦਾ ਸੀਸ ਸਰਬ ਝੁਕਾਇੰਦਾ । ਨਾਨਕ ਗੋਬਿੰਦ ਨਾਮ ਹੱਟ ਚਲੌਂਦੇ ਰਹੇ ਬਣ ਵਣਜਾਰਾ, ਜੀਵ ਜੰਤ ਜਗਤ ਸਮਝਾਇੰਦਾ । ਲਿਖ ਲਿਖ ਥੱਕੇ ਕਾਗ਼ਜ਼ ਕਲਮ ਸ਼ਾਹੀ ਅੰਤ ਨਾ ਪਾਰਾਵਾਰਾ, ਬੇਅੰਤ ਆਪਣਾ ਭੇਵ ਨਾ ਕਿਸੇ ਸਮਝਾਇੰਦਾ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਵਸਣਹਾਰਾ ਧਾਮ ਨਿਆਰਾ, ਨੇਹਚਲ ਆਪਣਾ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਆਪਣਾ ਰਾਹ ਚਲਾਇੰਦਾ । ਆਦਿ ਅਨਾਦਿ ਚਲਾਏ ਰਾਹ, ਰਹਿਬਰ ਇਕ ਰਾਮ ਬਣਾਈਆ । ਨਿਰਗੁਣ ਸਰਗੁਣ ਦਏ ਸਲਾਹ, ਧੁਰ ਫ਼ਰਮਾਣਾ ਇਕ ਜਣਾਈਆ । ਗੁਰ ਅਵਤਾਰ ਲਏ ਉਠਾ, ਫੜ ਬਾਹੋਂ ਗਲੇ ਲਗਾਈਆ । ਸ਼ਬਦੀ ਵਸਤ ਝੋਲੀ ਪਾ, ਸਾਚਾ ਬੰਕ ਖੁਲ੍ਹਾਈਆ । ਨਿਰਗੁਣ ਜੋਤੀ ਕਰ ਰੁਸ਼ਨਾ, ਅਗਿਆਨ ਅੰਧੇਰ ਚੁਕਾਈਆ । ਨਾਤਾ ਜੋੜ ਬੇਪਰਵਾਹ, ਆਤਮ ਪਰਮਾਤਮ ਪਰਮਾਤਮ ਆਤਮ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਸੁਹੇਲਾ ਇਕ ਇਕੱਲਾ ਅਕਲ ਕਲ ਆਪਣੀ ਖੇਲ ਰਚਾਈਆ ।



## ❇ ੨੩ ਮੱਘਰ ੨੦੧੯ ਬਿਕਰਮੀ ਗੁਰਚਰਨ ਸਿੰਘ ਦੇ ਘਰ ਪਿੰਡ ਕਤੋਵਾਲ ਜ਼ਿਲਾ ਗੁਰਦਾਸਪੁਰ ❇

ਸੋ ਪੁਰਖ ਨਿਰੰਜਣ ਸਾਚਾ ਸੱਜਣ, ਆਦਿ ਜੁਗਾਦਿ ਦਇਆ ਕਮਾਇੰਦਾ । ਹਰਿ ਪੁਰਖ ਨਿਰੰਜਣ ਚਰਨ ਧੂੜ ਕਰਾਏ ਮਜਨ, ਸਤਿ ਸਰੋਵਰ ਇਕ ਨੁਹਾਇੰਦਾ । ਏਕੰਕਾਰਾ ਪਰਦੇ ਕੱਜਣ, ਸਿਰ ਆਪਣਾ ਹੱਥ ਟਿਕਾਇੰਦਾ । ਆਦਿ ਨਿਰੰਜਣ ਦੀਪਕ ਜੋਤੀ ਆਇਆ ਜਗਣ, ਅਗਿਆਨ ਅੰਧੇਰ ਮਿਟਾਇੰਦਾ । ਅਬਿਨਾਸ਼ੀ ਕਰਤਾ ਰੱਖੇ ਲੱਜਣ, ਸੁਰਤੀ ਸ਼ਬਦੀ ਮੇਲ ਮਿਲਾਇੰਦਾ । ਸ੍ਰੀ ਭਗਵਾਨ ਨਾਮ ਨਿਧਾਨ ਪਾਏ ਸਗਨ, ਹੱਥ ਹੱਥ ਨਾਲ ਮਿਲਾਇੰਦਾ । ਪਾਰਬ੍ਰਹਮ ਦੇਵੇ ਵਸਤ ਅਮੋਲ ਭਗਤ ਕਿਤੇ ਨਾ ਜਾਏ ਮੰਗਣ, ਪੂਰੀ ਆਸਾ ਤ੍ਰਿਪਤ ਕਰਾਇੰਦਾ । ਆਤਮ ਚਾੜ੍ਹੇ ਸਾਚੀ ਰੰਗਣ, ਰੰਗ ਇਕੋ ਇਕ ਵਖਾਇੰਦਾ । ਕਰੇ ਖੇਲ ਸੂਰਾ ਸਰਬੰਗਣ, ਸ਼ਾਹ ਪਾਤਸ਼ਾਹ ਆਪਣਾ ਹੁਕਮ ਵਰਤਾਇੰਦਾ । ਨਾਦ ਅਨਾਦੀ ਬ੍ਰਹਮ ਬ੍ਰਹਿਮਾਦੀ ਸ਼ਬਦੀ ਵੱਜਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਆਪਣਾ ਵਰ, ਘਰ ਸਾਚੇ ਮੇਲ ਮਿਲਾਇੰਦਾ । ਦਰ ਘਰ ਸਾਚਾ ਸਚ ਦੁਆਰ, ਪ੍ਰਭ ਸਰਨ ਮਿਲੀ ਸਰਨਾਈਆ । ਸਤਿਗੁਰ ਦਾਤਾ ਦੇਵਣਹਾਰ, ਜੁਗ ਜੁਗ ਵੇਸ ਵਟਾਈਆ । ਗੁਰ ਗੁਰ ਖੇਲ ਅਗੰਮ ਅਪਾਰ, ਗੁਰ ਕਰਤਾ ਆਪ ਕਰਾਈਆ । ਭਗਤ ਭਗਵਾਨ ਲਏ ਉਭਾਰ, ਲੱਖ ਚੁਰਾਸੀ ਵਿਚੋਂ ਖੋਜ ਖੁਜਾਈਆ । ਸਾਚੇ ਸੰਤਾਂ ਕਰੇ ਪਿਆਰ, ਸਤਿ ਸਤਿਵਾਦੀ ਇਕੋ ਕਰੇ ਪੜ੍ਹਾਈਆ । ਗੁਰਮੁਖਾਂ ਖੋਲ੍ਹੇ ਬੰਦ ਕਵਾੜ, ਬਜਰ ਕਪਾਟੀ ਪਰਦਾ ਲਾਹੀਆ । ਗੁਰਸਿਖਾਂ ਦੇਵੇ ਸਚ ਦੀਦਾਰ, ਸਵੱਛ ਸਰੂਪੀ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਇਕ ਉਠਾਈਆ । ਚਰਨ ਕਵਲ ਸਚਖੰਡ ਹਰਿ ਸਤਿਗੁਰ ਆਪ ਜਣਾਇੰਦਾ । ਚਰਨਾਂ ਹੇਠਾਂ ਦਬਾਏ ਕੋਟਨ ਬ੍ਰਹਿਮੰਡ ਖੰਡ ਰਵ ਸਸ ਨਜ਼ਰ ਕੋਇ ਨਾ ਆਇੰਦਾ । ਇਕੋ ਇਕ

ਜਣਾਏ ਸਚ ਅਨੰਦ, ਅਨੰਦ ਅਨੰਦ ਵਿਚ ਵਖਾਇੰਦਾ । ਜੁਗ ਜਨਮ ਦੀ ਟੁੱਟੀ ਗੰਢ, ਆਪ ਆਪਣਾ ਮੇਲ ਮਿਲਾਇੰਦਾ । ਸ਼ਬਦ ਅਗੰਮੀ ਸਾਚਾ ਛੰਦ, ਢੋਲਾ ਸੋਹਲਾ ਆਪ ਸੁਣਾਇੰਦਾ । ਖ਼ੁਸ਼ੀ ਕਰੇ ਬੰਦ ਬੰਦ, ਬਹੱਤਰ ਨਾੜੀ ਖੋਜ ਖੁਜਾਇੰਦਾ । ਸੁਰਤ ਸਵਾਣੀ ਨਾ ਹੋਏ ਰੰਡ, ਹਰਿ ਸ਼ਬਦੀ ਗੁਰ ਪਰਨਾਇੰਦਾ । ਦੂਈ ਦਵੈਤੀ ਮਾਇਆ ਮਮਤਾ ਹਉਮੇ ਹੰਗਤਾ ਢਾਹੇ ਕੰਧ, ਸਚ ਸੁਚ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨ ਪ੍ਰੀਤੀ ਸਾਚੀ ਰੀਤੀ ਜੁਗ ਜੁਗ ਆਪ ਚਲਾਇੰਦਾ । ਚਰਨ ਪ੍ਰੀਤੀ ਸਚ ਟਿਕਾਣਾ, ਦੋ ਜਹਾਨ ਮਿਲੇ ਵਡਿਆਈਆ । ਸ਼ਬਦੀ ਗੁਰ ਮਿਲਿਆ ਮਾਣਾ, ਗੁਰਮੁਖ ਸਾਚੇ ਲਏ ਉਠਾਈਆ । ਕਿਸੇ ਹੱਥ ਨਾ ਆਵੇ ਰਾਜਾ ਰਾਣਾ, ਭਰਮੇ ਭੁੱਲੀ ਸਰਬ ਲੋਕਾਈਆ । ਜਗਤ ਵਿਦਿਆ ਹੋਏ ਹੈਰਾਨਾ, ਹਰਿ ਕਾ ਭੇਵ ਕੋਇ ਨਾ ਪਾਈਆ । ਪੜ੍ਹ ਪੜ੍ਹ ਥੱਕੇ ਜੀਵ ਜਹਾਨਾ, ਜੀਵਣ ਜੁਗਤ ਨਾ ਕੋਇ ਜਣਾਈਆ । ਅੰਦਰ ਵੜ ਵੜ ਧਿਆਨ ਲਗਾਣਾ, ਧਿਆਨੀ ਧਿਆਨ ਨਾ ਕੋਇ ਜਣਾਈਆ । ਨੈਣ ਮੂੰਦ ਨਾ ਮਿਲੇ ਭਗਵਾਨਾ, ਅੱਠੇ ਪਹਿਰ ਦਿਵਸ ਰੈਣ ਹਰਿ ਮੰਦਰ ਰਿਹਾ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਰਨ ਦਏ ਸਰਨਾਈਆ । ਚਰਨ ਕਵਲ ਸਾਚੀ ਸਰਨਾਈ, ਸਰਨਗਤ ਆਪ ਜਣਾਇੰਦਾ । ਸੁਰਤ ਸ਼ਬਦ ਹੋਏ ਕੁੜਮਾਈ, ਘਰ ਸਾਚੇ ਮੇਲ ਮਿਲਾਇੰਦਾ । ਏਕਾ ਮੰਦਰ ਧੀ ਜਵਾਈ, ਸੌਹਰੇ ਪੇਈਏ ਖੇਲ ਕਰਾਇੰਦਾ । ਆਤਮ ਸੇਜਾ ਵੇਖੇ ਚਾਈਂ ਚਾਈਂ, ਚਾਉ ਘਨੇਰਾ ਇਕ ਜਣਾਇੰਦਾ । ਨਿਰਮਲ ਦੀਆ ਇਕ ਜਗਾਈ, ਜੋਤੀ ਜੋਤ ਡਗਮਗਾਇੰਦਾ । ਅਨਹਦ ਰਾਗੀ ਰਾਗ ਅਲਾਈ, ਛੱਤੀ ਰਾਗ ਨਾ ਕੋਇ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਆਪਣਾ ਵਰ, ਸਚ ਪ੍ਰੀਤੀ ਇਕ ਸਮਝਾਇੰਦਾ । ਸਚ ਪ੍ਰੀਤੀ ਸਾਚੀ ਓਟ, ਹਰਿ ਸਤਿਗੁਰ ਆਪ ਜਣਾਇੰਦਾ । ਕੂੜੀ ਕਿਰਿਆ ਕੱਢੇ ਖੋਟ, ਮਾਇਆ ਮਮਤਾ ਮੋਹ ਮਿਟਾਇੰਦਾ । ਪੰਜ ਤੱਤ ਨਗਾਰੇ ਲਾਏ ਚੋਟ, ਸ਼ਬਦੀ ਡੰਕਾ ਹੱਥ ਉਠਾਇੰਦਾ । ਪਾਵੇ ਸਾਰ ਸਾਚੇ ਕੋਟ, ਮਹੱਲ ਅਟੱਲ ਵੇਖ ਵਖਾਇੰਦਾ । ਕਰ ਪਰਕਾਸ਼ ਨਿਰਮਲ ਜੋਤ, ਅਗਿਆਨ ਅੰਧੇਰ ਚੁਕਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਸਤਿਗੁਰ ਪੂਰਾ ਇਕੋ ਬਹੁਤ, ਬਿਨ ਗੁਰ ਸ਼ਬਦੀ ਸਤਿਗੁਰ ਨਜ਼ਰ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨ ਕਵਲ ਉਪਰ ਧਵਲ, ਸਚ ਪ੍ਰੀਤੀ ਇਕ ਬਣਾਇੰਦਾ । ਸਚ ਪ੍ਰੀਤੀ ਬਣੇ ਮਾਤ, ਹਰਿ ਮਨਸਾ ਪੂਰ ਕਰਾਈਆ । ਆਤਮ ਪਰਮਾਤਮ ਦੇਵੇ ਦਾਤ, ਦਾਤਾ ਦਾਨੀ ਆਪ ਵਰਤਾਈਆ । ਪਾਰਬ੍ਰਹਮ ਬ੍ਰਹਮ ਵੇਖੇ ਮਾਰ ਝਾਤ, ਸੇਜ ਸੁਹੰਜਣੀ ਇਕੋ ਖਾਟ, ਬਿਨ ਪਾਵਾ ਚੂਲ ਟਿਕਾਈਆ । ਨਿਰਗੁਣ ਸੁੱਤਾ ਕਮਲਾਪਾਤ, ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਵਖਾਏ ਆਪਣਾ ਘਰ, ਘਰ ਘਰ ਵਿਚ ਪਰਦਾ ਲਾਹੀਆ । ਗੁਰਮੁਖ ਤੇਰਾ ਸਾਚਾ ਘਰ, ਘਰ ਘਰ ਵਿਚ ਆਪ ਬਣਾਇਆ । ਨੌਂ ਦੁਆਰੇ ਪਾਰ ਕਰ, ਸੁਖਮਨ ਟੇਢਾ ਪੰਧ ਮੁਕਾਇਆ । ਈੜਾ ਪਿੰਗਲ ਡਿਗੇ ਦੜ, ਸਿਰ ਸਕੇ ਨਾ ਕੋਇ ਉਠਾਇਆ । ਡੂੰਘੀ ਭਵਰੀ ਖੇਲ ਕਰ, ਕਾਇਆ ਕਵਰੀ ਖੋਜ ਖੁਜਾਇਆ । ਸਤਿਗੁਰ ਪੂਰਾ ਏਕਾ ਹਰਿ, ਆਪ ਆਪਣੀ ਦਇਆ ਕਮਾਇਆ । ਨਿਝਰ ਝਿਰਨਾ ਜਾਏ ਝਿਰ, ਬੂੰਦੀ ਬੂੰਦ ਬੂੰਦ ਟਪਕਾਇਆ । ਜੋਤ ਨਿਰੰਜਣ ਪਰਕਾਸ਼ ਕਰ, ਅਗਿਆਨ ਅੰਧੇਰ ਮਿਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨ ਪ੍ਰੀਤੀ ਸਾਚੀ ਰੀਤੀ, ਨਾਤਾ

ਤੋੜੇ ਮੰਦਰ ਮਸੀਤੀ, ਜਿਸ ਜਨ ਹਰਿ ਹਰਿ ਨਜ਼ਰੀ ਆਇਆ । ਹਰਿ ਹਰਿ ਸੱਚਾ ਇਕੋ ਦਾਤਾ, ਆਦਿ ਜੁਗਾਦਿ ਸਮਾਈਆ । ਜੁਗਾ ਜੁਗੰਤਰ ਜਨ ਭਗਤਾਂ ਸੁਣਾਵੇ ਆਪਣੀ ਗਾਥਾ, ਨਿਸ਼ਅੱਖਰ ਕਰੇ ਪੜ੍ਹਾਈਆ । ਨਾਤਾ ਤੋੜੇ ਕਲਮ ਦਵਾਤਾ, ਸ਼ਾਹੀ ਮਿਲੇ ਨਾ ਕੋਇ ਵਡਿਆਈਆ । ਆਤਮ ਪਰਮਾਤਮ ਵੇਖੇ ਖ਼ਾਤਾ, ਪਾਰਬ੍ਰਹਮ ਬ੍ਰਹਮ ਫੋਲ ਫੁਲਾਈਆ । ਨਿਰਗੁਣ ਸਰਗੁਣ ਪੁਛੇ ਵਾਤਾ, ਘਰ ਮੰਦਰ ਫੇਰਾ ਪਾਈਆ । ਸਤਿਗੁਰ ਪੂਰਾ ਹਾਜ਼ਰ ਹਜ਼ੂਰਾ, ਗੁਰਸਿਖ ਉਠਾਏ ਗੋਦ ਜਿਉਂ ਬਾਲਕ ਪਿਤਾ ਮਾਤਾ, ਸਿਰ ਸਮਰਥ ਆਪਣਾ ਹੱਥ ਟਿਕਾਈਆ । ਏਥੇ ਓਥੇ ਬੱਝੇ ਸੱਚਾ ਨਾਤਾ, ਨਾ ਕੋਈ ਤੋੜੇ ਨਾ ਤੋੜ ਤੁੜਾਈਆ । ਵਿਸ਼ਨ ਬ੍ਰਹਮਾ ਸ਼ਿਵ ਗੁਰਮੁਖ ਤੈਨੂੰ ਟੇਕਣ ਮੱਥਾ, ਅੱਧਵਿਚਕਾਰ ਬੈਠੇ ਸੀਸ ਨਿਵਾਈਆ । ਥਿਰ ਘਰ ਤੇਰਾ ਖੇਲ ਤਮਾਸ਼ਾ, ਗੁਰ ਸ਼ਬਦੀ ਰੰਗ ਚੜ੍ਹਾਈਆ । ਸਚਖੰਡ ਦੁਆਰੇ ਪੁਰਖ ਅਕਾਲ ਭਰਵਾਸਾ, ਨਿਰਮਲ ਜੋਤ ਜੋਤ ਰੁਸ਼ਨਾਈਆ । ਆਵਣ ਜਾਵਣ ਲੱਖ ਚੁਰਾਸੀ ਮਾਤ ਗਰਭ ਜੂਨ ਅਜੂਨੀ ਟੁੱਟੇ ਸਾਕਾ, ਜਗਤ ਸਾਕ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਆਪਣਾ ਵਰ, ਚਰਨ ਸਰਨ ਇਕ ਜਣਾਈਆ । ਭਾਣਾ ਵਰਤੇ ਬੇਪਰਵਾਹ, ਬੇਪਰਵਾਹ ਵੱਡੀ ਵਡਿਆਈਆ । ਨੂਰੀ ਨੂਰ ਨੂਰ ਖ਼ੁਦਾ, ਜਲਵਾ ਜ਼ਹੂਰ ਰਿਹਾ ਵਖਾਈਆ । ਕਾਦਰ ਕਰੀਮ ਖੇਲ ਕਰਾ, ਕੁਦਰਤ ਵੇਖੇ ਥਾਉਂ ਥਾਈਂਆ । ਬੈਐਬ ਖ਼ੁਦਾਈ ਫੇਰਾ ਪਾ, ਪੀਰ ਪੈਗ਼ੰਬਰ ਰਿਹਾ ਉਠਾਈਆ । ਮੁਲਾਂ ਸ਼ੇਖ਼ ਮੁਸਾਇਕ ਰਿਹਾ ਹਿਲਾ, ਧੁਰ ਫ਼ਰਮਾਣਾ ਇਕ ਜਣਾਈਆ । ਤੇਈ ਅਵਤਾਰਾਂ ਰਿਹਾ ਸਮਝਾ, ਨੇਤਰ ਨੈਣ ਨੈਣ ਖੁਲ੍ਹਾਈਆ । ਭਗਤ ਅਠਾਰਾਂ ਰਿਹਾ ਜਗਾ, ਹੁਕਮੀ ਹੁਕਮ ਇਕ ਸੁਣਾਈਆ । ਗੁਰ ਦਸ ਨਾਲ ਮਿਲਾ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਵਿਸ਼ਨ ਬ੍ਰਹਮਾ ਸ਼ਿਵ ਦਰ ਬਹਾ, ਦਰਦੀ ਦਰਦ ਰਿਹਾ ਵੰਡਾਈਆ । ਤ੍ਰੈਗੁਣ ਮਾਇਆ ਡੰਡਾ ਲਾ, ਰਜੋ ਤਮੋ ਸਤੋ ਰਿਹਾ ਜਗਾਈਆ । ਪੰਜ ਤੱਤ ਵੇਖੇ ਥਾਉਂ ਥਾਂ, ਥਾਨ ਥਨੰਤਰ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਪਾਰਾ, ਸੋ ਪੁਰਖ ਨਿਰੰਜਣ ਆਪਣੇ ਹੱਥ ਰਖਾਇੰਦਾ । ਹਰਿ ਪੁਰਖ ਨਿਰੰਜਣ ਹੋ ਉਜਿਆਰਾ, ਚਾਰੇ ਵੇਦਾਂ ਆਪ ਜਗਾਇੰਦਾ । ਸ਼ਾਸਤਰ ਸਿਮਰਤ ਖੋਲ੍ਹ ਕਵਾੜਾ, ਭੇਵ ਅਭੇਦਾ ਆਪ ਸਮਝਾਇੰਦਾ । ਲੇਖਾ ਜਾਣ ਪੁਰਾਨ ਅਠਾਰਾਂ, ਅਠਾਰਾਂ ਧਿਆਏ ਵੰਡ ਵੰਡਾਇੰਦਾ । ਅੰਜੀਲ ਕੁਰਾਨਾ ਵੇਖ ਅਖਾੜਾ, ਉਮਤ ਉਮਤੀ ਨਾਚ ਨਚਾਇੰਦਾ । ਖਾਣੀ ਬਾਣੀ ਹੋ ਉਜਿਆਰਾ, ਧੁਰ ਸੰਦੇਸਾ ਇਕ ਜਣਾਇੰਦਾ । ਗੁਰ ਕਾ ਸ਼ਬਦ ਨਾ ਕਿਸੇ ਵਿਚਾਰਾ, ਸ੍ਰਿਸ਼ਟ ਸਬਾਈ ਨੌਂ ਖੰਡ ਪ੍ਰਿਥਮੀ ਸੱਤ ਦੀਪ ਅੰਧੇਰਾ ਛਾਇੰਦਾ । ਤੀਰਥ ਅਠਸਠ ਰੋਵਣ ਜ਼ਾਰੋ ਜ਼ਾਰਾ, ਗੰਗਾ ਗੋਦਾਵਰੀ ਜਮਨਾ ਸੁਰਸਤੀ ਪਰਦਾ ਕੋਇ ਨਾ ਪਾਇੰਦਾ । ਮੰਦਰ ਮਸਜਿਦ ਮੱਠ ਸ਼ਿਵਦੁਆਲਾ ਧੂਆਂਧਾਰਾ, ਨੂਰੀ ਨਾਮ ਨਜ਼ਰ ਕਿਸੇ ਨਾ ਆਇੰਦਾ । ਮਸਜਿਦ ਮਸੀਤ ਹਾਹਾਕਾਰਾ, ਹੱਕ ਮਸਲਾ ਨਾ ਕੋਇ ਪੜ੍ਹਾਇੰਦਾ । ਗੁਰੂਦੁਆਰ ਨਾ ਕੋਇ ਜੈਕਾਰਾ, ਨਾਨਕ ਗੋਬਿੰਦ ਰੰਗ ਨਾ ਕੋਇ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਖੇਲ ਕਰਾਇੰਦਾ । ਜੁਗ ਜੁਗ ਖੇਲ ਹਰਿ ਅਵੱਲਾ, ਆਦਿ ਜੁਗਾਦਿ ਕਰਾਈਆ । ਕਲਜੁਗ ਅੰਤ ਚਾਰ ਕੁੰਟ ਪਏ ਤਰਥੱਲਾ, ਧਰਨੀ ਧਰਤ ਧਵਲ ਹਿਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਿਸੇ ਨਾ ਪਕੜੇ ਕੋਈ ਪੱਲਾ, ਸਗਲਾ ਸੰਗ ਨਾ ਕੋਇ ਨਿਭਾਈਆ । ਨਾਤਾ ਤੁਟੇ ਰਾਣੀ ਅੱਲਾ, ਹੂ ਹੂ ਨਾਅਰਾ ਨਾ ਕੋਇ ਲਾਈਆ । ਸਾਧ ਸੰਤ ਹੋਏ ਝੱਲਾ, ਹਰਿ ਜੂ ਝਲਕ ਨਾ ਕਿਸੇ

ਵਖਾਈਆ । ਬੀਸ ਬੀਸਾ ਹਰਿ ਜਗਦੀਸਾ ਸ਼ਬਦ ਅਗੰਮੀ ਬੋਲਣਹਾਰਾ ਹੱਲਾ, ਦੋ ਜਹਾਨਾਂ ਲਏ ਹਲਾਈਆ । ਹਰਿ ਕਾ ਭਾਣਾ ਕਿਸੇ ਨਾ ਰੋਕਾ ਨਾ ਮੱਲਾ, ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨੌਂ ਸੌ ਚੁਰਾਨਵੇਂ ਚੌਕੜੀ ਜੁਗ ਨਿਤ ਨਵਿਤ ਫੇਰਾ ਪਾਈਆ । ਨਿਤ ਨਵਿਤ ਸ੍ਰੀ ਭਗਵਾਨ, ਆਦਿ ਜੁਗਾਦੀ ਖੇਲ ਕਰਾਇੰਦਾ । ਕਲਜੁਗ ਕੂੜ ਹੋਇਆ ਪਰਧਾਨ, ਚਾਰੋਂ ਕੁੰਟ ਅੰਧੇਰਾ ਛਾਇੰਦਾ । ਨਾ ਕੋਈ ਰੱਯਤ ਨਾ ਰਾਜ ਰਾਜਾਨ, ਗ਼ਰੀਬ ਨਿਮਾਣਿਆਂ ਗਲੇ ਨਾ ਕੋਇ ਲਗਾਇੰਦਾ । ਘਰ ਘਰ ਅੰਦਰ ਵੜਿਆ ਸ਼ੈਤਾਨ, ਮਨ ਵਾਸਨਾ ਜਗਤ ਨਚਾਇੰਦਾ । ਨਾਨਕ ਗੋਬਿੰਦ ਦੇ ਕੇ ਗਿਆ ਬਿਆਨ, ਸਚ ਸੰਦੇਸਾ ਜਗਤ ਜਣਾਇੰਦਾ । ਕਲਜੁਗ ਅੰਤਮ ਪਰਗਟ ਹੋਇਆ ਨਿਹਕਲੰਕ ਬਲੀ ਬਲਵਾਨ, ਮਹਾਂਬਲੀ ਨਜ਼ਰ ਕਿਸੇ ਨਾ ਆਇੰਦਾ । ਸੰਬਲ ਵਸੇ ਧਾਮ ਮਕਾਨ, ਛੱਪਰ ਛੰਨ ਨਾ ਕੋਇ ਛੁਹਾਇੰਦਾ । ਸ੍ਰਿਸ਼ਟ ਸਬਾਈ ਹੋਏ ਵੈਰਾਨ, ਵੈਰੀ ਘਰ ਘਰ ਆਪ ਉਠਾਇੰਦਾ । ਬਿਨ ਸਤਿਗੁਰ ਪੂਰੇ ਕਿਸੇ ਨਾ ਕਰੇ ਕੋਈ ਪਹਿਚਾਣ, ਸੀਸ ਹੱਥ ਨਾ ਕੋਇ ਟਿਕਾਇੰਦਾ । ਵੇਖੋ ਛੇਤੀ ਛੇਤੀ ਖੇਲ ਕਰੇ ਭਗਵਾਨ, ਦੂਰ ਪੈਂਡਾ ਨੇੜੇ ਹੋ ਹੋ ਜੀਵ ਜੰਤ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਕੂੜ ਪਸਾਰਾ ਵੀਹ ਸੌ ਵੀਹ ਬਿਕਰਮੀ ਕਰੇ ਪਾਰ ਕਿਨਾਰਾ, ਸਤਿਜੁਗ ਸਾਚਾ ਸਚ ਸਚ ਦ੍ਰਿੜਾਇੰਦਾ । ਹਰਿ ਸੰਗਤ ਤੇਰਾ ਸਚ ਸਿੰਘਾਸਣ, ਦੋ ਜਹਾਨ ਮਿਲੇ ਵਡਿਆਈਆ । ਹਰਿ ਸੰਗਤ ਤੇਰਾ ਮੇਲ ਪੁਰਖ ਅਬਿਨਾਸ਼ਣ, ਅਬਿਨਾਸ਼ੀ ਕਰਤਾ ਰੰਗ ਰੰਗਾਈਆ । ਹਰਿ ਸੰਗਤ ਤੇਰਾ ਨਿਰਗੁਣ ਹੋਇਆ ਸਾਥਣ, ਸਰਗੁਣ ਵੱਜੇ ਵਧਾਈਆ । ਹਰਿ ਸੰਗਤ ਤੇਰਾ ਪੂਜਾ ਪਾਠਣ, ਸੋਹੰ ਅੱਖਰ ਇਕ ਪੜ੍ਹਾਈਆ । ਹਰਿ ਸੰਗਤ ਤੇਰਾ ਤੀਰਥ ਤਾਟਨ, ਗੁਰ ਚਰਨ ਸਰੋਵਰ ਸੱਚਾ ਨੁਹਾਈਆ । ਹਰਿ ਸੰਗਤ ਲਹਿਣਾ ਦੇਣਾ ਚੁੱਕੇ ਪ੍ਰਿਥਮੀ ਅਕਾਸ਼ਣ, ਮੰਡਲ ਮੰਡਪ ਡੇਰਾ ਢਾਹੀਆ । ਹਰਿ ਸੰਗਤ ਲੇਖਾ ਲੱਗੇ ਪਵਣ ਸੁਆਸਣ, ਨਿਤ ਨਵਿਤ ਜੋ ਰਹੇ ਗਾਈਆ । ਹਰਿ ਸੰਗਤ ਸਤਿਗੁਰ ਵਸੇ ਤੇਰੇ ਪਾਸਣ, ਅੰਦਰ ਬਾਹਰ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਦੇਵੇ ਮਾਣ ਵਡਿਆਈਆ । ਹਰਿ ਸੰਗਤ ਤੇਰਾ ਸਗਲਾ ਸੰਗ, ਸਤਿਗੁਰ ਪੂਰਾ ਆਪ ਨਿਭਾਇੰਦਾ । ਆਤਮ ਪਰਮਾਤਮ ਚਾੜ੍ਹੇ ਰੰਗ, ਰੰਗ ਨਜ਼ਰ ਕਿਸੇ ਨਾ ਆਇੰਦਾ । ਸੇਜ ਸੁਹੰਜਣੀ ਸੁਹਾਏ ਪਲੰਘ, ਹਰਿ ਮੰਦਰ ਆਪ ਟਿਕਾਇੰਦਾ । ਸ਼ਬਦ ਅਨਾਦੀ ਇਕ ਮਰਦੰਗ, ਬਿਨ ਤਾਰ ਸਿਤਾਰ ਵਜਾਇੰਦਾ । ਜੁਗ ਜਨਮ ਦੀ ਟੁੱਟੀ ਗੰਢ, ਸੁਰਤੀ ਸ਼ਬਦੀ ਮੇਲ ਮਿਲਾਇੰਦਾ । ਚਾਲ ਰੱਖੀ ਇਕ ਬਿਹੰਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਵਡ ਵਡਿਆਇੰਦਾ । ਹਰਿ ਸੰਗਤ ਤੇਰਾ ਵਡ ਮਹੱਲਾ, ਮਹਿਫ਼ਲ ਹਰਿ ਜੂ ਆਪ ਲਗਾਇੰਦਾ । ਨੂਰ ਇਲਾਹੀ ਇੱਕ ਇਕੱਲਾ, ਪਰਵਰਦਿਗਾਰ ਫੇਰਾ ਪਾਇੰਦਾ । ਵਸਣਹਾਰਾ ਜਲਾ ਥਲਾ, ਸਮੁੰਦ ਸਾਗਰ ਡੂੰਘੀ ਕੰਦਰ ਫੋਲ ਫੁਲਾਇੰਦਾ । ਲੱਖ ਚੁਰਾਸੀ ਵਿਚੋਂ ਗੁਰਮੁਖ ਵਿਰਲੇ ਫੜਾਏ ਪੱਲਾ, ਪੂਰਬ ਲਹਿਣਾ ਝੋਲੀ ਪਾਇੰਦਾ । ਸਚ ਸੰਦੇਸ਼ ਨਰ ਨਰੇਸ਼ ਏਕੋ ਘੱਲਾ, ਅੱਖਰ ਵੱਖਰ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਗਤ ਦੁਆਰ ਇਕ ਵਸਾਇੰਦਾ । ਸੰਗਤ ਦੁਆਰਾ ਉਚ ਅਗੰਮ, ਬੇਨਜ਼ੀਰ ਨਜ਼ਰ ਕਿਸੇ ਨਾ ਆਈਆ । ਨਾ ਕੋਈ ਸੂਰਜ ਨਾ ਕੋਈ ਚੰਦ, ਤਾਰਾ ਮੰਡਲ ਨਾ ਕੋਇ ਵਡਿਆਈਆ । ਨਾ ਕੋਈ ਛੱਪਰੀ ਨਾ ਕੋਈ ਛੰਨ, ਚਾਰ ਦੀਵਾਰ ਨਾ ਕੋਇ ਵਖਾਈਆ । ਨਾ ਕੋਈ ਜਨਨੀ ਨਾ ਕੋਈ ਜਨ, ਨਾ ਕੋਈ


੩੩੪
੧੩

ਪਿਤਾ ਨਾ ਕੋਈ ਮਾਈਆ । ਨਾ ਕੋਈ ਰਾਗ ਨਾ ਕੋਈ ਕੰਨ, ਨਾ ਕੋਈ ਖਾਣੀ ਬਾਣੀ ਕਰੇ ਪੜ੍ਹਾਈਆ । ਨਾ ਕੋਈ ਤੱਤ ਨਾ ਕੋਈ ਤਨ, ਮਨ ਮਤ ਬੁੱਧ ਨਾ ਵਖਾਈਆ । ਨਾ ਕੋਈ ਰਾਏ ਧਰਮ ਦੇਵੇ ਡੰਨ, ਚਿਤਰ ਗੁਪਤ ਨਾ ਹਿਸਾਬ ਲਗਾਈਆ । ਨਾ ਕੋਈ ਕਾਲ ਦੇਵੇ ਭੰਨ, ਲਾੜੀ ਮੌਤ ਨਾ ਕੋਈ ਪਰਨਾਈਆ । ਮਹਾਂਕਾਲ ਸੇਵਾ ਕਰ ਕਹੇ ਧੰਨ ਧੰਨ, ਹਰਿ ਸੰਗਤ ਤੇਰੀ ਵਡ ਵਡਿਆਈਆ । ਜਿਨ੍ਹਾਂ ਹਰਿ ਕਾ ਨਾਉਂ ਸੁਣਿਆ ਅੰਤਰ ਆਤਮ ਕੰਨ, ਦੋਏ ਸਰਵਣ ਸਾਰ ਨਾ ਰਾਈਆ । ਕੂੜੀ ਕਿਰਿਆ ਠੀਕਰ ਦਿਤਾ ਭੰਨ, ਭਾਂਡਾ ਭਰਮ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਤੇਰੀ ਲੋੜੇ ਸਚ ਸਰਨਾਈਆ । ਸਤਿਗੁਰ ਪੂਰਾ ਹਰਿ ਸੰਗਤ ਸਰਨ, ਸਰਨ ਸੰਗਤ ਆਪ ਜਣਾਇੰਦਾ । ਨੇਤਰ ਖੋਲ੍ਹੇ ਹਰਨ ਫਰਨ, ਨਿਜ ਨੈਣ ਪਰਦਾ ਲਾਹਿੰਦਾ । ਨਾਤਾ ਤੋੜ ਮਰਨ ਡਰਨ, ਚਰਨ ਕਵਲ ਜੋੜ ਜੁੜਾਇੰਦਾ । ਦੀਨ ਦਿਆਲ ਠਾਕਰ ਸੁਆਮੀ ਤਰਨੀ ਤਰਨ, ਤਾਰਨਹਾਰਾ ਖੇਲ ਕਰਾਇੰਦਾ । ਨਾਤਾ ਤੋੜ ਵਰਨ ਬਰਨ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਊਚਾਂ ਨੀਚਾਂ ਏਕਾ ਘਰ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਨਾਤਾ ਆਪ ਬਣਾਇੰਦਾ । ਹਰਿ ਸੰਗਤ ਨਾਤਾ ਸਰਬ ਸੁਖਵੰਤ, ਘਰ ਸਾਚੇ ਵੱਜੇ ਵਧਾਈਆ । ਗੁਰਮੁਖ ਸਖੀ ਸਤਿਗੁਰ ਪੂਰਾ ਮਿਲੇ ਕੰਤ, ਗ੍ਰਿਹ ਮੰਦਰ ਖ਼ੁਸ਼ੀ ਮਨਾਈਆ । ਇਕੋ ਨਾਉਂ ਇਕੋ ਨਿਰੰਕਾਰ ਇਕੋ ਮੰਤ, ਇਕੋ ਇਕ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਲੇਖਾ ਦੇਵੇ ਧੁਰਦਰਗਾਹੀਆ । ਹਰਿ ਸੰਗਤ ਲੇਖਾ ਧੁਰ ਦਰਗਾਹ, ਧੁਰਦਰਗਾਹੀ ਆਪ ਚੁਕਾਇੰਦਾ । ਨਿਰਗੁਣ ਸਰਗੁਣ ਬਣ ਮਲਾਹ, ਗੁਰ ਸ਼ਬਦੀ ਫੇਰਾ ਪਾਇੰਦਾ । ਸਤਿਗੁਰ ਸ਼ਬਦ ਸ਼ਹਿਨਸ਼ਾਹ, ਦੋ ਜਹਾਨਾਂ ਹੁਕਮ ਮਨਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਸੇਵਾ ਲਾ, ਪੰਜ ਤੱਤ ਮਾਣ ਵਡਿਆਇੰਦਾ । ਅੰਤਮ ਸਭ ਨੂੰ ਕਰੇ ਸੁਆਹ, ਤਨ ਖ਼ਾਕੀ ਨਜ਼ਰ ਕੋਇ ਨਾ ਆਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਸਤਿਗੁਰ ਸੱਚਾ ਇਕ ਅਖਵਾ, ਸਚਖੰਡ ਨਿਵਾਸੀ ਖੇਲ ਕਰਾਇੰਦਾ । ਕਲਜੁਗ ਅੰਤਮ ਫੇਰਾ ਪਾ, ਨਾਮ ਡੰਕਾ ਇਕ ਵਜਾਇੰਦਾ । ਜਨ ਭਗਤਾਂ ਸੋਈ ਸੁਰਤੀ ਦਏ ਜਗਾ, ਨਾਦ ਤੂਰਤ ਆਪ ਸੁਣਾਇੰਦਾ । ਅਕਾਲ ਮੂਰਤੀ ਰੂਪ ਵਖਾ, ਮਾਇਆ ਮਮਤਾ ਮੋਹ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਸੰਗ ਨਿਭਾਇੰਦਾ । ਹਰਿ ਸੰਗਤ ਤੇਰਾ ਸਾਚਾ ਮੀਤ, ਮਿੱਤਰ ਪਿਆਰਾ ਹਰਿ ਅਖਵਾਈਆ । ਸਤਿਜੁਗ ਚਲਾਏ ਸਾਚੀ ਰੀਤ, ਚਾਰ ਵਰਨ ਦਏ ਸਰਨਾਈਆ । ਨਾਤਾ ਤੁਟੇ ਮੰਦਰ ਮਸੀਤ, ਸ਼ਿਵਦੁਆਲਾ ਮੱਠ ਧਿਆਨ ਨਾ ਕੋਇ ਲਗਾਈਆ । ਇਕੋ ਇਸ਼ਟ ਹਸਤ ਕੀਟ, ਪੁਰਖ ਅਕਾਲ ਨਜ਼ਰੀ ਆਈਆ । ਖੇਲ ਕਰਾਏ ਸਾਹਿਬ ਅਨਡੀਠ, ਲਿਖਣ ਪੜ੍ਹਣ ਵਿਚ ਨਾ ਆਈਆ । ਆਦਿ ਜੁਗਾਦੀ ਰਹੇ ਅਤੀਤ, ਤ੍ਰੈਗੁਣ ਅੰਗ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਲਹਿਣਾ ਦਏ ਚੁਕਾਈਆ । ਹਰਿ ਸੰਗਤ ਲੇਖਾ ਪੰਜ ਤੱਤ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਦਇਆ ਕਮਾਇੰਦਾ । ਨਾੜ ਬਹੱਤਰ ਨਾ ਉਬਲੇ ਰੱਤ, ਤਿੰਨ ਸੌ ਸੱਠ ਹਾਡੀ ਮੇਲ ਮਿਲਾਇੰਦਾ । ਅੰਦਰ ਵੜ ਕੇ ਜਾਣੇ ਮਿੱਤਗਤ, ਗਹਿਰ ਗੰਭੀਰ ਖੇਲ ਕਰਾਇੰਦਾ । ਨਾਮ ਬੀਜੇ ਸਾਚੇ ਵਤ, ਪਤ ਡਾਲੀ ਫੁੱਲ ਮਹਿਕਾਇੰਦਾ । ਮੇਲ ਮਿਲਾਏ ਕਮਲਾਪਤ, ਕਵਲ ਨੈਣ ਅੰਗ ਲਗਾਇੰਦਾ । ਅੰਤ ਭਗਵੰਤ ਗੁਰਮੁਖ ਸੰਤ ਸਚਖੰਡ ਦੁਆਰੇ ਜਾਇਣ ਵਸ, ਦੂਜਾ ਸੰਗ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ



੩੩੫
੧੩

ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਸੰਗਤ ਦੇਵੇ ਆਤਮ ਦਾਨ, ਪਰਮਾਤਮ ਕਰੇ ਅੰਤ ਕਲਿਆਣ, ਬ੍ਰਹਮ ਪਾਰਬ੍ਰਹਮ ਆਪਣੇ ਵਿਚ ਸਮਾਇੰਦਾ ।

ਸੰਤ ਸਾਧ ਮੰਗਣ ਭਿੱਖ, ਪ੍ਰਭ ਅੱਗੇ ਝੋਲੀ ਡਾਹੀਆ । ਸੀਸ ਨਿਵਾਇਣ ਮੁਨ ਰਿਖ, ਚਰਨ ਕਵਲ ਧਿਆਨ ਲਗਾਈਆ । ਕਰ ਕਿਰਪਾ ਜਿਸ ਦੇਵੇ ਆਪਣਾ ਹਿੱਸ, ਇਕ ਕਿਣਕਾ ਨਾਮ ਝੋਲੀ ਪਾਈਆ । ਉਹ ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਮਾਰਨ ਧਾਹੀ ਪਿਟ ਪਿਟ, ਆਪਣਾ ਆਪ ਗਵਾਈਆ । ਮਨ ਵਾਸਨਾ ਵੇਖਣ ਚਿਤ, ਸੁਰਤੀ ਸ਼ਬਦ ਧਿਆਨ ਲਗਾਈਆ । ਸਤਿਗੁਰ ਪੂਰਾ ਕਰ ਕਿਰਪਾ ਜੇ ਦੇਵੇ ਲਿਖ, ਲੇਖਾ ਦਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਨਾਮ ਵਰ, ਸੋ ਭਿਖਾਰੀ ਸ਼ਿੰਗਾਰ ਕੋਇ ਨਾ ਲਾਈਆ । ਸਾਧ ਸੰਤ ਧੂੜੀ ਰਮਾਇਣ ਖ਼ਾਕ, ਭਸਮ ਤਨ ਹੰਢਾਈਆ । ਗੁਫ਼ਾ ਅੰਦਰ ਵੜ ਵੜ ਰਹੇ ਝਾਕ, ਝਾਕੀ ਨਜ਼ਰ ਕੋਇ ਨਾ ਆਈਆ । ਮੰਦਰਾਂ ਅੰਦਰ ਬੈਠੇ ਕਰ ਕੇ ਬੰਦ ਤਾਕ, ਬੰਦ ਤਾਕੀ ਨਾ ਕੋਇ ਖੁਲ੍ਹਾਈਆ । ਜਿਸ ਜਨ ਸਤਿਗੁਰ ਪੂਰਾ ਕਰ ਕਿਰਪਾ ਬਣਾਏ ਆਪਣਾ ਸਾਕ, ਝਾਤੀ ਆਤਮ ਪਰਮਾਤਮ ਪਾਈਆ । ਤਿਸ ਦੇਵੇ ਤਨ ਨਜ਼ਾਤ, ਨਿਜ ਲੇਖਾ ਇਕ ਵਖਾਈਆ । ਸੋ ਸਾਧ ਸੰਤ ਰਸਨਾ ਜਿਹਵਾ ਪ੍ਰਭ ਦੀ ਸਿਫ਼ਤ ਸਲਾਹੀ ਗਾਇਣ ਬਾਤ, ਤਨ ਸ਼ਿੰਗਾਰ ਨਾ ਕੋਇ ਲਗਾਈਆ । ਜੁਗ ਚੌਕੜੀ ਸਾਧ ਸੰਤ, ਕੋਟਨ ਕੋਟ ਧਿਆਨ ਲਗਾਇੰਦਾ । ਜੁਗ ਚੌਕੜੀ ਮਣੀਆਂ

੩੩੬
੧੩
ਮੰਤ, ਮੰਤਰ ਨਾਮ ਸਰਬ ਦ੍ਰਿੜਾਇੰਦਾ । ਕਰ ਕਿਰਪਾ ਜਿਸ ਨੂੰ ਮੇਲੇ ਹਰਿ ਜੂ ਕੰਤ, ਸੋ ਸੁਘੜ ਸੁਆਣੀ ਗਲ ਲਗਾਇੰਦਾ । ਗੜ੍ਹ ਤੋੜ ਹਉਮੇ ਹੰਗਤ, ਨਿਵਣ ਸੋ ਅੱਖਰ ਇਕ ਸਮਝਾਇੰਦਾ । ਹਰਿ ਕਾ ਭੇਵ ਨਾ ਪਾਏ ਕੋਈ ਪੰਡਤ, ਚੌਦਾਂ ਵਿਦਿਆ ਹੱਥ ਨਾ ਆਇੰਦਾ । ਸੋ ਸਾਧ ਸੰਤ ਦੋਏ ਜੋੜ ਪ੍ਰਭ ਅੱਗੇ ਕਰੇ ਮਿੰਨਤ, ਹਾਰ ਸ਼ਿੰਗਾਰ ਨਾ ਕੋਇ ਲਗਾਇੰਦਾ । ਜੋ ਸਾਧ ਸੰਤ ਕਰੇ ਅਰਦਾਸ, ਪ੍ਰਭ ਚਰਨ ਧਿਆਨ ਲਗਾਈਆ । ਅੱਠੇ ਪਹਿਰ ਰੱਖੇ ਪਿਆਸ, ਪ੍ਰਭ ਮਿਲਣ ਦੀ ਤਾਂਘ ਜਣਾਈਆ । ਜਿਸ ਕਿਰਪਾ ਕਰ ਬਣਾਏ ਆਪਣਾ ਦਾਸ, ਸਿਰ ਆਪਣਾ ਹੱਥ ਟਿਕਾਈਆ । ਲੇਖੇ ਲਾਏ ਪਵਣ ਸੁਆਸ, ਪਵਣ ਪਵਣਾਂ ਵੇਖ ਵਖਾਈਆ । ਮਾਣਸ ਜਨਮ ਕਰੇ ਰਾਸ, ਮਨੁਖ ਦੇਵੇ ਆਪ ਵਡਿਆਈਆ । ਸੋ ਸਾਧ ਸੰਤ ਪ੍ਰਭ ਦੁਆਰਿਉਂ ਖ਼ਾਲੀ ਝੋਲੀ ਡਾਹ ਮੰਗੇ ਦਾਤ, ਹਾਰ ਸ਼ਿੰਗਾਰ ਨਾ ਕੋਇ ਲਗਾਈਆ । ਜੋ ਸਾਧ ਸੰਤ ਕਰੇ ਅਰਜ਼, ਆਰਜ਼ੂ ਇਕੋ ਇਕ ਰਖਾਇੰਦਾ । ਗੋਬਿੰਦ ਢੋਲਾ ਗਾਏ ਬਿਨ ਤਾਲ ਤਰਜ਼, ਆਤਮ ਪਰਮਾਤਮ ਧਿਆਨ ਲਗਾਇੰਦਾ । ਸਤਿਗੁਰੂ ਪੂਰਾ ਆਪਣਾ ਕਰੇ ਹੱਕ ਫ਼ਰਜ਼, ਹਕੀਕਤ ਦਏ ਜਣਾਈਆ । ਨਾਤਾ ਤੋੜ ਅਰਸ਼ ਫਰਸ਼, ਕਾਇਆ ਕੁਰਾ ਦਏ ਵਖਾਈਆ । ਆਬੇਹਯਾਤ ਮੇਘ ਬਰਸ, ਹਿਰਸ ਹਵਸ ਦਏ ਮਿਟਾਈਆ । ਦੀਨ ਦਿਆਲ ਕਰ ਤਰਸ, ਅਗਨੀ ਤੱਤ ਦਏ ਬੁਝਾਈਆ । ਸੋ ਸਾਧ ਸੰਤ ਪ੍ਰਭ ਸਰਨਾਈ ਡਿਗੇ ਨਿਧੜਕ, ਲੋਕ ਲਾਜ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਾਰ ਸ਼ਿੰਗਾਰ ਹੱਥ ਨਾ ਕਿਸੇ ਰਖਾਈਆ । ਸਾਧ ਸੰਤ ਕੋਟਨ ਕੋਟ, ਜੁਗਾ ਜੁਗੰਤਰ ਮਾਣ ਦਿਵਾਇੰਦਾ । ਆਪੇ ਵੇਖੇ ਆਲ੍ਹਣਿਉਂ ਡਿੱਗੇ ਬੋਟ, ਕਰ ਕਿਰਪਾ ਗੋਦ ਬਹਾਇੰਦਾ । ਨੰਨ੍ਹੀ ਨੰਨ੍ਹੀ ਨਿਰਮਲ ਜੋਤ, ਪਰਕਾਸ਼ ਪਰਕਾਸ਼ ਨਾਲ ਮਿਲਾਇੰਦਾ । ਇਕੋ

ਸ਼ਬਦ ਦੇ ਕੇ ਕਹੇ ਬਹੁਤ, ਬੌਹੜੀ ਹਾਲ ਨਾ ਕੋਇ ਸੁਣਾਇੰਦਾ । ਸੋ ਸੰਤ ਜਿਸ ਦਾ ਨਿਕਲਿਆ ਅੰਦਰੋਂ ਖੋਟ, ਪ੍ਰਭ ਚਰਨਾਂ ਢਹਿ ਢਹਿ ਸ਼ੁਕਰ ਮਨਾਇੰਦਾ । ਲੇਖਾ ਜਾਣੇ ਓਤ ਪੋਤ, ਸਾਧੂ ਹਾਰ ਸ਼ਿੰਗਾਰ ਨਾ ਕੋਇ ਵਡਿਆਇੰਦਾ । ਹਾਰ ਸ਼ਿੰਗਾਰ ਨਾ ਕਿਸੇ ਹੱਥ, ਸਾਧ ਸੰਤ ਰਹੇ ਕੁਰਲਾਈਆ । ਇਕੋ ਇਕ ਪੁਰਖ ਸਮਰਥ, ਸ਼ਹਿਨਸ਼ਾਹ ਸ਼ਾਹ ਸੱਚਾ ਪਾਤਸ਼ਾਹੀਆ । ਸਚਖੰਡ ਦੁਆਰੇ ਤਾਜ ਸੀਸ ਲਏ ਰੱਖ, ਲੋਕਮਾਤ ਵੇਖ ਵਖਾਈਆ । ਜੁਗਾ ਜੁਗੰਤਰ ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦਾ ਗੌਣ ਜਸ, ਸੋ ਹਾਰ ਸ਼ਿੰਗਾਰ ਆਪ ਲਗਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰੋੜ ਤਤੀਸਾ ਸੁਰਪਤ ਇੰਦ ਲੱਖ ਚੁਰਾਸੀ ਜਿਸ ਦੇ ਵਸ, ਚਰਨ ਕਵਲ ਧਿਆਨ ਲਗਾਈਆ । ਬੋਧ ਅਗਾਧ ਮਹਿਮਾ ਅਕਥ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਅੰਤ ਨਾ ਪਾਈਆ । ਸੋ ਸਾਹਿਬ ਸੁਲਤਾਨ ਵਡ ਮਿਹਰਵਾਨ ਸਦਾ ਅਨਡਿਠ, ਅਨਡਿਠੜੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਸਚ ਸ਼ਿੰਗਾਰ ਆਪ ਕਰਾਈਆ । ਸਚ ਸ਼ਿੰਗਾਰ ਕਰੇ ਭਗਵਾਨ, ਦੂਜਾ ਸੰਗ ਨਾ ਕੋਇ ਰਖਾਇੰਦਾ । ਸਭ ਨੂੰ ਦੇਵਣਹਾਰਾ ਦਾਨ, ਦਾਤਾ ਦਾਨੀ ਆਪ ਅਖਵਾਇੰਦਾ । ਭੂਪਤ ਭੂਪ ਰਾਜ ਰਾਜਾਨ, ਸਚ ਸੰਦੇਸਾ ਨਰ ਨਰੇਸ਼ਾ ਜ਼ਿਮੀ ਅਸਮਾਨਾਂ ਆਪ ਸੁਣਾਇੰਦਾ । ਸੋ ਜਾਣੇ ਜਿਸ ਅੰਤਰ ਪੇਖਾ, ਜਗਤ ਨੇਤਰ ਨਜ਼ਰ ਕਿਸੇ ਨਾ ਆਇੰਦਾ । ਨਿਰਗੁਣ ਸਰਗੁਣ ਖੇਲੇ ਖੇਡਾ, ਖੇਲ ਅਵਲੜੀ ਆਪ ਸਮਝਾਇੰਦਾ । ਆਪੇ ਜਾਣੇ ਆਪਣਾ ਲੇਖਾ, ਲੇਖਾ ਲਿਖਤ ਵਿਚ ਨਾ ਆਇੰਦਾ । ਸੀਸ ਤਾਜ ਜਗਦੀਸ ਆਦੇਸਾ, ਹਾਰ ਸ਼ਿਗਾਰ ਨਰ ਨਿਰੰਕਾਰ ਇਕੋ ਇਕ ਲਗਾਇੰਦਾ ।



## ❇ ੨੪ ਮੱਘਰ ੨੦੧੯ ਬਿਕਰਮੀ ਅਜੀਤ ਸਿੰਘ ਦੇ ਗ੍ਰਹਿ ਕਤੋਵਾਲ ਜ਼ਿਲਾ ਗੁਰਦਾਸਪੁਰ ❇

ਦਾਤਾ ਦਾਨੀ ਦਇਆਵਾਨ, ਸ੍ਰੀ ਭਗਵਾਨ ਇਕ ਅਖਵਾਇੰਦਾ । ਭਗਤਾਂ ਭਗਤੀ ਦੇਵੇ ਦਾਨ, ਵਸਤ ਅਮੋਲਕ ਝੋਲੀ ਪਾਇੰਦਾ । ਜੁਗ ਚੌਕੜੀ ਸਚ ਨਿਸ਼ਾਨ, ਨਿਰਗੁਣ ਸਰਗੁਣ ਮਾਤ ਝੁਲਾਇੰਦਾ । ਕਲਜੁਗ ਅੰਤਮ ਖੇਲ ਮਹਾਨ, ਪੁਰਖ ਅਬਿਨਾਸ਼ੀ ਵੇਸ ਵਟਾਇੰਦਾ । ਗੁਰਮੁਖ ਵੇਖੇ ਚਤੁਰ ਸੁਜਾਨ, ਹਰਿਜਨ ਮੇਲ ਮਿਲਾਇੰਦਾ । ਆਤਮ ਪਰਮਾਤਮ ਦੇ ਗਿਆਨ, ਭੇਵ ਅਭੇਦ ਖੁਲ੍ਹਾਇੰਦਾ । ਲੱਖ ਚੁਰਾਸੀ ਵਿਚੋਂ ਕਰ ਪਹਿਚਾਣ, ਨਾਮ ਰੰਗਣ ਇਕ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇੰਦਾ । ਭਗਤ ਭਗਵਾਨ ਸੱਚਾ ਸੰਗ, ਸਦਾ ਸਦਾ ਰਖਾਈਆ । ਜੁਗ ਚੌਕੜੀ ਦੇਵੇ ਅਨੰਦ, ਅਨੰਦ ਅਨੰਦ ਵਡਿਆਈਆ । ਮਾਣਸ ਜਨਮ ਨਾ ਹੋਏ ਭੰਗ, ਜਿਸ ਸਿਰ ਆਪਣਾ ਹੱਥ ਟਿਕਾਈਆ । ਨੰਗੀ ਹੋਣ ਨਾ ਦੇਵੇ ਕੰਡ, ਸਮਰਥ ਬੇਪਰਵਾਹੀਆ । ਗੀਤ ਸੁਹਾਗੀ ਸੁਣਾਏ ਛੰਦ, ਸੋਹੰ ਢੋਲਾ ਇਕ ਜਣਾਈਆ । ਜਗਤ ਵਿਕਾਰ ਕਰੇ ਖੰਡ ਖੰਡ, ਖੜਗ ਖੰਡਾ ਨਾਮ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲੇਖਾ ਥਾਉਂ ਥਾਈਂਆ । ਹਰਿਜਨ ਲੇਖਾ ਅਗੰਮ ਅਥਾਹ, ਹਰਿ ਸਤਿਗੁਰ ਆਪ ਚੁਕਾਇੰਦਾ । ਨਿਰਗੁਣ ਸਰਗੁਣ ਬਣ ਮਲਾਹ, ਜੁਗ ਜੁਗ ਬੇੜਾ ਮਾਤ ਚਲਾਇੰਦਾ । ਨਾਮ ਨਿਧਾਨਾ ਦਏ ਸਲਾਹ, ਸਾਚੀ ਸਿਖਿਆ ਇਕ ਸਮਝਾਇੰਦਾ । ਆਤਮ ਪਰਮਾਤਮ ਭੇਵ ਖੁਲ੍ਹਾ, ਦੂਈ ਦਵੈਤੀ ਪਰਦਾ ਲਾਹਿੰਦਾ । ਅੰਮ੍ਰਿਤ

ਜਾਮ ਸਚ ਪਿਆ, ਸਰੋਵਰ ਇਕੋ ਇਕ ਨੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਮੇਲ ਮਿਲਾਇੰਦਾ । ਹਰਿਜਨ ਮੇਲਾ ਏਕਾ ਏਕ, ਏਕੰਕਾਰ ਆਪ ਮਿਲਾਈਆ । ਏਥੇ ਓਥੇ ਸਾਚੀ ਟੇਕ, ਸਮਰਥ ਪੁਰਖ ਵਡਿਆਈਆ । ਕਾਇਆ ਬੁੱਧੀ ਕਰੇ ਬਬੇਕ, ਵਵੇਕੀ ਰੂਪ ਵਖਾਈਆ । ਮਾਇਆ ਅਗਨੀ ਤੱਤ ਨਾ ਲਾਏ ਸੇਕ, ਤ੍ਰੈਗੁਣ ਪੋਹ ਨਾ ਸਕੇ ਰਾਈਆ । ਨਿਰਧਨ ਸਰਧਨ ਕਰੇ ਹੇਤ, ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਸਹਿਜ ਸੁਭਾਈਆ । ਸਹਿਜ ਸੁਭਾਉ ਮੇਲਾ ਗੁਰ, ਗੁਰ ਸਤਿਗੁਰ ਆਪ ਮਿਲਾਇੰਦਾ । ਲੇਖਾ ਜਾਣੇ ਲਿਖਿਆ ਧੁਰ, ਧੁਰ ਮਸਤਕ ਖੋਜ ਖੁਜਾਇੰਦਾ । ਆਦਿ ਅੰਤ ਜੁਗਾ ਜੁਗੰਤ ਪੁਰਖ ਅਬਿਨਾਸ਼ੀ ਜਾਏ ਬੌਹੜ, ਭਗਤ ਭਗਵੰਤ ਆਪ ਉਠਾਇੰਦਾ । ਸ਼ਬਦ ਅਗੰਮੀ ਚੜ੍ਹੇ ਘੋੜ, ਦੋ ਜਹਾਨਾਂ ਆਪ ਦੌੜਾਇੰਦਾ । ਦਰਗਾਹ ਸਾਚੀ ਲਾਵੇ ਸੱਚਾ ਪੌੜ, ਅੱਧਵਿਚਕਾਰ ਨਾ ਕੋਇ ਅਟਕਾਇੰਦਾ । ਵੇਖਣਹਾਰਾ ਮਿੱਠਾ ਕੌੜ, ਲੱਖ ਚੁਰਾਸੀ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਜਗਾਇੰਦਾ । ਹਰਿਜਨ ਜਾਗੇ ਵਡ ਵਡ ਭਾਗ, ਵਡਭਾਗੀ ਦਇਆ ਕਮਾਈਆ । ਦੀਪਕ ਜੋਤੀ ਜਗੇ ਚਿਰਾਗ, ਅੰਧ ਅੰਧੇਰ ਮਿਟਾਈਆ । ਹੰਸ ਬੁੱਧੀ ਨਾ ਹੋਏ ਕਾਗ, ਕਾਗ ਹੰਸ ਰੂਪ ਵਟਾਈਆ । ਜਗਤ ਤ੍ਰਿਸਨਾ ਵਿਚੋਂ ਕਾਢ, ਬਖ਼ਸ਼ੇ ਸਰਨ ਸੱਚੀ ਸਰਨਾਈਆ । ਅੰਤਰ ਅੰਤਰ ਕਰੇ ਲਾਡ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲੇਖਾ ਦਏ ਚੁਕਾਈਆ । ਹਰਿਜਨ ਲੇਖਾ ਸਦਾ ਅਲੇਖ, ਲਿਖਤ ਵਿਚ ਨਾ ਆਇੰਦਾ । ਜਿਸ ਦੇ ਪਿਛੇ ਪੁਰਖ ਅਬਿਨਾਸ਼ੀ ਧਰੇ ਭੇਖ, ਲੋਕਮਾਤ ਵੇਸ ਵਟਾਇੰਦਾ । ਪੂਰਬ ਜਨਮ ਦੀ ਮੇਟੇ ਰੇਖ, ਰੇਖਾ ਆਪਣੀ ਫਿਰ ਬਦਲਾਇੰਦਾ । ਵੇਖਣਹਾਰਾ ਕਾਇਆ ਖੇਤ, ਗ੍ਰਿਹ ਮੰਦਰ ਫੋਲ ਫੁਲਾਇੰਦਾ । ਡੂੰਘੀ ਕੰਦਰ ਜਾਣੇ ਭੇਤ, ਪਰਦਾ ਆਪ ਚੁਕਾਇੰਦਾ । ਸਦਾ ਸੁਹੇਲਾ ਕਰੇ ਹੇਤ, ਨਿਤ ਨਵਿਤ ਵੇਖ ਵਖਾਇੰਦਾ । ਬ੍ਰਹਮ ਪਾਰਬ੍ਰਹਮ ਖੇਲੇ ਖੇਡ, ਘਰ ਘਰ ਵਿਚ ਸਾਚੀ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣਾ ਭੇਵ ਜਣਾਇੰਦਾ । ਹਰਿਜਨ ਹਰਿ ਜੂ ਖੋਲ੍ਹੇ ਭੇਵ, ਪਰਦਾ ਆਪ ਉਠਾਈਆ । ਦਰਸ ਦਖਾਏ ਵਡ ਦੇਵੀ ਦੇਵ, ਦੇਵਤ ਸੁਰ ਸੀਸ ਝੁਕਾਈਆ । ਲੇਖਾ ਜਾਣੇ ਧੁਰ ਦੀ ਸੇਵ, ਫਲ ਇਕੋ ਇਕ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਅਗੰਮ ਅਥਾਹੀਆ । ਅਗੰਮ ਅਥਾਹੋ ਹਰਿ ਹਰਿ ਮੇਲਾ, ਹਰਿ ਮਿਲਣੀ ਆਪ ਕਰਾਇੰਦਾ । ਖੇਲੇ ਖੇਲ ਗੁਰੂ ਗੁਰ ਚੇਲਾ, ਚੇਲਾ ਗੁਰ ਵੇਖ ਵਖਾਇੰਦਾ । ਸਤਿ ਸਵਾਮੀ ਸੱਜਣ ਸੁਹੇਲਾ, ਸਗਲਾ ਸੰਗ ਨਿਭਾਇੰਦਾ । ਵਸਣਹਾਰਾ ਸਦਾ ਨਵੇਲਾ, ਨਿਜ ਘਰ ਆਪਣਾ ਡੇਰਾ ਲਾਇੰਦਾ । ਕੱਟਣਹਾਰਾ ਧਰਮ ਰਾਏ ਦੀ ਜੇਲਾ, ਆਵਣ ਜਾਵਣ ਫੰਦ ਕਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚਾ ਪਾਰ ਕਰਾਇੰਦਾ । ਹਰਿਜਨ ਉਤਰੇ ਪਾਰ, ਪਾਰ ਉਤਾਰਾ ਆਪ ਕਰਾਈਆ । ਕਿਰਪਾ ਕਰ ਹਰਿ ਨਿਰੰਕਾਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਸ਼ਬਦ ਅਨਾਦਿ ਸੱਚੀ ਧੁੰਨਕਾਰ, ਧੁਨ ਆਤਮਕ ਰਾਗ ਸੁਣਾਈਆ । ਸਾਚੀ ਸਖੀਆਂ ਮੰਗਲਚਾਰ, ਗੀਤ ਗੋਬਿੰਦ ਅਲਾਈਆ । ਗ੍ਰਿਹ ਮੰਦਰ ਜੋਤ ਉਜਿਆਰ, ਨੂਰੋ ਨੂਰ ਨੂਰ ਰੁਸ਼ਨਾਈਆ । ਮੇਲ ਮਿਲਾਵਾ ਕੰਤ ਭਤਾਰ, ਜਗਤ ਵਿਛੋੜਾ ਦਏ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਆਪਣਾ ਰੰਗ ਰੰਗਾਈਆ ।

ਗੁਰਮੁਖ ਚਾੜ੍ਹੇ ਰੰਗ ਚਲੂਲ, ਚਿਹਨ ਚੱਕਰ ਨਾ ਕੋਇ ਬਣਾਇੰਦਾ । ਆਦਿ ਜੁਗਾਦਿ ਨਾ ਜਾਏ ਭੂਲ, ਅਭੁਲ ਖੇਲ ਕਰਾਇੰਦਾ । ਪੂਰਬ ਜਨਮ ਚੁਕਾਏ ਮੂਲ, ਪਿਛਲਾ ਲੇਖਾ ਝੋਲੀ ਪਾਇੰਦਾ । ਪ੍ਰੇਮ ਵੈਰਾਗ ਬਰਸੇ ਫੂਲ, ਬਰਖਾ ਇਕੋ ਨਾਮ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਵਡਿਆਇੰਦਾ । ਹਰਿਜਨ ਸਚ ਸਚ ਵਡਿਆਈ, ਹਰਿ ਵੱਡਾ ਵਡ ਵਡਿਆਇੰਦਾ । ਘਰ ਮੰਦਰ ਵੱਜੇ ਵਧਾਈ, ਸੋਭਾਵੰਤ ਸੋਭਾ ਪਾਇੰਦਾ । ਸੁਰਤ ਸ਼ਬਦ ਹੋਏ ਕੁੜਮਾਈ, ਕੁੜਮ ਕੁੜਮੇਟਾ ਇਕੋ ਨਜ਼ਰੀ ਆਇੰਦਾ । ਸੌਹਰੇ ਪੇਈਏ ਰੰਗ ਵਖਾਈ, ਰੰਗਣ ਆਪਣੇ ਨਾਮ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚਾ ਆਪ ਮਿਲਾਇੰਦਾ । ਹਰਿਜਨ ਮਿਲਿਆ ਅੰਦਰੇ ਅੰਦਰ, ਘਰ ਘਰ ਮੇਲ ਮਿਲਾਇਆ । ਬਜਰ ਕਪਾਟੀ ਤੁਟਾ ਜੰਦਰ, ਪਰਦਾ ਦਵੈਤੀ ਆਪ ਉਠਾਇਆ । ਭਾਗ ਲਗਾਏ ਅੰਧੇਰੀ ਕੰਦਰ, ਨਿਰਗੁਣ ਨੂਰ ਜੋਤ ਰੁਸ਼ਨਾਇਆ । ਮਨ ਵਾਸਨਾ ਮਾਰੇ ਬੰਦਰ, ਦਹਿ ਦਿਸ਼ਾ ਨਾ ਉਠ ਉਠ ਧਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇਆ । ਹਰਿਜਨ ਵੇਖੇ ਆਪਣੇ ਨੈਣ, ਨੈਣ ਮੁੰਧਾਰੀ ਦਇਆ ਕਮਾਇੰਦਾ । ਰਸਨਾ ਕੋਇ ਨਾ ਸਕੇ ਕਹਿਣ, ਕਹਿ ਕਹਿ ਅੰਤ ਕੋਇ ਨਾ ਪਾਇੰਦਾ । ਆਦਿ ਜੁਗਾਦਿ ਚੁਕਾਏ ਲਹਿਣ ਦੇਣ, ਜੁਗ ਜੁਗ ਆਪਣਾ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਆਪਣਾ ਘਰ ਵਖਾਇੰਦਾ । ਹਰਿਜਨ ਵੇਖ ਹਰਿ ਕਾ ਘਰ, ਘਰ ਘਰ ਵਿਚ ਕਰੇ ਰੁਸ਼ਨਾਈਆ । ਆਦਿ ਜੁਗਾਦਿ ਚੁਕਾਏ ਭੈ ਡਰ, ਭਿਆਨਕ ਰੂਪ ਨਾ ਕੋਇ ਵਖਾਈਆ । ਕਿਰਪਾਲ ਕਿਰਪਾ ਦੇਵੇ ਕਰ, ਦਿਆਲ ਦਇਆ ਕਮਾਈਆ । ਕਾਲ ਨਾ ਅੱਗੇ ਸਕੇ ਖੜ, ਬੈਠਾ ਮੁਖ ਭੁਆਈਆ । ਮਹਾਂਕਾਲ ਮੰਗੇ ਦਰ, ਦੋਏ ਜੋੜ ਸੀਸ ਝੁਕਾਈਆ । ਅਬਿਨਾਸ਼ੀ ਕਰਤਾ ਸਭ ਨੂੰ ਦੇਵਣਹਾਰਾ ਵਰ, ਧੁਰ ਫ਼ਰਮਾਣਾ ਹੁਕਮ ਜਣਾਈਆ । ਹਰਿਜਨ ਵਿਚੋਂ ਲਏ ਫੜ, ਫੜ ਬਾਹੋਂ ਗਲੇ ਲਗਾਈਆ । ਸਾਚੇ ਪੌੜੇ ਆਪੇ ਚੜ੍ਹ, ਮਹੱਲ ਅਟੱਲ ਕਰੇ ਰੁਸ਼ਨਾਈਆ । ਦਰਸ ਦਿਖਾਏ ਅੱਗੇ ਖੜ, ਪਰਦਾ ਉਹਲਾ ਨਾ ਕੋਇ ਜਣਾਈਆ । ਸੋਹੰ ਅੱਖਰ ਜੋ ਜਨ ਰਹੇ ਪੜ੍ਹ, ਪੜ੍ਹਿਆ ਸੁਣਿਆ ਲੇਖੇ ਲਾਈਆ । ਹਰਿਜਨ ਹਰਿ ਹਰਿ ਵਸਣ ਇਕੋ ਘਰ, ਘਰ ਮੰਦਰ ਸੋਭਾ ਪਾਈਆ । ਕਲਜੁਗ ਅੰਤਮ ਖੇਲ ਕਰ, ਨਿਹਕਲੰਕ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲਹਿਣਾ ਦਏ ਚੁਕਾਈਆ । ਹਰਿਜਨ ਤੇਰਾ ਚੁੱਕੇ ਲਹਿਣਾ, ਪੂਰਬ ਵੇਖ ਵਖਾਇੰਦਾ । ਸਤਿ ਸਰੂਪੀ ਬਸਤਰ ਗਹਿਣਾ, ਤਨ ਭੂਸ਼ਨ ਇਕ ਜਣਾਇੰਦਾ । ਸਤਿਗੁਰ ਪੂਰੇ ਮੰਨਣਾ ਕਹਿਣਾ, ਭੁੱਲ ਕਦੇ ਨਾ ਜਾਇੰਦਾ । ਸਰਨ ਸਰਨਾਈ ਸਾਚੀ ਬਹਿਣਾ, ਗ਼ਰੀਬ ਨਿਮਾਣਿਆਂ ਦਇਆ ਕਮਾਇੰਦਾ । ਲੱਖ ਚੁਰਾਸੀ ਖਾਏ ਡਾਇਣਾ, ਲਾੜੀ ਮੌਤ ਰੰਗ ਚੜ੍ਹਾਇੰਦਾ । ਕੂੜੀ ਕਿਰਿਆ ਕੂੜੇ ਵਹਿਣ ਵਹਿਣਾ, ਅੱਗੇ ਹੋ ਨਾ ਕੋਇ ਬਚਾਇੰਦਾ । ਪ੍ਰਭ ਕਾ ਭਾਣਾ ਸਭ ਨੇ ਸਹਿਣਾ, ਸਿਰ ਉਪਰ ਨਾ ਕੋਇ ਉਠਾਇੰਦਾ । ਭਗਤ ਭਗਵਾਨ ਘਰ ਸਾਚੇ ਬਹਿਣਾ, ਜਿਸ ਘਰ ਦੂਜਾ ਨਜ਼ਰ ਕੋਇ ਨਾ ਆਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਕੀਤੀ ਕਰਨੀ ਜ਼ਰੂਰ ਚੁਕਾਏ ਲਹਿਣਾ, ਬਿਨ ਦਿਤਿਆਂ ਆਪਣਾ ਮੁਖ ਨਾ ਗੁਰਮੁਖਾਂ ਵਖਾਇੰਦਾ । ਜਿੰਨਾਂ ਚਿਰ ਨਾ ਦੇਣਾ ਦਿਤਾ, ਦੋ ਜਹਾਨ ਨਾ ਕੋਇ ਵਡਿਆਈਆ । ਅੰਤ ਕੋਈ ਨਾ ਨਿਕਲੇ ਸਿੱਟਾ, ਸਾਚਾ ਰਾਹ ਨਾ ਕੋਇ ਵਖਾਈਆ । ਹਜ਼ੂਰ ਜ਼ਰੂਰ ਵਾਂਗ ਮਨਸੂਰ ਕਰੇ ਹਿੱਤਾ, ਫ਼ਜ਼ੂਲ ਗੱਲ

ਨਾ ਕੋਇ ਸੁਣਾਈਆ । ਦੂਈ ਦਵੈਤੀ ਆਪਣੇ ਵਿਚ ਛੁਪਾਏ ਸਭ ਦਾ ਪਤਾ, ਹੰਕਾਰ ਵਿਕਾਰ ਆਪਣੀ ਝੋਲੀ ਪਾਈਆ । ਗੁਰਮੁਖ ਪਿਆਰ ਕਰੇ ਮਿੱਠਾ, ਮਿਠਤ ਆਪਣਾ ਰੰਗ ਚੜ੍ਹਾਈਆ । ਪਿਛਲਾ ਦੇਵੇ ਹਿੱਸਾ ਅਨਡਿਠਾ, ਜਗਤ ਨੇਤਰ ਨਜ਼ਰ ਨਾ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਭਗਵਾਨ ਦਾ ਗੌਂਦੇ ਰਹੇ ਕਿਸਾ, ਕਿਸਮਤ ਆਪਣੀ ਉਸ ਦੇ ਹੱਥ ਫੜਾਈਆ । ਸੋ ਦੀਨ ਦਿਆਲ ਠਾਕਰ ਕਿਰਪਾਲ ਜਨ ਭਗਤਾਂ ਵਸੇ ਇਕੋ ਚਿਤਾ, ਚਿਤ ਆਪਣਾ ਰੂਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇ ਦੇ ਆਪਣਾ ਸ਼ੁਕਰ ਮਨਾਈਆ । ਆਪਣੀ ਦੇਵੇ ਵਸਤ ਨਾਮ, ਸੋ ਨਾਮ ਜੋ ਲਿਖਣ ਪੜ੍ਹਨ ਵਿਚ ਨਾ ਆਈਆ । ਜਿਸ ਨਾਮ ਦੇ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਹੋਈ ਗ਼ੁਲਾਮ, ਮਾਣ ਅਭਿਮਾਣ ਸਰਬ ਮਿਟਾਈਆ । ਜਿਸ ਦਾ ਸਿਫ਼ਤ ਸਾਲਾਹੀ ਪੀਰ ਪੈਗ਼ੰਬਰ ਅਮਾਮ, ਨੂਰੀ ਜਲਵਾ ਦੱਸਦੇ ਗਏ ਨਿਸ਼ਾਨ, ਨਿਸ਼ਾਨਾ ਹੱਕ ਨਾ ਕੋਇ ਜਣਾਈਆ । ਸੋ ਨਾਮ ਨਿਧਾਨ ਜਨ ਭਗਤਾਂ ਪਿਆਏ ਅੰਮ੍ਰਿਤ ਜਾਮ, ਕਾਇਆ ਜਾਮਾ ਦਏ ਬਦਲਾਈਆ । ਜਿਸ ਨੂੰ ਹੁਕਮੇ ਅੰਦਰ ਜੰਗਲਾਂ ਵਿਚ ਲੱਭਦਾ ਫਿਰਿਆ ਰਾਮ, ਰਾਮ ਰਾਮ ਆਪਣਾ ਮੁਖ ਛੁਪਾਈਆ । ਸੋ ਸਾਹਿਬ ਦੇਵੇ ਪੈਗ਼ਾਮ, ਜਿਸ ਦਾ ਪਰਾ ਪਸੰਤੀ ਮਧਮ ਬੈਖਰੀ ਚਾਰੇ ਬਾਣੀ ਸਾਰ ਨਾ ਪਾਈਆ । ਜਿਸ ਦੀ ਸਾਧ ਸੰਤ ਭਗਤ ਭਗਵੰਤ ਸੂਫ਼ੀ ਕਰਦੇ ਰਹੇ ਕਲਾਮ, ਸੋ ਕਲਮੇ ਵਿਚ ਕਦੇ ਨਾ ਆਈਆ । ਜਿਸ ਦਾ ਹੁਕਮੇ ਅੰਦਰ ਸਰਬ ਨਜ਼ਾਮ, ਸੋ ਨਾਮ ਇਕੋ ਹੁਕਮ ਮਨਾਈਆ । ਕਲਜੁਗ ਅੰਤਮ ਹੋ ਪਰਧਾਨ, ਸਚ ਪਰਧਾਨਗੀ ਇਕ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਣਾ ਦੇਵੇ ਬਿਨ ਦਿਤਿਆਂ ਆਪਣੀ ਅੱਖ ਨਾ ਸਕੇ ਉਠਾਈਆ । ਬਿਨ ਦਿਤਿਆਂ ਸ਼ਰਮਾਏ ਅੱਖ, ਗੁਰ ਨੇਤਰ ਨਾ ਉਪਰ ਉਠਾਇੰਦਾ । ਜਿੰਨਾ ਚਿਰ ਦਰਸ ਨਾ ਦੇਵੇ ਪਰਤੱਖ, ਸਤਿਗੁਰ ਮਾਤ ਨਾ ਕੋਇ ਅਖਵਾਇੰਦਾ । ਜਿੰਨਾਂ ਚਿਰ ਦੋ ਜਹਾਨ ਨਾ ਲਏ ਰੱਖ, ਰੱਖਣਹਾਰਾ ਆਪ ਅਖਵਾਇੰਦਾ । ਜਿੰਨਾਂ ਚਿਰ ਆਪਣੇ ਅੰਦਰ ਨਾ ਲਵੇ ਢਕ, ਸਵਛ ਸਰੂਪੀ ਪਰਦਾ ਪਾਇੰਦਾ । ਸਤਿਗੁਰੂ ਲੋਕ ਲਾਜ ਵਿਚ ਕਦੇ ਨਾ ਕਟਾਵੇ ਆਪਣਾ ਨੱਕ, ਨਕੇਲ ਸਭ ਨੂੰ ਨਾਮ ਪਾਇੰਦਾ । ਲਹਿਣਾ ਦੇਣਾ ਦੇਵੇ ਹੱਥੋ ਹੱਥ, ਅੱਗੇ ਉਧਾਰ ਨਾ ਕੋਇ ਰਖਾਇੰਦਾ । ਜਿਸ ਨੂੰ ਮਾਰਗ ਦਿਤਾ ਦੱਸ, ਤਿਸ ਫੜ ਬਾਹੋਂ ਉਪਰ ਚੜ੍ਹਾਇੰਦਾ । ਮਾਲਾ ਮਣਕਾ ਕੋਈ ਗੁਰਮੁਖ ਨਾ ਲਏ ਰੱਟ, ਰੱਟਾ ਸਭ ਦਾ ਆਪ ਮੁਕਾਇੰਦਾ । ਮਿਹਰਵਾਨ ਮਿਹਰ ਨਜ਼ਰ ਨਾਲ ਨਿਰਮਲ ਜੋਤ ਕਰੇ ਪਰਗਟ, ਪਰਗਟ ਆਪਣਾ ਰੂਪ ਵਖਾਇੰਦਾ । ਵਸਣਹਾਰਾ ਘਟ ਘਟ, ਲੱਭਿਆਂ ਹੱਥ ਕਿਸੇ ਨਾ ਆਇੰਦਾ । ਕੋਟਨ ਕੋਟ ਸਾਧ ਸੰਤ ਜੰਗਲ ਜੂਹ ਉਜਾੜ ਪਹਾੜ ਰਹੇ ਨੱਠ, ਬਣ ਪਾਂਧੀ ਪੰਧ ਨਾ ਕੋਇ ਮੁਕਾਇੰਦਾ । ਕੋਟਨ ਕੋਟ ਅੰਦਰ ਵੜ ਵੜ ਵਾਸਤੇ ਰਹੇ ਘੱਤ, ਵਸਤੂ ਝੋਲੀ ਨਾ ਕਿਸੇ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ ਬਿਨ ਭਗਤਾਂ ਭੇਵ ਨਾ ਕਿਸੇ ਸਮਝਾਇੰਦਾ । ਗੁਰਸਿਖ ਕਹੇ ਪ੍ਰਭ ਦੇਵੇਂ ਕੀ, ਤੇਰੇ ਹੱਥ ਕੀ ਵਡਿਆਈਆ । ਪੁਰਖ ਅਕਾਲ ਕਹੇ ਮੈਂ ਰੱਖਾਂ ਨੀਂਹ, ਸਤਿਜੁਗ ਸਾਚਾ ਰਾਹ ਚਲਾਈਆ । ਗੁਰਸਿਖ ਕਹੇ ਲੇਖੇ ਲੱਗੇ ਸਾਢੇ ਤਿੰਨ ਹੱਥ ਸੀਂ, ਰਵਦਾਸ ਚੁਮਿਆਰ ਮਿਲੇ ਵਡਿਆਈਆ । ਸਤਿਗੁਰ ਕਹੇ ਮੈਂ ਅੰਮ੍ਰਿਤ ਬਰਸਾਂ ਮੀਂਹ, ਰੁੱਤ ਬਸੰਤੀ ਇਕ ਵਖਾਈਆ । ਗੁਰਸਿਖ ਕਹੇ ਕੀ ਨਿਰਮਲ ਕਰੇਂ ਜੀਅ, ਦੁਰਮੱਤ ਮੈਲ ਧਵਾਈਆ । ਸਤਿਗੁਰ ਕਹੇ ਗੁਰਸਿਖ ਇਕ ਜਾਮ ਪਿਆਲਾ ਪੀ, ਜਿਸ ਪੀਤਿਆਂ ਏਥੇ ਓਥੇ ਸੁਧ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਹਰਿਜਨ ਆਪਣਾ ਖੇਲ ਕਰਾਈਆ । ਭਗਤ ਕਹੇ ਪ੍ਰਭ ਤੂੰ ਬੜਾ ਝੂਠਾ, ਤੇਰਾ ਅੰਤ ਕਿਸੇ ਨਾ ਪਾਇਆ । ਸ਼ਾਹ ਸੁਲਤਾਨਾਂ ਹੱਥ ਫੜਾਏਂ ਖ਼ਾਲੀ ਠੂਠਾ, ਦਰ ਦਰ ਧੱਕਾ ਲਾਇਆ । ਜੁਗ ਚੌਕੜੀ ਸਭ ਤੋਂ ਰਿਹੋਂ ਰੁਠਾ, ਅੰਗੀਕਾਰ ਨਾ ਕਿਸੇ ਕਰਾਇਆ । ਠੋਕਰ ਮਾਰੇਂ ਚਾਰੇ ਕੂਟਾ, ਦਹਿ ਦਿਸ਼ਾ ਡੇਰਾ ਢਾਹਿਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਪੰਜ ਤੱਤ ਕਾਇਆ ਦੇ ਝੂਟਾ, ਅੰਤਮ ਫੇਰ ਖ਼ਾਕ ਮਿਲਾਇਆ । ਨਾਮ ਬੀਜ ਮੰਤਰ ਸੱਚਾ ਬੂਟਾ, ਨਿਰਗੁਣ ਸਰਗੁਣ ਰਾਹ ਚਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਦੱਸ ਸਾਚਾ ਵਰ, ਕਿਸ ਬਿਧ ਆਪਣਾ ਖੇਲ ਵਖਾਇਆ । ਪੁਰਖ ਅਬਿਨਾਸ਼ੀ ਕਹੇ ਭਗਤ ਮੀਤ, ਸਚ ਸਚ ਦ੍ਰਿੜਾਈਆ । ਮੇਰਾ ਖੇਲ ਸਦਾ ਅਨਡੀਠ, ਗੁਰ ਅਵਤਾਰ ਪੀਰ ਪੈਗ਼ੰਬਰ ਵਿਸ਼ਨ ਬ੍ਰਹਮਾ ਸ਼ਿਵ ਭੇਵ ਨਾ ਰਾਈਆ । ਜਿਉਂ ਭਾਵੇ ਤਿਉਂ ਚਲਾਵਾਂ ਆਪਣੀ ਰੀਤ, ਰੀਤੀਵਾਨ ਇਕ ਅਖਵਾਈਆ । ਜਗਤ ਨਾਤਾ ਸ਼ਿਵਦੁਆਲਾ ਮੱਠ ਮੰਦਰ ਮਸੀਤ, ਇੱਟਾਂ ਪੱਥਰ ਜੋੜ ਜੁੜਾਈਆ । ਇਸ ਦੇ ਅੰਦਰ ਸਭ ਨੂੰ ਰਿਹਾ ਘਸੀਟ, ਲੁਕਵੀਂ ਖੇਲ ਨਾ ਕਿਸੇ ਸਮਝਾਈਆ । ਜਿਸ ਪਾਇਆ ਤਿਸ ਅੰਤਰ ਬੈਠ ਅਤੀਤ, ਤ੍ਰੈ ਭਵਨ ਧਨੀ ਆਪਣਾ ਰੰਗ ਚੜ੍ਹਾਇਆ । ਕਲਜੁਗ ਅੰਤਮ ਦੱਸੀ ਸਚ ਪ੍ਰੀਤ, ਪ੍ਰੀਤੀ ਇਕੋ ਇਕ ਸਮਝਾਇਆ । ਸੋਹੰ ਢੋਲਾ ਗੌਣਾ ਗੀਤ, ਆਤਮ ਪਰਮਾਤਮ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵੰਤ ਵਖਾਏ ਇਕੋ ਘਰ, ਦੂਜਾ ਨਜ਼ਰ ਕੋਇ ਨਾ ਆਇਆ । ਹੱਕ ਜਾਣ ਨਾ ਕਹੇ ਬੇਅੰਤ, ਅੰਤ ਹੱਕ ਵਿਚ ਆਈਆ । ਗੁਰ ਅਵਤਾਰ ਬਣ ਨਾਰੀ ਮਿਲਦੇ ਰਹੇ ਕੰਤ, ਚਰਨ ਧਿਆਨ ਲਗਾਈਆ । ਦੋਏ ਜੋੜ ਕਰਦੇ ਰਹੇ ਮਿੰਨਤ, ਬੇਪਰਵਾਹ ਬੇਅੰਤ ਤੇਰੀ ਵਡਿਆਈਆ । ਉਪਰ ਚੜ੍ਹ ਕੇ ਵੇਖਣ ਦੀ ਕਿਸੇ ਨਾ ਪਈ ਹਿੰਮਤ, ਆਪਣਾ ਬਲ ਨਾ ਕੋਇ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੱਕ ਇਕੋ ਇਕ ਨੂਰ ਜ਼ਹੂਰ, ਜਲਵਾ ਆਪ ਖ਼ੁਦਾਈਆ । ਦੁੱਧ ਲੱਸੀ ਨਾ ਕੋਈ ਪਾਣੀ, ਖਾਣ ਪੀਣ ਵਿਚ ਪਾਤਸ਼ਾਹ ਕਦੇ ਨਾ ਆਈਆ । ਜਿਸ ਬਣਾਈ ਚਾਰ ਖਾਣੀ, ਅੰਡਜ ਜੇਰਜ ਉਤਭਜ ਸੇਤਜ ਵੰਡ ਵੰਡਾਈਆ । ਸੋ ਪਾਤਸ਼ਾਹ ਇਕੋ ਖਾਵੇ ਪੀਵੇ ਪ੍ਰੇਮ ਪਿਆਰ ਬਣ ਸ਼ਬਦ ਗੁਰ ਹਾਣੀ, ਦੂਜੀ ਵਸਤ ਨੇੜ ਕੋਇ ਨਾ ਆਈਆ । ਖਾਣਾ ਪੀਣਾ ਲੇਟਣਾ ਸੌਣਾ ਜਾਗਣਾ ਉਠਣਾ ਬਹਿਣਾ ਏਹ ਖੇਲ ਪਰਾਣੀ, ਪੰਜ ਤੱਤ ਹੋਏ ਕੁੜਮਾਈਆ । ਜਿਸ ਜਨ ਸੱਚੇ ਪਾਤਸ਼ਾਹ ਦੀ ਜਾਣੀ, ਸਚ ਨਿਸ਼ਾਨਾ ਸੋ ਸ਼ਹਿਨਸ਼ਾਹ ਸਦਾ ਸਦ ਭਰਪੂਰ ਰਿਹਾ ਸਭ ਠਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਝਾ ਗੋਕਾ ਕੋਈ ਨਾ ਦੁੱਧ, ਆਪਣਾ ਆਪ ਕਰ ਕੇ ਬੈਠਾ ਸੁੱਧ, ਬੁਰਾ ਚੰਗਾ ਚੰਗਾ ਮੰਦਾ ਮਾੜਾ ਅੱਛਾ ਬਿਨ ਵੱਛੀ ਵੱਛਾ, ਆਪਣਾ ਸੀਰ ਆਪਣੇ ਵਿਚੋਂ ਆਪ ਪਰਗਟਾਈਆ । ਜਗਤ ਦੁੱਧ ਰਸਨ ਸੁਆਦ ਆਤਮ ਰਸ ਨਾ ਕੋਇ ਵਖਾਈਆ ।

### ❇ ੨੪ ਮੱਘਰ ੨੦੧੯ ਬਿਕਰਮੀ ਨਵਾਂ ਪਿੰਡ ਜ਼ਿਲਾ ਗੁਰਦਾਸਪੁਰ ❇

ਹਰਿ ਓਟ ਸਤਿਗੁਰ ਸਰਨ, ਗੁਰ ਮਿਲੇ ਵਡਿਆਈਆ । ਨਾਮ ਚੋਟ ਨੇਤਰ ਹਰਨ ਫਰਨ, ਨਾਦ ਧੁਨ ਸ਼ਬਦ ਸ਼ਨਵਾਈਆ । ਦੀਨ ਦਿਆਲ ਠਾਕਰ ਕਰਨੀ ਕਰਨ, ਕਰਤਾ ਪੁਰਖ ਬੇਪਰਵਾਹੀਆ । ਜੁਗ ਚੌਕੜੀ ਲੱਖ ਚੁਰਾਸੀ ਜਾਣੇ ਜੀਵਨ ਮਰਨ, ਗੇੜਾ ਗੇੜੇ ਵਿਚ ਰਖਾਈਆ । ਜਨ

ਭਗਤਾਂ ਮਾਰਗ ਦੱਸੇ ਤਰਨੀ ਤਰਨ, ਭਵ ਸਾਗਰ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਜਣਾਈਆ । ਹਰਿ ਭਰਵਾਸਾ ਸਤਿਗੁਰ ਮੀਤ, ਗੁਰ ਗੁਰ ਰੰਗ ਰੰਗਾਇੰਦਾ । ਆਤਮ ਪਰਮਾਤਮ ਖੇਲ ਤਮਾਸ਼ਾ ਪਾਰਬ੍ਰਹਮ ਬ੍ਰਹਮ ਵੇਖੇ ਅਤੀਤ, ਸੁਰਤੀ ਸ਼ਬਦੀ ਨਾਚ ਨਚਾਇੰਦਾ । ਪੰਜ ਤੱਤ ਕਾਇਆ ਮੰਦਰ ਅੰਦਰ ਖੇਲ ਅਨਡੀਠ, ਕਵਰੀ ਭਵਰੀ ਕਾਜ ਰਚਾਇੰਦਾ । ਅੰਮ੍ਰਿਤ ਸਰੋਵਰ ਨਿਝਰ ਝਿਰਨਾ ਝਿਰਾਏ ਅਤੀਤ, ਕਵਲ ਨਾਭੀ ਆਪ ਛੁਪਾਇੰਦਾ । ਜਿਸ ਜਨ ਬਖ਼ਸ਼ੇ ਸਚ ਪ੍ਰੀਤ, ਤਿਸ ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇੰਦਾ । ਹਰਿ ਜੂ ਆਸ ਸਤਿਗੁਰ ਮੇਲ, ਗੁਰੂ ਗੁਰ ਦਇਆ ਕਮਾਈਆ । ਜਨਮ ਜਨਮ ਦੀ ਬੁੱਝੇ ਪਿਆਸ ਨਾਤਾ ਜੁੜੇ ਗੁਰੂ ਗੁਰ ਚੇਲ, ਸੱਜਣ ਸੁਹੇਲ ਇਕੋ ਨਜ਼ਰੀ ਆਈਆ । ਜੁਗਾ ਜੁਗੰਤਰ ਅਚਰਜ ਕਰੇ ਹਰਿ ਜੂ ਖੇਲ, ਬੇਅੰਤ ਬੇਪਰਵਾਹ ਭੇਵ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਜਣਾਈਆ । ਆਪਣੀ ਕਰਨੀ ਹਰਿ ਕਰਤਾਰ, ਆਦਿ ਜੁਗਾਦਿ ਕਰਾਇੰਦਾ । ਭਗਤ ਵਛਲ ਗਿਰਵਰ ਗਿਰਧਾਰ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਲੱਖ ਚੁਰਾਸੀ ਵਿਚੋਂ ਲਏ ਉਭਾਰ, ਆਪ ਆਪਣਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਜੁਗਾ ਜੁਗੰਤਰ ਭਗਤਨ ਮੀਤਾ, ਸ੍ਰੀ ਭਗਵਾਨ ਦਇਆ ਕਮਾਈਆ । ਵਖਾਏ ਧਾਮ ਇਕ ਅਨਡੀਠਾ, ਅਨਡਿਠੜਾ ਪਰਦਾ ਲਾਹੀਆ । ਏਕਾ ਨਾਦ ਸੁਣਾਏ ਸ਼ਬਦ ਅਨਾਦੀ ਲੇਖਾ ਜਾਣੇ ਅਠਾਰਾਂ ਧਿਆਏ ਗੀਤਾ, ਗਿਆਨ ਧਿਆਨ ਨਾ ਕੋਇ ਵਡਿਆਈਆ । ਅੰਦਰ ਬਾਹਰ ਗੁਪਤ ਜ਼ਾਹਰ ਠਾਂਡਾ ਸੀਤਾ, ਤ੍ਰੈਗੁਣ ਅਗਨ ਨਾ ਲਾਗੇ ਰਾਈਆ । ਭਗਤ ਭਗਵਾਨ ਸਚ ਪ੍ਰੀਤਾ, ਨਾ ਕੋਈ ਤੋੜੇ ਤੋੜ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲੇ ਆਪਣੇ ਘਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਏਕਾ ਰੰਗ ਰੰਗਾਈਆ । ਨਿਰਗੁਣ ਹਰਿ ਸਰਗੁਣ ਦੀਨ, ਦੀਨਨ ਆਪਣੀ ਦਇਆ ਕਮਾਇੰਦਾ । ਨਿਰਗੁਣ ਸਰਗੁਣ ਖੇਲ ਜਿਉਂ ਜਲ ਮੀਨ, ਜਲ ਮੀਨ ਆਪਣਾ ਭੇਵ ਖੁਲ੍ਹਾਇੰਦਾ । ਨਿਰਗੁਣ ਸਰਗੁਣ ਲੇਖਾ ਲੋਕ ਤੀਨ, ਤ੍ਰੈ ਤ੍ਰੈ ਆਪਣਾ ਭੇਵ ਚੁਕਾਇੰਦਾ । ਨਿਰਗੁਣ ਸਰਗੁਣ ਆਤਮ ਪਰਮਾਤਮ ਲਏ ਚੀਨ, ਦੂਈ ਦਵੈਤੀ ਪਰਦਾ ਲਾਹਿੰਦਾ । ਨਿਰਗੁਣ ਸਰਗੁਣ ਮਾਰਗ ਮਹੀਨ, ਜਗਤ ਨੇਤਰ ਨਜ਼ਰ ਨਾ ਆਇੰਦਾ । ਨਿਰਗੁਣ ਸਰਗੁਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲੇ ਸਾਚੇ ਦਰ, ਦਰ ਦਰਵਾਜ਼ਾ ਇਕ ਖੁਲ੍ਹਾਇੰਦਾ । ਨਿਰਗੁਣ ਸਰਗੁਣ ਖੋਲ੍ਹ ਦਰਵਾਜਾ, ਬਜ਼ਰ ਕਪਾਟੀ ਕੁੰਡਾ ਲਾਹੀਆ । ਸ਼ਬਦ ਅਗੰਮੀ ਇਕੋ ਵਾਜਾ, ਅਨਹਦ ਨਾਦੀ ਨਾਦ ਸੁਣਾਈਆ । ਸੁਰਤੀ ਸ਼ਬਦੀ ਏਕਾ ਰਾਗਾ, ਏਕਾ ਤਾਲ ਵਜਾਈਆ । ਏਕਾ ਕੰਤ ਇਕ ਸੁਹਾਗਾ, ਪਤਿਪਰਮੇਸ਼ਵਰ ਨਜ਼ਰੀ ਆਈਆ । ਏਕਾ ਸੋਇਆ ਏਕਾ ਜਾਗਾ, ਏਕਾ ਆਲਸ ਨਿੰਦਰਾ ਦਏ ਮਿਟਾਈਆ । ਏਕਾ ਧੋਵੇ ਦੁਰਮਤ ਦਾਗ਼ਾ, ਅੰਮ੍ਰਿਤ ਸਰੋਵਰ ਇਕ ਨੁਹਾਈਆ । ਏਕਾ ਹੰਸ ਬਣਾਏ ਕਾਗਾ, ਸਰੋਵਰ ਇਕ ਨੁਹਾਈਆ । ਇਕੋ ਭੂਪ ਇਕੋ ਰਾਜਾ, ਸ਼ਹਿਨਸ਼ਾਹ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਜਨ ਭਗਤਾਂ ਰਚ ਰਚ ਆਪ ਕਾਜਾ, ਕਰਨੀ ਕਰਤਾ ਆਪ ਕਰਾਈਆ । ਨਿਰਗੁਣ ਸਰਗੁਣ ਰਚ ਰਚ ਕਾਜ, ਕਰਤਾ ਪੁਰਖ ਖੇਲ ਕਰਾਇੰਦਾ । ਭਗਤ ਭਗਵੰਤ ਸ਼ਬਦ ਅਗੰਮੀ ਮਾਰ ਆਵਾਜ਼,


੩੪੨
੧੩

ਬਿਨ ਰਸਨਾ ਜਿਹਵਾ ਸੁਣਾਇੰਦਾ । ਸਚ ਸੁਚ ਦਾ ਸਚ ਸਮਾਜ, ਸਾਚੀ ਸਿਖਿਆ ਇਕ ਪੜ੍ਹਾਇੰਦਾ । ਮੇਲ ਮਿਲਾਵਾ ਮੋਹਣ ਮਾਧਵ ਮਾਧ, ਮਧੁਰ ਧੁਨ ਰਾਗ ਅਲਾਇੰਦਾ । ਦੂਰ ਦੁਰਾਡਾ ਧੁਰਦਰਗਾਹੀ ਭਗਤ ਦੁਆਰੇ ਆਏ ਭਾਗ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਜਨਮ ਕਰਮ ਦੀ ਬੁਝਾਏ ਆਗ, ਤ੍ਰਿਸਨਾ ਭੁੱਖ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਖੇਲ ਕਰ, ਹਰਿਜਨ ਹਰਿਭਗਤ ਭਗਵੰਤ ਆਪਣੇ ਰੰਗ ਰੰਗਾਇੰਦਾ ।

❇ ੨੪ ਮੱਘਰ ੨੦੧੯ ਬਿਕਰਮੀ ਕਰਮ ਸਿੰਘ ਦੇ ਗ੍ਰਿਹਿ ਨਇਆ ਸ਼ਾਲਾ ਜ਼ਿਲਾ ਗੁਰਦਾਸਪੁਰ ❇

ਆਤਮਾ ਉਠ ਜਾਗ, ਪਰਮਾਤਮਾ ਰਿਹਾ ਜਗਾਈਆ । ਕਲਜੁਗ ਕੂੜੀ ਕਿਰਿਆ ਧੋ ਦਾਗ਼, ਸਵਛ ਸਰੂਪ ਵਟਾਈਆ । ਘਰ ਅੰਧੇਰੇ ਜਗੇ ਚਿਰਾਗ਼, ਨਿਰਗੁਣ ਜੋਤ ਹੋਏ ਰੁਸ਼ਨਾਈਆ । ਸੁਰਤੀ ਰੂਪ ਨਾ ਰਹੇ ਕਾਗ, ਕਾਗੋਂ ਹੰਸ ਰੂਪ ਵਟਾਈਆ । ਲੱਖ ਚੁਰਾਸੀ ਲੱਗੀ ਆਗ, ਨਵ ਨੌਂ ਸ੍ਰਿਸ਼ਟ ਹਲਕਾਈਆ । ਕੂੜੀ ਕਿਰਿਆ ਭਰਿਆ ਜਹਾਜ਼, ਮਾਇਆ ਮਮਤਾ ਧੱਕਾ ਲਾਈਆ । ਕਿਸੇ ਨਾ ਉਪਜੇ ਸਤਿ ਵੈਰਾਗ, ਸਾਧ ਸੰਤ ਦੇਣ ਦੁਹਾਈਆ । ਤੀਰਥ ਤੱਟਾਂ ਅਠਸਠਾਂ ਰਹੇ ਭਾਗ, ਆਤਮ ਸਰੋਵਰ ਨਹਾਵਣ ਕੋਇ ਨਾ ਜਾਈਆ । ਵੇਖ ਵੇਖ ਖ਼ੁਸ਼ੀ ਮਨਾਵਣ ਜਗਤ ਕਾਜ, ਬ੍ਰਹਮ ਪਾਰਬ੍ਰਹਮ ਸਗਨ ਨਾ ਕੋਇ ਮਨਾਈਆ । ਸੁਣ ਸੁਣ ਥੱਕੇ ਸਰਵਣ ਰਾਗ, ਸ਼ਬਦ ਅਨਾਦੀ ਧੁਨ ਨਾ ਕੋਇ ਸੁਣਾਈਆ । ਅੰਤਰ ਅੰਤਰ ਕੋਈ ਨਾ ਰੱਖੇ ਲਾਜ, ਸਿਰ ਹੱਥ ਨਾ ਕੋਇ ਟਿਕਾਈਆ । ਪੜ੍ਹ ਪੜ੍ਹ ਥੱਕੇ ਕੋਈ ਨਾ ਸੁਣਾਏ ਸ਼ਬਦ ਬੋਧ ਅਗਾਧ, ਨਿਸ਼ਅੱਖਰ ਕਰੇ ਪੜ੍ਹਾਈਆ । ਸਤਿਗੁਰ ਪੂਰਾ ਹਾਜ਼ਰ ਹਜ਼ੂਰਾ ਸਦਾ ਸਦ ਦੇਵੇ ਇਕੋ ਦਾਦ, ਦਾਤਾ ਦਾਨੀ ਹਰਿ ਅਖਵਾਈਆ । ਕੂੜੀ ਕਿਰਿਆ ਵਿਚੋਂ ਕਾਢ, ਆਪ ਆਪਣਾ ਮੇਲ ਮਿਲਾਈਆ । ਸਾਚੀ ਸੇਜਾ ਕਰੇ ਲਾਡ, ਸੁਹੰਜਣੀ ਸੇਜ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਮਾਤਮ ਆਤਮ ਰਿਹਾ ਉਠਾਈਆ । ਆਤਮ ਉਤਮ ਉਠ, ਉਤਰ ਪੂਰਬ ਪੱਛਮ ਦੱਖਣ ਹਰਿ ਜਣਾਇੰਦਾ । ਦਹਿ ਦਿਸ਼ਾ ਪਈ ਲੁੱਟ, ਜਗਤ ਅੰਧੇਰਾ ਛਾਇੰਦਾ । ਗੁਰ ਸ਼ਬਦ ਨਾਲੋਂ ਸਾਰੇ ਗਏ ਰੁਠ, ਹਿਰਦੇ ਹਰਿ ਨਾ ਕੋਇ ਵਸਾਇੰਦਾ । ਅੰਮ੍ਰਿਤ ਜਾਮ ਨਾ ਪੀਏ ਕੋਇ ਘੁਟ, ਗੋਬਿੰਦ ਰੰਗ ਨਾ ਕੋਇ ਚੜ੍ਹਾਇੰਦਾ । ਖ਼ਾਲੀ ਭਾਂਡੇ ਨਾਮ ਵਸਤ ਨਹੀਂ ਕੁਛ, ਪੰਜ ਤੱਤ ਕਾਇਆ ਮਾਟੀ ਖੇਹ ਵਖਾਇੰਦਾ । ਦੀਨ ਦਿਆਲ ਠਾਕਰ ਸਵਾਮੀ ਸਤਿਗੁਰ ਪੂਰਾ ਆਪੇ ਰਿਹਾ ਪੁੱਛ, ਨਿਰਗੁਣ ਨਿਰਗੁਣ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਪਰਮਾਤਮ ਆਪ ਹਿਲਾਇੰਦਾ । ਆਤਮ ਪਰਮਾਤਮ ਦਏ ਹਿਲਾ, ਹਿਰਸ ਹਵਸ ਸਰਬ ਮਿਟਾਈਆ । ਸਚ ਸੁੱਚ ਦੱਸੇ ਇਕੋ ਰਾਹ, ਰਹਿਬਰ ਬਣੇ ਨੂਰ ਖ਼ੁਦਾਈਆ । ਪਰਵਰਦਿਗਾਰ ਪਰਦਾ ਲਾਹ, ਮੁਖ ਨਕਾਬ ਦਏ ਉਠਾਈਆ । ਸਾਚਾ ਸਯਦਾ ਦਏ ਕਰਾ, ਮੁਕਾਮੇ ਹੱਕ ਇਕ ਰੁਸ਼ਨਾਈਆ । ਮਹਿਬੂਬ ਮੇਲਾ ਲਏ ਮਿਲਾ, ਮਿਲ ਮਿਲ ਖ਼ੁਸ਼ੀ ਮਨਾਈਆ । ਸਚ ਸਬੂਤ ਦਏ ਜਣਾ, ਵਸਲ ਆਪਣੇ ਘਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਪਰਮਾਤਮ ਰਿਹਾ ਸਮਝਾਈਆ । ਆਤਮ ਪਰਮਾਤਮ ਨੇਤਰ ਖੋਲ੍ਹ, ਨਿਜ ਨੇਤਰ ਆਪ ਜਣਾਇੰਦਾ । ਕਲਜੁਗ ਅੰਤਮ ਕੂੜੀ ਕਿਰਿਆ ਨੌਂ

ਖੰਡ ਪ੍ਰਿਥਮੀ ਵੱਜੇ ਢੋਲ, ਸਚ ਸੁੱਚ ਨਜ਼ਰ ਕੋਇ ਨਾ ਆਇੰਦਾ । ਆਤਮ ਪਰਮਾਤਮ ਕੋਈ ਨਾ ਜਾਏ ਮੌਲ, ਮਲ ਮਲ ਰੰਗ ਨਾ ਕੋਇ ਚੜ੍ਹਾਇੰਦਾ । ਉਲਟਾ ਕਰੇ ਨਾ ਕੋਈ ਨਾਭ ਕੌਲ, ਅੰਮ੍ਰਿਤ ਝਿਰਨਾ ਨਾ ਕੋਇ ਝਿਰਾਇੰਦਾ । ਚਾਰੋਂ ਕੁੰਟ ਭੇਖ ਪਖੰਡ ਧਰਨੀ ਧਵਲ, ਧਰਤ ਮਾਣ ਨਾ ਕੋਇ ਪਾਇੰਦਾ । ਆਦਿ ਜੁਗਾਦੀ ਨੂਰ ਇਕ ਅਵਲ, ਆਲਮੀਨ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸੁਣਾਇੰਦਾ । ਸਚ ਸੰਦੇਸਾ ਦੇਵਣ ਯੋਗ, ਸੋ ਪੁਰਖ ਨਿਰੰਜਣ ਆਪ ਸੁਣਾਈਆ । ਹਰਿ ਪੁਰਖ ਨਿਰੰਜਣ ਮੇਲ ਮਿਲਾਏ ਧੁਰ ਸੰਜੋਗ, ਦਰਗਾਹ ਸਾਚੀ ਵੱਜੇ ਵਧਾਈਆ । ਏਕੰਕਾਰਾ ਭਾਗ ਲਗਾਏ ਕਾਇਆ ਕੋਟ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਅੰਦਰ ਕੰਦਰ ਫੇਰਾ ਪਾਈਆ । ਆਦਿ ਨਿਰੰਜਣ ਕਰੇ ਪਰਕਾਸ਼ ਨਿਰਮਲ ਜੋਤ, ਅਗਿਆਨ ਅੰਧੇਰ ਚੁਕਾਈਆ । ਅਬਿਨਾਸ਼ੀ ਕਰਤਾ ਕੱਢੇ ਖੋਟ, ਕੂੜੀ ਕਿਰਿਆ ਦਏ ਮਿਟਾਈਆ । ਸ੍ਰੀ ਭਗਵਾਨ ਆਪੇ ਹੋਏ ਮੋਹਤ, ਮਹੱਬਤ ਇਕੋ ਇਕ ਜਣਾਈਆ । ਪਾਰਬ੍ਰਹਮ ਲੇਖਾ ਜਾਣ ਲੋਕ ਪਰਲੋਕ, ਸਚ ਸਲੋਕ ਰਿਹਾ ਸੁਣਾਈਆ । ਸ਼ਬਦ ਅਗੰਮੀ ਇਕੋ ਓਟ, ਸਚਖੰਡ ਨਿਵਾਸੀ ਭੇਵ ਖੁਲ੍ਹਾਈਆ । ਥਿਰ ਘਰ ਖੇਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਮਾਤਮ ਆਤਮ ਆਤਮ ਪਰਮਾਤਮ ਪਰਦਾ ਰਿਹਾ ਉਠਾਈਆ । ਆਤਮ ਪਰਮਾਤਮ ਪਰਦਾ ਚੁੱਕ, ਦੀਨ ਦਿਆਲ ਹੁਕਮ ਮਨਾਇੰਦਾ । ਪਤਿਪਰਮੇਸ਼ਵਰ ਵੇਖ ਮੁਖ, ਕਵਲ ਨੈਣ ਸਚ ਸਿੰਘਾਸਣ ਸੋਭਾ ਪਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਨਾਮ ਪਿਆਲਾ ਪਿਆਏ ਸਦਾ ਮਦਹੋਸ਼, ਖ਼ੁਮਾਰੀ ਇਕੋ ਇਕ ਵਖਾਇੰਦਾ । ਜਿਸ ਦਰਸ਼ਨ ਨੂੰ ਜਗਤ ਨੇਤਰ ਰਹੇ ਲੋਚ, ਨੈਣਾਂ ਨਜ਼ਰ ਕਿਸੇ ਨਾ ਆਇੰਦਾ । ਜਿਹੜਾ ਕਿਸੇ ਨਾ ਆਵੇ ਸੋਚ, ਸੋਚਿਆਰ ਭੇਵ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਤਮ ਅੰਤਰ ਆਪ ਉਠਾਇੰਦਾ । ਆਤਮ ਉਠ ਖੋਲ੍ਹ ਅੱਖ, ਆਖ਼ਰ ਆਪ ਜਣਾਈਆ । ਨਿਰਗੁਣ ਨੂਰ ਵੇਖ ਪਰਤੱਖ, ਪਾਰਬ੍ਰਹਮ ਜੋਤ ਰੁਸ਼ਨਾਈਆ । ਸਭ ਨਾਲੋਂ ਹੋ ਕੇ ਬੈਠਾ ਵੱਖ, ਵੱਖਰੀ ਧਾਰ ਚਲਾਈਆ । ਰਸਨਾ ਜਿਹਵਾ ਨਾ ਸਕੇ ਦੱਸ, ਬੇਅੰਤ ਵਡ ਵਡਿਆਈਆ । ਇਕੋ ਦੇਵੇ ਸੱਚਾ ਰਸ, ਨਵ ਰਸ ਕੰਮ ਕਿਸੇ ਨਾ ਆਈਆ । ਲੱਖ ਚੁਰਾਸੀ ਕੱਟੇ ਫਾਸ, ਮਾਤ ਗਰਭ ਨਾ ਕੋਇ ਭੁਆਈਆ । ਜੁਗ ਜਨਮ ਦੀ ਪੂਰੀ ਕਰੇ ਆਸ, ਨਿਰਾਸਾ ਰੂਪ ਨਾ ਕੋਇ ਜਣਾਈਆ । ਲਹਿਣਾ ਦੇਣਾ ਚੁਕਾਏ ਪ੍ਰਿਥਮੀ ਆਕਾਸ਼, ਗਗਨ ਮੰਡਲ ਡੇਰਾ ਢਾਹੀਆ । ਸਦਾ ਸੁਹੇਲਾ ਇਕ ਇਕੇਲਾ ਏਕੰਕਾਰਾ ਹਰਿ ਨਿਰੰਕਾਰਾ ਵਸੇ ਪਾਸ, ਸਦਾ ਸਵਾਮੀ ਵਿਛੜ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸਾ ਇਕ ਜਣਾਈਆ । ਸਚ ਸੰਦੇਸਾ ਨਰ ਨਰੇਸ਼, ਨਿਰਗੁਣ ਸਰਗੁਣ ਆਪ ਜਣਾਇੰਦਾ । ਕੂੜੀ ਕਿਰਿਆ ਮਿਟੇ ਰੇਖ, ਕਲਜੁਗ ਅੰਤ ਰਹਿਣ ਨਾ ਪਾਇੰਦਾ । ਲੱਖ ਚੁਰਾਸੀ ਸੁੰਞਾ ਹੋਏ ਖੇਤ, ਚਾਰੋਂ ਕੁੰਟ ਅੰਧੇਰਾ ਛਾਇੰਦਾ । ਕਿਰਪਾ ਨਿਧਾਨ ਸਤਿਗੁਰ ਪੂਰਾ ਜਨ ਭਗਤਾਂ ਦੇਵੇ ਅੰਤਰ ਭੇਤ, ਬੋਧ ਅਗਾਧ ਸਮਝਾਇੰਦਾ । ਅੰਤਮ ਢਹੇ ਕਲਜੁਗ ਕੂੜੀ ਕਿਰਿਆ ਕੱਲਰ ਰੇਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪਰਮਾਤਮ ਇਕੋ ਇਕ ਜਣਾਈਆ । ਪਰਮਾਤਮ ਵੇਖ ਪੰਜ ਤੱਤ ਨਾਤਾ, ਕਾਮ ਕਰੋਧ ਲੋਭ ਮੋਹ ਹੰਕਾਰ ਘੇਰਾ ਪਾਈਆ । ਮਨ ਮੱਤ ਬੁੱਧ ਕਰੇ ਹਾਸਾ, ਸਚ ਸਚ ਨਾ ਕੋਇ ਦ੍ਰਿੜ੍ਹਾਈਆ । ਆਸਾ ਤ੍ਰਿਸਨਾ ਖੇਲ ਤਮਾਸਾ, ਮਾਇਆ ਮਮਤਾ ਨਾਚ ਨਚਾਈਆ । ਮਨ ਵਾਸਨਾ ਵਡ ਭਰਵਾਸਾ, ਗੁਰਮਤ ਨਾ

ਕੋਇ ਪੜ੍ਹਾਈਆ । ਸਚ ਸੁੱਚ ਨਾ ਪੂਜਾ ਪਾਠਾ, ਪੜ੍ਹ ਪੜ੍ਹ ਥੱਕੀ ਸਰਬ ਲੋਕਾਈਆ । ਬਜਰ ਕਪਾਟ ਨਾ ਕਿਸੇ ਪਾਟਾ, ਸੁਰਤ ਸ਼ਬਦ ਨਾ ਕੋਇ ਮਿਲਾਈਆ । ਚਾਰੋਂ ਕੁੰਟ ਆਇਆ ਘਾਟਾ, ਕਲਜੁਗ ਆਪਣਾ ਬਲ ਵਖਾਈਆ । ਪੀਰ ਪੈਗ਼ੰਬਰ ਗੁਰ ਅਵਤਾਰ ਛੱਡ ਗਏ ਸਾਥਾ, ਸਗਲਾ ਸੰਗ ਨਾ ਕੋਇ ਨਿਭਾਈਆ । ਅੱਗੇ ਕੋਈ ਨਾ ਮੇਟੇ ਵਾਟਾ, ਜਨਮ ਮਰਨ ਨਾ ਕੋਇ ਕਟਾਈਆ । ਕਲਜੁਗ ਖੇਲ ਬਾਜ਼ੀਗਰ ਨਾਟਾ, ਹਰਿ ਸਵਾਂਗੀ ਸਾਂਗ ਰਚਾਈਆ । ਜਨ ਭਗਤਾਂ ਦੇਵੇ ਇਕੋ ਦਾਤਾ, ਨਾਮ ਨਿਧਾਨ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਤਮ ਪਰਮਾਤਮ ਪਰਮਾਤਮ ਆਤਮ ਮੇਲ ਮਿਲਾਏ ਸਹਿਜ ਸੁਭਾਈਆ । ਆਤਮ ਪਰਮਾਤਮ ਹੋਏ ਮੇਲਾ, ਮਿਲਣੀ ਹਰਿ ਜਗਦੀਸ ਕਰਾਇੰਦਾ । ਘਰ ਸਾਚੇ ਸੋਹੇ ਗੁਰੂ ਗੁਰ ਚੇਲਾ, ਚੇਲਾ ਗੁਰ ਆਪ ਅਖਵਾਇੰਦਾ । ਜੁਗ ਚੌਕੜੀ ਆਪੇ ਜਾਣੇ ਵਕਤ ਵੇਲਾ, ਥਿਤ ਵਾਰ ਨਾ ਕਿਸੇ ਸਮਝਾਇੰਦਾ । ਭਗਤ ਭਗਵੰਤ ਸੱਜਣ ਸੁਹੇਲਾ, ਨਿਤ ਨਵਿਤ ਸੰਗ ਨਿਭਾਇੰਦਾ । ਕਲਜੁਗ ਅੰਤਮ ਫਿਰੇ ਇਕੇਲਾ, ਅਕਲ ਕਲ ਧਾਰੀ ਵਲ ਛਲ ਆਪਣੀ ਧਾਰ ਜਣਾਇੰਦਾ । ਦੋ ਜਹਾਨ ਵੇਖੇ ਜੰਗਲ ਜੂਹ ਉਜਾੜ ਪਹਾੜ ਬੇਲਾ, ਸਮੁੰਦ ਸਾਗਰ ਪੁਰੀ ਲੋਅ ਆਕਾਸ਼ ਮੰਡਲ ਮੰਡਪ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਸੋਈ ਆਤਮ ਸਤਿ ਪਰਮਾਤਮ ਸਚ ਸੰਦੇਸਾ ਦੇ ਆਪ ਜਗਾਇੰਦਾ । ਸਤਿਗੁਰ ਪੂਰਾ ਕਰੇ ਪਾਰ, ਮੰਜਧਾਰ ਨਾ ਕੋਇ ਰੁੜ੍ਹਾਈਆ । ਰਾਏ ਧਰਮ ਨਾ ਕਰੇ ਖ਼ਵਾਰ, ਚਿਤਰ ਗੁਪਤ ਨਾ ਲੇਖ ਵਖਾਈਆ । ਲਾੜੀ ਮੌਤ ਨਾ ਕਰੇ ਸ਼ਿੰਗਾਰ ਗੁਰਸਿਖ ਪਰਨਾਵਣ ਕਦੇ ਨਾ ਆਈਆ । ਗੁਰ ਸਤਿਗੁਰ ਸੱਚਾ ਅੰਤਮ ਆਪਣੀ ਗੋਦ ਲਏ ਉਠਾਲ, ਨਿਰਗੁਣ ਸਰਗੁਣ ਹੋਏ ਸਹਾਈਆ । ਦਰਗਾਹ ਸਾਚੀ ਦਏ ਬਹਾਲ, ਥਿਰ ਘਰ ਆਪਣਾ ਚਰਨ ਛੁਹਾਈਆ । ਸਚਖੰਡ ਵਖਾਏ ਸਚੀ ਧਰਮਸਾਲ, ਧਰਮ ਦੁਆਰਾ ਇਕ ਵਡਿਆਈਆ । ਏਥੇ ਓਥੇ ਦੋ ਜਹਾਨ ਕਰੇ ਪ੍ਰਿਤਪਾਲ, ਬਣ ਸੇਵਕ ਸੇਵ ਕਮਾਈਆ । ਚਰਨ ਪ੍ਰੀਤੀ ਨਿਭੇ ਨਾਲ, ਅੱਧਵਿਚਕਾਰ ਨਾ ਕੋਇ ਤੁੜਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦੀ ਗੁਰ ਬਣਿਆ ਦਲਾਲ, ਸੁਰਤੀ ਸ਼ਬਦ ਕਰੇ ਕੁੜਮਾਈਆ । ਮਿਹਰ ਨਾਲ ਮਿਟੇ ਦੁੱਖ, ਦਰਦ ਰਹਿਣ ਨਾ ਪਾਈਆ । ਘਰ ਵਿਚ ਆਏ ਸਾਚਾ ਸੁਖ, ਸੁਖ ਦੁੱਖ ਨਾਲ ਵਟਾਈਆ । ਉਜਲ ਕਰੇ ਜਗਤ ਮੁਖ, ਮੁਖੜਾ ਨਾਮ ਧਿਆਈਆ । ਲੇਖੇ ਲੱਗੇ ਮਾਤ ਕੁੱਖ, ਮਾਣਸ ਜਨਮ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਿੰਤਾ ਸੋਗ ਰੋਗ ਤਨ ਕਲੇਸ਼ ਦਏ ਗਵਾਈਆ ।

## ❇ ੨੪ ਮੱਘਰ ੨੦੧੯ ਬਿਕਰਮੀ ਸਰੂਪ ਸਿੰਘ ਦੇ ਗ੍ਰਿਹ ਮੰਗੂ ਪੁਰ ❇

ਸੋ ਪੁਰਖ ਨਿਰੰਜਣ ਸ਼ਾਹ ਸੁਲਤਾਨ, ਸ਼ਹਿਨਸ਼ਾਹ ਆਪਣਾ ਖੇਲ ਕਰਾਇੰਦਾ । ਹਰਿ ਪੁਰਖ ਨਿਰੰਜਣ ਹੁਕਮਰਾਨ, ਧੁਰ ਫ਼ਰਮਾਣਾ ਆਪ ਅਲਾਇੰਦਾ । ਏਕੰਕਾਰਾ ਵਡ ਬਲਵਾਨ, ਬਲ ਆਪਣਾ ਆਪ ਪਰਗਟਾਇੰਦਾ । ਆਦਿ ਨਿਰੰਜਣ ਨੂਰ ਮਹਾਨ, ਜੋਤੀ ਜੋਤ ਡਗਮਗਾਇੰਦਾ । ਅਬਿਨਾਸ਼ੀ ਕਰਤਾ ਵਡ ਮਿਹਰਵਾਨ, ਮਿਹਰ ਨਜ਼ਰ ਆਪ ਉਠਾਇੰਦਾ । ਸ੍ਰੀ ਭਗਵਾਨ ਝੁਲਾਏ ਸਚ ਨਿਸ਼ਾਨ, ਸਚ ਦੁਆਰੇ ਆਪ ਝੁਲਾਇੰਦਾ । ਪਾਰਬ੍ਰਹਮ ਪ੍ਰਭ ਹੋ

ਪਰਧਾਨ, ਸਚ ਪਰਧਾਨਗੀ ਆਪ ਕਮਾਇੰਦਾ। ਸਚਖੰਡ ਦੁਆਰਾ ਖੋਲ੍ਹ ਦੁਕਾਨ, ਛੱਪਰ ਛੰਨ ਨਾ ਕੋਇ ਛੁਹਾਇੰਦਾ। ਮਹੱਲ ਅਟੱਲ ਨਾ ਕੋਇ ਮਕਾਨ, ਦੀਵਾ ਬਾਤੀ ਨਾ ਕੋਇ ਰਖਾਇੰਦਾ। ਇਕ ਇਕੱਲਾ ਨੌਜਵਾਨ, ਰੂਪ ਰੰਗ ਰੇਖ ਨਾ ਕੋਇ ਰਖਾਇੰਦਾ। ਅਲੱਖ ਅਗੋਚਰ ਅਗੰਮ ਅਥਾਹ ਬੇਪਰਵਾਹ ਬੇਪਹਿਚਾਨ, ਜਲਵਾ ਨੂਰ ਡਗਮਗਾਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਮਾਇੰਦਾ। ਸਾਚੀ ਕਰਨੀ ਸੋ ਪੁਰਖ ਨਿਰੰਜਣ, ਧੁਰ ਦਰਬਾਰੀ ਆਪ ਕਰਾਈਆ। ਹਰਿ ਪੁਰਖ ਨਿਰੰਜਣ ਆਪੇ ਬਣੇ ਸੱਚਾ ਸੱਜਣ, ਏਕੰਕਾਰਾ ਗੰਢ ਪੁਆਈਆ। ਆਦਿ ਨਿਰੰਜਣ ਏਕਾ ਨੂਰ ਦੇਵੇ ਸਾਚਾ ਅੰਜਣ, ਅਗਿਆਨ ਅੰਧੇਰ ਨਾ ਕੋਇ ਵਖਾਈਆ। ਅਬਿਨਾਸ਼ੀ ਕਰਤਾ ਦਰਦ ਦੁੱਖ ਭੈ ਭੰਜਣ, ਸ੍ਰੀ ਭਗਵਾਨ ਆਦਿ ਜੁਗਾਦਿ ਹੋਏ ਸਹਾਈਆ। ਪਾਰਬ੍ਰਹਮ ਦਰ ਘਰ ਸਾਚੇ ਮਨਾਏ ਆਪਣਾ ਸਗਨ, ਦੂਜਾ ਸੰਗ ਨਾ ਕੋਇ ਰਖਾਈਆ। ਕਰੇ ਖੇਲ ਸੂਰਾ ਸਰਬੰਗਨ, ਬੇਅੰਤ ਬੇਪਰਵਾਹੀਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ। ਸਾਚਾ ਖੇਲ ਕਰੇ ਅਗੰਮ, ਭੇਵ ਕੋਇ ਨਾ ਪਾਇੰਦਾ। ਆਪਣੇ ਅੰਤਰ ਆਪੇ ਜੰਮ, ਮਾਤ ਪਿਤ ਨਾ ਕੋਇ ਬਣਾਇੰਦਾ। ਆਪਣਾ ਬੇੜਾ ਆਪੇ ਬੰਨ੍ਹ, ਆਪਣੇ ਕੰਧ ਉਠਾਇੰਦਾ। ਆਪਣਾ ਹੁਕਮ ਆਪੇ ਮੰਨ, ਨਿਉਂ ਨਿਉਂ ਸੀਸ ਝੁਕਾਇੰਦਾ। ਆਪੇ ਜਨਨੀ ਆਪੇ ਜਨ, ਦਾਈ ਦਾਇਆ ਰੂਪ ਆਪ ਵਟਾਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਗਾਹ ਸਾਚੀ ਖੇਲ ਕਰਾਇੰਦਾ। ਦਰਗਾਹ ਸਾਚੀ ਸਚ ਮਹੱਲਾ, ਸੋ ਪੁਰਖ ਨਿਰੰਜਣ ਆਪ ਵਸਾਈਆ। ਪਰਵਰਦਿਗਾਰ ਇਕ ਇਕੱਲਾ, ਨੂਰੋ ਨੂਰ ਕਰੇ ਰੁਸ਼ਨਾਈਆ। ਨਿਰਗੁਣ ਧਾਰ ਫੜਾਏ ਪੱਲਾ, ਨਿਰਗੁਣ ਨਿਰਗੁਣ ਜੋੜ ਜੁੜਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ। ਬੇਪਰਵਾਹ ਹਰਿ ਖੇਲ ਅਪਾਰਾ, ਹਰਿ ਕਰਤਾ ਆਪ ਕਰਾਇੰਦਾ। ਸ਼ਾਹ ਭੂਪ ਬਣ ਸਿਕਦਾਰਾ, ਸੀਸ ਜਗਦੀਸ ਤਾਜ ਸੁਹਾਇੰਦਾ। ਦੋ ਜਹਾਨਾਂ ਪਾਵੇ ਸਾਰਾ, ਭੇਵ ਅਭੇਦ ਆਪ ਜਣਾਇੰਦਾ। ਲੇਖਾ ਜਾਣੇ ਆਪਣੀ ਕਰਨੀ ਕਾਰਾ, ਕਰਤਾ ਪੁਰਖ ਆਪ ਅਖਵਾਇੰਦਾ। ਆਪੇ ਵਣਜ ਆਪ ਵਣਜਾਰਾ, ਹੱਟ ਆਪਣਾ ਆਪ ਚਲਾਇੰਦਾ। ਆਪੇ ਵੇਖੇ ਵਿਗਸੇ ਵੇਖਣਹਾਰਾ, ਆਪੇ ਨਜ਼ਰ ਕਦੇ ਨਾ ਆਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਮਾਇੰਦਾ। ਸਾਚੀ ਕਰਨੀ ਸਚਖੰਡ ਦੁਆਰ, ਸਤਿ ਸਤਿਵਾਦੀ ਆਪ ਕਰਾਈਆ। ਵੰਡੇ ਵੰਡ ਅਗੰਮ ਅਪਾਰ, ਭੇਵ ਅਭੇਦ ਆਪਣੇ ਵਿਚ ਛੁਪਾਈਆ। ਜੁਗ ਚੌਕੜੀ ਕੋਇ ਨਾ ਪਾਏ ਸਾਰ, ਬੇਅੰਤ ਵਡ ਵਡਿਆਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਈਆ। ਸਾਚਾ ਭੇਵ ਖੋਲ੍ਹੇ ਨਿਰੰਕਾਰ, ਨਿਰਗੁਣ ਆਪਣੇ ਹੱਥ ਰੱਖੀ ਵਡਿਆਈਆ। ਤਖ਼ਤ ਨਿਵਾਸੀ ਹੋ ਉਜਿਆਰ, ਸ਼ਾਹੋ ਭੂਪ ਹੁਕਮ ਚਲਾਈਆ। ਹੁਕਮੇ ਅੰਦਰ ਆਪਣਾ ਆਪ ਕਰੇ ਖ਼ਬਰਦਾਰ, ਬੇਖ਼ਬਰ ਖ਼ਬਰ ਆਪ ਸੁਣਾਈਆ। ਦਰ ਘਰ ਮੇਲਾ ਮੇਲ ਮਿਲਾਏ ਕੰਤ ਭਤਾਰ, ਨਾਰੀ ਨਰ ਰੂਪ ਵਟਾਈਆ। ਪੂਤ ਸਪੂਤਾ ਜਾਏ ਸੁਤ ਦੁਲਾਰ, ਸ਼ਬਦੀ ਨਾਉਂ ਰਖਾਈਆ। ਥਿਰ ਘਰ ਸਾਚਾ ਖੋਲ੍ਹ ਕਵਾੜ, ਗੁਰ ਸ਼ਬਦ ਦਏ ਵਡਿਆਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਥਿਰ ਘਰ ਸ਼ਬਦੀ ਸੁਤ ਬਹਾਈਆ। ਸ਼ਬਦੀ ਸੁਤ ਛੋਟਾ ਬਾਲਾ, ਥਿਰ ਘਰ ਸਾਚੇ ਆਪ ਬਹਾਇੰਦਾ। ਆਦਿ ਪੁਰਖ ਪੁਰਖ ਗੋਪਾਲਾ, ਨੇਤਰ ਨਜ਼ਰ ਕਿਸੇ ਨਾ ਆਇੰਦਾ। ਚਲੇ ਚਲਾਏ ਅਵੱਲੜੀ ਚਾਲਾ, ਭੇਵ ਕੋਇ ਨਾ

ਪਾਇੰਦਾ । ਆਪਣਾ ਮਾਰਗ ਕਰ ਸੁਖਾਲਾ, ਆਪਣੀ ਧਾਰ ਆਪ ਬਣਾਇੰਦਾ । ਜੋਤੀ ਨੂਰ ਨੂਰ ਉਜਾਲਾ, ਸ਼ਬਦੀ ਸ਼ਬਦ ਰੂਪ ਵਟਾਇੰਦਾ । ਦੋਹਾਂ ਵਿਚੋਲਾ ਬਣ ਗੋਪਾਲਾ, ਆਪ ਆਪਣਾ ਭੇਵ ਚੁਕਾਇੰਦਾ । ਵਸਣਹਾਰਾ ਸਚਖੰਡ ਸੱਚੀ ਧਰਮਸਾਲਾ, ਧਰਮ ਦੁਆਰਾ ਇਕ ਸੁਹਾਇੰਦਾ । ਥਿਰ ਘਰ ਕਰੇ ਖੇਲ ਨਿਰਾਲਾ, ਨਿਰਗੁਣ ਆਪਣਾ ਹੁਕਮ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰਗਾਹ ਸਾਚੀ ਸੋਭਾ ਪਾਇੰਦਾ । ਦਰਗਾਹ ਸਾਚੀ ਪਰਵਰਦਿਗਾਰ, ਬੇਐਬ ਨੂਰ ਖ਼ੁਦਾਈਆ । ਮੁਕਾਮੇ ਹੱਕ ਸਾਂਝਾ ਯਾਰ, ਲਾਸ਼ਰੀਕ ਆਸਣ ਲਾਈਆ । ਦੂਸਰ ਨਾ ਕੋਇ ਮੀਤ ਮੁਰਾਰ, ਰਫ਼ੀਕ ਨਜ਼ਰ ਕੋਇ ਨਾ ਆਈਆ । ਕਰੇ ਖੇਲ ਅਗੰਮ ਅਪਾਰ, ਬੇਅੰਤ ਬੇਅੰਤ ਬੇਅੰਤ ਆਪਣੀ ਧਾਰ ਚਲਾਈਆ । ਸਚਖੰਡ ਨਿਵਾਸੀ ਖੋਲ੍ਹ ਕਵਾੜ, ਥਿਰ ਘਰ ਦੇਵੇ ਮਾਣ ਵਡਿਆਈਆ । ਸੁਤ ਦੁਲਾਰਾ ਆਪ ਉਠਾਲ, ਸਚ ਸੰਦੇਸਾ ਦਏ ਸੁਣਾਈਆ । ਉਠ ਮੇਰੇ ਲਾਡਲੇ ਲਾਲ, ਹਰਿ ਲਾਲਨ ਲਏ ਜਗਾਈਆ । ਤੇਰੀ ਕਰਾਂ ਸਦਾ ਪ੍ਰਿਤਪਾਲ, ਸਿਰ ਤੇਰੇ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸੁਤ ਰਿਹਾ ਸਮਝਾਈਆ । ਸ਼ਬਦ ਸੁਤ ਕਰ ਨਿਮਸਕਾਰ, ਪ੍ਰਭ ਅੱਗੇ ਸੀਸ ਝੁਕਾਇੰਦਾ । ਤੂੰ ਸਾਹਿਬ ਸੱਚਾ ਦਾਤਾਰ, ਹਉਂ ਬਾਲਕ ਤੇਰਾ ਅੰਤ ਕੋਇ ਨਾ ਪਾਇੰਦਾ । ਤੂੰ ਵਸੇਂ ਸੱਚਖੰਡ ਧਾਮ ਨਿਆਰ, ਮੈਂ ਥਿਰ ਘਰ ਤੇਰੇ ਚਰਨਾਂ ਡੇਰਾ ਲਾਇੰਦਾ । ਮੈਂ ਧੂੜੀ ਮੰਗਾਂ ਖ਼ਾਕ ਛਾਰ, ਮਸਤਕ ਟਿੱਕਾ ਇਕ ਰਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਨਰ ਨਰੇਸ਼ਾ ਨਿਰਗੁਣ ਦਾਤਾ ਪੁਰਖ ਬਿਧਾਤਾ, ਪਾਰਬ੍ਰਹਮ ਪ੍ਰਭ ਆਪ ਜਣਾਇੰਦਾ । ਸੁਤ ਦੁਲਾਰੇ ਸਾਚੇ ਮੀਤ, ਹਰਿ ਮਿੱਤਰ ਪਿਆਰਾ ਆਪ ਜਣਾਈਆ । ੩੪੭ ੧੩
ਤੇਰੀ ਚਲਾਵਾਂ ਸਾਚੀ ਰੀਤ, ਰੀਤੀਵਾਨ ਆਪ ਅਖਵਾਈਆ । ਕਰਾਂ ਖੇਲ ਇਕ ਅਨਡੀਠ, ਅਨਡਿਠੜਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸਾ ਇਕ ਸਮਝਾਈਆ । ਧੁਰ ਸੰਦੇਸਾ ਦੇਵੇ ਆਪ, ਘਰ ਆਪਣੇ ਹੁਕਮ ਮਨਾਇੰਦਾ । ਸੁਤ ਸ਼ਬਦ ਤੇਰਾ ਮਾਈ ਬਾਪ, ਪੁਰਖ ਅਕਾਲ ਇਕੋ ਨਜ਼ਰੀ ਆਇੰਦਾ । ਸਚ ਸੰਦੇਸਾ ਸੁਣ ਲੈ ਜਾਪ, ਤੂੰ ਮੇਰਾ ਮੈਂ ਤੇਰਾ ਰਾਗ ਅਲਾਇੰਦਾ । ਅੰਦਰ ਬਾਹਰ ਗੁਪਤ ਜ਼ਾਹਰ ਸਚਖੰਡ ਦੁਆਰੇ ਥਿਰ ਘਰ ਵਣਜਾਰੇ ਨਜ਼ਰੀ ਆਏ ਨੇੜਨ ਨੇੜਾ, ਦੂਰ ਦੁਰਾਡਾ ਪੰਧ ਨਾ ਕੋਇ ਵਖਾਇੰਦਾ । ਚਰਨ ਕਵਲ ਤੇਰਾ ਸਾਚਾ ਡੇਰਾ, ਸਿਰ ਤੇਰੇ ਹੱਥ ਟਿਕਾਇੰਦਾ । ਥਿਰ ਘਰ ਵਸਦਾ ਰਹੇ ਖੇੜਾ, ਗ੍ਰਿਹ ਮੰਦਰ ਆਪ ਸੁਹਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਅੰਤਮ ਕਰੇ ਹੱਕ ਨਬੇੜਾ, ਹਕੀਕਤ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਆਪ ਸਮਝਾਇੰਦਾ । ਸਾਚੀ ਸਿਖਿਆ ਸ੍ਰੀ ਭਗਵਾਨ, ਆਦਿ ਆਦਿ ਆਪ ਜਣਾਈਆ । ਸ਼ਬਦੀ ਸੁਤ ਬਾਲ ਅੰਞਾਣ, ਅੰਞਾਣੀ ਬੁੱਧ ਦਏ ਵਡਿਆਈਆ । ਚਰਨ ਕਵਲ ਬਖ਼ਸ਼ੇ ਇਕ ਧਿਆਨ, ਦੂਜੀ ਓਟ ਨਾ ਕੋਇ ਸਰਨਾਈਆ । ਤੇਰੇ ਅੰਦਰ ਮੇਰਾ ਮਕਾਨ, ਮੇਰਾ ਮਕਾਨ ਤੇਰਾ ਘਰ ਨਜ਼ਰੀ ਆਈਆ । ਨਿਰਮਲ ਦੀਪ ਜੋਤ ਜਗੇ ਮਹਾਨ, ਸੂਰਜ ਚੰਦ ਨਾ ਕੋਇ ਰੁਸ਼ਨਾਈਆ । ਸਾਹਿਬ ਸਤਿਗੁਰ ਇਕੋ ਕਾਹਨ, ਦੂਜਾ ਰੂਪ ਨਾ ਕੋਇ ਵਟਾਈਆ । ਦਰਗਾਹ ਸਾਚੀ ਸਚ ਨਿਸ਼ਾਨ, ਸਤਿ ਪੁਰਖ ਨਿਰੰਜਣ ਇਕ ਵਖਾਈਆ । ਤਖ਼ਤ ਨਿਵਾਸੀ ਮਿਹਰਵਾਨ, ਸੀਸ ਜਗਦੀਸ ਏਕਾ ਤਾਜ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਭੇਵ ਰਿਹਾ ਖੁਲ੍ਹਾਈਆ । ਸੁਤ ਕਹੇ ਸੁਣ ਮੇਰੇ ਦਾਤੇ,

ਹੱਥ ਤੇਰੇ ਵਡਿਆਈਆ । ਥਿਰ ਘਰ ਬੱਝੇ ਸੱਚੇ ਨਾਤੇ, ਨਾ ਕੋਈ ਤੋੜੇ ਤੋੜ ਤੁੜਾਈਆ । ਤੇਰੀ ਗਾਵਾਂ ਇਕੋ ਗਾਥੇ, ਸੋਹੰ ਸਚ ਪੜ੍ਹਾਈਆ । ਠਾਕਰ ਸਵਾਮੀ ਪੁਰਖ ਸਮਰਾਥੇ, ਮਿਹਰਵਾਨ ਤੇਰੀ ਮੰਗਾਂ ਇਕ ਸਰਨਾਈਆ । ਜੁਗ ਚੌਕੜੀ ਮੇਰੇ ਪੂਰੇ ਕਰ ਕੇ ਘਾਟੇ, ਤੋਟ ਕੋਇ ਰਹਿਣ ਨਾ ਪਾਈਆ । ਸਦਾ ਸਦਾ ਮੇਰੇ ਵਸੇਂ ਸਾਥੇ, ਸਗਲਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਇਕ ਉਠਾਈਆ । ਮਿਹਰਵਾਨ ਹਰਿ ਦਾਤਾਰ, ਦਇਆਵਾਨ ਦਇਆ ਕਮਾਇੰਦਾ । ਸ਼ਬਦ ਸੁਤ ਦੇ ਪਿਆਰ, ਮਾਣ ਤਾਣ ਇਕ ਰਖਾਇੰਦਾ । ਤੇਰਾ ਵਖਾਏ ਸਚ ਨਿਸ਼ਾਨ, ਵਿਸ਼ਨ ਬ੍ਰਹਮਾ ਸ਼ਿਵ ਤੇਰੀ ਅੰਸ ਬਣਾਇੰਦਾ । ਤ੍ਰੈਗੁਣ ਮਾਇਆ ਕਰ ਪਰਧਾਨ, ਪੰਚਮ ਨਾਤਾ ਜੋੜ ਜੁੜਾਇੰਦਾ । ਲੱਖ ਚੁਰਾਸੀ ਖੋਲ੍ਹ ਦੁਕਾਨ, ਅੰਡਜ ਜੇਰਜ ਉਤਭੁਜ ਸੇਤਜ ਚਾਰੇ ਖਾਣੀ ਬੰਧਨ ਪਾਇੰਦਾ । ਚਾਰੇ ਬਾਣੀ ਬੋਲ ਕਲਿਆਣ, ਪਰਾ ਪਸੰਤੀ ਮਧਮ ਬੈਖ਼ਰੀ ਰਾਗ ਸੁਣਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰੀ ਝੋਲੀ ਪਾਵਾਂ ਦਾਨ, ਪੰਜ ਤੱਤ ਕਾਇਆ ਚੋਲਾ ਭਾਗ ਲਗਾਇੰਦਾ । ਆਤਮ ਪਰਮਾਤਮ ਦੇ ਗਿਆਨ, ਬੋਧ ਅਗਾਧਾ ਰਾਗ ਸੁਣਾਇੰਦਾ । ਪਾਰਬ੍ਰਹਮ ਬ੍ਰਹਮ ਕਰ ਪਹਿਚਾਣ, ਦੂਈ ਦਵੈਤੀ ਪਰਦਾ ਲਾਹਿੰਦਾ । ਸ਼ਬਦ ਸੁਤ ਤੇਰਾ ਸਚ ਮਕਾਨ, ਘਰ ਘਰ ਅੰਦਰ ਆਪ ਬਣਾਇੰਦਾ । ਨਾਦ ਧੁੰਨ ਸੱਚੀ ਧੁਨਕਾਨ, ਅਨਰਾਗੀ ਰਾਗ ਸੁਣਾਇੰਦਾ । ਅੰਮ੍ਰਿਤ ਰਸ ਪੀਣ ਖਾਣ, ਨਿਝਰ ਝਿਰਨਾ ਆਪ ਝਿਰਾਇੰਦਾ । ਨਿਰਮਲ ਜੋਤੀ ਕਰ ਪਰਵਾਨ, ਜੋਤ ਨਿਰੰਜਣ ਡਗਮਗਾਇੰਦਾ । ਜੁਗ ਚੌਕੜੀ ਖੇਲ ਮਹਾਨ, ਸਤਿਜੁਗ ਤ੍ਰੇਤਾ ਦੁਆਪਰ ਨਿਰਗੁਣ ਸਰਗੁਣ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਧਾਰ ਆਪ ਜਣਾਇੰਦਾ । ਸੁਤ ਦੁਲਾਰੇ ਚੜ੍ਹਿਆ ਚਾ, ਚਾਉ ਘਨੇਰਾ ਇਕ ਰਖਾਈਆ । ਸ੍ਰੀ ਭਗਵਾਨ ਮਿਲਿਆ ਸਚ ਮਲਾਹ, ਬੇੜਾ ਆਪਣੇ ਕੰਧ ਉਠਾਈਆ । ਜੁਗ ਚੌਕੜੀ ਦੇਵੇ ਸਚ ਸਲਾਹ, ਮਾਰਗ ਧੰਦੇ ਆਪੇ ਲਾਈਆ । ਨਾਉਂ ਨਿਰੰਕਾਰਾ ਦਏ ਸਮਝਾ, ਨਿਸ਼ਅੱਖਰ ਕਰ ਪੜ੍ਹਾਈਆ । ਅੱਖਰ ਅੱਖਰ ਰੂਪ ਵਟਾ, ਲੇਖਾ ਲਿਖਤ ਦਏ ਸਮਝਾਈਆ । ਵਿਸ਼ਨ ਬ੍ਰਹਮਾ ਸ਼ਿਵ ਲਏ ਜਗਾ, ਜੀਵਣ ਜੁਗਤ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਿਰ ਮੇਰੇ ਹੱਥ ਟਿਕਾਈਆ । ਪੁਰਖ ਅਬਿਨਾਸ਼ੀ ਪਿਆ ਹੱਸ, ਸੋਹੰ ਹੰਸਾ ਰੂਪ ਵਟਾਇੰਦਾ । ਤੇਰਾ ਮੇਰਾ ਇਕ ਰਸ ਦੂਜਾ ਰਸ ਨਾ ਕੋਇ ਵਟਾਇੰਦਾ । ਤੇਰਾ ਮੇਰਾ ਖੇਲ ਅਕੱਥ, ਕਥਨੀ ਕਥ ਨਾ ਕੋਇ ਗਾਇੰਦਾ । ਤੇਰਾ ਮੇਰਾ ਇਕੋ ਰਥ, ਜੁਗ ਜੁਗ ਵੇਸ ਵਟਾਇੰਦਾ । ਤੇਰਾ ਮੇਰਾ ਪੂਜਾ ਪਾਠ, ਮੰਤਰ ਇਕੋ ਨਾਮ ਦ੍ਰਿੜਾਇੰਦਾ । ਤੇਰਾ ਮੇਰਾ ਤੀਰਥ ਤਾਟ, ਚਰਨ ਸਰੋਵਰ ਇਕ ਨੁਹਾਇੰਦਾ । ਤੇਰਾ ਮੇਰਾ ਖੇਲ ਤਮਾਸ਼, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਜੇਰਜ ਅੰਡਾਂ ਰੰਗ ਚੜ੍ਹਾਇੰਦਾ । ਤੇਰਾ ਮੇਰਾ ਭੋਗ ਬਲਾਸ, ਲੱਖ ਚੁਰਾਸੀ ਆਤਮ ਸੇਜਾ ਸੇਜ ਸੁਹੰਜਣੀ ਇਕ ਹੰਢਾਇੰਦਾ । ਤੇਰਾ ਮੇਰਾ ਖੇਲ ਮੰਡਲ ਰਾਸ, ਗੋਪੀ ਕਾਹਨ ਨਾਚ ਨਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਵਸਤ ਝੋਲੀ ਪਾਇੰਦਾ । ਸਾਚੀ ਵਸਤ ਸ਼ਬਦੀ ਸੁਤ, ਆਦਿ ਆਪਣੀ ਝੋਲੀ ਪਾਈਆ । ਸੀਸ ਨਿਵਾ ਅਬਿਨਾਸ਼ੀ ਅਚੁਤ, ਢਹਿ ਪਿਆ ਸਰਨਾਈਆ । ਜੁਗ ਚੌਕੜੀ ਮੌਲੇ ਰੁੱਤ, ਵਿਸ਼ਨ ਬ੍ਰਹਮਾ ਸ਼ਿਵ ਸੇਵ ਕਮਾਈਆ । ਭਾਗ ਲਗਾਏ ਤ੍ਰੈਗੁਣ ਮਾਇਆ ਪੰਜ ਤੱਤ ਕਾਇਆ ਬੁੱਤ, ਮਨ ਮਤ ਬੁੱਧ ਅੰਗ ਲਗਾਈਆ । ਸਰਗੁਣ ਅੰਦਰ ਨਿਰਗੁਣ ਉਠ, ਨਿਰਾਕਾਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਾਰ ਆਪ ਕਮਾਈਆ । ਸਾਚੀ ਕਾਰ ਕਰਾਂ ਜੱਗ, ਹਰਿ ਸ਼ਬਦੀ ਆਖ ਸੁਣਾਇੰਦਾ । ਸਰਨ ਸਰਨਾਈ ਤੇਰੀ ਗਿਆ ਲੱਗ, ਦੂਜੀ ਓਟ ਨਾ ਕੋਇ ਤਕਾਇੰਦਾ । ਲੱਖ ਚੁਰਾਸੀ ਵਾਸਾ ਰੱਖਾਂ ਉਪਰ ਸ਼ਾਹ ਰਗ, ਨੌਂ ਦੁਆਰੇ ਜਗਤ ਵਾਸਨਾ ਫਿਰਾਇੰਦਾ । ਤ੍ਰੈਗੁਣ ਪੋਹ ਨਾ ਸਕੇ ਅੱਗ, ਅਗਨੀ ਤੱਤ ਨਾ ਕੋਇ ਜਣਾਇੰਦਾ । ਨਿਤ ਨਵਿਤ ਤੇਰਾ ਕਰਾਂ ਹੱਜ, ਹੁਜਰਾ ਇਕੋ ਨਜ਼ਰੀ ਆਇੰਦਾ । ਸ਼ਬਦ ਅਗੰਮੀ ਤਾਲ ਜਾਏ ਵੱਜ, ਬਿਨ ਤੰਦ ਸਤਾਰ ਹਿਲਾਇੰਦਾ । ਕਵਣ ਵੇਲਾ ਹਰਿ ਜੂ ਪਰਦਾ ਲਏ ਕੱਜ, ਦੋਏ ਜੋੜ ਮੰਗ ਮੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸੁਣਾਇੰਦਾ । ਸੁਣ ਸੁਤ ਮੇਰੇ ਸਾਚੇ ਲਾਲ, ਹਰਿ ਤੇਰੇ ਵਡ ਵਡਿਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨੌਂ ਸੌ ਚੁਰਾਨਵੇਂ ਚੌਕੜੀ ਚਲਾਂ ਤੇਰੇ ਨਾਲ ਨਾਲ, ਸਰਗੁਣ ਨਿਰਗੁਣ ਖੇਲ ਕਰਾਈਆ । ਹੁਕਮੇ ਅੰਦਰ ਤੇਈ ਅਵਤਾਰ, ਸੇਵਾ ਸਚ ਸਚ ਲਗਾਈਆ । ਹੁਕਮੇ ਅੰਦਰ ਭਗਤ ਅਠਾਰ, ਅੱਠ ਦਸ ਦਏ ਵਡਿਆਈਆ । ਹੁਕਮੇ ਅੰਦਰ ਈਸਾ ਮੂਸਾ ਮੁਹੰਮਦ ਯਾਰ, ਯਾਰੀ ਯਾਰਾਂ ਨਾਲ ਰਖਾਈਆ । ਹੁਕਮੇ ਅੰਦਰ ਨਾਨਕ ਗੋਬਿੰਦ ਧਾਰ, ਸ਼ਬਦੀ ਸ਼ਬਦ ਰੰਗ ਚੜ੍ਹਾਈਆ । ਜੁਗ ਚੌਕੜੀ ਥਿਰ ਰਹੇ ਨਾ ਵਿਚ ਸੰਸਾਰ, ਆਵੇ ਜਾਵੇ ਵਾਹੋ ਦਾਹੀਆ । ਵੇਦ ਪੁਰਾਨ ਸ਼ਾਸਤਰ ਸਿਮਰਤ ਲੇਖਾ ਲਿਖਤ ਲੇਖ ਮਹਾਨ, ਗੀਤਾ ਗਿਆਨ ਨਾਲ ਮਿਲਾਈਆ । ਅੰਜੀਲ ਕੁਰਾਨਾ ਦੇ ਦੇ ਦਾਨ, ਹਦੀਸ ਤੀਸ ਬਤੀਸ ਪੜ੍ਹਾਈਆ । ਖਾਣੀ ਬਾਣੀ ਧੁਰ ਨਿਸ਼ਾਨ, ਨਾਮ ਨਿਸ਼ਾਨਾ ਇਕੋ ਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੋਏ ਜੋੜ ਸਾਰੇ ਮੰਗਣ ਇਕੋ ਦਾਨ, ਪ੍ਰਭ ਅੱਗੇ ਝੋਲੀ ਡਾਹੀਆ । ਕਲਜੁਗ ਅੰਤਮ ਪਰਗਟ ਹੋ ਸ੍ਰੀ ਭਗਵਾਨ, ਤੁਧ ਬਿਨ ਸਾਰ ਕੋਇ ਨਾ ਪਾਈਆ । ਸੁਤ ਸ਼ਬਦ ਕਰ ਧਿਆਨ, ਸਚ ਸਚ ਦਿਆਂ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਆਪਣਾ ਰਾਹ ਜਣਾਈਆ । ਸ਼ਬਦੀ ਸੁਤ ਸਚ ਜਣਾਈ, ਜਾਨਣਹਾਰਾ ਆਪ ਜਣਾਇੰਦਾ । ਕਲਜੁਗ ਅੰਤਮ ਕਰੇ ਖੇਲ ਬੇਪਰਵਾਹੀ, ਪਰਦਾਨਸ਼ੀਂ ਆਪਣਾ ਪਰਦਾ ਆਪ ਉਠਾਇੰਦਾ । ਲੋਕਮਾਤ ਆਏ ਚਾਈਂ ਚਾਈਂਆ । ਜੋਤੀ ਜਾਮਾ ਵੇਸ ਵਟਾਇੰਦਾ । ਨਾਨਕ ਗੋਬਿੰਦ ਆਸਾ ਪੂਰ ਕਰਾਈ, ਤ੍ਰਿਸ਼ਨਾ ਸਭ ਦੀ ਆਪਣੇ ਵਿਚ ਛੁਪਾਇੰਦਾ । ਮੁਹੰਮਦ ਅਹਿਮਦ ਰਿਹਾ ਧਿਆਨ ਲਗਾਈ, ਚੌਦਾਂ ਤਬਕਾਂ ਡੇਰਾ ਢਾਹਿੰਦਾ । ਈਸਾ ਕਹੇ ਮੇਰਾ ਖ਼ੁਦਾਵੰਦ ਸੱਚਾ ਮਾਹੀ, ਪਿਤਾ ਇਕੋ ਨਜ਼ਰੀ ਆਇੰਦਾ । ਮੂਸਾ ਰੋਵੇ ਮਾਰੇ ਧਾਹੀਂ, ਨੇਤਰ ਨੈਣਾਂ ਨੀਰ ਵਹਾਇੰਦਾ । ਵੇਦ ਵਿਆਸਾ ਲੇਖਾ ਲਿਖ ਲਿਖ ਗਿਆ ਸਮਝਾਈ, ਪੂਤ ਸਪੂਤਾ ਬ੍ਰਹਿਮਣ ਗੌੜਾ ਉਚੇ ਟਿੱਲੇ ਪਰਬਤ ਫੇਰਾ ਪਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਸਦ ਚਲੇ ਆਪਣੀ ਸਚ ਰਜ਼ਾਈ, ਹੁਕਮੇ ਵਿਚ ਕਦੇ ਨਾ ਆਇੰਦਾ । ਭਗਤਾਂ ਫੜੇ ਸ੍ਰੀ ਭਗਵਾਨ ਬਾਂਹੀ, ਫੜ ਬਾਹੋਂ ਗਲੇ ਲਗਾਇੰਦਾ । ਸੰਤਾਂ ਦੇਵੇ ਸਾਚਾ ਥਾਈਂ, ਚਰਨ ਕਵਲ ਇਕ ਜਣਾਇੰਦਾ । ਗੁਰਮੁਖਾਂ ਰੱਖੇ ਠੰਡੀਆਂ ਛਾਈਂ, ਅਗਨੀ ਤੱਤ ਨਾ ਕਦੇ ਵਖਾਇੰਦਾ । ਗੁਰਸਿਖਾਂ ਬਣੇ ਪਿਤਾ ਮਾਈ, ਬਾਲ ਅੰਞਾਣੇ ਗੋਦ ਬਹਾਇੰਦਾ । ਵੇਖਣਹਾਰਾ ਥਾਉਂ ਥਾਈਂ, ਉਤਰ ਪੂਰਬ ਪੱਛਮ ਦੱਖਣ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਜਣਾਇੰਦਾ । ਸੁਤ ਸ਼ਬਦ ਦੋਏ ਜੋੜ ਸੀਸ, ਚਰਨਾਂ ਉਪਰ ਟਿਕਾਈਆ । ਤੇਰਾ ਖੇਲ ਹਰਿ ਜਗਦੀਸ, ਤੇਰੇ ਹੱਥ ਵਡਿਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗੁਰ ਅਵਤਾਰ ਪੀਰ ਪੈਗ਼ੰਬਰ ਸਰਗੁਣ ਰੂਪ ਪੀਸਣ ਲੈਣਾ ਪੀਸ, ਜੀਵਣ ਜੁਗਤੀ ਚੱਕੀ ਮਾਤ ਚਲਾਈਆ । ਦੀਨ

ਮਜ਼੍ਹਬ ਜ਼ਾਤ ਪਾਤ ਕਲਮਾ ਨਬੀ ਬਣਾ ਰਫ਼ੀਕ, ਲੇਖਾ ਲਿਖ ਲਿਖ ਦੇਣ ਜਣਾਈਆ । ਤੇਰਾ ਨਿਸ਼ਾਨਾ ਇਕੋ ਇਕ ਠੀਕ, ਹਰਿ ਠਾਕਰ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਜਿਸ ਵੇਲੇ ਮੇਲਾ ਲਏਂ ਮਿਲਾਈਆ । ਸ਼ਬਦ ਸੁਤ ਤੇਰਾ ਚੁੱਕੇ ਲਹਿਣਾ, ਕਲਜੁਗ ਅੰਤਮ ਆਪ ਚੁਕਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਫੜ ਵਖਾਏ ਸਾਚੇ ਨੈਣਾਂ, ਨੈਣ ਨੈਣ ਨਾਲ ਮਿਲਾਈਆ । ਜ਼ਾਤ ਪਾਤ ਦੀਨ ਮਜ਼੍ਹਬ ਕੂੜੀ ਕਿਰਿਆ ਡੇਰਾ ਢਹਿਣਾ, ਅੰਤ ਰਹਿਣ ਨਾ ਪਾਈਆ । ਚਾਰ ਵਰਨ ਅਠਾਰਾਂ ਬਰਨ ਇਕ ਦੁਆਰੇ ਰਲ ਕੇ ਬਹਿਣਾ, ਪੁਰਖ ਅਕਾਲ ਇਕੋ ਇਸ਼ਟ ਵਖਾਈਆ । ਗੋਬਿੰਦ ਮੰਨਣਾ ਪਏ ਸਭ ਨੂੰ ਕਹਿਣਾ, ਨਾ ਕੋਈ ਮੇਟੇ ਮੇਟ ਮਿਟਾਈਆ । ਹਰਿ ਕਾ ਭਾਣਾ ਸਿਰ ਤੇ ਸਹਿਣਾ, ਵਿਸ਼ਨ ਬ੍ਰਹਮਾ ਸ਼ਿਵ ਸੀਸ ਝੁਕਾਈਆ । ਲੱਖ ਚੁਰਾਸੀ ਡੇਰਾ ਢਹਿਣਾ, ਘਰ ਘਰ ਡੰਕ ਵਜਾਈਆ । ਅੰਜੀਲ ਕੁਰਾਨ ਇਕ ਦੂਜੇ ਦੇ ਨਾਲ ਖਹਿਣਾ, ਸ਼ਾਸਤਰ ਸਿਮਰਤ ਕਰਨ ਲੜਾਈਆ । ਗੁਰਮੁਖ ਵਿਰਲਾ ਲੋਕਮਾਤ ਰਹਿਣਾ, ਜੋ ਹਰਿ ਚਰਨ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸੁਤ ਦੇਵੇ ਵਰ, ਤੇਰੇ ਘਰ ਵੱਜੇ ਵਧਾਈਆ । ਸ਼ਬਦ ਸੁਤ ਤੇਰਾ ਵੱਜੇ ਡੰਕ, ਡੰਕਾ ਤੇਰੇ ਹੱਥ ਫੜ੍ਹਾਈਆ । ਏਕਾ ਮਾਣ ਵਖਾਏ ਰਾਉ ਰੰਕ, ਊਚ ਨੀਚ ਨਾ ਕੋਇ ਜਣਾਈਆ । ਆਤਮ ਪਰਮਾਤਮ ਜੋਤੀ ਸ਼ਬਦੀ ਲਾਏ ਤਨਕ, ਰਸਨਾ ਜਿਹਵਾ ਰਾਗ ਨਾ ਕੋਇ ਸੁਣਾਈਆ । ਅੰਦਰ ਵੜ ਕੇ ਪੌੜੇ ਚੜ੍ਹ ਕੇ ਆਪ ਭੁਆਏ ਮਨ ਕਾ ਮਣਕ, ਮਨ ਵਾਸਨਾ ਦਏ ਖਪਾਈਆ । ਗੁਰਸਿਖ ਮਿਲਾਏ ਜਿਉਂ ਜਨ ਜਨਕ, ਜਨ ਜਨਨੀ ਲੇਖੇ ਲਾਈਆ । ਲੇਖਾ ਜਾਣੇ ਵਾਸੀ ਪੁਰੀ ਘਨਕ, ਨਿਹਕਲੰਕ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸੁਤ ਦੇਵੇ ਵਰ, ਪਿਤਾ ਪੂਤ ਰਿਹਾ ਸਮਝਾਈਆ । ਪੂਤ ਕਹੇ ਮੈਂ ਤੇਰਾ ਪੁੱਤ, ਤੇਰੀ ਓਟ ਰਖਾਈਆ । ਕਵਣ ਵੇਲਾ ਮੇਰੀ ਸਾਰ ਲਏਂ ਪੁੱਛ, ਪਛੋਤਾਵਾ ਰਹੇ ਨਾ ਰਾਈਆ । ਮੇਰੇ ਹੱਥ ਨਹੀਂ ਕੁਛ, ਖ਼ਾਲੀ ਹੱਥ ਰਿਹਾ ਵਖਾਈਆ । ਚਰਨ ਕਵਲ ਸੀਸ ਰਿਹਾ ਝੁੱਕ, ਮਿਲੇ ਸਚ ਸਰਨਾਈਆ । ਪੁਰਖ ਅਕਾਲ ਕਹੇ ਮੈਂ ਤੇਰੀ ਧਾਰੋਂ ਪਵਾਂ ਉਠ, ਨਿਰਗੁਣ ਜੋਤ ਕਰ ਰੁਸ਼ਨਾਈਆ । ਮਿਹਰਵਾਨ ਹੋ ਕੇ ਜਾਵਾਂ ਤੁਠ, ਅਨਮੁਲੜੀ ਦਾਤ ਵਰਤਾਈਆ । ਲੋਕਮਾਤ ਸੁਹਾਵਾਂ ਤੇਰੀ ਰੁੱਤ, ਨਵ ਨੌਂ ਖ਼ੁਸ਼ੀ ਮਨਾਈਆ । ਪੂਜਾ ਰਹੇ ਨਾ ਪੰਜ ਤੱਤ ਕਾਇਆ ਬੁੱਤ, ਸ਼ਬਦੀ ਗੁਰ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸਾ ਸ੍ਰੀ ਭਗਵਾਨ ਵਡ ਮਿਹਰਵਾਨ, ਇਕੋ ਇਕ ਜਣਾਈਆ ।

## ❇ ੨੫ ਮੱਘਰ ੨੦੧੯ ਬਿਕਰਮੀ ਮਹਿੰਦਰ ਸਿੰਘ ਦੇ ਗ੍ਰਿਹ ਹਰਨਾਮ ਪੁਰਾ ❇

ਸ੍ਰੀ ਭਗਵਾਨ ਤੇਰਾ ਹੁਕਮ ਸਤਿ, ਸ਼ਬਦ ਸੁਤ ਸੀਸ ਝੁਕਾਈਆ । ਦੋ ਜਹਾਨਾਂ ਦੇ ਇਕੋ ਮਤ, ਸ੍ਰਿਸ਼ਟ ਸਬਾਈ ਸਚ ਪੜ੍ਹਾਈਆ । ਭਾਗ ਲਗਾ ਸਾਚੇ ਤੱਤ, ਤਤ ਤਤ ਨਾਲ ਮਿਲਾਈਆ । ਨਾੜ ਬਹੱਤਰ ਨਾ ਉਬਲੇ ਰੱਤ, ਰੱਤੀ ਰੱਤ ਦੇ ਸੁਕਾਈਆ । ਇਕ ਸੁਣਾ ਸਾਚੀ ਗਾਥ, ਆਤਮ ਪਰਮਾਤਮ ਵੱਜੇ ਵਧਾਈਆ । ਪਾਰਬ੍ਰਹਮ ਬ੍ਰਹਮ ਵਸੇ ਸਾਥ, ਸਗਲਾ ਸੰਗ ਨਿਭਾਈਆ । ਏਥੇ ਓਥੇ ਚਲਾਏ ਸੱਚਾ ਰਾਥ, ਬਣ ਰਖਵਾਹੀ ਸੇਵ

ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰੇ ਦਾਸ, ਬਣ ਸੇਵਕ ਸੇਵ ਕਮਾਈਆ । ਤੇਰਾ ਖੇਲ ਪ੍ਰਿਥਮੀ ਆਕਾਸ਼, ਗਗਨ ਮੰਡਲ ਤੇਰੀ ਵਡਿਆਈਆ । ਵਿਸ਼ਨ ਬ੍ਰਹਮਾ ਸ਼ਿਵ ਬੈਠੇ ਤੇਰੀ ਆਸ, ਨੇਤਰ ਨੈਣ ਨੈਣ ਉਠਾਈਆ । ਸਚਖੰਡ ਨਿਵਾਸੀ ਤੇਰਾ ਖੇਲ ਤਮਾਸ਼, ਖ਼ਾਲਕ ਖ਼ਲਕ ਰੂਪ ਵਟਾਈਆ । ਪਰਵਰਦਿਗਾਰ ਤੇਰਾ ਸਚ ਪਰਕਾਸ਼, ਜਲਵਾ ਨੂਰ ਨੂਰ ਇਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸ਼ਬਦੀ ਗੁਰ ਸੀਸ ਨਿਵਾਈਆ । ਸ਼ਬਦੀ ਗੁਰ ਮੰਗੇ ਮੰਗ, ਪ੍ਰਭ ਅੱਗੇ ਸੀਸ ਝੁਕਾਇੰਦਾ । ਤਖ਼ਤ ਨਿਵਾਸੀ ਸੂਰੇ ਸਰਬੰਗ, ਤੇਰਾ ਧੁਰ ਫ਼ਰਮਾਣਾ ਮੋਹੇ ਭਾਇੰਦਾ । ਨਾਮ ਅਗੰਮੀ ਵੱਜੇ ਮਰਦੰਗ, ਤਾਰ ਸਤਾਰ ਨਾ ਕੋਇ ਹਿਲਾਇੰਦਾ । ਲੇਖਾ ਜਾਣ ਜੇਰਜ ਅੰਡ, ਉਤਭੁਜ ਸੇਤਜ ਭੇਵ ਚੁਕਾਇੰਦਾ । ਕਲਜੁਗ ਮੇਟ ਭੇਖ ਪਖੰਡ, ਚਾਰੋਂ ਕੁੰਟ ਅੰਧੇਰਾ ਛਾਇੰਦਾ । ਜ਼ਾਤ ਪਾਤ ਵਰਨ ਬਰਨ ਕੂੜੀ ਵੰਡ, ਆਤਮ ਪਰਮਾਤਮ ਘਟ ਘਟ ਖੇਲ ਕਰਾਇੰਦਾ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਆਦਿ ਜੁਗਾਦੀ ਏਕਾ ਛੰਦ, ਅੱਖਰ ਵੱਖਰ ਮੋਹੇ ਭਾਇੰਦਾ । ਨਿਜ ਘਰ ਦੇਣਾ ਸਚ ਅਨੰਦ, ਅਨੰਦ ਅਨੰਦ ਵਿਚ ਰਖਾਇੰਦਾ । ਕਰ ਪਰਕਾਸ਼ ਬਿਨ ਸੂਰਜ ਚੰਦ, ਦੋਏ ਜੋੜ ਮੰਗ ਮੰਗਾਇੰਦਾ । ਲੱਖ ਚੁਰਾਸੀ ਪਏ ਠੰਡ, ਤ੍ਰੈਗੁਣ ਅਗਨੀ ਤੱਤ ਬੁਝਾਇੰਦਾ । ਪੰਜ ਤੱਤ ਕਾਇਆ ਚੋਲੀ ਰੰਗ, ਤੁਧ ਬਿਨ ਅਵਰ ਨਾ ਕੋਇ ਰੰਗਾਇੰਦਾ । ਅੰਦਰ ਬਾਹਰ ਵਸ ਸੰਗ, ਇਕੋ ਓਟ ਤਕਾਇੰਦਾ । ਤੁਧ ਬਿਨ ਜੀਵ ਜੰਤ ਹੋਏ ਨੰਗ, ਪਰਦਾ ਨਾਮ ਨਾ ਕੋਇ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸ਼ਬਦੀ ਸੁਤ ਦਰ ਤੇਰੇ ਝੋਲੀ ਡਾਹਿੰਦਾ । ਖ਼ਾਲੀ ਝੋਲੀ ਦੇ ਭਰ, ਕਲਜੁਗ ਅੰਤਮ ਆਸ ਰਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੇ ਦੇ ਗਏ ਵਰ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਦਏ ਗਵਾਹੀਆ । ਨਿਰਭੌ ਚੁਕਾ ਭੈ ਡਰ, ਭਿਆਨਕ ਰੂਪ ਰਹੇ ਨਾ ਰਾਈਆ । ਸਾਚਾ ਘਾੜਨ ਲੈਣਾ ਘੜ, ਗਗਨ ਮੰਡਲ ਤੇਰੀ ਵਡਿਆਈਆ । ਘਟ ਘਟ ਅੰਦਰ ਵੇਖਣਾ ਚੜ੍ਹ, ਘਰ ਘਰ ਕੁੰਡਾ ਲਾਹੀਆ । ਸੁਰਤੀ ਸ਼ਬਦੀ ਮੇਲ ਮਿਲੌਣਾ ਸਾਚੇ ਦਰ, ਦਰ ਦਰਵਾਜਾ ਇਕ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਈਆ । ਦਰ ਤੇਰੇ ਇਕ ਅਲੱਖ, ਅਲਖ ਅਗੋਚਰ ਮੰਗ ਮੰਗਾਇੰਦਾ । ਨਿਰਗੁਣ ਰੂਪ ਹੋ ਪਰਤੱਖ, ਜਲਵਾ ਤੇਰਾ ਮੋਹੇ ਭਾਇੰਦਾ । ਕਲਜੁਗ ਅੰਤਮ ਪੱਤ ਲੈਣੀ ਰੱਖ, ਤੇਰੇ ਚਰਨ ਧਿਆਨ ਲਗਾਇੰਦਾ । ਗੁਰ ਅਵਤਾਰ ਮਾਰਗ ਦਏ ਦੱਸ, ਪੀਰ ਪੈਗ਼ੰਬਰ ਭੇਵ ਖੁਲ੍ਹਾਇੰਦਾ । ਨਿਰਗੁਣ ਨਿਰਵੈਰ ਅਜੂਨੀ ਰਹਿਤ ਪਰਵਰਦਿਗਾਰ ਅੰਤਮ ਆਏ ਨੱਠ, ਬੇਮੁਕਾਮ ਹੱਕ ਮੁਕਾਮੇ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਇੰਦਾ । ਸ੍ਰੀ ਭਗਵਾਨ ਹੋ ਮਿਹਰਵਾਨ, ਸ਼ਬਦੀ ਸੁਤ ਜਣਾਈਆ । ਕਿਰਪਾ ਕਰੇ ਨੌਜਵਾਨ, ਨਿਰਗੁਣ ਦਾਤਾ ਬੇਪਰਵਾਹੀਆ । ਸਚਖੰਡ ਨਿਵਾਸੀ ਵੇਖ ਵਖਾਏ ਦੋ ਜਹਾਨ, ਦੋਏ ਦੋਏ ਆਪਣੀ ਧਾਰ ਚਲਾਈਆ । ਭਗਤ ਭਗਵਾਨ ਲਏ ਪਹਿਚਾਨ, ਜੋਤੀ ਜਾਤਾ ਮੇਲ ਮਿਲਾਈਆ । ਆਤਮ ਪਰਮਾਤਮ ਦੇਵੇ ਦਾਨ, ਦਾਤਾ ਦਾਨੀ ਹੋਏ ਸਹਾਈਆ । ਘਰ ਘਰ ਨਜ਼ਰੀ ਆਏ ਕਾਹਨ, ਸੀਸ ਜਗਦੀਸ ਮੁਕਟ ਸੁਹਾਈਆ । ਦੋ ਜਹਾਨ ਢੋਲਾ ਏਕਾ ਗਾਣ, ਵਿਸ਼ਨ ਬ੍ਰਹਮਾ ਸ਼ਿਵ ਰਹੇ ਜਸ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾਈਆ । ਸਾਚੀ ਸਿਖਿਆ ਦੇਵਣ

੩੫੨ ੧੩

ਜੋਗ, ਹਰਿ ਜੁਗਤੀ ਆਪ ਜਣਾਇੰਦਾ । ਕਲਜੁਗ ਅੰਤਮ ਕੂੜੀ ਕਿਰਿਆ ਭੋਗਿਆ ਭੋਗ, ਚਾਰੋਂ ਕੁੰਟ ਅੰਧੇਰਾ ਛਾਇੰਦਾ । ਸ੍ਰਿਸ਼ਟ ਸਬਾਈ ਹੋਇਆ ਵਿਜੋਗ, ਹਰਿ ਸਤਿਗੁਰ ਕੰਤ ਨਾ ਕੋਇ ਹੰਢਾਇੰਦਾ । ਘਰ ਘਰ ਲੱਗਾ ਹਉਮੇ ਰੋਗ, ਮਾਇਆ ਮਮਤਾ ਨਾਚ ਨਚਾਇੰਦਾ । ਬਿਨ ਭਗਤ ਪੁਰਖ ਅਕਾਲ ਕੋਈ ਨਾ ਰੱਖੇ ਓਟ, ਲੱਖ ਚੁਰਾਸੀ ਜੀਵ ਜੰਤ ਪੜ੍ਹ ਪੜ੍ਹ ਵਕਤ ਲੰਘਾਇੰਦਾ । ਕਿਸੇ ਨਾ ਨਿਕਲੇ ਮਨ ਵਾਸਨਾ ਖੋਟ, ਮਨ ਕਾ ਮਣਕਾ ਨਾ ਕੋਇ ਭੁਆਇੰਦਾ । ਅਨਹਦ ਸ਼ਬਦ ਨਾ ਵੱਜੇ ਚੋਟ, ਧੁਨ ਆਤਮਕ ਰਾਗ ਨਾ ਕੋਇ ਅਲਾਇੰਦਾ । ਹੋਏ ਪਰਕਾਸ਼ ਨਾ ਨਿਰਮਲ ਜੋਤ, ਜੋਤੀ ਨੂਰ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਦੁਲਾਰੇ ਆਪ ਜਣਾਇੰਦਾ । ਸੁਤ ਦੁਲਾਰੇ ਸ਼ਬਦੀ ਰੂਪ, ਤੇਰਾ ਰੰਗ ਨਜ਼ਰ ਨਾ ਆਈਆ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰਾ ਇਕੋ ਭੂਪ, ਸਚਖੰਡ ਬੈਠਾ ਆਸਣ ਲਾਈਆ । ਵੇਖਣਹਾਰਾ ਚਾਰੇ ਕੂਟ, ਦਹਿ ਦਿਸ਼ਾ ਫੋਲ ਫੁਲਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਵ ਨੌਂ ਚਾਰ ਜਿਸ ਸੁਹਾਈ ਰੁੱਤ, ਰੁੱਤ ਰੁੱਤੜੀ ਮਾਤ ਮਹਿਕਾਈਆ । ਅੰਤਮ ਨਿਰਗੁਣ ਸਰਗੁਣ ਲਏ ਪੁੱਛ, ਬਚਿਆ ਕੋਇ ਰਹਿਣ ਨਾ ਪਾਈਆ । ਕੂੜੀ ਕਿਰਿਆ ਬੀਸ ਬੀਸਾ ਲਏ ਲੁੱਟ, ਹਰਿ ਜਗਦੀਸਾ ਵਡ ਵਡਿਆਈਆ । ਭਗਤ ਭਗਵਾਨ ਇਕ ਦੁਆਰੇ ਪਏ ਉਠ, ਮਾਰਗ ਸੱਚਾ ਸਚ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਆਪ ਸਮਝਾਈਆ । ਸਾਚਾ ਮਾਰਗ ਲੱਗਣਾ ਮਾਤ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਹਰਿ ਪੁਰਖ ਨਿਰੰਜਣ ਦੇਵੇ ਦਾਤ, ਏਕੰਕਾਰ ਝੋਲੀ ਭਰਾਇੰਦਾ । ਆਦਿ ਨਿਰੰਜਣ ਕਰ ਪਰਕਾਸ਼, ਅਗਿਆਨ ਅੰਧੇਰ ਚੁਕਾਇੰਦਾ । ਅਬਿਨਾਸ਼ੀ ਕਰਤਾ ਬਣ ਬਣ ਦਾਸੀ ਦਾਸ, ਸੇਵਕ ਸੇਵਾ ਰੂਪ ਵਟਾਇੰਦਾ । ਸ੍ਰੀ ਭਗਵਾਨ ਸ਼ਾਹੋ ਸ਼ਾਬਾਸ, ਸਾਚੇ ਤਖ਼ਤ ਸੋਭਾ ਪਾਇੰਦਾ । ਪਾਰਬ੍ਰਹਮ ਪ੍ਰਭ ਵੇਖੇ ਖੇਲ ਤਮਾਸ਼, ਨਿਰਗੁਣ ਸਰਗੁਣ ਪਰਦਾ ਲਾਹਿੰਦਾ । ਭਗਤ ਭਗਵੰਤ ਪੂਰੀ ਕਰੇ ਆਸ, ਆਸਾ ਆਸਾ ਵਿਚ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਰੇ ਜੱਗ, ਜਗ ਜੀਵਣ ਦਾਤਾ ਵਡ ਵਡਿਆਈਆ । ਕਲਜੁਗ ਕੂੜੀ ਕਿਰਿਆ ਮੇਟੇ ਕੱਗ, ਸਤਿਜੁਗ ਸਾਚਾ ਹੰਸ ਰੂਪ ਵਟਾਈਆ । ਮਾਇਆ ਮਮਤਾ ਜੂਠਾ ਝੂਠਾ ਠੀਕਰ ਜਾਏ ਭੱਜ, ਸਚ ਸੁੱਚ ਦਏ ਵਡਿਆਈਆ । ਮੱਕਾ ਕਾਅਬਾ ਕੋਈ ਨਾ ਕਰੇ ਹੱਜ, ਹੁਜਰਾ ਹੱਕ ਇਕ ਵਖਾਈਆ । ਚਾਰ ਵਰਨਾਂ ਪਰਦਾ ਕੱਜ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਕਰੇ ਪੜ੍ਹਾਈਆ । ਸਚ ਵਖਾਏ ਸਰੋਵਰ ਤੱਟ, ਦੁਰਮੱਤ ਮੈਲ ਧਵਾਈਆ । ਲੇਖਾ ਚੁਕਾਏ ਚੌਦਾਂ ਲੋਕ ਚੌਦਾਂ ਤਬਕ ਨਿਰਗੁਣ ਸਰਗੁਣ ਹੱਟ, ਬੇਪਰਵਾਹ ਫੇਰਾ ਪਾਈਆ । ਸਾਚਾ ਮਾਰਗ ਦੇਵੇ ਦੱਸ, ਸ੍ਰਿਸ਼ਟ ਸਬਾਈ ਏਕੋ ਢੋਲਾ ਗਾਈਆ । ਆਤਮ ਪਰਮਾਤਮ ਆਵੇ ਰਸ, ਮਨ ਮਤ ਬੁੱਧ ਨਾ ਕੋਇ ਚਤੁਰਾਈਆ । ਤੀਰ ਨਿਰਾਲਾ ਮਾਰੇ ਕਸ, ਅਣਿਆਲਾ ਆਪ ਚਲਾਈਆ । ਹਿਰਦੇ ਅੰਦਰ ਹਰਿ ਜੂ ਵਸ, ਹਰਿ ਮੰਦਰ ਦਏ ਸੁਹਾਈਆ । ਭਗਤ ਮਿਲਾਵਾ ਨੱਠ ਨੱਠ, ਦੂਰ ਦੁਰਾਡਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸ਼ਬਦੀ ਤੇਰਾ ਡੰਕ ਵਜਾਈਆ । ਸ਼ਬਦ ਗੁਰ ਵੱਜੇ ਡੰਕ, ਡੌਰੂ ਹਰਿ ਜੂ ਹੱਥ ਉਠਾਇੰਦਾ । ਏਕਾ ਰੰਗ ਰੰਗਾਏ ਰਾਉ ਰੰਕ, ਸ਼ਾਹ ਸੁਲਤਾਨਾਂ ਖ਼ਾਕ ਮਿਲਾਇੰਦਾ । ਭਗਤ ਭਗਵਾਨ ਸੁਹਾਏ ਬੰਕ, ਬੰਕ ਦਵਾਰੀ ਸੋਭਾ ਪਾਇੰਦਾ । ਲੇਖਾ ਜਾਣੇ ਬਾਰ ਅਨਕ, ਅਕਲ ਕਲ ਆਪਣੀ ਧਾਰ ਚਲਾਇੰਦਾ । ਫੇਰਨਹਾਰਾ ਮਨ ਕਾ ਮਣਕ, ਮਨ

ਕਾ ਮਣਕਾ ਆਪ ਭਵਾਇੰਦਾ । ਜੋਤੀ ਜਾਤਾ ਲਾਏ ਤਨਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਤ ਦੇਵੇ ਵਰ, ਬੀਸ ਬੀਸਾ ਕੁੜੀ ਕਿਰਿਆ ਚੁੱਕੇ ਡਰ, ਸਤਿ ਸਤਿ ਸਤਿ ਸਾਚਾ ਰਾਹ ਜਣਾਇੰਦਾ । ਕਰ ਕਿਰਪਾ ਲਾਏ ਸਤਿਗੁਰ ਲੜ, ਲੜੀ ਨਾਮ ਨਾਲ ਬੰਧਾਈਆ । ਸੁਰਤ ਸਵਾਣੀ ਲਏ ਫੜ, ਗੁਰ ਸ਼ਬਦੀ ਬੰਧਨ ਪਾਈਆ । ਕਾਇਆ ਮੰਦਰ ਜਾਏ ਚੜ੍ਹ, ਬਜਰ ਕਪਾਟੀ ਕੁੰਡਾ ਲਾਹੀਆ । ਨਜ਼ਰੀ ਆਏ ਬਿਨ ਸੀਸ ਧੜ, ਜੋਤੀ ਜੋਤ ਜੋਤ ਰੁਸ਼ਨਾਈਆ । ਜੋ ਜਨ ਸੋਹੰ ਢੋਲਾ ਰਹੇ ਪੜ੍ਹ, ਤਿਨ੍ਹ ਏਥੇ ਓਥੇ ਦਏ ਵਡਿਆਈਆ । ਰਾਏ ਧਰਮ ਦਾ ਚੁੱਕੇ ਡਰ, ਚਿੱਤਰ ਗੁਪਤ ਨੇੜ ਨਾ ਆਈਆ । ਲਾੜੀ ਮੌਤ ਚਰਨੀਂ ਡਿਗੇ ਦੜ, ਗੁਰਮੁਖ ਨਿਉਂ ਨਿਉਂ ਸੀਸ ਝੁਕਾਈਆ । ਸਤਿਗੁਰ ਪੂਰਾ ਅੰਤਮ ਨਿਰਗੁਣ ਨਿਰਗੁਣ ਲਏ ਫੜ, ਫੜ ਆਪਣੇ ਵਿਚ ਮਿਲਾਈਆ । ਪੰਜ ਤੱਤ ਕਾਇਆ ਜਾਏ ਸੜ, ਮਾਟੀ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲੱਗੀ ਪ੍ਰੀਤ ਤੋੜ ਨਿਭਾਈਆ ।

## ❇ ਪਹਿਲੀ ਪੋਹ ੨੦੧੯ ਬਿਕਰਮੀ ਹਰਿ ਭਗਤ ਦਵਾਰ ਜੇਠੂਵਾਲ ❇



ਸਚਖੰਡ ਨਿਵਾਸੀ ਵੇਖ ਸਚਖੰਡ, ਸਚ ਸਚ ਸਚ ਦ੍ਰਿੜਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗੁਰ ਅਵਤਾਰ ਪੀਰ ਪੈਗ਼ੰਬਰ ਪਾਈ ਵੰਡ, ਨਿਰਗੁਣ ਸਰਗੁਣ ਖੇਲ ਕਰਾਈਆ । ਦੋ ਜਹਾਨ ਸ੍ਰੀ ਭਗਵਾਨ ਬ੍ਰਹਿਮੰਡ ਖੰਡ ਲੇਖਾ ਜਾਣ ਸੂਰਜ ਚੰਦ, ਨੂਰ ਜ਼ਹੂਰ ਕਿਰਨ ਕਿਰਨ ਰੁਸ਼ਨਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਇਕ ਅਨੰਦ, ਬੋਧ ਅਗਾਧ ਆਤਮ ਪਰਮਾਤਮ ਸਾਚਾ ਛੰਦ, ਜੀਵਣ ਜੁਗਤ ਜਗਤ ਪੜ੍ਹਾਈਆ । ਲੋਕ ਪਰਲੋਕ ਖੇਲ ਸੂਰਾ ਸਰਬੰਗ, ਬ੍ਰਹਿਮੰਡ ਬ੍ਰਹਿਮਾਂਡ ਵੱਜੇ ਮਰਦੰਗ, ਪੁਰੀ ਲੋਅ ਰਾਗ ਅਲਾਈਆ । ਬ੍ਰਹਮ ਪਾਰਬ੍ਰਹਮ ਬਖ਼ਸ਼ੰਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਰਚਨਾ ਸਚ ਰਚਾਈਆ । ਆਦਿ ਸਚ ਹਰਿ ਖੇਲ ਅਪਾਰਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਹਰਿ ਪੁਰਖ ਨਿਰੰਜਣ ਬਣ ਵਣਜਾਰਾ, ਏਕੰਕਾਰਾ ਹੱਟ ਚਲਾਇੰਦਾ । ਆਦਿ ਨਿਰੰਜਣ ਕਰ ਉਜਿਆਰਾ, ਘਰ ਦੀਆ ਬਾਤੀ ਡਗਮਗਾਇੰਦਾ । ਸ੍ਰੀ ਭਗਵਾਨ ਖੋਲ੍ਹ ਕਵਾੜਾ, ਗ੍ਰਿਹਿ ਮੰਦਰ ਵੇਖ ਵਖਾਇੰਦਾ । ਅਬਿਨਾਸ਼ੀ ਕਰਤਾ ਕਰ ਪਸਾਰਾ, ਦਰ ਸਾਚੇ ਖ਼ੁਸ਼ੀ ਮਨਾਇੰਦਾ । ਪਾਰਬ੍ਰਹਮ ਬਣ ਵਰਤਾਰਾ, ਵਸਤ ਅਮੋਲਕ ਹੱਥ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵਸਤ ਆਪ ਜਣਾਇੰਦਾ । ਸਾਚੀ ਵਸਤ ਆਦਿ ਜੁਗਾਦਿ, ਜੁਗ ਕਰਤਾ ਆਪ ਵਰਤਾਈਆ । ਕੋਟਨ ਕੋਟ ਜੁਗ ਗਏ ਲਾਦ, ਥਿਰ ਕੋਇ ਰਹਿਣ ਨਾ ਪਾਈਆ । ਕੋਟਨ ਕੋਟ ਗੁਰ ਅਵਤਾਰ ਗਾ ਗਾ ਥੱਕੇ ਸਾਧ, ਅੰਤ ਕਹਿਣ ਕੋਇ ਨਾ ਪਾਈਆ । ਕੋਟਨ ਕੋਟ ਪੀਰ ਪੈਗ਼ੰਬਰ ਕਰ ਕਰ ਥੱਕੇ ਯਾਦ, ਯਾਦਦਾਸ਼ਤ ਨਾ ਕਿਸੇ ਬਣਾਈਆ । ਕੋਟਨ ਕੋਟ ਕਹਿ ਕਹਿ ਗਏ ਗਾਡ, ਰੂਪ ਰੰਗ ਰੇਖ ਨਾ ਕੋਇ ਵਖਾਈਆ । ਕੋਟਨ ਕੋਟ ਵਜਾ ਵਜਾ ਗਏ ਨਾਦ, ਰਾਗ ਰਾਗਨੀਆਂ ਨਾਲ ਮਿਲਾਈਆ । ਕੋਟਨ ਕੋਟ ਲੱਭਦੇ ਗਏ ਕੰਤ ਸੁਹਾਗ, ਸੀਸ ਕੰਤ ਨਾ ਕੋਇ ਟਿਕਾਈਆ । ਕੋਟਨ ਕੋਟ ਫਿਰਦੇ ਰਹੇ ਵਿਚ ਵੈਰਾਗ, ਬਣ ਵੈਰਾਗੀ ਫੇਰਾ ਪਾਈਆ । ਕੋਟਨ ਕੋਟ ਗੁਰ ਅਵਤਾਰ ਪੀਰ ਪੈਗ਼ੰਬਰ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬਿਨ ਨੇਤਰ ਰਹੇ ਜਾਗ, ਆਲਸ

ਨਿੰਦਰਾ ਅੰਤ ਨਾ ਕੋਇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪਣੇ ਹੱਥ ਰਖਾਈਆ । ਸਾਚੀ ਖੇਲ ਪੁਰਖ ਅਥਾਹ, ਜੁਗ ਜੁਗ ਆਪਣੇ ਹੱਥ ਰਖਾਇੰਦਾ । ਜੁਗ ਚੌਕੜੀ ਬਣ ਮਲਾਹ, ਨਿਰਗੁਣ ਸਰਗੁਣ ਸੇਵ ਲਗਾਇੰਦਾ । ਨਾਮ ਨਿਧਾਨਾ ਝੋਲੀ ਪਾ, ਲੋਕਮਾਤੀ ਮੇਲ ਮਿਲਾਇੰਦਾ । ਜੋਤ ਇਕਾਂਤੀ ਇਕ ਜਗਾ, ਦੀਆ ਬਾਤੀ ਡਗਮਗਾਇੰਦਾ । ਕਮਲਾਪਾਤੀ ਵੇਸ ਵਟਾ, ਕਾਇਆ ਚੋਲਾ ਰੰਗ ਹੰਢਾਇੰਦਾ । ਆਤਮ ਸੇਜਾ ਆਸਣ ਲਾ, ਸਚ ਸਿੰਘਾਸਣ ਸੋਭਾ ਪਾਇੰਦਾ । ਸ਼ਬਦ ਅਨਾਦ ਧੁਨ ਅਲ੍ਹਾ, ਗੀਤ ਗੋਬਿੰਦ ਸੁਣਾਇੰਦਾ । ਅੰਮ੍ਰਿਤ ਆਤਮ ਜਲ ਪਿਆ, ਸਾਂਤਕ ਸਤਿ ਕਰਾਇੰਦਾ । ਆਪੇ ਬੈਠੇ ਮੁਖ ਛੁਪਾ, ਨਜ਼ਰ ਕਿਸੇ ਨਾ ਆਇੰਦਾ । ਧੁਰ ਸੰਦੇਸਾ ਧੁਰ ਜਣਾ, ਧੁਰ ਆਪਣਾ ਹੁਕਮ ਮਨਾਇੰਦਾ । ਗੁਰ ਅਵਤਾਰ ਬੈਠਣ ਸੀਸ ਝੁਕਾ, ਪੀਰ ਪੈਗ਼ੰਬਰ ਸਯਦਾ ਸਰਬ ਕਰਾਇੰਦਾ । ਕਲਮਾ ਨਬੀ ਰਸੂਲ ਸਰਬ ਪੜ੍ਹਾ, ਆਇਤ ਸ਼ਰਾਇਤ ਆਪ ਜਣਾਇੰਦਾ । ਕਾਗ਼ਜ਼ ਸ਼ਾਹੀ ਮੇਲ ਮਿਲਾ, ਕਲਮ ਆਪਣਾ ਬੰਧਨ ਪਾਇੰਦਾ । ਸ੍ਰਿਸ਼ਟ ਸਬਾਈ ਧੰਦੇ ਲਾ, ਧਵਲ ਲੇਖਾ ਆਪ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪਣੇ ਵਿਚ ਛੁਪਾਇੰਦਾ । ਸਾਚੀ ਖੇਲ ਆਦਿ ਜੁਗਾਦਿ, ਜੁਗ ਕਰਤਾ ਭੇਵ ਛੁਪਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦੇ ਦੇ ਦਾਦ, ਸ੍ਰਿਸ਼ਟ ਸਬਾਈ ਕਰੇ ਪੜ੍ਹਾਈਆ । ਲੱਖ ਚੁਰਾਸੀ ਗ੍ਰਿਹਿ ਮੰਦਰ ਅੰਦਰ ਵੱਜਦਾ ਰਹੇ ਨਾਦ, ਬਿਨ ਤੰਦੀ ਤੰਦ ਸਤਾਰ ਵਜਾਈਆ । ਆਤਮ ਪਰਮਾਤਮ ਸਤਿ ਨਿਸ਼ਾਨਾ ਦੇਵੇ ਗਾਡ, ਨਿਰਗੁਣ ਸਰਗੁਣ ਆਪ ਝੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪਣੇ ਹੱਥ ਰਖਾਈਆ । ਜੁਗ ਚੌਕੜੀ ਖੇਲ ਖਲਾਇਆ, ਖੇਲਣਹਾਰ ਕਰਤਾਰਾ । ਗੁਰ ਅਵਤਾਰ ਸੇਵਾ ਲਾਇਆ, ਪੀਰ ਪੈਗ਼ੰਬਰ ਬਰਖ਼ੁਰਦਾਰਾ । ਵੇਦ ਪੁਰਾਨ ਸ਼ਾਸਤਰ ਸਿਮਰਤ ਲੇਖ ਜਣਾਇਆ, ਲੇਖਾ ਲਿਖ ਵਿਚ ਸੰਸਾਰਾ । ਗਿਆਨ ਧਿਆਨ ਇਕ ਦ੍ਰਿੜਾਇਆ, ਦੇਵੇ ਧੀਰਜ ਜੀਵ ਗਵਾਰਾ । ਅੰਜੀਲ ਕੁਰਾਨ ਮਸਲਾ ਗਾਇਆ, ਮੁਸ਼ਕਲ ਜਾਣੇ ਆਪ ਪਰਵਰਦਿਗਾਰਾ । ਖਾਣੀ ਬਾਣੀ ਤੀਰ ਚਲਾਇਆ, ਅਣਿਯਾਲਾ ਨਜ਼ਰ ਕਿਸੇ ਨਾ ਆਇਆ । ਦੋ ਜਹਾਨਾਂ ਖੇਲ ਰਚਾਇਆ, ਬ੍ਰਹਿਮੰਡ ਖੰਡ ਆਪਣਾ ਫੇਰਾ ਪਾਇਆ, ਸਤਿਜੁਗ ਤ੍ਰੇਤਾ ਦੁਆਪਰ ਆਪ ਹੰਢਾਇਆ, ਕਲਜੁਗ ਵੇਸ ਵਟਾਇਆ, ਤੇਈ ਅਵਤਾਰ ਹੁਕਮ ਮਨਾਇਆ, ਭਗਤ ਅਠਾਰਾਂ ਧੰਦੇ ਲਾਇਆ, ਈਸਾ ਮੂਸਾ ਮੁਹੰਮਦ ਇਲਾਹੀ ਕਲਮਾ ਇਕ ਪੜ੍ਹਾਇਆ, ਬਿਨ ਰਸਨਾ ਜਿਹਵਾ ਗਾਇਆ, ਨਾਨਕ ਗੋਬਿੰਦ ਏਕਾ ਘਰ ਵਖਾਇਆ, ਮਹੱਲ ਅਟੱਲ ਉਚ ਮਨਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੁੱਚ ਦੀ ਸਾਚੀ ਕਾਰਾ । ਸਚ ਸੁੱਚ ਦੀ ਕਰੇ ਕਾਰ, ਕਰਤਾ ਆਪਣੀ ਦਇਆ ਕਮਾਈਆ । ਸਚਖੰਡ ਦੁਆਰਾ ਖੋਲ੍ਹ ਕਵਾੜ, ਸਚ ਦਰਬਾਰ ਇਕ ਲਗਾਈਆ । ਤਖ਼ਤ ਨਿਵਾਸੀ ਏਕੰਕਾਰ, ਪੁਰਖ ਅਬਿਨਾਸ਼ੀ ਸੋਭਾ ਪਾਈਆ । ਹੁਕਮੇ ਅੰਦਰ ਹੁਕਮਰਾਨ, ਏਕਾ ਹੁਕਮ ਜਣਾਈਆ । ਸ਼ਬਦ ਅਗੰਮੀ ਧੁਰ ਫ਼ਰਮਾਣ, ਧੁਰ ਦਾ ਬਾਣ ਲਗਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰੇ ਧਿਆਨ, ਨੇਤਰ ਸਭ ਦਾ ਆਪ ਖੁਲ੍ਹਾਈਆ । ਗੁਰ ਅਵਤਾਰ ਦਿਓ ਬਿਆਨ, ਪੀਰ ਪੈਗ਼ੰਬਰ ਲੇਖਾ ਮੰਗੇ ਥਾਉਂ ਥਾਈਆ । ਭਗਤ ਵਖਾਓ ਭਗਵੰਤ ਨਿਸ਼ਾਨ, ਕਵਣ ਦੁਆਰੇ ਰਿਹਾ ਝੁਲਾਈਆ । ਤ੍ਰੈਗੁਣ ਮਾਰੇ ਏਕਾ ਬਾਣ, ਪੰਜ ਤੱਤ ਨਾਲ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੁਆਰੇ ਰਿਹਾ ਮੰਗਾਈਆ । ਸਚ ਦੁਆਰੇ ਆਓ ਚਲ, ਹਰਿ ਨਿਹਚਲ

ਧਾਮ ਇਕ ਜਣਾਇੰਦਾ । ਕੋਈ ਨਾ ਕਰੇ ਵਲ ਛਲ, ਅਛਲ ਛਲ ਆਪਣੇ ਹੱਥ ਰਖਾਇੰਦਾ । ਪੀਰ ਪੈਗ਼ੰਬਰ ਗੁਰ ਅਵਤਾਰ ਇਕ ਦੂਜੇ ਨਾਲ ਜਾਓ ਰਲ, ਪਿਛਲੀ ਵੰਡ ਨਾ ਕੋਇ ਵਖਾਇੰਦਾ । ਅੰਦਰ ਬਾਹਰ ਬਹਿ ਕੇ ਕਰੋ ਗੱਲ, ਗ਼ਲਬਾ ਹੋਰ ਨਾ ਕੋਇ ਵਖਾਇੰਦਾ । ਅੰਤਮ ਦੀਨ ਮਜ਼੍ਹਬ ਜ਼ਾਤ ਪਾਤ ਕੂੜਾ ਬੂਟਾ ਜਾਣਾ ਹੱਲ, ਸਭ ਦੀ ਜੜ੍ਹ ਆਪ ਉਖੜਾਇੰਦਾ । ਨੌਂ ਖੰਡ ਪ੍ਰਿਥਮੀ ਸੱਤ ਦੀਪ ਲੱਖ ਚੁਰਾਸੀ ਕਿਸੇ ਡਾਲ ਨਾ ਰਹਿਣਾ ਫਲ, ਪੱਤ ਡਾਲੀ ਖੋਜ ਖੁਜਾਇੰਦਾ । ਸਚ ਸੰਦੇਸਾ ਦੇ ਦੇ ਜੋ ਰਿਹਾ ਘੱਲ, ਘੜੀ ਘੜੀ ਪਲ ਪਲ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੰਦੇਸਾ ਇਕ ਅਲਾਇੰਦਾ । ਸ਼ਬਦ ਸੰਦੇਸਾ ਸੁਣ ਕੰਨ, ਸਰਬ ਧਿਆਨ ਲਗਾਈਆ । ਧੁਰ ਫ਼ਰਮਾਣਾ ਲਿਆ ਮੰਨ, ਦਰ ਆਏ ਵਾਹੋ ਦਾਹੀਆ । ਏਕਾ ਘਰ ਚਰਨ ਧਿਆਨ, ਕਵਲ ਓਟ ਤਕਾਈਆ । ਨਾ ਕੋਈ ਮਾਣ ਨਾ ਕੋਈ ਤਾਣ, ਅਭਿਮਾਨ ਨਜ਼ਰ ਕੋਇ ਨਾ ਆਈਆ । ਕਲਜੁਗ ਹੋਇਆ ਵਡ ਬਲਵਾਨ, ਆਪਣਾ ਬਲ ਰਿਹਾ ਰਖਾਈਆ । ਸਾਡੀ ਚਲੇ ਨਾ ਕੋਇ ਕਾਣ, ਚਾਰੋਂ ਕੁੰਟ ਅੰਧੇਰਾ ਛਾਈਆ । ਉਮਤ ਭੁੱਲੀ ਅੰਜੀਲ ਕੁਰਾਨ, ਤੀਸ ਬਤੀਸ ਮਸਲਾ ਹੱਕ ਹਕੀਕਤ ਨਾ ਕੋਇ ਸੁਣਾਈਆ । ਗੁਰ ਅਵਤਾਰ ਹੋਏ ਬੇਪਹਿਚਾਣ, ਗੁਰ ਕਾ ਸ਼ਬਦ ਨਾ ਕੋਇ ਵਡਿਆਈਆ । ਮੰਦਰ ਮਸਜਿਦ ਮੱਠ ਸ਼ਿਵਦੁਆਲੇ ਸਰਬ ਕੁਰਲਾਣ, ਉਚੀ ਕੂਕ ਕੂਕ ਸੁਣਾਈਆ । ਹਿਰਦੇ ਵਸੇ ਨਾ ਕਿਸੇ ਭਗਵਾਨ, ਹਰਿ ਮੰਦਰ ਰੂਪ ਨਾ ਕੋਇ ਵਟਾਈਆ । ਪੜ੍ਹ ਪੜ੍ਹ ਥੱਕੇ ਜੀਵ ਸ਼ੈਤਾਨ, ਸ਼ਰਅ ਜੜ੍ਹ ਨਾ ਕਿਸੇ ਉਖੜਾਈਆ । ਸਾਬਤ ਮਿਲਿਆ ਨਾ ਕੋਇ ਈਮਾਨ, ਸਿਦਕ ਸਬੂਰੀ ਨਾ ਕੋਇ ਹੰਢਾਈਆ । ਸਚ ਹਦੀਸ ਨਾ ਸੁਣੀ ਕਾਨ, ਕਲਮਾ ਨਬੀ ਨਾ ਕੋਇ ਸੁਣਾਈਆ । ਸਚ ਮਹਿਰਾਬ ਨਾ ਮਿਲਿਆ ਅਮਾਮ, ਮਹਿਬੂਬ ਨਜ਼ਰ ਕੋਇ ਨਾ ਆਈਆ । ਮੁਕਾਮੇ ਹੱਕ ਨਾ ਕੋਇ ਪੈਗ਼ਾਮ, ਪੈਗ਼ੰਬਰ ਕਰੇ ਨਾ ਕੋਇ ਪੜ੍ਹਾਈਆ । ਅੰਤਮ ਸਭ ਤੇ ਲੱਗਾ ਇਲਜ਼ਾਮ, ਬਰੀ ਨਜ਼ਰ ਬੇਨਜ਼ੀਰ ਸਕੇ ਨਾ ਕੋਇ ਕਰਾਈਆ । ਦਰ ਬਰਦੇ ਹੋਏ ਗ਼ੁਲਾਮ, ਸੀਸ ਤਾਜ ਨਾ ਕੋਇ ਵਖਾਈਆ । ਹਜ਼ਰਤ ਹੱਕ ਨਾ ਦਿਸੇ ਇਸਲਾਮ, ਮਾਸੂਮ ਰਹੇ ਕੁਰਲਾਈਆ । ਤੇਰਾ ਵਿਗੜਿਆ ਹੋਇਆ ਨਜ਼ਾਮ, ਨਾ ਸਕੇ ਕੋਇ ਬਣਾਈਆ । ਚੌਦਾਂ ਤਬਕ ਅੰਧੇਰਾ ਸ਼ਾਮ, ਸ਼ਮਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਵੇਖ ਵਖਾਈਆ । ਦਰ ਤੇਰੇ ਆਏ ਦਰਵੇਸ਼, ਆਪਣਾ ਦਰਦ ਸੁਣਾਈਆ । ਨੇਤਰ ਰੋਵੇ ਵਿਸ਼ਨ ਬ੍ਰਹਮ ਮਹੇਸ਼, ਸਾਡੀ ਚਲੇ ਨਾ ਕੋਇ ਚਤੁਰਾਈਆ । ਚਾਰੋਂ ਕੁੰਟ ਖ਼ਾਲੀ ਦੇਸ, ਦਸੰਤਰ ਮਿਲੇ ਨਾ ਕੋਇ ਵਡਿਆਈਆ । ਪਾਰਬ੍ਰਹਮ ਤੇਰਾ ਭੁੱਲਿਆ ਹੇਤ, ਬ੍ਰਹਮ ਵਿਦਿਆ ਨਾ ਕੋਇ ਪੜ੍ਹਾਈਆ । ਨਜ਼ਰ ਨਾ ਆਏ ਨੇਤਨ ਨੇਤ, ਨਿਜ ਨੇਤਰ ਨਾ ਕੋਇ ਖੁਲ੍ਹਾਈਆ । ਆਤਮ ਪਰਮਾਤਮ ਦੇਵੇ ਨਾ ਕੋਇ ਭੇਤ, ਭਾਂਡਾ ਭਰਮ ਨਾ ਕੋਇ ਭੰਨਾਈਆ । ਚਾਰੋਂ ਕੁੰਟ ਅਗਨੀ ਜੇਠ, ਪੰਜ ਤੱਤ ਕਾਇਆ ਰਹੀ ਜਲਾਈਆ । ਕੋਈ ਨਾ ਰੱਖੇ ਸਾਇਆ ਹੇਠ, ਸਿਰ ਹੱਥ ਨਾ ਕੋਇ ਟਿਕਾਈਆ । ਗੁਰ ਅਵਤਾਰਾਂ ਸਿਰ ਪਈ ਰੇਤ, ਜੀਵਾਂ ਜੰਤਾਂ ਕਵਣ ਬਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਈਆ । ਗੁਰ ਗੁਰ ਧਾਰ ਸ਼ਬਦੀ ਬੋਲ, ਬੋਲ ਬੋਲ ਸੁਣਾਇਆ । ਪੁਰਖ ਅਕਾਲ ਤੇਰਾ ਕੋਈ ਨਾ ਜਾਣੇ ਤੋਲ, ਤੋਲਣਹਾਰਾ ਨਜ਼ਰ ਕੋਇ ਨਾ ਆਇਆ । ਚਾਰ ਕੁੰਟ ਦਹਿ ਦਿਸ਼ਾ ਨਵ ਖੰਡ ਸੱਤ ਦੀਪ ਦੋ ਜਹਾਨ ਗਏ ਡੋਲ, ਧੀਰਜ ਧੀਰ ਨਾ ਕੋਇ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ,

੩੫੬
੧੩

ਤੁਧ ਬਿਨ ਨਜ਼ਰ ਕੋਇ ਨਾ ਆਇਆ । ਤੁਧ ਬਿਨ ਨਜ਼ਰ ਨਾ ਆਏ ਬੇਨਜ਼ੀਰ, ਰਹਿਮਤ ਰਹਿਮਾਨ ਨਾ ਕੋਇ ਕਮਾਈਆ । ਪੀਰ ਪੈਗ਼ੰਬਰ ਨਾ ਬਦਲੇ ਕੋਈ ਤਕਦੀਰ, ਤਦਬੀਰ ਹੱਥ ਨਾ ਕਿਸੇ ਫੜਾਈਆ । ਕਲਜੁਗ ਵੱਜਾ ਸ਼ਰਅ ਜ਼ੰਜੀਰ, ਸ਼ਰੀਅਤ ਸਕੇ ਨਾ ਕੋਇ ਤੁੜਾਈਆ । ਸਾਚਾ ਦਿਸੇ ਨਾ ਕੋਇ ਫ਼ਕੀਰ, ਫ਼ਿਕਰਾ ਇਕੋ ਦਏ ਪੜ੍ਹਾਈਆ । ਚੋਟੀ ਚਾੜ੍ਹੇ ਫੜ ਅਖ਼ੀਰ, ਅਲਫ਼ ਯੇ ਨਜ਼ਰ ਨਾ ਆਈਆ । ਰੰਗ ਵਖਾਏ ਸ਼ਾਹ ਹਕੀਰ, ਹਕੀਕਤ ਏਕਾ ਘਰ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਆਏ ਤੇਰੇ ਦਰ, ਬੈਠੇ ਸੀਸ ਝੁਕਾਈਆ । ਪੀਰ ਪੈਗ਼ੰਬਰ ਇਕੱਠੇ ਹੋ, ਇਕੋ ਨਾਅਰਾ ਲਾਇਆ । ਤੁਧ ਬਿਨ ਕਰੇ ਨਾ ਕੋਈ ਸਚ ਲੋ, ਜਗਤ ਅੰਧੇਰਾ ਛਾਇਆ । ਪੰਜ ਤੱਤ ਕਾਇਆ ਤੁਟਾ ਮੋਹ, ਮੁਹੱਬਤ ਤਨ ਨਾ ਕੋਇ ਰਖਾਇਆ । ਅਸੀਂ ਦੇ ਦੇ ਆਏ ਢੋਆ ਢੋ, ਕਲਮ ਸ਼ਾਹੀ ਲੇਖ ਲਿਖਾਇਆ । ਕਲਜੁਗ ਅੰਤਮ ਕਿਸੇ ਅੰਤਰ ਨਾ ਸਕੇ ਛੋਹ, ਰਸਨਾ ਜਿਹਵਾ ਰਹੇ ਸਰਬ ਗਾਇਆ । ਸੂਰ ਗਾਂ ਰਹੇ ਕੋਹ, ਤੇਰੀ ਕੀਮਤ ਕੋਇ ਨਾ ਪਾਇਆ । ਪਰਵਰਦਿਗਾਰ ਪੁਰਖ ਅਕਾਲ ਦੀਨ ਦਿਆਲ ਲੱਖ ਚੁਰਾਸੀ ਆਪਣੀ ਆਪੇ ਜਾਏ ਟੋਹ, ਤੇਰੇ ਹੱਥ ਤੇਰੀ ਵਡਿਆਇਆ । ਜਿਸ ਆਦਿ ਬੀਜ ਲਿਆ ਬੋ, ਸੋ ਅੰਤ ਆਪੇ ਵੱਢਣ ਆਇਆ । ਅਸੀਂ ਲਾਂਭੇ ਬੈਠੇ ਹੋ, ਸਾਡੀ ਚਲੇ ਨਾ ਕੋਇ ਚਤੁਰਾਇਆ । ਸਾਡੇ ਵੇਖ ਖ਼ਾਲੀ ਹੱਥ ਦੋ, ਪੱਲੇ ਗੰਢ ਨਾ ਕੋਇ ਬੰਧਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਚਰਨ ਧਿਆਨ ਲਗਾਇਆ । ਗੁਰ ਅਵਤਾਰ ਰੱਖੇ ਯਾਦ, ਪੀਰ ਪੈਗ਼ੰਬਰ ਆਪ ਸਮਝਾਇੰਦਾ । ਜਿਸ ਨੇ ਖੇਲ ਰਚਾਇਆ ਆਦਿ, ਸੋ ਅੰਤਮ ਵੇਖ ਵਖਾਇੰਦਾ । ਜਿਸ ਨੇ ਰਚਨਾ ਰਚੀ ਬ੍ਰਹਿਮਾਦ, ਸੋ ਬ੍ਰਹਮ ਬ੍ਰਹਿਮਾਂਡ ਖੋਜ ਖੁਜਾਇੰਦਾ । ਜਿਸ ਨੇ ਨਾਮ ਸੁਣਾਇਆ ਨਾਦ, ਸੋ ਰਾਗੀ ਰਾਗ ਅਲਾਇੰਦਾ । ਜਿਸ ਨੇ ਲੱਖ ਚੁਰਾਸੀ ਰਚਿਆ ਸਵਾਂਗ, ਬਣ ਸਵਾਂਗੀ ਵੇਖ ਵਖਾਇੰਦਾ । ਜਿਸ ਦੀ ਸਤਿਜੁਗ ਤ੍ਰੇਤਾ ਦੁਆਪਰ ਨਵ ਨੌਂ ਚਾਰ ਰੱਖਦੇ ਰਹੇ ਤਾਂਘ, ਸੋ ਸਭ ਦੀ ਤਾਂਘ ਪੂਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰਾਂ ਆਪ ਸਮਝਾਇੰਦਾ । ਗੁਰ ਅਵਤਾਰ ਬਹਿ ਜਾਓ ਗੁੱਠੇ, ਹਰਿ ਸਤਿਗੁਰ ਆਪ ਬਹਾਈਆ । ਸਭ ਨਾਲੋਂ ਲੋਕਮਾਤ ਰਹਿਣਾ ਰੁੱਠੇ, ਪ੍ਰੇਮ ਪਿਆਰ ਨਾ ਕੋਇ ਜਣਾਈਆ । ਵੇਖੋ ਸਭ ਦੇ ਮੂਧੇ ਹੁੰਦੇ ਹੁੱਕੇ, ਮੁਲਾਂ ਸ਼ੇਖ਼ ਮੁਸਾਇਕ ਸੱਯਦ ਕੋਇ ਰਹਿਣ ਨਾ ਪਾਈਆ । ਪੰਡਤ ਪਾਂਧੇ ਹੁੰਦੇ ਪੁੱਠੇ, ਨਾ ਸਕੇ ਕੋਇ ਬਚਾਈਆ । ਗਰੰਥੀ ਪੰਥੀ ਜਾਇਣ ਲੁੱਟੇ, ਘਰ ਘਰ ਪਏ ਦੁਹਾਈਆ । ਲੱਖ ਚੁਰਾਸੀ ਭਾਗ ਨਿਖੁੱਟੇ, ਸਾਚਾ ਭਾਗ ਨਾ ਕੋਇ ਵੰਡਾਈਆ । ਕੂੜੀ ਕਿਰਿਆ ਜੜ੍ਹ ਪ੍ਰਭ ਆਪੇ ਪੁੱਟੇ, ਜਿਸ ਬੂਟਾ ਦਿਤਾ ਲਾਈਆ । ਨਿਰਗੁਣ ਧਾਰ ਨਿਰੰਕਾਰ ਏਕਾ ਉਠੇ, ਜੋਤੀ ਜੋਤ ਕਰੇ ਰੁਸ਼ਨਾਈਆ । ਸ਼ਬਦ ਉਠਾਏ ਸਾਚੇ ਸੁੱਤੇ, ਪੂਤ ਸਪੂਤੇ ਦਏ ਵਡਿਆਈਆ । ਸੰਬਲ ਵਖਾਏ ਇਕੋ ਰੁੱਤੇ, ਦੋ ਜਹਾਨ ਮਹਿਕ ਮਹਿਕਾਈਆ । ਵਿਸ਼ਨ ਬ੍ਰਹਮਾ ਸ਼ਿਵ ਰਹਿਣ ਨਾ ਸੁੱਤੇ, ਸਭ ਦੇ ਨੇਤਰ ਦਏ ਖੁਲ੍ਹਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਜੋ ਰਾਹ ਲੱਭਦੇ ਫਿਰਦੇ ਰਾਹੋਂ ਘੁੱਥੇ, ਔਝੜ ਰਾਹ ਦਏ ਵਖਾਈਆ । ਸ਼ਾਹ ਸੁਲਤਾਨਾਂ ਰਾਜ ਰਾਜਾਨਾਂ ਵਿਚ ਜਹਾਨਾਂ ਖ਼ਾਲੀ ਹੱਥ ਫੜਾਵੇ ਠੂਠੇ, ਮੰਗਿਆਂ ਭਿੱਖ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰ ਅਵਤਾਰਾਂ ਰਿਹਾ ਜਣਾਈਆ । ਗੁਰ ਅਵਤਾਰ ਖੋਲ੍ਹੋ ਅੱਖਾਂ, ਹਰਿ ਅੱਖਾਂ ਨਾਲ ਵਖਾਇੰਦਾ । ਜਿਸ ਦੀਆਂ ਲੱਖ

ਚੁਰਾਸੀ ਕਰਦੀ ਰੱਖਾਂ, ਸੋ ਰੱਖਿਆ ਸਭ ਦੀ ਆਪਣੇ ਹੱਥ ਵਖਾਇੰਦਾ । ਜੀਵ ਜੰਤ ਸਾਧ ਸੰਤ ਆਤਮ ਪਰਮਾਤਮ ਪਾਏ ਨੱਥਾਂ, ਡੋਰੀ ਆਪਣੇ ਹੱਥ ਉਠਾਇੰਦਾ । ਜੀਵ ਜੰਤ ਲੱਖ ਚੁਰਾਸੀ ਗੇੜਨਹਾਰਾ ਉਲਟੀ ਲੱਠਾ, ਗੇੜਾ ਇਕੋ ਇਕ ਗਿੜਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਦੀਨ ਮਜ਼੍ਹਬ ਜ਼ਾਤ ਪਾਤ ਕਲਮਾ ਨਬੀ ਖਾਣੀ ਬਾਣੀ ਕੋਇ ਨਾ ਪਾਏ ਰੱਟਾ, ਸਭ ਦਾ ਰੱਟਾ ਆਪ ਮੁਕਾਇੰਦਾ । ਧੁਰ ਫ਼ਰਮਾਣ ਸ੍ਰੀ ਭਗਵਾਨ ਦੋ ਜਹਾਨ ਦੇਵੇ ਇਕੋ ਧੱਕਾ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਸ਼ਬਦੀ ਹੁਕਮ ਧੁਰ ਫ਼ਰਮਾਣੀ ਧੱਕਾ, ਦੋ ਜਹਾਨਾਂ ਮੂੰਹ ਦੇ ਭਾਰ ਸੁਟਾਇੰਦਾ । ਕਰੇ ਖੇਲ ਪੁਰਖ ਸਮਰਥਾ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਖੇਲਣ ਆਇਆ ਆਪਣਾ ਭਲੱਥਾ, ਆਪਣਾ ਦਾਉ ਨਾ ਕਿਸੇ ਸਮਝਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਸਭ ਦੀ ਅੱਖੀਂ ਪਾਏ ਘੱਟਾ, ਘਾਟਾ ਸਭ ਦਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਾਚਾ ਹੁਕਮ ਆਪ ਸੁਣਾਇੰਦਾ । ਸਾਚਾ ਹੁਕਮ ਸੁਣੇ ਏਕ, ਏਕੰਕਾਰ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਮੰਨੋ ਟੇਕ, ਨਿਉਂ ਨਿਉਂ ਸੀਸ ਝੁਕਾਈਆ । ਅੱਖ ਚੁੱਕ ਜੇ ਕਿਸੇ ਲਿਆ ਵੇਖ, ਨੇਤਰ ਨਜ਼ਰ ਕੋਇ ਨਾ ਆਈਆ । ਨਿਰਗੁਣ ਕਰੇ ਨਿਰਗੁਣ ਖੇਡ, ਸਰਗੁਣ ਸਰਗੁਣ ਨਾਲ ਟਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਹੁਕਮ ਸਚ ਵਰਤਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੋਏ ਜੋੜ ਕਹਿਣ, ਪ੍ਰਭ ਸਚ ਤੇਰੀ ਵਡਿਆਈਆ । ਅੰਤਮ ਤੇਰਾ ਵੇਖੀਏ ਨੈਣ, ਇਕੋ ਮੰਗ ਮੰਗਾਈਆ । ਪੁਰਖ ਅਕਾਲ ਦੀਨ ਦਿਆਲ ਦੇਵਣਹਾਰਾ ਲਹਿਣ ਦੇਣ, ਲਹਿਣਾ ਦੇਣਾ ਰਿਹਾ ਜਣਾਈਆ । ਨਾਤਾ ਤੋੜੇ ਸਾਕ ਸੱਜਣ ਸੈਣ, ਸੰਗ ਨਜ਼ਰ ਕੋਇ ਨਾ ਆਈਆ । ਇਕੋ ਮੰਨੋ ਹਰਿ ਜੂ ਕਹਿਣ, ਦੂਜੀ ਕਥਾ ਨਾ ਕੋਇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸਮਝਾਈਆ । ਤੇਰਾ ਹੁਕਮ ਹਰਿ ਜੂ ਮੰਨਾਂਗੇ । ਆਪਣੀ ਕੀਤੀ ਪਿਛਲੀ ਆਪੇ ਭੰਨਾਂਗੇ । ਆਪਣਿਆਂ ਭੁੱਲਿਆਂ ਨੂੰ ਆਪੇ ਡੰਨਾਂਗੇ । ਆਪਣਿਆਂ ਘੜਿਆਂ ਨੂੰ ਆਪੇ ਭੰਨਾਂਗੇ । ਤੇਰਾ ਹੁਕਮ ਮੰਨਾਂਗੇ । ਤੇਰਾ ਹੁਕਮ ਮੰਨੀਏ ਭਗਵਾਨ, ਹੱਥ ਤੇਰੇ ਵਡਿਆਈਆ । ਤੇਰਾ ਫੜੀਏ ਇਕ ਨਿਸ਼ਾਨ, ਦੋ ਜਹਾਨ ਝੁਲਾਈਆ । ਤੇਰਾ ਜਣਾਈਏ ਇਕ ਨਾਮ, ਜਿਸ ਦੀ ਵੰਡ ਕਿਸੇ ਨਾ ਆਈਆ । ਤੇਰਾ ਵਖਾਈਏ ਇਕ ਮਕਾਨ, ਜਿਸ ਦੀ ਛੱਪਰ ਛੰਨ ਨਾ ਕਿਸੇ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਤੇਰਾ ਨਾਮ ਦੱਸਾਂਗੇ । ਘਰ ਘਰ ਜਾ ਕੇ ਦੱਸਾਂਗੇ । ਦੋ ਜਹਾਨਾਂ ਨੱਸਾਂਗੇ । ਬਿਨ ਢਾਹਿਉਂ ਤੇਰੇ ਅੱਗੇ ਢੱਠਾਂਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਦਰ ਤੇ ਬਹਿ ਬਹਿ ਹੱਸਾਂਗੇ । ਤੇਰੇ ਗੀਤ ਗਾਵਾਂਗੇ । ਲੱਖ ਲੱਖ ਸ਼ੁਕਰ ਮਨਾਵਾਂਗੇ । ਦੋ ਜਹਾਨ ਜਾ ਸੁਣਾਵਾਂਗੇ । ਆਤਮ ਪਰਮਾਤਮ ਮੇਲ ਮਿਲਾਵਾਂਗੇ । ਜੁਗ ਜਨਮ ਦੇ ਵਿਛੜੇ ਮੇਲ ਮਿਲਾਵਾਂਗੇ । ਇਕੋ ਰਾਹ ਵਖਾਵਾਂਗੇ । ਦੂਜਾ ਇਸ਼ਟ ਨਾ ਕੋਇ ਜਣਾਵਾਂਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਵਾਂਗੇ । ਤੇਰੇ ਨਾਮ ਦਾ ਵੱਜੇ ਨਾਅਰਾ, ਨਾਅਰਾ ਲਾ ਲਾ ਖ਼ੁਸ਼ੀ ਮਨਾਵਾਂਗੇ । ਤੇਰੇ ਹੁਕਮੇ ਅੰਦਰ ਦੇ ਦੇ ਪਹਿਰਾ, ਨਿਉਂ ਨਿਉਂ ਸੀਸ ਨਵਾਵਾਂਗੇ । ਜੇ ਕੋਈ ਹੁੰਦਾ ਫਿਰੇ ਗਵਾਰਾ, ਤੇਰਾ ਨਾਮ ਖੰਡਾ ਚਮਕਾਵਾਂਗੇ । ਚਾਰੋਂ ਕੁੰਟ ਇਕ ਜੈਕਾਰਾ, ਜੈ ਜੈਕਾਰ ਸਰਬ ਸੁਣਾਵਾਂਗੇ । ਪੁਰਖ ਅਕਾਲ ਅਕਾਲ, ਅਕਾਲ

ਤੇਰਾ ਨਾਮ ਸਦਾਵਾਂਗੇ । ਤੂੰ ਦੀਨਾਂ ਬੰਧੂ ਦੀਨ ਦਿਆਲ, ਤੇਰੀ ਦਇਆ ਅੰਦਰ ਤੇਰਾ ਹੁਕਮ ਵਜਾ ਲਿਆਵਾਂਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਸੀਸ ਝੁਕਾਵਾਂਗੇ । ਦਰ ਤੇਰੇ ਇਕੋ ਝੁਕੇ ਸੀਸ, ਦੂਜੀ ਓਟ ਨਾ ਕੋਇ ਰਖਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਸਾਹਿਬ ਸੁਲਤਾਨ ਸੱਚਾ ਜਗਦੀਸ਼, ਬੇਅੰਤ ਤੇਰੀ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਕਹਿਣ ਸਾਡੇ ਖ਼ਾਲੀ ਖ਼ੀਸ, ਸਾਡੇ ਹੱਥ ਕੁਛ ਨਜ਼ਰ ਨਾ ਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਚੱਕੀ ਲਈ ਪੀਸ, ਬਣ ਸੇਵਕ ਸੇਵ ਕਮਾਈਆ । ਤੇਰੇ ਨਾਮ ਦੀ ਪੜ੍ਹ ਪੜ੍ਹ ਆਏ ਹਦੀਸ, ਕਲਜੁਗ ਜੀਵ ਗਏ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਵਰ ਇਕੋ ਇਕ ਮੰਗਾਈਆ । ਪੁਰਖ ਅਬਿਨਾਸ਼ੀ ਸਚ ਸੰਦੇਸ਼ਾ, ਹਰਿ ਸੱਦਾ ਆਪਣੇ ਨਾਮ ਜਣਾਇੰਦਾ । ਇਕੋ ਵੇਖ ਰਾਜ ਰਾਜਾਨ ਸ਼ਾਹ ਨਰੇਸ਼ਾ ਨਰ ਨਰਾਇਣ ਆਪ ਸਮਝਾਇੰਦਾ । ਹੁਕਮ ਫ਼ਰਮਾਣ ਦਰ ਦਰ ਦੇਣਾ ਦਰ ਦਰਵੇਸ਼ਾ, ਘਰ ਘਰ ਆਪ ਜਣਾਇੰਦਾ । ਅੰਤਮ ਸਭ ਦਾ ਮੁੱਕਣ ਵਾਲਾ ਲੇਖਾ, ਲਿਖਿਆ ਲੇਖਾ ਸਭ ਦਾ ਪੂਰ ਕਰਾਇੰਦਾ । ਸਦੀ ਬੀਸ ਰਹੇ ਨਾ ਕੋਇ ਭੁਲੇਖਾ, ਪਰਦਾ ਸਭ ਦਾ ਆਪ ਉਠਾਇੰਦਾ । ਨੌਂ ਖੰਡ ਪ੍ਰਿਥਮੀ ਉਜੜਨਹਾਰਾ ਖੇਤਾ, ਕਿਰਸਾਣ ਨਜ਼ਰ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਧੁਰ ਫ਼ਰਮਾਣਾ ਇਕ ਸੁਣਾਇੰਦਾ । ਜਾਓ ਦੱਸੋ ਲੋਕਮਾਤ, ਸੋ ਪੁਰਖ ਨਿਰੰਜਣ ਆਪ ਜਣਾਈਆ । ਆਪਣੀ ਆਪਣੀ ਵੇਖੋ ਜਮਾਤ, ਜੋ ਕਰ ਕੇ ਆਏ ਪੜ੍ਹਾਈਆ । ਕਿਸੇ ਘਰ ਰਹੇ ਨਾ ਕਲਮ ਦਵਾਤ, ਕਾਗ਼ਜ਼ ਸ਼ਾਹੀ ਕੰਮ ਕਿਸੇ ਨਾ ਆਈਆ । ਵੇਲੇ ਅੰਤ ਕੋਈ ਨਾ ਪੁਛੇ ਵਾਤ, ਜੀਵ ਜੰਤ ਦੇਣ ਦੁਹਾਈਆ । ਨਾ ਕੋਈ ਪਿਤਾ ਨਾ ਕੋਈ ਮਾਤ, ਮਾਤਰ ਭੂਮੀ ਰਹੀ ਕੁਰਲਾਈਆ । ਦੋ ਜਹਾਨ ਤੁਟੇ ਨਾਤ, ਨਾਤਾ ਬਿਧਾਤਾ ਨਾ ਕੋਇ ਰਖਾਈਆ । ਨਾ ਕੋਈ ਸੱਜਣ ਨਾ ਕੋਈ ਸਾਕ, ਸੈਣ ਨਜ਼ਰ ਕੋਇ ਨਾ ਆਈਆ । ਸ਼ਾਹ ਪਾਤਸ਼ਾਹ ਹੋਣੇ ਖ਼ਾਕ, ਖ਼ਾਕੀ ਖ਼ਾਕ ਮਿਲਾਈਆ । ਕਿਸੇ ਘਰ ਨਾ ਖੁੱਲੇ ਤਾਕ, ਦੀਵਾ ਬਾਤੀ ਨਾ ਕੋਇ ਰੁਸ਼ਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਦੱਸੋ ਭਵਿਖਤ ਵਾਕ, ਪ੍ਰਭ ਆਇਆ ਬੇਪਰਵਾਹੀਆ । ਜਿਸ ਦਾ ਨਾ ਕੋਈ ਮਜ਼੍ਹਬ ਨਾ ਕੋਈ ਜ਼ਾਤ, ਰੂਪ ਰੰਗ ਰੇਖ ਨਾ ਕੋਇ ਰਖਾਈਆ । ਜਿਸ ਨੇ ਖੇਲ ਕਰਨਾ ਸਾਖਿਆਤ, ਸਵਛ ਸਰੂਪੀ ਰੂਪ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸਾ ਆਪ ਸੁਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ, ਉਠੋ ਨੱਠੋ ਵੇਲਾ ਗਿਆ ਆਈਆ । ਮੁਰੀਦਾਂ ਮੁਰਸ਼ਦਾਂ ਗੁਰਸਿਖਾਂ ਨੂੰ ਜਾ ਜਾ ਦੱਸੋ, ਉਚੀ ਕੂਕੇ ਦਿਓ ਦੁਹਾਈਆ । ਕੂੜੀ ਕਿਰਿਆ ਵਿਚ ਨਾ ਫਸੋ, ਫਾਸੀ ਸਭ ਦੇ ਗਲ ਲਟਕਾਈਆ । ਇਕੋ ਇਕ ਪੁਰਖ ਅਕਾਲ ਦਾ ਗਾਓ ਜਸੋ, ਜਿਸ ਗਾਇਆਂ ਅੰਤ ਹੋਏ ਸਹਾਈਆ । ਸਰਨ ਸਰਨਾਈ ਸਾਹਿਬ ਸਤਿਗੁਰ ਦੀ ਢੱਠੋ, ਸਭ ਦਾ ਲੇਖਾ ਰਿਹਾ ਮੁਕਾਈਆ । ਨਾਤਾ ਤੋੜੇ ਤੀਰਥ ਤੱਟੋ, ਤੱਟ ਕਿਨਾਰਾ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੁਨੇਹੁੜਾ ਇਕੋ ਇਕ ਜਣਾਈਆ । ਪੀਰ ਪੈਗ਼ੰਬਰ ਕਰਨ ਸਲਾਹ, ਆਪਣਾ ਮਤਾ ਪਕਾਈਆ । ਉਤਰ ਪੂਰਬ ਪੱਛਮ ਦੱਖਣ ਕਵਣ ਚੰਗਾ ਰਾਹ, ਕਵਣ ਕੂਟੇ ਡੇਰਾ ਲਾਈਆ । ਕਵਣ ਮਿਲੇ ਸਚਾ ਥਾਂ, ਜਿਸ ਦੁਆਰੇ ਢੋਲਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਿਵਸ ਰੈਣ ਰੈਣ ਦਿਵਸ ਰਾਤੀ ਰੁਤੀ, ਬਿਨ ਰੁੱਤੜੀ ਆਪਣੀ ਰੁੱਤ ਸੁਹਾਈਆ ।

ਸੰਗਤ ਵਛੋੜਾ ਵੱਡਾ ਦੁੱਖ, ਦੁੱਖ ਸਕੇ ਨਾ ਕੋਇ ਮਿਟਾਈਆ । ਉਹ ਜਾਣੇ ਜਿਹੜਾ ਵੇਖੇ ਲੁਕ ਲੁਕ, ਘਟ ਘਟ ਡੇਰਾ ਲਾਈਆ । ਪ੍ਰੇਮ ਪਿਆਰ ਦਾ ਪੈਂਡਾ ਕਦੇ ਨਾ ਜਾਏ ਮੁੱਕ, ਜੁਗ ਚੌਕੜੀ ਚਲ ਚਲ ਥੱਕੇ ਪਾਂਧੀ ਰਾਹੀਆ । ਗੁਰਮੁਖਾਂ ਗੁਰ ਉਜਲ ਕਰੇ ਮੁਖ, ਮੁਖ ਆਪਣੇ ਨਾ ਕੋਇ ਵਡਿਆਈਆ । ਸੁਫਲ ਕਰਾਏ ਜਨ ਜਨਨੀ ਕੁੱਖ, ਧੰਨ ਧੰਨ ਕਹੇ ਜਣੇਂਦੀ ਮਾਈਆ । ਆਦਿ ਜੁਗਾਦਿ ਜੁਗੋ ਜੁਗ ਸਤਿਗੁਰ ਪੂਰੇ ਨੂੰ ਇਕੋ ਦੁੱਖ, ਬਿਨ ਗੁਰਮੁਖਾਂ ਦੁੱਖ ਨਾ ਕੋਇ ਮਿਟਾਈਆ । ਸੱਚਾ ਦੁੱਖ ਗੁਰਸਿਖ ਵਿਛੋੜਾ, ਵਿਛੜਿਆਂ ਸੁਖ ਕੋਇ ਨਾ ਆਈਆ । ਸਤਿਗੁਰੂ ਗੁਰਸਿਖ ਜੁਗਾ ਜੁਗੰਤਰ ਜੋੜਾ, ਜੋੜੀ ਇਕੋ ਘਰ ਸੁਹਾਈਆ । ਇਕ ਦੂਜੇ ਦੀ ਸਦਾ ਲੋੜਾ, ਬਿਨ ਗੁਰਸਿਖਾਂ ਸਤਿਗੁਰੂ ਕੰਮ ਕਿਸੇ ਨਾ ਆਈਆ । ਪ੍ਰੇਮ ਪਿਆਰ ਅੰਦਰ ਬੱਝੀਆਂ ਡੋਰਾਂ, ਨਾ ਕੋਈ ਤੋੜੇ ਨਾ ਤੋੜ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁੱਖ ਰਿਹਾ ਸਮਝਾਈਆ । ਗੁਰਸਿਖ ਦਰਦ ਤਿਖੀ ਕਾਨੀ, ਅਣਿਆਲਾ ਤੀਰ ਜਣਾਇੰਦਾ । ਸ੍ਰਿਸ਼ਟ ਸਬਾਈ ਦਿਸੇ ਫ਼ਾਨੀ, ਅੰਤ ਰਹਿਣ ਕੋਇ ਨਾ ਪਾਇੰਦਾ । ਗੁਰਸਿਖ ਸਤਿਗੁਰ ਦੀ ਦੋ ਜਹਾਨ ਨਿਸ਼ਾਨੀ, ਏਥੇ ਓਥੇ ਝੰਡਾ ਨਾਮ ਝੁਲਾਇੰਦਾ । ਜੀਵ ਜੰਤ ਗਾਥਾ ਗਾ ਪੜ੍ਹੇ ਕਹਾਣੀ, ਕਲਮ ਸ਼ਾਹੀ ਕਾਗ਼ਜ਼ ਬੰਧਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੁੱਖ ਆਪਣਾ ਆਪ ਜਣਾਇੰਦਾ । ਗੁਰਸਿਖ ਵੱਡਾ ਵਡ ਵੱਡਾ, ਵੱਡੀ ਵਡਿਆਈਆ । ਗੁਰ ਸਤਿਗੁਰ ਸਦਾ ਸਦਾ ਬਾਲਾ ਨਿੱਕਾ ਨੱਢਾ, ਸ਼ਬਦ ਰੂਪ ਨਜ਼ਰ ਨਾ ਆਈਆ । ਬਣ ਸੇਵਕ ਗੁਰਮੁਖਾਂ ਫੜ ਫੜ ਬਾਹੋਂ ਰਾਹ ਪਾਏ ਸਿੱਧਾ, ਦਿਵਸ ਰੈਣ ਸੇਵ ਕਮਾਈਆ । ਆਪ ਗੁਰਸਿਖਾਂ ਪਿਛੇ ਕਰੌਂਦਾ ਰਹੇ ਨਿੰਦਾ, ਵਡਿਆਈ ਵਿਚ ਕਦੇ ਨਾ ਆਈਆ । ਜੁਗ ਜਨਮ ਮੇਲਣ ਦੀ ਆਪਣੇ ਹੱਥ ਰੱਖੇ ਬਿੱਧਾ, ਪੁਛਣ ਕਿਸੇ ਕੋਲੋਂ ਨਾ ਜਾਈਆ । ਜੇ ਕੋਈ ਸਤਿਗੁਰ ਕੋਲੋਂ ਪੁਛੇ ਤੇਰਾ ਗੁਰਸਿਖ ਕਿੱਡਾ, ਸਤਿਗੁਰ ਕਹੇ ਮਹਿਮਾ ਅਕੱਥ ਕਥੀ ਨਾ ਜਾਈਆ । ਏਸੇ ਕਰ ਕੇ ਕਲਜੁਗ ਵਿਚ ਵੰਡਾਇਆ ਹਿੱਸਾ, ਹਿੱਸਾ ਇਕੋ ਝੋਲੀ ਪਾਈਆ । ਦੂਜੇ ਨੈਣ ਨਾ ਗੋਬਿੰਦ ਦਿਸਾ, ਸ਼ਬਦ ਗੁਰ ਨਾ ਕੋਇ ਕੁੜਮਾਈਆ । ਘਰ ਦਾ ਬਿਖੜਿਆ ਖੇਲ ਆਪ ਨਜਿਠਾ, ਬਣ ਵਿਚੋਲਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਘਰ ਘਰ, ਘਰ ਗੁਰਸਿਖ ਇਕ ਵਡਿਆਈਆ । ਗੁਰਸਿਖ ਸੋਏ ਪੈਰ ਪਸਾਰ, ਸਤਿਗੁਰ ਗੂੜ੍ਹੀ ਨੀਂਦ ਸੁਆਈਆ । ਸਤਿਗੁਰ ਪੂਰਾ ਪਹਿਰਾ ਦੇਵੇ ਆਪਣੀ ਧਾਰ, ਧਾਰ ਧਾਰ ਵਿਚੋਂ ਪਰਗਟਾਈਆ । ਗੁਰਸਿਖ ਦੁੱਖ ਅੰਦਰ ਜੇ ਹੋਏ ਬੇਦਾਰ, ਆਤਮ ਸੁਖ ਦੇ ਸਾਂਤਕ ਸਤਿ ਕਰ ਸੁਆਈਆ । ਸਤਿ ਸਰੂਪੀ ਤਨ ਪਹਿਨਾ ਪ੍ਰੇਮ ਹਾਰ, ਲੜੀ ਆਪਣੇ ਨਾਲ ਬੰਧਾਈਆ । ਨਿਰਮਲ ਜੋਤ ਕਰ ਉਜਿਆਰ, ਅਗਿਆਨ ਅੰਧੇਰ ਮਿਟਾਈਆ । ਅਨਹਦ ਸੁਣਾ ਸੱਚੀ ਧੁਨਕਾਰ, ਰਾਗੀ ਰਾਗ ਅਲਾਈਆ । ਅੰਮ੍ਰਿਤ ਆਤਮ ਜਾਮ ਪਿਆਲ, ਤ੍ਰਿਸ਼ਨਾ ਭੁੱਖ ਗਵਾਈਆ । ਅੰਦਰ ਬਾਹਰ ਗੁਪਤ ਜ਼ਾਹਰ, ਦੂਰ ਨੇੜੇ ਚਲੇ ਨਾਲ ਨਾਲ, ਸਗਲਾ ਸੰਗ ਨਿਭਾਈਆ । ਗੁਰਸਿਖ ਆਪਣੀ ਗੋਦੀ ਵਿਚ ਬਠਾਲ, ਕਾਲ ਮਹਾਂਕਾਲ ਧੱਕਾ ਦੇਵੇ ਲਾਈਆ । ਸਦਾ ਸੁਹੇਲਾ ਇਕ ਇਕੇਲਾ ਗੁਰੂ ਗੁਰ ਚੇਲਾ ਚੇਲਾ ਗੁਰੂ ਕਰੇ ਪ੍ਰਿਤਪਾਲ, ਬਣ ਪ੍ਰਿਤਪਾਲਕ ਸੇਵ ਕਮਾਈਆ । ਸਤਿਗੁਰ ਪੂਰਾ ਸਦਾ ਗੁਰਸਿਖਾਂ ਪਿਛੇ ਘਾਲੇ ਘਾਲ, ਗੁਰਸਿਖ ਹੌਲੇ ਭਾਰ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਗੁਰਸਿਖ ਗੁਰਸਿਖ ਰੂਪ ਆਪ ਵਟਾਈਆ । ਗੁਰਸਿਖ ਅੰਦਰ ਸਤਿਗੁਰ ਵੜਿਆ, ਨਜ਼ਰ ਕਿਸੇ ਨਾ ਆਇੰਦਾ । ਬਿਨ ਪੌੜੀਉਂ ਡੰਡੇ ਆਪੇ ਚੜ੍ਹਿਆ, ਮਹੱਲ

ਅਟੱਲ ਵੇਖ ਵਖਾਇੰਦਾ । ਬਿਨ ਵਿਦਿਆ ਅੱਖਰ ਪੜ੍ਹਿਆ, ਨਿਸ਼ਅੱਖਰ ਆਪ ਜਣਾਇੰਦਾ । ਨਿਰਭੌ ਹੋ ਕਦੇ ਨਾ ਡਰਿਆ, ਭੈ ਅਵਰ ਨਾ ਕੋਇ ਮਨਾਇੰਦਾ । ਕਰ ਕਿਰਪਾ ਸਤਿਗੁਰ ਗੁਰਸਿਖ ਆਪਣੇ ਜਿਹਾ ਕਰਿਆ ਜਿਸ ਜਨ ਆਪਣਾ ਰੰਗ ਰੰਗਾਇੰਦਾ । ਗੁਰਸਿਖ ਗੁਰ ਨਾ ਜਨਮੇ ਨਾ ਕਦੇ ਮਰਿਆ, ਜਨਮ ਮਰਨ ਦੋਹਾਂ ਵਿਚ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਫੜਾਏ ਆਪਣਾ ਲੜਿਆ, ਪੱਲੂ ਇਕੋ ਗੰਢ ਵਖਾਇੰਦਾ ।

❋ ੧੦ ਪੋਹ ੨੦੧੯ ਬਿਕਰਮੀ ਠਾਕਰ ਸਿੰਘ ਦੇ ਨਵਿਤ ਹਰਿ ਭਗਤ ਦੁਆਰ ਜੇਠੂਵਾਲ ❋

ਭਗਤ ਕਹੇ ਪ੍ਰਭ ਖੋਲ੍ਹ ਅੱਖ, ਤੇਰੀ ਆਖ਼ਰ ਓਟ ਤਕਾਈਆ । ਨਿਰਗੁਣ ਰੂਪ ਹੋ ਪਰਤੱਖ, ਬੇਅੰਤ ਬੇਪਰਵਾਹੀਆ । ਜੁਗ ਚੌਕੜੀ ਜਨਮ ਪੂਰੀ ਕਰ ਆਸ, ਤ੍ਰਿਸਨਾ ਜਗਤ ਰਹੇ ਨਾ ਰਾਈਆ । ਲਹਿਣਾ ਦੇਣਾ ਚੁੱਕੇ ਅਪ ਤੇਜ ਵਾਏ ਪ੍ਰਿਥਮੀ ਆਕਾਸ਼, ਮਨ ਮੱਤ ਬੁੱਧ ਨਾ ਕੋਇ ਚਤੁਰਾਈਆ । ਆਤਮ ਪਰਮਾਤਮ ਵਸੇ ਸਾਥ, ਬ੍ਰਹਮ ਪਾਰਬ੍ਰਹਮ ਸਮਾਈਆ । ਸਾਚਾ ਮੰਤਰ ਇਕੋ ਪੂਜਾ ਪਾਠ, ਨਿਸ਼ਅੱਖਰ ਕਰ ਪੜ੍ਹਾਈਆ । ਚਰਨ ਸਰੋਵਰ ਤੀਰਥ ਤਾਟ, ਤੱਟ ਕਿਨਾਰਾ ਇਕ ਸੁਹਾਈਆ । ਮਿਟੇ ਰੈਣ ਅੰਧੇਰੀ ਰਾਤ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਸਰਗੁਣ ਸਾਹਿਬ ਪੁਛੇ ਵਾਤ, ਪਤਿਪਰਮੇਸ਼ਵਰ ਫੇਰਾ ਪਾਈਆ । ਤੇਰੀ ਮੇਰੀ ਇਕੋ ਜ਼ਾਤ, ਦੂਸਰ ਵੰਡ ਨਾ ਕੋਇ ਵੰਡਾਈਆ । ਸਾਚਾ ਮੇਲਾ ਪੱਤਣ ਘਾਟ, ਕੰਢਾ ਕਲਜੁਗ ਨਜ਼ਰੀ ਆਈਆ । ਸਤਿ ਅਗੰਮੀ ਸ਼ਬਦੀ ਦਏ ਰਾਥ, ਬਣ ਰਥਵਾਹੀ ਸੇਵ ਕਮਾਈਆ । ਨਾਤਾ ਤੁਟੇ ਤ੍ਰਲੋਕੀ ਨਾਥ, ਲੋਆਂ ਪੁਰੀਆਂ ਭੇਵ ਨਾ ਰਾਈਆ । ਏਕਾ ਬੱਝੇ ਸੱਚਾ ਨਾਤ, ਚਰਨ ਕਵਲ ਕਵਲ ਸਰਨਾਈਆ । ਪ੍ਰਭ ਮਿਲੇ ਕਮਲਾਪਾਤ, ਕਵਲ ਨੈਣ ਸੱਚਾ ਸ਼ਹਿਨਸ਼ਾਹੀਆ । ਸਾਡਾ ਪੂਰਾ ਕਰ ਦੇ ਘਾਟ, ਖ਼ਾਲੀ ਝੋਲੀ ਰਹੇ ਵਖਾਈਆ । ਪੂਰਬ ਲਹਿਣਾ ਭਰ ਦੇ ਖ਼ਾਤ, ਖ਼ਾਤਾ ਇਕੋ ਇਕ ਜਣਾਈਆ । ਕਰ ਕਿਰਪਾ ਪੁੱਛ ਵਾਤ, ਮਿਹਰਵਾਨ ਤੇਰੀ ਵਡਿਆਈਆ । ਨਾਮ ਅਮੋਲਕ ਦੇ ਦਾਤ, ਦਾਤਾ ਦਾਨੀ ਦਇਆ ਕਮਾਈਆ । ਗ੍ਰਿਹਿ ਮੰਦਰ ਘਰ ਸਾਚੇ ਪਾ ਰਾਸ, ਗੋਪੀ ਕਾਹਨ ਨਾਚ ਨਚਾਈਆ । ਦਿਵਸ ਰੈਣ ਵਸੀਂ ਪਾਸ, ਵਿਛੜ ਕਦੇ ਨਾ ਜਾਈਆ । ਆਵਣ ਜਾਵਣ ਲੱਖ ਚੁਰਾਸੀ ਹੋਏ ਬੰਦ ਖ਼ਲਾਸ, ਰਾਏ ਧਰਮ ਨਾ ਦਏ ਸਜ਼ਾਈਆ । ਮਾਇਆ ਮਮਤਾ ਹਉਮੇ ਹੰਗਤਾ ਕੂੜੀ ਕਿਰਿਆ ਹੋਵੇ ਨਾਸ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਕੋਇ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਓਟ ਤਕਾਈਆ । ਪੁਰਖ ਅਕਾਲ ਅੱਗੋਂ ਹੱਸ, ਹੰਸ ਮੁਖ ਦਇਆ ਕਮਾਇੰਦਾ । ਆਦਿ ਜੁਗਾਦਿ ਮੈਂ ਭਗਤਾਂ ਵਸ, ਭਗਤੀ ਆਪਣਾ ਰੰਗ ਰੰਗਾਇੰਦਾ । ਦੂਰ ਦੁਰਾਡਾ ਆਵਾਂ ਨੱਸ, ਦੋ ਜਹਾਨਾਂ ਪੰਧ ਮੁਕਾਇੰਦਾ । ਅੰਤਰ ਆਤਮ ਜਾਵਾਂ ਵਸ, ਰੂਪ ਰੰਗ ਰੇਖ ਨਾ ਕੋਇ ਰਖਾਇੰਦਾ । ਤੀਰ ਨਿਰਾਲਾ ਮਾਰਾਂ ਕਸ, ਅਣਿਆਲਾ ਆਪ ਚਲਾਇੰਦਾ । ਆਤਮ ਪਰਮਾਤਮ ਗਾਵਾਂ ਜਸ, ਸੋਹਲਾ ਢੋਲਾ ਇਕ ਸੁਣਾਇੰਦਾ । ਜਨ ਭਗਤਾਂ ਲਹਿਣਾ ਦੇਣਾ ਹੱਥੋ ਹੱਥ, ਜਗਤ ਉਧਾਰ ਨਾ ਮੋਹੇ ਸੁਖਾਇੰਦਾ । ਸ਼ਬਦ ਅਗੰਮੀ ਦੇ ਵੱਥ, ਵਸਤ ਅਮੋਲਕ ਝੋਲੀ ਪਾਇੰਦਾ । ਜਨਮ ਜਨਮ ਦੀ ਦੁਰਮੱਤ ਮੈਲ ਕੱਟ, ਨਿਰਮਲ ਨੀਰ ਸੀਰ ਪਿਆਇੰਦਾ । ਕਾਇਆ ਅੰਦਰ ਵਖਾ

ਚੌਦਾਂ ਲੋਕ ਹੱਟ, ਚੌਦਸ ਚੰਦ ਇਕ ਚਮਕਾਇੰਦਾ । ਨਿਰਗੁਣ ਨੂਰ ਕਰ ਪਰਗਟ, ਜੋਤ ਲਲਾਟੀ ਡਗਮਗਾਇੰਦਾ । ਲੇਖੇ ਲਾ ਰੱਤੀ ਰੱਤ, ਰੱਤ ਆਪਣੇ ਰੰਗ ਰੰਗਾਇੰਦਾ । ਏਕਾ ਦੇ ਬ੍ਰਹਮ ਮਤ, ਬ੍ਰਹਮ ਵਿਦਿਆ ਇਕ ਪੜ੍ਹਾਇੰਦਾ । ਸ਼ਬਦ ਅਗੰਮੀ ਮਾਰ ਸੱਟ, ਬਜ਼ਰ ਕਪਾਟੀ ਤੋੜ ਤੁੜਾਇੰਦਾ । ਨਾਤਾ ਤੋੜ ਮਨਮਤ, ਗੁਰਮਤ ਇਕੋ ਇਕ ਸਮਝਾਇੰਦਾ । ਨਿਝਰ ਝਿਰਨਾ ਦੇਵਾਂ ਰਸ, ਰਸ ਇਕੋ ਮੁਖ ਚੁਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤ ਭਗਵਾਨ ਆਪ ਜਣਾਇੰਦਾ । ਭਗਤ ਕਹੇ ਪ੍ਰਭ ਮੇਰੇ ਮੀਤ, ਮਿੱਤਰ ਪਿਆਰੇ ਤੇਰੀ ਵਡਿਆਈਆ । ਮੈਂ ਤੇਰਾ ਤੂੰ ਮੇਰਾ ਦੋਹਾਂ ਢੋਲਾ ਇਕੋ ਗੀਤ, ਰਸਨਾ ਹੋਰ ਨਾ ਕੋਇ ਜਣਾਈਆ । ਤ੍ਰੈਭਵਨ ਧਨੀ ਤ੍ਰੈਗੁਣ ਅਤੀਤ, ਤ੍ਰੈ ਤ੍ਰੈ ਲੇਖਾ ਦਏ ਮੁਕਾਈਆ । ਆਦਿ ਜੁਗਾਦੀ ਠੰਡਾ ਸੀਤ, ਸਾਤਕ ਸਤਿ ਸਤਿ ਕਰਾਈਆ । ਨਾਤਾ ਤੋੜ ਮੰਦਰ ਮਸੀਤ, ਚਰਨ ਕਵਲ ਦੇ ਸਰਨਾਈਆ । ਮਾਣਸ ਜਨਮ ਲਈਏ ਜੀਤ, ਜਗ ਜੀਵਣ ਦਾਤੇ ਤੇਰੀ ਸਰਨਾਈਆ । ਲੇਖਾ ਚੁੱਕੇ ਹਸਤ ਕੀਟ, ਊਚ ਨੀਚ ਨਾ ਕੋਇ ਵਡਿਆਈਆ । ਸਦੀ ਚੌਧਵੀਂ ਰਹੀ ਬੀਤ, ਬੀਤੀ ਕਹਾਣੀ ਨਾ ਕੋਇ ਜਣਾਈਆ । ਮੁਲਾਂ ਸ਼ੇਖ਼ ਮੁਸਾਇਕ ਹੋਏ ਪਲੀਤ, ਪਾਕ ਰਸੂਲ ਨਜ਼ਰ ਨਾ ਆਈਆ । ਆਤਮ ਪਰਮਾਤਮ ਗਾਏ ਨਾ ਕੋਇ ਗੀਤ, ਪੜ੍ਹ ਪੜ੍ਹ ਥੱਕੀ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮਿਲੇ ਸਰਨ ਸੱਚੀ ਸਰਨਾਈਆ । ਪਾਰਬ੍ਰਹਮ ਪ੍ਰਭ ਦੱਸੇ ਖੋਲ੍ਹ, ਖ਼ਾਲਕ ਖ਼ਲਕ ਆਪ ਜਣਾਇੰਦਾ । ਅਨਾਦ ਅਨਾਦੀ ਸ਼ਬਦੀ ਬੋਲ, ਬ੍ਰਹਮ ਬ੍ਰਹਿਮਾਦੀ ਆਪ ਜਣਾਇੰਦਾ । ਆਤਮ ਪਰਮਾਤਮ ਵਸੇ ਕੋਲ, ਬਿਨ ਸਤਿਗੁਰ ਨਜ਼ਰ ਕਿਸੇ ਨਾ ਆਇੰਦਾ । ਅਨਹਦ ਅਨਾਦੀ ਵੱਜੇ ਢੋਲ, ਨਾਮ ਮਰਦੰਗਾ ਆਪ ਸੁਣਾਇੰਦਾ । ਸਚ ਸਮਗਰੀ ਕੁੰਡਾ ਖੋਲ੍ਹ, ਜੋਤ ਇਕੱਗਰੀ ਇਕ ਚਮਕਾਇੰਦਾ । ਸਾਚੀ ਨਗਰੀ ਤੋਲੇ ਪੂਰਾ ਤੋਲ, ਤੋਲਣਹਾਰਾ ਨਾਮ ਕੰਡਾ ਹੱਥ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤ ਆਪ ਸਮਝਾਇੰਦਾ । ਭਗਤ ਕਹੇ ਮੇਰੇ ਸ਼ਾਹ ਸੁਲਤਾਨ, ਤੇਰੇ ਹੱਥ ਵਡਿਆਈਆ । ਤੂੰ ਆਦਿ ਜੁਗਾਦੀ ਸਾਚਾ ਕਾਹਨ, ਸਚਖੰਡ ਤੇਰੀ ਰੁਸ਼ਨਾਈਆ । ਥਿਰ ਘਰ ਤੇਰਾ ਚਰਨ ਮਕਾਨ, ਸ਼ਬਦੀ ਸੁਤ ਦੁਲਾਰਾ ਆਸਣ ਲਾਈਆ । ਸੁੰਨ ਅਗੰਮੀ ਖੇਲ ਮਹਾਨ, ਮਿਹਬਾਨ ਬੀਦੋ ਨੂਰ ਜ਼ਹੂਰ ਨਾ ਕੋਇ ਜਣਾਈਆ । ਮੁਕਾਮੇ ਹੱਕ ਹੋ ਪਰਧਾਨ, ਪਰਵਰਦਿਗਾਰ ਆਪਣੀ ਖੇਲ ਖਲਾਈਆ । ਖ਼ਾਲਕ ਖ਼ਲਕ ਇਕ ਨਿਸ਼ਾਨ, ਮਖ਼ਲੂਕ ਦਏ ਵਖਾਈਆ । ਰਾਮ ਰਹੀਮ ਹੋ ਪਰਧਾਨ, ਨਿਰਗੁਣ ਸਰਗੁਣ ਕਰੇ ਕੁੜਮਾਈਆ । ਮੁਰਸ਼ਦ ਮੁਰੀਦ ਮਿਲੇ ਆਣ, ਦੀਦ ਈਦ ਚੰਦ ਚੜ੍ਹਾਈਆ । ਰਵ ਸਸ ਨੈਣ ਸ਼ਰਮਾਣ, ਸੂਰਜ ਚੰਦ ਨਾ ਕੋਇ ਚਮਕਾਈਆ । ਭਗਤ ਭਗਵਾਨ ਖੇਲ ਮਹਾਨ, ਮਿਹਰਵਾਨ ਆਪ ਵਖਾਈਆ । ਮਹੱਲ ਅਟੱਲ ਉਚ ਮਕਾਨ, ਸਚ ਮਹਿਰਾਬ ਕਰੇ ਰੁਸ਼ਨਾਈਆ । ਦੀਵਾ ਬਾਤੀ ਨਾ ਕੋਇ ਨਿਸ਼ਾਨ, ਕਮਲਾਪਾਤੀ ਖੇਲ ਵਖਾਈਆ । ਲੇਖਾ ਜਾਣ ਦੋ ਜਹਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤ ਭਗਵੰਤ ਆਪ ਜਣਾਈਆ । ਸੁਣ ਭਗਤ ਜਨ ਛੋਟੇ ਬਾਲੇ, ਹਰਿ ਸਤਿਗੁਰ ਆਪ ਜਣਾਇੰਦਾ । ਆਦਿ ਜੁਗਾਦਿ ਕਰੇ ਖੇਲ ਪੁਰਖ ਅਕਾਲੇ, ਅਕਲ ਕਲਾ ਧਰਾਇੰਦਾ । ਸਚਖੰਡ ਵਸੇ ਸੱਚੀ ਧਰਮਸਾਲੇ, ਦੂਸਰ ਨਜ਼ਰ ਕਿਤੇ ਨਾ ਆਇੰਦਾ । ਸੇਵਾ ਲਾਏ ਕਾਲ ਮਹਾਂਕਾਲੇ, ਮਹਾਂਕਾਲ ਆਪਣਾ ਹੁਕਮ ਮਨਾਇੰਦਾ । ਦੋ ਜਹਾਨਾਂ ਵੇਖ ਵਖਾਲੇ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਜੇਰਜ ਅੰਡਾਂ ਖੋਜ ਖੁਜਾਇੰਦਾ ।

ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਆਪਣਾ ਮੰਤਰ ਨਾਮ ਸਖਾਲੇ, ਸਾਚੀ ਸਿਖਿਆ ਇਕ ਸਮਝਾਇੰਦਾ । ਅੰਦਰ ਬਾਹਰ ਗੁਪਤ ਜ਼ਾਹਰ ਚਲੇ ਨਾਲ ਨਾਲੇ, ਬੇਨਜ਼ੀਰ ਨਜ਼ਰ ਕਿਸੇ ਨਾ ਆਇੰਦਾ । ਲੇਖਾ ਜਾਣੇ ਸ਼ਾਹ ਕੰਗਾਲੇ, ਰਾਜ ਰਾਜਾਨਾਂ ਭੇਵ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਭਗਤ ਆਪ ਜਗਾਇੰਦਾ । ਹਰਿ ਭਗਤ ਜਾਣਾ ਜਾਗ, ਸ੍ਰੀ ਭਗਵਾਨ ਆਪ ਜਗਾਈਆ । ਅੰਤਰ ਆਤਮ ਮਾਰ ਆਵਾਜ਼, ਸੋਈ ਸੁਰਤੀ ਆਪ ਉਠਾਈਆ । ਸ਼ਬਦੀ ਗੁਰ ਗੁਰ ਰਚ ਰਚ ਕਾਜ, ਕਰਨੀ ਕਰਤਾ ਆਪ ਕਮਾਈਆ । ਵੇਖਣਹਾਰਾ ਖੇਲ ਤਮਾਸ਼, ਖ਼ਾਲਕ ਖ਼ਲਕ ਰੂਪ ਵਟਾਈਆ । ਜਨ ਭਗਤਾਂ ਪੂਰੀ ਕਰੇ ਆਸ, ਨਿਰਾਸਾ ਕੋਇ ਰਹਿਣ ਨਾ ਪਾਈਆ । ਲੇਖਾ ਜਾਣ ਪਵਣ ਸਵਾਸ, ਸਵਾਸ ਸਵਾਸਾਂ ਰਿਹਾ ਸਮਾਈਆ । ਨਿਰਗੁਣ ਸਰਗੁਣ ਬਣ ਬਣ ਦਾਸੀ ਦਾਸ, ਗੁਰ ਚੇਲਾ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤਨ ਮੀਤਾ ਇਕ ਅਖਵਾਈਆ । ਭਗਤਨ ਮੀਤਾ ਇਕ ਭਗਵੰਤ, ਭਗਵਾਨ ਆਪਣੀ ਦਇਆ ਕਮਾਇੰਦਾ । ਆਦਿ ਜੁਗਾਦੀ ਸਾਚਾ ਕੰਤ, ਨਾਰੀ ਨਰ ਨਰਾਇਣ ਪਰਨਾਇੰਦਾ । ਸਾਚਾ ਚਾੜ੍ਹੇ ਰੰਗ ਬਸੰਤ, ਉਤਰ ਕਦੇ ਨਾ ਜਾਇੰਦਾ । ਏਕਾ ਮੰਤਰ ਮਣੀਆਂ ਮੰਤ, ਮੰਤਰ ਨਾਮ ਸਤਿ ਪੜ੍ਹਾਇੰਦਾ । ਦੇਵੇ ਵਡਿਆਈ ਵਿਚ ਜੀਵ ਜੰਤ, ਜੀਵਣ ਜੁਗਤ ਆਪ ਸਮਝਾਇੰਦਾ । ਗੜ੍ਹ ਤੋੜ ਹਉਮੇ ਹੰਗਤ, ਨਿਵਣ ਸੋ ਅੱਖਰ ਇਕ ਪੜ੍ਹਾਇੰਦਾ । ਹਰਿ ਕਾ ਭੇਵ ਨਾ ਜਾਣੇ ਕੋਈ ਪੰਡਤ, ਚੌਦਾਂ ਵਿਦਿਆ ਹੱਥ ਨਾ ਆਇੰਦਾ । ਆਦਿ ਜੁਗਾਦਿ ਸਦਾ ਅਖੰਡਤ, ਖੰਡ ਖੰਡ ਨਾ ਕੋਇ ਕਰਾਇੰਦਾ । ਭਗਤ ਸੁਹੇਲਾ ਇਕ ਇਕੇਲਾ ਸਦਾ ਸਦਾ ਪ੍ਰੇਮ ਭਿਛਿਆ ਬਣੇ ਮੰਗਤ, ਮੰਗ ਇਕੋ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭਗਤਾਂ ਰੀਤੀ ਇਕ ਜਣਾਇੰਦਾ । ਭਗਤਨ ਰੀਤੀ ਸ੍ਰੀ ਭਗਵਾਨ, ਪਰਮ ਪੁਰਖ ਆਪ ਜਣਾਈਆ । ਚਰਨ ਕਵਲ ਸਚ ਧਿਆਨ, ਨੇਤਰ ਨੈਣ ਨੈਣ ਦਰਸਾਈਆ । ਆਤਮ ਪਰਮਾਤਮ ਇਕ ਗਿਆਨ, ਦੂਜੀ ਹੋਰ ਨਾ ਕੋਇ ਪੜ੍ਹਾਈਆ । ਸ਼ਬਦ ਅਗੰਮੀ ਇਕ ਧੁਨਕਾਨ, ਅਨਹਦ ਨਾਦੀ ਨਾਦ ਸੁਣਾਈਆ । ਅੰਮ੍ਰਿਤ ਝਿਰਨਾ ਝਿਰੇ ਮਹਾਨ, ਬੂੰਦ ਸਵਾਂਤੀ ਆਪ ਟਪਕਾਈਆ । ਨਿਰਮਲ ਜੋਤੀ ਜਗੇ ਮਹਾਨ, ਜੋਤ ਨਿਰੰਜਣ ਕਰੇ ਰੁਸ਼ਨਾਈਆ । ਆਤਮ ਸੇਜਾ ਹੋ ਪਰਧਾਨ, ਪਾਰਬ੍ਰਹਮ ਬ੍ਰਹਮ ਮੇਲਾ ਚਾਈਂ ਚਾਈਆ । ਸਾਚੀ ਸਖੀ ਮਿਲੇ ਕਾਹਨ, ਗ੍ਰਿਹਿ ਮੰਦਰ ਵੱਜੇ ਵਧਾਈਆ । ਧਰਮ ਝੁਲਾਏ ਇਕ ਨਿਸ਼ਾਨ, ਸਤਿ ਦੁਆਰੇ ਹੱਥ ਉਠਾਈਆ । ਕਰੇ ਖੇਲ ਨੌਜੁਆਨ, ਬਿਰਧ ਬਾਲ ਨਾ ਰੂਪ ਵਟਾਈਆ । ਮਰੇ ਨਾ ਜੰਮੇ ਵਿਚ ਜਹਾਨ, ਆਦਿ ਜੁਗਾਦਿ ਇਕੋ ਰੰਗ ਸਮਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੇਵੇ ਦਾਨ, ਦਾਤਾ ਦਾਨੀ ਦਇਆ ਕਮਾਈਆ । ਜਨ ਭਗਤਾਂ ਸ੍ਰੀ ਭਗਵੰਤ ਮਿਲੇ ਆਣ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤਨ ਮੇਲਾ ਸਹਿਜ ਸੁਭਾਈਆ । ਭਗਤਨ ਮੇਲਾ ਸਹਿਜ ਸੁਭਾਉ, ਨਿਰਗੁਣ ਸਰਗੁਣ ਮੇਲ ਮਿਲਾਇੰਦਾ । ਗੁਰਮੁਖ ਮਿਲਣ ਦਾ ਸਦਾ ਚਾਉ, ਗੁਰ ਸਤਿਗੁਰ ਆਪ ਰਖਾਇੰਦਾ । ਜੁਗ ਚੌਕੜੀ ਕਰੇ ਨਿਆਉਂ, ਆਦਲ ਅਦਲ ਆਪ ਕਮਾਇੰਦਾ । ਗੁਰਮੁਖ ਸੱਜਣ ਪਕੜੇ ਬਾਂਹੋਂ, ਫੜ ਬਾਹੋਂ ਗਲੇ ਲਗਾਇੰਦਾ । ਗੋਦ ਉਠਾਏ ਜਿਉਂ ਪੁਤਰਾਂ ਮਾਉਂ, ਪਿਤਾ ਪੂਤ ਵੇਖ ਵਖਾਇੰਦਾ । ਸਦਾ ਸੁਹੇਲਾ ਸਿਰ ਰੱਖੇ ਠੰਡੀ ਛਾਉਂ, ਅਗਨੀ ਤੱਤ ਨੇੜ ਨਾ ਆਇੰਦਾ । ਫੜ ਫੜ ਹੰਸ ਬਣਾਏ ਕਾਉਂ, ਸੋਹੰ ਹੰਸਾ ਮਾਣਕ ਮੋਤੀ

੩੬੨
੧੩

ਚੋਗ ਚੁਗਾਇੰਦਾ । ਏਥੇ ਓਥੇ ਦੋ ਜਹਾਨਾਂ ਦੇਵੇ ਥਾਉਂ, ਦਰਗਾਹ ਸਾਚੀ ਆਪ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ ਗੋਦ ਉਠਾਇੰਦਾ । ਜਨ ਭਗਤਾਂ ਗੋਦੀ ਹਰਿ ਜੂ ਚੁੱਕ, ਸਚਖੰਡ ਸਾਚੇ ਖ਼ੁਸ਼ੀ ਮਨਾਈਆ । ਦਰਸ ਦਿਖਾਏ ਜੋ ਬੈਠਾ ਲੁਕ, ਪਰਦਾ ਓਹਲਾ ਆਪ ਉਠਾਈਆ । ਨਿਰਗੁਣ ਨੂਰ ਨਿਰਗੁਣ ਮੁਖ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਨਿਰਗੁਣ ਨਿਰਵੈਰ ਨਿਰਾਕਾਰ ਪੁਰਖ ਅਕਾਲ ਆਪੇ ਉਠ, ਜੋਤੀ ਜੋਤ ਕਰੇ ਰੁਸ਼ਨਾਈਆ । ਸਾਹਿਬ ਦਿਆਲ ਠਾਕਰ ਸਵਾਮੀ ਤੁਠ, ਦੀਨਨ ਹੋਏ ਸਹਾਈਆ । ਕਰੇ ਖੇਲ ਅਬਿਨਾਸ਼ੀ ਅਚੁੱਤ, ਚੇਤਨ ਆਪਣੀ ਧਾਰ ਚਲਾਈਆ । ਭਗਤ ਭਗਵਾਨ ਸੁਹਾਏ ਰੁੱਤ, ਰੁੱਤ ਰੁਤੜੀ ਆਪ ਮਹਿਕਾਈਆ । ਪੰਚ ਵਿਕਾਰਾ ਕੱਢੇ ਕੁੱਟ, ਕੂੜੀ ਕਿਰਿਆ ਦਏ ਖਪਾਈਆ । ਜੁਗ ਜਨਮ ਦੇ ਜੋ ਗਏ ਰੁੱਠ, ਜਗ ਵਿਛੜੇ ਮੇਲ ਮਿਲਾਈਆ । ਅੰਮ੍ਰਿਤ ਜਾਮ ਪਿਆਏ ਘੁਟ, ਤ੍ਰੈਗੁਣ ਅਗਨੀ ਤੱਤ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚਾ ਮੇਲ ਮਿਲਾਈਆ । ਹਰਿਜਨ ਮੇਲਾ ਆਤਮ ਰੰਗ, ਰੰਗ ਰੰਗੀਲਾ ਆਪ ਚੜ੍ਹਾਇੰਦਾ । ਸਤਿ ਸਰੂਪੀ ਸੇਜ ਪਲੰਘ, ਸੇਜ ਸੁਹੰਜਣੀ ਆਪ ਸੁਹਾਇੰਦਾ । ਬੋਧ ਅਗਾਧੀ ਨਾਦ ਮਰਦੰਗ, ਸ਼ਬਦ ਅਨਾਦੀ ਆਪ ਵਜਾਇੰਦਾ । ਅੰਮ੍ਰਿਤ ਧਾਰ ਸਰੋਵਰ ਗੰਗ, ਸਾਚਾ ਝਿਰਨਾ ਆਪ ਝਿਰਾਇੰਦਾ । ਆਤਮ ਪਰਮਾਤਮ ਇਕ ਅਨੰਦ, ਨਿਜਾਨੰਦ ਰਸ ਚਖਾਇੰਦਾ । ਦੂਈ ਦਵੈਤੀ ਢਾਹ ਕੰਧ, ਭਾਂਡਾ ਭਰਮ ਭੌ ਭੰਨਾਇੰਦਾ । ਨਿਰਗੁਣ ਨੂਰ ਚਾੜ੍ਹ ਚੰਦ, ਅਗਿਆਨ ਅੰਧੇਰ ਮਿਟਾਇੰਦਾ । ਸੋਹੰ ਢੋਲਾ ਸਾਚਾ ਛੰਦ, ਬ੍ਰਹਮ ਪਾਰਬ੍ਰਹਮ ਸਮਝਾਇੰਦਾ । ਜਨਮ ਜਨਮ ਦੀ ਟੁੱਟੀ ਦੇਵੇ ਗੰਢ, ਆਪਣੀ ਹੱਥੀਂ ਜੋੜ ਜੁੜਾਇੰਦਾ । ਸੁਰਤ ਸਵਾਣੀ ਨਾ ਹੋਵੇ ਰੰਡ, ਗੁਰ ਸ਼ਬਦੀ ਆਪ ਪਰਨਾਇੰਦਾ । ਲੇਖਾ ਚੁੱਕੇ ਬੱਤੀ ਦੰਦ, ਰਸਨਾ ਜਿਹਵਾ ਨਾ ਕੋਇ ਹਿਲਾਇੰਦਾ । ਜਿਸ ਜਨ ਉਪਰ ਮਿਹਰਵਾਨ ਆਪ ਹੋਏ ਬਖ਼ਸ਼ੰਦ, ਬਖ਼ਸ਼ਿਸ਼ ਆਪਣੀ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਘਰ ਵਸਾਇੰਦਾ । ਹਰਿਜਨ ਵਸੇ ਘਰ ਏਕ, ਏਕੰਕਾਰਾ ਆਪ ਵਸਾਈਆ । ਸੋ ਪੁਰਖ ਨਿਰੰਜਣ ਸਾਚੀ ਟੇਕ, ਹਰਿ ਪੁਰਖ ਨਿਰੰਜਣ ਦਏ ਸਮਝਾਈਆ । ਆਦਿ ਨਿਰੰਜਣ ਨਿਰਗੁਣ ਜੋਤ ਪਰਵੇਸ਼, ਪਰਮ ਪੁਰਖ ਰੂਪ ਸਮਾਈਆ । ਅਬਿਨਾਸ਼ੀ ਕਰਤਾ ਰਿਹਾ ਵੇਖ, ਕਰਨੀ ਆਪਣੀ ਆਪ ਕਮਾਈਆ । ਸ੍ਰੀ ਭਗਵਾਨ ਧਾਰ ਭੇਖ, ਧਰਨੀ ਧਰਤ ਧਵਲ ਦਏ ਵਡਿਆਈਆ । ਪਾਰਬ੍ਰਹਮ ਪ੍ਰਭ ਲਿਖਣਹਾਰਾ ਲੇਖ, ਲੇਖਾ ਆਪਣੇ ਹੱਥ ਰਖਾਈਆ । ਬ੍ਰਹਮ ਕਰੇ ਸਾਚਾ ਹੇਤ, ਆਤਮ ਪਰਮਾਤਮ ਜੋੜ ਜੁੜਾਈਆ । ਦਰਸ ਦਿਖਾਏ ਨੇਤਨ ਨੇਤ, ਨਿਜ ਘਰ ਆਪਣਾ ਪਰਦਾ ਲਾਹੀਆ । ਰੁੱਤ ਬਸੰਤੀ ਮੌਲੇ ਚੇਤ, ਪਤਝੜ ਨਾ ਰੂਪ ਵਟਾਈਆ । ਭਗਤ ਭਗਵੰਤ ਇਕੋ ਖੇਡ, ਜਗਤ ਖਲਾਰੀ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਮੇਲਾ ਏਕਾ ਥਾਈਂਆ । ਭਗਤਨ ਮੇਲਾ ਥਾਨ ਥਨੰਤਰ, ਦਰਗਾਹ ਸਾਚੀ ਆਪ ਜਣਾਇੰਦਾ । ਲਹਿਣਾ ਦੇਣਾ ਤੋੜ ਗਗਨ ਗਗਨੰਤਰ, ਗ੍ਰਿਹ ਮੰਦਰ ਆਪ ਬਹਾਇੰਦਾ । ਆਦਿ ਜੁਗਾਦੀ ਇਕੋ ਮੰਤਰ, ਆਤਮ ਪਰਮਾਤਮ ਸਾਚੀ ਸਿਖਿਆ ਇਕ ਸਮਝਾਇੰਦਾ । ਈਸ਼ ਜੀਵ ਬਣਾਏ ਬਣਤਰ, ਜਗਦੀਸ਼ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਆਪਣੇ ਘਰ ਵਸਾਇੰਦਾ । ਭਗਤ ਵਸੇ ਹਰਿ ਜੂ ਮੰਦਰ, ਮੰਦਰ ਹਰੀ ਹਰਿ ਆਪ ਜਣਾਈਆ । ਨਾ ਕੋਈ ਵਾਸਨਾ ਮਨ ਬੰਦਰ, ਦਹਿ ਦਿਸ਼ਾ ਨਾ ਕੋਇ ਵਡਿਆਈਆ । ਨਾ

੩੬੩
੧੩

ਅੰਧੇਰਾ ਡੂੰਘੀ ਕੰਧਰ, ਅੰਧ ਘੋਰ ਨਾ ਕੋਇ ਵਖਾਈਆ । ਨਾ ਵਸੇਰਾ ਸਾਢੇ ਤਿੰਨ ਹੱਥ ਖੰਡਰ, ਬਜ਼ਰ ਕਪਾਟੀ ਪਰਦਾ ਕੋਇ ਨਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ ਇਕੋ ਘਰ ਵਖਾਈਆ । ਭਗਤਾਂ ਘਰ ਸਚਖੰਡ, ਸਚਖੰਡ ਵਾਸੀ ਆਪ ਵਖਾਇੰਦਾ । ਆਦਿ ਜੁਗਾਦੀ ਵੰਡੀ ਵੰਡ, ਜੁਗ ਜੁਗ ਝੋਲੀ ਪਾਇੰਦਾ । ਸਦਾ ਸੁਹੇਲਾ ਇਕ ਇਕੇਲਾ ਦੇਵੇ ਸਤਿ ਅਨੰਦ, ਅਨੰਦ ਅਨੰਦ ਵਿਚ ਰਖਾਇੰਦਾ । ਕਰ ਪਰਕਾਸ਼ ਬਿਨ ਸੂਰਜ ਚੰਦ, ਜੋਤੀ ਜੋਤ ਡਗਮਗਾਇੰਦਾ । ਭਗਤ ਭਗਵਾਨ ਇਕੋ ਰੰਗ, ਦੂਸਰ ਰੰਗ ਨਾ ਕੋਇ ਵਖਾਇੰਦਾ । ਭਗਵਾਨ ਭਗਤ ਇਕ ਪਲੰਘ, ਸਾਚੀ ਸੇਜ ਇਕ ਹੰਢਾਇੰਦਾ । ਭਗਤ ਭਗਵਾਨ ਇਕੋ ਛੰਦ, ਤੂੰ ਮੇਰਾ ਮੈਂ ਤੇਰਾ ਸੋਹੰ ਢੋਲਾ ਸੱਚਾ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਸਾਚੇ ਘਰ ਆਪ ਵਸਾਇੰਦਾ । ਸਾਚਾ ਭਗਤ ਘਰ ਸਾਚੇ ਵਸੇ, ਹਰਿ ਜੂ ਵੱਖਰਾ ਧਾਮ ਵਖਾਈਆ । ਤ੍ਰੈਗੁਣ ਮਾਇਆ ਵਿਚ ਨਾ ਫਸੇ, ਮਮਤਾ ਮੋਹ ਨਾ ਕੋਇ ਰਖਾਈਆ । ਕੂੜੀ ਕਿਰਿਆ ਕੋਲੋਂ ਨੱਸੇ, ਕਰਮ ਕਾਂਡ ਲੇਖਾ ਦਏ ਚੁਕਾਈਆ । ਪਾਰਬ੍ਰਹਮ ਦਾ ਗਾਏ ਜਸੇ, ਜਸ ਵੇਦ ਪੁਰਾਨ ਕਹਿਣ ਨਾ ਪਾਈਆ । ਲੇਖਾ ਜਾਣੇ ਪੂਰਬ ਲੇਖ ਮਸਤਕ ਮੱਥੇ, ਲਹਿਣਾ ਦੇਣਾ ਝੋਲੀ ਪਾਈਆ । ਨਾਤਾ ਤੋੜ ਤੱਤ ਅੱਠੇ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁੱਧ ਡੇਰਾ ਢਾਹੀਆ । ਏਕੋ ਵਿਕੇ ਨਾਮ ਹੱਟੇ, ਦੂਜਾ ਹੱਟ ਨਾ ਕੋਇ ਰਖਾਈਆ । ਸਾਚਾ ਲਾਹਾ ਹਰਿ ਦਾ ਖੱਟੇ, ਖੱਟੀ ਇਕੋ ਇਕ ਸਮਝਾਈਆ । ਜਿਉਂ ਧੰਨੇ ਪਾਇਆ ਵਿਚੋਂ ਵੱਟੇ, ਵਟਾ ਸਭ ਦਾ ਰਿਹਾ ਮੁਕਾਈਆ । ਜਿਉਂ ਨਾਮੇ ਛੱਪਰ ਛਾਇਆ ਮਿੱਟੀ ਘੱਟੇ, ਤਿਉਂ ਭਗਤਾਂ ਹਰਿ ਮੰਦਰ ਰਿਹਾ ਵਖਾਈਆ । ਸ੍ਰੀ ਭਗਵਾਨ ਜਨ ਭਗਤਾਂ ਪਿਛੇ ਨੱਠੇ, ਨੱਠ ਨੱਠ ਆਪਣਾ ਪੰਧ ਮੁਕਾਈਆ । ਕਲਜੁਗ ਅੰਤਮ ਕਰ ਇਕੱਠੇ, ਇਕੋ ਸਿਖਿਆ ਕਰੇ ਪੜ੍ਹਾਈਆ । ਪੂਜਾ ਪਾਠ ਮੁੱਕੇ ਰੱਟੇ, ਜੋਗ ਅਭਿਆਸ ਨਾ ਕੋਇ ਜਣਾਈਆ । ਬਹੱਤਰ ਨਾੜ ਨਾ ਉਬਲੇ ਰੱਤੇ, ਰੱਤੀ ਰੱਤ ਦਏ ਸੁਕਾਈਆ । ਇਕੋ ਦੇਵੇ ਸਾਚੀ ਮੱਤੇ, ਮੱਤ ਆਪਣੀ ਨਾਲ ਜਣਾਈਆ । ਜਾਨਣਹਾਰਾ ਮਿਤ ਗਤੇ, ਗਹਿਰ ਗੰਭੀਰ ਬੇਪਰਵਾਹੀਆ । ਭਗਤ ਭਗਵਾਨ ਆਪਣੇ ਰੰਗ ਰੱਤੇ, ਰੰਗ ਇਕੋ ਨਾਮ ਚੜ੍ਹਾਈਆ । ਸਚਖੰਡ ਦੁਆਰੇ ਚਰਨ ਦੁਆਰੇ ਬਹਿ ਬਹਿ ਵਸੇ, ਗ੍ਰਿਹ ਮੰਦਰ ਸੋਭਾ ਪਾਈਆ । ਸੋਹੰ ਢੋਲਾ ਗਾ ਗਾ ਹੱਸੇ, ਹਸਤੀ ਮਿਟੀ ਜਗਤ ਪੰਜ ਤੱਤ ਨਾ ਕੋਇ ਸ਼ਾਹੀ ਆ । ਪਾਰਬ੍ਰਹਮ ਪ੍ਰਭ ਦਿਤਾ ਇਕੋ ਰਸੇ, ਰਸ ਹੋਰ ਨਾ ਕੋਇ ਚਖਾਈਆ । ਪ੍ਰੇਮ ਪਿਆਰ ਅੰਦਰ ਫਸੇ, ਫਾਸੀ ਰਾਏ ਧਰਮ ਤੁੜਾਈਆ । ਭਗਤ ਭਗਵਾਨ ਰਹਿਣ ਇਕੱਠੇ, ਏਕਾ ਘਰ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਲਏ ਮਿਲਾਈਆ । ਘਰ ਇਕੱਠੇ ਸਾਚੇ ਰਹਿਣਾ, ਭਗਤ ਭਗਵਾਨ ਮਤਾ ਪਕਾਇਆ । ਇਕ ਦੂਜੇ ਦਾ ਦਰਸ਼ਨ ਕਰ ਕਰ ਨੈਣਾਂ, ਨਿਤ ਨਿਤ ਆਪਣਾ ਰੰਗ ਰੰਗਾਇਆ । ਪ੍ਰੇਮ ਬਸਤਰ ਪਾ ਪਾ ਗਹਿਣਾ, ਭੂਸ਼ਨ ਇਕੋ ਇਕ ਵਡਿਆਇਆ । ਸਦਾ ਸਦਾ ਸਦ ਭਾਣਾ ਸਹਿਣਾ, ਹੁਕਮੇ ਅੰਦਰ ਖੇਲ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਸਾਚੇ ਮੰਦਰ ਆਪ ਬਹਾਇਆ । ਸਾਚੇ ਮੰਦਰ ਇਕੋ ਨੂਰ, ਨੂਰ ਜ਼ਹੂਰ ਰੁਸ਼ਨਾਈਆ । ਸਾਚੇ ਮੰਦਰ ਇਕੋ ਤੂਰ, ਤੁਰੀਆ ਰਾਗ ਸੁਣਾਈਆ । ਸਾਚੇ ਮੰਦਰ ਇਕ ਸਰੂਰ, ਅੱਠੇ ਪਹਿਰ ਖ਼ੁਮਾਰ ਵਖਾਈਆ । ਸਾਚੇ ਮੰਦਰ ਇਕ ਜ਼ਹੂਰ, ਜ਼ਾਹਰ ਆਪਣੀ ਕਲ ਜਣਾਈਆ । ਸਾਚੇ ਮੰਦਰ ਮੇਲਾ ਸਰਬ ਕਲਾ ਭਰਪੂਰ, ਭਰਪੂਰ ਰਿਹਾ ਸਭ ਠਾਈਆ । ਸਾਚੇ

ਮੰਦਰ ਪੰਧ ਮੁੱਕੇ ਨੇੜੇ ਦੂਰ, ਦੂਰ ਨੇੜਾ ਨਾ ਕੋਇ ਵਖਾਈਆ । ਸਾਚੇ ਮੰਦਰ ਆਸਾ ਹੋਏ ਪੂਰ, ਮਨਸਾ ਹੋਰ ਰਹੇ ਨਾ ਰਾਈਆ । ਸਾਚੇ ਮੰਦਰ ਹਰਿ ਸਤਿਗੁਰ ਮਿਲੇ ਜ਼ਰੂਰ, ਜ਼ਰੂਰਤ ਪੂਰੀ ਦਏ ਕਰਾਈਆ । ਸਾਚੇ ਮੰਦਰ ਜਨ ਭਗਤਾਂ ਬਖ਼ਸ਼ੇ ਆਪ ਕਸੂਰ, ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲੇ ਸਾਚੇ ਦਰ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਦਰ ਦਰਵਾਜ਼ਾ ਖੋਲ੍ਹ ਨਿਰੰਕਾਰ, ਨਿਰਗੁਣ ਸਰਗੁਣ ਮੇਲ ਮਿਲਾਇੰਦਾ । ਭਗਤ ਭਗਵੰਤ ਦੇ ਆਧਾਰ, ਸਿਰ ਸਮਰਥ ਹੱਥ ਟਿਕਾਇੰਦਾ । ਇਕੋ ਘਰ ਇਕੋ ਦਰ ਇਕੋ ਮੰਦਰ ਹਰੀ ਦਵਾਰ, ਧਰਮ ਦਵਾਰਾ ਇਕ ਜਣਾਇੰਦਾ । ਇਕੋ ਗੁਰ ਇਕ ਅਵਤਾਰ, ਪੀਰ ਪੈਗ਼ੰਬਰ ਇਕ ਅਖਵਾਇੰਦਾ । ਇਕੋ ਸ਼ਾਹ ਭੂਪ ਸਿਕਦਾਰ, ਹੁਕਮ ਹਾਕਮ ਇਕ ਜਣਾਇੰਦਾ । ਇਕੋ ਜੁਗ ਚੌਕੜੀ ਖੇਲੇ ਖੇਲ ਵਾਰੋ ਵਾਰ, ਵਾਰਤਾ ਆਪਣੇ ਨਾਮ ਪੜ੍ਹਾਇੰਦਾ । ਇਕੋ ਵੱਡਾ ਸੂਰਬੀਰ ਬਲੀ ਬਲਕਾਰ, ਬਲ ਆਪਣਾ ਆਪ ਰਖਾਇੰਦਾ । ਇਕੋ ਨਾਮ ਖੜਗ ਖੰਡਾ ਕਟਾਰ, ਤਿਖੀ ਧਾਰ ਬਣਾਇੰਦਾ । ਇਕੋ ਚੰਡ ਪਰਚੰਡ ਲਏ ਉਭਾਰ, ਦੋ ਜਹਾਨਾਂ ਆਪ ਚਮਕਾਇੰਦਾ । ਇਕੋ ਲੱਖ ਚੁਰਾਸੀ ਕਰੇ ਆਰ ਪਾਰ, ਅੱਧਵਿਚਕਾਰ ਨਾ ਕੋਇ ਅਟਕਾਇੰਦਾ । ਇਕੋ ਵਿਸ਼ਨ ਬ੍ਰਹਮਾ ਸ਼ਿਵ ਦਏ ਹੁਲਾਰ, ਨਾਮ ਹੁਲਾਰਾ ਇਕ ਜਣਾਇੰਦਾ । ਇਕੋ ਗੁਰੂਆਂ ਅਵਤਾਰਾਂ ਪੀਰ ਪੈਗ਼ੰਬਰਾਂ ਕਰ ਪਸਾਰ, ਪੀਸਣ ਪੀਸ ਸਾਚੀ ਸੇਵ ਕਮਾਇੰਦਾ । ਇਕੋ ਸ਼ਬਦ ਅਗੰਮੀ ਵਜਾਏ ਸਤਾਰ, ਨੌਬਤ ਆਪਣੇ ਨਾਮ ਸੁਣਾਇੰਦਾ । ਏਕਾ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਲੈ ਅਵਤਾਰ, ਜੁਗ ਚੌਕੜੀ ਪੰਧ ਮੁਕਾਇੰਦਾ । ਏਕਾ ਭਗਤ ਭਗਵੰਤ ਲਏ ਉਠਾਲ, ਉਠ ਉਠ ਆਪਣੇ ਨਾਲ ਮਿਲਾਇੰਦਾ । ਏਕਾ ਲੇਖਾ ਜਾਣੇ ਸ਼ਾਹ ਕੰਗਾਲ, ਗ਼ਰੀਬ ਨਿਮਾਣਿਆਂ ਵੇਖ ਵਖਾਇੰਦਾ । ਏਕਾ ਏਕੰਕਾਰਾ ਬਣੇ ਦਲਾਲ, ਦੋ ਜਹਾਨਾਂ ਦਲਾਲੀ ਆਪ ਕਮਾਇੰਦਾ । ਏਕਾ ਵੇਖਣਹਾਰਾ ਹੱਕ ਹਲਾਲ, ਲਾਸ਼ਰੀਕ ਹਕੀਕਤ ਖੋਜ ਖੁਜਾਇੰਦਾ । ਏਕਾ ਜਲਵਾ ਨੂਰ ਜਲਾਲ, ਜੋਬਨ ਆਪਣਾ ਆਪ ਪਰਗਟਾਇੰਦਾ । ਏਕਾ ਵਸੇ ਸਚਖੰਡ ਸੱਚੀ ਧਰਮਸਾਲ, ਮੁਕਾਮੇ ਹੱਕ ਡੇਰਾ ਲਾਇੰਦਾ । ਏਕਾ ਮੁਰੀਦ ਮੁਰਸ਼ਦ ਲਏ ਭਾਲ, ਉਮਤ ਉਮਤੀ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵੰਤ ਚੁਕਾਏ ਭੈ ਡਰ, ਭਿਆਨਕ ਰੂਪ ਨਾ ਕੋਇ ਜਣਾਇੰਦਾ । ਭਗਤ ਭਗਵੰਤ ਚੁਕਾਏ ਭੌ, ਭੈ ਅਵਰ ਨਾ ਕੋਇ ਰਖਾਈਆ । ਇਕ ਜਪਾਏ ਸਾਚਾ ਨਾਉਂ, ਨਾਉਂ ਨਿਰੰਕਾਰਾ ਆਪ ਦ੍ਰਿੜਾਈਆ । ਨਜ਼ਰੀ ਆਏ ਹਰ ਘਟ ਥਾਉਂ, ਘਟ ਘਟ ਰਿਹਾ ਸਮਾਈਆ । ਫੜ ਫੜ ਪਾਰ ਕਰਾਏ ਬਾਹੋਂ, ਨੱਯਾ ਆਪਣੀ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਸਾਚਾ ਵਰ, ਆਦਿ ਅੰਤ ਹੋਏ ਸਹਾਈਆ । ਹਰਿ ਭਗਤ ਤੇਰਾ ਆਦਿ ਅੰਤ, ਸ੍ਰੀ ਭਗਵਾਨ ਆਪਣੇ ਹੱਥ ਰਖਾਇੰਦਾ । ਅੰਤਮ ਮੇਲਾ ਜਿਉਂ ਨਾਰ ਕੰਤ, ਕੰਤ ਕੰਤੂਲ ਸੇਜ ਸੁਹਾਇੰਦਾ । ਮੇਲ ਮਿਲਾਵਾ ਸਾਚੇ ਸੰਤ, ਸਤਿਗੁਰ ਆਪਣੀ ਗੋਦ ਬਹਾਇੰਦਾ । ਗੁਰਮੁਖ ਬਣਾਏ ਬਣਤ, ਗੁਰਸਿਖ ਆਪਣੇ ਰੰਗ ਰੰਗਾਇੰਦਾ । ਮਾਣਸ ਜਨਮ ਨਾ ਹੋਏ ਭੰਗਤ, ਭਾਂਡਾ ਭਰਮ ਭੌ ਤੁੜਾਇੰਦਾ । ਨਾਤਾ ਤੋੜ ਜੇਰਜ ਅੰਡਤ, ਉਤਭੁਜ ਸੇਤਜ ਮੂਲ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਪਰਮਾਤਮ ਦੇਵੇ ਦਾਨ, ਭਗਤ ਭਗਵੰਤ ਇਕ ਨਿਸ਼ਾਨ, ਨਿਸ਼ਾਨਾ ਆਪਣਾ ਨਾਮ ਰਖਾਇੰਦਾ ।

❈ ੨੫ ਪੋਹ ੨੦੧੯ ਬਿਕਰਮੀ ਹਰਿ ਭਗਤ ਦਵਾਰ ਜੇਠੂਵਾਲ ❈

ਭਗਤ ਦਵਾਰ ਤੇਰਾ ਹਿੱਸਾ, ਹਰਿ ਹਰਿ ਜੂ ਆਪ ਵੰਡਾਈਆ । ਚਾਰ ਜੁਗ ਦਾ ਝੂਠਾ ਹੋ ਜਾਏ ਕਿੱਸਾ, ਕਹਾਣੀ ਨਜ਼ਰ ਕੋਇ ਨਾ ਆਈਆ । ਪੁਰਖ ਅਕਾਲ ਜਿਸ ਨੇਤਰ ਡਿੱਠਾ, ਘਰ ਸਾਚੇ ਖ਼ੁਸ਼ੀ ਮਨਾਈਆ । ਦੋ ਜਹਾਨ ਨਿਰਗੁਣ ਸਰਗੁਣ ਜਿਤਾ, ਮਿਲੇ ਮਾਣ ਵਡਿਆਈਆ । ਪਾਰਬ੍ਰਹਮ ਪ੍ਰਭ ਪਾਇਆ ਮਾਤਾ ਪਿਤਾ, ਪਤਿਪਰਮੇਸ਼ਵਰ ਪੂਰਨ ਬੇਪਰਵਾਹੀਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਧੁਰ ਫ਼ਰਮਾਣਾ ਜੋ ਦੇਂਦਾ ਰਿਹਾ ਚਿੱਠਾ, ਸਚ ਸੰਦੇਸ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਦੁਆਰ ਤੇਰੀ ਵੰਡ ਵਖਾਈਆ । ਤੇਰੀ ਵੰਡ ਮਾਰਗ ਅਲੱਗ, ਅਵਲੜੀ ਖੇਲ ਕਰਾਇੰਦਾ । ਪਰਗਟ ਹੋ ਸੂਰਾ ਸਰਬੱਗ, ਸ਼ਹਿਨਸ਼ਾਹ ਆਪਣਾ ਹੁਕਮ ਜਣਾਇੰਦਾ । ਗੁਰਮੁਖ ਗੁਰਸਿਖ ਹੰਸ ਬਣਾ ਕੱਗ, ਸੋਹੰ ਆਪਣਾ ਨਾਮ ਜਪਾਇੰਦਾ । ਅੰਤਰ ਆਤਮ ਪਰਮਾਤਮ ਬਹੇ ਸਜ, ਕੂੜੀ ਕਿਰਿਆ ਪਰਦਾ ਲਾਹਿੰਦਾ । ਪੰਝੀ ਪੋਹ ਨੰਗੀ ਪੈਰੀਂ ਗੁਰ ਸੰਗਤ ਤੇਰਾ ਕਰਨ ਜਾਏ ਹੱਜ, ਮੱਕਾ ਕਾਅਬਾ ਨਾ ਕੋਇ ਵਖਾਇੰਦਾ । ਆਓ ਦਰ ਆਓ ਪਰਦਾ ਲਓ ਕੱਜ, ਸੀਸ ਜਗਦੀਸ ਗੁਰ ਸੰਗਤ ਅੱਗੇ ਆਪ ਝੁਕਾਇੰਦਾ । ਤੁਹਾਡੇ ਪਿਛੇ ਸਚ ਮੁਕਾਮ ਆਇਆ ਤਜ, ਤਾਜਰ ਆਪਣਾ ਫੇਰਾ ਪਾਇੰਦਾ । ਦਰ ਦਵਾਰ ਦਰਸ਼ਨ ਦਿਓ ਰਜ ਰਜ, ਬਿਨ ਤੁਹਾਡੇ ਦਰਸ ਹਰਿ ਜੂ ਦੂਜਾ ਦਰ ਨਾ ਮੰਗਣ ਜਾਇੰਦਾ । ਵੇਲਾ ਅੰਤ ਨਾ ਕਰਨਾ ਅਜ ਪਜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਭੇਵ ਆਪ ਖੁਲ੍ਹਾਇੰਦਾ । ਅਗਲਾ ਭੇਵ ਸਾਢੇ ਤਿੰਨ ਹੱਥ, ਭਗਤ ਦੁਆਰੇ ਦਏ ਵਡਿਆਈਆ । ਵੇਖੋ ਭਗਵਾਨ ਗਾਏ ਭਗਤਾਂ ਜੱਸ, ਅਗੰਮੀ ਕਾਰ ਕਮਾਈਆ । ਬਣ ਨਿਮਾਣਾ ਰਿਹਾ ਨੱਠ, ਆਪਣਾ ਬਲ ਨਾ ਕੋਇ ਰਖਾਈਆ । ਪਾਲ ਸਿੰਘ ਬੁੱਢਾ ਜੇ ਹੱਥ ਨਾ ਫੜਾਵੇ ਆਪਣੀ ਲੱਠ, ਗੇੜਾ ਗੇੜਾ ਨਾ ਕੋਇ ਭੁਆਈਆ । ਜਿਸ ਨੇ ਨੌਂ ਸਾਲ ਰੁਪੱਯਾ ਰੱਖਿਆ ਰੱਖ, ਹੁਕਮੇ ਅੰਦਰ ਹੁਕਮ ਸਮਾਈਆ । ਕਲਜੁਗ ਅੰਤ ਤ੍ਰੈਗੁਣ ਮਾਇਆ ਵੇਖੋ ਉਡਦੇ ਕੱਖ, ਚਾਰੋਂ ਕੁੰਟ ਕੁੰਟ ਦੁਹਾਈਆ । ਹਰਿ ਸੰਗਤ ਹਰਿ ਕਾ ਮੇਲਾ ਹੱਸ ਹੱਸ, ਹਰਿ ਦੁਆਰ ਵੱਜੇ ਵਧਾਈਆ । ਜੇ ਆਏ ਅੱਗੇ ਮਾਰਗ ਜਾਣਾ ਦੱਸ, ਹਰਿ ਸਤਿਗੁਰ ਚਲੇ ਤੋਹੇ ਰਜ਼ਾਈਆ । ਪ੍ਰੇਮ ਪਿਆਰ ਅੰਦਰ ਗਿਆ ਬੱਝ, ਦੂਜੀ ਵੰਡ ਨਾ ਕੋਇ ਵੰਡਾਈਆ । ਆਪਣੇ ਵਿਚੋਂ ਲੈਣਾ ਕੱਢ, ਅੰਦਰ ਲੁਕਿਆ ਬੇਪਰਵਾਹੀਆ । ਝੂਠ ਨਾ ਜਾਣਨਾ ਮਾਸ ਨਾੜੀ ਹੱਡ, ਪੁਰਖ ਅਕਾਲ ਆਪਣੀ ਕਾਰ ਕਮਾਈਆ । ਜੋ ਆਪਣਾ ਘਰ ਆਏ ਛੱਡ, ਹਰਿ ਦੁਆਰ ਦੇਣਾ ਸੁਹਾਈਆ । ਭਗਤ ਭਗਵਾਨ ਰਹਿਣ ਨਾ ਅੱਡ, ਇਕੋ ਰੰਗ ਵਖਾਈਆ । ਅੱਗੇ ਵੇਖੋ ਚਲਦੀ ਯਦ, ਪਿਤਾ ਪੂਤ ਏਕਾ ਤਾਗਾ ਏਕਾ ਸੂਤ, ਏਕਾ ਤੰਦ ਬੰਧਾਈਆ । ਆਪ ਪਾਰ ਕਰ ਕੇ ਆਇਆ ਹੱਦ, ਜਨ ਭਗਤਾਂ ਹੱਦ ਪਾਰ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਵੇਖੇ ਸਾਚੇ ਘਰ, ਘਰ ਸੰਗਤ ਹਰਿ ਜੂ ਫੇਰਾ ਪਾਈਆ । ਘਰ ਵਸਦਿਆਂ ਕੋਲੋਂ ਪੂਰਨ ਭੁੱਖਾ, ਘਰਦਿਆਂ ਸਾਰ ਨਾ ਆਈਆ । ਹਰਿ ਸੰਗਤ ਦੀਆਂ ਸੁਖਦਾ ਰਹੇ ਸੁਖਾਂ, ਅੱਠੇ ਪਹਿਰ ਧਿਆਨ ਲਗਾਈਆ । ਜਿਨ੍ਹਾਂ ਕੋਲੋਂ ਖਾਵੇ ਟੁੱਕਰ ਸੁੱਕਾ, ਖਾ ਖਾ ਆਪਣਾ ਸ਼ੁਕਰ ਮਨਾਈਆ । ਆਪਣੇ ਭਾਣੇ ਵਿਚ ਕਦੇ ਨਾ ਰੁਕਾ, ਭਾਣਾ ਆਪਣੇ ਹੱਥ ਰਖਾਈਆ । ਵੇਖੋ ਅੰਤਮ ਲਹਿਣਾ ਸਭ ਦਾ ਮੁੱਕਾ, ਖ਼ਾਲੀ ਝੋਲੀ ਦਏ ਵਖਾਈਆ । ਬਿਨ ਭਗਤਾਂ ਕਿਸੇ ਨਾ ਰੱਖੇ ਆਪਣੀ ਕੁਖਾ, ਖ਼ਾਲੀ ਭਾਂਡੇ ਸਰਬ ਕਰਾਈਆ । ਜੋ ਹਰਿ ਸਰਨਾਈ

ਆ ਕੇ ਝੁਕਾ, ਤਿਸ ਨਿਉਂ ਨਿਉਂ ਸੀਸ ਝੁਕਾਈਆ । ਰਾਤੀਂ ਸੁਤਿਆਂ ਦਵਾਬੇ ਜਾ ਜਾ ਦਿਤਾ ਰੁੱਕਾ, ਆਪਣਾ ਹੁਕਮ ਮਨਾਈਆ । ਵੇਖੋ ਵੇਲਾ ਸੋਹਣਾ ਢੁੱਕਾ, ਘਰ ਸਾਚੇ ਹੋਈ ਕੁੜਮਾਈਆ । ਨਜ਼ਰੀ ਆਇਆ ਜੋ ਬੈਠਾ ਲੁਕਾ, ਲੁਕਵੀਂ ਆਪਣੀ ਖੇਡ ਹਟਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤਨ ਵਜੂਦ ਨਾ ਕੋਈ ਜੁੱਸਾ, ਪੰਜ ਤੱਤ ਨਾ ਕੋਇ ਰਖਾਈਆ । ਹਰਿ ਸੰਗਤ ਤੇਰਾ ਸੋਹਣਾ ਪਕਵਾਨ, ਹਰਿ ਸਤਿਗੁਰ ਸੱਚੇ ਭਾਇਆ । ਸਚ ਦੁਆਰੇ ਆ ਕੇ ਦਿਤਾ ਦਾਨ, ਖ਼ਾਲੀ ਝੋਲੀ ਰਿਹਾ ਭਰਾਇਆ । ਗ਼ਰੀਬ ਨਿਮਾਣਾ ਹਰਿ ਜੂ ਬਣਿਆ ਮਹਿਮਾਨ, ਮਹਿਮਾਂ ਭਗਤਾਂ ਰਿਹਾ ਗਾਇਆ । ਆਪਣਾ ਦੇਵੇ ਇਕ ਨਿਸ਼ਾਨ, ਸੋਹੰ ਨਾਮ ਝੋਲੀ ਪਾਇਆ । ਬਾਲੀ ਬੁੱਧ ਅਜੇ ਅਞਾਣ, ਹਰਿ ਜੂ ਆਪਣੀ ਮੱਤ ਸਰਬ ਗਵਾਇਆ । ਗੁਰਮੁਖ ਵੇਖੇ ਚਤੁਰ ਸੁਜਾਨ, ਬਿਨ ਨੇਤਰ ਦਰਸ਼ਨ ਪਾਇਆ । ਭਗਤ ਭਗਵੰਤ ਇਕੋ ਦਰ ਇਕੋ ਘਰ ਇਕੋ ਪਕਵਾਨ ਬਹਿ ਕੇ ਖਾਣ, ਅੱਡਰੀ ਵੰਡ ਨਾ ਕੋਇ ਵੰਡਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਵਾਬਾ ਸੰਗਤ ਤੇਰਾ ਲੰਗਰ ਬਿਨ ਲਾਗਤ ਆਪ ਚਲਾਇਆ । ਵੇਖੋ ਵੱਡਾ ਹੋਇਆ ਨਿੱਕਾ, ਆਪਣਾ ਆਪ ਮਿਟਾਈਆ । ਜਨ ਭਗਤਾਂ ਮਸਤਕ ਲਾਏ ਟਿੱਕਾ, ਸੂਰਜ ਚੰਦ ਨੈਣ ਸ਼ਰਮਾਈਆ । ਬਾਕੀ ਰਸ ਵੇਖਿਆ ਫਿਕਾ, ਗੁਰਮੁਖ ਪਿਆਰ ਇਕ ਵਖਾਈਆ । ਬਣ ਸੱਜਣ ਮਿਲਿਆ ਪਿਤਾ, ਪੁੱਤਰ ਯਾਰ ਗੰਢ ਪੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਵੱਡਾ ਦੇਵੇ ਵਡ ਵਡਿਆਈਆ । ਆਦਿ ਪੁਰਖ ਪ੍ਰਭ ਆਇਆ ਅੱਗੇ, ਹਰਿ ਅਗਲੀ ਖੇਲ ਜਣਾਇੰਦਾ । ਪਰਗਟ ਹੋ ਸੂਰਾ ਸਰਬੱਗੇ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਇੰਦਾ । ਹਰਿਜਨ ਮੇਲੇ ਉਪਰ ਸ਼ਾਹ ਰਗੇ, ਮੇਲ ਮਿਲਾਵਾ ਆਪਣੇ ਹੱਥ ਰਖਾਇੰਦਾ । ਆਤਮ ਪਰਮਾਤਮ ਬੰਨ੍ਹੇ ਡੋਰੀ ਨਾਮ ਤੱਗੇ, ਸੂਤਰ ਵੱਟ ਨਾ ਕੋਇ ਚੜ੍ਹਾਇੰਦਾ । ਤ੍ਰੈਗੁਣ ਅਗਨੀ ਕੋਈ ਨਾ ਦਗੇ, ਜਿਸ ਸਿਰ ਆਪਣਾ ਹੱਥ ਟਿਕਾਇੰਦਾ । ਫੜ ਫੜ ਹੰਸ ਬਣਾਏ ਕੱਗੇ, ਕਾਗਦ ਕਲਮ ਭੇਵ ਨਾ ਆਇੰਦਾ । ਅੰਮ੍ਰਿਤ ਜਾਮ ਪਿਆਏ ਮਧੇ, ਮਦਰਾ ਰਸ ਇਕ ਵਖਾਇੰਦਾ । ਹਰਿ ਸੰਤ ਸਾਜਣ ਆਏ ਸੱਦੇ, ਸੱਦਾ ਇਕੋ ਇਕ ਸਮਝਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਫਿਰਨ ਭੱਜੇ, ਦੋ ਜਹਾਨਾਂ ਖੇਲ ਵਰਤਾਇੰਦਾ । ਮੱਕੇ ਕਾਅਬੇ ਕੋਈ ਨਾ ਰਹਿਣਾ ਹੱਜੇ, ਹਜ਼ਰਤ ਇਕੋ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਸਮਝਾਇੰਦਾ । ਅੱਗੇ ਵਾਲਾ ਅੱਗੇ ਗਿਆ ਆ, ਆਪਣਾ ਭੇਵ ਜਣਾਈਆ । ਨਵ ਨੌਂ ਚਾਰ ਰੱਖਿਆ ਛੁਪਾ, ਰੂਪ ਰੰਗ ਨਾ ਕਿਸੇ ਵਖਾਈਆ । ਸਚਖੰਡ ਵਸਾਇਆ ਏਕਾ ਥਾਂ, ਥਿਰ ਘਰ ਦੇਵੇ ਮਾਣ ਵਡਿਆਈਆ । ਨਿਰਗੁਣ ਸਰਗੁਣ ਜੋਤ ਜਗਾ, ਗੁਰ ਅਵਤਾਰ ਕਰ ਰੁਸ਼ਨਾਈਆ । ਬੋਧ ਅਗਾਧਾ ਸ਼ਬਦ ਪੜ੍ਹਾ, ਨਿਸ਼ਅੱਖਰ ਭੇਵ ਖੁਲ੍ਹਾਈਆ । ਕਾਗਦ ਕਲਮ ਲੇਖਾ ਛਾਹ, ਜੁਗ ਚੌਕੜੀ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਅੱਗੇ ਵਾਲਾ ਅੱਗੇ ਆਇਆ, ਭੇਵ ਕੋਇ ਨਾ ਪਾਇੰਦਾ । ਆਪਣਾ ਭੇਵ ਰਿਹਾ ਖੁਲ੍ਹਾਇਆ, ਨਿਰਗੁਣ ਪਰਦਾ ਆਪ ਚੁਕਾਇੰਦਾ । ਆਦਿ ਜੁਗਾਦਿ ਜੋ ਬਣਦਾ ਰਿਹਾ ਦਾਈ ਦਾਇਆ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਗੋਦ ਬਹਾਇੰਦਾ । ਜੁਗਾ ਜੁਗੰਤਰ ਤ੍ਰੈਭਵਨ ਧਨੀ ਤ੍ਰੈਗੁਣ ਖੇਲੇ ਖੇਲ ਮਾਇਆ, ਛਾਇਆ ਆਪਣੀ ਨਾ ਕਿਸੇ ਸਮਝਾਇੰਦਾ । ਅਕਲ ਕਲ ਕਲ ਹਰਿ ਅਖਵਾਇਆ, ਬੇਅੰਤ ਬੇਪਰਵਾਹ ਆਪਣੀ ਧਾਰ ਚਲਾਇੰਦਾ । ਸ਼ਾਹੋ ਭੂਪ ਸਿਕਦਾਰ ਅਖਵਾਇਆ, ਸੀਸ ਜਗਦੀਸ ਤਾਜ

ਸੁਹਾਇੰਦਾ । ਭਗਤ ਭਗਵੰਤ ਲਏ ਉਠਾਇਆ । ਨੇਤਰ ਨੈਣ ਅੱਖ ਮਿਲਾਇੰਦਾ । ਪਾਰਬ੍ਰਹਮ ਬ੍ਰਹਮ ਮੇਲ ਮਿਲਾਇਆ, ਬੰਧਨ ਇਕੋ ਇਕ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਰਾਇੰਦਾ । ਆਪਣੀ ਕਰਨੀ ਕਰਨੇ ਯੋਗ, ਹਰਿ ਕਰਨਹਾਰ ਕਰਤਾਰਾ । ਨਿਰਗੁਣ ਭੋਗੇ ਨਿਰਗੁਣ ਭੋਗ, ਦੂਸਰ ਸੰਗ ਨਾ ਮੀਤ ਮੁਰਾਰਾ । ਆਤਮ ਪਰਮਾਤਮ ਧੁਰ ਸੰਜੋਗ, ਵਿਛੋੜਾ ਕੋਈ ਨਾ ਜਾਣੇ ਅਲੱਖ ਅਗੋਚਰ ਅਗੰਮ ਅਪਾਰਾ । ਜਿਸ ਜਨ ਦੇਵੇ ਸੋਹੰ ਚੋਗ, ਦੋ ਜਹਾਨਾਂ ਦੇਵੇ ਆਪ ਸਹਾਰਾ । ਆਵਣ ਜਾਵਣ ਪਤਤ ਪਾਵਣ ਲੱਖ ਚੁਰਾਸੀ ਕੂੜੀ ਕਿਰਿਆ ਕੱਟੇ ਰੋਗ, ਇਕ ਕਰਾਏ ਵਣਜ ਵਪਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਹਰਿ ਕਰਤਾਰਾ । ਹਰਿ ਕਰਤਾਰਾ ਅਗਲਾ ਖੇਲ, ਨਿਰਗੁਣ ਨਿਰਗੁਣ ਆਪ ਕਰਾਈਆ । ਸਰਗੁਣ ਸਰਗੁਣ ਸਾਚਾ ਮੇਲ, ਸਚ ਸਚ ਵਡਿਆਈਆ । ਆਦਿ ਨਿਰੰਜਣ ਜੋਤ ਨਿਰੰਜਣ ਚਾੜ੍ਹੇ ਤੇਲ, ਗ੍ਰਿਹ ਮੰਦਰ ਸਗਨ ਮਨਾਈਆ । ਆਤਮ ਪਰਮਾਤਮ ਸੱਜਣ ਸੁਹੇਲ, ਸਚ ਸੰਗ ਅਖਵਾਈਆ । ਵਸਣਹਾਰਾ ਧਾਮ ਨਵੇਲ, ਘਰ ਬੈਠਾ ਆਸਣ ਲਾਈਆ । ਲੇਖਾ ਜਾਣ ਗੁਰੂ ਗੁਰ ਚੇਲ, ਗੁਰ ਗੋਬਿੰਦ ਲਏ ਉਠਾਈਆ । ਜੁਗ ਜਨਮ ਦੇ ਵਿਛੜੇ ਆਪੇ ਮੇਲ, ਮਿਲਣੀ ਜਗਦੀਸ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਸ਼ਾਹ ਅਸਵਾਰਾ, ਅਸਲ ਆਪਣਾ ਆਪ ਜਣਾਇੰਦਾ । ਨੂਰ ਖ਼ੁਦਾਈ ਪਰਵਰਦਿਗਾਰਾ, ਬੇਐਬ ਪਰਦਾ ਲਾਹਿੰਦਾ । ਮੁਕਾਮੇ ਹੱਕ ਹੱਕ ਵਣਜਾਰਾ, ਹਕੀਕਤ ਆਪਣਾ ਹੱਟ ਖੁਲ੍ਹਾਇੰਦਾ । ਲਾਸ਼ਰੀਕ ਏਕੰਕਾਰਾ, ਅਕਲ ਕਲਾ ਧਰਾਇੰਦਾ । ਜੁਗ ਚੌਕੜੀ ਲੈ ਅਵਤਾਰਾ, ਲੋਕਮਾਤ ਵੇਖ ਵਖਾਇੰਦਾ । ਅਵਣ ਗਵਣ ਪਾਵੇ ਸਾਰਾ, ਤ੍ਰੈ ਭਵਨ ਖੋਜ ਖੁਜਾਇੰਦਾ । ਲੇਖਾ ਜਾਣ ਸੂਰਜ ਚੰਨ ਸਤਾਰਾ, ਮੰਡਲ ਮੰਡਪ ਸੋਭਾ ਪਾਇੰਦਾ । ਬ੍ਰਹਿਮੰਡ ਖੰਡ ਵੇਖਣਹਾਰਾ, ਜੇਰਜ ਅੰਡ ਫੋਲ ਫੁਲਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦਏ ਹੁਲਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਖੇਲ ਆਪ ਕਰਾਇੰਦਾ । ਸਾਚਾ ਖੇਲ ਕਰਨਹਾਰ, ਹਰਿ ਕਰਤਾ ਵਡ ਵਡਿਆਈਆ । ਕਲਜੁਗ ਅੰਤਮ ਲੈ ਅਵਤਾਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਲੇਖਾ ਜਾਣੇ ਧੁਰ ਦਰਬਾਰ, ਧੁਰ ਦੀ ਧਾਰ ਆਪ ਚਲਾਈਆ । ਸ਼ਬਦ ਵਿਚੋਲਾ ਕਰ ਤਿਆਰ, ਸਾਚਾ ਸੋਹਲਾ ਦਏ ਸੁਣਾਈਆ । ਪਰਦਾ ਉਹਲਾ ਦੇਵੇ ਪਾੜ, ਦੂਈ ਨਜ਼ਰ ਕੋਇ ਨਾ ਆਈਆ । ਘਰ ਵਿਚ ਮੇਲਾ ਸਾਚੇ ਲਾੜ, ਗ੍ਰਿਹ ਮੰਦਰ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਪਾਰਾ, ਹਰਿ ਸੱਜਣ ਆਪ ਕਰਾਇੰਦਾ । ਮਹੱਲ ਅਟੱਲ ਉਚ ਮਨਾਰਾ, ਨਜ਼ਰ ਕਿਸੇ ਨਾ ਆਇੰਦਾ । ਦੀਆ ਬਾਤੀ ਕਰ ਉਜਿਆਰਾ, ਕਮਲਾਪਾਤੀ ਸੋਭਾ ਪਾਇੰਦਾ । ਸ਼ਬਦ ਅਗੰਮੀ ਸਚ ਜੈਕਾਰਾ, ਧੁਨ ਅਨਾਦੀ ਨਾਦ ਸੁਣਾਇੰਦਾ । ਰਾਗਾਂ ਨਾਦਾਂ ਵਸੇ ਬਾਹਰਾ, ਭੇਵ ਅਭੇਦ ਨਾ ਕੋਇ ਜਣਾਇੰਦਾ । ਗੁਰ ਅਵਤਾਰ ਦੇ ਸਹਾਰਾ, ਪੀਰ ਪੈਗ਼ੰਬਰ ਆਪ ਪੜ੍ਹਾਇੰਦਾ । ਆਪਣਾ ਨਾਮ ਜਣਾਏ ਧੁਰਦਰਗਾਹੀ ਵਾਰਾ, ਵਾਰਤਾ ਆਪਣੀ ਆਪ ਸਮਝਾਇੰਦਾ । ਕਾਗਦ ਕਲਮ ਨਾ ਲਿਖਣਹਾਰਾ, ਲਿਖ ਲਿਖ ਲੇਖ ਨਾ ਕੋਇ ਮੁਕਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੁਗ ਜੁਗ ਦੇਂਦਾ ਆਇਆ ਲਾਰਾ, ਲਹਿਰ ਲਹਿਰ ਨਾ ਕੋਇ ਪਰਗਟਾਇੰਦਾ । ਦਰ ਦਰਵੇਸ਼ ਕੋਟਨ ਕੋਟ ਮੰਗਦੇ ਰਹੇ ਬਣ ਭਿਖਾਰਾ, ਭਿਖਕ ਸੰਗ ਨਾ ਕੋਇ ਨਿਭਾਇੰਦਾ । ਪੀਰ ਪੈਗੰਬਰ ਦੇ ਸਹਾਰਾ, ਸਤਿ ਸਤਿਵਾਦੀ ਆਪ

੩੬੮
੧੩

ਸਮਝਾਇੰਦਾ । ਕਲਜੁਗ ਅੰਤਮ ਪਰਗਟ ਹੋਏ ਮਹਾਂਬਲੀ ਅਵਤਾਰਾ, ਅਵਤਰ ਆਪਣਾ ਨਾਉਂ ਸਮਝਾਇੰਦਾ । ਆਦਿ ਜੁਗਾਦਿ ਜਿਸ ਦਾ ਉਚਾ ਵਡ ਦਰਬਾਰਾ, ਸਚ ਦਰਬਾਰੀ ਫੇਰਾ ਪਾਇੰਦਾ । ਜਿਸ ਦਾ ਖੇਲ ਸਦਾ ਸਦ ਨਿਆਰਾ, ਨਿਰਗੁਣ ਨਜ਼ਰ ਕਿਸੇ ਨਾ ਆਇੰਦਾ । ਸਦ ਆਵੇ ਆਪਣੀ ਧਾਰਾ, ਮਾਤ ਪਿਤ ਨਾ ਕੋਇ ਬਣਾਇੰਦਾ । ਜਨਨੀ ਜਣੇ ਨਾ ਸੁਤ ਦੁਲਾਰਾ, ਰਸਨਾ ਸੀਰ ਨਾ ਕੋਇ ਲਗਾਇੰਦਾ । ਸੀਸ ਬੰਨ੍ਹੇ ਨਾ ਕੋਇ ਦਸਤਾਰਾ, ਚੁੰਡੀ ਮੁੰਡ ਨਾ ਕੋਇ ਮੁੰਡਾਇੰਦਾ । ਇਕ ਇਕੱਲਾ ਏਕੰਕਾਰਾ, ਅਕਲ ਕਲ ਆਪਣਾ ਖੇਲ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲੇਖਾ ਆਪਣੇ ਹੱਥ ਰਖਾਇੰਦਾ । ਅਗਲਾ ਲੇਖਾ ਰੱਖੇ ਹੱਥ, ਹੱਥੋ ਹੱਥ ਜਣਾਈਆ । ਕਰੇ ਖੇਲ ਪੁਰਖ ਸਮਰਥ, ਸਮਰਥ ਬੇਪਰਵਾਹੀਆ । ਜੁਗ ਚੌਕੜੀ ਜਿਸ ਦੀ ਗੌਂਦੇ ਆਏ ਗਾਥ, ਗਹਿਰ ਗੰਭੀਰ ਆਪਣਾ ਭੇਵ ਰਿਹਾ ਖੁਲ੍ਹਾਈਆ । ਜਿਸ ਨੇ ਪਰਗਟਾਏ ਤ੍ਰਲੋਕੀ ਨਾਥ, ਨਾਥ ਅਨਾਥਾਂ ਹੋਏ ਸਹਾਈਆ । ਜਿਸ ਮੇਲ ਮਿਲਾਇਆ ਰਾਮਾ ਬੇਟਾ ਦਸਰਾਥ, ਦਹਿ ਦਿਸ਼ਾ ਵੇਖੇ ਚਾਈਂ ਚਾਈਆ । ਜਿਸ ਦੀ ਪੀਰ ਪੈਗ਼ੰਬਰ ਕਰਦੇ ਗਏ ਯਾਦ, ਯਾਦਦਾਸ਼ਤ ਮਾਤ ਬਣਾਈਆ । ਜੇਹੜਾ ਜੁਗਾ ਜੁਗੰਤਰ ਸੁਣਦਾ ਰਹੇ ਫ਼ਰਯਾਦ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਹੋਏ ਸਹਾਈਆ । ਸੋ ਸਾਹਿਬ ਸਤਿਗੁਰ ਕਲਜੁਗ ਅੰਤਮ ਜਨ ਭਗਤਾਂ ਬਣਿਆਂ ਪਿਤਾ ਮਾਤ, ਸੁਤ ਦੁਲਾਰੇ ਲਏ ਉਠਾਈਆ । ਰਾਤੀਂ ਸੁਤਿਆਂ ਦੇਵੇ ਦਾਤ, ਹਰਿ ਜੂ ਸਾਚੀ ਵੰਡ ਵੰਡਾਈਆ । ਅੰਦਰੇ ਅੰਦਰ ਚਰਨ ਕਵਲ ਬੰਧਾਏ ਨਾਤ, ਆਤਮ ਪਰਮਾਤਮ ਜੋੜ ਜੁੜਾਈਆ । ਜੇ ਕੋਈ ਬਾਹਰੋਂ ਪੁਛੇ ਬਾਤ, ਰਸਨਾ ਕਹਿ ਨਾ ਭੇਵ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਅਗਲਾ ਲੇਖਾ ਆਪਣੇ ਹੱਥ ਵਖਾਈਆ । ਅਗਲਾ ਲੇਖਾ ਹੱਥ ਸਾਢੇ ਤਿੰਨ, ਹੱਥ ਹੱਥ ਨਾਲ ਮਿਲਾਇੰਦਾ । ਜਿਸ ਦਾ ਸੱਤ ਦੀਪ ਨੌਂ ਖੰਡ ਮਿਲੇ ਨਾ ਕੋਈ ਚਿੰਨ੍ਹ, ਰੂਪ ਨਜ਼ਰ ਕੋਇ ਨਾ ਆਇੰਦਾ । ਜਿਸ ਨੇ ਚਾਰ ਜੁਗ ਦਾ ਲਹਿਣਾ ਲੈਣਾ ਗਿਣ ਗਿਣ, ਗੁਰ ਅਵਤਾਰ, ਪੀਰ ਪੈਗ਼ੰਬਰ ਬਚਿਆ ਕੋਇ ਰਹਿਣ ਨਾ ਪਾਇੰਦਾ । ਜਿਸ ਦਾ ਲੇਖਾ ਅੰਤਮ ਹੋਣਾ ਤਿੰਨ ਦਿਨ, ਤਿੰਨਾਂ ਲੋਕਾਂ ਡੇਰਾ ਢਾਹਿੰਦਾ । ਜਿਸ ਦਾ ਰੂਪ ਸਦਾ ਭਿੰਨ ਭਿੰਨ, ਅਨਭਵ ਆਪਣੀ ਧਾਰ ਚਲਾਇੰਦਾ । ਸੰਤ ਸੁਹੇਲੇ ਗੁਰਮੁਖ ਗੁਰੂ ਗੁਰ ਚੇਲੇ ਮੇਲ ਮਿਲਾਏ ਗਿਣ ਗਿਣ, ਗਿਣਤੀ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਹਿੱਸਾ ਆਪ ਵੰਡਾਇੰਦਾ । ਅਗਲਾ ਹਿੱਸਾ ਸਾਢੇ ਤਿੰਨ ਹੱਥ ਮਨਾਰਾ, ਮਿਹਰਵਾਨ ਆਪ ਵੰਡਾਈਆ । ਦੋ ਜਹਾਨ ਹੋਈ ਹਾਹਾਕਾਰਾ, ਹਰਿ ਜੂ ਇਹ ਕੀ ਖੇਲ ਰਚਾਈਆ । ਚਾਰ ਜੁਗ ਦੇ ਗੁਰ ਅਵਤਾਰਾ, ਪੀਰ ਪੈਗ਼ੰਬਰਾਂ ਆਪਣੇ ਵਿਚ ਛੁਪਾਈਆ । ਨਿਰਗੁਣ ਹੋ ਹੋਇਆ ਉਜਿਆਰਾ, ਜੋਤੀ ਨੂਰ ਕਰੇ ਰੁਸ਼ਨਾਈਆ । ਨਿਹਕਲੰਕ ਲੈ ਅਵਤਾਰਾ, ਕਲ ਕਲਕੀ ਰੂਪ ਵਟਾਈਆ । ਗੋਬਿੰਦ ਮੇਲਾ ਸੁਤ ਦੁਲਾਰਾ, ਘਰ ਸਾਚੇ ਚਾਈਂ ਚਾਈਆ । ਏਕਾ ਸੇਜਾ ਸੁੱਤੇ ਪੈਰ ਪਸਾਰਾ, ਦੂਜਾ ਸਕੇ ਨਾ ਕੋਇ ਉਠਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਦਾ ਅੰਤ ਕਰਨ ਸਚ ਵਿਹਾਰਾ, ਲੇਖਾ ਲਿਖਤ ਵਿਚ ਨਾ ਆਈਆ । ਆਤਮ ਪਰਮਾਤਮ ਖੋਲ ਕਿਵਾੜਾ, ਘਰ ਮੰਦਰ ਇਕ ਵਖਾਈਆ । ਨਾ ਕੋਈ ਠਾਕਰ ਸ਼ਿਵਦੁਆਲਾ ਮੰਦਰ ਮੱਠ ਨਾ ਗੁਰੂਦੁਆਰਾ, ਦੀਨ ਮਜ਼੍ਹਬ ਨਾ ਵੰਡ ਵੰਡਾਈਆ । ਜ਼ਾਤ ਪਾਤ ਨਾ ਕੋਇ ਪਸਾਰਾ, ਊਚ ਨੀਚ ਨਾ ਕੋਇ ਰਖਾਈਆ । ਸਰਬ ਜੀਆਂ ਦਾ ਪਿਤਾ ਏਕਾ ਏਕੰਕਾਰਾ, ਦੂਸਰ ਨਜ਼ਰ ਕੋਇ ਨਾ ਆਈਆ । ਕਲਜੁਗ ਅੰਤਮ ਹੋ ਉਜਿਆਰਾ, ਨਿਰਗੁਣ ਆਪਣਾ

ਫੇਰਾ ਪਾਈਆ । ਭਗਤਾਂ ਬਣਾਏ ਸਚ ਦੁਆਰਾ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਸਾਢੇ ਤਿੰਨ ਹੱਥ ਤੇਰਾ ਸਰਬ ਸਹਾਰਾ, ਰਵਦਾਸ ਚੁਮਾਰਾ ਦਏ ਗਵਾਹੀਆ । ਛੱਬੀ ਵੇਖੇ ਢੱਯਾ ਦੋ ਅੱਧਾ ਖੇਲ ਨਿਆਰਾ, ਨਿਰਗੁਣ ਆਪਣਾ ਭੇਵ ਜਣਾਈਆ । ਤੀਜੀ ਛੱਤੇ ਸਚ ਸਿੰਘਾਸਣ ਸੋਹੇ ਕਰਤਾਰਾ, ਕਰਨੀ ਆਪਣੀ ਦਏ ਜਣਾਈਆ । ਤ੍ਰੈਭਵਨ ਧਨੀ ਏਕਾ ਹੁਕਮ ਇਕ ਵਰਤਾਰਾ, ਇਕ ਸੰਦੇਸ਼ਾ ਦਏ ਸੁਣਾਈਆ । ਜੋ ਮਿਲਿਆ ਸੋ ਪਾਰ ਉਤਾਰਾ, ਅੱਧਵਿਚਕਾਰ ਨਾ ਕੋਇ ਅਟਕਾਈਆ । ਸਚਖੰਡ ਲੈ ਕੇ ਜਾਏ ਵਾਰੋ ਵਾਰਾ, ਵਾਰੀ ਸਭ ਦੀ ਲਏ ਬੰਨ੍ਹਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਬੋਲਿਆ ਜੈਕਾਰਾ, ਗੁਰ ਅਵਤਾਰ ਪੀਰ ਪੈਗ਼ੰਬਰ ਰਾਹ ਵਿਚ ਬੈਠੇ ਸਚਖੰਡ ਜਾਂਦੇ ਘੁਟ ਘੁਟ ਜੱਫੀਆਂ ਪਾਈਆ । ਪੁਰਖ ਅਬਿਨਾਸ਼ੀ ਹੱਸੇ, ਜਨ ਭਗਤਾਂ ਹਿਰਦੇ ਅੰਦਰ ਵਸੇ, ਅੱਗੇ ਪਿਛੇ ਆਪੇ ਨੱਸੇ, ਦੂਰ ਦੁਰਾਡਾ ਪੰਧ ਮੁਕਾਈਆ । ਗੁਰ ਅਵਤਾਰੋ ਪੀਰ ਪੈਗ਼ੰਬਰੋ ਉਠੋ ਵੇਖੋ ਨੇਤਰ ਅੱਖੇ, ਬਿਨ ਭਗਤਾਂ ਦੂਜਾ ਨਜ਼ਰ ਕੋਇ ਨਾ ਆਈਆ । ਨੌਂ ਖੰਡ ਪ੍ਰਿਥਮੀ ਭਾਂਡੇ ਸਖੇ, ਸਾਚੀ ਵਸਤ ਨਾ ਕੋਇ ਟਿਕਾਈਆ । ਬਿਨ ਸਾਹਿਬ ਸਤਿਗੁਰ ਕੀਮਤ ਕੋਈ ਨਾ ਪਾਏ ਕੱਖੇ, ਕੌਡੀ ਕੌਡੀ ਹੱਟ ਵਿਕਾਈਆ । ਅੰਤਮ ਕਲਜੁਗ ਹਰਿ ਸਰਨਾਈ ਸਾਰੇ ਢੱਠੇ, ਆਪਣਾ ਬਲ ਨਾ ਕੋਇ ਜਣਾਈਆ । ਠਾਕਰ ਸਵਾਮੀ ਦੀਨ ਦਿਆਲ ਤੇਰੇ ਹੁਕਮ ਅੰਦਰ ਗੁਰ ਅਵਤਾਰ ਪੀਰ ਪੈਗ਼ੰਬਰ ਦੀਨ ਮਜ਼੍ਹਬ ਕਰਦੇ ਆਏ ਰੱਟੇ, ਬਿਨ ਤੇਰੇ ਅੰਤਮ ਰੱਟਾ ਨਾ ਕੋਇ ਮੁਕਾਈਆ । ਤੂੰ ਸਭ ਦੀ ਅੱਖੀਂ ਪਾਏ ਘੱਟੇ, ਘਾਟਾ ਗੁਰਮੁਖਾਂ ਝੋਲੀ ਪਾਈਆ । ਕੀ ਹੋਇਆ ਜੇ ਧੰਨੇ ਪਰਗਟ ਕੀਤਾ ਵਿਚੋਂ ਵੱਟੇ, ਬਿਨਾਂ ਵੱਟਿਉਂ ਨਜ਼ਰੀ ਆਈਆ । ਜਿਨ੍ਹਾਂ ਦੇ ਚੋਲੇ ਦਿਸਣ ਫਟੇ, ਪਾਟੇ ਚੀਥੜ ਆਪਣੇ ਤਨ ਛੁਹਾਈਆ । ਸਭ ਦੇ ਅੰਦਰ ਬ੍ਰਹਮ ਮੱਤੇ, ਪਾਰਬ੍ਰਹਮ ਮਿਲੀ ਸਰਨਾਈਆ । ਸਾਹਿਬ ਸਤਿਗੁਰ ਨਾਲ ਰੱਤੇ, ਰੱਤੀ ਰੱਤ ਨਾ ਕੋਇ ਵਖਾਈਆ । ਬਿਨ ਫਾਹੀਉਂ ਫਸੇ, ਫਾਂਦਕੀ ਨਜ਼ਰ ਕਿਸੇ ਨਾ ਆਈਆ । ਦੂਸਰਿਆਂ ਗੁਰਸਿਖ ਕੀ ਕੀ ਦੱਸੇ, ਕੀ ਕੀ ਹਾਲ ਸੁਣਾਈਆ । ਰਾਤੀਂ ਸੁਤਿਆਂ ਸਾਡੇ ਪਿਛੇ ਫਿਰੇ ਨੱਠੇ, ਨੱਠ ਨੱਠ ਪੰਧ ਮੁਕਾਈਆ । ਦੁਹਾਈ ਲੋਕੋ ਕਰੋ ਠੱਠੇ, ਠੋਕਰ ਹਰਿ ਜੂ ਸਭ ਨੂੰ ਰਿਹਾ ਲਗਾਈਆ । ਬਿਨ ਗੁਰਸਿਖ ਸਵਾਣੀ ਕੋਈ ਲੈ ਕੇ ਨਾ ਜਾਏ ਭੱਤੇ, ਠੰਡਾ ਜਲ ਨਾ ਕੋਇ ਪਿਆਈਆ । ਵੇਖੋ ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਰਹਿ ਗਏ ਹੱਕੇ ਬੱਕੇ, ਪੁਰਖ ਅਕਾਲ ਕੀ ਆਪਣੀ ਬਣਤ ਬਣਾਈਆ । ਜਿਸ ਦੇ ਹੁਕਮ ਅੰਦਰ ਅਸੀਂ ਨੱਚੇ, ਸੋ ਗੁਰਮੁਖਾਂ ਹੁਕਮ ਅੰਦਰ ਫੇਰਾ ਪਾਈਆ । ਗ਼ਰੀਬ ਨਿਮਾਣੇ ਕੋਝੇ ਕਮਲੇ ਸਾਰੇ ਸੱਚੇ, ਜੋ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਰਹੇ ਧਿਆਈਆ । ਲੂੰ ਲੂੰ ਅੰਦਰ ਹਰਿ ਜੂ ਆਪੇ ਰਚੇ, ਸਾਢੇ ਤਿੰਨ ਕਰੋੜ ਗਿਣਤੀ ਨਾ ਕੋਇ ਕਰਾਈਆ । ਗ਼ਰੀਬ ਨਿਮਾਣਿਆਂ ਦੇ ਘਰ ਜਾ ਜਾ ਨੱਚੇ, ਆਪਣਾ ਨਾਚ ਨਚਾਈਆ । ਬ੍ਰਹਮਾ ਕੋਲੋਂ ਬਣੇ ਪੰਜ ਤੱਤ ਸੱਚੇ, ਅੰਦਰ ਆਪਣੀ ਵਸਤ ਟਿਕਾਈਆ । ਬਿਨ ਗੁਰਸਿਖਾਂ ਸਾਰੇ ਕੱਚੇ, ਕਾਇਆ ਕਾਚੀ ਮਾਟੀ ਕੰਮ ਕਿਸੇ ਨਾ ਆਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਸਚਖੰਡ ਜਾ ਕੇ ਗੁਰੂਆਂ ਦੱਸੇ, ਪੀਰ ਪੈਗ਼ੰਬਰਾਂ ਨਾਲ ਰਲਾਈਆ । ਸਾਰੇ ਵੇਖੋ ਜੋ ਭਗਤ ਦੁਆਰੇ ਵਸੇ, ਆਪਣਾ ਪੰਧ ਮੁਕਾਈਆ । ਪੁਰਖ ਅਬਿਨਾਸ਼ੀ ਇਕੋ ਵਾਰ ਕੀਤੇ ਇਕੱਠੇ, ਫੜ ਆਪਣੇ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲੇਖਾ ਛੱਬੀ ਪੋਹ, ਧੁਰਦਰਗਾਹੀ ਦੇਵੇ ਸੋ, ਗੁਰਮੁਖਾਂ ਜਿਹਾ ਆਪੇ ਹੋ, ਆਪ ਆਪਣੀ ਬੂਝ ਬੁਝਾਈਆ ।

### ❇ ੨੬ ਪੋਹ ੨੦੧੯ ਬਿਕਰਮੀ ਜੇਠੂਵਾਲ ਦਰਬਾਰ ਵਿਚ ❇

ਹਰਿ ਜੂ ਆਇਆ ਆਪਣੇ ਪੌੜੇ, ਪੌੜਾ ਨਜ਼ਰ ਕਿਸੇ ਨਾ ਆਈਆ । ਇਕੋ ਮੇਲਾ ਬ੍ਰਹਿਮਣ ਗੌੜੇ, ਗਹਿਰ ਗੰਭੀਰ ਅਖਵਾਈਆ । ਗੋਬਿੰਦ ਹਰਿ ਹਰਿ ਆਪੇ ਬੌਹੜੇ, ਸੰਬਲ ਡੇਰਾ ਲਾਈਆ । ਗੁਰਸਿਖ ਸ਼ਬਦੀ ਸਾਚੇ ਜੋੜੇ, ਜੋੜੀ ਆਪ ਬਣਾਈਆ । ਵੇਖੇ ਰਸ ਮਿੱਠੇ ਕੌੜੇ, ਬੇਅੰਤ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪ ਖੁਲ੍ਹਾਈਆ । ਸਾਚਾ ਪੌੜਾ ਏਕੰਕਾਰ, ਅਕਲ ਕਲ ਧਾਰੀ ਆਪ ਲਗਾਇੰਦਾ । ਜਿਸ ਦੀ ਗੁਰ ਅਵਤਾਰ ਨਾ ਪਾਈ ਸਾਰ, ਪੀਰ ਪੈਗ਼ੰਬਰ ਭੇਵ ਨਾ ਆਇੰਦਾ । ਕਲਜੁਗ ਅੰਤਮ ਖੇਲ ਨਿਆਰ, ਨਰ ਹਰਿ ਨਰਾਇਣ ਆਪ ਕਰਾਇੰਦਾ । ਸਚਖੰਡ ਦਾ ਸਚ ਵਿਹਾਰ, ਸਚ ਸਾਚਾ ਰੂਪ ਦਸਾਇੰਦਾ । ਕਲ ਕਲਕੀ ਲੈ ਅਵਤਾਰ, ਕਲ ਆਪਣੀ ਆਪ ਜਣਾਇੰਦਾ । ਬੇਐਬ ਖ਼ੁਦਾਈ ਪਰਵਰਦਿਗਾਰ, ਨੂਰ ਨੁਰਾਨਾ ਡਗਮਗਾਇੰਦਾ । ਤਖ਼ਤ ਨਿਵਾਸੀ ਹੋ ਤਿਆਰ, ਸ਼ਾਹੋ ਸ਼ਾਬਾਸੀ ਫੇਰਾ ਪਾਇੰਦਾ । ਜਗਤ ਉਦਾਸੀ ਲਾਹੇ ਏਕਾ ਵਾਰ, ਜਮ ਕੀ ਫਾਸੀ ਤੋੜ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਇੰਦਾ । ਸਾਚੇ ਪੌੜੇ ਚੜ੍ਹਿਆ ਭਗਵਾਨ, ਪੌੜਾ ਆਪਣਾ ਆਪ ਲਗਾਈਆ । ਚਾਰ ਜੁਗ ਦੇ ਗੁਰ ਅਵਤਾਰ ਪੀਰ ਪੈਗ਼ੰਬਰ ਸਰਬ ਪਛਤਾਣ, ਸ਼ਹਿਨਸ਼ਾਹ ਕਰਿਆ ਖੇਲ ਵਡ ਵਡਿਆਈਆ । ਬੈਠੇ ਸਾਰੇ ਹੋਏ ਹੈਰਾਨ, ਮੇਰੀ ਕਰਨੀ ਰਹੇ ਜਸ ਗਾਈਆ । ਤੇਰੇ ਦਰ ਰਹੇ ਦਰਬਾਨ, ਦਰਵੇਸ਼ ਅਲੱਖ ਜਗਾਈਆ । ਤੇਰਾ ਨਜ਼ਰ ਨਾ ਆਇਆ ਨਿਸ਼ਾਨ, ਨਿਸ਼ਾਨਾ ਤੀਰ ਨਾ ਕੋਇ ਜਣਾਈਆ । ਜੁਗ ਚੌਕੜੀ ਮੰਗਦੇ ਰਹੇ ਦਾਨ, ਸਾਡੀ ਝੋਲੀ ਨਾ ਕੋਇ ਭਰਾਈਆ । ਬਾਲੀ ਬੁੱਧ ਰਹੇ ਅਵਾਣ, ਭੇਵ ਅਭੇਦ ਨਾ ਕੋਇ ਖੁਲ੍ਹਾਈਆ । ਤੇਰੀ ਕਰ ਨਾ ਸਕੇ ਪਛਾਣ, ਬੇਅੰਤ ਗਾ ਗਾ ਸ਼ੁਕਰ ਮਨਾਈਆ । ਤੇਰੇ ਚਰਨ ਕਰਦੇ ਰਹੇ ਧਿਆਨ, ਕਵਲ ਕਵਲ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਰਿਹਾ ਜਣਾਈਆ । ਸਾਚੇ ਪੌੜੇ ਚੜ੍ਹਿਆ ਆਪ, ਆਪਣੀ ਖੇਲ ਕਰਾਇੰਦਾ । ਜਿਸ ਦਾ ਗੁਰ ਅਵਤਾਰ ਪੀਰ ਪੈਗ਼ੰਬਰ ਕਰਦੇ ਰਹੇ ਜਾਪ, ਸਚ ਸੰਦੇਸਾ ਨਾਮ ਸੁਣਾਇੰਦਾ । ਜਿਸ ਨੂੰ ਕਹਿੰਦੇ ਰਹੇ ਮਾਈ ਬਾਪ, ਪੂਤ ਸਪੂਤਾ ਰੂਪ ਧਰਾਇੰਦਾ । ਸੋ ਸਾਚੇ ਮੰਦਰ ਸਚ ਦਵਾਰ ਹਰਿ ਨਿਰੰਕਾਰ ਨਿਰਗੁਣ ਸਰਗੁਣ ਆਪ, ਪੁਰਖ ਬਿਧਾਤਾ ਆਪ ਅਖਵਾਇੰਦਾ । ਜਨ ਭਗਤਾਂ ਕਰੇ ਜਾਪ, ਜਪਣਹਾਰ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਉਚੇ ਪੌੜੇ ਚੜ੍ਹਿਆ ਨਰ, ਨਰਾਇਣ ਵੱਡੀ ਵਡਿਆਈਆ । ਵੇਖੇ ਸਾਰੇ ਰਹੇ ਡਰ, ਦੋ ਜਹਾਨ ਨੈਣ ਸ਼ਰਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਆਪਣੇ ਕੰਨ ਰਹੇ ਫੜ, ਉਚੀ ਕੂਕ ਦੇਣ ਦੁਹਾਈਆ । ਤੇਰੇ ਪਿਛੇ ਜਨਮੇ ਗਏ ਮਰ, ਜਨਮ ਮਰਨ ਖੇਲ ਵਖਾਈਆ । ਅੰਤ ਚਰਨੀ ਡਿਗੇ ਦੜ, ਮੂੰਹ ਦੇ ਭਾਰ ਸੁਟਾਈਆ । ਸਚਖੰਡ ਦੁਆਰਿਉਂ ਬਾਹਰ ਬੈਠੇ ਅੜ, ਬਿਨ ਨਾਨਕ ਘਰ ਕੋਇ ਨਾ ਜਾਈਆ । ਹੋਏ ਹੈਰਾਨ ਬੇਪਹਿਚਾਣ ਤੇਰਾ ਕੋਇ ਨਾ ਆਏ ਸਰ, ਤੇਰੀ ਸਾਰ ਕੋਇ ਨਾ ਪਾਈਆ । ਕਲਜੁਗ ਅੰਤਮ ਜੋਤੀ ਜਾਤਾ ਵੇਸ ਕਰ, ਪੁਰਖ ਅਬਿਨਾਸ਼ੀ ਫੇਰਾ ਪਾਈਆ । ਸੰਤ ਸੁਹੇਲੇ ਭਗਤ ਭਗਵੰਤ ਲਏ ਫੜ, ਆਪਣਾ ਮੇਲ ਮਿਲਾਈਆ । ਬੌਹੜੀ ਦਰੋਹੀ ਖ਼ੁਦਾਵੰਦ ਅੰਦਰ ਗਿਆ ਵੜ, ਸਾਡੀ ਚਲੇ ਨਾ ਕੋਇ ਚਤੁਰਾਈਆ । ਜਿਸ ਨੇ ਘਾੜਨ ਲਿਆ ਘੜ, ਸੋ ਵੇਖੇ ਚਾਈਂ ਚਾਈਆ । ਜਿਸ ਨੇ ਲਾਈ

ਆਦਿ ਜੜ, ਸੋ ਅੰਤ ਰਿਹਾ ਉਖੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਰਚਾਇਆ, ਮਹਿਮਾ ਅਗਣਤ ਗਣਤ ਜਣਾਇੰਦਾ । ਜਿਸ ਦੀ ਸੇਵਾ ਆਪ ਕਮਾਇਆ, ਸੇਵਕ ਨਜ਼ਰ ਕਿਸੇ ਨਾ ਆਇੰਦਾ । ਜਿਸ ਦਾ ਰੰਗ ਆਪ ਰੰਗਾਇਆ, ਰੂਪ ਰੰਗ ਨਾ ਕੋਇ ਰਖਾਇੰਦਾ । ਜਿਸ ਦਾ ਢੋਲਾ ਆਪ ਸੁਣਾਇਆ, ਗਾਵਣਹਾਰਾ ਰਾਗ ਨਾ ਕੋਇ ਅਲਾਇੰਦਾ । ਜਿਸ ਦਾ ਮਾਣ ਆਪ ਦਿਵਾਇਆ, ਵੇਦ ਪੁਰਾਨ ਭੇਵ ਨਾ ਪਾਇੰਦਾ । ਜਿਸ ਦਾ ਨਕਸ਼ਾ ਆਪ ਖਿਚਾਇਆ, ਗੁਰ ਅਵਤਾਰ ਸਾਰ ਨਾ ਪਾਇੰਦਾ । ਪੀਰ ਪੈਗ਼ੰਬਰ ਰਿਹਾ ਕੁਰਲਾਇਆ, ਮੁਕਾਮੇ ਹੱਕ ਤੇਰਾ ਖੇਲ ਨਜ਼ਰ ਨਾ ਆਇੰਦਾ । ਬੇਨਜ਼ੀਰ ਤੇਰਾ ਨੂਰ ਨਜ਼ਰ ਕੋਇ ਨਾ ਆਇਆ, ਬੇਆਬ ਬੇਆਬ ਦੇਣ ਦੁਹਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਜੀ ਪੌੜਾ ਆਪ ਲਗਾਇੰਦਾ । ਸਾਚਾ ਪੌੜਾ ਉਚ ਮਿਨਾਰ, ਊਚੋ ਊਚ ਆਪ ਕਰਾਈਆ । ਸੇਵਾ ਕਰੇ ਏਕੰਕਾਰ, ਅਕਲ ਕਲ ਆਪਣਾ ਖੇਲ ਕਰਾਈਆ । ਬਰਦਾ ਬਣੇ ਪਰਵਰਦਿਗਾਰ, ਬਰਖ਼ੁਰਦਾਰ ਨਜ਼ਰ ਕਿਸੇ ਨਾ ਆਈਆ । ਕਰੇ ਖੇਲ ਅਗੰਮ ਅਪਾਰ, ਅਲਖ ਅਗੋਚਰ ਵੱਡੀ ਵਡਿਆਈਆ । ਸਤਿਜੁਗ ਦੀ ਸਾਚੀ ਧਾਰ, ਸਚ ਸਚ ਜਣਾਈਆ । ਸਚਖੰਡ ਕਹੇ ਕੋਟਨ ਕੋਟ ਜੁਗ ਮੇਰਾ ਕਿਸੇ ਨਾ ਬਣਾਇਆ ਕੋਈ ਮਿਨਾਰ, ਮੇਰਾ ਭੇਵ ਨਾ ਕਿਸੇ ਜਣਾਈਆ । ਕੋਈ ਕਹੇ ਮੰਦਰ ਮਸਜਿਦ ਮੱਠ ਸ਼ਿਵਦੁਆਰ, ਕੋਈ ਮਸੀਤ ਗੁਰਦੁਆਰ ਠਾਕਰ ਦੁਆਰ ਰਿਹਾ ਜਣਾਈਆ । ਬਿਨਾ ਪੁਰਖ ਅਕਾਲ ਥਿਰ ਰਿਹਾ ਨਾ ਕੋਈ ਵਿਚ ਸੰਸਾਰ, ਜੋ ਆਇਆ ਸੋ ਉਠ ਉਠ ਚਲ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਕਰ, ਸਚ ਮੁਨਾਰੇ ਸੋਭਾ ਪਾਈਆ । ਸਚ ਮੁਨਾਰਾ ਇਕ ਬਣਾ, ਆਪਣੀ ਖੇਲ ਬਣਾਇੰਦਾ । ਛੱਬੀ ਪੋਹ ਸਾਰੀ ਰਾਤ ਦਏ ਸਮਝਾ, ਹਰੀ ਹਰਿ ਜੂ ਭੇਵ ਖੁਲਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਚਾਰ ਕੁੰਟ ਸੇਵਾ ਲਾ, ਹਰਿ ਸੰਗਤ ਵਿਚ ਰਖਾਇੰਦਾ । ਬਿਨ ਨੇਤਰ ਨੈਣਾਂ ਦਏ ਵਿਖਾ, ਨੂਰ ਜ਼ਹੂਰ ਆਪ ਜਣਾਇੰਦਾ । ਬਿਨ ਰਸਨਾ ਜਿਹਵਾ ਦਏ ਬੁਲਾ, ਸੋਹਲਾ ਢੋਲਾ ਇਕ ਸੁਣਾਇੰਦਾ । ਨੈਣਾਂ ਵੇਂਹਦਿਆਂ ਪਿਛਲਾ ਪੈਂਡਾ ਦਏ ਮੁਕਾ, ਪਾਂਧੀ ਆਪਣਾ ਨਾਉਂ ਧਰਾਇੰਦਾ । ਆਪਣਾ ਕਰਮ ਕਾਂਡ ਨੇਹਕਰਮੀ ਸਦ ਦਏ ਮਿਟਾ, ਸਿਰ ਆਪਣਾ ਹੱਥ ਟਿਕਾਇੰਦਾ । ਸਾਚੀ ਸਰਨ ਦਏ ਵਖਾ, ਸਰਨਗਤ ਇਕ ਜਣਾਇੰਦਾ । ਕੋਟ ਜਨਮ ਦੇ ਵਿਛੜਿਆਂ ਲਏ ਉਠਾ, ਫੜ ਬਾਹੋਂ ਗਲੇ ਲਗਾਇੰਦਾ । ਏਕਾ ਅੱਖਰ ਨਾਲ ਲਏ ਸਮਝਾ, ਦੂਜਾ ਪਾਠ ਨਾ ਕੋਈ ਪੜ੍ਹਾਇੰਦਾ । ਜਿਸ ਜਨ ਸੋਹੰ ਢੋਲਾ ਲਿਆ ਗਾ, ਤਿਸ ਗੁਰ ਅਵਤਾਰ ਪੀਰ ਪੈਗ਼ੰਬਰ ਸੰਗ ਨਿਭਾਇੰਦਾ । ਮਹਾਰਾਜ ਸ਼ੇਰ ਸਿੰਘ ਹੁਕਮ ਰਿਹਾ ਸੁਣਾ, ਬਿਨ ਮੇਰੇ ਭਗਤਾਂ ਮੇਰੇ ਦਰ ਨਾ ਕੋਈ ਆਇੰਦਾ । ਮੇਰਾ ਭਗਤ ਅਗੰਮ ਅਪਾਰ, ਵੇਦ ਪੁਰਾਨ ਸ਼ਾਸਤਰ ਸਿਮਰਤ ਅੰਜੀਲ ਕੁਰਾਨ ਖਾਣੀ ਬਾਣੀ ਗੀਤਾ ਗਿਆਨ ਪੜ੍ਹ ਨਾ ਕੋਈ ਸੁਣਾਇੰਦਾ । ਮੇਰਾ ਕੋਈ ਨਾ ਕਰੇ ਵਸਾਹ, ਅਛਲ ਅਛੱਲ ਦੇਣਾ ਰੂਪ ਵਟਾ, ਆਪ ਉਸਾਰੇ ਆਪੇ ਦੇਵੇ ਢਾਹ, ਆਪਣੀ ਖੇਲ ਖਿਲਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗੁਰ ਅਵਤਾਰਾਂ ਦਸੌਂਦਾ ਰਿਹਾ ਰਾਹ, ਆਪਣਾ ਭੇਵ ਨਾ ਕੋਇ ਜਣਾਇੰਦਾ । ਕਲਜੁਗ ਅੰਤਮ ਜੋਤੀ ਜਾਮਾ ਆਵੇ ਭੇਸ ਵਟਾ, ਅਗੰਮੀ ਕਲ ਧਰਾਇੰਦਾ । ਗੋਬਿੰਦ ਸੂਰਾ ਲਏ ਜਗਾ, ਹਾਜ਼ਰ ਹਜ਼ੂਰ ਮੇਲ ਮਿਲਾਇੰਦਾ । ਬਚਨ ਪੂਰਾ ਦਏ ਕਰਾ, ਕੀਤਾ ਕੌਲ ਨਾ ਕੋਈ ਭੁਲਾਇੰਦਾ । ਨੇਤਰ ਨੈਣਾਂ ਦਰਸ ਦਏ ਵਖਾ, ਸਚ ਸਿੰਘਾਸਣ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਰੁੱਤ ਸੁਹੰਜਣੀ ਆਪ ਸੁਹਾਇੰਦਾ । ਰੁੱਤ ਸੁਹੰਜਣੀ ਸਚ ਮਹੱਲ, ਹਰਿ ਮਹਿਫਲ ਆਪ ਲਗਾਈਆ । ਆਦਿ ਜੁਗਾਦਿ ਰੱਖੇ ਅਟੱਲ, ਬੇਅੰਤ ਬੇਪਰਵਾਹੀਆ । ਭੇਵ ਖੁਲਾਇਆ ਅੰਤਮ ਕਲ, ਕਲਜੁਗ ਪਰਦਾ ਲਾਹੀਆ । ਨਿਰਗੁਣ ਦਾਤਾ ਆਇਆ ਚਲ, ਨਿਰਵੈਰ ਫੇਰਾ ਪਾਈਆ । ਦੋ ਜਹਾਨ ਗਏ ਹੱਲ, ਪੁਰੀ ਲੋਅ ਥਰ ਥਰਾਈਆ । ਬ੍ਰਹਿਮੰਡ ਖੰਡ ਕੋਈ ਕਰ ਨਾ ਸਕੇ ਗੱਲ, ਵਿਸ਼ਨ ਬ੍ਰਹਮਾ ਸ਼ਿਵ ਨੇਤਰ ਨੈਣਾਂ ਨੀਰ ਵਹਾਈਆ । ਜਿਸ ਲੇਖਾ ਲੈਣਾ ਜਲ ਥਲ, ਮਹੀਅਲ ਆਪਣਾ ਫੇਰਾ ਪਾਈਆ । ਜਿਸ ਲੱਖ ਚੁਰਾਸੀ ਅੰਦਰ ਵੌਂਹਣਾ ਹਲ, ਬਣ ਕਿਰਸਾਣਾ ਆਪਣੀ ਧਾਰ ਜਣਾਈਆ । ਜਿਸ ਲੇਖਾ ਮੁਕਾਣਾ ਅਗਨੀ ਪਵਣ ਪਾਣੀ ਜਲ, ਹੁਕਮ ਹੁਕਮ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮੁਨਾਰਾ ਦਏ ਵਡਿਆਈਆ । ਮੁਨਾਰਾ ਕਹੇ ਮੋਹੇ ਚੜ੍ਹਿਆ ਚਾ, ਚਾਓ ਘਨੇਰਾ ਇਕ ਜਣਾਈਆ । ਪਾਰਬ੍ਰਹਮ ਪ੍ਰਭ ਮਿਲਿਆ ਆ, ਮਿਲਨੀ ਆਪ ਕਰਾਈਆ । ਜੁਗ ਚੌਕੜੀ ਸਿਧੌਂਦੇ ਰਹੇ ਸਾਹ, ਸਾਹਾ ਸਾਹ ਸਮਝਾਈਆ । ਲਿਖ ਲਿਖ ਲੇਖਾ ਬਣਦੇ ਰਹੇ ਗਵਾਹ, ਸ਼ਹਾਦਤ ਇਕੋ ਨਾਮ ਪਾਈਆ । ਅੰਤਮ ਆਵੇ ਨਿਰਗੁਣ ਨੂਰ ਖ਼ੁਦਾ, ਖ਼ੁਦੀ ਸਭ ਦੀ ਦਏ ਮਿਟਾਈਆ । ਨਿਹਕਲੰਕਾ ਨਾਉਂ ਧਰਾ, ਡੰਕਾ ਇਕੋ ਸ਼ਬਦ ਵਜਾਈਆ । ਰਾਓ ਰੰਕਾ ਲਏ ਉਠਾ, ਨੇਤਰ ਨੈਣ ਅੱਖ ਖੁਲ੍ਹਾਈਆ । ਗੋਬਿੰਦ ਬੰਕਾ ਲਏ ਸੁਹਾ, ਸੰਬਲ ਆਪਣਾ ਰੂਪ ਧਰਾਈਆ । ਮੰਗਲ ਸਾਚਾ ਲਏ ਗਾ, ਆਤਮ ਪਰਮਾਤਮ ਇਕ ਪੜ੍ਹਾਈਆ । ਜੀਵਣ ਜੁਗਤ ਦਏ ਜਣਾ, ਜਨਮ ਜਨਮ ਵਿਚ ਬਦਲਾਈਆ । ਮਰਦ ਮਰਦਾਨ ਫੇਰਾ ਪਾ, ਸਚ ਮਰਦਾਨਗੀ ਆਪ ਵਖਾਈਆ । ਬ੍ਰਹਿਮੰਡ ਖੰਡ ਡੇਰਾ ਦੇਵੇ ਢਾਹ, ਲੋਕਮਾਤ ਕਰੇ ਸਫਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜੁਗ ਜਨਮ ਦਾ ਲੇਖਾ ਦਏ ਵਖਾ, ਲਿਖਤ ਪੜ੍ਹਤ ਹੱਥੀਂ ਦਏ ਫੜਾਈਆ । ਕਾਗ਼ਜ਼ ਕਲਮ ਸ਼ਾਹੀ ਮੁਖ ਰਿਹਾ ਸ਼ਰਮਾ, ਸ਼ਹਿਨਸ਼ਾਹ ਅੱਗੇ ਅੱਖ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮਹੱਲ ਦਏ ਵਡਿਆਈਆ । ਸਚ ਮਹੱਲੇ ਤੇਰੀ ਛੱਤ, ਹਰਿ ਛਤਰ ਛਾਇਆ ਆਪ ਰਖਾਇੰਦਾ । ਭਗਤਾਂ ਰੱਖਣ ਆਇਆ ਸਤਿ, ਅੱਗੇ ਪਿਛੇ ਡੇਰਾ ਲਾਇੰਦਾ । ਪਹਿਲੋਂ ਲੱਖ ਚੁਰਾਸੀ ਨਾਲੋਂ ਕੀਤੇ ਵੱਖ, ਆਪਣਾ ਮੇਲ ਮਿਲਾਇੰਦਾ । ਨਿਰਗੁਣ ਹੋ ਕੇ ਮਾਰਗ ਦੱਸ, ਸਾਚਾ ਰਾਹ ਸੁਣਾਇੰਦਾ । ਸੋਹੰ ਢੋਲਾ ਇਕੋ ਜਸ, ਮੰਤਰ ਹੋਰ ਨਾ ਕੋਈ ਪੜ੍ਹਾਇੰਦਾ । ਪਕੜ ਬਾਹੋਂ ਪਏ ਹੱਸ, ਬਣ ਸੇਵਕ ਸੇਵ ਕਮਾਇੰਦਾ । ਦੋ ਜਹਾਨਾਂ ਵਾਲੀ ਆਇਆ ਨੱਸ, ਬਿਨ ਸੱਦਿਆਂ ਫੇਰਾ ਪਾਇੰਦਾ । ਹਰਿਜਨ ਵੇਖ ਇਕ ਇਕੱਠ, ਇਕੱਤਰ ਏਕਾ ਏਕ ਕਰਾਇੰਦਾ । ਆਪਣੀ ਨੀਹਾਂ ਹੇਠ ਦਬਾਈ ਰੱਤ, ਗੋਬਿੰਦ ਲੱਖ ਲੱਖ ਸ਼ੁਕਰ ਮਨਾਇੰਦਾ । ਅੰਤਮ ਬੈਠਾ ਸੱਥਰ ਘੱਤ, ਯਾਰੜਾ ਧਿਆਨ ਇਕ ਲਗਾਇੰਦਾ । ਪੁਰਖ ਅਬਿਨਾਸ਼ੀ ਇਕ ਜਾਣੇ ਮਿਤ ਗਤ, ਗਤ ਮਿਤ ਆਪ ਸਮਝਾਇੰਦਾ । ਕਲਜੁਗ ਅੰਤਮ ਰੱਖੇ ਪੱਤ, ਪਤਿਪਰਮੇਸ਼ਵਰ ਦਇਆ ਕਮਾਇੰਦਾ । ਲਹਿਣਾ ਦੇਣਾ ਦੇਵੇ ਹੱਥੋ ਹੱਥ, ਸਮਰਥ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮਹੱਲ ਆਪ ਰੁਸ਼ਨਾਇੰਦਾ । ਸਚ ਮਹੱਲ ਸਚ ਮੁਨਾਰਾ, ਹਰਿ ਸਤਿਗੁਰ ਆਪ ਜਣਾਈਆ । ਨਿਰਗੁਣ ਕੀਤਾ ਆਪ ਕਿਨਾਰਾ, ਸਰਗੁਣ ਰੰਗ ਰੰਗਾਈਆ । ਸਚਖੰਡ ਦੀ ਸਾਚੀ ਧਾਰਾ, ਲੋਕਮਾਤ ਪਰਗਟਾਈਆ । ਮੇਲ ਮਿਲਾਵਾ ਭਗਤ ਸੰਸਾਰਾ, ਭਗਵਨ ਆਪਣਾ ਰਾਹ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਦਰ ਦਏ ਵਡਿਆਈਆ ।

ਸੱਤਰਾਂ ਮੇਲਣ ਆਇਆ ਮੇਲਾ, ਹਰਿ ਗੁਰ ਗੁਰ ਹੁਕਮ ਜਣਾਇੰਦਾ । ਏਕਾ ਘਰ ਵਖਾਏ ਗੁਰੂ ਗੁਰ ਚੇਲਾ, ਗੁਰ ਗੋਬਿੰਦ ਰੰਗ ਚੜ੍ਹਾਇੰਦਾ । ਪੁਰਖ ਅਬਿਨਾਸ਼ੀ ਸੱਜਣ ਸੁਹੇਲਾ, ਬਣ ਵਿਚੋਲਾ ਖੇਲ ਖਿਲਾਇੰਦਾ । ਆਤਮ ਪਰਮਾਤਮ ਚਾੜ੍ਹੇ ਤੇਲਾ, ਘਰ ਸਾਚਾ ਸਗਨ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਆਪ ਵਸਾਇੰਦਾ । ਘਰ ਵਸੇ ਸਾਚਾ ਸੋਭਨੀਕ, ਹਰਿ ਦੇਵੇ ਮਾਣ ਵਡਿਆਈਆ । ਗੁਰਮੁਖ ਤੇਰਾ ਦਿਸੇ ਨਾ ਕੋਈ ਸ਼ਰੀਕ, ਸ਼ਰਕਤ ਨਜ਼ਰ ਕੋਇ ਨਾ ਆਈਆ । ਸਾਚੀ ਸਿਖੀ ਧਾਰ ਬਰੀਕ, ਗੋਬਿੰਦ ਦਏ ਵਡਿਆਈਆ । ਅੰਤਮ ਵੇਖਣ ਆਏ ਠੀਕ, ਸ਼ਬਦੀ ਆਪਣਾ ਰੂਪ ਵਟਾਈਆ । ਏਕਾ ਢਈਆ ਦੇ ਕੇ ਤਾਰੀਖ, ਤਾਰੀਕ ਆਪਣੀ ਦਏ ਸਮਝਾਈਆ । ਆਤਮ ਪਰਮਾਤਮ ਸਚ ਪ੍ਰੀਤ, ਸਾਚੀ ਸਿਖਿਆ ਇਕ ਜਣਾਈਆ । ਪੁਰਖ ਅਕਾਲ ਸਾਹਿਬ ਅਨਡੀਠ, ਅਨਡਿਠੜੀ ਖੇਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖੇ ਰਿਹਾ ਲਗਾਈਆ । ਗੋਬਿੰਦ ਆਇਆ ਚਲ ਹਜ਼ੂਰ, ਪੁਰਖ ਅਕਾਲ ਦਇਆ ਕਮਾਇੰਦਾ । ਗੁਰਮੁਖਾਂ ਮਿਲ ਕੇ ਜਾਏ ਜ਼ਰੂਰ, ਜ਼ਰੂਰਤ ਆਪਣੀ ਪੂਰ ਕਰਾਇੰਦਾ । ਜਿਹਨੂੰ ਕਹਿੰਦੇ ਰਹੇ ਦੂਰ ਦੂਰ, ਸੋ ਨੇਰਨ ਨੇਰ ਫੇਰਾ ਪਾਇੰਦਾ । ਗ਼ਰੀਬ ਨਿਮਾਣਿਆਂ ਆਸਾ ਕਰੇ ਪੂਰ, ਆਪਣੀ ਆਸਾ ਨਾਲ ਵਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸਾਚਾ ਖੇਲ ਕਰਾਇੰਦਾ । ਗੋਬਿੰਦ ਆਇਆ ਲੋਕਮਾਤ, ਸ਼ਬਦੀ ਰੂਪ ਧਰਾਈਆ । ਗੁਰਮੁਖਾਂ ਦੇਵੇ ਸਾਚੀ ਦਾਤ, ਇਕੋ ਵੰਡ ਵੰਡਾਈਆ । ਨਾਤਾ ਤੁਟਾ ਜ਼ਾਤ ਪਾਤ, ਦੀਨ ਮਜ਼੍ਹਬ ਨਾ ਕੋਈ ਰਖਾਈਆ । ਪੁਰਖ ਅਕਾਲ ਗਾਓ ਸਾਚੀ ਗਾਥ, ਦੂਜਾ ਇਸ਼ਟ ਨਾ ਕੋਈ ਮਨਾਈਆ । ਜਿਸ ਨੇ ਦਿਤਾ ਤੇਰਾ ਸਾਥ, ਸਗਲਾ



ਸੰਗ ਰਖਾਈਆ । ਜਿਸ ਨੇ ਭੇਜੇ ਤ੍ਰਲੋਕੀ ਨਾਥ, ਜੁਗ ਜੁਗ ਜਨਮ ਜਣਾਈਆ । ਸੋ ਸਾਹਿਬ ਸਦਾ ਸਮਰਾਥ, ਬੇਅੰਤ ਵਡ ਵਡਿਆਈਆ । ਕਲਜੁਗ ਅੰਤਮ ਆਏ ਆਪ, ਆਪਣੀ ਦਇਆ ਕਮਾਈਆ । ਹਰਿਜਨ ਮੇਲੇ ਹੱਸ ਹੱਸ, ਹੰਸ ਮੁਖ ਸਿਫ਼ਤ ਸਾਲਾਹੀਆ । ਤੀਰ ਨਿਸ਼ਾਨਾ ਰਹੇ ਕਸ, ਤੇਰਾ ਚਿਲਾ ਨਾਮ ਉਠਾਈਆ । ਦੋਹਾਂ ਵਿਚੋਲਾ ਬਣ ਕੇ ਜਾਏ ਦੱਸ, ਗੁਰ ਚੇਲਾ ਗੁਰੂ ਸਮਾਈਆ । ਸਚ ਮੁਨਾਰੇ ਕਰ ਇਕੱਠ, ਏਕਾ ਇਕੀ ਵਡ ਵਡਿਆਈਆ । ਏਕਾ ਇਕੀ ਨਾ ਹੋਏ ਰੰਡ, ਨਾਰ ਕੰਤ ਅੰਤ ਸੁਹਾਈਆ । ਨਾਤਾ ਤੋੜ ਭੇਖ ਪਖੰਡ, ਸਾਚੇ ਮਾਰਗ ਰਿਹਾ ਲਾਈਆ । ਲੇਖਾ ਚੁਕਾਏ ਬੱਤੀ ਦੰਦ, ਰਸਨਾ ਕਰੇ ਨਾ ਕੋਈ ਪੜ੍ਹਾਈਆ । ਆਤਮ ਪਰਮਾਤਮ ਦੇਵੇ ਹਰਿ ਅਨੰਦ, ਨਿਜਾਨੰਦ ਇਕ ਵਖਾਈਆ । ਕੂੜੀ ਕਿਰਿਆ ਢਾਹ ਕੰਧ, ਪਰਦਾ ਦੂਈ ਦਏ ਉਠਾਈਆ । ਗੀਤ ਸੁਹਾਗੀ ਇਕੋ ਛੰਦ, ਸੋਹੰ ਦਏ ਸੁਣਾਈਆ । ਜੁਗ ਜਨਮ ਦਾ ਚੁੱਕੇ ਪੰਧ, ਅੱਗੇ ਲੇਖਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਗੁਰਮੁਖ ਰੰਗ ਰੰਗਾਈਆ । ਗੁਰ ਗੋਬਿੰਦ ਆਇਆ ਨਿਰਗੁਣ ਧਾਰ, ਕਲਜੁਗ ਵੇਸ ਵਟਾਈਆ । ਪੁਰਖ ਅਕਾਲ ਕਰ ਪਿਆਰ, ਆਪਣੀ ਉਂਗਲੀ ਲਾਈਆ । ਕਰੇ ਖੇਲ ਵਿਚ ਸੰਸਾਰ, ਨਜ਼ਰ ਕਿਸੇ ਨਾ ਆਈਆ । ਸੰਬਲ ਵਸੇ ਧਾਮ ਨਿਆਰ, ਤ੍ਰੈ ਭਵਨ ਆਪਣਾ ਡੇਰਾ ਲਾਈਆ । ਕਾਗ਼ਜ਼ ਕਲਮ ਨਾ ਪਾਵੇ ਸਾਰ, ਲਿਖ ਲਿਖ ਲੇਖ ਨਾ ਜਾਣੇ ਸ਼ਾਹੀਆ । ਬੇਅੰਤ ਬੇਅੰਤ ਸਾਰੇ ਕਹਿਣ ਪੁਕਾਰ, ਤੂਹੀ ਤੂ ਤੇਰੀ ਵਡਿਆਈਆ । ਤੂੰ ਮੈਂ ਕੋਈ ਕਰੇ ਨਾ ਸਾਚੀ ਕਾਰ, ਕਰਨੀ ਆਪਣੇ ਹੱਥ ਰਖਾਈਆ । ਕਰਤਾ ਹੋ ਆਪ ਤਿਆਰ, ਨਿਰਗੁਣ ਆਪਣਾ ਵੇਸ ਧਰਾਈਆ । ਜੋਤੀ ਜਾਮਾ ਪੁਰਖ ਕਰਤਾਰ, ਕਰਤਾ ਪੁਰਖ ਸੱਚਾ ਸ਼ਹਿਨਸ਼ਾਹੀਆ । ਜੋਤੀ

੩੭੪
੧੩

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਲੇਖਾ ਦਏ ਵਖਾਈਆ । ਗੋਬਿੰਦ ਵੇਖ ਸਾਚਾ ਮਿੱਤਰ, ਮਿੱਤਰ ਪਿਆਰਾ ਆਪ ਮਿਲਾਇੰਦਾ । ਜਿਸ ਨੇ ਖੇਲ ਕਰਾਇਆ ਬਾਜ਼ ਤਿੱਤਰ, ਤ੍ਰੈਗੁਣ ਮਾਇਆ ਡੇਰਾ ਢਾਹਿੰਦਾ । ਕਲਜੁਗ ਅੰਤਮ ਆਇਆ ਨਿਤਰ, ਸੀਸ ਆਪਣੇ ਤਾਜ ਟਿਕਾਇੰਦਾ । ਲੱਖ ਚੁਰਾਸੀ ਵੇਖੇ ਵੱਤਰ, ਵੱਤਰ ਵੇਂਹਦਾ ਨਜ਼ਰ ਕਿਸੇ ਨਾ ਆਇੰਦਾ । ਆਦਿ ਜੁਗਾਦਿ ਨਾ ਹੋਵੇ ਭਿੱਟੜ, ਜੂਨੀ ਰਹਿਤ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਆਪਣੇ ਰੰਗ ਵਖਾਇੰਦਾ । ਰਲ ਕੇ ਕਰ ਲਓ ਮੇਰਾ ਸਾਥ, ਕਲਜੁਗ ਅੰਤਮ ਡੇਰਾ ਢਾਈਆ । ਪੁਰਖ ਅਬਿਨਾਸ਼ੀ ਬਣਿਆ ਸਾਕ, ਸੱਜਣ ਬੇਪਰਵਾਹੀਆ । ਘਰ ਦਰ ਆਇਆ ਰਸੂਲ ਪਾਕ, ਪਰਵਰਦਿਗਾਰ ਫੇਰਾ ਪਾਈਆ । ਜਿਸ ਬਾਲਿਆਂ ਲੇਖੇ ਲਾਈ ਖ਼ਾਕ, ਨੀਹਾਂ ਹੇਠ ਰੱਤ ਡੁਲ੍ਹਾਈਆ । ਸੋ ਅੰਤਮ ਉਤਰਿਆ ਪਾਰ ਘਾਟ, ਪੂਰਾ ਘਾਟਾ ਦਏ ਕਰਾਈਆ । ਸਚ ਮੁਨਾਰੇ ਆ ਕੇ ਮੇਟੇ ਅਗਲੀ ਵਾਟ, ਪਿਛਲਾ ਪੰਧ ਮੁਕਾਈਆ । ਏਥੇ ਓਥੇ ਦਏ ਨਿਜ਼ਾਤ, ਸਿਰ ਆਪਣਾ ਹੱਥ ਟਿਕਾਈਆ । ਨਾਲ ਲੈ ਕੇ ਆਇਆ ਵੱਡਾ ਖ਼ਾਤ, ਆਪਣਾ ਖ਼ਾਤਾ ਇਕ ਖੁਲ੍ਹਾਈਆ । ਰਾਤੀਂ ਸੁਤਿਆਂ ਸਦਾ ਪੁਛੇ ਵਾਤ, ਆਤਮ ਪਰਮਾਤਮ ਕਰੇ ਪੜ੍ਹਾਈਆ । ਕੋੜ੍ਹਿਆਂ ਕਮਲਿਆਂ ਪੁਛੇ ਵਾਤ, ਗ਼ਰੀਬ ਨਿਮਾਣਿਆਂ ਲਏ ਉਠਾਈਆ । ਬਿਨ ਸੇਵਕ ਹੋਏ ਦਾਸ, ਦਾਸੀ ਆਪਣਾ ਰੂਪ ਵਟਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਨਾਲ ਰਖਾਏ ਸ਼ਾਖ਼, ਸ਼ਨਾਖ਼ਤ ਹੱਕੋ ਹੱਕ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਤਰਾਂ ਲੇਖਾ ਦਏ ਲਿਖਾਈਆ । ਸੱਤਰਾਂ ਮੇਲਾ ਗੋਬਿੰਦ ਮੀਤਾ, ਹਰਿ ਸੱਜਣ ਆਪ ਜਣਾਈਆ । ਵੇਖੇ ਅੱਗੇ ਚਲਾਈ ਰੀਤਾ, ਪਿਛਲੀ ਢੇਰੀ ਦੇਵੇ ਢਾਹੀਆ । ਲੱਖ ਚੁਰਾਸੀ ਪਰਖੇ ਨੀਤਾ, ਘਟ ਘਟ ਰਿਹਾ ਸਮਾਈਆ । ਕੋਈ ਰਹਿਣ ਨਾ ਦੇਵੇ ਮੰਦਰ ਮਸੀਤਾ, ਗੁਰਦੁਆਰ ਨਾ ਕੋਈ ਵਡਿਆਈਆ । ਇਹ ਨਜ਼ਰੀ ਆਏ ਸਾਹਿਬ ਰੀਤਾ, ਤ੍ਰੈਗੁਣ ਡੇਰਾ ਢਾਹੀਆ । ਸਭ ਨੇ ਭਰਨਾ ਆਪਣਾ ਕੀਤਾ, ਅੱਗੇ ਹੋ ਨਾ ਕੋਈ ਛੁਡਾਈਆ । ਗੁਰਮੁਖ ਗੁਰਸਿਖ ਨਾ ਮਰਿਆ ਨਾ ਜੀਤਾ, ਗੁਰ ਸਤਿਗੁਰ ਵਿਚ ਸਮਾਈਆ । ਅੰਤਮ ਪਾਸ ਆਪੇ ਕੀਤਾ, ਫੇਲ ਪੱਟੀ ਨਾ ਕੋਈ ਪੜ੍ਹਾਈਆ । ਵੇਖ ਧਾਮ ਇਕ ਅਨਡੀਠਾ, ਬਣ ਸੇਵਕ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਤਰ ਆਪਣੇ ਲੇਖੇ ਲਾਈਆ । ਸੱਤਰ ਸੱਤ ਦੋ ਸਤਿਵਾਦ, ਸਤਿ ਸਤਿ ਜਣਾਇੰਦਾ । ਸਿਫ਼ਰਾ ਰੂਪ ਬਣਾਇਆ ਆਦਿ, ਸਤਿ ਆਪਣਾ ਨਾਉਂ ਧਰਾਇੰਦਾ । ਸੱਤ ਸਿਫ਼ਰੇ ਦੀ ਇਕੋ ਯਾਦ, ਪੁਰਖ ਅਕਾਲ ਆਪ ਰਖਾਇੰਦਾ । ਕਲਜੁਗ ਅੰਤਮ ਦਿਤੀ ਦਾਦ, ਹਰਿ ਦਰਦੀ ਦਰਦ ਵੰਡਾਇੰਦਾ । ਭਗਤ ਸੁਹੇਲੇ ਕਰ ਕਰ ਲਾਡ, ਅੰਤ ਆਪਣਾ ਮੇਲ ਮਿਲਾਇੰਦਾ । ਸ਼ਬਦ ਅਗੰਮੀ ਇਕੋ ਨਾਦ, ਬ੍ਰਹਮ ਬ੍ਰਹਿਮਾਦਿ ਅੰਤ ਸੁਣਾਇੰਦਾ । ਏਕਾ ਨਾਇਆਂ ਰਚ ਰਚ ਕਾਜ, ਕਰਤਾ ਪੁਰਖ ਵੇਖ ਵਖਾਇੰਦਾ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਪ੍ਰਭ ਲਈ ਲੈ ਕੇ ਆਇਆ ਦਾਤ, ਸਿਰ ਖਾਰੀ ਆਪ ਉਠਾਇੰਦਾ । ਸੱਤਰਾਂ ਪਿਛੇ ਬਣ ਜਾਏ ਰਾਜ, ਬਣ ਮਿਸਤਰੀ ਕਾਂਡੀ ਤੇਸੀ ਹੱਥ ਉਠਾਇੰਦਾ । ਸਚਖੰਡ ਦੁਆਰੇ ਬਹਿ ਬਹਿ ਮਾਰੇ ਆਵਾਜ਼, ਗੁਰ ਅਵਤਾਰ ਆਪ ਉਠਾਇੰਦਾ । ਉਠੋ ਸਾਰੇ ਸੇਵਾ ਕਰੋ ਆਜ, ਵੇਲਾ ਗਿਆ ਹੱਥ ਨਾ ਆਇੰਦਾ । ਜਿਸ ਨੇ ਸੀਸ ਰਖਾਇਆ ਤਾਜ, ਸੋ ਸਭ ਦਾ ਡੇਰਾ ਢਾਹਿੰਦਾ । ਜਿਸ ਦੀ ਪਿਛੇ ਪੜ੍ਹਦੇ ਆਏ ਨਿਮਾਜ਼, ਸੋ ਆਪਣੀ ਨਜ਼ਮ ਆਪ ਸੁਣਾਇੰਦਾ । ਜਿਸ ਦੀ ਸੁਣਦੇ ਰਹੇ ਅਵਾਜ਼, ਸੋ ਢੋਲਾ ਆਪੇ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

੩੭੫
੧੩

ਸੱਤਰ ਲੇਖੇ ਆਪੇ ਲਾਇੰਦਾ । ਸੱਤਰਾਂ ਲੇਖਾ ਅੰਤ ਲਗਾਇਆ, ਪਿਛਲੀ ਲੱਗੀ ਤੋੜ ਨਿਭਾਈਆ । ਸਰਸੇ ਲਹਿਣਾ ਝੋਲੀ ਪਾਇਆ, ਅਰਸ਼ੀ ਪ੍ਰੀਤਮ ਫੇਰਾ ਪਾਈਆ । ਬਣ ਦਰਸੀ ਆਪਣਾ ਦਰਸ ਕਰਾਇਆ, ਹਰਸ ਰਹੇ ਨਾ ਰਾਈਆ । ਅੰਮ੍ਰਿਤ ਮੇਘ ਇਕ ਬਰਸਾਇਆ, ਛੱਬੀ ਪੋਹ ਅੱਧੀ ਰਾਤ ਜਾਮ ਪਿਆਈਆ । ਬੂੰਦ ਬੂੰਦੀ ਦਏ ਟਪਕਾਇਆ, ਕਿਰਨ ਕਿਰਨ ਵਖਾਈਆ । ਝਿਰਨ ਝਿਰਨ ਹਰਿ ਰਿਹਾ ਜਣਾਇਆ, ਸਰਨ ਸਰਨ ਵਡਿਆਈਆ । ਫਰਨ ਫਰਨ ਪ੍ਰਭ ਪੂਰਨ ਆਇਆ, ਪੂਰਨ ਵਿਚ ਸਮਾਈਆ । ਗੋਬਿੰਦ ਰੂਪ ਆਪ ਧਰਾਇਆ, ਗੋਬਿੰਦ ਸੰਗ ਦਏ ਵਡਿਆਈਆ । ਪਰਦਾ ਉਹਲਾ ਦਏ ਚੁਕਾਇਆ, ਉਚੀ ਕੂਕ ਕੂਕ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਤਰਾਂ ਮੀਤਾ ਆਪ ਅਖਵਾਈਆ । ਸੱਤਰੋ ਵੇਖੇ ਗੁਰ ਗੋਬਿੰਦ, ਕਲਜੁਗ ਅੰਤਮ ਵੇਸ ਵਟਾਇੰਦਾ । ਅੰਤਮ ਲਾਹੇ ਝੂਠੀ ਚਿੰਦ, ਲੇਖਾ ਅਵਰ ਨਾ ਕੋਈ ਰਖਾਇੰਦਾ । ਨਾਲ ਰਲਾਇਆ ਗਹਿਰ ਗੰਭੀਰ ਗੁਣੀ ਗਹਿੰਦ, ਬੇਪਰਵਾਹ ਸੰਗ ਨਿਭਾਇੰਦਾ । ਡਿੱਗੇ ਚਰਨੀ ਵਿਸ਼ਨ ਬ੍ਰਹਮਾ ਸ਼ਿਵ ਇੰਦ, ਬਾਹੋਂ ਫੜ ਨਾ ਕੋਈ ਉਠਾਇੰਦਾ । ਜਿਸ ਦੀ ਪੀਰ ਪੈਗ਼ੰਬਰ ਬਣੇ ਬਿੰਦ, ਸੁਤ ਨਾਦੀ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਸਮਝਾਇੰਦਾ । ਆਪਣਾ ਹੁਕਮ ਕੁੰਟ ਚਾਰ, ਚਾਰ ਚਾਰ ਚਾਰ ਮਨਾਈਆ । ਚਾਰ ਚਾਰ ਚਾਰ ਦੀ ਖਿੱਚ ਲਕਾਰ, ਚਾਰੋਂ ਕੁੰਟ ਵਖਾਈਆ । ਚਲਦਾ ਫਿਰਦਾ ਕਰੇ ਵਿਹਾਰ, ਬਣ ਵਣਜਾਰਾ ਵਪਾਰੀ ਬੇਪਰਵਾਹੀਆ । ਉਚੀ ਕੂਕੇ ਵਾਰੋ ਵਾਰ, ਕੂਕ ਕੂਕ ਸੁਣਾਈਆ । ਉਠੋ ਹੋਵੋ ਖ਼ਬਰਦਾਰ, ਖ਼ਵਾਬ ਸਭ ਦੇ ਪੂਰੇ ਕਰਾਈਆ । ਪਰਗਟ ਹੋਇਆ ਹੱਕ ਜਨਾਬ, ਹਕੀਕਤ ਪਰਦਾ ਦੇਵੇ ਲਾਹੀਆ । ਅੰਤਮ ਸਭ ਨੂੰ ਕਰਨਾ ਪਏ ਆਦਾਬ, ਸਿਰ ਸਕੇ ਨਾ ਕੋਈ ਉਠਾਈਆ । ਆਦਿ ਜੁਗਾਦੀ ਗੁਰੂ ਮਹਾਰਾਜ, ਸ਼ਹਿਨਸ਼ਾਹ ਇਕੋ ਜਣਾਈਆ । ਜਿਸ ਨੇ ਸੀਸ ਰਖਾਇਆ ਤਾਜ, ਤਾਜਾਂ ਵਾਲੇ ਦਏ ਖਪਾਈਆ । ਜਨ ਭਗਤਾਂ ਅੰਤਮ ਰੱਖੇ ਲਾਜ, ਸਿਰ ਆਪਣਾ ਹੱਥ ਟਿਕਾਈਆ । ਅੱਗੇ ਪਿੱਛੇ ਸਾਚੇ ਤਿੰਨ ਹਾਥ ਸਿੰਘਾਸਣ ਪੁਰਖ ਅਬਿਨਾਸ਼ੀ ਸ਼ਬਦੀ ਮਾਰੇ ਅਵਾਜ਼, ਸੁੱਤਿਆਂ ਆਪ ਜਗਾਈਆ । ਇਕ ਨੌਂ ਦਾ ਰਚਿਆ ਕਾਜ, ਕਰਨੀ ਕਰਤਾ ਆਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੂਆ ਏਕਾ ਨਾਲ ਮਿਲਾਈਆ । ਦੂਏ ਨਾਲ ਮਿਲੇ ਏਕਾ, ਏਕਾ ਰੰਗ ਵਖਾਈਆ । ਏਕਾ ਰੱਖੇ ਦੂਆ ਟੇਕਾ, ਦੂਆ ਏਕਾ ਆਪ ਹੋ ਜਾਈਆ । ਭਗਤ ਭਗਵੰਤ ਲਿਖਾਏ ਲੇਖਾ, ਭੇਵ ਅਭੇਦ ਖੁਲ੍ਹਾਈਆ । ਪਹਿਲੀ ਵੇਰ ਪਹਿਲੀ ਰਾਤ ਲੋਕਮਾਤ ਕੱਢ ਕੇ ਜਾਏ ਭੁਲੇਖਾ, ਭਾਂਡਾ ਭਰਮ ਭੌ ਭੰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਕੁੰਟ ਦੀ ਸਾਚੀ ਧਾਰ, ਅੰਦਰ ਵੜ ਕਰੇ ਹਰੀ ਦਵਾਰ, ਭਗਤ ਦੁਆਰੇ ਆਪ ਵਡਿਆਈਆ । ਚਾਰ ਕੁੰਟ ਦਾ ਭਗਤ ਦੁਆਰਾ, ਹਰਿ ਭਗਵਨ ਖੇਲ ਕਰਾਇੰਦਾ । ਉਤਰ ਪੂਰਬ ਪੱਛਮ ਦੱਖਣ ਦੱਸੀ ਜਾਏ ਸਚ ਕਿਨਾਰਾ, ਨਿਰਗੁਣ ਆਪਣਾ ਪੰਧ ਮੁਕਾਇੰਦਾ । ਗਾਵਤ ਗਾਏ ਦਇਆ ਕਮਾਏ ਢੋਲਾ ਗਾਏ ਜੈ ਜੈਕਾਰਾ, ਸ਼ਬਦੀ ਸ਼ਬਦ ਅਲਾਇੰਦਾ । ਨਿਰਗੁਣ ਸਰਗੁਣ ਕਰੇ ਵਿਹਾਰਾ, ਭੇਵ ਕੋਇ ਨਾ ਪਾਇੰਦਾ । ਦਰ ਦਰਵੇਸ਼ ਨਰ ਨਰੇਸ਼ ਸਾਚੇ ਤਖ਼ਤ ਬਹੇ ਸਿਕਦਾਰਾ, ਭੂਪਤ ਭੂਪ ਨਾਉਂ ਧਰਾਇੰਦਾ । ਰਾਜ ਜੋਗ ਦਾ ਇਕ ਵਿਹਾਰਾ, ਇਕੋ ਘਰ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਸੱਤਰਾਂ ਲੇਖਾ ਆ ਕੇ ਲਾਇੰਦਾ । ਸੱਤਰ ਲੇਖਾ ਅੰਦਰ ਰੱਖ, ਏਕੰਕਾਰ ਆਪ ਕਰਾਈਆ । ਮੇਲ ਮਿਲਾਏ ਕਰੇ ਨਾ ਬਸ, ਬਿਸਮਲ


੩੭੬
੧੩

ਆਪਣਾ ਰੂਪ ਜਣਾਈਆ । ਸਤਿ ਸਤਿਵਾਦੀ ਮਾਰਗ ਦੱਸ, ਚਾਰ ਚਾਰ ਭੇਵ ਖੁਲ੍ਹਾਈਆ । ਚਾਰ ਵਰਨ ਦਾ ਇਕੋ ਹੱਟ, ਚਾਰ ਕੁੰਟ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੂਆ ਏਕਾ ਏਕਾ ਘਰ ਬਹਾਈਆ । ਦੂਆ ਏਕਾ ਸਾਚੀ ਇਕੀ, ਇਕੀਆਂ ਆਪ ਜਣਾਇੰਦਾ । ਸੰਮਤ ਪੰਦਰਾਂ ਜਿਨ੍ਹਾਂ ਧਾਰ ਰੱਖੀ ਤਿੱਖੀ, ਅਠਸਠ ਖੇਲ ਕਰਾਇੰਦਾ । ਗੰਗਾ ਜਮਨਾ ਸੁਰਸਤੀ ਵਹਾਈ ਨਿੱਕੀ, ਨਿੱਕੀ ਬਾਲੀ ਨਾਲ ਮਿਲਾਇੰਦਾ । ਤਿੰਨਾਂ ਸਾਲਾਂ ਪਿਛੋਂ ਹੋਈ ਵੱਡੀ, ਗੁਰਮੁਖਾਂ ਆਪ ਵਖਾਇੰਦਾ । ਸੰਤ ਅੰਤ ਸਵਾਣੀ ਬਣੀ ਨੱਢੀ, ਸੀਸ ਮਹਿੰਡੀ ਇਕ ਗੁੰਦਾਇੰਦਾ । ਜਿਸ ਗੰਗ ਲੱਖ ਚੁਰਾਸੀ ਹੱਡੀ, ਅੰਤ ਹੱਡੀਆਂ ਭੰਨ ਵਖਾਇੰਦਾ । ਜਿਸ ਦੇ ਅੰਦਰ ਮੱਛੀ ਡੱਡੀ, ਡੰਡਾ ਆਪਣਾ ਇਕ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਜਣਾਇੰਦਾ । ਇੱਕੀ ਸਿਖ ਰਹਿਣਾ ਤਿਆਰ, ਹਰਿ ਤਿਆਰੀ ਆਪ ਕਰਾਈਆ । ਜਿਨ੍ਹਾਂ ਪਿਛੇ ਲੱਖ ਚੁਰਾਸੀ ਪੈਣੀ ਮਾਰ, ਬਚਿਆ ਕੋਈ ਨਜ਼ਰ ਨਾ ਆਈਆ । ਸ਼ਾਹ ਸੁਲਤਾਨਾਂ ਕਰੇ ਖ਼ੁਆਰ, ਸੀਸ ਤਾਜ ਨਾ ਕੋਈ ਟਿਕਾਈਆ । ਕਲਜੁਗ ਜਗਤ ਦੁਹਾਗਣ ਨਾਰ ਹੋਏ ਵਿਭਚਾਰ, ਨਰ ਹਰਿ ਕੰਤ ਨਜ਼ਰ ਨਾ ਆਈਆ । ਸੁਹੰਜਣੀ ਸੇਜ ਰੋਵੇ ਜ਼ਾਰੋ ਜ਼ਾਰ, ਰੈਣ ਅੰਧੇਰੀ ਸਿਰ ਤੇ ਛਾਈਆ । ਨਾ ਕੋਈ ਦਿਸੇ ਮੀਤ ਮੁਰਾਰ, ਨਾ ਕੋਈ ਦਿਸੇ ਸਕਾ ਭਾਈਆ । ਪਿਤਾ ਪੂਤ ਨਾ ਕੋਈ ਅਧਾਰ, ਸਾਕ ਸੱਜਣ ਨਾ ਕੋਈ ਵਡਿਆਈਆ । ਬਿਨ ਹਰਿ ਭਗਤਾਂ ਮਿਲੇ ਨਾ ਕੰਤ ਭਤਾਰ, ਫੜ ਬਾਹੋਂ ਗਲੇ ਨਾ ਕੋਈ ਲਗਾਈਆ । ਸਤਿਜੁਗ ਦਾ ਸਚ ਵਿਹਾਰ, ਸੰਮਤ ਵੀਹ ਸੌ ਉਨੀ ਦਏ ਸਮਝਾਈਆ । ਚਾਰ ਸਾਲ ਸੁੱਤਾ ਰਿਹਾ ਪੈਰ ਪਸਾਰ, ਆਪਣੀ ਲਈ ਨਾ ਮਾਤ ਅੰਗੜਾਈਆ । ਤੀਜੀ ਛੱਤੇ ਹੋ ਤਿਆਰ, ਭਗਤ ਦੁਆਰੇ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਿੰਨਾਂ ਏਕਾ ਬੰਧਨ ਪਾਈਆ । ਤੀਜੀ ਛੱਤੇ ਚੜ੍ਹ ਭਗਵਾਨਾ, ਹਰਿ ਭਗਵਾਨ ਖੇਲ ਕਰਾਇੰਦਾ । ਜਮਨਾ ਸੁਰਸਤੀ ਬੰਨ੍ਹੇ ਗਾਨਾ, ਗੰਗਾ ਨਾਲ ਮਿਲਾਇੰਦਾ । ਅੰਤਮ ਮੇਟੇ ਆਪ ਨਿਸ਼ਾਨਾ, ਤੀਰ ਨਿਸ਼ਾਨਾ ਆਪ ਲਗਾਇੰਦਾ । ਛੱਬੀ ਪੋਹ ਸਭ ਦੇ ਵੇਂਹਦਿਆਂ ਜਨ ਭਗਤਾਂ ਦੇਵੇ ਮਾਣਾ, ਗੁਰ ਅਵਤਾਰ ਪੀਰ ਪੈਗ਼ੰਬਰ ਆਪ ਉਠਾਇੰਦਾ । ਪੁਰਖ ਅਬਿਨਾਸ਼ੀ ਹੁਕਮਰਾਨਾ, ਧੁਰ ਫ਼ਰਮਾਣਾ ਆਪ ਸੁਣਾਇੰਦਾ । ਪੰਜਾਂ ਪਿਆਰਿਆਂ ਬੰਨ੍ਹੇ ਗਾਨਾ, ਮੌਲੀ ਤੰਦ ਨਾਲ ਰਖਾਇੰਦਾ । ਖੰਡਾ ਖਿੱਚੇ ਵਿਚੋਂ ਮਿਆਨਾ, ਦੋ ਜਹਾਨਾਂ ਵੰਡ ਵੰਡਾਇੰਦਾ । ਅੱਲਾ ਰਾਣੀ ਹੋਏ ਹੈਰਾਨਾ, ਹਰਿ ਜੂ ਕੀ ਕੀ ਖੇਲ ਕਰਾਇੰਦਾ । ਮੁਹੰਮਦ ਨਿਉਂ ਨਿਉਂ ਕਰੇ ਸਲਾਮਾ, ਸਯਦਾ ਸੀਸ ਝੁਕਾਇੰਦਾ । ਜ਼ਬਰਾਈਲ ਨਾ ਕੋਈ ਧਿਆਨਾ, ਧੁਰ ਸੰਦੇਸ਼ ਨਾ ਕੋਈ ਸੁਣਾਇੰਦਾ । ਈਸਾ ਬਣੇ ਬਾਲ ਨਾਦਾਨਾ, ਅੱਗੇ ਝੋਲੀ ਆਪਣੀ ਡਾਹਿੰਦਾ । ਮੂਸਾ ਹੋਏ ਅੰਤ ਹੈਰਾਨਾ, ਤੇਰਾ ਭੇਵ ਨਾ ਕੋਈ ਖੁਲ੍ਹਾਇੰਦਾ । ਗੋਬਿੰਦ ਕਹੇ ਮੈਂ ਤੈਨੂੰ ਮਿਲਾਂ ਭਗਵਾਨਾ, ਜਿਸ ਦਾ ਅੰਤ ਕੋਇ ਨਾ ਪਾਇੰਦਾ । ਭਗਤ ਦੁਆਰਾ ਜਿਸ ਸੁਹਾਨਾ, ਸਚ ਮਹੱਲੇ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਚਾਰ ਚਾਰ ਦਾ ਇਕ ਵਿਹਾਰ, ਇੱਕੀਆਂ ਨਾਲ ਕਰੇ ਪਿਆਰ, ਪ੍ਰੇਮ ਪਿਆਰਾ ਫੇਰਾ ਪਾਇੰਦਾ । ਪ੍ਰੇਮ ਪਿਆਰਾ ਗਇਆ ਆ, ਆਇਆ ਨਿਰਗੁਣ ਧਾਰਾ । ਜਨ ਭਗਤਾਂ ਬਣੇ ਮਲਾਹ, ਫੜ ਬਾਹੋਂ ਕਰੇ ਪਾਰਾ । ਸਾਚੀ ਦੇਵੇ ਇਕ ਸਲਾਹ, ਸ਼ਾਹ ਪਾਤਸ਼ਾਹ ਗੁਰ ਅਵਤਾਰਾ । ਏਕਾ ਨਈਆ ਦਏ ਚੜ੍ਹਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲੇਖਾ ਜਾਣੇ ਸਰਬ ਸੰਸਾਰਾ, ਚਾਰ ਚਾਰ

ਦਾ ਸਚ ਵਿਹਾਰਾ, ਵਿਵਹਾਰੀ ਆਪ ਕਰਾਈਆ । ਸਚ ਸੁੱਚ ਦਾ ਸਚ ਵਣਜਾਰਾ, ਘਰ ਸਾਚੇ ਫੇਰਾ ਪਾਈਆ । ਸਚ ਸਚ ਦੀ ਖਿੱਚ ਕਟਾਰਾ, ਏਕਾ ਰੰਗ ਵਖਾਈਆ । ਕਾਗਦ ਕਲਮ ਨਾ ਲਿਖਣਹਾਰਾ, ਸ਼ਾਹੀ ਮਿਲੇ ਨਾ ਕੋਈ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੱਤਰਾਂ ਦੇਵੇ ਇਕੋ ਮਾਣ, ਚੁਹੱਤਰਾਂ ਫੜਾਏ ਸਚ ਨਿਸ਼ਾਨ, ਹਰਿ ਸੰਗਤ ਅੱਗੇ ਅੱਗੇ ਲਾਈਆ ।

ਸਚਖੰਡ ਨਿਵਾਸੀ ਆਇਆ ਥਿਰ ਘਰ, ਧੁਰ ਦਾ ਹੁਕਮ ਜਣਾਈਆ । ਸ਼ਬਦ ਸੁਤ ਰਿਹਾ ਡਰ, ਭੈ ਭੌ ਇਕ ਰਖਾਈਆ । ਨਿਉਂ ਨਿਉਂ ਚਰਨੀ ਡਿਗਾ ਦੜ, ਆਪਣਾ ਮਾਣ ਗਵਾਈਆ । ਸ੍ਰੀ ਭਗਵਾਨ ਕਿਰਪਾ ਕਰ, ਹੱਥ ਤੇਰੇ ਵਡਿਆਈਆ । ਪੁਰਖ ਅਬਿਨਾਸ਼ੀ ਕਹੇ ਭਾਣਾ ਜਰ, ਸਚ ਸੰਦੇਸ਼ ਸੁਣਾਈਆ । ਗੁਰ ਗੋਬਿੰਦ ਕਲਜੁਗ ਦੇ ਕੇ ਆਇਆ ਵਰ, ਲੱਖ ਚੁਰਾਸੀ ਜੀਵ ਜੰਤ ਸਮਝਾਈਆ । ਪਰਗਟ ਹੋਵੇ ਨਿਹਕਲੰਕ ਨਰਾਇਣ ਨਰ, ਨਿਰਗੁਣ ਆਪਣਾ ਰੂਪ ਵਟਾਈਆ । ਸਾਚੇ ਮੰਦਰ ਬਹੇ ਚੜ੍ਹ, ਸੰਬਲ ਆਪਣਾ ਡੇਰਾ ਲਾਈਆ । ਗੁਰਮੁਖ ਸੱਜਣ ਲਏ ਫੜ, ਸਰਗੁਣ ਨਿਰਗੁਣ ਮੇਲ ਕਰਾਈਆ । ਲੇਖਾ ਜਾਣੇ ਸੀਸ ਧੜ, ਜਗਦੀਸ ਹੱਥ ਵਡਿਆਈਆ । ਆਪਣੀ ਕਰਨੀ ਲਏ ਕਰ, ਦੂਜਾ ਸੰਗ ਨਾ ਕੋਈ ਰਖਾਈਆ । ਆ ਦੁਲਾਰੇ ਦੇਵਾਂ ਵਰ, ਪੁਰਖ ਅਕਾਲ ਰਿਹਾ ਸਮਝਾਈਆ । ਮਰਦ ਮਰਦਾਨਾ ਜਾਏ ਬਣ, ਮਿਲੇ ਮਾਣ ਵਡਿਆਈਆ । ਏਕਾ ਰਾਗ ਸੁਣਾਏ ਕੰਨ, ਬਿਨ ਕੰਨਾਂ ਰਿਹਾ ਜਣਾਈਆ । ਅੰਤਮ ਛੱਡਣਾ ਪੰਜ ਤੱਤ ਤਨ, ਤ੍ਰੈ ਤ੍ਰੈ ਬੰਧਨ ਨਾ ਕੋਈ ਪਾਈਆ । ਨਾ ਦੇਹੁਰਾ ਨਾ ਛੱਪਰੀ ਛੰਨ, ਮੰਦਰ ਮਸੀਤ ਨਾ ਕੋਈ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਦੁਆਰੇ ਆਪ ਸੁਹਾਈਆ । ਸ਼ਬਦ ਸੁਤ ਪ੍ਰਭ ਦਏ ਦਿਲਾਸਾ, ਹਰਿ ਹਰਿ ਜੂ ਖੇਲ ਖਿਲਾਇੰਦਾ । ਗੁਰਮੁਖ ਕਦੇ ਨਾ ਹੋਏ ਨਿਰਾਸਾ, ਗੁਰਸਿਖ ਗੁਰ ਗੁਰ ਆਪ ਉਠਾਇੰਦਾ । ਗੋਬਿੰਦ ਦੇ ਕੇ ਗਿਆ ਭਰਵਾਸਾ, ਪੁਰਖ ਅਕਾਲ ਗੋਦ ਸੁਹਾਇੰਦਾ । ਨਿਜ ਘਰ ਬਹਿ ਬਹਿ ਕਰੇ ਵਾਸਾ, ਕਾਇਆ ਮੰਦਰ ਡੇਰਾ ਲਾਇੰਦਾ । ਜੋਤੀ ਨੂਰ ਕਰੇ ਪਰਕਾਸ਼ਾ, ਅਗਿਆਨ ਅੰਧੇਰ ਚੁਕਾਇੰਦਾ । ਆਤਮ ਪਰਮਾਤਮ ਦੇਵੇ ਸਾਥਾ, ਸਗਲਾ ਸੰਗ ਨਿਭਾਇੰਦਾ । ਸੋ ਪੁਰਖ ਨਿਰੰਜਣ ਪੜ੍ਹੋ ਇਕੋ ਗਾਥਾ, ਸੋਹੰ ਰਾਗ ਅਲਾਇੰਦਾ । ਜਨਮ ਜਨਮ ਦਾ ਪੂਰਾ ਕਰੇ ਘਾਟਾ, ਵਸਤ ਅਮੋਲਕ ਝੋਲੀ ਪਾਇੰਦਾ । ਪ੍ਰੇਮ ਪਿਆਰ ਦੀ ਇਕੋ ਮੰਗੇ ਦਾਤਾ, ਆਪਣੀ ਝੋਲੀ ਅੱਗੇ ਡਾਹਿੰਦਾ । ਲੇਖਾ ਜਾਣੇ ਭਵਿਖਤ ਵਾਕਾ, ਭੇਵ ਅਭੇਦ ਇਕ ਖੁਲਾਇੰਦਾ । ਪੂਤ ਸਪੂਤਾ ਪਿਤਾ ਮਾਤਾ, ਬਾਲ ਅਵਾਣਾ ਗੋਦ ਉਠਾਇੰਦਾ । ਏਥੇ ਓਥੇ ਪੁਛੇ ਵਾਤਾ, ਦੋ ਜਹਾਨਾਂ ਵੇਖ ਵਖਾਇੰਦਾ । ਜਿਸ ਦੀ ਖਾਣੀ ਬਾਣੀ ਗਾਏ ਗਾਥਾ, ਵੇਦ ਪੁਰਾਨ ਸ਼ਾਸਤਰ ਸਿਮਰਤ ਅੰਜੀਲ ਕੁਰਾਨ, ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੁਤ ਦੁਲਾਰੇ ਆਪ ਉਠਾਇੰਦਾ । ਸੁਤ ਦੁਲਾਰੇ ਆਖੇ ਲੱਗ, ਆਖਰ ਆਪ ਜਣਾਈਆ । ਗੋਬਿੰਦ ਸਿਰ ਰੱਖ ਪੱਗ, ਮਿਲੇ ਮਾਣ ਵਡਿਆਈਆ । ਗ਼ਰੀਬ ਨਿਮਾਣਿਆਂ ਪਰਦਾ ਢਕ, ਚੁੰਡੀ ਨਜ਼ਰ ਕਿਸੇ ਨਾ ਆਈਆ । ਚੌਦਾਂ ਲੋਕ ਵਖਾਏ ਇਕੋ ਹੱਟ, ਬਣ ਵਣਜਾਰਾ ਫੇਰਾ ਪਾਈਆ । ਚੌਦਾਂ ਤਬਕ ਤੁੜਾ ਨੱਤ, ਨਾਤਾ ਇਕੋ


੩੭੮
੧੩

ਇਕ ਸਮਝਾਈਆ । ਨਾਮ ਬੀਜ ਸਾਚੇ ਵਤ, ਬਣ ਕ੍ਰਿਸਾਣਾ ਹੱਲ ਚਲਾਈਆ । ਭਗਤ ਭਗਵਾਨ ਮਾਰਗ ਦੱਸ, ਦਹਿ ਦਿਸ਼ਾ ਵੇਖ ਵਖਾਈਆ । ਤੀਰ ਨਿਰਾਲਾ ਮਾਰੇ ਕਸ, ਗੋਬਿੰਦ ਚਿਲਾ ਹੱਥ ਫੜਾਈਆ । ਪ੍ਰੇਮ ਪਿਆਰ ਅੰਦਰ ਵਸ, ਨਾਮ ਅਨਮੋਲਾ ਰੰਗ ਚੜ੍ਹਾਈਆ । ਸਾਚਾ ਲਾਹਾ ਲੈਣਾ ਖੱਟ, ਖੱਟੀ ਹਰਿ ਜੂ ਝੋਲੀ ਪਾਈਆ । ਏਕਾ ਮੰਤਰ ਲੈਣਾ ਰਟ, ਰੱਟਾ ਦੀਨ ਮਜ੍ਹਬ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਦੁਲਾਰੇ ਦਏ ਸਮਝਾਈਆ । ਸ਼ਬਦ ਦੁਲਾਰਾ ਹੋ ਤਿਆਰ, ਆਪਣਾ ਸੀਸ ਝੁਕਾਇੰਦਾ । ਮੈਂ ਸੇਵਾ ਕਰਾਂ ਅਗੰਮ ਅਪਾਰ, ਤੇਰੀ ਓਟ ਰਖਾਇੰਦਾ । ਪੁਰਖ ਅਬਿਨਾਸ਼ੀ ਦਏ ਸਹਾਰ, ਸਾਚਾ ਮਾਰਗ ਅੰਤ ਲਗਾਇੰਦਾ । ਨਾ ਗੁਰੂ ਨਾ ਅਵਤਾਰ, ਪੀਰ ਪੈਗ਼ੰਬਰ ਨਾ ਕੋਈ ਰਖਾਇੰਦਾ । ਮੇਰਾ ਤੇਰਾ ਇਕ ਵਿਹਾਰ, ਦੂਸਰ ਨਜ਼ਰ ਕਿਸੇ ਨਾ ਆਇੰਦਾ । ਭਗਤ ਸਾਚੇ ਲਏ ਉਠਾਲ, ਸਚ ਸੇਵਾ ਇਕ ਸਮਝਾਇੰਦਾ । ਕੋਈ ਨਾ ਵੇਖੇ ਸ਼ਾਹ ਕੰਗਾਲ, ਸ਼ਾਹ ਕੰਗਾਲਾਂ ਆਪਣੇ ਦੁਆਰ ਸੁਹਾਇੰਦਾ । ਸੰਮਤ ਉਨੀਵੇਂ ਜਿਹੜੇ ਲੱਭ ਜਾਣ ਲਾਲ, ਲਾਲਨ ਆਪਣੀ ਗੋਦ ਬਹਾਇੰਦਾ । ਫੇਰ ਹਰਿ ਦੇ ਨਾਮ ਦਾ ਪੈ ਜਾਏ ਕਾਲ, ਲੱਭਿਆਂ ਹੱਥ ਕਿਸੇ ਨਾ ਆਇੰਦਾ । ਤੀਰਥ ਸੋਹੇ ਨਾ ਕੋਈ ਤਾਲ, ਸਰੋਵਰ ਮਾਤ ਨਾ ਕੋਈ ਵਡਿਆਇੰਦਾ । ਗੁਰ ਅਵਤਾਰ ਨਾ ਘਾਲੇ ਘਾਲ, ਅੰਤਮ ਮੁਖੜਾ ਸਰਬ ਛੁਪਾਇੰਦਾ । ਸੰਗੀ ਸਾਥੀ ਨਾ ਚਲੇ ਨਾਲ, ਦੀਨਾਂ ਦਰਦ ਨਾ ਕੋਈ ਵੰਡਾਇੰਦਾ । ਚਾਰ ਕੁੰਟ ਹੋਏ ਬੇਹਾਲ, ਹਾਲ ਮੁਰੀਦਾਂ ਨਾ ਕੋਈ ਸੁਣਾਇੰਦਾ । ਸ਼ਬਦ ਸੁਤ ਤੇਰੀ ਅਵਲੜੀ ਚਾਲ, ਜਿਸ ਦਾ ਭੇਵ ਕੋਈ ਨਾ ਪਾਇੰਦਾ । ਪੁਰਖ ਅਬਿਨਾਸ਼ੀ ਤੈਨੂੰ ਬਣਾਇਆ ਲਾਲ, ਸਿਰ ਤੇਰੇ ਹੱਥ ਟਿਕਾਇੰਦਾ । ਤੂੰ ਜਾ ਕੇ ਗੋਬਿੰਦ ਗੁਰਸਿਖ ਸਾਚੇ ਭਾਲ, ਜਿਨ੍ਹਾਂ ਪਿਛੇ ਬਾਲੇ ਨੀਹਾਂ ਹੇਠ ਦਬਾਇੰਦਾ । ਓਹਨਾਂ ਵੇਖੋ ਹਰਿ ਜੂ ਮਿਲੇ ਆਣ, ਹੱਸ ਹੱਸ ਕਾਇਆ ਪਰਦਾ ਲਾਹਿੰਦਾ । ਆਪਣੀ ਦੱਸ ਕੇ ਜਾਏ ਪਹਿਚਾਨ, ਬੇਪਹਿਚਾਨ ਫੇਰਾ ਪਾਇੰਦਾ । ਆਪ ਬਣਿਆ ਰਹੇ ਬੇਜ਼ਬਾਨ, ਜਨ ਭਗਤਾਂ ਜ਼ਬਾਨ ਸੋਹਲਾ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਆਪਣਾ ਡੇਰਾ ਲਾਇੰਦਾ । ਥਿਰ ਘਰ ਆਪਣਾ ਡੇਰਾ ਤਜ, ਹਰਿ ਜੂ ਦਏ ਸੁਣਾਈਆ । ਭਗਤ ਦੁਆਰੇ ਅੰਦਰ ਵੜਨਾ ਭੱਜ, ਸਾਢੇ ਨੌਂ ਵਕਤ ਲਿਖਾਈਆ । ਗੁਰਸਿਖ ਦਰਸ਼ਨ ਕਰਨਾ ਰੱਜ ਰੱਜ, ਗੁਰ ਗੋਬਿੰਦ ਮੇਲਾ ਸਹਿਜ ਸੁਭਾਈਆ । ਮੱਕੇ ਵਾਲਿਓ ਕਰੋ ਹੱਜ, ਮਦੀਨੇ ਵਾਲਾ ਫੇਰਾ ਪਾਈਆ । ਮੰਦਰਾਂ ਵਾਲਿਓ ਆਓ ਨੱਠ, ਆਪਣਾ ਵੇਲਾ ਲਓ ਬਚਾਈਆ । ਗੁਰਦੁਆਰਿਆਂ ਵਾਲਿਓ ਚਰਨੀ ਜਾਓ ਢੱਠ, ਪ੍ਰਭ ਖੇਲ ਆਪ ਖਿਲਾਈਆ । ਆਪਣੇ ਹੁਕਮ ਦੇ ਨਾਲ ਦੇਵੇ ਕਰ ਕੇ ਦਸਖ਼ਤ, ਨਾ ਕੋਈ ਮੇਟੇ ਮੇਟ ਮਿਟਾਈਆ । ਲੂੰ ਲੂੰ ਵਿਚ ਜਾਏ ਰਚ, ਰਚਿਆ ਨਜ਼ਰ ਕਿਸੇ ਨਾ ਆਈਆ । ਜਿਸ ਨੂੰ ਨਾਨਕ ਨਿਰਗੁਣ ਕਿਹਾ ਸਚ, ਸੋ ਸੱਚਾ ਆਇਆ ਮਾਹੀਆ । ਜਿਹੜਾ ਏਹਦੇ ਕੋਲੋਂ ਗਿਆ ਬਚ, ਦੋ ਜਹਾਨਾਂ ਨਾ ਮਿਲੇ ਥਾਈਆ । ਲੱਖ ਚੁਰਾਸੀ ਰਿਹਾ ਨੱਚ, ਜਨਮ ਮਰਨ ਗੇੜ ਭੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਦੁਆਰੇ ਆਏ ਚਾਈਂ ਚਾਈਂਆ । ਭਗਤ ਦੁਆਰੇ ਔਣਾ ਹਾਜ਼ੀ, ਹਜ਼ਰਤ ਆਪਣਾ ਖੇਲ ਵਖਾਈਆ । ਗੁਰਸਿਖ ਲੱਤਾਂ ਮਾਰਨ ਮੁੱਲਾ ਕਾਜ਼ੀ, ਸ਼ਰੀਯਤ ਕੋਈ ਰਹਿਣ ਨਾ ਪਾਈਆ । ਜਿਸ ਦਾ ਨਾਮ ਐਲੀ ਦੁਲਦੁਲ ਤਾਜੀ, ਰਸੂਲ ਦੇਵੇ ਵਡ ਵਡਿਆਈਆ । ਸ਼ਾਹ ਪਾਤਸ਼ਾਹ ਬੇਨਿਮਾਜ਼ੀ, ਰੋਜ਼ਾ ਬਾਂਗ ਨਾ ਕੋਈ ਸੁਣਾਈਆ । ਆਦਿ ਜੁਗਾਦਿ ਸਾਚੀ ਵਰਦੀ, ਆਪਣੀ ਆਦਤ ਪੂਰ ਕਰਾਈਆ । ਮਹਿਫ਼ਲ ਵਿਚ ਰਹੇ ਵਿਸਮਾਦੀ, ਮਸ਼ਗੂਲ ਆਪਣਾ ਨਾਮ ਜਣਾਈਆ ।

੩੭੯
੧੩

ਜਿਸ ਨੂੰ ਗਾ ਗਾ ਥੱਕੇ ਢਾਡੀ, ਅੰਤ ਕਹਿਣ ਨਾ ਪਾਈਆ । ਸੋ ਗੁਰਸਿਖੋ ਤੁਹਾਡਾ ਗਵਾਂਢੀ, ਫੜ ਬਾਹੋਂ ਲਓ ਉਠਾਈਆ । ਤੁਹਾਡੇ ਅੰਦਰ ਰੱਖੀ ਨਿੱਕੀ ਹਾਂਡੀ, ਸਚ ਸੁੱਚ ਰਿਹਾ ਪਕਾਈਆ । ਗੁਰਸਿਖ ਆਤਮ ਖ਼ੁਸ਼ੀਆਂ ਨਾਲ ਖਾਂਦੀ, ਲੱਖ ਚੁਰਾਸੀ ਮਰੇ ਭੁੱਖੀ ਤਿਹਾਈਆ । ਕਿਸੇ ਸਿਰ ਨਾ ਦਿਸੇ ਪਰਾਂਦੀ, ਸੁਹਾਗ ਨੱਥ ਨਾ ਕੋਈ ਹੰਢਾਈਆ । ਅੱਲਾ ਰਾਣੀ ਹੁਕਮੇ ਬਾਂਦੀ, ਨੇਤਰ ਰੋ ਰੋ ਦਏ ਦੁਹਾਈਆ । ਮੇਰੀ ਕੰਤ ਬਿਨਾਂ ਪਤ ਜਾਂਦੀ, ਮੇਰੀ ਲੱਥੀ ਸ਼ਰਮਾਈਆ । ਵੇਖੋ ਹਰਿ ਜੂ ਆਇਆ ਸਵਾਂਗੀ, ਆਪਣਾ ਸਵਾਂਗ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਦੁਆਰੇ ਆਵੇ ਬੇਪਰਵਾਹੀਆ । ਭਗਤ ਦੁਆਰੇ ਆਵਾਂਗਾ । ਆਪਣਾ ਹਾਲ ਸੁਣਾਵਾਂਗਾ । ਅਗਲਾ ਪਿਛਲਾ ਲੇਖ ਚੁਕਾਵਾਂਗਾ । ਕੂੜਾ ਪਰਦਾ ਉਠਾਵਾਂਗਾ । ਨੂਰੀ ਦਰਸ ਦਿਖਾਵਾਂਗਾ । ਮਹੱਲ ਅਟੱਲ ਵਸਾਵਾਂਗਾ । ਅੰਦਰ ਵੜ ਵੜ ਮੰਗਲ ਗਾਵਾਂਗਾ । ਗੋਬਿੰਦ ਮੇਲ ਮਿਲਾਵਾਂਗਾ । ਸਾਚਾ ਰਾਹ ਚਲਾਵਾਂਗਾ । ਚਾਰ ਵਰਨਾਂ ਏਕਾ ਘਰ ਬਹਾਵਾਂਗਾ । ਗੁਰ ਅਵਤਾਰ ਪੀਰ ਪੈਗ਼ੰਬਰ ਪਿਛਲਾ ਲੇਖ ਚੁਕਾਵਾਂਗਾ । ਸ੍ਰਿਸ਼ਟ ਸਬਾਈ ਇਕੋ ਨਾਮ ਜਪਾਵਾਂਗਾ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਖ਼ਾਕ ਮਿਲਾਵਾਂਗਾ । ਸਿਰ ਆਪਣੇ ਤਾਜ ਟਿਕਾਵਾਂਗਾ । ਊਚੀ ਕੂਕ ਕੂਕ ਸੁਣਾਵਾਂਗਾ । ਸਭ ਦੇ ਡੇਰੇ ਢਾਵਾਂਗਾ । ਜੇ ਕੋਈ ਅੱਗੇ ਅੜੇ, ਖ਼ਾਕੀ ਖ਼ਾਕ ਮਿਲਾਵਾਂਗਾ । ਉਤੇ ਆਪਣਾ ਆਸਣ ਲਾਵਾਂਗਾ । ਵਿਸ਼ਨੂੰ ਚਰਨਾਂ ਵਿਚ ਬਹਾਵਾਂਗਾ । ਭਗਵਨ ਆਪਣਾ ਨੂਰ ਚਮਕਾਵਾਂਗਾ । ਦੀਪਕ ਇਕੋ ਇਕ ਵਖਾਵਾਂਗਾ । ਲੱਖ ਚੁਰਾਸੀ ਗੁਲ ਕਰਾਵਾਂਗਾ । ਗੁਰਸਿਖ ਸਾਚੇ ਆਪ ਉਠਾਵਾਂਗਾ । ਫੜ ਬਾਹੋਂ ਗਲੇ ਲਗਾਵਾਂਗਾ । ਲੱਖ ਚੁਰਾਸੀ ਵਿਚੋਂ ਬਾਹਰ ਕਢਾਵਾਂਗਾ । ਇਕੋ ਨਾਮ ਜਪਾਵਾਂਗਾ । ਸਰਨੀ ਲਗਿਆਂ ਲਾਜ ਰਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਇਕੋ ਇਕ ਗੁਰ ਅਖਵਾਵਾਂਗਾ ।

ਸਾਚੇ ਭਗਤੋ ਤੁਹਾਡਾ ਸੱਦਾ, ਸਚਖੰਡ ਦਏ ਦੁਹਾਈਆ । ਪੁਰਖ ਅਬਿਨਾਸ਼ੀ ਹੁਕਮੇ ਬੱਧਾ, ਡੋਰੀ ਪ੍ਰੇਮ ਬੰਧਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਦੋ ਜਹਾਨਾ ਜਿਸ ਪਰਦਾ ਕੱਜਾ, ਨਿਰਗੁਣ ਰੂਪ ਬੇਪਰਵਾਹੀਆ । ਭਗਤ ਹਿੱਤ ਫਿਰੇ ਭੱਜਾ, ਸਰਗੁਣ ਨਿਰਗੁਣ ਨਿਰਗੁਣ ਸਰਗੁਣ ਵੇਖ ਵਖਾਈਆ । ਸ਼ਬਦ ਅਨਾਦੀ ਹੋ ਕੇ ਗੱਜਾ, ਬੋਧ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਾਚੇ ਭਗਤ ਤੇਰੀ ਅਵਾਜ਼, ਅਵਣ ਗਵਣ ਹਿਲਾਈਆ । ਪਕੜ ਉਠਾਇਆ ਗ਼ਰੀਬ ਨਿਵਾਜ਼, ਗ਼ਰੀਬਾਂ ਦਏ ਗਵਾਹੀਆ । ਜਿਸ ਨੇ ਆਦਿ ਸਾਜਣ ਲਿਆ ਸਾਜ, ਅੰਤਮ ਵੇਖੇ ਥਾਉਂ ਥਾਈਂਆ । ਦੋ ਜਹਾਨਾਂ ਰਚਿਆ ਕਾਜ, ਪੁਰੀ ਲੋਅ ਬ੍ਰਹਿਮੰਡ ਖੰਡ ਆਪਣਾ ਰੰਗ ਵਖਾਈਆ । ਦਹਿ ਦਿਸ਼ਾ ਚਾਰ ਕੁੰਟ ਰਿਹਾ ਭਾਜ, ਔਂਦਾ ਜਾਂਦਾ ਨਜ਼ਰ ਨਾ ਆਈਆ । ਰਚਿਆ ਖੇਲ ਦੇਸ ਮਾਝ, ਬੇਪਰਵਾਹ ਬੇਪਰਵਾਹੀਆ । ਗੋਬਿੰਦ ਪੁਰਖ ਅਕਾਲ ਰਖਾਈ ਸਾਂਝ, ਸਾਂਝੀਵਾਲ ਇਕ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਆਪਣੇ ਹੱਥ ਰਖਾਈਆ । ਸਾਚੇ ਭਗਤ ਤੇਰੀ ਕੂਕਾ, ਦਰ ਘਰ ਸਾਚੇ ਹੁਕਮ ਜਣਾਇਆ । ਪੁਰਖ ਅਬਿਨਾਸ਼ੀ ਉਠਾਇਆ ਸੁੱਤਾ, ਨੌਂ ਸੌ ਚੁਰਾਨਵੇਂ ਚੌਕੜੀ ਜੁਗ ਦੀ ਆਲਸ ਨਿੰਦਰਾ ਲਾਹਿਆ । ਤੈਨੂੰ ਸੱਦੇ ਤੇਰਾ ਪੁੱਤਾ, ਪਿਤਾ ਏਕਾ ਓਟ ਰਖਾਇਆ । ਤੂੰ ਵੇਖਣਹਾਰਾ ਚਾਰੇ ਕੂਟਾ, ਘਟ ਆਪਣਾ ਪਰਦਾ ਲਾਹਿਆ । ਨਾਤਾ

ਛੁਟਿਆ ਪੰਜ ਤੱਤ ਭੂਤਾ, ਭਵਿਖਤ ਆਪਣਾ ਹਾਲ ਜਣਾਇਆ । ਸਰਗੁਣ ਕੂੜੀ ਮੁੱਕੀ ਚੂਕਾ, ਨਿਰਗੁਣ ਆਪਣਾ ਰੂਪ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹਿਆ । ਸਾਚੇ ਭਗਤ ਤੇਰਾ ਫ਼ਰਮਾਣਾ, ਫੁਰਨਾ ਸਭ ਦਾ ਬੰਦ ਕਰਾਈਆ । ਤਖ਼ਤ ਨਿਵਾਸੀ ਉਠੇ ਏਕਾ ਰਾਣਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਆਦਿ ਆਦਿ ਜਿਸ ਖੇਲ ਰਚਾਇਆ, ਸੋ ਅੰਤਮ ਵੇਖ ਵਖਾਈਆ । ਨਰ ਹਰਿ ਨਰਾਇਣ ਜਿਸ ਨਾਉਂ ਧਰਾਇਆ, ਨਰ ਨਿਰੰਕਾਰ ਖ਼ੁਸ਼ੀ ਮਨਾਈਆ । ਅਸੁਤੇ ਪਰਕਾਸ਼ ਜਿਸ ਆਪ ਵਖਾਇਆ, ਘਰ ਸਾਚੇ ਕਰੇ ਰੁਸ਼ਨਾਈਆ । ਸ੍ਰੀ ਭਗਵਾਨ ਜਿਸ ਵੇਸ ਵਟਾਇਆ, ਰੂਪ ਰੰਗ ਰੇਖ ਨਾ ਕੋਇ ਜਣਾਈਆ । ਅਬਿਨਾਸ਼ੀ ਕਰਤਾ ਸਚ ਸੀਸ ਜਿਸ ਤਾਜ ਟਿਕਾਇਆ, ਕੁਦਰਤ ਕਾਦਰ ਸਰਬ ਸਮਝਾਈਆ । ਪਾਰਬ੍ਰਹਮ ਦਰਗਾਹ ਸਾਚੀ ਹੋ ਪਰਧਾਨਾ ਸਚ ਪਰਧਾਨਗੀ ਇਕ ਕਮਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਹਰਿ ਭਗਤ ਤੇਰਾ ਸਚ ਸੰਦੇਸਾ, ਸੁਣਿਆ ਹਰਿ ਕਰਤਾਰਾ । ਉਠ ਉਠ ਨਿਉਂ ਨਿਉਂ ਕਰੇ ਅਦੇਸਾ, ਦੋਏ ਦੋਏ ਜੋੜ ਸਚ ਨਿਮਸਕਾਰਾ । ਆਦਿ ਜੁਗਾਦੀ ਇਕੋ ਵੇਸਾ, ਜੁਗ ਚੌਕੜੀ ਸਚ ਵਿਹਾਰਾ । ਆਤਮ ਪਰਮਾਤਮ ਬਣੇ ਨੇਤਾ, ਨਿਤ ਨਵਿਤ ਕਰੇ ਕਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਗੰਮ ਅਪਾਰਾ । ਸਾਚੇ ਭਗਤ ਤੇਰੀ ਧਾਰ, ਹਰਿ ਜੂ ਹਰਿ ਹਰਿ ਭਾਈਆ । ਸਚਖੰਡ ਨਿਵਾਸੀ ਸਚਖੰਡ ਕਰੇ ਵਿਚਾਰ, ਵਿਚਾਰ ਵਿਚਾਰ ਨਾਲ ਰਲਾਈਆ । ਨਿਰਗੁਣ ਜੋਤ ਉਜਿਆਰ, ਨੂਰੋ ਨੂਰ ਨੂਰ ਧਰਾਈਆ । ਅਜੂਨੀ ਰਹਿਤ ਖੇਲ ਅਪਾਰ, ਅਲਖ ਅਗੋਚਰ ਆਪ ਕਰਾਈਆ । ਅਗੰਮ ਅਗੰਮੜਾ ਹੋ ਤਿਆਰ, ਭੇਵ ਅਭੇਦ ਜਣਾਈਆ । ਜੋਤੀ ਜੋਤ ਸਰੂਪ

੩੮੧
੧੩

ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਨੈਨਣ ਨੈਣ ਖੁਲ੍ਹਾਈਆ । ਭਗਤ ਤੇਰੀ ਸਾਚੀ ਅੱਖ, ਹਰਿ ਆਖਰ ਦਇਆ ਕਮਾਇੰਦਾ । ਸਚਖੰਡ ਦੁਆਰੇ ਕਰ ਪਰਤੱਖ, ਪਾਰਖੂ ਮੇਲ ਮਿਲਾਇੰਦਾ । ਨਿਰਗੁਣ ਸਰਗੁਣ ਮਾਰਗ ਦੱਸ, ਸਾਚੇ ਪੰਧ ਚਲਾਇੰਦਾ । ਮੇਲ ਮਿਲਾਵਾ ਹੱਸ ਹੱਸ, ਹੰਸ ਮੁਖ ਖ਼ੁਸ਼ੀ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਾਂ ਵੇਸ ਆਪ ਵਟਾਇੰਦਾ । ਭਗਤ ਕਹਿਣ ਉਠ ਭਗਵਾਨ, ਵੇਲਾ ਅੰਤਮ ਆਈਆ । ਤੂੰ ਸਚਖੰਡ ਦੁਆਰੇ ਬਣ ਕੇ ਬੈਠੋਂ ਕਾਹਨ, ਆਪਣਾ ਮੰਦਰ ਬੰਦ ਕਰਾਈਆ । ਤੇਰੀ ਗੋਪੀ ਹੋਈ ਵੈਰਾਨ, ਲੋਕਮਾਤ ਰਹੀ ਕੁਰਲਾਈਆ । ਉਠ ਜਵਾਨੀ ਬਾਲ ਅਵਾਣ, ਨੇਤਰ ਨੈਣਾਂ ਨੀਰ ਵਹਾਈਆ । ਤੇਰਾ ਮਿਲੇ ਨਾ ਕੋਈ ਨਿਸ਼ਾਨ, ਚਾਰ ਕੁੰਟ ਰਹੇ ਕੁਰਲਾਈਆ । ਖਾਣੀ ਬਾਣੀ ਨਾ ਸਕੀ ਪਛਾਣ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਦਏ ਗਵਾਹੀਆ । ਤੁਧ ਬਿਨ ਮਿਲੇ ਨਾ ਕੋਈ ਮਾਣ, ਸਿਰ ਹੱਥ ਨਾ ਕੋਈ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਪੂਰੀ ਆਸ ਕਰਾਈਆ । ਸਾਚੇ ਭਗਤ ਲਓ ਸੱਦ, ਹਰਿ ਸਤਿਗੁਰ ਸਤਿ ਸੁਣਾਇੰਦਾ । ਮੈਂ ਕਰ ਕੇ ਆਇਆ ਪਾਰ ਹੱਦ, ਦੋ ਜਹਾਨਾਂ ਚਰਨਾਂ ਹੇਠ ਦਬਾਇੰਦਾ । ਲੱਖ ਚੁਰਾਸੀ ਨਾਲੋਂ ਕਰ ਕੇ ਅੱਡ, ਸਾਚਾ ਸੰਗ ਨਿਭਾਇੰਦਾ । ਕਾਇਆ ਅੰਦਰ ਵੜਾਂ ਅੰਧੇਰੀ ਖੱਡ, ਔਂਦਾ ਜਾਂਦਾ ਨਜ਼ਰ ਕਿਸੇ ਨਾ ਆਇੰਦਾ । ਅੰਮ੍ਰਿਤ ਜਾਮ ਪਿਆਵਾਂ ਮਧ, ਰਸ ਇਕ ਹੱਥ ਵਖਾਇੰਦਾ । ਸ਼ਬਦ ਅਗੰਮੀ ਸੁਣਾਵਾਂ ਨਦ, ਅਨਹਦ ਰਾਗ ਅਲਾਇੰਦਾ । ਨਿਰਮਲ ਜੋਤ ਕਰ ਪਰਕਾਸ਼, ਅੰਧ ਅੰਧੇਰ ਮਿਟਾਇੰਦਾ । ਆਤਮ ਪਰਮਾਤਮ ਕਰ ਕਰ ਵਾਸ, ਸੇਵ ਸਚ ਕਮਾਇੰਦਾ । ਸਾਚੀ ਸੇਜਾ ਭੋਗ ਬਿਲਾਸ, ਏਕਾ ਰਸ ਵਖਾਇੰਦਾ । ਆਤਮ ਪਰਮਾਤਮ ਹੋਵਾਂ ਦਾਸ,

੩੮੧
੧੩

ਵਿਛੜ ਕਦੇ ਨਾ ਜਾਇੰਦਾ । ਸ਼ਬਦ ਅਗੰਮੀ ਸੁਣਾਵਾਂ ਬਾਤ, ਲਿਖਣ ਪੜ੍ਹਨ ਵਿਚ ਨਾ ਆਇੰਦਾ । ਆਦਿ ਜੁਗਾਦੀ ਪਿਤਾ ਮਾਤ, ਸਾਹਿਬ ਸੁਤ ਗੋਦ ਬਹਾਇੰਦਾ । ਚਰਨ ਕਵਲ ਬੰਧਾਵਾਂ ਨਾਤ, ਬਿਧਾਤਾ ਇਕ ਸਮਝਾਇੰਦਾ । ਉਤਮ ਰੱਖਾਂ ਸਾਚੀ ਜ਼ਾਤ, ਅਜ਼ਾਤੀ ਰੂਪ ਨਾ ਕੋਈ ਵਖਾਇੰਦਾ । ਮੇਲ ਮਿਲਾਵਾ ਕਮਲਾਪਾਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਭਗਤਾਂ ਆਪ ਸਮਝਾਇੰਦਾ । ਸਾਚੇ ਭਗਤ ਕਹਿਣ ਤੇਰੀ ਰੱਖੀ ਉਡੀਕ, ਨਵ ਨੌਂ ਚਾਰ ਧਿਆਨ ਲਗਾਈਆ । ਜੁਗ ਚੌਕੜੀ ਦੇਂਦਾ ਰਿਹਾ ਤਾਰੀਖ, ਆਪਣਾ ਭੇਵ ਨਾ ਕਿਸੇ ਸਮਝਾਈਆ । ਤੇਰਾ ਮਾਰਗ ਇਕ ਬਾਰੀਕ, ਚਲ ਚਲ ਥੱਕੇ ਕੋਟਨ ਕੋਟ ਪਾਂਧੀ ਰਾਹੀਆ । ਤੇਰਾ ਘਰ ਨਾ ਲੱਭਿਆ ਠੀਕ, ਪੰਜ ਤੱਤ ਠੀਕਰ ਗਏ ਭੰਨਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੱਸਦਾ ਰਹਿਉਂ ਲਾਸ਼ਰੀਕ, ਸ਼ਰਕਤ ਘਰ ਘਰ ਦਏਂ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਈਆ । ਭਗਤ ਕਹਿਣ ਸੁਣ ਸਾਚੇ ਪਿਤਾ, ਮਿੱਤਰ ਪਿਆਰਾ ਆਪ ਜਣਾਇੰਦਾ । ਆਦਿ ਜੁਗਾਦੀ ਮੇਰੀ ਰੀਤਾ, ਨਿਤ ਨਵਿਤ ਖੇਲ ਖਿਲਾਇੰਦਾ । ਸਦ ਵਸਾਂ ਧਾਮ ਅਨਡੀਠਾ, ਦੂਜਾ ਰੂਪ ਨਾ ਕੋਈ ਵਟਾਇੰਦਾ । ਨਾ ਮਰਿਆ ਨਾ ਜੀਤਾ, ਸਾਹ ਸਾਹ ਨਾ ਕੋਈ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਆਪ ਸੁਣਾਇੰਦਾ । ਸਚ ਸੰਦੇਸਾ ਸੁਣ ਭਗਤ, ਭਗਵਨ ਰਿਹਾ ਜਣਾਈਆ । ਵੇਲਾ ਤੇਰਾ ਆਇਆ ਵਕਤ, ਜੋ ਵਕਤ ਗਿਆ ਸਮਝਾਈਆ । ਕੋਈ ਨਾ ਚਲੇ ਦੂਸਰੀ ਸ਼ਕਤ, ਵਿਸ਼ਨ ਬ੍ਰਹਮਾ ਸ਼ਿਵ ਨਾ ਕੋਈ ਵਡਿਆਈਆ । ਕਿਰਪਾ ਧਾਰ ਆਪਣੀ ਕੱਢ ਫੁਰਸਤ, ਨਿਰਗੁਣ ਨੂਰ ਕਰ ਰੁਸ਼ਨਾਈਆ । ਤੇਰੇ ਬਿਨਾਂ ਸਾਡੀ ਕਾਇਆ ਕੋਇ ਨਾ ਪਾਵੇ ਬਰਕਤ, ਮਿਹਰ ਨਜ਼ਰ ਨਾ ਕੋਈ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਤੇਰੇ ਹੱਥ ਵਡਿਆਈਆ । ਸਾਹਿਬ ਸਤਿਗੁਰ ਪਿਆ ਹੱਸ, ਆਪਣੀ ਖ਼ੁਸ਼ੀ ਮਨਾਇੰਦਾ । ਵਾਹ ਵਾਹ ਭਗਤੋ ਮਾਰਗ ਦਿਤਾ ਦੱਸ, ਤੁਹਾਡੇ ਰਾਹ ਚਲ ਚਲ ਖ਼ੁਸ਼ੀ ਮਨਾਇੰਦਾ । ਜੁਗ ਚੌਕੜੀ ਮੈਂ ਮਿਲਣ ਦੀ ਰੱਖੀ ਆਸ, ਆਸਾ ਨਾਲ ਆਪ ਪਰਗਟਾਇੰਦਾ । ਬਣ ਸੇਵਕ ਸੇਵਾ ਕਰਾਂ ਦਾਸੀ ਦਾਸ, ਆਪਣੀ ਇਛਿਆ ਆਪ ਜਣਾਇੰਦਾ । ਜਨ ਭਗਤਾਂ ਮਿਲਣ ਦਾ ਕੰਮ ਖ਼ਾਸ, ਦੂਜਾ ਹੋਰ ਨਾ ਭੇਵ ਖੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੰਦੇਸ਼ਾ ਇਕ ਸੁਣਾਇੰਦਾ । ਤੇਰਾ ਸ਼ਬਦ ਸੰਦੇਸ਼ਾ ਸੁਣ ਸੁਣ ਥੱਕੇ, ਥਕਾਵਟ ਕੋਇ ਨਾ ਮਾਤ ਗਵਾਈਆ । ਕਲਜੁਗ ਅੰਤਮ ਅਸੀਂ ਹੋਏ ਪੱਕੇ, ਪੱਕੀਆਂ ਇੱਟਾਂ ਤੇਰੀ ਭੇਟ ਚੜ੍ਹਾਈਆ । ਸਾਡੇ ਬਿਨਾਂ ਪ੍ਰਭ ਜੀ ਤੇਰਾ ਪਰਦਾ ਕੋਈ ਨਾ ਢਕੇ, ਬਿਨ ਤੇਰੇ ਸਾਡੀ ਨਾ ਕੋਈ ਵਡਿਆਈਆ । ਵਿਛੋੜੇ ਦਿਨ ਔਖੇ ਕੱਟੇ, ਅੰਤਮ ਰੈਣ ਅੰਧੇਰੀ ਛਾਈਆ । ਕਰ ਕਿਰਪਾ ਪ੍ਰਭ ਤੇਰੇ ਬੱਚੇ, ਤੇਰੇ ਚਰਨ ਧਿਆਨ ਲਗਾਈਆ । ਤੇਰੇ ਪ੍ਰੇਮ ਅੰਦਰ ਨੱਚੇ, ਮੁਖ ਘੁੰਗਟ ਦਿਤਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੀ ਮੰਗੀ ਇਕ ਸਰਨਾਈਆ । ਮੇਰੀ ਸਰਨਾਈ ਜੋ ਜਨ ਲੋੜੇ, ਸੋ ਪੁਰਖ ਨਿਰੰਜਣ ਆਪ ਸੁਣਾਇੰਦਾ । ਆਪ ਚੜ੍ਹਾਏ ਸਾਚੇ ਘੋੜੇ, ਘੋੜਾ ਇਕੋ ਨਾਮ ਰਖਾਇੰਦਾ । ਜੋਤੀ ਸ਼ਬਦੀ ਆਪੇ ਬੌਹੜੇ, ਨਿਰਗੁਣ ਨਿਰਗੁਣ ਮੇਲ ਮਿਲਾਇੰਦਾ । ਜਿਉਂ ਸਸੇ ਉਪਰ ਲਾਏ ਹੋੜੇ, ਹੰ ਬ੍ਰਹਮ ਭੇਵ ਖੁਲ੍ਹਾਇੰਦਾ । ਆਤਮ ਪਰਮਾਤਮ ਆਪੇ ਬੌਹੜੇ, ਹਰਿ ਸੱਜਣ ਵੇਖ ਵਖਾਇੰਦਾ । ਬਾਕੀ ਸਭ ਨੂੰ ਜਵਾਬ ਦੇਵੇ ਕੋਰੇ, ਪੱਲੂ ਹੱਥ ਨਾ ਕਿਸੇ ਫੜਾਇੰਦਾ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਸਮਝਾਇੰਦਾ । ਸਾਚੇ ਭਗਤ ਕਰੋ ਧਿਆਨ, ਹਰਿ ਧਿਆਨੀ ਆਪ ਜਣਾਈਆ । ਸਚਖੰਡ ਬੈਠਾ ਬਣ ਕੇ ਕਾਹਨ, ਬੇਪਰਵਾਹ ਬੇਪਰਵਾਹੀਆ । ਸਤਿ ਸਤਿ ਝੁਲਾਏ ਨਿਸ਼ਾਨ, ਨਿਸ਼ਾਨਾ ਇਕੋ ਇਕ ਵਖਾਈਆ । ਕਰੇ ਖੇਲ ਨੌਂਜਵਾਨ, ਬਲ ਆਪਣਾ ਆਪ ਧਰਾਈਆ । ਪਰਗਟ ਹੋਏ ਸ੍ਰੀ ਭਗਵਾਨ, ਭਗਵਨ ਆਪਣਾ ਰੂਪ ਵਖਾਈਆ । ਸੁਤ ਦੁਲਾਰਾ ਬਾਲ ਅਞਾਣ, ਥਿਰ ਘਰ ਆਪੇ ਲਏ ਜਗਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇਵੇ ਫ਼ਰਮਾਣ, ਸਚ ਸੰਦੇਸਾ ਇਕ ਜਣਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਕਰੇ ਸਵਾਧਾਨ, ਨੇਤਰ ਨੈਣ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਰਿਹਾ ਸੁਣਾਈਆ । ਸਚ ਸੰਦੇਸਾ ਸੁਣੋ ਭਗਤ, ਸ੍ਰੀ ਭਗਵਾਨ ਆਪ ਜਣਾਇੰਦਾ । ਲੱਖ ਚੁਰਾਸੀ ਖੇਲ ਜਗਤ, ਅੰਡਜ ਜੇਰਜ ਉਤਭੁਜ ਸੇਤਜ ਵੰਡ ਵੰਡਾਇੰਦਾ । ਨਾਤਾ ਜੋੜ ਬੂੰਦ ਰਕਤ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਵੰਡ ਵੰਡਾਇੰਦਾ । ਆਤਮ ਪਰਮਾਤਮ ਸਾਚੀ ਸ਼ਕਤ, ਨਿਰਗੁਣ ਨਿਰਗੁਣ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪ ਉਠਾਇੰਦਾ । ਆਪਣਾ ਪਰਦਾ ਲਾਹੇ ਆਪ, ਆਪਣੀ ਦਇਆ ਕਮਾਈਆ । ਸਚਖੰਡ ਨਿਵਾਸੀ ਵਡ ਪਰਤਾਪ, ਭੇਵ ਅਭੇਦ ਜਣਾਈਆ । ਦੋ ਜਹਾਨਾਂ ਵੇਖੇ ਖੇਲ ਤਮਾਸ਼, ਖੇਲਣਹਾਰ ਇਕ ਹੋ ਜਾਈਆ । ਪੁਰੀਆਂ ਲੋਆਂ ਪਾਏ ਰਾਸ, ਮੰਡਲ ਮੰਡਪ ਗੋਪੀ ਕਾਹਨ ਰਚਾਈਆ । ਆਦਿ ਜੁਗਾਦੀ ਨਿਰਗੁਣ ਨੂਰ ਜੋਤ ਪਰਕਾਸ਼, ਰੂਪ ਅਨੂਪ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਭਗਤਾਂ ਏਕਾ ਰਾਹ ਹੁਕਮ ਜਣਾਈਆ । ਸਾਚੇ ਭਗਤ ਤੇਰਾ ਰਾਹ ਰਹੇ ਤੱਕ, ਤਕਵਾ ਇਕ ਰਖਾਇਆ । ਕਵਣ ਵੇਲਾ ਪ੍ਰਭ ਸਿਰ ਤੇ ਰੱਖੇ ਹੱਥ, ਸਮਰਥ ਫੇਰਾ ਪਾਇਆ । ਪੰਧ ਮੁਕਾਏ ਨੱਠ ਨੱਠ, ਪਾਂਧੀ ਬਣ ਬੇਪਰਵਾਹਿਆ । ਨਜ਼ਰੀ ਆਏ ਘਟ ਘਟ, ਘਰ ਘਰ ਡੇਰਾ ਲਾਇਆ । ਚੌਦਾਂ ਲੋਕਾਂ ਖ਼ਾਲੀ ਕਰੇ ਹੱਟ, ਚੌਦਾਂ ਤਬਕਾਂ ਪੰਧ ਦਏ ਮੁਕਾਇਆ । ਗੁਰਸਿਖਾਂ ਦੇਵੇ ਇਕ ਬ੍ਰਹਮ ਮਤ, ਪਾਰਬ੍ਰਹਮ ਆਪ ਪੜ੍ਹਾਇਆ । ਅੰਤਮ ਪੱਤ ਲਏ ਰੱਖ, ਸਿਰ ਸੀਸ ਜਗਦੀਸ਼ ਹੱਥ ਟਿਕਾਇਆ । ਆਪਣੀ ਸਚ ਗਿਆਨੀ ਦੇਵੇ ਦੱਸ, ਭੇਵ ਅਭੇਦ ਕਿਸੇ ਨਾ ਪਾਇਆ । ਜੁਗ ਜਨਮ ਦੀ ਪੂਰੀ ਕਰੇ ਆਸ, ਹਰ ਘਟ ਲਹਿਣਾ ਮਾਤ ਚੁਕਾਇਆ । ਆਤਮ ਸੇਜਾ ਕਰੇ ਭੋਗ ਬਿਲਾਸ, ਭਸਮੜ ਆਪਣਾ ਵੇਸ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਚਰਨ ਧਿਆਨ ਲਗਾਇਆ । ਚਰਨ ਕਵਲ ਰੱਖੇ ਸੀਸ, ਜਗਦੀਸ਼ ਰਿਹਾ ਜਣਾਈਆ । ਜੁਗ ਚੌਕੜੀ ਪੀਸਨ ਲਿਆ ਪੀਸ, ਗੁਰ ਅਵਤਾਰ ਸੇਵਾ ਲਾਈਆ । ਆਤਮ ਦੇਵੇ ਇਕ ਹਦੀਸ, ਇਕੋ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭਗਤਨ ਲਹਿਣਾ ਆਪ ਚੁਕਾਈਆ । ਭਗਤਨ ਲਹਿਣਾ ਦੇਵੇ ਭਗਵਾਨਾ, ਭਗਵਨ ਆਪਣੀ ਦਇਆ ਕਮਾਇੰਦਾ । ਸਚਖੰਡ ਦਾ ਸਚ ਨਿਸ਼ਾਨਾ, ਲੋਕਮਾਤ ਵਖਾਇੰਦਾ । ਜੋਧਾ ਸੂਰਬੀਰ ਬਲਵਾਨਾ, ਬਲ ਆਪਣਾ ਆਪ ਧਰਾਇੰਦਾ । ਵਸਣਹਾਰਾ ਸਚ ਮਕਾਨਾ, ਸਚ ਮਕਾਨ ਆਪ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਾਂ ਖਾਤਰ ਆਪਣਾ ਹੁਕਮ ਸੁਣਾਇੰਦਾ । ਸਾਚਾ ਹੁਕਮ ਦਏ ਫ਼ਰਮਾਣਾ, ਫੁਰਨਾ ਆਪਣਾ ਆਪ ਪਰਗਟਾਈਆ । ਕਰਵਟ ਬਦਲੇ ਨੌਂਜਵਾਨਾ, ਥਿਰ ਘਰ ਵੇਖੇ ਚਾਈਂ ਚਾਈਂਆ । ਸੁਤ ਦੁਲਾਰਾ ਕਰ ਪਰਵਾਨਾ, ਸਚ ਪਰਵਾਨਾ ਹੱਥ ਫੜਾਈਆ । ਲੇਖਾ ਜਾਣੇ ਦੋ ਜਹਾਨਾਂ,

ਦੋਏ ਦੋਏ ਧਾਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਭੇਵ ਰਖਾਈਆ । ਜੁਗ ਚੌਕੜੀ ਵੇਖੇ ਨਵ ਨੌਂ ਚਾਰ, ਜੁਗ ਜੁਗ ਖੇਲ ਕਰਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕਰ ਵਿਹਾਰ, ਬਿਵਹਾਰੀ ਰਾਹ ਚਲਾਇੰਦਾ । ਸ਼ਬਦ ਅਨਾਦੀ ਕਰ ਤਿਆਰ, ਬ੍ਰਹਮ ਬ੍ਰਹਿਮਾਦੀ ਖੋਜ ਖੁਜਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਮਹੱਲ ਉਸਾਰ, ਏਕਾ ਨਾਮ ਬੰਧਨ ਪਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰ ਤਿਆਰ, ਤ੍ਰੈਗੁਣ ਮੇਲਾ ਮੇਲ ਮਿਲਾਇੰਦਾ । ਪੰਜ ਤੱਤ ਵੇਖ ਸਚ ਅਖਾੜ, ਤਿੰਨ ਪੰਜ ਖੇਲ ਖਿਲਾਇੰਦਾ । ਨਿਰਗੁਣ ਜੋਤ ਕਰ ਪਰਕਾਸ਼, ਨਾਮ ਨਿਧਾਨ ਝੋਲੀ ਪਾਇੰਦਾ । ਆਤਮ ਪਰਮਾਤਮ ਮੇਲਾ ਖ਼ਾਸ, ਆਪਣਾ ਭੇਵ ਚੁਕਾਇੰਦਾ । ਬ੍ਰਹਮ ਪਾਰਬ੍ਰਹਮ ਖੋਲ੍ਹ ਕਿਵਾੜ, ਘਰ ਘਰ ਵਿਚ ਸੋਭਾ ਪਾਇੰਦਾ । ਕਰਨੀ ਕਿਰਿਆ ਕਰ ਵਿਚਾਰ, ਕੁਦਰਤ ਕਾਦਰ ਖੇਲ ਕਰਾਇੰਦਾ । ਨਿਰਗੁਣ ਸਰਗੁਣ ਕਰ ਤਿਆਰ, ਸਾਚਾ ਢੋਲਾ ਰਾਗ ਸੁਣਾਇੰਦਾ । ਬਣ ਵਿਚੋਲਾ ਏਕੰਕਾਰ, ਪਰਦਾ ਉਹਲਾ ਆਪ ਉਠਾਇੰਦਾ । ਸ਼ਬਦੀ ਸ਼ਬਦ ਗੁਰੂ ਗੁਰ ਧਾਰ, ਗੁਰੂ ਗੁਰ ਆਪਣਾ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਜੁਗ ਲਹਿਣਾ ਆਪ ਚੁਕਾਇੰਦਾ । ਜੁਗ ਜੁਗ ਚੁਕਾਏ ਆਪਣਾ ਲਹਿਣਾ, ਲਹਿਣਾ ਆਪਣੇ ਹੱਥ ਰਖਾਈਆ । ਸਚਖੰਡ ਦੁਆਰੇ ਜਿਸ ਨੇ ਬਹਿਣਾ, ਬਹਿ ਬਹਿ ਖ਼ੁਸ਼ੀ ਮਨਾਈਆ । ਆਪਣਾ ਭਾਣਾ ਜਿਸ ਨੇ ਸਹਿਣਾ, ਆਪਣੇ ਭਾਣੇ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਭਗਤਾਂ ਦੇਵੇ ਸਾਚਾ ਸੱਦਾ, ਨਿਰਗੁਣ ਰੂਪ ਆਵੇ ਭੱਜਾ, ਬਣ ਪਾਂਧੀ ਫੇਰਾ ਪਾਈਆ । ਪਾਂਧੀ ਬਣਿਆ ਬੇਪਰਵਾਹ, ਬੇਪਰਵਾਹੀ ਖੇਲ ਕਰਾਇੰਦਾ । ਮੁਕਾਮੇ ਹੱਕ ਨੂਰ ਕਰ ਰੁਸ਼ਨਾ, ਪਰਵਰਦਿਗਾਰ ਦਇਆ ਕਮਾਇੰਦਾ । ਮਿਹਰਵਾਨ ਸਦਾ ਵੇਖੇ ਥਾਉਂ ਥਾਂ, ਲਾਸ਼ਰੀਕ ਵੇਸ ਵਟਾਇੰਦਾ । ਜੋਤੀ ਜਾਮਾ ਨੂਰ ਧਰਾ, ਜਲਵਾ ਜ਼ਾਹਰ ਜ਼ਹੂਰ ਰਖਾਇੰਦਾ । ਭੇਦ ਅਭੇਦ ਭੇਵ ਜਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਭਗਤਾਂ ਆਪ ਜਗਾਇੰਦਾ । ਭਗਤੋ ਜਾਗੋ ਹਰਿ ਰਿਹਾ ਜਗਾ, ਜਗਾਵਣਹਾਰਾ ਆਈਆ । ਆਪਣਾ ਰਾਗ ਰਿਹਾ ਸੁਣਾ, ਦੂਸਰ ਰਾਗ ਨਾ ਕੋਈ ਅਲਾਈਆ । ਏਕਾ ਕਾਜ ਰਿਹਾ ਰਚਾ, ਦੋ ਜਹਾਨਾਂ ਵੱਜੇ ਵਧਾਈਆ । ਝੂਠਾ ਕਾਜ ਦਏ ਮਿਟਾ, ਸਮਗਰੀ ਇਕੋ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਜੁਗ ਦਾ ਲੇਖਾ ਰਿਹਾ ਚੁਕਾਈਆ । ਚਾਰ ਜੁਗ ਦਾ ਲੇਖਾ ਚੁੱਕੇ, ਚੁਕਾਵਣਹਾਰ ਨਿਰੰਕਾਰ । ਪੂਰਬ ਲਹਿਣਾ ਸਭ ਦਾ ਮੁੱਕੇ, ਮੁੱਕੇ ਵਿਚ ਸੰਸਾਰ । ਕੂੜੀ ਕਿਰਿਆ ਬੂਟਾ ਸੁੱਕੇ, ਹਰਿਆ ਹੋਵੇ ਨਾ ਦੂਜੀ ਵਾਰ, ਗੁਰਮੁਖ ਆਪਣੀ ਗੋਦੀ ਚੁੱਕੇ, ਪਰਗਟ ਹੋ ਨਿਹਕਲੰਕ ਨਰਾਇਣ ਨਰ ਅਵਤਾਰ । ਮਹਾਂਬਲੀ ਪ੍ਰਭ ਆਪੇ ਉਠੇ, ਕਰੇ ਖੇਲ ਅਗੰਮ ਅਪਾਰ । ਰੁੱਤ ਸੁਹਾਏ ਅਬਿਨਾਸ਼ੀ ਅਚੁਤੇ, ਸਦ ਵੇਖੇ ਸ਼ਬਦ ਬਹਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤੀ ਮੇਲਾ ਵਿਚ ਸੰਸਾਰ ।

ਸੁਤ ਸ਼ਬਦ ਉਠ ਲਾਲ, ਲਾਲਨ ਆਪ ਜਗਾਇੰਦਾ । ਤੇਈ ਅਵਤਾਰ ਸੁਰਤ ਲਓ ਸੰਭਾਲ, ਧੁਰ ਫ਼ਰਮਾਣਾ ਆਪ ਜਣਾਇੰਦਾ । ਭਗਤ ਅਠਾਰਾਂ ਕਰੋ ਧਿਆਨ, ਧਿਆਨ ਧਿਆਨ ਨਾਲ ਮਿਲਾਇੰਦਾ । ਈਸਾ ਮੂਸਾ ਮੁਹੰਮਦ ਵੇਖੋ ਇਕ ਦੁਕਾਨ, ਦਰ ਦਰਵਾਜ਼ਾ ਆਪ ਜਣਾਇੰਦਾ । ਗੁਰੂ

ਦਸ ਦੇਵੇ ਆਪ ਗਿਆਨ, ਨਾਮ ਸੰਦੇਸਾ ਇਕ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਇਕ ਵਰਤਾਇੰਦਾ । ਸਾਚੇ ਸੁਤ ਸਚ ਵਿਚਾਰ, ਹਰਿ ਸਾਚਾ ਸਚ ਜਣਾਈਆ । ਵਿਸ਼ਨੂੰ ਨਾਲ ਕਰ ਤਿਆਰ, ਬ੍ਰਹਮੇ ਅੱਖ ਖੁਲ੍ਹਾਈਆ । ਸ਼ੰਕਰ ਜਟਾ ਜੂਟ ਲਏ ਉਠਾਲ, ਬਾਸ਼ਕ ਤਸ਼ਕਾ ਵੇਖ ਵਖਾਈਆ । ਸਹੰਸਰ ਮੁਖ ਨਾ ਕੋਈ ਧਾਰ, ਦੋ ਸਹੰਸਰ ਜਿਹਵਾ ਜਿਹਵਾ ਗੁਣ ਨਾ ਕੋਈ ਜਣਾਈਆ । ਕਰੋੜ ਤਤੀਸਾ ਹੋਏ ਖ਼ਬਰਦਾਰ, ਸੁਰਪਤ ਇੰਦ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸੁਣਾਈਆ । ਸਚ ਸੰਦੇਸਾ ਤ੍ਰੈਗੁਣ ਮਾਇਆ, ਤ੍ਰੈਭਵਨ ਧਨੀ ਆਪ ਜਣਾਇੰਦਾ । ਜੁਗ ਚੌਕੜੀ ਜਿਸ ਨੇ ਖਾਇਆ, ਖਾ ਖਾ ਸ਼ੁਕਰ ਨਾ ਕੋਈ ਮਨਾਇੰਦਾ । ਲੱਖ ਚੁਰਾਸੀ ਜਿਸ ਬੰਧਨ ਪਾਇਆ, ਬੰਧਨ ਕੋਇ ਨਾ ਮਾਤ ਤੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਇੰਦਾ । ਸਾਚਾ ਹੁਕਮ ਪੁਰਖ ਅਗੰਮ, ਏਕਾ ਏਕ ਜਣਾਈਆ । ਏਕਾ ਗੁਰ ਅਵਤਾਰ ਪੀਰ ਪੈਗ਼ੰਬਰ ਬੇੜਾ ਲਓ ਬੰਨ੍ਹ, ਏਕਾ ਦੇਵੇ ਸਚ ਸਲਾਹੀਆ । ਧੁਰ ਫ਼ਰਮਾਣਾ ਸੁਣ ਲਓ ਕੰਨ, ਨਾ ਕੋਈ ਲਿਖੇ ਕਾਗਦ ਕਲਮ ਸ਼ਾਹੀਆ । ਆਪੇ ਬਣੇ ਵੇਖੋ ਜਨ, ਜਨਣੀ ਕਵਣ ਗੋਦ ਸੁਹਾਈਆ । ਕਵਣ ਦਏ ਨਾਮ ਧਨ, ਕਵਣ ਖ਼ਜ਼ਾਨਾ ਰਿਹਾ ਲੁਟਾਈਆ । ਲੱਖ ਚੁਰਾਸੀ ਹੋਏ ਅੰਨ੍ਹ, ਦੋਏ ਦੋਏ ਲੋਚਣ ਬੰਦ ਕਰਾਈਆ । ਕਰ ਕਰ ਵੱਡੀ ਵਾਸਨਾ ਮਨ, ਮਨ ਵਾਸਨਾ ਨਾ ਕੋਈ ਮਿਟਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਲੱਗਾ ਡੰਨ, ਕਾਇਆ ਤਨ ਤਪਾਈਆ । ਭਾਂਡਾ ਭਰਮ ਕੋਈ ਨਾ ਦੇਵੇ ਭੰਨ, ਕੂੜਾ ਗੜ੍ਹ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਰਿਹਾ ਸਮਝਾਈਆ । ਗੁਰ ਅਵਤਾਰ ਉਠੇ ਪੀਰ, ਪੀਰ ਵੱਡਾ ਫੇਰਾ ਪਾਇੰਦਾ । ਚਾਰੋਂ ਕੁੰਟ ਵੱਝਾ ਸ਼ਰਅ, ਜ਼ੰਜੀਰ, ਨਾ ਕੋਈ ਤੋੜ ਤੁੜਾਇੰਦਾ । ਨਾਤਾ ਤੁਟਿਆ ਸ਼ਾਹ ਹਕੀਰ, ਹਕੀਕਤ ਸਚ ਨਾ ਕੋਇ ਵਖਾਇੰਦਾ । ਤੇਰੀ ਮਹਿਮਾ ਕੋਈ ਨਾ ਦੱਸੇ ਬੇਨਜ਼ੀਰ, ਨਜ਼ਰ ਸਭ ਦੀ ਆਪ ਬਦਲਾਇੰਦਾ । ਸਚ ਦੱਸੇ ਨਾ ਕੋਈ ਤਹਿਰੀਰ, ਤਸਬੀ ਗਲ ਨਾ ਕੋਈ ਲਟਕਾਇੰਦਾ । ਤੇਰੀ ਚੋਟੀ ਚੜ੍ਹੇ ਨਾ ਕੋਈ ਅਖ਼ੀਰ, ਮੁਕਾਮੇ ਹੱਕ ਨਾ ਦਰਸ਼ਨ ਪਾਇੰਦਾ । ਸਾਚੀ ਪੜ੍ਹੇ ਨਾ ਕੋਇ ਤਕਬੀਰ, ਤਾਲਬ ਨਜ਼ਰ ਕੋਈ ਨਾ ਆਇੰਦਾ । ਨਾ ਕੋਈ ਹੋਏ ਦਾਮਨਗੀਰ, ਸਤਿ ਸੁਹੇਲਾ ਸਪੂਤ ਨਾ ਕੋਈ ਅਖਵਾਇੰਦਾ । ਨੌਂ ਖੰਡ ਪ੍ਰਿਥਮੀ ਕੂੜੀ ਫੜੀ ਹੱਥ ਸ਼ਮਸ਼ੀਰ, ਛੁਰੀ ਸਭ ਦੇ ਹੱਥ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੀਰ ਪੈਗ਼ੰਬਰ ਆਪ ਜਣਾਇੰਦਾ । ਪੀਰ ਪੈਗ਼ੰਬਰ ਖੋਲ੍ਹੋ ਤਾਕ, ਤਾਕਤਵਰ ਆਪ ਜਣਾਇੰਦਾ । ਨੂਰ ਨੁਰਾਨਾ ਪਾਕੀ ਪਾਕ, ਏਕਾ ਹੁਕਮ ਜਣਾਇੰਦਾ । ਚੌਦਾਂ ਤਬਕ ਲੈਣਾ ਝਾਕ, ਝਾਕੀ ਇਕੋ ਵਾਰ ਵਖਾਇੰਦਾ । ਕੋਈ ਨਾ ਕਰੇ ਕਿਸੇ ਸਾਥ, ਮੁਹੰਮਦ ਪੱਲੂ ਨਾ ਕੋਈ ਫੜਾਇੰਦਾ । ਕੋਈ ਨਾ ਦੇਵੇ ਅੰਤ ਨਿਜ਼ਾਤ, ਪਾਰ ਕਿਨਾਰਾ ਨਾ ਕੋਈ ਲੰਘਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੀਰ ਪੈਗ਼ੰਬਰਾਂ ਆਪ ਸਮਝਾਇੰਦਾ । ਪੀਰ ਪੈਗ਼ੰਬਰ ਲਏ ਅੰਗੜਾਂਈ, ਨੇਤਰ ਨੈਣ ਉਠਾਈਆ । ਚਾਰੋਂ ਕੁੰਟ ਉਮਤ ਦਏ ਦੁਹਾਈ, ਅਮਨ ਨਜ਼ਰ ਕੋਇ ਨਾ ਆਈਆ । ਗੋਬਿੰਦ ਬੂਟਾ ਪੁਟਿਆ ਕਾਈ, ਸਭ ਦੀ ਜੜ੍ਹ ਉਖੜਾਈਆ । ਅੱਲਾ ਰਾਣੀ ਮੁਖ ਸ਼ਰਮਾਈ, ਮੁਖ ਘੁੰਗਟ ਰਹੀ ਪਾਈਆ । ਖੁਲੜੇ ਕੇਸ ਰਹੀ ਵਖਾਈ, ਸੱਜਣ ਸਾਕ ਨਾ ਕੋਈ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੀਰ ਪੈਗ਼ੰਬਰਾਂ ਰਿਹਾ ਬੁਲਾਈਆ । ਪੀਰ ਪੈਗ਼ੰਬਰ ਆਤਮ ਖੋਲ੍ਹ ਅੱਖ, ਆਖਰ ਹਰਿ

ਜਣਾਇੰਦਾ । ਕਰੇ ਨਬੇੜਾ ਹੱਕ, ਹਕੀਕਤ ਵੇਖ ਵਖਾਇੰਦਾ । ਚੌਦਾਂ ਤਬਕਾਂ ਵੇਖੇ ਨੱਸ, ਸ਼ਾਹ ਅਸਵਾਰ ਨਾ ਕੋਈ ਜਣਾਇੰਦਾ । ਫੜ ਨੜੀ ਸਾਰੇ ਹੁੱਕਾ ਪੀਂਦੇ ਗਟ ਗਟ, ਗੱਟਾ ਕਾਇਆ ਨਾ ਕੋਈ ਖਲਾਇੰਦਾ । ਮਣਕਿਆਂ ਮਾਲਾ ਲਈ ਰਟ, ਮਨ ਕਾ ਮਣਕਾ ਨਾ ਕੋਈ ਭੁਆਇੰਦਾ । ਸਯਦਾ ਕੋਈ ਨਾ ਕਰੇ ਸਿਰ ਚਰਨਾਂ ਉਤੇ ਰੱਖ, ਐਵੇਂ ਬੈਠੇ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਹਿਬਰ ਆਪ ਅਲਾਇੰਦਾ । ਪੀਰ ਪੈਗ਼ੰਬਰ ਈਸਾ ਮੂਸਾ, ਮੁਹੰਮਦ ਨਾਲ ਮਿਲਾਈਆ । ਪੁਰਖ ਅਬਿਨਾਸ਼ੀ ਸਾਚਾ ਸ਼ੇਰ ਤਨ ਵਖਾਏ ਕਾਲਾ ਸੂਸਾ, ਸਾਹਿਬ ਨਜ਼ਰ ਕੋਈ ਨਾ ਆਈਆ । ਫਿਰਨਹਾਰਾ ਗਲੀ ਕੂਚਾ, ਕਾਇਆ ਮੰਦਰ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਇਕ ਸੁਣਾਈਆ । ਪੀਰ ਪੈਗ਼ੰਬਰ ਮਾਰਨ ਧਾਹ, ਚਾਰ ਕੁੰਟ ਵੇਖੋ ਕੁਰਲਾਈਆ । ਮੁਹੰਮਦ ਕਹੇ ਮੇਰੀ ਪਕੜੇ ਬਾਂਹ, ਖ਼ਾਲੀ ਪੱਲੂ ਰਿਹਾ ਜਣਾਈਆ । ਮੇਰੀ ਉਮਤ ਮੈਨੂੰ ਕਰਦੀ ਨਾਹ, ਸਾਚਾ ਸੰਗ ਨਾ ਕੋਈ ਨਿਭਾਈਆ । ਮਾਈ ਹੱਵਾ ਨਾ ਕੋਈ ਮਾਂ, ਆਦਮ ਸੰਗ ਨਾ ਦਏ ਜਣਾਈਆ । ਸਿਰ ਦੇਵੇ ਨਾ ਕੋਈ ਠੰਡੀ ਛਾਂ, ਚਾਰੋਂ ਕੁੰਟ ਕੂਕ ਕੂਕ ਸੁਣਾਈਆ । ਬੇਪਰਵਾਹ ਨਜ਼ਰ ਨਾ ਆਏ ਕਿਸੇ ਥਾਂ, ਮੁਖ ਨਕਾਬ ਨਾ ਕੋਈ ਉਠਾਈਆ । ਉਮਤ ਉਮਤੀ ਭਰੀ ਗੁਨਾਹ, ਅੰਤ ਖ਼ਾਕੀ ਖ਼ਾਕ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੀਰ ਪੈਗ਼ੰਬਰਾਂ ਰਿਹਾ ਵਖਾਈਆ । ਪੀਰ ਪੈਗ਼ੰਬਰ ਨੇਤਰ ਰੋ, ਨੈਣਾਂ ਨੀਰ ਵਹਾਇਆ । ਹਾਏ ਇਹ ਕੀ ਗਿਆ ਹੋ, ਦਰੋਹੀ ਦਰੋਹੀ ਕਰੇ ਖ਼ੁਦਾਇਆ । ਜਿਸ ਦੀ ਸੁਣਦੇ ਰਹੇ ਸੋ, ਸੋ ਸਾਹਿਬ ਫੇਰਾ ਪਾਇਆ । ਜਿਸ ਦੇ ਨਾਲ ਰੱਖਦੇ ਰਹੇ ਮੋਹ, ਸੋ ਮੁਹੱਬਤ ਰਿਹਾ ਤੁੜਾਇਆ । ਕਰਿਆ ਖੇਲ ਛੱਬੀ ਪੋਹ, ਜਿਸ ਦਾ ਅੰਤ ਕਿਸੇ ਨਾ ਪਾਇਆ । ਚੌਦਾਂ ਤਬਕਾਂ ਆਪਣੀ ਹੱਥੀਂ ਰਹੇ ਟੋਹ, ਪੱਲੂ ਹੱਥ ਨਾ ਕਿਸੇ ਫੜਾਇਆ । ਕਲਜੁਗ ਅੰਤਮ ਸਾਡੇ ਕੋਲੋਂ ਸਭ ਕੁਛ ਲਿਆ ਖੋਹ, ਖ਼ਾਲੀ ਹੱਥ ਦੇਣ ਦੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਰਿਹਾ ਜਣਾਇਆ । ਪੀਰ ਪੈਗ਼ੰਬਰ ਨੇਤਰ ਨੀਰ, ਛਹਿਬਰ ਇਕ ਲਗਾਈਆ । ਚਾਰ ਯਾਰੀ ਵਿਛੜੇ ਵੀਰ, ਭਾਈ ਭਾਈ ਨਾ ਕੋਈ ਮਿਲਾਈਆ । ਉਮਤ ਬਦਲੇ ਨਾ ਕੋਈ ਸਾਡੀ ਤਕਦੀਰ, ਸਿਰ ਹੱਥ ਨਾ ਕੋਈ ਟਿਕਾਈਆ । ਪਰਵਰਦਿਗਾਰ ਬੇਪਰਵਾਹ ਆਪਣੀ ਹੱਥੀਂ ਫੜਕੇ ਪਾਵੇ ਜ਼ੰਜੀਰ, ਸਕੇ ਨਾ ਕੋਈ ਤੁੜਾਈਆ । ਸਦੀ ਚੌਧਵੀਂ ਹੋਏ ਦਿਲਗੀਰ, ਦਿਲਬਰ ਮਿਲਿਆ ਨਾ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ ।

ਪੀਰ ਪੈਗ਼ੰਬਰ ਵੇਖਣ ਹੁਜਰਾ, ਆਪਣਾ ਨੈਣ ਉਠਾਈਆ । ਅੱਗੇ ਸਚ ਦੱਸੇ ਨਾ ਕੋਈ ਮੁਜਰਾ, ਕੂੜੀ ਕਿਰਿਆ ਨਾਚ ਨਚਾਈਆ । ਪਿਛਲਾ ਵਕਤ ਜੋ ਪਿਛੇ ਗੁਜਰਾ, ਅੱਗੇ ਆਪਣਾ ਹੁਕਮ ਮਨਾਈਆ । ਸਭ ਨੂੰ ਸਿਰ ਤੇ ਚੁੱਕਣਾ ਪਏ ਬੁਚਕਾ, ਆਪਣਾ ਆਪਣਾ ਭਾਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਭ ਦਾ ਰਿਹਾ ਲਿਖਾਈਆ । ਪੀਰ ਪੈਗ਼ੰਬਰ ਕਰਨ ਸਯਦਾ, ਚਰਨ ਸੀਸ ਨਿਵਾਇਆ । ਪਰਵਰਦਿਗਾਰ ਤੇਰੇ ਹੋਏ ਬਰਦਾ, ਬਰੀਖ਼ਾਨਾ ਦਏ ਵਖਾਇਆ । ਤੂੰ ਦਰਦੀਆਂ ਵਟਾਏ ਦਰਦਾ, ਬੇਦਰਦ ਤੇਰੀ ਵਡ ਵਡਿਆਇਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹਿਆ । ਗੁਰ ਅਵਤਾਰ ਵੇਖੇ ਹਾਲ, ਹਰਿ ਜੂ ਹਾਲ ਰਿਹਾ ਜਣਾਈਆ । ਉਂਗਲੀ ਲਾਇਆ ਮਹਾਂਕਾਲ, ਮਹਾਂਬਲੀ ਦਇਆ ਕਮਾਈਆ । ਕਲਜੁਗ ਜੀਵ ਹੋਏ ਬੇਹਾਲ, ਬਹਿਬਲ ਹੋ ਦੇਣ ਦੁਹਾਈਆ । ਮਾਰਗ ਮਿਲਿਆ ਨਾ ਕਿਸੇ ਸੁਖਾਲ, ਸਾਚੇ ਘਰ ਨਾ ਕੋਈ ਮਿਲਾਈਆ । ਪੜ੍ਹ ਪੜ੍ਹ ਘਾਲਣਾ ਗਏ ਘਾਲ, ਪੜ੍ਹਿਆਂ ਹੱਥ ਕਿਸੇ ਨਾ ਆਈਆ । ਠਰ ਠਰ ਥੱਕੇ ਰੁੱਤ ਸਿਆਲ, ਠੋਕਰ ਨਾਮ ਨਾ ਕੋਈ ਲਗਾਈਆ । ਸੜ ਸੜ ਥੱਕੇ ਅਗਨੀ ਵਿਚ ਜਹਾਨ, ਅੰਮ੍ਰਿਤ ਮੇਘ ਨਾ ਕੋਈ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰਾਂ ਰਿਹਾ ਵਖਾਈਆ । ਤੇਈ ਅਵਤਾਰ ਕਰਨ ਸਲਾਹ, ਹਰਿ ਜੂ ਕੀ ਕੀ ਖੇਲ ਰਚਾਇਆ । ਜੁਗ ਜੁਗ ਦੇਂਦੇ ਆਏ ਸਲਾਹ, ਆਪਣਾ ਨਾਮ ਜਪਾਇਆ । ਨਿਰਗੁਣ ਸਰਗੁਣ ਦੱਸਦੇ ਆਏ ਰਾਹ, ਐਂ ਪਰ ਹੱਥ ਕਿਸੇ ਨਾ ਆਇਆ । ਜੀਵ ਜੰਤ ਕਰਨ ਗੁਨਾਹ, ਫੜ ਬਾਹੋਂ ਨਾ ਕਿਸੇ ਬਚਾਇਆ । ਲਿਖ ਲਿਖ ਅੱਖਰ ਰਹੇ ਸੁਣਾ, ਹੋਕਾ ਦੇ ਦੇ ਰਾਗ ਅਲਾਇਆ । ਜਿੰਨਾਂ ਚਿਰ ਸਤਿਗੁਰ ਪੂਰਾ ਸੌਂਦਿਆਂ ਜਾਗਦਿਆਂ ਰੋਂਦਿਆਂ ਹੱਸਦਿਆਂ ਅੰਦਰ ਬਾਹਰ ਗੁਪਤ ਜ਼ਾਹਿਰ ਫੜੇ ਨਾ ਬਾਂਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਰਿਹਾ ਜਣਾਇਆ । ਆਪਣਾ ਭੇਵ ਜਣਾਏ ਹਰਿ, ਹਰਿ ਆਪਣੀ ਦਇਆ ਕਮਾਈਆ । ਜਿਸ ਘਾੜਨ ਲਿਆ ਘੜ, ਘੜਨ ਭੰਨਣਹਾਰ ਬੇਪਰਵਾਹੀਆ । ਸਾਚੇ ਮੰਦਰ ਆਪੇ ਚੜ੍ਹ, ਆਪੇ ਵੇਖ ਵਖਾਈਆ । ਨਿਰਗੁਣ ਨੂਰ ਜੋਤ ਧਰ, ਪੰਜ ਤੱਤ ਨਾ ਕੋਈ ਵਡਿਆਈਆ । ਸ਼ਬਦ ਅਗੰਮੀ ਆਪੇ ਵਰ, ਆਪਣੇ ਨਾਮ ਦਏ ਵਡਿਆਈਆ । ਨਾ ਜਨਮੇ ਨਾ ਜਾਏ ਮਰ, ਆਵਣ ਜਾਵਣ ਖੇਲ ਕਰਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗੁਰ ਅਵਤਾਰ ਪੀਰ ਪੈਗ਼ੰਬਰਾਂ ਜੋ ਦੇਂਦਾ ਰਿਹਾ ਵਰ, ਸਿਰ ਆਪਣਾ ਹੱਥ ਟਿਕਾਈਆ । ਕਲਜੁਗ ਅੰਤਮ ਸਾਰੇ ਲਏ ਫੜ, ਬਚਿਆ ਕੋਇ ਰਹਿਣ ਨਾ ਪਾਈਆ । ਉਠੋ ਨੇਤਰ ਵੇਖੋ ਖੜ, ਤੀਰ ਤੁਫੰਗ ਖੜਗ ਚਮਕਾਈਆ । ਲੋਕਮਾਤ ਜੋ ਧਰਮ ਦੀ ਲਾਏ ਜੜ੍ਹ, ਕਲਜੁਗ ਜੀਵਾਂ ਹੱਥੀਂ ਕੱਟ ਵਖਾਈਆ । ਤੁਹਾਡਾ ਰੱਖੇ ਨਾ ਕੋਈ ਡਰ, ਭਰਮੇ ਭੁੱਲੀ ਸਰਬ ਲੋਕਾਈਆ । ਤੁਸੀਂ ਆਪਣੀ ਕੀਤੀ ਗਏ ਹਰ, ਹਰਿ ਜੂ ਆਪਣੇ ਹੱਥੀਂ ਡੇਰਾ ਢਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਚਰਨੀ ਡਿਗੇ ਦੜ, ਮੂੰਹ ਦੇ ਭਾਰ ਨੈਣ ਸ਼ਰਮਾਈਆ । ਜਿਉਂ ਭਾਵੇ ਤਿਉਂ ਲੈਣਾ ਕਰ, ਸਾਡੀ ਚਲੇ ਨਾ ਕੋਈ ਚਤੁਰਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਲਿਖ ਲਿਖ ਆਏ ਧਰ, ਧਰਨੀ ਧਰਤ ਧਵਲ ਦਏ ਦ੍ਰਿੜਾਈਆ । ਮਨ ਮਤ ਬੁੱਧ ਰਹੇ ਹਰ, ਆਤਮ ਪਰਮਾਤਮ ਕਰੀ ਨਾ ਸਚ ਪੜ੍ਹਾਈਆ । ਕੂੜੀ ਕਿਰਿਆ ਆਪੇ ਹਰ, ਸਚ ਸੁੱਚ ਨਾ ਕੋਇ ਵਡਿਆਈਆ । ਅਸੀਂ ਜਾ ਕੇ ਲੋਕਮਾਤ ਨਾ ਸਕੇ ਫੜ, ਦਰ ਤੇਰੇ ਬੈਠੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਉਂ ਤੇਰੀ ਸਰਬ ਰਜ਼ਾਈਆ । ਤੇਰੀ ਰਜ਼ਾ ਸਾਨੂੰ ਮਨਜ਼ੂਰ, ਇਕੋ ਧਿਆਨ ਲਗਾਇਆ । ਲੱਖ ਚੁਰਾਸੀ ਕਰੇ ਕਸੂਰ, ਤੇਰਾ ਹੁਕਮ ਬੇਪਰਵਾਹਿਆ । ਕਲਜੁਗ ਹੋਏ ਅਸੀਂ ਮਜ਼ਬੂਰ, ਬੈਠੇ ਮੁਖ ਸ਼ਰਮਾਇਆ । ਤੇਰਾ ਭਾਣਾ ਵਰਤੇ ਜ਼ਰੂਰ, ਨਾ ਕੋਈ ਮੇਟੇ ਮੇਟ ਮਿਟਾਇਆ । ਵੇਦ ਵਿਆਸ ਲਿਖ ਕੇ ਆਇਆ ਪ੍ਰਭ ਆਸਾ ਕਰੇ ਪੂਰ, ਨਿਰਗੁਣ ਆਪਣਾ ਰੂਪ ਧਰਾਇਆ । ਮੂਸਾ ਮੰਗੇ ਦਰ ਹਜ਼ੂਰ, ਮੁਖ ਨੈਣਾਂ ਨੈਣ ਸ਼ਰਮਾਇਆ । ਈਸਾ ਕਹੇ ਮੇਰਾ ਬਾਪ ਮੁਆਫ਼ ਕਰੇ ਕਸੂਰ, ਲੇਖਾ ਸਭ ਦਾ ਦਏ ਮੁਕਾਇਆ । ਮੁਹੰਮਦ ਕਹੇ ਮੇਰਾ ਆਵੇ ਸ਼ਾਹ ਗ਼ਫੂਰ, ਅਮਾਮ ਆਪਣਾ ਨਾਉਂ ਪਰਗਟਾਇਆ ।



੩੯੭
੧੩

ਨਾਨਕ ਕਹੇ ਸਰਬ ਕਲਾ ਭਰਪੂਰ, ਕਲ ਆਪਣੀ ਧਾਰ ਜਣਾਇਆ । ਗੋਬਿੰਦ ਕਹੇ ਮੇਰੀ ਆਸਾ ਮਨਸਾ ਪੂਰ, ਪੁਰਖ ਅਕਾਲ ਪਿਤਾ ਮਾਇਆ । ਕਲ ਕਲਕੀ ਨੇੜੇ ਆਏ ਜੋ ਵਸਿਆ ਦੂਰ, ਦੂਰ ਦੁਰਾਡਾ ਪੰਧ ਮੁਕਾਇਆ । ਮੇਰੀ ਸੰਬਲ ਕਰੇ ਆਸਾ ਪੂਰ, ਪੂਰਨਾ ਪੂਰਾ ਇਕੋ ਪਾਇਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਗੁਰੂ ਅਵਤਾਰ ਪੀਰ ਪੈਗ਼ੰਬਰ ਲੇਖਾ ਮੰਗੇ ਘਰ ਘਰ ਜਰੂਰ, ਛੁਪਿਆ ਕੋਈ ਰਹਿਣ ਨਾ ਪਾਇਆ । ਲੋਕਮਾਤ ਤ੍ਰੈਗੁਣ ਮਾਇਆ ਆਏ ਸਰੂਰ, ਅਗਨੀ ਤੱਤ ਨਾ ਕੋਈ ਬੁਝਾਇਆ । ਲੱਖ ਚੁਰਾਸੀ ਹੋਏ ਚੂਰ ਚੂਰ, ਕਲਜੁਗ ਸੰਤ ਨਾ ਕੋਈ ਬਚਾਇਆ । ਬਾਹਰੋਂ ਚਾੜ੍ਹਨ ਕਾਇਆ ਚੋਲੀ ਰੰਗ ਗੂੜ੍ਹ, ਅੰਦਰ ਰੂਪ ਨਾ ਕੋਈ ਵਖਾਇਆ । ਅੰਦਰ ਦਿਸੇ ਨਾ ਸਾਚਾ ਨੂਰ, ਅੰਧ ਅੰਧੇਰਾ ਛਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੁਨੇਹੁੜਾ ਇਕ ਘਲਾਇਆ । ਸਚ ਸੁਨੇਹੁੜਾ ਦੇਵੇ ਮੀਤਾ, ਇਕੋ ਇਕ ਜਣਾਈਆ । ਭਗਤਾਂ ਦੱਸਦਾ ਰਿਹਾ ਰੀਤਾ, ਕਰੇ ਸਚ ਪੜ੍ਹਾਈਆ । ਕਬੀਰ ਜੁਲਾਹਾ ਕਹੇ ਪ੍ਰਭ ਮਿਲੇ ਨਾ ਕਿਸੇ ਮਸੀਤਾ, ਸ਼ਿਵਦੁਆਲੇ ਮੱਠ ਨਾ ਡੇਰਾ ਲਾਈਆ । ਕੂੜੀ ਕਿਰਿਆ ਤਪੇ ਅੰਗੀਠਾ, ਅਗਨੀ ਤੱਤ ਤੱਤ ਜਲਾਈਆ । ਸਭ ਦਾ ਖ਼ਾਲੀ ਵੇਖੇ ਸ਼ੀਸਾ, ਨਾਮ ਝੋਲੀ ਨਾ ਕੋਈ ਭਰਾਈਆ । ਕਲਜੁਗ ਵੇਲਾ ਅੰਤਮ ਬੀਤਾ, ਬੀਤੀ ਕਹਾਣੀ ਦਏ ਸੁਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਇਕੱਠਾ ਕੀਤਾ, ਛੱਬੀ ਪੋਹ ਖ਼ੁਸ਼ੀ ਮਨਾਈਆ । ਹੁਕਮ ਅੰਦਰ ਜੋ ਪੀਸਨ ਪੀਸਾ, ਨੇਤਰ ਨੈਣ ਦਏ ਵਖਾਈਆ । ਉਠੋ ਵੇਖੋ ਜਿਸ ਦੀਆਂ ਕਰਦੇ ਰਹੇ ਉਡੀਕਾਂ, ਸੋ ਆਇਆ ਸੱਚਾ ਮਾਹੀਆ । ਜਨ ਭਗਤਾਂ ਨਾਲ ਲਗਾਏ ਪ੍ਰੀਤਾ, ਦੂਜਾ ਸੰਗ ਨਾ ਕੋਈ ਰਖਾਈਆ । ਗੁਰਮੁਖ ਆਪਣੇ ਜੇਹਾ ਕੀਤਾ, ਆਪ ਆਪਣਾ ਰੰਗ ਚੜ੍ਹਾਈਆ । ਹਰਿਜਨ ਕੋਇ ਨਾ ਜਾਣੇ ਮੰਦਰ ਮਸੀਤਾ, ਸਭ ਦਾ ਡੇਰਾ ਏਕਾ ਇਕ ਜਣਾਈਆ । ਹਸਤ ਕੀਟਾ ਇਕੋ ਜੇਹਾ ਕੀਤਾ, ਰਾਜ ਰਾਜਾਨ ਨਾ ਕੋਈ ਵਡਿਆਈਆ । ਸਭ ਦਾ ਬਣੇ ਸਾਚਾ ਮੀਤਾ, ਓਥੇ ਏਥੇ ਹੋਏ ਸਹਾਈਆ । ਗੁਰਮੁਖ ਕੋਇ ਨਾ ਰਹੇ ਕੌੜਾ ਰੀਠਾ, ਰੰਗ ਇਕੋ ਇਕ ਚੜ੍ਹਾਈਆ । ਪੁਰਖ ਅਬਿਨਾਸ਼ੀ ਮਿਲਿਆ ਸਾਚਾ ਮੀਤਾ, ਗੁਰਮੁਖਾਂ ਘਰ ਘਰ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰਾਂ ਰਿਹਾ ਸੁਣਾ, ਇਕੋ ਗੁਰ ਸਮਝਾਈਆ । ਲੋਕਮਾਤ ਵੇਖੋ ਨੈਣ ਉਘਾੜ, ਪਰਵਰਦਿਗਾਰ ਜਣਾਇੰਦਾ । ਲਹਿੰਦੀ ਦਿਸ਼ਾ ਕੂਕੇ ਕਾਲ, ਅੱਗੇ ਹੋ ਨਾ ਕੋਈ ਬਚਾਇੰਦਾ । ਅੱਲਾ ਰਾਣੀ ਸਿਰ ਦੇ ਪੁੱਟੇ ਵਾਲ, ਸੀਸ ਮੀਂਢੀ ਨਾ ਕੋਈ ਗੁੰਦਾਇੰਦਾ । ਪੁਰਖ ਅਬਿਨਾਸ਼ੀ ਅਵੱਲੜੀ ਚਾਲ, ਹਰਿ ਜੂ ਭੇਵ ਕੋਈ ਨਾ ਪਾਇੰਦਾ । ਗੋਬਿੰਦ ਸੁਣਨ ਆਇਆ ਹਾਲ, ਮੁਰੀਦਾਂ ਮੁਰਸ਼ਦ ਆਪਣਾ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੀਰ ਪੈਗ਼ੰਬਰ ਚਰਨਾਂ ਹੇਠ ਦਬਾਇੰਦਾ । ਚਰਨਾਂ ਹੇਠ ਬਣੇ ਸੁਹੇਲੇ, ਨੇਤਰ ਨੈਣਾਂ ਨੀਰ ਵਹਾਈਆ । ਬੌਹੜੀ ਅੰਤਮ ਰਹਿ ਗਏ ਅਕੇਲੇ, ਸੰਗ ਨਾ ਕੋਈ ਰਖਾਈਆ । ਲਹਿੰਦੀ ਦਿਸ਼ਾ ਖ਼ਾਲੀ ਮਹੱਲੇ, ਮੱਕਾ ਕਾਅਬਾ ਨਾ ਕੋਈ ਵਡਿਆਈਆ । ਜਿਸ ਨੇ ਸੁਨੇਹੁੜੇ ਪਹਿਲੋਂ ਘੱਲੇ, ਅੰਤਮ ਲੇਖਾ ਰਿਹਾ ਲਿਖਾਈਆ । ਖ਼ਾਲੀ ਕਰੇ ਸਭ ਦੇ ਸ਼ੀਸੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਪੀਰ ਪੈਗ਼ੰਬਰ ਕੱਢਣ ਹਾੜਾ, ਉਚੀ ਕੂਕ ਕੂਕ ਸੁਣਾਇਆ । ਪਰਵਰਦਿਗਾਰ ਅਗੰਮੀ ਲਾੜਾ, ਤਰਸ ਨਾ ਜ਼ਰਾ ਕਮਾਇਆ । ਫਿਰਨਹਾਰਾ ਜੰਗਲ ਜੂਹ ਉਜਾੜ ਪਹਾੜਾ, ਉਚੇ ਟਿੱਲੇ ਪਰਬਤ ਵੇਖ ਵਖਾਇਆ । ਪਾਵੇ ਸਾਰ ਡੂੰਘੀ ਗਾਰਾ, ਅੰਧ ਅੰਧੇਰ ਫੋਲ ਫੁਲਾਇਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਕਰੇ ਖੇਲ ਏਕੰਕਾਰਾ । ਏਕੰਕਾਰ ਖੇਲ ਅਵੱਲਾ, ਹਰਿ ਆਪਣਾ ਆਪ ਕਰਾਈਆ । ਇਕ ਵਖਾਏ ਸਚ ਮਹੱਲਾ, ਸਚ ਸਿੰਘਾਸਣ ਸੋਭਾ ਪਾਈਆ । ਦੋ ਜਹਾਨਾਂ ਫੜਾਇਆ ਪੱਲਾ, ਪੱਲੂ ਆਪਣੀ ਗੰਢ ਪੁਆਈਆ । ਜਨ ਭਗਤਾਂ ਪਿਛੇ ਨਿਰਗੁਣ ਹੋਇਆ ਝੱਲਾ, ਆਪਣੀ ਝਲਕ ਵਖਾਈਆ । ਕਰੇ ਖੇਲ ਅਛਲ ਅਛੱਲਾ, ਵਲ ਛਲ ਧਾਰੀ ਭੇਵ ਨਾ ਰਾਈਆ । ਨਿਰਗੁਣ ਜੋਤ ਆਪੇ ਬਲਾ, ਨੂਰੋ ਨੂਰ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਾਂ ਦਏ ਵਡਿਆਈਆ । ਗੁਰ ਅਵਤਾਰ ਰੱਖੇ ਨਾਲ, ਹਰਿ ਨਾਲਸ ਆਪ ਕਰਾਇੰਦਾ । ਵੇਖੇ ਚਾਰ ਜੁਗ ਦੇ ਵਿਛੜੇ ਲਏ ਸੰਭਾਲ, ਕੀਤੇ ਕੌਲ ਤੋੜ ਨਿਭਾਇੰਦਾ । ਲੱਖ ਚੁਰਾਸੀ ਵਿਚੋਂ ਲਏ ਭਾਲ, ਅਭੁੱਲ ਭੁੱਲ ਕਦੇ ਨਾ ਜਾਇੰਦਾ । ਨਾਮ ਖ਼ਜ਼ਾਨਾ ਦੇਵੇ ਧੰਨ ਮਾਲ, ਠੱਗ ਚੋਰ ਯਾਰ ਲੁੱਟ ਕੋਈ ਨਾ ਜਾਇੰਦਾ । ਘਰ ਵਿਚ ਅੰਮ੍ਰਿਤ ਭਰੇ ਤਾਲ, ਸਰੋਵਰ ਇਕੋ ਇਕ ਸੁਹਾਇੰਦਾ । ਕਲਜੁਗ ਅੰਤਮ ਕਰੀ ਆਣ ਪ੍ਰਿਤਪਾਲ, ਬਣ ਸੇਵਕ ਸੇਵ ਕਮਾਇੰਦਾ । ਗੁਰਮੁਖਾਂ ਵਿਛੜਿਆਂ ਥਾਏ ਪਾਈ ਘਾਲ, ਆਪਣੀ ਘਾਲ ਨਾ ਕੋਈ ਜਣਾਇੰਦਾ । ਗੋਬਿੰਦ ਫਲ ਲੱਗਾ ਡਾਲ, ਪੁਰਖ ਅਬਿਨਾਸ਼ੀ ਵੇਖ ਖ਼ੁਸ਼ੀ ਮਨਾਇੰਦਾ । ਜਿਸ ਨੀਹਾਂ ਹੇਠਾਂ ਬਾਲੇ ਦਿਤੇ ਸਵਾਲ, ਸੋ ਸੋਹਣੀ ਬਣਤ ਬਣਾਇੰਦਾ । ਸਾਢੇ ਤਿੰਨ ਹੱਥ ਇਕ ਨਿਸ਼ਾਨ, ਸਤਿ ਸਤਿਵਾਦੀ ਇਕ ਝੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਾ ਕੋਈ ਪੁਰਖ ਨਾ ਕੋਈ ਨਾਰ, ਨਿਰਗੁਣ ਆਪਣਾ ਨੂਰ ਧਰਾਇੰਦਾ । ਨਿਰਗੁਣ ਨੂਰ ਹੋਏ ਉਜਿਆਰ, ਬੇਪਰਵਾਹ ਵੱਡੀ ਵਡਿਆਈਆ । ਜਿਸ ਨੂੰ ਕਹਿੰਦੇ ਰਹੇ ਸਾਂਝਾ ਯਾਰ, ਭੇਵ ਅਭੇਦ ਖੁਲ੍ਹਾਈਆ । ਸੀਸ ਤਾਜ ਇਕ ਟਿਕਾਇਆ ਸਿਰਜਣਹਾਰ, ਸ਼ਹਿਨਸ਼ਾਹ
੩੮੯
੧੩
ਬੇਪਰਵਾਹੀਆ । ਗੁਰ ਅਵਤਾਰ ਚਰਨਾਂ ਹੇਠ ਰਖਾਇਆ ਪੀਰ ਪੈਗੰਬਰ ਗੁਰ ਅਵਤਾਰ, ਉਂਗਲੀ ਉਂਗਲੀ ਨਾਲ ਮਿਲਾਈਆ । ਏਕਾ ਘਰ ਸੁਹਾਏ ਦੁਆਰ, ਘਰ ਸਾਚੇ ਵੱਜੇ ਵਧਾਈਆ । ਜਨ ਭਗਤਾਂ ਦਏ ਇਕ ਆਧਾਰ, ਲੇਖਾ ਕੋਈ ਰਹਿਣ ਨਾ ਪਾਈਆ । ਏਕਾ ਏਕ ਮਿਲੇ ਸੱਚਾ ਸ਼ਾਹਕਾਰ, ਸ਼ਾਹ ਸ਼ਹਾਨਾ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਹਿ ਦਿਸ਼ਾ ਦਏ ਵਡਿਆਈਆ । ਭਗਤ ਦੁਆਰਾ ਵੇਖ ਪਟਨਾ, ਗੋਬਿੰਦ ਖ਼ੁਸ਼ੀ ਮਨਾਇੰਦਾ । ਅੰਤਮ ਜੇਉੜਾ ਸਭ ਦਾ ਕੱਟਣਾ, ਕਲ ਕਾਤੀ ਵੇਖ ਵਖਾਇੰਦਾ । ਆਪਣਾ ਮਲੇ ਆਪੇ ਵਟਨਾ, ਆਪਣਾ ਸਗਨ ਆਪ ਮਨਾਇੰਦਾ । ਹਰਿ ਕਾ ਨਾਮ ਗੁਰਸਿਖ ਰਟਣਾ, ਸੋਹੰ ਸੋ ਆਪ ਪੜ੍ਹਾਇੰਦਾ । ਅੰਮ੍ਰਿਤ ਰਸ ਏਕਾ ਚੱਖਣਾ, ਅੰਮਿਉਂ ਰਸ ਮੁਖੜੇ ਮੁਖ ਚੁਆਇੰਦਾ । ਕਲਜੁਗ ਅੰਤਮ ਜਿਸ ਨੇ ਉਠਣਾ, ਤਿਸ ਦਾ ਭੇਵ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਦਿਸ਼ਾ ਵੇਖ ਵਖਾਇੰਦਾ । ਆਪਣੀ ਦਿਸ਼ਾ ਵੇਖਣਹਾਰਾ, ਵੇਖਿਆਂ ਨਜ਼ਰ ਨਾ ਆਈਆ । ਗੁਰ ਅਵਤਾਰਾਂ ਦਏ ਸਹਾਰਾ, ਸਾਚਾ ਹੁਕਮ ਮਨਾਈਆ । ਦੋਏ ਜੋੜ ਕਰਨ ਸਰਬ ਨਿਮਸਕਾਰਾ, ਸੀਸ ਸਕੇ ਨਾ ਕੋਈ ਉਠਾਈਆ । ਤੇਰਾ ਖੇਲ ਬੇਐਬ ਪਰਵਰਦਿਗਾਰਾ, ਭਰਮੇ ਭੁੱਲੀ ਸਰਬ ਲੋਕਾਈਆ । ਚੌਥੇ ਜੁਗ ਸਚ ਵਿਹਾਰਾ, ਪ੍ਰਭ ਸੱਚਾ ਆਪਣਾ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਹੱਥੋ ਹੱਥ ਮੁਕਾਈਆ । ਹੱਥੋ ਹੱਥ ਚੁਕੇ ਲੇਖਾ, ਲਿਖਿਆ ਲੇਖ ਮਿਟਾਇੰਦਾ । ਵੇਲੇ ਅੰਤ ਰਹਿਣ ਨਾ ਦੇਵੇ ਕੋਈ ਭੁਲੇਖਾ, ਪਰਦਾ ਉਹਲਾ ਸਰਬ ਮਿਟਾਇੰਦਾ । ਸਾਹਿਬ ਸਤਿਗੁਰ ਜਾਣੇ ਲੇਖਾ, ਵੇਖ ਵੇਖ ਖ਼ੁਸ਼ੀ ਮਨਾਇੰਦਾ । . . . . . . . . . . . . . . . . . . . . . . . (ਤਕਰੀਬਨ ੮ ਪੇਜ)

ਵੇਖੋ ਭਗਤੋ ਭਗਤੀ ਰੰਗ, ਹਰਿ ਸਤਿਗੁਰ ਆਪ ਰੰਗਾਇਆ । ਲੋਕਮਾਤ ਸੇਜ ਸੁਹੰਜਣੀ ਸਚ ਪਲੰਘ, ਪਾਰਬ੍ਰਹਮ ਪ੍ਰਭ ਆਪ ਵਿਛਾਇਆ । ਉਪਰ ਚੜ੍ਹਿਆ ਲੈ ਮਰਦੰਗ, ਨਾਮ ਡੰਕਾ ਇਕ ਸੁਣਾਇਆ । ਗੁਰ ਅਵਤਾਰ ਪੀਰ ਪੈਗ਼ੰਬਰ ਜੋ ਵੰਡਾਂ ਗਏ ਵੰਡ, ਕਲਜੁਗ ਦੁਆਪਰ ਤ੍ਰੇਤਾ ਸਤਿਜੁਗ ਹਿੱਸਾ, ਹਿੱਸਾ ਵਿਚ ਸਮਾਇਆ । ਅੰਤਮ ਕਰੇ ਖੰਡ ਖੰਡ, ਖੰਡਾ ਇਕੋ ਨਾਮ ਚਮਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਗਤਾਂ ਰਿਹਾ ਜਣਾਇਆ । ਹਰਿ ਭਗਤ ਕਰੇ ਪਿਆਰ, ਚਰਨ ਧਿਆਨ ਲਗਾਈਆ । ਤੇਰਾ ਨਜ਼ਰੀ ਆਏ ਇਕ ਦਰਬਾਰ, ਦੂਜਾ ਇਸ਼ਟ ਨਾ ਕੋਈ ਵਖਾਈਆ । ਤੇਰਾ ਨੂਰ ਨਿਰਗੁਣ ਧਾਰ, ਜੋਤੀ ਜੋਤ ਜੋਤ ਰੁਸ਼ਨਾਈਆ । ਤੇਰਾ ਨਾਮ ਸ਼ਬਦ ਜੈਕਾਰ, ਜੁਗ ਜੁਗ ਰਿਹਾ ਜਣਾਈਆ । ਗੁਰ ਅਵਤਾਰ ਤੇਰੀ ਧਾਰ, ਪੀਰ ਪੈਗ਼ੰਬਰ ਤੇਰਾ ਰੰਗ ਵਟਾਈਆ । ਬੰਸ ਸਰਬੰਸ ਤੇਰਾ ਖੇਲ ਅਪਾਰ, ਨਿਰਗੁਣ ਸਰਗੁਣ ਵੇਸ ਵਟਾਈਆ । ਕਲਜੁਗ ਅੰਤਮ ਦਏ ਦੀਦਾਰ, ਬਣ ਦਰਦੀ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਏਕਾ ਮੰਗ ਮੰਗਾਈਆ । ਭਗਤਾਂ ਮੰਗ ਕਰੇ ਪੂਰੀ, ਭਗਵਾਨ ਦਇਆ ਕਮਾਇੰਦਾ । ਤੁਹਾਡੀ ਭੁੱਲ ਨਾ ਜਾਏ ਮਜ਼ਬੂਰੀ, ਮੁਸ਼ਕਲ ਸਭ ਦੀ ਹੱਲ ਕਰਾਇੰਦਾ । ਕਲਜੁਗ ਸ੍ਰਿਸ਼ਟੀ ਹੋਈ ਕੂੜੀ, ਜੂਠ ਝੂਠ ਸਰਬ ਪਰਨਾਇੰਦਾ । ਪੀਰ ਪੈਗ਼ੰਬਰ ਲਾਰਾ ਦੇ ਕੇ ਗਏ ਬਹਿਸ਼ਤੀ ਮਿਲਣ ਹੂਰੀ, ਹੂਰ ਜ਼ਹੂਰ ਨਾ ਕੋਈ ਵਖਾਇੰਦਾ । ਗੁਰਮੁਖਾਂ ਦੇਵੇ ਸਤਿ ਸਰੂਰੀ, ਇਕੋ ਨਾਮ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਆਪ ਵਡਿਆਇੰਦਾ । ਭਗਤ ਵੱਡਾ ਹੋਇਆ ਮਾਤ, ਹਰਿ ਸਤਿਗੁਰ ਆਪ ਬਣਾਈਆ । ਜਿਸ ਨੂੰ ਵਖਾਈ ਆਪਣੀ ਜ਼ਾਤ, ਜ਼ੇਰ ਜ਼ਬਰ ਨਾ ਕੋਈ ਲੜਾਈਆ । ਐਨ ਗ਼ੈਨ ਨਾ ਕੋਈ ਲੁਗਾਤ, ਹਮਜ਼ਾ ਰੂਪ ਨਾ ਕੋਈ ਛੁਪਾਈਆ । ਗੁੰਨਾ ਨੂਨ ਨਾ ਕੋਈ ਨਿਜ਼ਾਤ, ਅਲਫ਼ ਨੂਰ ਨਾ ਕੋਇ ਰੁਸ਼ਨਾਈਆ । ਪੁਰਖ ਅਬਿਨਾਸ਼ੀ ਇਕੋ ਸਾਕ, ਹਰਿ ਸੱਜਣ ਫੇਰਾ ਪਾਈਆ । ਜਿਸ ਦਾ ਆਦਿ ਜੁਗਾਦੀ ਸੋਹੰ ਪਾਠ, ਗੁਰ ਅਵਤਾਰ ਗਏ ਧਿਆਈਆ । ਸਚ ਸਰੋਵਰ ਮਾਰੇ ਠਾਠ, ਅੰਮ੍ਰਿਤ ਇਕੋ ਘਰ ਵਖਾਈਆ । ਹਰਿ ਭਗਤ ਦੁਆਰੇ ਬਹਿਣਾ ਘਾਟ, ਗੁਰਮੁਖ ਆਏ ਪਾਂਧੀ ਰਾਹੀਆ । ਘਰ ਮਿਲੇ ਪੁਰਖ ਸਮਰਾਥ, ਨਿਰਗੁਣ ਜੋਤ ਨੂਰ ਰੁਸ਼ਨਾਈਆ । ਗ਼ਰੀਬ ਨਿਮਾਣਿਆਂ ਨਾਲ ਮਿਲਾਏ ਹਾਥ, ਗਲਵੱਕੜੀ ਆਪੇ ਪਾਈਆ । ਨਾਤਾ ਜੁੜਿਆ ਪਿਤਾ ਮਾਤ, ਪੂਤ ਸਪੂਤ ਗੋਦ ਬਹਾਈਆ । ਆਓ ਰਲ ਮਿਲ ਇਕੋ ਗਾਈਏ ਗਾਥ, ਜਿਸ ਗਾਇਆਂ ਵਿਛੜ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਾਂ ਦੁਆਰੇ ਫੇਰਾ ਪਾਈਆ । ਭਗਤੋ ਸੇਵਾ ਕਰੋ ਕਬੂਲ, ਹਰਿ ਸਾਚਾ ਮੰਗ ਮੰਗਾਇੰਦਾ । ਜੁਗ ਚੌਕੜੀ ਮੇਰਾ ਇਕ ਅਸੂਲ, ਨਾ ਕੋਈ ਤੋੜੇ ਤੋੜ ਤੁੜਾਇੰਦਾ । ਹੋਏ ਅਭੁਲ ਨਾ ਜਾਵਾਂ ਭੂਲ, ਭੁਲਿਆਂ ਮਾਰਗ ਲਾਇੰਦਾ । ਮੈਂ ਸੂਲੀਉਂ ਕਰਾਂ ਸੂਲ, ਬਿਨਾ ਉਜਾੜਾ ਸੂਲ ਆਪਣੇ ਨਾਲ ਮਿਲਾਇੰਦਾ । ਜਿਸ ਜਨ ਚਰਨਾਂ ਦੇਵਾਂ ਧੂੜ ਧੂਲ, ਧਵਲ ਹੌਲਾ ਭਾਰ ਕਰਾਇੰਦਾ । ਵੇਖੋ ਸੂਦ ਨਾਲ ਚਲਿਆ ਅਸਲ ਮੂਲ, ਪਿਛਲਾ ਲੇਖਾ ਆਪ ਮੁਕਾਇੰਦਾ । ਕਲਜੁਗ ਅੰਤਮ ਲਹਿਣਾ ਦੇਣਾ ਪੂਰਾ ਕਰੋ ਘੂਰ ਘੂਰ, ਬਿਨ ਘੂਰਿਆਂ ਹਰਿ ਜੂ ਹੱਥ ਕਿਸੇ ਨਾ ਆਇੰਦਾ । ਸਾਰੇ ਇਕੱਠੇ ਹੋਏ ਬਣਾਓ ਆਪਣਾ ਮਜ਼ਦੂਰ, ਕਰ ਮਜ਼ਦੂਰੀ ਖ਼ੁਸ਼ੀ ਮਨਾਇੰਦਾ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਬਣਿਆ ਰਿਹਾ ਮਫ਼ਰੂਰ, ਗੁਰ ਅਵਤਾਰਾਂ ਹੱਥ ਕਿਸੇ ਨਾ ਆਇੰਦਾ । ਕਲਜੁਗ ਅੰਤਮ ਨੌਂ ਖੰਡ ਪ੍ਰਿਥਮੀ ਪਿਆ ਫ਼ਤੂਰ, ਸੱਤ ਦੀਪ ਸਰਬ ਕੁਰਲਾਇੰਦਾ । ਗੋਬਿੰਦ ਰੱਖੀ ਆਸ ਦੋਏ ਜੋੜ ਬੇਨੰਤੀ

੩੯੦
੧੩

ਕਰੇ ਜ਼ਰੂਰ, ਨੇਤਰ ਨੈਣ ਧਿਆਨ ਲਗਾਇੰਦਾ । ਪੁਰਖ ਅਬਿਨਾਸ਼ੀ ਤੁਧ ਬਿਨ ਬਖ਼ਸ਼ੇ ਨਾ ਕੋਈ ਕਸੂਰ, ਦੀਨਨ ਦਇਆ ਨਾ ਕੋਈ ਕਮਾਇੰਦਾ । ਕਲਜੁਗ ਕੂੜੀ ਕਿਰਿਆ ਹੋਈ ਮੂਲ, ਸਤਿ ਧਰਮ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਮੇਲਾ ਆਪ ਮਿਲਾਇੰਦਾ । ਭਗਤੋ ਬਾਂਹ ਫੜੇ ਨਾਲ ਘੁੱਟ, ਆਪਣਾ ਬਲ ਧਰਾਈਆ । ਘਰ ਆਇਆ ਨਾ ਜਾਏ ਛੁੱਟ, ਜਿੰਨਾਂ ਚਿਰ ਨਾ ਵਾਸਤਾ ਪਾਈਆ । ਜਿਸ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਅੰਦਰ ਪਾਈ ਫੁੱਟ, ਫੜ ਬਾਹੋਂ ਲਓ ਮਨਾਈਆ । ਸਾਨੂੰ ਨਾਮ ਪਿਆਲਾ ਦੇ ਕੇ ਜਾ ਘੁੱਟ, ਜਿਸ ਪੀਤਿਆਂ ਦੁੱਖ ਰਹੇ ਨਾ ਰਾਈਆ । ਨਹੀਂ ਤੇ ਮਿਲ ਜਾ ਗੋਬਿੰਦ ਸੁਤ, ਸਾਖਯਾਤ ਨਜ਼ਰੀ ਆਈਆ । ਜਿਸ ਦੇ ਕੋਲੋਂ ਤੇਰਾ ਰਾਹ ਲਈਏ ਪੁੱਛ, ਆਪਣਾ ਪਰਦਾ ਮਾਤ ਚੁਕਾਈਆ । ਅਸੀਂ ਖ਼ਾਲੀ ਹੱਥ ਸਾਡੇ ਕੋਲ ਨਹੀਂ ਕੁਛ, ਇਕੋ ਤੇਰੀ ਓਟ ਤਕਾਈਆ । ਕਰ ਕਿਰਪਾ ਪਾ ਸਚ ਭਿੱਛ, ਤੁਧ ਬਿਨ ਭਿਛਿਆ ਨਾ ਕੋਈ ਪਾਈਆ । ਖ਼ਾਲੀ ਬੂਟੇ ਗਏ ਸੁੱਕ, ਬਿਨ ਮਾਲੀ ਸਿੰਚ ਹਰਾ ਨਾ ਕੋਈ ਕਰਾਈਆ । ਕਲਜੁਗ ਵੇਖੋ ਸਿੰਮਲ ਰੁੱਖ, ਲੱਖ ਚੁਰਾਸੀ ਰਹੀ ਲਹਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਵਖਾਈਆ । ਵੇਖੋ ਆਇਆ ਘਰ ਭਗਵਾਨ, ਆਪਣਾ ਵੇਸ ਵਟਾਇਆ । ਸਾਰੇ ਫੜ ਲਓ ਬਣ ਬਲਵਾਨ, ਆਪਣਾ ਬਲ ਧਰਾਇਆ । ਡਾਂਗਾਂ ਸੋਟੇ ਫੜੋ ਨੌਜਵਾਨ, ਕਿਉਂ ਆਪਣਾ ਹੌਂਸਲਾ ਢਾਹਿਆ । ਨੌਂ ਦੁਆਰੇ ਖੜੇ ਸਿਖ ਨਿਸ਼ਾਨ, ਜਿਨ੍ਹਾਂ ਵਿਚੋਂ ਨੱਠ ਕਦੇ ਨਾ ਜਾਇਆ । ਬਾਰਾਂ ਵੇਖਣ ਕਰ ਧਿਆਨ, ਏਕਾ ਦੂਆ ਜੋੜ ਜੁੜਾਇਆ । ਇਕ ਨੂਰ ਨੂਰ ਮਹਾਨ, ਦੂਜਾ ਪੂਰਨ ਵਿਚ ਸਮਾਇਆ । ਜਿਸ ਦਾ ਕੋਈ ਨਾ ਜਾਣੇ ਨਿਸ਼ਾਨ, ਸੋ ਗੋਬਿੰਦ ਰੂਪ ਧਰਾਇਆ । ਸਿਰ ਰੱਖ ਤਾਜ ਭਗਵਾਨ, ਭਗਵਨ ਆਪਣਾ ਘਰ ਜਣਾਇਆ । ਸਾਰੇ ਮਿਲ ਕੇ ਮੰਗੋ ਦਾਨ, ਅੱਗੇ ਆਪਣੀ ਝੋਲੀ ਡਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਰਿਹਾ ਸਮਝਾਇਆ । ਸਾਰੇ ਉਠੋ ਧਾਰੋ ਬਲ, ਬਲ ਬਾਵਨ ਗਿਆ ਸਮਝਾਈਆ । ਜਿਹੜਾ ਪੂਰਨ ਅੰਦਰ ਗਿਆ ਰਲ, ਤੁਹਾਡੇ ਵਿਚ ਡੇਰਾ ਲਾਈਆ । ਨਾ ਕੋਈ ਕਰੇ ਵਲ ਛਲ, ਸਚ ਕਹਾਣੀ ਰਿਹਾ ਸਮਝਾਈਆ । ਪਹਿਲੋਂ ਚਾਰ ਕੁੰਟ ਸੰਦੇਸਾ ਰਿਹਾ ਘੱਲ, ਫਿਰ ਆਪਣਾ ਫੇਰਾ ਪਾਈਆ । ਤਿਸ ਸਾਹਿਬ ਜਾਓ ਬਲ ਬਲ, ਜੋ ਵਿਛੜੇ ਰਿਹਾ ਮਿਲਾਈਆ । ਪਿਛਲਾ ਲੇਖਾ ਚੁਕਿਆ ਅੱਜ ਕਲ, ਅੱਜ ਰੁੱਤੜੀ ਰੁੱਤ ਸੁਹਾਈਆ । ਸਾਰੇ ਰਲ ਕੇ ਦਰ ਲਓ ਮੱਲ, ਜਿਸ ਮਹੱਲੇ ਵਸੇ ਸੱਚਾ ਮਾਹੀਆ । ਘਰ ਦੇਵਣ ਆਇਆ ਫਲ, ਆਪਣੀ ਝੋਲੀ ਲਓ ਭਰਾਈਆ । ਫਿਰ ਜਾ ਵੜੇ ਆਪਣੀ ਝੱਲ, ਲੱਭਿਆਂ ਹੱਥ ਕਿਸੇ ਨਾ ਆਈਆ । ਗੁਰ ਅਵਤਾਰ ਜੁਗ ਜੁਗ ਸੁਨੇਹੁੜਾ ਰਹੇ ਘੱਲ, ਸਚ ਸੰਦੇਸ ਸੁਣਾਈਆ । ਕਲਜੁਗ ਅੰਤਮ ਹੋਇਆ ਭਗਤਾਂ ਵਲ, ਦੋ ਜਹਾਨਾਂ ਵਾਲੀ ਆਪਣਾ ਫੇਰਾ ਪਾਈਆ । ਜਿਸ ਨੇ ਨਗਰ ਵਸਾਇਆ ਅਬਚਲ, ਗੁਰਮੁਖ ਖੇੜਾ ਰਿਹਾ ਵਸਾਈਆ । ਜਿਸ ਦਾ ਮੰਦਰ ਇਕ ਅਟੱਲ, ਆਦਿ ਜੁਗਾਦਿ ਨਾ ਕੋਇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਰਿਹਾ ਉਠਾਈਆ । ਗੁਰਮੁਖ ਉਠੋ ਫੜੋ ਸੋਟੇ, ਹਰਿ ਸਤਿਗੁਰ ਆਪ ਸੁਣਾਇੰਦਾ । ਮਾਝੇ ਮਾਲਵੇ ਦੁਆਬੇ ਦੇ ਸਿੰਘ ਮੋਟੇ, ਕਮਰਕਸੇ ਨਾ ਕੋਈ ਖੁਲ੍ਹਾਇੰਦਾ । ਜਿਨ੍ਹਾਂ ਸੂਰ ਗਾਂ ਵੱਢੇ ਝੋਟੇ, ਤਿਨ੍ਹਾਂ ਪੈਰਾਂ ਹੇਠ ਦਬਾਇੰਦਾ । ਪੀਰਾਂ ਕੋਈ ਨਾ ਖਵਾਏ ਪਰੌਠੇ, ਖੀਰ ਮੰਦਰ ਨਾ ਕੋਈ ਚੜ੍ਹਾਇੰਦਾ । ਅੰਤਮ ਗੁਰਮੁਖਾਂ ਪੁਰਾਣੇ ਕੱਢੇ ਰੋਸੇ, ਰੁਸਿਆਂ ਆਪ ਮਨਾਇੰਦਾ । ਕਲਜੁਗ ਜੀਵ ਵੇਖੋ ਹੋਛੇ, ਹਰਿ ਕਾ

ਭੇਵ ਕਿਸੇ ਨਾ ਆਇੰਦਾ । ਬਾਹਰੋਂ ਦਿਸਣ ਭਾਂਡੇ ਪੋਚੇ, ਅੰਦਰ ਕੂੜੀ ਆਪ ਭਰਾਇੰਦਾ । ਜੇ ਕੋਈ ਹਰਿ ਦੀਆਂ ਸੋਚਾਂ ਸੋਚੇ, ਸੋਚ ਵਿਚ ਕਦੇ ਨਾ ਆਇੰਦਾ । ਕਰ ਕਿਰਪਾ ਸ਼ਬਦੀ ਆਪੇ ਪਹੁੰਚੇ, ਫੜ ਬਾਹੋਂ ਗਲੇ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਉਤਰ ਪੂਰਬ ਪੱਛਮ ਦੱਖਣ ਜਨ ਭਗਤਾਂ ਆਇਆ ਆਪੇ ਰੱਖਣ, ਲੱਖ ਚੁਰਾਸੀ ਵਿਚੋਂ ਵਿਰੋਲੇ ਮੱਖਣ, ਨਾਮ ਮਧਾਣਾ ਇਕੋ ਪਾਇੰਦਾ । ਨਾਮ ਮਧਾਣਾ ਏਕਾ ਹੱਥ, ਨੀਰ ਸੀਰ ਹੱਥ ਕਿਸੇ ਨਾ ਆਈਆ । ਲੱਖ ਚੁਰਾਸੀ ਦੇਵੇ ਮਥ, ਦੋਵੇਂ ਹੱਥੀਂ ਸੇਵ ਕਮਾਈਆ । ਦੁਰਮਤ ਮੈਲ ਦੇਵੇ ਕੱਟ, ਗੁਰਮੁਖ ਰੰਗ ਚੜ੍ਹਾਈਆ । ਆਓ ਵੇਖੋ ਖੁਲ੍ਹਾ ਹੱਟ, ਪ੍ਰਭ ਸਾਚਾ ਰਿਹਾ ਖੁਲ੍ਹਾਈਆ । ਬਾਹਰੋਂ ਦਿਸੇ ਗਵਾਰ ਜੱਟ, ਅੰਦਰ ਵੜਿਆ ਬੇਪਰਵਾਹੀਆ । ਜਿਸ ਦੀ ਗੋਬਿੰਦ ਪਤ ਲਏ ਰੱਖ, ਹਰਿਗੋਬਿੰਦ ਖ਼ੁਸ਼ੀ ਮਨਾਈਆ । ਆਓ ਰਲ ਮਿਲ ਵੇਖੋ ਕਮਲਾਪਤਿ, ਕਵਲ ਨੈਣ ਫੇਰਾ ਪਾਈਆ । ਸਾਰੇ ਇਕੋ ਗਾਓ ਜਸ, ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਵਡਿਆਈਆ । ਜਿਧਰ ਜਾਓ ਦੇਣਾ ਦੱਸ, ਪ੍ਰਭ ਮਿਲਿਆ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਰਿਹਾ ਉਠਾਈਆ । ਉਠੋ ਭਗਤੋ ਹੋ ਦਲੇਰ, ਹਰਿ ਦਲੇਰੀ ਇਕ ਜਣਾਇੰਦਾ । ਦਰ ਆਇਆ ਘਰ ਲਓ ਘੇਰ, ਘੇਰਾ ਇਕ ਸਮਝਾਇੰਦਾ । ਦੋ ਜਹਾਨਾਂ ਫਿਰੇ ਬਣ ਕੇ ਸ਼ੇਰ, ਤੁਹਾਡੇ ਅੱਗੇ ਸੀਸ ਝੁਕਾਇੰਦਾ । ਤੁਸਾਂ ਕਰਨੀ ਆਪਣੀ ਮਿਹਰ, ਪੁਰਖ ਅਕਾਲ ਝੋਲੀ ਡਾਹਿੰਦਾ । ਕਲਜੁਗ ਅੰਤਮ ਕਰਾਂ ਨਾ ਡੇਰ, ਜਗਤ ਜਨਮ ਦੇ ਵਿਛੜੇ ਮੇਲ ਮਿਲਾਇੰਦਾ । ਚਾਰ ਜੁਗ ਕਰਦਾ ਆਇਆ ਹੇਰ ਫੇਰ, ਨੌਂ ਸੌ ਚੁਰਾਨਵੇਂ ਚੌਕੜੀ ਜੁਗ ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸੱਦਾ ਆਪ ਸੁਣਾਇੰਦਾ । ਸੱਦਾ ਦੇਵੇ ਆਪਣੇ ਰੰਗ, ਰੰਗ ਰੰਗੀਲਾ ਸੱਚਾ ਮਾਹੀਆ । ਨਿਰਗੁਣ ਹੋ ਬਣਿਆ ਮਲੰਘ, ਆਪਣਾ ਨਾਚ ਨਚਾਈਆ । ਲੋਕ ਪਰਲੋਕ ਆਏ ਲੰਘ, ਅਵਣ ਗਵਣ ਡੇਰਾ ਢਾਈਆ । ਦੋ ਜਹਾਨ ਸੁਣਾਏ ਇਕ ਮਰਦੰਗ, ਨਾਮ ਡੰਕਾ ਇਕ ਵਜਾਈਆ । ਲੇਖਾ ਜਾਣੇ ਨੌਂ ਖੰਡ, ਸੱਤ ਦੀਪ ਜਗਾਈਆ । ਹਰਿਜਨ ਮੰਗਾਂ ਰਿਹਾ ਮੰਗ, ਦੋਏ ਜੋੜ ਧਿਆਨ ਲਗਾਈਆ । ਜਨ ਭਗਤਾਂ ਦੇਵੇ ਨਿਜਾਨੰਦ, ਆਤਮ ਪਰਮਾਤਮ ਕਰੇ ਰਸਾਈਆ । ਪਿਛਲੀ ਤੁੱਟੀ ਦੇਵੇ ਗੰਢ, ਅੱਗੇ ਸਕੇ ਨਾ ਕੋਈ ਤੁੜਾਈਆ । ਬਣ ਤਰਖ਼ਾਣ ਦੇਵੇ ਰੰਦ, ਰੰਦਾ ਆਪਣਾ ਨਾਮ ਉਠਾਈਆ । ਹਰਿ ਸੰਗਤ ਵਿਚ ਰਹਿਣ ਨਾ ਦੇਵੇ ਗੰਦ, ਬੇਮੁਖਾਂ ਡੇਰਾ ਢਾਈਆ । ਜੋ ਗਾਇਨ ਸੋਹੰ ਛੰਦ, ਤਿਨ੍ਹਾਂ ਸਚਖੰਡ ਦਏ ਪੁਚਾਈਆ । ਨਾ ਕੋਈ ਦਿਸੇ ਨਾਰ ਦੁਹਾਗਣ ਰੰਡ, ਹਰਿ ਜੂ ਗੁਰਮੁਖ ਕੰਤ ਇਕ ਹੰਢਾਈਆ । ਲੇਖਾ ਜਾਣੇ ਸਰਬ ਬ੍ਰਹਿਮੰਡ, ਕੋਟਨ ਕੋਟ ਰੂਪ ਧਰਾਈਆ । ਜੇ ਕੋਈ ਕਲਜੁਗ ਅੰਤਮ ਮਿਲਿਆ ਸੂਰਾ ਸਰਬੰਗ, ਬਿਨ ਭਗਤਾਂ ਝੂਠੀ ਡੰਡ ਪਾਈਆ । ਸਭ ਦਾ ਤੋੜੇ ਆਪ ਘੁਮੰਡ, ਨਾਮ ਡੰਡਾ ਹੱਥ ਉਠਾਈਆ । ਨਾ ਕੋਈ ਤਾਰਾ ਨਾ ਕੋਈ ਚੰਦ, ਸੂਰਜ ਕਿਰਨ ਨਾ ਕੋਈ ਰੁਸ਼ਨਾਈਆ । ਜਿਨ੍ਹਾਂ ਉਪਰ ਹੋਏ ਦਿਆਲ ਆਪ ਬਖ਼ਸ਼ੰਦ, ਬਖ਼ਸ਼ਿਸ਼ ਆਪਣੀ ਝੋਲੀ ਪਾਈਆ । ਸੋ ਹਰਿ ਸੰਗਤ ਵਿਚ ਹੋਏ ਸੁਹੰਜਣੇ ਚੰਦ, ਤਿਸ ਆਪਣਾ ਭੇਵ ਖੁਲ੍ਹਾਈਆ । ਖ਼ੁਸ਼ੀ ਕਰਾਏ ਬੰਦ ਬੰਦ, ਬੰਦੀਖ਼ਾਨਾ ਦਏ ਤੁੜਾਈਆ । ਦੋਏ ਦੋਏ ਜਨਮ ਮਿਟੇ ਪੰਧ, ਦੋ ਜਹਾਨਾਂ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਾਂ ਹਾਲ ਰਿਹਾ ਸੁਣਾਈਆ । ਭਗਤਾਂ ਹਾਲ ਦੱਸੇ ਨਿਮਾਣ, ਨਿਵਣ ਸੋ ਅੱਖਰ ਧਾਰ ਚਲਾਇੰਦਾ । ਸਚ ਦੁਆਰਾ ਸਚ ਨਿਸ਼ਾਨ, ਸਤਿ ਸਤਿਵਾਦੀ ਫੇਰਾ ਪਾਇੰਦਾ । ਨਾਮ ਜਣਾਵੇ

ਏਕਾ ਕਾਨ, ਨੇਤਰ ਅੱਖ ਨਾ ਕੋਈ ਖੁਲਾਇੰਦਾ । ਅੰਤਮ ਨੂਰ ਸ੍ਰੀ ਭਗਵਾਨ, ਪੁਰਖ ਅਬਿਨਾਸ਼ੀ ਆਪ ਕਰਾਇੰਦਾ । ਪ੍ਰਭ ਦਾ ਭੇਵ ਕਿਸੇ ਨਾ ਆਇਆ , ਗੁਰ ਅਵਤਾਰ ਧਿਆਨ ਲਗਾਇੰਦਾ । ਸੋ ਅੰਤਮ ਕਲ ਦੇਵੇ ਮਾਣ, ਭਗਤਾਂ ਬਖ਼ਸ਼ੇ ਚਰਨ ਧਿਆਨ, ਸਿਰ ਆਪਣਾ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕੇ ਪੌੜੇ ਆਪ ਚੜ੍ਹਾਇੰਦਾ । ਭਗਤੋ ਪੌੜੇ ਚੜ੍ਹੋ ਆਪ, ਹਰਿ ਜੂ ਰਾਹ ਜਣਾਈਆ । ਜਿਸ ਨੂੰ ਮਿਲੇ ਸੱਚਾ ਬਾਪ, ਸੋ ਪੂਤ ਕਿਉਂ ਸ਼ਰਮਾਈਆ । ਜਿਸ ਦਾ ਕਰਦੇ ਰਹੇ ਪਾਠ, ਸੋ ਤੁਹਾਡਾ ਢੋਲਾ ਗਾਈਆ । ਤੁਸੀਂ ਸਾਰੇ ਕਹੋ ਅਸੀਂ ਇਕੋ ਪੱਟੀ ਪੜ੍ਹੀ ਜਮਾਤ, ਦੂਜਾ ਅੱਖਰ ਨਜ਼ਰ ਨਾ ਆਈਆ । ਨਾਰੀ ਮਿਲ ਗਈ ਕਮਲਾਪਾਤ, ਸੇਜ ਸੁਹੰਜਣੀ ਲਏ ਬਿਠਾਈਆ । ਚਰਨ ਕਵਲ ਬੰਧਾਇਆ ਨਾਤ, ਨਾਤਾ ਇਕੋ ਇਕ ਜਣਾਈਆ । ਲੇਖਾ ਚੁਕਾਏ ਪ੍ਰਿਥਮੀ ਅਕਾਸ਼, ਗਗਨ ਮੰਡਲ ਡੇਰਾ ਢਾਹੀਆ । ਸਚਖੰਡ ਦੁਆਰੇ ਕਰੇ ਨੂਰੀ ਪਰਕਾਸ਼, ਸਦਾ ਸੁਹੇਲਾ ਵਸੇ ਪਾਸ, ਜੋਤੀ ਜਾਮਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਰਿਹਾ ਜਗਾਈਆ । ਜਾਗੋ ਭਗਤੋ ਜਾਣਾ ਜਾਗ, ਹਰਿ ਸਾਚਾ ਸਚ ਜਣਾਇੰਦਾ । ਜਿਸ ਦਾ ਕਰਦੇ ਰਹੇ ਵੈਰਾਗ, ਸੋ ਵੈਰਾਗੀ ਫੇਰਾ ਪਾਇੰਦਾ । ਜਿਸ ਦਾ ਕਰਦੇ ਰਹੇ ਤਿਆਗ, ਸੋ ਤਿਆਗੀ ਫੇਰਾ ਪਾਇੰਦਾ । ਜਿਸ ਦਾ ਗੌਂਦੇ ਰਹੇ ਰਾਗ, ਸੋ ਰਾਗੀ ਢੋਲਾ ਏਕਾ ਗਾਇੰਦਾ । ਜਿਸ ਦਾ ਰਚਦੇ ਰਹੇ ਕਾਜ, ਸੋ ਤੁਹਾਡਾ ਕਾਜ ਰਚਾਇੰਦਾ । ਜਿਸ ਦਾ ਅਵਤਾਰ ਗੁਰ ਪੀਰ ਪੈਗੰਬਰ ਸਮਾਜ, ਸੋ ਭਗਤਾਂ ਰਾਹ ਚਲਾਇੰਦਾ । ਲੱਖ ਚੁਰਾਸੀ ਤੇਰਾ ਚਲੇ ਜਹਾਜ਼, ਸੂਰਾ ਸਰਬੰਗ ਆਪਣੇ ਕੰਧ ਉਠਾਇੰਦਾ । ਜਿਸ ਦੀ ਸ਼ਬਦ ਅਗੰਮੀ ਅਵਾਜ਼, ਬਿਨ ਰਸਨਾ ਜਿਹਵਾ ਗਾਇੰਦਾ । ਸੋ ਤੁਹਾਡੇ ਅੱਗੇ ਨਾਚ, ਬਣ ਸਵਾਂਗੀ ਨਟੂਆ ਖੇਲ ਕਰਾਇੰਦਾ । ਬਾਹਰੋਂ ਜਾਣੋ ਨਾ ਮਾਟੀ ਖ਼ਾਕ, ਗੋਬਿੰਦ ਆਪਣਾ ਖੇਲ ਕਰਾਇੰਦਾ । ਅੰਦਰ ਨੂਰ ਪੁਰਖ ਅਬਿਨਾਸ਼, ਜਲਵਾ ਇਕੋ ਇਕ ਪਰਗਟਾਇੰਦਾ । ਭਗਤਾਂ ਮਿਲਣ ਆਇਆ ਖਾਸ, ਦੂਜੀ ਖਾਹਸ਼ ਨਾ ਕੋਈ ਵਖਾਇੰਦਾ । ਭਗਤਾਂ ਰੱਖੇ ਸਦਾ ਪਾਸ, ਸਾਚੇ ਘਰ ਬਹਾਇੰਦਾ । ਭਗਤਾਂ ਪੂਰੀ ਕਰੇ ਆਸ, ਨਿਰਾਸ ਨਜ਼ਰ ਕੋਇ ਨਾ ਆਇੰਦਾ । ਭਗਤਾਂ ਦੇਵੇ ਸਾਚਾ ਸਾਥ, ਸਗਲਾ ਸੰਗ ਆਪ ਨਿਭਾਇੰਦਾ । ਏਕੰਕਾਰ ਲਹਿਣਾ ਦੇਣਾ ਚੁਕਾਏ ਮਸਤਕ ਮਾਥ, ਪੂਰਬ ਲਹਿਣਾ ਝੋਲੀ ਪਾਇੰਦਾ । ਭਗਤਾਂ ਪਾਰ ਕਰਾਏ ਆਪਣਾ ਘਾਟ, ਪੱਤਣ ਇਕੋ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੁਗਾਤ ਇਕ ਵਰਤਾਇੰਦਾ । ਸਚ ਸੁਗਾਤ ਦਏ ਪ੍ਰੀਤ, ਪ੍ਰੀਤੀਵਾਨ ਦਇਆ ਕਮਾਈਆ । ਭਗਤ ਭਗਵਾਨ ਦੀ ਇਕੋ ਰੀਤ, ਦੂਜਾ ਦਰ ਨਾ ਕੋਈ ਵਖਾਈਆ । ਨਾਰੀ ਖੌਤ ਨਾ ਕਰੇ ਉਡੀਕ, ਬੀਵੀ ਰਾਹ ਨਾ ਕੋਈ ਤਕਾਈਆ । ਕਰੀਮ ਕਾਦਰ ਕਰਤਾ ਜਾਣੇ ਠੀਕ, ਦੁਆਰ ਬੰਕ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਾਂ ਭੇਵ ਰਿਹਾ ਖੁਲ੍ਹਾਈਆ । ਵੇਖੋ ਭਗਤੋ ਖੋਲ੍ਹੇ ਭੇਵ, ਹਰਿ ਅਭੇਦ ਆਪ ਜਣਾਇੰਦਾ । ਤੁਹਾਡੀ ਕਰੇ ਆ ਕੇ ਸੇਵ, ਸੇਵਕ ਆਪਣਾ ਨਾਮ ਧਰਾਇੰਦਾ । ਰਹਿਣਾ ਪ੍ਰੇਮ ਆਪਣਾ ਸੱਚਾ ਮੇਵ, ਹਰਿ ਸਤਿਗੁਰ ਝੋਲੀ ਆਪ ਭਰਾਇੰਦਾ । ਜੁਗ ਜੁਗ ਸਦਾ ਨੇਹਕੇਵ, ਨੇਹਚਲ ਆਪਣਾ ਧਾਮ ਸੁਹਾਇੰਦਾ । ਵਡ ਦਾਤਾ ਦੇਵੀ ਦੇਵ, ਦੇਵਤ ਸੁਰ ਨਾ ਕੋਈ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਾਂ ਮੇਲਾ ਇਕ ਕਰਾਇੰਦਾ । ਭਗਤਾਂ ਮੇਲਾ ਇਕ ਇਕੱਠ, , ਹਰਿ ਏਕਾ ਘਰ ਕਰਾਈਆ । ਦੂਰ ਦੁਰਾਡਾ ਆਏ

ਨੱਠ ਨੱਠ, ਰਾਤੀਂ ਸੁਤਿਆਂ ਭੁੱਲ ਨਾ ਜਾਈਆ । ਅੰਦਰ ਵੜ ਮਾਰਗ ਦੱਸ, ਆਪਣਾ ਰਾਹ ਸਮਝਾਈਆ । ਹਿਰਦੇ ਅੰਦਰ ਵਸ ਵਸ, ਪਰਦਾ ਰਿਹਾ ਉਠਾਈਆ । ਆਪਣਾ ਖੇੜਾ ਕਰ ਕੇ ਭੱਠ, ਭਗਤਾਂ ਖੇੜਾ ਦਿਤਾ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਿਨ ਭਗਤਾਂ ਨਜ਼ਰ ਕਿਸੇ ਨਾ ਆਈਆ । ਆਪਣਾ ਖੇੜਾ ਦਿਤਾ ਢਾਹ, ਸ਼ੇਰ ਸਿੰਘ ਨਜ਼ਰ ਕਿਸੇ ਨਾ ਆਇੰਦਾ । ਭਗਤਾਂ ਬਣਿਆ ਫੇਰ ਮਲਾਹ, ਨਿਰਗੁਣ ਆਪਣਾ ਰੂਪ ਵਟਾਇੰਦਾ । ਸੱਚਖੰਡ ਦੁਆਰ ਦਏ ਸੁਹਾ, ਨੂਰੋ ਨੂਰ ਡਗਮਗਾਇੰਦਾ । ਸੀਸ ਰੱਖ ਤਾਜ ਬੇਪਰਵਾਹ, ਪਰਦਾ ਕਿਸੇ ਨਾ ਕੋਈ ਰਖਾਇੰਦਾ । ਸੋਹੰ ਧਰਿਆ ਆਪਣਾ ਨਾਂ, ਆਤਮ ਪਰਮਾਤਮ ਵੰਡ ਵੰਡਾਇੰਦਾ । ਜਿਸ ਨੇ ਕਰਿਆ ਨਾ ਕੋਈ ਗੁਨਾਹ, ਸ਼ੇਰ ਆਪਣਾ ਬਲ ਵਖਾਇੰਦਾ । ਸਿੰਘ ਇਕੋ ਭਬਕ ਦਏ ਲਗਾ, ਦੋ ਜਹਾਨ ਮੂੰਹ ਦੇ ਭਾਰ ਸੁਟਾਇੰਦਾ । ਵਿਸ਼ਨੂੰ ਝੋਲੀ ਰਿਹਾ ਡਾਹ, ਭਗਵਨ ਆਪਣੀ ਹੱਥੀਂ ਆਪ ਭਰਾਇੰਦਾ । ਜੈ ਜੈਕਾਰ ਕਰੇ ਸਰਬ ਸੁਣਾਨ ਜਿਸ ਥਾਂ, ਰਚਨਾ ਆਪ ਰਚਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਦਿ ਜੁਗਾਦੀ ਇਕੋ ਨਾਂ, ਬਿਨ ਪੁਰਖ ਅਕਾਲ ਭੇਵ ਕੋਈ ਨਾ ਪਾਇੰਦਾ । ਆਪਣਾ ਨਾਮ ਨਾ ਦੱਸਿਆ ਸਾਰਾ, ਭੋਰਾ ਭੋਰਾ ਗੁਰ ਅਵਤਾਰਾਂ ਰਿਹਾ ਵਰਤਾਈਆ । ਆਪ ਬੈਠਾ ਰਿਹਾ ਕਰ ਕੇ ਕਿਨਾਰਾ, ਸਚਖੰਡ ਆਪਣਾ ਡੇਰਾ ਲਾਈਆ । ਨਿਰਗੁਣ ਦੇਂਦਾ ਰਿਹਾ ਸ਼ਬਦੀ ਧਾਰਾ, ਸਤਿ ਸ਼ਬਦ ਆਪ ਸਮਝਾਈਆ । ਜੋਤੀ ਕਿਰਨ ਕਰ ਉਜਿਆਰਾ, ਇਕ ਇਕ ਲੜੀ ਨਾਲ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੋਟਨ ਕੋਟ ਨਾਮ ਪਰਗਟਾਈਆ । ਕੋਟਨ ਕੋਟ ਸਿਫ਼ਤੀ ਨਾਮ, ਹਰਿ ਜੁਗ ਜੁਗ ਆਪ ਚਲਾਇੰਦਾ । ਆਪਣਾ ਨਾਮ ਰੱਖੇ ਨਿਸ਼ਕਾਮ, ਨਿਸ਼ਅੱਖਰ ਰੂਪ ਧਰਾਇੰਦਾ । ਜਿਸ ਨੂੰ ਸਾਰੇ ਕਰਨ ਸਲਾਮ, ਸਯਦਾ ਨੂਰ ਇਕ ਵਖਾਇੰਦਾ । ਜਿਸ ਨੂੰ ਕਰਨ ਦਰ ਪਰਨਾਮ, ਪਰਦਾ ਉਹਲਾ ਨਾ ਕੋਈ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਨਾਮ ਆਪਣਾ ਆਪ ਸੁਣਾਇੰਦਾ । ਮਹਾਰਾਜ ਬਣਿਆ ਆਪ ਵਿਚੋਲਾ, ਸ਼ੇਰ ਸਿੰਘ ਪੰਜ ਤੱਤ ਮਿਲਾਈਆ । ਵਿਸ਼ਨੂੰ ਦੁਆਰੇ ਹੋਇਆ ਗੋਲਾ, ਬਣ ਸੇਵਕ ਸੇਵ ਕਮਾਈਆ । ਭਗਵਾਨ ਸਾਚਾ ਤੋਲ ਤੋਲਾ, ਏਕਾ ਕੰਡਾ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਇਕੋ ਏਕ, ਆਦਿ ਜੁਗਾਦਿ ਅਖਵਾਇੰਦਾ । ਸਚਖੰਡ ਦੁਆਰੇ ਬੈਠਾ ਰਹੇ ਬਿਬੇਕ, ਬਿਬੇਕੀ ਆਪਣਾ ਰੂਪ ਵਟਾਇੰਦਾ । ਆਪਣਾ ਆਪ ਆਪੇ ਵੇਖ, ਆਪੇ ਖ਼ੁਸ਼ੀ ਮਨਾਇੰਦਾ । ਨਿਰਗੁਣ ਹੋ ਕਰੇ ਹੇਤ, ਨਿਰਗੁਣ ਹੇਤ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਮ ਆਪਣੇ ਵਿਚ ਛੁਪਾਇੰਦਾ । ਆਪਣਾ ਨਾਮ ਅੰਤਰ ਅੰਤਰ, ਆਪੇ ਆਪ ਟਿਕਾਈਆ । ਆਪੇ ਜਾਣੇ ਆਪਣਾ ਮੰਤਰ, ਸਚ ਸੁੱਚ ਪੜ੍ਹਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਲਿਖ ਕੇ ਦੇਂਦਾ ਰਿਹਾ ਜੰਤਰ, ਜਗਤ ਜੁਗ ਜਣਾਈਆ । ਜਿਸ ਦੇ ਨਾਲ ਜੀਵ ਪੰਜ ਤੱਤ ਬੁਝੇ ਬਸੰਤਰ, ਅੱਗੇ ਭੇਵ ਕੋਈ ਨਾ ਆਈਆ । ਜਿਸ ਦਾ ਲੇਖਾ ਉਪਰ ਗਗਨ ਗਗਨੰਤਰ, ਕੋਟਨ ਕੋਟ ਬ੍ਰਹਿਮੰਡ ਖੰਡ ਚਰਨਾਂ ਹੇਠ ਦਬਾਈਆ । ਆਦਿ ਜੁਗਾਦਿ ਸਦਾ ਭਰਤੰਬਰ, ਪੂਰ ਰਿਹਾ ਸਰਬ ਠਾਈਂਆ । ਕਲਜੁਗ ਅੰਤਮ ਵੇਖੇ ਭਗਤਾਂ ਰਚਿਆ ਸਵੰਬਰ, ਹਰਿ ਜੂ ਆਪਣਾ ਫੇਰਾ ਪਾਇੰਦਾ । ਚਾਰ ਜੁਗ ਦਾ ਪਿਛਲਾ ਮੇਟੇ ਸਰਬ ਅਡੰਬਰ, ਪਿਛਲੀ ਰੀਤੀ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਜਪਾਈਆ । ਏਕਾ ਨਾਮ ਆਦਿ ਅੰਤ ਜਣਾਏ ਅਨਮੋਲ, ਅਨਮੁਲੜੀ ਖੇਲ ਕਰਾਈਆ ।

੩੯੪
੧੩

ਜਿਸ ਦੇ ਪਿਛੇ ਗੁਰ ਅਵਤਾਰ ਪੀਰ ਪੈਗ਼ੰਬਰ ਵਜੌਂਦੇ ਰਹੇ ਢੋਲ, ਹੋਕਾ ਸਚ ਜਣਾਈਆ । ਕਿਸੇ ਦੇ ਹੱਥ ਫੜਾਈ ਪੌਹਲ, ਕਿਸੇ ਦੇ ਨਿਆਜ਼ ਦਿਤੀ ਘੋਲ, ਕਿਸੇ ਨੂੰ ਖੀਰਾਂ ਨਾਲ ਰਜਾਈਆ । ਜਨ ਭਗਤਾਂ ਕਿਸੇ ਨਾ ਦੱਸਿਆ ਖੋਲ੍ਹ, ਸੱਚਖੰਡ ਵਸੇ ਸੱਚਾ ਮਾਹੀਆ । ਕਲਜੁਗ ਅੰਤਮ ਵੇਖੋ ਹੋ ਆਇਆ ਅਡੋਲ, ਨਿਧੜਕ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਹਰਿ, ਨਿਰਗੁਣ ਆਪਣਾ ਰੂਪ ਵਟਾਈਆ । ਨਿਰਗੁਣ ਰੰਗ ਉਪਾਇਆ ਆਪ, ਭੇਵ ਕੋਇ ਨਾ ਪਾਇੰਦਾ । ਗੁਰ ਅਵਤਾਰ ਕਹਿਣ ਸਾਡਾ ਸਾਕ, ਹਰਿ ਜੂ ਹੋਰ ਨਾ ਕਿਸੇ ਬਣਾਇੰਦਾ । ਅੰਤਮ ਸਾਰੇ ਇਕੱਠੇ ਕੀਤੇ ਆਪ, ਦਰ ਮੰਦਰ ਇਕ ਸੁਹਾਇੰਦਾ । ਸਭ ਦੀ ਪੁੱਛਣ ਆਇਆ ਵਾਤ, ਵਾਤਾਵਰਨ ਫੇਲ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਭਗਤੋ ਉਠੋ ਲਓ ਲੁੱਟ, ਵੇਲਾ ਵਕਤ ਇਕ ਸੁਹਾਇੰਦਾ । ਜਿਸ ਨੇ ਗੁਰ ਅਵਤਾਰ ਪੀਰ ਪੈਗ਼ੰਬਰ ਲੋਕਮਾਤ ਕੱਢੇ ਕੁੱਟ, ਥਿਰ ਕੋਇ ਰਹਿਣ ਨਾ ਪਾਇੰਦਾ । ਤੁਸੀ ਮੇਲ ਮਿਲਾਇਆ ਗੋਬਿੰਦ ਸੁਤ, ਪੂਤ ਸਪੂਤਾ ਰੰਗ ਚੜ੍ਹਾਇੰਦਾ । ਇਸ ਦੇ ਕੋਲੋਂ ਆਪਣਾ ਪਿਛਲਾ ਕੀਤਾ ਲਓ ਪੁੱਛ, ਜੋ ਸਰਸੇ ਵਿਚ ਰੁੜਾਇੰਦਾ । ਇਸ ਦੇ ਹੱਥ ਸਭ ਕੁੱਛ, ਦੀਨ ਦਿਆਲ ਦਇਆ ਕਮਾਇੰਦਾ । ਭਰ ਜਾਮ ਪਿਆਏ ਘੁੱਟ, ਨਿਝਰ ਝਿਰਨਾ ਇਕ ਝਿਰਾਇੰਦਾ । ਬਾਕੀ ਸਭ ਨੂੰ ਖ਼ਾਲੀ ਹੱਥ ਵਖਾਏ ਠੁਠ, ਚਾਰੋਂ ਕੁੰਟ ਹੱਥ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਆਪ ਵਡਿਆਇੰਦਾ । ਜਨ ਭਗਤਾਂ ਵੱਡਾ ਦਰ, ਹਰਿ ਸਤਿਗੁਰ ਆਪ ਜਣਾਇੰਦਾ । ਜਿਸ ਦੇ ਕੋਲੋਂ ਹਰਿ ਜੂ ਰਿਹਾ ਡਰ, ਨਿਉਂ ਨਿਉਂ ਆਪਣੀ ਭੁੱਲ ਬਖ਼ਸ਼ਾਇੰਦਾ । ਮੈਂ ਤੁਹਾਡੇ ਅੰਦਰ ਗਿਆ ਵੜ, ਦੂਜੇ ਦਰ ਨਾ ਸੋਭਾ ਪਾਇੰਦਾ । ਤੁਹਾਡਾ ਪੱਲੂ ਲਿਆ ਫੜ, ਫੜਿਆ ਪੱਲੂ ਨਾ ਕੋਈ ਛੁਡਾਇੰਦਾ । ਤੁਹਾਡੇ ਪਿਛੇ ਪਹਿਲੋਂ ਗਿਆ ਮਰ, ਆਪਣਾ ਆਪ ਗਵਾਇੰਦਾ । ਤੁਹਾਡੀ ਕਰਨੀ ਰਿਹਾ ਕਰ, ਕਰਤਾ ਕੀਮਤ ਆਪੇ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਮਿਲਾਇੰਦਾ । ਕੀ ਸਾਨੂੰ ਮਿਲਾਵਣ ਆਇਆ, ਤੇਰੀ ਕੀ ਵਡਿਆਈਆ । ਚਾਰ ਜੁਗ ਦਿਤਾ ਭੁਲਾਇਆ, ਲੱਖ ਚੁਰਾਸੀ ਰਿਹਾ ਭੁਆਈਆ । ਕੋਟਨ ਕੋਟ ਨਾਮ ਜਪਾਇਆ, ਜਪਿਆ ਨਾਮ ਕਿਸੇ ਕੰਮ ਨਾ ਆਈਆ । ਠੰਡੇ ਜਲ ਜਲ ਨੁਹਾਇਆ, ਸੀਤਲ ਧਾਰ ਵਹਾਈਆ । ਬਸਤਰ ਕਪੜੇ ਰੰਗ ਚੜ੍ਹਾਇਆ, ਆਤਮ ਰੰਗ ਨਾ ਕੋਈ ਵਖਾਈਆ । ਪੜ੍ਹ ਪੜ੍ਹ ਲੇਖਾ ਲੇਖ ਨਾ ਕੋਈ ਸਮਝਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਹੱਥ ਵੱਡੀ ਵਡਿਆਈਆ । ਪੁਰਖ ਅਬਿਨਾਸ਼ੀ ਡਰਦਾ ਕਹੇ ਅੱਛਾ, ਅੱਛੀ ਤਰਾ ਸਮਝਾਇੰਦਾ । ਮੈਂ ਠੀਕ ਤੁਹਾਡੀ ਕਰਦਾ ਆਇਆ ਰਿਛਾ, ਲੁਕ ਲੁਕ ਵਕਤ ਲੰਘਾਇੰਦਾ । ਕਿਸੇ ਦੀ ਗਾਂ ਜਵਾਈ ਕਿਸੇ ਦਾ ਬੰਨਿਆ ਵੱਛਾ, ਕਿਸੇ ਹੱਟ ਚਲਾਈਆ । ਕਹੇ ਬੌਹੜੀ ਅੰਤਮ ਤੁਹਾਡੇ ਵਿਚ ਫਸਾ, ਫਸਿਆ ਨੱਠ ਕਿਤੇ ਨਾ ਜਾਈਆ । ਜਿਸ ਨੇ ਮਾਣ ਦਿਵਾਉਣਾ ਭਗਤਾਂ ਥਾਂ ਥੱਟਾ, ਸਮੁੰਦ ਸਾਗਰ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਇਕ ਰਘੁਰਾਈਆ । ਮਸਜਿਦ ਮੱਠ ਨਾ ਕੋਈ ਦੇਹੁਰਾ, ਹਰਿ ਵੱਡਾ ਵਡ ਜਣਾਇੰਦਾ । ਗੁਰਮੁਖ ਤੇਰਾ ਸੁੱਚਾ ਵੇਹੜਾ, ਜਿਸ ਦਰ ਹਰਿ ਜੂ ਫੇਰਾ ਪਾਇੰਦਾ । ਨੌਂ ਖੰਡ ਪ੍ਰਿਥਮੀ ਛੇੜਾਂ ਰਿਹਾ ਛੇੜਾ, ਛੇੜਖ਼ਾਨੀ ਆਪ ਕਰਾਇੰਦਾ । ਪੁਰਖ ਅਬਿਨਾਸ਼ੀ ਹੋਇਆ ਆਪ ਦਲੇਰਾ, ਸਭ ਦਾ ਡੇਰਾ ਢਾਹਿੰਦਾ । ਜਿਸ ਨੇ ਰਸਨਾ ਕਿਹਾ ਤੂੰ ਮੇਰਾ ਮੈਂ ਤੇਰਾ, ਤਿਸ

ਨੂੰ ਆਪਣੇ ਅੰਗ ਲਗਾਇੰਦਾ । ਕਰ ਕਿਰਪਾ ਤਾਰੇ ਆਪਣੀ ਮਿਹਰਾ, ਮਿਹਰ ਨਜ਼ਰ ਇਕ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਗਤਾਂ ਖ਼ੁਸ਼ੀ ਮਨਾਇੰਦਾ । ਭਗਤਾਂ ਖ਼ੁਸ਼ੀ ਇਕ ਵਖਾਣੀ, ਵੇਖੇ ਨਜ਼ਰ ਕਿਸੇ ਨਾ ਆਈਆ । ਭਗਤ ਦੁਆਰੇ ਜੋਤ ਜਗੌਣੀ, ਹੋਏ ਘਟ ਰੁਸ਼ਨਾਈਆ । ਹਰਿ ਸੰਗਤ ਸਾਚੀ ਨਾਲ ਮਿਲੌਣੀ, ਬਚਿਆ ਕੋਈ ਰਹਿਣ ਨਾ ਪਾਈਆ । ਇਕੋ ਵਾਰ ਵੇਖੇ ਹਾੜੀ ਸੌਣੀ, ਜੱਟ ਆਪਣਾ ਸੰਗ ਨਿਭਾਈਆ । ਇਕੱਠੀ ਕਰ ਕੇ ਸਾਰੀ ਗੌਹਣੀ, ਅੱਗੇ ਆਪਣਾ ਰਾਹ ਚਲਾਈਆ । ਕਲਜੁਗ ਅੰਤਮ ਵੀਹ ਸੌ ਵੀਹ ਬਿਕਰਮੀ ਕਰੇ ਬੌਹਣੀ, ਬੌਹੜੀ ਬੌਹੜੀ ਕਰੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ । ਆਪਣਾ ਖੇਲ ਕਰੇ ਘਰ ਲਾਏ ਇਕੋ ਜੋਤਾ, ਜੋਤਰਾ ਇਕੋ ਇਕ ਜਣਾਈਆ । ਕਿਸੇ ਦਾ ਰਹਿਣ ਨਾ ਦੇਵੇ ਹੁੱਕਾ ਲੋਟਾ, ਲੋਟੀ ਸਭ ਦੀ ਭੰਨ ਵਖਾਈਆ । ਮਨਮੁਖ ਜੀਵ ਨਾ ਦਿਸੇ ਖੋਟਾ, ਖੋਟੀ ਵਾਸਨਾ ਦਏ ਕਢਾਈਆ । ਕਲਜੁਗ ਅੰਤਮ ਦੇਵੇ ਸੋਕਾ, ਹਰੇ ਰੁੱਖ ਸੁੱਕੇ ਦਏ ਕਰਾਈਆ । ਕਲਜੁਗ ਜੀਵ ਆਪਣਾ ਕੀਤਾ ਭਾਰ ਉਠਾਵਣਾ ਜਿਉਂ ਭਾਰ ਉਠਾਏ ਖਰ ਖੋਤਾ, ਸਿਰ ਸਕੇ ਨਾ ਕੋਈ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਦਰ ਸੱਦੇ ਤੇਈ ਅਵਤਾਰ ਭਗਤ ਅਠਾਰਾਂ ਈਸਾ ਮੂਸਾ ਮੁਹੰਮਦ ਲਏ ਫੜ, ਏਕਾ ਘਰ ਵਖਾਏ ਦਸ ਗੁਰ ਨਾਲ ਮਿਲਾਈਆ । ਵੇਖੋ ਇਕ ਵਖਾਏ ਮਹੱਲ ਅਟੱਲ, ਜਿਥੇ ਵਸੇ ਸੂਰਾ ਸਰਬੱਗ, ਆਪਣਾ ਭੇਵ ਨਾ ਕਿਸੇ ਜਣਾਇੰਦਾ । ਜੁਗ ਜਨਮ ਦੇ ਵਿਛੜੇ ਸੱਦ, ਸਿਰ ਸਦਕਾ ਆਪ ਨਿਭਾਇੰਦਾ । ਜਿਹੜੇ ਪਿਛੇ ਬੈਠੇ ਰਹਿ ਗਏ ਅੱਧ, ਅੰਤਮ ਪੂਰਾ ਪੰਧ ਕਰਾਇੰਦਾ । ਭਗਤ ਦੁਆਰ ਨਿਸ਼ਾਨਾ ਦਿਤਾ ਗੱਡ, ਛੱਤੀ ਛੱਤੀ ਵੰਡ ਵੰਡਾਇੰਦਾ । ਜਿਸ ਨੇ ਲੇਖੇ ਲੌਣੇ ਹੱਡ, ਤਿਸ ਇਕੋ ਹੁਕਮ ਮਨਾਇੰਦਾ । ਰਲ ਮਿਲ ਚਾਈਂ ਚਾਈਂ ਸਾਰੇ ਸੱਦ, ਵਿਸ਼ਵ ਧਾਰ ਇਕ ਚਲਾਇੰਦਾ । ਅੰਮ੍ਰਿਤ ਨਾਮ ਪੀਓ ਮਧ, ਕੂੜੀ ਮਧ ਆਪ ਤਜਾਇੰਦਾ । ਕੋਈ ਜੀਵ ਨਾ ਲੈਣਾ ਵੱਢ, ਮਨ ਵਾਸਨਾ ਸੀਸ ਧੜ ਕਟਾਇੰਦਾ । ਕਰ ਕਿਰਪਾ ਹਰਿ ਜੂ ਹਰਿ ਮੰਦਰ ਚੌਥੇ ਘਰ ਲਏ ਸੱਦ, ਸੱਦਾ ਦੇਣ ਘਰ ਘਰ ਫੇਰੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਰਾਹ ਚਲਾਇੰਦਾ । ਆਪਣੇ ਰਾਹ ਚਲੇ ਚਲਾਏ ਸਾਚਾ ਪੰਥ, ਮਾਰਗ ਇਕੋ ਇਕ ਸਮਝਾਈਆ । ਪਾਰਬ੍ਰਹਮ ਦਾ ਵੱਜੇ ਸੰਖ, ਨਾਮ ਧੁਨ ਇਕ ਸ਼ਨਵਾਈਆ । ਗੁਰਮੁਖ ਵਿਰਲੇ ਆਈ ਅਣਖ, ਉਠੇ ਭੱਜੇ ਵਾਹੋ ਦਾਹੀਆ । ਅੱਗੇ ਹਰਿ ਜੂ ਕਰੇ ਪਰਖ, ਨਾਮ ਘਸਵਟੀ ਹੱਥ ਉਠਾਈਆ । ਨਾ ਕੋਈ ਸੋਗ ਨਾ ਕੋਈ ਹਰਖ, ਚਿੰਤਾ ਚਿਖਾ ਨਾ ਕੋਈ ਜਲਾਈਆ । ਜਿਸ ਜਨ ਅੰਮ੍ਰਿਤ ਮੇਘ ਦੇਵੇ ਬਰਸ, ਤੱਤੀ ਵਾ ਨਾ ਲਾਗੇ ਰਾਈਆ । ਲੱਖ ਚੁਰਾਸੀ ਵਿਚੋਂ ਵੇਖੋ ਹਰਿ ਜੂ ਕੀਤਾ ਤਰਸ, ਗੁਰਮੁਖ ਥੋੜੇ ਨਜ਼ਰੀ ਆਈਆ । ਜਿਨ੍ਹਾਂ ਵਿਚ ਰਹਿ ਗਿਆ ਫਰਕ, ਪਹਿਲੀ ਚੇਤ ਲਏ ਮਿਲਾਈਆ । ਬਾਕੀ ਸਾਰੇ ਹੋਵਨ ਗਰਕ, ਰਾਏ ਧਰਮ ਦਏ ਸਜ਼ਾਈਆ । ਜਿਹੜਾ ਜਾ ਕੇ ਆਇਆ ਪਰਤ, ਸਭ ਦੇ ਪੱਤਰੇ ਦਏ ਉਲਟਾਈਆ । ਜਿਸ ਦਾ ਇਕੋ ਸੱਚਾ ਵਰਤ, ਸੱਚਾ ਹੁਕਮ ਸਮਝਾਈਆ । ਜਿਸ ਨੇ ਗੁਰੂ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦਿਤੀ ਸ਼ਰਤ, ਸ਼ਰਅ ਕਰੀ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਕਲ ਕਲਕੀ ਆਇਆ ਮਾਹੀਆ । ਮਾਹੀ ਆਇਆ ਕਲਗੀਆਂ ਵਾਲਾ, ਕਲਗੀ ਆਪਣੇ ਸੀਸ ਟਿਕਾਇੰਦਾ । ਜਿਸ ਨੇ ਕੱਢਣਾ ਸਭ ਦਾ ਦਵਾਲਾ, ਖ਼ਾਲੀ ਹੱਥ ਫਿਰਾਇੰਦਾ ।

ਆਦਿ ਜੁਗਾਦੀ ਜਗਤ ਖੇਲ ਨਿਰਾਲਾ, ਨਜ਼ਰ ਕਿਸੇ ਨਾ ਆਇੰਦਾ । ਜਿਸ ਨੇ ਮਾਣ ਦਿਤਾ ਸਿੰਘ ਪਾਲਾ, ਸਾਚੀ ਪਾਲਕੀ ਵਿਚ ਬਹਾਇੰਦਾ । ਜਿਸ ਨੇ ਸਵਰਨ ਦਿਤਾ ਰਾਹ ਸੁਖਾਲਾ, ਸਾਚੇ ਮਾਰਗ ਲਾਇੰਦਾ । ਜਿਸ ਨੇ ਗੋਬਿੰਦ ਫਲ ਲਗਾਇਆ ਪੱਤ ਡਾਲਾ, ਫੁੱਲ ਫੁਲਵਾੜੀ ਆਪ ਮਹਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਵਾੜੀ ਵੇਖ ਵਖਾਇੰਦਾ । ਜਗਤ ਵਾੜੀ ਵੇਖੇ ਵੇਹੜੇ, ਵੇਹਲਾ ਹੋ ਕੇ ਹਰਿ ਜੂ ਆਈਆ । ਅੰਤਮ ਕਰੇ ਹੱਕ ਨਬੇੜੇ, ਹਕੀਕਤ ਵੇਖੇ ਥਾਉਂ ਥਾਈਂਆ । ਗੁਰ ਅਵਤਾਰ ਪੀਰ ਪੈਗੰਬਰ ਹੁਕਮੇ ਅੰਦਰ ਜਗਤ ਘੱਲੇ ਜਿਹੜੇ ਜਿਹੜੇ, ਸਚ ਸਾਚਾ ਲਏ ਉਠਾਈਆ । ਭਗਤ ਦੁਆਰੇ ਪਾਏ ਘੇਰੇ, ਘੇਰਾ ਇਕੋ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਖੁਲ੍ਹਾਈਆ । ਭੇਵ ਖੁਲ੍ਹਾ ਹੋਏ ਪਰਤੱਖ, ਪਰਤੱਖ ਰੂਪ ਵਟਾਇੰਦਾ । ਸਚ ਕਹਾਣੀ ਰਿਹਾ ਦੱਸ, ਸਾਚਾ ਰਾਹ ਚਲਾਇੰਦਾ । ਜਿਸ ਨੇ ਸਤਿਗੁਰ ਨਾਲ ਮਿਲਾਏ ਹੱਥ, ਓਹ ਗੋਬਿੰਦ ਹੱਥ ਫੜਾਇੰਦਾ । ਛੱਬੀ ਪੋਹ ਹੋਇਆ ਇਕੱਠ, ਇਕ ਇਕੱਲਾ ਆਪ ਕਰਾਇੰਦਾ । ਜੋ ਸਰਨਾਈ ਗਿਆ ਢੱਠ, ਤਿਸ ਠੋਕਰ ਨਾ ਕੋਈ ਲਾਇੰਦਾ । ਨਾਤਾ ਤੁਟਾ ਤੀਰਥ ਅਠਸਠ, ਜਮਨਾ ਸੁਰਸਤੀ ਗੰਗਾ ਗੋਦਾਵਰੀ ਸੰਮਤ ਪੰਦਰਾਂ ਆਪ ਪਰਨਾਇੰਦਾ । ਇੱਕੀ ਸਿਖ ਤ੍ਰਬੈਣੀ ਉਤੇ ਬਹਿ ਕੇ ਪਏ ਹੱਸ, ਹਰਿ ਜੂ ਕੀ ਕੀ ਖੇਲ ਵਰਤਾਇੰਦਾ । ਕਵਾਰ ਕੰਨਿਆਂ ਰਹੀ ਨੱਠ, ਮੁਖ ਨੈਣ ਨੈਣ ਸ਼ਰਮਾਇੰਦਾ । ਜਿਹੜਾ ਮਿਲ ਕੇ ਆਇਆ ਤੱਟ, ਸੋ ਪਰਦਾ ਸਰਬ ਉਠਾਇੰਦਾ । ਦੋਏ ਜੋੜ ਵਾਸਤਾ ਰਹੀ ਘੱਤ, ਗੱਲ ਪੱਲੂ ਇਕ ਪਵਾਇੰਦਾ । ਜਿਸ ਕੰਗਨ ਦਿਤਾ ਚੁਮਿਆਰ ਦਾ ਬ੍ਰਹਿਮਣ ਦੇ ਹੱਥ, ਤੁਹਾਡੀ ਨਜ਼ਰ ਨਾ ਕੋਈ ਆਇੰਦਾ । ਤੂੰ ਏਹਨਾਂ ਪਿਛੇ ਮੇਰੀ ਰੱਖ ਪਤ, ਦਰ ਇਕੋ ਮੰਗ ਮੰਗਾਇੰਦਾ । ਪੁਰਖ ਅਬਿਨਾਸ਼ੀ ਰਿਹਾ ਦੱਸ, ਅਗਲਾ ਭੇਵ ਖੁਲ੍ਹਾਇੰਦਾ । ਤੂੰ ਭਗਤ ਦੁਆਰੇ ਔਣਾ ਲੰਘ, ਹਰਿ ਜੂ ਸਚ ਮਹੱਲ ਬਣਾਇੰਦਾ । ਗੁਰਸਿਖਾਂ ਚਰਨ ਜਾਈਂ ਢੱਠ, ਤੇਰਾ ਬੇੜਾ ਪਾਰ ਕਰਾਇੰਦਾ । ਸੁਰਸਤੀ ਜਮਨਾ ਰਹੀ ਨਾ ਕੋਈ ਮਤ, ਸਭ ਦੀ ਮੱਤ ਗਵਾਇੰਦਾ । ਗੋਬਿੰਦ ਇਕੋ ਪੂਜੋ ਕਮਲਾਪਤ, ਦੂਸਰ ਸੀਸ ਨਾ ਕੋਈ ਨਿਵਾਇੰਦਾ । ਨੱਕੋਂ ਲਾਹ ਸੁਹਾਗ ਦੀ ਨੱਥ, ਜਗਤ ਪਿਆਰ ਇਕ ਬਣਾਇੰਦਾ । ਨੇਤਰ ਰੋਵੇ ਮੈਨੂੰ ਫੜਿਆ ਹੱਥ, ਪੱਲੂ ਗੰਢ ਨਾ ਕੋਈ ਛੁਡਾਇੰਦਾ । ਚਾਰੋਂ ਕੁੰਟ ਰਹੀ ਭੱਜ, ਸੱਜਣ ਨਜ਼ਰ ਕੋਈ ਨਾ ਆਇੰਦਾ । ਸਾਧ ਸੰਤ ਕੂੜੀ ਕਿਰਿਆ ਫਸ, ਨਾਰੀ ਪੁਰਸ਼ ਮੇਰੇ ਵਿਚ ਨੰਗਾ ਤਾਰੀਆਂ ਲਾਇੰਦਾ । ਕਲਜੁਗ ਰੈਣ ਅੰਧੇਰੀ ਹੋਈ ਮੱਸ, ਸਾਚਾ ਚੰਦ ਨਾ ਕੋਇ ਚੜ੍ਹਾਇੰਦਾ । ਬੌਹੜੀ ਮੈਂ ਕਾਮ ਕਰੋਧ ਹੰਕਾਰ ਵਿਚ ਗਈ ਫਸ, ਅਭੇਵ ਭੇਵ ਨਾ ਕੋਈ ਖੁਲ੍ਹਾਇੰਦਾ । ਮਹਾਰਾਜ ਸ਼ੇਰ ਸਿੰਘ ਸਿਰ ਹੱਥ ਦੇਵੇ ਰੱਖ, ਮੈਂ ਨਿਮਾਣੀ ਪਾਰ ਕਰਾਇੰਦਾ । ਵਿਚੋਂ ਸਾਗਰ ਲਏ ਕੱਢ, ਆਪਣੀ ਗੋਦ ਬਹਾਇੰਦਾ । ਜਿਸ ਨੇ ਆਦਿ ਜੁਗਾਦਿ ਕੀਤਾ ਅੱਡ, ਸੋ ਅੰਤਮ ਮੇਲ ਮਿਲਾਇੰਦਾ । ਮੇਰੇ ਥੋਥੇ ਹੋਏ ਹੱਡ, ਮੇਰੇ ਨੈਣਾਂ ਨੂਰ ਨਜ਼ਰ ਨਾ ਆਇੰਦਾ । ਮੇਰੇ ਕੋਲੋਂ ਸ਼ੰਕਰ ਗਿਆ ਨੱਠ, ਸ਼ਿਵ ਜੀ ਆਪਣਾ ਮੁਖ ਛੁਪਾਇੰਦਾ । ਕਹਿੰਦਾ ਮੇਰੀ ਹੋਈ ਬਸ, ਮੇਰੇ ਥਾਂ ਗੁਰਮੁਖ ਫੇਰੀ ਪਾਇੰਦਾ । ਕਿਰਪਾ ਕਰੀ ਪੁਰਖ ਸਮਰਥ, ਜਗਤ ਜਗਦੀਸ਼ਾ ਇਕ ਵਡਿਆਇੰਦਾ । ਨੀਹਾਂ ਹੇਠਾਂ ਦਿਤਾ ਰੱਖ, ਉਤੋਂ ਮੇਰਾ ਆਸਣ ਲਾਹਿੰਦਾ । ਮੇਰਾ ਕੋਈ ਨਾ ਚਲਿਆ ਵਸ, ਹੋਏ ਨਿਮਾਣਾ ਸੀਸ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਭਗਤ ਨਾਲ ਰਖਾਇੰਦਾ । ਗੰਗਾ ਗੁਦਾਵਰੀ ਜਮਨਾ ਸੁਰਸਤੀ ਨੇਤਰ ਰੋਵੇ, ਨੈਣਾਂ ਛਹਿਬਰ ਲਾਈਆ । ਤੁਧ ਬਿਨ ਦੁਰਮਤ ਮੈਲ ਕੋਈ ਨਾ ਧੋਵੇ, ਜਿਹੜਾ

ਭਰਿਆ ਦੋਵੇਂ ਬਾਹੀਆ । ਤੇਰੇ ਜਿਹਾ ਕੋਈ ਨਾ ਹੋਵੇ, ਕੋਟਨ ਕੋਟ ਗੁਰ ਅਵਤਾਰ ਗਏ ਫੇਰੀਆਂ ਪਾਈਆ । ਸਾਰੇ ਮੇਰੇ ਵਿਚ ਵੜ ਵੜ ਆਪਣੇ ਬਦਨ ਤਨ ਦੀ ਮੈਲ ਧੋਵੇ, ਮੇਰੀ ਮੈਲ ਨਾ ਕੋਈ ਧੁਆਈਆ । ਪੁਰਖ ਅਕਾਲ ਦੀਨ ਦਿਆਲ ਜਿਸ ਵੇਲੇ ਕਰੇ ਮਿਹਰ ਨਜ਼ਰੇ, ਮੇਰੀ ਦੁਰਮਤ ਰਹੇ ਨਾ ਰਾਈਆ । ਮੈਂ ਤੇਰੀ ਤੂੰ ਮੇਰਾ ਤੂੰ ਮੇਰੇ ਜਿਹਾ ਹੋਵੇਂ, ਨਿਰਗੁਣ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਮਨਾ ਸੁਰਸਤੀ ਰਿਹਾ ਵਖਾਈਆ । ਜਮਨਾ ਸੁਰਸਤੀ ਗੰਗਾ ਵੇਖ ਕਲਜੁਗ, ਸਾਧ ਸਾਧਨਾ ਆਪਣੀ ਬੈਠੇ ਗਵਾਈਆ । ਇਹਨਾਂ ਤੇਰੀ ਕੀ ਰੱਖਣੀ ਲਾਜ, ਆਪਣੀ ਪਤ ਨਾ ਕੋਈ ਵਡਿਆਈਆ । ਕੂੜੀ ਕਿਰਿਆ ਬਣਿਆ ਖਾਜ, ਧੀਆਂ ਭੈਣਾਂ ਰਹੇ ਤਕਾਈਆ । ਤੇਰੇ ਜਲ ਦਾ ਰਿਹਾ ਨਾ ਕੋਈ ਸਵਾਦ, ਜੋ ਅੰਮ੍ਰਿਤ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਭ ਦੀ ਸੱਤਿਆ ਰਿਹਾ ਖਿਚਾਈਆ । ਸਭ ਦੀ ਖਿਚੀ ਸਤਿਆ ਹੋਇਆ ਸਤਿਆਨਾਸ, ਸਤਹ ਨਜ਼ਰ ਕੋਇ ਨਾ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਹੋਏ ਉਦਾਸ, ਉਦਾਸੀ ਸਭ ਦੇ ਮੂੰਹ ਤੇ ਛਾਈਆ । ਕਰੇ ਖੇਲ ਪੁਰਖ ਅਬਿਨਾਸ਼, ਬੇਪਰਵਾਹ ਵਡ ਵਡਿਆਈਆ । ਜਨ ਭਗਤਾਂ ਦੇਵੇ ਸਾਥ, ਸਗਲਾ ਸੰਗ ਨਿਭਾਈਆ । ਇਕੋ ਦੁਆਰਾ ਪਰਗਟ ਆਪ, ਆਪ ਆਪਣੀ ਸੇਵ ਕਮਾਈਆ । ਇਕੋ ਸਤਿਗੁਰ ਸੱਚਾ ਦੱਸੇ ਜਾਪ, ਅਲਫ ਯੇ ਨਾ ਕੋਈ ਪੜ੍ਹਾਈਆ । ਘਰ ਮੰਦਰ ਖੋਲ੍ਹੇ ਤਾਕ, ਦੀਵਾ ਬੱਤੀ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੱਗੇ ਆ ਹੋਵੇ ਸਹਾਈਆ । ਅੱਗੇ ਆਇਆ ਦੂਰ ਦੁਰਾਡਾ, ਪਿਛਲਾ ਪੰਧ ਮੁਕਾਈਆ । ਗੁਰਮੁਖ ਵੇਖਿਆ ਬਣਿਆ ਸਾਕਾ, ਸਾਕਾ ਰਿਹਾ ਸਮਝਾਈਆ । ਸਰਬ ਜੀਆਂ ਦਾ ਇਕੋ ਆਕਾ, ਅਕਲ ਕਲਾ ਅਖਵਾਈਆ । ਸੰਤ ਸੁਹੇਲੇ ਜੁੜਿਆ ਨਾਤਾ, ਨਿਰਗੁਣ ਮੇਲ ਮਿਲਾਈਆ । ਸੋਹੰ ਢੋਲਾ ਗਾਓ ਗਾਥਾ, ਗਾ ਗਾ ਸ਼ੁਕਰ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਨੂੰ ਸੱਦਾ ਰਿਹਾ ਜਣਾਈਆ । ਆਪੇ ਸੱਦੇ ਸਦ ਦਵਾਰ, ਦਵਾਰਕਾ ਆਪਣਾ ਘਰ ਵਖਾਇੰਦਾ । ਲੱਗੇ ਭਾਗ ਵਿਚ ਉਜਾੜ, ਸਾਚੀ ਰੁੱਤ ਸੁਹਾਇੰਦਾ । ਲੇਖਾ ਚੁੱਕੇ ਪੁਰਖ ਨਾਰ, ਬਿਰਧ ਬਾਲਾਂ ਮਾਣ ਦਵਾਇੰਦਾ । ਤ੍ਰੈਗੁਣ ਮਾਇਆ ਤੋੜ ਜੰਜਾਲ, ਜਾਗਰਤ ਜੋਤ ਇਕ ਜਗਾਇੰਦਾ । ਸੁਣੇ ਆਪ ਮੁਰੀਦਾਂ ਹਾਲ, ਮੁਰਸ਼ਦ ਆਪਣਾ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਇਕੋ ਕਾਹਨ, ਦੇਵਣਹਾਰਾ ਦੋ ਜਹਾਨ, ਲੇਖਾ ਜਾਣੇ ਜ਼ਿਮੀ ਅਸਮਾਨ, ਗੁਰਮੁਖ ਚਤੁਰ ਸੁਘੜ ਸੁਜਾਨ, ਮਨ ਮਤ ਬੁੱਧ ਨਾ ਕੋਈ ਵਡਿਆਇੰਦਾ । ਮਨ ਮਤ ਬੁੱਧ ਨਾ ਕੋਈ ਚਤੁਰਾਈ, ਮਿਹਰ ਨਜ਼ਰ ਉਠਾਇੰਦਾ । ਵੇਖਣਹਾਰਾ ਥਾਉਂ ਥਾਈਂ, ਹਰਿਜਨ ਸਾਚੇ ਮੇਲ ਮਿਲਾਇੰਦਾ । ਆਤਮ ਪਰਮਾਤਮ ਕਰੇ ਕੁੜਮਾਈ, ਸੋਹਣਾ ਜੋੜ ਜੁੜਾਇੰਦਾ । ਏਕਾ ਘਰ ਵਸੇ ਧੀ ਜਵਾਈ, ਸੌਹਰੇ ਪੇਈਏ ਇਕੋ ਰੰਗ ਵਖਾਇੰਦਾ । ਇਕੋ ਗ੍ਰਿਹ ਕਰੇ ਰੁਸ਼ਨਾਈ, ਦੀਵਾ ਬਾਤੀ ਡਗਮਗਾਇੰਦਾ । ਇਕੋ ਘਰ ਦਏ ਸਫਾਈ, ਸਾਚੀ ਜ਼ਾਮਨੀ ਆਪ ਉਠਾਇੰਦਾ । ਭਗਤ ਜਨੋਂ ਤੁਹਾਡੀ ਅੰਤ ਮੰਗੇ ਨਾ ਕੋਈ ਗਵਾਹੀ, ਬਿਨ ਗਵਾਹੀਉਂ ਪਾਰ ਕਰਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਬੈਠੇ ਸੀਸ ਝੁਕਾਈ, ਚਰਨਾਂ ਰਾਹ ਤਕਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਅਗੋਂ ਮਿਲਣ ਚਾਈਂ ਚਾਈਂ, ਥਿਰ ਘਰ ਕੁੰਡਾ ਆਪੇ ਲਾਹਿੰਦਾ । ਸ੍ਰੀ ਭਗਵਾਨ ਅੱਗੋਂ ਪਕੜਨ ਆਏ ਬਾਹੀਂ, ਸਚਖੰਡ ਦੁਆਰਾ ਆਪ ਸੁਹਾਇੰਦਾ । ਜੋਤੀ

੩੯੮
੧੩

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਦੇਵੇ ਇਕੋ ਦਾਨ, ਅੱਠਸੱਠ ਟੁੱਟਾ ਮਾਣ, ਗੁਰਮੁਖਾਂ ਝੋਲੀ ਆਪ ਭਰਾਇੰਦਾ ।

### ❇ ੨੭ ਪੋਹ ੨੦੧੯ ਬਿਕਰਮੀ ਜੇਠੂਵਾਲ ਦਰਬਾਰ ਵਿਚ ❇

ਤਿੰਨਾਂ ਲੋਕਾਂ ਇਕ ਜੈਕਾਰਾ, ਸਤਿਗੁਰ ਆਪ ਜਣਾਇੰਦਾ । ਸੱਤ ਰੰਗ ਨਿਸ਼ਾਨਾ ਦਏ ਹੁਲਾਰਾ, ਸਤਿ ਪੁਰਖ ਨਿਰੰਜਣ ਆਪ ਹਿਲਾਇੰਦਾ । ਜੋ ਗੁਰਮੁਖ ਚੜ੍ਹ ਕੇ ਬੈਠੇ ਨਿੱਕੇ ਦਰਬਾਰਾ, ਤਿਨ੍ਹਾਂ ਆਪਣੇ ਰੰਗ ਰੰਗਾਇੰਦਾ । ਜੋ ਚੜ੍ਹ ਕੇ ਬੈਠੇ ਲਹਿੰਦੀ ਧਾਰਾ, ਤਿਨ੍ਹਾਂ ਆਪਣੀ ਗੋਦ ਬਹਾਇੰਦਾ । ਜੋ ਪਿਛੇ ਆ ਕੇ ਦੇਣ ਸਹਾਰਾ, ਤਿਨ੍ਹਾਂ ਮਾਣ ਆਪ ਦਵਾਇੰਦਾ । ਜੋ ਥੱਲੇ ਰਹਿ ਗਏ ਰੋਵਣ ਜ਼ਾਰੋ ਜ਼ਾਰਾ, ਅੱਗੇ ਧੀਰ ਨਾ ਕੋਈ ਧਰਾਇੰਦਾ । ਹਰਿ ਕਾ ਹੁਕਮ ਡੰਡਾ ਭਾਰਾ, ਗੁਰਮੁਖ ਭੁੱਲ ਕੋਇ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਮਨਾਇੰਦਾ । ਆਪਣਾ ਹੁਕਮ ਮਨਾਵਣ ਆਇਆ, ਕਲ ਕਲਕੀ ਲੈ ਅਵਤਾਰ । ਜੋ ਜਨ ਬੈਠੇ ਮੁਖ ਭੁਆਇਆ, ਦਰ ਦੁਆਰਿਉਂ ਦਏ ਦੁਰਕਾਰ । ਏਥੇ ਓਥੇ ਨਾ ਕੋਈ ਸਹਾਇਆ, ਸਾਚੇ ਘਰ ਨਾ ਕੋਈ ਪਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖੀ ਕਰੇ ਤਿਆਰ । ਸਾਚੀ ਸਿਖੀ ਤ੍ਰੈਲੋਕ, ਤ੍ਰੈਭਵਨ ਧਨੀ ਆਪ ਪਰਗਟਾਈਆ । ਸ਼ਬਦ ਜਣਾਏ ਇਕ ਸਲੋਕ, ਇਕ ਜੈਕਾਰਾ ਲਾਈਆ । ਕਰੇ ਪਰਕਾਸ਼ ਨਿਰਮਲ ਜੋਤ, ਜੋਤੀ ਜਾਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸਾ ਇਕ ਸੁਣਾਈਆ । ਸਚ ਸੰਦੇਸਾ ਜੋ ਜਨ ਮੰਨੇ, ਸੋ ਪੁਰਖ ਨਿਰੰਜਣ ਦਇਆ ਕਮਾਇੰਦਾ । ਗੜ੍ਹ ਹੰਕਾਰੀ ਕੂੜੀ ਕਿਰਿਆ ਭੰਨੇ, ਭਾਂਡਾ ਭਰਮ ਨਜ਼ਰ ਨਾ ਆਇੰਦਾ । ਗੁਰਮੁਖ ਚੜ੍ਹਾਏ ਸਾਚੇ ਚੰਨੇ, ਤਿੰਨਾਂ ਲੋਕਾਂ ਚੰਦ ਇਕ ਚਮਕਾਇੰਦਾ । ਆਓ ਵੇਲਾ ਦਰਸ਼ਨ ਕਰੋ ਜਿਸ ਦਰ ਖੇਲ ਕਰਾਇਆ ਧੰਨੇ, ਧੰਨ ਧਨਾਡੀ ਫੇਰਾ ਪਾਇੰਦਾ । ਨੇਤਰ ਜਗਤ ਜੀਵ ਜੋ ਅੰਨੇ, ਅੰਨ੍ਹਿਆਂ ਗਿਆਨ ਦਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਤਿੰਨਾਂ ਲੋਕਾਂ ਇਕੋ ਨਾਅਰਾ, ਭਗਤ ਦਏ ਵਡਿਆਈਆ । ਰਸਨਾ ਬੋਲਣ ਵਾਰੋ ਵਾਰਾ, ਵਾਰਤਾ ਇਕੋ ਇਕ ਸੁਣਾਈਆ । ਪੁਰਖ ਅਬਿਨਾਸ਼ੀ ਲੱਗੇ ਪਿਆਰਾ, ਪਰਮ ਪੁਰਖ ਬੇਪਰਵਾਹੀਆ । ਨੇਤਰ ਵੇਖ ਦਏ ਸਹਾਰਾ, ਸ਼ਹਿਨਸ਼ਾਹ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਹਰਿ, ਸਾਚਾ ਭੇਵ ਆਪ ਚੁਕਾਈਆ । ਨੇਤਰ ਵੇਖੇ ਤ੍ਰੈਲੋਕ, ਹਰਿ ਸਤਿਗੁਰ ਆਪ ਵਖਾਈਆ । ਸਾਚਾ ਮੰਦਰ ਕਿਲਾ ਕੋਟ, ਗੜ੍ਹ ਬੰਕ ਆਪ ਵਡਿਆਈਆ । ਪੰਚ ਧਾਰਾ ਏਕੰਕਾਰਾ ਨਿਰਮਲ ਜੋਤ, ਨੂਰੋ ਨੂਰ ਨੂਰ ਰੁਸ਼ਨਾਈਆ । ਪ੍ਰਭ ਮਿਲਣ ਦਾ ਜਿਨ੍ਹਾਂ ਦਾ ਸ਼ੌਕ, ਸੋ ਉਪਰ ਚੜ੍ਹ ਕੇ ਦਰਸ਼ਨ ਪਾਈਆ । ਜਿਨ੍ਹਾਂ ਜਾਣਾ ਅੰਤਮ ਔਤ, ਓਹ ਥੱਲੇ ਬੈਠੇ ਦੇਣ ਦੁਹਾਈਆ । ਪੁਰਖ ਅਬਿਨਾਸ਼ੀ ਆਇਆ ਖੌਤ, ਖ਼ਾਲਕ ਖ਼ਲਕ ਦਏ ਵਡਿਆਈਆ । ਪਿਛਲੀ ਰਹਿਣ ਨਾ ਦੇਵੇ ਰੌਸ, ਅੱਗੇ ਆਪਣਾ ਹੁਕਮ ਵਰਤਾਈਆ । ਆਪਣੀ ਮਾਰੇ ਸੱਚੀ ਧੌਂਸ, ਦੋ ਜਹਾਨਾਂ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ


੩੯੯
੧੩

ਖੇਲ ਬੇਪਰਵਾਹੀਆ । ਜੈ ਜੈਕਾਰ ਤੀਨ ਲੋਕ, ਲੋਕ ਪਰਲੋਕ ਸੁਣਾਈਆ । ਮੇਰੀ ਭਗਤੋ ਸੋਚੋ ਸੋਚ, ਨਿਰਗੁਣ ਸਰਗੁਣ ਰਿਹਾ ਸੁਣਾਈਆ । ਨੇਤਰ ਨੈਣ ਲੋਚਣ ਪੂਰੀ ਕਰੋ ਲੋਚ, ਆਸਾ ਤ੍ਰਿਸਨਾ ਮੇਟ ਮਿਟਾਈਆ । ਅਗਲੇ ਸੰਮਤ ਕਿਸੇ ਰਹਿਣ ਨਾ ਦੇਵੇ ਸੋਚ, ਸੋਚ ਸਭ ਦੀ ਦਏ ਗਵਾਈਆ । ਸ਼ਾਹ ਸੁਲਤਾਨਾਂ ਕਰੇ ਬੇਹੋਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਜਣਾਈਆ । ਤ੍ਰੈਲੋਕ ਵੱਜੇ ਤਾਲ, ਹਰਿ ਸਾਚਾ ਭੇਵ ਚੁਕਾਇੰਦਾ । ਗੁਰਮੁਖਾਂ ਰੱਖੇ ਨਾਲ ਨਾਲ, ਸਗਲਾ ਸੰਗ ਨਿਭਾਇੰਦਾ । ਲੇਖਾ ਜਾਣੇ ਕਾਇਆ ਮਾਟੀ ਕਾਚੀ ਹਾਂਡੀ ਖਾਲ, ਖ਼ਾਲਕ ਖ਼ਲਕ ਰੂਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਆਪ ਸੁਣਾਇੰਦਾ । ਤਿਨ੍ਹਾਂ ਲੋਕਾਂ ਪਏ ਪੁਆੜਾ, ਕੂਕ ਕੂਕ ਦੇਣ ਦੁਹਾਈਆ । ਬਣ ਤਰਖਾਣ ਫੜਿਆ ਕੁਹਾੜਾ, ਦੋਹਾਂ ਹੱਥਾਂ ਰਿਹਾ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕੱਢਣ ਹਾੜਾ, ਦੋਏ ਜੋੜ ਵਾਸਤਾ ਪਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਵੇਖਣਹਾਰਾ ਇਕ ਅਖਾੜਾ, ਖ਼ਾਕੀ ਖ਼ਾਕ ਨਜ਼ਰ ਨਾ ਆਈਆ । ਫਿਰੇ ਦਰੋਹੀ ਜੰਗਲ ਜੂਹ ਉਜਾੜ ਪਹਾੜਾਂ, ਡੂੰਘੇ ਸਾਗਰ ਸਰਬ ਕੁਰਲਾਈਆ । ਬਾਕੀ ਇਕੋ ਰਹਿ ਜਾਏ ਗਾਵਣ ਵਾਲੀ ਵਾਰਾ, ਦੂਜੀ ਅਵਰ ਨਾ ਕੋਈ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਤਿੰਨ ਲੋਕ ਉਠ ਖਲੋਤੇ, ਨੇਤਰ ਨੈਣ ਖੁਲ੍ਹਾਈਆ । ਗੁਰਮੁਖ ਆਪਣੇ ਲੋਚੇ, ਲੋਚਣ ਨੈਣ ਖੁਲ੍ਹਾਈਆ । ਜਿਨ੍ਹਾਂ ਹਰਿ ਜੂ ਦੇਵੇ ਓਟੇ, ਓਟ ਅਕਾਲ ਰਖਾਈਆ । ਥੱਲੇ ਡਿਗੇ ਉਠਾਏ ਪੋਤੇ, ਆਪਣੇ ਉਪਰ ਲਏ ਚੜ੍ਹਾਈਆ । ਸਚਖੰਡ ਦੁਆਰੇ ਗੁਰਸਿਖ ਆਪਣੇ ਬੇਟੇ, ਬਾਕੀ ਲੱਖ ਚੁਰਾਸੀ ਜੂਨ ਭੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਿਨ੍ਹਾਂ ਲੋਕਾਂ ਵੇਖ ਵਖਾਈਆ । ਤਿਨ੍ਹਾਂ ਲੋਕਾਂ ਲੇਖ ਅਪਾਰਾ, ਹਰਿ ਸਤਿਗੁਰ ਆਪ ਕਰਾਇੰਦਾ । ਗੁਰਮੁਖ ਕੱਢੇ ਹਰਿ ਜੂ ਬਾਹਰਾ, ਉਪਰ ਲੇਖ ਲਿਖਾਇੰਦਾ । ਨਜ਼ਰੀ ਆਏ ਏਕੰਕਾਰਾ, ਨਿਰਗੁਣ ਰੂਪ ਧਰਾਇੰਦਾ । ਮਿਲ ਮਿਲ ਗਾਓ ਇਕ ਜੈਕਾਰਾ, ਸਚ ਜੈਕਾਰ ਸੁਣਾਇੰਦਾ । ਜੋ ਜਨ ਭੁਲਿਆ ਰਹੇ ਵਿਚ ਸੰਸਾਰਾ, ਅੱਗੇ ਭੁੱਲ ਨਾ ਕੋਈ ਬਖ਼ਸ਼ਾਇੰਦਾ । ਆਵਣ ਜਾਵਣ ਹੋਏ ਵਾਰੋ ਵਾਰਾ, ਲੇਖਾ ਲੇਖ ਨਾ ਕੋਇ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਆਪ ਉਠਾਇੰਦਾ । ਹਰਿਜਨ ਉਤੇ ਗਏ ਚੜ੍ਹ, ਸੁਣਿਆ ਧੁਰ ਫ਼ਰਮਾਣਾ । ਮੂਰਖ ਥੱਲੇ ਰਹੇ ਖੜ, ਭੁਲਿਆ ਹਰਿ ਭਗਵਾਨਾ । ਹਰਿਜਨ ਸੋਹੰ ਅੱਖਰ ਰਹੇ ਪੜ੍ਹ, ਢੋਲਾ ਇਕੋ ਗਾਣਾ । ਪੁਰਖ ਅਬਿਨਾਸ਼ੀ ਮੇਲੇ ਆਪਣੇ ਦਰ, ਨਿਰਗੁਣ ਨੂਰ ਹੋ ਮਿਹਰਵਾਨਾ । ਤ੍ਰੈਗੁਣ ਮੀਤਾ ਠਾਂਡਾ ਸੀਤਾ ਸਾਚਾ ਪੱਲੂ ਲਏ ਫੜ, ਏਕਾ ਗੰਢ ਪਵਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਤਿੰਨਾਂ ਲੋਕਾਂ ਪੰਧ ਮੁਕਾਨਾ । ਤਿੰਨਾਂ ਲੋਕਾਂ ਮੁਕਿਆ ਪੰਧ, ਹਰਿ ਸਤਿਗੁਰ ਆਪ ਮੁਕਾਈਆ । ਜਿਨ੍ਹਾਂ ਰਸਨ ਤਜਾਇਆ ਮਧਰਾ ਮਾਸ ਗੰਦ, ਜੋਤੀ ਰੂਪ ਵਖਾਈਆ । ਜਿਨ੍ਹਾਂ ਚਾਹ ਤਜਾਈ ਬੱਤੀ ਦੰਦ, ਤਿਨ੍ਹਾਂ ਏਕਾ ਚਾਓ ਵਖਾਈਆ । ਬਾਕੀ ਸਭ ਨੂੰ ਦੇਵੇ ਰੰਦ, ਰੰਦਾ ਇਕੋ ਨਾਮ ਉਠਾਈਆ । ਲੱਖ ਚੁਰਾਸੀ ਪਾਵੇ ਡੰਡ, ਨੇਤਰ ਨੈਣਾਂ ਨੀਰ ਵਹਾਈਆ । ਹਰਿ ਸੰਗਤ ਵਿਚ ਰਹਿਣ ਨਾ ਦੇਵੇ ਭੇਖ ਪਖੰਡ, ਭੇਖੀ ਨਜ਼ਰ ਕੋਈ ਨਾ ਆਈਆ । ਪਿਛਲੀ ਕੀਤੀ ਸਭ ਦੀ ਗਈ ਹੰਢ, ਅੱਗੇ ਚਲੇ ਨਾ ਕੋਈ ਚਤੁਰਾਈਆ । ਜਿਸ ਦੁਆਰੇ ਦਰਸ਼ਨ ਪੌਣਾ ਸੂਰੇ ਸਰਬੰਗ, ਤਿੰਨਾਂ ਤਿਨ੍ਹਾਂ ਦੇ ਤਜਾਈਆ । ਬਾਕੀ ਸਭ ਨੂੰ ਬਾਹੋਂ ਫੜ ਕੇ ਬਾਹਰ ਦੇਵੇ ਕੱਢ, ਫੇਰ ਵਿਚ ਨਾ ਰੱਖੇ

ਕੋਈ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਜਣਾਈਆ । ਸਾਚਾ ਹੁਕਮ ਦੇਵੇ ਖਰੜਾ, ਕਰਖਤ ਹਰਿ ਜੂ ਆਇਆ । ਜਿਨ ਗੁਰ ਅਵਤਾਰਾਂ ਪੀਰ ਪੈਗੰਬਰਾਂ ਲਾਇਆ ਰਗੜਾ, ਕਲਜੁਗ ਅੰਤਮ ਬਚਿਆ ਕੋਈ ਰਹਿਣ ਨਾ ਪਾਇਆ । ਹਰਿ ਸੰਗਤ ਵਿਚ ਮਾਸ ਸ਼ਰਾਬ ਚਾਹ ਦਾ ਰਹਿਣ ਨਾ ਦੇਵੇ ਝਗੜਾ, ਝਗੜਾ ਕੋਈ ਰਹਿਣ ਨਾ ਪਾਇਆ । ਪਾਰਬ੍ਰਹਮ ਪ੍ਰਭ ਹੋਇਆ ਤਕੜਾ, ਆਪਣਾ ਬਲ ਧਰਾਇਆ । ਗੁਰਮੁਖ ਹਿਰਦਾ ਆਪੇ ਪਕੜਾ, ਆਪਣਾ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਿੰਨਾਂ ਲੋਕਾਂ ਚਰਨਾਂ ਹੇਠ ਦਬਾਇਆ । ਤਿੰਨ ਲੋਕ ਚਰਨ ਹੇਠ ਦੱਬੇ, ਸੋ ਪੁਰਖ ਨਿਰੰਜਣ ਖੇਲ ਕਰਾਈਆ । ਗੁਰਮੁਖ ਨੇਤਰ ਵੇਖ ਸਭੇ, ਹਰਿ ਜੂ ਰਿਹਾ ਵਖਾਈਆ । ਸਾਚੇ ਮੰਦਰ ਉਤੇ ਚੜ੍ਹ ਕੇ ਬੈਠੇ ਸਾਰੇ ਫੱਬੇ, ਨੇਤਰਾਂ ਉਤੇ ਨੇਰਨ ਨੇਰ ਨਜ਼ਰੀ ਆਈਆ । ਨਾਮ ਪਿਆਲੇ ਪੀਤੇ ਮਧੇ, ਮਧੁਰ ਧੁਨ ਇਕ ਸੁਣਾਈਆ । ਪੁਰਖ ਅਬਿਨਾਸ਼ੀ ਪਿਆਰ ਲੱਭੇ, ਸੋਹੰ ਢੋਲਾ ਗਾਈਆ । ਅੰਤਮ ਪਰਦੇ ਸਭ ਦੇ ਕੱਜੇ, ਸਿਰ ਆਪਣਾ ਹੱਥ ਟਿਕਾਈਆ । ਦਿਵਸ ਰੈਣ ਫਿਰੇ ਸੱਜੇ ਖੱਬੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਮੁਕਾਵਣ ਥਾਉਂ ਥਾਈਂਆ । ਲੇਖਾ ਦੇਵੇ ਥਾਨ ਥਨੰਤਰ, ਦਹਿ ਦਿਸ਼ਾ ਖੋਜ ਖੁਜਾਇੰਦਾ । ਜਿਨ੍ਹਾਂ ਗਾਇਆ ਇਕੋ ਮੰਤਰ, ਬ੍ਰਹਮਾ ਮਨਵੰਤਰ ਮਾਣ ਗਵਾਇੰਦਾ । ਚਲੇ ਕੋਈ ਨਾ ਵਡਿਆਈ ਕਿਸੇ ਧਨੰਤਰ, ਜਿਸ ਜਨ ਨਾਮ ਜਾਮ ਪਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਉਠਾਇੰਦਾ । ਹਰਿਜਨ ਅੰਦਰੋਂ ਕੱਢੇ ਬਾਹਰ, ਤਿੰਨਾਂ ਲੋਕਾਂ ਦਏ ਵਖਾਈਆ । ਪੁਰਖ ਅਬਿਨਾਸ਼ੀ ਕੀਤੇ ਜ਼ਾਹਰ, ਜ਼ਾਹਰ ਜ਼ਹੂਰ ਰੂਪ ਧਰਾਈਆ । ਸਚ ਲਗਾਵਣ ਇਕ ਜੈਕਾਰ, ਸੋਹੰ ਢੋਲਾ ਗਾਈਆ । ਤਿਨ੍ਹਾਂ ਪਿਛੋਂ ਹਰਿ ਜੂ ਆਪਣੀ ਰੱਖੀ ਵਾਰ, ਘਰ ਸਾਚੇ ਖੇਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭਾਣਾ ਆਪ ਸਮਝਾਈਆ । ਤਿੰਨਾਂ ਲੋਕਾਂ ਹੋਏ ਜੈ, ਜੈ ਜੈਕਾਰ ਸੁਣਾਇਆ । ਭਗਤ ਭਗਵਾਨ ਸਦ ਰਹੇ, ਨਾ ਮਰੇ ਨਾ ਜਾਇਆ । ਸਚਖੰਡ ਦੁਆਰੇ ਸਾਚੇ ਬਹੇ, ਸੂਰਜ ਚੰਦ ਨਾ ਕੋਇ ਚੜ੍ਹਾਇਆ । ਇਕੋ ਨਾਮ ਆਦਿ ਜੁਗਾਦਿ ਲਏ, ਦੂਜਾ ਮੰਤਰ ਨਾ ਕੋਇ ਪੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਆਪ ਸਮਝਾਇਆ । ਸਾਚਾ ਲੇਖਾ ਉਤੇ ਛੱਤ, ਛੱਤੀ ਜੁਗ ਪਾਰ ਕਰਾਈਆ । ਜਿਨ੍ਹਾਂ ਲਈ ਬ੍ਰਹਮ ਮਤ, ਹਰਿ ਸੰਗਤ ਰੂਪ ਵਖਾਈਆ । ਭੱਜ ਭੱਜ ਉਪਰ ਚੜ੍ਹੇ ਨੱਠ, ਪ੍ਰਭ ਮਿਲੀਏ ਚਾਈਂ ਚਾਈਂਆ । ਜਿਸ ਦਾ ਗਾਏ ਇਕੋ ਜਸ, ਜਸ ਵੇਦ ਪੁਰਾਨ ਕਹਿਣ ਨਾ ਪਾਈਆ । ਸੋ ਸਾਹਿਬ ਦਰਸ਼ਨ ਦੇਵੇ ਹੱਸ, ਹੰਸ ਮੁਖ ਪਰਦਾ ਆਪ ਉਠਾਈਆ । ਕਵਲ ਚਰਨ ਦੁਆਰੇ ਜਾਈਏ ਵਸ, ਘਰ ਸਚ ਮਿਲੇ ਸਰਨਾਈਆ । ਤਨ ਪਹਿਨਾਏ ਨਾਮ ਪੱਟ, ਦੁਰਮੱਤ ਮੈਲ ਧੁਆਈਆ । ਲੇਖੇ ਲੱਗੇ ਤੱਤ ਅੱਠ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮੱਤ ਬੁੱਧ ਭੇਵ ਚੁਕਾਈਆ । ਨਾੜ ਬਹੱਤਰ ਨਾ ਉਬਲੇ ਰੱਤ, ਬ੍ਰਹਮ ਮੱਤ ਕਰੇ ਪੜ੍ਹਾਈਆ । ਪਿਛਲਾ ਲਹਿਣਾ ਹੋਏ ਬੱਸ, ਅੱਗੇ ਮਾਰਗ ਦਏ ਵਖਾਈਆ । ਗ਼ਰੀਬ ਨਿਮਾਣਿਆਂ ਮਿਲੇ ਨੱਸ ਨੱਸ, ਸਚਖੰਡ ਦੁਆਰਾ ਆਪ ਤਜਾਈਆ । ਹਰਿ ਸੰਤ ਸੁਹੇਲੇ ਕਰ ਪਰਗਟ, ਪਗੜੀ ਆਪਣੀ ਸੀਸ ਧਰਾਈਆ । ਲੱਖ ਚੁਰਾਸੀ ਖੇਲ ਬਾਜ਼ੀਗਰ ਨਟ, ਸਵਾਂਗੀ ਸਵਾਂਗ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਥੱਲਿਉਂ ਲਏ ਉਠਾਈਆ । ਥੱਲਿਉਂ ਕਰਾਏ ਗੁਰਮੁਖ ਉਤੇ, ਉਤਲਾ ਰਾਹ ਜਣਾਇੰਦਾ । ਅੱਗੋਂ ਮੂਲ ਨਾ ਰਹਿਣ

ਸੁੱਤੇ, ਸੁਤਿਆਂ ਅੱਖ ਖੁਲ੍ਹਾਇੰਦਾ । ਬਿਨ ਸ੍ਰੀ ਭਗਵਾਨ ਕੋਇ ਨਾ ਪੁੱਛੇ, ਸਿਰ ਹੱਥ ਨਾ ਕੋਇ ਟਿਕਾਇੰਦਾ । ਸੰਮਤ ਉਨੀ ਜੋ ਰਹਿ ਗਏ ਰੁੱਸੇ, ਰੁੱਸਿਆਂ ਫੇਰ ਨਾ ਕੋਇ ਮਨਾਇੰਦਾ । ਲੱਖ ਚੁਰਾਸੀ ਵਿਚ ਫਿਰਾਏ ਕਰਦੇ ਰਹੋ ਗੁੱਸੇ, ਗੁੱਸਾ ਆਪਣਾ ਨਾ ਕਿਸੇ ਸਮਝਾਇੰਦਾ । ਜੂਨੀ ਜੂਨ ਵਟਾਏ ਜੁੱਸੇ, ਜੁਸਤਜੂ ਨਾ ਕੋਇ ਸਮਝਾਇੰਦਾ । ਮਾਤ ਗਰਭ ਟੰਗੇ ਪੁੱਠੇ, ਦਸ ਦਸ ਮਾਸ ਅਗਨ ਲਗਾਇੰਦਾ । ਗੁਰਮੁਖ ਆਪਣੀ ਗੋਦੀ ਚੁੱਕੇ, ਫੜ ਬਾਹੋਂ ਗਲੇ ਲਗਾਇੰਦਾ । ਅੱਗੇ ਜਾ ਜਾ ਆਪੇ ਪੁੱਛੇ, ਪਿਛੇ ਅੱਗੇ ਹੋ ਹੋ ਆਇੰਦਾ । ਕਰੇ ਖੇਲ ਆਪਣੇ ਸੁੱਚੇ, ਧੁਰ ਦੀ ਧਾਰ ਆਪਣੀ ਆਪ ਜਣਾਇੰਦਾ । ਕਿਸੇ ਨਾ ਮਿਲਣੀ ਤੀਰ ਨਿਸ਼ਾਨੇ ਤੁੱਕੇ, ਮਾਰਗ ਸਭ ਦਾ ਆਪ ਭੁਲਾਇੰਦਾ । ਸਿੰਘ ਬਘੇਲਾ ਇਕੋ ਬੁੱਕੇ, ਭਬਕ ਆਪਣੇ ਨਾਮ ਲਗਾਇੰਦਾ । ਨਿਰਗੁਣ ਦਾਤਾ ਹੋ ਕੇ ਬੁੱਕੇ, ਸਰਗੁਣ ਦਾਨ ਝੋਲੀ ਪਾਇੰਦਾ । ਗੁਰ ਗੋਬਿੰਦ ਲੈ ਕੇ ਨਾਲ ਆਪਣੇ ਬੱਚੇ, ਸੋਹਣੀ ਖੇਲ ਰਚਾਇੰਦਾ । ਹਰਿ ਸਰਨਾਈ ਜੋ ਜਨ ਝੁਕੇ, ਸੀਸ ਜਗਦੀਸ਼ ਲੇਖੇ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤ੍ਰੈ ਤ੍ਰੈ ਆਪਣਾ ਮੇਲ ਮਿਲਾਇੰਦਾ । ਤ੍ਰੈ ਤ੍ਰੈ ਮੇਲਾ ਹਰਿ ਜਗਦੀਸ਼, ਏਕਾ ਵਾਰ ਕਰਾਈਆ । ਨਾਮ ਨਿਧਾਨਾ ਸਚ ਹਦੀਸ, ਹਰਿ ਮੰਤਰ ਕਰੇ ਪੜ੍ਹਾਈਆ । ਦੋ ਜਹਾਨਾਂ ਸ਼ਾਹ ਸੁਲਤਾਨਾਂ ਖ਼ਾਲੀ ਕਰੇ ਖ਼ੀਸ, ਘਰ ਘਰ ਮੰਗਣ ਭਿਛਿਆ ਕੋਇ ਨਾ ਪਾਈਆ । ਜਨ ਭਗਤਾਂ ਦੱਸੇ ਇਕ ਪ੍ਰੀਤ, ਪ੍ਰੀਤੀਵਾਨ ਹੋਏ ਸਹਾਈਆ । ਸਦੀ ਚੌਧਵੀਂ ਜਾਏ ਬੀਤ, ਚੌਦਾਂ ਤਬਕ ਰਹੇ ਕੁਰਲਾਈਆ । ਚੌਦਾਂ ਲੋਕ ਆਪਣੀਆਂ ਲੱਤਾਂ ਰਹੇ ਘਸੀਟ, ਨੱਠਿਆ ਜਾਏ ਨਾ ਵਾਹੋ ਦਾਹੀਆ । ਪੁਰਖ ਅਬਿਨਾਸ਼ੀ ਆਪਣੀ ਬਦਲੀ ਪੀਠ, ਕਰਵਟ ਸਕੇ ਨਾ ਕੋਇ ਬਦਲਾਈਆ । ਕਲਜੁਗ ਕੂੜੀ ਕਿਰਿਆ ਹੋਈ ਢੀਠ, ਠੋਕਰ ਨਾਮ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਉਪਰ ਲਏ ਉਠਾਈਆ । ਹਰਿਜਨ ਸਾਚੇ ਉਪਰ ਚੁੱਕ, ਪਿਛਲੀ ਚੁਕ ਮੁਕਾਈਆ । ਅੱਗੇ ਸੁਹਾਏ ਸੁਹੰਜਣੀ ਰੁੱਤ, ਰੁੱਤ ਰੁਤੜੀ ਆਪ ਮਹਿਕਾਈਆ । ਸੰਤ ਸਾਜਣ ਸਤਿਗੁਰ ਬਣਾਏ ਆਪਣੇ ਸੁਤ, ਪੂਤ ਸਪੂਤ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਜੈਕਾਰਾ ਦੇਣਾ ਲਾਈਆ । ਨਿਰਗੁਣ ਨੂਰ ਜੋਤ ਅਕਾਲੀ, ਹਰਿ ਅਕਲ ਕਲਾ ਅਖਵਾਇੰਦਾ । ਦੋ ਜਹਾਨਾਂ ਬਣ ਬਣ ਵਾਲੀ, ਰੂਪ ਅਨੂਪ ਵਟਾਇੰਦਾ । ਗੁਰਮੁਖਾਂ ਮਗਰ ਲੱਗਾ ਪਾਲੀ, ਚਾਰੋਂ ਕੁੰਟ ਵੇਖ ਵਖਾਇੰਦਾ । ਸ਼ਬਦ ਅਗੰਮੀ ਦਏ ਦਲਾਲੀ, ਆਪਣਾ ਵਣਜ ਕਰਾਇੰਦਾ । ਹਕੀਕਤ ਵਖਾਏ ਹੱਕ ਹਲਾਲੀ, ਲਾਸ਼ਰੀਕ ਫੇਰਾ ਪਾਇੰਦਾ । ਜੁਗ ਚੌਕੜੀ ਅਵੱਲੜੀ ਚਾਲੀ, ਭੇਵ ਕਿਸੇ ਨਾ ਆਇੰਦਾ । ਹਰਿ ਸੰਗਤ ਤੇਰੇ ਮੁਖ ਤੇ ਚਮਕੇ ਲਾਲੀ, ਲੱਖ ਚੁਰਾਸੀ ਖ਼ਾਕ ਰਲਾਇੰਦਾ । ਵੇਖੋ ਤੰਬੂ ਕਨਾਤਾਂ ਕੀਤੇ ਖ਼ਾਲੀ, ਗੁਰਸਿਖਾਂ ਆਪਣੇ ਉਪਰ ਉਠਾਇੰਦਾ । ਜਨਮ ਜਨਮ ਜਿਸ ਘਾਲ ਘਾਲੀ, ਤਿਸ ਆਪਣਾ ਮੇਲ ਮਿਲਾਇੰਦਾ । ਹਰਿ ਸੰਗਤ ਲੋਕਮਾਤ ਕਿਸੇ ਅੱਗੇ ਨਾ ਹੋਏ ਫੇਰ ਸਵਾਲੀ, ਸਾਚਾ ਹੁਕਮ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਇੰਦਾ । ਖ਼ਾਲੀ ਦਿਸੇ ਤੰਬੂ ਕਨਾਤ, ਲੋਕਮਾਤ ਦਏ ਦੁਹਾਈਆ । ਬੌਹੜੀ ਭਗਤਾਂ ਨਾਲੋਂ ਛੁਟਿਆ ਸਾਕ, ਸੰਮਤੀ ਨਜ਼ਰ ਕੋਇ ਨਾ ਆਈਆ । ਕੋਈ ਨਾ ਪੁਛੇ ਅੰਤਮ ਵਾਤ, ਕੂਕਣ ਦੇਣ ਦੁਹਾਈਆ । ਸਿਰ ਤੇ ਆਈ ਅੰਧੇਰੀ ਰਾਤ, ਚੌਧਵੀਂ ਚੰਦ ਨਾ ਕੋਈ ਚੜ੍ਹਾਈਆ । ਪੁਰਖ ਅਬਿਨਾਸ਼ੀ ਕਰਿਆ ਖੇਲ ਤਮਾਸ਼, ਥਲਿਉਂ ਕੱਢ ਉਪਰ ਲਏ ਬਿਠਾਈਆ । ਸਾਮ੍ਹਣੇ ਬਹਿ ਕੇ ਆਪੇ ਮਾਰੇ

ਆਵਾਜ਼, ਆਪਣੀ ਝਾਕੀ ਆਪ ਦਿਖਾਈਆ । ਵੇਖੇ ਛੱਤਾਂ ਉਤੇ ਕੋਈ ਨਜ਼ਰ ਨਾ ਆਏ ਸੱਜਣ ਸਾਕ, ਗੁਰਮੁਖ ਵਿਰਲੇ ਨਾਲ ਮਿਲਾਈਆ । ਜਿਨ੍ਹਾਂ ਇਕ ਨੌਂ ਜਪਿਆ ਸੋਹੰ ਪਾਠ, ਤ੍ਰਿਨਾਂ ਆਪਣੀ ਗੋਦ ਬਿਠਾਈਆ । ਬਾਕੀ ਸਾਰੇ ਹੋਏ ਨਾਰ ਕਮਜ਼ਾਤ, ਕੁਲੱਖਣੀ ਕਦਰ ਕੋਈ ਨਾ ਪਾਈਆ । ਏਥੇ ਓਥੇ ਪੁੱਛੇ ਕੋਈ ਨਾ ਵਾਤ, ਸੌਹਰੇ ਪੇਈਏ ਨਾ ਕੋਈ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਉਠੇ ਧਰਤ ਮਾਤ ਨੇਤਰ ਰੋਏ, ਨੈਣਾਂ ਨੀਰ ਵਹਾਈਆ । ਮੇਰੇ ਸਾਹਿਬ ਮੇਰੇ ਉਤੇ ਕਵਣ ਸੋਹੇ, ਤੇਰੇ ਭਗਤ ਖ਼ਾਲੀ ਵਸਦੇ ਗਏ ਕਰਾਈਆ । ਤੇਰਾ ਜਿਹਾ ਕੋਈ ਨਾ ਹੋਵੇ, ਮੈਂ ਜੁਗ ਜੁਗ ਵੇਖਿਆ ਥਾਉਂ ਥਾਈਂਆ । ਤੇਰਾ ਪਰਕਾਸ਼ ਤ੍ਰੈ ਤ੍ਰੈ ਲੋਏ, ਲੋਚਣ ਨਜ਼ਰ ਕੋਇ ਨਾ ਆਈਆ । ਸਾਚਾ ਬੀਜ ਇਕੋ ਬੋਏ, ਬੇਪਰਵਾਹ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸੱਚਾ ਵਰ, ਦਰ ਤੇਰੇ ਝੋਲੀ ਡਾਹੀਆ । ਤੇਰੇ ਭਗਤ ਛੱਡ ਗਏ ਨਾਤਾ, ਨਾਤਾ ਤੇਰੇ ਨਾਲ ਜੁੜਾਈਆ । ਕਲਜੁਗ ਅੰਤਮ ਲੱਗੀਆਂ ਰਹਿ ਜਾਣ ਤੰਬੂ ਕਨਾਤਾ, ਸ਼ਾਹ ਸੁਲਤਾਨ ਰਹਿਣ ਨਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਗਾਵਣ ਬਹਿ ਬਹਿ ਸਾਕਾ, ਵਾਹ ਵਾਹ ਹਰਿ ਜੂ ਖੇਲ ਕਰਾਈਆ । ਜਿਸ ਦਾ ਦੱਸਦੇ ਆਏ ਭਵਿਖਤ ਵਾਕਾ, ਸੋ ਸਾਹਿਬ ਫੇਰਾ ਪਾਈਆ । ਦੋ ਜਹਾਨਾਂ ਮਾਰੇ ਡਾਕਾ, ਔਂਦਾ ਜਾਂਦਾ ਨਜ਼ਰ ਕੋਈ ਨਾ ਆਈਆ । ਜਨ ਭਗਤਾਂ ਪੂਰਾ ਕਰੇ ਘਾਟਾ, ਪਹਿਲੀ ਮੰਜ਼ਲ ਆਪ ਚੜ੍ਹਾਈਆ । ਦੂਜੀ ਵਾਰ ਪੁਛੇ ਵਾਤਾ, ਅੰਦਰੇ ਅੰਦਰ ਕਰ ਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੌਲੀ ਹੌਲੀ ਨਾਲ ਰਲਾਈਆ । ਪਹਿਲੀ ਵੇਖੇ ਚੜ੍ਹ ਕੇ ਮੰਜ਼ਲ, ਮਜ਼ਾ ਦਏ ਚਖਾਈਆ । ਨੇੜ ਨਾ ਆਏ ਕੋਈ ਅਜ਼ਲ, ਅਲਾਮਤ ਨਜ਼ਰ ਕੋਈ ਨਾ ਆਈਆ । ਆਤਮ ਪਰਮਾਤਮ ਗਾਓ ਗਜ਼ਲ, ਇਕੋ ਨਾਮ ਸੁਣਾਈਆ । ਪਰਵਰਦਿਗਾਰ ਕਰੇ ਫ਼ਜ਼ਲ, ਰਹਿਮਤ ਆਪਣੀ ਆਪ ਜਣਾਈਆ । ਹਰਿ ਜੂ ਤੋਲਣ ਆਇਆ ਵਜ਼ਨ, ਇਕੋ ਨਾਮ ਕੰਡਾ ਹੱਥ ਉਠਾਈਆ । ਜਿਨ੍ਹਾਂ ਮੰਨਿਆਂ ਸੱਚਾ ਬਚਨ, ਸੋਹੰ ਢੋਲਾ ਰਹੇ ਗਾਈਆ । ਤਿਨ੍ਹਾਂ ਕਾਇਆ ਕਰੇ ਕੰਚਨ, ਖ਼ਾਕੀ ਮਾਟੀ ਲੇਖੇ ਪਾਈਆ । ਨਿਰਮਲ ਜੋਤ ਕਰੇ ਪਰਕਾਸ਼ਨ, ਨਿਰਗੁਣ ਨੂਰੋ ਨੂਰ ਰੁਸ਼ਨਾਈਆ । ਘਰ ਆਇਆ ਦਰਦ ਦੁੱਖ ਭੈ ਭੰਜਨ, ਭਵ ਸਾਗਰ ਪਾਰ ਕਰਾਈਆ । ਸਚ ਸਰੋਵਰ ਕਰਾਏ ਮਜਨ, ਤੱਟ ਇਕ ਦ੍ਰਿੜਾਈਆ । ਗੁਰਮੁਖ ਸਾਚੇ ਮੰਦਰ ਚੜ੍ਹ ਚੜ੍ਹ ਗੱਜਣ, ਪੁਰਖ ਅਬਿਨਾਸ਼ੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਸਹਿਜ ਸੁਭਾਈਆ । ਧਰਤ ਮਾਤ ਮੰਗੀ ਮੰਗ, ਬੇਪਰਵਾਹ ਤੇਰੀ ਬੇਪਰਵਾਹੀਆ । ਨਾ ਤੋੜ ਮੈਥੋਂ ਭਗਤਾਂ ਸੰਗ, ਬਿਨ ਭਗਤਾਂ ਮੇਰੀ ਪੱਤ ਨਾ ਕੋਈ ਰਖਾਈਆ । ਕਲਜੁਗ ਸੰਤ ਨੰਗੇ ਨੱਚਦੇ ਵੇਖੇ ਮਲੰਘ, ਉਤੇ ਪਰਦਾ ਨਾ ਕੋਈ ਰਖਾਈਆ । ਕੂੜੀ ਕਿਰਿਆ ਭੰਨੀ ਟੰਗ, ਸਾਬਤ ਨਜ਼ਰ ਕੋਈ ਨਾ ਆਈਆ । ਅੰਦਰੋਂ ਹੋ ਕੇ ਬੈਠੇ ਅੰਧ, ਬਾਹਰੋਂ ਚਾਨਣ ਮੁਨਾਰੇ ਰਹੇ ਰੁਸ਼ਨਾਈਆ । ਜੇ ਹਰਿ ਜੂ ਪੁੱਛੇ ਦੱਸੋ ਛੰਦ, ਅਗੋਂ ਨਾਨਕ ਕਬੀਰ ਦੇ ਢੋਲੇ ਦੇਣ ਸੁਣਾਈਆ । ਪੁਰਖ ਅਬਿਨਾਸ਼ੀ ਅੰਤਮ ਇਕੋ ਮਾਰੇ ਨਾਮ ਚੰਡ, ਮੂੰਹ ਵਿਚ ਬੱਤੀ ਦੰਦ ਰਹਿਣ ਨਾ ਪਾਈਆ । ਜਾਓ ਤੁਹਾਡਾ ਮਿਟਿਆ ਨਾ ਪੰਧ, ਕੋਟਨ ਕੋਟ ਜਨਮ ਦੀ ਖਾਹਸ਼ ਰਖਾਈਆ । ਜਿਨਾਂ ਚਿਰ ਮੈਨੂੰ ਮਿਲ ਕੇ ਮੇਰਾ ਨਾ ਗਾਓ ਛੰਦ, ਓਨਾਂ ਚਿਰ ਅੰਦਰ ਕਰੇ ਨਾ ਕੋਈ ਚੜ੍ਹਾਈਆ । ਐਵੇਂ ਝੂਠਾ ਕਹਿੰਦੇ ਜੀਓ ਪਿੰਡ, ਇੰਡ ਬ੍ਰਹਿਮੰਡ ਖੋਜ ਨਾ ਕੋਈ ਖੁਜਾਈਆ । ਸਚ ਪੁਛੇ ਕਲਜੁਗ ਧਾਰ ਵਹੇ ਸਾਗਰ ਸਿੰਧ, ਕੂੜੀ ਕਿਰਿਆ ਰਹੀ ਰੁੜ੍ਹਾਈਆ ।

ਅੰਤਮ ਔਖੀ ਹੋ ਜਾਏ ਛਡੌਣੀ ਜ਼ਿੰਦ, ਪੁਰਖ ਅਬਿਨਾਸ਼ੀ ਡੂੰਘੇ ਖ਼ਾਤ ਸੁਟਾਈਆ । ਔਹ ਵੇਖੋ ਗੁਰਮੁਖ ਸਾਚੀ ਬਿੰਦ, ਜਿਨ੍ਹਾਂ ਛੱਤਾਂ ਉਤੇ ਬਹਾਈਆ । ਇਹਨਾਂ ਦੀ ਚਰਨੀ ਲੱਗੇ ਸੁਰਪਤ ਇੰਦ, ਸ਼ੰਕਰ ਆਪਣਾ ਮਾਣ ਗਵਾਈਆ । ਬ੍ਰਹਮਾ ਕੋਈ ਕਰੇ ਨਾ ਜ਼ਿਦ, ਆਪਣਾ ਬਲ ਮਿਟਾਈਆ । ਜਿਨ੍ਹਾਂ ਦਾ ਤਨ ਮਨ ਧਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦਿਤਾ ਵਿਧ, ਦੂਜਾ ਤੀਰ ਨਾ ਕੋਈ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਜਣਾਈਆ । ਧਰਤ ਮਾਤ ਤੂੰ ਕਰ ਸਿਆਪਾ, ਹਰਿ ਜੂ ਆਖ ਸੁਣਾਇੰਦਾ । ਲੱਖ ਚੁਰਾਸੀ ਨਾ ਕੋਈ ਭਾਈ ਭੈਣ ਸੰਗ ਬਾਪਾ, ਸੱਜਣ ਤੋੜ ਨਾ ਕੋਈ ਨਿਭਾਇੰਦਾ । ਪੁਰਖ ਅਬਿਨਾਸ਼ੀ ਸਚਖੰਡ ਦਾ ਸਚ ਦੁਆਰ ਖੋਲ੍ਹੇ ਖ਼ਾਤਾ, ਭਗਤ ਦੁਆਰ ਅੱਗੇ ਸੁਹਾਇੰਦਾ । ਜਨ ਭਗਤਾਂ ਪਿਛੇ ਖੋਲ੍ਹਿਆ ਤਾਕਾ, ਬਾਕੀ ਸਭ ਨੂੰ ਆਪ ਵਖਾਇੰਦਾ । ਪਾਰਬ੍ਰਹਮ ਬੇਅੰਤ ਬੇਪਰਵਾਹ ਪਰਵਰਦਿਗਾਰ ਆਇਆ ਆਕਾ, ਆਪਣਾ ਹੁਕਮ ਜਣਾਇੰਦਾ । ਆਪੇ ਬਣੇ ਨਿੱਕਾ ਕਾਕਾ, ਆਪੇ ਚਿੱਟੇ ਵਾਲ ਵਖਾਇੰਦਾ । ਆਪੇ ਨੀਲੇ ਉਤੇ ਚੜ੍ਹੇ ਮਾਰ ਪਲਾਕਾ, ਸੀਸ ਧੜ ਆਪ ਵਟਾਇੰਦਾ । ਆਪੇ ਭਗਤਾਂ ਵਲ ਫਿਰੇ ਨਾਠਾ, ਨੱਠ ਨੱਠ ਆਪਣਾ ਪੰਧ ਮੁਕਾਇੰਦਾ । ਆਪੇ ਵੇਖੇ ਆਣ ਬਾਟਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਲਹਿਣਾ ਆਪ ਚੁਕਾਇੰਦਾ । ਆਓ ਜਿਸ ਲਹਿਣਾ ਲੈਣਾ, ਦੇਵਣਹਾਰ ਪੁਰਖ ਆਇਆ । ਆਓ ਜਿਸ ਮੰਨਣਾ ਕਹਿਣਾ, ਪਿਛਲਾ ਮੂਲ ਦਏ ਚਕਾਇਆ । ਆਓ ਜਿਸ ਭਾਣਾ ਸਹਿਣਾ, ਗੁਰ ਗੋਬਿੰਦ ਅੰਗ ਦਏ ਲਗਾਇਆ । ਆਓ ਜਿਸ ਹਰਿ ਸੰਗਤ ਵਿਚ ਬਹਿਣਾ, ਸਚਖੰਡ ਦੁਆਰਾ ਦਏ ਦ੍ਰਿੜਾਇਆ । ਆਓ ਜਿਸ ਨਾਤਾ ਵੇਖਣਾ ਭਾਈ ਭੈਣਾ, ਗੁਰਮੁਖ ਗੁਰਸਿਖ ਮੇਲ ਮਿਲਾਇਆ । ਆਓ ਜਿਨ੍ਹਾਂ ਸਾਚੇ ਸੱਜਣ ਮਿਲਣਾ ਸੈਣਾ, ਸਤਿਗੁਰ ਫੇਰਾ ਪਾਇਆ । ਆਓ ਜਿਨ੍ਹਾਂ ਮਿਲਣਾ ਲਾੜੀ ਮੌਤ ਡੈਣਾ, ਰਾਏ ਧਰਮ ਦਏ ਹੱਥ ਫੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਦਿਆਲ ਕਾਲ ਕਾਲ ਦਿਆਲ ਆਪੇ ਵੇਖੇ ਹਰਿ ਜੂ ਮਹਾਂਕਾਲ, ਕਾਲ ਰਿਹਾ ਸਮਝਾਇਆ । ਵੇਖੋ ਹਰਿ ਜੂ ਬਣਿਆ ਦਿਆਲ, ਗੁਰਮੁਖ ਰਿਹਾ ਜਗਾਈਆ । ਦੋਹਾਂ ਵਿਚੋਲਾ ਬੇਮਿਸਾਲ, ਆਪਣੀ ਮਿਸਲ ਨਾ ਕਿਸੇ ਵਖਾਈਆ । ਕਲਜੁਗ ਖੇਲ ਕਰੇ ਕਮਾਲ, ਕਮਾਲੇ ਆਪਣਾ ਹੁਕਮ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸਾ ਦਏ ਸੁਣਾਈਆ । ਸਚ ਸੰਦੇਸਾ ਸੁਣੇ ਕੋਈ ਕੋਈ, ਭੇਵ ਕੋਈ ਨਾ ਪਾਇੰਦਾ । ਵੇਖੋ ਮਗਰ ਲੱਗੀ ਔਂਦੀ ਕਬੀਰ ਦੀ ਲੋਈ, ਲੋਚਣ ਲੋਚਣ ਨਾਲ ਮਿਲਾਇੰਦਾ । ਸੁਣੌਂਦੀ ਔਂਦੀ ਮੈਨੂੰ ਮਿਲੇ ਨਾ ਢੋਈ, ਵਿਸ਼ਨੂੰ ਭਗਵਾਨ ਗੋਦ ਉਠਾਇੰਦਾ । ਸੁਰਤੀ ਜਨਮ ਜਨਮ ਦੀ ਉਠਾਏ ਸੋਈ, ਸ਼ਬਦੀ ਹੁਕਮ ਵਰਤਾਇੰਦਾ । ਛੱਬੀ ਪੋਹ ਮੈਂ ਉਹਦੇ ਜੋਗੀ ਹੋਈ, ਦੂਜਾ ਕੰਤ ਨਜ਼ਰ ਕੋਈ ਨਾ ਆਇੰਦਾ । ਦਰ ਆਏ ਭੱਜੀ ਭੱਜੀ ਰੋਈ, ਨੇਤਰ ਨੀਰ ਠੱਲਿਆ ਨਾ ਜਾਇੰਦਾ । ਮੇਰੀ ਪਿਛਲੀ ਕੀਤੀ ਮਿਹਰ ਨਾਲ ਧੋਈ, ਤੇਰੇ ਧੋਤਿਆਂ ਮੈਲ ਨਾ ਕੋਈ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਦਇਆ ਕਮਾਇੰਦਾ । ਸੁਣ ਲੋਈਏ ਵੇਖ ਪਾਇਆ ਲੋਹੜਾ, ਹਰਿ ਸਤਿਗੁਰ ਆਪ ਜਣਾਇੰਦਾ । ਇਕ ਸੱਸੇ ਉਤੇ ਲਾਇਆ ਹੋੜਾ, ਆਪਣੀ ਧਾਰ ਜਣਾਇੰਦਾ । ਹੰ ਬ੍ਰਹਮ ਪ੍ਰਭ ਆਪੇ ਬੌਹੜਾ, ਹਾਹਾ ਸੱਸੇ ਵਿਚ ਸਮਾਇੰਦਾ । ਨਿਰਗੁਣ ਹੋ ਕੇ ਫਿਰੇ ਦੌੜਾ, ਸਰਗੁਣ ਆਪ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਮਿਲਾਇੰਦਾ ।

ਨਿੱਕਿਉਂ ਹੋ ਗਏ ਵੱਡੇ, ਹਰਿ ਵੱਡਾ ਆਪ ਵਡਿਆਇੰਦਾ । ਆਪਣੀ ਧਾਰੋਂ ਜਿਹੜੇ ਕੱਢੇ, ਸੋ ਆਪਣੀ ਧਾਰ ਮਿਲਾਇੰਦਾ । ਆਪ ਪਾਰ ਕਰ ਕੇ ਆਇਆ ਆਪਣੀ ਹੱਦੇ, ਗੁਰਸਿਖਾਂ ਹੱਦ ਪਾਰ ਆਪ ਕਰਾਇੰਦਾ । ਭਗਤ ਭਗਵਾਨ ਜਿਸ ਵੇਲੇ ਸੱਦੇ, ਬਣ ਨਿਮਾਣਾ ਦਰ ਦਰ ਫੇਰਾ ਪਾਇੰਦਾ । ਵਸਣਹਾਰਾ ਕਾਇਆ ਅੰਧੇਰੀ ਡੂੰਘੇ ਖੱਡੇ, ਆਪਣਾ ਪਰਦਾ ਆਪੇ ਲਾਹਿੰਦਾ । ਸੰਤ ਸੁਹੇਲਾ ਸਾਹਿਬ ਸਤਿਗੁਰ ਕਦੇ ਨਾ ਛੱਡੇ, ਇਕ ਅਕੇਲਾ ਵੇਖ ਵਖਾਇੰਦਾ । ਨਾਮ ਪਿਆਏ ਅੰਮ੍ਰਿਤ ਰਸ ਮਧੇ, ਮਧੁਰ ਧੁਨ ਇਕ ਉਪਜਾਇੰਦਾ । ਕੋਟਨ ਕੋਟ ਗੁਰ ਅਵਤਾਰ ਪੀਰ ਪੈਗ਼ੰਬਰ ਗਏ ਲੱਦੇ, ਥਿਰ ਕੋਈ ਰਹਿਣ ਨਾ ਪਾਇੰਦਾ । ਕਲਜੁਗ ਅੰਤ ਸ੍ਰੀ ਭਗਵੰਤ ਗ਼ਰੀਬ ਨਿਮਾਣਿਆਂ ਪਰਦਾ ਕੱਜੇ, ਨਾਮ ਦੁਸ਼ਾਲਾ ਉਪਰ ਪਾਇੰਦਾ । ਵੇਖੋ ਤਾਲ ਦੋ ਜਹਾਨ ਵੱਜੇ, ਤਲਵਾੜਾ ਘਰ ਇਕੋ ਇਕ ਸਮਝਾਇੰਦਾ । ਸ੍ਰੀ ਭਗਵਾਨ ਹੋ ਮਿਹਰਵਾਨ ਭਗਤ ਦੁਆਰੇ ਆਪੇ ਨੱਚੇ, ਨੱਚ ਨੱਚ ਆਪਣਾ ਖੇਲ ਕਰਾਇੰਦਾ । ਸਾਰਿਆਂ ਨਾਲੋਂ ਲੱਗੇ ਅੱਛੇ, ਜਿਨ੍ਹਾਂ ਆਪਣਾ ਭੇਵ ਚੁਕਾਇੰਦਾ । ਬੇਸ਼ਕ ਗੁਰ ਗੋਬਿੰਦ ਗੁਰਸਿਖ ਬਣਾ ਕੇ ਗਿਆ ਨਿੱਕੇ ਬੱਚੇ, ਪੁਰਖ ਅਕਾਲ ਆਪਣੇ ਸੀਸ ਟਿਕਾਇੰਦਾ । ਹਰਿ ਦੇ ਕੋਈ ਨਾ ਜਾਣੇ ਸਚੇ, ਜਿਸ ਸਚੇ ਵਿਚੋਂ ਗੁਰ ਅਵਤਾਰ ਪੀਰ ਪੈਗ਼ੰਬਰ ਬਾਹਰ ਕਢਾਇੰਦਾ । ਸਚ ਪੁੱਛੋ ਵਿਸ਼ਨ ਬ੍ਰਹਮਾ ਸ਼ਿਵ ਕੱਚੇ, ਬਿਨ ਭਗਤਾਂ ਸਚ ਸਚ ਨਾ ਕੋਈ ਸਮਾਇੰਦਾ । ਜਿਨ੍ਹਾਂ ਦੇ ਲੂੰ ਲੂੰ ਅੰਦਰ ਹਰਿ ਜੂ ਰਚੇ, ਰੂਪ ਰੰਗ ਨਾ ਕੋਈ ਵਖਾਇੰਦਾ । ਪੀਰ ਪੈਗ਼ੰਬਰਾਂ ਆਪੇ ਪੁੱਛੇ, ਭਗਤਾਂ ਭਗਵਾਨ ਆਪ ਵਡਿਆਇੰਦਾ । ਨਿਕਿਉਂ ਹੋਏ ਵੱਡੇ, ਵੱਡਾ ਨਿਕਿਆਂ ਵਿਚ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਆਪਣੇ ਰੰਗ ਵਖਾਇੰਦਾ । ਗੁਰਮੁਖ ਕਦੇ ਨਾ ਹੋਏ ਨਿੱਕਾ, ਨਿੱਕੀ ਹਰਿ ਜੂ ਧਾਰ ਚਲਾਈਆ । ਜਿਸ ਦਾ ਲੇਖਾ ਕਿਸੇ ਨਾ ਲਿਖਾ, ਭੇਵ ਪਾਏ ਨਾ ਕਲਮ ਸ਼ਾਹੀਆ । ਜਿਸ ਦਾ ਰੂਪ ਕਿਸੇ ਨਾ ਦਿਸਾ, ਰੰਗ ਨਜ਼ਰ ਕੋਇ ਨਾ ਆਈਆ । ਸੋ ਭਗਤਾਂ ਵੰਡਾਵੇ ਆਪ ਹਿੱਸਾ, ਨਾਮ ਕੰਡਾ ਹੱਥ ਉਠਾਈਆ । ਕਰੇ ਖੇਲ ਇਕ ਅਨਡਿਠਾ, ਅਨਡਿਠੜੀ ਕਾਰ ਕਮਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਜੋ ਆਪਣਾ ਨਾਮ ਦੇਂਦਾ ਰਿਹਾ ਮਿੱਠਾ, ਧੁਰ ਫ਼ਰਮਾਣਾ ਹੁਕਮ ਸੁਣਾਈਆ । ਕਲਜੁਗ ਅੰਤਮ ਗ਼ਰੀਬ ਨਿਮਾਣਿਆਂ ਉਪਰ ਤੁਠਾ, ਦੀਨ ਦਿਆਲ ਦਇਆ ਕਮਾਈਆ । ਲੁਕਿਆ ਕੋਈ ਰਹਿਣ ਨਾ ਦੇਵੇ ਗੁੱਠਾ, ਜੋਤ ਸਰੂਪ ਜਨਮ ਕਰਮ ਧਿਆਨ ਲਗਾਈਆ । ਪਰਗਟ ਹੋ ਅਬਿਨਾਸ਼ੀ ਅਚੁਤਾ, ਗੁਰਮੁਖ ਚੰਨਣ ਦਏ ਕਰਾਈਆ । ਨਾਲ ਰਲਾਏ ਗੋਬਿੰਦ ਪਿਤਾ, ਪੁੱਤ ਪੋਤਰੇ ਖ਼ੁਸ਼ੀ ਮਨਾਈਆ । ਸਚਖੰਡ ਦੁਆਰੇ ਜੋ ਰਿਹਾ ਸੁੱਤਾ, ਕਲਜੁਗ ਅੰਤ ਲਏ ਅੰਗੜਾਈਆ । ਵੇਖਣਹਾਰਾ ਚਾਰੇ ਗੁੱਠਾਂ, ਦਹਿ ਦਿਸ਼ਾ ਫੋਲ ਫੋਲਾਈਆ । ਆਪਣਾ ਕੰਮ ਕਰੇ ਪੁੱਠਾ, ਅਗੰਮੀ ਧਾਰ ਚਲਾਈਆ । ਪੈਰੀਂ ਕੋਈ ਨਾ ਪਾਏ ਜੁੱਤਾ, ਭੱਜਾ ਫਿਰੇ ਵਾਹੋ ਦਾਹੀਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਦੱਸਦੀ ਗਈ ਪੁੱਛਾਂ, ਬਿਨ ਪੁੱਛਿਆਂ ਆਪਣਾ ਵੇਸ ਵਟਾਈਆ । ਗੋਬਿੰਦ ਤੇਰਾ ਰਹਿਣ ਨਾ ਦੇਵੇ ਪਿਛਲਾ ਗੁੱਸਾ, ਗ਼ਮੀ ਰੂਪ ਨਾ ਕੋਈ ਵਖਾਈਆ । ਤੇਰੇ ਪ੍ਰੇਮ ਪਿਆਰ ਦਾ ਭੁੱਖਾ, ਨਿਰਗੁਣ ਆਪਣਾ ਰੂਪ ਵਟਾਈਆ । ਗ਼ਰੀਬਾਂ ਘਰੋਂ ਜਾਏ ਟੁੱਕਰ ਖਾ ਕੇ ਸੁੱਕਾ, ਸੁਕਿਆਂ ਹਰੇ ਕਰਾਈਆ । ਵੇਖੋ ਕਲਜੁਗ ਪੈਂਡਾ ਮੁੱਕਾ, ਕਲ ਵਾਟ ਪੰਧ ਮੁਕਾਈਆ । ਸਿੰਘ ਸ਼ੇਰ ਸਾਹਿਬ ਸਤਿਗੁਰ ਇਕੋ ਬੁੱਕਾ, ਭਬਕ ਦੋ ਜਹਾਨ ਲਗਾਈਆ । ਕਿਸੇ ਦੀ ਟੋਪੀ ਰਹੇ ਨਾ ਉਪਰ ਹੁੱਕਾ, ਨੇਚੇ ਸਭ ਦੇ ਭੰਨ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਨਿੱਕਾ



੪੦੫
੧੩

ਵੱਡਾ ਆਪ ਕਰਾਈਆ । ਗੁਰਮੁਖ ਹੁਣ ਨਾ ਕਹੇ ਅਸੀਂ ਨਿੱਕੇ, ਘਰ ਘਰ ਖ਼ੁਸ਼ੀ ਵਖਾਈਆ । ਬਾਕੀ ਰਸ ਕੀਤੇ ਫਿੱਕੇ, ਗੁਰਮੁਖ ਰਸ ਅੰਮ੍ਰਿਤ ਨਾਲ ਭਰਾਈਆ । ਜਿਧਰ ਵੇਖਾਂ ਭਗਤ ਭਗਵਾਨ ਰੂਪ ਦਿਸੇ, ਭਗਵਾਨ ਭਗਤਾਂ ਵਿਚ ਸਮਾਈਆ । ਜਿਸ ਦੇ ਗੌਂਦੇ ਗਏ ਕਿਸੇ, ਲਿਖ ਲਿਖ ਲੇਖਾ ਜਗਤ ਜਣਾਈਆ । ਸੋ ਆਇਆ ਸਾਹਿਬ ਸਮਰਥੇ, ਸਮਰਥ ਆਪਣਾ ਫੇਰਾ ਪਾਈਆ । ਨਿੱਕੇ ਨਿੱਕੇ ਸਾਰੇ ਹੋ ਗਏ ਇਕੱਠੇ, ਵੱਡੀ ਜਮਾਤ ਬਣਾਈਆ । ਪੁਰਖ ਅਬਿਨਾਸ਼ੀ ਤੁਹਾਡੀ ਚਰਨੀ ਢੱਠੇ, ਆਪਣਾ ਮਾਣ ਗਵਾਈਆ । ਲਹਿਣਾ ਦੇਵੇ ਹੱਥੋ ਹੱਥੇ, ਖ਼ਾਲੀ ਝੋਲੀ ਦਏ ਭਰਾਈਆ । ਅੱਗੇ ਵਾਸਤੇ ਹੋ ਜਾਓ ਪੱਕੇ, ਬਿਨ ਗੁਰ ਗੋਬਿੰਦ ਪੁਰਖ ਅਕਾਲ ਸੀਸ ਨਾ ਕਿਸੇ ਝੁਕਾਈਆ । ਸਤਿਜੁਗ ਸਾਚੇ ਚਲਣੇ ਸਿੱਕੇ, ਪਿਛਲੇ ਸਿੱਕੇ ਦਏ ਖਪਾਈਆ । ਆਪਣੀ ਹੱਥੀਂ ਏਥੇ ਓਥੇ ਅੱਧਵਿਚਕਾਰ ਹਰਿ ਨਿਰੰਕਾਰ ਆਪਣੀ ਹੱਥੀਂ ਲਾਏ ਬੂਟੇ, ਗੁਰਸਿਖ ਗੁਰਮੁਖ ਲਏ ਬਣਾਈਆ । ਲੱਖ ਚੁਰਾਸੀ ਕਲਜੁਗ ਮੇਦਨੀ ਆਪੇ ਜਿਤੇ, ਸ੍ਰਿਸ਼ਟੀ ਸ੍ਰਿਸ਼ਟ ਚਰਨਾਂ ਹੇਠ ਦਬਾਈਆ । ਵਿਸ਼ਨ ਬ੍ਰਹਮਾ ਸ਼ਿਵ ਆਪਣੇ ਅੰਦਰ ਸੱਟੇ, ਕੋਟਨ ਕੋਟ ਗੁਰ ਅਵਤਾਰ ਖਾ ਖਾ ਸ਼ੁਕਰ ਮਨਾਈਆ । ਬਿਨ ਭਗਤਾਂ ਸਾਚਾ ਕਰੇ ਨਾ ਕਿਸੇ ਨਾਲ ਹਿੱਤੇ, ਹਿਤਕਾਰੀ ਇਕੋ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿੱਕਿਆਂ ਵੱਡਿਆਂ ਕਰ ਵਖਾਈਆ । ਨਿੱਕੇ ਕਹਿਣ ਸਾਨੂੰ ਮਿਲਿਆ ਵੱਡਾ, ਜਿਸ ਵਿਚ ਵੱਡੀ ਵਡਿਆਈਆ । ਵੱਡਾ ਕਹੇ ਮੈਂ ਨਿੱਕਿਆਂ ਲਡਾਵਾਂ ਲੱਡਾ, ਆਪਣੀ ਗੋਦ ਬਹਾਈਆ । ਦੋ ਜਹਾਨ ਖਹਿੜਾ ਛੱਡਾ, ਛੱਡੀ ਸਰਬ ਲੋਕਾਈਆ । ਭਗਤ ਦੁਆਰੇ ਲਾਇਆ ਅੱਡਾ, ਨਾ ਸਕੇ ਕੋਇ ਉਖੜਾਈਆ । ਸਚਖੰਡ ਦੀ ਸਾਚੀ ਹੱਦਾ, ਹੱਦ ਹਦੂਦ ਆਪ ਕਰਾਈਆ । ਆਪ ਪ੍ਰੇਮ ਭਗਤੀ ਦਾ ਬੱਧਾ, ਦੂਜੇ ਦਰ ਕਦੇ ਨਾ ਜਾਈਆ । ਪਹਿਲੋਂ ਦੇਂਦਾ ਰਿਹਾ ਸੱਦਾ, ਕਲਜੁਗ ਅੰਤਮ ਵੇਖਣ ਆਈਆ । ਜੇ ਕੋਈ ਬਾਹਰੋਂ ਵੇਖੇ ਬੁੱਢਾ, ਅੰਦਰ ਵੜਿਆ ਨੱਢਾ, ਸਾਲ ਵੀਹਵੇਂ ਖ਼ੁਸ਼ੀ ਮਨਾਈਆ । ਇਕ ਤੋਂ ਦੋ ਹੋ ਕੇ ਗੱਜਾ, ਦੋ ਤੋਂ ਸਿਫ਼ਰਾ ਰੂਪ ਵਖਾਈਆ । ਸਚਖੰਡ ਦੁਆਰੇ ਬਹਿ ਕੇ ਸਜਾ, ਸੀਸ ਆਪਣੇ ਤਾਜ ਟਿਕਾਈਆ । ਨਿਰਗੁਣ ਹੋ ਕੇ ਲੋਕਮਾਤ ਆਇਆ ਭੱਜਾ, ਗੁਰ ਗੋਬਿੰਦ ਲਏ ਉਠਾਈਆ । ਅੰਦਰ ਵੜ ਕੇ ਤਾਲ ਨਗਾਰਾ ਹੋ ਕੇ ਵੱਜਾ, ਰਾਗ ਰਾਗਨੀ ਖ਼ਾਕ ਮਿਲਾਈਆ । ਕਰੇ ਖੇਲ ਸੂਰਾ ਸਰਬੱਗਾ, ਆਪਣਾ ਬਲ ਧਰਾਈਆ । ਨਾ ਘੜਿਆ ਨਾ ਕਦੇ ਭੱਜਾ, ਜਨਮ ਮਰਨ ਵਿਚ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿੱਕਿਆਂ ਅੰਦਰ ਹੋ ਕੇ ਨਿੱਕਾ, ਨਿੱਕੀ ਨਿੱਕੀ ਧਾਰੋਂ ਆਈਆ । ਨਿੱਕੀ ਨਿੱਕੀ ਵੇਖ ਧਾਰ, ਹਰਿ ਕਰਤਾ ਆਪ ਵਖਾਇੰਦਾ । ਸਭ ਦੇ ਅੰਦਰ ਡੂੰਘਾ ਪਿਆਰ, ਹਰਿ ਕਰਤਾਰ ਆਪ ਜਣਾਇੰਦਾ । ਸਰਬ ਜੀਆਂ ਦਾ ਸਾਂਝਾ ਯਾਰ, ਹਰਿ ਸਾਚਾ ਵੇਸ ਵਟਾਇੰਦਾ । ਮੁਕਾਮੇ ਹੱਕ ਨਾ ਕੋਇ ਉਜਾੜ, ਗੁਲਸ਼ਨ ਲੋਕਮਾਤ ਖਲਾਇੰਦਾ । ਮੁਹੱਬਤ ਕਰੇ ਪਹਿਲੀ ਵਾਰ, ਸੁਹਬਤ ਆਪਣੀ ਆਪ ਸਮਝਾਇੰਦਾ । ਉਲਫ਼ਤ ਵਿਚ ਨਾ ਆਏ, ਕਲਮਾ ਆਪਣਾ ਹੱਕ ਜਣਾਏ, ਹਕੀਕਤ ਹਰ ਘਟ ਖੋਜ ਖੁਜਾਇੰਦਾ । ਲਾਸ਼ਰੀਕ ਫੇਰਾ ਪਾਏ, ਫ਼ਰਮਾਂਬਰਦਾਰ ਆਪਣਾ ਹੁਕਮ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿੱਕੇ ਆਪਣੇ ਰੰਗ ਰੰਗਾਇੰਦਾ । ਗੁਰਮੁਖ ਨਿੱਕੇ ਤੇਰਾ ਸੋਹਣਾ ਰੰਗ, ਹਰਿ ਸੱਜਣ ਸੱਚੇ ਭਾਇਆ । ਤੇਰੇ ਅੰਦਰ ਇਕ ਮਰਦੰਗ, ਨਾਮ ਡੰਕਾ ਰਿਹਾ ਸੁਣਾਇਆ । ਤੇਰੇ ਮਹੱਲ ਇਕ ਅਨੰਦ, ਅਨੰਦ ਅਨੰਦ ਵਿਚ ਰਖਾਇਆ । ਤੇਰੇ ਗ੍ਰਿਹਿ ਇਕ ਚੰਦ, ਨਿਰਗੁਣ ਜੋਤ ਕਰੇ ਰੁਸ਼ਨਾਇਆ । ਤੇਰਾ ਮੇਲਾ ਸੂਰੇ ਸਰਬੰਗ, ਸ਼ਹਿਨਸ਼ਾਹ ਆਪਣੀ ਗੋਦ ਬਹਾਇਆ ।

ਤੇਰਾ ਇਕੋ ਢੋਲਾ ਛੰਦ, ਆਤਮ ਪਰਮਾਤਮ ਪਰਦਾ ਰਿਹਾ ਉਠਾਇਆ । ਤੈਨੂੰ ਵੇਖ ਸ੍ਰੀ ਭਗਵਾਨ ਨੂੰ ਪਏ ਠੰਡ, ਦੋ ਜਹਾਨ ਦੀ ਤਪਤ ਲਏ ਬੁਝਾਇਆ । ਪਾ ਗਲਵੱਕੜੀ ਆਪਣੇ ਨਾਲ ਪਾਏ ਗੰਢ, ਸੱਚੀ ਗੰਢ ਨਾ ਕੋਇ ਖੁਲ੍ਹਾਇਆ । ਸਾਚੀ ਵਸਤ ਦੇਵੇ ਵੰਡ, ਵਸਤ ਅਮੋਲਕ ਆਪਣੇ ਹੱਥ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿੱਕੀ ਨਿੱਕੀ ਗੱਲ ਆਪ ਸਮਝਾਇਆ । ਨਿੱਕੀ ਨਿੱਕੀ ਕਰੇ ਬਾਤ, ਬਾਤਨ ਆਪ ਜਣਾਈਆ । ਭਗਤ ਭਗਵੰਤ ਦੀ ਇਕੋ ਜ਼ਾਤ, ਦੂਜਾ ਰੂਪ ਨਾ ਕੋਇ ਵਖਾਈਆ । ਆਪਣੀ ਵਖਾਏ ਸਚ ਕਰਾਮਾਤ, ਪਰਮਾਤਮ ਆਤਮ ਜੋੜ ਜੁੜਾਈਆ । ਅੰਦਰ ਵੜ ਕੇ ਦੇਵੇ ਸਾਚੀ ਦਾਤ, ਨਾਮ ਨਿਧਾਨਾ ਝੋਲੀ ਪਾਈਆ । ਸਚ ਸੁਣਾਏ ਇਕੋ ਗਾਥ, ਦੂਜਾ ਅੱਖਰ ਨਾ ਕੋਇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿੱਕੀ ਨਿੱਕੀ ਨਿੱਕੀ ਦਏ ਵਖਾਈਆ । ਨਿੱਕੀ ਅੰਦਰ ਰੱਖੀ ਵਸਤ, ਵਸਤੂ ਨਜ਼ਰ ਕਿਸੇ ਨਾ ਆਈਆ । ਨਾ ਕੋਈ ਜਾਣੇ ਕੀਟ ਹਸਤ, ਹਸਤ ਕੀਟ ਭੇਵ ਚੁਕਾਈਆ । ਜਨ ਭਗਤ ਦੁਆਰੇ ਰਹੇ ਮਸਤ, ਮਸਤਾਨਾ ਬਣ ਬੇਪਰਵਾਹੀਆ । ਕਲਜੁਗ ਸੰਤ ਦਸਤ ਨਾਲ ਮਿਲਾਏ ਦਸਤ, ਬਦਸਤ ਆਪਣਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਨਿੱਕਾ ਵੱਡਾ ਸਭ ਥਾਂ ਦਏ ਬਣਾਈਆ । ਨਿੱਕੇ ਵੱਡੇ ਗਏ ਹੋ, ਹਰਿ ਹੋਕਾ ਆਪ ਜਣਾਇਆ । ਪ੍ਰੇਮ ਪ੍ਰੀਤੀ ਜੋ ਗਏ ਛੋਹ, ਸ਼ਹਿਨਸ਼ਾਹ ਰੰਗ ਚੜ੍ਹਾਇਆ । ਦੁਰਮਤ ਮੈਲ ਦਿਤੀ ਧੋ, ਅੰਮ੍ਰਿਤ ਜਾਮ ਪਿਆਇਆ । ਨਾਮ ਜਪਾਇਆ ਸੋਹੰ ਸੋ, ਸੋ ਪੁਰਖ ਨਿਰੰਜਣ ਵੇਖ ਵਖਾਇਆ । ਹਰਿ ਕਾ ਭੇਵ ਨਾ ਜਾਣੇ ਕੋ, ਦੋ ਜਹਾਨ ਰਹੇ ਕੁਰਲਾਇਆ । ਕਲਜੁਗ ਅੰਤਮ ਲੈ ਕੇ ਆਇਆ ਢੋਆ ਢੋ, ਸਾਚੀ ਵਸਤ ਆਪ ਵਰਤਾਇਆ । ਨਿਰਗੁਣ ਨਿਰਗੁਣ ਕਰੇ ਮੋਹ, ਸਰਗੁਣ ਨਾਤਾ ਆਪ ਤੁੜ੍ਹਾਇਆ । ਕਰ ਪਰਕਾਸ਼ ਸਾਚੀ ਲੋ, ਅਗਿਆਨ ਅੰਧੇਰ ਮਿਟਾਇਆ । ਜਨ ਭਗਤਾਂ ਜੋਗਾ ਆਪੇ ਹੋ, ਆਪਣਾ ਆਪ ਛੁਪਾਇਆ । ਲੇਖਾ ਜਾਣੇ ਛੱਬੀ ਪੋਹ, ਤਨ ਮਾਟੀ ਖ਼ਾਕ ਮਿਲਾਇਆ । ਲੱਖ ਚੁਰਾਸੀ ਰਹੀ ਰੋ, ਨੇਤਰ ਨੈਣਾਂ ਨੀਰ ਵਹਾਇਆ । ਗੁਰਸਿਖ ਗੁਰਮੁਖ ਭਗਤ ਸੰਤ ਹਰਿ ਸੰਗਤ ਬਾਂਹ ਸਰਹਾਣੇ ਦੇ ਜਾਵੇ ਸੌਂ, ਸਤਿਗੁਰ ਸਤਿਵਾਦੀ ਸੇਵ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਮੇਲ ਮਿਲਾਇਆ । ਨਿੱਕਿਓ ਤੁਹਾਡਾ ਨਿੱਕਾ ਜਾਪ, ਸੋਹੰ ਅੱਖਰ ਇਕ ਪੜ੍ਹਾਈਆ । ਦੂਜਾ ਨਾ ਕੋਈ ਪੂਜਾ ਨਾ ਕੋਈ ਪਾਠ, ਅਠਸਠ ਤੀਰਥ ਨਾ ਕੋਈ ਨੁਹਾਈਆ । ਅੰਦਰ ਮਿਲਿਆ ਬਣ ਕੇ ਸਾਕ, ਸੱਜਣ ਬੇਪਰਵਾਹੀਆ । ਫੜ ਹੱਥੀਂ ਖੋਲ੍ਹਿਆ ਤਾਕ, ਬਜਰ ਕਪਾਟੀ ਰਹਿਣ ਨਾ ਪਾਈਆ । ਫੜ ਬਾਹੋਂ ਪਾਰ ਕਰਾਇਆ ਘਾਟ, ਅੱਧਵਿਚਕਾਰ ਨਾ ਕੋਈ ਰਖਾਈਆ । ਸਚਖੰਡ ਨਿਵਾਸੀ ਦਿਤੀ ਇਕੋ ਦਾਤ, ਵਿਸ਼ਨ ਬ੍ਰਹਮਾ ਸ਼ਿਵ ਸੀਸ ਝੁਕਾਈਆ । ਅੱਗੇ ਮਿਲੇ ਕਮਲਾਪਾਤ, ਸ਼ਹਿਨਸ਼ਾਹ ਆਪਣੇ ਆਸਣ ਬੈਠਾ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਰਿਹਾ ਸਮਝਾਈਆ । ਨਿੱਕਿਓ ਸਾਰੇ ਗਾਓ ਢੋਲਾ, ਢੋਲਕ ਛੈਣਾ ਨਾ ਕੋਈ ਰਖਾਇੰਦਾ । ਨਿਰਗੁਣ ਬਦਲਿਆ ਨਿਰਗੁਣ ਚੋਲਾ, ਸਰਗੁਣ ਵੇਖ ਵਖਾਇੰਦਾ । ਗੋਬਿੰਦ ਚੁਕਾਏ ਤੇਰਾ ਉਹਲਾ, ਮੁਖ ਨੂਰ ਜ਼ਹੂਰ ਜਣਾਇੰਦਾ । ਨਿਝਰ ਦੇਵੇ ਅੰਮ੍ਰਿਤ ਪੌਹਲਾ, ਰਸ ਇਕੋ ਇਕ ਵਖਾਇੰਦਾ । ਨਿਕਿਓ ਤੁਹਾਡਾ ਭਾਰ ਹੋਇਆ ਹੌਲਾ, ਵੱਡੇ ਮੂੰਹ ਦੇ ਭਾਰ ਸੁਟਾਇੰਦਾ । ਹਰਿ ਸੰਗਤ ਤੇਰਾ ਇਕੋ ਬੋਲਾ, ਬੋਲੀ ਆਪਣੀ ਆਪ ਜਣਾਇੰਦਾ । ਸ਼ਬਦੀ ਗੁਰ ਬਣ ਵਿਚੋਲਾ, ਨਿਰਗੁਣ ਰੰਗ ਰੰਗਾਇੰਦਾ । ਲੱਖ ਚੁਰਾਸੀ ਵੇਖੇ ਹੋਲਾ, ਹੁਲੀਆ ਸਭ ਦਾ

ਆਪ ਬਦਲਾਇੰਦਾ । ਭਗਤ ਦੁਆਰਾ ਇਕੋ ਖੋਲ੍ਹਾ, ਖ਼ਾਲਕ ਖ਼ਲਕ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿੱਕਿਆਂ ਵੱਡਿਆਂ ਵੇਸ ਵਟਾਇੰਦਾ । ਨਿੱਕਿਓ ਨਿੱਕਿਓ ਬਦਲੋ ਵੇਸ, ਹਰਿ ਵੇਸ ਆਪ ਵਟਾਈਆ । ਏਥੇ ਮੇਲਾ ਮਾਝੇ ਦੇਸ, ਅੱਗੇ ਸਾਂਝਾ ਘਰ ਬਣਾਈਆ । ਆਪੇ ਰੱਖੇ ਚਰਨਾਂ ਹੇਠ, ਸਿਰ ਆਪਣਾ ਹੱਥ ਉਠਾਈਆ । ਖੋਲ੍ਹ ਕੇ ਜਾਏ ਸਾਚਾ ਭੇਤ, ਪਰਦਾ ਦਏ ਚੁਕਾਈਆ । ਆਓ ਵੇਖੋ ਨੇਤਨ ਨੇਤ, ਨੇਤਰ ਦਰਸ਼ਨ ਦਰਸ ਕਰਾਈਆ । ਲੱਖ ਚੁਰਾਸੀ ਸੁੰਞਾ ਖ਼ੇਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿੱਕੇ ਵੱਡੇ ਦਏ ਬਣਾਈਆ । ਨਿੱਕਿਓ ਵੱਡਾ ਤੁਹਾਡਾ ਪਰਤਾਪ, ਹਰਿ ਹਰਿ ਆਪ ਤਾਲ ਜਣਾਇੰਦਾ । ਜਿਸ ਨੇ ਜਾਨਿਆ ਆਪਣਾ ਆਪ, ਘਰ ਆਪਣੇ ਮੇਲ ਮਿਲਾਇੰਦਾ । ਕੂੜੀ ਕਿਰਿਆ ਕਰੇ ਘਾਤ, ਘਾਓ ਆਪਣੇ ਨਾਮ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਸਮਝਾਇੰਦਾ । ਗੁਰਮੁਖ ਕਹੇ ਮੈਂ ਨਿੱਕਾ ਬਾਲਾ, ਬਾਲਕ ਰੂਪ ਵਖਾਈਆ । ਤੂੰ ਸਾਹਿਬ ਸਤਿਗੁਰ ਦੀਨ ਦਿਆਲਾ, ਹੱਥ ਤੇਰੇ ਵਡਿਆਈਆ । ਸ੍ਰੀ ਭਗਵਾਨ ਕਹੇ ਮੈਂ ਸਦਾ ਰਖਵਾਲਾ, ਜੁਗ ਜੁਗ ਸੇਵ ਕਮਾਈਆ । ਨਿਰਗੁਣ ਹੋ ਕੇ ਬਣਾਂ ਦਲਾਲਾ, ਸਰਗੁਣ ਵਣਜ ਕਰਾਈਆ । ਗੁਰਸਿਖ ਕਹੇ ਮੈਂ ਹੋਇਆ ਬੇਹਾਲਾ, ਤੁਧ ਬਿਨ ਸਾਰ ਕੋਇ ਨਾ ਪਾਈਆ । ਫਲ ਨਾ ਦਿਸੇ ਮੇਰੇ ਡਾਲਾ, ਤੁਧ ਬਿਨ ਕਲੀ ਨਾ ਕੋਈ ਮਹਿਕਾਈਆ । ਪੁਰਖ ਅਬਿਨਾਸ਼ੀ ਕਹੇ ਮੈਂ ਮਿਲਾਂ ਨਾਲ ਨਾਲਾ, ਵਿਛੜ ਕਦੇ ਨਾ ਜਾਈਆ । ਸਚਖੰਡ ਵਖਾਏ ਸੱਚੀ ਧਰਮਸਾਲਾ, ਜਿਸ ਘਰ ਬੈਠਾ ਆਸਣ ਲਾਈਆ । ਗੁਰਸਿਖ ਕਹੇ ਤੇਰਾ ਖੇਲ ਨਿਰਾਲਾ, ਭੇਵ ਕੋਇ ਨਾ ਆਈਆ । ਤੇਰੀ ਨਜ਼ਰ ਨਾ ਆਏ ਸੱਚੀ ਮਾਲਾ, ਮਨ ਕਾ ਮਣਕਾ ਰਹੇ ਭੁਆਈਆ । ਪੁਰਖ ਅਬਿਨਾਸ਼ੀ ਕਹੇ ਮੈਂ ਦੱਸਾਂ ਰਾਹ ਸੁਖਾਲਾ, ਸਾਚੀ ਸਿਖਿਆ ਕਰਾਂ ਪੜ੍ਹਾਈਆ । ਆਤਮ ਪਰਮਾਤਮ ਮੇਰੀ ਮਾਲਾ, ਮਣਕਾ ਕੋਈ ਨਜ਼ਰ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿੱਕਿਆਂ ਏਕਾ ਰੰਗ ਵਖਾਈਆ । ਨਿੱਕਿਆਂ ਚਾੜ੍ਹੇ ਰੰਗ ਚਲੂਲ, ਤਨ ਚੋਲਾ ਆਪ ਰੰਗਾਇੰਦਾ । ਸ੍ਰੀ ਭਗਵਾਨ ਨਾ ਜਾਏ ਭੂਲ, ਭੁਲਿਆਂ ਆਪ ਉਠਾਇੰਦਾ । ਆਪੇ ਜਾਣੇ ਆਪਣਾ ਸਚ ਅਸੂਲ, ਅਸਲੀਅਤ ਆਪਣੇ ਹੱਥ ਰਖਾਇੰਦਾ । ਹਰਿਜਨ ਸਾਚੇ ਕਰ ਕਬੂਲ, ਕਰਮ ਕਾਂਡ ਮੇਟ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿੱਕਿਆਂ ਆਪਣਾ ਭੇਵ ਖੁਲ੍ਹਾਇੰਦਾ । ਨਿੱਕਿਆਂ ਖੋਲ੍ਹੇ ਆਪਣਾ ਭੇਵ, ਅਭੇਦ ਆਪ ਜਣਾਈਆ । ਪਰਗਟ ਹੋਵੇ ਵਡ ਦੇਵੀ ਦੇਵ, ਦੇਵਤ ਸੁਰ ਸੀਸ ਝੁਕਾਈਆ । ਆਦਿ ਜੁਗਾਦਿ ਸਦਾ ਨੇਹਕੇਵ, ਨਿਹਚਲ ਧਾਮ ਆਸਣ ਲਾਈਆ । ਹਰਿਜਨ ਤੇਰੀ ਕਰੇ ਸਾਚੀ ਸੇਵ, ਸੇਵਕ ਬਣ ਬੇਪਰਵਾਹੀਆ । ਸੋਹੰ ਦੇਵੇ ਅੰਮ੍ਰਿਤ ਮੇਵ, ਰਸ ਇਕੋ ਇਕ ਚਖਾਈਆ । ਨਾਤਾ ਤੁਟੇ ਰਸਨਾ ਜੇਹਵ, ਬੱਤੀ ਦੰਦ ਨਾ ਕੋਈ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿੱਕੇ ਉਚੇ ਘਰ ਬਹਾਈਆ । ਨਿੱਕੇ ਉਚੇ ਹੋ ਕੇ ਬਹਿਣਾ, ਸੋ ਪੁਰਖ ਨਿਰੰਜਣ ਆਪ ਬਹਾਇੰਦਾ । ਹਰਿ ਕਾ ਦਰਸ਼ਨ ਕਰਨਾ ਨੈਣਾਂ, ਨੇਤਰ ਨੈਣਾਂ ਆਪ ਖੁਲ੍ਹਾਇੰਦਾ । ਏਕਾ ਪੌਣਾ ਸਾਚਾ ਗਹਿਣਾ, ਸ੍ਰੀ ਭਗਵਾਨ ਆਪ ਘੜਾਇੰਦਾ । ਮਹੱਲ ਅਟੱਲ ਸਾਚੇ ਰਹਿਣਾ, ਦੂਜੀ ਵੰਡ ਨਾ ਕੋਈ ਵੰਡਾਇੰਦਾ । ਸਾਚਾ ਢੋਲਾ ਇਕੋ ਕਹਿਣਾ, ਸੋਹੰ ਅੱਖਰ ਆਪ ਪੜ੍ਹਾਇੰਦਾ । ਪੂਰਬ ਜਨਮ ਦਾ ਚੁੱਕੇ ਲਹਿਣਾ, ਜਨਮ ਕਰਮ ਝੋਲੀ ਪਾਇੰਦਾ । ਲਾੜੀ ਮੌਤ ਨਾ ਖਾਏ ਡੈਣਾ, ਰਾਏ ਧਰਮ ਨੇੜ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ

ਸਮਝਾਇੰਦਾ । ਨਿੱਕਾ ਕਹੇ ਮੈਨੂੰ ਤੇਰੀ ਓਟ, ਤੁਧ ਬਿਨ ਨਜ਼ਰ ਕੋਇ ਨਾ ਆਈਆ । ਮੇਰੀ ਆਤਮ ਪਰਮਾਤਮ ਤੇਰੀ ਜੋਤ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਨਾਤਾ ਜੁੜੇ ਪਿਤਾ ਪੂਤ, ਦੂਜਾ ਸੰਗ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਕੜ ਵੱਡੇ ਦਏ ਬਣਾਈਆ । ਪਹਿਲੋਂ ਜੰਮੇ ਨਿੱਕਾ ਪੁੱਤ, ਪਿਤਾ ਆਪਣੀ ਗੋਦ ਬਹਾਇੰਦਾ । ਫਿਰ ਵੇਖੇ ਸਾਚੀ ਰੁੱਤ, ਜੋਬਨ ਜਵਾਨੀ ਨਾਲ ਮਿਲਾਇੰਦਾ । ਹੋ ਕੇ ਜਵਾਨ ਪਏ ਉਠ, ਆਪਣਾ ਬਲ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਕਰਾਇੰਦਾ । ਨਿੱਕੇ ਉਠੋ ਧਾਰੋ ਬਲ , ਬਲ ਬਾਵਨ ਧਿਆਨ ਲਗਾਈਆ । ਜਿਸ ਨੇ ਖੇਲ ਖਲਾਇਆ ਰਾਮਾ ਰਾਵਣ, ਲੰਕਾ ਗੜ੍ਹ ਤੁੜਾਈਆ । ਜਿਸ ਨੇ ਮਾਣ ਰਖਾਇਆ ਪ੍ਰਹਿਲਾਦ ਬਾਮਨ, ਸਿਰ ਆਪਣਾ ਹੱਥ ਟਿਕਾਈਆ । ਜੋ ਕਾਹਨਾ ਕੰਸਾ ਖੇਲ ਕਰੇ ਭਗਵਾਨਨ, ਬੇਪਰਵਾਹ ਫੇਰਾ ਪਾਈਆ । ਜੋ ਈਸਾ ਮੂਸਾ ਦਏ ਪੈਗ਼ਾਮਣ, ਕਲਮਾ ਨਬੀ ਆਪ ਸੁਣਾਈਆ । ਜੋ ਮੁਹੰਮਦ ਦੱਸੇ ਹੁਕਮਰਾਨਨ, ਹੁਕਮ ਹਾਕਮ ਸ਼ਹਿਨਸ਼ਾਹੀਆ । ਜੋ ਨਾਨਕ ਨਿਰਗੁਣ ਵਖਾਏ ਸੱਚਾ ਧਾਮਨ, ਸਚਖੰਡ ਦੁਆਰਾ ਕੁੰਡਾ ਲਾਹੀਆ । ਜੋ ਗੁਰ ਗੋਬਿੰਦ ਬਣਾਏ ਬਾਲ ਅੰਞਾਨਣ, ਸੁਤ ਦੁਲਾਰਾ ਗੋਦ ਸੁਹਾਈਆ । ਸੋ ਕਲਜੁਗ ਅੰਤਮ ਪਰਗਟ ਹੋਏ ਨੌਜਵਾਨਨ, ਨੌਜਵਾਨ ਜੋਬਨ ਆਪਣਾ ਆਪ ਵਖਾਈਆ । ਕਰੇ ਖੇਲ ਵਿਚ ਜਹਾਨਨ, ਦੋ ਜਹਾਨਾਂ ਡੇਰਾ ਢਾਹੀਆ । ਲੱਖ ਚੁਰਾਸੀ ਦੇਵੇ ਏਕਾ ਨਾਮਨ, ਨਾਮ ਨਿਧਾਨਾ ਕਰੇ ਪੜ੍ਹਾਈਆ । ਜਨ ਭਗਤਾਂ ਹੋਏ ਜ਼ਾਮਨ, ਜ਼ਾਮਨੀ ਆਪਣੀ ਆਪ ਰਖਾਈਆ । ਕਲਜੁਗ ਮੇਟੇ ਰੈਣ ਅੰਧੇਰੀ ਸ਼ਾਮਨ, ਸ਼ਮਾ ਇਕੋ ਕਰੇ ਰੁਸ਼ਨਾਈਆ । ਲੇਖੇ ਲਾਏ ਸ਼ੱਤਰੀ ਸ਼ੂਦਰ ਬ੍ਰਹਿਮਣ, ਵੈਸ਼ ਸਚਖੰਡ ਦਏ ਬਹਾਈਆ । ਜਨ ਭਗਤਾਂ ਮੇਲ ਮਿਲਾਏ ਆਮ੍ਹਣੇ ਸਾਮ੍ਹਣ, ਪਰਦਾ ਵਿਚ ਨਾ ਕੋਇ ਰਖਾਈਆ । ਪ੍ਰੇਮ ਪਿਆਰ ਦਾ ਪਕੜੇ ਦਾਮਨ, ਦਾਮਨ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿੱਕੇ ਵੱਡੇ ਵੇਖੇ ਥਾਉਂ ਥਾਈਂਆ । ਨਿੱਕਿਆਂ ਚੜ੍ਹਿਆ ਸੱਚਾ ਚਾ, ਹਰਿ ਵੱਡੇ ਰਿਹਾ ਬਣਾਈਆ । ਗੋਬਿੰਦ ਮਿਲਿਆ ਇਕ ਮਲਾਹ, ਪੁਰਖ ਅਬਿਨਾਸ਼ੀ ਬੇੜਾ ਦਏ ਵਖਾਈਆ । ਵੀਹ ਬਿਕਰਮੀ ਪਹਿਲੇ ਦਿਨ ਸਾਰੇ ਕਰ ਲਓ ਇਕ ਸਲਾਹ, ਬਿਨ ਪੁਰਖ ਅਕਾਲ ਨਾ ਕੋਇ ਸਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਕਰ ਜਾਣ ਨਾ, ਸਗਲਾ ਸੰਗ ਨਾ ਕੋਇ ਰਖਾਈਆ । ਪ੍ਰਭ ਚਰਨਾਂ ਹੇਠਾਂ ਛੱਡੇ ਦਬਾ, ਸਿਰ ਸਕੇ ਨਾ ਕੋਇ ਉਠਾਈਆ । ਦੋਏ ਜੋੜ ਮੰਗਣ ਦੁਆ, ਗੱਲ ਪੱਲੂ ਵਾਸਤਾ ਪਾਈਆ । ਤੇਰੀ ਕੁਦਰਤ ਬੇਪਰਵਾਹ, ਤੇਰੀ ਝੋਲੀ ਪਾਈਆ । ਜਿਉਂ ਭਾਵੇ ਤਿਉਂ ਲੈ ਚਲਾ, ਹੱਥ ਤੇਰੇ ਵਡਿਆਈਆ । ਸ੍ਰਿਸ਼ਟ ਸਬਾਈ ਭਰੀ ਗੁਨਾਹ, ਗ਼ੁਰਬਤ ਸਕੇ ਨਾ ਕੋਇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੱਚੀ ਦਏ ਜਣਾਈਆ । ਨਿੱਕਿਓ ਜੇ ਹਰਿ ਦੱਸੇ ਸਚ, ਸਚ ਮੰਨਣ ਕੋਇ ਨਾ ਆਈਆ । ਕੂੜੀ ਕਿਰਿਆ ਲੂੰ ਲੂੰ ਗਈ ਰੱਚ, ਬਿਨ ਸਤਿਗੁਰ ਪੂਰੇ ਬਾਹਰ ਨਾ ਕੋਇ ਕਢਾਈਆ । ਪੜ੍ਹ ਪੜ੍ਹ ਜੀਵ ਜੰਤ ਗਏ ਥੱਕ, ਪੜ੍ਹਿਆਂ ਸਮਝ ਕਿਸੇ ਨਾ ਆਈਆ । ਨਹਾਵਣ ਨਹਾ ਨਹਾ ਗਏ ਅੱਕ, ਆਕਿਲ ਸਭ ਦੀ ਅਕਲ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਰਚਨਾ ਆਪ ਰਚਾਈਆ । ਨਿੱਕੇ ਕਹਿਣ ਵੇਖੋ ਹਾਲ, ਹਰਿ ਜੂ ਆਪੇ ਰਿਹਾ ਸੁਣਾਈਆ । ਅੰਦਰ ਬਾਹਰ ਇਕੋ ਚਾਲ, ਅਵੱਲੜੀ ਧਾਰ ਆਪ ਜਣਾਈਆ । ਸ੍ਰਿਸ਼ਟ ਸਬਾਈ ਸਿਰ ਤੇ ਕੂਕੇ ਕਾਲ, ਕਲਜੁਗ ਡੋਰੂ ਡੰਕ ਵਜਾਈਆ । ਗੁਰਮੁਖ ਵਿਰਲਾ

ਦਿਸੇ ਖ਼ੁਸ਼ਹਾਲ, ਜਿਸ ਹਰਿ ਜੂ ਆਪਣੀ ਖ਼ੁਸ਼ੀ ਜਣਾਈਆ । ਸ੍ਰਿਸ਼ਟ ਸਬਾਈ ਹੋਈ ਬੇਹਾਲ, ਬੇਵਾ ਰੂਪ ਰਹੀ ਵਖਾਈਆ । ਜੀਵਦਿਆਂ ਕੋਈ ਨਾ ਵਸੇ ਨਾਲ, ਮਰਿਆਂ ਕੰਮ ਕੋਇ ਨਾ ਆਈਆ । ਗੁਰਮੁਖ ਸੱਚੇ ਨੱਚਣ ਕੁੱਦਣ ਟੱਪਣ ਵਜਾਵਣ ਤਾਲ, ਦੋਹਾਂ ਹੱਥਾਂ ਤਾੜੀ ਰਹੇ ਲਗਾਈਆ । ਘਰ ਆ ਕੇ ਮਿਲਿਆ ਸ੍ਰੀ ਭਗਵਾਨ, ਭਗਵਨ ਆਪਣਾ ਫੇਰਾ ਪਾਈਆ । ਕੀ ਹੋਇਆ ਜੇ ਅਸੀਂ ਬਾਲ ਅੰਞਾਣ, ਸਾਡਾ ਪਿਤਾ ਬੇਪਰਵਾਹੀਆ । ਆਪਣੀ ਗੋਦੀ ਲਏ ਉਠਾਲ, ਫੜ ਬਾਹੋਂ ਗਲੇ ਲਗਾਈਆ । ਥਾਪੜ ਥਾਪੜ ਲਏ ਸੁਆਲ, ਸਿਰ ਆਪਣਾ ਹੱਥ ਟਿਕਾਈਆ । ਨਾਤਾ ਤੋੜ ਸ਼ਾਹ ਕੰਗਾਲ, ਗ਼ਰੀਬ ਨਿਮਾਣੇ ਆਪਣੇ ਰੰਗ ਰੰਗਾਈਆ । ਸਚਖੰਡ ਲੈ ਕੇ ਜਾਏ ਸੱਚੀ ਧਰਮਸਾਲ, ਧਰਮ ਦੁਆਰੇ ਦਏ ਵਡਿਆਈਆ । ਜਿਧਰ ਵੇਖੀਏ ਚਲੇ ਨਾਲ ਨਾਲ, ਵਿਛੜ ਕਦੇ ਨਾ ਜਾਈਆ । ਸਾਡੇ ਪਿਛੇ ਘਾਲੇ ਘਾਲ, ਘਾਲੀ ਘਾਲ ਨਾ ਕਿਸੇ ਸਮਝਾਈਆ । ਸਾਡਾ ਵਿੰਗਾ ਹੋਣ ਨਾ ਦੇਵੇ ਵਾਲ, ਵਾਲੀ ਦੋ ਜਹਾਨ ਫੇਰਾ ਪਾਈਆ । ਜਿਸ ਨੇ ਸਚਖੰਡ ਵਖਾਇਆ ਸਿੰਘ ਪਾਲ, ਸਵਰਨ ਜੋਤ ਕਰੀ ਰੁਸ਼ਨਾਈਆ । ਜਿਸ ਮਨਜੀਤ ਜਗਦੀਸ਼ ਉਠਾਏ ਲਾਲ, ਸਿੰਘ ਗੁਰਦਿਆਲ ਨਾਲ ਰਲਾਈਆ । ਸੋ ਅੰਤਮ ਸਭ ਨੂੰ ਕਰੇ ਬਹਾਲ, ਜਿਨ੍ਹਾਂ ਆਪਣੇ ਚਰਨ ਲਗਾਈਆ । ਗੁਰਸਿਖ ਤੇਰੇ ਨੇੜ ਨਾ ਆਏ ਕਾਲ, ਮਹਾਂਕਾਲ ਤੈਨੂੰ ਸੀਸ ਝੁਕਾਈਆ । ਨਿੱਕੇ ਨਿੱਕੇ ਲਏ ਉਠਾਲ, ਹੌਲੀ ਹੌਲੀ ਆਪਣੀ ਉਂਗਲੀ ਲਾਈਆ । ਸਾਚਾ ਅੱਖਰ ਲਿਆ ਸਿਖਾਲ, ਸੋਹੰ ਨਾਮ ਕਰੇ ਪੜ੍ਹਾਈਆ । ਦੂਜਾ ਬਣੇ ਨਾ ਕੋਈ ਦਲਾਲ, ਵਿਚੋਲਾ ਨਜ਼ਰ ਕੋਇ ਨਾ ਆਈਆ । ਗੋਬਿੰਦ ਵੇਖੇ ਆਪਣੇ ਲਾਲ, ਜੋ ਬੈਠੇ ਆਸਣ ਲਾਈਆ । ਘਰ ਆ ਕੇ ਦੇਵੇ ਦਾਨ, ਦੂਜੇ ਦਰ ਮੰਗਣ ਕੋਇ ਨਾ ਜਾਈਆ । ਬੇਸ਼ਕ ਤੁਸੀਂ ਨਿੱਕੇ ਆਪ ਅਞਾਣ, ਪੁਰਖ ਅਬਿਨਾਸ਼ੀ ਦਏ ਵਡਿਆਈਆ । ਤੁਹਾਡੇ ਬਿਨਾਂ ਕਿਸੇ ਕੰਮ ਨਾ ਆਏ ਭਗਵਾਨ, ਇਕੱਲਾ ਰੋਵੇ ਮਾਰੇ ਧਾਹੀਂਆ । ਜਿੰਨਾਂ ਚਿਰ ਪਿਤਾ ਦੀ ਗੋਦੀ ਬਹੇ ਨਾ ਬਾਲ, ਪਿਤਾ ਖ਼ੁਸ਼ੀ ਕਦੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਚ ਨਿੱਕਿਆਂ ਬਹਿ ਬਹਿ ਆਪਣਾ ਰੰਗ ਵਖਾਈਆ । ਨਿੱਕਿਓ ਤੁਹਾਡਾ ਸੋਹਣਾ ਵੇਹੜਾ, ਦਰਗਾਹ ਸਾਚੀ ਰੂਪ ਵਖਾਇੰਦਾ । ਭਗਤ ਦੁਆਰ ਇਕੋ ਖੇੜਾ, ਦੂਜਾ ਹੋਰ ਨਾ ਕੋਇ ਜਣਾਇੰਦਾ । ਜਿਥੇ ਜ਼ਾਤ ਪਾਤ ਦਾ ਚੁੱਕੇ ਝੇੜਾ, ਊਚ ਨੀਚ ਨਾ ਕੋਇ ਬਣਾਇੰਦਾ । ਜਿਥੇ ਹੋਵੇ ਹੱਕ ਨਬੇੜਾ, ਹੱਕੋ ਹੱਕ ਝੋਲੀ ਪਾਇੰਦਾ । ਜਿਥੇ ਸ੍ਰੀ ਭਗਵਾਨ ਹਰਿਜਨ ਕਹੇ ਤੂੰ ਮੇਰਾ ਮੈਂ ਤੇਰਾ, ਤੇਰਾ ਮੇਰਾ ਢੋਲਾ ਗਾਇੰਦਾ । ਨਾ ਕੋਈ ਸੰਞ ਨਾ ਸਵੇਰਾ, ਸੂਰਜ ਚੰਦ ਨਾ ਕੋਇ ਚਮਕਾਇੰਦਾ । ਨਾ ਕੋਈ ਦਿਸੇ ਘੁੱਪ ਅੰਧੇਰਾ, ਰੈਣ ਅੰਧੇਰੀ ਨਾ ਕੋਇ ਜਣਾਇੰਦਾ । ਨਾ ਕੋਈ ਸਾਧਾਂ ਸੰਤਾਂ ਡੇਰਾ, ਮਾਲਾ ਤਸਬੀ ਨਾ ਹੱਥ ਵਖਾਇੰਦਾ । ਮਿਹਰਵਾਨ ਮਿਹਰਵਾਨ ਮਿਹਰਵਾਨ ਹਰਿ ਜੂ ਕਰ ਕੇ ਆਪਣੀ ਮਿਹਰਾ, ਨਾਲ ਮਿਹਰ ਨਜ਼ਰ ਤਰਾਇੰਦਾ । ਅੰਤ ਅੰਤ ਨਾ ਕਰੇ ਡੇਰਾ, ਦਰਦੀ ਆਪਣਾ ਦਰਦ ਵੰਡਾਇੰਦਾ । ਜਿਨ੍ਹਾਂ ਪਾਰਬ੍ਰਹਮ ਨੂੰ ਪਾਇਆ ਘੇਰਾ, ਤਿਨ੍ਹਾਂ ਹਰਿ ਜੂ ਵੇਖ ਵਖਾਇੰਦਾ । ਨਿੱਕਿਉਂ ਵੱਡੇ ਦਾ ਬੰਨ੍ਹ ਲਓ ਬੇੜਾ, ਬਿਨ ਚੱਪੂ ਆਪ ਚਲਾਇੰਦਾ । ਤੁਹਾਡੇ ਪਿਛੇ ਨੌਂ ਸੌ ਚੁਰਾਨਵੇਂ ਚੌਕੜੀ ਜੁਗ ਸਚਖੰਡ ਬੈਠਾ ਰਿਹਾ ਕਰ ਕੇ ਵੱਡਾ ਜ਼ੇਰਾ, ਆਪਣਾ ਰੂਪ ਨਾ ਕੋਇ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਇੰਦਾ । ਸਭ ਤੋਂ ਨਿੱਕਾ ਨਿਹਕਲੰਕ, ਜਿਸ ਦਾ ਰੂਪ ਨਜ਼ਰ ਨਾ ਆਈਆ । ਭਗਤਾਂ ਅੰਦਰ ਵੜ ਕੇ ਵਜਾਵੇ ਆਪਣਾ ਡੰਕ, ਡੰਕਾ ਇਕੋ ਇਕ ਸੁਣਾਈਆ । ਏਥੇ ਕੀ ਕਰੇ ਵਿਚਾਰਾ ਜਨਕ, ਅਸ਼ਟਾਬੱਕਰ ਮਾਣ ਗਵਾਈਆ । ਪੁਰਖ ਅਬਿਨਾਸ਼ੀ

੪੧੦
੧੩

ਬਿਨ ਜੋਗ ਅਭਿਆਸ ਲਗਾਈ ਤਨਕ, ਆਤਮ ਪਰਮਾਤਮ ਤੰਦ ਹਿਲਾਈਆ । ਰਾਤੀਂ ਸੁਤਿਆਂ ਦੇਵੇ ਦਰਸ ਬਾਰ ਅਨਕ, ਨਾਮਾ ਬੈਠਾ ਨੈਣ ਸ਼ਰਮਾਈਆ । ਵਾਰ ਬਹੱਤਰ ਮੇਰੀ ਮੇਟੀ ਸ਼ੰਕ, ਸ਼ਹਿਨਸ਼ਾਹ ਕਲਜੁਗ ਅੰਤਮ ਬੇਅੰਤ ਰੂਪ ਧਰਾਈਆ । ਰਾਮ ਕਹੇ ਮੇਰੀ ਕੋਈ ਨਹੀਂ ਵਡਿਆਈ ਚੁਕਿਆ ਧਨਸ਼, ਧੰਨਾ ਕਹੇ ਮੇਰਾ ਭੋਗ ਲਾ ਲਾ ਆਪਣੀ ਖ਼ੁਸ਼ੀ ਮਨਾਈਆ । ਵੇਖੋ ਕਲਜੁਗ ਅੰਤਮ ਗ਼ਰੀਬ ਨਿਮਾਣਿਆਂ ਦੀ ਇਕੋ ਵਾਰ ਬਣਾਈ ਬਣਤ, ਘਾੜਤ ਸਾਚੀ ਲਏ ਘੜਾਈਆ । ਫੜ ਕੇ ਕੱਢੇ ਵਿਚੋਂ ਜੀਵ ਜੰਤ, ਲੱਖ ਚੁਰਾਸੀ ਫੋਲ ਫੁਲਾਈਆ । ਗੜ੍ਹ ਤੋੜ ਹਉਮੇ ਹੰਗਤ, ਚਰਨ ਸਰਨ ਦਏ ਸਰਨਾਈਆ । ਜਿਉਂ ਨਾਨਕ ਅੰਗ ਲਗਾਇਆ ਅੰਗਦ, ਤਿਉਂ ਗੁਰਮੁਖ ਆਪਣੀ ਗੋਦ ਸੁਹਾਈਆ । ਕਰ ਕੇ ਇਕੱਠੇ ਨਾਂ ਰਖਾਇਆ ਹਰਿ ਸੰਗਤ, ਹਰਿ ਸੰਗੀ ਬਣਿਆ ਸੱਚਾ ਮਾਹੀਆ । ਕਾਇਆ ਚੋਲੀ ਅੰਦਰ ਚੜ੍ਹੇ ਰੰਗਤ, ਬਾਹਰੋਂ ਕਮਲੇ ਰਮਲੇ ਦਏ ਵਖਾਈਆ । ਨਿੱਕਿਓ ਤੁਹਾਡਾ ਭੇਵ ਨਾ ਜਾਣੇ ਕੋਈ ਪੰਡਤ, ਮੁਲਾਂ ਮੁਸਾਇਕ ਸ਼ੇਖ਼ ਗਰੰਥੀ ਪੰਥੀ ਸਾਰ ਕੋਇ ਨਾ ਪਾਈਆ । ਤੁਹਾਡਾ ਨਾਤਾ ਤੁਟਿਆ ਜੇਰਜ ਅੰਡਜ, ਉਤਭੁਜ ਸੇਤਜ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿੱਕੇ ਵੱਡੇ ਕਰ ਵਖਾਈਆ । ਨਿੱਕਿਓ ਵੇਖੋ ਵੱਡਾ ਘਰ, ਘਰ ਘਰ ਵਿਚ ਆਪ ਵਖਾਇੰਦਾ । ਜਿਸ ਦਾ ਖੋਲ੍ਹੇ ਸਤਿਗੁਰ ਦਰ, ਕੁੰਜੀ ਹੱਥ ਨਾ ਕਿਸੇ ਫੜਾਇੰਦਾ । ਕਲਜੁਗ ਸਾਧ ਰਹੇ ਡਰ, ਬਿਨ ਹਰਿ ਪਰਦਾ ਕੋਈ ਨਾ ਲਾਹਿੰਦਾ । ਨਿਹਕਰਮੀ ਆਪਣੀ ਕਰਨੀ ਕਰ, ਕਰਤਾ ਪੁਰਖ ਵੇਸ ਵਟਾਇੰਦਾ । ਸੰਤ ਸੁਹੇਲੇ ਸਾਚੇ ਫੜ, ਆਪਣਾ ਮੇਲ ਮਿਲਾਇੰਦਾ । ਰਾਤੀਂ ਸੁਤਿਆਂ ਅੰਦਰ ਜਾਏ ਵੜ, ਨੌਂ ਦਵਾਰੇ ਪੰਧ ਮੁਕਾਇੰਦਾ । ਸਾਚੀ ਸੇਜਾ ਬਹੇ ਚੜ੍ਹ, ਨਾਰ ਕੰਤ ਆਪ ਹੰਢਾਇੰਦਾ । ਅੱਖਰ ਦੋ ਅੱਖਰ ਰਹੇ ਪੜ੍ਹ, ਨਿਸ਼ਅੱਖਰ ਰਾਹ ਜਣਾਇੰਦਾ । ਸਚ ਭੰਡਾਰਾ ਦੇਵੇ ਭਰ, ਖ਼ਾਲੀ ਭਾਂਡੇ ਨਾ ਕੋਇ ਵਖਾਇੰਦਾ । ਨਿਰਭੌ ਚੁਕਾਏ ਭੈ ਡਰ, ਸਿਰ ਆਪਣਾ ਹੱਥ ਟਿਕਾਇੰਦਾ । ਫੜ ਬਾਹੋਂ ਲਗਾਏ ਆਪਣੇ ਲੜ, ਕੰਨੀ ਗੰਢ ਪੁਆਇੰਦਾ । ਹੌਲੀ ਹੌਲੀ ਸਚ ਦੁਆਰੇ ਜਾਏ ਵੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿੱਕੇ ਵੱਡੇ ਕਰ ਬਹਾਇੰਦਾ । ਨਿੱਕਾ ਵੱਡਾ ਖੇਲ ਅਪਾਰ, ਅਪਰੰਪਰ ਰਿਹਾ ਜਣਾਈਆ । ਕਲਜੁਗ ਅੰਤਮ ਨਿਹਕਲੰਕ ਨਰ ਅਵਤਾਰ, ਨਿੱਕਾ ਹੋ ਹੋ ਵੇਖ ਵਖਾਈਆ । ਗੁਰਸਿਖੋ ਜੇ ਤੁਹਾਡੇ ਨਾਲੋਂ ਨਾ ਹੋਵੇ ਨਿੱਕਾ, ਤੁਹਾਡੇ ਅੰਦਰ ਕਿਸ ਬਿਧ ਜਾਈਆ । ਸਾਰੇ ਕਹੋ ਪੁਰਖ ਅਬਿਨਾਸ਼ੀ ਡਿਠਾ, ਜਿਸ ਡਿਠਿਆਂ ਜਨਮ ਮਰਨ ਰਹਿਣ ਨਾ ਪਾਈਆ । ਸਾਰੇ ਕਹੋ ਜ਼ਾਤ ਪਾਤ ਦੀ ਚੁੱਕੀ ਭਿੱਟਾ, ਆਤਮ ਪਰਮਾਤਮ ਭਿਟਿਆ ਕਦੇ ਨਾ ਜਾਈਆ । ਸਾਰੇ ਕਹੋ ਪੁਰਖ ਅਬਿਨਾਸ਼ੀ ਅੰਮ੍ਰਿਤ ਮਾਰਿਆ ਛਿੱਟਾ, ਛੁੱਟੀ ਸਰਬ ਲੋਕਾਈਆ । ਸਾਰੇ ਕਹੋ ਸੋਹੰ ਨਾਮ ਇਕੋ ਦਿਤਾ, ਦੂਜੀ ਕਰੇ ਨਾ ਕੋਇ ਪੜ੍ਹਾਈਆ । ਸਾਰੇ ਕਹੋ ਮਿਲਿਆ ਮਾਤਾ ਪਿਤਾ, ਗੁਰਸਿਖ ਆਪਣੀ ਗੋਦ ਬਹਾਈਆ । ਸਾਰੇ ਕਹੋ ਸਾਚਾ ਕਰੇ ਹਿੱਤਾ, ਗੁੱਸੇ ਵਿਚ ਕਦੇ ਨਾ ਆਈਆ । ਸਾਰੇ ਕਹੋ ਵਸਿਆ ਸਾਡੇ ਚਿੱਤਾ, ਚਿਤਵਿਤ ਠਗੌਰੀ ਕਦੇ ਨਾ ਪਾਈਆ । ਸਾਰੇ ਕਹੋ ਸ੍ਰੀ ਭਗਵਾਨ ਨਿੱਕਾ, ਗੁਰਮੁਖ ਵੱਡੇ ਰਿਹਾ ਬਣਾਈਆ । ਸਾਰੇ ਕਹੋ ਕਲਜੁਗ ਅੰਤਮ ਸਾਡੇ ਉਤੇ ਵਿਸਾ, ਬਾਕੀ ਸੰਗ ਨਾ ਕੋਇ ਜਣਾਈਆ । ਬਿਨ ਕੀਮਤੋਂ ਭਗਤ ਦੁਆਰੇ ਆ ਕੇ ਵਿਕਾ, ਆਪਣੀ ਕੀਮਤ ਨਾ ਕੋਇ ਜਣਾਈਆ । ਸਾਰੇ ਕਹੋ ਅਸੀਂ ਸ੍ਰੀ ਭਗਵਾਨ ਜਿੱਤਾ, ਸਾਡੇ ਹੱਥ ਵੱਡੀ ਵਡਿਆਈਆ । ਸਾਰੇ ਕਹਿਣ ਜਿੰਨਾਂ ਚਿਰ ਦੱਸ ਕੇ ਨਾ ਜਾਏ ਆਪਣਾ ਭੇਤਾ, ਭੱਜਿਆ ਜਾਣ ਕੋਇ ਨਾ ਪਾਈਆ । ਸਾਰੇ ਆਖੋ ਕਿਉਂ ਅਰਜਨ ਸੀਸ ਪੁਆਈ ਰੇਤਾ, ਤੇਗ਼ ਬਹਾਦਰ ਸੀਸ ਭੇਟ ਚੜ੍ਹਾਈਆ । ਸਾਰੇ

ਕਹੋ ਕਿਉਂ ਬਾਲੇ ਦੱਬੇ ਨੀਹਾਂ ਹੇਠਾਂ, ਕਿਉਂ ਤੀਰ ਤਲਵਾਰ ਚਮਕਾਈਆ । ਪੁਰਖ ਅਬਿਨਾਸ਼ੀ ਡਰਦਾ ਡਰਦਾ ਕਹੇ ਮੈਂ ਤੁਹਾਡਾ ਦੇਵਾਂ ਲੇਖਾ, ਪਿਛਲਾ ਮੂਲ ਚੁਕਾਈਆ । ਸਾਰੇ ਕਹੋ ਅਸੀਂ ਕੱਢਿਆ ਭਰਮ ਭੁਲੇਖਾ, ਗੋਬਿੰਦ ਮਿਲਿਆ ਸੱਚਾ ਮਾਹੀਆ । ਪਹਿਲੀ ਵਾਰ ਕਰਾਏ ਪਿਛਲਾ ਚੇਤਾ, ਅਭੁਲ ਭੁੱਲ ਕਦੇ ਨਾ ਜਾਈਆ । ਤੁਹਾਡੀ ਗੋਦੀ ਬਹਿ ਬਹਿ ਖੇਡਾ, ਪੁਰਖ ਅਕਾਲ ਨਿੱਕਾ ਹੋ ਕੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿੱਕਾ ਨਿੱਕਾ ਨੰਨ੍ਹਾ ਨੰਨ੍ਹਾ ਨਿੱਕੀ ਨਿੱਕੀ ਗੁਫ਼ਤਾਰ ਬਿਨ ਰਫ਼ਤਾਰ ਆਪ ਜਣਾਈਆ ।

ਗੁਰਸਿਖ ਰਹਿਣ ਨਾ ਦੇਵੇ ਗੰਦਾ, ਕਲ ਗੰਦਗੀ ਦਏ ਮੁਕਾਈਆ । ਅੰਦਰ ਵੜ ਗਿਆ ਫੜ ਕੇ ਨਾਮ ਰੰਦਾ, ਨਿਰਗੁਣ ਆਪਣਾ ਵੇਸ ਵਟਾਈਆ । ਬਿਨ ਬੰਦਗੀਉਂ ਬਣਾ ਦਏ ਬੰਦਾ, ਬੰਦੀਖ਼ਾਨਾ ਆਪ ਤੁੜਾਈਆ । ਗੁਰਸਿਖ ਤੈਨੂੰ ਵੇਖ ਸ਼ਰਮਾਏ ਚੌਧਵੀਂ ਚੰਦਾ, ਚੰਦ ਨੂਰ ਨਾ ਕੋਇ ਵਡਿਆਈਆ । ਕਰ ਕਿਰਪਾ ਸੀਤਲ ਧਾਰ ਕਰ ਦਏ ਠੰਡਾ, ਠੰਡਕ ਇਕ ਪੁਚਾਈਆ । ਹਰਿ ਸੰਗਤ ਵਿਚ ਰਹਿਣ ਨਾ ਦੇਵੇ ਕੋਈ ਆਂਡਾ ਗੰਦਾ, ਕੂੜੇ ਭੰਨ ਵਖਾਈਆ । ਹਰਿ ਭਗਤ ਨਾ ਰਹੇ ਰੰਡਾ, ਸੁਰਤੀ ਸ਼ਬਦ ਕਰੇ ਕੁੜਮਾਈਆ । ਹੱਥ ਵਿਚ ਫੜ ਲਏ ਸੱਚਾ ਡੰਡਾ, ਕਾਮ ਕਰੋਧ ਲੋਭ ਮੋਹ ਹੰਕਾਰ ਭੱਜਣ ਵਾਹੋ ਦਾਹੀਆ । ਨੇਤਰ ਰੋਵਣ ਸਿਰ ਦੇ ਵਾਲ ਖੋਵਣ ਕਹਿਣ ਅਸੀਂ ਸੋਹੰ ਗਾਈਏ ਛੰਦਾ, ਤੇਰੀ ਮਿਲੇ ਵਡਿਆਈਆ । ਗੁਰਸਿਖ ਸਾਨੂੰ ਲੱਗੇ ਚੰਗਾ, ਚੰਗੀ ਤਰਾ ਦਿਤਾ ਸਮਝਾਈਆ । ਜਿਸ ਨਾਤਾ ਤੋੜਿਆ ਬੱਤੀ ਦੰਦਾ, ਰਸਨਾ ਜਿਹਵਾ ਬੰਦ ਕਰਾਈਆ । ਜਿਨ੍ਹਾਂ ਨੂੰ ਪੁਰਖ ਅਕਾਲ ਮਿਲਿਆ ਨੇਤਰੋਂ ਅੰਧਾ, ਗਿਆਨ ਨੇਤਰ ਦਏ ਖੁਲ੍ਹਾਈਆ । ਅੰਦਰ ਬਾਹਰ ਗੁਪਤ ਜ਼ਾਹਰ ਏਥੇ ਓਥੇ ਨਾਲ ਹੰਢਾ, ਘੜੀ ਘੜੀ ਕੱਟ ਨਾ ਸਕੇ ਜੁਦਾਈਆ । ਕਿਉਂ ਗੁਰਸਿਖਾਂ ਕੋਲੋਂ ਮੰਗ ਕੇ ਖਾਏ ਮੰਡਾ ਮੰਡਾ, ਆਪਣੀ ਭੁੱਖ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਮਾਣ ਵਡਿਆਈਆ । ਗੁਰਸਿਖ ਤੇਰੀ ਹੂੰਜੇ ਗੰਦਗੀ, ਸ੍ਰੀ ਭਗਵਾਨ ਸੇਵ ਕਮਾਈਆ । ਦੇ ਦਰਸ ਤੇਰੀ ਪੂਰੀ ਕਰੇ ਬੰਦਗੀ, ਬੰਦਨਾ ਆਪਣੇ ਚਰਨ ਕਰਾਈਆ । ਤੁਸਾਂ ਕਿਸੇ ਦੀ ਨਾ ਕਰਨੀ ਮੁਸ਼ੰਦਗੀ, ਮੁਸ਼ਕਲ ਹੱਲ ਵਖਾਈਆ । ਇਹ ਖੇਲ ਸੂਰੇ ਸਰਬੰਗ ਦੀ, ਜੁਗ ਚੌਕੜੀ ਕਿਸੇ ਹੱਥ ਨਾ ਆਈਆ । ਇਕੋ ਰੁੱਤ ਗੁਰਮੁਖ ਤੇਰੇ ਅਨੰਦ ਦੀ, ਅਨੰਦ ਅਨੰਦ ਵਿਚ ਜਣਾਈਆ । ਗੱਠੜੀ ਚੁੱਕੇ ਤੇਰੇ ਪਾਪ ਭਾਰ ਪੰਡ ਦੀ, ਸਿਰ ਆਪਣੇ ਲਏ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਤੇਰਾ ਮੁਖੜਾ ਆਪ ਧੁਆਈਆ । ਗੁਰਸਿਖ ਗੰਦਾ ਨਾ ਹੋਵੇ ਪਲੀਤ, ਦੁਰਮੱਤ ਮੈਲ ਨਾ ਕੋਇ ਰਖਾਇੰਦਾ । ਜਿਨ੍ਹਾਂ ਸਾਹਿਬ ਮਿਲਿਆ ਅਤੀਤ, ਤ੍ਰੈਗੁਣ ਡੇਰਾ ਆਪੇ ਢਾਹਿੰਦਾ । ਅੰਦਰ ਵੜ ਕੇ ਦੱਸੇ ਰੀਤ, ਮੰਦਰ ਮਸੀਤ ਪੰਧ ਮੁਕਾਇੰਦਾ । ਅਨਹਦ ਸ਼ਬਦ ਪ੍ਰਭ ਤੋਂ ਡਰਦਾ ਗੁਰਸਿਖ ਅੰਦਰ ਮਾਰੇ ਚੀਕ, ਰੋ ਰੋ ਹਾਲ ਸੁਣਾਇੰਦਾ । ਮੈਨੂੰ ਵੀ ਤੇਰੀ ਸਦਾ ਉਡੀਕ, ਤੇਰੇ ਬਿਨਾਂ ਕੰਮ ਨਾ ਆਇੰਦਾ । ਮੈਂ ਮੰਨ ਗਿਆ ਤੂੰ ਗੁਰਮੁਖਾਂ ਮਿਲੇਂ ਠੀਕ, ਠੀਕਰ ਸਭ ਦੇ ਭੰਨ ਵਖਾਇੰਦਾ । ਗੋਬਿੰਦ ਮਿਲਣ ਦੀ ਆ ਗਈ ਤਰੀਕ, ਤਰੀਕਾ ਆਪਣਾ ਆਪ ਸਮਝਾਇੰਦਾ । ਜਿਨ੍ਹਾਂ ਨੇਤਰ ਨੈਣ ਕਰ ਦਰਸ ਪ੍ਰੇਮ ਪਿਆਲਾ ਲਾ ਕੇ ਪੀਤਾ ਝੀਕ, ਤਿਨ੍ਹਾਂ


੪੧੨
੧੩

ਉਜਲ ਮੁਖ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਤੇਰੀ ਗੰਦਗੀ ਆਪ ਧੁਆਇੰਦਾ । ਧੋਵਣ ਆਇਆ ਸੱਚਾ ਠਾਕਰ, ਨਿਰਗੁਣ ਰੂਪ ਵਟਾਈਆ । ਜਿਸ ਵਿਚ ਕੋਟਨ ਕੋਟ ਗੁਰ ਅਵਤਾਰ ਬਣਾਈਆ । ਕੁੰਦਨ ਸਿੰਘ ਤੇਰੇ ਅੰਦਰ ਵੜ ਗਿਆ ਕਾਇਆ ਗਾਗਰ, ਗਾਗਰ ਉਲਟੀ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਦੁਰਮੱਤ ਮੈਲ ਧੁਆਈਆ । ਅੰਦਰੋਂ ਧੋਵੇ ਜਾਏ ਧੁਪ, ਆਪਣੀ ਹੱਥੀਂ ਸਾਫ਼ ਕਰਾਈਆ । ਜੇ ਕੋਈ ਪੁੱਛੇ ਤਾਂ ਹੋ ਜਾਏ ਚੁੱਪ, ਰਸਨਾ ਬੋਲ ਨਾ ਕੋਇ ਸੁਣਾਈਆ । ਜੇ ਕੋਈ ਲੱਭਣ ਜਾਏ ਤਾਂ ਵੜ ਜਾਏ ਅੰਧੇਰੇ ਘੁੱਪ, ਕਾਇਆ ਕਵਰੀ ਮੁਖ ਭੁਆਈਆ । ਜੇ ਕੋਈ ਕਹੇ ਮੈਂ ਤੇਰਾ ਸੁਤ, ਪਰਗਟ ਹੋ ਕੇ ਦਰਸ ਦਿਖਾਈਆ । ਭਰੇ ਭੰਡਾਰੇ ਖ਼ਾਲੀ ਬੁੱਤ, ਨਾਮ ਧੰਨ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਆਪਣੇ ਰੰਗ ਰੰਗਾਈਆ । ਅੰਦਰ ਵੜ ਜਾਏ ਨੀਕਨ ਨੀਕਾ, ਆਪਣੀ ਖੇਲ ਕਰਾਇੰਦਾ । ਦੂਰ ਦੁਰਾਡਾ ਆਏ ਨਜ਼ਦੀਕਾ, ਨਿਜ ਘਰ ਆਪਣਾ ਫੇਰਾ ਪਾਇੰਦਾ । ਗੁਰਸਿਖ ਆਪਣੇ ਜਿਹਾ ਕੀਤਾ, ਗੁਰਮੁਖ ਕੀਤੀ ਨਾ ਕੋਇ ਉਲਟਾਇੰਦਾ । ਕਲਜੁਗ ਅੰਤਮ ਨਿਰਗੁਣ ਹੋ ਕੇ ਬਣ ਗਿਆ ਢੀਠਾ, ਬਿਨ ਸੱਦਿਆਂ ਘਰ ਘਰ ਫੇਰਾ ਪਾਇੰਦਾ । ਮਿੱਠਾ ਕੌੜਾ ਕੌੜਾ ਮਿੱਠਾ ਕਰ ਕੇ ਜਾਏ ਰੀਠਾ, ਰਸ ਇਕੋ ਇਕ ਵਖਾਇੰਦਾ । ਹਰਿਜਨ ਤੇਰਾ ਤਪੇ ਨਾ ਤੱਤ ਅੰਗੀਠਾ, ਅਗਨੀ ਅੱਗ ਬੁਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਕੰਚਨ ਰੂਪ ਵਟਾਇੰਦਾ । ਵੱਡਾ ਦਾਤਾ ਵੱਡਾ ਕੰਜੂਸ, ਹੱਥ ਨਾ ਕਿਸੇ ਆਇੰਦਾ । ਵੱਡਾ ਭੇਤੀ ਵੱਡਾ ਜਾਸੂਸ, ਘਰ ਘਰ ਵੇਖ ਵਖਾਇੰਦਾ । ਘਰ ਵਸਾਏ ਘਰ ਘਰ ਦੇਵੇ ਫੂਕ, ਅਗਨੀ ਅੱਗ ਲਗਾਇੰਦਾ । ਘਰ ਘਰ ਰੋਵੇ ਘਰ ਘਰ ਮਾਰੇ ਕੂਕ, ਘਰ ਘਰ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਗੰਢ ਨਾ ਕਦੇ ਖੁਲ੍ਹਾਇੰਦਾ । ਕੰਜੂਸ ਬਣਿਆ ਸ਼ਹਿਨਸ਼ਾਹ, ਆਪਣਾ ਭੇਵ ਨਾ ਕਿਸੇ ਜਣਾਈਆ । ਜੁਗ ਚੌਕੜੀ ਵੇਖੇ ਥਾਉਂ ਥਾਂ, ਦੋ ਜਹਾਨਾਂ ਫੇਰਾ ਪਾਈਆ । ਗੁਰ ਅਵਤਾਰਾਂ ਦੇ ਦੇ ਆਪਣਾ ਨਾਂ, ਕਿਣਕਾ ਕਿਣਕਾ ਦਿਤਾ ਵਰਤਾਈਆ । ਭੇਵ ਸਕੇ ਨਾ ਕੋਈ ਪਾ, ਹਰਿ ਜੂ ਖ਼ਜ਼ਾਨਾ ਨਾ ਕਿਸੇ ਵਖਾਈਆ । ਜੋ ਜਨ ਸਰਨੀ ਡਿਗੇ ਆ, ਤਿਸ ਖ਼ਰਚਾ ਹੱਥ ਫੜਾਈਆ । ਥੋੜਾ ਥੋੜਾ ਕਰ ਕੇ ਲੈਣਾ ਖਾ, ਬਹੁਤਾ ਮੰਗਿਆਂ ਆਦਤ ਵਿਗੜ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੰਜੂਸ ਇਕੋ ਨਜ਼ਰੀ ਆਈਆ । ਕੰਜੂਸ ਹੋਇਆ ਸਤਿਗੁਰ ਸੱਜਣ, ਆਪਣੀ ਗੰਢ ਨਾ ਕਿਸੇ ਵਖਾਇੰਦਾ । ਚਾਰੋਂ ਕੁੰਟ ਸਾਰੇ ਭੱਜਣ, ਬਣ ਪਾਂਧੀ ਪੰਧ ਨਾ ਕੋਇ ਮੁਕਾਇੰਦਾ । ਜੁਗ ਜੁਗ ਲੌਂਦਾ ਰਿਹਾ ਅਜ ਪਜਣ, ਹੇਰਾ ਫੇਰੀ ਨਾਲ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਛਲ ਅਛਲ ਖੇਲ ਵਖਾਇੰਦਾ । ਕੰਜੂਸ ਹੋ ਕੇ ਵੱਟੀ ਚੁੱਪ, ਆਪਣਾ ਹਾਲ ਨਾ ਕਿਸੇ ਜਣਾਈਆ । ਜੇ ਕੋਈ ਮੰਗਣ ਆਏ ਪਏ ਰੁੱਠ, ਆਪਣਾ ਮੁਖ ਭੁਆਈਆ । ਕਰ ਕਿਰਪਾ ਜਿਸ ਵੇਲੇ ਪਏ ਤੁਠ, ਅਨਮੰਗੀ ਦਾਤ ਦਏ ਵਰਤਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੋ ਰੱਖੀ ਘੁੱਟ, ਆਪਣੇ ਵਿਚ ਛੁਪਾਈਆ । ਉਸ ਦਾ ਕੁੰਡਾ ਦੇਵੇ ਪੁੱਟ, ਖਿੜਕੀ ਦਏ ਭੰਨਾਈਆ । ਸਾਰੀ ਸੰਗਤ ਨੂੰ ਕਹੇ ਇਕੋ ਵਾਰ ਲੈਣੀ ਲੁੱਟ, ਇਕੱਲਾ ਲੁੱਟਣ ਕੋਇ ਨਾ ਆਈਆ । ਇਕੱਲੇ ਲੁਟਿਆਂ ਪੈਂਦੀ ਫੁੱਟ, ਕੋਈ ਵੱਡਾ ਕੋਈ ਨਿੱਕਾ ਸਾਚਾ ਸੰਗ ਨਾ ਕੋਇ ਬਣਾਈਆ । ਪ੍ਰਭ ਨੂੰ ਸਾਰੇ ਇਕੋ ਜੇਹੇ ਪੁੱਤ, ਪਿਤਾ ਪੁੱਤ ਦਏ ਵਡਿਆਈਆ । ਜਾ

ਕੇ ਗੋਬਿੰਦ ਕੋਲੋਂ ਲਏ ਪੁੱਛ, ਦੇਵਣ ਆਇਆ ਸਚ ਗਵਾਹੀਆ । ਸ੍ਰੀ ਭਗਵਾਨ ਅਬਿਨਾਸ਼ੀ ਅਚੁੱਤ, ਮਾਤਰੇਆ ਹੋ ਨਾ ਕੋਇ ਵਖਾਈਆ । ਹਰਿ ਸੰਗਤ ਤੇਰੀ ਸੋਹੇ ਰੁੱਤ, ਰੁਤੜੀ ਨਾਲ ਆਪ ਮਹਿਕਾਈਆ । ਜੋ ਖ਼ਜ਼ਾਨਾ ਰੱਖਿਆ ਦੱਬ ਕੇ ਗੁੱਠ, ਛੱਬੀ ਪੋਹ ਚਾਰੇ ਗੁੱਠਾਂ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪ ਆਪਣੀ ਦਇਆ ਕਮਾਈਆ । ਕੰਜੂਸ ਵੇਖੇ ਹਰਿ ਜੂ ਸੂਮ, ਆਪਣੀ ਗੰਢ ਛੁਪਾਇੰਦਾ । ਪਹਿਲੋਂ ਗੁਰ ਅਵਤਾਰ ਪੀਰ ਪੈਗ਼ੰਬਰ ਕਰੇ ਮਹਿਰੂਮ, ਖ਼ਾਲੀ ਹੱਥ ਵਖਾਇੰਦਾ । ਅੱਗੇ ਬਣਾਏ ਫੇਰ ਸਚ ਕਾਨੂੰਨ, ਹੁਕਮ ਹਾਕਮ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਗੰਢ ਆਪ ਰਖਾਇੰਦਾ । ਉਹਦੇ ਨਾਲ ਗਿਆ ਓਹ, ਆਪਣਾ ਵਕਤ ਲੰਘਾਈਆ । ਉਹਦੇ ਨਾਲ ਮਿਲਿਆ ਓਹ, ਆਪ ਆਪਣਾ ਮੇਲ ਮਿਲਾਈਆ । ਨੇਹੋਂ ਲਗਾਇਆ ਛੱਬੀ ਪੋਹ, ਜੋ ਸ਼ੇਰ ਸਿੰਘ ਪੰਜ ਤੱਤ ਚੋਲਾ ਰਿਹਾ ਹੰਢਾਈਆ । ਆਪਣਾ ਨਾਮ ਰਖਾ ਕੇ ਆਇਆ ਸੋ, ਹੰ ਬ੍ਰਹਮ ਕਰੇ ਕੁੜਮਾਈਆ । ਹਰਿ ਸੰਗਤ ਲਈ ਲੈ ਆਇਆ ਢੋਆ ਢੋ, ਏਕਾ ਅੱਖਰ ਕਰੇ ਪੜ੍ਹਾਈਆ । ਘਰ ਘਰ ਬੀਜ ਦੇਵੇ ਬੋ, ਪੱਤ ਡਾਲੀ ਆਪ ਮਹਿਕਾਈਆ । ਧੀਆਂ ਭੈਣਾਂ ਨਾਲੋਂ ਤੋੜਿਆ ਮੋਹ, ਗੁਰਸਿਖਾਂ ਨਾਲ ਬੰਧਨ ਪਾਈਆ । ਇਨ੍ਹਾਂ ਦੀ ਆਤਮ ਗਿਆ ਛੋਹ, ਪਰਮਾਤਮ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਸ਼ੇਰ ਸਿੰਘ ਨਾ ਰਿਹਾ ਓਹ, ਆਹ ਵੇਖ ਕੀ ਕੀ ਖੇਲ ਰਚਾਈਆ । ਨਾਮ ਤਖ਼ੱਲਸ ਜਗਤ ਤਾਲਬ, ਤੁਲਬਾ ਰੂਪ ਵਟਾਈਆ । ਨਿਰਗੁਣ ਹੋ ਕੇ ਬਣੇ ਮੁਖ਼ਾਤਬ, ਸਰਗੁਣ ਸਰਬ ਗਵਾਈਆ । ਲੇਖਾ ਜਾਣੇ ਸਰਬ ਆਲਮ, ਉਲਮਾ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਖ਼ੱਲਸ ਅਸਲੀਅਤ ਵਿਚ ਪਰਗਟਾਈਆ । ਤਖ਼ੱਲਸ ਵਿਚ ਆਇਆ ਅਸਲ, ਆਸ਼ਕ ਆਪ ਜਣਾਇੰਦਾ । ਹਕੀਕਤ ਵਿਚ ਕਰਾਇਆ ਵਸਲ, ਵਜੂਦ ਨਾ ਕੋਇ ਬਣਾਇੰਦਾ । ਨਿਰਗੁਣ ਹੋ ਕੇ ਆਇਆ ਦੱਸਣ, ਸਰਗੁਣ ਆਪ ਪੜ੍ਹਾਇੰਦਾ । ਅੰਦਰ ਵੜ ਕੇ ਆਇਆ ਵਸਣ, ਆਪਣੀ ਸੇਜ ਸੁਹਾਇੰਦਾ । ਕੂੜੀ ਕਿਰਿਆ ਆਇਆ ਝੱਸਣ, ਚਰਨਾਂ ਹੇਠ ਦਬਾਇੰਦਾ । ਸੰਤ ਸੁਹੇਲੇ ਆਇਆ ਰੱਖਣ, ਸਿਰ ਆਪਣਾ ਹੱਥ ਟਿਕਾਇੰਦਾ । ਤੇਗ਼ ਬਹਾਦਰ ਬੇੜਾ ਪਾਰ ਲਗਾਇਆ ਇਕ ਮੱਖਣ, ਹਰਿ ਸੰਗਤ ਮੱਖਣ ਨਾਲੋਂ ਅੱਗੇ ਆਪ ਕਰਾਇੰਦਾ । ਅੱਗੋਂ ਕੋਈ ਨਾ ਆਏ ਡੱਕਣ, ਭੈ ਸਭ ਨੂੰ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਖ਼ੱਲਸ ਮੁਫ਼ਲਿਸ ਰੂਪ ਵਟਾਇੰਦਾ । ਤਖ਼ੱਲਸ ਹੋਏ ਜਗਤ ਮੁਫ਼ਲਸ, ਮੁਫ਼ਤ ਖ਼ੋਰਾ ਨਾਂ ਰਖਾਈਆ । ਪੰਜ ਤੱਤ ਜੋ ਕਰੇ ਉਲਫ਼ਤ, ਅਰਸ਼ ਕੁਰਸ਼ ਨਾ ਕੋਇ ਚੜ੍ਹਾਈਆ । ਪ੍ਰਭ ਨੂੰ ਕਦੇ ਨਾ ਮਿਲੇ ਫ਼ੁਰਸਤ, ਜੋ ਤੱਤਾਂ ਕਰੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਤਰਾਂ ਤਰਾਂ ਤਰਾਂ ਨਾਲ ਸਮਝਾਈਆ । ਖ਼ੁਦਾਈ ਦਾਅਵੇ ਦਾ ਦੱਸਾਂ ਹੱਕ, ਅਸਲੀਅਤ ਆਪਣੀ ਆਪ ਜਣਾਈਆ । ਜਿੰਨਾਂ ਚਿਰ ਸ਼ੇਰ ਸਿੰਘ ਬਵੰਜਾ ਸਾਲ ਬੂਟਾ ਨਾ ਗਿਆ ਪੱਕ, ਪੱਤ ਡਾਲੀ ਜਗਤ ਵਖਾਈਆ । ਸ੍ਰਿਸ਼ਟ ਸਬਾਈ ਵਿਚੋਂ ਨਾ ਗਿਆ ਅੱਕ, ਧੀਆਂ ਪੁੱਤਰ ਸੰਗ ਰਖਾਈਆ । ਓਨਾਂ ਚਿਰ ਨਿਰਗੁਣ ਰੂਪ ਨਾ ਖੋਲ੍ਹੀ ਅੱਖ, ਸਰਗੁਣ ਰੂਪ ਜਗਤ ਦਸਾਈਆ । ਵੇਲੇ ਅੰਤਮ ਕਰਿਆ ਆਪਣਾ ਪੱਖ, ਇਕੋ ਰਾਹ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ੇਰ ਸਿੰਘ ਸ਼ੇਰ ਸ਼ੇਰ ਜਣਾਈਆ । ਸ਼ੇਰ ਨਾਲ ਮਿਲਿਆ ਸਿੰਘ, ਭਗਵਾਨ ਸ਼ੇਰ ਰੂਪ ਵਟਾਈਆ ।

ਦੋਹਾਂ ਦੀ ਵੱਜੀ ਇਕੋ ਕਿੰਗ, ਮਰਦੰਗਾ ਇਕ ਸਮਝਾਈਆ । ਨਾ ਕੋਈ ਵਡਿਆਈ ਨਾ ਕੋਈ ਚਿੰਦ, ਚਿੰਤਾ ਰੂਪ ਨਾ ਕੋਇ ਵਖਾਈਆ । ਨਿਰਗੁਣ ਮੇਲਾ ਨਿਰਗੁਣ ਗੁਣੀ ਗਹਿੰਦ, ਸਰਗੁਣ ਸ਼ੇਰ ਸਿੰਘ ਨਾਤਾ ਗਿਆ ਤੁੜਾਈਆ । ਨਾ ਕੋਈ ਪਿੰਜਰਾ ਨਾ ਕੋਈ ਪਿੰਜ, ਬੰਦੀਖ਼ਾਨਾ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਦੇਵਣਹਾਰਾ ਸਾਚਾ ਹੱਕ, ਆਪੇ ਪੰਜ ਤੱਤ ਕਾਇਆ ਚੋਲਾ ਕਰੇ ਫ਼ੱਕ, ਆਪਣੀ ਹੱਥੀਂ ਕਲਮ ਫਿਰਾਈਆ । ਹੱਕ ਦੇਵੇ ਓਸੇ ਵੇਲੇ, ਜਿਸ ਵਕਤ ਦਇਆ ਕਮਾਇੰਦਾ । ਲੇਖਾ ਜਾਣ ਗੁਰੂ ਗੁਰ ਚੇਲੇ, ਚੇਲਾ ਗੁਰ ਆਪ ਹੋ ਆਇੰਦਾ । ਸਰਗੁਣ ਨਿਰਗੁਣ ਆਪੇ ਮੇਲੇ, ਮੇਲ ਮਿਲਾਵਾ ਆਪ ਵਖਾਇੰਦਾ । ਅਚਰਜ ਖੇਲ ਹਰਿ ਜੂ ਖੇਲੇ, ਖੇਲਣਹਾਰਾ ਦਿਸ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਾਇਆ ਤਨ ਦੇਵੇ ਹੱਕ ਸਰੀਰ, ਅੰਤਮ ਮੇਲਾ ਕਰੇ ਅਖ਼ੀਰ, ਅਖ਼ੀਰ ਇਕੋ ਇਕ ਵਖਾਇੰਦਾ । ਹੱਕ ਫ਼ੱਕ ਹੋਇਆ ਬੈ, ਰਹਿਣਨਾਮਾ ਨਜ਼ਰ ਕੋਇ ਨਾ ਆਈਆ । ਸ਼ੇਰ ਸਿੰਘ ਸ਼ੇਰ ਦੁਆਰੇ ਸ਼ਹਿਨਸ਼ਾਹ ਵਿਚ ਹੋਇਆ ਲੈ, ਪਿਛਲਾ ਲੇਖਾ ਗਿਆ ਮੁਕਾਈਆ । ਪਾ ਗਲਵੱਕੜੀ ਅੱਗੇ ਬਹਿ, ਆਪਣਾ ਹਾਲ ਸੁਣਾਈਆ । ਮੈਂ ਵੇਖ ਕੇ ਆਇਆ ਦੀਨ ਮਜ਼੍ਹਬ ਮਰਦੇ ਖਹਿ ਖਹਿ, ਗੁਰ ਅਵਤਾਰਾਂ ਕਰਾਈ ਲੜਾਈਆ । ਤੇਰੀ ਸਰਨੀ ਨਾ ਕੋਈ ਢਹੇ, ਕੋਈ ਰਾਮ ਕੋਈ ਕ੍ਰਿਸ਼ਨ ਕੋਈ ਮੁਹੰਮਦ ਰਿਹਾ ਧਿਆਈਆ । ਕੋਈ ਈਸਾ ਮੂਸਾ ਕਹੇ, ਉਚੀ ਕੂਕ ਕੂਕ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਆਪ ਆਪਣੇ ਨਾਲ ਮਿਲਾਈਆ ।



## ❇ ੨੮ ਪੋਹ ੨੦੧੯ ਬਿਕਰਮੀ ਹਰਿ ਭਗਤ ਦੁਆਰ ਜੇਠੂਵਾਲ ❇

ਆਈ ਘਟਾ ਵੇਖੇ ਘਟਾ, ਘਨਘੋਰ ਨਾਮ ਜਣਾਈਆ । ਨਿਰਗੁਣ ਸਰਗੁਣ ਪਿਆ ਰੱਟਾ, ਮੁਨਸਫ਼ ਨਜ਼ਰ ਕੋਇ ਨਾ ਆਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਹੋਇਆ ਖੱਟਾ, ਅੰਮ੍ਰਿਤ ਰਸ ਨਾ ਕੋਇ ਭਰਾਈਆ । ਪੀਰ ਪੈਗ਼ੰਬਰ ਫਿਰੇ ਨੱਠਾ, ਦੋਜ਼ਖ਼ ਬਹਿਸਤ ਵੇਖ ਵਖਾਈਆ । ਗੁਰ ਅਵਤਾਰ ਭੁੱਲੀ ਮੱਤਾ, ਸ੍ਰੀ ਭਗਵਾਨ ਭੈ ਜਣਾਈਆ । ਚੌਥੇ ਜੁਗ ਦਾ ਰਾਜ ਚੁਗੱਤਾ, ਚਾਰੋਂ ਕੁੰਟ ਦੁਹਾਈਆ । ਨਾ ਕੋਈ ਜਾਣੇ ਠੰਡਾ ਤੱਤਾ, ਅਗਨੀ ਪਵਣ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਟਾ ਇਕੋ ਇਕ ਚੜ੍ਹਾਈਆ । ਸਾਚੀ ਘਟਾ ਆਈ ਚੜ੍ਹ, ਚਾਰ ਕੁੰਟ ਅੰਧੇਰਾ । ਦੀਨ ਮਜ਼੍ਹਬ ਰਹੇ ਲੜ, ਕੋਈ ਨਾ ਕਹੇ ਤੂੰ ਮੇਰਾ ਮੈਂ ਤੇਰਾ । ਕਰੇ ਖੇਲ ਨਰਾਇਣ ਨਰ, ਨਿਰਗੁਣ ਰੂਪ ਨਿਰੰਕਾਰ ਸਿੰਘ ਸ਼ੇਰਾ । ਸਭ ਦੀ ਵੇਖੇ ਚੋਟੀ ਜੜ੍ਹ, ਦੋ ਜਹਾਨਾਂ ਢਾਹੇ ਢੇਰਾ । ਗੁਰਮੁਖ ਵਿਚੋਂ ਲਏ ਫੜ, ਮਿਹਰਵਾਨ ਕਰ ਕੇ ਆਪਣੀ ਮਿਹਰਾ । ਗ਼ਰੀਬ ਨਿਮਾਣਿਆਂ ਦੇਵੇ ਵਰ, ਦੇਵਣਹਾਰ ਨਾ ਲਾਏ ਦੇਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਘੁੰਮਣ ਘੋਰ ਘਟਾ, ਚਾਰੋਂ ਕੁੰਟ ਪਾਏ ਘੇਰਾ । ਘਟ ਆਏ ਰੰਗ ਕਾਲਾ, ਕਲਜੁਗ ਕੂਕ ਸੁਣਾਈਆ । ਨਵ ਨੌਂ ਹੋਏ ਬੇਹਾਲਾ, ਜੀਵ ਜੰਤ ਸਰਬ ਕੁਰਲਾਈਆ । ਸਾਧਾਂ ਸੰਤਾਂ ਹੱਡੀਂ ਲੱਗਾ ਪਾਲਾ, ਅੰਦਰੇ ਅੰਦਰ ਦੇਣ ਦੁਹਾਈਆ । ਕਿਸੇ ਨਾ ਜਾਪੇ ਹਾੜ ਸਿਆਲਾ, ਰੁਤੜੀ ਰੁੱਤ ਨਾ ਕੋਇ ਵਖਾਈਆ । ਪਵਣ ਅਗੰਮੀ ਮਾਰੇ ਉਛਾਲਾ, ਇਕੋ ਲਹਿਰ ਵਹਾਈਆ । ਸਭ ਦਾ ਅੰਤਮ ਕੱਢੇ ਦਵਾਲਾ, ਖ਼ਾਲੀ ਹੱਥ ਫਿਰਾਈਆ । ਭਣਵਈਏ

ਨਜ਼ਰ ਨਾ ਆਏ ਸਾਲਾ, ਸਗਲਾ ਸੰਗ ਨਾ ਕੋਇ ਰਖਾਈਆ । ਗੁਰ ਅਵਤਾਰਾਂ ਕੋਲੋਂ ਮੰਗੇ ਹਾਲਾ, ਪਿਛਲਾ ਲਹਿਣਾ ਆਪਣੇ ਹੱਥ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਘਟਾ ਇਕ ਚੜ੍ਹਾਈਆ । ਸਾਚੀ ਘਟਾ ਚੜ੍ਹੇ ਬਦਲ, ਹਰਿ ਬਦਲੀ ਆਪ ਕਰਾਇੰਦਾ । ਨਿਰਗੁਣ ਕਰਨ ਆਇਆ ਅਦਲ, ਅਦਾਲਤ ਇਕੋ ਇਕ ਵਖਾਇੰਦਾ । ਇਕ ਤਰਾਨਾ ਇਕੋ ਨਾਮ ਇਕੋ ਨਗ਼ਮਾ ਇਕੋ ਗ਼ਜ਼ਲ, ਗ਼ਰਜ਼ ਇਕੋ ਇਕ ਵਖਾਇੰਦਾ । ਸਭ ਦੇ ਸਿਰ ਤੇ ਕੂਕੇ ਅਜ਼ਲ, ਉਜ਼ਰ ਅੱਗੇ ਨਾ ਕੋਇ ਜਣਾਇੰਦਾ । ਮੁਰੀਦਾਂ ਉਤੇ ਮੁਰਸ਼ਦ ਕਰੇ ਫ਼ਜ਼ਲ, ਅਰਸ਼ੀ ਆਪਣੀ ਮਿਹਰ ਬਰਸਾਇੰਦਾ । ਲੱਖ ਚੁਰਾਸੀ ਹੋਏ ਪਜ਼ਲ, ਪੁਸ਼ਤ ਹੱਥ ਨਾ ਕੋਇ ਟਿਕਾਇੰਦਾ । ਬਿਨ ਹਰਿ ਭਗਤ ਕੋਈ ਨਾ ਚੜ੍ਹੇ ਸਾਚੀ ਮਜ਼ਲ, ਮੁਸ਼ਕਲ ਵਿਚ ਸਰਬ ਫਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰੋਂ ਕੁੰਟ ਘਟਾ ਇਕ ਵਖਾਇੰਦਾ । ਚਾਰੋਂ ਕੁੰਟ ਇਕੋ ਘਟ, ਘਾਟਾ ਰਹੀ ਪਾਈਆ । ਵਿਸ਼ਨ ਬ੍ਰਹਮਾ ਸ਼ਿਵ ਰਹੇ ਨੱਠ, ਲੋਆਂ ਪੁਰੀਆਂ ਫੇਰਾ ਪਾਈਆ । ਇੰਦਰ ਕਹੇ ਮੇਰਾ ਕੋਇ ਨਾ ਰਸ, ਕਰੋੜ ਛਿਆਨਵੇਂ ਮੁਖ ਭੁਆਈਆ । ਕਰੇ ਖੇਲ ਪੁਰਖ ਸਮਰਥ, ਆਪਣੇ ਨਾਮ ਕਾਂਗ ਚੜ੍ਹਾਈਆ । ਜਿਸ ਦੇ ਅੱਗੇ ਕੋਈ ਨਾ ਸਕੇ ਬਚ, ਕੋਟਨ ਕੋਟ ਇੰਦਰ ਆਪਣਾ ਆਪ ਗਏ ਰੁੜ੍ਹਾਈਆ । ਵੇਖੇ ਖੇਲ ਕਰੇ ਸਚ, ਸਾਚਾ ਰੂਪ ਆਪ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਘਟਾ ਰਿਹਾ ਵਖਾਈਆ । ਘਟਾ ਚੜ੍ਹ ਆਈ ਅਸਮਾਨ, ਜ਼ਿਮੀਂ ਖ਼ਾਕ ਨਾ ਕੋਇ ਵਖਾਇੰਦਾ । ਦੋ ਜਹਾਨ ਹੋਏ ਹੈਰਾਨ, ਹਰਿ ਜੂ ਕੀ ਕੀ ਖੇਲ ਵਖਾਇੰਦਾ । ਚੌਦਾਂ ਲੋਕ ਨਾ ਸਕੇ ਪਛਾਣ, ਚੌਦਾਂ ਤਬਕ ਨੈਣ ਸ਼ਰਮਾਇੰਦਾ । ਗੁਰ ਅਵਤਾਰ ਸੁਣਨ ਕਾਨ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਇਕੋ ਘਨਘੋਰ ਸੁਣਾਇੰਦਾ । ਪੀਰ ਪੈਗ਼ੰਬਰ ਸਰਬ ਪਛਤਾਣ, ਖਵਾਜਾ ਖ਼ਿਜ਼ਰ ਮੂੰਹ ਵਿਚ ਘਾਹ ਰਖਾਇੰਦਾ । ਦਰੋਹੀ ਖ਼ੁਦਾਏ ਦੀ ਖ਼ੁਦਾਏ ਚਾੜ੍ਹੇ ਇਕ ਤੂਫ਼ਾਨ, ਤੋਹਫ਼ਾ ਸਭ ਨੂੰ ਆਪ ਪੁਚਾਇੰਦਾ । ਕਿਸੇ ਦਾ ਰਹਿਣ ਨਾ ਦੇਵੇ ਦੀਨ ਇਸਲਾਮ, ਦੁਨੀਆਂ ਇਹਦੇ ਵਿਚ ਰੁੜ੍ਹਾਇੰਦਾ । ਦੂਜਾ ਸੁਣੇ ਨਾ ਕੋਇ ਪੈਗ਼ਾਮ, ਪੈਗ਼ੰਬਰ ਨਜ਼ਰ ਕੋਇ ਨਾ ਆਇੰਦਾ । ਸਯਦਾ ਸੀਸ ਨਾ ਕਰੇ ਕੋਇ ਸਲਾਮ, ਅਲੈਕਮ ਰੂਪ ਨਾ ਕੋਇ ਵਟਾਇੰਦਾ । ਦੋ ਜਹਾਨ ਕਰੇ ਗ਼ੁਲਾਮ, ਬੰਨ੍ਹ ਬਰਦੇ ਅੱਗੇ ਲਾਇੰਦਾ । ਇਕੋ ਮੇਘ ਬਰਸੇ ਆਣ, ਮਿਹਰਵਾਨ ਦਇਆ ਕਮਾਇੰਦਾ । ਗੁਰਸਿਖਾਂ ਹਰਸ ਮੇਟੇ ਅੰਮ੍ਰਿਤ ਦੇਵੇ ਪੀਣ ਖਾਣ, ਅਮਿਉਂ ਰਸ ਆਪ ਚੁਆਇੰਦਾ । ਜੋ ਜਨ ਸੋਹੰ ਢੋਲਾ ਗਾਣ, ਤਿਸ ਦੁਆਰੇ ਘਟਾ ਕਾਲੀ ਫੜ ਫੜ ਗੁਰਸਿਖਾਂ ਨਾਚ ਵਖਾਇੰਦਾ । ਹਰਿ ਜੂ ਹਰਿਜਨ ਕਰੇ ਪਹਿਚਾਣ, ਬੇਪਹਿਚਾਣ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਘਟਾ ਇਕੋ ਇਕ ਉਠਾਇੰਦਾ । ਉਠੀ ਘਟਾ ਚਾਰੋਂ ਦਿਸ਼ਾ, ਏਕਾ ਵਾਰ ਉਠਾਈਆ । ਨਵ ਨੌਂ ਦਾ ਇਕੋ ਹਿੱਸਾ, ਚਾਰ ਚਾਰ ਸਮਝਾਈਆ । ਚਾਰ ਚਾਰ ਦਾ ਪਿਛਲਾ ਕਿਸਾ, ਨੌਂ ਨੌਂ ਮਿਟਾਈਆ । ਦੀਨ ਦਿਆਲ ਕਿਸੇ ਨਾ ਦਿਸਾ, ਦਹਿ ਦਿਸ਼ਾ ਵੇਖੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਟਾ ਸਾਚੀ ਰਿਹਾ ਜਗਾਈਆ । ਘਟਾ ਕਹੇ ਪ੍ਰਭ ਤੇਰਾ ਖੇਲ ਅਪਾਰ, ਮੈਂ ਵੇਖ ਹੋਈ ਹੈਰਾਨਾ । ਨਿਰਗੁਣ ਸਰਗੁਣ ਤੇਰੀ ਧਾਰ, ਖੇਲੇਂ ਖੇਲ ਦੋ ਜਹਾਨਾਂ । ਗੁਰ ਗੁਰ ਰੂਪ ਲੈ ਅਵਤਾਰ, ਦੇਵੇਂ ਧੁਰ ਫ਼ਰਮਾਣਾ । ਸ਼ਬਦ ਅਗੰਮੀ ਬੋਲ ਜੈਕਾਰ, ਗਾਏ ਇਕ ਤਰਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੂ ਹੀ ਦਿਤਾ ਮੈਨੂੰ ਵਰ, ਮੈਂ ਆਪਣਾ ਹਾਲ ਸੁਣਾਨਾ । ਆਪਣਾ ਹਾਲ

੪੧੬
੧੩

ਦੱਸਾਂ ਕੀ, ਭੇਵ ਅਭੇਦ ਜਣਾਇਆ । ਧਰਨੀ ਅੰਦਰ ਮੇਰੀ ਨੀਂਹ, ਜਲ ਜਲ ਰੂਪ ਸਮਾਇਆ । ਮੇਰੀ ਉਡੀਕ ਰੱਖੇ ਸੀਂ, ਨੇਤਰ ਨੈਣ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਅੱਗੇ ਵਾਸਤਾ ਪਾਇਆ । ਪਾਣੀ ਨਾਲ ਮੇਲ ਹਵਾ, ਸਰਗੁਣ ਨਿਰਗੁਣ ਰੂਪ ਜਣਾਈਆ । ਮੇਰਾ ਉਜ਼ਰ ਨਾ ਚਲੇ ਰਵਾ, ਰਵਾਦਾਰ ਨਾ ਕੋਇ ਅਖਵਾਈਆ । ਬਾਹੋਂ ਫੜ ਲਿਆ ਉਡਾ, ਆਪਣੇ ਚਰਨ ਧਿਆਨ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਕਰਾਈਆ । ਪਾਣੀ ਮਿਲ ਹਵਾ ਧਾਰ, ਆਪਣੀ ਧਾਰ ਜਣਾਇੰਦਾ । ਰਾਹ ਤੱਕਾਂ ਤੇਰਾ ਸਾਚੇ ਯਾਰ, ਨੇਤਰ ਨੈਣ ਕੁਰਲਾਇੰਦਾ । ਧਰਨੀ ਧਵਲ ਤੋਂ ਆਈ ਬਾਹਰ, ਪੈਂਡਾ ਪੰਧ ਨਾ ਕੋਇ ਮੁਕਾਇੰਦਾ । ਉਤੇ ਆ ਬਦਲੀ ਮੇਰੀ ਨੁਹਾਰ, ਨਿਰਗੁਣ ਸਰਗੁਣ ਰੂਪ ਧਰਾਇੰਦਾ । ਕਾਲੇ ਬਾਦਲ ਹੋ ਤਿਆਰ, ਅਦਲ ਬਦਲ ਬਦਲ ਅਦਲ ਆਪਣੀ ਖੇਲ ਜਣਾਇੰਦਾ । ਅੰਦਰ ਭਰਿਆ ਇਕ ਭੰਡਾਰ, ਰਸ ਨਜ਼ਰ ਕਿਸੇ ਨਾ ਆਇੰਦਾ । ਹੁਕਮੇ ਅੰਦਰ ਹੋ ਤਿਆਰ, ਨਾ ਜ਼ਿਮੀ ਨਾ ਅਸਮਾਨ, ਅੰਦਰੇ ਅੰਦਰ ਆਪਣਾ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪਣੇ ਦਰ, ਘਰ ਸਾਚੇ ਆਪ ਕਰਾਇੰਦਾ । ਹਵਾ ਪਾਣੀ ਬਾਦਲ ਰੂਪ, ਏਕਾ ਏਕ ਜਣਾਈਆ । ਕਰੇ ਖੇਲ ਸਤਿ ਸਰੂਪ, ਸਤਿ ਸਤਿ ਵਡਿਆਈਆ । ਲੇਖਾ ਜਾਣੇ ਚਾਰ ਕੂਟ, ਦਹਿ ਦਿਸ਼ਾ ਰੰਗ ਚੜ੍ਹਾਈਆ । ਸ਼ਹਿਨਸ਼ਾਹ ਹਰਿ ਭੂਪਨ ਭੂਪ, ਰਾਜਨ ਰਾਜ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਵਾ ਪਾਣੀ ਮਿਲ ਕੇ ਬਾਦਲ, ਬਾਦਲ ਘਟਾ ਰੂਪ ਵਟਾਈਆ । ਮੈਂ ਘਟਾ ਨਿਮਾਣੀ ਕੋਝੀ ਕਮਲੀ, ਤੇਰੇ ਚਲਾਂ ਹੁਕਮ ਰਜ਼ਾਈਆ । ਤੇਰੇ ਹੁਕਮ ਉਤੇ ਕਰਾਂ ਅਮਲੀ, ਇਕੋ ਅਮਲ ਝੋਲੀ ਪਾਈਆ । ਬਿਰਹੋਂ ਵੈਰਾਗਣ ਹੋਈ ਬਵਲੀ, ਕੂਕ ਕੂਕ ਸੁਣਾਈਆ । ਨੇਤਰ ਰੋਵਾਂ ਲੱਭਾਂ ਸਾਵਲ ਸਵਲੀ, ਸਾਵਲ ਸ਼ਾਹ ਦਏ ਵਡਿਆਈਆ । ਗਰਜ਼ ਗਰਜ਼ ਕੇ ਹੋਵਾਂ ਕਮਲੀ, ਮਧ ਮਤੀ ਦੇਵਾਂ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰਾ ਵਿਛੋੜਾ ਰਿਹਾ ਸਤਾਈਆ । ਤੇਰੇ ਵਿਛੋੜੇ ਮਾਰੀ ਤੇਗ, ਮੇਰਾ ਦੁੱਖ ਵਧਾਇਆ । ਜੇ ਨੇਤਰ ਰੋਵਾਂ ਤੇ ਲੋਕੀ ਕਹਿਣ ਮੇਘ, ਮੇਰਾ ਦੁੱਖ ਨਾ ਕਿਸੇ ਮਿਟਾਇਆ । ਮੈਂ ਤੇਰਿਆਂ ਜੀਵਾਂ ਜੰਤਾਂ ਮਿਟਾਵਾਂ ਅਗਨੀ ਸੇਕ, ਮੇਰੀ ਅੱਗ ਨਾ ਕੋਇ ਬੁਝਾਇਆ । ਮੈਂ ਘੱਟੇ ਮਿੱਟੀ ਮੇਟਾਂ ਰੇਖ, ਉਪਰ ਠੰਡੀ ਧਾਰ ਵਹਾਇਆ । ਤੂੰ ਬੇਪਰਵਾਹ ਨਜ਼ਰ ਨਾ ਅਇਉਂ ਨੇਤਨ ਨੇਤ, ਨਿਤ ਨਿਤ ਆਪਣਾ ਮੁਖ ਭੁਆਇਆ । ਮੈਂ ਸੁੱਕੇ ਕਰਾਂ ਹਰੇ ਖੇਤ, ਤੂੰ ਮੇਰੀ ਖੇਤੀ ਰਿਹੋਂ ਸੁਕਾਇਆ । ਪ੍ਰਭੂ ਇਕ ਵਾਰ ਵੇਖ, ਮੈਂ ਤੇਰੇ ਬਿਨ ਦਿਵਸ ਰੈਣ ਰਹੀ ਕੁਰਲਾਇਆ । ਸ੍ਰੀ ਭਗਵਾਨ ਕਹੇ ਨੇੜੇ ਔਂਦਾ ਪਹਿਲੀ ਚੇਤ, ਤੇਰਾ ਦੁੱਖੜਾ ਦਏ ਮਿਟਾਇਆ । ਆਪਣੇ ਪੱਲੂ ਲਏ ਲਪੇਟ, ਫੜ ਆਪਣੀ ਗੋਦ ਬਹਾਇਆ । ਤੇਰਾ ਸੋਹਣਾ ਮੁਖੜਾ ਲਏ ਵੇਖ, ਮੁਖ ਨਕਾਬ ਉਤੋਂ ਉਠਾਇਆ । ਫੇਰ ਦੱਸੇ ਆਪਣਾ ਲੇਖ, ਨਿਰਗੁਣ ਕੀ ਕੀ ਖੇਲ ਕਰਾਇਆ । ਆਦਿ ਜੁਗਾਦਿ ਜੋ ਰਹੇ ਹਮੇਸ਼, ਜੁਗਾ ਜੁਗੰਤਰ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਟਾ ਕਾਲੀ ਦਏ ਜਣਾਇਆ । ਘਟਾ ਕਾਲੀ ਲੈ ਅੰਗੜਾਈ, ਚਾਰੋਂ ਕੁੰਟ ਨੈਣ ਉਠਾਇਆ । ਧੰਨ ਭਾਗ ਮੇਰੀ ਕੀਤੀ ਘਾਲ ਪ੍ਰਭ ਥਾਏਂ ਪਾਈ, ਵੇਲਾ ਨੇੜੇ ਆਇਆ । ਮੈਂ ਨਿਉਂ ਨਿਉਂ ਲਾਗਾਂ ਪਾਈਂ, ਪ੍ਰਭ ਆਪਣਾ ਲਵਾਂ ਮਨਾਇਆ । ਗਲ ਮਿਲਾਂ ਚੁੱਕ ਕੇ ਦੋਵੇਂ ਬਾਹੀਂ, ਆਪਣਾ ਦੁੱਖ ਮਿਟਾਇਆ । ਢਹਿ ਚਰਨੀਂ ਕਹਾਂ ਤੂੰ ਮੇਰਾ ਸਾਈਂ,

ਤੁਧ ਬਿਨ ਸਾਹਿਬ ਨਜ਼ਰ ਕੋਇ ਨਾ ਆਇਆ । ਹੋਏਂ ਸਹਾਈ ਸਭਨੀ ਥਾਈਂ, ਘਟ ਘਟ ਤੇਰਾ ਰੂਪ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਸਿਖਿਆ ਰਿਹਾ ਦ੍ਰਿੜਾਇਆ । ਘਟਾ ਕਾਲੀ ਹੋਈ ਉਚੀ, ਆਪਣੀ ਅੱਡੀ ਰਹੀ ਉਠਾਈਆ । ਪ੍ਰਭ ਨਾਲ ਮੇਰੀ ਲੱਗੀ ਰੁਚੀ, ਪਿਛਲਾ ਧਿਆਨ ਮੁਕਾਈਆ । ਮੈਂ ਹੁਣ ਹੋਣ ਵਾਲੀ ਸੁੱਚੀ, ਕਲਜੁਗ ਚੌਥੇ ਆਪਣਾ ਨਹਾਵਣ ਨਹਾਈਆ । ਸਤਿਜੁਗ ਤ੍ਰੇਤਾ ਦੁਆਪਰ ਮੈਂ ਬਣੀ ਰਹੀ ਕੰਨਾਂ ਤੋਂ ਬੁੱਚੀ, ਮੇਰੇ ਨੱਕ ਨੱਥ ਸੁਹਾਗ ਕਿਸੇ ਨਾ ਪਾਈਆ । ਜਿਧਰ ਗਈ ਦੇਵਤਿਆਂ ਫੜ ਫੜ ਕੁੱਟੀ, ਖ਼ਵਾਜਾ ਖ਼ਿਜ਼ਰ ਮਗਰ ਮਤਿਹਰਾ ਰਿਹਾ ਲਗਾਈਆ । ਸਾਧਾਂ ਸੰਤਾਂ ਮੇਰੀ ਮੀਢੀ ਪੁੱਟੀ, ਖੁੱਲ੍ਹੀ ਗੁੱਤ ਵਖਾਈਆ । ਮੈਂ ਹੁਣ ਹੋ ਕੇ ਜਾਵਾਂ ਬਲਵਾਨ ਸਾਹਿਬ ਕੋਲੋਂ ਲਵਾਂ ਛੁੱਟੀ, ਗੱਲ ਪੱਲੂ ਵਾਸਤਾ ਪਾਈਆ । ਤੇਰੀ ਲੱਖ ਚੁਰਾਸੀ ਜੋ ਅੰਗੂਰੀ ਫੁੱਟੀ, ਮੈਂ ਪਾਣੀ ਦਿਤਾ ਥਾਉਂ ਥਾਈਆ । ਤੂੰ ਵੇਖ ਅੱਖੀਂ ਸਾਰੀ ਹੋਈ ਖੋਟੀ, ਕਰਮ ਕਾਂਡ ਨਾ ਕੋਇ ਚਤੁਰਾਈਆ । ਕਿਸੇ ਸੂਰ ਕਿਸੇ ਗਾਂ ਦੀ ਖਾਦੀ ਬੋਟੀ, ਕੋਈ ਹੱਡੀਆਂ ਰਿਹਾ ਚਬਾਈਆ । ਬਿਨ ਤੇਰਿਆਂ ਭਗਤਾਂ ਕੋਈ ਨਾ ਚੜ੍ਹਿਆ ਤੇਰੀ ਚੋਟੀ, ਸਾਰੇ ਰੋਵਣ ਦੇਣ ਦੁਹਾਈਆ । ਮੈਂ ਤੇਰੇ ਹੁਕਮੇ ਅੰਦਰ ਖੜੀ ਖਲੋਤੀ, ਆਪਣੀ ਝੋਲੀ ਅੱਗੇ ਡਾਹੀਆ । ਤੇਰੇ ਹੁਕਮੇ ਅੰਦਰ ਮੈਂ ਸਭ ਦੇ ਹੱਥੋਂ ਖੋਹਣੀ ਰੋਟੀ, ਭੁੱਖਿਆਂ ਦੇਵਾਂ ਮਰਾਈਆ । ਸ਼ਾਹ ਸੁਲਤਾਨਾਂ ਤੇੜ ਵਖਾਵਾਂ ਇਕ ਲੰਗੋਟੀ, ਸੀਸ ਤਾਜ ਨਾ ਕੋਇ ਟਿਕਾਈਆ । ਬੇਸ਼ਕ ਮੈਂ ਤੇਰੇ ਦਰ ਤੇ ਛੋਟੀ, ਬਾਕੀ ਸਭ ਦੀ ਜੜ੍ਹ ਉਖੜਾਈਆ । ਮੇਰੀ ਧਾਰ ਇਕੋ ਬਹੁਤੀ, ਸਮੁੰਦ ਸਾਗਰ ਕੋਇ ਰਹਿਣ ਨਾ ਪਾਈਆ । ਕਰ ਕਿਰਪਾ ਤੂੰ ਦੇ ਆਪਣੀ ਜੋਤੀ, ਜਿਸ ਜੋਤ ਨਾਲ ਕਰੇਂ ਰੁਸ਼ਨਾਈਆ । ਪੁਰਖ ਅਬਿਨਾਸ਼ੀ ਇਸ਼ਾਰਾ ਕਰੇ ਨਾਲ ਸੋਟੀ, ਉਂਗਲਾਂ ਨਾਲ ਸਮਝਾਈਆ । ਮਾਰ ਹੁਲਾਰਾ ਸਭ ਦੇ ਤੇੜੋਂ ਲਾਹ ਦੇ ਧੋਤੀ, ਕੁੱਲ੍ਹਾ ਸਿਰ ਰਹਿਣ ਨਾ ਪਾਈਆ । ਕਿਸੇ ਦੀ ਬਣੀ ਰਹੇ ਨਾ ਕੋਠੀ, ਮੰਦਰਾਂ ਵਿਚ ਨਾ ਕੋਇ ਵਸਾਈਆ । ਕਿਸੇ ਦੇ ਹੱਥ ਨਾ ਰਹਿ ਜਾਏ ਪੋਥੀ, ਬਗ਼ਲ ਕੁਰਾਨ ਨਾ ਕੋਇ ਟਿਕਾਈਆ । ਚੌਦਾਂ ਵਿਦਿਆ ਕਰ ਦੇ ਥੋਥੀ, ਘਰ ਘਰ ਪਏ ਲੜਾਈਆ । ਪਵਣ ਪਾਣੀ ਤੇਰੀ ਇਕ ਅਹੂਤੀ, ਹਰਿ ਜੂ ਦਏ ਵਖਾਈਆ । ਪੈਰੀਂ ਨਾ ਪੌਣੀ ਜੁੱਤੀ, ਨੰਗੀ ਪੈਰੀਂ ਸੇਵਾ ਲਾਈਆ । ਵੇਖੀਂ ਹੁਣ ਨਾ ਰਹਿ ਜਾਈਂ ਸੁੱਤੀ, ਹਰਿ ਜੂ ਸੁੱਤਿਆਂ ਰਿਹਾ ਜਗਾਈਆ । ਕਲਜੁਗ ਕੂੜੀ ਕਿਰਿਆ ਕੁੱਤੀ, ਭੌਂਕੇ ਵਾਹੋ ਦਾਹੀਆ । ਪੁਰਖ ਅਬਿਨਾਸ਼ੀ ਇਕੋ ਸ਼ੌਂਕੀ, ਸ਼ੌਂਕ ਗੁਰਸਿਖਾਂ ਨਾਲ ਹੰਢਾਈਆ । ਆਪਣੀ ਘਟਾ ਵਿਚੋਂ ਅੰਮ੍ਰਿਤ ਮੇਘ ਇਕ ਤਰੌਂਕੀ, ਮੇਰੇ ਭਗਤਾਂ ਸੀਸ ਛਹਿਬਰ ਲਾਈਆ । ਓਨ੍ਹਾਂ ਦੇ ਚਰਨਾਂ ਜਾ ਕੇ ਪਹੁੰਚੀਂ, ਆਪਣੀ ਭੁੱਲ ਬਖ਼ਸ਼ਾਈਆ । ਭਗਤੋ ਮੈਂ ਤੁਹਾਡੇ ਬਿਨਾ ਰਹੀ ਔਂਤੀ, ਔਂਤਰਾਪਨ ਵਖਾਈਆ । ਮੈਂ ਤੁਹਾਡਾ ਸਾਹਿਬ ਵੇਖ ਕੇ ਆਈ ਬੇਪਰਵਾਹ ਵੱਡਾ ਜੌਕੀ, ਜ਼ੇਰ ਜ਼ਬਰ ਆਪਣਾ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਘਟਾ ਦਏ ਸਮਝਾਈਆ । ਘਟਾ ਕਹੇ ਪ੍ਰਭ ਤੇਰੀ ਘਾਟੀ, ਮੋਹੇ ਨਜ਼ਰ ਨਾ ਆਈਆ । ਜੁਗ ਚੌਕੜੀ ਮੈਂ ਕੱਟਦੀ ਰਹੀ ਵਾਟੀ, ਰੂਪ ਅਨੂਪ ਧਰਾਈਆ । ਕ੍ਰਿਸ਼ਨ ਬਣਿਆ ਗਵਾਲਿਆਂ ਸਾਥੀ, ਗਵਰਧਨ ਆਪਣੀ ਉਂਗਲੀ ਉਠਾਈਆ । ਬਾਲਿਆਂ ਕਰਦਾ ਰਿਹਾ ਰਾਖੀ, ਸੇਵਾ ਸਚ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਸਦ ਆਪਣੇ ਹੱਥ ਰੱਖੇ ਵਡਿਆਈਆ । ਸੇਵਾ ਅੰਦਰ ਸੁਤ ਦੁਲਾਰਾ, ਹਰਿ ਸ਼ਬਦੀ ਸ਼ਬਦ ਲਗਾਇਆ । ਸੇਵਾ ਅੰਦਰ ਵਿਸ਼ਨ ਬ੍ਰਹਮਾ ਸ਼ਿਵ ਕਰ ਤਿਆਰਾ, ਸਾਚਾ ਹੁਕਮ

ਜਣਾਇਆ । ਸੇਵਾ ਅੰਦਰ ਰਜੋ ਤਮੋ ਸਤੋ ਭਰ ਭੰਡਾਰਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਬੰਧਨ ਪਾਇਆ । ਸੇਵਾ ਅੰਦਰ ਲੱਖ ਚੁਰਾਸੀ ਬਣ ਵਣਜਾਰਾ, ਅੰਡਜ ਜੇਰਜ ਉਤਭੁਜ ਸੇਤਜ ਰੂਪ ਧਰਾਇਆ । ਸੇਵਾ ਵਿਚ ਨਿਰਗੁਣ ਸਰਗੁਣ ਖੇਲ ਕਰ ਨਿਰਗੁਣ ਚੋਲਾ, ਸਰਗੁਣ ਆਪ ਹੰਢਾਇਆ । ਸੇਵਾ ਅੰਦਰ ਨਾਮ ਨਿਧਾਨ ਅਗੰਮੀ ਬੋਲਾ, ਧੁਰ ਫ਼ਰਮਾਣਾ ਰਾਗ ਸੁਣਾਇਆ । ਸੇਵਾ ਅੰਦਰ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵਾਰੋ ਵਾਰੀ ਖੋਲ੍ਹਾ, ਦੋ ਜਹਾਨਾਂ ਵੇਖ ਵਖਾਇਆ । ਸੇਵਾ ਅੰਦਰ ਬ੍ਰਹਿਮੰਡ ਖੰਡ ਪੁਰੀਆਂ ਲੋਆਂ ਜਣਾਇਆ ਹੋਲਾ, ਆਪਣਾ ਰੰਗ ਰੰਗਾਇਆ । ਸੇਵਾ ਅੰਦਰ ਅੰਮ੍ਰਿਤ ਭਰਿਆ ਨਾਭ ਕੌਲਾ, ਰਸ ਇਕੋ ਇਕ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੇਵਾ ਸਚ ਆਪ ਜਣਾਇਆ । ਸੇਵਾ ਅੰਦਰ ਗੁਰ ਅਵਤਾਰ, ਜੁਗ ਜੁਗ ਆਪ ਘਲਾਈਆ ਸੇਵਾ ਅੰਦਰ ਵੇਦ ਚਾਰ, ਸ਼ਾਸਤਰ ਸਿਮਰਤ ਨਾਲ ਮਿਲਾਈਆ । ਸੇਵਾ ਅੰਦਰ ਗੀਤਾ ਗਿਆਨ, ਅੱਠ ਦਸ ਕਰੇ ਪੜ੍ਹਾਈਆ । ਸੇਵਾ ਅੰਦਰ ਭਗਤ ਭਗਵਾਨ ਗਾਣ, ਆਤਮ ਪਰਮਾਤਮ ਧਿਆਨ ਲਗਾਈਆ । ਸੇਵਾ ਅੰਦਰ ਪੀਰ ਪੈਗ਼ੰਬਰ ਕੁਰਲਾਣ, ਕਲਮਾ ਨਬੀ ਸਿਫ਼ਤ ਸਾਲਾਹੀਆ । ਸੇਵਾ ਅੰਦਰ ਅੰਜੀਲ ਕੁਰਾਨ, ਚੌਦਾਂ ਤਬਕ ਭੱਜਣ ਵਾਹੋ ਦਾਹੀਆ । ਸੇਵਾ ਅੰਦਰ ਜ਼ਿਮੀਂ ਅਸਮਾਨ, ਬੈਠੇ ਸੀਸ ਝੁਕਾਈਆ । ਸੇਵਾ ਅੰਦਰ ਸੂਰਜ ਚੰਨ ਤਾਰਾ ਮੰਡਲ ਖ਼ਾਕ ਰਹੇ ਛਾਣ, ਆਪਣਾ ਬਲ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਆਪ ਲਗਾਈਆ । ਸੇਵਾ ਅੰਦਰ ਲੋਕ ਪਰਲੋਕ, ਅਵਣ ਗਵਣ ਆਪ ਜਣਾਇੰਦਾ । ਸੇਵਾ ਅੰਦਰ ਸਚ ਸਲੋਕ, ਆਦਿ ਜੁਗਾਦਿ ਰਾਗ ਸੁਣਾਇੰਦਾ । ਸੇਵਾ ਅੰਦਰ ਬਣਵਾਏ ਕਿਲੇ ਕੋਟ, ਭੇਵ ਅਭੇਦ ਜਣਾਇੰਦਾ । ਸੇਵਾ ਅੰਦਰ ਲਗਾਏ ਸਾਚੀ ਚੋਟ, ਨਾਮ ਨਗਾਰਾ ਇਕ ਉਠਾਇੰਦਾ । ਸੇਵਾ ਅੰਦਰ ਨਿਰਮਲ ਜੋਤ, ਦੀਪਕ ਘਰ ਘਰ ਆਪ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਇਕ ਰਖਾਇੰਦਾ । ਸੇਵਾ ਅੰਦਰ ਸਿੰਘ ਸਿੰਘਾਸਣ, ਸ਼ਹਿਨਸ਼ਾਹ ਵਖਾਈਆ । ਸੇਵਾ ਅੰਦਰ ਇੰਦ ਇੰਦਰਾਸਣ, ਬੈਠੇ ਧਿਆਨ ਲਗਾਈਆ । ਸੇਵਾ ਅੰਦਰ ਮੰਡਲ ਰਾਸਣ, ਗੋਪੀ ਕਾਹਨ ਨਾਚ ਨਚਾਈਆ । ਸੇਵਾ ਅੰਦਰ ਪ੍ਰਿਥਮੀ ਆਕਾਸ਼ਨ, ਗਗਨ ਮੰਡਲ ਰਿਹਾ ਭੁਆਈਆ । ਸੇਵਾ ਅੰਦਰ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਵਖਾਈਆ । ਸੇਵਾ ਅੰਦਰ ਗਹਿਰ ਗੰਭੀਰ, ਗੁਣ ਕਰਤਾ ਖੇਲ ਕਰਾਇੰਦਾ । ਸੇਵਾ ਅੰਦਰ ਲੱਗਾ ਲੱਖ ਚੁਰਾਸੀ ਤਨ ਸਰੀਰ, ਬਿਨ ਸੇਵਾ ਖ਼ਾਲੀ ਨਜ਼ਰ ਕੋਇ ਨਾ ਆਇੰਦਾ । ਸੇਵਾ ਕਰੇ ਸ਼ਾਹ ਹਕੀਰ, ਬੇਨਜ਼ੀਰ ਰਾਹ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਇਕੋ ਇਕ ਵਖਾਇੰਦਾ । ਸਾਚੀ ਸੇਵਾ ਜਗਤ ਜੁਗ, ਜਗ ਜੀਵਣ ਦਾਤਾ ਆਪ ਜਣਾਈਆ । ਲੱਖ ਚੁਰਾਸੀ ਵਿਚੋਂ ਭਗਤ ਚੁਗ, ਆਪਣਾ ਭੇਵ ਖੁਲ੍ਹਾਈਆ । ਜਨਮ ਕਰਮ ਦਾ ਕੱਟ ਰੋਗ, ਚਿੰਤਾ ਸੋਗ ਗਵਾਈਆ । ਸਾਚੀ ਸੇਵਾ ਦੇਵੇ ਆਪਣਾ ਨਾਮ ਜੋਗ, ਜੁਗਤੀ ਹੱਥ ਫੜਾਈਆ । ਮੇਲ ਮਿਲਾ ਨਿਰਮਲ ਜੋਤ, ਜੋਤੀ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਦਏ ਵਡਿਆਈਆ । ਸਾਚੀ ਸੇਵਾ ਸਾਚੀ ਧਾਰ, ਹਰਿ ਕਰਤਾ ਆਪ ਜਣਾਇੰਦਾ । ਸਾਚੀ ਸੇਵਾ ਸਤਿਗੁਰ ਪਿਆਰ, ਦੂਜਾ ਰਾਹ ਨਾ ਕੋਇ ਵਖਾਇੰਦਾ । ਸਾਚੀ ਸੇਵਾ ਧੂੜੀ ਛਾਰ, ਮਸਤਕ ਟਿੱਕਾ ਇਕ ਵਖਾਇੰਦਾ । ਸਾਚੀ ਸੇਵਾ ਹਰਿ ਨਿਮਸਕਾਰ, ਨਿਉਂ ਨਿਉਂ ਸੀਸ ਝੁਕਾਇੰਦਾ । ਸਾਚੀ ਸੇਵਾ ਆਤਮ ਪਰਮਾਤਮ ਪਿਆਰ, ਪਰਮ ਪੁਰਖ ਰੰਗ ਵਖਾਇੰਦਾ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਇਕ ਜਣਾਇੰਦਾ । ਸਾਚੀ ਸੇਵਾ ਸ਼ਬਦ ਵਿਚੋਲਾ, ਹਰਿ ਸਤਿਗੁਰ ਆਪ ਜਣਾਈਆ । ਜਿਸ ਪਰਦੇ ਅੰਦਰ ਪੁਰਖ ਅਕਾਲ ਕੀਤਾ ਉਹਲਾ, ਉਹ ਪਰਦਾ ਪੂਰਨ ਰੂਪ ਵਟਾਈਆ । ਜਿਸ ਦੇ ਅੰਦਰ ਵਸੇ ਮੌਲਾ, ਮੌਲਿਆ ਹਰ ਘਟ ਥਾਈਆ । ਲਾ ਸੇਵਾ ਤੁਹਾਡੇ ਪਿਛੇ ਪਾਏ ਰੌਲਾ, ਊਚੀ ਕੂਕ ਕੂਕ ਸੁਣਾਈਆ । ਸੇਵਾ ਪਿਛੇ ਕਰੇ ਪੂਰਾ ਕੀਤਾ ਕੌਲਾ, ਗੋਬਿੰਦ ਆਪਣਾ ਰੂਪ ਵਖਾਈਆ । ਸੇਵਾ ਪਿਛੇ ਤੁਹਾਡਾ ਭਾਰ ਕਰਿਆ ਹੌਲਾ, ਬੱਚੇ ਨੀਹਾਂ ਹੇਠ ਦਬਾਈਆ । ਸੇਵਾ ਪਿਛੇ ਪਰਗਟ ਹੋਇਆ ਉਪਰ ਧੌਲਾ, ਨਿਰਗੁਣ ਸਰਗੁਣ ਭੇਵ ਚੁਕਾਈਆ । ਸੇਵਾ ਪਿਛੇ ਸਤਿ ਦੁਆਰਾ ਖੋਲ੍ਹਾ, ਭਗਤ ਭਗਵਾਨ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਇਕੋ ਇਕ ਕਰਾਈਆ । ਸਾਚੀ ਸੇਵਾ ਕਰ ਸੰਸਾਰ, ਸੇਵਾ ਨਜ਼ਰ ਕਿਸੇ ਨਾ ਆਈਆ । ਸਾਚੀ ਸੇਵਾ ਭਗਤਾਂ ਦਏ ਆਧਾਰ, ਭਗਵਨ ਹੋ ਸਹਾਈਆ । ਸਾਚੀ ਸੇਵਾ ਕਰੇ ਹਰਿ ਕਰਤਾਰ, ਕਰਨੀ ਕਰਤਾ ਆਪ ਕਮਾਈਆ । ਸੇਵਾ ਅੰਦਰ ਗ਼ਰੀਬ ਨਿਮਾਣਿਆਂ ਦਾ ਚੁੱਕਿਆ ਭਾਰ, ਥਲਾਂ ਵਿਚ ਫੇਰਾ ਪਾਈਆ । ਜਲਾਂ ਵਿਚ ਫਿਰੇ ਸਚਖੰਡ ਦਾ ਸਾਚਾ ਯਾਰ, ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਸੇਵਾ ਆਪੇ ਲਾਈਆ । ਸੇਵਾ ਕਰ ਕਰ ਗਿਆ ਥੱਕ, ਗੁਰਸਿਖ ਤੇਰੀ ਘਾਲ ਕਮਾਈਆ । ਕਰ ਖੇਲ ਪੁਰਖ ਸਮਰਥ, ਇੱਟਾਂ ਰੋੜੇ ਪੱਥਰਾਂ ਸੇਜ ਬਣਾਈਆ । ਉਤੇ ਪੂਰਨ ਪਰਮੇਸ਼ਵਰ ਦਿਤਾ ਰੱਖ, ਪੰਜ ਤੱਤ ਹੱਡੀਆਂ ਰਿਹਾ ਦਬਾਈਆ । ਹਰਿ ਸੰਗਤ ਦਿਤਾ ਦੱਸ, ਸਤਿਗੁਰ ਪੂਰਾ ਗੁਰਸਿਖਾਂ ਭਾਰ ਕਿਵੇਂ ਸਿਰ ਉਠਾਈਆ । ਦੁੱਖ ਅੰਦਰ ਰਿਹਾ ਨੱਠ, ਸੁਖ ਰੂਪ ਵਟਾਈਆ । ਨਾਲੇ ਰੋਵੇ ਨਾਲੇ ਰਿਹਾ ਹੱਸ, ਆਪਣਾ ਖੇਲ ਜਣਾਈਆ । ਕਿਉਂ ਹੋ ਅਧੀਨ ਹੋਇਆ ਭਗਤਾਂ ਵਸ, ਆਪਣਾ ਆਪ ਗਵਾਈਆ । ਪਿਆਰ ਅੰਦਰ ਗਿਆ ਫਸ, ਹਰਿ ਜੂ ਆਪਣਾ ਘਰ ਤਜਾਈਆ । ਜਿਧਰ ਚਾਹੋ ਓਧਰ ਦਿਓ ਧੱਕ, ਧੱਕਾ ਮਗਰੋਂ ਲਾਈਆ । ਹੂੰਗਦੇ ਹਾਂਗਦੇ ਨੂੰ ਮੰਜੀ ਉਤੇ ਦਿਓ ਸੱਟ, ਆਪ ਗੂੜ੍ਹੀ ਨੀਂਦ ਸੌਂ ਜਾਈਆ । ਤੁਹਾਡੇ ਸੁਤਿਆਂ ਉਹ ਤੁਹਾਡੇ ਮੇਟੇ ਫੱਟ, ਪਿਛਲਾ ਦੁੱਖ ਗਵਾਈਆ । ਤਾਪ ਸਰਾਫ ਨਾ ਕੋਈ ਤੱਤ, ਦੁੱਖ ਦਰਦ ਨਾ ਕੋਇ ਰਖਾਈਆ । ਗਲ ਵਿਚ ਜੋ ਦਿਤੀ ਗੱਠ, ਜਮ ਕੀ ਫ਼ਾਸੀ ਦਿਤੀ ਕਟਾਈਆ । ਗੁਰਸਿਖੋ ਤੁਹਾਡੇ ਸਾਮਣੇ ਮੰਜੀ ਉਤੇ ਢੱਠ, ਤੁਹਾਡਾ ਬਿਸਤਰਾ ਉਤੇ ਦਿਤਾ ਲਗਾਈਆ । ਜੇ ਓਸ ਵੇਲੇ ਤੁਹਾਨੂੰ ਸੱਚੀ ਦੇਂਦਾ ਦੱਸ, ਤੁਹਾਡੀ ਖ਼ੁਸ਼ੀ ਤੁਹਾਡੇ ਵਿਚ ਵਸ ਨਾ ਕੋਇ ਕਰਾਈਆ । ਏਹੋ ਵਲ ਛਲ ਖੇਲ ਪੁਰਖ ਸਮਰਥ, ਅੰਦਰੋਂ ਹੋਰ ਤੇ ਬਾਹਰੋਂ ਹੋਰ, ਗੁੱਸਿਆਂ ਨਾਲ ਡਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖੋ ਤੁਹਾਡੀ ਸੇਵਾ ਇਕੋ ਵਾਰ ਝੋਲੀ ਪਾਈਆ । ਬਖ਼ਸ਼ਿਸ਼ ਕਰ ਕਰੇ ਬਖ਼ਸ਼ੀਸ਼, ਪਿਛਲੀ ਭੁੱਲ ਬਖ਼ਸ਼ਾਈਆ । ਅੱਗੇ ਦੇਵੇ ਇਕ ਅਸੀਸ, ਗੁਰਸਿਖ ਤੇਰੀ ਵਡ ਵਡਿਆਈਆ । ਤੇਰੀ ਸੇਵਾ ਕਰੇ ਜਗਦੀਸ, ਜਗਦੀਸ਼ਰ ਫੇਰਾ ਪਾਈਆ । ਹਰਿਜਨ ਤੇਰੀ ਕੋਈ ਨਾ ਕਰੇ ਰੀਸ, ਗੁਰਸਿਖ ਬੇਪਰਵਾਹ . . .

### ❇ ੩੦ ਪੋਹ ੨੦੧੯ ਬਿਕਰਮੀ ਹਰਿ ਭਗਤ ਦੁਆਰ ਜੇਠੂਵਾਲ ❇

ਭਗਤ ਕਹੇ ਪ੍ਰਭ ਸੱਜਣ ਸੁਹੇਲਾ, ਇਕੋ ਨਜ਼ਰੀ ਆਈਆ । ਗੁਰ ਅਵਤਾਰਾਂ ਦਾ ਚੁਕਿਆ ਵੇਲਾ, ਚਾਚਾ ਕੋਇ ਰਹਿਣ ਨਾ ਪਾਈਆ । ਪੁਰਖ ਅਬਿਨਾਸ਼ੀ ਸੱਚਾ ਬਾਪੂ ਇਕ ਇਕੇਲਾ, ਦੋ ਜਹਾਨਾਂ ਵਡ ਵਡਿਆਈਆ । ਵਸਣਹਾਰਾ ਧਾਮ ਨਵੇਲਾ, ਸਚਖੰਡ ਸਾਚੇ ਆਸਣ ਲਾਈਆ । ਲੇਖਾ ਜਾਣ ਗੁਰੂ ਗੁਰ ਚੇਲਾ, ਚੇਲਾ ਗੁਰ ਲਏ ਜਗਾਈਆ । ਆਦਿ ਜੁਗਾਦਿ ਜੁਗਾਂ ਜੁਗੰਤਰ ਨਿਰਗੁਣ ਸਰਗੁਣ ਚਾੜ੍ਹੇ ਤੇਲਾ, ਸਗਲਾ ਸਗਨ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਭਗਤ ਕਹੇ ਪ੍ਰਭ ਮਿਲਿਆ ਸਾਚਾ, ਸਾਚੀ ਵਡ ਵਡਿਆਈਆ । ਨਾਤਾ ਤੁਟਿਆ ਪਿਛਲੇ ਚਾਚਾ, ਚਰਚਾ ਕਰੇ ਸਰਬ ਲੋਕਾਈਆ । ਬੇਅੰਤ ਸਵਾਮੀ ਇਕੋ ਆਕਾ, ਅਕਲ ਕਲਾ ਅਖਵਾਈਆ । ਗੁਰ ਅਵਤਾਰਾਂ ਜੋ ਦੱਸਦਾ ਰਿਹਾ ਆਪਣਾ ਸਾਕਾ, ਸਾਖਿਆਤ ਰੂਪ ਵਟਾਈਆ । ਪੀਰ ਪੈਗ਼ੰਬਰਾਂ ਖੋਲ੍ਹਦਾ ਰਿਹਾ ਤਾਕਾ, ਤਕਦੀਰ ਸਭ ਦੀ ਰਿਹਾ ਬਦਲਾਈਆ । ਜੁਗ ਚੌਕੜੀ ਪੂਰਾ ਕਰਨ ਆਇਆ ਘਾਟਾ, ਭਗਤ ਭਗਵਾਨ ਲਏ ਉਠਾਈਆ । ਕਲਜੁਗ ਮੇਟ ਅੰਧੇਰੀ ਰਾਤਾ, ਸਤਿ ਸਤਿ ਕਰੇ ਰੁਸ਼ਨਾਈਆ । ਅੰਦਰ ਬਾਹਰ ਗੁਪਤ ਜ਼ਾਹਰ ਕਰੇ ਬਾਤਾਂ, ਬਾਤਨ ਇਕੋ ਇਕ ਜਣਾਈਆ । ਏਥੇ ਓਥੇ ਦੇਵੇ ਸਾਥਾ, ਸਗਲਾ ਸੰਗ ਨਿਭਾਈਆ । ਪੁਰਖ ਅਕਾਲ ਦੀ ਅਗੰਮੀ ਗਾਥਾ, ਨਿਸ਼ਅੱਖਰ ਆਪ ਪੜ੍ਹਾਈਆ । ਨਾਤਾ ਤੋੜ ਜ਼ਾਤਾ ਪਾਤਾ, ਜ਼ਾਹਰਾ ਜ਼ਹੂਰ ਦਏ ਦਰਸਾਈਆ । ਚਰਨ ਕਵਲ ਉਪਰ ਧਵਲ ਬੰਧਾਏ ਨਾਤਾ, ਬਿਧਾਤਾ ਆਪਣਾ ਜੋੜ ਜੁੜਾਈਆ । ਸਦਾ ਸੁਹੇਲਾ ਪਿਤਾ ਮਾਤਾ, ਭਗਤ ਭਗਵਾਨ ਗੋਦ ਉਠਾਈਆ । ਆਤਮ ਪਰਮਾਤਮ ਦੇਵੇ ਦਾਤਾ, ਵਸਤ ਅਮੋਲਕ ਝੋਲੀ ਪਾਈਆ । ਸਦਾ ਸੁਹੇਲਾ ਕਰੇ ਬੰਦ ਖ਼ੁਲਾਸਾ, ਬੰਧਨ ਆਪਣਾ ਇਕ ਰਖਾਈਆ । ਪਿਰ ਧਨ ਹੋਣ ਨਾ ਦੇਵੇ ਨਿਰਾਸਾ, ਸਮਰਥ ਬੇਪਰਵਾਹੀਆ । ਜਨਮ ਜਨਮ ਦੀ ਬੁਝਾਏ ਪਿਆਸਾ, ਅੰਮ੍ਰਿਤ ਮੇਘ ਇਕ ਬਰਸਾਈਆ । ਲੇਖਾ ਜਾਣ ਪ੍ਰਿਥਮੀ ਆਕਾਸਾ, ਲੱਖ ਚੁਰਾਸੀ ਫੋਲ ਫੁਲਾਈਆ । ਭਗਤ ਸੁਹੇਲਾ ਦਾਸੀ ਦਾਸਾ, ਬਣ ਸੇਵਕ ਸੇਵ ਕਮਾਈਆ । ਕਾਇਆ ਮੰਦਰ ਸਾਚੇ ਅੰਦਰ ਪਾਵੇ ਰਾਸਾ, ਸੁਰਤੀ ਸ਼ਬਦੀ ਗੋਪੀ ਕਾਹਨ ਨਚਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਇਕੋ ਦੇਵੇ ਧੁਰ ਭਰਵਾਸਾ, ਧੁਰ ਦੀ ਧਾਰ ਬੰਧਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜੁਗ ਜੁਗ ਪ੍ਰਭ ਦੀ ਨਿੱਕੀ ਸ਼ਾਖ਼ਾ, ਸ਼ਨਾਖ਼ਤ ਆਪਣੀ ਦਏ ਜਣਾਈਆ । ਏਥੇ ਓਥੇ ਸਦਾ ਸੁਹੇਲਾ ਹੋਵੇ ਇਕੋ ਰਾਖਾ, ਰੱਖਿਆ ਰੱਖਕ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਗੰਮ, ਅਲੱਖ ਅਗੋਚਰ ਆਪ ਕਰਾਇੰਦਾ । ਭਗਤ ਭਗਵੰਤ ਆਪੇ ਜਣ, ਜਣ ਜਨਨੀ ਆਪ ਅਖਵਾਇੰਦਾ । ਸਦਾ ਸੁਹੇਲਾ ਬੇੜਾ ਬੰਨ੍ਹ, ਆਪਣੇ ਕੰਧ ਉਠਾਇੰਦਾ । ਇਕ ਸੁਣਾਏ ਰਾਗ ਕੰਨ, ਸੋਹੰ ਢੋਲਾ ਆਪ ਪੜ੍ਹਾਇੰਦਾ । ਆਪ ਭੁਆਏ ਮਣਕਾ ਮਨ, ਮਨ ਵਾਸਨਾ ਆਪ ਮਿਟਾਇੰਦਾ । ਲੇਖਾ ਜਾਣੇ ਪੰਜ ਤੱਤ ਤਨ, ਤ੍ਰੈਗੁਣ ਮਾਇਆ ਫੋਲ ਫੁਲਾਇੰਦਾ । ਨਿਰਗੁਣ ਜੋਤੀ ਕਰ ਪਰਕਾਸ਼ ਸਾਚਾ ਚੰਨ, ਚੰਦ ਚਾਂਦਨੀ ਵੇਖ ਵਖਾਇੰਦਾ । ਭਾਂਡਾ ਭਰਮ ਭੌ ਹੰਕਾਰੀ ਭੰਨ, ਕੂੜੀ ਕਿਰਿਆ ਗੜ੍ਹ ਤੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਵਨ ਇਕੋ ਘਰ ਵਖਾਇੰਦਾ । ਭਗਤ ਕਹੇ ਪ੍ਰਭ ਤੇਰਾ ਦੁਆਰ, ਇਕੋ ਨਜ਼ਰੀ ਆਈਆ । ਚਾਚੇ ਬਣ ਕੇ ਮਾਰਗ ਦੱਸਦੇ ਰਹੇ ਗੁਰੂ ਅਵਤਾਰ, ਦੀਨ ਮਜ਼੍ਹਬ ਵੰਡ ਵੰਡਾਈਆ । ਸ਼ਿਰਕਤ ਸ਼ਰੀਕ

ਕਰੀ ਵਿਚ ਸੰਸਾਰ, ਸ਼ਰਾਰਤ ਸ਼ਰਕਤ ਹੁਕਮ ਜਣਾਈਆ । ਗ਼ਫ਼ਲਤ ਵਿਚ ਨਾ ਹੋਏ ਬੇਦਾਰ, ਉਲਫ਼ਤ ਰੂਪ ਨਾ ਕੋਇ ਵਟਾਈਆ । ਸਦਾਕਤ ਕਰੇ ਨਾ ਕੋਇ ਵਿਹਾਰ, ਲਿਆਕਤ ਚਲੇ ਨਾ ਕੋਇ ਚਤੁਰਾਈਆ । ਤੁਆਕਬ ਕਰੇ ਨਾ ਪਰਵਰਦਿਗਾਰ, ਭਰਮੇ ਭੁੱਲੇ ਸਰਬ ਲੋਕਾਈਆ । ਕੋਟਨ ਕੋਟ ਨਾਮ ਬਣਾਏ ਮਦਦਗਾਰ, ਮੁਦਾ ਹੱਥ ਨਾ ਕੋਇ ਰਖਾਈਆ । ਸਿਫ਼ਤ ਸਾਲਾਹੀ ਕਰ ਵਿਚਾਰ, ਬੇਪਰਵਾਹੀ ਢੋਲਾ ਗਾਈਆ । ਹੁਕਮੇ ਅੰਦਰ ਕਰ ਜੈਕਾਰ, ਸੇਵਾ ਸੇਵ ਕਮਾਈਆ । ਅੰਤਮ ਸਾਰੇ ਗਏ ਹਾਰ, ਵਰਾਸਤ ਸਚ ਨਾ ਕੋਇ ਬਣਾਈਆ । ਹਿਰਾਸਤ ਵਿਚ ਲਏ ਆਪ ਕਰਤਾਰ, ਬਚਿਆ ਕੋਇ ਰਹਿਣ ਨਾ ਪਾਈਆ । ਸਫ਼ਾਰਸ਼ ਕਰੇ ਨਾ ਕੋਈ ਅੰਤਮ ਵਾਰ, ਸਾਨੀ ਲਾਸਾਨੀ ਵੇਖ ਕੋਇ ਨਾ ਪਾਈਆ । ਮੁਕਾਮੇ ਹੱਕ ਸਾਂਝਾ ਯਾਰ, ਬੇਐਬ ਬੈਠਾ ਆਸਣ ਲਾਈਆ । ਜਲਵਾ ਨੂਰ ਨੂਰ ਉਜਿਆਰ, ਮਹਿਬੂਬ ਸਚ ਗੁਸਾਈਆ । ਸਿਫ਼ਤ ਸਾਲਾਹੀ ਵਸਿਆ ਬਾਹਰ, ਕਲਮਾ ਨਬੀ ਨਾ ਕੋਇ ਚਤੁਰਾਈਆ । ਕਾਤਬ ਕਰੇ ਨਾ ਕੋਈ ਵਿਚਾਰ, ਲੇਖਾ ਲਿਖ ਨਾ ਕੋਇ ਜਣਾਈਆ । ਚੌਦਾਂ ਤਬਕ ਨਾ ਕੋਇ ਅਖਾੜ, ਤਾਰਾ ਚੰਦ ਨਾ ਕੋਇ ਚਮਕਾਈਆ । ਸੂਰਜ ਕਿਰਨ ਨਾ ਕੋਇ ਪਸਾਰ, ਤਾਰ ਤਾਰ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਦੱਸੇ ਭਗਤ, ਭਗਵਾਨ ਆਪਣਾ ਖੇਲ ਕਰਾਇੰਦਾ । ਜੁਗ ਚੌਕੜੀ ਵੇਖਾਂ ਜਗਤ, ਜਗ ਜੀਵਣ ਦਾਤਾ ਆਪਣਾ ਰੂਪ ਵਟਾਇੰਦਾ । ਲੱਖ ਚੁਰਾਸੀ ਲੇਖਾ ਜਾਣਾ ਬੂੰਦ ਰਕਤ, ਅੰਡਜ ਜੇਰਜ ਉਤਭੁਜ ਸੇਤਜ ਵੇਖ ਵਖਾਇੰਦਾ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਜਿਸ ਦੀ ਯਾਦ ਗੁਰ ਅਵਤਾਰ ਪੀਰ ਪੈਗ਼ੰਬਰ ਕਰਦੇ ਰਹੇ ਸੋ ਅੰਤਮ ਆਇਆ ਵਕਤ, ਵੇਲਾ ਆਪਣੇ ਹੱਥ ਰਖਾਈਆ । ਨਾ ਕੋਈ ਮਾਣ ਆਦਿ ਸ਼ਕਤ, ਸ਼ਿਕਵਾ ਸਭ ਦਾ ਦਏ ਗਵਾਈਆ । ਨਿਰਗੁਣ ਦਾਤਾ ਪੁਰਖ ਬਿਧਾਤਾ ਨਿਰਵੈਰ ਸਵਾਮੀ ਆਪਣੀ ਕਰੇ ਇਕੋ ਹਰਕਤ, ਹਰਾਰਤ ਸਭ ਨੂੰ ਦਏ ਚੜ੍ਹਾਈਆ । ਕਿਸੇ ਵਿਚ ਰਹਿਣ ਨਾ ਦੇਵੇ ਕੋਈ ਬਰਕਤ, ਖ਼ਾਲੀ ਭਾਂਡੇ ਦਏ ਵਖਾਈਆ । ਪਰਵਰਦਿਗਾਰ ਅੱਗੇ ਕਿਆ ਕੋਈ ਕਰੇ ਸ਼ਿਰਕਤ, ਲਾਸ਼ਰੀਕ ਇਕ ਅਖਵਾਈਆ । ਨਾ ਕੋਈ ਲਿਖਤ ਨਾ ਕੋਈ ਪੜ੍ਹਤ, ਨਾ ਕੋਈ ਕਾਗਦ ਕਲਮ ਸ਼ਾਹੀਆ । ਅਜੂਨੀ ਰਹਿਤ ਫਿਰੇ ਨਿਧੜਕ, ਦੋ ਜਹਾਨਾਂ ਫੇਰਾ ਪਾਈਆ । ਅੱਧਵਿਚਕਾਰ ਕਦੇ ਨਾ ਜਾਏ ਅਟਕ, ਰਾਹ ਵਿਚ ਨਾ ਕੋਇ ਅਟਕਾਈਆ । ਸਤਿ ਸਰੂਪੀ ਸ਼ਾਹੋ ਭੂਪੀ ਸ਼ਹਿਨਸ਼ਾਹ ਸੁਲਤਾਨ ਆਪਣੀ ਜਣਾਏ ਇਕੋ ਮਟਕ, ਮਿਹਰਵਾਨ ਵਡ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦੇ ਦਰਸ ਨੂੰ ਰਹੇ ਭਟਕ, ਅੱਧਵਿਚਕਾਰ ਡੇਰਾ ਲਾਈਆ । ਕੋਟਨ ਕੋਟ ਈਸਾ ਮੂਸਾ ਮੁਹੰਮਦ ਰਹੇ ਲਟਕ, ਨੇਤਰ ਨੈਣ ਨੈਣ ਉਠਾਈਆ । ਕਲਜੁਗ ਅੰਤਮ ਸ੍ਰੀ ਭਗਵਾਨ ਨਿਰਗੁਣ ਰੂਪ ਇਕੋ ਹੋਇਆ ਸਭ ਤੋਂ ਚਟਕ, ਲੋਕਮਾਤ ਆਇਆ ਵਾਹੋ ਦਾਹੀਆ । ਨਾਲ ਲਿਆਇਆ ਸੋਹੰ ਸ਼ਬਦ ਸੱਚਾ ਕਟਕ, ਖੰਡਾ ਖੜਗ ਤੀਰ ਤਲਵਾਰ ਨਾ ਕੋਇ ਉਠਾਈਆ । ਲੱਖ ਚੁਰਾਸੀ ਸਭ ਨੂੰ ਦੇਵੇ ਝਟਕ, ਝੱਟਕਾ ਇਕੋ ਵਾਰ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵਾਨ ਰਿਹਾ ਜਣਾਈਆ । ਭਗਤ ਕਹੇ ਪ੍ਰਭ ਮੇਰੇ ਪਿਤਾ, ਤੇਰੀ ਵਡ ਵਡਿਆਈਆ । ਹਉਂ ਬਾਲਕ ਨਾਦਾਨ ਨੀਕਨ ਨੀਕਾ, ਅੰਤ ਕਹਿਣ ਨਾ ਪਾਈਆ । ਤੂੰ ਲੇਖਾ ਜਾਣੇ ਜੀਵ ਜੀ ਕਾ, ਘਟ ਘਟ ਰਿਹਾ ਸਮਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਤੇਰੀਆਂ ਰੱਖਦੇ ਰਹੇ ਉਡੀਕਾਂ, ਨਿਤ ਨਵਿਤ ਧਿਆਨ ਲਗਾਈਆ । ਗੁਰ ਅਵਤਾਰਾਂ ਦੱਸਦਾ ਰਿਹੋਂ ਤਾਰੀਕਾਂ, ਆਪਣਾ ਤਰੀਕਾ ਨਾ ਕਿਸੇ ਸਮਝਾਈਆ ।

ਵੇਦ ਪੁਰਾਨ ਸ਼ਾਸਤਰ ਸਿਮਰਤ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਵੇਖੇ ਨੀਤਾਂ, ਨੀਤੀਵਾਨ ਵੱਡੀ ਵਡਿਆਈਆ । ਸਦਾ ਸਦਾ ਸਦ ਰਹੇ ਅਤੀਤਾ, ਤ੍ਰੈਗੁਣ ਆਪਣੀ ਰਚਨ ਰਚਾਈਆ । ਕਲਜੁਗ ਅੰਤਮ ਵੇਲਾ ਬੀਤਾ, ਬੀਤੀ ਕਹਾਣੀ ਸਭ ਦੀ ਦਏ ਸੁਣਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਚਲਾਈ ਰੀਤਾ, ਮੰਦਰ ਮਸਜਿਦ ਸ਼ਿਵਦੁਆਲੇ ਮੱਠ ਕਰੀ ਪੜ੍ਹਾਈਆ । ਆਤਮ ਪਰਮਾਤਮ ਨਰ ਹਰਿ ਨਰਾਇਣ ਵਸਿਆ ਕਿਸੇ ਨਾ ਚੀਤਾ, ਚਾਤਰਕ ਤ੍ਰਿਖਾ ਨਾ ਕੋਇ ਬੁਝਾਈਆ । ਕਿਸੇ ਵੇਦ ਪੁਰਾਨ ਪੜ੍ਹਾਇਆ ਕਿਸੇ ਪੜ੍ਹਾਈ ਗੀਤਾ, ਅੰਜੀਲ ਕੁਰਾਨ ਕਿਸੇ ਸੁਣਾਈਆ । ਕਿਸੇ ਰਾਹ ਜਣਾਇਆ ਹਸਤ ਕੀਟਾ, ਕਿਸੇ ਉਚੋ ਉਚ ਵਖਾਈਆ । ਕਿਸੇ ਖੇਲ ਦਸਾਇਆ ਸਦ ਅਨਡੀਠਾ, ਰੂਪ ਰੰਗ ਨਾ ਕੋਇ ਜਣਾਈਆ । ਬਿਨ ਭਗਤਾਂ ਬਣਿਆ ਨਾ ਕਿਸੇ ਦਾ ਮੀਤਾ, ਮਿੱਤਰ ਪਿਆਰਾ ਨਾ ਕੋਇ ਜਣਾਈਆ । ਕਲਜੁਗ ਅੰਤਮ ਵੇਲਾ ਬੀਤਾ, ਬੇਪਰਵਾਹ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਪ੍ਰਭ ਮੇਰੇ ਬਾਪ, ਭਗਤ ਭਗਵਾਨ ਰਿਹਾ ਦ੍ਰਿੜਾਈਆ । ਆਦਿ ਜੁਗਾਦੀ ਤੇਰਾ ਜਾਪ, ਇਕੋ ਮੋਹੇ ਜਣਾਈਆ । ਨਾ ਕੋਈ ਤੀਰਥ ਨਾ ਕੋਈ ਤਾਟ, ਕਿਨਾਰਾ ਨਜ਼ਰ ਕੋਇ ਨਾ ਆਈਆ । ਨਾ ਕੋਈ ਲੇਖਾ ਚੌਦਾਂ ਲੋਕ ਹਾਟ, ਚੌਦਾਂ ਤਬਕ ਨਾ ਕੋਇ ਚਤੁਰਾਈਆ । ਵਿਸ਼ਨ ਬ੍ਰਹਮਾ ਸ਼ਿਵ ਨਾ ਕੋਇ ਸਾਥ, ਸਗਲਾ ਸੰਗ ਨਾ ਕੋਇ ਨਿਭਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਭਿੰਨ ਭਿੰਨ ਤੇਰੀ ਦੱਸਦੇ ਗਏ ਗਾਥ, ਅੱਖਰ ਵੱਖਰ ਕਰ ਪੜ੍ਹਾਈਆ । ਭਗਤ ਕਹੇ ਤੂੰ ਸਾਹਿਬ ਸੁਲਤਾਨ ਆਦਿ ਜੁਗਾਦੀ ਇਕ ਰਘੁਨਾਥ, ਰਘੁਪਤ ਤੇਰਾ ਬੰਸ ਸੁਹਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਆਤਮ ਪਰਮਾਤਮ ਦੇਵੇਂ ਦਾਤ, ਬ੍ਰਹਮ ਪਾਰਬ੍ਰਹਮ ਵਡ ਵਡਿਆਈਆ । ਨਿਰਗੁਣ ਨਿਰਗੁਣ ਸੱਚਾ ਨਾਤ, ਸਰਗੁਣ ਸਰਗੁਣ ਕੰਮ ਕਿਸੇ ਨਾ ਆਈਆ । ਅੰਤਮ ਲੇਖਾ ਤੇਰਾ ਵਾਕ, ਵਾਕਿਆ ਵੇਖੇ ਥਾਉਂ ਥਾਈਂਆ । ਗੁਰ ਅਵਤਾਰ ਲਿਖ ਲਿਖ ਗਏ ਕਲਮ ਦਵਾਤ, ਪੰਜ ਤੱਤ ਚੋਲਾ ਜਗਤ ਹੰਢਾਈਆ । ਕਲਜੁਗ ਅੰਤਮ ਸ੍ਰੀ ਭਗਵਾਨ ਸਭ ਨੂੰ ਦਏ ਨਜ਼ਾਤ, ਨਿਜ ਘਰ ਵੇਖੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਭਗਤਨ ਏਕਾ ਮੰਗ ਮੰਗਾਈਆ । ਸਾਚੀ ਮੰਗ ਫੜਾ ਹੱਥ, ਭਗਤ ਰਿਹਾ ਜਣਾਈਆ । ਤੂੰ ਸਾਹਿਬ ਸੱਚਾ ਸਮਰਥ, ਬੇਅੰਤ ਤੇਰੀ ਵਡਿਆਈਆ । ਤੇਰਾ ਦੁਆਰ ਮਿਲਿਆ ਨੱਸ ਨੱਸ, ਲੱਖ ਚੁਰਾਸੀ ਪੰਧ ਮੁਕਾਈਆ । ਬਿਨ ਦੰਦਾਂ ਮਿਲਣਾ ਹੱਸ ਹੱਸ, ਬਿਨ ਨੈਣਾਂ ਨੈਣ ਮਟਕਾਈਆ । ਸਾਡੀ ਪੂਰੀ ਕਰਨੀ ਆਸ, ਆਸਾ ਆਸਾ ਵਿਚ ਸਮਾਈਆ । ਜੁਗ ਚੌਕੜੀ ਰਹੇ ਉਦਾਸ, ਸੀਤਲ ਧਾਰ ਨਾ ਕੋਇ ਵਹਾਈਆ । ਕਲਜੁਗ ਅੰਤਮ ਮਿਟੇ ਪਿਆਸ, ਤ੍ਰਿਸਨਾ ਤ੍ਰਿਪਤ ਕਰਾਈਆ । ਨਾ ਕੋਈ ਪਵਣ ਨਾ ਸਵਾਸ, ਰਸਨਾ ਜਿਹਵਾ ਨਾ ਕੋਇ ਸਮਝਾਈਆ । ਬ੍ਰਹਮ ਪਾਰਬ੍ਰਹਮ ਤੇਰੀ ਸੱਚੀ ਸ਼ਾਖ਼, ਪੰਜ ਤੱਤ ਕਾਇਆ ਚੋਲੀ ਤੇਰਾ ਪਰਦਾ ਰੂਪ ਵਟਾਈਆ । ਜਿਉਂ ਭਾਵੇ ਤਿਉਂ ਲੈਣਾ ਰਾਖ, ਹਉਂ ਢਹਿ ਪਿਆ ਸਰਨਾਈਆ । ਤੇਰਾ ਜਪਿਆ ਇਕੋ ਪਾਠ, ਪਾਠਸ਼ਾਲਾ ਨਜ਼ਰ ਕੋਇ ਨਾ ਆਈਆ । ਸਰੋਵਰ ਮਾਰੇ ਇਕੋ ਠਾਠ, ਠੋਕਰ ਅਵਰ ਨਾ ਕੋਇ ਲਗਾਈਆ । ਮੈਂ ਪੱਤਣ ਮੱਲਿਆ ਘਾਟ, ਦਰ ਤੇਰੇ ਡੇਰਾ ਲਾਈਆ । ਆ ਮਿਲ ਸੱਜਣ ਸਾਚੇ ਸਾਕ, ਸਗਲਾ ਸੰਗ ਨਿਭਾਈਆ । ਲੱਖ ਚੁਰਾਸੀ ਰੁਲਦੀ ਵੇਖੀ ਖ਼ਾਕ, ਤੇਰਾ ਜਲਵਾ ਨੂਰ ਨਾ ਕੋਇ ਜਣਾਈਆ । ਬੀ ਪਿਹਰਬਾਨ ਮਿਹਬਾਨ ਬੀਦੋ ਇਕ ਰਸੂਲ ਸੱਚਾ ਪਾਕ, ਤੇਰਾ ਅਸੂਲ ਮੋਹੇ ਭਾਈਆ । ਕਲਜੁਗ ਅੰਤਮ ਤੇਰੇ ਨਾਲ ਮਿਲਣ ਦਾ ਹੋਇਆ ਇਤਫ਼ਾਕ,

ਨਿਫ਼ਾਕ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮੁਰੀਦ ਮੁਰਸ਼ਦ ਰਿਹਾ ਸਮਝਾਈਆ । ਮੁਰਸ਼ਦ ਕਹੇ ਸੁਣ ਮੁਰੀਦ, ਹਾਲ ਮੁਰੀਦਾਂ ਵੇਖ ਵਖਾਇੰਦਾ । ਜਿਸ ਦੀ ਗੋਬਿੰਦ ਕਰੀ ਦੀਦ, ਸੋ ਦਰਦੀ ਦਰਦ ਵੰਡਾਇੰਦਾ । ਆਪਣੀ ਹੱਥੀਂ ਕੱਟ ਕੇ ਦੇਵੇ ਰਸੀਦ, ਰਸਤਾ ਇਕੋ ਇਕ ਜਣਾਇੰਦਾ । ਜਿਸ ਨੇ ਪ੍ਰਭ ਨੂੰ ਮਿਲਣਾ ਠੀਕ, ਸੋਹੰ ਢੋਲਾ ਆਪ ਸੁਣਾਇੰਦਾ । ਦੂਜੀ ਰੱਖਣੀ ਨਾ ਕੋਇ ਉਡੀਕ, ਨੇਤਰ ਨੈਣ ਨਾ ਕੋਇ ਖੁਲ੍ਹਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਨਾਲ ਲੌਂਦੇ ਗਏ ਪ੍ਰੀਤ, ਸੋ ਪ੍ਰੀਤੀਵਾਨ ਦਇਆ ਕਮਾਇੰਦਾ । ਭਗਤ ਭਗਵਾਨ ਲੈਣਾ ਜੀਤ, ਬਿਨ ਭਗਤਾਂ ਭਗਵਾਨ ਹੱਥ ਕਿਸੇ ਨਾ ਆਇੰਦਾ । ਸਾਰੇ ਰਲ ਮਿਲ ਨਾਤਾ ਛੱਡੋ ਮੰਦਰ ਮਸੀਤ, ਗੁਰੂਦੁਆਰਾ ਕਾਇਆ ਵਿਚ ਰਖਾਇੰਦਾ । ਬਿਨ ਰਸਨਾ ਜਿਹਵਾ ਗਾਓ ਢੋਲਾ ਗੀਤ, ਗੀਤ ਗੋਬਿੰਦ ਆਪ ਜਣਾਇੰਦਾ । ਚਾਚਿਆਂ ਦਾ ਵੇਲਾ ਗਿਆ ਬੀਤ, ਪਿਤਾ ਪੁਰਖ ਅਕਾਲ ਵਡ ਫੇਰਾ ਪਾਇੰਦਾ । ਜਨ ਭਗਤਾਂ ਕਦੇ ਨਾ ਦੇਵੇ ਪੀਠ, ਸਿਰ ਆਪਣਾ ਹੱਥ ਰਖਾਇੰਦਾ । ਦੂਰ ਦੁਰਾਡਾ ਆਇਆ ਨਜ਼ਦੀਕ, ਬਣ ਪਾਂਧੀ ਪੰਧ ਮੁਕਾਇੰਦਾ । ਚਾਰ ਵਰਨ ਇਕ ਦੂਜੇ ਦਾ ਰਹਿਣ ਨਾ ਦੇਵੇ ਸ਼ਰੀਕ, ਸ਼ਰਅ ਸਭ ਦੀ ਮੇਟ ਮਿਟਾਇੰਦਾ । ਆਪਣੇ ਹੱਥ ਰੱਖੇ ਇਕ ਤੌਫ਼ੀਕ, ਤੋਹਫ਼ਾ ਨਗ਼ਮਾ ਸਰਬ ਸੁਣਾਇੰਦਾ । ਵੇਖਣਹਾਰਾ ਹਕੀਕਤ ਹਕੀਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਆਪ ਜਣਾਇੰਦਾ । ਭਗਤ ਕਹੇ ਮੋਹੇ ਚੜ੍ਹਿਆ ਚਾਉ, ਹਰਿ ਸਤਿਗੁਰ ਸੱਜਣ ਪਾਇਆ । ਕਲਜੁਗ ਅੰਤਮ ਕਰੇ ਸਚ ਨਿਆਉਂ, ਦੋ ਜਹਾਨਾਂ ਵੇਖ ਵਖਾਇਆ । ਗ਼ਰੀਬ ਨਿਮਾਣਿਆਂ ਪਕੜੇ ਬਾਹੋਂ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਨਾ ਵੰਡ ਵੰਡਾਇਆ । ਹਰਿਜਨ ਬਣਾਏ ਹੰਸ ਕਾਉਂ, ਸੋਹੰ ਹੰਸਾ ਜਾਪ ਜਪਾਇਆ । ਗੁਰਮੁਖ ਉਠਾਏ ਜਿਉਂ ਬਾਲਕ ਮਾਉਂ, ਪਿਤਾ ਪੂਤ ਗੋਦ ਸੁਹਾਇਆ । ਨਿਥਾਵਿਆਂ ਦੇਵੇ ਸਾਚਾ ਥਾਉਂ, ਥਾਨ ਥਨੰਤਰ ਇਕ ਵਖਾਇਆ । ਲੇਖਾ ਜਾਣੇ ਅਗੰਮ ਅਥਾਹੋ, ਬੇਪਰਵਾਹ ਵਡ ਵਡਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਲਏ ਤਰਾਇਆ । ਹਰਿ ਕਹੇ ਹਰਿਜਨ ਤਾਰਾਂਗਾ । ਸਚਖੰਡ ਸਾਚੇ ਵਾੜਾਂਗਾ । ਲੇਖਾ ਚੁੱਕੇ ਮਿੱਤਰਾਂ ਯਾਰਾਂ ਦਾ । ਲਹਿਣਾ ਮੁੱਕੇ ਗੁਰ ਅਵਤਾਰਾਂ ਦਾ । ਭਗਤਾਂ ਭਗਵਾਨ ਆਪੇ ਚੁੱਕੇ, ਕੰਮ ਕਰੇ ਸੇਵਾਦਾਰਾਂ ਦਾ । ਨਿਰਗੁਣ ਹੋ ਕੇ ਸ਼ੇਰ ਬੁੱਕੇ, ਸ਼ਹਿਨਸ਼ਾਹ ਆਪਣਾ ਹੁਕਮ ਸੁਣਾਏ ਅਗੰਮੀ ਕੰਮ ਕਰੇ ਨਾ ਕੋਇ ਅਖ਼ਬਾਰਾਂ ਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਡੂੰਘੀਆਂ ਗਾਰਾਂ ਦਾ । ਬਿਨ ਚਰਨਾਂ ਚੜ੍ਹੇ ਨਾ ਕੋਈ ਉਤੇ, ਭੁੱਲੀ ਭਰਮ ਲੋਕਾਈਆ । ਸ੍ਰੀ ਭਗਵਾਨ ਜਿਸ ਗੋਦੀ ਚੁੱਕੇ, ਚੁੱਕ ਚੁੱਕ ਉਪਰ ਉਠਾਈਆ । ਉਪਰ ਚੁੱਕ ਫਿਰ ਚਰਨਾਂ ਉਤੇ ਸੁੱਟੇ, ਸੁੱਟ ਸੁੱਟ ਖ਼ੁਸ਼ੀ ਮਨਾਈਆ । ਸੋ ਗੁਰਮੁਖ ਏਥੇ ਓਥੇ ਦੋ ਜਹਾਨਾਂ ਰਸ ਲੁੱਟੇ, ਰਸ ਇਕੋ ਇਕ ਜਣਾਈਆ । ਕਰੇ ਪਿਆਰ ਪ੍ਰਭ ਜਿਉਂ ਪਿਓ ਪੁੱਤੇ, ਪਿਤਾ ਪੂਤ ਖੇਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਿਨ ਚਰਨਾਂ ਹਰਨ ਫਰਨ ਨਾ ਕਿਸੇ ਖੁਲ੍ਹਾਈਆ । ਬਿਨ ਚਰਨਾਂ ਮਿਲੇ ਨਾ ਚਰਨਾਮਤ, ਮਿੱਤਰ ਨਜ਼ਰ ਕੋਇ ਨਾ ਆਇੰਦਾ । ਬਿਨ ਚਰਨਾਂ ਮਿਲੇ ਨਾ ਸਾਚਾ ਹਿੱਤ, ਹਿਤਕਾਰੀ ਨਾ ਕੋਇ ਦਸਾਇੰਦਾ । ਬਿਨ ਚਰਨਾਂ ਮਾਣਸ ਜਨਮ ਨਾ ਕੋਈ ਲਏ ਜਿੱਤ, ਸਚਖੰਡ ਨਾ ਕੋਇ ਪੁਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨਾਂ ਨਾਲ ਉਪਰ ਚੁੱਕ, ਚੁੱਕ ਆਪਣਾ ਮੁਖ ਦਿਖਲਾਇੰਦਾ । ਥੱਲੇ ਲਿਆ ਕਹੇ ਸ਼ਾਬਾਸ਼


੪੨੪
੧੩

ਮੇਰੇ ਪੁੱਤ, ਸੁਤ ਤੇਰੀ ਵੰਡ ਨਾ ਕੋਇ ਵੰਡਾਇੰਦਾ । ਦੇ ਹੁਲਾਰਾ ਕਹੇ ਉਠ, ਡਿਗਿਆਂ ਆਪ ਉਠਾਇੰਦਾ । ਜਿਸ ਉਪਰ ਜਾਏ ਤੁਠ, ਫੜ ਚਰਨਾਂ ਉਪਰ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨ ਕਵਲ ਕਵਲ ਸਹਾਰਾ, ਥੱਲੇ ਉਪਰ ਕਰੇ ਪਿਆਰਾ, ਪਿਆਰ ਆਪਣੀ ਵੰਡ ਰਖਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਬਾਲ ਅੰਞਾਣ, ਬਾਲਾ ਆਪਣੇ ਰੰਗ ਰੰਗਾਇੰਦਾ । ਹਰਿ ਕਾ ਖੇਲ ਅਗੰਮ ਅਪਾਰ, ਭੇਵ ਅਭੇਦ ਰਖਾਇੰਦਾ । ਨਾ ਪੁਰਖ ਨਾ ਦਿਸੇ ਨਾਰ, ਨਿਰਗੁਣ ਧਾਰ ਚਲਾਇੰਦਾ । ਇਕ ਬੁਢੜੀ ਤੇ ਇਕ ਮੁਟਿਆਰ, ਦੋਹਾਂ ਮੇਲ ਮਿਲਾਇੰਦਾ । ਮਾਈ ਹੱਵਾ ਮੁਖ ਤੇ ਚਿੱਟੇ ਵਾਲ, ਅੱਲਾ ਰਾਣੀ ਜੋਬਨ ਇਕ ਸੁਹਾਇੰਦਾ । ਦੋਹਾਂ ਕਰਾਏ ਇਕ ਗੁਫ਼ਤਾਰ, ਗੁਫ਼ਤ ਸ਼ਨੀਦ ਪੜ੍ਹਾਇੰਦਾ । ਰਫ਼ਤਾ ਰਫ਼ਤਾ ਖੋਲ੍ਹ ਕਿਵਾੜ, ਆਹਿਸਤਾ ਆਹਿਸਤਾ ਭੇਵ ਚੁਕਾਇੰਦਾ । ਕਰੇ ਖੇਲ ਸਿਰਜਣਹਾਰ, ਹਰਿਜਨ ਦਇਆ ਕਮਾਇੰਦਾ । ਜਿਸ ਦੀਆਂ ਹਰਿ ਜੂ ਅੱਖਾਂ ਦਏ ਉਘਾੜ, ਬਿਨ ਅੱਖਾਂ ਪਰਦਾ ਲਾਹਿੰਦਾ । ਨੌਂ ਜਨਮ ਦੇ ਪਿਛਲੇ ਠੱਗ ਨੂੰ ਮਿਲਣ ਆਈਆਂ ਕਰ ਪਿਆਰ, ਭੇਵ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਕਰਾਇੰਦਾ । ਹਵਾ ਬੋਲੇ ਹੌਲੀ ਹੌਲੀ, ਇਕੋ ਮੰਗ ਮੰਗਾਈਆ । ਗੁਰਮੁਖ ਵੇਖ ਮੇਰੀ ਚੋਟੀ ਹੋਈ ਧੌਲੀ, ਚਿੱਟਾ ਰੰਗ ਵਟਾਈਆ । ਮੇਰੇ ਹੱਥ ਨਾ ਮਹਿੰਦੀ ਮੇਰੀ ਮੀਂਢੀ ਨਾ ਰਤੜੀ ਮੌਲੀ, ਮੌਲਾ ਨਜ਼ਰ ਕਿਤੇ ਨਾ ਆਈਆ । ਚਾਰ ਕੁੰਟ ਦਹਿ ਦਿਸ਼ਾ ਮੈਂ ਹੋਈ ਬੌਲੀ, ਬਵਲਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਜਣਾਈਆ । ਅੱਲਾ ਰਾਣੀ ਕਰ ਸ਼ਿੰਗਾਰ, ਬਸਤਰ ਤਨ ਸਜਾਈਆ । ਨੇਤਰ ਨੈਣਾਂ ਕਜਲਾ ਧਾਰ, ਨੈਣ ਨੈਣ ਮਟਕਾਈਆ ।

੪੨੫ ੧੩ ਸੀਸ ਗੁੰਦਿਆ ਪਹਿਲੀ ਵਾਰ, ਪੱਟੀ ਇਕ ਚਮਕਾਈਆ । ਮਾਈ ਨਾਲ ਕਰ ਪਿਆਰ, ਕਰੀ ਸਚ ਸਾਲਾਹੀਆ । ਕਲਜੁਗ ਅੰਤਮ ਖੇਲ ਅਪਾਰ, ਪਰਵਰਦਿਗਾਰ ਰਿਹਾ ਆਪਣੇ ਹੱਥ ਰਖਾਈਆ । ਸਾਡਾ ਲਹਿਣਾ ਦੇਣਾ ਅੰਤਮ ਰਿਹਾ ਵਿਚਾਰ, ਧੁਰ ਫ਼ਰਮਾਣਾ ਹੁਕਮ ਸੁਣਾਈਆ । ਸਾਡਾ ਕੋਈ ਨਾ ਦਿਸੇ ਸਹਾਰ, ਸਿਰ ਹੱਥ ਨਾ ਕੋਇ ਟਿਕਾਈਆ । ਅੱਲਾ ਰਾਣੀ ਕਹੇ ਵੇਖ ਮਾਈ ਮੈਂ ਕਰਾਂ ਦੀਦਾਰ, ਠੱਗ ਇਕੋ ਨਜ਼ਰੀ ਆਈਆ । ਜਾ ਕੇ ਓਹਨੂੰ ਦੱਸੀਏ ਹਾਲ, ਸਾਨੂੰ ਮਾਰਗ ਦਏ ਸਮਝਾਈਆ । ਜਿਸ ਬਿਧ ਮਿਲੀਏ ਪੁਰਖ ਅਕਾਲ, ਆਪਣਾ ਪੰਧ ਮੁਕਾਈਆ । ਹੱਵਾ ਕਹੇ ਮੇਰਾ ਏਹੋ ਖਿਆਲ, ਜੋ ਦਿਤਾ ਤੂੰ ਸੁਣਾਈਆ । ਜਿਸ ਠੱਗੀ ਕੀਤੀ ਨਾਲ ਚੁਮਿਆਰ, ਗੰਗਾ ਮਾਈ ਹੋਸ਼ ਭੁਲਾਈਆ । ਕੰਗਣ ਲੈ ਕੇ ਮੁਖ ਭੁਆਇਆ ਪਿਛਲੇ ਯਾਰ, ਆਪਣਾ ਰਾਹ ਤਕਾਈਆ । ਉਸ ਮੇਲਾ ਅੰਤਮ ਵਾਰ, ਸ੍ਰੀ ਭਗਵਾਨ ਲਿਆ ਮਿਲਾਈਆ । ਚੁਮਿਆਰ ਬਣਿਆ ਨਾਲ ਲਿਖਾਰ, ਲਿਖ ਲਿਖ ਲੇਖਾ ਲੇਖੇ ਵਿਚ ਬਦਲਾਈਆ । ਜੇ ਸਾਹਿਬ ਸੱਚੇ ਦੀ ਠੱਗ ਸਾਨੂੰ ਦੱਸੇ ਨੁਹਾਰ, ਦਰਸ਼ਨ ਪਾਈਏ ਚਾਈਂ ਚਾਈਂਆ । ਜਾ ਕੇ ਡਿਗੀਏ ਚਰਨ ਦੁਆਰ, ਆਪਣੀ ਝੋਲੀ ਅੱਗੇ ਡਾਹੀਆ । ਮੈਂ ਬੁਢੜੀ ਖੋਵ੍ਹਾਂ ਸਿਰ ਦੇ ਵਾਲ, ਖੁਲ੍ਹਾ ਝਾਟਾ ਦਿਆਂ ਵਖਾਈਆ । ਤੂੰ ਆਪਣਾ ਲਾਹਵੀਂ ਹਾਰ ਸ਼ਿੰਗਾਰ, ਨੇਤਰ ਨੈਣਾਂ ਨੀਰ ਵਹਾਈਆ । ਇਕੋ ਵਾਰ ਕਹੀਏ ਪ੍ਰਭ ਤੇਰੇ ਬਿਨਾਂ ਕੰਮ ਨਾ ਆਏ ਬੁਢੜੀ ਮੁਟਿਆਰ, ਜੋਬਨ ਸਚ ਨਾ ਕੋਇ ਹੰਢਾਈਆ । ਕਰ ਕਿਰਪਾ ਦੇ ਦੀਦਾਰ, ਦਰਦੀ ਦਰਦੀਆਂ ਦਰਦ ਵੰਡਾਈਆ । ਉਹ ਆਪਣੀ ਕਰਨ ਗੁਫ਼ਤਾਰ, ਤਾਰਾ ਸਿੰਘ ਸਮਝ ਨਾ ਪਾਈਆ । ਓਨ੍ਹਾਂ ਨੂੰ ਮਾਰਗ ਦੇਣਾ ਸੁਖਾਲ, ਜਿਸ ਨਾਲ ਕਸੀਰਿਉਂ ਕੰਗਣ ਲਿਆ ਵਟਾਈਆ । ਉਂਗਲਾਂ ਨਾਲ ਦੱਸਣਾ ਭਗਤ ਦੁਆਰੇ ਬੈਠਾ ਦੀਨ ਦਿਆਲ, ੪੨੫ ੧੩

ਸ਼ਹਿਨਸ਼ਾਹ ਆਪਣਾ ਆਸਣ ਲਾਈਆ । ਜੋ ਦਰ ਡਿਗੇ ਆ ਹੋ ਕੰਗਾਲ, ਕੰਗਾਲੋਂ ਸ਼ਾਹ ਦਏ ਬਣਾਈਆ । ਮੁਰਸ਼ਦ ਸਦਾ ਸੁਣੇ ਮੁਰੀਦਾਂ ਹਾਲ, ਗੋਬਿੰਦ ਇਕ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕਰੇ ਖੇਲ ਨਰਾਇਣ ਨਰ, ਦੂਜੀ ਵਾਰ ਫੇਰ ਮਿਲਾਈਆ । ਨਾਨਕ ਸੱਦਿਆ ਸਚਖੰਡ ਦੁਆਰ, ਪ੍ਰਭ ਆਪਣੀ ਦਇਆ ਕਮਾਈਆ । ਸਿੰਘ ਬਿਸ਼ਨ ਹਰਿ ਜੂ ਮਿਲਿਆ ਵਿਚ ਸੰਸਾਰ, ਨਿਰਗੁਣ ਆਪਣਾ ਫੇਰਾ ਪਾਈਆ । ਜਿਸ ਜਨ ਜਾਗਤ ਸੋਵਤ ਇਕ ਵਾਰ ਦੇਵੇ ਦੀਦਾਰ, ਤਿਸ ਗੁਰਮੁਖ ਨਾਨਕ ਰੂਪ ਵਖਾਈਆ । ਨਿਰਗੁਣ ਨਾਨਕ ਨਿਰੰਕਾਰ ਨਾਲ ਪਿਆਰ, ਨਿਰੰਕਾਰ ਨਿਰਾਕਾਰ ਨਿਰਵੈਰ ਢੋਲਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਰਗੁਣ ਸਰਗੁਣ ਸਰਗੁਣ ਬਿਸ਼ਨ ਨਿਰਗੁਣ ਅੰਤਰ ਨਾਨਕ ਰੂਪ ਸਮਾਈਆ । ਨਾਨਕ ਨਿਰਗੁਣ ਮਿਲਿਆ ਸੋਹੰ ਗਾ, ਸੋਹੰ ਰੂਪ ਵਟਾਈਆ । ਹੰ ਚੋਲਾ ਲਿਆ ਬਦਲਾ, ਤਨ ਨਾਨਕ ਪਰਦਾ ਪਾਈਆ । ਦੋਹਾਂ ਵਿਚੋਲਾ ਬੇਪਰਵਾਹ, ਨਜ਼ਰ ਕਿਸੇ ਨਾ ਆਈਆ । ਜਿਸ ਨੇ ਨਾਨਕ ਸਤਿਗੁਰ ਲਿਆ ਪੜ੍ਹਾ, ਸੋ ਸਾਹਿਬ ਸਤਿਗੁਰ ਗੁਰਸਿਖਾਂ ਪੜ੍ਹਾਵਣ ਆਈਆ । ਗੁਰਸਿਖ ਇਕੋ ਅੱਖਰ ਦਏ ਸੁਣਾ, ਜਿਸ ਦੀ ਸਿਫ਼ਤ ਨਜ਼ਰ ਨਾ ਆਈਆ । ਸੋ ਬਣਿਆ ਸ਼ਹਿਨਸ਼ਾਹ, ਹੰ ਹਰਿ ਕੀ ਅੰਸ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹੰ ਰੂਪ ਨਿਰਗੁਣ ਨਿਰਗੁਣ ਧਾਰ, ਸਰਗੁਣ ਇਸ਼ਟ ਨਾ ਕੋਇ ਵਿਚਾਰ, ਆਤਮ ਪਰਮਾਤਮ ਏਕਾ ਘਰ ਵਸਾਈਆ । ਆਤਮ ਪਰਮਾਤਮ ਪਾ ਅਨੰਦ, ਨਾਨਕ ਆਪਣਾ ਆਪ ਮਿਟਾਇਆ । ਗਾਇਆ ਢੋਲਾ ਸੋਹੰ ਛੰਦ, ਜਿਸ ਵੇਲੇ ਹਰਿ ਕਾ ਦਰਸ਼ਨ ਪਾਇਆ । ਨਾ ਕੋਈ ਰਸਨਾ ਨਾ ਬੱਤੀ ਦੰਦ, ਪਵਣ ਸਵਾਸ ਨਾ ਕੋਇ ਜਣਾਇਆ । ਇਕੋ ਇਕ ਨਜ਼ਰੀ ਆਇਆ ਸੂਰਾ ਸਰਬੰਗ, ਸ਼ਹਿਨਸ਼ਾਹ ਆਪਣੇ ਆਸਣ ਡੇਰਾ ਲਾਇਆ । ਨਾ ਕੋਈ ਸੂਰਜ ਨਾ ਕੋਈ ਚੰਦ, ਮੰਡਲ ਮੰਡਪ ਨਾ ਕੋਇ ਰੁਸ਼ਨਾਇਆ । ਨਾ ਕੋਈ ਗਰਮੀ ਨਾ ਕੋਈ ਠੰਡ, ਦਿਵਸ ਰਾਤ ਨਾ ਕੋਇ ਵਖਾਇਆ । ਦੀਨ ਦਿਆਲ ਸਾਹਿਬ ਬਖ਼ਸ਼ੰਦ, ਬਖ਼ਸ਼ਿਸ਼ ਇਕੋ ਝੋਲੀ ਪਾਇਆ । ਤੂੰ ਮੇਰਾ ਮੈਂ ਤੇਰਾ ਤੂੰ ਮੇਰਾ ਚੰਦ, ਚੰਦ ਚਾਂਦਨਾ ਤੇਰਾ ਜਗਤ ਰੁਸ਼ਨਾਇਆ । ਨਾਮ ਸਤਿ ਪਾਈ ਵੰਡ, ਝੋਲੀ ਇਕੋ ਵਾਰ ਭਰਾਇਆ । ਸੋ ਸਾਹਿਬ ਕਲਜੁਗ ਅੰਤਮ ਪਰਗਟ ਹੋ ਸੂਰਾ ਸਰਬੰਗ, ਆਪਣਾ ਵੇਸ ਵਟਾਇਆ । ਜਨ ਭਗਤਾਂ ਆਪਣੇ ਮਿਲਣ ਦਾ ਦੱਸਿਆ ਢੰਗ, ਬੇਢੰਗੀ ਚਾਲ ਚਲਾਇਆ । ਬਿਨ ਲਲਾਰੀਉਂ ਚਾੜ੍ਹਿਆ ਰੰਗ, ਰੰਗ ਆਤਮ ਆਪ ਰੰਗਾਇਆ । ਬਿਨ ਤੰਦ ਸਤਾਰ ਵਜਾਇਆ ਮਰਦੰਗ, ਤਾਰ ਅਗੰਮੜੀ ਆਪ ਹਿਲਾਇਆ । ਬਿਨ ਨੀਰੋਂ ਪਾਏ ਠੰਡ, ਅੰਮ੍ਰਿਤ ਮੇਘ ਬਰਸਾਇਆ । ਇਕ ਸੁਣਾਇਆ ਸਾਚਾ ਛੰਦ, ਸੋਹੰ ਢੋਲਾ ਆਪ ਗਾਇਆ । ਜੁਗ ਜਨਮ ਦਾ ਮੇਟ ਪੰਧ, ਗੁਰਸਿਖ ਆਣ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਅੰਤਰ ਨਿਰਗੁਣ ਪਿਆਰ, ਸਰਗੁਣ ਅੰਦਰ ਖੇਲ ਅਪਾਰ, ਸਾਖੀ ਸਾਖਿਆਤ ਆਪ ਪੜ੍ਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਸਾਚਾ ਦਾਨ, ਜਿਸ ਨਾਨਕ ਕੀਆ ਪਰਵਾਨ, ਸੋ ਹੰ ਬ੍ਰਹਮ ਸਿੰਘ ਬਿਸ਼ਨ ਵਿਸ਼ਵ ਆਪਣਾ ਰੂਪ ਵਖਾਇਆ ।

੪੨੬
੧੩

### ❈ ਪਹਿਲੀ ਮਾਘ ੨੦੧੯ ਬਿਕਰਮੀ ਭਗਵਾਨ ਸਿੰਘ ਬੂੜ ਸਿੰਘ ਦੇ ਗ੍ਰਿਹਿ ਜੇਠੂਵਾਲ ❈

ਪੀਰ ਪੈਗ਼ੰਬਰਾਂ ਪਿਆ ਰੋਣਾ, ਨੇਤਰ ਨੈਣ ਵਹਾਈਆ । ਵੇਖੋ ਅੱਗੇ ਕੀ ਕੁਛ ਹੋਣਾ, ਹਰਿ ਜੂ ਖੇਲ ਕਰਾਈਆ । ਗ਼ਰੀਬਾਂ ਘਰ ਲੱਗੇ ਸੋਹਣਾ, ਬੇਪਰਵਾਹ ਬੇਪਰਵਾਹੀਆ । ਸਾਡੇ ਕੋਲੋਂ ਸਭ ਕੁਛ ਖੋਹਣਾ, ਖ਼ਾਲੀ ਹੱਥ ਵਖਾਈਆ । ਲੱਖ ਚੁਰਾਸੀ ਜੀਵ ਜੰਤ ਕੋਹਣਾ, ਛੁਰੀ ਨਾਮ ਹੱਥ ਉਠਾਈਆ । ਦਿਵਸ ਰੈਣ ਨਾ ਮਿਲੇ ਸੌਣਾ, ਸੇਜ ਸੁਹੰਜਣੀ ਨਾ ਕੋਇ ਵਡਿਆਈਆ । ਢੋਲਾ ਨਬੀ ਨਾ ਮਿਲੇ ਗੌਣਾ, ਗੀਤ ਸੁਹਾਗ ਨਾ ਕੋਇ ਸੁਣਾਈਆ । ਸੋ ਕਰੇ ਜੋ ਹਰਿ ਜੀ ਭੌਣਾ, ਭਾਵੀ ਸਭ ਦੇ ਸਿਰ ਤੇ ਛਾਈਆ । ਚਾਰ ਜੁਗ ਦੱਸਦਾ ਰਿਹਾ ਆਪਣਾ ਔਣਾ, ਲਿਖਤ ਭਵਿਖਤ ਸਮਝਾਈਆ । ਕਲਜੁਗ ਅੰਤਮ ਆਓ ਜਿਸ ਦਰਸ਼ਨ ਪੌਣਾ, ਅਲੱਖ ਅਗੋਚਰ ਅਗੰਮ ਅਥਾਹ ਆਪਣਾ ਫੇਰਾ ਪਾਈਆ । ਗਿਆ ਵਕਤ ਫਿਰ ਹੱਥ ਨਾ ਔਣਾ, ਭਰਮੇ ਭੁੱਲੇ ਸਰਬ ਲੋਕਾਈਆ । ਸ਼ਾਹ ਸੁਲਤਾਨਾਂ ਜਿਸ ਨੇ ਢੌਣਾ, ਆਪਣਾ ਬਲ ਧਰਾਈਆ । ਨੌਂ ਖੰਡ ਪ੍ਰਿਥਮੀ ਹੱਲ ਚਲੌਣਾ, ਚਾਰ ਕੁੰਟ ਜੜ੍ਹ ਉਖੜਾਈਆ । ਦੋ ਜਹਾਨਾਂ ਜਿਸ ਦਾ ਢੋਲਾ ਗੌਣਾ, ਸੋਹੰ ਵੱਜੇ ਨਾਮ ਵਧਾਈਆ । ਲੇਖਾ ਜਾਣੇ ਅਵਣਾ ਗਵਣਾ, ਪਵਣਾਂ ਹੁਕਮ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਪੀਰ ਪੈਗ਼ੰਬਰ ਮਾਰਨ ਝਾਕੀ, ਨਿਉਂ ਨਿਉਂ ਵੇਖ ਵਖਾਇੰਦਾ । ਕਰੇ ਖੇਲ ਪੁਰਖ ਅਬਿਨਾਸ਼ੀ, ਭੇਵ ਕੋਇ ਨਾ ਆਇੰਦਾ । ਨਿਰਗੁਣ ਜੋਤ ਨੂਰ ਪਰਕਾਸ਼ੀ, ਅੰਧ ਅੰਧੇਰ ਮਿਟਾਇੰਦਾ । ਗ਼ਰੀਬ ਨਿਮਾਣਿਆਂ ਬਣਿਆ ਸਾਥੀ, ਰਾਜ ਰਾਜਾਨਾਂ ਦਰ ਦੁਰਕਾਇੰਦਾ । ਧੁਰ ਦੀ ਸੁਣਾਏ ਸੱਚੀ ਸਾਖੀ, ਸਾਖਿਆਤ ਰੂਪ ਵਟਾਇੰਦਾ । ਗੁਰਮੁਖਾਂ ਦੇਵੇ ਲਹਿਣਾ ਬਾਕੀ, ਨਾਮ ਭੰਡਾਰ ਵਰਤਾਇੰਦਾ । ਬ੍ਰਹਿਮੰਡ ਖੰਡ ਕੋਈ ਰਹਿਣ ਨਾ ਦੇਵੇ ਆਕੀ, ਅਕਲ ਸਭ ਦੀ ਆਪ ਗਵਾਇੰਦਾ । ਜਨ ਭਗਤਾਂ ਬਣਿਆ ਸੱਚਾ ਸਾਕੀ, ਅੰਮ੍ਰਿਤ ਜਾਮ ਪਿਆਲਾ ਆਪ ਪਿਆਇੰਦਾ । ਫੜ ਚੜ੍ਹਾਏ ਔਖੀ ਘਾਟੀ, ਘਾਟਾ ਪਿਛਲਾ ਪੂਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਵਖਾਇੰਦਾ । ਪੀਰ ਪੈਗ਼ੰਬਰ ਖੋਲ੍ਹ ਦਰਵਾਜਾ, ਆਪਣਾ ਨੈਣ ਉਠਾਈਆ । ਕਰੇ ਖੇਲ ਗ਼ਰੀਬ ਨਿਵਾਜ਼ਾ, ਇਕ ਦੂਜੇ ਰਹੇ ਸਮਝਾਈਆ । ਲੋਕਮਾਤ ਪਰਵਰਦਿਗਾਰ ਸਿਰ ਧਰਿਆ ਤਾਜਾ, ਤਖ਼ਤ ਨਿਵਾਸੀ ਫੇਰਾ ਪਾਈਆ । ਜਨ ਭਗਤਾਂ ਰਚਿਆ ਇਕੋ ਕਾਜਾ, ਕਰਤਾ ਆਪਣੀ ਖੇਲ ਵਖਾਈਆ । ਆਦਿ ਜੁਗਾਦਿ ਫਿਰੇ ਭਾਜਾ, ਬਣ ਪਾਂਧੀ ਫੇਰੀ ਪਾਈਆ । ਸੰਬਲ ਡੇਰਾ ਲੱਗਾ ਮਾਝਾ, ਗੋਬਿੰਦ ਗੀਤ ਅਲਾਈਆ । ਹਰਿਜਨ ਸੱਚੇ ਮਾਰੇ ਅਵਾਜ਼ਾਂ, ਸੁਤਿਆਂ ਰਿਹਾ ਉਠਾਈਆ । ਸਦਾ ਸੁਹੇਲਾ ਇਕ ਇਕੇਲਾ ਸਮਰਥ ਪੁਰਖ ਸਵਾਮੀ ਰੱਖੇ ਲਾਜਾ, ਨਿਹਕਰਮੀ ਆਪਣਾ ਕਰਮ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡ ਵਡਿਆਈਆ । ਵਡ ਵਡਿਆਈ ਹਰਿਜਨ ਮੀਤ, ਹਰਿ ਸਤਿਗੁਰ ਆਪ ਦਿਵਾਇੰਦਾ । ਤ੍ਰੈਭਵਣ ਧਨੀ ਇਕ ਅਤੀਤ, ਤ੍ਰੈਗੁਣ ਲੇਖਾ ਆਪ ਚੁਕਾਇੰਦਾ । ਆਤਮ ਪਰਮਾਤਮ ਕਰੇ ਠੰਡਾ ਸੀਤ, ਸੀਤਲ ਧਾਰਾ ਇਕ ਵਹਾਇੰਦਾ । ਬੋਧ ਅਗਾਧ ਸੁਣਾਏ ਗੀਤ, ਗੀਤ ਸੁਹਾਗੀ ਇਕ ਜਣਾਇੰਦਾ । ਨਵ ਨੌਂ ਚਾਰ ਜੋ ਸੁੱਤਾ ਰਿਹਾ ਦੇ ਕਰ ਪੀਠ, ਆਪਣੀ ਕਰਵਟ ਆਪ ਬਦਲਾਇੰਦਾ । ਪੀਰ ਪੈਗ਼ੰਬਰਾਂ ਦਏ ਹਦੀਸ, ਗੁਰ ਅਵਤਾਰਾਂ ਪਰਦਾ ਲਾਹਿੰਦਾ । ਸ਼ਾਹ ਸੁਲਤਾਨਾਂ ਖ਼ਾਲੀ ਖ਼ੀਸ, ਦਰ ਦਰ ਘਰ ਘਰ ਆਪ ਮੰਗਾਇੰਦਾ । ਏਕਾ ਤਾਜ ਸੋਹੇ ਸੀਸ ਜਗਦੀਸ, ਜਗਦੀਸ਼ਰ ਆਪਣੀ ਕਾਰ ਕਮਾਇੰਦਾ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਵਡਿਆਇੰਦਾ । ਪੀਰ ਪੈਗ਼ੰਬਰ ਰਹੇ ਦੱਸ, ਇਕ ਦੂਜੇ ਧਿਆਨ ਲਗਾਈਆ । ਵੇਖੇ ਖੇਲ ਪੁਰਖ ਸਮਰਥ, ਭੇਵ ਕੋਇ ਨਾ ਆਈਆ । ਗ਼ਰੀਬ ਨਿਮਾਣਿਆਂ ਹੋਇਆ ਵਸ, ਬੇਵਸ ਫਿਰੇ ਸੱਚਾ ਮਾਹੀਆ । ਅੰਤਰ ਆਤਮ ਦੇ ਦੇ ਰਸ, ਰਸ ਆਪਣਾ ਦਏ ਚਖਾਈਆ । ਤੀਰ ਨਿਰਾਲਾ ਮਾਰੇ ਕਸ, ਅਣਿਆਲਾ ਆਪ ਚਲਾਈਆ । ਭਗਤਾਂ ਗਾਏ ਹਰਿ ਜੂ ਜਸ, ਜਸ ਵੇਦ ਪੁਰਾਨ ਕਹਿਣ ਨਾ ਪਾਈਆ । ਦਰ ਦਰਵੇਸ਼ ਮੇਲ ਮਿਲਾਏ ਨੱਠ ਨੱਠ, ਵਿਸ਼ਨ ਬ੍ਰਹਮਾ ਮਹੇਸ਼ ਸੀਸ ਝੁਕਾਈਆ । ਸ਼ੰਕਰ ਚਰਨੀ ਡਿਗੇ ਢੱਠ, ਢਹਿ ਢਹਿ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਈਆ । ਪੀਰ ਪੈਗ਼ਬੰਰ ਆਓ ਨੱਠੋ, ਏਕਾ ਏਕ ਜਣਾਈਆ । ਕਲਜੁਗ ਅੰਤਮ ਜੋ ਵੱਟਿਆ ਜਾਂਦਾ ਸੋਈ ਵੱਟੋ, ਅੰਤਮ ਲੇਖਾ ਰਿਹਾ ਮੁਕਾਈਆ । ਜੇ ਬਚਿਆ ਜਾਂਦਾ ਨੀਵੇਂ ਹੋ ਕੇ ਬਚੋ, ਹੰਕਾਰੀ ਕੋਇ ਰਹਿਣ ਨਾ ਪਾਈਆ । ਜੇ ਰੱਜਿਆ ਜਾਂਦਾ ਚਰਨ ਪ੍ਰੀਤੀ ਰੱਜੋ, ਸਾਚੀ ਰੀਤ ਰਿਹਾ ਸਮਝਾਈਆ । ਜੇ ਢਿਆ ਜਾਂਦਾ ਹਰਿ ਸਰਨਾਈ ਢੱਠੋ, ਡਿਗਿਆਂ ਲਏ ਉਠਾਈਆ । ਜੇ ਕੋਈ ਦੁੱਖ ਤੇ ਆਪਣਾ ਹਾਲ ਦੱਸੋ, ਦੁਖੀਆਂ ਦਰਦ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਪੀਰ ਪੈਗ਼ੰਬਰ ਖੋਲ੍ਹਣ ਅੱਖ, ਨੇਤਰ ਨੈਣ ਉਘਾੜਿਆ । ਪਰਵਰਦਿਗਾਰ ਪੱਤ ਲਏ ਰੱਖ, ਸਿਰ ਝੁਕੇ ਸਚ ਦੁਆਰਿਆ । ਅਸੀਂ ਅੰਤਮ ਕਲਜੁਗ ਹੋਏ ਲੱਖੋਂ ਕੱਖ, ਕਲਮਾ ਕੰਮ ਕਿਸੇ ਨਾ ਆ ਰਿਹਾ । ਦੀਨ ਮਜ਼੍ਹਬ ਕੀਤਾ ਵੱਖ, ਸ਼ਰਅ ਵੰਡ ਨਾ ਕੋਇ ਵੰਡਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਇਕ ਸਮਝਾ ਰਿਹਾ । ਪੀਰ ਪੈਗ਼ੰਬਰ ਪਕੜੇ ਰਾਹ, ਰਹਿਬਰ ਹਰਿ ਜਣਾਈਆ । ਆਬਰੂ ਇਜ਼ਤ ਲਏ ਬਚਾ, ਸਾਬਰ ਸਬਰ ਬੇਸਬਰ ਪਿਆਲਾ ਜਾਮ ਪਿਆਈਆ । ਰਹਿਮਤ ਕਰੇ ਆਪ ਖ਼ੁਦਾ, ਰਹੀਮ ਸੱਚਾ ਸ਼ਹਿਨਸ਼ਾਹੀਆ । ਸਹਿਮਤ ਹੋਵੇ ਨਾ ਹੋਵੇ ਜੁਦਾ, ਜੁਜ਼ ਅੱਡ ਨਾ ਕੋਇ ਕਰਾਈਆ । ਕਦਮਾਂ ਉਪਰ ਹੋ ਫ਼ਿਦਾ, ਫ਼ਿਤਰਤ ਆਪ ਗਵਾਈਆ । ਸਹਿਜੇ ਸਹਿਜੇ ਲਏ ਮਿਲਾ, ਵਿਛੜੇ ਗੋਦ ਉਠਾਈਆ ਜਿਸ ਨੇ ਕਰਬਲਾ ਦਿਤਾ ਵਖਾ, ਕਾਇਨਾਤ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੁਨੇਹੁੜਾ ਇਕ ਸਮਝਾਈਆ । ਪੀਰ ਪੈਗ਼ੰਬਰ ਵੇਖੇ ਦਰਵੇਸ਼, ਇਕੋ ਇਕ ਆਇੰਦਾ । ਚਾਰ ਯਾਰੀ ਨਾ ਰਹੇ ਹਮੇਸ਼, ਕਲਮਾਂ ਨਬੀ ਨਾ ਕੋਇ ਪੜ੍ਹਾਇੰਦਾ । ਪਰਵਰਦਿਗਾਰ ਇਕ ਆਦੇਸ, ਆਦਿ ਜੁਗਾਦਿ ਰਖਾਇੰਦਾ । ਜੁਗ ਚੌਕੜੀ ਅਵੱਲੜਾ ਵੇਸ, ਨਿਰਗੁਣ ਸਰਗੁਣ ਧਾਰ ਬੰਨ੍ਹਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਵ ਨੌਂ ਚਾਰ ਲਿਆ ਵੇਖ, ਕਲਜੁਗ ਅੰਤਮ ਵੇਲਾ ਆਇੰਦਾ । ਦਰ ਦਰ ਘਰ ਘਰ ਹੋਇਆ ਭੇਖ, ਪ੍ਰਭ ਕਾ ਭੇਵ ਕੋਇ ਨਾ ਪਾਇੰਦਾ । ਕਿਸੇ ਮੁੱਛ ਦਾੜ੍ਹੀ ਰੱਖਿਆ ਕੇਸ, ਕੋਇ ਸੀਸ ਮੁਡਾਇੰਦਾ । ਪਾਰਬ੍ਰਹਮ ਬਿਨ ਭਗਤਾਂ ਕਿਸੇ ਨਾ ਰੱਖੇ ਸਾਇਆ ਹੇਠ, ਲੱਖ ਚੁਰਾਸੀ ਸਰਬ ਕੁਰਲਾਇੰਦਾ । ਅੰਤਮ ਸੁੰਞਾ ਹੋਇਆ ਖੇਤ, ਪੀਰ ਪੈਗ਼ੰਬਰ ਰਾਖਾ ਨਜ਼ਰ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਸਮਝਾਇੰਦਾ । ਪੀਰ ਪੈਗ਼ੰਬਰ ਵੇਖੇ ਤਮਾਸ਼ਾ, ਹਰਿ ਤਰਾਂ ਤਰਾਂ ਸਮਝਾਈਆ । ਜਿਸ ਦੀ ਰੱਖਦੇ ਗਏ ਆਸਾ, ਸੋ ਆਸਾ ਪੂਰ ਕਰਾਈਆ । ਚੌਦਾਂ ਤਬਕ ਨਾ ਕੋਇ ਦਿਲਾਸਾ, ਸਿਰ ਹੱਥ ਨਾ ਕੋਇ ਟਿਕਾਈਆ । ਹੂਰ ਬਹਿਸ਼ਤੀ ਨਾ ਕੋਇ ਭੋਗ ਬਿਲਾਸਾ, ਰੰਗ ਰੰਗ ਨਾ ਕੋਇ ਬਦਲਾਈਆ ।

ਸਭ ਦਾ ਖ਼ਾਲੀ ਕਰੇ ਕਾਸਾ, ਰਹਿਮਤ ਮਿਹਰ ਨਾ ਕੋਇ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਰ ਦਏ ਵਖਾਈਆ । ਸਾਚਾ ਦਰ ਵੇਖਣ ਪੀਰ, ਪੀਰਨ ਪੀਰ ਵਖਾਇੰਦਾ । ਬੇਪਰਵਾਹ ਕਲਜੁਗ ਅੰਤਮ ਖੇਲ ਅਖ਼ੀਰ, ਆਖ਼ਰ ਆਪ ਸਮਝਾਇੰਦਾ । ਭਗਤ ਭਗਵਾਨ ਬਦਲੇ ਤਕਦੀਰ, ਤਸਬੀ ਮਾਲਾ ਨਾ ਕੋਇ ਫੜਾਇੰਦਾ । ਸ਼ਰਅ ਸ਼ਰੀਅਤ ਕੱਟ ਜ਼ੰਜੀਰ, ਲਾਸ਼ਰੀਕ ਮੇਲ ਮਿਲਾਇੰਦਾ । ਦਰਸ ਦਖਾਏ ਬੇਨਜ਼ੀਰ, ਨਜ਼ਰ ਕਿਸੇ ਨਾ ਆਇੰਦਾ । ਲੇਖਾ ਜਾਣੇ ਸ਼ਾਹ ਹਕੀਰ, ਸ਼ਹਿਨਸ਼ਾਹ ਆਪਣਾ ਘਰ ਵਖਾਇੰਦਾ । ਚਾਰ ਜੁਗ ਦੀ ਮੇਟੇ ਲਕੀਰ, ਆਪਣਾ ਮਾਰਗ ਆਪੇ ਲਾਇੰਦਾ । ਜਨ ਭਗਤਾਂ ਕੱਟੇ ਹਰਿ ਜੂ ਭੀੜ, ਔਝੜ ਰਾਹ ਨਾ ਕੋਇ ਵਖਾਇੰਦਾ । ਚਰਨ ਕਵਲ ਕਵਲ ਚਰਨ ਦੇਵੇ ਧੀਰ, ਧੀਰਜ ਇਕੋ ਨਾਮ ਧਰਾਇੰਦਾ । ਅੰਮ੍ਰਿਤ ਆਤਮ ਸਾਚਾ ਸੀਰ, ਸ੍ਰੀ ਭਗਵਾਨ ਜਾਮ ਪਿਆਇੰਦਾ । ਹਰਿਜਨ ਹਰਿਜਨ ਮੇਲੇ ਸਾਚੇ ਵੀਰ, ਜਗਤ ਵਿਛੋੜਾ ਪੰਧ ਮੁਕਾਇੰਦਾ । ਕਿਰਪਾ ਕਰ ਗਹਿਰ ਗੁਣ ਗੰਭੀਰ, ਡੂੰਘੇ ਸਾਗਰ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣਾ ਭੇਵ ਚੁਕਾਇੰਦਾ । ਹਰਿਜਨ ਵੇਖੇ ਕੋਝਾ ਕਮਲਾ, ਕਮਲੀ ਵਾਲਾ ਫੇਰਾ ਪਾਈਆ । ਦੋ ਜਹਾਨਾਂ ਜਾਣੇ ਅਮਲਾ, ਫੋਲ ਫੁਲਾਏ ਥਾਉਂ ਥਾਈਂਆ । ਬਾਹਰੋਂ ਬਣੇ ਜੱਟ ਯਮਲਾ, ਅੰਦਰ ਸ਼ਹਿਨਸ਼ਾਹ ਸ਼ਹਿਨਸ਼ਾਹੀਆ । ਦੋ ਜਹਾਨਾਂ ਇਕੋ ਵਾਰ ਕਰੇ ਹਮਲਾ, ਸਿਰ ਸਕੇ ਨਾ ਕੋਇ ਉਠਾਈਆ । ਨੌਂ ਖੰਡ ਪ੍ਰਿਥਮੀ ਕਾਚੀ ਮਾਟੀ ਗਮਲਾ, ਲੱਖ ਚੁਰਾਸੀ ਬੂਟੇ ਵਿਚ ਟਿਕਾਈਆ । ਦੋ ਜਹਾਨ ਵਜਾਏ ਤਬਲਾ, ਏਕਾ ਡੰਕਾ ਹੱਥ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਹਰਿ ਕਾ ਨਿਸ਼ਾਨਾ ਦੱਸਦੇ ਰਹੇ ਮਾਰ ਕੇ ਟਪਲਾ, ਪੂਰਨ ਭੇਵ ਨਾ ਕੋਇ ਖੁਲ੍ਹਾਈਆ । ਕੋਈ ਕਹੇ ਉਪਰ ਰਹਿੰਦਾ ਅੰਬਰਾਂ, ਨਜ਼ਰ ਕਿਸੇ ਨਾ ਆਈਆ । ਕੋਈ ਕਹੇ ਵੜਿਆ ਵਿਚ ਪੈਗ਼ੰਬਰਾਂ, ਦੂਜਾ ਰੂਪ ਨਾ ਕੋਇ ਵਟਾਈਆ । ਕੋਈ ਕਹੇ ਵੜਿਆ ਮਸੀਤਾਂ ਮੰਦਰਾਂ, ਗੁਰਦੁਆਰੇ ਡੇਰਾ ਲਾਈਆ । ਕੋਈ ਕਹੇ ਰਹੇ ਡੂੰਘੀ ਕੰਦਰਾਂ, ਕੋਈ ਕਹੇ ਉਚੇ ਟਿੱਲੇ ਪਰਬਤ ਬੈਠਾ ਸੱਚਾ ਮਾਹੀਆ । ਸ੍ਰੀ ਭਗਵਾਨ ਕਹੇ ਬਿਨ ਭਗਤਾਂ ਮੇਰਾ ਕਿਸੇ ਨਾ ਫੜਿਆ ਪਲੜਾ, ਪੱਲੂ ਬੰਨ੍ਹ ਨਾ ਕਿਸੇ ਜਣਾਈਆ । ਆਦਿ ਜੁਗਾਦਿ ਫਿਰਾਂ ਇਕੱਲੜਾ, ਜੁਗ ਜੁਗ ਵੇਸ ਵਟਾਈਆ । ਕਲਜੁਗ ਅੰਤਮ ਪਾਇਆ ਝਗੜਾ, ਫ਼ੈਸਲਾ ਸਕੇ ਨਾ ਕੋਇ ਕਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਹੁਕਮੇ ਅੰਦਰ ਲਾਇਆ ਰਗੜਾ, ਫੜ ਫੜ ਵੇਖ ਵਖਾਈਆ । ਸਚਖੰਡ ਦੁਆਰੇ ਕਰ ਧਿਆਨ ਸਾਰੇ ਕਹਿਣ ਸ੍ਰੀ ਭਗਵਾਨ ਤਕੜਾ, ਜਿਸ ਦਾ ਅੰਤ ਕੋਇ ਨਾ ਆਈਆ । ਗੁਰੂ ਅਵਤਾਰ ਪੀਰ ਪੈਗ਼ੰਬਰ ਕੋਈ ਲੂਲਾ ਕੋਈ ਲੰਗੜਾ, ਕੋਈ ਨਿਉਂ ਨਿਉਂ ਕਦਮ ਉਠਾਈਆ । ਅਬਿਨਾਸ਼ੀ ਕਰਤਾ ਸਤਿਜੁਗ ਤ੍ਰੇਤਾ ਦੁਆਪਰ ਬਣਿਆ ਰਿਹਾ ਮਕਰਾ, ਆਪਣਾ ਰੂਪ ਨਾ ਕਿਸੇ ਵਖਾਈਆ । ਕਲਜੁਗ ਅੰਤਮ ਨਿਰਗੁਣ ਦਾਤਾ ਪੁਰਖ ਬਿਧਾਤਾ ਛੈਲ ਛਬੀਲਾ ਵਖਾਵਣ ਆਇਆ ਆਪਣਾ ਨਖ਼ਰਾ, ਜੋਤੀ ਜੋਤ ਜੋਤ ਰੁਸ਼ਨਾਈਆ । ਜੇ ਕੋਈ ਲੱਭਣ ਜਾਏ ਹੋ ਜਾਏ ਸਭ ਤੋਂ ਵੱਖਰਾ, ਜੇ ਕੋਈ ਚਰਨੀਂ ਡਿਗੇ ਭਗਤਾਂ ਵਿਚ ਸਮਾਈਆ । ਇਕੋ ਇਕ ਸੁਣਾਏ ਆਪਣਾ ਫ਼ਿਕਰਾ, ਫਿਕਰ ਸਾਰੇ ਦਏ ਗਵਾਈਆ । ਗੁਰਸਿਖਾਂ ਘਰ ਘਰ ਕਰੇ ਜ਼ਿਕਰਾ, ਜ਼ਿਕਰੀਆ ਬੈਠਾ ਸੀਸ ਝੁਕਾਈਆ । ਸ਼ਾਹ ਸੁਲਤਾਨ ਇਕੋ ਨਿੱਤਰਾ, ਨਿਰਵੈਰ ਫੇਰਾ ਪਾਈਆ । ਗੋਬਿੰਦ ਨਾਤਾ ਤੋੜਿਆ ਬਾਜਾਂ ਤਿੱਤਰਾਂ, ਹਰਿਜਨ ਸਾਚੇ ਅੰਤ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗ਼ਰੀਬ ਨਿਮਾਣੇ ਗੁਰਮੁਖ ਸੱਜਣ ਸਹਿਜ ਸਹਿਜ ਸੁਖ ਸਾਗਰ ਵਿਚ ਮਿਲਾਈਆ ।

ਸੁਖ ਸਾਗਰ ਹਰਿ ਸੱਚਾ ਆਪ, ਅਵਰ ਨਾ ਕੋਇ ਜਣਾਇੰਦਾ । ਭਗਤ ਵਛਲ ਜਨ ਮਾਈ ਬਾਪ, ਪਿਤਾ ਪੂਤ ਵੰਡ ਵੰਡਾਇੰਦਾ । ਜਿਸ ਜਨ ਜਪਿਆ ਸੋਹੰ ਜਾਪ, ਸੋ ਸਤਿਗੁਰ ਵਿਚ ਸਮਾਇੰਦਾ । ਆਤਮ ਦਰਸੀ ਉਤਰੇ ਪਾਪ, ਦੁਰਮੱਤ ਮੈਲ ਧੁਆਇੰਦਾ । ਮੁਰਸ਼ਦ ਮੁਰੀਦਾਂ ਕਰੇ ਪਾਕੀ ਪਾਕ, ਪਤਤ ਪੁਨੀਤ ਆਪ ਕਰਾਇੰਦਾ । ਗ੍ਰਿਹ ਮੰਦਰ ਖੋਲ੍ਹ ਤਾਕ, ਪਰਦਾ ਦੂਈ ਆਪ ਉਠਾਇੰਦਾ । ਹਰਿ ਸੱਜਣ ਮੇਲਾ ਆਪਣੇ ਮਾਘ, ਜਗਤ ਮਾਘੀ ਗੁਰਸਿਖ ਕਦੇ ਨਾ ਨਹਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧੋਵਣ ਆਇਆ ਦਾਗ਼, ਆਪਣੀ ਹੱਥੀਂ ਮਲ ਮਲ ਆਪ ਨੁਹਾਇੰਦਾ ।

❇ ਪਹਿਲੀ ਮਾਘ ੨੦੧੯ ਬਿਕਰਮੀ ਜੇਠੂਵਾਲ ❇

ਭਗਤ ਮੇਲਾ ਭਗਵੰਤ ਮਿਲਾਵਾ, ਭਾਵੀ ਭਰਮ ਮਿਟਾਈਆ । ਸਾਹਿਬ ਮਿਲਣ ਦਾ ਇਕੋ ਦਾਅਵਾ, ਹਰਿਜਨ ਚਰਨ ਧਿਆਨ ਲਗਾਈਆ । ਸਤਿਜੁਗ ਵੇਲੇ ਪੱਕਿਆ ਆਵਾ, ਪ੍ਰਹਿਲਾਦ ਮਿਲੀ ਵਡਿਆਈਆ । ਦੁਆਪਰ ਲੇਖੇ ਲੱਗਾ ਨਾਂਵਾਂ, ਬਿਦਰ ਹੋਏ ਸਹਾਈਆ । ਕਲਜੁਗ ਅੰਤਮ ਮਿਲਿਆ ਥਾਂ ਜਗਤ ਨਿਥਾਵਾਂ, ਥਾਨ ਥਨੰਤਰ ਇਕ ਸੁਹਾਈਆ । ਸ੍ਰੀ ਭਗਵਾਨ ਪਕੜੇ ਬਾਹਵਾਂ, ਆਪਣੇ ਆਪ ਉਠਾਈਆ । ਨਾਤਾ ਤੁਟਾ ਹੰਸਾਂ ਕਾਵਾਂ, ਕਾਗ ਹੰਸ ਵਖਾਈਆ । ਸਮਰਥ ਦੇਵੇ ਸਿਰ ਠੰਡੀਆਂ ਛਾਵਾਂ, ਸ਼ਹਿਨਸ਼ਾਹ ਬੇਪਰਵਾਹੀਆ । ਹਰਿਜਨ ਮੇਲਾ ਜਿਉਂ ਪੁੱਤਰਾਂ ਮਾਵਾਂ, ਪਿਤਾ ਮਾਤ ਗੋਦ ਸੁਹਾਈਆ । ਤੇਰਵੇਂ ਮਹੀਨੇ ਬਦਲਿਆ ਪਰਛਾਵਾਂ, ਸਾਢੇ ਬਾਰਾਂ ਮਾਸ ਘਰਦਿਆਂ ਅੱਖ ਨਾ ਕਿਸੇ ਖੁਲ੍ਹਾਈਆ । ਸੋਹਣ ਸਿੰਘ ਅੱਜ ਫਿਰੇ ਚਾਵਾਂ ਚਾਵਾਂ, ਪ੍ਰਭ ਆਇਆ ਬੇਪਰਵਾਹੀਆ । ਚਰਨ ਕਵਲ ਬਹਿ ਬਹਿ ਢੋਲੇ ਗਾਵਾਂ, ਪਿਛਲਾ ਚੇਤਾ ਰਿਹਾ ਕਰਾਈਆ । ਦਿਵਸ ਰੈਣ ਸਾਹਿਬ ਸਾਈਂ ਸੱਚਾ ਇਕੋ ਗਾਵਾਂ, ਗੁਣ ਗੋਬਿੰਦ ਇਕੋ ਗਾਈਆ । ਜਿਧਰ ਵੇਖਾਂ ਜਿਧਰ ਜਾਵਾਂ, ਨੱਠ ਨੱਠ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵਨ ਰੰਗ ਵਖਾਈਆ । ਸੋਹਣ ਸਿੰਘ ਕਹੇ ਮੋਹੇ ਚਾਉ ਘਨੇਰਾ, ਚੌ ਕੰਨੀ ਆਖ ਸੁਣਾਇੰਦਾ । ਪ੍ਰਭ ਮਿਲਿਆ ਜਿਸ ਨਾਤਾ ਜੋੜਿਆ ਤੇਰਾ ਮੇਰਾ, ਮੇਰਾ ਤੇਰਾ ਏਕਾ ਰੂਪ ਵਖਾਇੰਦਾ । ਭੌਂਦਾ ਫਿਰਦਾ ਦੋ ਜਹਾਨਾਂ ਲਾ ਕੇ ਆਇਆ ਗੇੜਾ, ਉਚ ਮਹੱਲੇ ਜਾ ਜਾ ਗੁਰਮੁਖਾਂ ਦਰਸ ਦਿਖਾਇੰਦਾ । ਧਰਤ ਧਵਲ ਲੋਕਮਾਤ ਵਸਾਏ ਕੁੱਲੀ ਕੱਖਾਂ ਖੇੜਾ, ਕੁਲ ਆਪਣਾ ਆਪ ਬਣਾਇੰਦਾ । ਜਗਤ ਵਲੋਂ ਤਨ ਖ਼ਾਕ ਢਾਹ ਕੇ ਕੀਤਾ ਢੇਰਾ, ਆਤਮ ਆਪਣੀ ਆਪਣੀ ਗੋਦ ਬਹਾਇੰਦਾ । ਧੰਨ ਭਾਗ ਪ੍ਰਭ ਕੀਤੀ ਮਿਹਰਾ, ਮਿਹਰ ਨਜ਼ਰ ਇਕ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰਵਾਨ ਮਿਹਰਵਾਨ ਦੀਨ ਦਿਆਲ, ਦਇਆ ਇਕੋ ਇਕ ਵਖਾਇੰਦਾ । ਦਇਆ ਵਖਾਏ ਹਰਿ ਗੋਬਿੰਦ, ਦਇਆ ਨਜ਼ਰ ਕਿਸੇ ਨਾ ਆਈਆ । ਕਰ ਕਿਰਪਾ ਜਿਸ ਦੀ ਮੇਟੇ ਚਿੰਦ, ਭਰਮ ਭੁਲੇਖਾ ਦਏ ਗਵਾਈਆ । ਤਿਸ ਨਜ਼ਰੀ ਆਏ ਗੁਣੀ ਗਹੀਰ ਗਹਿਰ ਗੋਬਿੰਦ, ਭਵ ਸਾਗਰ ਪਾਰ ਕਰਾਈਆ । ਜਿਸ ਰਸਤੇ ਵਿਚੋਂ ਗਿਆ ਅੱਗੇ ਸੀਸ ਨਿਵਾਵਣ ਵਿਸ਼ਨ ਬ੍ਰਹਮਾ ਸ਼ਿਵ ਇੰਦ, ਕਰੋੜ ਤਤੀਸਾ ਚਰਨ ਧਿਆਨ ਲਗਾਈਆ । ਸਾਰੇ ਕਹਿਣ ਵੇਖੋ ਪਾਰਬ੍ਰਹਮ ਦੀ ਬਿੰਦ, ਪੁਰਖ ਅਬਿਨਾਸ਼ੀ ਆਪਣੀ ਉਂਗਲੀ ਲਾਈਆ । ਜਿਸ ਨੇ ਤਜਾਇਆ ਜੀਵ ਇੰਡ, ਬ੍ਰਹਿਮੰਡ ਪੈਰਾਂ ਹੇਠ ਦਬਾਈਆ । ਹੋਏ ਹੈਰਾਨ ਸਾਰੇ ਗਏ ਖਿੰਡ, ਬਿਨ ਗੁਰਮੁਖ ਹਰਿ ਕਾ ਸੰਗ ਨਾ ਕੋਇ ਨਿਭਾਈਆ ।

ਲੱਖ ਚੁਰਾਸੀ ਰਾਏ ਧਰਮ ਕੱਢੇ ਜਿੰਦ, ਜਨ ਭਗਤਾਂ ਭਗਵਾਨ ਆਪਣੀ ਗੋਦ ਬਹਾਈਆ । ਅੰਮ੍ਰਿਤ ਧਾਰ ਪਿਆਏ ਸਾਗਰ ਸਿੰਧ, ਰਸ ਇਕੋ ਇਕ ਵਖਾਈਆ । ਸਾਹਿਬ ਸਤਿਗੁਰ ਸਦਾ ਬਖ਼ਸ਼ੰਦ, ਬਖ਼ਸ਼ਿਸ਼ ਆਪਣੇ ਹੱਥ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਮੇਲਾ ਸਹਿਜ ਸੁਭਾਈਆ । ਮੇਲਾ ਮਿਲਿਆ ਸੋਹਣ, ਸਿੰਘ ਸੋਹਣ ਸੋਹਣੀ ਬਣਤ ਬਣਾਈਆ । ਜੀਵਾਂ ਜੰਤਾਂ ਸਾਰੇ ਰੋਣ, ਗੁਰਮੁਖਾਂ ਗੁਰਸਿਖ ਵੇਖ ਖ਼ੁਸ਼ੀ ਰਖਾਈਆ । ਜਿਨ੍ਹਾਂ ਆਪਣਾ ਧੋਤਾ ਧੋਣ, ਸੋ ਪਿਛਲਿਆਂ ਗਏ ਸਮਝਾਈਆ । ਹਰਿ ਕਾ ਭੇਵ ਜਾਣੇ ਕੌਣ, ਕੀਮਤ ਕਰਤੇ ਕਿਸੇ ਨਾ ਪਾਈਆ । ਜਿਸ ਲੇਖਾ ਆਪਣੇ ਹੱਥ ਰੱਖਿਆ ਰਾਮ ਰੌਣ, ਕੰਸ ਕਾਹਨਾ ਵੰਡ ਵੰਡਾਈਆ । ਸੋ ਕਲਜੁਗ ਅੰਤਮ ਕਿੰਗਰਾ ਕਿੰਗਰਾ ਆਇਆ ਢੌਣ, ਚਾਰ ਕੁੰਟ ਫੇਰਾ ਪਾਈਆ । ਪਿਛਲੇ ਜੁਗ ਦੇ ਵਿਛੜੇ ਆਇਆ ਮਨੌਣ, ਅੰਦਰ ਵੜ ਵੜ ਰਿਹਾ ਸਮਝਾਈਆ । ਰਾਤੀਂ ਗੁਰਸਿਖਾਂ ਨਾ ਦੇਵੇ ਸੌਣ, ਸੁਤਿਆਂ ਲਏ ਜਗਾਈਆ । ਸਨੇਹੁੜਾ ਦੇਵੇ ਨਾ ਕਿਸੇ ਹੱਥ ਪੌਣ, ਨੰਗੀਂ ਪੈਰੀਂ ਫੇਰਾ ਪਾਈਆ । ਸਿਰ ਨਿਵਾਏ ਫੜ ਕੇ ਧੌਣ, ਚਰਨ ਕਵਲ ਦਏ ਸਰਨਾਈਆ । ਅੰਮ੍ਰਿਤ ਜਾਮ ਆਇਆ ਪਿਔਣ, ਨਾਮ ਸੁਰਾਹੀ ਹੱਥ ਉਠਾਈਆ । ਮਨ ਹੰਕਾਰੀ ਆਇਆ ਢੌਣ, ਖੰਡਾ ਇਕੋ ਇਕ ਚਮਕਾਈਆ । ਨਿਰਗੁਣ ਰੂਪ ਸਤਿ ਸਰੂਪ ਆਇਆ ਵਖੌਣ, ਚਾਰ ਜੁਗ ਜੋ ਕੋਈ ਵੇਖਣ ਨਾ ਪਾਈਆ । ਹਰਿ ਸੰਗਤ ਵੱਡੇ ਛੋਟੇ ਨਿੱਕੇ ਇਕੋ ਥਾਂ ਆਇਆ ਬਹੌਣ, ਜ਼ਾਤ ਪਾਤ ਨਾ ਕੋਇ ਵਖਾਈਆ । ਗ਼ਰੀਬ ਨਿਮਾਣਿਆਂ ਸ਼ਾਹ ਸੁਲਤਾਨਾਂ ਆਇਆ ਸਮਝੌਣ, ਸਮਝ ਸਭ ਦੀ ਰਿਹਾ ਗਵਾਈਆ । ਨੌਂ ਖੰਡ ਪ੍ਰਿਥਮੀ ਵਿਸ਼ਨ ਬ੍ਰਹਮਾ ਸ਼ਿਵ ਗੁਰ ਅਵਤਾਰ ਪੀਰ ਪੈਗ਼ੰਬਰ ਭਗਤ ਭਗਵਾਨ ਇਕੋ ਢੋਲਾ ਗੌਣ, ਸੋਹੰ ਵੱਜੇ ਨਾਮ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣ ਸਿੰਘ ਤੋਂ ਕੀਤਾ ਸਿੰਘ ਸੋਹਣ, ਮੋਹ ਆਪਣੇ ਨਾਲ ਰਖਾਈਆ । ਰੱਖਿਆ ਮੋਹ ਸੰਗ ਪਿਆਰ, ਪਰਮ ਪੁਰਖ ਦਇਆ ਕਮਾਇੰਦਾ । ਸਚ ਦੁਆਰੇ ਦਿਤਾ ਆਧਾਰ, ਆਦਤ ਇਕੋ ਇਕ ਜਣਾਇੰਦਾ । ਭਗਤਾਂ ਸੰਗ ਭਗਤ ਵਿਹਾਰ, ਜਗਤ ਨਾਤਾ ਤੋੜ ਤੁੜਾਇੰਦਾ । ਸਚਖੰਡ ਦੁਆਰ ਦਿਤਾ ਬਹਾਲ, ਬਾਬਲ ਆਪਣਾ ਘਰ ਵਖਾਇੰਦਾ । ਸੌਹਰੇ ਪੇਈਏ ਨਾ ਕੋਇ ਵਿਚਾਰ, ਬਾਪੂ ਇਕੋ ਨਜ਼ਰੀ ਆਇੰਦਾ । ਮੁਖ ਤੋਂ ਪਰਦਾ ਦਏ ਉਠਾਲ, ਦੂਜੀ ਵਾਰ ਘੁੰਡ ਨਾ ਕੋਇ ਵਖਾਇੰਦਾ । ਅੱਗੋਂ ਨਜ਼ਰੀ ਆਇਆ ਪੁਰਖ ਅਕਾਲ, ਜੋਤੀ ਜਾਤਾ ਡਗਮਗਾਇੰਦਾ । ਗੁਰਮੁਖ ਵੇਖ ਹੋਏ ਨਿਹਾਲ, ਵਾਹਵਾ ਸਤਿਗੁਰ ਦਰਸ ਦਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭਗਤ ਭਗਵੰਤ ਆਪੇ ਫੜ, ਬਿਨ ਪੌੜੀਉਂ ਡੰਡਿਉਂ ਜਾਏ ਚੜ੍ਹ, ਔਂਦਾ ਜਾਂਦਾ ਨਜ਼ਰ ਕਿਸੇ ਨਾ ਆਇੰਦਾ । ਔਂਦਾ ਜਾਂਦਾ ਨਾ ਜਾਏ ਥੱਕ, ਪਾਂਧੀ ਆਪਣਾ ਪੰਧ ਮੁਕਾਈਆ । ਕਰੇ ਨਬੇੜਾ ਹੱਕੋ ਹੱਕ, ਹਕੀਕਤ ਵੇਖੇ ਥਾਉਂ ਥਾਈਆ । ਜੁਗ ਜੁਗ ਸੰਤ ਸੁਹੇਲੇ ਲਏ ਰੱਖ, ਸਿਰ ਆਪਣਾ ਹੱਥ ਟਿਕਾਈਆ । ਲੱਖ ਚੁਰਾਸੀ ਨਾਲੋਂ ਕਰੇ ਵੱਖ, ਵੱਖਰੀ ਧਾਰ ਸਮਝਾਈਆ । ਜਨ ਭਗਤਾਂ ਗਾਏ ਹਰਿ ਜੂ ਜਸ, ਜਸ ਭਗਤਾਂ ਕੋਲੋਂ ਆਪਣਾ ਆਪ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਤਾ ਤੋੜ ਤੱਤ ਅੱਠ, ਲਹਿਣਾ ਚੁਕਾਇਆ ਹੱਥੋ ਹੱਥ, ਸਾਚਾ ਮਾਰਗ ਸ਼ਬਦੀ ਦੱਸ, ਉਚੇ ਮੰਦਰ ਅੰਦਰ ਦਿਤਾ ਬਹਾਈਆ । ਹਰਿ ਜੂ ਤੇਰਾ ਮੰਦਰ ਸੋਹਣਾ, ਗੁਰਮੁਖ ਵੇਖ ਖ਼ੁਸ਼ੀ ਮਨਾਇੰਦਾ । ਏਥੇ ਕਿਸੇ ਨਾ ਸੁਝੇ ਔਣਾ, ਚਾਰੋਂ ਕੁੰਟ ਇਕੋ ਹੰਸ ਮੁਖ, ਤੇਰਾ ਮੁਖ ਸਾਲਾਹਿੰਦਾ । ਨਾ ਕੋਈ ਕੁੰਟ ਨਾ ਕੋਈ ਕੋਣਾ, ਉਤਰ ਪੂਰਬ ਪੱਛਮ ਦੱਖਣ ਵੰਡ ਨਾ ਕੋਇ ਵੰਡਾਇੰਦਾ । ਨਾ ਕੋਈ ਜਾਗਣਾ

ਨਾ ਕੋਈ ਸੌਣਾ, ਨਾਰ ਕੰਤ ਨਾ ਕੋਇ ਹੰਢਾਇੰਦਾ । ਨਾ ਕੁਝ ਵੱਢਣਾ ਨਾ ਕੁਝ ਬੋਣਾ, ਕਿਰਸਾਣ ਹੱਲ ਨਾ ਕੋਇ ਵਹਾਇੰਦਾ । ਤੇਰੀ ਕਿਰਪਾ ਤੇਰੇ ਜਿਹਾ ਹੋਣਾ, ਦੂਜਾ ਰੂਪ ਨਜ਼ਰ ਕੋਇ ਨਾ ਆਇੰਦਾ । ਸਾਹਿਬ ਸੁਲਤਾਨ ਸ਼ਹਿਨਸ਼ਾਹ ਤੂੰ ਸਭ ਤੋਂ ਸੋਹਣਾ, ਤੇਰਾ ਸੁਹੱਪਣ ਸਿਫ਼ਤ ਵਿਚ ਕਦੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਇਆ ਸੱਚਾ ਘਰ, ਜਿਸ ਘਰ ਬਿਨ ਭਗਤਾਂ ਨਜ਼ਰ ਕੋਇ ਨਾ ਆਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਸੱਚਾ ਦਾਨ, ਭਗਤ ਭਗਵੰਤ ਇਕ ਨਿਸ਼ਾਨ, ਹਰਿਜਨ ਆਪਣੇ ਘਰ ਵਸਾਇੰਦਾ ।

### ❇ ਪਹਿਲੀ ਮਾਘ ੨੦੧੯ ਬਿਕਰਮੀ ਜੇਠੂਵਾਲ ਹਰਿ ਭਗਤ ਦੁਆਰ ਵਿਚ ❇

ਸੋ ਪੁਰਖ ਨਿਰੰਜਣ ਸ਼ਹਿਨਸ਼ਾਹ, ਸ਼ਾਹ ਪਾਤਸ਼ਾਹ ਵੱਡੀ ਵਡਿਆਈਆ । ਹਰਿ ਪੁਰਖ ਨਿਰੰਜਣ ਬੇਪਰਵਾਹ, ਬੇਅੰਤ ਧਾਰ ਚਲਾਈਆ । ਏਕੰਕਾਰਾ ਸਿਫ਼ਤ ਸਾਲਾਹ, ਸਿਫ਼ਤੀ ਸਿਫ਼ਤ ਨਾ ਕੋਇ ਸਾਲਾਹੀਆ । ਆਦਿ ਨਿਰੰਜਣ ਨੂਰ ਰੁਸ਼ਨਾ, ਜੋਤੀ ਜਾਤਾ ਡਗਮਗਾਈਆ । ਸ੍ਰੀ ਭਗਵਾਨ ਸਚ ਨਿਸ਼ਾਨ, ਨਿਰਗੁਣ ਆਪਣਾ ਆਪ ਵਖਾਈਆ । ਅਬਿਨਾਸ਼ੀ ਕਰਤਾ ਵਸੇ ਸਾਚੇ ਥਾਂ, ਸਚ ਦੁਆਰੇ ਸੋਭਾ ਪਾਈਆ । ਪਾਰਬ੍ਰਹਮ ਵੇਸ ਅਵੱਲੜਾ ਆਪ ਵਟਾ, ਭੇਵ ਅਭੇਦ ਖੁਲ੍ਹਾਈਆ । ਪੁਰਖ ਅਗੰਮਾ ਅਗੰਮ ਅਗੰਮੜੀ ਕਾਰ ਕਮਾ, ਕਰਨੀ ਆਪਣੇ ਹੱਥ ਰਖਾਈਆ । ਸਮਰਥ ਪੁਰਖ ਪ੍ਰਭ ਪਰਦਾ ਲਾਹ, ਪਰਵਰਦਿਗਾਰ ਨੂਰ ਜ਼ਹੂਰ ਰੁਸ਼ਨਾਈਆ । ਮੁਕਾਮੇ ਹੱਕ ਇਕ ਖ਼ੁਦਾ, ਬੇਐਬ ਵੱਡੀ ਵਡਿਆਈਆ । ਆਪਣੀ ਇਛਿਆ ਲਏ ਪਰਗਟਾ, ਸਾਚੀ ਭਿਛਿਆ ਆਪ ਵਰਤਾਈਆ । ਲੇਖਾ ਜਾਣੇ ਧੁਰਦਰਗਾਹ, ਦਰਗਾਹ ਸਾਚੀ ਵੱਜੇ ਵਧਾਈਆ । ਸਚਖੰਡ ਦੁਆਰਾ ਇਕ ਸੁਹਾ, ਛੱਪਰ ਛੰਨ ਨਾ ਕੋਇ ਵਖਾਈਆ । ਸ਼ਹਿਨਸ਼ਾਹ ਪ੍ਰਭ ਆਪ ਅਖਵਾ, ਕਰੇ ਖੇਲ ਵਡ ਵਡਿਆਈਆ । ਧੁਰ ਫ਼ਰਮਾਣਾ ਹੁਕਮ ਜਣਾ, ਨਾਉਂ ਨਿਰੰਕਾਰਾ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ । ਸਾਚਾ ਖੇਲ ਹਰਿ ਅਵੱਲਾ, ਏਕੰਕਾਰਾ ਆਪ ਕਰਾਇੰਦਾ । ਵਸਣਹਾਰਾ ਸਚ ਮਹੱਲਾ, ਸਚਖੰਡ ਸਾਚੇ ਸੋਭਾ ਪਾਇੰਦਾ । ਨਿਰਗੁਣ ਜੋਤ ਆਪੇ ਬਲਾ, ਅਸੁਤੇ ਪਰਕਾਸ਼ ਕਰਾਇੰਦਾ । ਵਸਣਹਾਰਾ ਸਚ ਮਹੱਲਾ, ਮਹੱਲ ਅਟੱਲ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚਾ ਇਕ ਵਡਿਆਇੰਦਾ । ਦਰ ਘਰ ਸਾਚਾ ਸੋਭਾਵੰਤ, ਸਚਖੰਡ ਸੱਚੀ ਵਡਿਆਈਆ । ਪਰਗਟ ਹੋ ਸ੍ਰੀ ਭਗਵੰਤ, ਆਪਣੀ ਬਣਤ ਬਣਾਈਆ । ਲੇਖਾ ਜਾਣ ਆਦਿ ਅੰਤ, ਮਧ ਆਪਣੇ ਵਿਚ ਛੁਪਾਈਆ । ਭੇਵ ਰਖਾਏ ਸਦਾ ਬੇਅੰਤ, ਅੰਤ ਕਹਿਣ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਗੰਮ, ਭੇਵ ਅਭੇਦ ਰਖਾਇੰਦਾ । ਆਦਿ ਕਰੇ ਆਪਣਾ ਕੰਮ, ਕਰਨੀ ਕਰਤਾ ਆਪ ਕਮਾਇੰਦਾ । ਸੱਚਖੰਡ ਨਿਵਾਸੀ ਸਚ ਦੁਆਰੇ ਬੇੜਾ ਬੰਨ੍ਹ, ਖੇਵਟ ਖੇਟਾ ਕੰਧ ਉਠਾਇੰਦਾ । ਕਰੇ ਖੇਲ ਸ੍ਰੀ ਭਗਵਨ, ਦੂਜਾ ਸੰਗ ਨਾ ਕੋਇ ਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਾਰ ਆਪ ਕਮਾਇੰਦਾ । ਸਾਚੀ ਕਾਰ ਕਰੇ ਕਰਤਾਰ, ਕਰਤਾ ਪੁਰਖ ਵੱਡੀ ਵਡਿਆਈਆ । ਸੋ ਪੁਰਖ ਨਿਰੰਜਣ ਹੋ ਤਿਆਰ, ਹਰਿ ਪੁਰਖ ਨਿਰੰਜਣ ਲਏ ਉਠਾਈਆ । ਏਕੰਕਾਰ ਵੇਖੇ ਵਿਗਸੇ ਵੇਖਣਹਾਰ, ਆਦਿ ਨਿਰੰਜਣ ਨੂਰ ਰੁਸ਼ਨਾਈਆ ।



੪੩੨
੧੩

ਅਬਿਨਾਸ਼ੀ ਕਰਤਾ ਵਸੇ ਠਾਂਡੇ ਦਰਬਾਰ, ਸ੍ਰੀ ਭਗਵਾਨ ਛਤਰ ਝੁਲਾਈਆ । ਪਾਰਬ੍ਰਹਮ ਪ੍ਰਭ ਸੇਵਾਦਾਰ, ਸੇਵਕ ਆਪਣੀ ਸੇਵ ਕਮਾਈਆ । ਸ਼ਾਹੋ ਭੂਪ ਬਣ ਸਿਕਦਾਰ, ਸੀਸ ਜਗਦੀਸ਼ ਤਾਜ ਟਿਕਾਈਆ । ਕਰੇ ਖੇਲ ਅਪਰ ਅਪਾਰ, ਲਿਖਣ ਪੜ੍ਹਨ ਵਿਚ ਨਾ ਆਈਆ । ਮਹੱਲ ਅਟੱਲ ਇਕ ਮਨਾਰ, ਊਚੋ ਊਚ ਸੁਹਾਈਆ । ਲੇਖਾ ਜਾਣ ਧੁਰ ਦਰਬਾਰ, ਸਾਚੇ ਘਰ ਕਰੇ ਕੁੜਮਾਈਆ । ਬਣ ਵਿਚੋਲਾ ਏਕੰਕਾਰ, ਓਅੰਕਾਰ ਬੰਧਨ ਪਾਈਆ । ਨਾ ਕੋਈ ਪੁਰਖ ਨਾ ਕੋਈ ਨਾਰ, ਰੂਪ ਰੰਗ ਨਾ ਕੋਇ ਵਖਾਈਆ । ਸਤਿ ਸਤਿਵਾਦੀ ਏਕਾ ਧਾਰ, ਜੋਤੀ ਜੋਤ ਜੋਤ ਰੁਸ਼ਨਾਈਆ । ਨਾ ਕੋਈ ਬੁੱਢਾ ਨੱਢਾ ਨੌਜਵਾਨ, ਕੁੜੀ ਮੁਟਿਆਰ ਰੂਪ ਨਾ ਕੋਇ ਵਖਾਈਆ । ਨਾ ਕੋਈ ਬਸਤਰ ਤਨ ਸ਼ਿੰਗਾਰ, ਭੂਸ਼ਨ ਅੰਗ ਨਾ ਕੋਇ ਵਖਾਈਆ । ਕਰੇ ਖੇਲ ਸਿਰਜਣਹਾਰ, ਘਰ ਸੱਚੇ ਸੱਚਾ ਮਾਹੀਆ । ਬੰਧਨ ਪਾਇਆ ਆਪਣੀ ਵਾਰ, ਸਾਚਾ ਸਗਨ ਮਨਾਈਆ । ਛੰਦਨ ਗਾਏ ਨਾਉਂ ਨਿਰੰਕਾਰ ਜੈਕਾਰ, ਜੈ ਜੈਕਾਰ ਸੁਣਾਈਆ । ਸਾਚੀ ਸਖੀਆਂ ਮੰਗਲਚਾਰ, ਆਪ ਆਪਣਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਸਾਚੀ ਕਰਨੀ ਰਿਹਾ ਕਮਾਈਆ । ਸਚਖੰਡ ਦੁਆਰੇ ਸਚ ਵਿਹਾਰਾ, ਬਿਵਹਾਰੀ ਆਪ ਕਰਾਇੰਦਾ । ਸੋ ਪੁਰਖ ਨਿਰੰਜਣ ਹੋ ਉਜਿਆਰਾ, ਨੂਰ ਜ਼ਹੂਰ ਆਪ ਪਰਗਟਾਇੰਦਾ । ਹਰਿ ਪੁਰਖ ਨਿਰੰਜਣ ਪਾਵੇ ਸਾਰਾ, ਪਰਦਾ ਆਪਣਾ ਆਪ ਚੁਕਾਇੰਦਾ । ਏਕੰਕਾਰਾ ਜਾਣੇ ਧਾਰਾ, ਧਾਰ ਧਾਰ ਵਿਚ ਸਮਾਇੰਦਾ । ਆਦਿ ਨਿਰੰਜਣ ਕਰ ਪਸਾਰਾ, ਆਪਣੀ ਕਲ ਧਰਾਇੰਦਾ । ਅਬਿਨਾਸ਼ੀ ਕਰਤਾ ਸੇਵਾਦਾਰਾ, ਸ੍ਰੀ ਭਗਵਾਨ ਨਿਉਂ ਨਿਉਂ ਸੀਸ ਝੁਕਾਇੰਦਾ । ਪਾਰਬ੍ਰਹਮ ਬੇਖ਼ਬਰ ਹੋਏ ਖ਼ਬਰਦਾਰਾ, ਖ਼ਬਰ ਆਪਣੀ ਆਪ ਪਰਗਟਾਇੰਦਾ । ਸਚ ਸੰਦੇਸਾ ਨਰ ਨਰੇਸ਼ਾ ਇਕ ਪਰਗਟਾਏ ਏਕਾ ਵਾਰਾ, ਦੂਜੀ ਬਣਤ ਨਾ ਕੋਇ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰਾ ਇਕ ਵਸਾਇੰਦਾ । ਸਚ ਦੁਆਰਾ ਪੁਰਖ ਅਬਿਨਾਸ਼, ਅਬਿਨਾਸ਼ੀ ਆਪ ਵਸਾਈਆ । ਆਪੇ ਕਰੇ ਖੇਲ ਤਮਾਸ਼, ਬੇਅੰਤ ਬੇਪਰਵਾਹੀਆ । ਨਿਰਗੁਣ ਦੇਵੇ ਨਿਰਗੁਣ ਸਾਥ, ਸਰਗੁਣ ਨਜ਼ਰ ਕੋਇ ਨਾ ਆਈਆ । ਨਿਰਗੁਣ ਨੂਰ ਨਿਰਗੁਣ ਜ਼ਾਤ, ਨਿਰਗੁਣ ਆਪਣਾ ਬੰਧਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਘਰ ਸਾਚੇ ਖ਼ੁਸ਼ੀ ਮਨਾਈਆ । ਸਾਚੇ ਘਰ ਚੜ੍ਹਿਆ ਚਾਓ, ਸਚਖੰਡ ਵੱਜੀ ਵਧਾਈਆ । ਪੁਰਖ ਅਬਿਨਾਸ਼ੀ ਬੇਪਰਵਾਹੋ, ਬੇਅੰਤ ਖੇਲ ਕਰਾਈਆ । ਆਪੇ ਪਿਤਾ ਆਪੇ ਮਾਉਂ, ਆਪ ਆਪਣਾ ਰੂਪ ਧਰਾਈਆ । ਆਪੇ ਸਗਨ ਮਨਾਏ ਫੜ ਫੜ ਬਾਹੋਂ, ਆਪੇ ਤੰਦਨ ਤੰਧ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਆਪਣੀ ਰਚਨ ਰਚਾਈਆ । ਆਦਿ ਪੁਰਖ ਖੇਲ ਅਪਾਰ, ਅਪਰੰਪਰ ਆਪ ਕਰਾਇੰਦਾ । ਸਚਖੰਡ ਦੁਆਰੇ ਸਚ ਵਿਹਾਰ, ਸਤਿ ਸਤਿਵਾਦੀ ਆਪ ਜਣਾਇੰਦਾ । ਲੇਖਾ ਜਾਣ ਪੁਰਖ ਨਾਰ, ਕੰਤ ਕੰਤਹੂਲ ਰੂਪ ਵਟਾਇੰਦਾ । ਸਾਚੀ ਸੇਜਾ ਅਗੰਮ ਅਪਾਰ, ਪਾਵਾ ਚੂਲ ਨਾ ਕੋਇ ਰਖਾਇੰਦਾ । ਰੰਗ ਰਲੀਆਂ ਮਾਣੇ ਏਕੰਕਾਰ, ਨੇਤਰ ਨੈਣ ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਆਪਣੀ ਕਾਰ ਕਮਾਇੰਦਾ । ਸਚਖੰਡ ਦੁਆਰੇ ਸਾਚਾ ਚੜ੍ਹਿਆ, ਰੂਪ ਰੰਗ ਰੇਖ ਨਾ ਕੋਇ ਰਖਾਈਆ । ਦਰਗਾਹ ਅੰਦਰ ਆਪੇ ਵੜਿਆ, ਦਰਦੀ ਦਰਦ ਵੰਡਾਈਆ । ਨਾ ਜੰਮਿਆ ਨਾ ਮਰਿਆ ਸੜਿਆ, ਅਗਨੀ ਤੱਤ ਨਾ ਕੋਇ ਤਪਾਈਆ । ਆਪਣਾ ਨੂਰ ਆਪੇ ਧਰਿਆ, ਆਪੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਸਚਖੰਡ ਆਪਣੀ ਖ਼ੁਸ਼ੀ ਮਨਾਈਆ । ਸਚਖੰਡ ਦੁਆਰ ਪੁਰਖ ਸਮਰਥ, ਆਪਣੀ ਖੇਲ ਕਰਾਇੰਦਾ । ਨਿਰਗੁਣ ਰੂਪ ਕਰ ਪਰਗਟ, ਪਰਗਟ ਆਪਣਾ ਵੇਸ ਵਟਾਇੰਦਾ । ਆਪੇ ਵਸਤ ਇਕ ਅਕੱਥ, ਕਥਨੀ ਕਥ ਨਾ ਕੋਇ ਜਣਾਇੰਦਾ । ਆਪ ਚਲਾਏ ਆਪਣਾ ਰਥ, ਬਣ ਰਥਵਾਹੀ ਸੇਵ ਕਮਾਇੰਦਾ । ਆਪਣਾ ਮਾਰਗ ਆਪੇ ਦੱਸ, ਬਣ ਪਾਂਧੀ ਵੇਖ ਵਖਾਇੰਦਾ । ਆਪੇ ਗਾਏ ਆਪਣਾ ਜਸ, ਜਸ ਆਪਣਾ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੁਆਰ ਇਕ ਵਡਿਆਇੰਦਾ । ਸਚ ਦੁਆਰ ਸ੍ਰੀ ਭਗਵਾਨ, ਆਦਿ ਆਦਿ ਵਡਿਆਈਆ । ਨਿਰਗੁਣ ਨੂਰ ਕਰ ਪਰਧਾਨ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਪਰਵਰਦਿਗਾਰ ਨੌਜਵਾਨ, ਬਿਰਧ ਬਾਲ ਨਾ ਰੂਪ ਵਟਾਈਆ । ਕਰੇ ਖੇਲ ਇਕ ਮਹਾਨ, ਮਹਿਮਾ ਆਪਣੇ ਵਿਚ ਛੁਪਾਈਆ । ਸਤਿ ਸਤਿਵਾਦੀ ਹੋ ਮਿਹਰਵਾਨ, ਮਿਹਰ ਨਜ਼ਰ ਇਕ ਉਠਾਈਆ । ਦਾਤਾ ਦੇਵਣਹਾਰਾ ਦਾਨ, ਦਾਨੀ ਆਪਣਾ ਨਾਉਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਇਕ ਵਸਾਈਆ । ਸਚਖੰਡ ਵਸਿਆ ਘਰ, ਸੋ ਪੁਰਖ ਨਿਰੰਜਣ ਆਪ ਵਸਾਇਆ । ਜਿਸ ਦਾ ਨਜ਼ਰ ਨਾ ਆਵੇ ਦਰ, ਦਰ ਦਰਵਾਜ਼ਾ ਨਾ ਕਿਸੇ ਖੁਲ੍ਹਾਇਆ । ਕੋਈ ਨਾ ਸਕੇ ਅੰਦਰ ਵੜ, ਕੁੰਡਾ ਹੱਥ ਨਾ ਕੋਇ ਲਾਹਿਆ । ਕਰੇ ਖੇਲ ਨਰਾਇਣ ਨਰ, ਨਰ ਹਰਿ ਆਪਣਾ ਵੇਸ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਆਪ ਵਡਿਆਇਆ । ਸਚਖੰਡ ਦੁਆਰਾ ਵੱਡਾ ਵਡ, ਹਰਿ ਸਤਿਗੁਰ ਆਪ ਵੰਡਾਇੰਦਾ । ਨਿਰਗੁਣ ਵਿਚੋਂ ਨਿਰਗੁਣ ਕੱਢ, ਨਿਰਗੁਣ ਖੇਲ ਕਰਾਇੰਦਾ । ਨਿਰਗੁਣ ਘਰ ਨਿਰਗੁਣ ਸੱਦ, ਸੱਦਾ ਇਕ ਰਖਾਇੰਦਾ । ਨਿਰਗੁਣ ਜਾਣੇ ਨਿਰਗੁਣ ਹੱਦ, ਬੇਹੱਦ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਸੋਭਾ ਪਾਇੰਦਾ । ਦਰ ਘਰ ਸਾਚੇ ਸੋਭਾਵੰਤ, ਸੋ ਪੁਰਖ ਨਿਰੰਜਨ ਬੇਪਰਵਾਹੀਆ । ਕਰੇ ਖੇਲ ਨਾਰ ਕੰਤ, ਹਰਿ ਪੁਰਖ ਨਿਰੰਜਣ ਵਡ ਵਡਿਆਈਆ । ਏਕੰਕਾਰਾ ਗਾਏ ਛੰਦ, ਸੋਹਲਾ ਇਕੋ ਇਕ ਅਲਾਈਆ । ਆਦਿ ਨਿਰੰਜਣ ਖੇਲ ਕਰੇ ਬੇਅੰਤ, ਜੋਤ ਨੂਰ ਨੂਰ ਰੁਸ਼ਨਾਈਆ । ਸ੍ਰੀ ਭਗਵਾਨ ਲੇਖਾ ਜਾਣੇ ਆਦਿ ਅੰਤ, ਆਪਣਾ ਭੇਵ ਚੁਕਾਈਆ । ਅਬਿਨਾਸ਼ੀ ਕਰਤਾ ਦੇਵੇ ਸਚ ਸੁਗੰਤ, ਵਾਸਨਾ ਇਕੋ ਰੂਪ ਵਟਾਈਆ । ਪਾਰਬ੍ਰਹਮ ਕਰੇ ਡੰਡੌਤ, ਨਿਉਂ ਨਿਉਂ ਸੀਸ ਝੁਕਾਈਆ । ਪੁਰਖ ਅਕਾਲ ਇਕੋ ਬਹੁਤ, ਅਕਲ ਕਲਾ ਅਖਵਾਈਆ । ਵਸਣਹਾਰਾ ਸਾਚੇ ਕੋਟ, ਮਹੱਲ ਅਟੱਲ ਇਕ ਰੁਸ਼ਨਾਈਆ । ਨਿਰਗੁਣ ਨੂਰ ਨਿਰਗੁਣ ਜੋਤ, ਜੋਤੀ ਜੋਤ ਜੋਤ ਰੁਸ਼ਨਾਈਆ । ਆਦਿ ਅੰਤ ਇਕੋ ਓਟ, ਏਕਾ ਆਸ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਖਿਲਾ, ਆਪਣੀ ਝਲਕ ਵਖਾਇੰਦਾ । ਨਿਰਗੁਣ ਮੇਲਾ ਮੇਲ ਮਿਲਾ, ਨਾਰ ਕੰਤ ਰੂਪ ਵਟਾਇੰਦਾ । ਸੇਜ ਸੁਹੰਜਣੀ ਲਏ ਹੰਢਾ, ਸਚ ਸਿੰਘਾਸਣ ਸੋਭਾ ਪਾਇੰਦਾ । ਜੋਤੀ ਜੋਤ ਜੋਤ ਮਿਲਾ, ਮਿਲ ਮਿਲ ਆਪਣਾ ਰੰਗ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਇੰਦਾ । ਸਾਚੀ ਕਰਨੀ ਸਚ ਦੁਆਰ, ਹਰਿ ਸੱਚਾ ਸਚ ਕਰਾਇੰਦਾ । ਖੇਲ ਖੇਲ ਅਪਰ ਅਪਾਰ, ਆਪ ਆਪਣੀ ਕਲ ਵਰਤਾਇੰਦਾ । ਨਾਰੀ ਪੁਰਖ ਬਣ ਨਿਰੰਕਾਰ, ਜਨ ਜਨਨੀ ਰੂਪ ਵਟਾਇੰਦਾ । ਦਾਈ ਦਾਇਆ ਸੇਵਾਦਾਰ, ਬਣ ਸੇਵਕ ਸੇਵ ਕਮਾਇੰਦਾ । ਸੁਤ ਉਪਜਾਇਆ ਏਕਾ ਵਾਰ, ਸ਼ਬਦੀ ਨਾਉਂ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

੪੩੪
੧੩

ਕਿਰਪਾ ਕਰ, ਘਰ ਸਾਚਾ ਇਕ ਸੁਹਾਇੰਦਾ । ਸਾਚੇ ਘਰ ਜੰਮਿਆ ਪੁੱਤ, ਸਚਖੰਡ ਵੱਜੀ ਵਧਾਈਆ । ਪਿਤਾ ਬਣਿਆ ਅਬਿਨਾਸ਼ੀ ਅਚੁਤ, ਨਿਰਗੁਣ ਜੋਤ ਸੱਚੀ ਮਾਈਆ । ਦਰਗਾਹ ਸਾਚੀ ਸੋਹੀ ਰੁੱਤ, ਰੁੱਤ ਰੁੱਤੜੀ ਆਪ ਮਹਿਕਾਈਆ । ਆਪਣੇ ਅੰਤਰ ਆਪੇ ਉਠ, ਆਪ ਆਪਣਾ ਲਿਆ ਪਰਗਟਾਈਆ । ਭਾਗ ਲਗਾਇਆ ਸਾਚੇ ਕੋਟ, ਕਿਲਾ ਬੰਕ ਮਿਲੀ ਵਡਿਆਈਆ । ਕਰ ਪਰਕਾਸ਼ ਨਿਰਮਲ ਜੋਤ, ਜੋਤੀ ਜੋਤ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਬੰਸ ਆਪ ਬਣਾਈਆ । ਸਾਚਾ ਬੰਸ ਸੁਤ ਦੁਲਾਰਾ, ਸੋ ਪੁਰਖ ਨਿਰੰਜਣ ਜਾਇਆ । ਕਰੇ ਖੇਲ ਆਪ ਨਿਰੰਕਾਰਾ, ਨਿਰਗੁਣ ਨਿਰਗੁਣ ਵੇਖ ਵਖਾਇਆ । ਸੀਸ ਜਗਦੀਸ਼ ਦੇ ਸਹਾਰਾ, ਸਿਰ ਆਪਣਾ ਹੱਥ ਟਿਕਾਇਆ । ਮਹੱਲ ਅਟੱਲ ਇਕ ਮਨਾਰਾ, ਊਚੋ ਊਚ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸੁਤ ਆਪ ਜਗਾਇਆ । ਸ਼ਬਦੀ ਸੁਤ ਖੁਲ੍ਹੀ ਜਾਗ, ਜਾਗਰਤ ਰੂਪ ਵਟਾਈਆ । ਸਚਖੰਡ ਦੁਆਰੇ ਲੱਗਾ ਭਾਗ, ਹਰਿ ਭਾਗ ਆਪ ਵੰਡਾਈਆ । ਨਿਰਗੁਣ ਦੇਵੇ ਨਿਰਗੁਣ ਦਾਤ, ਦਾਤਾ ਦਾਨੀ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਸ਼ਬਦ ਰਿਹਾ ਉਠਾਈਆ । ਸ਼ਬਦ ਸੁਤ ਗਿਆ ਉਠ, ਹਰਿ ਸਤਿਗੁਰ ਆਪ ਉਠਾਇਆ । ਕਿਰਪਾ ਨਿਧਾਨ ਗਿਆ ਤੁਠ, ਮਿਹਰ ਨਜ਼ਰ ਇਕ ਟਿਕਾਇਆ । ਗੋਦ ਬਹਾਇਆ ਆਪਣਾ ਪੁੱਤ, ਪਿਤਾ ਪੂਤ ਵੇਖ ਵਖਾਇਆ । ਛੋਟਾ ਬੱਚਾ ਰਿਹਾ ਪੁੱਛ, ਪ੍ਰਭ ਅੱਗੇ ਸੀਸ ਝੁਕਾਇਆ । ਮੇਰੀ ਕੁਛ ਨਾ ਆਵੇ ਸੋਚ, ਸੋਚ ਸੋਚ ਤੇਰਾ ਰਾਹ ਤਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਿਸ ਬਿਧ ਆਪਣੀ ਗੋਦ ਬਹਾਇਆ । ਪੁਰਖ ਅਬਿਨਾਸ਼ੀ ਰਿਹਾ ਦੱਸ, ਆਪਣਾ ਹਾਲ ਜਣਾਈਆ । ਮੇਰਾ ਪਿਆਰ ਤੇਰਾ ਰਸ, ਰਸ ਇਕੋ ਇਕ ਵਖਾਈਆ । ਚਰਨ ਦੁਆਰ ਜਾਣਾ ਵਸ, ਦੇਵਾਂ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਖੁਲ੍ਹਾਈਆ । ਸੁਤ ਕਹੇ ਤੇਰਾ ਚਰਨ ਦੁਆਰਾ, ਪ੍ਰਭ ਸਾਚੇ ਮੋਹੇ ਭਾਇੰਦਾ । ਦੋਏ ਜੋੜ ਕਰਾਂ ਨਿਮਸਕਾਰਾ, ਨਿਉਂ ਨਿਉਂ ਸੀਸ ਝੁਕਾਇੰਦਾ । ਮਸਤਕ ਧੂੜੀ ਲਾਵਾਂ ਛਾਰਾ, ਇਕੋ ਟਿੱਕਾ ਸੋਭਾ ਪਾਇੰਦਾ । ਮੈਂ ਬਾਲਕ ਰੂਪ ਨਿਆਰਾ, ਨਿਰਗੁਣ ਤੇਰੀ ਅੰਸ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਝੋਲੀ ਡਾਹਿੰਦਾ । ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਆਪਣੀ ਦਇਆ ਕਮਾਈਆ । ਸੁਤ ਦੁਲਾਰੇ ਦੇਵਾਂ ਦਾਨ, ਤੇਰੀ ਝੋਲੀ ਦਿਆਂ ਭਰਾਈਆ । ਚਰਨ ਧੂੜ ਕਰ ਅਸ਼ਨਾਨ, ਸਰ ਸਰੋਵਰ ਇਕ ਨੁਹਾਈਆ । ਤੇਰੀ ਮੇਰੀ ਇਕ ਪਹਿਚਾਨ, ਰੂਪ ਰੰਗ ਰੇਖ ਨਜ਼ਰ ਕੋਇ ਨਾ ਆਈਆ । ਤੂੰ ਮੇਰਾ ਸੁਤ ਪੁੱਤ ਬਲਵਾਨ, ਜੋਧਾ ਸੂਰਬੀਰ ਅਖਵਾਈਆ । ਕਰਾਂ ਖੇਲ ਇਕ ਮਹਾਨ, ਭੇਵ ਅਭੇਦ ਜਣਾਈਆ । ਬਣ ਵਿਚੋਲਾ ਨੌਜਵਾਨ, ਨਰ ਨਰਾਇਣ ਰਿਹਾ ਜਣਾਈਆ । ਆ ਮੇਰੇ ਬਾਲ ਅੰਞਾਣ, ਬਾਲੀ ਬੁੱਧ ਸਮਝਾਈਆ । ਤੂੰ ਕਹਿ ਸ੍ਰੀ ਭਗਵਾਨ, ਸਿਰ ਮੇਰੇ ਹੱਥ ਟਿਕਾਈਆ । ਮੈਂ ਦੇਵਾਂ ਤੈਨੂੰ ਮਾਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਰਿਹਾ ਸੁਣਾਈਆ । ਸਚ ਸੰਦੇਸਾ ਸ੍ਰੀ ਭਗਵਾਨਾ, ਏਕਾ ਏਕ ਜਣਾਇੰਦਾ । ਸਾਚੇ ਸੁਤ ਸਚ ਬੰਨ੍ਹਾਂ ਗਾਨਾਂ, ਤੇਰਾ ਸਗਨ ਮਨਾਇੰਦਾ । ਥਿਰ ਘਰ ਦੇਵਾਂ ਇਕ ਮਕਾਨਾ, ਬੇਮੁਕਾਮ ਆਪ ਸਮਝਾਇੰਦਾ । ਜਿਥੇ ਝੁੱਲੇ ਨਾਮ ਨਿਸ਼ਾਨਾ, ਦੂਜਾ ਨਜ਼ਰ ਕੋਇ ਨਾ ਆਇੰਦਾ । ਇਕੋ ਰਾਗ ਇਕ ਤਰਾਨਾ, ਨਾਦ ਅਨਾਦੀ ਇਕ ਵਜਾਇੰਦਾ । ਇਕੋ ਨੂਰ ਸ੍ਰੀ


੪੩੫
੧੩

੪੩੬
੧੩

ਭਗਵਾਨਾ, ਜੋਤੀ ਜੋਤ ਜੋਤ ਰੁਸ਼ਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਵਸਤ ਆਪ ਵਰਤਾਇੰਦਾ । ਸਚ ਵਸਤ ਪ੍ਰਭ ਤੇਰੀ ਚੰਗੀ, ਸ਼ਬਦ ਸੁਤ ਰਿਹਾ ਜਣਾਈਆ । ਦੇਵਾਂ ਦਾਤ ਆਪ ਅਨਮੰਗੀ, ਵਸਤ ਅਮੋਲਕ ਝੋਲੀ ਪਾਈਆ । ਤੇਰੇ ਦਰ ਹੋਏ ਕੋਇ ਨਾ ਤੰਗੀ, ਦੁੱਖ ਦਰਦ ਰਹਿਣ ਨਾ ਪਾਈਆ । ਤੇਰਾ ਨਾਮ ਇਕੋ ਚੰਡੀ, ਚੰਡਕਾ ਰੂਪ ਵਟਾਈਆ । ਮੇਰੀ ਆਸਾ ਹੋਏ ਨਾ ਰੰਡੀ, ਨਿਰਾਸਾ ਰੂਪ ਨਾ ਕੋਇ ਵਖਾਈਆ । ਤੂੰ ਦੀਨ ਦਿਆਲ ਬਖ਼ਸ਼ੰਦੀ, ਬਖ਼ਸ਼ਿਸ਼ ਤੇਰੀ ਮੋਹੇ ਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਪ੍ਰੇਮ ਰਸ ਮੁਖ ਚੁਆਈਆ । ਪ੍ਰੇਮ ਰਸ ਦੇਣਾ ਭਗਵਾਨ, ਦਰ ਤੇਰੇ ਮੰਗ ਮੰਗਾਇੰਦਾ । ਮੈਂ ਬਾਲਾ ਬਾਲ ਅੰਞਾਣ, ਤੇਰਾ ਭੇਵ ਕੋਇ ਨਾ ਆਇੰਦਾ । ਤੋਹੇ ਚਰਨ ਡਿਗਾ ਆਣ, ਮੋਹੇ ਆਸਰਾ ਨਜ਼ਰ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਵਾਸਤਾ ਪਾਇੰਦਾ । ਦਰ ਤੇਰੇ ਵਾਸਤਾ ਦਿਤਾ ਪਾ, ਬਾਲੀ ਬਾਲ ਜਣਾਈਆ । ਜਿਉਂ ਭਾਵੇ ਤਿਉਂ ਲੈ ਚਲਾ, ਤੇਰੇ ਹੱਥ ਵਡਿਆਈਆ । ਆਪਣਾ ਮਾਰਗ ਦੇ ਸਮਝਾ, ਮੇਰੀ ਸਮਝ ਸਮਝ ਮਿਲਾਈਆ । ਤੂੰ ਦਾਤਾ ਬੇਪਰਵਾਹ, ਬੇਅੰਤ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮੋਹੇ ਇਕੋ ਰਸ ਵਖਾਈਆ । ਇਕੋ ਰਸ ਹਰਿ ਨਿਰੰਕਾਰ, ਆਪਣਾ ਆਪ ਜਣਾਇੰਦਾ । ਸੁਤ ਦੁਲਾਰੇ ਚਰਨ ਪਿਆਰ, ਚਰਨ ਪ੍ਰੀਤੀ ਇਕ ਸਮਝਾਇੰਦਾ । ਅੰਤਰ ਮਿਲੇ ਅੰਮ੍ਰਿਤ ਧਾਰ, ਅੰਮ੍ਰਿਤ ਰਸ ਵਖਾਇੰਦਾ । ਸਰ ਸਰੋਵਰ ਠਾਂਡੇ ਦਰਬਾਰ, ਠੰਡਕ ਏਕਾ ਪਾਇੰਦਾ । ਮੇਲ ਮਿਲਾਵਾ ਸੱਚੀ ਸਰਕਾਰ, ਸ਼ਹਿਨਸ਼ਾਹ ਆਪਣੇ ਅੰਗ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਰੋਵਰ ਇਕ ਵਖਾਇੰਦਾ । ਸਚ ਸਰੋਵਰ ਚਰਨ ਦੁਆਰ, ਚਰਨੋਦਕ ਆਪ ਜਣਾਈਆ । ਆਦਿ ਜੁਗਾਦਿ ਭਰਿਆ ਰਹੇ ਭੰਡਾਰ, ਅਤੋਟ ਅਤੁਟ ਵਖਾਈਆ । ਸਦਾ ਰੱਖੇ ਠਾਂਡੇ ਦਰਬਾਰ, ਸਚਖੰਡ ਦੁਆਰ ਰਿਹਾ ਟਿਕਾਈਆ । ਆਪਣਾ ਦੱਸੇ ਸਚ ਵਿਹਾਰ, ਪਹਿਲਾ ਜਾਮ ਤੋਹੇ ਪਿਆਈਆ । ਤੂੰ ਹੋਣਾ ਖ਼ਬਰਦਾਰ, ਬੇਅੰਤ ਰਿਹਾ ਸਮਝਾਈਆ । ਤੇਰਾ ਲੇਖਾ ਅਪਰ ਅਪਾਰ, ਲਿਖਤ ਲੇਖ ਨਾ ਕੋਇ ਜਣਾਈਆ । ਤੇਰੇ ਅੰਦਰ ਮੇਰੀ ਧਾਰ, ਧਾਰ ਤੇਰਾ ਰੂਪ ਵਟਾਈਆ । ਤੂੰ ਸ਼ਬਦੀ ਸੁਤ ਦੁਲਾਰ, ਡੰਕਾ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਅੰਮ੍ਰਿਤ ਜਾਮ ਪਿਆਈਆ । ਏਕਾ ਅੰਮ੍ਰਿਤ ਦੇ ਪਿਆਲਾ, ਹਰਿ ਸਤਿਗੁਰ ਦਇਆ ਕਮਾਇੰਦਾ । ਸੁਤ ਦੁਲਾਰੇ ਨਜ਼ਰੀ ਆਏ ਦੀਨ ਦਿਆਲਾ, ਸਿਰ ਦੀਨਨ ਹੱਥ ਰਖਾਇੰਦਾ । ਸਚਖੰਡ ਦੁਆਰ ਅਵੱਲੜੀ ਚਾਲਾ, ਥਿਰ ਘਰ ਆਪਣੀ ਕਾਰ ਕਮਾਇੰਦਾ । ਆਦਿ ਪੁਰਖ ਬਣਿਆ ਆਦਿ ਰਖਵਾਲਾ, ਅਗਲਾ ਮਾਰਗ ਆਪ ਜਣਾਇੰਦਾ । ਸਚ ਸਚ ਦੀ ਸੱਚੀ ਧਰਮਸਾਲਾ, ਧੁਰ ਦਰਬਾਰੀ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਆਪ ਉਠਾਇੰਦਾ । ਸਾਚੇ ਸੁਤ ਹੋ ਤਿਆਰ, ਹਰਿ ਸਤਿਗੁਰ ਆਪ ਜਗਾਇਆ । ਕਰੇ ਖੇਲ ਆਪ ਨਿਰੰਕਾਰ, ਨਿਰਗੁਣ ਤੇਰੀ ਸੇਵਾ ਲਾਇਆ । ਵਿਸ਼ਨੂੰ ਵਿਸ਼ਵ ਕਰ ਤਿਆਰ, ਅੰਮ੍ਰਿਤ ਤੇਰੇ ਹੱਥ ਫੜਾਇਆ । ਕਲਸ ਲੈ ਏਕਾ ਵਾਰ, ਨਜ਼ਰ ਕਿਸੇ ਨਾ ਆਇਆ । ਝਿਰਨਾ ਝਿਰੇ ਅਗੰਮ ਅਪਾਰ, ਧਾਰੀ ਧਾਰ ਧਾਰ ਪਰਗਟਾਇਆ । ਕਵਲ ਖਿਲੇ ਇਕ ਗੁਲਜ਼ਾਰ, ਆਪ ਆਪਣੀ ਦਇਆ ਕਮਾਇਆ । ਵੰਡੇ ਵੰਡ ਵੰਡਣਹਾਰ, ਆਪ ਆਪਣਾ ਹਿੱਸਾ ਪਾਇਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਸੁਤ ਦੁਲਾਰੇ ਰਿਹਾ ਜਣਾਇਆ । ਸੁਤ ਦੁਲਾਰੇ ਤੇਰੀ ਵੰਡ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਹੁਕਮ ਦੇਵੇ ਸੂਰਾ ਸਰਬੰਗ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਬ੍ਰਹਮਾ ਦੇਵੇ ਇਕ ਅਨੰਦ, ਪਰਮਾਨੰਦ ਵਿਚ ਸਮਾਇੰਦਾ । ਵਿਸ਼ਨੂੰ ਘਰ ਚੜ੍ਹੇ ਚੰਦ, ਨਿਰਗੁਣ ਜੋਤ ਰੁਸ਼ਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਤੇਰਾ ਖੇਲ ਖਲਾਇੰਦਾ । ਸ਼ਬਦੀ ਖੇਲ ਸੁਤ ਦੁਲਾਰਾ, ਜਨ ਜਨਨੀ ਰੂਪ ਵਟਾਈਆ । ਵਿਸ਼ਨੂੰ ਦੇਵੇ ਆਪ ਹੁਲਾਰਾ, ਬ੍ਰਹਮਾ ਗੋਦ ਉਠਾਈਆ । ਪਾਰਬ੍ਰਹਮ ਪ੍ਰਭ ਹੋ ਤਿਆਰਾ, ਨਿਰਗੁਣ ਨਿਰਗੁਣ ਰੰਗ ਰੰਗਾਈਆ । ਵਸਣਹਾਰਾ ਸੁਨ ਅਗੰਮ ਧੁਆਂਧਾਰਾ, ਸ਼ਨਾਖ਼ਤ ਆਪਣੀ ਨਾ ਕਿਸੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸੁਤ ਦੁਲਾਰੇ ਦਏ ਵਡਿਆਈਆ । ਸੁਤ ਦੁਲਾਰੇ ਤੇਰਾ ਮਾਣ, ਹਰਿ ਸਤਿਗੁਰ ਆਪ ਰਖਾਇੰਦਾ । ਵਿਸ਼ਨ ਬ੍ਰਹਮਾ ਦੇ ਗਿਆਨ, ਗੋਝ ਗਿਆਨ ਆਪ ਜਣਾਇੰਦਾ । ਸ਼ੰਕਰ ਮੇਲਾ ਖੇਲ ਮਹਾਨ, ਹਰਿ ਸਤਿਗੁਰ ਆਪ ਕਰਾਇੰਦਾ । ਤਿੰਨਾਂ ਵਿਚੋਲਾ ਨੌਜਵਾਨ, ਨਜ਼ਰ ਕਿਸੇ ਨਾ ਆਇੰਦਾ । ਧੁਰ ਸੰਦੇਸਾ ਸ੍ਰੀ ਭਗਵਾਨ, ਸ਼ਬਦ ਅਗੰਮੀ ਆਪ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸਾ ਇਕ ਸੁਣਾਇੰਦਾ । ਸਚ ਸੰਦੇਸਾ ਅਗੰਮੀ ਗੀਤ, ਹਰਿ ਜੂ ਹਰਿ ਹਰਿ ਆਪ ਜਣਾਈਆ । ਸ਼ਬਦੀ ਸ਼ਬਦ ਤੇਰੀ ਰੀਤ, ਵਿਸ਼ਨ ਬ੍ਰਹਮਾ ਸ਼ਿਵ ਗੰਢ ਪਵਾਈਆ । ਕਰੇ ਖੇਲ ਆਪ ਅਨਡੀਠ, ਨਜ਼ਰ ਕਿਸੇ ਨਾ ਆਈਆ । ਸਚਖੰਡ ਸੁੱਤਾ ਦੇ ਕਰ ਪੀਠ, ਆਪਣੀ ਕਰਵਟ ਨਾ ਲਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਇਕ ਅਤੀਤ, ਤ੍ਰੈਗੁਣ ਮੇਲਾ ਸਹਿਜ ਸੁਭਾਈਆ । ਤ੍ਰੈਗੁਣ ਮੇਲਾ ਤ੍ਰੈ ਤ੍ਰੈ ਧਾਰ, ਤ੍ਰੈ ਕਾਲ ਦਰਸੀ ਇਕ ਚਲਾਇੰਦਾ । ਕਰੇ ਖੇਲ ਅਪਰ ਅਪਾਰ, ਸਚਖੰਡ ਦੁਆਰੇ ਵੰਡ ਵੰਡਾਇੰਦਾ । ਸ਼ਬਦ ਸੁਤ ਕਰੇ ਪੁਕਾਰ, ਪ੍ਰਭ ਅੱਗੇ ਸੀਸ ਝੁਕਾਇੰਦਾ । ਤੇਰਾ ਸਚ ਸੱਚਾ ਦਰਬਾਰ, ਸਾਹਿਬ ਸਤਿਗੁਰ ਮੋਹੇ ਭਾਇੰਦਾ । ਤੁਧ ਬਿਨ ਕੋਈ ਨਾ ਹੋਏ ਉਜਿਆਰ, ਚਾਰੋਂ ਕੁੰਟ ਅੰਧੇਰਾ ਛਾਇੰਦਾ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਆਪਣੀ ਦਇਆ ਕਮਾਇੰਦਾ । ਬ੍ਰਹਿਮੰਡ ਖੰਡ ਮਹੱਲ ਅਟੱਲ ਦਏ ਉਸਾਰ, ਲੋਆਂ ਪੁਰੀਆਂ ਤੇਰਾ ਰਾਹ ਚਲਾਇੰਦਾ । ਕਿਰਨ ਕਿਰਨ ਕਿਰਨ ਕਰ ਉਜਿਆਰ, ਨੂਰ ਨੂਰ ਨੂਰ ਪਰਗਟਾਇੰਦਾ । ਸੂਰਜ ਚੰਦ ਕਰ ਸ਼ਿੰਗਾਰ, ਸ਼ਹਿਨਸ਼ਾਹ ਆਪਣਾ ਵੇਸ ਵਟਾਇੰਦਾ । ਮੰਡਲ ਮੰਡਪ ਹੋ ਤਿਆਰ, ਤਾਰਾ ਚੰਦ ਚੰਦ ਚਮਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦੀ ਤੇਰਾ ਹੁਕਮ ਵਰਤਾਇੰਦਾ । ਸ਼ਬਦ ਸੁਤ ਹੋ ਬਲਵਾਨ, ਹਰਿ ਸਤਿਗੁਰ ਆਪ ਜਣਾਇਆ । ਵਿਸ਼ਨ ਬ੍ਰਹਮਾ ਸ਼ਿਵ ਤ੍ਰੈਗੁਣ ਤੇਰਾ ਨਿਸ਼ਾਨ, ਪੰਜ ਤੱਤ ਦੇਵੇ ਨਾਲ ਮਿਲਾਇਆ । ਬ੍ਰਹਿਮੰਡ ਖੰਡ ਹੋ ਪਰਧਾਨ, ਤੇਰਾ ਡੰਕਾ ਦਏ ਵਜਾਇਆ । ਪਰਗਟ ਕਰ ਜ਼ਿਮੀ ਅਸਮਾਨ, ਜ਼ਾਮਨੀ ਵਿਚ ਲਏ ਰਖਾਇਆ । ਦੇਵਣਹਾਰ ਅਗੰਮੀ ਦਾਨ, ਅਲੱਖ ਅਗੋਚਰ ਬੇਪਰਵਾਹਿਆ । ਤਖ਼ਤ ਨਿਵਾਸੀ ਹੁਕਮਰਾਨ, ਧੁਰ ਸੰਦੇਸਾ ਇਕ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਰਿਹਾ ਵਰਤਾਇਆ । ਸਾਚਾ ਹੁਕਮ ਪਾਰਬ੍ਰਹਮ, ਏਕਾ ਏਕ ਜਣਾਈਆ । ਵਿਸ਼ਨੂੰ ਤੇਰਾ ਵਿਸ਼ਵ ਕੰਮ, ਘਰ ਘਰ ਹੋਏ ਸਹਾਈਆ । ਪਾਰਬ੍ਰਹਮ ਬ੍ਰਹਮ ਲਏ ਜੰਮ, ਆਪੇ ਬਣੇ ਪਿਤਾ ਮਾਈਆ । ਏਕਾ ਰਾਗ ਸੁਣਾਏ ਕੰਨ, ਬਿਨ ਕੰਨਾਂ ਕਰੇ ਪੜ੍ਹਾਈਆ । ਨਿਰਗੁਣ ਨੂਰ ਚਾੜ੍ਹੇ ਚੰਨ, ਬਿਨ ਚੰਦੋਂ ਕਰੇ ਰੁਸ਼ਨਾਈਆ । ਕਰੇ ਵਸੇਰਾ ਬਿਨ ਛੱਪਰੀ

੪੩੮
੧੩

ਛੰਨ, ਮਹੱਲ ਅਟੱਲ ਇਕ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ੰਕਰ ਲਹਿਣਾ ਹੱਥ ਫੜਾਈਆ । ਸਾਚਾ ਲਹਿਣਾ ਸ੍ਰੀ ਭਗਵਾਨ, ਏਕਾ ਏਕ ਜਣਾਇੰਦਾ । ਲੱਖ ਚੁਰਾਸੀ ਕਰ ਪਰਧਾਨ, ਧੁਰ ਫ਼ਰਮਾਣਾ ਹੁਕਮ ਮਨਾਇੰਦਾ । ਅੰਡਜ ਜੇਰਜ ਉਤਭੁਜ ਸੇਤਜ ਹੋ ਮਿਹਰਵਾਨ, ਮਿਹਰਵਾਨ ਆਪਣਾ ਰੰਗ ਵਖਾਇੰਦਾ । ਨਿਰਗੁਣ ਸਰਗੁਣ ਕਰ ਨਿਸ਼ਾਨ, ਸਚ ਨਿਸ਼ਾਨਾ ਆਪ ਝੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਦੁਲਾਰੇ ਆਪ ਵਡਿਆਇੰਦਾ । ਸੁਤ ਦੁਲਾਰੇ ਤੇਰਾ ਰੰਗ, ਹਰਿ ਸਤਿਗੁਰ ਆਪ ਜਣਾਈਆ । ਲੱਖ ਚੁਰਾਸੀ ਸੇਜ ਪਲੰਘ, ਘਰ ਘਰ ਆਪ ਵਿਛਾਈਆ । ਨਾਉਂ ਨਿਧਾਨ ਵੱਜੇ ਮਰਦੰਗ, ਤੇਰਾ ਰਾਗ ਸੁਣਾਈਆ । ਕਰੇ ਖੇਲ ਸੂਰਾ ਸਰਬੰਗ, ਘਟ ਘਟ ਆਪ ਸਮਾਈਆ । ਜੋਤ ਨਿਰੰਜਣ ਚਾੜ੍ਹੇ ਚੰਦ, ਚੰਦ ਚਾਂਦਨਾ ਇਕ ਰੁਸ਼ਨਾਈਆ । ਆਤਮ ਪਰਮਾਤਮ ਪਰਮਾਤਮ ਆਤਮ ਸੁਣਾਏ ਛੰਦ, ਸੋਹੰ ਢੋਲਾ ਇਕੋ ਗਾਈਆ । ਦੋ ਜਹਾਨਾਂ ਵੰਡੇ ਵੰਡ, ਬ੍ਰਹਿਮੰਡ ਖੰਡ ਕਰੇ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸੁਤ ਨਿਰਗੁਣ ਧਾਰ ਸਰਗੁਣ ਮਹੱਲ ਦਏ ਉਸਾਰ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਰਜੋ ਤਮੋ ਸਤੋ ਏਕਾ ਗੰਢ ਪਵਾਈਆ । ਮਹੱਲ ਉਸਰੇ ਉਸਾਰੇ ਆਪ, ਨਜ਼ਰ ਕੋਇ ਨਾ ਆਇੰਦਾ । ਲੱਖ ਚੁਰਾਸੀ ਬਣੇ ਮਾਈ ਬਾਪ, ਪਿਤਾ ਪੂਤ ਖੇਲ ਕਰਾਇੰਦਾ । ਆਤਮ ਪਰਮਾਤਮ ਪਰਮਾਤਮ ਆਤਮ ਦੱਸੇ ਜਾਪ, ਬ੍ਰਹਮ ਪਾਰਬ੍ਰਹਮ ਸਮਝਾਇੰਦਾ । ਬਿਨ ਰਸਨਾ ਜਿਹਵਾ ਸੋਹੰ ਪਾਠ, ਓਅੰਕਾਰਾ ਆਪ ਪੜ੍ਹਾਇੰਦਾ । ਨਿਰੰਕਾਰਾ ਵਸੇ ਸਾਥ, ਵਿਛੜ ਕਦੇ ਨਾ ਜਾਇੰਦਾ । ਨਿਰਗੁਣ ਦੇਵੇ ਨਿਰਗੁਣ ਸਾਥ, ਤੇਰਾ ਨਾਉਂ ਵਡਿਆਇੰਦਾ । ਪੰਜ ਤੱਤ ਚੋਲਾ ਦੇਵੇ ਦਾਤ, ਵਸਤ ਅਮੋਲਕ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਸੁਣਾਇੰਦਾ । ਸਾਚਾ ਹੁਕਮ ਹਰਿ ਕਾ ਭਾਣਾ, ਹਰਿ ਹਰਿ ਆਪ ਜਣਾਈਆ । ਤਖ਼ਤ ਨਿਵਾਸੀ ਇਕੋ ਰਾਣਾ, ਸ਼ਹਿਨਸ਼ਾਹ ਬੇਪਰਵਾਹੀਆ । ਹੁਕਮੇ ਅੰਦਰ ਖੇਲ ਕਰਾਣਾ, ਨਾ ਕੋਈ ਮੇਟੇ ਮੇਟ ਮਿਟਾਈਆ । ਵਿਸ਼ਨ ਬ੍ਰਹਮਾ ਸ਼ਿਵ ਸੇਵ ਲਗਾਣਾ, ਸਾਚੀ ਸਿਖਿਆ ਕਰੇ ਪੜ੍ਹਾਈਆ । ਬੋਧ ਅਗਾਧੀ ਇਕ ਤਰਾਨਾ, ਨਾਉਂ ਨਿਰੰਕਾਰਾ ਆਪ ਪਰਗਟਾਈਆ । ਲੱਖ ਚੁਰਾਸੀ ਦੇਵੇ ਮਾਣਾ, ਘਰ ਘਰ ਹੋਏ ਸਹਾਈਆ । ਪਾਰਬ੍ਰਹਮ ਬ੍ਰਹਮ ਆਪ ਪਛਾਣਾ, ਪਰਦਾ ਦਏ ਉਠਾਈਆ । ਸ਼ੰਕਰ ਅੰਤਮ ਲੇਖ ਮੁਕਾਣਾ, ਲੇਖਾ ਲੇਖੇ ਲਾਈਆ । ਸ਼ਬਦ ਸੁਤ ਤੇਰਾ ਸਚ ਨਿਸ਼ਾਨਾ, ਲੋਕਮਾਤ ਦਏ ਝੁਲਾਈਆ । ਤੇਰਾ ਰੂਪ ਕਰੇ ਮਹਾਨਾ, ਮਿਹਰਵਾਨ ਵਡ ਵਡਿਆਈਆ । ਗੁਰ ਗੁਰ ਤੇਰਾ ਨਾਉਂ ਪਰਗਟਾਨਾ, ਏਕਾ ਡੰਕਾ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਤ ਦੇਵੇ ਵਰ, ਗੁਰੂ ਗੁਰੂ ਸਮਝਾਈਆ । ਸ਼ਬਦ ਸੁਤ ਬਣਿਆ ਗੁਰ, ਹਰਿ ਸਤਿਗੁਰ ਆਪ ਬਣਾਇਆ । ਦੋ ਜਹਾਨਾਂ ਨਾਤਾ ਗਿਆ ਜੁੜ, ਸ੍ਰੀ ਭਗਵਾਨ ਆਪ ਜੁੜਾਇਆ । ਨਿਰਗੁਣ ਚੜ੍ਹਿਆ ਸਾਚੇ ਘੋੜ, ਘੋੜਾ ਅਸਵ ਆਪ ਦੌੜਾਇਆ । ਲੱਖ ਚੁਰਾਸੀ ਜਾਏ ਬੌਹੜ, ਘਰ ਘਰ ਫੇਰਾ ਪਾਇਆ । ਆਤਮ ਪਰਮਾਤਮ ਬੁਝਾਏ ਔੜ, ਅੰਮ੍ਰਿਤ ਮੇਘ ਬਰਸਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸ਼ਬਦੀ ਸੇਵ ਲਗਾਇਆ । ਗੁਰ ਸ਼ਬਦੀ ਨੇਤਰ ਖੋਲ੍ਹ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਸਚ ਦੁਆਰੇ ਤੋਲਣਾ ਸੱਚਾ ਤੋਲ, ਕੂੜੀ ਕਿਰਿਆ ਨਾ ਕੋਇ ਜਣਾਇੰਦਾ । ਤੇਰਾ ਮੇਰਾ ਚੁੱਕੇ ਪਰਦਾ ਓਹਲ, ਮੁਖ ਨਕਾਬ ਨਾ ਕੋਇ ਰਖਾਇੰਦਾ । ਤੂੰ ਮੇਰਾ ਮੈਂ ਤੇਰੇ ਵਸਾਂ ਕੋਲ, ਵਿਛੜ ਕਦੇ ਨਾ ਜਾਇੰਦਾ । ਦੋ ਜਹਾਨ

ਵਜੌਣਾ ਢੋਲ, ਮਰਦੰਗਾ ਤੇਰੇ ਹੱਥ ਫੜਾਇੰਦਾ । ਜੁਗ ਚੌਕੜੀ ਦਰਵਾਜਾ ਦੇਣਾ ਖੋਲ੍ਹ, ਦਰ ਦਰਬਾਨ ਤੋਹੇ ਬਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਅਨਬੋਲ, ਮੇਰਾ ਭੇਵ ਕੋਇ ਨਾ ਪਾਇੰਦਾ । ਤੂੰ ਬੋਲਣਾ ਸੱਚਾ ਬੋਲ, ਸਚ ਸੰਦੇਸਾ ਇਕ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਦੁਲਾਰੇ ਆਪ ਸਮਝਾਇੰਦਾ । ਸੁਤ ਦੁਲਾਰਾ ਖੋਲ੍ਹ ਅੱਖ, ਨੈਣ ਨੈਣ ਖੁਲ੍ਹਾਈਆ । ਬੇਅੰਤ ਬੇਪਰਵਾਹ ਪੁਰਖ ਸਮਰਥ, ਸ਼ਹਿਨਸ਼ਾਹ ਤੇਰੀ ਵਡਿਆਈਆ । ਸਾਚਾ ਮਾਰਗ ਦਿਤਾ ਦੱਸ, ਮੈਂ ਜਾਵਾਂ ਚਾਈਂ ਚਾਈਂਆ । ਲੱਖ ਚੁਰਾਸੀ ਅੰਦਰ ਵਸ, ਤੇਰਾ ਭੇਵ ਖੁਲ੍ਹਾਈਆ । ਸ਼ਬਦ ਅਗੰਮੀ ਨਾਦ ਅਨਾਦੀ ਮਾਰਾਂ ਸੱਟ, ਅਨਹਦ ਰਾਗ ਦ੍ਰਿੜਾਈਆ । ਗ੍ਰਿਹ ਮੰਦਰ ਅੰਦਰ ਖੋਲ੍ਹਾਂ ਹੱਟ, ਘਰ ਘਰ ਦੀਪ ਜਗਾਈਆ । ਤੇਰੀ ਜੋਤ ਕਰ ਪਰਕਾਸ਼, ਤੇਰਾ ਮਹੱਲ ਵਖਾਈਆ । ਆਤਮ ਸੇਜਾ ਭੋਗ ਬਿਲਾਸ, ਪਰਮਾਤਮ ਗੋਦ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਸਾਚੀ ਵਸਤ ਦੇਵਾਂ ਅਨਮੋਲ, ਸ੍ਰੀ ਭਗਵਾਨ ਆਪ ਜਣਾਇੰਦਾ । ਆਦਿ ਆਦਿ ਪਰਦਾ ਦਿਤਾ ਖੋਲ੍ਹ, ਖ਼ਾਲਕ ਖ਼ਲਕ ਰੂਪ ਵਖਾਇੰਦਾ । ਘਟ ਘਟ ਆਪੇ ਰਿਹਾ ਮੌਲ, ਮੌਲਾ ਆਪਣੀ ਧਾਰ ਜਣਾਇੰਦਾ । ਚਰਨ ਕਵਲ ਕਵਲ ਚਰਨ ਸਚਖੰਡ ਦੁਆਰੇ ਇਕੋ ਲਈ ਸਾਚੀ ਪੌਹਲ, ਪਹਿਲੀ ਬੌਹਣੀ ਆਪ ਕਰਾਇੰਦਾ । ਅੰਮ੍ਰਿਤ ਦੇਵੇ ਉਪਰ ਧੌਲ, ਕਵਲ ਨਾਭੀ ਆਪ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸ਼ਬਦ ਆਪ ਸਮਝਾਇੰਦਾ । ਸ਼ਬਦ ਸੁਤ ਸੁਣ ਸਾਚੇ ਲਾਲ, ਹਰਿ ਲਾਲਣ ਆਪ ਸੁਣਾਇਆ । ਮੇਰੀ ਇਛਿਆ ਮਹਾਂਕਾਲ, ਤੇਰਾ ਸੰਗ ਰਖਾਇਆ । ਤੇਰੀ ਇਛਿਆ ਨਾਲ ਕਾਲ, ਜੁਗ ਜੁਗ ਸੰਗ ਨਿਭਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਰਿਹਾ ਸਮਝਾਇਆ । ਭੇਵ ਅਭੇਦ ਦੱਸੇ ਮੀਤ, ਮਿੱਤਰ ਪਿਆਰਾ ਦਇਆ ਕਮਾਇੰਦਾ । ਸ਼ਬਦੀ ਸ਼ਬਦ ਚਲੇ ਰੀਤ, ਨਾਦ ਅਨਾਦੀ ਆਪ ਸੁਣਾਇੰਦਾ । ਲੇਖਾ ਜਾਣੇ ਹਸਤ ਕੀਟ, ਘਟ ਘਟ ਡੇਰਾ ਲਾਇੰਦਾ । ਸਰਬ ਜੀਆਂ ਦਾ ਇਕੋ ਗੀਤ, ਆਤਮ ਪਰਮਾਤਮ ਢੋਲਾ ਸਚ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵੰਡ ਆਪ ਵੰਡਾਇੰਦਾ । ਸਾਚੀ ਵੰਡ ਹਰਿ ਕਰਤਾਰਾ, ਸ਼ਬਦੀ ਸ਼ਬਦ ਜਣਾਈਆ । ਜੁਗ ਚੌਕੜੀ ਖੇਲ ਨਿਆਰਾ, ਨਿਰਗੁਣ ਸਰਗੁਣ ਵੇਸ ਵਟਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖੇ ਵਾਰੋ ਵਾਰਾ, ਆਦਿ ਜੁਗਾਦਿ ਬੇਪਰਵਾਹੀਆ । ਤੇਰਾ ਰੂਪ ਵਖਾਏ ਗੁਰ ਅਵਤਾਰਾ, ਗੁਰ ਗੁਰ ਬੰਧਨ ਪਾਈਆ । ਨਾਮ ਨਿਧਾਨਾ ਬੋਲ ਜੈਕਾਰਾ, ਲੱਖ ਚੁਰਾਸੀ ਦਏ ਸਮਝਾਈਆ । ਕਾਇਆ ਮੰਦਰ ਅੰਦਰ ਖੋਲ ਕਵਾੜਾ, ਬਜ਼ਰ ਕਪਾਟੀ ਤੋੜ ਤੁੜਾਈਆ । ਸਾਚੀ ਹਾਟੀ ਬਣ ਵਣਜਾਰਾ, ਵਣਜ ਇਕੋ ਇਕ ਵਖਾਈਆ । ਮਿਲੇ ਮੇਲ ਹਰਿ ਮੀਤ ਮੁਰਾਰਾ, ਘਰ ਸੱਜਣ ਸੱਚਾ ਮਾਹੀਆ । ਆਤਮ ਪਰਮਾਤਮ ਦਏ ਹੁਲਾਰਾ, ਸੇਜ ਸੁਹੰਜਣੀ ਇਕ ਸੁਹਾਈਆ । ਧੁਰ ਸੰਦੇਸਾ ਏਕਾ ਵਾਰਾ, ਏਕੰਕਾਰਾ ਕਰੇ ਪੜ੍ਹਾਈਆ । ਬ੍ਰਹਮਾ ਵੇਤਾ ਖੋਲ੍ਹ ਕਵਾੜਾ, ਚਾਰੇ ਵੇਦਾਂ ਦਏ ਜਣਾਈਆ । ਕਾਗਦ ਕਲਮ ਨਾ ਲਿਖਣਹਾਰਾ, ਲੇਖਾ ਲਿਖੇ ਨਾ ਜਗਤ ਸ਼ਾਹੀਆ । ਵਿਸ਼ਨੂੰ ਦੇਵੇ ਇਕ ਭੰਡਾਰਾ, ਵਿਸ਼ਵ ਰਿਹਾ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਕਰਨੀ ਦਏ ਸਮਝਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਧਾਰ, ਧਰਨੀ ਧਰਤ ਧਵਲ ਜਣਾਇੰਦਾ । ਤੇਰਾ ਰੂਪ ਤੇਈ ਅਵਤਾਰ ਭਗਤ ਅਠਾਰਾਂ ਨਾਲ ਮਿਲਾਇੰਦਾ । ਤੇਰਾ ਨਾਉਂ ਸ਼ਬਦ ਜੈਕਾਰ, ਸ਼ਾਸਤਰ ਸਿਮਰਤ ਵੇਦ

ਪੁਰਾਨ ਪਰਗਟਾਇੰਦਾ । ਤੇਰਾ ਹੁਕਮ ਅਗੰਮ ਅਪਾਰ, ਗੀਤਾ ਗਿਆਨ ਗੋਝ ਸਮਾਇੰਦਾ । ਤੇਰਾ ਲੇਖਾ ਅਪਰ ਅਪਾਰ, ਬੇਪਰਵਾਹ ਨਜ਼ਰ ਨਾ ਆਇੰਦਾ । ਤੇਰੀ ਮਹਿਮਾ ਵਿਚ ਸੰਸਾਰ, ਵੇਦ ਵਿਆਸਾ ਢੋਲਾ ਗਾਇੰਦਾ । ਤੇਰਾ ਢੋਲਾ ਸਚ ਜੈਕਾਰ, ਲੋਕ ਪਰਲੋਕ ਆਪ ਜਗਾਇੰਦਾ । ਲੋਕ ਪਰਲੋਕ ਖ਼ਬਰਦਾਰ, ਆਲਸ ਨਿੰਦਰਾ ਸਭ ਦੀ ਲਾਹਿੰਦਾ । ਸਤਿਜੁਗ ਤ੍ਰੇਤਾ ਦੁਆਪਰ ਵੇਖੇ ਵਾਰੋ ਵਾਰ, ਰੂਪ ਅਨੂਪ ਆਪ ਧਰਾਇੰਦਾ । ਨਿਰਗੁਣ ਸਰਗੁਣ ਕਰ ਪਿਆਰ, ਸਰਗੁਣ ਨਿਰਗੁਣ ਰੰਗ ਵਖਾਇੰਦਾ । ਅੰਦਰ ਬਾਹਰ ਇਕੋ ਧਾਰ, ਗੁਪਤ ਜ਼ਾਹਰ ਭੇਵ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਸ਼ਬਦ ਦੁਲਾਰੇ, ਤੇਰਾ ਰੰਗ ਚੜ੍ਹਾਇੰਦਾ । ਤੇਰਾ ਰੰਗ ਇਕ ਚਲੂਲ, ਚਾਰ ਜੁਗ ਵਖਾਈਆ । ਸਾਚੇ ਸੁਤ ਨਾ ਜਾਣਾ ਭੂਲ, ਭੁਲਿਆਂ ਮਾਰਗ ਪਾਈਆ । ਤੇਰੇ ਅੱਗੇ ਸ਼ਿਵ ਜੀ ਸੁੱਟੇ ਤਰਸੂਲ, ਬ੍ਰਹਮਾ ਨਿਉਂ ਨਿਉਂ ਸੀਸ ਝੁਕਾਈਆ । ਵਿਸ਼ਨੂੰ ਮੰਨੇ ਤੇਰਾ ਅਸੂਲ, ਚਲੇ ਹੁਕਮ ਰਜ਼ਾਈਆ । ਤੇਰਾ ਸਾਹਿਬ ਕੰਤ ਕੰਤੂਹਲ, ਪੁਰਖ ਅਕਾਲ ਵਡ ਵਡਿਆਈਆ । ਪੰਜ ਤੱਤ ਪੰਘੂੜਾ ਲੈਣਾ ਝੂਲ, ਗੁਰ ਅਵਤਾਰ ਰੂਪ ਧਰਾਈਆ । ਤੇਰਾ ਆਦਿ ਪੁਰਖ ਮੂਲ, ਅੰਤਮ ਆਪਣਾ ਰੰਗ ਵਖਾਈਆ । ਦੇਵੇ ਸੰਦੇਸਾ ਇਕ ਮਾਕੂਲ, ਮੁਹੱਬਤ ਤੇਰੇ ਨਾਲ ਪਾਈਆ । ਤੂੰ ਬਣਨਾ ਜਗਤ ਰਸੂਲ, ਰਹਿਬਰ ਰੂਪ ਨਾਮ ਖ਼ੁਦਾਈਆ । ਪਰਵਰਦਿਗਾਰ ਤੈਨੂੰ ਕਰੇ ਕਬੂਲ, ਤੇਰਾ ਕਲਮਾ ਕਰੇ ਪੜ੍ਹਾਈਆ । ਚੌਦਾਂ ਲੋਕ ਵੇਖ ਹਜ਼ੂਮ, ਹੁਜਰਾ ਇਕੋ ਇਕ ਜਣਾਈਆ । ਤੂੰ ਬਣਿਆ ਰਹੀਂ ਮਾਸੂਮ, ਪਰਵਰਦਿਗਾਰ ਤੇਰਾ ਸੱਚਾ ਮਾਹੀਆ । ਜਿਸ ਦਾ ਚਲਣਾ ਇਕ ਕਾਨੂਨ, ਨਾ ਕੋਈ ਮੇਟੇ ਮੇਟ ਮਿਟਾਈਆ । ਉਹ ਪੜ੍ਹਾਵੇ ਸਚ ਮਜ਼ਮੂਨ, ਮਸਲਾ ਆਪਣਾ ਹੱਲ ਕਰਾਈਆ । ਤੂੰ ਬਰਦਾ ਬਣ ਮਮਨੂਨ, ਨਿਉਂ ਨਿਉਂ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਦੁਲਾਰੇ ਰਿਹਾ ਸਮਝਾਈਆ । ਸੁਤ ਦੁਲਾਰੇ ਕਹਿ ਮੇਰਾ ਖ਼ੁਦਾ, ਖ਼ੁਦੀ ਵਿਚ ਕਦੇ ਨਾ ਆਇੰਦਾ । ਮੇਰਾ ਪਿਆਰ ਨਾ ਕਰੇ ਜੁਦਾ, ਜੁਜ਼ ਵੰਡ ਨਾ ਕੋਇ ਵੰਡਾਇੰਦਾ । ਤੈਨੂੰ ਰਾਹ ਦੱਸੇ ਸਿੱਧਾ, ਫੜ ਬਾਹੋਂ ਮਾਰਗ ਲਾਇੰਦਾ । ਮੈਂ ਤੀਰ ਨਿਸ਼ਾਨਿਉਂ ਬਿਨਾਂ ਵਿਧਾ, ਅਣਿਆਲਾ ਤੀਰ ਇਕ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਤ ਇਕ ਵਡਿਆਇੰਦਾ । ਸ਼ਬਦ ਸੁਤ ਚੜ੍ਹਿਆ ਚਾ, ਚਾਉ ਘਨੇਰਾ ਇਕ ਰਖਾਈਆ । ਬੇਪਰਵਾਹ ਮਿਲਿਆ ਇਕ ਮਲਾਹ, ਬੇੜਾ ਕੰਧ ਉਠਾਈਆ । ਜਿਸ ਦਿਤੀ ਸਚ ਸਲਾਹ, ਕਲਮਾ ਕਰੇ ਪੜ੍ਹਾਈਆ । ਸਾਚਾ ਹੁਜਰਾ ਦਿਤਾ ਵਖਾ, ਮਹਿਰਾਬ ਨਜ਼ਰ ਕੋਇ ਨਾ ਆਈਆ । ਮੀਆਂ ਬੈਠਾ ਨੈਣ ਉਠਾ, ਆਪ ਆਪਣੀ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਮੁਰਸ਼ਦ ਮੁਰੀਦ, ਕਲਮਾ ਆਪ ਜਣਾਇੰਦਾ । ਉਠ ਸੁਤ ਕਰ ਮੇਰੀ ਦੀਦ, ਦੀਦਾ ਦਾਨਿਸਤਾ ਨੂਰ ਵਖਾਇੰਦਾ । ਆਪਣੀ ਹੱਥੀਂ ਕੱਟ ਕੇ ਦਿਆਂ ਰਸੀਦ, ਮੇਰਾ ਲੇਖਾ ਨਾ ਕੋਇ ਮਿਟਾਇੰਦਾ । ਮੇਰਾ ਨੂਰ ਸਾਚੀ ਈਦ, ਆਦਤ ਇਕੋ ਇਕ ਸਮਝਾਇੰਦਾ । ਮੇਰਾ ਮੇਲ ਨਿਸ਼ਾਨਾ ਠੀਕ, ਕਾਇਆ ਠੀਕਰ ਭੰਨ ਗਵਾਇੰਦਾ । ਲੋਕਮਾਤ ਰੱਖਣੀ ਉਡੀਕ, ਸਾਚਾ ਹੁਕਮ ਸੁਣਾਇੰਦਾ । ਮੇਰਾ ਦਿਸੇ ਨਾ ਕੋਈ ਸ਼ਰੀਕ, ਸ਼ਿਰਕਤ ਸਭ ਦੀ ਆਪ ਗਵਾਇੰਦਾ । ਮੈਂ ਵੇਖਾਂ ਹੱਕ ਹਕੀਕ, ਹਕੀਕਤ ਸਭ ਦੀ ਫੋਲ ਫੋਲਾਇੰਦਾ । ਮੈਂ ਵਸਾਂ ਸਦਾ ਨਜ਼ਦੀਕ, ਦੂਰ ਦੁਰਾਡਾ ਪੰਧ ਮੁਕਾਇੰਦਾ । ਮੇਰਾ ਢੋਲਾ ਇਕੋ ਗੀਤ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਇੰਦਾ । ਮੈਂ ਵਸਾਂ ਕਾਇਆ ਵਿਚ ਮਸੀਤ, ਮੁਸੱਲਾ ਇਕੋ ਇਕ ਵਛਾਇੰਦਾ ।

ਮੈਂ ਹੋਵਾਂ ਨਾ ਕਦੇ ਪਲੀਤ, ਪਾਕੀ ਪਾਕ ਰੂਪ ਵਟਾਇੰਦਾ । ਮੇਰਾ ਖੇਲ ਸਦਾ ਅਨਡੀਠ, ਜਗਤ ਨੇਤਰ ਨਜ਼ਰ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਕਲਮਾ ਰੂਪ ਵਟਾਇੰਦਾ । ਸ਼ਬਦੀ ਕਲਮਾ ਇਲਾਹੀ ਕਲਾਮ, ਏਕਾ ਏਕ ਜਣਾਈਆ । ਧੁਰ ਸੰਦੇਸਾ ਦਏ ਅਮਾਮ, ਆਪਣਾ ਭੇਵ ਖੁਲ੍ਹਾਈਆ । ਦਰ ਦਰਵੇਸ਼ ਕਰੇ ਸਲਾਮ, ਅਲੈਕਮ ਸੀਸ ਨਿਵਾਈਆ । ਬਰਦਾ ਬਣ ਗ਼ੁਲਾਮ, ਦਰ ਬਦਰ ਫਿਰ ਫਿਰ ਵਕਤ ਲੰਘਾਈਆ । ਸਾਚੀ ਸ਼ਰਅ ਇਕ ਈਮਾਨ, ਚਰਨ ਕਵਲ ਸਰਨਾਈਆ । ਪੀਰ ਪੈਗ਼ੰਬਰਾਂ ਦੇਵਾਂ ਦਾਨ, ਤੇਰਾ ਨਾਉਂ ਵਰਤਾਈਆ । ਮੇਰੀ ਸਚ ਭੂਮਕਾ ਸਚ ਅਸਥਾਨ, ਦਰਗਾਹ ਸਾਚੀ ਸੋਭਾ ਪਾਈਆ । ਨਾ ਜ਼ਿਮੀਂ ਨਾ ਅਸਮਾਨ, ਸੂਰਜ ਚੰਦ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਰਿਹਾ ਜਣਾਈਆ । ਸਾਚਾ ਲੇਖਾ ਪਰਵਰਦਿਗਾਰ, ਬੇਪਰਵਾਹ ਆਪ ਸਮਝਾਇੰਦਾ । ਸੁਤ ਸ਼ਬਦ ਤੇਰਾ ਮਦਦਗਾਰ, ਨਿਰਗੁਣ ਨੂਰ ਇਕ ਅਖਵਾਇੰਦਾ । ਜ਼ਾਹਰ ਜ਼ਹੂਰ ਸਾਂਝਾ ਯਾਰ, ਦੂਜੀ ਵੰਡ ਨਾ ਕੋਇ ਵੰਡਾਇੰਦਾ । ਮੂਸੇ ਕਰੇ ਆਪ ਬੇਦਾਰ, ਬੇਦਰਦੀ ਦਰਦ ਵੰਡਾਇੰਦਾ । ਜਲਵਾ ਦੇ ਕੇ ਏਕਾ ਧਾਰ, ਮੂੰਹ ਦੇ ਭਾਰ ਸੁਟਾਇੰਦਾ । ਈਸਾ ਕਰ ਇਕ ਪਿਆਰ, ਆਦਤ ਇਕੋ ਇਕ ਵਖਾਇੰਦਾ । ਦਰ ਦਰਵੇਸ਼ ਬਣੇ ਭਿਖਾਰ, ਅਲਫ਼ੀ ਚੋਲਾ ਤਨ ਰੰਗਾਇੰਦਾ । ਕਾਲਾ ਸੂਸਾ ਕਰ ਸ਼ੰਗਾਰ, ਸ਼ਹਿਨਸ਼ਾਹ ਆਪਣਾ ਹੁਕਮ ਮਨਾਇੰਦਾ । ਉਚੀ ਕੂਕੇ ਬਾਂਹ ਉਠਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਤੇਰਾ ਡੰਕ ਵਜਾਇੰਦਾ । ਈਸਾ ਮੂਸਾ ਤੇਰਾ ਡੰਕਾ, ਹਰਿ ਹਰਿ ਆਪ ਜਣਾਈਆ । ਤੇਰਾ ਖੇਲ ਆਦਿਨ ਅੰਤਾ, ਬੇਅੰਤ ਵਡੀ ਸ਼ਹਿਨਸ਼ਾਹੀਆ । ਲੇਖਾ ਜਾਣੇ ਸਾਚੇ ਸੰਤਾ, ਮੁਰੀਦ ਮੁਰਸ਼ਦ ਆਪ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਈਸਾ ਮੂਸਾ ਮਾਤ ਵਡਿਆਈਆ । ਈਸਾ ਮੂਸਾ ਸਚ ਸੰਦੇਸਾ ਸਤਿ ਸਤਿਵਾਦੀ ਆਪ ਜਣਾਇੰਦਾ । ਤਿਸ ਸਾਹਿਬ ਕੋ ਕਰੋ ਆਦੇਸਾ, ਜੋ ਲੱਖ ਚੁਰਾਸੀ ਅੰਦਰ ਡੇਰਾ ਲਾਇੰਦਾ । ਨਿਰਗੁਣ ਸਰਗੁਣ ਕਰੇ ਵੇਸਾ, ਰੂਪ ਰੰਗ ਨਾ ਕੋਇ ਵਖਾਇੰਦਾ । ਬ੍ਰਹਿਮੰਡ ਖੰਡ ਜੇਰਜ ਅੰਡਜ ਉਤਭੁਜ ਸੇਤਜ ਫਿਰੇ ਦੇਸ ਪਰਦੇਸਾ, ਲੋਆਂ ਪੁਰੀਆਂ ਚਰਨਾਂ ਹੇਠ ਦਬਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਮਾ ਕਲਾਮ ਆਪ ਅਖਵਾਇੰਦਾ । ਕਲਮਾ ਕਲਾਮ ਕਾਇਨਾਤ, ਕਾਤਬ ਆਪਣਾ ਭੇਵ ਜਣਾਈਆ । ਦੋ ਜਹਾਨਾਂ ਵੇਖੇ ਮਾਰ ਝਾਤ, ਝਾਕੀ ਇਕੋ ਵਾਰ ਪਾਈਆ । ਦੇਵਣਹਾਰ ਸਰਬ ਨਜ਼ਾਤ, ਫ਼ਤਵਾ ਸਭ ਤੇ ਸਾਦਰ ਦਏ ਕਰਾਈਆ । ਸਭ ਨੂੰ ਦੇਵਣਹਾਰ ਵਫ਼ਾਤ, ਫ਼ਾਤਿਹਾ ਪੜ੍ਹੇ ਸਰਬ ਲੋਕਾਈਆ । ਵੇਖਣਹਾਰਾ ਜਗਤ ਬਾਗ਼ਾਤ, ਬਾਗ਼ਬਾਨ ਬੇਪਰਵਾਹੀਆ । ਪਿਆਵਣਹਾਰਾ ਆਬ ਹਯਾਤ, ਹਯਾਤੀ ਸਭ ਦੀ ਆਪਣੇ ਹੱਥ ਵਖਾਈਆ । ਪੀਰ ਪੈਗ਼ੰਬਰ ਆਪਣੇ ਰੱਖੇ ਡੂੰਘੇ ਖ਼ਾਤ, ਹੁਕਮੇ ਹੁਕਮ ਭੁਆਈਆ । ਰਸੂਲ ਲਿਲਾ ਮਾਕੂਲ ਸੁਣਾਈ ਗਾਥ, ਮਹਿਬੂਬ ਕਰੀ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਨੂੰ ਕਰੇ ਲਾਜਵਾਬ, ਅਲਫ਼ ਯੇ ਕੰਮ ਕਿਸੇ ਨਾ ਆਈਆ । ਅਲਫ਼ ਯੇ ਨਾ ਕੋਈ ਨੁਕਤਾ, ਹਮਜ਼ਾ ਰੂਪ ਨਾ ਕੋਇ ਵਟਾਇੰਦਾ । ਪਰਵਰਦਿਗਾਰ ਏਕੋ ਹੁਕਮ ਦੇਵੇ ਪੁਖ਼ਤਾ, ਪੁਸ਼ਤ ਪੁਸ਼ਤ ਆਪ ਚਲਾਇੰਦਾ । ਕਿਸੇ ਨੂੰ ਰਹਿਣ ਨਾ ਦੇਵੇ ਸੋਇਆ ਸੁਸਤਾ, ਸੁਸਤੀ ਸਭ ਦੀ ਆਪੇ ਲਾਹਿੰਦਾ । ਸ਼ਬਦ ਸੁਤ ਤੇਰਾ ਭਾਣਾ ਕਦੇ ਨਾ ਰੁਕਦਾ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਪੀਰ ਪੈਗ਼ੰਬਰਾਂ ਪੈਂਡਾ ਮੁਕਦਾ, ਅੱਗੇ ਆਪਣੀ ਧਾਰ ਚਲਾਇੰਦਾ । ਜਾ ਕੇ ਫੇਰ ਮੁਹੰਮਦ ਪੁੱਛਦਾ, ਸੁੱਤੀ ਕਲਾ

ਜਗਾਇੰਦਾ । ਦਿਨ ਦੀਵੀਂ ਸਭ ਨੂੰ ਲੁੱਟਦਾ, ਲੁੱਟਣਹਾਰਾ ਨਜ਼ਰ ਨਾ ਆਇੰਦਾ । ਐਧਰ ਲਾਵੇ ਐਧਰ ਪੁਟਦਾ, ਸਭ ਦੀ ਜੜ੍ਹ ਉਖੜਾਇੰਦਾ । ਪੰਜ ਤੱਤ ਕਾਇਆ ਅੰਦਰ ਧੱਸਦਾ, ਔਂਦਾ ਜਾਂਦਾ ਨਜ਼ਰ ਨਾ ਆਇੰਦਾ । ਪੀਰ ਪੈਗ਼ੰਬਰਾਂ ਕੋਲੋਂ ਪੁਛਦਾ, ਬਚਿਆ ਕੋਇ ਰਹਿਣ ਨਾ ਪਾਇੰਦਾ । ਜੇ ਕੋਈ ਨੇਤਰ ਵੇਖੇ ਸਭ ਦੇ ਕੋਲੋਂ ਲੁਕਦਾ, ਲੱਖ ਚੁਰਾਸੀ ਅੰਧ ਕਰਾਇੰਦਾ । ਆਪਣੀ ਧਾਰੋਂ ਆਪੇ ਉਠਦਾ, ਮਾਤ ਪਿਤਾ ਨਾ ਕੋਇ ਬਣਾਇੰਦਾ । ਲੇਖਾ ਜਾਣੇ ਸਚ ਸੁੱਚ ਦਾ, ਕੂੜ ਕੁੜਿਆਰਾ ਆਪ ਪਰਗਟਾਇੰਦਾ । ਆਪਣੇ ਵਿਹਾਰ ਅੰਦਰ ਜੁਟਦਾ, ਦੂਜਾ ਸੰਗ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਤੇਰਾ ਰਾਹ ਚਲਾਇੰਦਾ । ਸ਼ਬਦ ਸੁਤ ਤੇਰਾ ਰਾਹ ਬਰੀਕ, ਹਰਿ ਮਾਰਗ ਇਕ ਲਗਾਈਆ । ਤੇਰਾ ਪੰਧ ਰੱਖੇ ਨਜ਼ਦੀਕ, ਦੂਰ ਦੁਰਾਡਾ ਨੇੜੇ ਆਈਆ । ਤੇਰਾ ਲੇਖਾ ਲਾਸ਼ਰੀਕ, ਲਹਿਣਾ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਮੁਹੱਬਤੀ ਨੂਰਾ, ਜ਼ਹੂਰ ਇਕ ਜਣਾਈਆ । ਬੇਐਬ ਖ਼ੁਦਾਈ ਸੂਰਬੀਰਾ, ਸ਼ਹਿਨਸ਼ਾਹ ਰੂਪ ਪਰਗਟਾਈਆ । ਮੁਹੰਮਦ ਸਿਰ ਬੰਨ੍ਹੇ ਚੀਰਾ, ਚੀਰ ਚੀਰ ਨਾਲ ਰਖਾਈਆ । ਹੱਥੀਂ ਮਹਿੰਦੀ ਗੁੱਟ ਕਲੀਰਾ, ਸਾਚਾ ਸਗਨ ਮਨਾਈਆ । ਮੌਲੀ ਮਹਿੰਦੀ ਦਏ ਧੀਰਾ, ਮਹਿੰਦੀ ਵਤ ਰੰਗ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚੌਥੇ ਜੁਗ ਚਾਰ ਯਾਰ ਕਰੇ ਕੁੜਮਾਈਆ । ਚਾਰ ਯਾਰ ਕੁੜਮ ਕੁੜਮੇਟਾ, ਘਰ ਘਰ ਮੰਗਲ ਗਾਇਆ । ਨਾ ਕੋਈ ਪਿਓ ਨਾ ਕੋਈ ਬੇਟਾ, ਅੱਧਵਿਚਕਾਰ ਸਰਬ ਰਖਾਇਆ । ਚੌਦਾਂ ਤਬਕ ਖੇਡਾਂ ਖੇਡਾ, ਚੌਦਾਂ ਤਬਕ ਪ੍ਰਭ ਨਿੱਕਿਉਂ ਨਿੱਕੀ ਨਿੱਕੀ ਵੰਡ ਵੰਡਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਜ ਤੱਤ ਕਾਇਆ ਚੋਲੇ ਸ਼ਬਦੀ ਤੇਰੀਆਂ ਕਰਦਾ ਰਿਹਾ ਝੇੜਾਂ, ਲੋਕਮਾਤ ਰਾਹ ਚਲਾਇਆ । ਮੁਹੰਮਦ ਦਿਤਾ ਇਕ ਕਲਾਮ, ਕਲਮਾ ਨਬੀ ਪੜ੍ਹਾਈਆ । ਨਜ਼ਰ ਨਾ ਆਏ ਹੱਕ ਅਮਾਮ, ਭੇਵ ਨਾ ਕੋਇ ਜਣਾਈਆ । ਜ਼ਬਰਾਈਲ ਦਏ ਪੈਗ਼ਾਮ, ਕਰੇ ਸਚ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਕਾਈਲ ਅਸਰਾਈਲ ਅਸਰਾਫ਼ੀਲ ਹੁਕਮੇ ਵਿਚ ਭੁਆਈਆ । ਹੁਕਮੇ ਅੰਦਰ ਖੇਲ ਅਵੱਲਾ, ਆਲਮੀਨ ਕਰਾਇੰਦਾ । ਪਰਗਟ ਹੋ ਨੂਰੀ ਅੱਲਾ, ਨੂਰੀ ਝਲਕ ਵਖਾਇੰਦਾ । ਨਿਰਗੁਣ ਫੜਾਏ ਸਰਗੁਣ ਪੱਲਾ, ਸਰਗੁਣ ਨਿਰਗੁਣ ਪਰਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਇਸਮ ਆਜ਼ਮ ਏਕਾ ਏਕ ਵਖਾਇੰਦਾ । ਇਸਮ ਆਜ਼ਮ ਆਲਮੀਨ, ਉਲਮਾ ਕਰੇ ਪੜ੍ਹਾਈਆ । ਚੌਦਾਂ ਲੋਕਾਂ ਕਰ ਤਕਸੀਮ, ਆਪਣੀ ਸ਼ਾਨ ਅਜ਼ੀਮ ਨਾ ਕਿਸੇ ਸਮਝਾਈਆ । ਨਾ ਕੋਈ ਜਾਣੇ ਡੰਡਾ ਮੀਮ, ਨੁਕਤਾ ਨੂਨ ਨਾ ਕੋਇ ਹਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਲਫ਼ ਯੇ ਦਿਤਾ ਸਮਝਾਈਆ । ਅਲਫ਼ ਯੇ ਜਗਤ ਜਗ ਨਾਤਾ, ਅੱਖਰ ਅੱਖਰ ਪੜ੍ਹਾਈਆ । ਵੇਖਣਹਾਰਾ ਹਰਿ ਤਮਾਸ਼ਾ, ਤਮਾਸ਼ਬੀਨ ਫੇਰਾ ਪਾਈਆ । ਕੂੜੀ ਕਿਰਿਆ ਭਰੇ ਕਾਸਾ, ਇਕੋ ਜਾਮ ਪਿਆਈਆ । ਕਲਜੁਗ ਦੇ ਸਚ ਭਰਵਾਸਾ, ਸਗਲਾ ਸੰਗ ਨਿਭਾਈਆ । ਚੌਦਾਂ ਸਦੀਆਂ ਭੋਗ ਬਿਲਾਸਾ, ਕਿਰਿਆ ਕੂੜੀ ਕਰ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਤੇਰਾ ਰੂਪ ਵਟਾਈਆ । ਸ਼ਬਦੀ ਸੁਤ ਤੇਰਾ ਚੋਲਾ, ਚੋਲੀ ਨਾਲ ਬਦਲਾਇੰਦਾ । ਪੰਜ ਤੱਤ ਰੱਖੇ ਆਪਣਾ ਉਹਲਾ, ਹੱਡ ਮਾਸ ਨਾੜੀ ਪਰਦਾ ਪਾਇੰਦਾ । ਅੰਤਰ ਸੁਣਾਏ ਸਾਚਾ ਢੋਲਾ, ਮੰਤਰ ਇਕੋ ਇਕ ਪੜ੍ਹਾਇੰਦਾ । ਪੀਰ ਪੈਗ਼ੰਬਰ ਬਣ ਵਿਚੋਲਾ, ਨਿਰਗੁਣ ਸਰਗੁਣ ਮੇਲ

ਮਿਲਾਇੰਦਾ । ਸਚਖੰਡ ਦੁਆਰ ਇਕੋ ਖੇਲਾ, ਸਚ ਸਿੰਘਾਸਣ ਬਹਿ ਬਹਿ ਵੇਖ ਵਖਾਇੰਦਾ । ਕਲਜੁਗ ਅੰਤਮ ਕਰੇ ਖੇਲ ਹਰਿ ਜੂ ਮੌਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਤ ਦੇਵੇ ਵਰ, ਤੇਰਾ ਮਾਣ ਵਧਾਇੰਦਾ । ਸ਼ਬਦ ਸੁਤ ਰੱਖਣਾ ਯਾਦ, ਹਰਿ ਹਰਿ ਆਪ ਜਣਾਈਆ । ਸਤਿਜੁਗ ਤ੍ਰੇਤਾ ਦੁਆਪਰ ਸੁਣੇ ਤੇਰੀ ਫ਼ਰਯਾਦ, ਸਿਰ ਆਪਣਾ ਹੱਥ ਟਿਕਾਈਆ । ਐਧਰੋਂ ਕੱਢ ਐਧਰ ਦੇਵੇ ਦਾਦ, ਗੁਰ ਅਵਤਾਰ ਪੀਰ ਪੈਗ਼ੰਬਰ ਤੇਰਾ ਨਾਉਂ ਰਖਾਈਆ । ਤੇਰਾ ਨਾਮ ਸੁਣਾਏ ਸੰਤ ਸਾਧ, ਭਗਤ ਭਗਵੰਤ ਕਰੇ ਪੜ੍ਹਾਈਆ । ਤੇਰਾ ਲੇਖਾ ਆਦਿ ਜੁਗਾਦਿ, ਜੁਗ ਚੌਕੜੀ ਬੰਧਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਦਏ ਸਮਝਾਈਆ । ਸਾਚਾ ਖੇਲ ਅੰਤਮ ਧਾਰ, ਹਰਿ ਕਰਤਾ ਆਪ ਜਣਾਇੰਦਾ । ਨਿਰਗੁਣ ਸਰਗੁਣ ਲੈ ਅਵਤਾਰ, ਪੰਜ ਤੱਤ ਕਾਇਆ ਚੋਲਾ ਜਗਤ ਹੰਢਾਇੰਦਾ । ਸਰਗੁਣ ਨਾਨਕ ਨਾਮ ਰੱਖ ਸੰਸਾਰ, ਸ੍ਰਿਸ਼ਟ ਸਬਾਈ ਆਪ ਸਮਝਾਇੰਦਾ । ਅੰਤਰ ਅੰਤਰ ਇਕ ਸਤਾਰ, ਸਤਿ ਸਤਿਵਾਦੀ ਆਪ ਵਜਾਇੰਦਾ । ਨਾਦ ਅਨਾਦੀ ਬੋਲ ਜੈਕਾਰ, ਬ੍ਰਹਮ ਬ੍ਰਹਿਮਾਦੀ ਆਪ ਸੁਣਾਇੰਦਾ । ਧੁਰ ਦੀ ਵਾਦੀ ਧੁਰ ਦਰਬਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਰੰਗ ਵਟਾਇੰਦਾ । ਨਾਨਕ ਨਿਰਗੁਣ ਸਚਖੰਡ, ਸਚਖੰਡ ਵੱਜੀ ਵਧਾਈਆ । ਨਾਨਕ ਸਰਗੁਣ ਲੋਕਮਾਤ ਵੰਡ, ਪੰਜ ਤੱਤ ਕਰੇ ਕੁੜਮਾਈਆ । ਨਿਰਗੁਣ ਨਾਨਕ ਗਾਏ ਸੋਹੰ ਛੰਦ, ਪ੍ਰਭ ਚਰਨ ਮਿਲੀ ਸਰਨਾਈਆ । ਸਰਗੁਣ ਨਾਨਕ ਕਾਇਆ ਅੰਦਰ ਬੰਦ, ਨਜ਼ਰ ਕਿਸੇ ਨਾ ਆਈਆ । ਨਾਨਕ ਨਿਰਗੁਣ ਮਿਲਿਆ ਮੇਲ ਸੂਰੇ ਸਰਬੰਗ, ਸ਼ਹਿਨਸ਼ਾਹ ਆਪਣੀ ਗੋਦ ਬਹਾਈਆ । ਸਰਗੁਣ ਨਾਨਕ ਬੱਤੀ ਦੰਦ ਪਾਏ ਡੰਡ, ਜੀਵ ਜੰਤ ਰਿਹਾ ਉਠਾਈਆ । ਦੋਹਾਂ ਵਿਚੋਂ ਸ੍ਰੀ ਭਗਵਨ, ਆਪਣਾ ਰਾਹ ਚਲਾਈਆ । ਨਾਨਕ ਜੋਤ ਸਾਚਾ ਚੰਨ, ਦੋ ਜਹਾਨ ਕਰੇ ਰੁਸ਼ਨਾਈਆ । ਨਾ ਕੋਈ ਵਰਨ ਨਾ ਕੋਈ ਗੋਤ, ਦੀਨ ਮਜ਼੍ਹਬ ਨਾ ਕੋਇ ਰਖਾਈਆ । ਸਤਿ ਸਤਿਵਾਦੀ ਇਕ ਸਲੋਕ, ਸਤਿਨਾਮ ਕਰੇ ਪੜ੍ਹਾਈਆ । ਪੁਰਖ ਅਕਾਲ ਇਕੋ ਓਟ, ਦੂਜਾ ਇਸ਼ਟ ਨਾ ਕੋਇ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨਾਨਕ ਸਰਗੁਣ ਵਿਚ ਸਮਾਈਆ । ਨਿਰਗੁਣ ਨਾਨਕ ਨਿਰਵੈਰ, ਅਜੂੰਨੀ ਰਹਿਤ ਅਖਵਾਇੰਦਾ । ਸਰਗੁਣ ਨਾਨਕ ਸ੍ਰਿਸ਼ਟ ਸਬਾਈ ਦਾ ਝੱਲੇ ਕਹਿਰ, ਚਾਰੋਂ ਕੁੰਟ ਫੇਰਾ ਪਾਇੰਦਾ । ਨਾ ਕੋਈ ਜਾਣੇ ਐਰ ਗ਼ੈਰ, ਘਰ ਘਰ ਇਕੋ ਰੰਗ ਵਖਾਇੰਦਾ । ਇਕੋ ਰਾਗ ਇਕੋ ਤਰਜ਼ ਇਕੋ ਬੈਹਰ, ਸੋਹਲਾ ਢੋਲਾ ਇਕ ਸੁਣਾਇੰਦਾ । ਛੱਤੀ ਰਾਗ ਬਣਾਏ ਮੁਸ਼ਾਇਰ, ਮੁਸ਼ਾਇਰਾ ਲੋਕਮਾਤ ਲਗਾਇੰਦਾ । ਸਚਖੰਡ ਦੁਆਰੇ ਕੋਈ ਨਾ ਦੂਜੀ ਦਿਸੇ ਲਹਿਰ, ਰਾਗ ਨਾਦ ਨਾ ਕੋਇ ਸੁਣਾਇੰਦਾ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਆਪੇ ਕਰੇ ਆਪਣੀ ਮਿਹਰ, ਮਿਹਰ ਨਜ਼ਰ ਇਕ ਟਿਕਾਇੰਦਾ । ਸਰਗੁਣ ਨਿਰਗੁਣ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਨਿਰਗੁਣ ਨਾਨਕ ਸਚਖੰਡ ਦੁਆਰ, ਸਚ ਸਚ ਮਿਲੀ ਵਡਿਆਈਆ । ਪੁਰਖ ਅਬਿਨਾਸ਼ੀ ਕਰ ਪਿਆਰ, ਸਚ ਪ੍ਰੀਤੀ ਦਏ ਜਣਾਈਆ । ਨਾਨਕ ਢਹਿ ਪਿਆ ਦੁਆਰ, ਦੋਏ ਜੋੜ ਮੰਗੇ ਸਰਨਾਈਆ । ਕਰ ਕਿਰਪਾ ਦੇ ਅੰਮ੍ਰਿਤ ਠੰਡਾ ਠਾਰ, ਜਿਸ ਪੀਤਿਆਂ ਤੱਤੀ ਵਾ ਨਾ ਲਾਗੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਅੰਮ੍ਰਿਤ ਇਕੋ ਇਕ ਰਖਾਈਆ । ਨਾਨਕ ਲੈ ਅੰਮ੍ਰਿਤ ਰਸ, ਪੁਰਖ ਅਕਾਲ ਆਪ ਜਣਾਇੰਦਾ । ਤੂੰ ਮੇਰਾ ਮੈਂ ਤੇਰੇ ਵਸ, ਤੂੰ ਮੇਰਾ ਮੈਂ ਤੇਰਾ ਇਕੋ

ਢੋਲਾ ਗਾਇੰਦਾ । ਤੇਰੀ ਝੋਲੀ ਮੇਰਾ ਹੱਥ, ਅਤੋਟ ਅਤੁਟ ਵਰਤਾਇੰਦਾ । ਕਿਰਪਾ ਕਰੇ ਪੁਰਖ ਸਮਰਥ, ਅੰਮ੍ਰਿਤ ਜਾਮ ਇਕ ਪਿਆਇੰਦਾ । ਅੰਤਰ ਅੰਤਰ ਆਪੇ ਵਸ, ਆਪਣਾ ਰੰਗ ਵਖਾਇੰਦਾ । ਲੋਕਮਾਤ ਜਾਣਾ ਨੱਸ, ਸਾਚੀ ਸੇਵਾ ਇਕ ਲਗਾਇੰਦਾ । ਸ੍ਰਿਸ਼ਟ ਸਬਾਈ ਨੌਂ ਦੁਆਰੇ ਗਈ ਢੱਠ, ਆਸਾ ਤ੍ਰਿਸਨਾ ਨਾ ਕੋਇ ਮਿਟਾਇੰਦਾ । ਮੰਦਰ ਸ਼ਿਵਦੁਆਲੇ ਹੋਇਆ ਇਕੱਠ, ਕਾਇਆ ਮੰਦਰ ਨਾ ਕੋਇ ਫੋਲ ਫੁਲਾਇੰਦਾ । ਫਿਰ ਫਿਰ ਥੱਕੇ ਤੀਰਥ ਤੱਟ, ਘਰ ਸਰੋਵਰ ਨਜ਼ਰ ਕਿਸੇ ਨਾ ਆਇੰਦਾ । ਮਾਲਾ ਮਣਕਾ ਰਹੇ ਰਟ, ਮਨ ਕਾ ਮਣਕਾ ਨਾ ਕੋਇ ਭੁਆਇੰਦਾ । ਪੜ੍ਹ ਪੜ੍ਹ ਵਿਦਿਆ ਗਏ ਥੱਕ, ਗੁਰਮਤ ਨਾ ਕੋਇ ਸਮਝਾਇੰਦਾ । ਫਿਰ ਫਿਰ ਥੱਕੇ ਚੌਦਾਂ ਹੱਟ, ਸਤਿਗੁਰ ਹੱਟ ਨਾ ਕੋਇ ਵਖਾਇੰਦਾ । ਕੂੜੀ ਕਿਰਿਆ ਖੇਲ ਬਾਜ਼ੀਗਰ ਨਟ, ਸਾਚੇ ਮਾਰਗ ਨਾ ਕੋਇ ਲਗਾਇੰਦਾ । ਮੰਤਰ ਨਾਮ ਜਾ ਕੇ ਦੱਸ, ਸਤਿ ਸਤਿ ਆਪ ਜਣਾਇੰਦਾ । ਚਾਰ ਵਰਨ ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਚੜ੍ਹਾ ਸਾਚੇ ਰਥ, ਰਥ ਰਥਵਾਹੀ ਆਪ ਸਮਝਾਇੰਦਾ । ਜੋ ਤੇਰੀ ਚਰਨੀ ਜਾਏ ਢੱਠ, ਤਿਸ ਪੁਰਖ ਅਕਾਲ ਮਿਲਾਇੰਦਾ । ਨੌਂ ਦੁਆਰੇ ਪਿਆ ਰਟ, ਰੱਟਾ ਜਗਤ ਨਾ ਕੋਇ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਨਕ ਦੇਵੇ ਏਕਾ ਵਰ, ਸਚ ਸੰਦੇਸਾ ਆਪ ਸੁਣਾਇੰਦਾ । ਲੋਕਮਾਤ ਨੌਂ ਦਰ, ਦਰਦੀ ਦਰਦ ਨਾ ਕੋਇ ਵੰਡਾਈਆ । ਆਸਾ ਤ੍ਰਿਸ਼ਨਾ ਹਉਮੇ ਹੰਗਤਾ ਗਈ ਵੜ, ਮਾਇਆ ਮਮਤਾ ਕਰੇ ਕੁੜਮਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਰਿਹਾ ਲੜ, ਆਪਣਾ ਬਲ ਧਰਾਈਆ । ਸਾਚੇ ਮੰਦਰ ਕੋਇ ਨਾ ਸਕੇ ਚੜ੍ਹ, ਸੁਖਮਨ ਟੇਢੀ ਪਾਰ ਨਾ ਕੋਇ ਕਰਾਈਆ । ਈੜਾ ਪਿੰਗਲ ਬੈਠੇ ਖੜ, ਅੱਗੇ ਲੈ ਅੰਗੜਾਈਆ । ਬਿਨ ਸਤਿਗੁਰ ਪੂਰੇ ਕੋਈ ਨਾ ਦੇਵੇ ਪਾਰ ਕਰ, ਡੂੰਘੀ ਭਵਰ ਨਾ ਪਾਰ ਕਰਾਈਆ । ਅੰਮ੍ਰਿਤ ਭਰਿਆ ਘਰ ਘਰ, ਝਿਰਨਾ ਨਿਝਰ ਨਾ ਕੋਇ ਝਿਰਾਈਆ । ਸਾਚਾ ਨਾਦ ਨਾ ਸੁਣੇ ਕੋਈ ਕੰਨ, ਸ਼ਬਦ ਅਨਹਦ ਨਾਦੀ ਨਾਦ ਸੁਣਾਈਆ । ਹਰਿ ਜੂ ਕੰਤ ਨਾ ਲਏ ਕੋਈ ਵਰ, ਪਾਰਬ੍ਰਹਮ ਬ੍ਰਹਮ ਮੇਲਾ ਨਾ ਕੋਇ ਕਰਾਈਆ । ਦਸਮ ਦੁਆਰੀ ਕੋਈ ਨਾ ਸਕੇ ਵੜ, ਬਜਰ ਕਪਾਟੀ ਕੁੰਡਾ ਲਾਹੀਆ । ਆਪਣੀ ਕਿਰਪਾ ਕਰੇ ਹਰਿ, ਤੇਰੇ ਹੱਥ ਦਏ ਵਡਿਆਈਆ । ਤੂੰ ਆ ਕੇ ਮਿਲਿਆ ਮੇਰੇ ਦਰ, ਪ੍ਰਭ ਸੱਚਾ ਦਏ ਸਮਝਾਈਆ । ਦਸਵਾਂ ਜਾਮਾ ਤੇਰਾ ਰੂਪ ਧਰ, ਗੋਬਿੰਦ ਦਏ ਵਡਿਆਈਆ । ਮੈਂ ਲੋਕਮਾਤ ਜਾ ਕੇ ਲਵਾਂ ਫੜ, ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਆਪ ਸੁਣਾਈਆ । ਦਸਵਾਂ ਗੁਰ ਦਸਵੀਂ ਧਾਰ, ਦਹਿ ਦਿਸ਼ਾ ਆਪ ਜਣਾਇੰਦਾ । ਨੌਂ ਦੁਆਰੇ ਕਰ ਕਰ ਪਾਰ, ਘਰ ਸਾਚੇ ਮੇਲ ਮਿਲਾਇੰਦਾ । ਗੁਜਰੀ ਸੁਤ ਸੁਤ ਦੁਲਾਰ, ਹਰਿ ਸਾਚਾ ਮਾਣ ਦਿਵਾਇੰਦਾ । ਸੁਹਾਏ ਰੁੱਤ ਇਕ ਗੁਲਜ਼ਾਰ, ਪੱਤ ਡਾਲੀ ਆਪ ਮਹਿਕਾਇੰਦਾ । ਪੂਤ ਸਪੂਤਾ ਕਰ ਤਿਆਰ, ਸੀਸ ਜਗਦੀਸ ਆਪ ਸੁਹਾਇੰਦਾ । ਕਲਗ਼ੀ ਤੋੜਾ ਕਰ ਸ਼ੰਗਾਰ, ਜੋਤੀ ਜੋੜਾ ਸ਼ਬਦ ਮਿਲਾਇੰਦਾ । ਥੋੜਾ ਥੋੜਾ ਲੇਖਾ ਸ੍ਰਿਸ਼ਟ ਸਬਾਈ ਦਏ ਵਖਾਲ, ਬਾਕੀ ਭਰਮ ਭੁਲੇਖਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਆਪਣੇ ਰੰਗ ਰੰਗਾਇੰਦਾ । ਸੁਤ ਦੁਲਾਰੇ ਤੇਰਾ ਨਾਉਂ ਗੋਬਿੰਦ, ਕਲਜੁਗ ਅੰਤ ਸ਼ਬਦ ਵਡਿਆਈਆ । ਨਾ ਕੋਈ ਸੋਗ ਹਰਖ ਰਹੇ ਨਾ ਚਿੰਦ, ਚਿੰਤਾ ਰੂਪ ਕੋਇ ਨਾ ਵਟਾਈਆ । ਸ੍ਰੀ ਭਗਵਾਨ ਬਣਾਏ ਆਪਣੀ ਬਿੰਦ, ਲੋਕਮਾਤ ਮਾਤਾ ਦਏ ਵਡਿਆਈਆ । ਕਿਰਪਾ ਕਰੇ ਗਹਿਰ ਗੰਭੀਰ ਗੁਣੀ ਗਹਿੰਦ, ਬੇਅੰਤ ਸੱਚਾ ਸ਼ਹਿਨਸ਼ਾਹੀਆ । ਅੰਮ੍ਰਿਤ ਧਾਰ ਵਹਾਏ ਸਾਗਰ ਸਿੰਧ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

੪੪੪
੧੩

ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਨਾਥ, ਅਨਾਥਾਂ ਆਪ ਜਣਾਇੰਦਾ । ਗ਼ਰੀਬ ਨਿਮਾਣਿਆਂ ਰੱਖੇ ਸਾਥ, ਸ਼ਾਹ ਸੁਲਤਾਨਾਂ ਖ਼ਾਕ ਮਿਲਾਇੰਦਾ । ਇਕ ਸੁਣਾਏ ਅਗੰਮੀ ਗਾਥ, ਪੁਰਖ ਅਕਾਲ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚੇ ਦਇਆ ਕਮਾਇੰਦਾ । ਦਰ ਘਰ ਸਾਚਾ ਖੋਲ੍ਹ ਦਰਵਾਜ਼ਾ, ਭੇਵ ਅਭੇਦ ਖੁਲ੍ਹਾਈਆ । ਸ੍ਰੀ ਭਗਵਾਨ ਗ਼ਰੀਬ ਨਿਵਾਜ਼ਾ, ਨਿਵਾਜ਼ੇ ਥਾਉਂ ਥਾਈਂਆ । ਸ਼ਾਹੋ ਭੂਪ ਵਡ ਰਾਜਨ ਰਾਜਾ, ਸੀਸ ਜਗਦੀਸ ਤਾਜ ਟਿਕਾਈਆ । ਆਦਿ ਆਦਿ ਜਿਸ ਸਾਜਣ ਸਾਜਾ, ਜੁਗ ਜੁਗ ਵੇਖੇ ਬੇਪਰਵਾਹੀਆ । ਗੋਬਿੰਦ ਨਾਲ ਰਚਿਆ ਕਾਜਾ, ਆਪਣਾ ਬੰਧਨ ਪਾਈਆ । ਚਾਰ ਜੁਗ ਦਾ ਬਦਲ ਸਮਾਜਾ, ਸਚ ਸਮੱਗਰੀ ਇਕ ਵਖਾਈਆ । ਜਿਉਂ ਸਾਹਿਬ ਸਿਰ ਸੱਚਾ ਤਾਜਾ, ਤੇਵੇਂ ਗੁਰਸਿਖਾਂ ਸਿਰ ਸਾਬਤ ਸੂਰਤ ਦਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੂਰਤ ਅਕਾਲ ਅੰਤ ਵਖਾਈਆ । ਨਾਨਕ ਪੜ੍ਹਾਇਆ ਸਤਿ ਨਾਮ, ਮੰਤਰ ਇਕ ਜਣਾਇਆ । ਕਰਤਾ ਪੁਰਖ ਹੋ ਮਿਹਰਵਾਨ, ਮਿਹਰ ਨਜ਼ਰ ਇਕ ਟਿਕਾਇਆ । ਨਿਰਭੌ ਹੋਇਆ ਆਪ ਪਰਧਾਨ, ਭੈ ਸਭ ਨੂੰ ਰਿਹਾ ਜਣਾਇਆ । ਅਕਾਲ ਮੂਰਤ ਅਜੂਨੀ ਰਹਿਤ ਨੌਜਵਾਨ, ਨਾ ਮਰੇ ਨਾ ਜਾਇਆ । ਗੋਬਿੰਦ ਮਿਲਿਆ ਆਣ, ਹਰਿ ਜੂ ਆਪਣਾ ਫੇਰਾ ਪਾਇਆ । ਨਾਨਕ ਅੰਮ੍ਰਿਤ ਸਚ ਪਿਆਲਾ ਦਿਤਾ ਆਣ, ਅੰਮਿਉਂ ਰਸ ਇਕੋ ਇਕ ਵਖਾਇਆ । ਜੋਧਾ ਸੂਰ ਬਲੀ ਬਲਵਾਨ, ਬਲ ਆਪਣਾ ਆਪ ਸਮਝਾਇਆ । ਨਾਮ ਖੰਡਾ ਤੇਜ ਕਿਰਪਾਨ, ਚੰਡ ਪਰਚੰਡ ਹੱਥ ਫੜਾਇਆ । ਬ੍ਰਹਿਮੰਡਾਂ ਵੇਖੇ ਮਾਰ ਧਿਆਨ, ਜੇਰਜ ਅੰਡਾਂ ਫੋਲ ਫੋਲਾਇਆ । ਏਕਾ ਹੁਕਮ ਧੁਰ ਫ਼ਰਮਾਣ, ਸਚ ਸੰਦੇਸਾ ਆਖ ਸੁਣਾਇਆ । ਪੰਜਾਂ ਦੇਵਣਹਾਰਾ ਮਾਣ, ਅੰਮ੍ਰਿਤ ਆਤਮ ਜਾਮ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪਿਆਲਾ ਦੀਨ ਦਿਆਲਾ ਗੋਬਿੰਦ ਹੱਥ ਫੜਾਇਆ । ਗੋਬਿੰਦ ਹੱਥ ਅੰਮ੍ਰਿਤ ਧਾਰ, ਅਮਰ ਰਿਹਾ ਕਰਾਈਆ । ਪੰਜਾਂ ਕਰ ਇਕ ਪਿਆਰ, ਪੰਚਮ ਵੰਡ ਵੰਡਾਈਆ । ਪੰਜਾਂ ਸੀਸ ਬੰਨ੍ਹ ਦਸਤਾਰ, ਪੰਚਮ ਸਗਨ ਮਨਾਈਆ । ਪੰਚਮ ਖਿਚ ਤੇਜ਼ ਕਟਾਰ, ਨਾਮ ਸ਼ਹੀਦੀ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਗੋਬਿੰਦ ਦੇਵੇ ਮਾਣ ਵਡਿਆਈਆ । ਹਰਿ ਗੋਬਿੰਦ ਮਾਣ ਖੇਲ ਨਿਰੰਕਾਰ, ਭੇਵ ਕੋਇ ਨਾ ਪਾਇੰਦਾ । ਲੇਖਾ ਜਾਣੇ ਧੁਰ ਦਰਬਾਰ, ਕਰਨੀ ਕਰਤਾ ਆਪ ਕਰਾਇੰਦਾ । ਸਾਚਾ ਮੰਦਰ ਕਰ ਤਿਆਰ, ਅਨੰਦ ਅਨੰਦ ਵਿਚ ਵਖਾਇੰਦਾ । ਪੂਤ ਸਪੂਤਾ ਭੇਵ ਨਿਆਰ, ਭੇਦ ਨਾ ਕੋਇ ਜਣਾਇੰਦਾ । ਲੇਖਾ ਜਾਣੇ ਸਰਸਾ ਕਿਨਾਰ, ਹਿਰਸ ਸਭ ਦੀ ਆਪ ਮਿਟਾਇੰਦਾ । ਸੱਤਰਾਂ ਕਰਾਏ ਸਚ ਵਣਜਾਰ, ਸਤਿ ਸਤਿਵਾਦੀ ਲੇਖ ਮੁਕਾਇੰਦਾ । ਛੋਟੇ ਬਾਲੇ ਨੀਹਾਂ ਹੇਠਾਂ ਦਿਤੇ ਸੁਆਲ, ਕਲਜੁਗ ਤੇਰੀ ਜੜ੍ਹ ਉਖੜਾਇੰਦਾ । ਵੱਡੇ ਬਾਲੇ ਕਰ ਹਲਾਲ, ਮੁਗ਼ਲ ਹਲਾਲੀ ਮੇਟ ਮਿਟਾਇੰਦਾ । ਸੂਲਾਂ ਸੇਜਾ ਸੁੱਤਾ ਨੌਜਵਾਨ, ਆਪਣਾ ਸ਼ੁਕਰ ਮਨਾਇੰਦਾ । ਦੇਵੇ ਸੰਦੇਸਾ ਸਚ ਫ਼ਰਮਾਣ, ਸ੍ਰੀ ਭਗਵਾਨ ਜਣਾਇੰਦਾ । ਪੁਰਖ ਅਬਿਨਾਸ਼ੀ ਮਿਲੇ ਆਣ, ਫੜ ਬਾਹੋਂ ਗਲੇ ਲਗਾਇੰਦਾ । ਗੋਬਿੰਦ ਤੇਰਾ ਅੰਮ੍ਰਿਤ ਜਾਮ, ਡੁੱਲ ਕਦੇ ਨਾ ਜਾਇੰਦਾ । ਕਲਜੁਗ ਤੇਰਾ ਪੂਰਾ ਕਰਾਂ ਕਾਮ, ਘਾਟਾ ਕੋਇ ਨਜ਼ਰ ਨਾ ਆਇੰਦਾ । ਮੇਰਾ ਨਾਉਂ ਸ੍ਰੀ ਭਗਵਾਨ, ਜੁਗ ਜੁਗ ਵੇਖ ਵਖਾਇੰਦਾ । ਤੂੰ ਬਾਲਾ ਬਾਲ ਅੰਞਾਣ, ਤੇਰੀ ਕਰਨੀ ਵਿਚ ਸਮਾਇੰਦਾ । ਤੈਨੂੰ ਦੱਸਾਂ ਸਚ ਹਵਾਲ, ਆਪਣਾ ਪਰਦਾ ਲਾਹਿੰਦਾ । ਕਲਜੁਗ ਅੰਤਮ ਆਵਾਂ ਵਿਚ ਜਹਾਨ, ਨਾਨਕ ਨਿਰਗੁਣ ਰਾਹ ਤਕਾਇੰਦਾ । ਕਰਾਂ ਖੇਲ ਬੇਪਹਿਚਾਨ,

ਬੇਪਹਿਚਾਨ ਰੂਪ ਰੰਗ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਅੰਮ੍ਰਿਤ ਇਕ ਪਿਆਇੰਦਾ । ਗੋਬਿੰਦ ਅੰਮ੍ਰਿਤ ਪੀਤਾ ਘੁੱਟ, ਘੁੱਟ ਕੇ ਜੱਫੀ ਪਾਈਆ । ਪੁਰਖ ਅਕਾਲ ਨਾ ਜਾਵੇ ਛੁਟ, ਬੰਧਨ ਇਕ ਰਖਾਈਆ । ਚਾਰੇ ਸੁਤ ਚਾਰ ਜੁਗ ਦਾ ਬੂਟਾ ਦੇਣ ਪੁੱਟ, ਜੜ੍ਹ ਤੇਰੇ ਹੱਥ ਫੜਾਈਆ । ਜਿਉਂ ਭਾਵੇ ਤਿਸ ਵੇਲੇ ਪੈਣਾ ਉਠ, ਤੇਰੀ ਵਡ ਵਡਿਆਈਆ । ਤੂੰ ਪਿਤਾ ਮੈਂ ਤੇਰਾ ਪੁੱਤ, ਚਲਾਂ ਸਦਾ ਰਜ਼ਾਈਆ । ਮੇਰੇ ਵੇਖ ਖ਼ਾਲੀ ਹੱਥ ਕੋਲ ਨਹੀਂ ਕੁਛ, ਤੇਰੇ ਉਤੋਂ ਸਭ ਕੁਛ ਵਾਰ ਤੇਰੀ ਝੋਲੀ ਪਾਈਆ । ਮੇਰੇ ਸਿਖਾਂ ਕੋਲੋਂ ਪੁੱਛ, ਜਿੰਨਾਂ ਦਿਤੀ ਮਾਣ ਵਡਿਆਈਆ । ਜਿਸ ਪੀਤਾ ਮੇਰਾ ਅੰਮ੍ਰਿਤ ਘੁੱਟ, ਸੋ ਸੂਰਬੀਰ ਅਖਵਾਈਆ । ਆਵਣ ਜਾਵਣ ਲੱਖ ਚੁਰਾਸੀ ਗਈ ਛੁੱਟ, ਰਾਏ ਧਰਮ ਨਾ ਦਏ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਗੋਬਿੰਦ ਆਸ ਤਕਾਈਆ । ਗੋਬਿੰਦ ਮੰਗੇ ਸਾਚੀ ਮੰਗ, ਸੂਲਾਂ ਸੱਥਰ ਸੋਭਾ ਪਾਇੰਦਾ । ਆ ਵੇਖ ਸੁੱਤਾ ਗੁਜਰੀ ਚੰਦ, ਨੰਗੀ ਪੈਰੀਂ ਤੇਰੀ ਸੇਵ ਕਮਾਇੰਦਾ । ਬਾਲੇ ਨੀਹਾਂ ਹੇਠ ਰੱਖ ਕੇ ਪਾਈ ਠੰਡ, ਫਿਰ ਤੇਰਾ ਸ਼ੁਕਰ ਮਨਾਇੰਦਾ । ਅਜੀਤ ਜੁਝਾਰ ਨਾ ਦਿਤੀ ਕੰਡ, ਤੇਰੇ ਭਾਣੇ ਵਿਚ ਰਖਾਇੰਦਾ । ਹੁਣ ਮੈਂ ਖ਼ੁਸ਼ ਹੋ ਕੇ ਗਾਵਾਂ ਤੇਰਾ ਛੰਦ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਇੰਦਾ । ਮੇਰੀ ਟੁੱਟੀ ਲੈਣੀ ਗੰਢ, ਗੰਢ ਤੇਰੇ ਨਾਲ ਪੁਆਇੰਦਾ । ਮੇਰਾ ਪੰਜ ਤੱਤ ਚੋਲਾ ਜਾਣਾ ਹੰਢ, ਥਿਰ ਕੋਇ ਰਹਿਣ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਇੰਦਾ । ਪੁਰਖ ਅਬਿਨਾਸ਼ੀ ਪਿਆ ਰੋ, ਗੋਬਿੰਦ ਦਰਦ ਦਰਦ ਵੰਡਾਈਆ । ਮੈਂ ਤੇਰੇ ਜੋਗਾ ਗਿਆ ਹੋ, ਮੇਰੀ ਚਲੇ ਨਾ ਕੋਇ ਚਤੁਰਾਈਆ । ਮੈਂ ਚਾਰ ਜੁਗ ਨੌਂ ਸੌ ਚੁਰਾਨਵੇਂ ਚੌਕੜੀ ਲਈ ਜੋਹ, ਤੇਰੇ ਵਰਗਾ ਨਜ਼ਰ ਕੋਇ ਨਾ ਆਈਆ । ਤੂੰ ਮੇਰੇ ਨਾਲ ਗਿਉਂ ਛੋਹ, ਮੈਂ ਤੇਰੇ ਵਿਚ ਜਾਵਾਂ ਸਮਾਈਆ । ਆਪਣਾ ਨਾਂ ਰੱਖ ਕੇ ਸੋ, ਹੰ ਬ੍ਰਹਮ ਕਰਾਂ ਕੁੜਮਾਈਆ । ਧੁਰ ਦਾ ਲੈ ਕੇ ਆਵਾਂ ਢੋਆ ਢੋ, ਤੇਰੇ ਸਿਖਾਂ ਝੋਲੀ ਪਾਈਆ । ਮੇਰਾ ਭੇਵ ਨਾ ਜਾਣੇ ਕੋ, ਕੋਟਨ ਕੋਟ ਗੁਰ ਅਵਤਾਰ ਪੀਰ ਪੈਗ਼ੰਬਰ ਬੈਠੇ ਧਿਆਨ ਲਗਾਈਆ । ਗੋਬਿੰਦ ਰੱਖਣਾ ਯਾਦ, ਮੈਂ ਪਰਗਟ ਹੋਵਾਂ ਛੱਬੀ ਪੋਹ, ਵਦੀ ਸੁਦੀ ਕੋਇ ਰਹਿਣ ਨਾ ਪਾਈਆ । ਸਭ ਦੇ ਕੋਲੋਂ ਪਿਛਲੀ ਕੀਤੀ ਲਵਾਂ ਖੋਹ, ਖ਼ਾਲੀ ਹੱਥ ਵਖਾਈਆ । ਰਾਹ ਤੱਕਣ ਪੁਰੀਆਂ ਲੋਅ, ਬ੍ਰਹਿਮੰਡ ਖੰਡ ਨੀਰ ਨੀਰ ਵਹਾਈਆ । ਤੇਰਿਆਂ ਭਗਤਾਂ ਤੇਰਿਆਂ ਗੁਰਸਿਖਾਂ ਦੁਰਮਤ ਮੈਲ ਦੇਵਾਂ ਧੋ, ਅੰਦਰ ਵੜ ਵੜ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਰਿਹਾ ਸਮਝਾਈਆ । ਗੋਬਿੰਦ ਸਤਿਗੁਰ ਪਿਆ ਹੱਸ, ਹੱਸ ਹੱਸ ਖ਼ੁਸ਼ੀ ਮਨਾਇੰਦਾ । ਪੁਰਖ ਅਕਾਲ ਮੈਂ ਵੇਖਾਂ ਤੇਰਾ ਹੱਥ, ਕਿਸ ਬਿਧ ਸੇਵ ਕਮਾਇੰਦਾ । ਜੁਗ ਚੌਕੜੀ ਧੋਖਾ ਦੇ ਕੇ ਜਾਏਂ ਨੱਸ, ਤੂੰ ਹੱਥ ਕਿਸੇ ਨਾ ਆਇੰਦਾ । ਬਿਨ ਭਗਤਾਂ ਕਿਸੇ ਨਾ ਪਾਈ ਤੈਨੂੰ ਨੱਥ, ਲੱਖ ਚੁਰਾਸੀ ਡੋਰੀ ਤੂੰ ਬੰਧਾਇੰਦਾ । ਮੈਂ ਸੂਰਬੀਰ ਰੱਖਣ ਵਾਲਾ ਹਠ, ਆਪਣਾ ਬਲ ਧਰਾਇੰਦਾ । ਮੈਂ ਤੇਰੇ ਅੱਗੇ ਖਲੋਣਾ ਫੇਰ ਡਟ, ਪਿਛਲਾ ਕੀਤਾ ਯਾਦ ਕਰਾਇੰਦਾ । ਮੇਰੇ ਗੁਰਮੁਖਾਂ ਗੁਰਸਿਖਾਂ ਕਰ ਆਪਣੇ ਵਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸਾ ਆਪ ਸੁਣਾਇੰਦਾ । ਗੁਰ ਗੋਬਿੰਦ ਸਿੰਘ ਤੇਰਾ ਅੰਮ੍ਰਿਤ ਜਾਮ, ਪ੍ਰਭ ਇਕੋ ਇਕ ਜਣਾਈਆ । ਚਾਰ ਜੁਗ ਜਿਸ ਦੀ ਪੜ੍ਹਦੇ ਰਹੇ ਕਲਾਮ, ਕਲਮਾ ਨਬੀ ਸਿਫ਼ਤ ਸਾਲਾਹੀਆ । ਸ਼ਾਸਤਰ ਸਿਮਰਤ ਵੇਦ

ਪੁਰਾਨ ਜਿਸ ਦਾ ਦੱਸਦੇ ਰਹੇ ਨਿਸ਼ਾਨ, ਸੋ ਨਿਸ਼ਾਨਾ ਦਏ ਝੁਲਾਈਆ । ਗੁਰ ਅਵਤਾਰ ਜਿਸ ਦੇ ਕੋਲੋਂ ਮੰਗਦੇ ਰਹੇ ਦਾਨ, ਸੋ ਦਾਤਾ ਫੇਰਾ ਪਾਈਆ । ਕਲ ਕਲਕੀ ਪਰਗਟ ਹੋਵੇ ਆਣ, ਨਿਹਕਲੰਕ ਰੂਪ ਵਟਾਈਆ । ਸੀਸ ਰੱਖ ਤਾਜ ਭਗਵਾਨ, ਭਗਵਨ ਆਪਣਾ ਹੁਕਮ ਮਨਾਈਆ । ਗੋਬਿੰਦ ਰੱਖੇ ਤੇਰੀ ਪਹਿਚਾਨ, ਬੇਪਹਿਚਾਨ ਭੁੱਲ ਕਦੇ ਨਾ ਜਾਈਆ । ਤੇਰਾ ਰੂਪ ਇਕ ਨਿਸ਼ਾਨ, ਨਿਸ਼ਾਨਾ ਸਭ ਨੂੰ ਦਏ ਵਖਾਈਆ । ਤੇਰਾ ਨਾਮ ਇਕ ਪਰਧਾਨ, ਸ਼ਬਦ ਪਰਧਾਨਗੀ ਇਕ ਕਮਾਈਆ । ਜੋਤੀ ਨੂਰ ਸ੍ਰੀ ਭਗਵਾਨ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਜਨ ਭਗਤਾਂ ਲੇਖਾ ਚੁਕਾਏ ਆਣ, ਪਕੜ ਉਠਾਏ ਬਾਉਂ ਬਾਈਆਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਮ੍ਰਿਤ ਤੇਰਾ ਦਏ ਵਖਾਈਆ । ਕਲਜੁਗ ਵੇਲਾ ਅੰਤਮ ਔਣਾ, ਹਰਿ ਸਾਚਾ ਸਚ ਜਣਾਇੰਦਾ । ਨਿਹਕਲੰਕ ਕਲ ਜਾਮਾ ਪੌਣਾ, ਜਿਸ ਦੀ ਜ਼ਿਮਨੀ ਨਾ ਕੋਇ ਲਿਖਾਇੰਦਾ । ਪਿਛਲਾ ਲੇਖਾ ਸਰਬ ਮੁਕੌਣਾ, ਅੱਗੇ ਆਪਣਾ ਮਾਰਗ ਲਾਇੰਦਾ । ਗੋਬਿੰਦ ਮੇਲਾ ਮੇਲ ਮਿਲੌਣਾ, ਜਗਤ ਵਿਛੋੜਾ ਪੰਧ ਮੁਕਾਇੰਦਾ । ਤੇਰੇ ਬੱਚੇ ਮਾਰ ਫੇਰ ਜਵੌਣਾ, ਜੀਵਣ ਜੁਗਤ ਇਕ ਸਮਝਾਇੰਦਾ । ਜੀਂਵਦਿਆਂ ਫਿਰ ਲੇਖੇ ਲੌਣਾ, ਸ਼ਬਦੀ ਰੰਗ ਰੰਗਾਇੰਦਾ । ਸ਼ਬਦੀ ਰੰਗ ਇਕ ਚੜ੍ਹੌਣਾ, ਉਤਰ ਕਦੇ ਨਾ ਜਾਇੰਦਾ । ਛੱਤੀ ਜੁਗ ਦਾ ਪੰਧ ਮੁਕੌਣਾ, ਨਾਨਕ ਲੇਖਾ ਪੂਰ ਕਰਾਇੰਦਾ । ਭਗਤ ਦੁਆਰਾ ਇਕ ਬਣੌਣਾ, ਜਿਸ ਦੁਆਰੇ ਭਗਵਨ ਸੋਭਾ ਪਾਇੰਦਾ । ਤੇਰੇ ਸੁਤ ਸਾਚੇ ਦਰ ਟਿਕੌਣਾ, ਉਪਰ ਆਪਣਾ ਖੇਲ ਕਰਾਇੰਦਾ । ਗੋਬਿੰਦ ਤੇਰੀ ਰਤ ਮਸਤਕ ਧਾਰ ਆਪ ਚਵੌਣਾ, ਤ੍ਰੈਗੁਣ ਮਾਇਆ ਡੇਰਾ ਢਾਹਿੰਦਾ । ਗ਼ਰੀਬ ਨਿਮਾਣਿਆਂ ਗਲੇ ਲਗੌਣਾ, ਕੋੜ੍ਹਿਆਂ ਕਮਲਿਆਂ ਆਪਣਾ ਘਰ ਵਖਾਇੰਦਾ । ਰਾਤੀਂ ਸੁੱਤਿਆਂ ਦਰਸ ਦਖੌਣਾ, ਦਰ ਦਰ ਆਪ ਜਗਾਇੰਦਾ । ਸਰਸੇ ਵਿਛੜੇ ਮੇਲ ਮਿਲੌਣਾ, ਸੱਤਰਾਂ ਜੋੜ ਜੁੜਾਇੰਦਾ । ਭਰ ਪਿਆਲਾ ਅੰਮ੍ਰਿਤ ਜਾਮ ਅੰਮ੍ਰਿਤ ਆਤਮ ਆਪ ਪਿਔਣਾ, ਡੁਲ ਕਦੇ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੁਆਰਾ ਇਕ ਵਖਾਇੰਦਾ । ਸਚ ਦੁਆਰ ਹਰਿ ਨਿਰੰਕਾਰਾ, ਏਕਾ ਏਕ ਬਣਾਈਆ । ਨਵ ਨੌਂ ਚਾਰ ਪਾਰ ਕਿਨਾਰਾ, ਲੇਖਾ ਦਏ ਮੁਕਾਈਆ । ਪਰਗਟ ਹੋ ਨਰ ਅਵਤਾਰਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਗੋਬਿੰਦ ਨਾਲ ਸੁਤ ਦੁਲਾਰਾ, ਆਪਣੇ ਘਰ ਬਹਾਈਆ । ਭਗਤਾਂ ਕਰੇ ਇਕ ਪਿਆਰਾ, ਪ੍ਰੇਮ ਪ੍ਰੇਮ ਨਾਲ ਵੰਡਾਈਆ । ਅੰਮ੍ਰਿਤ ਦੇਵੇ ਸਚ ਭੰਡਾਰਾ, ਆਪਣੇ ਹੱਥ ਉਠਾਈਆ । ਦਰ ਸੱਦੇ ਤੇਈ ਅਵਤਾਰਾ, ਭਗਤ ਅਠਾਰਾਂ ਲਾਗਣ ਪਾਈਆ । ਕਬੀਰ ਕੂਕੇ ਕਰੇ ਪੁਕਾਰਾ, ਪ੍ਰਭ ਮਿਲਿਆ ਸੱਚਾ ਮਾਹੀਆ । ਨਾਮਦੇਵ ਰੋਵੇ ਜ਼ਾਰੋ ਜ਼ਾਰਾ, ਵੇਖੋ ਜਿਨ ਮੇਰੀ ਛੱਪਰੀ ਛਾਈਆ । ਭਗਤਾਂ ਬਣਾਇਆ ਛੱਤੀ ਛੱਤੀ ਛੱਤੀ ਇਕ ਦੁਆਰਾ, ਨੌਂ ਦੁਆਰ ਉਤੇ ਦਏ ਲਿਖਾਈਆ । ਦਸਵੇਂ ਬੈਠ ਆਪ ਗਿਰਧਾਰਾ, ਦਹਿ ਦਿਸ਼ਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਮ੍ਰਿਤ ਪਿਆਲਾ ਹੱਥ ਉਠਾਈਆ । ਅੰਮ੍ਰਿਤ ਪਿਆਲਾ ਹਰਿ ਭਗਵਾਨ, ਆਪਣੇ ਹੱਥ ਰਖਾਇੰਦਾ । ਆਪ ਪਿਆਏ ਗੁਣ ਨਿਧਾਨ, ਗੁਣਵੰਤਾ ਦਇਆ ਕਮਾਇੰਦਾ । ਪੀਰ ਪੈਗ਼ੰਬਰ ਮੰਗਣ ਦਾਨ, ਨਿਉਂ ਨਿਉਂ ਸੀਸ ਝੁਕਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਹੋਏ ਹੈਰਾਨ, ਹਰਿ ਜੂ ਕੀ ਕੀ ਖੇਲ ਕਰਾਇੰਦਾ । ਕਲਜੁਗ ਅੰਤਮ ਗੁਰਸਿਖਾਂ ਮਿਲਿਆ ਆਣ, ਭਗਤਾਂ ਭਾਗ ਲਗਾਇੰਦਾ । ਸੁਤ ਦੁਲਾਰਾ ਨਾਲ ਬਲਵਾਨ, ਸ਼ਬਦੀ ਗੁਰ ਰਖਾਇੰਦਾ । ਗੋਬਿੰਦ ਗੁਰ ਗੁਰ ਕਰ ਪਹਿਚਾਨ, ਹਰਿਜਨ ਆਪਣੇ ਘਰ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ,

ਸਾਚਾ ਹੁਕਮ ਆਪ ਵਰਤਾਇੰਦਾ । ਸਾਚਾ ਹੁਕਮ ਦੇਵੇ ਅੰਤ, ਅੰਤ ਅੰਤ ਜਣਾਈਆ । ਪਰਗਟ ਹੋ ਸ੍ਰੀ ਭਗਵੰਤ, ਕਲ ਕਲਕੀ ਫੇਰਾ ਪਾਈਆ । ਸੰਬਲ ਨਗਰ ਬਨ੍ਹਾ ਨਾਤ, ਸਾਢੇ ਤਿੰਨ ਹੱਥ ਵੰਡ ਵੰਡਾਈਆ । ਭੇਵ ਨਾ ਆਏ ਜੀਵ ਜੰਤ, ਪਰਦਾ ਸਕੇ ਨਾ ਕੋਇ ਉਠਾਈਆ । ਨਾਤਾ ਤੁਟਾ ਨਾ ਹਉਮੇ ਹੰਗਤ, ਸਾਚੀ ਸੰਗਤ ਨਾ ਕੋਇ ਵਖਾਈਆ । ਕਾਇਆ ਚੋਲੀ ਨਾ ਚੜ੍ਹੇ ਰੰਗਤ, ਦੁਰਮਤ ਮੈਲ ਨਾ ਕੋਇ ਧੁਆਈਆ । ਸੱਚੇ ਘਰ ਕੋਈ ਨਾ ਬਣੇ ਮੰਗਤ, ਸ਼ਿਵਦੁਆਲੇ ਮੰਦਰ ਮੱਠ, ਮਸੀਤਾਂ ਗਿਰਜੇ ਉਚੀ ਕੂਕਣ ਦੇਣ ਦੁਹਾਈਆ । ਕਲਜੁਗ ਅੰਤਮ ਸਭ ਦੇ ਪਾਰਬ੍ਰਹਮ ਪ੍ਰਭ ਕੀਤੇ ਖ਼ਾਲੀ ਹੱਥ, ਸੌਦਾ ਹੱਟ ਨਾ ਕੋਇ ਵਿਕਾਈਆ । ਗੁਰਦੁਆਰੇ ਧੀਆਂ ਭੈਣਾਂ ਰਹੇ ਤੱਕ, ਨਾਨਕ ਗੋਬਿੰਦ ਸਿਖਿਆ ਗਏ ਭੁਲਾਈਆ । ਗੁਰ ਅਰਜਣ ਲੇਖ ਲਿਖਾਇਆ ਗੁਰੂ ਗ੍ਰੰਥ ਸਚ, ਸਚ ਸਚ ਵੱਜੇ ਵਧਾਈਆ । ਕਲਜੁਗ ਦਰ ਦਰ ਘਰ ਘਰ ਰਿਹਾ ਨੱਚ, ਕੂੜੀ ਕਿਰਿਆ ਨਾਲ ਰਲਾਈਆ । ਸਾਧ ਸੰਤ ਤ੍ਰੈਗੁਣ ਅਗਨੀ ਗਏ ਮੱਚ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਚਾਰੋਂ ਕੁੰਟ ਰਹੇ ਨੱਠ, ਵਾਸਨਾ ਕੂਕਰ ਵਾਂਗ ਹਲਕਾਈਆ । ਜਿੰਨਾਂ ਚਿਰ ਮਿਲੇ ਨਾ ਪੁਰਖ ਸਮਰਥ, ਬੇੜਾ ਪਾਰ ਨਾ ਕੋਇ ਕਰਾਈਆ । ਨਾਨਕ ਨਿਰਗੁਣ ਮਾਰਗ ਗਿਆ ਦੱਸ, ਗੋਬਿੰਦ ਪੁਰਖ ਅਕਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰੇ ਕਰ ਇਕੱਠ, ਜਨ ਭਗਤਾਂ ਦਏ ਵਡਿਆਈਆ । ਜਨ ਭਗਤਾਂ ਹਰਿ ਜੂ ਦਏ ਮਾਣ, ਅਭਿਮਾਣ ਸਰਬ ਮਿਟਾਇੰਦਾ । ਜੁਗ ਜਨਮ ਦੇ ਵਿਛੜੇ ਇਕੱਠੇ ਕੀਤੇ ਆਣ, ਗੁਰ ਗੋਬਿੰਦ ਸੇਵ ਕਮਾਇੰਦਾ । ਆਓ ਸਿਖੋ ਕਰੋ ਪਹਿਚਾਣ, ਪਿਛਲੀ ਰੀਤੀ ਆਪ ਸੁਣਾਇੰਦਾ । ਚਾਰ ਵਰਨ ਬਠਾਏ ਇਕ ਮਕਾਨ, ਸਾਚਾ ਮੰਦਰ ਇਕ ਸੁਹਾਇੰਦਾ । ਆਤਮ ਪਰਮਾਤਮ ਢੋਲਾ ਸਾਰੇ ਗਾਣ, ਗੁਰ ਸ਼ਬਦ ਵਿਚੋਲਾ ਮੇਲ ਮਿਲਾਇੰਦਾ । ਪਰਦਾ ਉਹਲਾ ਚੁੱਕੇ ਵਿਚ ਜਹਾਨ, ਜ਼ਾਹਰ ਜ਼ਹੂਰ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਵਰਨ ਇਕੋ ਅੰਮ੍ਰਿਤ ਇਕ ਸਰੋਵਰ ਸਰ ਇਕੋ ਇਕ ਵਖਾਇੰਦਾ । ਏਕਾ ਸਰ ਸੱਚਾ ਤਾਲਾਬ, ਕਿਨਾਰਾ ਨਜ਼ਰ ਕੋਇ ਨਾ ਆਈਆ । ਜਿਸ ਵਿਚ ਰੱਖਿਆ ਹਯਾਤ ਆਬ, ਅਵਲ ਆਪਣਾ ਨਾਮ ਖ਼ੁਦਾਈਆ । ਨਾ ਕੋਈ ਰਹਿਣ ਦੇਵੇ ਪੁੰਨ ਨਾ ਕੋਇ ਪਾਪ, ਇਕੋ ਇਕ ਰੰਗ ਵਖਾਈਆ । ਸਭ ਨੂੰ ਗੋਦੀ ਚੁੱਕੇ ਬਣ ਕੇ ਬਾਪ, ਪਿਤਾ ਪੂਤ ਸਹਿਜ ਸੁਖਦਾਈਆ । ਜਿਸ ਨੇ ਜਪਿਆ ਸੋਹੰ ਜਾਪ, ਤਿਸ ਆਪਣੇ ਸੰਗ ਰਖਾਈਆ । ਸਤਿਜੁਗ ਦੀ ਸਾਚੀ ਗਾਥ, ਸ੍ਰਿਸ਼ਟ ਸਬਾਈ ਕਰੇ ਪੜ੍ਹਾਈਆ । ਸੀਸ ਨਿਵਾਏ ਤ੍ਰਲੋਕੀ ਨਾਥ, ਰਾਮਾ ਦਸਰਥ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਅੰਮ੍ਰਿਤ ਆਪ ਪਿਆਈਆ । ਗੁਰਮੁਖ ਅੰਮ੍ਰਿਤ ਪੀਓ ਰੱਜ, ਗੁਰ ਸ਼ਬਦੀ ਆਪ ਪਿਆਇੰਦਾ । ਹਰਿ ਸੰਗਤ ਵਿਚ ਬਹਿਣਾ ਸਜ, ਸੱਜਣ ਰਾਹ ਵਖਾਇੰਦਾ । ਇਕ ਜੈਕਾਰਾ ਲੌਣਾ ਗੱਜ, ਜੋ ਗਜ ਦੇ ਫੰਦ ਕਟਾਇੰਦਾ । ਦੋ ਜਹਾਨ ਨਗਾਰਾ ਰਿਹਾ ਵੱਜ, ਸ੍ਰੀ ਭਗਵਾਨ ਆਪ ਸੁਣਾਇੰਦਾ । ਨਾਤਾ ਤੁਟਾ ਮੱਕਾ ਕਾਅਬਾ ਹੱਜ, ਹੁਜਰਾ ਘਰ ਘਰ ਆਪ ਵਖਾਇੰਦਾ । ਗੁਰਦਰ ਮੰਦਰ ਮਸਜਿਦ ਸ਼ਿਵਦੁਆਲੇ ਟੁੱਟੇ ਮੱਠ, ਮੱਠ ਇਕੋ ਇਕ ਪਰਗਟਾਇੰਦਾ । ਜਿਸ ਕਾਇਆ ਅੰਦਰ ਬੈਠਾ ਪੁਰਖ ਸਮਰਥ, ਸੋ ਮੰਦਰ ਸੋਭਾ ਪਾਇੰਦਾ । ਖਾਣੀ ਬਾਣੀ ਵੇਦ ਪੁਰਾਨ ਅੰਜੀਲ ਕੁਰਾਨ ਸ਼ਾਸਤਰ ਸਿਮਰਤ ਹਰਿ ਕਾ ਮਾਰਗ ਰਹੇ ਦੱਸ, ਅੱਖਰ ਅੱਖਰ ਨਾਲ ਪਰਗਟਾਇੰਦਾ । ਕਲਜੁਗ ਅੰਤਮ ਹੋ ਪਰਗਟ, ਹੱਟ ਆਪਣਾ ਆਪ ਖੁਲਾਇੰਦਾ । ਬਾਹਰੋਂ ਵੇਖੇ ਦਿਸੇ ਜੱਟ, ਅੰਦਰ ਸ੍ਰੀ ਭਗਵਾਨ ਡੇਰਾ ਲਾਇੰਦਾ । ਗੁਰ ਅਵਤਾਰ ਪੀਰ ਪੈਗੰਬਰ

੪੪੮
੧੩

ਸਾਰੇ ਚਰਨੀ ਗਏ ਢੱਠ, ਅੱਗੇ ਸੀਸ ਨਾ ਕੋਇ ਉਠਾਇੰਦਾ । ਪ੍ਰਭ ਤੇਰਾ ਅੰਮ੍ਰਿਤ ਪੀਏ ਗਟ ਗਟ, ਬਿਨ ਪੀਤਿਆਂ ਸਬਰ ਕਿਸੇ ਨਾ ਆਇੰਦਾ । ਪਹਿਲੀ ਮਾਘ ਗੁਰ ਗੋਬਿੰਦ ਗੁਰਸਿਖ ਰੱਤੇ ਆਪਣੀ ਰੱਤ, ਰੱਤੀ ਰੱਤ ਨਾਲ ਰੰਗਾਇੰਦਾ । ਮਹਾਂ ਸਿੰਘ ਦਿਤੀ ਮਤ, ਮਨਮਤ ਸਰਬ ਗਵਾਇੰਦਾ । ਗੁਰ ਗੋਬਿੰਦ ਚਰਨੀ ਢੱਠ, ਆਪਣੀ ਆਸ ਨਾ ਕੋਇ ਰਖਾਇੰਦਾ । ਆਪਣੇ ਸਿਖਾਂ ਦੀ ਪੱਤ ਰੱਖ, ਤੇਰੇ ਅੱਗੇ ਵਾਸਤਾ ਪਾਇੰਦਾ । ਮੇਰੇ ਪਿਛੇ ਪਿਛੇ ਚੜ੍ਹੌਣੇ ਰਥ, ਬਣ ਰਥਵਾਹੀ ਸੇਵ ਕਮਾਇੰਦਾ । ਤੂੰ ਵਸੇਂ ਘਟ ਘਟ, ਘਟ ਘਟ ਤੇਰਾ ਰੂਪ ਨਜ਼ਰੀ ਆਇੰਦਾ । ਗੋਬਿੰਦ ਕਹੇ ਮੈਂ ਮੇਲਾ ਕਰਾਂ ਅੰਤ ਇਕੱਠ, ਸ੍ਰੀ ਭਗਵਾਨ ਨਾਲ ਰਖਾਇੰਦਾ । ਨਿਹਕਲੰਕ ਹੋਏ ਪਰਗਟ, ਗੁਰ ਚੇਲਾ ਗੰਢ ਪੁਆਇੰਦਾ । ਚਾਰ ਵਰਨ ਦਾ ਮੇਟੇ ਫੱਟ, ਪੱਟੀ ਆਪਣੇ ਨਾਮ ਬੰਧਾਇੰਦਾ । ਪ੍ਰੇਮ ਨਾਲ ਰੰਗਾਏ ਰੱਤ, ਖੰਡਾ ਖੜਗ ਨਾ ਕੋਇ ਚਮਕਾਇੰਦਾ । ਗੁਰਸਿਖੋ ਮੁਕਤੀ ਤੁਹਾਡਿਆਂ ਪੈਰਾਂ ਹੇਠਾਂ ਦੇਵੇ ਝੱਸ, ਸਚਖੰਡ ਦੁਆਰਾ ਇਕ ਵਖਾਇੰਦਾ । ਅੱਗੋਂ ਸਤਿਗੁਰ ਨਾਨਕ ਮਿਲੇ ਹੱਸ ਹੱਸ, ਫੜ ਬਾਹੋਂ ਗਲੇ ਲਗਾਇੰਦਾ । ਕਬੀਰ ਜੁਲਾਹਾ ਹੱਥ ਮਿਲਾਏ ਨੱਠ ਨੱਠ, ਭਗਤ ਭਗਤਾਂ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸਤਿਗੁਰ ਖੇਲ ਵਖਾਇੰਦਾ । ਗੁਰ ਸਤਿਗੁਰ ਖੇਲ ਕਰੇ ਅਗੰਮ, ਕਲਜੁਗ ਅੰਤਮ ਕਾਰ ਕਮਾਈਆ । ਸਭ ਨੂੰ ਦੇਵਣ ਆਇਆ ਡੰਨ, ਡੰਕਾ ਆਪਣਾ ਨਾਮ ਵਜਾਈਆ । ਦੋ ਜਹਾਨ ਸੁਣਨ ਲਾ ਕੇ ਕੰਨ, ਆਲਸ ਨਿੰਦਰਾ ਨਾ ਕੋਇ ਰਖਾਈਆ । ਹਰਿ ਜੂ ਭਗਤਾਂ ਬੇੜਾ ਰਿਹਾ ਬੰਨ੍ਹ, ਬਾਕੀ ਸਭ ਦੇ ਬਿਸਤਰੇ ਗੋਲ ਵਖਾਈਆ । ਕਿਸੇ ਰਹਿਣ ਨਾ ਦੇਵੇ ਵਿਚ ਛੱਪਰ ਛੰਨ, ਉਚੇ ਟਿੱਲੇ ਮੰਦਰ ਦੇਵੇ ਢਾਹੀਆ । ਲੱਖ ਚੁਰਾਸੀ ਦੇਵੇ ਡੰਨ, ਡੌਰੂ ਡੰਕਾ ਇਕ ਵਜਾਈਆ । ਕਲਜੁਗ ਜੀਵ ਨੇਤਰ ਅੰਨ੍ਹ, ਹਰਿ ਜੂ ਨਜ਼ਰ ਕਿਸੇ ਨਾ ਆਈਆ । ਜਨ ਭਗਤਾਂ ਚੋਰੀ ਚੋਰੀ ਲਾ ਲਈ ਸੰਨ੍ਹ, ਨਾਮ ਸੰਧੇਵਾ ਹੱਥ ਉਠਾਈਆ । ਅੰਦਰ ਵੜ ਕੇ ਸਤਿਗੁਰ ਪੂਰਾ ਲਿਆ ਬੰਨ੍ਹ, ਪ੍ਰੇਮ ਡੋਰੀ ਇਕੋ ਪਾਈਆ । ਐਧਰ ਵੇਖਣ ਨਜ਼ਰੀ ਆਏ ਗੁਜਰੀ ਚੰਨ, ਓਧਰ ਪੁਰਖ ਅਕਾਲ ਨਜ਼ਰੀ ਆਈਆ । ਗੁਰਸਿਖ ਸੱਚਾ ਜਾਏ ਮੰਨ, ਜਿਸ ਜਨ ਆਪਣਾ ਪਰਦਾ ਲਾਹੀਆ । ਰਸਨਾ ਕਹੇ ਧੰਨ ਧੰਨ ਧੰਨ, ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਤੇਰੀ ਵਡਿਆਈਆ । ਸਰਬ ਜੀਆਂ ਦਾ ਜਨਨੀ ਜਨ, ਪੁਰਖ ਅਕਾਲ ਪਿਤਾ ਮਾਈਆ । ਕਿਸੇ ਨਜ਼ਰ ਨਾ ਆਵੇ ਪੰਜ ਤੱਤ ਤਨ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸੋ ਪੁਰਖ ਨਿਰੰਜਣ ਫੇਰਾ ਪਾਈਆ । ਸੋ ਪੁਰਖ ਨਿਰੰਜਣ ਏਕਾ ਆਇਆ, ਅਕਲ ਕਲਾ ਅਖਵਾਇੰਦਾ । ਹਰਿ ਪੁਰਖ ਨਿਰੰਜਣ ਫੇਰਾ ਪਾਇਆ, ਹੋਕਾ ਹਰਿ ਹਰਿ ਨਾਮ ਸੁਣਾਇੰਦਾ । ਏਕੰਕਾਰਾ ਗੇੜਾ ਰਿਹਾ ਗਿੜਾਇਆ, ਦੋ ਜਹਾਨਾਂ ਆਪ ਭੁਆਇੰਦਾ । ਆਦਿ ਨਿਰੰਜਣ ਕਰੇ ਰੁਸ਼ਨਾਇਆ, ਜੋਤੀ ਨੂਰ ਡਗਮਗਾਇੰਦਾ । ਅਬਿਨਾਸ਼ੀ ਕਰਤਾ ਉਠ ਉਠ ਵੇਖੇ ਥਾਉਂ ਥਾਂਇਆ, ਸਚਖੰਡ ਕੁੰਡਾ ਆਪੇ ਲਾਹਿੰਦਾ । ਸ੍ਰੀ ਭਗਵਾਨ ਸਤਿ ਨਿਸ਼ਾਨ ਰਿਹਾ ਝੁਲਾਇਆ, ਦਰਗਾਹ ਸਾਚੀ ਆਪ ਹਿਲਾਇੰਦਾ । ਪਾਰਬ੍ਰਹਮ ਬ੍ਰਹਮ ਦਏ ਸਾਲਾਹਿਆ, ਧੁਰ ਫ਼ਰਮਾਣਾ ਹੁਕਮ ਮਨਾਇੰਦਾ । ਨਿਹਕਲੰਕ ਪ੍ਰਭ ਆਪੇ ਆਇਆ, ਦੂਜਾ ਹੋਰ ਨਾ ਕੋਇ ਵਖਾਇੰਦਾ । ਚਾਰ ਵੇਦ ਜਿਸ ਦਾ ਰਹੇ ਜਸ ਗਾਇਆ, ਸੋ ਆਪਣੀ ਧਾਰ ਚਲਾਇੰਦਾ । ਵੇਦ ਵਿਆਸਾ ਜਿਸ ਦਾ ਧਿਆਨ ਲਗਾਇਆ, ਈਸਾ ਮੂਸਾ ਨੈਣ ਉਠਾਇੰਦਾ । ਮੁਹੰਮਦ ਸਯਦਾ ਜਿਸ ਸੀਸ ਝੁਕਾਇਆ, ਸੋ ਪਰਵਰਦਿਗਾਰ ਅਮਾਮ ਆਪਣਾ ਰੂਪ ਵਖਾਇੰਦਾ । ਨਾਨਕ ਨਿਰਗੁਣ ਮਹਾਂਬਲੀ ਜੋ ਮੰਗ ਮੰਗਾਇਆ,

੪੪੯
੧੩

ਸੋ ਆਪਣੀ ਵਾਰ ਫੇਰਾ ਪਾਇੰਦਾ । ਗੁਰ ਗੋਬਿੰਦ ਭਵਿਖਤ ਵਾਕ ਪੂਰਾ ਦਏ ਕਰਾਇਆ, ਪੁਰਖ ਅਕਾਲ ਸੇਵ ਕਮਾਇੰਦਾ । ਨਿਰਗੁਣ ਹੋ ਕੇ ਤ੍ਰੈਗੁਣ ਮੇਟੇ ਮਾਇਆ, ਗੁਰਮੁਖ ਸਾਇਆ ਪਰੇ ਕਰਾਇੰਦਾ । ਭਗਤ ਭਗਵੰਤ ਆਪ ਜਣਾਇਆ, ਜਾਗਰਤ ਜੋਤ ਇਕ ਵਖਾਇੰਦਾ । ਅੱਖਰ ਵੱਖਰ ਆਪ ਪੜ੍ਹਾਇਆ, ਨਿਸ਼ਅੱਖਰ ਰੰਗ ਰੰਗਾਇੰਦਾ । ਕੰਕਰ ਕੰਕਰ ਮਰਦੰਗ ਵਜਾਇਆ, ਘਟ ਘਟ ਡੇਰਾ ਲਾਇੰਦਾ । ਪੁਰੀ ਅਨੰਦ ਜਿਸ ਵਸਾਇਆ, ਸੋ ਅੰਤਮ ਸੰਬਲ ਫੇਰਾ ਪਾਇੰਦਾ । ਰਾਜ ਰਾਜਾਨਾ ਸ਼ਾਹ ਸੁਲਤਾਨਾਂ ਖ਼ਾਕ ਦਏ ਮਿਲਾਇਆ, ਬੀਸ ਬੀਸਾ ਰਾਹ ਤਕਾਇੰਦਾ । ਖ਼ਾਲੀ ਖ਼ੀਸਾ ਸਭ ਦਾ ਦਏ ਵਖਾਇਆ, ਘਰ ਘਰ ਮੰਗਣ ਭਿਛਿਆ ਕੋਇ ਨਾ ਅੱਗੋਂ ਪਾਇੰਦਾ । ਗੁਰਮੁਖ ਸਾਚੇ ਲਏ ਤਰਾਇਆ, ਤਾਰਨ ਤਰਨ ਤਰਨੀ ਇਕੋ ਇਕ ਤਰਾਇੰਦਾ । ਕਰ ਕਿਰਪਾ ਜਨ ਭਗਤਾਂ ਹਰਨ ਫਰਨ ਖੁਲ੍ਹਾਇਆ, ਨਿਜ ਨੇਤਰ ਪਰਦਾ ਲਾਹਿੰਦਾ । ਅਨਹਦ ਨਾਦੀ ਨਾਦ ਸੁਣਾਇਆ, ਛੱਤੀ ਰਾਗਾਂ ਮਾਣ ਗਵਾਇੰਦਾ । ਨਿਰਮਲ ਜੋਤੀ ਡਗਮਗਾਇਆ, ਅੰਧ ਅੰਧੇਰ ਰਹਿਣ ਨਾ ਪਾਇੰਦਾ । ਸੁਰਤੀ ਸੋਈ ਲਏ ਉਠਾਇਆ, ਸ਼ਬਦੀ ਜੋੜ ਜੁੜਾਇੰਦਾ । ਸਾਚੀ ਚੋਟੀ ਲਏ ਬਹਾਇਆ, ਵਾਸਨਾ ਖੋਟੀ ਬਾਹਰ ਰਖਾਇੰਦਾ । ਵਰਨ ਗੋਤੀ ਨਾ ਕੋਇ ਬਣਾਇਆ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਇਕੋ ਬ੍ਰਹਮ ਸਮਝਾਇੰਦਾ । ਪਾਰਬ੍ਰਹਮ ਪ੍ਰਭ ਵੇਖਣ ਆਇਆ, ਵੇਖੇ ਸਾਰੇ ਨੈਣ ਉਘਾੜੇ, ਨੇਤਰ ਆਪਣਾ ਭੇਵ ਚੁਕਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਦਰ ਦੁਆਰੇ ਜਿਸ ਦੇ ਕੱਢਣ ਹਾੜੇ, ਹੌਕਾ ਸਭ ਨੂੰ ਇਕ ਵਖਾਇੰਦਾ । ਲੱਖ ਚੁਰਾਸੀ ਆਪ ਚਬਾਏ ਆਪਣੀ ਦਾੜ੍ਹੇ, ਖਾ ਕੇ ਸ਼ੁਕਰ ਨਾ ਫੇਰ ਮਨਾਇੰਦਾ । ਗੁਰਮੁਖ ਬਣਾਏ ਸਾਚੇ ਲਾੜੇ, ਮਸਤਕ ਟਿੱਕਾ ਤਿਲਕ ਲਗਾਇੰਦਾ । ਪ੍ਰੇਮ ਜੋਤੀ ਵਿਆਹੇ ਇਕੋ ਨਾਰੇ, ਨਰ ਨਰਾਇਣ ਜਾਂਵੀ ਬਣ ਕੇ ਸੱਚਾ ਆਇੰਦਾ । ਕਰ ਕੇ ਜਾਏ ਆਪਣੀ ਕਾਰੇ, ਪਿਛਲੀ ਕਾਰ ਨਾ ਕੋਇ ਕਮਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕੱਟਦੇ ਗਏ ਵਗਾਰੇ, ਵਰਗ ਸਭ ਨੂੰ ਅੰਤਮ ਲਾਇੰਦਾ । ਪੰਜ ਤੱਤ ਜਿਸ ਚੋਲੇ ਸ਼ਿੰਗਾਰੇ, ਤੱਤਵ ਤੱਤ ਆਪ ਪਰਗਟਾਇੰਦਾ । ਸੋ ਪੁਰਖ ਨਿਰੰਜਣ ਬੇਪਰਵਾਹ ਬੇਐਬ ਪਰਵਰਦਿਗਾਰੇ, ਪਰਦਾ ਆਪਣਾ ਆਪ ਚੁਕਾਇੰਦਾ । ਆਓ ਗੁਰਸਿਖੋ ਵੇਖੋ ਨਜ਼ਾਰੇ, ਬੇਨਜ਼ੀਰ ਆਪਣੀ ਮਿਹਰ ਨਜ਼ਰ ਇਕ ਟਿਕਾਇੰਦਾ । ਜਿਸ ਦੇ ਹੁਕਮੇ ਅੰਦਰ ਕੋਟਨ ਕੋਟ ਚਲਣ ਨਾਲ ਇਸ਼ਾਰੇ, ਗੁਰ ਪੀਰ ਅਵਤਾਰ ਨਿਉਂ ਨਿਉਂ ਸੀਸ ਝੁਕਾਇੰਦਾ । ਸਾਰੇ ਕਹਿਣ ਕਲਜੁਗ ਅੰਤਮ ਅਸੀਂ ਹਾਰੇ, ਅੱਗੇ ਬਲ ਨਾ ਕੋਇ ਰਖਾਇੰਦਾ । ਕਾਗਦ ਕਲਮ ਸ਼ਾਹੀ ਨਾਲ ਲਿਖ ਲਿਖ ਲੋਕਮਾਤ ਪਾ ਕੇ ਆਏ ਪੁਆੜੇ, ਦੀਨ ਮਜ਼੍ਹਬ ਜ਼ਾਤ ਪਾਤ ਵੰਡ ਵੰਡਾਇੰਦਾ । ਕੋਈ ਨਾ ਲੱਗਾ ਕਿਸੇ ਕਿਨਾਰੇ, ਨੱਯਾ ਭਵਰ ਸਰਬ ਵਖਾਇੰਦਾ । ਗੋਬਿੰਦ ਸੂਰਾ ਇਕ ਲਲਕਾਰੇ, ਊਚੀ ਕੂਕ ਕੂਕ ਅਲਾਇੰਦਾ । ਆਓ ਚਲ ਪ੍ਰਭ ਸੱਚੇ ਦੇ ਸਚ ਦੁਆਰੇ, ਜਿਸ ਦੁਆਰਿਉਂ ਪਿਛੇ ਨਾ ਕੋਇ ਹਟਾਇੰਦਾ । ਭਗਤਾਂ ਕਰੇ ਭਗਵਾਨ ਪਿਆਰੇ, ਬਿਨ ਭਗਤਾਂ ਭਗਵਾਨ ਕੰਮ ਕਿਸੇ ਨਾ ਆਇੰਦਾ । ਗੁਰਸਿਖਾਂ ਅੱਗੇ ਸਤਿਗੁਰ ਕੱਢੇ ਹਾੜੇ, ਗੁਰਸਿਖੋ ਤੁਹਾਡੇ ਬਿਨਾਂ ਮੇਰੀ ਪੱਤ ਨਾ ਕੋਇ ਰਖਾਇੰਦਾ । ਤੁਹਾਡੇ ਪਿਛੇ ਬਾਲੇ ਨੀਹਾਂ ਹੇਠ ਸੁਆਲੇ, ਉਤੇ ਤੁਹਾਡਾ ਮਹੱਲ ਵਸਾਇੰਦਾ । ਤੁਹਾਡੇ ਅੰਦਰ ਕਾਇਆ ਮੰਦਰ ਗੁਰ ਗੋਬਿੰਦ ਚਲੇ ਨਾਲ ਨਾਲੇ, ਨਾਨਕ ਵਿਛੜ ਕਦੇ ਨਾ ਜਾਇੰਦਾ । ਪੁਰਖ ਅਕਾਲ ਦੇ ਸੱਚੇ ਲਾਲੇ, ਲਾਲ ਆਪਣੇ ਰੰਗ ਰੰਗਾਇੰਦਾ । ਨਾਤੇ ਤੁੱਟੇ ਕਾਲ ਮਹਾਂਕਾਲੇ, ਗੁਰਸਿਖ ਕਾਲ ਕਦੇ ਨਾ ਖਾਇੰਦਾ । ਜਿਨ੍ਹਾਂ ਸਿਰ ਤੇ ਬੱਧੇ ਚੱਕਰ ਦੁਮਾਲੇ, ਤਿਨ੍ਹਾਂ ਭੇਵ ਨਾ ਕੋਇ ਸਮਝਾਇੰਦਾ । ਸਾਰੇ ਫਿਰਨ ਆਲੇ ਦੁਆਲੇ, ਅੱਗੇ ਹੋ ਦਰਸ

ਕੋਇ ਨਾ ਪਾਇੰਦਾ । ਸਾਹਿਬ ਸਤਿਗੁਰ ਸ਼ਾਹ ਪਾਤਸ਼ਾਹ ਸ੍ਰੀ ਭਗਵਾਨ ਸੱਚਖੰਡ ਬੈਠਾ ਸਚ ਧਰਮਸਾਲੇ, ਸਚ ਦਵਾਰਾ ਸੋਭਾ ਪਾਇੰਦਾ । ਲੇਖਾ ਚੁਕਾਏ ਸ਼ਾਹ ਕੰਗਾਲੇ, ਊਚ ਨੀਚ ਨਾ ਕੋਇ ਰਖਾਇੰਦਾ । ਗੁਰਸਿਖ ਸੱਜਣ ਆਪੇ ਭਾਲੇ, ਲੱਖ ਚੁਰਾਸੀ ਖੋਜ ਖੁਜਾਇੰਦਾ । ਤ੍ਰੈਗੁਣ ਮਾਇਆ ਤੋੜ ਜੰਜਾਲੇ, ਜੰਜਾਲ ਆਪਣੇ ਨਾਮ ਪਾਇੰਦਾ । ਜਿਸ ਢਾਬ ਕੰਢੇ ਮੁਖ ਪੂੰਝੇ ਨਾਲ ਰੁਮਾਲੇ, ਸੋ ਸਤਿਗੁਰ ਰੋਮ ਰੋਮ ਵਿਚ ਸਮਾਇੰਦਾ । ਜਿਨ੍ਹਾਂ ਸਤਿਗੁਰ ਪਿਛੇ ਘਾਲਣ ਘਾਲੇ, ਘਾਲੀ ਘਾਲ ਲੇਖੇ ਲਾਇੰਦਾ । ਗੁਰਸਿਖ ਸੱਚੇ ਸਤਿਗੁਰ ਆਪਣੀ ਗੋਦੀ ਵਿਚ ਸੁਆਲੇ, ਬਾਲੇ ਨੀਂਹਾਂ ਹੇਠ ਰਖਾਇੰਦਾ । ਕਰਿਆ ਖੇਲ ਇਕ ਕਮਾਲੇ, ਭੇਵ ਅਭੇਦ ਨਾ ਕੋਇ ਜਣਾਇੰਦਾ । ਜਿਸ ਛੱਡੇ ਪਲੰਘ ਰੰਗੀਲ ਦੁਸ਼ਾਲੇ, ਸੂਲਾਂ ਸੱਥਰ ਸੇਜ ਆਪ ਹੰਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਗੁਰ ਗੁਰ ਗੋਬਿੰਦ ਮਿਲੇ ਆਣ, ਗੋਬਿੰਦ ਗੁਰਸਿਖਾਂ ਸੰਗ ਨਿਭਾਇੰਦਾ ।

ਹਰਿ ਕੀ ਮਾਘੀ ਗੁਰਮੁਖ ਮਜਨ, ਸਤਿਗੁਰ ਅਸ਼ਨਾਨ ਕਰਾਇੰਦਾ । ਪੁਰਖ ਅਕਾਲ ਮਿਲਿਆ ਸੱਜਣ, ਨਿਰਵੈਰ ਰਾਹ ਵਖਾਇੰਦਾ । ਗ਼ਰੀਬ ਨਿਮਾਣਿਆਂ ਪਰਦੇ ਕੱਜਣ, ਨਾਮ ਦੁਸ਼ਾਲਾ ਉਪਰ ਪਾਇੰਦਾ । ਘਰ ਘਰ ਅੰਦਰ ਸ਼ਬਦ ਦਮਾਮੇ ਵੱਜਣ, ਅਨਹਦ ਰਾਗੀ ਰਾਗ ਸੁਣਾਇੰਦਾ । ਗੁਰਮੁਖ ਗੁਰਮੁਖ ਗੁਰਸਿਖ ਗੁਰਸਿਖ ਹਰਿਭਗਤ ਹਰਿਭਗਤ ਹਰਿਜਨ ਹਰਿਜਨ ਏਥੇ ਓਥੇ ਦੋ ਜਹਾਨ ਗੱਜਣ, ਢੋਲਾ ਸੋਹਲਾ ਬੰਦ ਨਾ ਕੋਇ ਕਰਾਇੰਦਾ । ਲੱਖ ਚੁਰਾਸੀ ਭਾਂਡੇ ਭੱਜਣ, ਕਾਇਆ ਮਾਟੀ ਕੱਚ ਕੰਮ ਕਿਸੇ ਨਾ ਆਇੰਦਾ । ਮਨਮੁਖ ਜੀਵ ਜਗਤ ਦੁਆਰੇ ਨੱਚਣ, ਗੁਰਮੁਖ ਗੁਰ ਸਤਿਗੁਰ ਵੇਖ ਖ਼ੁਸ਼ੀ ਮਨਾਇੰਦਾ । ਸੰਤ ਸੁਹੇਲੇ ਕੂੜੀ ਕਿਰਿਆ ਕੋਲੋਂ ਬਚਣ, ਜੋ ਗੁਰ ਕਾ ਬਚਨ ਕਮਾਇੰਦਾ । ਅਗਨੀ ਅੱਗ ਕਦੇ ਨਾ ਮੱਚਣ, ਸੀਤਲ ਧਾਰ ਇਕ ਵਹਾਇੰਦਾ । ਸਤਿਗੁਰ ਪਿਆਰ ਅੰਦਰ ਰਚਣ, ਰਚ ਰਚ ਆਪਣੀ ਖ਼ੁਸ਼ੀ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਸਾਚਾ ਵਰ, ਸਚ ਅਸ਼ਨਾਨ ਆਪ ਕਰਾਇੰਦਾ । ਹੋਇਆ ਅਸ਼ਨਾਨ ਸਤਿਗੁਰ ਧੂੜ, ਧੂੜੀ ਟਿੱਕਾ ਮਸਤਕ ਲਾਇਆ । ਚਤੁਰ ਸੁਘੜ ਬਣਿਆ ਮੂਰਖ ਮੂੜ੍ਹ, ਅਗਿਆਨ ਅੰਧੇਰ ਚੁਕਾਇਆ । ਸ਼ਬਦ ਅਗੰਮੀ ਸੁਣਾਏ ਤੂਰ, ਤੁਰੀਆ ਬੈਠੀ ਮੁਖ ਭਵਾਇਆ । ਸਾਰ ਸ਼ਬਦ ਜੋ ਹੋਇਆ ਰਿਹਾ ਮਫ਼ਰੂਰ, ਆਪਣਾ ਪਰਦਾ ਦਏ ਉਠਾਇਆ । ਦਰ ਆਈ ਸੰਗਤ ਮਾਫ਼ ਕਰੇ ਕਸੂਰ, ਪਿਛਲਾ ਲੇਖਾ ਦਏ ਚੁਕਾਇਆ । ਅੱਗੇ ਨਜ਼ਰ ਆਏ ਹਾਜ਼ਰ ਹਜ਼ੂਰ, ਹਜਰਤ ਆਪਣਾ ਮੇਲ ਮਿਲਾਇਆ । ਵੇਲੇ ਅੰਤ ਮਿਲੇ ਜ਼ਰੂਰ, ਗੁਰਸਿਖ ਜਮ ਨੇੜ ਕਦੇ ਨਾ ਆਇਆ । ਨੇਤਰ ਵੇਖੋ ਕਿਵੇਂ ਦੋ ਜਹਾਨਾਂ ਮਚਾਏ ਫ਼ਤੂਰ, ਫ਼ਤਵਾ ਸਾਦਰ ਦਏ ਕਰਾਇਆ । ਨੌਂ ਖੰਡ ਪ੍ਰਿਥਮੀ ਹੋਏ ਮਜ਼ਬੂਰ, ਮੁਜ਼ਰਮ ਸਭ ਨੂੰ ਲਏ ਬਣਾਇਆ । ਸਰਬ ਗੁਣਾਂ ਆਪੇ ਭਰਪੂਰ, ਭਰਪੂਰ ਰਿਹਾ ਸਭ ਥਾਇਆ । ਨਵ ਨੌਂ ਤੋੜੇ ਮਾਣ ਗ਼ਰੂਰ, ਗ਼ੁਰਬਤ ਸਭ ਦੀ ਦਏ ਗਵਾਇਆ । ਕਲਜੁਗ ਮੇਟੇ ਕਿਰਿਆ ਕੂੜੀ ਕੂੜ, ਕੂੜ ਕੁੜਿਆਰਾ ਦਏ ਖਪਾਇਆ । ਜਨ ਭਗਤਾਂ ਆਵਣ ਜਾਵਣ ਪਤਤ ਪਾਵਣ ਲੱਖ ਚੁਰਾਸੀ ਕੱਟੇ ਜੂੜ, ਮਾਤ ਗਰਭ ਉਲਟਾ ਰੁਖ ਦਸ ਦਸ ਮਾਸ ਨਾ ਅਗਨ ਤਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਜਨ

ਭਗਤਾਂ ਦੁਆਰੇ ਬਣਿਆ ਆਪ ਮਜ਼ਦੂਰ, ਮੁਸ਼ਤਬਾ ਬਣ ਬਣ ਸੇਵ ਕਮਾਇਆ । ਜਨ ਭਗਤਾਂ ਅੰਤ ਹਰਿ ਜੂ ਬੱਧਾ, ਡੋਰੀ ਪ੍ਰੇਮ ਉਠਾਈਆ । ਘਰ ਦੇਣ ਆਇਆ ਸੀ ਸੱਦਾ, ਫਸਿਆ ਬੇਪਰਵਾਹੀਆ । ਦੋ ਜਹਾਨਾਂ ਕਰ ਕੇ ਪਾਰ ਹੱਦਾਂ, ਗੁਰਮੁਖਾਂ ਹੱਦ ਇਕ ਵੰਡਾਈਆ । ਪ੍ਰੇਮ ਭਗਤੀ ਅੰਦਰ ਮਧਾ, ਮਧੁਰ ਧੁਨ ਰਿਹਾ ਸੁਣਾਈਆ । ਜਿਸ ਦੁਆਰੇ ਹਰਿ ਆਪਣਾ ਨਿਸ਼ਾਨਾ ਗੱਡਾ, ਸੋ ਦੁਆਰਾ ਸੋਭਾ ਪਾਈਆ । ਬਾਕੀ ਸਭ ਦੇ ਖ਼ਾਲੀ ਕੀਤੇ ਹੱਡਾ, ਸਾਧ ਸੰਤ ਸ੍ਰੀ ਭਗਵੰਤ ਮਿਲਣ ਕੋਇ ਨਾ ਜਾਈਆ । ਰੂਪ ਬਣਾਏ ਮੱਛਾਂ ਡੱਡਾਂ, ਸਾਗਰਾਂ ਵਿਚ ਭੁਆਈਆ । ਜੂਨ ਭੁਆਏ ਰਖਾਏ ਡੂੰਘੀ ਖੱਡਾਂ, ਸਰਪਣੀ ਰੂਪ ਵਖਾਈਆ । ਜਿਨ੍ਹਾਂ ਸਿਰ ਤੇ ਰੱਖੀਆਂ ਝੰਡਾਂ, ਸੂਕਰ ਦੇਣ ਦੁਹਾਈਆ । ਬਿਨ ਸ੍ਰੀ ਭਗਵਾਨ ਜੀਵ ਜੰਤ ਸਰਬ ਰੰਡਾ, ਜਗਤ ਰੰਡੇਪਾ ਨਾ ਕੋਇ ਕਟਾਈਆ । ਘਰ ਘਰ ਅੰਦਰ ਵੜਿਆ ਘਮੰਡਾ, ਨਿਵਣ ਸੋ ਅੱਖਰ ਨਾ ਕੋਇ ਪੜ੍ਹਾਈਆ । ਸਤਿਗੁਰ ਦੁਆਰਾ ਸਦਾ ਠੰਡਾ, ਗੁਰਮੁਖਾਂ ਸੀਤਲ ਧਾਰ ਵਹਾਈਆ । ਨੈਣ ਸ਼ਰਮਾਏ ਚੌਧਵੀਂ ਚੰਦਾ, ਨਵ ਚੰਦ ਨੇਤਰ ਨੈਣਾਂ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਸਾਚਾ ਵਰ, ਬਰੀਖ਼ਾਨਾ ਇਕ ਵਖਾਈਆ । ਬਰੀਖ਼ਾਨਾ ਗਿਆ ਖੁਲ੍ਹ, ਖ਼ਲਕ ਖ਼ੁਦਾ ਜਣਾਇੰਦਾ । ਓਥੇ ਕੋਈ ਨਾ ਲੱਗੇ ਮੁੱਲ, ਬਿਨ ਕੀਮਤੋਂ ਕਰਤਾ ਪਾਰ ਕਰਾਇੰਦਾ । ਜੋ ਚਰਨ ਪ੍ਰੀਤੀ ਜਾਏ ਘੁਲ, ਤਿਸ ਆਪਣੇ ਰੰਗ ਰੰਗਾਇੰਦਾ । ਭਗਤ ਭਗਵਾਨ ਦਾ ਸੱਚਾ ਫੁੱਲ, ਜਿਸ ਕੋਲੋਂ ਬ੍ਰਹਮੇ ਦਾ ਕਵਲ ਮੁਖ ਸ਼ਰਮਾਇੰਦਾ । ਹਰਿਜਨ ਬੂਟਾ ਕਦੇ ਨਾ ਜਾਏ ਹੁੱਲ, ਏਥੇ ਓਥੇ ਆਪ ਮਹਿਕਾਇੰਦਾ । ਪਵਣ ਸੁਗੰਧੀ ਜਾਏ ਝੁਲ, ਜਿਸ ਜਨ ਆਪਣੀ ਝਲਕ ਵਖਾਇੰਦਾ । ਗੁਰਸਿਖ ਕਦੀ ਨਾ ਜਾਏ ਰੁਲ, ਜਿਸ ਸਤਿਗੁਰ ਗੋਦ ਬਹਾਇੰਦਾ । ਸੰਤ ਸੁਹੇਲਾ ਸਦ ਵਸੇ ਕੋਲ, ਆਪ ਆਪਣਾ ਸੰਗ ਰਖਾਇੰਦਾ । ਨਿਤ ਨਵਿਤ ਰਹੇ ਅਡੋਲ, ਡੁਲ ਕਦੇ ਨਾ ਜਾਇੰਦਾ । ਜਿਸ ਜਨ ਪਿਆਏ ਆਪਣੇ ਅੰਮ੍ਰਿਤ ਨਾਮ ਪੌਹਲ, ਪਲਕ ਪਲਕ ਦਰਸ ਵਖਾਇੰਦਾ । ਹਰਿ ਕਾ ਭੇਵ ਕੋਈ ਨਾ ਜਾਣੇ ਪੰਡਤ ਪਾਂਧਾ ਰੌਲ, ਮੁਲਾਂ ਸ਼ੇਖ਼ ਮੁਸਾਇਕ ਹੱਥ ਕਿਸੇ ਨਾ ਆਇੰਦਾ । ਜਿਸ ਗੋਬਿੰਦ ਨਾਲ ਕਰਿਆ ਕੌਲ, ਕੀਤਾ ਕੌਲ ਪੂਰ ਕਰਾਇੰਦਾ । ਪਰਗਟ ਹੋਇਆ ਉਪਰ ਧੌਲ, ਧਰਨੀ ਧਰਤ ਧਵਲ ਵੇਖ ਵਖਾਇੰਦਾ । ਸ੍ਰਿਸ਼ਟ ਸਬਾਈ ਪ੍ਰਭ ਨੂੰ ਕਰੇ ਮਖ਼ੌਲ, ਮੁਫ਼ਤ ਸਭ ਦਾ ਬੇੜਾ ਰੁੜ੍ਹਾਇੰਦਾ । ਕਿਸੇ ਕੋਲ ਨਾਮ ਰਹਿਣ ਨਾ ਦੇਵੇ ਰਤੀ ਚੌਲ, ਖ਼ਾਲੀ ਭਾਂਡੇ ਸਰਬ ਕਰਾਇੰਦਾ । ਸਦੀ ਬੀਸਵੀਂ ਸਾਧਾਂ ਸੰਤਾਂ ਪਏ ਹੌਲ, ਹੌਲੀ ਹੌਲੀ ਸਭ ਦੇ ਪਰਦੇ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਕਰੇ ਘੋਲ, ਕੁਸ਼ਤੀ ਇਕੋ ਵਾਰ ਵਖਾਇੰਦਾ । ਵੇਖਣ ਆਏ ਹਰਿ ਜੂ ਕੁਸ਼ਤੀ, ਕੁਸ਼ਾ ਲੱਖਣ ਕਰੌਚ ਫੇਰਾ ਪਾਈਆ । ਲੇਖਾ ਜਾਣੇ ਪੁਸ਼ਤ ਦਰ ਪੁਸ਼ਤੀ, ਪਿਛਲੀ ਕੀਤੀ ਆਪਣੇ ਹੱਥ ਰਖਾਈਆ । ਕਿਸੇ ਵੜਨ ਨਾ ਦੇਵੇ ਵਿਚ ਬਹਿਸਤੀ, ਦੋਜ਼ਖ਼ੋਂ ਸਭ ਨੂੰ ਦਏ ਕਢਾਈਆ । ਕਿਸੇ ਦਾ ਰਹਿਣ ਨਾ ਦੇਵੇ ਇਸ਼ਟੀ, ਈਸ਼ਰ ਆਪਣਾ ਰਾਹ ਜਣਾਈਆ । ਬਾਹੋਂ ਪਕੜ ਉਠਾਏ ਰਾਮ ਨਾਲ ਵਸ਼ਿਸ਼ਟੀ, ਕ੍ਰਿਸ਼ਨ ਉਂਗਲਾਂ ਉਤੇ ਨਚਾਈਆ । ਬਿਨ ਪੁਰਖ ਅਕਾਲ ਬਿਨ ਸਤਿਗੁਰ ਪੂਰੇ ਖੁਲ੍ਹੇ ਨਾ ਕਿਸੇ ਦੀ ਦ੍ਰਿਸ਼ਟੀ, ਜਿੰਨਾਂ ਚਿਰ ਆਪਣੀ ਦ੍ਰਿਸ਼ਟ ਨਾ ਕਿਸੇ ਉਤੇ ਪਾਈਆ । ਜਨ ਭਗਤਾਂ ਹੋਏ ਨਿਕਟੀ, ਨਿਕਟਵਰਤੀ ਬੇਪਰਵਾਹੀਆ । ਸ੍ਰਿਸ਼ਟ ਸਬਾਈ ਹੋਏ ਬਿਨ ਟਿਕਟੀ, ਕਲਜੁਗ ਅੰਤਮ ਸਾਚੇ ਬੇੜੇ ਨਾ ਕੋਇ ਚੜ੍ਹਾਈਆ । ਨੇਤਰ ਰੋਵਣ ਲੈਣ ਹਿਡਕੀ, ਹੌਕੇ ਭਰੇ ਖ਼ਲਕ ਖ਼ੁਦਾਈਆ । ਪੀਰ ਪੈਗ਼ੰਬਰ ਅੱਗੇ ਹੋ ਕੇ ਖੋਲ੍ਹੇ ਨਾ ਕੋਇ ਖਿੜਕੀ, ਪਰਦਾ ਸਕੇ ਨਾ ਕੋਇ ਚੁਕਾਈਆ । ਸਾਰੇ

੪੫੨ ੧੩

੪੫੩
੧੩

ਲਾ ਲਾ ਥੱਕੇ ਬਿਰਤੀ, ਸੁਰਤ ਸ਼ਬਦ ਨਾ ਕੋਇ ਮਿਲਾਈਆ । ਪੁਰਖ ਅਬਿਨਾਸ਼ੀ ਲੇਖੇ ਲਾਏ ਜੱਟ ਕਿਰਤੀ, ਅਨਪੜ੍ਹਿਆਂ ਗਿਆਨ ਦਿਵਾਈਆ । ਚਰਨ ਪ੍ਰੀਤੀ ਬਖ਼ਸ਼ੀ ਹਿਰਸੀ, ਹਿਰਸ ਹੋਰ ਨਾ ਕੋਇ ਵਧਾਈਆ । ਲੇਖਾ ਜਾਣੇ ਅਰਸ਼ੀ ਫ਼ਰਸ਼ੀ, ਫ਼ਲਕ ਆਪਣਾ ਰੰਗ ਰੰਗਾਈਆ । ਪ੍ਰਭ ਸਾਚੇ ਦੀ ਸਾਚੀ ਬਰਸੀ, ਥਿਤ ਵਾਰ ਘੜੀ ਪਲ ਨਾ ਵੰਡ ਵੰਡਾਈਆ । ਨਿਰਗੁਣ ਰੂਪ ਆਇਆ ਅਰਸ਼ੀ, ਅਰਸ਼ੀ ਪ੍ਰੀਤਮ ਸੱਚਾ ਮਾਹੀਆ । ਜਿਸ ਵਿਸ਼ਨੂੰ ਹੱਥ ਫੜਾਈ ਕੜਛੀ, ਅੰਤਮ ਖ਼ਾਲੀ ਹੱਥ ਕਰਾਈਆ । ਬ੍ਰਹਮੇ ਦੀ ਬ੍ਰਹਮ ਆਤਮਾ ਰਹੀ ਧੜਕੀ, ਧੀਰਜ ਧੀਰ ਨਾ ਕੋਇ ਧਰਾਈਆ । ਜੋਤ ਅਕਾਲਣ ਇਕੋ ਕੜਕੀ, ਕੜਕਾ ਆਪਣਾ ਦਏ ਸੁਣਾਈਆ । ਹੋ ਮਜ਼ਬੂਰ ਆਪੇ ਬੜ੍ਹਕੀ, ਭਬਕ ਇਕੋ ਇਕ ਲਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਆਪਣੇ ਮਜ਼੍ਹਬਾਂ ਦੇ ਭੱਜੇ ਜਾਣ ਉਪਰ ਸੜਕੀਂ, ਨੱਠਣ ਵਾਹੋ ਦਾਹੀਆ । ਅੰਤਰ ਸਭ ਨੂੰ ਚੜ੍ਹੇ ਘਰਕੀ, ਸਾਹ ਲੈਣ ਕੋਇ ਨਾ ਪਾਈਆ । ਪੁਰਖ ਅਬਿਨਾਸ਼ੀ ਇਕੋ ਪਲਕ ਫ਼ਰਕੀ, ਫ਼ਿਰਕਾ ਸਭ ਦਾ ਦਏ ਬਦਲਾਈਆ । ਦੋ ਜਹਾਨਾਂ ਨੱਯਾ ਜਰਕੀ, ਸੱਯਾ ਨਜ਼ਰ ਕੋਇ ਨਾ ਆਈਆ । ਸ੍ਰੀ ਭਗਵਾਨ ਚੜ੍ਹਿਆ ਵੱਡਾ ਕਟਕੀ, ਅੱਗੇ ਸਕੇ ਨਾ ਕੋਇ ਅਟਕਾਈਆ । ਆਪਣੀ ਦਿਸ਼ਾ ਸਭ ਨੇ ਤਰਕੀ, ਤੁਰਤ ਪੱਲਾ ਲਿਆ ਛੁਡਾਈਆ । ਸ੍ਰੀ ਭਗਵਾਨ ਆਪਣੀ ਨਜ਼ਰ ਪਰਤੀ, ਪਰਤੀਨਿਧ ਬਣ ਕੇ ਆਇਆ ਸੱਚਾ ਮਾਹੀਆ । ਵੇਖੋ ਸਚਖੰਡ ਬਣਾਇਆ ਉਤੇ ਧਰਤੀ, ਭਗਤ ਦੁਆਰਾ ਨਾਉਂ ਰਖਾਈਆ । ਇਹਦੇ ਵਿਚ ਝਾੜੂ ਦੇਵੇ ਆਦਿ ਸ਼ਕਤੀ, ਸ਼ਿਕਵਾ ਕੋਇ ਰਹਿਣ ਨਾ ਪਾਈਆ । ਪੀਰ ਪੈਗ਼ੰਬਰਾਂ ਉਤੇ ਆਈ ਸਖ਼ਤੀ, ਸਕਤਾ ਹੱਥ ਉਠਾਈਆ । ਸਾਰੇ ਕਹਿਣ ਹੋਏ ਕਮਬਖ਼ਤੀ, ਰੋ ਰੋ ਕਮਲੀ ਅੱਲਾ ਰਾਣੀ ਮਾਰੇ ਧਾਹੀਆ । ਬਿਨ ਭਗਤਾਂ ਕਿਸੇ ਦੀ ਕੰਮ ਨਾ ਆਈ ਭਗਤੀ, ਜਿਨ੍ਹਾਂ ਭੁਲਿਆ ਬੇਪਰਵਾਹੀਆ । ਮੈਂ ਫਿਰਦੀ ਰਹੀ ਚੌਦਾਂ ਤਬਕ ਮਟਕੀ ਮਟਕੀ, ਆਪਣਾ ਜੋਬਨ ਹੁਲਾਰੇ ਵਿਚ ਚਲਾਈਆ । ਭੇਵ ਨਾ ਜਾਤਾ ਖੇਲ ਅਗੰਮ ਪੁਰਖ ਸਮਰਥ ਕੀ, ਜਿਥੇ ਚਲੇ ਨਾ ਕੋਇ ਚਤੁਰਾਈਆ । ਜਿਨ ਦਿਤੀ ਨੱਥ ਸੁਹਾਗ ਦੀ, ਸੋ ਸਾਹਿਬ ਫੇਰਾ ਪਾਈਆ । ਮੁਖ ਪਰਦਾ ਚੁੱਕ ਚੁੱਕ ਝਾਕਦੀ, ਨੇਤਰ ਨੈਣ ਨੈਣ ਸ਼ਰਮਾਈਆ । ਪੀਰ ਪੈਗ਼ੰਬਰਾਂ ਉਠ ਉਠ ਆਖਦੀ, ਉਠੋ ਵੇਖੋ ਵੇਲਾ ਗਿਆ ਆਈਆ । ਮੈਨੂੰ ਇਕੋ ਗੱਲ ਭਾਖਦੀ, ਤੁਹਾਡੀ ਕਰੇ ਸਫ਼ਾਈਆ । ਉਹਦੇ ਕੋਲ ਵਸਤ ਇਕ ਨਜ਼ਾਤ ਦੀ, ਸਭ ਨੂੰ ਲੇਖੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਮਿਲਾਈਆ । ਮਲਾਵਣ ਆਏ ਆਪ ਭਗਵੰਤ, ਆਪਣਾ ਫੇਰਾ ਪਾਈਆ । ਹਰਿਜਨ ਨਾਰੀ ਮਿਲੇ ਹਰਿ ਜੂ ਕੰਤ, ਕੰਤ ਕੰਤੂਹਲ ਬੇਪਰਵਾਹੀਆ । ਸੇਜ ਸੁਹੰਜਣੀ ਵਖਾਏ ਸੋਭਾਵੰਤ, ਸਤਿ ਸਤਿਵਾਦੀ ਫੂਲਣ ਬਰਖਾ ਲਾਈਆ । ਜਿਸ ਰਚਨਾ ਰਚਾਈ ਆਦਿ ਸੋ ਵੇਖਣ ਆਇਆ ਅੰਤ, ਬੇਅੰਤ ਫੇਰਾ ਪਾਈਆ । ਜਿਸ ਨੇ ਵਿਸ਼ਨ ਬ੍ਰਹਮਾ ਸ਼ਿਵ ਸੁਣਾਇਆ ਢੋਲਾ ਮੰਤ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਕਰੀ ਪੜ੍ਹਾਈਆ । ਜੋ ਘਟ ਘਟ ਵਸਿਆ ਲੱਖ ਚੁਰਾਸੀ ਜੀਵ ਜੰਤ, ਖਾਣੀ ਆਪਣਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਦਾਤਾ ਪੁਰਖ ਬਿਧਾਤਾ ਜਨ ਭਗਤਾਂ ਰੱਖੇ ਉਤਮ ਜ਼ਾਤਾ, ਨਾਮ ਭਗਤੀ ਦਏ ਸੁਗ਼ਾਤਾ, ਅੰਮ੍ਰਿਤ ਜਾਮ ਪਿਆਏ ਬਾਟਾ, ਪੁਰਖ ਸਮਰਾਥਾ ਦਇਆ ਕਮਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਕਰੇ ਖੇਲ ਕਮਲਾਪਾਤਾ, ਕਮਲੇ ਰਮਲੇ ਕੋਝੇ ਆਪਣੇ ਗਲੇ ਲਗਾਈਆ । ਕੋਝੇ ਕਮਲੇ ਲੱਗੇ ਛਾਤੀ, ਸ਼ਹਿਨਸ਼ਾਹ ਆਪ ਲਗਾਇੰਦਾ । ਦੇਵੇ ਦਰਸ ਸੁਤਿਆਂ ਰਾਤੀਂ, ਗੁਰਸਿਖਾਂ

ਦੁੱਖ ਨਾ ਕੋਇ ਵਖਾਇੰਦਾ । ਘਰ ਘਰ ਜਾ ਜਾ ਪੁੱਛੇ ਵਾਤੀ, ਆਪਣਾ ਫੇਰਾ ਪਾਇੰਦਾ । ਫੜ ਬਾਹੋਂ ਚੜ੍ਹਾਏ ਉਚੀ ਘਾਟੀ, ਘਾਟਾ ਸਭ ਦਾ ਪੂਰ ਕਰਾਇੰਦਾ । ਅੱਗੇ ਨੇੜੇ ਆਈ ਵਾਟੀ, ਪਿਛਲਾ ਪੰਧ ਮੁਕਾਇੰਦਾ । ਜਿਸ ਦਾ ਗੋਬਿੰਦ ਬਣਿਆ ਸਾਥੀ, ਅੱਧਵਿਚਕਾਰ ਨਾ ਕੋਇ ਅਟਕਾਇੰਦਾ । ਭਗਤਾਂ ਲਹਿਣਾ ਚੁੱਕੇ ਬਾਕੀ, ਦੇਵਣਹਾਰ ਫੇਰਾ ਪਾਇੰਦਾ । ਗੁਰਸਿਖ ਤੇਰਾ ਮਨ ਨਾ ਰਹੇ ਆਕੀ, ਮੱਤ ਮਤਵਾਲੀ ਡੇਰਾ ਢਾਹਿੰਦਾ । ਦਰਸ ਦਿਖਾਏ ਸਾਖਿਆਤੀ, ਸ਼ਨਾਖ਼ਤ ਆਪਣੀ ਆਪ ਸਮਝਾਇੰਦਾ । ਜਨਮ ਜਨਮ ਵਿਚੋਂ ਦੇਵੇ ਲਹਿਰ ਹਯਾਤੀ, ਕਰਮ ਧਰਮ ਸ਼ਰਮ ਵਰਨ ਬਰਨ ਹਯਾ ਸਰਬ ਮਿਟਾਇੰਦਾ । ਅੱਠੇ ਪਹਿਰ ਰੱਖੇ ਪਰਭਾਤੀ, ਪ੍ਰਭੂ ਆਪਣਾ ਰੰਗ ਵਖਾਇੰਦਾ । ਨਾਤਾ ਤੋੜੇ ਮਾਮੀ ਫੁੱਫੀ ਮਾਸੀ, ਭੈਣ ਭੱਯਾ ਚਾਚਾ ਤਾਇਆ ਨਜ਼ਰ ਕੋਇ ਨਾ ਆਇੰਦਾ । ਅੰਤਰ ਆਤਮ ਪਰਮਾਤਮ ਸੱਚਾ ਸਾਕੀ, ਭਰ ਪਿਆਲਾ ਜਾਮ ਪਿਆਇੰਦਾ । ਲੇਖਾ ਚੁੱਕੇ ਤਨ ਖ਼ਾਕੀ, ਪਾਕੀ ਪਾਕ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੰਤ ਸੁਹੇਲਾ ਇਕ ਇਕੇਲਾ ਗੁਰੂ ਗੁਰ ਚੇਲਾ, ਏਕਾ ਘਰ ਬਹਾਇੰਦਾ । ਗੁਰ ਚੇਲਾ ਵਸੇ ਇਕੋ ਘਰ, ਏਕਾ ਘਰ ਵਡਿਆਈਆ । ਜਿਥੇ ਦੇਵੇ ਨਾ ਕੋਈ ਡਰ, ਭੌ ਭੈ ਨਾ ਕੋਇ ਰਖਾਈਆ । ਏਕਾ ਸੇਜਾ ਬਹਿਣ ਚੜ੍ਹ, ਏਕਾ ਆਸਣ ਸੋਭਾ ਪਾਈਆ । ਇਕ ਦੂਜੇ ਦਾ ਪੱਲੂ ਲੈਣ ਫੜ, ਅੱਗੇ ਹੋਏ ਨਾ ਫੇਰ ਜੁਦਾਈਆ । ਗੁਰਸਿਖ ਗੁਰੂ ਦੁਆਰੇ ਜਾਏ ਮਰ, ਗੁਰੂ ਸਤਿਗੁਰੂ ਗੁਰਸਿਖ ਆਪਣੇ ਵਿਚ ਮਿਲਾਈਆ । ਦੋਹਾਂ ਦਾ ਮੇਲਾ ਇਕੋ ਘਰ, ਜਿਸ ਦੁਆਰੇ ਵਸੇ ਪੁਰਖ ਅਕਾਲ ਬੇਪਰਵਾਹੀਆ । ਸ਼ਬਦ ਗੁਰੂ ਗੁਰਮੁਖਾਂ ਨਿਰਗੁਣ ਰੂਪ ਹੋ ਕੇ ਲਏ ਫੜ, ਆਵੇ ਜਾਵੇ ਵਾਹੋ ਦਾਹੀਆ । ਜਿਸ ਜਨ ਉਪਰ ਕਿਰਪਾ ਦਿਤੀ ਕਰ, ਤਿਨ੍ਹਾਂ ਆਪਣੇ ਸੰਗ ਰਖਾਈਆ । ਜੋ ਜਨ ਸੋਹੰ ਅੱਖਰ ਰਹੇ ਪੜ੍ਹ, ਡੁੱਬਦੇ ਪੱਥਰ ਪਾਰ ਕਰਾਈਆ । ਧੰਨਾ ਕਹੇ ਮੈਂ ਵੱਟਿਉਂ ਪਾਇਆ ਹਰਿ, ਗੁਰਸਿਖ ਕਹੋ ਬਿਨ ਵੱਟਿਉਂ ਨਜ਼ਰੀ ਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਆ ਕੇ ਫੜਿਆ ਲੜ, ਭਗਤਾਂ ਓਟ ਇਕ ਤਕਾਈਆ । ਭਗਤਾਂ ਰੱਖੀ ਓਟ ਅਕਾਲ, ਆਪਣੀ ਕਲ ਨਾ ਕੋਇ ਜਣਾਇੰਦਾ । ਮੇਰੇ ਉਤੇ ਹੋ ਦਿਆਲ, ਤੁਧ ਬਿਨ ਮੇਰਾ ਸੰਗ ਨਾ ਕੋਇ ਨਿਭਾਇੰਦਾ । ਨੌਂ ਖੰਡ ਪ੍ਰਿਥਮੀ ਹੋਈ ਬੇਹਾਲ, ਸੱਤ ਦੀਪ ਸਰਬ ਕੁਰਲਾਇੰਦਾ । ਸਤਿ ਦਿਸੇ ਨਾ ਕਿਸੇ ਧਰਮ ਦੁਆਰ, ਵੇਸਵਾ ਰੂਪ ਸਰਬ ਵਟਾਇੰਦਾ । ਮੰਦਰ ਮਸਜਿਦ ਕੂੜੀ ਕਿਰਿਆ ਜਗਤ ਵਿਚਾਰ, ਧੀਆਂ ਭੈਣਾਂ ਨਾਚ ਨਚਾਇੰਦਾ । ਪੰਡਤ ਪਾਂਧੇ ਗਰੰਥੀ ਪੰਥੀ ਮੁਲਾਂ ਸ਼ੇਖ਼ ਗਏ ਹਾਰ, ਹਰਿ ਕਾ ਨਾਮ ਨਾ ਕੋਇ ਧਿਆਇੰਦਾ । ਕੂੜ ਕੁੜਿਆਰਾ ਕਰਨ ਸ਼ਿੰਗਾਰ, ਸਚ ਸ਼ਿੰਗਾਰ ਨਾ ਕੋਇ ਹੰਢਾਇੰਦਾ । ਨਾਰੀ ਛੱਡਿਆ ਕੰਤ ਭਤਾਰ, ਭਤਾਰ ਕੰਤ ਨਾਰੀ ਨਾ ਅੰਗ ਲਗਾਇੰਦਾ । ਦੋਹਾਂ ਵਰਿਆ ਇਕ ਵਿਭਚਾਰ, ਵਿਭਚਾਰੀ ਰੂਪ ਸਰਬ ਵਖਾਇੰਦਾ । ਆਪਣਾ ਆਪ ਗਏ ਹਾਰ, ਹਰਿ ਮੰਦਰ ਸੋਭਾ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜਾਤਾ ਪੁਰਖ ਬਿਧਾਤਾ ਕਲਜੁਗ ਵੇਖ ਅੰਧੇਰੀ ਰਾਤਾ, ਆਪਣਾ ਫੇਰਾ ਪਾਇੰਦਾ । ਕਾਲੀ ਰੈਣ ਅੰਧੇਰੀ ਅੰਧ, ਭਿੰਨੜੀ ਆਪਣਾ ਰੂਪ ਵਟਾਈਆ । ਚਾਰੋਂ ਕੁੰਟ ਪੈਂਦੀ ਡੰਡ, ਬੱਤੀ ਦੰਦ ਰਹੇ ਕੁਰਲਾਈਆ । ਜਿਧਰ ਵੇਖੋ ਭੇਖ ਪਖੰਡ, ਸ੍ਰਿਸ਼ਟ ਸਬਾਈ ਹੋਈ ਹਲਕਾਈਆ । ਬਿਨ ਸਤਿਗੁਰ ਪੂਰੇ ਗੁਰਮੁਖਾਂ ਮਿਲੇ ਨਾ ਇਕ ਅਨੰਦ, ਅਨੰਦ ਅਨੰਦ ਵਿਚ ਜਣਾਈਆ । ਭਗਤ ਭਗਵਾਨ ਇਕ ਦੂਜੇ ਦਾ ਢੋਲਾ ਗਾਇਣ ਛੰਦ, ਤੂੰ ਮੇਰਾ ਮੈਂ ਤੇਰਾ ਤੇਰੀ ਮੇਰੀ ਹੋਈ ਕੁੜਮਾਈਆ । ਪਿਛੇ ਵੰਡਦਾ ਰਿਹੋਂ ਵੰਡ, ਅੱਗੇ ਵੰਡ

ਕੋਇ ਰਹਿਣ ਨਾ ਪਾਈਆ । ਸਤਿਜੁਗ ਸਾਚਾ ਸਤਿ ਧਰਮ ਦਾ ਇਕੋ ਚੜ੍ਹੇ ਚੰਦ, ਧੀਰਜ ਧੀਰ ਨਾਲ ਵਖਾਈਆ । ਪ੍ਰਭ ਮਿਲਿਆ ਦੀਨਨ ਬਖ਼ਸ਼ੰਦ, ਦੀਨ ਦਿਆਲ ਦਇਆ ਕਮਾਈਆ । ਜਨ ਭਗਤਾਂ ਮਿਲ ਕੇ ਪ੍ਰਭ ਨੂੰ ਪਏ ਠੰਡ, ਦੋ ਜਹਾਨਾਂ ਵਿਛੋੜੇ ਦੀ ਅਗਨ ਬੁਝਾਈਆ । ਆਓ ਰਲ ਮਿਲ ਕੇ ਇਕ ਦੂਜੇ ਨਾਲ ਪੱਲੂ ਲਈਏ ਗੰਢ, ਅੱਗੇ ਸਕੇ ਨਾ ਕੋਇ ਖੁਲ੍ਹਾਈਆ । ਮਾਰ ਕੇ ਛਾਲ ਮੇਰੀ ਚੜ੍ਹ ਜਾਓ ਉਪਰ ਕੰਡ, ਸਚਖੰਡ ਲੈ ਕੇ ਜਾਵਾਂ ਚਾਈਂ ਚਾਈਂਆ । ਓਥੇ ਜਾ ਕੇ ਵੇਖਾਂ ਆਪਣੇ ਚੰਦ, ਜਿਨ੍ਹਾਂ ਮੁਖੜਾ ਨੂਰ ਰੁਸ਼ਨਾਈਆ । ਪੀਰ ਪੈਗ਼ੰਬਰਾਂ ਖੱਟੇ ਕਰਾਂ ਦੰਦ, ਇਕੋ ਵਾਰ ਉਠਾਈਆ । ਅਓ ਵੇਖੋ ਜਿਨ੍ਹਾਂ ਦੇ ਨਾਲ ਗੁਜਰੀ ਚੰਦ, ਤੁਹਾਡਾ ਮਾਣ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਜਨ ਭਗਤਾਂ ਅੱਗੇ ਵਾਸਤਾ ਪਾਈਆ । ਜਨ ਭਗਤਾਂ ਅੱਗੇ ਪਾਏ ਵਾਸਤਾ, ਬਿਨ ਭਗਤਾਂ ਵਸਲ ਨਾ ਕੋਇ ਕਰਾਈਆ । ਗੁਰਸਿਖੋ ਪ੍ਰੇਮ ਦਾ ਖਵਾਓ ਨਾਸਤਾ, ਪ੍ਰਭ ਭੁੱਖਾ ਦਰ ਦਰ ਫੇਰਾ ਪਾਈਆ । ਆਪਣਾ ਆਪਣੇ ਵਿਚ ਰੱਖਿਆ ਕਰ ਕੇ ਜ਼ਾਬਤਾ, ਜ਼ੇਰ ਜ਼ਬਰ ਤੁਹਾਡੇ ਨਾਲ ਮਿਲਾਈਆ । ਜਿਨ ਖੇਲ ਕਰਿਆ ਬੁੱਢੇ ਬਾਲ ਦਾ, ਬਾਹਰੋਂ ਬੁੱਢਾ ਅੰਦਰੋਂ ਨੱਢਾ ਰੂਪ ਵਖਾਈਆ । ਲੇਖਾ ਲਾਏ ਸ਼ਾਹ ਕੰਗਾਲ ਦਾ, ਗ਼ਰੀਬ ਨਿਮਾਣੇ ਗੋਦ ਉਠਾਈਆ । ਗੁਰਸਿਖਾਂ ਫੜ ਫੜ ਬਾਹੋਂ ਆਪ ਬਹਾਲਦਾ, ਸਾਚੀ ਪਾਲਕੀ ਵਿਚ ਬਹਾਈਆ । ਸਾਚਾ ਮਾਰਗ ਇਕ ਸਿਖਾਲਦਾ, ਸਿਖਿਆ ਸਿਖੀ ਭੁੱਲ ਕਦੇ ਨਾ ਜਾਈਆ । ਆਪਣਾ ਦਰਸ ਫੇਰ ਵਖਾਲਦਾ, ਨੂਰ ਜ਼ਹੂਰ ਕਰ ਰੁਸ਼ਨਾਈਆ । ਜਨ ਭਗਤਾਂ ਪਿਛੇ ਘਾਲਣ ਘਾਲਦਾ, ਦਰ ਦਰਵੇਸ਼ ਆਪ ਅਖਵਾਈਆ । ਲੇਖਾ ਜਾਣੇ ਪੱਤ ਡਾਲ ਦਾ, ਕਲੀ ਕਲੀ ਫੂਲ ਫੂਲ ਗੁੰਚਾ ਗੁੰਚਾ ਫੋਲ ਫੁਲਾਈਆ । ਵੇਖੇ ਖੇਲ ਬੇਐਬ ਬੇਹਾਲ ਦਾ, ਆਪਣਾ ਹਾਲ ਤੁਹਾਨੂੰ ਰਿਹਾ ਸੁਣਾਈਆ । ਲੋਕਮਾਤ ਬਿਨ ਭਗਤਾਂ ਭਗਵਾਨ ਨਾ ਕੋਇ ਜਵਾਲ ਦਾ, ਮਰਿਆ ਰਹੇ ਸਚਖੰਡ ਆਪਣਾ ਆਸਣ ਲਾਈਆ । ਏਸੇ ਕਰ ਕੇ ਗੁਰਮੁਖਾਂ ਫਿਰੇ ਭਾਲਦਾ, ਮੇਰਾ ਨਾਮ ਕਰਨ ਰੁਸ਼ਨਾਈਆ । ਕਿਉਂ ਆਪਣੇ ਸਾਂਚੇ ਜਿਸ ਨੂੰ ਢਾਲਦਾ, ਆਪਣੀ ਤਲਵਾਰ ਲਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਅੱਗੇ ਰੋ ਰੋ ਆਪਣਾ ਹਾਲ ਸੁਣਾਈਆ । ਨੇਤਰ ਰੋਵੇ ਮਾਰੇ ਆਹ, ਉਹ ਨਜ਼ਰ ਕਿਸੇ ਨਾ ਆਈਆ । ਜਨ ਭਗਤਾਂ ਜਲਵਾ ਦਏ ਵਖਾ, ਜਲਵਾਗਰ ਫੇਰਾ ਪਾਈਆ । ਸਾਰੇ ਕਹਿਣ ਮੇਰਾ ਖ਼ੁਦਾ, ਘਰ ਮਿਲਿਆ ਬੇਪਰਵਾਹੀਆ । ਇਸ ਦੇ ਉਤੋਂ ਹੋ ਜਾਓ ਫ਼ਿਦਾ, ਫ਼ਿਤਰਤ ਕੋਇ ਰਹਿਣ ਨਾ ਪਾਈਆ । ਰਲ ਮਿਲ ਦੋਂਹ ਹੱਥਾਂ ਦਾ ਪਾਓ ਗਿੱਧਾ, ਨਿਰਗੁਣ ਸਰਗੁਣ ਰੰਗ ਚੜ੍ਹਾਈਆ । ਜੇ ਕੋਈ ਪੁੱਛੇ ਪਾਰਬ੍ਰਹਮ ਕਿਡਾ, ਸਕੇ ਨਾ ਕੋਇ ਸਮਝਾਈਆ । ਸ੍ਰੀ ਭਗਵਾਨ ਕਹੇ ਮੈਂ ਨਿੱਕਾ ਜਿਹਾ ਇੱਡਾ, ਗੁਰਮੁਖਾਂ ਅੰਦਰ ਡੇਰਾ ਲਾਈਆ । ਬਾਹਰੋਂ ਮੇਰਾ ਦੋ ਜਹਾਨ ਦਾ ਵੱਡਾ ਵਿੱਢਾ, ਕੋਟਨ ਕੋਟ ਬ੍ਰਹਿਮੰਡ ਖੰਡ ਆਪਣੇ ਵਿਚ ਛੁਪਾਈਆ । ਕਲਜੁਗ ਅੰਤਮ ਖੇਡਣ ਆਇਆ ਖੇਡਾਂ, ਗੁਰਮੁਖ ਹਾਣੀ ਨਾਲ ਲਿਆਈਆ । ਬੇਸ਼ਕ ਸ੍ਰਿਸ਼ਟ ਸਬਾਈ ਕਰੇ ਝੇੜਾਂ, ਬੇਸ਼ਰਮ ਬਣਿਆ ਸੱਚਾ ਮਾਹੀਆ । ਗੁਰਸਿਖਾਂ ਦੱਸੇ ਆਪਣਾ ਭੇਤਾ, ਵਿਚਲੀ ਘੁੰਡੀ ਦਏ ਖੁਲ੍ਹਾਈਆ । ਅੱਗੇ ਕਿਸੇ ਦੇ ਸਿਰ ਤੇ ਪੈਣ ਨਾ ਦੇਵੇ ਤੱਤੀ ਰੇਤਾ, ਦੇਗ਼ਾਂ ਵਿਚ ਨਾ ਕੋਇ ਉਬਲਾਈਆ । ਸਭ ਨੂੰ ਰੱਖੇ ਸਾਇਆ ਹੇਠਾਂ, ਜਿਸ ਸਿਰ ਆਪਣਾ ਹੱਥ ਟਿਕਾਈਆ । ਸ਼ਬਦ ਅਗੰਮੀ ਦੇਣ ਆਇਆ ਨੇਂਦਾ, ਨਿੰਦਕਾਂ ਨਿੰਦਿਆ ਮੁਖ ਭਰਾਈਆ । ਗੋਬਿੰਦ ਭੱਜਾ ਗਿਆ ਪਿੱਛੇ ਗੇਂਦਾ, ਜਗਤ ਵਿਹਾਰਾ ਖੇਲ ਕਰਾਈਆ । ਪੁਰਖ ਅਬਿਨਾਸ਼ੀ ਕਲਜੁਗ ਅੰਤਮ ਨਿਰਗੁਣ ਹੋ ਕੇ ਸਰਗਣ ਵੇਂਹਦਾ, ਹਰਿਜਨ ਵਿਛੜੇ ਲਏ

ਮਿਲਾਈਆ । ਪਿਛਲਾ ਲਹਿਣਾ ਸਭ ਦਾ ਦੇਂਦਾ, ਬਾਕੀ ਕੋਇ ਨਜ਼ਰ ਨਾ ਆਈਆ । ਬਾਹੋਂ ਫੜ ਫੇਰ ਕਹਿੰਦਾ, ਉਠੋ ਗੁਰਸਿਖੋ ਮਿਲੋ ਭਾਈਆਂ ਭਾਈਆ । ਜੋ ਹਰਿਜਨ ਹਰਿ ਕਾ ਭਾਣਾ ਸਹਿੰਦਾ, ਤਿਸ ਮਿਲੇ ਮਾਣ ਵਡਿਆਈਆ । ਈਸਾ ਮੂਸਾ ਮੁਹੰਮਦ ਇਕ ਦੂਜੇ ਨਾਲ ਖਹਿੰਦਾ, ਗੁਰ ਅਵਤਾਰ ਕਰਨ ਲੜਾਈਆ । ਪੁਰਖ ਅਕਾਲ ਦੀਨ ਦਿਆਲ ਸਚ ਸਿੰਘਾਸਣ ਇਕੋ ਬਹਿੰਦਾ, ਹੁਕਮੇ ਖੇਲ ਵਰਤਾਈਆ । ਇਸ ਦੇ ਅੱਗੇ ਬਿਨ ਢਾਹਿਉਂ ਸਭ ਢਹਿੰਦਾ, ਆਪਣੀ ਪਿੱਠ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਅੱਗੇ ਆਪਣਾ ਦੁੱਖ ਸੁਣਾਈਆ । ਜਨ ਭਗਤੋ ਹਰਿ ਨੂੰ ਲੱਗਾ ਦੁੱਖੜਾ, ਦੁੱਖੀ ਹੋ ਕੁਰਲਾਇਆ । ਜਿੰਨਾਂ ਚਿਰ ਵੇਖਾਂ ਨਾ ਤੁਹਾਡਾ ਮੁਖੜਾ, ਮੈਨੂੰ ਸੁਖ ਕੋਇ ਨਜ਼ਰ ਨਾ ਆਇਆ । ਜੁਗ ਚੌਕੜੀ ਰੱਖੇ ਆਪਣੀ ਕੁਖੜਾ, ਅੰਦਰ ਆਪਣੇ ਬੰਦ ਕਰਾਇਆ । ਤੁਹਾਡੇ ਪ੍ਰੇਮ ਪਿਆਰ ਦਾ ਭੁੱਖੜਾ, ਸਚਖੰਡ ਦੁਆਰਿਉਂ ਚਲ ਕੇ ਆਇਆ ਹੌਲੀ ਹੌਲੀ ਥੱਕਾ ਮਾਂਦਾ ਏਥੇ ਅਪੜਾ, ਤੁਹਾਡਾ ਦਰਸ਼ਨ ਕਰ ਕੇ ਆਪਣਾ ਥਕੇਵਾਂ ਦਏ ਗਵਾਇਆ । ਜਿਉਂ ਖ਼ੁਸ਼ੀ ਹੋਵੇ ਮਾਂ ਪਿਓ ਮਿਲ ਕੇ ਪੁਤਰਾ, ਬਿਨ ਪੁਤਰਾਂ ਸੀਨੇ ਠੰਡ ਨਾ ਕੋਇ ਰਖਾਇਆ । ਮੈਂ ਅਰਸ਼ਾਂ ਉਤੋਂ ਉਤਰਾਂ, ਨਾਨਕ ਲੇਖਾ ਗਿਆ ਲਿਖਾਇਆ । ਮੇਰਾ ਲੇਖਾ ਲਿਖਿਆ ਨਾ ਜਾਏ ਵਿਚ ਸੱਤਰਾਂ, ਪੈਂਤੀ ਅੱਖਰ ਦੇਣ ਦੁਹਾਇਆ । ਮੇਰਾ ਕਿਸੇ ਨਾ ਪਰਤਾ ਪਤਰਾ, ਵਰਕਾ ਸਕੇ ਨਾ ਕੋਇ ਉਲਟਾਇਆ । ਮੈਂ ਇਕੋ ਦੱਸਦਾ ਰਿਹਾ ਆਪਣੇ ਨਾਮ ਦਾ ਖਟਕਾ, ਖੰਡਾ ਖੜਗ ਚਮਕਾਇਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰਾ ਰਾਹ ਵਿਚ ਅਟਕਾ, ਬਿਨ ਨਾਨਕ ਘਰ ਕੋਇ ਨਾ ਆਇਆ । ਕਲਜੁਗ ਅੰਤਮ ਸਭ ਦਾ ਮਿਟਾਵੇ ਹਲਾਲ ਝਟਕਾ, ਛੁਰੀ ਆਪਣੇ ਹੱਥ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਅੱਗੇ ਆਪਣਾ ਹਾਲ ਸੁਣਾਇਆ । ਕੀ ਦੱਸਾਂ ਕਿਧਰ ਜਾਵਾਂ, ਹਰਿ ਜੂ ਰਿਹਾ ਜਣਾਈਆ । ਭਗਤ ਮੇਰੀਆਂ ਭੁਜਾਂ ਬਾਹਵਾਂ, ਬਿਨ ਭਗਤਾਂ ਕੰਮ ਕਿਸੇ ਨਾ ਆਈਆ । ਭਗਤਾਂ ਬਿਨਾਂ ਮੈਂ ਹੋਵਾਂ ਨਿਥਾਵਾਂ, ਲੋਕਮਾਤ ਪੁਛਾਂ ਕਿਸੇ ਨਾ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਸੁਹੇਲਾ ਭਗਤਨ ਮੀਤਾ, ਭਗਤਨ ਵਸੇ ਸਦਾ ਚੀਤਾ, ਚੇਤਨ ਚਿਤ ਵਿਤ ਠਗੌਰੀ ਕੋਇ ਨਾ ਪਾਈਆ । ਭਗਤ ਕਹਿਣ ਤੂੰ ਵੱਡਾ ਠੱਗ, ਇਤਬਾਰ ਤੇਰੇ ਉਤੇ ਨਾ ਆਈਆ । ਤੂੰ ਵਸੇਂ ਉਪਰ ਸ਼ਾਹ ਰਗ, ਆਪਣਾ ਮੁਖ ਛੁਪਾਈਆ । ਜੁਗ ਜੁਗ ਲੌਂਦਾ ਰਿਹੋਂ ਅਜ ਪਜ, ਗੁਰ ਅਵਤਾਰਾਂ ਹੁਕਮ ਮਨਾਈਆ । ਕਲਜੁਗ ਅੰਤਮ ਆਇਉਂ ਭੱਜ, ਭਜੜਿਆਂ ਪਿੱਟੀ ਸ੍ਰਿਸ਼ਟੀ ਖ਼ਾਹਸ਼ ਦਏ ਦੁਹਾਈਆ । ਸਭ ਨੇ ਲੋਕਮਾਤ ਜਾਣਾ ਤੱਜ, ਆਸਣ ਸਿੰਘਾਸਣ ਕੋਇ ਰਹਿਣ ਨਾ ਪਾਈਆ । ਪ੍ਰਭ ਸਰਨ ਚਰਨ ਜੋ ਗਏ ਬੱਝ, ਬਚਤ ਆਪਣੀ ਲੈਣ ਕਰਾਈਆ । ਜੱਟ ਧੰਨੇ ਦੱਸੀ ਜਾਚ , ਯਾਚਕ ਦਾਨ ਇਕ ਵਰਤਾਈਆ । ਘਰ ਆ ਕੇ ਮਿਲੇ ਸਚ, ਮਿਹਰਵਾਨ ਮਿਹਬਾਨ ਇਕ ਗੁਸਾਈਆ । ਹੁਕਮੇ ਅੰਦਰ ਪਏ ਨੱਚ, ਭਗਤ ਇਸ਼ਾਰਿਆਂ ਨਾਲ ਨਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਅੱਗੇ ਆਪਣਾ ਸੀਸ ਝੁਕਾਈਆ । ਭਗਤਨ ਅੱਗੇ ਸੀਸ ਗਿਆ ਝੁਕ, ਸਾਹਿਬ ਸਤਿਗੁਰ ਆਪ ਝੁਕਾਇੰਦਾ । ਗੁਰ ਅਵਤਾਰਾਂ ਪੈਂਡਾ ਗਿਆ ਮੁੱਕ, ਭਗਵਾਨ ਇਕੋ ਰਾਹ ਵਖਾਇੰਦਾ । ਪੀਰ ਪੈਗ਼ੰਬਰ ਗਏ ਉਠ, ਜੋ ਗਿਆ ਫੇਰ ਨਾ ਆਇੰਦਾ । ਦੀਨ ਮਜ਼੍ਹਬ ਮੱਚੀ ਲੁੱਟ, ਠੱਗ ਚੋਰ ਯਾਰ ਆਪਣਾ ਦਾਅ ਲਗਾਇੰਦਾ । ਸਾਧ ਸੰਤ ਬੈਠੇ ਰੁੱਠ, ਰੁੱਠਿਆਂ ਮੂੰਹ ਨਾ ਕੋਇ ਭੁਆਇੰਦਾ । ਅੰਤਮ ਇਕੱਠੇ ਕਰ ਕੇ ਇਕੇ ਗੁੱਠ, ਜਿਉਂ ਅੰਬਾਂ ਗੁਠਲੀਆਂ

੪੫੬
੧੩

ਜ਼ਮੀਨ ਵਿਚ ਦਬਾਇੰਦਾ । ਸਭ ਦੇ ਕੋਲੋਂ ਲੇਖਾ ਲਏ ਪੁੱਛ, ਸਿਰ ਸਿਰ ਹੁਕਮ ਮਨਾਇੰਦਾ । ਕਿਸੇ ਕੋਲ ਨਾ ਦਿਸੇ ਕੁਛ, ਬਗ਼ਲ ਕੁਰਾਨ ਨਾ ਕੋਇ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭਗਤ ਦੁਆਰ ਹਰਿ ਨਿਰੰਕਾਰ ਕਰ ਨਿਮਸਕਾਰ, ਨਿਮਖ ਨਿਮਖ ਆਪਣਾ ਆਪ ਕਟਾਇੰਦਾ ।

❇ ੩ ਮਾਘ ੨੦੧੯ ਬਿਕਰਮੀ ਸੋਹਣ ਸਿੰਘ ਦੇ ਗ੍ਰਿਹ ਮੁੰਡੀ ਜੁਮਾਲ ਜ਼ਿਲਾ ਫਿਰੋਜ਼ਪੁਰ ❇

ਭਗਤ ਭਗਵੰਤ ਸਾਚੀ ਰੀਤ, ਹਰਿ ਸਤਿਜੁਗ ਸਚ ਚਲਾਇੰਦਾ । ਨਾ ਕੋਈ ਮੰਦਰ ਨਾ ਮਸੀਤ, ਗੁਰੂਦੁਆਰ ਨਾ ਕੋਇ ਵਖਾਇੰਦਾ । ਆਤਮ ਪਰਮਾਤਮ ਰਹੇ ਅਤੀਤ, ਤ੍ਰੈਗੁਣ ਰੰਗ ਨਾ ਕੋਇ ਰੰਗਾਇੰਦਾ । ਕਾਇਆ ਕਰੀ ਠੰਡੀ ਸੀਤ, ਬ੍ਰਹਮ ਪਾਰਬ੍ਰਹਮ ਸਮਾਇੰਦਾ । ਮਾਣਸ ਜਨਮ ਲੈਣਾ ਜੀਤ, ਸਾਚੀ ਸਿਖਿਆ ਇਕ ਪੜ੍ਹਾਇੰਦਾ । ਸਾਹਿਬ ਸਤਿਗੁਰ ਸਦਾ ਅਨਡੀਠ, ਨੇਤਰ ਨਜ਼ਰ ਕਿਸੇ ਨਾ ਆਇੰਦਾ । ਸੋਹੰ ਢੋਲਾ ਇਕੋ ਗੀਤ, ਗੁਰ ਅਵਤਾਰ ਪੀਰ ਪੈਗ਼ੰਬਰ ਆਪੇ ਗਾਇੰਦਾ । ਜਿਸ ਦਾ ਨਿਸ਼ਾਨਾ ਸਦਾ ਸਦਾ ਸਦ ਠੀਕ, ਸੋ ਸਾਹਿਬ ਮਾਰਗ ਲਾਇੰਦਾ । ਸਤਿ ਸਤਿਵਾਦੀ ਇਕ ਪ੍ਰੀਤ, ਸਤਿ ਪੁਰਖ ਨਿਰੰਜਣ ਆਪ ਜਣਾਇੰਦਾ । ਮਿੱਤਰਾਂ ਨਾਲ ਮਿਲੇ ਮੀਤ, ਮਿੱਤਰ ਆਪਣਾ ਭੇਵ ਖੁਲ੍ਹਾਇੰਦਾ । ਲੇਖਾ ਜਾਣ ਹਸਤ ਕੀਟ, ਊਚ ਨੀਚ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਆਤਮ ਮੇਲ ਮਿਲਾਇੰਦਾ । ਆਤਮ ਆਤਮ ਜੁੜੇ ਜੋੜ, ਸੋ ਸਤਿਗੁਰ ਆਪ ਜੁੜਾਇੰਦਾ । ਸ਼ਬਦ ਅਗੰਮੀ ਚੜ੍ਹ ਚੜ੍ਹ ਘੋੜ, ਗੁਰਮੁਖ ਲਾੜਾ ਦੂਲ੍ਹਾ ਸੋਭਾ ਪਾਇੰਦਾ । ਨਾਤਾ ਤੁਟੇ ਅੰਧ ਘੋਰ, ਪਰਕਾਸ਼ ਪਰਕਾਸ਼ ਰੂਪ ਚਮਕਾਇੰਦਾ । ਲੇਖਾ ਜਾਣੇ ਜ਼ੋਰੇ ਜ਼ੋਰ, ਜ਼ਬਰ ਚਰਨਾਂ ਹੇਠ ਦਬਾਇੰਦਾ । ਲੱਖ ਚੁਰਾਸੀ ਪਾਏ ਸ਼ੋਰ, ਕੂੜੀ ਕਿਰਿਆ ਜਗਤ ਕੁਰਲਾਇੰਦਾ । ਭਗਤਾਂ ਭਗਵੰਤ ਜਾਏ ਬੌਹੜ, ਬੌਹੜੀ ਹਾਲ ਨਾ ਕੋਇ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਰਾਹ ਚਲਾਇੰਦਾ । ਮੰਦਰ ਮਸਜਿਦ ਛੱਡੇ ਮੱਠ, ਗੁਰੂਦੁਆਰ ਨਜ਼ਰ ਕੋਇ ਨਾ ਆਇੰਦਾ । ਕਰੇ ਖੇਲ ਪੁਰਖ ਸਮਰਥ, ਸਾਚੀ ਧਾਰ ਚਲਾਇੰਦਾ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਮੁਸਲਮ ਹਿੰਦੂ ਸਿਖ ਈਸਾਈ ਦੇਵੇ ਏਕਾ ਮਤ, ਗੁਰਮੱਤ ਆਪ ਜਣਾਇੰਦਾ । ਜਗਤ ਨੇਤਰ ਪੰਜ ਤੱਤ, ਸੋ ਪੁਰਖ ਨਿਰੰਜਣ ਨਜ਼ਰ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਖੁਲ੍ਹਾਇੰਦਾ । ਤਨ ਨਾਲ ਤਨ ਸ਼ਿੰਗਾਰ, ਪੰਜ ਤੱਤ ਕਰਾਈਆ । ਆਤਮ ਨਾਲ ਆਤਮ ਆਧਾਰ, ਪਰਮਾਤਮ ਰੰਗ ਚੜ੍ਹਾਈਆ । ਬ੍ਰਹਮ ਨਾਲ ਬ੍ਰਹਮ ਵਿਚਾਰ, ਬ੍ਰਹਮ ਵਿਦਿਆ ਕਰੇ ਪੜ੍ਹਾਈਆ । ਧੁਰ ਦਾ ਮਾਰਗ ਸਚ ਸੰਸਾਰ, ਮਹਾਂਸਾਰਥੀ ਆਪ ਲਗਾਈਆ । ਜਿਸ ਦੀ ਮੰਗ ਮੰਗਦੇ ਗਏ ਗੁਰ ਅਵਤਾਰ, ਦੋਏ ਜੋੜ ਵਾਸਤਾ ਪਾਈਆ । ਦੀਨ ਮਜ਼੍ਹਬ ਕਰ ਖ਼ਵਾਰ, ਖ਼ਵਾਰੀ ਸਭ ਦੀ ਦਏ ਕਰਾਈਆ । ਇਕੋ ਨਜ਼ਰੀ ਆਏ ਏਕੰਕਾਰ, ਇਸ਼ਟ ਦੇਵ ਇਕ ਜਣਾਈਆ । ਸ੍ਰਿਸ਼ਟ ਸਬਾਈ ਕਰਾਏ ਸਚ ਵਿਹਾਰ, ਬਿਵਹਾਰੀ ਆਪਣੀ ਧਾਰ ਚਲਾਈਆ । ਸਤਿਜੁਗ ਦੂਜੀ ਕੋਈ ਨਾ ਕਰੇ ਕਾਰ, ਮੁਲਾਂ ਸ਼ੇਖ਼ ਮੁਸਾਇਕ ਪੰਡਤ ਪਾਂਧਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਲਗਾਈਆ । ਸਾਚਾ ਮਾਰਗ ਲੱਗੇ ਮਾਤ,

ਨਾ ਕੋਈ ਮੇਟੇ ਮੇਟ ਮਿਟਾਇੰਦਾ । ਲੱਖ ਚੁਰਾਸੀ ਇਕੋ ਨਾਤ, ਨਾਤਾ ਬਿਧਾਤਾ ਜੋੜ ਜੁੜਾਇੰਦਾ । ਪਿਛਲਾ ਸਭ ਦਾ ਟੁੱਟੇ ਸਾਕ, ਅਗਲਾ ਬੰਧਨ ਆਪੇ ਪਾਇੰਦਾ । ਭਗਤ ਮਿਲਾਏ ਭਗਤਾਂ ਸਾਥ, ਗੁਰਮੁਖ ਗੁਰਮੁਖ ਗੰਢ ਪਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ੍ਰਿਸ਼ਟ ਸਬਾਈ ਵਖਾਏ ਏਕਾ ਵਰਨ, ਸਰਨ ਇਕੋ ਇਕ ਜਣਾਇੰਦਾ । ਸਾਚੀ ਸਰਨ ਦੇਵੇ ਠਾਕਰ, ਠੋਕਰ ਨਾਮ ਲਗਾਈਆ । ਲੱਖ ਚੁਰਾਸੀ ਕਾਇਆ ਗਾਗਰ, ਘਟ ਘਟ ਰਿਹਾ ਸਮਾਈਆ । ਬਣ ਵਣਜਾਰਾ ਵਣਜ ਕਰਾਏ ਸੌਦਾਗਰ, ਸੌਦਾ ਹੱਟੋ ਹੱਟ ਵਿਕਾਈਆ । ਨਿਰਮਲ ਕਰਮ ਕਰੇ ਉਜਾਗਰ, ਹਰਿਜਨ ਦੇਵੇ ਮਾਣ ਵਡਿਆਈਆ । ਦਰ ਆਇਆਂ ਘਰ ਦੇਵੇ ਆਦਰ, ਜਿਨ੍ਹਾਂ ਦੇਵੇ ਸਰਨ ਸਰਨਾਈਆ । ਚੁਗੱਤਿਆਂ ਨੇੜ ਰਹਿਣ ਨਾ ਦੇਵੇ ਕਰਤਾ ਕਾਦਰ, ਕੁਦਰਤ ਆਪਣੀ ਆਪ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚੀ ਧਾਰਾ ਭਗਤ ਭਗਵੰਤ ਦਾ ਇਕ ਵਿਹਾਰਾ, ਦੂਜਾ ਕੋਇ ਰਹਿਣ ਨਾ ਪਾਈਆ । ਸਤਿਜੁਗ ਸਾਚਾ ਚੜ੍ਹੇ ਰੰਗ, ਹਰਿ ਸਾਚਾ ਆਪ ਚੜ੍ਹਾਇੰਦਾ । ਗੁਰਮੁਖ ਗੁਰ ਗੁਰ ਵੱਜੇ ਮਰਦੰਗ, ਮਨਮੁਖ ਰੂਪ ਨਾ ਕੋਇ ਵਖਾਇੰਦਾ । ਆਤਮ ਪਰਮਾਤਮ ਸਦਾ ਸੰਗ, ਵਿਛੜ ਕਦੇ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਰਾਹ ਆਪ ਚਲਾਇੰਦਾ । ਸਾਚਾ ਰਾਹ ਚਲੇ ਸੰਸਾਰ, ਹਰਿ ਸੰਸਾਰੀ ਆਪ ਚਲਾਈਆ । ਸਤਿ ਸਤਿ ਕਰ ਪਿਆਰ, ਸਤਿ ਸਤਿਵਾਦੀ ਝੋਲੀ ਪਾਈਆ । ਪੁਰਖ ਅਬਿਨਾਸ਼ੀ ਵੇਖਣਹਾਰ, ਨਿਰਗੁਣ ਨਿਰਵੈਰ ਦਇਆ ਕਮਾਈਆ । ਸਾਚੀ ਲਾਵ ਪੜ੍ਹੇ ਏਕਾ ਵਾਰ, ਲੇਖਾ ਲਿਖਤ ਵਿਚ ਨਾ ਆਈਆ । ਜਿਸ ਦੀ ਸਿਫ਼ਤ ਕਰਦੇ ਗਏ ਗੁਰ ਅਵਤਾਰ, ਕਲਮਾ ਨਬੀ ਅਲਾਈਆ । ਜਿਸ ਦਾ ਦਰ ਮੰਗਦੇ ਗਏ ਬਣ ਭਿਖਾਰ, ਖ਼ਾਲੀ ਝੋਲੀ ਆਪਣੀ ਡਾਹੀਆ । ਜਿਸ ਦੀ ਨਿਰਗੁਣ ਨਾਨਕ ਬਣਿਆ ਨਾਰ, ਸੋ ਕੰਤ ਹੁਕਮ ਮਨਾਈਆ । ਕਲਜੁਗ ਕੂੜੀ ਕਿਰਿਆ ਰਹਿ ਜਾਏ ਵਿਚ ਸੰਸਾਰ, ਸਤਿਜੁਗ ਸਾਚਾ ਮਾਰਗ ਲਾਈਆ । ਪਹਿਲੋਂ ਸਤਿਗੁਰ ਪੂਰਾ ਗੁਰਮੁਖਾਂ ਸੋਈ ਸੁਰਤੀ ਲਏ ਉਠਾਲ, ਜੁਗਤੀ ਆਪਣੀ ਦਏ ਜਣਾਈਆ । ਮੁਕਤੀ ਚਰਨਾਂ ਹੇਠਾਂ ਦਏ ਸੁਆਲ, ਉਤੇ ਹਰਿਜਨ ਭਾਰ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮਰਯਾਦਾ, ਪੁਰਖ ਅਬਿਨਾਸ਼ੀ ਸਭ ਦਾ ਦਾਦਾ, ਅਗਲਾ ਲੇਖਾ ਰਿਹਾ ਜਣਾਈਆ । ਸਚ ਮਰਯਾਦਾ ਚਲੇ ਮਾਤ, ਹਰਿ ਸਾਚਾ ਆਪ ਜਣਾਇੰਦਾ । ਗੁਰਮੁਖ ਗੁਰਸਿਖ ਦੇਵੇ ਸਾਥ, ਦੂਜਾ ਸੰਗ ਨਾ ਕੋਇ ਨਿਭਾਇੰਦਾ । ਏਕਾ ਪੱਤਣ ਏਕਾ ਘਾਟ, ਮਾਹੀ ਇਕੋ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਹਰਿਜਨ ਮੇਲ ਮਿਲਾਇੰਦਾ । ਹਰਿਜਨ ਪੁਰਖ ਹਰਿਜਨ ਨਾਰੀ, ਹਰਿ ਸਤਿਗੁਰ ਆਪ ਪਰਗਟਾਇੰਦਾ । ਲੇਖਾ ਜਾਣੇ ਵਾਰੋ ਵਾਰੀ, ਵੇਰਵਾ ਆਪਣੇ ਹੱਥ ਰਖਾਇੰਦਾ । ਕਿਆ ਕੋਈ ਜਾਣੇ ਜੀਵ ਗਵਾਰੀ, ਭਾਂਡਾ ਭਰਮ ਨਾ ਕੋਇ ਭੰਨਾਇੰਦਾ । ਪੁੱਤਰ ਧੀਆਂ ਕਰੇ ਪਿਆਰੀ, ਪ੍ਰੇਮ ਪਿਆਲਾ ਜਾਮ ਪਿਆਇੰਦਾ । ਜਗਤ ਜਗਿਆਸੂ ਜਗਤ ਵਿਹਾਰੀ, ਜਗ ਜੀਵਣ ਦਾਤਾ ਆਪ ਕਰਾਇੰਦਾ । ਗੁਰਸਿਖ ਗੁਰਸਿਖ ਗੁਰਮੁਖ ਗੁਰਮੁਖ ਆਤਮ ਆਤਮ ਕਰ ਪਿਆਰੀ, ਪਰਮਾਤਮ ਆਪਣਾ ਰੰਗ ਚੜ੍ਹਾਇੰਦਾ । ਸਤਿਜੁਗ ਤੇਰਾ ਸਚ ਵਿਹਾਰੀ, ਹਰਿ ਸਚ ਸਚ ਸਮਝਾਇੰਦਾ । ਪੱਲਾ ਫੜੇ ਸਾਚੀ ਨਾਰੀ, ਕੰਤ ਪੱਲੂ ਗੰਢ ਦਿਵਾਇੰਦਾ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੈ ਜੈ ਜੈਕਾਰੀ, ਅਨੰਦ ਕਾਰਜ ਪੂਰ ਕਰਾਇੰਦਾ ।

## ❇ ੪ ਮਾਘ ੨੦੧੯ ਬਿਕਰਮੀ ਜੇਠੂਵਾਲ ਹਰਿ ਭਗਤ ਦੁਆਰ ਵਿਚ ❇

ਸੋ ਪੁਰਖ ਸਮਰਥ, ਆਦਿ ਪੁਰਖ ਅਖਵਾਇੰਦਾ । ਹਰਿ ਪੁਰਖ ਨਿਰੰਜਣ ਮਹਿਮਾ ਅਕੱਥ, ਵੇਦ ਕਤੇਬ ਭੇਵ ਨਾ ਪਾਇੰਦਾ । ਏਕੰਕਾਰ ਚਲਾਏ ਰਥ, ਆਦਿ ਜੁਗਾਦਿ ਖੇਲ ਕਰਾਇੰਦਾ । ਆਦਿ ਨਿਰੰਜਣ ਹੋ ਪਰਗਟ, ਨਿਰਗੁਣ ਜੋਤੀ ਡਗਮਗਾਇੰਦਾ । ਸ੍ਰੀ ਭਗਵਾਨ ਵਸੇ ਸਚਖੰਡ, ਧਰਮ ਦੁਆਰ ਇਕ ਵਡਿਆਇੰਦਾ । ਅਬਿਨਾਸ਼ੀ ਕਰਤਾ ਵੰਡੇ ਵੰਡ, ਭੇਵ ਅਭੇਦ ਆਪ ਰਖਾਇੰਦਾ । ਪਾਰਬ੍ਰਹਮ ਪ੍ਰਭ ਇਕ ਅਨੰਦ, ਦੂਸਰ ਰੰਗ ਨਾ ਕੋਇ ਰੰਗਾਇੰਦਾ । ਕਰੇ ਖੇਲ ਸੂਰਾ ਸਰਬੰਗ, ਬਲ ਆਪਣਾ ਆਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਲ ਆਪ ਧਰਾਇੰਦਾ । ਆਪਣੀ ਕਲ ਆਪੇ ਧਰ, ਹਰਿ ਕਰਤਾ ਖੇਲ ਕਰਾਇੰਦਾ । ਸਚਖੰਡ ਦੁਆਰੇ ਸਾਚੇ ਵੜ, ਦਰ ਘਰ ਸਾਚੇ ਸੋਭਾ ਪਾਇੰਦਾ । ਆਪਣੀ ਕਰਨੀ ਆਪੇ ਕਰ, ਕਰਤਾ ਪੁਰਖ ਕਾਰ ਕਮਾਇੰਦਾ । ਨਿਰਗੁਣ ਜੋਤ ਨਿਰਗੁਣ ਵਰ, ਸਗਲਾ ਬੰਧਨ ਪਾਇੰਦਾ । ਆਪੇ ਪੁਰਖ ਆਪੇ ਨਰ, ਨਰ ਨਰਾਇਣ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਸਾਚਾ ਖੇਲ ਪੁਰਖ ਅਗੰਮ, ਅਲੱਖ ਅਗੋਚਰ ਆਪ ਕਰਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਨਿਰਗੁਣ ਜਾਣੇ ਸਾਚਾ ਕੰਮ, ਨਿਹਕਰਮੀ ਕਰਮ ਕਮਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਆਪਣਾ ਬੇੜਾ ਆਪੇ ਬੰਨ੍ਹ, ਬਣ ਖੇਵਟ ਖੇਟਾ ਆਪ ਚਲਾਈਆ । ਸਦਾ ਸੁਹੇਲਾ ਜਨਨੀ ਜਨ, ਪਿਤਾ ਪੂਤ ਭੇਵ ਖੁਲ੍ਹਾਈਆ । ਕਰੇ ਪਰਕਾਸ਼ ਬਿਨ ਸੂਰਜ ਚੰਨ, ਸਚਖੰਡ ਸੱਚੀ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹੱਲ ਅਟੱਲ ਇਕ ਵਡਿਆਈਆ । ਮਹੱਲ ਅਟੱਲ ਸਚ ਮੁਨਾਰਾ, ਹਰਿ ਸਾਚਾ ਆਪ ਉਪਾਇੰਦਾ । ਨਿਰਗੁਣ ਨੂਰ ਕਰ ਉਜਿਆਰਾ, ਜੋਤੀ ਜਾਤਾ ਡਗਮਗਾਇੰਦਾ । ਕਰੇ ਖੇਲ ਅਪਰ ਅਪਾਰਾ, ਅਪਰੰਪਰ ਆਪਣਾ ਰਾਹ ਚਲਾਇੰਦਾ । ਸਚਖੰਡ ਨਿਵਾਸੀ ਵਸੇ ਸਾਚੇ ਧਾਮ ਨਿਆਰਾ, ਤਖ਼ਤ ਨਿਵਾਸੀ ਸੋਭਾ ਪਾਇੰਦਾ । ਸ਼ਾਹੋ ਭੂਪ ਬਣ ਸਿਕਦਾਰਾ, ਸ਼ਹਿਨਸ਼ਾਹ ਆਪਣਾ ਨਾਉਂ ਧਰਾਇੰਦਾ । ਹੁਕਮੀ ਹੁਕਮ ਸਚ ਵਰਤਾਰਾ, ਸਤਿ ਸਤਿਵਾਦੀ ਆਪ ਸੁਣਾਇੰਦਾ । ਨਾ ਕੋਈ ਮੇਟੇ ਮੇਟਣਹਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਦੁਆਰ ਏਕੰਕਾਰ ਨੂਰ ਜ਼ਹੂਰ ਆਪ ਪਰਗਟਾਇੰਦਾ । ਨੂਰ ਜ਼ਹੂਰ ਪਰਗਟਾਏ ਏਕ, ਏਕੰਕਾਰ ਆਪ ਪਰਗਟਾਈਆ । ਆਦਿ ਜੁਗਾਦਿ ਜੁਗ ਚੌਕੜੀ ਦੇਵੇ ਟੇਕ, ਸਗਲਾ ਸੰਗ ਨਾ ਕੋਇ ਰਖਾਈਆ । ਜੁਗ ਚੌਕੜੀ ਲਿਖਣਹਾਰਾ ਲੇਖ, ਲੇਖਾ ਆਪਣੇ ਹੱਥ ਵਖਾਈਆ । ਵਸਣਹਾਰਾ ਸਾਚੇ ਦੇਸ, ਦਰਗਾਹ ਸਾਚੀ ਸੋਭਾ ਪਾਈਆ । ਸੇਵਾ ਲਾਏ ਕੋਟਨ ਕੋਟ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼, ਸ਼ੰਕਰ ਆਪਣਾ ਹੁਕਮ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰ ਇਕ ਵਡਿਆਈਆ । ਸਚਖੰਡ ਦੁਆਰਾ ਸੋਭਾਵੰਤ, ਸੋ ਪੁਰਖ ਨਿਰੰਜਣ ਆਪ ਵਡਿਆਇੰਦਾ । ਹਰਿ ਪੁਰਖ ਨਿਰੰਜਣ ਆਪ ਬਣਾਏ ਬਣਤ, ਮਾਤ ਪਿਤ ਨਾ ਕੋਇ ਬਣਾਇੰਦਾ । ਏਕੰਕਾਰਾ ਆਪੇ ਮਣੀਆਂ ਆਪੇ ਮੰਤ, ਮੰਤਰ ਆਪਣਾ ਨਾਮ ਦ੍ਰਿੜਾਇੰਦਾ । ਆਦਿ ਨਿਰੰਜਣ ਨਿਰਗੁਣ ਜੋਤ ਨੂਰ ਜ਼ਹੂਰ ਲਹਿਣਾ ਜਾਣੇ ਨਾਰ ਕੰਤ, ਸੇਜ ਸੁਹਜਣੀ ਆਪ ਹੰਢਾਇੰਦਾ । ਸ੍ਰੀ ਭਗਵਾਨ ਜੁਗ ਚੌਕੜੀ ਮੇਲ ਮਿਲਾਵਾ ਸਾਚੇ ਸੰਤ, ਸੰਤ ਸਤਿਗੁਰ ਆਪਣੇ ਰੰਗ ਰੰਗਾਇੰਦਾ । ਅਬਿਨਾਸ਼ੀ ਕਰਤਾ ਲੱਖ ਚੁਰਾਸੀ ਵੇਖੇ ਜੀਵ ਜੰਤ, ਘਟ ਘਟ ਅੰਤਰ ਡੇਰਾ ਲਾਇੰਦਾ । ਪਾਰਬ੍ਰਹਮ ਸ੍ਰੀ ਭਗਵੰਤ, ਭਗਤ ਭਗਵਾਨ

ਏਕਾ ਘਰ ਵਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਸਚਖੰਡ ਦੁਆਰ ਸਚ ਮਹੱਲਾ ਆਪ ਸੁਹਾਇੰਦਾ । ਸਚ ਮਹੱਲਾ ਸ੍ਰੀ ਭਗਵਾਨ, ਏਕਾ ਏਕ ਸੁਹਾਈਆ । ਆਪ ਝੁਲਾਏ ਸਚ ਨਿਸ਼ਾਨ, ਸਤਿ ਪੁਰਖ ਨਿਰੰਜਣ ਹੱਥ ਉਠਾਈਆ । ਵੇਖਣਹਾਰਾ ਦੋ ਜਹਾਨ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਖੋਜ ਖੁਜਾਈਆ । ਜੋਤੀ ਕਿਰਨ ਚੰਦ ਸੂਰਜ ਰਵ ਸਸ ਭਾਨ, ਕੋਟਨ ਕੋਟ ਮੰਡਲ ਮੰਡਪ ਵੇਖ ਵਖਾਈਆ । ਧਰਨੀ ਧਰਤ ਧਵਲ ਜ਼ਿਮੀ ਅਸਮਾਨ ਚੌਦਾਂ ਤਬਕ ਖੇਲ ਮਹਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਦੁਆਰੇ ਆਸਣ ਲਾਈਆ । ਸਚਖੰਡ ਦੁਆਰੇ ਸਾਚਾ ਆਸਣ, ਨਿਰਗੁਣ ਨਿਰਗੁਣ ਆਪ ਲਗਾਇੰਦਾ । ਖੇਲੇ ਖੇਲ ਪੁਰਖ ਅਬਿਨਾਸ਼ਨ, ਅਬਿਨਾਸ਼ੀ ਕਰਤਾ ਨਜ਼ਰ ਕਿਸੇ ਨਾ ਆਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰੇ ਦਾਸੀ ਦਾਸਣ, ਸਿਰ ਸਿਰ ਹੁਕਮ ਮਨਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਲੇਖਾ ਜਾਣੇ ਪਵਣ ਸਵਾਸਣ, ਆਤਮ ਪਰਮਾਤਮ ਆਪਣਾ ਬੰਧਨ ਪਾਇੰਦਾ । ਖੇਲੇ ਖੇਲ ਪ੍ਰਿਥਮੀ ਆਕਾਸ਼ਣ, ਗਗਨ ਗਗਨੰਤਰ ਆਪਣਾ ਨੂਰ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰ ਸੋਭਾਵੰਤ, ਆਪ ਬਣਾਏ ਸ੍ਰੀ ਭਗਵੰਤ, ਜਿਸ ਗ੍ਰਿਹ ਮੰਦਰ ਅੰਦਰ ਆਪਣਾ ਡੇਰਾ ਲਾਇੰਦਾ । ਸਾਚਾ ਮੰਦਰ ਸਚਖੰਡ, ਦਰ ਘਰ ਸਾਚੇ ਵੱਜੇ ਵਧਾਈਆ । ਪਾਰਬ੍ਰਹਮ ਪ੍ਰਭ ਪਾਈ ਵੰਡ, ਆਪਣਾ ਹਿੱਸਾ ਆਪ ਕਢਾਈਆ । ਨਾ ਕੋਈ ਸੂਰਜ ਨਾ ਕੋਈ ਚੰਦ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਨਾ ਕੋਈ ਢੋਲਾ ਨਾ ਕੋਈ ਛੰਦ, ਅੱਖਰ ਵੱਖਰ ਨਾ ਕੋਇ ਪੜ੍ਹਾਈਆ । ਨਾ ਕੋਈ ਚਿਲਾ ਤੀਰ ਕਮੰਦ, ਸ਼ਸਤਰ ਹੱਥ ਨਾ ਕੋਇ ਉਠਾਈਆ । ਇਕ ਇਕੱਲਾ ਸੂਰਾ ਸਰਬੰਗ, ਸ਼ਹਿਨਸ਼ਾਹ ਬੈਠਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਸਾਚੀ ਧਾਰ, ਆਦਿ ਪੁਰਖ ਆਪ ਪਰਗਟਾਈਆ । ਸਾਚੀ ਧਾਰ ਸੋ ਪੁਰਖ ਨਿਰੰਜਣ, ਇਕੋ ਇਕ ਜਣਾਇੰਦਾ । ਕਰੇ ਖੇਲ ਦਰਦ ਦੁੱਖ ਭੈ ਭੰਜਨ, ਭੇਵ ਕੋਇ ਨਾ ਪਾਇੰਦਾ । ਜੁਗਾ ਜੁਗੰਤਰ ਏਕਾ ਨਾਮ ਦੇਵੇ ਅੰਜਨ, ਨੇਤਰ ਗਿਆਨ ਇਕ ਵਖਾਇੰਦਾ । ਕਾਇਆ ਮਾਟੀ ਪੰਜ ਤੱਤ ਰੂਪ ਵਟਾਏ ਕੰਚਨ, ਪਾਰਸ ਇਕੋ ਰੰਗ ਚੜ੍ਹਾਇੰਦਾ । ਸਰ ਸਰੋਵਰ ਸਾਚੀ ਧੂੜ ਕਰਾਏ ਮਜਨ, ਦੁਰਮਤ ਮੈਲ ਨਾ ਕੋਇ ਰਖਾਇੰਦਾ । ਸਦਾ ਸੁਹੇਲਾ ਪਰਦੇ ਕੱਜਣ, ਸਮਰਥ ਸਿਰ ਆਪਣਾ ਹੱਥ ਟਿਕਾਇੰਦਾ । ਸ਼ਬਦ ਨਗਾਰੇ ਦੋ ਜਹਾਨ ਵੱਜਣ, ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਏਕਾ ਰਾਗ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ, ਜੁਗਾ ਜੁਗੰਤਰ ਮੰਡਲ ਰਾਸੀ, ਗੋਪੀ ਕਾਹਨ ਆਪ ਨਚਾਇੰਦਾ । ਗੋਪੀ ਕਾਹਨ ਵੇਖੇ ਸਾਂਗ, ਪੁਰਖ ਅਬਿਨਾਸ਼ੀ ਆਪਣਾ ਰਾਹ ਜਣਾਈਆ । ਲੱਖ ਚੁਰਾਸੀ ਚੜ੍ਹੇ ਕਾਂਗ, ਉਤਰ ਪੂਰਬ ਪੱਛਮ ਦੱਖਣ ਚਾਰ ਕੁੰਟਾਂ ਲੇਖਾ ਜਾਣੇ ਥਾਉਂ ਥਾਈਂਆ । ਆਤਮ ਪਰਮਾਤਮ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਸ੍ਰੀ ਭਗਵਾਨ ਆਪਣੇ ਹੱਥ ਪਕੜੇ ਵਾਗ, ਡੋਰੀ ਨਜ਼ਰ ਕਿਸੇ ਨਾ ਆਈਆ । ਨਿਰਮਲ ਜੋਤੀ ਕਰ ਪਰਕਾਸ਼, ਮੇਟ ਮਿਟਾਏ ਅੰਧ ਅੰਧੇਰ ਸੰਞ ਸਵੇਰ ਇਕੋ ਇਕ ਜਣਾਈਆ । ਲੇਖਾ ਜਾਣੇ ਪਵਣ ਸਵਾਸ, ਨਿਰਗੁਣ ਸਰਗੁਣ ਵਸੇ ਸਾਥ, ਬ੍ਰਹਮ ਪਾਰਬ੍ਰਹਮ ਏਕਾ ਘਰ ਵਖਾਈਆ । ਆਤਮ ਢੋਲਾ ਸ਼ਬਦ ਵਿਚੋਲਾ ਅਗੰਮੀ ਗਾਏ ਗਾਥ, ਲਿਖਣ ਪੜ੍ਹਨ ਵਿਚ ਨਾ ਆਈਆ । ਸਚਖੰਡ ਦੁਆਰੇ ਕੋਟਨ ਕੋਟ ਖੜੇ ਤ੍ਰਲੋਕੀ ਨਾਥ, ਪ੍ਰਭ ਚਰਨਾਂ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਸੋਭਾ ਪਾਈਆ । ਸਚਖੰਡ

ਦੁਆਰ ਖੇਲ ਅਪਾਰਾ, ਨਿਰਗੁਣ ਨਿਰਗੁਣ ਆਪ ਕਰਾਇੰਦਾ । ਨਾ ਕੋਈ ਦੂਸਰ ਮੀਤ ਮੁਰਾਰਾ, ਪਰਵਰਦਿਗਾਰਾ ਆਪਣਾ ਰੂਪ ਧਰਾਇੰਦਾ । ਮੁਕਾਮੇ ਹੱਕ ਹੋ ਉਜਿਆਰਾ, ਜਲਵਾ ਹੱਕ ਹੱਕ ਦ੍ਰਿੜਾਇੰਦਾ । ਬੇਐਬ ਖ਼ੁਦਾਈ ਸਾਂਝਾ ਯਾਰਾ, ਸਾਚੀ ਕਰਨੀ ਆਪ ਕਰਾਇੰਦਾ । ਲੇਖਾ ਜਾਣੇ ਧੁਰ ਦਰਬਾਰਾ, ਧੁਰ ਦਾ ਪਰਦਾ ਆਪ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਸਾਚੇ ਮੰਦਰ ਸੋਭਾ ਪਾਇੰਦਾ । ਸਾਚਾ ਮੰਦਰ ਹਰਿ ਕਾ ਰੰਗ, ਹਰਿ ਹਰਿ ਆਪ ਜਣਾਈਆ । ਸਚਖੰਡ ਦੁਆਰੇ ਸਚ ਪਲੰਘ, ਪਾਵਾ ਚੂਲ ਨਾ ਕੋਇ ਰਖਾਈਆ । ਉਪਰ ਬੈਠ ਸ਼ਹਿਨਸ਼ਾਹ ਸ਼ਾਹ ਵਜਾਏ ਮਰਦੰਗ, ਤਾਲ ਤਲਵਾੜਾ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਦੁਆਰਾ ਖੇਲ ਅਪਾਰਾ, ਨਿਰਗੁਣ ਧਾਰਾ ਜੋਤ ਉਜਿਆਰਾ ਦਏ ਸਹਾਰਾ, ਥਿਰ ਘਰ ਸਾਚਾ ਖੋਲ੍ਹ ਕਿਵਾੜਾ, ਸ਼ਬਦੀ ਸੁਤ ਦਏ ਵਡਿਆਈਆ । ਸਚਖੰਡ ਅੰਦਰ ਥਿਰ ਘਰ ਖੋਲ੍ਹ, ਆਪਣੀ ਦਇਆ ਕਮਾਇੰਦਾ । ਨਿਰਗੁਣ ਤੋਲੇ ਸਾਚਾ ਤੋਲ, ਤੋਲਾ ਇਕੋ ਇਕ ਅਖਵਾਇੰਦਾ । ਨਾਮ ਨਿਧਾਨਾ ਸ਼ਬਦ ਅਗੰਮ ਆਪੇ ਬੋਲ, ਨਾਉਂ ਨਿਰੰਕਾਰਾ, ਆਪ ਪਰਗਟਾਇੰਦਾ । ਨਿਰਗੁਣ ਵਸੇ ਨਿਰਗੁਣ ਕੋਲ, ਕੀਤਾ ਕੌਲ ਭੁੱਲ ਨਾ ਜਾਇੰਦਾ । ਜੋਤੀ ਜਾਤਾ ਪੁਰਖ ਬਿਧਾਤਾ ਜਾਏ ਮੌਲ, ਮੌਲਾ ਆਪਣਾ ਨਾਉਂ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਅੰਦਰ ਸਾਚੇ ਵੜ, ਥਿਰ ਘਰ ਆਪਣਾ ਪਰਦਾ ਲਾਹਿੰਦਾ । ਥਿਰ ਘਰ ਪਰਦਾ ਦੇਵੇ ਲਾਹ, ਆਪਣੀ ਦਇਆ ਕਮਾਈਆ । ਸੁਤ ਦੁਲਾਰਾ ਏਕਾ ਜਾ, ਸ਼ਬਦੀ ਨਾਉਂ ਰਖਾਈਆ । ਥਿਰ ਘਰ ਸਾਚੇ ਦਏ ਬਹਾ, ਆਪਣਾ ਹੁਕਮ ਮਨਾਈਆ । ਗੁਰ ਅਵਤਾਰ ਤੇਰਾ ਨਾਉਂ ਧਰਾ, ਪੀਰ ਪੈਗ਼ੰਬਰ ਸਿਫ਼ਤ ਸਾਲਾਹੀਆ । ਵੇਦ ਸ਼ਾਸਤਰ ਸਿਮਰਤ ਪੁਰਾਨ ਦਏ ਜਣਾ, ਅੱਖਰ ਅੱਖਰ ਜੋੜ ਜੁੜਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਤੇਰੀ ਰਚਨ ਰਚਾ, ਰਵ ਸਸ ਕਰੇ ਰੁਸ਼ਨਾਈਆ । ਲੱਖ ਚੁਰਾਸੀ ਨਿਰਗੁਣ ਸਰਗੁਣ ਘਾੜਤ ਲਏ ਘੜਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਰਜੋ ਤਮੋ ਸਤੋ ਏਕਾ ਘਰ ਵਸਾਈਆ । ਨੌਂ ਦੁਆਰੇ ਦਏ ਖੁਲ੍ਹਾ, ਮਨ ਮਤ ਬੁੱਧ ਡੇਰਾ ਦੇਵੇ ਲਾ, ਨਿਰਗੁਣ ਆਪਣੀ ਵੰਡ ਵੰਡਾਈਆ । ਆਤਮ ਪਰਮਾਤਮ ਸਾਚਾ ਹਿੱਸਾ ਦੇਵੇ ਪਾ, ਪਾਰਬ੍ਰਹਮ ਬ੍ਰਹਮ ਆਪਣੀ ਵੰਡ ਵੰਡਾਈਆ । ਸ਼ਬਦ ਅਨਾਦੀ ਅਨਹਦ ਰਾਗ ਦਏ ਸੁਣਾ, ਰਾਗ ਰਾਗਣੀ ਮੁਖ ਸ਼ਰਮਾਈਆ । ਅੰਮ੍ਰਿਤ ਆਤਮ ਸਾਚਾ ਜਾਮ ਦਏ ਪਿਆ, ਨਿਝਰ ਝਿਰਨਾ ਇਕ ਝਿਰਾਈਆ । ਜੋਤ ਨਿਰੰਜਣ ਕਰ ਰੁਸ਼ਨਾ, ਨੂਰੋ ਨੂਰ ਨੂਰ ਰੁਸ਼ਨਾਈਆ । ਆਤਮ ਸੇਜਾ ਸੋਭਾ ਪਾ, ਘਰ ਸਾਚੇ ਖ਼ੁਸ਼ੀ ਮਨਾਈਆ । ਦੀਪਕ ਦੀਆ ਇਕ ਜਗਾ, ਅੰਧ ਅੰਧੇਰ ਗਵਾਈਆ । ਸਾਚਾ ਸੱਯਾ ਫੇਰਾ ਪਾ, ਸੱਯਾ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸੁਤ ਦੇਵੇ ਵਰ, ਦਰ ਦਰਵਾਜਾ ਇਕ ਖੁਲ੍ਹਾਈਆ । ਦਰ ਦਰਵਾਜਾ ਆਤਮ ਤਾਕ, ਬਿਨ ਤਾਕੀ ਆਪ ਖੁਲ੍ਹਾਇੰਦਾ । ਆਤਮ ਪਰਮਾਤਮ ਸੱਚਾ ਸਾਕ, ਸਗਲਾ ਸੰਗ ਨਿਭਾਇੰਦਾ । ਏਕਾ ਪੱਤਣ ਏਕਾ ਘਾਟ, ਏਕਾ ਸੋਭਾ ਪਾਇੰਦਾ । ਏਕਾ ਡੇਰਾ ਏਕਾ ਵਾਟ, ਏਕਾ ਵਾਰ ਪੰਧ ਮੁਕਾਇੰਦਾ । ਏਕਾ ਰਸ ਏਕਾ ਅੰਮ੍ਰਿਤ ਲੈਣਾ ਚਾਟ, ਤ੍ਰਿਸਨਾ ਤ੍ਰਿਖਾ ਭੁੱਖ ਗਵਾਇੰਦਾ । ਪੁਰਖ ਅਕਾਲ ਦਾ ਸੱਚਾ ਹਾਟ, ਦੋ ਜਹਾਨਾਂ ਵਣਜ ਕਰਾਇੰਦਾ । ਸਚਖੰਡ ਨਿਵਾਸੀ ਖੇਲ ਤਮਾਸ਼, ਜੁਗ ਚੌਕੜੀ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਕਰਾਇੰਦਾ । ਜਨ ਭਗਤਾਂ ਕਰੇ ਪੂਰੀ ਆਸ, ਜੁਗ ਜਨਮ ਦੇ ਵਿਛੜੇ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਚਖੰਡ ਦੁਆਰਾ ਖੇਲ ਅਪਾਰਾ, ਨਿਰਗੁਣ ਜੋਤੀ ਨੂਰ ਉਜਿਆਰਾ, ਸ਼ਬਦ ਅਗੰਮੀ ਇਕ ਜੈਕਾਰਾ, ਰਸਨਾ ਜਿਹਵਾ ਨਾ ਕੋਇ ਹਿਲਾਇੰਦਾ । ਬਾਹਰੋਂ ਦਰਸ ਪੰਜ ਤੱਤ, ਤੱਤਵ ਤੱਤ ਜਣਾਇੰਦਾ । ਅੰਤਰ ਦਰਸ ਨਾਮ ਸਤਿ, ਸਤਿ ਸਤਿ ਸਮਝਾਇੰਦਾ । ਬਣ ਵਿਚੋਲਾ ਪੁਰਖ ਸਮਰਥ, ਸਰਗੁਣ ਨਿਰਗੁਣ ਮੇਲ ਮਿਲਾਇੰਦਾ । ਸ਼ਬਦ ਅਗੰਮੀ ਦੇਵੇ ਵੱਥ, ਵਸਤ ਅਮੋਲਕ ਇਕ ਵਰਤਾਇੰਦਾ । ਵਸਣਹਾਰਾ ਘਟ ਘਟ, ਘਟ ਭੀਤਰ ਡੇਰਾ ਲਾਇੰਦਾ । ਮਣਕਾ ਮਣਕਾ ਜੋ ਨਾਮ ਰਹੇ ਰਟ, ਮਨ ਕਾ ਮਣਕਾ ਆਪ ਭੁਆਇੰਦਾ । ਜਨ ਭਗਤ ਵਖਾਏ ਇਕੋ ਹੱਟ, ਸ੍ਰੀ ਭਗਵਾਨ ਆਪ ਖੁਲ੍ਹਾਇੰਦਾ । ਸਤਿ ਸਤਿਵਾਦੀ ਮਾਰਗ ਦੇਵੇ ਦੱਸ, ਦਹਿ ਦਿਸ਼ਾ ਖੋਜ ਖਜਾਇੰਦਾ । ਜਿਸ ਸਤਿਗੁਰ ਦਰਸ਼ਨ ਕੀਤਾ ਹੱਸ ਹੱਸ, ਸੋ ਗੁਰਮੁਖ ਸੋਭਾ ਪਾਇੰਦਾ । ਗੁਰ ਗੋਬਿੰਦ ਅੰਮ੍ਰਿਤ ਦੇਵੇ ਰਸ, ਘਰ ਝਿਰਨਾ ਇਕ ਝਿਰਾਇੰਦਾ । ਮੇਲ ਮਿਲਾਏ ਨੱਠ ਨੱਠ, ਦੋ ਜਹਾਨਾਂ ਪੰਧ ਮੁਕਾਇੰਦਾ । ਜਨਮ ਜਨਮ ਦੀ ਦੁਰਮਤ ਮੈਲ ਕੱਟ, ਉਜਲ ਮੁਖ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਸੱਚਾ ਦਰਸ ਕਰਾਇੰਦਾ । ਸਾਚਾ ਦਰਸ ਪੁਰਖ ਅਕਾਲ, ਅਕਲ ਕਲਾ ਵਡਿਆਈਆ । ਸਤਿਗੁਰ ਸਾਹਿਬ ਦੀਨ ਦਿਆਲ, ਦੀਨਨ ਹੋਏ ਸਹਾਈਆ । ਹਰਿਜਨ ਵੇਖੇ ਸਾਚੇ ਲਾਲ, ਬਾਲ ਅੰਞਾਣੇ ਗੋਦ ਉਠਾਈਆ । ਅੰਦਰ ਬਾਹਰ ਚਲੇ ਨਾਲ ਨਾਲ, ਦਿਵਸ ਰੈਣ ਸੇਵ ਕਮਾਈਆ । ਆਪੇ ਸੁਣੇ ਮੁਰੀਦਾਂ ਹਾਲ, ਮੁਰਸ਼ਦ ਆਪਣਾ ਫੇਰਾ ਪਾਈਆ । ਆਪੇ ਘਾਲੇ ਆਪਣੀ ਘਾਲ, ਗੁਰਮੁਖ ਸੱਜਣ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਦਰਸੀ ਦਰਸ ਦਿਖਾਈਆ । ਆਤਮ ਦਰਸ ਸੀਤਲ ਸੀਤ, ਸਾਂਤਕ ਸਤਿ ਕਰਾਇੰਦਾ । ਬਿਨ ਰਸਨਾ ਜਿਹਵਾ ਗੁਰਮੁਖ ਗਾਏ ਗੀਤ, ਅਜਪਾ ਜਾਪ ਜਪਾਇੰਦਾ । ਲੇਖਾ ਜਾਣੇ ਪਾਪੀ ਕਰੇ ਪਤਤ ਪੁਨੀਤ, ਪਤਤ ਪਾਵਣ ਸਿਰ ਆਪਣਾ ਹੱਥ ਰਖਾਇੰਦਾ । ਏਕਾ ਰੰਗ ਰੰਗਾਏ ਹਸਤ ਕੀਟ, ਊਚ ਨੀਚ ਨਾ ਕੋਇ ਜਣਾਇੰਦਾ । ਜਿਸ ਨੂੰ ਲੱਭਦੇ ਮੰਦਰ ਮਸੀਤ, ਸੋ ਕਾਇਆ ਮੰਦਰ ਅੰਦਰ ਸੋਭਾ ਪਾਇੰਦਾ । ਗੁਰਮੁਖ ਤੇਰੇ ਮਿਲਣ ਦੀ ਰੱਖੇ ਸਦਾ ਉਡੀਕ, ਨਿਤ ਨਿਤ ਨੈਣ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਰਸ ਇਕ ਵਖਾਇੰਦਾ । ਸਾਚਾ ਦਰਸ ਨਿਜ ਨੇਤਰ ਅੱਖ, ਆਖ਼ਰ ਆਪ ਜਣਾਈਆ । ਸਤਿਗੁਰ ਸਾਹਿਬ ਹੋ ਪਰਤੱਖ, ਆਪਣਾ ਰੂਪ ਵਟਾਈਆ । ਕਖੋਂ ਕਰਨਹਾਰਾ ਲੱਖ, ਲਖੋਂ ਕੱਖ ਦਏ ਬਣਾਈਆ । ਜਨ ਭਗਤਾਂ ਰੱਖੇ ਜੁਗ ਜੁਗ ਪਤ, ਪਤ ਪਤਵੰਤਾ ਸੱਚਾ ਮਾਹੀਆ । ਬਹੱਤਰ ਨਾੜ ਨਾ ਉਬਲੇ ਰੱਤ, ਰੱਤੀ ਰੱਤ ਦਏ ਸੁਕਾਈਆ । ਜਿਸ ਜਨ ਦੇਵੇ ਸੱਚੀ ਗੁਰਮਤ, ਗੁਰਮੁਖ ਰੂਪ ਵਖਾਈਆ । ਗੁਰ ਦਰਸ਼ਨ ਦੇਵੇ ਨੱਠ ਨੱਠ, ਰਾਤੀਂ ਸੁਤਿਆਂ ਲਏ ਜਗਾਈਆ । ਵੇਖਣਹਾਰਾ ਧੀਰਜ ਜਤ, ਸਤਿ ਸੰਤੋਖ ਫੋਲ ਫੁਲਾਈਆ । ਜੋ ਤੇਰਾ ਨਾਮ ਰਹੇ ਰਟ, ਤਿਨ੍ਹਾਂ ਲੱਖ ਚੁਰਾਸੀ ਰੱਟਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਸ਼ਨ ਦੇਵੇ ਨੇਤਨ ਨੇਤ, ਗੁਰਮੁਖਾਂ ਕਰੇ ਹਰਿ ਜੂ ਹੇਤ, ਹਿਤਕਾਰੀ ਫੇਰਾ ਪਾਈਆ । ਦਰਸ ਕਰਨ ਦਾ ਜਿਸ ਜਨ ਚਾਉ, ਸਤਿਗੁਰ ਆਪਣਾ ਮੇਲ ਮਿਲਾਇੰਦਾ । ਸਦਾ ਸੁਹੇਲਾ ਪਕੜੇ ਬਾਹੋਂ, ਫੜ ਬਾਹੋਂ ਗਲੇ ਲਗਾਇੰਦਾ । ਲੇਖਾ ਜਾਣੇ ਜਿਉਂ ਪੁੱਤਰਾਂ ਮਾਉਂ, ਪਿਤਾ ਪੂਤ ਗੋਦ ਸੁਹਾਇੰਦਾ । ਫੜ ਫੜ ਹੰਸ ਬਣਾਏ ਕਾਉਂ, ਕਾਗ ਹੰਸ ਰੂਪ ਵਟਾਇੰਦਾ । ਇਕ ਜਪਾਏ ਸਾਚਾ ਨਾਉਂ, ਆਤਮ ਪਰਮਾਤਮ ਜੋੜ ਜੁੜਾਇੰਦਾ । ਏਥੇ ਓਥੇ ਦੋ ਜਹਾਨਾਂ ਕਰੇ ਸਚ ਨਿਆਉਂ, ਆਦਲ ਅਦਾਲਤ ਇਕ ਲਗਾਇੰਦਾ ।



੪੬੨
੧੩

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਰਸ ਆਪ ਕਰਾਇੰਦਾ । ਸਾਚਾ ਦਰਸ ਨਿਜ ਘਰ ਪੇਖ, ਪੇਖ ਖ਼ੁਸ਼ੀ ਮਨਾਈਆ । ਜਨਮ ਕਰਮ ਦਾ ਜਾਣੇ ਲੇਖ, ਲੇਖਾ ਆਪਣੇ ਹੱਥ ਜਣਾਈਆ । ਜੁਗ ਚੌਕੜੀ ਧਾਰੇ ਭੇਖ, ਅਵੱਲੜਾ ਵੇਸ ਵਟਾਈਆ । ਨਿਰਗੁਣ ਸਰਗੁਣ ਖੇਲੇ ਖੇਡ, ਜੋਤੀ ਜਾਤਾ ਬੇਪਰਵਾਹੀਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗੁਰ ਅਵਤਾਰ ਪੀਰ ਪੈਗ਼ੰਬਰ ਭੇਜ, ਨਾਮ ਸੰਦੇਸਾ ਇਕ ਸੁਣਾਈਆ । ਘਟ ਘਟ ਅੰਦਰ ਸਭ ਦੀ ਮਾਣੇ ਸੇਜ, ਕੰਤ ਕੰਤੂਹਲ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਸ ਇਕੋ ਘਰ ਵਖਾਈਆ । ਸਾਚਾ ਦਰਸ ਆਤਮ ਘਰ, ਘਰ ਮੰਦਰ ਆਪ ਵਖਾਇੰਦਾ । ਨਿਰਭੌ ਚੁਕਾਏ ਭੈ ਡਰ, ਭਿਆਨਕ ਰੂਪ ਨਾ ਕੋਇ ਵਟਾਇੰਦਾ । ਇਕ ਨੁਹਾਏ ਸਾਚੇ ਸਰ, ਸਰੋਵਰ ਇਕੋ ਇਕ ਉਪਾਇੰਦਾ । ਲੇਖਾ ਜਾਣੇ ਨਾਰੀ ਨਰ, ਲੱਖ ਚੁਰਾਸੀ ਖੋਜ ਖੁਜਾਇੰਦਾ । ਗੁਰਮੁਖ ਗੁਰ ਗੁਰ ਆਪੇ ਫੜ, ਆਪਣੀ ਗੰਢ ਪਵਾਇੰਦਾ । ਲੇਖਾ ਜਾਣੇ ਸੀਸ ਧੜ, ਜਗਦੀਸ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਸ਼ਨ ਮੀਤਾ ਠਾਂਡਾ ਸੀਤਾ, ਸੀਤਲ ਧਾਰ ਇਕ ਵਹਾਇੰਦਾ । ਸੀਤਲ ਧਾਰ ਠੰਡੀ ਪਵਣ, ਹਰਿ ਸਤਿਗੁਰ ਆਪ ਵਹਾਈਆ । ਲੇਖਾ ਜਾਣੇ ਅਵਣ ਗਵਣ, ਤ੍ਰੈਭਵਣ ਖੋਜ ਖੁਜਾਈਆ । ਜਨ ਭਗਤਾਂ ਦਿਵਸ ਰੈਣ ਨਾ ਦੇਵੇ ਸਵਣ, ਸਾਲਸ ਬਣ ਬਣ ਲਏ ਉਠਾਈਆ । ਲੇਖਾ ਚੁਕਾਏ ਦੀਪ ਘਿਰਤ ਹਵਣ, ਅਗਨੀ ਰੂਪ ਨਾ ਕੋਇ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਪਣਾ ਦਰਸ ਦਿਖਾਈਆ । ਦੇਵੇ ਦਰਸ ਖੋਲ੍ਹੇ ਤਾਕੀ, ਬੰਦ ਕਿਵਾੜੀ ਆਪ ਖੁਲ੍ਹਾਇੰਦਾ । ਜਨਮ ਜਨਮ ਦੀ ਦੇਵੇ ਬਾਕੀ, ਲਹਿਣਾ ਝੋਲੀ ਪਾਇੰਦਾ । ਸਤਿਗੁਰ ਸਾਹਿਬ ਸੱਚਾ ਸਾਕੀ, ਨਾਮ ਪਿਆਲਾ ਜਾਮ ਪਿਆਇੰਦਾ । ਪੰਜ ਤੱਤ ਰਹਿਣ ਨਾ ਦੇਵੇ ਆਕੀ, ਕਾਮ ਕਰੋਧ ਲੋਭ ਮੋਹ ਹੰਕਾਰ ਮੂੰਹ ਦੇ ਭਾਰ ਸੁਟਾਇੰਦਾ । ਆਸਾ ਤ੍ਰਿਸਨਾ ਮੇਟੇ ਵਾਟੀ, ਹਉਮੇ ਹੰਗਤਾ ਗੜ੍ਹ ਤੁੜਾਇੰਦਾ । ਫੜ ਚੜ੍ਹਾਏ ਅਗੰਮੀ ਘਾਟੀ, ਜਿਸ ਦਾ ਕੰਢਾ ਨਜ਼ਰ ਨਾ ਆਇੰਦਾ । ਅੱਗੇ ਰੱਖੇ ਨੇੜੇ ਵਾਟੀ, ਪਿਛਲਾ ਪੰਧ ਮੁਕਾਇੰਦਾ । ਸਾਹਿਬ ਸਤਿਗੁਰ ਦੇਵੇ ਦਾਤੀ, ਦਾਤਾ ਦਾਨੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਲ ਮਿਲਾਏ ਕਮਲਾਪਾਤੀ, ਜਿਸ ਜਨ ਆਪਣਾ ਦਰਸ ਕਰਾਇੰਦਾ । ਦਰਸ ਕਰਾਏ ਸੱਚਾ ਠਾਕਰ, ਆਪਣਾ ਭੇਵ ਚੁਕਾਈਆ । ਦੇਵੇ ਨਾਮ ਰਤੀ ਰਤਨਾਗਰ, ਰਤਨ ਅਮੋਲਕ ਝੋਲੀ ਪਾਈਆ । ਲੇਖਾ ਜਾਣੇ ਕਾਇਆ ਗਾਗਰ, ਕਾਚੀ ਮਾਟੀ ਫੋਲ ਫੁਲਾਈਆ । ਵਣਜ ਵਣਜਾਰਾ ਬਣ ਸੌਦਾਗਰ, ਇਕੋ ਹੱਟ ਖੁਲ੍ਹਾਈਆ । ਜਨ ਭਗਤਾਂ ਦੇਵੇ ਸੱਚਾ ਆਦਰ, ਆਪਣਾ ਆਦਰਸ ਇਕ ਵਖਾਈਆ । ਹੋਏ ਸਹਾਈ ਕਰੀਮ ਕਰਤਾ ਕਾਦਰ, ਕਲਮਾ ਨਬੀ ਇਕ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਰਸ ਇਕ ਜਣਾਈਆ । ਸਾਚਾ ਦਰਸ ਬਿਨ ਨੇਤਰ ਨੈਣ, ਲੋਚਣ ਨਜ਼ਰ ਕੋਇ ਨਾ ਆਇੰਦਾ । ਸ੍ਰੀ ਭਗਵਾਨ ਮਿਲੇ ਸੱਚਾ ਸਾਕ ਸੱਜਣ ਸੈਣ, ਰੂਪ ਰੰਗ ਨਾ ਕੋਇ ਰਖਾਇੰਦਾ । ਜਿਸ ਦਾ ਢੋਲਾ ਸਾਰੇ ਕਹਿਣ, ਕਹਿ ਕਹਿ ਸ਼ੁਕਰ ਮਨਾਇੰਦਾ । ਸੋ ਕਲਜੁਗ ਅੰਤਮ ਜਨ ਭਗਤਾਂ ਦੇਵੇ ਪਿਛਲਾ ਦੇਣ, ਪੂਰਬ ਲੇਖਾ ਝੋਲੀ ਪਾਇੰਦਾ । ਭਗਤ ਭਗਵੰਤ ਇਕੋ ਧਾਮ ਇਕੱਠੇ ਬਹਿਣ, ਸਚ ਦੁਆਰ ਸੋਭਾ ਪਾਇੰਦਾ । ਜਿਸ ਜਨ ਦਰਸ਼ਨ ਕੀਤਾ ਨੈਣ, ਸੋ ਨਿਉਂ ਨਿਉਂ ਸੀਸ ਝੁਕਾਇੰਦਾ । ਨਾਤਾ ਤੁਟੇ ਭਾਈ ਭੈਣ, ਨਾਰ ਕੰਤ ਨਾ ਕੋਇ ਹੰਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਪਣਾ ਦਰਸ


੪੬੩
੧੩

ਕਰਾਇੰਦਾ । ਦੇਵੇ ਦਰਸ ਦੀਨ ਦਿਆਲਾ, ਦਰਦੀ ਆਪਣਾ ਦਰਦ ਵੰਡਾਈਆ । ਨਾਤਾ ਤੋੜ ਕਾਲ ਮਹਾਂਕਾਲਾ, ਮਹਿਫ਼ਲ ਆਪਣੀ ਦਏ ਵਖਾਈਆ । ਸਚਖੰਡ ਸੱਚੀ ਧਰਮਸਾਲਾ, ਧਰਮ ਦੁਆਰੇ ਵੱਜੇ ਵਧਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਅਵੱਲੜੀ ਚਾਲਾ, ਭੇਵ ਅਭੇਦਾ ਆਪਣੇ ਹੱਥ ਰਖਾਈਆ । ਕਲਜੁਗ ਅੰਤਮ ਖੇਲ ਨਿਰਾਲਾ, ਖ਼ਾਲਕ ਖ਼ਲਕ ਦਏ ਸਮਝਾਈਆ । ਨੌਂ ਖੰਡ ਪ੍ਰਿਥਮੀ ਕੱਢਣਾ ਅੰਤ ਦੀਵਾਲਾ, ਦੀਵਾ ਬੱਤੀ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਵਖਾਏ ਆਪਣਾ ਦਰਸ, ਜਨਮ ਜਨਮ ਦੀ ਮੇਟੇ ਹਰਸ, ਲੇਖਾ ਚੁੱਕੇ ਅਰਸ਼ ਫ਼ਰਸ਼, ਕਾਇਆ ਕੁਰਾ ਏਕਾ ਰੰਗ ਰੰਗਾਈਆ । ਮਿਹਰਬਾਨੀ ਕਰੇ ਮਿਹਰਵਾਨ, ਮਿਹਰ ਨਜ਼ਰ ਇਕ ਉਠਾਇੰਦਾ । ਗੁਰ ਗੋਬਿੰਦ ਇਕ ਨਿਸ਼ਾਨ, ਗੁਰ ਸਤਿਗੁਰ ਆਪ ਝੁਲਾਇੰਦਾ । ਲੇਖਾ ਜਾਣੇ ਦੋ ਜਹਾਨ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਹੁਕਮ ਮਨਾਇੰਦਾ । ਨੌਂ ਖੰਡ ਪ੍ਰਿਥਮੀ ਹੋਏ ਹੈਰਾਨ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਸੱਤ ਦੀਪ ਸਰਬ ਕੁਰਲਾਣ, ਧੀਰਜ ਧੀਰ ਨਾ ਕੋਇ ਧਰਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਨੈਣ ਸ਼ਰਮਾਣ, ਨੇਤਰ ਅੱਖ ਨਾ ਕੋਇ ਉਠਾਇੰਦਾ । ਕਰੋੜ ਤਤੀਸਾ ਬਾਲ ਅਵਾਣ, ਬੁੱਧ ਬਬੇਕ ਨਾ ਕੋਇ ਵਡਿਆਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਚਾਰੇ ਜੁਗ ਸਰਬ ਪਛਤਾਣ, ਵੇਲਾ ਗਿਆ ਹੱਥ ਨਾ ਆਇੰਦਾ । ਪੀਰ ਪੈਗ਼ੰਬਰ ਕਰਨ ਧਿਆਨ, ਚਾਰੋਂ ਕੁੰਟ ਵੇਖ ਵਖਾਇੰਦਾ । ਕਰੇ ਖੇਲ ਸ੍ਰੀ ਭਗਵਾਨ, ਭਗਵਨ ਆਪਣੀ ਦਇਆ ਕਮਾਇੰਦਾ । ਕਲਜੁਗ ਅੰਤਮ ਹੋ ਪਰਧਾਨ, ਨਿਹਕਲੰਕਾ ਨਾਉਂ ਰਖਾਇੰਦਾ । ਸੰਬਲ ਨਗਰ ਸਚ ਮਕਾਨ, ਬੇਮੁਕਾਮ ਆਸਣ ਲਾਇੰਦਾ । ਲੋਕਮਾਤ ਸਕੇ ਨਾ ਕੋਇ ਪਹਿਚਾਣ, ਰੂਪ ਰੰਗ ਨਾ ਕੋਇ ਵਖਾਇੰਦਾ । ਰਸਨਾ ਜਿਹਵਾ ਸਾਰੇ ਗਾਣ, ਅੰਦਰ ਵੜ ਦਰਸ ਕੋਇ ਨਾ ਪਾਇੰਦਾ । ਜਨ ਭਗਤਾਂ ਉਤੇ ਹੋਇਆ ਆਪ ਮਿਹਰਵਾਨ, ਮਿਹਰ ਨਜ਼ਰ ਇਕ ਉਠਾਇੰਦਾ । ਆਤਮ ਪਰਮਾਤਮ ਦਿਤਾ ਦਾਨ, ਬ੍ਰਹਮ ਪਾਰਬ੍ਰਹਮ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਇਕੋ ਘਰ ਵਖਾਇੰਦਾ । ਮਿਹਰ ਨਜ਼ਰ ਹਰਿ ਸਚ ਸਹਾਰਾ, ਸਾਹਿਬ ਸਤਿਗੁਰ ਆਪ ਜਣਾਈਆ । ਜਨ ਭਗਤਾਂ ਦੇਵੇ ਇਕ ਕਿਨਾਰਾ, ਨੱਯਾ ਮਾਤ ਨਾ ਕੋਇ ਡੁਬਾਈਆ । ਆਤਮ ਪਰਮਾਤਮ ਕਰ ਪਿਆਰਾ, ਪ੍ਰੇਮ ਪ੍ਰੀਤੀ ਇਕ ਜਣਾਈਆ । ਸਾਚਾ ਲੇਖਾ ਧੁਰ ਦਰਬਾਰਾ, ਧੁਰ ਦੀ ਬਾਣੀ ਬਾਣ ਲਗਾਈਆ । ਅਣਿਆਲਾ ਤੀਰ ਮਾਰੇ ਏਕਾ ਵਾਰਾ, ਚਿਲਾ ਆਪਣੇ ਹੱਥ ਉਠਾਈਆ । ਕੂੜੀ ਕਿਰਿਆ ਸੁੱਟੇ ਮੂੰਹ ਦੇ ਭਾਰਾ, ਸਿਰ ਸਕੇ ਨਾ ਕੋਇ ਉਠਾਈਆ । ਮਿਹਰ ਨਜ਼ਰ ਕਰੇ ਪਰਵਰਦਿਗਾਰਾ, ਬੇਪਰਵਾਹ ਬੇਪਰਵਾਹੀਆ । ਮੇਲ ਮਿਲਾਏ ਸਾਚੇ ਯਾਰਾ, ਯਾਰੜਾ ਸੱਥਰ ਇਕ ਵਖਾਈਆ । ਕਾਗਦ ਕਲਮ ਨਾ ਲਿਖਣਹਾਰਾ, ਮਸ ਅੰਤ ਨਾ ਕੋਇ ਜਣਾਈਆ । ਸਮੁੰਦ ਸਾਗਰ ਰੋਵੇ ਜ਼ਾਰੋ ਜ਼ਾਰਾ, ਬਸੁੱਧਾ ਆਪਣੀ ਸੁੱਧ ਭੁਆਈਆ । ਕਰੇ ਖੇਲ ਅਗੰਮ ਅਪਾਰਾ, ਅਲੱਖ ਅਗੋਚਰ ਵਡ ਵਡਿਆਈਆ । ਜਿਸ ਜਨ ਉਪਰ ਮਿਹਰ ਕਰੇ ਆਪ ਨਿਰੰਕਾਰਾ, ਤਿਸ ਮੁਹੱਬਤ ਦਏ ਸਮਝਾਈਆ । ਮੁਹੱਬਤ ਮਿਲੇ ਸਚ ਦਰਬਾਰਾ, ਉਲਫ਼ਤ ਇਕੋ ਇਕ ਵਖਾਈਆ । ਬੇਨਜ਼ੀਰ ਬਦਲ ਤਕਦੀਰ ਤੋੜ ਜ਼ੰਜੀਰ ਮਿਲਾਏ ਸਚ ਦੁਆਰਾ, ਹਰਿ ਮੰਦਰ ਸੋਭਾ ਪਾਈਆ । ਕਲ ਕਲਕੀ ਲੈ ਅਵਤਾਰਾ, ਕੂੜੀ ਕਿਰਿਆ ਕਲਜੁਗ ਦਏ ਖਪਾਈਆ । ਵਰਨ ਬਰਨ ਇਕ ਸਹਾਰਾ, ਸਾਚੀ ਸਰਨ ਦਏ ਸਮਝਾਈਆ । ਮਿਹਰਵਾਨ ਮਿਹਰਵਾਨ ਮਿਹਰਵਾਨ ਆਦਿ ਜੁਗਾਦਿ ਜੁਗਾ ਜੁਗੰਤਰ ਇਕ ਨਿਰੰਕਾਰਾ, ਜੁਗ ਜੁਗ ਗੁਰਮੁਖਾਂ ਮਿਹਰ ਨਜ਼ਰ ਨਾਲ ਤਰਾਈਆ । ਸੰਬਲ ਨਗਰ ਹਰਿ ਕਾ ਮਕਾਨ, ਇਟ


੪੬੪
੧੩

ਗਾਰਾ ਪੱਥਰ ਨਾ ਕੋਇ ਲਗਾਇੰਦਾ । ਜਿਸ ਗ੍ਰਿਹਿ ਵਸੇ ਸ੍ਰੀ ਭਗਵਾਨ, ਸੋ ਸੰਬਲ ਨਾਉਂ ਧਰਾਇੰਦਾ । ਬਿਨ ਗੁਰ ਗੋਬਿੰਦ ਕੋਈ ਨਾ ਸਕੇ ਪਹਿਚਾਣ, ਲੱਖ ਚੁਰਾਸੀ ਖੋਜ ਖੁਜਾਇੰਦਾ । ਜਿਸ ਹਰਿਮੰਦਰ ਹਰਿ ਕਾ ਝੁੱਲੇ ਨਿਸ਼ਾਨ, ਸੋ ਸੰਬਲ ਨਾਉਂ ਧਰਾਇੰਦਾ । ਨਾ ਜ਼ਿਮੀ ਨਾ ਅਸਮਾਨ, ਚੌਦਾਂ ਤਬਕ ਨਾ ਵੰਡ ਵੰਡਾਇੰਦਾ । ਚੌਦਾਂ ਲੋਕ ਹੋਏ ਹੈਰਾਨ, ਵੇਦ ਵਿਆਸਾ ਮੁਖ ਸ਼ਰਮਾਇੰਦਾ । ਈਸਾ ਮੂਸਾ ਰਾਹ ਤਕਾਣ, ਨੇਤਰ ਨੈਣ ਸਰਬ ਉਠਾਇੰਦਾ । ਮੁਹੰਮਦ ਵੇਖੇ ਮੇਰਾ ਅਮਾਮ, ਕਿਸ ਮੰਦਰ ਡੇਰਾ ਲਾਇੰਦਾ । ਨਾਨਕ ਨਿਰਗੁਣ ਦੱਸ ਕੇ ਗਿਆ ਗਿਆਨ, ਸਚ ਸੰਦੇਸਾ ਇਕ ਸੁਣਾਇੰਦਾ । ਨਿਹਕਲੰਕ ਮਹਾਂਬਲੀ ਉਤਰੇ ਆਪੇ ਆਣ, ਮਾਤ ਪਿਤ ਨਾ ਕੋਇ ਬਣਾਇੰਦਾ । ਗੋਬਿੰਦ ਕਹੇ ਕਲ ਕਲਕੀ ਜੋਧਾ ਸੂਰਬੀਰ ਬਲੀ ਬਲਵਾਨ, ਜਿਸ ਦਾ ਅੰਤ ਕੋਇ ਨਾ ਆਇੰਦਾ । ਸੋ ਸੰਬਲ ਵਸੇ ਆਣ, ਜਿਸ ਘਰ ਗੋਬਿੰਦ ਆਸਣ ਲਾਇੰਦਾ । ਗੋਬਿੰਦ ਸ਼ਬਦ ਰੂਪ ਮਹਾਨ, ਜਗਤ ਨੇਤਰ ਵੇਖ ਕੋਇ ਨਾ ਪਾਇੰਦਾ । ਸਾਢੇ ਤਿੰਨ ਹੱਥ ਦੇਵੇ ਦਾਨ, ਲੇਖਾ ਜਾਣ ਦੋ ਜਹਾਨ, ਕੋਟਨ ਕੋਟ ਬ੍ਰਹਿਮੰਡ ਚਰਨਾਂ ਹੇਠ ਦਬਾਇੰਦਾ । ਸੋ ਸੰਬਲ ਹੋਏ ਪਰਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਬਲ ਨਗਰ ਗੋਬਿੰਦ ਖੇੜਾ, ਜਿਥੇ ਕਰੇ ਨਾ ਕੋਈ ਝੇੜਾ, ਵੇਹੜਾ ਨਜ਼ਰ ਕਿਸੇ ਨਾ ਆਇੰਦਾ । ਸੰਬਲ ਨਗਰ ਉਚ ਮਨਾਰਾ, ਹਰਿ ਸਤਿਗੁਰ ਆਪ ਬਣਾਈਆ । ਨਿਰਗੁਣ ਦੀਪਕ ਬਾਤੀ ਜੋਤੀ ਕਰ ਉਜਿਆਰਾ, ਇਕੋ ਡਗਮਗਾਈਆ । ਸ਼ਬਦ ਅਗੰਮੀ ਬੋਲ ਜੈਕਾਰਾ, ਜੈ ਜੈਕਾਰ ਸੁਣਾਈਆ । ਤਖ਼ਤ ਨਿਵਾਸੀ ਸ਼ਾਹ ਸਿਕਦਾਰਾ, ਭੂਪਤ ਭੂਪ ਆਸਣ ਲਾਈਆ । ਹੁਕਮੀ ਹੁਕਮ ਹੁਕਮ ਵਰਤਾਰਾ, ਸਚ ਸੰਦੇਸਾ ਦਏ ਸੁਣਾਈਆ । ਕਲਜੁਗ ਅੰਤਮ ਪਾਰ ਕਿਨਾਰਾ, ਲੋਕਮਾਤ ਰਹਿਣ ਨਾ ਪਾਈਆ । ਸਤਿਜੁਗ ਲੱਗੇ ਵਿਚ ਸੰਸਾਰਾ, ਸਹਿਬ ਸਤਿਗੁਰ ਹੋਏ ਸਹਾਈਆ । ਚਾਰ ਵਰਨ ਦਾ ਇਕ ਵਿਹਾਰਾ, ਏਕਾ ਸਰਨ ਤਕਾਈਆ । ਏਕਾ ਮੰਦਰ ਏਕਾ ਮਸਜਿਦ ਏਕਾ ਮੱਠ ਸ਼ਿਵਦੁਆਲਾ ਇਕੋ ਗੁਰੂਦੁਆਰਾ, ਜਿਸ ਘਰ ਗੁਰ ਗੋਬਿੰਦ ਆਪਣਾ ਚਰਨ ਛੁਹਾਈਆ । ਹਰਿ ਮੰਦਰ ਖੇਲੇ ਖੇਲ ਨਿਆਰਾ, ਡੂੰਘੀ ਕੰਦਰ ਫੋਲ ਫੋਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਮੰਦਰ ਬਹੇ ਆਪੇ ਵੜ, ਸੰਬਲ ਆਪਣਾ ਡੇਰਾ ਲਾਈਆ । ਅਨੰਦ ਅੰਦਰ ਮਿਲੇ ਅਨੰਦ, ਅਨੰਦ ਅਮਰਦਾਸ ਗੁਰੂ ਸਮਝਾਈਆ । ਜਿਸ ਜਨ ਸਤਿਗੁਰ ਗਾਇਆ ਛੰਦ, ਸ਼ੰਕਾ ਕੋਇ ਰਹਿਣ ਨਾ ਪਾਈਆ । ਕੂੜੀ ਕਿਰਿਆ ਮੁੱਕੇ ਝੂਠਾ ਗੰਦ, ਸਚ ਸੁੱਚ ਮਿਲੇ ਵਡਿਆਈਆ । ਜੁਗ ਜਨਮ ਦੀ ਟੁੱਟੀ ਗੰਢ, ਸੁਰਤੀ ਸਤਿਗੁਰ ਸਰਨ ਪਰਨਾਈਆ । ਲਹਿਣਾ ਦੇਣਾ ਚੁੱਕੇ ਬੱਤੀ ਦੰਦ, ਆਤਮ ਪਰਮਾਤਮ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਵਖਾਏ ਸਾਚਾ ਘਰ, ਸੋ ਗੁਰਮੁਖ ਅਨੰਦ ਵਿਚ ਸਮਾਈਆ । ਅਨੰਦ ਵਿਚ ਮਿਲੇ ਅਨੰਦ, ਅਨੰਦ ਸਤਿਗੁਰ ਹੱਥ ਰਖਾਇਆ । ਗੁਰਮੁਖ ਘਰ ਗੁਰਸਿਖ ਚੰਦ, ਗੁਰ ਸਤਿਗੁਰ ਆਪ ਚੜ੍ਹਾਇਆ । ਹਰਿਜਨ ਨਾਮ ਇਕੋ ਵੰਡ, ਵਸਤ ਅਮੋਲਕ ਝੋਲੀ ਪਾਇਆ । ਗ੍ਰਿਹਿ ਮੰਦਰ ਘਰ ਨਿਜ ਆਤਮ ਮਿਲੇ ਪਰਮਾਨੰਦ, ਸੁਖ ਆਤਮ ਅਨੰਦ ਰੂਪ ਵਟਾਇਆ ।

❋ ੯ ਮਾਘ ੨੦੧੯ ਬਿਕਰਮੀ ਅਜੀਤ ਸਿੰਘ ਦੇ ਗ੍ਰਿਹ ਬਟਾਲਾ ਜ਼ਿਲਾ ਗੁਰਦਾਸਪੁਰ ❋

ਸਚਖੰਡ ਵਸੇ ਸਾਹਿਬ ਪ੍ਰਭ ਏਕ, ਨਰ ਨਿਰੰਕਾਰ ਵੱਡੀ ਵਡਿਆਈਆ । ਕਰੇ ਖੇਲ ਸਦਾ ਅਨੇਕ, ਅਕਲ ਕਲ ਅਖਵਾਈਆ । ਸੋ ਪੁਰਖ ਨਿਰੰਜਣ ਆਪ ਆਪਣਾ ਜਾਣੇ ਭੇਤ, ਭੇਵ ਹੋਰ ਨਾ ਕੋਇ ਜਣਾਈਆ । ਹਰਿ ਪੁਰਖ ਨਿਰੰਜਣ ਨਿਰਗੁਣ ਨਿਰਗੁਣ ਲਏ ਵੇਖ, ਨੂਰ ਨੂਰਾਨਾ ਨੂਰ ਰੁਸ਼ਨਾਈਆ । ਏਕੰਕਾਰਾ ਕਰੇ ਹੇਤ, ਆਪ ਆਪਣਾ ਮੇਲ ਮਿਲਾਈਆ । ਆਦਿ ਨਿਰੰਜਣ ਜੋਤੀ ਜੋਤ ਲਏ ਪੇਖ, ਪੇਖ ਪੇਖ ਖ਼ੁਸ਼ੀ ਮਨਾਈਆ । ਅਬਿਨਾਸ਼ੀ ਕਰਤਾ ਕਰ ਕਰ ਹੇਤ, ਗ੍ਰਿਹ ਮੰਦਰ ਸੋਭਾ ਪਾਈਆ । ਸ੍ਰੀ ਭਗਵਾਨ ਖੇਡੇ ਖੇਡ, ਖੇਲ ਆਪਣਾ ਆਪ ਰਚਾਈਆ । ਪਾਰਬ੍ਰਹਮ ਪ੍ਰਭ ਸਾਚਾ ਕਰੇ ਲੇਖ, ਲੇਖਾ ਲਿਖਤ ਵਿਚ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਇਕ ਇਕੱਲਾ, ਨਿਰਗੁਣ ਨਿਰਵੈਰ ਆਪ ਅਖਵਾਇੰਦਾ । ਵਸਣਹਾਰਾ ਸਚਖੰਡ ਸਚ ਮਹੱਲਾ, ਦਰਗਾਹ ਸਾਚੀ ਸੋਭਾ ਪਾਇੰਦਾ । ਆਪਣਾ ਫੜਾਏ ਆਪੇ ਪੱਲਾ, ਪੱਲੂ ਆਪਣੀ ਗੰਢ ਬੰਧਾਇੰਦਾ । ਜੋਤੀ ਧਾਰ ਜੋਤੀ ਰਲਾ, ਨੂਰ ਨੁਰਾਨਾ ਡਗਮਗਾਇੰਦਾ । ਆਪਣੇ ਅੱਗੇ ਆਪੇ ਖਲਾ, ਆਪੇ ਆਪਣਾ ਰੂਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਰ ਕਰਤਾਰ, ਆਪਣੀ ਖੇਲ ਖਲਾਈਆ । ਆਪਣੀ ਇਛਿਆ ਕਰ ਵਿਚਾਰ, ਸਾਚੀ ਭਿਛਿਆ ਝੋਲੀ ਪਾਈਆ । ਸਚਖੰਡ ਰਚ ਦੁਆਰ, ਛੱਪਰ ਛੰਨ ਨਾ ਕੋਇ ਛੁਹਾਈਆ । ਦੀਆ ਬਾਤੀ ਏਕਾ ਬਾਲ, ਕਮਲਾਪਾਤੀ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਖੇਲਣਹਾਰਾ ਨਜ਼ਰ ਨਾ ਆਈਆ । ਖੇਲੇ ਖੇਲ ਅਗੰਮ ਅਥਾਹ, ਬੇਐਬ ਨਾਉਂ ਧਰਾਇੰਦਾ । ਸਚਖੰਡ ਦੁਆਰ ਆਪ ਬਣਾ, ਮੁਕਾਮੇ ਹੱਕ ਸੁਹਾਇੰਦਾ । ਸਚ ਸਿੰਘਾਸਣ ਇਕ ਵਛਾ, ਸੇਵਕ ਸੇਵਾ ਆਪ ਕਮਾਇੰਦਾ । ਆਪਣਾ ਬਲ ਆਪ ਧਰਾ, ਬਲ ਆਪਣੇ ਵਿਚ ਪਰਗਟਾਇੰਦਾ । ਆਪਣਾ ਹੁਕਮ ਆਪੇ ਜਣਾ, ਆਪਣੇ ਸਿਰ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਵੇਸ ਵਟਾਇੰਦਾ । ਸਾਚਾ ਹੁਕਮ ਧੁਰ ਫ਼ਰਮਾਣਾ, ਏਕਾ ਏਕ ਜਣਾਈਆ । ਨਿਰਗੁਣ ਨੂਰ ਨੂਰ ਮਹਾਨਾ, ਨੂਰ ਨੁਰਾਨਾ ਡਗਮਗਾਈਆ । ਸ਼ਾਹੋ ਭੂਪ ਬਣ ਸੱਚਾ ਰਾਣਾ, ਸ਼ਹਿਨਸ਼ਾਹ ਆਪਣਾ ਨਾਉਂ ਧਰਾਈਆ । ਤਖ਼ਤ ਨਿਵਾਸੀ ਹੋ ਪਰਧਾਨਾ, ਸਾਚੇ ਤਖ਼ਤ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸਾ ਪੁਰਖ ਅਬਿਨਾਸ਼ਾ ਆਪੇ ਖੇਲੇ ਖੇਲ ਤਮਾਸ਼ਾ, ਆਪਣੀ ਕਰਨੀ ਆਪ ਕਮਾਈਆ । ਸਾਚੇ ਤਖ਼ਤ ਸ਼ਾਹੋ ਭੂਪ, ਹਰਿ ਭੂਪਤ ਸੋਭਾ ਪਾਇੰਦਾ । ਨਾ ਕੋਈ ਰੰਗ ਨਾ ਕੋਈ ਰੂਪ, ਰੇਖ ਭੇਖ ਨਾ ਕੋਇ ਵਖਾਇੰਦਾ । ਵਸਣਹਾਰਾ ਸਾਚੀ ਕੂਟ, ਦਿਸ਼ਾ ਵੰਡ ਨਾ ਕੋਈ ਵੰਡਾਇੰਦਾ । ਨਾ ਕੋਈ ਤਾਗਾ ਨਾ ਕੋਈ ਸੂਤ, ਤਾਣਾਂ ਪੇਟਾ ਨਾ ਕੋਇ ਪਾਇੰਦਾ । ਨਾ ਕੋਈ ਤੱਤ ਨਾ ਕਲਬੂਤ, ਭੇਵ ਅਭੇਦ ਨਾ ਕਿਸੇ ਜਣਾਇੰਦਾ । ਆਪਣਾ ਜਣਾਏ ਆਪ ਸਬੂਤ, ਸਾਬਤ ਰੂਪ ਆਪ ਹੋ ਆਇੰਦਾ । ਸਚਖੰਡ ਨਿਵਾਸੀ ਸਚਖੰਡ ਬਣੇ ਸਚ ਮਹਿਬੂਬ, ਮੁਹੱਬਤ ਆਪਣੇ ਨਾਲ ਪਰਨਾਇੰਦਾ । ਨਾ ਕੋਈ ਹੱਦ ਨਾ ਕੋਈ ਹਦੂਦ, ਕਿਨਾਰਾ ਨਜ਼ਰ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਤਖ਼ਤ ਆਪੇ ਚੜ੍ਹ, ਧੁਰ ਦਰਬਾਰੀ ਹੁਕਮ ਸੁਣਾਇੰਦਾ । ਧੁਰ ਦਰਬਾਰੀ ਸ਼ਾਹ ਸੁਲਤਾਨਾ, ਆਪਣਾ ਹੁਕਮ ਜਣਾਈਆ । ਜੋਧਾ

ਸੂਰ ਮਰਦ ਮਰਦਾਨਾ, ਮਿਹਰਵਾਨ ਮਿਹਰਵਾਨ ਮਿਹਰਵਾਨ ਆਪਣੀ ਦਇਆ ਕਮਾਈਆ । ਸਚਖੰਡ ਕਰੇ ਖੇਲ ਮਹਾਨਾ, ਆਪ ਆਪਣਾ ਰੰਗ ਰੰਗਾਈਆ । ਨਿਰਗੁਣ ਨਿਰਗੁਣ ਕਰ ਪਰਵਾਨਾ, ਨਾਰ ਕੰਤ ਸੇਜ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਖੇਲ ਅਪਾਰਾ, ਨਿਰਗੁਣ ਨਿਰਗੁਣ ਆਪ ਕਰਾਇੰਦਾ । ਨਾਰ ਕੰਤ ਬਣ ਭਤਾਰਾ, ਭਗਵਨ ਆਪਣਾ ਸੰਗ ਨਿਭਾਇੰਦਾ । ਦਾਈ ਦਾਇਆ ਅਗੰਮ ਅਪਾਰਾ, ਅਲੱਖ ਅਗੋਚਰ ਆਪਣੀ ਖੇਲ ਵਰਤਾਇੰਦਾ । ਸੁਤ ਦੁਲਾਰਾ ਏਕਾ ਜਾਇਆ, ਜਨਨੀ ਜਨ ਗੋਦ ਸੁਹਾਇੰਦਾ । ਪੂਤ ਸਪੂਤਾ ਵੇਖ ਵਖਾਇਆ, ਆਪਣੇ ਰੰਗ ਰੰਗਾਇੰਦਾ । ਕਿਰਪਾਨਿਧਾਨ ਠਾਕਰ ਸਵਾਮੀ ਨਾਉਂ ਰਖਾਇਆ, ਸ਼ਬਦੀ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਖੇਲ ਆਪ ਕਰਾਇੰਦਾ । ਸ਼ਬਦੀ ਪੁੱਤ ਏਕਾ ਜੰਮ, ਜਨਨੀ ਜਨ ਆਪ ਅਖਵਾਇੰਦਾ । ਕਰੇ ਖੇਲ ਸ੍ਰੀ ਭਗਵਨ, ਦੂਜਾ ਸੰਗ ਨਾ ਕੋਇ ਰਖਾਇੰਦਾ । ਦੇਵਣਹਾਰਾ ਸੱਚਾ ਦਾਨ, ਦਾਤਾ ਦਾਨੀ ਦਇਆ ਕਮਾਇੰਦਾ । ਸਚਖੰਡ ਅੰਦਰ ਆਪਣੀ ਇਛਿਆ ਬਣਾਏ ਮਕਾਨ, ਥਿਰ ਘਰ ਸਾਚੀ ਬਣਤ ਬਣਾਇੰਦਾ । ਬਾਲ ਬਾਲਾ ਬਠਾਏ ਨਾਦਾਨ, ਸਿਰ ਆਪਣਾ ਹੱਥ ਟਿਕਾਇੰਦਾ । ਸਚ ਸੰਦੇਸਾ ਦੇਵੇ ਆਣ, ਰਾਗ ਨਾਦ ਨਾ ਕੋਇ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਮਾਇੰਦਾ । ਸ਼ਬਦ ਸੁਤ ਕਰ ਤਿਆਰ, ਹਰਿ ਸਤਿਗੁਰ ਖੇਲ ਕਰਾਈਆ । ਏਕਾ ਵਸਤ ਦਏ ਅਧਾਰ, ਸਚ ਪ੍ਰੀਤੀ ਝੋਲੀ ਪਾਈਆ । ਤੇਰਾ ਮੇਰਾ ਇਕ ਵਿਹਾਰ, ਬਿਵਹਾਰੀ ਦਏ ਸਮਝਾਈਆ । ਤੇਰਾ ਮੇਰਾ ਇਕ ਵਿਚਾਰ, ਬਿਨ ਵਿਚਾਰ ਦਏ ਜਣਾਈਆ । ਤੇਰਾ ਮੇਰਾ ਇਕ ਸ਼ਿੰਗਾਰ, ਸ਼ੋਭਾ ਰੰਗ ਨਾ ਕੋਇ ਰੰਗਾਈਆ । ਤੇਰਾ ਮੇਰਾ ਇਕ ਦੀਦਾਰ, ਰੂਪ ਰੰਗ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਰਿਹਾ ਸਮਝਾਈਆ । ਸਾਚੀ ਸਿਖਿਆ ਸੁਤ ਦੁਲਾਰੇ, ਹਰਿ ਹਰਿ ਆਪ ਜਣਾਇੰਦਾ । ਦਏ ਸੰਦੇਸਾ ਧੁਰ ਦਰਬਾਰੇ, ਧੁਰ ਦੀ ਧਾਰ ਜਣਾਇੰਦਾ । ਆਪਣੀ ਇਛਿਆ ਭਰ ਭੰਡਾਰੇ, ਅਤੋਟ ਅਤੁਟ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪ ਕਰਾਇੰਦਾ । ਸਾਚੀ ਕਰਨੀ ਕਰਨੇ ਯੋਗ, ਹਰਿ ਕਰਤਾ ਆਪ ਕਰਾਇੰਦਾ । ਸ਼ਬਦੀ ਸ਼ਬਦ ਕਰ ਸੰਜੋਗ, ਸਾਚਾ ਸਗਨ ਮਨਾਇੰਦਾ । ਅੰਤਰ ਅੰਤਰ ਇਕੋ ਭੋਗ, ਭੋਗੀ ਆਪਣਾ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਵਸਤ ਝੋਲੀ ਪਾਇੰਦਾ । ਸਾਚੀ ਵਸਤ ਪੁਰਖ ਅਗੰਮ, ਏਕਾ ਏਕ ਵਰਤਾਈਆ । ਸ਼ਬਦ ਸੁਤ ਤੇਰਾ ਕੰਮ, ਕਰਤਾ ਪੁਰਖ ਦਏ ਸਮਝਾਈਆ । ਤੇਰੀ ਧਾਰੋਂ ਵਿਸ਼ਨੂੰ ਪਏ ਜੰਮ, ਵਿਸ਼ਨੂੰ ਅੰਦਰ ਬ੍ਰਹਮਾ ਆਸਣ ਲਾਈਆ । ਏਕਾ ਰਾਗ ਸੁਣਾਏ ਸ੍ਰੀ ਭਗਵਨ, ਬਿਨ ਤੰਦੀ ਤੰਦ ਹਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਸੁੰਨ ਅਗੰਮ ਬੇੜਾ ਬੰਨ੍ਹ, ਧੂਆਂਧਾਰ ਸ਼ੰਕਰ ਏਕਾ ਨੂਰ ਰੁਸ਼ਨਾਈਆ । ਤ੍ਰੈ ਤ੍ਰੈ ਮੇਲਾ ਇਕ ਇਕੇਲਾ, ਗੁਰ ਚੇਲਾ ਵੰਡ ਵੰਡਾਇੰਦਾ । ਪੁਰਖ ਅਬਿਨਾਸ਼ੀ ਸੱਜਣ ਸੁਹੇਲਾ, ਸ਼ਬਦੀ ਗੁਰ ਗੁਰ ਬਣਤ ਬਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਚੜ੍ਹੇ ਤੇਲਾ, ਘਰ ਸਾਚੇ ਸਗਨ ਮਨਾਇੰਦਾ । ਚਾਰੇ ਵੇਖੇ ਪੁਰਖ ਅਬਿਨਾਸ਼ੀ ਸਚਖੰਡ ਬੈਠਾ ਵੇਹਲਾ, ਕੰਮ ਕਾਰ ਨਾ ਕੋਇ ਕਮਾਇੰਦਾ । ਵੇਹਲੇ ਦੀ ਕੀਮਤ ਪਏ ਨਾ ਪੈਸਾ ਧੇਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਆਪਣਾ ਪਰਦਾ ਆਪ ਉਠਾਇੰਦਾ । ਪੁਰਖ ਅਬਿਨਾਸ਼ੀ ਹਾਲ ਦੱਸੇ, ਅਹਿਵਾਲ ਰਿਹਾ ਜਣਾਈਆ । ਚਾਰੇ ਰਹੇ ਹੱਕੇ ਬੱਕੇ, ਭੇਵ ਕੋਇ ਨਾ ਆਈਆ । ਬਿਨ ਨੇਤਰਾਂ ਰਹੇ ਤੱਕੇ, ਤਕਵਾ ਇਕੋ ਇਕ ਰਖਾਈਆ । ਜਿਧਰ ਵੇਖਣ ਪੁਰਖ ਅਲੱਖੇ, ਅਲੱਖ ਅਲੱਖਣਾ ਨਜ਼ਰੀ ਆਈਆ । ਦੋਏ ਜੋੜ ਸਰਨਾਈ ਢੱਠੇ, ਪ੍ਰਭ ਚਰਨ ਧੂੜੀ ਮਸਤਕ ਲਾਈਆ । ਦਰ ਦੁਆਰ ਹੋਏ ਇਕੱਠੇ, ਖ਼ਾਲੀ ਝੋਲੀ ਰਹੇ ਵਖਾਈਆ । ਸ੍ਰੀ ਭਗਵਾਨ ਕਰ ਕਿਰਪਾ ਆਪਣੀ ਵਸਤ ਘੱਤੇ, ਮਿਹਰ ਨਜ਼ਰ ਇਕ ਉਠਾਈਆ । ਸ਼ਬਦੀ ਨਾਮ ਬੀਜਣਾ ਆਪਣੇ ਵੱਤੇ, ਵੱਤਰ ਇਕੋ ਇਕ ਵਖਾਈਆ । ਮੇਰੇ ਪਿਆਰ ਜੋ ਰੱਤੇ, ਬਿਨ ਰੱਤੀ ਰੱਤ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਬਦੀ ਗੁਰ ਰਿਹਾ ਸਮਝਾਈਆ । ਸ਼ਬਦੀ ਗੁਰ ਨੇਤਰ ਖੋਲ੍ਹ, ਨੈਣ ਧਿਆਨ ਲਗਾਇਆ । ਵਿਸ਼ਨ ਬ੍ਰਹਮਾ ਸ਼ਿਵ ਬੈਠੇ ਕੋਲ, ਬੇਵਸ ਰਹੇ ਕੁਰਲਾਇਆ । ਸ੍ਰੀ ਭਗਵਾਨ ਕਰ ਕਿਰਪਾ ਆਪਣਾ ਪਰਦਾ ਖੋਲ੍ਹ, ਭੇਵ ਅਭੇਦ ਜਣਾਇਆ । ਬੇਅੰਤ ਬੇਪਰਵਾਹ ਆਪਣੀ ਧਾਰ ਅਗੰਮੀ ਬੋਲ, ਹੌਲੀ ਹੌਲੀ ਰਿਹਾ ਸਮਝਾਇਆ । ਸਚਖੰਡ ਦੁਆਰੇ ਬੈਠਾ ਇਕੋ ਤੋਲਾ ਤੋਲ, ਨਾਮ ਕੰਡਾ ਹੱਥ ਉਠਾਇਆ । ਨਿਰਗੁਣ ਹੋ ਕੇ ਸਰਗੁਣ ਜਾਵਾਂ ਮੌਲ, ਮੌਲਾ ਆਪਣਾ ਖੇਲ ਵਖਾਇਆ । ਤੁਹਾਡੇ ਨਾਲ ਕਰਾਂ ਕੌਲ, ਕੀਤਾ ਕੌਲ ਭੁੱਲ ਨਾ ਜਾਇਆ । ਆਪਣੀ ਇਛਿਆ ਰਚਾਂ ਧੌਲ, ਧਰਨੀ ਧਰਤ ਧਵਲ ਵਡਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸੇਵਾ ਇਕ ਸਮਝਾਇਆ । ਸਾਚੀ ਸੇਵਾ ਜਾਣਾ ਲੱਗ, ਹਰਿ ਹਰਿ ਆਪ ਜਣਾਇੰਦਾ । ਸ਼ਬਦ ਉਠ ਸੂਰੇ ਸਰਬੱਗ, ਤੇਰਾ ਬਲ ਧਰਾਇੰਦਾ । ਵਿਸ਼ਨੂੰ ਸਿਰ ਤੇ ਰੱਖ ਪੱਗ, ਸਿਰ ਆਪਣਾ ਹੱਥ ਟਿਕਾਇੰਦਾ । ਬ੍ਰਹਮਾ ਰਹਿਣ ਨਾ ਦੇਵੇ ਅਲੱਗ, ਏਕਾ ਰਾਹ ਚਲਾਇੰਦਾ । ਸ਼ੰਕਰ ਪ੍ਰੇਮ ਪ੍ਰੀਤੀ ਜਾਏ ਦਗ, ਪਰੇਮ ਪਿਆਰ ਇਕ ਵਖਾਇੰਦਾ । ਸਚ ਦੁਆਰੇ ਇਕੋ ਹੱਜ, ਹਾਜਤ ਸਭ ਦੀ ਪੂਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਿਸ਼ਨ ਬ੍ਰਹਮੇ ਸ਼ਿਵ ਆਪ ਸਮਝਾਇੰਦਾ । ਸਾਚੀ ਸਿਖਿਆ ਦੇ ਭਗਵਾਨ, ਏਕਾ ਗੁਣ ਜਣਾਈਆ । ਤਿੰਨੇ ਬਾਲੇ ਕਰ ਸੁਜਾਨ, ਸੋਝੀ ਇਕ ਵਖਾਈਆ । ਸ਼ਬਦੀ ਸ਼ਬਦ ਸ਼ਬਦ ਨਿਸ਼ਾਨ, ਹਰਿ ਸਾਚਾ ਸਚ ਝੁਲਾਈਆ । ਹੁਕਮੀ ਹੁਕਮ ਹੁਕਮ ਫ਼ਰਮਾਨ, ਧੁਰ ਸੰਦੇਸਾ ਇਕ ਅਲਾਈਆ । ਵਸਤ ਅਮੋਲਕ ਦੇਵੇ ਦਾਨ, ਤਿੰਨਾਂ ਝੋਲੀ ਆਪ ਭਰਾਈਆ । ਤ੍ਰੈਗੁਣ ਮਾਇਆ ਕਰ ਪਰਧਾਨ, ਪੰਚਮ ਲੇਖਾ ਦਏ ਵਖਾਈਆ । ਨਿਤ ਨਿਤ ਕਰ ਪਰਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਸਮਝਾਈਆ । ਤਿੰਨ ਪੰਜ ਨਾਤਾ ਜੋੜ, ਹਰਿ ਹਰਿ ਆਪ ਜਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਪਾਰਬ੍ਰਹਮ ਦੀ ਪਈ ਲੋੜ, ਨੇਤਰ ਨੈਣ ਧਿਆਨ ਲਗਾਇੰਦਾ । ਦੂਸਰ ਸਕੇ ਨਾ ਕੋਈ ਬੌਹੜ, ਸਗਲਾ ਸੰਗ ਨਾ ਕੋਇ ਨਿਭਾਇੰਦਾ । ਨਿਰਗੁਣ ਦਾਤਾ ਪੁਰਖ ਬਿਧਾਤਾ ਸੁਤ ਅਗੰਮੀ ਚੜ੍ਹੇ ਘੋੜ, ਸਤਿ ਪੁਰਖ ਨਿਰੰਜਣ ਫੇਰਾ ਪਾਇੰਦਾ । ਵੇਖਣਹਾਰਾ ਕਰ ਕੇ ਗ਼ੌਰ, ਬਿਨ ਨੈਣਾਂ ਅੱਖ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਸਾਚਾ ਖੇਲ ਕਰਤਾ ਪੁਰਖ, ਹਰਿ ਆਪਣਾ ਆਪ ਕਰਾਈਆ । ਨਾ ਕੋਈ ਸੋਗ ਨਾ ਕੋਈ ਹਰਖ, ਚਿੰਤਾ ਗ਼ਮ ਨਾ ਕੋਇ ਜਣਾਈਆ । ਦਰ ਦੁਆਰ ਦੇਵੇ ਦਰਸ, ਦਰਦੀ ਦਰਦ ਵੰਡਾਈਆ । ਵਿਸ਼ਨ ਬ੍ਰਹਮਾ ਸ਼ਿਵ ਮੇਟੇ ਹਰਸ, ਹਵਸ ਨਾ ਹੋਰ ਵਧਾਈਆ । ਲੇਖਾ ਜਾਣੇ ਅਰਸ਼ ਫ਼ਰਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਕਰੇ ਖੇਲ ਸਾਚਾ ਹਰਿ, ਸਾਚਾ ਹੁਕਮ ਦਏ ਸਮਝਾਈਆ । ਸਾਚਾ ਹੁਕਮ ਏਕੰਕਾਰ, ਏਕਾ ਵਾਰ ਜਣਾਇਆ । ਲੱਖ ਚੁਰਸੀ ਕਰੇ ਤਿਆਰ, ਤ੍ਰੈਗੁਣ ਮੇਲਾ ਮੇਲ ਮਿਲਾਇਆ । ਪੰਜ ਤੱਤ ਕਰ ਆਕਾਰ, ਨਿਰਗੁਣ ਸਰਗੁਣ ਵੇਖ ਵਖਾਇਆ । ਵਿਸ਼ਨ ਬ੍ਰਹਮਾ ਸ਼ਿਵ ਰੋਵੇ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਇਆ । ਤੁਧ ਬਿਨ ਵੱਜੇ ਨਾ ਕੋਇ ਸਤਾਰ, ਸਤਿ ਸਰੂਪ ਨਾ ਕੋਇ ਸਮਾਇਆ । ਅਸੀਂ ਕਿਰਨ ਕਿਰਨ ਉਜਿਆਰ, ਤੇਰਾ ਅੰਤ ਕਿਸੇ ਨਾ ਆਇਆ । ਕਰ ਕਿਰਪਾ ਆਪ ਨਿਰੰਕਾਰ, ਦਰ ਬੈਠੇ ਸੀਸ ਝੁਕਾਇਆ । ਪਾਰਬ੍ਰਹਮ ਪ੍ਰਭ ਹੋ ਤਿਆਰ, ਤ੍ਰੈਭਵਨ ਧਨੀ ਆਪਣਾ ਭੇਵ ਖੁਲ੍ਹਾਇਆ । ਵੰਡੇ ਵਸਤ ਆਪ ਕਰਤਾਰ, ਕਰਤਾ ਕੁਦਰਤ ਰੰਗ ਚੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹਿੱਸਾ ਆਪਣੇ ਹੱਥ ਰਖਾਇਆ । ਸਾਚਾ ਹਿੱਸਾ ਵੰਡ ਭਗਵਾਨ, ਆਪਣੀ ਦਇਆ ਕਮਾਈਆ । ਪਾਰਬ੍ਰਹਮ ਸੇਵਾ ਲਾਈ ਆਣ, ਸੇਵਕ ਸੇਵਾ ਇਕ ਸਮਝਾਈਆ । ਕਿਰਨ ਕਿਰਨ ਵਿਚੋਂ ਕਿਰਨ ਨਿਸ਼ਾਨ, ਕਿਰਤੀ ਕਿਰਤ ਕਿਰਤ ਕਮਾਈਆ । ਆਦਿ ਆਦਿ ਦਿਤਾ ਦਾਨ, ਬ੍ਰਹਿਮਾਦ ਗਿਆ ਸਮਾਈਆ । ਲੱਖ ਚੁਰਾਸੀ ਕਰ ਪਰਧਾਨ, ਲੇਖਾ ਆਪਣੇ ਹੱਥ ਵਖਾਈਆ । ਆਤਮ ਬ੍ਰਹਮ ਕਰ ਪਰਵਾਨ, ਈਸ਼ ਜੀਵ ਕਰੀ ਕੁੜਮਾਈਆ । ਰੂਹ ਬੁੱਤ ਕਰ ਕਲਿਆਣ, ਕਲਮਾ ਆਪਣਾ ਇਕ ਸਮਝਾਈਆ । ਜਿਸ ਰੂਹ ਦੇਵੇ ਆਪਣਾ ਗਿਆਨ, ਸੋ ਗ਼ੁਰਬਤ ਵਿਚ ਕਦੇ ਨਾ ਆਈਆ । ਥਿਰ ਘਰ ਦੁਆਰਿਓਂ ਬ੍ਰਹਿਮੰਡ ਵਿਚ ਭੇਜੇ ਮਹਾਨ, ਬਣਾ ਪਾਂਧੀ ਸਫ਼ਰ ਕਰਾਈਆ । ਨਾਲ ਜਗਤ ਨਿਸ਼ਾਨਾ ਦਿਤਾ ਮਹਾਨ, ਨਵ ਦੁਆਰੇ ਸੰਗ ਰਖਾਈਆ । ਆਸਾ ਤ੍ਰਿਸਨਾ ਕਰ ਬਲਵਾਨ, ਹਉਮੇ ਹੰਗਤਾ ਮੇਲ ਮਿਲਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਕਰਾ ਅਸ਼ਨਾਨ, ਜਗਤ ਚੋਟੀ ਦਿਤਾ ਚੜ੍ਹਾਈਆ । ਬਾਲ ਬਿਰਧ ਨੌਜਵਾਨ, ਜੋਬਨ ਅਵਸਥਾ ਰੰਗ ਵਖਾਈਆ । ਧੁਰ ਸੰਦੇਸਾ ਸਦਾ ਸਦਾ ਸਦ ਦੇਵੇ ਆਣ, ਨਿਰਗੁਣ ਸਰਗੁਣ ਵੇਸ ਵਟਾਈਆ । ਸ਼ਬਦ ਗੁਰੂ ਗੁਰ ਕਰ ਪਰਧਾਨ, ਗੁਰ ਪਰਨਾਲੀ ਆਪ ਚਲਾਈਆ । ਆਤਮ ਪਰਮਾਤਮ ਪਰਮਾਤਮ ਆਤਮ ਏਕਾ ਮੰਦਰ ਇਕ ਮਕਾਨ, ਏਕਾ ਘਰ ਦਏ ਵਸਾਈਆ । ਏਕਾ ਮਤ ਏਕਾ ਬੁੱਧ ਕਰੇ ਧਿਆਨ, ਦਰ ਖੋਲ ਆਪਣੀ ਕਾਰ ਚਲਾਈਆ । ਏਕਾ ਮਨ ਸ਼ਰਅ ਸ਼ੈਤਾਨ, ਸ਼ਿਰਕਤ ਘਰ ਘਰ ਰਿਹਾ ਵਖਾਈਆ । ਏਕਾ ਬੋਧ ਅਗਾਧ ਗਿਆਨ, ਗੁਰ ਮੰਤਰ ਕਰੇ ਪੜ੍ਹਾਈਆ । ਏਕਾ ਰਾਗ ਨਾਦ ਧੁਨਕਾਨ, ਅਨਹਦ ਨਾਦੀ ਨਾਦ ਸੁਣਾਈਆ । ਏਕਾ ਜੋਤ ਨਿਰੰਜਣ ਨੂਰ ਮਹਾਨ, ਘਰ ਦੀਪਕ ਕਰੇ ਰੁਸ਼ਨਾਈਆ । ਏਕਾ ਲੱਖ ਚੁਰਾਸੀ ਆਵਣ ਜਾਣ, ਅੰਡਜ ਜੇਰਜ ਉਤਭੁਜ ਸੇਤਜ ਵੰਡ ਵੰਡਾਈਆ । ਘਰ ਘਰ ਅੰਦਰ ਬੈਠਾ ਦਿਵਸ ਰੈਣ ਦੇਵੇ ਗਿਆਨ, ਘੜੀ ਪਲ ਭੁੱਲ ਨਾ ਜਾਈਆ । ਨਾਲ ਮਾਇਆ ਕਰ ਪਰਧਾਨ, ਪਰਕਿਰਤੀ ਕਰੇ ਕੁੜਮਾਈਆ । ਜਗਤ ਵਿਦਿਆ ਜਗਤ ਵਿਧਾਨ, ਸ੍ਰਿਸ਼ਟ ਸ੍ਰਿਸ਼ਟ ਨਾਲ ਪਰਨਾਈਆ । ਇਸ਼ਟ ਇਸ਼ਟ ਨੌਜਵਾਨ, ਆਦਿ ਜੁਗਾਦਿ ਇਕ ਰਖਾਈਆ । ਆਤਮ ਪਰਮਾਤਮ ਮੇਲਾ ਦੋ ਜਹਾਨ, ਤੋੜ ਵਿਛੋੜਾ ਥਾਉਂ ਥਾਈਆ । ਕਰੇ ਖੇਲ ਆਪ ਭਗਵਾਨ, ਆਪਣੀ ਰੀਤੀ ਆਪਣੇ ਹੱਥ ਰਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜੁਗ ਚੌਕੜੀ ਸੇਵ ਕਮਾਣ, ਬਣ ਬਰਦੇ ਸੀਸ ਝੁਕਾਈਆ । ਨਿਤ ਨਵਿਤ ਦੇਂਦੇ ਰਹਿਣ ਪੈਗ਼ਾਮ, ਕਲਮਾ ਕਲਾਮ ਨੂਰ ਇਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਭੇਵ ਆਪ ਸਮਝਾਈਆ । ਆਦਿ ਬਖ਼ਸ਼ੀ ਆਪਣੀ ਰੂਹ, ਬੁੱਤ ਨਜ਼ਰ ਕੋਇ ਨਾ ਆਇੰਦਾ । ਸਰਗੁਣ ਦਿਤੀ ਸਾਚੀ ਸੂਹ, ਭੇਵ ਅਭੇਦ ਖੁਲ੍ਹਾਇੰਦਾ । ਅੰਦਰ

ਵੜ ਕੇ ਕਹੇ ਹੂ, ਅੰਨ੍ਹਾ ਹੂ ਨਾ ਕੋਇ ਸਮਝਾਇੰਦਾ । ਜਿਸ ਦਾ ਨਾਤਾ ਤੂਹੀ ਤੂ, ਤੋਬਾ ਤੋਬਾ ਸੋ ਕਰਾਇੰਦਾ । ਜਿਸ ਨੂੰ ਵਖਾਏ ਆਪਣਾ ਮੂੰਹ, ਮੁਹੱਬਤ ਆਪਣੇ ਨਾਲ ਬੰਧਾਇੰਦਾ । ਤਿਸ ਨਾਲ ਕੋਈ ਨਾ ਸਕੇ ਛੂਹ, ਅੰਗ ਨਾਲ ਅੰਗ ਨਾ ਕੋਇ ਮਿਲਾਇੰਦਾ । ਸੋ ਦੂਜੇ ਵੜੇ ਨਾ ਦੂਜੀ ਜੂਹ, ਅੱਧਵਿਚਕਾਰ ਨਾ ਕੋਇ ਅਟਕਾਇੰਦਾ । ਪਾਰ ਕਰਾਏ ਦੋ ਜਹਾਨਾਂ ਡੂੰਘਾ ਖੂਹ, ਪੁਰੀ ਲੋਅ ਆਕਾਸ਼ ਪਾਤਾਲ ਲੋਕ ਤਬਕ ਗਾਰ ਵਿਚ ਨਾ ਕੋਇ ਡੁਬਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰੂਹ ਬੁੱਤ ਮੇਲਾ, ਕਰੇ ਖੇਲ ਇਕ ਇਕੇਲਾ, ਅਕਲ ਕਲ ਆਪਣਾ ਰਾਹ ਚਲਾਇੰਦਾ । ਅਕਲ ਕਲ ਖੇਲ ਅਪਾਰ, ਅਪਰੰਪਰ ਆਪ ਜਣਾਈਆ । ਸਚਖੰਡ ਦਾ ਸਚ ਵਿਹਾਰ, ਸਾਖਿਆਤ ਦਏ ਜਣਾਈਆ । ਨਿਰਗੁਣ ਸਰਗੁਣ ਦਏ ਅਧਾਰ, ਸਰਗੁਣ ਨਿਰਗੁਣ ਵੇਖ ਵਖਾਈਆ । ਕਾਗਦ ਕਲਮ ਨਾ ਲਿਖਣਹਾਰ, ਲੇਖਾ ਲਿਖਤ ਵਿਚ ਨਾ ਆਈਆ । ਸ਼ਾਸਤਰ ਸਿਮਰਤ ਵੇਦ ਪੁਰਾਨ, ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਨਾ ਪਾਏ ਸਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਲੱਖ ਚੁਰਾਸੀ, ਹਰਿ ਕਰਤੇ ਖੇਲ ਰਚਾਇਆ । ਆਵਣ ਜਾਵਣ ਜਮ ਕੀ ਫਾਸੀ, ਰਾਏ ਧਰਮ ਹੁਕਮ ਮਨਾਇਆ । ਕੋਟਨ ਵਿਚੋਂ ਜਨ ਭਗਤਾਂ ਲਾਹੇ ਉਦਾਸੀ, ਆਪਣਾ ਦਰਸ ਕਰਾਇਆ । ਸੋ ਰੂਹ ਸਦਾ ਅਬਿਨਾਸ਼ੀ, ਜਿਸ ਅਬਿਨਾਸ਼ੀ ਆਪਣਾ ਰੰਗ ਚੜ੍ਹਾਇਆ । ਆਦਿ ਜੁਗਾਦਿ ਕਰੇ ਬੰਦ ਖ਼ਲਾਸੀ, ਬੰਧਨ ਕੋਇ ਰਹਿਣ ਨਾ ਪਾਇਆ । ਵੇਖਣਹਾਰਾ ਖੇਲ ਤਮਾਸ਼ੀ, ਖ਼ਾਲਕ ਖ਼ਲਕ ਵੰਡ ਵੰਡਾਇਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨੌਂ ਸੌ ਚੁਰਾਨਵੇਂ ਚੌਕੜੀ ਜੁਗ ਚਲਦੀ ਰਹੀ ਹਾਟੀ, ਗੁਰ ਅਵਤਾਰ ਪੀਰ ਪੈਗ਼ੰਬਰ ਬਣ ਵਣਜਾਰਾ ਹੱਟ ਚਲਾਇਆ । ਆਤਮ ਪਰਮਾਤਮ ਬ੍ਰਹਮ ਪਾਰਬ੍ਰਹਮ ਕਿਸੇ ਨਾ ਕੀਤੀ ਸਚ ਸ਼ਨਾਖ਼ੀ, ਸ਼ਨਾਖ਼ਤ ਕੋਈ ਨਾ ਗਿਆ ਸਮਝਾਇਆ । ਸਾਰੇ ਕਹਿੰਦੇ ਗਏ ਪੁਰਖ ਅਬਿਨਾਸ਼ੀ ਦੀ ਹੋ ਕੇ ਦਾਸੀ, ਬਣ ਦਾਸੀ ਸੇਵ ਕਮਾਇਆ । ਕੋਟਨ ਕੋਟ ਮੰਡਲ ਮੰਡਪ ਪੌਂਦੇ ਰਹੇ ਰਾਸੀ, ਗੋਪੀ ਕਾਹਨ ਨਾਚ ਨਚਾਇਆ । ਬਿਨ ਭਗਤ ਭਗਵਾਨ ਬਣਿਆ ਨਾ ਕਿਸੇ ਦਾ ਸਾਥੀ, ਅੱਧਵਿਚਕਾਰ ਪੀਰ ਪੈਗ਼ੰਬਰ ਰਹੇ ਕੁਰਲਾਇਆ । ਕਰ ਕਿਰਪਾ ਜਿਸ ਚਾੜ੍ਹੇ ਆਪਣੀ ਘਾਟੀ, ਘਾਟਾ ਪੂਰਬ ਪੂਰਾ ਦਏ ਕਰਾਇਆ । ਜਿਸ ਦੀ ਰੂਹ ਓਸੇ ਦਾ ਬੁੱਤ ਖ਼ਾਕੀ, ਖ਼ਾਕੀ ਖ਼ਾਕ ਨਾਲ ਮਿਲਾਇਆ । ਕੋਈ ਰਹਿਣ ਨਾ ਦੇਵੇ ਅੱਗੇ ਆਕੀ, ਅਕਲ ਸਭ ਦੀ ਦਏ ਭੁਲਾਇਆ । ਜਿਸ ਜਨ ਖੋਲ੍ਹੇ ਆਪ ਤਾਕੀ, ਪਰਦਾ ਪਰਦਾ ਦਏ ਉਠਾਇਆ । ਪਿਆਏ ਜਾਮ ਬਣ ਕੇ ਸਾਕੀ, ਤ੍ਰਿਸਨਾ ਭੁੱਖ ਮਿਟਾਇਆ । ਸੋ ਸੱਜਣ ਮਿਲੇ ਸਾਹਿਬ ਹਰਿ ਕਮਲਾਪਾਤੀ, ਕਰ ਦਰਸ ਇਕੋ ਨਜ਼ਰੀ ਆਇਆ । ਸੋ ਰੂਹ ਹੋਈ ਪਾਕ ਪਾਕੀ, ਪਤਤ ਪੁਨੀਤ ਆਪ ਕਰਾਇਆ । ਜੁਗ ਚੌਕੜੀ ਜਿਸ ਦਾ ਲਹਿਣਾ ਰਹਿ ਗਿਆ ਬਾਕੀ, ਕਲਜੁਗ ਅੰਤਮ ਝੋਲੀ ਪਾਇਆ । ਪਾਰਬ੍ਰਹਮ ਪਤਿਪਰਮੇਸ਼ਵਰ ਸ੍ਰੀ ਭਗਵਾਨ ਸਚਖੰਡ ਦੀ ਖੋਲ੍ਹੀ ਹਾਟੀ, ਸਚ ਵਸਤ ਇਕ ਵਰਤਾਇਆ । ਹਰਿਜਨ ਤੇਰੀ ਉਤਮ ਰੱਖੇ ਜ਼ਾਤੀ, ਜ਼ਾਤ ਪਾਤ ਨਾ ਕੋਇ ਜਣਾਇਆ । ਮੇਟੇ ਰੈਣ ਅੰਧੇਰੀ ਰਾਤੀ, ਸਤਿਗੁਰ ਸਾਚਾ ਚੰਦ ਚੜ੍ਹਾਇਆ । ਪਿਛੇ ਵਾਲੀ ਛੱਡੋ ਗਾਥੀ, ਅਗਲਾ ਰਾਹ ਰਿਹਾ ਵਖਾਇਆ । ਜਿਸ ਰੂਹ ਲੈਣੀ ਨਜ਼ਾਤੀ, ਨਿਜ ਘਰ ਸਾਚੇ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਵਿਛੋੜੇ ਆਪੇ ਜੋੜੇ ਆਪੇ ਸੱਦੇ ਆਪੇ ਤੋਰੇ, ਆਵਣ ਜਾਵਣ ਆਪਣਾ ਖੇਲ ਰਚਾਇਆ । ਜਿਸ ਘੱਲੇ ਮਾਤ, ਮਤਾ ਆਪਣੇ ਨਾਲ ਪਕਾਈਆ । ਜਿਸ ਲੱਖ ਚੁਰਾਸੀ ਦਿਤੀ ਦਾਤ, ਗੇੜਾ

੪੭੧
੧੩

ਗੋੜੇ ਵਿਚ ਰਖਾਈਆ । ਜਿਸ ਤ੍ਰੈਗੁਣ ਬੱਧਾ ਨਾਤ, ਪੰਚਮ ਪੰਚ ਕਰੀ ਕੁੜਮਾਈਆ । ਸੋ ਸਾਹਿਬ ਅੰਤਮ ਪੁਛੇ ਵਾਤ, ਵਿਤਕਰਾ ਸਭ ਦਾ ਰਿਹਾ ਮਿਟਾਈਆ । ਪੱਤਣ ਆਇਆ ਆਪਣੇ ਘਾਟ, ਬੇਪਰਵਾਹ ਬੇਪਰਵਾਹੀਆ । ਇਕ ਰਸੂਲ ਪਰਵਰਦਿਗਾਰ ਪਾਕ, ਪਾਕੀ ਪਾਕ ਇਕ ਖ਼ੁਦਾਈਆ । ਜਿਸ ਰੂਹ ਬੁੱਤ ਬਣਾਇਆ ਸਾਕ, ਅੰਤਮ ਸਾਕ ਦਏ ਤੁੜਾਈਆ । ਲੋਕਮਾਤ ਵਿਚ ਰਹਿ ਜਾਏ ਖ਼ਾਕ, ਕਲਬੂਤ ਕੰਮ ਕਿਸੇ ਨਾ ਆਈਆ । ਰੂਹ ਪੀਏ ਆਬ ਹਯਾਤ, ਹਯਾ ਆਪਣਾ ਦਏ ਮਿਟਾਈਆ । ਲੇਖਾ ਲੱਗੇ ਪੁੰਨ ਸਵਾਬ, ਸੁਹਬਤ ਇਕੋ ਇਕ ਵਡਿਆਈਆ । ਪਰਵਰਦਿਗਾਰ ਆਪਣੇ ਮੁਖ ਤੋਂ ਚੁੱਕ ਨਕ਼ਾਬ, ਪਰਦਾਨਸ਼ੀਂ ਬੇਪਰਦਾ ਹੋ ਆਪਣਾ ਦਰਸ ਵਖਾਈਆ । ਸੋ ਰੂਹ ਕਹੇ ਹੱਕ ਜਨਾਬ, ਹਕੀਕਤ ਵੇਖੇ ਥਾਉਂ ਥਾਈਂਆ । ਨਿਉਂ ਨਿਉਂ ਸਯਦਾ ਕਰੇ ਆਦਾਬ, ਅਦਲ ਆਦਲ ਇਕ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਦਾਤਾ ਪੁਰਖ ਬਿਧਾਤਾ, ਆਦਿ ਜੁਗਾਦਿ ਜਣਾਏ ਗਾਥਾ, ਪੀਰ ਪੈਗ਼ੰਬਰ ਗੁਰ ਅਵਤਾਰ ਕਰੇ ਪੜ੍ਹਾਈਆ ।

ਗੁਰ ਗੋਬਿੰਦ ਹੋਇਆ ਵੇਹਲਾ, ਪੁਰਖ ਅਕਾਲ ਧਿਆਈਆ । ਲੋਕਮਾਤ ਸੱਚਾ ਰਿਹਾ ਨਾ ਕੋਈ ਚੇਲਾ, ਚੇਰਾ ਰੂਪ ਨਾ ਕੋਇ ਵਟਾਈਆ । ਸਿੰਘ ਹੋ ਗਿਆ ਬੱਕਰੀ ਲੇਲਾ, ਚਾਰੋਂ ਕੁੰਟ ਭੱਜੇ ਵਾਹੋ ਦਾਹੀਆ । ਪੁਰਖ ਅਬਿਨਾਸ਼ੀ ਹੁਣ ਤੇਰਾ ਵੇਲਾ, ਦੂਜੀ ਚਲੇ ਨਾ ਕਿਸੇ ਚਤੁਰਾਈਆ । ਤੂੰ ਸਾਹਿਬ ਸੱਜਣ ਸੁਹੇਲਾ, ਤੇਰੀ ਇਕੋ ਓਟ ਤਕਾਈਆ । ਆਪਣੀ ਗੋਦ ਅੰਤਮ ਲੈ ਲਾ, ਸਿਰ ਆਪਣਾ ਹੱਥ ਰਖਾਈਆ । ਦੋ ਜਹਾਨ ਦਿਸੇ ਜੰਗਲ ਜੂਹ ਉਜਾੜ ਬੇਲਾ, ਬਣ ਸ਼ੇਰ ਭਬਕ ਨਾ ਕੋਇ ਸੁਣਾਈਆ । ਜੁਗਾ ਜੁਗੰਤਰ ਆਦਿ ਅੰਤ ਤੂੰ ਰਹੇਂ ਇਕੇਲਾ, ਆਪਣੀ ਕਲ ਵਰਤਾਈਆ । ਹੁਣ ਮੈਂ ਵੇਖਣੀ ਤੇਰੀ ਖੇਲਾ, ਖ਼ਾਲਕ ਕਿਵੇਂ ਖ਼ਲਕ ਰੁਲਾਈਆ । ਸ੍ਰੀ ਭਗਵਾਨ ਕਹੇ ਮੈਂ ਚਾੜ੍ਹਨਹਾਰਾ ਤੇਲਾ, ਸਗਨ ਇਕੋ ਵਾਰ ਮਨਾਈਆ । ਹੁਕਮੇ ਅੰਦਰ ਕਰ ਕੇ ਰੇਲ ਪੇਲਾ, ਫੇਰ ਵੇਹਲਾ ਹੋ ਕੇ ਤੇਰਾ ਰੰਗ ਚੜ੍ਹਾਈਆ ।

### ❇ ੯ ਮਾਘ ੨੦੧੯ ਬਿਕਰਮੀ ਸੋਹਣ ਸਿੰਘ ਦੇ ਗ੍ਰਹਿ ਬਟਾਲਾ ਜ਼ਿਲਾ ਗੁਰਦਾਸਪੁਰ ❇

ਆਦਿ ਜੁਗਾਦਿ ਖੇਲ ਸਮਰਥ, ਸਮਰਥ ਪੁਰਖ ਆਪ ਚਲਾਇੰਦਾ । ਜੁਗ ਚੌਕੜੀ ਸਾਚਾ ਰਥ, ਬਣ ਰਥਵਾਹੀ ਵੇਖ ਵਖਾਇੰਦਾ । ਵਸਤ ਅਗੰਮੀ ਏਕਾ ਵਥ, ਵਸਤੂ ਆਪਣੇ ਹੱਥ ਰਖਾਇੰਦਾ । ਲੱਖ ਚੁਰਾਸੀ ਵੇਖੇ ਤੱਤ, ਤੱਤਵ ਆਪਣੇ ਰੰਗ ਰੰਗਾਇੰਦਾ । ਭਗਤ ਭਗਵਾਨ ਇਕੋ ਮਤ, ਮਤ ਭੇਦ ਨਾ ਕੋਇ ਜਣਾਇੰਦਾ । ਸਤਿ ਸਤਿਵਾਦੀ ਸਾਚਾ ਸਤਿ, ਸਤੋ ਗੁਣ ਰੂਪ ਸਮਾਇੰਦਾ । ਆਤਮ ਪਰਮਾਤਮ ਮੇਲ ਮਿਲਾਵਾ ਕਮਲਾਪਤਿ, ਪਤਿਪਰਮੇਸ਼ਵਰ ਨਜ਼ਰੀ ਆਇੰਦਾ । ਪਾਰਬ੍ਰਹਮ ਬ੍ਰਹਮ ਮਾਰਗ ਦੱਸ, ਰਹਿਬਰ ਆਪਣਾ ਰਾਹ ਚਲਾਇੰਦਾ । ਈਸ਼ ਜੀਵ ਮੇਲਾ ਹੱਸ ਹੱਸ, ਜਗਦੀਸ਼ ਆਪਣੀ ਖ਼ੁਸ਼ੀ ਵਖਾਇੰਦਾ । ਨਿਝਰ ਸਰੋਵਰ ਏਕਾ ਰਸ, ਅੰਮ੍ਰਿਤ ਅਮਰ ਬੂੰਦ ਬਰਸਾਇੰਦਾ । ਸਦਾ ਸੁਹੇਲਾ ਮੇਲ ਮਿਲਾਏ ਨੱਠ ਨੱਠ, ਇਕ ਇਕੇਲਾ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਮਰਥ ਆਪਣੀ ਕਲ ਧਰਾਇੰਦਾ । ਸਮਰਥ ਪੁਰਖ ਅਗੰਮ ਅਥਾਹ, ਅਕਲ ਕਲਾ ਅਖਵਾਈਆ । ਮੇਲ ਮਿਲਾਵਾ ਸਹਿਜ ਸੁਭਾ, ਬਿਨ ਸੁਬਾ ਸ਼ਾਮ ਕਰਾਈਆ । ਵੇਖਣਹਾਰਾ ਥਾਉਂ ਥਾਂ, ਬਿਨ ਜ਼ਿਮੀ ਅਸਮਾਨ ਫਿਰੇ

ਵਾਹੋ ਦਾਹੀਆ । ਜਪਾਵਣਹਾਰਾ ਏਕਾ ਨਾਂ, ਬਿਨ ਅੱਖਰਾਂ ਕਰੇ ਪੜ੍ਹਾਈਆ । ਵਸਾਵਣਹਾਰਾ ਸਚ ਮਕਾਨ, ਛੱਪਰ ਛੰਨ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਮਰਥ ਆਪਣੇ ਰੰਗ ਰੰਗਾਈਆ । ਸਮਰਥ ਪੁਰਖ ਪੁਰਖ ਬੇਅੰਤ, ਮਹਿਮਾ ਅਕੱਥ, ਕਥੀ ਨਾ ਜਾਈਆ । ਆਦਿ ਜੁਗਾਦਿ ਖੇਲ ਖਲੰਤ, ਖ਼ਾਲਕ ਖ਼ਲਕ ਵਿਚ ਸਮਾਈਆ । ਲੇਖਾ ਜਾਣ ਜੁਗਾ ਜੁਗੰਤ, ਜੁਗ ਚੌਕੜੀ ਬੰਧਨ ਪਾਈਆ । ਆਤਮ ਪਰਮਾਤਮ ਮਣੀਆਂ ਮੰਤ, ਮੰਤਰ ਇਕੋ ਇਕ ਦ੍ਰਿੜਾਈਆ । ਮੇਲ ਮਿਲਾਵਾ ਸਾਜਣ ਸੰਤ, ਸਤਿਗੁਰ ਮੇਲਾ ਸਹਿਜ ਸੁਭਾਈਆ । ਨਿਰਗੁਣ ਸਰਗੁਣ ਬਣਾਏ ਬਣਤ, ਘੜਨ ਭੰਨਣਹਾਰ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਮਰਥ ਆਪਣੀ ਖ਼ੁਸ਼ੀ ਵਖਾਈਆ । ਸਮਰਥ ਪੁਰਖ ਦੀਨ ਦਿਆਲ, ਦਇਆਨਿਧ ਅਖਵਾਇੰਦਾ । ਨਿਰਗੁਣ ਸਰਗੁਣ ਖੇਲ ਕਮਾਲ, ਕਮਲੀ ਚੋਲਾ ਤਨ ਹੰਢਾਇੰਦਾ । ਜੋਤੀ ਨੂਰ ਬੇਮਿਸਾਲ, ਮਿਸਲ ਵਿਚ ਨਾ ਲੇਖ ਲਿਖਾਇੰਦਾ । ਸਦਾ ਸੁਹੇਲਾ ਘਾਲੇ ਘਾਲ, ਘਾਲੀ ਘਾਲ ਵੇਖ ਵਖਾਇੰਦਾ । ਜੁਗ ਚੌਕੜੀ ਮੁਰਸ਼ਦ ਮੁਰੀਦਾਂ ਸੁਣੇ ਹਾਲ, ਮੁਰਦੇ ਰੂਹ ਆਪ ਜਵਾਇੰਦਾ । ਅੰਮਿਉਂ ਰਸ ਜਾਮ ਦਏ ਪਿਆਲ, ਸਚ ਪਿਆਲਾ ਹੱਥ ਉਠਾਇੰਦਾ । ਭਾਗ ਲਗਾਏ ਕਾਇਆ ਖਾਲ, ਮਾਟੀ ਇਕੋ ਨੂਰ ਚਮਕਾਇੰਦਾ । ਕੂੜਾ ਤੋੜ ਕਿਰਿਆ ਜੰਜਾਲ, ਜੀਵਣ ਜੁਗਤ ਇਕ ਸਮਝਾਇੰਦਾ । ਨਾਦ ਅਨਾਦੀ ਵਜਾਏ ਤਾਲ, ਤਾਲ ਤਲਵਾੜਾ ਆਪ ਹਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਮਰਥ ਆਪਣੀ ਕਾਰ ਕਮਾਇੰਦਾ । ਸਮਰਥ ਕਾਰ ਅਬਿਨਾਸ਼ੀ ਅਚੁੱਤ, ਆਦਿ ਜੁਗਾਦਿ ਵੱਡੀ ਵਡਿਆਈਆ । ਲੇਖਾ ਜਾਣੇ ਰੂਹ ਬੁੱਤ, ਬਾਤਨ ਜ਼ਾਹਰ ਵੇਖ ਵਖਾਈਆ । ਨਿਰਗੁਣ ਸਰਗੁਣ ਪਿਉ ਪੁੱਤ, ਪਿਤਾ ਪੂਤ ਵੇਸ ਵਟਾਈਆ । ਜੁਗਾ ਜੁਗੰਤਰ ਗੋਦੀ ਚੁੱਕ, ਦੋ ਜਹਾਨ ਰਿਹਾ ਉਠਾਈਆ । ਗੁਰਮੁਖ ਵਿਰਲਾ ਪਏ ਉਠ, ਲੱਖ ਚੁਰਾਸੀ ਗੂੜ੍ਹੀ ਨੀਂਦ ਸਵਾਈਆ । ਸਤਿ ਸਰੂਪ ਬੈਠਾ ਚੁੱਪ, ਅਨਬੋਲਤ ਰਾਗ ਨਾ ਕੋਇ ਅਲਾਈਆ । ਜਨ ਭਗਤਾਂ ਉਤੇ ਹੋਏ ਖ਼ੁਸ਼, ਖ਼ੁਸ਼ੀ ਆਪਣੀ ਦਏ ਸਮਝਾਈਆ । ਆਓ ਮੈਨੂੰ ਲਓ ਪੁੱਛ, ਤੂੰ ਮੇਰਾ ਮੈਂ ਤੇਰਾ ਤੇਰਾ ਮੇਰਾ ਇਕੋ ਘਰ ਵਸਾਈਆ । ਜਿਸ ਨੇ ਦਰਸ਼ਨ ਕੀਤਾ ਝੁਕ, ਨਿਰਗੁਣ ਦਾਤਾ ਨਜ਼ਰੀ ਆਈਆ । ਨਾਮ ਖ਼ਜ਼ਾਨਾ ਲਏ ਲੁੱਟ, ਬਿਨ ਹੱਥਾਂ ਝੋਲੀ ਦਏ ਭਰਾਈਆ । ਕਰੇ ਪਰਕਾਸ਼ ਅੰਧੇਰੇ ਘੁੱਪ, ਅਗਿਆਨ ਅੰਧੇਰ ਮਿਟਾਈਆ । ਪੂਰਬ ਜਨਮ ਜੋ ਗਏ ਰੁਸ, ਬਿਨ ਕਰਮਾਂ ਲਏ ਮਿਲਾਈਆ । ਵੇਖਣਹਾਰਾ ਚੌਦਾਂ ਲੋਕ, ਪ੍ਰਿਥਮੀ ਆਕਾਸ਼ ਖੋਜ ਖੁਜਾਈਆ । ਸ਼ਬਦ ਅਗੰਮੀ ਇਕ ਸਲੋਕ, ਸੋਹੰ ਢੋਲਾ ਰਿਹਾ ਸੁਣਾਈਆ । ਜਿਸ ਸਾਧ ਸੰਤ ਲੈਣੀ ਮੋਖ, ਆਓ ਚਲ ਸੱਚੀ ਸਰਨਾਈਆ । ਆਤਮ ਅੰਤਰ ਵੱਜੇ ਚੋਟ, ਨਗਾਰਾ ਇਕੋ ਨਾਦ ਸੁਣਾਈਆ । ਬਾਕੀ ਆਹਲਣਿਉਂ ਡਿਗੇ ਬੋਟ, ਬਿਨ ਪੁਰਖ ਅਕਾਲ ਗੋਦ ਨਾ ਕੋਇ ਉਠਾਈਆ । ਗੁਰ ਪੀਰਾਂ ਦੀ ਕੋਈ ਨਾ ਮਿਲੇ ਵੋਟ, ਬਕਸੇ ਸਭ ਦੇ ਭੰਨ ਵਖਾਈਆ । ਅੱਖਰ ਨਾਮ ਜਿਨ੍ਹਾਂ ਰਸਨਾ ਲਏ ਘੋਟ, ਘੂਕ ਸੁੱਤੇ ਲੈ ਨਾ ਸਕੇ ਅੰਗੜਾਈਆ । ਜਿਨ੍ਹਾਂ ਪ੍ਰਭ ਮਿਲਿਆ ਨਿਰਮਲ ਹੋ ਕੇ ਜੋਤ, ਜੋਤੀ ਜੋਤ ਕਰੇ ਰੁਸ਼ਨਾਈਆ । ਗੁਰਸਿਖ ਕੋਈ ਨਾ ਸੋਚੇ ਸੋਚ, ਬਿਨ ਸੋਚਿਆਂ ਪਾਰ ਕਰਾਈਆ । ਧੁਰਦਰਗਾਹੀ ਸਚ ਮਲਾਹੀ ਨਿਰਗੁਣ ਦਾਤਾ ਗਿਆ ਪਹੁੰਚ, ਪੂਰੀ ਆਸਾ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਰਖ ਸਮਰਥ ਸਮਰਥ ਅਕਾਲਾ, ਦੀਨਾਂ ਬੰਧਪ ਦੀਨ ਦਿਆਲਾ, ਦੀਨਨ ਆਪਣੇ ਗਲੇ ਲਗਾਈਆ । ਦੀਨ ਦਿਆਲ ਦਇਆਨਿਧ ਸਾਗਰ, ਸਗਲਾ ਸੰਗ ਨਿਭਾਇੰਦਾ ।

ਖੇਲੇ ਖੇਲ ਕਰੀਮ ਕਾਦਰ, ਕਰਤਾ ਕੁਦਰਤ ਵੇਖ ਵਖਾਇੰਦਾ । ਕਰਨ ਆਇਆ ਸੱਚਾ ਆਦਲ, ਅਦਲੀ ਇਕੋ ਫੇਰਾ ਪਾਇੰਦਾ । ਕਲਜੁਗ ਘਟਾ ਵੇਖੇ ਬਾਦਲ, ਬਦਲੀ ਸਭ ਦੀ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਮਰਥ ਆਪਣਾ ਰੰਗ ਵਖਾਇੰਦਾ । ਸਮਰਥ ਰੰਗ ਚਾੜ੍ਹੇ ਏਕ, ਏਕੰਕਾਰ ਵੱਡੀ ਵਡਿਆਈਆ । ਆਤਮ ਪਰਮਾਤਮ ਸਾਚੀ ਟੇਕ, ਟਿੱਕਾ ਮਸਤਕ ਨਾ ਕੋਇ ਵਖਾਈਆ । ਬਿਨ ਕਲਮ ਸ਼ਾਹੀ ਲਿਖੇ ਲੇਖ, ਲੇਖ ਸਕੇ ਨਾ ਕੋਇ ਮਿਟਾਈਆ । ਨਜ਼ਰੀ ਆਏ ਨੇਤਨ ਨੇਤ, ਨਿਤ ਨਿਤ ਦਰਸ ਵਖਾਈਆ । ਭਗਤ ਭਗਵੰਤ ਕਰੇ ਹੇਤ, ਹਿਤਕਾਰੀ ਫੇਰਾ ਪਾਈਆ । ਗੁਰਮੁਖ ਸੱਜਣ ਲੈਣ ਵੇਖ, ਸ੍ਰਿਸ਼ਟ ਸਬਾਈ ਨੇਤਰ ਅੰਧ ਬਣਾਈਆ । ਜਿਸ ਜਨ ਦੇਵੇ ਆਪਣਾ ਭੇਤ, ਸੋ ਭੱਜੇ ਵਾਹੋ ਦਾਹੀਆ । ਗ਼ਰੀਬ ਨਿਮਾਣੇ ਫੜ ਫੜ ਉਠਾਏ ਵਿਚੋਂ ਖੇਤ, ਖੇਤਰਪਾਲ ਮੁਖ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਵੇਂ ਆਪਣੀ ਰੁੱਤ ਬਦਲਾਈਆ । ਪਹਿਲੋਂ ਜੰਮਿਆਂ ਮਹੀਨੇ ਜੇਠ, ਅਗਨੀ ਤੱਤ ਤਪਾਇੰਦਾ । ਸਰਗੁਣ ਹੋ ਕੇ ਖੇਡੀ ਖੇਡ, ਭੇਵ ਕੋਇ ਨਾ ਪਾਇੰਦਾ । ਲੱਖ ਚੁਰਾਸੀ ਕਰ ਕੇ ਗਿਆ ਝੇਡ, ਚੌਦਾਂ ਵਿਦਿਆ ਮਾਣ ਮਿਟਾਇੰਦਾ । ਅੰਤਮ ਸਾਢੇ ਤਿੰਨ ਹੱਥ ਕਾਇਆ ਵਿਚੋਂ ਗਿਆ ਲੇਟ, ਆਪਣਾ ਪਾਸਾ ਆਪ ਬਦਲਾਇੰਦਾ । ਗੋਬਿੰਦ ਕੀਤਾ ਇਕੋ ਹੇਤ, ਹਿਤ ਆਪਣੇ ਨਾਲ ਮਿਲਾਇੰਦਾ । ਪਿਛਲਾ ਜਾਣੇ ਸਾਚਾ ਲੇਖ, ਲੇਖਾ ਆਪਣੇ ਰੰਗ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣੀ ਰੁੱਤ ਆਪ ਬਦਲਾਇੰਦਾ । ਜੇਠ ਮਹੀਨਾ ਛੱਡੀ ਰੁੱਤ, ਰੁਤੜੀ ਆਪ ਬਦਲਾਈਆ । ਛੱਬੀ ਪੋਹ ਗਿਆ ਉਠ, ਗਰਮੀਉਂ ਹੋਈ ਸਰਦੀ, ਸਰਦੀਉਂ ਦਰਦੀਆਂ ਦਰਦ ਵੰਡਾਈਆ । ਵੜ ਗਿਆ ਅੰਧੇਰੇ ਘੁੱਪ, ਨਜ਼ਰ ਕਿਸੇ ਨਾ ਆਈਆ । ਚਾਰ ਜੁਗ ਦੇ ਵਿਛੜਿਆ ਰਿਹਾ ਪੁੱਛ, ਘਰ ਜਾ ਜਾ ਰਿਹਾ ਜਗਾਈਆ । ਮੈਂ ਤੁਹਾਡੇ ਪਿਛੇ ਲੋਕਾਂ ਕੋਲੋਂ ਰਿਹਾ ਲੁੱਕ, ਆਪਣਾ ਭੇਵ ਨਾ ਕਿਸੇ ਸਮਝਾਈਆ । ਸਭ ਨੂੰ ਵਖੌਂਦਾ ਰਿਹਾ ਠੁੱਠ, ਠੋਕਰ ਨਾਮ ਨਾ ਕਿਸੇ ਲਗਾਈਆ । ਬਿਨ ਭਗਤਾਂ ਗਲਵਕੜੀ ਪਾਏ ਨਾ ਕਿਸੇ ਘੁੱਟ, ਦੂਰ ਦੁਰਾਡੇ ਦੇਵੇ ਧੱਕੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰੁੱਤ ਰੁੱਤੜੀ ਦਏ ਵਟਾਈਆ । ਆਪਣੀ ਬਦਲੀ ਰੁੱਤ ਆਪ, ਹਰਿ ਸਾਚਾ ਖੇਲ ਕਰਾਇੰਦਾ । ਜਨ ਭਗਤਾਂ ਬਣ ਮਾਈ ਬਾਪ, ਪਿਤਾ ਪੂਤ ਗੋਦ ਉਠਾਇੰਦਾ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਹੋ ਕੇ ਦੱਸਿਆ ਜਾਪ, ਦੋ ਅੱਖਰ ਸੋਹੰ ਆਪ ਪੜ੍ਹਾਇੰਦਾ । ਪਾਰ ਲੰਘਣ ਦਾ ਇਕੋ ਘਾਟ, ਨਿੱਕਾ ਪੱਤਣ ਆਪ ਸੁਹਾਇੰਦਾ । ਦੂਰ ਦੁਰਾਡੀ ਨੇੜੇ ਆਂਦੀ ਵਾਟ, ਵੱਟਾ ਪਿਛਲਾ ਆਪੇ ਲਾਹਿੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਗੁਣ ਨਿਰਗੁਣ ਹੋ ਕੇ ਦਿਤੀ ਦਾਤ, ਨਿਰਗੁਣ ਸੋ ਹੰ ਬ੍ਰਹਮ ਆਪੇ ਹੋ ਬ੍ਰਹਮ ਪਾਰਬ੍ਰਹਮ ਵਖਾਇੰਦਾ ।

❇ ੯ ਮਾਘ ੨੦੧੯ ਬਿਕਰਮੀ ਜਸਬੀਰ ਸਿੰਘ, ਜਾਗੀਰ ਸਿੰਘ, ਦਿਲਬਾਗ ਸਿੰਘ ਪਿੰਡ ਭੋਲੇ ਕੇ ਜ਼ਿਲਾ ਗੁਰਦਾਸਪੁਰ ❇

ਪਰਵਰਦਿਗਾਰ ਪਰਦਾ ਚੁਕਿਆ, ਮੁਖ ਨਕਾਬ ਨਾ ਕੋਇ ਰਖਾਇੰਦਾ । ਅਬਿਨਾਸ਼ੀ ਕਰਤਾ ਰਹੇ ਨਾ ਲੁੱਕਿਆ, ਨਿਰਗੁਣ ਆਪਣਾ ਨੂਰ ਧਰਾਇੰਦਾ । ਬੇਪਰਵਾਹ ਏਕਾ ਉਠਿਆ, ਮੁਕਾਮੇ ਹੱਕ ਖੇਲ ਕਰਾਇੰਦਾ । ਸ੍ਰੀ ਭਗਵਾਨ ਸਾਹਿਬ ਤੁਠਿਆ, ਸਚਖੰਡ ਦੁਆਰ ਸੋਭਾ ਪਾਇੰਦਾ । ਸ਼ਾਹ ਸੁਲਤਾਨ

ਏਕਾ ਬੁਕਿਆ, ਦੋ ਜਹਾਨਾਂ ਹੁਕਮ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਰਾਇੰਦਾ । ਪਰਵਰਦਿਗਾਰ ਪਰਦਾ ਲਾਹ, ਨੂਰ ਜ਼ਹੂਰ ਕਰੇ ਰੁਸ਼ਨਾਈਆ । ਸੋ ਪੁਰਖ ਨਿਰੰਜਣ ਖੇਲ ਕਰਾ, ਵੇਖਣਹਾਰਾ ਥਾਉਂ ਥਾਈਆ । ਦਰਗਾਹ ਸਾਚੀ ਧਾਮ ਸੁਹਾ, ਥਿਰ ਘਰ ਦੇਵੇ ਮਾਣ ਵਡਿਆਈਆ । ਅਲੱਖ ਅਲੱਖਣਾ ਅਲੱਖ ਜਗਾ, ਸਦਾ ਇਕੋ ਆਵਾਜ਼ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹੀ ਖੇਲ ਅਵੱਲਾ, ਏਕੰਕਾਰ ਆਪ ਕਰਾਇੰਦਾ । ਸਚ ਸਿੰਘਾਸਣ ਸਾਚਾ ਮੱਲਾ, ਤਖ਼ਤ ਨਿਵਾਸੀ ਸੋਭਾ ਪਾਇੰਦਾ । ਨੂਰ ਨੁਰਾਨੀ ਜੋਤੀ ਅੱਲਾ, ਬਿਸਮਲ ਆਪਣੀ ਧਾਰ ਵਖਾਇੰਦਾ । ਸਚ ਪਰਕਾਸ਼ ਆਪੇ ਬਲਾ, ਸਤਿ ਦੁਆਰੇ ਡਗਮਗਾਇੰਦਾ । ਵਸਣਹਾਰਾ ਨਿਹਚਲ ਧਾਮ ਅਟੱਲਾ, ਉਚ ਮਹੱਲ ਸੋਭਾ ਪਾਇੰਦਾ । ਆਦਿ ਜੁਗਾਦੀ ਇਕ ਇਕੱਲਾ, ਜੁਗ ਜੁਗ ਆਪਣੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚਾ ਇਕ ਸੁਹਾਇੰਦਾ । ਦਰ ਘਰ ਸਾਚਾ ਸੋਭਨੀਕ, ਨੂਰ ਨੁਰਾਨਾ ਆਪ ਸੁਹਾਇੰਦਾ । ਹਰਿ ਪੁਰਖ ਨਿਰੰਜਣ ਲਾਸ਼ਰੀਕ, ਸ਼ਹਿਨਸ਼ਾਹ ਆਪਣਾ ਰੰਗ ਰੰਗਾਇੰਦਾ । ਸਚ ਨਿਸ਼ਾਨਾ ਲਾਏ ਠੀਕ, ਦੋ ਜਹਾਨਾਂ ਵੇਖ ਵਖਾਇੰਦਾ । ਨਿਰਗੁਣ ਨਿਰਗੁਣ ਸਤਿ ਪ੍ਰੀਤ, ਸਤਿ ਸਤਿਵਾਦੀ ਆਪ ਲਗਾਇੰਦਾ । ਵਸਣਹਾਰਾ ਦੂਰ ਨਜ਼ਦੀਕ, ਜ਼ਾਹਰ ਜ਼ਹੂਰ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪ ਉਠਾਇੰਦਾ । ਆਪਣਾ ਪਰਦਾ ਦੇਵੇ ਚੁੱਕ, ਨੂਰੋ ਨੂਰ ਨੂਰ ਦਰਸਾਈਆ । ਆਦਿ ਜੁਗਾਦਿ ਜੁਗ ਚੌਕੜੀ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੋ ਬੈਠਾ ਰਿਹਾ ਲੁਕ, ਰੂਪ ਰੰਗ ਰੇਖ ਨਾ ਕੋਇ ਵਖਾਈਆ । ਸ਼ਬਦ ਅਗੰਮੀ ਹੋ ਕੇ ਰਿਹਾ ਬੁੱਕ, ਭਬਕ ਆਪਣੇ ਨਾਮ ਲਗਾਈਆ । ਨਿਰਗੁਣ ਸਰਗੁਣ ਵੇਖੇ ਉਠ, ਆਪ ਆਪਣਾ ਬਲ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਪਰਵਰਦਿਗਾਰਾ, ਬੇਐਬ ਨਾਮ ਅਖਵਾਇੰਦਾ । ਮੁਕਾਮੇ ਹੱਕ ਸਾਂਝਾ ਯਾਰਾ, ਲਾਸ਼ਰੀਕ ਸੋਭਾ ਪਾਇੰਦਾ । ਸੋ ਪੁਰਖ ਨਿਰੰਜਣ ਵਸੇ ਧਾਮ ਨਿਆਰਾ, ਹਰਿ ਪੁਰਖ ਨਿਰੰਜਣ ਆਪਣਾ ਦਰ ਸੁਹਾਇੰਦਾ । ਏਕੰਕਾਰਾ ਕਰ ਪਸਾਰਾ, ਆਦਿ ਨਿਰੰਜਣ ਨੂਰ ਡਗਮਗਾਇੰਦਾ । ਅਬਿਨਾਸ਼ੀ ਕਰਤਾ ਦੇ ਸਹਾਰਾ, ਸਮਰਥ ਆਪਣੀ ਕਾਰ ਕਮਾਇੰਦਾ । ਸ੍ਰੀ ਭਗਵਾਨ ਕਰ ਪਸਾਰਾ, ਬੇਪਰਵਾਹ ਵੇਖ ਵਖਾਇੰਦਾ । ਪਾਰਬ੍ਰਹਮ ਬ੍ਰਹਮ ਕਰ ਤਿਆਰਾ, ਨਿਰਗੁਣ ਆਪਣਾ ਰਾਹ ਚਲਾਇੰਦਾ । ਜਨ ਭਗਤਾਂ ਵੇਖਣਹਾਰਾ, ਨੇਤਰ ਨੈਣ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਇੰਦਾ । ਸਾਚਾ ਭੇਵ ਖੋਲ੍ਹੇ ਆਪ, ਪਾਰਬ੍ਰਹਮ ਵੱਡੀ ਵਡਿਆਈਆ । ਜੁਗ ਚੌਕੜੀ ਖੇਲ ਤਮਾਸ਼, ਨਿਰਗੁਣ ਸਰਗੁਣ ਵੇਖ ਵਖਾਈਆ । ਬ੍ਰਹਿਮੰਡ ਖੰਡ ਮੰਡਲ ਰਾਸ, ਗੋਪੀ ਕਾਹਨ ਨਾਚ ਨਚਾਈਆ । ਦੋਜ਼ਖ਼ ਬਹਿਸ਼ਤ ਕਰ ਕਰ ਵਾਸ, ਖੰਡ ਬ੍ਰਹਿਮੰਡ ਆਪਣਾ ਰੰਗ ਰੰਗਾਈਆ । ਲੱਖ ਚੁਰਾਸੀ ਕਰ ਕਰ ਦਾਸੀ ਦਾਸ, ਸੇਵਕ ਸੇਵਾ ਇਕ ਸਮਝਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਤਿ ਸਤਿਵਾਦੀ ਦੇ ਦੇ ਸਾਥ, ਸਗਲਾ ਸੰਗ ਨਿਭਾਈਆ । ਅੱਖਰ ਵੱਖਰ ਦੇਵੇ ਗਾਥ, ਨਿਸ਼ਅੱਖਰ ਕਰੇ ਪੜ੍ਹਾਈਆ । ਕਿਰਪਾ ਕਰ ਚਲਾਏ ਰਾਥ, ਬਣ ਰਥਵਾਹੀ ਸੇਵ ਕਮਾਈਆ । ਆਤਮ ਪਰਮਾਤਮ ਦੇਵੇ ਪਾਠ, ਪੂਜਾ ਇਕੋ ਘਰ ਵਖਾਈਆ । ਲੇਖ ਅਲੇਖ ਤ੍ਰਿਲੋਕੀ ਨਾਥ, ਤ੍ਰੈ ਤ੍ਰੈ ਆਪਣੀ ਗੰਢ ਪੁਆਈਆ । ਪਾਰਬ੍ਰਹਮ ਬ੍ਰਹਮ ਕਰਨਹਾਰਾ ਹੇਤ, ਈਸ਼ ਜੀਵ ਕਰੇ ਕੁੜਮਾਈਆ ।

ਪੰਜ ਤੱਤ ਵੇਖਣਹਾਰਾ ਖੇਤ, ਤ੍ਰੈ ਤ੍ਰੈ ਮੇਲਾ ਸਹਿਜ ਸੁਭਾਈਆ । ਲੇਖਾ ਜਾਣੇ ਨੇਤਨ ਨੇਤ, ਨਿਤ ਨਵਿਤ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਵਰਦਿਗਾਰ ਬੇਪਰਵਾਹ ਕਰੇ ਖੇਲ ਅਗੰਮ ਅਥਾਹ, ਭੇਵ ਅਭੇਦਾ ਆਪ ਜਣਾਈਆ । ਮੁਖ ਨਕ਼ਾਬ ਪਰਦਾ ਲਾਹ, ਲੇਖਾ ਸਭ ਦਾ ਆਪ ਮੁਕਾਇੰਦਾ । ਸਚ ਸੰਦੇਸਾ ਇਕ ਸੁਣਾ, ਕਲਮਾ ਨਬੀ ਆਪ ਪੜ੍ਹਾਇੰਦਾ । ਰਸੂਲ ਰਸੂਲਾਂ ਲਏ ਜਗਾ, ਇਸਮ ਆਜ਼ਮ ਇਕ ਵਖਾਇੰਦਾ । ਮੁਕਾਮੇ ਹੱਕ ਕਰ ਰੁਸ਼ਨਾ, ਨੂਰ ਜ਼ਹੂਰ ਆਪ ਪਰਗਟਾਇੰਦਾ । ਕਲਮਾ ਕਲਾਮ ਆਪ ਪੜ੍ਹਾ, ਕਾਤਬ ਸੰਗ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਨਰ ਨਰੇਸ਼ਾ, ਹਰਿ ਨਿਰੰਕਾਰਾ ਆਪ ਸੁਣਾਇੰਦਾ । ਸਤਿ ਸੰਦੇਸਾ ਏਕੰਕਾਰ, ਇਕ ਇਕੱਲਾ ਆਪ ਜਣਾਈਆ । ਸ਼ਬਦੀ ਸ਼ਬਦ ਸ਼ਬਦ ਜੈਕਾਰ, ਨਿਰਗੁਣ ਨਿਰਗੁਣ ਰਾਗ ਅਲਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰੇ ਖ਼ਬਰਦਾਰ, ਬੇਖ਼ਬਰ ਖ਼ਬਰ ਇਕ ਸੁਣਾਈਆ । ਲੋਆਂ ਪੁਰੀਆਂ ਦੇ ਹੁਲਾਰ, ਮੰਡਲ ਮੰਡਪ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨੂਰ ਆਪਣਾ ਕਰ ਰੁਸ਼ਨਾਈਆ । ਨੂਰ ਜ਼ਹੂਰ ਕਰ ਰੁਸ਼ਨਾ, ਜਲਵਾ ਇਕੋ ਇਕ ਜਣਾਇੰਦਾ । ਪਰਗਟ ਹੋ ਹੱਕ ਖ਼ੁਦਾ, ਖ਼ਾਲਕ ਖ਼ਲਕ ਵੇਖ ਵਖਾਇੰਦਾ । ਰੁਤਬਾ ਜਾਣੇ ਦੋ ਜਹਾਨ ਦੋਏ ਦੋਏ ਆਪਣੀ ਧਾਰ ਜਣਾਇੰਦਾ । ਪੀਰ ਪੈਗ਼ੰਬਰ ਲਏ ਜਗਾ, ਈਸਾ ਮੂਸਾ ਸੰਗ ਮੁਹੰਮਦ ਹੁਕਮ ਸੁਣਾਇੰਦਾ । ਚਾਰ ਯਾਰੀ ਡੰਕ ਵਜਾ, ਏਕਾ ਰਾਹ ਵਖਾਇੰਦਾ । ਅੱਲਾ ਰਾਣੀ ਪਰਦਾ ਲਾਹ, ਮੁਖ ਘੂੰਘਟ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਨਰ ਨਰੇਸ਼ਾ ਨਿਰਗੁਣ ਦਾਤਾ ਪੁਰਖ ਬਿਧਾਤਾ, ਸਤਿ ਸਤਿਵਾਦੀ ਆਪ ਸੁਣਾਇੰਦਾ । ਖੋਲ੍ਹ ਲੱਥੀ ਨਕ਼ਾਬ, ਨੁਕਤਾ ਸਭ ਨੂੰ ਆਪ ਜਣਾਈਆ । ਪੀਰ ਪੈਗ਼ੰਬਰ ਕਰੋ ਆਦਾਬ, ਸਿਰ ਸਯਦਾ ਸੀਸ ਝੁਕਾਈਆ । ਪਰਗਟ ਹੋਇਆ ਹੱਕ ਜਨਾਬ, ਅਮਾਮ ਅਮਾਮਾ ਵਡ ਵਡਿਆਈਆ । ਜਿਸ ਨੂੰ ਈਸਾ ਕਹਿ ਕੇ ਗਿਆ ਮੇਰਾ ਬਾਪ, ਸੋ ਪੁਰਖ ਪੁਰਖੋਤਮ ਫੇਰਾ ਪਾਈਆ । ਜਿਸ ਦਾ ਆਦਿ ਜੁਗਾਦਿ ਜਪਦੇ ਰਹੇ ਜਾਪ, ਜੀਵਣ ਜੁਗਤ ਰਿਹਾ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਗੀਤਾ ਗਿਆਨ ਜਿਸ ਦਾ ਦੱਸਦੀ ਰਹੀ ਪਾਠ, ਸੋ ਪਾਠਸ਼ਾਲਾ ਇਕ ਵਖਾਈਆ । ਵੇਖਣਹਾਰਾ ਸਰ ਸਰੋਵਰ ਤੀਰਥ ਤਾਟ, ਗੰਗਾ ਸੁਰਸਤੀ ਜਮਨਾ ਇਕੋ ਧਾਰ ਵਹਾਈਆ । ਚੌਦਾਂ ਲੋਕ ਚੌਦਾਂ ਤਬਕ ਤ੍ਰੈਭਵਣ ਅਵਣ ਗਵਣ ਖੋਲ੍ਹੇ ਹਾਟ, ਬ੍ਰਹਿਮੰਡ ਖੰਡ ਏਕਾ ਘਰ ਵਖਾਈਆ । ਖੇਲੇ ਖੇਲ ਪੁਰਖ ਸਮਰਥ, ਮਹਿਮਾ ਅਕੱਥ ਕਥੀ ਨਾ ਜਾਈਆ । ਸ਼ਬਦ ਸੰਦੇਸੇ ਰਿਹਾ ਦੱਸ, ਦਹਿ ਦਿਸ਼ਾ ਵੇਖ ਵਖਾਈਆ । ਦਰ ਦੁਆਰੇ ਮਿਲਣਾ ਹੱਸ ਹੱਸ, ਧੁਰ ਦਰਵਾਜ਼ਾ ਰਿਹਾ ਖੁਲ੍ਹਾਈਆ । ਮੁਹੰਮਦ ਪੂਰੀ ਕਰੇ ਆਸ, ਅਮਾਮ ਆਪਣਾ ਫੇਰਾ ਪਾਈਆ । ਤਾਰਾ ਚੰਦ ਕਰੇ ਪਰਕਾਸ਼, ਨੂਰੋ ਨੂਰ ਨੂਰ ਰੁਸ਼ਨਾਈਆ । ਖੇਲੇ ਖੇਲ ਪ੍ਰਿਥਮੀ ਆਕਾਸ਼, ਗਗਨ ਮੰਡਲ ਖੋਜ ਖੁਜਾਈਆ । ਮੁਰੀਦ ਮੁਰਸ਼ਦ ਵੇਖੇ ਖ਼ਾਸ, ਖਾਹਸ਼ ਸਭ ਦੀ ਪੂਰ ਕਰਾਈਆ । ਨਿਰਗੁਣ ਸਰਗੁਣ ਦੇਵੇ ਸਾਥ, ਸਗਲਾ ਸੰਗ ਨਿਭਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮੰਗਣ ਦਾਤ, ਖ਼ਾਲੀ ਝੋਲੀ ਦਏ ਭਰਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਮੁੱਕੀ ਵਾਟ, ਪਾਂਧੀ ਨਜ਼ਰ ਕੋਇ ਨਾ ਆਈਆ । ਅੰਤ ਹੋਈ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਚੜ੍ਹਾਈਆ । ਨਾ ਕੋਈ ਪਿਤਾ ਨਾ ਕੋਈ ਮਾਤ, ਪੁੱਤਰ ਧੀ ਨਾ ਕੋਇ ਵਡਿਆਈਆ । ਕੂੜੀ ਕਿਰਿਆ ਸੱਜਣ ਸਾਕ, ਹਰਿ ਕਾ

ਨਾਉਂ ਨਾ ਕੋਇ ਵਖਾਈਆ । ਨਜ਼ਰ ਆਏ ਨਾ ਰਸੂਲ ਪਾਕ, ਪਾਕੀ ਪਾਕ ਨਾ ਕੋਇ ਜਣਾਈਆ । ਆਤਮ ਖੋਲ੍ਹੇ ਨਾ ਕੋਇ ਤਾਕ, ਦੀਵਾ ਬੱਤੀ ਨਾ ਕੋਇ ਰੁਸ਼ਨਾਈਆ । ਸ਼ਬਦ ਅਗੰਮ ਨਾ ਲਾਏ ਸਾਟ, ਕਪਾਟੀ ਬਜਰ ਨਾ ਕੋਇ ਤੁੜਾਈਆ । ਲੱਖ ਚੁਰਾਸੀ ਸੁੱਤੀ ਕੂੜੀ ਖਾਟ, ਆਤਮ ਸੇਜ ਨਾ ਕੋਇ ਹੰਢਾਈਆ । ਚਾਰ ਕੁੰਟ ਕਿਸੇ ਨਾ ਮਿਲਿਆ ਕਮਲਾਪਾਤ, ਕਵਲ ਨੈਣ ਨੈਣ ਨਾ ਕੋਇ ਮਿਲਾਈਆ । ਪੀਰ ਪੈਗ਼ੰਬਰ ਗੁਰ ਅਵਤਾਰ ਪ੍ਰਭ ਚਰਨ ਦੁਆਰੇ ਬੈਠੇ ਰਹੇ ਝਾਕ, ਆਪਣੀ ਝਾਕੀ ਨਾ ਕੋਇ ਵਖਾਈਆ । ਪੂਰਬ ਲੇਖਾ ਕਰਨ ਯਾਦ, ਨੇਤਰ ਨੈਣ ਧਿਆਨ ਲਗਾਈਆ । ਸਾਹਿਬ ਸੁਲਤਾਨ ਸੁਣੇ ਫ਼ਰਯਾਦ, ਬੇਪਰਵਾਹ ਫੇਰਾ ਪਾਈਆ । ਜਿਸ ਨੇ ਰਚਨਾ ਰਚੀ ਆਦਿ, ਸੋ ਅੰਤ ਆਪਣਾ ਹੁਕਮ ਮਨਾਈਆ । ਜਿਸ ਦੀ ਮਹਿਮਾ ਬੋਧ ਅਗਾਧ, ਨਾ ਕੋਈ ਲਿਖੇ ਕਲਮ ਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸੁਣਾਈਆ । ਸਚ ਸੰਦੇਸਾ ਇਕੋ ਏਕ, ਇਕ ਇਕੱਲਾ ਆਪ ਜਣਾਇੰਦਾ । ਪੀਰ ਪੈਗ਼ੰਬਰ ਸਾਚੀ ਟੇਕ, ਪਰਵਰਦਿਗਾਰ ਹੁਕਮ ਮਨਾਇੰਦਾ । ਜਿਸ ਉਪਜਾਏ ਮੁਲਾਂ ਸ਼ੇਖ਼, ਸੋ ਮਸਲਾ ਹੱਲ ਕਰਾਇੰਦਾ । ਲੱਖ ਚੁਰਾਸੀ ਰਿਹਾ ਵੇਖ, ਘਟ ਘਟ ਆਪਣਾ ਆਸਣ ਲਾਇੰਦਾ । ਕਲਜੁਗ ਅੰਤਮ ਧਰਿਆ ਭੇਖ, ਭੇਖਾਧਾਰੀ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੁਨੇਹੁੜਾ ਇਕ ਸੁਣਾਇੰਦਾ । ਸਚ ਸੁਨੇਹੁੜਾ ਦੇਵੇ ਸੰਗੀ, ਹਰਿ ਸਚ ਸਚ ਦ੍ਰਿੜਾਈਆ । ਕਰੇ ਖੇਲ ਖੇਲ ਬਹੁਰੰਗੀ, ਰੰਗਰਾਤਾ ਬੇਪਰਵਾਹੀਆ । ਦੋ ਜਹਾਨ ਵਜਾਏ ਸਰੰਗੀ, ਸਾਰੰਗਾ ਇਕੋ ਇਕ ਉਠਾਈਆ । ਲੱਖ ਚੁਰਾਸੀ ਕੰਡ ਨੰਗੀ, ਪਰਦਾ ਉਪਰ ਕੋਇ ਨਾ ਪਾਈਆ । ਗੋਬਿੰਦ ਸੂਰਾ ਇਕ ਭੁਯੰਗੀ, ਭੁਯੰਗਮ ਆਪਣਾ ਰਾਹ ਜਣਾਈਆ । ਪੁਰਖ ਅਕਾਲ ਕੋਲੋਂ ਵਸਤ ਮੰਗੀ, ਸ੍ਰੀ ਭਗਵਾਨ ਝੋਲੀ ਪਾਈਆ । ਕਲਜੁਗ ਅੰਤਮ ਨੌਂ ਖੰਡ ਪ੍ਰਿਥਮੀ ਆਏ ਤੰਗੀ, ਦਸਤ ਦਸਤ ਨਾ ਕੋਇ ਮਿਲਾਈਆ । ਸ੍ਰਿਸ਼ਟ ਸਬਾਈ ਹੋਏ ਪਖੰਡੀ, ਹਰਿ ਕਾ ਰੂਪ ਨਾ ਕੋਇ ਦਸਾਈਆ । ਮਨ ਵਾਸਨਾ ਹੋਏ ਗੰਦੀ, ਸੁਗੰਧੀ ਸਚ ਨਾ ਕੋਇ ਜਣਾਈਆ । ਦੀਨ ਮਜ਼੍ਹਬ ਦੀ ਚਲੇ ਡੰਡੀ, ਪੁਰਖ ਅਕਾਲ ਸਾਚਾ ਮੰਦਰ ਨਾ ਕੋਇ ਦਰਸਾਈਆ । ਗਾ ਗਾ ਥੱਕਣ ਬੱਤੀ ਦੰਦੀ, ਰਸਨਾ ਜਿਹਵਾ ਕਰ ਹਲਕਾਈਆ । ਆਤਮ ਲਏ ਨਾ ਕੋਇ ਅਨੰਦੀ, ਨਿਜਾਨੰਦ ਨਾ ਕੋਇ ਚਖਾਈਆ । ਚੜ੍ਹੇ ਚੰਦ ਨਾ ਨੂਰ ਨੌਚੰਦੀ, ਚੌਦਸ ਰੂਪ ਨਾ ਕੋਇ ਬਣਾਈਆ । ਵੇਲੇ ਅੰਤ ਨਾ ਕੱਟੇ ਕੋਈ ਬੰਦੀ, ਬੰਦੀਖ਼ਾਨਾ ਨਾ ਕੋਇ ਤੁੜਾਈਆ । ਰਾਏ ਧਰਮ ਦੀ ਪਈ ਫੰਦੀ, ਫਾਸੀ ਗਲ ਨਾ ਕੋਇ ਛੁਡਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਪ੍ਰਭ ਅੱਗੇ ਵਸਤ ਇਕੋ ਮੰਗੀ, ਵੇਲੇ ਅੰਤ ਹੋਣਾ ਸਹਾਈਆ । ਕਰੇ ਖੇਲ ਸੂਰਾ ਸਰਬੰਗੀ, ਸ਼ਹਿਨਸ਼ਾਹ ਆਪਣਾ ਹੁਕਮ ਜਣਾਈਆ । ਕਲਜੁਗ ਅੰਤਮ ਆਇਆ ਕੰਢੀ, ਢਾਰਸ ਸਕੇ ਨਾ ਕੋਇ ਬੰਨ੍ਹਾਈਆ । ਜੀਵ ਆਤਮਾ ਹੋਈ ਰੰਡੀ, ਹਰਿ ਕੰਤ ਨਾ ਕੋਇ ਹੰਢਾਈਆ । ਆਤਮ ਪਰਮਾਤਮ ਕੋਇ ਨਾ ਗਾਏ ਛੰਦੀ, ਸੰਸਾ ਰੋਗ ਨਾ ਕੋਇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਪਰਦਾ ਆਪ ਉਠਾਈਆ । ਪਰਦਾ ਚੁੱਕ ਚੁਕਾਇਆ ਉਹਲਾ, ਆਲਮੀਨ ਆਪ ਜਣਾਇੰਦਾ । ਪਰਗਟ ਹੋਇਆ ਇਕੋ ਮੌਲਾ, ਹਰ ਘਟ ਵੇਖ ਵਖਾਇੰਦਾ । ਚਾਰ ਕੁੰਟ ਜਿਸ ਦਾ ਪੌਂਦੇ ਗਏ ਰੌਲਾ, ਅੱਖਰ ਅੱਖਰ ਨਾਲ ਮਿਲਾਇੰਦਾ । ਸੋ ਸਾਹਿਬ ਪੂਰਾ ਕਰਨ ਆਇਆ ਕੌਲਾ, ਕੀਤਾ ਕੌਲ ਭੁੱਲ ਨਾ ਜਾਇੰਦਾ । ਪਰਗਟ ਹੋਇਆ ਉਪਰ ਧੌਲਾ, ਧਰਨੀ ਧਰਤ ਧਵਲ ਵੇਖ ਵਖਾਇੰਦਾ । ਜਿਸ ਨੇ ਘੱਲਿਆ ਕ੍ਰਿਸ਼ਨਾ ਸੌਲਾ,

ਰਾਮ ਰਾਮਾ ਸੇਵਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨੂਰੋ ਨੂਰ ਡਗਮਗਾਇੰਦਾ । ਨੂਰੋ ਨੂਰ ਨੂਰ ਨੁਰਾਨਾ, ਪੁਰਖ ਅਕਾਲ ਵੱਡੀ ਵਡਿਆਈਆ । ਲੇਖਾ ਜਾਣੇ ਦੋ ਜਹਾਨਾਂ, ਨਿਰਗੁਣ ਸਰਗੁਣ ਪਰਦਾ ਲਾਹੀਆ । ਸ਼ਬਦ ਅਗੰਮੀ ਇਕ ਤਰਾਨਾ, ਬਿਨ ਤਰਜ਼ ਤਾਲ ਸੁਣਾਈਆ । ਬ੍ਰਹਮਾ ਵਿਸ਼ਨ ਸ਼ਿਵ ਹੋਏ ਹੈਰਾਨਾ, ਹਰਿ ਜੂ ਕੀ ਕੀ ਖੇਲ ਵਰਤਾਈਆ । ਕਲਜੁਗ ਅੰਤਮ ਹੋ ਪਰਧਾਨਾ, ਪੀਰ ਪੈਗ਼ੰਬਰ ਰਿਹਾ ਉਠਾਈਆ । ਬਲ ਧਰਾਏ ਮਰਦ ਮਰਦਾਨਾ, ਸਚ ਮਰਦਾਨਗੀ ਇਕ ਕਮਾਈਆ । ਗੁਰ ਅਵਤਾਰਾਂ ਦੇਵੇ ਦਾਨਾ, ਵਸਤ ਅਮੋਲਕ ਝੋਲੀ ਪਾਈਆ । ਸਚ ਸੰਦੇਸਾ ਇਕ ਫ਼ਰਮਾਣਾ, ਧੁਰ ਸੰਦੇਸਾ ਆਪ ਅਲਾਈਆ । ਵੇਲੇ ਅੰਤ ਸਰਬ ਪਛਤਾਣਾ, ਪਸਚਾਤਾਪ ਜਗਤ ਲੋਕਾਈਆ । ਜਿਨ੍ਹਾਂ ਭੁਲਿਆ ਹਰਿ ਭਗਵਾਨਾ, ਭਗਵਨ ਦੇਵਣਹਾਰ ਸਜ਼ਾਈਆ । ਵੇਖਣਹਾਰਾ ਜਗਤ ਜਹਾਨਾ, ਜੀਵਣ ਜੁਗਤ ਨਾ ਕਿਸੇ ਜਣਾਈਆ । ਪਰਗਟ ਹੋਇਆ ਇਕੋ ਕਾਹਨਾ, ਨਾਮ ਬੰਸਰੀ ਹੱਥ ਉਠਾਈਆ । ਰਾਮ ਰਮੱਯਾ ਹੋ ਪਰਧਾਨਾ, ਸਚ ਪਰਧਾਨਗੀ ਆਪ ਕਮਾਈਆ । ਈਸਾ ਮੂਸਾ ਮੁਹੰਮਦ ਬੰਨ੍ਹੇ ਗਾਨਾ, ਅੱਲਾ ਰਾਣੀ ਸਗਨ ਮਨਾਈਆ । ਚੌਦਾਂ ਤਬਕ ਨੈਣ ਸ਼ਰਮਾਣਾ, ਅੱਖ ਅੱਖ ਨਾ ਕੋਇ ਰਖਾਈਆ । ਅੰਜੀਲ ਕੁਰਾਨ ਨਾ ਕੋਇ ਧਿਆਨਾ, ਤੀਸ ਬਤੀਸ ਨਾ ਕੋਇ ਪੜ੍ਹਾਈਆ । ਨਜ਼ਰੀ ਆਏ ਇਕ ਅਮਾਮਾ, ਬੇਨਜ਼ੀਰ ਸ਼ਹਿਨਸ਼ਾਹੀਆ । ਕਲਮਾ ਕਲਾਮ ਜਿਸ ਪੜ੍ਹਾਣਾ, ਉਲਮਾ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਦਾ ਆਪਣਾ ਦਏ ਉਠਾਈਆ । ਪਰਦਾ ਲਾਹ ਵਖਾਏ ਮੁਖ, ਮੁਖ ਨਜ਼ਰ ਕਿਸੇ ਨਾ ਆਇੰਦਾ । ਮੁਰਸ਼ਦ ਮੁਰੀਦਾਂ ਮੇਟੇ ਭੁੱਖ, ਤ੍ਰਿਸ਼ਨਾ ਅਗਨੀ ਆਪ ਬੁਝਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਆਪਣੀ ਰੱਖੇ ਕੁੱਖ, ਆਪ ਆਪਣੇ ਵਿਚ ਛੁਪਾਇੰਦਾ । ਨਵ ਨੌਂ ਚਾਰ ਜੋ ਰਿਹਾ ਲੁਕ, ਲੋਕਮਾਤ ਵੇਸ ਵਟਾਇੰਦਾ । ਭਗਤ ਭਗਵਾਨ ਜਾਏ ਤੁੱਠ, ਮਿਹਰਵਾਨ ਮਿਹਰ ਨਜ਼ਰ ਇਕ ਉਠਾਇੰਦਾ । ਅੰਮ੍ਰਿਤ ਜਾਮ ਪਿਆਏ ਘੁੱਟ, ਦੂਈ ਦਵੈਤੀ ਪੰਧ ਮੁਕਾਇੰਦਾ । ਸਚ ਸੁਹਾਏ ਸੁਹੰਜਣੀ ਰੁੱਤ, ਫੁੱਲ ਫਲਵਾੜੀ ਆਪ ਮਹਿਕਾਇੰਦਾ । ਲੇਖਾ ਜਾਣੇ ਕਾਇਆ ਬੁੱਤ, ਪੰਜ ਤੱਤ ਆਪਣਾ ਭੇਵ ਜਣਾਇੰਦਾ । ਆਤਮ ਪਰਮਾਤਮ ਲਏ ਪੁੱਛ, ਪੂਰਬ ਲਹਿਣਾ ਫੋਲ ਫੁਲਾਇੰਦਾ । ਬਿਨ ਭਗਤਾਂ ਕਿਸੇ ਕੋਲ ਨਹੀਂ ਕੁੱਛ, ਖ਼ਾਲੀ ਹੱਥ ਸਰਬ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਜਣਾਇੰਦਾ । ਵੇਖੇ ਖੇਲ ਚਾਰ ਜੁਗ, ਚਾਰ ਯਾਰੀ ਨਾਲ ਮਿਲਾਈਆ । ਤੇਈ ਅਵਤਾਰਾਂ ਔਧ ਗਈ ਪੁਗ, ਵੇਲਾ ਅੰਤਮ ਦਏ ਦੁਹਾਈਆ । ਭਗਤ ਅਠਾਰਾਂ ਗਏ ਝੁਕ, ਨਿਉਂ ਨਿਉਂ ਸੀਸ ਝੁਕਾਈਆ । ਈਸਾ ਮੂਸਾ ਮੁਹੰਮਦ ਬੂਟੇ ਰਹੇ ਸੁੱਕ, ਹਰੇ ਸਿੰਚ ਨਾ ਕੋਇ ਕਰਾਈਆ । ਗੁਰ ਦਸ ਰਹੇ ਪੁੱਛ, ਪ੍ਰਭ ਅੱਗੇ ਸੀਸ ਝੁਕਾਈਆ । ਕਲਜੁਗ ਖ਼ਾਲੀ ਹੱਥ ਕਿਸੇ ਕੋਲ ਨਹੀਂ ਕੁੱਛ, ਨੌਂ ਖੰਡ ਪ੍ਰਿਥਮੀ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਈਆ । ਪੁਰਖ ਅਬਿਨਾਸ਼ੀ ਸ੍ਰੀ ਭਗਵਾਨਾ, ਏਕਾ ਹੁਕਮ ਜਣਾਇੰਦਾ । ਰਲ ਮਿਲ ਸਾਰੇ ਬੰਨ੍ਹੋ ਗਾਨਾ, ਸਾਚਾ ਸਗਨ ਮਨਾਇੰਦਾ । ਕਲਜੁਗ ਮਿਟੇ ਅੰਤ ਨਿਸ਼ਾਨਾ, ਨਿਸ਼ਾਨਾ ਕੋਇ ਰਹਿਣ ਨਾ ਪਾਇੰਦਾ । ਲੇਖਾ ਚੁੱਕੇ ਵੇਦ ਪੁਰਾਨਾ, ਸ਼ਾਸਤਰ ਸਿਮਰਤ ਵਿਚ ਸਮਾਇੰਦਾ । ਸ੍ਰਿਸ਼ਟ ਸਬਾਈ ਇਕੋ ਦਾਨਾ, ਆਤਮ ਪਰਮਾਤਮ ਝੋਲੀ ਪਾਇੰਦਾ । ਲੱਖ ਚੁਰਾਸੀ ਸਾਚਾ ਗਾਣਾ, ਸੋਹੰ ਅੱਖਰ ਆਪ ਪੜ੍ਹਾਇੰਦਾ । ਸਤਿਜੁਗ ਸਾਚਾ ਰਾਹ ਵਖਾਣਾ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਇੰਦਾ ।



੪੭੭
੧੩

ਇਕੋ ਪੀਣਾ ਇਕੋ ਖਾਣਾ, ਇਕੋ ਮੰਦਰ ਸੋਭਾ ਪਾਇੰਦਾ । ਇਕੋ ਇਸ਼ਟ ਦੇਵ ਗੁਰੂ ਮਨਾਣਾ, ਗੁਰਦੇਵ ਇਕੋ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਗੁਰ ਅਵਤਾਰ ਪੀਰ ਪੈਗ਼ੰਬਰ ਏਕਾ ਰਾਹੇ ਲਾਇੰਦਾ । ਸਾਚੇ ਰਾਹ ਲਗਾਏ ਹਰਿ, ਹਰਿ ਜੂ ਦਇਆ ਕਮਾਈਆ । ਚਾਰ ਜੁਗ ਦੇ ਲਏ ਫੜ, ਫੜ ਫੜ ਬੰਧਨ ਪਾਈਆ । ਏਕਾ ਅੱਖਰ ਲਓ ਪੜ੍ਹ, ਬਿਨ ਅੱਖਰਾਂ ਕਰੇ ਪੜ੍ਹਾਈਆ । ਸਾਚਾ ਮੰਦਰ ਵੇਖੋ ਚੜ੍ਹ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਜਿਸ ਬਣਾਇਆ ਤੁਹਾਡਾ ਘਰ, ਸੋ ਧਰਨੀ ਧਰਤ ਦਏ ਵਡਿਆਈਆ । ਕਲਜੁਗ ਅੰਤਮ ਕਿਰਪਾ ਕਰ, ਲੋਕਮਾਤ ਵੇਖ ਵਖਾਈਆ । ਭਗਤ ਭਗਵਾਨ ਲਗਾਏ ਜੜ੍ਹ, ਨਾ ਸਕੇ ਕੋਇ ਉਖੜਾਈਆ । ਲੇਖਾ ਜਾਣੇ ਸੀਸ ਧੜ, ਪੰਜ ਤੱਤ ਮਾਣ ਰਖਾਈਆ । ਪਰਗਟ ਹੋ ਨਰਾਇਣ ਨਰ, ਨਿਰ ਇਛਿਆ ਪੂਰ ਕਰਾਈਆ । ਗੋਬਿੰਦ ਦਿਤਾ ਇਕੋ ਵਰ, ਪੁਰਖ ਅਕਾਲ ਵੱਜੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਾਚਾ ਪਰਦਾ ਆਪ ਚੁਕਾਈਆ । ਪਰਦਾ ਚੁੱਕ ਆਏ ਨੇੜੇ, ਦੂਰ ਦੁਰਾਡਾ ਪੰਧ ਮੁਕਾਇੰਦਾ । ਕੂੜੀ ਕਿਰਿਆ ਚੁੱਕਣ ਝੇੜੇ, ਝੇੜਾ ਹੋਰ ਨਾ ਕੋਇ ਵਧਾਇੰਦਾ । ਭਗਵਾਨ ਭਗਤ ਦੇ ਵਸੇ ਖੇੜੇ, ਗ੍ਰਿਹ ਮੰਦਰ ਸੋਭਾ ਪਾਇੰਦਾ । ਭਗਤਾਂ ਮਨ ਚਾਉ ਘਨੇਰੇ, ਘਰ ਮੰਗਲ ਏਕਾ ਗਾਇੰਦਾ । ਨਾਤੇ ਜੁੜੇ ਮੇਰੇ ਤੇਰੇ, ਮੇਰਾ ਤੇਰਾ ਸੰਗ ਨਾ ਕੋਇ ਤੁੜਾਇੰਦਾ । ਲੱਖ ਚੁਰਾਸੀ ਭੁਲਾਏ ਕਰ ਕਰ ਹੇਰੇ ਫੇਰੇ, ਅਛਲ ਛਲ ਆਪਣਾ ਖੇਲ ਕਰਾਇੰਦਾ । ਗੁਰਮੁਖ ਸੱਜਣ ਚਾੜ੍ਹੇ ਬੇੜੇ, ਫੜ ਬਾਹੋਂ ਆਪ ਉਠਾਇੰਦਾ । ਅੰਤਮ ਕਰੇ ਹੱਕ ਨਬੇੜੇ, ਜ਼ਾਤ ਪਾਤ ਨਾ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਆਪ ਤਰਾਇੰਦਾ । ਭਗਤਨ ਮੀਤਾ ਏਕੰਕਾਰਾ, ਆਦਿ ਜੁਗਾਦਿ ਵੱਡੀ ਵਡਿਆਈਆ । ਜੁਗ ਚੌਕੜੀ ਲੈ ਅਵਤਾਰਾ, ਨਿਰਗੁਣ ਸਰਗੁਣ ਹੋਏ ਸਹਾਈਆ । ਕਲਜੁਗ ਅੰਤਮ ਖੇਲ ਅਪਾਰਾ, ਬੇਅੰਤ ਵਡ ਵਡਿਆਈਆ । ਜੋਤੀ ਨੂਰ ਕਰ ਉਜਿਆਰਾ, ਸ਼ਬਦੀ ਡੰਕ ਸੁਣਾਈਆ । ਰਾਉ ਰੰਕਾਂ ਕਰੇ ਖ਼ਬਰਦਾਰਾ, ਆਲਸ ਨਿੰਦਰਾ ਦਏ ਮਿਟਾਈਆ । ਪਰਗਟ ਹੋਇਆ ਮਹਾਂਬਲੀ ਅਵਤਾਰਾ, ਨਿਹਕਲੰਕਾ ਨਾਉਂ ਰਖਾਈਆ । ਨਾਨਕ ਗੋਬਿੰਦ ਕਰੇ ਪਿਆਰਾ, ਚਰਨ ਸਰਨ ਸਰਨ ਚਰਨ ਸਰਨਾਈਆ । ਮੁਹੰਮਦ ਰੋਵੇ ਜ਼ਾਰੋ ਜ਼ਾਰਾ, ਨੇਤਰ ਨੈਣਾਂ ਨੀਰ ਵਹਾਈਆ । ਈਸਾ ਦਰ ਬਣੇ ਭਿਖਾਰਾ, ਗਲ ਅਲਫ਼ੀ ਰਿਹਾ ਵਖਾਈਆ । ਮੂਸਾ ਡਿਗਾ ਮੂੰਹ ਦੇ ਭਾਰਾ, ਜਲਵਾ ਨੂਰ ਨਾ ਤੱਕਿਆ ਜਾਈਆ । ਸਰਬ ਜੀਆਂ ਦਾ ਸਾਂਝਾ ਯਾਰਾ, ਪੁਰਖ ਅਕਾਲ ਬੇਪਰਵਾਹੀਆ । ਆਦਿ ਜੁਗਾਦੀ ਇਕ ਅਵਤਾਰਾ, ਜਨਮ ਮਰਨ ਵਿਚ ਨਾ ਆਈਆ । ਵਸਣਹਾਰਾ ਠਾਂਡੇ ਦਰਬਾਰਾ, ਸਚਖੰਡ ਆਪਣਾ ਡੇਰਾ ਲਾਈਆ । ਕਲਜੁਗ ਪਰਗਟ ਹੋ ਪਰਵਰਦਿਗਾਰਾ, ਚੌਦਾਂ ਤਬਕਾਂ ਵੇਖੇ ਥਾਉਂ ਥਾਈਂਆ । ਦੀਨ ਇਸਲਾਮ ਦਏ ਸਹਾਰਾ, ਕਰੇ ਖੇਲ ਬੇਪਰਵਾਹੀਆ । ਰਾਗ ਰਾਗਨੀ ਵਸੇ ਬਾਹਰਾ, ਛੱਤੀ ਰਾਗ ਨਜ਼ਰ ਨਾ ਆਈਆ । ਵਿਸ਼ਨ ਬ੍ਰਹਮਾ ਸ਼ਿਵ ਦੋਏ ਜੋੜ ਕਰਨ ਨਿਮਸਕਾਰਾ, ਧੂੜੀ ਟਿੱਕਾ ਮਸਤਕ ਲਾਈਆ । ਕਲਜੁਗ ਅੰਤਮ ਖੇਲ ਨਿਆਰਾ, ਹਰਿ ਖ਼ਾਲਕ ਖ਼ਲਕ ਵਖਾਈਆ । ਮਜ਼ਲੂਮਾ ਦੇਵੇ ਜਗਤ ਕਿਨਾਰਾ, ਜ਼ੁਲਮ ਜ਼ਾਲਮ ਆਪ ਮਿਟਾਈਆ । ਨਾਮ ਖੰਡਾ ਤੇਜ਼ ਕਟਾਰਾ, ਚੰਡ ਪਰਚੰਡ ਆਪ ਉਠਾਈਆ । ਬ੍ਰਹਿਮੰਡ ਖੰਡ ਦਏ ਹੁਲਾਰਾ, ਉਤਰ ਪੂਰਬ ਪੱਛਮ ਦੱਖਣ ਵੇਖ ਵਖਾਈਆ । ਰਵ ਸਸ ਸੂਰਜ ਚੰਨ ਕਰੇ ਪੁਕਾਰਾ, ਪੁਨਹ ਪੁਨਹ ਤੇਰੀ ਸਰਨਾਈਆ । ਗੁਰ ਅਵਤਾਰ ਕੱਢਣ ਹਾੜਾ, ਹਾਏ ਹਾਏ ਕਰੇ ਸਰਬ ਲੋਕਾਈਆ । ਕਲਜੁਗ ਲੁੱਟੀ ਜਾਏ ਦਿਨ ਦਿਹਾੜਾ,

੪੭੮
੧੩

੪੭੯
੧੩

ਆਪਣਾ ਬਲ ਆਪ ਵਧਾਈਆ । ਗੁਰਮੁਖ ਵਿਰਲਾ ਦਿਸੇ ਲਾੜਾ, ਜਿਸ ਸਤਿਗੁਰ ਸ਼ਬਦ ਘੋੜ ਚੜ੍ਹਾਈਆ । ਲੱਖ ਚੁਰਾਸੀ ਹੋਏ ਖਵਾਰਾ, ਵਿਭਚਾਰ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਹਰਿਜਨ ਮੇਲਾ ਸਹਿਜ ਸੁਭਾਈਆ । ਹਰਿਜਨ ਮੇਲਾ ਆਤਮ ਘਰ, ਪਰਮਾਤਮ ਰੰਗ ਰੰਗਾਇੰਦਾ । ਸੁਰਤ ਸਵਾਣੀ ਸ਼ਬਦੀ ਫੜ, ਫੜ ਆਪਣਾ ਬੰਧਨ ਪਾਇੰਦਾ । ਸਚ ਸੁਹੰਜਣੀ ਸੇਜਾ ਚੜ੍ਹ, ਸੋਭਾਵੰਤ ਸੁਹਾਇੰਦਾ । ਕਿਲਾ ਤੋੜ ਹੰਕਾਰੀ ਗੜ੍ਹ, ਨਿਵਣ ਸੋ ਅੱਖਰ ਇਕ ਪੜ੍ਹਾਇੰਦਾ । ਪਾਰਬ੍ਰਹਮ ਬ੍ਰਹਮ ਲਏ ਵਰ, ਨਾਰੀ ਕੰਤ ਰੂਪ ਵਟਾਇੰਦਾ । ਭਗਤ ਭਗਵੰਤ ਇਕੋ ਘਰ, ਗ੍ਰਿਹਿ ਮੰਦਰ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਪਰਦਾ ਆਪੇ ਲਾਹਿੰਦਾ । ਹਰਿਜਨ ਪਰਦਾ ਗਿਆ ਲੱਥ, ਦਵੈਤੀ ਰਹਿਣ ਕੋਇ ਨਾ ਪਾਈਆ । ਨਜ਼ਰੀ ਆਇਆ ਇਕ ਸਮਰਥ, ਸਮਰਥ ਮਿਲਿਆ ਬੇਪਰਵਾਹੀਆ । ਪੰਚ ਵਿਕਾਰ ਤੋੜੀ ਨੱਥ, ਡੋਰੀ ਆਪਣੇ ਤੰਦ ਬੰਧਾਈਆ । ਆਤਮ ਪਰਮਾਤਮ ਇਕ ਦੂਜੇ ਦਾ ਗਾਇਣ ਜਸ, ਸੋਹੰ ਕਰੇ ਪੜ੍ਹਾਈਆ । ਸ੍ਰੀ ਭਗਵਾਨ ਸਚਖੰਡ ਨਿਵਾਸੀ ਆਏ ਨੱਠ, ਕਾਇਆ ਮੰਦਰ ਮੇਲ ਮਿਲਾਈਆ । ਨਾਤਾ ਤੋੜੇ ਤੱਤ ਅੱਠ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁੱਧ ਨਾ ਕੋਇ ਚਤੁਰਾਈਆ । ਪਾਰਬ੍ਰਹਮ ਬ੍ਰਹਮ ਮਿਲ ਕੇ ਪਏ ਹੱਸ, ਸੋਹੰ ਹੰਸਾ ਰਾਗ ਸੁਣਾਈਆ । ਭਗਤ ਭਗਵੰਤ ਇਕ ਦੂਜੇ ਦੇ ਹੋਏ ਵਸ, ਪੱਲੂ ਸਕੇ ਨਾ ਕੋਇ ਛੁਡਾਈਆ । ਭਗਵਾਨ ਭਗਤ ਦੁਆਰੇ ਗਿਆ ਢੱਠ, ਆਪਣਾ ਆਪ ਮਿਟਾਈਆ । ਭਗਤ ਕਹੇ ਤੂੰ ਪਰਦਾ ਢਕ, ਤੁਧ ਬਿਨ ਨਜ਼ਰ ਕੋਇ ਨਾ ਆਈਆ । ਭਗਵਾਨ ਕਹੇ ਤੂੰ ਮੇਰਾ ਸਾਕ, ਲੋਕਮਾਤ ਕਰੀ ਕੁੜਮਾਈਆ । ਭਗਤ ਕਹੇ ਤੂੰ ਮੇਰਾ ਖੋਲ੍ਹਿਆ ਤਾਕ, ਜਿਧਰ ਵੇਖਾਂ ਤੂਹੀ ਨਜ਼ਰੀ ਆਈਆ । ਤੇਰਾ ਨੂਰ ਇਕੋ ਪਾਕ, ਰਸੂਲ ਦੂਸਰ ਨਾ ਕੋਇ ਦਸਾਈਆ । ਮੇਰੀ ਅਗਲੀ ਪਿਛਲੀ ਚੁੱਕੀ ਵਾਟ, ਪ੍ਰਭ ਮਿਲਿਆ ਪਾਂਧੀ ਰਾਹੀਆ । ਮੇਰਾ ਪਰਦਾ ਗਿਆ ਪਾਟ, ਪੁਰਖ ਅਬਿਨਾਸ਼ੀ ਆਪਣੀ ਦਇਆ ਕਮਾਈਆ । ਲਹਿਣਾ ਟੁੱਟਿਆ ਜ਼ਾਤ ਪਾਤ, ਬ੍ਰਹਮ ਪਾਰਬ੍ਰਹਮ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੀਰ ਪੈਗ਼ੰਬਰ ਸਾਰੇ ਫੜ, ਇਕੋ ਘਰ ਵਖਾਈਆ । ਪੀਰ ਪੈਗ਼ੰਬਰ ਵੇਖੋ ਦਰਵਾਜਾ, ਹਰਿ ਹਰਿ ਜੂ ਆਪ ਵਖਾਇੰਦਾ । ਜਿਸ ਗ੍ਰਿਹਿ ਵਸੇ ਗ਼ਰੀਬ ਨਿਵਾਜ਼ਾ, ਗ਼ਰੀਬ ਨਿਮਾਣਿਆਂ ਗਲੇ ਲਗਾਇੰਦਾ । ਆਦਿ ਅੰਤ ਜਿਸ ਸਾਜਣ ਸਾਜਾ, ਜੁਗ ਜੁਗ ਵੇਖ ਵਖਾਇੰਦਾ । ਕਲਜੁਗ ਅੰਤਮ ਰਚਿਆ ਕਾਜਾ, ਸਚ ਸਵੰਬਰ ਆਪ ਬਣਾਇੰਦਾ । ਪਰਗਟ ਹੋਇਆ ਦੇਸ ਮਾਝਾ, ਸੰਬਲ ਆਪਣਾ ਡੇਰਾ ਲਾਇੰਦਾ । ਨਵ ਨੌਂ ਚਾਰ ਫਿਰੇ ਭਾਜਾ, ਜਗਤ ਨੇਤਰ ਨਜ਼ਰ ਨਾ ਆਇੰਦਾ । ਸ਼ਾਹੋ ਭੂਪ ਵਡ ਰਾਜਨ ਰਾਜਾ, ਸੀਸ ਜਗਦੀਸ ਤਾਜ ਸੁਹਾਇੰਦਾ । ਜਨ ਭਗਤਾਂ ਏਥੇ ਓਥੇ ਰੱਖੇ ਲਾਜਾ, ਦੋ ਜਹਾਨ ਸਿਰ ਆਪਣਾ ਹੱਥ ਟਿਕਾਇੰਦਾ । ਰਾਤੀਂ ਸੁੱਤਿਆਂ ਦਿਨੇ ਜਾਗਦਿਆਂ ਮਾਰੇ ਵਾਜਾਂ, ਬਿਨ ਰਸਨਾ ਜਿਹਵਾ ਆਪਣਾ ਹੁਕਮ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੋ ਜਹਾਨਾਂ ਸ਼ਾਹ ਨਵਾਬਾ, ਦੇਵਣਹਾਰ ਹਯਾਤ ਆਬਾ, ਵਖਾਵਣਹਾਰ ਸਚ ਮਹਿਰਾਬਾ, ਵਜਾਵਣਹਾਰ ਤਨ ਰਬਾਬਾ, ਅਹਿਬਾਬ ਆਪਣਾ ਮੇਲ ਮਿਲਾਇੰਦਾ । ਰਸੂਲਾਂ ਨਾਲ ਬਣੇ ਰਸੂਲ, ਰਸਮ ਆਪਣੀ ਆਪ ਜਣਾਇੰਦਾ । ਰਸੂਲ ਕਰੇ ਆਪ ਕਬੂਲ, ਕਾਮਲ ਆਪਣਾ ਹੁਕਮ ਮਨਾਇੰਦਾ । ਜੋ ਰਸੂਲ ਜਾਏ ਭੂਲ, ਤਿਸ ਅੰਦਰ ਰਸੂਲ ਹੋ ਹੁਕਮ ਮਨਾਇੰਦਾ । ਆਪਣਾ ਹੁਕਮ ਦੇਵੇ ਮਾਕੂਲ, ਮਹਿਬੂਬ ਆਪਣਾ ਖੇਲ ਵਖਾਇੰਦਾ । ਬਣ ਰਸੂਲ ਦੇਵੇ ਚਰਨ ਧੂਲ, ਧੂੜੀ ਟਿੱਕਾ ਮਸਤਕ

ਲਾਇੰਦਾ । ਬਣ ਸਾਹਿਬ ਕੰਤ ਕੰਤੂਹਲ, ਸ਼ਹਿਨਸ਼ਾਹ ਆਪਣੀ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਸੂਲ ਰਸੂਲਾਂ ਵਿਚ ਸਮਾਇੰਦਾ । ਨਿਰਗੁਣ ਸਰਗੁਣ ਦੋ ਅੱਖਰ, ਬਿਨ ਅੱਖਰਾਂ ਆਪ ਬਣਾਇੰਦਾ । ਪ੍ਰੇਮ ਪਿਆਰ ਵਿਚ ਰੱਖਿਆ ਸੱਥਰ, ਦੋਹਾਂ ਬੰਦ ਕਰਾਇੰਦਾ । ਲੇਖਾ ਲਿਖੇ ਨਾ ਕੋਈ ਪੱਤਰ, ਕਾਤਬ ਕਲਮ ਨਾ ਕੋਇ ਉਠਾਇੰਦਾ । ਜਿਸ ਜਨ ਦੇਵੇ ਗਿਆਨ ਨਿਜ ਅੰਤਰ, ਅੰਤਰ ਆਤਮਾ ਆਪ ਪੜ੍ਹਾਇੰਦਾ । ਸੋ ਜਾਣੇ ਢਾਈ ਅੱਖਰ ਮੰਤਰ, ਸੋ ਮੰਤਰ ਢੱਯਾ ਗੋਬਿੰਦ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਢੱਯਾ ਜਗਤ ਨੱਯਾ ਪੁਰਖ ਅਕਾਲ ਪਕੜੇ ਬਹੀਆ, ਦੂਜਾ ਸੱਯਾ ਨਜ਼ਰ ਕੋਇ ਨਾ ਆਇੰਦਾ । ਢਾਈ ਅੱਖਰ ਬੋਧ ਅਗਾਧਾ ਪੰਡਤ ਲਿਖਣ ਪੜ੍ਹਨ ਵਿਚ ਨਾ ਆਈਆ । ਆਦਿ ਜੁਗਾਦਾ ਸਦਾ ਅਖੰਡਤ, ਖੰਡ ਖੰਡ ਨਾ ਕੋਇ ਕਰਾਈਆ । ਭੇਦ ਨਾ ਪਾਏ ਕੋਈ ਜੇਰਜ ਅੰਡਤ, ਉਤਭੁਜ ਸੇਤਜ ਪਰਦਾ ਨਾ ਸਕੇ ਲਾਹੀਆ । ਜਿਸ ਪ੍ਰਭ ਆਪ ਬਣਾਏ ਬਣਤ, ਆਪਣੀ ਕਰੇ ਪੜ੍ਹਾਈਆ । ਸੋ ਸਾਹਿਬ ਅੱਗੇ ਕਰੇ ਮਿੰਨਤ, ਨਿਉਂ ਨਿਉਂ ਸੀਸ ਝੁਕਾਈਆ । ਤਿਸ ਇਸ਼ਾਰਾ ਮਾਰ ਸਮਝਾਏ ਸੈਨਤ, ਸਾਹ ਸਾਹ ਸਮਾਈਆ । ਉਹ ਅੱਖਰ ਵਖਾਏ ਬਿਨ ਅੱਖਾਂ ਐਨਕ, ਪੈਂਤੀ ਅੱਖਰ ਅਲਫ਼ ਯੇ ਸਾਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਅੱਖਰ ਨਿਰਗੁਣ ਧਾਰ ਨਿਰਗੁਣ ਨਿਰਗੁਣ ਕਰ ਪਿਆਰ, ਨਿਰਗੁਣ ਨਿਰਗੁਣ ਦਏ ਸਮਝਾਈਆ ।



੪੮੦
੧੩

## ❇ ੧੦ ਮਾਘ ੨੦੧੯ ਬਿਕਰਮੀ ਸੋਹਣ ਸਿੰਘ ਮੋਹਣ ਸਿੰਘ ਦੇ ਗ੍ਰਿਹ ਭੋਲੇ ਕੇ ਜ਼ਿਲਾ ਗੁਰਦਾਸਪੁਰ ❇

ਸਚਖੰਡ ਖੇਲ ਹਰਿ ਜਗਦੀਸ਼, ਜਗਦੀਸ਼ਰ ਆਪ ਕਰਾਇੰਦਾ । ਆਦਿ ਜੁਗਾਦਿ ਇਕ ਹਦੀਸ, ਧੁਰ ਫ਼ਰਮਾਣਾ ਹੁਕਮ ਸੁਣਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਬੈਠੇ ਝੁਕਾ ਸੀਸ, ਨਿਉਂ ਨਿਉਂ ਸਯਦਾ ਸਰਬ ਜਣਾਇੰਦਾ । ਜੁਗ ਚੌਕੜੀ ਪੀਸਣ ਪੀਸ, ਦੋ ਜਹਾਨਾਂ ਵੇਖ ਵਖਾਇੰਦਾ । ਛਤਰ ਸੋਹੇ ਏਕਾ ਸੀਸ, ਸ਼ਹਿਨਸ਼ਾਹ ਇਕੋ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਾਚੇ ਸੋਭਾ ਪਾਇੰਦਾ । ਛਤਰ ਸੀਸ ਸੋਹੇ ਤਾਜ, ਤਖ਼ਤ ਨਿਵਾਸੀ ਵਡ ਵਡਿਆਈਆ । ਪੁਰਖ ਅਕਾਲ ਗੁਰੂ ਮਹਾਰਾਜ, ਮਹਿਮਾ ਅਗਣਤ ਗਣੀ ਨਾ ਜਾਈਆ । ਨਿਰਗੁਣ ਰਚ ਰਚ ਆਪਣਾ ਕਾਜ, ਕਰਤਾ ਪੁਰਖ ਵੇਖੇ ਚਾਈਂ ਚਾਈਆ । ਆਦਿ ਜੁਗਾਦੀ ਇਕੋ ਸਾਥ, ਦੂਜਾ ਸੰਗ ਨਾ ਕੋਇ ਰਖਾਈਆ । ਜੁਗਾ ਜੁਗੰਤਰ ਦਾਸੀ ਦਾਸ, ਬਣ ਸੇਵਕ ਸੇਵ ਕਮਾਈਆ । ਖੇਲੇ ਖੇਲ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਵਸੇ ਸੱਚਾ ਮਾਹੀਆ । ਸਚਖੰਡ ਵਸੇ ਮਾਹੀ ਮਹਿਬੂਬ, ਨੂਰ ਨੁਰਾਨਾ ਨਜ਼ਰ ਕਿਸੇ ਨਾ ਆਇੰਦਾ । ਨਾ ਕੋਈ ਤਨ ਨਾ ਵਜੂਦ, ਖ਼ਾਕੀ ਖ਼ਾਕ ਨਾ ਰੂਪ ਵਟਾਇੰਦਾ । ਪਰਵਰਦਿਗਾਰ ਆਪਣਾ ਜਾਣੇ ਆਪ ਸਬੂਤ, ਸੁਹਬਤ ਆਪਣੇ ਹੱਥ ਰਖਾਇੰਦਾ । ਵਸਣਹਾਰਾ ਸਚ ਅਰੂਜ, ਸ਼ਹਿਨਸ਼ਾਹ ਆਪਣਾ ਆਸਣ ਲਾਇੰਦਾ । ਆਪੇ ਜਾਣੇ ਸਤਿ ਹਦੂਦ, ਦੂਸਰ ਵੰਡ ਨਾ ਕੋਇ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਵਿਚ ਰਹੇ ਮਹਿਦੂਦ, ਭੇਵ ਅਭੇਦ ਨਾ ਕੋਇ ਖੁਲ੍ਹਾਇੰਦਾ । ਭੇਵ ਅਭੇਦ ਨਾ ਖੋਲ੍ਹੇ ਹਾਲ, ਅਸਲੀਅਤ ਹੱਥ

ਕਿਸੇ ਨਾ ਆਈਆ । ਦੀਨਾਂ ਬੰਧਪ ਦੀਨ ਦਿਆਲ, ਦਇਆਨਿਧ ਠਾਕਰ ਸੁਆਮੀ ਸਚਖੰਡ ਦੁਆਰੇ ਰੂਪ ਰੰਗ ਰੇਖ ਨਾ ਕੋਇ ਰਖਾਈਆ । ਸੁਤ ਦੁਲਾਰਾ ਖੇਲ ਅਪਾਰਾ ਏਕੰਕਾਰਾ ਲਾਲ, ਲਾਲਨ ਆਪਣੇ ਰੰਗ ਰੰਗਾਈਆ । ਧਰਮ ਬਹਾਏ ਸੱਚੀ ਧਰਮਸਾਲ, ਥਿਰ ਘਰ ਆਪਣਾ ਕੁੰਡਾ ਲਾਹੀਆ । ਅਬਿਨਾਸ਼ੀ ਕਰਤਾ ਵਸੇ ਨਾਲ, ਨਿਰਾਕਾਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਆਪਣਾ ਹੁਕਮ ਚਲਾਈਆ । ਸਚਖੰਡ ਅੰਦਰ ਖੇਲ ਅਪਾਰਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਹਰਿ ਪੁਰਖ ਨਿਰੰਜਣ ਹੋ ਤਿਆਰਾ, ਨਿਰਗੁਣ ਆਪਣੀ ਧਾਰ ਪਰਗਟਾਇੰਦਾ । ਏਕੰਕਾਰਾ ਕਰ ਪਸਾਰਾ, ਆਦਿ ਨਿਰੰਜਣ ਦੀਪਕ ਜੋਤ ਜਗਾਇੰਦਾ । ਸ੍ਰੀ ਭਗਵਾਨ ਸਚ ਹੁਲਾਰਾ, ਅਬਿਨਾਸ਼ੀ ਕਰਤਾ ਇਕ ਨਿਸ਼ਾਨ ਉਠਾਇੰਦਾ । ਪਾਰਬ੍ਰਹਮ ਪ੍ਰਭ ਪਰਵਰਦਿਗਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਉਚ ਮਹੱਲਾ ਇਕ ਇਕੱਲਾ ਅਨਭਵ ਪਰਕਾਸ਼ ਪੁਰਖ ਅਬਿਨਾਸ਼ ਅਲੱਖ ਅਗੋਚਰ ਅਗੰਮ ਅਥਾਹ ਬੇਪਰਵਾਹ ਆਪ ਕਰਾਇੰਦਾ । ਬੇਪਰਵਾਹ ਸਦਾ ਬੇਅੰਤ, ਅੰਤ ਆਪਣੇ ਹੱਥ ਰਖਾਈਆ । ਕਰੇ ਖੇਲ ਸ੍ਰੀ ਭਗਵੰਤ, ਭਗਵਨ ਆਪਣੀ ਧਾਰ ਪਰਗਟਾਈਆ । ਆਦਿ ਜੁਗਾਦੀ ਨਾਰ ਕੰਤ, ਕੰਤ ਕੰਤੂਹਲ ਸੱਚਾ ਸ਼ਹਿਨਸ਼ਾਹੀਆ । ਬਣਾਵਣਹਾਰਾ ਸਾਚੀ ਬਣਤ, ਘਾੜਨ ਘੜਤ ਲਏ ਘੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਪੁਰਖ ਪਰਮੇਸ਼ਵਰ ਜੁਗਾਦਿ ਆਪਣਾ ਬੰਧਨ ਪਾਈਆ । ਆਦਿ ਪੁਰਖ ਆਪਣੀ ਰਚਨਾ ਰਚ, ਰਚ ਰਚ ਵੇਖ ਵਖਾਇੰਦਾ । ਜੁਗਾਦਿ ਕਰੇ ਸੱਚੋ ਸਚ, ਜੁਗ ਜੁਗ ਸੇਵ ਕਮਾਇੰਦਾ । ਨਿਰਗੁਣ ਹੋ ਕੇ ਨਿਰਗੁਣ ਰਿਹਾ ਨੱਚ, ਸਰਗੁਣ ਰੰਗ ਨਾ ਕਿਸੇ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸਾ ਪੁਰਖ ਅਬਿਨਾਸਾ, ਵੇਖਣਹਾਰਾ ਖੇਲ ਤਮਾਸ਼ਾ, ਜੋਤੀ ਜਾਤਾ ਆਪਣਾ ਨੂਰ ਧਰਾਇੰਦਾ । ਜੋਤੀ ਜਾਤਾ ਨੂਰ ਅਵੱਲਾ, ਰੂਪ ਨਜ਼ਰ ਕਿਸੇ ਨਾ ਆਈਆ । ਮੁਕਾਮੇ ਹੱਕ ਵਸਾਏ ਇਕ ਮਹੱਲਾ, ਮਹਿਫ਼ਲ ਆਪਣੀ ਆਪ ਲਗਾਈਆ । ਨਿਰਗੁਣ ਜੋਤੀ ਦੀਪਕ ਬਲਾ, ਪਰਕਾਸ਼ ਪਰਕਾਸ਼ ਲਏ ਚਮਕਾਈਆ । ਆਦਿ ਜੁਗਾਦਿ ਅਛਲ ਅਛੱਲਾ, ਵਲ ਛਲ ਆਪਣੀ ਖੇਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਆਪਣਾ ਪਰਦਾ ਆਪ ਉਠਾਇੰਦਾ । ਸਚਖੰਡ ਦੁਆਰਾ ਏਕੰਕਾਰਾ, ਨਰ ਨਿਰੰਕਾਰਾ ਏਕਾ ਧਾਰ ਚਲਾਇੰਦਾ । ਰੂਪ ਅਨੂਪ ਬੇਐਬ ਪਰਵਰਦਿਗਾਰਾ, ਰੇਖ ਰੰਗ ਨਾ ਕੋਇ ਰਖਾਇੰਦਾ । ਸ਼ਬਦੀ ਸ਼ਬਦ ਸ਼ਬਦ ਅਪਾਰਾ, ਲੇਖਾ ਜਾਣੇ ਸੁਤ ਦੁਲਾਰਾ, ਜਨ ਜਨਨੀ ਗੋਦ ਵਡਿਆਇੰਦਾ । ਦਾਈ ਦਾਇਆ ਸੇਵਾਦਾਰਾ, ਵੇਖੇ ਵਿਗਸੇ ਵੇਖਣਹਾਰਾ, ਨੇਤਰ ਨੈਣ ਨਾ ਕੋਇ ਖੁਲ੍ਹਾਇੰਦਾ । ਅੰਸ ਬੰਸ ਸਰਬੰਸ ਕਰ ਤਿਆਰਾ, ਸਹੰਸਰ ਸਹੰਸ ਰੂਪ ਵਟਾਇੰਦਾ । ਦੇਵਣਹਾਰਾ ਸਤਿ ਭੰਡਾਰਾ, ਅਗੰਮੜੀ ਦਾਤ ਵਰਤਾਇੰਦਾ । ਵਜਾਵਣਹਾਰਾ ਤੱਤ ਸਤਾਰਾ, ਨਾਦ ਅਨਾਦੀ ਰਾਗ ਅਲਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰ ਉਜਿਆਰਾ, ਤ੍ਰੈ ਪੰਜ ਆਪਣਾ ਰੰਗ ਚੜ੍ਹਾਇੰਦਾ । ਗੁਰ ਅਵਤਾਰ ਕਰ ਪਿਆਰਾ, ਪੀਰ ਪੈਗ਼ੰਬਰ ਗੰਢ ਪੁਆਇੰਦਾ । ਖਾਣੀ ਬਾਣੀ ਖੋਲ੍ਹ ਕਵਾੜਾ, ਅੰਡਜ ਜੇਰਜ ਉਤਭੁਜ ਸੇਤਜ ਪਰਾ ਪਸੰਤੀ ਮਧਮ ਬੈਖਰੀ ਆਪੇ ਗਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਦੇ ਸਹਾਰਾ, ਸਿਰ ਆਪਣਾ ਹੱਥ ਟਿਕਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੁਗ ਚੌਕੜੀ ਨਵ ਨੌਂ ਚਾਰ ਵੇਖੇ ਵਾਰੋ ਵਾਰਾ, ਵੇਖਣਹਾਰਾ ਨਜ਼ਰ ਕਿਸੇ ਨਾ ਆਇੰਦਾ । ਕਾਗਦ ਕਲਮ ਸ਼ਾਹੀ ਕਰ ਵਣਜਾਰਾ, ਅੱਖਰ ਅੱਖਰ ਵਣਜ ਕਰਾਇੰਦਾ । ਜਗਤ ਵਿਦਿਆ

ਭਰ ਭੰਡਾਰਾ, ਚੌਦਸ ਚੌਦਸ ਘਰ ਬਹਾਇੰਦਾ । ਲੇਖਾ ਜਾਣ ਰਵ ਸਸ ਸੂਰਜ ਚੰਦ ਸਿਤਾਰਾ, ਮੰਡਲ ਮੰਡਪ ਪਰਦਾ ਲਾਹਿੰਦਾ । ਬੋਧ ਅਗਾਧ ਗਿਆਨ ਗਿਆਨ ਗੁਰਦੇਵ ਇਸ਼ਟ ਨਿਰੰਕਾਰਾ, ਨਿਰਗੁਣ ਸਰਗੁਣ ਦਇਆ ਕਮਾਇੰਦਾ । ਰਸਨਾ ਜਿਹਵਾ ਬੱਤੀ ਦੰਦ ਆਤਮ ਪਰਮਾਤਮ ਬ੍ਰਹਮ ਪਾਰਬ੍ਰਹਮ ਬਣ ਸਹਾਰਾ, ਸ਼ਾਹ ਪਾਤਸ਼ਾਹ ਆਪਣਾ ਹੁਕਮ ਸੁਣਾਇੰਦਾ । ਜੁਗ ਚੌਕੜੀ ਲੇਖਾ ਜਾਣੇ ਧੁਰ ਦਰਬਾਰਾ, ਦਰਗਾਹ ਸਾਚੀ ਸਚ ਸਿੰਘਾਸਣ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਾਚਾ ਸੋਭਾਵੰਤ ਵੇਖਣਹਾਰਾ ਏਕਾ ਕੰਤ, ਨਿਰਗੁਣ ਆਪਣਾ ਖੇਲ ਵਖਾਇੰਦਾ । ਜੁਗ ਚੌਕੜੀ ਖੇਲ ਅਗੰਮ, ਅਲੱਖ ਅਗੋਚਰ ਆਪ ਕਰਾਇੰਦਾ । ਪੁਰਖ ਅਕਾਲ ਸ੍ਰੀ ਭਗਵਾਨ ਪਰਵਰਦਿਗਾਰ ਨਾ ਮਰੇ ਨ ਪਏ ਜੰਮ, ਜਨਨੀ ਜਨ ਨਾ ਰੂਪ ਵਟਾਇੰਦਾ । ਸਦਾ ਸੁਹੇਲਾ ਇਕ ਇਕੇਲਾ ਗੁਰ ਅਵਤਾਰ ਪੀਰ ਪੈਗ਼ੰਬਰ ਨਿਰਗੁਣ ਸਰਗੁਣ ਬੇੜਾ ਦੇਵੇ ਬੰਨ੍ਹ, ਬਣ ਮਲਾਹ ਖੇਵਟ ਖੇਟਾ ਕਰੇ ਹਿੱਤ ਮਾਂ ਪਿਉ ਬੇਟਾ, ਪੂਤ ਸਪੂਤਾ ਗੋਦ ਉਠਾਇੰਦਾ । ਏਥੇ ਓਥੇ ਦੋ ਜਹਾਨ ਦਾ ਬਣੇ ਨੇਤਾ, ਨਿਤ ਨਿਤ ਆਪਣਾ ਵੇਸ ਵਟਾਇੰਦਾ । ਭਗਤ ਵਛਲ ਕਰੇ ਸਦਾ ਸਦ ਸੱਚਾ ਹੇਤਾ, ਹਿਤਕਾਰੀ ਫੇਰਾ ਪਾਇੰਦਾ । ਲੱਖ ਚੁਰਾਸੀ ਵੇਖਣਹਾਰਾ ਕਾਇਆ ਖੇਤਾ, ਅਪ ਤੇਜ਼ ਵਾਏ ਪ੍ਰਿਥਮੀ ਆਕਾਸ਼ ਪਰਦਾ ਆਪੇ ਲਾਹਿੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੀਨ ਮਜ਼੍ਹਬ ਦਾ ਦੇਂਦਾ ਰਿਹਾ ਠੇਕਾ, ਛੋਟੀ ਛੋਟੀ ਵੰਡ ਵੰਡਾਇੰਦਾ । ਲੋਕਮਾਤ ਕਰੌਂਦਾ ਰਿਹਾ ਪੇਸ਼ਾ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਨਾਉਂ ਧਰਾਇੰਦਾ । ਆਪਣਾ ਸਚ ਨਾ ਦੱਸਿਆ ਕਿਸੇ ਲੇਖਾ, ਉਂਗਲੀਆਂ ਉਤੇ ਸਭ ਨੂੰ ਅੱਖਰ ਪੜ੍ਹਾਇੰਦਾ । ਬੇਅੰਤ ਬੇਅੰਤ ਬੇਅੰਤ ਨਿਰਗੁਣ ਸਰਗੁਣ ਪਾਇਆ ਭੁਲੇਖਾ, ਭਾਂਡਾ ਭਰਮ ਨਾ ਕੋਇ ਤੁੜਾਇੰਦਾ । ਕੋਈ ਮੂੰਡ ਮੁੰਡਾਏ ਕੋਈ ਧਾਰੀ ਕੇਸਾ, ਕੋਈ ਲਬਾਂ ਜਗਤ ਕਟਾਇੰਦਾ । ਪੁਰਖ ਅਕਾਲ ਦੀਨ ਦਿਆਲ ਆਦਿ ਜੁਗਾਦਿ ਇਕ ਨਰੇਸ਼ਾ, ਨਿਰਗੁਣ ਨੂਰ ਜ਼ਹੂਰ ਜਣਾਇੰਦਾ । ਸ੍ਰਿਸ਼ਟ ਸਬਾਈ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਊਚ ਨੀਚ ਰਾਉ ਰੰਕ ਸਭ ਨਾਲ ਕਰੇ ਹੇਤਾ, ਵੱਡਾ ਛੋਟਾ ਨਾ ਕੋਇ ਰਖਾਇੰਦਾ । ਜਿਸ ਜਨ ਖੋਲ੍ਹੇ ਆਪਣਾ ਭੇਤਾ, ਭੇਵ ਅਭੇਦ ਆਪ ਚੁਕਾਇੰਦਾ । ਲੇਖਾ ਜਾਣੇ ਔਲੀਆ ਪੀਰ ਸ਼ੇਖ਼ਾ, ਪੀਰ ਪੈਗ਼ੰਬਰ ਆਪਣਾ ਹੁਕਮ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪਣੇ ਹੱਥ ਰਖਾਇੰਦਾ । ਠੇਕਾ ਦੇਵੇ ਠੇਕੇਦਾਰ, ਠੇਕਰ ਇਕੋ ਹੱਕ ਲਗਾਈਆ । ਜੁਗ ਚੌਕੜੀ ਵੇਖੇ ਵਾਰੋ ਵਾਰ, ਨਿਰਗੁਣ ਸਰਗੁਣ ਫੇਰਾ ਪਾਈਆ । ਸਚ ਸੰਦੇਸਾ ਦੇ ਸੰਸਾਰ, ਗੁਰ ਅਵਤਾਰ ਕਰੇ ਪੜ੍ਹਾਈਆ । ਪੀਰ ਪੈਗ਼ੰਬਰ ਬੋਲ ਜੈਕਾਰ, ਨਾਅਰਾ ਇਕੋ ਇਕ ਸੁਣਾਈਆ । ਨੂਰ ਨੁਰਾਨਾ ਪਰਵਰਦਿਗਾਰ, ਖ਼ਾਕੀ ਤਨ ਨਾ ਕੋਇ ਹੰਢਾਈਆ । ਸਾਕੀ ਬਣੇ ਦੀਨ ਦਿਆਲ, ਸਚ ਆਬ ਇਕ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਖੇਲ ਕਰ, ਵੇਖਣਹਾਰਾ ਥਾਉਂ ਥਾਈਂਆ । ਜੁਗ ਚੌਕੜੀ ਖੇਲ ਕਰਾਇਆ, ਨਿਰਗੁਣ ਸਰਗੁਣ ਧਾਰ । ਧੁਰ ਫ਼ਰਮਾਣਾ ਹੁਕਮ ਜਣਾਇਆ, ਸ਼ਬਦ ਅਗੰਮੀ ਬੋਲ ਜੈਕਾਰ । ਸ਼ਾਸਤਰ ਸਿਮਰਤ ਵੇਦ ਪੁਰਾਨ ਲਿਖਾਇਆ, ਗੀਤਾ ਗਿਆਨ ਦੇ ਆਧਾਰ, ਅੰਜੀਲ ਕੁਰਾਨਾ ਰੰਗ ਚੜ੍ਹਾਇਆ, ਨਬੀ ਰਸੂਲਾਂ ਦੇ ਵਿਚਾਰ । ਬਾਣੀ ਤੀਰ ਨਿਰਾਲਾ ਬਾਣ ਲਗਾਇਆ, ਆਤਮ ਪਰਮਾਤਮ ਪਰਮਾਤਮ ਆਤਮ ਏਕਾ ਘਰ ਪਾਵੇ ਸਾਰ । ਚਾਰੇ ਖਾਣੀ ਧੰਦੇ ਲਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਆਪ ਕਰਤਾਰ । ਸਾਚਾ ਖੇਲ ਜੁਗ ਜੁਗ ਕਰ ਕਰ, ਹਰਿ

੪੮੨
੧੩

ਕਰਤਾ ਵੇਖ ਵਖਾਇੰਦਾ । ਨਿਰਗੁਣ ਰੂਪ ਸਰਗੁਣ ਧਰ ਧਰ, ਧਰਨੀ ਧਰਤ ਧਵਲ ਸੋਭਾ ਪਾਇੰਦਾ । ਸ਼ਬਦ ਅਗੰਮੀ ਏਕਾ ਪੜ੍ਹ ਪੜ੍ਹ, ਲੱਖ ਚੁਰਾਸੀ ਜੀਵ ਜੰਤ ਪੜ੍ਹਾਇੰਦਾ । ਪੰਜ ਤੱਤ ਕਾਇਆ ਅਗਨੀ ਸੜ ਸੜ, ਖ਼ਾਕੀ ਤਨ ਨਾ ਕੋਇ ਵਖਾਇੰਦਾ । ਸਾਚੇ ਮੰਦਰ ਆਪੇ ਚੜ੍ਹ ਚੜ੍ਹ, ਤਖ਼ਤ ਨਿਵਾਸੀ ਸੋਭਾ ਪਾਇੰਦਾ । ਆਪਣੀ ਮਰਨੀ ਆਪੇ ਮਰ ਮਰ, ਮਰ ਜੀਵਤ ਏਕਾ ਘਰ ਬਹਾਇੰਦਾ । ਲੇਖਾ ਜਾਣੇ ਨਾਰੀ ਨਰ ਨਰ, ਨਰ ਨਰਾਇਣ ਵੇਸ ਵਟਾਇੰਦਾ । ਨਾਉਂ ਜਪਾਏ ਹਰੀ ਹਰਿ ਹਰਿ, ਹਰਿ ਵਿਸ਼ਨੂੰ ਭਗਵਾਨ ਏਕਾ ਨਾਮ ਪਰਗਟਾਇੰਦਾ । ਲੇਖਾ ਜਾਣੇ ਦਰਵੇਸ਼ ਦਰ ਦਰ, ਵਿਸ਼ਨ ਬ੍ਰਹਮਾ ਸ਼ਿਵ ਅਲਖ ਜਗਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਫੜ ਫੜ, ਫੜ ਬਾਹੋਂ ਹੁਕਮ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਪੁਰਖ ਅਕਾਲਾ, ਵਸਣਹਾਰਾ ਸਚਖੰਡ ਸੱਚੀ ਧਰਮਸਾਲਾ, ਸਚ ਦੁਆਰੇ ਆਸਣ ਲਾਇੰਦਾ । ਸਚ ਦੁਆਰੇ ਲੱਗਾ ਆਸਣ, ਨੇਤਰ ਨਜ਼ਰ ਕਿਸੇ ਨਾ ਆਈਆ । ਕਰੇ ਖੇਲ ਪੁਰਖ ਅਬਿਨਾਸ਼ਨ, ਅਬਿਨਾਸ਼ੀ ਕਰਤਾ ਧਾਰ ਚਲਾਈਆ । ਲੱਖ ਚੁਰਾਸੀ ਕਰ ਕਰ ਵਾਸਨ, ਘਟ ਘਟ ਰਿਹਾ ਸਮਾਈਆ । ਲੇਖਾ ਜਾਣੇ ਪ੍ਰਿਥਮੀ ਅਕਾਸ਼ਨ, ਗਗਨ ਗਗਨੰਤਰ ਖੋਜ ਖੁਜਾਈਆ । ਗੋਪੀ ਕਾਹਨ ਪਾਏ ਰਾਸਨ, ਬੰਸਰੀ ਇਕੋ ਨਾਮ ਵਜਾਈਆ । ਭਗਤ ਭਗਵੰਤ ਬਣੇ ਸਾਥਨ, ਸਗਲਾ ਸੰਗ ਨਿਭਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਝਾਕਣ, ਨੇਤਰ ਨੈਣ ਨੈਣ ਉਠਾਈਆ । ਅੱਗੇ ਰਹੇ ਨਾ ਕੋਈ ਆਕਨ, ਸੀਸ ਸਭ ਦੇ ਰਿਹਾ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਆਪਣਾ ਹੁਕਮ ਮਨਾਈਆ । ਸਚਖੰਡ ਦੁਆਰੇ ਸਚ ਫ਼ਰਮਾਣਾ, ਹਰਿ ਸਾਚਾ ਸਚ ਜਣਾਇੰਦਾ । ਤਖ਼ਤ ਨਿਵਾਸੀ ਇਕੋ ਰਾਣਾ, ਦੂਜਾ ਨਜ਼ਰ ਕੋਇ ਨਾ ਆਇੰਦਾ । ਸਭ ਨੂੰ ਮੰਨਣਾ ਪਏ ਭਾਣਾ, ਭਾਣੇ ਅੰਦਰ ਆਪ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਆਪ ਸੁਣਾਇੰਦਾ । ਸਚ ਸੰਦੇਸਾ ਸੁਣ ਲਓ ਏਕ, ਏਕੰਕਾਰ ਜਣਾਈਆ । ਪਾਰਬ੍ਰਹਮ ਪ੍ਰਭ ਸਾਚੀ ਟੇਕ, ਦੂਜੀ ਅਵਰ ਨਾ ਕੋਇ ਸਰਨਾਈਆ । ਪਿਛਲਾ ਸਾਰੇ ਛੱਡੋ ਹੇਤ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਕਰੇ ਪੜ੍ਹਾਈਆ । ਕਲਜੁਗ ਨੇਤਰ ਲਓ ਵੇਖ, ਸ੍ਰਿਸ਼ਟ ਸਬਾਈ ਦਏ ਦੁਹਾਈਆ । ਨੌਂ ਖੰਡ ਪ੍ਰਿਥਮੀ ਹੋਇਆ ਭੇਖ, ਭਾਂਡਾ ਭਰਮ ਨਾ ਕੋਇ ਭੰਨਾਈਆ । ਗੁਰੂ ਗਿਆਨ ਨਾ ਕੋਇ ਉਪਦੇਸ਼, ਮੰਤਰ ਹਰਿ ਨਾ ਕੋਇ ਦ੍ਰਿੜਾਈਆ । ਕੋਈ ਪੂਜੇ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼, ਕੋਈ ਸ਼ੰਕਰ ਸੀਸ ਨਿਵਾਈਆ । ਕੋਈ ਪੰਜ ਤੱਤ ਕਰੇ ਆਦੇਸ, ਇਸ਼ਟ ਈਸ਼ਰ ਨਾ ਕੋਇ ਰਖਾਈਆ । ਕੋਈ ਈਸਾ ਮੂਸਾ ਮੁਹੰਮਦ ਕਰੇ ਹੇਤ, ਸਯਦਾ ਸੀਸ ਰਹੇ ਝੁਕਾਈਆ । ਕੋਈ ਨਾਨਕ ਗੋਬਿੰਦ ਗੋਦੀ ਰਿਹਾ ਖੇਡ, ਆਪਣਾ ਮਾਣ ਮਿਟਾਈਆ । ਪੁਰਖ ਅਕਾਲ ਦਾ ਕਿਸੇ ਨਾ ਪਾਇਆ ਭੇਤ, ਭਰਮੇ ਭੁੱਲੀ ਸਰਬ ਲੋਕਾਈਆ । ਜਿਸ ਦੇ ਪਿਛੇ ਸੀਸ ਵਿਚ ਪਈ ਰੇਤ, ਕਲਜੁਗ ਤੱਤੀ ਅੱਗ ਲਗਾਈਆ । ਪਰਗਟ ਹੋਇਆ ਇਕ ਨਰੇਸ਼, ਸ਼ਹਿਨਸ਼ਾਹ ਆਪਣਾ ਫੇਰਾ ਪਾਈਆ । ਚਲਣ ਦੇਵੇ ਨਾ ਕਿਸੇ ਦੀ ਕੋਈ ਪੇਸ਼, ਪੁਸ਼ਤ ਸਭ ਦੀ ਰਿਹਾ ਹਲਾਈਆ । ਨੇਤਰ ਲੋਚਣ ਲੈਣ ਦੇਖ, ਬਿਨ ਅੱਖਾਂ ਦਏ ਵਖਾਈਆ । ਕੋਈ ਰਹਿਣ ਨਾ ਦੇਵੇ ਮੁਲਾਂ ਸ਼ੇਖ਼, ਪੀਰ ਪੈਗ਼ੰਬਰ ਪੰਧ ਮੁਕਾਈਆ । ਪੰਡਤ ਪਾਂਧਾ ਕੋਈ ਨਾ ਦੇਵੇ ਪਿਛਲੀ ਟੇਕ, ਸਭ ਦਾ ਲੇਖਾ ਰਿਹਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਕੂੜਾ ਸੁੰਞਾ ਕਰੇ ਖੇਤ, ਸਚ ਕਿਰਸਾਣਾ ਇਕੋ ਫੇਰਾ ਪਾਈਆ । ਕੂੜੀ ਕਿਰਿਆ ਚੁੱਕੇ ਚੂਕ, ਹਰਿ ਸਤਿਗੁਰ ਆਪ ਚੁਕਾਇੰਦਾ ।

ਮਾਇਆ ਮਮਤਾ ਦੇਵੇ ਫੂਕ, ਨਾਮ ਫੁੰਕਾਰਾ ਇਕੋ ਲਾਇੰਦਾ । ਚਾਰ ਵਰਨ ਵੇਖਣਹਾਰਾ ਚਾਰੇ ਕੂਟ, ਦਹਿ ਦਿਸ਼ਾ ਪਰਦਾ ਲਾਹਿੰਦਾ । ਨਾਮ ਅਗੰਮ ਇਕ ਅਤੋਟ, ਵਰਨ ਬਰਨ ਆਪ ਵਰਤਾਇੰਦਾ । ਹਉਮੇ ਹੰਗਤਾ ਕੱਢੇ ਕੁੱਟ, ਸ਼ਬਦ ਖੰਡਾ ਇਕ ਚਮਕਾਇੰਦਾ । ਅੰਮ੍ਰਿਤ ਜਾਮ ਪਿਆਏ ਘੁੱਟ, ਨਿਝਰ ਝਿਰਨਾ ਆਪ ਝਿਰਾਇੰਦਾ । ਬਜਰ ਕਪਾਟੀ ਜਾਏ ਫੁੱਟ, ਦਵੈਤੀ ਪਰਦਾ ਆਪੇ ਲਾਹਿੰਦਾ । ਕਰ ਪਰਕਾਸ਼ ਨਿਰਮਲ ਜੋਤ, ਅੰਧ ਅੰਧੇਰ ਗਵਾਇੰਦਾ । ਸ਼ਬਦ ਅਗੰਮੀ ਲਾਏ ਚੋਟ, ਅਨਹਦ ਰਾਗ ਸੁਣਾਇੰਦਾ । ਗੁਰਮੁਖ ਉਠਾਏ ਆਹਲਣਿਉਂ ਡਿਗੇ ਬੋਟ, ਸਤਿਗੁਰ ਸਾਚੀ ਗੋਦ ਬਹਾਇੰਦਾ । ਆਤਮ ਪਰਮਾਤਮ ਖੋਲ੍ਹੇ ਸੋਤ, ਸੁਰਤੀ ਸ਼ਬਦ ਨਾਲ ਮਿਲਾਇੰਦਾ । ਲੇਖਾ ਜਾਣੇ ਓਤ ਪੋਤ, ਪੁੱਤ ਪੋਤਰੇ ਸੋਭਾ ਪਾਇੰਦਾ । ਮਾਣ ਮੁਕਾਏ ਚੌਦਾਂ ਲੋਕ, ਚੌਦਾਂ ਤਬਕਾਂ ਡੇਰਾ ਢਾਹਿੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਪੜ੍ਹਨ ਇਕ ਸਲੋਕ, ਸੋਹੰ ਢੋਲਾ ਇਕ ਸੁਣਾਇੰਦਾ । ਸਰਬ ਜੀਆਂ ਦੀ ਸੱਚੀ ਮੋਖ, ਮੁਕਤੀ ਮੁਫ਼ਤੋ ਮੁਫ਼ਤ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਖੇਲ ਅਪਾਰਾ, ਨਿਰਗੁਣ ਧਾਰਾ ਲੋਕਮਾਤ ਵੇਖ ਵਖਾਇੰਦਾ । ਲੋਕਮਾਤ ਵੇਖੇ ਪਾਖ਼ਾਕ, ਖ਼ਾਕੀ ਖ਼ਾਕ ਦਇਆ ਕਮਾਈਆ । ਜਨ ਭਗਤਾਂ ਦੱਸੇ ਸਚ ਹਾਲਾਤ, ਅਹਿਵਾਲ ਦਏ ਸਮਝਾਈਆ । ਲੱਖ ਚੁਰਾਸੀ ਨਾਤਾ ਤੁਟਾ ਕਾਇਨਾਤ, ਕਲਮਾ ਨਬੀ ਇਕ ਪੜ੍ਹਾਈਆ । ਸ੍ਰਿਸ਼ਟ ਸਬਾਈ ਇਕੋ ਆਬ ਹਯਾਤ, ਸਚ ਪਿਆਲਾ ਦਏ ਪਿਆਈਆ । ਭੇਵ ਚੁਕਾਏ ਬਾਤਨ ਬਾਤ, ਜ਼ਾਹਰ ਜ਼ਹੂਰ ਵਡ ਵਡਿਆਈਆ । ਦਰਸ ਦਿਖਾਏ ਸਾਖਿਆਤ ਸ਼ਨਾਖ਼ਤ ਆਪਣੀ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਨਰੇਸ਼ ਦੋ ਜਹਾਨਾਂ ਰਿਹਾ ਵੇਖ, ਏਥੇ ਓਥੇ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਇਕੋ ਕਰੇ ਪੜ੍ਹਾਈਆ । ਸੋ ਕਲੰਦਰ ਜੋ ਹੁਕਮੇ ਨੱਚੇ, ਨੱਚ ਨੱਚ ਨਾਚ ਵਖਾਈਆ । ਬਿਨ ਹੁਕਮੇ ਸਾਰੇ ਦਿਸਣ ਕੱਚੇ, ਕੋਟਨ ਕੋਟ ਵੇਸ ਵਟਾਈਆ । ਦਰਗਾਹ ਸਾਚੀ ਸੋਈ ਸਜੇ, ਜਿਨ੍ਹਾਂ ਸੱਚਾ ਮਿਲਿਆ ਬੇਪਰਵਾਹੀਆ । ਪੈਗ਼ੰਬਰਾਂ ਵਿਚੋਂ ਓਹੋ ਅੱਛੇ, ਜਿਨ੍ਹਾਂ ਅੱਛੀ ਤਰਾਂ ਸਮਝਾਈਆ । ਪ੍ਰੇਮ ਰਸ ਵਿਚ ਸਾਚੀ ਰੱਤੇ, ਰੱਤੀ ਰੱਤ ਸੁਕਾਈਆ । ਮਨਸੂਰ ਸ਼ਮਸ ਤਬਰੇਜ਼ ਰਸ ਸਾਚੇ ਚੱਟੇ, ਸ੍ਰਿਸ਼ਟ ਸਬਾਈ ਗਏ ਵਖਾਈਆ । ਦੋਵੇਂ ਹੋਏ ਪੱਕੇ, ਪੱਕੀ ਪੁਰਖ ਅਕਾਲ ਕਰਾਈਆ । ਮੂਸਾ ਮੂੰਹ ਦੇ ਭਾਰ ਢੱਠੇ, ਅੱਧਾ ਅੱਧਵਿਚਕਾਰ ਰਹਿ ਜਾਈਆ । ਕਲੰਦਰਾਂ ਵਿਚ ਆਪ ਕਲੰਦਰ ਵੜ ਕੇ ਹੱਸੇ, ਅੰਦਰੇ ਅੰਦਰ ਨੂਰ ਰੁਸ਼ਨਾਈਆ । ਦੂਜੀ ਗਲ ਜੇ ਹੋਰ ਕੋਈ ਦੱਸੇ, ਝੂਠੀ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਇਕੋ ਹਰਿ, ਕਲਾ ਕੁਦਰਤ ਕਾਦਰ ਕਰੀਮ ਰਹੀਮ ਰਹਿਮਾਨ ਰਹਿਮਤ ਆਪ ਕਮਾਈਆ ।

### ❋ ੧੦ ਮਾਘ ੨੦੧੯ ਬਿਕਰਮੀ ਕਰਤਾਰ ਸਿੰਘ ਦੇ ਗ੍ਰਿਹਿ ਭੋਲੇ ਕੇ ਜ਼ਿਲਾ ਗੁਰਦਾਸਪੁਰ ❋

ਸਾਚਾ ਹੁਕਮ ਹਰਿ ਨਿਰੰਕਾਰ, ਦੋ ਜਹਾਨ ਰਿਹਾ ਡਰਾਈਆ । ਸ਼ਬਦੀ ਸੁਤ ਕਰੇ ਨਿਮਸਕਾਰ, ਦੋਏ ਜੋੜ ਵਾਸਤਾ ਪਾਈਆ । ਵਿਸ਼ਨੂੰ ਰੋਵੇ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਬ੍ਰਹਮਾ ਕੂਕ ਕੂਕ ਕਰੇ ਪੁਕਾਰ, ਧੀਰਜ ਧੀਰ ਨਾ ਕੋਇ ਰਖਾਈਆ । ਸ਼ੰਕਰ ਸਿਰ ਵਿਚ ਪਾਏ ਛਾਰ, ਸ਼ਹਿਨਸ਼ਾਹ ਭੁੱਲ ਕਦੇ ਨਾ ਜਾਈਆ । ਤ੍ਰੈਗੁਣ ਮਾਇਆ ਹੋਈ ਖਵਾਰ, ਸਾਂਤਕ ਸਤਿ ਨਾ ਕੋਇ ਕਰਾਈਆ । ਪੰਜ ਤੱਤ ਨਾ ਕੋਇ

ਆਧਾਰ, ਰੰਗ ਸੂਰਾ ਸਰਬੰਗ ਨਾ ਕੋਇ ਚੜ੍ਹਾਈਆ । ਗੁਰ ਅਵਤਾਰ ਗਏ ਹਾਰ, ਹਰਿ ਕਾ ਭੇਤ ਕੋਇ ਨਾ ਪਾਈਆ । ਪੀਰ ਪੈਗ਼ੰਬਰ ਫਿਰ ਫਿਰ ਥੱਕੇ ਵਾਰੋ ਵਾਰ, ਵਾਰਤਾ ਲਿਖ ਨਾ ਕਿਸੇ ਮੁਕਾਈਆ । ਲੇਖਾ ਜਾਣੇ ਨਾ ਕੋਇ ਧੁਰ ਦਰਬਾਰ, ਧੁਰ ਦੀ ਆਵਾਜ਼ ਸਰਬ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸਮਝਾਈਆ । ਸਾਚਾ ਹੁਕਮ ਮੰਨਣਾ ਪੈਣਾ, ਮਨਸਾ ਸਭ ਦੀ ਆਪ ਗਵਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਵੇਖੇ ਨੈਣਾਂ, ਨੇਤਰ ਅੱਖ ਆਪ ਖੁਲ੍ਹਾਇੰਦਾ । ਤਿੰਨ ਪੰਜ ਅੰਤਮ ਡੇਰਾ ਢਹਿਣਾ ਪੈਣਾ, ਬੁਰਜ ਰਹਿਣ ਨਾ ਪਾਇੰਦਾ । ਗੁਰ ਅਵਤਾਰਾਂ ਭਾਣਾ ਸਹਿਣਾ ਪੈਣਾ, ਸਿਰ ਸਿਰ ਭਾਣਾ ਆਪ ਮਨਾਇੰਦਾ । ਅੰਤਮ ਰਲ ਕੇ ਸਭ ਨੇ ਇਕ ਦੁਆਰੇ ਢਹਿਣਾ, ਸਚ ਦੁਆਰਾ ਇਕ ਵਡਿਆਇੰਦਾ । ਸੋਹੰ ਢੋਲਾ ਦੋ ਜਹਾਨਾਂ ਕਹਿਣਾ, ਕਹਿ ਕਹਿ ਸ਼ੁਕਰ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸਮਝਾਇੰਦਾ । ਸਾਚਾ ਹੁਕਮ ਦੇਵੇ ਸਖ਼ਤ, ਸਖ਼ਤੀ ਇਕ ਜਣਾਈਆ । ਲੇਖਾ ਜਾਣੇ ਕੀਟ ਹਸਤ, ਹਸਤ ਕੀਟ ਰਿਹਾ ਸਮਾਈਆ । ਦੋ ਜਹਾਨਾਂ ਇਕੋ ਵਸਤ, ਵਸਤੂ ਆਪਣਾ ਨਾਮ ਵਰਤਾਈਆ । ਲਹਿਣਾ ਦੇਣਾ ਚੁਕਾਏ ਦਸਤ ਬਦਸਤ, ਦਸਤ ਬਰਦਾਰ ਕਰੇ ਲੋਕਾਈਆ । ਲੇਖਾ ਜਾਣ ਅਰਸ਼ ਫ਼ਰਸ਼, ਫੇਰਾ ਆਪਣਾ ਆਪੇ ਪਾਈਆ । ਦੋ ਜਹਾਨ ਨਿਰਗੁਣ ਦਰਸ, ਸਰਗੁਣ ਚਲੇ ਨਾ ਕੋਇ ਚਤੁਰਾਈਆ । ਭਗਤ ਭਗਵੰਤ ਮੇਟੇ ਹਰਸ, ਹਵਸ ਤ੍ਰਿਸ਼ਨਾ ਦਏ ਗਵਾਈਆ । ਗ਼ਰੀਬ ਨਿਮਾਣਿਆਂ ਉਤੇ ਕਰੇ ਤਰਸ, ਦਰਦੀ ਦਰਦੀਆਂ ਦਰਦ ਵੰਡਾਈਆ । ਚਾਰ ਜੁਗ ਰਹੇ ਭਟਕ, ਨੇਤਰ ਨੈਣ ਨੈਣ ਉਠਾਈਆ । ਕੋਟਨ ਕੋਟ ਸਾਧ ਸੰਤ ਅੱਧਵਿਚਕਾਰੇ ਰਹੇ ਲਟਕ, ਅਗਲਾ ਪੰਧ ਨਾ ਕੋਇ ਮੁਕਾਈਆ । ਕੋਟਨ ਕੋਟ ਗੁਰ ਅਵਤਾਰ ਪੀਰ ਪੈਗ਼ੰਬਰ ਕਲਜੁਗ ਵੇਖਣ ਅੰਤਮ ਵਕਤ, ਪੁਰਖ ਅਬਿਨਾਸ਼ੀ ਆਵੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸਮਝਾਈਆ । ਸਾਚਾ ਹੁਕਮ ਧੁਰ ਫ਼ਰਮਾਣਾ, ਧੁਰ ਦਰਬਾਰੀ ਆਪ ਜਣਾਇੰਦਾ । ਨਾ ਕੋਈ ਦੀਸੇ ਰਾਜਾ ਰਾਣਾ, ਰਈਅਤ ਰੰਗ ਨਾ ਕੋਇ ਵਖਾਇੰਦਾ । ਰਾਗ ਨਾਦ ਨਾ ਕੋਇ ਗਾਣਾ, ਤਾਲ ਤਲਵਾੜਾ ਨਾ ਕੋਇ ਵਜਾਇੰਦਾ । ਜੋਧਾ ਸੂਰਬੀਰ ਨਾ ਕੋਇ ਮਾਣਾ, ਬਲੀ ਬਲ ਨਾ ਕੋਇ ਵਧਾਇੰਦਾ । ਸਭ ਨੂੰ ਮੰਨਣਾ ਪਏ ਭਾਣਾ, ਸਿਰ ਤਾਜ ਨਾ ਕੋਇ ਰਖਾਇੰਦਾ । ਬਿਨ ਹਰਿ ਨਾਮੇ ਹੋਇਆ ਅੰਧਾ ਕਾਣਾ, ਜਗਤ ਜੀਵਣ ਜੁਗਤ ਨੇਤਰ ਨਾ ਕੋਇ ਖੁਲ੍ਹਾਇੰਦਾ । ਪੁਰਖ ਅਬਿਨਾਸ਼ੀ ਬੇਪਹਿਚਾਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਅਲਾਇੰਦਾ । ਸਾਚਾ ਹੁਕਮ ਇਕ ਅਲ੍ਹਾ, ਅਲਹਿਦਗੀ ਸਭ ਦੀ ਦਏ ਕਰਾਈਆ । ਲਹਿਣਾ ਦੇਣਾ ਦਏ ਮੁਕਾ, ਮੁੱਕਾ ਆਪਣਾ ਨਾਮ ਵਖਾਈਆ । ਸਭ ਦੇ ਹੱਥ ਟੁੱਕਰ ਰੁੱਖਾ ਦਏ ਵਖਾ, ਘਰ ਘਰ ਮਧੂਕੜੀ ਰਿਹਾ ਮੰਗਾਈਆ । ਹੁੱਕਾ ਟੋਪੀ ਦਏ ਭੰਨਾ, ਭਾਂਡਾ ਸਭ ਦਾ ਸਾਫ਼ ਕਰਾਈਆ । ਜੋ ਲੁਕਾ ਦਰਸ ਦਏ ਵਖਾ, ਆਪਣਾ ਪਰਦਾ ਲਾਹੀਆ । ਦੋ ਜਹਾਨ ਦਾ ਭੁੱਖਾ ਪੁਰਖ ਅਬਿਨਾਸ਼ੀ ਜਾਏ ਆ, ਲੱਖ ਚੁਰਾਸੀ ਆਪਣੇ ਅੰਦਰ ਲਏ ਲੁਕਾਈਆ । ਜੋ ਜਨ ਸਰਨਾਈ ਝੁਕਾ, ਤਿਸ ਲਏ ਬਚਾ, ਬਚਤ ਇਕੋ ਇਕ ਵਖਾਈਆ । ਹਰਿਜਨ ਰੱਖੇ ਆਪਣੀ ਕੁੱਖਾ ਆਪਣਾ ਪਰਦਾ ਪਾ, ਤੱਤੀ ਵਾ ਨਾ ਲਾਗੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਲਏ ਜਗਾਈਆ । ਹਰਿਜਨ ਜਗਾਏ ਜਗਤ ਜੁਗ, ਜੀਵਣ ਜੁਗਤ ਆਪ ਜਣਾਇੰਦਾ । ਲੱਖ ਚੁਰਾਸੀ ਵਿਚੋਂ ਚੁਗ, ਆਪਣਾ ਮੇਲ ਮਿਲਾਇੰਦਾ ।

ਆਪੇ ਜਾਣੇ ਡਾਲ ਮੁੱਢ, ਪਤ ਡਾਲੀ ਵੇਖ ਵਖਾਇੰਦਾ । ਜਨ ਭਗਤਾਂ ਅੰਦਰ ਆਤਮ ਸੇਜਾ ਚੜ੍ਹੇ ਕੁੱਦ, ਸਚ ਸਿੰਘਾਸਣ ਆਸਣ ਲਾਇੰਦਾ । ਡੇਰਾ ਢਾਹੇ ਮਨ ਮਤ ਬੁੱਧ, ਸਾਚੀ ਸਿਖਿਆ ਇਕ ਸਮਝਾਇੰਦਾ । ਤ੍ਰੈਭਵਣ ਦੀ ਦੇਵੇ ਸੁੱਧ, ਅਵਣ ਗਵਣ ਮਿਟਾਇੰਦਾ । ਲੇਖਾ ਜਾਣੇ ਆਪਣਾ ਗੁੱਝ, ਭੇਵ ਅਭੇਵ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਆਪਣੇ ਰੰਗ ਰੰਗਾਇੰਦਾ । ਹਰਿਜਨ ਰੰਗ ਚਾੜ੍ਹੇ ਰੰਗੀਲਾ, ਰੰਗਤ ਆਪਣਾ ਨਾਮ ਵਖਾਈਆ । ਗੁਰ ਸ਼ਬਦੀ ਬਣਿਆ ਮਾਤ ਵਸੀਲਾ, ਵਸਲ ਇਕੋ ਨਾਮ ਜਣਾਈਆ । ਹਰਿ ਭਗਤ ਬਣਾਏ ਜਗਤ ਕਬੀਲਾ, ਭਗਵਨ ਦਇਆ ਕਮਾਈਆ । ਕਲਜੁਗ ਅੰਤਮ ਹਰਿਜਨ ਮਿਲਣ ਦਾ ਕੀਤਾ ਹੀਲਾ, ਨਿਰਗੁਣ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਦੇਵੇ ਸੋਹੰ ਦਾਨ, ਆਤਮ ਪਰਮਾਤਮ ਪਰਮਾਤਮ ਆਤਮ ਏਕਾ ਗੰਢ ਪਵਾਈਆ ।

### ❇ ੧੦ ਮਾਘ ੨੦੧੯ ਬਿਕਰਮੀ ਗਿਰਧਾਰੀ ਲਾਲ ਦੇ ਗ੍ਰਿਹ ਭੋਲੇ ਕੇ ਜ਼ਿਲਾ ਗੁਰਦਾਸਪੁਰ ❇

ਹਰਿ ਕਾ ਢੋਲਾ ਸਾਚਾ ਗੀਤ, ਆਦਿ ਅੰਤ ਇਕੋ ਨਾਮ ਦ੍ਰਿੜਾਇੰਦਾ । ਭੇਵ ਖੁਲ੍ਹਾਏ ਸਾਹਿਬ ਅਤੀਤ, ਤ੍ਰੈਗੁਣ ਪਰਦਾ ਆਪੇ ਲਾਹਿੰਦਾ । ਆਤਮ ਪਰਮਾਤਮ ਕਰੇ ਠਾਂਡੀ ਸੀਤ, ਸੀਤਲ ਧਾਰਾ ਇਕ ਵਹਾਇੰਦਾ । ਕਾਇਆ ਅੰਦਰ ਵਖਾਏ ਮੰਦਰ ਮਸੀਤ, ਸ਼ਿਵਦੁਆਲਾ ਮੱਠ ਸੋਭਾ ਪਾਇੰਦਾ । ਨਜ਼ਰੀ ਆਏ ਹਰਿ ਅਨਡੀਠ, ਜਲਵਾ ਨੂਰ ਇਕ ਧਰਾਇੰਦਾ । ਵਸਣਹਾਰਾ ਸਦਾ ਚੀਤ, ਚੇਤਨ ਹਰਿਜਨ ਆਪ ਕਰਾਇੰਦਾ । ਆਦਿ ਜੁਗਾਦੀ ਅਵੱਲੜੀ ਰੀਤ, ਜੁਗ ਕਰਤਾ ਆਪ ਕਰਾਇੰਦਾ । ਸਦੀ ਚੌਧਵੀਂ ਰਹੀ ਬੀਤ, ਚੌਦਾਂ ਤਬਕਾਂ ਵੇਖ ਵਖਾਇੰਦਾ । ਪੀਰ ਪੈਗ਼ੰਬਰਾਂ ਨਿਸ਼ਾਨਾ ਦੱਸੇ ਠੀਕ, ਠੀਕਰ ਸਭ ਦੇ ਭੰਨ ਵਖਾਇੰਦਾ । ਅੰਤਮ ਨੇੜੇ ਆਈ ਤਰੀਕ, ਤਹਿਕੀਕਾਤ ਆਪ ਕਰਾਇੰਦਾ । ਵੇਖਣਹਾਰਾ ਹੱਕ ਹਕੀਕ, ਹਾਜ਼ਤ ਸਭ ਦੀ ਫੋਲ ਫੁਲਾਇੰਦਾ । ਨੂਰ ਇਲਾਹੀ ਲਾਸ਼ਰੀਕ, ਪਰਦਾ ਆਪਣਾ ਆਪ ਉਠਾਇੰਦਾ । ਵੇਖਣਹਾਰਾ ਸਚ ਪ੍ਰੀਤ, ਪ੍ਰੀਤੀਵਾਨ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸੋਹਲਾ ਇਕ ਜਣਾਇੰਦਾ । ਸਾਚਾ ਸੋਹਲਾ ਨਾਮ ਮਰਦੰਗ, ਸੋ ਪੁਰਖ ਨਿਰੰਜਣ ਆਪ ਵਜਾਇੰਦਾ । ਹਰਿ ਪੁਰਖ ਨਿਰੰਜਣ ਸੂਰਾ ਸਰਬੰਗ, ਏਕੰਕਾਰਾ ਕਾਰੇ ਲਾਇੰਦਾ । ਆਦਿ ਨਿਰੰਜਣ ਕਰੇ ਪਰਕਾਸ਼ ਬਿਨ ਸੂਰਜ ਚੰਦ, ਜੋਤੀ ਜਾਤਾ ਡਗਮਗਾਇੰਦਾ । ਅਬਿਨਾਸ਼ੀ ਕਰਤਾ ਸਚ ਦੁਆਰੇ ਬੈਠਾ ਲੰਘ, ਸਚਖੰਡ ਸਾਚੇ ਸੋਭਾ ਪਾਇੰਦਾ । ਸ੍ਰੀ ਭਗਵਾਨ ਚੜ੍ਹਾਏ ਰੰਗ, ਰੰਗ ਰੰਗੀਲਾ ਇਕ ਅਖਵਾਇੰਦਾ । ਪਾਰਬ੍ਰਹਮ ਪ੍ਰਭ ਮੰਗੇ ਮੰਗ, ਆਪਣੇ ਅੱਗੇ ਆਪਣੀ ਝੋਲੀ ਡਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਮੰਗੇ ਮੰਗ ਬਣ ਭਿਖਾਰਾ, ਭਿਖਕ ਆਪਣੀ ਦਇਆ ਕਮਾਈਆ । ਲੇਖਾ ਜਾਣ ਧੁਰ ਦਰਬਾਰਾ, ਧੁਰ ਦੀ ਧਾਰ ਜਣਾਈਆ । ਜੁਗ ਚੌਕੜੀ ਹੋ ਉਜਿਆਰਾ, ਨਿਰਗੁਣ ਸਰਗੁਣ ਵੇਸ ਵਟਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਪਿਆਰਾ, ਮੇਲ ਮਿਲਾਵਾ ਸਹਿਜ ਸੁਖਦਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨੌਂ ਸੌ ਚੁਰਾਨਵੇਂ ਚੌਕੜੀ ਜੁਗ ਦੇਂਦਾ ਰਿਹਾ ਨਾਮ ਸਹਾਰਾ, ਨਾਉਂ ਨਿਰੰਕਾਰਾ ਕਰ ਪੜ੍ਹਾਈਆ ।

ਆਦਿ ਸ਼ਕਤ ਨੂਰ ਉਜਿਆਰਾ, ਚਤੁਰਭੁਜ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸਾ ਇਕੋ ਇਕ ਸੁਣਾਈਆ । ਧੁਰ ਸੰਦੇਸਾ ਹਰਿ ਕਾ ਨਾਉਂ, ਹਰਿ ਸੱਜਣ ਆਪ ਜਣਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਪਕੜ ਉਠਾਏ ਫੜ ਫੜ ਬਾਹੋਂ, ਦੋ ਜਹਾਨਾਂ ਵੇਖ ਵਖਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਕਰੇ ਸਚ ਨਿਆਉਂ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਖੋਜ ਖੁਜਾਇੰਦਾ । ਭਗਤ ਭਗਵਾਨ ਮਿਲਣ ਦਾ ਰੱਖੇ ਚਾਉ, ਚਾਉ ਘਨੇਰਾ ਇਕ ਸਮਝਾਇੰਦਾ । ਕਰੇ ਪਿਆਰ ਜਿਉਂ ਪੁੱਤਰਾਂ ਮਾਉਂ, ਪੂਤ ਸਪੂਤਾ ਗੋਦ ਸੁਹਾਇੰਦਾ । ਹੰਸ ਬਣਾਏ ਫੜ ਫੜ ਕਾਉਂ, ਜਿਸ ਜਨ ਆਪਣਾ ਨਾਮ ਜਪਾਇੰਦਾ । ਲੱਖ ਚੁਰਾਸੀ ਪਾਏ ਰਾਹੋ, ਅੰਡਜ ਜੇਰਜ ਉਤਭੁਜ ਸੇਤਜ ਆਪਣੇ ਧੰਦੇ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਤਰ ਇਕ ਦ੍ਰਿੜਾਇੰਦਾ । ਸਾਚਾ ਮੰਤਰ ਨਾਮ ਅਗੰਮ, ਹਰਿ ਅਗੰਮੜਾ ਆਪ ਜਣਾਈਆ । ਜਣਾਵਣਹਾਰਾ ਆਪਣਾ ਕੰਮ, ਕਰਨੀ ਕਰਤਾ ਆਪ ਕਮਾਈਆ । ਸਦਾ ਸੁਹੇਲਾ ਬੇੜਾ ਬੰਨ੍ਹ, ਆਪਣੇ ਕੰਧ ਉਠਾਈਆ । ਗੁਰ ਅਵਤਾਰਾਂ ਦੇਵੇ ਸੱਚਾ ਧੰਨ, ਧੰਨ ਖ਼ਜ਼ੀਨਾ ਇਕ ਵਰਤਾਈਆ । ਲੇਖਾ ਜਾਣੇ ਜਨਨੀ ਜਨ, ਬਣੇਂ ਜਣੇਦੀ ਮਾਈਆ । ਜੁਗ ਚੌਕੜੀ ਦੇਵਣਹਾਰਾ ਡੰਨ, ਨਿਤ ਨਵਿਤ ਵੇਸ ਵਟਾਈਆ । ਭਗਤ ਭਗਵਾਨ ਰਾਗ ਸੁਣਾਏ ਕੰਨ, ਅੱਖਰ ਵੱਖਰ ਨਾ ਕੋਇ ਪੜ੍ਹਾਈਆ । ਕਰ ਪਰਕਾਸ਼ ਸਾਚੇ ਚੰਨ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਇਕ ਸਮਝਾਈਆ । ਸਾਚਾ ਨਾਮ ਸੋ ਪੁਰਖ ਨਿਰੰਜਣ, ਹੰ ਬ੍ਰਹਮ ਆਪ ਜਣਾਇੰਦਾ । ਬਜਰ ਕਪਾਟੀ ਤੋੜੇ ਪੱਥਰ, ਆਖ਼ਰ ਆਪਣਾ ਮੇਲ ਮਿਲਾਇੰਦਾ । ਪੰਚ ਵਿਕਾਰਾ ਲਾਹੇ ਸੱਥਰ, ਕਾਮ ਕਰੋਧ ਲੋਭ ਮੋਹ ਹੰਕਾਰ ਨੇੜ ਨਾ ਆਇੰਦਾ । ਆਪ ਪੜ੍ਹਾਏ ਆਪਣਾ ਨਿਸ਼ਅੱਖਰ, ਨਿਜ ਨੇਤਰ ਦਰਸ ਕਰਾਇੰਦਾ । ਕੋਈ ਨਾ ਫੋਲੇ ਦੂਜਾ ਪੱਤਰ, ਪਾਤੀ ਕਮਲਾਪਾਤੀ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਇਕ ਪਰਗਟਾਇੰਦਾ । ਸਾਚਾ ਨਾਮ ਆਦਿ ਅੰਤ, ਇਕੋ ਕਰੇ ਜਣਾਈਆ । ਜੁਗ ਚੌਕੜੀ ਮਹਿਮਾ ਅਗਣਤ, ਗੁਰ ਅਵਤਾਰ ਰਹੇ ਜਸ ਗਾਈਆ । ਸਾਰੇ ਕਹਿਣ ਪ੍ਰਭੂ ਬੇਅੰਤ, ਅੰਤ ਕਹਿਣ ਕੋਇ ਨਾ ਪਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰਨ ਮੰਨਤ, ਦੋਏ ਦੋਏ ਬੈਠੇ ਸੀਸ ਝੁਕਾਈਆ । ਪੀਰ ਪੈਗ਼ੰਬਰ ਨਾਤਾ ਤੁਟਾ ਬਹਿਸ਼ਤੀ ਜੰਨਤ, ਜ਼ਾਹਰ ਜ਼ਹੂਰ ਇਕੋ ਹੁਕਮ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਤਰ ਇਕ ਸਮਝਾਈਆ । ਸਾਚਾ ਮੰਤਰ ਸਚ ਸੰਦੇਸਾ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਕਲਜੁਗ ਅੰਤਮ ਧਰਿਆ ਵੇਸਾ, ਨਿਰਗੁਣ ਆਪਣਾ ਰੂਪ ਵਟਾਇੰਦਾ । ਵਸਣਹਾਰਾ ਸੰਬਲ ਦੇਸਾ, ਦੇਸ ਦਸੰਤਰ ਫੇਰਾ ਪਾਇੰਦਾ । ਮੁੱਛ ਦਾੜ੍ਹੀ ਨਾ ਕੋਇ ਕੇਸਾ, ਮੂੰਡ ਮੁੰਡਾਏ ਨਜ਼ਰ ਨਾ ਆਇੰਦਾ । ਲੇਖਾ ਜਾਣੇ ਵਿਸ਼ਨ ਬ੍ਰਹਮ ਮਹੇਸ਼ ਗਣੇਸ਼ਾ, ਗਣਪਤ ਆਪਣੇ ਰੰਗ ਰੰਗਾਇੰਦਾ । ਭੇਵ ਖੁਲ੍ਹਾਏ ਤੇਈ ਅਵਤਾਰ ਅਠਾਰਾਂ ਭਗਤ ਜਾਣੇ ਲੇਖਾ, ਈਸਾ ਮੂਸਾ ਮੁਹੰਮਦ ਆਪਣੀ ਗੰਢ ਪਵਾਇੰਦਾ । ਦਸ ਗੁਰ ਜਾਣੇ ਹੇਤਾ, ਹਿਤਕਾਰੀ ਖੇਲ ਕਰਾਇੰਦਾ । ਆਪੇ ਬਣਿਆ ਸਭ ਦਾ ਨੇਤਾ, ਸ਼ਹਿਨਸ਼ਾਹ ਆਪਣਾ ਹੁਕਮ ਮਨਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਿਰਗੁਣ ਰੂਪ ਸਰਗੁਣ ਵੇਖਾ, ਸਾਰ ਆਪਣੀ ਨਾ ਕਿਸੇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਤਰ ਇਕੋ ਨਾਮ, ਦੋ ਜਹਾਨਾਂ ਧਿਆਏ ਜਾਮ, ਬ੍ਰਹਿਮੰਡ ਖੰਡ ਆਪ ਵਰਤਾਇੰਦਾ । ਦੋ ਜਹਾਨ ਖੋਲ੍ਹੇ ਅੱਖ, ਨੇਤਰ ਨੈਣ

ਖੁਲ੍ਹਾਈਆ । ਨਿਰਗੁਣ ਰੂਪ ਹੋ ਪਰਤੱਖ, ਪਰਮ ਪੁਰਖ ਵੇਖ ਵਖਾਈਆ । ਸਾਚਾ ਮਾਰਗ ਦੇਵੇ ਦੱਸ, ਆਤਮ ਪਰਮਾਤਮ ਕਰੇ ਪੜ੍ਹਾਈਆ । ਅੰਤਰ ਆਤਮ ਆਪੇ ਵਸ, ਬ੍ਰਹਮ ਪਾਰਬ੍ਰਹਮ ਕਰੇ ਕੁੜਮਾਈਆ । ਈਸ਼ ਜੀਵ ਦੇਵੇ ਰਸ, ਜਗਦੀਸ਼ ਖ਼ੁਸ਼ੀ ਮਨਾਈਆ । ਤੀਰ ਨਿਰਾਲਾ ਮਾਰੇ ਕਸ, ਅਣਿਆਲਾ ਆਪ ਚਲਾਈਆ । ਸਾਚੇ ਮੰਦਰ ਬਹੇ ਸਜ, ਸਚ ਸਿੰਘਾਸਣ ਆਸਣ ਲਾਈਆ । ਤਾਲ ਤਲਵਾੜਾ ਇਕੋ ਜਾਏ ਵੱਜ, ਅਨਹਦ ਰਾਗ ਸੁਣਾਈਆ । ਸ਼ਰਅ ਸ਼ਰੀਅਤ ਭਾਂਡਾ ਜਾਏ ਭੱਜ, ਧਰਮ ਅਧਰਮ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਨਾਮ ਦਏ ਵਡਿਆਈਆ । ਇਕੋ ਨਾਮ ਵੱਡਾ ਵਡ, ਹਰਿ ਵਡਾ ਆਪ ਵਡਿਆਇੰਦਾ । ਆਪਣੇ ਵਿਚੋਂ ਆਪੇ ਕੱਢ, ਥਿਰ ਘਰ ਡੇਰਾ ਲਾਇੰਦਾ । ਦੋ ਜਹਾਨ ਵਜਾਏ ਨਦ, ਤਾਰ ਸਤਾਰ ਨਾ ਕੋਇ ਹਿਲਾਇੰਦਾ । ਵਿਸ਼ਵ ਬਣਾਏ ਆਪਣੀ ਯਦ, ਵਿਸ਼ਨ ਬ੍ਰਹਮਾ ਸ਼ਿਵ ਗੋਦ ਸੁਹਾਇੰਦਾ । ਲੱਖ ਚੁਰਾਸੀ ਦੇਵੇ ਦਾਦ, ਤ੍ਰੈ ਪੰਜ ਮੇਲਾ ਆਪ ਕਰਾਇੰਦਾ । ਸ਼ਬਦ ਜਣਾਏ ਬੋਧ ਅਗਾਧ, ਬਿਨ ਅੱਖਰ ਆਪ ਪੜ੍ਹਾਇੰਦਾ । ਵੇਦ ਕਤੇਬ ਸ਼ਾਸਤਰ ਸਿਮਰਤ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਜਗਤ ਨਿਸ਼ਾਨਾ ਦੇਵੇ ਗਾਡ, ਰੀਤੀ ਨੀਤੀ ਲੇਖਾ ਲਾਇੰਦਾ । ਆਪੇ ਬੈਠਾ ਰਹੇ ਵਿਸਮਾਦ, ਬਿਸਮਲ ਆਪਣਾ ਰੂਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਇਕੋ ਨਾਉਂ, ਨਾਉਂ ਨਿਰੰਕਾਰਾ ਆਪ ਦ੍ਰਿੜਾਇੰਦਾ । ਆਪਣਾ ਨਾਉਂ ਏਕਾ ਏਕ, ਏਕ ਏਕ ਵਡਿਆਈਆ । ਜੁਗ ਚੌਕੜੀ ਦੇ ਦੇ ਟੇਕ, ਗੁਰ ਅਵਤਾਰ ਸੇਵਾ ਲਾਈਆ । ਗ੍ਰਿਹਿ ਮੰਦਰ ਹਰਿ ਜੂ ਆਪੇ ਵੇਖ, ਹਰਿ ਮੰਦਰ ਸੋਭਾ ਪਾਈਆ । ਭਗਤ ਭਗਵਾਨ ਦੱਸੇ ਭੇਤ, ਪਰਦਾ ਦੂਈ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਮੱਗਰੀ ਜੋਤ ਇਕੱਗਰੀ, ਇਕੋ ਇਕ ਵਖਾਈਆ । ਸਚ ਸਮੱਗਰੀ ਸਾਚੀ ਦਾਤ, ਹਰਿ ਸਾਚਾ ਆਪਣੇ ਹੱਥ ਰਖਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਭਗਤ ਭਗਵੰਤ ਬੰਨ੍ਹੇ ਨਾਤ, ਦੂਜਾ ਸੰਗ ਨਾ ਕੋਇ ਨਿਭਾਇੰਦਾ । ਆਤਮ ਪਰਮਾਤਮ ਪਰਮਾਤਮ ਆਤਮ ਦੇਵੇ ਸਾਥ, ਸਗਲਾ ਸੰਗ ਆਪ ਹੋ ਜਾਇੰਦਾ । ਲੇਖਾ ਲਿਖੇ ਬਿਨ ਕਲਮ ਦਵਾਤ, ਸ਼ਾਹੀ ਵੰਡ ਨਾ ਕੋਇ ਵੰਡਾਇੰਦਾ । ਕਰ ਕਿਰਪਾ ਪਾਰ ਕਰਾਏ ਜਗਤ ਘਾਟ, ਸਾਚਾ ਪੱਤਣ ਇਕ ਸੁਹਾਇੰਦਾ । ਧੁਰ ਦੀ ਦੇਵੇ ਅਗੰਮੀ ਦਾਤ, ਨਾਮ ਵਣਜਾਰਾ ਹੱਟ ਖੁਲ੍ਹਾਇੰਦਾ । ਮੇਟੇ ਰੈਣ ਅੰਧੇਰੀ ਰਾਤ, ਕੂੜੀ ਕਿਰਿਆ ਮੋਹ ਚੁਕਾਇੰਦਾ । ਨਾਤਾ ਤੋੜੇ ਜ਼ਾਤ ਪਾਤ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਇਕੋ ਘਰ ਵਖਾਇੰਦਾ । ਮੇਲ ਮਿਲਾਵਾ ਕਮਲਾਪਾਤ, ਕੰਤ ਕੰਤੂਹਲ ਕਵਲ ਨੈਣ ਮੁਕਟ ਬੈਣ ਮੁਕੰਦ ਮਨੋਹਰ ਲਖ਼ਮੀ ਇਕੋ ਨਜ਼ਰੀ ਆਇੰਦਾ । ਸਚ ਸੁਹੰਜਣੀ ਗਾਏ ਗਾਥ, ਸੋਹੰ ਢੋਲਾ ਇਕੋ ਗਾਇੰਦਾ । ਤੂੰ ਮੇਰਾ ਮੈਂ ਤੇਰਾ ਤੇਰੀ ਮੇਰੀ ਮੁੱਕੀ ਵਾਟ, ਪਾਂਧੀ ਹੋਰ ਨਾ ਕੋਇ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਇਕੋ ਢੋਲਾ ਸੋਹੰ ਰੂਪ ਸਚ ਵਿਚੋਲਾ, ਆਦਿ ਪੁਰਖ ਪ੍ਰਭ ਬੋਲਿਆ ਬੋਲਾ, ਬੋਲਾ ਹੱਥ ਕਿਸੇ ਨਾ ਆਇੰਦਾ । ਸੋਹੰ ਬੋਲਾ ਨਿਰਗੁਣ ਤੋਲਾ ਸ਼ਬਦ ਵਿਚੋਲਾ, ਜੁਗ ਜੁਗ ਵੇਸ ਵਟਾਈਆ । ਕੋਟਨ ਕੋਟ ਨਾਮ ਸਿਫ਼ਤੀ ਪਾਵਣ ਰੌਲਾ, ਰੰਗ ਰਲੀਆਂ ਰਹੇ ਮਨਾਈਆ । ਬਿਨ ਸਤਿਗੁਰ ਪੂਰੇ ਕਿਸੇ ਨਾ ਪਰਦਾ ਖੋਲ੍ਹਾ, ਘਰ ਕਰੀ ਨਾ ਕੋਇ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਅੰਤ ਸ੍ਰੀ ਭਗਵੰਤ ਨਾਮ ਡੰਕਾ ਰਾਉ ਰੰਕਾਂ ਰਿਹਾ ਸੁਣਾਈਆ । ਨਾਮ ਡੰਕਾ ਵੱਜੇ ਜਗ, ਜਾਗਰਤ ਜੋਤ ਜਗਾਇੰਦਾ ।

ਨਿਰਗੁਣ ਸਰਗੁਣ ਖੇਲ ਸਮਰਥ, ਸਮਰਥ ਧਾਰ ਚਲਾਇੰਦਾ । ਜੁਗ ਚੌਕੜੀ ਚਲਾਇਆ ਰਥ, ਬਣ ਰਥਵਾਹੀ ਸੇਵ ਕਮਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਸਾਧਾਂ ਸੰਤਾਂ ਮਾਰਗ ਦੱਸ, ਭਗਤ ਭਗਵੰਤ ਆਪਣੇ ਰੰਗ ਰੰਗਾਇੰਦਾ । ਅੰਤਮ ਪੰਜ ਤੱਤ ਖੇੜਾ ਸਭ ਦਾ ਹੋਇਆ ਭੱਠ, ਥਿਰ ਰਹਿਣ ਕੋਇ ਨਾ ਪਾਇੰਦਾ । ਲਿਖ ਲਿਖ ਲੇਖਾ ਜਗਤ ਗਏ ਦੱਸ, ਦਹਿ ਦਿਸ਼ਾ ਵੰਡ ਵੰਡਾਇੰਦਾ । ਆਪਣੀ ਕਰਨੀ ਪਿਛੇ ਗਏ ਛੱਡ, ਕਰਤਾ ਆਪਣਾ ਹੁਕਮ ਮਨਾਇੰਦਾ । ਦੀਨ ਮਜ਼੍ਹਬ ਅੱਡੋ ਅੱਡ, ਰਹਿਬਰ ਰਾਹ ਵਖਾਇੰਦਾ । ਆਖ਼ਰ ਵੇਖਣ ਇਕੋ ਯਦ, ਆਦਿ ਇਕੋ ਨਜ਼ਰੀ ਆਇੰਦਾ । ਪੀਰ ਪੈਗ਼ੰਬਰ ਜਿਸ ਉਪਜਾਏ ਤਿਸ ਆਪਣੇ ਕੋਲ ਲਏ ਸੱਦ, ਸਦਾ ਆਪਣਾ ਹੁਕਮ ਮਨਾਇੰਦਾ । ਕੋਟਨ ਕੋਟ ਕਾਲ ਗਏ ਲੱਦ, ਕਾਲ ਸਭ ਦਾ ਡੇਰਾ ਢਾਹਿੰਦਾ । ਕਲਜੁਗ ਅੰਤਮ ਪੁਰਖ ਅਬਿਨਾਸ਼ੀ ਵੇਖਣ ਆਇਆ ਹੱਦ, ਹਦੂਦ ਆਪਣੀ ਨਾ ਕਿਸੇ ਸਮਝਾਇੰਦਾ । ਲੱਖ ਚੁਰਾਸੀ ਵਿਚੋਂ ਸੰਤ ਸੁਹੇਲੇ ਲਏ ਲੱਭ, ਭਗਤ ਭਗਵਾਨ ਆਪਣਾ ਮੇਲ ਮਿਲਾਇੰਦਾ । ਰਾਤੀਂ ਸੁਤਿਆਂ ਸੁਣਾਏ ਛੰਦ, ਗੀਤ ਗੋਬਿੰਦ ਆਪ ਜਣਾਇੰਦਾ । ਕਰ ਪਰਕਾਸ਼ ਨਿਰਗੁਣ ਚੰਦ, ਜੋਤੀ ਜੋਤ ਡਗਮਗਾਇੰਦਾ । ਜੁਗ ਜਨਮ ਦੇ ਵਿਛੜਿਆਂ ਪਾਏ ਠੰਡ, ਅੰਮ੍ਰਿਤ ਧਾਰਾ ਮੁਖ ਚੁਆਇੰਦਾ । ਭਗਤ ਭਗਵਾਨ ਮਿਟੇ ਰੰਡੇਪਾ ਰੰਡ, ਸੇਜ ਸੁਹੰਜਣੀ ਇਕ ਸੁਹਾਇੰਦਾ । ਦੂਈ ਦਵੈਤੀ ਢਾਹੇ ਕੰਧ, ਪਰਦਾ ਮੁਖ ਤੋਂ ਆਪੇ ਲਾਹਿੰਦਾ । ਬੰਦੀਖ਼ਾਨਾ ਤੋੜੇ ਬੰਦ, ਬੰਧਨ ਆਪਣੇ ਨਾਮ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਢੋਲਾ ਇਕ ਸੁਣਾਇੰਦਾ । ਸਤਿਜੁਗ ਢੋਲਾ ਸਾਚਾ ਮੰਤ, ਮੰਤਰ ਆਪ ਦ੍ਰਿੜਾਈਆ । ਲੇਖਾ ਜਾਣ ਆਦਿ ਅੰਤ, ਮੱਧ ਆਪਣੀ ਖੇਲ ਕਰਾਈਆ । ਹਰਿਜਨ ਮੇਲਾ ਨਾਰ ਕੰਤ, ਪੁਰਖ ਅਬਿਨਾਸ਼ੀ ਹੋਏ ਸਹਾਈਆ । ਨਾਤਾ ਤੁਟੇ ਜੀਵ ਜੰਤ, ਜੀਵਣ ਜੁਗਤ ਦਏ ਜਣਾਈਆ । ਗੜ੍ਹ ਤੋੜੇ ਹਉਮੇ ਹੰਗਤ, ਨਿਵਣ ਸੋ ਅੱਖਰ ਕਰੇ ਪੜ੍ਹਾਈਆ । ਸਤਿ ਸਤਿਵਾਦੀ ਸਾਚੀ ਸੰਗਤ, ਚਾਰ ਵਰਨ ਇਕ ਸਰਨਾਈਆ । ਬਰਨ ਅਠਾਰਾਂ ਇਕੋ ਪੰਗਤ, ਏਕਾ ਰਸ ਦਏ ਚਖਾਈਆ । ਨਾਤਾ ਤੋੜੇ ਭੁੱਖ ਨੰਗਤ, ਗ਼ਰੀਬ ਨਿਮਾਣੇ ਗਲੇ ਲਗਾਈਆ । ਹਰਿ ਕਾ ਭੇਵ ਨਾ ਜਾਣੇ ਕੋਈ ਪੰਡਤ, ਪੜ੍ਹ ਪੜ੍ਹ ਥੱਕੀ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਵ ਆਪਣਾ ਖੇਲ ਕਰਾਈਆ । ਵਿਸ਼ਨੂੰ ਧਾਰ ਵਿਸ਼ਵ ਭਗਵਾਨਾ, ਏਕਾ ਏਕ ਰਖਾਇੰਦਾ । ਸਤਿਜੁਗ ਸਾਚਾ ਬੰਨ੍ਹੇ ਗਾਨਾ, ਸਗਲਾ ਸੰਗ ਨਿਭਾਇੰਦਾ । ਆਤਮ ਪਰਮਾਤਮ ਰਾਗ ਤਰਾਨਾ, ਤੁਰੀਆ ਡੇਰਾ ਢਾਹਿੰਦਾ । ਸੁਫ਼ਨ ਸਖੋਪਤ ਜਾਗਰਤ ਖੇਲ ਮਹਾਨਾ, ਖ਼ਾਲਕ ਖ਼ਲਕ ਵੇਖ ਵਖਾਇੰਦਾ । ਕਲਮਾ ਨਬੀ ਇਕ ਪੜ੍ਹਾਨਾ, ਕਾਇਨਾਤ ਆਪ ਸਮਝਾਇੰਦਾ । ਸੱਚਾ ਰਾਮ ਹੋ ਪਰਧਾਨਾ, ਰਮੱਯਾ ਆਪਣਾ ਡੰਕ ਵਜਾਇੰਦਾ । ਏਕਾ ਕ੍ਰਿਸ਼ਨਾ ਵਡ ਬਲਵਾਨਾ, ਸੀਸ ਜਗਦੀਸ਼ ਸੋਭਾ ਪਾਇੰਦਾ । ਏਕਾ ਬੰਸਰੀ ਸੁਣਾਏ ਦੋ ਜਹਾਨਾ, ਨਾਮ ਗਾਣਾ ਏਕਾ ਗਾਇੰਦਾ । ਏਕਾ ਚਿੱਲਾ ਤੀਰ ਕਮਾਨਾ, ਧਨੁਸ਼ ਇਕੋ ਇਕ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰ ਪੀਰ ਪੈਗ਼ੰਬਰ ਸਰਬ ਵਖਾਏ ਇਕ ਸਵੰਬਰ, ਦੂਜਾ ਨੂਰ ਨਾ ਕੋਇ ਜਣਾਇੰਦਾ । ਦੂਜਾ ਨੂਰ ਨਾ ਕੋਇ ਚਾਨਣ, ਨਿਰਗੁਣ ਵੰਡ ਨਾ ਕੋਇ ਵੰਡਾਈਆ । ਲੱਖ ਚੁਰਾਸੀ ਇਕੋ ਜ਼ਾਮਨ, ਵੇਲੇ ਅੰਤ ਦਏ ਛੁਡਾਈਆ । ਜਿਸ ਉਪਜਾਇਆ ਕ੍ਰਿਸ਼ਨਾ ਰਾਮ ਰਾਮਨ, ਈਸਾ ਮੂਸਾ ਮੁਹੰਮਦ ਕਰੀ ਕੁੜਮਾਈਆ । ਜਿਸ ਨਾਨਕ ਗੋਬਿੰਦ ਖੇਲ ਵਖਾਇਆ ਦੋ ਜਹਾਨਨ, ਨਿਰਗੁਣ ਸਰਗੁਣ ਧਾਰ ਚਲਾਈਆ । ਸੋ ਸਾਹਿਬ ਸਮਰਥ ਸ੍ਰੀ ਭਗਵਾਨਨ, ਭਗਵਨ ਏਕਾ ਰੰਗ ਵਖਾਈਆ ।

ਭਗਤਾਂ ਬੰਨ੍ਹੇ ਸਾਚਾ ਗਾਨਨ, ਮੌਲੀ ਤੰਦ ਨਾ ਕੋਇ ਜਣਾਈਆ । ਆਤਮ ਅੰਤਰ ਕਰਾਏ ਅਸ਼ਨਾਨਨ, ਅੱਠਸੱਠ ਨਹਾਵਣ ਕੋਇ ਨਾ ਜਾਈਆ । ਮਨ ਹੰਕਾਰੀ ਮਾਰੇ ਰਾਵਣ, ਸਤਿ ਸਤਿਵਾਦੀ ਦਏ ਮਿਟਾਈਆ । ਦਰਸ ਦਿਖਾਏ ਆਮ੍ਹਣੇ ਸਾਮ੍ਹਣ, ਪਰਦਾ ਪਰਦੇ ਵਿਚੋਂ ਚੁਕਾਈਆ । ਲੇਖਾ ਜਾਣੇ ਸ਼ੱਤਰੀ ਬ੍ਰਹਿਮਣ, ਸ਼ੂਦਰ ਵੈਸ਼ ਪਰਦਾ ਦਏ ਉਠਾਈਆ । ਨੇੜ ਨਾ ਆਏ ਕਾਮਨੀ ਕਾਮਨ, ਜਿਸ ਸਿਰ ਆਪਣਾ ਹੱਥ ਟਿਕਾਈਆ । ਸਤਿਜੁਗ ਫੜਾਏ ਸਾਚਾ ਦਾਮਨ, ਦਾਮਨਗੀਰ ਫੇਰਾ ਪਾਈਆ । ਪੀਰ ਪੈਗ਼ੰਬਰ ਕਰਨ ਸਲਾਮਨ, ਨਿਉਂ ਨਿਉਂ ਸਜਦਾ ਸੀਸ ਝੁਕਾਈਆ । ਤੇਰੀ ਇਕੋ ਸਦਾ ਆਵਾਜ਼ ਬਾਂਗਨ, ਕੂਕ ਕੂਕ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਨਾਉਂ ਇਕ ਸਮਝਾਈਆ । ਸਾਚਾ ਨਾਉਂ ਸਤਿਜੁਗ ਰੁੱਤ, ਸੋਹੰ ਰੂਪ ਵਟਾਇੰਦਾ । ਖੇਲ ਖਲਾਏ ਅਬਿਨਾਸ਼ੀ ਅਚੁੱਤ, ਚੇਤਨ ਧਾਰ ਆਪ ਚਲਾਇੰਦਾ । ਨਿਰਗੁਣ ਅੰਦਰ ਨਿਰਗੁਣ ਉਠ, ਪਾਰਬ੍ਰਹਮ ਬ੍ਰਹਮ ਆਪਣੀ ਵੰਡ ਵੰਡਾਇੰਦਾ । ਲੇਖਾ ਜਾਣੇ ਪਿਤਾ ਪੁੱਤ, ਗੁਰ ਚੇਲਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹੰ ਆਪਣਾ ਹੁਕਮ ਮਨਾਇੰਦਾ । ਸੋਹੰ ਸ਼ਬਦ ਅਨਮੰਗੀ ਮੰਗ, ਆਦਿ ਆਦਿ ਵਰਤਾਈਆ । ਅੰਤ ਵੇਖੇ ਸੂਰਾ ਸਰਬੰਗ, ਸ਼ਹਿਨਸ਼ਾਹ ਆਪਣਾ ਫੇਰਾ ਪਾਈਆ । ਭਗਤ ਭਗਵਾਨ ਸੁਣਾਏ ਛੰਦ, ਸੰਸਾ ਰੋਗ ਚੁਕਾਈਆ । ਜਨਮ ਜਨਮ ਦਾ ਕੱਟੇ ਬੰਧ, ਬੰਧਨ ਕੋਇ ਰਹਿਣ ਨਾ ਪਾਈਆ । ਲੇਖਾ ਚੁੱਕੇ ਜੇਰਜ ਅੰਡ, ਉਤਭੁਜ ਸੇਤਜ ਨਾਤਾ ਦਏ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਇਕੋ ਅੱਖਰ ਕਰੇ ਪੜ੍ਹਾਈਆ । ਇਕੋ ਅੱਖਰ ਹਰਿਜਨ ਪੜ੍ਹਨਾ, ਹਰਿ ਸਾਚਾ ਆਖ ਸੁਣਾਇੰਦਾ । ਸਚਖੰਡ ਦੁਆਰੇ ਸਾਚੇ ਵੜਨਾ, ਅੱਧਵਿਚਕਾਰ ਨਾ ਕੋਇ ਅਟਕਾਇੰਦਾ । ਲਹਿਣਾ ਚੁੱਕੇ ਮਰਨਾ ਜੰਮਣਾ, ਜਨਮ ਮਰਨ ਵਿਚ ਨਾ ਆਇੰਦਾ । ਸਾਚੀ ਤਰਨੀ ਗੁਰਮੁਖ ਤਰਨਾ, ਤਾਰਨਹਾਰਾ ਦਇਆ ਕਮਾਇੰਦਾ । ਹੰ ਬ੍ਰਹਮ ਪਾਰਬ੍ਰਹਮ ਪ੍ਰਭ ਪੱਲੂ ਫੜਨਾ, ਫੜਿਆ ਲੜ ਨਾ ਕੋਇ ਛੁਡਾਇੰਦਾ । ਸਾਚੇ ਪੌੜੇ ਆਪੇ ਚੜ੍ਹਨਾ, ਜਿਸ ਦਾ ਡੰਡਾ ਨਜ਼ਰ ਕਿਸੇ ਨਾ ਆਇੰਦਾ । ਪੁਰਖ ਅਕਾਲ ਇਕੋ ਵਰਨਾ, ਦੂਜਾ ਕੰਤ ਨਾ ਕੋਇ ਹੰਢਾਇੰਦਾ । ਸਾਹਿਬ ਸੱਚੇ ਦੀ ਸਾਚੀ ਸਰਨਾ, ਭੈ ਭਿਆਨਕ ਸਰਬ ਚੁਕਾਇੰਦਾ । ਭਗਤ ਭਗਵਾਨ ਆਪ ਆਪਣੇ ਜਿਹਾ ਕਰਨਾ, ਜਿਸ ਜਨ ਆਪਣੇ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਤਿਜੁਗ ਸਾਚੇ ਦੇਵੇ ਵਰ, ਸੋਹੰ ਢੋਲਾ ਲੈਣਾ ਪੜ੍ਹ, ਬਿਨ ਪੜ੍ਹਿਆਂ ਪਾਰ ਕਰਾਇੰਦਾ ।



੪੯੦
੧੩

❇ ੧੦ ਮਾਘ ੨੦੧੯ ਬਿਕਰਮੀ ਭਗਵਾਨ ਸਿੰਘ ਮਹਿਤਾ ਚੌਕ ਜ਼ਿਲਾ ਅੰਮ੍ਰਿਤਸਰ ❇

ਸੋ ਪੁਰਖ ਨਿਰੰਜਣ ਸ਼ਾਹ ਸੁਲਤਾਨਾ, ਸ਼ਹਿਨਸ਼ਾਹ ਇਕੋ ਇਕ ਅਖਵਾਇੰਦਾ । ਹਰਿ ਪੁਰਖ ਨਿਰੰਜਣ ਵਡ ਮਰਦਾਨਾ, ਸੂਰਬੀਰ ਆਪਣਾ ਬਲ ਧਰਾਇੰਦਾ । ਏਕੰਕਾਰਾ ਨੌਜਵਾਨਾ, ਬਿਰਧ ਬਾਲ ਨਾ ਰੂਪ ਵਟਾਇੰਦਾ । ਆਦਿ ਨਿਰੰਜਣ ਨੂਰ ਮਹਾਨਾ, ਜੋਤੀ ਜੋਤ ਡਗਮਗਾਇੰਦਾ । ਅਬਿਨਾਸ਼ੀ ਕਰਤਾ ਧੁਰ ਫ਼ਰਮਾਣਾ, ਸਚ ਸੰਦੇਸਾ ਆਪ ਸੁਣਾਇੰਦਾ । ਸ੍ਰੀ ਭਗਵਾਨ ਸਚ ਨਿਸ਼ਾਨਾ, ਦੋ ਜਹਾਨਾਂ ਆਪ ਝੁਲਾਇੰਦਾ । ਪਾਰਬ੍ਰਹਮ ਪ੍ਰਭ ਬਣ

ਪਰਧਾਨਾ, ਸਚ ਪਰਧਾਨਗੀ ਆਪ ਕਮਾਇੰਦਾ । ਸਚਖੰਡ ਵਸੇ ਸਚ ਮਕਾਨਾ, ਛੱਪਰ ਛੰਨ ਨਾ ਕੋਇ ਛੁਹਾਇੰਦਾ । ਸ਼ਾਹੋ ਭੂਪ ਬਣ ਰਾਜ ਰਾਜਾਨਾ, ਸੀਸ ਜਗਦੀਸ਼ ਤਾਜ ਸੁਹਾਇੰਦਾ । ਨਿਰਗੁਣ ਸਰਗੁਣ ਪਹਿਰੇ ਬਾਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਹਰਿ ਕਰਤਾਰਾ, ਇਕ ਇਕੱਲਾ ਆਪ ਕਰਾਇੰਦਾ । ਨਿਰਗੁਣ ਸਰਗੁਣ ਖੇਲ ਅਪਾਰਾ, ਅਲੱਖ ਅਗੋਚਰ ਅਗੰਮ ਅਥਾਹ ਬੇਪਰਵਾਹ ਆਪਣਾ ਖੇਲ ਆਪਣੇ ਹੱਥ ਰਖਾਇੰਦਾ । ਸ਼ਬਦ ਅਗੰਮੀ ਕਰ ਉਜਿਆਰਾ, ਸਚ ਜੈਕਾਰਾ ਇਕ ਸੁਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਸੇਵਾਦਾਰਾ, ਧੁਰ ਫ਼ਰਮਾਣਾ ਹੁਕਮ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਰੇ ਰਾਣਾ, ਸ਼ਾਹ ਪਾਤਸ਼ਾਹ ਵੱਡੀ ਵਡਿਆਈਆ । ਪਹਿਲੋਂ ਮੰਨੇ ਆਪਣਾ ਭਾਣਾ, ਸਦ ਭਾਣੇ ਵਿਚ ਸਮਾਈਆ । ਲੇਖਾ ਜਾਣ ਦੋ ਜਹਾਨਾਂ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪਣਾ ਹੁਕਮ ਮਨਾਈਆ । ਤਖ਼ਤ ਨਿਵਾਸੀ ਨੌਜਵਾਨਾ, ਨਾ ਮਰੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਅਗੰਮ ਅਥਾਹ, ਭੇਵ ਕੋਇ ਨਾ ਆਇੰਦਾ । ਆਦਿ ਆਦਿ ਆਪਣਾ ਪਿਆਰ ਆਪੇ ਲਿਆ ਲਾ, ਪੀਰ ਪੈਗ਼ੰਬਰ ਗੁਰ ਅਵਤਾਰ ਆਪ ਸਮਝਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਰਚਨ ਰਚਾ, ਤ੍ਰੈਗੁਣ ਮਾਇਆ ਪੰਜ ਤੱਤ ਬੰਧਨ ਆਪੇ ਪਾਇੰਦਾ । ਲੱਖ ਚੁਰਾਸੀ ਘਾੜਤ ਲਏ ਘੜਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਵੇਸ ਵਟਾਇੰਦਾ । ਬੋਧ ਅਗਾਧਾ ਸ਼ਬਦ ਜਣਾ, ਧੁਰ ਸੰਦੇਸਾ ਨਰ ਨਰੇਸ਼ਾ ਏਕਾ ਏਕ ਅਲਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਅੰਸ ਬੰਸ ਸਰਬੰਸ ਆਪ ਸੁਹਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਰਨੇ ਯੋਗ, ਇਕ ਇਕੱਲਾ ਹਰਿ ਅਖਵਾਇੰਦਾ । ਲੇਖਾ ਜਾਣੇ ਨਿਰਗੁਣ ਸਰਗੁਣ ਸਚ ਸੰਜੋਗ, ਧੁਰ ਸੰਜੋਗੀ ਮੇਲ ਮਿਲਾਇੰਦਾ । ਆਤਮ ਪਰਮਾਤਮ ਦੇਵਣਹਾਰਾ ਸਾਚੀ ਚੋਗ, ਨਾਮ ਰਸ ਆਪਣਾ ਆਪ ਚਖਾਇੰਦਾ । ਵਸਣਹਾਰਾ ਸਾਚੇ ਕੋਟ, ਸਚਖੰਡ ਦੁਆਰੇ ਸੋਭਾ ਪਾਇੰਦਾ । ਨਾਮ ਨਿਧਾਨ ਲਗਾਏ ਚੋਟ, ਸਚ ਨਗਾਰਾ ਇਕ ਵਜਾਇੰਦਾ । ਕਰ ਪਰਕਾਸ਼ ਨਿਰਮਲ ਜੋਤ, ਜੋਤੀ ਜਾਤਾ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵੰਡਣ ਆਪਣੇ ਹੱਥ ਰਖਾਇੰਦਾ । ਸਾਚੀ ਵੰਡਣ ਵੰਡੇ ਆਪ, ਆਪਣੀ ਦਇਆ ਕਮਾਈਆ । ਕਰੇ ਖੇਲ ਪੁਰਖ ਸਮਰਾਥ, ਸਮਰਥ ਦਾਤਾ ਬੇਪਰਵਾਹੀਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੁਗ ਚੌਕੜੀ ਨਵ ਨੌਂ ਚਾਰ ਚਲਾਏ ਰਥ, ਬਣ ਰਥਵਾਹੀ ਸੇਵ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਨਿਰਗੁਣ ਸਰਗੁਣ ਮਾਰਗ ਦੱਸ, ਸਾਚੇ ਧੰਦੇ ਲਏ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਜੁਗ ਚੌਕੜੀ ਖੇਲ ਅਪਾਰਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਇੰਦਾ । ਲੇਖਾ ਜਾਣੇ ਗੁਰ ਅਵਤਾਰਾ, ਪੀਰ ਪੈਗ਼ੰਬਰ ਆਪਣਾ ਹੁਕਮ ਮਨਾਇੰਦਾ । ਸ਼ਬਦ ਅਗੰਮੀ ਸਚ ਜੈਕਾਰਾ, ਦੋ ਜਹਾਨਾਂ ਆਪ ਸੁਣਾਇੰਦਾ । ਲਿਖਣ ਪੜ੍ਹਨ ਤੋ ਵਸੇ ਬਾਹਰਾ, ਰੂਪ ਰੰਗ ਰੇਖ ਨਾ ਕੋਇ ਰਖਾਇੰਦਾ । ਕਾਗਦ ਕਲਮ ਨਾਲ ਸ਼ਾਹੀ ਕਰਦਾ ਰਿਹਾ ਇਸ਼ਾਰਾ, ਆਪਣਾ ਭੇਵ ਨਾ ਕਿਸੇ ਜਣਾਇੰਦਾ । ਪੁਰਖ ਅਕਾਲ ਸਭ ਤੋਂ ਵਸੇ ਬਾਹਰਾ, ਦਿਸ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਹੁਕਮ ਇਕ ਜਣਾਇੰਦਾ । ਸਾਚਾ ਹੁਕਮ ਹਰਿ ਕਾ ਭਾਣਾ,

੪੯੨
੧੩

ਸਦ ਭਾਣੇ ਆਪ ਸਮਾਈਆ । ਜੁਗ ਚੌਕੜੀ ਖੇਲ ਮਹਾਨਾ, ਨਵ ਨੌਂ ਚਾਰ ਰਿਹਾ ਹੰਢਾਈਆ । ਜੋਧਾ ਸੂਰ ਮਰਦ ਮਰਦਾਨਾ, ਸਚ ਮਰਦਾਨਗੀ ਆਪ ਕਮਾਈਆ । ਲੇਖਾ ਜਾਣੇ ਦੋ ਜਹਾਨਾ, ਦੋਏ ਦੋਏ ਆਪਣੀ ਕਾਰ ਕਮਾਈਆ । ਦੇਵਣਹਾਰਾ ਸਚ ਫ਼ਰਮਾਣਾ, ਗੁਰ ਅਵਤਾਰ ਪੀਰ ਪੈਗ਼ੰਬਰ ਘਰ ਸਾਚੇ ਕਰੇ ਪੜ੍ਹਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨਾ, ਅੰਜੀਲ ਕੁਰਾਨ ਖਾਣੀ ਬਾਣੀ ਗੀਤਾ ਗਿਆਨ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਹੁਕਮ ਇਕ ਮਨਾਈਆ । ਹੁਕਮੇ ਅੰਦਰ ਰੱਖ ਅਵਤਾਰ, ਆਪਣਾ ਹੁਕਮ ਜਣਾਇੰਦਾ । ਹੁਕਮੇ ਅੰਦਰ ਨਾਦ ਧੁਨਕਾਰ, ਸ਼ਬਦੀ ਰਾਗ ਅਲਾਇੰਦਾ । ਹੁਕਮੇ ਅੰਦਰ ਕਰ ਪਸਾਰ, ਪੁਰਖ ਅਬਿਨਾਸ਼ੀ ਵੇਖ ਵਖਾਇੰਦਾ । ਹੁਕਮੇ ਅੰਦਰ ਕਰੇ ਕਾਰ, ਕਾਰ ਕਰਨੀ ਕਰਤਾ ਆਪ ਕਮਾਇੰਦਾ । ਹੁਕਮੇ ਅੰਦਰ ਕੱਟੇ ਵਗਾਰ, ਬਣ ਵਗਾਰੀ ਫੇਰਾ ਪਾਇੰਦਾ । ਹੁਕਮੇ ਅੰਦਰ ਲੇਖੇ ਲਾਏ ਤੇਈ ਅਵਤਾਰ, ਭਗਤ ਅਠਾਰਾਂ ਬੰਧਨ ਪਾਇੰਦਾ । ਹੁਕਮੇ ਅੰਦਰ ਈਸਾ ਮੂਸਾ ਮੁਹੰਮਦ ਕਰਿਆ ਖ਼ਬਰਦਾਰ, ਬੇਖ਼ਬਰ ਖ਼ਬਰ ਆਪਣੀ ਆਪ ਜਣਾਇੰਦਾ । ਹੁਕਮੇ ਅੰਦਰ ਖੇਲ ਕਰੇ ਮੁਕਾਮੇ ਹੱਕ ਸਾਂਝਾ ਯਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੇ ਅੰਦਰ ਸਾਚਾ ਭਾਣਾ, ਭਾਣੇ ਅੰਦਰ ਸਾਚਾ ਰਾਣਾ, ਰਾਣਾ ਰੱਯਤ ਵੇਖ ਵਖਾਇੰਦਾ । ਹੁਕਮੇ ਅੰਦਰ ਖੇਲ ਅਵੱਲਾ, ਸੋ ਪੁਰਖ ਨਿਰੰਜਣ ਆਪ ਕਰਾਈਆ । ਹੁਕਮੇ ਅੰਦਰ ਸਚ ਸੰਦੇਸਾ ਘੱਲਾ, ਵਿਸ਼ਨ ਬ੍ਰਹਮਾ ਸ਼ਿਵ ਕਰੇ ਪੜ੍ਹਾਈਆ । ਹੁਕਮੇ ਅੰਦਰ ਗੁਰ ਅਵਤਾਰ ਫੜਾਏ ਪੱਲਾ, ਪੱਲੂ ਆਪਣੀ ਗੰਢ ਪਵਾਈਆ । ਹੁਕਮੇ ਅੰਦਰ ਪੀਰ ਪੈਗ਼ੰਬਰ ਮੇਟਣਹਾਰਾ ਸੱਲਾ, ਸਲਲ ਇਕੋ ਇਕ ਜਣਾਈਆ । ਹੁਕਮੇ ਅੰਦਰ ਖੇਲ ਖਲਾਏ ਇਲਾਹੀ ਨੂਰ ਅੱਲਾ, ਆਲਮੀਨ ਕਰੇ ਪੜ੍ਹਾਈਆ । ਹੁਕਮੇ ਅੰਦਰ ਧਾਰ ਹੋਏ ਬਿਸਮਿਲਾ, ਬਿਸਮਲ ਆਪਣਾ ਭੇਵ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭਾਣਾ ਇਕ ਦ੍ਰਿੜਾਈਆ । ਸਾਚਾ ਭਾਣਾ ਸਮਾਂ ਸਮਾਂ, ਸਮਾਂ ਆਪ ਜਣਾਇੰਦਾ । ਪੁਰਖ ਅਬਿਨਾਸ਼ੀ ਆਦਿ ਜੁਗਾਦੀ ਬਣਿਆ ਰਹੇ ਨਕੰਮਾ, ਕੰਮ ਕਰਨੇ ਆਇੰਦਾ । ਨਾ ਮਰਿਆ ਨਾ ਜੰਮਾ, ਜਨਮ ਮਰਨ ਵਿਚ ਨਾ ਆਇੰਦਾ । ਨਾ ਘੜਿਆ ਨਾ ਭੰਨਾ, ਘੜਨ ਭੰਨਣਹਾਰ ਆਪ ਹੋ ਜਾਇੰਦਾ । ਨਾ ਸੂਰਜ ਨਾ ਚੰਨਾ, ਚੰਦ ਚਾਂਦਨੀ ਨਾ ਕੋਇ ਚਮਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਖੁਲਾਇੰਦਾ । ਸਾਚਾ ਭੇਵ ਪੀਰ ਪੈਗ਼ੰਬਰ, ਪੁਰਖ ਅਬਿਨਾਸ਼ੀ ਆਪ ਖੁਲ੍ਹਾਈਆ । ਪਰਵਰਦਿਗਾਰ ਵੇਖ ਅਡੰਬਰ, ਚੌਦਾਂ ਤਬਕ ਲੇਖ ਚੁਕਾਈਆ । ਏਕਾ ਜੋਤੀ ਰਚ ਸਵੰਬਰ, ਦਹਿ ਦਿਸ਼ਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੁਰ ਲੇਖਾ ਜਾਣੇ ਥਾਉਂ ਥਾਈਂਆ । ਗੁਰ ਗੁਰ ਲੇਖਾ ਸ਼ਬਦੀ ਰੰਗ, ਰੰਗ ਰੰਗੀਲਾ ਆਪ ਰੰਗਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪੇ ਲੰਘ, ਲੋਕਮਾਤ ਵੇਖ ਵਖਾਇੰਦਾ । ਆਤਮ ਪਰਮਾਤਮ ਦੇ ਅਨੰਦ, ਅਨੰਦ ਆਤਮ ਵਿਚ ਸਮਾਇੰਦਾ । ਗੀਤ ਸੁਹਾਗੀ ਸਾਚਾ ਛੰਦ, ਢੋਲਾ ਸੋਹਲਾ ਆਪੇ ਗਾਇੰਦਾ । ਨਾਨਕ ਗੋਬਿੰਦ ਚੜ੍ਹਿਆ ਚੰਦ, ਚੰਦ ਚਾਂਦਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਭਾਣੇ ਅੰਦਰ ਸਮਾਇੰਦਾ । ਭਾਣੇ ਅੰਦਰ ਹਰਿ ਕਰਤਾਰਾ, ਆਪਣੀ ਖੇਲ ਰਚਾਈਆ । ਭਾਣੇ ਅੰਦਰ ਖੇਲ ਨਿਆਰਾ, ਆਪਣੀ ਕਾਰ ਕਮਾਈਆ । ਭਾਣੇ ਅੰਦਰ ਹੋ ਉਜਿਆਰਾ, ਗੁਰ ਅਵਤਾਰ ਕਰੇ ਰੁਸ਼ਨਾਈਆ । ਭਾਣੇ ਅੰਦਰ ਸ਼ਬਦ ਜੈਕਾਰਾ, ਬੋਧ ਅਗਾਧਾ ਕਰੇ ਪੜ੍ਹਾਈਆ । ਭਾਣੇ ਅੰਦਰ

ਬਣ ਲਿਖਾਰਾ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਕਰੇ ਪੜ੍ਹਾਈਆ । ਭਾਣੇ ਅੰਦਰ ਬਣ ਵਣਜਾਰਾ, ਚੌਦਾਂ ਲੋਕ ਹੱਟ ਚਲਾਈਆ । ਭਾਣੇ ਅੰਦਰ ਖੋਲ ਕਿਵਾੜਾ, ਚੌਦਾਂ ਤਬਕਾਂ ਕੁੰਡਾ ਰਿਹਾ ਲਾਹੀਆ । ਭਾਣੇ ਅੰਦਰ ਬਣ ਸਿਕਦਾਰਾ, ਸ਼ਹਿਨਸ਼ਾਹ ਆਪਣਾ ਹੁਕਮ ਮਨਾਈਆ । ਭਾਣੇ ਅੰਦਰ ਦੱਸਦਾ ਰਿਹਾ ਜਗਤ ਵਿਹਾਰਾ, ਬਿਵਹਾਰੀ ਆਪਣੀ ਕਾਰ ਕਮਾਈਆ । ਭਾਣੇ ਅੰਦਰ ਲੇਖਾ ਲਿਖਦਾ ਰਿਹਾ ਅਗੰਮ ਅਪਾਰਾ, ਬੇਅੰਤ ਬੇਅੰਤ ਆਪਣਾ ਭੇਵ ਨਾ ਕਿਸੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਭਾਣਾ ਰਿਹਾ ਜਣਾਈਆ । ਸੋ ਭਾਣਾ ਸੁਲਤਾਨ, ਸੋ ਪੁਰਖ ਨਿਰੰਜਣ ਆਪ ਜਣਾਇਆ । ਗੁਰ ਅਵਤਾਰ ਪੀਰ ਪੈਗ਼ੰਬਰ ਮੰਗਦੇ ਰਹੇ ਦਾਨ, ਪ੍ਰਭ ਅੱਗੇ ਝੋਲੀ ਡਾਹਿਆ । ਕਵਣ ਵੇਲਾ ਮੇਲੇਂ ਆਣ, ਨਿਰਗੁਣ ਆਪਣਾ ਫੇਰਾ ਪਾਇਆ । ਵੇਦ ਵਿਆਸਾ ਲੇਖ ਮਹਾਨ, ਪੂਤ ਸਪੂਤਾ ਬ੍ਰਹਿਮਣ ਗੌੜਾ ਰਾਹ ਤਕਾਇਆ । ਮੂਸਾ ਮੰਗੇ ਏਕਾ ਦਾਨ, ਚਰਨ ਕਵਲ ਸੀਸ ਝੁਕਾਇਆ । ਈਸਾ ਕਰੇ ਇਕ ਪਰਨਾਮ, ਹਰਿ ਆਪਣਾ ਫੇਰਾ ਪਾਇਆ । ਮੁਹੰਮਦ ਕਲਮਾ ਪੜ੍ਹੇ ਈਮਾਨ, ਪੀਰ ਪੈਗ਼ੰਬਰਾਂ ਮੇਰਾ ਮੁਰਸ਼ਦ ਹੋਏ ਸਹਾਇਆ । ਨਾਨਕ ਮੰਗੇ ਇਕੋ ਆਣ, ਤੁਧ ਬਿਨ ਨਜ਼ਰ ਕੋਇ ਨਾ ਆਇਆ । ਗੋਬਿੰਦ ਕਹੇ ਪੁਰਖ ਅਕਾਲ ਆਦਿ ਜੁਗਾਦੀ ਇਕੋ ਘਰ ਇਕੋ ਦਰ ਇਕੋ ਆਸਣ ਇਕ ਸਿੰਘਾਸਣ, ਸ਼ਹਿਨਸ਼ਾਹ ਆਪਣਾ ਫੇਰਾ ਪਾਇਆ । ਕਲਜੁਗ ਅੰਤਮ ਖੇਲ ਕਰੇ ਮਹਾਨ, ਪਰਗਟ ਜੋਤ ਨਿਹਕਲੰਕ ਬਲੀ ਬਲਵਾਨ, ਦੋ ਜਹਾਨਾ ਵੇਖ ਵਖਾਇਆ । ਚਾਰ ਜੁਗ ਦੀ ਪਿਛਲੀ ਮੇਟੇ ਆਣ, ਅੱਗੇ ਆਪਣਾ ਮਾਰਗ ਲਾਇਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਊਚ ਨੀਚ ਰਾਉ ਰੰਕ ਦੇਵੇ ਗਿਆਨ, ਅੰਤਰ ਮੰਤਰ ਇਕ ਪੜ੍ਹਾਇਆ । ਜੋਤੀ ਜੋਤ
੪੯੩ ੧੩ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸਾ ਨਰ ਨਰੇਸ਼ਾ ਨਿਰਗੁਣ ਦਾਤਾ ਪੁਰਖ ਬਿਧਾਤਾ ਜੁਗ ਚੌਕੜੀ ਆਪ ਸੁਣਾਇਆ । ਸਾਚਾ ਭਾਣਾ ਦੱਸੇ ਭਗਵਾਨ, ਭਗਵਨ ਰਿਹਾ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮੰਗਦੇ ਰਹੇ ਦਾਨ, ਪ੍ਰਭ ਅੱਗੇ ਸੀਸ ਝੁਕਾਈਆ । ਕਲਜੁਗ ਅੰਤਮ ਪਰਗਟ ਹੋਵੇ ਨਿਹਕਲੰਕ ਬਲੀ ਬਲਵਾਨ, ਰੂਪ ਰੰਗ ਰੇਖ ਨਾ ਕੋਇ ਵਖਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਕੂੜੀ ਕਿਰਿਆ ਮੇਟੇ ਨਿਸ਼ਾਨ, ਸਚ ਸੁੱਚ ਦਏ ਦ੍ਰਿੜਾਈਆ । ਚਾਰ ਵਰਨ ਵਖਾਏ ਆਪਣੀ ਸਰਨ ਏਕਾ ਰਾਗ ਸੁਣਾਏ ਕਾਨ, ਏਕਾ ਅੱਖਰ ਕਰੇ ਪੜ੍ਹਾਈਆ । ਰਾਜ ਰਾਜਾਨ ਸ਼ਾਹ ਸੁਲਤਾਨ ਸਾਰੇ ਹੋਣ ਹੈਰਾਨ, ਹਰਿ ਕਾ ਭੇਵ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਇਕ ਇਕੱਲਾ ਵੇਖ ਵਖਾਈਆ । ਇਕ ਇਕੱਲਾ ਹਰਿ ਜੂ ਆਇਆ, ਨਜ਼ਰ ਕਿਸੇ ਨਾ ਆਇੰਦਾ । ਵਿਸ਼ਨ ਬ੍ਰਹਮਾ ਸ਼ਿਵ ਰਿਹਾ ਉਠਾਇਆ, ਨੇਤਰ ਨੈਣ ਸਰਬ ਖੁਲ੍ਹਾਇੰਦਾ । ਨਾਤਾ ਤੋੜੇ ਤ੍ਰੈਗੁਣ ਮਾਇਆ, ਪੰਜ ਤੱਤ ਰਹਿਣ ਕੋਇ ਨਾ ਪਾਇੰਦਾ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਖ਼ਾਕ ਮਿਲਾਇਆ, ਸੀਸ ਤਾਜ ਨਾ ਕੋਇ ਟਿਕਾਇੰਦਾ । ਸੰਮਤ ਉਨੀ ਏਕਾ ਨਾਇਆ ਜੋੜ ਜੁੜਾਇਆ, ਨੌਂ ਦੁਆਰੇ ਖੋਜ ਖੁਜਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵਿਛੜੇ ਲਏ ਮਿਲਾਇਆ, ਜੁਗ ਜਨਮ ਵਿਛੜੇ ਮੇਲ ਕਰਾਇੰਦਾ । ਬੀਸ ਬੀਸਾ ਦਏ ਦੁਹਾਇਆ, ਪਹਿਲੀ ਚੇਤਰ ਵੰਡ ਵੰਡਾਇੰਦਾ । ਨੌਂ ਖੰਡ ਪ੍ਰਿਥਮੀ ਹੋਏ ਹਲਕਾਇਆ, ਧੀਰਜ ਧੀਰ ਨਾ ਕੋਇ ਧਰਾਇੰਦਾ । ਗੋਬਿੰਦ ਲੇਖਾ ਪੂਰ ਕਰਾਇਆ, ਲੇਖਾ ਲੇਖ ਨਾ ਕੋਇ ਮਿਟਾਇੰਦਾ । ਸ਼ਾਹ ਸੁਲਤਾਨਾਂ ਰਿਹਾ ਜਗਾਇਆ, ਹੁਕਮੀ ਹੁਕਮ ਇਕ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ੪੯੩ ੧੩

ਕਿਰਪਾ ਕਰ, ਬੀਸ ਬੀਸ ਵੇਸ ਵਟਾਇੰਦਾ । ਬੀਸ ਬੀਸਾ ਹਰਿ ਜਗਦੀਸ਼ਾ, ਜੁਗਤੀ ਸਭ ਦੀ ਦਏ ਬਦਲਾਈਆ । ਰਾਜ ਰਾਜਾਨਾਂ ਖ਼ਾਲੀ ਖ਼ੀਸਾ, ਘਰ ਘਰ ਮੰਗਣ ਵਾਹੋ ਦਾਹੀਆ । ਨਾ ਕੋਈ ਮੰਨੇ ਕਿਸੇ ਹਦੀਸਾ, ਸ਼ਰਅ ਚਾਰ ਕੁੰਟ ਲੜਾਈਆ । ਪੰਦਰਾਂ ਕੱਤਕ ਸਭ ਨੇ ਵੇਖ ਲੈਣਾ ਸ਼ੀਸ਼ਾ, ਪੁਰਖ ਅਬਿਨਾਸ਼ੀ ਰਿਹਾ ਵਖਾਈਆ । ਕਿਸੇ ਘਰ ਨਾ ਦਿਸੇ ਜੀਜਾ, ਧੀ ਜਵਾਈ ਨਾ ਕੋਇ ਕੁੜਮਾਈਆ । ਕੂੜੀ ਕਿਰਿਆ ਜਿਨ੍ਹਾਂ ਕੀਤੀ ਰੀਝਾ, ਚਾਰੋਂ ਕੁੰਟ ਦੇਣ ਦੁਹਾਈਆ । ਸ੍ਰੀ ਭਗਵਾਨ ਜਿਨ੍ਹਾਂ ਉਪਰ ਪਤੀਜਾ, ਸੋ ਗੁਰਮੁਖ ਲਏ ਮਿਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਚਾਚੇ ਛੱਡ ਦਿਓ ਭਤੀਜਾ, ਪੁਰਖ ਅਕਾਲ ਇਕੋ ਪਿਤਾ ਲੈਣਾ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੀਸ ਬੀਸਾ ਦਏ ਸਮਝਾਈਆ । ਜਗਤ ਉਨੀਸਾ ਜਾਏ ਲੰਘ, ਲੋਕਮਾਤ ਰਹਿਣ ਨਾ ਪਾਈਆ । ਅਗਲੇ ਸੰਮਤ ਸ੍ਰਿਸ਼ਟ ਸਬਾਈ ਹੋਏ ਨੰਗ, ਬ੍ਰਹਿਮੰਡ ਖੰਡ ਪਏ ਦੁਹਾਈਆ । ਸ਼ਾਹ ਸੁਲਤਾਨਾਂ ਨੰਗੀ ਕੰਡ, ਭੱਜੇ ਫਿਰਨ ਵਾਹੋ ਦਾਹੀਆ । ਕਿਸੇ ਸਾਧ ਸੰਤ ਆਤਮ ਆਵੇ ਨਾ ਪਰਮਾਨੰਦ, ਨਿਜਾਨੰਦ ਨਾ ਕੋਇ ਰਸਾਈਆ । ਨੌਂ ਖੰਡ ਪ੍ਰਿਥਮੀ ਕਰੇ ਖੰਡ ਖੰਡ, ਖੰਡਾ ਇਕੋ ਨਾਮ ਚਮਕਾਈਆ । ਫਿਰੇ ਦਰੋਹੀ ਵਿਚ ਵਰਭੰਡ, ਭੰਡੀ ਪਏ ਸਰਬ ਲੋਕਾਈਆ । ਨਾਰ ਦੁਹਾਗਣ ਹੋਏ ਰੰਡ, ਹਰਿ ਕੰਤ ਨਾ ਕੋਇ ਮਿਲਾਈਆ । ਲੇਖਾ ਚੁੱਕੇ ਤਾਰਾ ਚੰਦ, ਚਾਰ ਯਾਰ ਦੇਣ ਦੁਹਾਈਆ । ਮੁਹੰਮਦ ਅੰਤਮ ਮੁੱਕੇ ਪੰਧ, ਨਬੀ ਰਸੂਲ ਨਾ ਕੋਇ ਗਵਾਹੀਆ । ਚੌਦਾਂ ਤਬਕ ਜਵਾਨੀ ਗਈ ਹੰਢ, ਅੰਤ ਬੁੜ੍ਹੇਪਾ ਰਿਹਾ ਛਾਈਆ । ਕਰੇ ਖੇਲ ਸੂਰਾ ਸਰਬੰਗ, ਪਰਵਰਦਿਗਾਰ ਨੂਰ ਇਲਾਹੀਆ । ਸਭ ਦਾ ਮੇਟਣਹਾਰ ਘਮੰਡ, ਖ਼ੁਦੀ ਕੋਈ ਰਹਿਣ ਨਾ ਪਾਈਆ । ਲੱਖ ਚੁਰਾਸੀ ਜੀਵ ਜੰਤ ਆਤਮ ਪਰਮਾਤਮ ਇਕ ਇਕੀਸਾ ਇਕੋ ਗੌਣਾ ਛੰਦ, ਸੋਹੰ ਕਰਨ ਸਰਬ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਸਮਾਂ ਬੜਾ ਨਕੰਮਾਂ, ਬਿਨ ਹਰਿ ਨਾਮੇ ਪਾਰ ਨਾ ਕੋਇ ਲੰਘਾਈਆ । ਅਗਲਾ ਸਮਾਂ ਆਇਆ ਨੇੜੇ, ਨੇਰਨ ਨੇਰ ਵਖਾਇੰਦਾ । ਚਾਰ ਵਰਨ ਦੇ ਮੇਟੇ ਝੇੜੇ, ਝਗੜਾ ਸਰਬ ਮਿਟਾਇੰਦਾ । ਧਰਤ ਮਾਤ ਦੇ ਖੁਲ੍ਹੇ ਵੇਹੜੇ, ਏਕਾ ਵਾਰ ਵਖਾਇੰਦਾ । ਦੇਵਣਹਾਰਾ ਉਲਟੇ ਗੇੜੇ, ਕਲਜੁਗ ਇਕੋ ਲੱਠ ਭਵਾਇੰਦਾ । ਜਨ ਭਗਤਾਂ ਮੇਲੇ ਕਾਇਆ ਡੇਰੇ, ਮੰਦਰ ਮੱਠ ਸ਼ਿਵਦੁਆਲੇ ਨਜ਼ਰ ਕਿਤੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਮਾਂ ਆਪਣੇ ਵਿਚ ਰਖਾਇੰਦਾ । ਅਗਲਾ ਸਮਾਂ ਰਿਹਾ ਘੂਰ, ਸਭ ਨੂੰ ਰਿਹਾ ਡਰਾਈਆ । ਸ਼ਾਹ ਸੁਲਤਾਨ ਹੋਏ ਮਜ਼ਬੂਰ, ਸਿਆਸਤ ਕੰਮ ਕਿਸੇ ਨਾ ਆਈਆ । ਜਿਸ ਨੂੰ ਕਹਿੰਦੇ ਰਹੇ ਦੂਰ, ਨੇਰਨ ਨੇਰਾ ਨਜ਼ਰੀ ਆਈਆ । ਬੀਸ ਬੀਸਾ ਬਖ਼ਸ਼ੇ ਨਾ ਕੋਇ ਕਸੂਰ, ਕਸਰ ਅਸ਼ਾਰੀਆ ਸਭ ਨੂੰ ਦਏ ਲਗਾਈਆ । ਆਪਣਾ ਭਾਣਾ ਵਰਤੇ ਹਰਿ ਜ਼ਰੂਰ, ਜ਼ਰੂਰਤ ਭਗਤਾਂ ਪੂਰ ਕਰਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਨਿਰਗੁਣ ਜੋ ਬਣਿਆ ਰਿਹਾ ਮਫ਼ਰੂਰ, ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲੇਖਾ ਲੇਖੇ ਦਏ ਲਗਾਈਆ । ਅਗਲਾ ਲੇਖਾ ਬੜਾ ਔਖਾ, ਔਖੀ ਘਾਟੀ ਹਰਿ ਜਣਾਇੰਦਾ । ਸੱਜਣਾਂ ਦੇਣਾਂ ਸੱਜਣਾਂ ਧੋਖਾ, ਭਾਈ ਭਾਈਆਂ ਨਾ ਮੇਲ ਮਿਲਾਇੰਦਾ । ਹੱਥੋਂ ਗੁਰਮੁਖ ਜਾਣ ਨਾ ਦਿਓ ਮੌਕਾ, ਗਿਆ ਵਕਤ ਹੱਥ ਨਾ ਆਇੰਦਾ । ਗੋਬਿੰਦ ਏਕਾ ਢੱਯਾ ਸੁੱਤਾ ਰਿਹਾ ਲਾ ਕੇ ਢੌਂਕਾ, ਅੰਤਮ ਕਲਜੁਗ ਫੇਰਾ ਪਾਇੰਦਾ । ਹੱਥ ਨਾਲ ਮਿਲਾਏ ਹੱਥ, ਗੁੱਟ ਨਾਲ ਫੜਾਏ ਪੌਂਚਾ, ਧਾਰ ਧਾਰ ਨਾਲ ਰਲਾਇੰਦਾ । ਮਿਹਰਵਾਨ ਮਿਹਰਵਾਨ ਮਿਹਰਵਾਨ ਆਪਣਾ ਸਮਾਂ ਵੇਖੇ ਨਾਲ ਸ਼ੌਂਕਾ, ਜੋ ਘੜਿਆ ਭੰਨ ਵਖਾਇੰਦਾ । ਬਿਨ



੪੯੪
੧੩

ਭਗਤਾਂ ਜਗਤ ਜਹਾਨ ਜਾਏ ਔਤਾ, ਸਚ ਨਿਸ਼ਾਨ ਨਾ ਕੋਇ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਸਮਾਂ ਦੱਸੇ ਜਗਦੀਸ, ਤਾਜ ਰਹੇ ਨਾ ਕਿਸੇ ਸੀਸ, ਸ਼ਾਹ ਸੁਲਤਾਨ ਨਜ਼ਰ ਕੋਇ ਨਾ ਆਇੰਦਾ । ਦਿਲ ਅੰਦਰ ਸਤਿਗੁਰ ਪਿਆਰ, ਗੁਰ ਗੋਬਿੰਦ ਰੰਗ ਚੜ੍ਹਾਈਆ । ਦਿਲ ਅੰਦਰ ਕਾਮ ਕਰੋਧ ਲੋਭ ਮੋਹ ਹੰਕਾਰ, ਆਸਾ ਤ੍ਰਿਸ਼ਨਾ ਡੇਰਾ ਲਾਈਆ । ਦਿਲ ਅੰਦਰ ਨਾਮ ਸ਼ਬਦ ਜੈਕਾਰ, ਜੈ ਜੈਕਾਰ ਅਲਾਈਆ । ਦਿਲ ਅੰਦਰ ਹਉਮੇ ਹੰਗਤਾ ਹੰਕਾਰ, ਕੂੜੀ ਕਿਰਿਆ ਗੜ੍ਹ ਬਣਾਈਆ । ਦੋਹਾਂ ਵਿਚੋਲਾ ਏਕੰਕਾਰ, ਸਾਚਾ ਸੋਹਲਾ ਰਿਹਾ ਸੁਣਾਈਆ । ਪੰਜ ਤੱਤ ਕਾਇਆ ਮਾਟੀ ਬਾਹਰ ਸ਼ੰਗਾਰ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਬੰਧਨ ਪਾਈਆ । ਤ੍ਰੈਗੁਣ ਮਾਇਆ ਦੇ ਆਧਾਰ, ਉਦਰ ਅਦਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਨ ਅੰਤਰ ਏਕਾ ਬੁੱਝੇ, ਜੋ ਸਾਹਿਬ ਪ੍ਰੀਤੀ ਲੁਝੇ, ਗੁਰ ਚਰਨ ਸੇਵ ਰੁੱਝੇ, ਝੂਝ ਆਪਣਾ ਮੇਲ ਮਿਲਾਈਆ । ਦਿਲ ਅੰਦਰ ਮਨ ਹੰਕਾਰ, ਆਪਣਾ ਗੜ੍ਹ ਬਣਾਇੰਦਾ । ਦਿਲ ਅੰਦਰ ਬ੍ਰਹਮ ਪਿਆਰ, ਬ੍ਰਹਮ ਹਸਤੀ ਇਕ ਦਸਾਇੰਦਾ । ਦੋਹਾਂ ਵਿਚ ਸਚ ਸਿੰਘਾਸਣ ਕਰ ਤਿਆਰ, ਤ੍ਰੈਭਵਨ ਧਨੀ ਵੇਖ ਵਖਾਇੰਦਾ । ਨਿਰਮਲ ਦੀਆ ਬਾਤੀ ਕਮਲਾਪਾਤੀ ਕਰ ਉਜਿਆਰ, ਨੂਰ ਉਜਾਲਾ ਇਕ ਵਖਾਇੰਦਾ । ਅੰਮ੍ਰਿਤ ਆਤਮ ਠੰਡਾ ਠਾਰ, ਨਿਝਰ ਪਿਆਲਾ ਜਾਮ ਪਿਆਇੰਦਾ । ਜੋ ਗੁਰਮੁਖ ਸਤਿਗੁਰ ਸੰਗ ਰਵਿਆ ਨਾਤਾ ਕੰਤ ਭਤਾਰ, ਸੋ ਆਪਣਾ ਮੰਦਰ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਾਇਆ ਅੰਦਰ ਖੇਲ ਅਨੇਕਾ, ਅਨਕ ਕਲ ਆਪਣੀ ਧਾਰ ਜਣਾਇੰਦਾ । ਦਿਲ ਅੰਦਰ ਦ੍ਰਿੜ ਵਿਸ਼ਵਾਸ, ਵਿਸ਼ਵ ਇਕੋ ਇਕ ਜਣਾਈਆ । ਦਿਲ ਅੰਦਰ ਖੇਲ ਤਮਾਸ਼, ਖ਼ਾਲਕ ਖ਼ਲਕ ਰੂਪ ਜਣਾਈਆ । ਦੋਹਾਂ ਵਿਚੋਲਾ ਵਸੇ ਪਾਸ, ਆਪ ਆਪਣਾ ਪਰਦਾ ਲਾਹੀਆ । ਗ੍ਰਿਹ ਮੰਦਰ ਸਾਚੀ ਰਾਸ, ਗੋਪੀ ਕਾਹਨ ਨਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਾਇਆ ਅੰਦਰ ਰੱਖਿਆ ਦਿਲ, ਦਿਲ ਅੰਦਰ ਗਿਆ ਮਿਲ, ਮਿਲ ਕੇ ਆਪਣਾ ਮੇਲ ਮਿਲਾਈਆ । ਦਿਲ ਅੰਦਰ ਡੂੰਘਾ ਸਾਗਰ, ਨਜ਼ਰ ਕਿਸੇ ਨਾ ਆਇੰਦਾ । ਕਾਇਆ ਸਾਢੇ ਤਿੰਨ ਹੱਥ ਗਾਗਰ, ਕਾਚੀ ਗਾਗਰ ਵੰਡ ਵੰਡਾਇੰਦਾ । ਮਨ ਵਾਸਨਾ ਜਗਤ ਸੌਦਾਗਰ, ਤ੍ਰਿਸ਼ਨਾ ਤ੍ਰਿਪਤ ਨਾ ਕੋਇ ਕਰਾਇੰਦਾ । ਸਤਿਗੁਰ ਰੱਤੇ ਕਰਮ ਉਜਾਗਰ, ਜੀਵਣ ਜੁਗਤ ਇਕ ਸਮਝਾਇੰਦਾ । ਆਸਾ ਮਨਸਾ ਹਉਮੇ ਹੰਗਤਾ ਮਾਇਆ ਮਮਤਾ ਭੁੱਖਾ ਨੰਗਤਾ ਸੱਜਣ ਸੁਹੇਲਾ ਇਕ ਇਕੇਲਾ ਵਕਤ ਦੁਹੇਲਾ ਕੋਇ ਨਾ ਦੇਵੇ ਆਦਰ, ਆਦਰਸ਼ ਨਜ਼ਰ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਰਬ ਜੀਆਂ ਘਟ ਅੰਤਰਜਾਮੀ ਘਰ ਘਰ ਵੇਖੇ ਅਗੰਮੀ ਬਾਣੀ, ਮਨ ਵਾਸਨਾ ਖੇਲ ਸ਼ੈਤਾਨੀ, ਉਠ ਉਠ ਦਹਿ ਦਿਸ਼ਾ ਧਾਈਆ । ਮਨ ਵਾਸਨਾ ਮਨ ਉਡਾਰੀ, ਮਨ ਮਨ ਹੀ ਵਿਚ ਰਖਾਇੰਦਾ । ਛਿੰਨ ਛਿੰਨ ਖੇਲ ਕਰੇ ਨਿਆਰੀ, ਨਿਆਰਾਪਨ ਇਕ ਜਣਾਇੰਦਾ । ਆਤਮ ਪਰਮਾਤਮ ਜਿਨ ਹਉਮੇ ਮਾਰੀ, ਸੋ ਸੱਜਣ ਏਕਾ ਘਰ ਸੋਭਾ ਪਾਇੰਦਾ । ਦੱਸਣ ਬੁੱਝਣ ਦੀ ਨਾ ਕੋਈ ਲੱਭੇ ਵਾਰੀ, ਵਾਰਤਾ ਇਕੋ ਇਕ ਗਾਇੰਦਾ । ਸੱਚਾ ਗੁਰਮੁਖ ਹਰਿ ਨਾਉਂ ਵਪਾਰੀ, ਮਨਮੁਖ ਦਰ ਦਰ ਧੱਕੇ ਖਾਇੰਦਾ । ਜਿਸ ਦਿਲ ਅੰਦਰ ਇਕ ਪਿਆਰੀ, ਪ੍ਰੇਮ ਪ੍ਰੀਤੀ ਬੰਧਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਕਾਇਆ ਘਰ, ਗ੍ਰਿਹ ਮੰਦਰ ਅੰਦਰ ਡੂੰਘੀ ਕੰਦਰ, ਆਤਮ ਪਰਮਾਤਮ ਨਿਜ ਘਰ ਪਰਦਾ ਫੋਲ ਫੁਲਾਇੰਦਾ । ਸਾਧ ਸੰਗਤ ਤੇਰਾ ਸਾਚਾ ਰੰਗ, ਹਰਿ ਸੰਗ ਵਡ ਵਡਿਆਈਆ । ਨਾਮ ਸ਼ਬਦ

ਅਗੰਮੀ ਮਰਦੰਗ, ਘਰ ਘਰ ਵੱਜੇ ਵਧਾਈਆ । ਆਤਮ ਸੇਜਾ ਸੋਹੇ ਪਲੰਘ, ਸੇਜ ਸੁਹੰਜਣੀ ਇਕ ਵਡਿਆਈਆ । ਦਿਵਸ ਰੈਣ ਘੜੀ ਪਲ ਇਕ ਅਨੰਦ, ਥਿਤ ਵਾਰ ਨਾ ਵੰਡ ਵੰਡਾਈਆ । ਅੰਮ੍ਰਿਤ ਆਤਮ ਨਿਝਰ ਝਿਰਨਾ ਪਾਏ ਠੰਡ, ਸਰ ਸਰੋਵਰ ਇਕ ਨੁਹਾਈਆ । ਜੋਤ ਨਿਰੰਜਣ ਚਾੜ੍ਹੇ ਚੰਦ, ਆਕਾਸ਼ ਪਰਕਾਸ਼ ਸੋਭਾ ਪਾਈਆ । ਸਾਹਿਬ ਸਤਿਗੁਰ ਮਿਲਣ ਦੀ ਇਕੋ ਮੰਗ, ਉਮੰਗ ਹੋਰ ਨਾ ਕੋਇ ਰਖਾਈਆ । ਦੀਨ ਦਿਆਲ ਠਾਕਰ ਸੁਆਮੀ ਜੁਗ ਜਨਮ ਦੀ ਟੁੱਟੀ ਦੇਵੇ ਗੰਢ, ਗੰਢ ਆਪਣੇ ਨਾਮ ਪਾਈਆ । ਜਗਤ ਜਵਾਨੀ ਰਹੀ ਹੰਢ, ਕਲਜੁਗ ਬੁੜ੍ਹੇਪਾ ਛਾਈਆ । ਸਤਿਜੁਗ ਸ੍ਰਿਸ਼ਟ ਸਬਾਈ ਇਕੋ ਗੌਣਾ ਛੰਦ, ਪੁਰਖ ਅਕਾਲ ਇਕੋ ਇਸ਼ਟ ਮਨਾਈਆ । ਲੇਖਾ ਜਾਣੇ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਬਿਨ ਗੁਰ ਅਵਤਾਰ ਪੀਰ ਪੈਗ਼ੰਬਰ ਦੂਜਾ ਕੋਈ ਨਾ ਵਜਾਏ ਮਰਦੰਗ, ਮਰਦ ਮਰਦਾਨਾ ਨਜ਼ਰ ਕੋਇ ਨਾ ਆਈਆ । ਪੁਰਖ ਅਕਾਲ ਲਗਾਇਆ ਅੰਗ, ਅੰਗੀਕਾਰ ਇਕ ਅਖਵਾਈਆ । ਹਰਿ ਸੰਗਤ ਹਰਿਜਨ ਬਣਿਆ ਰਹੇ ਸੰਗ, ਬਿਨ ਹਰਿ ਸੰਗਤ ਹਰਿ ਜੂ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਮੇਲਾ ਇਕੋ ਘਰ, ਜਿਸ ਗ੍ਰਹਿ ਵੱਜਦੀ ਰਹੇ ਨਾਮ ਵਧਾਈਆ ।

## ❈ ੧੦ ਮਾਘ ੨੦੧੯ ਬਿਕਰਮੀ ਮਸਾ ਸਿੰਘ ਦੇ ਗ੍ਰਹਿ ਥਾਨ ਸਿੰਘ ਕੋਟਲੀ ❈



ਪਰਮੇਸ਼ਰ ਮਿਲਿਆ ਪ੍ਰਭ ਪੂਰਨ ਆਪ, ਪਰਮ ਪੁਰਖ ਦਇਆ ਕਮਾਈਆ । ਸਚਖੰਡ ਨਿਵਾਸੀ ਵਡ ਪਰਤਾਪ, ਨੂਰ ਜ਼ਹੂਰ ਇਕ ਰੁਸ਼ਨਾਈਆ । ਦੋ ਜਹਾਨਾਂ ਦੱਸੇ ਸੱਚਾ ਜਾਪ, ਵਿਸ਼ਨ ਬ੍ਰਹਮਾ ਸ਼ਿਵ ਕਰੇ ਪੜ੍ਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਬੰਧੇ ਨਾਤ, ਨਾਤਾ ਬਿਧਾਤਾ ਜੋੜ ਜੁੜਾਈਆ । ਨਿਰਗੁਣ ਸਰਗੁਣ ਸੱਜਣ ਸਾਕ, ਸਗਲਾ ਸੰਗ ਰਖਾਈਆ । ਹਰਿਜਨ ਮੇਲਾ ਕਮਲਾਪਾਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਪ੍ਰਭ ਮਿਲਿਆ ਏਕੰਕਾਰਾ, ਏਕਾ ਘਰ ਵੱਜੀ ਵਧਾਈਆ । ਸੋ ਪੁਰਖ ਨਿਰੰਜਣ ਵਖਾਏ ਠਾਂਡਾ ਦਰਬਾਰਾ, ਦਰਗਾਹ ਸਾਚੀ ਕੁੰਡਾ ਲਾਹੀਆ । ਹਰਿ ਪੁਰਖ ਨਿਰੰਜਣ ਦੇ ਸਹਾਰਾ ਸਮਰਥ ਸਿਰ ਆਪਣਾ ਹੱਥ ਟਿਕਾਈਆ । ਏਕੰਕਾਰਾ ਪਾਵੇ ਸਾਰਾ, ਮਿਹਰਵਾਨ ਮਿਹਰ ਨਜ਼ਰ ਇਕ ਉਠਾਈਆ । ਆਦਿ ਨਿਰੰਜਣ ਹੋ ਉਜਿਆਰਾ, ਅਗਿਆਨ ਅੰਧੇਰਾ ਦਏ ਮਿਟਾਈਆ । ਅਬਿਨਾਸ਼ੀ ਕਰਤਾ ਮੀਤ ਮੁਰਾਰਾ, ਸਗਲਾ ਸੰਗ ਆਪ ਅਖਵਾਈਆ । ਸ੍ਰੀ ਭਗਵਾਨ ਦਏ ਹੁਲਾਰਾ, ਨਾਮ ਹੁਲਾਰਾ ਇਕ ਵਖਾਈਆ । ਪਾਰਬ੍ਰਹਮ ਪ੍ਰਭ ਕਰ ਪਸਾਰਾ, ਨਿਰਗੁਣ ਸਰਗੁਣ ਵੇਖੇ ਚਾਈਂ ਚਾਈਂਆ । ਆਦਿ ਜੁਗਾਦਿ ਜੁਗਾ ਜੁਗੰਤਰ ਇਕ ਅਵਤਾਰਾ, ਪੂਰ ਰਿਹਾ ਸਰਬ ਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰ ਘਰ ਸਾਚਾ ਇਕ ਸੁਹਾਈਆ । ਪ੍ਰਭ ਪਾਇਆ ਪੁਰਖ ਸੁਲਤਾਨ, ਮਹਿਮਾ ਅਕੱਥ ਕਥੀ ਨਾ ਜਾਈਆ । ਵਸਣਹਾਰਾ ਸਚਖੰਡ ਸਚ ਮਕਾਨ, ਦਰਗਾਹ ਸਾਚੀ ਸੋਭਾ ਪਾਈਆ । ਪਰਵਰਦਿਗਾਰ ਇਕ ਅਮਾਮ, ਨੂਰ ਜ਼ਹੂਰ ਜਲਵਾ ਰੁਸ਼ਨਾਈਆ । ਮੁਕਾਮੇ ਹੱਕ ਸਚ ਨਿਸ਼ਾਨ, ਲੋਕ ਪਰਲੋਕ ਆਪ ਝੁਲਾਈਆ । ਸਾਚਾ ਕਲਮਾ ਦੇ ਕਲਾਮ, ਕਾਇਨਾਤ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਪ੍ਰਭ ਪਾਇਆ ਪੁਰਖ ਸਮਰਥ, ਭੇਵ ਕੋਇ ਨਾ ਆਇੰਦਾ । ਆਦਿ ਜੁਗਾਦਿ ਚਲਾਏ

ਰਥ, ਜੁਗ ਚੌਕੜੀ ਵੇਖ ਵਖਾਇੰਦਾ । ਨਿਰਗੁਣ ਸਰਗੁਣ ਮਾਰਗ ਦੱਸ, ਗੁਰ ਅਵਤਾਰ ਸੇਵਾ ਲਾਇੰਦਾ । ਭਗਤ ਭਗਵਾਨ ਮੇਲਾ ਹੱਸ ਹੱਸ, ਹੰਸ ਮੁਖ ਏਕਾ ਰੰਗ ਰੰਗਾਇੰਦਾ । ਪੰਧ ਮੁਕਾਏ ਨੱਸ ਨੱਸ, ਔਂਦਾ ਜਾਂਦਾ ਨਜ਼ਰ ਕਿਸੇ ਨਾ ਆਇੰਦਾ । ਤੀਰ ਅਣਿਆਲਾ ਮਾਰੇ ਕਸ, ਸ਼ਬਦ ਅਗੰਮੀ ਆਪ ਚਲਾਇੰਦਾ । ਸਤਿ ਸਤਿਵਾਦ ਸੁਣਾਏ ਜਸ, ਵੇਦ ਪੁਰਾਨ ਬਣਤ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਪ੍ਰਭ ਪਾਇਆ ਸ੍ਰੀ ਭਗਵਾਨ, ਸਿਰਜਣਹਾਰ ਵੱਡੀ ਵਡਿਆਈਆ । ਸਚਖੰਡ ਨਿਵਾਸੀ ਨੌਜਵਾਨ, ਨਾ ਮਰੇ ਨਾ ਜਾਈਆ । ਤਖ਼ਤ ਨਿਵਾਸੀ ਰਾਜ ਰਾਜਾਨ, ਸ਼ਾਹੋ ਭੂਪ ਇਕ ਅਖਵਾਈਆ । ਸਦਾ ਸੁਹੇਲਾ ਹੁਕਮਰਾਨ, ਧੁਰ ਫ਼ਰਮਾਣਾ ਇਕ ਸਮਝਾਈਆ । ਪੀਰ ਪੈਗ਼ੰਬਰ ਗੁਰ ਅਵਤਾਰ ਦੇ ਗਿਆਨ, ਆਤਮ ਪਰਮਾਤਮ ਪਰਮਾਤਮ ਆਤਮ ਨਿਸ਼ਅੱਖਰ ਦਏ ਸਮਝਾਈਆ । ਧੁਰ ਦਾ ਲੇਖਾ ਸਚ ਸੰਦੇਸਾ ਦੇਵੇ ਆਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਹਰਿ ਰਘੁਰਾਈਆ । ਪ੍ਰਭ ਪਾਇਆ ਦੀਨ ਦਿਆਲਾ, ਦੀਨਨ ਆਪਣੀ ਦਇਆ ਕਮਾਇੰਦਾ । ਵਸਣਹਾਰਾ ਸਚਖੰਡ ਸੱਚੀ ਧਰਮਸਾਲਾ, ਧਰਮ ਦੁਆਰਾ ਇਕ ਬਣਾਇੰਦਾ । ਲੇਖਾ ਜਾਣੇ ਕਾਲ ਮਹਾਂਕਾਲਾ, ਮਹਾਂਬੀਰ ਭੇਵ ਨਾ ਆਇੰਦਾ । ਆਦਿ ਜੁਗਾਦਿ ਮਾਰਗ ਲਾਏ ਇਕ ਸੁਖਾਲਾ, ਸੁਖ ਆਤਮ ਵਿਚ ਸਮਾਇੰਦਾ । ਪਾਵਣਹਾਰਾ ਤ੍ਰੈਗੁਣ ਮਾਇਆ ਜਗਤ ਜੰਜਾਲਾ, ਜੀਵਣ ਜੁਗਤ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਰਾਇੰਦਾ । ਪ੍ਰਭ ਪਾਇਆ ਪਾਰਬ੍ਰਹਮ, ਬ੍ਰਹਮ ਲੇਖਾ ਰਿਹਾ ਮੁਕਾਈਆ । ਨਾ ਮਰੇ ਨਾ ਪਏ ਜੰਮ, ਮਾਤ ਗਰਭ ਨਾ ਡੇਰਾ ਲਾਈਆ । ਹਰਖ਼ ਸੋਗ ਨਾ ਕੋਇ ਗ਼ਮ, ਚਿੰਤਾ ਦੁੱਖ ਨਾ ਕੋਇ ਜਣਾਈਆ । ਨੇਤਰ ਨੀਰ ਨਾ ਵਹਾਏ ਛੰਮ ਛੰਮ, ਬੱਤੀ ਦੰਦ ਨਾ ਮੁਖ ਸਾਲਾਹੀਆ । ਸਦਾ ਸੁਹੇਲਾ ਆਪੇ ਜਾਣੇ ਆਪਣਾ ਕੰਮ, ਨਿਹਕਰਮੀ ਆਪਣਾ ਕਰਮ ਕਮਾਈਆ । ਲੱਖ ਚੁਰਾਸੀ ਬੇੜਾ ਬੰਨ੍ਹ, ਨਿਰਗੁਣ ਸਰਗੁਣ ਕੰਧ ਉਠਾਈਆ । ਦੇਵਣਹਾਰਾ ਨਾਮ ਧੰਨ, ਚੌਦਾਂ ਲੋਕ ਹੱਟ ਚਲਾਈਆ । ਚੌਦਾਂ ਤਬਕਾਂ ਲੇਖਾ ਜਾਣੇ ਸੂਰਜ ਚੰਨ, ਮੰਡਲ ਮੰਡਪ ਖੋਜ ਖੁਜਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਨਾਤਾ ਜੋੜੇ ਪੰਜ ਤੱਤ ਤਨ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਏਕਾ ਗੰਢ ਪਵਾਈਆ । ਕਰੇ ਖੇਲ ਸ੍ਰੀ ਭਗਵਨ, ਦੂਜਾ ਸੰਗ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦਏ ਸਮਝਾਈਆ । ਪ੍ਰਭ ਪਾਇਆ ਸਰਬ ਗੁਣਾ ਭਰਪੂਰ, ਦਰਗਾਹ ਸਾਚੀ ਵੱਜੇ ਵਧਾਈਆ । ਦਾਤਾ ਦਾਨੀ ਜੋਧਾ ਸੂਰ, ਸੂਰਬੀਰ ਆਪ ਅਖਵਾਈਆ । ਦੋ ਜਹਾਨ ਵਜਾਏ ਅਗੰਮੀ ਤੂਰ, ਰਾਗ ਨਾਦ ਨਾ ਕੋਇ ਸੁਣਾਈਆ । ਨਵ ਨੌਂ ਹਾਜ਼ਰ ਹਜ਼ੂਰ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰਭ ਆਪਣਾ ਰੰਗ ਵਖਾਈਆ । ਪ੍ਰਭ ਪਾਇਆ ਰੰਗ ਰੰਗੀਲਾ, ਰੂਪ ਰੰਗ ਰੇਖ ਨਾ ਕੋਇ ਰਖਾਇੰਦਾ । ਸਚਖੰਡ ਦੁਆਰੇ ਗੁਰ ਅਵਤਾਰ ਪੀਰ ਪੈਗ਼ੰਬਰ ਆਪ ਬਣਾਏ ਸਚ ਕਬੀਲਾ, ਕਾਦਰ ਕਰਤਾ ਵੇਖ ਵਖਾਇੰਦਾ । ਨਿਰਗੁਣ ਸਰਗੁਣ ਮਿਲਣ ਦਾ ਬਣੇ ਵਸੀਲਾ, ਵਸਲ ਆਪਣਾ ਆਪ ਜਣਾਇੰਦਾ । ਸ਼ਬਦੀ ਧਾਰ ਕਰ ਕਰ ਹੀਲਾ, ਸਤਿ ਸਤਿਵਾਦੀ ਵੇਸ ਵਟਾਇੰਦਾ । ਵਸਣਹਾਰਾ ਉਚੇ ਟੀਲਾ, ਡੂੰਘੀ ਕੰਦਰ ਸੋਭਾ ਪਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਛੈਲ ਛਬੀਲਾ, ਬਾਲ ਬਿਰਧ ਨਾ ਰੂਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰਭ ਏਕਾ ਨਜ਼ਰੀ ਆਇੰਦਾ । ਪ੍ਰਭ ਪਾਇਆ ਗਹਿਰ ਗੰਭੀਰ,

ਗੁਣਵੰਤ ਵੱਡੀ ਵਡਿਆਈਆ । ਅੰਮ੍ਰਿਤ ਦੇਵੇ ਠਾਂਡਾ ਸੀਰ, ਗੁਰਮੁਖ ਅਗਨੀ ਤੱਤ ਬੁਝਾਈਆ । ਬਜਰ ਕਪਾਟੀ ਦੇਵੇ ਚੀਰ, ਦਵੈਤੀ ਪੜਦਾ ਦਏ ਹਟਾਈਆ । ਚੋਟੀ ਚਾੜ੍ਹੇ ਫੜ ਅਖ਼ੀਰ, ਆਖ਼ਰ ਆਪਣਾ ਮੇਲ ਮਿਲਾਈਆ । ਬਦਲਣਹਾਰ ਹਰਿ ਤਕਦੀਰ, ਤਦਬੀਰ ਆਪਣੀ ਦਏ ਸਮਝਾਈਆ । ਦੀਨ ਮਜ਼੍ਹਬ ਸ਼ਰਅ ਦਾ ਕੱਟ ਜ਼ੰਜੀਰ, ਸਚ ਸ਼ਨਾਖ਼ਤ ਇਕ ਰਖਾਈਆ । ਲੇਖਾ ਜਾਣ ਸ਼ਾਹ ਹਕੀਰ, ਰਾਓ ਰੰਕਾਂ ਫੋਲ ਫੋਲਾਈਆ । ਦੇਵਣਹਾਰਾ ਦਰਗਾਹ ਧੀਰ, ਧੀਰਜਵਾਨ ਵਡ ਵਡਿਆਈਆ । ਪਰਗਟ ਹੋਇਆ ਪੀਰਨ ਪੀਰ, ਪੀਰ ਪੈਗ਼ੰਬਰ ਸੱਯਦਾ ਸੀਸ ਝੁਕਾਈਆ । ਹੱਥ ਪਕੜੇ ਨਾਮ ਸ਼ਮਸ਼ੀਰ, ਖੰਡਾ ਇਕੋ ਇਕ ਉਠਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਨਾ ਹੋਏ ਦਿਲਗੀਰ, ਦਿਲਬਰ ਮਿਲਿਆ ਸੱਚਾ ਮਾਹੀਆ । ਜੁਗ ਜਨਮ ਦੀ ਮੇਟੇ ਪੀੜ, ਦਰਦੀਆਂ ਦਰਦ ਵੰਡਾਈਆ । ਅੰਮ੍ਰਿਤ ਬਖ਼ਸ਼ੇ ਸਾਚਾ ਸੀਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਫੇਰਾ ਪਾਈਆ । ਪ੍ਰਭ ਮਿਲਿਆ ਠਾਕਰ ਸੁਆਮੀ, ਠੋਕਰ ਆਪਣੇ ਨਾਮ ਲਗਾਇੰਦਾ । ਸਰਬ ਜੀਆਂ ਘਟ ਅੰਤਰਜਾਮੀ, ਘਰ ਘਰ ਵੇਖ ਵਖਾਇੰਦਾ । ਆਦਿ ਜੁਗਾਦਿ ਸਦਾ ਨਿਹਕਾਮੀ, ਨਿਹਚਲ ਆਪਣਾ ਆਸਣ ਲਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸੁਣਾਵਣਹਾਰ ਅਕੱਥ ਕਹਾਣੀ, ਮਹਿੰਮਾ ਕਥ ਆਪ ਜਣਾਇੰਦਾ । ਸ਼ਬਦੀ ਧਾਰ ਅਗੰਮੀ ਬਾਣੀ, ਬਾਣ ਨਿਰਾਲਾ ਤੀਰ ਚਲਾਇੰਦਾ । ਆਪੇ ਹੋਏ ਜਾਣ ਜਾਣੀ, ਜਾਨਣਹਾਰਾ ਨਜ਼ਰ ਕਿਸੇ ਨਾ ਆਇੰਦਾ । ਗੁਰਮੁਖ ਸੱਜਣ ਰਿਹਾ ਪਛਾਣੀ, ਪਸਚਾਤਾਪ ਸਰਬ ਮਿਟਾਇੰਦਾ । ਅੰਮ੍ਰਿਤ ਆਤਮ ਦੇਵੇ ਠੰਡਾ ਪਾਣੀ, ਨਿਝਰ ਝਿਰਨਾ ਇਕ ਝਿਰਾਇੰਦਾ । ਨਾਤਾ ਤੁਟੇ ਚਾਰ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਪੰਧ ਮੁਕਾਇੰਦਾ । ਸੁਰਤ ਸਵਾਣੀ ਸ਼ਬਦ ਮਿਲਾਏ ਸਾਚਾ ਹਾਣੀ, ਘਰ ਮੰਦਰ ਮੇਲ ਮਿਲਾਇੰਦਾ । ਦੇਵੇ ਪਦ ਇਕ ਨਿਰਬਾਣੀ, ਨਿਰਬਾਣ ਪਦ ਇਕ ਅਖਵਾਇੰਦਾ । ਹਰਿਜਨ ਹੋਏ ਸੁਘੜ ਸੁਚੱਜੀ ਸਵਾਣੀ, ਦਰ ਘਰ ਸਾਚੇ ਆਪ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮੇਲਾ ਆਪ ਕਰਾਇੰਦਾ । ਪ੍ਰਭ ਪਾਇਆ ਬੇਅੰਤ, ਬੇਅੰਤ ਰਿਹਾ ਸਮਝਾਈਆ । ਘਰ ਸੱਜਣ ਮਿਲਿਆ ਕੰਤ, ਗ੍ਰਿਹ ਮੰਦਰ ਖ਼ੁਸ਼ੀ ਵਖਾਈਆ । ਗੜ੍ਹ ਤੁਟਾ ਹਉਮੇ ਹੰਗਤ, ਮਾਇਆ ਮਮਤਾ ਰਹਿਣ ਨਾ ਪਾਈਆ । ਮੇਲ ਮਿਲਾਇਆ ਸਾਚੀ ਸੰਗਤ, ਹਰਿ ਸੰਗਤ ਵਿਚ ਸਮਾਈਆ । ਨਾਤਾ ਤੁਟੇ ਜੇਰਜ ਅੰਡਜ, ਉਤਭੁਜ ਸੇਤਜ ਰਹੇ ਨਾ ਰਾਈਆ । ਏਕਾ ਅੱਖਰ ਪੜ੍ਹਾਏ ਆਤਮ ਬੋਧ ਸਾਚਾ ਪੰਡਤ, ਚੌਦਾਂ ਵਿਦਿਆ ਮਾਣ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਵੇਖੇ ਚਾਈਂ ਚਾਈਆ । ਪ੍ਰਭ ਪਾਇਆ ਵਡ ਬਲਵਾਨਾ, ਬਲ ਇਕੋ ਇਕ ਜਣਾਇੰਦਾ । ਆਦਿ ਜੁਗਾਦੀ ਖੇਲ ਮਹਾਨਾ, ਜੁਗ ਜੁਗ ਵੇਸ ਵਟਾਇੰਦਾ । ਲੇਖਾ ਜਾਣੇ ਦੋ ਜਹਾਨਾਂ, ਬ੍ਰਹਿਮੰਡ ਖੰਡ ਖੋਜ ਖੁਜਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦੇਵੇ ਦਾਨਾ, ਵਸਤ ਅਮੋਲਕ ਝੋਲੀ ਪਾਇੰਦਾ । ਗੁਰ ਅਵਤਾਰਾਂ ਰਾਗ ਤਰਾਨਾ, ਪੀਰ ਪੈਗ਼ੰਬਰ ਆਪ ਪੜ੍ਹਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਵ ਨੌਂ ਚਾਰ ਹੋਏ ਪਰਧਾਨਾ, ਸਚ ਪਰਧਾਨਗੀ ਆਪ ਕਮਾਇੰਦਾ । ਸ਼ਾਹੋ ਭੂਪ ਰਾਜ ਰਾਜਾਨਾ, ਸ਼ਹਿਨਸ਼ਾਹ ਇਕੋ ਇਕ ਅਖਵਾਇੰਦਾ । ਹੁਕਮੇ ਅੰਦਰ ਦੇਵੇ ਸਚ ਫ਼ਰਮਾਣਾ, ਧੁਰ ਦੀ ਧਾਰ ਆਪ ਜਣਾਇੰਦਾ । ਕਲਜੁਗ ਅੰਤਮ ਪਹਿਰਿਆ ਬਾਣਾ, ਜੋਤੀ ਜਾਤਾ ਡਗਮਗਾਇੰਦਾ । ਨਾਉਂ ਰੱਖ ਵਿਸ਼ਨੂੰ ਭਗਵਾਨਾ, ਵਿਸ਼ਵ ਆਪਣੀ ਕਾਰ ਕਮਾਇੰਦਾ । ਜਨ ਭਗਤਾਂ ਬੰਨ੍ਹੇ ਹੱਥੀਂ ਗਾਨਾ, ਸਾਹਿਬ ਸਤਿਗੁਰ ਸਾਚਾ ਸਗਨ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰਭ ਇਕੋ ਨਜ਼ਰੀ ਆਇੰਦਾ ।


੪੯੮
੧੩

ਪ੍ਰਭ ਪਾਇਆ ਸਾਗਰ ਸਿੰਧ, ਸਚ ਸੁਹੰਜਣੀ ਰੁੱਤ ਸੁਹਾਈਆ । ਲੇਖਾ ਚੁੱਕੇ ਕਰੋੜ ਤਤੀਸਾ ਸੁਰਪਤ ਇੰਦ, ਇੰਦ ਇੰਦਰਾਸਣ ਰਿਹਾ ਤਜਾਈਆ । ਹਰਿਜਨ ਬਣਾਏ ਨਾਦੀ ਬਿੰਦ, ਸੁਤ ਸਾਚੇ ਲਏ ਉਠਾਈਆ । ਵਡ ਦਾਤਾ ਗੁਣੀ ਗਹਿੰਦ, ਗਹਿਰ ਗੰਭੀਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਸਹਿਜ ਸੁਭਾਈਆ । ਪ੍ਰਭ ਪਾਇਆ ਕਲਜੁਗ ਅੰਤ, ਅੰਤਸ਼ਕਰਨ ਸ਼ੁਧ ਕਰਾਇੰਦਾ । ਜਿਸ ਤੱਤ ਬਣਾਈ ਬਣਤ, ਸੋ ਬ੍ਰਹਮ ਮਤ ਸਮਝਾਇੰਦਾ । ਜਿਸ ਦਾ ਨਾਮ ਕੋਟਨ ਕੋਟ ਅਗਣਤ, ਗਣਤ ਵਿਚ ਨਾ ਆਇੰਦਾ । ਸੋ ਸਾਹਿਬ ਸਾਚਾ ਕੰਤ, ਗੁਰਮੁਖ ਸਖੀ ਆਪ ਪਰਨਾਇੰਦਾ । ਨਾਮ ਨਿਧਾਨਾ ਇਕੋ ਮੰਤ, ਮੰਤਰ ਹਰਿ ਹਰਿ ਆਪ ਦ੍ਰਿੜਾਇੰਦਾ । ਨਾਤਾ ਤੋੜ ਜੀਵ ਜੰਤ, ਜਾਗਰਤ ਜੋਤ ਇਕ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰਭ ਇਕੋ ਫੇਰਾ ਪਾਇੰਦਾ । ਪ੍ਰਭ ਇਕੋ ਆਇਆ ਠਾਕਰ, ਵਡ ਵੱਡਾ ਵਡ ਵਡਿਆਈਆ । ਕਲਜੁਗ ਬਣਿਆ ਮਾਤ ਸੌਦਾਗਰ, ਦਰ ਦਰ ਆਪਣੀ ਅਲਖ ਜਗਾਈਆ । ਕਰੇ ਖੇਲ ਕਰੀਮ ਕਾਦਰ, ਕਰਤਾ ਕੁਦਰਤ ਵੇਖੇ ਚਾਈਂ ਚਾਈਂਆ । ਜਨ ਭਗਤਾਂ ਨਿਰਮਲ ਕਰਮ ਕਰੇ ਉਜਾਗਰ, ਦੁਰਮਤ ਮੈਲ ਧਵਾਈਆ । ਦਰ ਆਇਆਂ ਦਰ ਦੇਵੇ ਆਦਰ, ਦਰਗਾਹ ਸਾਚੀ ਹੋਏ ਸਹਾਈਆ । ਸ਼ਬਦ ਅਗੰਮੀ ਪਾਏ ਚਿੱਟੀ ਚਾਦਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਮਿਲਿਆ ਚਾਈਂ ਚਾਈਂਆ । ਪ੍ਰਭ ਮਿਲਿਆ ਚਾਉ ਘਨੇਰਾ, ਚਿੰਤਾ ਕੋਇ ਰਹਿਣ ਨਾ ਪਾਈਆ । ਦੂਰ ਦੁਰਾਡਾ ਆਇਆ ਨੇਰਾ, ਨੇਰਨ ਨੇਰੇ ਨਜ਼ਰੀ ਆਈਆ । ਏਕਾ ਰੰਗ ਵਖਾਏ ਸੰਞ ਸਵੇਰਾ, ਅੰਧ ਅੰਧੇਰਾ ਦਏ ਗਵਾਈਆ । ਜਨ ਭਗਤਾਂ ਕਹੇ ਤੂੰ ਮੇਰਾ ਮੈਂ ਤੇਰਾ, ਤੇਰਾ ਮੇਰਾ ਭੇਵ ਨਾ ਰਾਈਆ । ਗੁਰਮੁਖ ਤੇਰੇ ਅੰਦਰ ਨਿਰਗੁਣ ਡੇਰਾ, ਸਚ ਸਿੰਘਾਸਣ ਆਸਣ ਲਾਈਆ । ਲੱਖ ਚੁਰਾਸੀ ਭੁਲਾਏ ਕਰ ਕਰ ਹੇਰਾ ਫੇਰਾ, ਭੇਵ ਅਭੇਦ ਨਾ ਕਿਸੇ ਸਮਝਾਈਆ । ਜਿਸ ਜਨ ਉਪਰ ਕਰੇ ਮਿਹਰਾ, ਮਿਹਰ ਨਜ਼ਰ ਇਕ ਟਿਕਾਈਆ । ਭਾਂਡਾ ਭਰਮ ਭੌ ਕਰੇ ਢੇਰਾ, ਢਾਹ ਢਾਹ ਖ਼ਾਕ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਜਗਾਈਆ । ਪ੍ਰਭ ਪਾਇਆ ਉਚ ਅਗੰਮ, ਅਗੋਚਰ ਖੇਲ ਕਰਾਇੰਦਾ । ਸਦਾ ਸੁਹੇਲਾ ਬੇੜਾ ਦੇਵੇ ਬੰਨ੍ਹ, ਮੰਝਧਾਰ ਨਾ ਕੋਇ ਰੁੜ੍ਹਾਇੰਦਾ । ਲੇਖਾ ਚੁੱਕੇ ਛੱਪਰੀ ਛੰਨ, ਸਚਖੰਡ ਦੁਆਰੇ ਇਕ ਵਸਾਇੰਦਾ । ਨਾ ਕੋਈ ਸੂਰਜ ਨਾ ਕੋਈ ਚੰਨ, ਜੋਤੀ ਜਾਤਾ ਡਗਮਗਾਇੰਦਾ । ਏਕਾ ਰਾਗ ਸੁਣਾਏ ਬਿਨ ਕੰਨ, ਅੱਖਰ ਵੱਖਰ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚੇ ਵੇਖ ਵਖਾਇੰਦਾ । ਪ੍ਰਭ ਪਾਇਆ ਨੀਕਨ ਨੀਕਾ, ਰੂਪ ਰੰਗ ਰੇਖ ਨਾ ਕੋਇ ਵਖਾਈਆ । ਆਦਿ ਜੁਗਾਦੀ ਲਾਸ਼ਰੀਕਾ, ਸ਼ਰਕਤ ਵਿਚ ਕਦੇ ਨਾ ਆਈਆ । ਆਪਣਾ ਮਾਰਗ ਦੱਸੇ ਬਰੀਕਾ, ਜਗਤ ਨੇਤਰ ਵੇਖਣ ਕੋਇ ਨਾ ਪਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦੀਆਂ ਦੱਸਦੇ ਰਹੇ ਤਰੀਕਾਂ, ਲੇਖਾ ਲਿਖ ਲਿਖ ਕਲਮ ਸ਼ਾਹੀਆ । ਭਗਤ ਸੰਤ ਜਿਸ ਦੀਆਂ ਕਰਦੇ ਰਹੇ ਉਡੀਕਾਂ, ਨੇਤਰ ਲੋਚਣ ਨੈਣ ਉਠਾਈਆ । ਸੋ ਸਾਹਿਬ ਸਤਿਗੁਰ ਆਪਣੇ ਵੇਲੇ ਆਇਆ ਠੀਕਾ, ਠੀਕਰ ਸਭ ਦਾ ਭੰਨ ਵਖਾਈਆ । ਲੱਖ ਚੁਰਾਸੀ ਰਸ ਦਿਸੇ ਫੀਕਾ, ਅੰਮ੍ਰਿਤ ਸਰੋਵਰ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਜਗਾਈਆ । ਪ੍ਰਭ ਪਾਇਆ ਪੁਰਖ ਅਬਿਨਾਸ਼ੀ ਆਪਣੀ ਦਇਆ ਕਮਾਇੰਦਾ । ਸਤਿਜੁਗ ਸੁਣਾਏ ਸਾਚੀ ਸਾਖੀ, ਸਾਖਿਆਤ ਦਰਸ ਵਖਾਇੰਦਾ ।

੪੯੯
੧੩

ਦੋ ਜਹਾਨਾਂ ਪਾਏ ਮੰਡਲ ਰਾਸੀ, ਗੋਪੀ ਕਾਹਨ ਨਚਾਇੰਦਾ । ਜਨ ਭਗਤਾਂ ਪੂਰੀ ਕਰੇ ਆਸੀ, ਆਸਾ ਤ੍ਰਿਸ਼ਨਾ ਵਿਚ ਮਿਟਾਇੰਦਾ । ਏਥੇ ਕਰੇ ਬੰਦ ਖ਼ਲਾਸੀ, ਅੱਗੇ ਆਪਣੀ ਗੋਦ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਲ ਮਿਲ ਆਪਣਾ ਰੰਗ ਰੰਗਾਇੰਦਾ । ਪ੍ਰਭ ਮਿਲਿਆ ਚਤੁਰ ਸੁਜਾਨ, ਮਨ ਮਤ ਬੁੱਧ ਨਾ ਕੋਇ ਵਡਿਆਈਆ । ਅਨਪੜ੍ਹਾਂ ਦੇਵੇ ਆਪ ਗਿਆਨ, ਨਾਮ ਅਮੋਲਕ ਝੋਲੀ ਪਾਈਆ । ਘਰ ਮੰਦਰ ਵੇਖੇ ਆਣ, ਗ੍ਰਹਿ ਸਾਚੇ ਹੋਏ ਸਹਾਈਆ । ਨਾਦ ਸ਼ਬਦ ਸੁਣਾਏ ਸੱਚੀ ਧੁਨਕਾਨ, ਛੱਤੀ ਰਾਗ ਮੁਖ ਸ਼ਰਮਾਈਆ । ਦੀਪਕ ਜੋਤੀ ਬਾਲੇ ਆਣ, ਤੇਲ ਬਾਤੀ ਨਾ ਕੋਇ ਰਖਾਈਆ । ਆਤਮ ਸੇਜਾ ਕਰ ਪਰਵਾਨ, ਨਾਮ ਪਰਵਾਨਾ ਦਏ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਵੇਖੇ ਏਕਾ ਮਾਹੀਆ । ਪ੍ਰਭ ਮਿਲਿਆ ਸੱਚਾ ਮਾਹੀ, ਮੁਹੱਬਤ ਇਕੋ ਇਕ ਜਣਾਇੰਦਾ । ਦਰਗਾਹ ਸਾਚੀ ਪਾਂਧੀ ਰਾਹੀ, ਬਣ ਮੁਸਾਫ਼ਰ ਸੇਵ ਕਮਾਇੰਦਾ । ਮੁਰੀਦ ਮੁਰਸ਼ਦ ਵੇਖੇ ਚਾਈਂ ਚਾਈਂ, ਚਾਰੇ ਕੁੰਟਾਂ ਫੋਲ ਫੁਲਾਇੰਦਾ । ਭਗਤ ਭਗਵਾਨ ਉਠਾਏ ਬਾਂਹੀਂ, ਫੜ ਬਾਹੋਂ ਗਲੇ ਲਗਾਇੰਦਾ । ਲੱਖ ਚੁਰਾਸੀ ਮਾਰੇ ਧਾਹੀਂ, ਸਾਧ ਸੰਤ ਸਰਬ ਕੁਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇੰਦਾ । ਪ੍ਰਭ ਪਾਇਆ ਪੁਰਖ ਅਕਾਲ, ਅਕਲ ਕਲ ਖੇਲ ਕਰਾਇੰਦਾ । ਕਲਜੁਗ ਅੰਤਮ ਹੋ ਦਿਆਲ, ਦੀਨਨ ਆਪਣੀ ਦਇਆ ਕਮਾਇੰਦਾ । ਗੁਰਮੁਖ ਵੇਖੇ ਸੱਚੇ ਲਾਲ, ਲਾਲਨ ਆਪਣਾ ਰੰਗ ਰੰਗਾਇੰਦਾ । ਸੁਣਨਹਾਰ ਮੁਰੀਦਾਂ ਹਾਲ, ਮੁਰਸ਼ਦ ਆਪਣਾ ਵੇਸ ਵਟਾਇੰਦਾ । ਤ੍ਰੈਗੁਣ ਮਾਇਆ ਤੋੜ ਜੰਜਾਲ, ਜਾਗਰਤ ਜੋਤ ਇਕ ਜਗਾਇੰਦਾ । ਰਾਤੀਂ ਸੁਤਿਆਂ ਦਰਸ ਦਿਖਾਲ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਕਰੇ ਖੇਲ ਵਿਸ਼ਨੂੰ ਭਗਵਾਨ, ਭਗਵਨ ਆਪਣਾ ਰਾਹ ਚਲਾਇੰਦਾ । ਆਤਮ ਪਰਮਾਤਮ ਸੱਚਾ ਦਾਨ, ਵਸਤ ਅਮੋਲਕ ਝੋਲੀ ਪਾਇੰਦਾ । ਸੋਹੰ ਢੋਲਾ ਦੋ ਜਹਾਨ, ਨਿਰਗੁਣ ਸਰਗੁਣ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਵੇਸ ਅਵੱਲਾ ਆਪ ਵਟਾਇੰਦਾ । ਵੇਸ ਅਵੱਲਾ ਸ੍ਰੀ ਭਗਵਾਨਾ, ਕਲਜੁਗ ਅੰਤ ਕਰਾਈਆ । ਗੁਰਮੁਖ ਦੁਆਰੇ ਹੋ ਪਰਧਾਨਾ, ਨਾਮ ਪਰਧਾਨਗੀ ਦਏ ਸਮਝਾਈਆ । ਹਰਿਜਨ ਲੇਖਾ ਚੁੱਕੇ ਦੋ ਜਹਾਨਾਂ, ਪੂਰਬ ਲਹਿਣਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਾਮ ਆਪਣਾ ਇਕ ਦ੍ਰਿੜਾਈਆ । ਭਗਤ ਭਗਵਾਨ ਜੁਗ ਜੁਗ ਲੱਭੇ, ਲੋਕਮਾਤ ਸੇਵ ਕਮਾਈਆ । ਦਰ ਦੁਆਰੇ ਸਾਚੇ ਸੱਦੇ, ਸੱਦਾ ਇਕੋ ਨਾਮ ਜਣਾਈਆ । ਕੂੜੀ ਕਿਰਿਆ ਪਾਰ ਕਰਾਏ ਹੱਦੇ, ਰਾਹ ਵਿਚ ਨਾ ਕੋਇ ਅਟਕਾਈਆ । ਨਾਮ ਪਿਆਏ ਸਾਚੀ ਮਧੇ, ਮਧੁਰ ਰਸ ਇਕ ਵਖਾਈਆ । ਸਦਾ ਸੁਹੇਲਾ ਪਰਦਾ ਕੱਜੇ, ਸਿਰ ਆਪਣਾ ਹੱਥ ਟਿਕਾਈਆ । ਗੁਰਸਿਖ ਗੁਰ ਰੱਖੇ ਲੱਜੇ, ਲਾਜਾਵੰਤ ਇਕ ਹੋ ਜਾਈਆ । ਨਿਰਗੁਣ ਹੋ ਕੇ ਸਰਗੁਣ ਪਿਛੇ ਭੱਜੇ, ਔਂਦਾ ਜਾਂਦਾ ਨਜ਼ਰ ਨਾ ਆਈਆ । ਕਲਜੁਗ ਅੰਤ ਸ੍ਰੀ ਭਗਵੰਤ ਜਨ ਭਗਤਾਂ ਦਰਸ ਕਰ ਕਰ ਰੱਜੇ, ਆਪਣੀ ਤ੍ਰਿਖਾ ਬੁਝਾਈਆ । ਦਿਵਸ ਰੈਣ ਰਹੇ ਸੱਜੇ ਖੱਬੇ, ਅੱਗੇ ਪਿਛੇ ਕਾਰ ਕਮਾਈਆ । ਭਗਤ ਭਗਵਾਨ ਇਕ ਦੂਜੇ ਦੇ ਪਿਆਰ ਨਾਲ ਬੱਝੇ, ਨਾ ਕੋਈ ਸਕੇ ਤੋੜ ਤੁੜਾਈਆ । ਕਰੇ ਪਿਆਰ ਜਿਉਂ ਮਾਵਾਂ ਪੁੱਤਰ ਲੱਡੇ, ਗੋਦ ਸੁਹੰਜਣੀ ਇਕ ਸੁਹਾਈਆ । ਨਿਕਿਉਂ ਕਰੇ ਆਪੇ ਵੱਡੇ, ਵਡਿਉਂ ਨਿੱਕੇ ਲਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਵੇਖੇ ਥਾਉਂ ਥਾਈਂਆ । ਭਗਤਾਂ ਪਿਛੇ ਫਿਰੇ ਆਪ,

ਹਰਿ ਆਪਣਾ ਆਪ ਗਵਾਇੰਦਾ । ਬਣਿਆ ਰਹੇ ਮਾਈ ਬਾਪ, ਪੂਤ ਸਪੂਤਾ ਵੇਖ ਵਖਾਇੰਦਾ । ਘਰ ਘਰ ਜਾ ਜਾ ਦੇਵੇ ਜਾਪ, ਅੱਖਰ ਅੱਖਰ ਆਪ ਪੜ੍ਹਾਇੰਦਾ । ਆਤਮ ਪਰਮਾਤਮ ਜੋੜੇ ਨਾਤ, ਸਾਚਾ ਸੰਗ ਵਖਾਇੰਦਾ । ਉਤਮ ਰੱਖੇ ਹਰਿਜਨ ਜ਼ਾਤ, ਜ਼ਾਤ ਅਜ਼ਾਤੀ ਨਾ ਕੋਇ ਰਖਾਇੰਦਾ । ਬੰਦ ਕਵਾੜੀ ਖੋਲ੍ਹੇ ਤਾਕ, ਆਪਣਾ ਪਰਦਾ ਆਪੇ ਲਾਹਿੰਦਾ । ਗ੍ਰਿਹ ਮੰਦਰ ਸੁਣਾਏ ਭਵਿਖਤ ਵਾਕ ਭੇਵ ਅਭੇਦਾ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਸਾਚੇ ਵੇਖ ਵਖਾਇੰਦਾ । ਭਗਤ ਦੁਆਰੇ ਆਏ ਨੱਠਾ, ਜੁਗ ਜੁਗ ਸੇਵ ਕਮਾਇੰਦਾ । ਨਾਤਾ ਤੋੜ ਤੀਰਥ ਅਠਸਠਾ, ਅੱਠ ਤ੍ਰੈ ਆਪਣਾ ਪੰਧ ਮੁਕਾਇੰਦਾ । ਜਨ ਭਗਤਾਂ ਦੇਵਣਹਾਰਾ ਸਾਚੀ ਮਤਾ, ਬ੍ਰਹਮ ਵਿਦਿਆ ਇਕ ਪੜ੍ਹਾਇੰਦਾ । ਨਿਰਗੁਣ ਸਰਗੁਣ ਚੋਲੇ ਰੱਤਾ, ਰੱਤੀ ਰੱਤ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖਣ ਆਪੇ ਆਇੰਦਾ । ਹਰਿਜਨ ਵੇਖਣ ਆਏ ਮਾਤ, ਮਿਸਲ ਆਪਣੀ ਲਏ ਬਣਾਈਆ । ਭਗਤ ਭਗਵਾਨ ਬਣਾਏ ਜਮਾਤ, ਜੁਮਲਾ ਇਕੋ ਇਕ ਪੜ੍ਹਾਈਆ । ਫੜ ਵਖਾਏ ਸਾਚਾ ਘਾਟ, ਘਾਟਾ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਿਹਰਵਾਨ ਕਦੇ ਨਾ ਭੁੱਲੇ, ਭੁੱਲਿਆਂ ਮੇਲ ਮਿਲਾਇੰਦਾ । ਗੁਰਮੁਖ ਮਾਤ ਕਦੇ ਨਾ ਰੁੱਲੇ, ਰੁਲਿਆਂ ਅੰਗ ਲਗਾਇੰਦਾ । ਚਰਨ ਪ੍ਰੀਤੀ ਜੋ ਜਨ ਘੋਲ ਘੁੱਲੇ, ਘਾਲੀ ਘਾਲ ਲੇਖੇ ਪਾਇੰਦਾ । ਹਰਿਜਨ ਬੂਟਾ ਕਦੇ ਨਾ ਹੁੱਲੇ, ਅੰਮ੍ਰਿਤ ਫਲ ਇਕ ਲਗਾਇੰਦਾ । ਜਿਉਂ ਲੇਖਾ ਜਾਣੇ ਯਾਰ ਬੁਲ੍ਹੇ, ਭੁੱਲੇ ਆਪਣੇ ਰੰਗ ਰੰਗਾਇੰਦਾ । ਭਾਗ ਲਗਾਏ ਸਾਚੀ ਕੁਲੇ, ਕੁਲਵੰਤਾ ਦਇਆ ਕਮਾਇੰਦਾ । ਕਰਤਾ ਕੀਮਤ ਪਾਏ ਮੁੱਲੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਦਰ ਮੰਗਾਇੰਦਾ । ਹਰਿਜਨ ਭੁੱਲੇ ਜਗਤ ਜਗ, ਪ੍ਰਭ ਭੁੱਲ ਕਦੇ ਨਾ ਜਾਈਆ । ਤ੍ਰੈਗੁਣ ਬੁਝਾਏ ਲੱਗੀ ਅੱਗ, ਅਗਨੀ ਤੱਤ ਗਵਾਈਆ । ਫੜ ਫੜ ਬਣਾਏ ਹੰਸ ਕੱਗ, ਸੋਹੰ ਹੰਸਾ ਮਾਣਕ ਮੋਤੀ ਚੋਗ ਚੁਗਾਈਆ । ਦਰਸ ਦਖਾਏ ਉਪਰ ਸ਼ਾਹ ਰਗ, ਸ਼ਹਿਨਸ਼ਾਹ ਆਪਣਾ ਪਰਦਾ ਲਾਹੀਆ । ਘਰ ਵਿਚ ਵਖਾਏ ਸਾਚਾ ਹੱਜ, ਮੱਕਾ ਕਾਅਬਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਸਮਝਾਈਆ । ਭੁੱਲਾ ਰੁੱਲਾ ਜਾਏ ਉਠ, ਜਿਸ ਆਪਣੀ ਦਇਆ ਕਮਾਇੰਦਾ । ਸਾਹਿਬ ਸਤਿਗੁਰ ਜਾਏ ਤੁਠ, ਸਿਰ ਆਪਣਾ ਹੱਥ ਟਿਕਾਇੰਦਾ । ਅੰਤਰ ਜਾਮ ਦੇਵੇ ਘੁੱਟ, ਸਚ ਪਿਆਲਾ ਇਕ ਪਿਆਇੰਦਾ । ਆਵਣ ਜਾਵਣ ਜਾਏ ਛੁੱਟ, ਲੱਖ ਚੁਰਾਸੀ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਸੰਗ ਰਖਾਇੰਦਾ । ਸਗਲਾ ਸੰਗ ਸੱਜਣ ਮੀਤ, ਮਿੱਤਰ ਪਿਆਰਾ ਆਪ ਰਖਾਈਆ । ਜਿਸ ਜਨ ਗਾਇਆ ਸੋਹੰ ਗੀਤ, ਤਿਸ ਲੇਖਾ ਰਹੇ ਨਾ ਰਾਈਆ । ਨਾਤਾ ਤੁੱਟੇ ਮੰਦਰ ਮਸੀਤ, ਸ਼ਿਵਦੁਆਲਾ ਮੱਠ ਨਾ ਕੋਇ ਵਡਿਆਈਆ । ਨਜ਼ਰੀ ਆਏ ਇਕ ਅਤੀਤ, ਤ੍ਰੈਗੁਣ ਲੇਖਾ ਦਏ ਚੁਕਾਈਆ । ਕਾਇਆ ਕਰੇ ਠੰਡੀ ਸੀਤ, ਸਤਿ ਸਤਿਵਾਦੀ ਹੋਏ ਸਹਾਈਆ । ਪੁਰਖ ਅਕਾਲ ਇਕ ਪ੍ਰੀਤ, ਪਤਤ ਪਾਵਣ ਵੇਖ ਵਖਾਈਆ । ਮਾਣਸ ਜਨਮ ਲੈਣਾ ਜੀਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਲੇਖਾ ਰਿਹਾ ਮੁਕਾਈਆ । ਭਗਤਨ ਲੇਖਾ ਗਿਆ ਲੱਥ, ਸਿਰ ਭਾਰ ਨਾ ਕੋਇ ਰਖਾਇੰਦਾ । ਹਰਿ ਕਾ ਨਾਮ ਮਿਲੀ ਵੱਥ, ਵਸਤ ਅਮੋਲਕ ਝੋਲੀ ਪਾਇੰਦਾ । ਸ੍ਰੀ ਭਗਵਾਨ ਗਾਏ ਜਸ, ਭਗਵਨ ਢੋਲਾ ਇਕ ਅਲਾਇੰਦਾ ।


੫੦੧
੧੩

ਭਗਤ ਅੱਗੋਂ ਪਏ ਹੱਸ, ਸੋਹੰ ਹੰਸਾ ਰਾਗ ਅਲਾਇੰਦਾ । ਤੂੰ ਮੇਰਾ ਮੈਂ ਤੇਰਾ ਦੋਹਾਂ ਮੇਲਾ ਇਕ ਇਕੱਠ, ਘਰ ਮੰਦਰ ਇਕ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਸੀ ਆਪਣਾ ਦਰਸ ਕਰਾਇੰਦਾ । ਭਗਵਨ ਪਾਏ ਭਗਤ ਦਰਸ, ਆਪਣੀ ਖ਼ੁਸ਼ੀ ਵਖਾਈਆ । ਭਗਤ ਮੇਟੇ ਆਪਣੀ ਹਰਸ, ਹਵਸ ਨਾ ਕੋਇ ਵਧਾਈਆ । ਭਗਵਨ ਕਰੇ ਸਾਚਾ ਤਰਸ, ਮਿਹਰ ਨਜ਼ਰ ਉਠਾਈਆ । ਭਗਤ ਵੇਖੇ ਅਰਸ਼ ਫ਼ਰਸ਼, ਸ੍ਰੀ ਭਗਵਾਨ ਰਿਹਾ ਸਮਾਈਆ । ਸ੍ਰੀ ਭਗਵਾਨ ਅੰਮ੍ਰਿਤ ਮੇਘ ਦੇਵੇ ਬਰਸ, ਸੀਤਲ ਧਾਰ ਇਕ ਚੁਆਈਆ । ਭਗਤ ਭਗਵਾਨ ਵੇਖ ਹੋਏ ਨਧੜਕ, ਭੈ ਭੌ ਨਾ ਕੋਇ ਡਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ । ਭਗਵਾਨ ਭਗਤ ਮਿਲਣ ਦਾ ਚਾਉ, ਜੁਗ ਜੁਗ ਵੇਸ ਵਟਾਇੰਦਾ । ਭਗਤ ਭਗਵਾਨ ਪਕੜੇ ਬਾਹੋਂ, ਫੜ ਬਾਹੋਂ ਗਲੇ ਲਗਾਇੰਦਾ । ਸਦਾ ਸੁਹੇਲਾ ਕਰੇ ਸਚ ਨਿਆਉਂ, ਆਦਲ ਅਦਲ ਇਕ ਵਖਾਇੰਦਾ । ਤਿਸ ਸਾਹਿਬ ਬਲ ਬਲ ਜਾਓ, ਜੋ ਭੁਲਿਆਂ ਮਾਰਗ ਪਾਇੰਦਾ । ਕਲਜੁਗ ਰੁਲਿਆਂ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਰ ਘਰ ਸਾਚੇ ਵੇਖ ਵਖਾਇੰਦਾ । ਦਰ ਘਰ ਸਾਚੇ ਵੇਖਣ ਯੋਗ, ਜੁਗਤੀ ਆਪਣੇ ਹੱਥ ਰਖਾਈਆ । ਲੇਖਾ ਜਾਣੇ ਧੁਰ ਸੰਜੋਗ, ਬਣ ਸੰਜੋਗੀ ਮੇਲ ਮਿਲਾਈਆ । ਕਲਜੁਗ ਅੰਤ ਸ੍ਰੀ ਭਗਵੰਤ ਆਤਮ ਪਰਮਾਤਮ ਦੇਵੇ ਸੋਹੰ ਸਾਚੀ ਚੋਗ, ਬ੍ਰਹਮ ਪਾਰਬ੍ਰਹਮ ਸਮਾਈਆ । ਜਨਮ ਜਨਮ ਦਾ ਕੱਟੇ ਰੋਗ, ਦੋਖੀ ਦੁੱਖ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜਗਤ ਵਿਛੋੜਾ ਪੰਧ ਮੁਕਾਈਆ । ਜਗਤ ਪੰਧ ਮਿਟੇ ਵਿਛੋੜਾ, ਵਿਛੜਿਆਂ ਮਿਲਾਇੰਦਾ । ਸੱਸੇ ਉਪਰ ਲੱਗਾ ਹੋੜਾ, ਨਿਰਗੁਣ ਸਰਗੁਣ ਧਾਰ ਚਲਾਇੰਦਾ । ਹੰ ਬ੍ਰਹਮ ਮਮ ਆਪੇ ਬੌਹੜਾ, ਮੋਹ ਮੁਹੱਬਤ ਇਕ ਵਧਾਇੰਦਾ । ਸ਼ਬਦ ਅਗੰਮੀ ਸਾਚਾ ਘੋੜਾ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਭਗਤ ਦੁਆਰਾ ਇਕ ਸੁਹਾਇੰਦਾ । ਭਗਤ ਦੁਆਰਾ ਸਚ ਮਹੱਲਾ, ਹਰਿ ਸਤਿਗੁਰ ਆਪ ਸੁਹਾਈਆ । ਸੋ ਪੁਰਖ ਨਿਰੰਜਣ ਇਕ ਇਕੱਲਾ, ਹਰਿ ਪੁਰਖ ਨਿਰੰਜਣ ਸੋਭਾ ਪਾਈਆ । ਏਕੰਕਾਰਾ ਵਸਣਹਾਰਾ ਜਲਾਂ ਥਲਾਂ, ਘਟ ਘਟ ਰਿਹਾ ਸਮਾਈਆ । ਆਦਿ ਨਿਰੰਜਣ ਆਪਣੇ ਪਰਕਾਸ਼ ਆਪੇ ਬਲਾ, ਨਿਰਗੁਣ ਜੋਤ ਕਰ ਰੁਸ਼ਨਾਈਆ । ਸ੍ਰੀ ਭਗਵਾਨ ਸਚ ਸੰਦੇਸਾ ਦੋ ਜਹਾਨ ਘੱਲਾ, ਖ਼ਾਲਕ ਖ਼ਲਕ ਦਏ ਸਮਝਾਈਆ । ਅਬਿਨਾਸ਼ੀ ਕਰਤਾ ਫੜਾਏ ਪੱਲਾ, ਪੱਲੂ ਏਕਾ ਨਾਮ ਗੰਢ ਪੁਆਈਆ । ਪਾਰਬ੍ਰਹਮ ਬ੍ਰਹਮ ਆਤਮ ਰਲਾ, ਲੱਖ ਚੁਰਾਸੀ ਈਸ਼ ਜੀਵ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਮੇਲਾ ਲੇਖਾ ਜਾਣ ਗੁਰੂ ਗੁਰ ਚੇਲਾ, ਘਰ ਮੰਦਰ ਖੋਜ ਖੁਜਾਈਆ । ਚੇਲਾ ਗੁਰੂ ਸੋਹੇ ਬੰਕ, ਬੰਕ ਦੁਆਰੀ ਵੇਖ ਵਖਾਇੰਦਾ । ਪ੍ਰਭ ਪਰਗਟ ਹੋਇਆ ਕਲਜੁਗ ਅੰਤ, ਨਿਹਕਲੰਕੀ ਜਾਮਾ ਪਾਇੰਦਾ । ਲੱਭਦੇ ਫਿਰਦੇ ਕੋਟਨ ਕੋਟ ਸੰਤ, ਲੱਭਿਆਂ ਹੱਥ ਕਿਸੇ ਨਾ ਆਇੰਦਾ । ਜਨ ਭਗਤ ਬਣਾਏ ਸਾਚੀ ਬਣਤ, ਭਗਵਨ ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਆਧਾਰੀ ਜੋਤ ਨਿਰੰਕਾਰੀ, ਨਿਰਗੁਣ ਆਪਣੇ ਰੰਗ ਰੰਗਾਇੰਦਾ । ਨਿਰਗੁਣ ਰੰਗ ਅਪਰ ਅਪਾਰਾ, ਅਪਰੰਪਰ ਆਪ ਜਣਾਇੰਦਾ । ਪਰਗਟ ਹੋ ਚਵੀਆਂ ਅਵਤਾਰਾ, ਆਪਣਾ ਪੰਧ ਮੁਕਾਇੰਦਾ । ਪਿਛਲਾ ਦੂਆ ਨਿਰਗੁਣ ਸਰਗੁਣ ਧਾਰਾ, ਏਕਾ ਚੌਕਾ ਵੰਡ ਵੰਡਾਇੰਦਾ ।


੫੦੨
੧੩

ਸਾਚਾ ਚੌਕਾ ਚਾਰੇ ਵੇਦਾਂ ਬਣੇ ਲਿਖਾਰਾ, ਬ੍ਰਹਮਾ ਚਾਰੇ ਮੁਖ ਸਾਲਾਹਿੰਦਾ । ਚਾਰੇ ਬਾਣੀ ਬੋਲ ਜੈਕਾਰਾ, ਪਰਾ ਪਸੰਤੀ ਮਧਮ ਬੈਖ਼ਰੀ ਏਕਾ ਗਾਇੰਦਾ । ਚਾਰੇ ਖਾਣੀ ਕਰ ਆਕਾਰਾ, ਅੰਡਜ ਜੇਰਜ ਉਤਭੁਜ ਸੇਤਜ ਵੰਡ ਵੰਡਾਇੰਦਾ । ਚਾਰੇ ਜੁਗ ਕਰ ਪਸਾਰਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੰਡ ਵੰਡਾਇੰਦਾ । ਚਾਰ ਵਰਨ ਲਾ ਅਖਾੜਾ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਨਾਚ ਨਚਾਇੰਦਾ । ਚਾਰ ਯਾਰੀ ਕਰ ਖ਼ਬਰਦਾਰਾ, ਚਾਰੋਂ ਕੁੰਟ ਡੰਕ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਰਾਇੰਦਾ । ਦੂਆ ਚੌਕਾ ਉਤਰੇ ਪਾਰ, ਪੁਰਖ ਅਬਿਨਾਸ਼ੀ ਪੰਧ ਮੁਕਾਈਆ । ਪਰਗਟ ਹੋ ਹਰਿ ਕਰਤਾਰ, ਕੁਦਰਤ ਕਾਦਰ ਵੇਖ ਵਖਾਈਆ । ਗੁਰਮੁਖ ਸੱਜਣ ਲਏ ਉਠਾਲ, ਲੱਖ ਚੁਰਾਸੀ ਫੋਲ ਫੁਲਾਈਆ । ਨਾਤਾ ਤੋੜ ਕਾਲ ਮਹਾਂਕਾਲ, ਰਾਏ ਧਰਮ ਦਰ ਦੁਰਕਾਈਆ । ਚਿਤਰ ਗੁਪਤ ਲੇਖ ਨਾ ਸਕੇ ਵਖਾਲ, ਲਾੜੀ ਮੌਤ ਨੈਣ ਸ਼ਰਮਾਈਆ । ਜਨ ਭਗਤਾਂ ਉਤੇ ਹੋਏ ਆਪ ਦਿਆਲ, ਦੀਨਨ ਆਪਣੀ ਦਇਆ ਕਮਾਈਆ । ਘਰ ਵਿਚ ਘਰ ਵਖਾਏ ਸੱਚੀ ਧਰਮਸਾਲ, ਬੰਦ ਕਵਾੜੀ ਕੁੰਡਾ ਲਾਹੀਆ । ਦੀਪਕ ਦੀਆ ਇਕੋ ਬਾਲ, ਜੋਤੀ ਜੋਤ ਕਰੇ ਰੁਸ਼ਨਾਈਆ । ਅਨਹਦ ਵੱਜੇ ਅਗੰਮੀ ਤਾਲ, ਤਾਲ ਤਲਵਾੜਾ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਾਂ ਦੇਵੇ ਇਕੋ ਮੰਤਰ, ਜਗਤ ਬੁਝਾਏ ਲੱਗੀ ਬਸੰਤਰ, ਅਗਨੀ ਤੱਤ ਨਾ ਕੋਇ ਵਖਾਇੰਦਾ । ਅਗਨੀ ਤੱਤ ਨਾ ਕੋਇ ਸੰਤਾਪ, ਸੰਸਾ ਰੋਗ ਨਾ ਕੋਇ ਜਣਾਇੰਦਾ । ਜਨਮ ਕਰਮ ਦਾ ਲੱਥੇ ਪਾਪ, ਪਤਤ ਪੁਨੀਤ ਆਪ ਕਰਾਇੰਦਾ । ਸਰਬ ਜੀਆਂ ਦਾ ਇਕੋ ਜਾਪ, ਸੋਹੰ ਢੋਲਾ ਆਪ ਸੁਣਾਇੰਦਾ । ਆਤਮ ਪਰਮਾਤਮ ਦੇ ਸਾਥ, ਬ੍ਰਹਮ ਪਾਰਬ੍ਰਹਮ ਮੇਲ ਮਿਲਾਇੰਦਾ । ਭਗਤ ਭਗਵਾਨ ਦੀ ਇਕੋ ਗਾਥ, ਸਿਫ਼ਤ ਸਾਲਾਹੀ ਰੰਗ ਚੜ੍ਹਾਇੰਦਾ । ਕਰੇ ਖੇਲ ਪੁਰਖ ਸਮਰਥ, ਸਮਰਥ ਆਪਣਾ ਭੇਵ ਖੁਲ੍ਹਾਇੰਦਾ । ਲਹਿਣਾ ਦੇਣਾ ਹੱਥੋ ਹੱਥ, ਜਗਤ ਉਧਾਰ ਨਾ ਕੋਇ ਕਰਾਇੰਦਾ । ਜਿਸ ਜਨ ਪਾਏ ਨਾਮ ਅਗੰਮੀ ਨੱਥ, ਪੰਚ ਵਿਕਾਰਾ ਬੰਨ੍ਹ ਵਖਾਇੰਦਾ । ਮਨਮਤ ਦੁਆਰੇ ਮੂਰਖ ਰਿਹਾ ਨੱਠ, ਦਹਿ ਦਿਸ਼ਾ ਉਠ ਉਠ ਧਾਇੰਦਾ । ਜੋ ਸਤਿਗੁਰ ਚਰਨ ਦੁਆਰੇ ਜਾਏ ਢੱਠ, ਆਪਣਾ ਮਾਣ ਮਿਟਾਇੰਦਾ । ਤਿਸ ਮਾਰਗ ਦੇਵੇ ਦੱਸ, ਭੁੱਲਿਆਂ ਰਾਹੇ ਪਾਇੰਦਾ । ਜਨਮ ਜਨਮ ਦੀ ਪੂਰੀ ਕਰੇ ਆਸ, ਤ੍ਰਿਸ਼ਨਾ ਭੁੱਖ ਗਵਾਇੰਦਾ । ਵੇਖਣਹਾਰਾ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਖੋਜ ਖੁਜਾਇੰਦਾ । ਭਗਤ ਭਗਵਾਨ ਦੀ ਸੱਚੀ ਸ਼ਾਖ਼, ਜੁਗ ਚੌਕੜੀ ਰਾਹ ਜਣਾਇੰਦਾ । ਜਿਉਂ ਭਾਵੇ ਤਿਉਂ ਲਏ ਰਾਖ, ਸਦ ਭਾਣੇ ਵਿਚ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਹਰਿਜਨ ਆਪਣੇ ਰੰਗ ਵਖਾਇੰਦਾ । ਰੰਗ ਵੇਖ ਹਰਿ ਕਰਤਾਰ, ਕਰਤਾ ਪੁਰਖ ਆਪ ਜਣਾਈਆ । ਜਿਸ ਜਨ ਵਿਸਰਿਆ ਨਿਰੰਕਾਰ, ਤਿਸ ਮਿਲੇ ਨਾ ਕੋਇ ਥਾਈਂਆ । ਕਲਜੁਗ ਅੰਤ ਗੁਰ ਅਵਤਾਰ ਪੀਰ ਪੈਗ਼ੰਬਰ ਗਏ ਹਾਰ, ਆਪਣਾ ਬਲ ਗਵਾਈਆ । ਸਾਰੇ ਬੈਠੇ ਪ੍ਰਭ ਚਰਨ ਦੁਆਰ, ਨਿਉਂ ਨਿਉਂ ਸਯਦਾ ਸੀਸ ਝੁਕਾਈਆ । ਨੇਤਰ ਰੋਵਣ ਜ਼ਾਰੋ ਜ਼ਾਰ, ਸਾਡੀ ਚਲੀ ਨਾ ਕੋਈ ਵਡਿਆਈਆ । ਪੜ੍ਹ ਪੜ੍ਹ ਥੱਕੇ ਜੀਵ ਗਵਾਰ, ਹਿਰਦੇ ਹਰਿ ਨਾ ਕੋਇ ਵਸਾਈਆ । ਖਾਣੀ ਬਾਣੀ ਕਰੇ ਪੁਕਾਰ, ਉਚੀ ਕੂਕ ਕੂਕ ਅਲਾਈਆ । ਅੰਜੀਲ ਕੁਰਾਨ ਧਾਹਾਂ ਰਹੀ ਮਾਰ, ਧੀਰਜ ਧੀਰ ਨਾ ਕੋਇ ਰਖਾਈਆ । ਮੁਲਾਂ ਸ਼ੇਖ਼ ਕਰਨ ਵਿਭਚਾਰ, ਸਚ ਰਸੂਲ ਨਾ ਕੋਇ ਮਨਾਈਆ । ਸੀਸ ਝੁਕੇ ਨਾ ਪਰਵਰਦਿਗਾਰ, ਸੱਯਦਾ ਹੱਕ ਨਾ ਕੋਇ ਕਰਾਈਆ । ਮੁਕਾਮੇ ਹੱਕ ਨਾ ਕੋਇ

ਪਿਆਰ, ਪਰਵਰਦਿਗਾਰ ਨਾ ਕੋਇ ਮਿਲਾਈਆ । ਅੱਲਾ ਰਾਣੀ ਨੇਤਰ ਰੋਵੇ ਜ਼ਾਰੋ ਜ਼ਾਰ, ਕੱਜਲ ਧਾਰ ਨਾ ਕੋਇ ਵਖਾਈਆ । ਖੁਲ੍ਹੀ ਮੀਂਢੀ ਨਾ ਕੋਇ ਸ਼ਿੰਗਾਰ, ਸੀਸ ਪੱਟੀ ਨਾ ਕੋਇ ਗੁੰਦਾਈਆ । ਚੌਦਾਂ ਤਬਕਾਂ ਵੇਖੇ ਵਾਰੋ ਵਾਰ, ਸਾਚਾ ਸਬਕ ਨਾ ਕੋਇ ਸੁਣਾਈਆ । ਖ਼ਾਲਕ ਖ਼ਲਕ ਕਰੀ ਖ਼ਵਾਰ, ਮਖ਼ਲੂਕ ਮੇਲ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਹੁਕਮ ਰਿਹਾ ਮਨਾਈਆ । ਆਲਮੀਨ ਮਾਰਨ ਧਾਹ, ਕੂਕ ਕੂਕ ਸੁਣਾਇਆ । ਮੁਹੰਮਦ ਨਾਤਾ ਗਿਆ ਤੁੜਾ, ਸਗਲਾ ਸੰਗ ਨਾ ਕੋਇ ਨਿਭਾਇਆ । ਅੱਲਾ ਰਾਣੀ ਰਹੀ ਸ਼ਰਮਾ, ਮੁਖ ਘੁੰਘਟ ਏਕਾ ਪਾਇਆ । ਈਸਾ ਮੂਸਾ ਬੈਠੇ ਮੁਖ ਭਵਾ, ਕਰਵਟ ਸਕੇ ਨਾ ਕੋਇ ਬਦਲਾਇਆ । ਦੋਏ ਜੋੜ ਕਰਨ ਦੁਆ, ਪਰਵਰਦਿਗਾਰ ਤੇਰੀ ਓਟ ਤਕਾਇਆ । ਪਰਗਟ ਹੋ ਸੱਚੇ ਸ਼ਹਿਨਸ਼ਾਹ ਸ਼ਾਹ ਪਾਤਸ਼ਾਹ, ਤੁਧ ਬਿਨ ਹੋਏ ਨਾ ਕੋਇ ਸਹਾਇਆ । ਰਹਿਬਰ ਬਣ ਇਕ ਖ਼ੁਦਾ, ਖ਼ੁਦੀ ਸਭ ਦੀ ਦੇ ਮਿਟਾਇਆ । ਅਮਾਮ ਅਮਾਮਾਂ ਵਡ ਫੇਰਾ ਪਾ, ਦਰਦੀ ਦਰਦੀਆਂ ਦਰਦ ਵੰਡਾਇਆ । ਤੇਰਾ ਜਲਵਾ ਨੂਰ ਅਲਾ, ਬੇਨਜ਼ੀਰ ਤੇਰਾ ਲੇਖ ਨਾ ਕਿਸੇ ਲਿਖਾਇਆ । ਸਦੀ ਚੌਧਵੀਂ ਬਣ ਮਲਾਹ, ਬੇੜਾ ਤੇਰੇ ਹੱਥ ਫੜਾਇਆ । ਪੀਰ ਪੈਗ਼ੰਬਰ ਮੰਗਣ ਇਕ ਪਨਾਹ, ਪੁਨਹਿ ਪੁਨਹਿ ਸੀਸ ਝੁਕਾਇਆ । ਉਮਤ ਭਰੀ ਸਰਬ ਗੁਨਾਹ, ਚਾਰ ਯਾਰੀ ਰੰਗ ਨਾ ਕੋਇ ਵਖਾਇਆ । ਅੰਤਮ ਗੁਲ ਹੋਣੀ ਸ਼ਮਾ, ਨੂਰ ਨੂਰ ਨਾ ਕੋਇ ਧਰਾਇਆ । ਘਰ ਘਰ ਹੋਈ ਝੂਠੀ ਤਮਾ, ਚੌਦਾਂ ਤਬਕ ਰਹੇ ਡਰਾਇਆ । ਬਿਨ ਤੇਰੇ ਭਗਤਾਂ ਸਭ ਨੂੰ ਹੋਏ ਗ਼ਮਾ, ਖ਼ੁਸ਼ਹਾਲ ਕੋਇ ਨਜ਼ਰ ਨਾ ਆਇਆ । ਨੇਤਰ ਰੋਵਣ ਛੰਮ ਛੰਮਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਇਆ । ਸਾਚੀ ਕਰਨੀ ਪਰਵਰਦਿਗਾਰ, ਸ਼ਾਹ ਪਾਤਸ਼ਾਹ ਆਪ ਕਰਾਈਆ । ਮੁਰੀਦ ਮੁਰਸ਼ਦ ਲਏ ਉਠਾਲ, ਨਾਦ ਅਨਾਦ ਇਕ ਸੁਣਾਈਆ । ਹਰਿਜਨ ਤੇਰਾ ਨਾ ਹੋਏ ਜ਼ਵਾਲ, ਜ਼ੇਰ ਜ਼ਬਰ ਲੇਖ ਮੁਕਾਈਆ । ਵੇਖਣ ਆਇਆ ਮੁਰੀਦਾਂ ਹਾਲ, ਮੁਰਸ਼ਦ ਆਪਣਾ ਫੇਰਾ ਪਾਈਆ । ਲੱਖ ਚੁਰਾਸੀ ਕਾਇਆ ਮਾਟੀ ਵੇਖੇ ਖਾਲ, ਖ਼ਾਲਕ ਆਪਣਾ ਪਰਦਾ ਲਾਹੀਆ । ਨਿਰਗੁਣ ਸਰਗੁਣ ਬਣ ਦਲਾਲ, ਜਗਤ ਦਲਾਲੀ ਇਕ ਕਮਾਈਆ । ਹਕੀਕਤ ਵੇਖੇ ਹੱਕ ਹਲਾਲ, ਲਾਸ਼ਰੀਕ ਵੇਸ ਵਟਾਈਆ । ਹਰਿਜਨ ਵਿਚੋਂ ਲੱਭੇ ਲਾਲ, ਲਾਲ ਆਪਣੇ ਰੰਗ ਰੰਗਾਈਆ । ਜਿਸ ਜਨ ਉਪਰ ਹੋਏ ਦਿਆਲ, ਦਇਆਵਾਨ ਦਇਆ ਕਮਾਈਆ । ਏਥੇ ਓਥੇ ਕਰੇ ਪ੍ਰਿਤਪਾਲ, ਬਣ ਸੇਵਕ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭੁੱਲੇ ਰੁੱਲੇ ਆਪਣੀ ਝੋਲੀ ਪਾਈਆ ।

### ❇ ੧੭ ਮਾਘ ੨੦੧੯ ਬਿਕਰਮੀ ਬਲਦੇਵ ਸਿੰਘ ਦੇ ਗ੍ਰਿਹ ਹਰੀ ਪੁਰ ❇

ਸਚਖੰਡ ਹਰਿ ਖੇਲ ਮਹਾਨ, ਤਖ਼ਤ ਨਿਵਾਸੀ ਹਰਿ ਕਰਾਇੰਦਾ । ਭੂਪਤ ਭੂਪ ਰਾਜ ਰਾਜਾਨ, ਸ਼ਹਿਨਸ਼ਾਹ ਆਪਣਾ ਰੰਗ ਰੰਗਾਇੰਦਾ । ਜੋਧਾ ਸੂਰਬੀਰ ਬਲੀ ਬਲਵਾਨ, ਬਲ ਆਪਣਾ ਆਪ ਪਰਗਟਾਇੰਦਾ । ਸਚ ਸੰਦੇਸਾ ਹੁਕਮਰਾਨ, ਧੁਰ ਫ਼ਰਮਾਣਾ ਆਪ ਜਣਾਇੰਦਾ । ਜੁਗ ਚੌਕੜੀ ਵੇਖਣਹਾਰਾ ਮਾਰ ਧਿਆਨ, ਬ੍ਰਹਿਮੰਡ ਖੰਡ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਇੰਦਾ । ਸਾਚਾ



੫੦੪
੧੩

ਹੁਕਮ ਸ੍ਰੀ ਭਗਵਾਨ, ਏਕਾ ਏਕ ਜਣਾਈਆ । ਤਖ਼ਤ ਨਿਵਾਸੀ ਨੌਜਵਾਨ, ਰਾਜਨ ਰਾਜ ਵਡ ਵਡਿਆਈਆ । ਜੁਗ ਜੁਗ ਖੇਲ ਮਹਾਨ, ਕਰਨੀ ਕਰਤਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਪਾਰਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਹਰਿ ਪੁਰਖ ਨਿਰੰਜਣ ਹੋ ਉਜਿਆਰਾ, ਏਕੰਕਾਰਾ ਰੰਗ ਚੜ੍ਹਾਇੰਦਾ । ਆਦਿ ਨਿਰੰਜਣ ਨੂਰ ਉਜਿਆਰਾ, ਨੂਰੋ ਨੂਰ ਡਗਮਗਾਇੰਦਾ । ਅਬਿਨਾਸ਼ੀ ਕਰਤਾ ਖੋਲ੍ਹ ਕਵਾੜਾ, ਸਚਖੰਡ ਸਾਚੇ ਸੋਭਾ ਪਾਇੰਦਾ । ਸ੍ਰੀ ਭਗਵਾਨ ਸਚ ਹੁਲਾਰਾ, ਸਤਿ ਸਤਿਵਾਦੀ ਆਪ ਜਣਾਇੰਦਾ । ਪਾਰਬ੍ਰਹਮ ਪ੍ਰਭ ਕਰੇ ਨਿਮਸਕਾਰਾ, ਨਿਉਂ ਨਿਉਂ ਆਪਣਾ ਸੀਸ ਝੁਕਾਇੰਦਾ । ਵੇਖੇ ਵਿਗਸੇ ਵੇਖਣਹਾਰਾ, ਦੂਜਾ ਸੰਗ ਨਾ ਕੋਇ ਰਲਾਇੰਦਾ । ਇਕ ਇਕੱਲਾ ਹੋ ਤਿਆਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਵਰਦਿਗਾਰ ਆਪਣੀ ਧਾਰ ਚਲਾਇੰਦਾ । ਪਰਵਰਦਿਗਾਰ ਇਕ ਇਕੱਲਾ, ਅਕਲ ਕਲਾ ਅਖਵਾਈਆ । ਵਸਣਹਾਰਾ ਸਚ ਮਹੱਲਾ, ਹੱਕ ਮੁਕਾਮੇ ਡੇਰਾ ਲਾਈਆ । ਨੂਰ ਧਰ ਬਿਸਮਲ ਬਿਸਮਿਲਾ, ਰੰਗ ਨਜ਼ਰ ਕੋਇ ਨਾ ਆਈਆ । ਸਚ ਸੰਦੇਸ ਨਰ ਨਰੇਸ਼ ਏਕਾ ਘੱਲਾ, ਕਲਮਾ ਕਲਮਾ ਨਬੀ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਅਗੰਮ ਅਥਾਹ, ਅਲੱਖ ਅਗੋਚਰ ਖੇਲ ਕਰਾਇੰਦਾ । ਸਾਚਾ ਭੂਪ ਬਣ ਸ਼ਹਿਨਸ਼ਾਹ, ਸਾਚੇ ਤਖ਼ਤ ਸੋਭਾ ਪਾਇੰਦਾ । ਸਚ ਸੰਦੇਸਾ ਦਏ ਸੁਣਾ, ਜੁਗ ਚੌਕੜੀ ਵੇਖ ਵਖਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਲਏ ਜਗਾ, ਸੋਇਆ ਕੋਇ ਰਹਿਣ ਨਾ ਪਾਇੰਦਾ । ਦੂਰ ਦੁਰਾਡੇ ਨੇਰਨ ਨੇਰਾ ਦਰ ਘਰ ਸਾਚੇ ਲਏ ਬੁਲਾ, ਘਰ ਇਕੋ ਇਕ ਵਖਾਇੰਦਾ । ਗੁਰ ਅਵਤਾਰ ਪਏ ਸਰਨਾ, ਦੋਏ ਜੋੜ ਚਰਨ ਸੀਸ ਸਰਬ ਝੁਕਾਇੰਦਾ । ਪੀਰ ਪੈਗ਼ੰਬਰ ਮੰਗਣ ਦੁਆ, ਨਿਉਂ ਨਿਉਂ ਸਯਦਾ ਸਰਬ ਕਰਾਇੰਦਾ । ਕਰੇ ਖੇਲ ਇਕ ਖ਼ੁਦਾ, ਗ਼ਫ਼ਲਤ ਸਭ ਦੀ ਆਪ ਮਿਟਾਇੰਦਾ । ਨਿਰਗੁਣ ਨਿਰਗੁਣ ਵੇਖ ਵਖਾ, ਰੂਪ ਰੰਗ ਨਾ ਕੋਇ ਜਣਾਇੰਦਾ । ਨੂਰੀ ਜਲਵਾ ਨੂਰ ਧਰਾ, ਨੂਰ ਨੁਰਾਨਾ ਡਗਮਗਾਇੰਦਾ । ਥਿਰ ਘਰ ਕੁੰਡਾ ਆਪੇ ਲਾਹ, ਸਾਚਾ ਮੰਦਰ ਆਪ ਵਖਾਇੰਦਾ । ਸੂਰਜ ਚੰਦ ਨਾ ਕੋਇ ਰੁਸ਼ਨਾ, ਛੱਪਰ ਛੰਨ ਨਾ ਕੋਇ ਛੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰ ਪੀਰ ਪੈਗ਼ੰਬਰ ਚਰਨ ਦੁਆਰ ਸਾਰੇ ਸੱਦ, ਦੋ ਜਹਾਨ ਮੁਕਾਏ ਹੱਦ, ਹਦੂਦ ਆਪਣੀ ਇਕ ਵਖਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸਚ ਸੰਦੇਸਾ, ਸਤਿ ਸਤਿਵਾਦੀ ਇਕ ਸੁਣਾਈਆ । ਸ਼ਾਹੋ ਭੂਪ ਹਰਿ ਨਰ ਨਰੇਸ਼ਾ, ਨਰ ਨਰਾਇਣ ਵੱਡੀ ਵਡਿਆਈਆ । ਲੋਕ ਪਰਲੋਕ ਦੋ ਜਹਾਨ ਸ੍ਰੀ ਭਗਵਾਨ ਬਿਨ ਨੇਤਰ ਪੇਖਾ, ਰੂਪ ਰੰਗ ਨਾ ਕੋਇ ਰਖਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਜੁਗ ਜੁਗ ਧਾਰਨਹਾਰਾ ਭੇਖਾ, ਤੱਤਵ ਤੱਤ ਖੇਲ ਰਚਾਈਆ । ਲੱਖ ਚੁਰਾਸੀ ਬਣ ਬਣ ਨੇਤਾ, ਹੁਕਮੀ ਹੁਕਮ ਆਪ ਭੁਆਈਆ । ਵਿਸ਼ਨ ਬ੍ਰਹਮਾ ਸ਼ਿਵ ਕਰਨਹਾਰਾ ਹੇਤਾ, ਸਚ ਸਮੱਗਰੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰ ਏਕੰਕਾਰ, ਗੁਰ ਅਵਤਾਰ ਲਏ ਬੁਲਾਈਆ । ਗੁਰ ਅਵਤਾਰ ਸੱਦੇ ਚਰਨ, ਸਰਨ ਮਿਲੇ ਵਡਿਆਈਆ । ਹਰਿ ਕਰਤਾ ਪੁਰਖ ਕਰਨੀ ਕਰਨ, ਦੂਜਾ ਨਜ਼ਰ ਕੋਇ ਨਾ ਆਈਆ । ਲੇਖਾ ਜਾਣੇ ਜਨਮ ਮਰਨ, ਮਰਨ ਜਨਮ ਆਪਣੇ ਹੱਥ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਖੋਲ੍ਹ ਦਰਵਾਜਾ, ਕਰੇ ਖੇਲ ਗ਼ਰੀਬ ਨਿਵਾਜ਼ਾ, ਗ਼ਰੀਬ ਨਿਵਾਜ਼ੇ ਹੋ ਗ਼ਰੀਬ ਨਿਵਾਜ਼ਾ, ਹੋ ਦਿਆਲ ਆਪਣੀ ਦਇਆ ਕਮਾਈਆ ।

ਗੁਰ ਅਵਤਾਰ ਸੱਦੇ ਲਾਲ, ਬਾਲੇ ਆਪਣੇ ਰੰਗ ਰੰਗਾਇੰਦਾ । ਪੀਰ ਪੈਗ਼ੰਬਰ ਵੇਖੇ ਹੱਕ ਹਲਾਲ, ਹਕੀਕਤ ਸਭ ਦੀ ਖੋਜ ਖੁਜਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੁਗ ਚੌਕੜੀ ਕਰਦਾ ਰਿਹਾ ਬੇਹਾਲ, ਬਿਹਬਲ ਆਪਣਾ ਭੇਵ ਨਾ ਕਿਸੇ ਜਣਾਇੰਦਾ । ਸ਼ਬਦ ਅਗੰਮ ਬਿਨ ਦਮਾਂ ਦਮ ਬਣਦਾ ਰਿਹਾ ਦਲਾਲ, ਸਚ ਦਲਾਲੀ ਇਕ ਰਖਾਇੰਦਾ । ਪੰਜ ਤੱਤ ਕਾਇਆ ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁੱਧ ਖਾਏ ਕਾਲ, ਮਹਾਂਕਾਲ ਆਪਣਾ ਹੁਕਮ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਖੋਲ੍ਹ ਦੁਆਰ, ਕਰੇ ਖੇਲ ਆਪ ਕਰਤਾਰ, ਆਪਣੀ ਕਰਨੀ ਆਪ ਸਮਝਾਇੰਦਾ । ਗੁਰ ਅਵਤਾਰ ਕਰ ਇਕੱਠ, ਏਕਾ ਏਕ ਜਣਾਈਆ । ਪੀਰ ਪੈਗ਼ੰਬਰ ਕੋਇ ਨਾ ਚਲੇ ਵਸ, ਬੇਵਸ ਦੇਣ ਦੁਹਾਈਆ । ਪਰਵਰਦਿਗਾਰ ਰਿਹਾ ਦੱਸ, ਲਾਸ਼ਰੀਕ ਰਿਹਾ ਸਮਝਾਈਆ । ਚੌਦਾਂ ਲੋਕ ਚੌਦਾਂ ਤਬਕ ਵੇਖੋ ਨੱਸ ਨੱਸ, ਬਣ ਪਾਂਧੀ ਪੰਧ ਮੁਕਾਈਆ । ਖਾਣੀ ਬਾਣੀ ਅੰਜੀਲ ਕੁਰਾਨੀ ਵੇਦ ਪੁਰਾਣੀ ਕੋਈ ਨਾ ਦਿਸੇ ਹਠ, ਤੀਰਥ ਤਟ ਨਾ ਕੋਇ ਵਡਿਆਈਆ । ਸ਼ਿਵਦੁਆਲਾ ਮੰਦਰ ਮਸਜਿਦ ਗੁਰੂਦੁਆਰ ਰਸਨਾ ਜਿਹਵਾ ਬੱਤੀ ਦੰਦ ਰਹੇ ਰਟ, ਆਤਮ ਪਰਮਾਤਮ ਪਰਮਾਤਮ ਆਤਮ ਮੇਲ ਨਾ ਕੋਇ ਮਿਲਾਈਆ । ਬਣ ਨੱਟੂਆ ਨੱਟੂਆ ਰਿਹਾ ਨੱਚ, ਸਵਾਂਗੀ ਆਪਣਾ ਸਵਾਂਗ ਵਖਾਈਆ । ਗੁਰ ਕਾ ਸ਼ਬਦ ਬੋਧ ਅਗਾਧ ਮਹਿਮਾ ਗਾਏ ਨਾ ਕੋਈ ਅਕੱਥ, ਅਨਹਦ ਨਾਦ ਨਾ ਕੋਇ ਸੁਣਾਈਆ । ਅੰਮ੍ਰਿਤ ਆਤਮ ਸਰੋਵਰ ਨੁਹਾਏ ਨਾ ਕੋਈ ਸਾਚੇ ਤੱਟ, ਅਠਸਠ ਫਿਰ ਫਿਰ ਥੱਕੀ ਸਰਬ ਲੋਕਾਈਆ । ਨਿਰਮਲ ਜੋਤ ਨਾ ਕਰੇ ਕੋਈ ਪਰਕਾਸ਼, ਅਗਿਆਨ ਅੰਧੇਰ ਨਾ ਕੋਇ ਚੁਕਾਈਆ । ਪਾਰਬ੍ਰਹਮ ਬ੍ਰਹਮ ਦੇਵੇ ਨਾ ਕੋਇ ਸਾਥ, ਈਸ਼ ਜੀਵ ਨਾ ਕੋਇ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਰਿਹਾ ਸਮਝਾਈਆ । ਪੀਰ ਪੈਗ਼ੰਬਰ ਵੇਖੋ ਖੋਲ੍ਹ ਅੱਖ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਨੌਂ ਖੰਡ ਪ੍ਰਿਥਮੀ ਸੱਤ ਦੀਪ ਕੂੜੀ ਕਿਰਿਆ ਉਡਦੇ ਕੱਖ, ਸਚ ਸੁੱਚ ਨਜ਼ਰ ਕੋਇ ਨਾ ਆਇੰਦਾ । ਅੰਤਰ ਆਤਮ ਸਤਿਗੁਰ ਨਜ਼ਰ ਨਾ ਆਏ ਪਰਤੱਖ, ਭੇਵ ਅਭੇਦ ਨਾ ਕੋਇ ਖੁਲ੍ਹਾਇੰਦਾ । ਜਗਤ ਤ੍ਰਿਸ਼ਨਾ ਹਉਮੇ ਹੰਗਤਾ ਦੀਨ ਮਜ਼੍ਹਬ ਰਿਹਾ ਨੱਠ, ਆਸਾ ਤ੍ਰਿਸ਼ਨਾ ਨਾ ਕੋਇ ਮਿਟਾਇੰਦਾ । ਯਾਰੜਾ ਸੱਥਰ ਕੋਈ ਨਾ ਬਹੇ ਘੱਤ, ਮੁਰੀਦ ਮੁਰਸ਼ਦ ਮੁਰਸ਼ਦ ਮੁਰੀਦ ਆਪਣਾ ਰੰਗ ਨਾ ਕੋਇ ਰੰਗਾਇੰਦਾ । ਸਾਚਾ ਬੀਜ ਨਾ ਬੀਜੇ ਨਾਮ ਵਤ, ਪਤ ਡਾਲੀ ਫੁਲ ਫਲਵਾੜੀ ਨਾ ਕੋਇ ਮਹਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰਾਂ ਆਪ ਜਗਾਇੰਦਾ । ਗੁਰ ਅਵਤਾਰ ਜਾਓ ਜਾਗ, ਸੋ ਪੁਰਖ ਨਿਰੰਜਣ ਆਪ ਜਗਾਈਆ । ਕਲਜੁਗ ਅੰਤਮ ਲੱਖ ਚੁਰਾਸੀ ਜੀਵ ਜੰਤ ਹੋਇਆ ਕਾਗ, ਹੰਸ ਰੂਪ ਨਾ ਕੋਇ ਵਟਾਈਆ । ਸੁਰਤੀ ਸ਼ਬਦ ਨਾ ਕੋਇ ਵੈਰਾਗ, ਵੈਰਾਗੀ ਵੈਰਾਗ ਨਾ ਕੋਇ ਕਮਾਈਆ । ਤ੍ਰੈਗੁਣ ਮਾਇਆ ਲੱਗੀ ਆਗ, ਪੰਜ ਤੱਤ ਕਰੇ ਲੜਾਈਆ । ਨਰ ਨਰਾਇਣ ਕੰਤ ਕੰਤੂਹਲ ਸਾਹਿਬ ਸੁਲਤਾਨ ਕਿਸੇ ਨਾ ਮਿਲੇ ਕੰਤ ਸੁਹਾਗ, ਸੇਜ ਸੁਹੰਜਣੀ ਨਾ ਕੋਇ ਵਡਿਆਈਆ । ਕੂੜੀ ਕਿਰਿਆ ਦੁਰਮਤ ਮੈਲ ਲੱਗਾ ਦਾਗ਼, ਅੰਮ੍ਰਿਤ ਰਸ ਮੁਖ ਨਾ ਕੋਇ ਚੁਆਈਆ । ਅੰਦਰ ਬਾਹਰ ਗੁਪਤ ਜ਼ਾਹਰ ਗੁਰ ਪੀਰ ਅਵਤਾਰ ਕੋਈ ਨਾ ਪਕੜੇ ਵਾਗ, ਅੰਤ ਹੋਏ ਨਾ ਕੋਇ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰ ਅਵਤਾਰਾਂ ਰਿਹਾ ਵਖਾਈਆ । ਗੁਰ ਅਵਤਾਰ ਮਾਰਨ ਝਾਕੀ, ਲੋਕਮਾਤ ਵੇਖ ਵਖਾਈਆ । ਕਿਸੇ ਨਾ ਖੁਲ੍ਹੀ ਬੰਦ ਤਾਕੀ, ਬਜਰ ਕਪਾਟ ਨਾ ਕੋਇ ਤੁੜਾਈਆ ।

੫੦੬
੧੩

ਜੂਠ ਝੂਠ ਵਿਕੇ ਹਾਟੀ, ਸਾਚਾ ਵਣਜ ਨਾ ਕੋਇ ਜਣਾਈਆ । ਕਲਜੁਗ ਰੈਣ ਅੰਧੇਰੀ ਰਾਤੀ, ਸਤਿਗੁਰ ਚੰਦ ਨਾ ਕੋਇ ਚੜ੍ਹਾਈਆ । ਦਿਵਸ ਰੈਣ ਅੱਠੇ ਪਹਿਰ ਕੋਈ ਨਾ ਪੁੱਛੇ ਵਾਤੀ, ਸਮਰਥ ਮੇਲ ਨਾ ਕੋਇ ਮਿਲਾਈਆ । ਜੀਵ ਜੰਤ ਸਾਧ ਸੰਤ ਰਸਨਾ ਜਿਹਵਾ ਪੜ੍ਹ ਪੜ੍ਹ ਥੱਕੇ ਗਾਥੀ, ਗਾ ਗਾ ਆਪਣਾ ਵਕਤ ਲੰਘਾਈਆ । ਗ੍ਰਿਹਿ ਮੰਦਰ ਨਜ਼ਰੀ ਆਈ ਸਚ ਪਰਭਾਤੀ, ਪ੍ਰਭ ਆਪਣਾ ਸੋਹਲਾ ਦਏ ਸੁਣਾਈਆ । ਅੰਤਮ ਸਭ ਦੀ ਔਝੜ ਵਾਟੀ, ਸਾਚਾ ਪੰਧ ਨਾ ਕੋਇ ਮੁਕਾਈਆ । ਲਹਿਣਾ ਦੇਣਾ ਲੱਖ ਚੁਰਾਸੀ ਚੁੱਕੇ ਨਾ ਫਾਸੀ, ਜਮ ਕਾ ਡੰਡ ਨਾ ਕੋਇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰਾਂ ਰਿਹਾ ਜਣਾਈਆ । ਗੁਰ ਅਵਤਾਰ ਵੇਖਣ ਉਠ, ਨੇਤਰ ਨੈਣ ਉਘਾੜਿਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਕਲਜੁਗ ਜੀਵ ਗਏ ਰੁੱਠ, ਗੁਰ ਕਾ ਸ਼ਬਦ ਨਾ ਕਿਸੇ ਵਿਚਾਰਿਆ । ਘਰ ਨਾ ਆਏ ਅਬਿਨਾਸ਼ੀ ਅਚੁਤ, ਚੇਤਨ ਰੂਪ ਨਾ ਕੋਇ ਵਖਾ ਰਿਹਾ । ਨਾਤਾ ਜੁੜਿਆ ਪੰਜ ਤੱਤ ਕਾਇਆ ਬੁੱਤ, ਆਤਮ ਪਰਮਾਤਮ ਮੇਲ ਨਾ ਕੋਈ ਮਿਲਾ ਰਿਹਾ । ਇਕ ਦੂਜੇ ਨੂੰ ਰਹੇ ਪੁੱਛ, ਹਰਿ ਜੂ ਹੁਕਮੇ ਕਿਸ ਚਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸਾ ਇਕ ਜਣਾ ਰਿਹਾ । ਗੁਰ ਅਵਤਾਰ ਪੀਰ ਪੈਗ਼ੰਬਰ ਦੋਏ ਜੋੜ, ਪ੍ਰਭ ਅੱਗੇ ਪਏ ਸਰਨਾਈਆ । ਸਾਹਿਬ ਸੁਲਤਾਨ ਸਚ ਸੁਆਮੀ ਆਦਿ ਜੁਗਾਦਿ ਤੇਰੀ ਲੋੜ, ਤੁਧ ਬਿਨ ਚਲੇ ਨਾ ਕੋਈ ਚਤੁਰਾਈਆ । ਸ਼ਬਦ ਅਗੰਮੀ ਚੜ੍ਹ ਕੇ ਘੋੜ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਖੋਜ ਖੁਜਾਈਆ । ਹਉਂ ਬਾਲੇ ਨਿੱਕੇ ਤੇਰੇ ਛੋਹਰ, ਤੇਰਾ ਅੰਤ ਕਹਿਣ ਨਾ ਪਾਈਆ । ਸਦਾ ਹੱਥ ਤੇਰੇ ਡੋਰ, ਜਿਉਂ ਭਾਵੇ ਲੈ ਚਲਾਈਆ । ਕਲਜੁਗ ਅੰਤਮ ਤੇਰੀ ਲੋੜ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਦਏ ਦੁਹਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਆਪੇ ਜਾਏ ਬੌਹੜ, ਨਿਰਗੁਣ ਨਿਰਗੁਣ ਆਪਣਾ ਫੇਰਾ ਪਾਈਆ । ਲੱਖ ਚੁਰਾਸੀ ਵੇਖੇ ਰੀਠਾ ਮਿੱਠਾ ਕੌੜ, ਕੂੜੀ ਕਿਰਿਆ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਗੁਰ ਅਵਤਾਰ ਪੀਰ ਪੈਗ਼ੰਬਰ ਵੇਖਣਹਾਰਾ ਤੇਰਾ ਸਵੰਬਰ, ਤੇਰੀ ਰਚਨਾ ਤੇਰੇ ਵਿਚ ਸਮਾਈਆ । ਪੀਰ ਪੈਗ਼ੰਬਰ ਕਰਨ ਸਯਦਾ, ਨਿਉਂ ਨਿਉਂ ਸੀਸ ਝੁਕਾਈਆ । ਸਾਰੇ ਕਹਿਣ ਹਉਂ ਤੇਰਾ ਬਰਦਾ, ਬਰੀਖ਼ਾਨਾ ਨਜ਼ਰ ਕੋਈ ਨਾ ਆਈਆ । ਲੱਖ ਚੁਰਾਸੀ ਅੰਦਰ ਤੂੰ ਸਾਹਿਬ ਵੜਦਾ, ਦਰ ਦਰ ਅਲੱਖ ਜਗਾਈਆ । ਵਿਸ਼ਨ ਬ੍ਰਹਮਾ ਸ਼ਿਵ ਤੈਥੋਂ ਡਰਦਾ, ਤੇਰੀ ਸੇਵ ਕਮਾਈਆ । ਦੋ ਜਹਾਨ ਤੇਰੇ ਅੱਗੇ ਕੋਈ ਨਾ ਅੜਦਾ, ਚੌਦਾਂ ਤਬਕ ਸਲਾਮਾ ਅਲੈਕਮ ਰਹੇ ਬੁਲਾਈਆ । ਆਪੇ ਭੰਨੇ ਆਪ ਘੜਦਾ, ਘੜਨ ਭੰਨਣਹਾਰ ਤੇਰੇ ਹੱਥ ਵਡਿਆਈਆ । ਜਿਉਂ ਭਾਵੇ ਤਿਉਂ ਜੁਗ ਜੁਗ ਕਰਦਾ, ਜੁਗ ਕਰਤਾ ਇਕ ਰਘੁਰਾਈਆ । ਸਾਚੇ ਤਖ਼ਤ ਸੱਚਖੰਡ ਦੁਆਰੇ ਆਪੇ ਚੜ੍ਹਦਾ, ਦੂਜਾ ਸੰਗ ਨਾ ਕੋਈ ਰਖਾਈਆ । ਸ਼ਬਦ ਅਗੰਮੀ ਹੋ ਹੋ ਲੜਦਾ, ਤਿਖੀ ਧਾਰ ਇਕ ਚਲਾਈਆ । ਕਰੇ ਖੇਲ ਨਰਾਇਣ ਨਰ ਦਾ, ਨਾਰੀ ਪੁਰਖ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਸੀਸ ਝੁਕਾਈਆ । ਦਰ ਤੇਰੇ ਸੀਸ ਜਾਏ ਝੁਕ, ਬੇਪਰਵਾਹ ਮਿਹਰਵਾਨ ਮਿਹਰਵਾਨਾ । ਨੌਂ ਸੌ ਚੁਰਾਨਵੇਂ ਚੌਕੜੀ ਜਾਣਾ ਲੁਕ, ਸਚਖੰਡ ਵਸੇਂ ਸਚ ਮਕਾਨਾ । ਕਲਜੁਗ ਅੰਤਮ ਨਿਰਗੁਣ ਹੋ ਕੇ ਬੁੱਕ, ਮਹਾਂਬੀਰ ਵਡ ਬਲਵਾਨਾ । ਗੁਰ ਅਵਤਾਰ ਤੇਰੀ ਬੈਠੇ ਰਹੇ ਕੁੱਖ, ਤੇਰੀ ਸਿਫ਼ਤੀ ਸਿਫ਼ਤ ਸਲਾਹਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ


੫੦੭
੧੩

ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰਾ ਇਕ ਸੁਹਾਨਾ । ਦਰ ਤੇਰਾ ਇਕ ਸੁਹੰਜਣਾ, ਸੋਭਾਵੰਤ ਅਨਡਿਠ । ਦੀਨਾਂ ਨਾਥ ਦਰਦ ਦੁੱਖ ਭੈ
ਭੰਜਨਾ, ਆਦਿ ਜੁਗਾਦੀ ਬਣਿਆ ਮਿਤ । ਨੈਣ ਵਿਹੂਣਾ ਦਰਦ ਦੁੱਖ ਭੈ ਭੰਜਨਾ, ਕਰਨਾ ਸਾਹਿਬ ਸਾਚਾ ਹਿੱਤ । ਚਰਨ ਧੂੜ ਕਰੌਣਾ ਮਜਨਾ,
ਆਪ ਕਰਵਟ ਬਦਲ ਵਖਾਈਂ ਨਾ ਪਿੱਠ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਲੱਖ ਚੁਰਾਸੀ ਲੈਣੀ
ਜਿੱਤ । ਪੁਰਖ ਅਬਿਨਾਸ਼ੀ ਸਾਹਿਬ ਸਮਰਥ, ਇਕੋ ਇਕ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖੋ ਨੱਠ ਨੱਠ, ਦੋ ਜਹਾਨਾਂ ਵਾਲੀ ਆਪਣਾ
ਪੰਧ ਮੁਕਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਮਾਰਗ ਰਿਹਾ ਦੱਸ, ਇਕੋ ਇਕ ਸ਼ਬਦ ਸ਼ਨਵਾਈਆ । ਅੰਤਮ ਸਭ ਦੀ ਕਰੇ ਬਸ, ਬਸਤਾ
ਸਭ ਦਾ ਬੰਨ੍ਹ ਵਖਾਈਆ । ਡੋਰੀ ਰੱਖੇ ਆਪਣੇ ਹੱਥ, ਲਹਿਣਾ ਦੇਣਾ ਪਿਛਲਾ ਰਿਹਾ ਚੁਕਾਈਆ । ਸ੍ਰਿਸ਼ਟ ਸਬਾਈ ਪਾਏ ਨੱਥ, ਨਿਰਗੁਣ ਦਾਤਾ
ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦਏ ਜਣਾਈਆ । ਸਾਚਾ ਲੇਖਾ ਦੱਸੇ ਮੀਤ, ਮਿੱਤਰ ਪਿਆਰਾ
ਆਪ ਜਣਾਇੰਦਾ । ਚਾਰ ਵਰਨ ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਚੁੱਕੇ ਰੀਤ, ਰੀਤੀਵਾਨ ਆਪ ਸਮਝਾਇੰਦਾ । ਪਾਰਬ੍ਰਹਮ ਪੁਰਖ ਪੁਰਖੋਤਮ ਇਕ
ਅਤੀਤ, ਤ੍ਰੈਗੁਣ ਆਪਣਾ ਰੰਗ ਰੰਗਾਇੰਦਾ । ਸਚਖੰਡ ਨਿਵਾਸੀ ਹਰਿ ਕਮਲਾਪਾਤ ਵਸਣਹਾਰਾ ਧਾਮ ਅਨਡੀਠ, ਠਾਂਡਾ ਦਰ ਆਪ ਇਕ ਵਡਿਆਇੰਦਾ ।
ਆਤਮ ਪਰਮਾਤਮ ਆਦਿ ਜੁਗਾਦੀ ਸਾਚਾ ਮੀਤ, ਸੋ ਪੁਰਖ ਨਿਰੰਜਣ ਹੰ ਬ੍ਰਹਮ ਆਪ ਜਣਾਇੰਦਾ । ਲੇਖਾ ਜਾਣੇ ਹਸਤ ਕੀਟ, ਊਚ ਨੀਚ ਰਾਓ
ਰੰਕ ਰਾਜ ਰਾਜਾਨ ਏਕਾ ਘਰ ਬਹਾਇੰਦਾ । ਸਦਾ ਸੁਹੇਲਾ ਇਕ ਇਕੇਲਾ ਵਸਣਹਾਰਾ ਚੀਤ, ਚੇਤਨ ਆਪਣੀ ਧਾਰ ਜਣਾਇੰਦਾ । ਕਾਇਆ ਅੰਦਰ
ਵਖਾਏ ਮੰਦਰ ਮਸੀਤ, ਸ਼ਿਵਦੁਆਲੇ ਮੱਠ ਗੋਪੀ ਕਾਹਨ ਨਾਚ ਨਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ
ਮਿਹਰਵਾਨ ਹਰਿ ਨਜ਼ਰ ਇਕ ਉਠਾਇੰਦਾ । ਮਿਹਰਵਾਨ ਹਰਿ ਸੱਚਾ ਦਾਤਾ, ਆਪਣੀ ਦਇਆ ਕਮਾਈਆ । ਆਦਿ ਜੁਗਾਦੀ ਇਕ ਗਿਆਤਾ,
ਨਿਸ਼ਅੱਖਰ ਕਰੇ ਪੜ੍ਹਾਈਆ । ਸ੍ਰਿਸ਼ਟ ਸਬਾਈ ਪਿਤਾ ਮਾਤਾ, ਲੱਖ ਚੁਰਾਸੀ ਗੋਦ ਬਹਾਈਆ । ਪਾਰਬ੍ਰਹਮ ਬ੍ਰਹਮ ਬੰਨ੍ਹੇ ਨਾਤਾ, ਈਸ਼ ਜੀਵ ਗੰਢ
ਪੁਆਈਆ । ਏਥੇ ਓਥੇ ਦੋ ਜਹਾਨ ਹੋਵੇ ਰਾਖਾ, ਸਮਰਥ ਪੁਰਖ ਵੱਡੀ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਮਿਲ ਕੇ ਪੜ੍ਹੋ ਇਕੋ
ਗਾਥਾ, ਸੋ ਪੁਰਖ ਨਿਰੰਜਣ ਰਿਹਾ ਪੜ੍ਹਾਈਆ । ਨਿਰਗੁਣ ਰੂਪ ਸਤਿ ਸਰੂਪ ਹੋਏ ਸਹਾਈ ਨਾਥ ਅਨਾਥਾ, ਭਗਤ ਭਗਵੰਤ ਮੇਲ ਮਿਲਾਈਆ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਲੇਖਾ ਇਕ ਜਣਾਈਆ । ਪੀਰ ਪੈਗ਼ੰਬਰ ਗੁਰ ਅਵਤਾਰ
ਵੇਖੋ ਜਗ, ਜਗ ਜੀਵਣ ਦਾਤਾ ਆਪ ਵਖਾਇੰਦਾ । ਲੱਖ ਚੁਰਾਸੀ ਬੂੰਦ ਰਕਤ, ਹੱਡ ਮਾਸ ਨਾੜੀ ਬੰਧਨ ਪਾਇੰਦਾ । ਕਲਜੁਗ ਅੰਤਮ ਆਇਆ
ਵਕਤ, ਵਕਤ ਦੁਹੇਲਾ ਆਪ ਚੁਕਾਇੰਦਾ । ਆਦਿ ਜੁਗਾਦੀ ਇਕੋ ਸ਼ਕਤ, ਸ਼ਕਤ ਸਭ ਨੂੰ ਆਪ ਦਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ
ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸਾ ਨਰ ਨਰੇਸ਼ਾ, ਨਰ ਨਰਾਇਣ ਇਕੋ ਇਕ ਜਣਾਇੰਦਾ । ਸਚ ਸੰਦੇਸ਼ਾ ਸੁਣੋ ਮੀਤ,
ਹਰਿ ਸਤਿਗੁਰ ਆਪ ਜਣਾਈਆ । ਸੱਚਖੰਡ ਦੁਆਰੇ ਇਕੋ ਗੀਤ, ਥਿਰ ਘਰ ਵੱਜੇ ਨਾਮ ਵਧਾਈਆ । ਮਾਤਲੋਕ ਦੀ ਪਿਛਲੀ ਰੀਤ, ਚਾਰ
ਜੁਗ ਦੀ ਕਰਨੀ ਰਿਹਾ ਮਿਟਾਈਆ । ਕਰੇ ਖੇਲ ਸ੍ਰਿਸ਼ਟ ਸਬਾਈ ਜੀਤ, ਜਿਤ ਹਾਰ ਨਾ ਕਿਸੇ ਜਣਾਈਆ । ਨਿਰਗੁਣ ਨਿਰਗੁਣ ਸਚ ਪ੍ਰੀਤ, ਪ੍ਰੀਤੀਵਾਨ

੫੦੮
੧੩

ਇਕ ਵਖਾਈਆ । ਸਦੀ ਚੌਧਵੀਂ ਰਹੀ ਬੀਤ, ਬੀਤੀ ਕਹਾਣੀ ਨਾ ਕੋਈ ਵਡਿਆਈਆ । ਗੋਬਿੰਦ ਰੱਖੀ ਇਕ ਉਡੀਕ, ਨੇਤਰ ਨੈਣ ਧਿਆਨ ਲਗਾਈਆ । ਵੇਦ ਵਿਆਸਾ ਲਿਖ ਗਿਆ ਠੀਕ, ਪੂਤ ਸਪੂਤਾ ਬ੍ਰਹਿਮਣ ਗੌੜਾ, ਆਵੇ ਚਾਈਂ ਚਾਈਂਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਪਰਖੇ ਨੀਤ, ਉਚੇ ਟਿੱਲੇ ਪਰਬਤ ਸਮੁੰਦ ਸਾਗਰ ਡੂੰਘੀ ਗਾਗਰ ਫੋਲ ਫੁਲਾਈਆ । ਲੇਖਾ ਜਾਣੇ ਹਸਤ ਕੀਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰ ਅਵਤਾਰਾਂ ਆਪਣਾ ਹੁਕਮ ਮਨਾਈਆ । ਸਾਚਾ ਹੁਕਮ ਮੰਨਣਾ ਜੱਗ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਕਲਜੁਗ ਅੰਤਮ ਲੱਗੇ ਅੱਗ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਕਲਜੁਗ ਜੀਵ ਹੋਏ ਕੱਗ, ਸਿਰ ਹੱਥ ਨਾ ਕੋਈ ਟਿਕਾਇੰਦਾ । ਗੁਰਮੁਖ ਵਿਰਲਾ ਜਾਏ ਬਚ, ਜਿਸ ਆਪਣੀ ਦਇਆ ਕਮਾਇੰਦਾ । ਜਿਸ ਹਿਰਦੇ ਜਾਏ ਵਸ, ਸੋ ਸਚ ਮੇਲ ਮਿਲਾਇੰਦਾ । ਸ੍ਰੀ ਭਗਵਾਨ ਦੀਨ ਦਿਆਲ ਪੁਰਖ ਅਕਾਲ ਲੂੰ ਲੂੰ ਅੰਦਰ ਜਾਏ ਰਚ, ਰਚਨਾ ਆਪਣੀ ਆਪ ਜਣਾਇੰਦਾ । ਵੇਖਣਹਾਰਾ ਪੰਜ ਤੱਤ ਕਾਇਆ ਮਾਟੀ ਕੱਚ, ਕਾਚੀ ਗਗਰੀਆ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਜੁਗ ਲੇਖਾ ਆਪ ਮੁਕਾਇੰਦਾ । ਜੁਗ ਚੌਕੜੀ ਚੁੱਕੇ ਲੇਖਾ, ਸ਼ੱਕ ਵਿਚ ਨਾ ਕੋਈ ਲਿਆਈਆ । ਅਛਲ ਅਛੱਲ ਪਾਵਣਹਾਰਾ ਭਰਮ ਭੁਲੇਖਾ, ਭੌ ਭੈ ਸਭ ਨੂੰ ਰਿਹਾ ਜਣਾਈਆ । ਵਸਣਹਾਰਾ ਸਚਖੰਡ ਸਾਚੇ ਦੇਸਾ, ਘਟ ਘਟ ਘਰ ਘਰ ਅੰਦਰ ਡੇਰਾ ਲਾਈਆ । ਮੁੱਛ ਦਾੜ੍ਹੀ ਨਾ ਕੋਈ ਕੇਸਾ, ਮੂੰਡ ਮੁੰਡਾਏ ਨਾ ਕੋਈ ਵਖਾਈਆ । ਨਾ ਮੈਂ ਜਾਣਾ ਬਾਸਕ ਸੇਜਾ, ਦੋ ਸਹੰਸਰ ਜਿਹਵਾ ਰਿਹਾ ਹਿਲਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰਨ ਆਦੇਸਾ, ਕਰੋੜ ਤੇਤੀਸਾ ਸੁਰਪਤ ਇੰਦ ਸਿਰ ਝੁਕਾਈਆ । ਜੁਗ ਚੌਕੜੀ ਨਿਰਗੁਣ ਸਰਗੁਣ ਕਰੇ ਆਪਣਾ ਪੇਸ਼ਾ, ਪੇਸ਼ਵਾ ਇਕੋ ਨਜ਼ਰੀ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਧਾਰ ਧਾਰ ਵਿਚੋਂ ਉਪਾਏ ਰੇਖਾ, ਰੇਖਾ ਸਭ ਦੀ ਅੰਤ ਮਿਟਾਈਆ । ਦੇਵਣਹਾਰ ਸ਼ਬਦ ਅਗੰਮ ਬੋਧ ਅਗਾਧ ਸੰਦੇਸਾ, ਅੱਖਰ ਅੱਖਰ ਵੱਖਰ ਵੱਖਰ ਕਰੇ ਮਾਤ ਪੜ੍ਹਾਈਆ । ਸਦਾ ਸਦਾ ਪ੍ਰਭ ਰਹੇ ਹਮੇਸ਼ਾ, ਜੁਗ ਜੁਗ ਆਪਣਾ ਰੰਗ ਰੰਗਾਈਆ । ਪੀਰ ਪੈਗ਼ੰਬਰ ਵੇਖਣਹਾਰਾ ਮੁਲਾਂ ਸ਼ੇਖ਼ਾ, ਮੁਸਾਇਕ ਆਪਣਾ ਰਾਹ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਵਸਣਹਾਰਾ ਸਾਚੇ ਘਰ, ਗ੍ਰਿਹ ਮੰਦਰ ਸੋਭਾ ਪਾਈਆ । ਗ੍ਰਿਹ ਮੰਦਰ ਵਸੇ ਸਚਖੰਡ, ਚਾਰ ਦੀਵਾਰ ਨਾ ਕੋਇ ਜਣਾਇੰਦਾ । ਨਿਹਕਰਮੀ ਪਰਕਾਸ਼ ਸੂਰਜ ਚੰਦ, ਨੂਰ ਜ਼ਹੂਰ ਆਪ ਜਣਾਇੰਦਾ । ਜੁਗ ਚੌਕੜੀ ਵੰਡੇ ਵੰਡ, ਗੁਰ ਸ਼ਬਦੀ ਸੇਵਾ ਲਾਇੰਦਾ । ਆਪੇ ਦੱਸੇ ਸਦਾ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਇੰਦਾ । ਕਲਜੁਗ ਅੰਤਮ ਕਰੇ ਖੇਲ ਸੂਰਾ ਸਰਬੰਗ, ਸ਼ਹਿਨਸ਼ਾਹ ਆਪਣਾ ਹੁਕਮ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰ ਅਵਤਾਰ ਪੀਰ ਪੈਗ਼ੰਬਰ ਦਰ ਦੁਆਰ ਹਰਿ ਨਿਰੰਕਾਰ ਏਕਾ ਘਰ ਆਪ ਮੰਗਾਇੰਦਾ । ਏਕਾ ਘਰ ਇਕ ਦਰਵਾਜਾ, ਇਕੋ ਇਕ ਜਣਾਈਆ । ਏਕਾ ਭੂਪ ਏਕਾ ਰਾਜਾ, ਇਕੋ ਏਕ ਸ਼ਹਿਨਸ਼ਾਹੀਆ । ਇਕੋ ਤਾਰ ਸਤਾਰ ਇਕ ਵਜਾਵਣਹਾਰਾ ਵਾਜਾ, ਇਕੋ ਰਾਗ ਅਲਾਈਆ । ਇਕੋ ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਫਿਰੇ ਭਾਜਾ, ਔਂਦਾ ਜਾਂਦਾ ਨਜ਼ਰ ਕਿਸੇ ਨਾ ਆਈਆ । ਇਕੋ ਦੇਵਣਹਾਰਾ ਦਾਜਾ, ਨਾਮ ਨਿਧਾਨ ਸ੍ਰੀ ਭਗਵਾਨ ਵਸਤ ਅਮੋਲਕ ਕਾਇਆ ਗੋਲਕ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਝੋਲੀ ਆਪ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ

ਅੰਤਮ ਵਰ, ਸਚ ਸੁਨੇਹੜਾ ਇਕੋ ਇਕ ਘਲਾਈਆ । ਸਚ ਸੁਨੇਹੜਾ ਦੇਵੇ ਘੱਲ, ਬਿਨ ਅੱਖਰ ਆਪ ਪੜ੍ਹਾਇੰਦਾ । ਨਗਰ ਵੇਖਣਾ ਅਬਚਲ, ਆਪ ਆਪਣਾ ਦਰ ਖੁਲ੍ਹਾਇੰਦਾ । ਜੁਗ ਵਿਛੜੇ ਜਾਣਾ ਰਲ, ਜਗਤ ਵਿਛੋੜਾ ਪੰਧ ਕਟਾਇੰਦਾ । ਨਿਰਗੁਣ ਮੇਲ ਨਿਰਗੁਣ ਬਲ, ਸਰਗੁਣ ਸੰਗ ਨਾ ਕੋਇ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੁਆਰ ਹਰਿ ਨਿਰੰਕਾਰ ਦਰਗਾਹ ਸਾਚੀ ਆਪ ਸੁਹਾਇੰਦਾ । ਦਰਗਾਹ ਸਾਚੀ ਸਚ ਅਮਾਮ, ਆਪਣਾ ਖੇਲ ਕਰਾਈਆ । ਬਦਲਣਹਾਰਾ ਅੰਤ ਨਜ਼ਾਮ, ਧੁਰ ਫ਼ਰਮਾਣਾ ਦਏ ਸੁਣਾਈਆ । ਪੀਰ ਪੈਗ਼ੰਬਰ ਬਰਦੇ ਕਰੇ ਗ਼ੁਲਾਮ, ਗ਼ਫ਼ਲਤ ਸਭ ਦੀ ਦਏ ਮਿਟਾਈਆ । ਲੇਖਾ ਜਾਣ ਦੋ ਜਹਾਨ, ਦੋਏ ਦੋਏ ਆਪਣਾ ਰੰਗ ਵਖਾਈਆ । ਕਲਮਾ ਨਬੀ ਇਕ ਪੈਗ਼ਾਮ, ਪੀਰ ਪੈਗ਼ੰਬਰ ਦਏ ਸੁਣਾਈਆ । ਨਜ਼ਰੀ ਆਏ ਇਕੋ ਰਾਮ, ਬੇਨਜ਼ੀਰ ਰੂਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਸਾਚੇ ਖੜ, ਜੁਗ ਵਿਛੜੇ ਲਏ ਫੜ, ਫੜ ਡੋਰੀ ਨਾਮ ਬੰਧਾਈਆ । ਡੋਰੀ ਨਾਮ ਪਾਏ ਬੰਧ, ਬੰਧਨ ਇਕ ਜਣਾਇੰਦਾ । ਭਗਤ ਭਗਵੰਤ ਇਕ ਅਨੰਦ, ਅਨੰਦ ਅਨੰਦ ਵਿਚ ਸਮਾਇੰਦਾ । ਗੀਤ ਸੁਹਾਗੀ ਸੁਣਾਏ ਛੰਦ, ਸੋਹੰ ਢੋਲਾ ਇਕ ਪੜ੍ਹਾਇੰਦਾ । ਜਗਤ ਵਿਕਾਰਾ ਕਰੇ ਖੰਡ ਖੰਡ, ਖੰਡਾ ਖੜਗ ਨਾਮ ਚਮਕਾਇੰਦਾ । ਸੁਰਤ ਸਵਾਣੀ ਨਾ ਹੋਏ ਰੰਡ, ਹਰਿ ਸ਼ਬਦੀ ਕੰਤ ਮਿਲਾਇੰਦਾ । ਨਿਰਗੁਣ ਜੋਤ ਚੜ੍ਹੇ ਚੰਦ, ਸਚ ਪਰਕਾਸ਼ ਆਪ ਵਖਾਇੰਦਾ । ਕੂੜੀ ਕਿਰਿਆ ਮੁੱਕੇ ਗੰਦ, ਅੰਮ੍ਰਿਤ ਰਸ ਇਕ ਚੁਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਜਿਸ ਜਨ ਵਖਾਏ ਆਪਣਾ ਘਰ, ਕੂੜੀ ਕਿਰਿਆ ਡੇਰਾ ਢਾਹਿੰਦਾ । ਕੂੜੀ ਕਿਰਿਆ ਟੁੱਟੇ ਨਾਤਾ, ਮਾਇਆ ਮਮਤਾ ਰਹਿਣ ਨਾ ਪਾਈਆ । ਆਤਮ ਪਰਮਾਤਮ ਦੇਵੇ ਸਾਥਾ, ਸਗਲਾ ਸੰਗ ਨਿਭਾਈਆ । ਸ਼ਬਦ ਅਗੰਮੀ ਸੁਣਾਏ ਗਾਥਾ, ਸੋਹੰ ਅੱਖਰ ਇਕ ਪੜ੍ਹਾਈਆ । ਪੂਰਬ ਜਨਮ ਦਾ ਪੂਰਾ ਕਰੇ ਘਾਟਾ, ਲਹਿਣਾ ਸਭ ਦਾ ਰਿਹਾ ਮੁਕਾਈਆ । ਆਤਮ ਸੇਜਾ ਸੁਹਾਏ ਸਾਚੀ ਖਾਟਾ, ਸੇਜ ਸੁਹੰਜਣੀ ਦਏ ਵਡਿਆਈਆ । ਅੰਮ੍ਰਿਤ ਜਾਮ ਪਿਆਏ ਬਾਟਾ, ਨਿਝਰ ਝਿਰਨਾ ਇਕ ਝਿਰਾਈਆ । ਸਤਿਗੁਰ ਪੂਰਾ ਸਦਾ ਸਦਾ ਸਦ ਦੇਵੇ ਸਾਥਾ, ਵਿਛੜ ਕਦੇ ਨਾ ਜਾਈਆ । ਜੋਤੀ ਤਿਲਕ ਲਲਾਟ ਵਖਾਏ ਮਾਥਾ, ਮਸਤਕ ਧੂੜੀ ਇਕੋ ਲਾਈਆ । ਅਗਲਾ ਪੰਧ ਮੁੱਕੇ ਵਾਟਾ, ਲੱਖ ਚੁਰਾਸੀ ਨਾ ਕੋਇ ਭੁਆਈਆ । ਮੇਲ ਮਿਲਾਏ ਜੋਤ ਮੇਂ ਜਾਤਾ, ਜੋਤੀ ਜੋਤ ਜੋਤ ਸਮਾਈਆ । ਵੇਲੇ ਅੰਤ ਸ੍ਰੀ ਭਗਵੰਤ ਘਰ ਘਰ ਜਾ ਜਾ ਪੁੱਛੇ ਵਾਤਾਂ, ਜਨ ਭਗਤਾਂ ਆਪ ਜਗਾਈਆ । ਜਿਨ੍ਹਾਂ ਜੁੜਿਆ ਸੱਚਾ ਨਾਤਾ, ਨਿਜ ਨੇਤਰ ਦਏ ਖੁਲ੍ਹਾਈਆ । ਘਰ ਵਿਚ ਘਰ ਵਖਾਏ ਖੁਲ੍ਹਾ ਹਾਤਾ, ਹਰਿ ਮੰਦਰ ਇਕ ਸਮਝਾਈਆ । ਸੌਂਦਿਆਂ ਜਾਗਦਿਆਂ ਬਹਿੰਦਿਆਂ ਉਠਦਿਆਂ ਸੁਣਾਏ ਆਪਣਾ ਸਾਕਾ, ਸਾਖੀ ਇਕੋ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਭਗਤ ਭਗਵੰਤ ਆਪਣੇ ਰੰਗ ਰੰਗਾਈਆ । ਭਗਤ ਭਗਵੰਤ ਚਾੜ੍ਹੇ ਰੰਗ, ਰੰਗ ਰੰਗੀਲਾ ਇਕ ਅਖਵਾਈਆ । ਅਨਹਦ ਨਾਦ ਵਜਾਏ ਮਰਦੰਗ, ਛੱਤੀ ਰਾਗ ਨੈਣ ਸ਼ਰਮਾਈਆ । ਅੰਮ੍ਰਿਤ ਆਤਮ ਦੇਵੇ ਰਸ, ਜਗਤ ਰਸ ਫਿਕੇ ਨੇੜ ਨਾ ਆਈਆ । ਭਗਵਾਨ ਭਗਤਾਂ ਹੋਏ ਵਸ, ਵਸ ਭਗਤਾਂ ਆਪ ਕਰਾਈਆ । ਇਕ ਦੂਜੇ ਨੂੰ ਮਿਲ ਕੇ ਪੈਣ ਹੱਸ, ਕਾਇਆ ਮੰਦਰ ਅੰਦਰ ਵੱਜੇ ਵਧਾਈਆ । ਤੂੰ ਮੇਰਾ ਮੈਂ ਤੇਰਾ ਤੇਰਾ ਮੇਰਾ ਇਕੋ ਜਸ, ਸੋਹੰ ਢੋਲਾ ਜੈ ਜੈਕਾਰ ਸੁਣਾਈਆ । ਨਾਤਾ ਵੇਖਣ ਤੱਤ ਅੱਠ, ਮਨ

ਮਤ ਬੁੱਧ ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਗੰਢਣ ਜਗਤ ਪੁਆਈਆ । ਅੰਤਮ ਖੇੜਾ ਹੋਏ ਭੱਠ, ਥਿਰ ਕੋਇ ਰਹਿਣ ਨਾ ਪਾਈਆ । ਜਿਸ ਜਨ ਮਿਲਿਆ ਮੇਲ ਪੁਰਖ ਸਮਰਥ, ਸੋ ਜਨ ਸਚਖੰਡ ਜਾਏ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਦਾਤਾ ਪੁਰਖ ਬਿਧਾਤਾ ਜਨ ਭਗਤਾਂ ਰੱਖੇ ਉਤਮ ਜ਼ਾਤਾ, ਵਰਨ ਗੋਤ ਜ਼ਾਤ ਪਾਤ ਨਾ ਕੋਇ ਰਖਾਈਆ ।

❇ ੧੭ ਮਾਘ ੨੦੧੯ ਬਿਕਰਮੀ ਨਰੈਣ ਸਿੰਘ ਦੇ ਗ੍ਰਹਿ ਗੁਮਾਨ ਪੁਰਾ ਜ਼ਿਲਾ ਅੰਮ੍ਰਿਤਸਰ ❇

ਸੱਚਖੰਡ ਦੁਆਰੇ ਸਚ ਜੈਕਾਰ, ਜੈ ਜੈਕਾਰ ਇਕ ਕਰਾਇੰਦਾ । ਸਚਖੰਡ ਦੁਆਰੇ ਸਚ ਵਿਹਾਰ, ਬਿਵਹਾਰੀ ਆਪ ਕਰਾਇੰਦਾ । ਸਚਖੰਡ ਦੁਆਰੇ ਸਚ ਪਿਆਰ, ਪੀਆ ਪ੍ਰੀਤਮ ਆਪ ਵਖਾਇੰਦਾ । ਸਚਖੰਡ ਦੁਆਰੇ ਸਚ ਸ਼ਿੰਗਾਰ, ਸਤਿ ਸਤਿਵਾਦੀ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਇੰਦਾ । ਸਚਖੰਡ ਦੁਆਰੇ ਸਾਚਾ ਰੰਗ, ਹਰਿ ਸਾਚਾ ਸਚ ਚੜ੍ਹਾਇੰਦਾ । ਸਚਖੰਡ ਦੁਆਰੇ ਸਚ ਅਨੰਦ, ਹਰਿ ਸਾਚਾ ਸਚ ਵਖਾਇੰਦਾ । ਸਚਖੰਡ ਦੁਆਰੇ ਸਾਚੀ ਮੰਗ, ਹਰਿ ਸਾਚੀ ਭਿਛਿਆ ਝੋਲੀ ਪਾਇੰਦਾ । ਸਚਖੰਡ ਦੁਆਰੇ ਸਾਚਾ ਚੰਦ, ਸ੍ਰੀ ਭਗਵਾਨ ਆਪ ਚੜ੍ਹਾਇੰਦਾ । ਸਚਖੰਡ ਦੁਆਰੇ ਖੇਲ ਸੂਰਾ ਸਰਬੰਗ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਚਖੰਡ ਦੁਆਰੇ ਸਾਚਾ ਚਾ, ਚਾਉ ਘਨੇਰਾ ਇਕ ਵਖਾਈਆ । ਸਚਖੰਡ ਦੁਆਰੇ ਸਾਚਾ ਨਾਂ, ਨਾਉਂ ਨਿਰੰਕਾਰਾ ਇਕ ਦ੍ਰਿੜਾਈਆ । ਸਚਖੰਡ ਦੁਆਰੇ ਪਿਤਾ ਮਾਂ, ਪੁਰਖ ਅਕਾਲ ਬੇਪਰਵਾਹੀਆ । ਸਚਖੰਡ ਦੁਆਰੇ ਸਾਚਾ ਥਾਂ, ਦਰਗਾਹ ਸਾਚੀ ਸੋਭਾ ਪਾਈਆ । ਸਚਖੰਡ ਦੁਆਰੇ ਸਚ ਮਲਾਹ, ਸ੍ਰੀ ਭਗਵਾਨ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਮਾਈਆ । ਸਚਖੰਡ ਦੁਆਰੇ ਸਾਚਾ ਸੰਗ, ਸਗਲਾ ਆਪ ਨਿਭਾਇੰਦਾ । ਸਚਖੰਡ ਦੁਆਰੇ ਸਾਚਾ ਚੰਦ, ਬਿਨ ਚੰਦ ਆਪ ਚਮਕਾਇੰਦਾ । ਸਚਖੰਡ ਦੁਆਰੇ ਸਾਚੀ ਵੰਡ, ਹਰਿ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਵਖਾਇੰਦਾ । ਸਚਖੰਡ ਦੁਆਰੇ ਸਾਚਾ ਮੀਤ, ਹਰਿ ਸੱਜਣ ਵਡ ਵਡਿਆਈਆ । ਸਚਖੰਡ ਦੁਆਰੇ ਸਾਚੀ ਰੀਤ, ਦੋ ਜਹਾਨਾਂ ਵਾਲੀ ਆਪ ਚਲਾਈਆ । ਸਚਖੰਡ ਦੁਆਰੇ ਸਾਚਾ ਗੀਤ, ਸੋ ਪੁਰਖ ਨਿਰੰਜਣ ਆਪ ਸੁਣਾਈਆ । ਸਚਖੰਡ ਦੁਆਰੇ ਖੇਲ ਅਨਡੀਠ, ਬਿਨ ਨੇਤਰ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸਚਖੰਡ ਦੁਆਰੇ ਜੋਧਾ ਸੂਰ, ਵਡ ਬੀਰ ਆਪ ਅਖਵਾਇੰਦਾ । ਸਚਖੰਡ ਦੁਆਰੇ ਸਾਚਾ ਨੂਰ, ਨੂਰ ਨੁਰਾਨਾ ਆਪ ਧਰਾਇੰਦਾ । ਸਚਖੰਡ ਦੁਆਰੇ ਆਸਾ ਪੂਰ, ਪੂਰੀ ਆਸਾ ਆਪ ਕਰਾਇੰਦਾ । ਸਚਖੰਡ ਦੁਆਰੇ ਹਾਜ਼ਰ ਹਜ਼ੂਰ, ਹਜ਼ਰਤ ਆਪਣਾ ਪਰਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਾਰ ਆਪ ਕਮਾਇੰਦਾ । ਸਚਖੰਡ ਦੁਆਰੇ ਸਾਚੀ ਕਾਰ, ਹਰਿ ਕਰਤਾ ਆਪ ਕਮਾਈਆ । ਸਚਖੰਡ ਦੁਆਰੇ ਸਾਚੀ ਧਾਰ, ਜੋਤੀ ਜੋਤ ਜੋਤ ਰੁਸ਼ਨਾਈਆ । ਸਚਖੰਡ ਦੁਆਰੇ ਸਚ ਜੈਕਾਰ, ਸ਼ਬਦ ਅਗੰਮੀ ਇਕ ਸ਼ਨਵਾਈਆ । ਸਚਖੰਡ ਦੁਆਰੇ ਸਚ ਵਿਹਾਰ, ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ । ਸਚਖੰਡ ਦੁਆਰੇ ਸਾਚਾ ਖੇਲ, ਹਰਿ ਕਰਤਾ ਆਪ ਕਰਾਇੰਦਾ । ਸਚਖੰਡ ਦੁਆਰੇ ਸਾਚਾ ਮੇਲ, ਜਨ ਭਗਤਾਂ ਆਪ ਮਿਲਾਇੰਦਾ । ਸਚਖੰਡ ਦੁਆਰੇ ਸੱਜਣ ਸੁਹੇਲ, ਇਕ ਇਕੱਲਾ ਸੋਭਾ ਪਾਇੰਦਾ । ਸਚਖੰਡ ਦੁਆਰੇ ਕਰੇ ਪਰਕਾਸ਼ ਬਿਨ ਬਾਤੀ ਤੇਲ, ਆਦਿ ਨਿਰੰਜਣ ਜੋਤ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਇਕ ਸੁਹਾਇੰਦਾ । ਸਚਖੰਡ ਦੁਆਰਾ ਸੋਭਾਵੰਤ, ਸੋ ਪੁਰਖ ਨਿਰੰਜਣ ਆਪ ਸੁਹਾਈਆ । ਸਚਖੰਡ ਦੁਆਰਾ ਮੇਲ ਮਿਲਾਵਾ ਹਰਿ ਹਰਿ ਕੰਤ, ਕੰਤ ਕੰਤੂਹਲ ਬੇਪਰਵਾਹੀਆ । ਸਚਖੰਡ ਦੁਆਰਾ ਏਕਾ ਮੰਤ, ਮੰਤਰ ਇਕੋ ਨਾਮ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਮਨਾਈਆ । ਸਚਖੰਡ ਦੁਆਰੇ ਸਾਚਾ ਰਾਣਾ, ਸ਼ਹਿਨਸ਼ਾਹ ਇਕੋ ਨਜ਼ਰੀ ਆਇੰਦਾ । ਸਚਖੰਡ ਦੁਆਰੇ ਸਾਚਾ ਭਾਣਾ, ਹਰਿ ਜੂ ਆਪੇ ਮੰਨ ਮੰਨ ਖ਼ੁਸ਼ੀ ਮਨਾਇੰਦਾ । ਸਚਖੰਡ ਦੁਆਰੇ ਸਾਚਾ ਗਾਣਾ, ਗਾ ਗਾ ਆਪਣਾ ਰਾਗ ਅਲਾਇੰਦਾ । ਸਚਖੰਡ ਦੁਆਰੇ ਇਕ ਗਿਆਨਾ, ਅੱਖਰ ਵੱਖਰ ਨਾ ਕੋਇ ਪੜ੍ਹਾਇੰਦਾ । ਸਚਖੰਡ ਦੁਆਰੇ ਇਕ ਟਿਕਾਣਾ, ਦੋ ਜਹਾਨਾਂ ਪਾਰ ਵਖਾਇੰਦਾ । ਸਚਖੰਡ ਦੁਆਰ ਸਾਚਾ ਮਾਣਾ, ਭਗਤ ਭਗਵੰਤ ਆਪ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਵੇਖ ਵਖਾਇੰਦਾ । ਸਚਖੰਡ ਦੁਆਰਾ ਵੇਖਣ ਯੋਗ, ਬੇਪਰਵਾਹ ਬੇਪਰਵਾਹੀਆ । ਸਚਖੰਡ ਦੁਆਰੇ ਸਚ ਸੰਜੋਗ, ਧੁਰਦਰਗਾਹੀ ਆਪ ਕਰਾਈਆ । ਸਚਖੰਡ ਦੁਆਰੇ ਸਾਚੀ ਚੋਗ, ਸੋ ਪੁਰਖ ਨਿਰੰਜਣ ਆਪ ਚੁਗਾਈਆ । ਸਚਖੰਡ ਦੁਆਰੇ ਦਰਸ ਅਮੋਘ, ਨਿਰਗੁਣ ਦਾਤਾ ਆਪਣਾ ਪਰਦਾ ਦਏ ਉਠਾਈਆ । ਸਚਖੰਡ ਦੁਆਰੇ ਸਾਚੇ ਕੋਟ, ਘਰ ਮੰਦਰ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਜਨ ਭਗਤਾਂ ਦਏ ਵਖਾਈਆ । ਸਚਖੰਡ ਦੁਆਰਾ ਭਗਤਨ ਘਰ, ਦੂਸਰ ਨਜ਼ਰ ਕਿਸੇ ਨਾ ਆਇੰਦਾ । ਸਚਖੰਡ ਦੁਆਰ ਏਕਾ ਨਰ, ਨਰ ਨਰਾਇਣ ਆਸਣ ਲਾਇੰਦਾ । ਸਚਖੰਡ ਦੁਆਰ ਗੁਰਮੁਖ ਸੱਜਣ ਜਾਏ ਚੜ੍ਹ, ਦੂਸਰ ਰਾਹ ਨਾ ਕੋਇ ਪਾਇੰਦਾ । ਸਚਖੰਡ ਦੁਆਰ ਸੋ ਪੁਰਖ ਨਿਰੰਜਣ ਦਰਸ ਦਖਾਏ ਖੜ, ਰੂਪ ਅਨੂਪ ਆਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਸਮਝਾਇੰਦਾ । ਸਚਖੰਡ ਦੁਆਰੇ ਖੇਲ ਅਵੱਲਾ, ਹਰਿ ਜੂ ਹਰਿ ਹਰਿ ਆਪ ਕਰਾਈਆ । ਸਚਖੰਡ ਦੁਆਰੇ ਸਚ ਮਹੱਲਾ, ਮਹਿਫ਼ਲ ਆਪਣੇ ਨਾਮ ਲਗਾਈਆ । ਸਚਖੰਡ ਦੁਆਰੇ ਨੂਰੀ ਅੱਲਾ, ਇਕੋ ਨੂਰ ਕਰੇ ਰੁਸ਼ਨਾਈਆ । ਸਚਖੰਡ ਦੁਆਰੇ ਹੋ ਬਿਸਮਿਲਾ, ਆਪਣਾ ਇਸਮ ਨਾ ਕਿਸੇ ਵਖਾਈਆ । ਸਚਖੰਡ ਦੁਆਰੇ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੇਪਰਵਾਹ ਆਪਣਾ ਭੇਵ ਜਣਾਈਆ । ਸਚਖੰਡ ਦੁਆਰ ਮੁਕਾਮੇ ਹੱਕ, ਹਕੀਕਤ ਆਪ ਜਣਾਇੰਦਾ । ਸਚਖੰਡ ਦੁਆਰ ਹੋ ਪਰਤੱਖ, ਪਰਤੱਖ ਰੂਪ ਵਟਾਇੰਦਾ । ਸਚਖੰਡ ਦੁਆਰੇ ਸੰਤ ਸੁਹੇਲੇ ਲਏ ਰੱਖ, ਗੁਰ ਚੇਲੇ ਮੇਲ ਮਿਲਾਇੰਦਾ । ਜੁਗ ਚੌਕੜੀ ਕਰ ਕਰ ਵੱਖ, ਵੱਖਰਾ ਰਾਹ ਵਖਾਇੰਦਾ । ਕਰ ਕਿਰਪਾ ਖੋਲ੍ਹੇ ਤੀਜੀ ਅੱਖ, ਨੇਤਰ ਆਪਣੇ ਰੰਗ ਰੰਗਾਇੰਦਾ । ਕਰਨਹਾਰਾ ਲੱਖੋਂ ਕੱਖ, ਕੱਖੋਂ ਲੱਖ ਆਪ ਬਣਾਇੰਦਾ । ਜਨ ਭਗਤਾਂ ਸਦਾ ਸਦਾ ਕਰਦਾ ਆਇਆ ਪੱਖ, ਲੱਖ ਚੁਰਾਸੀ ਖ਼ਾਕ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਇਕ ਅਲੱਖ, ਇਕੋ ਨਾਅਰਾ ਲਾਇੰਦਾ । ਇਕੋ ਨਾਅਰਾ ਬੋਲੇ ਬੋਲ, ਸਚਖੰਡ ਵੱਜੇ ਵਧਾਈਆ । ਨਿਰਗੁਣ ਤੋਲੇ ਆਪਣਾ ਤੋਲ, ਤੋਲਾ ਬਣੇ ਬੇਪਰਵਾਹੀਆ ।

ਦੋ ਜਹਾਨਾਂ ਪਰਦਾ ਫੋਲ, ਲੱਖ ਚੁਰਾਸੀ ਖੋਜ ਖੁਜਾਈਆ । ਭਗਤ ਭਗਵੰਤ ਏਥੇ ਓਥੇ ਰੱਖੇ ਕੋਲ, ਵਿਛੜ ਕਦੇ ਨਾ ਜਾਈਆ । ਲੋਕਮਾਤ ਸ਼ਬਦ ਸਰੂਪ ਸੁਣਾਏ ਢੋਲ, ਮਰਦੰਗਾ ਆਪਣਾ ਇਕ ਜਣਾਈਆ । ਸਚਖੰਡ ਬੈਠਾ ਰਹੇ ਅਡੋਲ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਅੰਤਰ ਆਤਮ ਜਾਏ ਮੌਲ, ਮੌਲਾ ਆਪਣੀ ਖੇਲ ਕਰਾਈਆ । ਕਲਜੁਗ ਅੰਤਮ ਗੋਬਿੰਦ ਸੰਗ ਕਰ ਕੇ ਗਿਆ ਕੌਲ, ਕੀਤਾ ਕੌਲ ਭੁੱਲ ਨਾ ਜਾਈਆ । ਲੇਖਾ ਜਾਣੇ ਧਰਨੀ ਧਰਤ ਧੌਲ, ਧੌਲਾ ਹੌਲਾ ਭਾਰ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਾਚੇ ਆਪਣਾ ਆਸਣ ਲਾਈਆ । ਸਚਖੰਡ ਸਾਚੇ ਹਰਿ ਕਾ ਆਸਣ, ਦੂਸਰ ਨਜ਼ਰ ਕੋਇ ਨਾ ਆਇੰਦਾ । ਕਰੇ ਖੇਲ ਪੁਰਖ ਅਬਿਨਾਸ਼ਣ, ਅਬਿਨਾਸ਼ੀ ਆਪਣੀ ਕਲ ਵਰਤਾਇੰਦਾ । ਨਿਰਗੁਣ ਸਰਗੁਣ ਦਾਸੀ ਦਾਸਨ, ਬਣ ਸੇਵਕ ਸੇਵ ਕਮਾਇੰਦਾ । ਲੇਖਾ ਜਾਣ ਪ੍ਰਿਥਮੀ ਆਕਾਸ਼ਨ, ਗਗਨ ਮੰਡਲ ਖੋਜ ਖੁਜਾਇੰਦਾ । ਲੋਆਂ ਪੁਰੀਆਂ ਪਾਏ ਰਾਸਨ, ਗੋਪੀ ਕਾਹਨ ਨਾਚ ਨਚਾਇੰਦਾ । ਲੱਖ ਚੁਰਾਸੀ ਲਹਿਣਾ ਦੇਣਾ ਜਾਣੇ ਦਸ ਦਸ ਮਾਸਨ, ਆਤਮ ਪਰਮਾਤਮ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਮਾਇੰਦਾ । ਆਪਣੀ ਕਰਨੀ ਜੁਗੋ ਜੁਗ ਸਚਖੰਡ ਨਿਵਾਸੀ ਆਪ ਕਰਾਈਆ । ਭਗਤ ਭਗਵੰਤ ਲਏ ਚੁਗ, ਦਰ ਦਰ ਘਰ ਘਰ ਫੇਰਾ ਪਾਈਆ । ਪੰਜ ਤੱਤ ਕਾਇਆ ਔਧ ਸਭ ਦੀ ਜਾਏ ਮੁੱਕ, ਥਿਰ ਕੋਇ ਰਹਿਣ ਨਾ ਪਾਈਆ । ਗੁਰਮੁਖ ਗੁਰ ਗੁਰ ਚੁੱਕੇ ਕੁੱਖ, ਗੋਦੀ ਗੋਦ ਲਏ ਸੁਹਾਈਆ । ਉਜਲ ਕਰੇ ਮਾਤ ਮੁਖ, ਜੋਤੀ ਜੋਤ ਜੋਤ ਰੁਸ਼ਨਾਈਆ । ਜਨਮ ਜਨਮ ਦਾ ਮਿਟੇ ਦੁੱਖ, ਲੱਖ ਚੁਰਾਸੀ ਪੰਧ ਕਟਾਈਆ । ਸਚਖੰਡ ਦੁਆਰ ਹਰਿ ਇਕੋ ਸੁੱਖ, ਪੰਚਮ ਮੀਤਾ ਕਰੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚ ਵਡਿਆਈਆ । ਪੰਚਮ ਮੀਤਾ ਹਰਿ ਨਿਰੰਕਾਰਾ, ਨਿਰਗੁਣ ਆਪਣੀ ਦਇਆ ਕਮਾਇੰਦਾ । ਕਲਜੁਗ ਅੰਤਮ ਲੈ ਅਵਤਾਰਾ, ਨਿਰਗੁਣ ਆਪਣਾ ਨਾਉਂ ਪਰਗਟਾਇੰਦਾ । ਜੋਧਾ ਸੂਰਬੀਰ ਕਰੇ ਖੇਲ ਅਪਰ ਅਪਾਰਾ, ਭੇਵ ਅਭੇਵ ਨਾ ਕਿਸੇ ਜਣਾਇੰਦਾ । ਜਨ ਭਗਤਾਂ ਦੇਵੇ ਇਕ ਆਧਾਰਾ, ਚਰਨ ਕਵਲ ਕਵਲ ਚਰਨ ਧਿਆਨ ਜਣਾਇੰਦਾ । ਕਾਗਦ ਕਲਮ ਨਾ ਲਿਖਣਹਾਰਾ, ਲਿਖ ਲਿਖ ਲੇਖ ਨਾ ਕੋਇ ਮੁਕਾਇੰਦਾ । ਖਾਣੀ ਬਾਣੀ ਵਸੇ ਬਾਹਰਾ, ਵੇਦ ਪੁਰਾਨ ਭੇਵ ਨਾ ਕੋਇ ਜਣਾਇੰਦਾ । ਅੰਜੀਲ ਕੁਰਾਨ ਦੇਂਦਾ ਰਿਹਾ ਇਸ਼ਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਚਮ ਆਪਣਾ ਰੰਗ ਰੰਗਾਇੰਦਾ । ਪੰਚਮ ਮੀਤਾ ਪੁਰਖ ਸਮਰਥ, ਸਮਰਥ ਵੱਡੀ ਵਡਿਆਈਆ । ਆਦਿ ਜੁਗਾਦਿ ਮਹਿਮਾ ਅਕੱਥ, ਕਥਨੀ ਕਥ ਨਾ ਸਕੇ ਰਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਵ ਨੌਂ ਚਾਰ ਚਲਾਇਆ ਰਥ, ਬਣ ਰਥਵਾਹੀ ਸੇਵ ਕਮਾਈਆ । ਸੰਤ ਸੁਹੇਲੇ ਭਗਤ ਭਗਵੰਤ ਗ੍ਰਿਹ ਮੰਦਰ ਲਏ ਸੱਦ, ਸੱਦਾ ਇਕੋ ਨਾਮ ਦਿਵਾਈਆ । ਜਗਤ ਵਿਕਾਰਾ ਕਰੇ ਪਾਰ ਹੱਦ, ਕਿਨਾਰਾ ਆਪਣਾ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਪੰਚਮ ਧਾਰਾ, ਤਖ਼ਤ ਨਿਵਾਸੀ ਆਪ ਚਲਾਇੰਦਾ । ਪੰਚ ਪਰਵਾਨ ਕਰੇ ਸਚ ਦਰਬਾਰਾ, ਦਰ ਦਰਵਾਜ਼ਾ ਇਕ ਖੁਲ੍ਹਾਇੰਦਾ । ਪੰਚ ਪਰਧਾਨ ਕਰੇ ਸਚਖੰਡ ਨਿਰੰਕਾਰਾ, ਨਿਰਗੁਣ ਆਪਣਾ ਹੁਕਮ ਮਨਾਇੰਦਾ । ਪੰਚ ਸੋਹਣ ਇਕ ਦੁਆਰਾ, ਗ੍ਰਿਹ ਮੰਦਰ ਸੋਭਾ ਪਾਇੰਦਾ । ਪੰਜਾਂ ਮਿਲੇ ਏਕਾ ਗੁਰ ਅਗੰਮ ਅਪਾਰਾ, ਜਨਮ ਮਰਨ ਵਿਚ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,


੫੧੩
੧੩

ਸਚਖੰਡ ਦੁਆਰੇ ਸਾਚੇ ਖੜ, ਸਾਚਾ ਮਾਰਗ ਆਪੇ ਲਾਇੰਦਾ । ਸਾਚਾ ਮਾਰਗ ਪੰਚਮ ਸੰਗ, ਹਰਿ ਸੰਗੀ ਆਪ ਰਖਾਈਆ । ਸਚਖੰਡ ਦਾ ਸਤਿ ਮਰਦੰਗ, ਪੰਚਮ ਹੱਥ ਫੜਾਈਆ । ਪੰਚਮ ਮੰਗਣ ਏਕਾ ਮੰਗ, ਦੋਏ ਜੋੜ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਸਾਚੀ ਸਿਖਿਆ ਸਾਹਿਬ ਸੁਲਤਾਨ, ਹਰਿ ਸਤਿਗੁਰ ਆਪ ਜਣਾਇੰਦਾ । ਪੰਚਮ ਦੇਵੇ ਇਕ ਗਿਆਨ, ਨਿਸ਼ਅੱਖਰ ਆਪ ਪੜ੍ਹਾਇੰਦਾ । ਸਚ ਭੂਮਿਕਾ ਸਤਿ ਅਸਥਾਨ, ਸਾਚੀ ਵੰਡ ਵੰਡਾਇੰਦਾ । ਸਚ ਨਾਉਂ ਸਚ ਗਿਆਨ, ਸਾਚਾ ਮੰਤਰ ਇਕ ਦ੍ਰਿੜਾਇੰਦਾ । ਸਾਚਾ ਇਸ਼ਟ ਸਚ ਧਿਆਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਖੁਲ੍ਹਾਇੰਦਾ । ਸਾਚਾ ਭੇਵ ਹਰਿ ਜੂ ਖੋਲ੍ਹੇ, ਖ਼ਾਲਕ ਖ਼ਲਕ ਦਏ ਸਮਝਾਈਆ । ਸਚਖੰਡ ਨਿਵਾਸੀ ਨਿਰਗੁਣ ਬੋਲੇ, ਰਸਨਾ ਜਿਹਵਾ ਨਾ ਕੋਇ ਹਲਾਈਆ । ਲੱਖ ਚੁਰਾਸੀ ਲੇਖਾ ਜਾਣੇ ਕਾਇਆ ਚੋਲੇ, ਪੰਜ ਤੱਤ ਫੋਲੇ ਥਾਉਂ ਥਾਈਆ । ਭਗਤ ਭਗਵੰਤ ਉਠਾਏ ਆਪਣੇ ਡੋਲੇ, ਬਣ ਕੁਹਾਰ ਸੇਵ ਕਮਾਈਆ । ਜੀਵਾਂ ਜੰਤਾਂ ਕੋਲੋਂ ਰੱਖੇ ਉਹਲੇ, ਨੇਤਰ ਨਜ਼ਰ ਕਿਸੇ ਨਾ ਆਈਆ । ਸੋਹੰ ਢੋਲਾ ਕਲਜੁਗ ਅੰਤਮ ਜੋ ਜਨ ਬੋਲੇ, ਸਚਖੰਡ ਦੁਆਰੇ ਜਾਏ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਏਕਾ ਵਾਰ ਸੁਣਾਈਆ । ਸਾਚਾ ਹੁਕਮ ਏਕਾ ਵਾਰ, ਏਕੰਕਾਰ ਆਪ ਜਣਾਇਆ । ਪਰਗਟ ਹੋ ਨਿਹਕਲੰਕ ਨਰਾਇਣ ਨਰ ਅਵਤਾਰ, ਪੂਰਬ ਲੇਖਾ ਸਰਬ ਮੁਕਾਇਆ । ਕਲਜੁਗ ਕੂੜੀ ਕਿਰਿਆ ਕਰੇ ਪਾਰ, ਸਾਚਾ ਮਾਰਗ ਇਕ ਜਣਾਇਆ । ਚਾਰ ਵਰਨਾਂ ਦਏ ਆਧਾਰ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਆਪ ਸਮਝਾਇਆ । ਆਤਮ ਪਰਮਾਤਮ ਸਚ ਪਿਆਰ, ਦੂਜਾ ਨਾਤਾ ਨਜ਼ਰ ਕੋਇ ਨਾ ਆਇਆ । ਮਾਤ ਪਿਤ ਭਾਈ ਭੈਣ ਸਾਕ ਸੱਜਣ ਕੂੜੇ ਯਾਰ, ਧੀਆਂ ਪੁੱਤ ਅੰਗ ਨਾ ਕੋਇ ਲਗਾਇਆ । ਮੂਰਖ ਮੁਗਧ ਰੋਵਣ ਜ਼ਾਰੋ ਜ਼ਾਰ, ਹਉਮੇ ਮਮਤਾ ਰੋਗ ਵਧਾਇਆ । ਗੁਰਮੁਖ ਸੱਜਣ ਬੋਲਣ ਸਤਿ ਸਤਿ ਜੈਕਾਰ, ਸਾਚਾ ਢੋਲਾ ਏਕਾ ਗਾਇਆ । ਸਚਖੰਡ ਦੁਆਰੇ ਸਤਿ ਪੁਰਖ ਨਿਰੰਜਣ ਵਾਜਾਂ ਰਿਹਾ ਮਾਰ, ਗੁਰਮੁਖਾਂ ਰਾਹ ਤਕਾਇਆ । ਆਓ ਭਗਤੋ ਮੇਰੇ ਦੁਆਰ, ਤੁਧ ਬਿਨ ਮੇਰਾ ਸੰਗ ਨਾ ਕੋਇ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਵਿਧਾਨ ਇਕ ਬਣਾਇਆ । ਸਚ ਵਿਧਾਨ ਹਰਿ ਬਣਾ, ਆਪਣਾ ਆਪ ਜਣਾਈਆ । ਪਿਛਲਾ ਲਹਿਣਾ ਦਿਤਾ ਮੁਕਾ, ਗੁਰ ਅਵਤਾਰ ਪੀਰ ਪੈਗ਼ੰਬਰ ਦੇਵੇ ਨਾ ਕੋਇ ਗਵਾਹੀਆ । ਫੜ ਫੜ ਸਾਰੇ ਦਰ ਲਏ ਮੰਗਾ, ਸੀਸ ਸਕੇ ਨਾ ਕੋਇ ਉਠਾਈਆ । ਦੋਏ ਜੋੜ ਪਏ ਸਰਨਾ, ਸਰਨਗਤ ਇਕ ਤਕਾਈਆ । ਤੂੰ ਦਾਤਾ ਬੇਪਰਵਾਹ, ਬੇਅੰਤ ਤੇਰੀ ਵਡਿਆਈਆ । ਤੇਰੀ ਮੰਨੀਏ ਇਕ ਰਜ਼ਾ, ਕਜ਼ਾ ਸਭ ਦੇ ਸਿਰ ਤੇ ਛਾਈਆ । ਪੰਜ ਤੱਤ ਕਾਇਆ ਚੋਲਾ ਆਏ ਹੰਢਾ, ਅੰਤਮ ਖ਼ਾਕੀ ਖ਼ਾਕ ਮਿਲਾਈਆ । ਬਿਨ ਤੁਧ ਮਿਲੇ ਨਾ ਕੋਈ ਪਨਾਹ, ਏਥੇ ਓਥੇ ਹੋਏ ਨਾ ਕੋਇ ਸਹਾਈਆ । ਤੂੰ ਸ਼ਹਿਨਸ਼ਾਹ ਸੱਚਾ ਪਾਤਸ਼ਾਹ, ਸਚਖੰਡ ਵਸੇ ਸੱਚਾ ਮਾਹੀਆ । ਕਲਜੁਗ ਅੰਤਮ ਤੇਰਾ ਸਾਚਾ ਤੱਕਿਆ ਰਾਹ, ਦੋ ਜਹਾਨਾਂ ਰਿਹਾ ਵਖਾਈਆ । ਭਗਤ ਭਗਵਾਨ ਲਏ ਜਗਾ, ਜਾਗਰਤ ਜੋਤ ਇਕ ਜਣਾਈਆ । ਭੁੱਲੇ ਭਟਕੇ ਮਾਰਗ ਲਾ, ਸਾਚਾ ਪੰਥ ਇਕ ਵਖਾਈਆ । ਗੁਰੂ ਗ੍ਰੰਥ ਬਣੇ ਗਵਾਹ, ਭਰਮੇ ਭੁੱਲੀ ਸਰਬ ਲੋਕਾਈਆ । ਆਤਮ ਪਰਮਾਤਮ ਵਿਚ ਜਾਏ ਸਮਾ, ਜੋ ਹਰਿਜਨ ਹਰਿ ਹਰਿ ਰਹੇ ਧਿਆਈਆ । ਜਿਨ੍ਹਾਂ ਸੋਹੰ ਢੋਲਾ ਲਿਆ ਗਾ, ਘਰ ਸਾਚੇ ਵੱਜੇ ਵਧਾਈਆ । ਸ੍ਰੀ ਭਗਵਾਨ ਆਪਣੀ ਗੋਦੀ ਲਏ ਉਠਾ, ਜਿਉਂ ਬਾਲਕ ਪਿਤਾ

ਮਾਈਆ । ਚਰਨ ਕਵਲ ਕਵਲ ਚਰਨ ਸਚਖੰਡ ਦੁਆਰੇ ਲਏ ਬਹਾ, ਸਿਰ ਆਪਣਾ ਹੱਥ ਟਿਕਾਈਆ । ਭੈਣ ਭਰਾਵਾਂ ਨਾਲ ਦਏ ਮਿਲਾ, ਭੈਣਾਂ ਭਈਆ ਏਕਾ ਰੰਗ ਰੰਗਾਈਆ । ਸਾਚਾ ਸਈਆ ਬਣ ਖ਼ੁਦਾ, ਖ਼ਾਲਕ ਵੇਖੇ ਥਾਉਂ ਥਾਈਂਆ । ਪੀਰ ਪੈਗ਼ੰਬਰਾਂ ਗੁਰ ਅਵਤਾਰਾਂ ਦਏ ਜਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਰੀਤੀ ਆਪ ਚਲਾਈਆ । ਸਾਚੀ ਰੀਤ ਚਲਾਈ ਮਾਤ, ਹਰਿ ਮਤਾ ਆਪ ਪਕਾਈਆ । ਧੁਰਦਰਗਾਹੀ ਸਾਚੀ ਦਾਤ, ਜਨ ਭਗਤਾਂ ਝੋਲੀ ਪਾਈਆ । ਆਤਮ ਪਰਮਾਤਮ ਬੱਧਾ ਨਾਤ, ਨਾ ਕੋਈ ਤੋੜੇ ਤੋੜ ਤੁੜਾਈਆ । ਹਰਿਜਨ ਏਥੇ ਬਣੀ ਜਮਾਤ, ਅੱਗੇ ਇਕੋ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਵਸੇ ਸਾਥ, ਸਗਲਾ ਸੰਗ ਆਪ ਹੋ ਜਾਈਆ । ਸਗਲਾ ਸੰਗ ਰੱਖੇ ਆਪ, ਆਪਣੀ ਦਇਆ ਕਮਾਇੰਦਾ । ਕੋਟ ਜਨਮ ਉਤਾਰੇ ਪਾਪ, ਪਤਤ ਪਾਪੀ ਆਪ ਤਰਾਇੰਦਾ । ਤਨ ਖ਼ਾਕੀ ਕਰੇ ਪਾਕੀ ਪਾਕ, ਪਾਕ ਰਸੂਲ ਵੇਖ ਵਖਾਇੰਦਾ । ਸਚਖੰਡ ਦੁਆਰ ਖੋਲ੍ਹ ਤਾਕ, ਆਪਣੀ ਹੱਥੀਂ ਕੁੰਡਾ ਲਾਹਿੰਦਾ । ਗੁਰਸਿਖ ਲੰਘਾਏ ਆਪਣੇ ਘਾਟ, ਅੱਧਵਿਚਕਾਰ ਨਾ ਕੋਇ ਰੁੜ੍ਹਾਇੰਦਾ । ਕਹਿਣ ਸੁਣਨ ਦੀ ਨਹੀਂ ਬਾਤ, ਆਪਣੀ ਕਰਨੀ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਆਪ ਜਣਾਇੰਦਾ । ਸਾਚੇ ਭਗਤ ਕਦੇ ਨਾ ਰੋਣਾ, ਰੋਇਆਂ ਹੱਥ ਕਿਛ ਨਾ ਆਈਆ । ਪੁਰਖ ਅਕਾਲ ਦੀ ਗੋਦੀ ਸੌਣਾ, ਜਿਥੇ ਸੁਤਿਆਂ ਨਾ ਕੋਇ ਉਠਾਈਆ । ਆਪਣਾ ਆਪ ਆਪੇ ਧੋਣਾ, ਦੁਰਮਤ ਮੈਲ ਗਵਾਈਆ । ਜੋ ਪ੍ਰਭ ਕਰਨਾ ਸੋਈ ਹੋਣਾ, ਭਰਮੇ ਭੁੱਲੀ ਸਰਬ ਲੋਕਾਈਆ । ਅੱਗੇ ਜਾ ਸੰਗ ਨਾ ਕਿਸੇ ਛੋਹਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਗੁਰਮੁਖ ਵਗੇ ਨਾ ਨੇਤਰ ਨੀਰ, ਨੀਰ ਨੀਰ ਨਾ ਕੋਇ ਜਣਾਇੰਦਾ । ਜਿਨ੍ਹਾਂ ਸਾਹਿਬ ਸਤਿਗੁਰ ਮਿਲਿਆ ਗਹਿਰ ਗੰਭੀਰ, ਦੁਖੀਆਂ ਦੁੱਖ ਆਪ ਮਿਟਾਇੰਦਾ । ਏਥੇ ਪੰਜ ਤੱਤ ਲੇਖੇ ਲੱਗਾ ਸਰੀਰ, ਅੱਗੇ ਆਤਮ ਪਰਮਾਤਮ ਜੋੜ ਜੁੜਾਇੰਦਾ । ਹੱਸ ਹੱਸ ਇਕ ਦੂਜੇ ਦੇ ਪਿਛੇ ਘੱਤ ਘੱਤ ਜਾਓ ਵਹੀਰ, ਸੋ ਪੁਰਖ ਨਿਰੰਜਣ ਰਾਹ ਤਕਾਇੰਦਾ । ਲੱਖ ਚੁਰਾਸੀ ਤੋੜੇ ਜ਼ੰਜੀਰ, ਸ਼ਰਅ ਬੰਧਨ ਆਪ ਕਟਾਇੰਦਾ । ਅੰਤਮ ਚੋਟੀ ਚੜ੍ਹੇ ਅਖ਼ੀਰ, ਜਿਸ ਘਰ ਹਰਿ ਜੂ ਸੋਭਾ ਪਾਇੰਦਾ । ਮਾਤ ਪਿਤ ਭੈਣ ਭਾਈ ਨਾਰ ਕੰਤ ਨਾ ਹੋਏ ਦਿਲਗੀਰ, ਦਿਲਦਾਰ ਏਕਾ ਹੁਕਮ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਇਕ ਵਸਾਇੰਦਾ । ਗੁਰਮੁਖ ਵਸੌਣਾ ਸਾਚਾ ਮੰਦਰ, ਪ੍ਰਭ ਬੈਠਾ ਧਿਆਨ ਲਗਾਈਆ । ਏਥੇ ਕੋਠਾ ਪੰਜ ਤੱਤ ਕੰਦਰ, ਅੱਗੇ ਨਿਰਗੁਣ ਜੋਤ ਰੁਸ਼ਨਾਈਆ । ਭੇਵ ਨਾ ਜਾਣੇ ਕੋਈ ਪੰਡਤ, ਗਿਆਨ ਧਿਆਨ ਨਾ ਕੋਇ ਸਮਝਾਈਆ । ਨਾਤਾ ਤੁਟੇ ਜੇਰਜ ਅੰਡਜ, ਉਤਭੁਜ ਸੇਤਜ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਰਿਹਾ ਸਮਝਾਈਆ । ਹਰਿ ਸੰਗਤ ਸੁਣਨਾ ਲਾ ਕਰ ਕੰਨ, ਹਰਿ ਸਾਚਾ ਸਚ ਜਣਾਇੰਦਾ । ਜਿਸ ਨੇ ਸਾਹਿਬ ਸਤਿਗੁਰ ਲਿਆ ਮੰਨ, ਮਨ ਮਨਸਾ ਮੇਟ ਮਿਟਾਇੰਦਾ । ਏਥੇ ਓਥੇ ਬਣੇ ਜਨਨੀ ਜਨ, ਗੋਦੀ ਗੋਦ ਆਪ ਸੁਹਾਇੰਦਾ । ਜੋ ਘੜਿਆ ਸੋ ਦੇਵੇ ਭੰਨ, ਘੜਨ ਭੰਨਣਹਾਰ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਦਰ ਬੁਲਾਇੰਦਾ । ਆਓ ਦਰ ਮੇਰੇ ਨੱਠ, ਹਰਿ ਜੂ ਧਿਆਨ ਲਗਾਈਆ । ਕੂੜ ਕੁਟੰਬ ਆਓ ਛੱਡ, ਸਗਲਾ ਸੰਗ ਨਾ ਕੋਇ ਜਣਾਈਆ । ਲੱਖ ਚੁਰਾਸੀ ਨਾਲੋਂ ਹੋਵੇ ਅੱਡ, ਪ੍ਰਭ ਮਿਲੇ ਸੱਚਾ

ਮਾਹੀਆ । ਕਿਸੇ ਕੰਮ ਨਹੀਂ ਐਨੇ ਹੱਡ, ਕਾਇਆ ਮਾਟੀ ਅਗਨੀ ਆਂਚ ਲਗਾਈਆ । ਵਿਸ਼ਨੂੰ ਭਗਵਾਨ ਦੀ ਵਿਸ਼ਵ ਯਦ, ਇਕੋ ਜੋਤੀ ਜੋਤ ਰੁਸ਼ਨਾਈਆ । ਸ੍ਰਿਸ਼ਟ ਸਬਾਈ ਪਾਰ ਕਰੇ ਹੱਦ, ਮਾਰਗ ਆਪਣਾ ਦਏ ਵਖਾਈਆ । ਕਰ ਕਿਰਪਾ ਜਨ ਭਗਤਾਂ ਲਏ ਸੱਦ, ਸੱਦਾ ਇਕੋ ਨਾਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਵਸਤ ਝੋਲੀ ਪਾਈਆ । ਸਾਚੀ ਵਸਤ ਸੋਹੰ ਸੋ, ਸੋ ਪੁਰਖ ਨਿਰੰਜਣ ਝੋਲੀ ਪਾਇੰਦਾ । ਗੁਰਮੁਖਾਂ ਦੁਰਮਤ ਮੈਲ ਧੋ, ਪਤਤ ਪੁਨੀਤ ਕਰਾਇੰਦਾ । ਅੰਮ੍ਰਿਤ ਆਤਮ ਸੱਚਾ ਚੋ, ਨਿਝਰ ਰਸ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਮੇਲ ਮਿਲਾਇੰਦਾ । ਹਰਿਜਨ ਮੇਲਾ ਅੰਤਮ ਵਾਰ, ਮਿਲਿਆ ਮੇਲ ਵਿਛੜ ਨਾ ਜਾਈਆ । ਜਿਸ ਜਨ ਨੇਤਰ ਦਰਸ਼ਨ ਕੀਤਾ ਦੀਦਾਰ, ਦੀਦ ਈਦ ਚੰਦ ਚੜ੍ਹਾਈਆ । ਏਥੇ ਓਥੇ ਲਏ ਸੰਭਾਲ, ਸਿਰ ਆਪਣਾ ਹੱਥ ਟਿਕਾਈਆ । ਹਰਿਜਨ ਕਦੇ ਨਾ ਹੋਏ ਕੰਗਾਲ, ਨਾਮ ਖ਼ਜ਼ੀਨਾ ਝੋਲੀ ਰਿਹਾ ਭਰਾਈਆ । ਸ਼ਬਦ ਸਰੂਪੀ ਬਣ ਦਲਾਲ, ਜਗਤ ਵਣਜਾਰਾ ਇਕੋ ਵਣਜ ਕਰਾਈਆ । ਗੁਰਮੁਖ ਗੁਰਸਿਖ ਸੰਤ ਭਗਤ ਭਗਵੰਤ ਦੇ ਲਾਲ, ਭਾਵੀ ਨੇੜ ਕਿਸੇ ਨਾ ਆਈਆ । ਜਿਸ ਦੁਆਰੇ ਬੈਠਾ ਸਿੰਘ ਪਾਲ, ਤਿਸ ਦੁਆਰੇ ਹਰਿ ਸੰਗਤ ਸਾਰੀ ਲਏ ਬਹਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੀਨ ਦਿਆਲ ਦਇਆਨਿਧ ਠਾਕਰ ਸੁਆਮੀ ਅੰਤਰਜਾਮੀ ਹਰ ਘਟ ਘਟ ਘਟ ਵੇਖ ਵਖਾਈਆ ।



ਮਾਘ ਸਤਾਰਾਂ ਚਮਕੇ ਸਤਾਰਾ, ਸਤਿ ਪੁਰਖ ਨਿਰੰਜਣ ਦਏ ਵਡਿਆਈਆ । ਨਰੈਣ ਘਰ ਨਰਾਇਣ ਉਜਿਆਰਾ, ਨਰਾਇਣ ਖ਼ੁਸ਼ੀ ਵਖਾਈਆ । ਰਛਪਾਲ ਕਰਿਆ ਹਰਿ ਪਿਆਰਾ, ਪਰਮ ਪੁਰਖ ਬੇਪਰਵਾਹੀਆ । ਸੰਸਾਰ ਰਹਿ ਗਿਆ ਦੂਰ ਕਿਨਾਰਾ, ਹਰੀ ਦੁਆਰ ਨਜ਼ਰੀ ਆਈਆ । ਸਚਖੰਡ ਪ੍ਰਭ ਖੋਲ੍ਹ ਕਿਵਾੜਾ, ਆਪਣੀ ਹੱਥੀਂ ਕੁੰਡਾ ਲਾਹੀਆ । ਚਰਨ ਕਵਲ ਦੇ ਸਹਾਰਾ, ਸਿਰ ਆਪਣਾ ਹੱਥ ਟਿਕਾਈਆ । ਭਗਤ ਬੋਲਣ ਜੈ ਜੈਕਾਰਾ, ਵਾਹ ਵਾ ਵੱਜੇ ਵਧਾਈਆ । ਹਰਿ ਸੰਗਤ ਅੱਗੇ ਤੇਰਾ ਇਕ ਵਿਹਾਰਾ, ਪਿਛਲਾ ਲੇਖਾ ਸਰਬ ਚੁਕਾਈਆ । ਕਰ ਕਿਰਪਾ ਲੈ ਜਾਏ ਸਚਖੰਡ ਦੁਆਰਾ, ਅੱਧਵਿਚਕਾਰ ਨਾ ਕੋਇ ਅਟਕਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰਨੀ ਕਰਤਾ ਕਰਨੇਹਾਰਾ, ਕਾਰ ਆਪਣੇ ਹੱਥ ਰਖਾਈਆ ।

❇ ੧੮ ਮਾਘ ੨੦੧੯ ਬਿਕਰਮੀ ਹਰਨਾਮ ਸਿੰਘ ਦੇ ਗ੍ਰਿਹ ਗੁਮਾਨ ਪੁਰਾ ਜ਼ਿਲਾ ਅੰਮ੍ਰਿਤਸਰ ❇

ਭਗਤ ਭਗਤਾਂ ਰਹੇ ਉਡੀਕ, ਸਚਖੰਡ ਧਿਆਨ ਲਗਾਈਆ । ਅੰਤਮ ਵੇਲਾ ਆਇਆ ਨਜ਼ੀਕ, ਨੇਰਨ ਨੇਰ ਨਜ਼ਰੀ ਆਈਆ । ਸਾਹਿਬ ਸਤਿਗੁਰ ਮਿਲੇ ਠੀਕ, ਠੀਕਰ ਕੂੜਾ ਭੰਨ ਵਖਾਈਆ । ਮਾਣਸ ਜਨਮ ਸੁਹੰਜਣਾ ਲੈਣਾ ਜੀਤ, ਜੀਵਣ ਜੁਗਤ ਮਿਲੇ ਵਡਿਆਈਆ । ਘਰ ਮਿਲੇ ਇਕ ਅਤੀਤ, ਤ੍ਰੈਗੁਣ ਲੇਖਾ ਦਏ ਚੁਕਾਈਆ । ਆਤਮ ਹੋਏ ਠੰਡੀ ਸੀਤ, ਅਗਨੀ ਤੱਤ ਨਾ ਕੋਇ ਜਲਾਈਆ । ਸ੍ਰੀ ਭਗਵਾਨ ਚਲਾਏ ਰੀਤ, ਰੀਤੀ ਇਕੋ ਇਕ ਵਖਾਈਆ । ਏਕਾ ਦਰ ਬਹਾਏ ਹਸਤ ਕੀਟ, ਊਚ ਨੀਚ ਨਾ ਕੋਇ ਜਣਾਈਆ । ਚਰਨ ਕਵਲ ਜਣਾਏ ਸਚ ਪ੍ਰੀਤ, ਪ੍ਰੀਤੀ

ਇਕੋ ਇਕ ਦਰਸਾਈਆ । ਸਾਚਾ ਚਾੜ੍ਹੇ ਰੰਗ ਮਜੀਠ, ਦੋ ਜਹਾਨਾਂ ਉਤਰ ਕਦੇ ਨਾ ਜਾਈਆ । ਰਲ ਮਿਲ ਢੋਲਾ ਗਾਓ ਗੀਤ, ਗੀਤ ਗੋਬਿੰਦ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਦਇਆ ਕਮਾਈਆ । ਭਗਤ ਭਗਤ ਤੱਕਣ ਰਾਹ, ਨੇਤਰ ਨੈਣ ਉਠਾਇਆ । ਇਕ ਦੂਜੇ ਦੀ ਪਕੜੇ ਬਾਂਹ, ਹਰਿ ਗਲਵਕੜੀ ਰਿਹਾ ਪਵਾਇਆ । ਸਭ ਨੂੰ ਮਿਲੇ ਇਕੋ ਥਾਂ, ਥਾਨ ਥਨੰਤਰ ਇਕ ਸੁਹਾਇਆ । ਸਭ ਦਾ ਬਣੇ ਇਕੋ ਪਿਤਾ ਮਾਂ, ਪੁਰਖ ਅਕਾਲ ਵਡ ਵਡਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਰਿਹਾ ਕਮਾਇਆ । ਭਗਤ ਭਗਤ ਰਹੇ ਦੱਸ, ਦਾਸਤਾਨ ਸੁਣਾਈਆ । ਪ੍ਰਭ ਚਰਨ ਕਵਲ ਰਹੇ ਵਸ, ਜੋ ਗਏ ਜਗਤ ਤਜਾਈਆ । ਅੱਠੇ ਪਹਿਰ ਇਕੋ ਜਸ, ਇਕੋ ਰਾਗ ਅਲਾਈਆ । ਦਿਵਸ ਰੈਣ ਇਕੋ ਪਰਕਾਸ਼, ਨਿਰਗੁਣ ਜੋਤ ਨੂਰ ਰੁਸ਼ਨਾਈਆ । ਸਾਹਿਬ ਸਤਿਗੁਰ ਦੇ ਹੋਏ ਦਾਸ, ਬਣ ਦਾਸੀ ਸੇਵ ਕਮਾਈਆ । ਸਾਡੀ ਪੁੰਨੀ ਪੂਰੀ ਹੋਈ ਆਸ, ਤ੍ਰਿਸ਼ਨਾ ਕੋਇ ਰਹਿਣ ਨਾ ਪਾਈਆ । ਸ੍ਰੀ ਭਗਵਾਨ ਵਸੇ ਸਾਥ, ਸਾਚਾ ਸੰਗ ਨਿਭਾਈਆ । ਰਲ ਮਿਲ ਸਾਰੇ ਚੜ੍ਹੇ ਇਕੋ ਘਾਟ, ਘਾਟਾ ਕੋਇ ਨਜ਼ਰ ਨਾ ਆਈਆ । ਸੇਜ ਸੁਹੰਜਣੀ ਸੌਣਾ ਖਾਟ, ਬਸਤਰ ਭੂਸ਼ਨ ਓਢਣ ਸਿਰ ਢਾਕਣ ਕੁ ਪਤ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਰਿਹਾ ਜਣਾਈਆ । ਭਗਤ ਭਗਤਾਂ ਦੱਸਣ ਹਾਲ, ਸਾਚੀ ਬੀਤੀ ਰਹੇ ਜਣਾਈਆ । ਪ੍ਰਭ ਮਿਲਿਆ ਦੀਨ ਦਿਆਲ, ਸਿਰ ਦੀਨਨ ਹੱਥ ਟਿਕਾਈਆ । ਸਾਡੇ ਨੇੜ ਨਾ ਆਇਆ ਕਾਲ, ਮਹਾਂਕਾਲ ਸੀਸ ਝੁਕਾਈਆ । ਸਾਡਾ ਵਿੰਗਾ ਨਾ ਹੋਇਆ ਵਾਲ, ਦੁੱਖ ਦਰਦ ਨਜ਼ਰ ਕੋਇ ਨਾ ਆਈਆ । ਅਸੀਂ ਘਾਲਣ ਆਏ ਘਾਲ, ਪ੍ਰਭ ਕੀਤੀ ਘਾਲ ਲੇਖੇ ਪਾਈਆ । ਸਾਡਾ ਹੋਇਆ ਹੱਲ ਸਵਾਲ, ਸੋਹਲਾ ਇਕੋ ਢੋਲਾ ਗਾਈਆ । ਸਚਖੰਡ ਮਿਲੀ ਸੱਚੀ ਧਰਮਸਾਲ, ਧਰਮ ਦੁਆਰੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਭਗਤ ਭਗਤਾਂ ਰਹੇ ਜਣਾ, ਭੇਵ ਅਭੇਦ ਜਣਾਈਆ । ਵੇਖੋ ਹਰਿਜਨ ਨੈਣ ਉਠਾ, ਬਿਨ ਨੈਣਾਂ ਰਿਹਾ ਦਰਸਾਈਆ । ਤਖ਼ਤ ਨਿਵਾਸੀ ਸ਼ਹਿਨਸ਼ਾਹ, ਸਾਚੇ ਤਖ਼ਤ ਸੋਭਾ ਪਾਈਆ । ਭਗਤ ਭਗਵੰਤ ਰਿਹਾ ਮਿਲਾ, ਮੇਲ ਮਿਲਾਵਾ ਏਕਾ ਘਰ ਜਣਾਈਆ । ਸਚ ਦੁਆਰੇ ਸਾਚਾ ਸੰਗ ਹਰਿ ਸੰਗਤ ਮੇਲਾ ਭੈਣ ਭਰਾ, ਦੂਜੀ ਅੱਖ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਧੰਦੇ ਆਪੇ ਲਾਈਆ ਸਾਚੇ ਧੰਦੇ ਗਏ ਲੱਗ, ਦੂਸਰ ਆਸ ਨਾ ਕੋਇ ਜਣਾਈਆ । ਹਰਿ ਮਿਲਿਆ ਸੂਰਾ ਸਰਬੱਗ, ਸ਼ਾਹ ਪਾਤਸ਼ਾਹ ਬੇਪਰਵਾਹੀਆ । ਲੋਕਮਾਤ ਬੁਝੀ ਅੱਗ, ਸਚਖੰਡ ਸਾਂਤਕ ਸਤਿ ਸਤਿ ਵਰਤਾਈਆ । ਦਿਵਸ ਰੈਣ ਰੈਣ ਦਿਵਸ ਹਰਿ ਦਰਸ਼ਨ ਕਰੀਏ ਰੱਜ ਰੱਜ, ਪਰਦਾ ਉਹਲਾ ਨਾ ਕੋਇ ਜਣਾਈਆ । ਅਸੀਂ ਪੰਧ ਮੁਕਾਇਆ ਭੱਜ ਭੱਜ, ਦੋ ਜਹਾਨਾਂ ਚਰਨਾਂ ਹੇਠ ਦਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਸੰਗ ਆਪ ਰਖਾਈਆ । ਮੁੱਕਿਆ ਪੰਧ ਦੂਰ ਦੁਰਾਡਾ, ਨੇਰਨ ਨੇਰਾ ਨਜ਼ਰੀ ਆਈਆ । ਸ੍ਰੀ ਭਗਵਾਨ ਸੱਜਣ ਸਾਕਾ, ਸਗਲਾ ਸੰਗ ਰਖਾਈਆ । ਆਪਣੀ ਹੱਥੀਂ ਖੋਲ੍ਹਿਆ ਤਾਕਾ, ਪਰਦਾ ਆਪਣਾ ਆਪ ਚੁਕਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਨਜ਼ਰੀ ਆਇਆ ਇਕੋ ਆਕਾ, ਹੁਕਮ ਹਾਕਮ ਰਿਹਾ ਸੁਣਾਈਆ । ਸਚਖੰਡ ਦੁਆਰੇ ਰਲ ਮਿਲ ਸਾਰੇ ਗਾਓ ਸਾਕਾ, ਸ਼ਾਹ ਪਾਤਸ਼ਾਹ ਤੇਰੀ ਸੱਚੀ ਸ਼ਹਿਨਸ਼ਾਹੀਆ । ਨਾ ਕੋਈ ਜ਼ਾਤ ਨਾ ਕੋਈ ਪਾਤਾ, ਊਚ ਨੀਚ ਨਾ ਕੋਇ ਵਡਿਆਈਆ ।

੫੧੭
੧੩

ਨਾ ਕੋਈ ਵਹੀ ਨਾ ਕੋਈ ਖ਼ਾਤਾ, ਹਿਸਾਬ ਕਿਤਾਬ ਨਾ ਕੋਇ ਰਖਾਈਆ । ਭਗਤ ਭਗਵਾਨ ਖੇਲ ਦਾਸੀ ਦਾਸਾ, ਸੇਵਕ ਸੇਵ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਘਰ ਰਿਹਾ ਵਸਾਈਆ । ਹਰਿ ਕਾ ਘਰ ਵਸੇ ਖੇੜਾ, ਗ੍ਰਿਹਿ ਮੰਦਰ ਵੱਜੇ ਵਧਾਈਆ । ਭਗਤ ਭਗਵਾਨ ਬੰਨ੍ਹੇ ਬੇੜਾ, ਖੇਵਟ ਖੇਟਾ ਆਪਣਾ ਰਾਹ ਚਲਾਈਆ । ਲੱਖ ਚੁਰਾਸੀ ਆਵਣ ਜਾਵਣ ਕੱਟੇ ਗੇੜਾ, ਤੰਦੀ ਤੰਦ ਕਟਾਈਆ । ਮਿਹਰਵਾਨ ਤਾਰੇ ਕਰ ਕਰ ਆਪਣੀ ਮਿਹਰਾ, ਨਜ਼ਰ ਇਕੋ ਇਕ ਉਠਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਹਰਿਜਨ ਕਰ ਕੇ ਬੈਠੇ ਰਹੇ ਵੱਡਾ ਜੇਰਾ, ਸਬਰ ਸਬੂਰੀ ਇਕ ਹੰਢਾਈਆ । ਅੰਤਮ ਪਰਗਟ ਹੋਇਆ ਸਿੰਘ ਸ਼ੇਰਾ, ਬਲ ਆਪਣਾ ਆਪ ਧਰਾਈਆ । ਜੀਵ ਜੰਤ ਸਾਧ ਸੰਤ ਲੱਖ ਚੁਰਾਸੀ ਵਿਚੋਂ ਲੱਭੇ ਕੇਹੜਾ ਕੇਹੜਾ, ਜੋ ਆਤਮ ਪਰਮਾਤਮ ਬੈਠਾ ਧਿਆਨ ਲਗਾਈਆ । ਰਾਤੀਂ ਸੁੱਤਿਆਂ ਪਾਏ ਘੇਰਾ, ਦਿਨੇ ਜਾਗਿਦਆਂ ਲਏ ਮਿਲਾਈਆ । ਸਚਖੰਡ ਵਖਾਏ ਖੁਲ੍ਹਾ ਵੇਹੜਾ, ਜਿਸ ਦੁਆਰੇ ਬਿਨ ਭਗਤਾਂ ਕੋਇ ਲੰਘ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਈਆ । ਭਗਤਨ ਵੇਖ ਭਗਤਨ ਚੜ੍ਹਿਆ ਰੰਗ, ਰੰਗ ਇਕੋ ਇਕ ਵਖਾਈਆ । ਸਚਖੰਡ ਦੀ ਸਾਚੀ ਸੇਜ ਪਲੰਘ, ਸਤਿ ਸਤਿਵਾਦੀ ਆਪ ਵਿਛਾਈਆ । ਹਰਿਜਨ ਵੇਖੇ ਅੱਗੇ ਲੰਘ, ਪਤਿਪਰਮੇਸ਼ਵਰ ਨਜ਼ਰੀ ਆਈਆ । ਕਰ ਕਿਰਪਾ ਲਾਏ ਅੰਗ, ਅੰਗੀਕਾਰ ਆਪ ਅਖਵਾਈਆ । ਸਾਚਾ ਦੇਵੇ ਇਕ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਜਨਮ ਜਨਮ ਦੀ ਟੁੱਟੀ ਦੇਵੇ ਗੰਢ, ਕਰਮ ਕਰਮ ਦਾ ਲੇਖਾ ਦਏ ਮੁਕਾਈਆ । ਜੋ ਜਨ ਗਾਵੇ ਸੋਹੰ ਛੰਦ, ਸੋ ਪੁਰਖ ਨਿਰੰਜਣ ਵੇਖੇ ਥਾਉਂ ਥਾਈਆ । ਹੰ ਬ੍ਰਹਮ ਬੰਧਨ ਪਾਏ ਬੰਧ, ਡੋਰੀ ਤੰਦ ਨਾਮ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਸੁਹੇਲਾ ਇਕ ਇਕੇਲਾ ਭਗਤਨ ਮੇਲਾ ਮੇਲ ਮਿਲਾਈਆ । ਭਗਤ ਭਗਤਾਂ ਬਣ ਵਿਚੋਲਾ, ਵਿਚਲਾ ਭੇਵ ਜਣਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਰੱਖਦਾ ਰਿਹਾ ਉਹਲਾ, ਆਪਣਾ ਰੂਪ ਨਾ ਕਿਸੇ ਵਖਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੇਂਦਾ ਰਿਹਾ ਸੋਹਲਾ, ਸੋਹਣਾ ਰਾਗ ਸੁਣਾਇੰਦਾ । ਵਡਿਆਉਂਦਾ ਰਿਹਾ ਪੰਜ ਤੱਤ ਕਾਇਆ ਚੋਲਾ, ਨਿਰਗੁਣ ਆਪਣਾ ਨਾਮ ਨਾ ਕੋਇ ਜਪਾਇੰਦਾ । ਕਲਜੁਗ ਅੰਤਮ ਸਭ ਦਾ ਕਰੇ ਭਾਰ ਹੌਲਾ, ਹੌਲੀ ਹੌਲੀ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਪਰਦਾ ਏਕਾ ਖੋਲ੍ਹਾ, ਖ਼ਾਲਕ ਆਪਣਾ ਰੂਪ ਵਖਾਇੰਦਾ । ਭਗਤਾਂ ਪਰਦਾ ਖੋਲ੍ਹ ਅੱਖ, ਆਪਣਾ ਰੰਗ ਵਖਾਈਆ । ਹਿਰਦੇ ਅੰਦਰ ਗਿਆ ਵਸ, ਘਰ ਬੈਠਾ ਡੇਰਾ ਲਾਈਆ । ਦੂਜੇ ਨੂੰ ਕੋਈ ਨਾ ਸਕੇ ਦੱਸ, ਕਵਣ ਰੂਪ ਪ੍ਰਭ ਮਿਲਿਆ ਸੱਚਾ ਮਾਹੀਆ । ਭਗਤ ਭਗਤਾਂ ਵੇਖ ਰਹੇ ਹੱਸ, ਘਰ ਘਰ ਖ਼ੁਸ਼ੀ ਮਨਾਈਆ । ਭਗਵਾਨ ਕਰੇ ਭਗਤਾਂ ਜਸ, ਦਿਵਸ ਰੈਣ ਰਾਗ ਅਲਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਹੋਈ ਬਸ, ਬਸਤਾ ਸਭ ਦਾ ਬੰਨ੍ਹ ਵਖਾਈਆ । ਨਵ ਨੌਂ ਚਾਰ ਉਲਟੀ ਗੇੜੇ ਲੱਠ, ਗੇੜਾ ਆਪਣਾ ਆਪ ਭੁਆਈਆ । ਹਰਿਜਨ ਤੇਰਾ ਇਕੋ ਹਠ, ਪ੍ਰਭ ਸਰਨ ਸੱਚੀ ਸਰਨਾਈਆ । ਅੰਤਮ ਮੇਲਾ ਕਰੇ ਇਕੱਠ, ਸਚਖੰਡ ਸਾਚੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੁੱਖ ਸੁਖ ਸੁਖ ਦੁੱਖ ਏਕਾ ਘਰ ਵਖਾ ਮੁਖ ਉਜਲ ਆਪ ਕਰਾਈਆ ।

੫੧੮
੧੩

## ❇ ੧੮ ਮਾਘ ੨੦੧੯ ਬਿਕਰਮੀ ਸਵਰਨ ਸਿੰਘ ਦੇ ਗ੍ਰਹਿ ਗੁਮਾਨ ਪੁਰਾ ਜ਼ਿਲਾ ਅੰਮ੍ਰਿਤਸਰ ❇

ਸਾਧੋ ਸੰਤੋ ਸੁਣੋ ਗੱਲ, ਹਰਿ ਭਗਤ ਰਿਹਾ ਜਣਾਈਆ । ਸ੍ਰੀ ਭਗਵਾਨ ਅਛਲ ਅਛੱਲ, ਵਲ ਛਲ ਆਪਣਾ ਖੇਲ ਚਲਾਈਆ । ਨਿਰਗੁਣ
ਰੂਪ ਜੋਤ ਸਰੂਪ ਜੋਤੀ ਗਿਆ ਰਲ, ਰੂਪ ਰੰਗ ਰੇਖ ਨਾ ਕੋਇ ਵਖਾਈਆ । ਹਰਿਜਨ ਸਾਚੇ ਦੇਵੇ ਫਲ, ਪੂਰਬ ਲਹਿਣਾ ਝੋਲੀ ਪਾਈਆ । ਕਲਜੁਗ
ਅੰਤਮ ਜਿਨ੍ਹਾਂ ਹੋਇਆ ਵਲ, ਵਲਵਲੇ ਸਭ ਦੇ ਮੇਟ ਮਿਟਾਈਆ । ਸ਼ਬਦ ਸੰਦੇਸਾ ਦੇਵੇ ਘੱਲ, ਸਚ ਸੁਨੇਹੁੜਾ ਇਕ ਜਣਾਈਆ । ਸਚ ਸਿੰਘਾਸਣ
ਲੈਣਾ ਮਲ, ਦਰ ਦਰਵਾਜ਼ਾ ਇਕ ਖੁਲ੍ਹਾਈਆ । ਵਸਣਾ ਨਿਹਚਲ ਧਾਮ ਅਟੱਲ, ਉਚ ਮਹੱਲ ਦਏ ਸਮਝਾਈਆ । ਦੀਪਕ ਜੋਤ ਰਿਹਾ ਬਲ,
ਤੇਲ ਬਾਤੀ ਨਾ ਕੋਇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਜਣਾਈਆ । ਸਾਧ ਸੰਤ ਸੁਣੋ
ਮੀਤ, ਹਰਿ ਭਗਤ ਇਕ ਜਣਾਇੰਦਾ । ਸਤਿ ਸਤਿ ਦੀ ਸਾਚੀ ਰੀਤ, ਸਤਿ ਪੁਰਖ ਨਿਰੰਜਣ ਆਪ ਚਲਾਇੰਦਾ । ਢੋਲਾ ਗਾਓ ਇਕੋ ਗੀਤ,
ਸੋ ਪੁਰਖ ਨਿਰੰਜਣ ਆਪ ਪੜ੍ਹਾਇੰਦਾ । ਹੰ ਬ੍ਰਹਮ ਹੋਏ ਅਤੀਤ, ਦਰ ਘਰ ਸਾਚੇ ਆਪ ਬਹਾਇੰਦਾ । ਪਿਛਲੀ ਸਭ ਨੇ ਛੱਡਣੀ ਰੀਤ, ਅਗਲਾ
ਮਾਰਗ ਆਪੇ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਮਨਾਇੰਦਾ । ਸਾਧ ਸੰਤ ਕਰੋ ਧਿਆਨ,
ਹਰਿ ਭਗਤ ਰਿਹਾ ਸਮਝਾਈਆ । ਆਦਿ ਪੁਰਖ ਦਾ ਆਦਿ ਗਿਆਨ, ਹਰਿ ਮੰਤਰ ਨਾਮ ਦ੍ਰਿੜਾਈਆ । ਸਤਿ ਪੁਰਖ ਦਾ ਸਤਿ ਮਕਾਨ, ਸਚਖੰਡ
ਸਾਚਾ ਸੋਭਾ ਪਾਈਆ । ਅਲੱਖ ਅਗੰਮ ਅਥਾਹ ਬੇਪਰਵਾਹ ਨੌਜਵਾਨ, ਸਚ ਸਿੰਘਾਸਣ ਡੇਰਾ ਲਾਈਆ । ਕਲਜੁਗ ਅੰਤ ਕਰੇ ਪਰਵਾਨ, ਹਰਿਜਨ

ਪਰਵਾਨੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਮਾਣ ਵਡਿਆਈਆ । ਸਾਧ ਸੰਤ ਜਾਣਾ ਜਾਗ,
੫੧੯ ੧੩
ਹਰਿ ਜਾਗਰਤ ਆਪ ਦਿਵਾਇੰਦਾ । ਨਵ ਨੌਂ ਚਾਰ ਲੱਗੀ ਆਗ, ਅਗਨੀ ਤੱਤ ਨਾ ਕੋਇ ਬੁਝਾਇੰਦਾ । ਲੱਖ ਚੁਰਾਸੀ ਹੋਈ ਕਾਗ, ਕਾਗੋਂ ਹੰਸ
ਨਾ ਕੋਇ ਬਣਾਇੰਦਾ । ਸਾਚਾ ਮਜਨ ਨਾ ਕੋਇ ਮਾਘ, ਦੁਰਮਤ ਮੈਲ ਨਾ ਕੋਇ ਧੁਆਇੰਦਾ । ਧੁਰ ਦੀ ਬਾਣੀ ਸੁਣਾਏ ਨਾ ਕੋਈ ਆਵਾਜ਼, ਸਾਚੀ
ਸਿਖਿਆ ਨਾ ਕੋਇ ਰਖਾਇੰਦਾ । ਵੇਲੇ ਅੰਤ ਨਾ ਪਕੜੇ ਕੋਈ ਵਾਗ, ਅੱਗੇ ਹੋ ਨਾ ਕੋਇ ਛੁਡਾਇੰਦਾ । ਕਲਜੁਗ ਅੰਤਮ ਸਾਰੇ ਗਏ ਭਾਜ, ਆਪਣਾ
ਬਲ ਨਾ ਕੋਇ ਵਖਾਇੰਦਾ । ਕੂੜੀ ਕਿਰਿਆ ਹੋਇਆ ਰਾਜ, ਰੱਯਤ ਸੁਖ ਨਾ ਕੋਇ ਵਖਾਇੰਦਾ । ਸ੍ਰੀ ਭਗਵਾਨ ਆਪਣਾ ਰਚਿਆ ਕਾਜ, ਸਤਿਜੁਗ
ਸਾਚਾ ਮਾਰਗ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਧ ਸੰਤ ਆਪ ਉਠਾਇੰਦਾ । ਸਾਧ ਸੰਤ ਜਾਓ ਉਠ, ਸੋਇਆਂ
ਨੀਂਦ ਕਿਸੇ ਨਾ ਆਈਆ । ਪਿਛਲਾ ਖੇੜਾ ਰਿਹਾ ਲੁੱਟ, ਅਗਲਾ ਘਰ ਵਸਾਈਆ । ਪ੍ਰਭ ਸਾਚੇ ਕੋਲੋਂ ਲਓ ਪੁੱਛ, ਕੀ ਕੀ ਬਣਤ ਬਣਾਈਆ ।
ਦਰ ਦਵਾਰਿਉਂ ਕਿਉਂ ਬੈਠੇ ਰੁੱਸ, ਰੁੱਸਿਆਂ ਹੱਥ ਕੁਛ ਨਾ ਆਈਆ । ਆਪਣੇ ਆਪ ਵਿਚ ਰਹੇ ਕੁਸ, ਜਿਉਂ ਬੱਕਰਾ ਹੱਥ ਕਸਾਈਆ । ਖ਼ਾਲੀ
ਹੱਥ ਈਸਾ ਮੂਸ, ਸੰਗ ਮੁਹੰਮਦ ਦਏ ਦੁਹਾਈਆ । ਤਨ ਬਸਤਰ ਨਜ਼ਰੀ ਕਾਲਾ ਸੂਸ, ਕਾਲੀ ਧਾਰ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ, ਸਚ ਸ਼ਬਦ ਰਿਹਾ ਜਣਾਈਆ । ਸਾਧ ਸੰਤ ਲੈਣ ਅੰਗੜਾਈ, ਆਪਣਾ ਆਪ ਸੰਭਾਲਿਆ । ਚਾਰੋਂ ਕੁੰਟ ਪਈ ਦੁਹਾਈ,
ਹਰਿ ਕਾ ਨਾਮ ਨਾ ਕਿਸੇ ਵਿਚਾਰਿਆ । ਪ੍ਰਭ ਮਿਲੇ ਨਾ ਸਚ ਸਰਨਾਈ, ਗੜ੍ਹ ਤੁਟਾ ਨਾ ਕੋਇ ਹੰਕਾਰਿਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਕਰੇ ਖੇਲ ਅਗੰਮ ਅਪਾਰਿਆ । ਸਾਧ ਸੰਤ ਨੇਤਰ ਖੋਲ੍ਹਣ, ਚਾਰ ਕੁੰਟ ਵੇਖ ਵਖਾਈਆ । ਇਕ ਦੂਜੇ ਨੂੰ ਦੱਸ ਦੱਸ ਬੋਲਣ, ਦਹਿ ਦਿਸ਼ਾ ਭੇਵ ਨਾ ਆਈਆ । ਕਵਣ ਦੁਆਰੇ ਹਰਿ ਜੂ ਆਇਆ ਤੋਲ ਤੋਲਣ, ਨਾਮ ਕੰਡਾ ਹੱਥ ਉਠਾਈਆ । ਲੱਖ ਚੁਰਾਸੀ ਆਇਆ ਵਰੋਲਣ, ਨਾਮ ਮਧਾਣਾ ਇਕੋ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਸਾਧਾਂ ਸੰਤਾਂ ਸੁਣਾਏ ਨਾਦ, ਅਨਾਦੀ ਆਪ ਵਜਾਇੰਦਾ । ਜਿਸ ਦਾ ਖੇਲ ਕੋਟ ਬ੍ਰਹਿਮਾਦ, ਬ੍ਰਹਿਮੰਡ ਖੰਡ ਵੇਖ ਵਖਾਇੰਦਾ । ਜਿਸ ਲਹਿਣਾ ਦੇਣਾ ਦੇਣਾ ਸੰਤ ਸਾਧ, ਸੋ ਸਾਧਨਾ ਸਭ ਦੀ ਆਪ ਕਰਾਇੰਦਾ । ਹਰ ਘਟ ਵਸਿਆ ਰੱਖੇ ਯਾਦ, ਯਾਦਦਾਸਤ ਆਪ ਜਣਾਇੰਦਾ । ਜਿਸ ਨੇ ਰਚਨਾ ਰਚੀ ਆਦਿ, ਸੋ ਅੰਤਮ ਵੇਖਣ ਆਇੰਦਾ । ਆਪਣੇ ਵਿਚੋਂ ਸਾਚੇ ਭਗਤ ਲਏ ਕਾਢ, ਸਿਰ ਆਪਣਾ ਹੱਥ ਟਿਕਾਇੰਦਾ । ਵੇਖੇ ਸੰਤੋ ਏਥੇ ਓਥੇ ਦੋ ਜਹਾਨਾਂ ਕਰੇ ਲਾਡ, ਮਿਹਰਵਾਨ ਆਪਣੀ ਮਿਹਰ ਨਜ਼ਰ ਉਠਾਇੰਦਾ । ਸੋ ਜਨ ਸੱਜਣ ਸੱਚੇ ਹੋਏ ਸਾਧ, ਜਿਨ੍ਹਾਂ ਆਪਣਾ ਭੇਵ ਖੁਲ੍ਹਾਇੰਦਾ । ਘਰ ਮਿਲੇ ਮਾਧਵ ਮਾਧ, ਗ੍ਰਹਿ ਆਪਣਾ ਪਰਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਸਮਝਾਇੰਦਾ । ਸਾਧ ਸੰਤ ਪਏ ਰੋ, ਨੇਤਰ ਨੈਣਾਂ ਨੀਰ ਵਹਾਈਆ । ਬੌਹੜੀ ਬੌਹੜੀ ਕੀ ਗਿਆ ਹੋ, ਹਰਿ ਕਾ ਭੇਵ ਕੋਇ ਨਾ ਆਈਆ । ਪੁਰਖ ਅਬਿਨਾਸ਼ੀ ਪਰਗਟ ਹੋਇਆ ਸੋ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਹੰ ਬ੍ਰਹਮ ਕਰੀ ਲੋ, ਆਤਮ ਪਰਮਾਤਮ ਬੂਝ ਬੁਝਾਈਆ । ਸ਼ਬਦੀ ਜੋਤੀ ਜਿਸ ਨਾਲ ਗਿਆ ਛੋਹ, ਵਰਨ ਗੋਤੀ ਤੋੜ ਤੁੜਾਈਆ । ਸਾਚੀ ਚੋਟੀ ਲੈ ਕੇ ਆਇਆ ਢੋਆ ਢੋ, ਵਸਤ ਅਮੋਲਕ ਇਕ ਵਰਤਾਈਆ । ਕਲਜੁਗ ਗ਼ਫ਼ਲਤ ਵਿਚ ਆਪਣਾ ਆਪ ਸਾਰੇ ਗਏ ਖੋਹ, ਖ਼ਾਲੀ ਹੱਥ ਦੇਣ ਦੁਹਾਈਆ । ਸ੍ਰੀ ਭਗਵਾਨ ਭਗਤਾਂ ਨਾਲ ਰਖਾਇਆ ਮੋਹ, ਮੁਹੱਬਤ ਇਕੋ ਘਰ ਵਖਾਈਆ । ਅੰਮ੍ਰਿਤ ਮੇਘ ਰਿਹਾ ਚੋ, ਝਿਰਨਾ ਨਿਝਰ ਇਕ ਝਿਰਾਈਆ । ਆਪ ਭਗਤਾਂ ਜੋਗਾ ਗਿਆ ਹੋ, ਜਨ ਭਗਤਾਂ ਦੇਵੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਵਸਤ ਇਕ ਵਰਤਾਈਆ । ਸਾਚੀ ਵਸਤੂ ਵਸਤ ਅਮੋਲਕ, ਅਮੁਲੜੀ ਦਾਤ ਵਰਤਾਇੰਦਾ । ਨਾਦ ਸੁਣਾਏ ਬਿਨ ਜਗਤ ਢੋਲਕ, ਅਨਰਾਗੀ ਰਾਗ ਅਲਾਇੰਦਾ । ਗੀਤ ਸੁਣਾਏ ਸਾਹਿਬ ਅਨਬੋਲਤ, ਰਸਨਾ ਜਿਹਵਾ ਨਾ ਕੋਇ ਹਿਲਾਇੰਦਾ । ਘਰ ਵਖਾਏ ਇਕ ਅਡੋਲਤ, ਛੱਪਰ ਛੰਨ ਨਾ ਕੋਇ ਛੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚਾ ਮਾਣ ਰਖਾਇੰਦਾ । ਹਰਿਜਨ ਸਾਚਾ ਮਾਣ, ਹਰਿ ਹਰਿ ਜੂ ਆਪ ਰਖਾਈਆ । ਦੇਵੇ ਵਡਿਆਈ ਦੋ ਜਹਾਨ, ਦੋਏ ਦੋਏ ਰੰਗ ਵਟਾਈਆ । ਸਾਚਾ ਮੰਦਰ ਸਚ ਮਕਾਨ, ਸਾਚਾ ਹੁਜਰਾ ਦਏ ਵਖਾਈਆ । ਅੰਤਮ ਮੇਲਾ ਨੌਜਵਾਨ, ਨਰ ਨਰਾਇਣ ਕਰੇ ਕੁੜਮਾਈਆ । ਪੂਤ ਸਪੂਤ ਵੇਖ ਸੰਤਾਨ, ਸੁਤ ਦੁਲਾਰੇ ਗੋਦ ਉਠਾਈਆ । ਜਿਸ ਜਨ ਮਿਲਿਆ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤਿਸ ਭਗਤੀ ਭਗਵਨ ਲੇਖੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਲੇਖਾ ਦੇਵੇ ਥਾਉਂ ਥਾਈਆ ।

❇ ੧੮ ਮਾਘ ੨੦੧੯ ਬਿਕਰਮੀ ਬਲਵੰਤ ਸਿੰਘ ਹਰਬੰਸ ਸਿੰਘ ਦੇ ਗ੍ਰਿਹਿ ਪਿੰਡ ਮਾਹਲ ਜ਼ਿਲਾ ਅੰਮ੍ਰਿਤਸਰ ❇

ਸਚਖੰਡ ਨਗਾਰਾ ਇਕੋ ਵੱਜਾ, ਨਿਰਗੁਣ ਡੰਕਾ ਨਾਮ ਸ਼ਨਵਾਈਆ । ਸੋ ਪੁਰਖ ਨਿਰੰਜਣ ਫਿਰੇ ਭੱਜਾ, ਹਰਿ ਪੁਰਖ ਨਿਰੰਜਣ ਸੇਵ ਕਮਾਈਆ । ਏਕੰਕਾਰ ਆਪ ਮਿਟਾਈ ਆਪਣੀ ਲਜਾ, ਆਦਿ ਨਿਰੰਜਣ ਨੂਰ ਰੁਸ਼ਨਾਈਆ । ਸ੍ਰੀ ਭਗਵਾਨ ਪਾਰ ਕਰਾਏ ਆਪਣੀ ਹੱਦਾ, ਅਬਿਨਾਸ਼ੀ ਕਰਤਾ ਵੰਡ ਵੰਡਾਈਆ । ਪਾਰਬ੍ਰਹਮ ਪ੍ਰਭ ਦੇਵੇ ਸੱਦਾ, ਸਚ ਸੁਨੇਹੁੜਾ ਇਕ ਸੁਣਾਈਆ । ਭਗਤ ਭਗਵਾਨ ਪ੍ਰੇਮ ਬੱਧਾ, ਨਾਮ ਬਿਧਾਤਾ ਝੋਲੀ ਪਾਈਆ । ਆਦਿ ਜੁਗਾਦਿ ਪਰਦਾ ਕੱਜਾ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਗੰਮ, ਅਲੱਖ ਅਗੋਚਰ ਆਪ ਕਰਾਇੰਦਾ । ਆਦਿ ਜੁਗਾਦੀ ਜਾਣੇ ਕੰਮ, ਕਰਨੀ ਕਰਤਾ ਆਪ ਕਰਾਇੰਦਾ । ਸਦਾ ਸੁਹੇਲਾ ਇਕ ਇਕੇਲਾ ਭਗਤ ਭਗਵਾਨ ਬੇੜਾ ਬੰਨ੍ਹ, ਖੇਵਟ ਖੇਟਾ ਆਪਣੇ ਕੰਧ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਰਨੇ ਯੋਗ, ਕਰਤਾ ਪੁਰਖ ਵਡ ਵਡਿਆਈਆ । ਨਿਰਗੁਣ ਸਰਗੁਣ ਸਚ ਸੰਜੋਗ, ਸਤਿ ਸਤਿਵਾਦੀ ਮੇਲ ਮਿਲਾਈਆ । ਆਤਮ ਪਰਮਾਤਮ ਭੋਗੇ ਭੋਗ, ਪਾਰਬ੍ਰਹਮ ਬ੍ਰਹਮ ਆਪਣਾ ਰੰਗ ਰੰਗਾਈਆ । ਸੁਣਾਵਣਹਾਰਾ ਸਚ ਸਲੋਕ, ਸੋ ਪੁਰਖ ਨਿਰੰਜਣ ਕਰੇ ਪੜ੍ਹਾਈਆ । ਹੰ ਬ੍ਰਹਮ ਦੇਵੇ ਮੋਖ, ਵਸਤ ਅਮੋਲਕ ਇਕ ਵਰਤਾਈਆ । ਲੇਖਾ ਜਾਣ ਚੌਦਾਂ ਲੋਕ, ਚੌਦਾਂ ਤਬਕਾਂ ਪਰਦਾ ਰਿਹਾ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੇਵਣਹਾਰਾ ਸਾਚੀ ਓਟ, ਸਰਨਗਤ ਇਕ ਜਣਾਈਆ । ਸਚਖੰਡ ਵਸੇ ਸਾਚੇ ਕੋਟ, ਸ਼ਹਿਨਸ਼ਾਹ ਦਾਤਾ ਸੋਭਾ ਪਾਈਆ । ਕਰ ਪਰਕਾਸ਼ ਨਿਰਮਲ ਜੋਤ, ਜੋਤੀ ਜਾਤਾ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੇ ਮੰਦਰ ਸੋਭਾ ਪਾਈਆ । ਸਾਚਾ ਮੰਦਰ ਸੋਭਾਵੰਤ, ਸਚਖੰਡ ਸਾਚਾ ਆਪ ਸੁਹਾਇੰਦਾ । ਨਿਰਗੁਣ ਜੋਤ ਸ੍ਰੀ ਭਗਵੰਤ, ਨੂਰ ਨੁਰਾਨਾ ਡਗਮਗਾਇੰਦਾ । ਆਦਿ ਜੁਗਾਦੀ ਸਾਚਾ ਕੰਤ, ਨਰ ਹਰਿ ਆਪਣਾ ਆਸਣ ਲਾਇੰਦਾ । ਲੇਖਾ ਜਾਣੇ ਜੁਗਾ ਜੁਗੰਤ, ਜੁਗ ਚੌਕੜੀ ਬੰਧਨ ਪਾਇੰਦਾ । ਸ਼ਬਦ ਅਗੰਮੀ ਏਕਾ ਮੰਤ, ਗੁਰ ਅਵਤਾਰ ਪੀਰ ਪੈਗ਼ੰਬਰ ਆਪ ਪੜ੍ਹਾਇੰਦਾ । ਲੇਖਾ ਜਾਣੇ ਸਾਚੇ ਸੰਤ, ਸਾਧਨਾ ਆਪਣੇ ਹੱਥ ਵਖਾਇੰਦਾ । ਪਰਦਾ ਲਾਹੇ ਲੱਖ ਚੁਰਾਸੀ ਜੀਵ ਜੰਤ, ਘਰ ਘਰ ਆਪਣਾ ਡੇਰਾ ਲਾਇੰਦਾ । ਤੋੜਨਹਾਰਾ ਗੜ੍ਹ ਹਉਮੇ ਹੰਗਤ, ਮਾਇਆ ਮਮਤਾ ਮੋਹ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਇੰਦਾ । ਸਾਚੀ ਕਰਨੀ ਸਚਖੰਡ ਨਿਵਾਸੀ, ਸੋ ਪੁਰਖ ਨਿਰੰਜਣ ਆਪ ਕਰਾਈਆ । ਕਰੇ ਖੇਲ ਬਹੁਬਿਧ ਭਾਂਤੀ, ਭੇਵ ਅਭੇਦ ਨਾ ਕੋਇ ਜਣਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਨਿਰਗੁਣ ਸਰਗੁਣ ਪੁੱਛੇ ਵਾਤੀ, ਭਗਵਨ ਭਗਤਾਂ ਲਏ ਉਠਾਈਆ । ਨਾਮ ਅਗੰਮ ਦੇਵੇ ਸਾਚੀ ਦਾਤੀ, ਵਸਤ ਅਮੋਲਕ ਆਪ ਵਰਤਾਈਆ । ਮਿਟਾਵਣਹਾਰ ਅੰਧੇਰੀ ਰਾਤੀ, ਸਾਚਾ ਚੰਦ ਕਰੇ ਰੁਸ਼ਨਾਈਆ । ਅੰਮ੍ਰਿਤ ਦੇਵੇ ਬੂੰਦ ਸਵਾਂਤੀ, ਨਿਝਰ ਝਿਰਨਾ ਆਪ ਝਿਰਾਈਆ । ਬੰਦ ਕਵਾੜਾ ਖੋਲ੍ਹੇ ਤਾਕੀ, ਬਜਰ ਕਪਾਟੀ ਤੋੜ ਤੁੜਾਈਆ । ਘਰ ਵਿਚ ਘਰ ਵਖਾਏ ਸਾਚੀ ਹਾਟੀ, ਚੌਦਾਂ ਤਬਕਾਂ ਭੇਵ ਜਣਾਈਆ । ਲੇਖਾ ਜਾਣ ਕਮਲਾਪਾਤੀ, ਕਵਲ ਨੈਣ ਕਰੇ ਰੁਸ਼ਨਾਈਆ । ਸਦਾ ਸੁਹੇਲਾ ਬਣ ਬਣ ਸਾਥੀ, ਸਾਚਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ

੫੨੨ ੧੩

ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਖੇਲ ਅਪਾਰਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਸ਼ਾਹੋ ਭੂਪ ਬਣ ਸਿਕਦਾਰਾ, ਹਰਿ ਪੁਰਖ ਨਿਰੰਜਣ ਹੁਕਮ ਚਲਾਇੰਦਾ । ਏਕੰਕਾਰਾ ਕਰ ਪਸਾਰਾ, ਦੋ ਜਹਾਨਾਂ ਵੇਖ ਵਖਾਇੰਦਾ । ਆਦਿ ਨਿਰੰਜਣ ਨੂਰ ਉਜਿਆਰਾ, ਲੱਖ ਚੁਰਾਸੀ ਦੀਵਾ ਬਾਤੀ ਜੋਤੀ ਜੋਤ ਡਗਮਗਾਇੰਦਾ । ਸ੍ਰੀ ਭਗਵਾਨ ਸਚ ਸਹਾਰਾ, ਆਤਮ ਪਰਮਾਤਮ ਬੰਧਨ ਪਾਇੰਦਾ । ਅਬਿਨਾਸ਼ੀ ਕਰਤਾ ਸੁਹਾਏ ਬੰਕ ਦੁਆਰਾ, ਸੇਜ ਸੁਹੰਜਣੀ ਸੋਭਾ ਪਾਇੰਦਾ । ਪਾਰਬ੍ਰਹਮ ਪ੍ਰਭ ਬਣ ਵਣਜਾਰਾ, ਬ੍ਰਹਮ ਆਪਣਾ ਹੱਟ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਪਰਦਾ ਆਪ ਚੁਕਾਇੰਦਾ । ਸਾਚਾ ਪਰਦਾ ਹਰਿ ਜੂ ਚੁੱਕ, ਤ੍ਰੈਭਵਨ ਧਨੀ ਦਇਆ ਕਮਾਈਆ । ਸਚ ਦੁਆਰਿਉਂ ਆਪੇ ਉਠ, ਸਤਿ ਸਤਿਵਾਦ ਵੇਖ ਵਖਾਈਆ । ਨਿਰਗੁਣ ਸਰਗੁਣ ਨਰ ਹਰਿ ਤੁਠ, ਦੀਨਨ ਆਪਣੀ ਦਇਆ ਕਮਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਵ ਨੌਂ ਚਾਰ ਰਿਹਾ ਪੁੱਛ, ਸਤਿ ਸਤਿ ਭੇਵ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਇਕ ਵਖਾਈਆ । ਸਾਚਾ ਰੰਗ ਰੰਗ ਰੰਗੀਲਾ, ਦਰਗਾਹ ਸਾਚੀ ਆਪ ਰੰਗਾਇੰਦਾ । ਅਬਿਨਾਸ਼ੀ ਕਰਤਾ ਛੈਲ ਛਬੀਲਾ, ਸ਼ਹਿਨਸ਼ਾਹ ਆਪਣਾ ਰੂਪ ਧਰਾਇੰਦਾ । ਪਰਵਰਦਿਗਾਰ ਬਣਾਏ ਸਚ ਕਬੀਲਾ, ਖੇਲ ਆਪਣਾ ਨਾ ਕਿਸੇ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਖੁਲ੍ਹਾਇੰਦਾ । ਸਾਚਾ ਭੇਵ ਪਰਵਰਦਿਗਾਰ, ਬੇਪਰਵਾਹ ਆਪ ਖੁਲ੍ਹਾਈਆ । ਮੁਕਾਮੇ ਹੱਕ ਹੋ ਤਿਆਰ, ਹਕੀਕਤ ਇਕੋ ਇਕ ਜਣਾਈਆ । ਲਾਸ਼ਰੀਕ ਸਾਂਝਾ ਯਾਰ, ਸ਼ਿਰਕਤ ਵਿਚ ਕਦੇ ਨਾ ਆਈਆ । ਕਲਮਾ ਨਬੀ ਕਰ ਤਿਆਰ, ਅਮਾਮ ਕਰੇ ਪੜ੍ਹਾਈਆ । ਸਾਚੇ ਹੁਜਰੇ ਬੋਲ ਜੈਕਾਰ, ਨਾਦ ਅਨਾਦ ਇਕ ਸੁਣਾਈਆ । ਬਿਸਮਲ ਹੋ ਕੇ ਬਿਸਮਿਲ ਧਾਰ, ਵਿਸ਼ਵ ਆਪਣਾ ਭੇਵ ਚੁਕਾਈਆ । ਕਾਗਦ ਕਲਮ ਨਾ ਲਿਖਣਹਾਰ, ਅਲਫ਼ ਯੇ ਨਾ ਕੋਇ ਪੜ੍ਹਾਈਆ । ਹਜ਼ਰਤ ਖੇਲ ਕਰੇ ਅਪਾਰ, ਬੇਐਬ ਰੂਪ ਖ਼ੁਦਾਈਆ । ਵਸਣਹਾਰਾ ਧਾਮ ਨਿਆਰ, ਸਚਖੰਡ ਆਪਣਾ ਡੇਰਾ ਲਾਈਆ । ਨਿਰਗੁਣ ਦਾਤਾ ਪੁਰਖ ਬਿਧਾਤਾ ਸਦਾ ਸਦਾ ਖ਼ਬਰਦਾਰ, ਸਾਚੀ ਖ਼ਬਰ ਆਪ ਸੁਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਪੰਜ ਤੱਤ ਕਾਇਆ ਬਣ ਦਲਾਲ, ਸ਼ਬਦ ਰਾਗੀ ਅਨਾਦੀ ਤਾਲ ਵਜਾਈਆ । ਬ੍ਰਹਮ ਬ੍ਰਹਿਮਾਦੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਰਬਾਰੇ ਹੁਕਮ ਮਨਾਈਆ । ਸਚ ਦਰਬਾਰਾ ਏਕੋ ਏਕ, ਇਕ ਇਕੱਲਾ ਆਪ ਜਣਾਇੰਦਾ । ਸਤਿ ਸਤਿਵਾਦੀ ਸਾਚੀ ਟੇਕ, ਦਰ ਘਰ ਸਾਚਾ ਇਕ ਵਖਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸਾਧ ਸੰਤ ਲਓ ਵੇਖ, ਭਗਤ ਭਗਵੰਤ ਆਪ ਜਗਾਇੰਦਾ । ਅਬਿਨਾਸ਼ੀ ਕਰਤਾ ਰੂਪ ਰੰਗ ਨਾ ਕੋਇ ਰੇਖ, ਨੂਰ ਨੁਰਾਨਾ ਨੂਰ ਡਗਮਗਾਇੰਦਾ । ਮੁੱਛ ਦਾੜ੍ਹੀ ਨਾ ਕੋਇ ਕੇਸ, ਮੁੰਡ ਮੁੰਡਾਇਆ ਨਜ਼ਰ ਨਾ ਆਇੰਦਾ । ਵਸਣਹਾਰਾ ਸਾਚੇ ਦੇਸ, ਸਚਖੰਡ ਸਾਚੇ ਸੋਭਾ ਪਾਇੰਦਾ । ਏਥੇ ਓਥੇ ਨਿਰਗੁਣ ਸਰਗੁਣ ਨਰ ਨਰੇਸ਼, ਨਰ ਨਿਰੰਕਾਰਾ ਇਕ ਅਖਵਾਇੰਦਾ । ਕਲਜੁਗ ਅੰਤਮ ਧਰਿਆ ਭੇਖ, ਨਿਹਕਲੰਕਾ ਨਾਉਂ ਪਰਗਟਾਇੰਦਾ । ਲੱਖ ਚੁਰਾਸੀ ਵੇਖੇ ਖੇਡ, ਘਟ ਘਟ ਅੰਦਰ ਡੇਰਾ ਲਾਇੰਦਾ । ਗੁਰਮੁਖ ਵਿਰਲੇ ਦੇਵੇ ਆਪਣਾ ਭੇਤ, ਗੁਰਸਿਖ ਸੱਜਣ ਪਰਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਚੌਕੜੀ ਆਪਣਾ ਹੁਕਮ ਮਨਾਇੰਦਾ । ਜੁਗ ਚੌਕੜੀ ਹੁਕਮੇ ਅੰਦਰ, ਇਕੋ ਕਾਰ ਕਮਾਈਆ । ਲੱਖ ਚੁਰਾਸੀ ਮਾਰੇ ਜੰਦਰ, ਪਰਦਾ ਨਜ਼ਰ ਕਿਸੇ ਨਾ ਆਈਆ ।

ਮਨ ਵਾਸਨਾ ਸ੍ਰਿਸ਼ਟ ਸਬਾਈ ਭੌਂਦੀ ਬੰਦਰ, ਆਸਾ ਤ੍ਰਿਸ਼ਨਾ ਨਾ ਕੋਇ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਧਾਰ ਆਪ ਸਮਝਾਈਆ । ਸਾਚੀ ਧਾਰ ਕਲਜੁਗ ਮਾਤ, ਬਿਨ ਲੱਗ ਮਾਤਰ ਆਪ ਜਣਾਇੰਦਾ । ਲੇਖਾ ਲਿਖੇ ਬਿਨ ਕਲਮ ਦਵਾਤ, ਅੱਖਰ ਸ਼ਾਹੀ ਨਾ ਵੰਡ ਵੰਡਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰ ਕਰ ਦਾਸ, ਕਰੋੜ ਤੇਤੀਸਾ ਬੰਧਨ ਪਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸੱਦੇ ਪਾਸ, ਸਚ ਸੰਦੇਸਾ ਹੁਕਮ ਜਣਾਇੰਦਾ । ਕਲਜੁਗ ਅੰਤਮ ਸਾਰੇ ਹੋਏ ਨਿਰਾਸ, ਆਪਣਾ ਬਲ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਰਨੇ ਆਇਆ, ਕਰਤਾ ਪੁਰਖ ਕਰਤਾਰ । ਲੇਖਾ ਜਾਣੇ ਦਾਈ ਦਾਇਆ, ਵੇਖਣਹਾਰ ਸਰਬ ਸੰਸਾਰ । ਮੇਟਣਹਾਰਾ ਕੂੜੀ ਮਾਇਆ, ਤ੍ਰੈਗੁਣ ਮਾਰੇ ਸ਼ਬਦੀ ਮਾਰ । ਪੰਜ ਤੱਤ ਪਰਦਾ ਰਿਹਾ ਲਾਹਿਆ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਖੋਲ੍ਹ ਕਿਵਾੜ । ਆਤਮ ਪਰਮਾਤਮ ਮੇਲ ਮਿਲਾਇਆ, ਭਗਤ ਭਗਵੰਤ ਆਪ ਉਠਾਲ । ਸਾਚੇ ਸੰਤ ਲਏ ਜਗਾਇਆ, ਦੀਨਾਂ ਬੰਧਪ ਦੀਨ ਦਿਆਲ । ਗੁਰਮੁਖ ਆਪਣੇ ਅੰਗ ਲਗਾਇਆ, ਗੁਰ ਗੁਰ ਕਿਰਪਾ ਕੀਤੀ ਆਣ, ਗੁਰਸਿਖ ਸਾਚਾ ਰੰਗ ਚੜ੍ਹਾਇਆ, ਨਾਦ ਸੁਣਾਏ ਸ਼ਬਦ ਧੁਨਕਾਨ । ਦੀਪਕ ਜੋਤੀ ਡਗਮਗਾਇਆ, ਮੇਟ ਮਿਟਾਇਆ ਅੰਧ ਅੰਧਿਆਨ । ਚਰਨ ਧੂੜੀ ਅਸ਼ਨਾਨ ਕਰਾਇਆ, ਫੜ ਬਣਾਇਆ ਚਤੁਰ ਸੁਜਾਨ । ਸੋਹੰ ਢੋਲਾ ਇਕੋ ਗਾਇਆ, ਪ੍ਰਭ ਮਿਲ ਸ੍ਰੀ ਭਗਵਾਨ । ਸ਼ਬਦ ਵਿਚੋਲਾ ਨਾਲ ਰਲਾਇਆ, ਦੋ ਜਹਾਨ ਕਰੇ ਕਲਿਆਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਲੇਖਾ ਜਾਣੇ ਜੀਵ ਜਹਾਨ । ਜੀਵ ਜਹਾਨ ਜਾਣੇ ਲੇਖਾ, ਅਭੁਲ ਭੁੱਲ ਕਦੇ ਨਾ ਜਾਈਆ । ਵਸਣਹਾਰਾ ਸਾਚੇ ਦੇਸਾ, ਦੇਸ ਦਸੰਤਰ ਖੋਜ ਖੁਜਾਈਆ । ਕਲਜੁਗ ਅੰਤਮ ਧਾਰੇ ਭੇਸਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਗੁਰ ਅਵਤਾਰ ਕਰੇ ਆਦੇਸਾ, ਪੀਰ ਪੈਗ਼ੰਬਰ ਸਯਦਾ ਸੀਸ ਝੁਕਾਈਆ । ਭਗਤ ਭਗਵਾਨ ਕਰੇ ਨੇਤਾ, ਨਿਤ ਨਿਤ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੱਜਣ ਵੇਖੇ ਥਾਉਂ ਥਾਈਂਆ । ਹਰਿ ਸੱਜਣ ਸਾਹਿਬ ਸੁਹੇਲਾ, ਕਲਜੁਗ ਅੰਤਮ ਵੇਸ ਵਟਾਇੰਦਾ । ਮਹਾਂਬਲੀ ਇਕ ਇਕੇਲਾ, ਦੋ ਜਹਾਨਾਂ ਖੋਜ ਖੁਜਾਇੰਦਾ । ਲੇਖਾ ਜਾਣੇ ਗੁਰੂ ਗੁਰ ਚੇਲਾ, ਗੁਰ ਚੇਲਾ ਏਕਾ ਰੰਗ ਰੰਗਾਇੰਦਾ । ਆਦਿ ਨਿਰੰਜਣ ਚਾੜ੍ਹੇ ਤੇਲਾ, ਜੋਤ ਨਿਰੰਜਣ ਸਗਨ ਮਨਾਇੰਦਾ । ਪ੍ਰਭ ਮਿਲਣ ਦਾ ਅੰਤਮ ਵੇਲਾ, ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੀਤ ਇਕ ਅਖਵਾਇੰਦਾ । ਸਾਚਾ ਮੀਤ ਮਿੱਤਰ ਪਿਆਰਾ, ਮੁਰੀਦ ਮੁਰਸ਼ਦ ਵੇਖਣ ਆਈਆ । ਕਰੇ ਖੇਲ ਅਗੰਮ ਅਪਾਰਾ, ਦੀਦ ਈਦ ਚੰਦ ਰੁਸ਼ਨਾਈਆ । ਅੰਦਰ ਬਾਹਰ ਗੁਪਤ ਜ਼ਾਹਰਾ, ਜਲਵਾ ਨੂਰ ਨੂਰ ਰੁਸ਼ਨਾਈਆ । ਕਾਗਦ ਕਲਮ ਨਾ ਲਿਖਣਹਾਰਾ, ਕਾਤਬ ਚਲੇ ਨਾ ਕੋਇ ਚਤੁਰਾਈਆ । ਗੁਰ ਅਵਤਾਰ ਕਰਨ ਨਿਮਸਕਾਰਾ, ਪੀਰ ਪੈਗ਼ੰਬਰ ਬੈਠੇ ਸੀਸ ਝੁਕਾਈਆ । ਭਗਤ ਭਗਵਾਨ ਸੁਹਾਏ ਦੁਆਰਾ, ਸੋਭਾਵੰਤ ਵੱਜੀ ਵਧਾਈਆ । ਵਿਸ਼ਨ ਬ੍ਰਹਮਾ ਸ਼ਿਵ ਰੋਵਣ ਜ਼ਾਰੋ ਜ਼ਾਰਾ, ਨੇਤਰ ਨੈਣਾਂ ਨੀਰ ਵਹਾਈਆ । ਤ੍ਰੈਗੁਣ ਮਾਇਆ ਹਾਹਾਕਾਰਾ, ਪੰਜ ਤੱਤ ਧੀਰ ਨਾ ਕੋਇ ਧਰਾਈਆ । ਆਤਮ ਪਰਮਾਤਮ ਵਸੇ ਨਿਆਰਾ, ਘਰ ਘਰ ਵਿਚ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ,

ਭਗਤਨ ਮੇਲਾ ਥਾਉਂ ਥਾਈਆ । ਭਗਤਨ ਮੇਲਾ ਪੰਜ ਤੱਤ, ਕਾਇਆ ਮੰਦਰ ਵੇਖ ਵਖਾਇੰਦਾ । ਇਕੋ ਦੇਵੇ ਬ੍ਰਹਮ ਮਤ, ਬ੍ਰਹਮ ਵਿਦਿਆ ਆਪ ਪੜ੍ਹਾਇੰਦਾ । ਚੌਦਾਂ ਵਿਦਿਆ ਉਬਲੇ ਰੱਤ, ਰੱਤੀ ਰੱਤ ਨਾ ਕੋਇ ਸੁਕਾਇੰਦਾ । ਹਰਿ ਕਾ ਨਾਮ ਕਿਸੇ ਨਾ ਆਵੇ ਹੱਥ, ਖ਼ਾਲੀ ਹੱਥ ਸਰਬ ਫਿਰਾਇੰਦਾ । ਜੀਵ ਜੰਤ ਸਾਧ ਸੰਤ ਲੱਭਣ ਨੱਠ ਨੱਠ, ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ, ਦਿਸ ਕਿਸੇ ਨਾ ਆਇੰਦਾ । ਖ਼ਾਲੀ ਦਿਸਣ ਮੰਦਰ ਮਸਜਿਦ ਸ਼ਿਵਦੁਆਲੇ ਮੱਠ, ਗੁਰਦੁਆਰੇ ਗੁਰ ਗੁਰ ਰੰਗ ਨਾ ਕੋਇ ਰੰਗਾਇੰਦਾ । ਹਰ ਘਟ ਵਸਿਆ ਪੁਰਖ ਸਮਰਥ, ਗ੍ਰਿਹ ਗ੍ਰਿਹ ਆਪਣਾ ਡੇਰਾ ਲਾਇੰਦਾ । ਸਤਿਗੁਰ ਸਰਨਾਈ ਜੋ ਜਨ ਜਾਏ ਢੱਠ, ਆਤਮ ਪਰਮਾਤਮ ਜੋੜ ਜੁੜਾਇੰਦਾ । ਬੀਜ ਬੀਜੇ ਸਾਚੇ ਵਤ, ਫੁੱਲ ਫਲਵਾੜੀ ਪਤ ਡਾਲੀ ਆਪ ਮਹਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸ਼ਬਦ ਵਿਚੋਲਾ ਸਾਚਾ ਢੋਲਾ ਇਕੋ ਬੋਲਾ ਆਪ ਸੁਣਾਇੰਦਾ । ਇਕੋ ਬੋਲਾ ਸੋਹੰ ਸੋ, ਨਾਨਕ ਨਿਰਗੁਣ ਕਰੀ ਪੜ੍ਹਾਈਆ । ਗੋਬਿੰਦ ਢੋਆ ਦਿਤਾ ਢੋ, ਭੱਥਾ ਤੀਰ ਨਾ ਕੋਇ ਰਖਾਈਆ । ਆਪਣੇ ਜਿਹਾ ਆਪੇ ਹੋ, ਆਪਣੀ ਕਰਨੀ ਆਪ ਕਮਾਈਆ । ਕਰੇ ਪਰਕਾਸ਼ ਬ੍ਰਹਿਮੰਡ ਖੰਡ ਸਾਚੀ ਲੋ, ਲੋਆਂ ਪੁਰੀਆਂ ਆਪ ਜਣਾਈਆ । ਪਿਛਲੀ ਕਰਨੀ ਸਭ ਤੋਂ ਲਏ ਖੋਹ, ਖ਼ਾਲਕ ਖ਼ਲਕ ਪਰਵਰਦਿਗਾਰ ਵਡ ਵਡਿਆਈਆ । ਕੂੜੀ ਕਿਰਿਆ ਤੋੜੇ ਮੋਹ, ਮੁਹੱਬਤ ਇਕੋ ਨਾਮ ਜਣਾਈਆ । ਨਿਰਗੁਣ ਨਿਰਗੁਣ ਜਾਏ ਛੋਹ, ਸਰਗੁਣ ਸਰਗੁਣ ਵੱਜੇ ਵਧਾਈਆ । ਅੰਮ੍ਰਿਤ ਰਸ ਦੇਵੇ ਚੋ, ਨਿਝਰ ਝਿਰਨਾ ਇਕ ਝਿਰਾਈਆ । ਹਰਿ ਕਾ ਭੇਵ ਨਾ ਜਾਣੇ ਕੋ, ਭਰਮੇ ਭੁੱਲੀ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਚ ਦੁਆਰਾ ਏਕੰਕਾਰਾ ਚਾਰ ਵਰਨਾਂ ਇਕ ਸਹਾਰਾ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਆਪ ਜਣਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼, ਵਿਸ਼ਵ ਇਕੋ ਧਾਰ ਚਲਾਇੰਦਾ । ਲੱਖ ਚੁਰਾਸੀ ਵਸੇ ਕਾਇਆ ਦੇਸ, ਪੰਜ ਤੱਤ ਚੋਲਾ ਆਪ ਹੰਢਾਇੰਦਾ । ਨਿਜ ਨੇਤਰ ਨਿਜ ਆਤਮ ਨਿਜ ਘਰ ਨਿਜ ਦਾਤਾ ਲਏ ਵੇਖ, ਦੂਸਰ ਨਜ਼ਰ ਕਿਸੇ ਨਾ ਆਇੰਦਾ । ਸਤਿ ਸਤਿਵਾਦੀ ਸਦਾ ਸੁਹੇਲਾ ਕਰੇ ਸੱਚਾ ਹੇਤ, ਨਿਤ ਨਵਿਤ ਆਪਣਾ ਫੇਰਾ ਪਾਇੰਦਾ । ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਬੋਧ ਅਗਾਧੀ ਖੁਲ੍ਹਾਏ ਭੇਤ, ਅਨੁਭਵ ਆਪਣਾ ਖੇਲ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਮੇਲ ਮਿਲਾਇੰਦਾ । ਹਰਿਜਨ ਮੇਲਾ ਇਕੋ ਦਰ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਜੁਗ ਜਨਮ ਦੇ ਵਿਛੜੇ ਫੜ, ਫੜ ਬਾਹੋਂ ਗਲੇ ਲਗਾਈਆ । ਸਾਚੇ ਪੌੜੇ ਜਾਏ ਚੜ੍ਹ, ਕਾਇਆ ਮੰਦਰ ਅੰਦਰ ਫੇਰਾ ਪਾਈਆ । ਦਰਸ ਦਿਖਾਏ ਅੱਗੇ ਖੜ, ਸਵਛ ਸਰੂਪੀ ਰੂਪ ਵਟਾਈਆ । ਨਾਤਾ ਤੋੜ ਬਹੱਤਰ ਨੜ, ਤਿੰਨ ਸੌ ਸੱਠ ਹਾਡੀ ਲਹਿਣਾ ਦਏ ਮੁਕਾਈਆ । ਆਪਣੀ ਕਿਰਪਾ ਆਪੇ ਕਰ, ਕਰਨੀ ਆਪਣੀ ਦਏ ਜਣਾਈਆ । ਘਰ ਵਿਚ ਘਰ ਮਿਲੇ ਵਰ, ਘਰ ਮੇਲਾ ਸੱਚੇ ਮਾਹੀਆ । ਨਿਰਭੌ ਚੁਕਾਏ ਭੈ ਡਰ, ਜੂਨੀ ਜੂਨ ਨਾ ਕੋਇ ਭੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤਨ ਸੰਗ ਆਪ ਨਿਭਾਈਆ । ਸੰਤਨ ਸੰਗ ਪੁਰਖ ਸਮਰਥ, ਸਦਾ ਸਦਾ ਸਮਾਇਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਚਲਾਏ ਰਥ, ਜੁਗ ਜੁਗ ਵੇਸ ਵਟਾਇਆ । ਨਾਮ ਜਣਾਏ ਮਹਿਮਾ ਅਕੱਥ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਖਾਣੀ ਬਾਣੀ ਭੇਵ ਨਾ ਆਇਆ । ਭਗਤ ਭਗਵਾਨ ਮਾਰਗ ਦੇਵੇ ਦੱਸ, ਸਤਿ ਸਤਿਵਾਦੀ ਰਾਹ ਜਣਾਇਆ । ਸਤਿਜੁਗ ਸਾਚਾ

ਹੋਏ ਪਰਗਟ, ਪਰਗਟ ਆਪਣਾ ਰੰਗ ਰੰਗਾਇਆ । ਕਲਜੁਗ ਕੂੜਾ ਮਿਟੇ ਹੱਟ, ਹਟਵਾਣਾ ਰਹਿਣ ਨਾ ਪਾਇਆ । ਲਹਿਣਾ ਚੁੱਕੇ ਤੀਰਥ ਅੱਠਸੱਠ, ਗੰਗਾ ਗੁਦਾਵਰੀ ਜਮਨਾ ਸੁਰਸਤੀ ਨੇਤਰ ਨੈਣ ਨੈਣ ਰਿਹਾ ਸ਼ਰਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਦੁਆਰਾ ਇਕ ਵਖਾਇਆ । ਭਗਤ ਦੁਆਰ ਖੋਲ੍ਹੇ ਆਪ, ਆਪਣੀ ਦਇਆ ਕਮਾਈਆ । ਸੋ ਪੁਰਖ ਨਿਰੰਜਣ ਸਾਚਾ ਜਾਪ, ਚਾਰ ਵਰਨ ਪੜ੍ਹਾਈਆ । ਹੰ ਬ੍ਰਹਮ ਮੇਟੇ ਸੰਤਾਪ, ਸਚ ਸੁੱਚ ਸਮਝਾਈਆ । ਮੇਲ ਮਿਲਾਵਾ ਰਸੂਲ ਪਾਕ, ਪਾਕੀ ਪਾਕ ਖ਼ਾਕ ਵਡਿਆਈਆ । ਨਜ਼ਰੀ ਆਏ ਸਾਖਿਆਤ, ਹਰਿ ਸੱਜਣ ਸੱਚਾ ਮਾਹੀਆ । ਪੀਰ ਪੈਗ਼ੰਬਰ ਮੁਰਸ਼ਦ ਮੁਰੀਦ ਪਿਆਏ ਆਬ ਹਯਾਤ, ਹਯਾਤੀ ਸਭ ਦੀ ਦਏ ਬਦਲਾਈਆ । ਮੱਕਾ ਕਾਅਬਾ ਵੇਖੇ ਮੁਖ ਖੋਲ੍ਹ ਨਕਾਬ, ਪਰਦਾਨਸ਼ੀਂ ਪਰਦਾ ਆਪ ਉਠਾਈਆ । ਨਜ਼ਰੀ ਆਏ ਇਕ ਜਨਾਬ, ਸਾਚੇ ਤਖ਼ਤ ਸੋਭਾ ਪਾਈਆ । ਈਸਾ ਮੂਸਾ ਮੁਹੰਮਦ ਚਾਰ ਯਾਰ ਅੱਲਾ ਰਾਣੀ ਕਰੇ ਆਦਾਬ, ਬਣ ਬਰਦਾ ਸੀਸ ਝੁਕਾਈਆ । ਤੁਧ ਬਿਨ ਦੇਵੇ ਨਾ ਕੋਇ ਖ਼ਤਾਬ, ਖ਼ਤਾ ਮੁਆਫ਼ ਨਾ ਕੋਇ ਕਰਾਈਆ । ਤੂੰ ਸਾਹਿਬ ਸੱਚਾ ਬਾਪ, ਪਿਤਾ ਪੂਤ ਗੋਦ ਉਠਾਈਆ । ਆਦਿ ਜੁਗਾਦਿ ਜੁਗ ਜੁਗ ਦਰਗਾਹ ਸਾਚੀ ਤੇਰਾ ਇਕੋ ਜਾਪ, ਇਕੋ ਕਲਮਾ ਨਬੀ ਪੜ੍ਹਾਈਆ । ਤੂੰ ਸਿਫ਼ਤ ਸਾਲਾਹੀ ਸਦਾ ਸਫ਼ਾਤ, ਸਿਫ਼ਤ ਵਿਚ ਕਦੇ ਨਾ ਆਈਆ । ਮਰੇ ਨਾ ਜੰਮੇ ਨਾ ਹੋਏ ਵਫ਼ਾਤ, ਮਕਬਰਾ ਰੂਪ ਨਾ ਕੋਇ ਵਖਾਈਆ । ਤੇਰਾ ਲੇਖਾ ਕਾਇਨਾਤ, ਕਾਤਲ ਮਕਤੂਲ, ਤੇਰਾ ਅੰਤ ਕੋਇ ਨਾ ਪਾਈਆ । ਤੇਰੀ ਅਗੰਮੀ ਬਾਤਨ ਇਕੋ ਬਾਤ, ਬੈਤਲ ਤੇਰਾ ਦਰ ਨਜ਼ਰੀ ਆਈਆ । ਏਥੇ ਓਥੇ ਦੇਵੇਂ ਨਜ਼ਾਤ, ਨਿਜ ਘਰ ਆਪਣੇ ਹੋਏਂ ਸਹਾਈਆ । ਲੇਖਾ ਲਿਖੇਂ ਬਿਨ ਕਲਮ ਦਵਾਤ, ਕਾਤਬ ਹੱਥ ਨਾ ਕੋਇ ਵਖਾਈਆ । ਤੇਰੀ ਨਜ਼ਰ ਨਾ ਆਈ ਕਿਸੇ ਲੁਗਾਤ, ਬੇਨਜ਼ੀਰ ਨਜ਼ਰ ਨਜ਼ਰ ਨਾਲ ਮਿਲਾਈਆ । ਕਲਜੁਗ ਅੰਤਮ ਵੇਖਣ ਆਇਉਂ ਖੇਲ ਤਮਾਸ਼, ਅਮਾਮ ਅਮਾਮਾ ਰੂਪ ਵਟਾਈਆ । ਮੁਹੰਮਦ ਪੂਰੀ ਕਰੇਂ ਖ਼ਾਹਸ਼, ਚੌਦਾਂ ਸਦੀਆਂ ਪੰਧ ਮੁਕਾਈਆ । ਅੱਲਾ ਰਾਣੀ ਹੋਈ ਨਰਾਸ, ਖ਼ੁਲ੍ਹੀ ਮੀਂਢੀ ਰਹੀ ਵਖਾਈਆ । ਮੀਆਂ ਕੋਇ ਨਾ ਪੁੱਛੇ ਵਾਤ, ਬੀਵੀ ਰੋ ਰੋ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਮੁਰਸ਼ਦ ਆਪਣਾ ਫੇਰਾ ਪਾਈਆ । ਮੁਰੀਦ ਮੁਰਸ਼ਦ ਵੇਖੇ ਹੁਜ਼ਰਾ, ਹਾਜ਼ਤ ਸਭ ਦੀ ਪੂਰ ਕਰਾਇੰਦਾ । ਆਪਣੀ ਧਾਰੋਂ ਆਪੇ ਉਂਗਰਾ, ਰੂਪ ਰੰਗ ਰੇਖ ਨਾ ਕੋਇ ਜਣਾਇੰਦਾ । ਆਦਿ ਜੁਗਾਦਿ ਸਦਾ ਸਦਾ ਰਹੇ ਨਾਸ਼ੁਕਰਾ, ਸ਼ੁਕਰੀਆ ਅਦਾ ਨਾ ਕੋਇ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਮਹਿਬੂਬ ਵਸਣਹਾਰਾ ਹੱਦ ਹਦੂਦ, ਹਦੂਦ ਅਰਬਾ ਨਾ ਕਿਸੇ ਜਣਾਇੰਦਾ । ਹਦੂਦ ਹੱਦ ਨਾ ਕੋਇ ਵੰਡ, ਰਕਬਾ ਨਜ਼ਰ ਕੋਇ ਨਾ ਆਈਆ । ਚੌਦਾਂ ਤਬਕਾਂ ਪਈ ਡੰਡ, ਡੰਕਾ ਇਕੋ ਨਾਮ ਸੁਣਾਈਆ । ਸਦੀ ਚੌਧਵੀਂ ਰਹੀ ਲੰਘ, ਵੇਲਾ ਗਿਆ ਹੱਥ ਨਾ ਆਈਆ ਪੀਰ ਪੈਗ਼ੰਬਰ ਬਣੇ ਮਲੰਘ, ਦਰ ਦਰ ਅਲਖ ਜਗਾਈਆ । ਪਰਗਟ ਹੋਇਆ ਸੂਰਾ ਸਰਬੰਗ, ਸ਼ਹਿਨਸ਼ਾਹ ਆਪਣਾ ਫੇਰਾ ਪਾਈਆ । ਸਾਚੇ ਅਸਵ ਘੋੜੇ ਪਾਖਰ ਜ਼ੀਨ ਕਸੇ ਤੰਗ, ਡੋਰੀ ਆਪਣੇ ਹੱਥ ਰਖਾਈਆ । ਬ੍ਰਹਿਮੰਡ ਖੰਡ ਲੋਆਂ ਪੁਰੀਆਂ ਆਏ ਲੰਘ, ਲੋਕਮਾਤ ਫੇਰਾ ਪਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਵੇਖੇ ਰੈਣ ਅੰਧੇਰੀ ਅੰਧ, ਚੌਦਸ ਚੰਦ ਨਾ ਕੋਇ ਚੜ੍ਹਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਅੰਤਰ ਭਰਿਆ ਗੰਦ, ਕੂੜੀ ਕਿਰਿਆ ਕਰੀ ਕੁੜਮਾਈਆ । ਅਠਸਠ ਤੀਰਥ ਕਿਤੇ ਨਾ ਦਿਸੇ ਠੰਡ, ਅਗਨੀ ਤੱਤ ਤੱਤ

੫੨੫
੧੩

ਜਲਾਈਆ । ਸ੍ਰਿਸ਼ਟ ਸਬਾਈ ਹੋਈ ਰੰਡ, ਹਰਿ ਜੂ ਕੰਤ ਨਾ ਕੋਇ ਹੰਢਾਈਆ । ਘਰ ਘਰ ਵੜਿਆ ਭੇਖ ਪਖੰਡ, ਸਚ ਸੁੱਚ ਨਾ ਵੱਜੇ ਵਧਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਹੋਏ ਨੰਗ, ਪਰਦਾ ਸਕੇ ਨਾ ਕੋਇ ਪਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਗੀਤਾ ਗਿਆਨ ਪੜ੍ਹਦੇ ਬੱਤੀ ਦੰਦ ਹਿਰਦੇ ਹਰਿ ਨਾ ਕੋਇ ਵਸਾਈਆ । ਚਲਦਿਆਂ ਫਿਰਦਿਆਂ ਔਂਦਿਆਂ ਜਾਂਦਿਆਂ ਕਿਸੇ ਨਾ ਮੁਕਿਆ ਪੰਧ, ਅੱਧਵਿਚਕਾਰ ਬੈਠੇ ਡੇਰਾ ਲਾਈਆ । ਗੋਬਿੰਦ ਇਕੋ ਮੰਗੀ ਮੰਗ, ਪੁਰਖ ਅਕਾਲ ਅੱਗੇ ਝੋਲੀ ਡਾਹੀਆ । ਕਲਜੁਗ ਤੇਰਾ ਮਿਲੇ ਸੰਗ, ਦੂਜਾ ਨਜ਼ਰ ਕੋਇ ਨਾ ਆਈਆ । ਹੁਣ ਬਣਿਆ ਗੁਜਰੀ ਚੰਦ, ਫਿਰ ਤੇਰਾ ਸੁਤ ਅਖਵਾਈਆ । ਮੇਰਾ ਖ਼ੁਸ਼ੀ ਬੰਦ ਬੰਦ, ਬੰਦੀਖ਼ਾਨਾ ਤੋੜ ਤੁੜਾਈਆ । ਤੇਰਾ ਢੋਲਾ ਸੋਹੰ ਛੰਦ, ਨਾਨਕ ਨਿਰਗੁਣ ਸਰਗੁਣ ਗਿਆ ਗਾਈਆ । ਵੇਦ ਵਿਆਸਾ ਮੰਗੇ ਮੰਗ, ਖ਼ਾਲੀ ਝੋਲੀ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਇਕੋ ਏਕ ਫੇਰਾ ਪਾਈਆ । ਇਕੋ ਆਇਆ ਹਰਿ ਸਮਰਥ, ਸਮਰਥ ਸਮਰਥ ਦਇਆ ਕਮਾਇੰਦਾ । ਕਲਜੁਗ ਗੇੜੇ ਉਲਟੀ ਲੱਠ, ਗੇੜਾ ਆਪਣੇ ਹੱਥ ਰਖਾਇੰਦਾ । ਸਾਚਾ ਮਾਰਗ ਦੇਵੇ ਦੱਸ, ਸਤਿਜੁਗ ਸਾਚੀ ਧਾਰ ਚਲਾਇੰਦਾ । ਭਗਤ ਭਗਵਾਨ ਇਕ ਦੂਜੇ ਦੇ ਹੋਣ ਵਸ, ਵਸੀਕਾਰ ਆਪ ਹੋ ਆਇੰਦਾ । ਕਾਇਆ ਮੰਦਰ ਸਾਚੇ ਅੰਦਰ ਹਰੀ ਦੁਆਰ ਬਹਿ ਬਹਿ ਜਾਣਾ ਹੱਸ, ਮੱਕਾ ਕਾਅਬਾ ਦੋ ਦੋ ਆਬਾ ਮੇਲ ਮਿਲਾਇੰਦਾ । ਨਿਰਗੁਣ ਸਰਗੁਣ ਕਰ ਪਰਗਟ ਘਰ ਵਿਚ ਘਰ ਵਖਾਏ ਹੱਟ, ਬਣ ਵਣਜਾਰਾ ਤੋਲਾ ਇਕੋ ਤੋਲ ਤੁਲਾਇੰਦਾ । ਗੁਰਮੁਖ ਸੱਜਣ ਲਾਹਾ ਲੈਣਾ ਖੱਟ, ਮਨਮੁਖ ਖ਼ਾਲੀ ਹੱਥ ਭੁਆਇੰਦਾ । ਅੰਮ੍ਰਿਤ ਆਤਮ ਇਕੋ ਰਸ ਲੈਣਾ ਚੱਟ, ਜਿਸ ਚੱਟਿਆਂ ਦੁੱਖ ਨੇੜ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸੰਤ ਸੁਹੇਲੇ ਲਏ ਫੜ, ਗੁਰ ਚੇਲੇ ਗੋਦ ਬਹਾਇੰਦਾ । ਗੁਰ ਚੇਲਾ ਸੋਹੇ ਸਾਚੀ ਗੋਦ, ਗੋਬਿੰਦ ਵੱਜੇ ਨਾਮ ਵਧਾਈਆ । ਪਰਗਟ ਹੋਇਆ ਜੋਧਨ ਜੋਧ, ਮਹਾਂਬਲੀ ਬੇਪਰਵਾਹੀਆ । ਜਨ ਭਗਤਾਂ ਹਿਰਦੇ ਲਏ ਸੋਧ, ਨਾਮ ਕੁਠਾਲੀ ਇਕੋ ਤਾਈਆ । ਦੇਵੇ ਗਿਆਨ ਅਗਾਧ ਬੋਧ, ਬੋਧ ਅਗਾਧ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਜਣਾਏ ਸਾਚਾ ਮੰਤਰ, ਕਲਜੁਗ ਬੁਝਾਏ ਲੱਗੀ ਬਸੰਤਰ, ਸਰਬ ਜੀਆਂ ਬਿਧ ਜਾਣੇ ਅੰਤਰ, ਅੰਤਰ ਆਤਮ ਖੋਜ ਖੁਜਾਈਆ । ਅੰਤਰ ਆਤਮ ਲਏ ਖੋਜ, ਹਰ ਘਟ ਘਟ ਵੇਖ ਵਖਾਇੰਦਾ । ਜੁਗ ਚੌਕੜੀ ਸੋਚਿਆਂ ਵਿਚ ਨਾ ਆਵੇ ਸੋਚ, ਸੋਚ ਸਭ ਦੀ ਆਪ ਭੁਲਾਇੰਦਾ । ਕਲਜੁਗ ਅੰਤ ਭੁਲਾਈ ਸਭ ਦੀ ਹੋਸ਼, ਹੋਛਾਪਨ ਕਰਾਇੰਦਾ । ਆਪ ਬਣਿਆ ਰਿਹਾ ਨਿਰਦੋਸ਼, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੀਨ ਮਜ਼੍ਹਬ ਵੰਡ ਵੰਡਾਇੰਦਾ । ਸਚਖੰਡ ਬੈਠਾ ਰਿਹਾ ਖ਼ਮੋਸ਼, ਖ਼ਾਹਸ਼ ਆਪਣੀ ਨਾ ਕਿਸੇ ਜਣਾਇੰਦਾ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਹੋਇਆ ਰਿਹਾ ਰੂਪੋਸ਼, ਰੂਪ ਰੰਗ ਨਾ ਕੋਇ ਰਖਾਇੰਦਾ । ਭਗਤ ਪਿਆਰ ਅੰਦਰ ਹੋਇਆ ਰਿਹਾ ਮਦਹੋਸ਼, ਮਹਿਫ਼ਲ ਇਕੋ ਘਰ ਲਗਾਇੰਦਾ । ਕਲਜੁਗ ਅੰਤਮ ਸ੍ਰੀ ਭਗਵਾਨ ਚੜ੍ਹਿਆ ਜੋਸ਼, ਜੋਬਨ ਆਪਣਾ ਆਪ ਜਣਾਇੰਦਾ । ਗੋਬਿੰਦ ਪੂਰੀ ਕਰੇ ਲੋਚ, ਆਸਾ ਤ੍ਰਿਸ਼ਨਾ ਮੇਟ ਮਿਟਾਇੰਦਾ । ਵੇਖਣਹਾਰਾ ਲੱਖਣ ਪੁਸ਼ਕਰ ਦੀਪ ਕਰੌਂਚ, ਸਾਨ ਸਲਮਲ ਆਪਣਾ ਫੇਰਾ ਪਾਇੰਦਾ । ਦੋ ਜਹਾਨਾਂ ਜਾਏ ਪਹੁੰਚ, ਆਪ ਆਪਣਾ ਬਲ ਵਖਾਇੰਦਾ । ਲੱਖ ਚੁਰਾਸੀ ਲਏ ਨੋਚ, ਨੌਕਾ ਨੱਯਾ ਸਭ ਦੀ ਆਪ ਡੁਬਾਇੰਦਾ । ਜਨ ਭਗਤ ਵਖਾਏ ਸਾਚਾ ਕੋਟ, ਕਿਲਾ ਬੰਕ ਇਕ ਸੁਹਾਇੰਦਾ । ਸਚਖੰਡ

ਦੁਆਰ ਨਿਰਮਲ ਜੋਤ, ਪਰਕਾਸ਼ ਪਰਕਾਸ਼ ਵਿਚ ਪਰਗਟਾਇੰਦਾ । ਪੁਰਖ ਅਕਾਲ ਸਾਹਿਬ ਸਤਿਗੁਰ ਇਕੋ ਬਹੁਤ, ਆਦਿ ਜੁਗਾਦਿ ਇਸ਼ਟ ਗੁਰਦੇਵ ਦੇਵ ਗੁਰ ਇਸ਼ਟ ਸ੍ਰਿਸ਼ਟ ਦ੍ਰਿਸ਼ਟ ਆਪ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਸਣਹਾਰਾ ਸਚਖੰਡ ਸਚ ਮਕਾਨ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਜੇਰਜ ਅੰਡਾਂ ਉਤਭੁਜ ਸੇਤਜ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਆਤਮ ਪਰਮਾਤਮ ਬ੍ਰਹਮ ਪਾਰਬ੍ਰਹਮ ਈਸ਼ ਜੀਵ ਜਗਦੀਸ਼ ਹਦੀਸ਼ ਇਕੋ ਇਕ ਪੜ੍ਹਾਇੰਦਾ ।

ਸਿਖ ਧਰਮ ਸਾਚੀ ਸਿਖੀ, ਨਾਨਕ ਗੋਬਿੰਦ ਵੰਡ ਵੰਡਾਈਆ । ਜਿਸ ਦੀ ਧਾਰ ਸਦਾ ਅਨਡਿਠੀ, ਜਗਤ ਨੇਤਰ ਨਜ਼ਰ ਨਾ ਆਈਆ । ਜਿਸ ਆਤਮ ਪਰਮਾਤਮ ਗੋਬਿੰਦ ਪਾਏ ਭਿੱਖੀ, ਵਸਤ ਅਮੋਲਕ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖੀ ਦਏ ਸਮਝਾਈਆ । ਸਾਚੀ ਸਿਖੀ ਚਾਰ ਵਰਨ, ਨਾਨਕ ਨਿਰਗੁਣ ਸ਼ਬਦ ਜਣਾਇਆ । ਨੇਤਰ ਖੋਲ੍ਹੇ ਹਰਨ ਫਰਨ, ਪਰਦਾ ਦੂਈ ਦਏ ਚੁਕਾਇਆ । ਨਜ਼ਰੀ ਆਏ ਇਕੋ ਸਰਨ, ਦੂਜਾ ਰੰਗ ਨਾ ਕੋਇ ਵਖਾਇਆ । ਨਾਤਾ ਚੁੱਕੇ ਮਰਨ ਡਰਨ, ਭੈ ਭਿਆਨਕ ਰੂਪ ਨਾ ਕੋਇ ਵਖਾਇਆ । ਸੋ ਗੁਰਸਿਖ ਸਾਚੀ ਤਰਨੀ ਤਰਨ, ਜਿਨ੍ਹਾਂ ਨਾਨਕ ਨਿਰਗੁਣ ਸਤਿਗੁਰ ਨਜ਼ਰੀ ਆਇਆ । ਸਿਖੀ ਸੋ ਪਰਵਾਨ, ਜਿਨ੍ਹਾਂ ਸਿਖਿਆ ਸਤਿਗੁਰ ਭਾਈਆ । ਸੋ ਸਿਖੀ ਕੂੜ ਨਿਸ਼ਾਨ, ਦੁਰਮਤ ਮੈਲ ਨਾ ਸਕੇ ਧੁਆਈਆ । ਰਸਨਾ ਜਿਹਵਾ ਕਰਨ ਗਿਆਨ, ਹਿਰਦੇ ਹਰਿ ਨਾ ਕੋਇ ਵਸਾਈਆ । ਜਿਨ੍ਹਾਂ ਅੰਤਰ ਮਿਲਿਆ ਆਣ, ਸੋ ਸਿਖ ਰੂਪ ਵਡਿਆਈਆ । ਅਨਪੜ੍ਹਿਆਂ ਦੇਵੇ ਗਿਆਨ, ਪੜ੍ਹਿਆਂ ਮਤ ਦਏ ਭੁਆਈਆ । ਗੋਬਿੰਦ ਸੂਰਬੀਰ ਨੌਜਵਾਨ, ਅੰਮ੍ਰਿਤ ਆਤਮ ਸਾਚਾ ਜਾਮ ਪਿਆਈਆ । ਸਾਚਾ ਖੰਡਾ ਦੇਵੇ ਕਿਰਪਾਨ, ਲੋਹਾਰ ਤਰਖਾਣ ਨਾ ਕੋਇ ਘੜਾਈਆ । ਰੱਖੇ ਕਾਇਆ ਵਿਚ ਮਿਆਨ, ਅੱਠੇ ਪਹਿਰ ਬੰਦ ਵਖਾਈਆ । ਗੋਬਿੰਦ ਗੁਣ ਗਾਏ ਵੱਜੇ ਸ਼ਬਦ ਧੁਨਕਾਨ, ਅਨਹਦ ਨਾਦੀ ਨਾਦ ਸੁਣਾਈਆ । ਸੋ ਗੁਰਮੁਖ ਗੁਰਸਿਖ ਚਤੁਰ ਸੁਘੜ ਸੁਜਾਨ, ਜਿਸ ਜਨ ਸਤਿਗੁਰ ਸਿਖੀ ਨਜ਼ਰੀ ਆਈਆ । ਸਤਿਗੁਰ ਸਿਖੀ ਡਾਹਢੀ ਨਿੱਕੀ, ਨਜ਼ਰ ਕਿਸੇ ਨਾ ਆਈਆ । ਜਿਨ੍ਹਾਂ ਦੇਵੇ ਧੁਰ ਦਰਗਾਹੋਂ ਚਿੱਠੀ, ਨਾਮ ਪਰਵਾਨਾ ਹੱਥ ਫੜਾਈਆ । ਤਿਨ੍ਹਾਂ ਆਪਣੇ ਨੇਤਰ ਪੇਖੀ, ਸੀਸ ਧੜ ਬੰਦ ਬੰਦ ਗਏ ਕਟਾਈਆ । ਕਲਜੁਗ ਅੰਤ ਧੀਆਂ ਪੁੱਤਰਾਂ ਭੈਣਾਂ ਭਾਈਆਂ ਨਾਲ ਕਰਨ ਹੇਤੀ, ਜਗਤ ਕੁਟੰਬ ਪਾਲਣ ਮਾਇਆ ਮਮਤਾ ਹੋਈ ਹਲਕਾਈਆ । ਕੂੜੀ ਕਿਰਿਆ ਰਸਨਾ ਜਿਹਵਾ ਮਾਰਨ ਸ਼ੇਖ਼ੀ, ਬਾਹਰੋਂ ਚਿੰਨ ਰਹੇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰੂ ਗੋਬਿੰਦ ਸਿੰਘ ਦੀ ਵਡਿਆਏ ਸਾਚੀ ਸਿਖੀ, ਜਿਸ ਦੀ ਧਾਰ ਕਿਸੇ ਨਾ ਡਿਠੀ, ਧਾਰ ਆਪਣੇ ਵਿਚ ਗਿਆ ਛੁਪਾਈਆ ।

❇ ੧੮ ਮਾਘ ੨੦੧੯ ਬਿਕਰਮੀ ਚੰਨਣ ਸਿੰਘ ਦੇ ਗ੍ਰਹਿ ਪਿੰਡ ਮਾਹਲ ਜ਼ਿਲਾ ਅੰਮ੍ਰਿਤਸਰ ❇

ਭਗਤ ਭਗਵਾਨ ਇਕੋ ਆਸ, ਆਸਾ ਆਸਾ ਨਾਲ ਟਕਰਾਈਆ । ਭਗਤ ਭਗਵਾਨ ਇਕੋ ਪਿਆਸ, ਤ੍ਰਿਸ਼ਨਾ ਇਕੋ ਰੰਗ ਵਟਾਈਆ ।

੫੨੮
੧੩

ਭਗਤ ਭਗਵਾਨ ਇਕੋ ਸ਼ਾਖ਼, ਸ਼ਨਾਖ਼ਤ ਨਜ਼ਰ ਕਿਸੇ ਨਾ ਆਈਆ । ਭਗਤ ਭਗਵਾਨ ਇਕ ਦੂਜੇ ਦੇ ਦਾਸੀ ਦਾਸ, ਬਣ ਸੇਵਕ ਸੇਵ ਕਮਾਈਆ । ਭਗਤ ਭਗਵਾਨ ਕੰਮ ਕਰਨ ਖ਼ਾਸ, ਖ਼ਾਹਸ਼ ਆਪਣੀ ਪੂਰ ਕਰਾਈਆ । ਭਗਤ ਭਗਵਾਨ ਪਾਇਣ ਰਾਸ, ਮੰਡਲ ਮੰਡਪ ਨਾਚ ਨਚਾਈਆ । ਭਗਤ ਭਗਵਾਨ ਇਕੋ ਜ਼ਾਤ, ਬ੍ਰਹਮ ਪਾਰਬ੍ਰਹਮ ਵਖਾਈਆ । ਭਗਤ ਭਗਵਾਨ ਇਕ ਜਮਾਤ, ਇਕੋ ਅੱਖਰ ਕਰਨ ਪੜ੍ਹਾਈਆ । ਭਗਤ ਭਗਵਾਨ ਸਾਚਾ ਸਾਥ, ਸਾਚਾ ਸੰਗ ਰਖਾਈਆ । ਭਗਤ ਭਗਵਾਨ ਇਕ ਦੂਜੇ ਦੀ ਸੁਣਨ ਬਾਤ, ਦੂਜਾ ਸੁਣਨ ਕੋਇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਵਨ ਵੇਖੇ ਚਾਈਂ ਚਾਈਂਆ । ਭਗਤ ਭਗਵਾਨ ਇਕੋ ਰੰਗ, ਰੰਗ ਰੰਗੀਲਾ ਇਕ ਰੰਗਾਇੰਦਾ । ਭਗਤ ਭਗਵਾਨ ਇਕ ਪਲੰਘ, ਆਤਮ ਸੇਜਾ ਸੋਭਾ ਪਾਇੰਦਾ । ਭਗਤ ਭਗਵਾਨ ਇਕ ਮਰਦੰਗ, ਨਾਮ ਮਰਦੰਗਾ ਇਕ ਵਜਾਇੰਦਾ । ਭਗਤ ਭਗਵਾਨ ਇਕ ਅਨੰਦ, ਅਨੰਦ ਅਨੰਦ ਆਪ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਵਨ ਆਪਣਾ ਖੇਲ ਵਖਾਇੰਦਾ । ਭਗਤ ਭਗਵਾਨ ਇਕ ਮਕਾਨ, ਬੇਮੁਕਾਮ ਰਿਹਾ ਜਣਾਈਆ । ਭਗਤ ਭਗਵਾਨ ਇਕ ਨਿਸ਼ਾਨ, ਸਚ ਨਿਸ਼ਾਨਾ ਦਏ ਵਖਾਈਆ । ਭਗਤ ਭਗਵਾਨ ਇਕ ਕਲਾਮ, ਏਕਾ ਕਲਮਾ ਦਏ ਜਣਾਈਆ । ਭਗਤ ਭਗਵਾਨ ਇਕ ਅਮਾਮ, ਏਕਾ ਤਖ਼ਤ ਸੋਭਾ ਪਾਈਆ । ਭਗਤ ਭਗਵਾਨ ਇਕ ਨਜ਼ਾਮ, ਏਕਾ ਹੁਕਮ ਮਨਾਈਆ । ਭਗਤ ਭਗਵਾਨ ਇਕ ਦੂਜੇ ਦੇ ਹੋਣ ਗ਼ੁਲਾਮ, ਬਣ ਬਰਦੇ ਸੇਵ ਕਮਾਈਆ । ਭਗਤ ਭਗਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਜਣਾਈਆ । ਭਗਤ ਭਗਵਾਨ ਏਕਾ ਸੱਜਣ, ਸੱਜਣ ਅਵਰ ਨਾ ਕੋਇ ਜਣਾਈਆ । ਭਗਤ ਭਗਵਾਨ ਏਕਾ ਮਜਨ, ਇਕ ਸਰੋਵਰ ਦਏ ਵਖਾਈਆ । ਭਗਤ ਭਗਵਾਨ ਇਕ ਦੂਜੇ ਦੇ ਪਰਦੇ ਕੱਜਣ, ਆਪ ਆਪਾ ਨਾ ਕੋਇ ਵਡਿਆਈਆ । ਭਗਤ ਭਗਵਾਨ ਜੁਗ ਜੁਗ ਇਕ ਦੂਜੇ ਨੂੰ ਸੱਦਣ, ਸੱਦਾ ਇਕੋ ਨਾਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵਾਨ ਮਿਲ ਕੇ ਤਾਲ ਸਾਚੇ ਵੱਜਣ, ਤਲਵਾੜਾ ਇਕੋ ਘਰ ਸ਼ਨਵਾਈਆ । ਸਾਚੇ ਘਰ ਵੱਜੇ ਤਾਲ, ਭਗਤ ਭਗਵੰਤ ਆਪ ਵਜਾਈਆ । ਆਪੇ ਸੁਣੇ ਮੁਰੀਦਾਂ ਹਾਲ, ਮੁਰਸ਼ਦ ਆਪਣਾ ਫੇਰਾ ਪਾਈਆ । ਨਾਤਾ ਤੋੜ ਕਾਲ ਮਹਾਂਕਾਲ, ਦੀਨ ਦਿਆਲ ਦਇਆ ਕਮਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਜੀਵਣ ਜੁਗਤ ਇਕ ਸਮਝਾਈਆ । ਕਾਇਆ ਮੰਦਰ ਸੱਚੀ ਧਰਮਸਾਲ, ਸਤਿਗੁਰ ਸਾਚਾ ਆਸਣ ਲਾਈਆ । ਭਗਤ ਹੋਏ ਨਾ ਕਦੇ ਬੇਹਾਲ, ਬਹਿਬਲ ਰੂਪ ਨਾ ਕੋਇ ਵਟਾਇੰਦਾ । ਭਗਵਨ ਬਣੇ ਆਪ ਦਲਾਲ, ਬਣ ਵਿਚੋਲਾ ਮੇਲ ਮਿਲਾਇੰਦਾ । ਲੇਖਾ ਜਾਣੇ ਹੱਕ ਹੱਕ ਹਲਾਲ, ਹਕੀਕਤ ਸਾਚੀ ਖੋਜ ਖੁਜਾਇੰਦਾ । ਜੁਗ ਚੌਕੜੀ ਚਲੇ ਅਵੱਲੜੀ ਚਾਲ, ਚਾਲ ਨਿਰਾਲੀ ਆਪ ਰਖਾਇੰਦਾ । ਭਗਵੰਤ ਭਗਤ ਲਏ ਭਾਲ, ਆਪ ਭਾਲਿਆਂ ਹੱਥ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤ ਭਗਵਾਨ ਆਪ ਸਲਾਹਿੰਦਾ । ਭਗਤ ਭਗਵਾਨ ਇਕ ਸਲਾਹ, ਸਲਾਹਗੀਰ ਨਾ ਕੋਈ ਵਖਾਈਆ । ਭਗਤ ਭਗਵਾਨ ਇਕ ਮਲਾਹ, ਬੇੜਾ ਇਕੋ ਇਕ ਚਲਾਈਆ । ਭਗਤ ਭਗਵਾਨ ਇਕੋ ਰਾਹ, ਰਹਿਬਰ ਇਕੋ ਇਕ ਦਰਸਾਈਆ । ਭਗਤ ਭਗਵਾਨ ਇਕੋ ਨਾਂ, ਨਾਉਂ ਨਿਰੰਕਾਰਾ ਇਕ ਜਣਾਈਆ । ਇਕ ਦੂਜੇ ਦੀ ਪਕੜਨ ਬਾਂਹ, ਪੱਲੂ ਛੁੱਟ ਕਦੇ ਨਾ ਜਾਈਆ । ਭਗਤ ਭਗਵਾਨ ਵਸਣ ਸਾਚੇ ਥਾਂ, ਥਾਂ ਥਨੰਤਰ ਮਿਲੇ ਵਡਿਆਈਆ । ਭਗਤ ਭਗਵਾਨ

ਮਾਨਣ ਠੰਡੀ ਛਾਂ, ਅਗਨੀ ਤੱਤ ਨਾ ਲਾਗੇ ਰਾਈਆ । ਭਗਤ ਭਗਵਾਨ ਨਾਤਾ ਪਿਤਾ ਮਾਂ, ਪਿਤਾ ਪੂਤ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਮਿਲਾਈਆ । ਭਗਤ ਰੱਖਣ ਭਗਵਾਨ ਓਟ, ਇਕੋ ਓਟ ਰਖਾਈਆ । ਮੇਲ ਮਿਲਾਏ ਨਿਰਮਲ ਜੋਤ, ਦੂਜੀ ਕਰੇ ਨਾ ਕੋਇ ਪੜ੍ਹਾਈਆ । ਲੇਖਾ ਚੁੱਕੇ ਓਤ ਪੋਤ, ਪੁੱਤ ਪੋਤਰਾ ਨਾ ਰੂਪ ਵਟਾਈਆ । ਨਾਤਾ ਤੁਟੇ ਵਰਨ ਗੋਤ, ਮਿਲੇ ਸਚ ਸਰਨਾਈਆ । ਲੇਖੇ ਚੁੱਕੇ ਲੋਕ ਪਰਲੋਕ, ਏਕਾ ਘਰ ਬਹਾਈਆ । ਨਾਮ ਸੁਣਾਏ ਸਤਿ ਸਲੋਕ, ਸਾਚਾ ਢੋਲਾ ਗਾਈਆ । ਚਰਨਾਂ ਹੇਠ ਦਬਾਏ ਮੁਕਤੀ ਮੋਖ, ਮੁਫ਼ਤ ਆਪਣੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਹੋਏ ਆਪ ਸਹਾਈਆ । ਭਗਤ ਸਹਾਈ ਹੋਏ ਪ੍ਰਭ, ਆਪਣੀ ਦਇਆ ਕਮਾਇੰਦਾ । ਜੁਗ ਚੌਕੜੀ ਲਏ ਲੱਭ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਦਰਸ ਦਿਖਾਏ ਪ੍ਰਗਟ ਝੱਭ, ਝਲਕ ਇਕੋ ਨੂਰ ਜਣਾਇੰਦਾ । ਜਗਤ ਵਿਕਾਰਾ ਮੇਟੇ ਹੱਬ, ਹਉਮੇ ਰੋਗ ਗਵਾਇੰਦਾ । ਅੰਮ੍ਰਿਤ ਜਾਮ ਪਿਆਏ ਮਧ, ਇਕੋ ਰਸ ਚਖਾਇੰਦਾ । ਨੌਂ ਦੁਆਰੇ ਪਾਰ ਹੱਦ, ਘਰ ਮੰਦਰ ਕੁੰਡਾ ਲਾਹਿੰਦਾ । ਆਤਮ ਸੇਜਾ ਸਾਚੀ ਸੱਦ, ਆਪਣੀ ਗੰਢ ਪੁਆਇੰਦਾ । ਧਰਮ ਨਿਸ਼ਾਨਾ ਦੇਵੇ ਗੱਡ, ਸ਼ਬਦ ਨਿਸ਼ਾਨ ਝੁਲਾਇੰਦਾ । ਤੇਰੀ ਮੇਰੀ ਇਕੋ ਯਦ, ਸਾਚਾ ਸੋਹਲਾ ਰਾਗ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਆਪਣੇ ਘਰ ਵਸਾਇੰਦਾ । ਭਗਤਨ ਵਸੇ ਸਾਚਾ ਖੇੜਾ, ਸ੍ਰੀ ਭਗਵਾਨ ਆਪ ਵਸਾਈਆ । ਨਾਤਾ ਤੁਟੇ ਤੇਰਾ ਮੇਰਾ, ਸੋਹੰ ਵੱਜੇ ਸਚ ਵਧਾਈਆ । ਆਵਣ ਜਾਵਣ ਚੁਕੇ ਗੇੜਾ, ਰਾਏ ਧਰਮ ਨਾ ਦਏ ਸਜਾਈਆ । ਲੱਖ ਚੁਰਾਸੀ ਚੁਕੇ ਝੇੜਾ, ਜੂਨ ਅਜੂਨ ਨਾ ਕੋਇ ਭੁਆਈਆ । ਸਾਹਿਬ ਸਤਿਗੁਰ ਕਰੇ ਮਿਹਰਾ, ਮਿਹਰ ਨਜ਼ਰ ਇਕ ਉਠਾਈਆ । ਤਾਰਨਹਾਰਾ ਨਾ ਲਾਏ ਦੇਰਾਂ, ਦੂਰ ਦੁਰਾਡਾ ਨੇੜੇ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵਾਨ ਲਏ ਉਠਾਈਆ । ਭਗਤ ਭਗਵਾਨ ਲਏ ਉਠਾਲ, ਆਪਣਾ ਹੁਕਮ ਜਣਾਇੰਦਾ । ਦੀਪਕ ਜੋਤੀ ਇਕੋ ਬਾਲ, ਅਗਿਆਨ ਅੰਧੇਰ ਮਿਟਾਇੰਦਾ । ਅਨਹਦ ਸੁਣਾਏ ਸੱਚੀ ਧੁਨਕਾਨ, ਅਨਹਦ ਨਾਦੀ ਨਾਦ ਅਲਾਇੰਦਾ । ਨਾਤਾ ਤੋੜ ਸ਼ਾਹ ਕੰਗਾਲ, ਊਚ ਨੀਚ ਨਾ ਕੋਈ ਵਖਾਇੰਦਾ । ਸਤਿਗੁਰ ਪੂਰਾ ਦੀਨ ਦਿਆਲ, ਫੜ ਬਾਹੋਂ ਪਾਰ ਕਰਾਇੰਦਾ । ਚਰਨ ਦੁਆਰ ਵਖਾਏ ਸੱਚੀ ਧਰਮਸਾਲ, ਧਰਮ ਦੁਆਰਾ ਇਕ ਵਡਿਆਇੰਦਾ । ਹਰਿਜਨ ਸਾਚੇ ਵੇਖੇ ਲਾਲ, ਲਾਲਨ ਆਪਣੇ ਕੋਲ ਬਹਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਵਨ ਕਲਜੁਗ ਅੰਤ ਜਿਸ ਉਪਰ ਹੋਇਆ ਆਪ ਦਿਆਲ, ਆਵਣ ਜਾਵਣ ਜਨਮ ਮਰਨ ਮਰਨ ਜਨਮ ਦੁੱਖ ਮਿਟਾਇੰਦਾ ।

❇ ੧੮ ਮਾਘ ੨੦੧੯ ਬਿਕਰਮੀ ਬੇਲਾ ਸਿੰਘ ਪਿੰਡ ਮਾਹਲ ਜ਼ਿਲਾ ਅੰਮ੍ਰਿਤਸਰ ❇

ਭਗਤ ਮਾਰੇ ਸੱਚਾ ਤਾਅਨਾ, ਬਿਰਹੋਂ ਤੀਰ ਚਲਾਈਆ । ਸ੍ਰੀ ਭਗਵਾਨ ਤੇਰਾ ਮਿਟਦਾ ਜਾਏ ਨਿਸ਼ਾਨਾ, ਨਾਮ ਨਿਸ਼ਾਨ ਨਾ ਕੋਇ ਝੁਲਾਈਆ । ਸ੍ਰਿਸ਼ਟ ਸਬਾਈ ਰਸਨਾ ਜਿਹਵਾ ਗਾਏ ਗਾਣਾ, ਬੱਤੀ ਦੰਦ ਵੱਜੇ ਵਧਾਈਆ । ਆਤਮ ਨਾਦ ਨਾ ਕੋਈ ਸੁਣਾਨਾ, ਛੱਤੀ ਰਾਗ ਮਿਲੀ ਚਤੁਰਾਈਆ । ਸਾਚਾ ਮਿਲੇ ਨਾ ਕਿਸੇ ਟਿਕਾਨਾ, ਮੰਦਰ ਹੱਕ ਨਜ਼ਰ ਨਾ ਆਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਪੜ੍ਹੇ ਕੁਰਾਨਾ, ਅੰਜੀਲ ਤਫ਼ਸੀਲ ਰਹੀ ਵਖਾਈਆ ।

੫੩੦
੧੩

ਖਾਣੀ ਬਾਣੀ ਹੱਥ ਨਾ ਆਇਆ ਨੌਜਵਾਨਾ, ਮਰਦ ਮਰਦਾਨਾ ਨਾ ਫੇਰਾ ਪਾਈਆ । ਸ਼ਾਹੋ ਭੂਪ ਵਡ ਰਾਜਾਨਾ, ਸ਼ਹਿਨਸ਼ਾਹ ਸੱਚਾ ਤਾਜ ਨਾ ਕੋਈ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਸੁੰਞੀ ਸਰਬ ਲੋਕਾਈਆ । ਭਗਤ ਕਹਿਣ ਤੇਰੀ ਉਡੀਕ, ਨਿਤ ਨਿਤ ਧਿਆਨ ਲਗਾਇਆ । ਤੂੰ ਦਾਤਾ ਲਾਸ਼ਰੀਕ, ਸ਼ਿਰਕਤ ਵਿਚ ਕਦੇ ਨਾ ਆਇਆ । ਤੇਰਾ ਮਾਰਗ ਇਕ ਬਾਰੀਕ, ਦੋ ਜਹਾਨਾਂ ਖੇਲ ਕਰਾਇਆ । ਤੇਰਾ ਧੁਰ ਫ਼ਰਮਾਣਾ ਠੀਕ, ਠੀਕਰ ਸਭ ਦਾ ਭੰਨ ਵਖਾਇਆ । ਤੇਰੇ ਅੰਦਰ ਇਕੋ ਝੀਤ, ਝਾਕੀ ਆਪਣੀ ਦੇ ਵਖਾਇਆ । ਤੇਰੀ ਨਜ਼ਰ ਨਾ ਆਏ ਪ੍ਰੀਤ, ਪ੍ਰੀਤੀਵਾਨ ਕਿਉਂ ਬੈਠਾ ਮੁਖ ਛੁਪਾਇਆ । ਕਲਜੁਗ ਅੰਤਮ ਗਿਆ ਬੀਤ, ਬੀਤੀ ਸਦੀ ਦੇ ਵਡਿਆਇਆ । ਪਿਛਲੀ ਚੁਕੇ ਕੂੜੀ ਰੀਤ, ਸਤਿਜੁਗ ਸੱਚਾ ਰਾਹ ਵਖਾਇਆ । ਤੇਰਾ ਸਾਹਿਬ ਇਕੋ ਮੀਤ, ਬਿਨ ਭਗਤਾਂ ਹੱਥ ਕਿਸੇ ਨਾ ਆਇਆ । ਕੋਈ ਮੰਦਰ ਕੋਈ ਮਸੀਤ, ਸ਼ਿਵਦੁਆਲੇ ਮੱਠ ਰਾਹ ਤਕਾਇਆ । ਤੂੰ ਬੈਠਾ ਰਿਹਾ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਭਗਤ ਰਹੇ ਮੰਗ ਮੰਗਾਇਆ । ਤੇਰੀ ਕਰਨੀ ਸਦਾ ਮਹਾਨ, ਆਪਣੀ ਦਇਆ ਕਮਾਈਆ । ਕਲਜੁਗ ਕੂੜੀ ਕਿਰਿਆ ਵੇਖ ਦੁਕਾਨ, ਦਰ ਸਾਚਾ ਰਹੇ ਤਕਾਈਆ । ਸ੍ਰਿਸ਼ਟ ਸਬਾਈ ਨਾਰ ਵਿਭਚਾਰ, ਹਰਿ ਕੰਤ ਨਾ ਕੋਈ ਹੰਢਾਈਆ । ਚਾਰੋਂ ਕੁੰਟ ਹਾਹਾਕਾਰ, ਦਹਿ ਦਿਸ਼ਾ ਪਈ ਦੁਹਾਈਆ । ਮੁਲਾਂ ਸ਼ੇਖ਼ ਮੁਸਾਇਕ ਹੋਏ ਖੁਆਰ, ਪੰਡਤ ਪਾਂਧੇ ਧੀਰਜ ਧੀਰ ਨਾ ਕੋਇ ਧਰਾਈਆ । ਗ੍ਰੰਥੀ ਪੰਥੀ ਰੋਵਣ ਜ਼ਾਰੋ ਜ਼ਾਰ, ਜ਼ਾਹਰ ਜ਼ਹੂਰ ਨਜ਼ਰ ਕਿਸੇ ਨਾ ਆਈਆ । ਦੁੱਖਾਂ ਭਰਿਆ ਸਰਬ ਸੰਸਾਰ, ਦਰਦੀਆਂ ਦਰਦ ਨਾ ਕੋਇ ਵੰਡਾਈਆ । ਗ਼ਫ਼ਲਤ ਹੋਏ ਨਾ ਅਜੇ ਬੇਦਾਰ, ਸੁਰਤੀ ਸ਼ਬਦ ਨਾ ਕੋਈ ਮਿਲਾਈਆ । ਕਲਜੁਗ ਜੀਵ ਰਲੇ ਕਾਗਾਂ ਡਾਰ, ਹੰਸ ਰੂਪ ਨਾ ਕੋਇ ਵਟਾਈਆ । ਕੂੜੀ ਕਿਰਿਆ ਚੁੱਭੀਆਂ ਰਹੇ ਮਾਰ, ਮਾਣਕ ਮੋਤੀ ਹੱਥ ਕਿਸੇ ਨਾ ਆਈਆ । ਗੁਰ ਕਾ ਸ਼ਬਦ ਨਾ ਸਕੇ ਪਾਲ, ਪ੍ਰਿਤਪਾਲ ਕਰੇ ਨਾ ਸੱਚਾ ਮਾਹੀਆ । ਨੌਂ ਖੰਡ ਪ੍ਰਿਥਮੀ ਥੱਕੇ ਭਾਲ, ਬੇਪਰਵਾਹ ਨਜ਼ਰ ਨਾ ਆਈਆ । ਬਿਨ ਹਰਿ ਨਾਮੇ ਹੋਏ ਕੰਗਾਲ, ਸਾਚੀ ਧੀਰ ਨਾ ਕੋਈ ਧਰਾਈਆ । ਅੰਤਮ ਸਭ ਦੇ ਸਿਰ ਤੇ ਕੂਕੇ ਕਾਲ, ਬਚਿਆ ਕੋਇ ਰਹਿਣ ਨਾ ਪਾਈਆ । ਕਰ ਕਿਰਪਾ ਬਣ ਦਲਾਲ, ਤੇਰੇ ਅੱਗੇ ਝੋਲੀ ਡਾਹੀਆ । ਹਉਂ ਬਾਲੇ, ਬਾਲ ਨਿਧਾਨ, ਮਨ ਮਤ ਬੁੱਧ ਨਾ ਕੋਈ ਵਡਿਆਈਆ । ਵੇਲਾ ਅੰਤ ਅੰਤ ਸੰਭਾਲ, ਇਕੋ ਤੇਰੀ ਓਟ ਤਕਾਈਆ । ਤੂੰ ਮੁਰਦੇ ਲਏ ਜਵਾਲ, ਜੀਵਣ ਮਰਨ ਦਏਂ ਸਿਖਾਈਆ । ਗੋਬਿੰਦ ਪੁੱਛੇ ਮੁਰੀਦਾਂ ਹਾਲ, ਮੁਰਸ਼ਦ ਆਪਣਾ ਫੇਰਾ ਪਾਈਆ । ਤੁਧ ਬਿਨ ਹੱਲ ਨਾ ਕਰੇ ਕੋਈ ਸਵਾਲ, ਪੜ੍ਹ ਪੜ੍ਹ ਥੱਕੀ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖੌਣਾ ਸਾਚਾ ਘਰ, ਭਗਤਨ ਸਾਚੀ ਮੰਗ ਮੰਗਾਈਆ । ਭਗਤ ਵੇਖਣ ਖੋਲ੍ਹ ਅੱਖ, ਨੈਣ ਨੈਣ ਉਠਾਇਆ । ਕਿਰਪਾਲ ਠਾਕਰ ਸੁਆਮੀ ਅੰਤਮ ਰੱਖ, ਤੇਰੀ ਓਟ ਤਕਾਇਆ । ਸਾਚਾ ਮਾਰਗ ਦੇਣਾ ਦੱਸ, ਜਿਸ ਮਾਰਗ ਕਬੀਰ ਜੋਲਾਹਾ ਤੇਰੇ ਦਰ ਤੇ ਆਇਆ । ਸ੍ਰੀ ਭਗਵਾਨ ਕਹੇ ਹੱਸ ਹੱਸ, ਹੱਸ ਆਪਣਾ ਭੇਵ ਖੁਲ੍ਹਾਇਆ । ਕਲਜੁਗ ਅੰਤਮ ਮੈਂ ਲੋਕਮਾਤ ਆਵਾਂ ਨੱਸ ਨੱਸ, ਨਿਰਗੁਣ ਆਪਣਾ ਫੇਰਾ ਪਾਇਆ । ਜਨ ਭਗਤਾਂ ਅੰਦਰ ਜਾਵਾਂ ਵਸ, ਨਜ਼ਰ ਕਿਸੇ ਨਾ ਆਇਆ । ਮੰਦਰ ਬਹਿ ਕੇ ਗਾਵਾਂ ਜਸ, ਸੋਹੰ ਢੋਲਾ ਇਕ ਸੁਣਾਇਆ । ਤੀਰ ਨਿਰਾਲਾ ਮਾਰਾਂ ਕਸ, ਬਜ਼ਰ ਕਪਾਟੀ ਤੋੜ ਤੁੜਾਇਆ ।

ਮੇਲ ਮਿਲਾਵਾ ਪੁਰਖ ਸਮਰਥ, ਸਮਰਥ ਆਪਣਾ ਘਰ ਵਖਾਇਆ । ਲਹਿਣਾ ਦੇਣਾ ਚੁਕਾਵਾਂ ਹੱਥੋ ਹੱਥ, ਪੂਰਬ ਲਹਿਣਾ ਝੋਲੀ ਪਾਇਆ । ਸਰਨ ਸਰਨਾਈ ਜੋ ਜਨ ਜਾਏ ਢੱਠ, ਏਥੇ ਓਥੇ ਪੰਧ ਮੁਕਾਇਆ । ਨਾਮ ਬੰਨ੍ਹੇ ਸਾਚੀ ਗੱਠ, ਠੱਗ ਚੋਰ ਯਾਰ ਲੁੱਟ ਕੋਇ ਨਾ ਜਾਇਆ । ਪਿਛੇ ਤਾਰਿਆ ਇਕੋ ਧੰਨਾ ਜੱਟ, ਕਲਜੁਗ ਅੰਤਮ ਕੋਟਨ ਆਪਣੇ ਵਿਚ ਸਮਾਇਆ । ਸਤਿਜੁਗ ਦਾ ਖੋਲ੍ਹਿਆ ਸਾਚਾ ਹੱਟ, ਬਣ ਵਣਜਾਰਾ ਫੇਰਾ ਪਾਇਆ । ਘਰ ਘਰ ਦੇਂਦਾ ਫਿਰੇ ਵੱਥ, ਵਸਤੂ ਇਕੋ ਇਕ ਵਰਤਾਇਆ । ਅੰਤ ਚੜ੍ਹਾਏ ਆਪਣੇ ਰਥ, ਬਣ ਰਥਵਾਹੀ ਸੇਵ ਕਮਾਇਆ । ਦਰਗਾਹ ਸਾਚੀ ਦੇਵੇ ਰੱਖ, ਸਚਖੰਡ ਦੁਆਰੇ ਆਪ ਬਹਾਇਆ । ਓਥੇ ਭਗਤਾਂ ਕਰੇ ਇਕੱਠ, ਦੂਜਾ ਰਹਿਣ ਕੋਇ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਰਿਹਾ ਜਣਾਇਆ । ਸਾਚੇ ਭਗਤ ਰੱਖੇ ਯਾਦ, ਸੋ ਪੁਰਖ ਨਿਰੰਜਣ ਆਪ ਸਮਝਾਈਆ । ਕਲਜੁਗ ਅੰਤ ਸੁਣੇ ਫ਼ਰਿਯਾਦ, ਬੇਪਰਵਾਹ ਫੇਰਾ ਪਾਈਆ । ਸ਼ਬਦ ਅਗੰਮ ਸੁਣਾਏ ਨਾਦ, ਅਨਾਦੀ ਧੁੰਨ ਜਣਾਈਆ । ਗੁਰਮੁਖ ਬਣਾਏ ਸੱਚੇ ਸਾਧ, ਜਿਸ ਸਾਧਨਾ ਆਪ ਸਮਝਾਈਆ । ਮੇਟ ਮਿਟਾਏ ਵਾਦ ਵਿਵਾਦ, ਵਿਖ ਅੰਮ੍ਰਿਤ ਰੂਪ ਬਣਾਈਆ । ਲੱਖ ਚੁਰਾਸੀ ਵਿਚੋ ਕਾਢ, ਆਪਣਾ ਜੋੜ ਜੁੜਾਈਆ । ਲੇਖੇ ਲਾਏ ਤਨ ਮਾਟੀ ਹਾਡ, ਆਤਮ ਪਰਮਾਤਮ ਰੰਗ ਵਖਾਈਆ । ਦਰ ਘਰ ਦੇਵੇ ਸਾਚੀ ਦਾਦ, ਅਤੋਟ ਅਤੁਟ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਹੋਵੇ ਆਪ ਸਹਾਈਆ । ਭਗਤ ਸੁਹੇਲੇ ਸਾਚੇ ਮਿੱਤਰ, ਹਰਿ ਸਤਿਗੁਰ ਆਪ ਜਣਾਇੰਦਾ । ਜਿਸ ਖੇਲ ਖੇਲਿਆ ਨਾਲ ਬਾਜਾਂ ਤਿੱਤਰ, ਜੋ ਤ੍ਰਲੋਕੀ ਚਰਨਾਂ ਹੇਠ ਦਬਾਇੰਦਾ । ਕਲਜੁਗ ਅੰਤਮ ਆਏ ਨਿੱਤਰ, ਸੂਰਬੀਰ ਆਪਣਾ ਪਰਦਾ ਲਾਹਿੰਦਾ । ਲੱਖ ਚੁਰਾਸੀ ਵੇਂਹਦੀ ਰਹੇ ਬਿਤਰ ਬਿਤਰ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਜਿਸ ਦੇ ਪਿਛੇ ਜ਼ਿਕਰੀਏ ਚਲਾਇਆ ਜ਼ਿਕਰ, ਸੋ ਜਨ ਭਗਤਾਂ ਆਪਣਾ ਜ਼ਿਕਰ ਸੁਣਾਇੰਦਾ । ਗੁਰਮੁਖਾਂ ਲਾਹੇ ਪਿਛਲਾ ਫ਼ਿਕਰ, ਅੱਗੇ ਆਪਣੀ ਗੋਦ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਭਗਤਾਂ ਮਾਣ ਦਵਾਇੰਦਾ । ਸਾਚੇ ਭਗਤ ਰਹੋ ਤਿਆਰ, ਤ੍ਰੈਭਵਣ ਧਨੀ ਆਪ ਜਣਾਈਆ । ਅੱਗੇ ਮਿਲੇ ਇਕ ਪਿਆਰ, ਦੂਜੀ ਵੰਡ ਨਾ ਕੋਇ ਰਖਾਈਆ । ਕਲਜੁਗ ਕੂੜੀ ਕਿਰਿਆ ਮਾਰੇ ਮਾਰ, ਮਾਰਨਹਾਰਾ ਇਕੋ ਆਈਆ । ਗ਼ਰੀਬ ਨਿਮਾਣਿਆਂ ਦੇਵੇ ਪੈਜ ਸੁਆਰ, ਸਿਰ ਆਪਣਾ ਹੱਥ ਟਿਕਾਈਆ । ਜਿਸ ਰਸਨਾ ਗਾਇਆ ਸੋਹੰ ਸਚ ਜੈਕਾਰ, ਜੈ ਜੈਕਾਰ ਵਿਸ਼ਨ ਬ੍ਰਹਮਾ ਸ਼ਿਵ ਸ਼ਨਵਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮੇਲ ਮਿਲਾਏ ਅੰਤਮ ਨਾਲ, ਨਾਲਸ਼ ਸਭ ਦੀ ਦਏ ਮਿਟਾਈਆ । ਸਤਿਜੁਗ ਮਾਰਗ ਰਿਹਾ ਸਖਾਲ, ਸਾਚੀ ਸਿਖਿਆ ਕਰੇ ਪੜ੍ਹਾਈਆ । ਸ਼ਾਹ ਰੂਪ ਬਣਾਏ ਕੰਗਾਲ, ਕੰਗਾਲ ਸ਼ਾਹ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਸੋਏ ਰਿਹਾ ਉਠਾਈਆ । ਭਗਤ ਉਠਾਏ ਸੁਹੰਜਣੀ ਰੈਣ, ਭਿੰਨੜੀ ਨਾਲ ਮਿਲਾਈਆ । ਦਰਸ ਦਿਖਾਏ ਏਕਾ ਨੈਣ, ਨਿਜ ਨੇਤਰ ਆਪ ਖੁਲ੍ਹਾਈਆ । ਭਗਤ ਭਗਵਾਨ ਇਕੱਠੇ ਰਹਿਣ, ਨਾਤਾ ਬਿਧਾਤਾ ਜੋੜ ਜੁੜਾਈਆ । ਨਜ਼ਰੀ ਆਏ ਸਾਚਾ ਸੈਣ, ਸੱਜਣ ਬਣੇ ਸ਼ਹਿਨਸ਼ਾਹੀਆ । ਅੰਤਮ ਚੁੱਕੇ ਲਹਿਣ ਦੇਣ, ਲੇਖਾ ਕੋਇ ਰਹਿਣ ਨਾ ਪਾਈਆ । ਸੋਹੰ ਸੋਹਲਾ ਜੋ ਜਨ ਕਹਿਣ, ਵੇਲੇ ਅੰਤ ਨਾ ਹੋਏ ਜੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ੍ਰਿਸ਼ਟ ਸਬਾਈ ਰਿਹਾ ਪੜ੍ਹਾਈਆ । ਸ੍ਰਿਸ਼ਟ ਸਬਾਈ ਸੋਹੰ ਅੱਖਰ ਪੜ੍ਹਨਾ, ਸਤਿਜੁਗ ਸਚ ਸਚ ਜਣਾਇੰਦਾ । ਕਾਇਆ ਮੰਦਰ ਅੰਦਰ ਵੜਨਾ, ਨੌਂ

ਦੁਆਰੇ ਪੰਧ ਮੁਕਾਇੰਦਾ । ਡੂੰਘੀ ਭਵਰ ਕਦੇ ਨਾ ਡਰਨਾ, ਸੁਖਮਨ ਟੇਢੀ ਬੰਕ ਪਾਰ ਕਰਾਇੰਦਾ । ਈੜਾ ਪਿੰਗਲ ਅੱਗੇ ਨਾ ਅੜਨਾ, ਮੂੰਹ ਦੇ ਭਾਰ ਸੁਟਾਇੰਦਾ । ਕੂੜੀ ਕਿਰਿਆ ਕਦੇ ਨਾ ਸੜਨਾ, ਅੰਮ੍ਰਿਤ ਸਰੋਵਰ ਇਕ ਨੁਹਾਇੰਦਾ । ਸਾਚਾ ਖੇਲ ਸਤਿਗੁਰ ਕਰਨਾ, ਗੁਰ ਕਰਤਾ ਵੇਖ ਵਖਾਇੰਦਾ । ਆਤਮ ਪਰਮਾਤਮ ਪੱਲੂ ਫੜਨਾ, ਸ਼ਬਦੀ ਸੁਰਤੀ ਗੰਢ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਦੱਸੇ ਸਾਚੀ ਰੀਤ, ਸਤਿਜੁਗ ਨਾਤਾ ਤੁਟੇ ਮੰਦਰ ਮਸੀਤ, ਕਾਇਆ ਬੰਕ ਇਕ ਸੁਹਾਇੰਦਾ । ਕਾਇਆ ਬੰਕ ਹਰੀ ਕਾ ਮੰਦਰ, ਹਰੀ ਦੁਆਰ ਆਪ ਜਣਾਈਆ । ਨਜ਼ਰੀ ਆਏ ਅੰਦਰੇ ਅੰਦਰ, ਅੰਤਸ਼ਕਰਨ ਵੇਖ ਵਖਾਈਆ । ਕਰੇ ਪਰਕਾਸ਼ ਡੂੰਘੇ ਖੰਡਰ, ਨਿਰਗੁਣ ਜੋਤ ਜੋਤ ਰੁਸ਼ਨਾਈਆ । ਮਨ ਵਾਸਨਾ ਮੇਟੇ ਬੰਦਰ, ਦਹਿ ਦਿਸ਼ਾ ਨਾ ਉਠ ਉਠ ਧਾਈਆ । ਲੇਖਾ ਚੁੱਕੇ ਸੂਰਜ ਚੰਦਰ, ਸੂਰਯਾ ਚੰਨ ਨਾ ਕੋਇ ਰੁਸ਼ਨਾਈਆ । ਕਰੇ ਪਰਕਾਸ਼ ਜੋਤ ਨਿਰੰਜਣ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਸਾਹਿਬ ਸਤਿਗੁਰ ਦਰਦ ਦੁੱਖ ਭੈ ਭੰਜਨ, ਦਰਦੀਆਂ ਦਰਦ ਵੰਡਾਈਆ । ਤੀਜੇ ਨੇਤਰ ਪਾਏ ਅੰਜਣ, ਅੱਖ ਪਰਤੱਖ ਖੁਲ੍ਹਾਈਆ । ਲੇਖੇ ਲਾਏ ਕਾਇਆ ਕੰਚਨ, ਮਾਟੀ ਕਾਚੀ ਨਾ ਕੋਇ ਵਿਕਾਈਆ । ਪੂਰਾ ਕਰੇ ਆਪਣਾ ਬਚਨ, ਕੀਤਾ ਕੌਲ ਭੁੱਲ ਨਾ ਜਾਈਆ । ਜਨ ਭਗਤਾਂ ਮਾਰਗ ਆਏ ਦੱਸਣ, ਦਹਿ ਦਿਸ਼ਾ ਵੇਖ ਵਖਾਈਆ । ਕਲਜੁਗ ਮਿਟੇ ਅੰਧੇਰੀ ਮਸਣ, ਕਿਸ਼ਨਾ ਸੁਖਲਾ ਵੰਡ ਵੰਡਾਈਆ । ਲੇਖਾ ਜਾਣੇ ਉਤਰ ਪੂਰਬ ਦੱਖਣ ਪੱਛਮ, ਪਸਚਾਤਾਪ ਕਰੇ ਲੋਕਾਈਆ । ਸੰਤ ਸੁਹੇਲੇ ਭਗਤ ਭਗਵੰਤ ਆਏ ਰੱਖਣ, ਰੱਖਿਆ ਕਰੇ ਹਰ ਘਟ ਥਾਈਂਆ । ਲੱਖ ਚੁਰਾਸੀ ਵਿਚੋਂ ਵਿਰੋਲੇ ਮੱਖਣ, ਨਾਮ ਮਧਾਣਾ ਇਕੋ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਬਹਿ ਬਹਿ

੫੩੨ ੧੩

ਤੱਕਣ, ਸ੍ਰੀ ਭਗਵਾਨ ਕੀ ਕੀ ਖੇਲ ਰਚਾਈਆ । ਗ਼ਰੀਬ ਨਿਮਾਣਿਆਂ ਆਇਆ ਚੁੱਕਣ, ਨਿਰਗੁਣ ਆਪਣਾ ਫੇਰਾ ਪਾਈਆ । ਜੂਠਿਆਂ ਝੂਠਿਆਂ ਆਇਆ ਪੁਛਣ, ਲੇਖਾ ਮੰਗੇ ਥਾਉਂ ਥਾਈਂਆ । ਕਿਸੇ ਥਾਂ ਨਾ ਲੱਭੇ ਲੁੱਕਣ, ਜੰਗਲ ਜੂਹ ਉਜਾੜ ਪਹਾੜ ਉਚੇ ਟਿੱਲੇ ਪਰਬਤ ਸਮੁੰਦ ਸਾਗਰ ਵੇਖ ਵਖਾਈਆ । ਬਣ ਕੇ ਸ਼ੇਰ ਆਇਆ ਬੁੱਕਣ, ਸ਼ਬਦੀ ਇਕੋ ਭਬਕ ਲਗਾਈਆ । ਕੂੜੀ ਕਿਰਿਆ ਜੜ੍ਹ ਆਇਆ ਪੁੱਟਣ, ਗੋਬਿੰਦ ਬੂਟਾ ਪੁੱਟਿਆ ਇਕੋ ਕਾਹੀਆ । ਜਨ ਭਗਤਾਂ ਸੁਖਣਾਂ ਆਇਆ ਸੁਖਣ, ਸੁਖ ਵਸੇ ਖੇੜਾ ਜਿਸ ਦੁਆਰੇ ਭਗਤ ਆਸਣ ਲਾਈਆ । ਉਜਲ ਕਰਨ ਆਇਆ ਮੁਖਣ, ਜਗਤ ਦੁਰਮਤ ਮੈਲ ਧੁਆਈਆ । ਬੇਵਫ਼ਾਈ ਆਇਆ ਕੁੱਟਣ, ਨਾਮ ਖੰਡਾ ਹੱਥ ਚਮਕਾਈਆ । ਸ੍ਰਿਸ਼ਟ ਸਬਾਈ ਆਇਆ ਲੁੱਟਣ, ਬਣ ਲੁਟੇਰਾ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਭਗਤ ਭਗਵੰਤ ਨਾਰ ਕੰਤ ਸੋਭਾਵੰਤ, ਸਚ ਮਹੱਲ ਅਟੱਲ ਮਨਾਰ ਦੀਆ ਬਾਤੀ ਕਰ ਉਜਿਆਰ, ਕਮਲਾਪਾਤੀ ਸਚ ਸ਼ਿੰਗਾਰ, ਸੋਭਾਵੰਤ ਛੈਲ ਛਬੀਲ, ਬਸਤਰ ਭੂਸ਼ਨ ਨਾ ਕੋਇ ਨੀਲ, ਬਸਨ ਬਨਵਾਰੀ ਜੋਤ ਨਿਰੰਕਾਰੀ, ਅਕਲ ਕਲ ਭਰਪੂਰਾ ਹਾਜ਼ਰ ਹਜ਼ੂਰਾ, ਨੇਰਨ ਦੂਰਾ ਜ਼ਾਹਰ ਜ਼ਹੂਰਾ, ਗਹਿਰ ਗੰਭੀਰ ਬੇਨਜ਼ੀਰ, ਨਜ਼ਰ ਮਿਹਰ ਇਕ ਉਠਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਕੱਟ ਸ਼ਰਅ ਜ਼ੰਜੀਰ, ਸ਼ਖ਼ਸੀਅਤ ਇਕੋ ਇਕ ਜਣਾਈਆ । ਸਤਿਜੁਗ ਸਾਚੀ ਪਾਏ ਆਦਤ, ਅਦਲ ਇਕੋ ਇਕ ਜਣਾਇੰਦਾ । ਚਾਰ ਵਰਨ ਇਕ ਇਬਾਦਤ, ਏਕਾ ਨਾਮ ਪੜ੍ਹਾਇੰਦਾ । ਜਨ ਭਗਤਾਂ ਦੇਵੇ ਆਪ ਸ਼ਹਾਦਤ, ਸ਼ਹਿਨਸ਼ਾਹ ਆਪਣੀ ਸੇਵ ਕਮਾਇੰਦਾ । ਏਥੇ ਓਥੇ ਕਰੇ ਤੁਆਕਬ, ਅੱਗੇ ਪਿਛੇ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

੫੩੨ ੧੩

ਕਰ, ਲੇਖਾ ਜਾਣੇ ਸਚ ਸੌਦਾਗਰ, ਸਿਦਕ ਸਬੂਰੀ ਸਾਦਰ ਤੋੜ ਨਿਭਾਇੰਦਾ । ਸਾਦਕ ਸਦੀਕ ਦਏ ਭਰੋਸਾ, ਭਾਂਡਾ ਭਰਮ ਭੌ ਭੰਨਾਈਆ । ਪਿਛਲਾ ਰਹਿਣ ਨਾ ਦੇਵੇ ਰੋਸਾ, ਰੁਸਿਆਂ ਲਏ ਮਨਾਈਆ । ਅੱਗੇ ਮਾਰਗ ਦੱਸੇ ਸੌਖਾ, ਸੁਹਬਤ ਕਰੇ ਲੋਕਾਈਆ । ਕਿਸੇ ਨਾਲ ਨਾ ਕਰੇ ਧੋਖਾ, ਉਚੀ ਕੂਕ ਕੂਕ ਜਣਾਈਆ । ਪ੍ਰਭ ਮਿਲਣ ਦਾ ਇਕੋ ਮੌਕਾ, ਵੇਲਾ ਗਿਆ ਹੱਥ ਨਾ ਆਈਆ । ਧਰਤ ਮਾਤ ਦਾ ਪੋਚਿਆ ਰਹਿ ਜਾਏ ਚੌਂਕਾ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਬੈਠਣ ਕੋਇ ਨਾ ਪਾਈਆ । ਬਿਨ ਹਰਿ ਭਗਤ ਸਰਬ ਜਹਾਨ ਜਾਏ ਔਂਤਾ, ਜਗਤ ਨਿਸ਼ਾਨ ਨਾ ਕੋਇ ਰਖਾਈਆ । ਬਿਨ ਹਰਿ ਕੰਤ ਦੂਜਾ ਨਜ਼ਰ ਨਾ ਆਏ ਖ਼ੌਂਤਾ, ਰੰਡੀ ਦਿਸੇ ਸਰਬ ਲੋਕਾਈਆ । ਸਾਹਿਬ ਸਤਿਗੁਰ ਜਿਸ ਦਰ ਦੁਆਰੇ ਪਹੁੰਚਾ, ਤਿਸ ਮੰਦਰ ਵੱਜੇ ਵਧਾਈਆ । ਭਗਤ ਭਗਵਾਨ ਮਿਲਣ ਦਾ ਰੱਖੇ ਸ਼ੌਂਕਾ, ਦਿਵਸ ਰੈਣ ਧਿਆਨ ਲਗਾਈਆ । ਸ੍ਰਿਸ਼ਟ ਸਬਾਈ ਕਲਜੁਗ ਅੰਤਮ ਸੁੱਤੀ ਲਾ ਕੇ ਢੌਂਕਾ, ਸੋਇਆਂ ਨਾ ਕੋਇ ਉਠਾਈਆ । ਅੰਤਮ ਸਭ ਦੀ ਡੁੱਬੇ ਨੌਕਾ, ਨੱਯਾ ਪਾਰ ਨਾ ਕੋਇ ਕਰਾਈਆ । ਜਿਸ ਨੇ ਛੱਡਿਆ ਪਟਨਾ ਪੌਂਟਾ, ਸੋ ਪੱਟੀ ਰਿਹਾ ਪੜ੍ਹਾਈਆ । ਸਾਹਿਬ ਸਤਿਗੁਰ ਇਕੋ ਬਹੁਤਾ, ਬਹੁਤੇ ਗੁਰੂ ਕੰਮ ਕਿਸੇ ਨਾ ਆਈਆ । ਸ਼ਬਦ ਗੁਰ ਲੋਕ ਪਰਲੋਕਾ, ਦੋ ਜਹਾਨ ਕਰੇ ਸ਼ਨਵਾਈਆ । ਹਰਿ ਭਗਤ ਭਗਤ ਹਰਿ ਦੋਵੇਂ ਰਲ ਗਾਵਣ ਸੋਹੰ ਸਲੋਕਾ, ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਲਹਿਣਾ ਤੇਰੇ ਨੈਣਾਂ ਤੇਰੀ ਝੋਲੀ ਪਾਈਆ ।



❇ ੧੮ ਮਾਘ ੨੦੧੯ ਬਿਕਰਮੀ ਮੁਹਿੰਦਰ ਸਿੰਘ ਪਿੰਡ ਬੋਪਾ ਰਾਏ ਜ਼ਿਲਾ ਅੰਮ੍ਰਿਤਸਰ ❇

ਜੁਗ ਚੌਕੜੀ ਖੇਲ ਅਵੱਲਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਪਰਵਰਦਿਗਾਰ ਇਕ ਇਕੱਲਾ, ਦੋ ਜਹਾਨਾਂ ਖੇਲ ਖਲਾਇੰਦਾ । ਹਰਿ ਪੁਰਖ ਨਿਰੰਜਣ ਫੜਾਏ ਆਪਣਾ ਪੱਲਾ, ਆਦਿ ਨਿਰੰਜਣ ਨੂਰ ਧਰਾਇੰਦਾ । ਏਕੰਕਾਰਾ ਸਚ ਸਿਘੰਾਸਣ ਏਕਾ ਮੱਲਾ, ਮੁਕਾਮੇ ਹੱਕ ਡੇਰਾ ਲਾਇੰਦਾ । ਜਲਵਾ ਨੂਰ ਇਲਾਹੀ ਅੱਲਾ, ਰੂਪ ਰੰਗ ਨਾ ਕੋਇ ਰਖਾਇੰਦਾ । ਅਬਿਨਾਸ਼ੀ ਕਰਤਾ ਵਸਣਹਾਰਾ ਜਲਾ ਥਲਾ, ਮਹੱਲ ਅਟੱਲ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਚੌਕੜੀ ਵੇਖ ਵਖਾਇੰਦਾ । ਜੁਗ ਚੌਕੜੀ ਖੇਲ ਅਪਾਰਾ, ਹਰਿ ਕਰਤਾ ਵੇਖ ਵਖਾਈਆ । ਵਸਣਹਾਰਾ ਸਚਖੰਡ ਦੁਆਰਾ, ਦਰ ਘਰ ਸਾਚੇ ਕਰੇ ਰੁਸ਼ਨਾਈਆ । ਆਦਿ ਜੁਗਾਦੀ ਇਕ ਅਵਤਾਰਾ, ਨਿਰਗੁਣ ਸਰਗੁਣ ਵੇਸ ਵਟਾਈਆ । ਲੱਖ ਚੁਰਾਸੀ ਖੋਲ੍ਹ ਕਵਾੜਾ, ਘਰ ਘਰ ਸੇਜ ਹੰਢਾਈਆ । ਨਾਦ ਧੁਨ ਸ਼ਬਦ ਜੈਕਾਰਾ, ਰਾਗੀ ਰਾਗ ਸੁਣਾਈਆ । ਨਿਰਮਲ ਦੀਆ ਬਾਤੀ ਕਰ ਉਜਿਆਰਾ, ਕਮਲਾਪਾਤੀ ਵੇਖ ਵਖਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਬਣ ਲਿਖਾਰਾ, ਗੀਤਾ ਗਿਆਨ ਇਕ ਦ੍ਰਿੜਾਈਆ । ਅੰਜੀਲ ਕੁਰਾਨਾ ਬੋਲ ਨਾਅਰਾ, ਹੱਕ ਹਕੀਕਤ ਦਏ ਸਮਝਾਈਆ । ਲਾਸ਼ਰੀਕ ਪਰਵਰਦਿਗਾਰਾ, ਬੇਪਰਵਾਹ ਵਡ ਵਡਿਆਈਆ । ਲੇਖਾ ਜਾਣੇ ਗੁਰ ਅਵਤਾਰਾ, ਗੁਰ ਗੁਰ ਨਾਦ ਸੁਣਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖੇ ਵਾਰੋ ਵਾਰਾ, ਨੌਂ ਸੌ ਚੁਰਾਨਵੇਂ ਚੌਕੜੀ ਜੁਗ ਪੰਧ ਮੁਕਾਈਆ । ਭਗਤ ਭਗਵੰਤ ਮੇਲ ਮਿਲਾਵਾ ਕੰਤ ਭਤਾਰਾ, ਗ੍ਰਿਹ ਮੰਦਰ ਵੱਜੇ ਵਧਾਈਆ । ਸੰਤਾਂ ਦੇਵੇ ਸਚ ਪਿਆਰਾ, ਚਰਨ ਪ੍ਰੀਤੀ ਇਕ

ਸਿਖਾਈਆ । ਗੁਰਮੁਖਾਂ ਕਰਾਏ ਹੱਟ ਵਣਜਾਰਾ, ਵਸਤੂ ਇਕੋ ਨਾਮ ਵਿਕਾਈਆ । ਗੁਰਸਿਖਾਂ ਦੇਵੇ ਚਰਨ ਧੂੜੀ ਛਾਰਾ, ਮਸਤਕ ਟਿੱਕਾ ਨਾਮ ਲਗਾਈਆ । ਕਲਜੁਗ ਅੰਤਮ ਪਰਗਟ ਹੋ ਨਿਹਕਲੰਕ ਨਰਾਇਣ ਨਰ ਅਵਤਾਰਾ, ਦੋ ਜਹਾਨਾਂ ਰਿਹਾ ਜਣਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰੇ ਖ਼ਬਰਦਾਰਾ, ਕਰੋੜ ਤੇਤੀਸਾ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਸਚ ਸਿੰਘਾਸਣ, ਤਖ਼ਤ ਨਿਵਾਸੀ ਸੋਭਾ ਪਾਇੰਦਾ । ਖੇਲੇ ਖੇਲ ਪ੍ਰਿਥਮੀ ਅਕਾਸ਼ਨ, ਗਗਨ ਮੰਡਲ ਵੇਖ ਵਖਾਇੰਦਾ । ਗੋਪੀ ਕਾਹਨ ਪਾਏ ਰਾਸਣ, ਲੋਆਂ ਪੁਰੀਆਂ ਨਾਚ ਨਚਾਇੰਦਾ । ਜਨ ਭਗਤਾਂ ਕਰੇ ਪੂਰੀ ਆਸਣ, ਆਸਾ ਤ੍ਰਿਸ਼ਨਾ ਮੇਟ ਮਿਟਾਇੰਦਾ । ਨਿਰਗੁਣ ਜੋਤ ਕਰੇ ਪਰਕਾਸ਼ਨ, ਅਗਿਆਨ ਅੰਧੇਰ ਚੁਕਾਇੰਦਾ । ਸਤਿਜੁਗ ਸਾਚੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਰਾਇੰਦਾ । ਸਾਚੀ ਕਰਨੀ ਸਾਹਿਬ ਸੁਲਤਾਨ, ਸਤਿ ਸਤਿਵਾਦੀ ਆਪ ਕਰਾਈਆ । ਅਲੱਖ ਅਗੋਚਰ ਅਗੰਮ ਅਥਾਹ ਨੌਜਵਾਨ, ਬੇਪਰਵਾਹ ਬੇਅੰਤ ਵੱਡੀ ਵਡਿਆਈਆ । ਦੋ ਜਹਾਨਾਂ ਹੁਕਮਰਾਨ ਸਚ ਸੰਦੇਸਾ ਇਕ ਸੁਣਾਈਆ । ਚੌਦਾਂ ਲੋਕਾਂ ਦਏ ਗਿਆਨ, ਚੌਦਾਂ ਤਬਕ ਰਿਹਾ ਉਠਾਈਆ । ਕਲਜੁਗ ਕੂੜੀ ਕਿਰਿਆ ਮਿਟੇ ਨਿਸ਼ਾਨ, ਮਾਇਆ ਮਮਤਾ ਮੋਹ ਦਏ ਚੁਕਾਈਆ । ਸਤਿਜੁਗ ਸਾਚਾ ਬਣੇ ਵਿਧਾਨ, ਸਾਚੀ ਸਿਖਿਆ ਕਰੇ ਪੜ੍ਹਾਈਆ । ਸ੍ਰਿਸ਼ਟ ਸਬਾਈ ਇਕੋ ਨਜ਼ਰੀ ਆਏ ਰਾਮ, ਰਹੀਮ ਇਕੋ ਫੇਰਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਬਰਦੇ ਕਰੇ ਗ਼ੁਲਾਮ, ਮਾਣ ਤਾਣ ਨਾ ਕੋਇ ਵਡਿਆਈਆ । ਨਿਉਂ ਨਿਉਂ ਸਯਦਾ ਕਰਨ ਸਰਬ ਸਲਾਮ, ਅਲੈਕਮ ਵੇਖੇ ਥਾਉਂ ਥਾਈਆ । ਪਰਗਟ ਹੋਏ ਹੱਕ ਅਮਾਮ, ਅਮਾਨਤ ਸਭ ਦੀ ਦੇਵੇ ਥਾਉਂ ਥਾਈਆ । ਚੌਦਾਂ ਤਬਕ ਬਦਲੇ ਨਜ਼ਾਮ, ਨਜ਼ਮ ਇਕੋ ਨਾਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਾਚਾ ਡੰਕਾ ਨਾਮ ਖ਼ੁਦਾਈਆ । ਡੰਕਾ ਨਾਮ ਸੁਣਾਏ ਮਖ਼ਲੂਕ, ਖ਼ਾਲਕ ਆਪਣੀ ਖੇਲ ਖਲਾਇੰਦਾ । ਨਾ ਕੋਈ ਤੱਤ ਕਾਇਆ ਕਲਬੂਤ, ਕਲਮਾ ਨਬੀ ਆਪ ਪੜ੍ਹਾਇੰਦਾ । ਦੇਵਣਹਾਰ ਸਚ ਸਬੂਤ, ਸਾਖਿਆਤ ਨਜ਼ਰੀ ਆਇੰਦਾ । ਨਾਤਾ ਤੋੜੇ ਪੰਜ ਤੱਤ ਭੂਤ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਬੰਧਨ ਨਾ ਕੋਇ ਪਾਇੰਦਾ । ਭਗਤ ਭਗਵਾਨ ਇਕੋ ਤਾਣਾ ਪੇਟਾ ਸੂਤ, ਸਾਚਾ ਨਾਮ ਰੰਗ ਰੰਗਾਇੰਦਾ । ਵੇਖਣਹਾਰਾ ਚਾਰੇ ਕੂਟ, ਦਹਿ ਦਿਸ਼ਾ ਫੋਲ ਫੁਲਾਇੰਦਾ । ਕਲਜੁਗ ਕੂੜੀ ਕਿਰਿਆ ਨਾਤਾ ਤੋੜੇ ਜੂਠ ਝੂਠ, ਕੂੜੀ ਕਿਰਿਆ ਮੇਟ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਜੁਗ ਸਾਚਾ ਰਾਹ ਵਖਾਇੰਦਾ । ਕਲਜੁਗ ਕੂੜਾ ਹੋਏ ਦੂਰ, ਸੋ ਪੁਰਖ ਨਿਰੰਜਣ ਆਪ ਕਰਾਈਆ । ਪਰਗਟ ਹੋਏ ਜੋਧਾ ਸੂਰ, ਬੇਅੰਤ ਵੱਡੀ ਵਡਿਆਈਆ । ਲੱਖ ਚੁਰਾਸੀ ਵੇਖੇ ਨੇੜੇ ਦੂਰ, ਦੂਰ ਦੁਰਾਡਾ ਪੰਧ ਮੁਕਾਈਆ । ਮੁਰੀਦਾਂ ਮੁਰਸ਼ਦ ਹਾਜ਼ਰ ਹਜ਼ੂਰ, ਹਜ਼ਰਤ ਏਕਾ ਰੰਗ ਵਖਾਈਆ । ਏਕਾ ਦੇਵੇ ਸਤਿ ਸਰੂਰ, ਨਾਮ ਖ਼ੁਮਾਰੀ ਆਪ ਚੜ੍ਹਾਈਆ । ਜਨ ਭਗਤਾਂ ਆਸਾ ਕਰੇ ਪੂਰ, ਭਗਵਨ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਾਮ ਡੰਕਾ ਰਾਉ ਰੰਕਾਂ ਰਿਹਾ ਸੁਣਾਈਆ । ਨਾਮ ਡੰਕਾ ਵੱਜੇ ਦੋ ਜਹਾਨ, ਦੋ ਜਹਾਨਾਂ ਵਾਲੀ ਆਪ ਵਜਾਇੰਦਾ । ਗੁਰ ਅਵਤਾਰ ਕਰਨ ਧਿਆਨ, ਪੀਰ ਪੈਗ਼ੰਬਰ ਨੈਣ ਉਠਾਇੰਦਾ । ਖਾਣੀ ਬਾਣੀ ਹੋਈ ਹੈਰਾਨ, ਸ਼ਾਸਤਰ ਸਿਮਰਤ ਵੇਦ ਸਰਬ ਕੁਰਲਾਇੰਦਾ । ਅੰਜੀਲ ਕੁਰਾਨਾ ਆਈ ਹਾਣ, ਸ਼ਰਅ


੫੩੪ ੧੩

ਸ਼ਰੀਅਤ ਨਾ ਕੋਇ ਜਣਾਇੰਦਾ । ਮੁਲਾਂ ਸ਼ੇਖ਼ ਮੁਸਾਇਕ ਬੇਈਮਾਨ, ਬੇਵਾ ਸਭ ਦਾ ਰੂਪ ਜਣਾਇੰਦਾ । ਨਜ਼ਰ ਨਾ ਆਏ ਇਕ ਭਗਵਾਨ, ਕੋਟਨ ਕੋਟ ਨੈਣ ਉਠਾਇੰਦਾ । ਸ੍ਰਿਸ਼ਟ ਸਬਾਈ ਤੁਟਾ ਮਾਣ, ਅਭਿਮਾਨ ਘਰ ਘਰ ਡੇਰਾ ਲਾਇੰਦਾ । ਆਤਮ ਬ੍ਰਹਮ ਸਕੇ ਨਾ ਕੋਇ ਪਛਾਣ, ਪਰਮਾਤਮ ਆਤਮ ਮੇਲ ਨਾ ਕੋਇ ਮਿਲਾਇੰਦਾ । ਪੜ੍ਹ ਪੜ੍ਹ ਥੱਕੇ ਜੀਵ ਜਹਾਨ, ਜੀਵਣ ਜੁਗਤ ਨਾ ਕੋਇ ਸਮਝਾਇੰਦਾ । ਆਤਮ ਧੁਨ ਨਾ ਵੱਜੇ ਨਾਦ ਧੁਨਕਾਨ, ਅਨਹਦ ਤਾਲ ਨਾ ਕੋਇ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰਾ ਅੰਤਮ ਵੇਲਾ, ਸ੍ਰਿਸ਼ਟ ਸਬਾਈ ਵਕਤ ਦੁਹੇਲਾ, ਧੀਰਜ ਧੀਰ ਨਾ ਕੋਇ ਧਰਾਇੰਦਾ । ਧੀਰਜ ਧੀਰ ਨਾ ਦੇਵੇ ਧੀਰ, ਧਰਤ ਧਵਲ ਰਹੀ ਕੁਰਲਾਈਆ । ਨਾ ਕੋਈ ਸਹਾਈ ਪੈਗ਼ੰਬਰ ਪੀਰ, ਫ਼ਕੀਰ ਫ਼ਿਕਰਾ ਨਾ ਕੋਇ ਪੜ੍ਹਾਈਆ । ਕਿਸੇ ਸਚ ਨਾ ਮਿਲੇ ਤਦਬੀਰ, ਤਕਦੀਰ ਸਭ ਦੇ ਸਿਰ ਤੇ ਛਾਈਆ । ਕਰੇ ਖੇਲ ਬੇਨਜ਼ੀਰ, ਮਿਹਰਵਾਨ ਨਜ਼ਰ ਕਿਸੇ ਨਾ ਆਈਆ । ਤੋੜਨਹਾਰਾ ਸ਼ਰਅ ਜ਼ੰਜੀਰ, ਦੀਨ ਮਜ਼੍ਹਬ ਪੰਧ ਮੁਕਾਈਆ । ਅੰਮ੍ਰਿਤ ਬਖ਼ਸ਼ੇ ਠੰਡਾ ਸੀਰ, ਆਬ ਹਯਾਤ ਆਬ ਪਿਆਈਆ । ਚੋਟੀ ਚਾੜ੍ਹੇ ਫੜ ਅਖ਼ੀਰ, ਆਖ਼ਰ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਕੂੜੀ ਕਿਰਿਆ ਦਏ ਮੁਕਾਈਆ । ਕਲਜੁਗ ਕੂੜੀ ਕਿਰਿਆ ਜਾਏ ਮੁੱਕ, ਸੋ ਪੁਰਖ ਨਿਰੰਜਣ ਆਪ ਮੁਕਾਇੰਦਾ । ਹਰਿ ਕਾ ਭਾਣਾ ਕਦੇ ਨਾ ਜਾਏ ਰੁਕ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਮਾਇਆ ਮਮਤਾ ਹਉਮੇ ਹੰਗਤਾ ਬੂਟਾ ਜਾਏ ਸੁੱਕ, ਹਰਿਆ ਸਿੰਚ ਨਾ ਕੋਇ ਕਰਾਇੰਦਾ । ਭਗਤ ਭਗਵਾਨ ਲਏ ਪੁੱਛ, ਸੰਤ ਸੁਹੇਲੇ ਆਪ ਜਗਾਇੰਦਾ । ਦਰਸ ਦਿਖਾਏ ਜੋ ਬੈਠਾ ਲੁਕ, ਦਵੈਤੀ ਪਰਦਾ ਆਪੇ ਲਾਹਿੰਦਾ । ਗੁਰਮੁਖ ਸੱਜਣ ਸੰਤ ਸੁਹੇਲੇ ਗੁਰੂ ਗੁਰ ਚੇਲੇ ਬਣਾਏ ਸਾਚੇ ਸੁਤ, ਜਨ ਜਨਨੀ ਗੋਦ ਸੁਹਾਇੰਦਾ । ਸਤਿਜੁਗ ਸੁਹਾਏ ਆਪਣੀ ਰੁੱਤ, ਰੁੱਤ ਰੁੱਤੜੀ ਆਪ ਮਹਿਕਾਇੰਦਾ । ਪਰਗਟ ਹੋ ਅਬਿਨਾਸ਼ੀ ਅਚੁਤ, ਚੇਤਨ ਆਪਣੀ ਧਾਰ ਜਣਾਇੰਦਾ । ਜਨ ਭਗਤਾਂ ਉਪਰ ਜਾਏ ਤੁਠ, ਸਵਛ ਸਰੂਪੀ ਰੂਪ ਵਟਾਇੰਦਾ । ਅੰਮ੍ਰਿਤ ਜਾਮ ਪਿਆਏ ਘੁਟ, ਨਿਝਰ ਝਿਰਨਾ ਇਕ ਝਿਰਾਇੰਦਾ । ਨਾਮ ਭੰਡਾਰਾ ਦਏ ਅਤੁਟ, ਸੋਹੰ ਸੋ ਆਪ ਵਰਤਾਇੰਦਾ । ਪੰਚ ਵਿਕਾਰਾ ਕੱਢੇ ਕੁੱਟ, ਕਾਮ ਕਰੋਧ ਲੋਭ ਮੋਹ ਹੰਕਾਰ ਰਹਿਣ ਨਾ ਪਾਇੰਦਾ । ਹਰਿਜਨ ਆਵਣ ਜਾਵਣ ਜਾਏ ਛੁੱਟ, ਲੱਖ ਚੁਰਾਸੀ ਪੰਧ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਵਖਾਏ ਸਾਚਾ ਘਰ, ਗ੍ਰਿਹਿ ਮੰਦਰ ਮੇਲ ਮਿਲਾਇੰਦਾ । ਗੁਰਮੁਖ ਸਮਾਂ ਸਦਾ ਚੰਗਾ, ਚੰਗੀ ਤਰਾ ਸਮਝਾਈਆ । ਸਤਿਗੁਰ ਪ੍ਰੇਮ ਜੋ ਜਨ ਰੰਗਾ, ਰੰਗਤ ਇਕ ਚੜ੍ਹਾਈਆ । ਨਾ ਭੁੱਖਾ ਨਾ ਕਦੇ ਨੰਗਾ, ਜੀਵਣ ਮਰਨ ਨਾ ਕੋਇ ਵਡਿਆਈਆ । ਅੱਠੇ ਪਹਿਰ ਇਕ ਅਨੰਦਾ, ਅਨੰਦ ਅਨੰਦ ਵਿਚ ਸਮਾਈਆ । ਘਰ ਵਿਚ ਘਰ ਚੜ੍ਹਾਏ ਸਾਚਾ ਚੰਦਾ, ਸੂਰਜ ਚੰਦ ਮੁਖ ਸ਼ਰਮਾਈਆ । ਤੋੜਨਹਾਰਾ ਬੰਦੀਖ਼ਾਨਾ ਬੰਦਾ, ਜਿਸ ਜਨ ਆਪਣੀ ਬੰਦਗੀ ਦਏ ਸਮਝਾਈਆ । ਗੁਰਸਿਖ ਕਦੇ ਨਾ ਹੋਵੇ ਗੰਦਾ, ਕਾਮ ਕਰੋਧ ਲੋਭ ਮੋਹ ਹੰਕਾਰ ਰਹਿਣ ਨਾ ਪਾਈਆ । ਆਤਮ ਪਰਮਾਤਮ ਪਰਮਾਤਮ ਆਤਮ ਇਕੋ ਗਾਏ ਛੰਦਾ, ਮਿਲ ਮਿਲ ਸਖੀਆਂ ਮੰਗਲ ਗਾਈਆ । ਗੁਰਸਿਖ ਗੁਰਮੁਖ ਸੰਤ ਸੁਹੇਲਾ ਸਦਾ ਠੰਡਾ, ਅਗਨੀ ਤੱਤ ਨਾ ਲਾਗੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਮਾਂ ਮਨਮੁਖਾਂ ਉਤੇ ਲਗਾਈਆ । ਗੁਰਮੁਖ ਸਮਾਂ ਸਦਾ ਸੋਹਣਾ, ਸੋਹਣੀ ਰੁੱਤ ਵਖਾਈਆ । ਮਿਲ ਸਤਿਗੁਰ ਕਦੇ ਨਾ ਰੋਣਾ, ਨੇਤਰ ਨੀਰ ਨਾ ਕੋਇ ਵਹਾਈਆ । ਗੁਰ ਕਾ ਸ਼ਬਦ


੫੩੫
੧੩

ਸਾਚਾ ਗੌਣਾ, ਗਾ ਗਾ ਖ਼ੁਸ਼ੀ ਵਖਾਈਆ । ਗ਼ਫ਼ਲਤ ਵਿਚ ਕਦੇ ਨਾ ਸੌਣਾ, ਸੋਵਤ ਜਾਗਤ ਇਕੋ ਰੰਗ ਵਖਾਈਆ । ਆਪਣੇ ਘਰ ਵਿਚ ਆਪਣਾ ਸਤਿਗੁਰ ਪੌਣਾ, ਬਾਹਰ ਲੱਭਣ ਕੋਇ ਨਾ ਜਾਈਆ । ਦੇਵਣਹਾਰਾ ਠੰਡੀ ਪੌਣਾ, ਪਵਣ ਉਨੰਜਾ ਸੇਵ ਲਗਾਈਆ । ਕੱਟਣਹਾਰਾ ਅਵਣਾ ਗਵਣਾ, ਲੱਖ ਚੁਰਾਸੀ ਫੰਦ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਵਖਾਏ ਆਪਣਾ ਸਮਾਂ, ਸੋ ਗੁਰਸਿਖ ਨਾ ਹੋਏ ਨਿਕੰਮਾ, ਨਿਜ ਘਰ ਆਪਣੇ ਆਪਣੀ ਖ਼ੁਸ਼ੀ ਮਨਾਈਆ । ਗੁਰਸਿਖ ਸਮਾਂ ਸਤਿਗੁਰ ਸੰਜੋਗ, ਗੁਰ ਸ਼ਬਦ ਹੋਏ ਕੁੜਮਾਈਆ । ਕੂੜੀ ਕਿਰਿਆ ਚੁੱਕੇ ਰੋਗ, ਦੁੱਖ ਸੁਖ ਨੇੜ ਨਾ ਆਈਆ । ਦਰਸ ਕਰੇ ਇਕ ਅਮੋਘ, ਆਤਮ ਜੋਤ ਪਰਮਾਤਮ ਵਿਚ ਸਮਾਈਆ । ਏਥੇ ਓਥੇ ਸਦਾ ਮੋਖ, ਮੁਕਤੀ ਚਰਨਾਂ ਹੇਠ ਰਖਾਈਆ । ਗੁਰਸਿਖ ਨਾ ਹਰਖ ਨਾ ਕੋਇ ਸੋਗ, ਚਿੰਤਾ ਗ਼ਮ ਨਾ ਕੋਇ ਸਤਾਈਆ । ਜਿਸ ਹਰਿ ਕਾ ਨਾਉਂ ਚੁਗੀ ਚੋਗ, ਤ੍ਰਿਸਨਾ ਭੁੱਖ ਨਾ ਲਾਗੇ ਰਾਈਆ । ਅੱਠੇ ਪਹਿਰ ਕਾਇਆ ਮੰਦਰ ਅੰਦਰ ਲੱਗੇ ਚੋਟ, ਅਨਹਦ ਨਾਦੀ ਨਾਦ ਸੁਣਾਈਆ । ਸ੍ਰਿਸ਼ਟ ਸਬਾਈ ਬਿਨ ਗੁਰ ਸ਼ਬਦ ਰਹੀ ਰੋਤ, ਰੋਂਦਿਆਂ ਚੁੱਪ ਨਾ ਕੋਇ ਕਰਾਈਆ । ਸਮੇਂ ਅੰਦਰ ਸਾਰੇ ਹੋਏ ਬੇਹੋਸ਼, ਆਪਣੀ ਅੱਖ ਨਾ ਕੋਇ ਖੁਲ੍ਹਾਈਆ । ਅੰਤਮ ਮਾਰੇ ਜਾਣੇ ਨਿਰਦੋਸ਼, ਦੋਸ਼ ਸਭ ਤੇ ਰਿਹਾ ਠਹਿਰਾਈਆ । ਕਿਸੇ ਕੰਮ ਨਾ ਔਣਾ ਕਾਇਆ ਮਾਟੀ ਚੰਮੜਾ ਪੋਸ਼, ਪੁਸ਼ਤ ਹੱਥ ਨਾ ਕੋਇ ਟਿਕਾਈਆ । ਜਿਸ ਨੂੰ ਸਤਿਗੁਰ ਦੇਵੇ ਸਾਚੀ ਸੋਚ, ਤਿਸ ਸਮਾਂ ਇਕੋ ਜਿਹਾ ਨਜ਼ਰੀ ਆਈਆ । ਗੁਰਮੁਖ ਸਮਾਂ ਇਕ ਰੰਗ, ਇਕੋ ਘਰ ਵਖਾਇੰਦਾ । ਆਤਮ ਸੇਜਾ ਸਚ ਪਲੰਘ, ਸੋਭਾਵੰਤ ਆਪ ਜਣਾਇੰਦਾ । ਦਿਵਸ ਰੈਣ ਵੱਜੇ ਮਰਦੰਗ, ਘੜੀ ਪਲ ਨਾ ਵੰਡ ਵੰਡਾਇੰਦਾ । ਗੁਰ ਕਾ ਸਮਾਂ ਗੁਰਮੁਖ ਵੇਖੇ ਲੰਘ, ਮਨਮੁਖ ਨੇੜ ਕੋਇ ਨਾ ਆਇੰਦਾ । ਲਹਿਣਾ ਦੇਣਾ ਚੁਕੇ ਬੱਤੀ ਦੰਦ, ਰਸਨਾ ਜਿਹਵਾ ਲੇਖੇ ਪਾਇੰਦਾ । ਕਲਜੁਗ ਔਧ ਗਈ ਹੰਢ, ਅੱਗੇ ਗੰਢ ਨਾ ਕੋਇ ਪੁਆਇੰਦਾ । ਸਤਿਜੁਗ ਸਾਚਾ ਜਨ ਭਗਤਾਂ ਪਾਏ ਠੰਡ, ਆਤਮ ਪਰਮਾਤਮ ਮੇਲ ਮਿਲਾਇੰਦਾ । ਬੀਸ ਬੀਸਾ ਦਏ ਹਦੀਸਾ ਇਕ ਇਕੀਸਾ ਸ੍ਰਿਸ਼ਟ ਸਬਾਈ ਵਖਾਏ ਇਕ ਅਨੰਦ, ਅਨੰਦ ਆਤਮ ਪਰਮ ਪੁਰਖ ਪਰਮਾਤਮ ਪਾਰਬ੍ਰਹਮ ਬ੍ਰਹਮ ਆਪਣਾ ਆਪ ਜਣਾਇੰਦਾ ।



## ❇ ੧੮ ਮਾਘ ੨੦੧੯ ਬਿਕਰਮੀ ਸਵਿੰਦਰ ਸਿੰਘ ਦੇ ਗ੍ਰਹਿ ਪਿੰਡ ਭੁਲਰ ਜ਼ਿਲਾ ਅੰਮ੍ਰਿਤਸਰ ❇

ਸੋ ਪੁਰਖ ਨਿਰੰਜਣ ਧਰਿਆ ਬਲ, ਬਲ ਬਾਵਣ ਨੈਣ ਸ਼ਰਮਾਈਆ । ਹਰਿ ਪੁਰਖ ਨਿਰੰਜਣ ਅਛਲ ਅਛੱਲ, ਵਲ ਛਲ ਆਪਣੀ ਧਾਰ ਚਲਾਈਆ । ਏਕੰਕਾਰਾ ਵਸਣਹਾਰਾ ਨਿਹਚਲ ਧਾਮ ਅਟੱਲ, ਸਚ ਸਿੰਘਾਸਣ ਸੋਭਾ ਪਾਈਆ । ਆਦਿ ਨਿਰੰਜਣ ਦੀਪਕ ਜੋਤ ਗਿਆ ਬਲ, ਨੂਰ ਨੁਰਾਨਾ ਡਗਮਗਾਈਆ । ਅਬਿਨਾਸ਼ੀ ਕਰਤਾ ਲੇਖਾ ਜਾਣੇ ਦੋ ਜਹਾਨ, ਨਿਰਗੁਣ ਦਾਤਾ ਵਡ ਵਡਿਆਈਆ । ਸ੍ਰੀ ਭਗਵਾਨ ਸਚ ਸੰਦੇਸਾ ਦੇਵੇ ਘੱਲ, ਅਗੰਮ ਅਗੰਮੜਾ ਹੁਕਮ ਜਣਾਈਆ । ਪਾਰਬ੍ਰਹਮ ਪ੍ਰਭ ਆਪਣੀ ਧਾਰ ਗਿਆ ਰਲ, ਰੂਪ ਰੰਗ ਰੇਖ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਸੋਭਾ ਪਾਈਆ । ਸਾਚਾ ਘਰ ਹਰਿ ਸੁਹੰਜਣਾ, ਸੋਭਾਵੰਤ ਆਪ ਸੁਹਾਇੰਦਾ । ਨਿਰਗੁਣ ਰੂਪ ਅਲੱਖ ਨਿਰੰਜਣਾ, ਅਲੱਖ ਅਗੋਚਰ ਅਗੰਮ ਅਥਾਹ ਨਜ਼ਰ ਕਿਸੇ ਨਾ ਆਇੰਦਾ । ਆਦਿ ਜੁਗਾਦੀ ਦਰਦ ਦੁੱਖ ਭੈ ਭੰਜਣਾ, ਦਰਦੀ ਆਪਣਾ ਦਰਦ ਵੰਡਾਇੰਦਾ । ਸਚਖੰਡ ਦੁਆਰੇ

ਸਚ ਕਰਾਏ ਮਜਨਾ, ਨਿਰਮਲ ਨਿਰਮਲ ਰੂਪ ਵਖਾਇੰਦਾ । ਨਾ ਘੜਿਆ ਨਾ ਭੱਜਣਾ, ਘੜਨ ਭੰਨਣ ਆਪਣਾ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਤਖ਼ਤ ਹਰਿ ਸਾਚਾ ਸੋਭਾ ਪਾਇੰਦਾ । ਤਖ਼ਤ ਨਿਵਾਸੀ ਸਚ ਸੁਲਤਾਨ, ਸ਼ਹਿਨਸ਼ਾਹ ਵੱਡੀ ਵਡਿਆਈਆ । ਆਦਿ ਜੁਗਾਦੀ ਹੁਕਮਰਾਨ, ਸਾਚਾ ਹੁਕਮ ਇਕ ਪਰਗਟਾਈਆ । ਸਚਖੰਡ ਦੁਆਰੇ ਸਤਿ ਨਿਸ਼ਾਨ, ਸਤਿ ਪੁਰਖ ਨਿਰੰਜਣ ਆਪ ਝੁਲਾਈਆ । ਜੋਧਾ ਸੂਰਬੀਰ ਬਲੀ ਬਲਵਾਨ, ਬਲ ਆਪਣੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਪਾਰਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਹਰਿ ਪੁਰਖ ਨਿਰੰਜਣ ਹੋ ਤਿਆਰਾ, ਨਰ ਨਿਰੰਕਾਰਾ ਵੇਸ ਵਟਾਇੰਦਾ । ਆਦਿ ਨਿਰੰਜਣ ਸਚ ਚਮਕਾਰਾ, ਸ੍ਰੀ ਭਗਵਾਨ ਸੋਭਾ ਪਾਇੰਦਾ । ਅਬਿਨਾਸ਼ੀ ਕਰਤਾ ਇਕ ਦੁਆਰਾ, ਪਾਰਬ੍ਰਹਮ ਪ੍ਰਭ ਆਪ ਸੁਹਾਇੰਦਾ । ਸਚਖੰਡ ਖੋਲ੍ਹੇ ਆਪ ਕਵਾੜਾ, ਦਿਸ਼ਾ ਵੰਡ ਨਾ ਕੋਇ ਵੰਡਾਇੰਦਾ । ਨਿਰਮਲ ਦੀਆ ਬਾਤੀ ਕਰ ਉਜਿਆਰਾ, ਕਮਲਾਪਾਤੀ ਸੋਭਾ ਪਾਇੰਦਾ । ਸ਼ਾਹੋ ਭੂਪ ਬਣ ਸਿਕਦਾਰਾ, ਧੁਰ ਫ਼ਰਮਾਣਾ ਹੁਕਮ ਅਲਾਇੰਦਾ । ਆਦਿ ਅੰਤ ਹਰਿ ਵੇਖਣਹਾਰਾ, ਜੁਗ ਜੁਗ ਆਪਣਾ ਖੇਲ ਕਰਾਇੰਦਾ । ਨਿਰਗੁਣ ਸਰਗੁਣ ਹੋ ਉਜਿਆਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਰਤਾ ਪੁਰਖ, ਆਦਿ ਜੁਗਾਦਿ ਕਮਾਈਆ । ਨਾ ਕੋਈ ਸੋਗ ਨਾ ਕੋਈ ਹਰਖ, ਚਿੰਤਾ ਦੁੱਖ ਨਾ ਕੋਇ ਜਣਾਈਆ । ਆਪਣੀ ਕਰੇ ਆਪੇ ਪਰਖ, ਵਡ ਪਾਰਖੂ ਸੱਚਾ ਮਾਹੀਆ । ਨਿਰਗੁਣ ਦੇਵੇ ਨਿਰਗੁਣ ਦਰਸ, ਆਦਰਸ ਇਕੋ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਸਚ ਮਹੱਲਾ, ਇਕੋ ਇਕ ਵਸਾਇੰਦਾ । ਪੁਰਖ ਅਬਿਨਾਸ਼ੀ ਇਕ ਇਕੱਲਾ, ਸੋਭਾਵੰਤ ਸੋਭਾ ਪਾਇੰਦਾ । ਜੋਤੀ ਨੂਰ ਆਪੇ ਰਲਾ, ਰੂਪ ਰੰਗ ਨਾ ਕੋਇ ਰਖਾਇੰਦਾ । ਨਿਰਗੁਣ ਫੜਾਏ ਨਿਰਗੁਣ ਪੱਲਾ, ਪੱਲੂ ਆਪਣੀ ਗੰਢ ਪੁਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਲ ਆਪ ਧਰਾਇੰਦਾ । ਆਪਣੀ ਕਲ ਆਪੇ ਰੱਖ, ਕਰਨੀ ਕਰਤਾ ਆਪ ਕਮਾਈਆ । ਆਦਿ ਪੁਰਖ ਹੋ ਪਰਤੱਖ, ਜੁਗਾਦਿ ਵੇਖੇ ਚਾਈਂ ਚਾਈਂਆ । ਸਦਾ ਸੁਹੇਲਾ ਹੋ ਸਮਰਥ, ਸਮਰਥ ਆਪਣਾ ਰੰਗ ਰੰਗਾਈਆ । ਬੋਧ ਅਗਾਧ ਮਹਿਮਾ ਅਕੱਥ, ਨਿਸ਼ਅੱਖਰ ਕਰੇ ਪੜ੍ਹਾਈਆ । ਸਾਚਾ ਮਾਰਗ ਦਰਗਾਹ ਸਾਚੀ ਦੱਸ, ਮੁਕਾਮੇ ਹੱਕ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਆਪਣੇ ਹੱਥ ਰਖਾਈਆ । ਸਾਚਾ ਲੇਖਾ ਰੱਖੇ ਹੱਥ, ਦੂਸਰ ਸੰਗ ਨਾ ਕੋਇ ਰਖਾਇੰਦਾ । ਨਿਰਗੁਣ ਨੂਰ ਕਰ ਪਰਗਟ, ਜੋਤੀ ਜਾਤਾ ਡਗਮਗਾਇੰਦਾ । ਸਚਖੰਡ ਦੁਆਰ ਖੋਲ੍ਹ ਹੱਟ, ਸਾਚਾ ਵਣਜ ਇਕ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਸਮਝਾਇੰਦਾ । ਆਪਣਾ ਭੇਵ ਖੋਲ੍ਹੇ ਆਪ, ਆਪਣੇ ਹੱਥ ਰੱਖੇ ਵਡਿਆਈਆ । ਆਪੇ ਮਾਈ ਆਪੇ ਬਾਪ, ਪਿਤਾ ਪੂਤ ਆਪ ਹੋ ਜਾਈਆ । ਆਪੇ ਸੱਜਣ ਆਪੇ ਸਾਕ, ਸਗਲਾ ਸੰਗ ਆਪ ਨਿਭਾਈਆ । ਆਪੇ ਖੋਲ੍ਹਣਹਾਰਾ ਤਾਕ, ਥਿਰ ਘਰ ਆਪਣਾ ਕੁੰਡਾ ਲਾਹੀਆ । ਆਪੇ ਬੋਲਣਹਾਰਾ ਸੱਚਾ ਵਾਕ, ਨਾਉਂ ਨਿਰੰਕਾਰਾ ਆਪ ਦ੍ਰਿੜਾਈਆ । ਆਪੇ ਹੋਏ ਕਮਲਾਪਾਤ, ਨਾਰੀ ਕੰਤ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਾਚੇ ਖ਼ੁਸ਼ੀ ਮਨਾਈਆ । ਸਚਖੰਡ ਦੁਆਰ ਛੈਲ ਛਬੀਲਾ, ਸ਼ਹਿਨਸ਼ਾਹ ਇਕੋ ਨਜ਼ਰੀ ਆਇੰਦਾ ।

੫੩੭ ੧੩

ਨਿਰਗੁਣ ਧਾਰ ਰੰਗ ਰੰਗੀਲਾ, ਰੂਪ ਰੰਗ ਰੇਖ ਨਾ ਕੋਇ ਵਖਾਇੰਦਾ । ਨਾ ਕੋਈ ਸੰਗ ਰੱਖੇ ਕਬੀਲਾ, ਕਿਬਲ ਆਪਣਾ ਆਪ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਆਪੇ ਖੜ, ਆਪਣੀ ਇਛਿਆ ਆਪ ਪਰਗਟਾਇੰਦਾ । ਆਪਣੀ ਇਛਿਆ ਸ੍ਰੀ ਭਗਵਾਨ, ਆਦਿ ਆਦਿ ਪਰਗਟਾਈਆ । ਨਿਰਗੁਣ ਦੇਵੇ ਨਿਰਗੁਣ ਦਾਨ, ਦਾਤਾ ਦਾਨੀ ਦਇਆ ਕਮਾਈਆ । ਨਾਰ ਕੰਤ ਚਤੁਰ ਸੁਜਾਨ, ਸੋ ਪੁਰਖ ਨਿਰੰਜਣ ਕਰੇ ਕੁੜਮਾਈਆ । ਹਰਿ ਪੁਰਖ ਨਿਰੰਜਣ ਮੇਲ ਮਿਲਾਏ ਆਣ, ਏਕੰਕਾਰਾ ਜਨਨੀ ਜਨ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਖੰਡ ਸਾਚੇ ਖੇਲ ਵਖਾਈਆ । ਸਚਖੰਡ ਦੁਆਰੇ ਖੇਲ ਅਪਾਰਾ, ਸਤਿ ਸਤਿਵਾਦੀ ਆਪ ਕਰਾਇੰਦਾ । ਲੇਖਾ ਜਾਣੇ ਪੁਰਖ ਨਾਰਾ, ਕੰਤ ਕੰਤੂਹਲ ਭੇਵ ਨਾ ਆਇੰਦਾ । ਜਨਨੀ ਜਨ ਬਣੇ ਨਿਰੰਕਾਰਾ, ਸੁਤ ਦੁਲਾਰਾ ਏਕਾ ਜਾਇੰਦਾ । ਪੂਤ ਸਪੂਤਾ ਕਰ ਪਿਆਰਾ, ਸ਼ਬਦੀ ਸ਼ਬਦ ਰੰਗ ਰੰਗਾਇੰਦਾ । ਥਿਰ ਘਰ ਖੋਲ੍ਹੇ ਆਪ ਦੁਆਰਾ, ਦਰ ਦਰਵਾਜ਼ਾ ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਇੰਦਾ । ਸੁਤ ਦੁਲਾਰਾ ਇਕੋ ਜਾਇਆ, ਪੁਰਖ ਅਕਾਲ ਦਇਆ ਕਮਾਈਆ । ਆਪਣੀ ਉਂਗਲੀ ਆਪੇ ਲਾਇਆ, ਵੇਖੇ ਚਾਈਂ ਚਾਈਂਆ । ਸਾਚੇ ਮੰਦਰ ਆਪ ਬਹਾਇਆ, ਛੱਪਰ ਛੰਨ ਨਾ ਕੋਇ ਛੁਹਾਈਆ । ਇਕੋ ਸਾਚਾ ਰਾਗ ਸੁਣਾਇਆ, ਏਕੰਕਾਰ ਕਰੇ ਪੜ੍ਹਾਈਆ । ਚਰਨ ਪ੍ਰੀਤੀ ਨਾਤਾ ਜੋੜ ਜੁੜਾਇਆ, ਨਾ ਕੋਈ ਤੋੜੇ ਤੋੜ ਤੁੜਾਈਆ । ਸਾਚਾ ਮੰਦਰ ਇਕ ਵਸਾਇਆ, ਥਿਰ ਘਰ ਮਿਲੇ ਵਡਿਆਈਆ । ਸਮਰਥ ਪੁਰਖ ਸਿਰ ਹੱਥ ਟਿਕਾਇਆ, ਸੀਸ ਜਗਦੀਸ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੁਤ ਦੁਲਾਰੇ ਦਇਆ ਕਮਾਈਆ । ਸੁਤ ਦੁਲਾਰਾ ਛੋਟਾ ਬਾਲਾ, ਥਿਰ ਘਰ ਸਾਚੇ ਖ਼ੁਸ਼ੀ ਮਨਾਇੰਦਾ । ਸਚਖੰਡ ਵੇਖੇ ਸੱਚੀ ਧਰਮਸਾਲਾ, ਧਰਮ ਦੁਆਰਾ ਇਕੋ ਨਜ਼ਰੀ ਆਇੰਦਾ । ਜੋਤ ਸਰੂਪ ਬੈਠਾ ਪੁਰਖ ਅਕਾਲਾ, ਅਕਲ ਕਲਾ ਭੇਵ ਨਾ ਆਇੰਦਾ । ਦੋਏ ਜੋੜ ਦਰ ਕਰੇ ਸਵਾਲਾ, ਖ਼ਾਲੀ ਝੋਲੀ ਅੱਗੇ ਡਾਹਿੰਦਾ । ਆਪਣਾ ਦੱਸ ਸਚ ਅਹਿਵਾਲਾ, ਹਉਂ ਭਿਖਕ ਮੰਗ ਮੰਗਾਇੰਦਾ । ਸ੍ਰੀ ਭਗਵਾਨ ਮਾਰਗ ਦੱਸੇ ਇਕ ਸੁਖਾਲਾ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਇੰਦਾ । ਤੇਰੀ ਮੇਰੀ ਇਕੋ ਚਾਲਾ, ਚਾਲ ਅਵੱਲੜੀ ਇਕ ਸਮਝਾਇੰਦਾ । ਸੋਹੰ ਰੂਪ ਹੋਏ ਨਿਰਾਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਥਿਰ ਘਰ ਦੁਆਰੇ ਸੁਤ ਦੁਲਾਰੇ ਏਕਾ ਰਾਗ ਸੁਣਾਇੰਦਾ । ਸੁਤ ਸ਼ਬਦ ਸੁਣ ਕੇ ਨਾਉਂ, ਘਰ ਆਪਣੇ ਖ਼ੁਸ਼ੀ ਮਨਾਈਆ । ਸ੍ਰੀ ਭਗਵਾਨ ਪਕੜੇ ਬਾਹੋਂ, ਫੜ ਬਾਹੋਂ ਗਲੇ ਲਗਾਈਆ । ਚਰਨ ਕਵਲ ਦੇਵੇ ਥਾਉਂ, ਸਰਨ ਮਿਲੇ ਸੱਚੀ ਸਰਨਾਈਆ । ਤਿਸ ਸਾਹਿਬ ਬਲ ਬਲ ਜਾਉਂ, ਜਿਸ ਮੇਰੀ ਬਣਤ ਬਣਾਈਆ । ਸਾਚਾ ਦੱਸਿਆ ਇਕੋ ਰਾਹੋ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚਖੰਡ ਸਚ ਸਿੰਘਾਸਣ ਸਾਚੇ ਸੋਭਾ ਪਾਈਆ । ਸ੍ਰੀ ਭਗਵਾਨ ਰਿਹਾ ਦੱਸ, ਸ਼ਬਦੀ ਸ਼ਬਦ ਜਣਾਇੰਦਾ । ਤੇਰਾ ਚਲੇ ਨਾ ਕੋਈ ਵਸ, ਮੇਰਾ ਹੁਕਮ ਤੋਹੇ ਭਾਇੰਦਾ । ਸਰਨ ਸਰਨਾਈ ਜਾਣਾ ਢੱਠ, ਮਾਣ ਤਾਣ ਨਾ ਕੋਇ ਵਧਾਇੰਦਾ । ਮੇਰਾ ਨੂਰ ਤੇਰਾ ਰੂਪ ਪਰਤੱਖ, ਜ਼ਾਹਰ ਜ਼ਹੂਰ ਆਪ ਵਖਾਇੰਦਾ । ਬਿਨ ਨੇਤਰ ਖੋਲ੍ਹੇ ਅੱਖ, ਆਖ਼ਰ ਆਪਣਾ ਮੇਲ ਮਿਲਾਇੰਦਾ । ਤੂੰ ਮੇਰਾ ਗੌਣਾ ਜਸ, ਜਸ ਤੇਰਾ

ਆਪ ਵਡਿਆਇੰਦਾ । ਪੰਧ ਮੁਕੌਣਾ ਨੱਠ ਨੱਠ, ਹਰਿ ਪਾਂਧੀ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਦੁਲਾਰੇ ਆਪ ਜਗਾਇੰਦਾ । ਸ਼ਬਦ ਦੁਲਾਰਾ ਗਿਆ ਜਾਗ, ਥਿਰ ਘਰ ਸਾਚੇ ਖ਼ੁਸ਼ੀ ਮਨਾਈਆ । ਧੰਨ ਧੰਨ ਮੇਰਾ ਵੱਡਾ ਭਾਗ, ਪ੍ਰਭ ਮਿਲਿਆ ਬੇਪਰਵਾਹੀਆ । ਜਿਸ ਸੁਣਾਇਆ ਸਾਚਾ ਰਾਗ, ਸੋਹੰ ਢੋਲਾ ਇਕੋ ਗਾਈਆ । ਚਰਨ ਪ੍ਰੀਤੀ ਰਹੇ ਵੈਰਾਗ, ਦੂਜੀ ਓਟ ਨਾ ਕੋਇ ਤਕਾਈਆ । ਮੇਰੀ ਸਦਾ ਸਦਾ ਸਦ ਰੱਖੇ ਲਾਜ, ਸਿਰ ਆਪਣਾ ਹੱਥ ਟਿਕਾਈਆ । ਮੈਂ ਬਾਲਕ ਗ਼ਰੀਬ ਨਿਮਾਣਾ ਤੂੰ ਗ਼ਰੀਬ ਨਿਵਾਜ਼, ਦੋਏ ਜੋੜ ਜੋੜ ਸਰਨਾਈਆ । ਤੂੰ ਸਾਹਿਬ ਸਤਿਗੁਰ ਦੀਨ ਦਿਆਲ ਤੇਰਾ ਸੱਚਾ ਇਕ ਸਮਾਜ, ਤੇਰੀ ਇਕੋ ਨੀਤ ਨਜ਼ਰੀ ਆਈਆ । ਤੂੰ ਆਦਿ ਰਚਿਆ ਕਾਜ, ਤੇਰੀ ਮਹਿਮਾ ਕਥ ਨਾ ਕੋਇ ਸੁਣਾਈਆ । ਸਚਖੰਡ ਦੁਆਰੇ ਤੇਰਾ ਰਾਜ, ਸ਼ਹਿਨਸ਼ਾਹ ਤੇਰੀ ਸ਼ਹਿਨਸ਼ਾਹੀਆ । ਮੋਹੇ ਭਾਈ ਤੂੰ ਸਚ ਲਗਾਈ ਆਵਾਜ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਤੇਰੇ ਆਸ ਰਖਾਈਆ । ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਆਪਣੀ ਦਇਆ ਕਮਾਇੰਦਾ । ਸੁਤ ਸ਼ਬਦ ਦੇਵੇ ਸਾਚਾ ਦਾਨ, ਸਚ ਭੰਡਾਰ ਆਪ ਵਰਤਾਇੰਦਾ । ਦੋ ਜਹਾਨਾਂ ਬਣਾਵਾਂ ਤੈਨੂੰ ਕਾਹਨ, ਸਿਰ ਤੇਰੇ ਤਾਜ ਟਿਕਾਇੰਦਾ । ਮੇਰਾ ਨਾਮ ਤੇਰਾ ਗਿਆਨ, ਤੇਰਾ ਗਿਆਨ ਹੁਕਮ ਸਮਝਾਇੰਦਾ । ਸਚ ਸੰਦੇਸਾ ਇਕ ਫ਼ਰਮਾਣ, ਫ਼ਰਮਾਂਬਰਦਾਰ ਆਪ ਮਨਾਇੰਦਾ । ਮੁਕਾਮੇ ਹੱਕ ਹੁਕਮਰਾਨ, ਹੱਕ ਹਕੀਕਤ ਤੇਰੀ ਝੋਲੀ ਪਾਇੰਦਾ । ਤੇਰਾ ਸਾਹਿਬ ਇਕ ਅਮਾਮ, ਦੂਜਾ ਨਜ਼ਰ ਕੋਇ ਨਾ ਆਇੰਦਾ । ਸਾਚਾ ਕਲਮਾ ਦਏ ਕਲਾਮ, ਨਿਸ਼ਅੱਖਰ ਆਪ ਪੜ੍ਹਾਇੰਦਾ । ਸੁਤ ਦੁਲਾਰਾ ਕਰੇ ਸਲਾਮ, ਨਿਉਂ ਨਿਉਂ ਸਯਦਾ ਸੀਸ ਝੁਕਾਇੰਦਾ । ਮੈਂ ਬਰਦਾ ਤੇਰਾ ਗ਼ੁਲਾਮ, ਚਾਕਰ ਚਾਕ ਅਖਵਾਇੰਦਾ । ਸਾਚਾ ਦੇਣਾ ਇਕ ਨਿਸ਼ਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਸਤ ਅਮੋਲਕ ਇਕ ਵਖਾਇੰਦਾ । ਵਸਤ ਅਮੋਲਕ ਸਚ ਪਿਆਰ, ਪਰਮ ਪੁਰਖ ਆਪ ਜਣਾਈਆ । ਸੁਤ ਦੁਲਾਰਾ ਕਰੇ ਵਿਚਾਰ, ਹਰਿ ਵਿਚਾਰ ਵਿਚ ਨਾ ਆਈਆ । ਸੋਚ ਸੋਚ ਗਿਆ ਹਾਰ, ਸੋਚ ਸਮਝ ਨਾ ਸਕੇ ਰਾਈਆ । ਸਚਖੰਡ ਵਸੇ ਏਕੰਕਾਰ, ਥਿਰ ਘਰ ਸ਼ਬਦ ਮਿਲੀ ਵਡਿਆਈਆ । ਪਿਤਾ ਪੂਤ ਇਕ ਸਤਾਰ, ਤੰਦੀ ਤੰਦ ਨਾ ਕੋਇ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸਾ ਇਕ ਸੁਣਾਈਆ । ਧੁਰ ਸੰਦੇਸਾ ਛੋਟੇ ਬਾਲ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਤੇਰਾ ਸੰਗ ਮਹਾਂਕਾਲ, ਮਹਾਂਬਲੀ ਆਪ ਬਣਾਇੰਦਾ । ਤੇਰੀ ਵਸਾਏ ਸੱਚੀ ਧਰਮਸਾਲ, ਥਿਰ ਘਰ ਸਾਚਾ ਰੰਗ ਰੰਗਾਇੰਦਾ । ਸਦਾ ਸਦਾ ਚਲੇ ਤੇਰੇ ਨਾਲ, ਚਾਲ ਨਿਰਾਲੀ ਇਕ ਜਣਾਇੰਦਾ । ਕਰੇ ਸਾਹਿਬ ਤੇਰੀ ਪ੍ਰਿਤਪਾਲ, ਸਿਰ ਆਪਣਾ ਹੱਥ ਟਿਕਾਇੰਦਾ । ਤੇਰੀ ਗੋਦੀ ਦੇਵੇ ਲਾਲ, ਵਿਸ਼ਨੂੰ ਆਪਣਾ ਰੂਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਦੁਲਾਰੇ ਆਪ ਸਮਝਾਇੰਦਾ । ਸੁਤ ਦੁਲਾਰੇ ਤੇਰਾ ਬੇਟਾ, ਬਿਨ ਮਾਤ ਪਿਤ ਕੁੜਮਾਈਆ । ਪੁਰਖ ਅਕਾਲ ਕਰੇ ਹੇਤਾ, ਨਿਰਗੁਣ ਨਿਰਗੁਣ ਜੋਤ ਰੁਸ਼ਨਾਈਆ । ਅੰਦਰ ਬਾਹਰ ਖੇਵਟ ਖੇਟਾ, ਸਾਚਾ ਬੇੜਾ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਵ ਆਪਣਾ ਰੂਪ ਧਰਾਈਆ । ਵਿਸ਼ਵ ਰੂਪ ਵਿਸ਼ਨੂੰ ਧਾਰ, ਹਰਿ ਸਤਿਗੁਰ ਆਪ ਜਣਾਇੰਦਾ । ਨਿਰਗੁਣ ਨਿਰਗੁਣ ਹੋ ਉਜਿਆਰ, ਸਰਗੁਣ ਸਰਗੁਣ ਗੰਢ ਪੁਆਇੰਦਾ । ਜੋਤੀ ਜੋਤ ਜੋਤ ਉਜਿਆਰ, ਸ਼ਬਦੀ ਸ਼ਬਦ ਡੰਕ ਸੁਣਾਇੰਦਾ । ਚਰਨ ਚਰਨ ਚਰਨ ਆਧਾਰ, ਕਵਲ ਕਵਲ ਕਵਲ ਵਡਿਆਇੰਦਾ ।

੫੩੯
੧੩

ਕਿਰਪਾ ਕਰ ਆਪ ਕਰਤਾਰ, ਕੁਦਰਤ ਆਪਣਾ ਰੰਗ ਵਟਾਇੰਦਾ । ਨਾ ਕੋਈ ਦੂਜਾ ਮੀਤ ਮੁਰਾਰ, ਸਾਥੀ ਨਜ਼ਰ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਇਛਿਆ ਦੇਵੇ ਵਰ, ਬ੍ਰਹਮ ਨੇਤਰ ਨੀਰ ਇਕ ਵਹਾਇੰਦਾ । ਬ੍ਰਹਮ ਨੇਤਰ ਵਹੇ ਨੀਰ, ਵਹਿਣ ਨਜ਼ਰ ਕਿਸੇ ਨਾ ਆਇਆ । ਪੁਰਖ ਅਬਿਨਾਸ਼ੀ ਕਰੇ ਖੇਲ ਗੁਣੀ ਗਹੀਰ, ਗੰਭੀਰ ਆਪਣਾ ਨਾਉਂ ਧਰਾਇਆ । ਵਿਸ਼ਨੂੰ ਆਪੇ ਮਾਰ ਜ਼ੰਜੀਰ, ਆਪਣਾ ਬੰਧਨ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹਿਆ । ਬੇਪਰਵਾਹ ਅਗੰਮ ਅਥਾਹ, ਮਹਿਮਾ ਅਕੱਥ ਕਥੀ ਨਾ ਜਾਈਆ । ਸਚਖੰਡ ਨਿਵਾਸੀ ਸ਼ਹਿਨਸ਼ਾਹ, ਭੂਪ ਆਪਣਾ ਹੁਕਮ ਜਣਾਈਆ । ਸੁਤ ਦੁਲਾਰਾ ਲਏ ਜਗਾ, ਸ਼ਬਦੀ ਵੰਡ ਵੰਡਾਈਆ । ਵਿਸ਼ਨੂੰ ਲੇਖਾ ਦਏ ਲਿਖਾ, ਅੰਤਰ ਬੂਝ ਬੁਝਾਈਆ । ਸਾਚਾ ਜਾਮ ਦਏ ਪਿਆ, ਰਸ ਇਕੋ ਇਕ ਰਖਾਈਆ । ਕਵਲੀ ਕਵਲ ਲਏ ਖਿਲਾ, ਅਵਲ ਆਪਣਾ ਨੂਰ ਦਰਸਾਈਆ । ਮਾਂ ਪਿਓ ਬੇਟਾ ਬਣੇ ਖ਼ੁਦਾ, ਨੂਰ ਜ਼ਹੂਰ ਇਕ ਰੁਸ਼ਨਾਈਆ । ਬ੍ਰਹਮਾ ਵੇਤਾ ਲਏ ਜਣਾ, ਪਾਰਬ੍ਰਹਮ ਆਪਣੀ ਵੰਡ ਵਖਾਈਆ । ਸੁੰਨ ਅਗੰਮ ਜਾਏ ਸਮਾ, ਧੁਆਂਧਾਰ ਕਰੇ ਰੁਸ਼ਨਾਈਆ । ਆਪਣੀ ਇਛਿਆ ਇਕ ਧਰਾ, ਸ਼ੰਕਰ ਮੇਲਾ ਸਹਿਜ ਸੁਭਾਈਆ । ਗੁਰ ਚੇਲਾ ਏਕਾ ਘਰ ਵਖਾ, ਏਕਾ ਮੱਯਾ ਨਾਤਾ ਜੋੜ ਜੁੜਾਈਆ । ਸਾਚਾ ਸੱਯਾ ਬੇਪਰਵਾਹ, ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਤ ਦੇਵੇ ਵਰ, ਵਿਸ਼ਨ ਬ੍ਰਹਮਾ ਸ਼ਿਵ ਤੇਰੇ ਦਰ ਦਰ ਬੈਠੇ ਅਲਖ ਜਗਾਈਆ । ਦਰ ਬੈਠੇ ਅਲੱਖ, ਅਲੱਖ ਅਲੱਖ ਜਣਾਇਆ । ਸ਼ਬਦੀ ਸ਼ਬਦ ਹੋ ਪਰਤੱਖ, ਨਿਰਗੁਣ ਨਿਰਗੁਣ ਵੇਸ ਵਟਾਇਆ । ਹਰਿ ਕਾ ਭੇਵ ਬਿਨ ਹਰਿ ਕੋਈ ਨਾ ਸਕੇ ਦੱਸ, ਲੇਖਾ ਲਿਖਤ ਵਿਚ ਨਾ ਆਇਆ । ਚਾਰੇ ਗਾਵਣ ਇਕੋ ਜਸ, ਸੋਹੰ ਢੋਲਾ ਰਾਗ ਅਲਾਇਆ । ਤੂੰ ਮੇਰਾ ਮੈਂ ਤੇਰੇ ਵਸ, ਤੁਧ ਬਿਨ ਨਜ਼ਰ ਕੋਇ ਨਾ ਆਇਆ । ਕਰੇ ਖੇਲ ਪੁਰਖ ਸਮਰਥ, ਸਾਚਾ ਰਾਹ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸ਼ਬਦ ਸੇਵ ਲਗਾਇਆ । ਸ਼ਬਦੀ ਸ਼ਬਦ ਸੇਵਾ ਅਪਾਰ, ਸੋ ਪੁਰਖ ਨਿਰੰਜਣ ਆਪ ਲਗਾਈਆ । ਤ੍ਰੈ ਤ੍ਰੈ ਮੇਲਾ ਵਿਚ ਸੰਸਾਰ, ਵਡ ਸੰਸਾਰੀ ਆਪ ਕਰਾਈਆ । ਲੱਖ ਚੁਰਾਸੀ ਕਰ ਤਿਆਰ, ਤ੍ਰੈਗੁਣ ਮਾਇਆ ਵੇਖ ਵਖਾਈਆ । ਲੇਖਾ ਜਾਣ ਗੁਰੂ ਅਵਤਾਰ, ਪੰਜ ਤੱਤ ਕਰੇ ਕੁੜਮਾਈਆ । ਸ਼ਬਦ ਅਨਾਦ ਬੋਲ ਜੈਕਾਰ, ਸਾਚੀ ਧੁਨ ਕਰੇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਅੱਖਰ ਕਰੇ ਪੜ੍ਹਾਈਆ । ਏਕਾ ਅੱਖਰ ਨਿਸ਼ ਰੂਪ, ਨਜ਼ਰ ਕਿਸੇ ਨਾ ਆਇਆ । ਆਪ ਪਰਗਟਾਏ ਸਾਚਾ ਭੂਪ, ਲੋਆਂ ਪੁਰੀਆਂ ਵੇਖ ਵਖਾਇਆ । ਆਦਿ ਜੁਗਾਦੀ ਸਤਿ ਸਰੂਪ, ਸਚਖੰਡ ਸਾਚੇ ਡੇਰਾ ਲਾਇਆ । ਵੇਖਣਹਾਰਾ ਦਿਸ਼ਾ ਕੂਟ, ਬ੍ਰਹਿਮੰਡ ਖੰਡ ਖੋਜ ਖੁਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਆਪਣਾ ਬੰਧਨ ਪਾਇਆ । ਜੁਗ ਚੌਕੜੀ ਗੁਰ ਅਵਤਾਰ, ਨਿਰਗੁਣ ਸਰਗੁਣ ਕਰੇ ਕੁੜਮਾਈਆ । ਸ਼ਬਦ ਅਗੰਮੀ ਦੇਵੇ ਧਾਰ, ਧਾਰ ਧਾਰ ਵਿਚੋਂ ਪਰਗਟਾਈਆ । ਸ਼ਾਸਤਰ ਸਿਮਰਤ ਵੇਦ ਬਣ ਲਿਖਾਰ, ਕਾਤਬ ਇਕੋ ਕਲਮ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਸ਼ਬਦੀ ਗੁਰ, ਗੁਰ ਸ਼ਬਦੀ ਦਇਆ ਕਮਾਇੰਦਾ । ਦੋ ਜਹਾਨਾਂ ਇਕੋ ਸੁਰ, ਇਕੋ ਤਾਲ ਵਜਾਇੰਦਾ । ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਸਰਗੁਣ ਜਾਏ ਜੁੜ, ਆਤਮ ਪਰਮਾਤਮ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੁਗ ਚੌਕੜੀ ਆਪ ਹੰਢਾਇੰਦਾ । ਜੁਗ ਚੌਕੜੀ ਸੇਵਾਦਾਰ, ਗੁਰ ਅਵਤਾਰ ਹੁਕਮ ਮਨਾਈਆ । ਪੀਰ ਪੈਗ਼ੰਬਰ ਕਰ ਤਿਆਰ, ਕਲਮਾ ਨਬੀ ਆਪ ਸਮਝਾਈਆ । ਦੀਨ ਮਜ਼੍ਹਬ ਬੰਨ੍ਹੇ ਧਾਰ, ਇਸਮ ਆਜ਼ਮ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਆਪਣਾ ਹੁਕਮ ਮਨਾਈਆ । ਜੁਗ ਚੌਕੜੀ ਪਾਰ ਕਿਨਾਰਾ, ਨਵ ਨੌਂ ਚਾਰ ਰਹਿਣ ਨਾ ਪਾਈਆ । ਕਰੇ ਖੇਲ ਅਗੰਮ ਅਪਾਰਾ, ਬੇਅੰਤ ਵਡ ਵਡਿਆਈਆ । ਲੇਖਾ ਜਾਣੇ ਤੇਈ ਅਵਤਾਰਾ, ਭਗਤ ਭਗਵਨ ਵੇਖ ਵਖਾਈਆ । ਈਸਾ ਮੂਸਾ ਮੁਹੰਮਦ ਖੋਲ੍ਹਣਹਾਰ ਕਿਵਾੜਾ, ਅੰਜੀਲ ਕੁਰਾਨਾ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੁਰ ਆਪਣੀ ਵੰਡ ਵੰਡਾਈਆ । ਗੁਰ ਗੁਰ ਵੰਡ ਵਿਚ ਬ੍ਰਹਿਮੰਡ, ਵਰਭੰਡ ਦਇਆ ਕਮਾਇੰਦਾ । ਆਦਿ ਜੁਗਾਦੀ ਇਕੋ ਛੰਦ, ਆਤਮ ਪਰਮਾਤਮ ਰਾਗ ਸੁਣਾਇੰਦਾ । ਕਲਜੁਗ ਔਧ ਗਈ ਲੰਘ, ਵੇਲਾ ਅੰਤਮ ਆਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਮੰਗਣ ਮੰਗ, ਪ੍ਰਭ ਅੱਗੇ ਝੋਲੀ ਸਰਬ ਡਾਹਿੰਦਾ । ਲੱਖ ਚੁਰਾਸੀ ਭੇਖ ਪਖੰਡ, ਕੂੜੀ ਕਿਰਿਆ ਨਾ ਕੋਇ ਮਿਟਾਇੰਦਾ । ਸ੍ਰਿਸ਼ਟ ਸਬਾਈ ਰਸਨਾ ਜਿਹਵਾ ਗਾਏ ਬੱਤੀ ਦੰਦ, ਹਿਰਦੇ ਹਰਿ ਨਾ ਕੋਇ ਵਸਾਇੰਦਾ । ਸਾਚਾ ਨੂਰ ਨਾ ਚੜ੍ਹਿਆ ਚੰਦ, ਅਗਿਆਨ ਅੰਧੇਰ ਨਾ ਕੋਇ ਮਿਟਾਇੰਦਾ । ਮੰਦਰ ਮਸਜਿਦ ਸ਼ਿਵਦੁਆਲੇ ਮੱਠ ਪਈ ਵੰਡ, ਹਰਿ ਮੰਦਰ ਨਜ਼ਰ ਕਿਸੇ ਨਾ ਆਇੰਦਾ । ਦੂਈ ਦਵੈਤੀ ਭਰਮਾਂ ਢਾਹੇ ਨਾ ਕੋਇ ਕੰਧ, ਭਾਂਡਾ ਭਰਮ ਨਾ ਕੋਇ ਭੰਨਾਇੰਦਾ । ਸ੍ਰਿਸ਼ਟ ਸਬਾਈ ਨਾਰ ਦੁਹਾਗਣ ਹੋਈ ਰੰਡ, ਸਤਿਗੁਰ ਕੰਤ ਨਾ ਕੋਇ ਹੰਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੋ ਜਹਾਨਾਂ ਵੇਖ ਵਖਾਇੰਦਾ । ਦੋ ਜਹਾਨਾਂ ਹਰਿ ਜੂ ਵਾਲੀ, ਸਚਖੰਡ ਆਪਣਾ ਆਸਣ ਲਾਈਆ । ਜੁਗ ਚੌਕੜੀ ਖੇਲ ਨਿਰਾਲੀ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਈਆ । ਕਲਜੁਗ ਅੰਤਮ ਚਲੇ ਚਾਲ ਨਿਰਾਲੀ, ਭੇਵ ਕੋਇ ਨਾ ਪਾਈਆ । ਪੀਰ ਪੈਗ਼ੰਬਰ ਹੋਏ ਸਵਾਲੀ, ਦਰ ਬੈਠੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬਲ ਆਪ ਵਖਾਈਆ । ਆਪਣਾ ਬਲ ਦਏ ਵਖਾਲ, ਕਲਜੁਗ ਅੰਤਮ ਆਇਆ । ਪਰਗਟ ਹੋਇਆ ਦੀਨ ਦਿਆਲ, ਦਰਗਾਹ ਸਾਚੀ ਪਰਦਾ ਲਾਹਿਆ । ਸਚਖੰਡ ਵਖਾਏ ਸੱਚੀ ਧਰਮਸਾਲ, ਧਰਮ ਦੁਆਰ ਇਕ ਜਣਾਇਆ । ਗੁਰ ਅਵਤਾਰ ਲਏ ਉਠਾਲ, ਪੀਰ ਪੈਗ਼ੰਬਰ ਨਾਲ ਮਿਲਾਇਆ । ਅੰਤਮ ਸਾਰੇ ਹੋਏ ਬੇਹਾਲ, ਨੇਤਰ ਰੋਵਣ ਦੇਣ ਦੁਹਾਇਆ । ਸ੍ਰਿਸ਼ਟ ਸਬਾਈ ਸਿਰ ਤੇ ਕੂਕੇ ਕਾਲ, ਕਲਜੁਗ ਆਪਣਾ ਡੰਕ ਵਜਾਇਆ । ਕੋਈ ਨਾ ਚਲੇ ਕਿਸੇ ਨਾਲ, ਸਾਚਾ ਸੰਗ ਨਾ ਕੋਇ ਨਿਭਾਇਆ । ਗੁਰਦਰ ਮੰਦਰ ਮਾਇਆ ਰਾਣੀ ਵੱਜੇ ਤਾਲ, ਸਚ ਤਸਵੀਰ ਨਾ ਕੋਇ ਵਖਾਇਆ । ਸਾਧ ਸੰਤ ਹੋਏ ਬੇਹਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਰਗੁਣ ਇਕੋ ਫੇਰਾ ਪਾਇਆ । ਨਿਰਗੁਣ ਇਕੋ ਪਾਏ ਫੇਰਾ, ਫੇਰੀ ਆਪਣੇ ਨਾਮ ਦਿਵਾਈਆ । ਚਾਰ ਕੁੰਟ ਪਾਏ ਘੇਰਾ, ਨੌਂ ਖੰਡ ਪ੍ਰਿਥਮੀ ਸੱਤ ਦੀਪ ਵੇਖੇ ਥਾਉਂ ਥਾਈਂਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਇਕਾਵਨ ਬਾਵਨ ਲੱਗਾ ਡੇਰਾ, ਪਾਂਜਾ, ਦੂਆ ਪਰਦਾ ਦਏ ਉਠਾਈਆ । ਮਿਹਰਵਾਨ ਮਿਹਰਵਾਨ ਮਿਹਰਵਾਨ ਕਰ ਕੇ ਵੇਖੇ ਆਪਣੀ ਨਜ਼ਰ ਮਿਹਰਾ, ਮਿਹਬਾਨ ਬੀਦੋ ਬੀ ਖ਼ੈਰ ਯਾ ਅੱਲਾ ਇਕੋ ਨੂਰ ਇਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਹੱਕ ਜਨਾਬ, ਸਾਚੇ ਧਾਮ ਸੋਭਾ ਪਾਇੰਦਾ । ਈਸਾ

ਮੂਸਾ ਮੁਹੰਮਦ ਕਰੇ ਆਦਾਬ, ਨਿਉਂ ਨਿਉਂ ਸੀਸ ਸਰਬ ਝੁਕਾਇੰਦਾ । ਨਾ ਕੋਈ ਪੁੰਨ ਨਾ ਸਵਾਬ, ਖ਼ਤਰਾ ਸਭ ਦੇ ਸਿਰ ਤੇ ਛਾਇੰਦਾ । ਹੱਥ ਦਿਸੇ ਨਾ ਹਯਾਤ ਆਬ, ਹਯਾਤੀ ਸਭ ਦੀ ਮੇਟ ਮਿਟਾਇੰਦਾ । ਸਾਚਾ ਚਰਨ ਦਏ ਰਕਾਬ, ਆਸਣ ਇਕੋ ਇਕ ਤੰਗ ਕਸਾਇੰਦਾ । ਪਰਗਟ ਹੋਏ ਹੱਕ ਨਵਾਬ, ਨੌਬਤ ਆਪਣੇ ਨਾਮ ਵਜਾਇੰਦਾ । ਚੌਦਾਂ ਤਬਕਾਂ ਪੂਰਾ ਕਰੇ ਖ਼ਵਾਬ, ਖ਼ਾਹ ਮਖ਼ਾਹ ਆਪਣਾ ਭੇਵ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਵਡ ਅਮਾਮ ਫੇਰਾ ਪਾਇੰਦਾ । ਪਰਗਟ ਹੋਇਆ ਵਡ ਅਮਾਮ, ਆਪਣੀ ਦਇਆ ਕਮਾਈਆ । ਚੌਦਾਂ ਲੋਕਾਂ ਬਦਲੇ ਨਜ਼ਾਮ, ਨਜ਼ਰ ਸਭ ਦੀ ਦਏ ਬਦਲਾਈਆ । ਪੀਰ ਪੈਗ਼ੰਬਰ ਕਰੇ ਗ਼ੁਲਾਮ, ਗ਼ੁਰਬਤ ਕੋਇ ਨਜ਼ਰ ਨਾ ਆਈਆ । ਈਸਾ ਮੂਸਾ ਮੁਹੰਮਦ ਕਰੇ ਸਲਾਮ, ਦਰ ਮੰਗਣ ਇਕੋ ਅਲੱਖ ਜਗਾਈਆ । ਤੇਰੀ ਸੱਚੀ ਸਚ ਕਲਾਮ, ਕਲਮਾ ਕਾਇਨਾਤ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਪਰਗਟ ਹੋਵੇ ਬੇਪਰਵਾਹੀਆ । ਬੇਪਰਵਾਹ ਵਡ ਮਿਹਰਵਾਨਾ, ਬੇਨਜ਼ੀਰ ਖੇਲ ਕਰਾਇੰਦਾ । ਪਹਿਲੋਂ ਦੇਂਦਾ ਰਿਹਾ ਹੱਕ ਪਰਵਾਨਾ, ਪੀਰ ਪੈਗ਼ੰਬਰਾਂ ਆਪ ਪੜ੍ਹਾਇੰਦਾ । ਦੱਸਦਾ ਰਿਹਾ ਜਗਤ ਕਲਾਮਾ, ਕਲਮਾ ਇਕੋ ਇਕ ਪੜ੍ਹਾਇੰਦਾ । ਅੰਤਮ ਔਣਾ ਇਕ ਅਮਾਮਾ, ਮਹਿੰਦੀ ਸਭ ਦੇ ਰੰਗ ਰੰਗਾਇੰਦਾ । ਸਾਰੇ ਕਰੋ ਚਲ ਸਲਾਮਾ, ਮੱਕਾ ਕਾਅਬਾ ਚਰਨਾਂ ਹੇਠ ਰਖਾਇੰਦਾ । ਨਿਰਗੁਣ ਰੂਪ ਪਹਿਰੇ ਜਾਮਾ, ਪੰਜ ਤੱਤ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੱਕ ਹਕੀਕਤ ਇਕ ਸਮਝਾਇੰਦਾ । ਹੱਕ ਹਕੀਕਤ ਲਾਸ਼ਰੀਕ, ਵਾਹਦ ਇਕੋ ਇਕ ਜਣਾਈਆ । ਚੌਦਾਂ ਤਬਕ ਮੇਟੇ ਅੰਧੇਰਾ ਤਾਰੀਕ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਸਦੀ ਚੌਧਵੀਂ ਨਿਸ਼ਾਨਾ ਤੀਰ ਮਾਰੇ ਠੀਕ, ਠੀਕਰ ਸਭ ਦਾ ਭੰਨ ਵਖਾਈਆ । ਈਸਾ ਮੂਸਾ ਆਏ ਨਜ਼ੀਕ, ਨੇਤਰ ਰੋਵਣ ਮਾਰਨ ਧਾਹੀਆ । ਮੁਹੰਮਦ ਟੁੱਟਦੀ ਜਾਏ ਪ੍ਰੀਤ, ਸਾਚੀ ਪ੍ਰੀਤ ਨਾ ਕੋਇ ਰਖਾਈਆ । ਉਮਤ ਉਮਤ ਨਬੀ ਸ਼ਰੀਕ, ਸ਼ਿਰਕਤ ਘਰ ਘਰ ਡੇਰਾ ਲਾਈਆ । ਜਿਸ ਦੀ ਰੱਖਦੇ ਗਏ ਪੀਰ ਪੈਗ਼ੰਬਰ ਉਡੀਕ, ਸੋ ਪੈਗ਼ੰਬਰ ਫੇਰਾ ਪਾਈਆ । ਸਦੀ ਚੌਧਵੀਂ ਜਾਏ ਬੀਤ, ਸਾਲਸ ਬਣੇ ਸੱਚਾ ਮਾਹੀਆ । ਹਿੰਦੂ ਮੁਸਲਮ ਸਿਖ ਈਸਾਈ ਆਤਮ ਪਰਮਾਤਮ ਸਭ ਨੇ ਢੋਲਾ ਗੌਣਾ ਇਕੋ ਗੀਤ, ਸੋਹੰ ਅੱਖਰ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਪੀਰ ਪੈਗ਼ੰਬਰ ਲਏ ਫੜ, ਬਚਿਆ ਕੋਇ ਰਹਿਣ ਨਾ ਪਾਈਆ । ਮੁਕਾਮੇ ਹੱਕ ਤਖ਼ਤ ਨਿਵਾਸੀ, ਸਾਚੇ ਤਖ਼ਤ ਸੋਭਾ ਪਾਇੰਦਾ । ਕਰੇ ਖੇਲ ਸ਼ਾਹੋ ਸ਼ਾਬਾਸੀ, ਸ਼ਹਿਨਸ਼ਾਹ ਆਪਣਾ ਹੁਕਮ ਮਨਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਵਿਸ਼ਨ ਬ੍ਰਹਮਾ ਸ਼ਿਵ ਲਾਹੇ ਉਦਾਸੀ, ਸੁਪਤ ਇੰਦ ਨਾਲ ਮਿਲਾਇੰਦਾ । ਗ੍ਰਹਿ ਮੰਦਰ ਨਿਰਗੁਣ ਸਰਗੁਣ ਘਟ ਘਟ ਅੰਦਰ ਪਾਵੇ ਰਾਸੀ, ਗੋਪੀ ਕਾਹਨ ਨਾਚ ਨਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੁਆਰਾ ਇਕ ਸੁਹਾਇੰਦਾ । ਸਚ ਦੁਆਰੇ ਬੈਠਾ ਹਰਿ, ਆਪਣੀ ਖੇਲ ਕਰਾਈਆ । ਗੁਰ ਅਵਤਾਰ ਸੱਦੇ ਦਰ, ਦਰ ਦਰਵੇਸ਼ ਹੁਕਮ ਮਨਾਈਆ । ਇਕ ਦੂਜੇ ਦਾ ਪੱਲੂ ਲਓ ਫੜ, ਇਕੋ ਰੰਗ ਰੰਗਾਈਆ । ਦੀਨ ਮਜ਼੍ਹਬ ਜ਼ਾਤ ਪਾਤ ਝਗੜਾ ਜਾਏ ਝੜ, ਝਿੜਕਾਂ ਦੇ ਰਿਹਾ ਸਮਝਾਈਆ । ਸਤਿਜੁਗ ਅੱਗੇ ਕੋਈ ਨਾ ਸਕੇ ਅੜ, ਕੂੜੀ ਕਿਰਿਆ ਦਏ ਖਪਾਈਆ । ਪੁਰਖ ਅਕਾਲ ਦੀਨ ਦਿਆਲ ਸਭ ਨੇ ਢੋਲਾ ਲੈਣਾ ਪੜ੍ਹ, ਪਿਛਲੀ ਛੱਡੋ ਸਰਬ ਪੜ੍ਹਾਈਆ ।


੫੪੨ ੧੩

ਸਾਚੇ ਮੰਦਰ ਵੇਖੇ ਚੜ੍ਹ, ਕਬੀਰ ਜੁਲਾਹਾ ਰਿਹਾ ਸਮਝਾਈਆ । ਨਾਨਕ ਨਿਰਗੁਣ ਮਿਲਿਆ ਵਰ, ਸਚਖੰਡ ਵੱਜੀ ਵਧਾਈਆ । ਗੁਰ ਗੋਬਿੰਦ ਸਰਨੀ ਗਿਆ ਪੜ੍ਹ, ਪ੍ਰਭ ਮੇਲਾ ਚਾਈਂ ਚਾਈਆ । ਵਰਨ ਬਰਨ ਚੁੱਕੇ ਡਰ, ਭੈ ਭੌ ਨਾ ਕੋਇ ਰਖਾਈਆ । ਸਰਬ ਜੀਆਂ ਦਾ ਇਕੋ ਹਰਿ, ਘਟ ਘਟ ਰਿਹਾ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰ ਹਰਿ ਕਰਤਾਰ, ਗੁਰ ਅਵਤਾਰ ਪੀਰ ਪੈਗ਼ੰਬਰ ਰਿਹਾ ਬਹਾਈਆ । ਪੀਰ ਪੈਗ਼ੰਬਰ ਆਏ ਸੱਦੇ, ਹਰਿ ਸੱਦਾ ਨਾਮ ਦਿਵਾਇਆ । ਹੁਕਮੇ ਅੰਦਰ ਸਾਰੇ ਬੱਧੇ, ਬੈਠੇ ਸੀਸ ਝੁਕਾਇਆ । ਵੱਡੇ ਛੋਟੇ ਕੋਈ ਨਾ ਕੱਦੇ, ਪੰਜ ਤੱਤ ਨਾ ਕੋਇ ਵਖਾਇਆ । ਹਰਿ ਚਰਨ ਪਿਆਰ ਇਕੋ ਬੱਧੇ, ਮਧੁਰਾ ਰਸ ਨਾ ਕੋਇ ਵਖਾਇਆ । ਜਿਸ ਸਾਹਿਬ ਆਪਣੀ ਧਾਰ ਵਿਚੋਂ ਕੱਢੇ, ਸੋ ਆਪਣੇ ਵਿਚ ਸਮਾਇਆ । ਏਥੇ ਓਥੇ ਕਰੇ ਲੱਡੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਰਿਹਾ ਜਣਾਇਆ । ਸਾਚੀ ਸਿਖਿਆ ਸਚ ਦੁਆਰ, ਹਰਿ ਸਤਿ ਕਰੇ ਪੜ੍ਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰੋ ਵਿਚਾਰ, ਹਰਿ ਵਿਚਾਰ ਵਿਚ ਨਾ ਆਈਆ । ਪੰਜ ਤੱਤ ਨਾਤਾ ਤੁਟਾ ਸੰਸਾਰ, ਸਗਲ ਸ੍ਰਿਸ਼ਟ ਤਜਾਈਆ । ਜੁਗ ਚੌਕੜੀ ਲਾਇਆ ਅਖਾੜ, ਲੱਖ ਚੁਰਾਸੀ ਨਾਚ ਨਚਾਈਆ । ਹੁਕਮੇ ਅੰਦਰ ਹੋ ਉਜਿਆਰ, ਡੰਕਾ ਸ਼ਬਦ ਸੁਣਾਈਆ । ਲਿਖ ਲਿਖ ਲੇਖਾ ਅਪਰ ਅਪਾਰ, ਸ਼ਾਸਤਰ ਸਿਮਰਤ ਵੇਦ ਪੁਰਾਨ ਕਰੀ ਪੜ੍ਹਾਈਆ । ਖਾਣੀ ਬਾਣੀ ਦੇ ਗਿਆਨ, ਆਤਮ ਪਰਮਾਤਮ ਵੰਡ ਵਖਾਈਆ । ਅੰਤਮ ਮੇਲਾ ਸ੍ਰੀ ਭਗਵਾਨ, ਲੱਖ ਚੁਰਾਸੀ ਕੰਮ ਕਿਸੇ ਨਾ ਆਈਆ । ਦੀਨ ਮਜ਼੍ਹਬ ਜਗਤ ਦੁਕਾਨ, ਸ਼ਰਅ ਕਰੇ ਲੜਾਈਆ । ਸਰਬ ਜੀਆਂ ਦਾ ਇਕ ਈਮਾਨ, ਇਸਮ ਇਕੋ ਇਕ ਵਖਾਈਆ । ਸਚ ਹਦੀਸ ਕਰੇ ਕੁਰਾਨ, ਤੀਸ ਬਤੀਸ ਰਿਹਾ ਸਮਝਾਈਆ । ਸਿਫ਼ਤ ਕਰੇ ਵੇਦ ਪੁਰਾਨ, ਸ਼ਾਸਤਰ ਸਿਮਰਤ ਦਏ ਗਵਾਹੀਆ । ਗੁਰ ਅਵਤਾਰ ਕਰਨ ਧਿਆਨ, ਬੈਠੇ ਧਿਆਨ ਲਗਾਈਆ । ਪੀਰ ਪੈਗ਼ੰਬਰ ਮੰਗਣ ਦਾਨ, ਅੱਗੇ ਆਪਣੀ ਝੋਲੀ ਡਾਹੀਆ । ਭਗਤ ਭਗਵਾਨ ਢੋਲਾ ਗਾਣ, ਇਕੋ ਰਾਗ ਅਲਾਈਆ । ਸੰਤ ਨਿਝ ਨੇਤਰ ਕਰਨ ਪਹਿਚਾਨ, ਬੇਪਹਿਚਾਨ ਵੇਖ ਵਖਾਈਆ । ਗੁਰਮੁਖ ਚਰਨੀ ਡਿਗਣ ਆਣ, ਮਸਤਕ ਧੂੜੀ ਟਿੱਕਾ ਲਾਈਆ । ਗੁਰਸਿਖ ਕਹਿਣ ਬਾਲ ਅਵਾਣ, ਬਾਲੀ ਬੁੱਧ ਨਾ ਕੋਇ ਚਤੁਰਾਈਆ । ਸਰਬ ਜੀਆਂ ਪ੍ਰਭ ਜਾਣੀ ਜਾਣ, ਘਟ ਘਟ ਰਿਹਾ ਸਮਾਈਆ । ਕਲਜੁਗ ਅੰਤਮ ਹੋ ਪਰਧਾਨ, ਨਿਹਕਲੰਕਾ ਨਾਉਂ ਰਖਾਈਆ । ਗੋਬਿੰਦ ਮੇਲਾ ਵਡ ਬਲਵਾਨ, ਸੂਰਬੀਰ ਹੋਏ ਸਹਾਈਆ । ਸੰਬਲ ਵਸੇ ਸਚ ਮਕਾਨ, ਸਾਢੇ ਤਿੰਨ ਹੱਥ ਬਣਤ ਬਣਾਈਆ । ਉਚਾ ਝੁੱਲੇ ਇਕ ਨਿਸ਼ਾਨ, ਨਿਸ਼ਾਨਾ ਨਜ਼ਰ ਕਿਸੇ ਨਾ ਆਈਆ । ਸ਼ਾਹੋ ਭੂਪ ਬਣ ਰਾਜਾਨ, ਸ਼ਹਿਨਸ਼ਾਹ ਏਕਾ ਹੁਕਮ ਸੁਣਾਈਆ । ਤਖ਼ਤ ਨਿਵਾਸੀ ਨੌਜਵਾਨ, ਨਾ ਮਰੇ ਨਾ ਜਾਈਆ । ਕਲਜੁਗ ਬਦਲੇ ਅੰਤ ਵਿਧਾਨ, ਸਤਿਜੁਗ ਸਾਚਾ ਮਾਰਗ ਲਾਈਆ । ਸਾਚੇ ਭਗਤਾਂ ਕਰੇ ਕਲਿਆਣ, ਮੁਰੀਦਾਂ ਮੁਰਸ਼ਦ ਲਏ ਮਿਲਾਈਆ । ਲੇਖਾ ਜਾਣੇ ਦੋ ਜਹਾਨ, ਦੋਜ਼ਖ਼ ਬਹਿਸ਼ਤ ਨਾ ਕੋਇ ਵਡਿਆਈਆ । ਪੀਰ ਪੈਗ਼ੰਬਰ ਨਿਉਂ ਨਿਉਂ ਕਰਨ ਸਲਾਮ, ਸਜਦਾ ਸੀਸ ਰਹੇ ਝੁਕਾਈਆ । ਤੇਰਾ ਲੇਖਾ ਕੋਈ ਨਾ ਸਕਿਆ ਜਾਣ, ਲਿਖਿਆ ਨਾਲ ਨਾ ਕਲਮ ਸ਼ਾਹੀਆ । ਅਸੀਂ ਅੰਤ ਹੋਏ ਹੈਰਾਨ, ਪਰਵਰਦਿਗਾਰ ਕੀ ਖੇਲ ਰਚਾਈਆ । ਨਿਰਗੁਣ ਪਰਗਟ ਹੋਇਆ ਆਣ, ਰੂਪ ਰੰਗ ਰੇਖ ਨਜ਼ਰ ਨਾ ਆਈਆ । ਗੁਰਸਿਖ ਸੱਜਣ ਲਏ ਪਛਾਣ, ਸੰਤ ਸੁਹੇਲੇ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

੫੪੩
੧੩

ਕਰ, ਸਚਖੰਡ ਦੀ ਸਚ ਦੁਕਾਨ, ਲੋਕਮਾਤ ਆਪ ਖੁਲ੍ਹਾਈਆ । ਸਚਖੰਡ ਦਾ ਸਚ ਵਿਹਾਰਾ, ਬਿਵਹਾਰੀ ਆਪ ਕਰਾਇੰਦਾ । ਕਲਜੁਗ ਅੰਤਮ ਅੰਤ ਕਿਨਾਰਾ, ਨੱਯਾ ਕੂੜੀ ਆਪ ਡੁਬਾਇੰਦਾ । ਭਗਤ ਭਗਵੰਤ ਦਏ ਸਹਾਰਾ, ਚੱਪੂ ਆਪਣਾ ਨਾਮ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਖੋਜ ਖੁਜਾਇੰਦਾ । ਲੱਖ ਚੁਰਾਸੀ ਖੋਜਣ ਆਇਆ, ਬੇਅੰਤ ਬੇਪਰਵਾਹ । ਘਰ ਘਰ ਵੇਖੇ ਤ੍ਰੈਗੁਣ ਮਾਇਆ, ਪੀਰ ਪੈਗ਼ੰਬਰ ਗੁਰ ਅਵਤਾਰ ਸਕੇ ਨਾ ਕੋਇ ਬਚਾ । ਪੰਜ ਤੱਤ ਖੇੜਾ ਨਾ ਕਿਸੇ ਵਸਾਇਆ, ਹਰਿ ਮੰਦਰ ਰੂਪ ਨਾ ਸਕੇ ਵਟਾ । ਨਾਦ ਅਨਾਦੀ ਨਾ ਕਿਸੇ ਸੁਣਾਇਆ, ਅਨਹਦ ਰਾਗ ਨਾ ਕੋਇ ਅਲਾ । ਅੰਮ੍ਰਿਤ ਜਾਮ ਨਾ ਕਿਸੇ ਪਿਆਇਆ, ਤ੍ਰਿਸਨਾ ਭੁੱਖ ਨਾ ਸਕੇ ਬੁਝਾ । ਨਿਰਮਲ ਦੀਪਕ ਜੋਤ ਨਾ ਕਿਸੇ ਜਗਾਇਆ, ਅੰਧ ਅੰਧੇਰ ਨਾ ਸਕੇ ਗਵਾ । ਪੜ੍ਹ ਪੜ੍ਹ ਕਲਜੁਗ ਜੀਵਾਂ ਵਾਦ ਵਧਾਇਆ, ਤੀਰ ਨਿਰਾਲਾ ਕੋਈ ਨਾ ਸਕੇ ਚਲਾ । ਗੋਬਿੰਦ ਮੇਲ ਨਾ ਕਿਸੇ ਮਿਲਾਇਆ, ਨਾਨਕ ਅੰਗ ਨਾ ਲਿਆ ਲਗਾ । ਰਾਮ ਕ੍ਰਿਸ਼ਨ ਕਿਸੇ ਨਜ਼ਰ ਨਾ ਆਇਆ, ਲੱਖ ਚੁਰਾਸੀ ਬੈਠੀ ਮੁਖ ਭਵਾ । ਈਸਾ ਮੂਸਾ ਕਿਸੇ ਕਲਮਾ ਨਬੀ ਨਾ ਕੋਇ ਪੜ੍ਹਾਇਆ, ਵਾਹਦ ਮਿਲਿਆ ਨਾ ਇਕ ਖ਼ੁਦਾ । ਉਮਤ ਉਮਤੀ ਦਏ ਦੁਹਾਇਆ, ਅੰਤ ਹੋਏ ਨਾ ਕੋਇ ਫ਼ਿਦਾ । ਚਾਰੋਂ ਕੁੰਟ ਅੰਧੇਰਾ ਛਾਇਆ, ਚੌਧਵੀਂ ਚੰਦ ਨਾ ਕੋਇ ਰੁਸ਼ਨਾ । ਰੋਜ਼ਾ ਬਾਂਗ ਕਿਸੇ ਕੰਮ ਨਾ ਆਇਆ, ਪੀਰ ਜ਼ਾਹਰਾ ਨਾ ਲਿਆ ਮਨਾ । ਮੰਦਰ ਮਸਜਿਦ ਸ਼ਿਵਦਆਲੇ ਮੱਠ ਪੁਰਖ ਅਬਿਨਾਸ਼ੀ ਨਾ ਫੇਰਾ ਪਾਇਆ, ਪੰਡਤ ਪਾਂਧੇ ਗਰੰਥੀ ਪੰਥੀ ਮਾਰਨ ਧਾਹ । ਬਿਨ ਹਰਿ ਭਗਤ ਭਗਵੰਤ ਕਿਸੇ ਨਜ਼ਰ ਨਾ ਆਇਆ, ਆਤਮ ਕੁੰਡਾ ਸਕੇ ਨਾ ਕੋਈ ਲਾਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਹਰਿਜਨ ਸਾਚੇ ਲਏ ਜਗਾਇਆ । ਹਰਿਜਨ ਸਾਚੇ ਜਾਣਾ ਜਾਗ, ਭਿੰਨੜੀ ਰੈਣ ਜਗਾਵਣ ਆਈਆ । ਸ੍ਰੀ ਭਗਵਾਨ ਲਗਾਇਆ ਭਾਗ, ਘਰ ਸਾਚੇ ਵੱਜੀ ਵਧਾਈਆ । ਗੁਰਮੁਖ ਹੰਸ ਬਣੇ ਕਾਗ, ਕਾਗ ਹੰਸ ਰੂਪ ਵਟਾਈਆ । ਦੁਰਮਤ ਮੈਲ ਧੋਵੇ ਦਾਗ, ਨਿਰਮਲ ਨੀਰ ਸੀਰ ਪਿਆਈਆ । ਆਤਮ ਜੋਤੀ ਜਗੇ ਚਿਰਾਗ, ਤੇਲ ਬਾਤੀ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਰਿਹਾ ਉਠਾਈਆ । ਹਰਿਜਨ ਸਾਚੇ ਜਾਣਾ ਉਠ, ਸੋ ਪੁਰਖ ਨਿਰੰਜਣ ਆਪ ਉਠਾਇੰਦਾ । ਸਤਿਗੁਰ ਪੂਰਾ ਗਿਆ ਤੁਠ, ਦੀਨ ਦਿਆਲ ਵੇਖ ਵਖਾਇੰਦਾ । ਲੁਕਿਆ ਰਹਿਣ ਨਾ ਦੇਵੇ ਕੋਈ ਕਿਸੇ ਗੁੱਠ, ਉਤਰ ਪੂਰਬ ਪੱਛਮ ਦੱਖਣ ਫੇਰਾ ਪਾਇੰਦਾ । ਘਰ ਘਰ ਵੜ ਵੜ ਰਿਹਾ ਪੁੱਛ, ਲੱਖ ਚੁਰਾਸੀ ਖੋਜ ਖੁਜਾਇੰਦਾ । ਕਿਸੇ ਪਾਸ ਨਾ ਦਿਸੇ ਕੁਛ, ਖ਼ਾਲੀ ਹੱਥ ਸਰਬ ਫਿਰਾਇੰਦਾ । ਕਲਜੁਗ ਕੂੜ ਕੁੜਿਆਰਾ ਰਿਹਾ ਬੁੱਕ, ਆਪਣੀ ਭਬਕ ਲਗਾਇੰਦਾ । ਸਾਧ ਸੰਤ ਬੈਠੇ ਲੁੱਕ, ਸਿਰ ਉਪਰ ਨਾ ਕੋਇ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸੰਤ ਸੁਹੇਲੇ ਆਪ ਜਗਾਇੰਦਾ । ਜਾਗੋ ਸੰਤੋ ਜਗਾਏ ਹਰਿ, ਵੇਲਾ ਅੰਤਮ ਆਈਆ । ਪਾਰਬ੍ਰਹਮ ਦਾ ਖੁਲ੍ਹਿਆ ਦਰ, ਕੀਮਤ ਕਰਤਾ ਕੋਇ ਨਾ ਲਾਈਆ । ਨਿਥਾਵਿਆਂ ਦੇਵੇ ਸਾਚਾ ਘਰ, ਨਿਮਾਣਿਆਂ ਹੋਏ ਸਹਾਈਆ । ਡੁਬਦਿਆਂ ਬਾਹੋਂ ਲਏ ਫੜ, ਭਵਸਾਗਰ ਪਾਰ ਕਰਾਈਆ । ਜਿਸ ਜਨ ਲਗਾਏ ਆਪਣੇ ਲੜ, ਰਾਏ ਧਰਮ ਨਾ ਦਏ ਸਜਾਈਆ । ਜੋ ਸੋਹੰ ਅੱਖਰ ਲਏ ਪੜ੍ਹ, ਚਿਤਰ ਗੁਪਤ ਹਿਸਾਬ ਨਾ ਕੋਇ ਵਖਾਈਆ । ਜਨਮ ਮਰਨ ਚੁੱਕੇ ਡਰ, ਆਵਣ ਜਾਵਣ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਹਰਿ ਭਗਤ ਰਿਹਾ ਉਠਾਈਆ । ਉਠੇ ਭਗਤ ਮਿਲਿਆ ਭਗਵੰਤ, ਭਾਂਡਾ ਭਰਮ ਭੰਨਾਇਆ । ਘਰ ਨਾਰੀ ਪਾਇਆ ਇਕੋ ਕੰਤ, ਗ੍ਰਿਹ ਮੰਦਰ ਇਕ ਸੁਹਾਇਆ । ਚੋਲੀ ਚੜ੍ਹਿਆ ਰੰਗ ਬਸੰਤ, ਉਤਰ ਕਦੇ ਨਾ ਜਾਇਆ । ਨਾਮ ਮਿਲਿਆ ਮਣੀਆ ਮੰਤ, ਮਨ ਵਾਸਨਾ ਦਏ ਖਪਾਇਆ । ਨਾਤਾ ਤੁੱਟੇ ਜੀਵ ਜੰਤ, ਸਤਿਗੁਰ ਇਕੋ ਨਜ਼ਰੀ ਆਇਆ । ਗੜ੍ਹ ਰਹੇ ਨਾ ਹਉਮੇ ਹੰਗਤ, ਨਿਵਣ ਸੋ ਅੱਖਰ ਰਿਹਾ ਜਣਾਇਆ । ਹਰਿ ਕਾ ਭੇਵ ਨਾ ਜਾਣੇ ਕੋਈ ਪੰਡਤ, ਪੜ੍ਹਿਆਂ ਹੱਥ ਕਿਸੇ ਨਾ ਆਇਆ । ਵੇਖਣਹਾਰਾ ਜੇਰਜ ਅੰਡਤ, ਉਤਭੁਜ ਸੇਤਜ ਫੋਲ ਫੁਲਾਇਆ । ਗੁਰਮੁਖ ਦੂਜੇ ਦਰ ਨਾ ਹੋਣਾ ਮੰਗਤ, ਜਿਸ ਘਰ ਪਰਮੇਸ਼ਵਰ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਰਿਹਾ ਜਗਾਇਆ । ਹਰਿਜਨ ਜਾਗੇ ਖੋਲ੍ਹੀ ਅੱਖ, ਨੇਤਰ ਨੈਣ ਉਠਾਇਆ । ਨਿਰਗੁਣ ਨੂਰ ਆਇਆ ਪਰਤੱਖ, ਸਤਿਗੁਰ ਦਾਤਾ ਬੇਪਰਵਾਹਿਆ । ਸਤਿਜੁਗ ਮਾਰਗ ਰਿਹਾ ਦੱਸ, ਸੋਹੰ ਅੱਖਰ ਇਕ ਪੜ੍ਹਾਇਆ । ਇਕ ਦੂਜੇ ਦੇ ਹੋਣਾ ਵਸ, ਭਗਤ ਭਗਵਾਨ ਰਿਹਾ ਸਮਝਾਇਆ । ਜੁਗ ਜਨਮ ਦੀ ਪੂਰੀ ਕਰੇ ਆਸ, ਤ੍ਰਿਸ਼ਨਾ ਤ੍ਰਿਖਾ ਦਏ ਬੁਝਾਇਆ । ਲੇਖੇ ਲਾਏ ਪਵਣ ਸਵਾਸ, ਸਵਾਸ ਸਵਾਸਾਂ ਡੇਰਾ ਢਾਹਿਆ । ਏਥੇ ਓਥੇ ਦੇਵੇ ਸਾਥ, ਸਗਲਾ ਸੰਗ ਨਿਭਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਿੰਨੜੀ ਰੈਣ ਨਾਲ ਮਿਲਾਇਆ । ਭਿੰਨੜੀ ਰੈਣ ਆਈ ਕਹਿਣ, ਕਹਿ ਕਹਿ ਖ਼ੁਸ਼ੀ ਮਨਾਈਆ । ਉਠੋ ਸੰਤੋ ਵੇਖੋ ਨੈਣ, ਨਿਜ ਘਰ ਦਾਤਾ ਫੇਰਾ ਪਾਈਆ । ਜਨ ਭਗਤ ਬਣਾਏ ਸਾਕ ਸੈਣ, ਸੱਜਣ ਹੋਰ ਨਾ ਕੋਇ ਰਖਾਈਆ । ਚੁਕਾਵਣ ਆਇਆ ਲਹਿਣ ਦੇਣ, ਪੂਰਬ ਲੇਖਾ ਰਿਹਾ ਚੁਕਾਈਆ । ਸਾਧ ਸੰਗਤ ਨਾਤਾ ਜੁੜੇ ਭਾਈ ਭੈਣ, ਦੂਜੀ ਵੰਡ ਨਾ ਕੋਇ ਵੰਡਾਈਆ । ਲੱਖ ਚੁਰਾਸੀ ਲਾੜੀ ਮੌਤ ਖਾਏ ਡੈਣ, ਕਲਜੁਗ ਕੂੜਾ ਡੰਕਾ ਰਿਹਾ ਵਜਾਈਆ । ਮੈਂ ਅਨਭੋਲ ਸੁੱਤੀ ਪ੍ਰਭ ਪ੍ਰੇਮ ਉਠੀ ਗੁਰਸਿਖਾਂ ਆਈ ਕਹਿਣ, ਕਹਿ ਕਹਿ ਸ਼ੁਕਰ ਮਨਾਈਆ । ਸ੍ਰੀ ਭਗਵਾਨ ਨਿਰਗੁਣ ਹੋ ਕੇ ਆਇਆ ਲੈਣ, ਸਰਗੁਣ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਘਰ ਖ਼ੁਸ਼ੀ ਰਿਹਾ ਵਖਾਈਆ । ਭਿੰਨੜੀ ਰੈਣ ਚਾਉ ਘਨੇਰਾ, ਚਾਰ ਕੂਟਾਂ ਵੇਖ ਵਖਾਈਆ । ਸ੍ਰੀ ਭਗਵਾਨ ਜਨ ਭਗਤ ਦੁਆਰੇ ਲਾਇਆ ਡੇਰਾ, ਡੰਕਾ ਇਕੋ ਨਾਮ ਵਜਾਈਆ । ਮਾਰਗ ਦੱਸੇ ਤੂੰ ਮੇਰਾ ਮੈਂ ਤੇਰਾ, ਤੇਰੀ ਮੇਰੀ ਇਕ ਪੜ੍ਹਾਈਆ । ਬਿਨ ਭਗਵਾਨ ਭਗਤ ਬੰਨ੍ਹੇ ਨਾ ਕੋਈ ਬੇੜਾ, ਬਿਨ ਭਗਤਾਂ ਭਗਵਾਨ ਕੰਮ ਕਿਸੇ ਨਾ ਆਈਆ । ਨਿਰਗੁਣ ਸਰਗੁਣ ਖੇਡੇ ਖੇਡਾਂ, ਬਣ ਖਲਾਰੀ ਖੇਲ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਰਿਹਾ ਮਿਲਾਈਆ । ਭਗਤ ਕਹਿਣ ਭਿੰਨੜੀ ਰਾਤ, ਤੇਰੀ ਰੁੱਤ ਸੁਹਾਈਆ । ਹਰਿ ਭਗਤ ਬਣੇ ਇਕ ਜਮਾਤ, ਇਕੋ ਅੱਖਰ ਨਾਮ ਪੜ੍ਹਾਈਆ । ਨਾਤਾ ਤੁਟਿਆ ਜ਼ਾਤ ਪਾਤ, ਦੀਨ ਮਜ਼੍ਹਬ ਨਾ ਕੋਇ ਲੜਾਈਆ । ਮਨਮਤ ਰਹੇ ਨਾ ਨਾਰ ਕਮਜ਼ਾਤ, ਗੁਰਮਤ ਇਕੋ ਇਕ ਜਣਾਈਆ । ਸਾਹਿਬ ਨਜ਼ਰੀ ਆਇਆ ਸਾਖਿਆਤ, ਸਖੀ ਆਪਣੀ ਲਏ ਪਰਨਾਈਆ । ਭਰ ਪਿਆਲਾ ਪਿਆਏ ਹਯਾਤ ਆਬ, ਆਬ ਦੋ ਆਬ ਮੇਲ ਮਿਲਾਈਆ । ਪਰਦਾ ਲਾਹੇ ਮੁਖ ਨਕਾਬ, ਨੁਕਤਾ ਆਪਣਾ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਦਇਆ ਕਰ, ਭਗਤਾਂ ਆਪੇ ਰਿਹਾ ਮਿਲਾਈਆ । ਭਗਤ ਕਹਿਣ ਸੁਣ ਸਾਚੀ ਰਾਤੀ, ਰੱਤੀ ਰੱਤ ਰੰਗਾਇਆ । ਸ੍ਰੀ ਭਗਵਾਨ ਮਿਲਿਆ ਸਾਥੀ, ਆਪਣੇ ਅੰਗ ਬੰਧਾਇਆ । ਲਹਿਣਾ ਦੇਣਾ ਚੁਕਿਆ ਪੂਜਾ ਪਾਠੀ, ਮੰਤਰ ਇਕੋ ਨਾਮ ਦ੍ਰਿੜਾਇਆ । ਮਨ ਮਾਰਿਆ

ਵੱਡਾ ਹਾਥੀ, ਖੰਡਾ ਤੇਜ਼ ਇਕ ਚਮਕਾਇਆ । ਜਾਮ ਪਿਆਇਆ ਬਣ ਕੇ ਸਾਕੀ, ਸਚ ਸੁਰਾਹੀ ਹੱਥ ਉਠਾਇਆ । ਬੰਦ ਕਵਾੜਾ ਖੋਲ੍ਹੀ ਤਾਕੀ, ਤਕਵਾ ਇਕੋ ਇਕ ਜਣਾਇਆ । ਜੀਵਣ ਵਿਚ ਬਦਲਿਆ ਜੀਵਣ ਦਿਤੀ ਸਚ ਹਯਾਤੀ, ਹਜ਼ਰਤ ਆਪਣਾ ਮੇਲ ਮਿਲਾਇਆ । ਵੇਖਿਆ ਬਾਗ਼ ਇਕ ਬਾਗ਼ਾਤੀ, ਬਾਗ਼ੀਚਾ ਸੋਹਣਾ ਨਜ਼ਰੀ ਆਇਆ । ਭਿੰਨੜੀ ਰੈਣ ਤੇਰੀ ਚੰਗੀ ਲੱਗੀ ਪਰਭਾਤੀ, ਪ੍ਰਭ ਸੱਜਣ ਦਰਸ ਦਿਖਾਇਆ । ਤੇਰਾ ਬਿਰਹੋਂ ਤੀਰ ਨਿਰਾਲਾ ਵੱਜੀ ਕਾਤੀ, ਕਲਮਾ ਪਿਛਲਾ ਦਿਤਾ ਭੁਲਾਇਆ । ਪਰਵਰਦਿਗਾਰ ਨਜ਼ਰੀ ਆਇਆ ਪਾਕਨ ਪਾਕੀ, ਪਤਤ ਪੁਨੀਤ ਦਏ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਸਾਚਾ ਸੰਗ ਰਖਾਇਆ । ਭਿੰਨੜੀ ਰੈਣੇ ਤੇਰੇ ਚੰਦ ਸਤਾਰੇ, ਕੂਕਣ ਦੇਣ ਦੁਹਾਈਆ । ਭਗਤ ਭਗਵਾਨ ਕਰੇ ਪਿਆਰੇ, ਫੜ ਬਾਹੋਂ ਗਲੇ ਲਗਾਈਆ । ਕਲਜੁਗ ਜੀਵ ਸੁੱਤੇ ਪੈਰ ਪਸਾਰੇ, ਅੰਤ ਲਏ ਨਾ ਕੋਇ ਅੰਗੜਾਈਆ । ਅਬਿਨਾਸ਼ੀ ਕਰਤਾ ਦਰ ਦਰਵੇਸ਼ ਗ਼ਰੀਬ ਨਿਮਾਣਿਆਂ ਵਾਜਾਂ ਮਾਰੇ, ਆਪ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਈਆ । ਭਿੰਨੜੀ ਰੈਨੜੀਏ ਤੇਰਾ ਰੋਵੇ ਚੰਦ, ਕਲਜੁਗ ਚੰਦ ਨਜ਼ਰ ਨਾ ਆਇਆ । ਸ੍ਰਿਸ਼ਟ ਸਬਾਈ ਪਿਆ ਬੰਧ, ਬੰਦੀਖ਼ਾਨਾ ਨਾ ਕੋਇ ਤੁੜਾਇਆ । ਰਸਨਾ ਜਿਹਵਾ ਲੱਗਾ ਗੰਦ, ਹਿਰਦੇ ਹਰਿ ਨਾ ਕੋਇ ਵਸਾਇਆ । ਚਾਰੋਂ ਕੁੰਟ ਭੇਖ ਪਖੰਡ, ਸਚ ਸੁੱਚ ਨਾ ਕੋਇ ਦ੍ਰਿੜਾਇਆ । ਕਲਜੁਗ ਕਿਰਿਆ ਖੰਡ ਖੰਡ, ਖੰਡਾ ਖੜਗ ਇਕ ਚਮਕਾਇਆ । ਕਲਜੁਗ ਜੀਵ ਭਾਗਾਂ ਮੰਦ, ਘਰ ਪਰਮੇਸ਼ਰ ਕਿਸੇ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਰਿਹਾ ਵਖਾਇਆ । ਭਿੰਨੜੀ ਰੈਣ ਕਹੇ ਮੇਰੇ ਸਾਚੇ ਵੀਰ, ਮੈਂ ਵੀਰਾਂ ਰਹੀ ਜਣਾਈਆ । ਮੇਰਾ ਪ੍ਰਭ ਵਡ ਪੀਰਨ ਪੀਰ, ਲੋਕਮਾਤ ਫੇਰਾ ਪਾਈਆ । ਜਿਸ ਦੇ ਪਿਛੇ ਬੈਠੇ ਰਹੇ ਦਿਲਗੀਰ, ਸੋ ਧੀਰਜ ਰਿਹਾ ਧਰਾਈਆ । ਪਹਿਲੋਂ ਕੱਟ ਸ਼ਰਅ ਜ਼ੰਜੀਰ, ਫੇਰ ਆਪਣਾ ਦਰਸ ਦਿਖਾਈਆ । ਰਾਤੀਂ ਸੁਤਿਆਂ ਮੇਰੇ ਵੇਂਹਦਿਆਂ ਬਦਲ ਦੇਵੇ ਤਕਦੀਰ, ਤਦਬੀਰ ਨਜ਼ਰ ਕਿਸੇ ਨਾ ਆਈਆ । ਮੈਂ ਵੇਖਿਆ ਚੋਟੀ ਚੜ੍ਹ ਅਖ਼ੀਰ, ਆਖ਼ਰ ਆਪਣਾ ਮੇਲ ਮਿਲਾਈਆ । ਜਿਸ ਨਾਤਾ ਛੱਡਿਆ ਸ਼ਾਹ ਹਕੀਰ, ਕੋੜ੍ਹਿਆਂ ਕਮਲਿਆਂ ਆਪਣੀ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਭਿੰਨੜੀ ਰੈਣ ਕਹੇ ਮੇਰੇ ਭਾਈ, ਭਾਣਾ ਹਰਿ ਜੂ ਆਪ ਵਰਤਾਇੰਦਾ । ਤੁਸਾਂ ਵੇਖਣਾ ਚਾਈਂ ਚਾਈਂ, ਵੇਲਾ ਅੰਤਮ ਨੇੜੇ ਆਇੰਦਾ । ਨਾਤਾ ਤੁਟਣਾ ਪੁਤਰਾਂ ਮਾਈ, ਭੈਣ ਭਾਈ ਸੰਗ ਨਾ ਕੋਇ ਨਿਭਾਇੰਦਾ । ਕਿਸੇ ਘਰ ਦਿਸੇ ਨਾ ਧੀ ਜਵਾਈ, ਕੰਤ ਸੁਹਾਗ ਨਾ ਕੋਇ ਹੰਢਾਇੰਦਾ । ਹਿੰਦੂ ਮੁਸਲਮ ਸਿਖ ਈਸਾਈ ਰੋਵਣ ਥਾਉਂ ਥਾਈਂ, ਧੀਰਜ ਧੀਰ ਨਾ ਕੋਇ ਧਰਾਇੰਦਾ । ਜਨ ਭਗਤਾਂ ਸ੍ਰੀ ਭਗਵਾਨ ਪਕੜੇ ਬਾਹੀਂ, ਫੜ ਬਾਹੋਂ ਆਪ ਉਠਾਇੰਦਾ । ਚਾਰ ਜੁਗ ਦੇ ਭੁੱਲੇ ਰਾਹੀ, ਆਪਣੇ ਮਾਰਗ ਲਾਇੰਦਾ । ਕਰਮ ਧਰਮ ਦੀ ਕੱਟੇ ਫਾਹੀ, ਜਨਮ ਜਨਮ ਦਾ ਰੋਗ ਗਵਾਇੰਦਾ । ਦੁਰਮਤ ਮੈਲ ਧੋਵੇ ਸ਼ਾਹੀ, ਸ਼ਹਿਨਸ਼ਾਹ ਆਪਣਾ ਰੰਗ ਚੜ੍ਹਾਇੰਦਾ । ਏਥੇ ਓਥੇ ਕਰੇ ਸਚ ਨਿਆਈ, ਅਦਲ ਅਦਾਲਤ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਮਾਇੰਦਾ । ਭਗਤ ਕਹਿਣ ਭਿੰਨੜੀ ਰੈਣੇ, ਰਹਿਬਰ ਇਕੋ ਨਜ਼ਰੀ ਆਈਆ । ਮੁਰੀਦ ਮੁਰਸ਼ਦ ਭਗਤ ਭਗਵਾਨ ਦੋਵੇਂ ਰਹਿਣੇ ਬਾਕੀ ਖ਼ਾਕੀ ਖ਼ਾਕ ਸਮਾਈਆ । ਤੇਰੇ ਅੰਗਣ ਸੋਹਣ ਸਾਚੇ ਗਹਿਣੇ, ਗੰਗਾ ਮਾਤਾ ਭੇਟ ਚੜ੍ਹਾਈਆ । ਰਵਿਦਾਸ ਚੁਕਾਏ ਹਰਿ ਜੂ ਲਹਿਣੇ, ਚੁਮਿਆਰਾ

ਗੰਢ ਪੁਆਈਆ । ਸਾਢੇ ਤਿੰਨ ਹੱਥ ਬੁਰਜ ਸਭ ਦੇ ਢਹਿਣੇ, ਸ਼ਾਹ ਸੁਲਤਾਨ ਖ਼ਾਕ ਸਮਾਈਆ । ਗੁਰ ਅਵਤਾਰ ਪੀਰ ਪੈਗੰਬਰ ਇਕ ਦੂਜੇ ਨੂੰ ਦੇਣ ਮੇਹਣੇ, ਆਪੋ ਆਪਣੇ ਸਕਿਆ ਨਾ ਕੋਇ ਬਚਾਈਆ । ਹਰਿ ਕੇ ਭਾਣੇ ਸਹਿਣੇ ਪੈਣੇ, ਸਿਰ ਸਕੇ ਨਾ ਕੋਇ ਉਠਾਈਆ । ਜਨ ਭਗਤਾਂ ਦੇਵੇ ਆਪੇ ਦੇਣੇ, ਦੇ ਦੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਸਮਝਾਈਆ । ਭਿੰਨੜੀ ਰੈਣ ਕਹੇ ਮੋਹੇ ਚੜ੍ਹਿਆ ਚਾਉ, ਚੰਦ ਇਕੋ ਨਜ਼ਰੀ ਆਇਆ । ਜਿਸ ਦਾ ਖੇਲ ਅਗੰਮ ਅਥਾਹੋ, ਗੁਰ ਅਵਤਾਰ ਭੇਵ ਕੋਇ ਨਾ ਪਾਇਆ । ਸੋ ਪਰਗਟ ਹੋ ਕੇ ਕਰੇ ਸਚ ਨਿਆਉਂ, ਗੋਬਿੰਦ ਆਪਣੇ ਨਾਲ ਮਿਲਾਇਆ । ਜਿਸ ਕੀਤਾ ਸਚ ਪਸਾਉ, ਸੋ ਅੰਤਮ ਢਾਵਣ ਆਇਆ । ਸਾਰੇ ਚਲੋ ਇਕੋ ਰਾਹੋ, ਪੁਰਖ ਅਕਾਲ ਰਹਿਬਰ ਇਕੋ ਨਜ਼ਰੀ ਆਇਆ । ਏਥੇ ਓਥੇ ਪਿਤਾ ਮਾਉਂ, ਪੂਤ ਸਪੂਤੇ ਗੋਦ ਬਹਾਇਆ । ਸੋਹੰ ਢੋਲਾ ਆਤਮ ਪਰਮਾਤਮ ਗਾਓ, ਨਾਨਕ ਸ਼ਬਦ ਵਿਚੋਲਾ ਇਕ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਪਰਦਾ ਉਹਲਾ ਆਪਣਾ ਦਏ ਉਠਾਇਆ ।

### ❇ ੧੯ ਮਾਘ ੨੦੧੯ ਬਿਕਰਮੀ ਬੀਬੀ ਪਿਆਰੋ ਦੇ ਗ੍ਰਹਿ ਪਿੰਡ ਭੁਲਰ ਜ਼ਿਲਾ ਅੰਮ੍ਰਿਤਸਰ ❇



ਭਗਤਾਂ ਭਗਤੀ ਪ੍ਰਭ ਦੇਵੇ ਭਾਉ, ਭਗਵਨ ਦਇਆ ਕਮਾਈਆ । ਪ੍ਰਭ ਮਿਲਣ ਦਾ ਸਾਚਾ ਚਾਉ, ਦੂਸਰ ਓਟ ਨਾ ਕੋਇ ਤਕਾਈਆ । ਅਬਿਨਾਸ਼ੀ ਕਰਤਾ ਏਕਾ ਗਾਓ, ਗੁਣ ਅਵਗੁਣ ਲੇਖੇ ਲਾਈਆ । ਆਤਮ ਪਰਮਾਤਮ ਮੇਲ ਮਿਲਾਓ, ਬ੍ਰਹਮ ਪਾਰਬ੍ਰਹਮ ਵਡਿਆਈਆ । ਸਾਚਾ ਮੰਦਰ ਇਕ ਵਸਾਓ, ਘਰ ਵੱਜੇ ਤੱਤ ਵਧਾਈਆ । ਢੋਲਾ ਅਗੰਮੀ ਏਕਾ ਗਾਓ, ਗੀਤ ਗੋਬਿੰਦ ਅਲਾਈਆ । ਆਪਣਾ ਪਰਦਾ ਆਪ ਉਠਾਓ, ਮੁਖ ਘੁੰਗਟ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਰਿਹਾ ਜਣਾਈਆ । ਸਾਚੀ ਭਗਤੀ ਆਤਮ ਰਸ, ਹਰਿ ਸਤਿਗੁਰ ਆਪ ਜਣਾਇੰਦਾ । ਨਿਰਗੁਣ ਨਿਰਗੁਣ ਹੋਏ ਵਸ, ਸਰਗੁਣ ਸਰਗੁਣ ਵੇਖ ਵਖਾਇੰਦਾ । ਇਕ ਇਕੇਲਾ ਮਾਰਗ ਦੱਸ, ਗੁਰ ਚੇਲਾ ਮਾਰਗ ਲਾਇੰਦਾ । ਮੇਲ ਮਿਲਾਵਾ ਹੱਸ ਹੱਸ, ਘਰ ਸੱਜਣ ਫੇਰਾ ਪਾਇੰਦਾ । ਕਰ ਪਰਕਾਸ਼ ਕੋਟਨ ਰਵ ਸਸ, ਅੰਧ ਅੰਧੇਰ ਮਿਟਾਇੰਦਾ । ਨਾਮ ਅਗੰਮੀ ਦੇਵੇ ਵਥ, ਵਸਤ ਅਮੋਲਕ ਆਪ ਵਰਤਾਇੰਦਾ । ਲਹਿਣਾ ਦੇਣਾ ਹੱਥੋ ਹੱਥ, ਸਾਚਾ ਵਣਜ ਆਪ ਕਰਾਇੰਦਾ । ਕੂੜੀ ਕਿਰਿਆ ਦੇਵੇ ਮਥ, ਜਿਸ ਜਨ ਆਪਣੀ ਦਇਆ ਕਮਾਇੰਦਾ । ਜਗਤ ਵਸੂਰਾ ਜਾਏ ਲੱਥ, ਦੁਖੀਆਂ ਦਰਦ ਦਰਦ ਵੰਡਾਇੰਦਾ । ਲੇਖਾ ਜਾਣੇ ਤੱਤ ਅੱਠ, ਅੱਠ ਅਠੋਤਰੀ ਆਪਣੇ ਵਿਚ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਭਗਤੀ ਇਕ ਸਮਝਾਇੰਦਾ । ਸਾਚੀ ਭਗਤੀ ਸਤਿਗੁਰ ਸਰਨ, ਦੂਜੀ ਅਵਰ ਨਾ ਕੋਇ ਚਤੁਰਾਈਆ । ਨੇਤਰ ਖੁਲ੍ਹੇ ਹਰਨ ਫਰਨ, ਭਾਂਡਾ ਭਰਮ ਭੌ ਭੰਨਾਈਆ । ਨਾਤਾ ਤੁਟੇ ਜਨਮ ਮਰਨ, ਲੱਖ ਚੁਰਾਸੀ ਫੰਦ ਕਟਾਈਆ । ਸਾਹਿਬ ਮਿਲੇ ਕਰਨੀ ਕਰਨ, ਕਰਤਾ ਪੁਰਖ ਹੋਏ ਸਹਾਈਆ । ਲਹਿਣਾ ਦੇਣਾ ਚੁਕੇ ਵਰਨੀ ਵਰਨ, ਵਰਨ ਗੋਤ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਭਗਤੀ ਇਕ ਸਮਝਾਈਆ । ਸਾਚੀ

੫੪੭
੧੩

ਭਗਤੀ ਸਤਿਗੁਰ ਏਕ, ਦੂਸਰ ਓਟ ਨਾ ਕੋਇ ਰਖਾਇੰਦਾ । ਨਿਜ ਨੇਤਰ ਨਿਜ ਰੂਪ ਲੈਣਾ ਪੇਖ, ਭੇਵ ਅਭੇਦ ਖੁਲ੍ਹਾਇੰਦਾ । ਹਰਿ ਕਾ ਭੇਵ ਨਾ ਜਾਣੇ ਕੋਈ ਔਲੀਆ ਪੀਰ ਸ਼ੇਖ਼, ਪੰਡਤ ਪਾਂਧਾ ਸਰਬ ਕੁਰਲਾਇੰਦਾ । ਜਨ ਭਗਤਾਂ ਕਰੇ ਸਾਚਾ ਹੇਤ, ਨਿਤ ਨਵਿਤ ਵੇਸ ਵਟਾਇੰਦਾ । ਵੇਖਣਹਾਰਾ ਕਾਇਆ ਖੇਤ, ਗ੍ਰਿਹ ਮੰਦਰ ਖੋਜ ਖੁਜਾਇੰਦਾ । ਆਪ ਸੁਹਾਏ ਸੁਹੰਜਣੀ ਰੁੱਤ ਬਸੰਤੀ ਚੇਤ, ਚੇਤਨ ਆਪਣਾ ਪਰਦਾ ਲਾਹਿੰਦਾ । ਜਿਸ ਜਨ ਖੋਲ੍ਹੇ ਸੱਚਾ ਭੇਤ, ਤਿਸ ਆਪਣਾ ਨਾਉਂ ਦ੍ਰਿੜਾਇੰਦਾ । ਲੱਖ ਚੁਰਾਸੀ ਲਏ ਵੇਖ, ਗ੍ਰਿਹ ਮੰਦਰ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਜਣਾਇੰਦਾ । ਭਗਤੀ ਭਾਉ ਹਰਿ ਗੋਬਿੰਦ, ਗਹਿਰ ਗੰਭੀਰ ਦਏ ਵਡਿਆਈਆ । ਭਗਤ ਭਗਵਾਨ ਦੀ ਸਾਚੀ ਬਿੰਦ, ਸੁਤ ਨਾਦੀ ਰੂਪ ਵਟਾਈਆ । ਦਾਤਾ ਦਾਨੀ ਗੁਣੀ ਗਹਿੰਦ, ਵਸਤ ਅਮੋਲਕ ਇਕ ਵਰਤਾਈਆ । ਜਨਮ ਕਰਮ ਦੀ ਮੇਟੇ ਚਿੰਦ, ਚਿੰਤਾ ਰੋਗ ਰਹਿਣ ਨਾ ਪਾਈਆ । ਅੰਮ੍ਰਿਤ ਧਾਰ ਵਗਾਏ ਸਿੰਧ, ਰਸ ਇਕੋ ਇਕ ਚਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਭਗਤੀ ਇਕ ਵਡਿਆਈਆ । ਸਾਚੀ ਭਗਤੀ ਸਤਿਗੁਰੂ ਦੁਆਰ, ਦਰ ਦਰਬਾਰਾ ਇਕ ਵਖਾਇੰਦਾ । ਜਿਸ ਘਰ ਮਿਲੇ ਸਚ ਪਿਆਰ, ਸੋ ਮੰਦਰ ਸੋਭਾ ਪਾਇੰਦਾ । ਆਤਮ ਪਰਮਾਤਮ ਪਰਮਾਤਮ ਆਤਮ ਇਕੋ ਵਣਜ ਇਕ ਵਪਾਰ, ਇਕੋ ਹੱਟ ਚਲਾਇੰਦਾ । ਇਕੋ ਵੇਖੇ ਵੇਖਣਹਾਰ, ਜੁਗ ਜੁਗ ਆਪਣਾ ਖੇਲ ਕਰਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਵ ਨੌਂ ਚਾਰ ਜਿਸ ਕਰਿਆ ਪਾਰ, ਸੋ ਸਾਹਿਬ ਆਪਣਾ ਵੇਸ ਵਟਾਇੰਦਾ । ਕਾਗਦ ਕਲਮ ਨਾ ਲਿਖਣਹਾਰ, ਲੇਖਾ ਲਿਖ ਨਾ ਕੋਇ ਜਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰੋੜ ਤੇਤੀਸਾ ਨੇਤਰ ਨੈਣ ਹੋਏ ਸ਼ਰਮਸ਼ਾਰ, ਅੱਖ ਪਰਤੱਖ ਨਾ ਕੋਇ ਉਠਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਦਰ ਦਰਵੇਸ਼ ਮੰਗਣ ਹਮੇਸ਼, ਖ਼ਾਲੀ ਝੋਲੀ ਸਰਬ ਵਖਾਇੰਦਾ । ਸ੍ਰੀ ਭਗਵਾਨ ਨੌਜਵਾਨ ਆਦਿ ਜੁਗਾਦੀ ਇਕ ਨਰੇਸ਼, ਨਰ ਨਰਾਇਣ ਤਖ਼ਤ ਨਿਵਾਸੀ ਦਰ ਘਰ ਸਾਚੇ ਸੋਭਾ ਪਾਇੰਦਾ । ਭਗਤ ਭਗਵਾਨ ਰਸਨਾ ਜਿਹਵਾ ਬੱਤੀ ਦੰਦ ਕਹਿਣ, ਕਹਿ ਕਹਿ ਸ਼ੁਕਰ ਸਰਬ ਮਨਾਇੰਦਾ । ਸਤਿ ਸਰੂਪ ਸ਼ਾਹੋ ਭੂਪ ਬਿਨ ਰੰਗ ਰੂਪ ਚੁਕਾਏ ਲਹਿਣ ਦੇਣ, ਲੇਖਾ ਆਪਣੇ ਹੱਥ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਭਗਤੀ ਇਕ ਜਣਾਇੰਦਾ । ਸਾਚੀ ਭਗਤੀ ਸਾਚਾ ਰੰਗ, ਰੰਗ ਰੰਗੀਲਾ ਆਪ ਚੜ੍ਹਾਈਆ । ਅਨਹਦ ਨਾਦ ਵੱਜੇ ਮਰਦੰਗ, ਧੁਨ ਅਨਾਦੀ ਨਾਦ ਸੁਣਾਈਆ । ਆਤਮ ਸੇਜਾ ਸਚ ਪਲੰਘ, ਸੁਹੰਜਣੀ ਰੁੱਤ ਆਪ ਵਡਿਆਈਆ । ਅੰਦਰ ਬਾਹਰ ਗੁਪਤ ਜ਼ਾਹਰ ਵੇਖੇ ਲੰਘ, ਨਿਰਗੁਣ ਦਾਤਾ ਬੇਪਰਵਾਹੀਆ । ਆਤਮ ਪਰਮਾਤਮ ਲਾਏ ਅੰਗ, ਅੰਗੀਕਾਰ ਇਕ ਹੋ ਜਾਈਆ । ਪਾਰਬ੍ਰਹਮ ਬ੍ਰਹਮ ਦੇਵੇ ਅਨੰਦ, ਅਨੰਦ ਮੰਗਲ ਇਕੋ ਗਾਈਆ । ਈਸ਼ ਜੀਵ ਗਾਏ ਛੰਦ, ਸੋਹੰ ਢੋਲਾ ਕਰੇ ਪੜ੍ਹਾਈਆ । ਨਾਤਾ ਤੁਟੇ ਭੇਖ ਪਖੰਡ, ਭਾਉ ਭਗਤੀ ਇਕ ਜਣਾਈਆ । ਖ਼ੁਸ਼ੀ ਕਰਾਏ ਬੰਦ ਬੰਦ, ਸਾਚੀ ਬੰਦਗੀ ਇਕੋ ਲਾਈਆ । ਲੇਖਾ ਜਾਣੇ ਜੀਉ ਪਿੰਡ, ਪੰਡਤ ਪਾਂਧਾ ਨਜ਼ਰ ਕੋਇ ਨਾ ਆਈਆ । ਅੰਮ੍ਰਿਤ ਧਾਰ ਵਹਾਏ ਸਾਗਰ ਸਿੰਧ, ਗਹਿਰ ਗੰਭੀਰ ਦਇਆ ਕਮਾਈਆ । ਲੇਖਾ ਚੁੱਕੇ ਸੁਰਪਤ ਇੰਦ, ਵਿਸ਼ਨ ਬ੍ਰਹਮਾ ਸ਼ਿਵ ਨਾ ਕੋਇ ਚਤੁਰਾਈਆ । ਜਿਸ ਮਿਲਿਆ ਸਾਹਿਬ ਬਖ਼ਸ਼ੰਦ, ਬਖ਼ਸ਼ਿਸ਼ ਇਕੋ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਭਗਤਾਂ ਰਿਹਾ ਜਣਾਈਆ । ਸਾਚੀ ਭਗਤੀ ਹਰਿ ਕਾ ਸੰਗ, ਹਰਿ ਸਤਿਗੁਰ ਆਪ ਜਣਾਇੰਦਾ । ਜਗਤ ਦੁਆਰਾ ਵੇਖਣਾ ਲੰਘ, ਸਤਿਗੁਰ ਇਕੋ ਨਜ਼ਰੀ ਆਇੰਦਾ ।


੫੪੮ ੧੩

ਨਾ ਕੋਈ ਸੂਰਜ ਨਾ ਕੋਈ ਚੰਦ, ਜੋਤੀ ਜੋਤ ਡਗਮਗਾਇੰਦਾ । ਨਾ ਕੋਈ ਜੀਉ ਨਾ ਕੋਈ ਪਿੰਡ, ਬ੍ਰਹਿਮੰਡ ਨਾ ਖੋਜ ਖੁਜਾਇੰਦਾ । ਨਾ ਕੋਈ ਸੁਰਪਤ ਨਾ ਕੋਈ ਇੰਦ, ਬ੍ਰਹਮਾ ਵਿਸ਼ਨ ਸ਼ਿਵ ਨਾ ਰੂਪ ਵਖਾਇੰਦਾ । ਨਾ ਕੋਈ ਪਿਤਾ ਨਾ ਕੋਈ ਬਿੰਦ, ਜਨਨੀ ਜਨ ਨਾ ਕੋਇ ਸਾਲਾਹਿੰਦਾ । ਸਚ ਦੁਆਰ ਇਕੋ ਇਕ ਗੁਣੀ ਗਹਿੰਦ, ਗਹਿਰ ਗੰਭੀਰ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਾਂ ਮਾਰਗ ਇਕ ਵਖਾਇੰਦਾ । ਸਾਚਾ ਮਾਰਗ ਦੇ ਆਪ, ਆਪਣੜੀ ਬੂਝ ਬੁਝਾਈਆ । ਇਕੋ ਸਤਿਗੁਰ ਇਕੋ ਪਾਠ, ਇਕੋ ਅੱਖਰ ਕਰੇ ਪੜ੍ਹਾਈਆ । ਇਕੋ ਸਰੋਵਰ ਇਕੋ ਤਾਟ, ਇਕੋ ਅੰਮ੍ਰਿਤ ਰਸ ਵਖਾਈਆ । ਇਕੋ ਮੰਦਰ ਇਕੋ ਹਾਟ, ਇਕੋ ਵਣਜ ਰਿਹਾ ਜਣਾਈਆ । ਇਕੋ ਸੱਜਣ ਇਕੋ ਸਾਕ, ਇਕੋ ਨਾਤਾ ਰਿਹਾ ਬੰਧਾਈਆ । ਇਕੋ ਸੇਜਾ ਇਕੋ ਖਾਟ, ਇਕੋ ਭੂਸ਼ਨ ਰਿਹਾ ਜਣਾਈਆ । ਇਕੋ ਪਾਂਧੀ ਇਕੋ ਵਾਟ, ਇਕੋ ਪੈਂਡਾ ਰਿਹਾ ਮੁਕਾਈਆ । ਇਕੋ ਪੱਤਣ ਇਕੋ ਘਾਟ, ਇਕੋ ਬੇੜਾ ਚਲਾਏ ਸੱਚਾ ਮਾਹੀਆ । ਇਕੋ ਨੂਰ ਇਕੋ ਜ਼ਾਤ, ਇਕੋ ਜਲਵਾ ਕਰੇ ਰੁਸ਼ਨਾਈਆ । ਇਕੋ ਸਾਹਿਬ ਕਮਲਾਪਾਤ, ਕਵਲ ਨੈਣ ਰਿਹਾ ਖੁਲ੍ਹਾਈਆ । ਇਕੋ ਵਸੇ ਆਸ ਪਾਸ, ਸਦਾ ਸੁਹੇਲਾ ਸੰਗ ਨਿਭਾਈਆ । ਇਕੋ ਪਵਣ ਇਕ ਸਵਾਸ, ਇਕੋ ਹਰ ਘਟ ਰਿਹਾ ਚਲਾਈਆ । ਇਕੋ ਮੰਡਲ ਇਕੋ ਰਾਸ, ਇਕੋ ਗੋਪੀ ਕਾਹਨ ਨਚਾਈਆ । ਇਕੋ ਗੁਰ ਇਕੋ ਅਵਤਾਰ ਇਕੋ ਹੋਏ ਦਾਸੀ ਦਾਸ, ਪੀਰ ਪੈਗ਼ੰਬਰ ਇਕੋ ਇਕ ਅਖਵਾਈਆ । ਇਕੋ ਭਗਤ ਇਕ ਭਗਵਾਨ ਉਪਜਾਏ ਸਾਚੀ ਸ਼ਾਖ਼, ਸ਼ਨਾਖ਼ਤ ਆਪਣੇ ਹੱਥ ਰਖਾਈਆ । ਇਕੋ ਨਾਮ ਇਕੋ ਅਵਾਜ਼, ਇਕ ਸੰਦੇਸਾ ਦਏ ਸੁਣਾਈਆ । ਇਕੋ ਦਾਤਾ ਗ਼ਰੀਬ ਨਿਵਾਜ਼, ਗ਼ਰੀਬ ਨਿਮਾਣਿਆਂ ਹੋਏ ਸਹਾਈਆ । ਇਕੋ ਦੇਵਣਹਾਰਾ ਦਾਜ, ਵਸਤ ਅਮੋਲਕ ਨਾਮ ਵਰਤਾਈਆ । ਇਕੋ ਹੰਢਾਵਣਹਾਰਾ ਸਾਚਾ ਰਾਜ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਇਕੋ ਧੋਵਣਹਾਰਾ ਦਾਗ਼, ਜੁਗ ਜੁਗ ਦੁਰਮਤ ਮੈਲ ਗਵਾਈਆ । ਇਕੋ ਪਕੜਨਹਾਰਾ ਵਾਗ, ਡੋਰੀ ਆਪਣੇ ਹੱਥ ਰਖਾਈਆ । ਇਕੋ ਹੰਸ ਬਣਾਏ ਕਾਗ, ਸੋਹੰ ਹੰਸਾ ਮਾਣਕ ਮੋਤੀ ਚੋਗ ਚੁਗਾਈਆ । ਇਕੋ ਭਗਤਾਂ ਦੇਵਣਹਾਰਾ ਦਾਦ, ਦਸਤਗੀਰ ਇਕ ਹੋ ਜਾਈਆ । ਇਕੋ ਰਚਣਹਾਰਾ ਕਾਜ, ਕਰਤਾ ਕਰਨੀ ਆਪ ਕਮਾਈਆ । ਸਾਚੀ ਭਗਤੀ ਭਗਤਾਂ ਦੇਵੇ ਭਗਤ ਸਮਾਜ, ਦੂਜੀ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਾਚੀ ਭਗਤੀ ਇਕ ਪਰਗਟਾਈਆ । ਸਾਚੀ ਭਗਤੀ ਨੀਕਨ ਨੀਕਾ, ਹਰਿ ਨਿਰਗੁਣ ਆਪ ਜਣਾਇੰਦਾ । ਬਿਨ ਹਰਿ ਨਾਮੇ ਰਸ ਸਭ ਫ਼ੀਕਾ, ਅੰਮ੍ਰਿਤ ਰਸ ਨਾ ਕੋਇ ਚਖਾਇੰਦਾ । ਸਤਿਗੁਰ ਭੇਵ ਜਾਣੇ ਜਨ ਜੀ ਕਾ, ਜੀਵਣ ਜੁਗਤ ਆਪ ਜਣਾਇੰਦਾ । ਪ੍ਰਭ ਮਿਲਣ ਦਾ ਇਕੋ ਤਰੀਕਾ, ਤਰਾਂ ਤਰਾਂ ਸਮਝਾਇੰਦਾ । ਜਿਸ ਦੀਆਂ ਰੱਖਦੇ ਰਹੇ ਉਡੀਕਾਂ, ਸੋ ਸਾਹਿਬ ਫੇਰਾ ਪਾਇੰਦਾ । ਨਾਮ ਨਿਧਾਨ ਜਿਸ ਜਨ ਪੀਤਾ, ਦਿਵਸ ਰੈਣ ਖ਼ੁਮਾਰ ਚੜ੍ਹਾਇੰਦਾ । ਪਿਛਲੀਆਂ ਮੇਟੇ ਸਰਬ ਲੀਕਾਂ, ਅੱਗੇ ਮਾਰਗ ਇਕ ਰਖਾਇੰਦਾ । ਬਿਨ ਹਰਿ ਚਰਨ ਝੂਠੀਆਂ ਜਗਤ ਪ੍ਰੀਤਾਂ, ਵੇਲੇ ਅੰਤ ਕੰਮ ਕੋਇ ਨਾ ਆਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਸੋਹੰ ਗਾਇਆ ਸੱਚਾ ਗੀਤਾ, ਬਿਨ ਸੋਹੰ ਧਾਰ ਨਿਰਗੁਣ ਵਿਚ ਨਿਰਗੁਣ ਹੋ ਨਾ ਕੋਇ ਸਮਾਇੰਦਾ । ਭਗਤ ਭਗਵਾਨ ਇਕੋ ਡੀਠਾ, ਅਨਡਿਠੜਾ ਮੇਲ ਮਿਲਾਇੰਦਾ । ਭਗਵਾਨ ਭਗਤ ਠਾਂਡਾ ਸੀਤਾ, ਅਗਨੀ ਤੱਤ ਨਾ ਕੋਇ ਤਪਾਇੰਦਾ । ਭਗਤ ਭਗਵਾਨ ਨਾ ਮਰਿਆ ਨਾ ਜੀਤਾ, ਜੀਵਨ ਮਰਨ ਦੋਵੇਂ ਪੰਧ ਮੁਕਾਇੰਦਾ । ਭਗਤ ਭਗਵਾਨ ਸਦਾ ਅਤੀਤਾ,


੫੪੯
੧੩

ਤ੍ਰੈਗੁਣ ਵਿਚ ਕਦੇ ਨਾ ਆਇੰਦਾ । ਭਗਤ ਭਗਵਾਨ ਮਿਲੇ ਨਾ ਕਿਸੇ ਮਸੀਤਾ, ਮੰਦਰ ਸ਼ਿਵਦੁਆਲੇ ਮੱਠ ਸਰਬ ਕੁਰਲਾਇੰਦਾ । ਜਿਸ ਦੀ ਸਿਫ਼ਤ ਕਰੇ ਅਠਾਰਾਂ ਧਿਆਏ ਗੀਤਾ, ਵੇਦ ਪੁਰਾਨ ਸ਼ਾਸਤਰ ਸਿਮਰਤ ਸਿਫ਼ਤ ਸਾਲਾਹਿੰਦਾ । ਸੋ ਸਤਿਗੁਰ ਚਲਾਏ ਆਪਣੀ ਰੀਤਾ, ਰੀਤੀਵਾਨ ਫੇਰਾ ਪਾਇੰਦਾ । ਭਗਵਾਨ ਭਗਤ ਆਪਣੇ ਜਿਹਾ ਕੀਤਾ, ਆਪ ਆਪਣਾ ਮੇਲ ਮਿਲਾਇੰਦਾ । ਪਿਛਲਾ ਵੇਲਾ ਪਿਛੇ ਬੀਤਾ, ਅੱਗੇ ਆਪਣਾ ਨਾਉਂ ਪਰਗਟਾਇੰਦਾ । ਲੇਖਾ ਜਾਣੇ ਹਸਤ ਕੀਟਾ, ਊਚਾਂ ਨੀਚਾਂ ਰਾਹ ਜਣਾਇੰਦਾ । ਆਤਮ ਪਰਮਾਤਮ ਗਿਆਨ ਦ੍ਰਿੜੀਤਾ, ਦ੍ਰਿੜ ਵਿਸ਼ਵਾਸ ਆਪ ਵਖਾਇੰਦਾ । ਕੌੜਾ ਰੀਠਾ ਮਿੱਠਾ ਕੀਤਾ, ਜਿਸ ਜਨ ਆਪਣੇ ਚਰਨ ਲਗਾਇੰਦਾ । ਸਾਚਾ ਛਤਰ ਸੋਹੇ ਸੀਸਾ, ਸੀਸ ਜਗਦੀਸ਼ ਸੋਭਾ ਪਾਇੰਦਾ । ਭਗਤ ਭਗਵਾਨ ਦੀ ਕੋਈ ਨਾ ਕਰੇ ਰੀਸਾ, ਖਾਣੀ ਬਾਣੀ ਭਗਤਾਂ ਗੀਤ ਸੁਣਾਇੰਦਾ । ਸਿਫ਼ਤ ਸਾਲਾਹੀ ਰਾਗ ਛਤੀਸਾ, ਛੱਤੀ ਰਾਗ ਅੰਤ ਨਾ ਆਇੰਦਾ । ਜੋ ਜਨ ਮੰਨੇ ਪ੍ਰਭ ਦੀ ਸਚ ਹਦੀਸਾ, ਹਜ਼ਰਤ ਆਪਣਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗ ਜੁਗ ਪਤਤ ਪੁਨੀਤਾ, ਪਤਤ ਉਧਾਰਨ ਆਪਣੀ ਦਇਆ ਕਮਾਇੰਦਾ ।

### ❇ ੧੯ ਮਾਘ ੨੦੧੯ ਬਿਕਰਮੀ ਨਾਜ਼ਰ ਸਿੰਘ ਦੇ ਗ੍ਰਿਹ ਮਾਨਾਂਵਾਲਾ ਜ਼ਿਲਾ ਅੰਮ੍ਰਿਤਸਰ ❇

ਸਾਚਾ ਮਾਰਗ ਇਕੋ ਏਕ, ਆਦਿ ਜੁਗਾਦਿ ਰਖਾਇਆ । ਗੁਰ ਅਵਤਾਰ ਰੱਖਣ ਟੇਕ, ਪੀਰ ਪੈਗ਼ੰਬਰ ਸੀਸ ਝੁਕਾਇਆ । ਖਾਣੀ ਬਾਣੀ ਲਿਖੇ ਲੇਖ, ਵੇਦ ਪੁਰਾਨ ਢੋਲਾ ਗਾਇਆ । ਭਗਤ ਭਗਵਾਨ ਸਾਚਾ ਹੇਤ, ਨਿਤ ਨਵਿਤ ਮੇਲ ਮਿਲਾਇਆ । ਨਿਰਗੁਣ ਸਰਗੁਣ ਖੇਲੇ ਖੇਡ, ਦੋ ਜਹਾਨਾਂ ਫੇਰਾ ਪਾਇਆ । ਕਰ ਕਿਰਪਾ ਜਿਸ ਜਨ ਦੇਵੇ ਆਪਣਾ ਭੇਤ, ਪਰਦਾ ਉਹਲਾ ਦਏ ਚੁਕਾਇਆ । ਲੱਖ ਚੁਰਾਸੀ ਜੂਨ ਅਜੂਨ ਅੰਤਮ ਹੋਏ ਪਰੇਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਅੰਗ ਰਖਾਇਆ । ਸਾਚਾ ਮਾਰਗ ਇਕੋ ਇਕ, ਏਕੰਕਾਰ ਦ੍ਰਿੜਾਈਆ । ਜਿਸ ਦੀ ਮਹਿਮਾ ਕੋਈ ਨਾ ਸਕੇ ਲਿਖ, ਲੇਖਾ ਲਿਖਤ ਵਿਚ ਨਾ ਆਈਆ । ਸੋ ਸਾਹਿਬ ਪਾਏ ਭਿਖ, ਭਿਛਿਆ ਇਕੋ ਇਕ ਵਰਤਾਈਆ । ਜਹਿ ਵੇਖੇ ਤਹਿ ਪਏ ਦਿਸ, ਚਾਰੋਂ ਕੁੰਟ ਨੂਰ ਰੁਸ਼ਨਾਈਆ । ਹਰਿਜਨ ਸਾਚੀ ਸਿਖਿਆ ਲੈਣੀ ਸਿਖ, ਸਿਖਾਵਣਹਾਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕੋ ਲਾਈਆ । ਸਾਚਾ ਮਾਰਗ ਪੁਰਖ ਸਮਰਥ, ਜੁਗਾ ਜੁਗੰਤਰ ਆਪ ਲਗਾਇੰਦਾ । ਨਾਮ ਨਿਧਾਨਾ ਦੇ ਦੇ ਵੱਥ, ਗੁਰ ਮੰਤਰ ਇਕ ਦ੍ਰਿੜਾਇੰਦਾ । ਜੁਗ ਚੌਕੜੀ ਚਲਾਏ ਰਥ, ਬਣ ਰਥਵਾਹੀ ਸੇਵ ਕਮਾਇੰਦਾ । ਜਨ ਭਗਤਾਂ ਹਿਰਦੇ ਅੰਦਰ ਵਸ, ਹਰਿ ਆਪਣਾ ਭੇਵ ਜਣਾਇੰਦਾ । ਤੀਰ ਨਿਰਾਲਾ ਮਾਰੇ ਕਸ, ਅਣਿਆਲਾ ਆਪ ਚਲਾਇੰਦਾ । ਜਗਤ ਵਿਕਾਰਾ ਦੇਵੇ ਮੱਥ, ਕੂੜੀ ਕਿਰਿਆ ਡੇਰਾ ਢਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਰਾਹ ਇਕ ਚਲਾਇੰਦਾ । ਸਾਚਾ ਰਾਹ ਪਤਤ ਪੁਨੀਤ, ਹਰਿ ਸਤਿਗੁਰ ਆਪ ਚਲਾਈਆ । ਜੁਗ ਚੌਕੜੀ ਵੇਖੇ ਰੀਤ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੱਸੇ ਸਚ ਪ੍ਰੀਤ, ਮਿਲੇ ਇਕ ਸਰਨਾਈਆ । ਸਭ ਦਾ ਢੋਲਾ ਇਕੋ ਗੀਤ, ਸੋਹੰ ਕਰੇ ਪੜ੍ਹਾਈਆ ।

੫੫੦
੧੩

ਜਿਸ ਬਣਾਇਆ ਮੰਦਰ ਮਸੀਤ, ਸੋ ਵੇਖੇ ਥਾਉਂ ਥਾਈਆ । ਕਲਜੁਗ ਅੰਤਮ ਸਾਰੇ ਹੋਏ ਪਲੀਤ, ਪੱਲੂ ਸਕੇ ਨਾ ਕੋਇ ਧੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਦਰਸਾਈਆ । ਸਾਚਾ ਮਾਰਗ ਸੱਚੋ ਸਚ, ਸਚ ਸਚ ਦ੍ਰਿੜਾਇੰਦਾ । ਕਾਇਆ ਮਾਟੀ ਭਾਂਡਾ ਕੱਚ, ਕੰਚਨ ਰੂਪ ਆਪ ਵਟਾਇੰਦਾ । ਅੰਤਰ ਆਤਮ ਆਪੇ ਰਚ, ਰੋਮ ਰੋਮ ਸਮਝਾਇੰਦਾ । ਗੁਰਮੁਖ ਗੁਰ ਗੁਰ ਦੋਵੇਂ ਜਾਣ ਬਚ, ਬਚਤ ਸਭ ਦੀ ਝੋਲੀ ਪਾਇੰਦਾ । ਜਗਤ ਵਿਕਾਰ ਵਿਚ ਨਾ ਜਾਣਾ ਫਸ, ਕੂੜੀ ਕਿਰਿਆ ਕੰਮ ਨਾ ਕੋਇ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਵਖਾਇੰਦਾ । ਸਾਚਾ ਮਾਰਗ ਸਤਿਗੁਰ ਦੁਆਰ, ਦੂਜਾ ਨਜ਼ਰ ਕੋਇ ਨਾ ਆਈਆ । ਥਿਰ ਰਹੇ ਨਾ ਕੋਇ ਵਿਚ ਸੰਸਾਰ, ਪੰਜ ਤੱਤ ਕਾਇਆ ਮਾਟੀ ਖ਼ਾਕੀ ਖ਼ਾਕ ਮਿਲਾਈਆ । ਨਿਰਮਲ ਜੋਤ ਇਕ ਆਕਾਰ, ਜੋਤੀ ਜੋਤ ਜੋਤ ਰੁਸ਼ਨਾਈਆ । ਵਸਣਹਾਰਾ ਸਚਖੰਡ ਦੁਆਰ, ਦਰ ਦਰਵਾਜ਼ਾ ਇਕ ਖੁਲ੍ਹਾਈਆ । ਭਗਤ ਭਗਵੰਤ ਲਏ ਉਠਾਲ, ਭਾਵੀ ਸਭ ਦੇ ਸਿਰ ਤੋਂ ਲਾਹੀਆ । ਲੇਖਾ ਜਾਣੇ ਸ਼ਾਹ ਕੰਗਾਲ, ਸ਼ਹਿਨਸ਼ਾਹ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਇਕ ਲਿਖਾਈਆ । ਸਾਚਾ ਲੇਖਾ ਲੇਖ ਅਲੱਖ, ਲਿਖਤ ਵਿਚ ਨਾ ਆਇੰਦਾ । ਜਨ ਭਗਤਾਂ ਮਾਰਗ ਦੇਵੇ ਦੱਸ, ਦਹਿ ਦਿਸ਼ਾ ਭੇਵ ਚੁਕਾਇੰਦਾ । ਨਾਤਾ ਤੋੜ ਤੱਤ ਅੱਠ, ਆਤਮ ਪਰਮਾਤਮ ਜੋੜ ਜੁੜਾਇੰਦਾ । ਸਰ ਸਰੋਵਰ ਵਖਾਏ ਤੀਰਥ ਤੱਟ, ਕਿਨਾਰਾ ਆਪਣਾ ਪਾਰ ਕਰਾਇੰਦਾ । ਤਨ ਪਹਿਨਾਏ ਨਾਮ ਪੱਟ, ਸਚ ਦੋਸ਼ਾਲਾ ਓਢਣ ਰੂਪ ਵਟਾਇੰਦਾ । ਏਥੇ ਓਥੇ ਰੱਖੇ ਪੱਤ, ਸੋ ਸਾਹਿਬ ਸਤਿਗੁਰ ਇਕੋ ਨਜ਼ਰੀ ਆਇੰਦਾ । ਨਿਰਗੁਣ ਨਿਰਗੁਣ ਗਾਏ ਜਸ, ਸਰਗੁਣ ਸਰਗੁਣ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੇ ਧੰਦੇ ਆਪੇ ਲਾਇੰਦਾ । ਸੱਚਾ ਧੰਦਾ ਹਰਿ ਕੀ ਸੇਵਾ, ਦੂਜੀ ਅਵਰ ਨਾ ਕੋਇ ਚਤੁਰਾਈਆ । ਅੰਮ੍ਰਿਤ ਆਤਮ ਮਿਲੇ ਮੇਵਾ, ਅੰਮਿਉਂ ਰਸ ਆਪ ਚੁਆਈਆ । ਪਰਗਟ ਹੋਇਆ ਵਡ ਦੇਵੀ ਦੇਵਾ, ਕੋਟਨ ਕੋਟ ਦੇਵਤ ਸੁਰ ਢਹਿ ਪਏ ਸਰਨਾਈਆ । ਆਦਿ ਜੁਗਾਦਿ ਅਲੱਖ ਅਭੇਵਾ, ਅਗੰਮ ਅਗੋਚਰ ਬੇਪਰਵਾਹ ਬੇਅੰਤ ਸੱਚਾ ਸ਼ਹਿਨਸ਼ਾਹੀਆ । ਸਦਾ ਸੁਹੇਲਾ ਸਦ ਨਿਹਕੇਵਾ, ਨਿਹਚਲ ਬੈਠਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਈਆ । ਖੇਲਣ ਆਇਆ ਪੁਰਖ ਸਮਰਥ, ਸਮਰਥ ਆਪਣੀ ਕਾਰ ਕਮਾਇੰਦਾ । ਲੱਖ ਚੁਰਾਸੀ ਵਿਚੋਂ ਸੰਤ ਸੁਹੇਲੇ ਕਰੇ ਵੱਖ, ਵੱਖਰੀ ਧਾਰ ਚਲਾਇੰਦਾ । ਨਾਮ ਅਮੋਲਕ ਦੇਵੇ ਰਸ, ਦਸਤ ਬਦਸਤ ਆਪ ਫੜਾਇੰਦਾ । ਅੰਮ੍ਰਿਤ ਚੋਵੇ ਸਾਚਾ ਰਸ, ਨਿਝਰ ਧਾਰ ਵਹਾਇੰਦਾ । ਤੀਰ ਅਣਿਆਲਾ ਮਾਰੇ ਕਸ, ਅੰਤਰ ਆਤਮ ਖੋਜ ਖੁਜਾਇੰਦਾ । ਪਾਰਬ੍ਰਹਮ ਬ੍ਰਹਮ ਕਰੇ ਪੱਖ, ਸਾਚੀ ਵੰਡ ਵੰਡਾਇੰਦਾ । ਸਤਿਗੁਰ ਸਰਨਾਈ ਸਾਚਾ ਹਠ, ਮਨ ਵਾਸਨਾ ਨਾ ਕੋਇ ਭਟਕਾਇੰਦਾ । ਜਗਤ ਖੇਲ ਬਾਜ਼ੀਗਰ ਨਟ, ਲੱਖ ਚੁਰਾਸੀ ਨਟੂਆ ਸਾਂਗ ਵਖਾਇੰਦਾ । ਗੁਰਸਿਖ ਵਿਕੇ ਨਾ ਕਿਸੇ ਹੱਟ, ਕਰਤਾ ਕੀਮਤ ਆਪੇ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਰਾਹ ਇਕ ਵਖਾਇੰਦਾ । ਸਾਚਾ ਰਾਹ ਦੱਸੇ ਨਜ਼ਦੀਕ, ਨੇਰਨ ਨੇਰਾ ਫੇਰਾ ਪਾਈਆ । ਹਰਿ ਕਾ ਕੋਈ ਨਾ ਦਿਸੇ ਸ਼ਰੀਕ, ਲਾਸ਼ਰੀਕ ਇਕ ਖ਼ੁਦਾਈਆ । ਡੂੰਘਾ ਪੰਧ ਬੜਾ ਬਰੀਕ, ਗੁਰਸਿਖ ਸੰਭਲ ਸੰਭਲ ਪੈਰ ਟਿਕਾਈਆ । ਦੋ ਜਹਾਨਾਂ ਅੰਦਰ ਪ੍ਰਭ ਰੱਖੀ ਇਕੋ ਨਿੱਕੀ ਜਿਹੀ ਝੀਤ, ਜਿਸ ਵਿਚੋਂ ਭਗਤ

ਵੇਖੇ ਚਾਈਂ ਚਾਈਂਆ । ਆਤਮ ਪਰਮਾਤਮ ਬਿਨ ਝੂਠੀ ਪ੍ਰੀਤ, ਬਿਨ ਸਤਿਗੁਰ ਪੂਰੇ ਪ੍ਰੀਤ ਤੋੜ ਨਾ ਕੋਇ ਨਿਭਾਈਆ । ਪਾਰਬ੍ਰਹਮ ਦਾ ਇਕੋ ਗੀਤ, ਗੋਬਿੰਦ ਢੋਲਾ ਸਹਿਜ ਸੁਭਾਈਆ । ਜਿਸ ਜਨ ਹਿਰਦੇ ਵਸਿਆ ਚੀਤ, ਮਨ ਚਿਤ ਠਗੌਰੀ ਕੋਇ ਨਾ ਪਾਈਆ । ਹਰਿ ਕਾ ਮੰਦਰ ਹਰੀ ਦੁਆਰ ਇਕੋ ਠੀਕ, ਸਚਖੰਡ ਸਾਚੇ ਵੱਜੇ ਵਧਾਈਆ । ਕਰ ਕਿਰਪਾ ਕਾਇਆ ਕਰੇ ਠੰਡੀ ਸੀਤ, ਅਗਨੀ ਤੱਤ ਨਾ ਲਾਗੇ ਰਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਰੂਪ ਸਦਾ ਸੁਰਜੀਤ, ਸਰਬ ਘਟ ਰਿਹਾ ਸਮਾਈਆ ।

### ❇ ੧੯ ਮਾਘ ੨੦੧੯ ਬਿਕਰਮੀ ਪੂਰਨ ਸਿੰਘ ਦੇ ਗ੍ਰਿਹ ਪਿੰਡ ਲੇਲੀਆਂ ਜ਼ਿਲਾ ਅੰਮ੍ਰਿਤਸਰ ❇

ਸੋ ਪੁਰਖ ਨਿਰੰਜਣ ਸਚ ਸੰਦੇਸਾ, ਸਤਿ ਸਤਿਵਾਦੀ ਆਪ ਜਣਾਇੰਦਾ । ਆਦਿ ਜੁਗਾਦੀ ਨਰ ਨਰੇਸ਼ਾ, ਏਕੰਕਾਰ ਹਰਿ ਅਖਵਾਇੰਦਾ । ਜੁਗ ਚੌਕੜੀ ਧਾਰੇ ਭੇਖਾ, ਵੇਸ ਅਨੇਕਾ ਰੂਪ ਵਟਾਇੰਦਾ । ਵਸਣਹਾਰਾ ਸਚਖੰਡ ਸਾਚੇ ਦੇਸਾ, ਜੋਤੀ ਜਾਤਾ ਡਗਮਗਾਇੰਦਾ । ਰੂਪ ਰੰਗ ਨਾ ਕੋਇ ਰੇਖਾ, ਅਜੂਨੀ ਜੂਨ ਨਾ ਕੋਇ ਭੁਆਇੰਦਾ । ਨਿਰਗੁਣ ਸਰਗੁਣ ਕਰੇ ਸਾਚਾ ਪੇਸ਼ਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਆਪ ਸਮਝਾਇੰਦਾ । ਧੁਰ ਫ਼ਰਮਾਣ ਸ੍ਰੀ ਭਗਵਾਨ, ਏਕਾ ਏਕ ਜਣਾਈਆ । ਲੇਖਾ ਜਾਣ ਦੋ ਜਹਾਨ, ਬ੍ਰਹਿਮੰਡ ਖੰਡ ਵੇਖ ਵਖਾਈਆ । ਲੋਆਂ ਪੁਰੀਆਂ ਦੇ ਗਿਆਨ, ਵਿਸ਼ਨ ਬ੍ਰਹਮਾ ਸ਼ਿਵ ਕਰੇ ਪੜ੍ਹਾਈਆ । ਸਤਿ ਪੁਰਖ ਨਿਰੰਜਣ ਨੌਜਵਾਨ, ਤਖ਼ਤ ਨਿਵਾਸੀ ਬੇਪਰਵਾਹੀਆ । ਹੁਕਮ ਹਾਕਮ ਦੇਵੇ ਗੁਣ ਨਿਧਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੁਨੇਹੁੜਾ ਇਕ ਜਣਾਈਆ । ਸਚ ਸੁਨੇਹੁੜਾ ਸ਼ਬਦ ਮਰਦੰਗ, ਸੋ ਪੁਰਖ ਨਿਰੰਜਣ ਆਪ ਵਜਾਇੰਦਾ । ਕਰੇ ਖੇਲ ਸੂਰਾ ਸਰਬੰਗ, ਦੂਸਰ ਸੰਗ ਨਾ ਕੋਇ ਰਖਾਇੰਦਾ । ਲੋਕ ਪਰਲੋਕ ਆਪੇ ਲੰਘ, ਚੌਦਾਂ ਤਬਕ ਖੋਜ ਖੁਜਾਇੰਦਾ । ਲੱਖ ਚੁਰਾਸੀ ਆਤਮ ਪਰਮਾਤਮ ਦੇਵਣਹਾਰ ਅਨੰਦ, ਅਨੰਦ ਇਕੋ ਇਕ ਜਣਾਇੰਦਾ । ਜੁਗ ਚੌਕੜੀ ਮੇਟਣਹਾਰਾ ਪੰਧ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੇਵਣਹਾਰ ਸੁਹਾਗੀ ਛੰਦ, ਅੱਖਰ ਵੱਖਰ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਸਮਝਾਇੰਦਾ । ਸਾਚਾ ਹੁਕਮ ਧੁਰ ਫ਼ਰਮਾਣਾ, ਧੁਰ ਦੀ ਬਾਣੀ ਬਾਣ ਲਗਾਈਆ । ਸ਼ਾਹੋ ਭੂਪ ਵਡ ਰਾਜ ਰਾਜਾਨਾ, ਸ਼ਹਿਨਸ਼ਾਹ ਇਕ ਅਖਵਾਈਆ । ਖੇਲੇ ਖੇਲ ਸ੍ਰੀ ਭਗਵਾਨਾ, ਖ਼ਾਲਕ ਖ਼ਲਕ ਵੇਖ ਵਖਾਈਆ । ਜੋਧਾ ਮਰਦ ਮਰਦ ਮਰਦਾਨਾ, ਸੂਰਬੀਰ ਇਕ ਹੋ ਆਈਆ । ਪੀਰ ਪੈਗ਼ੰਬਰ ਬੰਨ੍ਹਣਹਾਰਾ ਗਾਨਾਂ, ਤੰਦੀ ਤੰਦ ਇਕ ਉਠਾਈਆ । ਸੁਣਾਵਣਹਾਰਾ ਸ਼ਬਦ ਗਿਆਨਾ, ਨਬੀ ਰਸੂਲਾਂ ਕਰੇ ਪੜ੍ਹਾਈਆ । ਪਹਿਨਣਹਾਰਾ ਅਗੰਮੀ ਬਾਣਾ, ਜੋਤੀ ਜੋਤ ਜੋਤ ਰੁਸ਼ਨਾਈਆ । ਸੁਣਾਵਣਹਾਰਾ ਸਾਚਾ ਗਾਣਾ, ਗੀਤ ਗੋਬਿੰਦ ਇਕ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸਮਝਾਈਆ । ਸਚ ਸੰਦੇਸਾ ਦੇਵੇ ਅਗੰਮ, ਅਗੰਮੜੀ ਕਾਰ ਕਮਾਇੰਦਾ । ਨਿਰਗੁਣ ਜਾਣੇ ਆਪਣਾ ਕੰਮ, ਸਰਗੁਣ ਆਪ ਸਮਝਾਇੰਦਾ । ਗੁਰ ਅਵਤਾਰਾਂ ਬੇੜਾ ਬੰਨ੍ਹ, ਸਾਚਾ ਮਾਰਗ ਇਕ ਵਖਾਇੰਦਾ । ਪੀਰ ਪੈਗ਼ੰਬਰਾਂ ਦੇਵੇ ਨਾਮ ਧੰਨ, ਵਸਤ ਅਮੋਲਕ ਝੋਲੀ ਪਾਇੰਦਾ । ਆਪੇ ਬਣੇ ਜਨਨੀ ਜਨ, ਭਗਤ ਭਗਵੰਤ ਆਪ ਉਠਾਇੰਦਾ । ਲੇਖਾ ਜਾਣੇ

ਕਾਇਆ ਪੰਜ ਤੱਤ ਤਨ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਆਪਣਾ ਰੰਗ ਰੰਗਾਇੰਦਾ । ਦੇਵੇ ਦਾਤ ਬੁੱਧ ਮਤ ਮਨ, ਆਤਮ ਪਰਮਾਤਮ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਜਣਾਇੰਦਾ । ਸਾਚੀ ਕਰਨੀ ਕਰੇ ਕਰਤਾਰ, ਕੁਦਰਤ ਕਾਦਰ ਵੇਖ ਵਖਾਈਆ । ਵਸਣਹਾਰਾ ਧਾਮ ਨਿਆਰ, ਮੁਕਾਮੇ ਹੱਕ ਸੋਭਾ ਪਾਈਆ । ਸਚਖੰਡ ਦੁਆਰਾ ਖੋਲ੍ਹ ਕਿਵਾੜ, ਸਾਚੇ ਤਖ਼ਤ ਡੇਰਾ ਲਾਈਆ । ਸ਼ਾਹੋ ਭੂਪ ਬਣ ਸਿਕਦਾਰ, ਹੁਕਮ ਹਾਕਮ ਇਕ ਦ੍ਰਿੜਾਈਆ । ਜੁਗ ਚੌਕੜੀ ਖੇਲ ਅਪਾਰ, ਅਪਰੰਪਰ ਧਾਰ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਰਿਹਾ ਦ੍ਰਿੜਾਈਆ । ਸਾਚਾ ਲੇਖਾ ਸ੍ਰੀ ਭਗਵਾਨ, ਨਿਰਗੁਣ ਸਰਗੁਣ ਆਪ ਜਣਾਇੰਦਾ । ਪਰਗਟ ਹੋ ਵਡ ਮਿਹਰਵਾਨ, ਮਿਹਰ ਨਜ਼ਰ ਇਕ ਉਠਾਇੰਦਾ । ਸੱਤ ਦੀਪ ਨੌਂ ਖੰਡ ਦੇਵਣਹਾਰ ਗਿਆਨ, ਅੱਖਰ ਅੱਖਰ ਆਪ ਪੜ੍ਹਾਇੰਦਾ । ਕਾਗਦ ਕਲਮ ਸ਼ਾਹੀ ਹੋਏ ਹੈਰਾਨ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਜੁਗ ਚੌਕੜੀ ਬਣਿਆ ਰਹੇ ਬੇਪਹਿਚਾਨ, ਰੂਪ ਰੰਗ ਰੇਖ ਨਾ ਕੋਇ ਦਸਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ, ਸਿਫ਼ਤ ਸਾਲਾਹੀ ਸਿਫ਼ਤ ਵਡਿਆਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਦੇਵੇ ਦਾਨ, ਨਾਮ ਅਮੋਲਕ ਝੋਲੀ ਪਾਇੰਦਾ । ਪੀਰ ਪੈਗ਼ੰਬਰਾਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਸਚ ਨਜ਼ਾਮ, ਨਜ਼ਮ ਨਗ਼ਮਾ ਇਕੋ ਨਾਮ ਸੁਣਾਇੰਦਾ । ਇਕੋ ਨਾਮ ਪੁਰਖ ਸਮਰਥ, ਆਦਿ ਜੁਗਾਦਿ ਸਮਾਈਆ । ਨਾਉਂ ਨਿਰੰਕਾਰ ਚਲਾਏ ਰਥ, ਬਣ ਰਥਵਾਹੀ ਸੇਵ ਕਮਾਈਆ । ਸਤਿ ਸਤਿਵਾਦੀ ਮਾਰਗ ਦੱਸ, ਦਹਿ ਦਿਸ਼ਾ ਦਏ ਵਡਿਆਈਆ । ਗੁਰ ਅਵਤਾਰ ਮੇਲ ਮਿਲਾਵਾ ਨੱਸ ਨੱਸ, ਬਣ ਪਾਂਧੀ ਪੰਧ ਮੁਕਾਈਆ । ਆਤਮ ਪਰਮਾਤਮ ਵੇਖੇ ਹੱਸ ਹੱਸ, ਬ੍ਰਹਮ ਪਾਰਬ੍ਰਹਮ ਕਰੇ ਕੁੜਮਾਈਆ । ਅਨਹਦ ਸ਼ਬਦ ਗਾਏ ਜਸ, ਢੋਲਾ ਸੋਹਲਾ ਇਕ ਸੁਣਾਈਆ । ਅੰਮ੍ਰਿਤ ਦੇਵੇ ਆਤਮ ਰਸ, ਰਸ ਰਸੀਆ ਬੇਪਰਵਾਹੀਆ । ਤੀਰ ਅਣਿਆਲਾ ਮਾਰੇ ਕਸ, ਬਜ਼ਰ ਕਪਾਟੀ ਤੋੜ ਤੁੜਾਈਆ । ਹੰਕਾਰੀ ਬੁਰਜ ਜਾਏ ਢੱਠ, ਮਾਇਆ ਮਮਤਾ ਮੋਹ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਾਰ ਆਪ ਕਮਾਈਆ । ਸਾਚੀ ਕਾਰ ਕਰੇ ਕਰਤਾਰਾ, ਕਰਨਹਾਰ ਆਪ ਅਖਵਾਇੰਦਾ । ਕਲਜੁਗ ਅੰਤਮ ਖੇਲ ਨਿਆਰਾ, ਨਿਰਗੁਣ ਆਪਣਾ ਆਪ ਜਣਾਇੰਦਾ । ਤ੍ਰੈਗੁਣ ਵਸਣਹਾਰਾ ਬਾਹਰਾ, ਤ੍ਰੈਭਵਣ ਧਨੀ ਆਪਣਾ ਫੇਰਾ ਪਾਇੰਦਾ । ਸਚਖੰਡ ਦਾ ਵਣਜ ਵਪਾਰਾ, ਲੋਕਮਾਤ ਕਰਾਇੰਦਾ । ਲੱਖ ਚੁਰਾਸੀ ਦੇ ਸਹਾਰਾ, ਜੀਵ ਜੰਤ ਗੋਦ ਬਹਾਇੰਦਾ । ਸਾਧ ਸੰਤ ਖੋਲ੍ਹ ਕਵਾੜਾ, ਰੂਪ ਅਨੂਪ ਦਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਇੰਦਾ । ਸਾਚਾ ਹੁਕਮ ਵਰਤੇ ਜਗ, ਜਾਗਰਤ ਜੋਤ ਕਰੇ ਰੁਸ਼ਨਾਈਆ । ਪਰਗਟ ਹੋਇਆ ਸੂਰਾ ਸਰਬੱਗ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਕਲਜੁਗ ਕੂੜੀ ਬੁਝਾਏ ਅੱਗ, ਅੰਮ੍ਰਿਤ ਮੇਘ ਇਕ ਬਰਸਾਈਆ । ਗੁਰਸਿਖ ਹੰਸ ਬਣਾਏ ਕੱਗ, ਕਾਗੋਂ ਹੰਸ ਉਡਾਈਆ । ਦਰਸ ਦਖਾਏ ਉਪਰ ਸ਼ਾਹ ਰਗ, ਨੌਂ ਦੁਆਰੇ ਪੰਧ ਮੁਕਾਈਆ । ਸਤਿ ਧਰਮ ਦਾ ਬੰਨ੍ਹੇ ਤਗ, ਚਾਰ ਵਰਨ ਨਾ ਕੋਇ ਤੁੜਾਈਆ । ਕਾਇਆ ਮੰਦਰ ਅੰਦਰ ਕਰਾਏ ਸਾਚਾ ਹੱਜ, ਮੱਕਾ ਕਾਅਬਾ ਇਕੋ ਨਜ਼ਰੀ ਆਈਆ । ਨੂਰ ਇਲਾਹੀ ਆਲਮੀਨ ਰੱਬ, ਰੱਯਤ ਵੇਖੇ ਸਰਬ ਲੋਕਾਈਆ । ਚੌਦਾਂ ਤਬਕਾਂ ਚਰਨਾਂ ਹੇਠਾਂ ਲਏ ਦੱਬ, ਪੀਰ ਪੈਗ਼ੰਬਰ ਸਲਾਮਾਅਲੈਕਮ ਰਹੇ ਬੁਲਾਈਆ । ਆਬ ਹਯਾਤ ਪਿਆਏ ਸਾਚੀ ਮਧੁ, ਮਧੁਰ ਰਸ ਰਸ ਇਕ ਵਖਾਈਆ । ਪਾਰ


੫੫੩ ੧੩

ਕਿਨਾਰਾ ਕਰੇ ਹੱਦ, ਹਦੂਦ ਆਪਣੀ ਦਏ ਜਣਾਈਆ । ਕਲਜੁਗ ਅੰਤਮ ਜਾਏ ਲਦ, ਸਿਰ ਆਪਣਾ ਭਾਰ ਉਠਾਈਆ । ਲੋਕਮਾਤ ਜਾਏ ਛੱਡ, ਧਰਨੀ ਧਰਤ ਖ਼ੁਸ਼ੀ ਮਨਾਈਆ । ਲੱਖ ਚੁਰਾਸੀ ਖ਼ਾਲੀ ਕਰੇ ਹੱਡ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਹੋਏ ਹਲਕਾਈਆ । ਵਿਸ਼ਵ ਚਲੇ ਇਕੋ ਯਦ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਏਕਾ ਘਰ ਬਹਾਈਆ । ਆਤਮ ਪਰਮਾਤਮ ਵੱਜੇ ਨਦ, ਧੁਨ ਅਨਾਦੀ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਜਣਾਈਆ । ਸਚ ਸੰਦੇਸਾ ਗਾਓ ਗੀਤ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਭਗਤ ਭਗਵੰਤ ਇਕੋ ਰੀਤ, ਸਾਚਾ ਮਾਰਗ ਹਰਿ ਜੂ ਲਾਇੰਦਾ । ਦਰਸ ਦਖਾਏ ਨਰ ਨਰਾਇਣ ਅਨਡੀਠ, ਨਿਜ ਨੇਤਰ ਆਪ ਖੁਲ੍ਹਾਇੰਦਾ । ਚਰਨ ਕਵਲ ਬੰਧਾਏ ਪ੍ਰੀਤ, ਆਤਮ ਪਰਮਾਤਮ ਜੋੜ ਜੁੜਾਇੰਦਾ । ਨਜ਼ਰੀ ਆਏ ਇਕ ਅਤੀਤ, ਤ੍ਰੈਗੁਣ ਮਾਇਆ ਪਰਦਾ ਲਾਹਿੰਦਾ । ਕਰੇ ਖੇਲ ਲਾਸ਼ਰੀਕ, ਪਰਵਰਦਿਗਾਰ ਆਪਣਾ ਫੇਰਾ ਪਾਇੰਦਾ । ਈਸਾ ਮੂਸਾ ਮੁਹੰਮਦ ਜਿਸ ਦੀ ਰੱਖਦੇ ਰਹੇ ਉਡੀਕ, ਸੋ ਅਮਾਮ ਉਲਮਾ ਸਭ ਦਾ ਪਰਦਾ ਲਾਹਿੰਦਾ । ਨਜ਼ਰੀ ਆਏ ਆਪ ਨਜ਼ਦੀਕ, ਬੇਨਜ਼ੀਰ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਜਣਾਇੰਦਾ । ਸਾਚਾ ਹੁਕਮ ਸੁਣਾਏ ਆਪ, ਆਪਣੀ ਦਇਆ ਕਮਾਈਆ । ਸ੍ਰਿਸ਼ਟ ਸਬਾਈ ਇਕੋ ਜਾਪ, ਗੁਰ ਮੰਤਰ ਇਕ ਦ੍ਰਿੜਾਈਆ । ਪੁਰਖ ਅਕਾਲ ਮਾਈ ਬਾਪ, ਬਣੇ ਧਨ ਜਣੇਂਦੀ ਮਾਈਆ । ਨਿਰਗੁਣ ਨਿਰਗੁਣ ਸੱਜਣ ਸਾਕ, ਸਗਲਾ ਸੰਗ ਨਿਭਾਈਆ । ਭਗਤ ਖੋਲ੍ਹ ਕੇ ਵੇਖੇ ਤਾਕ, ਭਗਵਨ ਘਰ ਵਿਚ ਨਜ਼ਰੀ ਆਈਆ । ਤੁਹਾਡੇ ਪਿਛੇ ਬਣਿਆ ਚਾਕ, ਚਾਕਰੀ ਰਿਹਾ ਕਮਾਈਆ । ਪਰਗਟ ਹੋਇਆ ਰਸੂਲ ਪਾਕ, ਪਤਤ ਪਾਪੀ ਲਏ ਤਰਾਈਆ । ਨਾਮ ਧਨ ਦੇਵੇ ਦਾਤ, ਠਗ ਚੋਰ ਯਾਰ ਲੁੱਟ ਕੋਇ ਨਾ ਜਾਈਆ । ਨਾਤਾ ਤੋੜੇ ਜ਼ਾਤ ਪਾਤ, ਦੀਨ ਮਜ਼੍ਹਬ ਨਾ ਕੋਇ ਲੜਾਈਆ । ਪੂਰਾ ਕਰੇ ਗੁਰ ਗੋਬਿੰਦ ਦਾ ਭਵਿਖਤ ਵਾਕ, ਲੇਖਾ ਮੰਗੇ ਥਾਉਂ ਥਾਈਂਆ । ਹਰਿਜਨ ਵਿਕੇ ਨਾ ਕਿਸੇ ਹਾਟ, ਕਰਤਾ ਕੀਮਤ ਇਕੋ ਪਾਈਆ । ਲੇਖਾ ਜਾਣੇ ਬਾਤਨ ਬਾਤ, ਬੈਤੁਲ ਆਪਣਾ ਧਾਮ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਰਿਹਾ ਸਮਝਾਈਆ । ਸਾਚੀ ਸਿਖਿਆ ਚਾਰ ਵਰਨ, ਬਰਨ ਅਠਾਰਾਂ ਆਪ ਜਣਾਇੰਦਾ । ਸ੍ਰੀ ਭਗਵਾਨ ਕਰਨੀ ਕਰਨ, ਕਰਤਾ ਪੁਰਖ ਖੇਲ ਵਖਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਪਾਣੀ ਭਰਨ, ਕਰੋੜ ਤੇਤੀਸਾ ਸੀਸ ਝੁਕਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਡਰਨ, ਅੱਗੇ ਸਿਰ ਨਾ ਕੋਇ ਉਠਾਇੰਦਾ । ਹਰਿ ਕਾ ਭਾਣਾ ਸਾਰੇ ਜਰਨ, ਬਿਨ ਭਾਣੇ ਨਜ਼ਰ ਕੋਇ ਨਾ ਆਇੰਦਾ । ਭਗਤ ਭਗਵਾਨ ਪਿਆਰ ਅੰਦਰ ਮਰਨ, ਮਰਨ ਜੀਵਣ ਇਕ ਸਮਝਾਇੰਦਾ । ਸਾਹਿਬ ਸਤਿਗੁਰ ਤਰਨੀ ਤਰਨ, ਤਾਰਨਹਾਰਾ ਫੇਰਾ ਪਾਇੰਦਾ । ਲੋਕ ਪਰਲੋਕ ਸਚ ਸਲੋਕ ਇਕੋ ਅੱਖਰ ਪੜ੍ਹਨ, ਪਾਠਸ਼ਾਲਾ ਇਕ ਵਡਿਆਇੰਦਾ । ਸਾਚੇ ਮੰਦਰ ਉਚੇ ਟਿੱਲੇ ਗੁਰਮੁਖ ਸਾਚੇ ਚੜ੍ਹਨ, ਡੰਡਾ ਨਜ਼ਰ ਕਿਸੇ ਨਾ ਆਇੰਦਾ । ਲੱਖ ਚੁਰਾਸੀ ਜੀਵ ਜੰਤ ਕੂੜੀ ਮਾਇਆ ਕੂੜੀ ਕਰਨੀ ਲੜਨ, ਸਚ ਸੁੱਚ ਨਾ ਕੋਇ ਸਮਝਾਇੰਦਾ । ਪਾਰਬ੍ਰਹਮ ਪਤਿਪਰਮੇਸ਼ਵਰ ਹਉਮੇ ਹੰਗਤਾ ਆਇਆ ਫੜਨ, ਸ਼ਬਦ ਡੋਰੀ ਤੰਦ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਾਚਾ ਹੁਕਮ ਇਕ ਜਣਾਇੰਦਾ । ਸਾਚਾ ਹੁਕਮ ਅੰਤ ਕਲ, ਕਲਕਾਤੀ ਆਪ ਜਣਾਈਆ । ਕਰੇ ਖੇਲ ਅਛਲ ਅਛੱਲ, ਵਲ ਛਲ ਧਾਰੀ ਭੇਵ ਨਾ ਰਾਈਆ । ਸਚ ਸਿੰਘਾਸਣ ਬੈਠਾ ਮਲ, ਸੰਬਲ ਬੰਕ ਸੁਹਾਈਆ । ਜੋਤੀ

ਸ਼ਬਦੀ ਆਪੇ ਰਲ, ਨੂਰ ਜ਼ਹੂਰ ਰੁਸ਼ਨਾਈਆ । ਸਚ ਸੰਦੇਸਾ ਰਿਹਾ ਘੱਲ, ਸ਼ਾਹ ਸੁਲਤਾਨਾਂ ਰਿਹਾ ਉਠਾਈਆ । ਕਲਜੁਗ ਅੰਧੇਰਾ ਡੂੰਘੀ ਡਲ, ਟਿੱਲਾ ਚੋਟੀ ਪਰਬਤ ਕੋਇ ਨਜ਼ਰ ਨਾ ਆਈਆ । ਸ੍ਰੀ ਭਗਵਾਨ ਹੋਇਆ ਭਗਤਾਂ ਵਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸਮਝਾਈਆ । ਸਾਚਾ ਹੁਕਮ ਮੰਨੋ ਕਹਿਣਾ, ਕਹਿ ਕਹਿ ਆਪ ਜਣਾਇੰਦਾ । ਕਲਜੁਗ ਅੰਤ ਮਾਤ ਨਾ ਰਹਿਣਾ, ਕੂੜੀ ਕਿਰਿਆ ਮੇਟ ਮਿਟਾਇੰਦਾ । ਪ੍ਰਭ ਕਾ ਭਾਣਾ ਸਭ ਨੇ ਸਹਿਣਾ, ਸਿਰ ਸਿਰ ਆਪ ਮਨਾਇੰਦਾ । ਬਿਨ ਹਰਿ ਨਾਮੇ ਲਾੜੀ ਮੌਤ ਖਾਏ ਡੈਣਾ, ਅੱਗੇ ਹੋ ਨਾ ਕੋਇ ਬਚਾਇੰਦਾ । ਕੂੜੇ ਵਹਿਣ ਕੂੜ ਕੁੜਿਆਰਾ ਵਹਿਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਗੀਤ ਇਕ ਅਲਾਇੰਦਾ । ਸਾਚਾ ਗੀਤ ਇਕ ਗੋਬਿੰਦ, ਹਰਿ ਗੋਬਿੰਦ ਇਕ ਜਣਾਈਆ । ਜਨਮ ਜਨਮ ਦੀ ਮੇਟੇ ਚਿੰਦ, ਚਿੰਤਾ ਸੋਗ ਨਾ ਕੋਇ ਵਖਾਈਆ । ਹਰਿਜਨ ਬਣਾਏ ਹਰਿ ਜੂ ਬਿੰਦ, ਇਕੋ ਏਕ ਮੇਲ ਮਿਲਾਈਆ । ਦਾਤਾ ਦਾਨੀ ਗੁਣੀ ਗਹਿੰਦ, ਗਹਿਰ ਗਵਰ ਵਡ ਵਡਿਆਈਆ । ਅੰਮ੍ਰਿਤ ਧਾਰ ਵਹਾਏ ਸਾਗਰ ਸਿੰਧ, ਲਹਿਰ ਲਹਿਰ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਉਪਜਾਈਆ । ਸਚ ਸੰਦੇਸਾ ਉਪਜੇ ਮਾਤ, ਲੱਗ ਮਾਤਰ ਨਾ ਕੋਇ ਵਖਾਇੰਦਾ । ਮਿਟੇ ਅੰਤ ਅੰਧੇਰੀ ਰਾਤ, ਸਤਿਜੁਗ ਸਾਚਾ ਚੰਦ ਚੜ੍ਹਾਇੰਦਾ । ਲੇਖਾ ਜਾਣੇ ਕਾਇਨਾਤ, ਕਲਮਾ ਨਬੀ ਫੋਲ ਫੁਲਾਇੰਦਾ । ਨੌਂ ਖੰਡ ਪ੍ਰਿਥਮੀ ਇਕੋ ਆਇਤ, ਲਾਸ਼ਰੀਕ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਆਪ ਵਖਾਇੰਦਾ । ਸਾਚਾ ਰਾਹ ਇਕੋ ਇਕ, ਏਕੰਕਾਰ ਜਣਾਈਆ । ਸਚਖੰਡ ਦੁਆਰੇ ਮੰਗੋ ਭਿੱਖ, ਭਿਖਕ ਝੋਲੀ ਰਿਹਾ ਭਰਾਈਆ । ਮਾਣਸ ਜਨਮ ਲਓ ਜਿਤ, ਹਾਰ ਨਜ਼ਰ ਕੋਇ ਨਾ ਆਈਆ । ਪੁਰਖ ਅਕਾਲ ਦੀਨ ਦਿਆਲ ਕਦੇ ਨਾ ਦੇਵੇ ਪਿੱਠ, ਜਨ ਭਗਤਾਂ ਹੋਏ ਸਹਾਈਆ । ਇਕ ਬਣਾਓ ਮਾਤ ਪਿਤ, ਪਿਤਾ ਪੂਤ ਗੋਦ ਉਠਾਈਆ । ਦਰਸ ਕਰੋ ਨਿਤ ਨਵਿਤ, ਕਾਇਆ ਮੰਦਰ ਅੰਦਰ ਪਰਦਾ ਲਾਹੀਆ । ਪਰਮ ਪੁਰਖ ਦਾ ਸਾਚਾ ਹਿੱਤ, ਸਾਚੀ ਸਿਖਿਆ ਇਕ ਸਮਝਾਈਆ । ਘਰ ਵਿਚ ਘਰ ਦੀਨ ਦਿਆਲ ਪਏ ਦਿਸ, ਬਾਹਰ ਲੱਭਣ ਕੋਇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਰਬ ਜੀਆਂ ਦਾ ਇਕੋ ਹਰਿ, ਇਕੋ ਘਰ ਵਖਾਈਆ । ਇਕੋ ਘਰ ਵੇਖੋ ਖੋਲ੍ਹ ਤਾਕ, ਤਾਕੀ ਹਰਿ ਜੂ ਆਪ ਤੁੜਾਇੰਦਾ । ਪ੍ਰਭ ਮਿਲੇ ਸੱਚਾ ਸਾਕ, ਸੱਜਣ ਇਕੋ ਨਜ਼ਰੀ ਆਇੰਦਾ । ਪਾਰ ਕਿਨਾਰਾ ਕਰੇ ਘਾਟ, ਅਠਸਠ ਤੀਰਥ ਪੰਧ ਮੁਕਾਇੰਦਾ । ਨਿਰਗੁਣ ਜੋਤ ਕਰ ਪਰਕਾਸ਼, ਅਗਿਆਨ ਅੰਧੇਰ ਚੁਕਾਇੰਦਾ । ਸਾਚੇ ਮੰਡਲ ਪਾਵੇ ਰਾਸ, ਸੁਰਤੀ ਸ਼ਬਦੀ ਗੋਪੀ ਕਾਹਨ ਨਚਾਇੰਦਾ । ਰਾਮ ਰਮੱਯਾ ਵਸੇ ਪਾਸ, ਸੀਤਾ ਸੁਰਤੀ ਆਪ ਪਰਨਾਇੰਦਾ । ਨਾਨਕ ਗੋਬਿੰਦ ਦਾਸੀ ਦਾਸ, ਸੇਵਕ ਸਾਚੀ ਸਚ ਜਣਾਇੰਦਾ । ਸਮਰਥ ਪੁਰਖ ਸਿਰ ਰੱਖੇ ਦੇ ਕਰ ਹਾਥ, ਮਿਹਰ ਨਜ਼ਰ ਇਕ ਉਠਾਇੰਦਾ । ਸਤਿਜੁਗ ਸਾਚੇ ਚਲਣੀ ਇਕੋ ਗਾਥ, ਸੋਹੰ ਢੋਲਾ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਵਖਾਇੰਦਾ । ਸਚ ਸੰਦੇਸਾ ਦੇਵਣਹਾਰਾ, ਜੁਗ ਜੁਗ ਕਰੇ ਸ਼ਨਵਾਈਆ । ਕਲਜੁਗ ਅੰਤਮ ਲੈ ਅਵਤਾਰਾ, ਨਿਹਕਲੰਕਾ ਨਾਉਂ ਰਖਾਈਆ । ਜੋਤੀ ਸ਼ਬਦੀ ਹੋ ਉਜਿਆਰਾ, ਡੰਕਾ ਨਾਮ ਵਜਾਈਆ । ਰਾਉ ਰੰਕਾਂ ਕਰੇ ਖ਼ਬਰਦਾਰਾ, ਸੋਇਆ ਕੋਇ ਰਹਿਣ ਨਾ ਪਾਈਆ । ਬੀਸ ਬੀਸਾ ਬਣ ਵਣਜਾਰਾ, ਦੋ ਜਹਾਨਾਂ ਵਣਜ ਕਰਾਈਆ । ਲੱਖ ਚੁਰਾਸੀ

ਰੋਵੇ ਜ਼ਾਰੋ ਜ਼ਾਰਾ, ਹਾਹਾਕਾਰ ਕਰੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਰਿਹਾ ਦ੍ਰਿੜਾਈਆ । ਸਾਚਾ ਲੇਖਾ ਦੱਸੇ ਹਰਿ, ਹਰਿਜਨ ਆਪ ਜਗਾਇੰਦਾ । ਭਗਤ ਭਗਵਾਨ ਮਿਲਾਏ ਦਰ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ । ਜਨਮ ਜਨਮ ਦਾ ਚੁੱਕੇ ਡਰ, ਭੈ ਭੌਂ ਨਾ ਕੋਇ ਆਇੰਦਾ । ਆਤਮ ਪਰਮਾਤਮ ਲਏ ਫੜ, ਆਪ ਆਪਣੀ ਗੋਦ ਉਠਾਇੰਦਾ । ਕਰਤਾ ਪੁਰਖ ਕਰਨੀ ਕਰ, ਕਰਮ ਕਾਂਡ ਮੇਟ ਮਿਟਾਇੰਦਾ । ਗ਼ਰੀਬ ਨਿਮਾਣਿਆਂ ਲਾਏ ਲੜ, ਪੱਲੂ ਆਪਣਾ ਨਾਮ ਫੜਾਇੰਦਾ । ਡੂੰਘੀ ਕੰਦਰ ਕਾਇਆ ਮੰਦਰ ਜਾਏ ਚੜ੍ਹ, ਔਂਦਾ ਜਾਂਦਾ ਨਜ਼ਰ ਨਾ ਆਇੰਦਾ । ਚੋਟੀ ਚੜ੍ਹ ਸੋਹੰ ਅੱਖਰ ਲਏ ਪੜ੍ਹ, ਵਰਨ ਗੋਤੀ ਮੇਟ ਮਿਟਾਇੰਦਾ । ਤੂੰ ਮੇਰਾ ਮੈਂ ਤੇਰਾ ਇਕ ਦੂਜੇ ਦਾ ਵਸੇ ਘਰ, ਘਰ ਠਾਕਰ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਦਾ ਸਾਚਾ ਰਾਹ, ਸ਼ਬਦ ਸਰੂਪੀ ਗੁਰੂ ਮਲਾਹ, ਗੁਰ ਗੁਰ ਆਪਣੀ ਸੇਵ ਕਮਾਇੰਦਾ । ਗੁਰ ਸੇਵਕ ਸੇਵਾਦਾਰ, ਸਤਿਗੁਰ ਸਾਚੀ ਸੇਵ ਕਮਾਈਆ । ਭਗਤ ਭਗਵੰਤ ਲਏ ਉਠਾਲ, ਸਾਚੇ ਸੰਤਾਂ ਰਿਹਾ ਜਗਾਈਆ । ਗੁਰਮੁਖਾਂ ਚਲੇ ਨਾਲ ਨਾਲ, ਦੂਰ ਦੁਰਾਡਾ ਪੰਧ ਮੁਕਾਈਆ । ਗੁਰਸਿਖਾਂ ਇਕੋ ਸਿਖਿਆ ਦਏ ਸਿਖਾਲ, ਸਿਖੀ ਸਿਖਿਆ ਭੁੱਲ ਨਾ ਜਾਈਆ । ਸਤਿਜੁਗ ਚਲੇ ਅਵੱਲੜੀ ਚਾਲ, ਚਾਲ ਨਿਰਾਲੀ ਇਕ ਜਣਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਬਣੇ ਦਲਾਲ, ਦਿਲਬਰ ਬਣੇ ਸੱਚਾ ਮਾਹੀਆ । ਲੇਖਾ ਜਾਣੇ ਕਾਲ ਮਹਾਂਕਾਲ, ਮਹਾਂਬੀਰ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਗੰਮ ਅਥਾਹੀਆ । ਅਗੰਮ ਅਥਾਹ ਬੇਪਰਵਾਹ, ਬੇਅੰਤ ਹਰਿ ਅਖਵਾਇੰਦਾ । ਸਤਿਜੁਗ ਸਾਚਾ ਦਏ ਲਗਾ, ਸਾਧ ਸੰਤ ਆਪ ਉਠਾਇੰਦਾ । ਨਾਰ ਕੰਤ ਦਏ ਮਿਲਾ, ਜਗਤ ਵਿਛੋੜਾ ਪੰਧ ਮੁਕਾਇੰਦਾ । ਹੰ ਬ੍ਰਹਮ ਦਏ ਸਮਝਾ, ਪਾਰਬ੍ਰਹਮ ਆਪਣਾ ਪਰਦਾ ਲਾਹਿੰਦਾ । ਦਮਾਂ ਦਮ ਲਏ ਜਪਾ, ਸਵਾਸ ਸਵਾਸਾਂ ਵੰਡ ਵੰਡਾਇੰਦਾ । ਨੇਤਰ ਖੇਤਰ ਦਏ ਖੁਲ੍ਹਾ, ਚੇਤਰ ਰੁੱਤ ਬਸੰਤ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਰੇ ਅਕਾਲ, ਅਕਲ ਕਲਾ ਅਖਵਾਈਆ । ਲੱਖ ਚੁਰਾਸੀ ਇਕੋ ਧਰਮਸਾਲ, ਧਰਮ ਦੁਆਰਾ ਦਏ ਵਖਾਈਆ । ਜਿਸ ਦੁਆਰੇ ਪੋਹ ਨਾ ਸਕੇ ਕਾਲ, ਮਹਾਂਕਾਲ ਨੇੜ ਨਾ ਆਈਆ । ਇਕੋ ਨਜ਼ਰੀ ਆਏ ਦੀਨ ਦਿਆਲ, ਸ਼ਹਿਨਸ਼ਾਹ ਸੱਜਣ ਸੱਚਾ ਮਾਹੀਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਆਪਣੀ ਗੋਦੀ ਲਏ ਉਠਾਲ, ਚੁੱਕ ਚੁੱਕ ਖ਼ੁਸ਼ੀ ਮਨਾਈਆ । ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਧੁਨ ਵਜਾਏ ਤਾਲ, ਤਲਵਾੜਾ ਨਜ਼ਰ ਕਿਸੇ ਨਾ ਆਈਆ । ਮੁਰਸ਼ਦ ਮੁਰੀਦਾਂ ਪੁੱਛਣ ਆਏ ਹਾਲ, ਬਣ ਪਾਂਧੀ ਫੇਰਾ ਪਾਈਆ । ਗੁਰ ਗੋਬਿੰਦ ਬਣ ਦਲਾਲ, ਸਾਚਾ ਹੱਟ ਇਕ ਖੁਲ੍ਹਾਈਆ । ਬਾਲੇ ਨੀਹਾਂ ਹੇਠਾਂ ਦਿਤੇ ਸੁਆਲ, ਰੁਤੜੀ ਰੁੱਤ ਆਪ ਮਹਿਕਾਈਆ । ਕਲਜੁਗ ਅੰਤਮ ਆਏ ਜ਼ਵਾਲ, ਜ਼ਰਾ ਜ਼ਰਾ ਦਏ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਹਾਣੀ ਇਕ ਬਣਾਈਆ । ਸਚ ਕਹਾਣੀ ਇਕ ਕਹਾਵਤ, ਇਕੋ ਨਾਮ ਦ੍ਰਿੜਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਹਰੀ ਨਾਮ ਜਪਣ ਦੀ ਸਾਚੀ ਆਦਤ, ਆਦਲ ਇਕੋ ਇਕ ਸਮਝਾਇੰਦਾ । ਮੰਦਰ ਮਸਜਿਦ ਸ਼ਿਵਦੁਆਲੇ ਮੱਠ ਸਚ ਇਬਾਰਤ, ਅਵਲ ਆਪਣਾ ਨੂਰ ਦਰਸਾਇੰਦਾ । ਸਤਿਜੁਗ ਸਾਚੇ ਕਰੇ ਸਖ਼ਾਵਤ, ਸਖ਼ੀ ਆਪਣਾ ਫੇਰਾ ਪਾਇੰਦਾ । ਦੂਜੀ ਰਹੇ ਨਾ ਕੋਇ ਅਦਾਵਤ, ਦੀਨ ਮਜ਼੍ਹਬ ਨਾ ਵੰਡ ਵੰਡਾਇੰਦਾ । ਇਕੋ ਨਾਮ


੫੫੬
੧੩

ਲਿਖਾਏ ਸਚ ਇਬਾਰਤ, ਕਾਤਬ ਆਪਣਾ ਲੇਖ ਜਣਾਇੰਦਾ । ਅੱਗੇ ਹੋ ਕਰੇ ਨਾ ਕੋਇ ਸਫ਼ਾਰਸ਼, ਸਫ਼ਾ ਸਭ ਦੀ ਮੇਟ ਮਿਟਾਇੰਦਾ । ਨਜ਼ਰੀ ਆਏ ਨਾ ਕੋਈ ਆਰਫ਼, ਉਲਮਾ ਇਲਮ ਨਾ ਕੋਇ ਪੜ੍ਹਾਇੰਦਾ । ਜਨ ਭਗਤਾਂ ਕਰਾਏ ਆਪਣਾ ਤੁਆਰਫ਼, ਤੋਬਾ ਤੋਬਾ ਕਹਿ ਕਹਿ ਸਰਬ ਕੁਰਲਾਇੰਦਾ । ਵਸੀਲਾ ਬਣਾਏ ਨਾ ਕਿਸੇ ਦੀ ਮਾਰਫ਼ਤ, ਮਹਿਫ਼ਲ ਆਪਣੀ ਆਪ ਲਗਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਦੇਵਣ ਸਭ ਸਦਾਕਤ, ਸਯਦਾ ਸੀਸ ਝੁਕਾਇੰਦਾ । ਦਰੋਹੀ ਖ਼ੁਦਾਏ ਚੌਦਾਂ ਤਬਕ ਸਭ ਦੇ ਸਿਰ ਤੇ ਆਈ ਕਿਆਮਤ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਲੱਖ ਚੁਰਾਸੀ ਹੋਣੀ ਹਜ਼ਾਮਤ, ਸਾਬਤ ਨਜ਼ਰ ਕੋਇ ਨਾ ਆਇੰਦਾ । ਹਰਿ ਕਾ ਸ਼ਬਦ ਪਾਏ ਬਗ਼ਾਵਤ, ਬਗ਼ਲ ਕੁਰਾਨ ਸਰਬ ਛੁਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਦੇਵਣਹਾਰਾ ਸਾਚਾ ਵਰ, ਮੰਦਰ ਮਸੀਤੀ ਇਕੋ ਰੀਤੀ, ਇਸ਼ਟ ਗੁਰਦੇਵ ਗੁਰਦੇਵ ਇਸ਼ਟ ਦ੍ਰਿਸ਼ਟ ਸ੍ਰਿਸ਼ਟ ਆਪ ਖੁਲ੍ਹਾਇੰਦਾ ।

### ❇ ੧੯ ਮਾਘ ੨੦੧੯ ਬਿਕਰਮੀ ਮੰਗਲ ਸਿੰਘ ਦੇ ਗ੍ਰਿਹ ਪਿੰਡ ਸਾਰੰਗੜਾ ਜ਼ਿਲਾ ਅੰਮ੍ਰਿਤਸਰ ❇

ਤਰਨ ਤਾਰਨ ਪੁਰਖ ਅਕਾਲ, ਆਦਿ ਜੁਗਾਦਿ ਦਇਆ ਕਮਾਇੰਦਾ । ਵਸਣਹਾਰਾ ਸਚਖੰਡ ਸੱਚੀ ਧਰਮਸਾਲ, ਸਚ ਸਿੰਘਾਸਣ ਸੋਭਾ ਪਾਇੰਦਾ । ਭਗਤ ਭਗਵੰਤ ਵੇਖੇ ਸਾਚੇ ਲਾਲ, ਜੁਗ ਚੌਕੜੀ ਵੇਸ ਵਟਾਇੰਦਾ । ਸ਼ਬਦ ਸਰੂਪੀ ਬਣ ਦਲਾਲ, ਹੱਕ ਹਕੀਕਤ ਖੋਜ ਖੁਜਾਇੰਦਾ । ਅੰਦਰ ਬਾਹਰ ਗੁਪਤ ਜ਼ਾਹਰ, ਚਲੇ ਨਾਲ ਨਾਲ, ਜਗ ਜੀਵਣ ਦਾਤਾ ਵਿਛੜ ਕਦੇ ਨਾ ਜਾਇੰਦਾ । ਆਤਮ ਪਰਮਾਤਮ ਦੇਵੇ ਨਾਮ ਸਖਾਲ, ਸਾਚੀ ਸਿਖਿਆ ਇਕ ਸਮਝਾਇੰਦਾ । ਨਾਤਾ ਤੋੜ ਕਾਲ ਮਹਾਂਕਾਲ, ਸਿਰ ਆਪਣਾ ਹੱਥ ਟਿਕਾਇੰਦਾ । ਲੱਖ ਚੁਰਾਸੀ ਵਿਚੋਂ ਭਾਲ, ਗੁਰਮੁਖ ਆਪਣਾ ਭੇਵ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤਰਨ ਤਾਰਨ ਇਕ ਹੋ ਜਾਇੰਦਾ । ਤਰਨ ਤਾਰਨ ਪੁਰਖ ਸਮਰਥ, ਮਹਿਮਾ ਅਕੱਥ ਕਥੀ ਨਾ ਜਾਈਆ । ਦੇਵਣਹਾਰਾ ਸਾਚੀ ਵੱਥ, ਗੁਰ ਅਵਤਾਰ ਪੀਰ ਪੈਗ਼ੰਬਰ ਸੇਵਾ ਲਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਚਲਾਏ ਰਥ, ਬਣ ਰਥਵਾਹੀ ਸੇਵ ਕਮਾਈਆ । ਨਿਰਗੁਣ ਸਰਗੁਣ ਮਾਰਗ ਦੇਵੇ ਦੱਸ, ਅੱਖਰ ਵੱਖਰ ਕਰੇ ਪੜ੍ਹਾਈਆ । ਹਰਿ ਭਗਤ ਅੰਤਰ ਰਿਹਾ ਵਸ, ਲੱਖ ਚੁਰਾਸੀ ਰਿਹਾ ਸਮਾਈਆ । ਕਰੇ ਪਰਕਾਸ਼ ਕੋਟਨ ਰਵ ਸਸ, ਸੂਰਜ ਚੰਦ ਨੈਣ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਾਰਨਹਾਰਾ ਇਕ ਰਘੁਰਾਈਆ । ਤਾਰਨਹਾਰਾ ਪੁਰਖ ਅਬਿਨਾਸ਼, ਅਬਿਨਾਸ਼ੀ ਆਪਣੀ ਦਇਆ ਕਮਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਵੇਖਣਹਾਰਾ ਖੇਲ ਤਮਾਸ਼, ਅੰਡਜ ਜੇਰਜ ਉਤਭੁਜ ਸੇਤਜ ਖੋਜ ਖੁਜਾਇੰਦਾ । ਗੋਪੀ ਕਾਹਨ ਪਾਵੇ ਰਾਸ, ਰੂਪ ਅਨੂਪ ਆਪ ਧਰਾਇੰਦਾ । ਸਦਾ ਸੁਹੇਲਾ ਇਕ ਇਕੇਲਾ ਹਰਿਜਨ ਵਸੇ ਪਾਸ, ਸੰਤ ਸਾਜਣ ਆਪਣੇ ਰੰਗ ਰੰਗਾਇੰਦਾ । ਲੇਖਾ ਜਾਣੇ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਇਕੋ ਹਰਿ, ਤਾਰਨਹਾਰਾ ਆਪਣੀ ਦਇਆ ਕਮਾਇੰਦਾ । ਤਾਰਨਹਾਰਾ ਠਾਕਰ ਸੁਆਮੀ ਨਿਹਚਲ ਆਪਣਾ ਧਾਮ ਸੁਹਾਈਆ । ਸਰਬ ਜੀਆਂ ਘਟ ਅੰਤਰਜਾਮੀ, ਆਤਮ ਪਰਮਾਤਮ ਵੇਖ ਵਖਾਈਆ । ਜੁਗਾ ਜੁਗੰਤ ਸ਼ਬਦ

ਅਗੰਮ ਸੁਣਾਏ ਅਕੱਥ ਕਹਾਣੀ, ਅੱਖਰ ਵੱਖਰ ਕਰੇ ਪੜ੍ਹਾਈਆ । ਸਚ ਸੰਦੇਸਾ ਦੇਵੇ ਧੁਰ ਦੀ ਬਾਣੀ, ਬਾਣ ਨਿਰਾਲਾ ਤੀਰ ਲਗਾਈਆ । ਅੰਮ੍ਰਿਤ ਆਤਮ ਦੇਵੇ ਠੰਡਾ ਪਾਣੀ, ਨਿਝਰ ਝਿਰਨਾ ਇਕ ਝਿਰਾਈਆ । ਸੁਰਤ ਸਵਾਣੀ ਸ਼ਬਦ ਮਿਲਾਵੇ ਸਤਿਗੁਰ ਹਾਣੀ, ਘਰ ਸਾਚੇ ਸੋਭਾ ਪਾਈਆ । ਸ਼ਾਹੋ ਭੂਪ ਹਰਿ ਵਡ ਸੁਲਤਾਨੀ, ਏਕੰਕਾਰਾ ਹਰਿ ਨਿਰੰਕਾਰਾ ਨਿਰਗੁਣ ਦਾਤਾ ਪੁਰਖ ਬਿਧਾਤਾ ਆਪਣੀ ਕਰਨੀ ਆਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਾਰਨਹਾਰਾ ਦੇਵੇ ਵਰ, ਨਾਮ ਅਮੋਲਕ ਝੋਲੀ ਪਾਈਆ । ਤਾਰਨਹਾਰਾ ਪਾਰਬ੍ਰਹਮ ਪ੍ਰਭ ਏਕ, ਏਕੰਕਾਰ ਵੱਡੀ ਵਡਿਆਈਆ । ਨਿਰਗੁਣ ਸਰਗੁਣ ਦੇਵੇ ਟੇਕ, ਦੂਸਰ ਸੰਗ ਨਾ ਕੋਇ ਰਖਾਈਆ । ਜਨ ਭਗਤਾਂ ਕਰੇ ਬੁੱਧ ਬਬੇਕ, ਵਵੇਕੀ ਆਪਣਾ ਰੂਪ ਦਸਾਈਆ । ਤ੍ਰੈਗੁਣ ਮਾਇਆ ਨਾ ਲਾਏ ਸੇਕ, ਪੰਜ ਤੱਤ ਨਾ ਅਗਨ ਜਲਾਈਆ । ਨਿਜ ਆਤਮ ਲਏ ਵੇਖ, ਘਰ ਮੰਦਰ ਸੋਭਾ ਪਾਈਆ । ਗੁਰ ਸਤਿਗੁਰ ਗੁਰਮੁਖਾਂ ਸੰਗ ਕਰੇ ਹੇਤ, ਨਿਤ ਨਵਿਤ ਫੇਰਾ ਪਾਈਆ । ਸਦਾ ਸੁਹੇਲਾ ਰੱਖੇ ਸਾਇਆ ਹੇਠ, ਮਿਹਰਵਾਨ ਮਿਹਰਵਾਨ ਬੇਨਜ਼ੀਰ ਨਜ਼ਰ ਆਪਣੀ ਇਕ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਾਰਨਹਾਰਾ ਇਕ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਤਾਰਨਹਾਰਾ, ਸੋ ਪੁਰਖ ਨਿਰੰਜਣ ਦਇਆ ਕਮਾਇੰਦਾ । ਹਰਿ ਪੁਰਖ ਨਿਰੰਜਣ ਖੇਲ ਨਿਆਰਾ, ਏਕੰਕਾਰਾ ਵੇਖ ਵਖਾਇੰਦਾ । ਆਦਿ ਨਿਰੰਜਣ ਹੋ ਉਜਿਆਰਾ, ਨੂਰ ਨੁਰਾਨਾ ਡਗਮਗਾਇੰਦਾ । ਅਬਿਨਾਸ਼ੀ ਕਰਤਾ ਦਏ ਸਹਾਰਾ, ਸਗਲਾ ਸੰਗ ਰਖਾਇੰਦਾ । ਸ੍ਰੀ ਭਗਵਾਨ ਇਕ ਹੁਲਾਰਾ, ਦੋ ਜਹਾਨਾਂ ਆਪ ਜਣਾਇੰਦਾ । ਪਾਰਬ੍ਰਹਮ ਪ੍ਰਭ ਬਣ ਵਣਜਾਰਾ, ਬ੍ਰਹਮ ਆਪਣਾ ਵਣਜ ਵਖਾਇੰਦਾ । ਸਚਖੰਡ ਸੁਹਾਏ ਸਚ ਦੁਆਰਾ, ਸੋਭਾਵੰਤ ਸੋਭਾ ਪਾਇੰਦਾ । ਪਰਵਰਦਿਗਾਰ ਨੂਰ ਉਜਿਆਰਾ, ਹੱਕ ਮੁਕਾਮੇ ਡੇਰਾ ਲਾਇੰਦਾ । ਲਾਸ਼ਰੀਕ ਵੇਖੇ ਵਿਗਸੇ ਵੇਖਣਹਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਇੰਦਾ । ਤਾਰਨਹਾਰਾ ਏਕੋ ਪੁਰਖ, ਪੁਰਖ ਪੁਰਖੋਤਮ ਵਡ ਵਡਿਆਈਆ । ਨਾ ਕੋਈ ਸੋਗ ਨਾ ਕੋਈ ਹਰਖ, ਚਿੰਤਾ ਗ਼ਮ ਨਾ ਕੋਇ ਜਣਾਈਆ । ਜਨ ਭਗਤਾਂ ਦੇਵੇ ਸਤਿਗੁਰ ਦਰਸ, ਦੀਨਨ ਦਇਆ ਆਪ ਕਮਾਈਆ । ਗ਼ਰੀਬ ਨਿਮਾਣਿਆਂ ਉਤੇ ਕਰੇ ਤਰਸ, ਮਾਣ ਅਭਿਮਾਨ ਨਾ ਕੋਇ ਵਡਿਆਈਆ । ਜੁਗ ਜਨਮ ਦੀ ਮੇਟੇ ਹਰਸ, ਤ੍ਰਿਸ਼ਨਾ ਭੁੱਖ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਮ੍ਰਿਤ ਮੇਘ ਦੇਵੇ ਬਰਸ, ਅਗਨੀ ਤੱਤ ਬੁਝਾਈਆ । ਅਗਨੀ ਤੱਤ ਬੁਝੇ ਲੋਕ, ਪਰਲੋਕ ਮਿਲੇ ਵਡਿਆਈਆ । ਨਾਮ ਸੁਣਾਏ ਸਚ ਸਲੋਕ, ਸੋਹਲਾ ਢੋਲਾ ਇਕੋ ਗਾਈਆ । ਆਤਮ ਪਰਮਾਤਮ ਮਿਲੇ ਮੋਖ, ਮੁਕਤੀ ਚਰਨਾਂ ਹੇਠ ਦਬਾਈਆ । ਤਾਰਨਹਾਰਾ ਤਾਰੇ ਕੋਟਨ ਕੋਟ, ਕੋਟੀ ਕੋਟ ਆਪਣੀ ਸੇਵ ਲਗਾਈਆ । ਤਾਲ ਨਗਾਰਾ ਤਨ ਲਗਾਏ ਚੋਟ, ਅਗੰਮੀ ਨਾਦ ਵਜਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਆਹਲਣਿਉਂ ਡਿਗੇ ਉਠਾਏ ਬੋਟ, ਕਲਜੁਗ ਅੰਤਮ ਸੇਵ ਕਮਾਈਆ । ਕਰੇ ਪਰਕਾਸ਼ ਨਿਰਮਲ ਜੋਤ, ਅੰਧ ਅੰਧੇਰ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾਈਆ । ਤਾਰਨਹਾਰਾ ਇਕੋ ਆਇਆ, ਆਦਿ ਅੰਤ ਵੇਸ ਵਟਾਇੰਦਾ । ਨਾਤਾ ਤੋੜੇ ਤ੍ਰੈਗੁਣ ਮਾਇਆ, ਤ੍ਰੈਭਵਣ ਧਨੀ ਖੇਲ ਖਲਾਇੰਦਾ । ਆਦਿ ਜੁਗਾਦੀ ਦਾਈ ਦਾਇਆ, ਜਨਨੀ ਜਨ ਰੂਪ ਵਖਾਇੰਦਾ । ਖੇਲੇ ਖੇਲ ਬੇਪਰਵਾਹਿਆ, ਬੇਅੰਤ ਆਪਣਾ ਭੇਵ ਚੁਕਾਇੰਦਾ । ਗੁਰਮੁਖ ਗੁਰਸਿਖ ਸੱਜਣ ਲਏ ਉਠਾਇਆ, ਫੜ

ਬਾਹੋਂ ਗਲੇ ਲਗਾਇੰਦਾ । ਆਤਮ ਪਰਦਾ ਦਏ ਖੁਲ੍ਹਾਇਆ, ਬੰਦ ਕਵਾੜੀ ਤਾਕੀ ਆਪੇ ਲਾਹਿੰਦਾ । ਆਤਮ ਸੇਜਾ ਸੋਭਾ ਪਾਇਆ, ਘਰ ਸੁਹੰਜਣਾ ਇਕ ਸੁਹਾਇੰਦਾ । ਦੀਨ ਦਰਦ ਦੁੱਖ ਭੈ ਭੰਜਨ ਭਵ ਸਾਗਰ ਤਾਰਨ ਆਇਆ, ਕਲਜੁਗ ਬੇੜਾ ਪਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਇਕੋ ਹਰਿ, ਨਰ ਨਰਾਇਣ ਵੇਸ ਵਟਾਇੰਦਾ । ਤਾਰਨਹਾਰਾ ਨਰ ਨਰਾਇਣ, ਨਰ ਹਰਿ ਵੱਡੀ ਵਡਿਆਈਆ । ਰਸਨਾ ਜਿਹਵਾ ਸਾਰੇ ਕਹਿਣ, ਨੇਤਰ ਦਰਸ ਕੋਇ ਨਾ ਪਾਈਆ । ਗੁਰਮੁਖ ਵਿਰਲੇ ਸੰਤ ਸੁਹੇਲੇ ਸਤਿਗੁਰ ਸਰਨਾਈ ਬਹਿਣ, ਬਹਿ ਬਹਿ ਖ਼ੁਸ਼ੀ ਮਨਾਈਆ । ਲਾੜੀ ਮੌਤ ਨਾ ਖਾਏ ਡੈਣ, ਰਾਏ ਧਰਮ ਨਾ ਦਏ ਸਜ਼ਾਈਆ । ਕੂੜੀ ਕਿਰਿਆ ਜੂਠੇ ਝੂਠੇ ਵਹਿਣ ਨਾ ਵਹਿਣ, ਸਚ ਸੁੱਚ ਮਿਲੇ ਵਡਿਆਈਆ । ਪ੍ਰਭ ਪਾਰਬ੍ਰਹਮ ਮਿਲੇ ਸਾਕ ਸੱਜਣ ਸੈਣ, ਕੂੜਾ ਨਾਤਾ ਤੋੜ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਾਰਨਹਾਰਾ ਇਕ ਸਵਾਮੀ, ਆਦਿ ਜੁਗਾਦਿ ਸਦਾ ਨਿਹਕਾਮੀ, ਨਿਹਚਲ ਬੈਠਾ ਆਸਣ ਲਾਈਆ । ਨਿਹਚਲ ਧਾਮ ਅਗੰਮ, ਅਗੰਮੜੀ ਖੇਲ ਕਰਾਇੰਦਾ । ਸੋ ਪੁਰਖ ਨਿਰੰਜਣ ਆਪਣਾ ਬੇੜਾ ਆਪੇ ਬੰਨ੍ਹ, ਆਪਣੇ ਕੰਧ ਉਠਾਇੰਦਾ । ਪੰਜ ਤੱਤ ਨਾ ਦੀਸੇ ਤਨ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਨਾ ਬੰਧਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਾਰਨਹਾਰਾ ਇਕੋ ਏਕੰਕਾਰਾ ਆਦਿ ਜੁਗਾਦੀ ਖੇਲ ਨਿਆਰਾ, ਜੁਗਾ ਜੁਗੰਤਰ ਲੈ ਅਵਤਾਰਾ, ਗੁਰ ਅਵਤਾਰ ਪੀਰ ਪੈਗ਼ੰਬਰ ਆਪਣਾ ਨਾਮ ਦ੍ਰਿੜਾਇੰਦਾ । ਤਾਰਨਹਾਰਾ ਸਹਿਜ ਸੁਖ ਸਾਗਰ, ਸਤਿ ਸਤਿ ਵੱਡੀ ਵਡਿਆਈਆ । ਨਿਰਮਲ ਕਰਮ ਕਰੇ ਉਜਾਗਰ, ਦੁਰਮਤ ਮੈਲ ਧਵਾਈਆ । ਲੱਖ ਚੁਰਾਸੀ ਵਣਜ ਕਰਾਏ ਨਾਮ ਸੌਦਾਗਰ, ਚੌਦਾਂ ਲੋਕ ਹੱਟ ਖੁਲ੍ਹਾਈਆ । ਚੌਦਾਂ ਤਬਕਾਂ ਦੇਵੇ ਆਦਰ, ਪੀਰ ਪੈਗ਼ੰਬਰ ਕਰ ਪੜ੍ਹਾਈਆ । ਕਲਮਾ ਕਾਇਨਾਤ ਦੇਵੇ ਸਾਦਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਾਰਨਹਾਰ ਦਇਆ ਕਮਾਈਆ । ਤਾਰਨਹਾਰ ਦੀਨਨ ਦੀਨ, ਦਿਆਲ ਆਪਣਾ ਰੰਗ ਰੰਗਾਇੰਦਾ । ਹਰਿਜਨ ਮੇਲਾ ਜਿਉਂ ਜਲ ਮੀਨ, ਘਰ ਘਰ ਵਿਚ ਮੇਲ ਮਿਲਾਇੰਦਾ । ਲਹਿਣਾ ਚੁਕੇ ਲੋਕ ਤੀਨ, ਤ੍ਰੈਗੁਣ ਨਾਤਾ ਤੋੜ ਤੁੜਾਇੰਦਾ । ਆਤਮ ਦੇਵੇ ਸਚ ਯਕੀਨ, ਅਲਫ਼ ਯੇ ਨਾ ਕੋਇ ਪੜ੍ਹਾਇੰਦਾ । ਪੰਚ ਵਿਕਾਰ ਕਰੇ ਤਲਕੀਨ, ਸਚ ਹਦੀਸ ਇਕ ਸੁਣਾਇੰਦਾ । ਲੇਖਾ ਲੇਖ ਜਾਣੇ ਆਲਮੀਨ, ਉਲਮਾ ਆਲਮ ਆਪ ਅਖਵਾਇੰਦਾ । ਮਿਹਬਾਨ ਬੀਦੋ ਹਰਿ ਮੁਬੀਨ, ਮੁਫ਼ਲਸ ਰੂਪ ਨਾ ਕੋਇ ਵਟਾਇੰਦਾ । ਨਜ਼ਰੀ ਆਏ ਨਾ ਨੁਕਤਾ ਸੀਨ, ਐਨ ਅੱਖ ਨਾ ਕੋਇ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਾਰਨਹਾਰ ਖੇਲ ਕਰਾਇੰਦਾ । ਤਾਰਨਹਾਰਾ ਸਚ ਠਾਕਰ, ਠੋਕਰ ਨਾਮ ਲਗਾਈਆ । ਜਨ ਭਗਤਾਂ ਦੇਵੇ ਇਕੋ ਆਦਰ, ਆਪਣਾ ਆਦਰਸ਼ ਵਖਾਈਆ । ਜਿਨ ਸੇਵ ਲਗਾਇਆ ਸਤਿਗੁਰ ਤੇਗ਼ ਬਹਾਦਰ, ਸਚ ਬਹਾਦਰੀ ਇਕ ਸਮਝਾਈਆ । ਸੋ ਤਾਰਨਹਾਰਾ ਸ਼ਬਦ ਸਰੂਪੀ ਨਾਮ ਅਗੰਮੀ ਦੇਵੇ ਚਾਦਰ, ਹਰ ਘਟ ਪਰਦਾ ਰਿਹਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜਨ ਭਗਤਨ ਤਾਰੇ ਪੈਜ ਸੁਆਰੇ, ਹਰਿ ਨਿਰੰਕਾਰੇ, ਨਿਰਗੁਣ ਨਿਰਗੁਣ ਮੇਲ ਮਿਲਾਈਆ । ਨਿਰਗੁਣ ਮੇਲਾ ਨਿਰਗੁਣ ਚੇਲਾ, ਨਿਰਗੁਣ ਸਤਿਗੁਰ ਗੁਰ ਗੁਰ ਰੂਪ ਵਟਾਇੰਦਾ । ਨਿਰਗੁਣ ਸੱਜਣ ਨਿਰਗੁਣ ਸੁਹੇਲਾ, ਨਿਰਗੁਣ ਇਕ ਇਕੇਲਾ ਡੇਰਾ ਲਾਇੰਦਾ । ਨਿਰਗੁਣ ਨਿਰਗੁਣ ਚਾੜ੍ਹੇ ਤੇਲਾ, ਆਦਿ ਨਿਰੰਜਣ ਜੋਤ ਨਿਰੰਜਣ ਸਗਨ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਾਰਨਹਾਰਾ

੫੫੯
੧੩

ਖੇਲੇ ਖੇਲਾ, ਖ਼ਾਲਕ ਖ਼ਲਕ ਵਿਚ ਸਮਾਇੰਦਾ । ਖ਼ਾਲਕ ਖ਼ਲਕ ਤਾਰਨ ਯੋਗ, ਜੁਗਤੀ ਆਪਣੇ ਹੱਥ ਰਖਾਈਆ । ਭਸਮੜ ਹੋ ਕੇ ਭੋਗੇ ਭੋਗ, ਰੂਪ ਰੰਗ ਰੇਖ ਨਾ ਕੋਇ ਜਣਾਈਆ । ਸੰਤ ਸੁਹੇਲੇ ਧੁਰ ਸੰਜੋਗ, ਗੁਰ ਸ਼ਬਦੀ ਮੇਲ ਕਰਾਈਆ । ਜਨਮ ਕਰਮ ਦਾ ਕੱਟੇ ਰੋਗ, ਹਉਮੇਂ ਹੰਗਤਾ ਗੜ੍ਹ ਤੁੜਾਈਆ । ਲੋਕਮਾਤ ਨਾ ਹੋਏ ਵਜੋਗ, ਅੱਗੇ ਮੇਲਾ ਸਹਿਜ ਸੁਭਾਈਆ । ਪੁਰਖ ਅਕਾਲ ਦੀ ਇਕੋ ਓਟ, ਗੁਰ ਗੋਬਿੰਦ ਗਿਆ ਸਮਝਾਈਆ । ਅੰਤ ਮਿਲਣਾ ਨਿਰਮਲ ਜੋਤ, ਹਰਿ ਕਾ ਸ਼ਬਦ ਕਮਾਈਆ । ਹੋਏ ਨਿਵਾਸਾ ਸਚਖੰਡ ਸਾਚੇ ਕੋਟ, ਛੱਪਰ ਛੰਨ ਨਾ ਕੋਇ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਾਰਨਹਾਰਾ ਦੇਵੇ ਤਾਰ, ਜੋ ਜਨ ਹਿਰਦੇ ਕਰੇ ਪਿਆਰ, ਅੰਤਸ਼ ਆਪਣਾ ਕਰਮ ਕਮਾਈਆ । ਤਾਰਨਹਾਰਾ ਆਏ ਜਗ, ਜੁਗ ਜੁਗ ਵੇਸ ਵਟਾਇੰਦਾ । ਸੰਤ ਸੁਹੇਲੇ ਲਏ ਲੱਭ, ਲੱਖ ਚੁਰਾਸੀ ਫੋਲ ਫੁਲਾਇੰਦਾ । ਅੰਮ੍ਰਿਤ ਝਿਰਨਾ ਝਿਰਾਏ ਨਭ, ਉਲਟਾ ਕਵਲ ਆਪ ਕਰਾਇੰਦਾ । ਨੌਂ ਦੁਆਰੇ ਪਾਰ ਹੱਦ, ਹਦੂਦ ਆਪਣੀ ਇਕ ਵਖਾਇੰਦਾ । ਸ਼ਬਦ ਅਗੰਮੀ ਵੱਜੇ ਨੱਦ, ਅਨਹਦ ਰਾਗ ਅਲਾਇੰਦਾ । ਸਚ ਦੁਆਰੇ ਲਏ ਸੱਦ, ਆਤਮ ਪਰਮਾਤਮ ਮੇਲ ਮਿਲਾਇੰਦਾ । ਭਗਤ ਜਣਾਏ ਆਪਣੀ ਯੱਦ, ਵਿਸ਼ਵ ਖੇਲ ਕਰਾਇੰਦਾ । ਸੱਜਣ ਸੁਹੇਲ ਲਡਾਏ ਲਡ, ਆਪਣੀ ਗੋਦ ਬਹਾਇੰਦਾ । ਜਗਤ ਦਵਾਰਿਉਂ ਲਏ ਕੱਢ, ਥਿਰ ਘਰ ਆਪਣਾ ਪਰਦਾ ਪਾਇੰਦਾ । ਸੁੰਨ ਅਗੰਮ ਚਰਨਾਂ ਹੇਠਾਂ ਜਾਏ ਛੱਡ, ਵਿਸ਼ਨ ਬ੍ਰਹਮਾ ਸ਼ਿਵ ਸੀਸ ਨਿਵਾਇੰਦਾ । ਸਚ ਦੁਆਰੇ ਧਰਮ ਨਿਸ਼ਾਨਾ ਦੇਵੇ ਗੱਡ, ਦੋ ਜਹਾਨਾਂ ਆਪ ਝੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਾਰਨਹਾਰਾ ਤਾਰ ਤਾਰ ਆਪਣੀ ਖ਼ੁਸ਼ੀ ਮਨਾਇੰਦਾ । ਜੁਗ ਜੁਗ ਤਾਰੇ ਸਾਚੇ ਭਗਤ, ਭਗਵਾਨ ਦਇਆ ਕਮਾਈਆ । ਲੇਖੇ ਲਾਏ ਬੂੰਦ ਰਕਤ, ਪੰਜ ਤੱਤ ਦਏ ਵਡਿਆਈਆ । ਆਪ ਜਣਾਏ ਆਪਣੀ ਸ਼ਕਤ, ਸ਼ਹਿਨਸ਼ਾਹ ਆਪਣਾ ਰੰਗ ਰੰਗਾਈਆ । ਆਪੇ ਜਾਣੇ ਸਾਚਾ ਵਕਤ, ਵਾਰ ਥਿਤ ਘੜੀ ਪਲ ਨਾ ਵੰਡ ਵੰਡਾਈਆ । ਗੁਰਮੁਖ ਸੱਜਣ ਮਾਣਸ ਜਨਮ ਜਾਣ ਜਿਤ, ਜਿਸ ਸਤਿਗੁਰ ਮਿਲਿਆ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਤਾਰਨ ਤਰਨ ਖੋਲਣਹਾਰਾ ਨੇਤਰ ਹਰਨ ਫਰਨ, ਮੰਤਰ ਫੁਰਨਾ ਸੋਹਣਾ ਇਕ ਸਮਝਾਈਆ । ਸਾਚਾ ਫੁਰਨਾ ਦੱਸੇ ਮੰਤਰ, ਨਮੋ ਸਤਿ ਪੜ੍ਹਾਇੰਦਾ । ਸਰਬ ਜੀਆਂ ਬਿਧ ਜਾਣੇ ਅੰਤਰ, ਗ੍ਰਹਿ ਗ੍ਰਹਿ ਖੋਜ ਖੁਜਾਇੰਦਾ । ਨਵ ਨੌਂ ਦੁਆਰੇ ਨਵ ਖੰਡ ਲੇਖਾ ਜਾਣ ਗਗਨ ਗਗਨੰਤਰ, ਨਵ ਨੌ ਚਾਰ ਆਪਣਾ ਰੂਪ ਦਰਸਾਇੰਦਾ । ਵਰਨ ਬਰਨ ਜ਼ਾਤ ਪਾਤ ਊਚ ਨੀਚ ਰਾਉ ਰੰਕ ਬੁਝਾਵਣਹਾਰਾ ਤੱਤ ਬਸੰਤਰ, ਰੱਤੀ ਰੱਤ ਆਪ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਆਪ ਜਗਾਇੰਦਾ । ਤਾਰਨਹਾਰ ਖੋਲ੍ਹੇ ਜਾਗ, ਜੀਵਣ ਜੁਗਤ ਦਏ ਜਣਾਈਆ । ਹਰਿਜਨ ਉਪਜੇ ਇਕ ਵੈਰਾਗ, ਵੈਰਾਗੀ ਰੂਪ ਵਟਾਈਆ । ਕੂੜੀ ਕਿਰਿਆ ਦੇਵੇ ਤਿਆਗ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਕੋਇ ਹਲਕਾਈਆ । ਆਤਮ ਅੰਤਰ ਸੁਣੇ ਨਾਦ, ਛੱਤੀ ਰਾਗ ਮੁਖ ਭਵਾਈਆ । ਬਿਨ ਰਸਨਾ ਜਿਹਵਾ ਆਏ ਸੁਆਦ, ਰਸ ਮਿੱਠਾ ਇਕ ਦਰਸਾਈਆ । ਮੇਟ ਮਿਟਾਏ ਵਾਦ ਵਿਵਾਦ, ਵਿਖ ਅੰਮ੍ਰਿਤ ਰੂਪ ਬਣਾਈਆ । ਲੱਖ ਚੁਰਾਸੀ ਵਿਚੋਂ ਕਾਢ, ਸਤਿਗੁਰ ਆਪਣੀ ਗੰਢ ਪਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਾਰਨਹਾਰਾ ਫੇਰਾ ਪਾਈਆ । ਤਾਰਨਹਾਰਾ ਪੂਰਾ ਸਤਿਗੁਰ, ਹਰਿ ਸ਼ਬਦੀ ਇਕ ਜਣਾਇੰਦਾ । ਲੇਖਾ ਜਾਣੇ ਲਿਖਿਆ ਧੁਰ, ਅੱਧਵਿਚਕਾਰ ਨਾ ਕੋਇ ਅਟਕਾਇੰਦਾ । ਸਚ ਸਰੂਪੀ

ਚੜ੍ਹੇ ਘੋੜ, ਸੋਲਾਂ ਕਲੀਆਂ ਆਸਣ ਪਾਇੰਦਾ । ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਵੇਖੇ ਦੌੜ, ਬਣ ਪਾਂਧੀ ਪੰਧ ਮੁਕਾਇੰਦਾ । ਲੱਖ ਚੁਰਾਸੀ ਰੀਠਾ ਭੰਨੇ ਮਿਠਾ ਕੌੜ, ਕੂੜੀ ਕਿਰਿਆ ਪਾਰ ਕਰਾਇੰਦਾ । ਜਨ ਭਗਤਾਂ ਭਗਵੰਤ ਜਾਏ ਬੌਹੜ, ਨਿਰਗੁਣ ਸਰਗੁਣ ਮੇਲ ਮਿਲਾਇੰਦਾ । ਕਲਜੁਗ ਅੰਤਮ ਵੇਖੇ ਕਰ ਕੇ ਗ਼ੌਰ, ਗਹਿਰ ਗੰਭੀਰ ਨਜ਼ਰ ਕਿਸੇ ਨਾ ਆਇੰਦਾ । ਲੱਖ ਚੁਰਾਸੀ ਪਾਵੇ ਸ਼ੋਰ, ਉਚੀ ਕੂਕ ਕੂਕ ਅਲਾਇੰਦਾ । ਤਾਰਨਹਾਰ ਪੁਰਖ ਸਮਰਥ ਕਰੇ ਬਿਧ ਅਵਰ ਕੀ ਔਰ, ਭੇਵ ਅਭੇਦ ਨਾ ਕਿਸੇ ਜਣਾਇੰਦਾ । ਜਨ ਭਗਤਾਂ ਹਰਿਜੂ ਜਾਏ ਬੌਹੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਰਨੀ ਤਰਨ ਇਕ ਅਖਵਾਇੰਦਾ । ਸੋ ਤਾਰੇ ਜੋ ਤਰਿਆ ਆਪ, ਮੰਜਧਾਰ ਨਾ ਕੋਇ ਰੁੜ੍ਹਾਈਆ । ਸਚ ਸ਼ਬਦ ਦਾ ਦੱਸੇ ਜਾਪ, ਨਾਮ ਸਤਿ ਕਰੇ ਪੜ੍ਹਾਈਆ । ਕਾਇਆ ਅੰਦਰ ਵਖਾਏ ਤੀਰਥ ਤਾਟ, ਅਠ ਸਠ ਲਹਿਣਾ ਦੇਣਾ ਗੰਗਾ ਗੋਦਾਵਰੀ ਜਮਨਾ ਸੁਰਸਤੀ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਏ ਸਾਚਾ ਘਾਟ, ਘਾਟਾ ਕੋਇ ਰਹਿਣ ਨਾ ਪਾਈਆ । ਤਾਰਨਹਾਰਾ ਦੇਵੇ ਗੁਰਮਤ, ਗੁਰਮੁਖ ਮਿਲੇ ਵਡਿਆਈਆ । ਨਾਤਾ ਤੁਟੇ ਮਨਮਤ, ਮਨ ਵਾਸਨਾ ਦਏ ਖਪਾਈਆ । ਸਤਿ ਬੁਝਾਏ ਸ਼ਬਦੀ ਤੱਤ, ਤੱਤਵ ਤੱਤ ਨਾ ਕੋਇ ਲੜਾਈਆ । ਲੇਖੇ ਲਾਏ ਆਪਣੀ ਰੱਤ, ਰੱਤੀ ਰੱਤ ਰੁੱਤ ਮਹਿਕਾਈਆ । ਮੇਲ ਮਿਲਾਏ ਕਮਲਾਪਤ, ਪਾਰਬ੍ਰਹਮ ਸਰਨਾਈਆ । ਲਹਿਣਾ ਚੁਕੇ ਹੱਥੋ ਹੱਥ, ਦੇਣਾ ਕੋਇ ਨਜ਼ਰ ਨਾ ਆਈਆ । ਹਰਿ ਸਰਨਾਈ ਜੋ ਜਨ ਗਏ ਢੱਠ, ਡਿਗਦਿਆਂ ਲਏ ਉਠਾਈਆ । ਹਰਿ ਸਚਖੰਡ ਦੁਆਰ ਕਰ ਇਕੱਠ, ਜਨ ਭਗਤਾਂ ਦਏ ਵਡਿਆਈਆ । ਤਾਰਨਹਾਰਾ ਮਾਰਗ ਦੱਸ, ਤ੍ਰਿਸਨਾ ਤ੍ਰਿਪਤ ਸਰਬ ਕਰਾਈਆ । ਮੇਲ ਮਿਲਾਵਾ ਹੱਸ ਹੱਸ, ਪੂਰੀ ਆਸਾ ਆਪ ਕਰਾਈਆ । ਹਿਰਦੇ ਅੰਦਰ ਨਿਰਗੁਣ ਵਸ, ਸਰਗੁਣ ਲਏ ਜਗਾਈਆ । ਭਗਤ ਭਗਵਾਨ ਇਕ ਦੂਜੇ ਦਾ ਦੋਵੇਂ ਗਾਵਣ ਜਸ, ਜਸ ਵੇਦ ਪੁਰਾਨ ਕਹਿਣ ਨਾ ਪਾਈਆ । ਤਾਰਨਹਾਰਾ ਤਾਰ ਤਾਰ ਕਦੇ ਕਰੇ ਨਾ ਬੱਸ, ਜੁਗਾ ਜੁਗੰਤਰ ਆਪਣੀ ਸੇਵ ਕਮਾਈਆ । ਤਿਸ ਸਾਹਿਬ ਨੂੰ ਮਿਲੋ ਨੱਠ ਨੱਠ, ਜੋ ਸਚਖੰਡ ਬੈਠਾ ਡੇਰਾ ਲਾਈਆ । ਸਤਿਗੁਰ ਸ਼ਬਦ ਲਓ ਰਟ, ਰੱਟਾ ਜਗਤ ਦਏ ਗਵਾਈਆ । ਘਰ ਵਿਚ ਘਰ ਖੁਲ੍ਹਾਏ ਹੱਟ, ਬਾਹਰ ਲੱਭਣ ਕੋਇ ਨਾ ਜਾਈਆ । ਨਾਨਕ ਗੋਬਿੰਦ ਗੁਰ ਸਤਿਗੁਰ ਇਕੋ ਮਤ, ਮਤਲਬ ਸਭ ਦਾ ਹੱਲ ਕਰਾਈਆ । ਸ੍ਰੀ ਭਗਵਾਨ ਜਾਨਣਹਾਰਾ ਮਿਤ ਗਤ, ਗਤ ਮਿਤ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਤਾਰਨਹਾਰਾ ਆਪਣੇ ਹੱਥ ਰੱਖੇ ਵਡਿਆਈਆ । ਸਤਿ ਪੁਰਖ ਨਿਰੰਜਣ ਦਇਆ ਕਮਾ, ਸਚ ਸਚ ਜਣਾਇੰਦਾ । ਸੀਸ ਜਗਦੀਸ ਤਾਜ ਸੁਹਾ, ਸ਼ਹਿਨਸ਼ਾਹ ਰੂਪ ਵਟਾਇੰਦਾ । ਦੋ ਜਹਾਨਾਂ ਪਰਦਾ ਲਾਹ, ਭੇਵ ਅਭੇਦ ਖੁਲ੍ਹਾਇੰਦਾ । ਸਭ ਦਾ ਲਹਿਣਾ ਰਿਹਾ ਮੁਕਾ, ਦੇਣਾ ਆਪਣੇ ਹੱਥ ਰਖਾਇੰਦਾ । ਸਾਚਾ ਕਹਿਣਾ ਰਿਹਾ ਮਨਾ, ਧੁਰ ਸੰਦੇਸਾ ਇਕ ਸੁਣਾਇੰਦਾ । ਨੇਤਰ ਨੈਣਾਂ ਰਿਹਾ ਵਖਾ, ਅੱਖ ਪਰਤੱਖ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਰੇ ਕਰਤਾਰ, ਆਪਣੀ ਦਇਆ ਕਮਾਈਆ । ਸਤਿਜੁਗ ਸਾਚੇ ਹੋ ਤਿਆਰ, ਸਤਿ ਸਤਿਵਾਦੀ ਆਪ ਉਠਾਈਆ । ਪੁਰਖ ਅਬਿਨਾਸ਼ੀ ਦਏ ਪਿਆਰ, ਸਿਰ ਤੇਰੇ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਬਾਲੇ ਰਿਹਾ ਜਗਾਈਆ । ਸਤਿਜੁਗ ਉਠ ਉਠ ਬਲ ਧਾਰ, ਸਤਿਗੁਰ ਸਾਚਾ ਸਚ ਜਣਾਇੰਦਾ । ਤੇਰੀ ਆਈ

੫੬੧
੧੩

੫੬੨
੧੩

ਸੱਚੀ ਵਾਰ, ਵਾਰਤਾ ਇਕ ਦ੍ਰਿੜਾਇੰਦਾ । ਭਗਤਾਂ ਜਾ ਜਾ ਕਰ ਪਿਆਰ, ਸਚ ਪਿਆਰ ਇਕ ਰਖਾਇੰਦਾ । ਧਰਨੀ ਰੋਵੇ ਜ਼ਾਰੋ ਜ਼ਾਰ, ਧਵਲ ਧੀਰ ਨਾ ਕੋਇ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਸਮਝਾਇੰਦਾ । ਸਤਿਜੁਗ ਸਾਚਾ ਛੋਟਾ ਬਾਲਾ, ਬਾਲੀ ਬੁਧ ਰਿਹਾ ਕੁਰਲਾਈਆ । ਮਾਰਗ ਦੇਣਾ ਇਕ ਸੁਖਾਲਾ, ਪ੍ਰਭ ਤੇਰੀ ਓਟ ਤਕਾਈਆ । ਸਚ ਸੁਚ ਦੀ ਚਲੇ ਚਾਲਾ, ਤੇਰੀ ਚਾਲ ਮੋਹੇ ਭਾਈਆ । ਏਥੇ ਓਥੇ ਬਣ ਰਖਵਾਲਾ, ਸਿਰ ਮੇਰੇ ਹੱਥ ਟਿਕਾਈਆ । ਸਤਿ ਧਰਮ ਦੀ ਦੇ ਧਰਮਸਾਲਾ, ਧਰਮ ਦੁਆਰਾ ਇਕ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਰਿਹਾ ਸਮਝਾਈਆ । ਸਤਿਜੁਗ ਵੇਖ ਕਲਜੁਗ ਰੋਂਦਾ, ਨੇਤਰ ਨੈਣਾਂ ਨੀਰ ਵਹਾਈਆ । ਦਿਵਸ ਰੈਣ ਕਦੇ ਨਾ ਸੌਂਦਾ, ਭੱਜਾ ਫਿਰੇ ਵਾਹੋ ਦਾਹੀਆ । ਕੂੜਾ ਢੋਲਾ ਇਕੋ ਗੌਂਦਾ, ਜੂਠ ਝੂਠ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰ ਥਾਉਂ ਥਾਈਆ । ਸਤਿਜੁਗ ਕਹੇ ਮੇਰੇ ਸਾਹਿਬ ਸੁਲਤਾਨ, ਤੇਰੇ ਹੱਥ ਵੱਡੀ ਵਡਿਆਈਆ । ਹਉਂ ਬਾਲਕ ਬਾਲਾ ਬਾਲ ਅੰਞਾਣ, ਨਾ ਚਲੇ ਕੋਇ ਚਤੁਰਾਈਆ । ਇਕੋ ਦੇਣਾ ਆਪਣਾ ਦਾਨ, ਬਣ ਦਾਤਾ ਝੋਲੀ ਪਾਈਆ । ਤੂੰ ਸਾਹਿਬ ਸਤਿਗੁਰ ਸੱਚਾ ਕਾਹਨ, ਸ਼ਹਿਨਸ਼ਾਹ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਵਖਾਈਆ । ਕਲਜੁਗ ਦੂਰ ਦੁਰਾਡਾ ਆਇਆ ਨੱਠਾ, ਨੇਤਰ ਨੈਣਾਂ ਨੀਰ ਵਹਾਈਆ । ਈਸਾ ਮੂਸਾ ਮੁਹੰਮਦ ਚਾਰ ਯਾਰੀ ਬਨ੍ਹਾ ਗੱਠਾ, ਆਪਣਾ ਬੰਧਨ ਪਾਈਆ । ਸਭ ਦਾ ਸੱਥਰ ਅੰਤਮ ਲੱਥਾ, ਯਾਰੜਾ ਸੇਜ ਨਾ ਕੋਇ ਹੰਡਾਈਆ । ਦੂਰ ਦੁਰਾਡਾ ਪ੍ਰਭ ਸਰਨਾਈ ਢੱਠਾ, ਬੌਹੜੀ ਬੌਹੜੀ ਕੂਕੇ ਦਏ ਦੁਹਾਈਆ । ਚਾਰੋਂ ਕੁੰਟ ਉਡਦਾ ਘੱਟਾ, ਦਹਿ ਦਿਸ਼ਾ ਖੇਹ ਵਖਾਈਆ । ਤੇਰੇ ਭਾਣੇ ਤਪਿਆ ਭੱਠਾ, ਅਗਨੀ ਤੱਤ ਰਹੀ ਤਪਾਈਆ । ਅੰਤਮ ਗੇੜਨਹਾਰਾ ਉਲਟੀ ਲੱਠਾ, ਨਾ ਸਕੇ ਕੋਇ ਬਚਾਈਆ । ਪੀਰ ਪੈਗ਼ੰਬਰ ਤੇਰਾ ਪੱਠਾ, ਆਪਣਾ ਬਲ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਓਟ ਤਕਾਈਆ । ਕਲਜੁਗ ਸੁਣ ਸਾਚੀ ਬਾਤ, ਹਰਿ ਸਾਚਾ ਸਚ ਜਣਾਇੰਦਾ । ਤੇਰੇ ਅੰਤ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਚੜ੍ਹਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਖਾਣੀ ਬਾਣੀ ਲਿਖ ਲਿਖ ਗਏ ਨਾਲ ਕਲਮ ਦਵਾਤ, ਜਗਤ ਬਿਆਨਾ ਆਪ ਰਖਾਇੰਦਾ । ਪੀਰ ਪੈਗ਼ੰਬਰ ਔਲੀਆ ਗੌਂਸ ਕੁਤਬ ਕੋਇ ਨਾ ਚਲੇ ਸਾਥ, ਮੁੱਲਾ ਸ਼ੇਖ਼ ਮਸਾਇਕ ਪੀਰ ਨਜ਼ਰ ਕੋਇ ਨਾ ਆਇੰਦਾ । ਸਾਚਾ ਕਲਮਾ ਨਬੀ ਰਸੂਲ ਕੋਈ ਨਾ ਪੜ੍ਹੇ ਆਇਤ, ਹਜ਼ਰਤ ਰੂਪ ਨਾ ਕੋਇ ਵਟਾਇੰਦਾ । ਸਤਿ ਸਤਿਵਾਦ ਨਾ ਕੋਈ ਦੱਸੇ ਸ਼ਰਅ ਸ਼ਰਾਇਤ, ਸ਼ਰੀਅਤ ਰੰਗ ਨਾ ਕੋਇ ਰੰਗਾਇੰਦਾ । ਪਾਰਬ੍ਰਹਮ ਦੀ ਇਕ ਹਦਾਇਤ, ਸਾਚਾ ਹੁਕਮ ਇਕ ਸੁਣਾਇੰਦਾ । ਵੇਖਣਹਾਰਾ ਕਾਇਨਾਤ, ਦੋ ਜਹਾਨਾਂ ਫੋਲ ਫੁਲਾਇੰਦਾ । ਚੌਦਾਂ ਤਬਕ ਬਿਨ ਫਲੋਂ ਦਿਸੇ ਬਾਗ਼ਾਤ, ਬਾਗ਼ਬਾਨ ਕੋਇ ਨਜ਼ਰ ਨਾ ਆਇੰਦਾ । ਅੰਤਮ ਵੇਲੇ ਔਣੀ ਵਫ਼ਾਤ, ਫ਼ਤਵਾ ਸਭ ਦੇ ਉਤੇ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰਾ ਖੇਲ ਜਣਾਇੰਦਾ । ਕਲਜੁਗ ਰੋਵੇ ਮਾਰੇ ਧਾਹ, ਕੂਕ ਕੂਕ ਸੁਣਾਈਆ । ਤੂੰ ਪਰਵਰਦਿਗਾਰ ਬੇਪਰਵਾਹ, ਬੇਅੰਤ ਤੇਰੀ ਵਡਿਆਈਆ । ਚੌਦਾਂ ਸਦੀਆਂ ਚੌਦਾਂ ਤਬਕ ਪੀਰ ਪੈਗ਼ੰਬਰ ਤੱਕਦੇ ਰਹੇ ਤੇਰਾ ਰਾਹ, ਤਕਵਾ ਤੇਰੇ ਉਤੇ ਤਕਾਈਆ । ਤਸਬੀ ਮਾਲਾ ਮਣਕੇ ਰਹੇ ਭਵਾ, ਮਨ ਕਾ ਮਣਕਾ ਨਾ ਕੋਇ ਭਵਾਈਆ । ਜੋਤੀ ਜੋਤ ਸਰੂਪ ਹਰਿ,

੫੬੩
੧੩

ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਮੰਗਣ ਇਕ ਸਰਨਾਈਆ । ਪੁਰਖ ਅਬਿਨਾਸ਼ੀ ਪਿਆ ਹੱਸ, ਹੱਸ ਹੱਸ ਆਖ ਸੁਣਾਇੰਦਾ । ਕਲਜੁਗ, ਤੇਰਾ ਚਲੇ ਕੋਈ ਨਾ ਵਸ, ਮੇਰੀ ਕੀਤੀ ਨਾ ਕੋਇ ਬਦਲਾਇੰਦਾ । ਅੰਤਮ ਖੇੜਾ ਹੋਣਾ ਭੱਠ, ਥਿਰ ਕੋਇ ਨਜ਼ਰ ਨਾ ਆਇੰਦਾ । ਸਚ ਦੁਆਰੇ ਇਕ ਇਕੱਠ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਮਨਾਇੰਦਾ । ਸਾਚਾ ਹੁਕਮ ਸੁਣੇ ਕੰਨ, ਸਤਿਜੁਗ ਧਿਆਨ ਲਗਾਈਆ । ਸਾਹਿਬ ਸਮਰਥ ਜਾਏ ਨਾ ਮੰਨ, ਕਲਜੁਗ ਰਿਹਾ ਕੁਰਲਾਈਆ । ਨਾ ਹੋਏ ਸਹਾਈ ਕੋਇ ਸਾਚੇ ਜਨ, ਜਨਨੀ ਰੂਪ ਨਾ ਕੋਇ ਵਟਾਈਆ । ਕਰ ਕਿਰਪਾ ਜੋ ਘੜਿਆ ਦੇਵੇ ਭੰਨ, ਭੰਨਣਹਾਰ ਇਕ ਅਖਵਾਈਆ । ਸਤਿਜੁਗ ਸਾਚੇ ਸਚ ਚੜ੍ਹਾਵੇ ਚੰਨ, ਚੰਦ ਚਾਂਦਨਾ ਇਕ ਚਮਕਾਈਆ । ਕੋਈ ਰਹਿਣ ਨਾ ਦੇਵੇ ਨੇਤਰ ਅੰਨ੍ਹ, ਅਗਿਆਨ ਅੰਧੇਰ ਮਿਟਾਈਆ । ਸਭ ਨੂੰ ਦੇਵੇ ਇਕੋ ਨਾਮ ਧਨ, ਸਚ ਖ਼ਜ਼ਾਨਾ ਇਕ ਲੁਟਾਈਆ । ਗ਼ਰੀਬ ਨਿਮਾਣਿਆਂ ਰਾਜੇ ਰਾਣਿਆਂ ਬੇੜਾ ਦੇਵੇ ਬੰਨ੍ਹ, ਊਚ ਨੀਚ ਕਰੇ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਤਿਜੁਗ ਸਾਚਾ ਆਏ ਨੇੜੇ, ਪ੍ਰਭ ਅੱਗੇ ਸੀਸ ਝੁਕਾਈਆ । ਸ੍ਰੀ ਭਗਵਾਨ ਔਹ ਵੇਖ ਕਲਜੁਗ ਉਜੜੇ ਖੇੜੇ, ਤੇਰੇ ਭਗਤ ਰਹੇ ਕੁਰਲਾਈਆ । ਤੁਧ ਬਿਨ ਬੰਨ੍ਹੇ ਨਾ ਕੋਈ ਬੇੜੇ, ਭਾਰ ਸਿਰ ਨਾ ਕੋਇ ਉਠਾਈਆ । ਤੂੰ ਬੈਠਾ ਰਿਹੋਂ ਕਰ ਕੇ ਵੱਡੇ ਜੇਰੇ, ਨੌਂ ਸੌ ਚੁਰਾਨਵੇ ਚੌਕੜੀ ਜੁਗ ਗੁਰ ਅਵਤਾਰ ਸੇਵਾ ਲਾਈਆ । ਲੱਖ ਚੁਰਾਸੀ ਭੁਲੌਂਦਾ ਰਿਹੋਂ ਕਰ ਕਰ ਹੇਰੇ ਫੇਰੇ, ਆਪਣਾ ਭੇਵ ਨਾ ਕਿਸੇ ਸਮਝਾਈਆ । ਹੁਣ ਕਹਿ ਦੇ ਤੂੰ ਮੇਰਾ ਮੈਂ ਤੇਰਾ ਤੇਰੇ ਮੇਰੇ, ਇਕੋ ਘਰ ਡੇਰਾ ਲਾਈਆ । ਮੈਂ ਵਸਾਂ ਖੇੜੇ ਖੇੜੇ, ਜੋ ਤੈਨੂੰ ਰਹੇ ਧਿਆਈਆ । ਗਲੋਂ ਕੱਟ ਕੂੜੇ ਜੇੜੇ, ਜੇੜਾ ਕੋਈ ਰਹਿਣ ਨਾ ਪਾਈਆ । ਜੇਹੜੇ ਤੇਰੇ ਪਿਛੇ ਹੋਏ ਬੇਰੇ ਬੇਰੇ, ਨਿਮਖ ਨਿਮਖ ਆਪਣਾ ਆਪ ਕਟਾਈਆ । ਕਲਜੁਗ ਅੰਤ ਛੇੜਾਂ ਛੇੜੇ, ਚਾਰੋਂ ਕੁੰਟ ਫੇਰਾ ਪਾਈਆ । ਸ੍ਰਿਸ਼ਟ ਸਬਾਈ ਡੋਬੇ ਬੇੜੇ, ਮੰਝਧਾਰ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਓਟ ਰਖਾਈਆ । ਸਤਿਜੁਗ ਸੁਣ ਸਚ ਕਹਾਣੀ, ਹਰਿ ਸਾਚਾ ਸਚ ਜਣਾਇੰਦਾ । ਸਤਿਜੁਗ ਦੀ ਸਾਚੀ ਬਾਣੀ, ਤੇਰੇ ਨਾਲ ਮਿਲਾਇੰਦਾ । ਆਤਮ ਪਰਮਾਤਮ ਦੇਵੇ ਪਦ ਨਿਰਬਾਣੀ, ਨਿਰਬਾਣ ਪਦ ਇਕ ਵਖਾਇੰਦਾ । ਲੱਖ ਚੁਰਾਸੀ ਹੋਏ ਜਾਣ ਜਾਣੀ, ਭੇਵ ਅਭੇਦ ਆਪ ਖੁਲ੍ਹਾਇੰਦਾ । ਭਗਤ ਭਗਵੰਤ ਮੇਲ ਮਿਲਾਏ ਹਾਣੀਆਂ ਹਾਣੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਮਿਹਰ ਆਪ ਕਰਾਇੰਦਾ । ਸਤਿਜੁਗ ਕਹੇ ਮੈਂ ਨਾ ਮੰਨਾਂ, ਮੇਰੇ ਮੰਨਣ ਵਿਚ ਨਾ ਆਈਆ । ਤੇਰਾ ਲੇਖਾ ਤਾਰਾ ਚੰਨਾ, ਈਸਾ ਮੂਸਾ ਮੁਹੰਮਦ ਚਿਨ੍ਹ ਗਏ ਵਖਾਈਆ । ਜਿੰਨਾਂ ਚਿਰ ਨਾ ਤੋੜਿਆ ਬੰਨਾ, ਜ਼ਾਤ ਪਾਤ ਮੇਟ ਮਿਟਾਈਆ । ਓਨਾਂ ਚਿਰ ਮੈਂ ਉਂਗਲਾਂ ਪਾਵਾਂ ਵਿਚ ਕੰਨਾਂ, ਤੇਰੀ ਆਵਾਜ਼ ਸੁਣਨ ਨਾ ਆਈਆ । ਤੇਰੀ ਖੇਲ ਹੰਨਾ ਬੰਨਾ, ਬੇਅੰਤ ਤੇਰੀ ਵਡਿਆਈਆ । ਮੈਂ ਕਿਸੇ ਨਾ ਵਸਣਾ ਛੱਪਰ ਛੰਨਾ, ਸ਼ਿਵਦਵਾਲੇ ਮੰਦਰ ਮਸਜਦ ਮੱਠ ਫੇਰਾ ਕੋਇ ਨਾ ਪਾਈਆ । ਪਹਿਲੋਂ ਕਲਜੁਗ ਦੇ ਡੰਨਾ, ਫੇਰ ਮੈਨੂੰ ਉਂਗਲੀ ਲਾਈਆ । ਤੇਰਾ ਨਾਉਂ ਸ੍ਰੀ ਭਗਵਨਾ, ਭਗਵਨ ਤੇਰੇ ਹੱਥ ਵਡਿਆਈਆ । ਕੀ ਹੋ ਗਿਆ ਜੇ ਤਾਰਿਆ ਜੱਟ ਧੰਨਾ, ਧੰਨਾ ਤਾਰ ਨਾ ਕੋਇ ਚਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿਜੁਗ ਖ਼ਾਲੀ ਝੋਲੀ ਰਿਹਾ ਭਰਾਈਆ । ਸਤਿਗੁਰ ਸੱਚਾ ਸ੍ਰੀ

ਭਗਵਾਨ, ਸਚ ਸਚ ਜਣਾਇੰਦਾ । ਉਠ ਵੇਖ ਸਤਿਜੁਗ, ਕਲਜੁਗ ਮਿਟੇ ਨਿਸ਼ਾਨ, ਹਰਿ ਕਰਤਾ ਆਪ ਮਿਟਾਇੰਦਾ । ਨਾ ਕੋਈ ਦੀਸੇ ਬੇਈਮਾਨ, ਬੇਵਾ ਰੂਪ ਸਰਬ ਉਠਾਇੰਦਾ । ਕੂੜੀ ਕਿਰਿਆ ਤੁਟੇ ਮਾਣ, ਅਭਿਮਾਨ ਨਜ਼ਰ ਕੋਇ ਨਾ ਆਇੰਦਾ । ਸ਼ਰਅ ਸ਼ਰੀਅਤ ਨਾ ਰਹੇ ਸ਼ੈਤਾਨ, ਸ਼ਹਿਨਸ਼ਾਹ ਇਕੋ ਹੁਕਮ ਮਨਾਇੰਦਾ । ਸ੍ਰਿਸ਼ਟ ਸਬਾਈ ਵਖਾਏ ਇਕ ਈਮਾਨ, ਅਦਲ ਆਦਲ ਇਕ ਕਮਾਇੰਦਾ । ਲੇਖਾ ਤੋੜ ਜ਼ਿਮੀ ਅਸਮਾਨ, ਇਸਮ ਆਪਣਾ ਇਕ ਸਮਝਾਇੰਦਾ । ਸਾਚਾ ਕਲਮਾ ਦਏ ਕਲਾਮ, ਨਬੀ ਰਸੂਲਾਂ ਆਪ ਪੜ੍ਹਾਇੰਦਾ । ਪੀਰ ਪੈਗ਼ੰਬਰ ਕਰੇ ਗ਼ੁਲਾਮ, ਗ਼ੁਰਬਤ ਸਭ ਦੀ ਆਪ ਗਵਾਇੰਦਾ । ਨਜ਼ਰੀ ਆਏ ਇਕ ਅਮਾਮ, ਮੁਕਾਮੇ ਹੱਕ ਡੇਰਾ ਲਾਇੰਦਾ । ਚੌਦਾਂ ਤਬਕ ਕਰਨ ਸਲਾਮ, ਸਹੀ ਸਲਾਮਤ ਵੇਖ ਵਖਾਇੰਦਾ । ਅੰਤਮ ਬਦਲ ਦੇਵੇ ਨਜ਼ਾਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਵਖਾਇੰਦਾ । ਕਲਜੁਗ ਸੁਣਿਆ ਹਰਿ ਸੰਦੇਸ, ਆਪਣੀ ਲਏ ਅੰਗੜਾਈਆ । ਚਲਣੀ ਅੰਤ ਨਾ ਕੋਈ ਪੇਸ਼, ਪਸਚਾਤਾਪ ਰਿਹਾ ਕਰਾਈਆ । ਮਾਤਲੋਕ ਛੱਡਣਾ ਪੈਣਾ ਦੇਸ, ਨਵ ਖੰਡ ਨਾ ਕੋਇ ਚਤਰਾਈਆ । ਨਾਤਾ ਤੁਟੇ ਮੁੱਲਾ ਸ਼ੇਖ਼, ਸਦੀ ਚੌਧਵੀਂ ਪੰਧ ਮੁਕਾਈਆ । ਕਰੇ ਖੇਲ ਪ੍ਰਭ ਜੋ ਰਹੇ ਹਮੇਸ਼, ਆਦਿ ਅੰਤ ਨਾ ਮਰੇ ਨਾ ਜਾਈਆ । ਜਿਸ ਉਪਜਾਇਆ ਸੋ ਮੇਟਣਹਾਰਾ ਰੇਖ, ਰੇਖਾ ਸਭ ਦੀ ਰਿਹਾ ਗਵਾਈਆ । ਮੈਂ ਤੱਕਿਆ ਸਤਿਜੁਗ ਸੰਗ ਕਰੇ ਹੇਤ, ਛੋਟੇ ਬਾਲੇ ਰਿਹਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਰਿਹਾ ਕਮਾਈਆ । ਸਤਿਜੁਗ ਉਠੇ ਖੋਲ੍ਹੇ ਅੱਖ, ਨੇਤਰ ਨੈਣ ਉਘਾੜਿਆ । ਪਾਰਬ੍ਰਹਮ ਪ੍ਰਭ ਨਜ਼ਰੀ ਆਇਆ ਪਰਤੱਖ, ਦਰਸ ਪਾਇਆ ਅਗੰਮ ਅਪਾਰਿਆ । ਦੋਏ ਜੋੜ ਸਰਨਾਈ ਗਿਆ ਢੱਠ, ਚਰਨ ਕਵਲ ਕਵਲ ਨਿਮਸਕਾਰਿਆ । ਜਿਉਂ ਭਾਵੇ ਤਿਉਂ ਲੈਣਾ ਰੱਖ, ਮੇਰੇ ਸਾਹਿਬ ਸਿਰਜਣਹਾਰਿਆ । ਸਤਿ ਸਤਿਵਾਦੀ ਦੇਣੀ ਮਤ, ਤੇਰੀ ਓਟ ਇਕ ਤਕਾ ਰਿਹਾ । ਵਸਤ ਅਮੋਲਕ ਦੇਣੀ ਘਤ, ਖ਼ਾਲੀ ਝੋਲੀ ਅੱਗੇ ਡਾਹ ਰਿਹਾ । ਨਾੜ ਬਹੱਤਰ ਨਾ ਉਬਲੇ ਰੱਤ, ਲੱਖ ਚੁਰਾਸੀ ਤੱਤ ਬੁਝਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਹੁਕਮ ਇਕ ਮਨਾ ਰਿਹਾ । ਸਤਿਜੁਗ ਸੁਣ ਮੇਰੇ ਲਾਲ, ਲਾਲਨ ਰਿਹਾ ਜਣਾਈਆ । ਤੇਰਾ ਬਣੇ ਸ਼ਬਦ ਦਲਾਲ, ਗੁਰ ਸਤਿਗੁਰ ਆਪ ਵਖਾਈਆ । ਤੇਰਾ ਲੇਖਾ ਹੱਕ ਹਲਾਲ, ਹਕੀਕਤ ਥਾਉਂ ਥਾਈਂਆ । ਤੇਰਾ ਲਹਿਣਾ ਬੇਮਿਸਾਲ, ਹਰਿ ਜੂ ਮਿਸਲ ਆਪ ਬਣਾਈਆ । ਅਦਾਲਤ ਕਰੇ ਦੋ ਜਹਾਨ, ਵਕਾਲਤ ਇਕੋ ਇਕ ਅਖਵਾਈਆ । ਸਹੀ ਸਲਾਮਤ ਨੌਜਵਾਨ, ਨਾ ਮਰੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵਸਤ ਦਏ ਵਰਤਾਈਆ । ਸਾਚੀ ਵਸਤ ਵਸਤ ਅਪਾਰ, ਪ੍ਰਭ ਤੇਰੀ ਝੋਲੀ ਪਾਇੰਦਾ । ਨਿਰਗੁਣ ਨਿਰਗੁਣ ਹੋ ਤਿਆਰ, ਸਰਗੁਣ ਸਰਗੁਣ ਵੇਖ ਵਖਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਲਏ ਉਠਾਲ, ਲੇਖਾ ਸਭ ਦਾ ਆਪ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਕਰੇ ਅੰਤ, ਪਰਗਟ ਹੋ ਸ੍ਰੀ ਭਗਵੰਤ, ਪੂਰਬ ਲਹਿਣਾ ਮੁੱਕੇ ਜੀਵ ਜੰਤ, ਜਾਗਰਤ ਜੋਤ ਇਕ ਜਗਾਇੰਦਾ । ਸਤਿਜੁਗ ਤੇਰਾ ਜੋੜੇ ਨਾਤਾ, ਨਾਤਾ ਇਕੋ ਇਕ ਜਣਾਈਆ । ਕਰੇ ਖੇਲ ਪੁਰਖ ਬਿਧਾਤਾ, ਬਿਧ ਆਪਣੇ ਹੱਥ ਰਖਾਈਆ । ਲੇਖਾ ਚੁੱਕੇ ਬਿਧਨਾ ਮਾਤਾ, ਮਸਤਕ ਰੇਖਾ ਰਿਹਾ ਗਵਾਈਆ । ਨਾ ਕੋਈ ਜ਼ਾਤ ਨਾ ਕੋਈ ਪਾਤਾ, ਪਤਿਪਰਮੇਸ਼ਵਰ ਇਕੋ ਨਜ਼ਰੀ ਆਈਆ । ਨਾ ਕੋਈ ਪੂਜਾ ਨਾ ਕੋਈ ਪਾਠਾ, ਜੋਗ ਅਭਿਆਸ ਨਾ ਕੋਇ ਕਰਾਈਆ । ਨਾ ਕੋਈ ਤੀਰਥ ਨਾ ਕੋਈ ਤਾਟਾ, ਸਰੋਵਰ

ਨਹਾਵਣ ਕੋਇ ਨਾ ਜਾਈਆ । ਨਾ ਕੋਈ ਅੰਮ੍ਰਿਤ ਨਾ ਕੋਈ ਬਾਟਾ, ਆਬ ਹਯਾਤ ਨਾ ਕੋਇ ਪਿਆਈਆ । ਨਾ ਕੋਈ ਅਨਾਥ ਨਾ ਕੋਈ ਨਾਥਾ, ਤ੍ਰੈਲੋਕੀ ਨਾਥ ਨਾ ਕੋਇ ਅਖਵਾਈਆ । ਨਾ ਕੋਈ ਖਾਣੀ ਬਾਣੀ ਗਾਏ ਸਾਕਾ, ਕਹਾਣੀ ਕਥ ਨਾ ਕੋਇ ਜਣਾਈਆ । ਨਾ ਕੋਈ ਚਾਕਰ ਨਾ ਕੋਈ ਆਕਾ, ਸ਼ਹਿਨਸ਼ਾਹ ਰੂਪ ਨਾ ਕੋਇ ਰਖਾਈਆ । ਨਾ ਕੋਈ ਮਾਈ ਨਾ ਕੋਈ ਬਾਪਾ, ਪਿਤਾ ਪੂਤ ਨਾ ਗੋਦ ਬਹਾਈਆ । ਕਰੇ ਖੇਲ ਪੁਰਖ ਸਮਰਾਥਾ, ਸਮਰਥ ਆਪਣੀ ਧਾਰ ਜਣਾਈਆ । ਕਲਜੁਗ ਅੰਤਮ ਮੇਟੇ ਵਾਟਾ, ਕੂੜੀ ਕਿਰਿਆ ਦਏ ਖਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕੋ ਲਾਈਆ । ਸਾਚਾ ਮਾਰਗ ਲੱਗੇ ਮਾਤ, ਸੋ ਪੁਰਖ ਨਿਰੰਜਣ ਆਪ ਲਗਾਇੰਦਾ । ਦੇਵਣਹਾਰਾ ਦੇਵੇ ਦਾਤ, ਅਨਮੁਲੜੀ ਆਪ ਵਰਤਾਇੰਦਾ । ਚਾਰ ਵਰਨ ਬਣਾਏ ਇਕ ਜਮਾਤ, ਬਰਨ ਅਠਾਰਾਂ ਬੰਧਨ ਪਾਇੰਦਾ । ਲੇਖਾ ਲਿਖੇ ਬਿਨ ਕਲਮ ਦਵਾਤ, ਸ਼ਾਹੀ ਕਾਗ਼ਜ਼ ਰੰਗ ਨਾ ਕੋਇ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਤੇਰੇ ਹੱਥ ਫੜਾਇੰਦਾ । ਤੇਰੇ ਹੱਥ ਤੇਰੀ ਡੋਰ, ਇਕੋ ਇਕ ਫੜਾਈਆ । ਨਾਤਾ ਤੋੜੇ ਕੂੜੀ ਕਿਰਿਆ ਚੋਰ, ਠੱਗ ਨਜ਼ਰ ਕੋਇ ਨਾ ਆਈਆ । ਭਗਤ ਭਗਵਾਨ ਤੇਰੇ ਸੰਗ ਦੇਵੇ ਤੋਰ, ਤੁਰਤ ਆਪਣੀ ਦਇਆ ਕਮਾਈਆ । ਏਕਾ ਮੰਤਰ ਦੇਵੇ ਫੋਰ, ਪਿਛਲਾ ਫੁਰਨਾ ਸਭ ਦਾ ਬੰਦ ਵਖਾਈਆ । ਸੰਤ ਸੁਹੇਲੇ ਚਾੜ੍ਹੇ ਆਪਣੇ ਘੋੜ, ਘੋੜਾ ਇਕੋ ਸ਼ਬਦ ਦੌੜਾਈਆ । ਕਲਜੁਗ ਅੰਤਮ ਮਾਰੇ ਪਹਿਲਾ ਪੌੜ, ਲਹਿੰਦੀ ਦਿਸ਼ਾ ਵੇਖ ਵਖਾਈਆ । ਚਾਰੋਂ ਕੁੰਟ ਹੋਏ ਸ਼ੋਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ੋਰਸ਼ ਇਕੋ ਇਕ ਜਣਾਈਆ । ਕਲਜੁਗ ਸੁਣ ਹਰਿ ਕਾ ਗੀਤ, ਇਕ ਧਿਆਨ ਲਗਾਈਆ । ਅੰਤਮ ਨਾਤਾ ਛੁਟਣਾ ਮੰਦਰ ਮਸੀਤ, ਮਸਲਾ ਹੱਲ ਨਾ ਕੋਇ ਕਰਾਈਆ । ਮੇਰਾ ਵੇਲਾ ਗਿਆ ਬੀਤ, ਬੀਤੀ ਕਹਾਣੀ ਨਾ ਕੋਇ ਵਡਿਆਈਆ । ਮੇਰੀ ਨੰਗੀ ਹੋਈ ਪੀਠ, ਪੀਰ ਪੈਗ਼ੰਬਰ ਬੈਠੇ ਮੁਖ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਪਰਖਣ ਆਇਆ ਨੀਤ, ਨੀਤੀਵਾਨ ਨਜ਼ਰ ਕੋਇ ਨਾ ਆਈਆ । ਕਲਜੁਗ ਵੇਖੇ ਚਾਰ ਚੁਫੇਰਾ, ਚਾਰ ਚਾਰ ਨੈਣ ਉਠਾਈਆ । ਦਰੋਹੀ ਖ਼ੁਦਾਏ ਡੁੱਬਦਾ ਜਾਏ ਬੇੜਾ, ਬੇੜਾ ਬੰਨੇ ਨਾ ਕੋਇ ਲਗਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੀਨ ਮਜ਼੍ਹਬ ਪਾਇਆ ਝੇੜਾ, ਮਾਣਸ ਮਾਣਸ ਵੰਡ ਵੰਡਾਈਆ । ਬਿਨ ਸ੍ਰੀ ਭਗਵਾਨ ਕੋਈ ਨਾ ਕਹੇ ਤੂੰ ਮੇਰਾ ਮੈਂ ਤੇਰਾ, ਤੇਰਾ ਮੇਰਾ ਇਕੋ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਤੇਰੀ ਅੰਤਮ ਵਰ, ਲਹਿਣਾ ਲਹਿਣੇ ਰਿਹਾ ਪਾਈਆ । ਕਲਜੁਗ ਜੀਵ ਜਾਣਾ ਬਚ, ਹਰਿ ਬਚਪਨ ਰਿਹਾ ਜਣਾਈਆ । ਹਿਰਦੇ ਵਸੌਣਾ ਇਕੋ ਸਚ, ਕੂੜੀ ਕਿਰਿਆ ਬਾਹਰ ਕਢਾਈਆ । ਮਨ ਵਾਸਨਾ ਨਾ ਜਾਣਾ ਨੱਚ, ਗੁਰ ਕਾ ਸ਼ਬਦ ਕਮਾਈਆ । ਕਿਸੇ ਕੰਮ ਨਾ ਔਣਾ ਪੰਜ ਤੱਤ ਕਾਇਆ ਮਾਟੀ ਕੱਚ, ਬਿਨ ਹਰਿ ਨਾਮ ਨਾ ਕੋਇ ਸਹਾਈਆ । ਸਤਿਗੁਰ ਸਰਨਾਈ ਜਾਓ ਢੱਠ, ਡੁਬਦਿਆਂ ਲਏ ਤਰਾਈਆ । ਪ੍ਰਭ ਮਿਲਣ ਦਾ ਕਰੋ ਹਠ, ਨਾਤਾ ਤੁੱਟੇ ਜਗਤ ਲੋਕਾਈਆ । ਸਤਿ ਸੰਤੋਖ ਧੀਰਜ ਦੇਵੇ ਜਤ, ਪੱਲੂ ਇਕੋ ਗੰਢ ਵਖਾਈਆ । ਮੇਲ ਮਿਲਾਓ ਕਮਲਾਪਤ, ਗੋਬਿੰਦ ਮੇਲਾ ਸਹਿਜ ਸੁਭਾਈਆ । ਦਰਸਨ ਕਰੋ ਨੇਤਰ ਰੱਜ, ਦੁਖੜਾ ਦੁੱਖ ਮੁਕਾਈਆ । ਪਿਛਾ ਦੇ ਜੇ ਜਾਓ ਭੱਜ, ਭੱਜਿਆਂ ਰਾਹ ਕੋਈ ਨਾ ਆਈਆ । ਉਚੀ ਕੂਕ ਕਹੋ ਗੱਜ, ਪ੍ਰਭ ਮਿਲਿਆ ਬੇਪਰਵਾਹੀਆ । ਸਚਖੰਡ ਦੁਆਰ ਆਇਆ ਤਜ, ਲੋਕਮਾਤ ਆਸਣ ਲਾਈਆ ।

ਜਿਸ ਦਾ ਪੀਰ ਪੈਗ਼ੰਬਰ ਕਰਦੇ ਰਹੇ ਹੱਜ, ਸੋ ਹਾਜਤ ਸਭ ਦੀ ਪੂਰ ਕਰਾਈਆ । ਜਨ ਭਗਤਾਂ ਲੌਣ ਨਾ ਦੇਵੇ ਅਜ ਪਜ, ਰਾਤੀਂ ਸੁੱਤਿਆਂ ਲਏ ਉਠਾਈਆ । ਕਲਜੁਗ ਕਾਲ ਨਗ਼ਾਰਾ ਰਿਹਾ ਵੱਜ, ਚਾਰੋਂ ਕੁੰਟ ਪਏ ਦੁਹਾਈਆ । ਜੋ ਘੜਿਆ ਸੋ ਜਾਣਾ ਭੱਜ, ਵੇਲੇ ਅੰਤ ਨਾ ਕੋਇ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਕੋਲੋਂ ਰਿਹਾ ਬਚਾਈਆ । ਕਲਜੁਗ ਦੂਰ ਦੁਰਾਡਾ ਨੱਠੇ, ਗੁਰਸਿਖ ਤੇਰੇ ਨੇੜ ਨਾ ਆਇੰਦਾ । ਸ੍ਰੀ ਭਗਵਾਨ ਪਤ ਆਪੇ ਰੱਖੇ, ਜੋ ਤੇਰੀ ਬਣਤ ਬਣਾਇੰਦਾ । ਬਿਨ ਪਾਰਬ੍ਰਹਮ ਕੰਮ ਨਾ ਔਣੇ ਟੇਕੇ ਮੱਥੇ, ਮਸਤਕ ਰੇਖ ਨਾ ਕੋਈ ਮਿਟਾਇੰਦਾ । ਕਿਸੇ ਕੰਮ ਨਾ ਔਣੇ ਚਿਠੇ ਲਿਖੇ, ਬਿਨ ਭਗਤਾਂ ਗੋਦ ਨਾ ਕਿਸੇ ਬਹਾਇੰਦਾ । ਗੁਰਸਿਖ ਗੁਰ ਸਰਨਾਈ ਜੋ ਜਨ ਢੱਠੇ, ਡਿਗਦਿਆਂ ਆਪ ਉਠਾਇੰਦਾ । ਪਰਗਟ ਹੋ ਕੇ ਮਾਰਗ ਦੱਸੇ, ਭੁਲਿਆਂ ਰਾਹੇ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਕੋਲੋਂ ਆਪ ਬਚਾਇੰਦਾ । ਕਲਜੁਗ ਕੋਲੋਂ ਬਚੇ ਹਰਿ ਸੰਗਤ, ਹਰਿ ਦੇਵੇ ਮਾਣ ਵਡਿਆਈਆ । ਤਨ ਚੋਲੀ ਚਾੜ੍ਹੇ ਰੰਗਤ, ਰੰਗ ਭਿੰਨਾ ਇਕ ਵਖਾਈਆ । ਦੂਜੇ ਦਰ ਨਾ ਜਾਣਾ ਮੰਗਤ, ਪੁਰਖ ਅਕਾਲ ਹੋਏ ਸਹਾਈਆ । ਨਾਤਾ ਤੋੜੇ ਜੇਰਜ ਅੰਡਜ, ਉਤਭੁਜ ਸੇਤਜ ਆਪਣੇ ਲੇਖੇ ਪਾਈਆ । ਜਿਸ ਨਿਵਣ ਸਾਚੇ ਸੰਤ, ਮੰਨੋ ਇਕ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਆਦਿ ਅੰਤ, ਅੰਤ ਆਦਿ ਆਪਣੇ ਦਰ ਬਹਾਈਆ । ਗੁਰਮੁਖ ਤੈਥੋਂ ਕਲਜੁਗ ਡਰਦਾ, ਨੈਣ ਨਾ ਸਕੇ ਉਠਾਈਆ । ਹਰਿ ਭਗਤ ਦੁਆਰੇ ਕਦੇ ਨਾ ਵੜਦਾ, ਬੈਠਾ ਮੁਖ ਭਵਾਈਆ । ਜੋ ਜਨ ਸਾਹਿਬ ਸੱਚੇ ਦਾ ਹੋਇਆ ਬਰਦਾ, ਬੰਦੀਖ਼ਾਨਾ ਦਏ ਮਿਟਾਈਆ । ਏਥੇ ਓਥੇ ਦੋ ਜਹਾਨ ਆਪੇ ਫੜਦਾ, ਫੜ ਬਾਂਹੋਂ ਪਾਰ ਕਰਾਈਆ । ਸੰਤ ਸੁਹੇਲਾ ਗੁਰੂ ਗੁਰ ਚੇਲਾ ਸਚਖੰਡ ਦੁਆਰੇ ਵੜਦਾ, ਅੱਧ ਵਿਚਕਾਰ ਨਾ ਕੋਈ ਅਟਕਾਈਆ । ਸੋਹੰ ਅੱਖਰ ਜੋ ਜਨ ਪੜ੍ਹਦਾ, ਪ੍ਰਭ ਪਰਦਾ ਦੇਵੇ ਪਾਈਆ । ਨਾ ਜਨਮੇ ਨਾ ਕਦੇ ਮਰਦਾ, ਜੀਵਣ ਮਰਨ ਮਰਨ ਜੀਵਣ ਇਕੋ ਰੰਗ ਵਖਾਈਆ । ਵੇਖੇ ਖੇਲ ਹਰੀ ਹਰਿ ਦਾ, ਹਰਿ ਕੇ ਪੌੜੇ ਰਿਹਾ ਚੜ੍ਹਾਈਆ । ਇਹ ਲੇਖਾ ਨਰਾਇਣ ਨਰ ਦਾ, ਨਰਦ ਪੁਠੀ ਸਿਧੀ ਦਏ ਕਰਾਈਆ । ਸ੍ਰੀ ਭਗਵਾਨ ਜੋ ਜਨ ਵਰਦਾ, ਜਗਤ ਅੰਦੇਸਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਜੀਵਾਂ ਕਲਜੁਗ ਕੋਲੋਂ ਲਏ ਬਚਾਈਆ ।

### ❇ ੨੦ ਮਾਘ ੨੦੧੯ ਬਿਕ੍ਰਮੀ ਸਮਾਂ ਸਿੰਘ ਦੇ ਘਰ ਪਿੰਡ ਮੋਧੇ ਅੰਮ੍ਰਿਤਸਰ ❇

ਸੋ ਪੁਰਖ ਨਿਰੰਜਣ ਸਤਿ ਸਰੂਪ, ਸਤਿ ਸਤਿ ਸਤਿਵਾਦ ਸਮਝਾਇੰਦਾ । ਹਰਿ ਪੁਰਖ ਨਿਰੰਜਣ ਖੇਲ ਅਨੂਪ, ਅਨਭਵ ਆਪਣੀ ਧਾਰ ਚਲਾਇੰਦਾ । ਏਕੰਕਾਰ ਵਸਣਹਾਰਾ ਸਾਚੀ ਕੂਟ, ਸੋ ਸਚ ਸਿੰਘਾਸਣ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ ਜੁਗ ਕਰਤਾ ਕਾਰ ਕਮਾਇੰਦਾ । ਆਦਿ ਨਿਰੰਜਣ ਨੂਰ ਉਜਾਲਾ, ਨੂਰ ਜ਼ਹੂਰ ਇਕ ਅਖਵਾਇੰਦਾ । ਸ੍ਰੀ ਭਗਵਾਨ ਖੇਲ ਨਿਰਾਲਾ, ਨਜ਼ਰ ਕਿਸੇ ਨਾ ਆਇੰਦਾ । ਅਬਿਨਾਸ਼ੀ ਕਰਤਾ ਲੇਖਾ ਜਾਣੇ ਦੋ ਜਹਾਨਾਂ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਪਾਰਬ੍ਰਹਮ ਪ੍ਰਭ ਵਸਣਹਾਰਾ ਸਚ ਸੱਚੀ ਧਰਮਸਾਲਾ, ਦਰਗਾਹ ਸਾਚੀ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ

੫੯੬
੧੩

ਖੇਲ ਅਪਾਰਾ, ਨਿਰਗੁਣ ਸਰਗੁਣ ਖੇਲ ਜਣਾਇੰਦਾ । ਲੱਖ ਚੁਰਾਸੀ ਪਾਵੇ ਸਾਰਾ, ਘਟ ਘਟ ਵੇਖ ਵਖਾਇੰਦਾ । ਜੁਗ ਚੌਕੜੀ ਹੋ ਉਜਿਆਰਾ, ਗੁਰ ਅਵਤਾਰ ਪੀਰ ਪੈਗ਼ੰਬਰ ਨਾਉਂ ਧਰਾਇੰਦਾ । ਨਾਮ ਅਗੰਮੀ ਸਤਿ ਜੈਕਾਰਾ, ਸ਼ਬਦੀ ਨਾਦ ਸੁਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰੇ ਖ਼ਬਰਦਾਰਾ, ਸਚ ਸੰਦੇਸਾ ਇਕ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਆਪਣੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਹਰਿ ਕਰਤਾਰ, ਇਕ ਅਕੱਲਾ ਆਪ ਕਮਾਈਆ । ਵਸਣਹਾਰਾ ਸੱਚਖੰਡ ਧਾਮ ਨਿਆਰ, ਤਖ਼ਤ ਨਿਵਾਸੀ ਸੋਭਾ ਪਾਈਆ । ਸਾਚੇ ਧਾਮ ਬੈਠ ਸੱਚੀ ਸਰਕਾਰ, ਧੁਰ ਫ਼ਰਮਾਣਾ ਹੁਕਮ ਸੁਣਾਈਆ । ਸੁਤ ਦੁਲਾਰਾ ਬੋਲੇ ਸਤਿ ਜੈਕਾਰ, ਜੈ ਜੈ ਜੈਕਾਰ ਜਣਾਈਆ । ਵਿਸ਼ਨ ਬ੍ਰਹਮਾ ਸ਼ਿਵ ਦਏ ਹੁਲਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਕਰੇ ਖੇਲ ਬੇਪਰਵਾਹੀਆ । ਕਰੇ ਖੇਲ ਖੇਲਣਹਾਰਾ, ਨਜ਼ਰ ਕਿਸੇ ਨਾ ਆਇੰਦਾ । ਮੁਕਾਮੇ ਹੱਕ ਹੋ ਉਜਿਆਰਾ, ਨੂਰ ਨੁਰਾਨਾ ਡਗਮਗਾਇੰਦਾ । ਲਾਸ਼ਰੀਕ ਪਰਵਰਦਿਗਾਰਾ, ਹੱਕ ਹਕੀਕਤ ਖੋਜ ਖੁਜਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖੇ ਦਰ ਦੁਆਰਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਧਾਰ ਚਲਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਬਣ ਲਿਖਾਰਾ, ਹਰਿ ਕਾਤਬ ਆਪਣੀ ਕਲਮ ਚਲਾਇੰਦਾ । ਖਾਣੀ ਬਾਣੀ ਦੇ ਸਹਾਰਾ, ਸਮਰਥ ਸਿਰ ਆਪਣਾ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਏਕਾ ਹਰਿ, ਜੁਗ ਜੁਗ ਵੇਸ ਵਟਾਇੰਦਾ । ਜੁਗ ਜੁਗ ਵੇਸ ਅਵੱਲਾ, ਨਿਰਗੁਣ ਨਿਰਗੁਣ ਆਪ ਕਰਾਈਆ । ਵਸਣਹਾਰਾ ਨਿਹਚਲ ਧਾਮ ਅਟੱਲਾ, ਮੂਰਤ ਅਕਾਲ ਨਜ਼ਰੀ ਆਈਆ । ਵਸਣਹਾਰਾ ਸਚਖੰਡ ਸਚ ਮਹੱਲਾ, ਘਟ ਘਟ ਰਿਹਾ ਸਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸ਼ਬਦ ਸੰਦੇਸ ਏਕਾ ਘੱਲਾ, ਨਿਸ਼ਅੱਖਰ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਇਕੋ ਹਰਿ, ਜੁਗ ਕਰਤਾ ਵੇਖ ਵਖਾਈਆ । ਜੁਗ ਚੌਕੜੀ ਖੇਲ ਅਗੰਮ, ਅਲੱਖ ਅਗੋਚਰ ਆਪ ਕਰਾਇੰਦਾ । ਸਰਗੁਣ ਬੇੜਾ ਨਿਰਗੁਣ ਬੰਨ੍ਹ, ਦੋ ਜਹਾਨ ਪੰਧ ਮੁਕਾਇੰਦਾ । ਦੇਵਣਹਾਰਾ ਨਾਮ ਧੰਨ, ਪੰਜ ਤੱਤ ਕਾਇਆ ਚੋਲਾ ਭਾਗ ਲਗਾਇੰਦਾ । ਕਰ ਪਰਕਾਸ਼ ਰਵ ਸਸ ਸੂਰਜ ਚੰਨ, ਚੰਦ ਚਾਂਦਨਾ ਇਕ ਚਮਕਾਇੰਦਾ । ਲੱਖ ਚੁਰਾਸੀ ਜੋ ਘੜਿਆ ਸੋ ਦੇਵੇ ਭੰਨ, ਠੀਕਰ ਨਜ਼ਰ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪਣੇ ਹੱਥ ਰਖਾਇੰਦਾ । ਸਾਚੀ ਕਰਨੀ ਰੱਖੇ ਹੱਥ, ਬੇਅੰਤ ਵੱਡੀ ਵਡਿਆਈਆ । ਜੁਗ ਚੌਕੜੀ ਚਲਾਵਣਹਾਰਾ ਰਥ, ਬਣ ਰਥਵਾਹੀ ਸੇਵ ਕਮਾਈਆ । ਗੁਰ ਅਵਤਾਰਾਂ ਮਾਰਗ ਦੱਸ, ਪੀਰ ਪੈਗ਼ੰਬਰ ਆਪ ਸਮਝਾਈਆ । ਆਤਮ ਪਰਮਾਤਮ ਕਰੇ ਵਸ, ਬ੍ਰਹਮ ਪਾਰਬ੍ਰਹਮ ਕਰੇ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਤ ਨਵਿਤ ਆਪਣਾ ਫੇਰਾ ਪਾਈਆ । ਨਿਤ ਨਵਿਤ ਪਾਏ ਫੇਰਾ, ਪਾਰਬ੍ਰਹਮ ਬੇਪਰਵਾਹੀਆ । ਦੂਰ ਦੁਰਾਡਾ ਨਜ਼ਰੀ ਆਏ ਨੇਰਨ ਨੇਰਾ, ਆਪਣੀ ਦਇਆ ਕਮਾਈਆ । ਭਗਤ ਭਗਵੰਤ ਮੇਲ ਮਿਲਾਏ ਕਰ ਕਰ ਆਪਣੀ ਮਿਹਰਾ, ਮਿਲ ਮਿਲ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਜੁਗ ਆਪਣਾ ਨਾਉਂ ਪਰਗਟਾਈਆ । ਜੁਗ ਜੁਗ ਆਪਣਾ ਨਾਉਂ ਰੱਖ, ਕੋਟਨ ਕੋਟ ਨਾਮ ਪਰਗਟਾਈਆ । ਨਿਰਗੁਣ ਸਰਗੁਣ ਹੋ ਪਰਤੱਖ, ਸਾਖਿਆਤ ਰੂਪ ਪਰਗਟਾਈਆ । ਗੁਰ ਅਵਤਾਰ ਪੀਰ ਪੈਗ਼ੰਬਰ

੫੬੭
੧੩

ਸਚ ਸਨੇਹੁੜਾ ਗਏ ਦੱਸ, ਲੱਖ ਚੁਰਾਸੀ ਜੀਵ ਜੰਤ ਕਰ ਪੜ੍ਹਾਈਆ । ਕਲਜੁਗ ਅੰਤਮ ਨੇਹਕੰਲਕ ਨਰਾਇਣ ਨਰ ਆਵੇ ਨੱਠ, ਰੂਪ ਰੰਗ ਨਜ਼ਰ ਕਿਸੇ ਨਾ ਆਈਆ । ਨਿਰਗੁਣ ਜੋਤ ਕਰੇ ਪਰਗਟ, ਸਵੱਛ ਸਰੂਪੀ ਰੂਪ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪ ਉਠਾਈਆ । ਆਪਣਾ ਪਰਦਾ ਚੁੱਕੇ ਉਹਲਾ, ਦੂਈ ਦਵੈਤ ਨਜ਼ਰ ਕੋਇ ਨਾ ਆਈਆ । ਨਾਮ ਸੁਣਾਏ ਸੱਚਾ ਸੋਹਲਾ, ਛੱਤੀ ਰਾਗ ਭੇਵ ਨਾ ਆਈਆ । ਦੋ ਜਹਾਨਾਂ ਇਕੋ ਬੋਲਾ, ਬ੍ਰਹਿਮੰਡ ਖੰਡ ਇਕ ਸ਼ਨਵਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਲੱਖ ਚੁਰਾਸੀ ਖੇਲੇ ਹੋਲਾ, ਹਰਿ ਕਾ ਭੇਵ ਨਜ਼ਰ ਕਿਸੇ ਨਾ ਆਈਆ । ਨਿਰਗੁਣ ਸਰਗੁਣ ਬਣੇ ਤੋਲਾ, ਨਾਮ ਕੰਡਾ ਹੱਥ ਉਠਾਈਆ । ਸਤਿਗੁਰ ਸ਼ਬਦ ਗੁਰੂ ਗੁਰ ਬਣੇ ਵਿਚੋਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਦੋ ਜਹਾਨਾਂ ਵੇਖੇ ਥਾਉਂ ਥਾਈਆ । ਦੋ ਜਹਾਨਾਂ ਪਰਦਾ ਲਾਹ, ਨਿਰਗੁਣ ਆਪਣਾ ਭੇਵ ਚੁਕਾਇੰਦਾ । ਪੀਰ ਪੈਗ਼ੰਬਰ ਗੁਰ ਅਵਤਾਰ ਧਿਆਨ ਰਹੇ ਲਗਾ, ਨੇਤਰ ਨੈਣ ਸਰਬ ਉਠਾਇੰਦਾ । ਕਵਣ ਵੇਲਾ ਪ੍ਰਭ ਪਰਗਟ ਹੋਵੇ ਸਚ ਮਲਾਹ, ਸਾਖਿਆਤ ਆਪਣਾ ਰੂਪ ਵਟਾਇੰਦਾ । ਕਲਜੁਗ ਕੂੜਾ ਦਏ ਖਪਾ, ਸਾਚਾ ਮੰਤਰ ਇਕ ਦ੍ਰਿੜ੍ਹਾਇੰਦਾ । ਸ੍ਰਿਸ਼ਟ ਸਬਾਈ ਆਤਮ ਪਰਮਾਤਮ ਮੇਲਾ ਦਏ ਮਿਲਾ, ਘਰ ਮੰਦਰ ਇਕ ਵਖਾਇੰਦਾ । ਦੀਆ ਬਾਤੀ ਕਮਲਾਪਾਤੀ ਸਾਚੀ ਜੋਤ ਦਏ ਜਗਾ, ਅਗਿਆਨ ਅੰਧੇਰ ਚੁਕਾਇੰਦਾ । ਅੰਮ੍ਰਿਤ ਬੂੰਦ ਸਵਾਂਤੀ ਦਏ ਪਿਆ, ਅਗਨੀ ਤੱਤ ਤੱਤ ਬੁਝਾਇੰਦਾ । ਰਾਤੀਂ ਸੁਤਿਆਂ ਲਏ ਉਠਾ, ਜਾਗਦਿਆਂ ਆਪਣੇ ਨਾਲ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਜੁਗ ਜੁਗ ਆਪਣਾ ਖੇਲ ਖਲਾਇੰਦਾ । ਜੁਗ ਜੁਗ ਖੇਲ ਕਰੇ ਅਪਾਰ, ਲੇਖਾ ਲਿਖਤ ਵਿਚ ਨਾ ਆਈਆ । ਕਲਜੁਗ ਅੰਤਮ ਕਲ ਕਲਕੀ ਲੈ ਅਵਤਾਰ, ਨਿਰਗੁਣ ਆਪਣਾ ਫੇਰਾ ਪਾਈਆ । ਸੰਬਲ ਵਸੇ ਧਾਮ ਨਿਆਰ, ਸਚ ਸਿੰਘਾਸਣ ਪੁਰਖ ਅਬਿਨਾਸ਼ਨ ਆਸਣ ਲਾਈਆ । ਸ਼ਬਦ ਅਗੰਮੀ ਬੋਲ ਜੈਕਾਰ, ਜੈ ਜੈਕਾਰ ਰਿਹਾ ਸੁਣਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਵਿਸ਼ਨ ਬ੍ਰਹਮਾ ਸ਼ਿਵ ਕਰੇ ਖ਼ਬਰਦਾਰ, ਕਰੋੜ ਤੇਤੀਸਾ ਰਿਹਾ ਜਗਾਈਆ । ਪੀਰ ਪੈਗ਼ੰਬਰ ਮੁੱਲਾ ਸ਼ੇਖ਼ ਮਸਾਇਕ ਕਰੇ ਬੇਦਾਰ, ਗ਼ਫ਼ਲਤ ਸਭ ਦੀ ਰਿਹਾ ਗਵਾਈਆ । ਗੁਰ ਅਵਤਾਰ ਮਾਰ ਆਵਾਜ਼, ਨਾਮ ਸੰਦੇਸਾ ਇਕ ਸੁਣਾਈਆ । ਭਗਤ ਭਗਵੰਤ ਵੇਖੇ ਸਾਚੇ ਲਾਲ, ਲਾਲਨ ਆਪਣਾ ਫੇਰਾ ਪਾਈਆ । ਸੰਤ ਸੱਜਣ ਲਏ ਭਾਲ, ਦਰ ਦਰ ਘਰ ਘਰ ਆਪਣੀ ਅਲਖ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਵਟਾਈਆ । ਜੋਤੀ ਜਾਮਾ ਪੁਰਖ ਅਕਾਲ, ਅਕਲ ਕਲਾ ਅਖਵਾਇੰਦਾ । ਵਸਣਹਾਰਾ ਸਚਖੰਡ ਸੱਚੀ ਧਰਮਸਾਲ, ਥਿਰ ਘਰ ਆਪਣਾ ਦਰ ਵਖਾਇੰਦਾ । ਸੁੰਨ ਅਗੰਮੀ ਕਰੇ ਪ੍ਰਿਤਪਾਲ, ਪ੍ਰਿਤਪਾਲਕ ਆਪਣੀ ਦਇਆ ਕਮਾਇੰਦਾ । ਦੀਨਾ ਬੰਧਪ ਦੀਨ ਦਿਆਲ, ਦੀਨਾਂ ਅਨਾਥਾਂ ਗਲੇ ਲਗਾਇੰਦਾ । ਲੱਖ ਚੁਰਾਸੀ ਜੀਵ ਜੰਤ ਵੇਖੇ ਪੱਤ ਡਾਲ, ਫੁਲ ਫੁਲਵਾੜੀ ਆਪ ਮਹਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਤਿ ਸੰਦੇਸਾ ਨਰ ਨਰੇਸ਼ਾ ਨਿਰਗੁਣ ਸਰਗੁਣ ਆਪ ਸਮਝਾਇੰਦਾ । ਨਿਰਗੁਣ ਸਰਗੁਣ ਦੇਵੇ ਦਾਦ, ਵਸਤ ਇਕੋ ਇਕ ਵਰਤਾਈਆ । ਕਲਜੁਗ ਮਿਟੇ ਅੰਧੇਰੀ ਰਾਤ, ਸਾਚਾ ਚੰਦ ਇਕ ਚੜ੍ਹਾਈਆ । ਗੁਰ ਅਵਤਾਰ ਪੀਰ

੫੬੯
੧੩

ਪੈਗ਼ੰਬਰ ਰੱਖੇ ਸਾਥ, ਸਗਲਾ ਸੰਗ ਨਿਭਾਈਆ । ਚਾਰ ਜੁਗ ਦਾ ਵੇਖੇ ਪੂਜਾ ਪਾਠ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਨਾਲ ਮਿਲਾਈਆ । ਦੋ ਜਹਾਨਾਂ ਜਣਾਏ ਆਪਣਾ ਘਾਟ, ਬੇਪਰਵਾਹ ਦਇਆ ਕਮਾਈਆ । ਵੇਖਣਹਾਰਾ ਮਸਤਕ ਜੋਤ ਲਲਾਟ, ਨੂਰੋ ਨੂਰ ਨੂਰ ਰੁਸ਼ਨਾਈਆ । ਸੋਭਣਹਾਰਾ ਆਤਮ ਸੇਜਾ ਸਾਚੀ ਖਾਟ, ਪਲੰਘ ਰੰਗੀਲਾ ਇਕ ਵਛਾਈਆ । ਨਿਰਗੁਣ ਜੋਤ ਕਰ ਪਰਕਾਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭੇਵ ਅਭੇਦਾ ਆਪ ਖੁਲ੍ਹਾਈਆ । ਭੇਵ ਖੋਲ੍ਹੇ ਅੰਤਮ ਕਲ, ਅਕਲ ਕਲਧਾਰੀ ਵੇਸ ਵਟਾਇੰਦਾ । ਸ਼ਬਦੀ ਜੋਤੀ ਗਿਆ ਰਲ, ਰਲ ਮਿਲ ਆਪਣਾ ਰੰਗ ਰੰਗਾਇੰਦਾ । ਸਚ ਸਿੰਘਾਸਣ ਬੈਠਾ ਮੱਲ, ਸ਼ਾਹ ਪਾਤਸ਼ਾਹ ਆਪਣਾ ਨਾਉਂ ਧਰਾਇੰਦਾ । ਲਹਿਣਾ ਦੇਣਾ ਚੁਕਾਏ ਅੱਜ ਕਿ ਕਲ, ਪਿਛਲਾ ਮੂਲ ਸਰਬ ਮੁਕਾਇੰਦਾ । ਵੇਖਣਹਾਰਾ ਜਲ ਥਲ, ਜੰਗਲ ਜੂਹ ਉਜਾੜ ਪਹਾੜ ਉਚੇ ਟਿੱਲੇ ਪਰਬਤ ਫੋਲ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਕੂੜੀ ਕਿਰਿਆ ਪਾਰ ਕਰਾਇੰਦਾ । ਕਲਜੁਗ ਕੂੜਾ ਤੁਟੇ ਨਾਤਾ, ਲੋਕਮਾਤ ਰਹਿਣ ਨਾ ਪਾਈਆ । ਕਰੇ ਖੇਲ ਪੁਰਖ ਸਮਰਾਥਾ, ਸਮਰਥ ਆਪਣਾ ਰਾਹ ਚਲਾਈਆ । ਪਕੜ ਉਠਾਏ ਤ੍ਰਿਲੋਕੀ ਨਾਥਾ, ਵੇਖਣਹਾਰਾ ਰਾਮ ਬੇਟਾ ਦਸਰਾਥਾ, ਦਹਿ ਦਿਸ਼ਾ ਖੋਜ ਖੁਜਾਈਆ । ਈਸਾ ਮੂਸਾ ਮੁਹੰਮਦ ਵਖਾਏ ਇਕੋ ਘਾਟਾ, ਚੌਦਾ ਤਬਕ ਕੁੰਡਾ ਲਾਹੀਆ । ਨਾਨਕ ਗੋਬਿੰਦ ਫੜਾਏ ਬਾਟਾ, ਅੰਮ੍ਰਿਤ ਜਾਮ ਇਕ ਵਖਾਈਆ । ਕਲਜੁਗ ਅੰਤਮ ਨੌਂ ਖੰਡ ਪ੍ਰਿਥਮੀ ਸੱਤ ਦੀਪ ਲੱਖ ਚੁਰਾਸੀ ਜੀਵ ਜੰਤ ਕੋਈ ਨਾ ਚਲੇ ਸਾਥਾ, ਸਾਚਾ ਸੰਗ ਨਾ ਕੋਇ ਨਿਭਾਈਆ । ਮੰਦਰ ਮਸਜਦ ਸ਼ਿਵਦਵਾਲੇ ਮੱਠ ਝਗੜਾ ਪਿਆ ਜਾਤ ਪਾਤਾ, ਆਤਮ ਪਰਮਾਤਮ ਮੇਲ ਨਾ ਕੋਇ ਮਿਲਾਈਆ । ਪਾਰਬ੍ਰਹਮ ਬ੍ਰਹਮ ਨਾ ਕਿਸੇ ਪਛਾਤਾ, ਛੱਪਰੀ ਛੰਨ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰ ਪੀਰ ਪੈਗ਼ੰਬਰ ਇਕੋ ਸਾਕਾ ਰਿਹਾ ਸੁਣਾਈਆ । ਇਕੋ ਸਾਕਾ ਸੁਣਾਏ ਬਾਤ, ਬਾਤਨ ਆਪਣਾ ਭੇਵ ਖੁਲ੍ਹਾਇੰਦਾ । ਕਲਜੁਗ ਅੰਤਮ ਮਿਟੇ ਅੰਧੇਰੀ ਰਾਤ, ਸਤਿਜੁਗ ਸਾਚਾ ਚੰਦ ਚੜ੍ਹਾਇੰਦਾ । ਨਾਤਾ ਤੁਟਣਾ ਜ਼ਾਤ ਪਾਤ, ਦੀਨ ਮਜ਼੍ਹਬ ਕੋਇ ਰਹਿਣ ਨਾ ਪਾਇੰਦਾ । ਸ੍ਰਿਸ਼ਟ ਸਬਾਈ ਦੱਸੇ ਇਕੋ ਜਾਪ, ਕਲਮਾ ਨਬੀ ਆਪ ਪੜ੍ਹਾਇੰਦਾ । ਕੂੜੀ ਕਿਰਿਆ ਹੋਏ ਵਫ਼ਾਤ, ਫ਼ਤਵਾ ਸਭ ਤੇ ਇਕੋ ਲਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਚਾਰ ਵਰਨ ਬਣਾਏ ਇਕ ਜਮਾਤ, ਬਰਨ ਅਠਾਰਾਂ ਪੰਧ ਮੁਕਾਇੰਦਾ । ਸਾਚਾ ਢੋਲਾ ਸੁਣਾਏ ਗਾਥ, ਵਿਸ਼ਨ ਬ੍ਰਹਮਾ ਸ਼ਿਵ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਇਕ ਇਕੱਲਾ ਹੁਕਮ ਮਨਾਇੰਦਾ । ਇਕ ਇਕੱਲਾ ਧੁਰ ਫ਼ਰਮਾਣਾ, ਸਚ ਸੰਦੇਸਾ ਹਰਿ ਜਣਾਈਆ । ਕਲਜੁਗ ਅੰਤਮ ਸਭ ਨੂੰ ਮੰਨਣਾ ਪਏ ਭਾਣਾ, ਨਾ ਕੋਈ ਮੇਟੇ ਮੇਟ ਮਿਟਾਈਆ । ਤਖ਼ਤੋਂ ਲਾਹੇ ਰਾਜਾ ਰਾਣਾ, ਸ਼ਾਹ ਸੁਲਤਾਨਾਂ ਖ਼ਾਕ ਮਿਲਾਈਆ । ਜੀਵ ਜੰਤ ਸਾਧ ਸੰਤ ਕਾਇਆ ਮੰਦਰ ਅੰਦਰ ਗੌਣਾ ਇਕੋ ਗਾਣਾ, ਇਸ਼ਟ ਦੇਵ ਇਕ ਜਣਾਈਆ । ਇਕੋ ਅੰਮ੍ਰਿਤ ਪੀਣਾ ਖਾਣਾ, ਦੂਜੀ ਵਿਖ ਨਜ਼ਰ ਕੋਈ ਨਾ ਆਈਆ । ਇਕੋ ਬਸਤਰ ਓਢਣ ਮਿਲਾਣਾ ਭਗਵਾਨਾ, ਭੂਸ਼ਨ ਇਕੋ ਇਕ ਸਮਝਾਈਆ । ਇਕੋ ਸ਼ਬਦ ਓਟ ਰਖਾਣਾ, ਇਕੋ ਗ੍ਰਿਹ ਦਏ ਵਡਿਆਈਆ । ਇਕੋ ਰੰਗ ਸ੍ਰਿਸ਼ਟ ਸਬਾਈ ਰੰਗਾਣਾ, ਦੂਜਾ ਰੰਗ ਨਾ ਕੋਇ ਵਖਾਈਆ । ਇਕੋ ਸ਼ਬਦ ਅਗੰਮੀ ਦਏ ਬਬਾਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਲੇਖਾ ਦਏ ਚੁਕਾਈਆ ।

ਕਲਜੁਗ ਲੇਖਾ ਚੁਕੇ ਅੰਤ, ਸੋ ਪੁਰਖ ਨਿਰੰਜਣ ਆਪ ਚੁਕਾਇੰਦਾ । ਕੂੜੀ ਕਿਰਿਆ ਲੱਗੇ ਸੰਤ, ਸਾਚਾ ਰਾਹ ਨਾ ਕੋਇ ਸਮਝਾਇੰਦਾ । ਮਾਇਆ ਮਮਤਾ ਹੋਈ ਬੇਅੰਤ, ਪਰਦਾ ਦੂਈ ਨਾ ਕੋਇ ਉਠਾਇੰਦਾ । ਆਤਮ ਪਰਮਾਤਮ ਮਿਲੇ ਨਾ ਸਾਚਾ ਕੰਤ, ਨਾਰੀ ਸੇਜ ਨਾ ਕੋਇ ਸੁਹਾਇੰਦਾ । ਭਰਮੇ ਭੁੱਲਾ ਜੀਵ ਜੰਤ, ਜਾਗਰਤ ਜੋਤ ਨਾ ਕੋਇ ਜਗਾਇੰਦਾ । ਹਿਰਦੇ ਵਸਿਆ ਨਾ ਹਰਿ ਕਾ ਮੰਤ, ਰਸਨਾ ਜਿਹਵਾ ਬੱਤੀ ਦੰਦ ਸਰਬ ਸਾਲਾਹਿੰਦਾ । ਗੜ੍ਹ ਤੁਟਾ ਨਾ ਹਉਮੇਂ ਹੰਗਤ, ਨਿਵਣ ਸੋ ਅੱਖਰ ਨਾ ਕੋਇ ਪੜ੍ਹਾਇੰਦਾ । ਸਾਚਾ ਭੇਵ ਨਾ ਜਾਣੇ ਕੋਈ ਪੰਡਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਲੇਖਾ ਆਪ ਚੁਕਾਇੰਦਾ । ਕਲਜੁਗ ਲੇਖਾ ਚੁਕਣਾ ਮਾਤ, ਲੋਕਮਾਤ ਰਹਿਣ ਨਾ ਪਾਈਆ । ਸਤਿਜੁਗ ਸਾਚੇ ਮਿਲੇ ਦਾਤ, ਸਤਿਗੁਰ ਪੂਰਾ ਝੋਲੀ ਆਪ ਭਰਾਈਆ । ਇਕੋ ਨਾਮ ਦੇਵੇ ਸੁਗਾਤ, ਸੋਹੰ ਅੱਖਰ ਕਰੇ ਪੜ੍ਹਾਈਆ । ਸ੍ਰਿਸ਼ਟ ਸਬਾਈ ਪਿਤਾ ਮਾਤ, ਲੱਖ ਚੁਰਾਸੀ ਗੋਦ ਉਠਾਈਆ । ਦੋ ਜਹਾਨਾਂ ਨਿਰਗੁਣ ਸਰਗੁਣ ਗਾਥ, ਢੋਲਾ ਇਕੋ ਇਕ ਦ੍ਰਿੜਾਈਆ । ਚੌਦਾਂ ਲੋਕ ਵਖਾਏ ਹਾਟ, ਬਣ ਵਣਜਾਰਾ ਹੱਟ ਚਲਾਈਆ । ਕੂੜੀ ਕਿਰਿਆ ਰਹੇ ਨਾ ਨਟੂਆ ਨਾਟ, ਮੁਖ ਘੁੰਗਟ ਦਏ ਉਠਾਈਆ । ਸਤਿਜੁਗ ਸਾਚਾ ਸੁਤ ਦੁਲਾਰਾ ਜਾਏ ਜਾਗ, ਸ੍ਰੀ ਭਗਵਾਨ ਆਪ ਜਗਾਈਆ । ਜਨ ਭਗਤ ਫੜਾਏ ਵਾਗ, ਡੋਰੀ ਇਕੋ ਨਾਮ ਰਖਾਈਆ । ਫੜ ਫੜ ਹੰਸ ਬਣਾਏ ਕਾਗ, ਕਾਗ ਹੰਸ ਰੂਪ ਵਟਾਈਆ । ਆਤਮ ਜੋਤੀ ਜਗੇ ਚਿਰਾਗ਼, ਦੀਆ ਬਾਤੀ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਤੇਰਾ ਲਹਿਣਾ ਦਏ ਮੁਕਾਈਆ । ਤੇਰਾ ਲੇਖਾ ਰਹੇ ਨਾ ਕੋ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਸਤਿਜੁਗ ਸਾਚਾ ਲੈ ਕੇ ਆਏ ਢੋਆ ਢੋ, ਧਰਤ ਧਵਲ ਝੋਲੀ ਆਪ ਭਰਾਇੰਦਾ । ਸਾਚਾ ਬੀਜ ਸਤਿ ਪੁਰਖ ਨਿਰੰਜਣ ਜਨ ਭਗਤਾਂ ਅੰਦਰ ਦੇਵੇ ਬੋ, ਨਾਮ ਆਪਣੇ ਹੱਥ ਰਖਾਇੰਦਾ । ਜਾਪ ਜਪਾਏ ਇਕੋ ਏਕ ਸੋਹੰ ਸੋ, ਸੋ ਪੁਰਖ ਨਿਰੰਜਣ ਹੰ ਬ੍ਰਹਮ ਆਪਣੇ ਵਿਚ ਮਿਲਾਇੰਦਾ । ਨਿਝਰ ਝਿਰਨਾ ਅੰਮ੍ਰਿਤ ਰਸ ਕਵਲ ਨਾਭੀ ਦੇਵੇ ਚੋ, ਤ੍ਰਿਸਨਾ ਤ੍ਰਿਖਾ ਭੁੱਖ ਗਵਾਇੰਦਾ । ਕੂੜੀ ਕਿਰਿਆ ਮਾਇਆ ਮਮਤਾ ਹਉਮੇਂ ਹੰਗਤਾ ਕਾਮ ਕਰੋਧ ਲੋਭ ਮੋਹ ਹੰਕਾਰ ਦੇਵੇ ਖੋਹ, ਸਾਚੀ ਖੋਜ ਆਪ ਸਮਝਾਇੰਦਾ । ਨਿਜ ਨੇਤਰ ਆਤਮ ਨੂਰ ਕਰੇ ਲੋ, ਪਰਕਾਸ਼ ਪਰਕਾਸ਼ ਨਾਲ ਮਿਲਾਇੰਦਾ । ਪਾਰਬ੍ਰਹਮ ਬ੍ਰਹਮ ਜਾਏ ਛੋਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਲੇਖਾ ਆਪ ਮੁਕਾਇੰਦਾ । ਕਲਜੁਗ ਲੇਖਾ ਜਾਏ ਮੁੱਕ, ਬਾਕੀ ਕੋਇ ਨਜ਼ਰ ਨਾ ਆਈਆ । ਸਤਿਜੁਗ ਸਾਚਾ ਪਏ ਉਠ, ਉਠ ਉਠ ਖ਼ੁਸ਼ੀ ਮਨਾਈਆ । ਸਾਹਿਬ ਸਤਿਗੁਰ ਜਾਏ ਤੁਠ, ਸ੍ਰੀ ਭਗਵਾਨ ਦਏ ਵਡਿਆਈਆ । ਛੋਟਾ ਬਾਲਾ ਗੋਦੀ ਚੁੱਕ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦਏ ਵਖਾਈਆ । ਕਲਜੁਗ ਰੋਵੇ ਮੇਰਾ ਬੂਟਾ ਰਿਹਾ ਸੁੱਕ, ਹਰਿਆ ਸਿੰਚ ਨਾ ਕੋਇ ਕਰਾਈਆ । ਚਾਰ ਯਾਰੀ ਗਈ ਲੁਕ, ਉਮਤ ਸੰਗ ਨਾ ਕੋਇ ਨਿਭਾਈਆ । ਨਵ ਨੌਂ ਤ੍ਰਿਸਨਾ ਲੱਗੀ ਭੁੱਖ, ਅਗਨੀ ਤੱਤ ਰਿਹਾ ਜਲਾਈਆ । ਅੰਤਮ ਵੇਲਾ ਆਇਆ ਢੁਕ, ਸਦੀ ਚੌਧਵੀਂ ਸੱਦਾ ਦੇਵੇ ਥਾਉਂ ਥਾਈਂਆ । ਪਰਵਰਦਿਗਾਰ ਬੇਪਰਵਾਹ ਬੇਨਜ਼ੀਰ ਸ਼ਾਹ ਹਕੀਰ ਰਿਹਾ ਪੁੱਛ, ਸ਼ਹਿਨਸ਼ਾਹ ਆਪਣਾ ਹੁਕਮ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਖਲਾਈਆ । ਕਲਜੁਗ ਅੰਤਮ ਨੇਤਰ ਰੋਵੇ, ਨੈਣਾਂ ਨੀਰ ਵਹਾਈਆ । ਦੁਰਮਤ ਮੈਲ ਕੋਇ ਨਾ ਧੋਵੇ, ਸਗਲਾ ਸੰਗ ਨਾ ਕੋਇ ਰਖਾਈਆ । ਬੌਹੜੀ ਦਰੋਹੀ

੫੭੦
੧੩

ਖ਼ੁਦਾਏ ਮੇਰੇ ਜਿਹਾ ਕੋਈ ਨਾ ਹੋਵੇ, ਮੇਰੀ ਚਲੇ ਨਾ ਕੋਇ ਚਤੁਰਾਈਆ । ਸ੍ਰੀ ਭਗਵਾਨ ਲੋਕਮਾਤ ਲੈ ਕੇ ਆਏ ਢੋਏ, ਸਾਚਾ ਢੋਲਾ ਇਕੋ ਗਾਈਆ । ਅਨਹਦ ਸ਼ਬਦ ਸੁਣਾਏ ਸਾਚੀ ਸੋਏ, ਸੁਰਤੀ ਸਭ ਦੀ ਰਿਹਾ ਬਦਲਾਈਆ । ਦੀਨ ਈਮਾਨ ਅੰਜੀਲ ਕੁਰਾਨ ਸਭ ਦੇ ਹੱਥੋਂ ਖੋਹੇ, ਖ਼ਾਲਕ ਖ਼ਲਕ ਮਖ਼ਲੂਕ ਵੇਖੇ ਥਾਉਂ ਥਾਈਂਆ । ਸਤਿਜੁਗ ਸਾਚਾ ਬੀਜ ਬੋਏ, ਚਾਰ ਵਰਨ ਇਕੋ ਤਾਗੇ ਦਏ ਪਰੋਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਦਾਤਾ ਪੁਰਖ ਬਿਧਾਤਾ ਇਕੋ ਆਤਮ ਗ਼ਾਤਾ ਰਿਹਾ ਵਖਾਈਆ । ਇਕੋ ਜ਼ਾਤ ਆਤਮ ਪਾਰਬ੍ਰਹਮ, ਵਰਨ ਗੋਤ ਵੰਡ ਨਾ ਕੋਇ ਵੰਡਾਇੰਦਾ । ਆਤਮ ਪਰਮਾਤਮ ਸਾਚਾ ਧਰਮ, ਅਧਰਮੀ ਰੂਪ ਨਾ ਕੋਇ ਰਖਾਇੰਦਾ । ਹਰਿ ਸਰਨਾਈ ਸਾਚਾ ਕਰਮ, ਕਰਮ ਕਾਂਡ ਮੇਟ ਮਿਟਾਇੰਦਾ । ਨਾਤਾ ਤੁਟੇ ਮਰਨ ਡਰਨ, ਭੈ ਭੌ ਭਿਆਨਕ ਰੂਪ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਭੇਵ ਆਪ ਖੁਲ੍ਹਾਇੰਦਾ । ਆਪਣਾ ਭੇਵ ਖੋਲ੍ਹੇ ਆਪ, ਆਪਣੀ ਦਇਆ ਕਮਾਈਆ । ਕੋਟਨ ਕੋਟ ਉਤਾਰੇ ਪਾਪ, ਪਤਤ ਪਾਪੀ ਪਾਰ ਕਰਾਈਆ । ਜਿਸ ਜਨ ਆਤਮ ਪਰਮਾਤਮ ਜਪਿਆ ਜਾਪ, ਰਾਏ ਧਰਮ ਨਾ ਦਏ ਸਜ਼ਾਈਆ । ਏਥੇ ਓਥੇ ਦੋ ਜਹਾਨ ਨਿਭਾਏ ਸਾਥ, ਸਗਲਾ ਸੰਗ ਆਪ ਰਖਾਈਆ । ਸਦਾ ਸੁਹੇਲਾ ਇਕ ਇਕੇਲਾ ਪਤਿਪਰਮੇਸ਼ਵਰ ਪਤ ਲਏ ਰਾਖ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰਾ ਵਕਤ ਦੁਹੇਲਾ ਨਾ ਕੋਈ ਸੱਜਣ ਨਾ ਸੁਹੇਲਾ, ਸਾਚਾ ਸੰਗ ਨਾ ਕੋਇ ਰਖਾਈਆ । ਸੰਗ ਸੁਹੇਲਾ ਨਾ ਕੋਈ ਭਾਈ, ਭੱਯਾ ਨਜ਼ਰ ਕੋਇ ਨਾ ਆਇੰਦਾ । ਕੂੜੀ ਕਿਰਿਆ ਜਗਤ ਕੁੜਮਾਈ, ਸਾਚਾ ਨਾਤਾ ਨਾ ਕੋਇ ਜੁੜਾਇੰਦਾ । ਪਿਆ ਝਗੜਾ ਧੀ ਜਵਾਈ, ਪਿਤਾ ਪੂਤ ਨਾ ਮੇਲ ਮਿਲਾਇੰਦਾ । ਚਾਰੋਂ ਕੁੰਟ ਰਹੀ ਕੁਰਲਾਈ, ਧੀਰਜ ਧੀਰ ਨਾ ਕੋਇ ਧਰਾਇੰਦਾ । ਸ਼ਾਹ ਸੁਲਤਾਨ ਪਕੜੇ ਕੋਇ ਨਾ ਬਾਂਹੀਂ, ਗ਼ਰੀਬ ਨਿਮਾਣੇ ਨਾ ਕੋਇ ਉਠਾਇੰਦਾ । ਦੁਰਮਤ ਮੈਲ ਨਾ ਦੇਵੇ ਕੋਇ ਧੋਈ, ਸਤਿਗੁਰ ਨਜ਼ਰ ਕਿਸੇ ਨਾ ਆਇੰਦਾ । ਲੱਖ ਚੁਰਾਸੀ ਪਈ ਫਾਹੀ, ਤ੍ਰੈਗੁਣ ਨਾਤਾ ਨਾ ਕੋਇ ਤੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਇਕੋ ਆਪਣਾ ਫੇਰਾ ਪਾਇੰਦਾ । ਇਕੋ ਫੇਰਾ ਪਾਏ ਹਰਿ, ਹਰਿ ਵੱਡਾ ਵਡ ਵਡਿਆਈਆ । ਸਚ ਸੁਚ ਦਾ ਖੋਲ੍ਹੇ ਦਰ, ਦਰ ਦਰਵਾਜ਼ਾ ਇਕ ਦ੍ਰਿੜਾਈਆ । ਚਾਰ ਵਰਨ ਦੇਵੇ ਵਰ, ਜ਼ਾਤ ਪਾਤ ਨਾ ਕੋਇ ਰਖਾਈਆ । ਆਤਮ ਪਰਮਾਤਮ ਲਏ ਫੜ, ਆਪ ਆਪਣਾ ਬੰਧਨ ਪਾਈਆ । ਕਾਇਆ ਮੰਦਰ ਡੂੰਘੇ ਅੰਦਰ ਜਾਏ ਚੜ੍ਹ, ਸਾਚੇ ਪੌੜੇ ਚਰਨ ਟਿਕਾਈਆ । ਉਚ ਮੁਨਾਰੇ ਵੇਖੇ ਖੜ, ਰੂਪ ਅਨੂਪ ਇਕ ਦਰਸਾਈਆ । ਨਾ ਕੋਈ ਸੀਸ ਨਾ ਕੋਈ ਧੜ, ਪੰਜ ਤੱਤ ਨਾ ਕੋਇ ਜਣਾਈਆ । ਨਾ ਜਨਮੇ ਨਾ ਜਾਏ ਮਰ, ਘਟ ਘਟ ਰਿਹਾ ਸਮਾਈਆ । ਕਲਜੁਗ ਅੰਤਮ ਵੇਸ ਕਰ, ਨਿਹਕਲੰਕਾ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਸਾ ਸਭ ਦੀ ਪੂਰ ਕਰਾਈਆ । ਆਸਾ ਰੱਖੀ ਗੌੜ ਬ੍ਰਹਿਮਣ, ਬ੍ਰਹਮ ਇਕੋ ਇਕ ਜਣਾਇੰਦਾ । ਸ੍ਰੀ ਭਗਵਾਨ ਹੋਏ ਜ਼ਾਮਨ, ਜ਼ਾਮਨੀ ਆਪਣੀ ਆਪ ਨਿਭਾਇੰਦਾ । ਨਿਰਗੁਣ ਸਰਗੁਣ ਫੜਾਏ ਦਾਮਨ, ਦਾਮਨਗੀਰ ਫੇਰਾ ਪਾਇੰਦਾ । ਨਾਤਾ ਤੋੜ ਕਾਮ ਕਾਮਨ, ਕਾਮ ਕਰੋਧ ਲੋਭ ਮੋਹ ਹੰਕਾਰ ਗਵਾਇੰਦਾ । ਮੇਟੇ ਰੈਣ ਅੰਧੇਰੀ ਸ਼ਾਮਨ, ਸਾਚੇ ਪਰਬਤ ਡੇਰਾ ਲਾਇੰਦਾ । ਉਚਾ ਟਿੱਲਾ ਇਕ ਵਖਾਨਨ, ਵੇਖਿਆਂ ਨਜ਼ਰ ਕਿਸੇ

ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਪਰਕਾਸ਼ ਕੋਟਨ ਭਾਨਨ, ਕੋਟਨ ਭਾਨ ਆਪਣੇ ਵਿਚ ਛੁਪਾਇੰਦਾ । ਪੂਰੀ ਆਸਾ ਕਰੇ ਈਸਾ, ਦੀਨ ਦਿਆਲ ਦਇਆ ਕਮਾਈਆ । ਸੀਸ ਤਾਜ ਸੁਹਾਏ ਇਕ ਜਗਦੀਸਾ, ਸ਼ਹਿਨਸ਼ਾਹ ਆਪਣਾ ਫੇਰਾ ਪਾਈਆ । ਸਾਚਾ ਕਲਮਾ ਪੜ੍ਹੇ ਹਦੀਸਾ, ਹਜ਼ਰਤ ਇਕੋ ਕਰੇ ਪੜ੍ਹਾਈਆ । ਲੇਖਾ ਜਾਣੇ ਏਕਾ ਨਾਇਆਂ ਉਨੀਸਾ, ਵੀਹ ਸੌ ਉਨੀ ਬਿਕ੍ਰਮੀ ਕਰੇ ਕੁੜਮਾਈਆ । ਖ਼ਾਲੀ ਕਰੇ ਸਭ ਦਾ ਖੀਸਾ, ਰਾਜੇ ਰਾਣੇ ਸਰਬ ਕੁਰਲਾਈਆ । ਲੇਖਾ ਚੁਕੇ ਬੀਸ ਇਕੀਸਾ, ਸਦੀ ਬੀਸਵੀਂ ਨੇੜੇ ਆਈਆ । ਮੁਹੰਮਦ ਰੱਖਦਾ ਰਿਹਾ ਉਡੀਕਾ, ਅਮਾਮ ਅਮਾਮਾਂ ਫੇਰਾ ਪਾਈਆ । ਕਰੇ ਖੇਲ ਲਾਸ਼ਰੀਕਾ, ਸ਼ਿਰਕਤ ਸਭ ਦੀ ਦਏ ਗਵਾਈਆ । ਜਗਤ ਅੰਧੇਰ ਮਿਟਾਏ ਤਾਰੀਕਾ, ਕਲਜੁਗ ਵੇਖੇ ਥਾਉਂ ਥਾਈਂਆ । ਸਤਿ ਧਰਮ ਦਾ ਇਕ ਤਰੀਕਾ, ਤਰਾ ਤਰਾ ਸਮਝਾਈਆ । ਮੁਕਾਮੇ ਹੱਕ ਵਸਿਆ ਠੀਕਾ, ਦਰਗਾਹ ਸਾਚੀ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਲੇਖਾ ਵੇਖ ਵਖਾਈਆ । ਲੇਖਾ ਵੇਖੇ ਚੌਦਾਂ ਤਬਕ, ਨਿਰਗੁਣ ਆਪਣਾ ਫੇਰਾ ਪਾਇੰਦਾ । ਪੀਰ ਪੈਗ਼ੰਬਰ ਰਹੇ ਤਭਕ, ਭੈ ਭੌ ਸਰਬ ਜਣਾਇੰਦਾ । ਪਿਛਲਾ ਭੁੱਲੇ ਸਾਰੇ ਸਬਕ, ਸਾਬਕ ਇਕੋ ਨਜ਼ਰੀ ਆਇੰਦਾ । ਦੀਨ ਈਮਾਨ ਕਰੋ ਤਰਕ, ਹਰਿ ਇਕੋ ਓਟ ਜਣਾਇੰਦਾ । ਅੱਗੇ ਰਹੇ ਨਾ ਕੋਇ ਫਰਕ, ਰੂਹ ਬੁੱਤ ਨਾ ਵੰਡ ਵੰਡਾਇੰਦਾ । ਕਲਜੁਗ ਅੰਤਮ ਸਭ ਨੇ ਹੋਣਾ ਗ਼ਰਕ, ਬਚਿਆ ਕੋਇ ਰਹਿਣ ਨਾ ਪਾਇੰਦਾ । ਪੀਰ ਪੈਗ਼ੰਬਰ ਗੁਰ ਅਵਤਾਰ ਲਾ ਕੇ ਗਏ ਸ਼ਰਤ, ਨਿਹਕਲੰਕ ਅੰਤਮ ਵੇਸ ਵਟਾਇੰਦਾ । ਨਿਰਗੁਣ ਨੂਰ ਪੁਰਖ ਬਿਧਾਤਾ ਆਇਆ ਪਰਤ, ਪ੍ਰਤਿਨਿਧਿ ਇਕ ਅਖਵਾਇੰਦਾ । ਹੌਲਾ ਭਾਰ ਕਰੇ ਧਰਨੀ ਧੌਲ ਧਰਤ, ਸਿਰ ਆਪਣੇ ਭਾਰ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਾਤਾ ਬਿਧਾਤਾ ਵੇਖ ਵਖਾਇੰਦਾ । ਨਾਤਾ ਬਿਧਾਤਾ ਵੇਖਣ ਯੋਗ, ਜੁਗਤੀ ਆਪਣੇ ਹੱਥ ਰਖਾਈਆ । ਕਰਨਹਾਰ ਸੰਜੋਗ ਵਿਜੋਗ, ਦੋਏ ਦੋਏ ਆਪਣੀ ਧਾਰ ਚਲਾਈਆ । ਕੱਟਣਹਾਰਾ ਕੂੜੀ ਕਿਰਿਆ ਰੋਗ, ਹਉਮੈਂ ਦੁੱਖ ਰਹਿਣ ਨਾ ਪਾਈਆ । ਵੇਖਣਹਾਰਾ ਚੌਦਾਂ ਲੋਕ, ਚੌਦਾਂ ਤਬਕਾਂ ਫੋਲੇ ਥਾਉਂ ਥਾਈਂਆ । ਸੁਣਾਵਣਹਾਰਾ ਸਚ ਸਲੋਕ, ਸਾਹਿਬ ਸੁਲਤਾਨ ਸੱਚਾ ਮਾਹੀਆ । ਦੇਵਣਹਾਰਾ ਅੰਤਮ ਮੋਖ, ਮੁਕਤੀ ਚਰਨਾਂ ਹੇਠ ਰਖਾਈਆ । ਸਤਿਜੁਗ ਜਣਾਏ ਰਾਜ ਜੋਗ, ਜੋਗ ਜੋਗੀਸ਼ਰ ਨਾ ਕੋਇ ਵਡਿਆਈਆ । ਨਾਮ ਨਗਾਰੇ ਲਾਏ ਚੋਟ, ਧੌਂਸਾ ਇਕੋ ਨਾਮ ਸੁਣਾਈਆ । ਪੁਰਖ ਅਕਾਲ ਪਰਗਟ ਕਰ ਨਿਰਮਲ ਜੋਤ, ਗੋਬਿੰਦ ਮੇਲਾ ਸਹਿਜ ਸੁਭਾਈਆ । ਅੱਗੇ ਰਹੇ ਨਾ ਕੋਇ ਪਰੋਹਤ, ਮੁੱਲਾ ਸ਼ੇਖ਼ ਰੂਪ ਨਾ ਕੋਇ ਜਣਾਈਆ । ਸ੍ਰੀ ਭਗਵਾਨ ਦੀ ਇਕ ਸਰੋਤ, ਸੋ ਪੁਰਖ ਨਿਰੰਜਣ ਆਪੇ ਗਾਈਆ । ਜਨ ਭਗਤਾਂ ਉਤੇ ਹੋਵੇ ਮੋਹਤ, ਹੰ ਬ੍ਰਹਮ ਲਏ ਮਿਲਾਈਆ । ਸਰਗੁਣ ਦੇਵੇ ਨਿਰਗੁਣ ਓਟ, ਦੂਜਾ ਇਸ਼ਟ ਨਾ ਕੋਇ ਜਣਾਈਆ । ਲੱਖ ਚੁਰਾਸੀ ਕੂੜੀ ਕਿਰਿਆ ਕੱਢੇ ਵਾਸਨਾ ਖੋਟ, ਸਚ ਸੁਚ ਇਕ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਮਹਾਂਬਲੀ ਫੇਰਾ ਪਾਈਆ । ਮਹਾਂਬਲੀ ਧਰਾਏ ਬਲ, ਬਲ ਬਾਵਨ ਰਿਹਾ ਸ਼ਰਮਾਈਆ । ਕਰੇ ਖੇਲ ਅਛਲ ਅਛੱਲ, ਵਲ ਛਲਧਾਰੀ ਭੇਵ ਨਾ ਰਾਈਆ । ਕਰਨਹਾਰਾ ਜਲ ਥਲ, ਥਲੋਂ ਜਲ ਰਿਹਾ ਵਖਾਈਆ । ਟਿੱਲੇ ਪਰਬਤ ਰਹੇ ਹੱਲ, ਧੀਰਜ ਧੀਰ ਨਾ ਕੋਇ ਧਰਾਈਆ । ਸ਼ਾਹ ਸੁਲਤਾਨਾਂ ਦੂਈ ਦਵੈਤੀ ਲੱਗਾ ਸੱਲ, ਤੀਰ ਅਣਿਯਾਲਾ ਇਕ ਚਲਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਤੇਰੀ ਦੇਵੇ ਜੜ੍ਹ ਉਖੜਾਈਆ । ਕਲਜੁਗ ਤੇਰੀ ਉਖੜੇ ਜੜ੍ਹ, ਬੂਟਾ ਨਜ਼ਰ ਕੋਇ ਨਾ ਆਈਆ । ਅੱਗੇ ਸਕੇ ਕੋਈ ਨਾ ਅੜ, ਸ੍ਰੀ ਭਗਵਾਨ ਹੁਕਮ ਸੁਣਾਈਆ । ਕੂੜੀ ਕਿਰਿਆ ਡਿਗੇ ਦੜ, ਉਚੇ ਮੰਦਰ ਦੇਵੇ ਢਾਹੀਆ । ਮਾਇਆ ਮਮਤਾ ਜਾਣਾ ਸੜ, ਲੰਬੂ ਅਗਨੀ ਇਕੋ ਲਾਈਆ । ਜ਼ਾਤ ਪਾਤ ਜਾਏ ਹਰ, ਦੀਨ ਮਜ਼੍ਹਬ ਨਾ ਕੋਇ ਚਤਰਾਈਆ । ਮੰਦਰ ਮਸਜਦ ਸ਼ਿਵਦਵਾਲੇ ਮੱਠ ਵੇਖੇ ਖੜ, ਘਰ ਘਰ ਆਪਣਾ ਫੇਰਾ ਪਾਈਆ । ਭਗਤ ਭਗਵੰਤ ਲਏ ਫੜ, ਆਪ ਆਪਣਾ ਮੇਲ ਮਿਲਾਈਆ । ਸੰਤ ਸਾਜਣ ਚੁਕਾਏ ਡਰ, ਨਿਰਭੌ ਹੋਏ ਸਹਾਈਆ । ਗੁਰਮੁਖਾਂ ਨੁਹਾਏ ਅੰਮ੍ਰਿਤ ਸਰ, ਦੁਰਮਤ ਮੈਲ ਧਵਾਈਆ । ਗੁਰਸਿਖਾਂ ਅੰਦਰ ਜਾਏ ਰਲ, ਰਲ ਮਿਲ ਆਪਣਾ ਰੰਗ ਵਖਾਈਆ । ਸਤਿਜੁਗ ਸਾਚਾ ਦੇਵੇ ਫਲ, ਫੁੱਲ ਫੁਲਵਾੜੀ ਮਾਤ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਆਦਿ ਜੁਗਾਦਿ ਜੁਗਾ ਜੁਗੰਤਰ ਲੋਕਮਾਤ ਬੁਝਾਏ ਲੱਗੀ ਬਸੰਤਰ, ਸਾਚਾ ਨਾਮ ਦ੍ਰਿੜਾਏ ਇਕੋ ਮੰਤਰ, ਆਤਮ ਪਰਮਾਤਮ ਪਰਮਾਤਮ ਆਤਮ ਪਾਰਬ੍ਰਹਮ ਬ੍ਰਹਮ ਆਪਣੇ ਅੰਗ ਲਗਾਈਆ ।

### ❇ ੨੦ ਮਾਘ ੨੦੧੯ ਬਿਕ੍ਰਮੀ ਹਜ਼ਾਰਾ ਸਿੰਘ ਦੇ ਗ੍ਰਿਹਿ ਪਿੰਡ ਕਾਉਂਕੇ ਜ਼ਿਲਾ ਅੰਮ੍ਰਿਤਸਰ ❇

ਸੋ ਪੁਰਖ ਨਿਰੰਜਣ ਸ਼ਾਹ ਸੁਲਤਾਨ, ਸ਼ਹਿਨਸ਼ਾਹ ਆਪਣਾ ਹੁਕਮ ਜਣਾਇੰਦਾ । ਤਖ਼ਤ ਨਿਵਾਸੀ ਹੋ ਪਰਧਾਨ, ਧੁਰ ਫ਼ਰਮਾਨਾ ਆਪ ਜਣਾਇੰਦਾ । ਸ਼ਬਦੀ ਸੁਤ ਉਠ ਨਾਦਾਨ, ਥਿਰ ਘਰ ਕੁੰਡਾ ਆਪੇ ਲਾਹਿੰਦਾ । ਵਿਸ਼ਨੂੰ ਨੇਤਰ ਖੋਲ੍ਹ ਅਞਾਣ, ਅਬਿਨਾਸ਼ੀ ਕਰਤਾ ਪਰਦਾ ਲਾਹਿੰਦਾ । ਬ੍ਰਹਮਾ ਚਰਨ ਕਵਲ ਕਰ ਧਿਆਨ, ਪਾਰਬ੍ਰਹਮ ਪ੍ਰਭ ਆਪ ਜਗਾਇੰਦਾ । ਸ਼ੰਕਰ ਨੇਤਰ ਖੋਲ੍ਹ ਵੇਖ ਸ੍ਰੀ ਭਗਵਾਨ, ਹਰਿ ਪੁਰਖ ਨਿਰੰਜਣ ਖੇਲ ਕਰਾਇੰਦਾ । ਤੇਈ ਅਵਤਾਰ ਦਿਓ ਬਿਆਨ, ਬਿਆਨਾ ਸਭ ਤੋਂ ਮੰਗ ਮੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਤਖ਼ਤ ਸੋਭਾ ਪਾਇੰਦਾ । ਸਾਚੇ ਤਖ਼ਤ ਹਰਿ ਜੂ ਚੜ੍ਹਿਆ, ਤਖ਼ਤ ਨਿਵਾਸੀ ਖੇਲ ਕਰਾਇੰਦਾ । ਭਗਤ ਅਠਾਰਾਂ ਰਿਹਾ ਫੜਿਆ, ਫੜ ਫੜ ਆਪਣਾ ਹੁਕਮ ਮਨਾਇੰਦਾ । ਡੂੰਘੀ ਕੰਦਰ ਆਪੇ ਵੜਿਆ, ਨਜ਼ਰ ਕਿਸੇ ਨਾ ਆਇੰਦਾ । ਨਿਸ਼ਅੱਖਰ ਰੂਪ ਆਪੇ ਪੜ੍ਹਿਆ, ਦੋ ਜਹਾਨਾਂ ਆਪ ਸਮਝਾਇੰਦਾ । ਨਾ ਜਨਮੇ ਨਾ ਕਦੇ ਮਰਿਆ, ਮਰਨ ਜਨਮ ਆਪਣਾ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਇੰਦਾ । ਸਾਚਾ ਹੁਕਮ ਪਰਵਰਦਿਗਾਰ, ਧੁਰਦਰਗਾਹੀ ਆਪ ਜਣਾਈਆ । ਮੁਕਾਮੇ ਹੱਕ ਖੇਲ ਨਿਆਰ, ਨੂਰ ਨੁਰਾਨਾ ਡਗਮਗਾਈਆ । ਪੀਰ ਪੈਗ਼ੰਬਰ ਲਏ ਉਠਾਲ, ਹੁਕਮ ਹਾਕਮ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸਾ ਇਕ ਦ੍ਰਿੜਾਈਆ । ਧੁਰ ਸੰਦੇਸਾ ਪਰਵਰਦਿਗਾਰ, ਇਕੋ ਇਕ ਜਣਾਇੰਦਾ । ਲਾਸ਼ਰੀਕ ਸਾਂਝਾ ਯਾਰ, ਨਿਰਵੈਰ ਫੇਰਾ ਪਾਇੰਦਾ । ਈਸਾ ਮੂਸਾ ਮੁਹੰਮਦ ਰਹਿਣਾ ਖ਼ਬਰਦਾਰ, ਅੱਲਾ ਰਾਣੀ ਮੁਖ ਘੁੰਗਟ ਆਪ ਉਠਾਇੰਦਾ । ਚੌਦਾਂ ਤਬਕਾਂ ਖੋਲ੍ਹ ਕਿਵਾੜ, ਸਾਚਾ ਸਬਕ ਇਕ ਪੜ੍ਹਾਇੰਦਾ । ਤੁਲਬਾ ਤਾਲਬ ਵੇਖੇ ਤਲਬਗਾਰ, ਆਲਮ ਉਲਮਾ ਆਲਮੀਨ ਚੰਦ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਇੰਦਾ । ਸਾਚੀ

ਕਰਨੀ ਗੁਰ ਗੁਰ ਧਾਰ, ਏਕਾ ਦਾਤ ਵੰਡ ਵੰਡਾਈਆ । ਏਕੰਕਾਰ ਖੇਲ ਅਪਾਰ, ਵੇਖਣਹਾਰਾ ਥਾਉਂ ਥਾਈਆ । ਦਹਿ ਦਿਸ਼ਾ ਕਰੇ ਖ਼ਬਰਦਾਰ, ਆਲਸ ਨਿੰਦਰਾ ਸਭ ਦੀ ਰਿਹਾ ਗਵਾਈਆ । ਨਾਨਕ ਗੋਬਿੰਦ ਸੁਰਤ ਸੰਭਾਲ, ਮੂਰਤ ਅਕਾਲ ਦਏ ਵਡ ਵਡਿਆਈਆ । ਜੋਤੀ ਜਾਤਾ ਹੋ ਕਿਰਪਾਲ, ਸਚ ਸੰਦੇਸਾ ਰਿਹਾ ਸੁਣਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨੌਂ ਸੌ ਚੁਰਾਨਵੇ ਚੌਕੜੀ ਜੁਗ ਜਿਸ ਦੀ ਕਰਦੇ ਰਹੇ ਭਾਲ, ਭਾਲਿਆਂ ਹੱਥ ਕਿਸੇ ਨਾ ਆਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਜਿਸ ਦੀ ਦੇਂਦੇ ਰਹੇ ਮਿਸਾਲ, ਸੋ ਸਭ ਦੀ ਮਿਸਲ ਵੇਖ ਵਖਾਈਆ । ਲੇਖਾ ਜਾਣੇ ਦੋ ਜਹਾਨ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਖੋਜ ਖੁਜਾਈਆ । ਜੁਗ ਚੌਕੜੀ ਚਲੇ ਅਵਲੱੜੀ ਚਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਤਖ਼ਤ ਨਿਵਾਸੀ, ਏਕੰਕਾਰਾ ਵਡ ਵਡਿਆਈਆ । ਆਦਿ ਜੁਗਾਦਿ ਪੁਰਖ ਅਬਿਨਾਸ਼ੀ, ਜੁਗ ਜੁਗ ਵੇਸ ਵਟਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਭਗਤ ਭਗਵਾਨ ਬਣਾਏ ਦਾਸ ਦਾਸੀ, ਸੇਵਕ ਸੇਵਾ ਇਕ ਜਣਾਈਆ । ਮੰਡਲ ਮੰਡਪ ਗੋਪੀ ਕਾਹਨ ਪ੍ਰਿਥਮੀ ਆਕਾਸ਼ ਪਾਏ ਰਾਸੀ, ਗਗਨ ਗਗਨੰਤਰ ਵੇਖ ਵਖਾਈਆ । ਲੱਖ ਚੁਰਾਸੀ ਆਤਮ ਪਰਮਾਤਮ ਸਾਥੀ, ਪਾਰਬ੍ਰਹਮ ਬ੍ਰਹਮ ਆਪਣਾ ਰੰਗ ਰੰਗਾਈਆ । ਬੋਧ ਅਗਾਧੀ ਸ਼ਬਦ ਅਨਾਦੀ ਧੁਰ ਦੀ ਬਾਣੀ ਸੁਣਾਏ ਸਾਚੀ ਗਾਥੀ, ਭੇਵ ਅਭੇਦਾ ਆਪ ਖੁਲ੍ਹਾਈਆ । ਨਿਰਗੁਣ ਸਰਗੁਣ ਬਣੇ ਰਾਥੀ, ਬਣ ਰਥਵਾਹੀ ਫੇਰਾ ਪਾਈਆ । ਸਰਬ ਕਲਾ ਆਪੇ ਸਮਰਾਥੀ, ਸਮਰਥ ਪੁਰਖ ਵਡ ਵਡਿਆਈਆ ।
੫੮੪ ੧੩ ਇਕੋ ਪੂਜਾ ਇਕੋ ਪਾਠੀ, ਏਕਾ ਮੰਤਰ ਰਿਹਾ ਦ੍ਰਿੜਾਈਆ । ਵੇਖਣਹਾਰਾ ਮਾਰ ਝਾਤੀ, ਦੋ ਜਹਾਨਾਂ ਕੁੰਡਾ ਲਾਹੀਆ । ਧੁਰ ਦਰਗਾਹੀ ਸੱਚਾ ਸਾਕੀ, ਪੀਰ ਪੈਗ਼ੰਬਰਾਂ ਗੁਰ ਅਵਤਾਰਾਂ ਆਬ ਹਯਾਤ ਅੰਮ੍ਰਿਤ ਮਧੁਰ ਰਸ ਇਕੋ ਇਕ ਚਖਾਈਆ । ਕਲਜੁਗ ਅੰਤਮ ਸਭ ਤੋਂ ਮੰਗਣ ਆਇਆ ਬਾਕੀ, ਲੇਖਾ ਸਭ ਦਾ ਰਿਹਾ ਵਖਾਈਆ । ਅੱਗੇ ਰਹਿਣ ਨਾ ਦੇਵੇ ਕੋਈ ਆਕੀ, ਆਕੀ ਬਣਿਆ ਹਰਿ ਰਘੁਰਾਈਆ । ਜਿਸ ਦੀ ਸੁਣਦੇ ਰਹੇ ਸਾਖੀ, ਸੋ ਸਾਖਿਆਤ ਰੂਪ ਦਰਸਾਈਆ । ਕਵਲ ਨੈਣ ਮਧਰ ਬੈਣ, ਪਰਗਟ ਹੋਇਆ ਸਗਲਾ ਸੈਣ, ਮਿਹਰਵਾਨ ਬੇਪਰਵਾਹ ਬੇਨਜ਼ੀਰ, ਲਾ ਤਸਵੀਰ ਬੇਪਰਵਾਹੀਆ । ਲੇਖਾ ਜਾਣੇ ਸ਼ਾਹ ਹਕੀਰ, ਪਰਗਟ ਹੋਇਆ ਵਡ ਪੀਰਨ ਪੀਰ, ਮੁਕਾਮੇ ਹੱਕ ਲਾਸ਼ਰੀਕ, ਵਾਹਦ ਆਪਣਾ ਸੰਗ ਰਖਾਈਆ । ਤੋੜਨਹਾਰਾ ਸ਼ਰਅ ਜ਼ੰਜੀਰ, ਪੜ੍ਹਨਹਾਰਾ ਸਚ ਤਕਬੀਰ, ਤਦਬੀਰ ਆਪਣੀ ਦਏ ਜਣਾਈਆ । ਅਠਾਰਾਂ ਭਗਤਾਂ ਬਦਲ ਦੇਵੇ ਤਕਸੀਰ, ਚੌਟੀ ਚੜ੍ਹ ਵੇਖੇ ਅਖ਼ੀਰ, ਹੁਜਰਾ ਇਕੋ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਕਲਮਾ ਸਾਚਾ ਨਗ਼ਮਾ ਇਕੋ ਇਕ ਜਣਾਈਆ । ਸਾਚਾ ਨਗ਼ਮਾ ਹਰਿ ਤੌਫ਼ੀਕ, ਤੋਹਫ਼ਾ ਲੱਖ ਚੁਰਾਸੀ ਆਪ ਵਰਤਾਇੰਦਾ । ਕਰੇ ਖੇਲ ਲਾਸ਼ਰੀਕ, ਸ਼ਰਕਤ ਸਭ ਦੀ ਮੇਟ ਮਿਟਾਇੰਦਾ । ਵੇਖਣਹਾਰਾ ਹੱਕ ਹਕੀਕ, ਹਕੀਕਤ ਆਪਣੇ ਹੱਥ ਰਖਾਇੰਦਾ । ਕਲਜੁਗ ਅੰਤਮ ਮੇਟੇ ਅੰਧੇਰਾ ਤਾਰੀਕ, ਸਾਚਾ ਚੰਦ ਇਕ ਚੜ੍ਹਾਇੰਦਾ । ਨਜ਼ਰੀ ਆਏ ਆਪ ਨਜ਼ਦੀਕ, ਦੂਰ ਦੁਰਾਡਾ ਪੰਧ ਮੁਕਾਇੰਦਾ । ਈਸਾ ਮੂਸਾ ਮੁਹੰਮਦ ਜਿਸ ਦੀ ਦੱਸਦੇ ਗਏ ਪ੍ਰੀਤ, ਪ੍ਰੀਤੀਵਾਨ ਫੇਰਾ ਪਾਇੰਦਾ । ਜਗਤ ਅੰਧੇਰਾ ਚੌਧਵੀਂ ਸਦੀ ਤਾਰੀਕ, ਚੌਦਸ ਚੰਦ ਨਾ ਕੋਇ ਚਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸਚ ਸਿੰਘਾਸਣ ਪੁਰਖ ਅਬਿਨਾਸ਼ਨ ਇਕ ਇਕੱਲਾ ਡੇਰਾ ਲਾਇੰਦਾ । ਇਕ ਇਕੱਲਾ ਏਕੰਕਾਰ, ਅਕਲ ਕਲਾ ਵੱਡੀ ਵਡਿਆਈਆ ।

ਲੇਖਾ ਮੰਗੇ ਗੁਰ ਅਵਤਾਰ, ਪਰਚਾ ਸਭ ਦੇ ਅੱਗੇ ਪਾਈਆ । ਨੇਤਰ ਖੋਲ੍ਹ ਵੇਖੇ ਕਿਵਾੜ, ਲੋਕਮਾਤ ਧਿਆਨ ਲਗਾਈਆ । ਰਾਮ ਕ੍ਰਿਸ਼ਨ ਨਾ ਕੋਇ ਪਿਆਰ, ਇਸ਼ਟ ਦੇਵ ਨਾ ਕੋਇ ਮਨਾਈਆ । ਨਾਨਕ ਗੋਬਿੰਦ ਨਾ ਕੋਇ ਆਧਾਰ, ਭਰਮੇ ਭੁੱਲੀ ਸਰਬ ਲੋਕਾਈਆ । ਮੰਦਰ ਮਸਜਦ ਸ਼ਿਵਦਵਾਲੇ ਮੱਠ ਧੂਆਂਧਾਰ, ਨਿਰਗੁਣ ਜੋਤ ਨਾ ਕੋਇ ਰੁਸ਼ਨਾਈਆ । ਪੜ੍ਹ ਪੜ੍ਹ ਥੱਕੇ ਜੀਵ ਗਵਾਰ, ਹਿਰਦੇ ਹਰਿ ਨਾ ਕੋਇ ਵਸਾਈਆ । ਤੀਰਥ ਤਟ ਅਠ ਸਠ ਹੋਏ ਖ਼ਵਾਰ, ਜਮਨਾ ਗੋਦਾਵਰੀ ਸੁਰਸਤੀ ਗੰਗਾ ਰੋਵੇ ਨੇਤਰ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਵੇਖਣਹਾਰਾ ਥਾਉਂ ਥਾਈਂਆ । ਥਾਉਂ ਥਾਈਂ ਵੇਖਣਹਾਰਾ, ਦੋ ਜਹਾਨਾਂ ਵੇਖ ਵਖਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਉਠਾਏ ਨਾਲ ਇਸ਼ਾਰਾ, ਨਾਮ ਇਸ਼ਾਰਾ ਇਕ ਜਣਾਇੰਦਾ । ਤੇਈ ਅਵਤਾਰਾਂ ਖੋਲ੍ਹੇ ਕਿਵਾੜਾ, ਬੰਦ ਅੱਖ ਨਾ ਕੋਇ ਕਰਾਇੰਦਾ । ਭਗਤ ਅਠਾਰਾਂ ਮੇਲ ਮਿਲਾਏ ਵਾਰੋ ਵਾਰਾ, ਦਰ ਘਰ ਸਾਚਾ ਇਕ ਸਹਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਰੋਵਣ ਜ਼ਾਰੋ ਜ਼ਾਰਾ, ਨੇਤਰ ਨੀਰ ਸਰਬ ਵਹਾਇੰਦਾ । ਤੇਈ ਅਵਤਾਰ ਢਹਿ ਢਹਿ ਪੈਣ ਚਰਨ ਦਵਾਰਾ, ਤੇਰਾ ਅੰਤ ਨਾ ਪਾਰਾਵਾਰਾ, ਤੇਰਾ ਭੇਵ ਕੋਇ ਨਾ ਪਾਇੰਦਾ । ਸਚਖੰਡ ਤੇਰਾ ਮਨਾਰਾ, ਮਹੱਲ ਅਟੱਲ ਇਕ ਰੁਸ਼ਨਾਇੰਦਾ । ਆਦਿ ਜੁਗਾਦਿ ਤੇਰਾ ਪਸਾਰਾ, ਤੇਰੀ ਕੁਦਰਤ ਤੂੰ ਹੀ ਵੇਖ ਵਖਾਇੰਦਾ । ਹਉਂ ਚਾਕਰ ਸੇਵਕ ਪਾਖ਼ਾਕ ਸੇਵਾਦਾਰਾ, ਸਾਚੀ ਸੇਵ ਤੇਰੀ ਕਮਾਇੰਦਾ । ਤੂੰ ਮੁਕਾਮੇ ਹੱਕ ਬੈਠੋਂ ਪੀਰ ਜ਼ਾਹਰਾ, ਤੇਰਾ ਜਲਵਾ ਤੱਕਿਆ ਨਾ ਜਾਇੰਦਾ । ਤੇਰਾ ਖੇਲ ਗੁਪਤ ਜ਼ਾਹਰਾ, ਬਾਤਨ ਤੇਰਾ ਰਾਹ ਨਜ਼ਰ ਨਾ ਆਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬੈਠਾ ਰਿਹੋਂ ਕੁਆਰਾ, ਤੇਰਾ ਪੱਲੂ ਗੰਢ ਨਾ ਕੋਇ ਪਵਾਇੰਦਾ । ਕਲਜੁਗ ਅੰਤਮ ਪਰਗਟ ਹੋਇਓਂ ਵਿਚ ਸੰਸਾਰਾ, ਨੂਰ ਜ਼ਹੂਰ ਇਕ ਦਰਸਾਇੰਦਾ । ਕਾਗਦ ਕਲਮ ਨਾ ਲਿਖਣਹਾਰਾ, ਕਾਤਬ ਕਲਮ ਨਾ ਕੋਇ ਚਲਾਇੰਦਾ । ਈਸਾ ਮੂਸਾ ਮੁਹੰਮਦ ਡਿਗੇ ਮੂੰਹ ਦੇ ਭਾਰਾ, ਕਲਮਾ ਨਬੀ ਨਾ ਕੋਇ ਸੁਣਾਇੰਦਾ । ਮਿਹਬਾਨ ਬੀਦੋ ਬੀ ਖੈਰ ਯਾ ਅੱਲਾ ਤੇਰਾ ਇਕ ਨਜ਼ਾਰਾ, ਬੇਨਜ਼ੀਰ ਨਜ਼ਰ ਕਿਸੇ ਨਾ ਆਇੰਦਾ । ਚੌਦਾਂ ਤਬਕ ਦੇਵੇ ਨਾ ਕੋਇ ਸਹਾਰਾ, ਜ਼ਿਮੀਂ ਅਸਮਾਨ ਧੂਆਂਧਾਰ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਤਖ਼ਤ ਬੈਠਾ ਚੜ੍ਹ, ਧੁਰ ਸੰਦੇਸਾ ਇਕ ਸੁਣਾਇੰਦਾ । ਚੜ੍ਹਿਆ ਤਖ਼ਤ ਆਪ ਭਗਵਾਨਾ, ਭਗਵਨ ਆਪਣੀ ਦਇਆ ਕਮਾਈਆ । ਸ਼ਾਹੋ ਭੂਪ ਵਡ ਰਾਜ ਰਾਜਾਨਾ, ਸ਼ਹਿਨਸ਼ਾਹ ਆਪਣਾ ਹੁਕਮ ਮਨਾਈਆ । ਸਚ ਸੰਦੇਸਾ ਦੇਵੇ ਦੋ ਜਹਾਨਾਂ, ਨਾਮ ਨਿਧਾਨਾ ਇਕ ਜਣਾਈਆ । ਕਲਜੁਗ ਅੰਤ ਹੋਏ ਪਰਧਾਨਾ, ਮਹਾਂਬਲੀ ਵਡ ਵਡਿਆਈਆ । ਨਿਹਕਲੰਕ ਨੌਜਵਾਨਾ, ਨਾ ਮਰੇ ਨਾ ਜਾਈਆ । ਸ਼ਬਦੀ ਰਾਗ ਇਕ ਤਰਾਨਾ, ਤਾਲ ਤਲਵਾੜਾ ਨਾ ਕੋਇ ਵਖਾਈਆ । ਬਦਲਣਹਾਰ ਸਦਾ ਜ਼ਮਾਨਾ, ਜ਼ਮਾਨਤ ਸਭ ਦੀ ਬੰਦ ਕਰਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੇਵਣਹਾਰਾ ਦਾਨਾ, ਦਾਤਾ ਇਕੋ ਫੇਰਾ ਪਾਈਆ । ਲੱਖ ਚੁਰਾਸੀ ਸਮਝਾਵਣਹਾਰਾ ਬ੍ਰਹਮ ਗਿਆਨਾ, ਬ੍ਰਹਮ ਵਿਦਿਆ ਇਕ ਰਖਾਈਆ । ਅੰਮ੍ਰਿਤ ਆਤਮ ਦੇਵਣਹਾਰਾ ਚਤਰ ਸੁਜਾਨਾ, ਚਤਰਭੁਜ ਵੇਸ ਵਟਾਈਆ । ਖੇਲੇ ਖੇਲ ਨਿਰਗੁਣ ਸਰਗੁਣ ਮਰਦ ਮਰਦਾਨਾ, ਆਪਣੀ ਮਰਦਾਨਗੀ ਆਪ ਕਮਾਈਆ । ਸਾਚਾ ਚਿੱਲਾ ਤੀਰ ਕਮਾਨਾ, ਨਾਮ ਖੰਡਾ ਇਕ ਚਮਕਾਈਆ । ਕਲਜੁਗ ਕੂੜੀ ਕਿਰਿਆ ਮੇਟੇ ਨਿਸ਼ਾਨਾ, ਜੂਠ ਝੂਠ ਦਏ ਗਵਾਈਆ । ਚਾਰੋਂ ਕੁੰਟ ਹੋਏ ਵੈਰਾਨਾ, ਵੈਰੀ ਵੈਰ ਨਾ ਕੋਇ ਕਮਾਈਆ । ਚੜ੍ਹ ਕੇ ਵੇਖੇ ਸ਼ਬਦ ਬਬਾਣਾ, ਲੋਆਂ ਪੁਰੀਆਂ ਬ੍ਰਹਿਮੰਡਾ ਖੰਡਾਂ ਚਰਨਾਂ ਹੇਠ ਦਬਾਈਆ । ਭਾਗ

ਲਗਾਏ ਸੰਬਲ ਇਕ ਮਕਾਨਾ, ਹੁਜਰੇ ਸਭ ਦੇ ਫੋਲ ਫੁਲਾਈਆ । ਚਾਰੇ ਖਾਣੀ ਦਏ ਗਿਆਨਾ, ਚਾਰੇ ਬਾਣੀ ਆਪ ਜਣਾਈਆ । ਚਾਰੇ ਜੁਗ ਕਰੇ ਮਹਾਨਾ, ਚਾਰੋਂ ਕੁੰਟ ਵੰਡ ਵੰਡਾਈਆ । ਨਵ ਨੌਂ ਖੇਲ ਕਰੇ ਮਹਾਨਾ, ਨੌਂ ਦਰ ਖੋਜੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਆਪੇ ਖੜ, ਸਚ ਸੰਦੇਸਾ ਇਕ ਦ੍ਰਿੜਾਈਆ । ਸਚ ਸੰਦੇਸਾ ਸੁਣਾਵੇ ਗੀਤ, ਗੋਬਿੰਦ ਧਾਰ ਚਲਾਇੰਦਾ । ਪ੍ਰਭ ਪਾਰਬ੍ਰਹਮ ਇਕ ਅਨਡੀਠ, ਜਗਤ ਨੇਤਰ ਨਜ਼ਰ ਨਾ ਆਇੰਦਾ । ਕਲਜੁਗ ਅੰਤਮ ਨਾਤਾ ਤੋੜੇ ਮੰਦਰ ਮਸੀਤ, ਮੁਸੱਲਾ ਹੇਠ ਨਾ ਕੋਇ ਵਿਛਾਇੰਦਾ । ਨਜ਼ਰੀ ਆਏ ਇਕ ਅਤੀਤ, ਤ੍ਰੈਗੁਣ ਮਾਇਆ ਡੇਰਾ ਆਪੇ ਢਾਹਿੰਦਾ । ਮੇਲ ਮਿਲਾਵਾ ਹਸਤ ਕੀਟ, ਊਚ ਨੀਚ ਏਕਾ ਘਰ ਵਸਾਇੰਦਾ । ਸਦੀ ਚੌਧਵੀਂ ਰਹੀ ਬੀਤ, ਅਗਲਾ ਲੇਖਾ ਆਪ ਸਮਝਾਇੰਦਾ । ਲੱਖ ਚੁਰਾਸੀ ਪਰਖਣਹਾਰਾ ਨੀਤ, ਗ੍ਰਿਹਿ ਗ੍ਰਿਹਿ ਮੰਦਰ ਵੇਖ ਵਖਾਇੰਦਾ । ਸ੍ਰਿਸ਼ਟ ਸਬਾਈ ਹੋਈ ਪਲੀਤ, ਠੀਕ ਅੱਖ ਨਾ ਕੋਇ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਚ ਸਿੰਘਾਸਣ ਬੈਠਾ ਚੜ੍ਹ, ਸਾਹਿਬ ਆਪਣਾ ਹੁਕਮ ਮਨਾਇੰਦਾ । ਤਖ਼ਤ ਚੜ੍ਹਿਆ ਸ਼ਾਹੋ ਭੂਪ, ਭੂਪਤ ਭੂਪ ਹੁਕਮ ਜਣਾਈਆ । ਨਾ ਕੋਈ ਰੰਗ ਨਾ ਕੋਈ ਰੂਪ, ਰੇਖ ਨਜ਼ਰ ਕਿਸੇ ਨਾ ਆਈਆ । ਨਾ ਕੋਈ ਦਿਸ਼ਾ ਨਾ ਕੋਈ ਕੂਟ, ਜ਼ਿਮੀਂ ਅਸਮਾਨ ਨਾ ਕੋਇ ਵਡਿਆਈਆ । ਨਾ ਕੋਈ ਸਚ ਨਾ ਕੋਈ ਝੂਠ, ਨਿਰਗੁਣ ਆਪਣਾ ਖੇਲ ਰਚਾਈਆ । ਪੰਚ ਤੱਤ ਨਾ ਕੋਇ ਭੂਤ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਨਾ ਬੰਧਨ ਪਾਈਆ । ਨਾ ਕੋਈ ਤਾਣਾ ਪੇਟਾ ਸੂਤ, ਸੂਤਰਧਾਰੀ ਵਡ ਵਡਿਆਈਆ । ਨਾ ਕੋਈ ਰੂਹ ਬੁੱਤ ਕਲਬੂਤ, ਕਲਮਾ ਨਬੀ ਨਾ ਕੋਇ ਜਣਾਈਆ । ਪਰਵਰਦਿਗਾਰ ਆਪਣਾ ਦੇਵੇ ਆਪ ਸਬੂਤ, ਸੁਰਤ ਸਚ ਸਚ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਤਖ਼ਤ ਚੜ੍ਹਿਆ ਆਪ ਮਹਿਬੂਬ, ਮੁਹੱਬਤ ਇਕੋ ਇਕ ਜਣਾਈਆ । ਸਚ ਮਹਿਬੂਬ ਕਰੋ ਆਦਾਬ, ਆਦਰਸ਼ ਇਕ ਜਣਾਇੰਦਾ । ਸਦਾ ਸੁਹੇਲਾ ਸਚ ਜਨਾਬ, ਜਾਨਣਹਾਰਾ ਖੇਲ ਕਰਾਇੰਦਾ । ਪੀਰ ਪੈਗ਼ੰਬਰਾਂ ਪਕੜੇ ਹੱਥ ਵਾਗ, ਮੁੱਲਾ ਸ਼ੇਖ਼ ਮਸਾਇਕ ਆਪ ਨਚਾਇੰਦਾ । ਜੁਗ ਚੌਕੜੀ ਧੋਵੇ ਦਾਗ਼, ਨਿਰਮਲ ਨੀਰ ਸੀਰ ਪਿਆਇੰਦਾ । ਫੜ ਫੜ ਹੰਸ ਬਣਾਏ ਕਾਗ, ਸਿਰ ਆਪਣਾ ਹੱਥ ਟਿਕਾਇੰਦਾ । ਕਾਇਆ ਮੰਦਰ ਅੰਦਰ ਜਗਾਏ ਚਿਰਾਗ਼, ਦੀਵਾ ਬਾਤੀ ਇਕ ਰੁਸ਼ਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਮਰਥ ਪੁਰਖ ਵੇਸ ਵਟਾਇੰਦਾ । ਵੇਸ ਵਟਾਏ ਪੁਰਖ ਅਕਾਲਾ, ਅਕਲ ਵਿਚ ਕਿਸੇ ਨਾ ਆਈਆ । ਕਰੇ ਖੇਲ ਦੀਨ ਦਿਆਲਾ, ਦੀਨਨ ਮੇਲਾ ਸਹਿਜ ਸੁਭਾਈਆ । ਆਤਮ ਪਰਮਾਤਮ ਖੇਲ ਨਿਰਾਲਾ, ਨਿਰਗੁਣ ਨਿਰਗੁਣ ਵੇਖ ਵਖਾਈਆ । ਨਾਤਾ ਤੋੜ ਕਾਲ ਮਹਾਂਕਾਲਾ, ਮਹਿਫ਼ਲ ਆਪਣੀ ਦਏ ਸਮਝਾਈਆ । ਦਿਵਸ ਰੈਣ ਕਰੇ ਪ੍ਰਿਤਪਾਲਾ, ਸਦਾ ਸੁਹੇਲਾ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਰਗੁਣ ਆਪਣਾ ਵੇਸ ਵਟਾਈਆ । ਵੇਸ ਵਟਾਇਆ ਜੋਤੀ ਧਾਰ, ਧਾਰ ਧਾਰ ਜਣਾਇੰਦਾ । ਜਿਸ ਦੀ ਪੂਜਾ ਕਰਦੇ ਗਏ ਗੁਰ ਅਵਤਾਰ, ਸੋ ਸਤਿਗੁਰ ਨਜ਼ਰੀ ਆਇੰਦਾ । ਜਿਸ ਦੀ ਖਾਣੀ ਬਾਣੀ ਕਰੇ ਗੁਫ਼ਤਾਰ, ਗੁਫ਼ਤ ਸ਼ੁਨੀਦ ਵੇਖ ਵਖਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਚਲਦਾ ਰਿਹਾ ਰਫ਼ਤਾਰ, ਆਹਿਸਤਾ ਆਹਿਸਤਾ ਆਪਣਾ ਪੰਧ ਮੁਕਾਇੰਦਾ । ਸਭ ਦੇ ਪਿਛੇ ਲਾਇਆ ਸ਼ਬਦ ਸਾਰ, ਸਾਰ ਸਭ ਦੀ ਆਪਣੇ ਹੱਥ ਰਖਾਇੰਦਾ । ਦੋ ਜਹਾਨਾਂ

੫੮੬
੧੩

ਵਜਦੀ ਰਹੇ ਤਾਰ, ਬਿਨ ਤੰਦੀ ਤੰਦ ਸੁਣਾਇੰਦਾ । ਘਟ ਘਟ ਅੰਦਰ ਅਨਹਦ ਨਾਦ ਅਗੰਮੀ ਵਜਾਏ ਵਜਾਵਣਹਾਰ, ਸਾਰੰਗ ਸਰੰਗਾ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਤਖ਼ਤ ਨਿਵਾਸੀ ਖੇਲ ਕਰਾਇੰਦਾ । ਤਖ਼ਤ ਨਿਵਾਸੀ ਰਾਜਨ ਰਾਜਾ, ਰਯੱਤ ਦੋ ਜਹਾਨ ਵੇਖ ਵਖਾਈਆ । ਕਲਜੁਗ ਅੰਤਮ ਰਚਿਆ ਕਾਜਾ, ਨਿਰਗੁਣ ਆਪਣਾ ਵੇਸ ਵਟਾਈਆ । ਪਰਗਟ ਹੋਇਆ ਦੇਸ ਮਾਝਾ, ਗੋਬਿੰਦ ਮੇਲਾ ਸਹਿਜ ਸੁਭਾਈਆ । ਸ੍ਰਿਸ਼ਟ ਸਬਾਈ ਪਾਏ ਭਾਜਾ, ਘਰ ਮੰਦਰ ਦਏ ਤਜਾਈਆ । ਭਗਤ ਭਗਵੰਤ ਮਾਰੇ ਵਾਜਾਂ, ਸਾਚੇ ਸੰਤਾਂ ਲਏ ਜਗਾਈਆ । ਗੁਰਮੁਖਾਂ ਰੱਖੇ ਆਪੇ ਲਾਜਾ, ਸਿਰ ਆਪਣਾ ਹੱਥ ਟਿਕਾਈਆ । ਗੁਰਸਿਖਾਂ ਚੜ੍ਹਾਏ ਨਾਮ ਜਹਾਜ਼ਾ, ਮੰਝਧਾਰ ਨਾ ਕੋਇ ਰੁੜ੍ਹਾਈਆ । ਅੱਗੋਂ ਨਜ਼ਰੀ ਆਏ ਗ਼ਰੀਬ ਨਿਵਾਜਾ, ਗ਼ਰੀਬ ਨਿਮਾਣੇ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੇ ਅੰਦਰ ਭਾਣਾ ਰਿਹਾ ਮਨਾਈਆ । ਹੁਕਮੇ ਅੰਦਰ ਮੰਨਣਾ ਭਾਣਾ, ਭਾਵੀ ਸਭ ਦੀ ਆਪ ਜਣਾਇੰਦਾ । ਕੋਈ ਨਾ ਰਹਿਸੀ ਰਾਜਾ ਰਾਣਾ, ਖ਼ਾਲੀ ਤਖ਼ਤ ਵਖਾਇੰਦਾ । ਕਲਜੁਗ ਅੰਤਮ ਮਿਟੇ ਨਿਸ਼ਾਨਾ, ਕੂੜੀ ਕਿਰਿਆ ਆਪ ਮੁਕਾਇੰਦਾ । ਸ੍ਰਿਸ਼ਟ ਸਬਾਈ ਗਾਏ ਇਕੋ ਗਾਣਾ, ਆਤਮ ਪਰਮਾਤਮ ਸਾਚਾ ਢੋਲਾ ਸੋਹਲਾ ਆਪ ਸੁਣਾਇੰਦਾ । ਨੌਂ ਖੰਡ ਪ੍ਰਿਥਮੀ ਸਾਚਾ ਮੰਦਰ ਇਕ ਵਖਾਨਾ, ਘਰ ਮੰਦਰ ਖੋਜ ਖੁਜਾਇੰਦਾ । ਸੁਰਤ ਸਵਾਣੀ ਸ਼ਬਦੀ ਮਿਲੇ ਸੱਚਾ ਹਾਣ ਹਾਣਾ, ਘਰ ਨਾਰ ਕੰਤ ਸੁਹਾਗ ਵੇਖ ਵਖਾਇੰਦਾ । ਅੰਤਰਜਾਮੀ ਅੰਤਰ ਆਤਮ ਪਹਿਰੇ ਬਾਣਾ, ਮੰਤਰ ਆਪਣਾ ਆਪ ਸਮਝਾਇੰਦਾ । ਰਸਨਾ ਜਿਹਵਾ ਬੱਤੀ ਦੰਦ ਹੋਏ ਹੈਰਾਨਾ, ਪਵਣ ਸਵਾਸ ਨਾ ਕੋਇ ਮਿਲਾਇੰਦਾ । ਆਤਮ ਸੇਜਾ ਖੇਲੇ ਖੇਲ ਸ੍ਰੀ ਭਗਵਾਨਾ, ਸ਼ਬਦ ਅਗੰਮੀ ਵਾਜਾ ਆਪ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸਾਚੀ ਸਿਖਿਆ ਇਕ ਸਮਝਾਇੰਦਾ । ਸਾਚੀ ਸਿਖਿਆ ਸਰਬ ਗੁਣਵੰਤ, ਸਤਿ ਸਤਿ ਜਣਾਈਆ । ਸ੍ਰਿਸ਼ਟ ਸਬਾਈ ਏਕਾ ਮੰਤ, ਮੰਤਰ ਇਕ ਦ੍ਰਿੜਾਈਆ । ਆਤਮ ਪਰਮਾਤਮ ਖੇਲ ਜੀਵ ਜੰਤ, ਈਸ਼ ਜੀਵ ਕਰੇ ਕੁੜਮਾਈਆ । ਸਤਿਜੁਗ ਸਚ ਬਣਾਏ ਬਣਤ, ਮਾਰਗ ਇਕੋ ਇਕ ਦਰਸਾਈਆ । ਸੋ ਗੁਰਮੁਖ ਸੋਹੇ ਸੱਚਾ ਸੰਤ, ਜਿਸ ਮਿਲਿਆ ਬੇਪਰਵਾਹੀਆ । ਗੜ੍ਹ ਤੁਟੇ ਹਉਮੇਂ ਹੰਗਤ, ਹੰ ਬ੍ਰਹਮ ਇਕ ਦਰਸਾਈਆ । ਨਾਰੀ ਮਿਲੇ ਨਰਾਇਣ ਕੰਤ, ਘਰ ਸਾਚੇ ਮੰਗਲ ਗਾਈਆ । ਚੋਲੀ ਚੜ੍ਹੇ ਰੰਗ ਬਸੰਤ, ਉਤਰ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸਾ ਰਿਹਾ ਸੁਣਾਈਆ । ਧੁਰ ਸੰਦੇਸਾ ਸੁਣ ਲਵੋ ਕੰਨ, ਧੁਰਦਰਗਾਹੀ ਆਪ ਜਣਾਇੰਦਾ । ਪੀਰ ਪੈਗ਼ੰਬਰ ਕਹਿਣਾ ਲਵੋ ਮੰਨ, ਅਗਲਾ ਲੇਖਾ ਆਪ ਮੁਕਾਇੰਦਾ । ਲੱਖ ਚੁਰਾਸੀ ਦੇਵਣਹਾਰਾ ਡੰਨ, ਡੰਡਾ ਇਕੋ ਹੱਥ ਉਠਾਇੰਦਾ । ਜੋ ਘੜਿਆ ਸੋ ਦੇਵੇ ਭੰਨ, ਬਚਿਆ ਕੋਇ ਰਹਿਣ ਨਾ ਪਾਇੰਦਾ । ਅੰਤਮ ਛੁਪਣਾ ਚੌਧਵੀਂ ਚੰਨ, ਤਾਰਾ ਨੂਰ ਨਾ ਕੋਇ ਵਖਾਇੰਦਾ । ਸ੍ਰਿਸ਼ਟ ਸਬਾਈ ਹੋਈ ਨੇਤਰ ਅੰਨ੍ਹ, ਗਿਆਨ ਨੇਤਰ ਨਾ ਕੋਇ ਖੁਲ੍ਹਾਇੰਦਾ । ਕਾਮ ਕ੍ਰੋਧ ਵਸਿਆ ਤਨ, ਸਤਿਗੁਰ ਸ਼ਬਦ ਨਾ ਕੋਇ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਧਾਰ ਆਪ ਜਣਾਇੰਦਾ । ਸਾਚਾ ਮੰਨੋ ਅੰਤਮ ਕਹਿਣਾ, ਸੋ ਪੁਰਖ ਨਿਰੰਜਣ ਇਕ ਜਣਾਈਆ । ਅੰਤਮ ਭਾਣਾ ਸਭ ਨੇ ਸਹਿਣਾ, ਹਰਿ ਪੁਰਖ ਨਿਰੰਜਣ ਰਿਹਾ ਵਰਤਾਈਆ । ਬਿਨ ਏਕੰਕਾਰ ਕਿਸੇ ਨਾ ਰਹਿਣਾ, ਨਿਰਗੁਣ ਸਰਗੁਣ ਕਰੇ ਸਫ਼ਾਈਆ । ਆਦਿ ਨਿਰੰਜਣ ਸਚ ਦੁਆਰੇ

ਸਾਚੇ ਬਹਿਣਾ, ਜੋਤ ਨਿਰੰਜਣ ਕਰੇ ਕੁੜਮਾਈਆ । ਪੁਰਖ ਅਬਿਨਾਸ਼ੀ ਧਾਮ ਅਵਲੱੜੇ ਸਾਚੇ ਤਖ਼ਤ ਇਕੋ ਬਹਿਣਾ, ਬਹਿ ਬਹਿ ਹੁਕਮ ਸੁਣਾਈਆ । ਸ੍ਰੀ ਭਗਵਾਨ ਵਖਾਏ ਨੇਤਰ ਨੈਣਾਂ, ਲੋਚਨ ਸਭ ਦੇ ਬੰਦ ਕਰਾਈਆ । ਪਾਰਬ੍ਰਹਮ ਪ੍ਰਭ ਨਾਤਾ ਤੋੜੇ ਭਾਈ ਭੈਣਾ, ਸਾਕ ਸੱਜਣ ਨਜ਼ਰ ਕੋਇ ਨਾ ਆਈਆ । ਲਾੜੀ ਮੌਤ ਸਭ ਨੂੰ ਖਾਏ ਡੈਣਾ, ਬਿਨ ਗੁਰਮੁਖ ਬਚਿਆ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਦੇਵੇ ਅੰਤ ਸੰਦੇਸਾ, ਤਖ਼ਤੋ ਲਹੇ ਰਾਜ ਨਰੇਸ਼ਾ, ਨਿਰਗੁਣ ਇਕੋ ਹੁਕਮ ਮਨਾਈਆ । ਸਚ ਸੰਦੇਸਾ ਸੁਣੋ ਬਾਤ, ਅਕਥ ਕਥਾ ਜਣਾਇੰਦਾ । ਕਲਜੁਗ ਮਿਟੇ ਅੰਧੇਰੀ ਰਾਤ, ਕੂੜੀ ਕਿਰਿਆ ਮੋਹ ਤੁੜਾਇੰਦਾ । ਦੀਨ ਮਜ਼੍ਹਬ ਹੋਏ ਵਫ਼ਾਤ, ਫ਼ਤਵਾ ਸਭ ਨੂੰ ਇਕੋ ਲਾਇੰਦਾ । ਕਰਨ ਆਇਆ ਨਿਰਗੁਣ ਸਰਗੁਣ ਘਾਤ, ਘਾਉ ਆਪਣੇ ਨਾਉਂ ਲਗਾਇੰਦਾ । ਰਲ ਮਿਲ ਬਣ ਜਾਓ ਇਕ ਜਮਾਤ, ਅੱਖਰ ਇਕੋ ਇਕ ਪੜ੍ਹਾਇੰਦਾ । ਆਤਮ ਪਰਮਾਤਮ ਦਾ ਸੱਚਾ ਸਾਕ, ਸਗਲਾ ਸੰਗ ਇਕ ਅਖਵਾਇੰਦਾ । ਸੋਹੰ ਢੋਲਾ ਗਾਓ ਗਾਥ, ਪਾਰਬ੍ਰਹਮ ਬ੍ਰਹਮ ਵਿਦਿਆ ਇਕ ਪੜ੍ਹਾਇੰਦਾ । ਜਿਸ ਦੇ ਹੁਕਮੇ ਅੰਦਰ ਕੋਟਨ ਕੋਟ ਤ੍ਰਿਲੋਕੀ ਨਾਥ, ਰਾਮ ਕਿਸ਼ਨ ਸੇਵ ਕਮਾਇੰਦਾ । ਸੋ ਸਾਹਿਬ ਪੁਰਖ ਸਮਰਾਥ, ਪੀਰ ਪੈਗ਼ੰਬਰ ਰਾਹ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਨੇਹੜਾ ਇਕ ਘਲਾਇੰਦਾ । ਸਚ ਸਨੇਹੜਾ ਦੱਸੇ ਰਾਹ, ਰਹਿਬਰ ਇਕ ਖ਼ੁਦਾਈਆ । ਪਰਵਰਦਿਗਾਰ ਹੱਕ ਪਨਾਹ, ਸਮਰਥ ਵੇਖ ਵਖਾਈਆ । ਬਿਨ ਸਤਿਗੁਰ ਬਖ਼ਸ਼ੇ ਨਾ ਕੋਇ ਗੁਨਾਹ, ਪਤਤ ਪਾਵਣ ਨਾ ਕੋਇ ਕਰਾਈਆ । ਵੇਲੇ ਅੰਤ ਨਾ ਬਣਨਾ ਕੋਈ ਗਵਾਹ, ਲੋਕਮਾਤ ਨਾ ਛੱਡੇ ਲੋਕਾਈਆ । ਕਲਜੁਗ ਤੱਤੀ ਵਗੇ ਹਵਾ, ਸ੍ਰਿਸ਼ਟ ਸਬਾਈ ਰਹੀ ਜਲਾਈਆ । ਜੂਠ ਝੂਠ ਦੀ ਪਈ ਵਬਾ, ਮਰੀਜ਼ ਹੋਈ ਸਰਬ ਲੋਕਾਈਆ । ਉਮਤ ਭੁਲਿਆ ਇਕ ਖ਼ੁਦਾ, ਹਿੰਦੂ ਰਾਮ ਨਾ ਕੋਇ ਧਿਆਈਆ । ਨਾਨਕ ਗੋਬਿੰਦ ਨਾਤਾ ਲਿਆ ਨਾ ਕਿਸੇ ਜੁੜਾ, ਸਾਚੀ ਸਿਖਿਆ ਸਿਖ ਨਾ ਝੋਲੀ ਪਾਈਆ । ਗੁਰਦਰ ਮੰਦਰ ਮਸਜਦ ਮੱਠ ਸ਼ਿਵਦਵਾਲੇ ਧੀਆਂ ਭੈਣਾਂ ਰਹੇ ਤਕਾ, ਨੇਤਰ ਗਿਆਨ ਨਾ ਕੋਇ ਖੁਲ੍ਹਾਈਆ । ਮਾਇਆ ਰਾਣੀ ਡੌਰੂ ਡੰਕਾ ਰਹੀ ਵਜਾ, ਦਰ ਦਰ ਪਈ ਲੜਾਈਆ । ਗੋਬਿੰਦ ਸੂਰਾ ਵੇਖਣਹਾਰਾ ਥਾਉਂ ਥਾਂ, ਤਖ਼ਤ ਨਿਵਾਸੀ ਆਪਣਾ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਦਵਾਰਾ ਖੋਲ੍ਹ ਦਰ, ਦਰ ਦਰਵਾਜ਼ਾ ਇਕ ਦਰਸਾਈਆ । ਕਲਜੁਗ ਅੰਤ ਖੋਲ੍ਹੋ ਨੇਤਰ, ਨੇਤਨ ਨੇਤ ਜਣਾਇੰਦਾ । ਲੱਖ ਚੁਰਾਸੀ ਰਣ ਭੂਮੀ ਬਣਨਾ ਖੇਤਰ, ਖਿਜ਼ਾਂ ਰੁੱਤ ਸਰਬ ਵਖਾਇੰਦਾ । ਪੁਰਖ ਅਬਿਨਾਸ਼ੀ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਅੱਗੇ ਰੱਖਿਆ ਆਪਣਾ ਪੇਪਰ, ਹੱਲ ਸਵਾਲ ਨਾ ਕੋਇ ਕਰਾਇੰਦਾ । ਸਾਰੇ ਚਰਨੀ ਡਿਗਣ ਪਹਿਲੀ ਚੇਤਰ, ਚੇਤਾ ਪਿਛਲਾ ਆਪ ਜਣਾਇੰਦਾ । ਸ੍ਰੀ ਭਗਵਾਨ ਆਪੇ ਜਾਣੇ ਆਪਣਾ ਵੇਂਤਰ, ਦੋ ਜਹਾਨਾਂ ਵੇਖ ਵਖਾਇੰਦਾ । ਸਾਰੇ ਰਲ ਕੇ ਸ੍ਰੀ ਭਗਵਾਨ ਦੇ ਬਣ ਜਾਉ ਹੇਤੜ, ਬਿਨ ਭਗਤਾਂ ਹਿਤ ਨਾ ਕਿਸੇ ਰਖਾਇੰਦਾ । ਅੰਤ ਰਹਿਣ ਨਾ ਦੇਵੇ ਕਿਸੇ ਦੀ ਹੈਂਕੜ, ਸ਼ਾਹ ਸੁਲਤਾਨਾ ਖ਼ਾਕ ਮਿਲਾਇੰਦਾ । ਕਲਜੁਗ ਬਦਲਣ ਆਇਆ ਪੈਂਤੜ, ਸਤਿਜੁਗ ਸਾਚਾ ਨਾਲ ਲਿਆਇੰਦਾ । ਇਹੋ ਵੇਲਾ ਅੰਤਮ ਛੇਕੜ, ਵੇਲਾ ਹੱਥ ਕਿਸੇ ਨਾ ਆਇੰਦਾ । ਪੁਰਖ ਅਬਿਨਾਸ਼ੀ ਬਣਿਆ ਸਭ ਦਾ ਭੇਤਰ ਗ੍ਰਿਹਿ ਗ੍ਰਿਹਿ ਮੰਦਰ ਫੋਲ ਫੁਲਾਇੰਦਾ । ਆਪਣੀ ਅੱਖੀਂ ਵੇਖੋ ਨੇਤਰ, ਨਿਜ ਨੇਤਰ ਆਪ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਾਚੀ ਸੇਜਾ ਆਪੇ ਚੜ੍ਹ, ਸੇਜ ਸੁਹੰਜਣੀ

ਇਕ ਸੁਹਾਇੰਦਾ । ਸੇਜ ਸੁਹੰਜਣੀ ਸੋਭਾਵੰਤ, ਸੋ ਸਾਹਿਬ ਦਏ ਵਡਿਆਈਆ । ਭਗਤ ਭਗਵੰਤ ਮਿਲਾਵਾ ਨਾਰ ਕੰਤ, ਨਰ ਨਰਾਇਣ ਖ਼ੁਸ਼ੀ ਵਖਾਈਆ । ਕਲਜੁਗ ਲੇਖਾ ਚੁਕੇ ਅੰਤ, ਅੰਤਸ਼ਕਰਨ ਸਭ ਦਾ ਆਪਣੇ ਹੱਥ ਰਖਾਈਆ । ਜਿਸ ਬਣਾਈ ਆਦਿ ਬਣਤ, ਸੋ ਮਧ ਅੰਤ ਵੇਖ ਵਖਾਈਆ । ਭਰਮੇ ਭੁੱਲੇ ਜੀਵ ਜੰਤ, ਸੰਤ ਸਤਿ ਧਰਮ ਨਾ ਕੋਇ ਧਰਾਈਆ । ਬੋਧ ਗਿਆਨ ਨਾ ਦਿਸੇ ਕੋਈ ਪੰਡਤ, ਮਸਤਕ ਤਿਲਕ ਕੂੜੀ ਧਾਰ ਵਖਾਈਆ । ਨਾਤਾ ਤੁਟੇ ਨਾ ਜੇਰਜ ਅੰਡਜ, ਉਤਭੁਜ ਸੇਤਜ ਪੱਲੂ ਨਾ ਕੋਇ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਆਦਿ ਜੁਗਾਦੀ ਸ਼ਬਦ ਅਨਾਦੀ ਇਕੋ ਧਾਰ ਚਲਾਈਆ ।

## ❇ ੨੦ ਮਾਘ ੨੦੧੯ ਬਿਕ੍ਰਮੀ ਅਵਤਾਰ ਸਿੰਘ ਦੇ ਗ੍ਰਿਹ ਪਿੰਡ ਕਾਉਂਕੇ ਜ਼ਿਲਾ ਅੰਮ੍ਰਿਤਸਰ ❇

ਸਚ ਦਵਾਰੇ ਕਲਜੁਗ ਢੱਠਾ, ਖੁਲ੍ਹੇ ਕੇਸ ਦਏ ਦੁਹਾਈਆ । ਮੇਰਾ ਨਾਤਾ ਤੁਟੇ ਨਾ ਤੱਤ ਅੱਠਾ, ਅੱਠ ਦਸ ਨਾ ਕੋਇ ਵਡਿਆਈਆ । ਕਿਉਂ ਗੁਰ ਅਵਤਾਰ ਪੀਰ ਪੈਗ਼ੰਬਰ ਕੀਤਾ ਇਕੱਠਾ, ਪ੍ਰਭ ਆਪਣੇ ਦਰ ਬਹਾਈਆ । ਮੈਂ ਤੇਰੀ ਸਿਖੀ ਮਤਾ, ਮਤ ਸਭ ਦੀ ਰਿਹਾ ਗਵਾਈਆ । ਨੌਂ ਖੰਡ ਪ੍ਰਿਥਮੀ ਪਾਣੀ ਵਖਾਇਆ ਤੱਤਾ, ਸਾਂਤਕ ਸਤਿ ਨਾ ਕੋਇ ਕਰਾਈਆ । ਕੂੜੀ ਕਿਰਿਆ ਨਾਲ ਰੱਤਾ, ਜੂਠ ਝੂਠ ਰੰਗ ਰੰਗਾਈਆ । ਅੱਲਾ ਰਾਣੀ ਮੇਰਾ ਲੈ ਕੇ ਆਵੇ ਭੱਤਾ, ਬਣ ਸਵਾਣੀ ਫੇਰਾ ਪਾਈਆ । ਮੁਹੰਮਦ ਕਹੇ ਮੈਂ ਤੇਰਾ ਬੱਚਾ, ਤੇਰੇ ਵਿਚ ਸਮਾਈਆ । ਮੇਰੇ ਭਗਵਾਨ ਮੇਰਾ ਕੰਮ ਨਾ ਕੋਈ ਕੱਚਾ, ਦਿਵਸ ਰੈਣ ਤੇਰੀ ਸੇਵ ਕਮਾਈਆ । ਸ੍ਰਿਸ਼ਟ ਸਬਾਈ ਨਾਰ ਵਖਾਈ ਯੱਚਾ, ਸਤਿ ਸਰੂਪ ਨਾ ਕੋਇ ਸਮਾਈਆ । ਮੇਰੇ ਕੋਲੋਂ ਕੋਈ ਨਾ ਬਚਾ, ਘਰ ਘਰ ਆਪਣਾ ਡੰਕ ਵਜਾਈਆ । ਉਠ ਕੇ ਵੇਖ ਸਾਧ ਸੰਤ ਕੋਈ ਰਹਿਣ ਨਾ ਦਿਤਾ ਸੱਚਾ, ਸਭ ਦੇ ਉਤੇ ਪਰਦਾ ਪਾਈਆ । ਚਾਰੋਂ ਕੁੰਟ ਖ਼ਾਕ ਛਾਨਣ ਉਡੇ ਘੱਟਾ, ਖ਼ਾਕੀ ਖ਼ਾਕ ਨਾ ਕੋਇ ਰਮਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਵਿਚ ਪਾਇਆ ਰੱਟਾ, ਦੀਨ ਮਜ਼੍ਹਬ ਵੰਡ ਵੰਡਾਈਆ । ਮੈਂ ਬਲ ਧਾਰ ਕੇ ਆਇਆ ਹੱਟਾ ਕੱਟਾ, ਤੇਰੀ ਓਟ ਤਕਾਈਆ । ਦੋਜ਼ਖ਼ ਬਹਿਸ਼ਤ ਤਪਾਇਆ ਭੱਠਾ, ਅਗਨੀ ਤੱਤ ਤਪਾਈਆ । ਚਾਰ ਜੁਗ ਮੈਨੂੰ ਕਰਦੇ ਰਹੇ ਠੱਠਾ, ਤੇਰਾ ਨਾਮ ਠੋਕਰ ਲਾਈਆ । ਤੂੰ ਆਪਣੀ ਹੱਥੀਂ ਮੈਨੂੰ ਲਿਖ ਕੇ ਦਿਤਾ ਪਟਾ, ਨਾ ਕੋਈ ਮੇਟੇ ਮੇਟ ਮਿਟਾਈਆ । ਜੇ ਕੋਈ ਕਹੇ ਹੁਣ ਅਲਬੱਤਾ, ਆਲਮ ਇਲਮ ਨਾ ਕੋਇ ਚਤਰਾਈਆ । ਮੈਂ ਤੇਰਾ ਨਾਮ ਚਲਾਇਆ ਸਿੱਕਾ, ਕੂੜਾ ਡੰਕਾ ਇਕ ਵਜਾਈਆ । ਸ਼ਾਹ ਸੁਲਤਾਨਾਂ ਘਰ ਵਖਾਇਆ ਨਿੱਕਾ, ਸੀਸ ਤਾਜ ਨਾ ਕੋਇ ਟਿਕਾਈਆ । ਅੰਮ੍ਰਿਤ ਰਸ ਕੀਤਾ ਫਿਕਾ, ਰਸ ਰਸ ਨਾ ਕਿਸੇ ਚਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮੇਰੇ ਹੱਟ ਵਿਕਾ, ਅੰਤਮ ਤੇਰੀ ਓਟ ਗਏ ਤਕਾਈਆ । ਪਾਰਬ੍ਰਹਮ ਤੂੰ ਸਾਹਿਬ ਠਾਕਰ ਚਾਰੋਂ ਕੁੰਟ ਦਿਸਾ, ਦੂਜਾ ਨਜ਼ਰ ਕੋਇ ਨਾ ਆਈਆ । ਮੇਰੀ ਝੋਲੀ ਪਾ ਦੇ ਮੇਰਾ ਹਿੱਸਾ, ਢਹਿ ਪਿਆ ਸਰਨਾਈਆ । ਵੇਦ ਪੁਰਾਨ ਸ਼ਾਸਤਰ ਸਿਮਰਤ ਅੰਜ਼ੀਲ ਕੁਰਾਨ ਜੋ ਦੇਂਦਾ ਰਿਹੋਂ ਚਿੱਠਾ, ਗੁਰ ਅਵਤਾਰ ਪੀਰ ਪੈਗ਼ੰਬਰ ਹਲਕਾਰਾ ਰੂਪ ਬਣਾਈਆ । ਮੇਰਾ ਭਾਣਾ ਨਾ ਕਿਸੇ ਨਜਿੱਠਾ, ਅੱਗੇ ਹੋ ਨਾ ਕੋਇ ਬਚਾਈਆ । ਅੰਤਮ ਵੇਖ ਸਾਰੇ ਦੇ ਗਏ ਪਿਠਾ, ਕਰਵਟ ਸਕੇ ਨਾ ਕੋਇ ਬਦਲਾਈਆ । ਮੈਂ ਤੇਰੇ ਸਹਾਰੇ ਸਭ ਨੂੰ ਜਿਤਾ, ਬਲ

ਆਪਣਾ ਆਪ ਵਖਾਈਆ । ਤੂੰ ਮੇਰਾ ਮਾਤ ਪਿਤਾ, ਮੈਂ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਲਜੁਗ ਢੈ ਪਿਆ ਸਰਨਾਈਆ । ਕਲਜੁਗ ਡਿਗਾ ਮੂੰਹ ਦੇ ਭਾਰ, ਨੇਤਰ ਨੈਣਾਂ ਨੀਰ ਵਹਾਈਆ । ਸ੍ਰੀ ਭਗਵਾਨ ਤੇਰਾ ਡੂੰਘਾ ਸੰਸਾਰ, ਤੁਧ ਬਿਨ ਭੇਵ ਕੋਇ ਨਾ ਆਈਆ । ਕੋਟਨ ਕੋਟ ਸਾਧ ਸੰਤ ਜੀਵ ਜੰਤ ਮੈਂ ਕਰ ਕਰ ਛੱਡੇ ਖ਼ਵਾਰ, ਖ਼ਵਾਰੀ ਸਭ ਦੇ ਸਿਰ ਤੇ ਛਾਈਆ । ਪਿਛਾ ਦੇ ਗਏ ਚਾਰ ਯਾਰ, ਯਾਰੀ ਯਾਰ ਨਾ ਕੋਇ ਨਿਭਾਈਆ । ਨਾ ਕੋਈ ਸੁਣੇ ਮੁਰੀਦਾਂ ਹਾਲ, ਮੁਰਸ਼ਦ ਬੈਠੇ ਮੁਖ ਛੁਪਾਈਆ । ਚਾਰੋਂ ਕੁੰਟ ਪਿਆ ਕਾਲ, ਭੁੱਖਿਆਂ ਭੁੱਖ ਨਾ ਕੋਇ ਮਿਟਾਈਆ । ਸਾਚਾ ਬਣੇ ਨਾ ਕੋਇ ਦਲਾਲ, ਜਗਤ ਵਚੋਲਾ ਨਜ਼ਰ ਕੋਇ ਨਾ ਆਈਆ । ਮੈਂ ਸਭ ਦੀ ਲਾਹੀ ਖਾਲ, ਸ਼ਮਸ ਤਬਰੇਜ਼ ਸੂਲੀਆਂ ਉਤੇ ਚੜ੍ਹਾਈਆ । ਮਨਸੂਰ ਹੋਇਆ ਬੇਹਾਲ, ਬੇਆਬ ਦਏ ਦੁਹਾਈਆ । ਅਰਜਣ ਤੱਤੀਆਂ ਲੋਹਾਂ ਉਤੇ ਦਿਤਾ ਬਠਾਲ, ਬਲਹਾਰੀ ਆਪਣੇ ਰੰਗ ਰੰਗਾਈਆ । ਬਾਲੇ ਨੀਹਾਂ ਹੇਠਾਂ ਦਿਤੇ ਸਵਾਲ, ਮੇਰੀ ਵੇਖ ਵੱਡੀ ਚਤਰਾਈਆ । ਮੈਂ ਤੇਰਾ ਅੰਤਮ ਛੋਟਾ ਨਿੱਕਾ ਬਾਲ, ਚੌਥਾ ਜੁਗ ਨਾਉਂ ਧਰਾਈਆ । ਮੈਂ ਸ਼ਾਹੋਂ ਕੀਤੇ ਕੰਗਾਲ, ਘਰ ਘਰ ਫਿਰੀ ਦੁਹਾਈਆ । ਅੰਤਮ ਮੇਰਾ ਮੰਨ ਲੈ ਇਕ ਸਵਾਲ, ਤੋਬਾ ਤੋਬਾ ਰਿਹਾ ਸੁਣਾਈਆ । ਸ੍ਰਿਸ਼ਟ ਸਬਾਈ ਏਕਾ ਵਾਰ ਧਰਤ ਮਾਤ ਦੀ ਗੋਦੀ ਦੇ ਸੁਆਲ, ਫੇਰ ਸਕੇ ਨਾ ਕੋਇ ਜਵਾਈਆ । ਵਿਚੋਂ ਰੱਖ ਲੈ ਆਪਣੇ ਲਾਲ, ਜੇਹੜੇ ਤੇਰਾ ਨਾਉਂ ਧਿਆਈਆ । ਮੇਰੇ ਨਾਲ ਰਲਾ ਦੇ ਕਾਲ, ਮੈਂ ਭੱਜਾਂ ਚਾਈਂ ਚਾਈਂਆ । ਉਤਰ ਪੂਰਬ ਪੱਛਮ ਦੱਖਣ ਮਾਰਾਂ ਇਕੋ ਛਾਲ, ਸ਼ਹਿਨਸ਼ਾਹ ਤੇਰਾ ਹੁਕਮ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰਾ ਬੱਚਾ ਤੇਰੇ ਦਵਾਰੇ ਨੱਚਾ, ਨੱਚ ਨੱਚ ਆਪਣਾ ਨਾਚ ਵਖਾਈਆ । ਕਲਜੁਗ ਬੱਚਾ ਤੇਰਾ ਨੱਚੇ, ਮੁਖ ਘੁੰਗਟ ਨਾ ਕੋਇ ਰਖਾਈਆ । ਮੇਰੀ ਕਿਰਿਆ ਅੰਦਰ ਸਾਰੇ ਫਸੇ, ਚਾਰੋਂ ਕੁੰਟ ਬਚਿਆ ਕੋਇ ਨਜ਼ਰ ਨਾ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਨੱਠੇ, ਪੰਜ ਤੱਤ ਖ਼ਾਕ ਮੇਰੇ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਈਆ । ਦਰ ਤੇਰੇ ਜਗਾਈ ਇਕ ਅਲਖ, ਅਲੱਖਣਾ ਅਲੱਖ ਤੇਰੀ ਵਡਿਆਈਆ । ਖ਼ਾਲੀ ਝੋਲੀ ਨਾ ਮੋੜੀਂ ਸੱਖ, ਸੁੱਖਾਂ ਸੁਖਦਿਆਂ ਘੜੀ ਨੇੜੇ ਆਈਆ । ਮੇਰੇ ਵਿਚ ਹੋਇਉਂ ਪਰਤੱਖ, ਮੇਰਾ ਸੰਗ ਨਿਭਾਈਆ । ਮੇਰੀ ਫਰਕਣੋਂ ਹਟੀ ਅੱਖ, ਆਖਰ ਤੇਰਾ ਦਰਸ਼ਨ ਪਾਈਆ । ਮੈਂ ਤੇਰੀ ਕਿਰਪਾ ਸ਼ਾਹ ਸੁਲਤਾਨਾ ਘਰ ਉਡੌਣੇ ਕੱਖ, ਚਾਰੋਂ ਕੁੰਟ ਵੇਖ ਵਖਾਈਆ । ਆਪਣੇ ਇਸ਼ਾਰੇ ਨਾਲ ਆਪਣੇ ਦੇ ਦੱਸ, ਜੋ ਤੇਰੇ ਚਰਨ ਧਿਆਨ ਲਗਾਈਆ । ਫੜ ਬਾਹੋਂ ਲਵਾਂ ਰੱਖ, ਨਿਉਂ ਨਿਉਂ ਲਾਗਾਂ ਪਾਈਂਆ । ਚਾਰੋਂ ਕੁੰਟ ਵੇਖੀਂ ਉਡਣੇ ਭੱਖ, ਭਾਖਿਆ ਤੇਰੀ ਮੋਹੇ ਭਾਈਆ । ਮੈਂ ਸੇਵਾ ਕਰਾਂ ਨੱਠ ਨੱਠ, ਇਕੋ ਸਾਚੀ ਬਣਤ ਬਣਾਈਆ । ਕਿਸੇ ਦਾ ਰਹਿਣ ਨਾ ਦੇਵਾਂ ਧੀਰਜ ਜਤ, ਸਤਿ ਰੱਖੇ ਨਾ ਕੋਇ ਟਿਕਾਈਆ । ਚੌਦਾਂ ਵਿਦਿਆ ਮਾਰਾਂ ਮਤ, ਪੜ੍ਹ ਪੜ੍ਹ ਹੋਣ ਜੀਵ ਹਲਕਾਈਆ । ਸ਼ਾਹ ਸੁਲਤਾਨਾਂ ਘਰ ਚੁੱਕਾਂ ਅਤ, ਦਰ ਦਰ ਪਏ ਲੜਾਈਆ । ਵਿਦਵਾਨਾ ਨੱਕ ਪਾਵਾਂ ਨੱਥ, ਕਲੰਦਰ ਵਾਂਗ ਨਚਾਈਆ । ਜੋ ਤੇਰਾ ਗੌਂਦੇ ਜਸ ਤਿਨ੍ਹਾਂ ਢੈ ਪਵਾਂ ਸਰਨਾਈਆ । ਮੇਰਾ ਵੇਲਾ ਅੰਤਮ ਹੋਣਾ ਬਸ, ਮੈਂ ਸਭ ਦਾ ਬਸਤਾ ਦਿਆਂ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰਦੀ ਦਰਦੀਆਂ ਦਰਦ ਵੰਡਾਈਆ । ਦਰਦੀ ਮੇਰਾ ਵੰਡ ਦਰਦ, ਦੁੱਖ ਤੇਰੇ ਅੱਗੇ ਸੁਣਾਇਆ । ਮੈਂ

ਕਲਜੁਗ ਜੀਵਾਂ ਹੱਥ ਛੁਰੀ ਫੜਾਈ ਕਰਦ, ਕੋਈ ਹਲਾਲ ਕੋਈ ਝਟਕਾ ਕਰ ਵਖਾਇਆ । ਤੂੰ ਆਇਉਂ ਬਣ ਕੇ ਮਰਦ, ਸਭ ਦਾ ਲੇਖਾ ਦੇ ਮੁਕਾਇਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਪਿਛਲੀ ਵਖਾ ਕੱਢ ਕੇ ਫਰਦ, ਜਿਸ ਦੇ ਉਤੇ ਹਿਸਾਬ ਜਣਾਇਆ । ਜੀਵਾਂ ਜੰਤਾਂ ਸਾਰੇ ਗਏ ਵਰਜ, ਨਾਨਕ ਲਿਖ ਲਿਖ ਲੇਖ ਗਣਾਇਆ । ਪੁਰਖ ਅਕਾਲ ਅੱਗੇ ਕਰੋ ਅਰਜ਼, ਵੇਲੇ ਅੰਤ ਹੋਏ ਸਹਾਇਆ । ਤੂੰ ਕਰ ਲੈ ਆਪਣਾ ਪੂਰਾ ਫਰਜ, ਤੇਰੇ ਅੱਗੇ ਵਾਸਤਾ ਪਾਇਆ । ਮੈਨੂੰ ਲੱਖ ਚੁਰਾਸੀ ਮਾਰਨ ਦੀ ਅੰਤਮ ਮਰਜ਼, ਦਾਰੂ ਨਜ਼ਰ ਕੋਇ ਨਾ ਆਇਆ । ਪ੍ਰਭ ਤੇਰਾ ਹੋਵੇ ਕੋਈ ਨਾ ਹਰਜ, ਸਿਰ ਮੇਰੇ ਹੱਥ ਟਿਕਾਇਆ । ਮੈਂ ਲਾਹਵਾਂ ਪਿਛਲਾ ਕਰਜ਼, ਅਗਲਾ ਲੇਖਾ ਤੇਰੀ ਝੋਲੀ ਪਾਇਆ । ਨਾ ਕੋਈ ਗਰਮ ਨਾ ਕੋਈ ਸਰਦ, ਹੁਕਮ ਇਕੋ ਰਿਹਾ ਵਰਤਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਓਟ ਰਖਾਇਆ । ਤੇਰੇ ਦਰ ਦਿਤੀ ਦਲੀਲ, ਸਾਹਿਬ ਸਚ ਮੇਰੀ ਅਰਜ਼ੋਈਆ । ਮੇਰੀ ਸੁਣ ਅੰਤ ਅਪੀਲ, ਮਿਹਰਵਾਨ ਮਿਲੇ ਕਿਤੇ ਨਾ ਢੋਈਆ । ਮੇਰਾ ਕੋਈ ਨਜ਼ਰ ਨਾ ਆਏ ਵਕੀਲ, ਵੁਕਲਾ ਬੈਠੇ ਮੁਖ ਛੁਪਾਈਆ । ਤੂੰ ਸਾਚਾ ਸ਼ਾਹ ਛੈਲ ਛਬੀਲ, ਤੇਰਾ ਹੁਕਮ ਮੇਰੀ ਰਜ਼ਾਈਆ । ਤੂੰ ਬਸਤਰ ਪਹਿਰੇ ਨੀਲ, ਬਸਨ ਬਨਵਾਰੀ ਆਪਣਾ ਵੇਸ ਵਟਾਈਆ । ਸ੍ਰਿਸ਼ਟ ਸਬਾਈ ਹੋਈ ਕੁਚੀਲ, ਕੁਚਲ ਦੇਵੀਂ ਥਾਉਂ ਥਾਈਂਆ । ਕਿਸੇ ਨਜ਼ਰ ਨਾ ਆਏ ਮਾਨਸਰੋਵਰ ਝੀਲ, ਹੰਸ ਰੂਪ ਨਾ ਕੋਇ ਵਟਾਈਆ । ਲੇਖਾ ਚੁਕੇ ਜ਼ਬਰਾਈਲ ਮੇਕਾਈਲ ਅਸਰਾਫੀਲ, ਇਜ਼ਰਾਈਲ ਦਏ ਦੁਹਾਈਆ । ਨੌਂ ਖੰਡ ਪ੍ਰਿਥਮੀ ਢਾਹ ਦੇ ਫ਼ਸੀਲ, ਫ਼ੈਸਲਾ ਇਕੋ ਵਾਰ ਸੁਣਾਈਆ । ਜਿਉਂ ਕ੍ਰਿਸ਼ਨ ਅਰਜਣ ਲਹਿਣਾ ਚੁਕਾਇਆ ਕੋਲੋਂ ਭੀਲ, ਤਿਉਂ ਪੀਰ ਪੈਗ਼ੰਬਰ ਨੱਠਣ ਵਾਹੋ ਦਾਹੀਆ । ਤੇਰਾ ਸ਼ਸਤਰ ਨਾ ਕੋਇ ਤੀਰ, ਕਮਾਨ ਨਜ਼ਰ ਕੋਇ ਨਾ ਆਈਆ । ਕਰ ਕਿਰਪਾ ਤੋੜ ਮੇਰਾ ਜ਼ੰਜੀਰ, ਜ਼ਰਾ ਜ਼ਰਾ ਦੇ ਕਟਾਈਆ । ਮੈਂ ਅੰਤ ਤੇਰੇ ਕੋਲ ਆਇਆ ਅਖ਼ੀਰ, ਇਖਤਿਆਰ ਦੇ ਮੇਰੇ ਗੋਸਾਈਂਆ । ਅਠਸਠ ਤੀਰਥ ਸੁਕਾਵਾਂ ਨੀਰ, ਨੇਤਰ ਨੈਣਾਂ ਨੀਰ ਸਰਬ ਵਹਾਈਆ । ਸਭ ਦੇ ਬਸਤਰ ਲਾਹਵਾਂ ਚੀਰ, ਭੂਸ਼ਨ ਤਨ ਨਾ ਕੋਇ ਪਹਿਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮੇਰੀ ਖ਼ਾਹਸ਼ ਪੂਰ ਕਰਾਈਆ । ਮੇਰੀ ਪੂਰੀ ਕਰ ਦੇ ਖ਼ਾਹਸ਼, ਖ਼ਾਸਤਗਾਰ ਦਰ ਤੇ ਆਇਆ । ਨੌਂ ਖੰਡ ਪ੍ਰਿਥਮੀ ਕਰ ਅਜ਼ਮਾਇਸ਼, ਬਿਨ ਤੇਰੇ ਭਗਤਾਂ ਸੱਚਾ ਕੋਇ ਰਹਿਣ ਨਾ ਪਾਇਆ । ਮੈਂ ਕਰਕੇ ਆਇਆ ਪੈਮਾਇਸ਼, ਪੈਮਾਨਾ ਇਕੋ ਹੱਥ ਉਠਾਇਆ । ਕਲਜੁਗ ਜੀਵਾਂ ਧੀਆਂ ਭੈਣਾਂ ਲਾਈ ਨੁਮਾਇਸ਼, ਜਗਤ ਫੈਸ਼ਨ ਹੱਟ ਵਿਕਾਇਆ । ਤੈਨੂੰ ਵੇਖ ਮੇਰੇ ਸਾਹਿਬ ਨਾ ਆਇਆ ਤੈਸ਼, ਕਿਉਂ ਬੈਠਾ ਮੁਖ ਛੁਪਾਇਆ । ਮੇਰੀ ਚਲੇ ਨਾ ਕੋਇ ਪੇਸ਼, ਪੇਸ਼ਤਰ ਤੇਰੇ ਅੱਗੇ ਹਾਲ ਸੁਣਾਇਆ । ਮਾਣ ਤੁਟਾ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼, ਗਣਪਤ ਬੈਠਾ ਸੀਸ ਝੁਕਾਇਆ । ਪੀਰ ਪੈਗ਼ੰਬਰ ਬਣ ਗਏ ਦਰਵੇਸ਼, ਦਰ ਬ-ਦਰ ਨਾ ਕੋਇ ਫਿਰਾਇਆ । ਤੂੰ ਰਹੇਂ ਸਦਾ ਹਮੇਸ਼, ਆਦਿ ਜੁਗਾਦਿ ਵਡ ਵਡਿਆਇਆ । ਮੇਰੇ ਵੇਖ ਖੁਲੜੇ ਕੇਸ, ਸੀਸ ਦਸਤਾਰ ਨਾ ਕੋਇ ਟਿਕਾਇਆ । ਫਿਰੀ ਦਰੋਹੀ ਮੁੱਲਾ ਸ਼ੇਖ਼, ਸ਼ੇਖ਼ੀ ਸਭ ਦੀ ਦੇ ਮਿਟਾਇਆ । ਮੈਂ ਆਪਣੀ ਖੇਲ ਲਈ ਖੇਡ, ਜਗਤ ਕੂੜ ਅਡੰਬਰ ਇਕ ਰਚਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਚ ਰਿਹਾ ਸੁਣਾਇਆ । ਕਲਜੁਗ ਸਚ ਦੱਸਾਂਗਾ । ਤੇਰੇ ਵਿਚ ਆ ਕੇ ਹੱਸਾਂਗਾ । ਦੋ ਜਹਾਨਾਂ ਨੱਸਾਂਗਾ । ਏਕਾ ਤੀਰ ਨਿਰਾਲਾ ਕਸਾਂ ਗਾ । ਸ੍ਰਿਸ਼ਟ ਸਬਾਈ ਝੱਸਾਂਗਾ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਾਚੇ ਮੰਦਰ ਬਹਿ ਕੇ ਵਸਾਂਗਾ । ਕਲਜੁਗ ਵੇਖ ਵੇਖੀ ਜਾ, ਵਖਾਵਣਹਾਰਾ ਦਇਆ ਕਮਾਈਆ । ਭੇਖਾਧਾਰੀ ਭੁੱਲੇ ਰਾਹ, ਭਰਮੀ ਭਰਮ ਵਡਿਆਈਆ । ਮਾਇਆਧਾਰੀ ਰੁਲੇ ਥਾਂ ਥਾਂ, ਹਰਿ ਕਾ ਨਾਮ ਨਾ ਕੋਇ ਧਿਆਈਆ । ਮਾਂਵਾਂ ਪੁੱਤਰਾਂ ਕੋਇ ਨਾ ਛਾਂ, ਪਿਤਾ ਪੁੱਤ ਨਾ ਕੋਇ ਵਡਿਆਈਆ । ਨਾਰ ਕੰਤ ਨਾ ਸਕੇ ਹੰਢਾ, ਵਿਭਚਾਰ ਸਰਬ ਲੋਕਾਈਆ । ਤੇਰੀ ਅੰਤਮ ਪਕੜਾਂ ਬਾਂਹ, ਬਲ ਆਪਣਾ ਇਕ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਖੇਲ ਖੇਲ ਰਿਹਾ ਵਖਾਈਆ ।

❇ ੨੦ ਮਾਘ ੨੦੧੯ ਬਿਕ੍ਰਮੀ ਅਰਜਨ ਸਿੰਘ ਦੇ ਗ੍ਰਿਹ ਭਰੋਭਾਲ ਜ਼ਿਲਾ ਅੰਮ੍ਰਿਤਸਰ ❇

ਗ਼ੁਲਾਮ ਬਰਦੇ ਆਏ ਬੱਧੇ, ਪਰਵਰਦਿਗਾਰ ਤੇਰੀ ਸਰਨਾਈਆ । ਪੀਰ ਪੈਗ਼ੰਬਰ ਫਿਰਨ ਭੱਜੇ, ਚੌਦਾਂ ਤਬਕ ਦੇਣ ਦੁਹਾਈਆ । ਸਾਹਿਬ ਸੁਲਤਾਨ ਇਕੋ ਸੱਦੇ, ਸ਼ਾਹ ਪਾਤਸ਼ਾਹ ਵੱਡੀ ਵਡਿਆਈਆ । ਪਾਰ ਕਰਾਏ ਪਿਛਲੀ ਹੱਦੇ, ਅਗਲਾ ਲੇਖਾ ਰਿਹਾ ਸਮਝਾਈਆ । ਕਲਜੁਗ ਵਿਚ ਬਾਲ ਨੱਢੇ, ਬਾਲੀ ਬੁਧ ਨਾ ਕੋਇ ਚਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਰਿਹਾ ਸਮਝਾਈਆ । ਗੁਰ ਅਵਤਾਰ ਸੱਦੇ ਨੇੜੇ, ਨੇਰਨ ਨੇਰਾ ਆਪ ਜਣਾਇੰਦਾ । ਕਲਜੁਗ ਵੇਖੇ ਉਜੜੇ ਖੇੜੇ, ਕਾਇਆ ਖੇੜਾ ਨਾ ਕੋਇ ਵਸਾਇੰਦਾ । ਦੀਨ ਮਜ਼੍ਹਬ ਪਏ ਝੇੜੇ, ਝਗੜਾ ਹੱਕ ਨਾ ਕੋਇ ਦ੍ਰਿੜਾਇੰਦਾ । ਸਤਿ ਧਰਮ ਨਾ ਬੰਨ੍ਹੇ ਬੇੜੇ, ਬੇੜਾ ਕੰਧ ਨਾ ਕੋਇ ਉਠਾਇੰਦਾ । ਪੁਰਖ ਅਕਾਲ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨੌਂ ਸੌ ਚੁਰਾਨਵੇਂ ਚੌਕੜੀ ਵੇਂਹਦਾ ਰਿਹਾ ਕਰ ਕੇ ਵੱਡੇ ਜੇਰੇ, ਭੇਵ ਅਭੇਦਾ ਆਪ ਛੁਪਾਇੰਦਾ । ਕੋਈ ਨਾ ਜਾਣੇ ਤੇਰੇ ਮੇਰੇ, ਮੇਰਾ ਤੇਰਾ ਰਾਹ ਨਾ ਕੋਇ ਵਖਾਇੰਦਾ । ਪੀਰ ਪੈਗ਼ੰਬਰ ਗੁਰ ਅਵਤਾਰ ਹੁਕਮੇ ਅੰਦਰ ਹਰਿ ਜੂ ਘੇਰੇ, ਧੁਰ ਫ਼ਰਮਾਨਾ ਇਕ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਰਾਇੰਦਾ । ਪੀਰ ਪੈਗ਼ੰਬਰ ਸਯਦਾ ਸੀਸ, ਇਕੋ ਇਕ ਝੁਕਾਈਆ । ਤੇਰਾ ਖੇਲ ਸਾਹਿਬ ਜਗਦੀਸ, ਬੇਅੰਤ ਤੇਰੀ ਵਡਿਆਈਆ । ਤੇਰਾ ਕਲਮਾ ਤੇਰੀ ਹਦੀਸ, ਹਜ਼ਰਤ ਸਚ ਤੇਰੀ ਪੜ੍ਹਾਈਆ । ਅੰਤਮ ਖ਼ਾਲੀ ਹੋਏ ਖੀਸ, ਵਸਤ ਨਜ਼ਰ ਕੋਇ ਨਾ ਆਈਆ । ਸਦੀ ਚੌਧਵੀਂ ਪੀਸਣ ਲਿਆ ਪੀਸ, ਚੌਦਾਂ ਤਬਕ ਦੇਣ ਦੁਹਾਈਆ । ਤੇਰਾ ਨਿਸ਼ਾਨਾ ਦੱਸ ਕੇ ਗਏ ਠੀਕ, ਅਲਫ਼ ਯੇ ਕਰ ਪੜ੍ਹਾਈਆ । ਤੇਰੇ ਹੱਥ ਇਕ ਤੌਫ਼ੀਕ, ਲਾਸ਼ਰੀਕ ਬੇਪਰਵਾਹੀਆ । ਤੇਰੀ ਕਰਦੇ ਰਹੇ ਉਡੀਕ, ਈਸਾ ਮੂਸਾ ਮੁਹੰਮਦ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਤੇਰੇ ਅਲਖ ਜਗਾਈਆ । ਗੁਰ ਅਵਤਾਰ ਨੇਤਰ ਖੋਲ੍ਹ, ਨੈਣ ਨੈਣ ਦਰਸਾਇੰਦਾ । ਲੋਕਮਾਤ ਸਚ ਵਸਤ ਨਾ ਕਿਸੇ ਕੋਲ, ਲੱਖ ਚੁਰਾਸੀ ਖ਼ਾਲੀ ਭਾਂਡੇ ਆਪ ਜਣਾਇੰਦਾ । ਕੂੜੀ ਕਿਰਿਆ ਮਾਇਆ ਮਮਤਾ ਵੱਜਾ ਢੋਲ, ਸਚ ਸੁੱਚ ਵਣਜ ਨਾ ਕੋਇ ਵਖਾਇੰਦਾ । ਤ੍ਰੈਗੁਣ ਮਾਇਆ ਪਾਇਆ ਘੋਲ, ਤੱਤਵ ਤੱਤ ਨਾਲ ਲੜਾਇੰਦਾ । ਹਰਿ ਕਾ ਭੇਵ ਨਾ ਜਾਣੇ ਕੋਈ ਪੰਡਤ ਪਾਂਧਾ ਰੌਲ, ਪਰਦਾ ਹੱਕ ਨਾ ਕੋਇ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵੇਸ ਆਪ ਵਟਾਇੰਦਾ । ਪੀਰ ਪੈਗ਼ੰਬਰ ਮਾਰਨ ਧਾਹ, ਨੇਤਰ ਨੈਣਾਂ ਨੀਰ ਵਹਾਈਆ । ਵੇਲਾ ਅੰਤਮ ਗਿਆ ਆ, ਦੀਸੇ ਅੰਤ ਨਾ ਕੋਇ ਸਹਾਈਆ । ਅੱਲਾ ਰਾਣੀ ਤੁੱਟਣਹਾਰਾ

ਨਕਾਹ, ਮੁਖ ਪਰਦਾ ਨਾ ਕੋਇ ਟਿਕਾਈਆ । ਕਰੇ ਖੇਲ ਆਪ ਖ਼ੁਦਾ, ਖ਼ੁਦੀ ਸਭ ਦੀ ਮੇਟ ਮਿਟਾਈਆ । ਰੂਹ ਪਾਕ ਕਰੇ ਜੁਦਾ, ਵਜੂਦ ਕੰਮ ਕਿਸੇ ਨਾ ਆਈਆ । ਸਾਰੇ ਹੋਏ ਬੇਵਫ਼ਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਰਿਹਾ ਕਮਾਈਆ । ਗੁਰ ਅਵਤਾਰ ਕਰਨ ਵਿਚਾਰ, ਵਿਚਾਰ ਵਿਚ ਹਰਿ ਨਾ ਆਇੰਦਾ । ਜੁਗ ਚੌਕੜੀ ਜਿਸ ਚਲਾਈ ਧਾਰ, ਧਰਤ ਧਵਲ ਖੇਲ ਖਲਾਇੰਦਾ । ਬ੍ਰਹਿਮੰਡ ਖੰਡ ਖੋਲ੍ਹਣਹਾਰ ਕਿਵਾੜ, ਪੁਰੀਆਂ ਲੋਆਂ ਰਾਹ ਚਲਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਜਿਸ ਬਣਾਏ ਸੇਵਾਦਾਰ, ਸਾਚੀ ਸੇਵਾ ਇਕ ਸਮਝਾਇੰਦਾ । ਸੋ ਸਾਹਿਬ ਲੇਖਾ ਮੰਗੇ ਅੰਤਮ ਵਾਰ, ਪੂਰਬ ਲਹਿਣਾ ਆਪ ਚੁਕਾਇੰਦਾ । ਸਭ ਦੇ ਨੇਤਰ ਹੋਏ ਸ਼ਰਮਸਾਰ, ਅੱਖ ਪਰਤੱਖ ਨਾ ਕੋਇ ਉਠਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਹੋਏ ਲਾਚਾਰ, ਅੰਜੀਲ ਕੁਰਾਨ ਕਾਇਆ ਕੁਰਾ ਨਾ ਕੋਇ ਵਖਾਇੰਦਾ । ਖਾਣੀ ਬਾਣੀ ਤੀਰ ਨਿਰਾਲਾ ਮਾਰੇ ਨਾ ਕੋਈ ਮਾਰ, ਧਾਰ ਦੋ ਧਾਰ ਨਾ ਕੋਇ ਜਣਾਇੰਦਾ । ਕੂੜਾ ਨਾਤਾ ਸਰਬ ਸੰਸਾਰ, ਆਤਮ ਪਰਮਾਤਮ ਮੇਲ ਨਾ ਕੋਇ ਮਿਲਾਇੰਦਾ । ਚੌਦਾਂ ਲੋਕ ਵੇਖੇ ਹੱਟ ਬਾਜ਼ਾਰ, ਸ੍ਰੀ ਭਗਵਾਨ ਫੋਲ ਫੁਲਾਇੰਦਾ । ਕਾਗਦ ਕਲਮ ਸ਼ਾਹੀ ਰੋਵੇ ਜ਼ਾਰੋ ਜ਼ਾਰ, ਨੇਤਰ ਨੀਰ ਧੀਰ ਨਾ ਕੋਇ ਧਰਾਇੰਦਾ । ਦਰੋਹੀ ਖ਼ੁਦਾਏ ਸਾਡੀ ਸੁਣੀ ਨਾ ਕਿਸੇ ਆਵਾਜ਼, ਗੁਰ ਕਾ ਸ਼ਬਦ ਰਿਦੇ ਨਾ ਕੋਇ ਵਸਾਇੰਦਾ । ਸ੍ਰਿਸ਼ਟ ਸਬਾਈ ਹੋਈ ਵਿਭਚਾਰ, ਹਰਿ ਕੰਤ ਨਾ ਕੋਇ ਹੰਡਾਇੰਦਾ । ਮੰਦਰ ਮਸਜਦ ਸ਼ਿਵਦਵਾਲੇ ਮੱਠ ਧੁਆਂਧਾਰ, ਜੋਤ ਉਜਾਲਾ ਨਾ ਕੋਇ ਕਰਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕਲਜੁਗ ਅੰਤਮ ਸਾਰੇ ਗਏ ਹਾਰ, ਆਤਮ ਪਰਮਾਤਮ ਬ੍ਰਹਮ ਮਤ ਇਕ ਤੱਤ ਸਤਿ ਸਤਿ ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਸਮਝਾਇੰਦਾ । ਸਾਚੀ ਕਰਨੀ ਦੱਸੇ ਮੂਸਾ, ਮਸਲਾ ਇਕੋ ਇਕ ਜਣਾਈਆ । ਅੰਤਮ ਪੌਣਾ ਕਾਲਾ ਸੂਸਾ, ਨੂਰ ਜ਼ਹੂਰ ਦਏ ਛੁਪਾਈਆ । ਈਸਾ ਸੀਸ ਨਾ ਰਹੇ ਕੋਈ ਹਦੀਸਾ, ਹਜ਼ਰਤ ਇਕੋ ਹੁਕਮ ਸੁਣਾਈਆ । ਮੁਹੰਮਦ ਤੇਰਾ ਅੰਤਮ ਪੀਸਣ ਪੀਸਾ, ਕਲਜੁਗ ਚੱਕੀ ਜਗਤ ਚਲਾਈਆ । ਚਾਰ ਯਾਰੀ ਖ਼ਾਲੀ ਖੀਸਾ, ਖ਼ਲਕਤ ਰੋਵੇ ਮਾਰੇ ਧਾਹੀਂਆ । ਪਰਗਟ ਹੋਇਆ ਬੀਸ ਬੀਸਾ, ਭੇਵ ਅਭੇਦਾ ਇਕ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਰਿਹਾ ਜਣਾਈਆ । ਸਚ ਸੰਦੇਸਾ ਪੀਰ ਗੁਰ, ਸਤਿਗੁਰ ਸਾਚਾ ਇਕ ਸਮਝਾਇੰਦਾ । ਸਾਚਾ ਲੇਖਾ ਵੇਖੋ ਧੁਰ, ਧੁਰ ਦਾ ਲੇਖਾ ਆਪ ਜਣਾਇੰਦਾ । ਲੱਖ ਚੁਰਾਸੀ ਜੀਵ ਜੰਤ ਸਵੱਛ ਸਰੂਪੀ ਕਵਣ ਗਿਆ ਜੁੜ, ਸ਼ਬਦੀ ਢੋਲਾ ਕਵਣ ਅਲਾਇੰਦਾ । ਪਾਰਬ੍ਰਹਮ ਪਤਿਪਰਮੇਸ਼ਵਰ ਨਿਰਗੁਣ ਸਰਗੁਣ ਵੇਖਣਹਾਰਾ ਚੜ੍ਹ ਕੇ ਸਾਚੇ ਘੋੜ, ਜੋਤੀ ਜੋੜਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਰਨੇਹਾਰਾ, ਏਕੰਕਾਰ ਵੱਡੀ ਵਡਿਆਈਆ । ਕਲਜੁਗ ਅੰਤਮ ਹੋ ਉਜਿਆਰਾ, ਨਿਰਗੁਣ ਆਪਣਾ ਵੇਸ ਵਟਾਈਆ । ਸੋ ਪੁਰਖ ਨਿਰੰਜਣ ਕਰੇ ਕਰਾਏ ਸਾਚੀ ਕਾਰਾ, ਹਰਿ ਪੁਰਖ ਨਿਰੰਜਣ ਵੇਖ ਵਖਾਈਆ । ਏਕੰਕਾਰਾ ਦੇਵਣਹਾਰ ਆਧਾਰਾ, ਆਦਿ ਨਿਰੰਜਣ ਨੂਰ ਰੁਸ਼ਨਾਈਆ । ਅਬਿਨਾਸ਼ੀ ਕਰਤਾ ਸਤਿ ਸਤਵਾਦੀ ਦਏ ਸਤਿ ਹੁਲਾਰਾ, ਸ੍ਰੀ ਭਗਵਾਨ ਵੱਜੇ ਵਧਾਈਆ । ਪਾਰਬ੍ਰਹਮ ਪ੍ਰਭ ਪਾਵੇ ਸਾਰਾ, ਬ੍ਰਹਮ ਵੇਖੇ ਥਾਉਂ ਥਾਈਂਆ । ਵਿਸ਼ਨੂੰ ਦੇਵੇ ਇਕ ਇਸ਼ਾਰਾ, ਬ੍ਰਹਮਾ ਆਪਣੇ ਹੁਕਮ ਨਚਾਈਆ । ਸ਼ੰਕਰ ਖੋਲ੍ਹੇ ਬੰਦ ਕਵਾੜਾ, ਨੇਤਰ ਬੰਦ ਨਾ ਕੋਇ ਜਣਾਈਆ । ਹੁਕਮੇ ਅੰਦਰ ਸੱਦੇ ਤੇਈ ਅਵਤਾਰਾ, ਤ੍ਰੈਗੁਣ ਨਾਤਾ ਤੋੜ ਤੁੜਾਈਆ ।

੫੯੪
੧੩

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਰਚਾਈਆ । ਸਾਚਾ ਖੇਲ ਸਚਖੰਡ, ਸੋ ਪੁਰਖ ਨਿਰੰਜਣ ਆਪ ਰਚਾਇੰਦਾ । ਜੁਗ ਚੌਕੜੀ ਵੰਡਣਹਾਰਾ ਵੰਡ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਲੇਖਾ ਚੁਕਾਏ ਤਾਰਾ ਸੂਰਜ ਚੰਦ, ਚੰਦ ਚਾਂਦਨਾ ਇਕ ਚਮਕਾਇੰਦਾ । ਲੱਖ ਚੁਰਾਸੀ ਦੇਵਣਹਾਰਾ ਦੰਡ, ਬਚਿਆ ਕੋਇ ਰਹਿਣ ਨਾ ਪਾਇੰਦਾ । ਨਾਤਾ ਤੋੜੇ ਜੇਰਜ ਅੰਡ, ਉਤਭੁਜ ਸੇਤਜ ਮੂਲ ਮੁਕਾਇੰਦਾ । ਕੂੜੀ ਕਿਰਿਆ ਮੇਟੇ ਭੇਖ ਪਖੰਡ, ਕਲਜੁਗ ਲਹਿਣਾ ਝੋਲੀ ਆਪੇ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਰਾਇੰਦਾ । ਗੁਰ ਅਵਤਾਰ ਕਰੋ ਧਿਆਨ, ਹਰਿ ਸਾਚਾ ਸਚ ਸਮਝਾਇੰਦਾ । ਚਾਰ ਵਰਨ ਕਿਸੇ ਕੋਲ ਨਾ ਰਿਹਾ ਗਿਆਨ, ਸਚ ਧਿਆਨ ਨਾ ਕੋਇ ਲਗਾਇੰਦਾ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਹੋਏ ਬੇਈਮਾਨ, ਨਾਮ ਅਮਾਨਤ ਗ੍ਰਹਿ ਮੰਦਰ ਨਾ ਕੋਇ ਟਿਕਾਇੰਦਾ । ਪੰਚ ਵਿਕਾਰਾ ਅੰਦਰ ਵੜਿਆ ਸ਼ੈਤਾਨ, ਕਾਮ ਕਰੋਧ ਲੋਭ ਮੋਹ ਹੰਕਾਰ ਸਰਬ ਹਲਕਾਇੰਦਾ । ਨਜ਼ਰ ਨਾ ਆਏ ਸ੍ਰੀ ਭਗਵਾਨ, ਬੰਦ ਤਾਕੀ ਕੁੰਡਾ ਕੋਇ ਨਾ ਲਾਹਿੰਦਾ । ਅੰਮ੍ਰਿਤ ਆਤਮ ਕਿਸੇ ਨਾ ਮਿਲਿਆ ਪੀਣ ਖਾਣ, ਨਿਝਰ ਝਿਰਨਾ ਨਾ ਕੋਇ ਝਿਰਾਇੰਦਾ । ਜੋਤੀ ਜੋਤ ਜਗੇ ਨਾ ਨੂਰ ਮਹਾਨ, ਅਗਿਆਨ ਅੰਧੇਰ ਨਾ ਕੋਇ ਮਿਟਾਇੰਦਾ । ਬੱਤੀ ਦੰਦ ਰਸਨਾ ਜਿਹਵਾ ਗਾ ਗਾ ਥੱਕੀ ਗਾਣ, ਗਾਵਣਹਾਰਾ ਆਪਣਾ ਭੇਵ ਨਾ ਕਿਸੇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦੀ ਕਰਨੀ ਆਪ ਜਣਾਇੰਦਾ । ਗੁਰ ਅਵਤਾਰ ਕਰਨ ਮਹਿਸੂਸ, ਵੇਲਾ ਅੰਤਮ ਅੰਤ ਆਈਆ । ਪੁਰਖ ਅਬਿਨਾਸ਼ੀ ਬਣਿਆ ਆਪ ਜਾਸੂਸ, ਨਿਰਗੁਣ ਹੋ ਕੇ ਫੇਰਾ ਪਾਈਆ । ਸਭ ਦੀ ਵਰਾਸਤ ਕਰੇ ਮਨਸੂਖ, ਹੱਕ ਆਪਣਾ ਦਏ ਜਣਾਈਆ । ਨਾਤਾ ਤੋੜੇ ਜ਼ਾਤ ਪਾਤ, ਕੂੜੀ ਕਿਰਿਆ ਝੂਠ, ਆਤਮ ਪਰਮਾਤਮ ਵੇਖ ਵਖਾਈਆ । ਲੱਖ ਚੁਰਾਸੀ ਪੰਜ ਤੱਤ ਕਾਇਆ ਜਾਣ ਕਲਬੂਤ, ਕਲਮਾ ਨਬੀ ਇਕ ਪੜ੍ਹਾਈਆ । ਆਪਣਾ ਦੇਵੇ ਆਪ ਸਬੂਤ, ਸ਼ਹਿਨਸ਼ਾਹ ਇਕੋ ਫੇਰਾ ਪਾਈਆ । ਆਪਣੇ ਹੱਥ ਰੱਖੇ ਹਕੂਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸਚ ਸੰਦੇਸਾ ਇਕ ਸੁਣਾਈਆ । ਸਚ ਸੰਦੇਸਾ ਦੇਵੇ ਆਪ, ਸਦਾ ਆਪਣੇ ਨਾਮ ਲਗਾਈਆ । ਆਦਿ ਜੁਗਾਦੀ ਮਾਈ ਬਾਪ, ਪਿਤਾ ਪੂਤ ਵੇਖ ਵਖਾਈਆ । ਪੀਰ ਪੈਗ਼ੰਬਰ ਗੁਰ ਅਵਤਾਰ ਜਿਸ ਦਾ ਜਪਦੇ ਰਹੇ ਜਾਪ, ਸੋ ਸਾਹਿਬ ਵੇਖਣ ਆਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਜੀਵ ਜੰਤ ਵੇਖੇ ਪੂਜਾ ਪਾਠ, ਇਸ਼ਟ ਦੇਵ ਨਾ ਕੋਈ ਮਨਾਈਆ । ਪਾਵੇ ਸਾਰ ਤੀਰਥ ਤਾਟ, ਤਟ ਕਿਨਾਰਾ ਫੋਲ ਫੁਲਾਈਆ । ਚੌਦਾਂ ਲੋਕਾਂ ਖੋਲ੍ਹੇ ਹਾਟ, ਵਣਜਾਰਾ ਨਜ਼ਰ ਕੋਇ ਨਾ ਆਈਆ । ਚੋਦਾਂ ਤਬਕ ਵੇਖੇ ਜ਼ਾਤ, ਜ਼ਾਤ ਸਭ ਦੀ ਦਏ ਗਵਾਈਆ । ਕਲਜੁਗ ਅੰਤਮ ਵੇਖਣਹਾਰਾ ਖੇਲ ਤਮਾਸ਼, ਖ਼ਾਲਕ ਖ਼ਲਕ ਵੇਸ ਵਟਾਈਆ । ਗੋਪੀ ਕਾਹਨ ਕੋਈ ਨਾ ਪਾਵੇ ਰਾਸ, ਮੰਡਲ ਮੰਡਪ ਨਾਚ ਨਾ ਕੋਇ ਨਚਾਈਆ । ਚਾਰ ਜੁਗ ਦੀ ਇਕੱਠੀ ਕਰੇ ਸ਼ਾਖ਼, ਸ਼ਹਿਨਸ਼ਾਹ ਆਪਣਾ ਹੁਕਮ ਮਨਾਈਆ । ਜਿਸ ਦੀ ਭਾਖਿਆ ਰਹੇ ਭਾਖ, ਭਵਿਖਤ ਵਾਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਰ ਹਰਿ ਇਕੋ ਵੇਸ ਵਟਾਈਆ । ਨਰ ਹਰਿ ਏਕੰਕਾਰਾ, ਅਕਲ ਕਲਾ ਅਖਵਾਇੰਦਾ । ਵਸਣਹਾਰਾ ਧਾਮ ਨਿਆਰਾ, ਸਚਖੰਡ ਆਪਣੇ ਸੋਭਾ ਪਾਇੰਦਾ । ਕਮਲਾਪਾਤੀ ਹੋ ਉਜਿਆਰਾ, ਦੀਆ ਬਾਤੀ ਨਾ ਕੋਇ ਜਗਾਇੰਦਾ । ਸਾਚਾ ਸਾਕੀ ਨਰ ਨਿਰੰਕਾਰਾ, ਸਾਚਾ ਜਾਮ ਹੱਥ ਉਠਾਇੰਦਾ । ਦੇਵਣਹਾਰਾ ਧੁਰ ਦਰਬਾਰਾ, ਮੁਕਾਮੇ ਹੱਕ ਸੋਭਾ ਪਾਇੰਦਾ । ਲਾਸ਼ਰੀਕ ਪਰਵਰਦਿਗਾਰਾ,

ਵਾਹਦ ਆਪਣਾ ਰੰਗ ਚੜ੍ਹਾਇੰਦਾ । ਲੇਖਾ ਜਾਣੇ ਦੋ ਜਹਾਨ ਸਾਂਝਾ ਯਾਰਾ, ਦੂਜੀ ਵੰਡ ਨਾ ਕੋਇ ਵੰਡਾਇੰਦਾ । ਕਲਜੁਗ ਅੰਤਮ ਹੋ ਤਿਆਰਾ, ਨਿਰਗੁਣ ਆਪਣਾ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਿਫ਼ਤ ਸਾਲਾਹੀ ਵਸੇ ਬਾਹਰਾ, ਸਿਫ਼ਤ ਵਿਚ ਕਦੇ ਨਾ ਆਇੰਦਾ । ਸਿਫ਼ਤ ਸਾਲਾਹੀ ਏਕੋ ਏਕ, ਏਕ ਏਕ ਜਣਾਈਆ । ਆਦਿ ਜੁਗਾਦਿ ਸਾਚੀ ਟੇਕ, ਜੁਗ ਜੁਗ ਹੁਕਮ ਮਨਾਈਆ । ਰੂਪ ਰੰਗ ਨਾ ਕੋਇ ਰੇਖ, ਭੇਖ ਆਪਣਾ ਆਪਣੇ ਵਿਚ ਛੁਪਾਈਆ । ਵਸਣਹਾਰਾ ਸਾਚੇ ਦੇਸ, ਦੇਸ ਦਸੰਤਰ ਦਏ ਵਡਿਆਈਆ । ਮੁੱਛ ਦਾੜ੍ਹੀ ਨਾ ਕੋਇ ਕੇਸ, ਨਾ ਕੋਈ ਮੂੰਡ ਮੁੰਡਾਈਆ । ਜਿਸ ਸੁਤ ਬਣਾਇਆ ਸ੍ਰੀ ਦਸ਼ਮੇਸ਼, ਸਿਰ ਆਪਣਾ ਹੱਥ ਟਿਕਾਈਆ । ਜਿਸ ਨਾਨਕ ਨਿਰਗੁਣ ਕਰੀ ਆਦੇਸ, ਅਲੱਖ ਅਲੱਖ ਢੋਲਾ ਗਾਈਆ । ਜਿਸ ਪੀਰ ਪੈਗ਼ੰਬਰ ਬਣਾਈ ਰੇਖ, ਰੇਖਾ ਆਪਣੇ ਵਿਚੋਂ ਪਰਗਟਾਈਆ । ਜੋ ਭਗਤਾਂ ਸੰਗ ਕਰੇ ਹੇਤ, ਨਿਤ ਨਵਿਤ ਫੇਰਾ ਪਾਈਆ । ਜਿਸ ਨਾਉਂ ਨਿਰੰਕਾਰ ਆਪਣਾ ਦਿਤਾ ਭੇਤ, ਵਿਸ਼ਨ ਬ੍ਰਹਮਾ ਸ਼ਿਵ ਕਰ ਪੜ੍ਹਾਈਆ । ਸੋ ਕਲਜੁਗ ਅੰਤਮ ਗੁਰ ਅਵਤਾਰ ਪੀਰ ਪੈਗ਼ੰਬਰ ਆਪਣੇ ਕਰੇ ਆਪੇ ਪੇਸ਼, ਆਪਣਾ ਲੇਖਾ ਆਪਣੇ ਵਿਚੋਂ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਕਰਨਹਾਰ ਨਿਰੰਕਾਰਾ, ਦੂਜਾ ਸੰਗ ਨਾ ਕੋਇ ਰਖਾਇੰਦਾ । ਕਲ ਕਲਕੀ ਲੈ ਅਵਤਾਰਾ, ਨਿਰਗੁਣ ਆਪਣਾ ਰੂਪ ਧਰਾਇੰਦਾ । ਵੇਦ ਵਿਆਸਾ ਜਿਸ ਦਾ ਲੇਖਾ ਲਿਖਦਾ ਰਿਹਾ ਬਣ ਲਿਖਾਰਾ, ਸੋ ਬ੍ਰਹਿਮਣ ਗੌੜਾ ਪੂਤ ਸਪੂਤਾ ਉਚੇ ਟਿਲੇ ਪਰਬਤ ਫੇਰਾ ਪਾਇੰਦਾ । ਜਿਸ ਦਾ ਜਲਵਾ ਤੱਕ ਮੂਸਾ ਡਿਗਾ ਮੂੰਹ ਦੇ ਭਾਰਾ, ਨੇਤਰ ਨੈਣ ਨਾ ਅੱਖ ਖੁਲ੍ਹਾਇੰਦਾ । ਜਿਸ ਨੂੰ ਈਸਾ ਕਹਿੰਦਾ ਮੇਰਾ ਪਰਵਰਦਿਗਾਰਾ, ਪਿਤਾ ਪੂਤ ਰੰਗ ਵਖਾਇੰਦਾ । ਜਿਸ ਨੂੰ ਮੁਹੰਮਦ ਕਹੇ ਮੇਰਾ ਅਮਾਮ ਸਿਕਦਾਰਾ, ਸਿਰ ਮੇਰੇ ਹੁਕਮ ਮਨਾਇੰਦਾ । ਜਿਸ ਨੂੰ ਅੱਲਾ ਰਾਣੀ ਕਹੇ ਪੀਰ ਜ਼ਾਹਰਾ, ਜ਼ਾਹਰ ਜ਼ਹੂਰ ਖੇਲ ਕਰਾਇੰਦਾ । ਜਿਸ ਦਾ ਹੱਕੋ ਹੱਕ ਨਾਅਰਾ, ਨੌਬਤ ਆਪਣੇ ਨਾਮ ਵਜਾਇੰਦਾ । ਜਿਸ ਦਾ ਪੀਰ ਪੈਗ਼ੰਬਰ ਕਰਦੇ ਗਏ ਮੁਸ਼ਾਰਾ, ਸੋ ਮੁਸ਼ਕਲ ਸਭ ਦੀ ਹੱਲ ਕਰਾਇੰਦਾ । ਸਚਖੰਡ ਦਵਾਰ ਬੈਠਾ ਰਿਹਾ ਹੋ ਕੇ ਬਹਿਰਾ, ਕਲਜੁਗ ਅੰਤਮ ਆਪਣਾ ਹੁਕਮ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਵਖਾਇੰਦਾ । ਵੇਖੇ ਖੇਲ ਪੈਗ਼ੰਬਰ ਪੀਰ, ਪਾਰਬ੍ਰਹਮ ਜਣਾਈਆ । ਵੇਲਾ ਅੰਤਮ ਇਕ ਅਖ਼ੀਰ, ਚੌਦਸ ਚੰਦ ਨਾ ਕੋਇ ਰੁਸ਼ਨਾਈਆ । ਕੱਟਣ ਆਇਆ ਸ਼ਰਅ ਜ਼ੰਜੀਰ, ਸ਼ਰੀਅਤ ਕੋਇ ਰਹਿਣ ਨਾ ਪਾਈਆ । ਹਯਾਤ ਆਬ ਦੇਵੇ ਇਕੋ ਨੀਰ, ਨਿਰਮਲ ਜਾਮ ਪਿਆਈਆ । ਚੌਦਾਂ ਤਬਕ ਬਦਲ ਦੇਵੇ ਤਕਦੀਰ, ਤਸਵੀਰ ਆਪਣੀ ਦਏ ਵਖਾਈਆ । ਪਿਛਲੀ ਮੇਟੇ ਸਰਬ ਲਕੀਰ, ਹੁਕਮੇ ਅੰਦਰ ਹੁਕਮ ਜਣਾਈਆ । ਨਾਮ ਖੰਡਾ ਖਿਚ ਸ਼ਮਸ਼ੀਰ, ਸ਼ਮਾ ਸਭ ਦੀ ਗੁਲ ਕਰਾਈਆ । ਵੇਖ ਵੇਖ ਸਾਰੇ ਹੋਏ ਦਿਲਗੀਰ, ਧੀਰਜ ਧੀਰ ਨਾ ਕੋਇ ਧਰਾਈਆ । ਕਰਿਆ ਖੇਲ ਹਰਿ ਬੇਨਜ਼ੀਰ, ਨਜ਼ਰ ਵਿਚ ਨਾ ਆਈਆ । ਲੇਖਾ ਜਾਣੇ ਸ਼ਾਹ ਹਕੀਰ, ਸ਼ਹਿਨਸ਼ਾਹ ਇਕੋ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪਣੇ ਹੱਥ ਰਖਾਈਆ । ਪੀਰ ਪੈਗ਼ੰਬਰ ਵੇਖੇ ਹਯਾਤੀ, ਹਰਿ ਸਾਹਿਬ ਆਪ ਜਣਾਇੰਦਾ । ਕਲਜੁਗ ਮਿਟੇ ਅੰਧੇਰੀ ਰਾਤੀ, ਰੁੱਤੀ ਆਪਣੀ ਇਕ ਵਖਾਇੰਦਾ । ਸਾਚੀ ਸਚ ਦੇਵੇ ਪਰਭਾਤੀ, ਪਰਮ ਪੁਰਖ ਦਇਆ ਕਮਾਇੰਦਾ । ਬਿਰਹੋਂ ਤੀਰ ਨਿਰਾਲਾ ਮਾਰੇ ਕਾਤੀ, ਕਾਇਆ ਸਭ ਦੀ ਆਪ ਉਲਟਾਇੰਦਾ । ਸਚਖੰਡ

ਦਵਾਰੇ ਖੋਲ੍ਹੇ ਤਾਕੀ, ਪਰਦਾ ਦੂਈ ਆਪ ਚੁਕਾਇੰਦਾ । ਕਿਸੇ ਦਾ ਕੁਛ ਰਹਿ ਨਾ ਜਾਏ ਬਾਕੀ, ਉਮਤ ਉਮਤੀਆਂ ਝੋਲੀ ਪਾਇੰਦਾ । ਵੇਲੇ ਅੰਤਮ ਦੇਵੇ ਫ਼ਾਸੀ, ਫਾਹ ਸਭ ਦੇ ਹੱਥ ਵਖਾਇੰਦਾ । ਹਜ਼ਰਤ ਬਹਿ ਬਹਿ ਕਰੇ ਹਾਸੀ, ਈਸਾ ਮੂਸਾ ਨਾ ਕੋਇ ਛੁਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਰਾਇੰਦਾ । ਈਸਾ ਮੂਸਾ ਮੁਹੰਮਦ ਗਏ ਜਾਗ, ਜਾਗਣ ਵੇਲਾ ਆਇਆ । ਕੋਈ ਨਾ ਧੋਵੇ ਝੂਠਾ ਦਾਗ਼, ਦੁਰਮਤ ਮੈਲ ਕੋਇ ਨਾ ਲਾਹਿਆ । ਮਕਬਰੇ ਜਗੇ ਨਾ ਕੋਈ ਚਿਰਾਗ਼, ਮਸਜਦ ਨੂਰ ਨਾ ਕੋਇ ਰੁਸ਼ਨਾਇਆ । ਮਸਲਾ ਹੱਲ ਨਾ ਹੱਕ ਜਨਾਬ, ਅੱਲਾ ਰਾਣੀ ਨੈਣ ਸ਼ਰਮਾਇਆ । ਨਾ ਕੋਈ ਮੇਟੇ ਵਾਦ ਵਿਵਾਦ, ਸਾਦਕ ਸਿਦਕ ਨਾ ਕੋਇ ਰਖਾਇਆ । ਪਰਵਰਦਿਗਾਰ ਚਰਨ ਘੋੜੇ ਦਿਤਾ ਰਕ਼ਾਬ, ਦੁਲਦੁਲ ਇਕੋ ਤੰਗ ਕਸਾਇਆ । ਜਿਸ ਦਾ ਲੈਂਦੇ ਰਹੇ ਖ਼ਵਾਬ, ਸੋ ਸ਼ਾਹ ਮਸ਼ਾਹ ਆਪਣਾ ਹੁਕਮ ਚਲਾਇਆ । ਚਲੋ ਰਲ ਕੇ ਕਰੀਏ ਦਰ ਆਦਾਬ, ਸਜਦਾ ਸੀਸ ਝੁਕਾਇਆ । ਕਲਜੁਗ ਅੰਤਮ ਲੱਖ ਚੁਰਾਸੀ ਭਰੀ ਪਾਪ, ਪਤਤ ਕੋਇ ਨਾ ਰੂਪ ਵਟਾਇਆ । ਜਿਸ ਦਾ ਜਪਦੇ ਆਏ ਜਾਪ, ਨੂਰੀ ਅੱਲਾ ਨੂਰ ਰੁਸ਼ਨਾਇਆ । ਸੋ ਮੀਆਂ ਆਇਆ ਬਾਪ, ਪਿਸਰ ਪਿਦਰ ਨਾ ਕੋਇ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਰਿਹਾ ਮਨਾਇਆ । ਅੰਤਮ ਹੁਕਮ ਮੰਨਣਾ ਪੈਣਾ, ਸੋ ਸਾਹਿਬ ਆਪ ਜਣਾਈਆ । ਆਪਣਾ ਕੀਤਾ ਵੇਖੇ ਨੈਣਾਂ, ਨਿਜ ਨੇਤਰ ਰਿਹਾ ਜਣਾਈਆ । ਦੀਨ ਮਜ਼੍ਹਬ ਦਾ ਬੁਰਜ ਅੰਤਮ ਢਹਿਣਾ, ਲੋਕਮਾਤ ਰਹਿਣ ਨਾ ਪਾਈਆ । ਚਾਰ ਵਰਨ ਬਣਾਏ ਭਾਈ ਭੈਣਾਂ, ਸਾਕ ਸੈਣਾ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਜਣਾਈਆ । ਸਚ ਸੰਦੇਸਾ ਦੇਵੇ ਅਮਾਮ, ਕਾਇਨਾਤ ਸਮਝਾਇੰਦਾ । ਪੀਰ ਪੈਗ਼ੰਬਰ ਕਰਨ ਸਲਾਮ, ਅਲੈਕਮ ਹੁਕਮ ਨਾ ਕੋਇ ਜਣਾਇੰਦਾ । ਅੰਤ ਭਗਵੰਤ ਤੋੜੇ ਮਾਣ, ਅਭਿਮਾਨ ਨਜ਼ਰ ਕੋਇ ਨਾ ਆਇੰਦਾ । ਬਰਦੇ ਬਣਾਏ ਫੜ ਗ਼ੁਲਾਮ, ਗੁਰਬਤ ਸਭ ਦੀ ਆਪ ਗਵਾਇੰਦਾ । ਚਰਨ ਧੂੜ ਵਖਾਏ ਇਕ ਹਮਾਮ, ਦਰ ਮੰਦਰ ਪਰਦਾ ਲਾਹਿੰਦਾ । ਬਦਲ ਦੇਵੇ ਆਪ ਨਜ਼ਾਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਨੇਹੁੜਾ ਇਕ ਘਲਾਇੰਦਾ । ਸਚ ਸਨੇਹੁੜਾ ਦੇਵੇ ਘੱਲ, ਸ਼ਬਦ ਅਗੰਮ ਪੜ੍ਹਾਈਆ । ਵਸਣਹਾਰਾ ਨਿਹਚਲ ਧਾਮ ਅਟੱਲ, ਅਟੱਲ ਹੁਕਮ ਜਣਾਈਆ । ਪੀਰ ਪੈਗ਼ੰਬਰ ਗੁਰ ਅਵਤਾਰ ਇਕ ਦੂਜੇ ਨਾਲ ਜਾਓ ਰਲ, ਪਿਛਲਾ ਝਗੜਾ ਸਰਬ ਮੁਕਾਈਆ । ਸ੍ਰੀ ਭਗਵਾਨ ਕਰਦਾ ਰਿਹਾ ਵਲ ਛਲ, ਜੁਗ ਚੌਕੜੀ ਸਰਗੁਣ ਹੁਕਮ ਜਣਾਈਆ । ਦਾਤਾ ਜੋਧਾ ਸੂਰਬੀਰ ਵਡ ਪਰਬਲ, ਪਰਮ ਪੁਰਖ ਬੇਅੰਤ ਵਡਿਆਈਆ । ਅੰਤਮ ਮੇਟੇ ਸਭ ਦਾ ਸਲ, ਦੂਈ ਕੋਇ ਰਹਿਣ ਨਾ ਪਾਈਆ । ਪ੍ਰਭ ਸਰਨਾਈ ਲੈਣੀ ਮੱਲ, ਦੂਜੀ ਓਟ ਨਜ਼ਰ ਨਾ ਆਈਆ । ਕਲਜੁਗ ਮੇਟੇ ਅੱਜ ਕਿ ਕਲ, ਕਾਲ ਸਭ ਦੇ ਸਿਰ ਤੇ ਛਾਈਆ । ਜਨ ਭਗਤਾਂ ਦੇਵੇ ਪੂਰਬ ਫਲ, ਲਹਿਣਾ ਨਾਮ ਝੋਲੀ ਪਾਈਆ । ਨੌਂ ਖੰਡ ਪ੍ਰਿਥਮੀ ਵਾਹੇ ਹਲ, ਕੂੜੀ ਕਿਰਆ ਜੜ ਉਖੜਾਈਆ । ਵੇਖਣਹਾਰਾ ਜਲ ਥਲ, ਉਚੇ ਟਿੱਲੇ ਪਰਬਤ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲੇਖਾ ਰਿਹਾ ਸਮਝਾਈਆ । ਅਗਲਾ ਲੇਖਾ ਆਇਆ ਨੇੜੇ, ਨੇਰਨ ਨੇਰਾ ਆਪ ਜਣਾਇੰਦਾ । ਦੀਨ ਮਜ਼੍ਹਬ ਦੇ ਛੱਡੋ ਝੇੜੇ, ਝਗੜਾ ਕੋਇ ਰਹਿਣ ਨਾ ਪਾਇੰਦਾ । ਜਿਸ ਨੇ ਦਿਤੇ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗੇੜੇ, ਸੋ ਗੇੜਾ ਆਪ ਗਿੜਾਇੰਦਾ । ਧਰਤ ਮਾਤ ਦੇ ਖੁਲ੍ਹੇ ਕਰੇ ਵੇਹੜੇ, ਦੀਪਾਂ ਲੋਆਂ ਖੋਜ


੫੮੬
੧੩

ਖੁਜਾਇੰਦਾ । ਜਨ ਭਗਤਾਂ ਪਿਛੇ ਜਿਸ ਸਰਗੁਣ ਹੋ ਕੇ ਮਾਰੇ ਫੇਰੇ, ਨਿਰਗੁਣ ਆਪਣਾ ਨਾਉਂ ਵਡਿਆਇੰਦਾ । ਅੰਤਮ ਸਾਰੇ ਆ ਗਏ ਹਰਿ ਦੇ ਘੇਰੇ, ਬਚਿਆ ਕੋਇ ਰਹਿਣ ਨਾ ਪਾਇੰਦਾ । ਕਰਨ ਨਾ ਦੇਵੇ ਹੇਰੇ ਫੇਰੇ, ਹੇਰੀ ਫੇਰੀ ਸਰਬ ਮਿਟਾਇੰਦਾ । ਸਾਰੇ ਕਹੋ ਤੂੰ ਮੇਰਾ ਹਮ ਤੇਰੇ, ਤੁਧ ਬਿਨ ਨਜ਼ਰ ਕੋਇ ਨਾ ਆਇੰਦਾ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਸ਼ਾਹੋ ਸ਼ਾਬਾਸ਼ੀ ਅਸੀਂ ਆਏ ਤੇਰੇ ਡੇਰੇ, ਤੇਰਾ ਡੰਕਾ ਨਾਮ ਇਕੋ ਨਾਦ ਵਜਾਇੰਦਾ । ਅਸੀਂ ਲੋਕਮਾਤ ਝਗੜੇ ਕਰ ਕੇ ਆਏ ਬਥੇਰੇ, ਤੇਰੇ ਹੁਕਮੇ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਨੇਹੁੜਾ ਇਕ ਸੁਣਾਇੰਦਾ । ਸਚ ਸੰਦੇਸ਼ਾ ਦੇਵੇ ਨਾਦ, ਏਕਾ ਰਾਗ ਜਣਾਈਆ । ਵੇਖਣਹਾਰਾ ਆਦਿ ਜੁਗਾਦਿ, ਜੁਗ ਜੁਗ ਫੇਰਾ ਪਾਈਆ । ਜਿਸ ਰਚਨ ਰਚਾਈ ਬ੍ਰਹਮ ਬ੍ਰਹਿਮਾਦ, ਪਾਰਬ੍ਰਹਮ ਵਡ ਵਡਿਆਈਆ । ਜਿਸ ਨਾਮ ਜਣਾਇਆ ਬੋਧ ਅਗਾਧ, ਅਗਾਧ ਬੋਧ ਕਰੀ ਪੜ੍ਹਾਈਆ । ਜਿਸ ਗੁਰ ਅਵਤਾਰ ਪੀਰ ਪੈਗ਼ੰਬਰ ਦਿਤੀ ਦਾਦ, ਦਾਤ ਇਕੋ ਝੋਲੀ ਪਾਈਆ । ਜਿਸ ਦੀਨ ਮਜ਼੍ਹਬ ਬਣਾਈ ਜਮਾਤ, ਅੱਖਰ ਵੱਖਰ ਕਰ ਪੜ੍ਹਾਈਆ । ਜਿਸ ਪੀਰ ਪੈਗ਼ੰਬਰ ਨਾਤਾ ਬੰਧਾਇਆ ਚਰਨ ਨਾਤ, ਨਿਤ ਨਵਿਤ ਖੇਲ ਕਰਾਈਆ । ਜਿਸ ਨੂੰ ਮੰਨਿਆ ਰਸੂਲ ਪਾਕ, ਸਚ ਅਸੂਲ ਰਿਹਾ ਵਖਾਈਆ । ਮਾਅਕੂਲ ਅੱਗੋਂ ਦਿਓ ਜਵਾਬ, ਪਰਵਰਦਿਗਾਰ ਪੁੱਛ ਪੁਛਾਈਆ । ਆਪਣੇ ਮੁਖ ਤੋਂ ਪੜਦਾ ਲਾਹੇ ਨਕਾਬ, ਪਰਦਾਨਸ਼ੀਂ ਆਪਣਾ ਮੁਖ ਦਿਖਲਾਈਆ । ਚੌਦਾਂ ਤਬਕ ਵੇਖੇ ਬਾਗ਼, ਖ਼ਿਜ਼ਾਂ ਰੁੱਤ ਸਭ ਤੇ ਛਾਈਆ । ਵੇਲੇ ਅੰਤ ਨਾ ਕਰੇ ਕਿਸੇ ਮੁਆਫ਼, ਦੋਸ਼ੀ ਦੋਸ਼ ਰਿਹਾ ਲਗਾਈਆ । ਸ੍ਰਿਸ਼ਟ ਸਬਾਈ ਪਾਏ ਵਫ਼ਾਤ, ਫ਼ਤਵਾ ਇਕੋ ਨਾਮ ਲਗਾਈਆ । ਲੇਖਾ ਲਿਖ ਕੇ ਗਏ ਕਲਮ ਦਵਾਤ, ਪੀਰ ਪੈਗ਼ੰਬਰ ਦੇਣ ਗਵਾਹੀਆ । ਕਲਜੁਗ ਆਏ ਅੰਧੇਰੀ ਰਾਤ, ਚਾਰੋਂ ਕੁੰਟ ਅੰਧੇਰਾ ਛਾਈਆ । ਪਰਗਟ ਹੋਏ ਪੁਰਖ ਅਬਿਨਾਸ਼, ਬੇਪਰਵਾਹ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਜਣਾਈਆ । ਸਾਚਾ ਹੁਕਮ ਸੁਣੇ ਕੰਨ, ਬਿਨ ਰਸਨਾ ਆਪ ਜਣਾਇੰਦਾ । ਇਕੋ ਹੁਕਮ ਲੈਣਾ ਮੰਨ, ਮਨਸਾ ਸਭ ਦੀ ਪੂਰ ਕਰਾਇੰਦਾ । ਇਕੋ ਚੜ੍ਹਨਾ ਸੱਚਾ ਚੰਨ, ਨੂਰ ਜ਼ਹੂਰ ਇਕ ਦਰਸਾਇੰਦਾ । ਇਕੋ ਬੇੜਾ ਦੇਵੇ ਬੰਨ੍ਹ, ਖੇਵਟ ਖੇਟਾ ਨਾਉਂ ਵਡਿਆਇੰਦਾ । ਇਕੋ ਘੜੇ ਦੇਵੇ ਭੰਨ੍ਹ, ਪੰਜ ਤੱਤ ਠੀਕਰ ਨਜ਼ਰ ਕੋਇ ਨਾ ਆਇੰਦਾ । ਇਕੋ ਨਾਤਾ ਜੋੜੇ ਛੱਪਰੀ ਛੰਨ, ਇਕੋ ਸਚਖੰਡ ਸੋਭਾ ਪਾਇੰਦਾ । ਇਕੋ ਦੇਵਣਹਾਰਾ ਡੰਨ, ਡੰਕਾ ਨਾਮ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਕਲਮਾ ਆਪ ਸਮਝਾਇੰਦਾ । ਪੀਰ ਪੈਗ਼ੰਬਰ ਕਰ ਅਸੀਸ, ਸਰਨ ਪਏ ਸਰਨਾਈਆ । ਤੇਰੀ ਪੜ੍ਹੀਏ ਇਕ ਹਦੀਸ, ਦੂਜਾ ਕਲਮਾ ਨਾ ਕੋਇ ਸੁਣਾਈਆ । ਛਤਰ ਝੁੱਲੇ ਪ੍ਰਭ ਤੇਰੇ ਸੀਸ, ਤੇਰੇ ਹੁਕਮ ਸਦ ਰਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਮੰਗੀ ਮੰਗ ਬਣ ਦਰਵੇਸ਼, ਮਾਣ ਅਭਿਮਾਨ ਨਾ ਕੋਇ ਰਖਾਇਆ । ਸਾਡੀ ਅੰਤ ਚਲੇ ਨਾ ਕੋਈ ਪੇਸ਼, ਨਿਉਂ ਨਿਉਂ ਬੈਠੇ ਸੀਸ ਝੁਕਾਇਆ । ਨਾਤਾ ਤੁਟਾ ਮੁੱਲਾ ਸ਼ੇਖ਼, ਮਸਾਇਕ ਨਜ਼ਰ ਕੋਇ ਨਾ ਆਇਆ । ਇਕੋ ਤੇਰੇ ਚਰਨਾਂ ਹੇਤ, ਪ੍ਰੀਤੀ ਸਚ ਸਚ ਬੰਧਾਇਆ । ਕਰ ਕਿਰਪਾ ਸਾਹਿਬ ਵੇਖ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਰਿਹਾ ਜਣਾਇਆ । ਸਾਚਾ ਹੁਕਮ ਪੀਰ ਪੈਗ਼ੰਬਰ, ਪਾਰਬ੍ਰਹਮ ਜਣਾਈਆ । ਕਲਜੁਗ ਮੇਰਾ ਅੰਤ ਸਵੰਬਰ, ਇਕੋ ਘਰ ਵਖਾਈਆ । ਲੱਖ ਚੁਰਾਸੀ ਕੂੜ ਅਡੰਬਰ, ਥਿਰ ਕੋਇ ਰਹਿਣ ਨਾ ਪਾਈਆ । ਸਰਬ ਕਲਾ ਆਪੇ

ਭਰਤੰਬਰ, ਘਟ ਘਟ ਰਿਹਾ ਸਮਾਈਆ । ਜਿਸ ਬਣਾਏ ਜ਼ਿਮੀਂ ਅਸਮਾਨ ਅੰਬਰ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਰਿਹਾ ਫ਼ਰਮਾਈਆ । ਸਾਚਾ ਹੁਕਮ ਧੁਰ ਫ਼ਰਮਾਨਾ, ਧੁਰਦਰਗਾਹੀ ਆਪ ਜਣਾਇੰਦਾ । ਗੋਬਿੰਦ ਲਿਖ ਕੇ ਗਿਆ ਪਰਵਾਨਾ, ਪਰਮ ਪੁਰਖ ਆਪ ਸਮਝਾਇੰਦਾ । ਨਾਨਕ ਨਿਰਗੁਣ ਦੇ ਕੇ ਗਿਆ ਗਿਆਨਾ, ਮੰਤਰ ਸਤਿ ਨਾਮ ਦ੍ਰਿੜਾਇੰਦਾ । ਪਰਗਟ ਹੋਵੇ ਨਿਹਕਲੰਕ ਬਲੀ ਬਲਵਾਨਾ, ਜਿਸ ਦਾ ਅੰਤ ਕੋਇ ਨਾ ਆਇੰਦਾ । ਲੇਖਾ ਜਾਣੇ ਦੋ ਜਹਾਨਾਂ, ਬ੍ਰਹਿਮੰਡ ਖੰਡ ਪੁਰੀ ਲੋਅ ਨਾਚ ਨਚਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰੇ ਧਿਆਨਾ, ਕਰੋੜ ਤੇਤੀਸਾ ਧੂੜੀ ਟਿੱਕਾ ਮਸਤਕ ਲਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦਾ ਗਾਵਣ ਗਾਣਾ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜ਼ੀਲ ਕੁਰਾਨ ਖਾਣੀ ਬਾਣੀ ਜਿਸ ਦੀ ਸਿਫ਼ਤ ਸਾਲਾਹਿੰਦਾ । ਸੋ ਸਾਹਿਬ ਵਡ ਮਿਹਰਵਾਨਾ, ਨਿਰਗੁਣ ਆਪਣਾ ਵੇਸ ਵਟਾਇੰਦਾ । ਗੋਬਿੰਦ ਕਹੇ ਮੇਰਾ ਪੁਰਖ ਅਕਾਲ ਨੌਜਵਾਨਾ, ਬਿਰਧ ਬਾਲ ਨਾ ਰੂਪ ਵਟਾਇੰਦਾ । ਮੇਰੀ ਹੱਥੀਂ ਬੰਨ੍ਹੇ ਗਾਨਾ, ਸਾਚਾ ਸਗਨ ਆਪ ਮਨਾਇੰਦਾ । ਨਾ ਕੋਈ ਚਿੱਲਾ ਤੀਰ ਕਮਾਨਾ, ਕਲਗ਼ੀ ਤੋੜਾ ਨਾ ਕੋਇ ਜਣਾਇੰਦਾ । ਕਰੇ ਖੇਲ ਖੇਲ ਮਹਾਨਾ, ਖ਼ਾਲਕ ਖ਼ਲਕ ਰੂਪ ਵਟਾਇੰਦਾ । ਸੰਬਲ ਵਸੇ ਇਕ ਮਕਾਨਾ, ਸੰਭਲ ਸੰਭਲ ਆਪਣਾ ਚਰਨ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੀਰ ਪੈਗ਼ੰਬਰ ਆਪ ਉਠਾਇੰਦਾ । ਪੀਰ ਪੈਗ਼ੰਬਰ ਉਠੋ ਭਾਗੋ, ਸੋ ਪੁਰਖ ਨਿਰੰਜਣ ਆਪ ਜਣਾਈਆ । ਪਰਵਰਦਿਗਾਰ ਸਰਨ ਸਰਨਾਈ ਲਾਗੋ, ਪਿਛਲਾ ਲਹਿਣਾ ਦਏ ਚੁਕਾਈਆ । ਧੁਰਦਰਗਾਹੀ ਸੁਣੋ ਆਵਾਜ਼ੋ, ਬਾਂਗ ਸਦਾ ਨਾ ਕੋਇ ਅਲਾਈਆ । ਪਿਛਲਾ ਝੇੜਾ ਚੁੱਕੇ ਨਿਮਾਜ਼ੋ, ਹੁਜਰਾ ਹੱਕ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਭ ਨੂੰ ਰਿਹਾ ਜਣਾਈਆ । ਸਾਹਿਬ ਤੇਰਾ ਲੇਖਾ ਸੋਹਣਾ, ਲਿਖਤ ਵਿਚ ਨਾ ਆਇੰਦਾ । ਜੋ ਕਰਨਾ ਸੋ ਸਚ ਹੋਣਾ, ਨਾ ਕੋਈ ਮੇਟ ਮਿਟਾਇੰਦਾ । ਤੇਰੇ ਦਰ ਤੇ ਸਭ ਨੇ ਰੋਣਾ, ।ਰੋਂਦਿਆਂ ਸਭ ਨੂੰ ਗਲੇ ਲਗਾਇੰਦਾ । ਦੁਰਮਤ ਦਾਗ਼ ਜਗਤ ਧੋਣਾ, ਜੁਗਤ ਆਪਣੇ ਹੱਥ ਰਖਾਇੰਦਾ । ਕਲਜੁਗ ਅੰਤਮ ਸਾਚੀ ਸੇਜ ਕਿਸੇ ਨਾ ਮਿਲੇ ਸੌਣਾ, ਖ਼ਾਵੰਦ ਖ਼ਵਾਤੀਨ ਨਾ ਕੋਇ ਹੰਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਤੇਰਾ ਇਕੋ ਭਾਇੰਦਾ । ਦਰ ਤੇਰਾ ਇਕੋ ਸਤਿ, ਸਤਿ ਤੇਰੀ ਵਡਿਆਈਆ । ਦਰ ਤੇਰਾ ਇਕੋ ਹੱਕ, ਹੱਕੋ ਹੱਕ ਨਜ਼ਰੀ ਆਈਆ । ਲੋਕਮਾਤ ਸਿਖਿਆ ਦੇ ਦੇ ਗਏ ਥੱਕ, ਤੇਰੀ ਸ੍ਰਿਸ਼ਟੀ ਚਲੇ ਨਾ ਤੇਰੀ ਰਜ਼ਾਈਆ । ਅਸੀਂ ਕਲਜੁਗ ਅੰਤਮ ਪਿਛੇ ਗਏ ਹਟ, ਪੱਲੂ ਆਪਣਾ ਆਪ ਛੁਡਾਈਆ । ਕਲਮਾ ਪੜ੍ਹ ਕੇ ਲੱਗਦਾ ਦਵੈਤੀ ਫਟ, ਬਾਣੀ ਪੜ੍ਹ ਕੇ ਨਾਮ ਪੱਟੀ ਨਾ ਕੋਇ ਬੰਧਾਈਆ । ਸ੍ਰਿਸ਼ਟ ਸਬਾਈ ਵਿਕ ਗਈ ਕਲਜੁਗ ਦੇ ਹੱਟ, ਕੌਡੀ ਕੀਮਤ ਕੋਇ ਨਾ ਪਾਈਆ । ਜਿਧਰ ਵੇਖੀਏ ਖੇੜਾ ਦਿਸੇ ਭੱਠ, ਭਾਂਬੜ ਤ੍ਰੈਗੁਣ ਅਗਨੀ ਰਹੀ ਲਾਈਆ । ਨਾਤਾ ਤੁਟਾ ਤੀਰਥ ਤਟ, ਗੰਗਾ ਗੋਦਾਵਰੀ ਜਮਨਾ ਸੁਰਸਤੀ ਖੁਲ੍ਹੀ ਮੀਂਢੀ ਸੀਸ ਪੱਟੀ ਨਾ ਕੋਇ ਗੁੰਦਾਈਆ । ਕਲਜੁਗ ਜੀਵਾਂ ਮੇਰੀ ਨਾ ਰੱਖੀ ਪੱਤ, ਮੇਰੇ ਅੰਦਰ ਵੜ ਵੜ ਨੰਗੇ ਤਾਰੀਆਂ ਲਾਈਆ । ਦੀਨ ਮਜ਼੍ਹਬ ਦੀ ਉਬਲੀ ਰੱਤ, ਰੱਤੀ ਰੱਤ ਨਾ ਕੋਇ ਸੁਕਾਈਆ । ਨਾਨਕ ਗੋਬਿੰਦ ਦੀ ਭੁੱਲੀ ਸਭ ਨੂੰ ਮਤ, ਮਨਮਤ ਹੋਈ ਹਲਕਾਈਆ । ਕਿਸੇ ਘਰ ਨਾ ਦਿਸੇ ਧੀਰਜ ਜਤ, ਨੇਤਰ ਨੈਣ ਧੀਆਂ ਭੈਣਾਂ ਰਹੇ ਤਕਾਈਆ । ਗੁਰ ਅਵਤਾਰ ਸਾਰੇ ਗਏ ਛੱਡ, ਖਹਿੜਾ ਛੱਡਿਆ ਅੰਤ ਲੋਕਾਈਆ । ਸ੍ਰੀ ਭਗਵਾਨ ਕਲਜੁਗ ਅੰਤਮ ਜਿਸ ਭਾਵੇ ਤਿਸ ਤੂੰ ਲੈਣਾ ਰੱਖ, ਗੁਰ

੫੯੮
੧੩

ਅਵਤਾਰ ਦੇਵੇ ਨਾ ਕੋਇ ਗਵਾਹੀਆ । ਲੱਖ ਚੁਰਾਸੀ ਜੀਵ ਜੰਤ ਸਿਮਲ ਰੁੱਖ ਖ਼ਾਲੀ ਪੱਤ, ਫਲ ਫੁਲ ਨਜ਼ਰ ਕੋਇ ਨਾ ਆਈਆ । ਕੂੜੀ ਕਿਰਿਆ ਮਾਇਆ ਮਮਤਾ ਹਉਮੇਂ ਹੰਗਤਾ ਰਸਨਾ ਜਿਹਵਾ ਮਣਕਾ ਮਣਕਾ ਮਾਲਾ ਰਹੇ ਰਟ, ਮਨ ਕਾ ਮਣਕਾ ਨਾ ਕੋਇ ਭਵਾਈਆ । ਗੁਰ ਕਾ ਸੱਬਰ ਕੋਇ ਨਾ ਬਹੇ ਘੱਤ, ਯਾਰੜਾ ਮੇਲ ਨਾ ਕੋਇ ਮਿਲਾਈਆ । ਅੰਮ੍ਰਿਤ ਗੋਬਿੰਦ ਕੋਈ ਨਾ ਲਏ ਝੱਟ, ਤ੍ਰਿਸਨਾ ਭੁੱਖ ਨਾ ਕੋਇ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰਾ ਅੰਤਮ ਵੇਲਾ, ਲੇਖਾ ਜਾਣੇ ਗੁਰੂ ਗੁਰ ਚੇਲਾ, ਚੇਲਾ ਗੁਰ ਖੇਲ ਖਲਾਈਆ । ਗੁਰ ਬਣਿਆ ਪੁਰਖ ਅਕਾਲ, ਭੇਵ ਕੋਇ ਨਾ ਪਾਇੰਦਾ । ਚੇਲਾ ਬਣਿਆ ਗੋਬਿੰਦ ਲਾਲ, ਗੁਜਰੀ ਗੋਦ ਨਾ ਕੋਇ ਸੁਹਾਇੰਦਾ । ਸ਼ਬਦ ਸਰੂਪੀ ਬਣ ਦਲਾਲ, ਦੋ ਜਹਾਨਾਂ ਵੇਖ ਵਖਾਇੰਦਾ । ਨਾਮ ਜਣਾਏ ਹੋ ਕਿਰਪਾਲ, ਕਿਰਪਾਨਿਧ ਆਪਣੀ ਦਇਆ ਕਮਾਇੰਦਾ । ਕਲਜੁਗ ਅੰਤਮ ਹੱਲ ਕਰੇ ਸਵਾਲ, ਜ਼ੋਰ ਜ਼ਬਰ ਸਰਬ ਮਿਟਾਇੰਦਾ । ਚੌਦਾਂ ਵਿਦਿਆ ਹੋਏ ਹੈਰਾਨ, ਹਰਿ ਜੂ ਕੀ ਕੀ ਖੇਲ ਕਰਾਇੰਦਾ । ਨਾਤਾ ਤੋੜੇ ਬੇ-ਈਮਾਨ, ਸ਼ਰਅ ਸ਼ੈਤਾਨ ਨਾ ਕੋਇ ਲੜਾਇੰਦਾ । ਬਗ਼ਲੋਂ ਖਿਚੇ ਆਪ ਕੁਰਾਨ, ਮਸਲਾ ਹੱਕ ਆਪ ਸਮਝਾਇੰਦਾ । ਲੇਖਾ ਜਾਣੇ ਵੇਦ ਪੁਰਾਨ, ਸ਼ਾਸਤਰ ਸਿਮਰਤ ਫੋਲ ਫੁਲਾਇੰਦਾ । ਪਰਦਾ ਖੋਲ੍ਹੇ ਅੱਠ ਦਸ ਅਠਾਰਾਂ ਧਿਆਏ ਗੀਤਾ ਗਿਆਨ, ਗੋਝ ਆਪਣਾ ਰੰਗ ਰੰਗਾਇੰਦਾ । ਗੁਰੂ ਗ੍ਰੰਥ ਗੁਰੂ ਗਿਆਨ, ਗੁਰ ਸ਼ਬਦੀ ਵੰਡ ਵੰਡਾਇੰਦਾ । ਪੁਰਖ ਅਕਾਲ ਸਭ ਦਾ ਜਾਣੀ ਜਾਣ, ਜੁਗ ਜੁਗ ਆਪਣਾ ਹੁਕਮ ਸੁਣਾਇੰਦਾ । ਕਲਜੁਗ ਭੁੱਲੇ ਜੀਵ ਨਾਦਾਨ, ਹਰਿ ਕਾ ਨਾਮ ਨਾ ਕੋਇ ਧਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਦਾਤਾ ਪੁਰਖ ਬਿਧਾਤਾ ਉਤਮ ਰੱਖੇ ਆਪਣੀ ਜ਼ਾਤਾ, ਨਿਰਵੈਰ ਪੁਰਖ ਆਪਣਾ ਫੇਰਾ ਪਾਇੰਦਾ । ਨਿਰਵੈਰ ਪੁਰਖ ਬੇਪਰਵਾਹ, ਬੇਅੰਤ ਵੱਡੀ ਵਡਿਆਈਆ । ਸਤਿ ਸਰੂਪੀ ਬਣ ਮਲਾਹ, ਸ਼ਾਹੋ ਭੂਪੀ ਫੇਰਾ ਪਾਈਆ । ਦਹਿ ਦਿਸ਼ਾ ਚਾਰੋਂ ਕੁੰਟ ਵੇਖ ਵਖਾ, ਉਤਰ ਪੂਰਬ ਪੱਛਮ ਦੱਖਣ ਆਪਣਾ ਹੁਕਮ ਜਣਾਈਆ । ਲੇਖਾ ਜਾਣੇ ਥਾਉਂ ਥਾਂ, ਜ਼ਿਮੀਂ ਅਸਮਾਨਾਂ ਖੋਜ ਖੁਜਾਈਆ । ਲਹਿਣਾ ਦੇਣ ਚੁਕਾਏ ਪੁੱਤਰਾਂ ਮਾਂ, ਪਿਤਾ ਪੂਤ ਗੋਦੀ ਇਕ ਜਣਾਈਆ । ਭਗਤ ਭਗਵਾਨ ਇਕ ਦੂਜੇ ਨਾਲ ਕਰਨ ਹਾਂ, ਭਰਮੇ ਭੁੱਲੀ ਸਰਬ ਲੋਕਾਈਆ । ਨਿਥਾਵਿਆਂ ਦੇਵੇ ਸਾਚਾ ਥਾਂ, ਗ਼ਰੀਬ ਨਿਮਾਣਿਆਂ ਅੰਗ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸੂਚਨਾ ਇਕ ਸਮਝਾਈਆ । ਸਾਚੀ ਸੂਚਨਾ ਹਰਿ ਕਾ ਨਾਉਂ ਪੱਤਰ, ਪਤ ਪਤਵੰਤਾ ਆਪ ਜਣਾਇੰਦਾ । ਸਤਿਜੁਗ ਬੀਜ ਬੀਜੇ ਸਾਚੇ ਵੱਤਰ, ਭਗਤ ਭਗਵਾਨ ਹਲ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਆਪਣਾ ਹੁਕਮ ਆਪ ਮਨਾਇੰਦਾ । ਇਕਾਵਨ ਬਾਵਨ ਸੁਣੇ ਗੀਤ, ਗਹਿਰ ਗੰਭੀਰ ਜਣਾਈਆ । ਪੁਰਖ ਅਕਾਲ ਦੀ ਅਗੰਮੀ ਰੀਤ, ਲਿਖਣ ਪੜ੍ਹਨ ਵਿਚ ਨਾ ਆਈਆ । ਸਚ ਸਰਨਾਈ ਇਕ ਪ੍ਰੀਤ, ਦੋ ਜਹਾਨ ਵਡਿਆਈਆ । ਜਿਸ ਬਣਾਇਆ ਮੰਦਰ ਮਸੀਤ, ਸੋ ਅੰਤਮ ਲੇਖਾ ਦਏ ਚੁਕਾਈਆ । ਨਜ਼ਰੀ ਆਏ ਇਕ ਅਤੀਤ, ਤ੍ਰੈਭਵਣ ਧਨੀ ਫੇਰਾ ਪਾਈਆ । ਤਾਜ ਸੋਹੇ ਸਾਚੇ ਸੀਸ, ਜਗਦੀਸ ਵੱਡੀ ਵਡਿਆਈਆ । ਲੇਖਾ ਜਾਣੇ ਰਾਗ ਛੱਤੀਸ, ਨਾਦ ਆਪਣਾ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਜੈਕਾਰਾ ਇਕੋ ਲਾਈਆ । ਸਚ ਜੈਕਾਰਾ ਗਾਏ ਸਲੋਕ, ਸੋਹਲਾ ਇਕੋ ਇਕ ਦ੍ਰਿੜਾਇੰਦਾ । ਵੱਜੇ ਵਧਾਈ ਲੋਕ

ਪਰਲੋਕ, ਪਰਮ ਪੁਰਖ ਆਪ ਅਲਾਇੰਦਾ । ਲੱਖ ਚੁਰਾਸੀ ਦੇਵੇ ਮੋਖ, ਮੁਫ਼ਤ ਆਪਣਾ ਨਾਮ ਲੁਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਇਕ ਸਮਝਾਇੰਦਾ । ਸਾਚਾ ਨਾਉਂ ਹਰਿ ਨਿਰੰਕਾਰ, ਇਕੋ ਇਕ ਜਣਾਈਆ । ਪੀਰ ਪੈਗ਼ੰਬਰ ਲੈਣਾ ਉਚਾਰ, ਗੁਰ ਅਵਤਾਰ ਧਿਆਨ ਲਗਾਈਆ । ਸਰਬ ਜੀਆਂ ਦਾ ਸਾਂਝਾ ਯਾਰ, ਹਰ ਘਟ ਰਿਹਾ ਸਮਾਈਆ । ਬਣ ਵਚੋਲਾ ਵਿਚ ਸੰਸਾਰ, ਸ਼ਬਦੀ ਗੁਰ ਫੇਰਾ ਪਾਈਆ । ਪਰਦਾ ਉਹਲਾ ਦਏ ਨਵਾਰ, ਚੋਲਾ ਆਪਣਾ ਆਪ ਹੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਉਂ ਇਕ ਸਮਝਾਈਆ । ਸਾਚਾ ਨਾਉਂ ਆਦਿ ਨਿਰੰਜਣ, ਆਦਿ ਪੁਰਖ ਸਮਝਾਇੰਦਾ । ਦਾਨੀ ਦਾਤਾ ਦੁਖ ਦਰਦ ਭੈ ਭੰਜਨ, ਭਵ ਸਾਗਰ ਪਾਰ ਕਰਾਇੰਦਾ । ਨਾਮ ਨਿਧਾਨ ਨੇਤਰ ਪਾਏ ਅੰਜਨ, ਅਗਿਆਨ ਅੰਧੇਰ ਮਿਟਾਇੰਦਾ । ਸਦਾ ਸੁਹੇਲਾ ਇਕੋ ਸੱਜਣ, ਜੁਗ ਜੁਗ ਵੇਸ ਵਟਾਇੰਦਾ । ਚਰਨ ਧੂੜ ਕਰਾਏ ਮਜਨ, ਨਿਰਮਲ ਨੀਰ ਸੀਰ ਪਿਆਇੰਦਾ । ਕਲਜੁਗ ਅੰਤਮ ਪਰਦੇ ਆਇਆ ਕੱਜਣ, ਸਿਰ ਆਪਣਾ ਹੱਥ ਟਿਕਾਇੰਦਾ । ਕੂੜੇ ਭਾਂਡੇ ਸਾਰੇ ਭੱਜਣ, ਬਚਿਆ ਕੋਇ ਰਹਿਣ ਨਾ ਪਾਇੰਦਾ । ਸ਼ਾਹ ਸੁਲਤਾਨ ਤਖ਼ਤ ਤਾਜ ਤਜਣ, ਦਰ ਦਰ ਆਪ ਫਿਰਾਇੰਦਾ । ਕਾਲ ਨਗ਼ਾਰੇ ਸਿਰ ਤੇ ਵੱਜਣ, ਵਜਾਹਤ ਨਾਲ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਮੰਤਰ ਆਪ ਦ੍ਰਿੜਾਇੰਦਾ । ਇਕੋ ਮੰਤਰ ਸਭ ਨੇ ਗੌਣਾ, ਗਾ ਗਾ ਖ਼ੁਸ਼ੀ ਮਨਾਈਆ । ਪਾਰਬ੍ਰਹਮ ਪ੍ਰਭ ਨਜ਼ਰੀ ਔਣਾ, ਨੂਰੋ ਨੂਰ ਨੂਰ ਰੁਸ਼ਨਾਈਆ । ਕੂੜੀ ਕਿਰਿਆ ਬੁਰਜ ਢੌਣਾ, ਹਉਮੇਂ ਹੰਗਤਾ ਗੜ੍ਹ ਤੁੜਾਈਆ । ਅਬਿਨਾਸ਼ੀ ਕਰਤਾ ਘਰ ਵਿਚ ਪੌਣਾ, ਬਾਹਰ ਖੋਜਣ ਕੋਇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਨਾਮ ਦਏ ਵਰਤਾਈਆ । ਇਕੋ ਨਾਮ ਵਰਤੇ ਜਗ, ਜਗ ਜੀਵਣ ਦਾਤਾ ਆਪ ਵਰਤਾਇੰਦਾ । ਦਰਸ ਦਿਖਾਏ ਉਪਰ ਸ਼ਾਹ ਰਗ, ਜਨ ਭਗਤਾਂ ਆਪ ਮਿਲਾਇੰਦਾ । ਫੜ ਫੜ ਹੰਸ ਬਣਾਏ ਕੱਗ, ਸੋਹੰ ਹੰਸਾ ਜਾਪ ਜਪਾਇੰਦਾ । ਦਰਸ ਕਰਾਏ ਰੱਜ ਰੱਜ, ਨਿਜ ਨੇਤਰ ਆਪ ਖੁਲ੍ਹਾਇੰਦਾ । ਨਵ ਦਵਾਰੇ ਪਾਰ ਹੱਦ, ਦਸਵੇਂ ਆਪਣਾ ਕੁੰਡਾ ਲਾਹਿੰਦਾ । ਅਨਹਦ ਨਾਦ ਜਾਏ ਵੱਜ, ਸੁਰ ਤਾਲ ਨਾ ਕੋਇ ਬਣਾਇੰਦਾ । ਅੰਮ੍ਰਿਤ ਜਾਮ ਪਿਆਏ ਮਧ, ਮਧੁਰ ਰਸ ਇਕ ਜਣਾਇੰਦਾ । ਸੁਰਤ ਸਵਾਣੀ ਸੇਜਾ ਸੱਦ, ਸ਼ਬਦ ਹਾਣੀ ਮੇਲ ਮਿਲਾਇੰਦਾ । ਜਗਤ ਮਾਇਆ ਵਿਚੋਂ ਕੱਢ, ਆਪ ਆਪਣੇ ਰੰਗ ਰੰਗਾਇੰਦਾ । ਇਕ ਵਖਾਏ ਵਿਸ਼ਵ ਯੱਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਇਕ ਪੜ੍ਹਾਇੰਦਾ । ਸਾਚਾ ਨਾਮ ਇਕੋ ਪੜ੍ਹਨਾ, ਨਾਉਂ ਨਿਰੰਕਾਰ ਵੱਡੀ ਵਡਿਆਈਆ । ਆਪਣੇ ਮੰਦਰ ਆਪੇ ਵੜਨਾ, ਗੁਰਸਿਖ ਕੁੰਡਾ ਲਾਹੀਆ । ਸਾਚੀ ਤਰਨੀ ਹਰਿਜਨ ਤਰਨਾ, ਤਾਰਨਹਾਰਾ ਰਿਹਾ ਸਮਝਾਈਆ । ਨਾਤਾ ਤੁਟੇ ਵਰਨਾਂ ਬਰਨਾਂ, ਬਰਨ ਅਠਾਰਾਂ ਨਾ ਕੋਇ ਕੁੜਮਾਈਆ । ਮੇਲ ਮਿਲਾਵਾ ਪ੍ਰਭ ਕੇ ਚਰਨਾ, ਧੂੜੀ ਮਸਤਕ ਟਿੱਕਾ ਇਕੋ ਲਾਈਆ । ਨਿਰਭੌ ਚੁਕਾਏ ਭੈ ਡਰਨਾ, ਭਿਆਨਕ ਰੂਪ ਨਾ ਕੋਇ ਵਖਾਈਆ । ਨਾ ਜੰਮਣਾ ਨਾ ਕਦੇ ਮਰਨਾ, ਮਰਨ ਜਨਮ ਗੇੜ ਰਹਿਣ ਨਾ ਪਾਈਆ । ਸਤਿਗੁਰ ਘਰ ਚਾਈਂ ਚਾਈਂ ਵੜਨਾ, ਦਰ ਸਾਚੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਦਏ ਸਿਖਾਈਆ । ਸਾਚਾ ਨਾਮ ਲੈਣਾ ਸਿਖ, ਸਿਖਿਆ ਸਾਖਿਆਤ ਜਣਾਇੰਦਾ । ਨਿਰਵੈਰ ਪੁਰਖ ਪਾਏ ਭਿਖ, ਪੁਰਖੋਤਮ ਆਪਣੀ ਦਇਆ ਕਮਾਇੰਦਾ । ਜਿਸ ਨੂੰ ਧਿਔਂਦੇ ਮੁਨ ਰਿਖ, ਜੋਗ ਜੋਗੀਸ਼ਰ ਧਿਆਨ ਲਗਾਇੰਦਾ । ਨਜ਼ਰ ਨਾਲ

੫੯੦
੧੩

ਨਾ ਆਏ ਦਿਸ, ਨੈਣ ਨੈਣ ਨਾ ਕੋਇ ਮਿਲਾਇੰਦਾ । ਜੁਗ ਜੁਗ ਭਗਤਾਂ ਹੋਏ ਵਸ, ਆਪਣਾ ਵਸ ਨਾ ਕੋਇ ਰਖਾਇੰਦਾ । ਅੰਦਰ ਵੜ ਕੇ ਮਾਰਗ ਜਾਏ ਦੱਸ, ਧਰੂ ਪ੍ਰਹਿਲਾਦ ਆਪ ਪੜ੍ਹਾਇੰਦਾ । ਦੋ ਜਹਾਨਾਂ ਪੰਧ ਮੁਕਾਏ ਨੱਠ ਨੱਠ, ਪਾਂਧੀ ਆਪਣਾ ਫੇਰਾ ਪਾਇੰਦਾ । ਕਲਜੁਗ ਅੰਤਮ ਹੋ ਪਰਗਟ, ਨਿਹਕਲੰਕਾ ਨਾਉਂ ਧਰਾਇੰਦਾ । ਚਾਰ ਵਰਨ ਦਾ ਖੋਲਿਆ ਹੱਟ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਗਲੇ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਇਕੋ ਇਕ ਜਣਾਇੰਦਾ । ਸਾਚਾ ਨਾਮ ਨਾਮ ਧਨਵੰਤ, ਧਨ ਸਾਚਾ ਇਕ ਸਮਝਾਈਆ । ਹਰਿ ਕਾ ਸ਼ਬਦ ਗੁਰ ਕਾ ਮੰਤ, ਮੰਤਰ ਨਮੋ ਨਮੋ ਪੜ੍ਹਾਈਆ । ਜਿਸ ਦਾ ਲੇਖਾ ਕੋਈ ਨਾ ਜਾਣੇ ਆਦਿ ਅੰਤ, ਗੁਰ ਅਵਤਾਰ ਬੇਅੰਤ ਕਹਿ ਕਹਿ ਸ਼ੁਕਰ ਮਨਾਈਆ । ਸੋ ਮੇਲ ਮਿਲਾਏ ਸਚ ਭਗਵੰਤ, ਭਗਤਨ ਸਾਚੇ ਰਿਹਾ ਉਠਾਈਆ । ਨੇਤਰ ਖੁਲ੍ਹਾਏ ਨਿਰਗੁਣ ਸੰਤ, ਸਤਿਗੁਰ ਆਪਣਾ ਰੰਗ ਰੰਗਾਈਆ । ਸਤਿਜੁਗ ਬਣਾਏ ਸਾਚੀ ਬਣਤ, ਵਿਸ਼ਨ ਬ੍ਰਹਮਾ ਸ਼ਿਵ ਲਏ ਉਠਾਈਆ । ਚਾਰੇ ਵੇਦ ਤੋੜੇ ਮਾਣ ਕੋਈ ਨਾ ਜਾਣੇ ਪੰਡਤ, ਜੀਉ ਪਿੰਡ ਸਭ ਦਾ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਇਕੋ ਅੱਖਰ ਆਖਰ ਦਏ ਸਮਝਾਈਆ । ਇਕੋ ਅੱਖਰ ਆਖਰ ਚੋਟੀ, ਚੋਟ ਨਗਾਰੇ ਆਪ ਲਗਾਇੰਦਾ । ਲੱਖ ਚੁਰਾਸੀ ਵਾਸਨਾ ਕੱਢੇ ਖੋਟੀ, ਸਚ ਸੁੱਚ ਇਕ ਸਮਝਾਇੰਦਾ । ਪਾਰਬ੍ਰਹਮ ਦੇ ਬਣ ਜਾਓ ਗੋਤੀ, ਬ੍ਰਹਮ ਆਪਣੀ ਅੰਸ ਵਖਾਇੰਦਾ । ਇਕੋ ਨੂਰ ਨਿਰਮਲ ਜੋਤੀ, ਜੋਤ ਨਿਰੰਜਣ ਨਾਉਂ ਧਰਾਇੰਦਾ । ਨਾਮ ਡੰਕਾ ਫੜੋ ਸੋਟੀ, ਪੰਚ ਵਿਕਾਰਾ ਮੇਟ ਮਿਟਾਇੰਦਾ । ਗੁਰਮੁਖ ਬਣ ਜਾਓ ਮਾਣਕ ਮੋਤੀ, ਕੂੜਾ ਕੱਚ ਕੰਮ ਕਿਸੇ ਨਾ ਆਇੰਦਾ । ਸੁਰਤ ਉਠਾਓ ਕਲਜੁਗ ਸੋਤੀ, ਸ਼ਬਦ ਹੁਲਾਰਾ ਇਕ ਲਗਾਇੰਦਾ । ਚੜ੍ਹ ਕੇ ਵੇਖੋ ਆਪਣੀ ਚੋਟੀ, ਸਤਿਗੁਰ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਜਿਸ ਸਿਖਾਇੰਦਾ । ਸਾਚਾ ਨਾਮ ਪੁਰਖ ਅਗੰਮ, ਅਲੱਖ ਅਗੋਚਰ ਇਕ ਜਣਾਈਆ । ਆਪ ਵਸਾਏ ਦਮਾਂ ਦਮ, ਪਵਣ ਸਵਾਸੀ ਸੇਵਾ ਲਾਈਆ । ਭਗਤ ਭਗਵਾਨ ਕਰਾਏ ਕੰਮ, ਨਿਹਕਰਮੀ ਕਰਮ ਕਾਂਡ ਦਏ ਮਿਟਾਈਆ । ਸਤਿ ਸਤਿਵਾਦੀ ਬੇੜਾ ਦੇਵੇ ਬੰਨ੍ਹ, ਭਾਰ ਆਪਣੇ ਕੰਧ ਉਠਾਈਆ । ਗੁਰਮੁਖ ਵੱਡਾ ਕਹੀਏ ਧੰਨ, ਜਿਨ ਮਿਲਿਆ ਸੱਚਾ ਮਾਹੀਆ । ਲੱਖ ਚੁਰਾਸੀ ਨੇਤਰ ਅੰਨ੍ਹ, ਗੁਰ ਕਾ ਦਰਸ ਕੋਇ ਨਾ ਪਾਈਆ । ਕਲਜੁਗ ਅੰਤਮ ਵਿਰਲਾ ਸੰਤ ਗਿਆ ਮੰਨ, ਮਨ ਮਨਸਾ ਜਗਤ ਵਲੋਂ ਹਟਾਈਆ । ਸੋਹੰ ਢੋਲਾ ਗਾਏ ਛੰਦ, ਵਚੋਲਾ ਇਕੋ ਨਜ਼ਰੀ ਆਈਆ । ਖੁਸ਼ੀ ਕਰਾਏ ਬੰਦ ਬੰਦ, ਬੰਦੀਖ਼ਾਨਾ ਤੋੜ ਤੁੜਾਈਆ । ਰਾਏ ਧਰਮ ਨਾ ਦੇਵੇ ਡੰਡ, ਲਾੜੀ ਮੌਤ ਨਾ ਲਏ ਪਰਨਾਈਆ । ਸਚ ਦਵਾਰੇ ਚਾੜ੍ਹੇ ਚੰਦ, ਗੁਰਮੁਖ ਨਾਉਂ ਕਰੇ ਰੁਸ਼ਨਾਈਆ । ਸਾਹਿਬ ਦਿਆਲ ਠਾਕਰ ਸਵਾਮੀ ਸਦਾ ਬਖ਼ਸ਼ੰਦ, ਬਖ਼ਸ਼ਿਸ਼ ਇਕੋ ਝੋਲੀ ਪਾਈਆ । ਗੁਰਸਿਖ ਸਤਿਗੁਰੂ ਦਵਾਰੇ ਇਕ ਅਨੰਦ, ਦੂਸਰ ਹੱਟ ਨਾ ਕਿਸੇ ਵਖਾਈਆ । ਰਸਨਾ ਛੱਡ ਝੂਠਾ ਗੰਦ, ਰਸ ਆਤਮ ਇਕ ਦ੍ਰਿੜਾਈਆ । ਕਿਸੇ ਕੰਮ ਨਾ ਔਣੇ ਬੱਤੀ ਦੰਦ, ਜਿਹਵਾ ਜਗਤ ਹੋਏ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਨਿਧਾਨਾ ਸ੍ਰੀ ਭਗਵਾਨਾ ਵਿਚ ਜਹਾਨਾਂ ਜੁਗੋ ਜੁਗ ਜਗਤ ਜੁਗਤ ਆਪ ਜਣਾਈਆ । ਬ੍ਰਹਮ ਦ੍ਰਿਸ਼ਟੀ ਸਤਿਗੁਰ ਦਰਸ, ਨੇਤਰ ਨੈਣ ਨੈਣ ਰੁਸ਼ਨਾਈਆ । ਨਜ਼ਰੀ ਆਏ ਇਕੋ ਇਸ਼ਟ, ਈਸ਼ ਜੀਵ ਕਰੇ ਕੁੜਮਾਈਆ । ਕੂੜੀ ਦਿਸੇ ਸਰਬ ਸ੍ਰਿਸ਼ਟ, ਨਾਤਾ ਤੁਟੇ ਭੈਣ ਭਾਈਆ । ਕਲਜੁਗ ਕੂੜੀ ਕਿਰਿਆ ਹੋਈ ਭ੍ਰਿਸ਼ਟ,

ਭਾਵੀ ਸਭ ਦੇ ਸਿਰ ਤੇ ਛਾਈਆ । ਲੇਖਾ ਜਾਣ ਰਾਮਾ ਵਸ਼ਿਸ਼ਟ, ਵਿਸ਼ਵ ਆਪਣਾ ਨਾਮ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਆਪ ਰੰਗਾਈਆ ।

## ❇ ੨੧ ਮਾਘ ੨੦੧੯ ਬਿਕ੍ਰਮੀ ਰਾਮ ਸਿੰਘ ਦੇ ਗ੍ਰਿਹ ਪਿੰਡ ਸੋਹਲ ਜ਼ਿਲਾ ਅੰਮ੍ਰਿਤਸਰ ❇

ਸਾਚੇ ਤਖ਼ਤ ਹਰਿ ਨਿਰੰਕਾਰ, ਤਖ਼ਤ ਨਿਵਾਸੀ ਸੋਭਾ ਪਾਈਆ । ਗੁਰ ਅਵਤਾਰ ਕਰਨ ਨਿਮਸਕਾਰ, ਪੀਰ ਪੈਗ਼ੰਬਰ ਸਯਦਾ ਸੀਸ ਝੁਕਾਈਆ । ਤੂੰ ਖ਼ਾਲਕ ਖ਼ਲਕ ਪਰਵਰਦਿਗਾਰ, ਬੇਪਰਵਾਹ ਤੇਰੀ ਵਡਿਆਈਆ । ਤੂੰ ਸ਼ਹਿਨਸ਼ਾਹ ਸ਼ਾਹੋ ਭੂਪ ਹਰਿ ਨਿਰੰਕਾਰ, ਨਿਰਵੈਰ ਖੇਲ ਕਰਾਈਆ । ਦੋ ਜਹਾਨਾਂ ਪਾਵੇਂ ਸਾਰ, ਬ੍ਰਹਿਮੰਡ ਖੰਡ ਆਪਣਾ ਹੁਕਮ ਚਲਾਈਆ । ਜੁਗ ਚੌਕੜੀ ਸਚ ਸੰਦੇਸਾ ਦੇਵੇਂ ਵਿਚ ਸੰਸਾਰ, ਹਉਂ ਬਾਲੇ ਸੇਵ ਲਗਾਈਆ । ਲਿਖ ਲਿਖ ਲੇਖਾ ਅਪਰ ਅਪਾਰ, ਅਲੱਖ ਅਗੰਮ ਅਗੋਚਰ ਦਏਂ ਸਮਝਾਈਆ । ਤੇਰਾ ਅੰਤ ਨਾ ਪਾਰਾਵਾਰ, ਮਹਿਮਾ ਅਕਥ ਕਥੀ ਨਾ ਜਾਈਆ । ਦਰ ਖੜੇ ਤੇਰੇ ਦਵਾਰ, ਦੋਏ ਜੋੜ ਪਏ ਸਰਨਾਈਆ । ਜਿਉਂ ਭਾਵੇਂ ਤਿਉਂ ਲੈਣਾ ਤਾਰ, ਤਾਰਨਹਾਰ ਤੇਰੇ ਹੱਥ ਵਡਿਆਈਆ । ਕਲਜੁਗ ਅੰਤਮ ਸਾਰੇ ਗਏ ਹਾਰ, ਆਪਣਾ ਬਲ ਨਾ ਕੋਇ ਰਖਾਈਆ । ਸ੍ਰਿਸ਼ਟ ਸਬਾਈ ਤੇਰਾ ਮੰਤਰ ਤੇਰਾ ਸ਼ਬਦ ਤੇਰਾ ਨਾਉਂ ਆਏ ਸਖਾਲ, ਸਾਚੀ ਸਿਖਿਆ ਕਰ ਪੜ੍ਹਾਈਆ । ਸਰਗੁਣ ਨਿਰਗੁਣ ਬਣ ਦਲਾਲ, ਬਣ ਵਿਚੋਲਾ ਫੇਰਾ ਪਾਈਆ । ਹਕੀਕਤ ਵੇਖ ਹੱਕ ਹਲਾਲ, ਲਾਸ਼ਰੀਕ ਇਕ ਖ਼ੁਦਾਈਆ । ਚਾਰੋਂ ਕੁੰਟ ਹੋਏ ਵੈਰਾਨ, ਵੈਰੀ ਘਰ ਘਰ ਨਜ਼ਰੀ ਆਈਆ । ਸਾਬਤ ਰਿਹਾ ਨਾ ਕੋਇ ਈਮਾਨ, ਸਿਦਕ ਸਬੂਰੀ ਨਾ ਕੋਇ ਹੰਢਾਈਆ । ਕਲਮਾ ਪੜ੍ਹੇ ਨਾ ਕੋਇ ਕਲਾਮ, ਕਾਇਨਾਤ ਰਹੀ ਕੁਰਲਾਈਆ । ਹਿਰਦੇ ਕਿਸੇ ਨਾ ਵਸੇ ਰਾਮ, ਰਮਯਾ ਨਜ਼ਰ ਕਿਸੇ ਨਾ ਆਈਆ । ਨਾਤਾ ਤੁਟਾ ਗੋਪੀ ਕਾਹਨ, ਸੁਰਤੀ ਸ਼ਬਦ ਨਾ ਕੋਇ ਮਿਲਾਈਆ । ਗੁਰ ਕਾ ਸ਼ਬਦ ਨਾ ਸਕੇ ਪਛਾਣ, ਪੜ੍ਹ ਪੜ੍ਹ ਥੱਕੀ ਸਰਬ ਲੋਕਾਈਆ । ਨੌਂ ਖੰਡ ਪ੍ਰਿਥਮੀ ਸ਼ਰਅ ਹੋਈ ਸ਼ੈਤਾਨ, ਘਰ ਘਰ ਪਈ ਲੜਾਈਆ । ਨਜ਼ਰ ਨਾ ਆਏ ਇਕ ਭਗਵਾਨ, ਨੇਤਰ ਨੈਣ ਨਾ ਕੋਇ ਖੁਲ੍ਹਾਈਆ । ਨੌਂ ਖੰਡ ਪ੍ਰਿਥਮੀ ਕੂੜ ਦੁਕਾਨ, ਸਾਚਾ ਹੱਟ ਨਾ ਕੋਇ ਚਲਾਈਆ । ਮਿਲਿਆ ਮੇਲ ਨਾ ਨੌਜਵਾਨ, ਜੀਵਣ ਜੁਗਤ ਨਾ ਕੋਇ ਜਣਾਈਆ । ਖਾਣੀ ਬਾਣੀ ਸੁਣ ਸੁਣ ਥੱਕੀ ਕਾਨ, ਕਾਨੀ ਤੀਰ ਨਿਰਾਲਾ ਬਾਣ ਨਾ ਕੋਇ ਲਗਾਈਆ । ਆਤਮ ਪਰਮਾਤਮ ਸਕੇ ਨਾ ਕੋਇ ਪਛਾਣ, ਪਰਦਾ ਆਪਣਾ ਨਾ ਕੋਇ ਉਠਾਈਆ । ਕੂੜੀ ਕਿਰਿਆ ਪੀਣ ਖਾਣ, ਆਤਮ ਰਸ ਰਸ ਨਾ ਕੋਇ ਚੁਆਈਆ । ਨਜ਼ਰ ਨਾ ਆਏ ਗੁਣ ਨਿਧਾਨ, ਜਗਤ ਨੇਤਰ ਦੇਣ ਦੁਹਾਈਆ । ਸਚ ਦਵਾਰੇ ਮਿਲਿਆ ਕਿਸੇ ਨਾ ਮਾਣ, ਸਾਧ ਸੰਤ ਰਹੇ ਕੁਰਲਾਈਆ । ਤੇਰਾ ਰੂਪ ਸਕਿਆ ਨਾ ਕੋਇ ਪਛਾਣ, ਇਸ਼ਟ ਇਕੋ ਨਜ਼ਰ ਕਿਸੇ ਨਾ ਆਈਆ । ਪੀਰ ਪੈਗ਼ੰਬਰ ਹੋਏ ਹੁਕਮਰਾਨ, ਲੋਕਮਾਤ ਫਿਰ ਫਿਰ ਫੇਰਾ ਪਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਚਾਰ ਵਰਨ ਅਠਾਰਾਂ ਬਰਨ ਚਲਦੀ ਰਹੀ ਦੁਕਾਨ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖੌਣਾ ਸਾਚਾ ਘਰ, ਜਿਸ ਘਰ ਵਸੇਂ ਬੇਪਰਵਾਹੀਆ । ਗੁਰ ਅਵਤਾਰ ਤੇਰੇ ਬਰਦੇ, ਤੇਰੇ ਦਰ ਤੇ ਅਲਖ ਜਗਾਈਆ । ਪੀਰ ਪੈਗ਼ੰਬਰ ਤੈਥੋਂ ਡਰਦੇ, ਨਿਉਂ ਨਿਉਂ ਸੀਸ

ਝੁਕਾਈਆ। ਤੇਰੇ ਹੁਕਮੇ ਅੰਦਰ ਲੋਕਮਾਤ ਕਰਨੀ ਕਰਦੇ, ਨਾਉਂ ਸੰਦੇਸਾ ਇਕ ਸੁਣਾਈਆ। ਲੋਕ ਪਰਲੋਕ ਬ੍ਰਹਿਮੰਡ ਖੰਡ ਫਿਰਦੇ, ਚੌਦਾਂ ਤਬਕਾਂ ਵੇਖ ਵਖਾਈਆ। ਜੁਗ ਜੁਗ ਤੇਰੇ ਗੇੜੇ ਗਿੜਦੇ, ਨਾ ਕੋਈ ਮੇਟੇ ਮੇਟ ਮਿਟਾਈਆ। ਕਲਜੁਗ ਅੰਤਮ ਗੁਰ ਅਵਤਾਰ ਇਕ ਦੂਜੇ ਨਾਲ ਭਿੜਦੇ, ਦੀਨ ਮਜ਼੍ਹਬ ਪਈ ਲੜਾਈਆ। ਕੋਈ ਨਾ ਮੰਨੇ ਹੁਕਮ ਸੱਚੇ ਪਿਰ ਦੇ, ਪੀਆ ਪ੍ਰੀਤਮ ਗਏ ਭੁਲਾਈਆ। ਅੰਮ੍ਰਿਤ ਝਿਰਨੇ ਕਿਤੇ ਨਾ ਝਿਰਦੇ, ਪੀ ਪੀ ਥੱਕੀ ਅੰਮ੍ਰਿਤ ਜਗਤ ਲੋਕਾਈਆ। ਬਿਰਹੋਂ ਅੰਝੂ ਕਿਤੇ ਨਾ ਕਿਰਦੇ, ਰੋ ਰੋ ਨੇਤਰ ਨੈਣ ਮਾਰਨ ਧਾਹੀਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖੌਣਾ ਸਾਚਾ ਘਰ, ਜਿਸ ਘਰ ਤੇਰੀ ਵਡਿਆਈਆ। ਪੀਰ ਪੈਗ਼ੰਬਰ ਤੇਰੇ ਗ਼ੁਲਾਮ, ਆਕੀ ਨਜ਼ਰ ਕੋਇ ਨਾ ਆਈਆ। ਦੋਏ ਜੋੜ ਕਰਨ ਸਲਾਮ, ਸਲਾਮ ਅਲੈਕਮ ਇਕ ਬੁਲਾਈਆ। ਤੂੰ ਸਾਹਿਬ ਸੱਚਾ ਅਮਾਮ, ਤੇਰਾ ਅੰਤ ਕੋਇ ਨਾ ਆਈਆ। ਪਕੜਿਆ ਇਕੋ ਤੇਰਾ ਦਾਮ, ਦਾਮਨਗੀਰ ਤੇਰੀ ਸਰਨਾਈਆ। ਤੇਰੇ ਹੁਕਮੇ ਅੰਦਰ ਕਰ ਕੇ ਆਏ ਕਾਮ, ਤੇਰਾ ਨਾਉਂ ਡੰਕ ਵਜਾਈਆ। ਅੰਤ ਪਈ ਅੰਧੇਰੀ ਸ਼ਾਮ, ਚੌਦਸ ਚੰਦ ਨਾ ਕੋਇ ਚੜ੍ਹਾਈਆ। ਕਲਜੁਗ ਛੁਪਣ ਵਾਲਾ ਭਾਨ, ਸਦੀ ਚੌਧਵੀਂ ਰਹੀ ਸ਼ਰਮਾਈਆ। ਸਾਚਾ ਰਹੇ ਨਾ ਕੋਇ ਈਮਾਨ, ਸਿਦਕ ਸਬੂਰੀ ਨਾ ਕੋਇ ਹੰਡਾਈਆ। ਪੜ੍ਹ ਪੜ੍ਹ ਥੱਕੇ ਜਗਤ ਕੁਰਾਨ, ਕਾਇਆ ਕੁਰਹ ਨਾ ਕੋਇ ਫੋਲਾਈਆ। ਅੰਤਰ ਆਤਮ ਮਿਲਿਆ ਨਾ ਸਚ ਹਮਾਮ, ਨਹਾਵਣ ਨਹਾ ਨਹਾ ਸ਼ੁਕਰ ਨਾ ਕੋਇ ਮਨਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖੌਣਾ ਸਾਚਾ ਘਰ, ਜਿਸ ਦਵਾਰੇ ਡੇਰਾ ਲਾਈਆ। ਗੁਰ ਅਵਤਾਰ ਤੱਕਣ ਰਾਹ, ਨੈਣ ਨੈਣ ਉਠਾਇਆ। ਪੁਰਖ ਅਬਿਨਾਸ਼ੀ ਮਿਲੇ ਇਕ ਮਲਾਹ, ਨਿਰਗੁਣ ਆਪਣਾ ਫੇਰਾ ਪਾਇਆ। ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦੱਸਦਾ ਰਿਹਾ ਸਲਾਹ, ਨਾਮ ਅੱਖਰਾਂ ਵਿਚ ਪੜ੍ਹਾਇਆ। ਦੀਨ ਮਜ਼੍ਹਬ ਸ਼ਰਅ ਸ਼ਰੀਅਤ ਪੌਂਦਾ ਰਿਹਾ ਰਾਹ, ਰਹਿਬਰ ਆਪਣਾ ਹੁਕਮ ਮਨਾਇਆ। ਆਪਣਾ ਆਪ ਨਿਰਗੁਣ ਦਾਤਾ ਪੁਰਖ ਬਿਧਾਤਾ ਸਤਿ ਸਰੂਪੀ ਰਿਹਾ ਛੁਪਾ, ਰੂਪ ਰੰਗ ਰੇਖ ਨਾ ਕੋਇ ਜਣਾਇਆ। ਇਕੋ ਬਖ਼ਸ਼ੇ ਚਰਨ ਪਨਾਹ, ਪੁਨਹਿ ਪੁਨਹਿ ਸਭ ਨੇ ਸੀਸ ਝੁਕਾਇਆ। ਲੱਖ ਚੁਰਾਸੀ ਭਰੀ ਗੁਨਾਹ, ਗੁਰਬਤ ਘਰ ਘਰ ਡੇਰਾ ਲਾਇਆ। ਹਰਿ ਕਾ ਨਾਉਂ ਗਏ ਭੁਲਾ, ਨਾਮ ਸਤਿ ਮੰਤਰ ਨਾ ਕਿਸੇ ਦ੍ਰਿੜਾਇਆ। ਆਤਮ ਤਾਕੀ ਕੋਈ ਨਾ ਸਕਾ ਖੁਲਾ, ਅੰਤਰ ਆਤਮ ਦਰਸ ਕਿਸੇ ਨਾ ਪਾਇਆ। ਅਨਹਦ ਨਾਦ ਧੁਨ ਕੋਇ ਨਾ ਸਕਾ ਗਾ, ਛੱਤੀ ਰਾਗ ਸੁਣ ਸੁਣ ਸ਼ੁਕਰ ਮਨਾਇਆ। ਆਤਮ ਜੋਤੀ ਕੋਈ ਨਾ ਸਕਾ ਜਗਾ, ਦੀਆ ਬਾਤੀ ਕਮਲਾਪਾਤੀ ਹੱਥ ਨਾ ਕਿਸੇ ਫੜਾਇਆ। ਸਾਚਾ ਸਾਕੀ ਬਣ ਕੇ ਜਾਮ ਸਕਿਆ ਨਾ ਕੋਈ ਪਿਲਾ, ਜਗਤ ਤ੍ਰਿਸਨਾ ਭੁੱਖ ਮਿਟਾਇਆ। ਮਨ ਆਕੀ ਵੇਖਿਆ ਥਾਂ ਥਾਂ, ਮਨ ਕਾ ਮਣਕਾ ਨਾ ਕੋਇ ਭਵਾਇਆ। ਸਾਚੀ ਸਿਖਿਆ ਕਲਜੁਗ ਜੀਵ ਸਾਰੇ ਗਏ ਭੁਲਾ, ਅਭੁੱਲ ਤੇਰਾ ਭੇਵ ਕਿਸੇ ਨਾ ਆਇਆ। ਤੀਰਥ ਤਟ ਰੋਵਣ ਮਾਰਨ ਧਾਹ, ਨੇਤਰ ਨੈਣਾਂ ਨੀਰ ਵਹਾਇਆ। ਗੁਰ ਦਰ ਮੰਦਰ ਮਸਜਦ ਮੱਠ ਸ਼ਿਵਦਵਾਲੇ ਸਾਰੇ ਕਰ ਗਏ ਨਾ, ਸਾਚਾ ਸੰਗ ਨਾ ਕੋਇ ਨਿਭਾਇਆ। ਨਾਤਾ ਤੁਟਾ ਪੁੱਤਰਾਂ ਮਾਂ, ਪਿਤਾ ਪੂਤ ਨਾ ਰੰਗ ਚੜ੍ਹਾਇਆ। ਵੇਲੇ ਅੰਤ ਕੋਇ ਨਾ ਪਕੜੇ ਬਾਂਹ, ਬੌਹੜੀ ਬੌਹੜੀ ਸਰਬ ਕੁਰਲਾਇਆ। ਨੌਂ ਖੰਡ ਪ੍ਰਿਥਮੀ ਵੇਖਿਆ ਥਾਂ, ਸੱਤ ਦੀਪ ਪਰਦਾ ਲਾਹਿਆ। ਸ੍ਰਿਸ਼ਟ ਸਬਾਈ ਭਰੀ ਗੁਨਾਹ, ਪੁਨੀਤ ਰੂਪ ਨਾ ਕੋਇ ਵਟਾਇਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖੌਣਾ ਸਾਚਾ ਘਰ, ਜਿਸ

ਦਵਾਰੇ ਨੂਰ ਧਰਾਇਆ । ਪੀਰ ਪੈਗ਼ੰਬਰ ਚਰਨੀ ਢੱਠ, ਦੋਏ ਜੋੜ ਵਾਸਤਾ ਪਾਈਆ । ਉਮਤ ਨਬੀ ਸੁੱਕੀ ਰਤ, ਰਤੀ ਰਤ ਨਾ ਕੋਇ ਵਖਾਈਆ । ਕਲਜੁਗ ਮਾਰੀ ਸਭ ਦੀ ਮਤ, ਮਸਲਾ ਹੱਲ ਨਾ ਕੋਇ ਕਰਾਈਆ । ਤੀਸ ਬਤੀਸ ਸਚ ਹਦੀਸ ਆਏ ਦੱਸ, ਅੰਤ ਦਸਤਬਰਦਾਰ ਹੋਈ ਲੋਕਾਈਆ । ਸਾਡਾ ਕੋਈ ਨਾ ਚਲੇ ਵਸ, ਖ਼ਾਲਕ ਤੇਰੀ ਖ਼ਲਕ ਭੁਲਿਆਂ ਨਾਉਂ ਖ਼ੁਦਾਈਆ । ਏਸੇ ਕਰ ਕੇ ਅਸੀਂ ਤੇਰੀ ਰੱਖ ਕੇ ਗਏ ਆਸ, ਨੇਤਰ ਨੈਣ ਧਿਆਨ ਲਗਾਈਆ । ਕਲਜੁਗ ਅੰਤਮ ਪਰਵਰਦਿਗਾਰ ਆਵੇ ਖ਼ਾਸ, ਖ਼ਾਹਸ਼ ਸਾਡੀ ਪੂਰ ਕਰਾਈਆ । ਤੁਧ ਬਿਨ ਚੌਦਾਂ ਤਬਕ ਹੋਏ ਨਿਰਾਸ, ਨਿਰਾਸ਼ਾ ਆਪਣਾ ਰੂਪ ਵਟਾਈਆ । ਪੀਰ ਪੈਗ਼ੰਬਰ ਅਸੀਂ ਤੇਰੀ ਨਿੱਕੀ ਨਿੱਕੀ ਸ਼ਾਖ਼, ਸ਼ਹਿਨਸ਼ਾਹ ਤੇਰੇ ਹੱਥ ਵੱਡੀ ਵਡਿਆਈਆ । ਤੁਧ ਬਿਨ ਸਾਰੇ ਬੈਠੇ ਉਦਾਸ, ਧੀਰਜ ਧੀਰ ਨਾ ਕੋਇ ਧਰਾਈਆ । ਸਾਡੇ ਦੋਵੇਂ ਖਾਲੀ ਹਾਥ, ਪੱਲੂ ਗੰਢ ਨਾ ਕੋਇ ਬੰਧਾਈਆ । ਬਿਨ ਤੇਰੇ ਵੇਲੇ ਅੰਤ ਕੋਈ ਨਾ ਹੋਵੇ ਪਾਸ, ਪਰਚਾ ਹੱਲ ਨਾ ਕੋਇ ਕਰਾਈਆ । ਜੋ ਦੀਸੇ ਸੋ ਹੋਸੀ ਨਾਸ, ਨਾਸਤਕ ਹੋਈ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖੌਣਾ ਸਾਚਾ ਘਰ, ਦਰਗਾਹ ਸਾਚੀ ਧਾਮ ਸੁਹਾਈਆ । ਗੁਰ ਅਵਤਾਰ ਸਾਰੇ ਕਹਿਣ, ਹੋਕਾ ਹੱਕ ਜਣਾਇਆ । ਅਸੀਂ ਨੇਤਰ ਵੇਖਿਆ ਨੈਣ, ਕਲਜੁਗ ਆਪਣੀ ਕਲ ਧਰਾਇਆ । ਨਾਤਾ ਤੁਟਾ ਭਾਈ ਭੈਣ, ਸਾਚਾ ਸੰਗ ਨਾ ਕੋਇ ਰਖਾਇਆ । ਕੂੜੀ ਕਿਰਿਆ ਵਗਿਆ ਵਹਿਣ, ਮਨਮਤ ਆਪਣਾ ਰਾਹ ਚਲਾਇਆ । ਹਰਿ ਜੂ ਨਜ਼ਰ ਨਾ ਆਏ ਸਾਕ ਸੈਣ, ਸੱਜਣ ਅੰਗ ਨਾ ਕੋਇ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖੌਣਾ ਸਾਚਾ ਦਰ, ਦਰ ਦਰਵਾਜ਼ਾ ਇਕ ਖੁਲ੍ਹਾਇਆ । ਪੀਰ ਪੈਗ਼ੰਬਰ ਤੇਰੀ ਓਟ, ਇਕ ਧਿਆਨ ਲਗਾਈਆ । ਉੱਮਤ ਨਬੀ ਆਲ੍ਹਣਿਉਂ ਡਿਗੀ ਬੋਟ, ਨਾ ਸਕੇ ਕੋਇ ਉਠਾਈਆ । ਦਰੋਹੀ ਖ਼ੁਦਾਏ ਲੱਗੀ ਚੋਟ, ਮਿਹਬਾਨ ਬੀਦੋ ਤੁਧ ਬਿਨ ਨਜ਼ਰ ਕੋਇ ਨਾ ਆਈਆ । ਮੱਕਾ ਕਾਅਬਾ ਕੋਈ ਨਾ ਹੋਸ਼, ਦੋ ਦੋ ਆਬਾ ਮੇਲ ਨਾ ਕੋਇ ਮਿਲਾਈਆ । ਸਾਚੇ ਹੁਜਰੇ ਬੈਠੇ ਬੇਦੋਸ਼, ਬੇਦਰਦੀ ਦਰਦ ਨਾ ਕੋਇ ਵੰਡਾਈਆ । ਅੰਤਮ ਸਭ ਦਾ ਲੱਥਣਾ ਪੋਸ਼, ਪੁਸ਼ਤ ਹੱਥ ਨਾ ਕੋਇ ਟਿਕਾਈਆ । ਕੂੜੀ ਕਿਰਿਆ ਹੋਏ ਮਦਹੋਸ਼, ਆਬੇ ਹਯਾਤ ਪਿਆਲਾ ਨਾ ਕੋਇ ਪਿਆਈਆ । ਪਰਵਰਦਿਗਾਰ ਚੜ੍ਹਿਆ ਇਕੋ ਜੋਸ਼, ਜੋਬਨ ਆਪਣਾ ਰਿਹਾ ਜਣਾਈਆ । ਚੌਦਾਂ ਤਬਕ ਵੇਖਣਹਾਰਾ ਨਾਮ ਸਲੋਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖੌਣਾ ਸਾਚਾ ਘਰ, ਜਿਸ ਘਰ ਤੇਰਾ ਨੂਰ ਰੁਸ਼ਨਾਈਆ । ਗੁਰ ਅਵਤਾਰ ਕੱਢਣ ਹਾੜਾ, ਹੌਕਾ ਨਾਮ ਭਰਾਇਆ । ਨੌਂ ਖੰਡ ਪ੍ਰਿਥਮੀ ਹੋਈ ਉਜਾੜਾ, ਹਰਿਮੰਦਰ ਹਰਿ ਨਾ ਕਿਸੇ ਵਸਾਇਆ । ਗੁਰਮੁਖ ਮਿਲੇ ਨਾ ਕੋਈ ਸੱਚਾ ਲਾੜਾ, ਜਿਸ ਸਿਹਰਾ ਸੀਸ ਨਾਮ ਬੰਧਾਇਆ । ਮਾਇਆ ਮਮਤਾ ਹਉਮੇਂ ਹੰਗਤਾ ਕੂੜੀ ਕਿਰਿਆ ਲੱਗਾ ਅਖਾੜਾ, ਆਸਾ ਤ੍ਰਿਸਨਾ ਨਾਚ ਨਚਾਇਆ । ਕਾਇਆ ਚੋਲੀ ਸਾਚੀ ਡੋਲੀ ਕੋਈ ਰੰਗ ਨਾ ਚਾੜ੍ਹੇ ਗਾੜ੍ਹਾ, ਦੁਰਮਤ ਮੈਲ ਨਾ ਕੋਇ ਧਵਾਇਆ । ਨਾਤਾ ਤੁਟਾ ਪੁਰਖ ਨਾਰਾ, ਵਿਭਚਾਰ ਕਰੇ ਲੋਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖੌਣਾ ਸਾਚਾ ਘਰ, ਜਿਸ ਮੰਦਰ ਤੇਰਾ ਨੂਰ ਰੁਸ਼ਨਾਇਆ । ਪੀਰ ਪੈਗ਼ੰਬਰ ਮਾਰਨ ਝਾਕੀ, ਝਾਕਾ ਤੇਰਾ ਨਜ਼ਰੀ ਆਈਆ । ਅਸੀਂ ਤਨ ਹੰਢਾਇਆ ਖ਼ਾਕੀ, ਅੰਤਮ ਖ਼ਾਕ ਵਿਚ ਮਿਲਾਈਆ । ਤੇਰਾ ਸਬਰ ਪਿਆਲਾ ਪੀਤਾ ਸਾਕੀ, ਸਾਬਰ ਤੇਰੀ ਓਟ ਤਕਾਈਆ । ਪਰਵਰਦਿਗਾਰ ਸਾਹਿਬ ਆਕਨ ਆਕੀ, ਅਕਲ ਤੇਰੇ ਅੱਗੇ ਚਲੇ ਨਾ ਚਤੁਰਾਈਆ । ਤੂੰ ਲਹਿਣਾ

੫੯੪
੧੩

੫੯੫
੧੩

ਦੇਣਾ ਦੇਣਾ ਅੰਤਮ ਬਾਕੀ, ਲੇਖਾ ਆਪਣਾ ਦੇਣਾ ਮੁਕਾਈਆ । ਤੁਧ ਬਿਨ ਕੋਈ ਨਾ ਚੜ੍ਹੇ ਤੇਰੀ ਘਾਟੀ, ਅਧਵਿਚਕਾਰ ਬੈਠੇ ਢੇਰੀਆਂ ਢਾਹੀਆ । ਕਲਜੁਗ ਆਈ ਅੰਧੇਰੀ ਰਾਤੀ, ਚਾਰੋਂ ਕੁੰਟ ਅੰਧੇਰਾ ਛਾਈਆ । ਨਾ ਕੋਈ ਬਣਿਆ ਸੱਚਾ ਜਮਾਤੀ, ਅਲਫ਼ ਅੱਖ ਨਾ ਕਿਸੇ ਖੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖੌਣਾ ਸਾਚਾ ਘਰ, ਜਿਸ ਘਰ ਵੱਜੇ ਤੇਰੀ ਵਧਾਈਆ । ਗੁਰ ਅਵਤਾਰ ਚਰਨ ਆਸ, ਇਕੋ ਇਕ ਰਖਾਈਆ । ਤੇਰਾ ਖੇਲ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਸੋਭਾ ਪਾਈਆ । ਤੇਰਾ ਲੇਖਾ ਮੰਡਲ ਰਾਸ, ਗੋਪੀ ਕਾਹਨ ਨਚਾਈਆ । ਤੇਰਾ ਨਾਉਂ ਸ਼ਹਿਨਸ਼ਾਹ ਸ਼ਾਬਾਸ਼, ਸ਼ਖ਼ਸੀਅਤ ਆਪਣੇ ਹੱਥ ਰਖਾਈਆ । ਗੁਰ ਅਵਤਾਰ ਕਰ ਕਰ ਦਾਸ, ਸੇਵਕ ਸੇਵਾ ਸਚ ਕਮਾਈਆ । ਸਾਚੀ ਵਸਤ ਦਿਤੀ ਪਾਸ, ਨਾਉਂ ਨਿਰੰਕਾਰਾ ਝੋਲੀ ਪਾਈਆ । ਨਿਰਗੁਣ ਸਰਗੁਣ ਲੇਖਾ ਲੇਖ ਲਿਖਾਸ, ਅੱਖਰ ਵੱਖਰ ਜੋੜ ਜੁੜਾਈਆ । ਆਤਮ ਪਰਮਾਤਮ ਦੇ ਦੇ ਸਾਥ, ਸਗਲਾ ਸੰਗ ਨਿਭਾਈਆ । ਹੁਕਮੇ ਅੰਦਰ ਕਰ ਤ੍ਰਿਲੋਕੀ ਨਾਥ, ਸਚ ਸੰਦੇਸਾ ਇਕ ਜਣਾਈਆ । ਹੁਕਮੇ ਅੰਦਰ ਖੇਲ ਤਮਾਸ਼, ਖ਼ਾਲਕ ਖ਼ਲਕ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖੌਣਾ ਸਾਚਾ ਦਰ, ਜਿਸ ਦਰ ਦੂਜਾ ਨਜ਼ਰ ਕੋਇ ਨਾ ਆਈਆ । ਪੀਰ ਪੈਗ਼ੰਬਰ ਲਾਹ ਲਾਹ ਚੀਰ, ਖ਼ਾਕੀ ਤਨ ਰਹੇ ਵਖਾਈਆ । ਤੂੰ ਸਾਹਿਬ ਦਸਤਗੀਰ, ਤੇਰੀ ਦਾਸਤਾਨ ਜੁਗ ਜੁਗ ਜਗਤ ਪੜ੍ਹਾਈਆ । ਤੂੰ ਸ਼ਹਿਨਸ਼ਾਹ ਅਮੀਰ, ਆਮਦ ਤੇਰੀ ਇਕੋ ਨਜ਼ਰੀ ਆਈਆ । ਪੀਰ ਪੈਗ਼ੰਬਰ ਮਾਰ ਜ਼ੰਜੀਰ, ਸ਼ਰਅ ਵਿਚ ਬੰਧਾਈਆ । ਤੇਰਾ ਖੇਲ ਬੇਨਜ਼ੀਰ, ਨਜ਼ਰ ਕਿਸੇ ਨਾ ਆਈਆ । ਤੂੰ ਵਸੇਂ ਸ਼ਾਹ ਹਕੀਰ, ਹਰ ਘਟ ਡੇਰਾ ਲਾਈਆ । ਚੌਦਾਂ ਲੋਕ ਚੌਦਾਂ ਤਬਕ ਤੇਰੀ ਨਿੱਕੀ ਜਿਹੀ ਲਕੀਰ, ਮੁਹੰਮਦ ਵੇਖ ਖ਼ੁਸ਼ੀ ਮਨਾਈਆ । ਅੰਤ ਬਦਲ ਦੇਵੇਂ ਤਕਦੀਰ, ਤਦਬੀਰ ਆਪਣੇ ਹੱਥ ਰਖਾਈਆ । ਤੁਧ ਬਿਨ ਕੋਇ ਨਾ ਕੱਟੇ ਭੀੜ, ਦੁੱਖ ਦਰਦ ਨਾ ਕੋਇ ਮਿਟਾਈਆ । ਸਾਡੀ ਹੋਈ ਅੰਤ ਅਖ਼ੀਰ, ਝੱਲੀ ਜਾਏ ਨਾ ਤੇਰੀ ਜੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਵਰਦਿਗਾਰ ਲੈਣਾ ਮਿਲਾਈਆ । ਗੁਰ ਅਵਤਾਰ ਜਪਣ ਨਾਮ, ਇਕੋ ਢੋਲਾ ਗਾਈਆ । ਤੁਧ ਬਿਨ ਪੂਰਨ ਹੋਏ ਨਾ ਕਾਮ, ਪੂਰੀ ਇਛਿਆ ਨਾ ਕੋਇ ਕਰਾਈਆ । ਤੇਰਾ ਲੇਖਾ ਦੋ ਜਹਾਨ, ਗੁਰ ਅਵਤਾਰ ਤੇਰਾ ਹੁਕਮ ਸੁਣਾਈਆ । ਤੂੰ ਸ਼ਹਿਨਸ਼ਾਹ ਸੁਲਤਾਨ, ਭੂਪਤ ਭੂਪ ਰਾਜ ਰਾਜਾਨ ਅਖਵਾਈਆ । ਤੇਰਾ ਹੁਕਮ ਸਤਿ ਫ਼ਰਮਾਨ, ਨਾ ਕੋਈ ਮੇਟੇ ਮੇਟ ਮਿਟਾਈਆ । ਹਉਂ ਬਾਲੇ ਨੱਢੇ ਬਾਲ ਅਵਾਣ, ਤੇਰਾ ਭੇਵ ਕੋਇ ਨਾ ਆਈਆ । ਤੇਰੇ ਦਰ ਤੋਂ ਮਿਲਿਆ ਗਿਆਨ, ਤੇਰੇ ਘਰ ਦਾ ਢੋਲਾ ਗਾਈਆ । ਤੇਰੀ ਦੱਸ ਕੇ ਆਏ ਪਹਿਚਾਣ, ਨਿਰਗੁਣ ਰੂਪ ਸੱਚਾ ਸ਼ਹਿਨਸ਼ਾਹੀਆ । ਜਿਸ ਦੀ ਆਦਿ ਜੁਗਾਦਿ ਕਲਾਮ, ਪੀਰ ਪੈਗ਼ੰਬਰ ਰਹੇ ਸੁਣਾਈਆ । ਜਿਸ ਦਾ ਸਚਖੰਡ ਸਚ ਮਕਾਨ, ਥਿਰ ਘਰ ਆਪਣਾ ਚਰਨ ਰਖਾਈਆ । ਜਿਸ ਦੀ ਮਹਿਮਾਂ ਕਰੇ ਅੰਜੀਲ ਕੁਰਾਨ, ਖਾਣੀ ਬਾਣੀ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖੌਣਾ ਸਾਚਾ ਘਰ, ਜਿਸ ਘਰ ਤੂ ਹੀ ਨਜ਼ਰੀ ਆਈਆ । ਤੂ ਹੀ ਪਾਕ ਤੂ ਹੀ ਰਸੂਲ, ਰਹਿਮਤ ਤੇਰੀ ਇਕ ਖ਼ੁਦਾਇਆ । ਤੂ ਹੀ ਕਰਨਾ ਅੰਤ ਕਬੂਲ, ਦੋਏ ਜੋੜ ਵਾਸਤਾ ਪਾਇਆ । ਤੇਰਾ ਸੱਚਾ ਸਚ ਅਸੂਲ, ਨਾ ਕੋਈ ਮੇਟੇ ਮੇਟ ਮਿਟਾਇਆ । ਲੱਖ ਚੁਰਾਸੀ ਗਈ ਭੂਲ, ਭੁਲਿਆਂ ਮਾਰਗ ਲਾਇਆ । ਆਪੇ ਕਾਤਲ ਬਣ ਮਕਤੂਲ, ਸਚ ਅਦਾਲਤ ਆਪ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਇਕ ਵਖੌਣਾ ਸਾਚਾ ਦਰ, ਦਰਗਾਹ ਸਾਚੀ ਕੁੰਡਾ ਲਾਹਿਆ । ਤੇਰਾ ਨਾਉਂ ਨਾਉਂ ਨਿਰੰਕਾਰ, ਤੇਰੇ ਹੱਥ ਵੱਡੀ ਵਡਿਆਈਆ । ਹਉਂ ਸੇਵਕ ਸੇਵਾਦਾਰ, ਗੁਰ ਅਵਤਾਰ ਰਹੇ ਸੁਣਾਈਆ । ਤੂੰ ਆਦਿ ਜੁਗਾਦੀ ਮਦਦਗਾਰ, ਸਿਰ ਸਭ ਦੇ ਹੱਥ ਟਿਕਾਈਆ । ਤੇਰੇ ਹੁਕਮੇ ਅੰਦਰ ਕੱਟ ਕੇ ਆਏ ਵਗਾਰ, ਲੋਕਮਾਤ ਫੇਰਾ ਪਾਈਆ । ਚਾਰੇ ਖਾਣੀ ਕਰ ਕੇ ਆਏ ਹੁਸ਼ਿਆਰ, ਅੰਡਜ ਜੇਰਜ ਉਤਭੁਜ ਸੇਤਜ ਇਕ ਜਣਾਈਆ । ਅੰਤਮ ਪਰਗਟ ਹੋ ਕੇ ਆਵੇ ਨਿਹਕਲੰਕ ਨਰਾਇਣ ਨਰ ਅਵਤਾਰ, ਜਿਸ ਦਾ ਨਾ ਕੋਈ ਪਿਤਾ ਨਾ ਕੋਈ ਮਾਈਆ । ਦੋ ਜਹਾਨਾਂ ਪਾਵੇ ਸਾਰ, ਲੋਆਂ ਪੁਰੀਆਂ ਵੇਖ ਵਖਾਈਆ । ਵਿਸ਼ਨ ਬ੍ਰਹਮਾ ਸ਼ਿਵ ਲਏ ਉਠਾਲ, ਆਲਸ ਨਿੰਦਰਾ ਸਰਬ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਇਕੱਠੇ ਹੋ ਕੇ ਰਹੇ ਸੁਣਾਈਆ । ਇਕੱਠੇ ਹੋ ਕੇ ਡਿਗੇ ਦਰ, ਦਰ ਵਾਸਤਾ ਇਕੋ ਪਾਇਆ । ਪੁਰਖ ਅਬਿਨਾਸ਼ੀ ਕਿਰਪਾ ਕਰ, ਕਿਰਪਨ ਤੇਰੀ ਓਟ ਤਕਾਇਆ । ਤੇਰੇ ਕੋਲੋਂ ਆਵੇ ਡਰ, ਸਿਰ ਸਕੇ ਨਾ ਕੋਇ ਉਠਾਇਆ । ਉਮਤ ਨਬੀਆਂ ਨਾਲ ਰਹੀ ਲੜ, ਸਿਖ ਗੁਰ ਮਾਣ ਨਾ ਕੋਇ ਵਧਾਇਆ । ਕਲਜੁਗ ਵੇਖੇ ਅਧਵਿਚਕਾਰ ਖੜ, ਵਾਹ ਵਾ ਆਪਣਾ ਹੁਕਮ ਮਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਨਜ਼ਰ ਕੋਇ ਨਾ ਆਇਆ । ਸ੍ਰੀ ਭਗਵਾਨ ਕਹੇ ਆਓ ਬੱਚੇ, ਸਭ ਦਾ ਬਚਪਨ ਦਿਆਂ ਜਣਾਈਆ । ਪੰਜ ਤੱਤ ਭਾਂਡੇ ਰੱਖੇ ਕੱਚੇ, ਕੱਚੇ ਭੰਨ ਵਖਾਈਆ । ਵਾਕ ਭਵਿਖਤ ਜੋ ਲਿਖੇ, ਸੋ ਸਭ ਦੇ ਪੂਰ ਕਰਾਈਆ । ਮੇਰੇ ਸ਼ਸਤਰ ਸਦਾ ਤਿਖੇ, ਲੋਹਾਰ ਤਰਖਾਣ ਨਾ ਕੋਇ ਘੜਾਈਆ । ਬਿਨ ਨਾਨਕ ਗੋਬਿੰਦ ਕਿਸੇ ਨਾ ਵੇਖੇ, ਪੀਰ ਪੈਗ਼ੰਬਰ ਨਜ਼ਰ ਕਿਸੇ ਨਾ ਆਈਆ । ਸਭ ਨੂੰ ਕਰਾਵਣਹਾਰਾ ਚੇਤੇ, ਨੇਤਰ ਨੈਣ ਅੱਖ ਖੁਲ੍ਹਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕੋਈ ਘੱਲੇ ਅਗੇਤੇ ਕੋਈ ਪਛੇਤੇ, ਪਰਚਾ ਸਭ ਦੇ ਹੱਥ ਫੜਾਈਆ । ਆਪਣਾ ਦੱਸਦਾ ਰਿਹਾ ਨਿਕਾ ਨਿਕਾ ਭੇਤੇ, ਨਾਮ ਸੰਦੇਸਾ ਇਕ ਜਣਾਈਆ । ਜੇ ਕੋਈ ਉਪਰ ਚੜ੍ਹ ਕੇ ਵੇਖੇ, ਬੇਅੰਤ ਆਪਣੀ ਧਾਰ ਪਰਗਟਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਨਿਕਿਆਂ ਬਾਲਾਂ ਨਾਲ ਖੇਡੇ, ਪਿਤਾ ਬਣੇ ਬੇਪਰਵਾਹੀਆ । ਜੁਗੋ ਜੁਗ ਹੁਕਮੇ ਅੰਦਰ ਭੇਜੇ, ਧੁਰ ਫ਼ਰਮਾਨਾ ਹੁਕਮ ਸੁਣਾਈਆ । ਅੰਤਮ ਲਾਏ ਆਪਣੇ ਲੇਖੇ, ਲੇਖਾ ਆਪਣੇ ਹੱਥ ਰਖਾਈਆ । ਮੇਲ ਮਿਲਾਏ ਕਰ ਕਰ ਹੇਤੇ, ਨਿਤ ਨਵਿਤ ਵੱਡੀ ਵਡਿਆਈਆ । ਕੋਈ ਕਹੇ ਅਸੀਂ ਪੁੱਤ ਜੇਠੇ, ਪਾਰਬ੍ਰਹਮ ਪ੍ਰਭ ਸਭ ਦਾ ਪਿਤਾ ਮਾਈਆ । ਗੋਬਿੰਦ ਕਹੇ ਪੁਰਖ ਅਕਾਲ ਦੇ ਗੋਬਿੰਦ ਬੇਟੇ, ਬੇਟਾ ਗੋਬਿੰਦ ਕੋਈ ਜਨਮੇ ਨਾ ਜਨਨੀ ਮਾਈਆ । ਨਾਮ ਦੁਸ਼ਾਲੇ ਆਪ ਲਪੇਟੇ, ਬਣ ਦਾਈ ਦਾਇਆ ਸੇਵ ਕਮਾਈਆ । ਨਾ ਕੋਈ ਰੂਪ ਰੰਗ ਨਾ ਰੇਖੇ, ਪੰਜ ਤੱਤ ਨਾ ਕੋਇ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਆਪਣੇ ਰਿਹਾ ਜਣਾਈਆ । ਆਓ ਵੇਖੋ ਘਰ ਨਿਰੰਕਾਰ, ਨਿਰਗੁਣ ਇਕੋ ਆਸਣ ਲਾਇੰਦਾ । ਜੋਤੀ ਜੋਤ ਜੋਤ ਉਜਿਆਰ, ਨੂਰ ਨੂਰਾਨਾ ਡਗਮਗਾਇੰਦਾ । ਲਾਸ਼ਰੀਕ ਪਰਵਰਦਿਗਾਰ, ਪਰਦਾ ਆਪਣਾ ਆਪ ਉਠਾਇੰਦਾ । ਜਿਸ ਨੂੰ ਲੱਭਦੇ ਰਹੇ ਚਾਰ ਜੁਗ ਕਰ ਵਿਚਾਰ, ਸੋ ਵਿਚਾਰ ਵਿਚ ਕਿਸੇ ਨਾ ਆਇੰਦਾ । ਕਲਜੁਗ ਅੰਤਮ ਹੋ ਤਿਆਰ, ਲੋਕਮਾਤ ਵੇਸ ਵਟਾਇੰਦਾ । ਸਚਖੰਡ ਦਾ ਸਚ ਵਿਹਾਰ, ਨਿਰਗੁਣ ਨਿਰਗੁਣ ਆਪ ਕਰਾਇੰਦਾ । ਦੂਰ ਦੁਰਾਡੇ ਅਧਵਿਚਕਾਰੇ ਚਰਨ ਦਵਾਰੇ ਲਏ ਉਤਾਰ, ਧਰਤ ਧਵਲ ਆਪ ਸੁਹਾਇੰਦਾ । ਨੇਤਰ ਵੇਖੋ ਆਪਣਾ ਸੰਸਾਰ, ਹਰਿ ਸੰਸਾਰੀ ਆਪ ਵਖਾਇੰਦਾ । ਲੇਖਾ ਹੱਥ ਕਿਸੇ ਨਾ

ਦਿਸੇ ਵੇਦ ਚਾਰ, ਸ਼ਾਸਤਰ ਸਿਮਰਤ ਰੰਗ ਨਾ ਕੋਇ ਰੰਗਾਇੰਦਾ । ਗੀਤਾ ਗਿਆਨ ਨਾ ਕੋਇ ਆਧਾਰ, ਅਠ ਦਸ ਬੰਧਨ ਨਾ ਕੋਇ ਤੁੜਾਇੰਦਾ । ਅੰਜੀਲ ਕੁਰਾਨ ਨਾ ਕੋਇ ਪਿਆਰ, ਪੀਆ ਪ੍ਰੀਤਮ ਮੇਲ ਨਾ ਕੋਇ ਮਿਲਾਇੰਦਾ । ਬਾਣੀ ਤੀਰ ਨਿਰਾਲਾ ਮਾਰੇ ਨਾ ਕੋਈ ਬਾਣ, ਅਣਿਯਾਲਾ ਤੀਰ ਨਾ ਕੋਇ ਵਖਾਇੰਦਾ । ਸ੍ਰਿਸ਼ਟ ਸਬਾਈ ਕੂੜੀ ਕਰੇ ਵਿਹਾਰ, ਸਚ ਬਿਵਹਾਰੀ ਨਜ਼ਰ ਕੋਇ ਨਾ ਆਇੰਦਾ । ਨੌਂ ਖੰਡ ਪ੍ਰਿਥਮੀ ਮਾਇਆ ਮਮਤਾ ਤਨ ਸ਼ੰਗਾਰ, ਸਾਚਾ ਬਸਤਰ ਓਢਣ ਭੂਸ਼ਨ ਹੱਥ ਨਾ ਕੋਇ ਉਠਾਇੰਦਾ । ਅੰਦਰ ਵੜ ਕੇ ਵੇਖੇ ਪੰਜ ਤੱਤ ਸਤਿਗੁਰ ਕਰੇ ਨਾ ਕੋਇ ਪਿਆਰ, ਸੁਰਤੀ ਸ਼ਬਦ ਨਾ ਕੋਇ ਮਿਲਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਹਿੰਦੂ ਮੁਸਲਮ ਸਿੱਖ ਈਸਾਈ ਕਾਮ ਕਰੋਧ ਲੋਭ ਮੋਹ ਭਰਿਆ ਹੰਕਾਰ, ਦੁਰਮਤ ਮੈਲ ਨਾ ਕੋਇ ਧਵਾਇੰਦਾ । ਪੰਡਤ ਪਾਂਧੇ ਗ੍ਰੰਥੀ ਪੰਥੀ ਮੁੱਲਾ ਸ਼ੇਖ਼ ਮਸਾਇਕ ਉਚੀ ਉਚੀ ਵਾਜ਼ਾਂ ਰਹੇ ਮਾਰ, ਅੰਤਰ ਆਤਮ ਰਾਗ ਧੁਨ ਸ਼ਬਦ ਨਾਦ ਨਾ ਕੋਇ ਸੁਣਾਇੰਦਾ । ਕੂੜੀ ਕਿਰਿਆ ਵਣਜ ਵਪਾਰ, ਮਾਇਆ ਰਾਣੀ ਦਰ ਸ਼ੰਗਾਰ ਦਰਦੀ ਦਰਦ ਨਾ ਕੋਇ ਵੰਡਾਇੰਦਾ । ਗੁਰ ਅਵਤਾਰ ਸਾਰੇ ਹੋਏ ਹੈਰਾਨ, ਮੰਦਰ ਮਸਜਦ ਵੜਿਆ ਸ਼ੈਤਾਨ, ਜਗਤ ਸ਼ੈਤਾਨੀ ਰਿਹਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਸਾਚਾ ਘਰ, ਇਕ ਮਹੱਲਾ ਰਿਹਾ ਜਣਾਈਆ । ਆਓ ਵੇਖੋ ਹਰਿ ਮਹੱਲਾ, ਹਰਿ ਸਤਿਗੁਰ ਆਪ ਜਣਾਇੰਦਾ । ਪੁਰਖ ਅਬਿਨਾਸ਼ੀ ਇਕ ਇਕੱਲਾ, ਨਿਰਗੁਣ ਦਾਤਾ ਆਸਣ ਲਾਇੰਦਾ । ਗੁਰ ਅਵਤਾਰ ਜਿਸ ਨੇ ਘੱਲਾ, ਸੋ ਆਪਣੇ ਚਰਨ ਮੰਗਾਇੰਦਾ । ਰਲ ਮਿਲ ਸਾਰੇ ਫੜ ਲਓ ਪੱਲਾ, ਪੱਲੂ ਇਕੋ ਗੰਢ ਪਵਾਇੰਦਾ । ਜਿਸ ਨੇ ਧਾਰ ਚਲਾਈ ਬਿਸਮਿੱਲਾ, ਬਿਸਮਿਲ ਆਪਣਾ ਰੰਗ ਵਖਾਇੰਦਾ । ਜਿਸ ਦਾ ਤੀਰ ਕਮਾਨ ਸਾਚਾ ਚਿੱਲਾ, ਖੰਡਾ ਖੜਗ ਕਟਾਰ ਇਕ ਚਮਕਾਇੰਦਾ । ਸੋ ਬੈਠਾ ਉਚੇ ਟਿੱਲਾ, ਸਚ ਸਿੰਘਾਸਣ ਸੋਭਾ ਪਾਇੰਦਾ । ਕਲਜੁਗ ਅੰਤਮ ਕਿਰਪਾ ਕਰ ਕੇ ਨਿਰਗੁਣ ਹੋ ਕੇ ਮਿਲਾ, ਮਿਲ ਮਿਲ ਆਪਣਾ ਰੰਗ ਵਖਾਇੰਦਾ । ਜੋ ਹੁਣ ਵੀ ਰਹਿ ਗਿਆ ਢਿੱਲਾ, ਵੇਲਾ ਗਿਆ ਹੱਥ ਨਾ ਆਇੰਦਾ । ਕਿਸੇ ਕੰਮ ਨਹੀਂ ਔਣਾ ਚੌਦਾਂ ਸਦੀਆਂ ਕੱਟਿਆ ਛਿਲਾ, ਚੌਦਾਂ ਤਬਕਾਂ ਡੇਰਾ ਢਾਹਿੰਦਾ । ਜਿਸ ਨੇ ਬਸਤਰ ਪਹਿਰਿਆ ਨੀਲਾ, ਛੈਲ ਛਬੀਲਾ ਫੇਰੀ ਪਾਇੰਦਾ । ਈਸਾ ਮੂਸਾ ਮੁਹੰਮਦ ਬਣਾ ਲਓ ਇਕ ਵਸੀਲਾ, ਵਸਲ ਹੱਕ ਹੱਕ ਕਰਾਇੰਦਾ । ਅੰਤਮ ਬਦਲ ਦੇਵੇ ਦਲੀਲਾ, ਸਾਚਾ ਹੁਕਮ ਇਕ ਮਨਾਇੰਦਾ । ਫੇਰ ਸੁਣੇ ਨਾ ਕੋਇ ਅਪੀਲਾ, ਆਖਰ ਆਪਣਾ ਫੇਰਾ ਪਾਇੰਦਾ । ਫੜ ਕੇ ਗਲੇ ਲਗਾਏ ਮਸਕੀਨਾ, ਮੁਸ਼ਕਲ ਗ਼ਰੀਬਾਂ ਹੱਲ ਕਰਾਇੰਦਾ । ਸਾਚੇ ਅਸਵ ਪਾਏ ਪਾਖਰ ਜ਼ੀਨਾ, ਆਪ ਆਪਣਾ ਤੰਗ ਕਸਾਇੰਦਾ । ਵੇਖੋ ਕੀ ਖੇਲ ਕਰੇ ਰਮਜ਼ਾਨ ਮਹੀਨਾ, ਰਮਜ਼ ਆਪਣੀ ਨਾਲ ਸਮਝਾਇੰਦਾ । ਸਭ ਨੂੰ ਘਰ ਘਰ ਆਏ ਪਸੀਨਾ, ਠੰਡਾ ਸਾਹ ਨਾ ਕੋਇ ਵਖਾਇੰਦਾ । ਜਿਸ ਨੇ ਦਿਤਾ ਓਸੇ ਸਭ ਕੁਛ ਛੀਨਾ, ਛੀਨਣਹਾਰਾ ਆਪ ਅਖਵਾਇੰਦਾ । ਸਾਰੇ ਹੋ ਜਾਓ ਦਰ ਅਧੀਨਾ, ਅਦਨਾ ਰੂਪ ਇਕ ਵਖਾਇੰਦਾ । ਸ੍ਰੀ ਭਗਵਾਨ ਜੋ ਬਣਿਆ ਰਿਹਾ ਨਾਬੀਨਾ, ਅੰਤਮ ਆਪਣੀ ਅੱਖ ਖੁਲ੍ਹਾਇੰਦਾ । ਕਲਜੁਗ ਅੰਤਮ ਭਗਵਾਨ ਭਗਤਾਂ ਕਰੇ ਠਾਂਡਾ ਸੀਨਾ, ਸੀਨ ਆਪਣੀ ਝਲਕ ਜਣਾਇੰਦਾ । ਗੁਰਮੁਖ ਬਣਾਏ ਸਚ ਨਗੀਨਾ, ਕਰਤਾ ਕੀਮਤ ਆਪੇ ਪਾਇੰਦਾ । ਨਾਤਾ ਤੁੱਟਾ ਮੱਕਾ ਮਦੀਨਾ, ਹੁਜਰੇ ਆਵਾਜ਼ ਨਾ ਕੋਇ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਇਕ ਵਖਾਏ ਸਾਚਾ ਘਰ, ਜਿਸ ਘਰ ਬਹਿ ਬਹਿ ਆਪਣਾ ਹੁਕਮ ਮਨਾਇੰਦਾ ।

੫੯੭
੧੩

❇ ੨੧ ਮਾਘ ੨੦੧੯ ਬਿਕ੍ਰਮੀ ਹਰੀ ਸਿੰਘ ਦੇ ਗ੍ਰਿਹਿ ਪਿੰਡ ਸੋਹਲ ਜ਼ਿਲਾ ਅੰਮ੍ਰਿਤਸਰ ❇

ਆਓ ਵੇਖੋ ਘਰ ਸੋਹਣਾ, ਸੋ ਪੁਰਖ ਨਿਰੰਜਣ ਆਪ ਵਖਾਇੰਦਾ । ਨਾ ਮਰਨਾ ਨਾ ਕੋਇ ਰੋਣਾ, ਨੇਤਰ ਨੀਰ ਨਾ ਕੋਇ ਵਹਾਇੰਦਾ । ਨਾ ਜਾਗਣਾ ਨਾ ਸੌਣਾ, ਆਲਸ ਨਿੰਦਰਾ ਨਾ ਕੋਇ ਰਖਾਇੰਦਾ । ਨਿਰਮਲ ਜੋਤ ਨਿਰਮਲ ਰੂਪ ਹੋਣਾ, ਰੂਪ ਰੰਗ ਰੇਖ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰ ਪੀਰ ਪੈਗ਼ੰਬਰ ਇਕੋ ਘਰ ਵਖਾਇੰਦਾ । ਆਓ ਵੇਖੋ ਘਰ ਅਗੰਮ, ਅਗੰਮ ਮਿਲੇ ਵਡਿਆਈਆ । ਵਸਣਹਾਰਾ ਸ੍ਰੀ ਭਗਵਨ, ਭਗਵਨ ਆਪਣਾ ਡੇਰਾ ਲਾਈਆ । ਨਾ ਕੋਈ ਸੂਰਜ ਨਾ ਕੋਈ ਚੰਨ, ਮੰਡਲ ਮੰਡਪ ਨਾ ਕੋਇ ਵਖਾਈਆ । ਨਾ ਕੋਈ ਜਨਨੀ ਨਾ ਕੋਈ ਜਨ, ਪੂਤ ਸਪੂਤ ਗੋਦ ਨਾ ਕੋਇ ਉਠਾਈਆ । ਨਾ ਕੋਈ ਨਾਮ ਨਾ ਕੋਈ ਧਨ, ਵਣਜ ਹੱਟ ਨਾ ਕੋਇ ਚਲਾਈਆ । ਨਾ ਕੋਈ ਛੱਪਰ ਨਾ ਕੋਈ ਛੰਨ, ਚਾਰ ਦੀਵਾਰ ਨਾ ਕੋਇ ਵਖਾਈਆ । ਨਾ ਕੋਈ ਤੱਤਵ ਨਾ ਕੋਈ ਤਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਰ ਇਕ ਸਮਝਾਈਆ । ਆਓ ਵੇਖੋ ਸਚ ਦਰਵਾਜ਼ਾ, ਸਤਿ ਸਤਿਵਾਦੀ ਆਪ ਜਣਾਇੰਦਾ । ਜਿਥੇ ਵਸੇ ਗ਼ਰੀਬ ਨਿਵਾਜਾ, ਨਿਰਗੁਣ ਆਪਣਾ ਆਸਣ ਲਾਇੰਦਾ । ਨਾ ਕੋਈ ਪਿਉ ਨਾ ਕੋਈ ਦਾਦਾ, ਮਾਤ ਗੋਦ ਨਾ ਕੋਇ ਵਖਾਇੰਦਾ । ਆਦਿ ਜੁਗਾਦੀ ਇਕੋ ਰਾਜਾ, ਪੁਰਖ ਅਕਾਲ ਸੋਭਾ ਪਾਇੰਦਾ । ਨਾ ਕੋਈ ਰਾਗ ਨਾ ਕੋਈ ਨਾਦ ਨਾ ਕੋਈ ਵੱਜੇ ਵਾਜਾ, ਸੁਰ ਤਾਲ ਨਾ ਕੋਇ ਰਖਾਇੰਦਾ । ਨਾ ਕੋਈ ਸੰਤ ਨਾ ਕੋਈ ਸਾਧਾ, ਰੂਪ ਅਨੂਪ ਨਾ ਕੋਇ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਘਰ ਇਕ ਜਣਾਇੰਦਾ । ਆਓ ਵੇਖੋ ਹਰਿ ਟਿਕਾਣਾ, ਨਿਰਗੁਣ ਨਿਰਗੁਣ ਰਿਹਾ ਜਣਾਈਆ । ਜਿਥੇ ਦੇਵੇ ਸਭ ਨੂੰ ਮਾਣਾ, ਜਿਸ ਜਨ ਆਪਣੇ ਚਰਨ ਲਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰੇ ਧਿਆਨਾ, ਧਿਆਨ ਧਿਆਨ ਨਾਲ ਮਿਲਾਈਆ । ਜੋਤ ਸਰੂਪ ਖੇਲ ਮਹਾਨਾ, ਜੋਤੀ ਜਾਤਾ ਡਗਮਗਾਈਆ । ਨਿਰਭੌ ਨਿਰਵੈਰ ਮਰਦ ਮਰਦਾਨਾ, ਸਚ ਮਰਦਾਨਗੀ ਇਕ ਕਮਾਈਆ । ਦੇਵਣਹਾਰਾ ਧੁਰ ਫ਼ਰਮਾਨਾ, ਸਾਚੀ ਸਿਖਿਆ ਕਰੇ ਪੜ੍ਹਾਈਆ । ਜਿਸ ਦਾ ਨਾਉਂ ਸਾਚਾ ਗਾਣਾ, ਗਾ ਗਾ ਪੀਰ ਪੈਗ਼ੰਬਰ ਖ਼ੁਸ਼ੀ ਮਨਾਈਆ । ਸੋ ਸਾਹਿਬ ਸੱਚਾ ਸੁਲਤਾਨਾ, ਪਰਵਰਦਿਗਾਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਦਰ ਦਏ ਜਣਾਈਆ । ਸਾਚਾ ਮੰਦਰ ਸੋਹਣਾ ਚੰਗਾ, ਵਾਹ ਵਾ ਇਕੋ ਇਕ ਬਣਾਇਆ । ਨਾ ਕੋਈ ਢੋਲ ਨਾ ਮਰਦੰਗਾ, ਤਾਲ ਸਤਾਰ ਨਾ ਕੋਇ ਸੁਣਾਇਆ । ਨਾ ਕੋਈ ਭੁੱਖਾ ਨਾ ਕੋਈ ਨੰਗਾ, ਭਿਖਾਰੀ ਨਜ਼ਰ ਕੋਇ ਨਾ ਆਇਆ । ਨਾ ਕੋਈ ਮਾਣਸ ਨਾ ਕੋਈ ਬੰਦਾ, ਖ਼ਾਕੀ ਰੂਪ ਨਾ ਕੋਇ ਦਰਸਾਇਆ । ਨਾ ਕੋਈ ਸਾਰੰਗੀ ਨਾ ਸਾਰੰਗਾ, ਸਾਚਾ ਖੇਲ ਇਕ ਵਖਾਇਆ । ਇਕੋ ਨਜ਼ਰੀ ਆਏ ਸੂਰਾ ਸਰਬੰਗਾ, ਸ਼ਹਿਨਸ਼ਾਹ ਆਪਣਾ ਆਸਣ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਘਰ ਰਿਹਾ ਖੁਲ੍ਹਾਇਆ । ਸਾਚਾ ਘਰ ਗਿਆ ਖੁਲ੍ਹ, ਹਰਿ ਖ਼ਾਲਕ ਆਪ ਖੁਲ੍ਹਾਈਆ । ਕਰਤਾ ਕੀਮਤ ਕੋਇ ਨਾ ਲਾਏ ਮੁਲ, ਅਨਮੁਲੜੀ ਦਾਤ ਇਕ ਜਣਾਈਆ । ਆਦਿ ਜੁਗਾਦਿ ਸਦਾ ਸਦਾ ਸੁਲ੍ਹਾਕੁਲ, ਦੂਈ ਦਵੈਤ ਨਾ ਕੋਇ ਰਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਬਣਾਏ ਆਪਣੀ ਕੁਲ, ਕੁਲਵੰਤਾ ਵਡ ਵਡਿਆਈਆ । ਸੋ ਤੋਲਣਹਾਰਾ ਤੋਲ, ਸਚਖੰਡ ਵਸੇ ਸੱਚਾ ਮਾਹੀਆ । ਆਦਿ ਜੁਗਾਦਿ ਰਹੇ ਅਡੋਲ, ਨਾ ਕਦੇ ਕੋਇ ਡੋਲੇ ਡੋਲ ਡੁਲਾਈਆ । ਹਰ ਘਟ ਅੰਦਰ

੫੯੮
੧੩

ਰਿਹਾ ਮੌਲ, ਮੌਲਾ ਆਪਣੀ ਖੇਲ ਕਰਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੁਹਾਡੇ ਨਾਲ ਕਰ ਕੇ ਆਇਆ ਕੌਲ, ਕੀਤਾ ਕੌਲ ਭੁੱਲ ਨਾ ਜਾਈਆ । ਪਹਿਲੋਂ ਲਹਿਣਾ ਚੁਕਾਇਆ ਉਪਰ ਧਰਨੀ ਧਰਤ ਧੌਲ, ਪੰਜ ਤੱਤ ਕਾਇਆ ਵੇਖ ਵਖਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਮਾਰਦਾ ਰਿਹਾ ਰੋਲ, ਸੱਚਾ ਭੇਵ ਨਾ ਕਿਸੇ ਖੁਲ੍ਹਾਈਆ । ਕਿਸੇ ਨੂੰ ਦਾਤ ਦਿਤੀ ਰੱਤੀ ਚੌਲ, ਬੇਅੰਤ ਆਪਣਾ ਨਾਉਂ ਜਣਾਈਆ । ਗੋਬਿੰਦ ਇਕੋ ਦਿਤੀ ਬੂੰਦ ਰਸ ਪੌਹਲ, ਅੰਮ੍ਰਿਤ ਆਪਣਾ ਜਾਮ ਪਿਆਈਆ । ਆਪਣਾ ਪਰਦਾ ਦਿਤਾ ਫੋਲ, ਨੂਰ ਇਕੋ ਇਕ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਗ੍ਰਿਹਿ ਰਿਹਾ ਜਣਾਈਆ । ਵੇਖੇ ਗ੍ਰਿਹਿ ਹਰਿ ਕਾ ਸੁੱਚਾ, ਸਚ ਸਾਜਣ ਆਪ ਜਣਾਇੰਦਾ । ਜਿਸ ਦੇ ਅੰਦਰ ਰਿਹਾ ਲੁਕਾ, ਨਜ਼ਰ ਕਿਸੇ ਨਾ ਆਇੰਦਾ । ਜੁਗ ਚੌਕੜੀ ਸਤਿ ਪਿਆਰ ਦਾ ਰਿਹਾ ਭੁੱਖਾ, ਦੂਜੀ ਤ੍ਰਿਸਨਾ ਨਾ ਕੋਇ ਵਧਾਇੰਦਾ । ਕਲਜੁਗ ਅੰਤਮ ਸਭ ਦਾ ਪੈਂਡਾ ਮੁੱਕਾ, ਫੜ ਬਾਂਹੋਂ ਦਰ ਬਹਾਇੰਦਾ । ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਕਰ ਕੇ ਤੁਠਾ, ਦਸਤਗੀਰ ਆਪਣਾ ਦਸਤ ਮਿਲਾਇੰਦਾ । ਚੌਦਾਂ ਤਬਕ ਕਿਸੇ ਦਾ ਬਣਿਆ ਰਹੇ ਨਾ ਕੋਠਾ, ਖਿੜਕੀ ਕੁੰਡਾ ਆਪਣੀ ਹੱਥੀਂ ਲਾਹਿੰਦਾ । ਵੇਦ ਪੁਰਾਨ ਸ਼ਾਸਤਰ ਸਿਮਰਤ ਅੰਜੀਲ ਕੁਰਾਨ ਖਾਣੀ ਬਾਣੀ ਜੋ ਲਿਖਿਆ ਪੋਥਾ, ਅੱਖਰ ਅੱਖਰ ਵੇਖ ਵਖਾਇੰਦਾ । ਬਿਨ ਪੁਰਖ ਅਕਾਲ ਦੀਨ ਦਿਆਲ ਸਭ ਕੋਈ ਹੋਇਆ ਥੋਥਾ, ਦੁਰਮਤ ਮੈਲ ਨਾ ਕੋਇ ਧਵਾਇੰਦਾ । ਪਾਰਬ੍ਰਹਮ ਨਾਲ ਕਿਸੇ ਦਾ ਕਿਆ ਕੋਈ ਚਲੇ ਰੋਸਾ, ਰੁਸਿਆਂ ਹੱਥ ਕਿਸੇ ਨਾ ਆਇੰਦਾ । ਨੇਤਰ ਰੋਵੇ ਮੂਸਾ ਈਸਾ, ਮੁਹੰਮਦ ਨੈਣਾਂ ਨੀਰ ਵਹਾਇੰਦਾ । ਜਿਸ ਨੇ ਪਹਿਨਿਆ ਕਾਲਾ ਸੂਸਾ, ਸੋ ਕਲਜੁਗ ਕਾਲਖ ਟਿੱਕਾ ਮੇਟ ਮਿਟਾਇੰਦਾ । ਇਕ ਜਣਾਏ ਸਚ ਹਦੀਸਾ, ਮੁਕਾਮੇ ਹੱਕ ਅੱਖਰ ਨਿਸ਼ਅੱਖਰ ਆਪ ਪੜ੍ਹਾਇੰਦਾ । ਵਸਣਹਾਰਾ ਚਾਰੇ ਕੂਟਾ, ਦਹਿ ਦਿਸ਼ਾ ਫੋਲ ਫੁਲਾਇੰਦਾ । ਜਿਸ ਨੇ ਵਿਸ਼ਨ ਬ੍ਰਹਮਾ ਸ਼ਿਵ ਨਿਰਗੁਣ ਧਾਰੋਂ ਲਾਇਆ ਬੂਟਾ, ਪਤ ਡਾਲੀ ਲੱਖ ਚੁਰਾਸੀ ਬਾਗ਼ ਮਹਿਕਾਇੰਦਾ । ਸੋ ਅੰਤਮ ਦੇਵਣਹਾਰਾ ਇਕੋ ਹੂਟਾ, ਦੋ ਜਹਾਨਾਂ ਹੁਲਾਰਾ ਇਕ ਵਖਾਇੰਦਾ । ਪਹਿਲੋਂ ਸਭ ਨੂੰ ਕਰ ਲਏ ਝੂਠਾ, ਬਚਿਆ ਕੋਇ ਰਹਿਣ ਨਾ ਪਾਇੰਦਾ । ਫੇਰ ਖਾਲੀ ਕਰ ਦਏ ਠੂਠਾ, ਦਰ ਦਰ ਘਰ ਘਰ ਮੰਗ ਮੰਗਾਇੰਦਾ । ਜੇ ਕੋਈ ਅੱਗੋਂ ਅੜੇ ਨਾਮ ਖੰਡੇ ਨਾਲ ਭੰਨੇ ਬੂਥਾ, ਮੂੰਹ ਸਭ ਦਾ ਆਪ ਭਵਾਇੰਦਾ । ਕਲਜੁਗ ਵੇਲਾ ਅੰਤਮ ਚੁੱਕਾ, ਚਾਰੋਂ ਕੁੰਟ ਅੰਧੇਰਾ ਛਾਇੰਦਾ । ਕੂੜੀ ਕਿਰਿਆ ਕਲਜੁਗ ਅੰਤਮ ਆਪਣੀ ਹੱਥੀਂ ਦੇਵੇ ਫੂਕਾ, ਨਾਮ ਫੁੰਕਾਰਾ ਇਕੋ ਲਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕੱਠੇ ਹੋ ਕੇ ਇਕ ਦੂਜੇ ਨੂੰ ਮਾਰਨ ਕੂਕਾਂ, ਕੂਕ ਕੂਕ ਸੁਣਾਇੰਦਾ । ਜਿਸ ਨੂੰ ਸਾਰੇ ਕਹਿੰਦੇ ਸੁੱਤਾ ਘੂਕਾ, ਸੋ ਆਪਣੀ ਕਰਵਟ ਆਪ ਬਦਲਾਇੰਦਾ । ਜਿਥੇ ਕਦੇ ਕੋਇ ਨਾ ਪਹੁੰਚਾ, ਸੋ ਆਪਣਾ ਭੇਵ ਖੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮਹੱਲਾ ਇਕ ਜਣਾਇੰਦਾ । ਸਚ ਮਹੱਲਾ ਸਚਖੰਡ, ਸਚਖੰਡ ਨਿਵਾਸੀ ਆਪ ਬਣਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੰਡੀ ਵੰਡ, ਵੰਡ ਵੰਡ ਆਪਣੀ ਖੇਲ ਕਰਾਈਆ । ਨਾਮ ਨਿਧਾਨ ਸ੍ਰੀ ਭਗਵਾਨ ਗੁਣ ਗੋਬਿੰਦ ਗਵੌਂਦਾ ਰਿਹਾ ਛੰਦ, ਬੰਦ ਬੰਦ ਖ਼ੁਸ਼ੀ ਵਖਾਈਆ । ਨਾਤਾ ਜੋੜ ਬੱਤੀ ਦੰਦ, ਰਸਨਾ ਜਿਹਵਾ ਸਿਫ਼ਤ ਸਾਲਾਹੀਆ । ਆਤਮ ਪਰਮਾਤਮ ਦੇਵਣਹਾਰਾ ਅਨੰਦ, ਅਨੰਦ ਆਤਮ ਵਿਚ ਰਖਾਈਆ । ਪਾਰਬ੍ਰਹਮ ਬ੍ਰਹਮ ਚਾੜ੍ਹਨਹਾਰਾ ਚੰਦ, ਨਿਰਗੁਣ ਜੋਤ ਜੋਤ ਰੁਸ਼ਨਾਈਆ । ਕਰਨਹਾਰਾ ਖੰਡ ਖੰਡ, ਖੰਡਾ ਖੜਗ ਆਪ ਉਠਾਈਆ । ਵੇਖਣਹਾਰਾ ਸਰਬ ਬ੍ਰਹਿਮੰਡ, ਲੋਆਂ ਪੁਰੀਆਂ ਫੇਰਾ ਪਾਈਆ । ਲੇਖਾ ਚੁਕਾਏ ਜੇਰਜ

ਅੰਡ, ਉਤਭੁਜ ਸੇਤਜ ਵੇਖੇ ਥਾਉਂ ਥਾਈਆ । ਕਰੇ ਖੇਲ ਸੂਰਾ ਸਰਬੰਗ, ਸ਼ਹਿਨਸ਼ਾਹ ਆਪਣਾ ਹੁਕਮ ਮਨਾਈਆ । ਲਹਿਣਾ ਦੇਣਾ ਚੁਕੇ ਤਾਰਾ ਚੰਦ, ਕਿਰਨ ਕਿਰਨ ਨਾ ਕੋਇ ਰੁਸ਼ਨਾਈਆ । ਵਿਸ਼ਨ ਬ੍ਰਹਮਾ ਸ਼ਿਵ ਰੋਵਣ ਪਾਇਣ ਡੰਡ, ਡੰਕਾ ਹਰਿ ਜੂ ਰਿਹਾ ਵਖਾਈਆ । ਜਿਸ ਨੇ ਮੇਟਣਾ ਭੇਖ ਪਖੰਡ, ਸੋ ਸਾਹਿਬ ਆਪਣਾ ਹੁਕਮ ਚਲਾਈਆ । ਜਿਸ ਦਿਤਾ ਜੀਉ ਪਿੰਡ, ਪੰਜ ਤੱਤ ਕਰੀ ਕੁੜਮਾਈਆ । ਸੋ ਸਾਹਿਬ ਗਹਿਰ ਗੰਭੀਰ ਗੁਣੀ ਗਹਿੰਦ, ਗਵਰ ਆਪਣਾ ਰਾਹ ਚਲਾਈਆ । ਮਾਰੇ ਧਾਹ ਸੁਰਪਤ ਇੰਦ, ਕੂਕ ਕੂਕ ਰਿਹਾ ਜਣਾਈਆ । ਬਿਨ ਸਾਚੇ ਭਗਤ ਪ੍ਰਭ ਦੀ ਕੋਈ ਨਾ ਰਹੇ ਬਿੰਦ, ਹਰਿਭਗਤ ਮੇਰਾ ਖੇੜਾ ਰਹੇ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਦਰ ਇਕੋ ਇਕ ਦਰਸਾਈਆ ।

❇ ੨੧ ਮਾਘ ੨੦੧੯ ਬਿਕ੍ਰਮੀ ਮਹਿੰਦਰ ਸਿੰਘ ਦੇ ਗ੍ਰਿਹ ਸੋਹਲ ਜ਼ਿਲਾ ਅੰਮ੍ਰਿਤਸਰ ❇

ਪੀਰ ਪੈਗ਼ੰਬਰ ਵੇਖ ਵੇਖ ਕੰਬਾ, ਧੀਰ ਨਜ਼ਰ ਕੋਇ ਨਾ ਆਈਆ । ਪਰਵਰਦਿਗਾਰ ਤੇਰਾ ਮੁਕਾਮ ਬੜਾ ਲੰਬਾ, ਅੰਤ ਕੋਇ ਨਾ ਪਾਈਆ । ਨਾ ਕੋਈ ਨੂਰ ਨਾ ਕੋਈ ਬੰਦਾ, ਖ਼ਾਕ ਖ਼ਾਕ ਨਾ ਕੋਇ ਸਮਾਈਆ । ਨਾ ਕੋਈ ਗੀਤ ਨਾ ਕੋਈ ਛੰਦਾ, ਰਾਗ ਤਰਜ਼ ਨਾ ਕੋਇ ਅਲਾਈਆ । ਨਾ ਕੋਈ ਖੜਗ ਨਾ ਕੋਈ ਖੰਡਾ, ਕਟਾਰ ਨਜ਼ਰ ਕੋਇ ਨਾ ਆਈਆ । ਨਾ ਕੋਈ ਤਾਰਾ ਨਾ ਕੋਈ ਚੰਦਾ, ਲੋਕ ਪਰਲੋਕ ਨਾ ਕੋਇ ਵਖਾਈਆ । ਨਾ ਕੋਈ ਨੇਤਰ ਨਾ ਕੋਈ ਅੰਧਾ, ਰੂਪ ਰੰਗ ਰੇਖ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਬਿਨ ਤੇਰੇ ਤੇਰੇ ਦਰ ਨਾ ਕੋਇ ਪੁਚਾਈਆ । ਤੇਰਾ ਮੰਦਰ ਵੱਡਾ ਡੂੰਘਾ, ਹੱਦ ਨਜ਼ਰ ਕੋਇ ਨਾ ਆਈਆ । ਪੀਰ ਪੈਗ਼ੰਬਰ ਬਣਿਆ ਸੂੰਘਾ, ਸੁੰਘ ਸੁੰਘ ਖ਼ੁਸ਼ੀ ਮਨਾਈਆ । ਤੂੰ ਸਭ ਨੂੰ ਰੱਖਿਆ ਚਰਨਾਂ ਹੇਠਾ ਉਂਧਾ, ਸਿਰ ਸਕੇ ਨਾ ਕੋਇ ਉਠਾਈਆ । ਤੂੰ ਕਿਸੇ ਹੱਥ ਨਾ ਆਏਂ ਢੂੰਡਾ, ਢੂੰਡ ਥੱਕੀ ਸਰਬ ਲੋਕਾਈਆ । ਨਾ ਬੋਲੇਂ ਨਾ ਕਦੇ ਕੂੰਦਾ, ਭੇਵ ਅਭੇਦ ਨਾ ਕਿਸੇ ਜਣਾਈਆ । ਨਾ ਕੋਈ ਜਾਣੇ ਕਿਥੇ ਸੌਂਦਾ, ਕਵਣ ਆਸਣ ਡੇਰਾ ਲਾਈਆ । ਜੋ ਤੇਰਾ ਬਰਦਾ ਸੋ ਤੇਰਾ ਢੋਲਾ ਗੌਂਦਾ, ਗਾ ਗਾ ਖ਼ੁਸ਼ੀ ਮਨਾਈਆ । ਕੋਟਨ ਕੋਟ ਈਸਾ ਮੂਸਾ ਮੁਹੰਮਦ ਦੂਰ ਦੁਰਾਡਾ ਤੇਰੀ ਚਰਨ ਧੂੜੀ ਨਹੌਂਦਾ, ਨੇੜ ਬਹਿਣ ਕੋਇ ਨਾ ਪਾਈਆ । ਆਦਿ ਜੁਗਾਦਿ ਜੁਗ ਜੁਗ ਕੋਟਨ ਕੋਟ ਬ੍ਰਹਿਮੰਡ ਖੰਡ ਬਣੌਂਦਾ ਢੌਂਦਾ, ਢਾਹ ਢਾਹ ਆਪਣੀ ਖੇਲ ਵਖਾਈਆ । ਕੋਟਨ ਕੋਟ ਜੁਗ ਚੌਕੜੀਆਂ ਆਪਣੇ ਨਾਲ ਹੰਡੌਂਦਾ, ਆਪਣਾ ਜੋਬਨ ਨਾ ਕਿਸੇ ਜਣਾਈਆ । ਕੋਟਨ ਕੋਟ ਪੀਰ ਅਵਤਾਰ ਆਪਣੇ ਹੁਕਮ ਚਲੌਂਦਾ, ਹੁਕਮੀ ਗੇੜਾ ਰਿਹਾ ਦਿਵਾਈਆ । ਬੇਅੰਤ ਬੇਪਰਵਾਹ ਸੋ ਕਰੇ ਜੋ ਤੇਹੇ ਭੌਂਦਾ, ਸਭ ਤੇਰੀ ਮੰਨਣ ਰਜ਼ਾਈਆ । ਤੇਰੇ ਘਰ ਦਾ ਅੰਤ ਨਾ ਔਂਦਾ, ਬੇਅੰਤ ਕਹਿ ਕਹਿ ਸ਼ੁਕਰ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰ ਕਿਰਪਾ ਵਖੌਣਾ ਸਾਚਾ ਦਰ, ਦਰਵੇਸ਼ ਬੈਠੇ ਅਲਖ ਜਗਾਈਆ । ਤੇਰਾ ਘਰ ਉਚਾ ਲੰਮਾਂ, ਨਜ਼ਰ ਕਿਸੇ ਨਾ ਆਇਆ । ਆਦਿ ਜੁਗਾਦਿ ਬੇੜਾ ਬੰਨ੍ਹਾ, ਬੰਨ੍ਹ ਬੰਨ੍ਹ ਆਪਣੇ ਕੰਧ ਰਖਾਇਆ । ਜਿਸ ਨੇ ਤੇਰਾ ਭਾਣਾ ਮੰਨਾ, ਤਿਸ ਉਂਗਲੀ ਲਾ ਇਸ਼ਾਰਾ ਇਕ ਜਣਾਇਆ । ਨਾ ਵਜੂਦ ਨਾ ਕੋਇ ਤਨਾ, ਵਸਲ ਤੇਰਾ ਹੱਥ ਕਿਸੇ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖੌਣਾ ਸਾਚਾ ਘਰ, ਜਿਸ ਘਰ ਤੁਧ ਬਿਨ ਨਜ਼ਰ

ਕੋਇ ਨਾ ਆਇਆ । ਘਰ ਤੇਰਾ ਵੱਡਾ ਵਡ, ਵੱਡੀ ਤੇਰੀ ਵਡਿਆਈਆ । ਜਿਸ ਵਿਚੋਂ ਸਾਨੂੰ ਦਿਤਾ ਕੱਢ, ਹੁਕਮੀ ਹੁਕਮ ਭਵਾਈਆ । ਕਰ ਕਿਰਪਾ ਅੰਤਮ ਲਏ ਸੱਦ, ਸੱਦਾ ਨਾਮ ਸੁਣਾਈਆ । ਪਿਛਲੀ ਤੋੜ ਬੀਤੀ ਹੱਦ, ਅਗਲਾ ਰਾਹ ਜਣਾਈਆ । ਕੇਤੇ ਕੇਤੇ ਗਏ ਲਦ, ਤੇਰੀ ਕਹਾਣੀ ਗਏ ਸੁਣਾਈਆ । ਕਰ ਕਿਰਪਾ ਕਰਾ ਆਪਣਾ ਹੱਜ, ਹਾਜਤ ਅੰਤਮ ਪੂਰ ਵਖਾਈਆ । ਜਿਸ ਦਵਾਰੇ ਬਹੇਂ ਸਜ, ਸੀਸ ਜਗਦੀਸ ਤਾਜ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾ ਆਪਣਾ ਦਰ, ਜਿਸ ਦਰ ਦੂਜਾ ਨਜ਼ਰ ਕੋਇ ਨਾ ਆਈਆ । ਪਰਵਰਦਿਗਾਰ ਪਿਆ ਹੱਸ, ਹੱਸ ਹੱਸ ਆਪ ਜਣਾਇੰਦਾ । ਇਕੋ ਵਾਰ ਘਰ ਦੇਵਾਂ ਦੱਸ, ਪਰਦਾ ਸਰਬ ਉਠਾਇੰਦਾ । ਪਹਿਲੋਂ ਸਾਰੇ ਕਹੋ ਸਾਡੀ ਹੋਈ ਬਸ, ਬਸਤਾ ਸਭ ਦਾ ਬੰਨ੍ਹ ਵਖਾਇੰਦਾ । ਲੋਕਮਾਤ ਵਿਚੋਂ ਆਏ ਨੱਸ, ਪਿਛੇ ਲੇਖਾ ਨਾ ਕੋਇ ਰਖਾਇੰਦਾ । ਸਾਡੀ ਪੂਰੀ ਕਰ ਆਸ, ਆਸਾ ਇਕੋ ਇਕ ਵਧਾਇੰਦਾ । ਤੇਰੇ ਮਿਲਣ ਦੀ ਸੱਚੀ ਖ਼ਾਹਸ਼, ਖ਼ਾਹਸ਼ ਖ਼ਾਹਸ਼ ਨਾਲ ਪਰਗਟਾਇੰਦਾ । ਬਰਦੇ ਗ਼ੁਲਾਮ ਹੋਏ ਦਾਸ, ਸੇਵਕ ਸੇਵਕ ਰੂਪ ਵਟਾਇੰਦਾ । ਤੇਰਾ ਨਾਉਂ ਪੁਰਖ ਅਬਿਨਾਸ਼, ਅਬਿਨਾਸ਼ੀ ਧਾਰ ਚਲਾਇੰਦਾ । ਤੇਰੇ ਸੱਦੇ ਆਏ ਤੇਰੇ ਪਾਸ, ਤੁਧ ਬਿਨ ਹੁਕਮ ਨਾ ਕੋਇ ਮਨਾਇੰਦਾ । ਨਾ ਕੋਇ ਦੇਵੇ ਸਚ ਨਜਾਤ, ਨਿਜ ਮੰਦਰ ਸੋਭਾ ਕੋਇ ਨਾ ਪਾਇੰਦਾ । ਪੰਜ ਤੱਤ ਕਾਇਆ ਹੋਈ ਵਫ਼ਾਤ, ਨਾਤਾ ਜਗਤ ਤੋੜ ਤੁੜਾਇੰਦਾ । ਆਪਣਾ ਲੇਖਾ ਲਿਖ ਦੇ ਬਿਨ ਕਲਮ ਦਵਾਤ, ਤੇਰਾ ਲਿਖਿਆ ਨਾ ਕੋਇ ਮਿਟਾਇੰਦਾ । ਤੇਰੀ ਪੜ੍ਹੀਏ ਇਕੋ ਜਮਾਤ, ਜਿਸ ਦਾ ਭੇਵ ਅਲਫ਼ ਯੇ ਨਾ ਆਇੰਦਾ । ਆਪਣੀ ਖੇਲ੍ਹ ਵਖਾ ਉਹ ਲੁਗ਼ਾਤ, ਜਿਸ ਦਾ ਅੰਤ ਕੋਇ ਨਾ ਪਾਇੰਦਾ । ਅਸੀਂ ਸਾਰੇ ਮੰਨੀਏ ਤੇਰੀ ਬਾਤ, ਨਿਉਂ ਨਿਉਂ ਸਯਦਾ ਸੀਸ ਝੁਕਾਇੰਦਾ । ਸਾਡਾ ਪਿਛਲਾ ਨਾ ਫੋਲ ਖਾਤ, ਖਾਤਾ ਨਜ਼ਰ ਕੋਇ ਨਾ ਆਇੰਦਾ । ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਨਾਲ ਝਾਕ, ਝਾਕੀ ਤੇਰੀ ਤਲਬ ਰਖਾਇੰਦਾ । ਤੂੰ ਦਾਤਾ ਕਮਲਾਪਾਤ, ਗਹਿਰ ਗੰਭੀਰ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਇਕੋ ਮੰਗ ਮੰਗਾਇੰਦਾ । ਪੁਰਖ ਅਬਿਨਾਸ਼ੀ ਕਹੇ ਮੈਂ ਦੱਸਾਂਗਾ, ਭੇਵ ਅਭੇਦ ਅਪਾਰ । ਸਭ ਦੇ ਅੰਦਰ ਵੜ ਕੇ ਵਸਾਂਗਾ, ਖੋਲ੍ਹਾਂ ਆਪ ਕਵਾੜ । ਨਿਰਗੁਣ ਹੋ ਕੇ ਸਰਗੁਣ ਆਖੇ ਲੱਗਾਂਗਾ, ਸਰਗੁਣ ਨਿਰਗੁਣ ਕਰ ਪਿਆਰ । ਜੋਤੀ ਜਾਤਾ ਹੋ ਕੇ ਜਗਾਂਗਾ, ਜਗਮਗ ਜੋਤ ਜਗੇ ਅਪਾਰ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਹੋ ਕੇ ਭੱਜਾਂਗਾ, ਸੇਵਾ ਕਰਾਂ ਬਣ ਬਣ ਖ਼ਿਦਮਤਗਾਰ । ਪਰੇਮ ਪ੍ਰੀਤੀ ਨਾਲ ਰੱਜਾਂਗਾ, ਸਾਚੀ ਸਿਖਿਆ ਕਰ ਵਿਚਾਰ । ਗ਼ਰੀਬ ਨਿਮਾਣਿਆਂ ਵਿਚ ਬਹਿ ਬਹਿ ਸਜਾਂਗਾ, ਕਲ ਕਲਕੀ ਲੈ ਅਵਤਾਰ । ਨਾਮ ਨਗਾਰਾ ਹੋ ਕੇ ਵੱਜਾਂਗਾ, ਦੋ ਜਹਾਨਾਂ ਕਰਾਂ ਖ਼ਬਰਦਾਰ । ਜਨ ਭਗਤ ਸੱਚੇ ਲੱਭਾਂਗਾ, ਲੱਖ ਚੁਰਾਸੀ ਵੇਖ ਡੂੰਘੀ ਧਾਰ । ਮਨਮੁਖਾਂ ਕੋਲੋਂ ਬਚਾਂਗਾ, ਲੁਕ ਲੁਕ ਫਿਰਾਂ ਵਿਚ ਸੰਸਾਰ । ਫਿਰ ਪੀਰ ਪੈਗ਼ੰਬਰਾਂ ਸਭ ਨੂੰ ਸੱਚੀ ਗੱਲ ਦਸਾਂਗਾ, ਨਿਹਕਲੰਕ ਹੋ ਖ਼ਬਰਦਾਰ । ਭਗਤਾਂ ਅੱਗੇ ਨੀਵਾਂ ਹੋ ਹੋ ਢੱਠਾਂਗਾ, ਧੂੜੀ ਮੰਗਾਂ ਚਰਨ ਛਾਰ । ਪਤ ਗੋਬਿੰਦ ਦੀ ਅੰਤ ਰਖਾਂਗਾ, ਕਲਗੀ ਤੋੜਾ ਸੀਸ ਦਸਤਾਰ । ਸ੍ਰਿਸ਼ਟ ਸਬਾਈ ਸਾਰੀ ਭਖਾਂਗਾ, ਜੁਗ ਚੌਕੜੀ ਆਪਣੀ ਭੁੱਖ ਲਵਾਂ ਉਤਾਰ । ਵਿਚੋਂ ਵਿਚੋਂ ਸੰਤ ਸੁਹੇਲੇ ਰੱਖਾਂਗਾ, ਜਿਨ੍ਹਾਂ ਕਰਿਆ ਸਚ ਪਿਆਰ । ਕੂੜੀ ਕਿਰਿਆ ਕੋਲੋਂ ਨੱਠਾਂਗਾ, ਦੂਰ ਦੁਰਾਡਾ ਹੋਵਾਂ ਬਾਹਰ । ਗੁਰਮੁਖਾਂ ਲੂੰ ਲੂੰ ਅੰਦਰ ਰਚਾਂਗਾ, ਸਾਢੇ ਤਿੰਨ ਕਰੋੜ ਕਰਾਂ ਖ਼ਬਰਦਾਰ । ਮਾਇਆ ਮਮਤਾ ਅਗਨੀ ਹੋ ਹੋ ਮੱਚਾਂਗਾ, ਤ੍ਰੈਗੁਣ ਦੇਵਾਂ ਸਾੜ, ਭਗਤ


੬੦੧
੧੩

ਦਵਾਰੇ ਨਟੂਆ ਬਣ ਕੇ ਨੱਚਾਂਗਾ, ਆਪਣਾ ਘੁੰਗਟ ਦਿਆਂ ਉਤਾਰ । ਗੁਰ ਅਵਤਾਰ ਪੀਰ ਪੈਗ਼ੰਬਰ ਇਕੋ ਨਾਮ ਦੱਸਾਂਗਾ, ਤੂੰ ਮੇਰਾ ਮੈਂ ਤੇਰਾ ਤੇਰਾ ਮੇਰਾ ਇਕ ਵਿਹਾਰ । ਸਚ ਪੁੱਛੋ ਹਰ ਹਿਰਦੇ ਵਿਚ ਵਸਾਂਗਾ, ਜਗਮਗ ਜੋਤ ਜਗੇ ਅਪਾਰ । ਹਰਿ ਮੰਦਰ ਇਕੋ ਰੱਖਾਂਗਾ, ਨੌਂ ਖੰਡ ਪ੍ਰਿਥਮੀ ਪਾਵਾਂ ਸਾਰ । ਫਿਰ ਸਚਖੰਡ ਜਾ ਕੇ ਵਸਾਂਗਾ, ਆਪ ਆਪਣੀ ਕਿਰਪਾ ਧਾਰ । ਪੀਰ ਪੈਗ਼ੰਬਰਾਂ ਗੁਰ ਅਵਤਾਰਾਂ ਸਦਾ ਚਰਨਾਂ ਹੇਠਾ ਰੱਖਾਂਗਾ, ਚਰਨ ਪ੍ਰੀਤੀ ਦੱਸਾਂ ਅਪਰ ਅਪਾਰ । ਅਗਲਾ ਹਾਲ ਫੇਰ ਦੱਸਾਂਗਾ, ਦੱਸਦਿਆਂ ਕੋਇ ਨਾ ਆਵੇ ਹਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਆਪ ਕਰਤਾਰ ।

❇ ੨੧ ਮਾਘ ੨੦੧੯ ਬਿਕ੍ਰਮੀ ਮੰਗਲ ਸਿੰਘ, ਦਰਬਾਰਾ ਸਿੰਘ ਦੇ ਗ੍ਰਿਹਿ ਸੋਹਲ ਜ਼ਿਲਾ ਅੰਮ੍ਰਿਤਸਰ ❇

ਘਰ ਸਾਚਾ ਸਚ ਵਖਾਵਾਂਗਾ । ਜਿਸ ਮੰਦਰ ਆਸਣ ਲਾਵਾਂਗਾ । ਸੀਸ ਤਾਜ ਇਕ ਸੁਹਾਵਾਂਗਾ । ਸ਼ਾਹ ਸੁਲਤਾਨਾਂ ਖ਼ਾਕ ਮਿਲਾਵਾਂਗਾ । ਦੋ ਜਹਾਨਾਂ ਹੁਕਮ ਜਣਾਵਾਂਗਾ । ਪਿਛਲੀ ਕੀਤੀ ਸਰਬ ਉਲਟਾਵਾਂਗਾ । ਅੱਗੇ ਇਕੋ ਮਾਰਗ ਲਾਵਾਂਗਾ । ਸੋਹੰ ਢੋਲਾ ਗਾਵਾਂਗਾ । ਸੇਜ ਸੁਹੰਜਣੀ ਇਕ ਵਖਾਵਾਂਗਾ । ਆਤਮ ਪਰਮਾਤਮ ਪਰਨਾਵਾਂਗਾ । ਗਲਵਕੜੀ ਸਾਚੀ ਪਾਵਾਂਗਾ । ਭਗਤ ਪਰੇਮ ਖ਼ੁਸ਼ੀਆਂ ਨਾਲ ਹੰਡਾਵਾਂਗਾ । ਇਕੋ ਥਾਂ ਵਖਾਵਾਂਗਾ । ਜਿਸ ਘਰ ਬਹਿ ਕੇ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਆਪਣਾ ਨਾਮ ਪੜ੍ਹਾਵਾਂਗਾ । ਕਲ ਕਲਕੀ ਫੇਰਾ ਪਾਵਾਂਗਾ । ਆਪਣੀ ਵੰਨਗੀ ਇਕ ਵਖਾਵਾਂਗਾ । ਜੋ ਬਣਿਆ ਸਭ ਕੁਛ ਢਾਹਵਾਂਗਾ । ਆਪਣਾ ਬਲ ਆਪ ਰਖਾਵਾਂਗਾ । ਕਿਸੇ ਦਰ ਨਾ ਮੰਗਣ ਜਾਵਾਂਗਾ । ਜੋ ਭੁਲਿਆ ਮਾਰਗ ਪਾਵਾਂਗਾ । ਜੋ ਰੁੱਲਿਆ ਗਲੇ ਲਗਾਵਾਂਗਾ । ਜੋ ਹੁਲਿਆ ਮੇਲ ਵਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੱਲ ਸਾਚੀ ਇਕ ਸੁਣਾਵਾਂਗਾ । ਗੱਲ ਸੱਚੀ ਇਕੋ ਦੱਸਾਂਗਾ । ਨਿੱਕਾ ਹੋ ਕੇ ਗੁਰਮੁਖਾਂ ਅੰਦਰ ਵਸਾਂਗਾ । ਵੱਡਾ ਹੋ ਕੇ ਸ਼ਾਹ ਪਾਤਸ਼ਾਹਾਂ ਸਿਰ ਖ਼ਾਕ ਘੱਤਾਂਗਾ । ਜੇ ਕੋਈ ਪੁੱਛੇ ਆਪਣਾ ਭੇਵ ਸੱਚਾ ਦੱਸਾਂਗਾ । ਭਗਤ ਦਵਾਰੇ ਉਪਰ ਚੜ੍ਹ ਚੜ੍ਹ ਹੱਸਾਂਗਾ । ਲੱਖ ਚੁਰਾਸੀ ਜੀਵ ਜੰਤ ਚਰਨਾਂ ਹੇਠਾਂ ਝੱਸਾਂਗਾ । ਕੂੜੀ ਕਿਰਿਆ ਵਿਚ ਨਾ ਫਸਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜਨ ਭਗਤਾਂ ਕੋਲੋਂ ਪਿਛੇ ਨਾ ਹਟਾਂਗਾ । ਜਨ ਭਗਤਾਂ ਕੋਲੋਂ ਪਿਛੇ ਨਾ ਹਟਣਾ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਪੀਰ ਪੈਗ਼ੰਬਰ ਰਲ ਕੇ ਮਲੋ ਵਟਣਾ, ਸਾਚਾ ਸਗਨ ਆਪ ਜਣਾਇੰਦਾ । ਪਹਿਲੋਂ ਜੀਵ ਇਕੋ ਨਾਮ ਇਕੋ ਰਟਣਾ, ਰੱਟਾ ਸਭ ਦਾ ਆਪ ਮੁਕਾਇੰਦਾ । ਇਕੋ ਘਰ ਬਹਿ ਬਹਿ ਵਸਣਾ, ਖੇੜਾ ਇਕ ਵਡਿਆਇੰਦਾ । ਅੰਮ੍ਰਿਤ ਰਸ ਇਕੋ ਚੱਟਣਾ, ਵਿਖ ਰੂਪ ਨਾ ਕੋਇ ਵਖਾਇੰਦਾ । ਸਾਢੇ ਤਿੰਨ ਹੱਥ ਖੇੜਾ ਗੋਬਿੰਦ ਬਣਿਆ ਪਟਨਾ, ਇੱਟਾਂ ਗਾਰਾ ਕੰਮ ਕੋਇ ਨਾ ਆਇੰਦਾ । ਸ੍ਰਿਸ਼ਟ ਸਬਾਈ ਪਹਿਲੀ ਚੇਤਰ ਸਭ ਕੁਛ ਦੱਸਣਾ, ਦਹਿ ਦਿਸ਼ਾ ਹੁਕਮ ਮਨਾਇੰਦਾ । ਨੌਂ ਖੰਡ ਪ੍ਰਿਥਮੀ ਇਕੋ ਹੱਟ ਵਿਕਣਾ, ਬੰਦ ਦਰਵਾਜੇ ਸਰਬ ਕਰਾਇੰਦਾ । ਰਾਜ ਰਾਜਾਨਾਂ ਪਏ ਪਿਟਣਾ, ਧੀਰਜ ਧੀਰ ਨਾ ਕੋਇ ਧਰਾਇੰਦਾ । ਸਾਰੇ ਕਹਿਣ ਸਭ ਨੂੰ ਇਕੋ ਅੱਖਰ ਪਏ ਸਿਖਣਾ, ਜੋ ਗੋਬਿੰਦ ਆਪ ਸਿਖਾਇੰਦਾ । ਪੁਰਖ ਅਕਾਲ ਨੂੰ ਪਏ ਲਿਖਣਾ, ਲੇਖਾ ਲਿਖ

ਲਿਖ ਅੱਗੇ ਧਰਾਇੰਦਾ । ਸ੍ਰਿਸ਼ਟ ਸਬਾਈ ਹੋਏ ਮਿਥਨਾ, ਮਿਥਿਆ ਰੂਪ ਸਰਬ ਜਣਾਇੰਦਾ । ਨਵ ਨੌਂ ਚਾਰ ਆਪਣੇ ਭਾਰ ਪਿਸਣਾ, ਕਲਜੁਗ ਚੱਕੀ ਗੇੜ ਭਵਾਇੰਦਾ । ਜੀਵ ਜੰਤ ਦਾੜ੍ਹਾਂ ਹੇਠ ਚਿਥਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਮਾਇੰਦਾ । ਜੋ ਕਰਨਾ ਸੋ ਕਰਾਂਗਾ । ਭਗਤ ਸੁਹੇਲੇ ਵਰਾਂਗਾ । ਡੂੰਘੀ ਕੰਦਰ ਵੜਾਂਗਾ । ਸਾਚੇ ਪੌੜੇ ਚੜ੍ਹਾਂਗਾ । ਵਿਕਾਰ ਨਾਲ ਲੜਾਂਗਾ । ਪਰੇਮ ਅਗਨੀ ਸੜਾਂਗਾ । ਜੀਵਦਿਆਂ ਹੀ ਮਰਾਂਗਾ । ਬਿਨ ਤਾਰਿਆਂ ਤਰਨੀ ਤਰਾਂਗਾ । ਜਨ ਭਗਤਾਂ ਆਪਣੇ ਜਿਹਾ ਕਰਾਂਗਾ । ਕਿਸੇ ਕੋਲੋਂ ਮੂਲ ਨਾ ਡਰਾਂਗਾ । ਸਚਖੰਡ ਬਹਿ ਕੇ ਲੜਾਂਗਾ । ਨਾਮ ਸੱਦਾ ਸੱਚਾ ਘਲਾਂਗਾ । ਜੋਤ ਸ਼ਬਦ ਸ਼ਬਦ ਜੋਤ ਰੂਪ ਰਲਾਂਗਾ । ਹਿਲਾਇਆਂ ਕਿਸੇ ਕੋਲੋਂ ਨਾ ਹੱਲਾਂਗਾ । ਆਪਣੀ ਕਰਨੀਉਂ ਕਦੀ ਨਾ ਟਲਾਂਗਾ । ਕਰ ਆਪਣੀ ਕਰਨੀ ਆਪਣਾ ਆਸਣ ਮੱਲਾਂਗਾ । ਫਿਰ ਨਾਮ ਸੰਦੇਸਾ ਘੱਲਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਸਿੰਘਾਸਣ ਆਪੇ ਮੱਲਾਂਗਾ । ਸਿੰਘਾਸਣ ਮੱਲ ਬਣਾਂ ਮਲੰਗ, ਭੇਵ ਅਭੇਦ ਨਾ ਕੋਇ ਜਣਾਇੰਦਾ । ਵੇਖਾਂ ਆਪਣਾ ਆਪੇ ਰੰਗ, ਰੂਪ ਰੰਗ ਨਾ ਕਿਸੇ ਜਣਾਇੰਦਾ । ਜੋ ਉਪਜਿਆ ਸੋ ਹੋਏ ਭੰਗ, ਭੰਗੜਾ ਕਾਲ ਰੂਪ ਵਖਾਇੰਦਾ । ਜਨ ਭਗਤ ਬਿਨ ਮਿਲੇ ਨਾ ਕਿਸੇ ਅਨੰਦ, ਅਨੰਦ ਨਜ਼ਰ ਕਿਸੇ ਨਾ ਆਇੰਦਾ । ਪ੍ਰਭ ਗਾਇਆ ਆਪਣਾ ਛੰਦ, ਸੋਹੰ ਢੋਲਾ ਇਕ ਅਲਾਇੰਦਾ । ਆਪਣਾ ਛੱਡ ਕੇ ਬੰਦ ਬੰਦ, ਸੋ ਰੂਪ ਆਪ ਸਮਾਇੰਦਾ । ਹੰ ਫੇਰ ਚੜ੍ਹਾਏ ਚੰਦ, ਭਗਤ ਭਗਵੰਤ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਜਗਤ ਪਖੰਡ ਮੇਟ ਮਿਟਾਇੰਦਾ ।



੬੦੩
੧੩

### ❇ ੨੧ ਮਾਘ ੨੦੧੯ ਬਿਕ੍ਰਮੀ ਦਲੀਪ ਸਿੰਘ ਦੇ ਗ੍ਰਿਹ ਗੱਗੋ ਬੂਆ ਜ਼ਿਲਾ ਅੰਮ੍ਰਿਤਸਰ ❇

ਸਾਹਿਬ ਤੇਰਾ ਸਚ ਮਕਾਨਾ, ਪੁਰਖ ਸੁਲਤਾਨ ਇਕੋ ਨਜ਼ਰੀ ਆਈਆ । ਸਤਿ ਸਤਿਵਾਦੀ ਝੁੱਲੇ ਨਿਸ਼ਾਨਾ, ਸ਼ਾਹ ਪਾਤਸ਼ਾਹ ਸੀਸ ਝੁਕਾਈਆ । ਤਖ਼ਤ ਨਿਵਾਸੀ ਵਡ ਮਿਹਰਵਾਨਾ, ਇਕੋ ਨਜ਼ਰੀ ਆਈਆ । ਭੂਪਤ ਭੂਪ ਰਾਜ ਰਾਜਾਨਾ, ਵਡ ਸਿਕਦਾਰਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਰਿਹਾ ਜਣਾਈਆ । ਤੇਰਾ ਖੇਲ ਅਗੰਮ ਅਥਾਹ, ਭੇਵ ਕੋਇ ਨਾ ਆਇੰਦਾ । ਜੁਗ ਚੌਕੜੀ ਆਏ ਹੰਢਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰਾ ਨਾਮ ਦ੍ਰਿੜਾਇੰਦਾ । ਨਵ ਨੌਂ ਪੰਧ ਦਿਤਾ ਮੁਕਾ, ਪਾਂਧੀ ਨਜ਼ਰ ਕੋਇ ਨਾ ਆਇੰਦਾ । ਅੰਤਮ ਢਹਿ ਪਏ ਸਰਨਾ, ਸਰਨਗਤ ਇਕ ਰਖਾਇੰਦਾ । ਪੀਰ ਪੈਗ਼ੰਬਰ ਮੰਗਣ ਪਨਾਹ, ਈਸਾ ਮੂਸਾ ਮੁਹੰਮਦ ਸੀਸ ਝੁਕਾਇੰਦਾ । ਤੁਧ ਬਿਨ ਕੋਈ ਨਾ ਮਿਲੇ ਥਾਂ, ਦਰਗਾਹ ਸਾਚੀ ਨਾ ਕੋਇ ਵਖਾਇੰਦਾ । ਨਬੀ ਰਸੂਲਾਂ ਪਕੜੀ ਬਾਂਹ, ਪੱਲੂ ਆਪਣੀ ਗੰਢ ਪਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਤੇਰੇ ਧਿਆਨ ਲਗਾਇੰਦਾ । ਤੇਰੇ ਦਰ ਲੱਗਾ ਧਿਆਨ, ਦੂਜੀ ਓਟ ਨਾ ਕੋਇ ਤਕਾਈਆ । ਮਿਹਰਵਾਨ ਤੂੰ ਮਿਹਬਾਨ, ਬੀਦੋ ਤੇਰਾ ਨੂਰ ਰੁਸ਼ਨਾਈਆ । ਪੜ੍ਹ ਪੜ੍ਹ ਆਏ ਤੇਰੀ ਕਲਾਮ, ਕਲਮਾ ਕਾਇਨਾਤ ਸੁਣਾਈਆ । ਤੂੰ ਸਾਹਿਬ ਸੱਚਾ ਅਮਾਮ, ਮੁਕਾਮੇ ਹੱਕ ਡੇਰਾ ਲਾਈਆ । ਤੇਰਾ ਊਚੋ ਊਚ ਨਿਸ਼ਾਨ, ਨਿਸ਼ਾਨਾ ਇਕੋ ਇਕ ਦਰਸਾਈਆ । ਤੇਰੇ ਉਤੇ ਸਾਡਾ ਈਮਾਨ, ਅਮਾਨਤ ਤੇਰੀ ਝੋਲੀ ਪਾਈਆ ।

ਤੇਰੇ ਹੁਕਮੇ ਅੰਦਰ ਸਿਫ਼ਤ ਕਰੇ ਕੁਰਾਨ, ਕਾਇਆ ਕੁਰਾ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਬੈਠੇ ਸੀਸ ਝੁਕਾਈਆ । ਦਰ ਬੈਠੇ ਦਰਵੇਸ਼, ਦਰਦੀ ਦਰਦ ਜਣਾਈਆ । ਭਰਮੇ ਭੁੱਲੇ ਮੁੱਲਾ ਸ਼ੇਖ਼, ਮਸਾਇਕ ਆਪਣਾ ਆਪ ਗਵਾਈਆ । ਤੇਰੇ ਨਾਲ ਕਰੇ ਨਾ ਕੋਈ ਹੇਤ, ਪਰੇਮ ਬੰਧਨ ਨਾ ਕੋਇ ਪਾਈਆ । ਚੌਦਾਂ ਸਦੀਆਂ ਲਿਖਿਆ ਲੇਖ, ਕਾਤਬ ਆਪਣੀ ਕਲਮ ਚਲਾਈਆ । ਚੌਦਾਂ ਤਬਕ ਖੇਡੀ ਖੇਡ, ਪੰਜ ਤੱਤ ਕਾਇਆ ਦੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਓਟ ਤਕਾਈਆ । ਪਰਵਰਦਿਗਾਰ ਨੌਜਵਾਨ, ਨੱਯਾ ਇਕੋ ਇਕ ਜਣਾਇੰਦਾ । ਸ਼ਾਹੋ ਭੂਪ ਰਾਜ ਰਾਜਾਨ, ਸਚ ਸੰਦੇਸਾ ਇਕ ਅਲਾਇੰਦਾ । ਉਠੋ ਵੇਖੋ ਮਾਰ ਧਿਆਨ, ਨੇਤਰ ਨੈਣ ਅੱਖ ਖੁਲਾਇੰਦਾ । ਸਾਚੇ ਤਖ਼ਤ ਬੈਠਾ ਇਕ ਭਗਵਾਨ, ਦੋ ਜਹਾਨਾਂ ਹੁਕਮ ਮਨਾਇੰਦਾ । ਸੋ ਪੁਰਖ ਨਿਰੰਜਣ ਮਿਹਰਵਾਨ, ਹਰਿ ਪੁਰਖ ਨਿਰੰਜਣ ਕਾਰ ਕਮਾਇੰਦਾ । ਏਕੰਕਾਰ ਚਲਾਵਣਹਾਰ ਵਿਧਾਨ, ਆਦਿ ਨਿਰੰਜਣ ਜੋਤੀ ਨੂਰ ਡਗਮਗਾਇੰਦਾ । ਅਬਿਨਾਸ਼ੀ ਕਰਤਾ ਦੇਵਣਹਾਰਾ ਦਾਨ, ਵਸਤ ਅਮੋਲਕ ਨਾਮ ਵਰਤਾਇੰਦਾ । ਸ੍ਰੀ ਭਗਵਾਨ ਖੇਲ ਕਰੇ ਮਹਾਨ, ਮਹਿਮਾ ਅਕੱਥ ਕਥ ਜਣਾਇੰਦਾ । ਪਾਰਬ੍ਰਹਮ ਝੁਲਾਏ ਨਿਸ਼ਾਨ, ਸਚ ਹੁਲਾਰਾ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲਾਇੰਦਾ । ਪੀਰ ਪੈਗ਼ੰਬਰ ਖੋਲ੍ਹੋ ਤਾਕ, ਤਾਕੀ ਸਭ ਦੀ ਰਿਹਾ ਖੁਲ੍ਹਾਈਆ । ਪਹਿਲੋਂ ਦੇਂਦਾ ਰਿਹਾ ਭਵਿਖਤ ਵਾਕ, ਕਲਜੁਗ ਅੰਤਮ ਪੂਰ ਕਰਾਈਆ । ਉਮਤ ਉਮਤੀ ਵੇਖੇ ਸਾਕ, ਪੁਰੀਆਂ ਲੋਆਂ ਪਰਦਾ ਲਾਹੀਆ । ਅੰਤਮ ਇਕ ਜਣਾਏ ਘਾਟ, ਪੱਤਣ ਬੈਠਾ ਸੱਚਾ ਮਾਹੀਆ । ਅੰਤਮ ਮੁੱਕੇ ਪੰਧ ਵਾਟ, ਪੈਂਡਾ ਨਜ਼ਰ ਕੋਇ ਨਾ ਆਈਆ । ਨਜ਼ਰੀ ਆਏ ਇਕੋ ਜ਼ਾਤ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਰਿਹਾ ਸੁਣਾਈਆ । ਸਾਚਾ ਹੁਕਮ ਸੁਣ ਭਗਵਾਨ, ਨੇਤਰ ਨੈਣ ਨੀਰ ਵਹਾਈਆ । ਜਿਸ ਦੀ ਸਿਫ਼ਤ ਕਰੇ ਕੁਰਾਨ, ਮੱਕਾ ਕਾਅਬਾ ਦਏ ਦੁਹਾਈਆ । ਸੋ ਸਾਹਿਬ ਪਰਗਟ ਹੋਇਆ ਆਣ, ਬੇਪਹਿਚਾਨ ਫੇਰਾ ਪਾਈਆ । ਚੌਦਾਂ ਤਬਕ ਪਾਏ ਆਣ, ਚੌਦਾਂ ਵਿਦਿਆ ਮਾਣ ਗਵਾਈਆ । ਈਸਾ ਮੂਸਾ ਮੁਹੰਮਦ ਲਏ ਉਠਾਲ, ਬਾਂਹੋਂ ਪਕੜ ਰਿਹਾ ਜਗਾਈਆ । ਲੇਖਾ ਜਾਣੇ ਹੱਕ ਹਲਾਲ, ਹਕੀਕਤ ਖੋਜੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਦ੍ਰਿੜਾਈਆ । ਪੀਰ ਪੈਗ਼ੰਬਰ ਸਚ ਸੰਦੇਸਾ, ਸਚ ਸਚ ਸੁਣਾਇੰਦਾ । ਪਰਗਟ ਹੋਇਆ ਇਕ ਨਰੇਸ਼ਾ, ਨਰ ਨਰਾਇਣ ਵੇਸ ਵਟਾਇੰਦਾ । ਕੋਟਨ ਕੋਟ ਸੀਸ ਨਿਵਾਇਣ ਬ੍ਰਹਮਾ ਵਿਸ਼ਨ ਮਹੇਸ਼ਾ, ਕੋਟਨ ਕੋਟ ਗੁਰ ਅਵਤਾਰ ਅਲਖ ਜਗਾਇੰਦਾ । ਆਦਿ ਜੁਗਾਦਿ ਰਹੇ ਹਮੇਸ਼ਾ, ਜਨਮ ਮਰਨ ਨਾ ਖੇਲ ਕਰਾਇੰਦਾ । ਘੜਨ ਭੰਨਣਹਾਰ ਆਪਣਾ ਜਾਣੇ ਇਕੋ ਪੇਸ਼ਾ, ਦੂਜਾ ਸੰਗ ਨਾ ਕੋਇ ਰਲਾਇੰਦਾ । ਵਸਣਹਾਰਾ ਸਚਖੰਡ ਸਾਚੇ ਦੇਸਾ, ਥਿਰ ਘਰ ਆਪਣਾ ਰੰਗ ਰੰਗਾਇੰਦਾ । ਕਲਜੁਗ ਅੰਤਮ ਪੀਰ ਪੈਗ਼ੰਬਰ ਗੁਰ ਅਵਤਾਰ ਬਣੇ ਨੇਤਾ, ਨਾਉਂ ਆਪਣਾ ਇਕ ਸਮਝਾਇੰਦਾ । ਚਾਰ ਜੁਗ ਦਾ ਪਿਛਲਾ ਕਰੋ ਚੇਤਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪਰਦਾ ਆਪ ਉਠਾਇੰਦਾ । ਪਾਰਬ੍ਰਹਮ ਪਤਿਪਰਮੇਸ਼ਵਰ ਸਚਖੰਡ ਦੁਆਰੇ ਜਾ ਕਿਸੇ ਨਾ ਵੇਖਾ, ਇਕੋ ਨਾਨਕ ਨਜ਼ਰੀ ਆਇੰਦਾ । ਅਧਵਿਚਕਾਰ ਜ਼ਿਮੀਂ ਅਸਮਾਨ ਖੇਡਦੇ ਰਹੇ ਖੇਡਾਂ, ਜਗਤ ਖਲਾਰੀ ਆਪ ਖਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ


੬੦੪
੧੩

ਪਰਦਾ ਆਪ ਉਠਾਇੰਦਾ । ਆਪ ਉਠਾਏ ਪਰਦਾ ਉਹਲਾ, ਪੀਰ ਪੈਗ਼ੰਬਰ ਆਪ ਜਗਾਈਆ । ਗੁਰ ਅਵਤਾਰ ਹਰਿ ਕਾ ਰੂਪ ਨਾ ਜਾਣੇ ਕਲਾ ਸੋਲਾ, ਅਨਕ ਕਲ ਵਡਿਆਈਆ । ਜੁਗ ਚੌਕੜੀ ਬਦਲਣਹਾਰਾ ਚੋਲਾ, ਨਿਰਗੁਣ ਸਰਗੁਣ ਫੇਰਾ ਪਾਈਆ । ਸਚ ਦੁਆਰੇ ਬਣਿਆ ਰਹੇ ਤੋਲਾ, ਅਤੋਲ ਅਤੁਲ ਆਪਣੀ ਧਾਰ ਚਲਾਈਆ । ਦੇਵਣਹਾਰਾ ਨਾਮ ਅਨਮੋਲਾ, ਅਨਡਿਠੜੀ ਵਸਤ ਵਰਤਾਈਆ । ਸਚਖੰਡ ਦਵਾਰਾ ਜਿਸ ਨੇ ਖੋਲ੍ਹਾ, ਖ਼ਾਲਕ ਖ਼ਲਕ ਵਿਚ ਸਮਾਈਆ । ਗੁਰ ਅਵਤਾਰਾਂ ਚੁੱਕੇ ਡੋਲਾ, ਬਣ ਕਹਾਰ ਸੇਵ ਕਮਾਈਆ । ਸ਼ਬਦ ਅਗੰਮੀ ਇਕੋ ਬੋਲਾ, ਸਤਿ ਸਤਿ ਕਰੇ ਪੜ੍ਹਾਈਆ । ਗੁਰੂ ਗੁਰ ਸਤਿਗੁਰ ਬਣ ਵਚੋਲਾ, ਸਰਗੁਣ ਨਿਰਗੁਣ ਮੇਲ ਮਿਲਾਈਆ । ਪੂਰਾ ਕਰੇ ਆਪਣਾ ਕੌਲਾ, ਕੀਤਾ ਕੌਲ ਭੁੱਲ ਨਾ ਜਾਈਆ । ਆਪੇ ਬਣੇ ਸਾਚਾ ਮੌਲਾ, ਮਵਲ ਰਿਹਾ ਸਭ ਥਾਈਆ । ਲੇਖਾ ਜਾਣੇ ਧਰਨੀ ਧਰਤ ਧੌਲਾ, ਆਕਾਸ਼ ਪਰਕਾਸ਼ ਕਰੇ ਰੁਸ਼ਨਾਈਆ । ਆਪਣਾ ਨਾਉਂ ਰਖਾਏ ਅੱਲਾ, ਅਵੱਲਾ ਮਿਹਰਵਾਨ ਬੇਪਰਵਾਹੀਆ । ਆਪਣਾ ਫੜੇ ਆਪੇ ਪੱਲਾ, ਪੱਲੂ ਆਪਣੇ ਨਾਲ ਰਖਾਈਆ । ਵਸਣਹਾਰਾ ਨਿਹਚਲ ਧਾਮ ਅਟੱਲਾ, ਸਚਖੰਡ ਸਾਚੇ ਸੋਭਾ ਪਾਈਆ । ਆਦਿ ਜੁਗਾਦੀ ਅਛਲ ਅਛੱਲਾ, ਵਲ ਛਲ ਆਪਣੀ ਕਾਰ ਕਮਾਈਆ । ਜੋਤੀ ਸ਼ਬਦੀ ਆਪੇ ਰਲਾ, ਨਿਰਗੁਣ ਦਾਤਾ ਨੂਰ ਰੁਸ਼ਨਾਈਆ । ਸਚ ਸੰਦੇਸਾ ਜੁਗ ਜੁਗ ਘੱਲਾ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪੀਰ ਪੈਗ਼ੰਬਰਾਂ ਇਕੋ ਘਰ ਵਖਾਈਆ । ਵੇਖੋ ਘਰ ਉਚਾ ਟਿੱਲਾ, ਸਚ ਸਿੰਘਾਸਣ ਆਪ ਜਣਾਇੰਦਾ । ਆਦਿ ਜੁਗਾਦਿ ਕਦੇ ਨਾ ਹਿੱਲਾ, ਰੂਪ ਰੰਗ ਨਾ ਕੋਇ ਰਖਾਇੰਦਾ । ਨਾ ਕੋਈ ਪੱਥਰ ਨਾ ਕੋਈ ਸਿਲਾ, ਇੱਟ ਗਾਰਾ ਨਾ ਵੰਡ ਵੰਡਾਇੰਦਾ । ਨਾ ਕੋਈ ਰੰਗ ਸੂਹਾ ਨੀਲਾ ਲਾਲ ਪੀਲਾ, ਚਿੱਟੀ ਧਾਰ ਨਾ ਕੋਇ ਜਣਾਇੰਦਾ । ਨਾ ਕੋਈ ਰੱਖੇ ਗੁਰ ਅਵਤਾਰ ਭਗਤ ਭਗਵੰਤ ਕਬੀਲਾ, ਵਸੀਲਾ ਹੋਰ ਨਾ ਕੋਇ ਜਣਾਇੰਦਾ । ਸ਼ਾਹੋ ਭੂਪ ਸ਼ਹਿਨਸ਼ਾਹ ਵਡ ਛੈਲ ਛਬੀਲਾ, ਆਪਣਾ ਬਲ ਆਪ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਘਰ ਇਕ ਖੁਲ੍ਹਾਇੰਦਾ । ਸਾਚਾ ਘਰ ਖੋਲ੍ਹ ਆਪ, ਆਪਣੀ ਬੂਝ ਬੁਝਾਈਆ । ਜਿਸ ਦਾ ਕਰਦੇ ਰਹੇ ਜਾਪ, ਸੋ ਸਾਹਿਬ ਨਜ਼ਰੀ ਆਈਆ । ਜਿਸ ਨੂੰ ਸਾਰੇ ਕਹਿੰਦੇ ਰਹੇ ਬਾਪ, ਪੁਰਖ ਅਕਾਲ ਵੱਡੀ ਵਡਿਆਈਆ । ਜਿਸ ਦੇ ਕੋਲੋਂ ਲੈਂਦੇ ਰਹੇ ਦਾਤ, ਖ਼ਾਲੀ ਝੋਲੀ ਰਿਹਾ ਭਰਾਈਆ । ਜਿਸ ਨੇ ਨਾਮ ਦਿਤੀ ਸਚ ਸ਼ੋਗ਼ਾਤ, ਜੁਗ ਜੁਗ ਢੋਲਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਦਰ ਇਕ ਦਰਸਾਈਆ । ਸਾਚੇ ਮੰਦਰ ਕਰੋ ਦਰਸ, ਸ੍ਰੀ ਭਗਵਾਨ ਆਪ ਜਣਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਮਿਟੇ ਹਰਸ, ਹਵਸ ਹੋਰ ਨਾ ਕੋਇ ਵਧਾਇੰਦਾ । ਨਾਤਾ ਤੁਟੇ ਅਰਸ਼ ਫ਼ਰਸ਼, ਘਰ ਇਕੋ ਨਜ਼ਰੀ ਆਇੰਦਾ । ਪੂਰਬ ਲਾਹੇ ਸਭ ਦਾ ਕਰਜ਼, ਮਕਰੂਜ਼ ਆਪਣੀ ਸੇਵ ਕਮਾਇੰਦਾ । ਸ਼ਹਿਨਸ਼ਾਹ ਪੂਰਾ ਕਰੇ ਫ਼ਰਜ਼, ਫ਼ਰਮਾਂਬਰਦਾਰ ਸੇਵ ਕਮਾਇੰਦਾ । ਜੁਗ ਚੌਕੜੀ ਜੋ ਕਰਦਾ ਰਿਹਾ ਹਰਜ, ਅੰਤ ਹਰਜਾਨਾ ਆਪ ਭਰਾਇੰਦਾ । ਸਦਾ ਸਦਾ ਜੋ ਦੇਂਦਾ ਆਪਣਾ ਰਾਗ ਨਾਦ ਨਾਮ ਤਰਜ, ਸਦਾ ਬਾਂਗ ਜੋ ਸਿਖਾਇੰਦਾ । ਸੋ ਸਾਹਿਬ ਖੇਲ ਕਰੇ ਅਸਚਰਜ, ਅਚਰਜ ਆਪਣਾ ਰਾਹ ਚਲਾਇੰਦਾ । ਲੋਕਮਾਤ ਵਿਚੋਂ ਗੁਰ ਅਵਤਾਰ ਪੀਰ ਪੈਗ਼ੰਬਰ ਲਿਆਂਦੇ ਵਰਜ, ਆਪ ਆਪਣਾ ਹੁਕਮ ਮਨਾਇੰਦਾ । ਇਕੋ ਮਾਰੇ ਅੰਤਮ ਗਰਜ, ਭਬਕ ਆਪਣੇ ਨਾਮ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਸਚ ਮਕਾਨ ਇਕ ਵਖਾਇੰਦਾ । ਸਚ ਮਕਾਨ ਬੇਮੁਕਾਮ, ਆਪਣਾ ਆਪ ਬਣਾਈਆ । ਬੇਨਜ਼ੀਰ ਬੈਠਾ ਇਕ ਅਮਾਮ, ਨੂਰੋ ਨੂਰ ਨੂਰ ਰੁਸ਼ਨਾਈਆ । ਸਾਰੇ ਸਯਦਾ ਕਰੋ ਇਕ ਸਲਾਮ, ਸਾਖਿਆਤ ਰਿਹਾ ਸਮਝਾਈਆ । ਨਗ਼ਮਾ ਨਜ਼ਮ ਪੜ੍ਹੋ ਇਕ ਕਲਾਮ, ਕਰੀਮ ਕਾਦਰ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਇਕ ਵਖਾਈਆ । ਸਾਚਾ ਖੇਲ ਕਰ ਇਕੱਠੇ, ਇਕੋ ਵਾਰ ਜਣਾਇੰਦਾ । ਪੀਰ ਪੈਗ਼ੰਬਰ ਆਏ ਨੱਠੇ, ਗੁਰ ਅਵਤਾਰ ਮੇਲ ਮਿਲਾਇੰਦਾ । ਇਕ ਦੂਜੇ ਨੂੰ ਕੋਈ ਨਾ ਦੱਸੇ, ਹਰਿ ਜੂ ਕੀ ਕੀ ਖੇਲ ਕਰਾਇੰਦਾ । ਪਰਗਟ ਹੋ ਪੁਰਖ ਸਮਰਥੇ, ਸਮਰਥ ਆਪਣੀ ਧਾਰ ਬੰਧਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜਿਸ ਦੇ ਨਾਮ ਦੇ ਗੌਂਦੇ ਰਹੇ ਕਿੱਸੇ, ਕਥਾ ਕਹਾਣੀ ਰਾਹ ਜਣਾਇੰਦਾ । ਜਿਸ ਦੇ ਹੁਕਮ ਅੰਦਰ ਦੀਨ ਮਜ਼੍ਹਬ ਵੰਡ ਕੇ ਆਏ ਹਿੱਸੇ, ਹਿੱਸਾ ਇਕੋ ਇਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਹੁਕਮ ਇਕ ਸਮਝਾਇੰਦਾ । ਸਾਚਾ ਹੁਕਮ ਲੈਣਾ ਸਿਖ, ਸੋ ਪੁਰਖ ਨਿਰੰਜਣ ਆਪ ਸਿਖਾਈਆ । ਸਾਹਿਬ ਸਤਿਗੁਰ ਇਕੋ ਆਏ ਦਿਸ, ਦੂਜਾ ਕੋਇ ਰਹਿਣ ਨਾ ਪਾਈਆ । ਕਲਜੁਗ ਅੰਤਮ ਲੱਗੇ ਪਿਠ, ਮੂੰਹ ਦੇ ਭਾਰ ਸੁਟਾਈਆ । ਫੇਰ ਸਕੇ ਨਾ ਕੋਈ ਉਠ, ਨੇਤਰ ਨੈਣ ਨੈਣ ਸ਼ਰਮਾਈਆ । ਬਿਨ ਨਾਨਕ ਕੋਈ ਨਾ ਵੇਖੇ ਚੜ੍ਹ ਕੇ ਚੋਟ, ਸਚ ਦਰ ਸੋਭਾ ਕੋਇ ਨਾ ਪਾਈਆ । ਪੀਰ ਪੈਗ਼ੰਬਰ ਆਹਲਣਿਉਂ ਡਿਗੇ ਬੋਟ, ਬਿਨ ਪਰਵਰਦਿਗਾਰ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਅੰਤਮ ਆਪਣਾ ਦਰ ਦਰਸਾਈਆ । ਆਓ ਵੇਖੋ ਖੁਲ੍ਹਾ ਦਰ, ਦਰਵਾਜ਼ਾ ਆਪ ਜਣਾਇੰਦਾ । ਜਿਸ ਘਰ ਮਿਲੇ ਸਾਚਾ ਵਰ, ਗ੍ਰਿਹ ਮੰਦਰ ਵੇਸ ਵਟਾਇੰਦਾ । ਨਿਰਭੌ ਚੁਕਾਏ ਪਿਛਲਾ ਡਰ, ਅਗਲਾ ਰਾਹ ਵਖਾਇੰਦਾ । ਇਕ ਦੂਜੇ ਦਾ ਪੱਲੂ ਲਓ ਫੜ, ਵਿਛੜਿਆਂ ਮੇਲ ਮਿਲਾਇੰਦਾ । ਇਕੋ ਢੋਲਾ ਲੈਣਾ ਪੜ੍ਹ, ਪੀਰ ਪੈਗ਼ੰਬਰਾਂ ਗੁਰ ਅਵਤਾਰਾਂ ਆਪ ਸੁਣਾਇੰਦਾ । ਪੁਰਖ ਅਕਾਲ ਆਪਣੀ ਕਰਨੀ ਰਿਹਾ ਕਰ, ਕਰਤਾ ਆਪਣੀ ਕਾਰ ਕਮਾਇੰਦਾ । ਸਿਰ ਤੇ ਭਾਣਾ ਲੈਣਾ ਜਰ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਸਚ ਮਹੱਲੇ ਵੇਖਣਾ ਚੜ੍ਹ, ਇਕੋ ਨਜ਼ਰੀ ਆਇੰਦਾ । ਨਾ ਕੋਈ ਸੀਸ ਨਾ ਕੋਈ ਧੜ, ਰੂਪ ਰੰਗ ਰੇਖ ਨਾ ਕੋਇ ਜਣਾਇੰਦਾ । ਨਾ ਜਨਮੇ ਨਾ ਜਾਏ ਮਰ, ਜੂਨ ਅਜੂਨ ਨਾ ਕੋਇ ਭਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰਾਂ ਆਪਣਾ ਘਰ ਵਖਾਇੰਦਾ । ਵੇਖੋ ਘਰ ਉਤੇ ਚੜ੍ਹ, ਸੋ ਪੁਰਖ ਨਿਰੰਜਣ ਰਿਹਾ ਜਣਾਈਆ । ਈਸਾ ਮੂਸਾ ਮੁਹੰਮਦ ਗਏ ਡਰ, ਨੈਣ ਸਕੇ ਨਾ ਕੋਇ ਉਠਾਈਆ । ਮੂਸਾ ਕਹੇ ਮੈਂ ਤੇਰਾ ਜਲਵਾ ਵੇਖ ਡਿਗਾ ਦੜ, ਸੁਧ ਰਹੇ ਨਾ ਰਾਈਆ । ਈਸਾ ਕਹੇ ਮੈਂ ਦੂਰ ਵੇਖਾਂ ਖੜ, ਚਰਨ ਧਿਆਨ ਲਗਾਈਆ । ਮੁਹੰਮਦ ਕਹੇ ਮੈਂ ਅਧਵਿਚਕਾਰ ਬੈਠਾ ਅੜ, ਮੇਰਾ ਪੰਧ ਨਾ ਕੋਇ ਮੁਕਾਈਆ । ਤੇਈ ਅਵਤਾਰ ਕਹਿਣ ਅਸੀਂ ਗਏ ਹਰ, ਹਾਰ ਜਿਤ ਤੇਰੇ ਹੱਥ ਵਖਾਈਆ । ਨਿਰਗੁਣ ਨਾਨਕ ਕਹੇ ਜਿਉਂ ਭਾਵੇਂ ਤਿਉਂ ਲੈਣੀ ਕਰ, ਮੈਂ ਚਲਾਂ ਤੇਰੀ ਰਜ਼ਾਈਆ । ਗੋਬਿੰਦ ਕਹੇ ਮੈਂ ਤੇਰਾ ਸੁਤ ਨਰਾਇਣ ਨਰ, ਪੂਤ ਸਪੂਤਾ ਇਕ ਅਖਵਾਈਆ । ਮੈਂ ਤੇਰੀ ਛਾਤੀ ਉਤੇ ਜਾਣਾ ਚੜ੍ਹ, ਉਤੇ ਬਹਿ ਬਹਿ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਆਏ ਗੋਸਾਈਆ । ਪੁਰਖ ਅਕਾਲ ਕਰ ਪਿਆਰ, ਇਕੋ ਇਕ ਜਣਾਇੰਦਾ । ਗੋਬਿੰਦ ਮੇਰਾ ਸੁਤ ਦੁਲਾਰ, ਦੂਲ੍ਹਾ ਨਜ਼ਰੀ ਆਇੰਦਾ । ਜਿਸ ਦਾ ਲੋਕਮਾਤ ਕਰ ਨਾ ਸਕਿਆ ਕੋਈ ਸਤਿਕਾਰ, ਭੇਵ

ਕੋਇ ਨਾ ਪਾਇੰਦਾ । ਆਪਣਾ ਨਾਤਾ ਤੋੜ ਸੰਸਾਰ, ਮਾਤ ਪਿਤ ਪੂਤ ਭੇਟ ਚੜ੍ਹਾਇੰਦਾ । ਇਕੋ ਮੰਨਿਆ ਪੁਰਖ ਅਕਾਲ, ਦੂਜੀ ਓਟ ਨਾ ਕੋਇ ਤਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਇੰਦਾ । ਉਠ ਗੋਬਿੰਦ ਨਿੱਕੇ ਕਾਕੇ, ਪੁਰਖ ਅਕਾਲ ਜਣਾਈਆ । ਤੇਰੀ ਸੋਹਣੀ ਲੱਗੇ ਬਾਤੇ, ਜੋ ਨੰਨ੍ਹੀ ਨੰਨ੍ਹੀ ਗਾਈਆ । ਮੇਰਾ ਤੇਰਾ ਇਕੋ ਸਾਥੇ, ਇਕੋ ਘਰ ਵੱਜੇ ਵਧਾਈਆ । ਵੇਖ ਚਰਨੀ ਡਿਗੇ ਕੋਟਨ ਤ੍ਰਿਲੋਕੀ ਨਾਥੇ, ਮਸਤਕ ਧੂੜੀ ਟਿੱਕਾ ਲਾਈਆ । ਈਸਾ ਮੂਸਾ ਮੁਹੰਮਦ ਕੋਈ ਨਾ ਵੜੇ ਮੇਰੇ ਹਾਤੇ, ਦੂਰ ਦੁਰਾਡੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸਮਝਾਈਆ । ਗੋਬਿੰਦ ਨੰਨ੍ਹਾ ਨਿੱਕਾ ਬੱਚਾ, ਸ੍ਰੀ ਭਗਵਾਨ ਆਖ ਜਣਾਇੰਦਾ । ਸ਼ਬਦੀ ਹੋ ਕੇ ਹੁਣ ਨਹੀਂ ਰਿਹਾ ਕੱਚਾ, ਪੰਜ ਤੱਤ ਕਾਇਆ ਕਚ ਨਜ਼ਰ ਨਾ ਆਇੰਦਾ । ਗੁਜਰੀ ਬਣੇ ਨਾ ਮਾਤ ਯੱਚਾ, ਇਕੋ ਤੇਰੀ ਗੋਦ ਸੁਹਾਇੰਦਾ । ਪੁਰਖ ਅਕਾਲ ਤੇਰੇ ਵਿਚ ਰਚਾ, ਦੂਜੀ ਜ਼ਾਤ ਨਾ ਕੋਇ ਬਣਾਇੰਦਾ । ਤੇਰੇ ਹੁਕਮੇ ਅੰਦਰ ਨੱਚਾ, ਲੋਕਮਾਤ ਫੇਰਾ ਪਾਇੰਦਾ । ਕਲਜੁਗ ਅੰਤਮ ਦੇ ਪਿਆਰ ਇਕੱਠਾ, ਸਿਰ ਤੇਰੇ ਅੱਗੇ ਡਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਇੰਦਾ । ਪੁਰਖ ਅਕਾਲ ਵਡ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਆ ਸੁਤ ਸੁਤ ਅੰਞਾਣ, ਬਾਲੇ ਗੋਦ ਸੁਹਾਈਆ । ਸਚਖੰਡ ਦੇਵਾਂ ਸਾਚਾ ਮਾਣ, ਮਾਣ ਮਾਣ ਵਡਿਆਈਆ । ਅੱਠੇ ਪਹਿਰ ਦਰਸ ਮਹਾਨ, ਘੜੀ ਪਲ ਵੰਡ ਨਾ ਕੋਇ ਜਣਾਈਆ । ਤੇਰਾ ਮੇਰਾ ਮੇਲਾ ਵਿਚ ਜਹਾਨ, ਲੋਕਮਾਤ ਕਰਾਂ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਸੁਣਾਈਆ । ਸਾਚਾ ਹੁਕਮ ਸੁਣਿਆ ਗੋਬਿੰਦ, ਹਰਿ ਹਰਿ ਆਖ ਜਣਾਈਆ । ਕਰ ਦਰਸ ਮਿਟੀ ਮੇਰੀ ਚਿੰਦ, ਚਿੰਤਾ ਮੈਨੂੰ ਰਹੀ ਸਤਾਈਆ । ਜਿੰਨਾਂ ਚਿਰ ਨਾ ਬਦਲੇਂ ਵਿਸ਼ਨ ਬ੍ਰਹਮਾ ਸ਼ਿਵ ਇੰਦ, ਆਦਤ ਪਿਛਲੀ ਆਪ ਬਦਲਾਈਆ । ਤੈਨੂੰ ਮੈਂ ਨਹੀਂ ਕਹਿਣਾ ਗਹਿਰ ਗੰਭੀਰ ਗੁਣੀ ਗਹਿੰਦ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਤੇਰੇ ਮੰਗ ਮੰਗਾਈਆ । ਦਰ ਤੇਰੇ ਮੰਗਾਂ ਇਕੋ ਮੰਗ, ਇਕ ਧਿਆਨ ਲਗਾਇਆ । ਤੂੰ ਦਾਤਾ ਸੂਰਾ ਸਰਬੰਗ, ਬੇਅੰਤ ਬੇਪਰਵਾਹਿਆ । ਆਪਣਾ ਨਾਮ ਦੇ ਮਰਦੰਗ, ਦੋ ਜਹਾਨਾਂ ਨਾਦ ਸੁਣਾਇਆ । ਆਪਣੀ ਸੇਜਾ ਦੇ ਪਲੰਘ, ਜਿਸ ਉਪਰ ਆਸਣ ਲਾਇਆ । ਆਪਣਾ ਨਾਮ ਆਪਣਾ ਕਾਮ ਆਪਣਾ ਗਰਾਮ ਆਪਣਾ ਨਿਸ਼ਾਨ ਆਪਣਾ ਵਖਾ ਇਕ ਅਨੰਦ, ਅਨੰਦ ਅਨੰਦ ਵਿਚ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਰਿਹਾ ਵਖਾਇਆ । ਆ ਗੋਬਿੰਦ ਲੱਗ ਛਾਤੀ, ਸ਼ਹਿਨਸ਼ਾਹ ਜਣਾਈਆ । ਤੇਰਾ ਲਹਿਣਾ ਦੇਵਾਂ ਬਾਕੀ, ਪੂਰਬ ਝੋਲੀ ਪਾਈਆ । ਨਿਰਗੁਣ ਹੋ ਕੇ ਨਿਰਗੁਣ ਸੁਣਾਏ ਬਾਤੀ, ਆਪਣਾ ਹੁਕਮ ਸਮਝਾਈਆ । ਤੇਰੀ ਅੰਤਮ ਪੁਛੇ ਵਾਤੀ, ਸਿਰ ਰੱਖੇ ਹੱਥ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਰਿਹਾ ਸੁਣਾਈਆ । ਆ ਚੜ੍ਹ ਸਾਚੇ ਸੀਨੇ, ਸੀਨਾ ਹਰਿ ਜੂ ਆਪ ਵਖਾਇੰਦਾ । ਤੈਨੂੰ ਰੰਗ ਵਖਾਏ ਭੀਨੇ, ਭਿੰਨੜੀ ਰੈਣ ਨਾਲ ਮਿਲਾਇੰਦਾ । ਤੇਰੇ ਚਰਨਾਂ ਹੇਠ ਲੋਕ ਪਰਲੋਕ ਕੀਨੇ, ਉਪਰ ਤੇਰਾ ਆਸਣ ਲਾਇੰਦਾ । ਪੀਰ ਪੈਗ਼ੰਬਰ ਹੋਣ ਅਧੀਨੇ, ਅਦਨਾ ਰੂਪ ਸਰਬ ਜਣਾਇੰਦਾ । ਲਹਿਣਾ ਚੁੱਕੇ ਮੱਕੇ ਮਦੀਨੇ, ਕਾਅਬਾ ਹੋਰ ਨਾ ਕੋਇ ਬਣਾਇੰਦਾ । ਤੇਰੇ ਘੋੜੇ ਪਾਵੇ ਜ਼ੀਨੇ, ਨੀਲਾ ਨੀਲੀ ਧਾਰੋਂ ਪਾਰ ਵਖਾਇੰਦਾ । ਕਰੇ ਖੇਲ ਚੇਤ ਮਹੀਨੇ, ਮਹਿਮਾ ਆਪਣੀ ਆਪ

ਸਮਝਾਇੰਦਾ । ਪਿਛਲੀ ਕਰਨੀ ਸਭ ਤੋਂ ਛੀਨੇ, ਛੀਨਣਹਾਰਾ ਵੇਸ ਵਟਾਇੰਦਾ । ਕਿਸੇ ਦੇ ਚਲਣੇ ਨਾ ਕੋਈ ਹੀਲੇ, ਹੁਕਮ ਆਪਣਾ ਹਰਿ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਸੀਨੇ ਉਤੇ ਬਹਾਇੰਦਾ । ਸੀਨੇ ਚੜ੍ਹ ਪੈ ਗਈ ਠੰਡ, ਸਾਂਤਕ ਸਤਿ ਜਣਾਇਆ । ਕਰ ਕਿਰਪਾ ਮਿਹਰਵਾਨ ਬਖ਼ਸ਼ੰਦ, ਤੇਰੀ ਓਟ ਤਕਾਇਆ । ਪਹਿਲੋਂ ਕੀਤਾ ਗੁਜਰੀ ਚੰਦ, ਹੁਣ ਆਪਣਾ ਲਾਲ ਬਣਾਇਆ । ਇਕੋ ਨਾਮ ਦੇ ਕਮੰਦ, ਦੋ ਜਹਾਨਾਂ ਦਿਆਂ ਹਲਾਇਆ । ਲੱਖ ਚੁਰਾਸੀ ਤੇਰਾ ਗਾਏ ਛੰਦ, ਮੇਰਾ ਢੋਲਾ ਨਾ ਕੋਇ ਵਡਿਆਇਆ । ਕੂੜੀ ਕਿਰਿਆ ਭੰਨਾਂ ਦੰਦ, ਬੱਤੀ ਦੰਦ ਨਾ ਕੋਇ ਜਣਾਇਆ । ਤੈਨੂੰ ਵੇਂਹਦਿਆਂ ਜੁਗ ਚੌਕੜੀ ਗਏ ਲੰਘ, ਤੈਨੂੰ ਤਰਸ ਅਜੇ ਨਾ ਆਇਆ । ਦਰ ਤੇਰੇ ਮੰਗੀ ਮੰਗ, ਮਾਛੂਵਾੜਾ ਸੇਜ ਹੰਡਾਇਆ । ਤੂੰ ਖੋਲ੍ਹੀ ਅੱਜੇ ਨਾ ਗੰਢ, ਕਿਉਂ ਸੂਮ ਬਣ ਕੇ ਆਪਣਾ ਵਕਤ ਲੰਘਾਇਆ । ਮੈਂ ਬੱਚੇ ਦਿਤੇ ਹੇਠਾ ਕੰਧ, ਤਲਵਾਰ ਨਾਲ ਤੇਰੀ ਭੇਟ ਚੜ੍ਹਾਇਆ । ਫਿਰ ਵੇਖਿਆ ਤੇਰਾ ਰੰਗ, ਰੰਗ ਇਕੋ ਨਜ਼ਰੀ ਆਇਆ । ਮੈਂ ਸੁੱਤਾ ਤੇਰੀ ਸੇਜ ਪਲੰਘ, ਗਲਵਕੜੀ ਸੱਚੀ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਅੱਗੇ ਸੀਸ ਝੁਕਾਇਆ । ਤੇਰੇ ਅੱਗੇ ਝੁਕਿਆ ਸੀਸ, ਪੁਰਖ ਅਕਾਲ ਬੇਪਰਵਾਹਿਆ । ਤੇਰਾ ਪੀਸਣ ਲਿਆ ਪੀਸ, ਬਣ ਸੇਵਕ ਸੇਵ ਕਮਾਇਆ । ਤੇਰੀ ਸਾਚੀ ਸਿਖਿਆ ਲਈ ਸੀਖ, ਤੁਧ ਬਿਨ ਓਟ ਨਾ ਕੋਇ ਤਕਾਇਆ । ਖਾਲੀ ਝੋਲੀ ਪਾ ਦੇ ਭੀਖ, ਬੱਚਾ ਦਰ ਤੇ ਮੰਗਣ ਆਇਆ । ਮੇਰੀ ਕੋਈ ਨਾ ਕਰੇ ਰੀਸ, ਤੇਰੀ ਸਿਰ ਤੇ ਛਤਰ ਛਾਇਆ । ਮੈਂ ਦੱਸ ਕੇ ਆਇਆ ਅੰਤਮ ਲੇਖਾ ਚੁਕੌਣਾ ਬੀਸ ਇਕੀਸ, ਸਚ ਸੰਦੇਸਾ ਇਕ ਅਲਾਇਆ । ਹੁਣ ਨਾ ਬਦਲ ਮੇਰੀ ਤਰੀਕ, ਤਰੀਕਾ ਤੇਰੇ ਹੱਥ ਰਖਾਇਆ । ਨਿਤ ਨਵਿਤ ਤੇਰੀ ਉਡੀਕ, ਨੇਤਰ ਨੈਣ ਧਿਆਨ ਲਗਾਇਆ । ਮੇਰੀ ਆਸਾ ਪੂਰੀ ਕਰਦੇ ਠੀਕ, ਠੋਕਰ ਹੋਰ ਨਾ ਕੋਇ ਜਣਾਇਆ । ਤੇਰਾ ਪਿਆਲਾ ਪੀਤਾ ਲਾ ਕੇ ਡੀਕ, ਦੂਜੇ ਹੱਥ ਨਾ ਕਿਸੇ ਫੜਾਇਆ । ਤੇਰੇ ਨਾਲ ਲੱਗੀ ਪ੍ਰੀਤ, ਨਾ ਕੋਈ ਤੋੜੇ ਤੋੜ ਤੁੜਾਇਆ । ਜੇ ਕੋਈ ਪਿਛੇ ਵਿਥ ਰਹਿ ਗਈ ਝੀਤ, ਹੁਣ ਆਪਣੀ ਹੱਥੀਂ ਬੰਦ ਦੇ ਕਰਾਇਆ । ਜੇ ਨਾ ਮੰਨੇਂ ਬੱਚੇ ਦੀ ਪੂਰੀ ਕਰੇਂ ਨਾ ਰੀਝ, ਤੈਨੂੰ ਪਿਉ ਨਾ ਕਿਸੇ ਬਣਾਇਆ । ਤੂੰ ਸਚਖੰਡ ਬੈਠਾ ਰਿਹੋਂ ਅੰਦਰ ਦਹਿਲੀਜ, ਲੋਕਮਾਤ ਲੁਕ ਲੁਕ ਵਕਤ ਲੰਘਾਇਆ । ਤੇਰਾ ਬਣਿਆ ਨਾ ਕੋਇ ਸ਼ਰੀਕ ਸ਼ਰਕਤ ਸਭ ਦੇ ਵਿਚ ਭਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਇਆ । ਦਰ ਤੇਰੇ ਆਸ ਰੱਖੀ ਨਿੱਕੀ, ਵੱਡੀ ਮੰਗ ਨਾ ਕੋਇ ਮੰਗਾਈਆ । ਚਾਰ ਵਰਨ ਬਣੌਣੀ ਇਕੋ ਸਿਖੀ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਰਹਿਣ ਕੋਇ ਨਾ ਪਾਈਆ । ਸਭ ਦੇ ਉਤੇ ਚਾਦਰ ਦੇਣੀ ਨਾਮ ਚਿੱਟੀ, ਤੇਗ ਬਹਾਦਰ ਗਿਆ ਸਮਝਾਈਆ । ਆਪਣੇ ਨਾਮ ਦੀ ਦੇ ਦੇ ਚਿਠੀ, ਲੋਕਮਾਤ ਜਾਵਾਂ ਚਾਈਂ ਚਾਈਂਆ । ਤੇਰੀ ਸੇਵਾ ਪਿਛੇ ਬਥੇਰੀ ਕੀਤੀ, ਕੀ ਤੂੰ ਸੇਵਾ ਦਾ ਭੁੱਖਾਂ ਤੇਰੀ ਭੁੱਖ ਨਾ ਕੋਇ ਮਿਟਾਈਆ । ਦੁੱਖ ਦੇਣਾ ਤੇਰੀ ਬਣੀ ਰੀਤੀ, ਸੁਖ ਤੇਰਾ ਹੱਥ ਕਿਸੇ ਨਾ ਆਈਆ । ਕਿਸੇ ਵਾੜ ਛਡਿਆ ਵਿਚ ਮਸੀਤੀ, ਕਿਸੇ ਮੰਦਰਾਂ ਵਿਚ ਬਹਾਈਆ । ਕਿਸੇ ਬਣਾਇਆ ਜਗਤ ਸ਼ਰੀਕੀ, ਕਿਸੇ ਮਜ਼੍ਹਬਾਂ ਨਾਲ ਟਕਰਾਈਆ । ਵਿਚ ਰੱਖੀ ਨਿਕੀ ਜਿਹੀ ਗੀਟੀ, ਜਿਸ ਨੂੰ ਪਾਰ ਨਾ ਕੋਇ ਕਰਾਈਆ । ਪਿਛਲੀ ਜੇ ਸੁਣਾਵਾਂ ਕਹਾਣੀ ਬੀਤੀ, ਤੈਥੋਂ ਦੁੱਖ ਝੱਲਿਆ ਨਾ ਜਾਈਆ । ਤੇਰੇ ਪਿਛੇ ਅਰਜਣ ਚੜ੍ਹਿਆ ਵਿਚ ਅੰਗੀਠੀ, ਆਪਣਾ ਆਪ ਜਲਾਈਆ । ਤੂੰ ਸਾਰੀਆਂ ਗੱਲਾਂ ਕੀਤੀਆਂ

ਅਨਡੀਠੀ, ਅਨਡਿਠੀ ਆਪਣੀ ਕਾਰ ਕਮਾਈਆ । ਮੈਂ ਤੇਰੇ ਕੋਲੋਂ ਸਿਖਿਆ ਸਿਖੀ, ਜੋ ਗੋਦੀ ਵਿਚ ਬਹਾ ਦਿਤਾ ਸਮਝਾਈਆ । ਬਿਨ ਪੁਰਖ ਅਕਾਲ ਸ੍ਰਿਸ਼ਟ ਸਬਾਈ ਫਿਕੀ, ਸਾਚਾ ਰਸ ਨਾ ਕੋਇ ਜਣਾਈਆ । ਬਿਨ ਗੋਬਿੰਦ ਕੋਈ ਨਾ ਪਾਏ ਇਕੀ, ਦੂਇਉਂ ਏਕਾ ਰੂਪ ਬਣਾਈਆ । ਪੀਰ ਪੈਗ਼ੰਬਰ ਗੁਰ ਅਵਤਾਰ ਤੇਰੇ ਬਣਦੇ ਰਹੇ ਹਿਤੀ, ਤੂੰ ਆਪਣਾ ਭੇਵ ਨਾ ਕਿਸੇ ਜਣਾਈਆ । ਤੇਰੀ ਕਹਾਣੀ ਵੇਦ ਪੁਰਾਨ ਸਭ ਨੇ ਲਿਖੀ, ਅੰਤ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਦੇ ਸਾਚਾ ਵਰ, ਤੁਧ ਬਿਨ ਖ਼ੈਰ ਕੋਇ ਨਾ ਪਾਈਆ । ਪਾ ਦੇ ਖ਼ੈਰ ਖ਼ੈਰਖ਼ਾਹ, ਖ਼ਾਹ ਮਖ਼ਾਹ ਕਿਉਂ ਮੁਖ ਭੁਆਇਆ । ਹੁਣ ਨਹੀਂ ਲੱਗਣ ਦੇਣਾ ਤੇਰਾ ਦਾਅ, ਪਿਛਲਾ ਚੇਤਾ ਮੋਹੇ ਆਇਆ । ਹੁਣ ਨਹੀਂ ਖਾਣਾ ਤੇਰਾ ਵਸਾਹ, ਅਛਲ ਅਛੱਲ ਤੇਰੀ ਵਡਿਆਇਆ । ਜਿੰਨਾਂ ਚਿਰ ਬਣੇਂ ਨਾ ਨਾਲ ਮਲਾਹ, ਤੇਰਾ ਪੱਲਾ ਸਕੇ ਨਾ ਕੋਇ ਛਡਾਇਆ । ਆਪਣੀ ਦੇ ਦੇ ਸਚ ਸਲਾਹ, ਸੁਲ੍ਹਾਕੁਲ ਤੇਰੀ ਸਰਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਮੰਗਣ ਆਇਆ । ਮੰਗਣ ਆਇਆ ਮੰਗਤਾ, ਦੇ ਪ੍ਰਭੂ ਜਜਮਾਨ । ਇਹ ਮੰਗਤਾ ਨਾ ਭੁੱਖਾ ਨਾ ਨੰਗਤਾ, ਤੇਰਾ ਪੁੱਤ ਜਵਾਨ । ਤੇਰੇ ਦਰ ਦਰਵਾਜ਼ੇ ਆਪੇ ਲੰਘਦਾ, ਕੁੰਡਾ ਖੋਲ੍ਹ ਸਚਖੰਡ ਮਕਾਨ । ਨੇੜੇ ਆ ਕੇ ਮੂਲ ਨਾ ਸੰਗਦਾ, ਉਛਲੇ ਕੁਦੇ ਹੋ ਕੇ ਨੌਜਵਾਨ । ਤੇਰਾ ਪਰੇਮ ਆਪਣੇ ਰੰਗ ਰੰਗਦਾ, ਤੂੰ ਹੋ ਮਿਹਰਵਾਨ । ਤੇਰਾ ਵੇਲਾ ਜਾਏ ਲੰਘਦਾ, ਦਰੋਹੀ ਫਿਰੀ ਦੋ ਜਹਾਨ । ਹੁਣ ਵੇਲਾ ਵੇਖ ਪੌਣ ਠੰਡ ਦਾ, ਅੱਗ ਲੱਗੀ ਜ਼ਿਮੀਂ ਅਸਮਾਨ । ਕਿਉਂ ਨਹੀਂ ਟੁੱਟੀ ਸਭ ਦੀ ਗੰਢਦਾ, ਰਾਮ ਰਹੀਮ ਤੂੰ ਰਹਿਮਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਤੇਰਾ ਝੁਲੇ ਸਚ ਨਿਸ਼ਾਨ । ਮੰਗਣ ਆਇਆ ਨਾ ਬਣੇ ਗ਼ਰੀਬ, ਹੱਕ ਆਪਣਾ ਮੰਗ ਮੰਗਾਈਆ । ਪਿਤਾ ਪੁਤ ਨੂੰ ਕਰ ਵਸੀਅਤ, ਹੱਕ ਆਪਣਾ ਹੱਥ ਫੜਾਈਆ । ਮੈਂ ਤੇਰੀ ਮੰਨਾਂ ਸਚ ਨਸੀਹਤ, ਅਭੁੱਲ ਭੁੱਲ ਕਦੇ ਨਾ ਜਾਈਆ । ਤੇਰਾ ਮੇਰਾ ਨਾਤਾ ਇਕ ਅਸਲੀਅਤ, ਅਸਲ ਤੇਰਾ ਨਾਉਂ ਨਜ਼ਰੀ ਆਈਆ । ਹੁਣ ਛੱਡ ਦੇ ਪਿਛਲੀ ਖ਼ਸਲੀਅਤ, ਗੁਰ ਅਵਤਾਰ ਪੀਰ ਪੈਗ਼ੰਬਰ ਜੋ ਪਿਛੇ ਰਿਹੋਂ ਟਕਰਾਈਆ । ਬਿਨ ਗੋਬਿੰਦ ਤੇਰੀ ਅੱਗੇ ਚਲੇ ਨਾ ਕੋਇ ਵਲਦੀਅਤ, ਤੇਰਾ ਨਾਉਂ ਨਾ ਕੋਇ ਸੁਣਾਈਆ । ਬੇਸ਼ਕ ਤੇਰੀ ਸਚਖੰਡ ਵਿਚ ਹੈਸੀਅਤ, ਲੋਕਮਾਤ ਤੇਰਾ ਗੁਣ ਕੋਇ ਨਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮੰਗਣ ਆਈਆ । ਮੇਰਾ ਦੇ ਦੇ ਆਪੇ ਹੱਕ, ਅਦਲ ਆਦਲ ਇਕ ਅਖਵਾਇਆ । ਜੇ ਕੋਈ ਪਿਛਲਾ ਪਿਆ ਸ਼ੱਕ, ਮੈਨੂੰ ਮੂੰਹ ਤੇ ਦੇ ਸਮਝਾਇਆ । ਤੁਧ ਬਿਨ ਮੈਨੂੰ ਕੋਈ ਨਾ ਸਕੇ ਡੱਕ, ਦੋ ਜਹਾਨ ਚਰਨਾਂ ਹੇਠਾਂ ਦਿਆਂ ਦਬਾਇਆ । ਔਹ ਵੇਖ ਪੀਰ ਪੈਗ਼ੰਬਰ ਦੂਰ ਦੁਰਾਡੇ ਤੇਰਾ ਚਰਨ ਸਰੋਵਰ ਰਹੇ ਲੱਕ, ਬੂੰਦ ਬੂੰਦ ਮੁਖ ਚੁਆਇਆ । ਚਾਰ ਕੁੰਟ ਦਹਿ ਦਿਸ਼ਾ ਦੋ ਜਹਾਨ ਬ੍ਰਹਿਮੰਡ ਖੰਡ ਤੇਰਾ ਰਾਹ ਰਹੇ ਤੱਕ, ਤਕਵਾ ਤੇਰੇ ਉਤੇ ਰਖਾਇਆ । ਅਸੀਂ ਵੀ ਤੇਰੇ ਕੋਲੋਂ ਗਏ ਅੱਕ, ਤੂੰ ਆਪਣਾ ਭੇਵ ਨਾ ਕਿਸੇ ਜਣਾਇਆ । ਪਿਛੇ ਮੰਗਤੇ ਬਣ ਬਣ ਮੰਗਦੇ ਗਏ ਥੱਕ, ਸਾਨੂੰ ਮੰਗਣਾ ਅੱਜੇ ਨਾ ਆਇਆ । ਹੁਣ ਵੀ ਮੈਂ ਇਰਾਦਾ ਕੀਤਾ ਪੱਕ, ਪੱਕੀ ਇਕੋ ਇਕ ਪਕਾਇਆ । ਜਿੰਨਾਂ ਚਿਰ ਨਾ ਖੋਲ੍ਹੇਂ ਆਪਣਾ ਹੱਟ, ਓਨ੍ਹਾਂ ਚਿਰ ਮੇਰੀ ਜਿਦ ਨਾ ਸਕੇ ਕੋਇ ਛੁਡਾਇਆ । ਜਾਂ ਅੱਗੋਂ ਕਹਿ ਮੈਂ ਨਹੀਂ ਪੁਰਖ ਸਮਰਥ, ਮੈਨੂੰ ਖਾਲੀ ਹੱਥ ਦੇ ਵਖਾਇਆ । ਜਾਂ ਸਚਖੰਡ ਦਵਾਰ ਦੇ ਛੱਡ, ਕਿਉਂ ਬੈਠਾ ਆਸਣ

ਲਾਇਆ । ਨਹੀਂ ਤੇ ਸਾਡੇ ਨਾਲੋਂ ਹੋ ਜਾ ਅੱਡ, ਆਪਣਾ ਨਾਤਾ ਲੈ ਤੁੜਾਇਆ । ਫੇਰ ਤੇਰਾ ਪੁੱਤ ਨਿਸ਼ਾਨਾ ਦੇਵੇ ਗੱਡ, ਨਾ ਕੋਈ ਸਕੇ ਆਦਿ ਅੰਤ ਹਿਲਾਇਆ । ਬੌਹੜੀ ਤੇਰੇ ਇਨਸਾਫ਼ ਦੀ ਹੋ ਗਈ ਹੱਦ, ਤੈਨੂੰ ਰਹਿਮ ਜ਼ਰਾ ਨਾ ਆਇਆ । ਅਸੀਂ ਤੇਰੇ ਕੋਲੋਂ ਸਿਖਿਆ ਚੱਜ, ਤੂੰ ਚੰਗੀ ਤਰ੍ਹਾ ਸਮਝਾਇਆ । ਲੋਕਮਾਤ ਧਰਤੀ ਉਤੇ ਵਖੌਂਦੇ ਰਹੇ ਤੇਰਾ ਹੱਜ, ਇੱਟਾਂ ਪੱਥਰਾਂ ਮੱਥੇ ਟਿਕਾਇਆ । ਕਲਮ ਸ਼ਾਹੀ ਕਾਗ਼ਜ਼ਾਂ ਉਤੇ ਲੈਂਦਾ ਰਿਹੋਂ ਅੱਜ ਪੱਜ, ਆਪਣੀ ਸਿਫ਼ਤ ਕਰ ਸਾਲਾਹਿਆ । ਹੁਣ ਤੇਰੀ ਛਾਤੀ ਉਤੇ ਚੜ੍ਹਿਆ ਭੱਜ, ਗੋਬਿੰਦ ਆਪਣਾ ਬਲ ਰਖਾਇਆ । ਨਹੀਂ ਤੇ ਮੇਰਾ ਪਰਦਾ ਕੱਜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਦੇ ਸਾਚਾ ਵਰ, ਬਣ ਦਰਦੀ ਦਰਦ ਵੰਡਾਇਆ । ਛਾਤੀ ਉਤੇ ਚੜ੍ਹ ਕੇ ਲਾਲ, ਹਰਿ ਲਾਲਨ ਰਿਹਾ ਜਣਾਈਆ । ਸਾਹਿਬ ਤੇਰਾ ਨੂਰ ਬੇਮਿਸਾਲ, ਨੂਰੋ ਨੂਰ ਨੂਰ ਰੁਸ਼ਨਾਈਆ । ਤੇਰਾ ਸਚ ਸਚ ਜਮਾਲ, ਬੇਅੰਤ ਤੇਰੀ ਸ਼ਹਿਨਸ਼ਾਹੀਆ । ਸਦਾ ਸਦਾ ਸਦ ਚਲੀਂ ਨਾਲ, ਵਿਛੜ ਕਦੇ ਨਾ ਜਾਈਆ । ਪਹਿਲੋਂ ਨਾਤਾ ਜੁੜਿਆ ਮਹਾਂਕਾਲ, ਚੰਡ ਪਰਚੰਡ ਮਾਤ ਚਮਕਾਈਆ । ਹੁਣ ਸਾਹਿਬ ਹੋ ਦਿਆਲ, ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦੂਜੇ ਦਰ ਨਾ ਮੰਗਣ ਜਾਈਆ । ਦੂਜਾ ਦਰ ਨਾ ਦਿਸੇ ਕੋ, ਨਜ਼ਰ ਕੋਇ ਨਾ ਆਇੰਦਾ । ਗੋਬਿੰਦ ਤੇਰੇ ਜੋਗਾ ਗਿਆ ਹੋ, ਹੋਕਾ ਹੱਕ ਸੁਣਾਂਵਣਾ । ਮੈਂ ਕਰ ਕੇ ਜ਼ਿਦ ਤੇਰੇ ਕੋਲੋਂ ਆਪਣੀ ਵਸਤ ਲੈਣੀ ਖੋਹ, ਖੁਲਮ ਖੁੱਲਾ ਹਾਲ ਜਣਾਂਵਣਾ । ਮੈਂ ਬਾਲ ਬਣ ਕੇ ਪੈਣਾ ਰੋ, ਤੂੰ ਪਿਤਾ ਤਰਲੇ ਕੱਢ ਫੇਰ ਮਨਾਵਣਾ । ਤੂੰ ਸੁਣ ਲੈ ਮੇਰੀ ਸੋ, ਸੋਹਬਤ ਆਪਣੀ ਇਕ ਸਮਝਾਵਣਾ । ਮੈਂ ਦੂਰ ਦੁਰਾਡੇ ਹੋ, ਅੱਗੇ ਨੱਠ ਨੱਠ ਫੇਰ ਵਖਾਵਣਾ । ਜੇ ਭੱਜ ਕੇ ਲਵੇਂ ਛੋਹ, ਮੈਂ ਹੱਸ ਕੇ ਮੁਖ ਮੁਸਕਰਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚਖੰਡ ਤੇਰਾ ਰੰਗ ਸੁਹਾਵਣਾ । ਜੇ ਨਾ ਦੇਵੇਂ ਆਪਣੇ ਆਪ, ਆਪਣੀ ਜ਼ਿਦ ਰਖਾਈਆ । ਮੈਂ ਸ੍ਰਿਸ਼ਟ ਸਬਾਈ ਕਹਿਣਾ ਕੋਈ ਨਾ ਕਰਿਓ ਇਹਦਾ ਪਾਠ, ਜੀਵ ਜੰਤ ਦਿਆਂ ਭੁਲਾਈਆ । ਮੈਂ ਚੌਦਾਂ ਲੋਕ ਬੰਦ ਕਰਾਵਾਂ ਹਾਟ, ਚੌਦਾਂ ਤਬਕ ਨਾ ਤੇਰੀ ਸ਼ਨਵਾਈਆ । ਤੇਰੀ ਨਜ਼ਰ ਨਾ ਆਏ ਜ਼ਾਤ, ਸਚਖੰਡ ਬੈਠਾ ਰੋਵੇਂ ਮਾਰੇਂ ਧਾਹੀਆ । ਫੇਰ ਆਪੇ ਕਰੇਂ ਮੇਰੀ ਤਲਾਸ਼, ਲੋਆਂ ਪੁਰੀਆਂ ਖੋਜ ਖੋਜਾਈਆ । ਬਿਨ ਪੁੱਤਰਾਂ ਪਿਤਾ ਹੋਏ ਉਦਾਸ, ਸਾਂਤਕ ਸਤਿ ਨਾ ਕੋਇ ਕਰਾਈਆ । ਸਾਹਿਬ ਤੇਰੀ ਸ਼ਬਦ ਸਾਚੀ ਰਾਸ, ਸ਼ਬਦ ਗੋਬਿੰਦ ਨਾਉਂ ਜਣਾਈਆ । ਜਿੰਨਾਂ ਚਿਰ ਤੇਰੇ ਨਾ ਵਸੇ ਪਾਸ, ਤੇਰੇ ਗੀਤ ਕੋਇ ਨਾ ਗਾਈਆ । ਮੁਢ ਕੰਮ ਨਾ ਆਵੇ ਬਿਨਾਂ ਸ਼ਾਖ਼, ਪਤ ਡਾਲੀ ਫੁਲ ਨਾ ਕੋਇ ਲਗਾਈਆ । ਫੇਰ ਜੇ ਮੇਰੇ ਵਲ ਲਵੇਂ ਝਾਕ, ਮੈਂ ਪਿਛਾ ਲਵਾਂ ਬਦਲਾਈਆ । ਜਿਨ੍ਹਾਂ ਚਿਰ ਨਾ ਕਹੇਂ ਗੋਬਿੰਦ ਮੇਰਾ ਸਾਕ, ਨਾਤਾ ਜੁੜਿਆ ਇਕੋ ਥਾਈਆਂ । ਪਿਛੇ ਫੇਰ ਨਾ ਪੁਛੇਂ ਵਾਤ, ਮਗਰ ਨੱਠੇਂ ਨਾ ਵਾਹੋ ਦਾਹੀਆ । ਓਨ੍ਹਾਂ ਚਿਰ ਨਾ ਆਵਾਂ ਤੇਰੇ ਪਾਸ, ਰੁੱਸ ਰੁੱਸ ਆਪਣਾ ਵਕਤ ਲੰਘਾਈਆ । ਫੇਰ ਸਾਹਿਬ ਤੂੰ ਮੈਨੂੰ ਕਹਿਣਾ ਪੁੱਤ ਮੇਰਾ ਬਦਮਾਸ਼, ਬਿਨ ਮੇਰੇ ਹੁਕਮੋਂ ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਰਿਹਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਦੇ ਦੇ ਆਪਣਾ ਵਰ, ਨਿਮਣੀ ਠਿਮਣੀ ਰਹਿਣ ਕੋਇ ਨਾ ਪਾਈਆ । ਨਿਮਣੀ ਠਿਮਣੀ ਨਾ ਕੋਈ ਡਰ, ਭੈ ਅਵਰ ਨਾ ਕੋਇ ਜਣਾਇੰਦਾ । ਮੈਂ ਜੰਮਿਆ ਤੇਰੇ ਘਰ, ਹੱਕ ਇਕੋ ਨਜ਼ਰੀ ਆਇੰਦਾ । ਜਿਸ ਵੇਲੇ ਚਾਹਵਾਂ ਲਵਾਂ ਫੜ, ਤੂੰ ਮੇਰਾ ਪਿਤਾ ਅਖਵਾਇੰਦਾ । ਕਿਉਂ, ਨਾ ਜੰਮੇਂ ਨਾ ਜਾਏਂ ਮਰ, ਨਾਲ


੬੧੦ ੧੩

੬੧੧
੧੩

ਮੇਰਾ ਜਨਮ ਮਰਨ ਕਟਾਇੰਦਾ । ਕਿਉਂ ਸੁੱਤਾ ਮਾਰ ਕੇ ਦੜ, ਨਧੜਕ ਆਪ ਉਠਾਇੰਦਾ । ਮੈਂ ਹੁਣ ਅੱਗੇ ਜਾਣਾ ਅੜ, ਅੜਿਕਾ ਇਕੋ ਇਕ ਵਖਾਇੰਦਾ । ਕਿਉਂ ਸਭ ਤੋਂ ਪਹਿਲੋਂ ਸ਼ਬਦ ਦਾ ਘਾੜਨ ਲਿਆ ਘੜ, ਘੜ ਕੇ ਥਿਰ ਘਰ ਆਪ ਬਹਾਇੰਦਾ । ਫਿਰ ਦਿਤਾ ਸੱਚਾ ਵਰ, ਵਿਸ਼ਨ ਬ੍ਰਹਮਾ ਸ਼ਿਵ ਉਪਜਾਇੰਦਾ । ਫੇਰ ਵਸਾਇਆ ਮੇਰਾ ਘਰ, ਕੋਟਨ ਕੋਟ ਬ੍ਰਹਿਮੰਡ ਖੰਡ ਤੇਰੀ ਰਚਨ ਵਖਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਲੋਕਮਾਤ ਘੱਲ, ਬੋਧ ਅਗਾਧ ਗਿਆਨ ਦ੍ਰਿੜਾਇੰਦਾ । ਤੂੰ ਬੈਠਾ ਰਿਹੋਂ ਨਿਹਚਲ ਧਾਮ ਅਟੱਲ, ਆਪਣਾ ਮੁਖ ਛੁਪਾਇੰਦਾ । ਮੈਂ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵਾਹਿਆ ਹੱਲ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਰੂਪ ਵਟਾਇੰਦਾ । ਕਲਜੁਗ ਅੰਤਮ ਪੰਜ ਤੱਤ ਗੋਬਿੰਦ ਨਾਮ ਰੱਖ ਕੇ ਅੰਤਮ ਤੇਰੇ ਵਿਚ ਗਿਆ ਰਲ, ਆਪਣੀ ਜ਼ਾਤ ਨਾ ਕੋਇ ਵਖਾਇੰਦਾ । ਕੀ ਹੁਣ ਵੀ ਨਹੀਂ ਦੇਂਦਾ ਫਲ, ਤੇਰੇ ਘਰ ਘਾਟਾ ਨਜ਼ਰ ਕੋਇ ਨਾ ਆਇੰਦਾ । ਪੁਰਖ ਅਕਾਲ ਕਹੇ ਉਠ ਮੇਰੇ ਨਾਲ ਚਲ, ਸਾਚਾ ਰਾਹ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਅਗਲੀ ਦੱਸੇ ਫੇਰ ਗੱਲ, ਗ਼ੁਸਾ ਗਿਲਾ ਨਾ ਕੋਇ ਰਖਾਇੰਦਾ ।

## ❇ ੨੨ ਮਾਘ ੨੦੧੯ ਬਿਕ੍ਰਮੀ ਗੁਰਬਖ਼ਸ਼ ਸਿੰਘ ਦੇ ਗ੍ਰਿਹਿ ਗੱਗੋ ਬੂਆ ਜ਼ਿਲਾ ਅੰਮ੍ਰਿਤਸਰ ❇

ਬੱਚੇ ਨਾਲ ਸੋਹੇ ਬਾਪ, ਪਿਤਾ ਪੂਤ ਵਡਿਆਈਆ । ਬੱਚੇ ਦੇਵੇ ਆਪਣਾ ਜਾਪ, ਸਚਖੰਡ ਨਿਵਾਸੀ ਦਇਆ ਕਮਾਈਆ । ਸੁਤ ਸ਼ਬਦ ਵੇਖ ਆਪਣਾ ਆਪ, ਨਿਰਗੁਣ ਨਿਰਗੁਣ ਰਿਹਾ ਜਣਾਈਆ । ਆਪੇ ਮੰਤਰ ਆਪੇ ਪਾਠ, ਇਸ਼ਟ ਦੇਵ ਆਪ ਧਰਾਈਆ । ਆਪੇ ਸੱਜਣ ਆਪੇ ਸਾਕ, ਆਪਣਾ ਸੰਗ ਆਪ ਰਖਾਈਆ । ਆਪੇ ਤੀਰਥ ਆਪੇ ਤਾਟ, ਤਟ ਕਿਨਾਰਾ ਆਪ ਸੁਹਾਈਆ । ਆਪੇ ਲੋਕ ਪਰਲੋਕ ਖੋਲ੍ਹੇ ਹਾਟ, ਵਸਣਹਾਰ ਆਪ ਹੋ ਜਾਈਆ । ਆਪੇ ਬੋਧ ਅਗਾਧ ਜਣਾਏ ਗਾਥ, ਨਿਸ਼ਅੱਖਰ ਕਰੇ ਆਪ ਪੜ੍ਹਾਈਆ । ਆਪ ਚਲਾਵਣਹਾਰਾ ਸਾਚਾ ਰਾਥ, ਬਣ ਰਥਵਾਹੀ ਸੇਵ ਕਮਾਈਆ । ਆਪੇ ਹੋਏ ਪੁਰਖ ਸਮਰਾਥ, ਸਮਰਥ ਆਪਣਾ ਨਾਉਂ ਜਣਾਈਆ । ਆਪੇ ਸੁਤ ਦੁਲਾਰਾ ਕਰ ਪਰਗਟ, ਸ਼ਬਦੀ ਸ਼ਬਦ ਦਏ ਵਡਿਆਈਆ । ਆਪੇ ਖੋਲ੍ਹਣਹਾਰਾ ਥਿਰ ਘਰ ਸੱਚਾ ਹੱਟ, ਛੱਪਰ ਛੰਨ ਨਾ ਕੋਇ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਿਤਾ ਪੂਤ ਵੇਸ ਵਟਾਈਆ । ਆਪੇ ਪਿਤਾ ਆਪੇ ਮਾਤਾ, ਪਾਰਬ੍ਰਹਮ ਵੱਡੀ ਵਡਿਆਈਆ । ਆਪੇ ਖੇਲੇ ਖੇਲ ਤਮਾਸ਼ਾ, ਖੇਲਣਹਾਰਾ ਇਕ ਰਘਰਾਈਆ । ਆਪੇ ਦੇਵੇ ਸਾਚੀ ਦਾਤਾ, ਦਾਤਾ ਦਾਨੀ ਦਇਆ ਕਮਾਈਆ । ਆਪੇ ਜਨਨੀ ਜਨ ਜਣੇ ਕਾਕਾ, ਬਾਲ ਬਾਲਾ ਗੋਦ ਉਠਾਈਆ । ਆਪ ਬੰਧਾਏ ਆਪਣਾ ਨਾਤਾ, ਨਾਤਾ ਬਿਧਾਤਾ ਜੋੜ ਜੁੜਾਈਆ । ਆਪੇ ਸਚਖੰਡ ਨਿਵਾਸੀ ਪੁਛੇ ਵਾਤਾ, ਥਿਰ ਘਰ ਮਿਹਰ ਨਜ਼ਰ ਟਿਕਾਈਆ । ਆਪੇ ਹੋਏ ਪੁਰਖ ਅਬਿਨਾਸ਼ਾ, ਅਬਿਨਾਸ਼ੀ ਆਪਣਾ ਰਾਹ ਜਣਾਈਆ । ਆਪੇ ਨਿਰਗੁਣ ਅੰਦਰ ਨਿਰਗੁਣ ਕਰੇ ਵਾਸਾ, ਨਿਰਵੈਰ ਆਪਣਾ ਰੰਗ ਵਟਾਈਆ । ਆਪੇ ਆਪਣੀ ਪੂਰੀ ਕਰੇ ਆਸਾ, ਆਸਾ ਆਸਾ ਵਿਚ ਸਮਾਈਆ । ਆਪ ਉਪਾਏ ਆਪਣਾ ਆਪਾ, ਸੁਤ ਦੁਲਾਰਾ ਇਕ ਉਪਾਈਆ । ਆਪ ਵਖਾਏ ਆਪਣਾ ਡੂੰਘਾ ਖਾਤਾ, ਗਹਿਰ ਗੰਭੀਰ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਿਤਾ ਪੂਤ ਸੋਭਾ

ਪਾਈਆ । ਪਿਤਾ ਪੂਤ ਸੋਭਨੀਕ, ਸਚਖੰਡ ਦਵਾਰੇ ਸੋਭਾ ਪਾਇੰਦਾ । ਦੂਸਰ ਨਾ ਕੋਇ ਦਿਸੇ ਸ਼ਰੀਕ, ਲਾਸ਼ਰੀਕ ਡੇਰਾ ਲਾਇੰਦਾ । ਨਾ ਕੋਈ ਅੰਧੇਰਾ ਨਾ ਤਾਰੀਕ, ਨੂਰੋ ਨੂਰ ਡਗਮਗਾਇੰਦਾ । ਆਪਣਾ ਨਾਮ ਜਣਾਏ ਠੀਕ, ਸਚ ਨਿਸ਼ਾਨਾ ਇਕ ਲਗਾਇੰਦਾ । ਚਰਨ ਬੰਧਾਏ ਕਵਲ ਪ੍ਰੀਤ, ਪ੍ਰੀਤੀਵਾਨ ਦਇਆ ਕਮਾਇੰਦਾ । ਥਿਰ ਘਰ ਵਖਾਏ ਅਤੀਤ, ਤ੍ਰੈਗੁਣ ਰੰਗ ਨਾ ਕੋਇ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਸਮਝਾਇੰਦਾ । ਸਾਚਾ ਖੇਲ ਛੋਟੇ ਬਾਲੇ, ਸੁਤ ਦੁਲਾਰੇ ਆਪ ਜਣਾਈਆ । ਕਰੇ ਖੇਲ ਪੁਰਖ ਅਕਾਲੇ, ਅਲਖ ਅਗੋਚਰ ਬੇਪਰਵਾਹੀਆ । ਤੇਰੀ ਪ੍ਰੀਤੀ ਨਿਭੇ ਨਾਲੇ, ਨਾਤਾ ਸਾਹਿਬ ਆਪ ਜੁੜਾਈਆ । ਸਚਖੰਡ ਤੇਰੀ ਧਰਮਸਾਲੇ, ਥਿਰ ਘਰ ਤੇਰਾ ਮੰਦਰ ਸੁਹਾਈਆ । ਮੇਲ ਮਿਲਾਇਆ ਹਰਿ ਗੋਪਾਲੇ, ਗੋਬਿੰਦ ਵੇਖੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਚ ਕਰੇ ਜਣਾਈਆ । ਸਚ ਜਣਾਈ ਲੈਣੀ ਜਾਣ, ਜਾਨਣਹਾਰ ਜਣਾਇੰਦਾ । ਥਿਰ ਘਰ ਤੇਰਾ ਇਕ ਮਕਾਨ, ਛੱਪਰ ਛੰਨ ਨਾ ਕੋਇ ਛੁਹਾਇੰਦਾ । ਸਤਿ ਧਰਮ ਦਾ ਸਤਿ ਨਿਸ਼ਾਨ, ਸਤਿ ਸਤਿਵਾਦੀ ਆਪ ਵਖਾਇੰਦਾ । ਨਾ ਜ਼ਿਮੀਂ ਨਾ ਕੋਇ ਅਸਮਾਨ, ਸੂਰਜ ਚੰਦ ਨਾ ਕੋਇ ਚੜ੍ਹਾਇੰਦਾ । ਇਕ ਇਕੱਲਾ ਨੌਜਵਾਨ, ਨਿਰਗੁਣ ਆਪਣਾ ਆਸਣ ਲਾਇੰਦਾ । ਸ਼ਾਹੋ ਭੂਪ ਬਣ ਮਿਹਰਵਾਨ, ਮਿਹਰ ਨਜ਼ਰ ਇਕ ਉਠਾਇੰਦਾ । ਦੇਵਣਹਾਰ ਅਗੰਮੀ ਦਾਨ, ਨਾਮ ਨਿਧਾਨਾ ਝੋਲੀ ਪਾਇੰਦਾ । ਨਜ਼ਰੀ ਆਏ ਇਕ ਅਕਾਲ, ਪੁਰਖ ਰੂਪ ਨਾ ਕੋਇ ਵਟਾਇੰਦਾ । ਗੋਬਿੰਦ ਇਕੋ ਸੱਚਾ ਲਾਲ, ਹਰਿ ਸ਼ਬਦੀ ਰੰਗ ਰੰਗਾਇੰਦਾ । ਆਦਿ ਜੁਗਾਦਿ ਕਰਾਂ ਪ੍ਰਿਤਪਾਲ, ਪ੍ਰਿਤਪਾਲਕ ਆਪ ਜਣਾਇੰਦਾ । ਜੁਗੋ ਜੁਗੰਤਰ ਚਲਾਂ ਨਾਲ, ਸਦਾ ਸੁਹੇਲਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਵਖਾਇੰਦਾ । ਨਿੱਕਾ ਬੱਚਾ ਛੋਟਾ ਬਾਲਾ ਪਿਆ ਹੱਸ, ਹੰਸ ਮੁਖ ਸਾਲਾਹੀਆ । ਤੂੰ ਮੇਰਾ ਮੈਂ ਤੇਰੇ ਵਸ, ਦੂਜਾ ਨਜ਼ਰ ਕੋਇ ਨਾ ਆਈਆ । ਇਕੋ ਘਰ ਹੋਇਆ ਇਕੱਠ, ਗ੍ਰਿਹਿ ਮੰਦਰ ਵੱਜੀ ਵਧਾਈਆ । ਸਾਚਾ ਮਾਰਗ ਦੇਣਾ ਦੱਸ, ਹਉਂ ਸੇਵਕ ਸੇਵ ਕਮਾਈਆ । ਨਿਰਗੁਣ ਜੋਤ ਕਰ ਪਰਕਾਸ਼, ਪਰਕਾਸ਼ਵਾਨ ਇਕੋ ਨਜ਼ਰੀ ਆਈਆ । ਤੇਰਾ ਨਾਉਂ ਮੇਰੀ ਰਾਸ, ਤੇਰਾ ਚਰਨ ਹੱਟ ਵਡਿਆਈਆ । ਮੈਂ ਰਹਿਵਾਂ ਤੇਰਾ ਦਾਸ, ਨਿਉਂ ਨਿਉਂ ਸਯਦਾ ਸੀਸ ਝੁਕਾਈਆ । ਤੂੰ ਪੂਰੀ ਕਰਨੀ ਆਸ, ਬੇਅੰਤ ਬੇਪਰਵਾਹੀਆ । ਕਰ ਕਿਰਪਾ ਦੇਣੀ ਦਾਤ, ਦੇਂਦਿਆਂ ਤੋਟ ਰਹੇ ਨਾ ਰਾਈਆ । ਤੇਰੀ ਮੇਰੀ ਇਕੋ ਜ਼ਾਤ, ਦੂਜੀ ਵੰਡ ਨਾ ਕੋਇ ਵਖਾਈਆ । ਮੈਂ ਵਸਾਂ ਤੇਰੇ ਸਾਥ, ਤੇਰਾ ਸੰਗ ਨਾ ਕੋਇ ਛੁਡਾਈਆ । ਇਕੋ ਸਾਚੀ ਦੇ ਗਾਥ, ਬਿਨ ਅੱਖਰ ਕਰ ਪੜ੍ਹਾਈਆ । ਨਿਰਗੁਣ ਪਿਤਾ ਨਿਰਗੁਣ ਮਾਤ, ਨਿਰਗੁਣ ਪੁੱਤ ਮੰਗ ਮੰਗਾਈਆ । ਬਣ ਵਿਚੋਲਾ ਪੁਰਖ ਸਮਰਾਥ, ਆਪਣਾ ਭੇਵ ਰਿਹਾ ਖੁਲ੍ਹਾਈਆ । ਇਕੋ ਪੱਤਣ ਇਕੋ ਘਾਟ, ਏਕਾ ਡੇਰਾ ਰਿਹਾ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿੱਕੇ ਬੱਚੇ ਰਿਹਾ ਜਣਾਈਆ । ਨਿੱਕੇ ਬੱਚੇ ਜਾਣਾ ਜਾਗ, ਸੁਤ ਦੁਲਾਰੇ ਹਰਿ ਉਠਾਇੰਦਾ । ਚਰਨ ਪ੍ਰੀਤੀ ਇਕ ਵੈਰਾਗ, ਬਿਰਹੋਂ ਚੋਟ ਲਗਾਇੰਦਾ । ਦੀਪਕ ਜੋਤ ਜਗੇ ਚਿਰਾਗ਼, ਨੂਰ ਨੁਰਾਨਾ ਡਗਮਗਾਇੰਦਾ । ਥਿਰ ਘਰ ਤੇਰਾ ਖੋਲ੍ਹਿਆ ਤਾਕ, ਸਚਖੰਡ ਆਪਣਾ ਆਸਣ ਲਾਇੰਦਾ । ਸਾਹਿਬ ਸਾਹਿਬ ਪਕੜੇ ਵਾਗ, ਸਤਿਗੁਰ ਸਤਿਗੁਰ ਵੇਖ ਵਖਾਇੰਦਾ । ਸਰਨ ਸਰਨਾਈ ਜਾਣਾ ਲਾਗ, ਲਾਗਤ ਮੂਲ ਨਾ ਕੋਇ ਲਗਾਇੰਦਾ । ਸੁਤ ਅਗੰਮੀ ਸੁਣ ਆਵਾਜ਼, ਬਿਨ ਰਸਨਾ ਜਿਹਵਾ ਗਾਇੰਦਾ । ਪਾਰਬ੍ਰਹਮ


੬੧੨
੧੩

ਦਾ ਸਚ ਸਮਾਜ, ਸਾਚਾ ਖੇੜਾ ਇਕ ਵਸਾਇੰਦਾ । ਸ਼ਬਦ ਦੁਲਾਰੇ ਤੇਰੀ ਰੱਖੇ ਲਾਜ, ਸਿਰ ਆਪਣਾ ਹੱਥ ਟਿਕਾਇੰਦਾ । ਸਤਿ ਸਤਿਵਾਦੀ ਤੇਰਾ ਰਚੇ ਕਾਜ, ਕਰਨੀ ਕਰਤਾ ਆਪ ਕਮਾਇੰਦਾ । ਵੇਖਣਹਾਰ ਗੁਰੂ ਮਹਾਰਾਜ, ਨੇਤਰ ਨੈਣ ਨੈਣ ਖੁਲ੍ਹਾਇੰਦਾ । ਜਿਸ ਸਾਜਣ ਲਿਆ ਸਾਜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਜਣਾਇੰਦਾ । ਸਾਚਾ ਬੱਚਾ ਅੱਗੇ ਹੋ, ਹੋ ਹੋ ਖ਼ੁਸ਼ੀ ਮਨਾਈਆ । ਨਾਲੇ ਹੱਸੇ ਨਾਲੇ ਪਏ ਰੋ, ਰੋਵਣ ਹਾਸਾ ਇਕੋ ਰੰਗ ਵਖਾਈਆ । ਕਰ ਕਿਰਪਾ ਪ੍ਰਭ ਆਪਣਾ ਅੰਮ੍ਰਿਤ ਚੋ, ਚਰਨ ਚਰਨ ਨਾਲ ਰਗੜਾਈਆ । ਫੜ ਉਂਗਲੀ ਉਂਗਲੀ ਨਾਲ ਦੇ ਛੋਹ, ਛੋਹਰਾ ਬਾਂਕਾ ਮੰਗ ਮੰਗਾਈਆ । ਮੈਂ ਤੇਰੇ ਜੋਗਾ ਜਾਵਾਂ ਹੋ, ਜੁਗਤ ਇਕੋ ਇਕ ਜਣਾਈਆ । ਤੇਰਾ ਨਾਮ ਲਵਾਂ ਢੋਆ ਢੋ, ਦੂਜੀ ਵਸਤ ਨਾ ਮੋਹੇ ਭਾਈਆ । ਜੇ ਨਾ ਦੇਵੇਂ ਰੁੱਸ ਕੇ ਲਵਾਂ ਖੋਹ, ਆਪਣੀ ਬਾਲੀ ਬੁਧ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪ ਕਮਾਈਆ । ਸਾਚੇ ਬਾਲੇ ਸਚ ਖਿਲੌਣਾ, ਹਰਿ ਤੇਰੇ ਹੱਥ ਫੜਾਇੰਦਾ । ਤੇਰਾ ਰੋਣਾ ਮੋਹੇ ਭੌਣਾ, ਭੈ ਰੂਪ ਨਾ ਕੋਇ ਜਣਾਇੰਦਾ । ਮੇਰੀ ਛਾਤੀ ਚੜ੍ਹ ਕੇ ਸੌਣਾ, ਪਲੰਘ ਰੰਗੀਲਾ ਇਕ ਵਛਾਇੰਦਾ । ਉਤੇ ਚੜ੍ਹ ਕੇ ਸੋਹੰ ਢੋਲਾ ਗੌਣਾ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਇੰਦਾ । ਮਨ ਇਛਿਆ ਫਲ ਇਕੋ ਪੌਣਾ, ਆਦਿ ਜੁਗਾਦਿ ਮੁਕ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਸਮਝਾਇੰਦਾ । ਸੁਤ ਦੁਲਾਰਾ ਕਹੇ ਮੈਂ ਰੁਸਾਂਗਾ । ਰੁੱਸ ਰੁੱਸ ਸਾਹਿਬ ਤੈਥੋਂ ਪੁਛਾਂਗਾ । ਤੇਰੀ ਡੂੰਘੀ ਬੁੱਕਲ ਅੰਦਰ ਲੁਕਾਂਗਾ । ਚੜ੍ਹ ਕੰਧਾੜੇ ਸ਼ੇਰ ਵਾਂਗੂ ਬੁੱਕਾਂਗਾ । ਜੋਧਾ ਸੂਰਬੀਰ ਹੋ ਕੇ ਉਠਾਂਗਾ । ਬਾਪੂ ਤੇਰਾ ਖ਼ਜ਼ਾਨਾ ਅੰਦਰ ਵੜ ਕੇ ਲੁੱਟਾਂਗਾ । ਫਿਰ ਤੇਰੀ ਕਰਨੀ ਕਰਨ ਵਾਸਤੇ ਜੁਟਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆ ਕੇ ਪੁਛਾਂਗਾ । ਸ੍ਰੀ ਭਗਵਾਨ ਦੇ ਪਿਆਰ, ਖ਼ੁਸ਼ੀ ਖ਼ੁਸ਼ੀ ਜਣਾਈਆ । ਉਠ ਸੁਤ ਸੁਤ ਦੁਲਾਰ, ਪ੍ਰਭ ਦੂਲ੍ਹਾ ਦਏ ਬਣਾਈਆ । ਤੇਰੇ ਸੀਸ ਕਰੇ ਸ਼ੰਗਾਰ, ਸ਼ਹਿਨਸ਼ਾਹ ਆਪਣੀ ਦਇਆ ਕਮਾਈਆ । ਆਪਣੀ ਹੱਥੀਂ ਬੰਨ੍ਹ ਦਸਤਾਰ, ਕਲਗੀ ਤੋੜਾ ਲਏ ਲਗਾਈਆ । ਜੋਤੀ ਜੋੜਾ ਅਗੰਮ ਅਪਾਰ, ਪੰਧ ਵਛੋੜਾ ਦਏ ਗਵਾਈਆ । ਇਕੋ ਹੋੜਾ ਹੋਏ ਦਰਕਾਰ, ਨਿਰਗੁਣ ਸਰਗੁਣ ਵੰਡ ਵੰਡਾਈਆ । ਸਾਚਾ ਘੋੜਾ ਖ਼ਬਰਦਾਰ, ਅਗੰਮ ਅਗੰਮੜਾ ਆਪ ਬਣਾਈਆ । ਹੱਡ ਮਾਸ ਨਾੜੀ ਚਮੜਾ ਨਾ ਕੋਇ ਵਪਾਰ, ਦਮਾਂ ਦਮ ਨਾ ਕੋਇ ਸਮਾਈਆ । ਮਿਠਾ ਕੌੜਾ ਨਾ ਕੋਈ ਖਾਰ, ਰਸ ਇਕੋ ਇਕ ਭਰਾਈਆ । ਲੰਮਾ ਚੌੜਾ ਨਾ ਕੋਇ ਦਵਾਰ, ਅਗੰਮ ਅਥਾਹ ਦਏ ਸਮਝਾਈਆ । ਸਾਚਾ ਪੌੜਾ ਕਰ ਤਿਆਰ, ਅੰਦਰ ਬਾਹਰ ਦਏ ਲਗਾਈਆ । ਥਿਰ ਘਰ ਨਾਲ ਮਿਲਾਏ ਸਚਖੰਡ ਦਵਾਰ, ਆਪ ਆਪਣਾ ਬੰਧਨ ਪਾਈਆ । ਸਚਖੰਡ ਵਸੇ ਆਪ ਨਿਰੰਕਾਰ, ਥਿਰ ਘਰ ਸ਼ਬਦੀ ਸੁਤ ਬਹਾਈਆ । ਸਾਜਣ ਸਚ ਕਰੇ ਪਿਆਰ, ਸਿਰ ਆਪਣਾ ਹੱਥ ਟਿਕਾਈਆ । ਦੇਵੇ ਵਸਤ ਇਕ ਅਪਾਰ, ਅਗੋਚਰ ਇਕੋ ਇਕ ਵਰਤਾਈਆ । ਸੋਚਿਆਂ ਸੋਚ ਨਾ ਆਏ ਵਿਚਾਰ, ਬੇਪਰਵਾਹ ਬੇਪਰਵਾਹੀਆ । ਸੁਤ ਅਨਾਦੀ ਲਏ ਉਠਾਲ, ਬ੍ਰਹਮ ਬ੍ਰਹਿਮਾਦੀ ਦਏ ਸਮਝਾਈਆ । ਗੋਬਿੰਦ ਇਕੋ ਸੱਚਾ ਲਾਲ, ਲਾਲਨ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚਖੰਡ ਦੀ ਸਾਚੀ ਕਾਰ, ਆਪਣੇ ਹੱਥ ਰੱਖੇ ਨਿਰੰਕਾਰ, ਦੂਸਰ ਭੇਵ ਨਾ ਕੋਇ ਜਣਾਈਆ ।

### ❋ ੨੨ ਮਾਘ ੨੦੧੯ ਬਿਕ੍ਰਮੀ ਚੰਨਣ ਸਿੰਘ ਦੇ ਗ੍ਰਿਹਿ ਗੱਗੋ ਬੂਆ ਜ਼ਿਲਾ ਅੰਮ੍ਰਿਤਸਰ ❋

ਪੁਰਖ ਅਕਾਲ ਤੇਰਾ ਹੋਇਆ ਸੰਜੋਗਾ, ਵਿਜੋਗ ਨਜ਼ਰ ਕੋਇ ਨਾ ਆਇੰਦਾ । ਗੋਬਿੰਦ ਬਦਲਿਆ ਪਿਛਲਾ ਚੋਗਾ, ਚੋਲੀ ਤਨ ਨਾ ਕੋਇ ਹੰਡਾਇੰਦਾ । ਅੰਤਮ ਮਿਲਿਆ ਸੱਚਾ ਮੌਕਾ, ਘਰ ਸਾਚੇ ਸੋਭਾ ਪਾਇੰਦਾ । ਹੁਣ ਹੋ ਗਿਆ ਮੰਗਣ ਜੋਗਾ, ਮੰਗ ਆਪਣੀ ਆਪ ਮੰਗਾਇੰਦਾ । ਮੈਂ ਦੇ ਕੇ ਆਇਆ ਹੋਕਾ, ਲੋਕਮਾਤ ਮਾਤ ਸਮਝਾਇੰਦਾ । ਹਰਿ ਜੂ ਅੱਗੇ ਮਾਰਗ ਲੌਣਾ ਸੌਖਾ, ਸਤਿਜੁਗ ਸਾਚਾ ਰਾਹ ਚਲਾਇੰਦਾ । ਕਿਸੇ ਨਾਲ ਨਹੀਂ ਕਰਨਾ ਧੋਖਾ, ਕੂੜੀ ਕਿਰਿਆ ਮੇਟ ਮਿਟਾਇੰਦਾ । ਇਕੋ ਪੜ੍ਹਨਾ ਹਰਿ ਕੇ ਨਾਉਂ ਦਾ ਪੋਥਾ, ਅੱਖਰ ਵੱਖਰ ਆਪ ਜਣਾਇੰਦਾ । ਗੁਰਸਿਖ ਕੋਈ ਰਹਿ ਨਾ ਜਾਏ ਥੋਥਾ, ਹੋਛੀ ਮਤ ਸਰਬ ਗਵਾਇੰਦਾ । ਸੰਬਲ ਤੇਰਾ ਇਕੋ ਕੋਠਾ, ਜਿਸ ਘਰ ਗੋਬਿੰਦ ਡੇਰਾ ਲਾਇੰਦਾ । ਅੱਗੇ ਪਿਛੇ ਦਾ ਰਿਹਾ ਨਾ ਕੋਇ ਰੋਸਾ, ਇਕੋ ਰੰਗ ਰੰਗ ਚੜ੍ਹਾਇੰਦਾ । ਪਾਰਬ੍ਰਹਮ ਪਤਿਪਰਮੇਸ਼ਵਰ ਸਾਚੇ ਪਿਤਾ ਕਰ ਪਿਆਰ ਪੁੱਤ ਦਾ ਲੈ ਲੇ ਬੋਸਾ, ਪਰੇਮ ਪਰੇਮ ਨਾਲ ਟਕਰਾਇੰਦਾ । ਇਕ ਵੇਰਾਂ ਖੋਲ੍ਹ ਆਪਣਿਆਂ ਹੋਟਾਂ, ਤੇਰੇ ਅੱਗੇ ਮੰਗ ਮੰਗਾਇੰਦਾ । ਤੇਰੀ ਝੱਲੀ ਨਾ ਜਾਏ ਚੋਟਾ, ਬਿਰਹੋਂ ਰੋਗ ਸਤਾਇੰਦਾ । ਤੇਰੇ ਘਰ ਭੰਡਾਰ ਅਤੋਟਾ, ਕਿਉਂ ਨਾ ਸਾਹਿਬ ਤੂੰ ਵਰਤਾਇੰਦਾ । ਮੈਂ ਤੇਰਿਆਂ ਭਗਤਾਂ ਦੱਸ ਕੇ ਆਇਆ ਹਰਿ ਕਾ ਨਾਮ ਲਓ ਲੋਟਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਇਆ । ਮੰਗਣ ਵਾਲਾ ਹੋਇਆ ਜਵਾਨ, ਜੋਬਨ ਆਪਣਾ ਰਿਹਾ ਵਖਾਈਆ । ਨਾਤਾ ਤੋੜ ਜਗਤ ਜਹਾਨ, ਤੇਰਾ ਸੰਗ ਰਖਾਈਆ । ਬਾਲਾ ਬੱਚਾ ਨਹੀਂ ਹੁਣ ਨਾਦਾਨ, ਸਮਝ ਸਮਝ ਨਾਲ ਬਦਲਾਈਆ । ਤੇਰਾ ਸੁਣ ਸੁਣ ਸਚ ਗਿਆਨ, ਗਿਆਨ ਗਿਆਨ ਮਿਲੀ ਚਤੁਰਾਈਆ । ਤੇਰਾ ਕਰ ਕਰ ਹੱਕ ਧਿਆਨ, ਧਿਆਨ ਧਿਆਨ ਲਿਆ ਉਠਾਈਆ । ਪ੍ਰਭ ਦੇ ਦੇ ਇਕੋ ਮਾਣ, ਨਿਮਾਣ ਕਰੇ ਅਰਜ਼ੋਈਆ । ਤੇਰਾ ਸੱਚਾ ਸਚ ਬਬਾਣ, ਜੋ ਚੜ੍ਹਿਆ ਉਤਰ ਕੋਇ ਨਾ ਪਾਈਆ । ਤੇਰਾ ਹੱਕ ਹੱਕ ਮਕਾਨ, ਮੁਹੱਬਤ ਇਕੋ ਨਜ਼ਰੀ ਆਈਆ । ਤੂੰ ਲਾਸ਼ਰੀਕ ਮਿਹਰਵਾਨ, ਸ਼ਾਇਰ ਤੇਰੀ ਸਿਫ਼ਤ ਸਾਲਾਹੀਆ । ਬਣ ਰਫ਼ੀਕ ਦੇ ਦਾਨ, ਤੌਫ਼ੀਕ ਤੋਹੇ ਇਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਮੰਗਣ ਵਾਲਾ ਮੰਗ ਮੰਗਾਈਆ । ਜੋ ਮੰਗੇਂ ਸੋ ਦੇਵਾਂ ਦਾਤ, ਪੁਰਖ ਅਕਾਲ ਰਿਹਾ ਜਣਾਈਆ । ਤੇਰੇ ਅੰਦਰ ਵੜ ਕੇ ਖੋਲ੍ਹਾਂ ਤਾਕ, ਆਪਣਾ ਮੰਦਰ ਦਿਆਂ ਵਖਾਈਆ । ਪੂਰਾ ਕਰਾਂ ਭਵਿਖਤ ਵਾਕ, ਜੋ ਲੇਖਾ ਲਿਖਤ ਲਿਖਤ ਜਣਾਈਆ । ਏਥੇ ਓਥੇ ਪਰਦਾ ਦੇਵਾਂ ਢਾਕ, ਸਿਰ ਆਪਣਾ ਹੱਥ ਟਿਕਾਈਆ । ਤੇਰਾ ਤਨ ਮਿਟਾਇਆ ਖ਼ਾਕ, ਗੋਬਿੰਦ ਸ਼ਬਦ ਸ਼ਬਦ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਚ ਸਮਝਾਈਆ । ਜੋ ਮੰਗੇਂ ਸੋ ਝੋਲੀ ਪਾਂ, ਪਾ ਪਾ ਖ਼ੁਸ਼ੀ ਮਨਾਇੰਦਾ । ਗਲੇ ਲਗਾਵਾਂ ਫੜ ਫੜ ਬਾਂਹ, ਫੜ ਫੜ ਗਲੇ ਆਪ ਲਗਾਇੰਦਾ । ਸਦਾ ਸਦਾ ਸਦ ਦੇਵਾਂ ਠੰਡੀ ਛਾਂ, ਸ਼ਹਿਨਸ਼ਾਹ ਆਪਣੀ ਦਇਆ ਕਮਾਇੰਦਾ । ਆਦਿ ਜੁਗਾਦਿ ਜੁਗ ਜੁਗ ਤੱਕਾਂ ਰਾਹ, ਕਵਣ ਵੇਲਾ ਮੇਰਾ ਬੱਚਾ ਮੇਰੀ ਆਸ ਰਖਾਇੰਦਾ । ਕਰ ਕਿਰਪਾ ਜਣਾਵਾਂ ਇਕੋ ਨਾਂ, ਜਿਸ ਦੀ ਵੰਡ ਨਾ ਕੋਇ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਬਣਤ ਆਪ ਬਣਾਇੰਦਾ । ਸਾਚਾ ਨਾਮ ਲੈ ਜਾ ਸੋ, ਸੋ ਪੁਰਖ ਨਿਰੰਜਣ ਆਪ ਜਣਾਈਆ । ਹੰ ਬ੍ਰਹਮ ਰਿਹਾ ਰੋ, ਨੇਤਰ

ਨੈਣਾਂ ਨੀਰ ਵਹਾਈਆ । ਜਾ ਕੇ ਦੁਰਮਤ ਮੈਲ ਧੋ, ਦੋਹਾਂ ਜੋੜਾ ਦੇ ਜੁੜਾਈਆ । ਤੁਧ ਬਿਨ ਅਵਰ ਨਾ ਜਾਣੇ ਕੋ, ਕੂਕੇ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਤ ਇਕ ਇਕ ਦਰਸਾਈਆ । ਵਸਤ ਲੈ ਜਾ ਸਚ ਸੋ, ਸਾਹਿਬ ਸਚ ਜਣਾਇਆ । ਹੰ ਬ੍ਰਹਮ ਆਪੇ ਹੋ, ਹੋਕਾ ਇਕ ਸੁਣਾਇਆ । ਸੋ ਪੁਰਖ ਨਿਰੰਜਣ ਸੋ ਨਾਲ ਗਿਆ ਛੋਹ, ਹੰ ਆਪਣੇ ਵਿਚ ਦਬਾਇਆ । ਸਾਚਾ ਬੀਜ ਲਿਆ ਬੋ, ਨਿਰਗੁਣ ਨਿਰਗੁਣ ਹਲ ਚਲਾਇਆ । ਪਿਛਲੀ ਵਸਤੂ ਸਭ ਤੋਂ ਲਈ ਖੋਹ, ਖਾਲੀ ਹੱਥ ਫਿਰਾਇਆ । ਸਤਿਜੁਗ ਸਾਚਾ ਨਾਮ ਚਲੇ ਸੋਹੰ ਸੋ, ਗੋਬਿੰਦ ਡੰਕਾ ਤੇਰੇ ਹੱਥ ਫੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਰਿਹਾ ਜਣਾਇਆ । ਤੇਰਾ ਨਾਉਂ ਵਸਤ ਸਚ, ਸਚ ਸਾਚੇ ਮੋਹੇ ਭਾਈਆ । ਮਾਰਗ ਆਪਣਾ ਦੇਣਾ ਦੱਸ, ਕਵਣ ਬਿਧ ਕਰਾਂ ਕੁੜਮਾਈਆ । ਸ੍ਰੀ ਭਗਵਾਨ ਪਿਆ ਹੱਸ, ਹੱਸ ਹੱਸ ਰਿਹਾ ਜਣਾਈਆ । ਭਗਤਾਂ ਅੰਦਰ ਜਾ ਕੇ ਵਸ, ਭਗਵਨ ਕੁੰਡਾ ਲਾਹੀਆ । ਪੰਧ ਮੁਕੌਣਾ ਨੱਠ ਨੱਠ, ਬਣ ਪਾਂਧੀ ਪਾਂਧੀ ਰਾਹੀਆ । ਤੇਰੇ ਨਾਲ ਚਲੇ ਪੁਰਖ ਸਮਰਥ, ਪੁਰਖ ਅਕਾਲ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਰਿਹਾ ਜਣਾਈਆ । ਸ਼ਬਦ ਸੁਤ ਕਹੇ ਮੈਂ ਜਾਵਾਂਗਾ । ਤੇਰਾ ਲੱਖ ਲੱਖ ਸ਼ੁਕਰ ਮਨਾਵਾਂਗਾ । ਨਿਉਂ ਨਿਉਂ ਸਯਦਾ ਸੀਸ ਝੁਕਾਵਾਂਗਾ । ਦੋਏ ਜੋੜ ਕਰ ਬੰਦਨਾ, ਤੇਰਾ ਨਾਮ ਧਿਆਵਾਂਗਾ । ਬ੍ਰਹਿਮੰਡ ਖੰਡ ਤਜਾਵਾਂਗਾ । ਲੋਆਂ ਪੁਰੀਆਂ ਚਰਨਾਂ ਹੇਠ ਰਖਾਵਾਂਗਾ । ਲੱਖ ਚੁਰਾਸੀ ਨਾਤਾ ਤੋੜ ਤੁੜਾਵਾਂਗਾ । ਤੇਰੇ ਭਗਤਾਂ ਅੰਦਰ ਵੜ ਵੜ, ਤੇਰਾ ਢੋਲਾ ਗਾਵਾਂਗਾ । ਸਾਚਾ ਮੰਦਰ ਇਕ ਵਖਾਵਾਂਗਾ । ਨੂਰੋ ਨੂਰ ਡਗਮਗਾਵਾਂਗਾ । ਪਿਛਲੇ ਕੀਤੇ ਕਸੂਰ ਸਰਬ ਬਖ਼ਸ਼ਾਵਾਂਗਾ । ਪੁੱਤਰਾਂ ਮਾਂਵਾਂ ਨਾਲ ਮਿਲਾਵਾਂਗਾ । ਇਕੋ ਨਾਮ ਜਪਾਵਾਂਗਾ । ਸੋਹੰ ਢੋਲਾ ਸੁਣਾਵਾਂਗਾ । ਜੁਗ ਵਿਛੜੇ ਮੇਲ ਮਿਲਾਵਾਂਗਾ । ਕਾਗੋਂ ਹੰਸ ਬਣਾਵਾਂਗਾ । ਸਾਚੀ ਚੋਗ ਚੁਗਾਵਾਂਗਾ । ਫੜ ਬਾਂਹੋਂ ਗਲੇ ਲਗਾਵਾਂਗਾ । ਦਰ ਤੇਰੇ ਤੇ ਫੜ ਕੇ ਲਿਆਵਾਂਗਾ । ਥਿਰ ਘਰ ਦਵਾਰਾ ਖੁਲ੍ਹਾਵਾਂਗਾ । ਸਚਖੰਡ ਆਪ ਬਹਾਵਾਂਗਾ । ਤੇਰਾ ਦਰਸ ਆਪ ਕਰਾਵਾਂਗਾ । ਪੁਰਖ ਅਕਾਲ ਤੈਨੂੰ ਮਿਲਾਵਾਂਗਾ । ਫੇਰ ਗੋਬਿੰਦ ਗੁਰ ਅਖਵਾਵਾਂਗਾ । ਆਪਣੀ ਕਲਗੀ ਤੇਰੀ ਭੇਟ ਚੜ੍ਹਾਵਾਂਗਾ । ਤੇਰਾ ਤਾਜ ਵੇਖ ਖ਼ੁਸ਼ੀ ਮਨਾਵਾਂਗਾ । ਤੂੰ ਮੇਰਾ ਮੈਂ ਤੇਰਾ ਇਕੋ ਰਾਗ ਅਲਾਵਾਂਗਾ । ਦੋ ਜਹਾਨਾਂ ਬਣ ਜਵਾਨਾ, ਤੇਰਾ ਹੁਕਮ ਸੁਣਾਵਾਂਗਾ । ਜੋ ਨਾ ਮੰਨੇ ਅੰਤਮ ਭੰਨ ਵਖਾਵਾਂਗਾ । ਖ਼ਾਕੀ ਖ਼ਾਕ ਰਲਾਵਾਂਗਾ । ਸ਼ਾਹ ਸੁਲਤਾਨਾਂ ਤਖ਼ਤ ਗਵਾਵਾਂਗਾ । ਕੂੜੀ ਕਿਰਿਆ ਮੇਟ ਮਿਟਾਵਾਂਗਾ । ਸ਼ੌਹ ਦਰਯਾਏ ਰੁੜ੍ਹਾਵਾਂਗਾ । ਉਚੇ ਟਿੱਲੇ ਮੰਦਰ ਢਾਵਾਂਗਾ । ਗ਼ਰੀਬ ਨਿਮਾਣੇ ਗਲੇ ਲਗਾਵਾਂਗਾ । ਚਾਰ ਵਰਨ ਇਕੋ ਰੰਗ ਚੜ੍ਹਾਵਾਂਗਾ । ਅੰਮ੍ਰਿਤ ਜਾਮ ਪਿਆਵਾਂਗਾ । ਸੁੱਕੇ ਹਰੇ ਕਰਾਵਾਂਗਾ । ਜੁਗ ਵਿਛੜੇ ਮੇਲ ਮਿਲਾਵਾਂਗਾ । ਨਾਤਾ ਜੋੜ ਭੈਣ ਭਰਾਵਾਂ ਦਾ । ਹਰਿ ਸੰਗਤ ਰੂਪ ਬਣਾਵਾਂਗਾ । ਫਿਰ ਦਰ ਤੇ ਖ਼ੁਸ਼ੀ ਮਨਾਵਾਂਗਾ । ਆ ਕੇ ਦਰਸਨ ਪਾਵਾਂਗਾ । ਪੁਰਖ ਅਕਾਲ ਤੇਰਾ ਜਸ ਗਾਵਾਂਗਾ । ਗੁਰਸਿਖ ਤੇਰੀ ਚਰਨੀ ਪਾਵਾਂਗਾ । ਅੱਗੇ ਹੋ ਹੋ ਤਿਲਕ ਲਗਾਵਾਂਗਾ । ਜੇ ਤੂੰ ਸੁੱਤਾ ਮੈਂ ਉਠਾਵਾਂਗਾ । ਜੇ ਰੁਸੇਂ ਤੇ ਫੇਰ ਮਨਾਵਾਂਗਾ । ਜੇ ਪੁਛੇਂ ਤੇ ਹਾਲ ਸੁਣਾਵਾਂਗਾ । ਤੇਰੇ ਉਤੋਂ ਹੋ ਕੁਰਬਾਨ, ਆਪਣਾ ਆਪ ਮਿਟਾਵਾਂਗਾ । ਬੱਚੇ ਨੀਹਾਂ ਹੇਠ ਰਖਾਵਾਂਗਾ । ਉਤੇ ਧਰਮ ਨਿਸ਼ਾਨ ਝੁਲਾਵਾਂਗਾ । ਭਗਤ ਦਵਾਰਾ ਇਕ ਸੁਹਾਵਾਂਗਾ । ਸਤਿਜੁਗ ਦਾ ਰੰਗ ਵਖਾਵਾਂਗਾ । ਉਤੇ ਬਹਿ ਕੇ ਆਸਣ ਲਾਵਾਂਗਾ । ਰਾਜ ਰਾਜਾਨਾ ਸ਼ਾਹ ਸੁਲਤਾਨਾਂ

ਚਰਨੀ ਢਾਵਾਂਗਾ । ਨੌਂ ਖੰਡ ਪ੍ਰਿਥਮੀ ਇਕੋ ਹੁਕਮ ਮਨਾਵਾਂਗਾ । ਸੱਤਾਂ ਦੀਪਾਂ ਰਾਹੇ ਪਾਵਾਂਗਾ । ਸੱਤ ਰੰਗ ਨਿਸ਼ਾਨ ਝੁਲਾਵਾਂਗਾ । ਸੰਬਲ ਧਾਮ ਸੁਹਾਵਾਂਗਾ । ਗੋਬਿੰਦ ਨਾਉਂ ਧਰਾਵਾਂਗਾ । ਪੁਰਖ ਅਕਾਲ ਮਨਾਵਾਂਗਾ । ਅਟੱਲ ਧਾਮ ਬਣਾਵਾਂਗਾ । ਚਾਰ ਜੁਗ ਰੁਸ਼ਨਾਵਾਂਗਾ । ਛੱਤੀ ਜੁਗ ਸੁਣਾਵਾਂਗਾ । ਕੋਟਨ ਜੁਗ ਮਨਾਵਾਂਗਾ । ਜੇ ਸੱਦੇਂ ਫਿਰ ਘਰ ਆਵਾਂਗਾ । ਆ ਕੇ ਫੇਰ ਮਾਤਲੋਕ ਵਿਚ ਜਾਵਾਂਗਾ । ਜੋ ਵਿਛੜੇ ਮੇਲ ਮਿਲਾਵਾਂਗਾ । ਪਹਿਲੀ ਚੇਤਰ ਚੌਥੀ ਮੰਜ਼ਲ ਚੜ੍ਹ ਕੇ ਤੇਰਾ ਹੁਕਮ ਮਨਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਆਪਣਾ ਘਰ, ਦੂਜੀ ਆਸ ਨਾ ਕੋਇ ਰਖਾਵਾਂਗਾ ।

## ❇ ੨੨ ਮਾਘ ੨੦੧੯ ਬਿਕ੍ਰਮੀ ਜਾਗੀਰ ਸਿੰਘ ਦੇ ਗ੍ਰਿਹਿ ਗੱਗੋ ਬੂਆ ਜ਼ਿਲਾ ਅੰਮ੍ਰਿਤਸਰ ❇

ਪੁਰਖ ਅਕਾਲ ਤੇਰਾ ਸੁਤ ਅਖਵਾਵਾਂਗਾ । ਅਬਿਨਾਸ਼ੀ ਅਚੁਤ ਤੇਰਾ ਰਾਹ ਚਲਾਵਾਂਗਾ । ਨਿਰਗੁਣ ਧਾਰੋਂ ਉਠ, ਉਠ ਉਠ ਸੇਵ ਕਮਾਵਾਂਗਾ । ਗੁਰਸਿਖਾਂ ਉਪਰ ਤੁਠ, ਆਪਣੇ ਰੰਗ ਰੰਗਾਵਾਂਗਾ । ਬੰਸ ਸਰਬੰਸ ਲਵਾਂ ਪੁਛ, ਵਿਛੜੇ ਜੋੜ ਜੁੜਾਵਾਂਗਾ । ਆਪਣੇ ਹੱਥ ਨਾ ਰੱਖਾਂ ਕੁਛ, ਤੇਰੇ ਭਗਤਾਂ ਸਰਬ ਕੁਛ ਫੜਾਵਾਂਗਾ । ਤੈਥੋਂ ਨਹੀਂ ਕੁਛ ਲੁਕ, ਪਰਦਾ ਉਹਲਾ ਆਪ ਉਠਾਵਾਂਗਾ । ਕਲਜੁਗ ਪੈਂਡਾ ਜਾਏ ਮੁੱਕ, ਸਤਿਜੁਗ ਸਾਚਾ ਰਾਹ ਚਲਾਵਾਂਗਾ । ਗੁਰਮੁਖਾਂ ਨੇਤਰਾਂ ਨਾਲ ਵਖਾਵਾਂਗਾ । ਗੀਤ ਗੋਬਿੰਦ ਸੋਹੰ ਢੋਲਾ ਸਚ ਸੁਣਾਵਾਂਗਾ । ਇਸ਼ਟ ਗੁਰਦੇਵ ਆਤਮ ਰਾਹ ਦਰਸਾਵਾਂਗਾ । ਜਗਤ ਵਿਚੋਲਾ ਬਣ ਕੇ ਆਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰਾ ਨਾਮ ਧਿਆਵਾਂਗਾ । ਤੇਰਾ ਨਾਮ ਧਿਆਵਾਂਗਾ । ਭਗਤ ਭਗਵਾਨ ਹਰੀ ਗੁਣ ਗਾਵਾਂਗਾ । ਸਾਚੀ ਰੀਤ ਚਲਾਵਾਂਗਾ । ਮੰਦਰ ਮਸੀਤ ਢਾਵਾਂਗਾ । ਸ਼ਿਵਦਵਾਲੇ ਪੰਧ ਮੁਕਾਵਾਂਗਾ । ਤੀਰਥ ਤੱਟਾਂ ਖ਼ਾਕ ਮਿਲਾਵਾਂਗਾ । ਜਨ ਭਗਤਾਂ ਆਪ ਉਠਾਵਾਂਗਾ । ਅੰਦਰ ਵੜ ਕੇ ਹਾਲ ਸੁਣਾਵਾਂਗਾ । ਬਜਰ ਕਪਾਟੀ ਤੋੜ ਤੁੜਾਵਾਂਗਾ । ਆਤਮ ਜੋਤੀ ਜੋਤ ਜਗਾਵਾਂਗਾ । ਸੁਰਤੀ ਸੋਤੀ ਆਪ ਉਠਾਵਾਂਗਾ । ਸ਼ਬਦ ਅਨਾਦੀ ਨਾਦ ਵਜਾਵਾਂਗਾ । ਬੋਧ ਅਗਾਧੀ ਭੇਵ ਖੁਲ੍ਹਾਵਾਂਗਾ । ਵਿਸਮਾਦੀ ਵਿਸਮਾਦ ਹੋ ਜਾਵਾਂਗਾ । ਤੇਰੇ ਨਾਲ ਸ਼ਾਦੀ ਸਭ ਦੀ ਆਪ ਕਰਾਵਾਂਗਾ । ਕੰਤ ਕੰਤੂਹਲ ਇਕ ਵਖਾਵਾਂਗਾ । ਸਾਚੀ ਸੇਜਾ ਫੂਲ ਬਰਸਾਵਾਂਗਾ । ਪੀਆ ਪ੍ਰੀਤਮ ਇਕ ਮਨਾਵਾਂਗਾ । ਗਲਵਕੜੀ ਘੁਟ ਕੇ ਪਾਵਾਂਗਾ । ਗੋਬਿੰਦ ਫਿਰ ਆਪਣਾ ਨਾਮ ਦਸਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰਿਆਂ ਸਿਖਾਂ ਤੇਰੇ ਨਾਲ ਮਿਲਾਵਾਂਗਾ । ਤੇਰੇ ਨਾਲ ਮਿਲਾਊਂਗਾ । ਸਾਚੀ ਸੇਵ ਕਮਾਊਂਗਾ । ਘਰ ਘਰ ਫੇਰਾ ਪਾਊਂਗਾ । ਨਿਰਗੁਣ ਸਰਗੁਣ ਰੂਪ ਵਟਾਊਂਗਾ । ਬਿਨ ਤੇਰਿਆਂ ਭਗਤਾਂ ਨਜ਼ਰ ਕਿਸੇ ਨਾ ਆਊਂਗਾ । ਉਚੇ ਟਿੱਲੇ ਪਰਬਤ ਚੋਟੀਆਂ ਚਰਨਾਂ ਹੇਠ ਰਖਾਊਂਗਾ । ਜਲ ਥਲ ਅਸਗਾਹ ਡੂੰਘੀ ਕੰਦਰ ਵੇਖ ਵਖਾਊਂਗਾ । ਤੇਰਿਆਂ ਸੰਤਾਂ ਸੁੱਤਿਆ ਆਪ ਉਠਾਊਂਗਾ । ਜੁਗ ਜਨਮ ਦਿਆਂ ਰੁਠਿਆਂ ਫੜ ਮਨਾਊਂਗਾ । ਉਹਲੇ ਲੁਕਿਆ ਗੁਠਿਆਂ ਫੜ ਹਲਾਊਂਗਾ । ਜਿਨ੍ਹਾਂ ਖਾਦਾ ਕੁਠਿਆ, ਸਭ ਦਾ ਸੀਸ ਕਟਾਊਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰਾ ਡੰਕਾ ਨਾਮ ਵਜਾਊਂਗਾ । ਤੇਰਾ ਡੰਕਾ ਨਾਮ ਵਜਾਵਾਂਗਾ ।

ਦੋ ਜਹਾਨ ਸੁਣਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਉਠਾਵਾਂਗਾ । ਸਭ ਦੇ ਸੀਸ ਮੁੰਡਾਵਾਂਗਾ । ਇਕੋ ਹੁਕਮ ਜਣਾਵਾਂਗਾ । ਨਿਉਂ ਨਿਉਂ ਚਰਨੀ ਲਾਵਾਂਗਾ । ਤੇਈ ਅਵਤਾਰ ਸਮਝਾਵਾਂਗਾ । ਭਗਤ ਅਠਾਰਾਂ ਉਠਾਵਾਂਗਾ । ਈਸਾ ਮੂਸਾ ਮੁਹੰਮਦ ਪੰਧ ਮੁਕਾਵਾਂਗਾ । ਚੌਦਾਂ ਤਬਕਾਂ ਫੋਲ ਫੁਲਾਵਾਂਗਾ । ਸਾਚਾ ਸਬਕ ਇਕ ਸੁਣਾਵਾਂਗਾ । ਕਲਜੁਗ ਦਾ ਪੱਤਰਾ ਆਪ ਉਲਟਾਵਾਂਗਾ । ਸਤਿਜੁਗ ਸਾਚਾ ਰਾਹ ਚਲਾਵਾਂਗਾ । ਸੱਤਰਾਂ ਆਪ ਜਣਾਵਾਂਗਾ । ਬਹੱਤਰਾਂ ਨਾਲ ਜੋੜ ਜੁੜਾਵਾਂਗਾ । ਚੁਹੱਤਰਾਂ ਅੱਖ ਖੁਲ੍ਹਾਵਾਂਗਾ । ਪੰਜਾਂ ਪੰਜਾਂ ਰਾਹ ਵਖਾਵਾਂਗਾ । ਪੰਚ ਪਰਧਾਨ ਆਪ ਜਣਾਵਾਂਗਾ । ਸਾਚੇ ਦਰ ਬਹਾਵਾਂਗਾ । ਹੁਕਮ ਇਕ ਰਖਾਵਾਂਗਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਤੇਰਾ ਨਾਉਂ ਸਭ ਦਾ ਰਾਗ ਜਣਾਵਾਂਗਾ । ਸਿਰ ਤੇਰੇ ਸੀਸ ਛਤਰ ਝੁੱਲਦਾ ਵੇਖ, ਆਪਣੀ ਖ਼ੁਸ਼ੀ ਮਨਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰਾ ਰਹਿਬਰ ਇਕ ਅਖਵਾਵਾਂਗਾ । ਤੇਰਾ ਰਹਿਬਰ ਨਾਮ ਧਰਾਊਂਗਾ । ਨਿਰਗੁਣ ਹੋ ਕੇ ਫੇਰਾ ਪਾਊਂਗਾ । ਲੱਖ ਚੁਰਾਸੀ ਜੀਵ ਉਠਾਊਂਗਾ । ਗੁਰਮੁਖ ਸੱਜਣ ਨਾਲ ਮਿਲਾਊਂਗਾ । ਮਨਮੁਖ ਸ਼ੌਹ ਦਰਯਾਏ ਰੁੜ੍ਹਾਊਂਗਾ । ਨਾਮ ਖੰਡਾ ਇਕ ਚਮਕਾਊਂਗਾ । ਦੋਹਰੀ ਧਾਰ ਆਪ ਰਖਾਊਂਗਾ । ਜਿਧਰ ਵੇਖਾਂ ਓਧਰ ਤੇਰੀ ਓਟ ਰਖਾਊਂਗਾ । ਨਾ ਕੁਛ ਪੀਊਂ ਨਾ ਕੁਛ ਖਾਊਂਗਾ । ਬਿਨ ਖਾਦਿਆਂ ਪੀਤਿਆਂ ਤੇਰੀ ਸੇਵ ਕਮਾਊਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਤੇਰੀ ਖ਼ੁਸ਼ੀ ਰਖਾਊਂਗਾ ।



੬੧੭
੧੩

## ❇ ੨੨ ਮਾਘ ੨੦੧੯ ਬਿਕ੍ਰਮੀ ਕਰਮ ਸਿੰਘ ਦੇ ਗ੍ਰਿਹ ਗੱਗੋ ਬੂਆ ਜ਼ਿਲਾ ਅੰਮ੍ਰਿਤਸਰ ❇

ਸਚ ਮਰਦੰਗ ਵਜਾਵਾਂਗਾ । ਬ੍ਰਹਿਮੰਡ ਖੰਡ ਹਲਾਵਾਂਗਾ । ਇਕੋ ਰੰਗ ਵਖਾਵਾਂਗਾ । ਅਸਵ ਤੰਗ ਕਸਾਵਾਂਗਾ । ਜ਼ੀਨ ਪਾਖਰ ਪਾਵਾਂਗਾ । ਸ਼ਾਹ ਅਸਵਾਰ ਵਖਾਵਾਂਗਾ । ਵਾਗਾਂ ਹੱਥ ਉਠਾਵਾਂਗਾ । ਤੀਰ ਤਫ਼ੰਗ ਚਲਾਵਾਂਗਾ । ਤਲਵਾਰ ਕਮਚ ਚਮਕਾਵਾਂਗਾ । ਚੰਡ ਪਰਚੰਡ ਰੂਪ ਵਟਾਵਾਂਗਾ । ਖੰਡ ਖੰਡ ਕਰ ਵਖਾਵਾਂਗਾ । ਦੇ ਦੰਡ ਸਰਬ ਸਮਝਾਵਾਂਗਾ । ਭੇਖ ਪਖੰਡ ਮੁਕਾਵਾਂਗਾ । ਸੂਰਾ ਸਰਬੰਗ ਅਖਵਾਵਾਂਗਾ । ਸਾਚਾ ਅਨੰਦ ਜਣਾਵਾਂਗਾ । ਪਰਮਾਨੰਦ ਸਮਾਵਾਂਗਾ । ਟੁੱਟੀ ਗੰਢ ਵਖਾਵਾਂਗਾ । ਸ਼ਬਦੀ ਬਾਜ਼ ਲੜਾਵਾਂਗਾ । ਲੱਖ ਚੁਰਾਸੀ ਚਿੜੀਆਂ ਵਾਂਗ ਤੁੜਾਵਾਂਗਾ । ਗੋਬਿੰਦ ਨਾਮ ਕਹਾਵਾਂਗਾ । ਪੁਰਖ ਅਕਾਲ ਤੇਰਾ ਢੋਲਾ ਇਕੋ ਗਾਵਾਂਗਾ । ਤੇਰਾ ਢੋਲਾ ਗੀਤ ਸੁਣਾਊਂਗਾ । ਸਾਚੀ ਰੀਤ ਚਲਾਊਂਗਾ । ਲੱਖ ਚੁਰਾਸੀ ਪਰਖ ਨੀਤ, ਗੁਰਮੁਖ ਬਾਹਰ ਕਢਾਊਂਗਾ । ਤੇਰਾ ਨਾਉਂ ਸਤਿ ਅਤੀਤ, ਤ੍ਰੈਭਵਣ ਧਨੀ ਇਕ ਜਣਾਊਂਗਾ । ਏਕਾ ਰੰਗ ਰੰਗ ਹਸਤ ਕੀਟ, ਊਚ ਨੀਚਾਂ ਪੰਧ ਮੁਕਾਊਂਗਾ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਰੰਗ ਚਾੜ੍ਹ ਮਜੀਠ, ਜ਼ਾਤ ਪਾਤ ਮੇਟ ਮਿਟਾਊਂਗਾ । ਇਕੋ ਨਜ਼ਰੀ ਆਏ ਠਾਕਰ ਦਵਾਰਾ ਮੰਦਰ ਮਸੀਤ, ਗੁਰੂਦਵਾਰ ਤੇਰਾ ਘਰ ਬਣਾਊਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਊਂਗਾ । ਦਰ ਤੇਰੇ ਅਲਖ ਜਗਾਵਾਂਗਾ । ਜੋ ਮੰਗਿਆ ਸੋ ਫਲ ਪਾਵਾਂਗਾ । ਦੋ ਜਹਾਨਾਂ ਨੱਠ ਨੱਠ ਜਾਵਾਂਗਾ । ਲੋਕਮਾਤ ਵੇਖ ਵਖਾਵਾਂਗਾ । ਸਚ ਸਲੋਕ ਸੁਣਾਵਾਂਗਾ । ਜੋ ਤੇਰਾ ਦਰਸਨ ਰਹੇ ਲੋਚ, ਤਿਨ੍ਹਾਂ ਨੇਤਰ ਨੈਣ ਖੁਲ੍ਹਾਵਾਂਗਾ । ਜਿਸ ਦੀ ਕਰਦੇ ਰਹੇ ਸੋਚ, ਬਿਨ ਸੋਚਿਆਂ ਆਣ

ਮਿਲਾਵਾਂਗਾ । ਕਲਜੁਗ ਅੰਤ ਕੋਈ ਮਾਰਿਆ ਨਾ ਜਾਏ ਨਿਰਦੋਸ਼, ਦੋਸ਼ੀਆਂ ਦੰਡ ਲਗਾਵਾਂਗਾ । ਮਾਇਆ ਮਮਤਾ ਅੰਦਰ ਜੋ ਹੋਏ ਮਦਹੋਸ਼, ਸਭ ਦੀ ਮਤ ਗਵਾਵਾਂਗਾ । ਪੁਠੀ ਖੱਲ ਲੁਹਾਵਾਂ ਪੋਸ਼, ਅਗਨੀ ਵਿਚ ਸੜਾਵਾਂਗਾ । ਚੌਦਾਂ ਲੋਕ ਚੌਦਾਂ ਤਬਕ ਦੇਵਾਂ ਝੋਕ, ਆਪਣਾ ਬਲ ਜਣਾਵਾਂਗਾ । ਜੋ ਤੇਰਾ ਗਾਇਣ ਸਲੋਕ, ਤਿਨ੍ਹਾਂ ਆਪਣੀ ਗੋਦ ਉਠਾਵਾਂਗਾ । ਆਤਮ ਪਰਮਾਤਮ ਮੇਲ ਮਿਲਾਵਾਂਗਾ । ਪੁਰਖ ਅਕਾਲ ਵਖਾਵਾਂਗਾ । ਤੇਰੀ ਚਰਨੀ ਪਾਵਾਂਗਾ । ਤੇਰੇ ਡਿਠਿਆਂ ਰੋਗ ਮਿਟਾਵਾਂਗਾ । ਜਗਤ ਭਿਟਿਆਂ ਸੁੱਚੇ ਆਪ ਕਰਾਵਾਂਗਾ । ਵਰਨਾਂ ਬਰਨਾਂ ਰਾਹ ਚੁਕਾਵਾਂਗਾ । ਅੰਮ੍ਰਿਤ ਜਾਮ ਪਿਆਲਾ ਪਿਆਵਾਂਗਾ । ਗੁਰ ਗੋਬਿੰਦ ਫੇਰ ਅਖਵਾਵਾਂਗਾ । ਦੋ ਜਹਾਨਾਂ ਭੱਜਾਂਗਾ । ਸੇਵਾ ਕਰ ਕਰ ਮੂਲ ਨਾ ਰੱਜਾਂਗਾ । ਭਗਤ ਦਵਾਰੇ ਬਹਿ ਬਹਿ ਸਜਾਂਗਾ । ਸਤਿ ਸਰੂਪ ਹੋ ਕੇ ਗੱਜਾਂਗਾ । ਗ਼ਰੀਬ ਨਿਮਾਣਿਆਂ ਪਰਦਾ ਕੱਜਾਂਗਾ । ਤਾਲ ਨਗਾਰੇ ਹੋ ਕੇ ਵੱਜਾਂਗਾ । ਲੱਖ ਚੁਰਾਸੀ ਮੂੰਹ ਦੇ ਭਾਰ ਸੁੱਟਾਂਗਾ । ਜੋਧਾ ਸੂਰਬੀਰ ਹੋ ਕੇ ਡਟਾਂਗਾ । ਕਲਜੁਗ ਜੜ ਪੁੱਟਾਂਗਾ । ਡੂੰਘੇ ਖਾਤੇ ਸੁੱਟਾਂਗਾਂ । ਡਰ ਕੇ ਕਿਸੇ ਕੋਲੋਂ ਨਾ ਨੱਠਾਂਗਾ । ਇਕੋ ਤੇਰੀ ਓਟ ਰੱਖਾਂਗਾ । ਸ੍ਰਿਸ਼ਟ ਸਬਾਈ ਝੋਕ, ਤੇਰੇ ਖਾਤੇ ਘੱਤਾਂਗਾ । ਜੋ ਗਾਏ ਗੋਬਿੰਦ ਸਲੋਕ, ਸੋ ਨਰ ਨਾਰੀ ਮਾਤ ਰੱਖਾਂਗਾ । ਬਿਨ ਮੰਗਿਆਂ ਦੇਵਾਂ ਮੋਖ, ਮੁਕਤੀ ਚਰਨਾਂ ਹੇਠਾਂ ਝੱਸਾਂਗਾ । ਘਰ ਘਰ ਜਾਵਾਂ ਅੰਤਮ ਪਹੁੰਚ, ਔਂਦਾ ਜਾਂਦਾ ਮੂਲ ਨਾ ਸੰਗਾਂਗਾ । ਤੇਰੇ ਨਾਮ ਦੀ ਇਕੋ ਰੱਖਾਂ ਧੌਂਸ, ਸਿਰ ਸਿਰ ਹੁਕਮ ਮਨਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਬਲ, ਤੇਰੇ ਹੁਕਮੇ ਅੰਦਰ ਵਸਾਂਗਾ ।



❇ ੨੨ ਮਾਘ ੨੦੧੯ ਬਿਕ੍ਰਮੀ ਗੱਗੋ ਬੂਆ ਜ਼ਿਲਾ ਅੰਮ੍ਰਿਤਸਰ ❇

ਸੂਰਬੀਰ ਹੋ ਕੇ ਨੱਠਾਂਗਾ । ਦੋ ਜਹਾਨਾਂ ਡਟਾਂਗਾ । ਪਿਛੇ ਮੂਲ ਨਾ ਹਟਾਂਗਾ । ਸ੍ਰਿਸ਼ਟ ਸਬਾਈ ਭਖਾਂਗਾ । ਹੁਣ ਵੇਲਾ ਗਿਆ ਭੱਟਾਂ ਦਾ । ਰਾਗ ਇਕੋ ਚਲੇ ਜੱਟਾਂ ਦਾ । ਨਾਤਾ ਚੁਕੇ ਕੂੜੀਆਂ ਸੱਟਾਂ ਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੀ ਓਟ ਇਕੋ ਤੱਕਾਂਗਾ । ਤੇਰੀ ਓਟ ਇਕ ਰਖਾਵਾਂਗਾ । ਲੱਖ ਚੁਰਾਸੀ ਫੋਲ ਫੁਲਾਵਾਂਗਾ । ਗੁਰਮੁਖ ਸੱਜਣ ਆਪ ਜਗਾਵਾਂਗਾ । ਫੜ ਬਾਂਹੋਂ ਮੇਲ ਮਿਲਾਵਾਂਗਾ । ਤੇਰੇ ਦਰ ਬਹਾਵਾਂਗਾ । ਭਗਤ ਦਵਾਰ ਵਡਿਆਵਾਂਗਾ । ਸਚ ਸਿੰਘਾਸਣ ਇਕ ਸੁਹਾਵਾਂਗਾ । ਤੇਰੀ ਲਈ ਥਾਂ ਬਣਾਵਾਂਗਾ । ਆਪਣਾ ਮਕਾਨ ਢਾਵਾਂਗਾ । ਦਰ ਦਰਬਾਨ ਅਖਵਾਵਾਂਗਾ । ਸ਼ਾਹ ਸੁਲਤਾਨਾ ਤੇਰਾ ਦਰਸ਼ਨ ਪਾ ਪਾ ਖ਼ੁਸ਼ੀ ਮਨਾਵਾਂਗਾ । ਨਿਹਕਲੰਕ ਤੇਰਾ ਨਾਉਂ ਵਡਿਆਵਾਂਗਾ । ਬਣ ਗੋਬਿੰਦ ਤੇਰੀ ਚਰਨੀ ਪੈ ਪੈ ਸ਼ੁਕਰ ਮਨਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਤੇਰਾ ਸਿੰਘਾਸਣ ਚੌਥੀ ਛੱਤੇ ਡਾਹ ਕੇ, ਸ਼ੌਂਕਾਂ ਨਾਲ ਹੰਡਾਵਾਂਗਾ ।

❇ ੨੨ ਮਾਘ ੨੦੧੯ ਬਿਕ੍ਰਮੀ ਸੁਰਜਣ ਸਿੰਘ ਦੇ ਗ੍ਰਿਹ ਭੁੱਚਰ ਜ਼ਿਲਾ ਅੰਮ੍ਰਿਤਸਰ ❇

ਸਚਖੰਡ ਥਾਨ ਸੁਹਾਵਾਂਗਾ । ਸ਼ਹਿਨਸ਼ਾਹ ਇਕੋ ਇਕ ਅਖਵਾਵਾਂਗਾ । ਧੁਰ ਫ਼ਰਮਾਨਾ ਹੁਕਮ ਜਣਾਵਾਂਗਾ । ਦੋ ਜਹਾਨਾਂ ਪਕੜ ਉਠਾਵਾਂਗਾ । ਸ਼ਬਦੀ ਡੰਕਾ ਇਕ ਵਜਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਹਲਾਵਾਂਗਾ । ਤ੍ਰੈਗੁਣ ਮਾਇਆ ਪਰਦਾ ਢਾਵਾਂਗਾ । ਪੰਜ ਤੱਤ ਤੱਤ ਵੇਖ ਵਖਾਵਾਂਗਾ । ਗੁਰ ਅਵਤਾਰ ਨਾਲ ਰਲਾਵਾਂਗਾ । ਪੀਰ ਪੈਗ਼ੰਬਰ ਅੱਖ ਵੇਖ ਵਖਾਵਾਂਗਾ । ਲੱਖ ਚੁਰਾਸੀ ਫੋਲ ਫੁਲਾਵਾਂਗਾ । ਚਾਰ ਕੂਟਾਂ ਦਹਿ ਦਿਸ਼ਾ ਏਕਾ ਹੁਕਮ ਮਨਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਹੁਕਮ ਸੁਣਾਵਾਂਗਾ । ਸਾਚੀ ਕਾਰ ਕਰਾਂਗਾ । ਸਾਚੇ ਸੰਤ ਵਰਾਂਗਾ । ਨਿਰਗੁਣ ਸਰਗੁਣ ਹੋ ਕੇ ਫੜਾਂਗਾ । ਆਤਮ ਪਰਮਾਤਮ ਨਾਲ ਲੜਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਖੇਲ ਕਰਾਂਗਾ । ਸਾਚਾ ਖੇਲ ਕਰੌਣਾ ਏਂ । ਨਿਰਗੁਣ ਆਪਣਾ ਵੇਸ ਵਟੌਣਾ ਏਂ । ਜੋਤੀ ਜਾਮਾ ਨਾਉਂ ਧਰੌਣਾ ਏਂ । ਏਕਾ ਡੰਕਾ ਸ਼ਬਦ ਵਜੌਣਾ ਏਂ । ਕਲਜੁਗ ਲੇਖਾ ਆਪ ਮੁਕੌਣਾ ਏਂ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪਣਾ ਰਾਗ ਸੁਣੌਣਾ ਏਂ । ਕੂੜੀ ਕਿਰਿਆ ਭੇਖ ਪਖੰਡ, ਸ਼ੌਹ ਦਰਯਾ ਰੁੜ੍ਹੌਣਾ ਏਂ । ਰਾਜਾ ਰਾਣਾ ਤਖ਼ਤੋਂ ਫੜ ਕੇ ਲੌਹਣਾ ਏਂ । ਗ਼ਰੀਬ ਨਿਮਾਣਿਆਂ ਸੋਇਆਂ ਲੱਭ ਉਠੌਣਾ ਏਂ । ਚਾਰ ਵਰਨਾਂ ਏਕਾ ਇਸ਼ਟ ਵਖੌਣਾ ਏਂ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਨਜ਼ਰ ਨਾ ਔਣਾ ਏਂ । ਸਾਚਾ ਢੋਲਾ ਸਭ ਨੇ ਗੌਣਾ ਏਂ । ਸੋਹੰ ਅੱਖਰ ਇਕ ਪੜ੍ਹੌਣਾ ਏਂ । ਸਤਿਜੁਗ ਮਾਰਗ ਲੌਣਾ ਏਂ । ਭਗਤ ਭਗਵਾਨ ਮਿਲੌਣਾ ਏਂ । ਪਾਰਬ੍ਰਹਮ ਬ੍ਰਹਮ ਵਖੌਣਾ ਏਂ । ਸੁਰਤੀ ਸ਼ਬਦੀ ਰੰਗ ਚੜ੍ਹੌਣਾ ਏਂ । ਆਤਮ ਨਾਦ ਵਜੌਣਾ ਏਂ । ਬੋਧ ਅਗਾਧ ਇਕ ਪੜ੍ਹੌਣਾ ਏਂ । ਪੀਰ ਪੈਗ਼ੰਬਰ ਕਲਮਾ ਇਕ ਸਿਖੌਣਾ ਏਂ । ਨਬੀ ਰਸੂਲਾਂ ਮਾਰਗ ਏਕਾ ਪੌਣਾ ਏਂ । ਮੁਕਾਮੇ ਹੱਕ ਆਸਣ ਲੌਣਾ ਏਂ । ਲਾਸ਼ਰੀਕ ਆਪ ਅਖਵੌਣਾ ਏਂ । ਜਲਵਾ ਨੂਰ ਡਗਮਗਾਉਂਣਾ ਏਂ । ਸਚ ਸਿੰਘਾਸਣ ਡੇਰਾ ਲੌਣਾ ਏਂ । ਸਚਖੰਡ ਸਾਚਾ ਇਕ ਵਸੌਣਾ ਏਂ । ਥਿਰ ਘਰ ਕੁੰਡਾ ਲੌਹਣਾ ਏਂ । ਗੁਰ ਅਵਤਾਰ ਦਰ ਬੁਲੌਣਾ ਏਂ । ਪਿਛਲਾ ਲਹਿਣਾ ਮੂਲ ਚੁਕੌਣਾ ਏਂ । ਸ਼ਾਸਤਰ ਸਿਮਰਤ ਵੇਦ ਪੁਰਾਨ ਵੇਖ ਵਖੌਣਾ ਏਂ । ਅੰਜੀਲ ਕੁਰਾਨਾ ਪੰਧ ਮੁਕੌਣਾ ਏਂ । ਚੌਦਾਂ ਤਬਕਾਂ ਡੇਰਾ ਢੌਣਾ ਏਂ । ਚੌਦਾਂ ਲੋਕਾਂ ਰੰਗ ਵਖੌਣਾ ਏਂ । ਚੌਦਾਂ ਵਿਦਿਆ ਮਾਣ ਮਿਟੌਣਾ ਏਂ । ਸਾਚਾ ਮੰਤਰ ਇਕ ਸਮਝੌਣਾ ਏਂ । ਗਗਨ ਗਗਨੰਤਰ ਵੇਖ ਵਖੌਣਾ ਏਂ । ਪ੍ਰਿਥਮੀ ਆਕਾਸ਼ ਫੋਲ ਫੁਲੌਣਾ ਏਂ । ਕਰੋੜ ਤੇਤੀਸਾ ਨੇਤਰ ਨੀਰ ਰਵੌਣਾ ਏਂ । ਸੁਰਪਤ ਇੰਦ ਤਖ਼ਤੋਂ ਲੌਹਣਾ ਏਂ । ਸ਼ੰਕਰ ਤੇਰਾ ਪੰਧ ਮੁਕੌਣਾ ਏਂ । ਬ੍ਰਹਮਾ ਬ੍ਰਹਮ ਰੂਪ ਸਮੌਣਾ ਏਂ । ਵਿਸ਼ਨੂੰ ਸਾਚੀ ਸੇਵ ਕਮੌਣਾ ਏਂ । ਪੁਰਖ ਅਬਿਨਾਸ਼ੀ ਕੰਮ ਚਲੌਣਾ ਏਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਦਰ ਇਕ ਵਡਿਔਣਾ ਏਂ । ਸਾਚਾ ਮੰਦਰ ਇਕ ਵਡਿਆਵਾਂਗਾ । ਸਚਖੰਡ ਦਵਾਰ ਵਸਾਵਾਂਗਾ । ਸਚ ਤਖ਼ਤ ਆਸਣ ਲਾਵਾਂਗਾ । ਨਿਰਗੁਣ ਨੂਰ ਜੋਤ ਜਗਾਵਾਂਗਾ । ਸਾਚਾ ਡੰਕਾ ਨਾਮ ਵਜਾਵਾਂਗਾ । ਸੋ ਪੁਰਖ ਨਿਰੰਜਣ ਨਾਮ ਧਿਆਵਾਂਗਾ । ਹਰਿ ਪੁਰਖ ਨਿਰੰਜਣ ਰੰਗ ਰੰਗਾਵਾਂਗਾ । ਏਕੰਕਾਰ ਨਿਰੰਕਾਰ ਅਖਵਾਵਾਂਗਾ । ਆਦਿ ਨਿਰੰਜਣ ਜੋਤੀ ਡਗਮਗਾਵਾਂਗਾ । ਸ੍ਰੀ ਭਗਵਾਨ ਸਚ ਨਿਸ਼ਾਨ ਝੁਲਾਵਾਂਗਾ । ਅਬਿਨਾਸ਼ੀ ਕਰਤਾ ਆਪਣਾ ਨਾਉਂ ਪਰਗਟਾਵਾਂਗਾ । ਪਾਰਬ੍ਰਹਮ ਪ੍ਰਭ ਆਪਣਾ ਆਸਣ ਲਾਵਾਂਗਾ । ਪੀਰ ਪੈਗ਼ੰਬਰ ਜਗਾਵਾਂਗਾ ।

ਕਲਮਾ ਇਕ ਸਿਖਾਵਾਂਗਾ । ਹੱਕ ਹਕੀਕਤ ਫੋਲ ਫੁਲਾਵਾਂਗਾ । ਨੇਰਨ ਨੇਰ ਨਜ਼ਦੀਕ ਨਜ਼ਦੀਕ ਨਜ਼ਰੀ ਆਵਾਂਗਾ । ਸੰਤ ਸੁਹੇਲੇ ਆਪ ਉਠਾਵਾਂਗਾ । ਫੜ ਕਾਗੋਂ ਹੰਸ ਬਣਾਵਾਂਗਾ । ਸੋਹੰ ਹੰਸਾ ਮਾਣਕ ਮੋਤੀ ਚੋਗ ਚੁਗਾਵਾਂਗਾ । ਕਲਜੁਗ ਦੀ ਰੇਖ ਮਿਟਾਵਾਂਗਾ । ਸਤਿਜੁਗ ਸਾਚਾ ਚੰਦ ਚੜ੍ਹਾਵਾਂਗਾ । ਵਰਨ ਬਰਨ ਗਵਾਵਾਂਗਾ । ਗੋਬਿੰਦ ਸੂਰਾ ਇਕ ਉਠਾਵਾਂਗਾ । ਨਾਮ ਖੰਡਾ ਹੱਥ ਫੜਾਵਾਂਗਾ । ਲੋਆਂ ਪੁਰੀਆਂ ਆਪ ਫਿਰਾਵਾਂਗਾ । ਬ੍ਰਹਿਮੰਡ ਖੰਡ ਖੋਜ ਖੁਜਾਵਾਂਗਾ । ਜੇਰਜ ਅੰਡਾਂ ਡੇਰਾ ਢਾਹਵਾਂਗਾ । ਉਤਭੁਜ ਸੇਤਜ ਪਰਦਾ ਲਾਹਵਾਂਗਾ । ਸੂਰਜ ਚੰਨ ਨੈਣ ਸ਼ਰਮਾਵਾਂਗਾ । ਜ਼ਿਮੀਂ ਅਸਮਾਨਾਂ ਖੇਹ ਉਡਾਵਾਂਗਾ । ਜਨ ਭਗਤਾਂ ਅੰਗ ਲਗਾਵਾਂਗਾ । ਨਥਾਵਿਆਂ ਥਾਂ ਦਵਾਵਾਂਗਾ । ਨਿਮਾਣਿਆਂ ਆਪ ਉਠਾਵਾਂਗਾ । ਹੰਕਾਰੀਆਂ ਖ਼ਾਕ ਮਿਲਾਵਾਂਗਾ । ਕਲਜੁਗ ਆਪ ਬਦਲਾਵਾਂਗਾ । ਬੀਸ ਬੀਸਾ ਹੁਕਮ ਚਲਾਵਾਂਗਾ । ਦਿਲੀ ਤਖ਼ਤ ਚਰਨ ਟਿਕਾਵਾਂਗਾ । ਨੌਂ ਖੰਡ ਹਲਾਵਾਂਗਾ । ਸੱਤਾਂ ਦੀਪਾਂ ਖ਼ਾਕ ਮਿਲਾਵਾਂਗਾ । ਫਿਰ ਆਪਣਾ ਨਾਮ ਜਪਾਵਾਂਗਾ । ਨਿਹਕਲੰਕ ਨਜ਼ਰੀ ਆਵਾਂਗਾ । ਸਾਚਾ ਡੰਕ ਸੁਣਾਵਾਂਗਾ । ਰਾਉ ਰੰਕ ਸਮਝਾਵਾਂਗਾ । ਦਵਾਰ ਬੰਕ ਵਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਹੁਕਮ ਇਕ ਦ੍ਰਿੜਾਵਾਂਗਾ । ਸਾਚਾ ਹੁਕਮ ਦ੍ਰਿੜਾਊਂਗਾ । ਜੋਤੀ ਜਾਮਾ ਵੇਸ ਵਟਾਊਂਗਾ । ਕਲ ਕਲਕੀ ਅਵਤਾਰ ਅਖਵਾਊਂਗਾ । ਸੰਬਲ ਆਪਣਾ ਚਰਨ ਟਿਕਾਊਂਗਾ । ਉਚੇ ਟਿੱਲੇ ਪਰਬਤ ਆਸਣ ਲਾਊਂਗਾ । ਪੂਤ ਸਪੂਤੇ ਪਕੜ ਉਠਾਊਂਗਾ । ਬ੍ਰਹਿਮਣ ਗੌੜੇ ਭੇਵ ਚੁਕਾਊਂਗਾ । ਮੂਸਾ ਈਸਾ ਚਰਨਾਂ ਹੇਠ ਰਖਾਊਂਗਾ । ਮੁਹੰਮਦ ਪਿਛਲੀ ਅੱਖ ਖੁਲ੍ਹਾਊਂਗਾ । ਅੱਲਾ ਰਾਣੀ ਦਰ ਦਰ ਭੀਖ ਮੰਗਾਊਂਗਾ । ਨਾਨਕ ਗੋਬਿੰਦ ਸੰਗ ਨਿਭਾਊਂਗਾ । ਸੂਰਬੀਰ ਹੋ ਕੇ ਆਪਣਾ ਨਾਂ ਜਪਾਊਂਗਾ । ਅੰਮ੍ਰਿਤ ਜਾਮ ਪਿਆਊਂਗਾ । ਚਾਰ ਵਰਨਾਂ ਏਕਾ ਘਰ ਵਖਾਊਂਗਾ । ਬਰਨ ਅਠਾਰਾਂ ਮੇਟ ਮਿਟਾਊਂਗਾ । ਹਰਿ ਮੰਦਰ ਚਰਨ ਟਿਕਾਊਂਗਾ । ਭਗਤ ਭਗਵੰਤ ਆਪਣਾ ਬੰਕ ਸੁਹਾਊਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਵਖਾਊਂਗਾ । ਆਪਣਾ ਖੇਲ ਵਖਾਵਾਂਗਾ । ਸ਼ਾਹ ਸੁਲਤਾਨਾਂ ਉਠਾਵਾਂਗਾ । ਇਕੋ ਹੁਕਮ ਮਨਾਵਾਂਗਾ । ਪਹਿਲੀ ਚੇਤਰ ਰਾਹ ਚਲਾਵਾਂਗਾ । ਪਿਛਲਾ ਪੰਧ ਮੁਕਾਵਾਂਗਾ । ਅੱਗੇ ਮਾਰਗ ਪਾਵਾਂਗਾ । ਘਰ ਘਰ ਹੁਕਮ ਸਮਝਾਵਾਂਗਾ । ਸੁੱਤਿਆਂ ਆਪ ਉਠਾਵਾਂਗਾ । ਰੁਸਿਆਂ ਫੇਰ ਮਨਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਾਰ ਕਮਾਵਾਂਗਾ । ਆਪਣੀ ਕਾਰ ਕਰੇ ਕਰਤਾਰ, ਕਰਨਹਾਰ ਅਖਵਾਇਆ । ਨਿਰਗੁਣ ਨਿਰਗੁਣ ਹੋ ਤਿਆਰ, ਨਿਰਵੈਰ ਆਪਣਾ ਵੇਸ ਵਟਾਇਆ । ਸਚਖੰਡ ਦਵਾਰਾ ਖੋਲ੍ਹ ਕਵਾੜ, ਥਿਰ ਘਰ ਮੰਦਰ ਇਕ ਸੁਹਾਇਆ । ਸੁਨ ਅਗੰਮੀ ਕਰ ਕਰ ਪਾਰ, ਭੇਵ ਅਭੇਦਾ ਆਪ ਜਣਾਇਆ । ਸ਼ਬਦੀ ਸ਼ਬਦ ਸ਼ਬਦ ਪਿਆਰ, ਸਚ ਵਣਜਾਰਾ ਇਕ ਰਖਾਇਆ । ਸੁਤ ਦੁਲਾਰਾ ਕਰਿਆ ਖ਼ਬਰਦਾਰ, ਸਚ ਸੰਦੇਸਾ ਇਕ ਸੁਣਾਇਆ । ਉਠ ਬਾਲੇ ਹੋ ਤਿਆਰ, ਹਰਿ ਗੋਪਾਲੇ ਰਾਹ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਦਰਗਹਿ ਸਾਚੀ ਸਾਚਾ ਰਾਹ ਚਲਾਇਆ । ਦਰਗਹਿ ਸਾਚੀ ਪਰਵਰਦਿਗਾਰ, ਇਕੋ ਹੁਕਮ ਜਣਾਈਆ । ਆਦਿ ਜੁਗਾਦੀ ਸਾਂਝਾ ਯਾਰ, ਸ਼ਿਰਕਤ ਵਿਚ ਕਦੇ ਨਾ ਆਈਆ । ਕਲਮਾ ਹੱਕ ਦਏ ਸਿਖਾਲ, ਸਾਚੀ ਸਿਖਿਆ ਕਰੇ ਪੜ੍ਹਾਈਆ । ਕਰੇ ਖੇਲ ਬੇਮਿਸਾਲ, ਪਿਛਲੀ ਮਿਸਲ ਨਾ ਕੋਇ ਵਖਾਈਆ । ਜਲਵਾ ਨੂਰ ਧਰ ਜਲਾਲ, ਜੌਹਰ ਆਪਣਾ ਦਏ ਕਢਾਈਆ । ਹਕੀਕਤ ਵੇਖੇ ਹੱਕ ਹਲਾਲ,

੬੨੦
੧੩

ਲਾਸ਼ਰੀਕ ਆਪ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਨੇਹੁੜਾ ਇਕ ਅਲਾਈਆ । ਸਚ ਸਨੇਹੁੜਾ ਸਾਚੇ ਥਾਨ, ਸ੍ਰੀ ਭਗਵਾਨ ਆਪ ਜਣਾਇੰਦਾ । ਗੁਰ ਅਵਤਾਰ ਕਰੋ ਧਿਆਨ, ਪੀਰ ਪੈਗ਼ੰਬਰ ਆਪ ਉਠਾਇੰਦਾ । ਲੋਕ ਪਰਲੋਕ ਦੇਵਣਹਾਰ ਗਿਆਨ, ਸਚ ਸਲੋਕ ਇਕ ਜਣਾਇੰਦਾ । ਆਤਮ ਪਰਮਾਤਮ ਦੇਵਣਹਾਰਾ ਦਾਨ ਪਾਰਬ੍ਰਹਮ ਬ੍ਰਹਮ ਪਰਦਾ ਲਾਹਿੰਦਾ । ਵਸਣਹਾਰਾ ਸਚਖੰਡ ਸਚ ਮਕਾਨ, ਬੇਮੁਕਾਮ ਫੇਰਾ ਪਾਇੰਦਾ । ਚੌਥੇ ਜੁਗ ਬਦਲ ਦੇਵੇ ਨਜ਼ਾਮ, ਧੁਰ ਫ਼ਰਮਾਨਾ ਇਕ ਸਮਝਾਇੰਦਾ । ਆਪਣੇ ਹੱਥ ਹੁਕਮ ਰੱਖੇ ਹੁਕਾਮ, ਹਕੀਕਤ ਸਭ ਦੀ ਵੇਖ ਵਖਾਇੰਦਾ । ਸਾਰੇ ਬਰਦੇ ਬਣੇ ਗ਼ੁਲਾਮ, ਸਯਦਾ ਸੀਸ ਇਕ ਜਣਾਇੰਦਾ । ਪੁਰਖ ਅਬਿਨਾਸ਼ੀ ਸਚ ਅਮਾਮ, ਸਾਚੇ ਤਖ਼ਤ ਸੋਭਾ ਪਾਇੰਦਾ । ਦਾਮਨਗੀਰ ਪਕੜੋ ਦਾਮ, ਦਸਤ ਦਸਤ ਨਾਲ ਮਿਲਾਇੰਦਾ । ਦੂਰ ਦੁਰਾਡਾ ਵਖਾਏ ਸਚ ਨਿਸ਼ਾਨ, ਦੋ ਜਹਾਨਾਂ ਆਪ ਝੁਲਾਇੰਦਾ । ਕਲਜੁਗ ਅੰਤਮ ਖੇਲ ਕਰੇ ਮਹਾਨ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਕੂੜੀ ਕਿਰਿਆ ਮੇਟੇ ਵਿਚ ਜਹਾਨ, ਸਚ ਸੁੱਚ ਆਪ ਧਰਾਇੰਦਾ । ਚੌਦਾਂ ਤਬਕ ਵੇਖੇ ਦੁਕਾਨ, ਜ਼ਿਮੀਂ ਅਸਮਾਨ ਫੋਲ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣਾ ਨਾਂਉਂ ਪਰਗਟਾਇੰਦਾ । ਨਿਰਗੁਣ ਨਾਉਂ ਰਖਾਵਾਂਗਾ । ਇਕੋ ਪੁਰਖ ਅਕਾਲ ਮਨਾਵਾਂਗਾ । ਦੂਜਾ ਇਸ਼ਟ ਨਾ ਕੋਇ ਜਣਾਵਾਂਗਾ । ਸੁਰਤੀ ਸੋਈ ਸਰਬ ਉਠਾਵਾਂਗਾ । ਮਨ ਵਾਸਨਾ ਮੈਲ ਧਵਾਵਾਂਗਾ । ਅੰਮ੍ਰਿਤ ਜਾਮ ਪਿਆਵਾਂਗਾ । ਨਿਝਰ ਝਿਰਨਾ ਇਕ ਝਿਰਾਵਾਂਗਾ । ਬਜਰ ਕਪਾਟ ਖੁਲ੍ਹਾਵਾਂਗਾ । ਆਤਮ ਤਾਕੀ ਲਾਹਵਾਂਗਾ । ਬਣ ਸਾਕੀ ਜਾਮ ਪਿਆਵਾਂਗਾ । ਬੰਦਾ ਖ਼ਾਕੀ ਖ਼ਾਕ ਰਲਾਵਾਂਗਾ । ਆਕੀ ਅੰਤ ਸਰਬ ਮਿਟਾਵਾਂਗਾ । ਗੋਬਿੰਦ ਬਾਕੀ ਮਾਤ ਚੁਕਾਵਾਂਗਾ । ਸਤਿਜੁਗ ਸਾਖੀ ਆਪ ਸੁਣਾਵਾਂਗਾ । ਜਨ ਭਗਤਾਂ ਰਾਖੀ, ਬਹਿ ਬਹਿ ਅੰਦਰ ਕਮਾਵਾਂਗਾ । ਜੋ ਗੁਰ ਅਵਤਾਰਾਂ ਪਹਿਲੋਂ ਭਾਖੀ, ਸੋ ਅੰਤਮ ਪੂਰੀ ਕਰ ਵਖਾਵਾਂਗਾ । ਦੋ ਜਹਾਨ ਇਕੋ ਖੁਲ੍ਹੇ ਹਾਟੀ, ਦੂਜਾ ਰਾਹ ਨਾ ਕੋਇ ਜਣਾਵਾਂਗਾ । ਨਿਰਗੁਣ ਜੋਤ ਹਰਿ ਪਰਕਾਸ਼ੀ, ਕਲਜੁਗ ਅੰਧ ਅੰਧੇਰ ਮੁਕਾਵਾਂਗਾ । ਮੇਲ ਮਿਲਾਵਾ ਕਮਲਾਪਾਤੀ, ਨਾਰ ਕੰਤ ਘਰ ਵਖਾਵਾਂਗਾ । ਜਨ ਭਗਤਾਂ ਕਰ ਕੇ ਉਤਮ ਜ਼ਾਤੀ, ਬ੍ਰਹਮ ਆਪਣੀ ਅੰਸ ਬਣਾਵਾਂਗਾ । ਗਲੋਂ ਕੱਟ ਜਮ ਕੀ ਫਾਸੀ, ਸਚਖੰਡ ਦਵਾਰ ਵਖਾਵਾਂਗਾ । ਸਤਿਜੁਗ ਕੋਈ ਨਾ ਰਹਿਸੀ ਮਦਿਰਾ ਮਾਸੀ, ਗੁਰਮੁਖ ਇਕੋ ਰੰਗ ਰੰਗਾਵਾਂਗਾ । ਲਹਿਣਾ ਦੇਣਾ ਚੁੱਕੇ ਪੰਡਤ ਕਾਸੀ, ਕਾਇਆ ਮੰਦਰ ਇਕ ਵਖਾਵਾਂਗਾ । ਮੁੱਲਾ ਸ਼ੇਖ਼ ਮਸਾਇਕ ਹੋਏ ਉਦਾਸੀ, ਸਫ਼ਾ ਸਭ ਦੀ ਮਾਤ ਉਠਾਵਾਂਗਾ । ਇਕੋ ਗੋਬਿੰਦ ਇਕੋ ਦਾਸੀ, ਇਕੋ ਪੁਰਖ ਅਕਾਲ ਮਨਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਸਚ ਸਚ ਜਣਾਵਾਂਗਾ । ਸਚ ਸਚ ਜਣਾਊਂਗਾ । ਪਿਛਲੀ ਕੀਤੀ ਸਭ ਉਲਟਾਊਂਗਾ । ਜੋ ਘੜਿਆ ਭੰਨ ਵਖਾਊਂਗਾ । ਲੱਖ ਚੁਰਾਸੀ ਖ਼ਾਕ ਮਿਲਾਊਂਗਾ । ਗੁਰਮੁਖ ਸਾਚੇ ਆਪ ਉਠਾਊਂਗਾ । ਵੜ ਅੰਦਰ ਰਾਹ ਜਣਾਊਂਗਾ । ਹਰਿ ਮੰਦਰ ਇਕ ਬਹਾਊਂਗਾ । ਅਨਹਦ ਨਾਦੀ ਨਾਦ ਵਜਾਊਂਗਾ । ਬਣ ਸਵਾਂਗੀ ਸਵਾਂਗ ਰਚਾਊਂਗਾ । ਬਿਨ ਭਗਤਾਂ ਨਜ਼ਰ ਕਿਸੇ ਨਾ ਆਊਂਗਾ । ਲੱਖ ਚੁਰਾਸੀ ਮੁਖ ਭਵਾਊਂਗਾ । ਜੋ ਕਰਨੀ ਕਰ ਵਖਾਊਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਲਿਖਤ ਲੇਖ ਲਿਖਾਊਂਗਾ । ਸਾਚਾ ਲੇਖਾ ਮਸਤਕ ਲਿਖਾਵਾਂਗਾ । ਗੁਰ ਗੋਬਿੰਦ ਨਾਲ ਮਿਲਾਵਾਂਗਾ । ਸਿਰ ਕਲਗੀ ਤੋੜਾ ਸਜਾਵਾਂਗਾ । ਦੋ ਜਹਾਨਾਂ ਰਾਹ ਜਣਾਵਾਂਗਾ । ਸਤਿਜੁਗ ਮਾਰਗ ਪਾਵਾਂਗਾ । ਨੌਂ ਸੌ

ਚੁਰਾਨਵੇ ਚੌਕੜੀ ਜੁਗ ਦਾ ਪੰਧ ਮੁਕਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਰੁਲਾਵਾਂਗਾ । ਗੁਰਮੁਖ ਸੱਚਿਆਂ ਮਾਣ ਦਿਵਾਵਾਂਗਾ । ਸੋਹੰ ਢੋਲਾ ਇਕ ਸੁਣਾਵਾਂਗਾ । ਬਣ ਵਿਚੋਲਾ ਸੇਵ ਕਮਾਵਾਂਗਾ । ਕਲਜੁਗ ਹੋਲਾ ਇਕ ਵਖਾਵਾਂਗਾ । ਘਰ ਘਰ ਰੌਲਾ ਪਾਵਾਂਗਾ । ਵੀਹ ਸਦੀ ਨਾਲ ਰਲਾਵਾਂਗਾ । ਚੌਧਵੀਂ ਸਦੀ ਪੰਧ ਮੁਕਾਵਾਂਗਾ । ਬੁੱਢੀ ਨੱਢੀ ਦਰ ਦਰ ਆਪ ਫਿਰਾਵਾਂਗਾ । ਅੱਲਾ ਰਾਣੀ ਨੈਣ ਸ਼ਰਮਾਵਾਂਗਾ । ਮੁਹੰਮਦ ਮੂੰਹ ਦੇ ਭਾਰ ਸੁਟਾਵਾਂਗਾ । ਈਸਾ ਸ਼ਹਿਨਸ਼ਾਹ ਨਾਲ ਰਲਾਵਾਂਗਾ । ਮੂਸਾ ਇਕੋ ਹੁਕਮ ਮਨਾਵਾਂਗਾ । ਕਾਲਾ ਸੂਸਾ ਤਨ ਛੁਹਾਵਾਂਗਾ । ਚੀਨਾ ਰੂਸਾ ਮੇਲ ਮਿਲਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਕਰ ਵਖਾਵਾਂਗਾ । ਸਾਚੀ ਕਰਨੀ ਕਰ ਵਖਾਏਗਾ । ਸੋ ਆਪਣਾ ਨਾਮ ਜਪਾਏਗਾ । ਹਰਿ ਪੁਰਖ ਨਿਰੰਜਣ ਫੇਰਾ ਪਾਏਗਾ । ਏਕੰਕਾਰ ਹੁਕਮ ਸੁਣਾਏਗਾ । ਆਦਿ ਨਿਰੰਜਣ ਨੂਰ ਧਰਾਏਗਾ । ਸ੍ਰੀ ਭਗਵਾਨ ਸੇਵ ਕਮਾਏਗਾ । ਅਬਿਨਾਸ਼ੀ ਕਰਤਾ ਘਰ ਘਰ ਫੇਰਾ ਪਾਏਗਾ । ਪਾਰਬ੍ਰਹਮ ਆਪਣੀ ਵੰਡ ਵੰਡਾਏਗਾ । ਬ੍ਰਹਮ ਲੇਖਾ ਸਰਬ ਚੁਕਾਏਗਾ । ਸਚ ਦਵਾਰ ਇਕ ਵਖਾਏਗਾ । ਸਚਖੰਡ ਦਵਾਰ ਸੁਹਾਏਗਾ । ਸ੍ਰੀ ਭਗਵਾਨ ਆਸਣ ਲਾਏਗਾ । ਨਿਰਗੁਣ ਜੋਤ ਨਜ਼ਰੀ ਆਏਗਾ । ਕਿਲਾ ਕੋਟ ਨਾ ਕੋਇ ਬਣਾਏਗਾ । ਨਗਾਰੇ ਚੋਟ ਇਕ ਲਗਾਏਗਾ । ਲੱਖ ਚੁਰਾਸੀ ਖੋਟ ਬਾਹਰ ਕਢਾਏਗਾ । ਗੁਰਮੁਖ ਆਹਲਣਿਉਂ ਡਿਗੇ ਬੋਟ ਉਠਾਏਗਾ । ਵਰਨ ਗੋਤ ਸਰਬ ਮਿਟਾਏਗਾ । ਪੁਰਖ ਅਕਾਲ ਨਿਰਮਲ ਜੋਤ ਨਾਲ ਮਿਲਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਆਪ ਵਖਾਏਗਾ । ਸਾਚਾ ਮਾਰਗ ਇਕ ਵਖਾਵਾਂਗਾ । ਇਕੋ ਰੰਗ ਰੰਗਾਵਾਂਗਾ । ਇਕੋ ਘਰ ਵਸਾਵਾਂਗਾ । ਇਕੋ ਮੰਦਰ ਬਣਾਵਾਂਗਾ ।

੬੨੨ ੧੩
ਇਕੋ ਨਾਦ ਵਜਾਵਾਂਗਾ । ਇਕੋ ਸਾਕ ਹੰਡਾਵਾਂਗਾ । ਪਾਕੀ ਪਾਕ ਅਖਵਾਵਾਂਗਾ । ਇਕੋ ਤਾਕ ਖੁਲ੍ਹਾਵਾਂਗਾ । ਇਕੋ ਲਾਟ ਜਗਾਵਾਂਗਾ । ਇਕੋ ਹਾਟ ਵਕਾਵਾਂਗਾ । ਇਕੋ ਤਾਟ ਦ੍ਰਿੜ੍ਹਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ ਸੁਣਾਵਾਂਗਾ । ਸਚ ਸੰਦੇਸ ਦੱਸਾਂਗਾ । ਦੋ ਜਹਾਨਾਂ ਫਿਰ ਫਿਰ ਹੱਸਾਂਗਾ । ਜਨ ਭਗਤਾਂ ਪਿਛੇ ਨੱਸਾਂਗਾ । ਤੀਰ ਨਿਰਾਲਾ ਕਸਾਂਗਾ । ਦੋ ਜਹਾਨਾਂ ਝੱਸਾਂਗਾ । ਗੁਰਮੁਖਾਂ ਅੱਗੇ ਨੀਵਾਂ ਹੋ ਕੇ ਢੱਠਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਅੰਦਰ ਆਪੇ ਹੋ ਕੇ ਵਸਾਂਗਾ । ਆਪਣੇ ਅੰਦਰ ਵਸੇਰਾ ਕਰਾਂਗਾ । ਨਾ ਕਿਸੇ ਕੋਲੋਂ ਡਰਾਂਗਾ । ਲੱਖ ਚੁਰਾਸੀ ਜੀਵ ਜੰਤ ਫੜਾਂਗਾ । ਜਨ ਭਗਤਾਂ ਕਾਇਆ ਮੰਦਰ ਸਚ ਮਹੱਲੇ ਚੜ੍ਹਾਂਗਾ । ਇਕੋ ਅੱਖਰ ਆਖਰ ਆਪਣਾ ਪੜ੍ਹਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਹਰਿ ਹਰਿ ਕਰਾਂਗਾ । ਸਾਚੀ ਕਰਨੀ ਕਰੇ ਪੁਰਖ ਸਮਰਥ, ਆਦਿ ਜੁਗਾਦਿ ਵੱਡੀ ਵਡਿਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਚਲਾਇਆ ਰਥ, ਨਵ ਨੌਂ ਚਾਰ ਵੇਸ ਵਟਾਈਆ । ਬੋਧ ਅਗਾਧ ਮਹਿਮਾਂ ਦੱਸਦਾ ਰਿਹਾ ਅਕੱਥ, ਲਿਖ ਲਿਖ ਲੇਖਾ ਜਗਤ ਜਣਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇਵਣਹਾਰਾ ਮਤ, ਸਾਚੀ ਸਿਖਿਆ ਕਰੇ ਪੜ੍ਹਾਈਆ । ਗੁਰ ਅਵਤਾਰਾਂ ਪਾਵਣਹਾਰਾ ਵਥ, ਵਸਤ ਅਮੋਲਕ ਇਕ ਵਰਤਾਈਆ । ਪੀਰ ਪੈਗ਼ੰਬਰਾਂ ਵਖਾਵਣਹਾਰਾ ਤਟ, ਪੱਤਣ ਇਕੋ ਇਕ ਜਣਾਈਆ । ਕਲਜੁਗ ਅੰਤਮ ਸਭ ਦੀ ਵੇਖੇ ਵਾਟ ਬਣ ਪਾਂਧੀ ਫੇਰਾ ਪਾਈਆ । ਜਗਤ ਵਾਸਨਾ ਨਟੂਆ ਨਾਟ, ਮਨ ਚੰਚਲ ਰਿਹਾ ਨਚਾਈਆ । ਕਿਸੇ ਨਾ ਮਿਲਿਆ ਕਮਲਾਪਾਤ, ਸੁੰਞੀ ਸੇਜ ਸਰਬ ਲੋਕਾਈਆ ।

ਰਸਨਾ ਜਿਹਵਾ ਬੱਤੀ ਦੰਦ ਗਾ ਗਾ ਥੱਕੇ ਗਾਥ, ਆਤਮ ਪਰਮਾਤਮ ਮੇਲ ਨਾ ਕੋਇ ਮਿਲਾਈਆ । ਨਾਤਾ ਜੁੜਿਆ ਕੂੜ ਕੁੜਿਆਰਾ ਸੱਜਣ ਸਾਕ, ਸਤਿਗੁਰ ਚਰਨ ਨਾ ਕੋਇ ਸਰਨਾਈਆ । ਜੋਤ ਜਗੀ ਨਾ ਮਸਤਕ ਲਲਾਟ, ਘਰ ਘਰ ਦੀਪਕ ਰਹੇ ਜਗਾਈਆ । ਜਨਮ ਮਰਨ ਦੀ ਮੁੱਕੀ ਨਾ ਕਿਸੇ ਵਾਟ, ਹਵਨ ਧੂਪ ਦੀਪ ਘਿਰਤ ਰਹੇ ਪਾਈਆ । ਕਲਜੁਗ ਹੋਈ ਅੰਧੇਰੀ ਰਾਤ, ਸਤਿਜੁਗ ਸਾਚਾ ਚੰਦ ਨਾ ਕੋਇ ਚੜ੍ਹਾਈਆ । ਦੀਨ ਮਜ਼੍ਹਬ ਬਣੇ ਜਮਾਤ, ਪੁਰਖ ਅਕਾਲ ਨਾ ਕੋਇ ਮਨਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਲੈ ਲੈ ਹਾਥ, ਹੱਥੋ ਹੱਥ ਰਹੇ ਵਖਾਈਆ । ਸਭ ਨੂੰ ਭੁੱਲੀ ਪਾਰਬ੍ਰਹਮ ਦੀ ਜ਼ਾਤ, ਅਜ਼ਾਤੀ ਰੂਪ ਸਰਬ ਵਟਾਈਆ । ਜਿਸ ਦੀ ਸਿਫ਼ਤ ਕਰਦੀ ਰਹੀ ਕਲਮ ਦਵਾਤ, ਕਾਗ਼ਜ਼ ਸ਼ਾਹੀ ਨਾਲ ਮਿਲਾਈਆ । ਜਿਸ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਪੰਜ ਤੱਤ ਚੋਲੇ ਦਿਤੀ ਵਫ਼ਾਤ, ਫ਼ਤਵਾ ਸਭ ਦੇ ਉਤੇ ਲਾਈਆ । ਸੋ ਸਾਹਿਬ ਸਾਖਿਆਤ, ਨਿਰਗੁਣ ਆਪਣਾ ਵੇਸ ਧਰਾਈਆ । ਵੇਖਣਹਾਰਾ ਕਾਇਨਾਤ, ਸ੍ਰਿਸ਼ਟ ਸਬਾਈ ਖੋਜ ਖੁਜਾਈਆ । ਮਧਰ ਪਿਆਲਾ ਆਬੇ ਹਯਾਤ, ਅੰਮ੍ਰਿਤ ਜਾਮ ਰਿਹਾ ਵਖਾਈਆ । ਕਲਜੁਗ ਜੀਵ ਪਏ ਸਫ਼ਾਤ, ਨੇਤਰ ਨੈਣ ਨਾ ਕੋਇ ਉਠਾਈਆ । ਗੁਰਮੁਖ ਵਿਰਲਾ ਸੱਜਣ ਦਾਸ, ਜਿਸ ਆਪਣੀ ਬੂਝ ਬੁਝਾਈਆ । ਚਾਰੋਂ ਕੁੰਟ ਵੇਖ ਪਰਭਾਸ, ਪੀਰ ਪੈਗ਼ੰਬਰ ਦੇਣ ਦੁਹਾਈਆ । ਕਲਮਾ ਨਬੀ ਨਾ ਕਿਸੇ ਸਾਥ, ਹਕੀਕਤ ਨਜ਼ਰ ਕੋਇ ਨਾ ਆਈਆ । ਮੁਹੰਮਦ ਪੜ੍ਹੇ ਨਾ ਕੋਇ ਆਇਤ, ਸ਼ਰੀਅਤ ਕਰੇ ਜਗਤ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਹੁਕਮ ਇਕ ਜਣਾਈਆ । ਸਾਚਾ ਹੁਕਮ ਸਚ ਸੰਦੇਸਾ, ਸ੍ਰੀ ਭਗਵਾਨ ਆਪ ਜਣਾਇੰਦਾ । ਪਕੜ ਉਠਾਏ ਨਰ ਨਰੇਸ਼ਾ, ਨਰਾਇਣ ਆਪਣਾ ਵੇਸ ਵਟਾਇੰਦਾ । ਲੇਖਾ ਜਾਣੇ ਧਾਰੀ ਕੇਸਾ, ਮੁੰਡ ਮੁੰਡਾਏ ਭੇਵ ਖੁਲ੍ਹਾਇੰਦਾ । ਨਿਹਕਲੰਕ ਕਰ ਕੇ ਵੇਸਾ, ਵੇਸ ਅਵੱਲਾ ਆਪ ਵਖਾਇੰਦਾ । ਚਾਰ ਜੁਗ ਦਾ ਵੇਖੇ ਪੇਸ਼ਾ, ਵਰਨ ਬਰਨ ਖੋਜ ਖੁਜਾਇੰਦਾ । ਲਹਿਣਾ ਦੇਣ ਚੁਕਾਏ ਮੁੱਲਾ ਪੀਰ ਸ਼ੇਖ਼ਾ, ਦਸਤਗੀਰ ਦਰਦ ਵੰਡਾਇੰਦਾ । ਨੌਂ ਖੰਡ ਪ੍ਰਿਥਮੀ ਪਰਗਟ ਹੋਵੇ ਇਕੋ ਨੇਤਾ, ਨਿਹਕਲੰਕ ਨਾਉਂ ਧਰਾਇੰਦਾ । ਗੁਰ ਗੋਬਿੰਦ ਕਰੇ ਸਾਚਾ ਹੇਤਾ, ਹਿਤਕਾਰੀ ਫੇਰਾ ਪਾਇੰਦਾ । ਜਿਨ੍ਹ ਧੰਨਾ ਤਾਰਿਆ ਜੱਟ ਫਿਰਦਾ ਵਿਚ ਖੇਤਾਂ, ਸੋ ਖੇਲ ਰਿਹਾ ਕਰਾਈਆ । ਜਿਸ ਨੂੰ ਕਲਜੁਗ ਜੀਵ ਕਰਦੇ ਰਹੇ ਝੇਡਾਂ, ਉਂਗਲਾਂ ਵਲ ਉਂਗਲਾਂ ਕਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਹੋ ਗਿਆ ਟੇਢਾ, ਸਭ ਨੂੰ ਖ਼ਾਕ ਮਿਲਾਈਆ । ਟੇਢਾ ਹੋਇਆ ਆਪ ਭਗਵਾਨ, ਨਜ਼ਰ ਕਿਸੇ ਨਾ ਆਇੰਦਾ । ਲੱਖ ਚੁਰਾਸੀ ਵੇਖੇ ਮਾਰ ਧਿਆਨ, ਨਿਰਗੁਣ ਆਪਣਾ ਪਰਦਾ ਲਾਹਿੰਦਾ । ਸ੍ਰਿਸ਼ਟ ਸਬਾਈ ਹੋਈ ਸ਼ੈਤਾਨ, ਕਾਮ ਕਰੋਧ ਲੋਭ ਮੋਹ ਹੰਕਾਰ ਘਰ ਘਰ ਨਜ਼ਰੀ ਆਇੰਦਾ । ਸਾਬਤ ਦਿਸੇ ਨਾ ਕੋਇ ਈਮਾਨ, ਸਿਦਕ ਸਬੂਰੀ ਨਾ ਕੋਇ ਹੰਡਾਇੰਦਾ । ਮਿਲਿਆ ਮੇਲ ਨਾ ਨੌਜਵਾਨ, ਨਿਰਗੁਣ ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਸੁਣਾਇੰਦਾ । ਸਾਚਾ ਹੁਕਮ ਸੁਣਾਵੇ ਮਾਤ, ਮਤਾ ਆਪਣੇ ਨਾਲ ਪਕਾਈਆ । ਸਾਰੇ ਬਣ ਜਾਓ ਇਕ ਜਮਾਤ, ਦੋ ਜਹਾਨਾਂ ਕਰੇ ਪੜ੍ਹਾਈਆ । ਸਰਬ ਜੀਆਂ ਦਾ ਪੁਰਖ ਅਬਿਨਾਸ਼, ਦੂਜਾ ਨਜ਼ਰ ਕੋਇ ਨਾ ਆਈਆ । ਇਕੋ ਪਵਣ ਇਕ ਸਵਾਸ, ਇਕੋ ਅੰਤਰ ਰਿਹਾ ਸਮਾਈਆ । ਇਕੋ ਸ਼ਬਦ ਇਕੋ ਨਾਦ, ਇਕੋ ਧੁਨ ਰਿਹਾ ਵਜਾਈਆ । ਇਕੋ ਜੋਤ ਇਕ ਪਰਕਾਸ਼, ਇਕੋ ਨੂਰ ਰਿਹਾ ਦਰਸਾਈਆ । ਇਕੋ ਸੇਵਕ ਇਕੋ ਦਾਸ, ਇਕੋ ਸੇਵਾ ਸਚ ਕਮਾਈਆ ।

ਇਕੋ ਸ਼ਹਿਨਸ਼ਾਹ ਸ਼ਾਹੋ ਸ਼ਾਬਾਸ਼, ਸਾਚੇ ਤਖ਼ਤ ਸੋਭਾ ਪਾਈਆ । ਇਕੋ ਕਰੇ ਪੂਰੀ ਆਸ, ਪੁਰਖ ਅਕਾਲ ਵੱਡੀ ਵਡਿਆਈਆ । ਇਕੋ ਲੇਖਾ ਜਾਣੇ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਖੋਜ ਖੁਜਾਈਆ । ਇਕੋ ਨਿਰਗੁਣ ਸਰਗੁਣ ਦੇਵੇ ਸਾਥ, ਜੁਗ ਜੁਗ ਸੰਗ ਨਿਭਾਈਆ । ਇਕੋ ਦੂਰ ਦੁਰਾਡੀ ਮੇਟੇ ਵਾਟ, ਜਨਮ ਮਰਨ ਪੰਧ ਮੁਕਾਈਆ । ਇਕੋ ਦੇਵਣਹਾਰਾ ਦਾਤ, ਸਤਿਗੁਰ ਦਾਤਾ ਇਕ ਰਘੁਰਾਈਆ । ਇਕੋ ਸਾਹਿਬ ਕਮਲਾਪਾਤ, ਘਰ ਵਸੇ ਸੱਚਾ ਮਾਹੀਆ । ਇਕੋ ਨੂਰ ਇਕੋ ਜ਼ਾਤ, ਜ਼ਹੂਰ ਇਕੋ ਇਕ ਰੁਸ਼ਨਾਈਆ । ਇਕੋ ਕਲਮਾ ਇਕੋ ਬਾਤ, ਇਕੋ ਨਾਮ ਰਿਹਾ ਪੜ੍ਹਾਈਆ । ਇਕੋ ਭਵਿਖਤ ਰਿਹਾ ਭਾਖ, ਗੁਰ ਅਵਤਾਰ ਧਿਆਨ ਲਗਾਈਆ । ਇਕੋ ਪੂਜਾ ਇਕੋ ਪਾਠ, ਇਕੋ ਮੰਤਰ ਰਿਹਾ ਸੁਣਾਈਆ । ਇਕੋ ਚਰਨ ਇਕੋ ਨਾਤ, ਇਕੋ ਹਰਿ ਜੂ ਨਜ਼ਰੀ ਆਈਆ । ਕਲਜੁਗ ਅੰਤਮ ਵੇਖੇ ਖੇਲ ਤਮਾਸ਼, ਖ਼ਾਲਕ ਖ਼ਲਕ ਰੂਪ ਵਟਾਈਆ । ਸ੍ਰੀ ਭਗਵਾਨ ਭੁੱਲ ਕਿਉਂ ਬਣੇ ਬਦਮਾਸ਼, ਬੁਧ ਸਭ ਦੀ ਰਿਹਾ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸਾਚਾ ਡੰਕਾ ਇਕ ਵਜਾਈਆ । ਸਾਚਾ ਡੰਕਾ ਵੱਜੇ ਸੱਦਾ, ਹਰਿ ਸਦਾ ਨਾਮ ਲਗਾਇੰਦਾ । ਦੋ ਜਹਾਨਾਂ ਪਾਰ ਕਰੇ ਹੱਦਾ, ਹਦੂਦ ਵੰਡ ਨਾ ਕੋਇ ਵੰਡਾਇੰਦਾ । ਜੁਗ ਚੌਕੜੀ ਫਿਰੇ ਭੱਜਾ, ਸੇਵਕ ਸਾਚੀ ਸੇਵ ਕਮਾਇੰਦਾ । ਕਲਜੁਗ ਅੰਤਮ ਨਿਰਗੁਣ ਹੋ ਕੇ ਸਜਾ, ਰੂਪ ਰੰਗ ਰੇਖ ਨਾ ਕੋਇ ਰਖਾਇੰਦਾ । ਭਗਤ ਪਿਆਰ ਆਇਆ ਬੱਧਾ, ਆਪਣਾ ਬਲ ਮਿਟਾਇੰਦਾ । ਨਾ ਬੁੱਢਾ ਨਾ ਦਿਸੇ ਨੱਢਾ, ਬਿਰਧ ਬਾਲ ਨਾ ਰੂਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਦਾਤਾ ਪੁਰਖ ਬਿਧਾਤਾ ਕਲਜੁਗ ਮੇਟੇ ਅੰਧੇਰੀ ਰਾਤਾ, ਸਤਿਜੁਗ ਦੇਵੇ ਸਚ ਸੋਗਾਤਾ, ਇਕੋ ਅੱਖਰ ਕਰ ਕਰ ਵੱਖਰ ਨਾਮ ਸੋਗਾਤ ਝੋਲੀ ਪਾਇੰਦਾ ।

### ❇ ੨੨ ਮਾਘ ੨੦੧੯ ਬਿਕ੍ਰਮੀ ਮੋਤਾ ਸਿੰਘ ਦੇ ਗ੍ਰਿਹ ਕਲਸੀਆਂ ਜ਼ਿਲਾ ਅੰਮ੍ਰਿਤਸਰ ❇

ਆਪਣਾ ਪਰਦਾ ਚੁਕਾਂਗਾ । ਨਿਰਗੁਣ ਹੋ ਕੇ ਉਠਾਂਗਾ । ਸਾਹਿਬ ਬਣ ਕੇ ਤੁਠਾਂਗਾ । ਗ਼ਰੀਬ ਨਿਮਾਣੇ ਚੁਕਾਂਗਾ । ਲੁਕਾਇਆਂ ਕਿਸੇ ਕੋਲੋਂ ਨਾ ਲੁਕਾਂਗਾ । ਸ਼ੇਰ ਹੋ ਕੇ ਬੁਕਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਲੱਖ ਚੁਰਾਸੀ ਕੋਲੋਂ ਪੁਛਾਂਗਾ । ਲੱਖ ਚੁਰਾਸੀ ਵੇਖਾਂਗਾਂ । ਲੇਖਾ ਜਾਣ ਦੇਸ ਪਰਦੇਸਾਂ ਦਾ । ਲੇਖਾ ਚੁਕਾ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼ਾਂ ਦਾ । ਗੌਣਾ ਚੁੱਕੇ ਸਹੰਸਰ ਜਿਹਵਾ ਬਾਸ਼ਕ ਸ਼ੇਸ਼ਾਂ ਦਾ । ਹੁਕਮ ਚਲੇ ਇਕ ਨਰੇਸ਼ਾ ਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਆਪਣੇ ਵੇਸਾਂ ਦਾ । ਅਗੰਮੀ ਵੇਸ ਵਟਾਵਾਂਗਾ । ਨਿਹਕਰਮੀ ਕਰਮ ਕਮਾਵਾਂਗਾ । ਦੋ ਜਹਾਨ ਸਰਨ ਲਗਾਵਾਂਗਾ । ਸ੍ਰੀ ਭਗਵਾਨ ਨਿਸ਼ਾਨ ਝੁਲਾਵਾਂਗਾ । ਸਚਖੰਡ ਮਕਾਨ ਵਸਾਂਵਾਂਗਾ । ਚੜ੍ਹ ਉਪਰ ਆਸਣ ਲਾਵਾਂਗਾ । ਦੋ ਜਹਾਨ ਡਰਾਵਾਂਗਾ । ਭੁਖਿਆਂ ਭੁੱਖ ਗਵਾਵਾਂਗਾ । ਸਾਚਾ ਸੁਖ ਵਖਾਵਾਂਗਾ । ਕਾਲਖ ਟਿੱਕਾ ਲਾਹਵਾਂਗਾ । ਸਤਿਜੁਗ ਰਾਹ ਚਲਾਵਾਂਗਾ । ਬਾਲਿਆਂ ਗੋਦ ਉਠਾਵਾਂਗਾ । ਰੁੱਸਿਆਂ ਫੇਰ ਮਨਾਵਾਂਗਾ । ਹੁੱਸਿਆਂ ਫੇਰ ਜਗਾਵਾਂਗਾ । ਗ਼ੁਸਿਆਂ ਮੇਟ ਮਿਟਾਵਾਂਗਾ । ਬਿਰਹੋਂ ਕੁਠਿਆਂ ਰਾਗ ਸੁਣਾਵਾਂਗਾ । ਜਗ ਲੁੱਟਿਆਂ ਫੇਰ ਵਸਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

੬੨੪
੧੩

ਕਿਰਪਾ ਕਰ, ਆਪਣੀ ਕਰਨੀ ਕਰ ਵਖਾਵਾਂਗਾ । ਆਪਣੀ ਕਰਨੀ ਕਰ ਵਖਾਏਗਾ । ਸਾਚਾ ਖੇਲ ਇਕ ਰਚਾਏਗਾ । ਚੌਦਾਂ ਤਬਕਾਂ ਖ਼ਾਕ ਮਿਲਾਏਗਾ । ਗ਼ਰੀਬ ਨਿਮਾਣਿਆਂ ਤਿਲਕ ਲਗਾਏਗਾ । ਫੜ ਆਪਣੇ ਗਲੇ ਲਗਾਏਗਾ । ਦੋ ਜਹਾਨਾਂ ਵੇਖ ਵਖਾਏਗਾ । ਸਚ ਸਿੰਘਾਸਣ ਸੋਭਾ ਪਾਏਗਾ । ਇਕੋ ਡੰਕਾ ਨਾਮ ਵਜਾਏਗਾ । ਰਾਉ ਰੰਕਾਂ ਆਪ ਉਠਾਏਗਾ । ਦਵਾਰ ਬੰਕਾ ਇਕ ਸੁਹਾਏਗਾ । ਜੋ ਪਿਛੇ ਰਹਿ ਗਏ ਓਨ੍ਹਾਂ ਅੱਗੇ ਲਾਏਗਾ । ਭੁੱਖੇ ਨੰਗੇ ਸਾਚੇ ਸੁਖ ਸਮਾਏਗਾ । ਦੁਖੀਆਂ ਦੁੱਖ ਗਵਾਏਗਾ । ਆਪਣੀ ਕੁੱਖ ਹਰੀ ਕਰਾਏਗਾ । ਉਜਲ ਮੁਖ ਵਖਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਫਲਵਾੜੀ ਇਕ ਲਗਾਏਗਾ । ਸਚ ਫਲਵਾੜੀ ਬੂਟਾ ਲਾਵੇਗਾ । ਸਤਿਜੁਗ ਆਪ ਝੁਲਾਵੇਗਾ । ਫਲ ਅੰਮ੍ਰਿਤ ਇਕ ਖਵਾਵੇਗਾ । ਵਿਖ ਰੂਪ ਸਰਬ ਮਿਟਾਵੇਗਾ । ਜੋਤੀ ਜੋਤ ਜੋਤ ਰੁਸ਼ਨਾਵੇਗਾ । ਦੋ ਜਹਾਨਾਂ ਇਕੋ ਨਜ਼ਰੀ ਆਵੇਗਾ । ਦੂਜਾ ਇਸ਼ਟ ਨਾ ਕੋਇ ਮਨਾਵੇਗਾ । ਸੋਹੰ ਢੋਲਾ ਵਿਸ਼ਨ ਬ੍ਰਹਮਾ ਸ਼ਿਵ ਗਾਵੇਗਾ । ਗੁਰ ਅਵਤਾਰ ਸਰਨੀ ਪੈ ਪੈ ਸ਼ੁਕਰ ਮਨਾਵੇਗਾ । ਪੀਰ ਪੈਗ਼ੰਬਰ ਧੂੜੀ ਟਿੱਕਾ ਮਸਤਕ ਲਾਵੇਗਾ । ਭਗਤ ਭਗਵਾਨ ਇਕੋ ਜਸ ਸੁਣਾਵੇਗਾ । ਗ਼ਰੀਬ ਨਿਮਾਣਿਆਂ ਹੋ ਕੇ ਵਸ, ਆਪਣਾ ਮਾਣ ਤਜਾਵੇਗਾ । ਸਰਬ ਕਲਾ ਸਮਰਥ, ਸਮਰਥ ਆਪਣਾ ਰਾਹ ਵਖਾਵੇਗਾ । ਸਤਿਜੁਗ ਮਾਰਗ ਦੱਸ, ਕੂੜੀ ਕਿਰਿਆ ਮੇਟ ਮਿਟਾਵੇਗਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨੱਸ ਨੱਸ ਕਲਜੁਗ ਅੰਤਮ ਪੰਧ ਮੁਕਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਅਕਥਨਤ ਅਕਥ, ਪਿਛਲਾ ਲੇਖਾ ਸਰਬ ਚੁਕਾਵੇਗਾ । ਪਿਛਲਾ ਲੇਖਾ ਚੁਕੇਗਾ । ਕਲਜੁਗ ਪੈਂਡਾ ਮੁਕੇਗਾ । ਗੁਰਮੁਖ ਸੱਚਾ ਉਠੇਗਾ । ਸਾਹਿਬ ਠਾਕਰ ਤੁਠੇਗਾ । ਗੋਦੀ ਆਪਣੀ ਚੁਕੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਸ਼ਾਨੇ ਆਪਣਿਉਂ ਕਦੇ ਨਾ ਉਕੇਗਾ ।

### ❇ ੨੨ ਮਾਘ ੨੦੧੯ ਬਿਕ੍ਰਮੀ ਬੀਬੀ ਬੀਰੋ ਦੇ ਗ੍ਰਿਹ ਕਲਸੀਆਂ ਜ਼ਿਲਾ ਅੰਮ੍ਰਿਤਸਰ ❇

ਦਰ ਘਰ ਸਾਚੇ ਪਾਇਆ ਦਰਸ, ਦੁਖ ਦਰਦ ਗਵਾਈਆ । ਜਨਮ ਜਨਮ ਦੀ ਮਿਟੀ ਹਰਸ, ਹਰਿ ਸਤਿਗੁਰ ਨਜ਼ਰੀ ਆਈਆ । ਕਰ ਕਿਰਪਾ ਕੀਤਾ ਆਪਣਾ ਤਰਸ, ਮਿਹਰ ਨਜ਼ਰ ਇਕ ਉਠਾਈਆ । ਅੰਮ੍ਰਿਤ ਮੇਘ ਜਾਏ ਬਰਸ, ਸਾਂਤਕ ਸਤਿ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਦੇਵੇ ਵਡ ਵਡਿਆਈਆ । ਗੁਰਸਿਖ ਆਸਾ ਕਰੇ ਪੂਰ, ਪੂਰੀ ਆਸਾ ਆਪ ਕਰਾਇੰਦਾ । ਦੇਵੇ ਦਰਸ ਹਾਜ਼ਰ ਹਜ਼ੂਰ, ਹਰਿ ਜੂ ਆਪਣਾ ਰੰਗ ਵਖਾਇੰਦਾ । ਸਰਬ ਕਲਾ ਆਪੇ ਭਰਪੂਰ, ਖ਼ਾਲੀ ਭਾਂਡੇ ਆਪ ਭਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਲੇਖੇ ਆਪੇ ਲਾਇੰਦਾ ।

### ❇ ੨੨ ਮਾਘ ੨੦੧੯ ਬਿਕ੍ਰਮੀ ਸਿਧਵਾਂ ਮਨੀ ਰਾਮ ਦੇ ਗ੍ਰਿਹ ਜ਼ਿਲਾ ਅੰਮ੍ਰਿਤਸਰ ❇

ਸਤਿ ਸਤਿ ਸਤਿ ਕਾਰ ਕਮਾਵਾਂਗਾ । ਸਾਚੀ ਕਰਨੀ ਕਰ ਵਖਾਵਾਂਗਾ । ਸੋ ਪੁਰਖ ਨਿਰੰਜਣ ਨਾਮ ਪਰਗਟਾਵਾਂਗਾ । ਹਰਿ ਪੁਰਖ ਨਿਰੰਜਣ

ਇਕ ਜਣਾਵਾਂਗਾ । ਏਕੰਕਾਰ ਨਜ਼ਰੀ ਆਵਾਂਗਾ । ਆਦਿ ਨਿਰੰਜਣ ਨੂਰ ਧਰਾਵਾਂਗਾ । ਅਬਿਨਾਸ਼ੀ ਕਰਤਾ ਖੇਲ ਰਚਾਵਾਂਗਾ । ਸ੍ਰੀ ਭਗਵਾਨ ਸਚ ਨਿਸ਼ਾਨ ਉਠਾਵਾਂਗਾ । ਪਾਰਬ੍ਰਹਮ ਪ੍ਰਭ ਆਪਣਾ ਲੇਖ ਲਿਖਾਵਾਂਗਾ । ਸਚਖੰਡ ਸਾਚਾ ਇਕ ਬਣਾਵਾਂਗਾ । ਸਚ ਸਿੰਘਾਸਣ ਇਕ ਵਛਾਵਾਂਗਾ । ਸ਼ਾਹੋ ਭੂਪ ਨਾਮ ਧਰਾਵਾਂਗਾ । ਰਾਜਨ ਰਾਜ ਜੋਗ ਸਿਖਾਵਾਂਗਾ । ਸੀਸ ਆਪਣੇ ਤਾਜ ਟਿਕਾਵਾਂਗਾ । ਦੋ ਜਹਾਨਾਂ ਵੇਖ ਵਖਾਵਾਂਗਾ । ਸਾਚੀ ਇਛਿਆ ਇਕ ਪਰਗਟਾਵਾਂਗਾ । ਸ਼ਬਦੀ ਸੁਤ ਬਣਾਵਾਂਗਾ । ਥਿਰ ਘਰ ਕੁੰਡਾ ਲਾਹਵਾਂਗਾ । ਆਪਣਾ ਭੇਵ ਜਣਾਵਾਂਗਾ । ਵਿਸ਼ਨੂੰ ਰੰਗ ਰੰਗਾਵਾਂਗਾ । ਬ੍ਰਹਮਾ ਜੋਤ ਜਗਾਵਾਂਗਾ । ਸ਼ੰਕਰ ਅੰਗ ਲਗਾਵਾਂਗਾ । ਸਾਚਾ ਖੇਲ ਕਰਾਵਾਂਗਾ । ਅਨਡਿਠੜਾ ਧਾਮ ਵਸਾਵਾਂਗਾ । ਜੋਤੀ ਜੋਤ ਡਗਮਗਾਵਾਂਗਾ । ਤ੍ਰੈਗੁਣ ਪਰਦਾ ਆਪੇ ਲਾਹਵਾਂਗਾ । ਪੰਜ ਤੱਤ ਸਾਚੀ ਵੰਡ ਵੰਡਾਵਾਂਗਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਅੰਤਮ ਵੇਖ ਵਖਾਵਾਂਗਾ । ਤੇਈ ਅਵਤਾਰ ਫੜ ਉਠਾਵਾਂਗਾ । ਬ੍ਰਹਮਾ ਸੁਤ ਨਾਲ ਮਿਲਾਵਾਂਗਾ । ਬਰਾਹ ਆਪਣਾ ਹਾਲ ਜਣਾਵਾਂਗਾ । ਹਾਵ ਗ਼ਰੀਵ ਭੇਵ ਚੁਕਾਵਾਂਗਾ । ਨਰਾਇਣ ਇਕੋ ਨਾਉਂ ਜਣਾਵਾਂਗਾ । ਕਪਲ ਮੁਨ ਬਣਾਵਾਂਗਾ । ਦੱਤਾ ਤ੍ਰੈ ਮਿਲਾਵਾਂਗਾ । ਰਿਖਪ ਦੇਵ ਏਕਾ ਮਾਰਗ ਲਾਵਾਂਗਾ । ਪਿਰਥੁ ਸੰਗ ਨਿਭਾਵਾਂਗਾ । ਮਤਸ ਚੋਲੀ ਹੰਡਾਵਾਂਗਾ । ਕਛਪ ਭਾਰ ਉਠਾਵਾਂਗਾ । ਧਨੰਤਰ ਵੈਦ ਜਗਾਵਾਂਗਾ । ਮੋਹਣੀ ਰੂਪ ਵਟਾਵਾਂਗਾ । ਹੰਸਾ ਚੋਗ ਚੁਗਾਵਾਂਗਾ । ਬਾਵਨ ਖੇਲ ਕਰਾਵਾਂਗਾ । ਹਰੀ ਹਰਿ ਆਪ ਅਖਵਾਵਾਂਗਾ । ਨਰ ਸਿੰਘ ਵੇਸ ਵਟਾਵਾਂਗਾ । ਨਰਾਇਣ ਧਾਰ ਚਲਾਵਾਂਗਾ । ਵੇਦ ਵਿਆਸ ਜਗਾਵਾਂਗਾ । ਰਾਮਾ ਵੇਸ ਵਟਾਵਾਂਗਾ । ਪੰਡਤ ਇਕ ਮਨਾਵਾਂਗਾ । ਸੀਸ ਜਗਦੀਸ ਇਕ ਸੁਹਾਵਾਂਗਾ । ਕਾਹਨਾ ਕ੍ਰਿਸ਼ਨਾ ਫੇਰ ਅਖਵਾਵਾਂਗਾ । ਅੰਤਮ ਕਲ ਡੰਕ ਵਜਾਵਾਂਗਾ । ਬ੍ਰਹਿਮੰਡ ਖੰਡ ਉਠਾਵਾਂਗਾ । ਲੋਆਂ ਪੁਰੀਆਂ ਵੇਖ ਵਖਾਵਾਂਗਾ । ਮੂਸਾ ਪਰਦਾ ਲਾਹਵਾਂਗਾ । ਈਸਾ ਨੈਣ ਖੁਲ੍ਹਾਵਾਂਗਾ । ਮੁਹੰਮਦ ਰਾਹ ਜਣਾਵਾਂਗਾ । ਚਾਰ ਯਾਰੀ ਨਾਲ ਮਿਲਾਵਾਂਗਾ । ਨਾਨਕ ਰੰਗ ਰੰਗਾਵਾਂਗਾ । ਗੋਬਿੰਦ ਤੇਲ ਚੜ੍ਹਾਵਾਂਗਾ । ਚਾਰੇ ਵੇਦਾਂ ਵੇਖ ਵਖਾਵਾਂਗਾ । ਸ਼ਾਸਤਰ ਸਿਮਰਤ ਪੁਰਾਨ ਸੰਗ ਜਣਾਵਾਂਗਾ । ਗੀਤਾ ਗਿਆਨ ਇਕ ਦ੍ਰਿੜਾਵਾਂਗਾ । ਅੰਜੀਲ ਕੁਰਾਨ ਫੋਲ ਫੁਲਾਵਾਂਗਾ । ਬਾਣੀ ਤੀਰ ਨਿਰਾਲਾ ਇਕ ਵਖਾਵਾਂਗਾ । ਆਪਣਾ ਹੁਕਮ ਸਚ ਮਨਾਵਾਂਗਾ । ਪਿਛਲੀ ਕੀਤੀ ਸਭ ਉਲਟਾਵਾਂਗਾ । ਦੋ ਜਹਾਨਾਂ ਆਪ ਪੜ੍ਹਾਵਾਂਗਾ । ਮੁੱਲਾ ਸ਼ੇਖ਼ ਮਿਟਾਵਾਂਗਾ । ਸਾਚਾ ਖੇਲ ਰਚਾਵਾਂਗਾ । ਜ਼ਿਮੀਂ ਅਸਮਾਨਾਂ ਨਾਚ ਨਚਾਵਾਂਗਾ । ਸੂਰਜ ਚੰਦ ਮੁਖ ਭਵਾਵਾਂਗਾ । ਮੰਡਲ ਰਾਸ ਰਚਾਵਾਂਗਾ । ਗੋਪੀ ਕਾਹਨ ਨਚਾਵਾਂਗਾ । ਬਲ ਆਪਣਾ ਇਕ ਪਰਗਟਾਵਾਂਗਾ । ਨਿਹਕਲੰਕ ਅਖਵਾਵਾਂਗਾ । ਸਚ ਸਿੰਘਾਸਣ ਸੋਭਾ ਪਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਰਾਹ ਚਲਾਵਾਂਗਾ । ਆਪਣਾ ਰਾਹ ਚਲਾਊਂਗਾ । ਸਾਚਾ ਮਾਰਗ ਲਾਊਂਗਾ । ਕਲਜੁਗ ਕੂੜ ਮਿਟਾਊਂਗਾ । ਜ਼ਾਤ ਪਾਤ ਨਾ ਕੋਈ ਰਖਾਊਂਗਾ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਆਪਣਾ ਰੰਗ ਰੰਗਾਊਂਗਾ । ਸ਼ਾਹ ਸੁਲਤਾਨਾਂ ਖ਼ਾਕ ਮਿਲਾਊਂਗਾ । ਗ਼ਰੀਬ ਨਿਮਾਣਿਆਂ ਫੜ ਉਠਾਊਂਗਾ । ਸਾਚਾ ਮੰਦਰ ਇਕ ਵਖਾਊਂਗਾ । ਨਰ ਨਰਾਇਣ ਨਜ਼ਰੀ ਆਊਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਊਂਗਾ । ਸਾਚੀ ਕਰਨੀ ਆਪ ਕਮਾਵਾਂਗਾ । ਭਗਤ ਸਾਚੇ ਫੜ ਉਠਾਵਾਂਗਾ । ਸੰਤ ਸਾਜਣ ਮੇਲ ਮਿਲਾਵਾਂਗਾ । ਗੁਰਮੁਖ ਆਪਣਾ ਭੇਵ ਖੁਲ੍ਹਾਵਾਂਗਾ । ਗੁਰਸਿਖ ਸਾਚੀ ਗੋਦ ਬਹਾਵਾਂਗਾ । ਵਡ ਜੋਧਨ ਜੋਧ ਸੂਰਬੀਰ ਆਪਣਾ ਨਾਉਂ ਰਖਾਵਾਂਗਾ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਜਣਾਵਾਂਗਾ । ਆਪਣਾ ਭੇਵ ਖੋਲ੍ਹਾਂਗਾ । ਸਚਖੰਡ ਦਵਾਰੇ ਬੋਲਾਂਗਾ । ਪੂਰਾ ਤੋਲ ਤੋਲਾਂਗਾ । ਆਦਿ ਜੁਗਾਦਿ ਕਦੇ ਨਾ ਡੋਲਾਂਗਾ । ਕਲਜੁਗ ਕੂੜੀ ਕਿਰਿਆ ਰੋਲਾਂਗਾ । ਸਚਖੰਡ ਦਵਾਰ ਖੋਲਾਂਗਾ । ਘਟ ਘਟ ਅੰਦਰ ਮੌਲਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਵਟਾਵਾਂਗਾ । ਪਰਵਰਦਿਗਾਰ ਅਖਵਾਵਾਂਗਾ । ਮੁਕਾਮੇ ਹੱਕ ਡੇਰਾ ਲਾਵਾਂਗਾ । ਲਾਸ਼ਰੀਕ ਨਜ਼ਰੀ ਆਵਾਂਗਾ । ਸਚ ਤੌਫ਼ੀਕ ਇਕ ਵਖਾਵਾਂਗਾ । ਮਿਹਬਾਨ ਬੀਦੋ ਵੇਸ ਵਟਾਵਾਂਗਾ । ਸਾਚਾ ਹੁਜਰਾ ਇਕ ਬਣਾਵਾਂਗਾ । ਪੀਰ ਪੈਗ਼ੰਬਰ ਫੜ ਉਠਾਵਾਂਗਾ । ਸਾਚਾ ਕਲਮਾ ਇਕ ਸੁਣਾਵਾਂਗਾ । ਨਬੀ ਰਸੂਲਾਂ ਵੇਖ ਵਖਾਵਾਂਗਾ । ਅੰਜੀਲ ਕੁਰਾਨਾ ਵਕਤ ਚੁਕਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰਾਹ ਜਣਾਵਾਂਗਾ । ਆਪਣਾ ਰਾਹ ਦੱਸਾਂਗਾ । ਤੀਰ ਨਿਰਾਲਾ ਕਸਾਂਗਾ । ਦੋ ਜਹਾਨਾਂ ਵਸਾਂਗਾ । ਲੋਆਂ ਪੁਰੀਆਂ ਨੱਠਾਂਗਾ । ਕਿਸੇ ਕੋਲੋਂ ਨਾ ਢੱਠਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਕਰਨੀ ਕਰਾਂਗਾ । ਆਪਣੀ ਕਰਨੀ ਕਿਰਤ ਕਮਾਵਾਂਗਾ । ਚੌਦਾਂ ਤਬਕਾਂ ਫੋਲ ਫੁਲਾਵਾਂਗਾ । ਚੌਦਾਂ ਲੋਕਾਂ ਵੇਖ ਖ਼ੁਸ਼ੀ ਮਨਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਨਾਲ ਰਲਾਵਾਂਗਾ । ਕਰੋੜ ਤੇਤੀਸਾ ਉਂਗਲੀ ਲਾਵਾਂਗਾ । ਸੁਰਪਤ ਇੰਦ ਆਪ ਸਮਝਾਵਾਂਗਾ । ਸੋਹਲਾ ਇਕ ਪੜ੍ਹਾਵਾਂਗਾ । ਬੋਲਾ ਇਕ ਸਿਖਾਵਾਂਗਾ । ਪਿਛਲਾ ਰੌਲਾ ਸਰਬ ਮਿਟਾਵਾਂਗਾ । ਨਾਮ ਵਿਚੋਲਾ ਇਕ ਜਣਾਵਾਂਗਾ । ਪੀਰ ਪੈਗ਼ੰਬਰ ਗੋਲਾ ਆਪ ਬਣਾਵਾਂਗਾ । ਸ੍ਰਿਸ਼ਟ ਸਬਾਈ ਨੌਂ ਖੰਡ ਪ੍ਰਿਥਮੀ ਹੋਲਾ ਇਕ ਵਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਕਰਨੀ ਕਰ ਵਖਾਵਾਂਗਾ । ਸਾਚੀ ਕਰਨੀ ਕਰੇਗਾ । ਨਿਰਵੈਰ ਜੋਤ ਧਰੇਗਾ । ਭਗਤ ਭਗਵੰਤ ਵਰੇਗਾ । ਆਤਮ ਸੇਜਾ ਚੜ੍ਹੇਗਾ । ਸ਼ਬਦ ਅਗੰਮੀ ਪੜ੍ਹੇਗਾ । ਸੰਤ ਸੁਹੇਲੇ ਫੜੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪੇ ਕਰੇਗਾ । ਆਪਣਾ ਖੇਲ ਕਰਾਊਂਗਾ । ਦੋ ਜਹਾਨਾਂ ਨਾਚ ਨਚਾਊਂਗਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਇਕੋ ਰਾਹ ਵਖਾਊਂਗਾ । ਦੀਨ ਮਜ਼੍ਹਬ ਝਗੜੇ ਸਰਬ ਮਿਟਾਊਂਗਾ । ਸਾਚੀ ਈਨ ਇਕ ਜਣਾਊਂਗਾ । ਪਿਛਲਾ ਦੀਨ ਨਾ ਕੋਇ ਰਖਾਊਂਗਾ । ਸਤਿਜੁਗ ਸਾਚਾ ਸੀਨ ਪਰਗਟਾਊਂਗਾ । ਸਾਚੇ ਘੋੜੇ ਅਸਵ ਪਾਖਰ ਜ਼ੀਨ ਤੰਗ ਕਸਾਊਂਗਾ । ਸ਼ਾਹ ਸਵਾਰ ਬਹਿ ਕੇ ਲੋਆਂ ਪੁਰੀਆਂ ਚਰਨਾਂ ਹੇਠ ਦਬਾਊਂਗਾ । ਸਚ ਸੰਦੇਸ਼ਾ ਨਰ ਨਰੇਸ਼ਾ ਨਿਰਗੁਣ ਦਾਤਾ ਇਕ ਜਣਾਊਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਊਂਗਾ । ਸਾਚੀ ਕਰਨੀ ਕਰੇ ਕਰਤਾਰ, ਕੁਦਰਤ ਕਾਦਰ ਵੇਖ ਵਖਾਈਆ । ਵਸਣਹਾਰਾ ਸਚਖੰਡ ਸੱਚੇ ਦਵਾਰ, ਦਰਗਹਿ ਸਾਚੀ ਸੋਭਾ ਪਾਈਆ । ਜੋਤੀ ਜਾਤਾ ਪਰਵਰਦਿਗਾਰ, ਨੂਰ ਨੁਰਾਨਾ ਨੂਰ ਰੁਸ਼ਨਾਈਆ । ਜਨ ਭਗਤਾਂ ਕਰੇ ਪਿਆਰ, ਲਾਸ਼ਰੀਕ ਫੇਰਾ ਪਾਈਆ । ਅਲੱਖ ਅਗੋਚਰ ਅਗੰਮ ਅਪਾਰ, ਬੇਅੰਤ ਵੱਡੀ ਵਡਿਆਈਆ । ਸਚ ਸੰਦੇਸਾ ਦੇਵੇ ਸੰਸਾਰ, ਗੁਰ ਅਵਤਾਰ ਪੀਰ ਪੈਗ਼ੰਬਰ ਕਰੇ ਪੜ੍ਹਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਿਰਗੁਣ ਸਰਗੁਣ ਕਰਦਾ ਰਿਹਾ ਵਿਹਾਰ, ਰੂਪ ਅਨੂਪ ਵੇਸ ਵਟਾਈਆ । ਸਚ ਸੰਦੇਸਾ ਦੇਂਦਾ ਰਿਹਾ ਵਾਰੋ ਵਾਰ, ਜਗਤ ਅੱਖਰ ਨਾਉਂ ਕਰ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਈਆ । ਸਾਚੀ ਖੇਲ ਕਰੇ ਸਮਰਥ, ਸਮਰਥ ਆਪਣਾ ਖੇਲ ਜਣਾਇੰਦਾ । ਜੁਗ ਚੌਕੜੀ ਚਲਾਵਣਹਾਰਾ ਰਥ, ਰਥ ਰਥਵਾਹੀ ਇਕੋ ਨਜ਼ਰੀ ਆਇੰਦਾ । ਪੀਰ ਪੈਗ਼ੰਬਰ ਮਾਰਗ ਦੱਸ,

੬੨੭
੧੩

ਕਲਮਾ ਨਬੀ ਆਪ ਪੜ੍ਹਾਇੰਦਾ । ਗੁਰ ਅਵਤਾਰ ਮੇਲ ਮਿਲਾਵਾ ਹੱਸ ਹੱਸ, ਸਾਚੀ ਸਿਖਿਆ ਇਕ ਸਮਝਾਇੰਦਾ । ਆਤਮ ਪਰਮਾਤਮ ਦੇਵੇ ਰਸ, ਰਸ ਰਸੀਆ ਨਾਉਂ ਜਣਾਇੰਦਾ । ਆਦਿ ਨਿਰੰਜਣ ਜੋਤ ਨਿਰੰਜਣ ਕਰ ਪਰਕਾਸ਼, ਜੋਤੀ ਜੋਤ ਡਗਮਗਾਇੰਦਾ । ਘਟ ਘਟ ਅੰਦਰ ਕਰ ਕਰ ਵਾਸ, ਸਚ ਸਿੰਘਾਸਣ ਸੋਭਾ ਪਾਇੰਦਾ । ਦਾਤਾ ਦਾਨੀ ਸਰਬ ਗੁਣਤਾਸ, ਗੁਣਵੰਤਾ ਆਪਣਾ ਨਾਉਂ ਰਖਾਇੰਦਾ । ਲੇਖਾ ਜਾਣੇ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਫੋਲ ਫੁਲਾਇੰਦਾ । ਗੁਰ ਅਵਤਾਰ ਦਾਸੀ ਦਾਸ, ਸੇਵਕ ਸਾਚੀ ਸੇਵ ਜਣਾਇੰਦਾ । ਅੰਤਮ ਕਲਜੁਗ ਸਾਰੇ ਸੱਦੇ ਪਾਸ, ਹੁਕਮ ਹਾਕਮ ਇਕ ਜਣਾਇੰਦਾ । ਦੋਏ ਜੋੜ ਕਰਨ ਅਰਦਾਸ, ਸਯਦਾ ਸੀਸ ਸਰਬ ਝੁਕਾਇੰਦਾ । ਚਾਰ ਕੁੰਟ ਹੋਏ ਨਰਾਸ, ਸਗਲਾ ਸੰਗ ਨਾ ਕੋਇ ਨਿਭਾਇੰਦਾ । ਦੀਨਾਂ ਮਜ਼੍ਹਬਾਂ ਕੀਤਾ ਪਾਸ਼ ਪਾਸ਼, ਦੂਈ ਪਰਦਾ ਨਾ ਕੋਇ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰ ਪੀਰ ਪੈਗ਼ੰਬਰ ਸਾਚੇ ਘਰ ਮੰਗਾਇੰਦਾ । ਪੀਰ ਪੈਗ਼ੰਬਰ ਗਏ ਆ, ਆ ਨਾਅਰਾ ਇਕੋ ਲਾਈਆ । ਤੂੰ ਦਾਤਾ ਬੇਪਰਵਾਹ, ਤੇਰਾ ਅੰਤ ਕੋਇ ਨਾ ਆਈਆ । ਤੇਰੇ ਹੁਕਮੇ ਅੰਦਰ ਕਲਮਾ ਆਏ ਪੜ੍ਹਾ, ਕਾਇਨਾਤ ਕਰ ਜਣਾਈਆ । ਚੌਦਾਂ ਤਬਕ ਆਏ ਖੁਲ੍ਹਾ, ਤੇਰੀ ਮੰਨੀ ਇਕ ਰਜ਼ਾਈਆ । ਤੇਰੀ ਮੰਗਦੇ ਰਹੇ ਦੁਆ, ਦੋਏ ਜੋੜ ਵਾਸਤਾ ਪਾਈਆ । ਤੈਨੂੰ ਸੀਸ ਰਹੇ ਝੁਕਾ, ਸਯਦਾ ਸੱਚੇ ਮਾਹੀਆ । ਤੇਰਾ ਨਾਉਂ ਕਾਅਬਾ ਗਏ ਵਖਾ, ਮੱਕਾ ਤੇਰਾ ਚਰਨ ਦਰਸਾਈਆ । ਦੋ ਦੋ ਆਬਾ ਤੇਰਾ ਆਬ ਹਯਾਤ ਗਏ ਜਣਾ, ਹਯਾਤੀ ਸਭ ਦੀ ਦਏ ਬਦਲਾਈਆ । ਈਸਾ ਮੂਸਾ ਤੇਰਾ ਲੈਂਦੇ ਰਹੇ ਖ਼ਵਾਬ, ਮੁਹੰਮਦ ਇਕ ਧਿਆਨ ਲਗਾਈਆ । ਕਵਣ ਵੇਲਾ ਪਰਗਟ ਹੋਏ ਹੱਕ ਜਨਾਬ, ਗਹਿਰ ਗੰਭੀਰ ਸੱਚਾ ਸ਼ਹਿਨਸ਼ਾਹੀਆ । ਬਣ ਕੇ ਬਰਦੇ ਕਰੀਏ ਆਦਾਬ, ਆਪ ਆਪਣਾ ਮਾਣ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਸਾਚੇ ਰਿਹਾ ਬਹਾਈਆ । ਗੁਰ ਅਵਤਾਰ ਆ ਖਲੋਤੇ, ਨੇਤਰ ਨੈਣ ਨਾ ਕੋਇ ਉਠਾਈਆ । ਲੋਕਮਾਤ ਗੁਰੂਦਵਾਰ ਸ਼ਿਵਦਵਾਲੇ ਮੰਦਰ ਬਣਾਏ ਕੋਠੇ, ਚਾਰ ਦੀਵਾਰੀ ਵੰਡ ਵੰਡਾਈਆ । ਕੋਈ ਨਾ ਮਿਲਿਆ ਤੇਰੀ ਜੋਤੇ, ਜੋਤੀ ਜੋਤ ਨਾ ਕੋਇ ਮਿਲਾਈਆ । ਤੁਧ ਬਿਨ ਕਰਮ ਕਿਸੇ ਨਾ ਧੋਤੇ, ਨਿਹਕਰਮ ਨਾ ਕੋਇ ਬਣਾਈਆ । ਬਿਨ ਤੇਰੇ ਨਾਮ ਸਾਰੇ ਖੋਟੇ, ਖੋਟੀ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖੌਣਾ ਸੱਚਾ ਦਰ, ਜਿਸ ਦਰ ਮਿਲੇ ਵਡਿਆਈਆ । ਪੀਰ ਪੈਗ਼ੰਬਰ ਪਏ ਕੂਕ, ਨਾਅਰਾ ਇਕ ਲਗਾਈਆ । ਸਾਡੀ ਅਜੇ ਨਾ ਚੁਕੀ ਚੂਕ, ਚੁਕੱਨੇ ਹੋ ਕੇ ਰਹੇ ਸੁਣਾਈਆ । ਉਮਤ ਉਮਤੀਆਂ ਦਿਤੀ ਫੂਕ, ਕੂੜੀ ਕਿਰਿਆ ਅੱਗ ਲਗਾਈਆ । ਜ਼ਾਹਰ ਜ਼ਹੂਰ ਨਾ ਵੇਖਿਆ ਪੰਜ ਭੂਤ, ਕਾਇਆ ਕਾਅਬਾ ਨਾ ਕੋਇ ਬਣਾਈਆ । ਤੇਰਾ ਮਿਲਿਆ ਨਾ ਸਚ ਸਬੂਤ, ਸਹੀ ਸਲਾਮਤ ਨਜ਼ਰ ਕਿਸੇ ਨਾ ਆਈਆ । ਬਿਨ ਰੂਹ ਖ਼ਾਲੀ ਦਿਸੇ ਬੁੱਤ, ਬੁੱਤਖ਼ਾਨਾ ਜਗਤ ਵਡਿਆਈਆ । ਤੇਰਾ ਖੇਲ ਅਬਿਨਾਸ਼ੀ ਅਚੁੱਤ, ਭੇਵ ਕੋਇ ਨਾ ਪਾਈਆ । ਕਰ ਕਿਰਪਾ ਅੰਤਮ ਉਠ, ਇਕੋ ਤੇਰੀ ਓਟ ਤਕਾਈਆ । ਮਸੀਤ ਮਸਜਦ ਪਈ ਲੁੱਟ, ਮੁੱਲਾ ਸ਼ੇਖ਼ ਦੇਣ ਦੁਹਾਈਆ । ਪਰਵਰਦਿਗਾਰ ਸਭ ਨੇ ਲੋਕਮਾਤ ਵਿਚੋਂ ਕੱਢਿਆ ਕੁੱਟ, ਤੇਰਾ ਨਾਉਂ ਨਾ ਕੋਇ ਵਡਿਆਈਆ । ਤੇਰੀ ਜੜ ਬੈਠੇ ਪੁੱਟ, ਨਾਸਤਕ ਰੂਪ ਵਟਾਈਆ । ਤੇਰਾ ਨਜ਼ਰ ਨਾ ਆਏ ਕੋਈ ਪੁੱਤ, ਈਸਾ ਨੈਣਾਂ ਨੀਰ ਵਹਾਈਆ । ਮੁਹੰਮਦ ਕਹੇ ਮੈਨੂੰ ਆ ਕੇ ਪੁੱਛ, ਬਣ ਦਰਦੀ ਦਰਦ ਵੰਡਾਈਆ । ਅੱਲਾ ਰਾਣੀ ਕਹੇ ਮੇਰੇ ਕੋਲ ਨਹੀਂ ਕੁਛ, ਖ਼ਾਲੀ ਝੋਲੀ ਰਹੀ ਵਖਾਈਆ । ਸਦੀ ਚੌਧਵੀਂ ਬੂਟਾ ਰਿਹਾ ਸੁੱਕ, ਆਬ

ਹਯਾਤ ਨਾ ਕੋਇ ਪਿਆਈਆ । ਸਾਡਾ ਪੈਂਡਾ ਰਿਹਾ ਮੁੱਕ, ਦਰੋਹੀ ਤੇਰੇ ਨਾਮ ਖ਼ੁਦਾ ਤੋਬਾ ਤੋਬਾ ਇਕੋ ਰਾਗ ਅਲਾਈਆ । ਕਰ ਕਿਰਪਾ ਆਪਣੀ ਗੋਦੀ ਚੁੱਕ, ਪਰਵਰਦਿਗਾਰ ਤੇਰੀ ਸਰਨਾਈਆ । ਕਰਾਂ ਸਲਾਮ ਨਿਉਂ ਨਿਉਂ ਝੁਕ, ਅਲੈਕਮ ਤੇਰੇ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖੌਣਾ ਸਾਚਾ ਦਰ, ਦਰ ਦਰਵਾਜ਼ਾ ਇਕ ਖੁਲ੍ਹਾਈਆ । ਸਾਚਾ ਖੋਲ੍ਹ ਦਰ ਦਰਵਾਜ਼ਾ, ਪੀਰ ਪੈਗ਼ੰਬਰ ਧਿਆਨ ਲਗਾਇੰਦਾ । ਤੂੰ ਸਾਹਿਬ ਸੱਚਾ ਗ਼ਰੀਬ ਨਿਵਾਜ਼ਾ, ਗ਼ਰੀਬ ਨਿਮਾਣੇ ਗੋਦ ਉਠਾਇੰਦਾ । ਤੇਰੇ ਸੀਸ ਇਕੋ ਤਾਜਾ, ਦੋ ਜਹਾਨਾਂ ਹੁਕਮ ਮਨਾਇੰਦਾ । ਸ਼ਾਹੋ ਭੂਪ ਵਡ ਨਵਾਬਾ, ਰੱਯਤ ਆਪਣੀ ਵੇਖ ਵਖਾਇੰਦਾ । ਅੰਤਮ ਕੰਮ ਨਾ ਆਏ ਕੋਇ ਕਾਅਬਾ, ਕਿਬਲ ਤੇਰਾ ਇਕੋ ਨਾਮ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖੌਣਾ ਸਾਚਾ ਘਰ, ਜਿਸ ਦਵਾਰੇ ਆਸਣ ਲਾਇੰਦਾ । ਗੁਰ ਅਵਤਾਰ ਦੱਸਣ ਹਾਲ, ਬੀਤੀ ਆਪ ਜਣਾਈਆ । ਸ੍ਰਿਸ਼ਟ ਸਬਾਈ ਹੋਈ ਬੇਹਾਲ, ਚਾਰ ਕੁੰਟ ਰਿਹਾ ਕੁਰਲਾਈਆ । ਗੁਰ ਕਾ ਸ਼ਬਦ ਨਾ ਕਿਸੇ ਨਾਲ, ਭਰਮੇ ਭੁੱਲੀ ਸਰਬ ਲੋਕਾਈਆ । ਕਲਜੁਗ ਕੂੜਾ ਵੱਜੇ ਤਾਲ, ਘਰ ਘਰ ਡੰਕਾ ਰਿਹਾ ਸੁਣਾਈਆ । ਤੇਰੇ ਭਗਤ ਹੋਏ ਬੇਹਾਲ, ਬਿਹਬਲ ਹੋ ਹੋ ਦੇਣ ਦੁਹਾਈਆ । ਗ਼ਰੀਬ ਨਿਮਾਣਿਆਂ ਸੁਣੇ ਨਾ ਕੋਇ ਸਵਾਲ, ਸ਼ਾਹ ਪਾਤਸ਼ਾਹ ਨਜ਼ਰ ਕੋਇ ਨਾ ਆਈਆ । ਸੰਤ ਸਾਜਣ ਤੈਨੂੰ ਥੱਕੇ ਭਾਲ, ਤੇਰਾ ਰਾਹ ਨਾ ਕੋਇ ਦਸਾਈਆ । ਤੂੰ ਸਚਖੰਡ ਵਸਿਉਂ ਧਰਮਸਾਲ, ਧਰਮ ਦਵਾਰਾ ਇਕ ਜਣਾਈਆ । ਤੇਰੇ ਨਾਮ ਬਿਨਾਂ ਜੀਵ ਜੰਤ ਹੋਏ ਕੰਗਾਲ, ਖ਼ਾਲੀ ਹੱਥ ਫਿਰਨ ਵਾਹੋ ਦਾਹੀਆ । ਦੀਨਾਂ ਮਜ਼੍ਹਬਾਂ ਕੀਤਾ ਜ਼ਵਾਲ, ਜ਼ਰਾ ਜ਼ਰਾ ਵੰਡ ਵੰਡਾਈਆ । ਅੰਤਮ ਸਭ ਦੇ ਸਿਰ ਤੇ ਕੂਕੇ ਕਾਲ, ਕਾਲ ਨਗ਼ਾਰਾ ਇਕ ਵਜਾਈਆ । ਬੇਪਰਵਾਹ ਤੇਰੀ ਅਵੱਲੜੀ ਚਾਲ, ਬੇਪਰਵਾਹੀ ਨਾ ਅਜੇ ਤਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸਾਚਾ ਵਰ, ਗੁਰ ਅਵਤਾਰ ਮੰਗ ਮੰਗਾਈਆ । ਗੁਰ ਅਵਤਾਰ ਦੋਏ ਜੋੜ, ਹਰਿ ਚਰਨੀ ਸੀਸ ਨਿਵਾਇਆ । ਬੌਹੜੀ ਬੌਹੜੀ ਨਿਰਗੁਣ ਬੌਹੜ, ਸਰਗੁਣ ਕੰਮ ਕਿਸੇ ਨਾ ਆਇਆ । ਇਕੋ ਚੜ੍ਹ ਸਾਚੇ ਘੋੜ, ਘੋੜਾ ਸ਼ਬਦੀ ਰੂਪ ਵਟਾਇਆ । ਦੋ ਜਹਾਨਾਂ ਆਪੇ ਬੌਹੜ, ਤੇਰਾ ਜ਼ੋਰ ਨਾ ਲਗੇ ਰਾਇਆ । ਲੱਖ ਚੁਰਾਸੀ ਵੇਖ ਰੀਠਾ ਮਿਠਾ ਕੌੜ, ਚਾਰੋਂ ਕੁੰਟ ਫੇਰਾ ਪਾਇਆ । ਈਸਾ ਮੂਸਾ ਰਾਹ ਤੇਰਾ ਤੱਕੇ ਵਿਚ ਗੋਰ, ਮਕਬਰੇ ਦੇਣ ਦੁਹਾਇਆ । ਤੇਰੀ ਖਾਣੀ ਬਾਣੀ ਪਾਵੇ ਸ਼ੋਰ, ਸਚ ਸੋਹਲਾ ਇਕ ਜਣਾਇਆ । ਕਲਜੁਗ ਹੋਇਆ ਅੰਧ ਘੋਰ, ਚੌਦਸ ਚੰਦ ਨਾ ਕੋਇ ਚਮਕਾਇਆ । ਚਾਰੋਂ ਕੁੰਟ ਠੱਗ ਚੋਰ, ਸਚ ਰਹਿਣ ਕੋਇ ਨਾ ਪਾਇਆ । ਕੂੜਾ ਰਾਜਾ ਹੱਥ ਕੂੜੀ ਫੜੀ ਡੋਰ, ਗ਼ਰੀਬ ਨਿਮਾਣੇ ਦੇਣ ਦੁਹਾਇਆ । ਤੂੰ ਸਾਹਿਬ ਵੇਖ ਕਰ ਕੇ ਗ਼ੌਰ, ਗਹਿਰਾ ਆਪਣਾ ਧਿਆਨ ਲਗਾਇਆ । ਤੇਰੇ ਅੱਗੇ ਚਲੇ ਨਾ ਕਿਸੇ ਦਾ ਕੋਈ ਜ਼ੋਰ, ਜ਼ੋਰੂ ਜ਼ਰ ਰਹਿਣ ਨਾ ਪਾਇਆ । ਤੇਰਾ ਮੰਤਰ ਇਕੋ ਫੋਰ, ਫੁਰਨਾ ਸਭ ਦਾ ਬੰਦ ਕਰਾਇਆ । ਆਪਣੇ ਹੱਥ ਫੜ ਲੈ ਡੋਰ, ਜਿਉਂ ਭਾਵੇ ਲੈ ਚਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਗੁਰ ਅਵਤਾਰ ਪੀਰ ਪੈਗ਼ੰਬਰ ਖ਼ਾਲੀ ਝੋਲੀ ਰਹੇ ਵਖਾਇਆ । ਪੁਰਖ ਅਕਾਲ ਕਹੇ ਮੈਂ ਉਠਾਂਗਾ । ਨਿਰਗੁਣ ਦਾਤਾ ਹੋ ਕੇ ਤੁਠਾਂਗਾ । ਕਲਜੁਗ ਕੂੜੀ ਕਿਰਿਆ ਲੁਟਾਂਗਾ । ਡੂੰਘੀ ਜੜ ਪੁਟਾਂਗਾ । ਸ਼ੌਹ ਦਰਯਾਏ ਸੁਟਾਂਗਾ । ਮਨਮੁਖਤਾ ਨੂੰ ਕੁਟਾਂਗਾ । ਸ਼ੇਰ ਹੋ ਕੇ ਬੁਕਾਂਗਾ । ਦੋ ਜਹਾਨ ਕਦੇ ਨਾ ਲੁਕਾਂਗਾ । ਨੇੜੇ ਆ ਕੇ ਢੁਕਾਂਗਾ । ਗ਼ਰੀਬ ਨਿਮਾਣੇ ਚੁੱਕਾਂਗਾ । ਸ਼ਾਹ ਸੁਲਤਾਨਾਂ

ਮੂੰਹ ਦੇ ਭਾਰ ਸੁੱਟਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖ ਲਿਖਾਂਗਾ । ਸਾਚਾ ਲੇਖ ਲਿਖਾਵਾਂਗਾ । ਸਤਿਜੁਗ ਰਾਹ ਚਲਾਵਾਂਗਾ । ਇਕੋ ਇਸ਼ਟ ਵਖਾਵਾਂਗਾ । ਇਕੋ ਮੰਦਰ ਬਣਾਵਾਂਗਾ । ਇਕੋ ਅੰਦਰ ਵਖਾਵਾਂਗਾ । ਇਕੋ ਜੋਤ ਮਿਲਾਵਾਂਗਾ । ਇਕੋ ਨਾਦ ਵਜਾਵਾਂਗਾ । ਇਕੋ ਰਾਗ ਸੁਣਾਵਾਂਗਾ । ਇਕੋ ਆਗ ਬੁਝਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬਲ ਰਖਾਵਾਂਗਾ । ਆਪਣਾ ਬਲ ਰੱਖਾਂਗਾ । ਸ੍ਰਿਸ਼ਟ ਸਬਾਈ ਭਖਾਂਗਾ । ਜਨ ਭਗਤਾਂ ਮਾਰਗ ਦੱਸਾਂਗਾ । ਹਿਰਦੇ ਅੰਦਰ ਵਸਾਂਗਾ । ਤੀਰ ਨਿਰਾਲਾ ਕਸਾਂਗਾ । ਪੰਚ ਵਿਕਾਰ ਝੱਸਾਂਗਾ । ਸਾਚੇ ਮੰਦਰ ਬਹਿ ਕੇ ਹੱਸਾਂਗਾ । ਪਰੇਮ ਪਿਆਰ ਅੰਦਰ ਫਸਾਂਗਾ । ਵਿਭਚਾਰ ਕੋਲੋਂ ਨੱਸਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਮੰਦਰ ਇਕੋ ਵਸਾਂਗਾ । ਸਾਚਾ ਮੰਦਰ ਵਸਾਵਾਂਗਾ । ਲੋਕਮਾਤ ਉਪਜਾਵਾਂਗਾ । ਆਪਣੀ ਸੇਵ ਕਮਾਵਾਂਗਾ । ਗੁਰਮੁਖ ਨਾਲ ਰਲਾਵਾਂਗਾ । ਹਰਿਜਨ ਪੱਲੂ ਫੜਾਵਾਂਗਾ । ਇਕੋ ਗੰਢ ਪਵਾਵਾਂਗਾ । ਮਜੀਠੀ ਰੰਗ ਰੰਗਾਵਾਂਗਾ । ਅਨਡੀਠੀ ਖੇਲ ਵਖਾਵਾਂਗਾ । ਕਾਇਆ ਸੀਤਲ ਸੀਤੀ ਕਰ ਵਖਾਵਾਂਗਾ । ਸਤਿਜੁਗ ਰੀਤੀ ਇਕ ਚਲਾਵਾਂਗਾ । ਮੰਦਰ ਮਸੀਤੀ ਪੰਧ ਮੁਕਾਵਾਂਗਾ । ਪਿਛਲੀ ਬੀਤੀ ਨਾ ਫੇਰ ਸੁਣਾਵਾਂਗਾ । ਅੱਗੇ ਨਾਮ ਜਪਾਵਾਂਗਾ । ਸੋਹੰ ਇਕੋ ਅੱਖਰ ਪੜ੍ਹਾਵਾਂਗਾ । ਨਾਮ ਵਿਚੋਲਾ ਬਣ ਬਣ ਜੋਗ ਕਮਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਕਰਾਵਾਂਗਾ । ਆਪਣਾ ਖੇਲ ਖਲਾਊਂਗਾ । ਗੁਰ ਅਵਤਾਰ ਦਰ ਬਹਾਊਂਗਾ । ਪੀਰ ਪੈਗ਼ੰਬਰ ਪੰਧ ਮੁਕਾਊਂਗਾ । ਸਭ ਨੂੰ ਇਕੋ ਰਾਗ ਸੁਣਾਊਂਗਾ । ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਊਂਗਾ । ਨਿਰਗੁਣ ਪਰਗਟ ਹੋ ਕੇ ਸ਼ੇਰਾ, ਸ਼ੇਰ ਭਬਕ ਇਕ ਲਗਾਊਂਗਾ । ਨੌਂ ਖੰਡ ਪ੍ਰਿਥਮੀ ਜੰਬਕ ਰੂਪ ਜਣਾਊਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਵਖਾਊਂਗਾ । ਆਪਣੀ ਕਰਨੀ ਆਪ ਕਰਾਵਾਂਗਾ । ਜੋ ਘੜਿਆ ਭੰਨ ਵਖਾਵਾਂਗਾ । ਪਿਛਲਾ ਲੇਖ ਮਿਟਾਵਾਂਗਾ । ਅਗਲੀ ਬਣਤ ਬਣਾਵਾਂਗਾ । ਸਾਚੇ ਸੰਤ ਉਪਜਾਵਾਂਗਾ । ਗੁਰ ਮੰਤਰ ਇਕ ਪੜ੍ਹਾਵਾਂਗਾ । ਨੌਂ ਖੰਡ ਪ੍ਰਿਥਮੀ ਇਕੋ ਘਰ ਵਖਾਵਾਂਗਾ । ਸੱਤਾਂ ਦੀਪਾਂ ਇਕੋ ਇਸ਼ਟ ਜਣਾਵਾਂਗਾ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਨਾ ਕੋਇ ਰਖਾਵਾਂਗਾ । ਆਤਮ ਪਰਮਾਤਮ ਮੇਲ ਮਿਲਾਵਾਂਗਾ । ਬ੍ਰਹਮ ਪਾਰਬ੍ਰਹਮ ਪਰਦਾ ਆਪ ਚੁਕਾਵਾਂਗਾ । ਈਸ਼ ਜੀਵ ਗੰਢ ਪਵਾਵਾਂਗਾ । ਜਗਦੀਸ਼ਰ ਨਾਮ ਧਰਾਵਾਂਗਾ । ਤਪੀਸ਼ਰ ਰੂਪ ਵਟਾਵਾਂਗਾ । ਰਖੀਸ਼ਰ ਇਕ ਵਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਇਕ ਰਚਾਵਾਂਗਾ । ਸਾਚੀ ਖੇਲ ਰਚੂੰਗਾ । ਤ੍ਰੈਗੁਣ ਅਗਨੀ ਵਿਚ ਮਚੂੰਗਾ । ਕਾਲ ਕਲੰਦਰ ਹੋ ਕੇ ਨੱਚੂੰਗਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਆਪਣੀ ਕਰਨੀ ਦੱਸੂੰਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਮੰਦਰ ਵਸੂੰਗਾ । ਆਪਣਾ ਮੰਦਰ ਵਸਾਵਾਂਗਾ । ਨਿਹਚਲ ਧਾਮ ਬਣਾਵਾਂਗਾ । ਜੋਤੀ ਜੋਤ ਜਗਾਵਾਂਗਾ । ਕਿਲਾ ਕੋਟ ਵਖਾਵਾਂਗਾ । ਚੋਟ ਨਗਾਰੇ ਲਾਵਾਂਗਾ । ਸਭ ਦੀ ਸੋਚ ਭੁਲਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰਾਗ ਅਲਾਵਾਂਗਾ । ਆਪਣਾ ਗੀਤ ਗਾਊਂਗਾ । ਸਾਚੀ ਰੀਤ ਚਲਾਊਂਗਾ । ਪਤਤ ਪੁਨੀਤ ਕਰਾਊਂਗਾ । ਧਾਮ ਅਤੀਤ ਰਖਾਊਂਗਾ । ਅੰਮ੍ਰਿਤ ਮੇਘ ਬਰਸਾਊਂਗਾ । ਹਸਤ ਕੀਟ ਮਿਲਾਊਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪਣੇ ਹੱਥ ਰਖਾਊਂਗਾ । ਸਾਚੀ ਕਰਨੀ

ਰੱਖੇ ਹੱਥ, ਹਰਿ ਸਾਹਿਬ ਵੱਡੀ ਵਡਿਆਈਆ । ਕਲਜੁਗ ਅੰਤਮ ਹੋ ਪਰਗਟ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਪੂਤ ਸਪੂਤਾ ਬ੍ਰਹਿਮਣ ਗੌੜਾ ਵਸਣਹਾਰਾ ਉਚੇ ਟਿੱਲੇ ਪਰਬਤ, ਪਰਬਤ ਚੋਟੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਸਮਝਾਈਆ । ਸਾਚੀ ਖੇਲ ਕਰੇ ਅਗੰਮ, ਭੇਵ ਅਭੇਦ ਜਣਾਇੰਦਾ । ਲੇਖਾ ਜਾਣੇ ਲੱਖ ਚੁਰਾਸੀ ਕਾਇਆ ਮਾਟੀ ਤਨ ਚੰਮ, ਮੰਦਰ ਅੰਦਰ ਖੋਜ ਖੁਜਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬੇੜਾ ਬੰਨ੍ਹ ਜੁਗ ਚੌਕੜੀ ਕੰਧ ਉਠਾਇੰਦਾ । ਦੇਵਣਹਾਰਾ ਨਾਮ ਧੰਨ, ਵਸਤ ਅਮੋਲਕ ਆਪ ਵਰਤਾਇੰਦਾ । ਸੁਣਾਵਣਹਾਰਾ ਰਾਗ ਕੰਨ, ਸਚ ਸੰਦੇਸਾ ਇਕ ਅਲਾਇੰਦਾ । ਬੰਨ੍ਹਣਹਾਰਾ ਮਨੂਆ ਮਨ, ਮਨ ਵਾਸਨਾ ਮੇਟ ਮਿਟਾਇੰਦਾ । ਦੇਵਣਹਾਰਾ ਬੁਧ ਮਤ ਡੰਨ, ਡੰਕਾ ਆਪਣੇ ਨਾਮ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਰਗੁਣ ਆਪਣਾ ਨਾਮ ਵਡਿਆਇੰਦਾ । ਨਿਰਗੁਣ ਨਾਉਂ ਹਰਿ ਨਿਰੰਕਾਰ, ਆਦਿ ਜੁਗਾਦਿ ਸੁਣਾਇਆ । ਜੁਗ ਜੁਗ ਸਿਫ਼ਤ ਕਰੇ ਗੁਰੂ ਅਵਤਾਰ, ਕੋਟਨ ਕੋਟ ਢੋਲਾ ਗਾਇਆ । ਹਰਿ ਕਾ ਅੰਤ ਨਾ ਪਾਰਾਵਾਰ, ਬੇਅੰਤ ਕਹਿ ਕਹਿ ਸ਼ੁਕਰ ਮਨਾਇਆ । ਕਰਦੇ ਰਹੇ ਸਰਬ ਗੁਫ਼ਤਾਰ, ਰਸਨਾ ਜਿਹਵਾ ਨਾਲ ਮਿਲਾਇਆ । ਉਚੀ ਕੂਕ ਕੂਕ ਪੁਕਾਰ, ਭਗਤ ਭਗਵੰਤ ਢੋਲਾ ਗਾਇਆ । ਪਰਦਾ ਉਹਲਾ ਵਿਚ ਸੰਸਾਰ, ਨਿਰਗੁਣ ਸਰਗੁਣ ਆਪ ਰਖਾਇਆ । ਕਲਜੁਗ ਅੰਤਮ ਬਦਲਿਆ ਚੋਲ਼ਾ ਆਪ ਨਿਰੰਕਾਰ, ਤੱਤਵ ਤੱਤ ਨਾ ਕੋਇ ਰਖਾਇਆ । ਇਕੋ ਬੋਲਾ ਬੋਲ ਜੈਕਾਰ, ਤੂੰ ਮੇਰਾ ਮੈਂ ਤੇਰਾ ਸਾਚਾ ਜੋੜਾ ਜੋੜ ਜੁੜਾਇਆ । ਵਸਣਹਾਰਾ ਧਾਮ ਨਿਆਰ, ਸਚਖੰਡ ਆਪਣਾ ਡੇਰਾ ਲਾਇਆ । ਸੰਬਲ ਖੋਲ੍ਹ ਆਪ ਕਵਾੜ, ਬੰਦ ਤਾਕੀ ਪਰਦਾ ਦਏ ਚੁਕਾਇਆ । ਗੋਬਿੰਦ ਮੀਤਾ ਮੀਤ ਮੁਰਾਰ, ਪੂਤ ਸਪੂਤਾ ਵੇਸ ਵਟਾਇਆ । ਪੁਰਖ ਅਕਾਲ ਖ਼ਬਰਦਾਰ, ਸਾਚੀ ਖ਼ਬਰ ਰਿਹਾ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰਾਹ ਜਣਾਇਆ । ਸਾਚੀ ਖ਼ਬਰ ਸੁਣਾਵਾਂਗਾ । ਬੇਸਬਰ ਪਿਆਲਾ ਤੋੜ ਤੁੜਾਵਾਂਗਾ । ਆਬਰੂ ਇੱਜ਼ਤ ਸਰਬ ਮਿਟਾਵਾਂਗਾ । ਆਪਣਾ ਨਾਮ ਬੇਇੱਜ਼ਤ ਨਾ ਕਦੇ ਕਰਾਵਾਂਗਾ । ਸ੍ਰਿਸ਼ਟ ਸਬਾਈ ਸ਼ਕਤ ਵਖਾਵਾਂਗਾ । ਆਪਣਾ ਦਸਤ ਇਕ ਉਠਾਵਾਂਗਾ । ਵਸਤ ਸਭ ਦੀ ਖੋਹ ਕੇ ਆਪਣੀ ਝੋਲੀ ਪਾਵਾਂਗਾ । ਬਿਨ ਰੂਹ ਤੋਂ ਖ਼ਾਲੀ ਬੁੱਤ ਜਣਾਵਾਂਗਾ । ਮਕਬਰਿਆਂ ਵਿਚ ਰਖਾਵਾਂਗਾ । ਅਗਨੀ ਉਤੇ ਸੜਾਵਾਂਗਾ । ਖ਼ਾਕ ਵਿਚ ਰਲਾਵਾਂਗਾ । ਪੋਸ਼ ਤਨ ਲੁਹਾਵਾਂਗਾ । ਸੋਚ ਵਿਚ ਨਾ ਆਵਾਂਗਾ । ਨਮਾਜ਼ ਰੋਜ਼ਾ ਮਿਟਾਵਾਂਗਾ । ਤੀਰ ਗੋਸ਼ਾ ਇਕ ਉਠਾਵਾਂਗਾ । ਕਮਾਨ ਆਪਣਾ ਟੰਕ ਚਲਾਵਾਂਗਾ । ਰਾਉ ਰੰਕ ਜਣਾਵਾਂਗਾ । ਬਿਨ ਭਗਤਾਂ ਨਜ਼ਰ ਕਿਸੇ ਨਾ ਆਵਾਂਗਾ । ਆਦਿ ਸ਼ਕਤ ਵੇਸ ਵਟਾਵਾਂਗਾ । ਚਤਰਭੁਜ ਨਾਮ ਧਰਾਵਾਂਗਾ । ਅਮਾਮ ਮਹਿੰਦੀ ਫੇਰਾ ਪਾਵਾਂਗਾ । ਦਿਸ਼ਾ ਲਹਿੰਦੀ ਵੇਖ ਵਖਾਵਾਂਗਾ । ਹੱਥੀਂ ਮਹਿੰਦੀ ਲਾਲ ਰੰਗਾਵਾਂਗਾ । ਦੁਨੀਆ ਢਹਿੰਦੀ, ਢਾਹ ਢਾਹ ਢੇਰ ਕਰਾਵਾਂਗਾ । ਅੰਜੀਲ ਕੁਰਾਨ ਖਹਿੰਦੀ, ਖਹਿ ਖਹਿ ਅਗਨ ਲਗਾਵਾਂਗਾ । ਅੱਲਾ ਰਾਣੀ ਪੀਹੜੇ ਬਹਿੰਦੀ, ਮਸਤਕ ਟਿੱਕਾ ਇਕ ਸੁਹਾਵਾਂਗਾ । ਉਮਤ ਨਬੀ ਨੂੰ ਜਾ ਜਾ ਕਹਿੰਦੀ, ਵੇਲਾ ਅੰਤਮ ਆਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਗੱਲ ਸੁਣਾਵਾਂਗਾ । ਅੱਲਾ ਰਾਣੀ ਫਿਰੇ ਨੱਠੀ, ਚੌਦਾਂ ਤਬਕ ਦਏ ਦੁਹਾਈਆ । ਵੇਖੋ ਮੇਰੀ ਖ਼ਾਲੀ ਹੱਟੀ, ਵਣਜਾਰਾ ਕੋਇ ਰਹਿਣ ਨਾ ਪਾਈਆ । ਕਲਜੁਗ ਜੀਵਾਂ ਮੇਰੀ ਮੀਢੀ ਪੱਟੀ, ਖੁਲ੍ਹੀ ਗੁੱਤ ਰਹੀ ਵਖਾਈਆ । ਹੱਥੋਂ ਸੱਟੀ ਮੁਹੰਮਦ ਮੌਲੀ ਅੱਟੀ,

ਸਾਚਾ ਸਗਨ ਨਾ ਕੋਇ ਮਨਾਈਆ । ਦਰੋਹੀ ਮੈਥੋਂ ਭਰੀ ਨਾ ਜਾਏ ਚੱਟੀ, ਸਿਰ ਭਾਰ ਨਾ ਕੋਇ ਉਠਾਈਆ । ਮੈਂ ਬਾਲੀ ਅੱਜੇ ਨੱਢੀ, ਮੇਰਾ ਮੀਆਂ ਅੰਗ ਨਾ ਮੋਹੇ ਲਗਾਈਆ । ਫੜ ਕੇ ਬਾਂਹੋਂ ਘਰੋਂ ਕੱਢੀ, ਚਾਰੋਂ ਕੁੰਟਾਂ ਫਿਰੇ ਵਾਹੋ ਦਾਹੀਆ । ਮੈਨੂੰ ਰੋਟੀ ਮਿਲੇ ਨਾ ਅੱਧੀ, ਭੁੱਖੀ ਮਰੇ ਤਿਹਾਈਆ । ਅੰਤਮ ਆ ਗਈ ਚੌਧਵੀਂ ਸਦੀ, ਚੌਦਾਂ ਤਬਕਾਂ ਸਾਰ ਕੋਇ ਨਾ ਪਾਈਆ । ਮੈਂ ਹੁਕਮੇ ਅੰਦਰ ਬੱਧੀ, ਪਰਵਰਦਿਗਾਰ ਦਏ ਸਜ਼ਾਈਆ । ਮੈਂ ਪਿਛਲੀ ਕਹਾਣੀ ਛੱਡੀ, ਤੁਹਾਨੂੰ ਸਭ ਨੂੰ ਦਿਆਂ ਸੁਣਾਈਆ । ਮੇਰੀ ਕੋਇ ਨਾ ਰੱਖੇ ਲੱਜੀ, ਸਿਰ ਹੱਥ ਨਾ ਕੋਇ ਟਿਕਾਈਆ । ਮੇਰੀ ਗੁੱਤ ਮੇਰੀ ਉਮਤ ਵੱਢੀ, ਭੁਲਿਆ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਵਖਾਈਆ । ਅੱਲਾ ਰਾਣੀ ਰੋਵੇ ਨੀਰ, ਨੈਣਾਂ ਨੈਣ ਮਿਲਾਈਆ । ਵੇਖੋ ਮੇਰੇ ਪਾਟੇ ਚੀਰ, ਚੀਥੜ ਸਚ ਨਾ ਕੋਇ ਹੰਡਾਈਆ । ਬਿਰਹੋਂ ਅੰਦਰ ਸੁੱਕਾ ਸਰੀਰ, ਰੱਤੀ ਰੱਤ ਰਹਿਣ ਨਾ ਪਾਈਆ । ਮਾਰਗ ਦੱਸ ਕੇ ਗਏ ਪੈਗੰਬਰ ਪੀਰ, ਪਰਾ ਆਪਣੀ ਇਕ ਜਣਾਈਆ । ਸ਼ਰਅ ਲਾ ਕੇ ਗਏ ਜ਼ੰਜੀਰ, ਸ਼ਰੀਅਤ ਕੁੰਜੀ ਵਿਚ ਰਖਾਈਆ । ਮੈਂ ਅੰਤ ਹੋਈ ਦਿਲਗੀਰ, ਮੇਰਾ ਮਾਹੀ ਬੈਠਾ ਮੁਖ ਭਵਾਈਆ । ਮੇਰੀ ਕੋਈ ਨਾ ਕੱਟੇ ਭੀੜ, ਮੁੱਲਾ ਸ਼ੇਖ਼ ਮਸਲਾ ਹੱਕ ਨਾ ਕੋਇ ਜਣਾਈਆ । ਵੇਖੋ ਅੰਤ ਹੋਈ ਅਖ਼ੀਰ, ਅਮਾਮ ਸਭ ਦੀ ਅੱਖੀਂ ਘੱਟਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਮੈਂ ਦੱਸਣ ਆਈ ਚੌਦਾਂ ਤਬਕ, ਤੋਬਾ ਤੋਬਾ ਕਰੋ ਸਲਾਮ । ਪਿਛਲਾ ਭੁੱਲੋ ਸਾਰੇ ਸਬਕ, ਅੱਗੇ ਮੰਨੋ ਇਕ ਅਮਾਮ । ਜਿਸ ਦਾ ਨਾਂ ਸੁਣਦਿਆਂ ਈਸਾ ਮੂਸਾ ਮੁਹੰਮਦ ਰਹੇ ਤਭਕ, ਦਰ ਬਰਦੇ ਬਣ ਕੇ ਬੈਠੇ ਗ਼ੁਲਾਮ । ਉਸ ਸਾਹਿਬ ਦੀ ਸੱਚੀ ਬਰਕਤ, ਜਿਸ ਨਾਲ ਵਸੇ ਜਹਾਨ । ਓਸ ਨਾਲ ਕੋਈ ਨਾ ਕਰਿਉ ਸਿਰਕਤ, ਸਭ ਦਾ ਮੇਟੇ ਈਮਾਨ । ਕਿਸੇ ਦੀ ਰਹਿਣ ਨਾ ਦੇਵੇ ਹਰਕਤ, ਹੁਲੀਆ ਕਰ ਦਏ ਬੇਪਛਾਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਇਕ ਮਹਾਨ । ਨਾਲੇ ਦੱਸਾਂ ਨਾਲੇ ਰੋਵਾਂ, ਹਾਲ ਬੇਹਾਲ ਰਹੀ ਜਣਾਈਆ । ਸੀਸ ਆਪਣੇ ਵਾਲ ਖੋਵਾਂ, ਦੋਹਾ ਹੱਥਾਂ ਦਿਆਂ ਦੁਹਾਈਆ । ਦਿਵਸ ਰੈਣ ਕਦੇ ਨਾ ਸੋਵਾਂ, ਭੱਜੀ ਫਿਰਾਂ ਵਾਹੋ ਦਾਹੀਆ । ਸਾਹਿਬ ਸੱਚੇ ਦਾ ਢੋਲਾ ਗਾਵਾਂ, ਤੂੰ ਮੇਰਾ ਮੈਂ ਤੇਰੀ ਤੁਧ ਬਿਨ ਨਜ਼ਰ ਕੋਇ ਨਾ ਆਈਆ । ਕਲਜੁਗ ਅੰਤਮ ਦੇ ਠੰਡੀਆਂ ਛਾਵਾਂ, ਇਕ ਤੇਰੀ ਓਟ ਰਖਾਈਆ । ਤੁਧ ਬਿਨ ਭੱਜੀਆਂ ਮੇਰੀਆਂ ਬਾਂਹਵਾਂ, ਬਾਂਹੋਂ ਫੜ ਗਲੇ ਨਾ ਕੋਇ ਲਗਾਈਆ । ਜੇ ਦਰ ਸੱਦੇਂ ਤੇ ਨੀਵੀਂ ਹੋ ਕੇ ਆਵਾਂ, ਧੂੜੀ ਚਰਨ ਖ਼ਾਕ ਰਮਾਈਆ । ਵਾਰੀ ਘੋਲੀ ਪ੍ਰਭ ਤੇਰੇ ਸਦਕੇ ਜਾਵਾਂ, ਤੇਰੇ ਹੱਥ ਵੱਡੀ ਵਡਿਆਈਆ । ਦਿਵਸ ਰੈਣ ਤੇਰਾ ਨਾਉਂ ਰਾਵਾਂ, ਰਹਿਬਰ ਮਿਲੇ ਬੇਪਰਵਾਹੀਆ । ਤੁਧ ਬਿਨ ਚਾਰ ਕੁੰਟ ਖ਼ਾਲੀ ਕਾਗ ਉਡਾਵਾਂ, ਬੇਬਸ ਰਹੀ ਕੁਰਲਾਈਆ । ਮੈਨੂੰ ਚੌਦਾਂ ਤਬਕਾਂ ਵਿਚੋਂ ਤੇਰਾ ਸਚ ਨਾ ਲੱਭਿਆ ਨਾਵਾਂ, ਅੱਖਰਾਂ ਨਾਲ ਕਰਨ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਈਆ । ਅੱਲਾ ਰਾਣੀ ਮਾਰੇ ਨਾਅਰਾ, ਹੱਕ ਹੱਕ ਧਿਆਈਆ । ਬੌਹੜੀ ਮਿਲ ਪਰਵਰਦਿਗਾਰਾ, ਤੇਰੀ ਆਸ ਰਖਾਈਆ । ਨਾਤਾ ਤੁਟਿਆ ਚਾਰ ਯਾਰਾਂ, ਮੁਹੰਮਦ ਅੰਗ ਨਾ ਕੋਇ ਲਗਾਈਆ । ਈਸਾ ਮੂਸਾ ਡਿਗਾ ਮੂੰਹ ਦੇ ਭਾਰਾ, ਮੁਫ਼ਲਸ ਰੂਪ ਰਹੇ ਵਖਾਈਆ । ਮੈਨੂੰ ਉਂਗਲਾਂ ਨਾਲ ਕਰਨ ਇਸ਼ਾਰਾ, ਬਿਨ ਮਹਿਬੂਬ ਨਜ਼ਰ ਨਾ ਔਂਦਾ ਕੋਇ ਸਾਈਆ । ਮੈਂ ਸੁਣਿਆ ਸਾਹਿਬ ਤੂੰ ਅਜੇ ਕਵਾਰਾ, ਤੇਰੀ ਲਾੜੀ ਨਜ਼ਰ ਕੋਇ ਨਾ ਆਈਆ ।

ਮੈਂ ਤੇਰੇ ਚਰਨਾਂ ਬਣਾਂ ਸੇਵਾਦਾਰਾ, ਬਣ ਫਰਮਾਂਬਰਦਾਰ ਸੇਵ ਕਮਾਈਆ । ਮੈਂ ਅੱਖੀਂ ਵੇਖਾਂ ਕਿਵੇਂ ਚੜ੍ਹਦਾ ਆਪਣੇ ਖਾਰਾ, ਵਟਣਾ ਸਚ ਸਚ ਲਗਾਈਆ । ਮੈਂ ਤੱਕਾਂ ਸ਼ਕਵੇਂ ਸੀਸ ਬੰਨ੍ਹੇ ਦਸਤਾਰਾ, ਜਗਦੀਸ਼ ਆਪਣੀ ਖ਼ੁਸ਼ੀ ਮਨਾਈਆ । ਮੈਂ ਜਾਣਾਂ ਕਿਵੇਂ ਬਣੇ ਕੰਤ ਭਤਾਰਾ, ਸਿਹਰਾ ਸੁਹਾਗ ਇਕ ਹੰਢਾਈਆ । ਮੈਂ ਵੇਖਾਂ ਕਿਵੇਂ ਬਣੇ ਸਿਕਦਾਰਾ, ਸਿਰ ਆਪਣੇ ਤਾਜ ਟਿਕਾਈਆ । ਅੱਲਾ ਰਾਣੀ ਨਾਰ ਮੁਟਿਆਰਾ, ਜੋਬਨ ਆਪਣਾ ਰਹੀ ਦਰਸਾਈਆ । ਸ੍ਰੀ ਭਗਵਾਨ ਕਹੇ ਦੂਰ ਹੋ ਜਾ ਮੇਰੇ ਦਵਾਰਾ, ਤੇਰੀ ਕਰਨੀ ਮੋਹੇ ਨਾ ਭਾਈਆ । ਕਲਜੁਗ ਅੰਤਮ ਜਾ ਕੇ ਮੇਰੇ ਭਗਤਾਂ ਕਰ ਪਿਆਰਾ, ਤੇਰੀ ਪੱਤ ਲੈਣ ਰਖਾਈਆ । ਜਿਨ੍ਹਾਂ ਪਿਛੇ ਲਵਾਂ ਮਾਤ ਅਵਤਾਰਾ, ਨਿਰਗੁਣ ਆਪਣਾ ਵੇਸ ਵਟਾਈਆ । ਕਲਜੁਗ ਅੰਤਮ ਹੋਵਾਂ ਪੀਰ ਜ਼ਾਹਰਾ, ਜ਼ਾਹਰ ਆਪਣਾ ਨੂਰ ਦਰਸਾਈਆ । ਸੰਬਲ ਵਸਾਂ ਧਾਮ ਨਿਆਰਾ, ਸੰਭਲ ਸੰਭਲ ਪੈਰ ਟਿਕਾਈਆ । ਡੰਕਾ ਵੱਜੇ ਇਕ ਜੈਕਾਰਾ, ਨਾਅਰਾ ਇਕੋ ਇਕ ਸੁਣਾਈਆ । ਜਿਸ ਸੋਹੰ ਕੀਆ ਪਿਆਰਾ, ਸੋ ਸਾਹਿਬ ਸੱਚੇ ਭਾਈਆ । ਦੀਨ ਮਜ਼੍ਹਬ ਦਾ ਛੱਡ ਕੇ ਅਖਾੜਾ, ਆਖਰ ਇਕੋ ਹੁਕਮ ਸੁਣਾਈਆ । ਅੰਤ ਅੱਗ ਲੱਗਣੀ ਬਹੱਤਰ ਨਾੜਾ, ਜੀਵ ਜੰਤ ਸਰਬ ਜਲਾਈਆ । ਸੰਮਤ ਉਨੀ ਕੱਢ ਲਾ ਹਾੜਾ, ਫੇਰ ਵੇਲਾ ਗਿਆ ਹੱਥ ਨਾ ਆਈਆ । ਫਿਰੇ ਦਰੋਹੀ ਜੰਗਲ ਜੂਹ ਉਜਾੜ ਪਹਾੜਾ, ਉਚੇ ਟਿੱਲੇ ਪਰਬਤ ਸਮੁੰਦ ਸਾਗਰ ਦੇਣ ਦੁਹਾਈਆ । ਬਿਨ ਪਰਵਰਦਿਗਾਰ ਸਚ ਕਰੇ ਨਾ ਕੋਇ ਪਿਆਰਾ, ਕੂੜੀ ਕਿਰਿਆ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਨਰ ਆਪਣਾ ਰਾਹ ਜਣਾਈਆ ।

### ❇ ੨੩ ਮਾਘ ੨੦੧੯ ਬਿਕ੍ਰਮੀ ਸਮੁੰਦ ਸਿੰਘ ਦੇ ਗ੍ਰਹਿ ਮਾੜੀ ਮੇਘਾ ਜ਼ਿਲਾ ਅੰਮ੍ਰਿਤਸਰ ❇

ਸੰਮਤ ਚਲੇ ਵੀਹ ਸੌ ਉਨੀ, ਏਕਾ ਨਾਇਆ ਖੇਲ ਕਰਾਇੰਦਾ । ਅੱਲਾ ਰਾਣੀ ਸਿਰ ਤੋਂ ਲਹੇ ਚੁੰਨੀ, ਸੀਸ ਹੱਥ ਨਾ ਕੋਇ ਟਿਕਾਇੰਦਾ । ਉਮਤ ਚੋਟੀ ਜਾਏ ਮੁੰਨੀ, ਪਰਦਾ ਅਵਰ ਨਾ ਕੋਇ ਪਾਇੰਦਾ । ਨਾਤਾ ਤੁਟੇ ਮੁਸਲਮ ਸੁਨੀ, ਨਿਰਗੁਣ ਆਪਣਾ ਖੇਲ ਵਖਾਇੰਦਾ । ਸ੍ਰੀ ਭਗਵਾਨ ਵਡ ਗੁਣ ਗੁਣੀ, ਬੇਪਰਵਾਹ ਆਪਣੀ ਧਾਰ ਜਣਾਇੰਦਾ । ਲੱਖ ਚੁਰਾਸੀ ਛਾਣੀ ਪੁਣੀ, ਜੀਵ ਜੰਤ ਖੋਜ ਖੁਜਾਇੰਦਾ । ਭਗਤ ਭਗਵਾਨ ਪੁਕਾਰ ਰਿਹਾ ਸੁਣੀ, ਸਚਖੰਡ ਸਾਚੇ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਸਮਝਾਇੰਦਾ । ਸੰਮਤ ਉਨੀ ਖੇਲ ਉਨੀਸਾ, ਪਰਵਰਦਿਗਾਰ ਖੇਲ ਕਰਾਈਆ । ਲੇਖਾ ਜਾਣੇ ਮੂਸਾ ਈਸਾ, ਸੰਗ ਮੁਹੰਮਦ ਮੇਲ ਮਿਲਾਈਆ । ਜਣਾਵਣਹਾਰਾ ਜੁਗ ਜੁਗ ਹਦੀਸਾ, ਸ਼ਰਅ ਸ਼ਰੀਅਤ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਆਪ ਜਣਾਈਆ । ਸੰਮਤ ਉਨੀ ਈਸਾ ਮੂਸਾ ਧਾਰ, ਲਾਸ਼ਰੀਕ ਆਪ ਜਣਾਇੰਦਾ । ਮੁਕਾਮੇ ਹੱਥ ਹੋ ਤਿਆਰ, ਬੇਐਬ ਵੇਖ ਵਖਾਇੰਦਾ । ਦੋ ਜਹਾਨਾ ਸਾਂਝਾ ਯਾਰ, ਸ੍ਰੀ ਭਗਵਾਨ ਪਰਦਾ ਲਾਹਿੰਦਾ । ਨਬੀ ਰਸੂਲਾਂ ਕਰੇ ਖ਼ਬਰਦਾਰ, ਪਾਕ ਪਾਕੀ ਵੇਖ ਵਖਾਇੰਦਾ । ਕਾਗਦ ਕਲਮ ਨਾ ਲਿਖਣਹਾਰ, ਹਰਿ ਕਾ ਅੰਤ ਨਾ ਕੋਇ ਪਾਇੰਦਾ । ਚੌਦਾਂ ਤਬਕਾਂ ਲਏ ਉਠਾਲ, ਸਾਚਾ ਸਬਕ ਇਕ ਜਣਾਇੰਦਾ । ਮੁਹੱਬਤ ਰਹੇ ਨਾ ਕਿਸੇ ਨਾਲ, ਸੁਹਬਤ ਹੱਕ ਨਾ ਕੋਇ

ਜਣਾਇੰਦਾ । ਜਲਵਾ ਨੂਰ ਇਕ ਜਲਾਲ, ਜ਼ਾਹਰ ਜ਼ਹੂਰ ਆਪ ਦ੍ਰਿੜਾਇੰਦਾ । ਕਲਜੁਗ ਕੂੜੀ ਮਿਟੇ ਮਿਸਾਲ, ਮਿਸਲ ਨਵੀਂ ਫੇਰ ਬਣਾਇੰਦਾ । ਮੁਰੀਦ ਮੁਰਸ਼ਦ ਲਏ ਭਾਲ, ਚੇਲਾ ਗੁਰ ਚੰਦ ਚੜ੍ਹਾਇੰਦਾ । ਖੇਲੇ ਖੇਲ ਵਾਲੀ ਦੋ ਜਹਾਨ, ਨਿਰਗੁਣ ਸਰਗੁਣ ਆਪਣੀ ਧਾਰ ਵਖਾਇੰਦਾ । ਸ਼ਬਦ ਅਗੰਮੀ ਤੀਰ ਨਿਰਾਲਾ ਉਠਾਏ ਬਾਣ, ਅਣਿਆਲਾ ਆਪਣੇ ਹੱਥ ਰਖਾਇੰਦਾ । ਦਾਤਾ ਜੋਧਾ ਸੂਰਬੀਰ ਨੌਜਵਾਨ, ਕਲਜੁਗ ਨੱਯਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪੇ ਲਾਹਿੰਦਾ । ਪਰਵਰਦਿਗਾਰ ਲਾਸ਼ਰੀਕਾ, ਕਰੇ ਖੇਲ ਬੇਪਰਵਾਹਿਆ । ਪੀਰ ਪੈਗ਼ੰਬਰਾਂ ਦੱਸਦਾ ਰਿਹਾ ਤਰੀਕਾ, ਨਾਮ ਖ਼ੁਦਾਈ ਇਕ ਦ੍ਰਿੜਾਈਆ । ਮੁਹੰਮਦ ਈਸਾ ਨੇਤਰ ਨੈਣ ਰਾਹ ਤੱਕ ਕਰਦੇ ਰਹੇ ਉਡੀਕਾਂ, ਧਿਆਨ ਧਿਆਨ ਵਿਚ ਮਿਲਾਈਆ । ਪਰਵਰਦਿਗਾਰ ਭੇਵ ਜਾਣੇ ਜੀਵ ਜੀਅ ਕਾ, ਘਟ ਘਟ ਰਿਹਾ ਸਮਾਈਆ । ਆਦਿ ਜੁਗਾਦਿ ਨੀਕਨ ਨੀਕਾ, ਵਡ ਵੱਡਾ ਆਪ ਅਖਵਾਈਆ । ਅੰਤਮ ਕਲਜੁਗ ਸ਼ਾਹ ਸੁਲਤਾਨਾਂ ਖ਼ਾਲੀ ਕਰੇ ਖੀਸਾ, ਦਰ ਦਰ ਦਏ ਫਿਰਾਈਆ । ਕਿਸੇ ਤਾਜ ਰਹਿਣ ਨਾ ਦੇਵੇ ਸੀਸਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਹਰਿ ਕਮਾਵੇਗਾ । ਨਿਰਗੁਣ ਜੋਤ ਜਗਾਵੇਗਾ । ਗੋਬਿੰਦ ਸੁਤ ਉਠਾਵੇਗਾ । ਸ਼ਬਦੀ ਡੰਕ ਵਜਾਵੇਗਾ । ਨਾਮ ਖੰਡਾ ਇਕ ਚਮਕਾਵੇਗਾ । ਵਿਸ਼ਨ ਬ੍ਰਹਮਾ ਸ਼ਿਵ ਹਲਾਵੇਗਾ । ਬ੍ਰਹਿਮੰਡ ਖੰਡ ਰੁਵਾਵੇਗਾ । ਦੀਨ ਦੁਨੀ ਵੇਖ ਵਖਾਵੇਗਾ । ਲੋਆਂ ਪੁਰੀਆਂ ਫੇਰਾ ਪਾਵੇਗਾ । ਤੇਈ ਅਵਤਾਰ ਫੜ ਜਗਾਵੇਗਾ । ਭਗਤ ਅਠਾਰਾਂ ਨਾਲ ਰਲਾਵੇਗਾ । ਈਸਾ ਮੂਸਾ ਮੂੰਹ ਭਵਾਵੇਗਾ । ਕਲਮਾ ਨਬੀ ਇਕ ਸਿਖਾਵੇਗਾ । ਚਾਰੋਂ ਕੁੰਟ ਵੇਖ ਵਖਾਵੇਗਾ । ਦਹਿ ਦਿਸ਼ਾ ਰੰਗ ਰੰਗਾਵੇਗਾ । ਨਿਰਗੁਣ ਜੋਤ ਪਰਕਾਸ਼ ਕਰਾਵੇਗਾ । ਸਾਚੇ ਘੋੜੇ ਆਸਣ ਪਾਵੇਗਾ । ਸ਼ਾਹਸਵਾਰਾ ਡੇਰਾ ਲਾਵੇਗਾ । ਦਾਤਾ ਦਾਨੀ ਆਪ ਅਖਵਾਵੇਗਾ । ਲੋਕਮਾਤ ਫੇਰਾ ਪਾਵੇਗਾ । ਸੰਬਲ ਚਰਨ ਟਿਕਾਵੇਗਾ । ਹਰਿ ਮੰਦਰ ਵੇਖ ਵਖਾਵੇਗਾ । ਕਲਜੁਗ ਅੰਤਮ ਆਪਣਾ ਭੇਵ ਜਣਾਵੇਗਾ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਇਕੋ ਹੁਕਮ ਮਨਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਮਾਵੇਗਾ । ਆਪਣੀ ਕਰਨੀ ਕਰੇਗਾ । ਪ੍ਰਭ ਕਿਸੇ ਕੋਲੋਂ ਨਾ ਡਰੇਗਾ । ਪੀਰ ਪੈਗ਼ੰਬਰ ਫੜੇਗਾ । ਘਟ ਘਟ ਅੰਦਰ ਵੜੇਗਾ । ਸਚ ਮਹੱਲੇ ਚੜ੍ਹੇਗਾ । ਇਕੋ ਪੁਰਖ ਅਕਾਲ ਅੱਖਰ ਪੜ੍ਹੇਗਾ । ਦੋ ਜਹਾਨਾਂ ਸ਼ਬਦੀ ਲੜੇਗਾ । ਅੱਗੇ ਸੂਰਬੀਰ ਕੋਈ ਨਾ ਅੜੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਰਨੀ ਆਪੇ ਕਰੇਗਾ । ਹਰਿ ਕਰਨੀ ਸਚ ਕਮਾਵੇਗਾ । ਕਲ ਕਲਕੀ ਅਵਤਾਰ ਕਹਾਵੇਗਾ । ਨਾਮ ਡੰਕਾ ਇਕ ਵਜਾਵੇਗਾ । ਬ੍ਰਹਿਮੰਡਾਂ ਖੰਡਾਂ ਆਪ ਹਲਾਵੇਗਾ । ਚੌਦਾਂ ਲੋਕਾਂ ਪਰਦਾ ਉਠਾਵੇਗਾ । ਚੌਦਾਂ ਤਬਕਾਂ ਨੇਤਰ ਨੈਣਾਂ ਨੀਰ ਵਹਾਵੇਗਾ । ਈਸਾ ਮੂਸਾ ਸਯਦਾ ਸੀਸ ਝੁਕਾਵੇਗਾ । ਬਣ ਬਰਦਾ ਭੁੱਲ ਬਖ਼ਸ਼ਾਵੇਗਾ । ਡਰਦਾ ਅੱਗੇ ਨਾ ਕੋਈ ਆਵੇਗਾ । ਗੋਬਿੰਦ ਖ਼ੁਸ਼ੀਆਂ ਖੇਲ ਵਖਾਵੇਗਾ । ਕਲਜੁਗ ਰੁੱਸਿਆਂ ਮੇਟ ਮਿਟਾਵੇਗਾ । ਗੱਲਾਂ ਸੱਚੀਆਂ ਆਣ ਸੁਣਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਰੰਗ ਆਪ ਰੰਗਾਵੇਗਾ । ਸਾਚਾ ਰੰਗ ਰੰਗੇਗਾ । ਲੋਆਂ ਪੁਰੀਆਂ ਲੰਘੇਗਾ । ਭਗਵਾਨ ਭਗਤਾਂ ਕੋਲੋਂ ਕਦੇ ਨਾ ਸੰਗੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਲੇਖਾ ਜਾਣੇ ਚੰਗੇ ਮੰਦੇ ਦਾ । ਸੰਮਤ ਉਨੀ ਦਏ ਦੁਹਾਈ, ਕੂਕ

ਕੂਕ ਸੁਣਾਈਆ । ਕਲਜੁਗ ਜੀਵੋ ਉਠੋ ਭਾਈ, ਵੇਲਾ ਅੰਤਮ ਆਈਆ । ਪੂਤ ਸਪੂਤਾ ਬ੍ਰਹਿਮਣ ਗੌੜਾ ਉਚੇ ਟਿੱਲੇ ਪਰਬਤ ਆਸਣ ਲਾਈ, ਨਿਰਗੁਣ ਨਜ਼ਰ ਕਿਸੇ ਨਾ ਆਈਆ । ਜਿਸ ਦਾ ਜਲਵਾ ਤੱਕ ਕੇ ਮੂਸਾ ਡਿਗਾ ਮੂੰਹ ਦੇ ਭਾਰ ਨਾ ਸਕੇ ਕੋਇ ਉਠਾਈ, ਨੈਣਾਂ ਨੈਣ ਨੈਣ ਸ਼ਰਮਾਈਆ । ਜਿਸ ਨੂੰ ਈਸਾ ਕਹੇ ਮੇਰਾ ਬਾਪ ਮੇਰੀ ਮਾਈ, ਨੂਰ ਜ਼ਹੂਰ ਇਕ ਰੁਸ਼ਨਾਈਆ । ਜਿਸ ਨੂੰ ਮੁਹੰਮਦ ਕਹੇ ਮੇਰਾ ਅਮਾਮ ਸਚ ਗੋਸਾਈਂ, ਮੁਕਾਮੇ ਹੱਕ ਡੇਰਾ ਲਾਈਆ । ਜਿਸ ਨੂੰ ਸਤਿਗੁਰ ਨਾਨਕ ਕਹੇ, ਵਸੇ ਹਰ ਘਟ ਥਾਈ, ਘਟ ਘਟ ਰਿਹਾ ਜਣਾਈਆ । ਜਿਸ ਨੂੰ ਗੁਰ ਗੋਬਿੰਦ ਕਿਹਾ ਮੇਰਾ ਪਿਤਾ ਪਕੜੇ ਮੇਰੀ ਬਾਂਹੀਂ, ਪੁਰਖ ਅਕਾਲ ਵੱਡੀ ਵਡਿਆਈਆ । ਸੋ ਕਲਜੁਗ ਅੰਤਮ ਆਵੇ ਨਿਹਕਲੰਕ ਨਾਉਂ ਰਖਾਈ, ਰੂਪ ਰੇਖ ਨਾ ਕੋਇ ਜਣਾਈਆ । ਸੰਬਲ ਆਪਣਾ ਚਰਨ ਟਿਕਾਈ, ਡੰਕਾ ਸ਼ਬਦ ਇਕ ਵਜਾਈ, ਨਾਅਰਾ ਹੱਕ ਹੱਕ ਸੁਣਾਈਆ । ਗ਼ਰੀਬ ਨਿਮਾਣਿਆਂ ਲਏ ਉਠਾਈ, ਸ਼ਾਹ ਸੁਲਤਾਨਾਂ ਖ਼ਾਕ ਮਿਲਾਈਆ, ਆਪਣੀ ਕਰਨੀ ਆਪ ਕਰਾਈ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਖੁਲ੍ਹਾਈਆ । ਹਰਿ ਸਾਚਾ ਭੇਵ ਖੁਲ੍ਹਾਵੇਗਾ । ਨਿਰਗੁਣ ਜਾਮਾ ਵੇਸ ਵਟਾਵੇਗਾ । ਸੰਮਤ ਬੀਸਾ ਵੇਖ ਵਖਾਵੇਗਾ । ਖ਼ਾਲੀ ਖੀਸਾ ਸਰਬ ਕਰਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪਣੇ ਹੱਥ ਰਖਾਵੇਗਾ । ਸੰਮਤ ਬੀਸ ਆਇਆ ਨੇੜੇ, ਨੇਰਨ ਨੇਰਾ ਹਰਿ ਜਣਾਈਆ । ਸ੍ਰੀ ਭਗਵਾਨ ਦੇਵਣਹਾਰਾ ਉਲਟੇ ਗੇੜੇ, ਗੇੜਾ ਇਕੋ ਇਕ ਭਵਾਈਆ । ਵਸਦੇ ਉਜੜਨ ਵਾਲੇ ਖੇੜੇ, ਖੇੜਾ ਸਕੇ ਨਾ ਕੋਇ ਵਸਾਈਆ । ਦੀਨ ਮਜ਼੍ਹਬ ਦੇ ਮੇਟੇ ਝੇੜੇ, ਜ਼ਾਤ ਪਾਤ ਰਹਿਣ ਨਾ ਪਾਈਆ । ਕਿਸੇ ਕਰਨ ਨਾ ਦੇਵੇ ਹੇਰੇ ਫੇਰੇ, ਕੂੜੀ ਕਿਰਿਆ ਨਾ ਕੋਇ ਵਡਿਆਈਆ । ਕਲਜੁਗ ਅੰਤ ਨਾ ਲਾਵੇ ਦੇਰੇ, ਦੂਰ ਦੁਰਾਡਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਈਆ । ਕਲਜੁਗ ਅੰਤਮ ਵੇਖ ਹੱਟ, ਨੇਤਰ ਨੈਣਾਂ ਨੀਰ ਵਹਾਇੰਦਾ । ਚਾਰੋਂ ਕੁੰਟ ਰਿਹਾ ਦੱਸ, ਕੂਕ ਕੂਕ ਸੁਣਾਇੰਦਾ । ਰੈਣ ਅੰਧੇਰਾ ਹੋਇਆ ਮਸ, ਚੌਦਸ ਚੰਦ ਨਾ ਕੋਇ ਚੜ੍ਹਾਇੰਦਾ । ਆਤਮ ਪਰਮਾਤਮ ਕਿਸੇ ਨਾ ਮਿਲੇ ਰਸ, ਰਸਨਾ ਜਿਹਵਾ ਲੱਖ ਚੁਰਾਸੀ ਗਾਇੰਦਾ । ਸਾਹਿਬ ਸਤਿਗੁਰ ਦਰਸ ਨਾ ਦੇਵੇ ਕਿਸੇ ਹੱਸ ਹੱਸ, ਘਰ ਸੱਜਣ ਨਜ਼ਰ ਕੋਇ ਨਾ ਆਇੰਦਾ । ਕੂੜੀ ਕਿਰਿਆ ਅੰਦਰ ਗਏ ਫਸ, ਮਾਇਆ ਮਮਤਾ ਮੋਹ ਨਾ ਕੋਇ ਤੁੜਾਇੰਦਾ । ਨਾ ਕੋਈ ਰੱਖੇ ਧੀਰਜ ਜਤ, ਸਤਿ ਸੰਤੋਖ ਨਾ ਕੋਇ ਰਖਾਇੰਦਾ । ਘਰ ਘਰ ਵੜੀ ਮਨਮਤ, ਗੁਰਮਤ ਨਾ ਕੋਇ ਪਰਨਾਇੰਦਾ । ਨਾੜ ਬਹੱਤਰ ਉਬਲੇ ਰੱਤ, ਰੱਤੀ ਰੱਤ ਨਾ ਕੋਇ ਸੁਕਾਇੰਦਾ । ਗੁਰ ਗੋਬਿੰਦ ਮਾਰਗ ਗਿਆ ਦੱਸ, ਚਾਰ ਵਰਨ ਏਕਾ ਘਰ ਵਸਾਇੰਦਾ । ਨਾਨਕ ਨਿਰਗੁਣ ਇਕ ਵਖਾਇਆ ਸਾਚਾ ਮੰਤ, ਪਾਰਬ੍ਰਹਮ ਬ੍ਰਹਮ ਏਕਾ ਘਰ ਬਹਾਇੰਦਾ । ਸ੍ਰਿਸ਼ਟ ਸਬਾਈ ਕੂੜੇ ਧੰਦੇ ਗਈ ਲੱਗ, ਹੰਸ ਰੂਪ ਨਾ ਕੋਇ ਵਟਾਇੰਦਾ । ਨੌਂ ਖੰਡ ਪ੍ਰਿਥਮੀ ਹੋਈ ਕੱਗ, ਕਲਜੁਗ ਜੀਵ ਕਾਗ ਵਾਂਗ ਕੁਰਲਾਇੰਦਾ । ਸ਼ਾਹ ਸੁਲਤਾਨਾਂ ਘਰ ਲੱਗੇ ਅੱਗ, ਲੱਗੀ ਅੱਗ ਨਾ ਕੋਇ ਬੁਝਾਇੰਦਾ । ਕਿਸੇ ਦੇ ਸਿਰ ਤੇ ਰਹੇ ਨਾ ਪੱਗ, ਚੋਟੀ ਸਭ ਦੀ ਆਪ ਮੁੰਡਾਇੰਦਾ । ਭਗਤ ਭਗਵਾਨ ਲੱਖ ਚੁਰਾਸੀ ਵਿਚੋਂ ਲਏ ਰੱਖ, ਜਿਸ ਜਨ ਆਪਣਾ ਮੇਲ ਮਿਲਾਇੰਦਾ । ਨਵ ਨੌਂ ਚਾਰ ਉਡਣੇ ਕੱਖ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਆਪ ਜਣਾਇੰਦਾ । ਸਾਚਾ ਲੇਖਾ ਦੱਸੇ ਖੋਲ੍ਹ, ਖ਼ਾਲਕ ਖ਼ਲਕ ਜਣਾਈਆ । ਕਲਜੁਗ ਅੰਤਮ ਹਰਿ ਜੂ ਤੋਲੇ ਪੂਰਾ ਤੋਲ, ਨਿਰਗੁਣ ਕੰਡਾ ਨਾਮ ਹੱਥ ਉਠਾਈਆ । ਗੁਰਮੁਖ

ਰਹੇ ਨਾ ਕੋਇ ਅਨਭੋਲ, ਸ਼ਬਦ ਸੁਰਤੀ ਰਿਹਾ ਜਗਾਈਆ । ਸਚ ਵਸਤ ਰਹੀ ਨਾ ਕਿਸੇ ਕੋਲ, ਭਰਮੇ ਭੁੱਲੀ ਸਰਬ ਲੋਕਾਈਆ । ਹਰਿ ਕਾ ਭੇਵ ਨਾ ਜਾਣੇ ਕੋਈ ਪੰਡਤ ਪਾਂਧਾ ਰੌਲ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਜਣਾਈਆ । ਸਾਚਾ ਖੇਲ ਦੱਸੇ ਭਗਵਾਨਾ, ਭਗਵਨ ਆਪਣੀ ਦਇਆ ਕਮਾਇੰਦਾ । ਕਲਜੁਗ ਕੂੜਾ ਮਿਟੇ ਨਿਸ਼ਾਨਾ, ਜਗਤ ਅੰਧੇਰਾ ਅੰਧ ਗਵਾਇੰਦਾ । ਚਾਰ ਕੁੰਟ ਹੋਏ ਵੈਰਾਨਾ, ਦਹਿ ਦਿਸ਼ਾ ਧੀਰ ਨਾ ਕੋਇ ਧਰਾਇੰਦਾ । ਸ੍ਰਿਸ਼ਟ ਸਬਾਈ ਹੋਏ ਹੈਰਾਨਾ, ਹਰਿ ਜੂ ਕੀ ਕੀ ਖੇਲ ਵਰਤਾਇੰਦਾ । ਸਿਆਸਤ ਵਰਾਸਤ ਕੰਮ ਕਿਸੇ ਨਾ ਆਣਾ, ਸਫ਼ਾਰਸ਼ ਅੱਗੇ ਨਾ ਕੋਇ ਕਰਾਇੰਦਾ । ਗੋਬਿੰਦ ਖੰਡਾ ਖਿਚਣ ਵਾਲਾ ਵਿਚੋਂ ਮਿਆਨਾ, ਮਿਆਨ ਹੱਥ ਨਾ ਕਿਸੇ ਫੜਾਇੰਦਾ । ਸ੍ਰੀ ਭਗਵਾਨ ਵੇਖਣਹਾਰਾ ਦੋ ਜਹਾਨਾਂ, ਦੋਜ਼ਖ਼ ਬਹਿਸ਼ਤ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਬੀਸ ਬੀਸਾ ਰਾਹ ਤਕਾਇੰਦਾ । ਬੀਸ ਬੀਸਾ ਰਾਹ ਤੱਕੇ, ਨੇਤਰ ਨੈਣ ਉਠਾਈਆ । ਕਲਜੁਗ ਫਲ ਸਾਰੇ ਪੱਕੇ, ਕੱਚਾ ਨਜ਼ਰ ਕੋਇ ਨਾ ਆਈਆ । ਮਾਇਆ ਮਮਤਾ ਪਰਦਾ ਕੋਈ ਨਾ ਢਕੇ, ਤ੍ਰੈਗੁਣ ਬੈਠੀ ਮੁਖ ਛੁਪਾਈਆ । ਜੀਵ ਜੰਤ ਦੂਈ ਦਵੈਤੀ ਫਟ ਫਟੇ, ਪੱਟੀ ਨਾਮ ਨਾ ਕੋਇ ਬੰਧਾਈਆ । ਸਤਿਗੁਰ ਸੱਥਰ ਕੋਈ ਨਾ ਘੱਤੇ, ਕਾਮਨੀ ਸੇਜ ਰਹੇ ਹੰਡਾਈਆ । ਹਰਿ ਕਾ ਬੀਜ ਨਾ ਬੀਜਿਆ ਵੱਤੇ, ਨਾਮ ਰਸ ਨਾ ਕੋਇ ਚਖਾਈਆ । ਚਾਰੋਂ ਕੁੰਟ ਵਾ ਵਗੇ ਤੱਤੇ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦੀ ਸੱਦਾ ਰਿਹਾ ਜਣਾਈਆ । ਸਦੀ ਬੀਸਵੀਂ ਦੇਵੇ ਸੱਦਾ, ਸੋ ਪੁਰਖ ਨਿਰੰਜਣ ਦਇਆ ਕਮਾਇੰਦਾ । ਹਰਿ ਪੁਰਖ ਨਿਰੰਜਣ ਆਪ ਸਮਰਥਾ, ਸਮਰਥ ਆਪਣੀ ਕਾਰ ਕਮਾਇੰਦਾ । ਏਕੰਕਾਰਾ ਲਹਿਣਾ ਦੇਣਾ ਚੁਕਾਏ ਹੱਥੋ ਹੱਥਾ, ਜੁਗ ਜੁਗ ਉਧਾਰ ਨਾ ਕੋਇ ਰਖਾਇੰਦਾ । ਆਦਿ ਨਿਰੰਜਣ ਆਦਿ ਜੁਗਾਦੀ ਪੱਕਾ, ਘਰ ਸਾਚਾ ਸੋਭਾ ਪਾਇੰਦਾ । ਅਬਿਨਾਸ਼ੀ ਕਰਤਾ ਦੋ ਜਹਾਨ ਨਿਰਗੁਣ ਹੋ ਹੋ ਨੱਚਾ, ਸਰਗੁਣ ਭੇਵ ਕੋਇ ਨਾ ਆਇੰਦਾ । ਅਬਿਨਾਸ਼ੀ ਕਰਤਾ ਕਹੇ ਮੇਰਾ ਗੋਬਿੰਦ ਸੁਤ ਸ਼ਬਦ ਦੁਲਾਰਾ ਇਕੋ ਬੱਚਾ, ਸਿਰ ਆਪਣਾ ਹੱਥ ਰਖਾਇੰਦਾ । ਪਾਰਬ੍ਰਹਮ ਕਹੇ ਬ੍ਰਹਮ ਮੇਰਾ ਜੁਗ ਚੌਕੜੀ ਨਿੱਕਾ ਨਿੱਕਾ ਸੰਚਾ, ਘੜਨ ਭੰਨਣਹਾਰ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਇੰਦਾ । ਆਪਣਾ ਭੇਵ ਦੱਸੇ ਭਗਵਾਨਾ, ਭਗਵਨ ਆਪਣੀ ਦਇਆ ਕਮਾਈਆ । ਸੋ ਪੁਰਖ ਨਿਰੰਜਣ ਹੋ ਮਿਹਰਵਾਨਾ, ਮਿਹਰ ਨਜ਼ਰ ਇਕ ਉਠਾਈਆ । ਹਰਿ ਪੁਰਖ ਨਿਰੰਜਣ ਨੌਜਵਾਨਾ, ਨਾ ਮਰੇ ਨਾ ਜਾਈਆ । ਏਕੰਕਾਰਾ ਵਡ ਮਰਦਾਨਾ, ਸਚ ਮਰਦਾਨਗੀ ਆਪ ਕਮਾਈਆ । ਸ੍ਰੀ ਭਗਵਾਨ ਸਤਿ ਨਿਸ਼ਾਨਾ, ਦੋ ਜਹਾਨਾਂ ਰਿਹਾ ਵਖਾਈਆ । ਅਬਿਨਾਸ਼ੀ ਕਰਤਾ ਦੇਵੇ ਦਾਨਾ, ਦਾਤਾ ਦਾਨੀ ਇਕ ਹੋ ਜਾਈਆ । ਪਾਰਬ੍ਰਹਮ ਪ੍ਰਭ ਦੇਵੇ ਬ੍ਰਹਮ ਗਿਆਨਾ, ਬ੍ਰਹਮ ਵਿਦਿਆ ਇਕ ਪੜ੍ਹਾਈਆ । ਕਲਜੁਗ ਹੋਵੇ ਅੰਤ ਵੈਰਾਨਾ, ਵੈਰੀ ਘਰ ਘਰ ਨਜ਼ਰੀ ਆਈਆ । ਕਰੇ ਖੇਲ ਵਾਲੀ ਦੋ ਜਹਾਨਾ, ਸਾਚੇ ਤਖ਼ਤ ਆਸਣ ਲਾਈਆ । ਤਖ਼ਤ ਨਿਵਾਸੀ ਹੁਕਮਰਾਨਾ, ਹਾਕਮ ਇਕੋ ਇਕ ਵਡਿਆਈਆ । ਸਚ ਸੰਦੇਸਾ ਦੇਵੇ ਧੁਰ ਫ਼ਰਮਾਨਾ, ਨਰ ਨਰੇਸ਼ਾ ਰਿਹਾ ਜਗਾਈਆ । ਵੀਹ ਸੌ ਵੀਹ ਬਿਕ੍ਰਮੀ ਸਭ ਦਾ ਤੁਟੇ ਮਾਣਾ, ਅਭਿਮਾਨ ਕੋਇ ਰਹਿਣ ਨਾ ਪਾਈਆ । ਲਹਿਣਾ ਦੇਣਾ ਚੁੱਕੇ ਰਾਜਾ ਰਾਣਾ, ਰਯੱਤ ਇਕੋ ਇਕ ਵਖਾਈਆ । ਸਭ ਨੂੰ ਮੰਨਣਾ ਪਏ ਹਰਿ

੬੩੬
੧੩

ਕਾ ਭਾਣਾ, ਨਾ ਕੋਈ ਮੇਟੇ ਮੇਟ ਮਿਟਾਈਆ । ਚੌਦਾਂ ਵਿਦਿਆ ਮਾਤ ਕੁਰਲਾਣਾ, ਚੌਦਾਂ ਤਬਤ ਨੈਣਾਂ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦੀ ਸੱਦਾ ਇਕ ਸੁਣਾਈਆ । ਸੱਦਾ ਸੁਣਾਏ ਹਰਿ ਬ੍ਰਹਿਮਾਦ, ਪਾਰਬ੍ਰਹਮ ਵਡਿਆਈਆ । ਸਾਹਿਬ ਸਤਿਗੁਰ ਵਜਾਏ ਨਾਦ, ਅਨਾਦੀ ਨਾਦ ਸੁਣਾਈਆ । ਸੰਤੇ ਭਗਤੇ ਜਾਓ ਜਾਗ, ਗੁਰਮੁਖੇ ਉਠੋ ਵਾਹੋ ਦਾਹੀਆ । ਗੁਰਸਿਖੋ ਸਤਿਗੁਰ ਚਰਨੀ ਜਾਓ ਲਾਗ, ਵੇਲਾ ਗਿਆ ਹੱਥ ਨਾ ਆਈਆ । ਪੀਰ ਪੈਗ਼ੰਬਰਾਂ ਬੁਝਣ ਵਾਲਾ ਚਿਰਾਗ਼, ਦੀਵਾ ਬਾਤੀ ਨਾ ਕੋਇ ਟਿਕਾਈਆ । ਲੱਖ ਚੁਰਾਸੀ ਟੁੱਟਣ ਵਾਲਾ ਸਾਕ, ਨਾਤਾ ਸਕੇ ਨਾ ਕੋਇ ਜੁੜਾਈਆ । ਪੁਰਖ ਅਬਿਨਾਸ਼ੀ ਸ਼ਬਦ ਖੰਡੇ ਕਰਨ ਵਾਲਾ ਘਾਤ, ਘਾਉ ਗੋਬਿੰਦ ਇਕ ਲਗਾਈਆ । ਬਿਨ ਪੁਰਖ ਅਕਾਲ ਦੇਵੇ ਨਾ ਕੋਇ ਨਜਾਤ, ਨਿਜ ਘਰ ਹੋਏ ਨਾ ਕੋਇ ਸਹਾਈਆ । ਅੰਤਮ ਸਭ ਨੇ ਪੌਣੀ ਵਫ਼ਾਤ, ਫਾਤਯਾ ਅੰਤ ਦਏ ਪੜ੍ਹਾਈਆ । ਵੇਖਣਹਾਰਾ ਕਾਇਨਾਤ, ਕਾਦਰ ਕਰੀਮ ਵਡ ਵਡਿਆਈਆ । ਮੁਰੀਦੋ ਮੁਰਸ਼ਦ ਕੋਲੋਂ ਪੀਓ ਆਬੇ ਹਯਾਤ, ਹਯਾਤੀ ਸਭ ਦੀ ਦਏ ਬਦਲਾਈਆ । ਜਿਸ ਦਾ ਈਸਾ ਮੂਸਾ ਮੁਹੰਮਦ ਲੈਂਦਾ ਰਿਹਾ ਖ਼ਵਾਬ, ਸੋ ਖ਼ਬਰ ਰਿਹਾ ਜਣਾਈਆ । ਉਠ ਕੇ ਚਲੋ ਕਰੋ ਹੱਕ ਆਦਾਬ, ਬਣ ਬਰਦੇ ਸੀਸ ਝੁਕਾਈਆ । ਧੁਰਦਰਗਾਹੀ ਸੁਣੋ ਆਵਾਜ਼, ਸੋ ਪੁਰਖ ਨਿਰੰਜਣ ਰਿਹਾ ਸੁਣਾਈਆ । ਆਪਣਾ ਆਪਣਾ ਧੋਵੋ ਦਾਗ਼, ਦੁਰਮਤ ਮੈਲ ਕੰਮ ਕਿਸੇ ਨਾ ਆਈਆ । ਸਤਿਗੁਰ ਪੂਰੇ ਹੱਥ ਫੜਾਓ ਵਾਗ, ਨਾਨਕ ਨਿਰਗੁਣ ਗਿਆ ਸਮਝਾਈਆ । ਸ੍ਰਿਸ਼ਟ ਸਬਾਈ ਲੱਗਣ ਵਾਲੀ ਆਗ, ਚਾਰੋਂ ਕੁੰਟ ਅਗਨੀ ਤੱਤ ਵਖਾਈਆ । ਕਰ ਕਿਰਪਾ ਭਗਤ ਭਗਵੰਤ ਲਏ ਕਾਢ, ਮਿਹਰ ਨਜ਼ਰ ਇਕ ਟਿਕਾਈਆ । ਜਿਸ ਨਾਲ ਗੁਰ ਗੋਬਿੰਦ ਕਰੇ ਲਾਡ, ਸੋ ਗੁਰਸਿਖ ਗੁਰ ਗੋਦੀ ਬਹਿ ਬਹਿ ਖ਼ੁਸ਼ੀ ਮਨਾਈਆ । ਕੂੜੀ ਕਿਰਿਆ ਛੱਡੋ ਰਸਨਾ ਸਵਾਦ, ਆਤਮ ਪਰਮਾਤਮ ਇਕੋ ਰਸ ਵਖਾਈਆ । ਗੁਰੂ ਗ੍ਰੰਥ ਗੁਰ ਦੀ ਸਿਖਿਆ ਰੱਖੋ ਯਾਦ, ਗੁਰ ਸ਼ਬਦ ਗੁਰ ਪੰਜ ਤੱਤ ਗੁਰੂ ਨਾ ਕੋਇ ਬਣਾਈਆ । ਕਲਜੁਗ ਅੰਤਮ ਮੁੱਕੇ ਹੱਦ, ਹਦੂਦ ਕੋਇ ਰਹਿਣ ਨਾ ਪਾਈਆ । ਜੋ ਆਇਆ ਸੋ ਜਾਏ ਲੱਦ, ਭਾਂਡਾ ਸਭ ਦਾ ਭੰਨ ਵਖਾਈਆ । ਵੇਖੋ ਘਰ ਪਰਕਾਸ਼ ਅੰਧੇਰੀ ਖੱਡ, ਜੋਤੀ ਜਾਤਾ ਕਰੇ ਰੁਸ਼ਨਾਈਆ । ਨਿਝਰ ਝਿਰਨਾ ਅੰਮ੍ਰਿਤ ਰਸ ਪੀਉ ਮਧ, ਗੁਰ ਗੋਬਿੰਦ ਜਾਮ ਪਿਆਈਆ । ਪਹਿਲੀ ਆਦਤ ਦਿਉ ਛੱਡ, ਅੱਗੇ ਪੁਰਖ ਅਕਾਲ ਇਕੋ ਨਜ਼ਰੀ ਆਈਆ । ਸੰਮਤ ਉਨੀ ਅੰਤਮ ਸਭ ਦਾ ਲੇਖਾ ਵਖਾਏ ਕੱਢ, ਬਚਿਆ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੰਮਤ ਬੀਸਾ ਵੇਖ ਵਖਾਈਆ । ਸੰਮਤ ਬੀਸਾ ਚੜ੍ਹੇ ਆ, ਲੋਕਮਾਤ ਫੇਰਾ ਪਾਈਆ । ਕਿਸੇ ਨਾ ਬਣੇ ਕੋਇ ਗਵਾਹ, ਸਾਚਾ ਸੰਗ ਨਾ ਕੋਇ ਨਿਭਾਈਆ । ਕਿਸੇ ਨਾ ਦਿਸੇ ਕੋਇ ਰਾਹ, ਪੱਲੂ ਗੰਢ ਨਾ ਕੋਇ ਰਖਾਈਆ । ਕਿਸੇ ਨਾ ਮਿਲੇ ਸੌਖਾ ਲੈਣਾ ਸਾਹ, ਸਾਹ ਸਾਹ ਦੇਣ ਦੁਹਾਈਆ । ਸ਼ਾਹ ਸੁਲਤਾਨ ਨਾ ਦੇਵੇ ਕੋਇ ਪਨਾਹ, ਸਭ ਬੈਠਣ ਮੁਖ ਭਵਾਈਆ । ਨਾਤਾ ਤੁਟੇ ਪੁੱਤਰਾਂ ਮਾਂ, ਪਿਤਾ ਪੂਤ ਨਾ ਗੋਦ ਉਠਾਈਆ । ਜਿਨ੍ਹਾਂ ਜਪਿਆ ਸਤਿਗੁਰ ਨਾਂ, ਤਿਨ੍ਹਾਂ ਅਗਨੀ ਤੱਤ ਨਾ ਲਾਗੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਫੇਰਾ ਪਾਈਆ । ਸਤਿ ਸਤਿਵਾਦੀ ਆਵੇਗਾ । ਲੱਖ ਚੁਰਾਸੀ ਖ਼ਾਕ ਮਿਲਾਵੇਗਾ । ਭਗਤ ਭਗਵਾਨ ਜਗਾਵੇਗਾ । ਸੰਤਾਂ ਮੇਲ ਮਿਲਾਵੇਗਾ । ਗੁਰਮੁਖਾਂ ਰੰਗ ਰੰਗਾਵੇਗਾ । ਗੁਰਸਿਖਾਂ ਅੱਖ ਖੁਲ੍ਹਾਵੇਗਾ । ਪਰਤੱਖ ਰੂਪ ਵਟਾਵੇਗਾ । ਨੱਸ ਨੱਸ ਪੰਧ ਮੁਕਾਵੇਗਾ ।

ਹੱਸ ਹੱਸ ਗੋਦ ਉਠਾਵੇਗਾ । ਦੱਸ ਦੱਸ ਰਾਹੇ ਪਾਵੇਗਾ । ਪੁਰਖ ਅਕਾਲ ਮਿਲਾਵੇਗਾ । ਦੂਜਾ ਇਸ਼ਟ ਨਜ਼ਰ ਕੋਈ ਨਾ ਆਵੇਗਾ । ਚਾਰ ਵਰਨ ਇਕੋ ਘਰ ਬਹਾਵੇਗਾ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਪੰਧ ਮੁਕਾਵੇਗਾ । ਸ਼ਾਸਤਰ ਸਿਮਰਤ ਵੇਦ ਪੁਰਾਨ ਨੇਤਰ ਨੈਣ ਨੈਣ ਨੀਰ ਵਹਾਵੇਗਾ । ਈਸਾ ਮੂਸਾ ਮੁਹੰਮਦ ਕਲਮਾ ਨਬੀ ਇਕੋ ਗਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਕਰ ਵਖਾਵੇਗਾ । ਸਾਚੀ ਕਰਨੀ ਕਰੇ ਹਰਿ ਨਿਰੰਕਾਰਾ, ਆਪਣੇ ਹੱਥ ਰੱਖੇ ਵਡਿਆਈਆ । ਗੋਬਿੰਦ ਸੂਰਾ ਵਡ ਬਲਕਾਰਾ, ਸ਼ਬਦੀ ਰੂਪ ਵਖਾਈਆ । ਨਾਮ ਖੰਡਾ ਤਿਖੀ ਧਾਰਾ, ਚੰਡ ਪਰਚੰਡ ਚਮਕਾਈਆ । ਖੜਗ ਖੰਡਾ ਇਕ ਨਿਆਰਾ, ਦੋ ਜਹਾਨਾਂ ਭੈ ਜਣਾਈਆ । ਵੇਖੇ ਵਿਗਸੇ ਪਾਵੇ ਸਾਰਾ, ਵੇਖਣਹਾਰਾ ਨਜ਼ਰ ਕਿਸੇ ਨਾ ਆਈਆ । ਇਕ ਖੁਲ੍ਹਾਏ ਧਰਮ ਦਵਾਰਾ, ਧਰਮ ਦੀ ਜੜ ਜਣਾਈਆ । ਕਲਜੁਗ ਕਰੇ ਪਾਰ ਕਿਨਾਰਾ, ਨੱਯਾ ਮੰਝਧਾਰ ਡੁਬਾਈਆ । ਜਨ ਭਗਤਾਂ ਕਰੇ ਸਚ ਪਿਆਰਾ, ਸਚ ਪ੍ਰੀਤੀ ਇਕ ਸਿਖਾਈਆ । ਸੰਤਾਂ ਦੇਵੇ ਇਕ ਹੁਲਾਰਾ, ਬਣ ਸੇਵਕ ਸੇਵ ਕਮਾਈਆ । ਗੁਰਮੁਖਾਂ ਵਖਾਏ ਇਕ ਘਰ ਬਾਰਾ, ਘਰ ਘਰ ਵਿਚ ਪਰਦਾ ਲਾਹੀਆ । ਗੁਰਸਿਖਾਂ ਸੁਣਾਏ ਨਾਦ ਸ਼ਬਦ ਧੁਨਕਾਰਾ, ਅਨਹਦ ਨਾਦੀ ਰਾਗ ਅਲਾਈਆ । ਬ੍ਰਹਿਮੰਡ ਖੰਡ ਲੋਆਂ ਪੁਰੀਆਂ ਗਗਨ ਮੰਡਲ ਪਾਵੇ ਸਾਰਾ, ਵਿਸ਼ਨ ਬ੍ਰਹਮਾ ਸ਼ਿਵ ਹਲਾਈਆ । ਸਰਬ ਜੀਆਂ ਦਾ ਸਾਂਝਾ ਯਾਰਾ, ਪੁਰਖ ਅਕਾਲ ਇਕ ਅਖਵਾਈਆ । ਸ੍ਰਿਸ਼ਟ ਸਬਾਈ ਧੂਆਂਧਾਰਾ, ਨੂਰ ਜ਼ਹੂਰ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਆਪਣੀ ਸੇਵਾ ਲਾਈਆ । ਨਿਰਗੁਣ ਸੇਵਾ ਕਰੇ ਮਾਤ, ਜੋਤੀ ਜਾਤਾ ਵੇਸ ਵਟਾਇੰਦਾ । ਗੁਰ ਗੋਬਿੰਦ ਲਿਖ ਕੇ ਗਿਆ ਨਾਲ ਕਲਮ ਦਵਾਤ, ਸ਼ਾਹੀ ਰੰਗ ਨਾ ਕੋਇ ਵਖਾਇੰਦਾ । ਪਾਰਬ੍ਰਹਮ ਪਤਿਪਰਮੇਸ਼ਵਰ ਕਲਜੁਗ ਅੰਤਮ ਪਰਗਟ ਹੋਏ ਪੁਰਖ ਅਬਿਨਾਸ਼, ਅਬਿਨਾਸ਼ੀ ਅਪਣਾ ਰਾਹ ਚਲਾਇੰਦਾ । ਵਰਨ ਬਰਨ ਬਣਾਏ ਇਕ ਜਮਾਤ, ਅੱਖਰ ਵੱਖਰ ਆਪ ਪੜ੍ਹਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੋ ਦੇਂਦਾ ਰਿਹਾ ਦਾਤ, ਵਸਤ ਅਮੋਲਕ ਨਾਮ ਝੋਲੀ ਪਾਇੰਦਾ । ਸੋ ਸਾਹਿਬ ਕਮਲਾਪਾਤ, ਸਮਰਥ ਆਪਣਾ ਰੰਗ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਾਚਾ ਹਰਿ, ਸਾਚਾ ਖੇਲ ਆਪ ਜਣਾਇੰਦਾ । ਸਾਚਾ ਖੇਲ ਬੀਸ ਬੀਸਾ, ਬਸਨ ਬਨਵਾਰੀ ਆਪ ਜਣਾਈਆ । ਤਾਜ ਰਹੇ ਨਾ ਕਿਸੇ ਸੀਸਾ, ਰਾਜ ਮਿਲੇ ਨਾ ਕੋਇ ਵਡਿਆਈਆ । ਨਵ ਨੌਂ ਚਾਰ ਖ਼ਾਲੀ ਖੀਸਾ, ਖ਼ਾਲਕ ਖ਼ਲਕ ਦਏ ਰੁਲਾਈਆ । ਨਾਮ ਨਿਧਾਨ ਜਿਸ ਜਨ ਪੀਤਾ, ਤਿਸ ਆਪਣਾ ਰੰਗ ਵਖਾਈਆ । ਕਰੇ ਖੇਲ ਇਕ ਅਨਡੀਠਾ, ਨੇਤਰ ਨਜ਼ਰ ਕਿਸੇ ਨਾ ਆਈਆ । ਗੋਬਿੰਦ ਨੌਂ ਖੰਡ ਪ੍ਰਿਥਮੀ ਤਪਾਵਣਹਾਰਾ ਅੰਗੀਠਾ, ਜੋਤੀ ਲੰਬੂ ਅਗਨੀ ਇਕੋ ਲਾਈਆ । ਪਿਛਲਾ ਵੇਲਾ ਪਿਛੇ ਬੀਤਾ, ਅੱਗੇ ਲੇਖਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੀਸ ਬੀਸ ਵੱਜੇ ਵਧਾਈਆ । ਬੀਸ ਬੀਸਾ ਵੱਜੇ ਨਗਾਰਾ, ਹਰਿ ਨੌਬਤ ਨਾਮ ਵਜਾਇੰਦਾ । ਪਰਗਟ ਹੋਏ ਕਲ ਕਲਕੀ ਅਵਤਾਰਾ, ਕਲਜੁਗ ਕਲੇਸ਼ ਖਪਾਇੰਦਾ । ਕਰੇ ਖੇਲ ਅਗੰਮ ਅਪਾਰਾ, ਅਥਾਹ ਆਪਣਾ ਰਾਹ ਜਣਾਇੰਦਾ । ਸ੍ਰਿਸ਼ਟ ਸਬਾਈ ਬਣ ਵਣਜਾਰਾ, ਲੱਖ ਚੁਰਾਸੀ ਹੱਟ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰੀ ਕਰਨੀ ਤੇਰੇ ਲੇਖੇ ਲਾਇੰਦਾ । ਕਲਜੁਗ ਆਇਆ ਦਰ ਤੇ ਨੱਠਾ, ਨੇਤਰ ਨੈਣਾਂ ਨੀਰ ਵਹਾਈਆ । ਪਾਰਬ੍ਰਹਮ ਮੈਂ

ਤੇਰਾ ਪੱਠਾ, ਨਿੱਕਾ ਬੱਚਾ ਦਏ ਦੁਹਾਈਆ । ਤੇਰੇ ਹੁਕਮੇ ਅੰਦਰ ਲੋਕਮਾਤ ਡਟਾ, ਆਪਣਾ ਬਲ ਰਖਾਈਆ । ਤੂੰ ਆਪਣੀ ਹੱਥੀਂ ਲਿਖ ਕੇ ਦਿਤਾ ਪੱਟਾ, ਰਸੀਦ ਪਿਛਲੀ ਰਿਹਾ ਵਖਾਈਆ । ਮੈਂ ਆਪਣੇ ਜੋਬਨ ਵਿਚ ਹੱਟਾ ਕੱਟਾ, ਬਲ ਇਕੋ ਇਕ ਧਰਾਈਆ । ਲੱਖ ਚੁਰਾਸੀ ਅੱਖਾਂ ਵਿਚ ਪਾਇਆ ਘੱਟਾ, ਬਚਿਆ ਕੋਇ ਰਹਿਣ ਨਾ ਪਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਵਸਾਇਆ ਪੰਜਾਂ ਤੱਤਾਂ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਕਰੀ ਕੁੜਮਾਈਆ । ਮੈਂ ਸਭ ਦੀ ਮਾਰੀ ਮਤਾ, ਮਨਮਤ ਕਰੀ ਕੁੜਮਾਈਆ । ਕੂੜੀ ਕਿਰਿਆ ਮੇਰਾ ਢੋਂਦੀ ਰਹੀ ਭੱਤਾ, ਬਣ ਸਵਾਣੀ ਸੇਵ ਕਮਾਈਆ । ਮੈਂ ਚਾਰੋਂ ਕੁੰਟ ਪਾਈ ਫ਼ਤਹਿ, ਕੂੜਾ ਡੰਕ ਵਜਾਈਆ । ਮੇਰੇ ਕੋਲੋਂ ਕੋਈ ਨਾ ਬਚਾ, ਸਭ ਦੇ ਸਿਰ ਤੇ ਚੋਟ ਲਗਾਈਆ । ਤੇਰੇ ਚਰਨਾਂ ਹੇਠ ਬਹਿ ਬਹਿ ਸਜਾ, ਦੇ ਮਾਣ ਮੋਹੇ ਵਡਿਆਈਆ । ਤੁਧ ਬਿਨ ਪਰਦਾ ਕਿਸੇ ਨਾ ਕੱਜਾ, ਸਤਿਜੁਗ ਤ੍ਰੇਤਾ ਦੁਆਪਰ ਮੈਨੂੰ ਗਏ ਸਮਝਾਈਆ । ਮੈਂ ਚਾਰ ਕੁੰਟ ਉਠ ਉਠ ਭੱਜਾ, ਸਾਚਾ ਯਾਰ ਨਜ਼ਰ ਕੋਇ ਨਾ ਆਈਆ । ਮੁਹੰਮਦ ਕਹਿੰਦਾ ਰਿਹਾ ਮੈਂ ਤੇਰਾ ਦੋਸਤ ਪੱਕਾ, ਅੰਤਮ ਬੈਠਾ ਮੁਖ ਭਵਾਈਆ । ਖ਼ਾਲੀ ਦਿਸੇ ਮਦੀਨਾ ਮੱਕਾ, ਮਕਬਰੇ ਨਾਅਰਾ ਰਹੇ ਲਗਾਈਆ । ਜਿਧਰ ਜਾਵਾਂ ਮਿਲੇ ਧੱਕਾ, ਮੇਰਾ ਸੰਗ ਨਾ ਕੋਇ ਰਖਾਈਆ । ਮੇਰੇ ਕੋਲੋਂ ਸਭ ਦੀਆਂ ਸ਼ਰਮੌਂਦੀਆਂ ਅੱਖਾਂ, ਨੇਤਰ ਨੈਣ ਨਾ ਕੋਇ ਉਠਾਈਆ । ਹੁਣ ਤੇਰੀ ਚਰਨੀ ਆ ਕੇ ਢੱਠਾ, ਪਰਵਰਦਿਗਾਰ ਬੇਪਰਵਾਹੀਆ । ਭੇਵ ਤੈਨੂੰ ਸਾਚਾ ਦੱਸਾ, ਆਪ ਆਪਣਾ ਰਿਹਾ ਜਣਾਈਆ । ਜਿਉਂ ਭਾਵੇ ਤਿਉਂ ਲੈ ਰੱਖਾ, ਤੇਰੇ ਹੱਥ ਤੇਰੀ ਵਡਿਆਈਆ । ਅੰਤ ਰੱਖੀ ਤੇਰੀ ਆਸਾ, ਆਸ ਆਸਾ ਵਿਚ ਵਖਾਈਆ । ਫਿਰੀ ਦਰੋਹੀ ਪ੍ਰਿਥਮੀ ਅਕਾਸ਼ਾ, ਮਿਹਬਾਨ ਬੀਦੋ ਬੀ ਖ਼ੈਰ ਯਾ ਅੱਲਾ ਤੇਰਾ ਨੂਰ ਜ਼ਹੂਰ ਗ਼ਫੂਰ ਬੇਨਜ਼ੀਰ ਨਜ਼ਰ ਕਿਸੇ ਨਾ ਆਈਆ । ਮੇਰਾ ਵੇਖ ਖ਼ਾਲੀ ਕਾਸਾ, ਤੈਨੂੰ ਤਰਸ ਜ਼ਰਾ ਨਾ ਆਈਆ । ਚੌਦਾਂ ਤਬਕ ਨਾ ਦੇਵੇ ਕੋਈ ਦਿਲਾਸਾ, ਦਿਲਗੀਰ ਹੋਇਆ ਫਿਰਾਂ ਵਾਹੋ ਦਾਹੀਆ । ਤੇਰਾ ਇਕ ਨੂਰ ਪਰਕਾਸ਼ਾ, ਪਰਕਾਸ਼ਵਾਨ ਤੇਰੀ ਖ਼ੁਦਾਈਆ । ਤਕਦੀਰ ਤਕਬੀਰ ਤਦਬੀਰ ਤਸਵੀਰ ਤੇਰੀ ਰਾਸਾ, ਤੇਰਾ ਦਰ ਵੱਡਾ ਸ਼ਹਿਨਸ਼ਾਹੀਆ । ਚੌਦਾਂ ਸਦੀਆਂ ਦਾ ਇਕ ਪਿਆਸਾ, ਬੂੰਦ ਸਵਾਂਤੀ ਮੰਗ ਮੰਗਾਈਆ । ਵੇਖੀਂ ਮੈਨੂੰ ਕਰ ਨਾ ਛੱਡੀਂ ਹਾਸਾ, ਮੇਰਾ ਜ਼ੋਰ ਨਾ ਚਲੇ ਰਾਈਆ । ਮੈਂ ਤੇਰੇ ਵਿਚੋਂ ਉਪਜੀ ਤੇਰੀ ਸ਼ਾਖ਼ਾ, ਤੇਰੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਓਟ ਤਕਾਈਆ । ਪੁਰਖ ਅਬਿਨਾਸ਼ੀ ਹੋ ਮਿਹਰਵਾਨ ਧੁਰ ਸੰਦੇਸ ਸੁਣਾਇੰਦਾ । ਕਲਜੁਗ ਵੇਖ ਮਾਰ ਧਿਆਨ, ਸ੍ਰੀ ਭਗਵਾਨ ਤੇਰਾ ਲੇਖ ਮੁਕਾਇੰਦਾ । ਲਹਿਣਾ ਦੇਣਾ ਚੁਕਾਵੇ ਆਣ, ਮਕਰੂਜ ਕਰਜ਼ਾ ਆਪੇ ਲਾਹਿੰਦਾ । ਬੀਸ ਬੀਸਾ ਲਏ ਪਹਿਚਾਣ, ਬੇਪਹਿਚਾਣ ਆਪ ਸਮਝਾਇੰਦਾ । ਸਤਿਜੁਗ ਬੱਚਾ ਉਠੇ ਬਾਲ ਅੰਞਾਣ, ਸ੍ਰੀ ਭਗਵਾਨ ਆਪ ਜਗਾਇੰਦਾ । ਕਰ ਕਿਰਪਾ ਦੇਵੇ ਦਾਨ, ਵਸਤ ਅਮੋਲਕ ਆਪ ਵਰਤਾਇੰਦਾ । ਪੰਦਰਾਂ ਕੱਤਕ ਕਰ ਪਰਧਾਨ, ਸਿਰ ਆਪਣਾ ਹੱਥ ਟਿਕਾਇੰਦਾ । ਸ੍ਰਿਸ਼ਟ ਸਬਾਈ ਦੇ ਗਿਆਨ, ਅੱਖਰ ਆਖਰ ਆਪ ਪੜ੍ਹਾਇੰਦਾ । ਅਲਫ਼ ਯੇ ਨਾ ਕੋਇ ਨਜ਼ਾਮ, ਨਜ਼ਮ ਨਗਮਾ ਆਪਣੇ ਵਿਚ ਸਮਾਇੰਦਾ । ਕਰੇ ਖੇਲ ਇਕ ਅਮਾਮ, ਆਮਦ ਆਪਣੀ ਆਪ ਜਣਾਇੰਦਾ । ਪਹਿਲਾਂ ਪੀਰ ਪੈਗ਼ੰਬਰਾਂ ਦੇਂਦਾ ਰਿਹਾ ਪੈਗ਼ਾਮ, ਸਚ ਸੰਦੇਸਾ ਇਕ ਸੁਣਾਇੰਦਾ । ਅੰਤਮ ਖੇਲ ਵੇਖੇ ਆਣ, ਨੂਰ ਨੁਰਾਨਾ ਨੂਰ ਧਰਾਇੰਦਾ । ਸਤਿਜੁਗ ਸਾਚਾ ਬਣੇ ਵਿਧਾਨ, ਪਿਛਲੀ ਰੇਖਾ ਸਰਬ ਮਿਟਾਇੰਦਾ । ਸੱਤਾਂ ਦੀਪਾਂ ਏਕਾ ਝੁੱਲੇ ਨਿਸ਼ਾਨ, ਸਤਿਗੁਰ ਗੋਬਿੰਦ ਆਪ ਝੁਲਾਇੰਦਾ । ਸ੍ਰਿਸ਼ਟ ਸਬਾਈ ਮੰਨਣੀ

ਪਏ ਆਣ, ਸਿਰ ਅੱਗੇ ਨਾ ਕੋਇ ਉਠਾਇੰਦਾ । ਕਰੇ ਖੇਲ ਸ੍ਰੀ ਭਗਵਾਨ, ਆਪਣੀ ਕਰਨੀ ਆਪ ਜਣਾਇੰਦਾ । ਅਗਲਾ ਲੇਖਾ ਹੁਣ ਦੱਸਿਆ ਹੋ ਹੈਰਾਨ, ਬੇੜਾ ਭੇਤ ਪਹਿਲੀ ਚੇਤ ਤੱਕ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਤਿਜੁਗ ਰੀਤੀ ਇਕ ਅਤੀਤੀ, ਜਨ ਭਗਤਾਂ ਸਚ ਪ੍ਰੀਤੀ, ਪ੍ਰੀਤੀਵਾਨ ਇਕ ਸਮਝਾਇੰਦਾ ।

### ❇ ੨੩ ਮਾਘ ੨੦੧੯ ਬਿਕ੍ਰਮੀ ਕੁੰਦਨ ਸਿੰਘ ਦੇ ਗ੍ਰਿਹਿ ਪਿੰਡ ਮਾਲ ਚੱਕ ਜ਼ਿਲਾ ਅੰਮ੍ਰਿਤਸਰ❇

ਆਦਿ ਜੁਗਾਦੀ ਇਕੋ ਰਾਹ, ਜੁਗ ਜੁਗ ਖੇਲ ਕਰਾਇੰਦਾ । ਸਤਿਗੁਰ ਪੂਰਾ ਪਕੜੇ ਬਾਂਹ, ਗੁਰ ਸ਼ਬਦੀ ਦਇਆ ਕਮਾਇੰਦਾ । ਸਾਚੇ ਮਾਰਗ ਦਏ ਲਗਾ, ਰਹਿਬਰ ਇਕੋ ਰਾਹ ਜਣਾਇੰਦਾ । ਨਵ ਦਵਾਰੇ ਪਾਰ ਕਰਾ ਕੂੜੀ ਕਿਰਿਆ ਮੇਟ ਮਿਟਾਇੰਦਾ । ਸੁਖਮਨ ਟੇਢੀ ਬੰਕ ਪਾਰ ਕਰਾ, ਈੜਾ ਪਿੰਗਲ ਮੋਹ ਚੁਕਾਇੰਦਾ । ਅੰਮ੍ਰਿਤ ਜਾਮ ਇਕ ਪਿਆ, ਸਚ ਸਰੋਵਰ ਅਸ਼ਨਾਨ ਕਰਾਇੰਦਾ । ਬਜਰ ਕਪਾਟੀ ਤੋੜ ਤੁੜਾ, ਸਾਚੀ ਹਾਟੀ ਇਕ ਖੁਲ੍ਹਾਇੰਦਾ । ਸੁਰਤੀ ਸ਼ਬਦੀ ਮੇਲ ਮਿਲਾ, ਏਕਾ ਬੰਧਨ ਪਾਇੰਦਾ । ਦੀਨ ਦਿਆਲ ਬਣ ਮਲਾਹ, ਬੇੜਾ ਕੰਧ ਉਠਾਇੰਦਾ । ਪੌੜੇ ਪੌੜੇ ਲਏ ਚੜ੍ਹਾ, ਸਾਚਾ ਮੰਦਰ ਇਕ ਸੁਹਾਇੰਦਾ । ਆਤਮ ਸੇਜ ਸੁਹੰਜਣੀ ਡੇਰਾ ਲਾ, ਸਚ ਸਿੰਘਾਸਣ ਸੋਭਾ ਪਾਇੰਦਾ । ਜਿਸ ਜਨ ਆਪਣੀ ਕਿਰਪਾ ਦਏ ਕਰਾ, ਕਰ ਕਿਰਪਾ ਭੇਵ ਜਣਾਇੰਦਾ । ਸੋ ਗੁਰਸਿਖ ਗੁਰਮੁਖ ਗੁਰ ਸਤਿਗੁਰ ਮਿਲੇ ਆ, ਰਾਹ ਵਿਚ ਨਾ ਕੋਇ ਅਟਕਾਇੰਦਾ । ਆਤਮ ਪਰਮਾਤਮ ਪਰਮਾਤਮ ਆਤਮ ਨਾਤਾ ਦਏ ਜੁੜਾ, ਜੁੜਿਆ ਨਾਤਾ ਨਾ ਕੋਇ ਤੁੜਾਇੰਦਾ । ਪਾਰਬ੍ਰਹਮ ਬ੍ਰਹਮ ਦਏ ਵਖਾ, ਬ੍ਰਹਮ ਪਾਰਬ੍ਰਹਮ ਸਮਾਇੰਦਾ । ਈਸ਼ ਜੀਵ ਏਕਾ ਘਰ ਵਸਾ, ਜਗਦੀਸ਼ ਖ਼ੁਸ਼ੀ ਮਨਾਇੰਦਾ । ਨਿਰਮਲ ਨੂਰ ਕਰ ਰੁਸ਼ਨਾ ਜੋਤੀ ਜਾਤਾ ਡਗਮਗਾਇੰਦਾ । ਦਸਮ ਦਵਾਰੀ ਖੇਲ ਰਚਾ, ਆਪਣਾ ਰੰਗ ਚੜ੍ਹਾਇੰਦਾ । ਆਪਣਾ ਪਰਦਾ ਆਪ ਉਠਾ, ਸੁੰਨ ਅਗੰਮ ਖੋਜ ਖੁਜਾਇੰਦਾ । ਸੁੰਨ ਅਗੰਮੀ ਡੇਰਾ ਢਾਹ, ਥਿਰ ਘਰ ਆਸਣ ਲਾਇੰਦਾ । ਥਿਰ ਘਰ ਸਾਚੇ ਸੋਭਾ ਪਾ, ਸਚਖੰਡ ਵਡਿਆਇੰਦਾ । ਸਚਖੰਡ ਹਰਿ ਭੇਵ ਜਣਾ, ਅਭੇਦ ਆਪਣਾ ਭੇਵ ਚੁਕਾਇੰਦਾ । ਜਨ ਭਗਤਾਂ ਮਾਰਗ ਦਏ ਜਣਾ, ਅੰਤਰ ਆਤਮ ਬੂਝ ਬੁਝਾਇੰਦਾ । ਸਾਚਾ ਸੋਹਲਾ ਦਏ ਪੜ੍ਹਾ, ਪਰਦਾ ਉਹਲਾ ਆਪ ਉਠਾਇੰਦਾ । ਪਾਰਬ੍ਰਹਮ ਬ੍ਰਹਮ ਢੋਲਾ ਗਾ, ਸੋਹੰ ਅੱਖਰ ਨਿਸ਼ਅੱਖਰ ਧਾਰ ਚਲਾਇੰਦਾ । ਜਗਤ ਵਿਚੋਲਾ ਵੇਖੇ ਥਾਂ ਥਾਂ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਮਾਰਗ ਇਕੋ ਦੱਸੇ, ਹਰ ਹਿਰਦੇ ਅੰਤਰ ਹਰਿ ਜੂ ਵਸੇ, ਭਗਤ ਦਵਾਰ ਇਕ ਸੁਹਾਇੰਦਾ । ਸੱਚਾ ਮਾਰਗ ਸੋਹੰ ਧਾਰ, ਹੰ ਬ੍ਰਹਮ ਕੁੜਮਾਈਆ । ਸੋ ਪੁਰਖ ਨਿਰੰਜਣ ਵਖਾਏ ਠਾਂਡਾ ਦਰਬਾਰ, ਅਗਨੀ ਤੱਤ ਨਾ ਕੋਇ ਤਪਾਈਆ । ਆਦਿ ਜੁਗਾਦੀ ਜੁਗ ਜੁਗ ਵਿਹਾਰ, ਜੁਗ ਚੌਕੜੀ ਜੀਵਣ ਦਾਤਾ ਖੇਲ ਕਰਾਈਆ । ਲੇਖਾ ਜਾਣੇ ਜੀਵ ਜੰਤ ਅੰਤਰ ਬਾਹਰ, ਗੁਪਤ ਜ਼ਾਹਰ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਰਾਹ, ਸ਼ਬਦੀ ਗੁਰ ਬਣ ਮਲਾਹ, ਬੇੜਾ ਆਪਣੇ ਕੰਧ ਉਠਾਈਆ । ਸਾਚਾ ਨਾਮ ਸਾਚਾ ਨਾਉਂ, ਨਾਉਂ ਨਿਰੰਕਾਰਾ ਆਪ ਦ੍ਰਿੜਾਇੰਦਾ । ਨਿਉਂ ਨਿਉਂ ਲਾਗੋ ਸਤਿਗੁਰ ਪਾਉਂ, ਮਿਹਰਵਾਨ ਮਿਹਰ ਨਜ਼ਰ ਇਕ ਉਠਾਇੰਦਾ ।

ਪਕੜ ਉਠਾਏ ਆਪੇ ਬਾਂਹੋਂ, ਫੜ ਬਾਂਹੋਂ ਗਲੇ ਲਗਾਇੰਦਾ । ਏਥੇ ਓਥੇ ਦੇਵੇ ਠੰਡੀ ਛਾਉਂ, ਸਿਰ ਆਪਣਾ ਹੱਥ ਟਿਕਾਇੰਦਾ । ਕਰੇ ਕਰਾਏ ਸਚ ਨਿਆਉਂ, ਆਦਲ ਇਕੋ ਨਜ਼ਰੀ ਆਇੰਦਾ । ਆਤਮ ਪਰਮਾਤਮ ਢੋਲਾ ਸਾਚਾ ਗਾਓ, ਜਗਤ ਵਛੋੜਾ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਦੇਵੇ ਦੱਸ, ਪਰਮਾਤਮ ਆਤਮ ਇਕੋ ਰਸ, ਰਸ ਫੀਕਾ ਜਗਤ ਵਖਾਇੰਦਾ । ਕਿਰਪਾ ਅੰਦਰ ਵਸੇ ਠਾਕਰ, ਕਿਰਪਾਨਿਧ ਵੱਡੀ ਵਡਿਆਈਆ ।

ਕਿਰਪਾ ਅੰਦਰ ਡੂੰਘਾ ਸਾਗਰ, ਗਹਿਰ ਗੰਭੀਰ ਆਪ ਰਖਾਈਆ । ਕਿਰਪਾ ਅੰਦਰ ਮੇਲ ਮਿਲਾਵਾ ਕਾਇਆ ਗਾਗਰ, ਘਰ ਘਰ ਵਿਚ ਖ਼ੁਸ਼ੀ ਰਖਾਈਆ । ਕਿਰਪਾ ਅੰਦਰ ਬਣਾਏ ਸਚ ਸੌਦਾਗਰ, ਵਣਜ ਵਣਜਾਰਾ ਇਕੋ ਹੱਟ ਚਲਾਈਆ । ਕਿਰਪਾ ਅੰਦਰ ਦੇਵੇ ਆਦਰ ਗੁਰਮੁਖ ਸਾਚੇ ਹੋਏ ਸਹਾਈਆ । ਕਿਰਪਾ ਅੰਦਰ ਸਿਦਕ ਸਬੂਰੀ ਦੇਵੇ ਸਾਦਰ, ਸਿਫ਼ਤੀ ਸਿਫ਼ਤ ਸਿਫ਼ਤ ਸਾਲਾਹੀਆ । ਕਿਰਪਾ ਅੰਦਰ ਕਰੀਮ ਕਾਦਰ, ਕੁਦਰਤ ਕਰਤਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਿਰਪਾ ਕਿਰਪਨ ਨਾਲ ਮਿਲਾਈਆ । ਮਿਹਰ ਕਰੇ ਹਰਿ ਮਿਹਰਵਾਨਾ, ਮਿਹਰ ਨਜ਼ਰ ਇਕ ਉਠਾਇੰਦਾ । ਜਨ ਭਗਤਾਂ ਦੇਵੇ ਨਾਮ ਨਿਸ਼ਾਨਾ, ਨਿਸ਼ਾਨਾ ਇਕੋ ਇਕ ਜਣਾਇੰਦਾ । ਆਤਮ ਪਰਮਾਤਮ ਬਖ਼ਸ਼ੇ ਸਚ ਧਿਆਨਾ, ਧਿਆਨ ਧਿਆਨ ਨਾਲ ਮਿਲਾਇੰਦਾ । ਅੰਮ੍ਰਿਤ ਆਤਮ ਪੀਣਾ ਖਾਣਾ, ਤ੍ਰਿਸਨਾ ਭੁੱਖ ਗਵਾਇੰਦਾ । ਦੀਵਾ ਬਾਤੀ ਇਕ ਮਹਾਨਾ, ਕਮਲਾਪਾਤੀ ਆਪ ਜਗਾਇੰਦਾ । ਜੋ ਜਨ ਰਸਨਾ ਗਾਏ ਸਾਚਾ ਗਾਣਾ, ਗੋਬਿੰਦ ਆਪਣਾ ਰੰਗ ਚੜ੍ਹਾਇੰਦਾ । ਸਾਹਿਬ ਸੁਲਤਾਨ ਠਾਕਰ ਸਵਾਮੀ ਬੀਨਾ ਦਾਨਾ, ਵਡ ਮਿਹਰਵਾਨ ਮਿਹਰ ਨਜ਼ਰ ਇਕ ਟਿਕਾਇੰਦਾ । ਤਾਰਨਹਾਰਾ ਇਕੋ ਏਕ ਆਦਿ ਅੰਤ ਵੱਡੀ ਵਡਿਆਈਆ । ਜਨ ਭਗਤਾਂ ਕਰੇ ਬੁਧ ਬਿਬੇਕ, ਵਿਵੇਕੀ ਆਪਣਾ ਰਾਹ ਜਣਾਈਆ । ਤ੍ਰੈਗੁਣ ਮਾਇਆ ਨਾ ਲਾਏ ਸੇਕ, ਅਗਨੀ ਤੱਤ ਨਾ ਲਾਗੇ ਰਾਈਆ । ਨਿਜ ਨੇਤਰ ਗੁਰਮੁਖ ਵਿਰਲਾ ਲਏ ਪੇਖ, ਜਿਸ ਲੋਚਣ ਆਪ ਖੁਲ੍ਹਾਈਆ । ਇਕੋ ਵਖਾਏ ਸੱਚਾ ਦੇਸ, ਜਿਸ ਘਰ ਵਸੇ ਬੇਪਰਵਾਹੀਆ । ਸਚਖੰਡ ਦਵਾਰਾ ਹਰਿ ਨਿਰੰਕਾਰਾ ਮੁੱਛ ਦਾੜ੍ਹੀ ਨਾ ਕੋਇ ਕੇਸ, ਸੀਸ ਜਗਦੀਸ ਨਾ ਮੂੰਡ ਮੁੰਡਾਈਆ । ਸਦਾ ਸਦਾ ਸਦ ਰਹੇ ਹਮੇਸ਼, ਜਨਮ ਮਰਨ ਵਿਚ ਨਾ ਆਈਆ । ਗੁਰਮੁਖ ਗੁਰਸਿਖ ਹਰਿ ਸੱਜਣ ਲਿਖਣਹਾਰਾ ਲੇਖ, ਲੇਖਾ ਆਪਣੇ ਹੱਥ ਰਖਾਈਆ । ਤਿਸ ਸਾਹਿਬ ਕਰੋ ਆਦੇਸ਼, ਜਿਸ ਮਿਲਿਆਂ ਦੁੱਖ ਰਹੇ ਨਾ ਰਾਈਆ । ਜਿਸ ਦੀ ਮਹਿਮਾ ਕਰੇ ਬਾਸ਼ਕ ਸ਼ੇਸ਼, ਦੋਏ ਸਹੰਸਰ ਜਿਹਵਾ ਹਲਾਈਆ । ਆਦਿ ਜੁਗਾਦੀ ਆਪੇ ਆਪ, ਘਰ ਆਪਣੇ ਸੋਭਾ ਪਾਇੰਦਾ । ਸ੍ਰਿਸ਼ਟ ਸਬਾਈ ਮਾਈ ਬਾਪ, ਲੱਖ ਚੁਰਾਸੀ ਗੋਦ ਉਠਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੇਵਣਹਾਰਾ ਜਾਪ, ਨਾਮ ਨਿਰੰਕਾਰਾ ਆਪ ਦ੍ਰਿੜਾਇੰਦਾ । ਸਦਾ ਸੁਹੇਲਾ ਦੱਸਣਹਾਰਾ ਪੂਜਾ ਪਾਠ, ਮੰਤਰ ਅੰਤਰ ਆਪ ਪੜ੍ਹਾਇੰਦਾ । ਸੁਹਾਵਣਹਾਰਾ ਤੀਰਥ ਤਾਟ, ਤਟ ਕਿਨਾਰਾ ਸੋਭਾ ਪਾਇੰਦਾ । ਵਸਣਹਾਰਾ ਤੱਤ ਆਠ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਨਾਲ ਰਲਾਇੰਦਾ । ਮਿਟਾਵਣਹਾਰਾ ਕੋਟਨ ਪਾਪ, ਪਤਤ ਪਾਪੀ ਆਪ ਤਰਾਇੰਦਾ । ਪਾਕ ਰਸੂਲ ਪਾਕੀ ਪਾਕ, ਪਰਵਰਦਿਗਾਰ ਵੇਸ ਵਟਾਇੰਦਾ । ਜਨ ਭਗਤਾਂ ਖੋਲ੍ਹਣਹਾਰਾ ਤਾਕ, ਬੰਦ ਕਵਾੜੀ ਕੁੰਡਾ ਲਾਹਿੰਦਾ । ਦੱਸਣਹਾਰਾ ਭਵਿਖਤ

ਵਾਕ, ਭੇਵ ਅਭੇਦਾ ਆਪ ਜਣਾਇੰਦਾ । ਜਨ ਸੰਤਾਂ ਬਣਨਹਾਰਾ ਸੱਚਾ ਸਾਕ, ਹਰਿ ਸੱਜਣ ਆਪ ਅਖਵਾਇੰਦਾ । ਗੁਰਮੁਖਾਂ ਧੂੜੀ ਬਖ਼ਸ਼ਣਹਾਰਾ ਖ਼ਾਕ, ਚਰਨ ਕਵਲ ਟਿੱਕਾ ਇਕ ਲਗਾਇੰਦਾ । ਗੁਰਸਿਖਾਂ ਦੇਵਣਹਾਰਾ ਦਾਤ, ਆਪ ਆਪਣੀ ਦਇਆ ਕਮਾਇੰਦਾ । ਚਾਰ ਵਰਨ ਬਣਾਵਣਹਾਰਾ ਇਕ ਜਮਾਤ, ਸਾਚੀ ਸਿਖਿਆ ਇਕ ਸਮਝਾਇੰਦਾ । ਉਪਜਾਵਣਹਾਰਾ ਕਾਇਨਾਤ, ਸ੍ਰਿਸ਼ਟ ਸਬਾਈ ਆਪਣੇ ਰੰਗ ਰੰਗਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦੇਵਣਹਾਰਾ ਸਾਥ, ਸਗਲਾ ਸੰਗ ਨਿਭਾਇੰਦਾ । ਹਰ ਘਟ ਵਸੇ ਹਰਿ ਜੂ ਆਪ, ਆਪ ਆਪਣਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਰਬ ਕਲਾ ਸਮਰਾਥ, ਮਹਿਮਾ ਅਕਥ ਆਪ ਜਣਾਇੰਦਾ ।

❇ ੨੩ ਮਾਘ ੨੦੧੯ ਬਿਕ੍ਰਮੀ ਗੰਡਾ ਸਿੰਘ ਦੇ ਗ੍ਰਿਹ ਦਰਾਜਕੇ ਜ਼ਿਲਾ ਅੰਮ੍ਰਿਤਸਰ ❇

ਸਤਿ ਸ੍ਰੀ ਸ੍ਰੀ ਅਕਾਲ, ਅਕਲ ਕਲ ਹਰਿ ਅਖਵਾਇੰਦਾ । ਸਤਿ ਪੁਰਖ ਨਿਰੰਜਣ ਦੀਨ ਦਿਆਲ, ਦਇਆਨਿਧ ਦਇਆ ਕਮਾਇੰਦਾ । ਸਚਖੰਡ ਵਸਣਹਾਰਾ ਸੱਚੀ ਧਰਮਸਾਲ, ਸੋ ਪੁਰਖ ਨਿਰੰਜਣ ਵੇਸ ਵਟਾਇੰਦਾ । ਹਰਿ ਪੁਰਖ ਨਿਰੰਜਣ ਜੋਤੀ ਜਾਤਾ ਬੇਮਿਸਾਲ, ਨੂਰ ਨੂਰਾਨਾ ਡਗਮਗਾਇੰਦਾ । ਏਕੰਕਾਰਾ ਜੁਗਾ ਜੁਗੰਤਰ ਜਾਣੀ ਜਾਣ, ਬੇਅੰਤ ਬੇਪਰਵਾਹ ਆਪਣੀ ਧਾਰ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਤਿ ਸਤਿ ਸਮਝਾਇੰਦਾ । ਸਤਿ ਪੁਰਖ ਇਕ ਅਕਾਲ, ਦੂਜੀ ਅਵਰ ਨਾ ਕੋਇ ਵਡਿਆਈਆ । ਲੇਖਾ ਜਾਣੇ ਦੋ ਜਹਾਨ, ਨਿਰਗੁਣ ਦਾਤਾ ਬੇਪਰਵਾਹੀਆ । ਵਿਸ਼ਨ ਬ੍ਰਹਮਾ ਸ਼ਿਵ ਦੇਵੇ ਦਾਨ, ਵਸਤ ਅਮੋਲਕ ਇਕ ਵਰਤਾਈਆ । ਨਿਰਗੁਣ ਸਰਗੁਣ ਕਰੇ ਪਰਧਾਨ, ਲੱਖ ਚੁਰਾਸੀ ਬੰਧਨ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਚ ਸੰਦੇਸਾ ਦੇ ਫ਼ਰਮਾਨ, ਧੁਰ ਦੀ ਬਾਣੀ ਬਾਣ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਤਿ ਇਕ ਵਡਿਆਈਆ । ਸਤਿ ਅਕਾਲਾ ਗੁਰ ਗੋਪਾਲਾ, ਮਹਿਮਾਂ ਅਕਥ ਕਥੀ ਨਾ ਜਾਈਆ । ਦੀਨਾ ਬੰਧਨ ਦੀਨ ਦਿਆਲਾ, ਦੀਨਨ ਰੱਖਿਆ ਆਪ ਕਰਾਈਆ । ਜੁਗ ਚੌਕੜੀ ਮਾਰਗ ਦੇ ਲੋਕਮਾਤ ਸੁਖਾਲਾ, ਜੀਵ ਜੰਤ ਕਰੇ ਪੜ੍ਹਾਈਆ । ਆਤਮ ਪਰਮਾਤਮ ਵਸੇ ਨਾਲਾ, ਸਗਲਾ ਸੰਗ ਨਿਭਾਈਆ । ਨਿਰਗੁਣ ਦੀਆ ਬਾਤੀ ਕਰੇ ਉਜਾਲਾ, ਅੰਧ ਅੰਧੇਰ ਮਿਟਾਈਆ । ਭਾਗ ਲਗਾਏ ਕਾਇਆ ਮਾਟੀ ਖਾਲਾ, ਪੰਜ ਤੱਤ ਕਰੇ ਰੁਸ਼ਨਾਈਆ । ਵਸਤ ਅਮੋਲਕ ਦੇਵੇ ਨਾਮ ਸੱਚਾ ਧੰਨ ਮਾਲਾ, ਸਚ ਖ਼ਜ਼ੀਨਾ ਇਕ ਵਖਾਈਆ । ਲੇਖਾ ਜਾਣੇ ਕਾਲ ਮਹਾਂਕਾਲਾ, ਮਹਾਂਬਲੀ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸ੍ਰੀ ਅਕਾਲ ਵੱਡੀ ਵਡਿਆਈਆ । ਅਕਾਲ ਅਕਾਲ ਬੇਪਰਵਾਹ, ਬੇਅੰਤ ਖੇਲ ਕਰਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬਣ ਮਲਾਹ, ਦੋ ਜਹਾਨਾਂ ਬੇੜਾ ਆਪਣੇ ਕੰਧ ਉਠਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਦੇ ਸਲਾਹ, ਸਾਚੀ ਸਿਖਿਆ ਇਕ ਸਮਝਾਇੰਦਾ । ਸ਼ਬਦ ਅਗੰਮੀ ਸਾਚਾ ਢੋਲਾ ਗਾ, ਨਾਉਂ ਨਿਰੰਕਾਰਾ ਆਪ ਦ੍ਰਿੜਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਜਣਾ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਅੰਜੀਲ ਕੁਰਾਨਾਂ ਵੇਖ ਵਖਾ, ਤੀਸ ਬਤੀਸਾ ਆਪ ਜਣਾਇੰਦਾ । ਬੇਪਰਵਾਹ ਬੇਐਬ ਨਾਉਂ ਇਕ ਖ਼ੁਦਾ, ਖ਼ਾਲਕ ਖ਼ਲਕ ਰੂਪ ਵਟਾਇੰਦਾ । ਸਚ ਦਵਾਰੇ ਆਸਣ ਲਾ, ਮੁਕਾਮੇ ਹੱਕ ਇਕ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਸਤਿ ਆਪਣਾ ਨਾਉਂ ਵਖਾਇੰਦਾ । ਸਤਿ ਨਾਉਂ ਸਤਿ ਪੁਰਖ, ਸਤਿ ਸਤਿਵਾਦ ਵੱਡੀ ਵਡਿਆਈਆ । ਨਾ ਕੋਈ ਸੋਗ ਨਾ ਕੋਈ ਹਰਖ, ਚਿੰਤਾ ਦੁੱਖ ਨਾ ਕੋਇ ਜਣਾਈਆ । ਨਿਰਗੁਣ ਜੋਤ ਵਖਾਏ ਸਚ ਆਦਰਸ਼, ਦੂਜਾ ਇਸ਼ਟ ਨਾ ਕੋਇ ਦ੍ਰਿੜਾਈਆ । ਜਨ ਭਗਤਾਂ ਦੇਵੇ ਨਿਜ ਘਰ ਦਰਸ, ਗ੍ਰਿਹ ਮੰਦਰ ਪਰਦਾ ਲਾਹੀਆ । ਅੰਮ੍ਰਿਤ ਮੇਘ ਦੇਵੇ ਬਰਸ, ਨਿਝਰ ਝਿਰਨਾ ਆਪ ਝਿਰਾਈਆ । ਗ਼ਰੀਬ ਨਿਮਾਣਿਆਂ ਕੋਝਿਆਂ ਕਮਲਿਆਂ ਉਤੇ ਕਰੇ ਤਰਸ, ਫੜ ਬਾਂਹੋਂ ਲਏ ਉਠਾਈਆ । ਲੱਖ ਚੁਰਾਸੀ ਕਲਜੁਗ ਜੀਵ ਜੰਤ ਰਹੇ ਭੜਕ, ਨਵ ਨੌਂ ਪਈ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਤਿ ਦਏ ਵਡਿਆਈਆ । ਸਤਿ ਆਪ ਸਤਿ ਜਾਪ, ਸਤਿ ਸਤਿ ਸਮਝਾਇੰਦਾ । ਸਤਿ ਪੁਰਖ ਅਕਾਲ ਬਾਪ, ਗੁਰ ਸ਼ਬਦ ਬੇਟਾ ਇਕ ਸਮਝਾਇੰਦਾ । ਸਤਿ ਪੂਜਾ ਸਤਿ ਪਾਠ, ਸਤਿ ਮੰਤਰ ਇਕ ਦ੍ਰਿੜਾਇੰਦਾ । ਸਤਿ ਤੀਰਥ ਸਤਿ ਘਾਟ, ਸਤਿ ਤਟ ਕਿਨਾਰਾ ਇਕ ਉਪਾਇੰਦਾ । ਸਤਿ ਸਰੋਵਰ ਮਾਰੇ ਠਾਠ, ਅੰਮ੍ਰਿਤ ਰਸ ਇਕ ਵਖਾਇੰਦਾ । ਸਤਿ ਬੰਧਾਏ ਸਾਚਾ ਨਾਤ, ਸਚ ਪ੍ਰੀਤੀ ਇਕ ਸਮਝਾਇੰਦਾ । ਸਚ ਸੁਣਾਏ ਅਗੰਮੀ ਗਾਥ, ਜੁਗ ਜੁਗ ਸ਼ਬਦੀ ਨਾਦ ਵਜਾਇੰਦਾ । ਸਤਿ ਦੇਵਣਹਾਰਾ ਦਾਤ, ਦਾਤਾ ਦਾਨੀ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਇਕੋ ਘਰ ਵਖਾਇੰਦਾ । ਸਤਿ ਸਤਿ ਪੂਰਾ ਸਤਿਗੁਰ, ਦੂਜੀ ਅਵਰ ਨਾ ਕੋਇ ਵਡਿਆਈਆ । ਲੇਖਾ ਲੇਖ ਜਾਣੇ ਧੁਰ, ਧੁਰ ਮਸਤਕ ਵੇਖ ਵਖਾਈਆ । ਆਤਮ ਅੰਤਰ ਏਕਾ ਰਾਗ ਸੁਣਾਏ ਸਾਚੀ ਸੁਰ, ਅਨਹਦ ਨਾਦੀ ਨਾਦ ਵਜਾਈਆ । ਸ਼ਬਦ ਅਗੰਮੀ ਚੜ੍ਹੇ ਘੋੜ, ਲੋਆਂ ਪੁਰੀਆਂ ਖੋਜ ਖੁਜਾਈਆ । ਭਗਤ ਭਗਵਾਨ ਪਏ ਬੌਹੜ, ਸਤਿ ਅਸਤਿ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਤਿ ਸ੍ਰੀ ਸ੍ਰੀ ਸਤਿ, ਸਤਿ ਸਤਿ ਵਡਿਆਇੰਦਾ । ਦੇਵਣਹਾਰਾ ਬ੍ਰਹਮ ਮਤ, ਬ੍ਰਹਮ ਵਿਦਿਆ ਇਕ ਪੜ੍ਹਾਇੰਦਾ । ਜਣਾਵਣਹਾਰਾ ਸਚ ਤੱਤ, ਤੱਤਵ ਤੱਤ ਖੋਜ ਖੋਜਾਇੰਦਾ । ਵੇਖਣਹਾਰ ਬਹੱਤਰ ਨਾੜੀ ਰੱਤ, ਰੱਤੀ ਰੱਤ ਪਰਦਾ ਲਾਹਿੰਦਾ । ਜਾਨਣਹਾਰਾ ਮਿਤ ਗਤ, ਗਤ ਮਿਤ ਆਪਣੇ ਹੱਥ ਰਖਾਇੰਦਾ । ਸਾਚਾ ਮਾਰਗ ਦੇਵੇ ਦੱਸ, ਜੀਵ ਜੰਤ ਰਾਹ ਚਲਾਇੰਦਾ । ਸੰਤਨ ਮੇਲਾ ਹੱਸ ਹੱਸ, ਗ੍ਰਿਹ ਮੰਦਰ ਸੋਭਾ ਪਾਇੰਦਾ । ਗੁਰਮੁਖ ਉਠਾਏ ਨੱਠ ਨੱਠ, ਬਣ ਪਾਂਧੀ ਸੇਵ ਕਮਾਇੰਦਾ । ਗੁਰਸਿਖਾਂ ਅੰਦਰ ਜਾਏ ਵਸ, ਆਪ ਆਪਣਾ ਰੰਗ ਚੜ੍ਹਾਇੰਦਾ । ਨਿਰਗੁਣ ਜੋਤ ਕਰ ਪਰਕਾਸ਼, ਅਗਿਆਨ ਅੰਧੇਰ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ੍ਰੀ ਸਤਿ ਇਕੋ ਦਇਆ ਕਮਾਇੰਦਾ । ਸਤਿ ਸ੍ਰੀ ਸ੍ਰੀ ਨਿਰੰਕਾਰ, ਨਿਰਗੁਣ ਦਾਤਾ ਬੇਪਰਵਾਹੀਆ । ਥਿਰ ਘਰ ਸਾਚੇ ਸ਼ਬਦ ਦੁਲਾਰਾ ਲਏ ਉਠਾਲ, ਹੁਕਮ ਹਾਕਮ ਇਕ ਜਣਾਈਆ । ਜੁਗ ਚੌਕੜੀ ਚਲੇ ਨਾਲ ਨਾਲ, ਨਵ ਨੌਂ ਚਾਰ ਵੰਡ ਵੰਡਾਈਆ । ਖੇਲੇ ਖੇਲ ਖ਼ਾਲਕ ਨਿਰਾਲ, ਨਿਰਗੁਣ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਤਰ ਇਕ ਦ੍ਰਿੜਾਈਆ । ਸਾਚਾ ਮੰਤਰ ਸਤਿ ਜੈਕਾਰ, ਸਤਿ ਸਤਿਵਾਦੀ ਆਪ ਜਣਾਇੰਦਾ । ਸਿਫ਼ਤ ਸਾਲਾਹੀ ਗੁਰ ਅਵਤਾਰ, ਪੀਰ ਪੈਗ਼ੰਬਰਾਂ ਕਲਮਾ ਆਪ ਪੜ੍ਹਾਇੰਦਾ । ਕਾਗਦ ਕਲਮ ਸ਼ਾਹੀ ਪਾਵੇ ਸਾਰ, ਲਿਖ ਲਿਖ ਕਾਤਬ ਆਪਣੀ ਕਾਰ ਕਮਾਇੰਦਾ । ਆਲਮ ਉਲਮਾ ਕੋਇ ਨਾ ਕਰੇ ਵਿਚਾਰ, ਭੇਵ ਅਭੇਦ ਨਾ ਕੋਇ ਸਮਝਾਇੰਦਾ । ਸ੍ਰੀ ਭਗਵਾਨ ਅਬਿਨਾਸ਼ੀ ਕਰਤਾ ਨੌਜਵਾਨ ਵਸੇ ਸਚ ਸੱਚੀ ਧਰਮਸਾਲ, ਦਰਗਹਿ ਸਾਚੀ ਆਸਣ ਲਾਇੰਦਾ । ਖੇਲ ਕਰੇ

੬੪੩
੧੩

ਆਪ ਅਕਾਲ, ਕਲਜੁਗ ਕਾਲੀ ਰੈਣ ਸਰਬ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਕਰੇ ਕਰਨੀ ਆਪ ਅਕਾਲਾ, ਬੇਅੰਤ ਵੱਡੀ ਵਡਿਆਈਆ । ਤ੍ਰੈਗੁਣ ਮਾਇਆ ਤੋੜ ਜੰਜਾਲਾ, ਜੀਵਣ ਜੁਗਤ ਦਏ ਸਮਝਾਈਆ । ਆਤਮ ਪਰਮਾਤਮ ਦੱਸੇ ਰਾਹ ਸੁਖਾਲਾ, ਸੋਹੰ ਅੱਖਰ ਕਰੇ ਪੜ੍ਹਾਈਆ । ਸਤਿਗੁਰ ਨਾਨਕ ਸਚ ਸਚ ਸਤਿ ਸਤਿ ਦੇ ਕੇ ਗਿਆ ਹਵਾਲਾ, ਸਾਚੀ ਸਿਖਿਆ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਡੰਕਾ ਇਕ ਵਜਾਈਆ । ਸਾਚਾ ਡੰਕਾ ਨਾਮ ਅਕਾਲ, ਕਲਜੁਗ ਅੰਤਮ ਆਪ ਵਜਾਇੰਦਾ । ਪੀਰ ਪੈਗ਼ੰਬਰ ਰੱਖੇ ਨਾਲ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ । ਦੋ ਜਹਾਨ ਸੁਣਾਏ ਤਾਲ, ਤਾਲ ਤਲਵਾੜਾ ਇਕ ਵਡਿਆਇੰਦਾ । ਭਗਤ ਭਗਵਾਨ ਆਪੇ ਭਾਲ, ਸੰਤ ਸੱਜਣ ਵੇਖ ਵਖਾਇੰਦਾ । ਗੁਰਮੁਖ ਸੁਰਤ ਲਏ ਉਠਾਲ, ਅਕਾਲ ਮੂਰਤ ਮੇਲ ਮਿਲਾਇੰਦਾ । ਗੁਰਮੁਖ ਮੋਏ ਲਏ ਜਵਾਲ, ਅੰਮ੍ਰਿਤ ਜਾਮ ਇਕ ਪਿਆਇੰਦਾ । ਏਥੇ ਓਥੇ ਦੇਵੇ ਮਾਣ, ਦੋ ਜਹਾਨਾਂ ਸਿਰ ਆਪਣਾ ਹੱਥ ਟਿਕਾਇੰਦਾ । ਸਤਿ ਜੈਕਾਰਾ ਸਤਿ ਸ੍ਰੀ ਅਕਾਲ, ਸਤਿਗੁਰ ਪੂਰਾ ਇਕੋ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਕਲ ਧਰਾਇੰਦਾ । ਕਲਜੁਗ ਕਲ ਧਰੇ ਸਤਿ ਕਰਤਾਰਾ, ਸਤਿ ਪੁਰਖ ਨਿਰੰਜਣ ਵਡ ਵਡਿਆਈਆ । ਹਰਿ ਪੁਰਖ ਨਿਰੰਜਣ ਹੋ ਉਜਿਆਰਾ, ਨਿਰਗੁਣ ਆਪਣਾ ਵੇਸ ਵਟਾਈਆ । ਏਕੰਕਾਰਾ ਕਰ ਪਸਾਰਾ, ਅਕਲ ਕਲ ਧਾਰ ਚਲਾਈਆ । ਆਦਿ ਨਿਰੰਜਣ ਜੋਤ ਸਰੂਪੀ ਖੇਲ ਅਪਾਰਾ, ਭੂਪਤ ਭੂਪ ਸੱਚਾ ਸ਼ਹਿਨਸ਼ਾਹੀਆ । ਅਬਿਨਾਸ਼ੀ ਕਰਤਾ ਰਾਜ ਰਾਜਾਨ ਬਣ ਸਿਕਦਾਰਾ, ਧੁਰ ਫ਼ਰਮਾਨਾ ਇਕ ਸਮਝਾਈਆ । ਸ੍ਰੀ ਭਗਵਾਨ ਸੱਤ ਰੰਗ ਨਿਸ਼ਾਨਾ ਦਏ ਹੁਲਾਰਾ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪ ਹਿਲਾਈਆ । ਪਾਰਬ੍ਰਹਮ ਪ੍ਰਭ ਵੇਖੇ ਵਿਗਸੇ ਵੇਖਣਹਾਰਾ, ਸਚ ਮਹੱਲੇ ਸੋਭਾ ਪਾਈਆ । ਸਚਖੰਡ ਸੋਹੇ ਇਕ ਦਵਾਰਾ, ਜਿਸ ਘਰ ਸਤਿ ਸਤਿ ਸਮਾਈਆ । ਸ੍ਰੀ ਸ੍ਰੀ ਨਰ ਕਰ ਪਿਆਰਾ, ਹਰਿ ਆਪਣਾ ਰੰਗ ਰੰਗਾਈਆ । ਅਕਾਲ ਅਕਾਲ ਵਣਜ ਵਪਾਰਾ, ਇਕੋ ਹੱਟ ਵਖਾਈਆ । ਗੁਰਮੁਖ ਬੋਲੇ ਬੋਲਣਹਾਰਾ, ਜੋ ਸਤਿਗੁਰ ਦਰਸਨ ਪਾਈਆ । ਰਸਨਾ ਜਿਹਵਾ ਪਾਰ ਕਿਨਾਰਾ, ਬੱਤੀ ਦੰਦ ਨਾ ਕੋਇ ਵਡਿਆਈਆ । ਆਤਮ ਪਰਮਾਤਮ ਇਕ ਵਿਹਾਰਾ, ਬਿਵਹਾਰੀ ਆਪ ਜਣਾਈਆ । ਪਾਰਬ੍ਰਹਮ ਬ੍ਰਹਮ ਖੇਲ ਨਿਆਰਾ, ਨਿਰਗੁਣ ਸਰਗੁਣ ਰਿਹਾ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਇਕੋ ਰਾਹ ਜਣਾਈਆ । ਗੁਰਮੁਖ ਸਾਚਾ ਬੋਲੇ ਸਚ, ਸਤਿ ਸਤਿ ਜਣਾਇੰਦਾ । ਕਾਇਆ ਮਾਟੀ ਭਾਂਡਾ ਕੱਚ, ਕੰਮ ਕਿਸੇ ਨਾ ਆਇੰਦਾ । ਮਨ ਵਾਸਨਾ ਜਗਤ ਰਿਹਾ ਨੱਚ, ਮਨ ਕਾ ਮਣਕਾ ਨਾ ਕੋਇ ਭਵਾਇੰਦਾ । ਕੂੜੀ ਤ੍ਰਿਸਨਾ ਦੇਵੇ ਨਾ ਕੋਇ ਤਜ, ਗੁਰ ਕਾ ਸ਼ਬਦ ਨਾ ਕੋਇ ਕਮਾਇੰਦਾ । ਚਰਨ ਪ੍ਰੀਤੀ ਜਾਏ ਨਾ ਕੋਇ ਬੱਝ, ਨੇਤਰ ਦਰਸ ਕੋਇ ਨਾ ਪਾਇੰਦਾ । ਸਨਮੁਖ ਕੋਇ ਨਾ ਬਹੇ ਸਜ, ਆਸਣ ਸਿੰਘਾਸਣ ਵੇਖਣ ਕੋਇ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਬੋਲਾ ਇਕ ਦ੍ਰਿੜਾਇੰਦਾ । ਸਾਚਾ ਅੱਖਰ ਜੋ ਜਨ ਬੋਲੇ, ਨਿਰਗੁਣ ਦਾਤਾ ਦਇਆ ਕਮਾਈਆ । ਆਤਮ ਤਾਕੀ ਪਰਦਾ ਖੋਲ੍ਹੇ, ਬਜਰ ਕਪਾਟੀ ਪਾਰ ਕਰਾਈਆ । ਸੁਰਤ ਸਵਾਣੀ ਸ਼ਬਦੀ ਮੌਲੇ, ਮੌਲਾ ਇਕੋ ਨਜ਼ਰੀ ਆਈਆ । ਉਲਟਾ ਕਰੇ ਨਾਭ ਕੌਲੇ, ਅੰਮ੍ਰਿਤ ਝਿਰਨਾ ਦਏ ਝਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਦਏ ਪੜ੍ਹਾਈਆ । ਸਾਚੀ ਸਿਖਿਆ ਸਾਚਾ ਬੋਲਾ, ਅਨਬੋਲਤ ਆਪ ਜਣਾਇੰਦਾ । ਪਾਰਬ੍ਰਹਮ


੬੪੪
੧੩

ਪ੍ਰਭ ਵਸੇ ਕੋਲਾ, ਘਰ ਘਰ ਵਿਚ ਆਸਣ ਲਾਇੰਦਾ । ਆਦਿ ਜੁਗਾਦਿ ਰਹੇ ਅਡੋਲਾ, ਨਾ ਡੋਲੇ ਨਾ ਕੋਇ ਡੁਲਾਇੰਦਾ । ਲੱਖ ਚੁਰਾਸੀ ਕੂੜੀ
ਕਿਰਿਆ ਪਾਏ ਰੌਲਾ, ਨਿਰਗੁਣ ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸੁਣਾਇੰਦਾ ।
ਸਚ ਸੰਦੇਸਾ ਨਰ ਨਰੇਸ਼ਾ, ਨਿਰਵੈਰ ਪੁਰਖ ਜਣਾਈਆ । ਸਚ ਸਾਹਿਬ ਕੋ ਕਰੋ ਆਦੇਸ਼ਾ, ਨਿਉਂ ਨਿਉਂ ਸੀਸ ਝੁਕਾਈਆ । ਆਦਿ ਜੁਗਾਦਿ ਜਿਸ
ਦਾ ਇਕੋ ਵੇਸਾ, ਗੁਰ ਅਵਤਾਰ ਨਾਉਂ ਪਰਗਟਾਈਆ । ਜਨ ਭਗਤਾਂ ਕਰੇ ਸਾਚਾ ਹੇਤਾ, ਨਿਤ ਨਵਿਤ ਵੇਖ ਵਖਾਈਆ । ਸੰਤਨ ਖੋਲ੍ਹੇ ਆਪਣਾ
ਭੇਤਾ, ਭੇਵ ਅਭੇਦ ਸਮਝਾਈਆ । ਗੁਰਮੁਖਾਂ ਜਣਾਏ ਅੰਤਰ ਰੇਖਾ, ਪਰਦਾ ਦੂਈ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ
ਕਿਰਪਾ ਕਰ, ਸਾਚਾ ਬੋਲਾ ਇਕ ਪੜ੍ਹਾਈਆ । ਸਾਚਾ ਬੋਲ ਬੋਲ ਹੋਏ ਨਿਹਾਲ, ਗੁਰਮੁਖ ਆਤਮ ਵੱਜੀ ਵਧਾਈਆ । ਸਤਿਗੁਰ ਮਿਲਿਆ ਦੀਨ
ਦਿਆਲ, ਸਤਿ ਸਤਿ ਦਏ ਸਮਝਾਈਆ । ਸ੍ਰੀ ਰੂਪ ਇਕ ਅਕਾਲ, ਅਕਲ ਕਲ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ
ਕਿਰਪਾ ਕਰ, ਸਾਚਾ ਨਾਅਰਾ ਇਕ ਦ੍ਰਿੜਾਈਆ । ਸਾਚਾ ਨਾਅਰਾ ਲੋਕ ਪਰਲੋਕ, ਪਰਮ ਪੁਰਖ ਆਪ ਜਣਾਇੰਦਾ । ਸਤਿ ਧਰਮ ਦਾ ਸਚ
ਸਲੋਕ, ਸੋਹਲਾ ਇਕੋ ਰਾਗ ਵਖਾਇੰਦਾ । ਸੁਣਾਵਣਹਾਰਾ ਧਰਮ ਕੋਟ, ਧਰਮ ਦਵਾਰਾ ਇਕ ਵਡਿਆਇੰਦਾ । ਕਰਮ ਦਵਾਰ ਲਗਾਏ ਚੋਟ, ਸਾਚਾ
ਭੇਵ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਸਮਝਾਇੰਦਾ । ਸਾਚਾ ਹੁਕਮ ਸ੍ਰੀ ਭਗਵਾਨਾ, ਏਕਾ
ਏਕ ਜਣਾਈਆ । ਸਤਿ ਸ੍ਰੀ ਨੌਜਵਾਨਾ, ਨਾ ਮਰੇ ਨਾ ਜਾਈਆ । ਅਕਾਲ ਪੁਰਖ ਵਡ ਮਿਹਰਵਾਨਾ, ਸਿਰ ਆਪਣਾ ਹੱਥ ਟਿਕਾਈਆ । ਜੋ
ਬੋਲੇ ਸੋ ਪੁਰਖ ਸੁਜਾਨਾ, ਪਾਰਬ੍ਰਹਮ ਦਏ ਵਡਿਆਈਆ । ਹੋਏ ਨਿਹਾਲ ਘਰ ਸੱਜਣ ਪਾਣਾ, ਮਿਲੇ ਮੇਲ ਸਾਚਾ ਮਾਹੀਆ । ਬਿਨ ਪੁਰਖ ਅਕਾਲ
ਕੂੜਾ ਨਾਤਾ ਵਿਚ ਜਹਾਨਾ, ਸਾਚਾ ਸੰਗ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ,
ਸਚ ਜੈਕਾਰਾ ਇਕੋ ਲਾਈਆ । ਸਚ ਜੈਕਾਰਾ ਜਾਏ ਲੱਗ, ਹਰਿ ਸੱਜਣ ਆਪ ਲਗਾਇੰਦਾ । ਕਰੇ ਖੇਲ ਸੂਰਾ ਸਰਬੱਗ, ਸ਼ਹਿਨਸ਼ਾਹ ਆਪਣਾ
ਹੁਕਮ ਮਨਾਇੰਦਾ । ਜੁਗ ਚੌਕੜੀ ਕਰ ਕਰ ਪਾਰ ਹੱਦ, ਰਾਹ ਇਕੋ ਇਕ ਵਖਾਇੰਦਾ । ਕੋਟਨ ਕੋਟ ਵਿਸ਼ਨ ਬ੍ਰਹਮਾ ਸ਼ਿਵ ਗਏ ਲੱਦ, ਪੀਰ
ਪੈਗ਼ੰਬਰ ਗੁਰ ਅਵਤਾਰ ਸੇਵ ਕਮਾਇੰਦਾ । ਪਰੇਮ ਪਿਆਰ ਅੰਦਰ ਭਗਤ ਭਗਵੰਤ ਗਏ ਬੱਝ, ਸਾਚੀ ਰੀਤੀ ਮਾਤ ਵਖਾਇੰਦਾ । ਕੋਟਨ ਕੋਟ ਸਾਧ
ਸੰਤ ਗ੍ਰਿਹ ਮੰਦਰ ਗਏ ਤਜ, ਉਚੇ ਟਿੱਲੇ ਪਰਬਤ ਆਪ ਫਿਰਾਇੰਦਾ । ਕੋਟਨ ਕੋਟ ਮੁੱਲਾ ਸ਼ੇਖ਼ ਮਸਾਇਕ ਕਰਦੇ ਫਿਰਨ ਹੱਜ, ਹਜ਼ਰਤ ਨਜ਼ਰ
ਕਿਸੇ ਨਾ ਆਇੰਦਾ । ਮੰਦਰ ਮਸਜਦ ਸ਼ਿਵਦਵਾਲੇ ਬੈਠੇ ਸਜ, ਸ਼ਹਿਨਸ਼ਾਹ ਹੱਥ ਨਾ ਕਿਸੇ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ
ਕਿਰਪਾ ਕਰ, ਸਾਚਾ ਨਾਮ ਇਕ ਵਡਿਆਇੰਦਾ । ਸਾਚਾ ਨਾਮ ਪੁਰਖ ਸਮਰਥ, ਸ੍ਰੀ ਭਗਵਾਨ ਆਪ ਚਲਾਈਆ । ਕਲਜੁਗ ਅੰਤਮ ਹੋ ਪਰਗਟ,
ਨਿਹਕਲੰਕਾ ਨਾਉਂ ਵਡਿਆਈਆ । ਸੰਬਲ ਬਹੇ ਸੱਥਰ ਘਤ, ਯਾਰੜਾ ਸੱਥਰ ਇਕ ਹੰਡਾਈਆ । ਨਵ ਨੌਂ ਚਾਰ ਮਾਰਗ ਦੇਵੇ ਦੱਸ, ਦਹਿ ਦਿਸ਼ਾ
ਵੇਖ ਵਖਾਈਆ । ਗੁਰ ਗੋਬਿੰਦ ਪੂਰੀ ਕਰੇ ਆਸ, ਨਿਰਾਸਾ ਕੋਇ ਰਹਿਣ ਨਾ ਪਾਈਆ । ਪੁਰਖ ਅਕਾਲ ਹੋਏ ਸਾਥ, ਸਗਲਾ ਸੰਗ ਨਿਭਾਈਆ ।
ਪੁਰੀਆਂ ਲੋਆਂ ਪਾਏ ਰਾਸ, ਗੋਪੀ ਕਾਹਨ ਨਾਚ ਨਚਾਈਆ । ਕਲਜੁਗ ਮੇਟੇ ਅੰਧੇਰੀ ਰਾਤ, ਸਤਿਜੁਗ ਸਾਚਾ ਚੰਦ ਚੜ੍ਹਾਈਆ । ਲੇਖਾ ਲਿਖੇ

੬੪੫
੧੩

ਬਿਨ ਕਲਮ ਦਵਾਤ, ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਇਕ ਅਕਾਲ ਵੱਡੀ ਵਡਿਆਈਆ । ਇਕ ਅਕਾਲ ਵੇਖੇ ਮਾਤ, ਨਿਰਗੁਣ ਆਪਣਾ ਪਰਦਾ ਲਾਹਿੰਦਾ । ਨਾਤਾ ਤੋੜੇ ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਜਮਾਤ, ਵਰਨ ਬਰਨ ਨਾ ਕੋਇ ਰਖਾਇੰਦਾ । ਉਮਤ ਨਬੀ ਪੜ੍ਹਾਏ ਆਇਤ, ਸ਼ਰੀਅਤ ਲੇਖਾ ਆਪ ਚੁਕਾਇੰਦਾ । ਹਿੰਦੂ ਮੁਸਲਮ ਸਿੱਖ ਈਸਾਈ ਦੇਵੇ ਸਾਥ, ਸਗਲਾ ਸੰਗ ਨਿਭਾਇੰਦਾ । ਭੇਵ ਚੁਕਾ ਤ੍ਰਿਲੋਕੀ ਨਾਥ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਖੋਜ ਖੁਜਾਇੰਦਾ । ਕਲਜੁਗ ਪਾਰ ਕਿਨਾਰਾ ਕਰੇ ਘਾਟ, ਪੱਤਣ ਇਕੋ ਇਕ ਵਖਾਇੰਦਾ । ਸਤਿਜੁਗ ਸਾਚੀ ਦੇਵੇ ਦਾਤ, ਵਸਤ ਅਮੋਲਕ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਅਰਾ ਸਤਿ ਇਕ ਜਣਾਇੰਦਾ । ਨਾਅਰਾ ਸਤਿ ਹਰਿ ਲਗੌਣਾ, ਕਲਜੁਗ ਅੰਤ ਮਿਲੇ ਵਡਿਆਈਆ । ਪਿਛਲਾ ਲੇਖਾ ਸਰਬ ਮੁਕੌਣਾ, ਮੁੱਕੇ ਜਗਤ ਲੋਕਾਈਆ । ਨੌਂ ਖੰਡ ਪ੍ਰਿਥਮੀ ਡੇਰਾ ਢੌਣਾ, ਸੱਤ ਦੀਪ ਨਾ ਕੋਇ ਚਤੁਰਾਈਆ । ਸ਼ਾਹ ਸੁਲਤਾਨਾਂ ਖ਼ਾਕ ਮਿਲੌਣਾ, ਰਾਜ ਰਾਜਾਨ ਰਹਿਣ ਨਾ ਪਾਈਆ । ਏਕਾ ਡੰਕਾ ਨਾਮ ਵਜੌਣਾ, ਦੋ ਜਹਾਨਾਂ ਲਏ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਬੋਲਾ ਇਕ ਦ੍ਰਿੜਾਈਆ । ਸਾਚਾ ਬੋਲਾ ਦ੍ਰਿੜ ਵਿਸ਼ਵਾਸ਼, ਵਿਸ਼ਵ ਆਪਣੀ ਕਾਰ ਕਰਾਇੰਦਾ । ਪਰਗਟ ਹੋ ਪੁਰਖ ਅਬਿਨਾਸ਼, ਅਬਿਨਾਸ਼ੀ ਰਾਹ ਚਲਾਇੰਦਾ । ਵੇਖਣਹਾਰਾ ਖੇਲ ਤਮਾਸ਼, ਖ਼ਾਲਕ ਆਪਣੇ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਾਚਾ ਨਾਮ ਇਕ ਸਮਝਾਇੰਦਾ । ਸਾਚਾ ਨਾਮ ਅਗੰਮ ਅਥਾਹ, ਨਜ਼ਰ ਕਿਸੇ ਨਾ ਆਇੰਦਾ । ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਸਰਗੁਣ ਰਹੇ ਗਾ, ਗਾ ਗਾ ਸ਼ੁਕਰ ਸਰਬ ਮਨਾਇੰਦਾ । ਭਗਤ ਭਗਵੰਤ ਮਿਲਣ ਦਾ ਚਾ, ਚਾਉ ਘਨੇਰਾ ਇਕ ਦ੍ਰਿੜਾਇੰਦਾ । ਫੜ ਫੜ ਉਠਾਏ ਬਾਂਹ, ਬਾਂਹੋਂ ਫੜ ਆਪ ਜਗਾਇੰਦਾ । ਨਥਾਵਿਆਂ ਦੇਵਣਹਾਰਾ ਥਾਂ, ਥਾਨ ਥਨੰਤਰ ਇਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਰੰਗਾਇੰਦਾ । ਆਪਣਾ ਰੰਗ ਰੰਗੇ ਰੰਗੀਲਾ, ਰਹਿਮਤ ਹਰਿ ਜੂ ਆਪ ਕਮਾਈਆ । ਪ੍ਰਭ ਮਿਲਣ ਦਾ ਸਚ ਵਸੀਲਾ, ਗੁਰੂ ਸ਼ਬਦ ਦਏ ਜਣਾਈਆ । ਵੇਖ ਵਖਾਏ ਉਚਾ ਟੀਲਾ, ਪਰਬਤ ਚੋਟੀ ਫੇਰਾ ਪਾਈਆ । ਭਗਤ ਭਗਵਾਨ ਬਣਾਏ ਇਕ ਕਬੀਲਾ, ਆਤਮ ਪਰਮਾਤਮ ਕਰ ਕੁੜਮਾਈਆ । ਪਰਗਟ ਹੋਏ ਛੈਲ ਛਬੀਲਾ, ਸ਼ਹਿਨਸ਼ਾਹ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਤਿ ਰੂਪ ਸਮਾਈਆ । ਸਤਿ ਸਮਾਇਆ ਸਤਿ ਅਖਵਾਇਆ, ਸਤਿ ਪੁਰਖ ਨਿਰੰਜਣ ਭੇਵ ਕੋਇ ਨਾ ਪਾਇੰਦਾ । ਸਤਿ ਦਾਈ ਸਤਿ ਦਾਇਆ, ਸਤਿ ਸਾਚੀ ਸੇਵ ਕਮਾਇੰਦਾ । ਸਤਿ ਨਿਰਗੁਣ ਬਣਾਏ ਮਾਇਆ, ਸਤਿ ਵੇਖੇ ਕੂੜੀ ਛਾਇਆ, ਛੱਪਰ ਛੰਨ ਨਾ ਕੋਇ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਇੰਦਾ । ਆਪਣਾ ਭੇਵ ਖੋਲ੍ਹੇ ਸਤਿਵਾਦ, ਸਤਿ ਸਤਿ ਜਣਾਇੰਦਾ । ਜਿਸ ਖੇਲ ਕਰਾਇਆ ਬੋਧ ਅਗਾਧ, ਅਨਾਦੀ ਨਾਦ ਵਜਾਇੰਦਾ । ਸੋ ਸਾਹਿਬ ਹੋ ਵਿਸਮਾਦ, ਬਿਸਮਲ ਆਪਣੀ ਕਾਰ ਕਮਾਇੰਦਾ । ਜਨ ਭਗਤਾਂ ਕਰੇ ਲਾਡ, ਸੰਤ ਸੁਹੇਲੇ ਗੋਦ ਬਹਾਇੰਦਾ । ਗੁਰਮੁਖ ਲੱਖ ਚੁਰਾਸੀ ਵਿਚੋਂ ਕਾਢ, ਇਕੋ ਦਰ ਵਖਾਇੰਦਾ । ਗੁਰਸਿਖਾਂ ਦੇਵਣਹਾਰਾ ਦਾਤ, ਨਾਮ ਨਿਧਾਨਾ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿ ਸ੍ਰੀ ਸ੍ਰੀ ਅਕਾਲ, ਅਕਾਲ

ਆਪਣਾ ਰੰਗ ਵਖਾਇੰਦਾ । ਹਰਿ ਸਾਚਾ ਨਾਅਰਾ ਲਾਵੇਗਾ । ਇਕੋ ਨਾਮ ਜਪਾਵੇਗਾ । ਇਕੋ ਇਸ਼ਟ ਰਖਾਵੇਗਾ । ਇਕੋ ਦ੍ਰਿਸ਼ਟ ਖੁਲ੍ਹਾਵੇਗਾ । ਇਕੋ ਮਾਰਗ ਪਾਵੇਗਾ । ਕਲਜੁਗ ਕੂੜ ਮਿਟਾਵੇਗਾ । ਸਤਿਜੁਗ ਰਾਹ ਚਲਾਵੇਗਾ । ਚਾਰ ਵਰਨਾਂ ਇਕੋ ਘਰ ਵਖਾਵੇਗਾ । ਸਾਚੀ ਸਰਨ ਇਕ ਦਰਸਾਵੇਗਾ । ਗੁਰ ਗੋਬਿੰਦ ਮੇਲ ਮਿਲਾਵੇਗਾ । ਸਚ ਨਿਸ਼ਾਨ ਝੁਲਾਵੇਗਾ । ਰਾਜ ਰਾਜਾਨਾਂ ਚਰਨੀ ਲਾਵੇਗਾ । ਪੰਚ ਪਰਧਾਨ ਬਣਾਵੇਗਾ । ਧੁਰ ਸੰਦੇਸ ਸੁਣਾਵੇਗਾ । ਨਰ ਨਰੇਸ਼ ਅਖਵਾਵੇਗਾ । ਕਲ ਕਲਕੀ ਜਾਮਾ ਪਾਵੇਗਾ । ਸੰਬਲ ਡੇਰਾ ਲਾਵੇਗਾ । ਡੰਕਾ ਨਾਮ ਵਜਾਵੇਗਾ । ਰਾਉ ਰੰਕ ਉਠਾਵੇਗਾ । ਮਿਹਰਵਾਨ ਬਣ ਜਾਵੇਗਾ । ਪੁਰਖ ਅਕਾਲ ਇਕੋ ਇਸ਼ਟ ਮਨਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਵੇਗਾ । ਗੋਬਿੰਦ ਸੂਰਾ ਉਠੇਗਾ । ਗੁਰਮੁਖਾਂ ਉਪਰ ਤੁਠੇਗਾ । ਲੱਖ ਚੁਰਾਸੀ ਲੁੱਟੇਗਾ । ਕਲਜੁਗ ਦੀ ਜੜ ਪੁੱਟੇਗਾ । ਸ਼ੌਹ ਦਰਯਾਏ ਸੁੱਟੇਗਾ । ਦੀਨਾਂ ਮਜ਼੍ਹਬਾਂ ਕੁੱਟੇਗਾ । ਜੂਠਿਆਂ ਝੂਠਿਆਂ ਪੁੱਛੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੇਧਾ ਸੂਰਬੀਰ ਕਦੇ ਨਾ ਲੁਕੇਗਾ । ਸੂਰਬੀਰ ਅਖਵਾਵੇਗਾ । ਸ਼ਬਦੀ ਤੀਰ ਚਲਾਵੇਗਾ । ਦੋ ਜਹਾਨਾਂ ਪਾਰ ਕਰਾਵੇਗਾ । ਅਧਵਿਚਕਾਰ ਨਾ ਕੋਇ ਅਟਕਾਵੇਗਾ । ਵਿਸ਼ਨ ਬ੍ਰਹਮਾ ਸ਼ਿਵ ਨੇਤਰ ਨੀਰ ਵਹਾਵੇਗਾ । ਕਰੋੜ ਤੇਤੀਸਾ ਕੁਰਲਾਵੇਗਾ । ਧੀਰਜ ਧੀਰ ਨਾ ਕੋਇ ਧਰਾਵੇਗਾ । ਪੀਰ ਪੈਗ਼ੰਬਰ ਹੂ ਹੂ ਨਾਅਰਾ ਲਾਵੇਗਾ । ਚੌਦਾਂ ਤਬਕ ਸਬਕ ਨਾ ਕੋਇ ਸਿਖਾਵੇਗਾ । ਚੌਦਾਂ ਲੋਕਾਂ ਕੁੰਡਾਂ ਲਾਹਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਮਨਾਵੇਗਾ । ਸਾਚਾ ਹੁਕਮ ਮਨਾਏਗਾ । ਧੁਰ ਫ਼ਰਮਾਨਾ ਆਪ ਸੁਣਾਏਗਾ । ਨਿਹਕਲੰਕ ਫੇਰਾ ਪਾਏਗਾ । ਜੀਵ ਜੰਤ ਸਰਬ ਜਣਾਏਗਾ । ਬਚਿਆ ਕੋਇ ਰਹਿਣ ਨਾ ਪਾਏਗਾ । ਬੀਸ ਬੀਸਾ ਖੇਲ ਕਰਾਏਗਾ । ਹਰਿ ਜਗਦੀਸਾ ਨਾਉਂ ਵਡਿਆਏਗਾ । ਛਤਰ ਏਕਾ ਸੀਸ ਝੁਲਾਏਗਾ । ਦੂਜਾ ਕੋਇ ਰਹਿਣ ਨਾ ਪਾਏਗਾ । ਸਤਿਜੁਗ ਰੀਤੀ ਆਪ ਵਖਾਏਗਾ । ਕਲਜੁਗ ਨੀਤੀ ਆਪ ਬਦਲਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਅਰਾ ਇਕੋ ਇਕ ਸੁਣਾਏਗਾ । ਨਾਅਰਾ ਇਕੋ ਹੱਕ ਲਗਾਵੇਗਾ । ਗੁਰ ਅਵਤਾਰ ਮਨਾਵੇਗਾ । ਪੀਰ ਪੈਗ਼ੰਬਰ ਸਲਾਹਵੇਗਾ । ਦੋ ਜਹਾਨ ਗਾਵੇਗਾ । ਭਗਤ ਭਗਵਾਨ ਸ਼ੁਕਰ ਮਨਾਵੇਗਾ । ਬਣ ਵਿਚੋਲਾ ਫੇਰਾ ਪਾਵੇਗਾ । ਪਰਦਾ ਉਹਲਾ ਆਪ ਉਠਾਵੇਗਾ । ਮੌਲਾ ਆਪਣਾ ਰੰਗ ਚੜ੍ਹਾਵੇਗਾ । ਪਰਵਰਦਿਗਾਰ ਹੁਕਮ ਮਨਾਵੇਗਾ । ਮੁਕਾਮੇ ਹੱਕ ਸੋਭਾ ਪਾਵੇਗਾ । ਲਾਸ਼ਰੀਕ ਨਾਉਂ ਧਰਾਵੇਗਾ । ਏਕੰਕਾਰਾ ਰੂਪ ਵਟਾਵੇਗਾ । ਫ਼ਤਹਿ ਡੰਕਾ ਇਕ ਵਜਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਵੇਗਾ । ਸਾਚਾ ਖੇਲ ਕਰੇਗਾ । ਸਚ ਸਿੰਘਾਸਣ ਚੜ੍ਹੇਗਾ । ਸੀਸ ਜਗਦੀਸ ਤਾਜ ਧਰੇਗਾ । ਦੋ ਜਹਾਨਾਂ ਨਾਲ ਲੜੇਗਾ । ਜੋ ਘੜਿਆ ਸੋ ਭੰਨੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਕਰ ਮੂਲ ਨਾ ਡਰੇਗਾ । ਡਰ ਭੈ ਨਾ ਕੋ ਭਗਵਾਨ, ਭਿਆਨਕ ਰੂਪ ਨਾ ਕੋਇ ਜਣਾਈਆ । ਕਲਜੁਗ ਮੇਟੇ ਜੀਵ ਸ਼ੈਤਾਨ, ਕੂੜੀ ਕਿਰਿਆ ਦਏ ਖਪਾਈਆ । ਸਚ ਜਣਾਏ ਇਕ ਈਮਾਨ, ਅਮਾਮ ਇਕੋ ਦਏ ਦਰਸਾਈਆ । ਕਲਮਾ ਪੜ੍ਹਾਏ ਹੱਕ ਕਲਾਮ, ਕਾਇਨਾਤ ਖ਼ਬਰ ਜਣਾਈਆ । ਸ੍ਰਿਸ਼ਟ ਸਬਾਈ ਦਏ ਪੈਗ਼ਾਮ, ਪੀਰ ਪੈਗ਼ੰਬਰ ਪੰਧ ਮੁਕਾਈਆ । ਪਰਗਟ ਹੋ ਸ੍ਰੀ ਭਗਵਾਨ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਹਰਿਜਨ ਸਾਚੇ ਵੇਖੇ ਆਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ

ਇਕ ਜਣਾਈਆ । ਸਾਚਾ ਨਾਮ ਏਕੋ ਏਕ, ਆਦਿ ਜੁਗਾਦਿ ਜਣਾਇੰਦਾ । ਸਾਚਾ ਨਾਮ ਸਾਚੀ ਟੇਕ, ਜੁਗ ਚੌਕੜੀ ਵੇਖ ਵਖਾਇੰਦਾ । ਸਾਚਾ ਨਾਮ ਨਿਰਗੁਣ ਸਰਗੁਣ ਪੇਖ, ਨਿਰਵੈਰ ਪੁਰਖ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਇਕ ਸਮਝਾਇੰਦਾ । ਸਾਚਾ ਨਾਮ ਆਤਮ ਮੰਤਰ, ਇਕੋ ਇਕ ਦ੍ਰਿੜਾਈਆ । ਸਾਚਾ ਨਾਮ ਜੁਗਾ ਜੁਗੰਤਰ, ਲੱਖ ਚੁਰਾਸੀ ਵਿਚ ਟਿਕਾਈਆ । ਸਾਚਾ ਨਾਮ ਸਰਬ ਜੀਆਂ ਬਿਧ ਜਾਣੇ ਅੰਤਰ, ਘਰ ਘਰ ਰਿਹਾ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਉਂ ਇਕ ਦਰਸਾਈਆ । ਸਾਚਾ ਨਾਉਂ ਹਰਿ ਨਿਰੰਕਾਰਾ, ਨਿਰਗੁਣ ਇਕੋ ਇਕ ਜਣਾਇੰਦਾ । ਸਾਚਾ ਨਾਉਂ ਸਤਿ ਜੈਕਾਰਾ, ਸਤਿ ਸਤਿਵਾਦੀ ਆਪੇ ਲਾਇੰਦਾ । ਸਾਚਾ ਨਾਉਂ ਪੁਰਖ ਅਕਾਲਾ, ਸ੍ਰੀ ਭਗਵਾਨ ਆਪ ਸਮਝਾਇੰਦਾ । ਸਾਚਾ ਨਾਉਂ ਸਾਚਾ ਬੋਲਾ ਵਿਚ ਸੰਸਾਰਾ, ਰਸਨਾ ਜਿਹਵਾ ਢੋਲਾ ਗਾਇੰਦਾ । ਸਾਚਾ ਨਾਉਂ ਤੋਲਾ ਅਗੰਮ ਅਪਾਰਾ, ਅਲਖ ਅਗੋਚਰ ਨਜ਼ਰ ਕਿਸੇ ਆਇੰਦਾ । ਸਾਚਾ ਨਾਉਂ ਕਲਜੁਗ ਅੰਤ ਬਣੇ ਵਣਜਾਰਾ, ਦੋ ਜਹਾਨਾਂ ਵੇਖ ਵਖਾਇੰਦਾ । ਸਾਚਾ ਨਾਉਂ ਸਤਿਜੁਗ ਸਚ ਕਰੇ ਪਿਆਰਾ, ਸਚ ਪ੍ਰੀਤੀ ਇਕ ਵਖਾਇੰਦਾ । ਸਾਚਾ ਨਾਉਂ ਸਤਿ ਪੁਰਖ ਦੀ ਧਾਰਾ, ਧਾਰ ਧਾਰ ਵਿਚੋਂ ਪਰਗਟਾਇੰਦਾ । ਸਾਚਾ ਨਾਉਂ ਵਸੇ ਥਿਰ ਘਰ ਦਵਾਰਾ, ਛੱਪਰ ਛੰਨ ਨਾ ਕੋਇ ਛੁਹਾਇੰਦਾ । ਸਾਚਾ ਨਾਉਂ ਸਤਿ ਪੁਰਖ ਦਾ ਸੁੱਤ ਦੁਲਾਰਾ, ਪਿਤਾ ਇਕੋ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਨਾਮ ਇਕ ਵਡਿਆਇੰਦਾ । ਸਾਚਾ ਨਾਮ ਸੋਹੰ ਸੋ,
੬੪੮ ਪੁਰਖ ਅਕਾਲ ਦਏ ਵਡਿਆਈਆ । ਪਰਮਾਤਮ ਆਤਮ ਹੋ, ਆਤਮ ਪਰਮਾਤਮ ਵਿਚ ਸਮਾਈਆ । ਕਰ ਪਰਕਾਸ਼ ਜੋਤੀ ਲੋ, ਨਿਰਗੁਣ ਨੂਰ ੬੪੮
੧੩ ਨੂਰ ਧਰਾਈਆ । ਸਚ ਸੰਦੇਸਾ ਢੋਆ ਢੋ, ਨਾਉਂ ਨਿਰੰਕਾਰ ਕਰੇ ਪੜ੍ਹਾਈਆ । ਨਿਰਗੁਣ ਸਰਗੁਣ ਕਰ ਕਰ ਮੋਹ, ਮੁਹੱਬਤ ਇਕੋ ਇਕ ਦਰਸਾਈਆ । ੧੩
ਸਾਚਾ ਬੀਜ ਦਿਤਾ ਬੋ, ਪੱਤ ਡਾਲੀ ਆਪ ਮਹਿਕਾਈਆ । ਹਰਿ ਕਾ ਭੇਵ ਨਾ ਜਾਣੇ ਕੋ, ਢੂੰਡ ਥੱਕੀ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਇਕ ਵਖਾਈਆ । ਸਾਚਾ ਨਾਮ ਇਕੋ ਵੇਖ, ਬਿਨ ਅੱਖਾਂ ਰਿਹਾ ਜਣਾਈਆ । ਨਾ ਕੋਈ ਰੰਗ ਰੂਪ ਨਾ ਦਿਸੇ ਰੇਖ, ਨਿਸ਼ਅੱਖਰ ਖੇਲ ਕਰਾਈਆ । ਸੋ ਨਾਮ ਸੱਚੇ ਸਾਹਿਬ ਵਿਚ ਪਰਵੇਸ਼, ਅੱਖਰੀ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੰਤਰ ਇਕੋ ਇਕ ਦ੍ਰਿੜਾਈਆ । ਇਕੋ ਮੰਤਰ ਹਰਿ ਗੋਬਿੰਦ, ਗੋਬਿੰਦ ਦਾਤਾ ਆਪ ਜਣਾਇੰਦਾ । ਸਗਲ ਭਵਣ ਕੀ ਮੇਟੇ ਚਿੰਦ, ਚਿੰਤਾ ਰੋਗ ਨਾ ਕੋਇ ਵਖਾਇੰਦਾ । ਭਗਤ ਭਗਵਾਨ ਬਣਾਏ ਸਾਚੀ ਬਿੰਦ, ਸੁਤ ਅਨਾਦੀ ਨਾਉਂ ਪਰਗਟਾਇੰਦਾ । ਦਾਤਾ ਦਾਨੀ ਗੁਣੀ ਗਹਿੰਦ, ਗਹਿਰ ਗਵਰ ਵੇਖ ਵਖਾਇੰਦਾ । ਅੰਮ੍ਰਿਤ ਧਾਰ ਵਹਾਏ ਸਾਗਰ ਸਿੰਧ, ਸਰ ਸਰੋਵਰ ਇਕ ਭਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਆਪ ਵਖਾਇੰਦਾ । ਸਾਚਾ ਨਾਉਂ ਦਏ ਵਖਾਲ, ਆਪ ਆਪਣੀ ਦਇਆ ਕਮਾਈਆ । ਜਿਸ ਜਨ ਬਣਾਏ ਆਪਣਾ ਲਾਲ, ਲਾਲਨ ਆਪਣਾ ਰੰਗ ਚੜ੍ਹਾਈਆ । ਕਾਇਆ ਮੰਦਰ ਅੰਦਰ ਵਖਾਏ ਸੱਚੀ ਧਰਮਸਾਲ, ਧਰਮ ਦਵਾਰਾ ਇਕ ਬਣਾਈਆ । ਜੋਤੀ ਦੀਪਕ ਸੱਚਾ ਬਾਲ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਅਨਹਦ ਨਾਦੀ ਨਾਦ ਵਜਾਏ ਤਾਲ, ਤਾਲ ਤਲਵਾੜਾ ਇਕ ਦਰਸਾਈਆ । ਸਤਿਗੁਰ ਚਰਨ ਪ੍ਰੀਤੀ ਦਏ ਸਿਖਾਲ, ਸਚ ਪ੍ਰੀਤੀ ਹਰਿ ਕਾ ਨਾਉਂ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ

ਜੁਗਾ ਜੁਗੰਤਰ ਏਕਾ ਨਾਮ ਏਕਾ ਰਾਮ ਏਕਾ ਅੰਮ੍ਰਿਤ ਏਕਾ ਜਾਮ, ਇਕ ਘਨੱਯਾ ਏਕਾ ਸ਼ਾਮ, ਏਕਾ ਬੰਸਰੀ ਮਧੁਰ ਧੁਨ ਸੁਣਾਈਆ । ਮਧੁਰ ਧੁਨ ਸਚ ਸੰਗੀਤ, ਸਰੰਗੀ ਸਾਰੰਗ ਨਾ ਕੋਇ ਵਖਾਇੰਦਾ । ਗਾਵਣਹਾਰਾ ਇਕ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਇੰਦਾ । ਭਗਤ ਭਗਵਾਨ ਚਲਾਏ ਰੀਤ, ਰੀਤੀ ਆਪਣੇ ਹੱਥ ਰਖਾਇੰਦਾ । ਗੁਰਮੁਖਾਂ ਕਾਇਆ ਕਰੇ ਠੰਡੀ ਸੀਤ, ਅੰਮ੍ਰਿਤ ਮੇਘ ਇਕ ਬਰਸਾਇੰਦਾ । ਤਿਸ ਨਾਮ ਆਵੇ ਚੀਤ, ਜਿਸ ਸਿਰ ਆਪਣਾ ਹੱਥ ਟਿਕਾਇੰਦਾ । ਹਰਿ ਕਾ ਨਾਮ ਵਸੇ ਹਸਤ ਕੀਟ, ਊਚ ਨੀਚ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਦੇਵੇ ਵਰ, ਵਰ ਇਕੋ ਘਰ ਕਰਾਇੰਦਾ । ਸਾਚਾ ਨਾਮ ਦਾਦ ਜਨ ਮੀਤਾ, ਮਿੱਤਰ ਪਿਆਰਾ ਆਪ ਜਣਾਈਆ । ਸਾਚਾ ਨਾਮ ਸਿਫ਼ਤ ਕਰੇ ਅਠਾਰਾਂ ਧਿਆਏ ਗੀਤਾ, ਭਗਤ ਭਗਵੰਤ ਇਕੋ ਇਕ ਸਮਝਾਈਆ । ਅਰਜਣ ਕ੍ਰਿਸ਼ਨ ਦੀ ਜਾਣੇ ਰੀਤਾ, ਅਨਡੀਠੀ ਨਜ਼ਰੀ ਆਈਆ । ਨਾਨਕ ਗੋਬਿੰਦ ਨਾਮ ਪਿਆਲਾ ਜਿਸ ਨੇ ਪੀਤਾ, ਨਾ ਮਰੇ ਨਾ ਜਾਈਆ । ਪੁਰਖ ਅਕਾਲ ਦੀਨ ਦਿਆਲ ਸੰਤ ਭਗਤ ਆਪਣੇ ਜਿਹਾ ਕੀਤਾ, ਜਿਸ ਜਨ ਆਪਣੀ ਬੂਝ ਬੁਝਾਈਆ । ਜਿਸ ਸਾਹਿਬ ਸਤਿਗੁਰ ਪੂਰਨ ਪਰਮੇਸ਼ਵਰ ਮਿਲਿਆ ਮੀਤਾ, ਸ਼ਿਵਦਵਾਲਾ ਮੱਠ ਮੰਦਰ ਮਸੀਤ ਨਾ ਖੋਜਣ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਚਾਰ ਵਰਨਾਂ ਇਕੋ ਨਾਮ ਦਰਸਾਈਆ । ਇਕੋ ਨਾਮ ਹਰੀ ਹਰਿ ਨਰਾਇਣ, ਨਰ ਹਰਿ ਸੱਚਾ ਆਪ ਜਣਾਇੰਦਾ । ਸਿਫ਼ਤ ਸਾਲਾਹੀ ਸਾਰੇ ਕਹਿਣ, ਕਹਿ ਕਹਿ ਅੰਤ ਕੋਇ ਨਾ ਪਾਇੰਦਾ । ਲਿਖ ਲਿਖ ਥੱਕੇ ਸਾਕ ਸੈਣ, ਸੱਜਣ ਲੋਕਮਾਤ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਨਾਮ ਵਰ, ਤਿਸ ਆਪਣਾ ਘਰ ਵਖਾਇੰਦਾ । ਨਾਮ ਦਾਤਾ ਪੁਰਖ ਬਿਧਾਤਾ, ਪੁਰਖੋਤਮ ਵਡ ਵਡਿਆਈਆ । ਨਾ ਕੋਈ ਜ਼ਾਤ ਨਾ ਕੋਈ ਪਾਤਾ, ਵਰਨ ਗੋਤ ਨਾ ਕੋਇ ਰਖਾਈਆ । ਆਤਮ ਬ੍ਰਹਮ ਜਿਸ ਪਛਾਤਾ, ਪਾਰਬ੍ਰਹਮ ਵੱਜੇ ਵਧਾਈਆ । ਨਿਰਗੁਣ ਸਰਗੁਣ ਜੁੜੇ ਨਾਤਾ, ਸਰਗੁਣ ਨਿਰਗੁਣ ਰੂਪ ਵਟਾਈਆ । ਨਜ਼ਰੀ ਆਏ ਇਕ ਇਕਾਂਤਾ, ਸਚਖੰਡ ਬੈਠਾ ਆਸਣ ਲਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਜਿਸ ਦੀ ਗਾਏ ਗਾਥਾ, ਸੋ ਸਾਹਿਬ ਨਿਰੰਜਣ ਨੂਰੋ ਨੂਰ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸ੍ਰੀ ਅਕਾਲ ਇਕ । ਪਰਮ ਪੁਰਖ ਦਿਆਲ ਇਕ । ਪਰਵਰਦਿਗਾਰ ਸਾਂਝਾ ਯਾਰ ਇਕ । ਲਾਸ਼ਰੀਕ ਮਦਦਗਾਰ ਇਕ । ਰਾਮ ਰਹੀਮ ਰਹਿਮਾਨ ਇਕ ਦੋ ਜਹਾਨਾਂ ਅਮਾਮ ਇਕ ਸ਼ਾਹ ਸੁਲਤਾਨਾਂ ਵਿਧਾਨ ਇਕ । ਹੁਕਮਰਾਨਾ ਸੁਲਤਾਨ ਇਕ, ਸਚ ਸੁੱਚ ਨਿਸ਼ਾਨ ਇਕ । ਦੀਨ ਮਜ਼੍ਹਬ ਈਮਾਨ ਇਕ । ਅੰਜੀਲ ਕੁਰਾਨ ਇਸਲਾਮ ਇਕ । ਖਾਣੀ ਬਾਣੀ ਪੁਰਾਨ ਇਕ । ਸ਼ਾਸਤਰ ਸਿਮਰਤ ਗਿਆਨ ਇਕ । ਸ਼ਬਦ ਗੁਰੂ ਨੌਜਵਾਨ ਇਕ । ਗੁਰਮੁਖ ਚਤਰ ਸੁਜਾਨ ਇਕ । ਭਗਤ ਭਗਵਾਨ ਜੋਤ ਇਕ । ਸ਼ਬਦ ਨਾਦ ਧੁਨਕਾਰ ਬੋਧ ਅਗਾਧ ਲੇਖ ਇਕ । ਨਿਤ ਨਵਿਤ ਭਗਤਾਂ ਹਿਤ ਪਾਰ੍ਰਬਹਮ ਪਤਿਪਰਮੇਸ਼ਵਰ ਜੋਤੀ ਜਾਮਾ ਭੇਖ ਇਕ । ਨਿਰਵੈਰ ਪੁਰਖ ਦੀਨ ਦਿਆਲ ਸਚਖੰਡ ਧਰਮਸਾਲ ਵਖਾਏ ਇਕ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ ਨਿਹਕਲੰਕ ਨਰਾਇਣ ਨਰ, ਨੌਂ ਖੰਡ ਪਿਥਮੀ ਸੱਤ ਦੀਪ ਦੋ ਜਹਾਨਾਂ ਨਜ਼ਰੀ ਆਏ ਆਪ ਇਕ । ਆਣਾ ਜਾਣਾ ਲੇਖਾ ਰਹੇ ਨਾ ਕਲਜੁਗ ਮਾਤ । ਸ੍ਰੀ ਭਗਵਾਨ ਗੋਦੀ ਚੁਕਿਆ, ਜੋ ਜਨ ਮੰਗੇ ਸਾਚੀ ਦਾਤ । ਹਰਿਜਨ ਬੂਟਾ ਕਦੇ

ਨਾ ਸੁਕਿਆ, ਸ੍ਰੀ ਭਗਵਾਨ ਦੇਵਣਹਾਰ ਨਜਾਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਲੇਖਾ ਲਿਖ ਦਏ ਨਾਲ ਕਲਮ ਦਵਾਤ । ਆਵਣ ਜਾਵਣ ਮੁੱਕੇ ਪੰਧ, ਲੱਖ ਚੁਰਾਸੀ ਰਹਿਣ ਨਾ ਪਾਈਆ । ਧਰਮ ਰਾਏ ਦਾ ਟੁਟਾ ਫੰਦ, ਮਾਤ ਗਰਭ ਨਾ ਕੋਇ ਭਵਾਈਆ । ਭਗਤ ਭਗਵਾਨ ਦਾ ਚੜ੍ਹੇ ਚੰਦ, ਘਰ ਸਾਚੇ ਹੋਏ ਰੁਸ਼ਨਾਈਆ । ਏਥੇ ਮਿਲੇ ਆਤਮ ਅਨੰਦ, ਅੱਗੇ ਜੋਤੀ ਜੋਤ ਸਮਾਈਆ । ਪਿਛਲੀ ਬੀਤੀ ਗਈ ਹੰਢ, ਅਗਲੀ ਸਤਿਗੁਰ ਲੇਖੇ ਲਾਈਆ । ਲਹਿਣਾ ਦੇਣਾ ਚੁਕਾਏ ਜੀਉ ਪਿੰਡ, ਇੰਡ ਬ੍ਰਹਿਮੰਡ ਖੋਜ ਖੁਜਾਈਆ । ਅੰਮ੍ਰਿਤ ਆਤਮ ਰਾਤੀ ਸੁੱਤਿਆਂ ਧਾਰ ਪਿਆਏ ਸਾਗਰ ਸਿੰਧ, ਅਮਿਉਂ ਰਸ ਇਕੋ ਇਕ ਚੁਆਈਆ । ਹਰਿਜਨ ਤੇਰੀ ਲੇਖੇ ਲੱਗੇ ਹਰਿ ਦੇ ਜਿੰਦ, ਜ਼ਿੰਦਗੀ ਹਯਾਤੀ ਹਰਿ ਆਪਣੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜੀਵਣ ਜੀਵਣ ਜੀਵਣ ਵਿਚ ਬਦਲਾਈਆ ।

❇ ੨੪ ਮਾਘ ੨੦੧੯ ਬਿਕ੍ਰਮੀ ਲਛਮਣ ਸਿੰਘ ਦੇ ਗ੍ਰਹਿ ਪਿੰਡ ਭੂਰੇ ਜ਼ਿਲਾ ਅੰਮ੍ਰਿਤਸਰ ❇

ਸਚਖੰਡ ਨਿਵਾਸੀ ਸਾਹਿਬ ਬਖ਼ਸ਼ੰਦਾ, ਬਖ਼ਸ਼ਸ਼ ਇਕੋ ਇਕ ਜਣਾਈਆ । ਦੀਨ ਦਿਆਲ ਗੁਣੀ ਗਹਿੰਦਾ, ਗਹਿਰ ਗੰਭੀਰ ਵੱਡੀ ਵਡਿਆਈਆ । ਥਿਰ ਘਰ ਆਪਣਾ ਚਰਨ ਛੁਹੰਦਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਖੋਲ੍ਹਣਹਾਰਾ ਸਾਚਾ ਕੁੰਡਾ, ਆਪਣੀ ਹੱਥੀਂ ਪਰਦਾ ਲਾਹੀਆ । ਫੜ ਉਠਾਏ ਨਿੱਕਾ ਮੁੰਡਾ, ਸੁਤ ਬਾਲਾ ਇਕ ਜਗਾਈਆ । ਸਚ ਸੰਦੇਸਾ ਇਕ ਸੁਣੌਂਦਾ, ਧੁਰ ਫ਼ਰਮਾਨਾ ਰਾਗ ਅਲਾਈਆ । ਹੁਕਮੀ ਹੁਕਮ ਇਕ ਜਣੌਂਦਾ, ਬੇਅੰਤ ਬੇਪਰਵਾਹੀਆ । ਸਾਚੇ ਮਾਰਗ ਆਪੇ ਲੌਂਦਾ, ਰਹਿਬਰ ਬਣੇ ਨੂਰ ਖ਼ੁਦਾਈਆ । ਕਰਨੀ ਕਰਤਾ ਆਪ ਕਰੌਂਦਾ, ਦੂਜਾ ਸੰਗ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਈਆ । ਸੁਤ ਦੁਲਾਰਾ ਨਿੱਕਾ ਬਾਲਾ, ਥਿਰ ਘਰ ਪਰਦਾ ਲਾਹੀਆ । ਨਿਰਗੁਣ ਨਿਰਗੁਣ ਹੋ ਜਵਾਨਾ, ਜੋਬਨ ਆਪਣਾ ਆਪ ਪਰਗਟਾਈਆ । ਸਤਿ ਧਰਮ ਦਾ ਲੈ ਨਿਸ਼ਾਨਾ, ਸਚ ਦਵਾਰੇ ਆਪ ਝੁਲਾਈਆ । ਦੋਏ ਜੋੜ ਚਰਨ ਕਵਲ ਕਰੇ ਧਿਆਨਾ, ਸ੍ਰੀ ਭਗਵਾਨ ਧਿਆਨ ਲਗਾਈਆ । ਹਉਂ ਸੇਵਕ ਨੱਢਾ ਬਾਲ ਅਞਾਣਾ, ਤੇਰਾ ਅੰਤ ਕਹਿਣ ਨਾ ਪਾਈਆ । ਕਰ ਕਿਰਪਾ ਪ੍ਰਭ ਦੇ ਮਾਣਾ, ਦਰ ਤੇਰੇ ਆਸ ਰਖਾਈਆ । ਤੇਰਾ ਢੋਲਾ ਇਕੋ ਗਾਣਾ, ਸੋਹੰ ਅੱਖਰ ਕਰਾਂ ਪੜ੍ਹਾਈਆ । ਤੇਰੀ ਰਚਨਾ ਵੇਖ ਵਖਾਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਰਿਹਾ ਜਣਾਈਆ । ਸੁਤ ਸ਼ਬਦ ਸਚ ਕਰ ਚਾਉ, ਚਾਉ ਘਨੇਰਾ ਇਕ ਜਣਾਇੰਦਾ । ਪੁਰਖ ਅਕਾਲ ਪਕੜ ਬਾਹੋਂ, ਸਿਰ ਆਪਣਾ ਹੱਥ ਟਿਕਾਇੰਦਾ । ਇਕ ਦ੍ਰਿੜਾਏ ਸਾਚਾ ਨਾਉਂ, ਨਾਉਂ ਨਿਰੰਕਾਰਾ ਇਕ ਜਣਾਇੰਦਾ । ਆਪੇ ਬਣ ਬਣ ਪਿਤਾ ਮਾਉਂ, ਪੂਤ ਸਪੂਤਾ ਗੋਦ ਸੁਹਾਇੰਦਾ । ਵਖਾਵਣਹਾਰਾ ਸਾਚਾ ਥਾਉਂ, ਸਚਖੰਡ ਦਵਾਰਾ ਇਕ ਦਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਇੰਦਾ । ਸੁਤ ਦੁਲਾਰੇ ਉਠ ਬਲ ਧਾਰ, ਸੋ ਪੁਰਖ ਨਿਰੰਜਣ ਆਪ ਜਣਾਈਆ । ਥਿਰ ਘਰ ਨਿਵਾਸੀ ਹੋ ਤਿਆਰ, ਥਿਰ ਦਰਬਾਰੇ ਕੁੰਡਾ ਲਾਹੀਆ । ਆਪਣੀ ਸੇਜ ਆਪ ਸੁਆਰ, ਆਪ ਆਪਣਾ ਸੰਗ ਨਿਭਾਈਆ । ਜੁਗ ਚੌਕੜੀ ਤੇਰੀ ਧਾਰ, ਨਿਰਗੁਣ ਸਰਗੁਣ ਆਪ ਚਲਾਈਆ । ਗੁਰ ਅਵਤਾਰ ਤੇਰੀ ਕਰਦੇ

ਰਹੇ ਯਾਦ, ਬ੍ਰਹਮ ਬ੍ਰਹਿਮਾਦ ਨਾਦ ਵਜਾਈਆ । ਦੋ ਜਹਾਨਾਂ ਸੱਜਣ ਸਾਕ, ਸਗਲਾ ਸੰਗ ਇਕੋ ਨਜ਼ਰੀ ਆਈਆ । ਤੇਰਾ ਨਾਉਂ ਪਾਕੀ ਪਾਕ, ਪਤਤ ਪੁਨੀਤ ਤੇਰੀ ਵਡਿਆਈਆ । ਤੂੰ ਸਾਹਿਬ ਦਾ ਬਣ ਭਵਿਖਤ ਵਾਕ, ਸਚ ਸੰਦੇਸਾ ਇਕ ਸੁਣਾਈਆ । ਤੇਰੀ ਮੇਰੀ ਇਕੋ ਜ਼ਾਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਦੁਲਾਰੇ ਰਿਹਾ ਜਣਾਈਆ । ਸੁਤ ਦੁਲਾਰੇ ਲੈਣਾ ਜਾਣ, ਸਤਿ ਸਤਿਵਾਦੀ ਆਪ ਜਣਾਇੰਦਾ । ਸਤਿ ਪੁਰਖ ਸਤਿ ਨਿਸ਼ਾਨ, ਤੇਰੇ ਹੱਥ ਫੜਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦੇ ਗਿਆਨ, ਸੰਸਾ ਕੋਇ ਨਜ਼ਰ ਨਾ ਆਇੰਦਾ । ਬੋਧ ਅਗਾਧਾ ਧੁਰ ਫ਼ਰਮਾਨ, ਤੇਰਾ ਇਕੋ ਰਾਗ ਵਖਾਇੰਦਾ । ਲੋਆਂ ਪੁਰੀਆਂ ਵੇਖ ਮਾਰ ਧਿਆਨ, ਬ੍ਰਹਿਮੰਡ ਖੰਡ ਤੇਰਾ ਰਾਹ ਜਣਾਇੰਦਾ । ਗੁਰ ਅਵਤਾਰ ਤੇਰੀ ਸੰਤਾਨ, ਪੀਰ ਪੈਗ਼ੰਬਰ ਤੇਰਾ ਬੰਸ ਬਣਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ, ਤੇਰੀ ਸਿਫ਼ਤ ਸਾਲਾਹੀ ਸਿਫ਼ਤੀ ਸਿਫ਼ਤ ਸਿਫ਼ਤ ਜਣਾਇੰਦਾ । ਤੇਰੀ ਮਹਿਮਾਂ ਕਰੇ ਅੰਜੀਲ ਕੁਰਾਨ, ਲਿਖ ਲਿਖ ਲੇਖਾ ਸਰਬ ਵਖਾਇੰਦਾ । ਤੇਰਾ ਮਹੱਲ ਅਟੱਲ ਉਚ ਮਕਾਨ, ਥਿਰ ਦਵਾਰਾ ਆਪ ਵਸਾਇੰਦਾ । ਲੋਕਮਾਤ ਹੋ ਪਰਧਾਨ, ਸਚ ਮਰਦਾਨਗੀ ਆਪ ਜਣਾਇੰਦਾ । ਜੋਧਾ ਸੂਰਬੀਰ ਬਣ ਬਲਵਾਨ, ਬਲ ਮੇਰੇ ਵਿਚ ਟਿਕਾਇੰਦਾ । ਲੱਖ ਚੁਰਾਸੀ ਪਾ ਆਣ, ਸਿਰ ਸਿਰ ਹੁਕਮ ਮਨਾਇੰਦਾ । ਏਕਾ ਦੇ ਧੁਰ ਫ਼ਰਮਾਨ, ਸ੍ਰੀ ਭਗਵਾਨ ਆਪ ਸਮਝਾਇੰਦਾ । ਕਲਜੁਗ ਅੰਤ ਜਗਤ ਹੋਏ ਹੈਰਾਨ, ਹਰਿ ਜੂ ਨਜ਼ਰ ਕਿਸੇ ਨਾ ਆਇੰਦਾ । ਸਾਧ ਸੰਤ ਸਰਬ ਕੁਰਲਾਣ, ਧੀਰਜ ਧੀਰ ਨਾ ਕੋਇ ਧਰਾਇੰਦਾ । ਗੁਰਮੁਖ ਅੰਦਰ ਵੜ ਵੜ ਕਰਨ ਧਿਆਨ, ਨੇਤਰ ਨੈਣ ਨਾ ਕੋਇ ਖੁਲਾਇੰਦਾ । ਗੁਰਸਿਖ ਖ਼ਾਲੀ ਝੋਲੀ ਮੰਗਣ ਦਾਨ, ਨਾਮ ਭੰਡਾਰਾ ਕੋਇ ਨਾ ਪਾਇੰਦਾ । ਕਲਜੁਗ ਕੂੜੀ ਕਿਰਿਆ ਹੋਈ ਸ਼ੈਤਾਨ, ਸ਼ਰਅ ਘਰ ਘਰ ਆਪ ਟਕਰਾਇੰਦਾ । ਮੁੱਲਾ ਸ਼ੇਖ਼ ਹੋਏ ਬੇਈਮਾਨ, ਮਸਤ ਅਲਮਸਤ ਨਜ਼ਰ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਆਪ ਜਣਾਇੰਦਾ । ਸਾਚੇ ਸੁਤ ਹੋ ਤਿਆਰ, ਹਰਿ ਸਾਚਾ ਸਚ ਜਣਾਇੰਦਾ । ਥਿਰ ਘਰ ਦਵਾਰੇ ਨਿਕਲ ਬਾਹਰ, ਭੇਵ ਅਭੇਦ ਖੁਲਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਚਰਨਾਂ ਹੇਠ ਲਤਾੜ, ਜ਼ੋਰ ਤੇਰਾ ਇਕ ਜਣਾਇੰਦਾ । ਲੱਖ ਚੁਰਾਸੀ ਕਰ ਖ਼ਬਰਦਾਰ, ਸੋਇਆ ਕੋਇ ਰਹਿਣ ਨਾ ਪਾਇੰਦਾ । ਸਚ ਸੰਦੇਸਾ ਦੇ ਵਿਚ ਸੰਸਾਰ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਨੌਂ ਖੰਡ ਪ੍ਰਿਥਮੀ ਧੂਆਂਧਾਰ, ਸਾਚਾ ਚੰਦ ਨਾ ਕੋਇ ਚਮਕਾਇੰਦਾ । ਦੀਨ ਮਜ਼੍ਹਬ ਰੋਵਣ ਜ਼ਾਰੋ ਜ਼ਾਰ, ਸ਼ਰਅ ਸ਼ਰੀਅਤ ਪਾਰ ਨਾ ਕੋਇ ਕਰਾਇੰਦਾ । ਖ਼ਾਲਕ ਖ਼ਲਕ ਤਲਬਦਾਰ, ਦੀਦ ਈਦ ਚੰਦ ਨਾ ਕੋਇ ਚੜ੍ਹਾਇੰਦਾ । ਪੀਰ ਪੈਗ਼ਬਰ ਗੁਰ ਅਵਤਾਰ ਆਪਣੀ ਕਰਨੀ ਕਰ ਕਰ ਗਏ ਆਪਣੀ ਵਾਰ, ਅੰਤਮ ਨਿਰਗੁਣ ਰਾਹ ਸਰਬ ਤਕਾਇੰਦਾ । ਪੰਜ ਤੱਤ ਚੋਲਾ ਨਾ ਕੋਇ ਪਿਆਰ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਬੰਧਨ ਨਾ ਕੋਇ ਪਾਇੰਦਾ । ਸਾਚਾ ਡੰਕਾ ਅਗੰਮ ਅਪਾਰ, ਅਲਖ ਅਗੋਚਰ ਤੇਰੇ ਹੱਥ ਫੜਾਇੰਦਾ । ਰਾਉ ਰੰਕਾਂ ਮਾਰ ਮਾਰ, ਸ਼ਾਹ ਸੁਲਤਾਨਾਂ ਖ਼ਾਕ ਮਿਲਾਇੰਦਾ । ਗ਼ਰੀਬ ਨਿਮਾਣਿਆਂ ਦੇ ਸਹਾਰ, ਸਿਰ ਸਦਕਾ ਤੇਰਾ ਇਕੋ ਨਜ਼ਰੀ ਆਇੰਦਾ । ਤੇਰਾ ਲੇਖਾ ਜਾਣੇ ਹਰਿ ਕਰਤਾਰ, ਨਿਰਗੁਣ ਆਪਣੀ ਜੋਤ ਜਗਾਇੰਦਾ । ਨਿਹਕਲੰਕ ਨਾਉਂ ਰੱਖ ਅਗੰਮ ਅਪਾਰ, ਕਰਨੀ ਆਪਣੀ ਆਪ ਸਮਝਾਇੰਦਾ । ਸਾਚਾ ਖੇੜਾ ਦਏ ਵਖਾਲ, ਬਿਨ ਨੇਤਰ ਆਪ ਜਣਾਇੰਦਾ । ਜਿਸ ਘਰ ਵਸੇ ਦੀਨ ਦਿਆਲ, ਸੋ ਮੰਦਰ ਸੋਭਾ ਪਾਇੰਦਾ । ਸਚਖੰਡ ਦੀ ਸੱਚੀ ਧਰਮਸਾਲ, ਲੋਕਮਾਤ ਆਪ ਪਰਗਟਾਇੰਦਾ । ਮੁਰਸ਼ਦ ਮੁਰੀਦਾਂ ਸੁਣੇ ਹਾਲ, ਹਰਿਜੂ ਆਪਣਾ

ਫੇਰਾ ਪਾਇੰਦਾ । ਲੇਖਾ ਜਾਣੇ ਸ਼ਾਹ ਕੰਗਾਲ, ਸ਼ਹਿਨਸ਼ਾਹ ਆਪਣਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਦੁਲਾਰੇ ਆਪ ਜਣਾਇੰਦਾ । ਸੁਤ ਦੁਲਾਰਾ ਨੀਕਨ ਨੀਕਾ, ਨਿਉਂ ਨਿਉਂ ਸੀਸ ਝੁਕਾਈਆ । ਪੁਰਖ ਅਕਾਲ ਦੱਸ ਇਕ ਤਰੀਕਾ, ਬਿਨ ਤਹਿਰੀਰ ਕਰ ਲਿਖਾਈਆ । ਮੇਰਾ ਦਿਸੇ ਨਾ ਕੋਈ ਸ਼ਰੀਕਾ, ਸ਼ਿਰਕਤ ਕੋਇ ਨਜ਼ਰ ਨਾ ਆਈਆ । ਖੇਲ ਕਰਾਵਾਂ ਇਕ ਹਕੀਕਾ, ਹਕੀਕਤ ਸਭ ਨੂੰ ਦਿਆਂ ਜਣਾਈਆ । ਨਜ਼ਰੀ ਆਵਾਂ ਹੋ ਨਜਦੀਕਾ, ਦੂਰ ਦੁਰਾਡਾ ਪੰਧ ਮੁਕਾਈਆ । ਤੇਰਾ ਨਾਮ ਨਿਸ਼ਾਨਾ ਦੱਸਾਂ ਠੀਕਾ, ਕੂੜਾ ਠੀਕਰ ਭੰਨ ਵਖਾਈਆ । ਸਤਿ ਸਤਿ ਜਣਾਵਾਂ ਤ੍ਰੈਗੁਣ ਅਤੀਤਾ, ਤ੍ਰੈਭਵਣ ਤੇਰੀ ਸ਼ਰਨਾਈਆ । ਪਿਛਲਾ ਵੇਲਾ ਕਲਜੁਗ ਬੀਤਾ, ਅੱਗੇ ਇਕੋ ਮਾਰਗ ਦਿਆਂ ਲਾਈਆ । ਦੀਨ ਮਜ਼੍ਹਬ ਲੱਖ ਚੁਰਾਸੀ ਪਰਖਾਂ ਨੀਤਾ, ਜ਼ਾਤ ਪਾਤ ਖੋਜ ਖੁਜਾਈਆ । ਮਾਇਆ ਮਮਤਾ ਹਉਮੇਂ ਹੰਗਤਾ ਭੰਨਾਂ ਕੌੜਾ ਰੀਠਾ, ਠੋਕਰ ਇਕੋ ਨਾਮ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਹਰਿ ਜੂ ਇਕੋ ਵਰ, ਥਿਰ ਘਰ ਦਵਾਰੇ ਸੁੱਤ ਦੁਲਾਰਾ ਮੰਗ ਮੰਗਾਈਆ । ਸੁਤ ਦੁਲਾਰਾ ਦੋਏ ਜੋੜੇ, ਚਰਨ ਕਵਲ ਧਿਆਨ ਲਗਾਇਆ । ਤੇਰਾ ਕੀਤਾ ਕੋਈ ਨਾ ਮੋੜੇ, ਦੋ ਜਹਾਨਾਂ ਸਕੇ ਨਾ ਕੋਇ ਉਲਟਾਇਆ । ਸੱਸੇ ਉਪਰ ਲਾ ਹੋੜੇ, ਹੋਕਾ ਦੇ ਦੇ ਗੀਤ ਜਣਾਇਆ । ਹੰ ਬ੍ਰਹਮ ਪ੍ਰਭ ਆਪੇ ਬੌਹੜੇ, ਭਗਤ ਭਗਵੰਤ ਵੇਖ ਵਖਾਇਆ । ਸੇਵਾ ਕਰੇ ਬਾਂਕੇ ਛੋਹਰੇ, ਸ਼ਹਿਨਸ਼ਾਹ ਤੇਰੇ ਰੰਗ ਰੰਗਾਇਆ । ਮੇਰਾ ਨਾ ਕੋਈ ਚਲੇ ਜ਼ੋਰੇ, ਜ਼ੋਰ ਤੇਰਾ ਇਕ ਜਣਾਇਆ । ਮੇਰੀ ਤੇਰੇ ਹੱਥ ਡੋਰੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸੱਚਾ ਵਰ, ਦਰ ਤੇਰੇ ਮੰਗ ਮੰਗਾਇਆ । ਸ੍ਰੀ ਭਗਵਾਨ ਦੇਵੇ ਦਾਤ, ਅਨਮੁਲੜੀ ਆਪ ਵਰਤਾਈਆ ।



ਸ਼ਬਦ ਸੁਤ ਮੇਰਾ ਨਾਉਂ ਵਡ ਕਰਾਮਾਤ, ਸੋਹੰ ਢੋਲਾ ਇਕ ਪੜ੍ਹਾਈਆ । ਚਾਰ ਵਰਨ ਬਣਾ ਜਮਾਤ, ਬਰਨ ਕੋਇ ਰਹਿਣ ਨਾ ਪਾਈਆ । ਪੁਰਖ ਅਕਾਲ ਜੁੜੇ ਨਾਤ, ਨਾਤਾ ਬਿਧਾਤਾ ਜੋੜ ਜੁੜਾਈਆ । ਗੁਰ ਸ਼ਬਦ ਬਣੇ ਸਾਕ, ਸੱਜਣ ਇਕੋ ਨਜ਼ਰੀ ਆਈਆ । ਆਤਮ ਤਾਕੀ ਖੁਲ੍ਹੇ ਤਾਕ, ਬੰਦ ਪਰਦਾ ਦਏ ਉਠਾਈਆ । ਸਚ ਦੱਸ ਭਵਿਖਤ ਵਾਕ, ਬੇਪਰਵਾਹ ਆਏ ਵਾਹੋ ਦਾਹੀਆ । ਲੱਖ ਚੁਰਾਸੀ ਵਰੋਲੇ ਖ਼ਾਕ, ਖ਼ਾਕਾ ਸਭ ਦਾ ਖਿਚ ਵਖਾਈਆ । ਕਲਜੁਗ ਅੰਤਮ ਵੇਖੇ ਡੂੰਘਾ ਘਾਟ, ਪੱਤਣ ਬਹਿ ਬਹਿ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਸੁਣ ਸੰਦੇਸਾ, ਸੁਤ ਦੁਲਾਰਾ ਖ਼ੁਸ਼ੀ ਮਨਾਇੰਦਾ । ਪਾਰਬ੍ਰਹਮ ਨਰ ਨਰੇਸ਼ਾ, ਸਿਰ ਮੇਰੇ ਹੱਥ ਟਿਕਾਇੰਦਾ । ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼ਾ, ਸੇਵਕ ਸੇਵਾ ਰੂਪ ਜਣਾਇੰਦਾ । ਲੱਖ ਚੁਰਾਸੀ ਜਾ ਕੇ ਵੇਖਾ, ਘਰ ਘਰ ਫੇਰਾ ਪਾਇੰਦਾ । ਕਲਜੁਗ ਮੇਟਾਂ ਕੂੜੀ ਰੇਖਾ, ਕੂੜ ਕੁੜਿਆਰਾ ਪੰਧ ਮੁਕਾਇੰਦਾ । ਲੇਖਾ ਚੁਕੇ ਈਸਾ ਮੂਸਾ ਮੁਹੰਮਦ ਮੁੱਲਾ ਸ਼ੇਖ਼ਾ, ਸ਼ਰੀਅਤ ਸਭ ਦੀ ਵਿਚ ਛੁਪਾਇੰਦਾ । ਨਿਰਗੁਣ ਹੋ ਸ੍ਰੀ ਭਗਵਾਨ ਧਾਰੇ ਭੇਸਾ, ਨਿਹਕਲੰਕ ਨਾਉਂ ਰਖਾਇੰਦਾ । ਸੰਬਲ ਵਸੇ ਇਕੋ ਦੇਸਾ, ਭੂਮਕਾ ਰੰਗ ਨਾ ਕੋਇ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੁਤ ਦੁਲਾਰਾ ਰੰਗ ਰੰਗਾਇੰਦਾ । ਸੁਤ ਦੁਲਾਰੇ ਚੜ੍ਹਿਆ ਰੰਗ, ਰੰਗ ਰੰਗੀਲਾ ਇਕ ਚੜ੍ਹਾਈਆ । ਥਿਰ ਘਰ ਦਵਾਰੇ ਨੱਚੇ ਬਣ ਮਲੰਗ, ਘੁੰਬਰ ਏਕਾ ਏਕ ਪਾਈਆ । ਚਾਈਂ ਚਾਈਂ ਜਾਵਾਂ ਵਿਚ ਵਰਭੰਡ, ਬ੍ਰਹਿਮੰਡ ਖੋਜ ਖੁਜਾਈਆ । ਕਲਜੁਗ ਮੇਟਾਂ ਝੂਠ ਪਖੰਡ, ਕੂੜਾ ਨਾਤਾ ਮਾਤ ਤੁੜਾਈਆ । ਸਤਿ ਧਰਮ ਦਾ ਇਕ ਸੁਣਾਵਾਂ

ਛੰਦ, ਸੋਹੰ ਢੋਲਾ ਸੱਚਾ ਗਾਈਆ । ਆਤਮ ਪਰਮਾਤਮ ਦੇਵਾਂ ਇਕ ਅਨੰਦ, ਅਨੰਦ ਆਤਮ ਵਿਚ ਰਖਾਈਆ । ਸਤਿਜੁਗ ਕੋਇ ਨਾ ਖਾਏ ਕੂੜਾ ਗੰਦ, ਵਾਸਨਾ ਇਕੋ ਇਕ ਵਖਾਈਆ । ਸਾਚੇ ਸੰਤ ਚੜ੍ਹਾਵਾਂ ਚੰਦ, ਬਿਨ ਚੰਦ ਕਰਾਂ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸੱਚਾ ਵਰ, ਮੇਰੀ ਘਾਲ ਲੇਖੇ ਪਾਈਆ । ਮੇਰੀ ਘਾਲ ਲੇਖੇ ਲਾਵੇਗਾ । ਸੋ ਪੁਰਖ ਨਿਰੰਜਣ ਦਇਆ ਕਮਾਵੇਗਾ । ਆਦਿ ਨਿਰੰਜਣ ਜੋਤ ਜਗਾਵੇਗਾ । ਅਬਿਨਾਸ਼ੀ ਕਰਤਾ ਰਾਗ ਸੁਣਾਵੇਗਾ । ਸ੍ਰੀ ਭਗਵਾਨ ਨਿਸ਼ਾਨ ਹਲਾਵੇਗਾ । ਪਾਰਬ੍ਰਹਮ ਵੇਖ ਵਖਾਵੇਗਾ । ਬ੍ਰਹਮ ਸੋਇਆ ਮਾਤ ਉਠਾਵੇਗਾ । ਆਤਮ ਪਰਮਾਤਮ ਆਪ ਜਗਾਵੇਗਾ । ਧੁਰ ਸੰਦੇਸਾ ਇਕ ਸੁਣਾਵੇਗਾ । ਅਨਹਦ ਨਾਦੀ ਨਾਦ ਵਜਾਵੇਗਾ । ਬ੍ਰਹਮ ਬ੍ਰਹਿਮਾਦੀ ਖੋਜ ਖੁਜਾਵੇਗਾ । ਬਜਰ ਕਪਾਟੀ ਤੋੜ ਤੁੜਾਵੇਗਾ । ਆਤਮ ਹਾਣੀ ਇਕ ਜਣਾਵੇਗਾ । ਬੂੰਦ ਸਵਾਂਤੀ ਅੰਮ੍ਰਿਤ ਆਪ ਪਿਆਵੇਗਾ । ਇਕ ਇਕਾਂਤੀ ਨਜ਼ਰੀ ਆਵੇਗਾ । ਸੇਜ ਸੁਹੰਜਣੀ ਇਕ ਸੁਹਾਵੇਗਾ । ਕੰਤ ਕੰਤੂਹਲ ਆਸਣ ਲਾਵੇਗਾ । ਕਵਲ ਨੈਣ ਨੈਣ ਮਟਕਾਵੇਗਾ । ਬਸਤਰ ਭੂਸ਼ਨ ਇਕ ਵਖਾਵੇਗਾ । ਸੀਸ ਜਗਦੀਸ ਤਾਜ ਟਿਕਾਵੇਗਾ । ਧੁਰ ਫ਼ਰਮਾਨਾ ਹੁਕਮ ਸੁਣਾਵੇਗਾ । ਲੱਖ ਚੁਰਾਸੀ ਜੀਵ ਮਨਾਵੇਗਾ । ਭੁੱਲੇ ਭਟਕੇ ਰਾਹੇ ਪਾਵੇਗਾ । ਰਾਹ ਵਿਚ ਅਟਕੇ ਤੋੜ ਚੜ੍ਹਾਵੇਗਾ । ਬੇਖਟਕੇ ਕਾਰ ਕਮਾਵੇਗਾ । ਨਧੜਕੇ ਖੇਲ ਵਖਾਵੇਗਾ । ਉਚੇ ਟਿੱਲੇ ਚੜ੍ਹ ਕੇ ਵੇਖ ਵਖਾਵੇਗਾ । ਫੜ ਫੜ ਭਗਤ ਜਗਾਵੇਗਾ । ਫੜ ਆਪਣੀ ਸਰਨ ਲਗਾਵੇਗਾ । ਕਲਜੁਗ ਅਲਖ ਮੁਕਾਵੇਗਾ । ਸਤਿਜੁਗ ਰਾਹ ਚਲਾਵੇਗਾ । ਚਾਰ ਵਰਨ ਸਮਝਾਵੇਗਾ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਏਕਾ ਘਰ ਬਹਾਵੇਗਾ । ਅੰਡਜ ਜੇਰਜ ਉਤਭੁਜ ਸੇਤਜ ਆਪਣਾ ਮਾਣ ਦਿਵਾਵੇਗਾ । ਪਰਾ ਪਸੰਤੀ ਮਧਮ ਬੈਖਰੀ ਇਕੋ ਰਾਗ ਅਲ੍ਹਾਵੇਗਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣੇ ਖਾਤੇ ਪਾਵੇਗਾ । ਗੁਰਮੁਖ ਸੱਜਣ ਸੁਹੇਲੇ ਚੁਗ, ਸੋਹੰ ਸਾਚੀ ਚੋਗ ਚੁਗਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਟਿਕਾਵੇਗਾ । ਸ੍ਰੀ ਭਗਵਾਨ ਕਹੇ ਹੱਥ ਸਿਰ ਰੱਖਾਂਗਾ । ਸਾਚਾ ਮਾਰਗ ਦੱਸਾਂਗਾ । ਸਮਰਥ ਪੁਰਖ ਹੋ ਕੇ ਨੱਸਾਂਗਾ । ਹਰ ਹਿਰਦੇ ਵਿਚ ਵਸਾਂਗਾ । ਭਗਤ ਪ੍ਰੀਤੀ ਅੰਦਰ ਫਸਾਂਗਾ । ਸਾਚੀ ਰੀਤੀ ਅੰਦਰ ਹੱਸਾਂਗਾ । ਕੂੜੀ ਰੀਤੀ ਫੜ ਫੜ ਡੱਸਾਂਗਾ । ਪੈਰਾਂ ਹੇਠਾਂ ਝੱਸਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਕਰ ਕੇ ਦੱਸਾਂਗਾ । ਸਾਚੀ ਕਰਨੀ ਕਰ ਵਖਾਵੇਗਾ । ਪੁਰਖ ਅਕਾਲ ਆਵੇਗਾ । ਨਿਰਗੁਣ ਜਾਮਾ ਪਾਵੇਗਾ । ਜੋਤੀ ਨੂਰ ਧਰਾਵੇਗਾ । ਸ਼ਬਦੀ ਡੰਕ ਵਜਾਵੇਗਾ । ਗੋਬਿੰਦ ਗੁਰ ਉਠਾਵੇਗਾ । ਹਰਿ ਮੰਦਰ ਇਕ ਬਣਾਵੇਗਾ । ਇੱਟਾਂ ਗਾਰਾ ਕੋਈ ਨਾ ਲਾਵੇਗਾ । ਦੀਵਾ ਬਾਤੀ ਨਾ ਕੋਇ ਜਗਾਵੇਗਾ । ਨਿਰਮਲ ਜੋਤੀ ਇਕ ਟਿਕਾਵੇਗਾ । ਬਿਨ ਪਾਠੀਆਂ ਰਾਗ ਸੁਣਾਵੇਗਾ । ਬਿਨ ਪਾਣੀ ਤਾਲ ਭਰਾਵੇਗਾ । ਚੌਂਹ ਕੂਟਾਂ ਇਕੋ ਨਜ਼ਰੀ ਆਵੇਗਾ । ਸਾਚਾ ਡੰਕ ਨਾਮ ਵਜਾਵੇਗਾ । ਗ੍ਰਹਿ ਮੰਦਰ ਬੰਕ ਸੁਹਾਵੇਗਾ । ਬੇਅੰਤ ਨਾਮ ਧਰਾਵੇਗਾ । ਸਾਧ ਸੰਤ ਮਿਲਾਵੇਗਾ । ਨਾਰ ਕੰਤ ਹੰਡਾਵੇਗਾ । ਸੇਜਾ ਸੋਭਾ ਪਾਵੇਗਾ । ਆਤਮ ਪਰਮਾਤਮ ਮੇਲ ਮਿਲਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਟਿਕਾਵੇਗਾ । ਸਿਰ ਸਾਚੇ ਹੱਥ ਟਿਕਾਊਂਗਾ । ਗ੍ਰਹਿ ਮੰਦਰ ਵੇਖ ਵਖਾਊਂਗਾ । ਧੁਰ ਫ਼ਰਮਾਨਾ ਇਕ ਜਣਾਊਂਗਾ । ਗੁਰ ਅਵਤਾਰ ਨਾਲ ਮਿਲਾਊਂਗਾ । ਪੀਰ ਪੈਗੰਬਰ ਪਕੜ ਉਠਾਊਂਗਾ । ਸਾਚਾ ਕਲਮਾ ਇਕ ਪੜ੍ਹਾਊਂਗਾ । ਨਬੀ ਰਸੂਲਾਂ ਆਪ ਸਮਝਾਊਂਗਾ ।

੬੫੩
੧੩

ਸ਼ਰਅ ਸ਼ਰੀਅਤ ਮੇਟ ਮਿਟਾਊਂਗਾ । ਰੱਯਤ ਇਕੋ ਘਰ ਵਸਾਊਂਗਾ । ਨੌਬਤ ਆਪਣੇ ਨਾਮ ਵਜਾਊਂਗਾ । ਚੌਦਾਂ ਤਬਕਾਂ ਪੰਧ ਮੁਕਾਊਂਗਾ । ਸਾਚਾ ਸਬਕ ਇਕ ਸਿਖਾਊਂਗਾ । ਕੂੜੀ ਕਿਰਿਆ ਤੋੜ ਲਾਹੂੰਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਣ ਸ਼ੇਰ ਜੰਬਕ ਸਰਬ ਡਰਾਊਂਗਾ । ਸਾਹਿਬ ਮੇਰਾ ਆਵੇਗਾ । ਦੀਨ ਦਿਆਲ ਫੇਰਾ ਪਾਵੇਗਾ । ਗੋਬਿੰਦ ਨਾਲ ਮਿਲਾਵੇਗਾ । ਫੜ ਗੋਦੀ ਆਪ ਉਠਾਵੇਗਾ । ਚੋਟੀ ਚੜ੍ਹ ਬਹਾਵੇਗਾ । ਰਾਗ ਨਾਦ ਸੁਣਾਵੇਗਾ । ਪਿਛਲੀ ਆਸਾ ਪੂਰ ਕਰਾਵੇਗਾ । ਲੱਖ ਚੁਰਾਸੀ ਹੁਕਮ ਮਨਾਵੇਗਾ । ਸਿਰ ਆਪਣਾ ਹੱਥ ਟਿਕਾਵੇਗਾ । ਦੋ ਜਹਾਨਾਂ ਵੇਖ ਵਖਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਚਲਾਵੇਗਾ । ਆਪਣਾ ਹੁਕਮ ਚਲਾਏਗਾ । ਨਿਹਕਲੰਕ ਅਖਵਾਏਗਾ । ਸਤਿਜੁਗ ਸਾਚਾ ਲਾਏਗਾ । ਚਾਰ ਵਰਨ ਪੜ੍ਹਾਏਗਾ । ਇਕੋ ਮੰਦਰ ਬਣਾਏਗਾ । ਮੰਦਰ ਮਸੀਤ ਪੰਧ ਮੁਕਾਏਗਾ । ਪੁਰਖ ਅਕਾਲ ਨਜ਼ਰੀ ਆਏਗਾ । ਦੋ ਜਹਾਨਾਂ ਵੇਖ ਵਖਾਏਗਾ । ਸਚ ਨਿਸ਼ਾਨਾ ਇਕ ਝੁਲਾਏਗਾ । ਰਾਜ ਰਾਜਾਨਾਂ ਚਰਨੀ ਲਾਏਗਾ । ਸਚ ਛਤਰ ਇਕ ਝੁਲਾਏਗਾ । ਸਾਚਾ ਮੰਤਰ ਇਕ ਪੜ੍ਹਾਏਗਾ । ਦੂਜਾ ਮੰਤਰ ਨਜ਼ਰ ਕੋਇ ਨਾ ਆਏਗਾ । ਬਿਧ ਜਾਣੇ ਅੰਤਰ, ਹਰ ਘਟ ਵੇਖ ਵਖਾਏਗਾ । ਹੁਕਮ ਦੇਵੇ ਗਗਨ ਗਗਨੰਤਰ, ਗਗਨ ਪਾਤਾਲਾਂ ਫੋਲ ਫੁਲਾਏਗਾ । ਸਚ ਸਤਿ ਬਣਾਏ ਸਾਚੀ ਬਣਤਰ, ਘੜਨ ਭੰਨਣਹਾਰ ਅਖਵਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਇਕੋ ਨਜ਼ਰੀ ਆਏਗਾ ।



### ❇ ੨੪ ਮਾਘ ੨੦੧੯ ਬਿਕ੍ਰਮੀ ਪਿੰਡ ਭੂਰੇ ਜ਼ਿਲਾ ਅੰਮ੍ਰਿਤਸਰ ❇

ਸੋ ਪੁਰਖ ਨਿਰੰਜਣ ਅਗੰਮ ਅਥਾਹ, ਅਗੰਮ ਅਗੰਮੜੀ ਕਾਰ ਕਮਾਇੰਦਾ । ਹਰਿ ਪੁਰਖ ਨਿਰੰਜਣ ਸ਼ਾਹ ਪਾਤਸ਼ਾਹ, ਸ਼ਹਿਨਸ਼ਾਹ ਆਪਣਾ ਹੁਕਮ ਚਲਾਇੰਦਾ । ਏਕੰਕਾਰਾ ਬੇਪਰਵਾਹ, ਬੇਅੰਤ ਭੇਵ ਨਾ ਆਇੰਦਾ । ਆਦਿ ਨਿਰੰਜਣ ਨੂਰ ਰੁਸ਼ਨਾ, ਜੋਤੀ ਜਾਤਾ ਡਗਮਗਾਇੰਦਾ । ਅਬਿਨਾਸ਼ੀ ਕਰਤਾ ਵਸਣਹਾਰਾ ਸੱਚੇ ਥਾਂ, ਸਚਖੰਡ ਸਾਚੇ ਸੋਭਾ ਪਾਇੰਦਾ । ਸ੍ਰੀ ਭਗਵਾਨ ਸਤਿ ਨਿਸ਼ਾਨਾ ਆਪਣਾ ਝੁਲਾ, ਨਿਰਗੁਣ ਆਪਣੇ ਹੱਥ ਉਠਾਇੰਦਾ । ਪਾਰਬ੍ਰਹਮ ਪ੍ਰਭ ਸਾਚਾ ਮਾਰਗ ਇਕ ਲਗਾ, ਨਿਰਗੁਣ ਨਿਰਗੁਣ ਵੰਡ ਵੰਡਾਇੰਦਾ । ਸ਼ਾਹੋ ਭੂਪ ਰਾਜ ਰਾਜਾਨ ਆਪ ਅਖਵਾ, ਸਚ ਸਿੰਘਾਸਣ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਹਰਿ ਨਿਰੰਕਾਰਾ, ਇਕ ਇਕੱਲਾ ਆਪ ਕਰਾਈਆ । ਸੁਹਾਵਣਹਾਰਾ ਸਚਖੰਡ ਦਵਾਰਾ, ਬੰਕ ਇਕੋ ਇਕ ਵਡਿਆਈਆ । ਜੋਤੀ ਨੂਰ ਕਰ ਉਜਿਆਰਾ, ਜ਼ਹੂਰ ਇਕੋ ਇਕ ਰੁਸ਼ਨਾਈਆ । ਮੁਕਾਮੇ ਹੱਕ ਪਰਵਰਦਿਗਾਰਾ, ਲਾਸ਼ਰੀਕ ਆਸਣ ਲਾਈਆ । ਲੇਖਾ ਜਾਣੇ ਧੁਰ ਦਰਬਾਰਾ, ਦਰਗਹਿ ਸਾਚੀ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਅਗੰਮ ਅਥਾਹ, ਭੇਵ ਕੋਇ ਨਾ ਆਇੰਦਾ । ਵਸਣਹਾਰਾ ਸਚ ਮਕਾਨ, ਮਹੱਲ ਅਟੱਲ ਇਕ ਸੁਹਾਇੰਦਾ । ਨਾਉਂ ਨਿਰੰਕਾਰਾ ਆਪ ਪਰਗਟਾ, ਨਾਮ ਨਿਧਾਨਾ ਇਕ ਜਣਾਇੰਦਾ । ਕਰੇ ਖੇਲ ਸੱਚਾ ਸ਼ਹਿਨਸ਼ਾਹ, ਭੂਪਤ ਭੂਪ ਵਡ ਵਡਿਆਇੰਦਾ । ਦੂਸਰ ਕੋਈ ਸੰਗੀ ਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਲ ਆਪ ਧਰਾਇੰਦਾ ।

ਆਪਣੀ ਕਲ ਆਪੇ ਰੱਖ, ਹਰਿ ਕਰਨੀ ਆਪ ਕਰਾਈਆ । ਨਿਰਗੁਣ ਰੂਪ ਹੋ ਪਰਤੱਖ, ਬ੍ਰਹਮ ਪਾਰਬ੍ਰਹਮ ਵੇਸ ਵਟਾਈਆ । ਆਪਣਾ ਮਾਰਗ ਆਪੇ ਦੱਸ, ਸਾਚਾ ਰਾਹ ਚਲਾਈਆ । ਆਪਣੇ ਮੰਦਰ ਆਪੇ ਵਸ, ਸਚ ਸਿੰਘਾਸਣ ਸੋਭਾ ਪਾਈਆ । ਆਪੇ ਜਾਣੇ ਆਪਣਾ ਰਸ, ਰਸ ਰਸੀਆ ਬੇਪਰਵਾਹੀਆ । ਆਪੇ ਇਛਿਆ ਕਰ ਦਾਸੀ ਦਾਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਈਆ । ਸਾਚਾ ਖੇਲ ਕਰਨੇਹਾਰਾ, ਸੋ ਪੁਰਖ ਨਿਰੰਜਣ ਵਡ ਵਡਿਆਈਆ । ਹਰਿ ਪੁਰਖ ਨਿਰੰਜਣ ਵਸੇ ਧਾਮ ਨਿਆਰਾ, ਅਨਡਿਠ ਡੇਰਾ ਲਾਈਆ । ਏਕੰਕਾਰਾ ਵਡ ਬਲਕਾਰਾ, ਬਲ ਆਪਣਾ ਇਕ ਪਰਗਟਾਈਆ । ਆਦਿ ਨਿਰੰਜਣ ਸ਼ਾਹੋ ਭੂਪ ਬਣ ਸਿਕਦਾਰਾ, ਤਖ਼ਤ ਨਿਵਾਸੀ ਸੋਭਾ ਪਾਈਆ । ਅਬਿਨਾਸ਼ੀ ਕਰਤਾ ਚੋਬਦਾਰਾ, ਦਰ ਦਰਵੇਸ਼ ਅਲਖ ਜਗਾਈਆ । ਸ੍ਰੀ ਭਗਵਾਨ ਮੰਗਣੇਹਾਰਾ, ਦੇਵਣਹਾਰਾ ਵਡ ਵਡਿਆਈਆ । ਪਾਰਬ੍ਰਹਮ ਦੋਏ ਜੋੜ ਕਰੇ ਨਿਮਸਕਾਰਾ, ਗ੍ਰਿਹ ਆਪਣੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਮੰਦਰ ਇਕ ਵਡਿਆਈਆ । ਸਾਚਾ ਮੰਦਰ ਸੋਭਾਵੰਤ, ਸਤਿ ਪੁਰਖ ਨਿਰੰਜਣ ਆਪ ਵਡਿਆਇੰਦਾ । ਕਰ ਖੇਲ ਸ੍ਰੀ ਭਗਵੰਤ, ਜੋਤੀ ਨੂਰ ਇਕ ਪਰਗਟਾਇੰਦਾ । ਆਪਣੀ ਮਹਿਮਾ ਜਾਣੇ ਅਗਣਤ, ਲੇਖਾ ਲਿਖਤ ਵਿਚ ਨਾ ਆਇੰਦਾ । ਕਰੇ ਖੇਲ ਹਰਿ ਬੇਅੰਤ, ਬੇਐਬ ਧਾਰ ਚਲਾਇੰਦਾ । ਰੂਪ ਧਰ ਨਾਰ ਕੰਤ, ਕੰਤ ਕੰਤੂਹਲ ਸੇਜ ਹੰਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਨਾਰ ਕੰਤ, ਹਰਿ ਕਰਤਾ ਆਪ ਕਮਾਈਆ । ਆਪੇ ਚਾੜ੍ਹੇ ਰੰਗ ਬਸੰਤ, ਉਤਰ ਕਦੇ ਨਾ ਜਾਈਆ । ਆਪੇ ਜਾਣੇ ਸਾਚੀ ਮੰਤ, ਮੰਤਰ ਇਕੋ ਇਕ ਦ੍ਰਿੜਾਈਆ । ਆਪ ਬਣਾਏ ਆਪਣੀ ਬਣਤ, ਮਾਤ ਪਿਤ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨਿਰਗੁਣ ਕਰੇ ਕੁੜਮਾਈਆ । ਨਿਰਗੁਣ ਸੰਗ ਨਿਰਗੁਣ ਮੇਲਾ, ਨਿਰਗੁਣ ਆਪਣਾ ਬੰਧਨ ਪਾਇੰਦਾ । ਨਿਰਗੁਣ ਹੋਏ ਸੱਜਣ ਸੁਹੇਲਾ, ਸਗਲਾ ਸੰਗ ਨਿਭਾਇੰਦਾ । ਨਿਰਗੁਣ ਵਸੇ ਧਾਮ ਨਵੇਲਾ, ਨਿਹਚਲ ਆਪਣਾ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਇਕ ਸੁਹਾਇੰਦਾ । ਸਚ ਦਵਾਰਾ ਸੁਹੰਜਣਾ, ਸੋ ਪੁਰਖ ਨਿਰੰਜਣ ਆਪ ਸੁਹਾਈਆ । ਕਰ ਪਰਕਾਸ਼ ਆਦਿ ਨਿਰੰਜਣਾ, ਵੇਖਣਹਾਰਾ ਚਾਈਂ ਚਾਈਆ । ਕਰੇ ਖੇਲ ਦਰਦ ਦੁੱਖ ਭੈ ਭੰਜਨਾ, ਬੇਅੰਤ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਦਰ ਇਕ ਸੁਹਾਈਆ । ਸਾਚਾ ਮੰਦਰ ਸੋਭਨੀਕ, ਸਤਿ ਸਤਿਵਾਦੀ ਆਪ ਸੁਹਾਇਆ । ਨਾ ਕੋਈ ਦੂਜਾ ਦਿਸੇ ਸ਼ਰੀਕ, ਲਾਸ਼ਰੀਕ ਇਕ ਖ਼ੁਦਾਇਆ । ਨਾ ਕੋਈ ਅੰਧੇਰਾ ਨਾ ਤਾਰੀਕ, ਨੂਰੋ ਨੂਰ ਡਗਮਗਾਈਆ । ਆਪੇ ਜਾਣੇ ਆਪਣੀ ਸਚ ਪ੍ਰੀਤ, ਪ੍ਰੀਤੀਵਾਨ ਨਾਉਂ ਧਰਾਈਆ । ਬੈਠਾ ਰਹੇ ਇਕ ਅਤੀਤ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਇਕ ਵਡਿਆਈਆ । ਸਚਖੰਡ ਦਵਾਰ ਸੁਹਾਇੰਦਾ । ਹਰਿ ਸੱਚਾ ਸ਼ਹਿਨਸ਼ਾਹ, ਸਚ ਸਿੰਘਾਸਣ ਆਸਣ ਲਾਇੰਦਾ । ਤਖ਼ਤ ਨਿਵਾਸੀ ਬੇਪਰਵਾਹ, ਸੀਸ ਜਗਦੀਸ ਤਾਜ ਟਿਕਾਇੰਦਾ । ਰੂਪ ਰੰਗ ਰੇਖ ਕੋਈ ਜਾਣੇ ਨਾ, ਧੁਰ ਫ਼ਰਮਾਨਾ ਹੁਕਮ ਸੁਣਾਇੰਦਾ । ਰਸਨਾ ਜਿਹਵਾ ਕੋਈ ਗਾਏ ਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਇੰਦਾ । ਸਾਚੀ ਕਰਨੀ ਕਰਨੇਯੋਗ, ਜੁਗਤੀ ਆਪਣੇ ਹੱਥ ਰਖਾਈਆ । ਨਿਰਗੁਣ ਨਿਰਗੁਣ

ਕਰ ਸੰਜੋਗ, ਘਰ ਸਾਚੇ ਵੱਜੇ ਵਧਾਈਆ । ਨਿਰਗੁਣ ਨਿਰਗੁਣ ਸਾਚਾ ਭੋਗ, ਭਸਮੜ ਆਪਣੀ ਧਾਰ ਵਖਾਈਆ । ਨਿਰਗੁਣ ਨਿਰਗੁਣ ਦਰਸਨ ਦੇਵਣਹਾਰ ਅਮੋਘ, ਪਰਦਾ ਆਪ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਰਚਾਈਆ । ਕਰੇ ਖੇਲ ਹਰਿ ਅਵੱਲਾ, ਭੇਵ ਕਿਸੇ ਨਾ ਆਇਆ । ਆਦਿ ਜੁਗਾਦੀ ਇਕ ਇਕੱਲਾ, ਸਚਖੰਡ ਸਾਚੇ ਆਸਣ ਲਾਇਆ । ਵਸਣਹਾਰਾ ਉਚ ਮਹੱਲਾ, ਮਹੱਲ ਅਟੱਲ ਇਕ ਰੁਸ਼ਨਾਇਆ । ਏਕਾ ਫੜੇ ਆਪੇ ਪਲਾ, ਪੱਲੂ ਏਕਾ ਗੰਢ ਪਵਾਇਆ । ਜੋਤੀ ਧਾਰ ਆਪੇ ਰਲਾ, ਜੋਤ ਜੋਤ ਵਿਚ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪ ਉਠਾਇਆ । ਆਪਣਾ ਪਰਦਾ ਆਪੇ ਚੁੱਕ, ਘਰ ਸਾਚੇ ਵੇਖ ਵਖਾਈਆ । ਨਿਰਗੁਣ ਅੰਦਰ ਨਿਰਗੁਣ ਲੁਕ, ਭੇਵ ਅਭੇਦ ਜਣਾਈਆ । ਆਪੇ ਜਾਣੇ ਆਪਣਾ ਉਤਮ ਮੁਖ, ਮੁਖ ਮੁਖੜਾ ਸਿਫ਼ਤ ਸਾਲਾਹੀਆ । ਆਪਣੀ ਧਾਰੋਂ ਆਪੇ ਉਠ, ਆਪੇ ਕਰੇ ਰੁਸ਼ਨਾਈਆ । ਆਪਣੇ ਉਤੇ ਆਪੇ ਤੁਠ, ਜਨਨੀ ਜਨ ਰੂਪ ਵਟਾਈਆ । ਦੇਵਣਹਾਰਾ ਆਪੇ ਸੁਖ, ਦਾਈ ਦਾਇਆ ਸੇਵ ਕਮਾਈਆ । ਉਪਜਾਵਣਹਾਰਾ ਸਾਚਾ ਸੁਤ, ਸ਼ਬਦੀ ਸ਼ਬਦ ਲਏ ਪਰਗਟਾਈਆ । ਆਪ ਬਹਾਏ ਆਪਣੀ ਗੋਦ, ਸਿਰ ਆਪਣਾ ਹੱਥ ਟਿਕਾਈਆ । ਇਕ ਸੁਣਾਏ ਸਚ ਸਲੋਕ, ਸੋਹਲਾ ਆਪਣਾ ਨਾਮ ਪੜ੍ਹਾਈਆ । ਤੇਰਾ ਮੇਰਾ ਮੇਰਾ ਤੇਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਦੁਲਾਰਾ ਇਕ ਪਰਗਟਾਈਆ । ਸਾਚਾ ਸੁਤ ਜੰਮਿਆ ਬਾਲਾ, ਪਾਰਬ੍ਰਹਮ ਪ੍ਰਭ ਆਪਣੀ ਗੋਦ ਉਠਾਇੰਦਾ । ਸ੍ਰੀ ਭਗਵਾਨ ਵੇਖਣਹਾਰਾ ਸਾਚਾ ਲਾਲਾ, ਲਾਲਨ ਆਪਣੇ ਰੰਗ ਰੰਗਾਇੰਦਾ । ਅਬਿਨਾਸ਼ੀ ਕਰਤਾ ਹੋ ਕਿਰਪਾਲਾ, ਕਿਰਪਨ ਆਪਣਾ ਭੇਵ ਖੁਲਾਇੰਦਾ । ਆਦਿ ਨਿਰੰਜਣ ਬੇਮਿਸਾਲਾ, ਨੂਰੋ ਨੂਰ ਡਗਮਗਾਇੰਦਾ । ਏਕੰਕਾਰ ਵਖਾਵਣਹਾਰਾ ਸਚ ਸੱਚੀ ਧਰਮਸਾਲਾ, ਸਚਖੰਡ ਦਵਾਰਾ ਇਕ ਜਣਾਇੰਦਾ । ਹਰਿ ਪੁਰਖ ਨਿਰੰਜਣ ਚਲਣਹਾਰਾ ਨਾਲ ਨਾਲਾ, ਸਗਲਾ ਸੰਗ ਨਿਭਾਇੰਦਾ । ਸੋ ਪੁਰਖ ਨਿਰੰਜਣ ਮਾਰਗ ਦਏ ਸੁਖਾਲਾ, ਸਾਚੀ ਸਿਖਿਆ ਇਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਸੁਤ ਆਪ ਪਰਗਟਾਇੰਦਾ । ਸਾਚਾ ਸੁਤ ਪਿਆ ਜੰਮ, ਪ੍ਰਭ ਸਾਚੇ ਵੱਜੀ ਵਧਾਈਆ । ਕਰੇ ਖੇਲ ਸ੍ਰੀ ਭਗਵਨ, ਭਗਵਨ ਆਪਣੀ ਧਾਰ ਚਲਾਈਆ । ਪਿਤਾ ਪੂਤ ਬੇੜਾ ਬੰਨ੍ਹ, ਆਪਣੇ ਕੰਧ ਉਠਾਈਆ । ਏਕਾ ਰਾਗ ਸੁਣਾਏ ਕੰਨ, ਨਾਉਂ ਨਿਰੰਕਾਰਾ ਆਪ ਦ੍ਰਿੜਾਈਆ । ਨਾ ਛੱਪਰ ਨਾ ਕੋਇ ਛੰਨ, ਚਾਰ ਦੀਵਾਰ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸੁਤ ਇਕ ਉਠਾਈਆ । ਸਾਚਾ ਸੁਤ ਗੋਦੀ ਚੁੱਕ, ਸੋ ਪੁਰਖ ਨਿਰੰਜਣ ਖ਼ੁਸ਼ੀ ਮਨਾਇੰਦਾ । ਆ ਲਾਡਲੇ ਸਾਚੇ ਸੁਤ, ਸਤਿ ਸਤਿਵਾਦੀ ਰਾਹ ਜਣਾਇੰਦਾ । ਤੇਰਾ ਮੇਲਾ ਅਬਿਨਾਸ਼ੀ ਅਚੁੱਤ, ਦੂਸਰ ਨਜ਼ਰ ਕਿਸੇ ਨਾ ਆਇੰਦਾ । ਤੇਰੀ ਮੇਰੀ ਇਕੋ ਰੁੱਤ, ਰੁੱਤ ਰੁੱਤੜੀ ਆਪ ਮਹਿਕਾਇੰਦਾ । ਮੇਰੀ ਧਾਰੋਂ ਪਿਉਂ ਉਠ, ਮਾਤ ਪਿਤ ਨਾ ਕੋਇ ਬਣਾਇੰਦਾ । ਪੁਰਖ ਅਕਾਲ ਆਪੇ ਤੁਠ, ਸਿਰ ਆਪਣਾ ਹੱਥ ਟਿਕਾਇੰਦਾ । ਚਰਨ ਸਰੋਵਰ ਦੇਵੇ ਘੁੱਟ, ਅੰਮ੍ਰਿਤ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਦੁਲਾਰੇ ਦਇਆ ਕਮਾਇੰਦਾ । ਸੁਤ ਦੁਲਾਰੇ ਖੋਲ੍ਹੀ ਅੱਖ, ਬਿਨ ਨੇਤਰ ਨੈਣ ਉਘਾੜਿਆ । ਸ੍ਰੀ ਭਗਵਾਨ ਨਜ਼ਰੀ ਆਇਆ ਇਕ ਪਰਤੱਖ, ਰੂਪ ਅਨੂਪ ਅਗੰਮ ਅਪਾਰਿਆ । ਛੋਟਾ ਬਾਲਾ ਚਰਨੀ ਗਿਆ ਢੱਠ, ਨਿਉਂ ਨਿਉਂ ਕਰੇ ਚਰਨ ਨਿਮਸਕਾਰਿਆ । ਜਿਉਂ ਭਾਵੇ ਤਿਉਂ ਲੈਣਾ ਰੱਖ, ਮੋਹੇ ਤੇਰਾ ਇਕ

ਸਹਾਰਿਆ । ਅੱਗੋਂ ਕਹੇ ਪੁਰਖ ਸਮਰਥ, ਉਠ ਸੁਤ ਸਚ ਦੁਲਾਰਿਆ । ਮੈਂ ਰੱਖਾਂ ਤੇਰੀ ਪਤ, ਸਿਰ ਆਪਣਾ ਹੱਥ ਟਿਕਾ ਰਿਹਾ । ਤੂੰ ਮੇਰੀ ਉਪਜਿਉਂ ਰੱਤ, ਬਿਨ ਰੱਤੀ ਰੱਤ ਵਖਾ ਰਿਹਾ । ਤੇਰਾ ਮੇਰਾ ਇਕੋ ਨਾਤ, ਨਾ ਕੋਈ ਤੋੜ ਤੁੜਾ ਰਿਹਾ । ਮੇਰਾ ਪਿਆਰ ਤੇਰੀ ਦਾਤ, ਵਸਤ ਅਮੋਲਕ ਝੋਲੀ ਪਾ ਰਿਹਾ । ਮੇਰਾ ਖੇਲ ਤੇਰਾ ਤਮਾਸ਼, ਖੇਲ ਖਲਾਰੀ ਸਚ ਖਿਲਾ ਰਿਹਾ । ਤੇਰੀ ਪੂਰੀ ਕਰਾਂ ਆਸ, ਆਸਾ ਆਪਣੀ ਨਾਲ ਮਿਲਾ ਰਿਹਾ । ਕਿਰਪਾ ਕਰ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਆਪ ਸਮਝਾ ਰਿਹਾ । ਸੁਤ ਦੁਲਾਰਾ ਬਣ ਬਣ ਦਾਸ, ਨਿਉਂ ਨਿਉਂ ਸਯਦਾ ਸੀਸ ਝੁਕਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾ ਰਿਹਾ । ਸੁਤ ਦੁਲਾਰਾ ਮੰਗੇ ਮੰਗ, ਇਕੋ ਆਪਣੀ ਝੋਲੀ ਡਾਹੀਆ । ਤੂੰ ਸਾਹਿਬ ਸੂਰਾ ਸਰਬੰਗ, ਬੇਅੰਤ ਤੇਰੀ ਸ਼ਹਿਨਸ਼ਾਹੀਆ । ਮੈਨੂੰ ਬਖ਼ਸ਼ ਸਚ ਅਨੰਦ, ਅਨੰਦ ਅਨੰਦ ਵਿਚ ਰਖਾਈਆ । ਮੈਂ ਤੇਰਾ ਲਾਡਲਾ ਚੰਦ, ਨੂਰ ਤੇਰੇ ਰੁਸ਼ਨਾਈਆ । ਤੂੰ ਸਾਹਿਬ ਸਦਾ ਬਖ਼ਸ਼ੰਦ, ਬਖ਼ਸ਼ਸ਼ ਤੇਰੀ ਬੇਪਰਵਾਹੀਆ । ਕਰ ਕਿਰਪਾ ਆਪਣੀ ਦਾਤ ਵੰਡ, ਮੇਰੀ ਖ਼ਾਲੀ ਝੋਲੀ ਦੇ ਭਰਾਈਆ । ਮੈਂ ਗਾਵਾਂ ਤੇਰਾ ਛੰਦ, ਸੋਹਲਾ ਇਕੋ ਰਾਗ ਅਲਾਈਆ । ਤੇਰਾ ਮੇਰਾ ਮੁੱਕੇ ਪੰਧ, ਅਧਵਿਚਕਾਰ ਨਾ ਕੋਇ ਅਟਕਾਈਆ । ਪਿਤਾ ਪੂਤ ਨਾਲ ਪਾ ਲੈ ਗੰਢ, ਨਾ ਕੋਈ ਖੋਲ੍ਹੇ ਖੋਲ੍ਹ ਖੁਲ੍ਹਾਈਆ । ਮੈਨੂੰ ਤੇਰੀ ਇਕ ਸੁਗੰਧ, ਦੂਜਾ ਨਜ਼ਰ ਨਾ ਕੋਇ ਲਿਆਈਆ । ਕਰ ਕਿਰਪਾ ਦੇਦੇ ਏਕਾ ਛੰਦ, ਸ਼ਹਿਨਸ਼ਾਹ ਏਕਾ ਹੁਕਮ ਸੁਣਾਈਆ । ਸ੍ਰੀ ਭਗਵਾਨ ਸਦਾ ਬਖ਼ਸ਼ੰਦ, ਦੀਨ ਦਿਆਲ ਦਇਆ ਕਮਾਈਆ । ਤੇਰਾ ਆਦਿ ਜੁਗਾਦਿ ਮੁੱਕਾ ਰੰਡੇਪਾ ਰੰਡ, ਆਪਣੇ ਨਾਲ ਕਰਾਂ ਕੁੜਮਾਈਆ । ਤੂੰ ਮੇਰਾ ਹੁਕਮ ਮੰਨ, ਮੈਂ ਚਲਾਵਾਂ ਸਦ ਰਜ਼ਾਈਆ । ਇਕੋ ਦੇਵਾਂ ਸੱਚਾ ਧਨ, ਨਾਮ ਤੇਰੀ ਝੋਲੀ ਪਾਈਆ । ਤੂੰ ਮੇਰਾ ਬਣਿਆ ਜਨ, ਹਉਂ ਬਣਾਂ ਜਣੇਂਦੀ ਮਾਈਆ । ਰਾਗ ਸੁਣਾਵਾਂ ਬਿਨ ਕੰਨ, ਬਿਨ ਤੰਦ ਸਤਾਰ ਹਲਾਈਆ । ਸਚ ਸੰਦੇਸਾ ਦੇ ਸ੍ਰੀ ਭਗਵਨ, ਆਦਿ ਸੁਤ ਦੁਲਾਰੇ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਇਕੋ ਹਰਿ, ਆਪਣਾ ਭੇਵ ਰਿਹਾ ਖੁਲ੍ਹਾਈਆ । ਸੁਤ ਕਹੇ ਤੇਰਾ ਹੁਕਮ ਮੰਨਾਂਗਾ । ਚਰਨੀ ਤੇਰੇ ਲੱਗਾਂਗਾ । ਆਪਣਾ ਆਪ ਤਜਾਂਗਾ । ਹੁਕਮੇ ਅੰਦਰ ਭੱਜਾਂਗਾ । ਤੇਰਾ ਦਰਸ ਕਰ ਕਰ ਰੱਜਾਂਗਾ । ਤੇਰੀ ਚਰਨੀ ਬਹਿ ਬਹਿ ਸਜਾਂਗਾ । ਵਾਂਗ ਨਗਾਰੇ ਵੱਜਾਂਗਾ । ਜਿੰਨਾਂ ਚਿਰ ਨਾ ਕਹੇਂ ਪਿਛੇ ਨਾ ਹਟਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਲਾਹਾ ਤੇਰੇ ਦਰ ਤੋਂ ਖੱਟਾਂਗਾ । ਲਾਹਾ ਦਰ ਤੇਰੇ ਤੋਂ ਖਟੂੰਗਾ । ਬਾਲ ਅਵਾਣਾ ਹੋ ਕੇ ਨਚੂੰਗਾ । ਸਚ ਕਹਾਣੀ ਤੇਰੀ ਦਸੂੰਗਾ । ਅੰਮ੍ਰਿਤ ਪਾਣੀ ਪੀ ਪੀ ਹੱਸੂੰਗਾ । ਤੇਰੇ ਅੱਗੇ ਪਿਛੇ ਨਠੂੰਗਾ । ਜੇ ਮਾਰੇਂਗਾ ਤੇ ਬਚੂੰਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਹੋਰ ਥਾਂ ਕਿਸੇ ਨਾ ਵਸੂੰਗਾ । ਪੁਰਖ ਅਕਾਲ ਕਹੇ ਮੈਂ ਵਸਾਵਾਂਗਾ । ਪੁੱਤ ਤੇਰਾ ਬੰਕ ਬਣਾਵਾਂਗਾ । ਸਚਖੰਡ ਆਪਣਾ ਆਸਣ ਲਾਵਾਂਗਾ । ਸ਼ਾਹੋ ਭੂਪ ਅਖਵਾਵਾਂਗਾ । ਸਿਰ ਆਪਣੇ ਤਾਜ ਟਿਕਾਵਾਂਗਾ । ਇਕੋ ਰਾਹ ਚਲਾਵਾਂਗਾ । ਬਣ ਸੇਵਕ ਸੇਵ ਕਮਾਵਾਂਗਾ । ਤੇਰੀ ਛੱਪਰੀ ਛੰਨ ਛੁਹਾਵਾਂਗਾ । ਥਿਰ ਘਰ ਨਾਂ ਰਖਾਵਾਂਗਾ । ਫੜ ਤੈਨੂੰ ਵਿਚ ਬਹਾਵਾਂਗਾ । ਸਾਚੀ ਸਿਖਿਆ ਸੁਣਾਵਾਂਗਾ । ਇਕੋ ਨਜ਼ਰੀ ਆਵਾਂਗਾ । ਬਣ ਪਿਤਾ ਪੂਤ ਉਠਾਵਾਂਗਾ । ਆਪਣੀ ਉਂਗਲੀ ਲਾਵਾਂਗਾ । ਚਾਰ ਕੁੰਟ ਫਿਰਾਵਾਂਗਾ । ਆਪਣਾ ਭੇਵ ਸਮਝਾਵਾਂਗਾ । ਬੇਅੰਤ


੬੫੭
੧੩

ਫੇਰ ਅਖਵਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਦ੍ਰਿੜਾਵਾਂਗਾ । ਦਰ ਤੇਰੇ ਆਊਂਗਾ । ਪ੍ਰਭ ਤੇਰਾ ਦਰਸਨ ਪਾਊਂਗਾ । ਦਰ ਬਹਿ ਕੇ ਖ਼ੁਸ਼ੀ ਮਨਾਊਂਗਾ । ਜੋ ਮਨ ਮੰਨਿਆ ਸੋ ਕਹਿ ਸੁਣਾਊਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰਾ ਢੋਲਾ ਗਾਊਂਗਾ । ਪੁਰਖ ਅਕਾਲ ਕਹੇ ਮੈਂ ਢੋਲਾ ਦੱਸਾਂਗਾ । ਥਿਰ ਘਰ ਤੇਰੇ ਨਾਲ ਵਸਾਂਗਾ । ਨਿਰਗੁਣ ਨਿਰਗੁਣ ਹੋ ਕੇ ਦੱਸਾਂਗਾ । ਸਚ ਪਿਆਰ ਅੰਦਰ ਫਸਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਇਕੋ ਹੁਕਮ ਰਟਾਂਗਾ । ਤੇਰਾ ਹੁਕਮ ਪਾਊਂਗਾ । ਲੱਖ ਲੱਖ ਖ਼ੁਸ਼ੀ ਮਨਾਊਂਗਾ । ਦਰ ਤੇਰੇ ਸੀਸ ਝੁਕਾਊਂਗਾ । ਖ਼ਾਲੀ ਝੋਲੀ ਆਪ ਭਰਾਊਂਗਾ । ਫਿਰ ਤੇਰਾ ਸੋਹਲਾ ਗਾਊਂਗਾ । ਗਾ ਗਾ ਤੈਨੂੰ ਸੁਣਾਊਂਗਾ । ਵਰ ਤੇਰੇ ਕੋਲੋਂ ਪਾਊਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਆਸਾ ਪੂਰ ਕਰਾਊਂਗਾ । ਆਸਾ ਪੂਰ ਕਰਾਂਗਾ । ਤੇਰਾ ਭੰਡਾਰਾ ਭਰਾਂਗਾ । ਪ੍ਰੇਮ ਇਕੋ ਵਰਾਂਗਾ । ਆਪਣੇ ਜਿਹਾ ਕਰਾਂਗਾ । ਸਾਚੀ ਤਰਨੀ ਤਰਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਨੇਹੁੜਾ ਘੱਲਾਂਗਾ । ਸਚ ਸਨੇਹੁੜਾ ਸੁਣਾਊਂਗਾ । ਸੁਤ ਸ਼ਬਦ ਮੇਲ ਮਿਲਾਊਂਗਾ । ਤੂੰ ਮੇਰਾ ਮੈਂ ਤੇਰਾ ਇਕੋ ਗੰਢ ਪਵਾਊਂਗਾ । ਗੁਰ ਚੇਲਾ ਰੂਪ ਵਟਾਊਂਗਾ । ਸੋਹੰ ਢੋਲਾ ਸਮਝਾਊਂਗਾ । ਨਿਰਗੁਣ ਨਿਰਗੁਣ ਰੰਗ ਚੜ੍ਹਾਊਂਗਾ । ਸਚਖੰਡ ਆਸਣ ਲਾਊਂਗਾ । ਥਿਰ ਘਰ ਮੰਦਰ ਤੇਰਾ ਵਡਿਆਊਂਗਾ । ਫਿਰ ਆਪਣਾ ਹੁਕਮ ਜਣਾਊਂਗਾ । ਸਚ ਸੰਦੇਸਾ ਇਕ ਅਲਾਊਂਗਾ । ਵਿਸ਼ਨੂੰ ਤੇਰੀ ਗੋਦ ਬਹਾਊਂਗਾ । ਬ੍ਰਹਮਾ ਧਾਰ ਵਿਚੋਂ ਪਰਗਟਾਊਂਗਾ । ਸ਼ੰਕਰ ਧੂਆਂਧਾਰ ਵਖਾਊਂਗਾ । ਅੱਗੇ ਆਪਣਾ ਰਾਹ ਜਣਾਊਂਗਾ । ਪੁਰਖ ਅਕਾਲ ਅਖਵਾਊਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਡੰਕਾ ਇਕ ਵਜਾਊਂਗਾ । ਸੁਤ ਦੁਲਾਰਾ ਸੁਣ ਸੰਦੇਸ਼ਾ, ਪ੍ਰਭ ਅੱਗੇ ਸੀਸ ਝੁਕਾਇੰਦਾ । ਤੂੰ ਸਾਹਿਬ ਸਤਿਗੁਰ ਨਰ ਨਰੇਸ਼ਾ, ਤੇਰਾ ਅੰਤ ਕੋਇ ਨਾ ਪਾਇੰਦਾ । ਤੂੰ ਆਦਿ ਜੁਗਾਦਿ ਰਹੇ ਹਮੇਸ਼ਾ, ਸਚਖੰਡ ਸਾਚੇ ਸੋਭਾ ਪਾਇੰਦਾ । ਮੈਂ ਹੁਕਮੇ ਅੰਦਰ ਕਰਾਂ ਤੇਰਾ ਪੇਸ਼ਾ, ਬਣ ਸੇਵਕ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਤੇਰੇ ਆਸ ਰਖਾਇੰਦਾ । ਤੇਰੀ ਪੂਰਨ ਆਸ ਕਰਾਵਾਂਗਾ । ਸ਼ਬਦੀ ਨਾਚ ਨਚਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਉਪਜਾਵਾਂਗਾ । ਬ੍ਰਹਿਮੰਡ ਖੰਡ ਰਚਾਵਾਂਗਾ । ਲੋਆਂ ਪੁਰੀਆਂ ਓਢਣ ਪਾਵਾਂਗਾ । ਕਿਰਨ ਕਿਰਨ ਪਰਗਟਾਵਾਂਗਾ । ਰਵ ਸਸ ਚਮਕਾਵਾਂਗਾ । ਮੰਡਲ ਮੰਡਪ ਦਰਸਾਵਾਂਗਾ । ਤ੍ਰੈਗੁਣ ਮਾਇਆ ਜੋੜ ਜੁੜਾਵਾਂਗਾ । ਪੰਚਮ ਘਾੜਨ ਘੜ ਵਖਾਵਾਂਗਾ । ਤੇਰੇ ਤੇਰੇ ਸੇਵਾ ਲਾਵਾਂਗਾ । ਲੱਖ ਚੁਰਾਸੀ ਰੂਪ ਵਟਾਵਾਂਗਾ । ਘਰ ਘਰ ਜੋਤ ਜਗਾਵਾਂਗਾ । ਤੇਰਾ ਰਾਗ ਸੁਣਾਵਾਂਗਾ । ਅਨਹਦ ਨਾਦ ਵਜਾਵਾਂਗਾ । ਪਰਦਾ ਇਕੋ ਪਾਵਾਂਗਾ । ਬਿਨ ਤੇਰੇ ਨਜ਼ਰ ਕਿਸੇ ਨਾ ਆਵਾਂਗਾ । ਜੀਵ ਜੰਤ ਮਿਲਾਵਾਂਗਾ । ਆਪਣਾ ਖੇਲ ਵਖਾਵਾਂਗਾ । ਆਸਾ ਤ੍ਰਿਸਨਾ ਨਾਲ ਮਿਲਾਵਾਂਗਾ । ਹਉਮੇਂ ਹੰਗਤਾ ਗੜ੍ਹ ਬਣਾਵਾਂਗਾ । ਮਾਇਆ ਮਮਤਾ ਜੋੜ ਜੁੜਾਵਾਂਗਾ । ਕਾਮ ਕਰੋਧ ਲੋਭ ਮੋਹ ਹੰਕਾਰ ਰੰਗ ਚੜ੍ਹਾਵਾਂਗਾ । ਨਾਰੀ ਪੁਰਸ਼ ਵੰਡ ਵੰਡਾਵਾਂਗਾ । ਕਾਮ ਕਾਮਨੀ ਖੇਲ ਕਰਾਵਾਂਗਾ । ਜਗਤ ਕੂੜੀ ਸੇਜ ਹੰਡਾਵਾਂਗਾ । ਧੀਆਂ ਪੁੱਤਰ ਬਣਤ ਬਣਾਵਾਂਗਾ । ਨਿਰਗੁਣ ਧਾਰੋਂ ਉਤਰ, ਆਪਣਾ ਰਾਹ ਜਣਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਦੇਵਣਹਾਰਾ ਸਾਚਾ ਵਰ, ਸ਼ਬਦ ਸੁਤ ਇਕ ਪਰਗਟਾਵਾਂਗਾ । ਸ਼ਬਦ ਸੁਤ ਨੇਤਰ ਰੋ, ਨੈਣਾਂ ਨੀਰ ਵਹਾਇੰਦਾ । ਪ੍ਰਭ ਤੇਰਾ ਭੇਵ ਨਾ ਆਏ ਕੋ ਹਉਂ ਬਾਲਾ ਮੁਖ ਸ਼ਰਮਾਇੰਦਾ । ਕਰ ਕਿਰਪਾ ਮੇਰਾ ਮੁਖੜਾ ਧੋ, ਤੇਰਾ ਅੰਮ੍ਰਿਤ ਮੋਹੇ ਭਾਇੰਦਾ । ਆਪਣਾ ਰੂਪ ਦੱਸ ਸੋ, ਜੋ ਸਚਖੰਡ ਆਸਣ ਲਾਇੰਦਾ । ਹੰ ਬ੍ਰਹਮ ਆਪੇ ਹੋ, ਨੂਰ ਜ਼ਹੂਰ ਕਵਣ ਕਰਾਇੰਦਾ । ਫਿਰ ਮੇਰਾ ਬਲ ਟੋਹ, ਜੇ ਘਾਟਾ ਨਜ਼ਰੀ ਆਵੇ ਸਿਰ ਤੇਰਾ ਹੱਥ ਰਖਾਇੰਦਾ । ਕਰ ਕਿਰਪਾ ਮੇਰੇ ਨਾਲ ਛੋਹ, ਮੈਂ ਤੇਰਾ ਰੰਗ ਰੰਗਾਇੰਦਾ । ਮੈਂ ਤੇਰੇ ਜੋਗਾ ਜਾਵਾਂ ਹੋ, ਦੂਜਾ ਨਜ਼ਰ ਕੋਇ ਨਾ ਆਇੰਦਾ । ਮੇਰੀ ਵਸਤੂ ਕੋਈ ਨਾ ਸਕੇ ਖੋਹ, ਦੋ ਜਹਾਨਾਂ ਹੁਕਮ ਮਨਾਇੰਦਾ । ਮੈਂ ਲੱਖ ਚੁਰਾਸੀ ਲੈ ਕੇ ਜਾਵਾਂ ਢੋਆ ਢੋ, ਮਨ ਮਤ ਬੁਧ ਸਮਝਾਇੰਦਾ । ਘਰ ਘਰ ਅੰਦਰ ਕਰਾਂ ਲੋ, ਪਰਕਾਸ਼ ਇਕੋ ਇਕ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਸੀਸ ਨਿਵਾਇੰਦਾ । ਵਰ ਸੱਚਾ ਇਕੋ ਦਿਆਂਗਾ । ਸਚ ਭੰਡਾਰਾ ਭਰਾਂਗਾ । ਨਿਰਭੈ ਰੂਪ ਕਰਾਂਗਾ । ਕਿਸੇ ਕੋਲੋਂ ਨਾ ਡਰਾਂਗਾ । ਦੋ ਜਹਾਨਾਂ ਲੜਾਂਗਾ । ਲੋਆਂ ਪੁਰੀਆਂ ਵੜਾਂਗਾ । ਲੱਖ ਚੁਰਾਸੀ ਫੜਾਂਗਾ । ਸਾਚੇ ਮੰਦਰ ਇਕੋ ਅੱਖਰ ਪੜ੍ਹਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਕਰਾਂਗਾ । ਸਾਚੀ ਕਰਨੀ ਕਮਾਵਾਂਗਾ । ਆਪਣਾ ਹੁਕਮ ਮਨਾਵਾਂਗਾ । ਸੁਤ ਸ਼ਬਦ ਰਾਹ ਚਲਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਨਾਲ ਮਿਲਾਵਾਂਗਾ । ਸੰਸਾਰੀ ਭੰਡਾਰੀ ਦੀਬਾਣ ਇਕ ਜਣਾਵਾਂਗਾ । ਲੱਖ ਚੁਰਾਸੀ ਰੰਗ ਵਖਾਵਾਂਗਾ । ਕਾਲ ਮਹਾਂਕਾਲ ਰੂਪ ਵਟਾਵਾਂਗਾ । ਦੀਨ ਦਿਆਲ ਵੇਸ ਧਰਾਵਾਂਗਾ । ਧਰਮਸਾਲ ਇਕ ਬਣਾਵਾਂਗਾ । ਸ਼ਾਹ ਕੰਗਾਲ ਉਪਜਾਵਾਂਗਾ । ਜਗ ਆਪਣਾ ਖੇਲ ਰਚਾਵਾਂਗਾ । ਸਰਬੰਗ ਨਾਮ ਧਰਾਵਾਂਗਾ । ਹੰਸ ਕਾਗ ਉਡਾਵਾਂਗਾ । ਸ਼ਾਹ ਰਗ ਦੇ ਉਪਰ ਆਸਣ ਲਾਵਾਂਗਾ । ਸੁਖਮਨ ਟੇਢੀ ਬੰਕ ਜਣਾਵਾਂਗਾ । ਈੜਾ ਪਿੰਗਲ ਦਰ ਰਖਾਵਾਂਗਾ । ਅੰਮ੍ਰਿਤ ਤਾਲ ਇਕ ਭਰਾਵਾਂਗਾ । ਬਜਰ ਕਪਾਟੀ ਤਾਲਾ ਲਾਹਾਂਗਾ । ਸਾਚੀ ਹਾਟੀ ਇਕ ਵਖਾਵਾਂਗਾ । ਦੀਆ ਬਾਤੀ ਜੋਤ ਜਗਾਵਾਂਗਾ । ਕਮਲਾਪਾਤੀ ਨਜ਼ਰੀ ਆਵਾਂਗਾ । ਆਤਮ ਸੇਜਾ ਇਕ ਹੰਡਾਵਾਂਗਾ । ਪਾਰਬ੍ਰਹਮ ਬ੍ਰਹਮ ਆਪਣਾ ਖੇਲ ਖਲਾਵਾਂਗਾ । ਆਤਮ ਪਰਮਾਤਮ ਵੇਸ ਵਟਾਵਾਂਗਾ । ਈਸ਼ ਜੀਵ ਬਣਾਵਾਂਗਾ । ਸਚ ਹਦੀਸ ਸੁਣਾਵਾਂਗਾ । ਕਲਮਾ ਇਕ ਪੜ੍ਹਾਵਾਂਗਾ । ਰਹਿਬਰ ਬਣ ਕੇ ਜਾਵਾਂਗਾ । ਸਾਹਿਬ ਸੁਲਤਾਨ ਆਪਣਾ ਨਾਮ ਧਰਾਵਾਂਗਾ । ਜੁਗ ਚੌਕੜੀ ਵੰਡ ਵੰਡਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਪੜ੍ਹਾਵਾਂਗਾ । ਸ਼ਾਸਤਰ ਸਿਮਰਤ ਵੇਦ ਲਿਖਾਵਾਂਗਾ । ਪੁਰਾਨ ਅਠਾਰਾਂ ਭੇਵ ਚੁਕਾਵਾਂਗਾ । ਗੀਤਾ ਗਿਆਨ ਦ੍ਰਿੜਾਵਾਂਗਾ । ਅੰਜੀਲ ਕੁਰਾਨ ਗਾਵਾਂਗਾ । ਆਪਣਾ ਖੇਲ ਕਰਾਵਾਂਗਾ । ਖਾਣੀ ਬਾਣੀ ਤੀਰ ਲਗਾਵਾਂਗਾ । ਮੰਤਰ ਇਕ ਸਮਝਾਵਾਂਗਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖ ਵਖਾਵਾਂਗਾ । ਗੁਰ ਅਵਤਾਰ ਪਰਗਟਾਵਾਂਗਾ । ਪੀਰ ਪੈਗ਼ੰਬਰ ਹੁਕਮ ਮਨਾਵਾਂਗਾ । ਨਵ ਨੌਂ ਚਾਰ ਵੰਡ ਵੰਡਾਵਾਂਗਾ । ਸ਼ਬਦੀ ਤੇਰਾ ਡੰਕ ਇਕ ਸੁਣਾਵਾਂਗਾ । ਰਾਉ ਰੰਕ ਜਗਾਵਾਂਗਾ । ਦਵਾਰ ਬੰਕ ਸੁਹਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਕਰ ਵਖਾਵਾਂਗਾ । ਸਾਚੀ ਕਰਨੀ ਕਰ ਵਖਾਊਂਗਾ । ਬ੍ਰਹਿਮੰਡ ਵਰਭੰਡ ਨਾਚ ਨਚਾਊਂਗਾ । ਜੁਗ ਚੌਕੜੀ ਸੋਹਲਾ ਗੀਤ ਛੰਦ ਸੁਣਾਊਂਗਾ । ਕੋਟਨ ਕੋਟ ਨਾਮ ਪਰਗਟਾਊਂਗਾ । ਆਪਣਾ ਭੇਵ ਨਾ ਕਿਸੇ ਜਣਾਊਂਗਾ । ਸਿਫ਼ਤ ਸਾਲਾਹ ਵਿਚ ਸਾਰੇ ਲਾਊਂਗਾ । ਗੁਰ ਅਵਤਾਰ ਜਣਾਊਂਗਾ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦੀ ਖੇਲ ਕਰਾਊਂਗਾ । ਸ਼ਬਦੀ ਖੇਲ ਕਰਾਵਾਂਗਾ । ਨਿਰਗੁਣ ਸਰਗੁਣ ਹੋ ਕੇ ਜਾਵਾਂਗਾ । ਜੁਗ ਜੁਗ ਰਾਹ ਵਖਾਵਾਂਗਾ । ਬੋਧ ਅਗਾਧ ਪਰਦਾ ਲਾਹਵਾਂਗਾ । ਹਿਰਦਾ ਸੋਧ ਮੰਤਰ ਇਕ ਜਣਾਵਾਂਗਾ । ਭਗਤ ਭਗਵੰਤ ਮੇਲ ਮਿਲਾਵਾਂਗਾ । ਸੰਮਤ ਸੰਮਤੀ ਭੇਵ ਖੁਲ੍ਹਾਵਾਂਗਾ । ਗੁਰਮੁਖ ਰੰਗ ਰੰਗਾਵਾਂਗਾ । ਗੁਰਸਿਖ ਗੋਦ ਬਹਾਵਾਂਗਾ । ਵਡ ਜੋਧਨ ਜੋਧ ਫੇਰਾ ਪਾਵਾਂਗਾ । ਕੋਟਨ ਕੋਟ ਕਾਲ ਬਿਤਾਵਾਂਗਾ । ਬੇਅੰਤ ਨਾਮ ਧਰਾਵਾਂਗਾ । ਸ਼ਬਦੀ ਤੇਰਾ ਨਾਉਂ ਉਪਜਾਵਾਂਗਾ । ਸੁਤ ਸਾਚੇ ਮਾਣ ਦਿਵਾਵਾਂਗਾ । ਆਪਣਾ ਮੁਖ ਛੁਪਾਵਾਂਗਾ । ਨਜ਼ਰ ਕਿਸੇ ਨਾ ਆਵਾਂਗਾ । ਸਚਖੰਡ ਡੇਰਾ ਲਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਤੇਰਾ ਇਕੋ ਘਰ ਵਸਾਵਾਂਗਾ । ਸ਼ਬਦ ਸੁਤ ਤੇਰਾ ਵਸੇ ਖੇੜਾ, ਸਤਿਗੁਰ ਆਪ ਜਣਾਇੰਦਾ । ਬ੍ਰਹਮ ਪਾਰਬ੍ਰਹਮ ਬੰਨ੍ਹੇ ਬੇੜਾ, ਆਪਣੇ ਕੰਧ ਉਠਾਇੰਦਾ । ਜੁਗ ਚੌਕੜੀ ਦੇਵੇ ਗੇੜਾ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਇਕੋ ਹੁਕਮ ਸੁਣਾਇੰਦਾ । ਆਦਿ ਹੁਕਮ ਧੁਰ ਫ਼ਰਮਾਨਾ, ਸਚਖੰਡ ਨਿਵਾਸੀ ਆਪ ਜਣਾਈਆ । ਸ਼ਬਦ ਸੁਤ ਬਣ ਸਾਚਾ ਰਾਣਾ, ਰੱਯਤ ਨਰ ਹਰਿ ਰਿਹਾ ਵਖਾਈਆ । ਤੇਰਾ ਹੁਕਮ ਦੋ ਜਹਾਨਾ, ਨਾ ਕੋਈ ਮੇਟੇ ਮੇਟ ਮਿਟਾਈਆ । ਤੇਰਾ ਨਾਉਂ ਸਚ ਪਰਵਾਨਾ, ਸ੍ਰੀ ਭਗਵਾਨ ਇਕ ਜਣਾਈਆ । ਤੇਰਾ ਪਿਆਰ ਬ੍ਰਹਮ ਗਿਆਨਾ, ਬ੍ਰਹਮ ਵਿਦਿਆ ਕਰੇ ਪੜ੍ਹਾਈਆ । ਤੇਰਾ ਰਾਗ ਆਤਮ ਤਰਾਨਾ, ਅਨਹਦ ਨਾਦੀ ਨਾਦ ਸੁਣਾਈਆ । ਤੇਰਾ ਰਸ ਅੰਮ੍ਰਿਤ ਆਤਮ ਪੀਣਾ ਖਾਣਾ, ਨਿਝਰ ਝਿਰਨਾ ਇਕ ਝਿਰਾਈਆ । ਤੇਰਾ ਬਲ ਮਰਦ ਮਰਦਾਨਾ, ਮਹਾਂਬੀਰ ਵਡ ਵਡਿਆਈਆ । ਤੇਰਾ ਖੇਲ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਲੋਕਮਾਤ ਮਹਾਨਾ, ਮਹਿਮਾਂ ਅਕਥ ਕਥ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਚ ਦਏ ਦ੍ਰਿੜਾਈਆ । ਸਚ ਦ੍ਰਿੜਾ ਦਏ ਵਿਸ਼ਵਾਸ਼, ਵਿਸ਼ਵ ਆਪਣੀ ਧਾਰ ਜਣਾਇੰਦਾ । ਜੁਗ ਚੌਕੜੀ ਵੇਖ ਖੇਲ ਤਮਾਸ਼, ਡੋਰੀ ਤੇਰੇ ਹੱਥ ਫੜਾਇੰਦਾ । ਨੌਂ ਸੌ ਚੁਰਾਨਵੇ ਚੌਕੜੀ ਜੁਗ ਮੰਡਲ ਮੰਡਪ ਪਾ ਰਾਸ, ਗੋਪੀ ਕਾਹਨ ਤੇਰੇ ਹੁਕਮ ਨਚਾਇੰਦਾ । ਗੁਰ ਅਵਤਾਰ ਤੇਰੇ ਦਾਸ, ਸਾਚੀ ਸੇਵਾ ਇਕ ਸਮਝਾਇੰਦਾ । ਪੀਰ ਪੈਗ਼ੰਬਰ ਰੱਖਣ ਤੇਰੀ ਆਸ, ਸਯਦਾ ਸੀਸ ਸੀਸ ਝੁਕਾਇੰਦਾ । ਤੇਰੀ ਸਿਫ਼ਤ ਲਿਖੇ ਕਲਮ ਦਵਾਤ, ਸ਼ਾਹੀ ਕਾਗ਼ਜ਼ ਨਾਲ ਮਿਲਾਇੰਦਾ । ਤੇਰੇ ਹੁਕਮੇ ਅੰਦਰ ਖਾਣੀ ਬਾਣੀ ਕਰੇ ਵਫ਼ਾਤ, ਫਤਵਾ ਸਭ ਦੇ ਉਤੇ ਲਾਇੰਦਾ । ਤੇਰਾ ਲਹਿਣਾ ਦੇਣਾ ਕਾਇਨਾਤ, ਕਾਦਰ ਕਰਤਾ ਆਪ ਜਣਾਇੰਦਾ । ਤੇਰੇ ਹੁਕਮੇ ਅੰਦਰ ਸ਼ਰਅ ਸ਼ਰਾਇਤ, ਸ਼ਰੀਅਤ ਤੇਰੀ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸ਼ਬਦ ਆਪ ਜਣਾਇੰਦਾ । ਸਾਚੇ ਸ਼ਬਦ ਤੇਰੀ ਵਡ ਵਡਿਆਈ, ਹਰਿ ਸਤਿਗੁਰ ਆਪ ਬਣਾਈਆ । ਬ੍ਰਹਿਮੰਡ ਖੰਡ ਤੇਰੇ ਨਾਉਂ ਦੁਹਾਈ, ਦਰੋਹੀ ਦਏ ਸਰਬ ਲੋਕਾਈਆ । ਨਿਰਗੁਣ ਸਰਗੁਣ ਤੇਰੀ ਰੁਸ਼ਨਾਈ, ਲੱਖ ਚੁਰਾਸੀ ਤੇਰਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲੇਖਾ ਦਏ ਸਮਝਾਈਆ । ਤੇਰਾ ਲੇਖਾ ਦੱਸੇ ਅੰਤਮ ਚੌਕੜ, ਏਕਾ ਏਕ ਜਣਾਇੰਦਾ । ਤੇਰੀ ਜੁਗਾ ਜੁਗਾਦੀ ਪੂਰੀ ਕਰੇ ਔਕੜ, ਓਟ ਇਕੋ ਇਕ ਸਮਝਾਇੰਦਾ । ਬ੍ਰਹਿਮੰਡ ਖੰਡ ਤੇਰੇ ਨਾਮ ਦੀ ਦੱਸੇ ਰੌਣਕ, ਦੂਜਾ ਡੰਕ ਨਾ ਕੋਇ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੇ ਸੁਤ ਆਪ ਦ੍ਰਿੜਾਇੰਦਾ ।

ਸਾਚੇ ਸੁਤ ਸੁਣ ਲੈ ਯਾਦ, ਸੋ ਪੁਰਖ ਨਿਰੰਜਣ ਆਪ ਸੁਣਾਇਆ । ਜੁਗ ਜੁਗ ਤੇਰਾ ਖੇਲ ਤਮਾਸ਼, ਜੁਗ ਚੌਕੜੀ ਬੰਧਨ ਪਾਇਆ । ਅੰਤਮ ਚੌਕੜ ਕਰੇ ਖੇਲ ਪੁਰਖ ਸਮਰਾਥ, ਵੇਸ ਅਨੇਕਾ ਰੂਪ ਧਰਾਇਆ । ਤੇਈ ਅਵਤਾਰ ਤੇਰੇ ਦਾਸ, ਅਠਾਰਾਂ ਭਗਤ ਸੀਸ ਝੁਕਾਇਆ । ਈਸਾ ਮੂਸਾ ਮੁਹੰਮਦ ਨੇਤਰ ਨੈਣ ਤੱਕਣ ਪ੍ਰਿਥਮੀ ਆਕਾਸ਼, ਪਰਵਰਦਿਗਾਰ ਇਕੋ ਨਜ਼ਰੀ ਆਇਆ । ਗੁਰੂ ਗੁਰ ਖੇਲ ਅਬਿਨਾਸ਼, ਗੁਰ ਕਰਤਾ ਆਪ ਜਣਾਇਆ । ਦੋਏ ਜੋੜ ਕਰਨ ਆਸ, ਆਸਾ ਆਸਾ ਵਿਚ ਪਰਗਟਾਇਆ । ਕਲਜੁਗ ਅੰਤਮ ਸਾਰੇ ਹੋਣ ਨਿਰਾਸ, ਬਲ ਸਕੇ ਨਾ ਕੋਇ ਵਖਾਇਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਹੋਏ ਪਰਭਾਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਜਣਾਇਆ । ਸਾਚਾ ਖੇਲ ਦੱਸੇ ਕਰਤਾਰਾ, ਕੁਦਰਤ ਕਾਦਰ ਆਪ ਜਣਾਈਆ । ਨਵ ਨੌਂ ਚਾਰ ਉਤਰੇ ਪਾਰਾ, ਪਾਰਬ੍ਰਹਮ ਪੰਧ ਮੁਕਾਈਆ । ਸ਼ਬਦੀ ਸੁਤ ਤੇਰਾ ਵਿਹਾਰਾ, ਸਾਚੀ ਧਾਰਾ ਦਏ ਸਮਝਾਈਆ । ਕਲਜੁਗ ਅੰਤਮ ਗੁਰ ਗੋਬਿੰਦ ਬਣ ਕੇ ਆਏ ਸੁਤ ਦੁਲਾਰਾ, ਪੁਰਖ ਅਕਾਲ ਪਿਤਾ ਮਾਈਆ । ਨਾਮ ਖੰਡਾ ਤੇਜ ਕਟਾਰਾ, ਚੰਡ ਪਰਚੰਡ ਇਕ ਉਠਾਈਆ । ਅੰਮ੍ਰਿਤ ਆਤਮ ਦੇਵੇ ਠੰਡਾ ਠਾਰਾ, ਰਸ ਇਕੋ ਇਕ ਵਖਾਈਆ । ਪਤਤ ਪਾਪੀ ਕਰੇ ਪਾਰ ਉਤਾਰਾ, ਮੂਰਖ ਮੂੜ੍ਹੇ ਆਪ ਤਰਾਈਆ । ਸਾਚਾ ਦੇਵੇ ਇਕ ਸਹਾਰਾ, ਪੁਰਖ ਅਕਾਲ ਓਟ ਤਕਾਈਆ । ਸਰਬ ਜੀਆਂ ਦਾ ਸਾਂਝਾ ਯਾਰਾ, ਬੇਪਰਵਾਹ ਸੱਚਾ ਸ਼ਹਿਨਸ਼ਾਹੀਆ । ਕਲ ਕਲਕੀ ਲੈ ਅਵਤਾਰਾ, ਕਲਜੁਗ ਧੋਵੇ ਕਾਲੀ ਸ਼ਾਹੀਆ । ਸੰਬਲ ਵਸੇ ਧਾਮ ਨਿਆਰਾ, ਨਿਰਗੁਣ ਜੋਤੀ ਜੋਤ ਮਿਲਾਈਆ । ਸ਼ਬਦ ਡੰਕਾ ਵੱਜੇ ਅਗੰਮ ਅਪਾਰਾ, ਬ੍ਰਹਿਮੰਡਾਂ ਖੰਡਾਂ ਦਏ ਜਗਾਈਆ । ਕੂੜੀ ਕਿਰਿਆ ਕਰੇ ਪਾਰ ਕਿਨਾਰਾ, ਮਾਇਆ ਮਮਤਾ ਮੇਟ ਮਿਟਾਈਆ । ਲੱਖ ਚੁਰਾਸੀ ਖੋਲ੍ਹਣਹਾਰ ਕਵਾੜਾ, ਘਰ ਘਰ ਬੈਠਾ ਵੇਖ ਵਖਾਈਆ । ਲੇਖਾ ਜਾਣੇ ਬਹੱਤਰ ਨਾੜਾ, ਮਹੱਲ ਅਟੱਲ ਕਰੇ ਰੁਸ਼ਨਾਈਆ । ਪਰਦਾ ਲਾਹੇ ਜੰਗਲ ਜੂਹ ਉਜਾੜ ਪਹਾੜਾ, ਉਚੇ ਟਿੱਲੇ ਪਰਬਤ ਫੋਲ ਫੁਲਾਈਆ । ਸ਼ਬਦੀ ਤੇਰਾ ਇਕ ਜਣਾਏ ਸਾਚਾ ਨਾਅਰਾ, ਸੋਹੰ ਸੋ ਕਰੇ ਪੜ੍ਹਾਈਆ । ਆਤਮ ਪਰਮਾਤਮ ਦਏ ਆਧਾਰਾ, ਧੁਰ ਮਸਤਕ ਵੇਖ ਵਖਾਈਆ । ਲੇਖਾ ਜਾਣੇ ਧੁਰ ਦਰਬਾਰਾ, ਧੁਰ ਦੀ ਬਾਣੀ ਰਾਗ ਅਲਾਈਆ । ਕਾਗਦ ਕਲਮ ਨਾ ਲਿਖਣਹਾਰਾ, ਸ਼ਾਹੀ ਰੋਵੇ ਮਾਰੇ ਧਾਹੀਂਆ । ਸਮੁੰਦ ਸਾਗਰ ਹੋਵੇ ਖਾਰਾ, ਖ਼ਾਲਕ ਖ਼ਲਕ ਰੂਪ ਵਟਾਈਆ । ਨੌਂ ਖੰਡ ਪ੍ਰਿਥਮੀ ਹਾਹਾਕਾਰਾ, ਧੀਰਜ ਧੀਰ ਨਾ ਕੋਇ ਧਰਾਈਆ । ਸ਼ਾਹ ਸੁਲਤਾਨ ਹੋਵਣ ਖ਼ਾਕ ਛਾਰਾ, ਖ਼ਾਕੀ ਖ਼ਾਕ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਤ ਤੇਰਾ ਸਾਚਾ ਡੰਕਾ ਹਰਿ ਸਤਿਗੁਰ ਆਪ ਵਜਾਈਆ । ਸਾਚਾ ਡੰਕਾ ਵੱਜੇ ਮਰਦੰਗ, ਵਡ ਮਰਦਾਨਾ ਆਪ ਜਣਾਇੰਦਾ । ਕਲਜੁਗ ਖੇਲ ਕਰੇ ਸੂਰਾ ਸਰਬੰਗ, ਅੰਤਮ ਆਪਣਾ ਰੂਪ ਧਰਾਇੰਦਾ । ਲੇਖਾ ਜਾਣੇ ਤਾਰਾ ਚੰਦ, ਚੌਦਾਂ ਤਬਕ ਖੋਜ ਖੁਜਾਇੰਦਾ । ਈਸਾ ਮੂਸਾ ਮੁਹੰਮਦ ਦਰ ਦਰਵੇਸ਼ ਮੰਗ ਰਹੇ ਮੰਗ, ਨੇਤਰ ਨੈਣ ਨਾ ਕੋਇ ਉਠਾਇੰਦਾ । ਅੱਲਾ ਰਾਣੀ ਹੋਏ ਨੰਗ, ਪੱਲੂ ਓਢਣ ਨਜ਼ਰ ਕੋਇ ਨਾ ਆਇੰਦਾ । ਉਮਤ ਉਮਤੀ ਵੇਖੇ ਮਲੰਗ, ਮੁੱਲਾ ਸ਼ੇਖ਼ ਮਸਾਇਕ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਤੇਰਾ ਇਕੋ ਡੰਕ ਵਜਾਇੰਦਾ । ਡੰਕਾ ਵੱਜੇ ਦੋ ਜਹਾਨ, ਦੋ ਜਹਾਨਾਂ ਆਪ ਵਜਾਈਆ । ਪਰਗਟ ਹੋਵੇ ਨਿਹਕਲੰਕ ਬਲੀ ਬਲਵਾਨ, ਬਲ ਆਪਣਾ ਆਪ ਧਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਇਕੱਠੇ ਕਰੇ ਆਣ, ਸਚ ਸੰਦੇਸਾ ਇਕ ਸੁਣਾਈਆ । ਸਾਚੇ ਤਖ਼ਤ ਬਹੇ ਨੌਜਵਾਨ, ਨੌਬਤ ਆਪਣੇ ਨਾਮ ਵਜਾਈਆ ।



੬੬੧
੧੩

ਕਰੇ ਖੇਲ ਵਡ ਮਿਹਰਵਾਨ, ਮਿਹਰ ਨਜ਼ਰ ਇਕ ਉਠਾਈਆ । ਭਗਤ ਭਗਵਾਨ ਲਏ ਪਹਿਚਾਣ, ਬੇਪਹਿਚਾਣ ਫੇਰਾ ਪਾਈਆ । ਸਚ ਬਣਾਏ ਇਕ ਵਿਧਾਨ, ਚੌਦਾਂ ਵਿਦਿਆ ਕਰ ਹਲਕਾਈਆ । ਚੌਦਾਂ ਲੋਕ ਹੋਣ ਹੈਰਾਨ, ਹਰਿ ਕਾ ਭੇਵ ਕੋਇ ਨਾ ਪਾਈਆ । ਕਲਜੁਗ ਮਿਟੇ ਕੂੜ ਨਿਸ਼ਾਨ, ਅੰਤ ਦੇਵੇ ਜੜ ਉਖੜਾਈਆ । ਸਤਿਜੁਗ ਦੇਵੇ ਸੱਚਾ ਦਾਨ, ਦਾਤਾ ਦਾਨੀ ਦਇਆ ਕਮਾਈਆ । ਸ਼ਬਦ ਗੁਰੂ ਹੋਏ ਪਰਧਾਨ, ਪੰਜ ਤੱਤ ਨਾ ਕੋਇ ਵਡਿਆਈਆ । ਸੋਹੰ ਢੋਲਾ ਸਾਰੇ ਗਾਣ, ਆਤਮ ਪਰਮਾਤਮ ਵੱਜੇ ਵਧਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਇਕੋ ਨਜ਼ਰੀ ਆਣ, ਏਕਾ ਰੂਪ ਦਰਸਾਈਆ । ਨਾਤਾ ਤੁਟੇ ਅੰਜੀਲ ਕੁਰਾਨ, ਕਾਇਆ ਕੁਰਾ ਖੋਜ ਖੁਜਾਈਆ । ਮੱਕਾ ਕਾਅਬਾ ਵਖਾਏ ਨਿਸ਼ਾਨ, ਸਾਚੇ ਹੁਜਰੇ ਸੋਭਾ ਪਾਈਆ । ਤੋਫ਼ਾ ਲੈ ਕੇ ਆਏ ਸ੍ਰੀ ਭਗਵਾਨ, ਸੋਭਾ ਇਕੋ ਇਕ ਜਣਾਈਆ । ਤੋਬਾ ਤੋਬਾ ਕਰੇ ਜਹਾਨ, ਮੁਸਲਮ ਸੁਨੀ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਤ ਤੇਰਾ ਡੰਕਾ ਇਕੋ ਇਕ ਜਣਾਈਆ । ਡੰਕਾ ਵੱਜੇ ਰਾਜ ਰਾਜਾਨ, ਹਰਿ ਸਤਿਗੁਰ ਆਪ ਵਜਾਇੰਦਾ । ਜ਼ਿਮੀਂ ਅਸਮਾਨ ਹੋਣ ਹੈਰਾਨ, ਹਰਿ ਕੀ ਕੀ ਖੇਲ ਰਚਾਇੰਦਾ । ਜਲ ਥਲ ਸਰਬ ਕੁਰਲਾਣ, ਮਹੱਲ ਅਟੱਲ ਭੇਵ ਕੋਇ ਨਾ ਪਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਅੰਤ ਪਛਤਾਣ, ਵੇਲਾ ਗਿਆ ਹੱਥ ਨਾ ਆਇੰਦਾ । ਨਾਤਾ ਤੁਟੇ ਸ਼ਾਸਤਰ ਸਿਮਰਤ ਵੇਦ ਪੁਰਾਨ, ਗੀਤਾ ਗਿਆਨ ਪੰਧ ਮੁਕਾਇੰਦਾ । ਨੇਤਰ ਰੋਵੇ ਅੰਜੀਲ ਕੁਰਾਨ, ਸਾਚਾ ਮਸਲਾ ਹੱਲ ਨਾ ਕੋਇ ਕਰਾਇੰਦਾ । ਪੀਰ ਪੈਗ਼ੰਬਰ ਨੈਣ ਸ਼ਰਮਾਣ, ਗੁਰ ਅਵਤਾਰ ਧਿਆਨ ਲਗਾਇੰਦਾ । ਪਰਗਟ ਹੋਇਆ ਇਕ ਅਮਾਮ, ਮਹਿੰਦੀ ਸਭ ਦੇ ਰੰਗ ਚੜ੍ਹਾਇੰਦਾ । ਲਹਿੰਦੀ ਦਿਸ਼ਾ ਖੇਲ ਮਹਾਨ, ਉਤਰ ਪੂਰਬ ਪੱਛਮ ਦੱਖਣ ਆਪਣਾ ਹੁਕਮ ਮਨਾਇੰਦਾ । ਅੱਲਾ ਰਾਣੀ ਕਹਿੰਦੀ ਕਿਸੇ ਦਾ ਸਾਬਤ ਰਿਹਾ ਨਾ ਈਮਾਨ, ਪਰਵਰਦਿਗਾਰ ਅੱਖ ਆਪਣੀ ਆਪ ਉਠਾਇੰਦਾ । ਸਾਰੇ ਉਠ ਕੇ ਕਰੋ ਸਲਾਮ, ਅਲੈਕਮ ਸਭ ਦੀ ਝੋਲੀ ਪਾਇੰਦਾ । ਜੇਹੜਾ ਦੇਂਦਾ ਰਿਹਾ ਪੈਗ਼ਾਮ, ਸੋ ਜ਼ਾਹਰਾ ਪੀਰ ਆਇੰਦਾ । ਕਲਜੁਗ ਅੰਤਮ ਬਦਲ ਦੇਵੇ ਨਜ਼ਾਮ, ਸਦੀ ਚੌਧਵੀਂ ਧੱਕਾ ਲਾਇੰਦਾ । ਬਿਨ ਕਿਰਪਾ ਕੋਈ ਨਾ ਸਕੇ ਪਹਿਚਾਣ, ਰੂਪ ਰੰਗ ਰੇਖ ਨਾ ਕੋਇ ਵਖਾਇੰਦਾ । ਢੋਲੇ ਸਾਰੇ ਘਰ ਘਰ ਗਾਣ, ਆਤਮ ਪਰਦਾ ਕੋਇ ਨਾ ਲਾਹਿੰਦਾ । ਸ਼ਬਦ ਸੁਤ ਤੇਰਾ ਨਿਸ਼ਾਨ, ਸਤਿ ਪੁਰਖ ਨਿਰੰਜਣ ਆਪ ਝੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਇਕੋ ਹੱਥ ਟਿਕਾਇੰਦਾ ।



### ❇ ੨੫ ਮਾਘ ੨੦੧੯ ਬਿਕ੍ਰਮੀ ਸੂਰਤ ਸਿੰਘ ਦੇ ਗ੍ਰਿਹ ਮਸਤ ਗੜ੍ਹ ਜ਼ਿਲਾ ਅੰਮ੍ਰਿਤਸਰ ❇

ਤਖ਼ਤ ਨਿਵਾਸੀ ਏਕੰਕਾਰਾ, ਸਚਖੰਡ ਸਾਚੇ ਸੋਭਾ ਪਾਇੰਦਾ । ਸੋ ਪੁਰਖ ਨਿਰੰਜਣ ਵਡ ਸਿਕਦਾਰਾ, ਸ਼ਹਿਨਸ਼ਾਹ ਇਕੋ ਇਕ ਅਖਵਾਇੰਦਾ । ਹਰਿ ਪੁਰਖ ਨਿਰੰਜਣ ਭੇਵ ਨਿਆਰਾ, ਅਲਖ ਅਗੋਚਰ ਅਗੰਮ ਅਥਾਹ ਆਪਣੀ ਕਾਰ ਕਮਾਇੰਦਾ । ਏਕੰਕਾਰਾ ਖੇਲ ਨਿਆਰਾ, ਨਿਰਗੁਣ ਆਪਣਾ ਰੰਗ ਰੰਗਾਇੰਦਾ । ਆਦਿ ਨਿਰੰਜਣ ਜੋਤ ਪਸਾਰਾ, ਜੋਤੀ ਜਾਤਾ ਡਗਮਗਾਇੰਦਾ । ਅਬਿਨਾਸ਼ੀ ਕਰਤਾ ਵਸਣਹਾਰਾ ਠਾਂਡੇ ਦਰਬਾਰਾ, ਸੇਜ ਸੁਹੰਜਣੀ ਇਕ ਸੁਹਾਇੰਦਾ । ਸ੍ਰੀ ਭਗਵਾਨ ਦੇਵਣਹਾਰਾ ਸਤਿ ਹੁਲਾਰਾ, ਸਾਹਿਬ ਸੁਲਤਾਨ ਖੇਲ ਕਰਾਇੰਦਾ । ਪਾਰਬ੍ਰਹਮ ਪ੍ਰਭ ਬਣ ਵਣਜਾਰਾ, ਨਿਰਗੁਣ

ਆਪਣਾ ਹੱਟ ਚਲਾਇੰਦਾ । ਸ਼ਾਹੋ ਭੂਪ ਵਡ ਸਿਕਦਾਰਾ, ਰਾਜਨ ਰਾਜ ਆਪ ਅਖਵਾਇੰਦਾ । ਲੇਖਾ ਜਾਣੇ ਧੁਰ ਦਰਬਾਰਾ, ਦਰਗਹਿ ਸਾਚੀ ਧਾਮ ਸੁਹਾਇੰਦਾ । ਲਾਸ਼ਰੀਕ ਪਰਵਰਦਿਗਾਰਾ, ਜਲਵਾ ਨੂਰ ਇਕ ਪਰਗਟਾਇੰਦਾ । ਮੁਕਾਮੇ ਹੱਕ ਕਰ ਪਸਾਰਾ, ਹਕੀਕਤ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਹਰਿ ਕਰਤਾਰਾ, ਆਦਿ ਜੁਗਾਦੀ ਆਪ ਕਰਾਈਆ । ਵਸਣਹਾਰਾ ਧਾਮ ਨਿਆਰਾ, ਨਿਹਚਲ ਆਪਣਾ ਆਸਣ ਲਾਈਆ । ਕਰ ਖੇਲ ਅਗੰਮ ਅਪਾਰਾ, ਬੇਅੰਤ ਬੇਅੰਤ ਰੂਪ ਰੰਗ ਰੇਖ ਨਾ ਕੋਇ ਜਣਾਈਆ । ਸਚ ਸੰਦੇਸਾ ਨਰ ਨਰੇਸ਼ਾ ਦੇਵਣਹਾਰਾ ਧੁਰਦਰਬਾਰਾ, ਬੋਧ ਅਗਾਧ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਆਦਿ ਅੰਤ, ਜੁਗ ਕਰਤਾ ਆਪ ਕਰਾਇੰਦਾ । ਖੇਲੇ ਖੇਲ ਜੁਗਾ ਜੁਗੰਤ, ਭੇਵ ਅਭੇਦ ਆਪ ਖੁਲ੍ਹਾਇੰਦਾ । ਸਤਿ ਸਤਿਵਾਦੀ ਸਾਚਾ ਮੰਤ, ਮੰਤਰ ਆਪਣਾ ਨਾਮ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਖਲਾਇੰਦਾ । ਸਾਚਾ ਖੇਲ ਖੇਲਣਹਾਰਾ, ਏਕੰਕਾਰਾ ਵਡ ਵਡਿਆਈਆ । ਵਸਣਹਾਰਾ ਧਾਮ ਨਿਆਰਾ, ਸਚ ਸਿੰਘਾਸਣ ਸੋਭਾ ਪਾਈਆ । ਖੋਲ੍ਹਣਹਾਰਾ ਹੱਟ ਵਣਜਾਰਾ, ਦੋ ਜਹਾਨਾਂ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਰੰਗ ਰੰਗਾਈਆ । ਨਿਰਗੁਣ ਰੰਗ ਨਿਰਗੁਣ ਰੰਗੀਲਾ, ਨਿਰਗੁਣ ਆਪਣੀ ਧਾਰ ਜਣਾਇੰਦਾ । ਨਿਰਗੁਣ ਛੈਲ ਵਡ ਛਬੀਲਾ, ਸ਼ਾਹ ਪਾਤਸ਼ਾਹ ਇਕ ਅਖਵਾਇੰਦਾ । ਨਿਰਗੁਣ ਬਣਾਏ ਆਪਣਾ ਸਤਿ ਕਬੀਲਾ, ਸੁਤ ਦੁਲਾਰਾ ਸ਼ਬਦੀ ਜਾਇੰਦਾ । ਸੁਤ ਦੁਲਾਰਾ ਬਣੇ ਸਚ ਵਸੀਲਾ, ਵਿਸ਼ਨ ਬ੍ਰਹਮਾ ਸ਼ਿਵ ਨਾਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਰ ਵਖਾਇੰਦਾ । ਸਾਚੀ ਕਰਨੀ ਕਰੇ ਆਪ, ਆਪਣੇ ਹੱਥ ਰੱਖੇ ਵਡਿਆਈਆ । ਆਦਿ ਜੁਗਾਦੀ ਖੇਲ ਤਮਾਸ਼, ਹਰਿ ਕਰਤਾ ਵੇਖ ਵਖਾਈਆ । ਪਾਰਬ੍ਰਹਮ ਦੇਵੇ ਇਕੋ ਜਾਪ, ਵਿਸ਼ਨ ਬ੍ਰਹਮਾ ਸ਼ਿਵ ਕਰੇ ਪੜ੍ਹਾਈਆ । ਸਤਿ ਸਤਿਵਾਦੀ ਸੱਚਾ ਪਾਠ, ਮੰਤਰ ਇਕੋ ਸੋਹਲਾ ਗਾਈਆ । ਦਰਸ ਦਿਖਾਏ ਨੈਣ ਖੁਲ੍ਹਾਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਜਣਾਈਆ । ਵਿਸ਼ਨ ਬ੍ਰਹਮਾ ਸ਼ਿਵ ਨੇਤਰ ਖੋਲ੍ਹ, ਆਪਣਾ ਭੇਵ ਜਣਾਇੰਦਾ । ਨਿਰਗੁਣ ਅੰਦਰ ਨਿਰਗੁਣ ਬੋਲ, ਨਿਰਗੁਣ ਨਾਦ ਸੁਣਾਇੰਦਾ । ਸਤਿ ਸਤਿਵਾਦੀ ਤੋਲਣਹਾਰਾ ਤੋਲ, ਨਾਮ ਕੰਡਾ ਹੱਥ ਉਠਾਇੰਦਾ । ਸਚਖੰਡ ਨਿਵਾਸੀ ਬੈਠ ਸਦਾ ਅਡੋਲ, ਥਿਰ ਘਰ ਆਪਣੀ ਕਾਰ ਕਮਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਪਰਦਾ ਖੋਲ੍ਹ, ਸਤਿ ਸਰੂਪੀ ਬੰਧਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਵ ਆਪਣਾ ਰਾਹ ਜਣਾਇੰਦਾ । ਵਿਸ਼ਵ ਵਿਸ਼ਨੂੰ ਰਾਹ ਦੱਸ, ਦਰਦੀ ਆਪਣਾ ਦਰਦ ਵੰਡਾਈਆ । ਨਿਰਗੁਣ ਹੋ ਕੇ ਅੰਦਰ ਵਸ, ਜੋਤੀ ਜੋਤ ਜੋਤ ਰੁਸ਼ਨਾਈਆ । ਅੰਮ੍ਰਿਤ ਦੇਵੇ ਸਾਚਾ ਰਸ, ਝਿਰਨਾ ਆਪਣੇ ਹੱਥ ਰਖਾਈਆ । ਲੇਖਾ ਜਾਣੇ ਘਟ ਘਟ, ਘਟ ਘਟ ਰਿਹਾ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਅੰਮ੍ਰਿਤ ਧਾਰਾ, ਹਰਿ ਸਤਿਗੁਰ ਆਪ ਚਲਾਇੰਦਾ । ਵਿਸ਼ਨੂੰ ਅੰਦਰ ਕਰ ਉਜਿਆਰਾ, ਜੋਤੀ ਜੋਤ ਜਗਾਇੰਦਾ । ਜੋਤੀ ਅੰਦਰ ਖੇਲ ਨਿਆਰਾ, ਅਪਰੰਪਰ ਆਪ ਕਰਾਇੰਦਾ । ਪਾਰਬ੍ਰਹਮ ਪ੍ਰਭ ਵੰਡਣਹਾਰਾ, ਵੰਡ ਆਪਣੀ ਆਪ ਕਰਾਇੰਦਾ । ਬ੍ਰਹਮਾ ਵੇਤਾ ਕਰ ਉਜਿਆਰਾ, ਸਾਚੀ ਸਿਖਿਆ

ਇਕ ਸਮਝਾਇੰਦਾ । ਤੂੰ ਮੇਰਾ ਮੈਂ ਤੇਰਾ ਦੋਹਾਂ ਘਰ ਇਕ ਪਸਾਰਾ, ਗ੍ਰਿਹ ਮੰਦਰ ਸੋਭਾ ਪਾਇੰਦਾ । ਸਾਚਾ ਨਾਮ ਦੇ ਆਧਾਰਾ, ਸਾਚੀ ਸਿਖਿਆ ਇਕ ਸਮਝਾਇੰਦਾ । ਸੋਹੰ ਬੋਲ ਬੋਲ ਜੈਕਾਰਾ, ਨਿਰਗੁਣ ਨਿਰਗੁਣ ਬੰਧਨ ਪਾਇੰਦਾ । ਦੂਜਾ ਨਾ ਕੋਈ ਮੀਤ ਮੁਰਾਰਾ, ਸਗਲਾ ਸੰਗ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮਾ ਦੇਵੇ ਇਕ ਵਰ, ਵਸਤ ਅਮੋਲਕ ਝੋਲੀ ਪਾਇੰਦਾ । ਇਕੋ ਵਰ ਦੇਵੇ ਦਾਤ, ਦਾਤਾ ਦਾਨੀ ਦਇਆ ਕਮਾਈਆ । ਆਦਿ ਜੁਗਾਦਿ ਤੇਰਾ ਸਾਥ, ਸਗਲਾ ਸੰਗ ਨਿਭਾਈਆ । ਸਾਹਿਬ ਸੁਲਤਾਨ ਚਲਾਏ ਰਾਥ, ਬਣ ਰਥਵਾਹੀ ਸੇਵ ਕਮਾਈਆ । ਸਚ ਦ੍ਰਿੜਾਏ ਪੂਜਾ ਪਾਠ, ਇਕੋ ਹਵਨ ਕਰਾਈਆ । ਇਕ ਸਰੋਵਰ ਤੀਰਥ ਤਟ, ਕਿਨਾਰਾ ਇਕੋ ਦਏ ਜਣਾਈਆ । ਇਕੋ ਮੰਦਰ ਇਕੋ ਹੱਟ, ਧਰਮ ਦਵਾਰਾ ਇਕ ਵਖਾਈਆ । ਇਕੋ ਨਜ਼ਰੀ ਆਏ ਪੁਰਖ ਸਮਰਥ, ਜੋਤੀ ਜੋਤ ਨੂਰ ਰੁਸ਼ਨਾਈਆ । ਇਕੋ ਵੇਸ ਵਟਾਏ ਚਤਰਭੁਜ ਮਹਿਮਾਂ ਅਕੱਥ, ਆਦਿ ਸ਼ਕਤ ਆਪਣੀ ਖੇਲ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮਾ ਵੇਤਾ ਇਕ ਦ੍ਰਿੜਾਈਆ । ਬ੍ਰਹਮਾ ਵੇਤਾ ਏਕਾ ਨਾਉਂ, ਨਾਉਂ ਨਿਰੰਕਾਰਾ ਆਪ ਜਣਾਇੰਦਾ । ਵਸਣਹਾਰਾ ਸਚਖੰਡ ਸਾਚੇ ਥਾਉਂ, ਥਿਰ ਘਰ ਆਪਣਾ ਸੁਤ ਬਹਾਇੰਦਾ । ਕਰ ਪਰਕਾਸ਼ ਅਗੰਮ ਅਥਾਹੋ, ਬੇਪਰਵਾਹੋ ਆਪਣੀ ਧਾਰ ਚਲਾਇੰਦਾ । ਆਪੇ ਪਿਤਾ ਆਪੇ ਮਾਉਂ, ਵਿਸ਼ਨ ਬ੍ਰਹਮਾ ਸ਼ਿਵ ਆਪਣੀ ਗੋਦ ਸੁਹਾਇੰਦਾ । ਫੜ ਫੜ ਬਾਂਹੋ ਪਾਏ ਰਾਹੋ, ਰਹਿਬਰ ਆਪਣਾ ਰੰਗ ਚੜ੍ਹਾਇੰਦਾ । ਪਰਵਰਦਿਗਾਰ ਨੂਰ ਨੁਰਾਨਾ ਇਕ ਖ਼ੁਦਾਓ, ਜੋਤੀ ਜੋਤ
੬੬੪ ੧੩ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਸਮਝਾਇੰਦਾ । ਸਾਚਾ ਖੇਲ ਪਾਰਬ੍ਰਹਮ, ਬ੍ਰਹਮ ਕਰੇ ਪੜ੍ਹਾਈਆ । ਨਾ ਮਰੇ ਨਾ ਪਏ ਜੰਮ, ਆਵਣ ਜਾਵਣ ਵੇਸ ਵਟਾਈਆ । ਕਰੇ ਖੇਲ ਸ੍ਰੀ ਭਗਵਨ, ਭਗਵਨ ਆਪਣਾ ਰੰਗ ਵਖਾਈਆ । ਦੇਵਣਹਾਰਾ ਸਾਚਾ ਦਾਨ, ਸਾਚੀ ਵੰਡ ਇਕ ਵੰਡਾਈਆ । ਸਤਿ ਸਤਿਵਾਦੀ ਬਣ ਕਾਹਨ, ਸਚ ਸਿੰਘਾਸਣ ਸੋਭਾ ਪਾਈਆ । ਸਦਾ ਸੁਹੇਲਾ ਨੌਜਵਾਨ, ਬਿਰਧ ਬਾਲ ਨਾ ਰੂਪ ਵਟਾਈਆ । ਇਕੋ ਪਾਏ ਆਪਣੀ ਆਣ, ਧੁਰ ਫ਼ਰਮਾਨਾ ਹੁਕਮ ਸੁਣਾਈਆ । ਸ਼ਾਹੋ ਭੂਪ ਰਾਜ ਰਾਜਾਨ, ਸੋ ਪੁਰਖ ਨਿਰੰਜਣ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮੇ ਲੇਖਾ ਦਏ ਜਣਾਈਆ । ਬ੍ਰਹਮੇ ਸੁਣ ਕਰ ਧਿਆਨ, ਸੋ ਪੁਰਖ ਨਿਰੰਜਣ ਆਪ ਜਣਾਇਆ । ਚਰਨ ਕਵਲ ਇਕ ਗਿਆਨ, ਮੰਤਰ ਆਪਣਾ ਨਾਮ ਪੜ੍ਹਾਇਆ । ਸਤਿ ਸਰੂਪੀ ਸ਼ਬਦ ਬਬਾਣ, ਬ੍ਰਹਿਮੰਡ ਖੰਡ ਉਡਾਇਆ । ਸਿਫ਼ਤ ਸਾਲਾਹੀ ਬੋਧ ਅਗਾਧ ਕਰ ਵਖਿਆਨ, ਨਿਸ਼ਅੱਖਰ ਆਪ ਪੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾਇਆ । ਸਾਚੀ ਸਿਖਿਆ ਲੈਣੀ ਸਿਖ, ਬ੍ਰਹਮ ਪਾਰਬ੍ਰਹਮ ਜਣਾਈਆ । ਬੇਪਰਵਾਹ ਪਾਏ ਭਿਖ, ਅਨਮੁਲੜੀ ਦਾਤ ਵਰਤਾਈਆ । ਬਿਨ ਕਲਮ ਸ਼ਾਹੀ ਲੇਖਾ ਦੇਵੇ ਲਿਖ, ਨਾ ਕੋਈ ਮੇਟੇ ਮੇਟ ਮਿਟਾਈਆ । ਨਿਰਗੁਣ ਨਿਰਗੁਣ ਕਰੇ ਹਿਤ, ਨਿਤ ਨਵਿਤ ਵੇਖ ਵਖਾਈਆ । ਭੇਵ ਜਣਾਏ ਅਬਿਨਾਸ਼ੀ ਅਚੁੱਤ ਚੇਤਨ ਇਕੋ ਘਰ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸੁਣਾਈਆ । ਸਚ ਸੰਦੇਸਾ ਸੁਣ ਕੰਨ, ਬਿਨ ਕੰਨਾਂ ਆਪ ਜਣਾਇੰਦਾ । ਸਾਚਾ ਹੁਕਮ ਗਿਆ ਮੰਨ, ਮਨ ਵਾਸਨਾ ਮੇਟ ਮਿਟਾਇੰਦਾ । ਸਾਚਾ ਬਣਨਾ ਇਕ ਜਨ, ਬਣ ਜਨਨੀ ਆਪ ਪਰਗਟਾਇੰਦਾ । ਲੈ ਸਾਚਾ ਨਾਮ ਧੰਨ, ਬਿਨ ਹੱਥਾਂ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਜਣਾਇੰਦਾ । ਬ੍ਰਹਮਾ ਸੁਣ ਪਾਰਬ੍ਰਹਮ ਵੇਸਾ, ਆਪਣਾ ਸੀਸ ਨਿਵਾਈਆ । ਤੂੰ ਸਤਿਗੁਰ ਸਾਹਿਬ ਨਰ ਨਰੇਸ਼ਾ, ਬੇਅੰਤ ਤੇਰੀ ਵਡਿਆਈਆ ਮੈਂ ਸੇਵਾਦਾਰ ਬਣਾ ਹਮੇਸ਼ਾ, ਜੁਗ ਜੁਗ ਸੇਵ ਕਮਾਈਆ । ਤੂੰ ਨਿਰਗੁਣ ਕਰਨਾ ਹੇਤਾ, ਨਵਿਤ ਮੇਰੇ ਫੇਰਾ ਪਾਈਆ । ਬੇਪਰਵਾਹ ਭੁੱਲ ਨਾ ਜਾਏ ਚੇਤਾ, ਤੇਰੀ ਬੇਪਰਵਾਹੀਆ । ਮੈਂ ਹੁਕਮੇ ਅੰਦਰ ਖੇਡ ਖੇਡਾਂ, ਜਿਉਂ ਭਾਵੇ ਤਿਉਂ ਲੈਣਾ ਚਲਾਈਆ । ਮੈਨੂੰ ਆਪਣਾ ਦੱਸ ਭੇਤਾ, ਭੇਵ ਅਭੇਦ ਤੇਰੀ ਵਡਿਆਈਆ । ਤੇਰਾ ਮੁੱਛ ਦਾੜ੍ਹੀ ਨਾ ਕੋਇ ਕੇਸਾ, ਮੂੰਡ ਮੁੰਡਾਇਆ ਨਜ਼ਰ ਕੋਇ ਨਾ ਆਈਆ । ਆਪਣਾ ਦੱਸ ਦੇ ਸੱਚਾ ਪੇਸਾ, ਕਵਣ ਬਿਧ ਹੁਕਮ ਮਨਾਈਆ । ਤੇਰੀ ਧਾਰ ਨਿਰਗੁਣ ਵੇਖਾਂ, ਦੂਜਾ ਇਸ਼ਟ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਇਕ ਅਰਜ਼ੋਈਆ । ਦਰ ਤੇਰੇ ਅਰਦਾਸ, ਦੋਏ ਜੋੜ ਸੀਸ ਝੁਕਾਇਆ । ਪ੍ਰਭ ਕਿਰਪਾ ਕਰ ਖ਼ਾਸ, ਖ਼ਾਹਸ ਆਪਣੀ ਰਿਹਾ ਜਣਾਇਆ । ਤੇਰੇ ਮਿਲਣ ਦੀ ਰਹੇ ਪਿਆਸ, ਦੂਜੀ ਤ੍ਰਿਸਨਾ ਨਾ ਕੋਇ ਵਧਾਇਆ । ਮੈਂ ਵੇਖਾਂ ਖੇਲ ਤਮਾਸ਼, ਖ਼ਾਲਕ ਤੇਰਾ ਰੰਗ ਵਟਾਇਆ । ਆਦਿ ਅੰਤ ਨਾ ਹੋਵਾਂ ਉਦਾਸ, ਤੇਰੇ ਚਰਨ ਧਿਆਨ ਲਗਾਇਆ । ਤੂੰ ਸਾਹਿਬ ਦੇਣਾ ਸਾਥ, ਹਉਂ ਸੇਵਕ ਮੰਗ ਮੰਗਾਇਆ । ਮੈਂ ਪੜ੍ਹਾਂ ਤੇਰੀ ਗਾਥ, ਸਾਚਾ ਢੋਲਾ ਦੇ ਸੁਣਾਇਆ । ਏਕਾ ਅੱਖਰ ਇਕੋ ਜਮਾਤ, ਦੂਜੀ ਪੱਟੀ ਨਾ ਕੋਇ ਪੜ੍ਹਾਇਆ । ਵੇਲੇ ਅੰਤ ਪੁਛੇਂ ਵਾਤ, ਤੇਰੇ ਚਰਨਾਂ ਸੀਸ ਝੁਕਾਇਆ । ਤੁਧ ਬਿਨ ਦੇਵੇ ਨਾ ਕੋਇ ਨਜਾਤ, ਨਿਮਾਣਾ ਰੋ ਰੋ ਦਿਆਂ ਦੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਬ੍ਰਹਮਾ ਝੋਲੀ ਰਿਹਾ ਡਾਹਿਆ । ਬ੍ਰਹਮਾ ਬਾਲਾ ਨੇਤਰ ਰੋ, ਨੈਣਾਂ ਨੀਰ ਵਹਾਈਆ । ਪੁਰਖ ਅਬਿਨਾਸ਼ੀ ਕਰਤੇ ਏਕਾ ਦੇਣਾ ਸਾਚਾ ਢੋ, ਢੋਆ ਤੇਰੇ ਨਾਮ ਵਡਿਆਈਆ । ਮੈਂ ਸਾਹਿਬ ਤੇਰੇ ਜੋਗਾ ਜਾਵਾਂ ਹੋ, ਤੁਧ ਬਿਨ ਨਜ਼ਰ ਕੋਇ ਨਾ ਆਈਆ । ਇਕੋ ਅੰਮ੍ਰਿਤ ਆਤਮ ਚੋ, ਨਿਝਰ ਆਪ ਵਖਾਈਆ । ਤੇਰਾ ਨਾਮ ਜਪਾਂ ਸੋਹੰ ਸੋ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਨਜ਼ਰੀ ਆਏ ਤੇਰੀ ਲੋ, ਜੋਤੀ ਜੋਤ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੀ ਆਸ ਤਕਾਈਆ । ਪੁਰਖ ਅਬਿਨਾਸ਼ੀ ਸਦਾ ਮਿਹਰਵਾਨਾ, ਮਿਹਰ ਨਜ਼ਰ ਉਠਾਇੰਦਾ । ਸਤਿ ਪੁਰਖ ਹੋ ਪਰਧਾਨਾ, ਸਤਿ ਪਰਧਾਨਗੀ ਆਪ ਕਮਾਇੰਦਾ । ਸਚਖੰਡ ਸੁਹਾਏ ਇਕ ਮਕਾਨਾ, ਸੋਭਾਵੰਤ ਆਸਣ ਲਾਇੰਦਾ । ਸਚ ਸੰਦੇਸਾ ਰਾਜ ਰਾਜਾਨਾ, ਧੁਰ ਫ਼ਰਮਾਨਾ ਆਪ ਜਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਮੇਲ ਮਿਲਾਏ ਏਕਾ ਥਾਨਾ, ਥਾਨ ਥਨੰਤਰ ਇਕ ਵਡਿਆਇੰਦਾ । ਸਤਿ ਸਰੂਪੀ ਬੰਨ੍ਹੇ ਗਾਨਾ, ਸਤਿਗੁਰ ਸਾਚਾ ਸਗਨ ਮਨਾਇੰਦਾ । ਅੰਮ੍ਰਿਤ ਆਤਮ ਪੀਣਾ ਖਾਣਾ, ਦੂਜਾ ਰਸ ਨਾ ਕੋਇ ਵਖਾਇੰਦਾ । ਸਾਚੀ ਸੇਵਾ ਇਕ ਕਮਾਣਾ, ਸੇਵਕ ਆਪਣਾ ਹੁਕਮ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਮੰਤਰ ਇਕ ਪੜ੍ਹਾਇੰਦਾ । ਸਾਚਾ ਮੰਤਰ ਸਾਚਾ ਨਾਦ, ਅਨਾਦੀ ਨਾਦ ਜਣਾਈਆ । ਲੇਖਾ ਜਾਣੇ ਧੁਰ ਬ੍ਰਹਿਮਾਦ, ਬ੍ਰਹਮ ਕਰੇ ਪੜ੍ਹਾਈਆ । ਰਸ ਦੇਵੇ ਬਿਨ ਰਸਨਾ ਸੁਆਦ, ਰਸ ਰਸੀਆ ਸੱਚਾ ਮਾਹੀਆ । ਸਤਿ ਸਤਿਵਾਦੀ ਸਾਚੀ ਰੱਖਣੀ ਯਾਦ, ਯਾਦਦਾਸ਼ਤ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲੇਖਾ ਸਾਚਾ ਦਏ ਜਣਾਈਆ । ਸਾਚਾ ਲੇਖਾ ਦੇਵਣਹਾਰਾ, ਆਪਣੀ ਦਇਆ ਕਮਾਇੰਦਾ । ਤ੍ਰੈਗੁਣ ਮਾਇਆ ਕਰ ਪਸਾਰਾ, ਰਜੋ ਸਤੋ


੬੬੫
੧੩

ਤਮੋ ਤਿੰਨਾਂ ਝੋਲੀ ਪਾਇੰਦਾ । ਏਕਾ ਹੱਟ ਖੋਲ੍ਹ ਵਣਜਾਰਾ, ਬਣ ਸਵਾਂਗੀ ਵੇਖ ਵਖਾਇੰਦਾ । ਕਾਗਦ ਕਲਮ ਨਾ ਲਿਖਣਹਾਰਾ, ਲੇਖਾ ਲਿਖ ਨਾ ਕੋਇ ਜਣਾਇੰਦਾ । ਕਰੇ ਖੇਲ ਆਪ ਨਿਰੰਕਾਰਾ, ਕਰਨੀ ਆਪਣੇ ਹੱਥ ਰਖਾਇੰਦਾ । ਪੰਜ ਤੱਤ ਘਾੜਨ ਘਾੜਨੇਹਾਰਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਰੰਗ ਵਖਾਇੰਦਾ । ਲੱਖ ਚੁਰਾਸੀ ਕਰ ਪਸਾਰਾ, ਅੰਡਜ ਜੇਰਜ ਉਤਭੁਜ ਸੇਤਜ ਬੰਧਨ ਪਾਇੰਦਾ । ਚਾਰੇ ਖਾਣੀ ਬਣ ਸਿਕਦਾਰਾ, ਸਾਚਾ ਹੁਕਮ ਚਲਾਇੰਦਾ । ਚਾਰੇ ਬਾਣੀ ਬੋਲ ਜੈਕਾਰਾ, ਪਰਾ ਪਸੰਤੀ ਮਧਮ ਬੈਖਰੀ ਗਾਇੰਦਾ । ਚਾਰੇ ਵੇਦਾਂ ਬਣ ਲਿਖਾਰਾ, ਭੇਵ ਅਭੇਦ ਖੁਲਾਇੰਦਾ । ਚਾਰੇ ਮੁਖ ਬੋਲ ਜੈਕਾਰਾ, ਇਕੋ ਨਾਉਂ ਸਿਫ਼ਤ ਸਾਲਾਹਿੰਦਾ । ਚਾਰੇ ਜੁਗਾਂ ਵੰਡ ਸੰਸਾਰਾ, ਵੰਡਣ ਇਕੋ ਇਕ ਦਰਸਾਇੰਦਾ । ਚਾਰੇ ਵਰਨਾਂ ਖੋਲ੍ਹ ਕਿਵਾੜਾ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਬੰਧਨ ਪਾਇੰਦਾ । ਚਾਰ ਯਾਰੀ ਕਰ ਪਸਾਰਾ, ਆਪਣਾ ਹੁਕਮ ਮਨਾਇੰਦਾ । ਜੁਗ ਚੌਕੜੀ ਹੋ ਤਿਆਰਾ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਬ੍ਰਹਮੇ ਤੇਰਾ ਬ੍ਰਹਮ ਪਸਾਰਾ, ਕਾਇਨਾਤ ਰੰਗ ਵਖਾਇੰਦਾ । ਪਰਵਰਦਿਗਾਰ ਹੋ ਨਿਆਰਾ, ਸਚਖੰਡ ਸਾਚੇ ਸੋਭਾ ਪਾਇੰਦਾ । ਖ਼ਾਲਕ ਖ਼ਲਕ ਵੇਖਣਹਾਰਾ, ਮਖ਼ਲੂਕ ਆਪਣਾ ਭੇਵ ਜਣਾਇੰਦਾ । ਸਚ ਮਹਿਰਾਬੇ ਹੋ ਉਜਿਆਰਾ, ਹਕੀਕਤ ਹੱਕ ਹੱਕ ਦ੍ਰਿੜਾਇੰਦਾ । ਏਕਾ ਕਲਮਾ ਨਬੀ ਕਰੇ ਪਿਆਰਾ, ਵਾਹਦ ਆਪਣਾ ਹੁਕਮ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਬ੍ਰਹਮੇ ਬ੍ਰਹਮ ਵਿਦਿਆ ਇਕ ਸਮਝਾਇੰਦਾ । ਬ੍ਰਹਮੇ ਸਿਖਿਆ ਸਚ ਦਵਾਰ, ਹਰਿ ਸਾਚਾ ਸਚ ਜਣਾਈਆ । ਲੱਖ ਚੁਰਾਸੀ ਖੇਲ ਨਿਆਰ, ਤ੍ਰੈਭਵਣ ਧਨੀ ਆਪ ਕਰਾਈਆ । ਪੰਜ ਤੱਤ ਨਾਤਾ ਜੋੜ ਸੰਸਾਰ, ਹੱਡ ਮਾਸ ਨਾੜੀ ਰੱਤ ਬੰਧਨ ਪਾਈਆ । ਨੌਂ ਦਵਾਰੇ ਖੋਲ੍ਹ ਕਿਵਾੜ, ਜਗਤ ਵਾਸਨਾ ਨਾਲ ਕੁੜਮਾਈਆ । ਆਸਾ ਤ੍ਰਿਸਨਾ ਹਉਮੈਂ ਹੰਗਤਾ ਮਾਇਆ ਮਮਤਾ ਭਰੇ ਭੰਡਾਰ, ਕਾਮ ਕਰੋਧ ਲੋਭ ਮੋਹ ਹੰਕਾਰ ਵੇਸ ਵਟਾਈਆ । ਮਨ ਮਤ ਬੁਧ ਕਰ ਸ਼ੰਗਾਰ, ਨਾਦ ਧੁਨ ਸ਼ਬਦ ਸ਼ਨਵਾਈਆ । ਸਰ ਸਰੋਵਰ ਅੰਮ੍ਰਿਤ ਠੰਡਾ ਠਾਰ, ਗ੍ਰਿਹ ਮੰਦਰ ਦਏ ਲਗਾਈਆ । ਲੇਖਾ ਜਾਣ ਸੁਖਮਣ ਟੇਢੀ ਨਾੜ, ਈੜਾ ਪਿੰਗਲ ਵੰਡ ਵੰਡਾਈਆ । ਬਜਰ ਕਪਾਟੀ ਲਾ ਤਾਲ, ਪਰਦਾ ਉਹਲਾ ਇਕ ਜਣਾਈਆ । ਸ਼ਬਦ ਅਗੰਮੀ ਵੱਜੇ ਤਾਲ, ਅਨਹਦ ਨਾਦੀ ਨਾਦ ਸੁਣਾਈਆ । ਜੋਤ ਨਿਰੰਜਣ ਜੋਤੀ ਦੀਪਕ ਬਾਲ, ਬਿਨ ਤੇਲ ਬਾਤੀ ਡਗਮਗਾਈਆ । ਪਾਰਬ੍ਰਹਮ ਬ੍ਰਹਮ ਖੇਲ ਨਿਆਰ, ਆਤਮ ਸੇਜਾ ਸੋਭਾ ਪਾਈਆ । ਪਰਮ ਪੁਰਖ ਪਰਮਾਤਮ ਹੋਏ ਦਿਆਲ, ਦੀਨਨ ਆਪਣਾ ਨੈਣ ਖੁਲ੍ਹਾਈਆ । ਈਸ਼ ਜੀਵ ਜਗਦੀਸ਼ ਵਖਾਏ ਸੱਚੀ ਧਰਮਸਾਲ, ਘਰ ਘਰ ਵਿਚ ਕੁੰਡਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮੇ ਤੇਰਾ ਨਾਤਾ ਬ੍ਰਹਮ ਲੱਖ ਚੁਰਾਸੀ ਵੇਖ ਥੰਮ, ਗਗਨ ਪਾਤਾਲ ਆਪਣਾ ਬੰਧਨ ਪਾਈਆ । ਬ੍ਰਹਮੇ ਤੇਰਾ ਬ੍ਰਹਮ ਨਾਤਾ, ਪਾਰਬ੍ਰਹਮ ਜਣਾਇੰਦਾ । ਪਾਰਬ੍ਰਹਮ ਸ਼ਬਦ ਗਾਥਾ, ਮੰਤਰ ਇਕ ਸਮਝਾਇੰਦਾ । ਗੁਰ ਅਵਤਾਰ ਦੇਵੇ ਸਾਥਾ, ਸਗਲਾ ਸੰਗ ਨਿਭਾਇੰਦਾ । ਬੋਧ ਅਗਾਧ ਨਿਰਗੁਣ ਸਰਗੁਣ ਅੱਖਰ ਵੱਖਰ ਪੜ੍ਹਾਏ ਗਾਥਾ, ਖਾਣੀ ਬਾਣੀ ਰਚਨ ਰਚਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਸੁਣਾਏ ਪਾਠਾ, ਦਸ ਅੱਠ ਬੰਧਨ ਪਾਇੰਦਾ । ਬ੍ਰਹਮਾ ਤੇਰਾ ਸਾਚਾ ਸਾਕਾ, ਸਾਖਿਆਤ, ਇਕੋ ਨਜ਼ਰੀ ਆਇੰਦਾ । ਜੀਵ ਜੰਤ ਵੰਡ ਵੰਡੀ ਜ਼ਾਤ ਪਾਤਾ, ਵਰਨ ਬਰਨ ਖੇਲ ਕਰਾਇੰਦਾ । ਜੁਗ ਚੌਕੜੀ ਖੇਲ ਤਮਾਸ਼ਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗੁਰ ਅਵਤਾਰ ਪੀਰ ਪੈਗ਼ੰਬਰ ਸੇਵਾ ਲਾਇੰਦਾ । ਕਲਮਾ ਨਬੀ ਰਸੂਲ ਪੜ੍ਹਾਏ ਕਾਇਨਾਤਾ, ਕਾਤਬ

੬੬੬
੧੩

ਕਲਮ ਇਕੋ ਹੱਥ ਫੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮੇ ਤੇਰਾ ਸਾਚਾ ਵਰ, ਵਰ ਦਾਤਾ ਇਕ ਜਣਾਇੰਦਾ । ਬ੍ਰਹਮੇ ਤੇਰਾ ਬ੍ਰਹਮ ਪਸਾਰਾ, ਪਾਰਬ੍ਰਹਮ ਦਏ ਵਡਿਆਈਆ । ਲੱਖ ਚੁਰਾਸੀ ਦੇ ਆਧਾਰਾ, ਚਾਰੇ ਖਾਣੀ ਮਾਣ ਰਖਾਈਆ । ਚਾਰ ਜੁਗ ਬਣ ਵਣਜਾਰਾ, ਚੌਕੜੀ ਆਪਣਾ ਬੰਧਨ ਪਾਈਆ । ਨਿਰਗੁਣ ਸਰਗੁਣ ਲੈ ਅਵਤਾਰਾ, ਨਿਤ ਨਵਿਤ ਸੇਵ ਕਮਾਈਆ । ਭਗਤਾਂ ਵਖਾਏ ਇਕ ਘਰ ਬਾਰਾ, ਗ੍ਰਿਹਿ ਮੰਦਰ ਕੁੰਡਾ ਲਾਹੀਆ । ਸੰਤਾਂ ਅੰਮ੍ਰਿਤ ਦੇਵੇ ਠੰਡਾ ਠਾਰਾ, ਅੰਮਿਉਂ ਰਸ ਮੁਖ ਚੁਆਈਆ । ਗੁਰਮੁਖਾਂ ਚਰਨ ਧੂੜੀ ਦੇਵੇ ਖ਼ਾਕ ਛਾਰਾ, ਮਸਤਕ ਟਿੱਕਾ ਏਕਾ ਲਾਈਆ । ਗੁਰਸਿਖ ਮੰਗਣ ਦਰ ਭਿਖਾਰਾ, ਖਾਲੀ ਝੋਲੀ ਦਏ ਭਰਾਈਆ । ਆਤਮ ਪਰਮਾਤਮ ਕਰੇ ਪਿਆਰਾ, ਬ੍ਰਹਮ ਪਾਰਬ੍ਰਹਮ ਮਿਲਾਈਆ । ਬ੍ਰਹਮਾ ਵੇਖੇ ਨੈਣ ਉਘਾੜਾ, ਅੱਖ ਅੱਖ ਨਾਲ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸਾ ਨਰ ਨਰੇਸ਼ਾ, ਨਿਰਗੁਣ ਦਾਤਾ ਪੁਰਖ ਬਿਧਾਤਾ ਇਕੋ ਇਕ ਜਣਾਈਆ । ਸੁਣ ਸੰਦੇਸਾ ਪਾਰਬ੍ਰਹਮ, ਬ੍ਰਹਮੇ ਚਰਨ ਧਿਆਨ ਲਗਾਇਆ । ਸ੍ਰੀ ਭਗਵਾਨ ਤੇਰਾ ਸਾਚਾ ਕਰਮ, ਨਿਹਕਰਮੀ ਅੰਤ ਕੋਇ ਨਾ ਆਇਆ । ਹਉਂ ਬਾਲਾ ਨੱਢਾ ਤੇਰੀ ਸਰਨ, ਮਾਣ ਅਭਿਮਾਨ ਨਾ ਕੋਇ ਜਣਾਇਆ । ਤੂੰ ਦਾਤਾ ਦਾਨੀ ਤਰਨੀ ਤਰਨ, ਤਾਰਨਹਾਰ ਇਕ ਅਖਵਾਇਆ । ਸ੍ਰਿਸ਼ਟ ਸਬਾਈ ਖੇਲ ਰਚਾਇਆ ਮਰਨੀ ਮਰਨ, ਜਨਮ ਮਰਨ ਬੰਧਨ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਆਦਿ ਪੁਰਖ ਤੇਰੇ ਡਿਗਾ ਦਰ, ਬੇਅੰਤ ਬੇਅੰਤ ਬੇਅੰਤ ਤੇਰਾ ਅੰਤ ਕੋਇ ਨਾ ਪਾਇਆ । ਆਪਣਾ ਅੰਤ ਦਸ ਭਗਵਾਨ, ਤੇਰੇ ਅੱਗੇ ਮੇਰੀ ਅਰਜ਼ੋਈਆ । ਕਵਣ ਦਵਾਰੇ ਝੁੱਲੇ ਸਚ ਨਿਸ਼ਾਨ, ਸਾਚਾ ਨਿਸ਼ਾਨ ਇਕ ਝੁਲਾਈਆ । ਜੁਗ ਚੌਕੜੀ ਹੋਵੇ ਕਵਣ ਹੁਕਮਰਾਨ, ਧੁਰ ਫ਼ਰਮਾਨ ਸੁਣਾਈਆ । ਸਤਿ ਸਤਿਵਾਦੀ ਦੇਵੇ ਕਵਣ ਗਿਆਨ, ਅਗੰਮ ਅਗੰਮੜੀ ਕਾਰ ਕਮਾਈਆ । ਬ੍ਰਹਿਮੰਡ ਖੰਡ ਲੋਆਂ ਪੁਰੀਆਂ ਵੇਖੇ ਕਵਣ ਮਾਰ ਧਿਆਨ, ਲੋਕ ਪਰਲੋਕ ਹੋਏ ਸਹਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੇਵੇ ਕਵਣ ਦਾਨ, ਸਚ ਸੰਦੇਸਾ ਕਵਣ ਅਲਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ, ਗੀਤਾ ਅੰਜੀਲ ਕੁਰਾਨ ਖਾਣੀ ਬਾਣੀ ਕਵਣ ਬਣਾਏ ਵਿਧਾਨ, ਵਿਦਤ ਆਪਣੀ ਕਰੇ ਪੜ੍ਹਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨੌਂ ਸੌ ਚੁਰਾਨਵੇ ਚੌਕੜੀ ਜੁਗ ਖੇਲ ਕਰੇ ਕਵਣ ਮਹਾਨ, ਨਿਰਗੁਣ ਸਰਗੁਣ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਭੇਵ ਨਾ ਕੋਇ ਖੁਲਾਈਆ । ਬ੍ਰਹਮੇ ਸਚ ਸਚ ਦੱਸਾਂਗਾ । ਸਚਖੰਡ ਸਾਚੇ ਵਸਾਂਗਾ । ਨਿਰਗੁਣ ਹੋ ਕੇ ਨੱਠਾਂਗਾ । ਆਪਣਾ ਭੇਵ ਦੱਸਾਂਗਾ । ਲੱਖ ਚੁਰਾਸੀ ਵਸਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਜੁਗਾਦਿ ਕਦੇ ਨਾ ਝਕਾਂਗਾ । ਸਾਚਾ ਹਾਲ ਸੁਣਾਊਂਗਾ । ਜੋਤੀ ਜੋਤ ਜੋਤ ਰੁਸ਼ਨਾਊਂਗਾ । ਸ਼ਬਦੀ ਸੁਤ ਜਗਾਊਂਗਾ । ਵਿਸ਼ਨੂੰ ਰੂਪ ਵਟਾਊਂਗਾ । ਬ੍ਰਹਮਾ ਗੋਦ ਬਹਾਊਂਗਾ । ਸ਼ੰਕਰ ਉਂਗਲੀ ਲਾਊਂਗਾ । ਤ੍ਰੈ ਪੰਜ ਵੇਖ ਵਖਾਊਂਗਾ । ਲੱਖ ਚੁਰਾਸੀ ਗੰਢ ਪਵਾਊਂਗਾ । ਗੁਰ ਅਵਤਾਰ ਨਾਲ ਮਿਲਾਊਂਗਾ । ਅੱਖਰ ਇਕ ਪੜ੍ਹਾਊਂਗਾ । ਦੋ ਜਹਾਨਾਂ ਨਾਮ ਜਪਾਊਂਗਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਹੁਕਮੇ ਵਿਚ ਫਿਰਾਊਂਗਾ । ਸੂਰਜ ਚੰਨ ਰਵ ਸਸ ਚਮਕਾਊਂਗਾ । ਜ਼ਿਮੀਂ ਅਸਮਾਨ ਲੋਕ ਪਰਲੋਕ ਵੰਡ ਵੰਡਾਊਂਗਾ । ਚੌਦਾਂ ਤਬਕ ਖੇਲ ਕਰਾਊਂਗਾ । ਸਾਚਾ ਸਬਕ ਇਕ ਜਣਾਊਂਗਾ । ਰੂਹ ਬੁੱਤ ਮੇਲ ਮਿਲਾਊਂਗਾ ।

ਪਾਰਬ੍ਰਹਮ ਬ੍ਰਹਮ ਆਪਣੀ ਅੰਸ ਰਖਾਊਂਗਾ । ਘਟ ਘਟ ਰਾਗ ਅਲਾਊਂਗਾ । ਅਨਹਦ ਨਾਦ ਵਜਾਊਂਗਾ । ਸਚ ਭੇਵ ਚੁਕਾਊਂਗਾ । ਸਖੀਆਂ ਮਿਲ ਸਾਚੀ ਸੇਜਾ ਇਕ ਹੰਡਾਊਂਗਾ । ਪਰਮਾਨੰਦ ਸਮਾਊਂਗਾ । ਪੂਰਬ ਲਹਿਣਾ ਅੰਤ ਚੁਕਾਊਂਗਾ । ਨੇਤਰ ਨੈਣਾਂ ਦਰਸ ਦਿਖਾਊਂਗਾ । ਜੋਤੀ ਜਾਮਾ ਵੇਸ ਵਟਾਊਂਗਾ । ਪੂਰਬ ਲੇਖਾ ਪੂਰ ਕਰਾਊਂਗਾ । ਨਿਹਕਲੰਕ ਨਾਮ ਅਖਵਾਊਂਗਾ । ਸੰਬਲ ਡੇਰਾ ਲਾਊਂਗਾ । ਲੱਖ ਚੁਰਾਸੀ ਪਰਦਾ ਫੋਲ ਫੁਲਾਊਂਗਾ । ਕਲਜੁਗ ਸੋਇਆ ਬ੍ਰਹਮ ਜਗਾਊਂਗਾ । ਵਰਨ ਬਰਨ ਮਿਟਾਊਂਗਾ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਏਕਾ ਘਰ ਵਖਾਊਂਗਾ । ਦੂਈ ਦਵੈਤੀ ਪਰਦਾ ਲਾਹੂੰਗਾ । ਕੂੜੀ ਕਿਰਿਆ ਖੇਹ ਮਿਟਾਊਂਗਾ । ਸਾਚਾ ਨੇਹੁ ਜੁੜਾਊਂਗਾ । ਅੰਮ੍ਰਿਤ ਮੇਘ ਬਰਸਾਊਂਗਾ । ਅਗਨੀ ਤੱਤ ਬੁਝਾਊਂਗਾ । ਆਤਮ ਪਰਮਾਤਮ ਮੇਲ ਮਿਲਾਊਂਗਾ । ਮਿਹਰਵਾਨ ਅਖਵਾਊਂਗਾ । ਸਚ ਨਿਸ਼ਾਨ ਝੁਲਾਊਂਗਾ । ਪਿਛਲੀ ਕੀਤੀ ਸਭ ਉਲਟਾਊਂਗਾ । ਵਿਸ਼ਨੂੰ ਆਪਣੇ ਵਿਚ ਮਿਲਾਊਂਗਾ । ਬ੍ਰਹਮੇ ਤੇਰਾ ਪੰਧ ਮੁਕਾਊਂਗਾ । ਸ਼ੰਕਰ ਘਰੋਂ ਫੜ ਉਠਾਊਂਗਾ । ਕਰੋੜ ਤੇਤੀਸਾ ਲਹਿਣਾ ਝੋਲੀ ਪਾਊਂਗਾ । ਸੁਰਪਤ ਇੰਦ ਚਰਨਾਂ ਹੇਠ ਰਖਾਊਂਗਾ । ਅਗਲਾ ਰਾਹ ਜਣਾਊਂਗਾ । ਨਵ ਨੌਂ ਚਾਰ ਲੇਖਾ ਮੁਕਾਊਂਗਾ । ਭਰਮ ਭੁਲੇਖਾ ਸਰਬ ਗਵਾਊਂਗਾ । ਲੋਕਮਾਤ ਸਚਖੰਡ ਆਪ ਬਣਾਊਂਗਾ । ਨਰ ਨਰੇਸ਼ਾ ਹੋ ਕੇ ਆਊਂਗਾ । ਸਾਚਾ ਮਾਰਗ ਲਾਊਂਗਾ । ਇਕੋ ਨਾਮ ਜਪਾਊਂਗਾ । ਨੌਂ ਖੰਡ ਪ੍ਰਿਥਮੀ ਵੇਖ ਵਖਾਊਂਗਾ । ਚਾਰ ਕੁੰਟ ਦਹਿ ਦਿਸ਼ਾ ਨਜ਼ਰੀ ਆਊਂਗਾ । ਭਗਤ ਭਗਵਾਨ ਸਮਝਾਊਂਗਾ । ਸੰਤ ਸੁਹੇਲੇ ਨਾਲ ਰਲਾਊਂਗਾ । ਗੁਰਮੁਖਾਂ ਅੱਖ ਖੁਲ੍ਹਾਊਂਗਾ । ਬਿਨ ਨੇਤਰ ਦਰਸ ਕਰਾਊਂਗਾ । ਰਾਤੀਂ ਸੁੱਤਿਆਂ ਆਪ ਜਗਾਊਂਗਾ । ਮਾਰਗ ਭੁੱਲਿਆਂ ਰਾਹੇ ਪਾਊਂਗਾ । ਮਾਇਆ ਡੁਲਿਆਂ ਧੀਰ ਧਰਾਊਂਗਾ । ਕਲਜੁਗ ਰੁਲਿਆਂ ਗਲੇ ਲਗਾਊਂਗਾ । ਸਾਚੀ ਕੁਲ ਇਕ ਬਣਾਊਂਗਾ । ਅਨਮੁਲ ਤੋਲ ਤੁਲਾਊਂਗਾ । ਸਚ ਦਵਾਰਾ ਖੋਲ੍ਹ ਸਰਬ ਸਮਝਾਊਂਗਾ । ਨਰ ਨਰਾਇਣ ਨਜ਼ਰੀ ਆਊਂਗਾ । ਤੇਈ ਅਵਤਾਰ ਸੰਗ ਰਖਾਊਂਗਾ । ਭਗਤ ਅਠਾਰਾਂ ਬੰਧਨ ਪਾਊਂਗਾ । ਈਸਾ ਮੂਸਾ ਮੁਹੰਮਦ ਚਰਨਾਂ ਨਾਲ ਛੁਹਾਊਂਗਾ । ਮੁਕਾਮੇ ਹੱਕ ਦਾ ਨਗਮਾ ਨਜ਼ਮ ਇਕ ਸੁਣਾਊਂਗਾ । ਤਾਲਬ ਤੁਲਬਾ ਇਕ ਪੜ੍ਹਾਊਂਗਾ । ਸਚ ਆਰਫ਼ ਇਕ ਅਖਵਾਊਂਗਾ । ਤੁਆਰਫ਼ ਸਭ ਦੇ ਨਾਲ ਕਰਾਊਂਗਾ । ਆਪਣੀ ਮਾਰਫ਼ਤ ਰਾਹ ਜਣਾਊਂਗਾ । ਸਫ਼ਾਰਸ਼ ਵਿਚ ਕਦੇ ਨਾ ਆਊਂਗਾ । ਇਬਾਦਤ ਇਕੋ ਇਕ ਸਿਖਾਊਂਗਾ । ਕਲਮਾ ਨਬੀ ਇਕ ਪੜ੍ਹਾਊਂਗਾ । ਵਡ ਅਮਾਮਾ ਨਾਉਂ ਧਰਾਊਂਗਾ । ਮਹਿੰਦੀ ਰੰਗ ਇਕ ਰੰਗਾਊਂਗਾ । ਦਿਸ਼ਾ ਲਹਿੰਦੀ ਵੇਖ ਵਖਾਊਂਗਾ । ਉਤਰ ਪੂਰਬ ਪੱਛਮ ਦੱਖਣ ਫੇਰਾ ਆਪੇ ਪਾਊਂਗਾ । ਲੱਖ ਚੁਰਾਸੀ ਵਰੋਲ ਮੱਖਣ, ਗੁਰਮੁਖ ਬਾਹਰ ਕਢਾਊਂਗਾ । ਬ੍ਰਹਮੇ ਮਾਰਗ ਆਪੇ ਦੱਸ, ਪਾਰਬ੍ਰਹਮ ਆਪਣਾ ਪਰਦਾ ਲਾਹੂੰਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਬ੍ਰਹਮੇ ਤੇਰਾ ਬ੍ਰਹਮ ਮਿਲਾਊਂਗਾ । ਬ੍ਰਹਮੇ ਤੇਰਾ ਮੇਲ ਮਿਲਾਵਾਂਗਾ । ਸ੍ਰੀ ਭਗਵਾਨ ਅਖਵਾਵਾਂਗਾ । ਵਿਸ਼ਨੂੰ ਜੋਤ ਜਗਾਵਾਂਗਾ । ਸਾਚਾ ਮੰਦਰ ਇਕ ਸੁਹਾਵਾਂਗਾ । ਨੂਰੋ ਨੂਰ ਡਗਮਗਾਵਾਂਗਾ । ਨਾ ਕੁਛ ਪੀਵਾਂਗਾ ਨਾ ਖਾਵਾਂਗਾ । ਆਸਤ ਤ੍ਰਿਸਨਾ ਸਰਬ ਮਿਟਾਵਾਂਗਾ । ਕਲਜੁਗ ਕੂੜੀ ਕਿਰਿਆ ਸ਼ੌਹ ਦਰਯਾ ਰੁੜ੍ਹਾਵਾਂਗਾ । ਹਉਮੇਂ ਹੰਗਤਾ ਗੜ੍ਹ ਉਚਾ ਟਿੱਲਾ ਢਾਵਾਂਗਾ । ਨਿਵਣ ਸੋ ਅੱਖਰ ਇਕ ਪੜ੍ਹਾਵਾਂਗਾ । ਸਾਚਾ ਚਿੱਲਾ ਤੀਰ ਉਠਾਵਾਂਗਾ । ਕਮੰਦ ਇਕੋ ਨਾਮ ਵਖਾਵਾਂਗਾ । ਬ੍ਰਹਿਮੰਡ ਖੋਜ ਖੁਜਾਵਾਂਗਾ । ਜੇਰਜ ਅੰਡ ਮਾਣ ਗਵਾਵਾਂਗਾ । ਉਤਭੁਜ ਸੇਤਜ ਫੋਲ ਫੁਲਾਵਾਂਗਾ । ਕਲ ਕਲਕੀ ਅਵਤਾਰ ਅਖਵਾਵਾਂਗਾ । ਗੋਬਿੰਦ ਡੰਕ


੬੬੮
੧੩

ਵਜਾਵਾਂਗਾ । ਰਾਉ ਰੰਕ ਸਮਝਾਵਾਂਗਾ । ਸ਼ਾਹ ਸੁਲਤਾਨਾਂ ਖ਼ਾਕ ਮਿਲਾਵਾਂਗਾ । ਸਿਰ ਆਪਣੇ ਤਾਜ ਟਿਕਾਵਾਂਗਾ । ਦੋ ਜਹਾਨਾਂ ਹੁਕਮ ਮਨਾਵਾਂਗਾ । ਬ੍ਰਹਮੇ ਤੇਰਾ ਬ੍ਰਹਮ ਏਕਾ ਰੰਗ ਰੰਗਾਵਾਂਗਾ । ਸੋਹੰ ਢੋਲਾ ਬਣ ਵਿਚੋਲਾ ਆਪ ਸੁਣਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਕਰ ਵਖਾਵਾਂਗਾ । ਸੁਣ ਬ੍ਰਹਮਾ ਹੋਇਆ ਖ਼ੁਸ਼ਹਾਲ, ਘਰ ਸਾਚੇ ਵੱਜੀ ਵਧਾਈਆ । ਪਾਰਬ੍ਰਹਮ ਹੋਇਆ ਦਿਆਲ, ਦੀਨਨ ਆਪਣੀ ਦਇਆ ਕਮਾਈਆ । ਆਦਿ ਅੰਤ ਚਲੇ ਮੇਰੇ ਨਾਲ ਨਾਲ, ਸਗਲਾ ਸੰਗ ਵਖਾਈਆ । ਜੁਗ ਚੌਕੜੀ ਸੁਣੇ ਮੁਰੀਦਾਂ ਹਾਲ, ਮੁਰਸ਼ਦ ਆਪਣਾ ਫੇਰਾ ਪਾਈਆ । ਸਤਿ ਧਰਮ ਵਖਾਏ ਇਕ ਸੱਚੀ ਧਰਮਸਾਲ, ਜੈ ਜੈ ਇਕੋ ਨਾਮ ਕਰਾਈਆ । ਨਾਤਾ ਤੋੜ ਕਾਲ ਮਹਾਂਕਾਲ, ਆਪ ਆਪਣਾ ਭੇਵ ਖੁਲ੍ਹਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਭਗਤ ਭਗਵੰਤ ਲਏ ਭਾਲ, ਲੱਖ ਚੁਰਾਸੀ ਖੋਜ ਖੁਜਾਈਆ । ਗੁਰਮੁਖ ਉਠਾਏ ਆਪਣੇ ਲਾਲ, ਗੋਦੀ ਇਕੋ ਇਕ ਦਰਸਾਈਆ । ਸਚ ਸਰੋਵਰ ਭਰੇ ਨਾਮ ਤਾਲ, ਅੰਮ੍ਰਿਤ ਮੇਘ ਇਕ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੋਏ ਸਹਾਈ ਸਭਨੀ ਥਾਈਂਆ । ਥਾਈਂ ਥਾਈਂ ਦਏ ਸਹਾਰਾ, ਸਾਹਿਬ ਹੱਥ ਵੱਡੀ ਵਡਿਆਈਆ । ਜੁਗ ਚੌਕੜੀ ਪਾਰ ਕਿਨਾਰਾ, ਥਿਰ ਕੋਇ ਰਹਿਣ ਨਾ ਪਾਈਆ । ਕਲਜੁਗ ਖੇਲੇ ਖੇਲ ਅਗੰਮ ਅਪਾਰਾ, ਬੇਅੰਤ ਸੱਚਾ ਸ਼ਹਿਨਸ਼ਾਹੀਆ । ਨਿਰਗੁਣ ਨਿਰਗੁਣ ਲੈ ਅਵਤਾਰਾ, ਜੋਤੀ ਜੋਤ ਜੋਤ ਰੁਸ਼ਨਾਈਆ । ਸਤਿਜੁਗ ਸਾਚੀ ਬੰਨ੍ਹੇ ਧਾਰਾ, ਸਾਚੀ ਸਿਖਿਆ ਇਕ ਸਮਝਾਈਆ । ਭਗਤ ਭਗਵੰਤ ਕਰ ਪਿਆਰਾ, ਪਰੇਮ ਪ੍ਰੀਤੀ ਇਕ ਸਮਝਾਈਆ । ਘਰ ਵਿਚ ਘਰ ਵਖਾਏ ਗੁਰੂਦਵਾਰਾ, ਹਰਿ ਮੰਦਰ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮ ਮੇਲਾ ਸਹਿਜ ਸੁਭਾਈਆ । ਬ੍ਰਹਮ ਪਾਰਬ੍ਰਹਮ, ਮੇਲਾ ਘਰ ਸਾਚੇ ਵੱਜੇ ਵਧਾਈਆ । ਗ੍ਰਿਹ ਮੰਦਰ ਮਿਲੇ ਸੱਜਣ ਸੁਹੇਲਾ, ਸੁਖ ਇਕੋ ਇਕ ਜਣਾਈਆ । ਵਸਣਹਾਰਾ ਧਾਮ ਨਵੇਲਾ, ਨਿਰਗੁਣ ਆਪਣਾ ਫੇਰਾ ਪਾਈਆ । ਆਦਿ ਨਿਰੰਜਣ ਜੋਤ ਨਿਰੰਜਣ ਚਾੜ੍ਹੇ ਤੇਲਾ, ਸਾਚਾ ਸਗਨ ਮਨਾਈਆ । ਅਚਰਜ ਖੇਲ ਪਾਰਬ੍ਰਹਮ ਬ੍ਰਹਮ ਨਾਲ ਖੇਲਾ, ਖ਼ਾਲਕ ਖ਼ਲਕ ਭੇਵ ਨਾ ਰਾਈਆ । ਕਲਜੁਗ ਅੰਤਮ ਵਕਤ ਹੋਏ ਦੁਹੇਲਾ, ਦੁਹਾਗਣ ਨਾਰ ਰੋਵੇ ਮਾਰੇ ਧਾਹੀਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਪਰਮਾਤਮ ਕਰੇ ਕੁੜਮਾਈਆ । ਆਤਮ ਪਰਮਾਤਮ ਸਦਾ ਸੰਗ, ਸੋ ਸਾਹਿਬ ਆਪ ਜਣਾਇੰਦਾ । ਨਾਰੀ ਕੰਤ ਲਾਗੇ ਅੰਗ, ਗ੍ਰਿਹ ਮੰਦਰ ਇਕ ਸੁਹਾਇੰਦਾ । ਸਚ ਸੁਹੰਜਣੀ ਸੋਹੇ ਪਲੰਘ, ਬਸਤਰ ਭੂਸ਼ਨ ਆਪ ਵਡਿਆਇੰਦਾ । ਭਗਤ ਭਗਵੰਤ ਇਕ ਅਨੰਦ, ਪਾਰਬ੍ਰਹਮ ਬ੍ਰਹਮ ਜੋੜ ਜੁੜਾਇੰਦਾ । ਰਲ ਮਿਲ ਗਾਇਣ ਸੱਚਾ ਛੰਦ, ਸੋਹੰ ਢੋਲਾ ਇਕ ਸੁਣਾਇੰਦਾ । ਤੂੰ ਮੇਰਾ ਮੈਂ ਤੇਰਾ ਦੋਹਾਂ ਦਾ ਮੁਕਿਆ ਪੰਧ, ਪਾਂਧੀ ਨਜ਼ਰ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮ ਆਪਣੀ ਅੰਸ ਬਣਾਇੰਦਾ । ਸਾਚੀ ਅੰਸ ਬ੍ਰਹਮ ਪਿਆਰ, ਪਾਰਬ੍ਰਹਮ ਜਣਾਈਆ । ਕਲਜੁਗ ਅੰਤਮ ਖੇਲ ਨਿਆਰ, ਹਰਿ ਕਰਤਾ ਰਿਹਾ ਸਮਝਾਈਆ । ਭਗਤ ਸੱਜਣ ਲਏ ਉਠਾਲ, ਭਗਵਨ ਦਇਆ ਕਮਾਈਆ । ਨਾਤਾ ਤੋੜ ਸ਼ਾਹ ਕੰਗਾਲ, ਜ਼ਾਤ ਪਾਤ ਦਏ ਮਿਟਾਈਆ । ਊਚ ਨੀਚ ਬਣੇ ਨਾ ਕੋਇ ਦਲਾਲ, ਆਤਮ ਪਰਮਾਤਮ ਇਕੋ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬ੍ਰਹਮ ਲਏ ਪਰਨਾਈਆ । ਆਤਮ ਬ੍ਰਹਮ ਸਾਚੀ ਨਾਰੀ, ਪਾਰਬ੍ਰਹਮ ਪ੍ਰਭ ਆਪ ਪਰਨਾਇੰਦਾ । ਵੇਖਣਹਾਰਾ ਕਾਇਆ

ਮਹੱਲ ਅਟੱਲ ਉਚੀ ਅਟਾਰੀ, ਨਿਰਗੁਣ ਆਪਣਾ ਕੁੰਡਾ ਲਾਹਿੰਦਾ । ਸਤਿ ਸੰਤੋਖ ਸ਼ੀਲ ਧਰਮ ਸ਼ਿਗਾਰੀ, ਸ਼ਹਿਨਸ਼ਾਹ ਇਕੋ ਰੂਪ ਚੜ੍ਹਾਇੰਦਾ । ਪਰੇਮ ਪਿਆਰ ਕੱਜਲ ਧਾਰੀ, ਨੇਤਰ ਨੂਰ ਨੂਰ ਦਰਸਾਇੰਦਾ । ਸੀਸ ਮੀਂਢੀ ਗੁੰਦੇ ਇਕੋ ਵਾਰੀ, ਦੂਜੀ ਪੱਟੀ ਨਾ ਕੋਇ ਵਖਾਇੰਦਾ । ਮਿਲੇ ਮੇਲ ਨਰ ਨਰਾਇਣ ਹਰਿ ਨਿਰੰਕਾਰੀ, ਦੂਜਾ ਖ਼ੌਂਤ ਨਾ ਕੋਇ ਵਖਾਇੰਦਾ । ਗੁਰਮੁਖ ਸੇਜਾ ਚੜ੍ਹੇ ਪਹਿਲੀ ਵਾਰੀ, ਸੇਜ ਸੁਹੰਜਣੀ ਇਕ ਵਖਾਇੰਦਾ । ਪਾਰਬ੍ਰਹਮ ਬ੍ਰਹਮ ਆਤਮ ਪਰਮਾਤਮ ਕਰੇ ਪਿਆਰੀ, ਪਰੇਮ ਪਿਆਲਾ ਮਧਰ ਰਸ ਇਕ ਪਿਆਇੰਦਾ । ਦਿਵਸ ਰੈਣ ਰੈਣ ਦਿਵਸ ਚੜ੍ਹੀ ਰਹੇ ਸਚ ਖ਼ੁਮਾਰੀ, ਦੂਜੀ ਖ਼ਾਹਸ਼ ਨਾ ਕੋਇ ਵਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਬ੍ਰਹਮ ਲੇਖਾ ਆਪ ਜਣਾਇੰਦਾ । ਬ੍ਰਹਮ ਲੇਖਾ ਲੈਣਾ ਜਾਣ, ਜਾਨਣਹਾਰਾ ਆਪ ਜਣਾਈਆ । ਕਲਜੁਗ ਕੂੜ ਮਿਟੇ ਨਿਸ਼ਾਨ, ਨਿਸ਼ਾਨਾ ਲੋਕਮਾਤ ਰਹਿਣ ਨਾ ਪਾਈਆ । ਸਤਿਜੁਗ ਸਾਚਾ ਹੋਏ ਸਵਾਧਾਨ, ਆਲਸ ਨਿੰਦਰਾ ਦਏ ਗਵਾਈਆ । ਸ੍ਰਿਸ਼ਟ ਸਬਾਈ ਦਏ ਗਿਆਨ, ਜੀਵ ਆਤਮ ਕਰੇ ਪੜ੍ਹਾਈਆ । ਸਰਬ ਜੀਆਂ ਦਾ ਇਕੋ ਭਗਵਾਨ, ਘਟ ਘਟ ਨਜ਼ਰੀ ਆਈਆ । ਨਾਤਾ ਤੋੜੇ ਸ਼ਰਅ ਸ਼ੈਤਾਨ, ਸ਼ਰੀਅਤ ਕੰਮ ਕਿਸੇ ਨਾ ਆਈਆ । ਜਿਸ ਦੀ ਪੀਰ ਪੈਗ਼ੰਬਰ ਗੁਰ ਅਵਤਾਰ ਮੰਨਦੇ ਗਏ ਆਣ, ਸੋ ਪੁਰਖ ਨਿਰੰਜਣ ਪੁਰਖ ਅਕਾਲ ਦੀਨ ਦਿਆਲ ਇਕੋ ਇਸ਼ਟ ਨਜ਼ਰੀ ਆਈਆ । ਸਚਖੰਡ ਦਵਾਰਾ ਜਿਸ ਦੀ ਸੱਚੀ ਧਰਮਸਾਲ, ਦੂਜਾ ਘਰ ਨਾ ਕੋਇ ਬਣਾਈਆ । ਉਸ ਦਾ ਸਾਰੇ ਕਰੋ ਜੁਮਾਲ, ਜ਼ਾਮਨ ਹੋਵੇ ਹਰ ਘਟ ਥਾਈਆਂ । ਆਦਿ ਜੁਗਾਦਿ ਇਕੋ ਰਾਮ, ਇਕੋ ਕ੍ਰਿਸ਼ਨ ਨਜ਼ਰੀ ਆਈਆ । ਇਕੋ ਪੀਰ ਪੈਗ਼ੰਬਰ ਈਸਾ ਮੂਸਾ ਮੁਹੰਮਦ ਦਏ ਪੈਗ਼ਾਮ, ਇਕੋ ਅੱਲਾ ਰਾਣੀ ਨੈਣ ਖੁਲ੍ਹਾਈਆ । ਇਕੋ ਨਾਨਕ ਗੋਬਿੰਦ ਪਿਆਏ ਅੰਮ੍ਰਿਤ ਜਾਮ, ਸਾਚਾ ਸਾਕੀ ਇਕੋ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਬ੍ਰਹਮ ਵੇਤਾ ਸਾਚਾ ਨੇਤਾ ਕਰ ਕਰ ਹੇਤਾ, ਸਚ ਸਚ ਰਿਹਾ ਦ੍ਰਿੜਾਈਆ । ਬ੍ਰਹਮ ਬ੍ਰਹਮ ਨੇਤਰ ਖੋਲ੍ਹ, ਪਾਰਬ੍ਰਹਮ ਜਣਾਇੰਦਾ । ਮਨ ਮਨੂਆ ਨਾ ਵੱਜੇ ਢੋਲ, ਬੁਧ ਮਤ ਨਾ ਕੋਇ ਵਡਿਆਇੰਦਾ । ਸਾਹਿਬ ਸੱਜਣ ਵਸੇ ਕੋਲ ਘਰ ਮੰਦਰ ਆਸਣ ਲਾਇੰਦਾ । ਆਪਣੀ ਦਿਸ਼ਾ ਲਏ ਟਟੋਲ, ਧੁਰ ਫ਼ਰਮਾਨਾ ਇਕ ਸੁਣਾਇੰਦਾ । ਕਲਜੁਗ ਅੰਤ ਨਾ ਰਹਿਣਾ ਅਨਭੋਲ, ਭੁਲਿਆਂ ਮਾਰਗ ਪਾਇੰਦਾ । ਤੋਲਣਹਾਰਾ ਸਾਚਾ ਤੋਲ, ਅਦਲ ਆਦਲ ਆਪ ਕਮਾਇੰਦਾ । ਹਰ ਘਟ ਰਿਹਾ ਮੌਲ, ਮੌਲਾ ਆਪਣਾ ਭੇਵ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮ ਇਕੋ ਘਰ ਵਖਾਇੰਦਾ । ਇਕੋ ਘਰ ਇਕ ਟਿਕਾਣਾ, ਮੰਦਰ ਇਕੋ ਇਕ ਜਣਾਈਆ । ਇਕੋ ਨਾਮ ਇਕ ਪਰਵਾਨਾ, ਸੰਦੇਸਾ ਇਕੋ ਇਕ ਸੁਣਾਈਆ । ਇਕੋ ਰਾਗ ਇਕ ਤਰਾਨਾ, ਛੱਤੀ ਰਾਗ ਸਿਫ਼ਤ ਸਾਲਾਹੀਆ । ਇਕੋ ਸ਼ਾਸਤਰ ਸਿਮਰਤ ਵੇਦ ਪੁਰਾਨਾ, ਗੀਤਾ ਗਿਆਨ ਇਕ ਦ੍ਰਿੜਾਈਆ । ਇਕੋ ਹੁਕਮ ਅੰਜੀਲ ਕੁਰਾਨਾ, ਤੀਸ ਬਤੀਸਾ ਢੋਲਾ ਸੁਣਾਈਆ । ਇਕੋ ਖਾਣੀ ਬਾਣੀ ਕਰੇ ਪਰਧਾਨਾ, ਸਚ ਪਰਧਾਨਗੀ ਇਕ ਕਮਾਈਆ । ਇਕੋ ਪਹਿਰੇ ਜੁਗ ਜੁਗ ਬਾਣਾ, ਆਦਿ ਜੁਗਾਦਿ ਇਕ ਅਖਵਾਈਆ । ਇਕੋ ਹੋਏ ਹੁਕਮਰਾਨਾ, ਸ਼ਹਿਨਸ਼ਾਹ ਇਕ ਵਡਿਆਈਆ । ਇਕੋ ਕਰੇ ਬ੍ਰਹਮ ਪਛਾਣਾ, ਪਾਰਬ੍ਰਹਮ ਪ੍ਰਭ ਪਰਦਾ ਦੇਵੇ ਲਾਹੀਆ । ਇਕੋ ਦੇਵਣਹਾਰ ਗਿਆਨਾ, ਅਗਿਆਨ ਅੰਧੇਰ ਇਕ ਮਿਟਾਈਆ । ਇਕੋ ਹੋਏ ਅੰਤਰਜਾਮਾ, ਅੰਤਰਜਾਮੀ ਭੇਵ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜੀਵ

੬੭੧
੧੩

ਜੰਤ ਰਿਹਾ ਸਮਝਾਈਆ । ਜੀਵ ਜੰਤ ਸਾਚੀ ਗਾਥਾ, ਸਦਾ ਸਦਾ ਜਣਾਇੰਦਾ । ਸਰਬ ਜੀਆਂ ਦਾ ਪਿਤਾ ਮਾਤਾ, ਇਕੋ ਨਜ਼ਰੀ ਆਇੰਦਾ । ਆਤਮ ਬ੍ਰਹਮ ਬੋਧ ਗਿਆਤਾ, ਅੰਤਰ ਮੰਤਰ ਨਾਮ ਜਣਾਇੰਦਾ । ਸ਼ਬਦ ਧੁਨ ਰਾਗ ਅਨਾਦਾ, ਬ੍ਰਹਿਮਾਦ ਖੋਜ ਖੁਜਾਇੰਦਾ । ਮੇਟ ਮਿਟਾਏ ਵਾਦ ਵਿਵਾਦਾ, ਵਿਵੇਕੀ ਰੂਪ ਕਰਾਇੰਦਾ । ਲੇਖਾ ਜਾਣੇ ਸੰਤ ਸਾਧਾ, ਸਾਧਨਾ ਇਕੋ ਇਕ ਵਖਾਇੰਦਾ । ਭਗਤ ਭਗਵੰਤ ਮਾਰ ਅਵਾਜ਼ਾਂ, ਦਿਵਸ ਰੈਣ ਆਪ ਉਠਾਇੰਦਾ । ਨਿਰਗੁਣ ਹੋ ਕੇ ਫਿਰੇ ਭਾਜਾ, ਔਂਦਾ ਜਾਂਦਾ ਨਜ਼ਰ ਨਾ ਆਇੰਦਾ । ਕਲਜੁਗ ਅੰਤਮ ਰਚ ਰਚ ਕਾਜਾ, ਕਰਨੀ ਕਰਤਾ ਆਪ ਸਮਝਾਇੰਦਾ । ਕਰੇ ਪਰਕਾਸ਼ ਦੇਸ ਮਾਝਾ, ਸੰਬਲ ਆਪਣਾ ਆਸਣ ਲਾਇੰਦਾ । ਪੂਤ ਸਪੂਤਾ ਬ੍ਰਹਿਮਣ ਗੌੜਾ ਉਚੇ ਟਿੱਲੇ ਪਰਬਤ ਵੇਖਣਹਾਰ ਤਮਾਸ਼ਾ, ਸਮੁੰਦ ਸਾਗਰ ਡੂੰਘੀ ਕੰਦਰ ਫੋਲ ਫੁਲਾਇੰਦਾ । ਗ਼ਰੀਬ ਨਿਮਾਣਿਆਂ ਜਗਤ ਨਿਤਾਣਿਆਂ ਰੱਖੇ ਲਾਜਾ, ਸਮਰਥ ਸਿਰ ਆਪਣਾ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਾਰਬ੍ਰਹਮ ਬ੍ਰਹਮ ਲੇਖਾ ਆਪ ਸਮਝਾਇੰਦਾ । ਪਾਰਬ੍ਰਹਮ ਬ੍ਰਹਮ ਸਾਚਾ ਲੇਖਾ, ਸੋ ਪੁਰਖ ਨਿਰੰਜਣ ਆਪ ਜਣਾਈਆ । ਗੁਰਮੁਖ ਵਿਰਲੇ ਨਿਝ ਨੇਤਰ ਪੇਖਾ, ਲੱਖ ਚੁਰਾਸੀ ਗੂੜ੍ਹੀ ਨੀਂਦ ਸਵਾਈਆ । ਹਰਿ ਕਾ ਨਾਮ ਵਿਸਰਿਆ ਭਰਮ ਭੁਲੇਖਾ, ਕੂੜੀ ਕਿਰਿਆ ਬੰਧਨ ਇਕ ਬੰਧਾਈਆ । ਕਲਜੁਗ ਖੇਡ ਜੀਵ ਜੰਤ ਖੇਡਾ, ਸਤਿਗੁਰ ਮੰਦਰ ਬਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਰਮ ਗੜ੍ਹ ਇਕ ਤੁੜਾਈਆ । ਕਾਇਆ ਤੁਟੇ ਭਰਮ ਗੜ੍ਹ, ਭਾਂਡਾ ਭੌ ਭੰਨਾਇੰਦਾ । ਹਰਿਜਨ ਵੇਖੇ ਅੰਦਰ ਵੜ, ਘਰ ਮੰਦਰ ਇਕ ਸੁਹਾਇੰਦਾ । ਨਿਰਗੁਣ ਬੈਠਾ ਸੇਜੇ ਚੜ੍ਹ, ਸਰਗੁਣ ਰਾਹ ਤਕਾਇੰਦਾ । ਸਰਨ ਸਰਨਾਈ ਜੋ ਜਨ ਜਾਏ ਪੜ੍ਹ, ਸੁਰਤੀ ਸ਼ਬਦੀ ਮੇਲ ਮਿਲਾਇੰਦਾ । ਭਗਤ ਭਗਵੰਤ ਆਪਣੇ ਜਿਹਾ ਕਰ, ਕਰਨੀ ਆਪਣੀ ਇਕ ਜਣਾਇੰਦਾ । ਨਿਰਭੌ ਚੁਕਾਏ ਭੈ ਡਰ, ਜਨਮ ਮਰਨ ਫੰਦ ਕਟਾਇੰਦਾ । ਸਚ ਦਵਾਰੇ ਜਾਣਾ ਵੜ, ਸਚਖੰਡ ਰਾਹ ਇਕ ਵਖਾਇੰਦਾ । ਸੋਹੰ ਢੋਲਾ ਲੈਣਾ ਪੜ੍ਹ, ਜਿਸ ਪੜ੍ਹਿਆਂ ਧਰਮ ਰਾਏ ਡੰਨ ਨਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮ ਵਿਚੋਲਾ ਇਕ ਬਣਾਇੰਦਾ । ਬ੍ਰਹਮ ਵਿਚੋਲਾ ਸੋਹੰ ਰੂਪ, ਸਤਿ ਪੁਰਖ ਨਿਰੰਜਣ ਦਏ ਵਡਿਆਈਆ । ਮੇਲ ਮਿਲਾਏ ਹਰਿ ਜੂ ਭੂਪ, ਭੂਪਤ ਭੂਪ ਹੋਏ ਸਹਾਈਆ । ਹੋਏ ਸਹਾਈ ਚਾਰੇ ਕੂਟ, ਚਾਰੇ ਵਰਨਾਂ ਲਏ ਜੁੜਾਈਆ । ਨਾਤਾ ਤੋੜੇ ਜੂਠ ਝੂਠ, ਠੱਗੀ ਯਾਰੀ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮ ਭੇਵ ਦਏ ਜਣਾਈਆ । ਪਾਰਬ੍ਰਹਮ ਬ੍ਰਹਮ ਭੇਵ ਅਪਾਰਾ, ਆਪਣਾ ਆਪ ਜਣਾਇੰਦਾ । ਕੂੜ ਕਿਰਿਆ ਝੂਠ ਧਾਰਾ, ਗੁਰ ਸਤਿਗੁਰ ਕਦੇ ਨਾ ਭਾਇੰਦਾ । ਨਾਤਾ ਛੱਡੋ ਜਗਤ ਵਿਭਚਾਰਾ, ਵਿਖਿਆ ਰੂਪ ਸਰਬ ਦਰਸਾਇੰਦਾ । ਇਕੋ ਕਰੋ ਪੁਰਖ ਅਕਾਲ ਨਿਮਸਕਾਰਾ, ਦੂਜਾ ਸਤਿਗੁਰ ਨਜ਼ਰ ਕੋਇ ਨਾ ਆਇੰਦਾ । ਲੱਖ ਚੁਰਾਸੀ ਕੋਟਨ ਕੋਟ ਸਾਧ ਸੰਤ ਜੀਵ ਜੰਤ ਨੇਤਰ ਮੂੰਦ ਕਰ ਰਹੇ ਪੁਕਾਰਾ, ਲੋਚਣ ਦਰਸ ਕੋਇ ਨਾ ਪਾਇੰਦਾ । ਪਾਰਬ੍ਰਹਮ ਬ੍ਰਹਮ ਦੇਵਣਹਾਰ ਸਹਾਰਾ, ਮਹਾਂਸਾਰਥੀ ਇਕ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਬ੍ਰਹਮ ਲਹਿਣਾ ਆਪ ਚੁਕਾਇੰਦਾ । ਬ੍ਰਹਮ ਲਹਿਣਾ ਚੁੱਕੇ ਮਾਤ, ਮਤਾ ਪ੍ਰਭ ਜੂ ਇਕ ਬਣਾਈਆ । ਜੋ ਭਗਤਾਂ ਮਿਲੇ ਜਮਾਤ, ਤਿਸ ਭਗਤੀ ਦਏ ਜਣਾਈਆ । ਅੰਤਰ ਮੇਟ ਅੰਧੇਰੀ ਰਾਤ, ਸਾਚੀ ਜੋਤ ਕਰੇ ਰੁਸ਼ਨਾਈਆ । ਅੱਠੇ ਪਹਿਰ ਵਖਾਏ ਪਰਭਾਤ, ਪ੍ਰਭੂ ਇਕੋ ਰੰਗ ਰੰਗਾਈਆ । ਮਨ ਵਾਸਨਾ ਰਹਿਣ ਨਾ ਦੇਵੇ ਨਾਰ ਕਮਜ਼ਾਤ,

ਗੁਰਮਤ ਕਰੇ ਇਕ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮ ਇਕੋ ਇਕ ਦਰਸਾਈਆ । ਬ੍ਰਹਮ ਦਰਸਾਏ ਇਕ ਦਰਸ, ਦਰਸੀ ਦਰਸ ਕਰਾਇੰਦਾ । ਜਨਮ ਜਨਮ ਦੀ ਮੇਟ ਹਰਸ, ਹਵਸ ਹੋਰ ਨਾ ਕੋਇ ਵਧਾਇੰਦਾ । ਲੇਖਾ ਜਾਣ ਅਰਸ਼ ਫਰਸ਼, ਕਾਇਆ ਕੁਰਾ ਖੋਜ ਖੁਜਾਇੰਦਾ । ਭਗਤਾਂ ਉਤੇ ਕਰ ਕਰ ਤਰਸ, ਭਗਵਨ ਮਿਹਰ ਮੇਘ ਇਕ ਬਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮ ਪਰਦਾ ਆਪ ਉਠਾਇੰਦਾ । ਬ੍ਰਹਮ ਪਰਦਾ ਪ੍ਰਭ ਦੇਵੇ ਚੁੱਕ, ਨਿਜ ਨੇਤਰ ਨੈਣ ਖੁਲ੍ਹਾਈਆ । ਨਜ਼ਰ ਆਏ ਜੋ ਬੈਠਾ ਲੁਕ, ਘਰ ਘਰ ਵਿਚ ਮੁਖ ਵਖਾਈਆ । ਜਨਮ ਕਰਮ ਦਾ ਮੇਟੇ ਦੁੱਖ, ਦੁਖੀਆਂ ਦਰਦ ਗਵਾਈਆ । ਆਤਮ ਪਰਮਾਤਮ ਦੇਵੇ ਸੱਚਾ ਸੁਖ, ਸੁਖ ਸੁਖ ਵਿਚ ਸਮਾਈਆ । ਲੇਖੇ ਲਾਏ ਜਨਨੀ ਕੁਖ, ਧੰਨ ਧੰਨ ਜਣੇਂਦੀ ਮਾਈਆ । ਜਿਨ ਜੰਮਿਆਂ ਸੱਚਾ ਗੁਰਮੁਖ, ਗੁਰਸਿਖ ਮੁਖ ਸਦਾ ਸਾਲਾਹੀਆ । ਪ੍ਰਭ ਮਿਲਣ ਦੀ ਰੱਖੇ ਭੁੱਖ, ਦੂਜੀ ਓਟ ਨਾ ਕੋਇ ਤਕਾਈਆ । ਦੀਨ ਦਿਆਲ ਆਪਣੀ ਗੋਦੀ ਲਏ ਚੁਕ, ਨਿਤ ਨਿਤ ਹੋਏ ਸਹਾਈਆ । ਸਚਖੰਡ ਲੋਕਮਾਤ ਦਾ ਬੂਟਾ ਲਾਏ ਪੁੱਟ, ਦੇਵੇ ਮਾਣ ਵਡਿਆਈਆ । ਕਰ ਪਰਕਾਸ਼ ਨਿਰਮਲ ਜੋਤ, ਜੋਤੀ ਜੋਤ ਕਰੇ ਰੁਸ਼ਨਾਈਆ । ਧਰਮ ਦਵਾਰਾ ਵਖਾਏ ਸਾਚਾ ਕਿਲਾ ਕੋਟ, ਸੂਰਜ ਚੰਦ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮ ਸਦਾ ਸਦਾ ਸਮਝਾਈਆ । ਬ੍ਰਹਮ ਵਾਸਨਾ ਖੇਲ ਅਪਾਰਾ, ਹਰਿ ਸਤਿਗੁਰ ਆਪ ਜਣਾਇੰਦਾ । ਮਨ ਵਾਸਨਾ ਜਗਤ ਸੰਸਾਰਾ, ਨੌਂ ਦਰ ਆਪ ਨਚਾਇੰਦਾ । ਮਨ ਵਾਸਨਾ ਠੱਗ ਚੋਰ ਯਾਰਾ, ਮਨ ਵਾਸਨਾ ਕੂੜ ਕੁਕਰਮ ਕਮਾਇੰਦਾ । ਮਨ ਵਾਸਨਾ ਹੋਏ ਹਤਿਆਰਾ, ਹੱਤਿਆ ਜਗਤ ਵਖਾਇੰਦਾ । ਮਨ ਵਾਸਨਾ ਵਧੇ ਹੰਕਾਰਾ, ਮਨ ਵਾਸਨਾ ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਇੰਦਾ । ਮਨ ਵਾਸਨਾ ਹੋਏ ਦੁਰਾਚਾਰਾ, ਦੁਸ਼ਟ ਰੂਪ ਵਟਾਇੰਦਾ । ਬ੍ਰਹਮ ਵਾਸਨਾ ਮਿਲੇ ਮੀਤ ਮੁਰਾਰਾ, ਘਰ ਆ ਕੇ ਦਰਸ ਦਿਖਾਇੰਦਾ । ਦੋਹਾਂ ਵਿਚੋਲਾ ਸਿਰਜਣਹਾਰਾ, ਭੇਵ ਕੋਇ ਨਾ ਪਾਇੰਦਾ । ਨੇਤਰ ਪੇਖ ਸਰਵਣ ਸੁਣ ਜੋ ਭੁੱਲ ਜਾਏ ਗਵਾਰਾ, ਤਿਸ ਥਾਉਂ ਨਜ਼ਰ ਕੋਇ ਨਾ ਆਇੰਦਾ । ਏਥੇ ਓਥੇ ਨਾ ਕੋਇ ਸਹਾਰਾ, ਫੜ ਬਾਂਹੋਂ ਗਲੇ ਨਾ ਕੋਇ ਲਗਾਇੰਦਾ । ਜਿਸ ਭੁੱਲਿਆ ਨਰ ਨਿਰੰਕਾਰਾ, ਗੁਰ ਅਵਤਾਰ ਪੀਰ ਪੈਗ਼ੰਬਰ ਵੇਲੇ ਅੰਤ ਨਾ ਕੋਇ ਛੁਡਾਇੰਦਾ । ਸਾਰੇ ਕਰ ਗਏ ਕਲਜੁਗ ਅੰਤ ਕਿਨਾਰਾ, ਨੇਤਰ ਵੇਖਿਆਂ ਨਜ਼ਰ ਕਿਸੇ ਨਾ ਆਇੰਦਾ । ਇਕੋ ਤੱਕ ਕੇ ਗਏ ਸ੍ਰੀ ਭਗਵਾਨ ਦਾ ਸਚ ਵਿਹਾਰਾ, ਈਸਾ ਮੂਸਾ ਮੁਹੰਮਦ ਨਾਨਕ ਗੋਬਿੰਦ ਪੁਰਖ ਅਕਾਲ ਆਪ ਉਠਾਇੰਦਾ । ਕਲਜੁਗ ਅੰਤਮ ਪਰਗਟ ਹੋਵੇ ਨਿਹਕਲੰਕ ਨਰਾਇਣ ਨਰ ਅਵਤਾਰਾ, ਸਭ ਦਾ ਲੇਖਾ ਆਪ ਚੁਕਾਇੰਦਾ । ਗੁਰਮੁਖਾਂ ਕਰੇ ਸਚ ਪਿਆਰਾ, ਮਨਮੁਖਾਂ ਦਰ ਦੁਰਕਾਇੰਦਾ । ਝੂਠੀ ਵੰਡ ਰਹਿਣ ਨਾ ਦੇਵੇ ਅੰਤਮ ਵਾਰਾ, ਅੰਤਸ਼ਕਰਨ ਸਭ ਦਾ ਫੋਲ ਫੁਲਾਇੰਦਾ । ਜੇ ਕੋਈ ਬਾਹਰੋਂ ਕਹੇ ਮੈਂ ਕਰਾਂ ਪਿਆਰਾ, ਅੰਦਰੋਂ ਆਪਣੀ ਦਲੀਲ ਦੌੜਾਇੰਦਾ । ਹਰ ਘਟ ਪ੍ਰਭ ਜੂ ਵੇਖਣਹਾਰਾ, ਧੋਖੇ ਵਿਚ ਕਦੇ ਨਾ ਆਇੰਦਾ । ਗੁਰਸਿਖ ਮਧਰਾ ਮਾਸ ਜੋ ਰਸਨਾ ਕਰੇ ਅਹਾਰਾ, ਤਿਸ ਸਤਿਗੁਰ ਚਰਨ ਕਦੇ ਨਾ ਲਾਇੰਦਾ । ਹਰਿ ਸੰਗਤ ਮਿਲਣ ਦਾ ਇਕੋ ਬਿਵਹਾਰਾ, ਹਰਿ ਪੁਰਖ ਨਿਰੰਜਣ ਆਪ ਜਣਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਚਰਨ ਕਵਲ ਕਰੋ ਪਿਆਰਾ, ਫੜ ਬਾਹੋਂ ਗਲੇ ਲਗਾਇੰਦਾ । ਬ੍ਰਹਮ ਪਾਰਬ੍ਰਹਮ ਵਖਾਏ ਇਕ ਦਵਾਰਾ, ਦਰ ਦਰਵਾਜਾ ਆਪ ਖੁਲ੍ਹਾਇੰਦਾ । ਗੁਰਸਿਖ ਭੁੱਲ ਨਾ ਜਾਣਾ ਬਣ ਗਵਾਰਾ, ਵੇਲਾ ਗਿਆ ਹੱਥ ਨਾ ਆਇੰਦਾ । ਸਦੀ

ਬੀਸਵੀਂ ਸਭ ਨੇ ਤੱਕਣਾ ਇਕ ਸਹਾਰਾ, ਤੱਕਵਾ ਸਭ ਨੂੰ ਇਕ ਜਣਾਇੰਦਾ । ਆਪਣੀ ਕੁਦਰਤ ਕਾਦਰ ਕਰੀਮ ਵੇਖੇ ਵੇਖਣਹਾਰਾ, ਸ੍ਰਿਸ਼ਟ ਸਬਾਈ ਬੇਪਰਵਾਹੀ ਖੋਜ ਖੁਜਾਇੰਦਾ । ਜਨ ਭਗਤਾਂ ਕਰਾਏ ਸਾਚਾ ਵਣਜ ਬਣ ਵਣਜਾਰਾ, ਹੱਟ ਇਕੋ ਇਕ ਦਰਸਾਇੰਦਾ । ਸੋਹੰ ਨਾਮ ਸਤਿ ਭੰਡਾਰਾ, ਵਡ ਭੰਡਾਰੀ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਾਰਬ੍ਰਹਮ ਬ੍ਰਹਮ ਇਕ ਮਕਾਨ, ਘਰ ਘਰ ਵਿਚ ਆਪ ਸੁਹਾਇੰਦਾ ।

ਸੰਤ ਜਨਾਂ ਪ੍ਰਭ ਸਦਾ ਲੋੜ, ਬਿਨ ਲੋੜੋਂ ਨਜ਼ਰ ਕੋਇ ਨਾ ਆਇੰਦਾ । ਸੰਤ ਸਾਜਣ ਚੜ੍ਹੇ ਸਾਚੇ ਘੋੜ, ਘੋੜਾ ਸਤਿਗੁਰ ਆਪ ਵਖਾਇੰਦਾ । ਸੰਤ ਸਾਜਣ ਲੋਆਂ ਪੁਰੀਆਂ ਲਏ ਦੌੜ, ਸਤਿਗੁਰ ਦੋ ਜਹਾਨਾਂ ਰਾਹ ਵਖਾਇੰਦਾ । ਸੰਤਾਂ ਕੂੜੀ ਕਿਰਿਆ ਕੱਢਣ ਦੀ ਸਦਾ ਲੋੜ, ਕੂੜ ਕੂੜਿਆਰਾ ਸਤਿਗੁਰ ਮੋਹ ਚੁਕਾਇੰਦਾ । ਸੰਤ ਆਤਮ ਪਰਮਾਤਮ ਮਿਲਣ ਦੀ ਸਦਾ ਰੱਖਣ ਲੋੜ, ਬਿਨ ਮੇਲ ਮਿਲਾਵੇ ਸੰਤ ਕੰਮ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਲੋੜ ਇਕ ਜਣਾਇੰਦਾ । ਸਾਚੀ ਲੋੜ ਸਦਾ ਸਦ, ਸਤਿ ਸਤਿਵਾਦੀ ਆਪ ਜਣਾਇੰਦਾ । ਬਿਨ ਸਤਿਗੁਰ ਨੌਂ ਦਵਾਰੇ ਪਾਰ ਨਾ ਕੋਈ ਲੰਘੇ ਹੱਦ, ਜਗਤ ਵਾਸਨਾ ਨਾ ਕੋਇ ਮਿਟਾਇੰਦਾ । ਕੂੜਾ ਮੰਦਰ ਕੋਇ ਨਾ ਦੇਵੇ ਛੱਡ, ਹਰਿ ਮੰਦਰ ਆਸਣ ਕੋਇ ਨਾ ਲਾਇੰਦਾ । ਬਿਨ ਲੋੜੋਂ ਖ਼ਾਲੀ ਹੱਡ, ਪੰਜ ਤੱਤ ਕੰਮ ਕਿਸੇ ਨਾ ਆਇੰਦਾ । ਸਾਚੀ ਲੋੜ ਅੰਦਰ ਭਗਤ ਭਗਵੰਤ ਇਕ ਦੂਜੇ ਨਾਲ ਗਏ ਬੱਝ, ਜੁਗ ਜੁਗ ਭਗਵਨ ਭਗਤਾਂ ਲੋੜ ਪਿਛੇ ਆਪਣਾ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਲੋੜ ਇਕ ਜਣਾਇੰਦਾ । ਸਾਚੀ ਲੋੜ ਆਤਮ ਨਾਤਾ, ਬਿਨ ਲੋੜ ਪਰਮਾਤਮ ਨਜ਼ਰ ਕਿਸੇ ਨਾ ਆਈਆ । ਸਾਚੀ ਲੋੜ ਕਰੇ ਉਤਮ ਜਾਤਾ, ਅਜ਼ਾਤੀ ਰੂਪ ਨਾ ਕੋਇ ਜਣਾਈਆ । ਸਾਚੀ ਲੋੜ ਜਣਾਏ ਸਾਚੀ ਗਾਥਾ, ਬਿਨ ਲੋੜ ਸਤਿਗੁਰ ਨਾਦ ਨਾ ਕੋਇ ਸੁਣਾਈਆ । ਲੋੜ ਕਰਾਏ ਪੂਜਾ ਪਾਠਾ, ਇਸ਼ਟ ਦੇਵ ਹਵਨ ਸਿਖਿਆ ਇਕ ਸਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਿਨਾਂ ਲੋੜੋਂ ਪੁਰਖ ਅਕਾਲ ਨਜ਼ਰ ਨਾ ਆਈਆ । ਲੋੜ ਬਿਨਾਂ ਨਾ ਕੋਈ ਬੰਦਾ, ਬੰਦਗੀ ਲੋੜ ਬਿਨਾਂ ਨਾ ਪਾਈਆ । ਚਾਹੇ ਚੰਗਾ ਚਾਹੇ ਮੰਦਾ, ਬਿਨ ਲੋੜੋਂ ਕੋਇ ਨਜ਼ਰ ਨਾ ਆਈਆ । ਸਤਿਗੁਰ ਸਚ ਸੱਚਾ ਅਨੰਦਾ, ਅਨੰਦ ਆਤਮ ਇਕ ਜਣਾਈਆ । ਆਤਮ ਸੇਜਾ ਬੈਠਾ ਪਲੰਘਾ, ਪਾਰਬ੍ਰਹਮ ਵੇਖ ਵਖਾਈਆ । ਬਿਨ ਲੋੜ ਵੱਜੇ ਨਾ ਕਦੇ ਮਰਦੰਗਾ, ਨਾਦ ਧੁਨ ਨਾ ਕੋਇ ਸ਼ਨਵਾਈਆ । ਬਿਨ ਲੋੜੋਂ ਕੋਈ ਨਾ ਚਲੇ ਸੰਗਾ, ਸਗਲਾ ਸੰਗ ਨਾ ਕੋਇ ਰਖਾਈਆ । ਬਿਨ ਲੋੜੋਂ ਅੰਤਮ ਹੋਏ ਨੰਗਾ, ਸਿਰ ਹੱਥ ਨਾ ਕੋਇ ਟਿਕਾਈਆ । ਬਿਨ ਲੋੜੋਂ ਮਿਲੇ ਨਾ ਪਰਮਾਨੰਦਾ, ਰਸ ਸਚ ਨਾ ਕੋਇ ਚਖਾਈਆ । ਬਿਨ ਲੋੜੋਂ ਰਸਨਾ ਜਿਹਵਾ ਬੱਤੀ ਦੰਦਾ ਗਾਏ ਕੋਇ ਨਾ ਛੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤਾਂ ਦੱਸੇ ਸਦਾ ਲੋੜ, ਬਿਨ ਲੋੜੋਂ ਸੰਤ ਲੋਕਮਾਤ ਨਾ ਆਈਆ ।


੬੭੩
੧੩

❃ ੨੫ ਮਾਘ ੨੦੧੯ ਬਿਕ੍ਰਮੀ ਮੱਖਣ ਸਿੰਘ ਦੇ ਗ੍ਰਿਹਿ ਪਿੰਡ ਸੁਗਾ ਜ਼ਿਲਾ ਅੰਮ੍ਰਿਤਸਰ ❃

ਸਤਿ ਪੁਰਖ ਸਚ ਸੁਲਤਾਨਾ, ਸਤਿ ਸਤਿ ਅਖਵਾਇੰਦਾ । ਸੋ ਪੁਰਖ ਨਿਰੰਜਣ ਵਡ ਪਰਧਾਨਾ, ਸਚ ਪਰਧਾਨਗੀ ਇਕ ਕਮਾਇੰਦਾ । ਹਰਿ ਪੁਰਖ ਨਿਰੰਜਣ ਮਿਹਰਵਾਨਾ, ਮਿਹਰ ਨਜ਼ਰ ਇਕ ਉਠਾਇੰਦਾ । ਏਕੰਕਾਰਾ ਵਡ ਬਲਵਾਨਾ, ਬਲ ਆਪਣਾ ਆਪ ਪਰਗਟਾਇੰਦਾ । ਆਦਿ ਨਿਰੰਜਣ ਨੂਰ ਮਹਾਨਾ, ਨੂਰ ਨੁਰਾਨਾ ਡਗਮਗਾਇੰਦਾ । ਅਬਿਨਾਸ਼ੀ ਕਰਤਾ ਖੇਲ ਮਹਾਨਾ, ਨਿਰਵੈਰ ਪੁਰਖ ਆਪ ਕਰਾਇੰਦਾ । ਸ੍ਰੀ ਭਗਵਾਨ ਸਚ ਨਿਸ਼ਾਨਾ, ਦਰਗਹਿ ਸਾਚੀ ਆਪ ਝੁਲਾਇੰਦਾ । ਪਾਰਬ੍ਰਹਮ ਕਰ ਧਿਆਨਾ, ਧਿਆਨ ਧਿਆਨ ਵਿਚ ਸਮਾਇੰਦਾ । ਕਰੇ ਖੇਲ ਨੌਜਵਾਨਾ, ਬਿਰਧ ਬਾਲ ਨਾ ਰੂਪ ਵਟਾਇੰਦਾ । ਆਪਣੀ ਇਛਿਆ ਕਰ ਪਰਵਾਨਾ, ਸਾਚੀ ਭਿਛਿਆ ਝੋਲੀ ਪਾਇੰਦਾ । ਸੂਰਬੀਰ ਬਣ ਮਰਦ ਮਰਦਾਨਾ, ਸਚ ਮਰਦਾਨਗੀ ਇਕ ਕਮਾਇੰਦਾ । ਸਾਚਾ ਮੰਦਰ ਖੇਲ ਮਹਾਨਾ, ਨਿਰਗੁਣ ਨਿਰਗੁਣ ਆਪ ਪਰਗਟਾਇੰਦਾ । ਸਚਖੰਡ ਵਖਾਏ ਸਚ ਮਕਾਨਾ, ਛੱਪਰ ਛੰਨ ਨਾ ਕੋਇ ਛੁਹਾਇੰਦਾ । ਪਰਵਰਦਿਗਾਰ ਬੇਨਜ਼ੀਰ ਕਰੇ ਖੇਲ ਆਪ ਭਗਵਾਨਾ, ਭਗਵਨ ਆਪਣੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਮੰਦਰ ਇਕ ਸੁਹਾਇੰਦਾ । ਦਰ ਮੰਦਰ ਹਰਿ ਸੁਹੰਜਣਾ, ਸੋਭਾਵੰਤ ਆਪ ਸੁਹਾਈਆ । ਸੋ ਪੁਰਖ ਨਿਰੰਜਣ ਦਰਦ ਦੁਖ ਭੈ ਭੰਜਨਾ, ਨੂਰ ਜ਼ਹੂਰ ਕਰੇ ਰੁਸ਼ਨਾਈਆ । ਗਹਿਰ ਗੰਭੀਰ ਸਾਚਾ ਸੱਜਣਾ, ਅਨਭਵ ਪਰਕਾਸ਼ ਕਰਾਈਆ । ਨਾ ਘੜਿਆ ਨਾ ਭੱਜਣਾ, ਸਤਿ ਸਤਿ ਏਕਾ ਰੂਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਇਕ ਸੁਹਾਈਆ । ਸਚ ਦਵਾਰਾ ਸਚਖੰਡ, ਸੋ ਪੁਰਖ ਨਿਰੰਜਣ ਆਪ ਸੁਹਾਇੰਦਾ । ਅੰਦਰ ਵੜ ਸੂਰਾ ਸਰਬੰਗ, ਸ਼ਹਿਨਸ਼ਾਹ ਆਪਣਾ ਆਸਣ ਲਾਇੰਦਾ । ਨਾ ਕੋਈ ਰੂਪ ਨਾ ਕੋਈ ਰੰਗ, ਰੇਖ ਭੇਖ ਨਾ ਕੋਇ ਜਣਾਇੰਦਾ । ਨਾ ਕੋਈ ਸਗਲਾ ਨਾ ਕੋਈ ਸੰਗ, ਦੂਸਰ ਵੰਡ ਨਾ ਕੋਇ ਵੰਡਾਇੰਦਾ । ਨਾ ਕੋਈ ਸੂਰਜ ਨਾ ਕੋਈ ਚੰਦ, ਪਰਕਾਸ਼ ਪਰਕਾਸ਼ ਇਕ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਸ਼ਾਹੋ ਭੂਪ, ਰਾਜਨ ਰਾਜ ਆਪ ਕਰਾਈਆ । ਤਖ਼ਤ ਨਿਵਾਸੀ ਸਤਿ ਸਰੂਪ, ਸਚ ਸਿੰਘਾਸਣ ਸੋਭਾ ਪਾਈਆ । ਵੇਖਣਹਾਰਾ ਦਿਸ਼ਾ ਕੂਟ, ਨਿਰਗੁਣ ਨੈਣ ਇਕ ਖੁਲ੍ਹਾਈਆ । ਲੇਖਾ ਜਾਣੇ ਮਾਤ ਪਿਤ ਪੂਤ, ਸੱਜਣ ਅਵਰ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਖੁਲ੍ਹਾਈਆ । ਸਾਚਾ ਭੇਵ ਪੁਰਖ ਸਮਰਥ, ਨਿਰਗੁਣ ਆਪਣੇ ਹੱਥ ਰਖਾਇੰਦਾ । ਨਿਰਗੁਣ ਨਿਰਗੁਣ ਹੋ ਪਰਗਟ, ਜੋਤੀ ਜੋਤ ਜਗਾਇੰਦਾ । ਜੋਤੀ ਜੋਤ ਆਪੇ ਰੱਖ, ਰੂਪ ਅਨੂਪ ਵਟਾਇੰਦਾ । ਰੂਪ ਅਨੂਪ ਆਪੇ ਵਸ, ਸਚਖੰਡ ਡੇਰਾ ਲਾਇੰਦਾ । ਸਚਖੰਡ ਦਵਾਰੇ ਆਪੇ ਵਸ, ਸ਼ਾਹ ਸੁਲਤਾਨ ਅਖਵਾਇੰਦਾ । ਸ਼ਾਹ ਸੁਲਤਾਨਾ ਗਾਏ ਜਸ, ਢੋਲਾ ਸੋਹਲਾ ਆਪ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਾਚਾ ਬੰਕ ਵਡਿਆਇੰਦਾ । ਸਚਖੰਡ ਦਵਾਰ ਸੋਭਾਵੰਤ, ਸੋ ਪੁਰਖ ਨਿਰੰਜਣ ਆਪ ਸੁਹਾਈਆ । ਕਰੇ ਖੇਲ ਬੇਪਰਵਾਹ ਬੇਅੰਤ, ਅਗੰਮ ਅਥਾਹ ਵੱਡੀ ਵਡਿਆਈਆ । ਲੇਖਾ ਜਾਣ ਨਾਰ ਕੰਤ, ਨਰ ਨਰਾਇਣ ਖ਼ੁਸ਼ੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਖੇਲ ਅਪਾਰਾ, ਨਿਰਗੁਣ ਧਾਰਾ ਜੋਤ ਉਜਿਆਰਾ, ਨੂਰ ਨੁਰਾਨਾ ਡਗਮਗਾਈਆ । ਨੂਰ

ਨੁਰਾਨਾ ਪਰਵਰਦਿਗਾਰ, ਬੇਐਬ ਨਾਮ ਅਖਵਾਇੰਦਾ । ਮੁਕਾਮੇ ਹੱਕ ਹੋ ਤਿਆਰ, ਸੇਜ ਸੁਹੰਜਣੀ ਸੋਭਾ ਪਾਇੰਦਾ । ਲਾਸ਼ਰੀਕ ਸਾਂਝਾ ਯਾਰ, ਮਿਹਬਾਨ ਬੀਦੋ ਬੇਨਜ਼ੀਰ ਨਜ਼ਰ ਕਿਸੇ ਨਾ ਆਇੰਦਾ । ਮੇਟਣਹਾਰ ਅੰਧ ਤਾਰੀਕ, ਨੂਰ ਜ਼ਹੂਰ ਇਕ ਦਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰਗਹਿ ਸਾਚੀ ਇਕ ਵਡਿਆਇੰਦਾ । ਦਰਗਹਿ ਸਾਚੀ ਧਾਮ ਅਵੱਲਾ, ਸੋ ਪੁਰਖ ਨਿਰੰਜਣ ਆਪ ਵਡਿਆਈਆ । ਵਸਣਹਾਰਾ ਇਕ ਇਕੱਲਾ, ਹਰਿ ਪੁਰਖ ਨਿਰੰਜਣ ਡੇਰਾ ਲਾਈਆ । ਜੋਤੀ ਸ਼ਬਦੀ ਆਪੇ ਰਲਾ, ਨਿਰਗੁਣ ਨਿਰਗੁਣ ਕਰ ਕੁੜਮਾਈਆ । ਸਚ ਸਿੰਘਾਸਣ ਇਕੋ ਮੱਲਾ, ਸੇਜ ਸੁਹੰਜਣੀ ਇਕ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਕਰਤਾ ਪੁਰਖ, ਆਦਿ ਆਦਿ ਕਮਾਇੰਦਾ । ਨਾ ਕੋਈ ਚਿੰਤਾ ਸੋਗ ਹਰਖ, ਦੁਖ ਦਰਦ ਨਾ ਕੋਇ ਜਣਾਇੰਦਾ । ਨਾ ਕੋਈ ਸਕੇ ਨਿਰਵੈਰ ਪਰਖ, ਪਾਰਖੂ ਇਕੋ ਇਕ ਅਖਵਾਇੰਦਾ । ਆਪਣੇ ਉਤੇ ਕਰ ਆਪਣਾ ਤਰਸ ਆਪਣਾ ਭੇਵ ਆਪ ਜਣਾਇੰਦਾ । ਆਪੇ ਸ਼ਾਹ ਪਾਤਸ਼ਾਹ ਆਪੇ ਭਿਖਾਰੀ ਦੇਵਣਹਾਰਾ ਦਰਸ, ਦਾਤ ਅਨਮੁਲੀ ਆਪ ਵਰਤਾਇੰਦਾ । ਆਪੇ ਮਕਰੂਜ ਆਪੇ ਕਰਜ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਫ਼ਰਜ਼ ਆਪ ਨਿਭਾਇੰਦਾ । ਸਾਚਾ ਫ਼ਰਜ਼ ਫ਼ਰਮਾਂਬਰਦਾਰ, ਲਾਸ਼ਰੀਕ ਇਕ ਖ਼ੁਦਾਈਆ । ਕਰਾਏ ਖੇਲ ਅਗੰਮ ਅਪਾਰ, ਬੇਅੰਤ ਵੱਡੀ ਵਡਿਆਈਆ । ਲੇਖਾ ਜਾਣੇ ਧੁਰ ਦਰਬਾਰ, ਧੁਰ ਦਰਬਾਰੀ ਸੱਚਾ ਮਾਹੀਆ । ਖੋਲ੍ਹਣਹਾਰਾ ਬੰਦ ਕਵਾੜ, ਥਿਰ ਘਰ ਸਾਚੀ ਬਣਤ ਬਣਾਈਆ । ਸੁਤ ਦੁਲਾਰੇ ਕਰ ਪਿਆਰ, ਸਾਚੀ ਸਿਖਿਆ ਕਰੇ ਪੜ੍ਹਾਈਆ । ਸ਼ਬਦ ਅਗੰਮੀ ਇਕ ਜੈਕਾਰ, ਨਾਉਂ ਨਿਰੰਕਾਰਾ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਈਆ । ਭੇਵ ਅਭੇਦਾ ਦੱਸਣਹਾਰਾ, ਨਿਰਗੁਣ ਆਪਣਾ ਪਰਦਾ ਲਾਹਿੰਦਾ । ਸਚਖੰਡ ਨਿਵਾਸੀ ਖੇਲ ਨਿਆਰਾ, ਪੁਰਖ ਅਬਿਨਾਸ਼ੀ ਆਪ ਜਣਾਇੰਦਾ । ਸੁਤ ਦੁਲਾਰਾ ਕਰ ਉਜਿਆਰਾ, ਸ਼ਬਦੀ ਰੂਪ ਵਟਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦੇ ਸਹਾਰਾ, ਸਿਰ ਆਪਣਾ ਹੱਥ ਟਿਕਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਲਾ ਅਖਾੜਾ, ਨਿਰਗੁਣ ਆਪਣਾ ਨਾਚ ਨਚਾਇੰਦਾ । ਰਵ ਸਸ ਸੂਰਜ ਚੰਨ ਕਰ ਉਜਿਆਰਾ, ਮੰਡਲ ਮੰਡਪ ਆਪ ਰੁਸ਼ਨਾਇੰਦਾ । ਤ੍ਰੈ ਪੰਜ ਖੇਲ ਨਿਆਰਾ, ਖੇਲਣਹਾਰਾ ਨਜ਼ਰ ਨਾ ਆਇੰਦਾ । ਲੱਖ ਚੁਰਾਸੀ ਬਣ ਵਣਜਾਰਾ, ਅੰਡਜ ਜੇਰਜ ਉਤਭੁਜ ਸੇਤਜ ਵੰਡ ਵੰਡਾਇੰਦਾ । ਧੁਰ ਸੰਦੇਸਾ ਦੇਵਣਹਾਰਾ, ਬੋਧ ਅਗਾਧਾ ਰਾਗ ਸੁਣਾਇੰਦਾ । ਲੇਖਾ ਜਾਣੇ ਅੰਦਰ ਬਾਹਰਾ, ਗੁਪਤ ਜ਼ਾਹਰਾ ਭੇਵ ਖੁਲ੍ਹਾਇੰਦਾ । ਸੇਵਕ ਬਣ ਕੇ ਸੇਵਾਦਾਰਾ, ਦਰ ਦਰ ਆਪਣੀ ਅਲਖ ਜਗਾਇੰਦਾ । ਕਾਗਦ ਕਲਮ ਨਾ ਲਿਖਣਹਾਰਾ, ਵੇਦ ਕਤੇਬ ਭੇਵ ਨਾ ਪਾਇੰਦਾ । ਸ਼ਾਸਤਰ ਸਿਮਰਤ ਵਸੇ ਬਾਹਰਾ, ਰੂਪ ਰੰਗ ਰੇਖ ਨਾ ਕੋਇ ਜਣਾਇੰਦਾ । ਵਸਣਹਾਰਾ ਧਾਮ ਨਿਆਰਾ, ਸਚਖੰਡ ਆਪਣਾ ਆਸਣ ਲਾਇੰਦਾ । ਨਿਰਗੁਣ ਜੋਤ ਜੋਤ ਉਜਿਆਰਾ, ਜੋਤੀ ਜਾਤਾ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਪੁਰਖ ਸਮਰਥ, ਹਰਿ ਕਰਤਾ ਆਪ ਕਮਾਈਆ । ਨਿਰਗੁਣ ਨਿਰਗੁਣ ਹੋ ਪਰਗਟ, ਨਿਰਗੁਣ ਧਾਰ ਚਲਾਈਆ । ਸਰਗੁਣ ਸਰਗੁਣ ਖੇਲ ਅਕੱਥ, ਅਕੱਥ ਕਰੇ ਪੜ੍ਹਾਈਆ । ਤੱਤਵ ਤੱਤ ਦੇਵੇ ਵਥ, ਨਾਤਾ ਬਿਧਾਤਾ ਜੋੜ ਜੁੜਾਈਆ । ਲੇਖਾ ਜਾਣੇ ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਬੁਧ ਮਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ



੬੭੫
੧੩

ਕਰਨੀ ਆਪ ਕਮਾਈਆ । ਸਾਚੀ ਕਰਨੀ ਦੱਸੇ ਕਰਤਾਰ, ਆਪਣਾ ਭੇਵ ਜਣਾਇੰਦਾ । ਆਦਿ ਪੁਰਖ ਹੋ ਨਿਰਾਕਾਰ, ਨਿਰਗੁਣ ਆਪਣਾ ਵੇਸ ਵਟਾਇੰਦਾ । ਸਾਚੇ ਤਖ਼ਤ ਬੈਠ ਸੱਚੀ ਸਰਕਾਰ, ਸ਼ਾਹ ਪਾਤਸ਼ਾਹ ਆਪਣਾ ਹੁਕਮ ਮਨਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਜੇਰਜ ਅੰਡਾਂ ਕਰ ਪਸਾਰ, ਉਤਭੁਜ ਸੇਤਜ ਆਪਣਾ ਰਾਹ ਚਲਾਇੰਦਾ । ਖਾਣੀ ਬਾਣੀ ਬੋਲ ਜੈਕਾਰ, ਪਰਾ ਪਸੰਤੀ ਮਧਮ ਬੈਖਰੀ ਆਪੇ ਗਾਇੰਦਾ । ਜੁਗ ਚੌਕੜੀ ਵੰਡਣਹਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੰਡ ਵੰਡਾਇੰਦਾ । ਨਿਰਗੁਣ ਸਰਗੁਣ ਕਰ ਉਜਿਆਰ, ਗੁਰ ਅਵਤਾਰ ਨਾਉਂ ਧਰਾਇੰਦਾ । ਨਾਮ ਡੰਕਾ ਅਪਰ ਅਪਾਰ, ਗ੍ਰਿਹਿ ਮੰਦਰ ਆਪ ਵਜਾਇੰਦਾ । ਦੀਵਾ ਬਾਤੀ ਕਰ ਉਜਿਆਰ, ਨੂਰ ਨੁਰਾਨਾ ਨੂਰ ਧਰਾਇੰਦਾ । ਸਾਚੀ ਹਾਟੀ ਖੋਲ੍ਹ ਕਵਾੜ, ਚੌਦਾਂ ਤਬਕਾਂ ਰਾਹ ਚਲਾਇੰਦਾ । ਚੌਦਾਂ ਲੋਕ ਕਰੇ ਖ਼ਬਰਦਾਰ, ਸਚ ਸਲੋਕ ਇਕ ਅਲਾਇੰਦਾ । ਦੇਵਣਹਾਰਾ ਨਾਮ ਸਹਾਰ, ਮੰਤਰ ਸਤਿ ਸਤਿ ਦ੍ਰਿੜਾਇੰਦਾ । ਵੇਖਣਹਾਰਾ ਨਿਰਗੁਣ ਧਾਰ, ਸਰਗੁਣ ਆਪਣਾ ਰਾਹ ਜਣਾਇੰਦਾ । ਨਿਸ਼ਅੱਖਰ ਦੇਵੇ ਕਰ ਵਿਚਾਰ, ਵਿਚਾਰ ਵਿਚ ਕਦੇ ਨਾ ਆਇੰਦਾ । ਲੇਖਾ ਜਾਣ ਵੇਦ ਚਾਰ, ਸ਼ਾਸਤਰ ਸਿਮਰਤ ਪੁਰਾਨ ਆਪ ਪੜ੍ਹਾਇੰਦਾ । ਦੇਵਣਹਾਰਾ ਗੀਤਾ ਗਿਆਨ, ਅੱਠ ਦਸ ਵੰਡ ਵੰਡਾਇੰਦਾ । ਲੇਖਾ ਜਾਣ ਅੰਜੀਲ ਕੁਰਾਨ, ਕਾਇਆ ਕੁਰਾ ਖੋਜ ਖੁਜਾਇੰਦਾ । ਮਾਰਨਹਾਰਾ ਅਨਿਆਲਾ ਬਾਣ, ਤੀਰ ਅਣੀਆਲਾ ਇਕ ਚਲਾਇੰਦਾ । ਗੁਰ ਅਵਤਾਰ ਦੇ ਗਿਆਨ, ਲੋਕਮਾਤ ਧਰਮ ਚਲਾਇੰਦਾ । ਵੇਖਣਹਾਰਾ ਨੌਜਵਾਨ, ਨਜ਼ਰ ਕਿਸੇ ਨਾ ਆਇੰਦਾ । ਵਸਣਹਾਰਾ ਸਚ ਮਕਾਨ, ਬੇਮੁਕਾਮ ਫੇਰਾ ਪਾਇੰਦਾ । ਪਰਵਰਦਿਗਾਰ ਵਡ ਅਮਾਮ, ਹਜ਼ਰਤ ਇਕੋ ਨਜ਼ਰੀ ਆਇੰਦਾ । ਦੇਵਣਹਾਰਾ ਸਚ ਪੈਗ਼ਾਮ, ਸਾਚੇ ਹੁਜਰੇ ਸੋਭਾ ਪਾਇੰਦਾ । ਦੱਸਣਹਾਰ ਇਲਾਹੀ ਕਲਾਮ, ਕਲਮਾ ਸੱਚਾ ਇਕ ਜਣਾਇੰਦਾ । ਵੇਖਣਹਾਰਾ ਕਾਇਨਾਤ, ਦੋ ਜਹਾਨਾਂ ਖੋਜ ਖੁਜਾਇੰਦਾ । ਲੱਖ ਚੁਰਾਸੀ ਵੇਖੇ ਮਾਰ ਝਾਤ, ਘਟ ਘਟ ਅੰਦਰ ਡੇਰਾ ਲਾਇੰਦਾ । ਜੁਗ ਚੌਕੜੀ ਵੇਖਣਹਾਰਾ ਖੇਲ ਤਮਾਸ਼, ਖ਼ਾਲਕ ਖ਼ਲਕ ਵਿਚ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਆਪਣੀ ਧਾਰ ਵਖਾਇੰਦਾ । ਨਿਰਗੁਣ ਧਾਰ ਅਗੰਮ ਭੇਵ ਕੋਇ ਨਾ ਪਾਈਆ । ਨਾ ਮਰੇ ਨਾ ਪਏ ਜੰਮ, ਜੀਵਣ ਮਰਨ ਨਾ ਕੋਇ ਵਡਿਆਈਆ । ਹੱਡ ਮਾਸ ਨਾੜੀ ਨਾ ਚੰਮ, ਤੱਤਵ ਤੱਤ ਨਾ ਵੰਡ ਵੰਡਾਈਆ । ਰਾਗ ਨਾਦ ਨਾ ਕੋਈ ਸੁਣੇ ਕੰਨ, ਅਨਾਦੀ ਨਾਦ ਨਾ ਕੋਇ ਜਣਾਈਆ । ਨਿਰਗੁਣ ਰੂਪ ਸ੍ਰੀ ਭਗਵਨ, ਜੋਤੀ ਜਾਤਾ ਡਗਮਗਾਈਆ । ਸਦਾ ਸਦਾ ਸਦ ਜਾਣੇ ਆਪਣਾ ਕੰਮ, ਨਿਹਕਰਮੀ ਕਰਮ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਬਣੇ ਜਨਨੀ ਜਨ, ਧੰਨ ਧੰਨ ਜਣੇਂਦੀ ਮਾਈਆ । ਬਣ ਬਣ ਜਣੇਂਦੀ ਮਾਇਆ, ਜਨਨੀ ਆਪ ਅਖਵਾਇੰਦਾ । ਬਣ ਬਣ ਸੱਚਾ ਦਾਈ ਦਾਇਆ, ਸੇਵਕ ਆਪਣੀ ਸੇਵ ਕਮਾਇੰਦਾ । ਗੁਰ ਅਵਤਾਰ ਭੇਵ ਖੁਲਾਇਆ, ਪੀਰ ਪੈਗ਼ੰਬਰ ਆਪ ਪੜ੍ਹਾਇੰਦਾ । ਨਿਰਗੁਣ ਸਰਗੁਣ ਮਾਰਗ ਲਾਇਆ, ਜੁਗ ਜੁਗ ਆਪਣਾ ਰਾਹ ਜਣਾਇੰਦਾ । ਸਾਚਾ ਸੋਹਲਾ ਇਕ ਸੁਣਾਇਆ, ਢੋਲਾ ਇਕੋ ਇਕ ਵਡਿਆਇੰਦਾ । ਪੰਜ ਤੱਤ ਚੋਲਾ ਲਏ ਬਦਲਾਇਆ, ਨਿਰਗੁਣ ਨੂਰ ਇਕ ਪਰਗਟਾਇੰਦਾ । ਪਰਦਾ ਉਹਲਾ ਜਗਤ ਰਖਾਇਆ, ਭੇਵ ਕੋਇ ਨਾ ਆਇੰਦਾ । ਮੌਲਾ ਆਪਣਾ ਖੇਲ ਰਚਾਇਆ, ਖ਼ਾਲਕ ਖ਼ਲਕ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਜਣਾਇੰਦਾ । ਸਾਚਾ ਹੁਕਮ ਇਕ ਜਣਾਵਾਂਗਾ । ਪੁਰਖ ਅਕਾਲ ਅਖਵਾਵਾਂਗਾ ।


੬੮੬
੧੩

੬੭੭
੧੩

ਸਚਖੰਡ ਦਵਾਰ ਸੁਹਾਵਾਂਗਾ । ਉਚੇ ਟਿੱਲੇ ਆਸਣ ਲਾਵਾਂਗਾ । ਜੋਤੀ ਜੋਤ ਡਗਮਗਾਵਾਂਗਾ । ਪਰਵਰਦਿਗਾਰ ਨੂਰ ਰੁਸ਼ਨਾਵਾਂਗਾ । ਜ਼ਾਹਿਰ ਜ਼ਹੂਰ ਭੇਸ ਵਟਾਵਾਂਗਾ । ਇਕੋ ਮਾਰਗ ਲਾਵਾਂਗਾ । ਹੁਕਮੀ ਹੁਕਮ ਜਣਾਵਾਂਗਾ । ਸੁਤ ਦੁਲਾਰ ਉਠਾਵਾਂਗਾ । ਸ਼ਬਦੀ ਡੰਕ ਵਜਾਵਾਂਗਾ । ਵਿਸ਼ਨੂੰ ਫੜ ਉਠਾਵਾਂਗਾ । ਬ੍ਰਹਮਾ ਅੱਖ ਖੁਲ੍ਹਾਵਾਂਗਾ । ਸ਼ੰਕਰ ਧੂੜੀ ਇਕ ਰਮਾਵਾਂਗਾ । ਸੁਰਪਤ ਮਾਣ ਚੁਕਾਵਾਂਗਾ । ਕਰੋੜ ਤੇਤੀਸ ਖ਼ਾਕ ਮਿਲਾਵਾਂਗਾ । ਹਰਿ ਜਗਦੀਸ ਇਕ ਅਖਵਾਵਾਂਗਾ । ਲੋਆਂ ਪੁਰੀਆਂ ਖੋਜ ਖੁਜਾਵਾਂਗਾ । ਬ੍ਰਹਿਮੰਡ ਖੰਡ ਪਰਦਾ ਲਾਹਵਾਂਗਾ । ਤ੍ਰੈਗੁਣ ਭੇਵ ਚੁਕਾਵਾਂਗਾ । ਪੰਚਮ ਝੇੜਾ ਆਪ ਮਿਟਾਵਾਂਗਾ । ਸਾਚਾ ਖੇੜਾ ਇਕ ਵਖਾਵਾਂਗਾ । ਨੇੜਨ ਨੇੜਾ ਨਜ਼ਰੀ ਆਵਾਂਗਾ । ਦੂਰ ਦੁਰਾਡਾ ਪੰਧ ਮੁਕਾਵਾਂਗਾ । ਇਕੋ ਰਾਗ ਸੁਣਾਵਾਂਗਾ । ਤੇਈ ਅਵਤਾਰ ਫੜ ਹਿਲਾਵਾਂਗਾ । ਭਗਤ ਅਠਾਰਾਂ ਜਾਗ ਖੁਲ੍ਹਾਵਾਂਗਾ । ਨਿਰਗੁਣ ਨਾਨਕ ਤਾਰ ਹਿਲਾਵਾਂਗਾ । ਗੋਬਿੰਦ ਸੂਰਾ ਇਕ ਅਖਵਾਵਾਂਗਾ । ਨਾਮ ਖੰਡਾ ਇਕ ਚਮਕਾਵਾਂਗਾ । ਬ੍ਰਹਿਮੰਡਾਂ ਵੇਖ ਵਖਾਵਾਂਗਾ । ਕਲ ਕਲਕੀ ਅਵਤਾਰ ਕਹਾਵਾਂਗਾ । ਸੰਬਲ ਡੇਰਾ ਲਾਵਾਂਗਾ । ਕਲਜੁਗ ਰੀਤੀ ਮੇਟ ਮਿਟਾਵਾਂਗਾ । ਮੰਦਰ ਮਸੀਤੀ ਸਾਰੇ ਢਾਵਾਂਗਾ । ਜੋਤ ਅਤੀਤੀ ਇਕ ਵਖਾਵਾਂਗਾ । ਪੁਰਖ ਅਕਾਲ ਘਟ ਘਟ ਨਜ਼ਰੀ ਆਵਾਂਗਾ । ਦੀਨ ਦਿਆਲ ਰੂਪ ਧਰਾਵਾਂਗਾ । ਗੁਰਮੁਖ ਸੱਚੇ ਲਾਲ ਫੜ ਉਠਾਵਾਂਗਾ । ਰੰਗ ਗੁਲਾਲ ਇਕ ਚੜ੍ਹਾਵਾਂਗਾ । ਕਲਜੁਗ ਕਾਲ ਨਾਲ ਰਲਾਵਾਂਗਾ । ਮਹਾਂਕਾਲ ਸਮਝਾਵਾਂਗਾ । ਧਰਮ ਰਾਏ ਹਿਲਾਵਾਂਗਾ । ਚਿਤਰ ਗੁਪਤ ਨਾਲ ਮਿਲਾਵਾਂਗਾ । ਲਾੜੀ ਮੌਤ ਇਸ਼ਾਰੇ ਨਾਲ ਜਣਾਵਾਂਗਾ । ਕੂੜੀ ਕਿਰਿਆ ਮੇਟ ਮਿਟਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਕਰ ਵਖਾਵਾਂਗਾ । ਸਾਚੀ ਕਰਨੀ ਕਰ ਵਖਾਊਂਗਾ । ਸੋ ਪੁਰਖ ਨਿਰੰਜਣ ਨਾਮ ਧਰਾਊਂਗਾ । ਹਰਿ ਪੁਰਖ ਨਿਰਜਣ ਵੇਸ ਵਟਾਊਂਗਾ । ਏਕੰਕਾਰ ਪਰਦਾ ਲਾਹੂੰਗਾ । ਆਦਿ ਨਿਰੰਜਣ ਜੋਤ ਜਗਾਊਂਗਾ । ਅਬਿਨਾਸ਼ੀ ਕਰਤਾ ਰਾਹ ਚਲਾਊਂਗਾ । ਸ੍ਰੀ ਭਗਵਾਨ ਘਰ ਘਰ ਅਲਖ ਜਗਾਊਂਗਾ । ਪਾਰਬ੍ਰਹਮ ਬ੍ਰਹਮ ਆਪਣਾ ਮੇਲ ਮਿਲਾਊਂਗਾ । ਚਾਰ ਵਰਨ ਸਮਝਾਊਂਗਾ । ਬਰਨ ਅਠਾਰਾਂ ਮੇਟ ਮਿਟਾਊਂਗਾ । ਗੁਰ ਅਵਤਾਰਾਂ ਹੁਕਮ ਮਨਾਊਂਗਾ । ਜ਼ਾਹਿਰ ਪੀਰ ਨਜ਼ਰੀ ਆਊਂਗਾ । ਅਮਾਮ ਆਪਣਾ ਭੇਵ ਚੁਕਾਊਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਕਰ ਵਖਾਊਂਗਾ । ਸਾਚੀ ਕਰਨੀ ਕਰ ਵਖਾਵਾਂਗਾ । ਕਲਜੁਗ ਕੂੜ ਮਿਟਾਵਾਂਗਾ । ਮੂਰਖ ਮੂੜ੍ਹ ਸਮਝਾਵਾਂਗਾ । ਸ਼ਬਦ ਨਾਦ ਤੂਰ ਵਜਾਵਾਂਗਾ । ਅਨਹਦ ਰਾਗੀ ਰਾਗ ਸੁਣਾਵਾਂਗਾ । ਸ੍ਰਿਸ਼ਟ ਸਬਾਈ ਫੜ ਉਠਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸੱਚਾ ਰਹਿਬਰ ਇਕ ਅਖਵਾਵਾਂਗਾ । ਸਾਚਾ ਰਹਿਬਰ ਇਕ ਅਖਵਾਏਗਾ । ਪਰਵਰਦਿਗਾਰ ਫੇਰਾ ਪਾਏਗਾ । ਸ਼ਰਕਤ ਸਭ ਦੀ ਮੇਟ ਮਿਟਾਏਗਾ । ਨਫਰਤ ਕਰਦਾ ਨਜ਼ਰ ਕੋਈ ਨਾ ਆਏਗਾ । ਸਾਚੀ ਹਰਕਤ ਇਕ ਵਖਾਏਗਾ । ਬਰਕਤ ਆਪਣੀ ਇਕ ਵਖਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਏਗਾ । ਸਾਚੀ ਕਰਨੀ ਹਰਿ ਕਰਾਵੇਗਾ । ਚੌਦਾਂ ਤਬਕ ਹਿਲਾਵੇਗਾ । ਪੀਰ ਪੈਗ਼ੰਬਰ ਕੁਰਲਾਵੇਗਾ । ਨੇਤਰ ਨੈਣਾਂ ਨੀਰ ਵਹਾਵੇਗਾ । ਸਦੀ ਚੌਧਵੀਂ ਭਾਰ ਨਾ ਕੋਈ ਉਠਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਆਪਣਾ ਫੇਰਾ ਪਾਵੇਗਾ । ਕਲ ਫੇਰਾ ਪਾਏ ਭਗਵਾਨ, ਬੇਪਰਵਾਹ ਵੱਡੀ ਵਡਿਆਈਆ । ਜੋਧਾ

ਸੂਰਬੀਰ ਨੌਜਵਾਨ, ਨਰ ਨਰਾਇਣ ਸੱਚਾ ਸ਼ਹਿਨਸ਼ਾਹੀਆ । ਸ੍ਰਿਸ਼ਟ ਸਬਾਈ ਵੇਖੇ ਮਾਰ ਧਿਆਨ, ਆਤਮ ਖੋਜ ਖੁਜਾਈਆ । ਲੇਖਾ ਜਾਣੇ ਰਾਜ ਰਾਜਾਨ, ਭੂਪਤ ਭੂਪ ਭੇਵ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਪਰਦਾ ਆਪ ਉਠਾਈਆ । ਸਾਚਾ ਪਰਦਾ ਚੁਕੇ ਆਪ, ਆਪ ਆਪਣੀ ਦਇਆ ਕਮਾਈਆ । ਮੂਸਾ ਨਜ਼ਰੀ ਆਏ ਈਸਾ ਬਾਪ, ਪਿਤਾ ਪੂਤ ਵਡ ਵਡਿਆਈਆ । ਮੁਹੰਮਦ ਵੇਖੇ ਸੱਜਣ ਸਾਕ, ਸ਼ਾਹ ਸੁਲਤਾਨ ਬੇਪਰਵਾਹੀਆ । ਨਾਨਕ ਨਿਰਗੁਣ ਖੋਲ੍ਹੇ ਤਾਕ, ਦੋ ਜਹਾਨਾਂ ਦਏ ਵਡਿਆਈਆ । ਗੋਬਿੰਦ ਪੂਰਾ ਕਰੇ ਭਵਿਖਤ ਵਾਕ, ਨਾ ਕੋਈ ਮੇਟੇ ਮੇਟ ਮਿਟਾਈਆ । ਪਰਗਟ ਹੋਵੇ ਪੁਰਖ ਸਮਰਾਥ, ਨਿਹਕਲੰਕਾ ਨਾਉਂ ਧਰਾਈਆ । ਸਭ ਦਾ ਪਾਰ ਕਿਨਾਰਾ ਕਰੇ ਘਾਟ, ਮੰਝਧਾਰ ਦਏ ਰੁੜ੍ਹਾਈਆ । ਕੋਈ ਨਾ ਦੀਸੇ ਸੱਜਣ ਸਾਕ, ਸਗਲਾ ਸੰਗ ਨਾ ਕੋਈ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰ ਪੀਰ ਪੈਗ਼ੰਬਰ ਦਰ ਮੰਗਾਈਆ । ਪੀਰ ਪੈਗ਼ੰਬਰ ਦਰ ਦਰ ਆ, ਘਰ ਘਰ ਵੇਖ ਵਖਾਇੰਦਾ । ਸਦੀ ਚੌਧਵੀਂ ਪੰਧ ਮੁਕਾ, ਪਾਂਧੀ ਇਕੋ ਫੇਰਾ ਪਾਇੰਦਾ । ਅੰਤ ਸਲਾਮ ਲਓ ਬੁਲ੍ਹਾ, ਧੁਰ ਸੰਦੇਸਾ ਇਕ ਸੁਣਾਇੰਦਾ । ਰੂਹ ਬੁੱਤ ਹੋਏ ਜੁਦਾ, ਕਲਮਾ ਨਬੀ ਨਾ ਕੋਇ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸੁਣਾਇੰਦਾ । ਪੀਰ ਪੈਗ਼ੰਬਰ ਨੇਤਰ ਖੋਲ੍ਹ, ਨੇਤਰ ਨੈਣ ਉਠਾਈਆ । ਕਵਣ ਦਵਾਰੇ ਪਰਵਰਦਿਗਾਰ ਰਿਹਾ ਬੋਲ, ਸਚ ਸੰਦੇਸਾ ਇਕ ਸੁਣਾਈਆ । ਚਾਰੇ ਕੁੰਟ ਵੱਜਿਆ ਢੋਲ, ਡੰਕਾ ਇਕੋ ਇਕ ਜਣਾਈਆ । ਚੌਦਾਂ ਤਬਕਾਂ ਜਿਸ ਕੁੰਡਾ ਦਿਤਾ ਖੋਲ੍ਹ, ਖਾਲੀ ਹੱਥ ਸਰਬ ਵਖਾਈਆ । ਵਸਤ ਰਹੀ ਨਾ ਕਿਸੇ ਕੋਲ, ਨੇਤਰ ਰੋਵਣ ਮਾਰਨ ਧਾਹੀਂਆ । ਚੌਦਾਂ ਸਦੀਆਂ ਰਹੇ ਅਨਭੋਲ, ਬੇਪਰਵਾਹ ਚਲੇ ਨਾ ਕੋਇ ਰਜਾਈਆ । ਅੰਤਮ ਆਇਆ ਤੋਲਣ ਤੋਲ, ਤੋਲਾ ਬਣਿਆ ਇਕ ਰਘਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਵੱਡਾ ਸ਼ਹਿਨਸ਼ਾਹੀਆ । ਤੋਲਾ ਬਣ ਫੜ ਤਰਾਜ਼ੂ, ਤ੍ਰੈਗੁਣ ਅਤੀਤਾ ਫੇਰਾ ਪਾਇੰਦਾ । ਈਸਾ ਮੂਸਾ ਇਕ ਦੂਜੇ ਦਾ ਪਕੜਨ ਬਾਜ਼ੂ, ਬਾਜ਼ੀ ਸਭ ਦੀ ਆਪ ਉਲਟਾਇੰਦਾ । ਮੁਹੰਮਦ ਕਹੇ ਮੇਰਾ ਵੱਡਾ ਸਾਕੂ, ਸੱਜਣ ਨਜ਼ਰ ਕੋਇ ਨਾ ਆਇੰਦਾ । ਜਿਨ੍ਹਾਂ ਰਸਨਾ ਜਿਹਵਾ ਪੀਤਾ ਤੰਬਾਕੂ, ਤੁਖ਼ਤ ਤਿਨ੍ਹਾਂ ਆਪ ਉਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਈਸਾ ਮੂਸਾ ਦਰ ਮੰਗ ਮੰਗਾਇੰਦਾ । ਈਸਾ ਮੂਸਾ ਆਏ ਨੱਠੇ, ਦੋਇ ਜੋੜ ਜੋੜ ਸਰਨਾਈਆ । ਹਰਿ ਸਰਨਾਈ ਦੋਵੇਂ ਢੱਠੇ, ਨੇਤਰ ਨੈਣਾਂ ਨੀਰ ਵਹਾਈਆ । ਪਰਵਰਦਿਗਾਰ ਤੇਰੇ ਮਾਰਗ ਦੱਸੇ, ਅਲਫ ਯੇ ਕਰੀ ਪੜ੍ਹਾਈਆ । ਕਲਜੁਗ ਜੀਵ ਉਮਤ ਉਮਤੀ ਦੀਨ ਮਜ੍ਹਬ ਵਿਚ ਫਸੇ, ਲਾਸ਼ਰੀਕ ਨਜ਼ਰ ਕਿਸੇ ਨਾ ਆਈਆ । ਬਿਨ ਢਾਹਿਓਂ ਅੰਤਮ ਸਾਰੇ ਢੱਠੇ, ਬੈਠੇ ਪਿਠ ਵਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਅੱਗੇ ਇਕ ਅਰਜ਼ੋਈਆ । ਤੇਰੇ ਅੱਗੇ ਇਕ ਅਰਜ਼ੋਈ, ਰੋਜ਼ਾ ਨਿਮਾਜ਼ ਬਾਂਗ ਕੰਮ ਕਿਸੇ ਨਾ ਆਇੰਦਾ । ਦਰਗਹਿ ਸਾਚੀ ਮਿਲੇ ਨਾ ਢੋਈ, ਪਰਵਰਦਿਗਾਰ ਨਾ ਮੇਲ ਮਿਲਾਇੰਦਾ । ਸੁਰਤ ਸਵਾਣੀ ਨਾ ਜਾਗੀ ਸੋਈ, ਕਲਮਾ ਹੱਕ ਨਾ ਕੋਇ ਜਣਾਇੰਦਾ । ਤੋਬਾ ਤੋਬਾ ਤੇਰੀ ਦਰੋਹੀ, ਦਰੋਹੀ ਖ਼ੁਦਾਏ ਨਬੀ ਰਸੂਲ ਸਰਬ ਜਣਾਇੰਦਾ । ਤੇਰੇ ਨਾਲੋਂ ਹੋਈ ਜੁਦਾਈ, ਰੂਪ ਅਨੂਪ ਨਾ ਕੋਈ ਵਟਾਇੰਦਾ । ਅਸਾਂ ਮਾਰਗ ਦੇਣਾ ਸਿਧਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ

ਨਜ਼ਰ ਕੋਇ ਨਾ ਆਇੰਦਾ । ਤੁਧ ਬਿਨ ਨਜ਼ਰ ਕਰੇ ਕੌਣ ਬੇਨਜ਼ੀਰ, ਨਜ਼ਰ ਨਜ਼ਰ ਨਾ ਕੋਈ ਮਿਲਾਈਆ । ਸ਼ੇਖ਼ ਮੁਸਾਇਕ ਪੈਗ਼ੰਬਰ ਪੀਰ, ਮਿਲੇ ਨਾ ਕੋਈ ਵਡਿਆਈਆ । ਕੂੜੀ ਕਿਰਿਆ ਵੱਜਾ ਜ਼ੰਜੀਰ, ਤ੍ਰਿਸਨਾ ਮਮਤਾ ਬੈਠੀ ਬੰਧਨ ਪਾਈਆ । ਤੇਰੀ ਨਜ਼ਰ ਨਾ ਆਈ ਸਚ ਤਸਵੀਰ, ਤਸਬੀ ਝੂਠੀ ਗਲ ਲਟਕਾਈਆ । ਤੁਧ ਬਿਨ ਕਵਣ ਬਦਲੇ ਤਕਦੀਰ, ਤਦਬੀਰ ਸਕੇ ਨਾ ਕੋਈ ਜਣਾਈਆ । ਸਾਡੇ ਹੱਥ ਤੇਰੀ ਤਕਸੀਰ, ਤਾਲਬ ਤੇਰੀ ਓਟ ਰਖਾਈਆ । ਕਲਜੁਗ ਅੰਤਮ ਦਿਸੇ ਭੀੜ, ਹੌਲਾ ਭਾਰ ਨਾ ਕੋਇ ਵਖਾਈਆ । ਤੇਰੀ ਲਿਖੀ ਕਾਤਬ ਬਨ ਲੇਖਣੀ ਅਖ਼ੀਰ, ਨਾਤਾ ਜੁੜਿਆ ਕਲਮ ਸ਼ਾਹੀਆ । ਕਲਜੁਗ ਅੰਤਮ ਸਦੀ ਚੌਧਵੀਂ ਪਰਗਟ ਹੋਵੇ ਜ਼ਾਹਿਰਾ ਪੀਰ, ਅਮਾਮ ਅਮਾਮਾਂ ਫੇਰਾ ਪਾਈਆ । ਸਭ ਨੂੰ ਦੇਵੇ ਅੰਮ੍ਰਿਤ ਨੀਰ, ਆਬੇ ਹਯਾਤ ਸਚ ਪਿਆਲਾ ਦੀਨ ਦਿਆਲਾ ਹੱਥ ਉਠਾਈਆ । ਲੇਖਾ ਜਾਣੇ ਸ਼ਾਹ ਹਕੀਰ, ਰਾਜ ਰਾਜਾਨ ਨਾ ਕੋਇ ਜਣਾਈਆ । ਤੇਰੇ ਦਰ ਤੇ ਡਿਗੇ ਅੰਤ ਅਖ਼ੀਰ, ਆਪਣਾ ਮਾਣ ਨਾ ਕੋਈ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਤੁਧ ਬਿਨ ਹੋਏ ਨਾ ਕੋਇ ਸਹਾਈਆ । ਪਰਵਰਦਿਗਾਰ ਇਕ ਅਤੀਤਾ, ਤ੍ਰੈਭਵਨ ਧਨੀ ਆਪ ਜਣਾਇੰਦਾ । ਪੀਰ ਪੈਗ਼ੰਬਰ ਪਿਛਲੀ ਛੱਡੇ ਰੀਤਾ, ਆਪਣਾ ਅਗਲਾ ਮਾਰਗ ਲਾਇੰਦਾ । ਨਾਤਾ ਤੁਟੇ ਮੰਦਰ ਮਸੀਤਾ, ਮੁਸੱਲਾ ਹੇਠ ਨਾ ਕੋਈ ਵਛਾਇੰਦਾ । ਸੀਨਾ ਕਰੇ ਠਾਂਡਾ ਸੀਤਾ, ਅੰਮ੍ਰਿਤ ਮੇਘ ਬਰਸਾਇੰਦਾ । ਪਾਰਬ੍ਰਹਮ ਪਤਿਪਰਮੇਸ਼ਵਰ ਪਤਤ ਪੁਨੀਤਾ, ਪਤਤ ਪਾਪੀ ਪਾਰ ਕਰਾਇੰਦਾ । ਪਿਛਲਾ ਵੇਲਾ ਪਿਛੇ ਬੀਤਾ, ਅੱਗੇ ਇਕੋ ਰਾਹ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਜਣਾਇੰਦਾ । ਸਾਚੀ ਸਿਖਿਆ ਇਕ ਸਮਝਾਵਾਂਗਾ । ਈਸਾ ਮੂਸਾ ਨਾਮ ਜਪਾਵਾਂਗਾ । ਮੁਹੰਮਦ ਰਾਗ ਸੁਣਾਵਾਂਗਾ । ਅੱਲਾ ਰਾਣੀ ਮਾਣ ਚੁਕਾਵਾਂਗਾ । ਸਚ ਕਹਾਣੀ ਇਕ ਪਰਗਟਾਵਾਂਗਾ । ਦੋ ਜਹਾਨਾਂ ਰਾਣੀ ਆਪ ਬਣਾਵਾਂਗਾ । ਖਾਣੀ ਬਾਣੀ ਬਹਿ ਸਮਝਾਵਾਂਗਾ । ਬਾਣੀ ਅਗੰਮ ਲਿਖਾਵਾਂਗਾ । ਜਨ ਭਗਤ ਲਗਨ ਲਗਾਵਾਂਗਾ । ਆਪਣੀ ਰੰਗਣ ਚੜ੍ਹਾਵਾਂਗਾ । ਕਿਸੇ ਦਰ ਨਾ ਮੰਗਣ ਜਾਵਾਂਗਾ । ਕਲਜੁਗ ਕੂੜਾ ਝਗੜਾ ਅੰਤ ਚੁਕਾਵਾਂਗਾ । ਪੀਰ ਪੈਗ਼ੰਬਰਾਂ ਅੱਖੀਂ ਵਖਾਵਾਂਗਾ । ਗੁਰ ਅਵਤਾਰਾਂ ਆਪ ਸਮਝਾਵਾਂਗਾ । ਜ਼ਾਤ ਪਾਤ ਮੇਟ ਮਿਟਾਵਾਂਗਾ । ਦੀਨ ਮਜ਼੍ਹਬ ਨਾ ਕੋਈ ਰਖਾਵਾਂਗਾ । ਆਤਮ ਪਰਮਾਤਮ ਪਰਦਾ ਲਾਹਵਾਂਗਾ । ਬ੍ਰਹਮ ਪਾਰਬ੍ਰਹਮ ਰਲਾਵਾਂਗਾ । ਈਸ਼ ਜੀਵ ਗੋਦ ਬਹਾਵਾਂਗਾ । ਧੁਰ ਸੰਜੋਗ ਮੇਲ ਮਿਲਾਵਾਂਗਾ । ਦਰਸ ਅਮੋਘ ਕਰਾਵਾਂਗਾ । ਪਿਛਲੀ ਹਰਸ ਮਿਟਾਵਾਂਗਾ । ਗੋਬਿੰਦ ਕਰਜ਼ਾ ਲਾਹਵਾਂਗਾ । ਆਪਣਾ ਫਰਜ਼ ਨਿਭਾਵਾਂਗਾ । ਇਕੋ ਤਰਜ ਅਲਾਵਾਂਗਾ । ਸੋਹੰ ਢੋਲਾ ਗਾਵਾਂਗਾ । ਸਤਿਜੁਗ ਰਾਹ ਚਲਾਵਾਂਗਾ । ਨਾਨਕ ਨਿਰਗੁਣ ਇਕ ਦਰਸਾਵਾਂਗਾ । ਗੋਬਿੰਦ ਡੰਕ ਵਜਾਵਾਂਗਾ । ਪੀਰ ਪੈਗ਼ੰਬਰਾਂ ਉਂਗਲੀ ਲਾ ਕੇ ਆਪਣਾ ਘਰ ਵਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਦੀ ਚੌਧਵੀਂ ਪੰਧ ਮੁਕਾਵਾਂਗਾ । ਸਦੀ ਚੌਧਵੀਂ ਪੰਧ ਮੁਕੇਗਾ । ਬੇਪਰਵਾਹ ਕਦੇ ਨਾ ਰੁਕੇਗਾ । ਸਾਂਝਾ ਪੀਰ ਉਠੇਗਾ । ਬੇਨਜ਼ੀਰ ਤੁਠੇਗਾ । ਸ਼ੇਰ ਇਕੋ ਬੁੱਕੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰ ਅਵਤਾਰ ਭਗਤ ਭਗਵਾਨ ਏਕਾ ਰੰਗ ਰੰਗੇਗਾ । ਗੁਰ ਅਵਤਾਰ ਆਇਆ ਨੇੜੇ, ਨੇਰਨ ਨੇਰਾ ਆਪ ਜਣਾਇੰਦਾ । ਕਲਜੁਗ ਅੰਤਮ ਵੇਖੋ ਕੇਹੜੇ, ਸ੍ਰੀ ਭਗਵਾਨ ਆਪ ਉਠਾਇੰਦਾ । ਸ੍ਰਿਸ਼ਟ ਸਬਾਈ ਪਏ ਝੇੜੇ, ਝਗੜਾ ਅੰਤ ਨਾ ਕੋਈ ਮਿਟਾਇੰਦਾ । ਕੋਈ ਨਾ



੬੭੯
੧੩

ਕਹੇ ਤੂੰ ਮੇਰਾ ਮੈਂ ਤੇਰਾ, ਤੇਰਾ ਮੇਰਾ ਮੇਲ ਨਾ ਕੋਈ ਰਖਾਇੰਦਾ । ਤ੍ਰੈਗੁਣ ਮਾਇਆ ਪਾਇਆ ਘੇਰਾ, ਜਗਤ ਜੰਜ਼ਾਲ ਨਾ ਕੋਇ ਗਵਾਇੰਦਾ । ਕੂੜੀ ਕਿਰਿਆ ਹੇਰਾ ਫੇਰਾ, ਮਾਇਆ ਪਰਦਾ ਨਾ ਕੋਈ ਉਠਾਇੰਦਾ । ਕਿਸੇ ਨਾ ਦਿਸੇ ਸੰਝ ਸਵੇਰਾ, ਰੈਣ ਅੰਧੇਰਾ ਇਕੋ ਛਾਇੰਦਾ । ਪੁਰਖ ਅਕਾਲ ਦੀਨ ਦਿਆਲ ਨੌਂ ਸੌ ਚੁਰਾਨਵੇ ਚੌਕੜੀ ਜੁਗ ਵੇਂਹਦਾ ਰਿਹਾ ਕਰਕੇ ਵੱਡਾ ਜ਼ੇਰਾ, ਸਚਖੰਡ ਆਪਣਾ ਆਸਣ ਲਾਇੰਦਾ । ਜੁਗ ਚੌਕੜੀ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਕਰਦਾ ਰਿਹਾ ਮਿਹਰਾਂ, ਮਿਹਰਵਾਨ ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਆਪਣੀ ਕਲ ਧਰਾਇੰਦਾ । ਕਲਜੁਗ ਕਲ ਧਰਾਵੇਗਾ । ਅਛਲ ਅਛੱਲ ਕਰਾਵੇਗਾ । ਬਲ ਪਿਛਲਾ ਮਾਣ ਮਿਟਾਵੇਗਾ । ਅਟੱਲ ਮਹੱਲ ਬਹਾਵੇਗਾ । ਪੰਚਮ ਜੋੜ ਜੁੜਾਵੇਗਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਅੰਤ ਸੁਣਾਵੇਗਾ । ਏਕਾ ਇਸ਼ਟ ਜਣਾਵੇਗਾ । ਏਕਾ ਸ੍ਰਿਸ਼ਟ ਵਸਾਵੇਗਾ । ਇਕੋ ਫੇਰੀ ਪਾਵੇਗਾ । ਪੰਚ ਪਰਧਾਨ ਆਪ ਜਣਾਵੇਗਾ । ਸੱਚਖੰਡ ਦਾ ਸਚ ਵਿਹਾਰ, ਲੋਕਮਾਤ ਵਖਾਵੇਗਾ । ਭਗਤ ਭਗਵਾਨ ਮਿਲਾਵੇਗਾ । ਭਗਤ ਦਵਾਰ ਸੁਹਾਵੇਗਾ । ਛੱਤੀ ਜੁਗ ਦਾ ਪੰਧ ਮੁਕਾਵੇਗਾ । ਬੱਤੀ ਦੰਦ ਨਾ ਕੋਈ ਗਾਵੇਗਾ । ਰੱਤੀ ਰੱਤ ਸਰਬ ਸੁਕਾਵੇਗਾ । ਦੀਵਾ ਬਾਤੀ ਨਾ ਕੋਈ ਜਗਾਵੇਗਾ । ਕਲਜੁਗ ਹੱਟੀ ਵੇਖ ਵਖਾਵੇਗਾ । ਕੂੜੀ ਖੱਟੀ ਕੂੜਿਆਂ ਸਿਰਾਂ ਚੁਕਾਵੇਗਾ । ਅੰਤ ਵਾਸਨਾ ਹੋਈ ਖੱਟੀ, ਖਟਕਾ ਸਰਬ ਮਿਟਾਵੇਗਾ । ਮੁਹੰਮਦ ਵੇਖੇ ਮੌਲੀ ਅੱਟੀ, ਸਾਚਾ ਤੰਦ ਨਾ ਕੋਈ ਬੰਧਾਵੇਗਾ । ਕਿਸੇ ਮਸਜਦ ਦਿਸੇ ਨਾ ਮੋਮਬੱਤੀ, ਨੂਰ ਜ਼ਹੂਰ ਨਾ ਕੋਈ ਵਖਾਵੇਗਾ । ਚਾਰੋਂ ਕੁੰਟ ਵਾ ਆਵੇ ਤੱਤੀ, ਅੰਮ੍ਰਿਤ ਮੇਘ ਨਾ ਕੋਈ ਬਰਸਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਰਾਗ ਛੱਤੀ, ਛਤੀਆਂ ਏਕਾ ਵੰਡ ਵੰਡਾਇੰਦਾ । ਵੰਡ ਵੰਡਾਏ ਸ੍ਰੀ ਭਗਵਾਨਾ, ਭਗਵਨ ਆਪਣਾ ਖੇਲ ਕਰਾਇੰਦਾ । ਕਲਜੁਗ ਅੰਤਮ ਹੋ ਮਿਹਰਵਾਨਾ, ਆਤਮ ਪਰਮਾਤਮ ਆਪ ਸਮਝਾਇੰਦਾ । ਭਗਤ ਭਗਵਾਨ ਬੰਨ੍ਹੇ ਗਾਨਾ, ਸਾਚਾ ਸਗਨ ਮਨਾਇੰਦਾ । ਦੇਵਣਹਾਰਾ ਧੁਰ ਫ਼ਰਮਾਣਾ, ਸਚ ਸੰਦੇਸਾ ਇਕ ਸੁਣਾਇੰਦਾ । ਆਤਮ ਪਰਮਾਤਮ ਸਚ ਗਿਆਨਾ, ਬੋਧ ਅਗਾਧ ਨਾਮ ਪੜ੍ਹਾਇੰਦਾ । ਅੰਮ੍ਰਿਤ ਆਤਮ ਪੀਣਾ ਖਾਣਾ, ਨਿਝਰ ਝਿਰਨਾ ਇਕ ਝਿਰਾਇੰਦਾ । ਜੋਤੀ ਨੂਰ ਨੂਰ ਨੁਰਾਨਾ, ਅਗਿਆਨ ਅੰਧੇਰ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਤੇਰੀ ਰੀਤੀ ਤੇਰੀ ਝੋਲੀ ਪਾਇੰਦਾ । ਕਲਜੁਗ ਤੇਰੀ ਰੀਤੀ ਤੇਰੀ ਝੋਲੀ ਪਾਵਾਂਗਾ । ਹੌਲੀ ਹੌਲੀ ਨਾਲ ਮਿਲਾਵਾਂਗਾ । ਸ੍ਰਿਸ਼ਟ ਸਬਾਈ ਗੋਲੀ ਅੰਤ ਬਣਾਵਾਂਗਾ । ਕਾਇਆ ਚੋਲੀ ਸਭ ਦੀ ਆਪ ਬਦਲਾਵਾਂਗਾ । ਡੋਲੀ ਤੇਰੇ ਕੰਧ ਚੁਕਾਵਾਂਗਾ । ਮੌਲੀ ਤੰਦ ਹੱਥ ਫੜਾਵਾਂਗਾ । ਅੱਲਾ ਰਾਣੀ ਨਾਲ ਗੌਦੀ, ਨੇਤਰ ਨੈਣਾਂ ਪਰਦਾ ਲਾਹਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੀ ਭਾਵਨੀ ਪੂਰ ਕਰਾਵਾਂਗਾ । ਤੇਰੀ ਭਾਵਨੀ ਪੂਰ ਕਰਾਵਾਂਗਾ । ਲੱਖ ਚੁਰਾਸੀ ਵਿਚ ਫਿਰਾਵਾਂਗਾ । ਸੰਤ ਸੁਹੇਲੇ ਸਾਚੇ ਵਖਾਵਾਂਗਾ । ਆਪ ਆਪਣੇ ਜਹੇ ਕਰਾਵਾਂਗਾ । ਨਿਰਭੌ ਹੋ ਨਾ ਕਦੇ ਡਰਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਸਾਚੇ ਇਕੋ ਚੜ੍ਹਾਵਾਂਗਾ । ਘਰ ਸਾਚਾ ਇਕ ਦਰਸੌਣਾ ਏਂ । ਸੰਬਲ ਨਗਰ ਡੇਰਾ ਲੌਣਾ ਏਂ । ਜੋਤੀ ਨੂਰ ਨੂਰ ਚਮਕੌਣਾ ਏ । ਆਪਣੀ ਕਾਰ ਕਮੌਣਾ ਏ । ਸ਼ਾਹ ਸੁਲਤਾਨਾਂ ਆਪ ਉਠੌਣਾ ਏ । ਰਾਓ ਰੰਕ ਹਿਲੌਣਾ ਏ । ਸੰਮਤ ਉਨੀਸਾ ਵੇਖ ਵਖੌਣਾ ਏ । ਬੀਸ ਬੀਸਾ ਰੰਗ ਚੜ੍ਹੌਣਾ ਏ । ਸਚ ਹਦੀਸਾ ਰਾਗ ਅਲੌਣਾ ਏ । ਖਾਲੀ ਖੀਸਾ ਸਰਬ ਕਰੌਣਾ

੬੮੦
੧੩

ਏ । ਤਾਜ ਸੀਸ ਨਾ ਕਿਸੇ ਟਿਕੌਣਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਕਰਮ ਕਮੌਣਾ ਏ । ਏਕਾ ਕਰਮ ਕਮਾਵਾਂਗਾ । ਸ਼ਾਹ ਸੁਲਤਾਨਾਂ ਖ਼ਾਕ ਮਿਲਾਵਾਂਗਾ । ਰਾਜ ਰਾਜਾਨਾਂ ਦਰ ਦਰ ਫਿਰਾਵਾਂਗਾ । ਗ਼ਰੀਬ ਨਿਮਾਣੇ ਫੜ ਉਠਾਵਾਂਗਾ । ਫੜ ਬਾਹੋਂ ਰਾਹੇ ਪਾਵਾਂਗਾ । ਚਾਰ ਵਰਨ ਮਨਾਵਾਂਗਾ । ਇਕ ਸਰਨ ਦਰਸਾਵਾਂਗਾ । ਨੇਤਰ ਹਰਨ ਫਰਨ ਖੋਲ੍ਹ ਵਖਾਵਾਂਗਾ । ਤਰਨੀ ਤਰਨ ਨਜ਼ਰੀ ਆਵਾਂਗਾ । ਮਰਨ ਡਰਨ ਚੁਕਾਵਾਂਗਾ । ਤ੍ਰੈਗੁਣ ਅਗਨ ਸੜਦੇ ਆਪ ਬਚਾਵਾਂਗਾ । ਜੋ ਸੋਹੰ ਢੋਲੇ ਪੜ੍ਹਦੇ, ਗੋਬਿੰਦ ਝੋਲੀ ਪਾਵਾਂਗਾ । ਜੀਵ ਜੰਤ ਕਲ ਅੜਦੇ, ਖ਼ਾਕੀ ਖ਼ਾਕ ਮਿਲਾਵਾਂਗਾ । ਇਕ ਦੂਜੇ ਨਾਲ ਲੜਦੇ, ਲੜ ਲੜ ਸਭ ਦਾ ਮੋਹ ਚੁਕਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਵਖਾਵਾਂਗਾ । ਹਰਿ ਆਪਣਾ ਖੇਲ ਵਖਾਏਗਾ । ਨੌਂ ਖੰਡ ਉਠਾਏਗਾ । ਸੱਤ ਦੀਪ ਲੜਾਏਗਾ । ਬਚਿਆ ਕੋਈ ਰਹਿਣ ਨਾ ਪਾਏਗਾ । ਬੀਸ ਬੀਸਾ ਹੁਕਮ ਮਨਾਏਗਾ । ਨਾਮ ਖੰਡਾ ਇਕ ਚਮਕਾਏਗਾ । ਕਲਜੁਗ ਰੰਡਾ ਕਰ ਵਖਾਏਗਾ । ਭੇਖ ਪਖੰਡਾ ਆਪ ਉਠਾਏਗਾ । ਬੱਤੀ ਦੰਦਾ ਗੌਂਦਾ ਨਜ਼ਰ ਕੋਈ ਨਾ ਆਏਗਾ । ਅੰਤਮ ਛੰਦਾ ਇਕ ਸੁਣਾਏਗਾ । ਜੋ ਬਚਿਆ ਬੰਦਾ ਕਰ ਬਹਾਏਗਾ । ਬਚਿਆ ਕੋਈ ਰਹਿਣ ਨਾ ਪਾਏਗਾ । ਨੇਤਰ ਅੰਧਾ ਮੂੰਹ ਦੇ ਭਾਰ ਸੁਟਾਏਗਾ । ਕੂੜੀ ਕਿਰਿਆ ਮੇਟ ਮਿਟਾਏਗਾ । ਨਿਵਣ ਸੁ ਅੱਖਰ ਇਕ ਸਮਝਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਕਲਜੁਗ ਅੰਤਮ ਆਪਣੀ ਕਰਨੀ ਆਪ ਕਮਾਏਗਾ । ਸਾਚੀ ਕਰਨੀ ਆਪ ਕਮਾਵੇਗਾ । ਸਚਖੰਡ ਦਵਾਰ ਹਰਿ ਸੁਹਾਵੇਗਾ । ਭਗਤ ਭਗਵਾਨ ਮਿਲਾਵੇਗਾ । ਢੋਲਾ ਇਕ ਸੁਣਾਵੇਗਾ । ਪਰਦਾ ਉਹਲਾ ਆਪ ਚੁਕਾਵੇਗਾ । ਮੌਲਾ ਨਜ਼ਰੀ ਇਕੋ ਆਵੇਗਾ । ਉਲਟਾ ਕਵਲਾ ਆਪ ਕਰਾਵੇਗਾ । ਅੰਮ੍ਰਿਤ ਝਿਰਨਾ ਇਕ ਝਿਰਾਵੇਗਾ । ਨਾਦੀ ਨਾਦ ਵਜਾਵੇਗਾ । ਬ੍ਰਹਮ ਬ੍ਰਹਮਾਦੀ ਖੋਜ ਖੋਜਾਵੇਗਾ । ਵਿਸਮਾਦੀ ਵਿਸਮਾਦ ਹੋ ਜਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਇਕ ਚਲਾਵੇਗਾ । ਸਾਚਾ ਰਾਹ ਇਕੋ ਚਲੇਗਾ । ਪੁਰਖ ਅਕਾਲ ਦੋ ਜਹਾਨ ਖੇੜਾ ਮੱਲੇਗਾ । ਨੌਂ ਖੰਡ ਪ੍ਰਿਥਮੀ ਅੰਦਰ ਰਲੇਗਾ । ਦੂਈ ਦਵੈਤੀ ਕੋਈ ਨਾ ਸੱਲੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਨੇਹੜਾ ਇਕੋ ਘੱਲੇਗਾ । ਸਚ ਸਨੇਹੜਾ ਇਕ ਘਲਾਏਗਾ । ਦੀਪਕ ਜੋਤੀ ਨਾਮ ਜਪਾਵੇਗਾ । ਦੂਜਾ ਇਸ਼ਟ ਨਾ ਕੋਈ ਮਨਾਵੇਗਾ । ਦ੍ਰਿਸ਼ਟ ਸਭ ਦੀ ਆਪ ਖੁਲ੍ਹਾਵੇਗਾ । ਰਾਮਾ ਵਸ਼ਿਸ਼ਟ ਰੂਪ ਵਟਾਵੇਗਾ । ਵਿਸ਼ਨ ਬ੍ਰਹਮਾ ਸ਼ਿਵ ਸੀਸ ਝੁਕਾਵੇਗਾ । ਕਰੋੜ ਤੇਤੀਸਾ ਧੂੜੀ ਖ਼ਾਕ ਰਮਾਵੇਗਾ । ਗੁਰ ਅਵਤਾਰ ਲੱਖ ਲੱਖ ਸ਼ੁਕਰ ਮਨਾਵੇਗਾ । ਪੀਰ ਪੈਗ਼ੰਬਰ ਸਯਦਾ ਸੀਸ ਝੁਕਾਵੇਗਾ । ਖਾਣੀ ਬਾਣੀ ਵੇਦ ਪੁਰਾਨ ਸ਼ਾਸਤਰ ਸਿਮਰਤ ਅੰਜੀਲ ਕੁਰਾਨ ਨੈਣ ਸ਼ਰਮਾਵੇਗਾ । ਗਿਆਨ ਧਿਆਨ ਵਡ ਵਿਦਵਾਨ, ਚੌਦਾਂ ਵਿਦਿਆ ਮਾਣ ਕਰਾਵੇਗਾ । ਮੁੱਲਾਂ ਸ਼ੇਖ਼ ਮੁਸਾਇਕ ਪੀਰ ਸ਼ਾਹ ਹਕੀਰ ਪੰਡਤ ਪਾਂਧਾ ਕਲਜੁਗ ਜੀਵ ਥੱਕਾ ਮਾਂਦਾ ਆਪਣਾ ਬਲ ਨਾ ਕੋਈ ਰਖਾਵੇਗਾ । ਪੁਰਖ ਅਕਾਲ ਇਕ ਸਮਝਾਂਦਾ, ਸਚ ਸਨੇਹੜਾ ਆਪ ਘਲਾਂਦਾ, ਗੋਬਿੰਦ ਸੂਰਾ ਫੇਰਾ ਪਾਂਦਾ, ਨਜ਼ਰ ਕਿਸੇ ਨਾ ਆਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਕਰਾਵੇਗਾ । ਗੋਬਿੰਦ ਗੋਬਿੰਦ ਡੰਕਾ ਵੱਜੇਗਾ । ਜੋ ਘੜਿਆ ਅੰਤਮ ਭੱਜੇਗਾ । ਗੁਰਮੁਖ ਦਰਸ ਕਰ ਕਰ ਰੱਜੇਗਾ । ਮਨਮੁਖ ਕੂੜੀ ਕਿਰਿਆ ਨੱਚੇਗਾ । ਵੇਲੇ ਅੰਤ ਨਾ ਕੋਈ ਬਚੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੂਰੇ ਸਰਬੰਗੇ


੬੯੧ ੧੩

ਦਾ । ਸੂਰਾ ਸਰਬੰਗ ਹੈ । ਸਦ ਵਸੇ ਸੰਗ ਹੈ । ਰੂਪ ਰੰਗ ਨਾ ਕੋਈ ਰੇਖ ਹੈ । ਜੁਗਾਂ ਜੁਗੰਤ ਵਜਾਏ ਮਰਦੰਗ ਹੈ । ਲੋਆਂ ਪੁਰੀਆਂ ਵੇਖੇ ਲੰਘ ਹੈ । ਗੁਰ ਅਵਤਾਰਾਂ ਅੰਤਮ ਸੇਜਾ ਮਾਣੇ ਅਨੰਦ ਹੈ । ਪੀਰ ਪੈਗ਼ੰਬਰ ਸੇਜਾ ਸੁਹਾਏ ਪਲੰਘ ਹੈ । ਨਾਉਂ ਨਿਰੰਕਾਰਾ ਜਣਾਏ ਛੰਦ ਹੈ । ਜੁਗ ਚੌਕੜੀ ਦੇਵੇ ਦੰਡ ਹੈ । ਆਦਿ ਅੰਤ ਆਤਮ ਪਰਮਾਤਮ ਪਾਏ ਗੰਢ ਹੈ । ਜਨ ਭਗਤਾਂ ਦੇਵੇ ਠੰਡ ਹੈ । ਕਲਜੁਗ ਜੀਵ ਨਾਰ ਦੁਹਾਗਣ ਰੰਡ ਹੈ । ਦੂਈ ਦਵੈਤੀ ਹਉਮੇਂ ਹੰਗਤਾ ਅੰਦਰ ਕੰਧ ਹੈ । ਪਾਰਬ੍ਰਹਮ ਮਿਲਣ ਦਾ ਚੁਕਿਆ ਕਿਸੇ ਨਾ ਪੰਧ ਹੈ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਹੋਏ ਸਦਾ ਬਖ਼ਸ਼ੰਦ ਹੈ । ਆਪੇ ਹੋਏ ਬਖ਼ਸ਼ੰਦ ਦੀਨ ਦਿਆਲਾ, ਦਇਆਨਿਧ ਦਇਆ ਕਮਾਇੰਦਾ । ਕਲਜੁਗ ਅੰਤਮ ਖੇਲ ਨਿਰਾਲਾ, ਨਿਰਗੁਣ ਨਿਰਵੈਰ ਖੇਲ ਆਪ ਕਰਾਇੰਦਾ । ਲੇਖਾ ਜਾਣ ਕਾਲ ਮਹਾਂਕਾਲਾ, ਭੇਵ ਅਭੇਦਾ ਆਪ ਖੁਲਾਇੰਦਾ । ਸਚ ਧਰਮ ਦਾ ਸਚ ਦਵਾਰ ਸਚਖੰਡ ਸੱਚੀ ਧਰਮਸਾਲਾ, ਧੁਰ ਦਰਬਾਰੀ ਆਪ ਵਖਾਇੰਦਾ । ਭਗਤ ਭਗਵਾਨ ਬਣੇ ਰਖਵਾਲਾ, ਨਿਤ ਨਵਿਤ ਕਰ ਹਿਤ ਸਮਰਥ ਸਿਰ ਆਪਣਾ ਹੱਥ ਟਿਕਾਇੰਦਾ । ਕਲਜੁਗ ਅੰਤ ਜੀਵ ਜੰਤ ਕੂੜੀ ਕਿਰਿਆ ਕੱਢੇ ਦਿਵਾਲਾ, ਖਾਲੀ ਹੱਥ ਸਰਬ ਫਿਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਮਾਰਗ ਲਾਏ ਸੁਖਾਲਾ, ਸਾਚਾ ਰਾਹ ਇਕ ਜਣਾਇੰਦਾ । ਸਾਚਾ ਰਾਹ ਜਣਾਏ ਆਪ, ਆਪਣੀ ਦਇਆ ਕਮਾਈਆ । ਸ੍ਰਿਸ਼ਟ ਸਬਾਈ ਇਕੋ ਜਾਪ, ਜੀਵਣ ਜੁਗਤ ਦਏ ਜਣਾਈਆ । ਮੇਟ ਮਿਟਾਏ ਤੀਨੋ ਤਾਪ, ਤ੍ਰੈਗੁਣ ਅਗਨ ਨਾ ਲਾਗੇ ਰਾਈਆ । ਆਤਮ ਪਰਮਾਤਮ ਸੱਚਾ ਪਾਠ, ਸਾਚਾ ਹਵਨ ਇਕ ਕਰਾਈਆ । ਅੰਮ੍ਰਿਤ ਸਰ ਸਰੋਵਰ ਤੀਰਥ ਤਾਟ, ਕਿਨਾਰਾ ਇਕੋ ਨਜ਼ਰੀ ਆਈਆ । ਮੇਲ ਮਿਲਾਵਾ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਆਪਣੀ ਧਾਰ ਸਮਾਈਆ । ਸੇਜ ਸੁਹੰਜਣੀ ਭੋਗ ਬਿਲਾਸ, ਰਸ ਇਕੋ ਇਕ ਜਣਾਈਆ । ਲੇਖਾ ਤੋੜ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਚਰਨਾਂ ਹੇਠ ਦਬਾਈਆ । ਭਗਤ ਭਗਵੰਤ ਰੱਖੇ ਪਾਸ, ਆਪ ਆਪਣੀ ਗੋਦ ਉਠਾਈਆ । ਸਾਚਾ ਸੰਤ ਨਾ ਹੋਏ ਉਦਾਸ, ਨਿਰਾਲਾ ਰੂਪ ਨਾ ਕੋਈ ਰਖਾਈਆ । ਗੁਰਮੁਖਾਂ ਦਰਸ ਵਖਾਏ ਸਾਖਿਆਤ, ਸਵੱਛ ਸਰੂਪੀ ਵੇਸ ਵਟਾਈਆ । ਗੁਰਸਿਖਾਂ ਦੇਵੇ ਨਾਮ ਦਾਤ, ਅਨਡਿਠੜੀ ਝੋਲੀ ਪਾਈਆ । ਗੁਰ ਕਾ ਸ਼ਬਦ ਵੱਡੀ ਕਰਾਮਾਤ, ਘਰ ਘਰ ਦਏ ਵਖਾਈਆ । ਕਲਜੁਗ ਨਾਤਾ ਤੁਟੇ ਕੋਈ ਨਾ ਦੇਵੇ ਸਾਥ, ਸਗਲਾ ਸੰਗ ਨਾ ਕੋਈ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਇਕੋ ਮਾਰਗ ਦਏ ਜਣਾਈਆ । ਕਰੇ ਖੇਲ ਸੂਰਾ ਸਰਬੰਗ, ਸ਼ਹਿਨਸ਼ਾਹ ਆਪਣਾ ਹੁਕਮ ਮਨਾਈਆ । ਕਲਜੁਗ ਜੀਵ ਹੰਸ ਬਣਾਏ ਫੜ ਫੜ ਕੱਗ, ਕਾਗ ਹੰਸ ਰੂਪ ਵਟਾਈਆ । ਨਿਰਮਲ ਦੀਪਕ ਜੋਤ ਜਾਏ ਜਗ, ਜੋਤੀ ਜੋਤ ਕਰੇ ਰੁਸ਼ਨਾਈਆ । ਆਤਮ ਨਾਦ ਵਜਾਏ ਵਿਚ ਬ੍ਰਹਮ ਬ੍ਰਹਮਾਦਿ, ਬ੍ਰਹਮਾਂਡ ਭੇਵ ਖੁਲ੍ਹਾਈਆ । ਸੰਤ ਸੁਹੇਲਾ ਗੁਰੂ ਗੁਰ ਚੇਲਾ, ਸਾਚੇ ਮੰਦਰ ਬਹੇ ਸਜ, ਗ੍ਰਿਹਿ ਮੰਦਰ ਸੋਭਾ ਪਾਈਆ । ਪਾਰਬ੍ਰਹਮ ਬ੍ਰਹਮ ਮਿਲੇ ਭੱਜ ਭੱਜ, ਦੂਰ ਦੁਰਾਡਾ ਪੰਧ ਮੁਕਾਈਆ । ਸਾਹਿਬ ਸਤਿਗੁਰ ਪਰਦਾ ਦੇਵੇ ਕੱਜ, ਸਚ ਦੁਸ਼ਾਲਾ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਰਾਹ ਇਕ ਵਖਾਈਆ । ਸਤਿਜੁਗ ਵਖਾਏ ਇਕੋ ਰਾਹ, ਰਹਿਬਰ ਪੁਰਖ ਅਕਾਲ ਅਖਵਾਇੰਦਾ । ਸ਼ਬਦੀ ਗੁਰ ਬਣ ਮਲਾਹ, ਬੇੜਾ ਆਪਣੇ ਕੰਧ ਉਠਾਇੰਦਾ । ਚਾਰ ਵਰਨਾਂ ਦਏ ਸਲਾਹ, ਬਰਨ ਅਠਾਰਾਂ ਆਪ ਜਣਾਇੰਦਾ । ਆਤਮ ਪਰਮਾਤਮ ਪਰਮਾਤਮ

ਆਤਮ ਮੇਲ ਮਿਲਾਏ ਸਹਿਜ ਸੁਭਾ, ਗੁਣ ਅਵਗੁਣ ਨਾ ਕੋਈ ਵਖਾਇੰਦਾ । ਗੁਰਮੁਖ ਗੁਰਮੁਖ ਆਪਣਾ ਪਰਦਾ ਲਓ ਉਠਾ, ਬਿਨ ਸਤਿਗੁਰ ਪੂਰੇ ਪਰਦਾ ਕੋਈ ਨਾ ਲਾਹਿੰਦਾ । ਗੁਰ ਗੋਬਿੰਦ ਨਿਝ ਨੈਣ ਨਿਝ ਆਤਮ ਨਿਝ ਨੇਤਰ ਦਰਸਨ ਲਓ ਪਾ, ਜੋਤੀ ਜਾਤਾ ਨਜ਼ਰੀ ਆਇੰਦਾ । ਭਰਮ ਭੁਲੇਖਾ ਕੂੜਾ ਸਹਿੰਸਾ ਦਿਓ ਮਿਟਾ, ਸਹਿੰਸਾ ਰੋਗ ਕੰਮ ਕਿਸੇ ਨਾ ਆਇੰਦਾ । ਧੁਰ ਸੰਜੋਗ ਮੇਲਾ ਲਓ ਮਿਲਾ, ਮਿਲਿਆ ਮੇਲ ਨਾ ਕੋਈ ਤੁੜਾਇੰਦਾ । ਕਵਲ ਊਂਧਾ ਲਓ ਕਰਾ, ਝਿਰਨਾ ਨਿਝਰ ਆਪ ਝਿਰਾਇੰਦਾ । ਬੂੰਦ ਬਾਂਦੀ ਮੇਘ ਲਓ ਬਰਸਾ, ਛਹਿਬਰ ਆਪਣੇ ਨਾਮ ਵਖਾਇੰਦਾ । ਜੀਵਣ ਵਿਚੋਂ ਜੀਵਣ ਲਓ ਵਟਾ, ਜੀਵਦਿਆਂ ਮਰਨਾ ਇਕੋ ਸਮਝਾਇੰਦਾ । ਸਤਿਗੁਰ ਸਰਨਾਈ ਪਰਮ ਪੁਰਖ ਬਹਿਣਾ ਜਾ, ਅਕਾਲ ਪੁਰਖ ਧਿਆਨ ਲਗਾਇੰਦਾ । ਆਦਿ ਜੁਗਾਦੀ ਪਿਤਾ ਮਾਂ, ਪੂਤ ਸਪੂਤ ਗੋਦ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਚ ਸੰਦੇਸਾ ਇਕ ਸੁਣਾਇੰਦਾ । ਸਚ ਸੰਦੇਸਾ ਇਕ ਸੁਣਾ, ਅਲੈਹਦਗੀ ਸਭ ਤੋਂ ਰਿਹਾ ਜਣਾਈਆ । ਨਿਰਗੁਣ ਸਰਗੁਣ ਨਾਲ ਕਰੇ ਸਲਾਹ, ਸਾਹਿਬ ਆਪਣਾ ਮਤਾ ਪਕਾਈਆ । ਕਲਜੁਗ ਅੰਤਮ ਪਰਦਾ ਦੇਵੇ ਲਾਹ, ਪਰਦਾਨਸ਼ੀਂ ਆਪਣਾ ਮੁਖ ਵਖਾਈਆ । ਮੁਖ ਨਕਾਬ ਨਾ ਕੋਈ ਜਣਾ, ਹੱਕ ਜਨਾਬ ਕਰ ਰੁਸ਼ਨਾਈਆ । ਪੁੰਨ ਸਵਾਬ ਵੇਖ ਵਖਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਰਾਹ ਇਕ ਵਖਾਈਆ । ਸਾਚਾ ਰਾਹ ਚਾਰ ਵਰਨ, ਸੋ ਪੁਰਖ ਨਿਰੰਜਣ ਆਪ ਜਣਾਈਆ । ਪੁਰਖ ਅਕਾਲ ਰੱਖ ਸਰਨ, ਆਦਿ ਜੁਗਾਦਿ ਹੋਏ ਸਹਾਈਆ । ਗੁਰ ਕਾ ਮੰਤਰ ਖੋਲ੍ਹੇ ਨੈਣ ਹਰਨ ਫਰਨ ਨਿਝ ਨੇਤਰ ਪਰਦਾ ਲਾਹੀਆ । ਠਾਕਰ ਸਵਾਮੀ ਤਰਨੀ ਤਰਨ, ਤਾਰਨਹਾਰਾ ਵਡ ਵਡਿਆਈਆ । ਸਤਿਗੁਰ ਪੂਰਾ ਚੁਕਾਏ ਮਰਨ ਡਰਨ, ਬਿਨ ਸ਼ਬਦ ਗੁਰੂ ਸਤਿਗੁਰ ਪੂਰਾ ਨਜ਼ਰ ਕੋਈ ਨਾ ਆਈਆ । ਸੰਤ ਸੁਹੇਲੇ ਮੰਦਰ ਸਾਚੇ ਵੜਨ, ਘਰ ਆਪਣਾ ਕੁੰਡਾ ਲਾਈਆ । ਗੁਰਮੁਖ ਪੌੜੇ ਪੌੜੇ ਚੜ੍ਹਨ, ਅਧਵਿਚਕਾਰ ਨਾ ਕੋਈ ਅਟਕਾਈਆ । ਭਗਤ ਭਗਵਾਨ ਹੱਥੀ ਫੜਨ, ਫੜ ਬਾਂਹੋ ਵਿਚ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਰੀਤੀ ਇਕ ਜਣਾਈਆ । ਸਾਚੀ ਰੀਤੀ ਸਤਿਜੁਗ ਧਾਰਾ, ਭਗਤ ਭਗਵਾਨ ਮਿਲੇ ਵਡਿਆਈਆ । ਬਣ ਵਿਚੋਲਾ ਏਕੰਕਾਰਾ, ਨਿਰਗੁਣ ਸਰਗੁਣ ਕਰੇ ਕੁੜਮਾਈਆ । ਸਾਚਾ ਢੋਲਾ ਬੋਲ ਜੈਕਾਰਾ, ਸੋਹੰ ਅੱਖਰ ਇਕ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚੇ ਚਾੜ੍ਹੇ ਰੰਗਣ, ਹਰਿ ਕਾ ਨਾਉਂ ਦੂਜੇ ਦਰ ਕੋਈ ਨਾ ਜਾਏ ਮੰਗਣ, ਗ੍ਰਿਹ ਗ੍ਰਿਹ ਆਪੇ ਝੋਲੀ ਪਾਈਆ । ਗ੍ਰਿਹ ਗ੍ਰਿਹ ਦੇਵੇ ਨਿਰਗੁਣ ਦਾਤ, ਦਾਤਾ ਦਾਨੀ ਆਪ ਵਰਤਾਇੰਦਾ । ਕੋਈ ਕਿਸੇ ਦੇ ਅੱਗੇ ਕਰੇ ਨਾ ਹਾਥ, ਖਾਲੀ ਭੰਡਾਰੇ ਆਪ ਭਰਾਇੰਦਾ । ਹੋਏ ਸਹਾਈ ਅਨਾਥਾਂ ਨਾਥ, ਅਨਾਥ ਅਨਾਥੀ ਵੇਖ ਵਖਾਇੰਦਾ । ਇਕੋ ਦੱਸੇ ਮੰਤਰ ਪੂਜਾ ਪਾਠ, ਪਾਠਸ਼ਾਲਾ ਕਾਇਆ ਘਰ ਬਣਾਇੰਦਾ । ਘਰ ਸਰੋਵਰ ਦੇਵੇ ਤੀਰਥ ਤਾਟ, ਅਠ ਸਠ ਮਾਣ ਚੁਕਾਇੰਦਾ । ਗੰਗਾ ਗੋਦਾਵਰੀ ਜਮਨਾ ਸੁਰਸਤੀ ਟੇਕੇ ਮਾਥ, ਸੀਸ ਉਪਰ ਨਾ ਕੋਈ ਉਠਾਇੰਦਾ । ਸਰਬ ਜੀਆਂ ਦਾ ਦਾਤਾ ਪੁਰਖ ਸਮਰਾਥ, ਸਰਬ ਕਲ ਆਪਣੇ ਹੱਥ ਰਖਾਇੰਦਾ । ਸਤਿਜੁਗ ਸਾਚੇ ਘਰ ਘਰ ਪੁਛੇ ਵਾਤ, ਘਰ ਘਰ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਤਰ ਇਕ ਵਡਿਆਇੰਦਾ । ਸਾਚਾ ਮੰਤਰ ਵੱਡਾ ਵਡ, ਸੋ ਪੁਰਖ ਨਿਰੰਜਣ ਆਪ ਵਡਿਆਈਆ । ਸੋ ਵਿਚੋ ਹੰ ਕੱਢ, ਹੰ ਬ੍ਰਹਮ ਸੋ ਰੂਪ ਵਖਾਈਆ । ਪੰਜ ਤੱਤ ਨਾਤਾ ਸਭ

ਨੇ ਜਾਣਾ ਛੱਡ, ਪੀਰ ਪੈਗ਼ੰਬਰ ਸੰਗ ਨਾ ਕੋਈ ਲੈ ਜਾਈਆ । ਆਤਮ ਸੱਚੀ ਯੱਦ, ਵਿਸ਼ਨੂੰ ਆਪਣਾ ਖੇਲ ਕਰਾਈਆ । ਗੁਰਮੁਖ ਗੁਰਮੁਖ ਹਰਿ ਚਰਨ ਪ੍ਰੀਤੀ ਜਾਣਾ ਬੱਝ, ਨਾਤਾ ਬਿਧਾਤਾ ਜੋੜ ਜੁੜਾਈਆ । ਆਪਣਾ ਪੜਦਾ ਆਪੇ ਲਏ ਕੱਜ, ਘਰ ਬੈਠਾ ਸਤਿਗੁਰ ਪੂਰਾ ਨਜ਼ਰੀ ਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਰਹਿੰਦੇ ਰਹੇ ਅੱਡ, ਲੱਖ ਚੁਰਾਸੀ ਮੁੜ ਮੁੜ ਫੇਰਾ ਪਾਈਆ । ਅੰਤਮ ਇਕੋ ਨਿਸ਼ਾਨਾ ਲਓ ਗੱਡ, ਗੁਰ ਗੋਬਿੰਦ ਰਿਹਾ ਚਲਾਈਆ । ਦੀਨ ਮਜ਼੍ਹਬ ਤੋੜੇ ਹੱਦ, ਪੁਰਖ ਅਕਾਲ ਹੋਏ ਸਹਾਈਆ । ਸਤਿਗੁਰ ਗੋਬਿੰਦ ਦਾ ਅੰਮ੍ਰਿਤ ਮਧ, ਜਗਤ ਮਧ ਕੰਮ ਕਿਸੇ ਨਾ ਆਈਆ । ਖਾਣੇ ਛੱਡੋ ਜੀਵਾਂ ਹੱਡ, ਹਰਿ ਜੂ ਹੱਡੀ ਹੱਡੀ ਦਏ ਤੁੜਾਈਆ । ਸਚ ਦਵਾਰਿਉਂ ਦੇਵੇ ਕੱਢ, ਨਾਨਕ ਦੇਵੇ ਨਾ ਕੋਈ ਗਵਾਹੀਆ । ਜਿਨ੍ਹਾਂ ਗਾਇਆ ਪੁਰਖ ਅਕਾਲ ਦਾ ਸੱਚਾ ਛੰਦ, ਤਿੰਨਾਂ ਨਾਨਕ ਗੋਬਿੰਦ ਲਏ ਬਹਾਈਆ । ਵੇਖੋ ਅੰਦਰ ਸੋਹਣਾ ਅਨੰਦ, ਭਰਪੂਰ ਰਿਹਾ ਸਰਬ ਠਾਈਆ । ਆਪਣਾ ਖੋਜੋ ਜੀਉ ਪਿੰਡ, ਇੰਡ ਬ੍ਰਹਿਮੰਡ ਘਰ ਵਿਚ ਨਜ਼ਰੀ ਆਈਆ । ਕਿਉਂ ਲੱਗੇ ਝੂਠੀ ਨਿੰਦ, ਨਾਨਕ ਨਿਰਗੁਣ ਗਿਆ ਸਮਝਾਈਆ । ਸਰਬ ਜੀਆਂ ਦਾ ਦਾਤਾ ਗੁਣੀ ਗਹਿੰਦ, ਗਹਿਰ ਗੰਭੀਰ ਬੇਪਰਵਾਹੀਆ । ਅੰਮ੍ਰਿਤ ਧਾਰ ਪੀਓ ਸਾਗਰ ਸਿੰਧ, ਨੀਰ ਸੀਰ ਇਕ ਵਖਾਈਆ । ਸ੍ਰੀ ਭਗਵਾਨ ਦੀ ਬਣੋ ਬਿੰਦ, ਕੂੜਾ ਨਾਤਾ ਤੋੜ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ੍ਰਿਸ਼ਟ ਸਬਾਈ ਰਿਹਾ ਸਮਝਾਈਆ । ਸ੍ਰਿਸ਼ਟ ਸਬਾਈ ਫਤਿਹ ਡੰਕਾ, ਗੁਰ ਗੋਬਿੰਦ ਨਾਮ ਵਜਾਇੰਦਾ । ਸਹਿਸਾ ਮੇਟੇ ਰਾਓ ਰੰਕਾ, ਰਾਜ ਰਾਜਾਨ ਸਿਰ ਨਾ ਕੋਈ ਉਠਾਇੰਦਾ । ਬੀਸ ਇਕੀਸਾ ਮਿਟੇ ਸਭ ਦਾ ਸ਼ੰਕਾ ਭਾਂਡਾ ਭਰਮ ਭੰਨਾਇੰਦਾ । ਕਲਜੁਗ ਵੇਲਾ ਆਇਆ ਅੰਤਾ, ਅੰਤ ਆਪਣਾ ਵੇਸ ਵਟਾਇੰਦਾ । ਲੱਖ ਚੁਰਾਸੀ ਨਿਰਗੁਣ ਕੰਤਾ, ਸਰਗੁਣ ਸਾਚੀ ਸੇਜ ਹੰਢਾਇੰਦਾ । ਸਤਿ ਸਰੂਪ ਬਣਾਓ ਬਣਤਾ, ਅੰਧ ਕੂਪ ਮੇਟ ਮਿਟਾਇੰਦਾ । ਹਉਮੇਂ ਗੜ੍ਹ ਤੋੜੇ ਹੰਗਤਾ, ਹੰ ਬ੍ਰਹਮ ਇਕ ਦ੍ਰਿੜਾਇੰਦਾ । ਪੁਰਖ ਅਕਾਲ ਗੋਬਿੰਦ ਬਣਾਏ ਸਾਚੀ ਬਣਤਾ, ਸੰਗਲ ਸ਼ਰਅ ਨਾ ਕੋਈ ਵਖਾਇੰਦਾ । ਗੁਰਮੁਖ ਗੁਰਮੁਖ ਕਿਸੇ ਦਵਾਰੇ ਨਾ ਹੋਏ ਮੰਗਤਾ, ਗੁਰੂ ਗ੍ਰੰਥ ਗੁਰ ਇਕੋ ਨਜ਼ਰੀ ਆਇੰਦਾ । ਸਰਬ ਜੀਵਾਂ ਨੂੰ ਦੇਵੇ ਸੰਥਾ, ਸ਼ਬਦ ਇਕੋ ਇਕ ਪੜ੍ਹਾਇੰਦਾ । ਪੁਰਖ ਅਕਾਲ ਸਭ ਦੀ ਬਣਾਏ ਬਣਤਾ, ਗੁਰ ਅਵਤਾਰ ਪੀਰ ਪੈਗ਼ੰਬਰ ਆਪਣੀ ਸੇਵਾ ਲਾਇੰਦਾ । ਬਣ ਜਾਓ ਪਾਰਬ੍ਰਹਮ ਦੀ ਸਾਚੀ ਜੰਤਾ, ਜੀਵ ਜੰਤ ਪ੍ਰਭ ਬ੍ਰਹਮ ਰੂਪ ਰਖਾਇੰਦਾ । ਕੋਈ ਨਾ ਦਿਸੇ ਭੁੱਖਾ ਨੰਗਤਾ, ਹਰਿਜਨ ਹਰਿ ਹਰਿ ਨਾਮ ਧਿਆਇੰਦਾ । ਵੇਖਣਹਾਰਾ ਜੇਰਜ ਅੰਡਜਾ, ਉਤਭੁਜ ਸੇਤਜ ਫੋਲ ਫੁਲਾਇੰਦਾ । ਹਰਿ ਕਾ ਭੇਵ ਕਿਸੇ ਨਾ ਪਾਇਆ ਪੰਡਤਾ, ਪੜ੍ਹਿਆਂ ਹੱਥ ਕਿਸੇ ਨਾ ਆਇੰਦਾ । ਕਰ ਕਿਰਪਾ ਜਿਸ ਚੋਲੀ ਨਾਮ ਰੰਗਦਾ, ਰੰਗ ਆਪਣਾ ਇਕ ਦਰਸਾਇੰਦਾ । ਕਰੇ ਖੇਲ ਸੂਰੇ ਸਰਬੰਗ ਦਾ, ਸ਼ਹਿਨਸ਼ਾਹ ਆਪਣੀ ਗੋਦ ਬਹਾਇੰਦਾ । ਸੰਮਤ ਬੀਸ ਵੇਖੋ ਰੰਗ ਚੰਡ ਪਰਚੰਡ ਦਾ, ਬ੍ਰਹਿਮੰਡ ਖੰਡ ਨਾਚ ਨਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਅੰਤਮ ਫੇਰਾ ਪਾਇੰਦਾ । ਕਲਜੁਗ ਅੰਤਮ ਪਾਇਆ ਫੇਰਾ, ਫੇਰੀ ਆਪਣੇ ਨਾਮ ਧਰਾਈਆ । ਚਾਰ ਵਰਨਾ ਚੁੱਕੇ ਝੇੜਾ, ਝਗੜਾ ਸਭ ਦਾ ਦਏ ਗਵਾਈਆ । ਮਾਇਆ ਰਾਣੀ ਲਾਏ ਰਗੜਾ, ਅੰਤਮ ਚੋਟੀ ਦਏ ਮੁਨਾਈਆ । ਗੁਰਸਿਖ ਗੁਰਸਿਖ ਕੀਤਾ ਵੱਖਰਾ, ਵੱਖਰੀ ਧਾਰ ਜਣਾਈਆ । ਬਜਰ ਕਪਾਟੀ ਤੋੜੇ ਪੱਥਰਾ, ਸਿਲ ਪਾਹਿਨ ਨਾ ਕੋਇ ਮਨਾਈਆ । ਨੇਤਰ ਨੀਰ ਵਰੋਲੇ ਨਾ ਕੋਈ ਅੱਥਰਾ, ਗੋਬਿੰਦ ਬੱਚੇ ਨੀਹਾਂ ਹੇਠ ਦਬਾਈਆ । ਸਤਿਗੁਰ ਪੂਰੇ ਦਾ ਵਿਛਾਇਆ

ਇਕੋ ਸਥਰਾ, ਗੋਬਿੰਦ ਸੱਬਰ ਯਾਰ ਹੰਢਾਈਆ । ਕਲਜੁਗ ਕੂੜੀ ਕਿਰਿਆ ਰਹਿਣ ਨਾ ਦੇਵੇ ਨਖਰਾ, ਨੱਕ ਸਭ ਦੇ ਨਕੇਲ ਪਾਈਆ । ਵਿਸ਼ਨ ਬ੍ਰਹਮਾ ਸ਼ਿਵ ਪੈ ਗਿਆ ਖਤਰਾ, ਖਤਰੇ ਵਿਚ ਸਰਬ ਲੋਕਾਈਆ । ਕੋਈ ਨਾ ਜਾਣੇ ਕੇਹੜੀ ਧਾਰੋਂ ਪਾਰਬ੍ਰਹਮ ਉਤਰਾ, ਨਿਰਗੁਣ ਔਂਦਾ ਨਜ਼ਰ ਨਾ ਆਈਆ । ਨਾ ਕੋਈ ਪੜ੍ਹ ਸਕੇ ਪਾਰਬ੍ਰਹਮ ਦਾ ਸੱਚਾ ਪੱਤਰਾ, ਜਿਸ ਦਵਾਰੇ ਆਪਣਾ ਲੇਖ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਡੰਕਾ ਇਕੋ ਇਕ ਜਣਾਈਆ । ਡੰਕਾ ਦੋ ਜਹਾਨ ਵੱਜੇਗਾ । ਪੁਰਖ ਅਕਾਲ ਇਕੋ ਗੱਜੇਗਾ । ਕਲਜੁਗ ਜੀਵ ਸ਼ਰਨਾਈ ਭੱਜੇਗਾ । ਸਾਚੇ ਮੰਦਰ ਕੋਈ ਨਾ ਸਜੇਗਾ । ਅੰਤ ਪਰਦਾ ਕੋਈ ਨਾ ਕੱਜੇਗਾ । ਜੋ ਘੜਿਆ ਸੋਈ ਭੱਜੇਗਾ । ਗੁਰਮੁਖ ਵਿਰਲਾ ਹਰਿ ਸਰਨਾਈ ਲਗੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਸੂਰਬੀਰ ਸ਼ਾਹ ਸੁਲਤਾਨ ਸਾਚੇ ਤਖ਼ਤ ਇਕੋ ਸਜੇਗਾ । ਤਖ਼ਤ ਤਾਜ ਸੁਹਾਵੇਗਾ । ਆਪਣਾ ਮਾਰਗ ਲਾਵੇਗਾ । ਰਾਜ ਰਾਜਾਨ ਮਿਟਾਵੇਗਾ । ਰਾਓ ਰੰਕ ਇਕੋ ਘਰ ਵਖਾਵੇਗਾ । ਇਕੋ ਨਾਮ ਜਪਾਵੇਗਾ । ਇਕੋ ਮਾਰਗ ਲਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਾਹ ਸੁਲਤਾਨ ਆਪ ਹਿਲਾਵੇਗਾ । ਸ਼ਾਹ ਸੁਲਤਾਨ ਹਿਲਾਏਗਾ । ਬੀਸ ਬੀਸਾ ਖੇਲ ਰਚਾਏਗਾ । ਪਹਿਲੀ ਚੇਤਰ ਹੁਕਮ ਮਨਾਏਗਾ । ਰਣ ਭੂਮੀ ਖੇਤਰ ਆਪ ਬਣਾਏਗਾ । ਨੌਂ ਖੰਡ ਪ੍ਰਿਥਮੀ ਵੇਂਤਰ ਇਕ ਲਗਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਮਨਾਵੇਗਾ । ਸਾਚਾ ਹੁਕਮ ਮਨਾਵੇਗਾ । ਘਰ ਘਰ ਲੋਹੜਾ ਇਕ ਪਾਵੇਗਾ । ਥੋੜਾ ਥੋੜਾ ਖੇਲ ਵਖਾਵੇਗਾ । ਜੋੜਾ ਜੋੜਾ ਨਜ਼ਰ ਕੋਈ ਨਾ ਆਵੇਗਾ । ਮਨਮੁਖ ਕੋਈ ਰਹਿਣ ਨਾ ਪਾਵੇਗਾ । ਪ੍ਰਭ ਦਰ ਰੋੜਾ ਨਾ ਕੋਈ ਅਟਕਾਵੇਗਾ । ਸਾਚਾ ਘੋੜਾ ਇਕ ਫਿਰਾਵੇਗਾ । ਸ਼ਾਹ ਅਸਵਾਰਾ ਆਸਣ ਲਾਵੇਗਾ । ਵਾਗਾਂ ਆਪ ਭਵਾਵੇਗਾ । ਲੋਕਮਾਤ ਫੇਰਾ ਪਾਵੇਗਾ । ਜਨ ਭਗਤਾਂ ਲੱਗੀ ਅੱਗ ਆਪ ਬੁਝਾਵੇਗਾ । ਦੁਰਮਤ ਦਾਗ਼ ਧਵਾਵੇਗਾ । ਸਾਚਾ ਰਾਗ ਸੁਣਾਵੇਗਾ । ਅਨਹਦ ਵਾਜਾ ਆਪ ਵਜਾਵੇਗਾ । ਅੰਮ੍ਰਿਤ ਤਾਲ ਸੁਹਾਵੇਗਾ । ਨਾਮ ਜਾਮ ਪਿਆਵੇਗਾ । ਪੂਰਨ ਕਾਮ ਕਰਾਵੇਗਾ । ਗੁਰਮੁਖ ਇਕੋ ਰੂਪ ਬਣਾਵੇਗਾ । ਸੀਸ ਕੇਸ ਨਾ ਕੋਈ ਕਟਾਵੇਗਾ । ਦਸਮੇਸ ਨਜ਼ਰੀ ਆਵੇਗਾ । ਬ੍ਰਹਮਾ ਵਿਸ਼ਨ ਸ਼ਿਵ ਸੀਸ ਝੁਕਾਵੇਗਾ । ਬਾਸ਼ਕ ਸ਼ੇਸ਼ ਸਹੰਸਰ ਮੁਖ ਚਲਾਵੇਗਾ । ਪੁਰਖ ਅਕਾਲ ਸਿਰ ਆਪਣਾ ਹੱਥ ਟਿਕਾਵੇਗਾ । ਘਰ ਘਰ ਬਹਿ ਬਹਿ ਖ਼ੁਸ਼ੀਆਂ ਵਖਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੰਦਰ ਇਕੋ ਇਕ ਵਡਿਆਵੇਗਾ । ਇਕੋ ਮੰਦਰ ਸਚਖੰਡ, ਸਚਖੰਡ ਨਿਵਾਸੀ ਆਪ ਜਣਾਇੰਦਾ । ਦੂਜਾ ਕਰੇ ਨਾ ਕੋਈ ਵੰਡ, ਹਿੱਸਾ ਹੱਥ ਨਾ ਕਿਸੇ ਫੜਾਇੰਦਾ । ਆਦਿ ਜੁਗਾਦਿ ਜੁਗਾਂ ਜੁਗੰਤਰ ਜਨ ਭਗਤਾਂ ਹੋ ਬਖ਼ਸ਼ਿੰਦ, ਪ੍ਰਭ ਆਪਣਾ ਕੁੰਡਾ ਲਾਹਿੰਦਾ । ਨਿਰਗੁਣ ਨੂਰ ਚਾੜ੍ਹੇ ਚੰਦ, ਚੰਦ ਚਾਂਦਨਾ ਇਕ ਚਮਕਾਇੰਦਾ । ਸ਼ਬਦ ਅਗੰਮੀ ਸਾਚਾ ਛੰਦ, ਬਿਨ ਰਸਨਾ ਜਿਹਵਾ ਗਾਇੰਦਾ । ਜਨਮ ਜਨਮ ਦਾ ਮੇਟ ਪੰਧ, ਆਪਣੇ ਨਾਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਦਰ ਇਕ ਵਖਾਇੰਦਾ । ਸਾਚਾ ਮੰਦਰ ਉਚ ਮਹੱਲਾ, ਹਰਿ ਮਹਿਫਲ ਆਪ ਲਗਾਇੰਦਾ । ਵਸਣਹਾਰਾ ਇਕ ਅਕੱਲਾ, ਅਕਲ ਕਲਾ ਹੋ ਜਾਇੰਦਾ । ਆਪਣੀ ਧਾਰ ਰਖਾਏ ਸਦਾ ਬਿਸਮਿੱਲਾ, ਬਿਸਮਲ ਆਪਣੀ ਧਾਰ ਜਣਾਇੰਦਾ । ਸੁਹਾਵਣਹਾਰਾ ਉਚਾ ਟਿੱਲਾ, ਉਚ ਅਗੰਮ ਫੇਰਾ ਪਾਇੰਦਾ । ਜੁਗ ਚੌਕੜੀ ਕਦੇ ਨਾ ਹਿੱਲਾ,

੬੮੫
੧੩

ਸ੍ਰਿਸ਼ਟ ਸਬਾਈ ਆਪ ਹਿਲਾਇੰਦਾ । ਬਣਾਵਣਹਾਰਾ ਸਾਚਾ ਕਿਲਾ, ਕੋਟ ਬੰਕ ਨਾਮ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਦਰ ਇਕ ਸੁਹਾਇੰਦਾ । ਸਾਚਾ ਮੰਦਰ ਹਰਿ ਸੁਹੰਜਣਾ, ਸੋਭਾਵੰਤ ਆਪ ਸੁਹਾਈਆ । ਜੋਤ ਜਗਾਏ ਆਦਿ ਨਿਰੰਜਣਾ, ਨੂਰੋ ਨੂਰ ਰੁਸ਼ਨਾਈਆ । ਆਦਿ ਜੁਗਾਦੀ ਦਾਤਾ ਦਾਨੀ ਦਰਦ ਦੁੱਖ ਭੈ ਭੰਜਣਾ, ਨਿਰਗੁਣ ਸਰਗੁਣ ਵੇਖ ਵਖਾਈਆ । ਗੁਰ ਸਤਿਗੁਰ ਨਿਝ ਨੇਤਰ ਪਾਏ ਨਾਮ ਅੰਜਨਾ, ਅਗਿਆਨ ਅੰਧੇਰ ਮਿਟਾਈਆ । ਚਰਨ ਧੂੜੀ ਦੇਵੇ ਸਾਚਾ ਮਜਨਾ, ਦੁਰਮਤ ਮੈਲ ਧਵਾਈਆ । ਗੁਰਮੁਖ ਗੁਰਮੁਖ ਸਾਚੇ ਸੱਜਣਾ, ਕਲਜੁਗ ਵੇਲਾ ਅੰਤਮ ਪ੍ਰਭ ਮਿਲਣਾ ਕਰ ਕਰ ਲੰਮੀਆਂ ਬਾਂਹੀਆ । ਕਾਮ ਕਰੋਧ ਲੋਭ ਮੋਹ ਹੰਕਾਰ ਆਸਾ ਤ੍ਰਿਸਨਾ ਮਾਇਆ ਮਮਤਾ ਕੂੜੀ ਕਿਰਿਆ ਮਥਨਾ, ਸਚ ਸਚ ਕਰੇ ਕੁੜਮਾਈਆ । ਬਿਨ ਸਤਿਗੁਰ ਦਰਸ ਕਿਸੇ ਨਾ ਰੱਜਣਾ, ਮਾਇਆ ਮਮਤਾ ਹਲਕੀ ਹੋਈ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸਾਚਾ ਮਾਰਗ ਇਕ ਜਣਾਈਆ । ਸਾਚੇ ਮਾਰਗ ਜਾਓ ਲੱਗ, ਹਰਿ ਲਾਗਤ ਕੋਈ ਨਾ ਲਾਇੰਦਾ । ਆਪਣੇ ਮੰਦਰ ਬਹੇ ਸਜ, ਘਰ ਘਰ ਵਿਚ ਆਪ ਵਖਾਇੰਦਾ । ਸੁਖਮਨ ਟੇਡੀ ਬੰਕ ਤਾੜਾ ਜਾਏ ਵੱਜ, ਅੱਗੇ ਹੋ ਨਾ ਕੋਈ ਅਟਕਾਇੰਦਾ । ਅੰਮ੍ਰਿਤ ਆਤਮ ਪੀਓ ਰੱਜ, ਦੀਨ ਦਿਆਲਾ ਹੋ ਕ੍ਰਿਪਾਲਾ ਸਾਚਾ ਰਸ ਇਕ ਵਖਾਇੰਦਾ । ਸੋਹੰ ਢੋਲੇ ਬੋਲੋ ਗੱਜ, ਆਤਮ ਪਰਮਾਤਮ ਮੇਲ ਮਿਲਾਇੰਦਾ । ਕਲਜੁਗ ਪਾਰ ਕਿਨਾਰਾ ਲੰਘੇ ਹੱਦ, ਹੱਦ ਅਵਰ ਨਾ ਕੋਈ ਰਖਾਇੰਦਾ । ਸਚਖੰਡ ਵੇਖਣਾ ਸਤਿਜੁਗ ਲੰਘ, ਫੜ ਬਾਂਹੋਂ ਪਾਰ ਕਰਾਇੰਦਾ । ਕਰਮ ਧਰਮ ਵਰਨ ਬਰਨ ਸਰਨ ਇਕ ਸਰਨਾਗਤ, ਸਰਨਾਈ ਇਕੋ ਇਕ ਵਖਾਇੰਦਾ । ਪਾਰਬ੍ਰਹਮ ਦੀ ਬ੍ਰਹਮ ਮਤ, ਮਨਮਤ ਸਰਬ ਗਵਾਇੰਦਾ । ਨਿਝ ਨੇਤਰ ਖੋਲ੍ਹ ਕੇ ਵੇਖ ਅੱਖ, ਗੁਰਮਤ ਗੁਰ ਨਜ਼ਰੀ ਆਇੰਦਾ । ਪਰਮ ਪੁਰਖ ਹੋ ਪਰਤੱਖ, ਵੇਸ ਅਵੇਸ ਵਟਾਇੰਦਾ । ਕੂੜੀ ਕਿਰਿਆ ਮਾਰੇ ਨਾ ਝੱਖ, ਝਾਕਾ ਸਭ ਦਾ ਆਪ ਗਵਾਇੰਦਾ । ਪੀਆ ਪ੍ਰੀਤਮ ਨਾਲ ਵੇਖੋ ਵਸ, ਵਸਲ ਆਪਣਾ ਇਕ ਕਰਾਇੰਦਾ । ਦਿਵਸ ਰੈਣ ਗਾਓ ਜਸ, ਜਸ ਢੋਲਾ ਇਕ ਸੁਣਾਇੰਦਾ । ਕਿਸੇ ਕੰਮ ਨਾ ਔਣਾ ਤੱਤ ਅੱਠ, ਮਨ ਮਤ ਬੁੱਧ ਤੱਤ ਨਾ ਕੋਈ ਰਖਾਇੰਦਾ । ਬੀਜ ਬੀਜੋ ਆਪਣੇ ਵਤ, ਨਾਮ ਫੁਲਵਾੜੀ ਇਕ ਮਹਿਕਾਇੰਦਾ । ਜਿਸ ਨੂੰ ਗੋਬਿੰਦ ਉਤੇ ਪੈ ਗਿਆ ਸ਼ੱਕ, ਸੋ ਗੁਰਸਿਖ ਆਰ ਪਾਰ ਪੰਧ ਨਾ ਕੋਈ ਮੁਕਾਇੰਦਾ । ਸਤਿਗੁਰ ਪੂਰਾ ਆਦਿ ਜੁਗਾਦਿ ਜੁਗਾਂ ਜੁਗੰਤਰ ਔਂਦਾ ਜਾਂਦਾ ਕਦੇ ਨਾ ਜਾਏ ਥੱਕ, ਥਕਾਵਟ ਸਭ ਦੀ ਆਪ ਗਵਾਇੰਦਾ । ਮੰਦਰ ਮਸਜਦ ਸ਼ਿਵਦਵਾਲੇ ਮੱਠ ਚਾਰ ਦਵਾਰੀ ਕੋਈ ਨਾ ਰੱਖੇ ਡੱਕ, ਬਸਤਾ ਬੰਨ ਬੰਦ ਨਾ ਕੋਈ ਕਰਾਇੰਦਾ । ਨਿਰਗੁਣ ਨਿਰਵੈਰ ਪੁਰਖ ਅਕਾਲ ਅਜੂਨੀ ਰਹਿਤ ਵਸਣਹਾਰਾ ਘਟ ਘਟ, ਘਰ ਘਰ ਆਪਣਾ ਡੇਰਾ ਲਾਇੰਦਾ । ਆਤਮ ਮਾਰਗ ਦੇਵੇ ਦੱਸ, ਸਾਚੀ ਸਿਖਿਆ ਇਕ ਸਮਝਾਇੰਦਾ । ਮੇਲ ਮਿਲਾਵਾ ਹੱਸ ਹੱਸ, ਹੰਸ ਮੁਖ ਸੋਹੰ ਹੰਸਾ ਮਾਣਕ ਮੋਤੀ ਚੋਗ ਚੁਗਾਇੰਦਾ । ਗੁਰਮੁਖ ਗੁਰ ਇਕ ਦੂਜੇ ਦੇ ਹੋਵਣ ਵਸ, ਆਪਣਾ ਆਪ ਨਾ ਕੋਇ ਵਡਿਆਇੰਦਾ । ਜੀਵ ਜੰਤ ਸਾਧ ਸੰਤ ਸਾਹਿਬ ਸਤਿਗੁਰ ਇਕੋ ਜਸ, ਜਸ ਵੇਦ ਪੁਰਾਨ ਸਿਫ਼ਤ ਸਾਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਸ੍ਰਿਸ਼ਟ ਸਬਾਈ ਕਰੇ ਅਕੱਠ, ਇਕੋ ਦੇਵੇ ਬ੍ਰਹਮ ਮਤ, ਪਿਛਲਾ ਤੱਤ ਸਰਬ ਗਵਾਇੰਦਾ । ਪਿਤਾ ਪੁੱਤ ਨਾ ਕੋਈ ਫੁੱਟ, ਫੁਟਕਲ ਰੂਪ ਨਾ ਕੋਈ ਵਖਾਇੰਦਾ । ਦੂਈ ਦਵੈਤੀ ਜਾਏ

ਛੁੱਟ, ਛੁਟਕਾਰਾ ਆਪ ਕਰਾਇੰਦਾ । ਕੂੜੀ ਤ੍ਰਿਸਨਾ ਕੱਢੇ ਕੁੱਟ, ਨਾਮ ਖੰਡਾਂ ਇਕ ਚਮਕਾਇੰਦਾ । ਰਾਤੀ ਸੁੱਤਿਆਂ ਲਏ ਪੁੱਛ, ਆਪ ਆਪਣਾ ਹੁਕਮ ਮਨਾਇੰਦਾ । ਗੁਰਮੁਖ ਬੂਟਾ ਜਾਏ ਨਾ ਸੁੱਕ, ਹਰਿਆ ਸਿੰਚ ਆਪ ਕਰਾਇੰਦਾ । ਜਿਸ ਨੂੰ ਗੋਦੀ ਲਿਆ ਚੁੱਕ, ਜ਼ਿਮੀ ਉਤੇ ਨਾ ਫੇਰ ਸੁਟਾਇੰਦਾ । ਸੁਫਲ ਕਰਾਏ ਮਾਤ ਕੁੱਖ, ਜਨ ਜਨਨੀ ਲੇਖੇ ਲਾਇੰਦਾ । ਪਿਤਾ ਪੂਤ ਉਜਲ ਮੁਖ, ਮੁਖ ਸਿਫ਼ਤਾਂ ਨਾਲ ਸਲਾਹਿੰਦਾ । ਜਨਮ ਜਨਮ ਦੀ ਕੱਢੇ ਭੁੱਖ, ਤ੍ਰਿਸਨਾ ਤ੍ਰਿਖਾ ਰੋਗ ਮਿਟਾਇੰਦਾ । ਜਿਸ ਦੀਆਂ ਸੁਖਣਾ ਰਹੇ ਸੁਖ, ਸੋ ਸਤਿਗੁਰ ਦਇਆ ਕਮਾਇੰਦਾ । ਤੁਹਾਡੇ ਅੰਦਰੋਂ ਪਏ ਉਠ, ਉਠ ਆਪਣਾ ਰੰਗ ਵਖਾਇੰਦਾ । ਜੇਹੜਾ ਲੁਕਿਆ ਰਿਹਾ ਗੁੱਠ, ਆਪਣਾ ਪਰਦਾ ਲਾਹਿੰਦਾ । ਅੰਦਰ ਵੜ ਕੇ ਵੇਖੇ ਝੁਕ, ਕਵਣ ਨੀਵਾਂ ਕਵਣ ਉਚਾਂ ਦੋਹਾਂ ਲੜ ਫੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੂੜੀ ਕਿਰਿਆ ਬਾਹਿਰ ਕਢਾਇੰਦਾ । ਕੂੜੀ ਕਿਰਿਆ ਰੋਵੇ, ਗੁਰਮੁਖ ਘਰ ਰਹਿਣ ਨਾ ਪਾਈਆ । ਆਪਣੀ ਮੈਲ ਧੋਵੇ, ਬਣ ਸੇਵਕ ਸੇਵ ਕਮਾਈਆ । ਅੰਮ੍ਰਿਤ ਰਸ ਇਕੋ ਚੋਵੇ, ਸਾਂਤਕ ਸਤਿ ਵਰਤਾਈਆ । ਪਿਓ ਪੁੱਤ ਪੁੱਤ ਪਿਓ ਇਕੋ ਰੰਗ ਹੋਵੇ, ਰੰਗ ਕਸੁੰਭੜਾ ਹੋਰ ਨਾ ਕੋਈ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੁੱਖ ਦੁੱਖ ਨਾ ਕੋਈ ਵਖਾਈਆ । ਕਲਜੁਗ ਕੁਰਲਾਵੇ ਮਾਰੇ ਧਾਹ, ਕੂਕ ਕੂਕ ਸੁਣਾਈਆ । ਬੌਹੜੀ ਮੈਂ ਨਿਕਰਮਣ ਕਿਉਂ ਗਈ ਆ, ਗੁਰਸਿਖ ਅੰਦਰ ਫੇਰਾ ਪਾਈਆ । ਮੈਨੂੰ ਪਾਵਣਹਾਰਾ ਫਾਹ, ਘਰ ਬੈਠਾ ਸੱਚਾ ਮਾਹੀਆ । ਜਿੰਨਾਂ ਚਿਰ ਜਪਾਂ ਨਾ ਏਹਦਾ ਨਾਂ, ਮੇਰਾ ਪੱਲੂ ਨਾ ਕੋਇ ਛੁਡਾਈਆ । ਬਣ ਨਿਮਾਣੀ ਕਰਾਂ ਹਾਂ, ਹਉਮੇਂ ਰੋਗ ਮਿਟਾਈਆ । ਕਰ ਕਿਰਪਾ ਫੜੇ ਮੇਰੀ ਬਾਂਹ, ਕੋਝੀ ਕਮਲੀ ਦਇਆ ਕਮਾਈਆ । ਪੁਰਖ ਅਬਿਨਾਸ਼ੀ ਦਏ ਸਮਝਾ, ਨਾਮ ਇਸ਼ਾਰਾ ਇਕ ਜਣਾਈਆ । ਗੁਰਸਿਖਾਂ ਦੇ ਲੱਗ ਪਾਂ, ਧੂੜੀ ਟਿੱਕਾ ਮਸਤਕ ਲਾਈਆ । ਫੇਰ ਤੈਨੂੰ ਪਿਛੇ ਦਿਆਂ ਭਵਾਂ, ਇਕੋ ਧੱਕਾ ਲਾਈਆ । ਤੇਰੀ ਹਉਮੇਂ ਮਤ ਦਿਆਂ ਗਵਾ, ਸੋਝੀ ਇਕੋ ਇਕ ਜਣਾਈਆ । ਤੂੰ ਕਲਜੁਗ ਵਿਚ ਪਿਓ ਪੁੱਤ ਦਏਂ ਲੜਾ, ਨਾਤਾ ਰਿਹਾ ਨਾ ਭੈਣ ਭਾਈਆ । ਸਾਕ ਸੱਜਣ ਦਏਂ ਰੁਸਾ, ਸਗਲਾ ਸੰਗ ਨਾ ਕੋਈ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਆਈ ਸਿਖਾ ਦੇ ਦਾਅ, ਤੇਰੀ ਮੇਂਢੀ ਦਏ ਖੁਲ੍ਹਾਈਆ । ਤੈਨੂੰ ਕਲਜੁਗ ਨਾਲ ਦਏ ਰਲਾ, ਗਲ ਇਕੋ ਅਲਫੀ ਪਾਈਆ । ਸ਼ਰਅ ਕੋਲੋ ਮੰਗ ਦਵਾ, ਸ਼ਰੀਅਤ ਤੇਰੀ ਭੈਣ ਨਜ਼ਰੀ ਆਈਆ । ਗੁਰਸਿਖਾਂ ਨੂੰ ਸਤਿਗੁਰ ਮਿਲਨ ਦਾ ਚਾ, ਤੇਰੀ ਆਸ ਨਾ ਕੋਈ ਰਖਾਈਆ । ਦਰ ਦਰਵਾਜ਼ਿਓ ਦੇ ਦੁਰਕਾ, ਦੁਰਗਤ ਇਕ ਬਣਾਈਆ । ਪਿਤਾ ਪੁੱਤ ਫਿਰ ਫੜਾਏ ਬਾਂਹ, ਬਾਂਹੋ ਫੜ ਗਲੇ ਲਗਾਈਆ । ਸਤਿਗੁਰ ਪੂਰਾ ਰੋਸਾ ਕਦੇ ਜਾਣੇ ਨਾ, ਸੋ ਰੁਸਿਆਂ ਆਪ ਮਨਾਈਆ । ਮਾਨ ਸਿੰਘ ਮਨ ਲੈ ਮਨਾ, ਨਰੈਣ ਸਿੰਘ ਨਰਾਇਣ ਅੱਖ ਇਕ ਰੁਸ਼ਨਾਈਆ । ਗੁਰਸਿਖਾਂ ਕੋਲੋ ਸਤਿਗੁਰ ਸਦਾ ਮੰਗੇ ਮੁਆਫੀ, ਆਪ ਆਪਣਾ ਭੇਵ ਜਣਾਇੰਦਾ । ਗੁਰਸਿਖ ਪਰੇਮ ਨਾਲ ਕਰਨ ਗੁਸਤਾਖੀ, ਸਤਿਗੁਰ ਪੂਰਾ ਆਪ ਸਿਖਾਇੰਦਾ । ਜੇ ਸਤਿਗੁਰ ਪੂਰਾ ਕਰੇ ਰਾਖੀ, ਕਿਉਂ ਗੁਰਸਿਖ ਆਪਣਾ ਮੁਖ ਭਵਾਇੰਦਾ । ਇਕੋ ਖੇਲ ਪ੍ਰਭ ਸੱਚੇ ਭਾਖੀ, ਰੁੱਸਣਾ ਮਨੌਣਾ ਪ੍ਰਭ ਆਪਣੇ ਹੱਥ ਰਖਾਇੰਦਾ । ਉਹਨਾਂ ਦੀ ਲੋਕਮਾਤ ਬਣੇ ਸਾਖੀ, ਜਿਨਾਂ ਗੁਰਮੁਖਾਂ ਗੁਰ ਆਪਣਾ ਰੂਪ ਵਖਾਇੰਦਾ । ਬਿਰਹੋਂ ਤੀਰ ਨਿਰਾਲਾ ਮਾਰੇ ਕਾਤੀ, ਕਾਇਆ ਕਟਾਕਸ਼ ਆਪ ਖੁਲਾਇੰਦਾ । ਆਪੇ ਬੰਦ ਕਰਨਹਾਰਾ ਤਾਕੀ, ਆਪਣੀ ਹੱਥੀਂ ਕੁੰਡਾ ਆਪੇ ਲਾਹਿੰਦਾ । ਆਪ ਸਤਿਗੁਰ ਬਣਕੇ ਅੰਮ੍ਰਿਤ ਜਾਮ ਪਿਆਏ ਸਾਕੀ,

ਪਿਆਲਾ ਆਪਣੇ ਹੱਥ ਰਖਾਇੰਦਾ । ਆਪੇ ਖੇਲੇ ਖੇਲ ਬਣ ਕੇ ਬੰਦਾ ਖ਼ਾਕੀ, ਖ਼ਾਕ ਖ਼ਾਕ ਵਿਚ ਰੁਲਾਇੰਦਾ । ਮਾਨ ਸਿੰਘ ਤੇਰੀ ਬਦਲ ਦੇਵੇ ਹਯਾਤੀ, ਤੇਰਾ ਹਯਾ ਆਪਣੀ ਝੋਲੀ ਪਾਇੰਦਾ । ਅੱਠੇ ਪਹਿਰ ਰਹੇ ਪਰਭਾਤੀ, ਪ੍ਰਭ ਇਕੋ ਨਜ਼ਰੀ ਆਇੰਦਾ । ਦੁਰਮਤ ਮੇਟੇ ਅੰਧੇਰੀ ਰਾਤੀ, ਪਰੇਮ ਇਕੋ ਚੰਦ ਚੜ੍ਹਾਇੰਦਾ । ਅੱਗੇ ਰਹਿਣ ਨਾ ਦੇਵੇ ਕੋਈ ਬਾਕੀ, ਪਿਛਲਾ ਲੇਖਾ ਆਪ ਚੁਕਾਇੰਦਾ । ਪਿਤਾ ਪੂਤ ਦੋਵੇਂ ਸਾਜਨ ਸਾਥੀ, ਸਗਲਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਣ ਸੇਵਕ ਕਰੇ ਰਾਖੀ, ਰਾਖਾ ਨਜ਼ਰ ਕਿਸੇ ਨਾ ਆਇੰਦਾ ।



### ❇ ੨੬ ਮਾਘ ੨੦੧੯ ਬਿਕ੍ਰਮੀ ਹਜ਼ਾਰਾ ਸਿੰਘ ਦੇ ਘਰ ਪਿੰਡ ਮਨਿਆਲਾ ਜ਼ਿਲਾ ਅੰਮ੍ਰਿਤਸਰ ❇

ਬ੍ਰਹਿਮੰਡ ਖੰਡ ਪ੍ਰਭ ਅਧੀਨਿਆ, ਬੇਅੰਤ ਖੇਲ ਕਰਾਇੰਦਾ । ਲੇਖਾ ਜਾਣੇ ਰੂਸਾ ਚੀਨਿਆ, ਸ਼ਾਹ ਸੁਲਤਾਨਾ ਵੇਖ ਵਖਾਇੰਦਾ । ਨੌਂ ਖੰਡ ਪ੍ਰਿਥਮੀ ਵੇਖੇ ਏਕਾ ਸੀਨਿਆ, ਸ਼ੀਨਾ ਸਭ ਦਾ ਚਾਕ ਕਰਾਇੰਦਾ । ਲੇਖਾ ਚੁਕੇ ਲੋਕ ਤੀਨਿਆ, ਤ੍ਰੈਗੁਣ ਮਾਇਆ ਡੇਰਾ ਢਾਹਿੰਦਾ । ਆਦਿ ਜੁਗਾਦਿ ਜੁਗ ਜੁਗ ਚੌਕੜੀ ਬਦਲਣਹਾਰਾ ਸੀਨਿਆ, ਨਿਰਗੁਣ ਸਰਗੁਣ ਫੇਰਾ ਪਾਇੰਦਾ । ਕਲਜੁਗ ਅੰਤਮ ਸ੍ਰਿਸ਼ਟ ਸਬਾਈ ਦੇਵਣਹਾਰਾ ਤਲਕੀਨਿਆ, ਸਚ ਸੰਦੇਸਾ ਇਕ ਸੁਣਾਇੰਦਾ । ਗੁਰਮੁਖ ਸਾਚੇ ਕਰੇ ਯਾਕੀਨਿਆ, ਯੱਕੇ ਬਾਦ ਦੀਗਰੇ ਰਾਜ ਰਾਜਾਨਾਂ ਆਪ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪੇ ਖੇਲਿਆ । ਕਰੇ ਖੇਲ ਹਰਿ ਨਿਰੰਕਾਰਾ, ਸਮਝ ਕੋਈ ਨਾ ਪਾਇੰਦਾ । ਕਲਜੁਗ ਅੰਤਮ ਵੇਖ ਕਿਨਾਰਾ, ਧੁਰ ਸੰਦੇਸਾ ਹੁਕਮ ਸੁਣਾਇੰਦਾ । ਸ੍ਰਿਸ਼ਟ ਸਬਾਈ ਸਤਿ ਹੁਲਾਰਾ, ਨਵ ਨੌਂ ਆਪ ਉਠਾਇੰਦਾ । ਭੂਪਤ ਭੂਪ ਸ਼ਾਹ ਸਿਕਦਾਰਾ, ਨਿਰਗੁਣ ਆਪਣਾ ਹੁਕਮ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਜਣਾਇੰਦਾ । ਚੀਨ ਚੀਨਾ ਨਾ ਕੋਈ ਵਣਜਾਰ, ਚਾਰ ਕੁੰਟ ਦਏ ਦੁਹਾਈਆ । ਭਾਰਤ ਖੰਡ ਨਾ ਕੋਈ ਧਾਰ, ਨੌਂ ਖੰਡ ਵੇਖੇ ਥਾਉਂ ਥਾਈਂਆ । ਕਰੇ ਖੇਲ ਅਗੰਮ ਅਪਾਰ, ਅਗੰਮੜੀ ਕਾਰ ਕਮਾਈਆ । ਦੋ ਧੜ ਕਰੇ ਸੰਸਾਰ, ਸਾਚੀ ਵੰਡ ਵੰਡਾਈਆ । ਖੜਗ ਖੰਡਾ ਇਕ ਕਟਾਰ, ਤੀਰ ਕਮਾਨ ਨਾਮ ਹੱਥ ਉਠਾਈਆ । ਸਭ ਤੇ ਹਮਲਾ ਕਰੇ ਆਪ ਕਰਤਾਰ, ਯੱਮਲਾ ਸਭ ਨੂੰ ਦਏ ਬਣਾਈਆ । ਕਮਲਾ ਰਮਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪਣੇ ਹੱਥ ਰਖਾਈਆ । ਚੀਨ ਚੀਨਾ ਨਾ ਕੋਈ ਤਾਕਤ, ਤਾਕਤਵਰ ਹਰਿ ਅਖਵਾਇੰਦਾ । ਸਭ ਦੀ ਮੇਟੇ ਅੰਤ ਲਿਆਕਤ, ਦਾਨਸ਼ਮੰਦ ਨਾ ਕੋਈ ਵਡਿਆਇੰਦਾ । ਨਿਰਗੁਣ ਸਰਗੁਣ ਪਿਛੇ ਕਰੇ ਤੁਆਕਬ, ਬੇਪਰਵਾਹ ਫੇਰਾ ਪਾਇੰਦਾ । ਕੂੜੀ ਕਿਰਿਆ ਮੇਟ ਅੰਤਮ ਵੇਖਣ ਆਏ ਇਬਾਦਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਇਕ ਵਖਾਇੰਦਾ । ਸਾਚਾ ਖੇਲ ਕਰੇ ਦੋ ਧੜ, ਦੋ ਧਾਰਾ ਖੰਡਾ ਇਕ ਚਮਕਾਈਆ । ਸਚਖੰਡ ਨਿਵਾਸੀ ਦਰਗਹਿ ਸਾਚੀ ਵੇਖੇ ਖੜ, ਪੁਰਖ ਅਬਿਨਾਸ਼ੀ ਬੇਪਰਵਾਹੀਆ । ਸ੍ਰਿਸ਼ਟ ਸਬਾਈ ਮਰੇ ਲੜ ਲੜ, ਨਾ ਸਕੇ ਕੋਇ ਬਚਾਈਆ । ਕਲਜੁਗ ਕੂੜੇ ਮੂਰਖ ਮੂੜ੍ਹੇ ਡਿਗਣ ਦੜ, ਨਾ ਸਕੇ ਕੋਇ ਉਠਾਈਆ । ਸ਼ਾਹ ਸੁਲਤਾਨਾਂ ਅੰਦਰ ਮਾਇਆ ਮਮਤਾ ਹਉਮੇਂ ਹੰਗਤਾ ਜਾਏ ਵੜ, ਘਰ ਘਰ ਕੁੰਡਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ

੬੯੮
੧੩

ਸਾਚਾ ਹਰਿ, ਸਾਚਾ ਹੁਕਮ ਇਕ ਮਨਾਈਆ । ਸਾਚਾ ਹੁਕਮ ਧੁਰ ਫ਼ਰਮਾਨਾ, ਧੁਰ ਦਰਗਾਹੀ ਆਪ ਜਣਾਇੰਦਾ । ਕੋਈ ਨਾ ਰਹਿਸੀ ਰਾਜਾ ਰਾਣਾ, ਖ਼ਾਲੀ ਤਖ਼ਤ ਸਰਬ ਵਖਾਇੰਦਾ । ਨੌਂ ਖੰਡ ਪ੍ਰਿਥਮੀ ਮੰਨਣਾ ਪਏ ਭਾਣਾ, ਸਿਰ ਸਿਰ ਹੁਕਮ ਆਪ ਜਣਾਇੰਦਾ । ਬੀਸ ਬੀਸਾ ਹਰਿ ਜਗਦੀਸਾ ਪਰਗਟ ਹੋਏ ਸ਼ਾਹ ਸੁਲਤਾਨਾ, ਨਿਹਕਲੰਕ ਆਪਣਾ ਫੇਰਾ ਪਾਇੰਦਾ । ਮੇਟਣਹਾਰਾ ਸਰਬ ਮਾਣਾ, ਅਭਿਮਾਨ ਰੂਪ ਨਾ ਕੋਇ ਵਟਾਇੰਦਾ । ਮਾਰਨਹਾਰਾ ਤੀਰ ਨਿਸ਼ਾਨਾ, ਅਣਿਯਾਲਾ ਆਪ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪਣੇ ਹੱਥ ਰਖਾਇੰਦਾ । ਚੀਨ ਕਰੇ ਕੀ ਵਿਚਾਰਾ, ਹਰਿ ਕਾ ਖੇਲ ਵਿਚਾਰ ਵਿਚ ਨਾ ਆਈਆ । ਅੱਗੇ ਵੇਖੋ ਕੀ ਕੀ ਵਰਤੇ ਭਾਣਾ, ਸੰਮਤ ਬੀਸਾ ਰਾਹ ਤਕਾਈਆ । ਚਾਰੋਂ ਕੁੰਟ ਆਏ ਹਾਣਾ, ਹਾਣੀਆਂ ਸਕੇ ਨਾ ਮੇਲ ਮਿਲਾਈਆ । ਨੌਂ ਖੰਡ ਭੁਲਿਆਂ ਪ੍ਰਭ ਕਾ ਗਾਣਾ, ਸਾਚਾ ਰਾਗ ਨਾ ਕੋਇ ਅਲਾਈਆ । ਹਮਲਾਆਵਰ ਇਕ ਅਖਵਾਣਾ, ਦੋ ਜਹਾਨਾਂ ਡੇਰਾ ਢਾਹੀਆ । ਕਲਜੁਗ ਕੂੜੀ ਕਿਰਿਆ ਕਰੇ ਪਾਰ ਕਿਨਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਮਿਹਰਾਂ ਅੰਦਰ ਵਸੇ ਠਾਕਰ, ਠਾਕਰ ਆਪਣੀ ਮਿਹਰ ਕਰਾਇੰਦਾ । ਗੁਰਮੁਖਾਂ ਦੇਵੇ ਨਾਮ ਰੱਤੀ ਰਤਨਾਗਰ, ਰੱਤੀ ਰੱਤ ਨਾਲ ਰੰਗਾਇੰਦਾ । ਸਚ ਕਰਾਏ ਵਣਜ ਬਣ ਸੌਦਾਗਰ ਹੱਟ ਇਕੋ ਇਕ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਇਕ ਉਠਾਇੰਦਾ । ਮਿਹਰਵਾਨ ਇਕੋ ਦਾਤਾ, ਆਦਿ ਅੰਤ ਵੱਡੀ ਵਡਿਆਈਆ । ਜੁਗ ਚੌਕੜੀ ਖੇਲ ਤਮਾਸ਼ਾ, ਨਿਰਗੁਣ ਸਰਗੁਣ ਵੇਖ ਵਖਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੇਵੇ ਦਾਤਾ, ਭਗਤ ਭਗਵੰਤ ਝੋਲੀ ਨਾਮ ਭਰਾਈਆ । ਸਦਾ ਸੁਹੇਲਾ ਇਕ ਇਕੇਲਾ ਸਦ ਵਸਣਹਾਰਾ ਸਾਥਾ, ਆਤਮ ਪਰਮਾਤਮ ਸੰਗ ਨਿਭਾਈਆ । ਬੋਧ ਅਗਾਧ ਪੜ੍ਹਾਵਣਹਾਰਾ ਗਾਥਾ, ਨਿਸ਼ਅੱਖਰ ਕਰੇ ਪੜ੍ਹਾਈਆ । ਕਲਜੁਗ ਅੰਤਮ ਮੇਟੇ ਅੰਧੇਰੀ ਰਾਤਾ, ਸਤਿਜੁਗ ਸਾਚਾ ਚੰਦ ਚੜ੍ਹਾਈਆ । ਲਹਿਣਾ ਦੇਣਾ ਚੁਕੇ ਜ਼ਾਤ ਪਾਤਾ, ਵਰਨ ਗੋਤ ਇਕ ਵਖਾਈਆ । ਸ੍ਰਿਸ਼ਟ ਸਬਾਈ ਨਜ਼ਰੀ ਆਏ ਪਿਤਾ ਮਾਤਾ, ਲੱਖ ਚੁਰਾਸੀ ਗੋਦ ਬਹਾਈਆ । ਚਰਨ ਕਵਲ ਉਪਰ ਧਵਲ ਸ੍ਰੀ ਭਗਵਾਨ ਬੰਧਾਏ ਨਾਤਾ, ਨਾਤਾ ਬਿਧਾਤਾ ਜੋੜ ਜੁੜਾਈਆ । ਮਿਹਰਵਾਨ ਇਕੋ ਪੁਰਖ ਸਮਰਾਥਾ, ਜੁਗ ਚੌਕੜੀ ਆਪਣੀ ਮਿਹਰ ਨਜ਼ਰ ਨਾਲ ਤਰਾਈਆ । ਮਿਹਰਵਾਨ ਬੇਨਜ਼ੀਰ, ਮੁਕਾਮੇ ਹੱਕ ਸੋਭਾ ਪਾਇੰਦਾ । ਮੁਰੀਦ ਮੁਰਸ਼ਦ ਵਖਾਏ ਸਚ ਤਸਵੀਰ, ਤਸਬੀ ਮਣਕਾ ਨਾ ਕੋਇ ਭਵਾਇੰਦਾ । ਲੇਖਾ ਜਾਣੇ ਸ਼ਾਹ ਹਕੀਰ, ਸ਼ਰਅ ਜ਼ੰਜੀਰ ਤੋੜ ਤੁੜਾਇੰਦਾ । ਬਦਲਣਹਾਰਾ ਆਪ ਤਕਦੀਰ, ਤਦਬੀਰ ਆਪਣੀ ਇਕ ਸਮਝਾਇੰਦਾ । ਅੰਮ੍ਰਿਤ ਦੇਵੇ ਸੱਚਾ ਸੀਰ, ਆਬੇ ਹਯਾਤ ਮੁਖ ਚੁਆਇੰਦਾ । ਨਾਮ ਖੰਡਾ ਫੜ ਸ਼ਮਸ਼ੀਰ, ਧੁੰਦੂਕਾਰਾ ਡੇਰਾ ਢਾਹਿੰਦਾ । ਜੁਗ ਚੌਕੜੀ ਕੱਟਣਹਾਰਾ ਭੀੜ, ਔਝੜ ਰਾਹ ਪੰਧ ਮੁਕਾਇੰਦਾ । ਚੋਟੀ ਚਾੜ੍ਹੇ ਫੜ ਅਖ਼ੀਰ, ਆਖਰ ਆਪਣਾ ਮੇਲ ਮਿਲਾਇੰਦਾ । ਮਿਹਰ ਨਜ਼ਰ ਕਰੇ ਵਡ ਪੀਰਨ ਪੀਰ, ਲਾਸ਼ਰੀਕ ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕੋ ਇਕ ਵਖਾਇੰਦਾ । ਮਿਹਰ ਨਜ਼ਰ ਸਤਿਗੁਰ ਅੱਖ, ਸੋ ਪੁਰਖ ਨਿਰੰਜਣ ਆਪ ਜਣਾਈਆ । ਮਿਹਰਵਾਨ ਹੋ ਪਰਤੱਖ, ਆਤਮ ਦਰਸੀ ਦਰਸ ਕਰਾਈਆ । ਮਿਹਰਵਾਨ ਭਰੇ ਭੰਡਾਰ ਖ਼ਾਲੀ ਸੱਖ, ਨਾਮ ਅਤੋਟ ਅਤੁਟ ਵਰਤਾਈਆ । ਮਿਹਰਵਾਨ ਮਾਰਗ ਸੱਚਾ ਦੱਸ, ਸਾਚੇ ਮੰਦਰ ਦਏ ਚੜ੍ਹਾਈਆ । ਮਿਹਰਵਾਨ ਦੁਰਮਤ ਮੈਲ ਕੱਟ, ਕਾਗ ਹੰਸ ਰੂਪ ਵਟਾਈਆ । ਮਿਹਰਵਾਨ ਲਹਿਣਾ ਦੇਣਾ ਚੁਕਾਏ ਚੌਦਾਂ ਲੋਕ

ਚੌਦਾਂ ਹੱਟ, ਚੌਦਾਂ ਤਬਕ ਪਾਰ ਵਖਾਈਆ । ਮਿਹਰਵਾਨ ਮਿਹਰ ਨਜ਼ਰ ਕਰ ਦੇਵੇ ਬ੍ਰਹਮ ਮਤ, ਬ੍ਰਹਮ ਵਿਦਿਆ ਇਕ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰ ਨੈਣ ਇਕ ਉਠਾਈਆ । ਮਿਹਰਵਾਨ ਖੋਲ੍ਹੇ ਨੈਣ, ਨਿਜ ਨੇਤਰ ਦਇਆ ਕਮਾਇੰਦਾ । ਮਿਹਰਵਾਨ ਸਾਕ ਸੱਜਣ ਸੈਣ, ਸਤਿਗੁਰ ਇਕੋ ਨਜ਼ਰੀ ਆਇੰਦਾ । ਮਿਹਰਵਾਨ ਨਾਤਾ ਜੋੜੇ ਮਾਤ ਪਿਤ ਭਾਈ ਭੈਣ, ਪਿਤਾ ਪੂਤ ਵੰਡ ਵੰਡਾਇੰਦਾ । ਮਿਹਰਵਾਨ ਆਦਿ ਜੁਗਾਦਿ, ਜੁਗ ਚੌਕੜੀ ਚੁਕਾਏ ਲਹਿਣ ਦੇਣ, ਪੂਰਬ ਸਭ ਦੀ ਝੋਲੀ ਪਾਇੰਦਾ । ਮਿਹਰਵਾਨ ਰਸਨਾ ਜਿਹਵਾ ਸਾਰੇ ਕਹਿਣ, ਮਿਲ ਮਿਹਰਵਾਨ ਆਪਣਾ ਪੰਧ ਨਾ ਕੋਇ ਮੁਕਾਇੰਦਾ । ਮਿਹਰਵਾਨ ਲੇਖਾ ਚੁਕਾਏ ਐਨ ਗ਼ੈਨ, ਅਲਫ਼ ਯੇ ਰੰਗ ਨਾ ਕੋਇ ਰੰਗਾਇੰਦਾ । ਮਿਹਰਵਾਨ ਇਕ ਨਰਾਇਣ, ਸਦਾ ਸਦਾ ਸਦ ਮਿਹਰ ਬਖ਼ਸ਼ਿਸ਼ ਬਖ਼ਸ਼ੀਸ਼ ਆਪਣੇ ਹੱਥ ਰਖਾਇੰਦਾ । ਬਿਰਧ ਬਾਲ ਜਗਤ ਜਵਾਨ, ਜੀਵਣ ਰੰਗ ਵਟਾਈਆ । ਜਨਮ ਕਰਮ ਧਰਮ ਨਿਸ਼ਾਨ, ਪੰਜ ਤੱਤ ਕੁੜਮਾਈਆ । ਆਤਮ ਪਰਮਾਤਮ ਖੇਲ ਮਹਾਨ, ਨਜ਼ਰ ਕਿਸੇ ਨਾ ਆਈਆ । ਜੋ ਜਨ ਕਰੇ ਚਰਨ ਧਿਆਨ, ਰੋਗ ਸੋਗ ਚਿੰਤਾ ਦੁੱਖ ਦਏ ਗਵਾਈਆ । ਇਕ ਵਖਾਏ ਪਦ ਨਿਰਬਾਣ ਨਿਰਬਾਣ, ਪਦ ਇਕ ਜਣਾਈਆ । ਲੇਖਾ ਚੁਕੇ ਆਵਣ ਜਾਣ, ਚਾਰੇ ਖਾਣੀ ਨਾਤਾ ਦਏ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਬੁੜ੍ਹੇਪਾ ਲੇਖੇ ਲਾਈਆ । ਜਗਤ ਬੁੜ੍ਹੇਪਾ ਲੇਖੇ ਜਾਏ ਲੱਗ, ਅਗਨੀ ਤੱਤ ਬੁਝਾਇੰਦਾ । ਫੜ ਫੜ ਹੰਸ ਬਣਾਏ ਕੱਗ, ਕਾਗ ਹੰਸ ਰੂਪ ਵਟਾਇੰਦਾ । ਜੋ ਸਾਹਿਬ ਸਤਿਗੁਰ ਸਰਨਾਈ ਜਾਏ ਲੱਗ, ਰੋਗ ਸੋਗ ਚਿੰਤਾ ਦੁੱਖ ਸੁਖ ਵਿਚ ਬਦਲਾਇੰਦਾ । ਨਿਰਮਲ ਜੋਤੀ ਜਾਏ ਜਗ, ਅਗਿਆਨ ਅੰਧੇਰ ਚੁਕਾਇੰਦਾ । ਲਹਿਣਾ ਦੇਣਾ ਚੁਕਾਏ ਹੱਥੋ ਹੱਥ, ਉਧਾਰ ਜਗਤ ਨਾ ਕੋਇ ਜਣਾਇੰਦਾ । ਕਰੇ ਖੇਲ ਪੁਰਖ ਸਮਰਥ ਮਾਣਸ ਜਨਮ ਲੇਖੇ ਪਾਇੰਦਾ । ਲੱਖ ਚੁਰਾਸੀ ਵਿਚੋਂ ਕੱਢ, ਅੰਤਮ ਆਪਣਾ ਮੇਲ ਮਿਲਾਇੰਦਾ । ਬੁੱਢਾ ਖ਼ਾਲੀ ਹੱਡ ਜਾਏ ਛੱਡ, ਪਰਮਾਤਮ ਆਤਮ ਨਾਤਾ ਆਪਣੇ ਨਾਲ ਜੁੜਾਇੰਦਾ । ਦੁੱਖਾਂ ਦਰਦਾਂ ਦੀ ਪਿਛੇ ਰਹਿ ਗਈ ਹੱਦ, ਅੱਗੇ ਸਾਂਤਕ ਸਤਿ ਰੂਪ ਜਣਾਇੰਦਾ । ਭਾਗ ਲੱਗੇ ਸਾਚੀ ਯੱਦ, ਕੁਲ ਆਪਣਾ ਬੰਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪਣੇ ਘਰ ਲਏ ਸੱਦ, ਲੋਕਮਾਤ ਕੂੜਾ ਨਾਤਾ ਤੋੜ ਤੁੜਾਇੰਦਾ ।



### ❇ ੨੬ ਮਾਘ ੨੦੧੯ ਬਿਕ੍ਰਮੀ ਬਲੀ ਸਿੰਘ ਦੇ ਗ੍ਰਿਹ ਕੈਰੋਂ ਜ਼ਿਲਾ ਅੰਮ੍ਰਿਤਸਰ ❇

ਪਿਛਲਾ ਲੇਖਾ ਗਿਆ ਮੁੱਕ, ਕਰਤਾ ਕੀਮਤ ਨਾ ਕੋਇ ਲਾਈਆ । ਅੱਗੇ ਗੋਦੀ ਲਏ ਚੁੱਕ, ਦੁੱਖ ਦਰਦ ਮਿਟਾਈਆ । ਘਰ ਮੰਦਰ ਆਵੇ ਸੁਖ, ਗ੍ਰਿਹ ਸਾਚੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖੇ ਲਏ ਲਗਾਈਆ । ਲੇਖਾ ਲੇਖੇ ਜਾਵੇ ਲੱਗ, ਲਾਵਣਹਾਰ ਆਪ ਲਗਾਇੰਦਾ । ਗੁਰਮੁਖ ਗੁਰ ਸੰਗਤ ਵਿਚ ਬਹੇ ਸਜ, ਹਰਿ ਸੰਗਤ ਮੇਲ ਮਿਲਾਇੰਦਾ । ਸਤਾਈ ਪੋਹ ਖ਼ਿਆਲ ਦੇਣਾ ਛੱਡ, ਖਹਿੜਾ ਪਿਛਲਾ ਆਪ ਮੁਕਾਇੰਦਾ । ਪਿਛਲੀ ਬੀਤੀ ਪਿਛੇ ਹੱਦ, ਅੱਗੇ ਆਪਣਾ ਰੰਗ ਰੰਗਾਇੰਦਾ । ਦੇਵਣਹਾਰਾ ਸਾਚੀ ਦਾਦ, ਨਾਮ ਵਸਤ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਇੰਦਾ । ਸਿਰ ਰੱਖ ਹੱਥ ਕਰਤਾਰ,

ਆਪਣੀ ਦਇਆ ਕਮਾਈਆ । ਦੁੱਖ ਦਲਿੱਦਰ ਦਏ ਨਵਾਰ, ਦਰਦੀਆਂ ਦਰਦ ਮਿਟਾਈਆ । ਚਰਨ ਸਰਨ ਬਖ਼ਸ਼ ਪਿਆਰ, ਰੀਤੀ ਸਾਚੀ ਇਕ ਦ੍ਰਿੜਾਈਆ । ਆਦਿ ਜੁਗਾਦੀ ਤਾਰਨਹਾਰ, ਜੁਗ ਜੁਗ ਹੋਏ ਸਹਾਈਆ । ਭਗਤ ਵਛਲ ਇਕ ਗਿਰਧਾਰ, ਭਗਵਨ ਨਿਰਗੁਣ ਰੂਪ ਵਟਾਈਆ । ਸਦਾ ਸੁਹੇਲਾ ਮੀਤ ਮੁਰਾਰ, ਸਗਲਾ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਿਛਲਾ ਲਹਿਣਾ ਦਏ ਝੋਲੀ ਪਾਈਆ । ਪਿਛਲਾ ਲਹਿਣਾ ਨੇਤਰ ਨੈਣਾਂ, ਨੈਣ ਨੈਣ ਦਰਸਾਇੰਦਾ । ਕੂੜੇ ਵਹਿਣ ਗੁਰਸਿਖ ਨਾ ਵਹਿਣਾ, ਸਾਚੀ ਧਾਰ ਇਕ ਸਮਝਾਇੰਦਾ । ਹਰਿ ਚਰਨ ਦਵਾਰੇ ਸਾਚੇ ਬਹਿਣਾ, ਥੱਲੇ ਉਪਰ ਇਕੋ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਮਾਰਗ ਇਕ ਸਮਝਾਇੰਦਾ । ਸਾਚਾ ਮਾਰਗ ਸਤਿ ਸਤਿਵਾਦ, ਸਤਿ ਸਤਿ ਜਣਾਈਆ । ਪੋਹ ਸਤਾਈ ਛੱਡ ਯਾਦ, ਪਿਛਲਾ ਲੇਖਾ ਸਰਬ ਮੁਕਾਈਆ । ਅੱਗੇ ਮੇਲਾ ਮਾਧਵ ਮਾਧ, ਮੋਹਣੀ ਆਪਣੇ ਰੰਗ ਰੰਗਾਈਆ । ਦੇਵਣਹਾਰਾ ਸਾਚੀ ਦਾਦ, ਵਸਤ ਅਮੋਲਕ ਇਕ ਵਰਤਾਈਆ । ਭਰਮ ਭੁਲੇਖੇ ਦੇਵੇ ਕਾਢ, ਆਪਣੇ ਲੇਖੇ ਲਏ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਦੇਵਣਹਾਰ ਵਡਿਆਈਆ । ਗੁਰਸਿਖ ਬਖ਼ਸ਼ੇ ਹਰਿ ਜੂ ਭੁੱਲ, ਅਭੁੱਲ ਦਇਆ ਕਮਾਇੰਦਾ । ਹਰਿਜਨ ਲੋਕਮਾਤ ਨਾ ਜਾਏ ਰੁੱਲ, ਫੜ ਬਾਂਹੋਂ ਗਲੇ ਲਗਾਇੰਦਾ । ਆਪ ਮਹਿਕਾਏ ਸਾਚਾ ਕਵਲ ਫੁੱਲ, ਫੁੱਲ ਫਲਵਾੜੀ ਆਪ ਮਹਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੋਲਣਹਾਰਾ ਸਾਚੇ ਤੋਲ, ਤੋਲ ਤਰਾਜ਼ੂ ਇਕੋ ਕੰਡਾ ਨਾਮ ਵਖਾਇੰਦਾ । ਨਾਮ ਤਰਾਜ਼ੂ ਨਿਰਗੁਣ ਤੋਲਾ, ਨਿਰਵੈਰ ਦਇਆ ਕਮਾਈਆ । ਇਕੋ ਧਾਰਨ ਬੋਲੇ ਸਾਚਾ ਸੋਹਲਾ, ਸੋਹੰ ਅੱਖਰ ਕਰੇ ਪੜ੍ਹਾਈਆ । ਆਤਮ ਪਰਮਾਤਮ ਆਪੇ ਮੌਲਾ, ਨਿਰਾਕਾਰ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਨਣਹਾਰਾ ਉਪਰ ਧੌਲਾ, ਧਰਨੀ ਧਰਤ ਵੇਖ ਵਖਾਈਆ । ਧਰਨੀ ਧਰਤ ਵੇਖੇ ਧਵਲ, ਦਹਿ ਦਿਸ਼ਾ ਖੋਜ ਖੁਜਾਇੰਦਾ । ਨੂਰ ਨੁਰਾਨਾ ਰੂਪ ਰੰਗ ਰੇਖ ਨਾ ਕੋਇ ਸਵਲ, ਸਾਵਲ ਆਪਣੀ ਕਾਰ ਕਮਾਇੰਦਾ । ਆਦਿ ਜੁਗਾਦਿ ਸਦਾ ਸੁਹੇਲਾ ਇਕੋ ਏਕ ਅਵਲ, ਅਲਨੇਕ ਕਮਚ ਖੇਲ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦੇਸ ਦਸੰਤਰ ਵੇਖ ਵਖਾਇੰਦਾ । ਦੇਸ ਦਸੰਤਰ ਜ਼ਿਮੀਂ ਅਸਮਾਨ, ਬ੍ਰਹਿਮੰਡ ਖੰਡ ਖੋਜ ਖੁਜਾਈਆ । ਦੇਵਣਹਾਰਾ ਧੁਰ ਫ਼ਰਮਾਨ, ਸਚ ਸੰਦੇਸ਼ ਨਰੇਸ਼ ਜਣਾਈਆ । ਵੇਖਣਹਾਰਾ ਦੋ ਜਹਾਨ, ਰੂਪ ਅਨੂਪ ਆਪ ਵਟਾਈਆ । ਵਸਣਹਾਰਾ ਸਚ ਮਕਾਨ, ਸਚਖੰਡ ਆਪਣਾ ਆਸਣ ਲਾਈਆ । ਦੇਵਣਹਾਰਾ ਨਾਮ ਨਿਧਾਨ, ਨਾਮ ਅਨਮੁਲੜਾ ਝੋਲੀ ਪਾਈਆ । ਬਖ਼ਸ਼ਣਹਾਰਾ ਚਰਨ ਧਿਆਨ, ਸਚ ਪ੍ਰੀਤੀ ਇਕ ਸਮਝਾਈਆ । ਮੇਟਣਹਾਰਾ ਕੂੜ ਨਿਸ਼ਾਨ, ਸਚ ਸੁੱਚ ਦਏ ਸਮਝਾਈਆ । ਬਣਾਵਣਹਾਰਾ ਸਾਚਾ ਕਾਹਨ, ਸਿਰ ਆਪਣਾ ਹੱਥ ਟਿਕਾਈਆ । ਵੇਖਣਹਾਰਾ ਨੂਰ ਮਿਹਬਾਨ, ਬੀਦੋ ਆਪਣੀ ਧਾਰ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੁੱਲ ਅਭੁੱਲ ਇਕੋ ਰੰਗ ਵਖਾਈਆ । ਭੁੱਲ ਅਭੁੱਲ ਇਕੋ ਰੰਗ, ਰੰਗ ਰੰਗੀਲਾ ਆਪ ਜਣਾਇੰਦਾ । ਸਾਹਿਬ ਸਤਿਗੁਰ ਜਿਸ ਦੇ ਸੰਗ, ਪਿਛਲੀ ਕੀਤੀ ਸਭ ਉਲਟਾਇੰਦਾ । ਆਤਮ ਸੇਜਾ ਸੁਹਾਏ ਪਲੰਘ, ਪਰਮ ਪੁਰਖ ਆਸਣ ਲਾਇੰਦਾ । ਇਕੋ ਦੇਵੇ ਨਿਝਰ ਅਨੰਦ, ਗ੍ਰਿਹ ਮੰਦਰ ਇਕ ਵਖਾਇੰਦਾ । ਦੋ ਸੱਤ ਢਾਹੇ ਕੰਧ, ਨੱਠ ਨੱਠ ਆਪਣਾ ਪੰਧ ਮੁਕਾਇੰਦਾ । ਸਦਾ ਸਦਾ ਸਦ ਹੋ ਬਖ਼ਸ਼ੰਦ, ਬਖ਼ਸ਼ਸ਼ ਆਪਣੀ

ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖ ਆਪਣੇ ਰਾਹ ਚਲਾਇੰਦਾ । ਗੁਰਮੁਖ ਇਕੋ ਰਾਹ, ਸੋ ਪੁਰਖ ਨਿਰੰਜਣ ਆਪ ਜਣਾਈਆ । ਸਦਾ ਸੁਹੇਲਾ ਬਣ ਮਲਾਹ, ਬੇੜਾ ਆਪਣੇ ਕੰਧ ਉਠਾਈਆ । ਨਾਤਾ ਜੋੜ ਦੋ ਜਹਾਨ, ਨਿਰਗੁਣ ਸਰਗੁਣ ਮੇਲਾ ਸਹਿਜ ਸੁਭਾਈਆ । ਵੇਖਣਹਾਰਾ ਥਾਉਂ ਥਾਂ, ਥਾਨ ਥਨੰਤਰ ਖੋਜ ਖੁਜਾਈਆ । ਜਪਾਵਣਹਾਰਾ ਆਪਣਾ ਨਾਂ, ਨਾਉਂ ਨਿਰੰਕਾਰਾ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਿਛਲੀ ਭੁੱਲ ਦਏ ਗਵਾਈਆ । ਪਿਛਲੀ ਭੁੱਲ ਹੋਏ ਦੂਰ, ਦੂਰ ਦੁਰਾਡੀ ਆਪ ਕਰਾਇੰਦਾ । ਅੱਗੇ ਹਰਿ ਜੀ ਆਸਾ ਮਨਸਾ ਪੂਰ, ਪੂਰੀ ਆਸਾ ਆਪ ਕਰਾਇੰਦਾ । ਦਰਸ ਦਿਖਾਏ ਹਾਜ਼ਰ ਹਜ਼ੂਰ, ਹਜ਼ਰਤ ਆਪਣਾ ਫੇਰਾ ਪਾਇੰਦਾ । ਬਖ਼ਸ਼ਣਹਾਰਾ ਸਰਬ ਕਸੂਰ, ਮਿਹਰ ਨਜ਼ਰ ਇਕ ਉਠਾਇੰਦਾ । ਆਦਿ ਜੁਗਾਦਿ ਆਪਣਾ ਬੰਨ੍ਹੇ ਸਚ ਦਸਤੂਰ, ਹੁਕਮੇ ਅੰਦਰ ਸਰਬ ਫਿਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਅਲਾਇੰਦਾ । ਹੁਕਮੇ ਅੰਦਰ ਖੇਲ ਸਰਬੱਗ, ਸਰਬੱਗ ਵੱਡੀ ਵਡਿਆਈਆ । ਹੁਕਮੇ ਅੰਦਰ ਦੋ ਜਹਾਨ ਰਵ ਸਸ ਸੂਰਜ ਚੰਦ ਬ੍ਰਹਿਮੰਡ ਖੰਡ ਰਿਹਾ ਭੱਜ, ਬਣ ਪਾਂਧੀ ਪੰਧ ਮੁਕਾਈਆ । ਹੁਕਮੇ ਅੰਦਰ ਨਿਰਗੁਣ ਸਰਗੁਣ ਹੋ ਕੇ ਹਰ ਘਟ ਰਿਹਾ ਵਸ, ਆਪ ਆਪਣੀ ਖੇਲ ਖਲਾਈਆ । ਹੁਕਮੇ ਅੰਦਰ ਖੇਲੇ ਖੇਲ ਚੌਦਾਂ ਹੱਟ, ਲੋਕ ਪਰਲੋਕ ਸੋਭਾ ਪਾਈਆ । ਹੁਕਮੇ ਅੰਦਰ ਨਾਮ ਨਿਧਾਨ ਆਪੇ ਰਟ, ਰੱਟਾ ਘਰ ਘਰ ਦਏ ਵਖਾਈਆ । ਹੁਕਮੇ ਅੰਦਰ ਬਣਾਏ ਤੀਰਥ ਤਟ, ਤਟ ਕਿਨਾਰਾ ਇਕ ਸੁਹਾਈਆ । ਹੁਕਮੇ ਅੰਦਰ ਕਰੇ ਖੇਲ ਪੁਰਖ ਸਮਰਥ, ਸਮਰਥ ਆਪਣਾ ਪਰਦਾ ਲਾਹੀਆ । ਹੁਕਮੇ ਅੰਦਰ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜਨ ਭਗਤਾਂ ਕਰਦਾ ਆਇਆ ਪੱਖ, ਨਾਤਾ ਜਗਤ ਤੁੜਾਈਆ । ਹੁਕਮੇ ਅੰਦਰ ਸੰਤ ਸੁਹੇਲੇ ਲਏ ਰੱਖ, ਰੱਖਣਹਾਰਾ ਇਕੋ ਸ਼ਹਿਨਸ਼ਾਹੀਆ । ਹੁਕਮੇ ਅੰਦਰ ਗੁਰਮੁਖਾਂ ਦੇਵੇ ਨਾਮ ਵੱਥ, ਵਸਤ ਅਮੋਲਕ ਝੋਲੀ ਪਾਈਆ । ਹੁਕਮੇ ਅੰਦਰ ਗੁਰਸਿਖਾਂ ਵਖਾਏ ਸਾਚਾ ਹਠ, ਧੀਰਜ ਧੀਰ ਇਕ ਧਰਾਈਆ । ਹੁਕਮੇ ਅੰਦਰ ਵਸੇ ਘਟ ਘਟ, ਹਰ ਘਟ ਰਿਹਾ ਸਮਾਈਆ । ਹੁਕਮੇ ਅੰਦਰ ਦੂਈ ਦਵੈਤੀ ਮੇਟੇ ਫੱਟ, ਕੂੜੀ ਕਿਰਿਆ ਪੰਧ ਮੁਕਾਈਆ । ਹੁਕਮੇ ਅੰਦਰ ਭਗਤ ਭਗਵਾਨ ਜੋਤ ਜਗਾਏ ਲਟ ਲਟ, ਅਗਿਆਨ ਅੰਧੇਰ ਚੁਕਾਈਆ । ਹੁਕਮੇ ਅੰਦਰ ਬਣਾਏ ਸਾਚਾ ਸਾਥ, ਸਾਥੀ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭੁਲਿਆਂ ਮਾਰਗ ਆਪੇ ਲਾਈਆ । ਭੁਲਿਆਂ ਮਾਰਗ ਦਏ ਏਕ, ਏਕੰਕਾਰ ਵੱਡੀ ਵਡਿਆਈਆ । ਭੁਲਿਆਂ ਰਾਹ ਦੱਸੇ ਬਿਬੇਕ, ਵਿਵੇਕੀ ਰੂਪ ਜਣਾਈਆ । ਭੁਲਿਆਂ ਲਿਖੇ ਆਪਣੀ ਹੱਥੀਂ ਲੇਖ, ਲੇਖਾ ਪਿਛਲਾ ਦਏ ਮਿਟਾਈਆ । ਭੁੱਲਿਆਂ ਭਟਕਿਆਂ ਲਏ ਵੇਖ, ਰੁਲਿਆਂ ਆਪਣੀ ਗੋਦ ਬਹਾਈਆ । ਸਦਾ ਸਦਾ ਸਦ ਕਰ ਕਰ ਸੱਚਾ ਹੇਤ, ਨਿਤ ਨਵਿਤ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪਿਛਲਾ ਲੇਖਾ ਦਏ ਮਿਟਾਈਆ । ਗੁਰਮੁਖ ਨਾਉਂ ਜਗਤ ਨਿਸ਼ਾਨਾ, ਜੁਗ ਜੁਗ ਆਪ ਜਣਾਈਆ । ਗੁਰਮੁਖ ਨਾਉਂ ਵਡ ਪਰਧਾਨਾ, ਪਰਧਾਨਗੀ ਇਕ ਕਮਾਈਆ । ਗੁਰਮੁਖ ਨਾਉਂ ਜਗਤ ਗਿਆਨਾ, ਸ੍ਰਿਸ਼ਟ ਸਬਾਈ ਦਏ ਸਮਝਾਈਆ । ਗੁਰਮੁਖ ਨਾਉਂ ਸਚ ਤਰਾਨਾ, ਤਰ੍ਹਾ ਤਰ੍ਹਾ ਸਮਝਾਈਆ । ਗੁਰਮੁਖ ਨਾਉਂ ਵਡ ਮਰਦਾਨਾ, ਮਰਦਾਨਗੀ ਇਕ ਕਮਾਈਆ । ਗੁਰਮੁਖ ਨਾਉਂ ਪਰਗਟ ਹੋਏ ਜੀਵ ਜਗਤ ਜਹਾਨਾ, ਜੀਵਣ ਜੁਗਤ ਸਰਬ ਸਮਝਾਈਆ । ਗੁਰਮੁਖ ਨਾਉਂ ਮੇਲ ਮਿਲਾਏ ਸ੍ਰੀ

ਭਗਵਾਨਾ, ਭਗਵਨ ਆਪਣਾ ਰੰਗ ਰੰਗਾਈਆ । ਗੁਰਮੁਖ ਨਾਉਂ ਮੇਟ ਮਿਟਾਏ ਆਵਣ ਜਾਣਾ, ਜਨਮ ਮਰਨ ਗੇੜ ਚੁਕਾਈਆ । ਗੁਰਮੁਖ ਨਾਉਂ ਜੀਵ ਜੰਤ ਜੁਗ ਜੁਗ ਗਾਣਾ, ਗਾ ਗਾ ਸ਼ੁਕਰ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਆਪਣਾ ਵਰ, ਸੋ ਗੁਰਮੁਖ ਔਤ ਲੋਕਮਾਤ ਨਾ ਜਾਈਆ । ਗੁਰਮੁਖ ਨਾਉਂ ਜਗਤ ਸਚ, ਸਚ ਸਚ ਦ੍ਰਿੜਾਇੰਦਾ । ਗੁਰਮੁਖ ਨਾਉਂ ਘਰ ਘਰ ਪਏ ਨੱਚ, ਬਣ ਸਵਾਂਗੀ ਸਵਾਂਗ ਵਟਾਇੰਦਾ । ਗੁਰਮੁਖ ਨਾਉਂ ਅੰਮ੍ਰਿਤ ਆਤਮ ਦੇਵੇ ਰਸ, ਰਸ ਇਕੋ ਇਕ ਪਿਆਇੰਦਾ । ਗੁਰਮੁਖ ਨਾਉਂ ਹਿਰਦੇ ਜਾਏ ਵਸ, ਹਰਿ ਹਰਿ ਕਾ ਰੂਪ ਵਖਾਇੰਦਾ । ਗੁਰਮੁਖ ਨਾਉਂ ਕਰੇ ਪਰਕਾਸ਼ ਲਟ ਲਟ, ਅਗਿਆਨ ਅੰਧੇਰ ਮੁਕਾਇੰਦਾ । ਗੁਰਮੁਖ ਨਾਉਂ ਵਿਕੇ ਨਾ ਕਿਸੇ ਹੱਟ, ਕਰਤਾ ਕੀਮਤ ਆਪੇ ਪਾਇੰਦਾ । ਗੁਰਮੁਖ ਨਾਉਂ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜੁਗ ਚੌਕੜੀ ਆਪ ਪਰਗਟਾਇੰਦਾ । ਗੁਰਮੁਖ ਨਾਉਂ ਗਹਿਰ ਗੰਭੀਰ, ਨੇਤਰ ਨਜ਼ਰ ਕਿਸੇ ਨਾ ਆਈਆ । ਗੁਰਮੁਖ ਨਾਉਂ ਠਾਂਡਾ ਸੀਰ, ਅੰਮ੍ਰਿਤ ਧਾਰ ਵਹਾਈਆ । ਗੁਰਮੁਖ ਨਾਉਂ ਕੱਟੇ ਹਉਮੇਂ ਪੀੜ, ਦੂਈ ਜਗਤ ਮਿਟਾਈਆ । ਗੁਰਮੁਖ ਨਾਉਂ ਤੋੜੇ ਸ਼ਰਅ ਜ਼ੰਜੀਰ, ਸ਼ਰੀਅਤ ਕੋਇ ਰਹਿਣ ਨਾ ਪਾਈਆ । ਗੁਰਮੁਖ ਨਾਉਂ ਸਚ ਤਸਵੀਰ, ਦਰ ਦਰ ਘਰ ਘਰ ਨਜ਼ਰੀ ਆਈਆ । ਗੁਰਮੁਖ ਨਾਉਂ ਬੇਨਜ਼ੀਰ, ਸਿਫ਼ਤੀ ਸਿਫ਼ਤ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖ ਨਾਉਂ ਸਦਾ ਸਦਾ ਜਗਤ ਧਰਾਈਆ । ਗੁਰਮੁਖ ਨਾਉਂ ਸਦਾ ਜਗ, ਜਗਤ ਜੁਗਤ ਜਣਾਇੰਦਾ । ਗੁਰਮੁਖ ਨਾਉਂ ਸੂਰਾ ਸਰਬੱਗ, ਸੂਰਬੀਰ ਵਖਾਇੰਦਾ । ਗੁਰਮੁਖ ਨਾਉਂ ਜਗਤ ਕਿਨਾਰਾ ਕਰ ਕਰ ਪਾਰ ਹੱਦ, ਸਾਚਾ ਮੰਦਰ ਇਕ ਸੁਹਾਇੰਦਾ । ਗੁਰਮੁਖ ਨਾਉਂ ਅੰਮ੍ਰਿਤ ਰਸ ਮਧ, ਸਬਰ ਪਿਆਲਾ ਇਕ ਪਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਸਿਖ ਨਾਉਂ ਸਦਾ ਸਦਾ ਸਦ ਜਗਤ ਵਿਚ ਪਰਗਟਾਇੰਦਾ ।

## ❇ ੨੬ ਮਾਘ ੨੦੧੯ ਬਿਕ੍ਰਮੀ ਜਗੀਰ ਸਿੰਘ ਦੇ ਗ੍ਰਿਹਿ ਪਿੰਡ ਸਭਰਾਂ ਜ਼ਿਲਾ ਅੰਮ੍ਰਿਤਸਰ ❇

ਸੋ ਪੁਰਖ ਸਚ ਸੁਲਤਾਨਾ, ਸਤਿ ਸਤਿਵਾਦੀ ਖੇਲ ਕਰਾਇੰਦਾ । ਹਰਿ ਪੁਰਖ ਨਿਰੰਜਣ ਖੇਲ ਮਹਾਨਾ, ਭੇਵ ਅਭੇਦ ਕੋਈ ਨਾ ਪਾਇੰਦਾ । ਏਕੰਕਾਰਾ ਨੌਜਵਾਨਾ, ਰੂਪ ਰੰਗ ਰੇਖ ਨਾ ਕੋਈ ਰਖਾਇੰਦਾ । ਆਦਿ ਨਿਰੰਜਣ ਵਡ ਬਲਵਾਨਾ, ਬਲ ਆਪਣਾ ਆਪ ਜਣਾਇੰਦਾ । ਸ੍ਰੀ ਭਗਵਾਨ ਸਚ ਨਿਸ਼ਾਨਾ, ਦਰਗਹਿ ਸਾਚੀ ਇਕ ਝੁਲਾਇੰਦਾ । ਅਬਿਨਾਸ਼ੀ ਕਰਤਾ ਵਸਣਹਾਰਾ ਅਟਲ ਮਕਾਨਾ, ਸੋਭਾਵੰਤ ਸੋਭਾ ਪਾਇੰਦਾ । ਪਾਰਬ੍ਰਹਮ ਕਰ ਧਿਆਨਾ, ਧਿਆਨ ਆਪਣੇ ਵਿਚ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਪਰਵਰਦਿਗਾਰ, ਹਰਿ ਕਰਤਾ ਆਪ ਕਰਾਈਆ । ਵਸਣਹਾਰਾ ਧਾਮ ਨਿਆਰ, ਮਹੱਲ ਅਟੱਲ ਸੋਭਾ ਪਾਈਆ । ਆਦਿ ਜੁਗਾਦੀ ਸਾਂਝਾ ਯਾਰ, ਰਹਿਬਰ ਇਕੋ ਨੂਰ ਖ਼ੁਦਾਈਆ । ਲੇਖਾ ਜਾਣੇ ਧੁਰ ਦਰਬਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਈਆ । ਭੇਵ ਅਭੇਦ ਖੋਲ੍ਹਣਹਾਰਾ, ਅਲੱਖ ਅਗੋਚਰ ਵਡ ਵਡਿਆਈਆ । ਸ਼ਾਹ ਪਾਤਸ਼ਾਹ ਸਚ ਸਿਕਦਾਰਾ, ਸਚਖੰਡ ਸੋਭਾ ਪਾਈਆ ।

ਨਿਰਗੁਣ ਨੂਰ ਜੋਤ ਉਜਿਆਰਾ, ਬੇਅੰਤ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪਣੇ ਹੱਥ ਰਖਾਈਆ । ਆਪਣੀ ਕਰਨੀ ਕਰਨੇ ਯੋਗ, ਖ਼ਾਲਕ ਖ਼ਲਕ ਵੇਖ ਵਖਾਇੰਦਾ । ਜਣਾਵਣਹਾਰਾ ਧੁਰ ਸੰਜੋਗ, ਸਤਿ ਸੰਜੋਗੀ ਆਪ ਅਖਵਾਇੰਦਾ । ਵੇਖਣਹਾਰਾ ਲੋਕ ਪਰਲੋਕ, ਬ੍ਰਹਿਮੰਡ ਖੰਡ ਖੋਜ ਖੁਜਾਇੰਦਾ । ਸੁਣਾਵਣਹਾਰਾ ਸਚ ਸਲੋਕ, ਨਾਉਂ ਨਿਰੰਕਾਰਾ ਆਪ ਪੜ੍ਹਾਇੰਦਾ । ਵਸਾਵਣਹਾਰਾ ਸਾਚਾ ਕੋਟ, ਸਚ ਦਵਾਰਾ ਸੋਭਾ ਪਾਇੰਦਾ । ਲਗਾਵਣਹਾਰਾ ਨਗਾਰਾ ਚੋਟ, ਨਾਮ ਡੰਕਾ ਇਕ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਇੰਦਾ । ਸਾਚਾ ਹੁਕਮ ਆਦਿ ਅੰਤ, ਬੇਅੰਤ ਆਪ ਵਰਤਾਈਆ । ਖੇਲੇ ਖੇਲ ਜੁਗਾ ਜੁਗੰਤ, ਜੁਗ ਚੌਕੜੀ ਪੰਧ ਮੁਕਾਈਆ । ਨਾਮ ਨਿਧਾਨ ਜਣਾਏ ਮਹਿਮਾ ਅਗਣਤ, ਲੇਖਾ ਲਿਖਤ ਵਿਚ ਨਾ ਆਈਆ । ਲੱਖ ਚੁਰਾਸੀ ਵੇਖਣਹਾਰਾ ਜੀਵ ਜੰਤ, ਸਾਧ ਸੰਤ ਫੋਲ ਫੁਲਾਈਆ । ਪਾਵਣਹਾਰ ਮਾਇਆ ਬੇਅੰਤ, ਤ੍ਰੈਗੁਣ ਪਰਦਾ ਇਕ ਜਣਾਈਆ । ਤੋੜਨਹਾਰਾ ਗੜ੍ਹ ਹਉਮੇਂ ਹੰਗਤ, ਹੰ ਬ੍ਰਹਮ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਰਚਾਈਆ । ਜੁਗ ਜੁਗ ਖੇਲ ਕਰੇ ਕਰਤਾਰਾ, ਕਰਨੀ ਆਪਣੇ ਹੱਥ ਰਖਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨੌਂ ਸੌ ਚੁਰਾਨਵੇ ਚੌਕੜੀ ਜੁਗ ਵਰਤੇ ਵਾਰੋ ਵਾਰਾ, ਰੂਪ ਅਨੂਪ ਆਪ ਵਟਾਇੰਦਾ । ਸ਼ਬਦ ਅਗੰਮੀ ਬੋਲ ਜੈਕਾਰਾ, ਨਾਦ ਅਨਾਦੀ ਬ੍ਰਹਮ ਪਾਰਬ੍ਰਹਮ ਆਪ ਸੁਣਾਇੰਦਾ । ਵਸਣਹਾਰਾ ਸਚਖੰਡ ਦਵਾਰਾ, ਥਿਰ ਘਰ ਆਪਣਾ ਚਰਨ ਛੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪਣੇ ਹੱਥ ਰਖਾਇੰਦਾ । ਭੇਵ ਅਭੇਦਾ ਰੱਖੇ ਹੱਥ, ਸੋ ਪੁਰਖ ਨਿਰੰਜਣ ਵਡ ਵਡਿਆਈਆ । ਨਿਰਗੁਣ ਨਿਰਗੁਣ ਚਲਾਏ ਰਥ, ਬਣ ਰਥਵਾਹੀ ਸੇਵ ਕਮਾਈਆ । ਸਦਾ ਸੁਹੇਲਾ ਮਾਰਗ ਦੱਸ, ਨਿਸ਼ਅੱਖਰ ਕਰੇ ਪੜ੍ਹਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪੇ ਵਸ, ਗਗਨ ਗਗਨੰਤਰ ਜੋਤੀ ਜੋਤ ਡਗਮਗਾਈਆ । ਦੇਵੇ ਪਰਕਾਸ਼ ਰਵ ਸਸ, ਕਿਰਨ ਕਿਰਨ ਕਿਰਨ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਵਖਾਈਆ । ਸਾਚਾ ਖੇਲ ਆਦਿ ਜੁਗਾਦਿ, ਜੁਗ ਕਰਤਾ ਆਪ ਕਰਾਇੰਦਾ । ਸਤਿ ਸਤਿ ਵਜਾਏ ਨਾਦ, ਬ੍ਰਹਮ ਬ੍ਰਹਮ ਜਣਾਇੰਦਾ । ਦੇਵਣਹਾਰਾ ਦਾਦ, ਆਤਮ ਪਰਮਾਤਮ ਝੋਲੀ ਆਪ ਭਰਾਇੰਦਾ । ਲੱਖ ਚੁਰਾਸੀ ਸਾਜਣ ਸਾਜ, ਨਿਰਗੁਣ ਸਰਗੁਣ ਖੋਜ ਖੁਜਾਇੰਦਾ । ਨਿਰਵੈਰ ਪੁਰਖ ਚਲਾਏ ਜਹਾਜ਼, ਭਾਰ ਆਪਣੇ ਕੰਧ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਵੇਖ ਵਖਾਇੰਦਾ । ਜੁਗ ਚੌਕੜੀ ਵੇਖਣਹਾਰਾ, ਨਿਰਗੁਣ ਦਾਤਾ ਵਡ ਵਡਿਆਈਆ । ਸਰਗੁਣ ਖੇਲ ਕਰੇ ਅਪਾਰਾ, ਅਪਰੰਪਰ ਆਪਣਾ ਰਾਹ ਚਲਾਈਆ । ਆਤਮ ਪਰਮਾਤਮ ਦੇ ਸਹਾਰਾ, ਸਾਚੀ ਸਿਖਿਆ ਇਕ ਪੜ੍ਹਾਈਆ । ਸ਼ਬਦ ਗੁਰੂ ਕਰ ਬਲਕਾਰਾ, ਬਲ ਇਕੋ ਇਕ ਵਡਿਆਈਆ । ਨਾਉਂ ਧਰ ਗੁਰੂ ਅਵਤਾਰਾ, ਲੋਕਮਾਤ ਵੇਖ ਵਖਾਈਆ । ਪੰਜ ਤੱਤ ਦਏ ਸਹਾਰਾ, ਤੱਤਵ ਇਕੋ ਇਕ ਜਣਾਈਆ । ਕਾਗਦ ਕਲਮ ਨਾ ਲਿਖਣਹਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਕਰੇ ਕਰਤਾਰ, ਕੁਦਰਤ ਕਾਦਰ ਵੇਖ ਵਖਾਇੰਦਾ । ਲੇਖਾ ਜਾਣ ਪੀਰ ਪੈਗ਼ੰਬਰ ਗੁਰ ਅਵਤਾਰ, ਭਗਤ ਭਗਵਾਨ ਆਪ ਉਠਾਇੰਦਾ । ਸਾਚੇ ਸੰਤਾਂ ਦੇ ਹੁਲਾਰ, ਹਰਿ ਮੰਦਰ ਇਕ ਜਣਾਇੰਦਾ । ਗੁਰਮੁਖਾਂ ਖੋਲ੍ਹ ਕਵਾੜ, ਬੰਦ ਤਾਕੀ


੬੯੪
੧੩

ਕੁੰਡਾ ਲਾਹਿੰਦਾ । ਗੁਰਸਿਖਾਂ ਚਲੇ ਨਾਲ ਨਾਲ, ਅੰਦਰ ਬਾਹਰ ਸਗਲਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਖੇਲ ਰਚਾਇੰਦਾ । ਜੁਗ ਜੁਗ ਖੇਲ ਪੈਗ਼ੰਬਰ ਪੀਰ, ਮੁਰਸ਼ਦ ਆਪਣੀ ਧਾਰ ਚਲਾਈਆ । ਖੇਲੇ ਖੇਲ ਬੇਨਜ਼ੀਰ, ਨਜ਼ਰ ਕਿਸੇ ਨਾ ਆਈਆ । ਮੁਕਾਮੇ ਹੱਕ ਚੋਟੀ ਚੜ੍ਹ ਅਖ਼ੀਰ, ਕਲਮਾ ਨਬੀ ਇਕ ਪੜ੍ਹਾਈਆ । ਲਾਸ਼ਰੀਕ ਸਚ ਤਸਵੀਰ, ਨੂਰੋ ਨੂਰ ਨੂਰ ਰੁਸ਼ਨਾਈਆ । ਲੇਖਾ ਜਾਣੇ ਸ਼ਾਹ ਹਕੀਰ, ਸ਼ਹਿਨਸ਼ਾਹ ਦਾਤਾ ਬੇਪਰਵਾਹੀਆ । ਪਾਵਣਹਾਰਾ ਸ਼ਰਅ ਜ਼ੰਜੀਰ, ਸ਼ਰੀਅਤ ਲੇਖਾ ਵੰਡ ਵੰਡਾਈਆ । ਬਦਲਣਹਾਰਾ ਆਪ ਤਕਦੀਰ, ਤਕਸੀਰ ਸਭ ਦੀ ਵੇਖ ਵਖਾਈਆ । ਦਾਤਾ ਦਾਨੀ ਗੁਣੀ ਗਹੀਰ, ਗਹਿਰ ਗਵਰ ਵੱਡੀ ਵਡਿਆਈਆ । ਕਲਜੁਗ ਅੰਤਮ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪਣੇ ਹੱਥ ਰਖਾਈਆ । ਕਲਜੁਗ ਅੰਤਮ ਹੱਥ ਰੱਖੇ ਲੇਖਾ, ਦੂਜਾ ਸੰਗ ਨਾ ਕੋਇ ਰਖਾਇੰਦਾ । ਲੋਕ ਪਰਲੋਕ ਅਵਣ ਗਵਣ ਤ੍ਰੈਭਵਣ ਚੌਦਾਂ ਤਬਕ ਆਪੇ ਵੇਖਾ, ਨਿਜ ਨੇਤਰ ਆਪ ਖੁਲ੍ਹਾਇੰਦਾ । ਲੇਖਾ ਜਾਣੇ ਔਲੀਆ ਪੀਰ ਸ਼ੇਖ਼ਾ, ਦਸਤਗੀਰ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਲ ਆਪ ਧਰਾਇੰਦਾ । ਕਲਜੁਗ ਅੰਤਮ ਧਰ ਹਰਿ ਕਲ ਅਕਲ ਕਲਾ ਅਖਵਾਈਆ । ਨਿਰਗੁਣ ਨਿਰਵੈਰ ਅਛਲ ਅਛੱਲ, ਵਲ ਛਲ ਧਾਰੀ ਭੇਵ ਕੋਇ ਨਾ ਪਾਈਆ । ਵਸਣਹਾਰਾ ਨਿਹਚਲ ਧਾਮ ਅਟੱਲ, ਜੋਤੀ ਜੋਤ ਜੋਤ ਰੁਸ਼ਨਾਈਆ । ਆਦਿ ਜੁਗਾਦਿ ਜੁਗ ਜੁਗ ਗੁਰ ਅਵਤਾਰ ਪੀਰ ਪੈਗ਼ੰਬਰ ਨਾਮ ਸੰਦੇਸ਼ ਜੋ ਰਿਹਾ ਘੱਲ, ਕਲਮਾ ਨਬੀ ਰਸੂਲ ਪੜ੍ਹਾਈਆ । ਵਸਣਹਾਰਾ ਜਲ ਥਲ, ਮਹੀਅਲ ਆਪਣਾ ਡੇਰਾ ਲਾਈਆ । ਜੰਗਲ ਜੂਹ ਉਜਾੜ ਪਹਾੜ ਪਰਬਤ ਚੋਟੀ ਬੈਠਾ ਮੱਲ, ਸਮੁੰਦ ਸਾਗਰ ਖੋਜ ਖੁਜਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦੂਈ ਦਵੈਤੀ ਮੇਟਣਹਾਰਾ ਸੱਲ, ਪੱਟੀ ਇਕੋ ਨਾਮ ਪੜ੍ਹਾਈਆ । ਜੋਤੀ ਨੂਰ ਨੂਰ ਪਰਕਾਸ਼ ਸਾਚਾ ਦੀਪਕ ਗਿਆ ਬਲ, ਤੇਲ ਬਾਤੀ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਕਰੇ ਖੇਲ ਬੇਪਰਵਾਹ, ਪਰਵਰਦਿਗਾਰ ਆਪਣੀ ਦਇਆ ਕਮਾਇੰਦਾ । ਦੇਵਣਹਾਰਾ ਸਚ ਸਲਾਹ, ਸਲਾਹਗੀਰ ਇਕ ਹੋ ਆਇੰਦਾ । ਦੋ ਜਹਾਨਾਂ ਬਣੇ ਮਲਾਹ, ਖੇਵਟ ਖੇਟਾ ਰੂਪ ਵਟਾਇੰਦਾ । ਬ੍ਰਹਿਮੰਡ ਖੰਡ ਲੋਅ ਪੁਰੀ ਲਏ ਜਗਾ, ਨੇਤਰ ਅੱਖ ਸਰਬ ਖੁਲਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਲਏ ਉਠਾ, ਸੋਇਆ ਕੋਇ ਰਹਿਣ ਨਾ ਪਾਇੰਦਾ । ਗੁਰ ਅਵਤਾਰ ਦਰ ਲਏ ਮੰਗਾ, ਨਾਮ ਸਨੇਹੁੜਾ ਇਕ ਘਲਾਇੰਦਾ । ਪੀਰ ਪੈਗ਼ੰਬਰ ਦਏ ਹਲਾ, ਹੁਜਰਾ ਸਭ ਦਾ ਖੋਜ ਖੁਜਾਇੰਦਾ । ਇਕੋ ਡੰਕਾ ਦਏ ਵਜਾ, ਡੰਕਾ ਆਪਣੇ ਹੱਥ ਰਖਾਇੰਦਾ । ਸਚ ਦਵਾਰ ਏਕਾ ਦਏ ਸੁਹਾ, ਬੇਅੰਤ ਬੇਅੰਤ ਬੇਅੰਤ ਨਜ਼ਰੀ ਆਏ ਇਕ ਖ਼ੁਦਾ, ਖ਼ੁਦੀ ਸਭ ਦੀ ਮੇਟ ਮਿਟਾਇੰਦਾ । ਜੁਗ ਚੌਕੜੀ ਗੁਰ ਅਵਤਾਰ ਜੋ ਕੀਤੇ ਜੁਦਾ, ਅੰਤਮ ਆਪਣਾ ਜੁਜ਼ ਬਣਾਇੰਦਾ । ਇਕੋ ਮਾਰਗ ਦੱਸੇ ਸਿਧਾ, ਦੀਨ ਮਜ਼੍ਹਬ ਨਾ ਕੋਇ ਰਖਾਇੰਦਾ । ਤੀਰ ਨਿਸ਼ਾਨਾ ਮਾਰ ਦੋ ਜਹਾਨ ਵਿਧਾ, ਆਰ ਪਾਰ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਮਾਇੰਦਾ । ਆਪਣੀ ਕਰਨੀ ਕਰੇ ਆਪ, ਹਰਿ ਕਰਤਾ ਵਡ ਵਡਿਆਈਆ । ਆਦਿ ਜੁਗਾਦਿ ਦੇਵਣਹਾਰਾ ਜਾਪ, ਸਾਚਾ ਨਾਉਂ ਇਕ ਦ੍ਰਿੜਾਈਆ । ਉਤਾਰਨਹਾਰਾ ਕੋਟਨ ਕੋਟ ਪਾਪ, ਪਤਤ ਪਾਪੀ ਪਾਰ ਕਰਾਈਆ । ਜਿਸ ਨੂੰ ਈਸਾ ਕਹੇ ਬਾਪ, ਨੇਤਰ ਨੈਣ ਧਿਆਨ ਲਗਾਈਆ । ਸੋ ਵੇਖੇ ਖੇਲ ਤਮਾਸ਼, ਖ਼ਾਲਕ ਖ਼ਲਕ ਰੂਪ ਵਟਾਈਆ ।

੬੯੫
੧੩

ਜਿਸ ਦੀ ਮੁਹੰਮਦ ਰੱਖੀ ਆਸ, ਅਮਾਮ ਅਮਾਮਾਂ ਫੇਰਾ ਪਾਈਆ । ਮਿਹਰਵਾਨ ਬੁਝਾਏ ਤ੍ਰਿਸਨਾ ਪਿਆਸ, ਅਗਨੀ ਅੱਗ ਨਾ ਕੋਇ ਵਖਾਈਆ । ਲੇਖਾ ਜਾਣੇ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਖੋਜ ਖੁਜਾਈਆ । ਮੰਡਲ ਮੰਡਪ ਪਾਵੇ ਰਾਸ, ਗੋਪੀ ਕਾਹਨ ਨਾਚ ਨਚਾਈਆ । ਗੁਰ ਅਵਤਾਰਾਂ ਦੇਵੇ ਸਾਥ, ਸਗਲਾ ਸੰਗ ਆਪ ਨਿਭਾਈਆ । ਭਗਤ ਭਗਵਾਨ ਪੜ੍ਹਾਏ ਗਾਥ, ਢੋਲਾ ਇਕੋ ਇਕ ਜਣਾਈਆ । ਸਰਬ ਕਲਾ ਬਣ ਸਮਰਾਥ, ਪੁਰਖ ਅਬਿਨਾਸ਼ੀ ਫੇਰਾ ਪਾਈਆ । ਆਪੇ ਬੈਠਾ ਸਾਚੇ ਪੱਤਣ ਤਾਟ, ਘਾਟ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਜੋਤ ਜੋਤ ਰੁਸ਼ਨਾਈਆ । ਨਿਰਗੁਣ ਜੋਤੀ ਨਿਰਗੁਣ ਜਾਤਾ, ਨੂਰੋ ਨੂਰ ਡਗਮਗਾਇੰਦਾ । ਨਿਰਗੁਣ ਨੂਰ ਪੁਰਖ ਬਿਧਾਤਾ, ਬੇਪਰਵਾਹ ਫੇਰਾ ਪਾਇੰਦਾ । ਨਿਰਗੁਣ ਵੇਖੇ ਖੇਲ ਤਮਾਸ਼ਾ, ਸਰਗੁਣ ਨਜ਼ਰ ਕੋਇ ਨਾ ਆਇੰਦਾ । ਨਿਰਗੁਣ ਨਿਰਗੁਣ ਪੂਰੀ ਕਰੇ ਆਸਾ, ਨਾਨਕ ਗੋਬਿੰਦ ਮੇਲ ਮਿਲਾਇੰਦਾ । ਨਿਰਗੁਣ ਨਿਰਗੁਣ ਖੋਲ੍ਹੇ ਸਚ ਖ਼ੁਲਾਸਾ, ਭੇਵ ਅਭੇਦਾ ਆਪ ਜਣਾਇੰਦਾ । ਨਿਰਗੁਣ ਨਿਰਗੁਣ ਲੇਖਾ ਜਾਣੇ ਪ੍ਰਿਥਮੀ ਆਕਾਸ਼ਾ, ਆਕਾਸ਼ ਆਕਾਸ਼ਾ ਚਰਨਾਂ ਹੇਠ ਦਬਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਵੇਸ ਅਵੱਲਾ ਆਪ ਵਟਾਇੰਦਾ । ਆਪੇ ਧਾਰੇ ਵੇਸ ਅਵੱਲਾ, ਅਵਲ ਆਪਣਾ ਨਾਮ ਜਣਾਈਆ । ਆਦਿ ਜੁਗਾਦੀ ਇਕ ਇਕੱਲਾ, ਨਿਰਗੁਣ ਦਾਤਾ ਵਡ ਵਡਿਆਈਆ । ਸਚ ਸੰਦੇਸਾ ਨੌਂ ਖੰਡ ਪ੍ਰਿਥਮੀ ਸੱਤ ਦੀਪ ਘੱਲਾ, ਅੱਖਰ ਵੱਖਰ ਕਰੇ ਪੜ੍ਹਾਈਆ । ਸ਼ਬਦ ਨਿਰਾਲਾ ਤੀਰ ਫੜੇ ਇਕੋ ਭੱਲਾ, ਚਾਰ ਕੁੰਟ ਕੁੰਟ ਜਗਾਈਆ । ਬੋਲਣਹਾਰਾ ਸਾਚਾ ਹੱਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਹੱਲ ਅਟੱਲ ਇਕ ਰੁਸ਼ਨਾਈਆ । ਮਹੱਲ ਅਟੱਲ ਸੋਹੇ ਬੰਕ, ਬੰਕ ਦਵਾਰੀ ਆਪ ਸੁਹਾਇੰਦਾ । ਵੇਸ ਵਟਾਏ ਸ੍ਰੀ ਭਗਵੰਤ, ਭਗਵਨ ਆਪਣਾ ਰਾਹ ਜਣਾਇੰਦਾ । ਸ਼ਬਦ ਜਣਾਏ ਮਹਿਮਾ ਅਗਣਤ, ਬੋਧ ਅਗਾਧ ਆਪ ਪੜ੍ਹਾਇੰਦਾ । ਕਲਜੁਗ ਵੇਖੇ ਅੰਤਮ ਅੰਤ, ਅੰਤ ਆਪਣਾ ਫੇਰਾ ਪਾਇੰਦਾ । ਲੱਖ ਚੁਰਾਸੀ ਬਣ ਕੰਤ, ਸਰਗੁਣ ਸਾਚੀ ਸੇਜ ਹੰਢਾਇੰਦਾ । ਆਤਮ ਪਰਮਾਤਮ ਜਪਾਵਣਹਾਰਾ ਨਾਮ ਮੰਤ, ਮੰਤਰ ਇਕੋ ਇਕ ਦਰਸਾਇੰਦਾ । ਹਰਿ ਕਾ ਭੇਵ ਨਾ ਜਾਣੇ ਕੋਈ ਪੰਡਤ, ਪੜ੍ਹਿਆਂ ਹੱਥ ਕਿਸੇ ਨਾ ਆਇੰਦਾ । ਵਸਣਹਾਰਾ ਜੇਰਜ ਅੰਡਤ, ਉਤਭੁਜ ਸੇਹਜ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਅੰਤਮ ਵੇਖ ਵਖਾਇੰਦਾ । ਕਲਜੁਗ ਅੰਤਮ ਵੇਖ ਵਖਾਵੇਗਾ । ਪਰਵਰਦਿਗਾਰ ਨੂਰ ਧਰਾਵੇਗਾ । ਜ਼ਾਹਰ ਜ਼ਹੂਰ ਨਜ਼ਰੀ ਆਵੇਗਾ । ਪੀਰ ਪੈਗ਼ੰਬਰ ਫੜ ਉਠਾਵੇਗਾ । ਨੇਤਰ ਨੈਣ ਖੁਲ੍ਹਾਵੇਗਾ । ਪਰਦਾ ਦਰ ਉਠਾਵੇਗਾ । ਡਰਦਾ ਡਰਦਾ ਸਰਬ ਸੀਸ ਝੁਕਾਵੇਗਾ । ਹਰਿ ਜੂ ਇਕੋ ਰਾਗ ਸੁਣਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਆਪਣਾ ਖੇਲ ਕਰਾਵੇਗਾ । ਆਪਣਾ ਖੇਲ ਕਰੇਗਾ । ਨਿਰਭੌ ਕਦੇ ਨਾ ਡਰੇਗਾ । ਸਚਖੰਡ ਦਵਾਰੇ ਚੜ੍ਹੇਗਾ । ਗੁਰ ਅਵਤਾਰ ਪੀਰ ਪੈਗ਼ੰਬਰ ਫੜੇਗਾ । ਦੋ ਜਹਾਨਾਂ ਆਪੇ ਲੜੇਗਾ । ਨਾ ਜੀਵੇਗਾ ਨਾ ਮਰੇਗਾ । ਆਪਣੀ ਕਰਨੀ ਸਾਚੀ ਕਰੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਧਾਮ ਆਪੇ ਖੜੇਗਾ । ਆਪਣਾ ਧਾਮ ਸੁਹਾਏਗਾ । ਸਚਖੰਡ ਦਵਾਰੇ ਡਗਮਗਾਏਗਾ । ਥਿਰ ਘਰ ਆਪਣਾ ਕੁੰਡਾ ਲਾਹੇਗਾ । ਸ਼ਬਦੀ ਸੁਤ ਉਠਾਏਗਾ । ਏਕਾ ਹੁਕਮ ਜਣਾਏਗਾ । ਸਿਰ ਆਪਣਾ ਹੱਥ ਟਿਕਾਏਗਾ । ਫੜ ਬਾਂਹੋਂ ਰਾਹੇ

ਪਾਏਗਾ । ਵਿਸ਼ਨੂੰ ਅੱਖ ਖੁਲ੍ਹਾਏਗਾ । ਬ੍ਰਹਮਾ ਨੈਣਾਂ ਨੀਰ ਵਹਾਏਗਾ । ਸ਼ੰਕਰ ਧੂੜੀ ਟਿੱਕਾ ਮਸਤਕ ਲਾਏਗਾ । ਕਰੋੜ ਤੇਤੀਸਾ ਨੈਣ ਸ਼ਰਮਾਏਗਾ । ਰਵ ਸਸ ਧਾਰ ਬਦਲਾਏਗਾ । ਤ੍ਰੈਗੁਣ ਮਾਇਆ ਡੇਰਾ ਢਾਹੇਗਾ । ਪੰਜ ਤੱਤ ਖੋਜ ਖੁਜਾਏਗਾ । ਮਨ ਮਤ ਬੁਧ ਆਪ ਸਮਝਾਏਗਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਪਿਛਲੀ ਕੀਤੀ ਆਪ ਵਖਾਏਗਾ । ਅਨਡੀਠੀ ਕਾਰ ਕਮਾਏਗਾ । ਮੰਦਰ ਮਸੀਤੀ ਫੇਰਾ ਪਾਏਗਾ । ਸ਼ਿਵਦਵਾਲੇ ਮੱਠ ਪੰਧ ਮੁਕਾਏਗਾ । ਦੋ ਜਹਾਨਾਂ ਨੱਠ ਨੱਠ, ਲੱਖ ਚੁਰਾਸੀ ਖੋਜ ਖੁਜਾਏਗਾ । ਵੇਖਣਹਾਰਾ ਤੀਰਥ ਤਟ, ਜਮਨਾ ਸੁਰਸਤੀ ਗੋਦਾਵਰੀ ਗੰਗਾ ਪੰਧ ਮੁਕਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਵਰਤਾਏਗਾ । ਆਪਣਾ ਹੁਕਮ ਵਰਤਾਵਾਂਗਾ । ਗੁਰ ਪੀਰ ਅਵਤਾਰ ਨਾਲ ਮਿਲਾਵਾਂਗਾ । ਕਲਜੁਗ ਅੰਤਮ ਖੇਲ ਖਲਾਵਾਂਗਾ । ਜੋ ਘੜਿਆ ਭੰਨ ਵਖਾਵਾਂਗਾ । ਨਾਮ ਖੰਡਾ ਇਕ ਚਮਕਾਵਾਂਗਾ । ਬ੍ਰਹਿਮੰਡਾਂ ਆਪ ਡਰਾਵਾਂਗਾ । ਵਰਭੰਡਾਂ ਖੇਹ ਉਡਾਵਾਂਗਾ । ਸਾਚਾ ਛੰਦਾ ਇਕੋ ਸੁਣਾਵਾਂਗਾ । ਜਨ ਭਗਤਾਂ ਮੇਲ ਮਿਲਾਵਾਂਗਾ । ਪਰਮਾਨੰਦਾ ਰਸ ਚਖਾਵਾਂਗਾ । ਪਾਪੀ ਗੰਦਾ ਬਾਹਰ ਕਢਾਵਾਂਗਾ । ਗੁਰਸਿਖ ਬੰਦਾ ਆਪ ਬਣਾਵਾਂਗਾ । ਸਤਿਜੁਗ ਚੰਦਾ ਆਪ ਚੜ੍ਹਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਹੁਕਮ ਸੁਣਾਵਾਂਗਾ । ਧੁਰ ਫ਼ਰਮਾਨਾ ਸਚ ਸੰਦੇਸਾ, ਸ੍ਰੀ ਭਗਵਾਨ ਆਪ ਜਣਾਇੰਦਾ । ਨੇਤਰ ਖੋਲ੍ਹੋ ਨਰ ਨਰੇਸ਼ਾ, ਨਰ ਨਰਾਇਣ ਫੇਰਾ ਪਾਇੰਦਾ । ਕਲਜੁਗ ਅੰਤਮ ਬਦਲਣਹਾਰਾ ਭੇਸਾ, ਭੇਖ ਪਖੰਡ ਸਰਬ ਗਵਾਇੰਦਾ । ਦੋ ਜਹਾਨਾਂ ਨਜ਼ਰੀ ਆਏ ਇਕੋ ਨੇਤਾ, ਨਿਤ ਨਵਿਤ ਆਪਣਾ ਰਾਹ ਜਣਾਇੰਦਾ । ਜਨ ਭਗਤਾਂ ਕਰੇ ਸਾਚਾ ਹੇਤਾ, ਬਣ ਹਿਤਕਾਰੀ ਫੇਰਾ ਪਾਇੰਦਾ । ਪੀਰ ਪੈਗ਼ੰਬਰ ਚੌਦਾਂ ਸਦੀਆਂ ਚੌਦਾਂ ਤਬਕ ਖੇਡੀਆਂ ਖੇਡਾਂ, ਪਰਵਰਦਿਗਾਰ ਖਲਾਰੀ ਇਕੋ ਇਕ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸਾ ਇਕ ਸੁਣਾਇੰਦਾ । ਧੁਰ ਸੰਦੇਸਾ ਏਕਾ ਵਾਰ, ਏਕੰਕਾਰ ਜਣਾਈਆ । ਪੀਰ ਪੈਗ਼ੰਬਰ ਆਏ ਦਵਾਰ, ਦਰ ਬੈਠਣ ਸੀਸ ਝੁਕਾਈਆ । ਤੇਰੀ ਕੁਦਰਤ ਤੂੰਹੇ ਜਾਣੇ ਪਰਵਰਦਿਗਾਰ, ਹਉਂ ਬਾਲਕ ਭੇਵ ਨਾ ਰਾਈਆ । ਦਰ ਦਰਵੇਸ਼ ਮੰਗਦੇ ਇਕ ਭਿਖਾਰ, ਖ਼ਾਲੀ ਝੋਲੀ ਅੱਗੇ ਡਾਹੀਆ । ਸਾਡੀ ਹਿੰਮਤ ਗਈ ਹਾਰ, ਤੇਰੇ ਕਲਮੇ ਨਾ ਕੋਇ ਵਡਿਆਈਆ । ਉਲਮਾ ਰਿਹਾ ਨਾ ਕੋਇ ਸੰਸਾਰ, ਆਰਫ਼ ਕਰੇ ਨਾ ਕੋਇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਦਰ ਤੇਰੇ ਸੀਸ ਗਿਆ ਝੁਕ, ਸਯਦਾ ਇਕੋ ਨਜ਼ਰੀ ਆਈਆ । ਸਾਡੇ ਖ਼ਾਲੀ ਹੱਥ ਕੋਲ ਨਹੀਂ ਕੁਛ, ਸ਼ਬਦ ਬਾਣੀ ਕੋਇ ਨਾ ਆਈਆ । ਅਸੀਂ ਉਮਤ ਕੋਲੋਂ ਆਏ ਪੁੱਛ, ਦਰ ਦਰ ਘਰ ਘਰ ਫੇਰਾ ਪਾਈਆ । ਤੇਰੇ ਨਾਲੋਂ ਸਾਰੇ ਗਏ ਰੁੱਸ, ਬੈਠੇ ਮੁਖ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੀ ਇਕ ਰਜ਼ਾਈਆ । ਪੀਰ ਪੈਗ਼ੰਬਰ ਮਾਰਨ ਨਾਅਰਾ, ਨੇਤਰ ਨੈਣਾਂ ਨੀਰ ਵਹਾਇਆ । ਕਲਜੁਗ ਅੰਤਮ ਮਿਲੇ ਨਾ ਕੋਇ ਸਹਾਰਾ, ਚਾਰੇ ਕੁੰਟਾਂ ਸੰਗ ਨਾ ਕੋਇ ਨਿਭਾਇਆ । ਚੌਦਾਂ ਲੋਕ ਚੌਦਾਂ ਤਬਕ ਹੋਇਆ ਧੂਆਂਧਾਰਾ, ਚੌਦਸ ਚੰਦ ਨਾ ਕੋਇ ਚੜ੍ਹਾਈਆ । ਮਿਲਿਆ ਮੇਲ ਨਾ ਮੀਤ ਮੁਰਾਰਾ, ਕਲਜੁਗ ਡੇਰਾ ਸਭ ਦਾ ਢਾਹਿਆ । ਈਸਾ ਮੂਸਾ ਹੋਇਆ ਨਾਕਾਰਾ, ਆਪਣਾ ਬਲ ਨਾ ਕੋਇ ਜਣਾਇਆ । ਅੱਲਾ ਰਾਣੀ ਦਿਸੇ ਨਾ ਕੋਇ ਕਿਨਾਰਾ, ਭੱਜ ਭੱਜ ਆਪਣਾ ਪੰਧ ਮੁਕਾਇਆ । ਨੇਤਰ ਰੋਵੇ ਜ਼ਾਰੋ ਜ਼ਾਰਾ, ਹੱਕ ਮਹਿਬੂਬ ਨਜ਼ਰ ਨਾ ਆਇਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸ਼ਾ ਰਿਹਾ ਜਣਾਇਆ । ਪੀਰ ਪੈਗ਼ੰਬਰ ਤੱਕਣ ਰਾਹ, ਨੇਤਰ ਨੈਣ ਨੈਣ ਉਠਾਈਆ । ਅੰਤਮ ਵੇਲਾ ਗਿਆ ਆ, ਸਾਚਾ ਸੰਗ ਨਾ ਕੋਇ ਨਿਭਾਈਆ । ਜਿਸ ਦੀ ਸਿਫ਼ਤ ਰਹੇ ਗਾ, ਸੋ ਸਿਫ਼ਤ ਸਾਲਾਹੀ ਵੇਖ ਵਖਾਈਆ । ਆਪਣਾ ਖੇਲ ਰਿਹਾ ਰਚਾ, ਰੱਚ ਰੱਚ ਵੇਖੇ ਚਾਈਂ ਚਾਈਂਆ । ਦਰ ਹੁਕਮੇ ਲਏ ਬੁਲਾ, ਸਚ ਸੰਦੇਸਾ ਇਕ ਘਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਇਕ ਵਰਤਾਈਆ । ਪੀਰ ਪੈਗ਼ੰਬਰ ਖੋਲ੍ਹਣ ਅੱਖ, ਨੇਤਰ ਨੈਣ ਉਘਾੜਿਆ । ਨਜ਼ਰੀ ਆਇਆ ਇਕ ਪਰਤੱਖ, ਜ਼ਾਹਰ ਜ਼ਹੂਰ ਪਰਵਰਦਿਗਾਰਿਆ । ਚਰਨ ਕਵਲ ਜਾਇਣ ਢੱਠ, ਦੋਏ ਜੋੜ ਕਰਨ ਨਿਮਸਕਾਰਿਆ । ਜਿਉਂ ਭਾਵੇ ਤਿਉਂ ਲੈਣਾ ਰੱਖ, ਦੂਜਾ ਅਵਰ ਨਾ ਕੋਇ ਸਹਾਰਿਆ । ਚੋਦਾਂ ਤਬਕ ਭਾਂਡੇ ਸੱਖ, ਖ਼ਾਲੀ ਫੇਰ ਨਾ ਕੋਇ ਭਰਾ ਰਿਹਾ । ਚੌਦਾਂ ਸਦੀਆਂ ਤੈਥੋਂ ਰਹੇ ਵੱਖ, ਅਧਵਿਚਕਾਰ ਡੇਰਾ ਲਾ ਲਿਆ । ਕਲਜੁਗ ਅੰਤਮ ਪਰਗਟ ਹੋਇਉਂ ਪੁਰਖ ਸਮਰਥ, ਆਪ ਆਪਣਾ ਵੇਸ ਵਟਾ ਲਿਆ । ਕਰ ਕਿਰਪਾ ਮਾਰਗ ਦੱਸ, ਦੋਏ ਜੋੜ ਵਾਸਤਾ ਗਲ ਪੱਲੂ ਇਕ ਵਖਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਓਟ ਰਖਾ ਲਿਆ । ਦਰ ਤੇਰੇ ਓਟ ਰਖਾਈਆ । ਬੇਪਰਵਾਹ ਤੇਰੀ ਬੇਪਰਵਾਹੀਆ । ਚੌਦਾਂ ਲੋਕ ਪਈ ਦੁਹਾਈਆ । ਕਲਮਾ ਹੱਕ ਨਾ ਕੋਇ ਸੁਣਾਈਆ । ਪੀਰ ਪੈਗ਼ੰਬਰ ਰਹੇ ਕੁਰਲਾਈਆ । ਜਲਵਾ ਇਕੋ ਨੂਰ ਇਲਾਹੀਆ । ਵਸੇਂ ਹਰ ਘਟ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਸੀਸ ਝੁਕਾਈਆ । ਤੇਰਾ ਕਲਮਾ ਕਾਇਨਾਤ, ਦੋ ਜਹਾਨਾਂ ਇਕ ਵਡਿਆਇੰਦਾ । ਤੇਰਾ ਕਲਮਾ ਸਾਖਿਆਤ, ਨਬੀ ਰਸੂਲ ਨਜ਼ਰੀ ਆਇੰਦਾ । ਤੇਰਾ ਕਲਮਾ ਦਏ ਨਜ਼ਾਤ, ਅਮਾਮ ਅਮਾਮਾਂ ਮੇਲ ਮਿਲਾਇੰਦਾ । ਤੇਰਾ ਕਲਮਾ ਦੇਵੇ ਸਾਥ, ਸਗਲਾ ਸੰਗ ਨਿਭਾਇੰਦਾ । ਤੇਰਾ ਕਲਮਾ ਡੂੰਘਾ ਖਾਤ, ਹੱਥ ਕਿਸੇ ਨਾ ਆਇੰਦਾ । ਤੇਰਾ ਕਲਮਾ ਸਾਚੀ ਆਇਤ, ਇਕੋ ਰਾਹ ਜਣਾਇੰਦਾ । ਤੇਰਾ ਕਲਮਾ ਕਦੇ ਨਾ ਪਾਏ ਵਫ਼ਾਤ, ਮਕਬਰੇ ਵਿਚ ਕਦੇ ਨਾ ਆਇੰਦਾ । ਤੇਰਾ ਕਲਮਾ ਲੇਖਾ ਜਾਣੇ ਨਾ ਕਲਮ ਦਵਾਤ, ਕਾਤਬ ਲੇਖ ਨਾ ਕੋਇ ਵਖਾਇੰਦਾ । ਤੇਰਾ ਕਲਮਾ ਦੇਵਣਹਾਰਾ ਹਯਾਤੇ ਆਬ, ਆਬੇ ਹਯਾਤ ਇਕ ਪਿਆਇੰਦਾ । ਤੇਰਾ ਕਲਮਾ ਪੀਰ ਪੈਗ਼ੰਬਰ ਲੈਂਦੇ ਰਹੇ ਖ਼ਵਾਬ, ਆਸ ਆਸਾ ਨਾਲ ਮਿਲਾਇੰਦਾ । ਤੇਰਾ ਕਲਮਾ ਤੇਰਾ ਰੂਪ ਹੱਕ ਜਨਾਬ, ਹਕੀਕਤ ਤੇਰੀ ਵੇਖ ਵਖਾਇੰਦਾ । ਪੀਰ ਪੈਗ਼ੰਬਰ ਤੇਰੇ ਬਰਦੇ ਦਰ ਤੇਰੇ ਕਰਨ ਅਦਾਬ, ਆਪਣਾ ਮਾਣ ਨਾ ਕੋਇ ਰਖਾਇੰਦਾ । ਮਿਹਰਵਾਨ ਮਿਹਰਵਾਨ ਬੇਨਜ਼ੀਰ ਆਪਣੇ ਕਲਮੇ ਦੇ ਜਵਾਬ, ਜੁਮਲਾ ਹੋਰ ਨਜ਼ਰ ਕੋਇ ਨਾ ਆਇੰਦਾ । ਪਰਵਰਦਿਗਾਰ ਸਚ ਜਵਾਬ ਜਣਾਏਗਾ । ਪੀਰ ਪੈਗ਼ੰਬਰਾਂ ਪਿਛਲਾ ਖ਼ਵਾਬ ਪੂਰ ਕਰਾਏਗਾ । ਆਬੇ ਹਯਾਤ ਮਧ ਪਿਆਲਾ ਇਕ ਪਿਆਏਗਾ । ਖ਼ਾਕੀ ਖ਼ਾਕ ਪਾਕੀ ਪਾਕ ਰੂਪ ਵਖਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਏਗਾ । ਆਪਣਾ ਭੇਵ ਜਣਾਵਾਂਗਾ । ਅਗੰਮ ਖੇਲ ਕਰਾਵਾਂਗਾ । ਜੋਤੀ ਨੂਰ ਪਰਗਟਾਵਾਂਗਾ । ਸ਼ਬਦੀ ਡੰਕ ਵਜਾਵਾਂਗਾ । ਪੀਰ ਪੈਗ਼ੰਬਰ ਸਮਝਾਵਾਂਗਾ । ਅਲਫ਼ ਯੇ ਪੰਧ ਮੁਕਾਵਾਂਗਾ । ਨੁਕਤਾ ਨੂਨ ਨਾ ਕੋਇ ਜਣਾਵਾਂਗਾ । ਐਨ ਅੱਖ ਨਾ ਵੰਡ ਵੰਡਾਵਾਂਗਾ । ਪਰਤੱਖ ਧਾਰ ਚਲਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰਾਹ ਦਰਸਾਵਾਂਗਾ । ਸਾਚਾ ਰਾਹ ਦੱਸੇ ਸਚ ਦਲੀਲ, ਸ਼ਾਹ ਸੁਲਤਾਨ ਦਇਆ ਕਮਾਈਆ । ਪੀਰ

੬੯੮ ੧੩

ਪੈਗ਼ੰਬਰ ਅੰਤ ਸੁਣੇ ਨਾ ਕੋਇ ਅਪੀਲ, ਅਪਰੰਪਰ ਆਪਣਾ ਹੁਕਮ ਮਨਾਈਆ । ਦਰਗਹਿ ਸਾਚੀ ਬਿਨ ਖ਼ੁਦਾਵੰਦ ਦਿਸੇ ਨਾ ਕੋਇ ਵਕੀਲ, ਵੁਕਲਾ ਰੂਪ ਨਾ ਕੋਇ ਵਟਾਈਆ । ਪਰਵਰਦਿਗਾਰ ਸਾਂਝਾ ਯਾਰ ਕਲਜੁਗ ਅੰਤਮ ਬਸਤਰ ਪਹਿਰੇ ਨੀਲ, ਛੈਲ ਛਬੀਲਾ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਸਮਝਾਈਆ । ਸਾਚਾ ਹੁਕਮ ਜਣਾਏਗਾ । ਪਿਛਲਾ ਹੁਕਮ ਮਿਟਾਏਗਾ । ਉਲਮਾ ਆਪ ਪੜ੍ਹਾਏਗਾ । ਮਾਰਗ ਇਕੋ ਲਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਕਰ ਵਖਾਏਗਾ । ਸਾਚੀ ਕਰਨੀ ਆਪ ਕਰਾਵੇਗਾ । ਵਿਸ਼ਨੂੰ ਆਪਣੀ ਜੋਤ ਮਿਲਾਵੇਗਾ । ਬ੍ਰਹਮੇ ਪੰਧ ਮੁਕਾਵੇਗਾ । ਸ਼ੰਕਰ ਆਪ ਉਠਾਵੇਗਾ । ਤੇਈ ਅਵਤਾਰਾਂ ਗੋਦ ਬਹਾਵੇਗਾ । ਭਗਤ ਅਠਾਰਾਂ ਚੋਗ ਚੁਗਾਵੇਗਾ । ਈਸਾ ਮੂਸਾ ਮੁਹੰਮਦ ਸੰਜੋਗ ਬਣਾਵੇਗਾ । ਗੁਰ ਦਸ ਅਮੋਘ ਦਰਸ ਕਰਾਵੇਗਾ । ਸਤਿਜੁਗ ਸਾਚਾ ਕਿਲਾ ਕੋਟ ਵਸਾਵੇਗਾ । ਨਾਮ ਨਗਾਰੇ ਚੋਟ ਇਕ ਲਗਾਵੇਗਾ । ਲੱਖ ਚੁਰਾਸੀ ਖੋਟ ਬਾਹਰ ਕਢਾਵੇਗਾ । ਗੁਰਮੁਖ ਆਹਲਣਿਉਂ ਡਿਗੇ ਬੋਟ ਉਠਾਵੇਗਾ । ਨਿਰਗੁਣ ਸਰਗੁਣ ਮੇਲ ਮਿਲਾਵੇਗਾ । ਕੂੜੀ ਕਿਰਿਆ ਮੋਹ ਚੁਕਾਵੇਗਾ । ਸਚਖੰਡ ਦਵਾਰ ਸੁਹਾਵੇਗਾ । ਸੁਰਤੀ ਸ਼ਬਦ ਰੰਗ ਰੰਗਾਵੇਗਾ । ਅਕਾਲ ਮੂਰਤੀ ਨਜ਼ਰੀ ਆਵੇਗਾ । ਨਾਦ ਤੂਰਤ ਇਕ ਸੁਣਾਵੇਗਾ । ਸਚ ਮਹੂਰਤ ਆਪ ਕਰਾਵੇਗਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਇਕੋ ਕਲਮਾ ਆਪ ਸਿਖਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਲਗਾਵੇਗਾ । ਸਾਚਾ ਮਾਰਗ ਇਕੋ ਲੱਗੇਗਾ । ਪੁਰਖ ਅਕਾਲ ਸੂਰਾ ਗੱਜੇਗਾ । ਸਾਚੇ ਤਖ਼ਤ ਬਹਿ ਕੇ ਸਜੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪੇ ਦੱਸੇਗਾ । ਸਾਚੀ ਕਰਨੀ ਦੇਵੇ ਦੱਸ, ਦਹਿ ਦਿਸ਼ਾ ਆਪ ਜਣਾਈਆ । ਕਲਜੁਗ ਖੇੜਾ ਹੋਵੇ ਭੱਠ, ਕੂੜੀ ਕਿਰਿਆ ਮੇਟ ਮਿਟਾਈਆ । ਪਰਗਟ ਹੋ ਪੁਰਖ ਸਮਰਥ, ਸਮਰਥ ਆਪਣਾ ਰਾਹ ਚਲਾਈਆ । ਨਵ ਨੌਂ ਚਾਰ ਪਾਏ ਨੱਥ, ਨਾਮ ਡੋਰੀ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭੇਵ ਅਭੇਦਾ ਆਪ ਖੁਲ੍ਹਾਈਆ । ਆਦਿ ਜੁਗਾਦਿ ਏਕੰਕਾਰ, ਹਰਿ ਅਕਲ ਕਲਾ ਅਖਵਾਇੰਦਾ । ਆਦਿ ਜੁਗਾਦਿ ਠਾਂਡਾ ਦਰਬਾਰ, ਸਚਖੰਡ ਦਵਾਰਾ ਇਕ ਸੁਹਾਇੰਦਾ । ਆਦਿ ਜੁਗਾਦਿ ਥਿਰ ਘਰ ਖੋਲ੍ਹ ਕਵਾੜ, ਮੰਦਰ ਅੰਦਰ ਸੋਭਾ ਪਾਇੰਦਾ । ਆਦਿ ਜੁਗਾਦਿ ਸ਼ਾਹੋ ਭੂਪ ਬਣ ਸਿਕਦਾਰ, ਸ਼ਹਿਨਸ਼ਾਹ ਆਪਣਾ ਨਾਉਂ ਪਰਗਟਾਇੰਦਾ । ਆਦਿ ਜੁਗਾਦਿ ਬੋਲ ਜੈਕਾਰ, ਨਾਉਂ ਨਿਰੰਕਾਰਾ ਆਪ ਅਲਾਇੰਦਾ । ਆਦਿ ਜੁਗਾਦਿ ਸਤਿ ਵਿਹਾਰ, ਬਣ ਬਿਵਹਾਰੀ ਰਾਹ ਚਲਾਇੰਦਾ । ਆਦਿ ਜੁਗਾਦਿ ਵਣਜ ਵਪਾਰ, ਨਿਰਗੁਣ ਆਪਣਾ ਹੱਟ ਖੁਲ੍ਹਾਇੰਦਾ । ਆਦਿ ਜੁਗਾਦਿ ਦੇਵਣਹਾਰ, ਦਾਤਾ ਦਾਨੀ ਦਇਆ ਕਮਾਇੰਦਾ । ਆਦਿ ਜੁਗਾਦਿ ਭਰ ਭੰਡਾਰ, ਹਰਿ ਕਰਤਾ ਵੇਖ ਵਖਾਇੰਦਾ । ਆਦਿ ਜੁਗਾਦਿ ਲਾਏ ਕਾਰ, ਵਿਸ਼ਨ ਬ੍ਰਹਮਾ ਸ਼ਿਵ ਸੇਵ ਕਮਾਇੰਦਾ । ਆਦਿ ਜੁਗਾਦਿ ਪਾਵੇ ਸਾਰ, ਸ਼ਬਦੀ ਸੁਤ ਸੁਤ ਸਲਾਹਿੰਦਾ । ਆਦਿ ਜੁਗਾਦਿ ਕਰ ਉਜਿਆਰ, ਰਵ ਸਸ ਨੂਰ ਧਰਾਇੰਦਾ । ਆਦਿ ਜੁਗਾਦਿ ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਕਰ ਪਸਾਰ, ਪਸਰ ਪਸਾਰੀ ਸੋਭਾ ਪਾਇੰਦਾ । ਆਦਿ ਜੁਗਾਦਿ ਲੱਖ ਚੁਰਾਸੀ ਧਾਰ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਜੋੜ ਜੁੜਾਇੰਦਾ । ਆਦਿ ਜੁਗਾਦਿ ਆਤਮ ਪਰਮਾਤਮ ਵੰਡ ਵੰਡੇ ਨਿਰੰਕਾਰ, ਨਿਰਗੁਣ ਆਪਣਾ ਰਾਹ ਜਣਾਇੰਦਾ । ਆਦਿ ਜੁਗਾਦਿ ਜੁਗ ਜੁਗ ਲਏ ਅਵਤਾਰ, ਗੁਰ ਅਵਤਾਰ


੬੯੯
੧੩

ਨਾਉਂ ਰਖਾਇੰਦਾ । ਆਦਿ ਜੁਗਾਦਿ ਸ਼ਾਸਤਰ ਸਿਮਰਤ ਵੇਦ ਪੁਰਾਨ ਬੋਲ ਜੈਕਾਰ, ਨਾਅਰਾ ਇਕੋ ਇਕ ਸਮਝਾਇੰਦਾ । ਆਦਿ ਜੁਗਾਦਿ ਪੀਰ ਪੈਗ਼ੰਬਰ ਕਰ ਪਿਆਰ, ਕਲਮਾ ਨਬੀ ਇਕ ਪੜ੍ਹਾਇੰਦਾ । ਆਦਿ ਜੁਗਾਦਿ ਵੇਖੇ ਵਿਗਸੇ ਵੇਖਣਹਾਰ, ਰੂਪ ਰੰਗ ਰੇਖ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਰਾਇੰਦਾ । ਆਦਿ ਜੁਗਾਦਿ ਖੇਲ ਅਗੰਮ, ਅਲੱਖ ਅਗੋਚਰ ਆਪ ਕਰਾਈਆ । ਆਦਿ ਜੁਗਾਦਿ ਨਾ ਮਰੇ ਨਾ ਪਏ ਜੰਮ, ਜੀਵਣ ਮਰਨ ਨਾ ਕੋਇ ਵਡਿਆਈਆ । ਆਦਿ ਜੁਗਾਦਿ ਕਰੇ ਕਰਾਏ ਸਾਚਾ ਕੰਮ, ਨਿਹਕਰਮੀ ਕਰਮ ਕਮਾਈਆ । ਆਦਿ ਜੁਗਾਦਿ ਨਿਰਗੁਣ ਜੋਤ ਚਾੜ੍ਹੇ ਚੰਨ, ਜੋਤੀ ਜਾਤਾ ਡਗਮਗਾਈਆ । ਆਦਿ ਜੁਗਾਦਿ ਏਕਾ ਰਾਗ ਸੁਣਾਏ ਕੰਨ, ਰਾਗ ਰਾਗਣੀ ਸਿਫ਼ਤ ਸਾਲਾਹੀਆ । ਆਦਿ ਜੁਗਾਦਿ ਕਰੇ ਵਸੇਰਾ ਬਿਨ ਛੱਪਰ ਛੰਨ, ਚਾਰ ਦੀਵਾਰ ਨਾ ਕੋਇ ਬਣਾਈਆ । ਆਦਿ ਜੁਗਾਦਿ ਜੋ ਘੜਿਆ ਸੋ ਦੇਵੇ ਭੰਨ, ਘੜਨ ਭੰਨਣਹਾਰ ਬੇਪਰਵਾਹੀਆ । ਆਦਿ ਜੁਗਾਦਿ ਨਜ਼ਰ ਨਾ ਆਏ ਨੇਤਰ ਅੰਨ੍ਹ, ਲੱਖ ਚੁਰਾਸੀ ਭਰਮ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਖਲਾਈਆ । ਆਦਿ ਜੁਗਾਦਿ ਪੁਰਖ ਸਮਰਥ, ਸਮਰਥ ਆਪਣਾ ਖੇਲ ਰਚਾਇੰਦਾ । ਆਦਿ ਜੁਗਾਦਿ ਹੋ ਪਰਗਟ, ਨਿਰਗੁਣ ਆਪਣਾ ਨੂਰ ਧਰਾਇੰਦਾ । ਆਦਿ ਜੁਗਾਦਿ ਖੋਲ੍ਹ ਹੱਟ, ਸਚਖੰਡ ਦਵਾਰੇ ਸੋਭਾ ਪਾਇੰਦਾ । ਆਦਿ ਜੁਗਾਦਿ ਪਰਗਟਾਏ ਨਾਮ ਸਤਿ, ਸਤਿ ਸਤਿ ਆਪਣਾ ਆਪ ਬੁਝਾਇੰਦਾ । ਆਦਿ ਜੁਗਾਦਿ ਦੇਵਣਹਾਰ ਬ੍ਰਹਮ ਮਤ, ਬ੍ਰਹਮ ਵਿਦਿਆ ਇਕ ਦ੍ਰਿੜਾਇੰਦਾ । ਆਦਿ ਜੁਗਾਦਿ ਲੇਖੇ ਲਾਵਣਹਾਰਾ ਰੱਤੀ ਰੱਤ, ਰੱਤ ਆਪ ਸੁਕਾਇੰਦਾ । ਆਦਿ ਜੁਗਾਦਿ ਚਰਨ ਕਵਲ ਬੰਧਾਏ ਸਾਚਾ ਨਾਤ, ਨਾਤਾ ਬਿਧਾਤਾ ਜੋੜ ਜੁੜਾਇੰਦਾ । ਆਦਿ ਜੁਗਾਦਿ ਇਕੋ ਜ਼ਾਤ, ਵਰਨ ਬਰਨ ਵੰਡ ਨਾ ਕੋਇ ਵੰਡਾਇੰਦਾ । ਆਦਿ ਜੁਗਾਦਿ ਖੇਲ ਤਮਾਸ਼, ਹਰਿ ਖ਼ਾਲਕ ਆਪਣਾ ਆਪ ਖਲਾਇੰਦਾ । ਆਦਿ ਜੁਗਾਦਿ ਭੋਗ ਬਲਾਸ, ਭਸਮੜ ਭੇਵ ਨਾ ਕੋਇ ਜਣਾਇੰਦਾ । ਆਦਿ ਜੁਗਾਦਿ ਪਾਵੇ ਰਾਸ, ਗੋਪੀ ਕਾਹਨ ਵੰਡ ਵੰਡਾਇੰਦਾ । ਆਦਿ ਜੁਗਾਦਿ ਰਹੇ ਵਿਚ ਪਰਭਾਸ, ਜੰਗਲ ਜੂਹ ਡੇਰਾ ਲਾਇੰਦਾ । ਆਦਿ ਜੁਗਾਦਿ ਗੁਰ ਅਵਤਾਰ ਬਣਾਏ ਆਪਣੀ ਸ਼ਾਖ਼, ਸ਼ਨਾਖ਼ਤ ਆਪਣੀ ਵਿਚ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਇੰਦਾ । ਆਦਿ ਜੁਗਾਦਿ ਵਜਾਏ ਨਾਦ, ਅਨਾਦੀ ਨਾਦ ਇਕ ਜਣਾਈਆ । ਆਦਿ ਜੁਗਾਦਿ ਵਸਾਵਣਹਾਰਾ ਬ੍ਰਹਿਮਾਦ, ਬ੍ਰਹਮਵੇਤਾ ਵਡ ਵਡਿਆਈਆ । ਆਦਿ ਜੁਗਾਦਿ ਸੁਣਾਵਣਹਾਰਾ ਬੋਧ ਅਗਾਧ, ਪੀਰ ਅਵਤਾਰ ਕਰੇ ਪੜ੍ਹਾਈਆ । ਆਦਿ ਜੁਗਾਦਿ ਆਪਣੇ ਵਿਚੋਂ ਕਾਢ, ਲੱਖ ਚੁਰਾਸੀ ਵੰਡ ਵੰਡਾਈਆ । ਆਦਿ ਜੁਗਾਦਿ ਭਗਤ ਭਗਵੰਤ ਕਰੇ ਲਾਡ, ਸਾਚੀ ਰੀਤੀ ਇਕ ਜਣਾਈਆ । ਆਦਿ ਜੁਗਾਦਿ ਸੰਤ ਸਾਜਣ ਰਹੇ ਵਿਸਮਾਦ, ਬਿਸਮਲ ਆਪਣਾ ਰੂਪ ਵਟਾਈਆ । ਆਦਿ ਜੁਗਾਦਿ ਖੁਲ੍ਹਾਏ ਜਾਗ, ਨੇਤਰ ਨੈਣ ਨੈਣ ਉਠਾਈਆ । ਆਦਿ ਜੁਗਾਦਿ ਸੁਣਾਏ ਅਗੰਮ ਰਾਗ, ਰਾਗੀ ਇਕੋ ਢੋਲਾ ਗਾਈਆ । ਆਦਿ ਜੁਗਾਦਿ ਦੇਵਣਹਾਰਾ ਸਚ ਸਵਾਦ, ਅੰਮ੍ਰਿਤ ਰਸ ਇਕ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਈਆ । ਆਦਿ ਜੁਗਾਦਿ ਇਕੋ ਰਾਮ, ਨਿਰਗੁਣ ਨਿਰਗੁਣ ਹਰਿ ਅਖਵਾਇੰਦਾ । ਆਦਿ ਜੁਗਾਦਿ ਇਕੋ ਜਾਮ, ਅਮਰ ਅਮਰ ਆਪ ਕਰਾਇੰਦਾ । ਆਦਿ ਜੁਗਾਦਿ ਇਕੋ ਤਾਮ, ਤ੍ਰਿਸਨਾ ਭੁੱਖ ਮਿਟਾਇੰਦਾ । ਆਦਿ ਜੁਗਾਦਿ ਇਕੋ ਸ਼ਾਮ, ਨਾਮ ਬੰਸਰੀ ਹੱਥ ਉਠਾਇੰਦਾ । ਆਦਿ ਜੁਗਾਦਿ ਇਕ ਪੈਗ਼ਾਮ, ਕਲਮਾ

੭੦੦
੧੩

ਨਬੀ ਆਪ ਸੁਣਾਇੰਦਾ । ਆਦਿ ਜੁਗਾਦਿ ਇਕ ਅਮਾਮ, ਮੁਕਾਮੇ ਹੱਕ ਡੇਰਾ ਲਾਇੰਦਾ । ਆਦਿ ਜੁਗਾਦੀ ਇਕ ਨਜ਼ਾਮ, ਦੋ ਜਹਾਨਾਂ ਵੇਖ ਵਖਾਇੰਦਾ । ਆਦਿ ਜੁਗਾਦੀ ਸ਼ਾਹ ਸੁਲਤਾਨ, ਸ਼ਹਿਨਸ਼ਾਹ ਆਪਣਾ ਹੁਕਮ ਮਨਾਇੰਦਾ । ਆਦਿ ਜੁਗਾਦੀ ਜਾਣੀ ਜਾਣ, ਘਟ ਘਟ ਅੰਦਰ ਫੋਲ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਰਾਇੰਦਾ । ਆਦਿ ਜੁਗਾਦਿ ਇਕੋ ਮੰਤਰ, ਹਰਿ ਮੰਤਰ ਆਪ ਦ੍ਰਿੜਾਈਆ । ਆਦਿ ਜੁਗਾਦਿ ਇਕੋ ਬਣਾਏ ਬਣਤਰ, ਬੇਪਰਵਾਹ ਵੱਡੀ ਵਡਿਆਈਆ । ਆਦਿ ਜੁਗਾਦਿ ਇਕੋ ਵਸੇ ਗਗਨ ਗਗਨੰਤਰ, ਜ਼ਿਮੀਂ ਅਸਮਾਨਾਂ ਫੋਲ ਫੁਲਾਈਆ । ਆਦਿ ਅੰਤ ਇਕੋ ਥਾਨ ਸੁਹੰਤਰ, ਸੋਭਾਵੰਤ ਸੋਭਨੀਕ ਲਾਸ਼ਰੀਕ ਇਕ ਇਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਵੇਸ ਵਟਾਈਆ । ਆਦਿ ਜੁਗਾਦਿ ਇਕੋ ਵੇਸ, ਵੇਸ ਅਨੇਕਾ ਆਪ ਕਰਾਇੰਦਾ । ਆਦਿ ਜੁਗਾਦਿ ਧਾਰੇ ਭੇਖ, ਨਿਰਗੁਣ ਸਰਗੁਣ ਨਾਮ ਪਰਗਟਾਇੰਦਾ । ਆਦਿ ਜੁਗਾਦਿ ਮਿਟਾਵਣਹਾਰਾ ਰੇਖ, ਰੇਖਾ ਆਪਣੀ ਆਪ ਪਰਗਟਾਇੰਦਾ । ਆਦਿ ਜੁਗਾਦਿ ਵਸਣਹਾਰਾ ਸਚਖੰਡ ਸਾਚੇ ਦੇਸ, ਧਰਤ ਧਵਲ ਸੋਭਾ ਪਾਇੰਦਾ । ਆਦਿ ਜੁਗਾਦਿ ਗੁਰ ਅਵਤਾਰਾਂ ਵਸੇ ਪਾਸ, ਪਾਸਾ ਸਭ ਦਾ ਆਪ ਬਦਲਾਇੰਦਾ । ਆਦਿ ਜੁਗਾਦਿ ਪੂਰੀ ਕਰੇ ਖ਼ਾਹਸ਼, ਖ਼ਾਹਸ਼ ਸਭ ਦੀ ਮੇਟ ਮਿਟਾਇੰਦਾ । ਆਦਿ ਜੁਗਾਦਿ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਇੰਦਾ । ਆਦਿ ਜੁਗਾਦੀ ਇਕ ਅਵਤਾਰਾ, ਚਾਰ ਜੁਗ ਵੱਡੀ ਵਡਿਆਈਆ । ਆਦਿ ਜੁਗਾਦੀ ਸਚ ਵਿਹਾਰਾ, ਬਣ ਬਿਵਹਾਰੀ ਸੇਵ ਕਮਾਈਆ । ਆਦਿ ਜੁਗਾਦੀ ਇਕੋ ਨਾਅਰਾ, ਗੁਰ ਅਵਤਾਰ ਰਹੇ ਜਸ ਗਾਈਆ । ਆਦਿ ਜੁਗਾਦੀ ਇਕ ਪਸਾਰਾ, ਪਸਰ ਪਸਾਰੀ ਵੇਖ ਵਖਾਈਆ । ਆਦਿ ਜੁਗਾਦੀ ਇਕੋ ਦਵਾਰਾ, ਧਰਮ ਦਵਾਰ ਇਕ ਸੁਹਾਈਆ । ਆਦਿ ਜੁਗਾਦੀ ਇਕ ਨਗਾਰਾ, ਸਤਿ ਸ਼ਬਦ ਡੰਕਾ ਰਿਹਾ ਵਜਾਈਆ । ਆਦਿ ਜੁਗਾਦੀ ਇਕ ਪਿਆਰਾ, ਪੁਰਖ ਅਕਾਲ ਗੁਰ ਗੁਰ ਰੂਪ ਸਮਾਈਆ । ਆਦਿ ਜੁਗਾਦਿ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰ ਦਰਵਾਜ਼ਾ ਇਕ ਖੁਲ੍ਹਾਈਆ । ਆਦਿ ਜੁਗਾਦਿ ਇਕ ਦਰਵਾਜ਼ਾ, ਦੋ ਜਹਾਨਾਂ ਆਪ ਜਣਾਇੰਦਾ । ਆਦਿ ਜੁਗਾਦਿ ਇਕੋ ਵਾਜਾ, ਅਹਿਬਾਬ ਰਬਾਬ ਆਪ ਵਜਾਇੰਦਾ । ਆਦਿ ਜੁਗਾਦਿ ਇਕੋ ਸਾਜਾ, ਤਾਲ ਤਲਵਾੜਾ ਆਪਣੇ ਹੱਥ ਰਖਾਇੰਦਾ । ਆਦਿ ਜੁਗਾਦਿ ਉਠ ਫਿਰੇ ਭਾਜਾ, ਲੋਕ ਪਰਲੋਕ ਖੋਜ ਖੁਜਾਇੰਦਾ । ਆਦਿ ਜੁਗਾਦਿ ਇਕੋ ਰਾਜਾ, ਲੱਖ ਚੁਰਾਸੀ ਰੱਯਤ ਵੇਖ ਵਖਾਇੰਦਾ । ਆਦਿ ਜੁਗਾਦਿ ਇਕੋ ਨਵਾਬਾ, ਨੌਬਤ ਆਪਣਾ ਨਾਮ ਸੁਣਾਇੰਦਾ । ਆਦਿ ਜੁਗਾਦਿ ਇਕੋ ਮੱਕਾ ਇਕੋ ਕਾਅਬਾ, ਹੁਜਰਾ ਹੱਕ ਇਕ ਦ੍ਰਿੜਾਇੰਦਾ । ਆਦਿ ਜੁਗਾਦੀ ਇਕੋ ਪਾਕਾ, ਪਾਕ ਰਸੂਲ ਆਪ ਅਖਵਾਇੰਦਾ । ਆਦਿ ਜੁਗਾਦੀ ਇਕੋ ਖ਼ਾਕਾ, ਨਕਸ਼ਾ ਹੋਰ ਨਾ ਕੋਇ ਵਖਾਇੰਦਾ । ਆਦਿ ਜੁਗਾਦੀ ਦੇਵੇ ਸਾਥਾ, ਬਣ ਸਾਥੀ ਸੰਗ ਨਿਭਾਇੰਦਾ । ਆਦਿ ਜੁਗਾਦੀ ਖੋਲ੍ਹਣਹਾਰਾ ਤਾਕਾ, ਬੰਦ ਤਾਕੀ ਕੁੰਡਾ ਲਾਹਿੰਦਾ । ਆਦਿ ਜੁਗਾਦੀ ਚੁਕਾਵਣਹਾਰਾ ਬਾਕੀ ਬਾਕਾ, ਹਿਸਾਬ ਬੇਬਾਕ ਆਪ ਕਰਾਇੰਦਾ । ਆਦਿ ਜੁਗਾਦੀ ਹੋਏ ਸਹਾਈ ਨਾਥ ਅਨਾਥਾਂ, ਗ਼ਰੀਬ ਨਿਮਾਣਿਆਂ ਗਲੇ ਲਗਾਇੰਦਾ । ਆਦਿ ਜੁਗਾਦੀ ਇਕੋ ਪੂਜਾ ਪਾਠਾ, ਮੰਤਰ ਇਕੋ ਇਕ ਦ੍ਰਿੜਾਇੰਦਾ । ਆਦਿ ਜੁਗਾਦੀ ਇਕੋ ਤੀਰਥ ਤਾਟਾ, ਆਤਮ ਸਰੋਵਰ ਆਪ ਨੁਹਾਇੰਦਾ । ਆਦਿ ਜੁਗਾਦੀ ਇਕੋ ਬਾਟਾ, ਗੁਰ ਗੋਬਿੰਦ ਹੱਥ ਫੜਾਇੰਦਾ । ਆਦਿ ਜੁਗਾਦੀ ਵੇਖਣਹਾਰਾ ਵਾਟਾ, ਜੁਗ ਚੌਕੜੀ ਪੰਧ ਮੁਕਾਇੰਦਾ । ਆਦਿ ਜੁਗਾਦੀ

ਖੇਲੇ ਖੇਲ ਬਾਜ਼ੀਗਰ ਨਾਟਾ, ਬਣ ਸਵਾਂਗੀ ਸਵਾਂਗ ਰਚਾਇੰਦਾ । ਆਦਿ ਜੁਗਾਦੀ ਭਗਤਾਂ ਬਣੇ ਰਾਖਾ, ਬਣ ਸੇਵਕ ਸੇਵ ਕਮਾਇੰਦਾ । ਆਦਿ ਜੁਗਾਦੀ ਰੂਪ ਦਰਸਾਏ ਸਾਖਿਆਤਾ, ਮੁਖ ਨਕਾਬ ਪਰਦਾ ਲਾਹਿੰਦਾ । ਆਦਿ ਜੁਗਾਦੀ ਸਾਚੇ ਸੰਤਾਂ ਨਾਲ ਕਰੇ ਬਾਤਾਂ, ਨਿਰਗੁਣ ਨਿਰਗੁਣ ਹਾਲ ਸੁਣਾਇੰਦਾ । ਆਦਿ ਜੁਗਾਦੀ ਵੇਖਣਹਾਰਾ ਨਾਰ ਕਮਜ਼ਾਤਾ, ਕੂੜੀ ਕਿਰਿਆ ਫੋਲ ਫੁਲਾਇੰਦਾ । ਆਦਿ ਜੁਗਾਦੀ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਰਾਹ ਆਪ ਜਣਾਇੰਦਾ । ਆਦਿ ਜੁਗਾਦਿ ਇਕੋ ਰਾਹ, ਰਹਿਬਰ ਹਰਿ ਹਰਿ ਨਜ਼ਰੀ ਆਈਆ । ਆਦਿ ਜੁਗਾਦਿ ਇਕ ਮਲਾਹ, ਬੇੜਾ ਰਿਹਾ ਚਲਾਈਆ । ਆਦਿ ਜੁਗਾਦਿ ਇਕ ਸਲਾਹ, ਸਾਚਾ ਨਾਮ ਕਰੇ ਪੜ੍ਹਾਈਆ । ਆਦਿ ਜੁਗਾਦਿ ਪਕੜਨਹਾਰਾ ਬਾਂਹ, ਗੁਰ ਅਵਤਾਰ ਪੀਰ ਪੈਗ਼ੰਬਰ ਆਪਣੇ ਅੰਗ ਲਗਾਈਆ । ਆਦਿ ਜੁਗਾਦਿ ਵਸਣਹਾਰਾ ਸਾਚੇ ਥਾਂ, ਸਚਖੰਡ ਬੈਠਾ ਸੋਭਾ ਪਾਈਆ । ਆਦਿ ਜੁਗਾਦਿ ਦੇਵਣਹਾਰ ਪਨਾਹ, ਚਰਨ ਕਵਲ ਦਏ ਸਰਨਾਈਆ । ਆਦਿ ਜੁਗਾਦਿ ਬਖ਼ਸ਼ਣਹਾਰ ਗੁਨਾਹ, ਮਿਹਰ ਨਜ਼ਰ ਇਕ ਉਠਾਈਆ । ਆਦਿ ਜੁਗਾਦਿ ਬਣੇ ਪਿਤਾ ਮਾਂ, ਲੱਖ ਚੁਰਾਸੀ ਆਪਣੀ ਗੋਦ ਬਹਾਈਆ । ਆਦਿ ਜੁਗਾਦਿ ਉਡਾਵਣਹਾਰਾ ਕਾਂ, ਨੌਂ ਖੰਡ ਪ੍ਰਿਥਮੀ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਈਆ । ਆਦਿ ਜੁਗਾਦਿ ਤ੍ਰੈਗੁਣ ਮਾਇਆ, ਬੰਧਨ ਲੱਖ ਚੁਰਾਸੀ ਪਾਇੰਦਾ । ਆਦਿ ਜੁਗਾਦਿ ਹਉਮੇਂ ਹੰਗਤਾ ਗੜ੍ਹ ਬਣਾਇਆ, ਕੂੜੀ ਕਿਰਿਆ ਵਿਚ ਵਸਾਇੰਦਾ । ਆਦਿ ਜੁਗਾਦਿ ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਇਆ, ਚਾਰੋਂ ਕੁੰਟ ਸਵਾਨ ਦੌੜਾਇੰਦਾ । ਆਦਿ ਜੁਗਾਦਿ ਆਸਾ ਤ੍ਰਿਸਨਾ ਰੋਗ ਲਗਾਇਆ, ਧੀਰਜ ਧੀਰ ਨਾ ਕੋਇ ਰਖਾਇੰਦਾ । ਆਦਿ ਜੁਗਾਦਿ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਹੁਕਮ ਆਪ ਜਣਾਇਆ । ਸਾਚਾ ਹੁਕਮ ਨਵ ਨੌਂ ਚਾਰ, ਚਾਰ ਚਾਰ ਵੰਡ ਵੰਡਾਈਆ । ਚਾਰੇ ਮੁਖ ਖੋਲ੍ਹ ਕਵਾੜ, ਬ੍ਰਹਮ ਵੇਤਾ ਇਕ ਦ੍ਰਿੜਾਈਆ । ਚਾਰੇ ਵੇਦ ਬੋਲ ਜੈਕਾਰ, ਚਾਰੇ ਜੁਗ ਕਰੀ ਕੁੜਮਾਈਆ । ਚਾਰੇ ਕੁੰਟ ਕਰ ਪਸਾਰ, ਚਾਰ ਵਰਨਾਂ ਵੰਡ ਵੰਡਾਈਆ । ਚਾਰੇ ਖਾਣੀ ਖੋਲ੍ਹ ਕਿਵਾੜ, ਚਾਰੇ ਬਾਣੀ ਭੇਵ ਸਮਝਾਈਆ । ਚਾਰ ਯਾਰੀ ਵਜਾਏ ਤਾਲ, ਚੌਥੇ ਜੁਗ ਭੇਵ ਨਾ ਰਾਈਆ । ਕਰੇ ਖੇਲ ਸ੍ਰੀ ਭਗਵਾਨ, ਭਗਵਨ ਆਪਣਾ ਰੰਗ ਚੜ੍ਹਾਈਆ । ਨਵ ਨੌਂ ਚਾਰ ਹੋਏ ਹੈਰਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਕਰੇ ਕਲਜੁਗ, ਅੰਤ ਆਪਣਾ ਵੇਸ ਵਟਾਇੰਦਾ । ਜੁਗ ਜੁਗ ਔਧ ਗਈ ਪੁਗ, ਥਿਰ ਕੋਇ ਰਹਿਣ ਨਾ ਪਾਇੰਦਾ । ਵੇਲੇ ਅੰਤ ਕੋਈ ਨਾ ਸਕੇ ਲੁਕ, ਅਬਿਨਾਸ਼ੀ ਕਰਤਾ ਫੜ ਬਾਂਹੋਂ ਆਪ ਉਠਾਇੰਦਾ । ਨਵ ਨੌਂ ਚਾਰ ਪਏ ਲੁਟ, ਕੂੜੀ ਕਿਰਿਆ ਹੱਟ ਲੁਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਆਪਣਾ ਰਾਹ ਜਣਾਇੰਦਾ । ਆਦਿ ਜੁਗਾਦੀ ਆਵੇਗਾ । ਬ੍ਰਹਮ ਪਾਰਬ੍ਰਹਮ ਰਾਗ ਸੁਣਾਵੇਗਾ । ਕਲਜੁਗ ਕੂੜੀ ਕਿਰਿਆ ਮੇਟ ਮਿਟਾਵੇਗਾ । ਸਤਿਜੁਗ ਮਾਰਗ ਇਕੋ ਲਾਵੇਗਾ । ਚਾਰ ਵਰਨਾਂ ਫੜ ਉਠਾਵੇਗਾ । ਅਠਾਰਾਂ ਬਰਨਾਂ ਪੰਧ ਮੁਕਾਵੇਗਾ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਇਕੋ ਨਜ਼ਰੀ ਆਵੇਗਾ । ਹਿੰਦੂ ਮੁਸਲਮ ਸਿੱਖ ਈਸਾਈ ਆਪਣੀ ਗੰਢ ਪਵਾਵੇਗਾ । ਜਗਤ ਦੁਹਾਗਣ ਨਾਰ ਰੰਡ ਖਪਾਵੇਗਾ । ਆਤਮ ਪਰਮਾਤਮ ਇਕੋ ਕੰਤ ਵਖਾਵੇਗਾ । ਚੋਲੀ ਚਾੜ੍ਹ ਰੰਗ ਬਸੰਤ, ਪੱਤ ਡਾਲੀ ਫੁਲ ਮਹਿਕਾਵੇਗਾ । ਨਿਰਗੁਣ ਢੋਲਾ ਬਣ ਵਚੋਲਾ ਸਰਗੁਣ ਆਪ ਸੁਣਾਵੇਗਾ ।


੭੦੨
੧੩

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਵੇਖ ਵਖਾਵੇਗਾ । ਆਦਿ ਜੁਗਾਦੀ ਵੇਖੇਗਾ, ਨਿਰਗੁਣ ਦਾਤਾ ਵਡ ਵਡਿਆਈਆ । ਸਰਗੁਣ ਸਰਗੁਣ ਹੋ ਕੇ ਖੇਡੇਗਾ, ਬੇਪਰਵਾਹ ਸੱਚਾ ਸ਼ਹਿਨਸ਼ਾਹੀਆ । ਸਚ ਸੰਦੇਸਾ ਇਕੋ ਭੇਜੇਗਾ, ਦੋ ਜਹਾਨ ਕਰੇ ਸ਼ਨਵਾਈਆ । ਸਾਚਾ ਨਾਮ ਇਕੋ ਬੀਜੇਗਾ, ਫਲ ਫੁਲਵਾੜੀ ਇਕ ਵਖਾਈਆ । ਜਨ ਭਗਤਾਂ ਉਤੇ ਰੀਝੇਗਾ, ਨਿਰਗੁਣ ਨਿਰਮਲ ਨਿਰਵੈਰ ਪੁਰਖ ਅਕਾਲ ਬ੍ਰਹਮ ਪਾਰਬ੍ਰਹਮ ਮਿਲਾਈਆ । ਪਰੇਮ ਪਿਆਰ ਅੰਦਰ ਸੀਜੇਗਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਮਾਈਆ । ਆਪਣੀ ਕਰਨੀ ਸਚ ਕਮਾਵੇਗਾ । ਸ੍ਰਿਸ਼ਟ ਸਬਾਈ ਨਾਮ ਜਪਾਵੇਗਾ । ਸੋਹੰ ਢੋਲਾ ਇਕੋ ਗਾਵੇਗਾ । ਪੀਰ ਪੈਗੰਬਰ ਸ਼ੁਕਰ ਮਨਾਵੇਗਾ । ਗੁਰ ਅਵਤਾਰ ਸੀਸ ਨਿਵਾਵੇਗਾ । ਹਰਿ ਜਗਦੀਸ ਸੋਭਾ ਪਾਵੇਗਾ । ਛਤਰ ਸੀਸ ਇਕ ਝੁਲਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਕਰ ਵਖਾਵੇਗਾ । ਆਦਿ ਜੁਗਾਦਿ ਕਰੇ ਸਚ ਕਰਨੀ, ਕਰਤਾ ਆਪਣੇ ਹੱਥ ਰਖਾਇੰਦਾ । ਜਨ ਭਗਤਾਂ ਨੇਤਰ ਖੋਲ੍ਹੇ ਹਰਨੀ ਫਰਨੀ, ਨਿਜ ਨੇਤਰ ਦਇਆ ਕਮਾਇੰਦਾ । ਮੇਲ ਮਿਲਾਏ ਦਾਤਾ ਦਾਤਾਰ ਤਰਨ ਤਰਨੀ, ਤਾਰਨਹਾਰਾ ਫੇਰਾ ਪਾਇੰਦਾ । ਨਾਤਾ ਤੁਟੇ ਮਰਨੀ ਡਰਨੀ, ਜਨਮ ਮਰਨ ਗੇੜ ਚੁਕਾਇੰਦਾ । ਜੋ ਜਨ ਸਾਹਿਬ ਸੱਚੇ ਦੀ ਲੱਗਾ ਚਰਨੀ, ਚਰਨ ਚਰਨੋਦਕ ਮੁਖ ਪਿਆਇੰਦਾ । ਨਾਤਾ ਤੁਟੇ ਵਰਨੀ ਬਰਨੀ, ਜ਼ਾਤ ਪਾਤ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ ਜੁਗ ਦਾਤਾ ਆਪਣਾ ਫੇਰਾ ਪਾਇੰਦਾ । ਜੁਗ ਦਾਤਾ ਆਇਆ ਲੋਕਮਾਤ, ਲੱਖ ਚੁਰਾਸੀ ਦਏ ਜਣਾਈਆ । ਸ੍ਰਿਸ਼ਟ ਸਬਾਈ ਬਣਾਏ ਇਕ ਜਮਾਤ, ਨਿਸ਼ਅੱਖਰ ਕਰੇ ਪੜ੍ਹਾਈਆ । ਆਤਮ ਪਰਮਾਤਮ ਪਰਮਾਤਮ ਆਤਮ ਬ੍ਰਹਮ ਪਾਰਬ੍ਰਹਮ ਜਣਾਏ ਸਾਚਾ ਸਾਥ, ਈਸ਼ ਜੀਵ ਜੀਵ ਈਸ਼ ਕਰ ਕੁੜਮਾਈਆ । ਪੱਤਣ ਵਖਾਏ ਇਕੋ ਘਾਟ, ਪਿਛਲਾ ਘਾਟਾ ਪੂਰ ਕਰਾਈਆ । ਆਦਿ ਨਿਰੰਜਣ ਜੋਤ ਨਿਰੰਜਣ ਜਗਾਏ ਲਲਾਟ, ਜੋਤੀ ਜੋਤ ਜੋਤ ਰੁਸ਼ਨਾਈਆ । ਸੋਹੰ ਢੋਲਾ ਬਣ ਵਿਚੋਲਾ ਸੁਣਾਏ ਗਾਥ, ਪਰਦਾ ਉਹਲਾ ਆਪ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਇਕੋ ਰੰਗ ਵਖਾਈਆ । ਸਤਿਜੁਗ ਚਾੜ੍ਹੇ ਇਕੋ ਰੰਗ, ਰੰਗ ਰੰਗੀਲਾ ਆਪ ਚੜ੍ਹਾਇੰਦਾ । ਆਤਮ ਸੇਜਾ ਸੋਹੇ ਪਲੰਘ, ਸਚ ਸਿੰਘਾਸਣ ਆਸਣ ਲਾਇੰਦਾ । ਅਨਹਦ ਨਾਦ ਵਜਾਏ ਮਰਦੰਗ, ਸੁਰ ਤਾਲ ਨਾ ਕੋਇ ਵਡਿਆਇੰਦਾ । ਸਤਿ ਸਤਿਵਾਦੀ ਅੰਤਰ ਆਤਮ ਗੁਰਮੁਖ ਵੇਖੇ ਲੰਘ, ਔਂਦਾ ਜਾਂਦਾ ਨਜ਼ਰ ਕਿਸੇ ਨਾ ਆਇੰਦਾ । ਗੁਰਮੁਖ ਗੁਰ ਗੁਰ ਇਕ ਦੂਜੇ ਦਾ ਗਾਇਣ ਛੰਦ, ਤੂੰ ਮੇਰਾ ਮੈਂ ਤੇਰਾ ਨਾਨਕ ਮਾਰਗ ਇਕ ਜਣਾਇੰਦਾ । ਖ਼ੁਸ਼ੀ ਕਰਾਏ ਬੰਦ ਬੰਦ, ਬੰਦੀਖ਼ਾਨਾ ਤੋੜ ਤੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਰਾਹ ਜਣਾਇੰਦਾ । ਸਤਿਜੁਗ ਸਾਚਾ ਮਾਰਗ ਦੱਸੇ, ਦੱਸਣਹਾਰਾ ਇਕ ਅਖਵਾਈਆ । ਹਰ ਹਿਰਦੇ ਵਿਚ ਆਪੇ ਵਸੇ, ਨਿਰਗੁਣ ਜੋਤ ਕਰ ਰੁਸ਼ਨਾਈਆ । ਪੰਚ ਵਿਕਾਰਾ ਫੜ ਫੜ ਝੱਸੇ, ਆਸਾ ਤ੍ਰਿਸਨਾ ਦਏ ਖਪਾਈਆ । ਆਤਮ ਪਰਮਾਤਮ ਮਿਲ ਮਿਲ ਹੱਸੇ, ਸੋਹੰ ਹੰਸਾ ਹੰਸ ਰੂਪ ਵਟਾਈਆ । ਸਤਿਗੁਰ ਪੂਰਾ ਦੀਨ ਦਿਆਲ ਠਾਕਰ ਸਵਾਮੀ ਦੂਰ ਦੁਰਾਡਾ ਨੇਰਨ ਨੇਰਾ ਗੁਰਮੁਖ ਦਵਾਰੇ ਆਪੇ ਨੱਸੇ, ਬਣ ਪਾਂਧੀ ਫੇਰਾ ਪਾਈਆ । ਕਲਜੁਗ ਅੰਤ ਸ੍ਰੀ ਭਗਵੰਤ ਗੁਰਮੁਖ ਸੰਤ ਕੀਤੇ ਇਕੱਠੇ, ਕੱਠ ਇਕੋ ਘਰ ਵਖਾਈਆ । ਹਰਿ ਸਰਨਾਈ ਜੋ ਜਨ ਢੱਠੇ, ਫੜ ਬਾਂਹੋਂ ਲਏ ਉਠਾਈਆ । ਲੱਖ ਚੁਰਾਸੀ ਧਰਮ ਰਾਏ ਦੇ ਖਾਤੇ ਘੱਤੇ, ਚਿਤਰ

ਗੁਪਤ ਹਿਸਾਬ ਰਖਾਈਆ । ਲਾੜੀ ਮੌਤ ਨੱਕ ਪਾਏ ਨੱਥੇ, ਮਹਿੰਦੀ ਰੰਗਲੀ ਰਹੀ ਲਾਈਆ । ਕਲਜੁਗ ਕਹੇ ਮੈਂ ਸਭ ਦੀ ਮਾਰੀ ਮੱਤੇ, ਗੁਰ ਕਾ ਸ਼ਬਦ ਨਾ ਕੋਇ ਧਿਆਈਆ । ਅੱਲਾ ਰਾਣੀ ਕਹੇ ਨਬੀ ਰਸੂਲ ਤੇਰੇ ਦਰ ਤੇ ਨੱਚੇ, ਬਣ ਸਵਾਂਗੀ ਸਵਾਂਗ ਵਟਾਈਆ । ਬਿਨ ਤੇਰੇ ਕਲਮਿਉਂ ਸਾਰੇ ਕੱਚੇ, ਕਾਇਨਾਤ ਰਹੀ ਕੁਰਲਾਈਆ । ਗੋਬਿੰਦ ਕਹੇ ਗੁਰਮੁਖ ਤੇਰੇ ਬੱਚੇ, ਬੱਚਿਆਂ ਆਪਣੀ ਗੋਦ ਉਠਾਈਆ । ਕਰ ਕਿਰਪਾ ਢਾਲੇ ਆਪਣੇ ਸੱਚੇ, ਸਾਚੀ ਸਿਖਿਆ ਇਕ ਪੜ੍ਹਾਈਆ । ਤੇਰੇ ਪਿਆਰ ਅੰਦਰ ਫਸੇ, ਫ਼ਾਸੀ ਜਮ ਦੀ ਗਲੋਂ ਲਾਹੀਆ । ਤੇਰੇ ਖੇੜੇ ਅੰਦਰ ਵਸੇ, ਜਗਤ ਝੇੜਾ ਗਏ ਮੁਕਾਈਆ । ਤੇਰੇ ਲੇਖੇ ਲੱਗੇ ਤੱਤ ਅੱਠੇ, ਨੌਂ ਦਰ ਪੰਧ ਨਾ ਕੋਇ ਜਣਾਈਆ । ਪਹਿਲੋਂ ਦਸਮ ਦੁਆਰੇ ਚੜ੍ਹ ਕੇ ਹੱਸੇ, ਫਿਰ ਸੁੰਨ ਅਗੰਮ ਪਾਰ ਕਰਾਈਆ । ਥਿਰ ਘਰ ਜਾ ਕੇ ਵਸੇ, ਸਚਖੰਡ ਧਿਆਨ ਲਗਾਈਆ । ਤੇਰਾ ਖੇਲ ਪੁਰਖ ਸਮਰਥੇ, ਆਦਿ ਅੰਤ ਭੇਵ ਕੋਇ ਨਾ ਪਾਈਆ । ਕਲਜੁਗ ਅੰਤਮ ਕੂੜੀ ਕਿਰਿਆ ਚੋਲਾ ਪੁਰਾਣਾ ਫਟੇ, ਸਤਿਜੁਗ ਬਸਤਰ ਭੂਸ਼ਨ ਇਕ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਭ ਦਾ ਲਹਿਣਾ ਰਿਹਾ ਚੁਕਾਈਆ । ਕਲਜੁਗ ਅੱਗੋਂ ਦੋਏ ਜੋੜ, ਪ੍ਰਭ ਸਾਚੇ ਸਚ ਜਣਾਇੰਦਾ । ਪੁਰਖ ਅਬਿਨਾਸ਼ੀ ਮੇਰੀ ਕਰਨੀ ਵੇਖ ਚੜ੍ਹ ਕੇ ਘੋੜ, ਨਵ ਸੱਤ ਤੇਰਾ ਰਾਹ ਜਣਾਇੰਦਾ । ਮੈਂ ਲੱਖ ਚੁਰਾਸੀ ਰੀਠਾ ਕੀਤਾ ਕੌੜ, ਮਿੱਠਾ ਨਜ਼ਰ ਕੋਇ ਨਾ ਆਇੰਦਾ । ਘਰ ਘਰ ਅੰਦਰ ਪਾਇਆ ਸ਼ੋਰ, ਦਰ ਦਰ ਨਾਅਰਾ ਇਕ ਸੁਣਾਇੰਦਾ । ਸ੍ਰਿਸ਼ਟ ਸਬਾਈ ਬਣੀ ਚੋਰ, ਤੇਰੀ ਚੋਰੀ ਸਰਬ ਕਮਾਇੰਦਾ । ਮੁੱਲਾ ਸ਼ੇਖ਼ ਹੋਏ ਹਰਾਮਖ਼ੋਰ, ਅਸਲ ਅਸਲੀਅਤ ਹੱਟ ਨਾ ਕੋਇ ਵਖਾਇੰਦਾ । ਪੀਰ ਪੈਗ਼ੰਬਰ ਡੂੰਘੀ ਸੁੱਤੇ ਗੋਰ, ਮਕਬਰਾ ਅੰਤ ਨਾ ਕੋਇ ਖੁਲ੍ਹਾਇੰਦਾ । ਅੱਲਾ ਰਾਣੀ ਚਲੇ ਨਾ ਕੋਇ ਜ਼ੋਰ, ਤੇਰਾ ਮੰਤਰ ਇਕੋ ਫੋਰ, ਫੁਰਨਾ ਸਭ ਦਾ ਬੰਦ ਕਰਾਇੰਦਾ । ਮੈਂ ਤੇਰਾ ਨਿੱਕਾ ਬਾਲਾ ਚੌਥਾ ਜੁਗ ਛੋਹਰ, ਦੋਏ ਜੋੜ ਵਾਸਤਾ ਪਾਇੰਦਾ । ਪਹਿਲੋਂ ਤੈਨੂੰ ਮੇਰੀ ਰਹੀ ਲੋੜ, ਹੁਣ ਮੈਂ ਤੇਰੇ ਅੱਗੇ ਸੀਸ ਝੁਕਾਇੰਦਾ । ਵੇਖੀਂ ਮੇਰਾ ਮਾਰਿਆ ਨਾ ਦੇਵੀਂ ਕੋਈ ਛੋੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਜਣਾਇੰਦਾ । ਕਲਜੁਗ ਸੁਣ ਸੁਤ ਦੁਲਾਰੇ, ਛੋਟੇ ਦਏ ਵਡਿਆਈਆ । ਚਾਰ ਕੁੰਟ ਤੇਰੇ ਹੁਲਾਰੇ, ਦਹਿ ਦਿਸ਼ਾ ਝੂਟੇ ਨਜ਼ਰੀ ਆਈਆ । ਮੁੱਲਾ ਸ਼ੇਖ਼ ਪੰਡਤ ਪਾਂਧੇ ਹੋਏ ਖ਼ਵਾਰੇ, ਖ਼ਾਲੀ ਹੱਥੀਂ ਦੇਣ ਦੁਹਾਈਆ । ਕਲਜੁਗ ਜੀਵ ਰੋਵਣ ਜ਼ਾਰੋ ਜ਼ਾਰੇ, ਨੇਤਰ ਨੈਣਾਂ ਨੀਰ ਵਹਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਘਰ ਘਰ ਪਏ ਪੁਆੜੇ, ਸਾਂਤਕ ਸਤਿ ਨਾ ਕੋਇ ਵਰਤਾਈਆ । ਸ੍ਰੀ ਭਗਵਾਨ ਤੇਰਾ ਵੇਖਣਹਾਰਾ ਅੰਤ ਅਖਾੜੇ, ਹੁਕਮ ਇਕੋ ਇਕ ਜਣਾਈਆ । ਬੀਸ ਬੀਸਾ ਹਰਿ ਜਗਦੀਸਾ ਘੋੜੀ ਅੰਤਮ ਸਭ ਨੂੰ ਚਾੜ੍ਹੇ, ਵਾਗਾਂ ਆਪਣੇ ਹੱਥ ਰਖਾਈਆ । ਨਵ ਨੌਂ ਚਬਾਏ ਦਾੜ੍ਹੇ, ਖਾ ਕੇ ਆਪਣਾ ਸ਼ੁਕਰ ਨਾ ਫੇਰ ਮਨਾਈਆ । ਲੇਖਾ ਜਾਣੇ ਸਤਾਰਾਂ ਹਾੜੇ, ਹਸਤੀ ਸਭ ਦੀ ਦਏ ਮਿਟਾਈਆ । ਮੌਤ ਰਾਣੀ ਪਹਿਲੀ ਚੇਤਰ ਚੜ੍ਹ ਖਾਰੇ, ਤਨ ਵਟਣਾ ਰਹੀ ਲਗਾਈਆ । ਕਲਜੁਗ ਜੀਵ ਸਰਬ ਕਵਾਰੇ, ਬਿਨ ਮੇਰੇ ਨਾ ਕੋਇ ਪਰਨਾਈਆ । ਕੂੜੀ ਮਾਇਆ ਮਮਤਾ ਤਨ ਸ਼ੰਗਾਰੇ, ਕਾਮ ਕਰੋਧ ਨੇਤਰ ਕੱਜਲ ਪਾਈਆ । ਵੇਖਣ ਆਏ ਖੇਲ ਪਰਵਰਦਿਗਾਰੇ, ਬੇਪਰਵਾਹ ਮੁਖ ਨਕਾਬ ਪਰਦਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦਏ ਚੁਕਾਈਆ । ਕਲਜੁਗ ਅੱਗੋਂ ਪਿਆ ਹੱਸ, ਹੱਸ ਕੇ ਖ਼ੁਸ਼ੀ ਮਨਾਇੰਦਾ । ਤੇਰੀ ਲੋਕਾਈ ਦਿਤੀ ਤੇਰੇ ਹੱਥ, ਆਪਣਾ ਪੱਲੂ ਮੈਂ ਛੁਡਾਇੰਦਾ ।

੭੦੪
੧੩

ਗੁਰ ਅਵਤਾਰ ਪੀਰ ਪੈਗ਼ੰਬਰ ਜੋ ਮਾਰਗ ਗਏ ਦੱਸ, ਸਭ ਦੇ ਕੋਲੋਂ ਮਾਰਗ ਇਕ ਭੁਲਾਇੰਦਾ । ਮੈਂ ਆਪਣੇ ਵਲੋਂ ਖੇੜਾ ਕੀਤਾ ਭੱਠ, ਜੇ ਕੋਈ ਬਚਿਆ ਰਿਹਾ ਤੇਰੀ ਝੋਲੀ ਪਾਇੰਦਾ । ਮੈਂ ਤੇਰਾ ਹੁਕਮ ਮੰਨਿਆ ਡਟ, ਬਲ ਆਪਣਾ ਆਪ ਵਖਾਇੰਦਾ । ਮੈਂ ਖ਼ਾਲੀ ਕੀਤੇ ਮੰਦਰ ਮਸਜਦ ਗੁਰੂਦਵਾਰ ਮੱਠ, ਤੇਰਾ ਨਾਉਂ ਨਜ਼ਰ ਕਿਤੇ ਨਾ ਆਇੰਦਾ । ਮੈਂ ਸਭ ਦੇ ਦੰਦ ਖੱਟੇ ਕੀਤੇ ਨੱਠ ਨੱਠ, ਤੇਰਾ ਅੰਮ੍ਰਿਤ ਰਸ ਰਸਨਾ ਨਾ ਕੋਇ ਚਖਾਇੰਦਾ । ਮੈਂ ਵੇਖੇ ਜਾ ਕੇ ਤੀਰਥ ਤਟ, ਕਲਜੁਗ ਜੀਵ ਨਾਰੀ ਪੁਰਸ਼ ਨੰਗਾ ਤਾਰੀਆਂ ਲਾਇੰਦਾ । ਦਹਿ ਦਿਸ਼ਾ ਵੇਖ ਧੀਆਂ ਭੈਣਾਂ ਸਾਰੇ ਰਹੇ ਤੱਕ, ਨੇਤਰ ਨੈਣ ਨਾ ਕਿਸੇ ਸ਼ਰਮਾਇੰਦਾ । ਮੈਂ ਆਪਣਾ ਪੂਰਾ ਕੀਤਾ ਹੱਕ, ਤੇਰਾ ਹੁਕਮ ਸਚ ਕਮਾਇੰਦਾ । ਜੇ ਕੋਈ ਮੇਰੇ ਉਤੇ ਰਹਿ ਗਿਆ ਸ਼ੱਕ, ਵੇਖ ਮਾਂਵਾਂ ਪੁੱਤਰਾਂ ਸੰਗ ਮਿਲਾਇੰਦਾ । ਤੂੰ ਆਪਣਾ ਕਰ ਲੈ ਝੱਟ, ਸ੍ਰਿਸ਼ਟ ਸਬਾਈ ਝਟਕਾ ਰੂਪ ਵਖਾਇੰਦਾ । ਮੈਂ ਦੋ ਹੱਥੀਂ ਲਾਇਆ ਫੱਟ, ਦੀਨ ਮਜ਼੍ਹਬ ਆਪ ਲੜਾਇੰਦਾ । ਸ਼ਰਅ ਰੱਖੀ ਵਿਚ ਵੱਟ, ਬਨਾਂ ਅੱਗੇ ਹੋ ਨਾ ਕੋਈ ਢਾਹਿੰਦਾ । ਕਿਸੇ ਦਾ ਰਹਿਣ ਨਾ ਦਿਤਾ ਜਤ, ਧੀਰਜ ਧੀਰ ਨਾ ਕੋਇ ਜਣਾਇੰਦਾ । ਘਰ ਘਰ ਉਬਲੇ ਬਹੱਤਰ ਨਾੜੀ ਰੱਤ, ਤਿੰਨ ਸੌ ਸੱਠ ਹਾਡੀ ਸੁਖ ਨਾ ਕੋਇ ਵਖਾਇੰਦਾ । ਜਗਤ ਵਿਦਿਆ ਮਾਰੀ ਮਤ, ਬ੍ਰਹਮ ਮਤ ਨਾ ਕੋਇ ਸਮਝਾਇੰਦਾ । ਜਗਤ ਵਿਕਾਰੇ ਗਏ ਫਸ, ਫਾਸੀ ਗਲੋਂ ਨਾ ਕੋਇ ਕਟਾਇੰਦਾ । ਮੈਂ ਸਚ ਸਚ ਤੈਨੂੰ ਦਿਤਾ ਦੱਸ, ਕਲਜੁਗ ਦੋਏ ਜੋੜ ਵਾਸਤਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੇ ਅੱਗੇ ਹਾਲ ਸੁਣਾਇੰਦਾ । ਤੇਰੇ ਅੱਗੇ ਹਾਲ ਸੁਣਾਵਾਂਗਾ । ਜੋ ਕੀਤੀ ਕਰ ਵਖਾਵਾਂਗਾ । ਸ੍ਰਿਸ਼ਟ ਸਬਾਈ ਮੁਖ ਥੁਕ ਪਵਾਵਾਂਗਾ । ਆਪਣਾ ਡੰਕ ਵਜਾਵਾਂਗਾ । ਰਾਹੇ ਜਾਂਦਿਆਂ ਆਪ ਭੁਲਾਵਾਂਗਾ । ਸ਼ੌਹ ਦਰਯਾਏ ਫੜ ਰੁੜ੍ਹਾਵਾਂਗਾ । ਅਠਾਈ ਕੁੰਡਾਂ ਭਰ ਵਖਾਵਾਂਗਾ । ਜਨਕ ਉਲਾਂਭਾ ਲਾਹਵਾਂਗਾ । ਤੇਰਾ ਸ਼ੁਕਰ ਮਨਾਵਾਂਗਾ । ਫਿਰ ਦਰ ਤੇਰੇ ਤੇ ਆਵਾਂਗਾ । ਨਿਉਂ ਕੇ ਸੀਸ ਝੁਕਾਵਾਂਗਾ । ਗਲ ਵਿਚ ਪੱਲੂ ਪਾਵਾਂਗਾ । ਆਪਣੇ ਵੱਡੇ ਭਰਾ ਦਾ ਰਾਹ ਤਕਾਵਾਂਗਾ । ਤਿੰਨ ਜੁਗ ਦਾ ਸੁੱਤਾ ਤੇਰੇ ਕੋਲੋਂ ਉਠਾਵਾਂਗਾ । ਕਲਜੁਗ ਕਹੇ ਸਤਿਜੁਗ ਸਤਿਜੁਗ ਵੰਡ ਵੰਡਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਫਿਰ ਤੇਰੇ ਵਿਚ ਸਮਾਵਾਂਗਾ । ਸਤਿਜੁਗ ਸਾਚਾ ਲੱਗੇਗਾ । ਦੀਪਕ ਇਕੋ ਜਗੇਗਾ । ਗੁਰਮੁਖ ਵਿਰਲਾ ਸਰਨੀ ਲੱਗੇਗਾ । ਕਲਜੁਗ ਜੀਵ ਅਗਨੀ ਤਪੇਗਾ । ਹਰਿ ਮੰਤਰ ਕੋਈ ਨਾ ਜਪੇਗਾ । ਵੇਲੇ ਅੰਤ ਕੂੜੀ ਕਿਰਿਆ ਖਪੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ ਆਪੇ ਰੱਖੇਗਾ । ਜਨ ਭਗਤਾਂ ਰੱਖੇ ਆਪ ਭਗਵਾਨ, ਜੁਗ ਜੁਗ ਰਖਸ਼ਾ ਆਪ ਕਰਾਇੰਦਾ । ਦੇਵਣਹਾਰਾ ਸਾਚਾ ਮਾਣ, ਅਭਿਮਾਨ ਮੇਟ ਮਿਟਾਇੰਦਾ । ਅੰਤਰ ਆਤਮ ਇਕ ਗਿਆਨ, ਬ੍ਰਹਮ ਪਾਰਬ੍ਰਹਮ ਸਮਝਾਇੰਦਾ । ਚਰਨ ਧੂੜੀ ਸਚ ਅਸ਼ਨਾਨ, ਦੁਰਮਤ ਮੈਲ ਧਵਾਇੰਦਾ । ਏਕਾ ਰਾਗ ਸੁਣਾਏ ਕਾਨ, ਨਾਦ ਅਨਾਦੀ ਨਾਦ ਵਜਾਇੰਦਾ । ਸਤਿ ਸਰੂਪੀ ਦੇ ਪਹਿਚਾਣ, ਆਪ ਆਪਣਾ ਰਾਹ ਵਖਾਇੰਦਾ । ਜੁਗ ਚੌਕੜੀ ਵਿਛੜੇ ਮੇਲੇ ਆਣ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪੰਧ ਮੁਕਾਇੰਦਾ । ਧਰਮ ਵਖਾਏ ਇਕ ਨਿਸ਼ਾਨ, ਸਚ ਦਵਾਰੇ ਆਪ ਝੁਲਾਇੰਦਾ । ਇਕੋ ਦੇਵੇ ਪੀਣ ਖਾਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵਾਨ ਆਪ ਉਠਾਇੰਦਾ । ਭਗਤ ਭਗਵੰਤ ਸਾਚਾ ਮੇਲਾ, ਮਿਲਣੀ ਜਗਦੀਸ ਕਰਾਈਆ । ਏਕਾ ਘਰ ਵਖਾਏ ਗੁਰੂ ਗੁਰ ਚੇਲਾ, ਗੁਰ ਗੋਬਿੰਦ ਪਰਦਾ ਲਾਹੀਆ । ਕਲਜੁਗ

ਲੇਖਾ ਚੁਕਾਏ ਸੱਜਣ ਸੁਹੇਲਾ, ਸਾਹਿਬ ਸੁਲਤਾਨ ਫੇਰਾ ਪਾਈਆ । ਆਦਿ ਜੁਗਾਦਿ ਜੁਗ ਜੁਗ ਵਸਣਹਾਰਾ ਧਾਮ ਨਵੇਲਾ, ਕਲਜੁਗ ਅੰਤਮ ਸੰਬਲ ਨਗਰ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸੰਬਲ ਸਤਿਗੁਰ ਵੇਖੇ ਖੇੜਾ, ਖੜਗ ਖੰਡਾ ਹੱਥ ਚਮਕਾਈਆ । ਨਿਰਗੁਣ ਸਰਗੁਣ ਚੁੱਕੇ ਝੇੜਾ, ਇਸ਼ਟ ਦੇਵ ਪ੍ਰਭ ਇਕ ਜਣਾਈਆ । ਨਵ ਨੌਂ ਚਾਰ ਖੁਲ੍ਹਾ ਕਰਾਏ ਵੇਹੜਾ, ਬੰਦੀਖ਼ਾਨਾ ਨਾ ਕੋਇ ਰਖਾਈਆ । ਅੰਤ ਕੰਤ ਭਗਵੰਤ ਕਲ ਦੇਵਣਹਾਰਾ ਗੇੜਾ, ਉਲਟੀ ਲੱਠ ਦਏ ਭੁਆਈਆ । ਕਰੇ ਕਰਾਏ ਹੱਕ ਨਬੇੜਾ, ਅਦਲ ਅਦਾਲਤ ਇਕ ਜਣਾਈਆ । ਗੁਰਮੁਖਾਂ ਚੁਕਾਏ ਹੇਰਾ ਫੇਰਾ, ਕੂੜੀ ਕਿਰਿਆ ਪੰਧ ਮੁਕਾਈਆ । ਕਰ ਕਿਰਪਾ ਬੰਨ੍ਹੇ ਬੇੜਾ, ਨੱਯਾ ਨੌਕਾ ਏਕਾ ਚੱਪੂ ਨਾਮ ਲਗਾਈਆ । ਤਾਰਨਹਾਰਾ ਤਾਰੇ ਕਰ ਕਰ ਆਪਣੀ ਮਿਹਰਾਂ, ਮਿਹਰ ਨਜ਼ਰ ਇਕ ਉਠਾਈਆ । ਸ਼ਬਦ ਸਰੂਪੀ ਸਤਿ ਸਤਿਵਾਦੀ ਪਾਏ ਘੇਰਾ, ਨਾਮ ਡੋਰੀ ਤੰਦ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵਾਨ ਹੋਏ ਸਹਾਈਆ । ਭਗਤ ਭਗਵਾਨ ਇਕੋ ਘਰ, ਘਰ ਮੰਦਰ ਆਪ ਵਡਿਆਇੰਦਾ । ਭਗਤ ਭਗਵਾਨ ਇਕੋ ਦਰ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ । ਭਗਤ ਭਗਵਾਨ ਨਾਤਾ ਨਾਰੀ ਨਰ, ਨਰ ਨਰੈਣ ਖ਼ੁਸ਼ੀ ਮਨਾਇੰਦਾ । ਭਗਤ ਭਗਵਾਨ ਇਕ ਦੂਜੇ ਦੀ ਸੇਜੇ ਜਾਇਣ ਚੜ੍ਹ, ਸੇਜ ਸੁਹੰਜਣੀ ਇਕ ਵਡਿਆਇੰਦਾ । ਭਗਤ ਭਗਵਾਨ ਆਤਮ ਪਰਮਾਤਮ ਪੱਲੂ ਲੈਣ ਫੜ, ਬ੍ਰਹਮ ਆਪਣੀ ਗੰਢ ਵਖਾਇੰਦਾ । ਭਗਤ ਭਗਵਾਨ ਇਕੋ ਅੱਖਰ ਲੈਣ ਪੜ੍ਹ, ਸੋਹੰ ਢੋਲਾ ਆਪ ਸੁਣਾਇੰਦਾ । ਭਗਤ ਭਗਵਾਨ ਇਕ ਦੂਜੇ ਦਾ ਦਰਸ ਕਰਨ ਖੜ, ਮੁਖ ਮਨੁੱਖ ਨਾ ਕੋਇ ਵਡਿਆਇੰਦਾ । ਭਗਤ ਭਵਗਾਨ ਆਦਿ ਜੁਗਾਦਿ ਜੁਗ ਜੁਗ ਭਾਣਾ
੭੦੬ ੧੩ ਲੈਣ ਜਰ, ਸਦ ਭਾਣੇ ਆਪ ਰਹਾਇੰਦਾ । ਭਗਤ ਭਗਵਾਨ ਨਾ ਜਨਮੇ ਨਾ ਜਾਏ ਮਰ, ਜਗਤ ਰੀਤੀ ਜਗਤ ਕਹਾਣੀ ਭਗਤ ਗਾਥਾ ਭਗਵਨ ੭੦੬ ੧੩
ਸਾਥਾ ਸਾਚਾ ਰਾਹ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖਾਣੀ ਬਾਣੀ ਭਗਤਾਂ ਸੇਵਾ ਲਾਇੰਦਾ । ਖਾਣੀ ਬਾਣੀ ਭਗਤਨ ਸੇਵਾ, ਬਣ ਚਾਕਰ ਰੂਪ ਕਰਾਈਆ । ਹੁਕਮ ਜਣਾਏ ਅਲੱਖ ਅਭੇਵਾ, ਅਗੰਮ ਅਥਾਹ ਵੱਡੀ ਵਡਿਆਈਆ । ਸ੍ਰਿਸ਼ਟ ਸਬਾਈ ਅੰਮ੍ਰਿਤ ਰਸ ਜਣਾਏ ਮੇਵਾ, ਫਲ ਇਕੋ ਇਕ ਲਗਾਈਆ । ਵਸਣਹਾਰਾ ਨਿਹਚਲ ਧਾਮ ਅਟੱਲ ਸਦਾ ਨਿਹਕੇਵਾ, ਨਿਰਗੁਣ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਇਕੋ ਭਗਤ ਦਏ ਸਾਲਾਹੀਆ । ਭਗਤ ਸਾਲਾਹੇ ਆਪ ਪ੍ਰਭ, ਜੁਗ ਜੁਗ ਖੇਲ ਕਰਾਇੰਦਾ । ਲੱਖ ਚੁਰਾਸੀ ਵਿਚੋਂ ਲੱਭ, ਆਪਣਾ ਮੇਲ ਮਿਲਾਇੰਦਾ । ਅੰਮ੍ਰਿਤ ਚੁਆਏ ਕਵਲ ਨੱਭ, ਉਲਟਾ ਮੁਖ ਵਖਾਇੰਦਾ । ਕਰੇ ਕਰਾਏ ਪਾਰ ਹੱਦ, ਹਦੂਦ ਵੰਡ ਨਾ ਕੋਇ ਵੰਡਾਇੰਦਾ । ਗ੍ਰਿਹ ਆਪਣੇ ਸਾਚੇ ਲਏ ਸੱਦ, ਚਰਨ ਕਵਲ ਆਪ ਬਹਾਇੰਦਾ । ਭਗਤ ਭਗਵਾਨ ਕਰੇ ਲੱਡ, ਪਿਤਾ ਪੂਤ ਗੋਦ ਉਠਾਇੰਦਾ । ਅੰਤ ਭਗਵਾਨ ਭਗਤਾਂ ਕਦੇ ਨਾ ਜਾਏ ਪਿਛੇ ਛੱਡ, ਫੜ ਬਾਹੋਂ ਅੱਗੇ ਲਾਇੰਦਾ । ਕਲਜੁਗ ਡੂੰਘੀ ਸੁੱਟੇ ਖੱਡ, ਉਤੇ ਆਪਣਾ ਭਾਰ ਪਾਇੰਦਾ । ਕੋਟਨ ਕੋਟ ਗਏ ਲੱਦ, ਗਿਆ ਫਿਰ ਕੋਇ ਨਾ ਆਇੰਦਾ । ਸ੍ਰੀ ਭਗਵਾਨ ਸ਼ਾਹ ਸੁਲਤਾਨ ਨਿਰਗੁਣ ਦਾਤਾ ਪੁਰਖ ਬਿਧਾਤਾ ਜਨ ਭਗਤਾਂ ਵਿਚ ਬਹੇ ਸਜ, ਸੱਜਣ ਇਕੋ ਫੇਰਾ ਪਾਇੰਦਾ । ਏਥੇ ਓਥੇ ਦੋ ਜਹਾਨ ਰੱਖਣਹਾਰਾ ਲੱਜ, ਪਤ ਆਪਣੀ ਝੋਲੀ ਪਾਇੰਦਾ । ਸੁੱਤਿਆਂ ਜਾਗਦਿਆਂ ਦਰਸ ਕਰਾਏ ਰੱਜ ਰੱਜ, ਸੁਫ਼ਨ ਸਖੋਪਤ ਜਾਗਰਤ ਤੁਰੀਆ ਭਗਤਾਂ ਦਾਸੀ ਆਪ ਬਣਾਇੰਦਾ । ਕਰੇ ਖੇਲ ਪੁਰਖ

ਸਮਰਥ, ਸਮਾਂ ਸਮੇਂ ਨਾਲ ਟਕਰਾਇੰਦਾ । ਉਚਾ ਟਿੱਲਾ ਮੰਦਰ ਜਾਣੇ ਢੱਠ, ਪੱਥਰ ਚੋਟੀ ਸਰਬ ਕੁਰਲਾਇੰਦਾ । ਭਗਤ ਭਗਵੰਤ ਕਹੇ ਸਚ, ਸਚ ਸਚ ਸਮਝਾਇੰਦਾ । ਲੱਖ ਚੁਰਾਸੀ ਕਾਇਆ ਮਾਟੀ ਕੱਚ, ਕੂੜੀ ਗਗਰੀਆ ਅੰਤਮ ਭੰਨ ਵਖਾਇੰਦਾ । ਮਨ ਵਾਸਨਾ ਰਹੇ ਨੱਚ, ਹਰਿ ਸ਼ਬਦ ਨਾ ਕੋਇ ਕਮਾਇੰਦਾ । ਅੰਤ ਅਗਨੀ ਜਾਣਾ ਮੱਚ, ਪੁਰਖ ਅਕਾਲ ਮਵਾਤਾ ਨਾਮ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਾਂ ਇਕੋ ਰੰਗ ਵਖਾਇੰਦਾ । ਭਗਤਾਂ ਰੰਗ ਚਾੜ੍ਹੇ ਗੂੜ੍ਹਾ, ਉਤਰ ਕਦੇ ਨਾ ਜਾਈਆ । ਜੋਤੀ ਦੇਵੇ ਸਾਚਾ ਨੂਰਾ, ਨੂਰ ਨੂਰ ਰੁਸ਼ਨਾਈਆ । ਗੋਬਿੰਦ ਵਾਕ ਭਵਿਖਤ ਕਰੇ ਪੂਰਾ, ਪੁਰਖ ਅਕਾਲ ਫੇਰਾ ਪਾਈਆ । ਲਿਖਿਆ ਲੇਖ ਨਾ ਹੋਏ ਅਧੂਰਾ, ਹੱਦ ਸਭ ਦੀ ਭੰਨ ਤੁੜਾਈਆ । ਚਤਰ ਸੁਘੜ ਬਣਾਏ ਮੂਰਖ ਮੂੜ੍ਹਾ, ਜਿਸ ਜਨ ਆਪਣੀ ਦਇਆ ਕਮਾਈਆ । ਬਹਿਸ਼ਤੀ ਕਿਸੇ ਨਾ ਲੱਭੀ ਹੂਰਾ, ਉਮਤ ਉਮਤੀਆਂ ਰਹੀ ਕੁਰਲਾਈਆ । ਸਦੀ ਚੌਧਵੀਂ ਭਰਿਆ ਇਕੋ ਪੂਰਾ, ਬੇੜੇ ਕੂੜੇ ਲਏ ਚੜ੍ਹਾਈਆ । ਅੱਲਾ ਰਾਣੀ ਪਾ ਕੇ ਹੱਥੀਂ ਲਾਲ ਚੂੜਾ, ਭੱਜੀ ਫਿਰੇ ਵਾਹੋ ਦਾਹੀਆ । ਕੋਈ ਰਹਿਣਾ ਨਾ ਕੱਕਾ ਬੂਰਾ, ਈਸਾ ਮੂਸਾ ਨਾ ਕੋਇ ਸਹਾਈਆ । ਮੁਹੰਮਦ ਹੋਇਆ ਅੰਤ ਮਜਬੂਰਾ, ਮਜਬੂਰੀ ਸਕੇ ਨਾ ਕੋਇ ਕਟਾਈਆ । ਮੂਸਾ ਕਹੇ ਜਿਨ ਜਲਵਾ ਦਿਤਾ ਕੋਹਤੂਰਾ, ਸੋ ਕੁਦਰਤ ਵੇਖਣ ਆਈਆ । ਈਸਾ ਕਹੇ ਮੇਰਾ ਪਰਵਰਦਿਗਾਰ ਮੇਰਾ ਬਚਨ ਕਰੇ ਪੂਰਾ, ਵੇਖਣਹਾਰਾ ਥਾਉਂ ਥਾਈਂਆ । ਨਿਰਗੁਣ ਨਾਨਕ ਕਹੇ ਸ੍ਰੀ ਭਗਵਾਨ ਸਰਬ ਕਲਾ ਭਰਪੂਰਾ, ਮਹਾਂਬਲੀ ਨਾਉਂ ਰਖਾਈਆ । ਗੋਬਿੰਦ ਕਹੇ ਪੁਰਖ ਅਕਾਲ ਮੇਰਾ ਸੰਗ ਦਏ ਜ਼ਰੂਰਾ, ਜ਼ਰੂਰਤ ਮੇਰੀ ਪੂਰ ਕਰਾਈਆ । ਆਦਿ ਜੁਗਾਦੀ ਜਿਸ ਦਾ ਇਕ ਦਸਤੂਰਾ, ਮਿਹਬਾਨ ਬੀਦੋ ਬੀ ਖ਼ੈਰ ਯਾ ਅੱਲਾ ਦਸਤਯਾਬ ਦਸਤਬਰਦਾਰ ਨਾ ਕਦੇ ਅਖਵਾਈਆ । ਨੂਰ ਨੁਰਾਨਾ ਸ਼ਾਹ ਸੁਲਤਾਨਾ ਹਾਜ਼ਰ ਹਜ਼ੂਰਾ, ਹਜ਼ਰਤ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਧਾਰਿਆ ਬਲ, ਬਲ ਬਾਵਨ ਮਾਣ ਮਟਾਈਆ । ਅੱਲਾ ਰਾਣੀ ਗਈ ਡੁਲ, ਨੇਤਰ ਨੈਣਾਂ ਨੀਰ ਵਖਾਈਆ । ਸੂਰਬੀਰ ਕੋਈ ਨਾ ਦਿਸੇ ਉਮਤੀ ਕੁੱਲ, ਕਲਮਾ ਭੁੱਲੀ ਸਰਬ ਲੋਕਾਈਆ । ਕੂੜੇ ਧੰਦੇ ਗਈ ਰੁਲ, ਬੰਦੇ ਬੰਦਗੀ ਨਾ ਕੋਇ ਕਮਾਈਆ । ਪਾਣੀ ਪਿਆ ਕਾਇਆ ਚੁਲ੍ਹ, ਹੁੱਕਾ ਟੋਪੀ ਸਭ ਦੀ ਦਏ ਭੰਨਾਈਆ । ਮੁਹੰਮਦ ਈਸਾ ਮੂਸਾ ਚਾਰ ਯਾਰ ਦਰ ਦਰਵੇਸ਼ ਮੰਨਣ ਭੁੱਲ, ਜਬਰਾਈਲ ਮੇਕਾਈਲ ਅਸਰਾਫ਼ੀਲ ਅਜ਼ਰਾਈਲ ਤੋਬਾ ਤੋਬ ਸੁਣਾਈਆ । ਬੇਪਰਵਾਹ ਕਰਤੇ ਕਾਦਰ ਕਰੀਮ ਤੁਧ ਬਿਨ ਪਾਏ ਨਾ ਕੋਈ ਮੁੱਲ, ਚੌਦਾਂ ਹੱਟ ਨਾ ਕੋਇ ਵਿਕਾਈਆ । ਅੰਤਮ ਤੇਰਾ ਦਵਾਰਾ ਗਿਆ ਖੁਲ੍ਹ, ਦਰ ਆਏ ਵਾਹੋ ਦਾਹੀਆ । ਕਲਜੁਗ ਬੂਟਾ ਰਿਹਾ ਹੁਲ, ਹੁਲੀਆ ਸਭ ਦਾ ਦੇ ਬਦਲਾਈਆ । ਅੰਤ ਅੰਧੇਰ ਜਾਣਾ ਝੁੱਲ, ਪਵਣ ਉਨੰਜਾ ਰਹੀ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਬੇਅੰਤ ਬੇਅੰਤ ਬੇਅੰਤ ਆਪਣੀ ਕਰਨੀ ਆਪ ਕਮਾਈਆ । ਅੱਲਾ ਰਾਣੀ ਲੱਥਾ ਚੀਰ, ਘੁੰਗਟ ਮੁਖ ਨਾ ਕੋਇ ਰਖਾਈਆ । ਖੁਲ੍ਹੀ ਮੀਂਢੀ ਘਤ ਵਹੀਰ, ਵਹੀ ਖਾਤਾ ਨਾਲ ਲਿਆਈਆ । ਨੱਕ ਨਾਲ ਕੱਢਦੀ ਫਿਰੇ ਲਕੀਰ, ਹੱਥ ਕਲੀਰਾ ਨਾ ਕੋਇ ਬੰਧਾਈਆ । ਮੇਰੇ ਨੱਠ ਗਏ ਸਾਥੀ ਪੀਰ ਫ਼ਕੀਰ, ਸਗਲਾ ਸੰਗ ਨਾ ਕੋਇ ਨਿਭਾਈਆ । ਮੈਂ ਮਾਰ ਕੇ ਬੈਠੀ ਜ਼ੰਜੀਰ, ਪਰਵਰਦਿਗਾਰ ਮੇਰੀ ਸ਼ਰਅ ਰਿਹਾ ਤੁੜਾਈਆ । ਮੈਂ ਵੰਡ ਕਰਾਂ ਸ਼ਾਹ ਹਕੀਰ, ਹਰਿ ਜੂ ਇਕੋ ਵੇਖਣ ਆਈਆ । ਤੋਬਾ ਤੋਬਾ ਮੇਰੀ ਹੋਈ ਅਖ਼ੀਰ, ਸਲਾਮ ਦੁਆ ਨਾ ਕੋਇ ਜਣਾਈਆ । ਸਲਾਮਾ

੭੦੭
੧੩

ਅਲੈਕਮ ਮੇਰੀ ਕੱਟੇ ਕੋਇ ਨਾ ਭੀੜ, ਸਿਰ ਹੱਥ ਨਾ ਕੋਇ ਟਿਕਾਈਆ । ਮੈਨੂੰ ਮੇਰਾ ਨਜ਼ਰ ਨਾ ਆਏ ਕੋਈ ਵੀਰ, ਭੈਣ ਭੱਯਾ ਸੰਗ ਨਾ ਕੋਇ ਨਿਭਾਈਆ । ਚਾਰੋਂ ਕੁੰਟ ਹੋਏ ਵਹੀਰ, ਬੇਸਬਰ ਪਿਆਲਾ ਰਿਹਾ ਪਿਆਈਆ । ਮੈਂ ਚੌਦਾਂ ਤਬਕ ਫਿਰ ਕੇ ਹੋਈ ਦਿਲਗੀਰ, ਦਿਲਬਰ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਰਿਹਾ ਕਰਾਈਆ । ਅੱਲਾ ਰਾਣੀ ਖੁਲ੍ਹੀ ਗੁੱਤ, ਮੀਂਢੀ ਹੱਥ ਨਾ ਕੋਇ ਰਖਾਈਆ । ਉਠਿਆ ਇਕ ਅਬਿਨਾਸ਼ੀ ਅਚੁੱਤ, ਚੇਤਾ ਸਭ ਦਾ ਰਿਹਾ ਭੁਲਾਈਆ । ਬਿਨ ਖ਼ਾਲੀ ਕਲਮਿਉਂ ਬੁੱਤ, ਰੂਹ ਪਾਕ ਨਜ਼ਰ ਨਾ ਆਈਆ । ਮੈਂ ਘਰ ਘਰ ਆਈ ਪੁੱਛ, ਨੱਠ ਨੱਠ ਫੇਰਾ ਪਾਈਆ । ਪੀਰ ਪੈਗ਼ੰਬਰ ਸਾਡੇ ਕੋਲ ਨਹੀਂ ਕੁਛ, ਖ਼ਾਲੀ ਹੱਥ ਰਹੇ ਵਖਾਈਆ । ਬੋਹੜੀ ਮੈਂ ਕਿਥੇ ਜਾਵਾਂ ਲੁਕ, ਥਾਂ ਕੋਇ ਨਜ਼ਰ ਨਾ ਆਈਆ । ਸ੍ਰੀ ਭਗਵਾਨ ਸ਼ੇਰ ਹੋ ਕੇ ਰਿਹਾ ਬੁੱਕ, ਭਬਕ ਆਪਣੀ ਇਕ ਲਗਾਈਆ । ਮੇਰੀ ਖ਼ਾਲੀ ਹੁੰਦੀ ਦਿਸੇ ਕੁੱਖ, ਗੋਦੀ ਗੋਦ ਨਾ ਕੋਇ ਸੁਹਾਈਆ । ਅੰਤਮ ਬੂਟਾ ਜਾਣਾ ਸੁੱਕ, ਸੁੱਕੇ ਹਰੇ ਨਾ ਕੋਇ ਕਰਾਈਆ । ਚਲਦਿਆਂ ਚਲਦਿਆਂ ਪੈਂਡਾ ਗਿਆ ਮੁੱਕ, ਕਲਜੁਗ ਅੰਤ ਰਹਿਣ ਨਾ ਪਾਈਆ । ਕੂੜੀ ਕਿਰਿਆ ਸਭ ਦੇ ਮੁਖ ਵਿਚ ਪੈਣਾ ਥੁੱਕ, ਥੁੱਕਾਂ ਮੂੰਹ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਹੁਕਮ ਇਕ ਵਡਿਆਈਆ । ਇਕੋ ਹੁਕਮ ਸ਼ਾਹ ਸੁਲਤਾਨਾ, ਸ਼ਾਹ ਪਾਤਸ਼ਾਹ ਆਪ ਜਣਾਈਆ । ਕਲਜੁਗ ਵੇਖੇ ਮਿਟਦਾ ਨਿਸ਼ਾਨਾ, ਖ਼ਾਕੀ ਮਾਟੀ ਖੇਹ ਉਡਾਈਆ । ਨੌਂ ਖੰਡ ਪ੍ਰਿਥਮੀ ਹੋਏ ਵੈਰਾਨਾ, ਵੈਰੀ ਘਰ ਘਰ ਦਏ ਬਣਾਈਆ । ਸੱਤ ਦੀਪ ਹੋਏ ਹੈਰਾਨਾ, ਹਰਿ ਕਾ ਭੇਵ ਕੋਇ ਨਾ ਪਾਈਆ । ਲਾੜੀ ਮੌਤ ਬੰਨ੍ਹੇ ਗਾਨਾਂ, ਮੌਲੀ ਤੰਦ ਹੱਥ ਉਠਾਈਆ । ਰਾਏ ਧਰਮ ਰਾਹ ਤਕਾਨਾ, ਨੇਤਰ ਨੈਣ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਹੱਥ ਫੜਾਏ ਪਰਵਾਨਾ, ਪਰਵਾਨਗੀ ਇਕੋ ਹੱਥ ਫੜਾਈਆ ।

### ❇ ੨੭ ਮਾਘ ੨੦੧੯ ਬਿਕ੍ਰਮੀ ਗੁਰਬਚਨ ਸਿੰਘ, ਮੋਹਣ ਸਿੰਘ ਦੇ ਗ੍ਰਿਹ ਪਿੰਡ ਉਸਮਾ ਜ਼ਿਲਾ ਅੰਮ੍ਰਿਤਸਰ ❇

ਸੋ ਪੁਰਖ ਨਿਰੰਜਣ ਹਰਿ ਸਮਰਥ, ਸਤਿ ਸਤਿ ਅਖਵਾਇੰਦਾ । ਹਰਿ ਪੁਰਖ ਨਿਰੰਜਣ ਮਹਿਮਾ ਅਕੱਥ, ਆਦਿ ਅੰਤ ਭੇਵ ਕੋਇ ਨਾ ਪਾਇੰਦਾ । ਏਕੰਕਾਰ ਸਚਖੰਡ ਦਵਾਰੇ ਰਿਹਾ ਵਸ, ਮਹੱਲ ਅਟੱਲ ਇਕ ਸੁਹਾਇੰਦਾ । ਆਦਿ ਨਿਰੰਜਣ ਨਿਰਗੁਣ ਜੋਤ ਕਰ ਪਰਕਾਸ਼, ਜੋਤੀ ਜਾਤਾ ਡਗਮਗਾਇੰਦਾ । ਅਬਿਨਾਸ਼ੀ ਕਰਤਾ ਖੇਲਣਹਾਰਾ ਖੇਲ ਤਮਾਸ਼, ਨਿਰਵੈਰ ਆਪਣੀ ਕਾਰ ਕਮਾਇੰਦਾ । ਸ੍ਰੀ ਭਗਵਾਨ ਸਚ ਸੁਲਤਾਨ ਅਲੱਖਣਾ ਅਲੱਖ, ਲੇਖਾ ਲਿਖਤ ਵਿਚ ਨਾ ਆਇੰਦਾ । ਪਾਰਬ੍ਰਹਮ ਪ੍ਰਭ ਆਪਣਾ ਜਾਣੇ ਆਪੇ ਰਸ, ਰਸ ਰਸੀਆ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਇੰਦਾ । ਆਪਣਾ ਭੇਵ ਖੋਲਣਹਾਰਾ, ਨਿਰਵੈਰ ਵੱਡੀ ਵਡਿਆਈਆ । ਆਦਿ ਪੁਰਖ ਪ੍ਰਭ ਹੋ ਉਜਿਆਰਾ, ਅਕਲ ਕਲ ਅਖਵਾਈਆ । ਜੋਤੀ ਨੂਰ ਜੋਤ ਉਜਿਆਰਾ, ਜ਼ਹੂਰ ਇਕੋ ਇਕ ਜਣਾਈਆ । ਮੁਕਾਮੇ ਹੱਕ ਪਰਵਰਦਿਗਾਰਾ, ਬੇਐਬ ਰੂਪ ਖ਼ੁਦਾਈਆ । ਵਸਣਹਾਰਾ ਦਰਗਹਿ ਸਾਚੀ ਠਾਂਡੇ ਦਰਬਾਰਾ, ਸਚ ਸਿੰਘਾਸਣ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ

ਖੇਲ ਸਾਚਾ ਹਰਿ, ਆਦਿ ਆਪਣਾ ਰਾਹ ਜਣਾਈਆ । ਆਦਿ ਪੁਰਖ ਆਦਿ ਰਾਹ, ਇਕੋ ਇਕ ਜਣਾਇੰਦਾ । ਨਿਰਗੁਣ ਨਿਰਗੁਣ ਬਣ ਮਲਾਹ, ਸਾਚਾ ਬੇੜਾ ਕੰਧ ਉਠਾਇੰਦਾ । ਨਿਰਗੁਣ ਨਿਰਗੁਣ ਨਾਉਂ ਉਪਜਾ, ਨਾਉਂ ਨਿਰੰਕਾਰਾ ਆਪ ਅਲਾਇੰਦਾ । ਨਿਰਗੁਣ ਨਿਰਗੁਣ ਦਏ ਸਲਾਹ, ਸਾਚੀ ਸਿਖਿਆ ਇਕ ਪਰਗਟਾਇੰਦਾ । ਨਿਰਗੁਣ ਨਿਰਗੁਣ ਖੇਲ ਖਲਾ, ਆਪ ਆਪਣੀ ਵੰਡ ਵੰਡਾਇੰਦਾ । ਨਿਰਗੁਣ ਨਿਰਗੁਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰੇ ਸੋਭਾ ਪਾਇੰਦਾ । ਸਚ ਦਵਾਰ ਸੋਭਾਵੰਤ, ਸੋ ਪੁਰਖ ਨਿਰੰਜਣ ਵਡ ਵਡਿਆਈਆ । ਆਦਿ ਜੁਗਾਦੀ ਇਕੋ ਕੰਤ, ਨਰ ਨਰਾਇਣ ਸੱਚਾ ਸ਼ਹਿਨਸ਼ਾਹੀਆ । ਸਤਿ ਬਣਾਏ ਸਾਚੀ ਬਣਤ, ਘਾੜਨ ਘੜਨ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਅਬਿਨਾਸ਼ੀ ਅਚੁੱਤ, ਸਤਿ ਸਤਿਵਾਦੀ ਆਪ ਕਰਾਇੰਦਾ । ਆਪਣੀ ਧਾਰੋਂ ਆਪੇ ਉਠ, ਧਾਰ ਧਾਰ ਵਿਚ ਸਮਾਇੰਦਾ । ਬਣ ਜਨਨੀ ਜਨ ਜਣੇ ਸਾਚਾ ਸੁਤ, ਸ਼ਬਦੀ ਨਾਉਂ ਧਰਾਇੰਦਾ । ਨਿਰਗੁਣ ਗੋਦੀ ਲਏ ਚੁੱਕ, ਫੜ ਬਾਂਹੋਂ ਗਲੇ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਸਿਰ ਆਪਣਾ ਹੱਥ ਟਿਕਾਇੰਦਾ । ਸ਼ਬਦ ਸੁਤ ਨਿੱਕਾ ਬਾਲਾ, ਸੋ ਪੁਰਖ ਨਿਰੰਜਣ ਆਪਣੀ ਗੋਦ ਉਠਾਈਆ । ਹਰਿ ਪੁਰਖ ਨਿਰੰਜਣ ਹੋ ਦਿਆਲਾ, ਦੀਨਨ ਏਕਾ ਰੰਗ ਰੰਗਾਈਆ । ਏਕੰਕਾਰਾ ਬਣ ਪ੍ਰਿਤਪਾਲਾ, ਪ੍ਰਿਤਪਾਲਕ ਹੋਏ ਸਹਾਈਆ । ਆਦਿ ਨਿਰੰਜਣ ਜੋਤ ਉਜਾਲਾ, ਜੋਤੀ ਜੋਤ ਲਏ ਜਗਾਈਆ । ਅਬਿਨਾਸ਼ੀ ਕਰਤਾ ਮਾਰਗ ਦੱਸੇ ਸੁਖਾਲਾ, ਸਾਚੀ ਸਿਖਿਆ ਇਕ ਸਮਝਾਈਆ । ਸ੍ਰੀ ਭਗਵਾਨ ਬਣ ਦਲਾਲਾ, ਸਚ ਦਲਾਲੀ ਇਕ ਕਮਾਈਆ । ਪਾਰਬ੍ਰਹਮ ਇਕ ਜਣਾਏ ਸੱਚੀ ਧਰਮਸਾਲਾ, ਥਿਰ ਘਰ ਆਪਣਾ ਰਾਹ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਸੁਤ ਲਏ ਸਮਝਾਈਆ । ਸ਼ਬਦੀ ਸੁਤ ਸਾਚੀ ਸਿਖਿਆ, ਹਰਿ ਸਤਿਗੁਰ ਝੋਲੀ ਪਾਇੰਦਾ । ਸਾਚਾ ਲੇਖ ਆਪੇ ਲਿਖਿਆ, ਕਲਮ ਦਵਾਤ ਨਾ ਵੰਡ ਵੰਡਾਇੰਦਾ । ਨਿਰਵੈਰ ਨਿਰਾਕਾਰ ਅਜੂਨੀ ਰਹਿਤ ਕਦੇ ਨਾ ਦਿਸਿਆ, ਮੂਰਤ ਅਕਾਲ ਵਡ ਵਡਿਆਇੰਦਾ । ਸਚਖੰਡ ਨਿਵਾਸੀ ਥਿਰ ਘਰ ਵੰਡਿਆ ਹਿਸਿਆ, ਹਿੱਸਾ ਇਕੋ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪ ਜਣਾਇੰਦਾ । ਸਾਚੀ ਕਰਨੀ ਸੁਤ ਦੁਲਾਰੇ, ਸਤਿ ਪੁਰਖ ਨਿਰੰਜਣ ਆਪ ਜਣਾਈਆ । ਮਹੱਲ ਅਟੱਲ ਇਕ ਮੁਨਾਰੇ, ਥਿਰ ਘਰ ਸਾਚੇ ਦਏ ਬਹਾਈਆ । ਚਰਨ ਕਵਲ ਕਵਲ ਚਰਨ ਇਕ ਨਿਮਸਕਾਰੇ, ਨਿਵਣ ਸੋ ਅੱਖਰ ਇਕ ਜਣਾਈਆ । ਤੇਰਾ ਲੇਖਾ ਅਗੰਮ ਅਪਾਰੇ, ਅਗੋਚਰ ਦੇਵਣਹਾਰ ਵਡਿਆਈਆ । ਸਦਾ ਸੁਹੇਲਾ ਸਿਰਜਣਹਾਰੇ, ਸਿਰ ਤੇਰੇ ਹੱਥ ਟਿਕਾਈਆ । ਇਕ ਕਰਾਏ ਵਣਜ ਵਪਾਰੇ, ਹੱਟ ਹਟਵਾਣਾ ਆਪ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਤ ਮਾਣ ਦਿਵਾਈਆ । ਸ਼ਬਦ ਸੁਤ ਮਾਣ ਦਿਤਾ ਆਦਿ, ਹਰਿ ਆਪਣੀ ਦਇਆ ਕਮਾਇੰਦਾ । ਤੇਰਾ ਵੇਖਾਂ ਖੇਲ ਤਮਾਸ਼, ਸਾਚੀ ਸਿਖਿਆ ਇਕ ਦ੍ਰਿੜਾਇੰਦਾ । ਤੇਰੇ ਅੰਤਰ ਮੇਰਾ ਪਰਕਾਸ਼, ਨੂਰ ਨੁਰਾਨਾ ਨੂਰ ਵਖਾਇੰਦਾ । ਮੇਰਾ ਪਰੇਮ ਤੇਰੇ ਸਾਥ, ਪਰਮ ਪੁਰਖ ਆਪ ਵਡਿਆਇੰਦਾ । ਮੇਰਾ ਨਾਉਂ ਤੇਰੀ ਗਾਥ, ਸਾਚਾ ਮੰਤਰ ਇਕ ਸਮਝਾਇੰਦਾ । ਮੇਰਾ ਖੇਲ ਤੇਰਾ ਤਮਾਸ਼, ਤੇਰੀ ਰਾਸ ਇਕ ਰਚਾਇੰਦਾ । ਮੇਰੀ ਇਛਿਆ ਤੇਰੀ ਆਸ, ਆਸਾ ਤੇਰੀ ਪੂਰ ਕਰਾਇੰਦਾ । ਮੇਰਾ ਨੂਰ ਤੇਰਾ ਪਰਕਾਸ਼,



੭੦੯
੧੩

ਜੋਤੀ ਜੋਤ ਡਗਮਗਾਇੰਦਾ । ਮੇਰਾ ਹੁਕਮ ਤੇਰਾ ਰਾਥ, ਨਿਰਗੁਣ ਨਿਰਗੁਣ ਆਪ ਚਲਾਇੰਦਾ । ਮੇਰਾ ਮੰਤਰ ਤੇਰਾ ਪਾਠ, ਪੂਜਾ ਇਕੋ ਇਕ ਸਮਝਾਇੰਦਾ । ਮੇਰਾ ਮੇਲ ਤੇਰਾ ਸਾਕ, ਸੱਜਣ ਅਵਰ ਨਾ ਕੋਇ ਬਣਾਇੰਦਾ । ਮੇਰਾ ਪਰਦਾ ਤੇਰਾ ਤਾਕ, ਤਾਕੀ ਪਰਦਾ ਆਪੇ ਲਾਹਿੰਦਾ । ਮੇਰਾ ਪੱਤਣ ਤੇਰਾ ਘਾਟ, ਕਿਨਾਰਾ ਇਕੋ ਇਕ ਵਖਾਇੰਦਾ । ਮੇਰਾ ਅੰਮ੍ਰਿਤ ਤੇਰਾ ਰਸ ਚਾਟ, ਰਸ ਰਸੀਆ ਇਕ ਜਣਾਇੰਦਾ । ਮੇਰਾ ਚਰਨ ਤੇਰਾ ਨਾਤ, ਨਾਤਾ ਬਿਧਾਤਾ ਜੋੜ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਆਦਿ ਸੁਤ ਦੁਲਾਰੇ ਇਕ ਸਮਝਾਇੰਦਾ । ਸੁਤ ਦੁਲਾਰੇ ਨੇਤਰ ਖੋਲ੍ਹ, ਬਿਨ ਅੱਖਾਂ ਅੱਖ ਖੁਲ੍ਹਾਈਆ । ਮੇਰਾ ਕੰਡਾ ਤੇਰਾ ਤੋਲ, ਤੋਲਣਹਾਰਾ ਬੇਪਰਵਾਹੀਆ । ਮੇਰਾ ਨਾਉਂ ਤੇਰਾ ਢੋਲ, ਮਰਦੰਗਾ ਇਕੋ ਇਕ ਜਣਾਈਆ । ਮੇਰਾ ਰੰਗ ਤੇਰੇ ਅੰਤਰ ਜਾਏ ਮੌਲ, ਮੌਲਾ ਇਕੋ ਨਜ਼ਰੀ ਆਈਆ । ਮੇਰਾ ਅੰਮ੍ਰਿਤ ਤੇਰਾ ਕੌਲ, ਕਵਲ ਆਪ ਭਰਾਈਆ । ਮੇਰਾ ਹੁਲਾਰਾ ਤੇਰਾ ਝੋਲ, ਝੂਲਾ ਇਕੋ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵਸਤ ਰਿਹਾ ਵਰਤਾਈਆ । ਮੇਰਾ ਪਿਆਰ ਤੇਰਾ ਰੰਗ, ਰੰਗ ਰੰਗੀਲਾ ਇਕ ਜਣਾਇੰਦਾ । ਮੇਰਾ ਮੰਦਰ ਤੇਰਾ ਪਲੰਘ, ਸੇਜ ਸੁਹੰਜਣੀ ਇਕ ਵਡਿਆਇੰਦਾ । ਮੇਰਾ ਨੂਰ ਤੇਰਾ ਸੰਗ, ਸ਼ਬਦੀ ਤੇਰੀ ਧਾਰ ਰਖਾਇੰਦਾ । ਮੇਰਾ ਗੀਤ ਤੇਰਾ ਛੰਦ, ਸ਼ਹਿਨਸ਼ਾਹ ਇਕੋ ਰਾਹ ਵਖਾਇੰਦਾ । ਮੇਰਾ ਪਰੇਮ ਤੇਰਾ ਅਨੰਦ, ਅਨੰਦ ਅਨੰਦ ਵਿਚ ਸਮਾਇੰਦਾ । ਥਿਰ ਘਰ ਖੇਲ ਤੇਰਾ ਕਰਾਏ ਸੂਰਾ ਸਰਬੰਗ, ਸਚਖੰਡ ਆਪਣਾ ਆਸਣ ਲਾਇੰਦਾ । ਦੋਏ ਜੋੜ ਸਚ ਵਸਤ ਲੈਣੀ ਮੰਗ, ਸਾਚੀ ਸਿਖਿਆ ਇਕ ਵਖਾਇੰਦਾ । ਪੂਤ ਸਪੂਤੇ ਪ੍ਰਭ ਦਵਾਰੇ ਨਾ ਜਾਣਾ ਸੰਗ, ਨੇਤਰ ਨੈਣ ਨਾ ਕੋਇ ਸ਼ਰਮਾਇੰਦਾ । ਅੰਗੀਕਾਰ ਲਾ ਲਾਏ ਆਪਣੇ ਅੰਗ, ਅੰਗ ਆਪਣੇ ਨਾਲ ਮਿਲਾਇੰਦਾ । ਕਰੇ ਖੇਲ ਸੋ ਪੁਰਖ ਨਿਰੰਜਣ ਹੰ ਵਜਾਏ ਇਕ ਮਰਦੰਗ, ਸੋਹੰ ਆਪਣੀ ਧਾਰ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਦੇਵੇ ਨਿਰਗੁਣ ਵਰ ਨਿਰਗੁਣ ਜੋਤ ਨਿਰਗੁਣ ਸ਼ਬਦ ਨਿਰਗੁਣ ਪਿਤਾ ਨਿਰਗੁਣ ਮਾਤ ਨਿਰਗੁਣ ਪੂਤ ਝੋਲੀ ਡਾਹਿੰਦਾ । ਨਿਰਗੁਣ ਸੁਤ ਨੇਤਰ ਰੋ, ਚਰਨ ਕਵਲ ਧਿਆਨ ਲਗਾਈਆ । ਮੈਂ ਤੇਰੇ ਜੋਗਾ ਗਿਆ ਹੋ, ਮੇਰੀ ਅਵਰ ਨਾ ਕੋਇ ਵਡਿਆਈਆ । ਤੇਰੀ ਕਿਰਪਾ ਮਿਲੀ ਲੋ, ਪਰਕਾਸ਼ ਪਰਕਾਸ਼ ਵਿਚ ਸਮਾਈਆ । ਤੇਰੇ ਚਰਨ ਗਿਆ ਛੋਹ, ਛੋਹਰਾ ਬਾਂਕਾ ਆਪਣਾ ਮੇਲ ਰਖਾਈਆ । ਮੇਰਾ ਮੁਖੜਾ ਆਪੇ ਧੋ, ਬਣ ਦਰਦੀ ਦਰਦ ਵੰਡਾਈਆ । ਏਕਾ ਦੇਣਾ ਢੋਆ ਢੋ, ਵਸਤ ਅਮੋਲਕ ਝੋਲੀ ਪਾਈਆ । ਤੁਧ ਬਿਨ ਜਾਣੇ ਅਵਰ ਨਾ ਕੋ, ਵੇਖ ਸਕੇ ਨਾ ਕੋਇ ਰਾਈਆ । ਏਕਾ ਬੀਜ ਆਪਣਾ ਬੋ, ਫਲ ਇਕੋ ਇਕ ਲਗਾਈਆ । ਆਦਿ ਜੁਗਾਦਿ ਕੋਈ ਨਾ ਸਕੇ ਖੋਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਆਦਿ ਆਦਿ ਤੇਰੇ ਅੱਗੇ ਝੋਲੀ ਡਾਹੀਆ । ਤੇਰੇ ਅੱਗੇ ਝੋਲੀ ਦਿਤੀ ਰੱਖ, ਸੁਤ ਸ਼ਬਦ ਮੰਗ ਮੰਗਾਇੰਦਾ । ਆਪਣਾ ਪਿਆਰ ਦੇ ਪਰਤੱਖ, ਪਿਆਰ ਪਿਆਰ ਨਾਲ ਪਰਨਾਇੰਦਾ । ਮੈਂ ਤੈਥੋਂ ਹੋਵਾਂ ਕਦੇ ਨਾ ਵੱਖ, ਸਗਲਾ ਸੰਗ ਸੰਗ ਨਿਭਾਇੰਦਾ । ਇਕੋ ਦੇ ਸੱਚੀ ਅੱਖ, ਜੁਗ ਚੌਕੜੀ ਬੰਦ ਨਾ ਕੋਇ ਕਰਾਇੰਦਾ । ਆਪਣਾ ਮਾਰਗ ਦੇ ਦੱਸ, ਬਣ ਸੇਵਕ ਸੇਵ ਕਮਾਇੰਦਾ । ਮੈਂ ਸੇਵਾ ਕਰਾਂ ਨੱਸ ਨੱਸ, ਪਾਂਧੀ ਆਪਣਾ ਨਾਉਂ ਰਖਾਇੰਦਾ । ਮਿਹਰਵਾਨ ਤੇਰਾ ਗਾਵਾਂ ਜਸ, ਸੋਹਲਾ ਢੋਲਾ ਇਕ ਪਰਗਟਾਇੰਦਾ । ਤੂੰ ਮਿਲਣਾ ਹੱਸ ਹੱਸ, ਮੈਂ ਤੇਰਾ ਰਾਹ ਤਕਾਇੰਦਾ । ਤੂੰ ਮੇਰਾ ਮੈਂ ਤੇਰੇ ਵਸ, ਵਾਸਤਾ ਤੇਰੇ ਅੱਗੇ ਪਾਇੰਦਾ । ਮੇਰੇ ਤੁਧ ਬਿਨ ਖ਼ਾਲੀ ਹੋਏ ਹੱਥ, ਦਸਤਬਰਦਾਰ

੭੧੦
੧੩

ਇਕੋ ਨਜ਼ਰੀ ਆਇੰਦਾ । ਤੂੰ ਸਾਹਿਬ ਪੁਰਖ ਸਮਰਥ, ਹਉਂ ਬਾਲਾ ਛੋਟਾ ਭੇਵ ਨਾ ਕੋਇ ਪਾਇੰਦਾ । ਜਿਉਂ ਭਾਵੇ ਤਿਉਂ ਲੈਣਾ ਰੱਖ, ਇਕੋ ਤੇਰੀ ਓਟ ਤਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸੁਤ ਦੁਲਾਰਾ ਕਰ ਪਿਆਰਾ ਨਿਰਗੁਣ ਧਾਰਾ ਜੋਤ ਉਜਿਆਰਾ, ਨੂਰ ਨੁਰਾਨਾ ਬਣ ਨਿਮਾਣਾ ਦੋਏ ਜੋੜ ਸੀਸ ਝੁਕਾਇੰਦਾ । ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਮਿਹਰ ਨਜ਼ਰ ਇਕ ਉਠਾਈਆ । ਸਾਹਿਬ ਸਤਿਗੁਰ ਦੇਵਣਹਾਰਾ ਦਾਨ, ਦਾਤਾ ਦਾਨੀ ਦਇਆ ਕਮਾਈਆ । ਚਰਨ ਧੂੜੀ ਕਰਾ ਅਸ਼ਨਾਨ, ਨਿਰਮਲ ਨਿਰਮਲ ਧਾਰ ਜਣਾਈਆ । ਸਤਿ ਸਰੂਪੀ ਸਤਿ ਬਣਾਏ ਕਾਹਨ, ਸਿਰ ਆਪਣਾ ਹੱਥ ਟਿਕਾਈਆ । ਸਤਿ ਸਤਿਵਾਦੀ ਦੇਵੇ ਇਕ ਨਿਸ਼ਾਨ, ਧਰਮ ਨਿਸ਼ਾਨਾ ਹੱਥ ਫੜਾਈਆ । ਏਕੰਕਾਰਾ ਅਗੰਮ ਅਥਾਹ ਬੇਪਰਵਾਹ ਦੇਵਣਹਾਰ ਗਿਆਨ, ਨਿਸ਼ਅੱਖਰ ਇਕ ਪੜ੍ਹਾਈਆ । ਤੇਰਾ ਮੇਰਾ ਮੇਰਾ ਤੇਰਾ ਇਕ ਮਕਾਨ, ਮਕਬਰਾ ਹੋਰ ਨਾ ਕੋਇ ਵਡਿਆਈਆ । ਤੇਰਾ ਵੇਖਾਂ ਖੇਲ ਮਹਾਨ, ਖ਼ਾਲਕ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸੁਤ ਤੇਰਾ ਰਾਹ ਚਲਾਈਆ । ਸ਼ਬਦ ਸੁਤ ਤੇਰਾ ਰਾਹ ਚਲਾਵਾਂਗਾ । ਸਿਰ ਤੇਰੇ ਹੱਥ ਰਖਾਵਾਂਗਾ । ਥਿਰ ਘਰ ਇਕੋ ਮਾਣ ਦਿਵਾਵਾਂਗਾ । ਅਗੰਮ ਨਾਦ ਵਜਾਵਾਂਗਾ । ਸੁਰ ਤਾਲ ਨਾ ਕੋਇ ਰਖਾਵਾਂਗਾ । ਵਸਤ ਅਮੋਲਕ ਤੇਰੀ ਝੋਲੀ ਪਾਵਾਂਗਾ । ਸਚ ਗੋਲਕ ਇਕ ਭਰਾਵਾਂਗਾ । ਧਾਰ ਧਾਰ ਵਿਚੋਂ ਪਰਗਟਾਵਾਂਗਾ । ਵਿਸ਼ਨੂੰ ਵਿਸ਼ਵ ਰੂਪ ਵਖਾਵਾਂਗਾ । ਅੰਮ੍ਰਿਤ ਝਿਰਨਾ ਇਕ ਝਿਰਾਵਾਂਗਾ । ਕਵਲ ਨਾਭ ਭਰਾਵਾਂਗਾ । ਬ੍ਰਹਮ ਰੂਪ ਵਟਾਵਾਂਗਾ । ਆਪਣਾ ਖੇਲ ਕਰਾਵਾਂਗਾ । ਤੇਰਾ ਸੰਗ ਜਣਾਵਾਂਗਾ । ਧੂਆਂ ਧਾਰ ਸਮਾਵਾਂਗਾ । ਸੁੰਨ ਅਗੰਮ ਵਖਾਵਾਂਗਾ । ਸ਼ੰਕਰ ਰੰਗ ਵਟਾਵਾਂਗਾ । ਤੇਰਾ ਬੰਸ ਬਣਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਮੇਲ ਮਿਲਾਵਾਂਗਾ । ਤੇਰਾ ਰੰਗ ਚੜ੍ਹਾਵਾਂਗਾ । ਸੀਸ ਸਿਹਰਾ ਤੇਰੇ ਬੰਨ੍ਹਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦੀ ਮਾਣ ਰਖਾਵਾਂਗਾ । ਸ਼ਬਦੀ ਤੇਰਾ ਮਾਣ ਰਖਾਊਂਗਾ । ਦੋ ਜਹਾਨਾਂ ਵੇਖ ਵਖਾਊਂਗਾ । ਨਿਰਗੁਣ ਨਿਰਗੁਣ ਤੇਰਾ ਸੰਗ ਨਿਭਾਊਂਗਾ । ਆਪਣੀ ਕਰਨੀ ਕਰ ਵਖਾਊਂਗਾ । ਤ੍ਰੈਗੁਣ ਮਾਇਆ ਨਾਲ ਮਿਲਾਊਂਗਾ । ਪੰਜ ਤੱਤ ਵੰਡ ਕਰਾਊਂਗਾ । ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਪਰਦਾ ਲਾਹੂੰਗਾ । ਲੱਖ ਚੁਰਾਸੀ ਘਾੜਨ ਘੜ, ਨਿਰਗੁਣ ਸਰਗੁਣ ਵੇਖ ਵਖਾਊਂਗਾ । ਕਾਇਆ ਮੰਦਰ ਆਪੇ ਵੜ, ਤੇਰਾ ਡੰਕ ਵਜਾਊਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਰ ਵਖਾਊਂਗਾ । ਸ਼ਬਦ ਤੇਰਾ ਨਾਉਂ ਪਰਗਟਾਵਾਂਗਾ । ਦੋ ਜਹਾਨ ਵਸਾਵਾਂਗਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਰਚਨ ਰਚਾਵਾਂਗਾ । ਆਕਾਸ਼ ਪਰਕਾਸ਼ ਧਰਾਵਾਂਗਾ । ਸੂਰਜ ਚੰਨ ਕਿਰਨ ਕਿਰਨ ਚਮਕਾਵਾਂਗਾ । ਮੰਡਲ ਮੰਡਪ ਮਹਿਕਾਵਾਂਗਾ । ਧੁਰ ਦਰਬਾਰੀ ਰਾਗੀ ਰਾਗ ਅਲਾਵਾਂਗਾ । ਤੇਰਾ ਗੀਤ ਸੁਣਾਵਾਂਗਾ । ਚਾਰੇ ਖਾਣੀ ਵੰਡ ਵੰਡਾਵਾਂਗਾ । ਅੰਡਜ ਜੇਰਜ ਉਤਭੁਜ ਸੇਤਜ ਤੇਰਾ ਮੇਲ ਮਿਲਾਵਾਂਗਾ । ਪਰਾ ਪਸੰਤੀ ਮਧਮ ਬੈਖਰੀ ਤੇਰਾ ਤਾਲ ਵਜਾਵਾਂਗਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰਾ ਹਿੱਸਾ ਪਾਵਾਂਗਾ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰੀ ਸੇਵਾ ਲਾਵਾਂਗਾ । ਭਗਤ ਭਗਵਾਨ ਵਿਚ ਜਹਾਨ ਆਤਮ ਪਰਮਾਤਮ ਜੋੜ ਜੁੜਾਵਾਂਗਾ । ਸੰਤ ਸਾਜਣ ਸ੍ਰੀ ਭਗਵੰਤ, ਬ੍ਰਹਮ ਪਾਰਬ੍ਰਹਮ ਵਖਾਵਾਂਗਾ । ਈਸ਼ ਜੀਵ ਨਾਰ ਕੰਤ, ਸੇਜ ਸੁਹੰਜਣੀ ਇਕ ਹੰਢਾਵਾਂਗਾ । ਕਾਇਆ ਚੋਲੀ ਚਾੜ੍ਹ ਰੰਗ ਬਸੰਤ, ਫੁਲ ਫੁਲਵਾੜ ਤੇਰਾ ਮਹਿਕਾਵਾਂਗਾ । ਖੇਲਾਂ ਖੇਲ ਜੁਗਾ ਜੁਗੰਤ, ਤੇਰਾ ਹੁਕਮ ਚਲਾਵਾਂਗਾ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਦਿ ਜੁਗਾਦਿ ਤੇਰਾ ਰਾਹ ਵਖਾਵਾਂਗਾ । ਸੁਣ ਸੰਦੇਸ਼ਾ ਸ੍ਰੀ ਭਗਵਾਨ, ਸ਼ਬਦ ਸੁਤ ਸੀਸ ਝੁਕਾਇੰਦਾ । ਤੂੰ ਦਾਤਾ ਵਡ ਮਿਹਰਵਾਨ, ਤੇਰਾ ਅੰਤ ਕੋਇ ਨਾ ਆਇੰਦਾ । ਹਉਂ ਬਾਲਕ ਬਾਲਾ ਬੱਚਾ ਇਕ ਅਵਾਣ, ਆਪਣਾ ਮਾਣ ਨਾ ਕੋਇ ਵਖਾਇੰਦਾ । ਨਿਤ ਨਵਿਤ ਰੱਖਾਂ ਚਰਨ ਧਿਆਨ, ਸੀਸ ਜਗਦੀਸ ਤੋਹੇ ਝੁਕਾਇੰਦਾ । ਇਸ਼ਟ ਦੇਵ ਗੁਰ ਬਣਨਾ ਸਚ ਈਮਾਨ, ਸਤਿ ਸਹਾਰਾ ਇਕ ਤਕਾਇੰਦਾ । ਜੁਗ ਜੁਗ ਦੇਣਾ ਧੁਰ ਫ਼ਰਮਾਨ, ਸਤਿ ਸੰਦੇਸਾ ਨਰ ਨਰੇਸ਼ਾ ਤੇਰਾ ਰਾਗ ਅਲਾਇੰਦਾ । ਹੁਕਮੇ ਅੰਦਰ ਖੇਲਾਂ ਖੇਲ ਆਵਣ ਜਾਣ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਤੇਰੀ ਵੰਡ ਵੰਡਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਦਿਆਂ ਗਿਆਨ, ਮੰਤਰ ਇਕੋ ਇਕ ਦ੍ਰਿੜਾਇੰਦਾ । ਖਾਣੀ ਬਾਣੀ ਕਰ ਪਰਧਾਨ, ਵੇਖ ਵਖਾਵਾਂ ਜੀਵ ਜਹਾਨ, ਜੀਵਣ ਜੁਗਤ ਸਰਬ ਜਣਾਇੰਦਾ । ਲੇਖਾ ਜਾਣਾ ਕਾਇਆ ਮੰਦਰ ਹੱਟ ਮਕਾਨ, ਨਵ ਦਰ ਆਪੇ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਜੁਗ ਜੁਗ ਤੇਰੀ ਸੇਵ ਕਮਾਇੰਦਾ । ਸਾਚੀ ਸੇਵ ਲਗਾਵਾਂਗਾ । ਸੁਤ ਸ਼ਬਦ ਸਮਝਾਵਾਂਗਾ । ਫੜ ਬਾਂਹੋਂ ਰਾਹੇ ਪਾਵਾਂਗਾ । ਦੋ ਜਹਾਨ ਵਸਾਵਾਂਗਾ । ਲੋਕ ਪਰਲੋਕ ਖੇਲ ਰਚਾਵਾਂਗਾ । ਬ੍ਰਹਿਮੰਡ ਖੰਡ ਨਾਚ ਨਚਾਵਾਂਗਾ । ਲੋਆਂ ਪੁਰੀਆਂ ਨਾਦ ਸੁਣਾਵਾਂਗਾ । ਬ੍ਰਹਮ ਬ੍ਰਹਿਮਾਦ ਆਪ ਉਠਾਵਾਂਗਾ । ਜੁਗ ਚੌਕੜੀ ਵੇਖ ਵਖਾਵਾਂਗਾ । ਕੋਟਨ ਕੋਟ ਸਿਫ਼ਤੀ ਨਾਮ ਬਣਾਵਾਂਗਾ । ਗੁਰ ਅਵਤਾਰ ਪੀਰ ਪੈਗ਼ੰਬਰ ਪੜ੍ਹਾਵਾਂਗਾ । ਰਚ ਸਵੰਬਰ ਵੇਖ ਵਖਾਵਾਂਗਾ । ਭਰਤੰਬਰ ਰੂਪ ਜਣਾਵਾਂਗਾ । ਅਡੰਬਰ ਇਕ ਵਖਾਵਾਂਗਾ । ਸ਼ਬਦੀ ਸੁਤ ਲੱਖ ਚੁਰਾਸੀ ਤੇਰਾ ਟੱਬਰ, ਮਾਤ ਬਣਾਵਾਂਗਾ । ਘਰ ਵਿਚ ਘਰ ਸਤਿ ਸੰਤੋਖ ਧੀਰਜ ਸਬਰ, ਆਪ ਰਖਾਵਾਂਗਾ । ਕਾਇਆ ਮੰਦਰ ਡੂੰਘੀ ਕੰਦਰ ਜਗਤ ਅੰਧੇਰਾ ਝੂਠੀ ਕਬਰ, ਕੂੜਾ ਮਕਬਰਾ ਇਕ ਜਣਾਵਾਂਗਾ । ਤੇਰਾ ਨਾਮ ਨੌਜਵਾਨ ਸ਼ੇਰ ਬੱਬਰ, ਦੋ ਜਹਾਨ ਇਕੋ ਭਬਕ ਸੁਣਾਵਾਂਗਾ । ਆਦਿ ਜੁਗਾਦਿ ਜੁਗਾ ਜੁਗੰਤ ਜੀਵ ਜੰਤ ਸਾਧ ਸੰਤ ਪੜ੍ਹਾਵਾਂ ਸਬਕ, ਸਾਚੀ ਸਿਖਿਆ ਇਕ ਦ੍ਰਿੜਾਵਾਂਗਾ । ਚੌਦਾਂ ਲੋਕ ਦੇਵਾਂ ਵਡਿਆਈ ਚੌਦਾਂ ਤਬਕ, ਤਾਲਬ ਤੇਰੇ ਸਰਬ ਬਣਾਵਾਂਗਾ । ਵੇਖ ਵਖਾਵਾਂ ਖ਼ਾਲਕ ਖ਼ਲਕ, ਮਖ਼ਲੂਕ ਤੇਰੀ ਆਸ ਜਣਾਵਾਂਗਾ । ਪਰਦਾ ਲਾਹਵਾਂ ਅਰਸ਼ ਫ਼ਰਸ਼, ਕਾਇਆ ਕੁਰਾ ਵੇਖ ਵਖਾਵਾਂਗਾ । ਤੇਰੇ ਨਾਉਂ ਦੀ ਸਾਚੀ ਗ਼ਰਜ਼, ਜੀਵ ਜੰਤ ਜਣਾਵਾਂਗਾ । ਆਪਣੇ ਵਿਛੋੜੇ ਦੀ ਰੱਖਾਂ ਮਰਜ਼, ਤੁਧ ਬਿਨ ਹੋਰ ਨਾ ਕਿਸੇ ਨਾਲ ਮਿਲਾਵਾਂਗਾ । ਤੇਰਾ ਰਾਗ ਤੇਰੀ ਤਰਜ਼, ਤੇਰੇ ਨਾਲ ਸਾਲਾਹਵਾਂਗਾ । ਜਿਸ ਵੇਲੇ ਕਰੇਂ ਅਰਜ਼, ਫੜ ਬਾਂਹੋਂ ਗਲੇ ਲਗਾਵਾਂਗਾ । ਮੈਂ ਪੂਰਾ ਕਰਾਂ ਫ਼ਰਜ਼, ਫ਼ਰਜ਼ ਸਭ ਦੇ ਉਤੇ ਚਲਾਵਾਂਗਾ । ਨੌਂ ਸੌ ਚੁਰਾਨਵੇ ਚੌਕੜੀ ਜੁਗ ਤੂੰ ਮਾਰੀਂ ਆਪਣੀ ਗਰਜ, ਗਹਿਰ ਗੰਭੀਰ ਹੋ ਕੇ ਤੇਰਾ ਸੰਗ ਨਿਭਾਵਾਂਗਾ । ਕੂੜ ਕੁੜਿਆਰਾ ਦੇਣਾ ਵਰਜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਤੇਰੇ ਹੱਥ ਟਿਕਾਵਾਂਗਾ । ਸਿਰ ਤੇਰੇ ਹੱਥ ਰੱਖਾਂਗਾ । ਆਦਿ ਜੁਗਾਦਿ ਸਾਥ ਨਾ ਛੱਡਾਂਗਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਅੰਦਰ ਵਾੜ ਫਿਰ ਆਪਣੀ ਕਿਰਪਾ ਕੱਢਾਂਗਾ । ਕਰ ਪਰਕਾਸ਼ ਬਹੱਤਰ ਨਾੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਫਿਰ ਆਪਣੇ ਘਰ ਸੱਦਾਂਗਾ । ਸੁਤ ਦੁਲਾਰਾ ਸੁਣ ਸੰਦੇਸ਼ਾ, ਥਿਰ ਘਰ ਸਾਚੇ ਖੁਸ਼ੀ ਮਨਾਈਆ । ਪਾਰਬ੍ਰਹਮ ਪ੍ਰਭ ਮਿਲਿਆ ਇਕ ਨਰੇਸ਼ਾ, ਸ਼ਹਿਨਸ਼ਾਹ ਵੱਡਾ ਵਡ ਵਡਿਆਈਆ । ਜੁਗ ਚੌਕੜੀ ਜਾਣੇ ਮੇਰਾ ਪੇਸ਼ਾ, ਪੇਸ਼ਤਰ

ਆਪਣਾ ਹੁਕਮ ਸੁਣਾਈਆ । ਸੇਵਾ ਲਾਵਾਂ ਵਿਸ਼ਨ ਬ੍ਰਹਮ ਮਹੇਸ਼ਾ, ਸ਼ਿਵ ਸ਼ੰਕਰ ਹੁਕਮ ਜਣਾਈਆ । ਆਦਿ ਜੁਗਾਦਿ ਜੁਗ ਜੁਗ ਨਿਉਂ ਨਿਉਂ ਕਰਨ ਸਰਬ ਆਦੇਸਾ, ਸਯਦਾ ਸੀਸ ਝੁਕਾਈਆ । ਨਿਰਗੁਣ ਸਰਗੁਣ ਵੇਖਾਂ ਧਾਰ ਧਾਰ ਕੇ ਭੇਸਾ, ਭੇਖ ਅਵਲੱੜਾ ਇਕ ਜਣਾਈਆ । ਨਾ ਕੋਈ ਰੂਪ ਨਾ ਕੋਈ ਰੇਖਾ, ਰੰਗ ਰੰਗ ਨਾ ਕੋਇ ਰੰਗਾਈਆ । ਮੁੱਛ ਦਾੜ੍ਹੀ ਨਾ ਕੋਇ ਕੇਸਾ, ਨਾ ਕੋਈ ਮੁੰਡਨ ਮੂੰਡ ਮੁੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸ਼ਬਦ ਆਪਣਾ ਰਾਹ ਚਲਾਈਆ । ਸ਼ਬਦੀ ਸ਼ਬਦ ਚਲੇ ਰਾਹ, ਹਰਿ ਸਤਿਗੁਰ ਆਪ ਚਲਾਇੰਦਾ । ਗੁਰ ਸ਼ਬਦ ਬਣੇ ਮਲਾਹ, ਜੁਗ ਜੁਗ ਬੇੜਾ ਮਾਤ ਉਠਾਇੰਦਾ । ਗੁਰ ਸ਼ਬਦ ਦ੍ਰਿੜਾਏ ਨਾਂ, ਨਾਉਂ ਇਕੋ ਇਕ ਵਡਿਆਇੰਦਾ । ਗੁਰ ਸ਼ਬਦ ਜਣਾਏ ਥਾਂ, ਥਾਨ ਥਨੰਤਰ ਇਕ ਸੁਹਾਇੰਦਾ । ਗੁਰ ਸ਼ਬਦ ਪਕੜ ਉਠਾਏ ਬਾਂਹ, ਫੜ ਬਾਂਹੋਂ ਆਪ ਜਗਾਇੰਦਾ । ਗੁਰ ਸ਼ਬਦ ਬਣੇ ਪਿਤਾ ਮਾਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਤਕਾਇੰਦਾ । ਗੁਰ ਸ਼ਬਦ ਹੋਏ ਸੱਚਾ ਦਾਤਾ, ਦਾਤਾ ਦਾਨ ਇਕ ਕਰਾਈਆ । ਗੁਰ ਸ਼ਬਦ ਹੋਏ ਬ੍ਰਹਮ ਗਿਆਤਾ, ਬ੍ਰਹਮ ਵਿਦਿਆ ਇਕ ਦ੍ਰਿੜਾਈਆ । ਗੁਰ ਸ਼ਬਦ ਆਤਮ ਪਰਮਾਤਮ ਜੋੜੇ ਨਾਤਾ, ਨਾ ਕੋਈ ਤੋੜੇ ਤੋੜ ਤੁੜਾਈਆ । ਗੁਰ ਸ਼ਬਦ ਪਾਰਬ੍ਰਹਮ ਬ੍ਰਹਮ ਬਣਾਏ ਸਾਥਾ, ਸਗਲਾ ਸੰਗ ਰਖਾਈਆ । ਗੁਰ ਸ਼ਬਦ ਸੁਰਤ ਸ਼ਬਦ ਕਰੇ ਦਾਸੀ ਦਾਸਾ, ਸੇਵਕ ਇਕੋ ਸੇਵ ਜਣਾਈਆ । ਘਰ ਘਰ ਵਿਚ ਕਰੇ ਪਰਕਾਸ਼ਾ, ਜੋਤੀ ਜੋਤ ਜੋਤ ਰੁਸ਼ਨਾਈਆ । ਗੁਰ ਸ਼ਬਦ ਅਨਹਦ ਨਾਦ ਵਜਾਏ ਵਾਜਾ, ਪੰਚਮ ਸਖੀਆਂ ਮਿਲ ਮਿਲ ਰਾਗ ਅਲਾਈਆ । ਗੁਰ ਸ਼ਬਦ ਅੰਮ੍ਰਿਤ ਆਤਮ ਦੇਵੇ ਦਾਜਾ, ਨਿਝਰ ਝਿਰਨਾ ਇਕ ਝਿਰਾਈਆ । ਗੁਰ ਸ਼ਬਦ ਬਣੇ ਸੱਜਣ ਸੱਚਾ ਸਾਕਾ, ਕੂੜਾ ਨਾਤਾ ਤੋੜ ਤੁੜਾਈਆ । ਗੁਰ ਸ਼ਬਦ ਨਜ਼ਰੀ ਆਏ ਇਕੋ ਆਕਾ, ਆਕੀ ਕੋਇ ਰਹਿਣ ਨਾ ਪਾਈਆ । ਗੁਰ ਸ਼ਬਦ ਬੰਦ ਕਵਾੜੀ ਖੋਲ੍ਹੇ ਤਾਕਾ, ਬਜਰ ਕਪਾਟੀ ਤੋੜ ਤੁੜਾਈਆ । ਗੁਰ ਸ਼ਬਦ ਪੰਧ ਮੁਕਾਏ ਚੌਦਾਂ ਲੋਕ ਹਾਟਾ, ਪਾਂਧੀ ਨਜ਼ਰ ਕੋਇ ਨਾ ਆਈਆ । ਗੁਰ ਸ਼ਬਦ ਸੁਣਾਏ ਸਾਚਾ ਸਾਕਾ, ਬੋਧ ਅਗਾਧ ਕਰੇ ਪੜ੍ਹਾਈਆ । ਗੁਰ ਸ਼ਬਦ ਵਖਾਏ ਸਚ ਇਹਾਤਾ, ਚਾਰ ਦੀਵਾਰ ਨਾ ਕੋਇ ਦਸਾਈਆ । ਗੁਰ ਸ਼ਬਦ ਸਚ ਸਰੋਵਰ ਮਾਰੇ ਠਾਠਾ, ਲਹਿਰ ਲਹਿਰ ਨਾਲ ਮਿਲਾਈਆ । ਗੁਰ ਸ਼ਬਦ ਜਨਮ ਜਨਮ ਦਾ ਪੂਰਾ ਕਰੇ ਘਾਟਾ, ਪੂਰਬ ਲੇਖਾ ਝੋਲੀ ਪਾਈਆ । ਗੁਰ ਸ਼ਬਦ ਹੋਏ ਸਹਾਈ ਅਨਾਥ ਅਨਾਥਾ, ਗ਼ਰੀਬ ਨਿਮਾਣੇ ਗਲੇ ਲਗਾਈਆ । ਗੁਰ ਸ਼ਬਦ ਦੇਵਣਹਾਰ ਨਜਾਤਾ, ਲੱਖ ਚੁਰਾਸੀ ਫੰਦ ਕਟਾਈਆ । ਗੁਰ ਸ਼ਬਦ ਅੱਠੇ ਪਹਿਰ ਵਖਾਏ ਪਰਭਾਤਾ, ਦਿਵਸ ਰੈਣ ਨਾ ਵੰਡ ਵੰਡਾਈਆ । ਗੁਰ ਸ਼ਬਦ ਨਜ਼ਰੀ ਆਏ ਇਕ ਇਕਾਂਤਾ, ਇਕ ਇਕੱਲਾ ਸੱਚਾ ਮਾਹੀਆ । ਗੁਰ ਸ਼ਬਦ ਨਾਤਾ ਤੋੜੇ ਜ਼ਾਤਾ ਪਾਤਾ, ਵਰਨ ਗੋਤ ਨਾ ਕੋਇ ਬਣਾਈਆ । ਗੁਰ ਸ਼ਬਦ ਮੇਲ ਮਿਲਾਏ ਕਮਲਾਪਾਤਾ, ਜਗਤ ਵਿਛੋੜਾ ਦੁੱਖ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਗੁਰੂ ਸ਼ਬਦ ਵਡਿਆਈਆ । ਗੁਰ ਸ਼ਬਦ ਸਚ ਸੰਜੋਗ, ਧੁਰ ਕਰਤਾ ਆਪ ਜਣਾਇੰਦਾ । ਗੁਰ ਸ਼ਬਦ ਕੱਟੇ ਰੋਗ, ਹਉਮੇਂ ਹੰਗਤਾ ਨਾ ਕੋਇ ਵਖਾਇੰਦਾ । ਗੁਰ ਸ਼ਬਦ ਦਰਸ ਅਮੋਘ, ਸਵੱਛ ਸਰੂਪੀ ਵੇਸ ਵਟਾਇੰਦਾ । ਗੁਰ ਸ਼ਬਦ ਸਾਚੀ ਚੋਗ, ਸੋਹੰ ਹੰਸਾ ਮਾਣਕ ਮੋਤੀ ਮੁਖ ਰਖਾਇੰਦਾ । ਗੁਰ ਸ਼ਬਦ ਕੂੜੀ ਕਿਰਿਆ ਢਾਹੇ ਝੂਠਾ ਕੋਟ, ਬੰਕ ਦਵਾਰ ਇਕ ਵਖਾਇੰਦਾ । ਗੁਰ ਸ਼ਬਦ ਤਨ ਨਗਾਰੇ ਲਾਏ ਚੋਟ, ਨਾਮ ਡੰਕਾ ਇਕ ਵਜਾਇੰਦਾ । ਗੁਰ ਸ਼ਬਦ ਕਰੇ ਪਰਕਾਸ਼ ਨਿਰਮਲ ਜੋਤ, ਅਗਿਆਨ ਅੰਧੇਰ ਮਿਟਾਇੰਦਾ । ਗੁਰ

ਸ਼ਬਦ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਇਕ ਸਲੋਕ, ਸੋਹਲਾ ਸੱਚਾ ਆਪ ਜਣਾਇੰਦਾ । ਗੁਰ ਸ਼ਬਦ ਸੱਚਾ ਸੋਹਲਾ, ਸੋ ਪੁਰਖ ਨਿਰੰਜਣ ਆਪ ਪਰਗਟਾਈਆ । ਗੁਰ ਸ਼ਬਦ ਸਦ ਰੱਖੇ ਉਹਲਾ, ਜਗਤ ਨੇਤਰ ਨਜ਼ਰ ਨਾ ਆਈਆ । ਗੁਰ ਸ਼ਬਦ ਹਰ ਘਟ ਮੌਲਾ, ਮੌਲ ਰਿਹਾ ਸਭ ਥਾਈਂਆ । ਗੁਰ ਸ਼ਬਦ ਉਲਟਾ ਕਰੇ ਨਾਭ ਕਵਲਾ, ਕਵਲ ਕਵਲਾ ਆਪ ਖੁਲ੍ਹਾਈਆ । ਗੁਰ ਸ਼ਬਦ ਸਦਾ ਸਦਾ ਸਦ ਹੋਏ ਬਵਲਾ, ਬੌਰਾ ਰੂਪ ਵਟਾਈਆ । ਗੁਰ ਸ਼ਬਦ ਲੱਖ ਚੁਰਾਸੀ ਜਾਣੇ ਕਮਲਾ, ਬਿਨ ਭਗਤਾਂ ਸਾਰ ਕਿਸੇ ਨਾ ਆਈਆ । ਗੁਰ ਸ਼ਬਦ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵੱਡੀ ਵਡਿਆਈਆ । ਗੁਰ ਸ਼ਬਦ ਸਾਚਾ ਮੀਤਾ, ਮਿੱਤਰ ਪਿਆਰਾ ਇਕ ਅਖਵਾਇੰਦਾ । ਗੁਰ ਸ਼ਬਦ ਸਦਾ ਅਨਡੀਠਾ, ਰੂਪ ਰੰਗ ਨਾ ਕੋਇ ਵਖਾਇੰਦਾ । ਗੁਰ ਸ਼ਬਦ ਸਦਾ ਰਸ ਮੀਠਾ, ਅੰਮਿਉਂ ਰਸ ਇਕ ਚੁਆਇੰਦਾ । ਗੁਰ ਸ਼ਬਦ ਸਦਾ ਅਤੀਤਾ, ਤ੍ਰੈਗੁਣ ਵਿਚ ਕਦੇ ਨਾ ਆਇੰਦਾ । ਗੁਰ ਸ਼ਬਦ ਠਾਂਡਾ ਸੀਤਾ, ਅਗਨੀ ਤੱਤ ਬੁਝਾਇੰਦਾ । ਗੁਰ ਸ਼ਬਦ ਕਿਸੇ ਹੱਥ ਨਾ ਆਏ ਮੰਦਰ ਮਸੀਤਾ, ਘਰ ਘਰ ਅੰਦਰ ਡੇਰਾ ਲਾਇੰਦਾ । ਗੁਰ ਸ਼ਬਦ ਲੱਖ ਚੁਰਾਸੀ ਪਰਖਣਹਾਰਾ ਨੀਤਾ, ਗ੍ਰਹਿ ਮੰਦਰ ਖੋਜ ਖੁਜਾਇੰਦਾ । ਗੁਰ ਸ਼ਬਦ ਜੁਗ ਚੌਕੜੀ ਚਲਾਏ ਮਾਤ ਰੀਤਾ, ਰੀਤੀਵਾਨ ਫੇਰਾ ਪਾਇੰਦਾ । ਗੁਰ ਸ਼ਬਦ ਇਕੋ ਰੰਗ ਵਖਾਏ ਹਸਤ ਕੀਟਾ, ਰਾਜ ਰਾਜਾਨ ਨਾ ਕੋਇ ਵਡਿਆਇੰਦਾ । ਗੁਰ ਸ਼ਬਦ ਕਾਇਆ ਚੋਲੀ ਚਾੜ੍ਹੇ ਰੰਗ ਮਜੀਠਾ, ਉਤਰ ਕਦੇ ਨਾ ਜਾਇੰਦਾ । ਗੁਰ ਸ਼ਬਦ ਸਿਫ਼ਤ ਗਾਏ ਅਠਾਰਾਂ ਧਿਆਏ ਗੀਤਾ, ਸਿਫ਼ਤੀ ਸਿਫ਼ਤ ਸਿਫ਼ਤ ਸਾਲਾਹਿੰਦਾ । ਗੁਰ ਸ਼ਬਦ ਆਦਿ ਜੁਗਾਦਿ ਪਤਤ ਪੁਨੀਤਾ, ਪਤਤ ਪਾਪੀ ਪਾਰ ਕਰਾਇੰਦਾ । ਗੁਰ ਸ਼ਬਦ ਸਦਾ ਨੀਕਨ ਨੀਕਾ, ਨਿਵਣ ਸੋ ਅੱਖਰ ਰਾਹ ਜਣਾਇੰਦਾ । ਗੁਰ ਸ਼ਬਦ ਭੇਵ ਜਾਣੇ ਜੀਵ ਜੀਅ ਕਾ, ਬਚਿਆ ਕੋਇ ਰਹਿਣ ਨਾ ਪਾਇੰਦਾ । ਗੁਰ ਸ਼ਬਦ ਗੁਰ ਆਪਣੇ ਹੱਥ ਰੱਖੇ ਤਰੀਕਾ, ਜੁਗ ਜੁਗ ਤਰ੍ਹਾ ਤਰ੍ਹਾ ਸਮਝਾਇੰਦਾ । ਗੁਰ ਸ਼ਬਦ ਸਦਾ ਵਸੇ ਨਜ਼ਦੀਕਾ, ਦੂਰ ਦੁਰਾਡਾ ਨਾ ਕੋਇ ਰਖਾਇੰਦਾ । ਗੁਰ ਸ਼ਬਦ ਨਿਸ਼ਾਨ ਠੀਕਾ, ਕੂੜਾ ਠੀਕਰ ਭੰਨ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸ਼ਬਦ ਇਕ ਵਡਿਆਇੰਦਾ । ਗੁਰ ਸ਼ਬਦ ਸਾਚਾ ਮਜਨ, ਦੂਜੀ ਅਵਰ ਨਾ ਕੋਇ ਵਡਿਆਈਆ । ਗੁਰ ਸ਼ਬਦ ਸਾਚਾ ਸੱਜਣ, ਸਦਾ ਸਦਾ ਸਹਾਈਆ । ਗੁਰ ਸ਼ਬਦ ਪਰਦੇ ਕੱਜਣ, ਸੀਸ ਦੋਸ਼ਾਲਾ ਇਕ ਟਿਕਾਈਆ । ਗੁਰ ਸ਼ਬਦ ਕਾਇਆ ਮਾਟੀ ਬਣਾਏ ਕੰਚਨ, ਪਾਰਸ ਆਪਣਾ ਰੂਪ ਵਖਾਈਆ । ਗੁਰ ਸ਼ਬਦ ਤ੍ਰੈਗੁਣ ਮਾਇਆ ਮੇਟੇ ਅੰਚਨ, ਅਗਨੀ ਅੱਗ ਨਾ ਕੋਇ ਤਪਾਈਆ । ਗੁਰ ਸ਼ਬਦ ਗੁਰਮੁਖ ਤੇਰਾ ਬਚਨ, ਸਚ ਗਿਆਨ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰ ਸ਼ਬਦ ਇਕ ਜਣਾਈਆ । ਗੁਰ ਸ਼ਬਦ ਸਦਾ ਨਿਰਭੈ, ਭੈ ਭੌ ਨਾ ਕੋਇ ਜਣਾਇੰਦਾ । ਗੁਰ ਸ਼ਬਦ ਸਦਾ ਸਦਾ ਸਦ ਰਹੇ, ਜਨਮ ਮਰਨ ਵਿਚ ਨਾ ਆਇੰਦਾ । ਗੁਰ ਸ਼ਬਦ ਖਾਣੀ ਬਾਣੀ ਇਕੋ ਨਾਮ ਕਹੇ, ਕਹਿ ਕਹਿ ਆਪ ਜਣਾਇੰਦਾ । ਗੁਰ ਸ਼ਬਦ ਆਦਿ ਜੁਗਾਦਿ ਸਦਾ ਸਦ ਭਾਣੇ ਸਹੇ, ਸਦ ਭਾਣੇ ਵਿਚ ਰਹਾਇੰਦਾ । ਗੁਰ ਸ਼ਬਦ ਗੁਰਮੁਖ ਵਿਰਲਾ ਲਏ, ਬਾਕੀ ਹੱਥ ਕਿਸੇ ਨਾ ਆਇੰਦਾ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਮਰਦੇ ਖਹਿ ਖਹਿ, ਖ਼ਾਹਸ਼ ਪੂਰੀ ਨਾ ਕੋਇ ਕਰਾਇੰਦਾ । ਮਾਇਆ ਮਮਤਾ ਹਉਮੇਂ ਹੰਗਤਾ ਕਾਮ ਕਰੋਧ ਲੋਭ ਮੋਹ ਹੰਕਾਰ ਵਹਿੰਦੀ ਨੈ, ਨੱਯਾ ਪਾਰ ਨਾ ਕੋਇ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਸਾਚਾ ਸ਼ਬਦ ਇਕ ਵਡਿਆਇੰਦਾ । ਗੁਰ ਕਾ ਸ਼ਬਦ ਸਾਚਾ ਡੰਕਾ, ਡੌਰੂ ਇਕੋ ਇਕ ਵਖਾਈਆ । ਆਦਿ ਜੁਗਾਦਿ ਉਠਾਏ ਰਾਉ ਰੰਕਾ, ਦੋ ਜਹਾਨਾਂ ਆਲਸ ਨਿੰਦਰਾ ਦਏ ਮਿਟਾਈਆ । ਗੜ੍ਹ ਤੋੜ੍ਹੇ ਕੂੜੀ ਹੰਗਤਾ, ਹੰ ਬ੍ਰਹਮ ਦਏ ਸਮਝਾਈਆ । ਜਨ ਭਗਤਾਂ ਚੋਲੀ ਰੰਗਦਾ, ਸਾਚੇ ਸੰਤਾਂ ਵੇਖ ਵਖਾਈਆ । ਗੁਰਮੁਖ ਦਵਾਰੇ ਕਦੇ ਨਾ ਸੰਗਦਾ, ਆਵੇ ਜਾਵੇ ਵਾਹੋ ਦਾਹੀਆ । ਨੌਂ ਦਵਾਰੇ ਪਾਰ ਲੰਘਦਾ, ਸੁਖਮਨ ਟੇਢੀ ਬੰਕ ਨਾ ਕੋਇ ਅਟਕਾਈਆ । ਈੜਾ ਪਿੰਗਲ ਦੋਏ ਜੋੜ ਨਿਮਸਕਾਰ ਕਰਦਾ, ਨਿਉਂ ਨਿਉਂ ਲਾਗੇ ਪਾਈਆਂ । ਭਗਤ ਭਗਵਾਨ ਆਪੇ ਵਰਦਾ, ਪਤ ਪਤਵੰਤਾ ਹੋਏ ਸਹਾਈਆ । ਅੰਤਰ ਆਤਮ ਪੌੜੇ ਚੜ੍ਹਦਾ, ਆਪਣੇ ਡੰਡੇ ਚਰਨ ਟਿਕਾਈਆ । ਸੁਰਤ ਸਵਾਣੀ ਆਪੇ ਫੜਦਾ, ਫੜ ਉਂਗਲੀ ਲਏ ਲਗਾਈਆ । ਚਰਨ ਕਵਲ ਸਾਚੀ ਸੇਜਾ ਧਰਦਾ, ਦੇਵਣਹਾਰ ਮਾਣ ਵਡਿਆਈਆ । ਨਿਰਗੁਣ ਹੋ ਕੇ ਅੱਗੇ ਖੜਦਾ, ਨਿਰਵੈਰ ਦਇਆ ਕਮਾਈਆ । ਸੰਤ ਸੁਹੇਲਾ ਗੁਰੂ ਗੁਰ ਚੇਲਾ ਸਤਿਗੁਰ ਆਪਣੇ ਜਿਹਾ ਕਰਦਾ, ਆਪ ਆਪਣਾ ਮੇਲ ਮਿਲਾਈਆ । ਗੁਰ ਕਾ ਸ਼ਬਦ ਸਦਾ ਸਦ ਬਰਦਾ, ਬਣ ਸੇਵਕ ਸੇਵ ਕਮਾਈਆ । ਆਤਮ ਪਰਮਾਤਮ ਸੋਹੰ ਢੋਲਾ ਪੜ੍ਹਦਾ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸ਼ਬਦ ਇਕੋ ਗੁਰੂ ਵਖਾਈਆ । ਸ਼ਬਦ ਗੁਰੂ ਵਡ ਦੇਵੀ ਦੇਵਾ, ਦੇਵਤ ਸੁਰ ਦਇਆ ਕਮਾਇੰਦਾ । ਆਦਿ ਜੁਗਾਦਿ ਅਲੱਖ ਅਭੇਵਾ, ਅਗੰਮ ਅਥਾਹ ਬੇਪਰਵਾਹ ਆਪਣੀ ਕਾਰ ਕਮਾਇੰਦਾ । ਜਨ ਭਗਤਾਂ ਕੌਸਤਕ ਮਣੀਆਂ ਮਸਤਕ ਲਾਵੇ ਥੇਵਾ, ਥੀਊਰੀ ਆਪਣੀ ਆਪ ਜਣਾਇੰਦਾ । ਸਦਾ ਸੁਹੇਲਾ ਇਕ ਇਕੇਲਾ ਵਸਣਹਾਰਾ ਨਿਹਚਲ ਧਾਮ ਸਦਾ ਨਿਹਕੇਵਾ, ਨਿਹਕਰਮੀ ਕਰਮ ਕਾਂਡ ਮੇਟ ਮਿਟਾਇੰਦਾ । ਕਲਜੁਗ ਅੰਤ ਸ੍ਰੀ ਭਗਵੰਤ ਗੁਰਮੁਖਾਂ ਦੇਵੇ ਇਕੋ ਮੇਵਾ, ਅੰਮ੍ਰਿਤ ਆਤਮ ਰਸ ਪਿਲਾਇੰਦਾ । ਸੋਹੰ ਢੋਲਾ ਰਸਨਾ ਜਿਹਵਾ, ਬਣ ਵਿਚੋਲਾ ਆਪ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਕਾ ਸ਼ਬਦ ਸੇਵ ਕਮਾਇੰਦਾ । ਗੁਰ ਕਾ ਸ਼ਬਦ ਸਾਚਾ ਯਾਰ, ਸਦਾ ਸਦਾ ਅਖਵਾਈਆ । ਊਚਾਂ ਨੀਚਾਂ ਰਾਉ ਰੰਕਾਂ ਕਰੇ ਪਿਆਰ, ਗ਼ਰੀਬ ਨਿਮਾਣਿਆਂ ਇਕੋ ਘਰ ਵਖਾਈਆ । ਇਕੋ ਨਾਦ ਸ਼ਬਦ ਧੁਨਕਾਰ, ਜੈ ਜੈਕਾਰ ਇਕੋ ਰਾਗ ਅਲਾਈਆ । ਇਕੋ ਮੰਦਰ ਇਕ ਦਵਾਰ, ਇਕੋ ਬੰਕ ਦਏ ਸੁਹਾਈਆ । ਇਕੋ ਨਜ਼ਰੀ ਆਏ ਹਰਿ ਕਰਤਾਰ, ਕਰਤਾ ਕਰਨੀ ਆਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗੁਰ ਸ਼ਬਦ ਇਕ ਵਡਿਆਈਆ । ਗੁਰ ਸ਼ਬਦ ਸਚ ਵੱਡਾ ਵਡ, ਹਰਿ ਵੱਡਾ ਆਪ ਵਡਿਆਇੰਦਾ । ਆਪਣੀ ਧਾਰੋਂ ਆਪੇ ਕੱਢ, ਦੋ ਜਹਾਨਾਂ ਆਪ ਫਿਰਾਇੰਦਾ । ਆਪ ਸੁਣਾ ਅਗੰਮੀ ਛੰਦ, ਬੋਧ ਅਗਾਧ ਪੜ੍ਹਾਇੰਦਾ । ਦੀਨ ਦਿਆਲ ਹੋ ਬਖ਼ਸ਼ੰਦ, ਬਖ਼ਸ਼ਸ਼ ਇਕੋ ਹੱਥ ਫੜਾਇੰਦਾ । ਗ੍ਰਿਹ ਮੰਦਰ ਦੇਵੇ ਇਕ ਅਨੰਦ, ਅਨੰਦ ਮੰਗਲ ਇਕੋ ਗਾਇੰਦਾ । ਭੇਵ ਨਾ ਪਾਏ ਬੱਤੀ ਦੰਦ, ਰਸਨਾ ਜਿਹਵਾ ਸਿਫ਼ਤ ਸਿਫ਼ਤ ਸਾਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸ਼ਬਦ ਨਗਾਰਾ ਇਕੋ ਇਕ ਵਜਾਇੰਦਾ । ਗੁਰ ਸ਼ਬਦ ਨਗਾਰਾ ਜਾਏ ਵੱਜ, ਵਜਾਵਣਹਾਰ ਆਪ ਵਜਾਈਆ । ਕਲਜੁਗ ਕੂੜੀ ਕਿਰਿਆ ਜਾਏ ਭੱਜ, ਲੋਕਮਾਤ ਰਹਿਣ ਨਾ ਪਾਈਆ । ਜੂਠ ਝੂਠ ਜਾਏ ਨੱਠ, ਨੇਤਰ ਨੈਣ ਨਾ ਕੋਇ ਉਠਾਈਆ । ਲਹਿਣਾ ਚੁੱਕੇ ਅਠਸਠ, ਤੀਰਥ ਤਟ ਦੇਣ ਦੁਹਾਈਆ । ਗੁਰਦਰ ਮੰਦਰ ਮਸਜਦ ਸ਼ਿਵਦਵਾਲੇ ਮੱਠ, ਹੱਕ ਹਕੀਕਤ ਨਾ ਕੋਇ ਜਣਾਈਆ । ਕਲਜੁਗ ਸਾਧਾਂ ਸੰਤਾਂ ਜੀਵਾਂ

ਜੰਤਾਂ ਮੈਲੀ ਹੋ ਗਈ ਅੱਖ, ਨੇਤਰ ਨਿਜ ਨਾ ਕੋਇ ਖੁਲ੍ਹਾਈਆ । ਸਤਿਗੁਰ ਪੂਰੇ ਕੋਲੋਂ ਹੋ ਗਏ ਵੱਖ, ਮਨਮਤ ਰਹੇ ਕਮਾਈਆ । ਕੂੜੀ ਕਿਰਿਆ ਮਾਰਨ ਝੱਖ, ਸਚ ਸੁੱਚ ਨਾ ਕੋਇ ਦ੍ਰਿੜਾਈਆ । ਵਾਸਨਾ ਕਾਮ ਕਰੋਧ ਅੰਦਰ ਰਹੇ ਨਸ, ਆਸਾ ਤ੍ਰਿਸਨਾ ਪੂਰ ਨਾ ਕੋਇ ਵਖਾਈਆ । ਵੇਖਣਹਾਰਾ ਪੁਰਖ ਸਮਰਥ, ਸਚਖੰਡ ਬੈਠਾ ਬੇਪਰਵਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਸੱਦ, ਕਲਜੁਗ ਅੰਤਮ ਦਏ ਜਣਾਈਆ । ਦੀਨ ਮਜ਼੍ਹਬ ਆਪਣੀ ਵੇਖੇ ਹੱਦ, ਸ੍ਰਿਸ਼ਟ ਸਬਾਈ ਰਹੀ ਕੁਰਲਾਈਆ । ਸਾਚਾ ਨਾਦ ਨਾ ਰਿਹਾ ਵੱਜ, ਰਾਗੀ ਰਾਗ ਨਾ ਕੋਇ ਸੁਣਾਈਆ । ਮੱਕੇ ਕਾਅਬੇ ਦਿਸੇ ਨਾ ਕੋਈ ਹੱਜ, ਹਜ਼ਰਤ ਬੈਠਾ ਮੁਖ ਛੁਪਾਈਆ । ਸਦੀ ਚੌਧਵੀਂ ਚੌਦਾਂ ਤਬਕ ਪਰਦਾ ਸਕੇ ਨਾ ਕੋਈ ਕੱਜ, ਪੀਰ ਦਸਤਗੀਰ ਸੰਗ ਨਾ ਕੋਇ ਨਿਭਾਈਆ । ਕਲਜੁਗ ਅੰਤਮ ਲੌਣ ਨਾ ਦੇਵੇ ਕਿਸੇ ਅਜ ਪਜ, ਧੋਖੇ ਵਿਚ ਕਦੇ ਨਾ ਆਈਆ । ਸ਼ਰਅ ਸ਼ੈਤਾਨ ਰਹੀ ਨੱਚ, ਨਵ ਨੌਂ ਕਰੇ ਲੜਾਈਆ । ਗੁਰ ਕਾ ਸ਼ਬਦ ਨਾ ਸਕੇ ਕੋਈ ਵਾਚ, ਵਾਸਤਾ ਪਿਆ ਝੂਠੀ ਮਾਤ ਲੋਕਾਈਆ । ਪਿਛਲੀ ਕਹਾਣੀ ਪਿਛੇ ਰਹਿ ਗਈ ਬਾਤ, ਬਾਤਨ ਪਰਦਾ ਰਿਹਾ ਖੁਲ੍ਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਨੇਤਰ ਖੋਲ੍ਹ ਵੇਖੇ ਮਾਰ ਝਾਤ, ਝਾਕੀ ਸਭ ਦੀ ਰਿਹਾ ਪਵਾਈਆ । ਕਲਜੁਗ ਅੰਤਮ ਸਭ ਦਾ ਬੰਦ ਕੀਤਾ ਤਾਕ, ਸਾਧ ਸੰਤ ਅੰਦਰ ਵੜ ਦਰਸ ਕੋਇ ਨਾ ਪਾਈਆ । ਰਸਨਾ ਜਿਹਵਾ ਬੋਲਣ ਵਾਕ, ਵਾਕਿਆ ਨਾਨਕ ਕਬੀਰ ਦਾ ਰਹੇ ਸੁਣਾਈਆ । ਆਪ ਹੋ ਗਏ ਮਾਇਆ ਨਾਲ ਰਲ ਬਦਮੁਆਸ਼, ਬੁੱਧੀ ਮਤ ਨਾ ਕੋਇ ਚਤਰਾਈਆ । ਨਜ਼ਰ ਨਾ ਆਇਆ ਸਾਖਿਆਤ, ਸਾਖੀ ਆਪਣੀ ਦਏ ਜਣਾਈਆ । ਸਭ ਦੇ ਖ਼ਾਲੀ ਵੇਖੇ ਹਾਥ, ਉਚੇ ਟਿੱਲੇ ਪਰਬਤ ਜੂਹ ਪਹਾੜ ਕੰਦਰ ਜੋ ਬੈਠੇ ਆਸਣ ਲਾਈਆ । ਭੇਖ ਧਾਰ ਬਣਾਈ ਜਮਾਤ, ਜ਼ਾਮਨ ਨਜ਼ਰ ਕੋਇ ਨਾ ਆਈਆ । ਰੈਣ ਦਿਵਸ ਖਾਵਣ ਭਾਤ, ਭਾਖਿਆ ਹਰਿ ਨਾ ਕੋਇ ਪੜ੍ਹਾਈਆ । ਕਲਜੁਗ ਜੀਵ ਨਾਰ ਹੋਈ ਕਮਜ਼ਾਤ, ਹਰਿ ਜੂ ਕੰਤ ਨਜ਼ਰ ਕਿਸੇ ਨਾ ਆਈਆ । ਤੁਹਾਡੀ ਸਾਂਭ ਕੇ ਰੱਖੀ ਨਾ ਕਿਸੇ ਦਾਤ, ਕੂੜੇ ਹੱਟ ਗਏ ਵਿਕਾਈਆ । ਜਾ ਕੇ ਪੁੱਛੇ ਓਨ੍ਹਾਂ ਵਾਤ, ਜੋ ਬੈਠੇ ਮੰਦਰਾਂ ਡੇਰਾ ਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਅਸੀਂ ਦੇਣਾ ਨਹੀਂ ਕਿਸੇ ਦਾ ਸਾਥ, ਸੱਚਾ ਨਜ਼ਰ ਕੋਇ ਨਾ ਆਈਆ । ਚਾਰੋਂ ਕੁੰਟ ਅੰਧੇਰੀ ਰਾਤ, ਚੌਦਸ ਚੰਦ ਨਾ ਕੋਇ ਚੜ੍ਹਾਈਆ । ਰਸਨਾ ਜਿਹਵਾ ਬੱਤੀ ਦੰਦ ਪੜ੍ਹ ਪੜ੍ਹ ਸੁਣੌਂਦੇ ਰਹੇ ਗਾਥ, ਹਿਰਦੇ ਹਰਿ ਨਾ ਕੋਇ ਵਸਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਬਿਨ ਤੇਰੇ ਭਗਤਾਂ ਤੇਰੇ ਅੱਗੇ ਹੋਏ ਨਾ ਕੋਈ ਪਾਸ, ਪਰਚਾ ਹੱਲ ਨਾ ਕੋਇ ਕਰਾਈਆ । ਤੇਰੇ ਸੰਤ ਤੇਰੀ ਸ਼ਾਖ਼, ਤੇਰਾ ਰੂਪ ਨਜ਼ਰੀ ਆਈਆ । ਬਾਕੀ ਸਭ ਦਾ ਕਰ ਦੇ ਘਾਤ, ਘਾਉ ਆਪਣਾ ਨਾਮ ਲਗਾਈਆ । ਜੋ ਪੜ੍ਹ ਪੜ੍ਹ ਬਣੇ ਚਾਲਾਕ, ਸੀਨਾ ਚਾਕ ਦੇ ਕਰਾਈਆ । ਅੰਤਮ ਮਾਟੀ ਉਡੇ ਖ਼ਾਕ, ਖ਼ਾਕ ਕੰਮ ਕਿਸੇ ਨਾ ਆਈਆ । ਦਰੋਹੀ ਖ਼ੁਦਾ ਦੀ ਛੱਡ ਗਏ ਅਸੀਂ ਸਾਥ, ਪੀਰ ਪੈਗ਼ੰਬਰ ਦੇਵੇ ਨਾ ਕੋਇ ਗਵਾਹੀਆ । ਹੱਕ ਹਕੀਕਤ ਪੜ੍ਹੀ ਨਾ ਕਿਸੇ ਆਇਤ, ਉਲਮਾ ਆਲਮ ਨਾ ਕੋਇ ਵਡਿਆਈਆ । ਕੂੜੀ ਕਿਰਿਆ ਵੇਖੀ ਕਾਇਨਾਤ, ਕਲਮਾ ਨਬੀ ਨਾ ਕੋਇ ਜਣਾਈਆ । ਨਜ਼ਰ ਨਾ ਆਇਆ ਪਿਆਲਾ ਆਬੇ ਹਯਾਤ, ਮੁੱਲਾ ਸ਼ੇਖ਼ ਅਗਨੀ ਤੱਤ ਰਹੇ ਤਪਾਈਆ । ਮੁਰਸ਼ਦ ਆਪਣੇ ਮੁਰੀਦਾਂ ਦੇ ਨਜਾਤ, ਤੇਰੇ ਹੱਥ ਤੇਰੀ ਵਡਿਆਈਆ । ਰੂਹ ਰਹੀ ਨਾ ਕੋਈ ਪਾਕ, ਬੁਤਖ਼ਾਨੇ ਵੜ ਗਈ ਸਰਬ ਲੋਕਾਈਆ । ਤੇਰੀ ਅਲਫ਼ ਯੇ ਪੜ੍ਹੀ ਨਾ ਕਿਸੇ ਜਮਾਤ, ਯੁਕਤੀ ਨਜ਼ਰ ਕਿਸੇ ਨਾ ਆਈਆ । ਅੰਤ ਹੁੰਦੇ ਦਿਸਣ ਵਿਨਾਸ, ਬਿਸਤਰਾ ਸਭ ਦਾ ਬੰਨ੍ਹ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰਾ ਸ਼ਬਦ

ਜਪਦੇ ਰਹੇ ਸਵਾਸ ਸਵਾਸ, ਅੰਤਰ ਆਤਮ ਧਿਆਨ ਲਗਾਈਆ । ਜਿਸ ਜਪਿਆ ਤਿਸ ਵਸਿਆ ਪਾਸ, ਵਿਛੜ ਕਦੇ ਨਾ ਜਾਈਆ । ਕਲਜੁਗ ਅੰਤਮ ਜਨ ਭਗਤਾਂ ਦਿਤਾ ਸਾਥ, ਬਣ ਸਾਥੀ ਸੇਵ ਕਮਾਈਆ । ਪਿਛਲਾ ਖਹਿੜਾ ਛੱਡ ਗਏ ਤ੍ਰਿਲੋਕੀ ਨਾਥ, ਤ੍ਰੈ ਲੋਆਂ ਪੰਧ ਮੁਕਾਈਆ । ਤੇਰਾ ਨਾਉਂ ਸਦਾ ਸਾਖਿਆਤ, ਬਣੇ ਸੱਜਣ ਸੱਚਾ ਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਨੂਰ ਜੋਤ ਕਰ ਪਰਕਾਸ਼, ਵੇਖਣਹਾਰਾ ਥਾਉਂ ਥਾਈਆ ।

727 ੧੩

✻ ੨੭ ਮਾਘ ੨੦੧੯ ਬਿਕ੍ਰਮੀ ਕਰਤਾਰ ਸਿੰਘ, ਨਿਰੰਜਣ ਸਿੰਘ ਦੇ ਗ੍ਰਹਿ ਪਿੰਡ ਚੰਬਲ ਜ਼ਿਲਾ ਅੰਮ੍ਰਿਤਸਰ ✻

ਇਹ ਉਹ ਜੋ ਅਸੁਤੇ ਪਰਕਾਸ਼ ਕਰਾਂਦਾ ਰਿਹਾ । ਇਹ ਉਹ ਜੋ ਸੋ ਪੁਰਖ ਨਿਰੰਜਣ ਰੂਪ ਵਟਾਂਦਾ ਰਿਹਾ । ਇਹ ਉਹ ਜੋ ਹਰਿ ਪੁਰਖ ਨਿਰੰਜਣ ਨਾਮ ਧਰਾਂਦਾ ਰਿਹਾ । ਇਹ ਉਹ ਜੋ ਏਕੰਕਾਰ ਅਖਵਾਂਦਾ ਰਿਹਾ । ਇਹ ਉਹ ਜੋ ਆਦਿ ਨਿਰੰਜਣ ਨੂਰ ਪਰਗਟਾਂਦਾ ਰਿਹਾ । ਇਹ ਉਹ ਜੋ ਅਬਿਨਾਸ਼ੀ ਕਰਤਾ ਭੇਸ ਦਰਸਾਂਦਾ ਰਿਹਾ । ਇਹ ਉਹ ਜੋ ਸ੍ਰੀ ਭਗਵਾਨ ਸਚ ਨਿਸ਼ਾਨ ਝੁਲਾਂਦਾ ਰਿਹਾ । ਇਹ ਉਹ ਜੋ ਪਾਰਬ੍ਰਹਮ ਨਿਰਗੁਣ ਰੂਪ ਅਖਵਾਂਦਾ ਰਿਹਾ । ਇਹ ਉਹ ਜੋ ਜੋਤੀ ਜੋਤ ਡਗਮਗਾਂਦਾ ਰਿਹਾ । ਇਹ ਉਹ ਜੋ ਸਚਖੰਡ ਦਵਾਰ ਵਸਾਂਦਾ ਰਿਹਾ । ਇਹ ਉਹ ਜੋ ਸਚ ਸਿੰਘਾਸਣ ਸੋਭਾ ਪਾਂਦਾ ਰਿਹਾ । ਇਹ ਉਹ ਜੋ ਸ਼ਾਹੋ ਭੂਪ ਵਡ ਵਡਿਆਂਦਾ ਰਿਹਾ । ਇਹ ਉਹ ਜੋ ਆਦਿ ਆਦਿ ਆਪਣੇ ਸੀਸ ਜਗਦੀਸ ਤਾਜ ਸੁਹਾਂਦਾ ਰਿਹਾ । ਇਹ ਉਹ ਜੋ ਮੁਕਾਮੇ ਹੱਕ ਡੇਰਾ ਲਾਂਦਾ ਰਿਹਾ । ਇਹ ਉਹ ਜੋ ਨਿਰਗੁਣ ਜਲਵਾ ਨੂਰ ਡਗਮਗਾਂਦਾ ਰਿਹਾ । ਇਹ ਉਹ ਜੋ ਲਾਸ਼ਰੀਕ ਨਜ਼ਰ ਆਪਣੀ ਪਾਂਦਾ ਰਿਹਾ । ਇਹ ਉਹ ਜੋ ਆਪਣੀ ਕਲ ਆਪ ਵਖਾਂਦਾ ਰਿਹਾ । ਇਹ ਉਹ ਜੋ ਨਿਰਗੁਣ ਨਿਰਗੁਣ ਮੇਲ ਮਿਲਾਂਦਾ ਰਿਹਾ । ਇਹ ਉਹ ਜੋ ਨਾਰ ਕੰਤ ਰੂਪ ਵਟਾਂਦਾ ਰਿਹਾ । ਇਹ ਉਹ ਜੋ ਦਾਈ ਦਾਇਆ ਬਣ ਸੇਵ ਕਮਾਂਦਾ ਰਿਹਾ । ਇਹ ਉਹ ਜੋ ਜਨਨੀ ਜਨ ਸੁਤ ਦੁਲਾਰਾ ਸ਼ਬਦੀ ਸ਼ਬਦ ਬਣਾਂਦਾ ਰਿਹਾ । ਇਹ ਉਹ ਜੋ ਲਾਲ ਅਨਮੁਲੜਾ ਆਪਣੀ ਗੋਦ ਉਠਾਂਦਾ ਰਿਹਾ । ਇਹ ਉਹ ਜੋ ਧੁਰ ਫ਼ਰਮਾਨਾ ਇਕ ਅਲਾਂਦਾ ਰਿਹਾ । ਇਹ ਉਹ ਜੋ ਵਿਸ਼ਵ ਵਿਸ਼ਨੂੰ ਰੂਪ ਵਟਾਂਦਾ ਰਿਹਾ । ਇਹ ਉਹ ਜੋ ਅੰਮ੍ਰਿਤ ਝਿਰਨਾ ਆਪ ਝਿਰਾਂਦਾ ਰਿਹਾ । ਇਹ ਉਹ ਜੋ ਕਵਲ ਨਾਭ ਉਲਟਾਂਦਾ ਰਿਹਾ । ਇਹ ਉਹ ਜੋ ਬ੍ਰਹਮ ਜੋਤ ਪਰਗਟਾਂਦਾ ਰਿਹਾ । ਇਹ ਉਹ ਜੋ ਬ੍ਰਹਮ ਸਰੂਪ ਵਖਾਂਦਾ ਰਿਹਾ । ਇਹ ਉਹ ਜੋ ਸੁੰਨ ਅਗੰਮ ਰਹਾਂਦਾ ਰਿਹਾ । ਇਹ ਉਹ ਜੋ ਸ਼ੰਕਰ ਰੰਗ ਰੰਗਾਂਦਾ ਰਿਹਾ । ਇਹ ਉਹ ਜੋ ਸਹੰਸਰ ਮੁਖ ਫਨਿੰਦਰ ਸਮਝਾਂਦਾ ਰਿਹਾ । ਇਹ ਉਹ ਜੋ ਤ੍ਰੈਗੁਣ ਮਾਇਆ ਬੰਧਨ ਪਾਂਦਾ ਰਿਹਾ । ਇਹ ਉਹ ਜੋ ਪੰਜ ਤੱਤ ਘਾੜਨ ਘੜਾਂਦਾ ਰਿਹਾ । ਇਹ ਉਹ ਜੋ ਧੁਰ ਸੰਦੇਸ਼ ਸੁਣਾਂਦਾ ਰਿਹਾ । ਇਹ ਉਹ ਜੋ ਗਣਪਤ ਗਣੇਸ਼ ਬਣਾਂਦਾ ਰਿਹਾ । ਇਹ ਉਹ ਜੋ ਵਿਸ਼ਨ ਬ੍ਰਹਮਾ ਸ਼ਿਵ ਸੇਵ ਲਗਾਂਦਾ ਰਿਹਾ । ਇਹ ਉਹ ਜੋ ਦਰ ਦਰਵੇਸ਼ ਅਖਵਾਂਦਾ ਰਿਹਾ । ਇਹ ਉਹ ਜੋ ਦਰਗਹਿ ਸਾਚੀ ਸੋਭਾ ਪਾਂਦਾ ਰਿਹਾ । ਇਹ ਉਹ ਹੁਜਰਾ ਹੱਕ ਵਡਿਆਂਦਾ ਰਿਹਾ । ਇਹ ਉਹ ਰੂਪ ਰੰਗ ਰੇਖ ਨਾ ਕੋਈ ਜਣਾਂਦਾ ਰਿਹਾ । ਇਹ ਉਹ ਜੋ ਸਚ ਟਕਸਾਲ ਬਣਾਂਦਾ ਰਿਹਾ । ਇਹ ਉਹ ਜੋ ਬ੍ਰਹਿਮੰਡ ਖੰਡ ਰਚਾਂਦਾ ਰਿਹਾ । ਇਹ ਉਹ

ਜੋ ਲੋਆਂ ਪੁਰੀਆਂ ਆਸਣ ਲਾਂਦਾ ਰਿਹਾ । ਇਹ ਉਹ ਜੋ ਮੰਡਲ ਮੰਡਪ ਸੁਹਾਂਦਾ ਰਿਹਾ । ਇਹ ਉਹ ਜੋ ਰਵ ਸਸ ਸੂਰਜ ਚੰਦ ਚਮਕਾਂਦਾ ਰਿਹਾ । ਇਹ ਉਹ ਜੋ ਧਰਤ ਧਵਲ ਆਕਾਸ਼ ਪ੍ਰਿਥਮੀ ਨਾਲ ਮਿਲਾਂਦਾ ਰਿਹਾ । ਇਹ ਉਹ ਪਵਣ ਪਵਣੀ ਮੇਲ ਮਿਲਾਂਦਾ ਰਿਹਾ । ਇਹ ਉਹ ਦੋ ਜਹਾਨਾਂ ਰੂਪ ਧਰਾਂਦਾ ਰਿਹਾ । ਇਹ ਉਹ ਚੌਦਾਂ ਲੋਕਾਂ ਵੰਡ ਵੰਡਾਂਦਾ ਰਿਹਾ । ਇਹ ਉਹ ਆਦਿ ਜੁਗਾਦਿ ਜੁਗ ਜੁਗ ਆਪਣਾ ਰਚਨ ਰਚਾਂਦਾ ਰਿਹਾ । ਇਹ ਉਹ ਬ੍ਰਹਮ ਬ੍ਰਹਮਾਦਿ ਸਮਝਾਂਦਾ ਰਿਹਾ । ਇਹ ਉਹ ਨਾਦ ਅਨਾਦ ਅਨਹਦ ਰਾਗ ਸੁਣਾਂਦਾ ਰਿਹਾ । ਇਹ ਉਹ ਚਾਰੇ ਖਾਣੀ ਵੰਡ ਵੰਡਾਂਦਾ ਰਿਹਾ । ਇਹ ਉਹ ਅੰਡਜ ਜੇਰਜ ਉਤਭੁਜ ਸੇਤਜ ਰੰਗ ਚੜ੍ਹਾਂਦਾ ਰਿਹਾ । ਇਹ ਉਹ ਚਾਰੇ ਬਾਣੀ ਪਰਾ ਪਸੰਤੀ ਮਧਮ ਬੈਖਰੀ ਆਪ ਸਮਝਾਂਦਾ ਰਿਹਾ । ਇਹ ਉਹ ਵਿਸ਼ਨ ਬ੍ਰਹਮਾ ਸ਼ਿਵ ਰਾਹ ਜਣਾਂਦਾ ਰਿਹਾ । ਇਹ ਉਹ ਚਾਰੇ ਵੇਦਾਂ ਰੰਗ ਲਗਾਂਦਾ ਰਿਹਾ । ਇਹ ਉਹ ਆਪਣਾ ਸਚ ਸੰਦੇਸ ਅਲਾਂਦਾ ਰਿਹਾ । ਇਹ ਉਹ ਬ੍ਰਹਮਾ ਸੁਤ ਸੰਤ ਕੁਮਾਰ ਉਠਾਂਦਾ ਰਿਹਾ । ਇਹ ਉਹ ਬਰਾਹ ਅਪਣੀਆਂ ਉਂਗਲੀਆਂ ਨਚਾਂਦਾ ਰਿਹਾ । ਇਹ ਉਹ ਯਗੈ ਪੁਰਸ਼ ਹੁਕਮ ਸੁਣਾਂਦਾ ਰਿਹਾ । ਇਹ ਉਹ ਹਾਵ ਗ਼ਰੀਵ ਵੰਡ ਵੰਡਾਂਦਾ ਰਿਹਾ । ਇਹ ਉਹ ਨਰੈਣ ਰੂਪ ਜਣਾਂਦਾ ਰਿਹਾ । ਇਹ ਉਹ ਕਪਲ ਮੁਨ ਵਡਿਆਂਦਾ ਰਿਹਾ । ਇਹ ਉਹ ਦਤਾ ਤ੍ਰੈ ਬਣਤ ਬਣਾਂਦਾ ਰਿਹਾ । ਇਹ ਉਹ ਰਿਖਪ ਦੇਵ ਅੰਗ ਅੰਗੀਕਾਰ ਕਰਾਂਦਾ ਰਿਹਾ । ਇਹ ਉਹ ਪਿਰਥੁ ਪ੍ਰਿਥਮੀ ਵਿਚੋਂ ਮਥਨ ਕਰ ਵਖਾਂਦਾ ਰਿਹਾ । ਇਹ ਉਹ ਮਤਸ ਆਪਣਾ ਬਾਲ ਬਣਾਂਦਾ ਰਿਹਾ । ਇਹ ਉਹ ਕਛਪ ਸੇਵ ਲਗਾਂਦਾ ਰਿਹਾ । ਇਹ ਉਹ ਧਨੰਤਰ ਰਾਹ ਜਣਾਂਦਾ ਰਿਹਾ । ਇਹ ਉਹ ਮੋਹਣੀ ਰੂਪ ਵਟਾਂਦਾ ਰਿਹਾ । ਇਹ ਉਹ ਹੰਸ ਹੰਸਾ ਮੋਤੀ ਚੋਗ ਚੁਗਾਂਦਾ ਰਿਹਾ । ਇਹ ਉਹ ਬਾਵਨ ਖੇਲ ਵਖਾਂਦਾ ਰਿਹਾ । ਇਹ ਉਹ ਨਰ ਸਿੰਘ ਨਾਉਂ ਜਪਾਂਦਾ ਰਿਹਾ । ਇਹ ਉਹ ਹਰੀ ਹਰਿ ਆਪਣੀ ਧਾਰ ਜਣਾਂਦਾ ਰਿਹਾ । ਇਹ ਉਹ ਨਰ ਨਰਾਇਣ ਆਪਣੀ ਅੱਖ ਖੁਲ੍ਹਾਂਦਾ ਰਿਹਾ । ਇਹ ਉਹ ਪਰਸਰਾਮ ਚਰਨ ਧਿਆਨ ਜਣਾਂਦਾ ਰਿਹਾ । ਇਹ ਉਹ ਦਸਰਥ ਬੇਟਾ ਰਾਮ ਲੋਕਮਾਤ ਪਰਗਟਾਂਦਾ ਰਿਹਾ । ਇਹ ਉਹ ਵੇਦ ਵਿਆਸ ਪੁਰਾਨ ਅਠਾਰਾਂ ਸਮਝਾਂਦਾ ਰਿਹਾ । ਇਹ ਉਹ ਕ੍ਰਿਸ਼ਨ ਤ੍ਰਿਲੋਕੀ ਨਾਥ ਸੁਹਾਂਦਾ ਰਿਹਾ । ਇਹ ਉਹ ਗੀਤਾ ਗਿਆਨ ਜਣਾਂਦਾ ਰਿਹਾ । ਇਹ ਉਹ ਅਠਾਰਾਂ ਧਿਆਏ ਵੰਡ ਵੰਡਾਂਦਾ ਰਿਹਾ । ਇਹ ਉਹ ਮੂਸਾ ਮੂੰਹ ਦੇ ਭਾਰ ਸੁਟਾਂਦਾ ਰਿਹਾ । ਇਹ ਉਹ ਈਸਾ ਪਿਤ ਪੂਤ ਬਣਾਂਦਾ ਰਿਹਾ । ਇਹ ਉਹ ਮੁਹੰਮਦ ਚੌਦਾਂ ਤਬਕਾਂ ਵਿਚ ਫਿਰਾਂਦਾ ਰਿਹਾ । ਇਹ ਉਹ ਪੀਰ ਪੈਗ਼ੰਬਰਾਂ ਸਬਕ ਪੜ੍ਹਾਂਦਾ ਰਿਹਾ । ਇਹ ਉਹ ਨਿਰਗੁਣ ਧਾਰੋਂ ਨਿਰਗੁਣ ਨੂਰ ਧਰਾਂਦਾ ਰਿਹਾ । ਇਹ ਉਹ ਸਰਗੁਣ ਸੰਗ ਨਿਭਾਂਦਾ ਰਿਹਾ । ਇਹ ਉਹ ਨਾਨਕ ਅੰਗ ਲਗਾਂਦਾ ਰਿਹਾ । ਇਹ ਉਹ ਸਚਖੰਡ ਦਵਾਰ ਵਖਾਂਦਾ ਰਿਹਾ । ਇਹ ਉਹ ਮਹੱਲ ਅਟੱਲ ਰੁਸ਼ਨਾਂਦਾ ਰਿਹਾ । ਇਹ ਉਹ ਸਾਚੇ ਤਖ਼ਤ ਸੋਭਾ ਪਾਂਦਾ ਰਿਹਾ । ਇਹ ਉਹ ਸੀਸ ਜਗਦੀਸ ਤਾਜ ਸੁਹੌਂਦਾ ਰਿਹਾ । ਇਹ ਉਹ ਸਚ ਸੰਦੇਸ਼ ਨਰ ਨਰੇਸ਼ ਸੁਣੌਂਦਾ ਰਿਹਾ । ਇਹ ਉਹ ਕੋਟਨ ਕੋਟ ਨਾਮ ਦ੍ਰਿੜ੍ਹੌਂਦਾ ਰਿਹਾ । ਇਹ ਉਹ ਕੋਟਨ ਕੋਟ ਰਾਗ ਜਣੌਂਦਾ ਰਿਹਾ । ਇਹ ਉਹ ਕੋਟਨ ਕੋਟ ਵੈਰਾਗ ਉਪਜੌਂਦਾ ਰਿਹਾ । ਇਹ ਉਹ ਕੋਟਨ ਕੋਟ ਸੁਹਾਗ ਹੰਢੌਂਦਾ ਰਿਹਾ । ਇਹ ਉਹ ਕੋਟਨ ਕੋਟ ਸ਼ਬਦ ਰੰਗ ਚੜ੍ਹੌਂਦਾ ਰਿਹਾ । ਇਹ ਉਹ ਕੋਟਨ ਕੋਟ ਭਗਤ ਭਗਵੰਤ ਤਰੌਂਦਾ ਰਿਹਾ । ਇਹ ਉਹ ਕੋਟਨ ਕੋਟ ਸੰਤ ਜਗੌਂਦਾ ਰਿਹਾ । ਇਹ ਉਹ ਕੋਟਨ ਕੋਟ ਗੁਰਮੁਖ ਸਮਝੌਂਦਾ ਰਿਹਾ । ਇਹ ਉਹ ਕੋਟਨ ਕੋਟ ਗੁਰਸਿਖ ਪਤ ਰੱਖ,

੭੧੮
੧੩

ਸਿਰ ਆਪਣਾ ਹੱਥ ਟਿਕੌਂਦਾ ਰਿਹਾ । ਇਹ ਉਹ ਕੋਟਨ ਕੋਟ ਜੁਗ ਉਠੌਂਦਾ ਰਿਹਾ । ਇਹ ਉਹ ਕੋਟਨ ਕੋਟ ਮਨਵੰਤਰ ਮਿਟੌਂਦਾ ਰਿਹਾ । ਇਹ ਉਹ ਕੋਟਨ ਕੋਟ ਮੰਤਰ ਸਮਝਾਉਂਦਾ ਰਿਹਾ । ਇਹ ਉਹ ਕੋਟਨ ਕੋਟ ਗਗਨ ਗਗਨੰਤਰ ਖੋਜ ਖੁਜੌਂਦਾ ਰਿਹਾ । ਇਹ ਉਹ ਕੋਟਨ ਕੋਟ ਬਣਤਰ ਬਣਤ ਬਣੌਂਦਾ ਰਿਹਾ । ਇਹ ਉਹ ਕੋਟਨ ਕੋਟ ਖੇੜੇ ਵਸਦੇ ਢੌਂਦਾ ਰਿਹਾ । ਇਹ ਉਹ ਕੋਟਨ ਕੋਟ ਵੇਸ ਅਨੇਕ ਧਰੌਂਦਾ ਰਿਹਾ । ਇਹ ਉਹ ਸ਼ਬਦੀ ਡੰਕ ਵਜੌਂਦਾ ਰਿਹਾ । ਇਹ ਉਹ ਦਵਾਰ ਬੰਕ ਸੁਹੌਂਦਾ ਰਿਹਾ । ਇਹ ਉਹ ਰਾਉ ਰੰਕ ਸਮਝੌਂਦਾ ਰਿਹਾ । ਇਹ ਉਹ ਜੋਤੀ ਜੋਤ ਜਗੌਂਦਾ ਰਿਹਾ । ਇਹ ਉਹ ਨਾਨਕ ਨਿਰਗੁਣ ਵਿਚੋਲਾ ਬਣੌਂਦਾ ਰਿਹਾ । ਇਹ ਉਹ ਸਤਿ ਨਾਮ ਢੋਲਾ ਸੁਣੌਂਦਾ ਰਿਹਾ । ਇਹ ਉਹ ਸਤਿ ਨਾਮ ਜਪੌਂਦਾ ਰਿਹਾ । ਇਹ ਉਹ ਓਅੰ ਆਪਣੀ ਕਲ ਜਣੌਂਦਾ ਰਿਹਾ । ਇਹ ਉਹ ਅਛਲ ਅਛੱਲ ਖੇਲ ਖਲੌਂਦਾ ਰਿਹਾ । ਇਹ ਉਹ ਰਲ ਮਿਲ ਸਖੀਆਂ ਮੰਗਲ ਗੌਂਦਾ ਰਿਹਾ । ਇਹ ਉਹ ਸ਼ਰਅ ਸ਼ਰੀਅਤ ਵੰਡ ਵੰਡੌਂਦਾ ਰਿਹਾ । ਇਹ ਉਹ ਦੀਨ ਮਜ਼੍ਹਬ ਜ਼ਾਤ ਪਾਤ ਬਣਤ ਬਣੌਂਦਾ ਰਿਹਾ । ਇਹ ਉਹ ਆਤਮ ਪਰਮਾਤਮ ਖੇਲ ਖਲੌਂਦਾ ਰਿਹਾ । ਇਹ ਉਹ ਪਾਰਬ੍ਰਹਮ ਬ੍ਰਹਮ ਆਪਣਾ ਰੂਪ ਧਰੌਂਦਾ ਰਿਹਾ । ਇਹ ਉਹ ਈਸ਼ ਜੀਵ ਰਾਹ ਜਣੌਂਦਾ ਰਿਹਾ । ਇਹ ਉਹ ਆਤਮ ਜੋਤੀ ਨੂਰ ਧਰੌਂਦਾ ਰਿਹਾ । ਇਹ ਉਹ ਅਨਹਦ ਨਾਦ ਸੁਣੌਂਦਾ ਰਿਹਾ । ਇਹ ਉਹ ਆਤਮ ਜਾਮ ਪਿਔਂਦਾ ਰਿਹਾ । ਇਹ ਉਹ ਬਜਰ ਕਪਾਟ ਤੁੜੌਂਦਾ ਰਿਹਾ । ਇਹ ਉਹ ਪੰਚ ਵਿਕਾਰ ਮਿਟੌਂਦਾ ਰਿਹਾ । ਇਹ ਉਹ ਸ਼ਾਹ ਸੁਲਤਾਨਾਂ ਖ਼ਾਕ ਰਲੌਂਦਾ ਰਿਹਾ । ਇਹ ਉਹ ਨਾਮ ਨਿਧਾਨ ਜਣੌਂਦਾ ਰਿਹਾ । ਇਹ ਉਹ ਸਚ ਨਿਸ਼ਾਨ ਝੁਲੌਂਦਾ ਰਿਹਾ । ਇਹ ਉਹ ਜੁਗ ਚੌਕੜੀ ਮਾਤ ਉਲਟੌਂਦਾ ਰਿਹਾ । ਇਹ ਉਹ ਗੋਬਿੰਦ ਸੁਤ ਬਣੌਂਦਾ ਰਿਹਾ । ਇਹ ਉਹ ਪੁਰਖ ਅਕਾਲ ਆਪਣਾ ਖੇਲ ਖਲੌਂਦਾ ਰਿਹਾ । ਇਹ ਉਹ ਦੀਨ ਦਿਆਲ ਠਾਕਰ ਸਵਾਮੀ ਠੋਕਰ ਇਕ ਲਗੌਂਦਾ ਰਿਹਾ । ਇਹ ਉਹ ਆਦਿ ਜੁਗਾਦਿ ਜੁਗ ਜੁਗ ਆਪਣੀ ਵੰਡ ਵੰਡੌਂਦਾ ਰਿਹਾ । ਇਹ ਉਹ ਬ੍ਰਹਿਮੰਡ ਖੰਡ ਤੇਜ ਪਰਚੰਡ ਚਮਕੌਂਦਾ ਰਿਹਾ । ਇਹ ਉਹ ਚਿੱਲਾ ਤੀਰ ਕਮਾਨ ਵਖੌਂਦਾ ਰਿਹਾ । ਇਹ ਉਹ ਸ਼ਸਤਰ ਬਸਤਰ ਤਨ ਸੁਹੌਂਦਾ ਰਿਹਾ । ਇਹ ਉਹ ਅਸਤਰ ਚੱਕਰ ਚਲੌਂਦਾ ਰਿਹਾ । ਇਹ ਉਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਜ਼ਾਹਰ ਜ਼ਹੂਰ ਚਵੀਆਂ ਅਵਤਾਰ ਅਖਵੌਂਦਾ ਰਿਹਾ । ਇਹ ਉਹ ਸੱਚਾ ਅਨੰਦ ਸਤਿਗੁਰ ਪਾਸ, ਦੂਸਰ ਨਜ਼ਰ ਕਿਤੇ ਨਾ ਆਇੰਦਾ । ਗੁਰਸਿਖ ਗੁਰਮੁਖ ਗੁਰ ਗੁਰ ਹੋ ਜਾਣ ਦਾਸ, ਸਾਚੀ ਸਿਖਿਆ ਇਕ ਸਮਝਾਇੰਦਾ । ਜਨਮ ਕਰਮ ਦੀ ਮੇਟੇ ਪਿਆਸ, ਤ੍ਰਿਸਨਾ ਰੋਗ ਚੁਕਾਇੰਦਾ । ਲੇਖੇ ਲਾਏ ਪਵਣ ਸਵਾਸ, ਰਸਨਾ ਜਿਹਵਾ ਖੋਜ ਖੁਜਾਇੰਦਾ । ਕਰ ਕਿਰਪਾ ਨਿਰਗੁਣ ਜੋਤ ਕਰੇ ਪਰਕਾਸ਼, ਅੰਧ ਅੰਧੇਰ ਮਿਟਾਇੰਦਾ । ਕਾਇਆ ਮੰਦਰ ਅੰਦਰ ਵਖਾਏ ਰਾਸ, ਗੋਪੀ ਕਾਹਨ ਨਚਾਇੰਦਾ । ਦਰਸ ਦਿਖਾਏ ਸਾਖਿਆਤ, ਸਵੱਛ ਸਰੂਪੀ ਰੂਪ ਵਟਾਇੰਦਾ । ਪਰਮਾਤਮ ਆਤਮ ਇਕੋ ਜ਼ਾਤ, ਦੂਜਾ ਰੰਗ ਨਾ ਕੋਇ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਜਣਾਇੰਦਾ । ਸਚ ਅਨੰਦ ਸਤਿਗੁਰ ਰੰਗ, ਰੰਗ ਰੰਗੀਲਾ ਆਪ ਜਣਾਈਆ । ਗੁਰਮੁਖ ਵਿਰਲਾ ਮੰਗੇ ਮੰਗ, ਸਤਿਗੁਰ ਢਹਿ ਪਏ ਸਰਨਾਈਆ । ਸਤਿਗੁਰ ਪੂਰਾ ਸਦਾ ਬਖ਼ਸ਼ੰਦ, ਦੀਨਨ ਆਪਣੀ ਦਇਆ ਕਮਾਈਆ । ਨਿਰਗੁਣ ਜੋਤ ਚਾੜ੍ਹੇ ਚੰਦ, ਨਿਰਮਲ ਪਰਕਾਸ਼ ਕਰਾਈਆ । ਕੂੜੀ ਕਿਰਿਆ ਕਰੇ ਖੰਡ ਖੰਡ, ਕਾਮ ਕਰੋਧ ਲੋਭ ਮੋਹ ਹੰਕਾਰ ਰਹਿਣ ਨਾ ਪਾਈਆ । ਖ਼ੁਸ਼ੀ ਕਰਾਏ ਬੰਦ ਬੰਦ, ਬੰਦੀਖ਼ਾਨਾ

ਦਏ ਤੁੜਾਈਆ । ਘਰ ਆਤਮ ਪਰਮਾਤਮ ਜਣਾਏ ਇਕ ਅਨੰਦ ਅਨੰਦ ਅਨੰਦ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਸੱਚਾ ਅਨੰਦ ਸਤਿਗੁਰ ਹੱਥ, ਆਪ ਆਪਣੇ ਹੱਥ ਰਖਾਇੰਦਾ । ਜਨ ਭਗਤਾਂ ਦੇਵੇ ਜੁਗ ਜੁਗ ਵਥ, ਵਸਤ ਅਮੋਲਕ ਆਪ ਵਰਤਾਇੰਦਾ । ਸਤਿ ਸਤਿਵਾਦੀ ਇਕੋ ਮਤ, ਬ੍ਰਹਮ ਮਤ ਆਪ ਦ੍ਰਿੜਾਇੰਦਾ । ਦੇਵਣਹਾਰਾ ਧੀਰਜ ਜਤ, ਮਾਇਆ ਮਮਤਾ ਰੋਗ ਚੁਕਾਇੰਦਾ । ਜਾਨਣਹਾਰਾ ਮਿਤ ਗਤ, ਘਰ ਘਰ ਖੋਜ ਖੁਜਾਇੰਦਾ । ਗੁਰਸਿਖ ਬੰਨ੍ਹੇ ਚਰਨ ਨਤ, ਨਾਤਾ ਬਿਧਾਤਾ ਜੋੜ ਜੁੜਾਇੰਦਾ । ਸਾਚਾ ਨੂਰ ਕਰ ਪਰਗਟ, ਪਰਗਟ ਰੂਪ ਵਖਾਇੰਦਾ । ਆਤਮ ਪਰਮਾਤਮ ਪਰਮਾਤਮ ਆਤਮ ਹੱਡ ਮਾਸ ਨਾੜੀ ਨਾ ਕੋਈ ਰੱਤ, ਚਮੜੀ ਚੰਮ ਨਾ ਕੋਇ ਦਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਆਪ ਉਠਾਇੰਦਾ । ਸੱਚਾ ਅਨੰਦ ਕਾਇਆ ਮੰਦਰ, ਘਰ ਘਰ ਵਿਚ ਦਏ ਵਖਾਈਆ । ਸਤਿਗੁਰ ਬੰਨ੍ਹਣਹਾਰਾ ਮਨ ਵਾਸਨਾ ਬੰਦਰ, ਦਹਿ ਦਿਸ਼ਾਂ ਨਾ ਉਠ ਉਠ ਧਾਈਆ । ਤੋੜਨਹਾਰਾ ਵੱਜਾ ਜੰਦਰ, ਬੰਦ ਤਾਕੀ ਕੁੰਡਾ ਲਾਹੀਆ । ਕਰੇ ਪਰਕਾਸ਼ ਡੂੰਘੇ ਖੰਡਰ, ਜ਼ਹੂਰ ਜਲਵਾ ਇਕ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਅਨੰਦ ਇਕ ਸਮਝਾਈਆ । ਸਾਚਾ ਅਨੰਦ ਸਤਿਗੁਰ ਚਰਨ, ਚਰਨ ਚਰਨੋਦਕ ਆਪ ਪਿਆਇੰਦਾ । ਖੋਲ੍ਹਣਹਾਰਾ ਨੇਤਰ ਹਰਨ ਫਰਨ, ਫੁਰਨਾ ਕੂੜਾ ਬੰਦ ਵਖਾਇੰਦਾ । ਤਾਰਨਹਾਰਾ ਤਰਨੀ ਤਰਨ, ਸਿਰ ਆਪਣਾ ਹੱਥ ਰਖਾਇੰਦਾ । ਨਾਤਾ ਤੋੜ ਵਰਨ ਬਰਨ, ਸਰਨ ਇਕੋ ਇਕ ਜਣਾਇੰਦਾ । ਪਰਮਾਤਮਾ ਆਤਮਾ ਆਏ ਫੜਨ, ਬਣ ਪਾਂਧੀ ਫੇਰਾ ਪਾਇੰਦਾ । ਕਲਜੁਗ ਅੰਤਮ ਸੋਹੰ ਢੋਲਾ ਜੋ ਜਨ ਪੜ੍ਹਨ, ਜਗਤ ਵਛੋੜਾ ਆਪ ਗਵਾਇੰਦਾ । ਸਾਚੇ ਪੌੜੇ ਘਰ ਆਪਣੇ ਚੜ੍ਹਨ, ਮੰਦਰ ਸਚ ਸੁਹੰਜਣਾ ਇਕ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਜਣਾਇੰਦਾ । ਸਚ ਅਨੰਦ ਸਤਿਗੁਰ ਵੈਰਾਗ, ਵੈਰਾਗੀ ਇਕੋ ਗੁਣ ਜਣਾਈਆ । ਸਤਿਗੁਰ ਧੋਵੇ ਦੁਰਮਤ ਦਾਗ਼, ਮੈਲ ਕੋਇ ਰਹਿਣ ਨਾ ਪਾਈਆ । ਫੜ ਫੜ ਹੰਸ ਬਣਾਏ ਕਾਗ, ਕਾਗ ਹੰਸ ਰੂਪ ਵਖਾਈਆ । ਸੁਰਤ ਸਵਾਣੀ ਜਾਏ ਜਾਗ, ਮਾਇਆ ਪਰਦਾ ਦਏ ਉਠਾਈਆ । ਪਰਕਿਰਤੀ ਕੋਈ ਨਾ ਦੇਵੇ ਸਾਥ, ਸੁਰਤੀ ਸੁਰਤ ਸੁਰਤ ਜਣਾਈਆ । ਅੰਤਰ ਆਤਮ ਪਾਰਬ੍ਰਹਮ ਜਣਾਏ ਇਕੋ ਗਾਥ, ਬ੍ਰਹਮ ਮੇਲਾ ਸਹਿਜ ਸੁਭਾਈਆ । ਨਾਲ ਇਸ਼ਾਰੇ ਚਾੜ੍ਹੇ ਆਪਣੇ ਘਾਟ, ਘਾਟਾ ਪਿਛਲਾ ਪੂਰ ਕਰਾਈਆ । ਜਨਮ ਕਰਮ ਦੀ ਮੇਟੇ ਵਾਟ, ਅੱਗੇ ਰਾਹ ਨਾ ਕੋਇ ਵਖਾਈਆ । ਆਤਮ ਪਰਮਾਤਮ ਪਰਮਾਤਮ ਆਤਮ ਮਿਲਾਏ ਜ਼ਾਤ, ਅਜ਼ਾਤੀ ਰੂਪ ਨਾ ਕੋਇ ਵਟਾਈਆ । ਇਕ ਅਨੰਦ ਵਖਾਏ ਸਾਖਿਆਤ, ਸਖੀ ਆਪਣਾ ਕੰਤ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚੀ ਦਾਤ, ਜਨ ਭਗਤਾਂ ਝੋਲੀ ਰਿਹਾ ਭਰਾਈਆ । ਜਿਸ ਜਨ ਸੱਚਾ ਅਨੰਦ ਲੈਣਾ, ਸੋ ਪੁਰਖ ਨਿਰੰਜਣ ਰਿਹਾ ਜਣਾਈਆ । ਆਓ ਚਲ ਕੇ ਅੰਤਰ ਆਤਮ ਦਰਸ ਕਰੋ ਨੈਣਾਂ, ਤੀਜਾ ਨੇਤਰ ਦਏ ਖੁਲ੍ਹਾਈਆ । ਹਰਿ ਸੰਗਤ ਮਿਲ ਕੇ ਨੀਵਾਂ ਹੋ ਕੇ ਬਹਿਣਾ, ਨਿਵਣ ਸੋ ਅੱਖਰ ਕਰੇ ਪੜ੍ਹਾਈਆ । ਫਿਰ ਸਤਿਗੁਰ ਪੂਰਾ ਗੁਰਸਿਖ ਦਾ ਮੰਨੇ ਕਹਿਣਾ, ਜੋ ਕਿਹਾ ਸੋ ਪੂਰ ਕਰਾਈਆ । ਤਨ ਬਸਤਰ ਭੂਸ਼ਨ ਪਾਓ ਨਾਮ ਗਹਿਣਾ, ਸਾਲੂ ਚੁੰਨੀ ਰੱਤੜੀ ਰੰਗ ਵਖਾਈਆ । ਲਾੜੀ ਮੌਤ ਨਾ ਖਾਏ ਡੈਣਾ, ਰਾਏ ਧਰਮ ਨਾ ਦਏ ਸਜ਼ਾਈਆ । ਅਨੰਦ ਆਤਮ ਅਨੰਦ ਪਰਮਾਤਮ ਨਿਜਾਨੰਦ ਨਿਝ ਘਰ ਬਹਿ ਕੇ ਲੈਣਾ, ਦੂਜੇ ਦਰ ਨਾ ਮੰਗਣ ਜਾਈਆ । ਸਤਿਗੁਰ ਗੁਰਮੁਖ ਗੁਰਸਿਖ ਭਾਣਾ

ਸਹਿਣਾ, ਭਾਣਾ ਇਕੋ ਹੁਕਮ ਸਮਝਾਈਆ । ਕੂੜੀ ਕਿਰਿਆ ਵਹਿਣ ਨਾ ਵਹਿਣਾ, ਭਵ ਸਾਗਰ ਪਾਰ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਪਰਮਾਤਮ ਕੱਟ ਵਛੋੜਾ, ਮੇਲਣਹਾਰਾ ਜੋਤੀ ਜੋੜਾ, ਦੇਵਣਹਾਰਾ ਸ਼ਬਦੀ ਘੋੜਾ, ਸੁਰਤ ਸਵਾਣੀ ਸਾਚੇ ਹਾਣੀ ਨਾਲ ਮਿਲਾਈਆ । ਸਚ ਅਨੰਦ ਨਿਜ ਘਰ ਪਾਓ, ਪਾਰਬ੍ਰਹਮ ਪ੍ਰਭ ਦਇਆ ਕਮਾਇੰਦਾ । ਦੂਈ ਦਵੈਤੀ ਹਉਮੇਂ ਹੰਗਤਾ ਰੋਗ ਮਿਟਾਓ, ਚਿੰਤਾ ਸੋਗ ਨਾ ਕੋਇ ਜਣਾਇੰਦਾ । ਦਿਵਸ ਰੈਣ ਜਾਗਤ ਸੋਵਤ ਸੋਹੰ ਢੋਲਾ ਸਾਚਾ ਗਾਓ, ਗੀਤ ਗੋਬਿੰਦ ਇਕ ਅਲਾਇੰਦਾ । ਮਿੱਤਰ ਪਿਆਰਾ ਹਰਿ ਨਿਰੰਕਾਰਾ ਗ੍ਰਿਹਿ ਮੰਦਰ ਆਸਣ ਸਿੰਘਾਸਣ ਸਚ ਬਹਾਓ, ਸੇਜ ਸੁਹੰਜਣੀ ਇਕ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਵੇਖ ਵਖਾਇੰਦਾ । ਅਨੰਦ ਲੈਣ ਦਾ ਜਿਸ ਜਨ ਚਾਓ, ਚਾਓ ਘਨੇਰਾ ਦਏ ਜਣਾਈਆ । ਹਰਿ ਸਰਨਾਈ ਲਾਗੋ ਪਾਉਂ, ਪਾਹਨੀ ਆਪਣਾ ਰੂਪ ਵਟਾਈਆ । ਹਉਮੇਂ ਹੰਗਤਾ ਮਾਣ ਗਵਾਓ, ਗੁਰ ਸ਼ਬਦ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ ਜਾਗਦਿਆਂ ਸੁੱਤਿਆਂ ਸੁੱਤਿਆਂ ਜਾਗਦਿਆਂ ਆਤਮ ਪਰਮਾਤਮ ਮੇਲ ਮਿਲਾਈਆ । ਆਤਮ ਪਰਮਾਤਮ ਸਾਚਾ ਮੇਲਾ, ਹਰਿ ਬਨਵਾਰੀ ਆਪ ਕਰਾਇੰਦਾ । ਖੇਲੇ ਖੇਲ ਗੁਰੂ ਗੁਰ ਚੇਲਾ, ਚੇਲਾ ਗੁਰ ਗੁਰ ਰੂਪ ਸਮਾਇੰਦਾ । ਸਾਹਿਬ ਸਤਿਗੁਰ ਸੱਜਣ ਸੁਹੇਲਾ, ਸਦ ਸਦ ਆਪਣੇ ਅੰਗ ਲਗਾਇੰਦਾ । ਪਰਮਾਤਮਾ ਖ਼ੁਸ਼ ਨਾ ਹੋਵੇ ਰਹਿ ਕੇ ਇਕੇਲਾ, ਸਦਾ ਆਤਮਾ ਤੇਰਾ ਰਾਹ ਤਕਾਇੰਦਾ । ਕਲਜੁਗ ਅੰਤਮ ਇਕੋ ਵੇਲਾ, ਵੇਲਾ ਗਿਆ ਹੱਥ ਨਾ ਆਇੰਦਾ । ਨਿਰਵੈਰ ਪੁਰਖ ਅਚਰਜ ਖੇਲ ਪਾਰਬ੍ਰਹਮ ਪ੍ਰਭ ਖੇਲਾ, ਖ਼ਾਲਕ ਖ਼ਲਕ ਆਪ ਜਣਾਇੰਦਾ । ਕੱਟਣਹਾਰਾ ਧਰਮ ਰਾਏ ਦੀ ਜੇਲਾ, ਬੰਧਨ ਆਪਣਾ ਇਕੋ ਪਾਇੰਦਾ । ਨਿਰਗੁਣ ਸਰਗੁਣ ਬਣ ਵਸੀਲਾ, ਵਸਲ ਬਿਨ ਵਜੂਦ ਆਪ ਕਰਾਇੰਦਾ । ਜੋਤੀ ਧਾਰੋਂ ਪਾਰ ਹੋ ਕੇ ਆਇਆ ਨੀਲਾ, ਨੀਲ ਬਸਨ ਬਨਵਾਰੀ ਆਪਣੀ ਖੇਲ ਕਰਾਇੰਦਾ । ਸਾਚੇ ਜੀਵਣ ਗੁਰਮੁਖ ਜੀ ਲੈ, ਬਿਨ ਸਤਿਗੁਰ ਜੀਵਣ ਨਾ ਕੋਇ ਬਣਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਭਗਤ ਭਗਵਾਨ ਦਾ ਸਚ ਕਬੀਲਾ, ਕਾਬਲ ਗੁਰਮੁਖ ਵਿਰਲਾ ਨਜ਼ਰੀ ਆਇੰਦਾ । ਘਰ ਘਰ ਦਰ ਦਰ ਨੌਂ ਖੰਡ ਪ੍ਰਿਥਮੀ ਸੱਤ ਦੀਪ ਲੱਖ ਚੁਰਾਸੀ ਅਗਨੀ ਪੰਜ ਤੱਤ ਲੱਗੀ ਤੀਲਾ, ਸਾਂਤਕ ਸਤਿ ਨਾ ਕੋਇ ਕਰਾਇੰਦਾ । ਪਰਮਾਤਮ ਸਦਾ ਸਦਾ ਸਦ ਛੈਲ ਛਬੀਲਾ, ਆਤਮ ਆਪਣੇ ਰੰਗ ਰੰਗਾਇੰਦਾ । ਅਨੰਦ ਮਿਲੇ ਨਾ ਨਾਲ ਦਲੀਲਾਂ, ਗਲੀਂ ਬਾਤੀਂ ਪ੍ਰਭ ਜੂ ਹੱਥ ਕਿਸੇ ਨਾ ਆਇੰਦਾ । ਸਤਿਗੁਰ ਸ਼ਬਦ ਇਕ ਵਕੀਲਾ, ਅੱਗੇ ਤਾਅਤੀਲ ਨਾ ਕੋਇ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਪਰਮਾਤਮ ਇਕੋ ਘਰ ਵਸਾਇੰਦਾ । ਆਤਮ ਪਰਮਾਤਮ ਇਕੋ ਖੇੜਾ, ਨਗਰ ਗਰਾਮ ਗ੍ਰਿਹਿ ਮਿਲੇ ਵਡਿਆਈਆ । ਪਰਮਾਤਮ ਆਤਮ ਚੁੱਕੇ ਬੇੜਾ, ਬੇੜਾ ਆਪਣੇ ਕੰਧ ਉਠਾਈਆ । ਪਰਮਾਤਮ ਆਤਮ ਕਹੇ ਤੂੰ ਮੇਰਾ ਮੈਂ ਤੇਰਾ, ਸੋਹੰ ਰੂਪ ਵਟਾਈਆ । ਸ੍ਰੀ ਭਗਵਾਨ ਮਿਲੇ ਨਾ ਕੀਤਿਆਂ ਝੇੜਾ, ਝਗੜਾ ਸਭ ਦਾ ਦਏ ਮੁਕਾਈਆ । ਆਤਮ ਪਰਮਾਤਮ ਕਰਨਹਾਰਾ ਹੱਕ ਨਬੇੜਾ, ਹਕੀਕਤ ਵੇਖੇ ਥਾਉਂ ਥਾਈਆ । ਜਨ ਭਗਤਾਂ ਢਾਏ ਭਰਮਾਂ ਡੇਰਾ, ਕੂੜੀ ਕਿਰਿਆ ਗੜ੍ਹ ਤੁੜਾਈਆ । ਏਕਾ ਰੰਗ ਵਖਾਏ ਸੰਝ ਸਵੇਰਾ, ਦਿਵਸ ਰੈਣ ਨਾ ਕੋਇ ਚਤਰਾਈਆ । ਅਨੰਦ ਅਨੰਦ ਵਿਚ ਚਾਉ ਘਨੇਰਾ, ਘਨੱਯਾ ਸ਼ਾਮ ਮੁਕੰਦ ਮਨੋਹਰ ਲਖਮੀ ਨਰੈਣ ਮੋਹਣ ਮਾਧਵ ਇਕੋ ਨਜ਼ਰੀ ਆਈਆ । ਸੱਚਾ ਅਨੰਦ ਡੂੰਘਾ ਸਾਗਰ,

ਬਿਨ ਸਤਿਗੁਰ ਨਜ਼ਰ ਕਿਸੇ ਨਾ ਆਇੰਦਾ । ਲੱਖ ਚੁਰਾਸੀ ਬਣੀ ਸੌਦਾਗਰ, ਜੀਵ ਦਰ ਦਰ ਅਲੱਖ ਜਗਾਇੰਦਾ । ਅੰਤਰ ਦੇਵੇ ਨਾ ਕੋਈ ਆਦਰ, ਬਾਹਰੋਂ ਗੱਲਾਂ ਕਥਨੀ ਕਥ ਸਰਬ ਸੁਣਾਇੰਦਾ । ਹਰਿ ਕਾ ਨਾਉਂ ਸ਼ਬਦ ਬਹਾਦਰ, ਜ਼ੋਰਾਵਰ ਇਕ ਅਖਵਾਇੰਦਾ । ਦਰ ਆਇਆ ਘਰ ਦੇਵੇ ਆਦਰ, ਆਦਰਸ਼ ਆਪਣਾ ਇਕ ਜਣਾਇੰਦਾ । ਨਿਰਮਲ ਕਰਮ ਕਰੇ ਉਜਾਗਰ, ਦੁਰਮਤ ਮੈਲ ਧਵਾਇੰਦਾ । ਭਾਗ ਲਗਾਏ ਕਾਇਆ ਗਾਗਰ, ਕਾਇਆ ਗਗਰੀਆ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਨੰਦ ਇਕੋ ਇਕ ਵਖਾਇੰਦਾ । ਅਨੰਦ ਅੰਦਰ ਡੂੰਘਾ ਰਸ, ਰਸ ਰਸੀਆ ਆਪ ਚਖਾਈਆ । ਗੁਰਸਿਖ ਹੋਵੇ ਗੁਰ ਕੇ ਵਸ, ਗੁਰ ਵਸ ਹੋ ਕੇ ਗੁਰਸਿਖਾਂ ਅੰਦਰ ਡੇਰਾ ਲਾਈਆ । ਫਿਰ ਸੱਚਾ ਅਨੰਦ ਦੇਵੇ ਦਸ, ਜਿਸ ਅਨੰਦ ਵਿਚ ਰਿਹਾ ਸਮਾਈਆ । ਓਥੇ ਮੁਖ ਨਾਲ ਕੋਈ ਨਾ ਸਕੇ ਹੱਸ, ਨੈਣਾਂ ਨਾਲ ਨਾ ਕੋਇ ਸਮਝਾਈਆ । ਇਸ਼ਾਰਾ ਕਰੇ ਨਾ ਨਾਲ ਹੱਥ, ਬੱਤੀ ਦੰਦ ਨਾ ਕੋਇ ਵਡਿਆਈਆ । ਨਾ ਕੋਈ ਪੂਜਾ ਨਾ ਕੋਈ ਪਾਠ, ਧੂਪ ਦੀਪ ਹਵਨ ਨਾ ਕੋਇ ਵਖਾਈਆ । ਨਾ ਕੋਈ ਤੀਰਥ ਨਾ ਕੋਈ ਤਾਟ, ਸਰੋਵਰ ਰੂਪ ਨਾ ਕੋਇ ਵਟਾਈਆ । ਜਿਸ ਆਤਮ ਸੇਜਾ ਚੜ੍ਹਿਆ ਪੁਰਖ ਸਮਰਥ, ਤਿਸ ਘਰ ਇਕੋ ਅਨੰਦ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਅਨੰਦ ਨਾਰੀ ਨਰ ਆਪ ਜਣਾਈਆ । ਸੱਚਾ ਅਨੰਦ ਗੁਰਮੁਖ ਨਾਰੀ, ਆਦਿ ਜੁਗਾਦਿ ਮੰਗ ਮੰਗਾਈਆ । ਬਿਨ ਸਤਿਗੁਰ ਪੂਰੇ ਸਦਾ ਰਹੇ ਕਵਾਰੀ, ਆਤਮ ਸੇਜ ਨਾ ਕੋਇ ਹੰਢਾਈਆ । ਲੱਖ ਚੁਰਾਸੀ ਰਹੀ ਝੱਖ ਮਾਰੀ, ਝਾਕੀ ਅੰਤਰ ਤਾਕੀ ਖੋਲ੍ਹ ਕਿਸੇ ਨਾ ਪਾਈਆ । ਮਾਇਆ ਮਮਤਾ ਆਸਾ ਤ੍ਰਿਸਨਾ ਕੂੜ ਬੀਮਾਰੀ, ਕੂੜੀ ਕਿਰਿਆ ਰਹੀ ਖਾਈਆ । ਸਤਿਗੁਰ ਸੱਜਣ ਮੀਤ ਮੁਰਾਰਾ ਕਰੇ ਇਕ ਪਿਆਰੀ, ਪੀਆ ਪ੍ਰੀਤਮ ਵਡ ਵਡਿਆਈਆ । ਸਾਚਾ ਕਰੇ ਤੱਤ ਸ਼ੰਗਾਰੀ, ਸੋਲਾਂ ਸ਼ੰਗਾਰ ਮਾਣ ਗਵਾਈਆ । ਪਰੇਮ ਕੱਜਲ ਪਾਏ ਧਾਰੀ, ਨਿਜ ਨੇਤਰ ਨੈਣ ਮਟਕਾਈਆ । ਦੋਏ ਨੈਣ ਸ਼ਰਮਸਾਰੀ, ਅੱਖ ਸਕੇ ਨਾ ਕੋਇ ਉਠਾਈਆ । ਗੁਰ ਸਤਿਗੁਰ ਕਿਰਪਾ ਆਪਣੀ ਧਾਰੀ, ਧਾਰਨਾ ਆਪਣੀ ਦਏ ਜਣਾਈਆ । ਦੋਹਾਂ ਵਿਚੋਲਾ ਬਣ ਨਿਰੰਕਾਰੀ, ਨਿਰਗੁਣ ਫੇਰਾ ਪਾਈਆ । ਆਤਮ ਕਹੇ ਮੈਂ ਪਰਮਾਤਮ ਪਿਆਰੀ, ਪਰਮਾਤਮਾ ਕਹੇ ਮੈਂ ਆਤਮਾ ਇਕ ਪਰਨਾਈਆ । ਜਿਨ੍ਹਾਂ ਵਿਚੋਂ ਅਨੰਦ ਅਨੰਦ ਅਨੰਦ ਨਿਕਲੇ ਸਚ ਖ਼ੁਮਾਰੀ, ਖ਼ੁਮਾਰ ਇਕੋ ਇਕ ਰਖਾਈਆ । ਸਤਿਗੁਰ ਪੂਰਾ ਅਨੰਦ ਲੈ ਕੇ ਫਿਰੇ ਗੁਰਸਿਖਾਂ ਪਿਛੇ ਅਗਾੜੀ, ਦਾਸ ਆਪਣੀ ਸੇਵ ਕਮਾਈਆ । ਜਿਨ੍ਹਾਂ ਚਰਨ ਛੁਹਾਈ ਦਾੜ੍ਹੀ, ਦਹਿ ਦਿਸ਼ਾ ਵੇਖ ਵਖਾਈਆ । ਸੇਵਾ ਕਰੇ ਬਣ ਵਗਾਰੀ, ਐਰ ਗ਼ੈਰ ਨੇੜ ਕੋਇ ਨਾ ਆਈਆ । ਬਾਹਰੋਂ ਕੋਟਨ ਕੋਟ ਲੌਂਦੇ ਵੇਖੇ ਯਾਰੀ ਅੰਦਰ ਯਾਰ ਨਾ ਕੋਇ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਅਨੰਦ ਲੈਣ ਦੀ ਜਾਚ ਰਿਹਾ ਸਿਖਾਈਆ । ਪਹਿਲੋਂ ਸਿਖੋਂ ਸੱਚਾ ਚੱਜ, ਸਿਧੀ ਬੋਲੀ ਨਾਲ ਸਮਝਾਇੰਦਾ । ਗੜ੍ਹ ਹੰਕਾਰੀ ਭਾਂਡਾ ਜਾਏ ਭੱਜ, ਭਾਜੜ ਕਾਮ ਕਰੋਧ ਵਖਾਇੰਦਾ । ਤੱਤਵ ਤੱਤ ਬੁਝੇ ਅੱਗ, ਤ੍ਰੈ ਪੰਜ ਡੇਰਾ ਢਾਹਿੰਦਾ । ਘਰ ਵਿਚ ਘਰ ਸਿਖਾਏ ਹੱਜ, ਮੱਕਾ ਕਾਅਬਾ ਦੋ ਦੋ ਆਬਾ ਆਬ ਹਯਾਤ ਸ਼ਾਹ ਨਵਾਬ ਇਕੋ ਜਾਮ ਪਿਆਇੰਦਾ । ਕਲਮਾ ਕਾਇਨਾਤ ਪੜ੍ਹਾਏ ਸਾਖਿਆਤ, ਮਿਹਬਾਨ ਬੀਦੋ ਬੀ ਖ਼ੈਰ ਯਾ ਅੱਲਾ ਇਲਾਹੀ ਨੂਰ ਇਕ ਦਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੋੜਨਹਾਰਾ ਬਜਰੀ ਸਿਲਾ, ਤੀਰ ਨਿਰਾਲਾ ਇਕ ਚਲਾਇੰਦਾ । ਤੀਰ ਨਿਰਾਲਾ ਮਾਰੇ ਆਪ, ਸਤਿਗੁਰ ਆਪਣੀ ਦਇਆ ਕਮਾਈਆ । ਆਤਮਾ ਕਹੇ ਪਰਮਾਤਮਾ

ਮੇਰਾ ਬਾਪ, ਆਤਮਾ ਪੁੱਤ ਗੋਦ ਉਠਾਈਆ । ਦੋਹਾਂ ਬਣਾਇਆ ਇਕੋ ਜਾਪ, ਸੋਹੰ ਢੋਲਾ ਗਾਈਆ । ਨਾ ਕੋਈ ਜ਼ਾਤ ਨਾ ਕੋਈ ਪਾਤ, ਵਰਨ ਗੋਤ ਨਾ ਵੰਡ ਵੰਡਾਈਆ । ਆਤਮ ਪਰਮਾਤਮ ਪਰਮਾਤਮ ਆਤਮ ਇਕ ਦੂਜੇ ਦਾ ਸਾਕ, ਸੱਜਣ ਇਕੋ ਨਜ਼ਰੀ ਆਈਆ । ਅਨੰਦ ਮਿਲੇ ਮਿਲ ਜਾਈਏ ਖ਼ਾਕ, ਖ਼ਾਕ ਪਾਕ ਰੂਪ ਵਟਾਇੰਦਾ । ਆਤਮ ਬਣ ਜਾਏ ਪਰਮਾਤਮ ਚਾਕ, ਚਾਕਰੀ ਇਕ ਕਮਾਇੰਦਾ । ਸਤਿਗੁਰ ਗੁਰ ਸਤਿਗੁਰ ਸਦਾ ਸਦਾ ਗੁਰਮੁਖਾਂ ਪੂਰੀ ਕਰੇ ਖ਼ਾਹਸ਼, ਖ਼ਸ਼ਲਤ ਪਿਛਲੀ ਸਰਬ ਗਵਾਇੰਦਾ । ਚਿੱਟਾ ਫਲੂਦਾ ਸ਼ਬਦੀ ਧਾਰ, ਸਚ ਸਚ ਜਣਾਇੰਦਾ । ਦੂਜੀ ਨਿਕਲੀ ਨਾਰ ਮੁਟਿਆਰ, ਲਾੜੀ ਮੌਤ ਰੂਪ ਵਖਾਇੰਦਾ । ਕਲਜੁਗ ਕੂੜ ਕੂੜਿਆਰੇ ਕੁੱਤੇ ਦਿਤੇ ਨਾਲ, ਦਿਸ਼ਾ ਦਿਸ਼ਾ ਵੇਖ ਵਖਾਇੰਦਾ । ਕਰੇ ਖੇਲ ਆਪ ਕਮਾਲ, ਬੇਨਜ਼ੀਰ ਨਜ਼ਰ ਕਿਸੇ ਨਾ ਆਇੰਦਾ । ਭੇਵ ਅਭੇਦਾ ਅਛਲ ਅਛੇਦਾ ਗੁਰਮੁਖਾਂ ਰਿਹਾ ਵਖਾਲ, ਜੋ ਵਖਾਏ ਸੋ ਕਰ ਵਖਾਇੰਦਾ । ਦਿਸ਼ਾ ਲਹਿੰਦੀ ਹੋਏ ਬੇਹਾਲ, ਬਿਹਬਲ ਹੋ ਸਰਬ ਕੁਰਲਾਇੰਦਾ । ਸਭ ਦੇ ਸਿਰ ਤੇ ਕੂਕੇ ਕਾਲ, ਕਲਜੁਗ ਡੌਰੂ ਡੰਕ ਵਜਾਇੰਦਾ । ਉਚੇ ਉਡਦੇ ਜਾਣ ਬੀਰ ਬੇਤਾਲ, ਬਿਸਤਰੇ ਸਭ ਦੇ ਸਿਰ ਬੰਧਾਇੰਦਾ । ਗੱਡੇ ਮੋਟਰਾਂ ਟਾਂਗੇ ਘੋੜੇ ਕਿਸੇ ਨਾ ਚਲੇ ਨਾਲ, ਜ਼ਿਮੀਂ ਅਸਮਾਨ ਅਧਵਿਚਕਾਰ ਸਰਬ ਫਿਰਾਇੰਦਾ । ਕਲਜੁਗ ਅੰਤ ਅਵਲੜੀ ਚਲੀ ਚਾਲ, ਲੇਖਾ ਲਿਖ ਨਾ ਕੋਇ ਸਮਝਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕਰਦੇ ਗਏ ਧਿਆਨ, ਧਿਆਨ ਵਿਚ ਨਾ ਹਰਿ ਜੂ ਆਇੰਦਾ । ਈਸਾ ਮੂਸਾ ਮੁਹੰਮਦ ਨਾਨਕ ਗੋਬਿੰਦ ਲਿਖ ਕੇ ਗਏ ਜੋ ਬਿਆਨ, ਬਿਆਨ ਕਲਮਬੰਦ ਕਰਾਇੰਦਾ । ਵੇਦ ਵਿਆਸਾ ਮੰਗਦਾ ਗਿਆ ਦਾਨ, ਪੂਤ ਸਪੂਤਾ ਬ੍ਰਹਿਮਣ ਗੌੜਾ ਝੋਲੀ ਪਾਇੰਦਾ । ਕਲਜੁਗ ਅੰਤਮ ਪਰਗਟ ਹੋਵੇ ਮਹਾਂਬਲੀ ਬਲਵਾਨ, ਬਲ ਆਪਣਾ ਆਪ ਜਣਾਇੰਦਾ । ਸੰਬਲ ਵਸੇ ਸਚ ਮਕਾਨ, ਇੱਟਾਂ ਗਾਰਾ ਨਾ ਕੋਇ ਲਾਇੰਦਾ । ਲੇਖਾ ਜਾਣੇ ਦੋ ਜਹਾਨ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਰੰਗ ਵਖਾਇੰਦਾ । ਨਾਮ ਖੰਡਾਂ ਚਿੱਲਾ ਤੀਰ ਕਮਾਨ, ਤਰਕਸ਼ ਆਪਣੇ ਹੱਥ ਵਖਾਇੰਦਾ । ਕਾਗਦ ਕਲਮ ਸ਼ਾਹੀ ਵੇਦ ਪੁਰਾਨ ਸ਼ਾਸਤਰ ਸਿਮਰਤ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਹੋਏ ਹੈਰਾਨ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਪੀਰ ਪੈਗ਼ੰਬਰ ਨੇਤਰ ਖੋਲ੍ਹ ਵੇਖਣ ਚੌਦਾਂ ਤਬਕ ਦੁਕਾਨ, ਮਸਲਾ ਹੱਕ ਨਾ ਕੋਇ ਪੜ੍ਹਾਇੰਦਾ । ਸਾਬਤ ਰਿਹਾ ਨਾ ਕਿਸੇ ਈਮਾਨ, ਆਲਮੀਨ ਵੇਖ ਵਖਾਇੰਦਾ । ਬਗਲੇ ਰੱਖ ਕੇ ਫਿਰਦੇ ਰਹੇ ਕੁਰਾਨ, ਕਾਅਬਾ ਹੱਕ ਨਾ ਕੋਇ ਜਣਾਇੰਦਾ । ਪਰਗਟ ਹੋਇਆ ਇਕ ਅਮਾਮ, ਮਹਿੰਦੀ ਸਭ ਦੇ ਹੱਥ ਲਗਾਇੰਦਾ । ਪੀਰ ਪੈਗ਼ੰਬਰ ਕਰੇ ਗ਼ੁਲਾਮ, ਬਰਦੇ ਆਪਣੇ ਅੱਗੇ ਲਾਇੰਦਾ । ਨਿਉਂ ਨਿਉਂ ਸਾਰੇ ਕਰਨ ਸਲਾਮ, ਸਲਾਮਾਂ ਲੈਕਮ ਸਭ ਦੀ ਝੋਲੀ ਪਾਇੰਦਾ । ਸਦੀ ਚੌਧਵੀਂ ਦੇ ਪੈਗ਼ਾਮ, ਪੀਰ ਪੈਗ਼ੰਬਰ ਆਪ ਸਮਝਾਇੰਦਾ । ਇਕੋ ਕਲਮਾ ਪੜ੍ਹੇ ਕਲਾਮ, ਕਾਦਰ ਕੁਦਰਤ ਆਪ ਸਮਝਾਇੰਦਾ । ਜਿਸ ਨੂੰ ਰਾਮ ਮੰਨਿਆ ਰਾਮ, ਸੋ ਰਾਮ ਫੇਰਾ ਪਾਇੰਦਾ । ਜਿਸ ਨੇ ਕ੍ਰਿਸ਼ਨ ਬਣਾਇਆ ਭਗਵਾਨ, ਸੋ ਆਪਣਾ ਰਾਹ ਜਣਾਇੰਦਾ । ਜਿਨ ਈਸਾ ਮੂਸਾ ਮੁਹੰਮਦ ਦਿਤਾ ਹੱਡ ਮਾਸ ਨਾੜੀ ਖ਼ਾਕੀ ਤਨ ਚਾਮ, ਚੰਮ ਦ੍ਰਿਸ਼ਟੀ ਸਭ ਦੀ ਖੋਜ ਖੁਜਾਇੰਦਾ । ਜਿਸ ਨਾਨਕ ਨਿਰਗੁਣ ਸਚਖੰਡ ਵਖਾਇਆ ਮਕਾਨ, ਗੋਬਿੰਦ ਆਪਣਾ ਪੁੱਤ ਬਣਾਇੰਦਾ । ਜਿਨ ਕਬੀਰ ਜੋਲਾਹੇ ਵਖਾਇਆ ਨਿਸ਼ਾਨ, ਸਚ ਨਿਸ਼ਾਨਾ ਇਕ ਹਲਾਇੰਦਾ । ਸੋ ਸਾਹਿਬ ਖੇਲ ਕਰੇ ਮਹਾਨ, ਮਹਿਮਾਂ ਆਪਣੀ ਨਾ ਕਿਸੇ ਸਮਝਾਇੰਦਾ । ਤਿੰਨੇ ਡੱਬੀਆਂ ਖੋਲ੍ਹੇ ਆਣ, ਡੱਬੇ ਆਪਣੇ ਵਿਚੋਂ ਬਾਹਰ ਕਢਾਇੰਦਾ । ਲੇਖਾ ਮਿਟੇ ਸਰਬ ਸ਼ੈਤਾਨ, ਹਰਾਮਖ਼ੋਰ ਰਹਿਣ ਕੋਇ ਨਾ ਪਾਇੰਦਾ । ਕਰੇ

ਖੇਲ ਨੌਜਵਾਨ, ਨੌਬਤ ਨਾਮ ਇਕ ਵਜਾਇੰਦਾ । ਗੋਬਿੰਦ ਸੂਰਾ ਬੇਪਹਿਚਾਣ, ਰੂਪ ਰੰਗ ਨਾ ਕੋਇ ਵਖਾਇੰਦਾ । ਨਾਮ ਖੰਡਾ ਖਿਚੇ ਸ਼ਬਦੀ ਵਿਚੋਂ ਮਿਆਨ, ਮੀਆਂ ਬੀਵੀ ਵੰਡ ਵੰਡਾਇੰਦਾ । ਦੋ ਜਹਾਨ ਆਏ ਤੁਫ਼ਾਨ, ਤੋਹਫ਼ਾ ਸਭ ਦੀ ਝੋਲੀ ਪਾਇੰਦਾ । ਨੱਠੀ ਜਾਏ ਅੰਜੀਲ ਕੁਰਾਨ, ਅੱਲਾ ਰਾਣੀ ਨੈਣ ਸ਼ਰਮਾਇੰਦਾ । ਕਰੇ ਖੇਲ ਆਪ ਭਗਵਾਨ, ਦੂਜਾ ਸੰਗ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਰ ਇਕੋ ਇਕ ਜਣਾਇੰਦਾ । ਵਿਸ਼ਨੂੰ ਵੇਖ ਆਪਣੀ ਕਾਰ, ਹਰਿ ਕਰਤਾ ਰਿਹਾ ਜਣਾਈਆ । ਕਲਜੁਗ ਅੰਤਮ ਦੁੱਖਾਂ ਭਰਿਆ ਸੰਸਾਰ, ਦੁਖੀਆਂ ਦੁਖ ਨਾ ਕੋਇ ਵੰਡਾਈਆ । ਕੋਟਨ ਭੁੱਖੇ ਰੋਵਣ ਜ਼ਾਰੋ ਜ਼ਾਰ, ਰਾਤੀਂ ਸੁੱਤਿਆਂ ਨੀਂਦ ਨਾ ਆਈਆ । ਕੋਟਨ ਕਰਨ ਮੌਜ ਬਹਾਰ, ਵੇਸਵਾ ਰਹੇ ਹੰਢਾਈਆ । ਕੋਟਨ ਧਾਹਾਂ ਰਹੇ ਮਾਰ, ਖ਼ਾਲੀ ਹੱਥ ਜਗਤ ਫਿਰਾਈਆ । ਕੋਟਨ ਅਸਵ ਹੋਏ ਅਸਵਾਰ, ਸ਼ਹਿਨਸ਼ਾਹ ਬੈਠੇ ਸੀਸ ਝੁਕਾਈਆ । ਕੋਟਨ ਤੇਰੇ ਚਰਨਾਂ ਕਰਨ ਨਿਮਸਕਾਰ, ਦੁਖੀ ਦੁੱਖ ਰਹੇ ਜਣਾਈਆ । ਕੋਟਨ ਸੁੱਤੇ ਪੈਰ ਪਸਾਰ, ਤੇਰੀ ਯਾਦ ਕਿਸੇ ਨਾ ਆਈਆ । ਕਲਜੁਗ ਅੰਤਮ ਹੋ ਤਿਆਰ, ਅਬਿਨਾਸ਼ੀ ਕਰਤਾ ਰਿਹਾ ਵਖਾਈਆ । ਆਪਣੀ ਅੱਖ ਲਏ ਉਘਾੜ, ਨੇਤਰ ਬੰਦ ਨਾ ਕੋਇ ਜਣਾਈਆ । ਸ੍ਰੀ ਭਗਵਾਨ ਸਭ ਦੇ ਅੰਦਰ ਕਰੇ ਪਸਾਰ, ਪਸਰ ਪਸਾਰੀ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨੂੰ ਵਿਸ਼ਵ ਰਿਹਾ ਜਣਾਈਆ । ਵਿਸ਼ਨੂੰ ਕਹੇ ਮੈਂ ਕੀ ਕਰਾਂ ਵਿਚਾਰਾ, ਤੇਰਾ ਖੇਲ ਵਿਚਾਰ ਵਿਚ ਨਾ ਆਈਆ । ਆਦਿ ਭਰਿਆ ਤੂੰ ਮੇਰਾ ਭੰਡਾਰਾ, ਜੁਗ ਜੁਗ ਸੇਵ ਕਮਾਈਆ । ਕਲਜੁਗ ਅੰਤਮ ਮੈਂ ਵੀ ਹਾਰਾ, ਮੇਰੀ ਚਲੇ ਨਾ ਕੋਇ ਚਤੁਰਾਈਆ । ਤੂੰ ਕੂੜੀ ਕਿਰਿਆ ਬਣਾਇਆ ਵਡ ਸਿਕਦਾਰਾ,
੭੨੪
੧੩
ਸਿਖਿਆ ਇਕੋ ਇਕ ਜਣਾਈਆ । ਜਿੰਨਾਂ ਚਿਰ ਕਲਜੁਗ ਜੀਵ ਨਾ ਰੋਵਣ ਜ਼ਾਰੋ ਜ਼ਾਰਾ, ਕਲਜੁਗ ਔਧ ਨਾ ਕੋਇ ਮੁਕਾਈਆ । ਪਿਛਲਾ ਲੇਖਾ ਲਿਖ ਕੇ ਗਏ ਚਾਰ ਲੱਖ ਬੱਤੀ ਹਜ਼ਾਰਾ, ਵੰਡਣ ਸਾਚੀ ਝੋਲੀ ਪਾਈਆ । ਏਸੇ ਕਾਰਨ ਪ੍ਰਭ ਜੂ ਕਰਿਆ ਖੇਲ ਨਿਆਰਾ, ਦੁਖੀਆਂ ਭੁੱਖਿਆਂ ਦੁੱਖ ਵਿਚ ਰਖਾਈਆ । ਕਲਜੁਗ ਅੰਤ ਸਾਰੇ ਕੱਠੇ ਹੋ ਕੇ ਮਾਰਨ ਇਕੋ ਨਾਅਰਾ, ਤੁਧ ਬਿਨ ਹੋਏ ਨਾ ਕੋਇ ਸਹਾਈਆ । ਨਾਲ ਵਿਸ਼ਨੂੰ ਰੋਵੇ ਜ਼ਾਰੋ ਜ਼ਾਰਾ, ਨੇਤਰ ਨੈਣਾਂ ਨੀਰ ਵਹਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਕਲ ਕਲਕੀ ਲੈ ਅਵਤਾਰਾ, ਨਿਰਗੁਣ ਆਪਣਾ ਫੇਰਾ ਪਾਈਆ । ਦੁਖੀਆਂ ਭੁੱਖਿਆਂ ਦਏ ਸਹਾਰਾ, ਸਿਰ ਆਪਣਾ ਹੱਥ ਟਿਕਾਈਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਮਾਰੇ ਮਾਰਾ, ਨੇਤਰ ਵੇਂਹਦਿਆਂ ਦਏ ਵਖਾਈਆ । ਕਲਜੁਗ ਬਦਲੇ ਸਤਿਜੁਗ ਧਾਰਾ, ਧਾਰ ਇਕੋ ਇਕ ਸਮਝਾਈਆ । ਊਚਾਂ ਨੀਚਾਂ ਗ਼ਰੀਬ ਨਿਮਾਣਿਆਂ ਵੱਡਿਆਂ ਛੋਟਿਆਂ ਬੁੱਢਿਆਂ ਬਾਲਾਂ ਕਰੇ ਇਕ ਪਿਆਰਾ, ਇਕੋ ਜਿਹਾ ਮਾਣ ਦਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੇਵਣਹਾਰਾ ਇਕੋ ਵਰ, ਸ੍ਰਿਸ਼ਟ ਸਬਾਈ ਇਕੋ ਰੰਗ ਰੰਗਾਈਆ । ਪੁਰਖ ਅਕਾਲ ਖੇਲ ਕਰੌਣਾ ਏਂ । ਸਚ ਨਿਸ਼ਾਨ ਇਕ ਝੁਲੌਣਾ ਏਂ । ਲੋਕਮਾਤ ਵੇਸ ਵਟੌਣਾ ਏਂ । ਜੋਤੀ ਜਾਮਾ ਪੌਣਾ ਏਂ । ਨਿਹਕਲੰਕ ਅਖਵੌਣਾ ਏਂ । ਰਾਉ ਰੰਕ ਜਗੌਣਾ ਏਂ । ਕੂੜ ਕੁੜਿਆਰ ਮਿਟੌਣਾ ਏਂ । ਕਲਜੁਗ ਖੇੜਾ ਢੌਣਾ ਏਂ । ਅੰਤ ਨਬੇੜਾ ਕਰੌਣਾ ਏਂ । ਧਰਤ ਮਾਤ ਦਾ ਖੁਲ੍ਹਾ ਵੇਹੜਾ ਵਖੌਣਾ ਏਂ । ਉਲਟੀ ਲੱਠ ਭਵੌਣਾ ਏਂ । ਨੱਠ ਨੱਠ ਪੰਧ ਮੁਕੌਣਾ ਏਂ । ਜਨ ਭਗਤਾਂ ਮਾਰਗ ਦੱਸ, ਇਕੋ ਰਾਹ ਵਖੌਣਾ ਏਂ । ਹਿਰਦੇ ਅੰਦਰ ਵਸ ਵਸ, ਸੋਹੰ ਅਜਪਾ ਜਾਪ ਜਪੌਣਾ ਏਂ । ਕਲਜੁਗ ਮੇਟ ਰੈਣ ਅੰਧੇਰੀ ਮਸ,

੭੨੪
੧੩

ਸਤਿਜੁਗ ਸਾਚਾ ਚੰਦ ਚਮਕੌਣਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਰਚੌਣਾ ਏ । ਆਪਣਾ ਖੇਲ ਰਚਾਵਾਂਗਾ । ਨਿਰਗੁਣ ਨੂਰ ਧਰਾਵਾਂਗਾ । ਦੋ ਜਹਾਨਾਂ ਵੇਖ ਵਖਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਉਠਾਵਾਂਗਾ । ਗੁਰ ਅਵਤਾਰ ਨਾਲ ਮਿਲਾਵਾਂਗਾ । ਪੀਰ ਪੈਗ਼ੰਬਰ ਪਰਦਾ ਲਾਹਵਾਂਗਾ । ਲੱਖ ਚੁਰਾਸੀ ਬਣ ਕਲੰਦਰ, ਲੋਕਮਾਤ ਨਚਾਵਾਂਗਾ । ਜਨ ਭਗਤਾਂ ਵਸ ਹਿਰਦੇ ਅੰਦਰ, ਅੰਤਰ ਆਤਮਾ ਮੇਲ ਮਿਲਾਵਾਂਗਾ । ਨੌਂ ਖੰਡ ਪ੍ਰਿਥਮੀ ਦੀਸੇ ਖੰਡਰ, ਇਕੋ ਖੰਡਾਂ ਖੜਗ ਇਕ ਚਮਕਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਰੰਗਾਂਵਾਂਗਾ । ਆਪਣਾ ਰੰਗ ਰੰਗੇਗਾ । ਕਿਸੇ ਕੋਲੋਂ ਨਾ ਸੰਗੇਗਾ । ਔਂਦਾ ਜਾਂਦਾ ਮੂਲ ਨਾ ਸੰਗੇਗਾ । ਲੱਖ ਚੁਰਾਸੀ ਧਰਮ ਰਾਏ ਦਰ ਟੰਗੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੋਆਂ ਪੁਰੀਆਂ ਆਪੇ ਲੰਘੇਗਾ । ਲੋਆਂ ਪੁਰੀਆਂ ਪਾਰ ਕਰਾਏਗਾ । ਆਪਣਾ ਖੇਲ ਖਲਾਏਗਾ । ਵਿਸ਼ਨੂੰ ਲੇਖਾ ਆਪ ਜਣਾਏਗਾ । ਬ੍ਰਹਮਾ ਪਰਦਾ ਆਪੇ ਲਾਹੇਵਾ । ਸ਼ੰਕਰ ਜੋਤੀ ਮੇਲ ਮਿਲਾਏਗਾ । ਤਿੰਨਾਂ ਵਿਚੋਲਾ ਆਪ ਅਖਵਾਏਗਾ । ਸਾਚਾ ਚੋਲਾ ਆਪ ਬਦਲਾਏਗਾ । ਜਨ ਭਗਤਾਂ ਮਾਣ ਦਿਵਾਏਗਾ । ਸਾਚੀ ਕਰਨੀ ਫੇਰ ਕਮਾਏਗਾ । ਮਰਨੀ ਮਾਰ ਫੇਰ ਜਵਾਏਗਾ । ਤਰਨੀ ਤਾਰ ਤੁਰਤ ਮਿਲਾਏਗਾ । ਬ੍ਰਹਿਮੰਡ ਖੰਡ ਆਪਣਾ ਰਾਜ ਜੋਗ ਜਣਾਏਗਾ । ਸੋਹੰ ਢੋਲਾ ਸਾਚਾ ਬੋਲਾ ਇਕ ਸੁਣਾਏਗਾ । ਪਰਦਾ ਉਹਲਾ ਆਪ ਉਠਾਏਗਾ । ਦੀਨ ਮਜ਼੍ਹਬ ਰੌਲਾ ਕੋਇ ਨਾ ਪਾਏਗਾ । ਲੱਖ ਚੁਰਾਸੀ ਹੋਲਾ ਆਪ ਜਣਾਏਗਾ । ਬਣ ਤੋਲਾ ਜੀਵ ਜੰਤ ਤੋਲ ਤੁਲਾਏਗਾ । ਆਦਿ ਜੁਗਾਦੀ ਰਹੇ ਅਡੋਲਾ, ਜਨ ਭਗਤਾਂ ਆਪਣੀ ਗੋਦ ਉਠਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,
੭੨੫ ੧੩ ਆਪਣਾ ਰਾਹ ਚਲਾਏਗਾ । ਆਪਣਾ ਰਾਹ ਜਣਾਵਾਂਗਾ । ਨੌਂ ਖੰਡ ਪ੍ਰਿਥਮੀ ਸੱਤ ਦੀਪ ਲੱਖ ਚੁਰਾਸੀ ਆਪ ਪੜ੍ਹਾਵਾਂਗਾ । ਚੌਦਾਂ ਵਿਦਿਆ ਮਾਣ ਗਵਾਵਾਂਗਾ । ਰਾਗ ਅਨਾਦੀ ਇਕ ਸੁਣਾਵਾਂਗਾ । ਵਿਸਮਾਦੀ ਨਜ਼ਰੀ ਆਵਾਂਗਾ । ਸੰਤ ਸੁਹੇਲੇ ਫੜ ਉਠਾਵਾਂਗਾ । ਗੁਰ ਚੇਲੇ ਨਾਲ ਰਲਾਵਾਂਗਾ । ਹਰਿ ਕੇ ਨਾਮ ਤੋਂ ਜੋ ਬੈਠੇ ਵੇਹਲੇ, ਸਾਰੇ ਮੇਟ ਮਿਟਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਕਰਾਵਾਂਗਾ । ਆਪਣਾ ਖੇਲ ਕਰਾਂਗਾ । ਸਚ ਸਿੰਘਾਸਣ ਆਪੇ ਚੜ੍ਹਾਂਗਾ । ਨਿਰਭੌ ਹੋ ਕਦੇ ਨਾ ਡਰਾਂਗਾ । ਲੱਖ ਚੁਰਾਸੀ ਅੰਦਰ ਵੜਾਂਗਾ । ਗੁਰਮੁਖ ਸੱਜਣ ਫੜਾਂਗਾ । ਆਪਣੀ ਕਰਨੀ ਆਪੇ ਕਰਾਂਗਾ । ਕਲਜੁਗ ਕੂੜੀ ਕਿਰਿਆ ਅੰਤਮ ਹਰਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵੇਸ ਧਰਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਵਾਰੇ ਆਪੇ ਖੜਾਂਗਾ । ਸਚਖੰਡ ਦਵਾਰ ਸੁਹਾਏਗਾ । ਥਿਰ ਘਰ ਕੁੰਡਾ ਲਾਹੇਗਾ । ਪਿਤਾ ਪੂਤ ਵੇਖ ਵਖਾਏਗਾ । ਪੁਰਖ ਅਕਾਲ ਜੋਤ ਜਗਾਏਗਾ । ਸ਼ਬਦ ਗੋਬਿੰਦ ਡੰਕ ਵਜਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪ ਆਪਣੀ ਗੰਢ ਪਵਾਏਗਾ । ਪਿਤਾ ਪੂਤ ਦੇਵੇ ਗੰਢ, ਗੋਬਿੰਦ ਪੁਰਖ ਅਕਾਲ ਮਨਾਈਆ । ਪਿਤਾ ਪੂਤ ਪਏ ਠੰਡ, ਸੀਤਲ ਧਾਰ ਜਣਾਈਆ । ਪਿਤਾ ਪੂਤ ਪਿਛਲੀ ਮੇਟੇ ਵੰਡ, ਅੱਗੇ ਹੱਦ ਨਾ ਕੋਇ ਰਖਾਈਆ । ਪੂਤ ਪਿਤਾ ਟੁੱਟੀ ਲਏ ਗੰਢ, ਗੰਢਣਹਾਰ ਗੋਪਾਲ ਗੋਸਾਈਆਂ । ਪਿਤਾ ਪੂਤ ਦੇਵੇ ਅਨੰਦ, ਨੰਦ ਚੰਦ ਇਕ ਰੁਸ਼ਨਾਈਆ । ਪੂਤ ਪਿਤਾ ਗਾਏ ਛੰਦ, ਸੋ ਪੁਰਖ ਨਿਰੰਜਣ ਵਡ ਵਡਿਆਈਆ । ਪਿਤਾ ਪੂਤ ਖ਼ੁਸ਼ੀ ਕਰਾਏ ਬੰਦ ਬੰਦ, ਹੰ ਬ੍ਰਹਮ ਇਕ ਦਰਸਾਈਆ । ਕਰੇ

ਖੇਲ ਸੂਰਾ ਸਰਬੰਗ, ਸਰਬ ਕਲਾ ਵਡ ਵਡਿਆਈਆ । ਲੇਖਾ ਜਾਣ ਸਰਬ ਵਰਭੰਡ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਚੁਕਾਈਆ । ਪਿਤਾ ਪੂਤ ਖੇਲ੍ਹੇ ਭੇਵ, ਅਭੇਦ ਆਪ ਜਣਾਇੰਦਾ । ਪਿਤਾ ਪੂਤ ਸਾਚੀ ਸੇਵ, ਸੇਵਕ ਰੂਪ ਵਟਾਇੰਦਾ । ਪਿਤਾ ਪੂਤ ਸਦਾ ਨਿਹਕੇਵ, ਨਿਹਚਲ ਧਾਮ ਇਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਰੰਗਾਇੰਦਾ । ਪਿਤਾ ਪੂਤ ਰੰਗ ਅਗੰਮ, ਅਗੰਮੜਾ ਆਪ ਰੰਗਾਈਆ । ਪਿਤਾ ਪੂਤ ਇਕੋ ਕੰਮ, ਕਲ ਕਰਨੀ ਆਪ ਕਰਾਈਆ । ਪਿਤਾ ਪੂਤ ਹਰਖ਼ ਸੋਗ ਨਾ ਕੋਇ ਗ਼ਮ, ਚਿੰਤਾ ਰੂਪ ਨਾ ਕੋਇ ਵਟਾਈਆ । ਪਿਤਾ ਪੂਤ ਨਾ ਮਰੇ ਨਾ ਪਏ ਜੰਮ, ਗੋਬਿੰਦ ਪੁਰਖ ਅਕਾਲ ਇਕ ਕੁੜਮਾਈਆ । ਪਿਤਾ ਪੂਤ ਨਾ ਰੋਵੇ ਛੰਮ ਛੰਮ, ਬੰਸ ਸਰਬੰਸ ਲੇਖੇ ਲਾਈਆ । ਪਿਤਾ ਪੂਤ ਨਾ ਤ੍ਰਿਸਨਾ ਨਾ ਕੋਈ ਤਮ, ਤਾਮਸ ਅਵਰ ਨਾ ਕੋਇ ਰਖਾਈਆ । ਪਿਤਾ ਪੂਤ ਜਾਇਣ ਮੰਨ, ਇਕੋ ਘਰ ਵੱਜੇ ਵਧਾਈਆ । ਪਿਤਾ ਪੂਤ ਬੇੜਾ ਦੇਵੇ ਬੰਨ੍ਹ, ਬਣ ਖੇਵਟ ਖੇਟਾ ਰਿਹਾ ਚਲਾਈਆ । ਪਿਤਾ ਪੂਤ ਇਕੋ ਰਾਗ ਇਕੋ ਕੰਨ, ਇਕੋ ਨਾਦ ਸ਼ਨਵਾਈਆ । ਪਿਤਾ ਪੂਤ ਨਾ ਛੱਪਰ ਨਾ ਕੋਇ ਛੰਨ, ਬਿਨ ਚਾਰ ਦੀਵਾਰ ਡੇਰਾ ਲਾਈਆ । ਪਿਤਾ ਪੂਤ ਆਦਿ ਜੁਗਾਦਿ ਜੁਗ ਜੁਗ ਜੋ ਘੜਿਆ ਸੋ ਦੇਵਣ ਭੰਨ, ਸੁਤ ਸ਼ਬਦ ਪਿਤਾ ਪੁਰਖ ਅਕਾਲ ਨਿਰਗੁਣ ਨਜ਼ਰੀ ਆਈਆ । ਖੇਲ ਅੰਦਰ ਹੋਏ ਖੇਲ, ਖ਼ਾਲਕ ਖ਼ਲਕ ਖੇਲ ਕਰਾਇੰਦਾ । ਖੇਲ ਅੰਦਰ ਚੜ੍ਹੇ ਤੇਲ, ਸਾਚਾ ਸਗਨ ਮਨਾਇੰਦਾ । ਖੇਲ ਅੰਦਰ ਹੋਏ ਮੇਲ, ਮੇਲ ਮਿਲਾਵਾ ਆਪ ਕਰਾਇੰਦਾ । ਖੇਲ ਅੰਦਰ ਕਲਜੁਗ ਜੀਵ ਹੋ ਜਾਣ ਫੇਲ, ਪਰਚਾ ਪਾਸ ਨਾ ਕੋਇ ਕਰਾਇੰਦਾ । ਖੇਲ ਅੰਦਰ ਕਰੇ ਵੇਹਲ, ਲੱਖ ਚੁਰਾਸੀ ਖ਼ਾਕ ਮਿਲਾਇੰਦਾ । ਖੇਲ
੭੨੬ ੧੩ ਅੰਦਰ ਧਰਮ ਰਾਏ ਦੀ ਘੱਤੇ ਜੇਲ, ਬੰਦੀਖ਼ਾਨਾ ਇਕ ਜਣਾਇੰਦਾ । ਖੇਲ ਅੰਦਰ ਮਿਲੇ ਸੱਜਣ ਸੁਹੇਲ, ਘਰ ਆ ਆ ਆਪ ਉਠਾਇੰਦਾ । ਖੇਲ ੭੨੬ ੧੩
ਅੰਦਰ ਕਰ ਦਏ ਰੇਲ ਪੇਲ, ਉਲਟੀ ਸਿਧੀ ਆਪ ਵਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਬੇਅੰਤ ਬੇਅੰਤ ਆਦਿ ਅੰਤ ਆਪ ਜਣਾਇੰਦਾ । ਖੇਲ ਅੰਦਰ ਮਨ ਦੌੜੇ, ਆਪਣਾ ਬਲ ਧਰਾਈਆ । ਖੇਲ ਅੰਦਰ ਰਸ ਵੇਖੇ ਫਿਕੇ ਕੌੜੇ, ਕੂੜੀ ਕਿਰਿਆ ਨਾਲ ਮਿਲਾਈਆ । ਖੇਲ ਅੰਦਰ ਮਨ ਮਨੂਆ ਗੁਰ ਸ਼ਬਦੀ ਹੋੜੇ, ਇਕੋ ਨਾਮ ਸੁਣਾਈਆ । ਖੇਲ ਅੰਦਰ ਵਿਛੜੇ ਜੋੜੇ, ਮੇਲ ਮਿਲਾਵਾ ਇਕ ਕਰਾਈਆ । ਖੇਲ ਅੰਦਰ ਤਰਦੇ ਰੋੜ੍ਹੇ, ਖੇਲ ਅੰਦਰ ਡੁੱਬਦੇ ਲਏ ਤਰਾਈਆ । ਖੇਲ ਅੰਦਰ ਦਰ ਆਏ ਖ਼ਾਲੀ ਮੋੜੇ, ਖੇਲ ਅੰਦਰ ਖ਼ਾਲੀ ਝੋਲੀਆਂ ਦਏ ਭਰਾਈਆ । ਖੇਲ ਅੰਦਰ ਮਨਮੁਖ ਰੱਖੇ ਕੋਰੇ, ਖੇਲ ਅੰਦਰ ਗੁਰਮੁਖ ਇਕੋ ਘਰ ਜਣਾਈਆ । ਖੇਲ ਅੰਦਰ ਕਾਹਨਾ ਕ੍ਰਿਸ਼ਨਾ ਘਰ ਗਵਾਲਿਆਂ ਬਣਿਆ ਛੋਹਰੇ, ਖੇਲ ਅੰਦਰ ਸੀਸ ਮੁਕਟ ਤਾਜ ਸੁਹਾਈਆ । ਖੇਲ ਅੰਦਰ ਸੱਸੇ ਉਪਰ ਲਾਏ ਹੋੜੇ, ਖੇਲ ਅੰਦਰ ਹਾਹਾ ਟਿੱਪੀ ਹੰ ਬ੍ਰਹਮ ਰੂਪ ਵਖਾਈਆ । ਖੇਲ ਅੰਦਰ ਵੇਖੇ ਜ਼ੋਰੋ ਜ਼ੋਰੇ, ਖੇਲ ਅੰਦਰ ਜ਼ੋਰ ਜ਼ਬਰ ਮਿਟਾਈਆ । ਖੇਲ ਅੰਦਰ ਭਗਤ ਭਗਵਾਨ ਨੂੰ ਮਾਰਨ ਹਨੋਰੇ, ਤਾਅਨਾ ਦੇ ਦੇ ਰਹੇ ਡਰਾਈਆ । ਖੇਲ ਅੰਦਰ ਸੰਤ ਕੰਤ ਪ੍ਰਭ ਆਪੇ ਬੌਹੜੇ, ਰੁੱਸੇ ਲਏ ਮਨਾਈਆ । ਖੇਲ ਅੰਦਰ ਅੱਗੇ ਦਿਨ ਰਹਿ ਗਏ ਥੋੜੇ, ਸਾਚਾ ਖੇਲ ਸਭ ਨੂੰ ਦਏ ਜਣਾਈਆ । ਖੇਲ ਅੰਦਰ ਨਾਨਕ ਸੁੱਤਾ ਸੇਜਾਂ ਰੋੜੇ, ਖੇਲ ਅੰਦਰ ਗੋਬਿੰਦ ਸੱਥਰ ਇਕ ਵਿਛਾਈਆ । ਖੇਲ ਅੰਦਰ ਗੁਰ ਅਵਤਾਰ ਪੀਰ ਪੈਗ਼ੰਬਰ ਕਾਇਆ ਪੰਜ ਤੱਤ ਕੀਤੇ ਬੰਦ ਭੋਰੇ, ਭੋਰੀ ਭੋਰੀ ਆਪਣਾ ਦਰਸ ਦਿਖਾਈਆ । ਖੇਲ ਅੰਦਰ ਧੰਨ ਮਾਲ ਲੁੱਟਣ ਚੋਰ ਚੋਰੇ, ਚੋਰੀ

ਚੋਰੀ ਘਰ ਵਿਚ ਸੰਨ ਲਗਾਈਆ । ਖੇਲ ਅੰਦਰ ਗਾਇਣ ਦੋਹਰੇ, ਸਰਗੁਣ ਨਿਰਗੁਣ ਰਹੇ ਧਿਆਈਆ । ਖੇਲ ਅੰਦਰ ਧੰਨੇ ਜੱਟ ਵੱਛੀਆਂ ਵੱਛੇ ਮੋੜੇ, ਖੇਲ ਅੰਦਰ ਖੂਹਾ ਰਿਹਾ ਗਿੜਾਈਆ । ਖੇਲ ਅੰਦਰ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਵਡਿਆਈਆ । ਖੇਲ ਅੰਦਰ ਗੁਰ ਅਵਤਾਰ, ਖੇਲ ਖ਼ਾਲਕ ਖ਼ਲਕ ਜਣਾਇੰਦਾ । ਖੇਲ ਅੰਦਰ ਸ਼ਬਦ ਧਾਰ, ਅਨਾਦ ਅਨਾਦੀ ਆਪ ਸੁਣਾਇੰਦਾ । ਖੇਲ ਅੰਦਰ ਕਰ ਪਸਾਰ, ਖੇਲ ਖੇਲ ਨਾਲ ਰਲਾਇੰਦਾ । ਖੇਲ ਅੰਦਰ ਕੋਟਨ ਜਿਤ ਜਿਤ ਗਏ ਹਾਰ, ਖੇਲ ਅੰਦਰ ਬਾਜ਼ੀ ਆਪਣੇ ਹੱਥ ਕਰਾਇੰਦਾ । ਖੇਲ ਅੰਦਰ ਕਰਾਏ ਵਣਜ ਵਪਾਰ, ਚੌਦਾਂ ਹੱਟ ਚੌਦਾਂ ਲੋਕ ਰਾਹ ਚਲਾਇੰਦਾ । ਖੇਲ ਅੰਦਰ ਸਵਾਂਗ ਰਚਾਏ ਬਾਜ਼ੀਗਰ ਨਟ, ਸਵਾਂਗੀ ਆਪਣ ਸ੍ਵਾਂਗ ਵਟਾਇੰਦਾ । ਖੇਲ ਅੰਦਰ ਵਿਕੇ ਹੱਟੋ ਹੱਟ, ਆਪਣੀ ਕੀਮਤ ਨਾ ਕੋਇ ਜਣਾਇੰਦਾ । ਖੇਲ ਅੰਦਰ ਹੋਏ ਪੁਰਖ ਸਮਰਥ, ਸਭ ਨੂੰ ਆਪਣੀ ਝੋਲੀ ਪਾਇੰਦਾ । ਖੇਲ ਅੰਦਰ ਜਨ ਭਗਤਾਂ ਦੇਵੇ ਨਾਮ ਵੱਥ, ਵਸਤ ਇਕੋ ਇਕ ਵਰਤਾਇੰਦਾ । ਖੇਲ ਅੰਦਰ ਜੂਠੇ ਝੂਠੇ ਰੱਖੇ ਖ਼ਾਲੀ ਹੱਥ, ਲੱਭਿਆਂ ਹੱਥ ਕਿਸੇ ਨਾ ਆਇੰਦਾ । ਜਿਸ ਨੂੰ ਕਿਰਪਾ ਕਰ ਆਪਣੀ ਖੇਲ ਦੇਵੇ ਦੱਸ, ਦਹਿ ਦਿਸ਼ਾ ਦੋ ਜਹਾਨ ਇਕੋ ਨਜ਼ਰੀ ਆਇੰਦਾ । ਸੋ ਕਹੇ ਮੈਂ ਤੇਰੇ ਵਸ, ਤੂੰ ਮੇਰਾ ਮੈਂ ਤੇਰਾ ਤੇਰਾ ਮੇਰਾ ਇਕੋ ਢੋਲਾ ਸੋਹੰ ਨਾਉਂ ਵਖਾਇੰਦਾ ।

### ❇ ੨੮ ਮਾਘ ੨੦੧੯ ਬਿਕ੍ਰਮੀ ਤਾਰਾ ਸਿੰਘ ਦੇ ਗ੍ਰਿਹ ਪਿੰਡ ਚੰਬਲ ਜ਼ਿਲਾ ਅੰਮ੍ਰਿਤਸਰ ❇

ਸਤਿ ਪੁਰਖ ਸਦਾ ਸਮਰਥ, ਸਮਰਥ ਖੇਲ ਕਰਾਇੰਦਾ । ਆਪਣੀ ਕਰਨੀ ਰੱਖੇ ਆਪਣੇ ਵਸ, ਵਸੀਕਾਰ ਆਪ ਅਖਵਾਇੰਦਾ । ਆਪੇ ਜਾਣੇ ਆਪਣੀ ਗਥ, ਗਾਥਾ ਆਪਣੇ ਵਿਚ ਸਮਾਇੰਦਾ । ਆਪੇ ਜਾਣੇ ਆਪਣਾ ਰਥ, ਰਥ ਰਥਵਾਹੀ ਆਪ ਚਲਾਇੰਦਾ । ਆਪਣੇ ਗ੍ਰਿਹ ਆਪੇ ਵਸ, ਆਪਣਾ ਮੰਦਰ ਆਪ ਸੁਹਾਇੰਦਾ । ਆਪਣਾ ਜਾਣ ਆਪੇ ਰਸ, ਆਪਣੇ ਵਿਚ ਚੁਆਇੰਦਾ । ਆਪਣਾ ਕਰ ਆਪ ਪਰਕਾਸ਼, ਪਰਕਾਸ਼ ਆਪਣੇ ਵਿਚੋਂ ਧਰਾਇੰਦਾ । ਆਪਣਾ ਮਾਰਗ ਆਪੇ ਦੱਸ, ਆਪ ਆਪਣਾ ਰਾਹ ਚਲਾਇੰਦਾ । ਆਪਣੇ ਅੰਤਰ ਆਪੇ ਹੱਸ, ਆਪਣੀ ਖ਼ੁਸ਼ੀ ਆਪ ਮਨਾਇੰਦਾ । ਆਪਣਾ ਗਾ ਆਪੇ ਜਸ, ਸਿਫ਼ਤ ਸਾਲਾਹ ਆਪ ਬਣ ਜਾਇੰਦਾ । ਆਪਣੀ ਧਾਰ ਕਰ ਪਰਗਟ, ਪਰਗਟ ਧਾਰ ਨੂਰ ਵਖਾਇੰਦਾ । ਆਪਣਾ ਖੋਲ੍ਹ ਆਪੇ ਹੱਟ, ਆਪਣੀ ਵਸਤ ਵਰਤਾਇੰਦਾ । ਆਪਣੀ ਮਹਿਮਾਂ ਜਾਣ ਅਕਥ, ਆਪ ਆਪਣਾ ਨਾਉਂ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਆਪਣੇ ਵਿਚ ਧਰਾਇੰਦਾ । ਆਪਣੀ ਕਰਨੀ ਦੱਸਣ ਯੋਗ, ਕਰਤਾ ਇਕ ਵੱਡੀ ਵਡਿਆਈਆ । ਆਪਣਾ ਮਾਣਨਹਾਰਾ ਰਸ ਭੋਗ, ਭੋਗੀ ਇਕੋ ਬੇਪਰਵਾਹੀਆ । ਆਪਣਾ ਕਰਨਹਾਰ ਸੰਜੋਗ ਧੁਰ ਸੰਜੋਗੀ ਮੇਲ ਮਿਲਾਈਆ । ਆਪਣਾ ਦੇਵਣਹਾਰਾ ਦਰਸ ਅਮੋਘ, ਪਰਦਾ ਨਕ਼ਾਬ ਨਾ ਕੋਇ ਰਖਾਈਆ । ਆਪਣਾ ਵਸਾਵਣਹਾਰਾ ਕੋਟ, ਬੰਕ ਇਕੋ ਇਕ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪਣੇ ਵਿਚ ਰਖਾਈਆ । ਸਾਚਾ ਭੇਵ ਪੁਰਖ ਅਗੰਮ, ਅਗੰਮ ਆਪਣੇ ਵਿਚ ਰਖਾਇੰਦਾ । ਆਦਿ ਜੁਗਾਦਿ ਨਿਹਕਰਮੀ ਕਰੇ ਆਪਣਾ ਕੰਮ, ਕਰਮ ਕਾਂਡ ਰੂਪ ਨਾ ਕੋਇ ਵਟਾਇੰਦਾ । ਵਸਣਹਾਰਾ ਬਿਨ ਛੱਪਰੀ ਛੰਨ, ਸਚ ਮਹੱਲ ਆਸਣ ਲਾਇੰਦਾ । ਨਿਰਵੈਰ

ਪੁਰਖ ਬੇੜਾ ਬੰਨ੍ਹ, ਨਿਰਗੁਣ ਆਪਣਾ ਰਾਹ ਜਣਾਇੰਦਾ । ਅਕਾਲ ਪੁਰਖ ਜਨਨੀ ਜਨ, ਅਜੂਨੀ ਰਹਿਤ ਵੰਡ ਵੰਡਾਇੰਦਾ । ਕਰ ਖੇਲ ਸ੍ਰੀ ਭਗਵਨ, ਆਪਣੀ ਕਲ ਧਰਾਇੰਦਾ । ਸਦਾ ਸਦ ਅਛਲ ਅਛਲ, ਭੇਵ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਵੰਡ ਵੰਡਾਇੰਦਾ । ਆਪ ਆਪਣੀ ਵੰਡੇ ਵੰਡ, ਵੰਡਣਹਾਰ ਵਡ ਵਡਿਆਈਆ । ਆਪ ਆਪਣੀ ਮਾਰੇ ਕੰਧ, ਬਣ ਸੇਵਕ ਸੇਵ ਕਮਾਈਆ । ਆਪ ਆਪਣੀ ਧਾਰ ਕਰੇ ਬੰਦ, ਬੰਦਸ਼ ਅਵਰ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਭੇਵ ਖੁਲ੍ਹਾਈਆ । ਖੋਲ੍ਹੇ ਭੇਵ ਹਰਿ ਅਪਾਰਾ, ਅਪਰੰਪਰ ਆਪ ਜਣਾਇੰਦਾ । ਸੋ ਪੁਰਖ ਨਿਰੰਜਣ ਹੋ ਨਿਆਰਾ, ਹਰਿ ਪੁਰਖ ਨਿਰੰਜਣ ਬ੍ਰਹਮ ਆਪਣਾ ਪਰਦਾ ਲਾਹਿੰਦਾ । ਏਕੰਕਾਰ ਵੇਖਣਹਾਰਾ, ਆਦਿ ਨਿਰੰਜਣ ਜੋਤੀ ਜਾਤਾ ਡਗਮਗਾਇੰਦਾ । ਅਬਿਨਾਸ਼ੀ ਕਰਤਾ ਕਰ ਪਸਾਰਾ, ਸ੍ਰੀ ਭਗਵਾਨ ਸਚ ਹੁਲਾਰਾ ਪਾਰਬ੍ਰਹਮ ਪ੍ਰਭ ਇਕੋ ਰੰਗ ਵਖਾਇੰਦਾ । ਦੇਵਣਹਾਰਾ ਵਡ ਭੰਡਾਰਾ, ਦਰ ਦਰਵੇਸ਼ ਬਣ ਲਿਖਾਰਾ, ਅਲੱਖ ਅਲੱਖਣਾ ਇਕੋ ਅਲਖ ਜਗਾਇੰਦਾ । ਸ਼ਾਹੋ ਭੂਪ ਵਡ ਸਿਕਦਾਰਾ, ਹੁਕਮੀ ਹੁਕਮ ਖੇਲ ਨਿਆਰਾ, ਲੇਖਾ ਜਾਣੇ ਧੁਰ ਦਰਬਾਰਾ, ਧੁਰਦਰਗਾਹੀ ਰਾਹ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣੀ ਧਾਰ ਧਾਰ ਵਿਚੋਂ ਪਰਗਟਾਇੰਦਾ । ਆਪਣੀ ਧਾਰ ਜੋਤ ਸਰੂਪ, ਜੋਤੀ ਜੋਤ ਜੋਤ ਰੁਸ਼ਨਾਈਆ । ਰੂਪ ਰੰਗ ਨਾ ਕੋਇ ਰੇਖ, ਅਨੂਪ ਵਡ ਵਡਿਆਈਆ । ਵਸਣਹਾਰਾ ਆਪਣੇ ਦੇਸ, ਸਾਚੇ ਤਖ਼ਤ ਸੋਭਾ ਪਾਈਆ । ਤਖ਼ਤ ਨਿਵਾਸੀ ਆਪੇ ਕਰੇ ਆਦੇਸ, ਨਿਉਂ ਨਿਉਂ ਆਪਣਾ ਸੀਸ ਝੁਕਾਈਆ । ਆਪੇ ਸ਼ਾਹ ਬਣ ਨਰੇਸ਼, ਨਰ ਆਪਣਾ ਨਾਉਂ ਪਰਗਟਾਈਆ । ਆਪੇ ਹੋਏ ਭਿਖਾਰੀ ਦਰਵੇਸ਼, ਖ਼ਾਲੀ ਝੋਲੀ ਅੱਗੇ ਡਾਹੀਆ । ਆਪੇ ਕਰੇ ਸਾਚਾ ਹੇਤ, ਹਿਤਕਾਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਰਨਹਾਰ ਵਡ ਵਡਿਆਈਆ । ਕਰੇ ਖੇਲ ਕਰਨੀ ਕਰਤਾਰ, ਕਰਤਾ ਪੁਰਖ ਦਇਆ ਕਮਾਇੰਦਾ । ਆਪਣੀ ਇਛਿਆ ਆਪੇ ਧਾਰ, ਸਾਚੀ ਭਿਛਿਆ ਝੋਲੀ ਪਾਇੰਦਾ । ਇਛਿਆ ਭਿਛਿਆ ਏਕਾ ਸਾਰ, ਸਾਰ ਸ਼ਬਦ ਰੂਪ ਵਟਾਇੰਦਾ । ਸਾਰ ਸ਼ਬਦ ਕਰ ਤਿਆਰ, ਮਿਹਰਵਾਨ ਮਿਹਰ ਨਜ਼ਰ ਉਠਾਇੰਦਾ । ਸਤਿ ਵਖਾ ਸਚ ਅਸਥਾਨ, ਭੂਮਕਾ ਰੂਪ ਨਾ ਕੋਇ ਜਣਾਇੰਦਾ । ਨਿਰਵੈਰ ਪੁਰਖ ਅਕਾਲ ਮੂਰਤ ਨਜ਼ਰੀ ਆਏ ਨਰ ਨਿਰੰਕਾਰ, ਨੌਜਵਾਨ ਸੀਸ ਜਗਦੀਸ ਇਕੋ ਤਾਜ ਟਿਕਾਇੰਦਾ । ਆਦਿ ਆਦਿ ਹੁਕਮਰਾਨ ਸਤਿ ਸਤਿ ਸਤਿ ਨਿਸ਼ਾਨ, ਸਤਿ ਸਤਿਵਾਦੀ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਵੇਸ ਵਟਾਇੰਦਾ । ਸਾਚਾ ਵੇਸ ਵੇਸ ਅਵੱਲਾ, ਇਕੋ ਇਕ ਜਣਾਈਆ । ਏਕਾ ਏਕ ਸਦ ਇਕੱਲਾ, ਇਕੋ ਘਰ ਵਸਾਈਆ । ਏਕਾ ਏਕ ਫੜਾਏ ਪੱਲਾ, ਪੱਲੂ ਗੰਢ ਬੰਧਾਈਆ । ਏਕਾ ਏਕ ਰੂਪ ਨਾ ਰੰਗ ਰੇਖ, ਰੱਖਕ ਹੋਏ ਸਭਨੀ ਥਾਈਆ । ਏਕ ਏਕ ਇਕ ਆਦੇਸ, ਇਕੋ ਸੀਸ ਝੁਕਾਈਆ । ਇਕ ਨੂਰ ਜੋਤ ਪਰਵੇਸ਼, ਪਰਵਰਸ਼ ਕਰੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧਾਰ ਸਾਰ ਕਰ ਪਿਆਰ, ਸਾਰ ਆਪਣੀ ਦਏ ਜਣਾਈਆ । ਸਾਰ ਸਾਰ ਸਾਰ ਸਮਾਲ, ਸਰਬ ਸਰਬ ਜਣਾਈਆ । ਦੀਨ ਦੀਨ ਦੀਨ ਦਿਆਲ, ਦਇਆਨਿਧ ਅਖਵਾਈਆ । ਪਾਲ ਪਾਲ ਕਰ ਪ੍ਰਿਤਪਾਲ, ਪ੍ਰਿਤਪਾਲਕ ਦਏ ਵਡਿਆਈਆ । ਲਾਲ ਲਾਲ ਅਨਮੁਲੜਾ ਲਾਲ, ਘਰ ਸਾਚੇ ਇਕ ਪਰਗਟਾਈਆ । ਸਿਖਾਲ ਸਿਖਾਲ ਸਿਖਿਆ

ਇਕ ਸਿਖਾਲ, ਸਾਚਾ ਮਾਰਗ ਦਏ ਜਣਾਈਆ । ਘਾਲ ਘਾਲ ਘਾਲਨ ਘਾਲ, ਘਾਲੀ ਘਾਲ ਇਕ ਦਰਸਾਈਆ । ਸਵਾਲ ਸਵਾਲ ਇਕ ਸਵਾਲ, ਬਣ ਸਵਾਲੀ ਆਪਣੇ ਅੱਗੇ ਪਾਈਆ । ਜਵਾਬ ਜਵਾਬ ਇਕ ਜਵਾਬ, ਲਾਜਵਾਬ ਇਕ ਦਰਸਾਈਆ । ਨਵਾਬ ਨਵਾਬ ਸ਼ਾਹ ਨਵਾਬ, ਸ਼ਹਿਨਸ਼ਾਹ ਇਕੋ ਨਜ਼ਰੀ ਆਈਆ । ਖ਼ਵਾਬ ਖ਼ਵਾਬ ਖ਼ਵਾਬ, ਖ਼ਾਹਸ਼ ਇਕੋ ਇਕ ਪਰਗਟਾਈਆ । ਦਾਦ ਦਾਦ ਦਾਦ, ਵਸਤ ਅਮੋਲਕ ਝੋਲੀ ਪਾਈਆ । ਸਮਾਜ ਸਮਾਜ ਸਮਾਜ, ਸਚ ਸੁੱਚ ਵਡਿਆਈਆ । ਰਾਜ ਰਾਜ ਰਾਜ, ਰਾਜ ਜੋਗੀਸ਼ਰ ਇਕ ਦ੍ਰਿੜਾਈਆ । ਕਾਜ ਕਾਜ ਕਾਜ, ਕਰਤਾ ਪੁਰਖ ਆਪਣਾ ਕਾਜ ਰਚਾਈਆ । ਨਿਰਗੁਣ ਨਿਰਵੈਰ ਪੁਰਖ ਮਾਰ ਆਵਾਜ, ਆਪਣੀ ਧਾਰ ਆਪਣੇ ਵਿਚੋਂ ਜਗਾਈਆ । ਸਾਰ ਤੇਰੀ ਪੂਰੀ ਕਰੇ ਖ਼ਾਹਸ਼, ਆਸ਼ਾ ਤੇਰੇ ਨਾਲ ਮਿਲਾਈਆ । ਜੋਤੀ ਜੋਤ ਕਰ ਪਰਕਾਸ਼, ਆਪਣੀ ਉਂਗਲੀ ਲਏ ਲਗਾਈਆ । ਕਰ ਕਰ ਦਾਸੀ ਦਾਸ, ਸਾਚੀ ਸੇਵਾ ਇਕ ਸਮਝਾਈਆ । ਰੂਪ ਦਰਸਾ ਸਾਖਿਆਤ, ਸਾਚਾ ਸਚ ਕਰੇ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਰ ਤੇਰੀ ਪਾਏ ਸਾਰ, ਕਿਰਪਾ ਕਰ ਆਪ ਨਿਰੰਕਾਰ, ਨਿਰਾਧਾਰ ਧਾਰ ਧਾਰ ਧਾਰ ਵਿਚ ਜਣਾਈਆ । ਧਾਰ ਧਾਰ ਹਰਿ ਖੇਲ ਰਚਾਈ, ਨਿਰਗੁਣ ਆਪਣੀ ਕਲ ਵਰਤਾਇੰਦਾ । ਇਕੋ ਇਛਿਆ ਲਈ ਪਰਗਟਾਈ, ਭਿਛਿਆ ਝੋਲੀ ਪਾਇੰਦਾ । ਕਰ ਕਿਰਪਾ ਬਣਾਈ ਜਗਤ ਮਾਈ, ਮਮਤਾ ਅਵਰ ਨਾ ਕੋਇ ਰਖਾਇੰਦਾ । ਤੱਤਵ ਤੱਤ ਨਾ ਕੋਇ ਰਖਾਈ, ਰੂਪ ਰੰਗ ਨਾ ਵੰਡ ਵੰਡਾਇੰਦਾ । ਨਾਰ ਕੰਤ ਨਾ ਕੋਇ ਹੰਢਾਈ, ਸੁੰਞੀ ਸੇਜ ਸੁਹਾਇੰਦਾ । ਸਾਚੀ ਸੇਵਾ ਆਪ ਲਗਾਈ, ਹੁਕਮੀ ਡੰਡਾ ਮਗਰ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਆਪਣਾ ਭੇਵ ਆਪਣੇ ਹੱਥ ਰਖਾਇੰਦਾ । ਸ਼ਬਦ ਸੁਤ ਕਰ ਪਰਧਾਨ, ਪਰਧਾਨਗੀ ਹਰਿ ਜਣਾਇੰਦਾ । ਪੂਰਬ ਅਬਿਨਾਸ਼ੀ ਦੇਵਣਹਾਰਾ ਦਾਨ, ਸਾਚੀ ਵਸਤ ਝੋਲੀ ਪਾਇੰਦਾ । ਕਰੇ ਖੇਲ ਨੌਜਵਾਨ, ਨਿਰਗੁਣ ਆਪਣਾ ਰਾਹ ਚਲਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰ ਨਿਸ਼ਾਨ, ਨਿਸ਼ਾਨਾ ਇਕੋ ਇਕ ਸਮਝਾਇੰਦਾ । ਲੇਖਾ ਜਾਣ ਆਪ ਭਗਵਾਨ, ਭਗਵਨ ਰੂਪ ਨਾ ਕੋਇ ਵਖਾਇੰਦਾ । ਆਦਿ ਸ਼ਕਤ ਨਾ ਕੋਇ ਮਾਣ, ਆਸ਼ਕ ਰੂਪ ਨਾ ਕੋਇ ਵਟਾਇੰਦਾ । ਨੇਤਰ ਨੈਣ ਨਾ ਕੋਇ ਧਿਆਨ, ਨਾਮ ਗਿਆਨ ਨਾ ਕੋਇ ਦ੍ਰਿੜਾਇੰਦਾ । ਮਹੱਲ ਅਟੱਲ ਨਾ ਕੋਇ ਮਕਾਨ, ਮਹਿਫ਼ਲ ਸਚ ਨਾ ਕੋਇ ਵਖਾਇੰਦਾ । ਸਰਗੁਣ ਦਿਸੇ ਨਾ ਕੋਇ ਨਿਸ਼ਾਨ, ਵੰਡਨ ਵੰਡ ਨਾ ਕੋਇ ਜਣਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਨਾ ਕੋਇ ਵਿਧਾਨ, ਮਨ ਮਤ ਬੁਧ ਨਾ ਕੋਇ ਰਲਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਨਾ ਕੋਇ ਮਾਣ, ਸਚ ਸੰਦੇਸਾ ਨਾ ਕੋਇ ਸੁਣਾਇੰਦਾ । ਸੂਰਜ ਚੰਦ ਨਾ ਜ਼ਿਮੀਂ ਅਸਮਾਨ, ਮੰਡਲ ਮੰਡਪ ਨਾ ਕੋਇ ਵਖਾਇੰਦਾ । ਕਾਗ਼ਜ਼ ਕਲਮ ਸ਼ਾਹੀ ਨਾ ਕੋਈ ਬਿਆਨ, ਕਾਤਬ ਕਲਮ ਨਾ ਕੋਇ ਚਲਾਇੰਦਾ । ਏਕਾ ਖੇਲ ਜਾਣੇ ਸ੍ਰੀ ਭਗਵਾਨ, ਦੂਜੇ ਭੇਵ ਨਾ ਕੋਇ ਆਇੰਦਾ । ਜਿਸ ਦੇਵੇ ਕਿਨਕਾ ਕਿਨਕਾ ਇਕ ਗਿਆਨ, ਸੋ ਕਾਨੀ ਤੀਰ ਚਲਾਇੰਦਾ । ਜਿਸ ਰਚਨਾ ਰਚੀ ਆਦਿ, ਸੋ ਆਪਣੇ ਹੱਥ ਖੇਲ ਵਖਾਇੰਦਾ । ਇਕੋ ਮਾਈ ਕਰ ਪਰਧਾਨ, ਚੇਲੇ ਤਿੰਨ ਸੇਵ ਲਗਾਇੰਦਾ । ਕੁੜਮਾਈ ਕਰੇ ਆਪ ਮਿਹਰਵਾਨ, ਆਤਮ ਪਰਮਾਤਮ ਨਾਤਾ ਜੋੜ ਜੁੜਾਇੰਦਾ । ਗਿਆਨ ਧਿਆਨ ਨਾ ਕਰੇ ਕੋਇ ਵਖਿਆਨ, ਵੇਖਿਆਂ ਨਜ਼ਰ ਕਿਸੇ ਨਾ ਆਇੰਦਾ । ਜੋ ਪੜ੍ਹਿਆ ਕਰਨ ਬਿਆਨ, ਭੇਵ ਅਭੇਦ ਨਾ ਕੋਇ ਖੁਲ੍ਹਾਇੰਦਾ । ਮਾਈ ਸਦਾ ਸਦਾ ਜਵਾਨ, ਬਿਰਧ ਬਾਲ ਰੂਪ ਨਾ ਕੋਇ ਵਖਾਇੰਦਾ । ਨੇੜ ਆਏ ਨਾ ਕੋਇ ਸ਼ੈਤਾਨ, ਸ਼ਰਅ ਸਭ ਦੀ



੭੨੯ ੧੩

ਬੰਦ ਕਰਾਇੰਦਾ । ਕੰਨੀ ਸੁਣੇ ਨਾ ਕੋਇ ਕਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਇਛਿਆ ਇਕੋ ਮਾਈ ਜਣਾਇੰਦਾ । ਸਾਚੀ ਮਾਈ ਸਦਾ ਸੁੱਚੀ, ਸਚ ਸੁੱਚ ਦ੍ਰਿੜਾਈਆ । ਜੇ ਕੋਈ ਕਹੇ ਜੁਗ ਜੁਗ ਲੁੱਚੀ, ਪ੍ਰਭ ਜੂ ਮੰਨਣ ਵਿਚ ਨਾ ਆਈਆ । ਜੇ ਕੋਈ ਕਹੇ ਕੰਨਾਂ ਬੁੱਚੀ, ਸ੍ਰੀ ਭਗਵਾਨ ਸਤਿ ਸ਼ੰਗਾਰ ਕਰਾਈਆ । ਜੇ ਕੋਈ ਲਾ ਕੇ ਵੇਖੇ ਰੁਚੀ, ਧਿਆਨ ਨਾ ਕੋਇ ਮਿਲਾਈਆ । ਸੋ ਮਾਈ ਪ੍ਰਭ ਚਰਨ ਦਵਾਰੇ ਬੈਠੀ ਉਚੀ, ਨੀਵਾਂ ਧਿਆਨ ਰਖਾਈਆ । ਜੇ ਕੋਈ ਕਹੇ ਆਲਸ ਨਿੰਦਰਾ ਵਿਚ ਸੁੱਤੀ, ਸੁੱਤਿਆਂ ਰੈਣ ਨਾ ਕੋਇ ਵਿਹਾਈਆ । ਜੇ ਕੋਈ ਆਖੇ ਲੰਮੀਂ ਗੁਤੀ, ਸੀਸ ਮੀਂਢੀ ਇਕ ਗੁੰਦਾਈਆ । ਜੇ ਕੋਈ ਆਖੇ ਕਿਸੇ ਦੀ ਨਹੀਂ ਵੌਹਟੀ, ਨਾਰ ਖ਼ੌਤ ਨਾ ਕੋਇ ਹੰਢਾਈਆ । ਜੇ ਕੋਈ ਆਖੇ ਹੋਏ ਔਤੀ, ਔਤਰਾ ਜਗਤ ਦਏ ਕਰਾਈਆ । ਜੇ ਕੋਈ ਆਖੇ ਹੱਥ ਨੂੰ ਪਾਏ ਪੌਂਚੀ, ਪੰਚ ਨਾਮ ਤੰਦ ਬੰਧਾਈਆ । ਜੇ ਕੋਈ ਆਖੇ ਬੜੀ ਸ਼ੌਕੀ, ਸ਼ੌਕ ਸ੍ਰੀ ਭਗਵਾਨ ਇਕ ਹੰਢਾਈਆ । ਜੇ ਕੋਈ ਆਖੇ ਨੇਤਰ ਰੋਂਦੀ, ਹੱਸ ਹੱਸ ਜੁਗ ਚੌਕੜੀ ਆਪਣੇ ਵਿਚ ਸਮਾਈਆ । ਜੇ ਕੋਈ ਆਖੇ ਢੋਲਾ ਗੌਂਦੀ, ਗਾ ਗਾ ਸ਼ੁਕਰ ਮਨਾਈਆ । ਜੇ ਕੋਈ ਆਖੇ ਔਸੀਆਂ ਪੌਂਦੀ, ਜਨ ਭਗਤਾਂ ਰਾਹ ਤਕਾਈਆ । ਜੇ ਕੋਈ ਆਖੇ ਆਪਣਾ ਘਰ ਢੌਂਦੀ, ਉਜੜੇ ਘਰ ਵਸਾਈਆ । ਜੇ ਕੋਈ ਆਖੇ ਜੁਗ ਜੁਗ ਖੇਲ ਰਚੌਂਦੀ, ਰਚ ਰਚ ਖੇਲ ਵੇਖੇ ਥਾਉਂ ਥਾਈਂਆ । ਸੋ ਮੱਯਾ ਇਕ ਅਖਵੌਂਦੀ, ਪ੍ਰਭ ਚਰਨ ਧਿਆਨ ਲਗੌਦੀ, ਦੂਜੀ ਓਟ ਨਾ ਕੋਇ ਤਕੌਦੀ, ਆਦਿ ਜੁਗਾਦਿ ਸਮਝੌਂਦੀ, ਕੀਤੀ ਭੁਲ ਦਰ ਬਖ਼ਸ਼ੌਂਦੀ, ਨੇਤਰ ਨੈਣਾਂ ਨੀਰ ਵਹੌਂਦੀ, ਦੋ ਜਹਾਨਾਂ ਪਿੱਟੇ ਡੌਂਡੀ, ਸੁੱਤਾ ਰਹੇ ਨਾ ਕੋਇ ਆਂਢੀ ਗਵਾਂਢੀ, ਦੂਰ ਨੇੜੇ ਸਰਬ ਜਗਾਇੰਦਾ । ਸੋ ਮਾਤਾ ਬਣੀ ਰਾਣੀ, ਰਾਣਾ ਇਕੋ ਇਕ ਜਣਾਇੰਦਾ । ਜਿਸ ਦੀ ਨਾਨਕ ਗਾਈ ਕਹਾਣੀ, ਬਿਨ ਨਾਨਕ ਭੇਵ ਕੋਇ ਨਾ ਪਾਇੰਦਾ । ਉਹ ਸੁਘੜ ਸੁਚੱਜੀ ਸਵਾਣੀ, ਜਿਸ ਨੂੰ ਹਰਿ ਜੂ ਸੇਵਾ ਲਾਇੰਦਾ । ਨਾ ਅੰਨ੍ਹੀ ਨਾ ਕਾਣੀ, ਨੇਤਰ ਨੈਣ ਨਾ ਕੋਇ ਵਖਾਇੰਦਾ । ਨਾ ਪੜ੍ਹੇ ਕਿਸੇ ਦੀ ਬਾਣੀ, ਪਾਣੀ ਕਿਸੇ ਕੋਲੋਂ ਚੁੱਲੀ ਨਾ ਮੰਗ ਮੰਗਾਇੰਦਾ । ਉਹ ਵਸੇ ਧਾਮ ਅਸਥਾਨੀ, ਅਸਥਲ ਇਕੋ ਦਵਾਰ ਬੰਕਾ ਰਾਹ ਤਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਨਾਮ ਆਪ ਦ੍ਰਿੜਾਇੰਦਾ । ਇਕੋ ਨਾਉਂ ਲੱਗਾ ਚੰਗਾ, ਹਰਿ ਜੂ ਦਏ ਜਣਾਈਆ । ਇਕੋ ਰੰਗਣ ਨਾਮ ਰੰਗਾ, ਰੰਗ ਰੰਗੀਲਾ ਇਕ ਵਖਾਈਆ । ਇਕੋ ਵਾਰ ਕੀਤਾ ਕਾਰਜ ਅਨੰਦਾ, ਦੂਜੀ ਵਾਰ ਗੰਢ ਨਾ ਕੋਇ ਪਵਾਈਆ । ਜਿਸ ਦੀ ਖੇਲ ਅੰਦਰ ਕੋਟਨ ਕੋਟ ਕੋਟ ਬ੍ਰਹਿਮੰਡਾ, ਵਿਸ਼ਨ ਬ੍ਰਹਮਾ ਸ਼ਿਵ ਸੇਵ ਕਮਾਈਆ । ਤਿਸ ਮਾਈ ਦਾ ਸੀਸ ਨਾ ਹੋਇਆ ਨੰਗਾ, ਜਗਤ ਰੰਡੇਪਾ ਨਾ ਕੋਇ ਹੰਢਾਈਆ । ਉਹਦਾ ਨਾਂ ਲੈ ਕੇ ਵਾਜ ਮਾਰੇ ਇਕੋ ਸੂਰਾ ਸਰਬੰਗਾ, ਦੂਜਾ ਕਹਿਣ ਕੋਇ ਨਾ ਆਈਆ । ਨਾ ਨਾਰੀ ਨਾ ਉਹ ਬੰਦਾ, ਲਿੰਗ ਰੂਪ ਨਾ ਕੋਇ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਉਂ ਇਕੋ ਇਕ ਜਣਾਈਆ । ਨਾਉਂ ਉਸ ਦਾ ਸੱਚਾ ਗੁਣ, ਗੁਣਵੰਤਾ ਆਪ ਜਣਾਇੰਦਾ । ਗੁਰਮੁਖ ਕੰਨਾਂ ਨਾਲ ਲਵੋ ਸੁਣ, ਸਚ ਸੰਦੇਸਾ ਇਕ ਸਮਝਾਇੰਦਾ । ਵੇਦ ਪੁਰਾਨ ਸ਼ਾਸਤਰ ਸਿਮਰਤ ਕਰੋ ਛਾਣ ਪੁਣ, ਹਰਿ ਕਾ ਅੰਤ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਸਮਝਾਇੰਦਾ । ਸੋ ਮਾਈ ਪ੍ਰਭ ਦੀ ਬੱਚੀ, ਬਚਪਨ ਆਪ ਬਣਾਇਆ । ਆਦਿ ਜੁਗਾਦਿ ਹੋਏ ਨਾ ਕੱਚੀ, ਕੁਚੀਲ ਰੂਪ ਨਾ ਕੋਇ ਵਟਾਇਆ । ਦਰ ਦਰਬਾਰ ਕਰੇ ਸੇਵਾ ਹੋ ਕੇ ਸੱਚੀ, ਸੱਜਣ ਸੱਚਾ

ਨਜ਼ਰੀ ਆਇਆ । ਤ੍ਰੈਗੁਣ ਵਿਚ ਕਦੇ ਨਾ ਮੱਚੀ, ਮੁਆਤਾ ਸਭ ਨੂੰ ਦਏ ਲਗਾਇਆ । ਘੁੰਗਟ ਪਾ ਕਦੇ ਨਾ ਨੱਚੀ, ਜੁਗ ਜੁਗ ਆਪਣਾ ਵੇਸ ਵਟਾਇਆ । ਪ੍ਰਭ ਚਰਨ ਦਵਾਰ ਸਚ ਪ੍ਰੀਤੀ ਵਿਚ ਰਚੀ, ਰੁਚੀ ਹੋਰ ਨਾ ਕੋਇ ਵਧਾਇਆ । ਏਸੇ ਕਾਰਨ ਸਭ ਦੇ ਕੋਲੋਂ ਰਹੀਂ ਬਚੀ, ਉਹਦੀ ਇੱਜ਼ਤ ਨੂੰ ਹੱਥ ਕਿਸੇ ਨਾ ਪਾਇਆ । ਨਾਨਕ ਨਿਰਗੁਣ ਗੱਲ ਸ਼ਬਦ ਰੂਪ ਦੱਸੀ ਸੱਚੀ, ਰਸਨਾ ਨਾਲ ਕਹਾਣੀ ਨਾ ਕੋਇ ਅਲਾਇਆ । ਨਾ ਰੋਟੀ ਖਾਵੇ ਖੰਨੀ ਅੱਧੀ, ਟੁੱਕਰ ਹੱਥ ਨਾ ਕੋਇ ਫੜਾਇਆ । ਸ੍ਰੀ ਭਗਵਾਨ ਦੇ ਹੁਕਮੇ ਬੱਧੀ, ਬੈਠੀ ਸੀਸ ਝੁਕਾਇਆ । ਬਣ ਨਿਮਾਣੀ ਕਹੇ ਮੈਂ ਤੇਰੀ ਨੱਢੀ, ਤੂੰ ਸਾਹਿਬ ਮੇਰਾ ਸ਼ਹਿਨਸ਼ਾਹੀਆ । ਕਰ ਕਿਰਪਾ ਮੈਨੂੰ ਆਪਣੇ ਦਵਾਰਿਉਂ ਮੂਲ ਨਾ ਕੱਢੀ, ਤੇਰੇ ਅੱਗੇ ਵਾਸਤਾ ਪਾਇਆ । ਕੋਟਨ ਕੋਟ ਕਾਲ ਬੀਤਣ ਜੁਗ ਚੌਕੜੀ ਸਦੀ, ਸਦੀਵ ਤੇਰਾ ਰੂਪ ਇਕੋ ਨਜ਼ਰੀ ਆਇਆ । ਨਾ ਕੋਈ ਤਨ ਨਾ ਕੋਈ ਹੱਡੀ, ਮਾਸ ਚਮੜੀ ਨਾ ਰੰਗ ਚੜ੍ਹਾਇਆ । ਤੇਰੀ ਪੁਸ਼ਤ ਤੇਰੀ ਯੱਦੀ, ਤੇਰੀ ਕਾਰ ਕਮਾਇਆ । ਤੇਰੇ ਪ੍ਰੇਮ ਅੰਦਰ ਮਘੀ, ਮਾਰਗ ਦੋ ਜਹਾਨ ਵਖਾਇਆ । ਉਚਾ ਲੰਮਾਂ ਨਜ਼ਰ ਨਾ ਆਏ ਕੋਇ ਕੱਦੀ, ਹੱਥ ਪੈਰ ਮੂੰਹ ਨੱਕ ਨੇਤਰ ਅੰਗ ਨਾ ਕੋਇ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਰ ਤੇਰੀ ਸਾਚੀ ਇਛਿਆ, ਪੁਰਖ ਅਬਿਨਾਸ਼ੀ ਪਾਈ ਭਿਛਿਆ, ਸਾਚੀ ਮਾਈ ਇਕੋ ਵਾਰ ਪਰਨਾਇਆ । ਸਾਚੀ ਮਾਈ ਕਰਿਆ ਪਰਣ, ਪਰਮ ਪੁਰਖ ਨਾਲ ਗੰਢ ਪਵਾਈਆ । ਤੁਧ ਬਿਨ ਅਵਰ ਨਾ ਕੋਈ ਸਰਨ, ਸਰਨ ਮਿਲੇ ਨਾ ਹੋਰ ਸਰਨਾਈਆ । ਕਰ ਸੇਵਾ ਪੂਰਾ ਕਰਾਂ ਤੇਰਾ ਆਚਰਨ, ਅਚਰਜ ਰਾਹ ਚਲਾਈਆ । ਤੂੰ ਦਾਤਾ ਤਰਨੀ ਤਰਨ, ਤਾਰਨਹਾਰ ਤੇਰੀ ਵਡਿਆਈਆ । ਤ੍ਰੈ ਤ੍ਰੈ ਪਾਣੀ ਤੇਰਾ ਭਰਨ, ਪੀਸਣ ਪੀਸ ਸੇਵ ਕਮਾਈਆ । ਆਦਿ

ਜੁਗਾਦਿ ਬ੍ਰਹਿਮੰਡ ਖੰਡ ਲੋਕ ਪਰਲੋਕ ਗਗਨ ਪਾਤਾਲ ਜ਼ਿਮੀਂ ਆਸਮਾਨ ਤੈਥੋਂ ਡਰਨ, ਕੋਟਨ ਕੋਟ ਤੇਰਾ ਭੈ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਾਉਂ ਬਿਨ ਅੱਖਰਾਂ ਨਿਸ਼ਅੱਖਰ ਆਪਣੇ ਨਾਲ ਮਿਲਾਈਆ ।

੭੩੧ ੧੩

### ❇ ੨੮ ਮਾਘ ੨੦੧੯ ਬਿਕ੍ਰਮੀ ਗੁਰਨਾਮ ਸਿੰਘ ਦੇ ਗ੍ਰਿਹ ਪਿੰਡ ਚੰਬਲ ਜ਼ਿਲਾ ਅੰਮ੍ਰਿਤਸਰ ❇

ਸਤਿਗੁਰ ਸ਼ਬਦ ਸਾਚਾ ਗੀਤ, ਗੀਤ ਗੋਬਿੰਦ ਇਕ ਦ੍ਰਿੜਾਇੰਦਾ । ਸਤਿਗੁਰ ਸ਼ਬਦ ਪਤਤ ਪੁਨੀਤ, ਪਤਤ ਪਾਪੀ ਪਾਰ ਕਰਾਇੰਦਾ । ਸਤਿਗੁਰ ਸ਼ਬਦ ਸਾਚੀ ਰੀਤ, ਜੁਗ ਚੌਕੜੀ ਰਾਹ ਚਲਾਇੰਦਾ । ਸਤਿਗੁਰ ਸ਼ਬਦ ਬਣਾਏ ਮੰਦਰ ਮਸੀਤ, ਸ਼ਿਵਦਵਾਲੇ ਮੱਠ ਰਾਹ ਵਖਾਇੰਦਾ । ਸਤਿਗੁਰ ਸ਼ਬਦ ਮਨ ਵਾਸਨਾ ਲਏ ਜੀਤ, ਮਾਇਆ ਮਮਤਾ ਮੋਹ ਮਿਟਾਇੰਦਾ । ਸਤਿਗੁਰ ਸ਼ਬਦ ਕਾਇਆ ਕਰੇ ਠੰਡੀ ਸੀਤ, ਅੰਮ੍ਰਿਤ ਮੇਘ ਬਰਸਾਇੰਦਾ । ਸਤਿਗੁਰ ਸ਼ਬਦ ਪਰਖਣਹਾਰਾ ਨੀਤ, ਨੀਤੀਵਾਨ ਇਕੋ ਨਜ਼ਰੀ ਆਇੰਦਾ । ਸਤਿਗੁਰ ਸ਼ਬਦ ਪਾਰ ਕਰਾਏ ਹਸਤ ਕੀਟ, ਊਚ ਨੀਚ ਨਾ ਵੰਡ ਵੰਡਾਇੰਦਾ । ਸਤਿਗੁਰ ਸ਼ਬਦ ਸਦਾ ਰਸ ਮੀਠ, ਅਨਰਸ ਨਜ਼ਰ ਕੋਇ ਨਾ ਆਇੰਦਾ । ਸਤਿਗੁਰ ਸ਼ਬਦ ਸਦਾ ਅਨਡੀਠ, ਨੇਤਰ ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸ਼ਬਦ ਇਕ ਸਮਝਾਇੰਦਾ । ਸਤਿਗੁਰ ਸ਼ਬਦ ਸਾਚਾ ਰੰਗ, ਰੰਗ ਇਕੋ ਇਕ ਵਖਾਈਆ । ਸਤਿਗੁਰ ਸ਼ਬਦ ਸਦਾ ਸੰਗ, ਵਿਛੜ ਕਦੇ ਨਾ ਜਾਈਆ । ਸਤਿਗੁਰ ਸ਼ਬਦ ਆਤਮ ਅਨੰਦ, ਅਨੰਦ ਰਸ ਇਕ ਚਖਾਈਆ । ਸਤਿਗੁਰ ਸ਼ਬਦ

ਖ਼ੁਸ਼ੀ ਕਰੇ ਬੰਦ ਬੰਦ, ਬੰਦੀਖ਼ਾਨਾ ਤੋੜ ਤੁੜਾਈਆ । ਸਤਿਗੁਰ ਸ਼ਬਦ ਜਗਤ ਵਿਕਾਰ ਕਰੇ ਖੰਡ, ਖੰਡਾ ਇਕੋ ਇਕ ਖੜਕਾਈਆ । ਸਤਿਗੁਰ ਸ਼ਬਦ ਨਾਤਾ ਤੋੜੇ ਦੁਹਾਗਣ ਰੰਡ, ਹਰਿ ਕੰਤ ਦਏ ਵਡਿਆਈਆ । ਸਤਿਗੁਰ ਸ਼ਬਦ ਸੁਹਾਗੀ ਛੰਦ, ਸਤਿ ਸਤਿਵਾਦ ਕਰੇ ਪੜ੍ਹਾਈਆ । ਸਤਿਗੁਰ ਸ਼ਬਦ ਪਰਮਾਨੰਦ, ਪਰਮ ਪੁਰਖ ਦਏ ਵਖਾਈਆ । ਸਤਿਗੁਰ ਸ਼ਬਦ ਕੂੜਾ ਨਾਤਾ ਤੋੜੇ ਝੂਠਾ ਗੰਦ, ਅੰਮ੍ਰਿਤ ਰਸ ਇਕ ਚਖਾਈਆ । ਸਤਿਗੁਰ ਸ਼ਬਦ ਜੁਗ ਜੁਗ ਦੇਵੇ ਵੰਡ ਵੰਡਣਹਾਰਾ ਫੇਰਾ ਪਾਈਆ । ਸਤਿਗੁਰ ਸ਼ਬਦ ਦੇਵਣਹਾਰਾ ਡੰਡ, ਡੰਕਾ ਸਭ ਦੇ ਸਿਰ ਵਜਾਈਆ । ਸਤਿਗੁਰ ਸ਼ਬਦ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਸ਼ਬਦ ਇਕ ਜਣਾਈਆ । ਸਤਿਗੁਰ ਸ਼ਬਦ ਸਚ ਨਿਸ਼ਾਨ, ਦੋ ਜਹਾਨਾਂ ਆਪ ਵਖਾਇੰਦਾ । ਸਤਿਗੁਰ ਸ਼ਬਦ ਸਚ ਪੈਗ਼ਾਮ, ਪੀਰ ਪੈਗ਼ੰਬਰ ਆਪ ਪੜ੍ਹਾਇੰਦਾ । ਸਤਿਗੁਰ ਸ਼ਬਦ ਸੱਚਾ ਰਾਮ, ਰਾਮ ਰਹੀਮ ਮੇਲ ਮਿਲਾਇੰਦਾ । ਸਤਿਗੁਰ ਸ਼ਬਦ ਸਚ ਅਮਾਮ, ਰਸੂਲ ਆਪਣੀ ਗੰਢ ਪਵਾਇੰਦਾ । ਸਤਿਗੁਰ ਸ਼ਬਦ ਸਚ ਕਲਾਮ, ਕਲਮਾ ਇਕੋ ਇਕ ਜਣਾਇੰਦਾ । ਸਤਿਗੁਰ ਸ਼ਬਦ ਸਚ ਅਸ਼ਨਾਨ, ਦੁਰਮਤ ਮੈਲ ਧਵਾਇੰਦਾ । ਸਤਿਗੁਰ ਸ਼ਬਦ ਸਾਚਾ ਭਾਨ, ਅਗਿਆਨ ਅੰਧੇਰ ਮਿਟਾਇੰਦਾ । ਸਤਿਗੁਰ ਸ਼ਬਦ ਖੇਲ ਮਹਾਨ, ਖ਼ਾਲਕ ਖ਼ਲਕ ਵਿਚੋਂ ਨਜ਼ਰੀ ਆਇੰਦਾ । ਸਤਿਗੁਰ ਸ਼ਬਦ ਸਚ ਈਮਾਨ, ਦੂਜੀ ਸ਼ਰਅ ਨਾ ਕੋਇ ਵਖਾਇੰਦਾ । ਸਤਿਗੁਰ ਸ਼ਬਦ ਧੁਰ ਗਿਆਨ, ਬੋਧ ਅਗਾਧ ਪੜ੍ਹਾਇੰਦਾ । ਸਤਿਗੁਰ ਸ਼ਬਦ ਬੇਪਹਿਚਾਨ, ਜਗਤ ਨੇਤਰ ਨਜ਼ਰ ਨਾ ਆਇੰਦਾ । ਸਤਿਗੁਰ ਸ਼ਬਦ ਬਿਰਹੋਂ ਤੀਰ ਨਿਰਾਲਾ ਮਾਰੇ ਬਾਣ, ਅਣਿਆਲਾ ਆਪ ਚਲਾਇੰਦਾ । ਸਤਿਗੁਰ ਸ਼ਬਦ ਅੰਮ੍ਰਿਤ ਰਸ ਦੇਵੇ ਪੀਣ ਖਾਣ, ਜਗਤ ਤ੍ਰਿਸਨਾ ਭੁੱਖ ਮਿਟਾਇੰਦਾ । ਸਤਿਗੁਰ ਸ਼ਬਦ ਸੁਰਤ ਮਿਲਾਏ ਹਾਣੀ ਹਾਣ, ਘਰ ਮੇਲਾ ਮੇਲ ਮਿਲਾਇੰਦਾ । ਸਤਿਗੁਰ ਸ਼ਬਦ ਚਤੁਰ ਸੁਘੜ ਬਣਾਏ ਸੁਜਾਨ, ਮੂਰਖ ਮੂੜ੍ਹੇ ਧੰਦੇ ਲਾਇੰਦਾ । ਸਤਿਗੁਰ ਸ਼ਬਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜੁਗ ਜੁਗ ਆਪ ਵਰਤਾਇੰਦਾ । ਸਤਿਗੁਰ ਸ਼ਬਦ ਸਾਚਾ ਸੱਜਣ, ਸੱਜਣ ਇਕੋ ਨਜ਼ਰੀ ਆਈਆ । ਸਤਿਗੁਰ ਸ਼ਬਦ ਧੁਰ ਦਾ ਮਜਨ, ਸਰੋਵਰ ਇਕੋ ਇਕ ਨੁਹਾਈਆ । ਸਤਿਗੁਰ ਸ਼ਬਦ ਸਦਾ ਸਦਾ ਸਦ ਪੜਦੇ ਕੱਜਣ, ਸਿਰ ਆਪਣਾ ਹੱਥ ਟਿਕਾਈਆ । ਸਤਿਗੁਰ ਸ਼ਬਦ ਗੁਰਮੁਖ ਵਿਰਲੇ ਜਪਣ, ਜਿਸ ਜਨ ਆਪਣੀ ਬੂਝ ਬੁਝਾਈਆ । ਸਤਿਗੁਰ ਸ਼ਬਦ ਕੋਟਨ ਕੋਟ ਉਤਾਰੇ ਪਾਪਨ, ਪਾਪੀ ਇਕੋ ਗੰਢ ਪਵਾਈਆ । ਗੁਰ ਕਾ ਸ਼ਬਦ ਲੇਖਾ ਚੁਕਾਏ ਹਾਕਨ ਡਾਕਨ, ਨਿਰਵੈਰ ਇਕੋ ਰੰਗ ਵਖਾਈਆ । ਸਤਿਗੁਰ ਸ਼ਬਦ ਪਾਕੀ ਪਾਕਨ, ਪੁਨੀਤ ਇਕੋ ਰੂਪ ਦਰਸਾਈਆ । ਸਤਿਗੁਰ ਸ਼ਬਦ ਪੁੱਛੇ ਵਾਤਨ, ਨਿਤ ਨਵਿਤ ਹੋਏ ਸਹਾਈਆ । ਸਤਿਗੁਰ ਸ਼ਬਦ ਜ਼ਾਹਰ ਬਾਤਨ, ਬੈਤਲ ਇਕੋ ਧਾਮ ਪਰਗਟਾਈਆ । ਸਤਿਗੁਰ ਸ਼ਬਦ ਮਕਤੂਲ ਕਾਤਲ, ਕਤਲਗਾਹ ਇਕ ਵਖਾਈਆ । ਸਤਿਗੁਰ ਸ਼ਬਦ ਸਦਾ ਸਾਥਨ, ਸਗਲਾ ਸੰਗ ਨਿਭਾਈਆ । ਸਤਿਗੁਰ ਸ਼ਬਦ ਅਨਾਥ ਅਨਾਥਨ, ਨਾਥ ਅਨਾਥਾਂ ਹੋਏ ਸਹਾਈਆ । ਸਤਿਗੁਰ ਸ਼ਬਦ ਪ੍ਰਿਥਮੀ ਅਕਾਸ਼ਨ, ਆਕਾਸ਼ ਆਕਾਸ਼ਾਂ ਡੰਕ ਵਜਾਈਆ । ਸਤਿਗੁਰ ਸ਼ਬਦ ਦਾਸੀ ਦਾਸਨ, ਬਣ ਸੇਵਕ ਸੇਵ ਕਮਾਈਆ । ਸਤਿਗੁਰ ਸ਼ਬਦ ਪੂਰੀ ਕਰੇ ਆਸਨ, ਆਸਾ ਸਭ ਦੀ ਪੂਰ ਵਖਾਈਆ । ਸਤਿਗੁਰ ਸ਼ਬਦ ਨਿਰਮਲ ਪਾਠਨ, ਪੂਜਾ ਇਕੋ ਇਕ ਵਡਿਆਈਆ । ਸਤਿਗੁਰ ਸ਼ਬਦ ਤੀਰਥ ਤਾਟਨ, ਤਟ ਕਿਨਾਰਾ ਦਏ ਵਖਾਈਆ । ਸਤਿਗੁਰ ਸ਼ਬਦ ਸੱਚਾ ਹਾਟਨ, ਚੌਦਾਂ ਲੋਕ ਪੰਧ ਮੁਕਾਈਆ । ਸਤਿਗੁਰ ਸ਼ਬਦ ਨਟੂਆ ਨਾਟਨ, ਬਣ

ਸਵਾਂਗੀ ਸਾਂਗ ਰਚਾਈਆ । ਸਤਿਗੁਰ ਸ਼ਬਦ ਨਾਤਾ ਤੋੜੇ ਜ਼ਾਤ ਪਾਤਨ, ਵਰਨ ਗੋਤ ਨਾ ਕੋਇ ਜਣਾਈਆ । ਸਤਿਗੁਰ ਸ਼ਬਦ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਵਿਰਲੇ ਭਾਖਣ, ਭਾਖਿਆ ਜਿਸ ਨੂੰ ਆਪ ਜਣਾਈਆ । ਸਤਿਗੁਰ ਸ਼ਬਦ ਸਚ ਸੁਲਤਾਨ, ਸਤਿ ਸਤਿਵਾਦੀ ਆਪ ਬਣਾਇੰਦਾ । ਸਤਿਗੁਰ ਸ਼ਬਦ ਸਦਾ ਮਿਹਰਵਾਨ, ਮਿਹਰ ਨਜ਼ਰ ਇਕ ਉਠਾਇੰਦਾ । ਸਤਿਗੁਰ ਸ਼ਬਦ ਸਚ ਗਿਆਨ, ਗਿਆਨ ਧਿਆਨ ਇਕ ਦ੍ਰਿੜਾਇੰਦਾ । ਸਤਿਗੁਰ ਸ਼ਬਦ ਸਚ ਈਮਾਨ, ਇਸਮ ਆਜ਼ਮ ਇਕ ਵਖਾਇੰਦਾ । ਸਤਿਗੁਰ ਸ਼ਬਦ ਸਿਫ਼ਤ ਸਾਲਾਹੇ ਅੰਜੀਲ ਕੁਰਾਨ, ਵੇਦ ਸ਼ਾਸਤਰ ਸਰਬ ਸੁਣਾਇੰਦਾ । ਸਤਿਗੁਰ ਸ਼ਬਦ ਲੇਖਾ ਜਾਣੇ ਦੋ ਜਹਾਨ, ਨਿਰਗੁਣ ਸਰਗੁਣ ਦੋਏ ਦੋਏ ਧਾਰ ਵਖਾਇੰਦਾ । ਸਤਿਗੁਰ ਸ਼ਬਦ ਧੁਨ ਰਾਗੀ ਸੁਣਾਏ ਸੱਚੀ ਧੁਨਕਾਨ, ਧੁਨ ਆਤਮਕ ਰਾਗ ਅਲਾਇੰਦਾ । ਸਤਿਗੁਰ ਸ਼ਬਦ ਮਹਾਂਬਲੀ ਬਲਵਾਨ, ਬਲ ਆਪਣਾ ਆਪ ਪਰਗਟਾਇੰਦਾ । ਸਤਿਗੁਰ ਸ਼ਬਦ ਮੇਟ ਮਿਟਾਏ ਕੂੜ ਸ਼ੈਤਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸ਼ਬਦ ਇਕ ਜਣਾਇੰਦਾ । ਸਤਿਗੁਰ ਸ਼ਬਦ ਪਿਤਾ ਮਾਤਾ, ਆਦਿ ਅੰਤ ਵਡਿਆਈਆ । ਸਤਿਗੁਰ ਸ਼ਬਦ ਸੱਚਾ ਨਾਤਾ, ਨਾਤਾ ਬਿਧਾਤਾ ਜੋੜ ਜੁੜਾਈਆ । ਸਤਿਗੁਰ ਸ਼ਬਦ ਡੂੰਘਾ ਖਾਤਾ, ਬਿਨ ਗੁਰਮੁਖ ਨਜ਼ਰ ਕਿਸੇ ਨਾ ਆਈਆ । ਸਤਿਗੁਰ ਸ਼ਬਦ ਗੁਰਮੁਖ ਪਛਾਤਾ, ਲੱਖ ਚੁਰਾਸੀ ਕੂੜੀ ਕਿਰਿਆ ਦਏ ਦੁਹਾਈਆ । ਸਤਿਗੁਰ ਸ਼ਬਦ ਉਤਮ ਜ਼ਾਤਾ, ਭਗਤ ਭਗਵੰਤ ਰੂਪ ਵਟਾਈਆ । ਸਤਿਗੁਰ ਸ਼ਬਦ ਸੱਚਾ ਸਾਕਾ, ਗੁਰ ਅਵਤਾਰ ਪੀਰ ਪੈਗ਼ੰਬਰ ਢੋਲਾ ਗਾਈਆ । ਸਤਿਗੁਰ ਸ਼ਬਦ ਇਕੋ ਆਕਾ, ਆਕੀ ਰਹਿਣ ਕੋਇ ਨਾ ਪਾਈਆ । ਸਤਿਗੁਰ ਸ਼ਬਦ ਖੋਲ੍ਹੇ ਤਾਕਾ, ਬੰਦ ਕਵਾੜੀ ਕੁੰਡਾ ਲਾਹੀਆ ।



ਸਤਿਗੁਰ ਸ਼ਬਦ ਸਚ ਸੁਣਾਏ ਬਾਤਾ, ਧੁਰ ਦੀ ਬਾਣੀ ਬਾਣ ਅਲਾਈਆ । ਸਤਿਗੁਰ ਸ਼ਬਦ ਏਥੇ ਓਥੇ ਹੋਏ ਰਾਖਾ, ਬਣ ਰੱਖਕ ਸੇਵ ਕਮਾਈਆ । ਸਤਿਗੁਰ ਸ਼ਬਦ ਸਾਖਿਆਤਾ, ਜੁਗ ਜੁਗ ਆਪਣਾ ਵੇਸ ਵਟਾਈਆ । ਸਤਿਗੁਰ ਸ਼ਬਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਇਕੋ ਇਕ ਦ੍ਰਿੜਾਈਆ । ਸਤਿਗੁਰ ਸ਼ਬਦ ਸਾਚੀ ਓਟ, ਓਟ ਅਕਾਲ ਜਣਾਇੰਦਾ । ਸਤਿਗੁਰ ਸ਼ਬਦ ਸਦਾ ਅਤੋਟ, ਅਤੁਟ ਆਪ ਵਰਤਾਇੰਦਾ । ਸਤਿਗੁਰ ਸ਼ਬਦ ਮਿਲਾਏ ਨਿਰਮਲ ਜੋਤ, ਜਗਤ ਵਛੋੜਾ ਪੰਧ ਮੁਕਾਇੰਦਾ । ਸਤਿਗੁਰ ਸ਼ਬਦ ਰੰਗ ਰੰਗਾਏ ਕਾਇਆ ਮਾਟੀ ਚਮੜਾ ਪੋਸ਼, ਪੁਸ਼ਤ ਆਪਣਾ ਹੱਥ ਟਿਕਾਇੰਦਾ । ਸਤਿਗੁਰ ਸ਼ਬਦ ਸਦਾ ਨਿਰਦੋਸ਼, ਦੋਸ਼ੀ ਜੀਵ ਸਰਬ ਬਣਾਇੰਦਾ । ਸਤਿਗੁਰ ਸ਼ਬਦ ਸਦਾ ਮਦਹੋਸ਼, ਮਧਰ ਧੁਨ ਆਪਣਾ ਰਾਗ ਅਲਾਇੰਦਾ । ਸਤਿਗੁਰ ਸ਼ਬਦ ਗੁਰਮੁਖ ਵਿਰਲਾ ਰਿਹਾ ਲੋਚ, ਲੋਚਣ ਨੈਣ ਧਿਆਨ ਲਗਾਇੰਦਾ । ਸਤਿਗੁਰ ਸ਼ਬਦ ਕਿਸੇ ਵਿਚ ਨਾ ਆਵੇ ਸੋਚ, ਸੋਚਿਆਂ ਅੰਤ ਕੋਇ ਨਾ ਪਾਇੰਦਾ । ਸਤਿਗੁਰ ਸ਼ਬਦ ਕੋਟਨ ਕੋਟ ਰਹੇ ਖੋਜ, ਜੰਗਲ ਜੂਹ ਉਜਾੜ ਪਹਾੜ ਫੇਰਾ ਪਾਇੰਦਾ । ਸਤਿਗੁਰ ਸ਼ਬਦ ਬਿਨ ਗੁਰਸਿਖ ਕੋਈ ਨਾ ਮਾਣੇ ਮੌਜ, ਮੌਜੂਦਾ ਹਾਲ ਸਭ ਨੂੰ ਆਪ ਸੁਣਾਇੰਦਾ । ਪੜ੍ਹਨ ਸੁਣਨ ਦੀ ਪੈ ਗਈ ਰੌਂਸ, ਹਿਰਦੇ ਹਰਿ ਨਾ ਕੋਇ ਵਸਾਇੰਦਾ । ਬਣ ਹੰਕਾਰੀ ਬਣ ਗਏ ਗ਼ੌਂਸ, ਕੁਤਬਖ਼ਾਨਾ ਸਰਬ ਜਣਾਇੰਦਾ । ਕੰਤ ਮਿਲਣ ਦਾ ਰੱਖੇ ਕੋਈ ਨਾ ਸ਼ੌਂਕ, ਵਿਭਚਾਰ ਘਰ ਘਰ ਨਜ਼ਰੀ ਆਇੰਦਾ । ਕਲਜੁਗ ਕੂੜਾ ਪਾਇਆ ਤੌਂਕ, ਸ਼ਰਅ ਜ਼ੰਜੀਰ ਨਾ ਕੋਇ ਕਟਾਇੰਦਾ । ਬਿਨ ਭਗਤਾਂ ਜਗਤ ਦਿਸੇ ਔਂਤ, ਜਗਤ ਨਿਸ਼ਾਨ ਨਾ ਕੋਇ ਵਖਾਇੰਦਾ । ਸੁਰਤ ਸਵਾਣੀ ਰੋਵੇ ਬਿਨਾਂ ਖ਼ੌਂਤ, ਖ਼ਾਵੰਦ ਅੱਖ ਨਾ ਕੋਇ ਮਿਲਾਇੰਦਾ । ਸਾਧ ਸੰਤ ਕੂੜੀ

ਕਿਰਿਆ ਮਾਰਨ ਧੌਂਸ, ਧੌਂਸਾ ਨਾਮ ਨਾ ਕੋਇ ਸੁਣਾਇੰਦਾ । ਸਚ ਮਹੱਲ ਕੋਈ ਨਾ ਗਿਆ ਪਹੁੰਚ, ਕਾਇਆ ਅੰਦਰ ਸਭ ਰੋ ਰੋ ਨੇਤਰ ਨੀਰ ਵਹਾਇੰਦਾ । ਰਸਨਾ ਜਿਹਵਾ ਸ਼ੂਕਰ ਰਹੇ ਭੌਂਕ, ਪੰਜ ਭੂਤ ਨਾਤਾ ਨਾ ਕੋਇ ਤੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸ਼ਬਦ ਜਨ ਭਗਤਾਂ ਝੋਲੀ ਪਾਇੰਦਾ । ਸਤਿਗੁਰ ਸ਼ਬਦ ਵੱਡੀ ਦਾਤ, ਦਾਤਾ ਦਾਨੀ ਆਪ ਵਰਤਾਈਆ । ਸਤਿਗੁਰ ਸ਼ਬਦ ਸੱਚੀ ਕਰਾਮਾਤ, ਕਰਮ ਕਾਂਡ ਦਏ ਚੁਕਾਈਆ । ਸਤਿਗੁਰ ਸ਼ਬਦ ਕੱਢੇ ਭਰਮ ਭਰਾਂਤ, ਭੁਲੇਖਾ ਸਭ ਦਾ ਦੂਰ ਕਰਾਈਆ । ਸਤਿਗੁਰ ਸ਼ਬਦ ਦਿਲਾਏ ਨਜਾਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦ ਗੁਰਸਿਖ ਝੋਲੀ ਪਾਈਆ । ਗੁਰਸਿਖ ਝੋਲੀ ਲਏ ਅੱਡ, ਸਤਿਗੁਰ ਪੂਰਾ ਦਇਆ ਕਮਾਇੰਦਾ । ਆਪਣੇ ਵਿਚੋਂ ਆਪਣਾ ਨਾਮ ਕੱਢ, ਹਰਿਜਨ ਤੇਰੇ ਵਿਚ ਸਮਾਇੰਦਾ । ਜੋ ਸੰਗਤ ਨਾਲ ਗਿਆ ਰਲ ਪਿਛੇ ਜਾਏ ਨਾ ਛੱਡ, ਖਹਿੜਾ ਜਮ ਦਾ ਆਪ ਛੁਡਾਇੰਦਾ । ਅੱਗੇ ਪਾਰ ਕਰਾਏ ਹੱਦ, ਪਿਛਲਾ ਪੰਧ ਮੁਕਾਇੰਦਾ । ਦਰ ਆਏ ਕਰਾਏ ਹੱਜ, ਹਾਜਤ ਹੋਰ ਨਾ ਕੋਇ ਵਖਾਇੰਦਾ । ਸਿਰ ਪਰਦਾ ਦੇਵੇ ਕੱਜ, ਓਢਣ ਇਕੋ ਨਾਮ ਵਖਾਇੰਦਾ । ਸੋਹੰ ਸ਼ਬਦ ਸਾਚਾ ਨਾਉਂ ਲੈਣਾ ਜਪ, ਜਾਪ ਇਕੋ ਇਕ ਦ੍ਰਿੜਾਇੰਦਾ । ਹੋਏ ਸਹਾਈ ਬਣ ਕੇ ਸੱਚਾ ਬਾਪ, ਪੂਤ ਆਪਣੀ ਗੋਦ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਤਿਗੁਰ ਦੇਵੇ ਸੱਚਾ ਸਾਥ, ਸ਼ਬਦ ਗੁਰ ਆਪਣੀ ਸੇਵ ਕਮਾਇੰਦਾ ।



## ❇ ੨੮ ਮਾਘ ੨੦੧੯ ਬਿਕ੍ਰਮੀ ਦੀਦਾਰ ਸਿੰਘ ਦੇ ਗ੍ਰਿਹ ਪਿੰਡ ਜੱਟਾ ਜ਼ਿਲਾ ਅੰਮ੍ਰਿਤਸਰ ❇

ਸਤਿਗੁਰ ਸ਼ਬਦ ਅਗੰਮੀ ਧਾਰ, ਸਚਖੰਡ ਨਿਵਾਸੀ ਆਪ ਪਰਗਟਾਇੰਦਾ । ਸਤਿਗੁਰ ਸ਼ਬਦ ਸੱਚੀ ਜੈਕਾਰ, ਸਚ ਜੈਕਾਰਾ ਇਕ ਅਲਾਇੰਦਾ । ਸਤਿਗੁਰ ਸ਼ਬਦ ਸਾਚੀ ਕਾਰ, ਹਰਿ ਕਰਤਾ ਆਪ ਸਮਝਾਇੰਦਾ । ਸਤਿਗੁਰ ਸ਼ਬਦ ਸਾਚਾ ਹੱਟ ਵਣਜਾਰ, ਵਸਤ ਇਕੋ ਇਕ ਵਰਤਾਇੰਦਾ । ਸਤਿਗੁਰ ਸ਼ਬਦ ਲੇਖਾ ਜਾਣੇ ਸਰਬ ਸੰਸਾਰ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਸਤਿਗੁਰ ਸ਼ਬਦ ਸੇਵਾ ਲਾ ਗੁਰ ਅਵਤਾਰ, ਸਾਚੀ ਸਿਖਿਆ ਇਕ ਦ੍ਰਿੜਾਇੰਦਾ । ਸਤਿਗੁਰ ਸ਼ਬਦ ਪੀਰ ਪੈਗ਼ੰਬਰ ਪਾਏ ਸਾਰ, ਕਲਮਾ ਨਬੀ ਰਸੂਲ ਜਣਾਇੰਦਾ । ਸਤਿਗੁਰ ਸ਼ਬਦ ਭਗਤ ਭਗਵਾਨ ਲਏ ਉਠਾਲ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਸਤਿਗੁਰ ਸ਼ਬਦ ਸੰਤਾਂ ਵਖਾਏ ਸੱਚੀ ਧਰਮਸਾਲ, ਧਰਮ ਦਵਾਰ ਇਕ ਜਣਾਇੰਦਾ । ਸਤਿਗੁਰ ਸ਼ਬਦ ਗੁਰਮੁਖਾਂ ਖੋਲ੍ਹ ਕਿਵਾੜ, ਬੰਦ ਤਾਕੀ ਕੁੰਡਾ ਲਾਹਿੰਦਾ । ਸਤਿਗੁਰ ਸ਼ਬਦ ਗੁਰਸਿਖਾਂ ਚਲੇ ਨਾਲ ਨਾਲ, ਸਦਾ ਸਦਾ ਸੰਗ ਨਿਭਾਇੰਦਾ । ਸਤਿਗੁਰ ਸ਼ਬਦ ਨਾਤਾ ਤੋੜੇ ਤ੍ਰੈਗੁਣ ਮਾਇਆ ਜਗਤ ਜੰਜਾਲ, ਜਾਗਰਤ ਜੋਤ ਇਕ ਜਗਾਇੰਦਾ । ਸਤਿਗੁਰ ਸ਼ਬਦ ਲੇਖਾ ਚੁਕਾਏ ਕਾਲ ਮਹਾਂਕਾਲ, ਭੈ ਭਿਆਨਕ ਰੂਪ ਨਾ ਕੋਇ ਵਖਾਇੰਦਾ । ਸਤਿਗੁਰ ਸ਼ਬਦ ਏਥੇ ਓਥੇ ਬਣ ਦਲਾਲ, ਬਣ ਵਿਚੋਲਾ ਵੇਖ ਵਖਾਇੰਦਾ । ਸਤਿਗੁਰ ਸ਼ਬਦ ਅੰਮ੍ਰਿਤ ਆਤਮ ਸਰੋਵਰ ਦਏ ਉਛਾਲ, ਨਿਝਰ ਝਿਰਨਾ ਇਕ ਝਿਰਾਇੰਦਾ । ਸਤਿਗੁਰ ਸ਼ਬਦ ਸੁਰਤ ਸਵਾਣੀ ਕਰੇ ਪ੍ਰਿਤਪਾਲ, ਸਿਰ ਆਪਣਾ ਹੱਥ ਟਿਕਾਇੰਦਾ । ਸਤਿਗੁਰ ਸ਼ਬਦ ਸੁਣੇ ਮੁਰੀਦਾਂ ਹਾਲ ਮੁਰਸ਼ਦ ਆਪਣਾ ਨਾਉਂ ਧਰਾਇੰਦਾ । ਸਤਿਗੁਰ ਸ਼ਬਦ ਆਪ ਜਣਾਏ ਪੰਜ ਤੱਤ ਕਾਇਆ ਮਾਟੀ ਖਾਲ, ਹਰਿ ਮੰਦਰ ਇਕੋ ਨਜ਼ਰੀ ਆਇੰਦਾ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਇਕ ਸਮਝਾਇੰਦਾ । ਹਰਿ ਕਾ ਸ਼ਬਦ ਸਤਿਗੁਰ ਰੂਪ, ਸਤਿਗੁਰ ਗੁਰ ਗੁਰ ਵੇਸ ਵਟਾਈਆ । ਗੁਰ ਗੁਰ ਲੇਖਾ ਚਾਰੇ ਕੂਟ, ਦਹਿ ਦਿਸ਼ਾ ਸੋਭਾ ਪਾਈਆ । ਦਹਿ ਦਿਸ਼ਾ ਦੇਵੇ ਸਚ ਸਬੂਤ, ਸਾਹਿਬ ਆਪਣਾ ਨਾਮ ਪੜ੍ਹਾਈਆ । ਹਰਿ ਕਾ ਨਾਉਂ ਲੇਖਾ ਜਾਣੇ ਕਾਇਆ ਪੰਜ ਤੱਤ ਕਲਬੂਤ, ਨਿਰਗੁਣ ਸਰਗੁਣ ਵੇਖੇ ਥਾਈਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਦਏ ਵਡਿਆਈਆ । ਸਤਿਗੁਰ ਸ਼ਬਦ ਸੱਚਾ ਨਾਮ, ਨਾਉਂ ਨਿਰੰਕਾਰਾ ਆਪ ਪਰਗਟਾਇੰਦਾ । ਸਤਿਗੁਰ ਸ਼ਬਦ ਸੱਚਾ ਜਾਮ, ਮਧੁਰ ਪਿਆਲਾ ਇਕ ਵਖਾਇੰਦਾ । ਸਤਿਗੁਰ ਸ਼ਬਦ ਕਰੇ ਕਰਾਏ ਸੱਚਾ ਕਾਮ, ਕਰਨੀ ਕਿਰਤ ਇਕ ਦ੍ਰਿੜਾਇੰਦਾ । ਸਤਿਗੁਰ ਸ਼ਬਦ ਮੇਟੇ ਅੰਧੇਰੀ ਸ਼ਾਮ, ਨਿਰਗੁਣ ਜੋਤ ਨੂਰ ਰੁਸ਼ਨਾਇੰਦਾ । ਸਤਿਗੁਰ ਸ਼ਬਦ ਦੇਵੇ ਪਰਕਾਸ਼ ਕੋਟਨ ਭਾਨ, ਮੰਡਲ ਮੰਡਪ ਆਪ ਸੁਹਾਇੰਦਾ । ਸਤਿਗੁਰ ਸ਼ਬਦ ਸ੍ਰਿਸ਼ਟ ਸਬਾਈ ਇਕ ਗਿਆਨ, ਗਿਆਨ ਧਿਆਨ ਵਿਚ ਮਿਲਾਇੰਦਾ । ਸਤਿਗੁਰ ਸ਼ਬਦ ਇਕ ਨਿਸ਼ਾਨ, ਧਰਮ ਨਿਸ਼ਾਨਾ ਇਕ ਝੁਲਾਇੰਦਾ । ਸਤਿਗੁਰ ਸ਼ਬਦ ਇਕ ਈਮਾਨ, ਚਾਰ ਵਰਨਾਂ ਸਿਦਕ ਨਿਭਾਇੰਦਾ । ਸਤਿਗੁਰ ਸ਼ਬਦ ਇਕੋ ਰਸ ਪੀਣ ਖਾਣ, ਵਿਖ ਰੂਪ ਨਾ ਕੋਇ ਵਟਾਇੰਦਾ । ਸਤਿਗੁਰ ਸ਼ਬਦ ਸਾਚਾ ਸੁਣਨਾ ਕਾਨ, ਬਿਨ ਕੰਨਾਂ ਆਪ ਜਣਾਇੰਦਾ । ਸਤਿਗੁਰ ਸ਼ਬਦ ਦੋ ਜਹਾਨਾਂ ਦੇਵੇ ਮਾਣ, ਅਭਿਮਾਨ ਮੇਟ ਮਿਟਾਇੰਦਾ । ਸਤਿਗੁਰ ਸ਼ਬਦ ਬਣਾਏ ਸਚ ਵਿਧਾਨ, ਰਾਜ ਜੋਗ ਆਪ ਸਮਝਾਇੰਦਾ । ਸਤਿਗੁਰ ਸ਼ਬਦ ਦੇਵੇ ਧੁਰ ਫ਼ਰਮਾਨ, ਸਚ ਸੰਦੇਸਾ ਇਕ ਅਲਾਇੰਦਾ । ਸਤਿਗੁਰ ਸ਼ਬਦ ਲੇਖਾ ਜਾਣੇ ਰਾਜ ਰਾਜਾਨ, ਸ਼ਾਹ ਸੁਲਤਾਨ ਹੁਕਮ ਮਨਾਇੰਦਾ । ਸਤਿਗੁਰ ਸ਼ਬਦ ਲੋਆਂ ਪੁਰੀਆਂ ਬ੍ਰਹਿਮੰਡਾ ਖੰਡਾਂ ਪਾਏ ਆਣ, ਅੱਗੇ ਸਿਰ ਨਾ ਕੋਇ ਉਠਾਇੰਦਾ । ਸਤਿਗੁਰ ਸ਼ਬਦ ਚਾਰੇ ਖਾਣੀ ਦਏ ਬਿਆਨ, ਅੰਡਜ ਜੇਰਜ ਉਤਭੁਜ ਸੇਤਜ ਭੇਵ ਅਭੇਦ ਜਣਾਇੰਦਾ । ਸਤਿਗੁਰ ਸ਼ਬਦ ਚਾਰੇ ਬਾਣੀ ਦਏ ਬਬਾਣ, ਨਾਮ ਬਬਾਣਾ ਇਕ ਧਰਾਇੰਦਾ । ਸਤਿਗੁਰ ਸ਼ਬਦ ਭੇਵ ਜਣਾਏ ਅੰਜੀਲ ਕੁਰਾਨ, ਕਾਇਆ ਕਾਅਬਾ ਵੇਖ ਵਖਾਇੰਦਾ । ਸਤਿਗੁਰ ਸ਼ਬਦ ਇਕ ਤੌਫ਼ੀਕ ਰਹੀਮ ਰਹਿਮਾਨ, ਮਿਹਬਾਨ ਬੀਦੋ ਇਕੋ ਨੂਰ ਧਰਾਇੰਦਾ । ਸਤਿਗੁਰ ਸ਼ਬਦ ਸਚ ਇਸਲਾਮ, ਇਸਮ ਇਕੋ ਇਕ ਵਖਾਇੰਦਾ । ਸਤਿਗੁਰ ਸ਼ਬਦ ਸਚ ਨਜ਼ਾਮ, ਦੋ ਜਹਾਨਾਂ ਬੰਧਨ ਪਾਇੰਦਾ । ਸਤਿਗੁਰ ਸ਼ਬਦ ਜੁਗ ਜੁਗ ਪੈਗ਼ਾਮ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਸੁਣਾਇੰਦਾ । ਸਤਿਗੁਰ ਸ਼ਬਦ ਸੁਣ ਕਲਜੁਗ ਜੀਵ ਹੋਣ ਹੈਰਾਨ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਸਤਿਗੁਰ ਸ਼ਬਦ ਜਨ ਭਗਤਾਂ ਮਿਲੇ ਦਾਨ, ਸੰਤਨ ਝੋਲੀ ਆਪ ਭਰਾਇੰਦਾ । ਸਤਿਗੁਰ ਸ਼ਬਦ ਗੁਰਮੁਖਾਂ ਦੇਵੇ ਮਾਣ, ਗੁਰਸਿਖਾਂ ਆਪਣੇ ਅੰਗ ਲਗਾਇੰਦਾ । ਸਤਿਗੁਰ ਸ਼ਬਦ ਮਨਮੁਖ ਨਾ ਸਕਣ ਪਛਾਣ, ਨੇਤਰ ਨੈਣ ਨਾ ਕੋਇ ਖੁਲ੍ਹਾਇੰਦਾ । ਸਤਿਗੁਰ ਸ਼ਬਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਇਕੋ ਹਰਿ ਇਕੋ ਨਾਦ ਸੁਣਾਇੰਦਾ । ਸਤਿਗੁਰ ਸ਼ਬਦ ਸੱਚਾ ਨਾਦ, ਅਨਾਦੀ ਆਪ ਸੁਣਾਈਆ । ਸਤਿਗੁਰ ਸ਼ਬਦ ਸਚ ਬ੍ਰਹਿਮਾਦ, ਬ੍ਰਹਿਮਾਂਡ ਰਿਹਾ ਸਮਾਈਆ । ਸਤਿਗੁਰ ਸ਼ਬਦ ਸਤਿ ਆਵਾਜ਼, ਧੁਰਦਰਗਾਹੀ ਬਾਂਗ ਅਲਾਈਆ । ਸਤਿਗੁਰ ਸ਼ਬਦ ਰਚ ਰਚ ਕਾਜ, ਜੁਗ ਚੌਕੜੀ ਵੇਖ ਵਖਾਈਆ । ਸਤਿਗੁਰ ਸ਼ਬਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਦਏ ਵਡਿਆਈਆ । ਸਤਿਗੁਰ ਸ਼ਬਦ ਸਤਿ ਸਰੂਪ, ਸਤਿ ਸਤਿ ਦ੍ਰਿੜਾਇੰਦਾ । ਸਤਿਗੁਰ ਸ਼ਬਦ ਵਸਣਹਾਰਾ ਚਾਰੇ ਕੂਟ, ਦਹਿ ਦਿਸ਼ਾ ਖੋਜ ਖੁਜਾਇੰਦਾ । ਸਤਿਗੁਰ ਸ਼ਬਦ ਨਾਤਾ ਤੋੜੇ

ਜੂਠ ਝੂਠ, ਕੂੜੀ ਕਿਰਿਆ ਮੋਹ ਮਿਟਾਇੰਦਾ । ਸਤਿਗੁਰ ਸ਼ਬਦ ਕਰੇ ਪਾਕ ਕਾਇਆ ਕਲਬੂਤ, ਪਤਤ ਪੁਨੀਤ ਦਇਆ ਕਮਾਇੰਦਾ । ਸਤਿਗੁਰ ਸ਼ਬਦ ਨਜ਼ਰ ਨਾ ਆਏ ਕੋਈ ਵਜੂਦ, ਵਾਹਦ ਆਪਣੀ ਧਾਰ ਵਖਾਇੰਦਾ । ਸਤਿਗੁਰ ਸ਼ਬਦ ਮੇਲ ਮਿਲਾਏ ਨਾਲ ਮਹਿਬੂਬ, ਮੁਹੱਬਤ ਇਕੋ ਇਕ ਸਮਝਾਇੰਦਾ । ਸਤਿਗੁਰ ਸ਼ਬਦ ਵਸੇ ਸਚ ਅਰੂਜ, ਹੁਜਰਾ ਇਕੋ ਇਕ ਵਡਿਆਇੰਦਾ । ਸਤਿਗੁਰ ਸ਼ਬਦ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਰੰਗ ਵਖਾਇੰਦਾ । ਸਤਿਗੁਰ ਸ਼ਬਦ ਉਚ ਅਟਾਰੀ, ਅਟੱਲ ਅਟੱਲ ਜਣਾਈਆ । ਸਤਿਗੁਰ ਸ਼ਬਦ ਮੇਲ ਮਿਲਾਏ ਜੋਤ ਨਿਰੰਕਾਰੀ, ਨਿਰਗੁਣ ਮੇਲਾ ਸਹਿਜ ਸੁਭਾਈਆ । ਸਤਿਗੁਰ ਸ਼ਬਦ ਦੇਵੇ ਸਚ ਖ਼ੁਮਾਰੀ, ਖ਼ੁਮਾਰ ਇਕੋ ਇਕ ਵਖਾਈਆ । ਸਤਿਗੁਰ ਸ਼ਬਦ ਕੂੜੀ ਕਿਰਿਆ ਹਉਮੇਂ ਰੋਗ ਕੱਟੇ ਬੀਮਾਰੀ, ਬਿਮਲ ਆਪਣੀ ਧਾਰ ਪਰਗਟਾਈਆ । ਸਤਿਗੁਰ ਸ਼ਬਦ ਨਾਮ ਖੰਡਾ ਵਖਾਏ ਤੇਜ਼ ਕਟਾਰੀ, ਕਟਾਕਸ਼ ਇਕੋ ਇਕ ਜਣਾਈਆ । ਸਤਿਗੁਰ ਸ਼ਬਦ ਲੇਖਾ ਜਾਣੇ ਆਰ ਪਾਰੀ, ਮੰਝਧਾਰ ਨਾ ਕੋਇ ਰੁੜ੍ਹਾਈਆ । ਸਤਿਗੁਰ ਸ਼ਬਦ ਖੇਲ ਨਿਆਰੀ, ਖ਼ਾਲਕ ਖ਼ਲਕ ਦਏ ਸਮਝਾਈਆ । ਸਤਿਗੁਰ ਸ਼ਬਦ ਮੇਲ ਮਿਲਾਏ ਪਰਵਰਦਿਗਾਰੀ, ਪਰਦਾਨਸੀਂ ਪਰਦਾ ਇਕ ਉਠਾਈਆ । ਸਤਿਗੁਰ ਸ਼ਬਦ ਲੇਖਾ ਜਾਣੇ ਧੁਰ ਦਰਬਾਰੀ, ਬੇਨਜ਼ੀਰ ਸ਼ਾਹ ਹਕੀਰ ਹੋਏ ਸਹਾਈਆ । ਸਤਿਗੁਰ ਸ਼ਬਦ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਨਾਮ ਜਣਾਈਆ । ਸਤਿਗੁਰ ਸ਼ਬਦ ਸੂਰਾ ਸਰਬੰਗਾ, ਸਰਬ ਕਲਾ ਅਖਵਾਇੰਦਾ । ਸਤਿਗੁਰ ਸ਼ਬਦ ਨਾਮ ਮਰਦੰਗਾ ਵਡ ਮਰਦਾਨਗੀ ਆਪਣੇ ਹੱਥ ਰਖਾਇੰਦਾ । ਸਤਿਗੁਰ ਸ਼ਬਦ ਪੁਰੀਆਂ ਲੋਆਂ ਆਪੇ ਲੰਘਾ, ਰਾਹ ਵਿਚ ਨਾ ਕੋਇ ਅਟਕਾਇੰਦਾ । ਸਤਿਗੁਰ ਸ਼ਬਦ ਦੋ ਜਹਾਨ ਵਜਾਏ ਮਰਦੰਗਾ, ਤਾਰ ਸਤਾਰ ਨਾ ਕੋਇ ਵਖਾਇੰਦਾ । ਸਤਿਗੁਰ ਸ਼ਬਦ ਚੰਡ ਪਰਚੰਡ ਤਿਖੀ ਧਾਰ ਖੰਡਾਂ, ਖੜਗ ਇਕੋ ਇਕ ਰਖਾਇੰਦਾ । ਸਤਿਗੁਰ ਸ਼ਬਦ ਲੇਖਾ ਜਾਣੇ ਜੇਰਜ ਅੰਡਾ, ਉਤਭੁਜ ਸੇਤਜ ਫੋਲ ਫੁਲਾਇੰਦਾ । ਸਤਿਗੁਰ ਸ਼ਬਦ ਪਾਏ ਵੰਡਾਂ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬੰਧਨ ਪਾਇੰਦਾ । ਸਤਿਗੁਰ ਸ਼ਬਦ ਆਦਿ ਜੁਗਾਦਿ ਜੁਗ ਜੁਗ ਤੋੜੇ ਘਮੰਡਾ, ਗੜ੍ਹ ਹੰਕਾਰੀ ਬੁਰਜ ਢਾਹਿੰਦਾ । ਸਤਿਗੁਰ ਸ਼ਬਦ ਕਲਜੁਗ ਅੰਤ ਸ੍ਰਿਸ਼ਟ ਸਬਾਈ ਸੁਣਾਏ ਸਾਚਾ ਛੰਦਾ, ਸੋਹੰ ਢੋਲਾ ਇਕ ਅਲਾਇੰਦਾ । ਸਤਿਗੁਰ ਸ਼ਬਦ ਬਣਾਏ ਸਾਚਾ ਬੰਦਾ, ਬੰਦਗੀ ਇਕੋ ਇਕ ਦ੍ਰਿੜਾਇੰਦਾ । ਸਤਿਗੁਰ ਸ਼ਬਦ ਲੇਖੇ ਲਾਏ ਗੰਦਾ, ਮੂਰਖ ਮੂੜ੍ਹ ਚਤੁਰ ਸੁਜਾਨ ਬਣਾਇੰਦਾ । ਸਤਿਗੁਰ ਸ਼ਬਦ ਸਰਬ ਜੀਆਂ ਦਾ ਇਕੋ ਧੰਦਾ, ਇਕੋ ਰਾਹ ਜਣਾਇੰਦਾ । ਸਤਿਗੁਰ ਸ਼ਬਦ ਵੇਖਣਹਾਰਾ ਭੁੱਖਾ ਨੰਗਾ, ਭੁਖਿਆਂ ਨੰਗਿਆਂ ਮਾਣ ਦਿਵਾਇੰਦਾ । ਸਤਿਗੁਰ ਸ਼ਬਦ ਬਸਤਾ ਬੰਨ੍ਹ ਕਿਸੇ ਨਾ ਟੰਗਾ, ਬੰਦ ਸੰਦੂਕ ਨਾ ਕੋਇ ਕਰਾਇੰਦਾ । ਸਤਿਗੁਰ ਸ਼ਬਦ ਆਦਿ ਜੁਗਾਦਿ ਜੁਗ ਜੁਗ ਨਿਰਗੁਣ ਹੋ ਕੇ ਵੱਜਾ, ਸਾਜ ਬਾਜ ਤਾਲ ਨਾ ਕੋਇ ਰਖਾਇੰਦਾ । ਸਤਿਗੁਰ ਸ਼ਬਦ ਘਰ ਘਰ ਅੰਦਰ ਫਿਰੇ ਭੱਜਾ, ਔਂਦਾ ਜਾਂਦਾ ਨਜ਼ਰ ਕਿਸੇ ਨਾ ਆਇੰਦਾ । ਸਤਿਗੁਰ ਸ਼ਬਦ ਗੁਰਮੁਖ ਹਿਰਦੇ ਬਹਿ ਬਹਿ ਸਜਾ, ਘਰ ਸੱਚਾ ਇਕ ਸੁਹਾਇੰਦਾ । ਸਤਿਗੁਰ ਸ਼ਬਦ ਬੁੱਢਾ ਨੱਢਾ ਨਾ ਕੋਈ ਬੱਚਾ, ਜਵਾਨ ਰੂਪ ਨਾ ਕੌਇ ਬਦਲਾਇੰਦਾ । ਸਤਿਗੁਰ ਸ਼ਬਦ ਕਿਸੇ ਘੜਿਆ ਨਾ ਜਾਏ ਵਿਚ ਸੱਚਾ, ਘਾੜਤ ਘੜਤ ਨਾ ਕੋਇ ਵਖਾਇੰਦਾ । ਸਤਿਗੁਰ ਸ਼ਬਦ ਜੁਗ ਚੌਕੜੀ ਕਦੇ ਨਾ ਹੋਏ ਕੱਚਾ, ਕਾਚੀ ਮਾਟੀ ਕਾਇਆ ਰੰਗ ਚੜ੍ਹਾਇੰਦਾ । ਸਤਿਗੁਰ ਸ਼ਬਦ ਸਦਾ ਸਦਾ ਸਦ ਸੱਚਾ, ਸਾਚੀ ਸਿਖਿਆ ਇਕ ਦ੍ਰਿੜਾਇੰਦਾ । ਸਤਿਗੁਰ ਸ਼ਬਦ ਸਭ ਦੀ ਕਰੇ ਰਿੱਛਾ ਪ੍ਰਿਤਪਾਲਕ ਨਾਉਂ ਧਰਾਇੰਦਾ । ਸਤਿਗੁਰ ਸ਼ਬਦ

ਨਿਰਗੁਣ ਸਰਗੁਣ ਮਾਣ ਦਿਵਾਏ ਜੱਟ ਧੰਨਾ, ਧਨ ਇਕੋ ਇਕ ਵਖਾਇੰਦਾ । ਸਤਿਗੁਰ ਸ਼ਬਦ ਰਾਗ ਸੁਣਾਏ ਸੱਚਾ ਕੰਨਾਂ, ਕਾਣ ਸਭ ਦੀ ਮੇਟ ਮਿਟਾਇੰਦਾ । ਸਤਿਗੁਰ ਸ਼ਬਦ ਕਰੇ ਪਰਕਾਸ਼ ਨੇਤਰ ਅੰਨ੍ਹਾ, ਅਗਿਆਨ ਅੰਧੇਰ ਮੁਕਾਇੰਦਾ । ਸਤਿਗੁਰ ਸ਼ਬਦ ਭੋਗ ਲਗਾਏ ਨਾਮਾ ਛੰਨਾ, ਛੰਨ ਛਪਰੀ ਆਪ ਛੁਹਾਇੰਦਾ । ਸਤਿਗੁਰ ਸ਼ਬਦ ਬਿਨ ਭਗਤਾਂ ਕਿਸੇ ਕੋਲੋਂ ਨਾ ਮੰਨਾ, ਮਨਸਾ ਪੂਰ ਨਾ ਕੋਇ ਕਰਾਇੰਦਾ । ਸਤਿਗੁਰ ਸ਼ਬਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਰਾਹ ਚਲਾਇੰਦਾ । ਸਤਿਗੁਰ ਸ਼ਬਦ ਗੂੜ੍ਹੋ ਗੂੜ੍ਹ, ਗਹਿਰ ਗੰਭੀਰ ਅਖਵਾਈਆ । ਸਤਿਗੁਰ ਸ਼ਬਦ ਨੂਰੋ ਨੂਰ, ਨੂਰ ਨੂਰ ਰੁਸ਼ਨਾਈਆ । ਸਤਿਗੁਰ ਸ਼ਬਦ ਸਰਬ ਕਲਾ ਭਰਪੂਰ, ਭਰਪੂਰ ਰਿਹਾ ਸਭ ਠਾਈਂਆ । ਸਤਿਗੁਰ ਸ਼ਬਦ ਨਾ ਨੇੜੇ ਨਾ ਦੂਰ, ਘਟ ਘਟ ਆਸਣ ਲਾਈਆ । ਸਤਿਗੁਰ ਸ਼ਬਦ ਸਦਾ ਸਦ ਆਸਾ ਪੂਰ, ਪੂਰੀ ਆਸ ਕਰਾਈਆ । ਸਤਿਗੁਰ ਸ਼ਬਦ ਜੁਗ ਜੁਗ ਪਰਗਟੇ ਜ਼ਰੂਰ, ਜ਼ਰੂਰਤ ਇਕੋ ਇਕ ਜਣਾਈਆ । ਸਤਿਗੁਰ ਸ਼ਬਦ ਪੂਰਬ ਬਖ਼ਸ਼ੇ ਸਰਬ ਕਸੂਰ, ਅੱਗੇ ਮਾਰਗ ਲਾਈਆ । ਸਤਿਗੁਰ ਸ਼ਬਦ ਨਾਤਾ ਤੋੜੇ ਕੂੜੇ ਕੂੜ, ਸਾਚੀ ਸਿਖਿਆ ਕਰੇ ਪੜ੍ਹਾਈਆ । ਸਤਿਗੁਰ ਸ਼ਬਦ ਮੇਟ ਮਿਟਾਏ ਹੰਗਤਾ ਗ਼ਰੂਰ, ਗ਼ੁਰਬਤ ਕੋਇ ਰਹਿਣ ਨਾ ਪਾਈਆ । ਸਤਿਗੁਰ ਸ਼ਬਦ ਆਦਿ ਜੁਗਾਦਿ ਜੁਗ ਜੁਗ ਹੋਇਆ ਰਿਹਾ ਮਫ਼ਰੂਰ, ਬਿਨ ਭਗਤਾਂ ਆਪਣੇ ਅੰਦਰ ਬੰਦ ਨਾ ਕੋਇ ਕਰਾਈਆ । ਹਰਿ ਕਾ ਸ਼ਬਦ ਦੇਵੇ ਸਚ ਸ਼ਊਰ, ਸ਼ੁਹਰਤ ਇਕੋ ਇਕ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਨਾਮ ਸਿਫ਼ਤ ਸਾਲਾਹੀਆ । ਸਤਿਗੁਰ ਸ਼ਬਦ ਸਦਾ ਅਨਮੁਲ, ਅਨਮੁਲੜਾ ਆਪ ਬਣਾਇੰਦਾ । ਸਤਿਗੁਰ ਸ਼ਬਦ ਸਦਾ ਅਨਤੁਲ, ਤੋਲ ਵਿਚ ਕਦੇ ਨਾ ਆਇੰਦਾ । ਸਤਿਗੁਰ ਸ਼ਬਦ ਧੁਰਦਰਗਾਹੀ ਫੁੱਲ, ਦੋ ਜਹਾਨ ਮਹਿਕਾਇੰਦਾ । ਸਤਿਗੁਰ ਸ਼ਬਦ ਪੁਰਖ ਅਕਾਲ ਦੀ ਕੁੱਲ, ਕੁਲਵੰਤਾ ਨਾਉਂ ਧਰਾਇੰਦਾ । ਸਤਿਗੁਰ ਸ਼ਬਦ ਬੂਟਾ ਕਦੇ ਨਾ ਜਾਏ ਹੁੱਲ, ਫੁਲ ਫੁਲਵਾੜੀ ਆਪ ਮਹਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸ਼ਬਦ ਆਪ ਦ੍ਰਿੜਾਇੰਦਾ । ਸਤਿਗੁਰ ਸ਼ਬਦ ਸਤਿਗੁਰ ਜਿਹਾ, ਜੇਹੀ ਕਾਰ ਕਮਾਈਆ । ਸਤਿਗੁਰ ਸ਼ਬਦ ਸਤਿਗੁਰ ਨੇਂਹਾ, ਨੇਂਹ ਇਕੋ ਇਕ ਸਮਝਾਈਆ । ਸਤਿਗੁਰ ਸ਼ਬਦ ਸਤਿਗੁਰ ਮੇਂਹਾਂ, ਮੇਘਲਾ ਇਕੋ ਧਾਰ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਦਏ ਵਡਿਆਈਆ । ਸਤਿਗੁਰ ਸ਼ਬਦ ਸੱਚਾ ਰਾਮ, ਰਾਮ ਰਾਮ ਮਿਲਾਇੰਦਾ । ਸਤਿਗੁਰ ਸ਼ਬਦ ਸਚ ਪੈਗ਼ਾਮ, ਪੀਰ ਪੈਗ਼ੰਬਰ ਰੰਗ ਰੰਗਾਇੰਦਾ । ਸਤਿਗੁਰ ਸ਼ਬਦ ਜੁਗ ਜੁਗ ਪੂਰਨ ਕਰੇ ਕਾਮ, ਪੂਰੀ ਆਸਾ ਪੂਰ ਵਖਾਇੰਦਾ । ਸਤਿਗੁਰ ਸ਼ਬਦ ਕਲਜੁਗ ਅੰਤਮ ਲੈ ਕੇ ਆਏ ਪੈਗ਼ਾਮ, ਪਰਾ ਪਸੰਤੀ ਮਧਮ ਬੈਖਰੀ ਆਪ ਸਮਝਾਇੰਦਾ । ਸਤਿਗੁਰ ਸ਼ਬਦ ਬਦਲ ਦਏ ਨਜ਼ਾਮ, ਹਾਕਮ ਇਕੋ ਨਜ਼ਰੀ ਆਇੰਦਾ । ਸਤਿਗੁਰ ਸ਼ਬਦ ਭੂਪਤ ਭੂਪ ਬਣ ਰਾਜਾਨ, ਹੁਕਮ ਹਾਕਮ ਇਕ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸ਼ਬਦ ਆਪ ਵਡਿਆਇੰਦਾ । ਸਤਿਗੁਰ ਸ਼ਬਦ ਸਰਬ ਕਲਾ ਸਮਰਥ, ਸਮਰਥ ਆਪ ਪਰਗਟਾਇੰਦਾ । ਸਤਿਗੁਰ ਸ਼ਬਦ ਕਲਜੁਗ ਅੰਤ ਮਹਿਮਾਂ ਗਣਾਏ ਅਕੱਥ, ਕਥਨੀ ਕਥ ਨਾ ਕੋਇ ਸੁਣਾਇੰਦਾ । ਸਤਿਗੁਰ ਸ਼ਬਦ ਜਨ ਭਗਤਾਂ ਦੇਵੇ ਅਗੰਮੀ ਵਥ, ਵਸਤ ਇਕੋ ਇਕ ਵਰਤਾਇੰਦਾ । ਸਤਿਗੁਰ ਸ਼ਬਦ ਆਤਮ ਪਰਮਾਤਮ ਮਾਰਗ ਦੇਵੇ ਦੱਸ, ਸੰਤ ਸੱਜਣ ਮੇਲ ਮਿਲਾਇੰਦਾ । ਸਤਿਗੁਰ ਸ਼ਬਦ ਗੁਰਮੁਖ ਹਿਰਦੇ ਜਾਏ ਵਸ, ਦੂਈ ਦਵੈਤੀ ਪਰਦਾ ਲਾਹਿੰਦਾ । ਸਤਿਗੁਰ ਸ਼ਬਦ ਗੁਰਮੁਖਾਂ ਦੇਵੇ ਇਕੋ


੭੩੭
੧੩

ਰਸ, ਰਸ ਫੀਕਾ ਸਰਬ ਗਵਾਇੰਦਾ । ਸਤਿਗੁਰ ਸ਼ਬਦ ਹਰਿਜਨ ਮੇਲ ਮਿਲਾਏ ਹੱਸ ਹੱਸ, ਆਪ ਆਪਣੀ ਦਇਆ ਕਮਾਇੰਦਾ । ਸਤਿਗੁਰ ਸ਼ਬਦ ਕਲਜੁਗ ਅੰਤਮ ਹੋ ਪਰਗਟ, ਪਰਮ ਪੁਰਖ ਭੇਵ ਚੁਕਾਇੰਦਾ । ਇਕੋ ਵਿਕੇ ਪੁਰਖ ਅਕਾਲ ਦੇ ਹੱਟ, ਦੂਜਾ ਵਣਜ ਨਾ ਕੋਇ ਕਰਾਇੰਦਾ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਪਾਰਬ੍ਰਹਮ ਪਤਿਪਰਮੇਸ਼ਵਰ ਨਿਰਗੁਣ ਸਰਗੁਣ ਸਤਿ ਸਰੂਪ ਮਾਰਗ ਦਏ ਦੱਸ, ਅਨਭਵ ਪਰਕਾਸ਼ ਇਕੋ ਨੂਰ ਜਣਾਇੰਦਾ । ਲੇਖਾ ਜਾਣ ਪ੍ਰਿਥਮੀ ਆਕਾਸ਼, ਗ਼ਰੀਬ ਨਿਮਾਣਿਆਂ ਵਸੇ ਸਾਥ, ਬੋਧ ਅਗਾਧ ਸੁਣਾਏ ਗਾਥ, ਭੇਵ ਅਭੇਦਾ ਆਪ ਜਣਾਇੰਦਾ । ਨਿਰਵੈਰ ਚਲਾਏ ਰਾਥ, ਪਾਰ ਲਗਾਏ ਆਪਣੇ ਘਾਟ, ਕਲਜੁਗ ਮੇਟ ਅੰਧੇਰੀ ਰਾਤ, ਸਤਿਜੁਗ ਸਾਚਾ ਚੰਦ ਚਮਕਾਇੰਦਾ । ਸਤਿਗੁਰ ਸ਼ਬਦ ਪੁੱਛੇ ਵਾਤ, ਕੂੜੀ ਕਿਰਿਆ ਰਹੇ ਨਾ ਨਾਰ ਕਮਜ਼ਾਤ, ਜਨ ਭਗਤਾਂ ਪੂਰੀ ਕਰੇ ਖ਼ਾਹਸ਼, ਖ਼ਾਹਸ਼ ਆਪਣੀ ਨਾਲ ਮਿਲਾਇੰਦਾ । ਸਤਿਗੁਰ ਸ਼ਬਦ ਲੇਖੇ ਲਾਏ ਪਵਣ ਸਵਾਸ, ਆਤਮ ਪਰਮਾਤਮ ਦਏ ਵਿਸ਼ਵਾਸ਼, ਪਾਰਬ੍ਰਹਮ ਬ੍ਰਹਮ ਵੇਖੇ ਆਪਣੀ ਸ਼ਾਖ਼, ਸ਼ਨਾਖ਼ਤ ਇਕੋ ਇਕ ਸਮਝਾਇੰਦਾ । ਸਤਿਗੁਰ ਸ਼ਬਦ ਸਦਾ ਅਬਿਨਾਸ਼, ਜੁਗ ਚੌਕੜੀ ਖੇਲੇ ਖੇਲ ਤਮਾਸ਼, ਮੰਡਲ ਮੰਡਪ ਪਾਵੇ ਰਾਸ, ਗੋਪੀ ਕਾਹਨ ਨਾਚ ਨਚਾਇੰਦਾ । ਸਤਿਗੁਰ ਸ਼ਬਦ ਕਲਜੁਗ ਅੰਤ ਕਰੇ ਪਰਕਾਸ਼, ਨੂਰੋ ਨੂਰ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸ਼ਬਦ ਆਪ ਵਡਿਆਇੰਦਾ । ਸਤਿਗੁਰ ਸ਼ਬਦ ਵੱਡਾ ਬਲ, ਬਲ ਬਾਵਨ ਭੇਵ ਚੁਕਾਈਆ । ਸਤਿਗੁਰ ਸ਼ਬਦ ਅਛਲ ਅਛੱਲ, ਵਲ ਛਲ ਆਪਣਾ ਖੇਲ ਰਚਾਈਆ । ਸਤਿਗੁਰ ਸ਼ਬਦ ਵਸੇ ਧਾਮ ਅਟੱਲ, ਅਟੱਲ ਮਹੱਲ ਇਕ ਰੁਸ਼ਨਾਈਆ । ਸਤਿਗੁਰ ਸ਼ਬਦ ਕਰੇ ਵੇਸ ਕਲਜੁਗ ਕਲ, ਕਲ ਕਾਲਖ ਪੜਦਾ ਲਾਹੀਆ । ਸਤਿਗੁਰ ਸ਼ਬਦ ਸਤਿ ਸਰੂਪ ਧਾਰ ਗਿਆ ਰਲ, ਜੋਤੀ ਜੋਤ ਜੋਤ ਸਮਾਈਆ । ਸਤਿਗੁਰ ਸ਼ਬਦ ਸਚ ਸੰਦੇਸਾ ਰਿਹਾ ਘੱਲ, ਨਰ ਨਰੇਸ਼ਾ ਆਪ ਉਠਾਈਆ । ਸਤਿਗੁਰ ਸ਼ਬਦ ਪੁਠੀ ਲਾਹੇ ਖੱਲ, ਮਨਸੂਰ ਸੂਲੀ ਉਤੇ ਚੜ੍ਹਾਈਆ । ਸਤਿਗੁਰ ਸ਼ਬਦ ਕਰੇ ਖੇਲ ਘੜੀ ਘੜੀ ਪਲ ਪਲ, ਪਲਕ ਸਕੇ ਨਾ ਕੋਇ ਬਦਲਾਈਆ । ਸਤਿਗੁਰ ਸ਼ਬਦ ਜਨ ਭਗਤ ਦਵਾਰਾ ਬੈਠਾ ਮੱਲ, ਮਹਿਫਲ ਇਕੋ ਗੁਣ ਦਰਸਾਈਆ । ਹਰਿ ਸ਼ਬਦ ਸਤਿਗੁਰ ਸ਼ਬਦ ਗੁਰ ਸ਼ਬਦ ਸ਼ਬਦ ਗੁਰ ਇਕੋ ਵਜਾਏ ਨਾਦ ਅਟੱਲ, ਅਟੱਲ ਇਕੋ ਰਾਗ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਸ਼ਬਦ ਇਕੋ ਇਕ ਪਰਗਟਾਈਆ । ਸਤਿਗੁਰ ਸ਼ਬਦ ਸੋਹੰ ਸੋ, ਸਤਿ ਸਤਿਜੁਗ ਰਾਹ ਚਲਾਇੰਦਾ । ਸਤਿਗੁਰ ਸ਼ਬਦ ਨਿਰਗੁਣ ਨਿਰਮੋਹ, ਕੂੜੀ ਮੁਹੱਬਤ ਨਾ ਕੋਇ ਰਖਾਇੰਦਾ । ਸਤਿਗੁਰ ਸ਼ਬਦ ਵਸੇ ਬ੍ਰਹਿਮੰਡ ਖੰਡ ਲੋਅ, ਪੁਰੀ ਆਕਾਸ਼ ਆਸਣ ਲਾਇੰਦਾ । ਸਤਿਗੁਰ ਸ਼ਬਦ ਸਤਿਗੁਰ ਜਿਹਾ ਹੋ, ਹੋਕਾ ਆਪਣੇ ਨਾਮ ਸੁਣਾਇੰਦਾ । ਸਤਿਗੁਰ ਸ਼ਬਦ ਧੁਰ ਦਾ ਢੋਆ ਲੈ ਕੇ ਆਏ ਢੋ, ਢੋਲਕ ਇਕੋ ਇਕ ਰਖਾਇੰਦਾ । ਹਰਿ ਕਾ ਸ਼ਬਦ ਭੇਵ ਨਾ ਜਾਣੇ ਕੋ, ਕਲਜੁਗ ਜੀਵ ਕਾਗ ਵਾਂਗ ਕੁਰਲਾਇੰਦਾ । ਕੂੜੀ ਸੇਜਾ ਗਏ ਸੋ, ਸੋਇਆ ਮਾਤ ਨਾ ਕੋਇ ਉਠਾਇੰਦਾ । ਵੇਲੇ ਅੰਤਮ ਪਏ ਰੋ, ਰੋਂਦਿਆਂ ਚੁੱਪ ਨਾ ਕੋਇ ਕਰਾਇੰਦਾ । ਜੋ ਸਤਿਗੁਰ ਸ਼ਬਦ ਸੁਰਤੀ ਜਾਏ ਛੋਹ, ਸ਼ਹਿਨਸ਼ਾਹ ਆਪਣਾ ਮੇਲ ਮਿਲਾਇੰਦਾ । ਸਤਿਗੁਰ ਸ਼ਬਦ ਅੰਮ੍ਰਿਤ ਮੇਘ ਦੇਵੇ ਚੋ, ਨਿਝਰ ਰਸ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸਤਿਗੁਰ ਸ਼ਬਦ ਇਕ ਉਠਾਇੰਦਾ । ਸਤਿਗੁਰ ਸ਼ਬਦ ਇਕ ਉਠਾਵੇਗਾ । ਸਾਚਾ ਨਾਦ ਵਜਾਵੇਗਾ । ਬ੍ਰਹਮ


੭੩੮
੧੩

ਬ੍ਰਹਿਮਾਦ ਸੁਣਾਵੇਗਾ । ਲੋਕ ਪਰਲੋਕ ਹਲਾਵੇਗਾ । ਵਿਸ਼ਨ ਬ੍ਰਹਮਾ ਸ਼ਿਵ ਇਕੋ ਸਲੋਕ ਅਲਾਵੇਗਾ । ਲੱਖ ਚੁਰਾਸੀ ਦੇਵੇ ਝੋਕ, ਝੋਕ ਨਾ ਸ਼ੁਕਰ ਮਨਾਵੇਗਾ । ਜਨ ਭਗਤਾਂ ਤਨ ਨਗਾਰੇ ਲਾਏ ਚੋਟ, ਡੰਕਾ ਨਾਮ ਵਜਾਵੇਗਾ । ਮਨ ਵਾਸਨਾ ਕੱਢੇ ਖੋਟ, ਕੂੜੀ ਕਿਰਿਆ ਮੇਟ ਮਿਟਾਵੇਗਾ । ਜਨਮ ਕਰਮ ਦਾ ਮੇਟੇ ਰੋਗ, ਧੁਰ ਸੰਜੋਗ ਮੇਲ ਮਿਲਾਵੇਗਾ । ਵੇਖਣਹਾਰਾ ਚੌਦਾਂ ਲੋਕ, ਚੌਦਾਂ ਤਬਕਾਂ ਫੋਲ ਫੁਲਾਵੇਗਾ । ਦੇਵਣਹਾਰਾ ਸਾਚੀ ਮੋਖ, ਮੁਫ਼ਤ ਆਪਣਾ ਨਾਮ ਵਰਤਾਵੇਗਾ । ਨਾ ਕੋਈ ਹਰਖ਼ ਨਾ ਕੋਈ ਸੋਗ, ਚਿੰਤਾ ਦੁੱਖ ਸਰਬ ਗਵਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕਲਜੁਗ ਤੇਰੀ ਅੰਤਮ ਵਰ, ਇਕੋ ਸ਼ਬਦ ਗੁਰੂ ਪਰਗਟਾਵੇਗਾ । ਇਕੋ ਸ਼ਬਦ ਸਤਿਗੁਰ ਉਠੇਗਾ । ਦੋ ਜਹਾਨਾਂ ਲੁਟੇਗਾ । ਕੂੜੀ ਕਿਰਿਆ ਜੜ ਪੁੱਟੇਗਾ । ਜਨ ਭਗਤਾਂ ਉਪਰ ਤੁਠੇਗਾ । ਲੋਕਾਇਆ ਕਿਸੇ ਕੋਲੋਂ ਨਾ ਲੁਕੇਗਾ । ਸ਼ੇਰ ਹੋ ਕੇ ਬੁੱਕੇਗਾ । ਸੰਤ ਸੁਹੇਲੇ ਗੋਦੀ ਚੁਕੇਗਾ । ਮਨਮੁਖ ਮੂੜ੍ਹੇ ਸ਼ੌਹ ਦਰਯਾਏ ਸੁੱਟੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਸ਼ਬਦ ਗੁਰ ਗੁਰ ਸ਼ਬਦ ਉਜਲ ਮੁਖ ਰੱਖੇਗਾ ।

### ❇ ੨੮ ਮਾਘ ੨੦੧੯ ਬਿਕ੍ਰਮੀ ਕੇਸ਼ੋ ਰਾਮ ਦੇ ਗ੍ਰਿਹ ਜੰਡੋ ਕੇ ਸਿਰਹਾਲੀ ਜ਼ਿਲਾ ਅੰਮ੍ਰਿਤਸਰ ❇

੭੩੯ ੧੩ ਸਤਿਗੁਰ ਸ਼ਬਦ ਸਾਚੀ ਬਾਣੀ, ਬਾਣ ਇਕ ਲਗਾਇੰਦਾ । ਸਤਿਗੁਰ ਸ਼ਬਦ ਸੱਚਾ ਹਾਣੀ, ਹਾਣੀਆਂ ਮੇਲ ਮਿਲਾਇੰਦਾ । ਸਤਿਗੁਰ ਸ਼ਬਦ ਅਕਥ ਕਹਾਣੀ, ਕਹਿ ਕਹਿ ਆਪ ਸੁਣਾਇੰਦਾ । ਸਤਿਗੁਰ ਸ਼ਬਦ ਧੁਰ ਨਿਸ਼ਾਨੀ, ਸਚ ਨਿਸ਼ਾਨਾ ਇਕ ਜਣਾਇੰਦਾ । ਸਤਿਗੁਰ ਸ਼ਬਦ ਅੰਮ੍ਰਿਤ ਪਾਣੀ, ਮਿੱਠਾ ਠੰਡਾ ਰਸ ਇਕ ਵਖਾਇੰਦਾ । ਸਤਿਗੁਰ ਸ਼ਬਦ ਲੇਖਾ ਜਾਣੇ ਚਾਰੇ ਖਾਣੀ, ਭੇਵ ਅਭੇਦਾ ਆਪ ਜਣਾਇੰਦਾ । ਸਤਿਗੁਰ ਸ਼ਬਦ ਸੇਵਾ ਲਾਏ ਚਾਰੇ ਬਾਣੀ, ਹੁਕਮ ਹਾਕਮ ਇਕ ਸਮਝਾਇੰਦਾ । ਸਤਿਗੁਰ ਸ਼ਬਦ ਸੁਰਤ ਪਰਨਾਏ ਨਿਰਗੁਣ ਰਾਣੀ, ਆਪ ਆਪਣਾ ਬੰਧਨ ਪਾਇੰਦਾ । ਸਤਿਗੁਰ ਸ਼ਬਦ ਘਟ ਘਟ ਹੋਏ ਜਾਣ ਜਾਣੀ, ਗ੍ਰਿਹ ਗ੍ਰਿਹ ਖੋਜ ਖੁਜਾਇੰਦਾ । ਸਤਿਗੁਰ ਸ਼ਬਦ ਖੇਲ ਮਹਾਨੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਇਕੋ ਇਕ ਵਡਿਆਇੰਦਾ । ਸਤਿਗੁਰ ਸ਼ਬਦ ਸੱਚਾ ਰਾਗ, ਰਾਗੀ ਗਾ ਨਾ ਸਕੇ ਰਾਈਆ । ਸਤਿਗੁਰ ਸ਼ਬਦ ਸਚ ਆਵਾਜ਼, ਧੁਰਦਰਗਾਹੀ ਆਪ ਸੁਣਾਈਆ । ਸਤਿਗੁਰ ਸ਼ਬਦ ਸੱਚਾ ਸਮਾਜ, ਕੂੜੀ ਵੰਡ ਨਾ ਕੋਇ ਵੰਡਾਈਆ । ਸਤਿਗੁਰ ਸ਼ਬਦ ਸਚ ਜਹਾਜ਼, ਗੁਰਮੁਖ ਸੱਜਣ ਲਏ ਚੜ੍ਹਾਈਆ । ਸਤਿਗੁਰ ਸ਼ਬਦ ਸਦ ਰੱਖੇ ਲਾਜ, ਸਦਾ ਸਦਾ ਹੋਏ ਸਹਾਈਆ । ਸਤਿਗੁਰ ਸ਼ਬਦ ਸੱਚਾ ਬਾਜ, ਉਡਾਰੀ ਇਕੋ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸ਼ਬਦ ਸਿਫ਼ਤ ਸਾਲਾਹੀਆ । ਸਤਿਗੁਰ ਸ਼ਬਦ ਸਦਾ ਸੁੱਚਾ, ਸੂਖਮ ਰੂਪ ਜਣਾਇੰਦਾ । ਸਤਿਗੁਰ ਸ਼ਬਦ ਸਦਾ ਉਚਾ, ਸਾਚੇ ਘਰ ਸੋਭਾ ਪਾਇੰਦਾ । ਸਤਿਗੁਰ ਸ਼ਬਦ ਸਦਾ ਰੁਝਾ, ਲੱਖ ਚੁਰਾਸੀ ਅੰਦਰ ਸੇਵ ਕਮਾਇੰਦਾ । ਸਤਿਗੁਰ ਸ਼ਬਦ ਗੁਰਮੁਖ ਵਿਰਲੇ ਬੁਝਾ, ਜਿਸ ਆਪਣਾ ਭੇਵ ਖੁਲ੍ਹਾਇੰਦਾ । ਸਤਿਗੁਰ ਸ਼ਬਦ ਗੁਰਸਿਖ ਸੱਜਣ ਸੁਝਾ, ਜਿਸ ਆਪਣਾ ਪੜਦਾ ਲਾਹਿੰਦਾ । ਸਤਿਗੁਰ ਸ਼ਬਦ ਭੇਵ ਖੁਲ੍ਹਾਏ ਗੁੱਝਾ, ਕੂੜੀ ਕਿਰਿਆ ਮੇਟ ਮਿਟਾਇੰਦਾ । ਸਤਿਗੁਰ ਸ਼ਬਦ ਸੰਤ ਸੁਹੇਲੇ ਸੁਝਾ, ਸੋਝੀ ੭੩੯ ੧੩

ਇਕੋ ਇਕ ਵਖਾਇੰਦਾ । ਸਤਿਗੁਰ ਸ਼ਬਦ ਲੇਖਾ ਜਾਣੇ ਜੁਗ ਜੁਗਾ, ਜੁਗੰਤਰ ਆਪਣਾ ਰਾਹ ਜਣਾਇੰਦਾ । ਸਤਿਗੁਰ ਸ਼ਬਦ ਕਦੇ ਨਾ ਮੁੱਕਾ, ਅਤੋਟ ਅਤੁਟ ਵਰਤਾਇੰਦਾ । ਸਤਿਗੁਰ ਸ਼ਬਦ ਕਦੇ ਨਾ ਰੁੱਖਾ, ਨਾਮ ਵਸਤੂ ਨਾਲ ਰਲਾਇੰਦਾ । ਸਤਿਗੁਰ ਸ਼ਬਦ ਕਦੇ ਨਾ ਭੁੱਖਾ, ਭੁੱਖਿਆਂ ਭੁੱਖ ਮਿਟਾਇੰਦਾ । ਸਤਿਗੁਰ ਸ਼ਬਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਨਾਲ ਮਿਲਾਇੰਦਾ । ਸਤਿਗੁਰ ਸ਼ਬਦ ਸਦਾ ਸੋਹਣਾ, ਸੁਹੰਜਣਾ ਆਪਣੇ ਵਿਚ ਸਮਾਈਆ । ਸਤਿਗੁਰ ਸ਼ਬਦ ਸਦਾ ਮੋਹਣਾ, ਮੋਹਣੀ ਰੂਪ ਵਟਾਈਆ । ਸਤਿਗੁਰ ਸ਼ਬਦ ਸਦਾ ਅਨਹੋਣਾ, ਅਣਹੁੰਦੀ ਕਾਰ ਕਮਾਈਆ । ਸਤਿਗੁਰ ਸ਼ਬਦ ਸਦਾ ਗੌਣਾ, ਗਾ ਗਾ ਸ਼ੁਕਰ ਮਨਾਈਆ । ਸਤਿਗੁਰ ਸ਼ਬਦ ਗੁਰਮੁਖ ਸੱਚੇ ਪੌਣਾ, ਪਰੇਮ ਪਰੀਤੀ ਇਕ ਵਧਾਈਆ । ਸਤਿਗੁਰ ਸ਼ਬਦ ਜਨ ਹਿਰਦੇ ਇਕ ਵਸੌਣਾ, ਇਕ ਧਿਆਨ ਲਗਾਈਆ । ਸਤਿਗੁਰ ਸ਼ਬਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਤਾਲ ਵਜਾਈਆ । ਸਤਿਗੁਰ ਸ਼ਬਦ ਤਾਲ ਤਲਵਾੜਾ, ਨਜ਼ਰ ਕਿਸੇ ਨਾ ਆਇੰਦਾ । ਸਤਿਗੁਰ ਸ਼ਬਦ ਲੇਖਾ ਜਾਣੇ ਬਹੱਤਰ ਨਾੜਾ, ਤੰਦੀ ਤੰਦੀ ਰਬਾਬ ਜਣਾਇੰਦਾ । ਸਤਿਗੁਰ ਸ਼ਬਦ ਕਾਇਆ ਪਰਭਾਸ ਵੇਖਣਹਾਰ ਅਖਾੜਾ, ਡੂੰਘੀ ਕੰਦਰ ਸੋਭਾ ਪਾਇੰਦਾ । ਸਤਿਗੁਰ ਸ਼ਬਦ ਹੋਏ ਸਹਾਈ ਜੰਗਲ ਜੂਹ ਉਜਾੜ ਪਹਾੜਾ, ਡੂੰਘੇ ਸਾਗਰ ਸਿਰ ਆਪਣਾ ਹੱਥ ਟਿਕਾਇੰਦਾ । ਸਤਿਗੁਰ ਸ਼ਬਦ ਕਰੇ ਕਰਾਏ ਸਾਚੀ ਕਾਰਾ, ਕਿਰਤੀ ਆਪਣੀ ਕਿਰਤ ਕਮਾਇੰਦਾ । ਸਤਿਗੁਰ ਸ਼ਬਦ ਸਰਬ ਜੀਆਂ ਦਾ ਇਕੋ ਨਾਅਰਾ, ਅੱਖਰ ਵੰਡ ਨਾ ਕੋਇ ਵੰਡਾਇੰਦਾ । ਸਤਿਗੁਰ ਸ਼ਬਦ ਸੱਚਾ ਨਗਾਰਾ, ਨਿਗਹਬਾਨ ਆਪ ਵਜਾਇੰਦਾ । ਸਤਿਗੁਰ ਸ਼ਬਦ ਸਚ ਹੁਲਾਰਾ, ਦੋ ਜਹਾਨਾਂ ਆਪ ਵਖਾਇੰਦਾ । ਸਤਿਗੁਰ ਸ਼ਬਦ ਸਦਾ ਪਿਆਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪਰਮ ਪੁਰਖ ਮੇਲ ਮਿਲਾਇੰਦਾ । ਸਤਿਗੁਰ ਸ਼ਬਦ ਸਾਚੀ ਰੰਗਤ, ਇਕੋ ਰੰਗ ਵਖਾਈਆ । ਸਤਿਗੁਰ ਸ਼ਬਦ ਨਾਤਾ ਤੋੜੇ ਭੁੱਖ ਨੰਗਤ, ਭੁੱਖਿਆਂ ਭੁੱਖ ਮਿਟਾਈਆ । ਸਤਿਗੁਰ ਸ਼ਬਦ ਗੜ੍ਹ ਤੋੜੇ ਹਉਮੇਂ ਹੰਗਤ, ਹੰ ਬ੍ਰਹਮ ਇਕ ਦਰਸਾਈਆ । ਸਤਿਗੁਰ ਸ਼ਬਦ ਹਰਿਜਨ ਲਾਏ ਅੰਗ ਅੰਗਦ, ਅੰਗੀਕਾਰ ਇਕ ਕਰਾਈਆ । ਸਤਿਗੁਰ ਸ਼ਬਦ ਦੂਜੇ ਦਰ ਨਾ ਜਾਏ ਮੰਗਤ, ਮੰਗਤਾ ਰੂਪ ਨਾ ਕੋਇ ਵਖਾਈਆ । ਸਤਿਗੁਰ ਸ਼ਬਦ ਬੋਧ ਅਗਾਧਾ ਪੰਡਤ, ਜੀਵ ਜੰਤ ਸਰਬ ਪੜ੍ਹਾਈਆ । ਸਤਿਗੁਰ ਸ਼ਬਦ ਸਦਾ ਅਖੰਡਤ, ਖੰਡ ਖੰਡ ਨਾ ਕੋਇ ਕਰਾਈਆ । ਸਤਿਗੁਰ ਸ਼ਬਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਜਣਾਈਆ । ਸਤਿਗੁਰ ਸ਼ਬਦ ਗਹਿਰ ਗੰਭੀਰਾ, ਗਵਰ ਆਪਣੀ ਖੇਲ ਕਰਾਇੰਦਾ । ਸਤਿਗੁਰ ਸ਼ਬਦ ਮਾਣ ਦਵਾਏ ਕਬੀਰਾ, ਜੋਲਾਹਾ ਆਪਣੇ ਘਾਟ ਵਖਾਇੰਦਾ । ਸਤਿਗੁਰ ਸ਼ਬਦ ਲੇਖੇ ਲਾਏ ਕਸੀਰਾ, ਰਵਦਾਸ ਚੁਮਾਰ ਆਪ ਵਡਿਆਇੰਦਾ । ਸਤਿਗੁਰ ਸ਼ਬਦ ਕੱਟੇ ਜ਼ੰਜੀਰਾ, ਜਮ ਕੀ ਫਾਸੀ ਤੋੜ ਤੁੜਾਇੰਦਾ । ਸਤਿਗੁਰ ਸ਼ਬਦ ਜ਼ਾਹਰ ਪੀਰਾ, ਨੂਰ ਨੂਰਾਨਾ ਨਜ਼ਰੀ ਆਇੰਦਾ । ਸਤਿਗੁਰ ਸ਼ਬਦ ਚੋਟੀ ਚੜ੍ਹੇ ਅਖ਼ੀਰਾ, ਮੰਜ਼ਲ ਆਪਣੀ ਇਕ ਦਰਸਾਇੰਦਾ । ਸਤਿਗੁਰ ਸ਼ਬਦ ਬੇਨਜ਼ੀਰਾ, ਨਜ਼ਰ ਸਭ ਦੀ ਆਪ ਬਦਲਾਇੰਦਾ । ਸਤਿਗੁਰ ਸ਼ਬਦ ਬਦਲਣਹਾਰਾ ਤਕਦੀਰਾ, ਰੇਖ ਭੇਖ ਆਪ ਜਣਾਇੰਦਾ । ਸਤਿਗੁਰ ਸ਼ਬਦ ਦੇਵਣਹਾਰਾ ਠਾਂਡਾ ਸੀਰਾ, ਸੀਰ ਅੰਮ੍ਰਿਤ ਰੂਪ ਵਟਾਇੰਦਾ । ਸਤਿਗੁਰ ਸ਼ਬਦ ਕੱਟਣਹਾਰਾ ਭੀੜਾ, ਔਝੜ ਰਾਹ ਨਾ ਕੋਇ ਪਾਇੰਦਾ । ਸਤਿਗੁਰ ਸ਼ਬਦ ਚੁੱਕਣਹਾਰਾ ਬੀੜਾ, ਬੇੜਾ ਆਪਣੇ ਕੰਧ ਉਠਾਇੰਦਾ । ਸਤਿਗੁਰ ਸ਼ਬਦ ਸੋਹਣਾ ਸੁੱਚਾ ਨਗ ਨਗੀਨਾ ਹੀਰਾ, ਜੜਤ ਆਪਣੇ ਵਿਚ ਰਖਾਇੰਦਾ । ਸਤਿਗੁਰ ਸ਼ਬਦ ਸਦਾ

ਸਦਾ ਇਕੋ ਚੀਰਾ, ਜਨ ਭਗਤਾਂ ਸਿਰ ਬੰਧਾਇੰਦਾ । ਸਤਿਗੁਰ ਸ਼ਬਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਹੁਕਮ ਚਲਾਇੰਦਾ । ਸਤਿਗੁਰ ਸ਼ਬਦ ਹੁਕਮ ਹਾਕਮ ਇਕੋ ਇਕ ਜਣਾਈਆ । ਸਤਿਗੁਰ ਸ਼ਬਦ ਬ੍ਰਹਮ ਆਤਮ, ਪਰਮਾਤਮ ਮੇਲ ਮਿਲਾਈਆ । ਸਤਿਗੁਰ ਸ਼ਬਦ ਉਤਮ ਜ਼ਾਤਮ, ਜੀਵ ਜੰਤ ਜੁਗਤ ਜਣਾਈਆ । ਸਤਿਗੁਰ ਸ਼ਬਦ ਇਕੋ ਰਾਹ ਜਣਾਏ ਧਰਮ ਸਨਾਤਨ, ਸਤਿ ਸਤਿ ਇਕ ਦ੍ਰਿੜਾਈਆ । ਸਤਿਗੁਰ ਸ਼ਬਦ ਖੇਲ ਕਰੇ ਬਾਤਨ, ਬੇਪਰਵਾਹ ਬੇਪਰਵਾਹੀਆ । ਸਤਿਗੁਰ ਸ਼ਬਦ ਮੇਲ ਮਿਲਾਏ ਪੁਰਖ ਅਬਿਨਾਸ਼ਨ, ਅਬਿਨਾਸ਼ੀ ਰੰਗ ਰੰਗਾਈਆ । ਸਤਿਗੁਰ ਸ਼ਬਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਪ੍ਰਿਥਮੀ ਆਕਾਸ਼ਨ ਦਏ ਵਡਿਆਈਆ । ਸਤਿਗੁਰ ਸ਼ਬਦ ਸਾਚਾ ਸੋਹਲਾ, ਸਤਿ ਸਤਿਵਾਦੀ ਆਪ ਜਣਾਇੰਦਾ । ਸਤਿਗੁਰ ਸ਼ਬਦ ਚੁਕਾਏ ਪੜਦਾ ਉਹਲਾ, ਦਵੈਤੀ ਰੂਪ ਨਾ ਕੋਇ ਵਖਾਇੰਦਾ । ਸਤਿਗੁਰ ਸ਼ਬਦ ਚੁੱਕੇ ਅੰਤਮ ਡੋਲਾ, ਡੋਲੀ ਆਪਣੇ ਕੰਧ ਉਠਾਇੰਦਾ । ਸਤਿਗੁਰ ਸ਼ਬਦ ਬਣ ਵਿਚੋਲਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਦੋਹਾਂ ਘਰ ਫੇਰਾ ਪਾਇੰਦਾ । ਸਤਿਗੁਰ ਸ਼ਬਦ ਜੁਗ ਜੁਗ ਪਾਏ ਰੌਲਾ, ਭਗਤਾਂ ਆਪ ਜਗਾਇੰਦਾ । ਸਤਿਗੁਰ ਸ਼ਬਦ ਜੁਗ ਜੁਗ ਖੇਲੇ ਹੋਲਾ, ਰੱਤੀ ਰੱਤ ਨਾਲ ਰੰਗਾਇੰਦਾ । ਸਤਿਗੁਰ ਸ਼ਬਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਝਕੋਲਾ ਇਕ ਜਣਾਇੰਦਾ । ਸਤਿਗੁਰ ਸ਼ਬਦ ਸਦਾ ਗੱਭਰੂ, ਬਲ ਆਪਣਾ ਆਪ ਰਖਾਈਆ । ਸਤਿਗੁਰ ਸ਼ਬਦ ਸਦਾ ਵਜਾਏ ਡੱਬਰੂ, ਡੰਕਾ ਆਪਣੇ ਹੱਥ ਰਖਾਈਆ । ਸਤਿਗੁਰ ਸ਼ਬਦ ਅੰਗਦ ਕਮਾਇਆ ਅਮਰੂ, ਰਾਮਦਾਸ ਮਿਲੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸ਼ਬਦ ਸ਼ਬਦ ਸ਼ਨਵਾਈਆ । ਸਤਿਗੁਰ ਸ਼ਬਦ ਸਾਚੀ ਗ਼ਰਜ਼ਨ, ਗਰਜ ਇਕੋ ਇਕ ਜਣਾਇੰਦਾ । ਸਤਿਗੁਰ ਸ਼ਬਦ ਪਾਇਆ ਗੁਰ ਅਰਜਨ, ਦੋਏ ਜੋੜ ਅਰਜ਼ ਵਾਸਤਾ ਪਾਇੰਦਾ । ਸਤਿਗੁਰ ਸ਼ਬਦ ਪੂਰਾ ਕਰੇ ਫ਼ਰਜ਼ਨ, ਗ੍ਰੰਥ ਪੰਥ ਰਾਹ ਚਲਾਇੰਦਾ । ਸਤਿਗੁਰ ਸ਼ਬਦ ਜੁਗ ਜੁਗ ਕੂੜੀ ਕਿਰਿਆ ਆਏ ਵਰਜਣ, ਸਚ ਸੱਚਾ ਰਾਹ ਜਣਾਇੰਦਾ । ਸਤਿਗੁਰ ਸ਼ਬਦ ਹਉਮੇਂ ਹੰਗਤਾ ਮੇਟੇ ਮਰਜ਼ਨ, ਮਰੀਜ਼ ਗੁਰਮੁਖ ਆਪ ਬਚਾਇੰਦਾ । ਸਤਿਗੁਰ ਸ਼ਬਦ ਜੁਗ ਜੁਗ ਦਾ ਲਾਹੇ ਕਰਜ਼ਨ, ਮਕਰੂਜ਼ ਆਪਣੀ ਦਇਆ ਕਮਾਇੰਦਾ । ਸਤਿਗੁਰ ਸ਼ਬਦ ਕੋਈ ਹੋਣ ਨਾ ਦੇਵੇ ਹਰਜਨ, ਹਾਜਤ ਭਗਤਾਂ ਪੂਰ ਕਰਾਇੰਦਾ । ਸਤਿਗੁਰ ਸ਼ਬਦ ਮੇਲ ਮਿਲਾਏ ਆਦਿ ਨਿਰੰਜਣ, ਨਰ ਨਰਾਇਣ ਗਲੇ ਲਗਾਇੰਦਾ । ਸਤਿਗੁਰ ਸ਼ਬਦ ਸਦਾ ਦਰਦ ਦੁੱਖ ਭੈ ਭੰਜਨ, ਭਵ ਸਾਗਰ ਪਾਰ ਕਰਾਇੰਦਾ । ਸਤਿਗੁਰ ਸ਼ਬਦ ਇਕੋ ਨੇਤਰ ਅੰਜਣ, ਅਗਿਆਨ ਅੰਧੇਰ ਚੁਕਾਇੰਦਾ । ਸਤਿਗੁਰ ਸ਼ਬਦ ਕਾਇਆ ਮਾਟੀ ਕਰੇ ਕੰਚਨ, ਕੰਚਨ ਪਾਰਸ ਨਾਲ ਛੁਹਾਇੰਦਾ । ਸਤਿਗੁਰ ਸ਼ਬਦ ਹਰਿ ਕਾ ਬਚਨ, ਭਗਵੰਤ ਭਗਤ ਬੱਚਿਆਂ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸ਼ਬਦ ਆਪ ਸਾਲਾਹਿੰਦਾ । ਸਤਿਗੁਰ ਸ਼ਬਦ ਸਦਾ ਸਦ ਨੀਵਾਂ, ਨੀਚੋਂ ਨੀਚ ਨੀਚ ਅਖਵਾਈਆ । ਸਤਿਗੁਰ ਸ਼ਬਦ ਹਰ ਘਟ ਵਸੇ ਜੀਵਾਂ, ਜੀਵ ਜੀਵ ਕਰੇ ਕੁੜਮਾਈਆ । ਸਤਿਗੁਰ ਸ਼ਬਦ ਨਾਤਾ ਤੁੜਾਏ ਸਾਢੇ ਤਿੰਨ ਹੱਥ ਸੀਵਾਂ, ਤ੍ਰੈ ਤ੍ਰੈ ਅਗਨ ਨਾ ਲਾਗੇ ਰਾਈਆ । ਸਤਿਗੁਰ ਸ਼ਬਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਇਕੋ ਘਰ ਵਖਾਈਆ । ਸਤਿਗੁਰ ਸ਼ਬਦ ਇਕ ਦਰਵਾਜ਼ਾ, ਘਰ ਸੱਚਾ ਸਚ ਦ੍ਰਿੜਾਇੰਦਾ । ਸਤਿਗੁਰ ਸ਼ਬਦ ਗ਼ਰੀਬ ਨਿਵਾਜ਼ਾ, ਗ਼ਰੀਬ ਨਿਮਾਣੇ ਗਲੇ ਲਗਾਇੰਦਾ । ਸਤਿਗੁਰ

੭੪੧ ੧੩

ਸ਼ਬਦ ਗੁਰਸਿਖ ਕਹੇ ਆ ਜਾ, ਸੱਦਾ ਨਾਮ ਇਕ ਜਣਾਇੰਦਾ । ਸਤਿਗੁਰ ਸ਼ਬਦ ਫਿਰੇ ਭਾਜਾ, ਅੰਦਰ ਬਾਹਰ ਖੋਜ ਖੁਜਾਇੰਦਾ । ਸਤਿਗੁਰ ਸ਼ਬਦ ਬਣ ਰਾਜਨ ਰਾਜਾ, ਗ੍ਰਿਹਿ ਸਾਚਾ ਹੁਕਮ ਮਨਾਇੰਦਾ । ਸਤਿਗੁਰ ਸ਼ਬਦ ਅਗੰਮੀ ਵਾਜਾ, ਸੁਰ ਤਾਲ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸ਼ਬਦ ਇਕ ਰਖਾਇੰਦਾ । ਸਾਚਾ ਸ਼ਬਦ ਸੁਣਾਵਾਂਗਾ । ਅਗੰਮੀ ਰਾਗ ਅਲਾਵਾਂਗਾ । ਸਾਰੰਗ ਸਾਰੰਗਾ ਨਾ ਕੋਈ ਵਖਾਵਾਂਗਾ । ਅਨਰੰਗਾ ਰੰਗ ਚੜ੍ਹਾਵਾਂਗਾ । ਮਰਦੰਗਾ ਇਕ ਵਜਾਵਾਂਗਾ । ਸੁਰਤੀ ਸੋਈ ਆਪ ਉਠਾਵਾਂਗਾ । ਅਕਾਲ ਮੂਰਤੀ ਨਜ਼ਰੀ ਆਵਾਂਗਾ । ਤੁਰਤੀ ਨਾਦ ਇਕ ਅਲਾਵਾਂਗਾ । ਆਸਾ ਪੂਰਤੀ ਪੂਰੀ ਆਸ ਕਰਾਵਾਂਗਾ । ਬਣ ਜਵਾਨ ਲੰਘਾਂ ਮੂਹਰ ਦੀ, ਮੁਖ ਆਪਣਾ ਆਪ ਦਿਖਲਾਵਾਂਗਾ । ਇਹ ਗੱਲ ਨਹੀਂ ਕੋਈ ਗ਼ਰੂਰ ਦੀ, ਗੁਰ ਗ਼ੁਰਬਤ ਸਭ ਦੀ ਮੇਟ ਮਿਟਾਵਾਂਗਾ । ਇਹ ਖੇਲ ਹਾਜ਼ਰ ਹਜ਼ੂਰ ਦੀ, ਜੋ ਕਰਨੀ ਕਰ ਵਖਾਵਾਂਗਾ । ਖੇਲ ਚੁੱਕੇ ਨੇੜ ਦੂਰ ਦੀ, ਤੁਰਤ ਗੁਰਮੁਖ ਆਪਣੀ ਗੋਦ ਬਹਾਵਾਂਗਾ । ਕਹਾਣੀ ਅਕਥ ਭਰਪੂਰ ਦੀ, ਭਰਮ ਸਭ ਦੇ ਮੇਟ ਮਿਟਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਨਾਦ ਵਜਾਵਾਂਗਾ । ਇਕੋ ਨਾਦ ਵੱਜੇਗਾ । ਕੂੜ ਕੂੜਿਆਰਾ ਭੱਜੇਗਾ । ਕਾਲ ਕਲੰਦਰ ਨੱਚੇਗਾ । ਗੁਰਮੁਖ ਵਿਰਲਾ ਬਚੇਗਾ । ਜਿਸ ਆਪਣਾ ਮਾਰਗ ਦੱਸੇਗਾ । ਘਰ ਮੰਦਰ ਬਹਿ ਬਹਿ ਹੱਸੇਗਾ । ਹਰਿ ਸਰਨ ਸਰਨਾਈ ਵਸੇਗਾ । ਅੰਮ੍ਰਿਤ ਰਸ ਚੱਖੇਗਾ । ਪ੍ਰਭ ਸਰਨੀ ਆ ਕੇ ਢੱਠੇਗਾ । ਲਹਿਣਾ ਚੁਕੇ ਪੱਥਰ ਵੱਟੇ ਦਾ । ਲੇਖਾ ਜਾਣੇ ਕੱਟੇ ਵੱਛੇ ਦਾ । ਜੱਟ ਹੋ ਕੇ ਜੱਟ ਰੱਖੇਗਾ । ਫੱਟ ਹੋ ਕੇ ਫੱਟ ਵੱਜੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਦੱਸੇਗਾ । ਏਕਾ ਨਾਮ ਦਸਾਏਗਾ । ਚਾਰ ਵਰਨ ਸਮਝਾਏਗਾ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਮੇਲ ਮਿਲਾਏਗਾ । ਆਤਮ ਬ੍ਰਹਮ ਸਰਬ ਵਖਾਏਗਾ । ਕਰਮ ਕਾਂਡ ਮਿਟਾਏਗਾ । ਆਂਢ ਗਵਾਂਢ ਉਠਾਏਗਾ । ਆਪਣਾ ਸਾਰੰਗ ਵਖਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਜੀਵ ਜੰਤ ਇਕੋ ਰਾਹੇ ਲਾਏਗਾ । ਇਕੋ ਰਾਹ ਲੱਗੇਗਾ । ਦੀਪਕ ਜੋਤੀ ਇਕੋ ਜਗੇਗਾ । ਹੋਵੇ ਖੇਲ ਸੂਰੇ ਸਰਬੱਗੇ ਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਦੋ ਜਹਾਨ, ਸਤਿਗੁਰ ਸ਼ਬਦ ਸ਼ਬਦ ਗੁਰ ਸਤਿਗੁਰ ਗੁਰ ਸਤਿਗੁਰ ਸ਼ਬਦ ਗਜੇਗਾ । ਸਤਿਗੁਰ ਸ਼ਬਦ ਗੂੰਜੇਗਾ । ਜਨ ਭਗਤਾਂ ਅੱਥਰੂ ਪੂੰਝੇਗਾ । ਕੂੜੀ ਕਿਰਿਆ ਕਿਰਕਟ ਹੂੰਝੇਗਾ । ਸਚ ਪ੍ਰੀਤੀ ਕਰ ਕੇ ਝੂਝੇਗਾ । ਲੱਖ ਚੁਰਾਸੀ ਵਿਚੋਂ ਆਪਣੇ ਭਗਤ ਆਪੇ ਬੂਝੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਲੇਖਾ ਚੁਕਾਏ ਏਕਾ ਦੂਜੇ ਦਾ ।

❇ ੨੮ ਮਾਘ ੨੦੧੯ ਬਿਕ੍ਰਮੀ ਸੋਹਣ ਸਿੰਘ ਦੇ ਗ੍ਰਿਹਿ ਤਰਨ ਤਾਰਨ ਜ਼ਿਲਾ ਅੰਮ੍ਰਿਤਸਰ ❇

ਸੋ ਪੁਰਖ ਨਿਰੰਜਣ ਸ਼ਾਹ ਸੁਲਤਾਨ, ਸਤਿ ਸਤਿ ਧਾਰ ਚਲਾਇੰਦਾ । ਹਰਿ ਪੁਰਖ ਨਿਰੰਜਣ ਮਿਹਰਵਾਨ, ਮਿਹਰ ਨਜ਼ਰ ਇਕ ਉਠਾਇੰਦਾ । ਏਕੰਕਾਰਾ ਨੌਜਵਾਨ, ਰੂਪ ਰੰਗ ਰੇਖ ਨਾ ਕੋਇ ਦਰਸਾਇੰਦਾ । ਆਦਿ ਨਿਰੰਜਣ ਨੂਰ ਮਹਾਨ, ਜੋਤੀ ਜੋਤ ਡਗਮਗਾਇੰਦਾ । ਅਬਿਨਾਸ਼ੀ ਕਰਤਾ

ਖੇਲ ਮਹਾਨ, ਨਿਰਵੈਰ ਪੁਰਖ ਆਪ ਕਰਾਇੰਦਾ । ਸ੍ਰੀ ਭਗਵਾਨ ਸਤਿ ਨਿਸ਼ਾਨ, ਸਤਿ ਪੁਰਖ ਨਿਰੰਜਣ ਆਪ ਝੁਲਾਇੰਦਾ । ਪਾਰਬ੍ਰਹਮ ਪ੍ਰਭ ਕਰ ਪਰਧਾਨ, ਸਚ ਪਰਧਾਨਗੀ ਇਕ ਜਣਾਇੰਦਾ । ਸ਼ਾਹੋ ਭੂਪ ਬਣ ਰਾਜਾਨ, ਸ਼ਹਿਨਸ਼ਾਹ ਆਪਣੀ ਕਲ ਰਖਾਇੰਦਾ । ਜੋਧਾ ਸੂਰ ਬਲੀ ਬਲਵਾਨ, ਬਲ ਆਪਣਾ ਆਪ ਪਰਗਟਾਇੰਦਾ । ਰਾਜਨ ਰਾਜ ਹੁਕਮਰਾਨ, ਹਾਕਮ ਇਕੋ ਇਕ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਆਪਣਾ ਵੇਸ ਵਟਾਇੰਦਾ । ਆਦਿ ਪੁਰਖ ਹਰਿ ਵੇਸ ਅਵੱਲਾ, ਏਕਾ ਏਕ ਵੱਡੀ ਵਡਿਆਈਆ । ਵਸਣਹਾਰਾ ਸਚ ਮਹੱਲਾ, ਮੁਕਾਮੇ ਹੱਕ ਸੋਭਾ ਪਾਈਆ । ਜੋਤੀ ਨੂਰ ਇਲਾਹੀ ਅੱਲਾ, ਜਲਵਾ ਨੂਰ ਨੂਰ ਪਰਗਟਾਈਆ । ਆਪਣੇ ਦੀਪਕ ਆਪੇ ਬਲਾ, ਪਰਕਾਸ਼ ਪਰਕਾਸ਼ ਵਿਚ ਜਣਾਈਆ । ਵਸਣਹਾਰਾ ਨਿਹਚਲ ਧਾਮ ਅਟੱਲਾ, ਉਚ ਮਹੱਲ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਮਾਈਆ । ਆਪਣੀ ਕਰਨੀ ਕਰੇ ਭਗਵਾਨ, ਭੇਵ ਅਭੇਦ ਕੋਇ ਨਾ ਪਾਇੰਦਾ । ਤਖ਼ਤ ਨਿਵਾਸੀ ਨੌਜਵਾਨ, ਸਾਚੇ ਤਖ਼ਤ ਸੋਭਾ ਪਾਇੰਦਾ । ਭੂਪਤ ਭੂਪ ਰਾਜ ਰਾਜਾਨ, ਸ਼ਹਿਨਸ਼ਾਹ ਆਪਣਾ ਹੁਕਮ ਮਨਾਇੰਦਾ । ਦੇਵਣਹਾਰਾ ਸਚ ਫ਼ਰਮਾਨ, ਧੁਰ ਫ਼ਰਮਾਨਾ ਆਪ ਅਲਾਇੰਦਾ । ਆਪਣੀ ਇਛਿਆ ਕਰ ਬਲਵਾਨ, ਸਾਚੀ ਭਿਛਿਆ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪਣੇ ਹੱਥ ਰਖਾਇੰਦਾ । ਆਪਣੀ ਕਰਨੀ ਰੱਖੇ ਹੱਥ, ਵਡ ਦਾਤਾ ਵਡ ਵਡਿਆਈਆ । ਨਿਰਗੁਣ ਜੋਤ ਕਰ ਪਰਗਟ, ਪਰਗਟ ਆਪਣਾ ਖੇਲ ਵਖਾਈਆ । ਕਰੇ ਖੇਲ ਪੁਰਖ ਸਮਰਥ, ਸਮਰਥ ਆਪਣਾ ਨਾਉਂ ਜਣਾਈਆ । ਸਚਖੰਡ ਦਵਾਰੇ ਸਾਚੇ ਵਸ, ਬੰਕ ਦਵਾਰਾ ਇਕ ਵਖਾਈਆ । ਨਾਉਂ ਨਿਰੰਕਾਰਾ ਬੋਲ ਅਲੱਖ, ਅਲਖ ਇਕੋ ਇਕ ਜਣਾਈਆ । ਨਿਰਵੈਰ ਪੁਰਖ ਹੋ ਪਰਤੱਖ, ਅਜੂਨੀ ਰਹਿਤ ਮੂਰਤ ਅਕਾਲ ਅਕਲ ਕਲ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣੀ ਬਣਤ ਆਪ ਬਣਾਈਆ । ਆਪਣੀ ਬਣਾਏ ਆਪੇ ਬਣਤ, ਭੇਵ ਅਭੇਦ ਕੋਇ ਨਾ ਪਾਇੰਦਾ । ਆਪੇ ਆਦਿ ਆਪੇ ਅੰਤ, ਅੰਤ ਆਦਿ ਆਪਣੇ ਹੱਥ ਰਖਾਇੰਦਾ । ਆਪੇ ਨੂਰ ਜੋਤ ਭਗਵੰਤ, ਨੂਰ ਨੁਰਾਨਾ ਪੜਦਾ ਲਾਹਿੰਦਾ । ਆਪੇ ਖੇਲ ਕਰੇ ਸ੍ਰੀ ਭਗਵੰਤ, ਭਗਵਨ ਆਪਣਾ ਰਾਹ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਖੁਲ੍ਹਾਇੰਦਾ । ਸਾਚਾ ਭੇਵ ਹਰਿ ਨਿਰੰਕਾਰਾ, ਆਦਿ ਪੁਰਖ ਖੁਲ੍ਹਾਈਆ । ਸਚਖੰਡ ਨਿਵਾਸੀ ਹੋ ਤਿਆਰਾ, ਮਾਰਗ ਇਕੋ ਇਕ ਜਣਾਈਆ । ਮੁਕਾਮੇ ਹੱਕ ਕਰ ਪਸਾਰਾ, ਲਾਸ਼ਰੀਕ ਨੂਰ ਧਰਾਈਆ । ਮਹੱਲ ਅਟੱਲ ਇਕ ਮੁਨਾਰਾ, ਮਹਿਫਲ ਆਪਣੀ ਇਕੋ ਲਾਈਆ । ਕਰੇ ਖੇਲ ਪਰਵਰਦਿਗਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਆਸਾ ਆਪ ਪਰਗਟਾਈਆ । ਆਪਣੀ ਆਸਾ ਆਪੇ ਰੱਖ, ਹਰਿ ਆਪਣਾ ਖੇਲ ਕਰਾਇੰਦਾ । ਆਪਣੇ ਗ੍ਰਿਹਿ ਹੋ ਪਰਤੱਖ, ਆਪਣਾ ਪੜਦਾ ਲਾਹਿੰਦਾ । ਆਪਣੇ ਮੰਦਰ ਦੇਵੇ ਸਾਥ, ਸਗਲਾ ਸੰਗ ਨਿਭਾਇੰਦਾ । ਆਪ ਚਲਾਏ ਆਪਣਾ ਰਾਥ, ਰਥ ਰਥਵਾਹੀ ਸੇਵ ਕਮਾਇੰਦਾ । ਆਪੇ ਜਾਣੇ ਆਪਣੀ ਜ਼ਾਤ, ਦੂਸਰ ਵੰਡ ਨਾ ਕੋਇ ਵੰਡਾਇੰਦਾ । ਆਪੇ ਖੇਲਣਹਾਰਾ ਖੇਲ ਤਮਾਸ਼, ਸਾਚੀ ਮੰਡਲ ਰਾਸ ਰਚਾਇੰਦਾ । ਆਪੇ ਹੋਏ ਪੁਰਖ ਅਬਿਨਾਸ਼, ਅਬਿਨਾਸ਼ੀ ਆਪਣਾ ਰਾਹ ਜਣਾਇੰਦਾ । ਆਪੇ ਸ਼ਹਿਨਸ਼ਾਹ ਸ਼ਾਹੋ ਸ਼ਾਬਾਸ਼, ਸ਼ਾਹ ਸੁਲਤਾਨ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

੭੪੩
੧੩

ਆਦਿ ਪੁਰਖ ਆਪਣੀ ਕਰਨੀ ਆਪ ਸਮਝਾਇੰਦਾ । ਆਪੇ ਸ਼ਾਹ ਆਪੇ ਸੁਲਤਾਨਾ, ਸ਼ਹਿਨਸ਼ਾਹ ਆਪਣਾ ਨਾਉਂ ਰਖਾਈਆ । ਆਪੇ ਮਰਦ ਆਪ ਮਰਦਾਨਾ, ਸਚ ਮਰਦਾਨਗੀ ਆਪ ਕਮਾਈਆ । ਆਪੇ ਤੀਰ ਆਪ ਨਿਸ਼ਾਨਾ, ਅਣਿਆਲਾ ਆਪਣਾ ਆਪ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੜਦਾ ਦਏ ਉਠਾਈਆ । ਆਪਣਾ ਪੜਦਾ ਦੇਵੇ ਚੁੱਕ, ਸੋ ਪੁਰਖ ਨਿਰੰਜਣ ਭੇਵ ਖੁਲ੍ਹਾਇੰਦਾ । ਨਿਰਗੁਣ ਧਾਰੋਂ ਆਪੇ ਉਠ, ਨਿਰਗੁਣ ਏਕਾ ਨਾਉਂ ਜਣਾਇੰਦਾ । ਆਪੇ ਚੜ੍ਹ ਕੇ ਆਪਣੀ ਚੋਟ, ਚੋਟੀ ਇਕੋ ਇਕ ਵਖਾਇੰਦਾ । ਆਪ ਵਸਾਏ ਸਾਚਾ ਕੋਟ, ਕਿਲਾ ਬੰਕ ਨਾਮ ਵਡਿਆਇੰਦਾ । ਆਪੇ ਕਰ ਪਰਕਾਸ਼ ਨਿਰਮਲ ਜੋਤ, ਨੂਰ ਨੂਰਾਨਾ ਨੂਰ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਵਖਾਇੰਦਾ । ਆਪਣਾ ਖੇਲ ਹਰਿ ਜਗਦੀਸ, ਏਕਾ ਏਕ ਜਣਾਈਆ । ਏਕਾ ਛਤਰ ਝੁਲਾਏ ਸੀਸ, ਸ਼ਹਿਨਸ਼ਾਹ ਵਡ ਵਡਿਆਈਆ । ਏਕਾ ਹੁਕਮ ਧੁਰ ਹਦੀਸ, ਸਚ ਫ਼ਰਮਾਨਾ ਨਾਮ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਮਾਹੀਆ । ਕਲਜੁਗ ਅੰਤਮ ਘਰ ਘਰ ਦਿਸੇ ਪਈ ਭੀੜੀ, ਨੌਂ ਖੰਡ ਪ੍ਰਿਥਮੀ ਰਹੀ ਕੁਰਲਾਈਆ । ਸਭ ਨੂੰ ਚੇਤਾ ਨਰਾਇਣ ਤਾਰੇ ਬਣ ਕੇ ਕੀੜੀ, ਪ੍ਰਹਿਲਾਦ ਦਏ ਵਡਿਆਈਆ । ਚਾਰ ਕੁੰਟ ਹੋਈ ਅਖ਼ੀਰੀ, ਵਰਨ ਬਰਨ ਪਈ ਲੜਾਈਆ । ਸ਼ਰਅ ਸ਼ਰੀਅਤ ਵੱਜੀ ਜ਼ੰਜੀਰੀ, ਦੀਨ ਮਜ਼੍ਹਬ ਨਾ ਕੋਇ ਤਰਾਈਆ । ਘਰ ਘਰ ਦਿਸੇ ਕੂੜੀ ਪੀਰੀ, ਸਾਂਝਾ ਪੀਰ ਨਜ਼ਰ ਕਿਸੇ ਨਾ ਆਈਆ । ਸ਼ਾਹ ਸੁਲਤਾਨਾਂ ਹੋਈ ਦਿਲਗੀਰੀ, ਧੀਰਜ ਧੀਰ ਨਾ ਕੋਇ ਧਰਾਈਆ । ਸਾਧਾਂ ਸੰਤਾਂ ਲੱਗੀ ਪੀੜੀ, ਹਉਮੇਂ ਰੋਗ ਨਾ ਕੋਇ ਮਿਟਾਈਆ । ਸਾਥ ਨਾ ਦੇਵੇ ਕੋਇ ਸ਼ਾਹ ਹਕੀਰੀ, ਗ਼ਰੀਬ ਨਿਮਾਣੇ ਰਹੇ ਕੁਰਲਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਮਦਰਾ ਮਾਸ ਖਾਵਣ ਰਸਨਾ ਲਾਵਣ ਤਮਾਕੂ ਬੀੜੀ, ਬੀੜਾ ਨਾਮ ਨਾ ਕੋਇ ਉਠਾਈਆ । ਕਲਜੁਗ ਕਿਰਿਆ ਕੂੜੀ ਰਹੀ ਪੀੜੀ, ਅੱਗੇ ਹੋ ਨਾ ਕੋਇ ਬਚਾਈਆ । ਅੰਮ੍ਰਿਤ ਦੇਵੇ ਨਾ ਕੋਇ ਸੀਰੀ, ਰਸ ਨਜ਼ਰ ਕਿਤੇ ਨਾ ਆਈਆ । ਹਰਿ ਭੁੱਲਿਆ ਬੇਨਜ਼ੀਰੀ, ਨਜ਼ਰ ਸਭ ਨੇ ਲਈ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਭੀੜ ਰਿਹਾ ਕਟਾਈਆ । ਕਲਜੁਗ ਰਾਹ ਦਿਸੇ ਭੀੜਾ, ਸਾਚਾ ਮਾਰਗ ਨਜ਼ਰ ਕੋਇ ਨਾ ਆਇੰਦਾ । ਸਭ ਦੀ ਹੱਡੀ ਟੁੱਟੀ ਰੀੜ੍ਹਾ, ਕੂੜਾ ਭਾਰ ਸਿਰ ਨਾ ਕੋਇ ਉਠਾਇੰਦਾ । ਨਜ਼ਰ ਨਾ ਆਏ ਕੋਇ ਜੋਧਾ ਸੂਰਬੀਰਾ, ਜੋ ਮਨ ਮਨੂਆ ਮੇਟ ਮਿਟਾਇੰਦਾ । ਸਾਰੇ ਨੇਤਰ ਰੋਵਣ ਨੀਰਾ, ਨਿਜ ਆਤਮ ਧਿਆਨ ਨਾ ਕੋਇ ਲਗਾਇੰਦਾ । ਅੱਲਾ ਰਾਣੀ ਹੱਥੀਂ ਪਾ ਕੇ ਬੈਠੀ ਇਕ ਕਲੀਰਾ, ਕਲੀ ਕਲੀ ਨਾਲ ਮਹਿਕਾਇੰਦਾ । ਚੌਦਾਂ ਤਬਕ ਕੋਇ ਨਾ ਦੇਵੇ ਧੀਰਾ, ਚੌਦਾਂ ਲੋਕ ਸਰਬ ਕੁਰਲਾਇੰਦਾ । ਨਾਤਾ ਤੁਟਾ ਪੀਰ ਫ਼ਕੀਰਾਂ, ਦਸਤਗੀਰ ਦਸਤ ਨਾ ਕੋਇ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦੀ ਭੀੜ ਆਪ ਦਰਸਾਇੰਦਾ । ਸਭ ਨੂੰ ਭੀੜ ਪਈ ਕਲਜੁਗ, ਕਾਲਖ ਟਿੱਕਾ ਨਜ਼ਰੀ ਆਈਆ । ਸਾਚੀ ਚੋਗ ਕੋਈ ਨਾ ਸਕਿਆ ਚੁਗ, ਹੰਸ ਰੂਪ ਨਾ ਕੋਇ ਵਟਾਈਆ । ਠੱਗ ਚੋਰ ਯਾਰ ਚੋਰੀ ਕਰਦੇ ਰਹੇ ਲੁਕ ਲੁਕ, ਰਾਤੀਂ ਸੁੱਤਿਆਂ ਘਰ ਘਰ ਫੇਰਾ ਪਾਈਆ । ਗੁਰ ਸਤਿਗੁਰ ਕੋਲੋਂ ਕੋਈ ਨਾ ਲਏ ਪੁੱਛ, ਕੂੜੀ ਕਿਰਿਆ ਰਹੇ ਕਮਾਈਆ । ਮਾਇਆ ਮਮਤਾ ਪਿਛੇ ਗਏ ਝੁਕ, ਸ੍ਰੀ ਭਗਵਾਨ ਸੀਸ ਨਾ ਕੋਇ ਨਿਵਾਈਆ । ਭਗਤ ਬਣ ਕੇ ਕੋਈ ਨਾ ਸਕਿਆ ਉਠ, ਭਾਵੀ ਸਭ ਦੇ ਸਿਰ ਤੇ ਛਾਈਆ । ਚਾਰ ਕੁੰਟ ਪਏ ਲੁੱਟ, ਲੁੱਟੀ ਜਾਏ ਲੋਕਾਈਆ । ਜੋਤੀ ਜੋਤ ਸਰੂਪ ਹਰਿ,

੭੪੪
੧੩

ਆਪ ਆਪਣੀ ਕਿਰਪਾ ਕਰ, ਕਲਜੁਗ ਭੀੜੀ ਗਲੀ ਰਿਹਾ ਵਖਾਈਆ । ਕਲਜੁਗ ਦਿਸੇ ਭੀੜੀ ਗਲੀ, ਨਰ ਹਰਿ ਨਜ਼ਰ ਕਿਸੇ ਨਾ ਆਇੰਦਾ । ਜੋਧਾ ਸੂਰ ਵਲੀ ਛਲੀ, ਵਲ ਛਲ ਆਪਣਾ ਖੇਲ ਕਰਾਇੰਦਾ । ਜਿਸ ਦਾ ਰਾਹ ਤੱਕਦਾ ਗਿਆ ਅਲੀ, ਮੁਹੰਮਦ ਦੋਏ ਜੋੜ ਵਾਸਤਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਆਪਣੀ ਕਾਰ ਕਮਾਇੰਦਾ । ਭੀੜੀ ਗਲੀ ਔਝੜ ਰਾਹ, ਪੰਧ ਨਜ਼ਰ ਕੋਇ ਨਾ ਆਈਆ । ਸ੍ਰਿਸ਼ਟ ਸਬਾਈ ਭੁਲਿਆ ਇਕ ਮਲਾਹ, ਬੇੜਾ ਕੰਧ ਨਾ ਕੋਇ ਉਠਾਈਆ । ਬਾਹਰੋਂ ਦਿਸਦੇ ਜਪਦੇ ਨਾਂ, ਅੰਦਰ ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਈਆ । ਰਸਨਾ ਕਹਿੰਦੇ ਭੈਣ ਧੀ ਮਾਂ, ਮਨ ਵਾਸਨਾ ਦੁਰਾਚਾਰ ਵਿਚ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੀੜ ਸਭ ਦੇ ਸਿਰ ਤੇ ਪਾਈਆ । ਭੀੜੀ ਗਲੀ ਔਖਾ ਘਾਟ, ਘਾਟਾ ਘਰ ਘਰ ਨਜ਼ਰੀ ਆਇੰਦਾ । ਕਲਜੁਗ ਅੰਤਮ ਨੇੜੇ ਆਈ ਵਾਟ, ਬਣ ਪਾਂਧੀ ਪੰਧ ਮੁਕਾਇੰਦਾ । ਨਾਤਾ ਤੁੱਟਾ ਤੀਰਥ ਤਾਟ, ਅਠਸਠ ਮੈਲ ਨਾ ਕੋਇ ਧਵਾਇੰਦਾ । ਪਈ ਦੁਹਾਈ ਮੰਦਰ ਮਸਜਦ ਮੱਠ, ਸ਼ਿਵਦਵਾਲੇ ਰੰਗ ਨਾ ਕੋਇ ਰੰਗਾਇੰਦਾ । ਆਤਮ ਪਰਮਾਤਮ ਸਾਚਾ ਰਸ ਕੋਈ ਨਾ ਲਵੇ ਚੱਟ, ਜੀਵ ਜੰਤ ਚਾਰੋ ਕੁੰਟ ਫਿਰ ਫਿਰ ਧੱਕੇ ਖਾਇੰਦਾ । ਕਾਇਆ ਮੰਦਰ ਅੰਦਰ ਕੋਈ ਨਾ ਖੋਲ੍ਹੇ ਹੱਟ, ਦਰ ਦਰ ਘਰ ਘਰ ਫਿਰ ਫਿਰ ਕੂੜੀ ਕਿਰਿਆ ਅਲਖ ਜਗਾਇੰਦਾ । ਅਨਹਦ ਨਾਦ ਅਨਾਦੀ ਕੋਈ ਨਾ ਲਾਵੇ ਸੱਟ, ਪੜ੍ਹ ਪੜ੍ਹ ਰਸਨਾ ਵਾਦ ਵਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਭੀੜੀ ਗਲੀ ਆਪ ਬਣਾਇੰਦਾ । ਕਲਜੁਗ ਭੀੜੀ ਗਲੀ ਗਈ ਬਣ, ਬੰਨਾਂ ਨਜ਼ਰ ਕਿਸੇ ਨਾ ਆਈਆ । ਨਾ ਕੋਈ ਪਰਕਾਸ਼ ਦੇਵੇ ਚੰਨ, ਚੰਦ ਚਾਂਦਨਾ ਨਾ ਕੋਇ ਚਮਕਾਈਆ । ਨੇਤਰ ਹੁੰਦਿਆਂ ਹੋ ਗਏ ਅੰਨ੍ਹ, ਮਾਰਗ ਸਚ ਨਾ ਕੋਇ ਵਖਾਈਆ । ਹਰਿ ਕਾ ਨਾਉਂ ਨਾ ਸੁਣਿਆ ਕੰਨ, ਭਰਮੇ ਭੁੱਲੀ ਸਰਬ ਲੋਕਾਈਆ । ਸ੍ਰੀ ਭਗਵਾਨ ਦੇਵਣਹਾਰਾ ਡੰਨ, ਅਬਿਨਾਸ਼ੀ ਕਰਤਾ ਆਪਣੀ ਕਾਰ ਕਮਾਈਆ । ਜੋ ਘੜਿਆ ਸੋ ਦੇਵੇ ਭੰਨ, ਧੁਰ ਫ਼ਰਮਾਨਾ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੀੜਾ ਰਾਹ ਬਣ ਮਲਾਹ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਰਿਹਾ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੱਕੋ ਨੈਣ, ਹਰਿ ਨੈਣਾਂ ਆਪ ਵਖਾਇੰਦਾ । ਕਲਜੁਗ ਜੀਵ ਕੀ ਕੁਛ ਰਸਨਾ ਕਹਿਣ, ਕਹਿ ਕਹਿ ਸਰਬ ਸੁਣਾਇੰਦਾ । ਨਾਤਾ ਤੁਟਾ ਭਾਈ ਭੈਣ, ਸਾਕ ਸੱਜਣ ਸੈਣ ਨਾ ਕੋਇ ਅਖਵਾਇੰਦਾ । ਚਾਰ ਕੁੰਟ ਨੌਂ ਖੰਡ ਸੱਤ ਦੀਪ ਕੂੜੀ ਕਿਰਿਆ ਵਹੇ ਵਹਿਣ, ਸਾਚੀ ਧਾਰ ਨਾ ਕੋਇ ਪਰਗਟਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਵੇਲੇ ਅੰਤ ਕੋਈ ਨਾ ਆਏ ਲੈਣ, ਲਹਿਣਾ ਦੇਣਾ ਨਾ ਕੋਇ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੀੜਾ ਰਾਹ ਇਕ ਵਖਾਇੰਦਾ । ਭੀੜਾ ਰਾਹ ਦਿਸੇ ਮਾਤ, ਵਰਭੰਡ ਦਏ ਦੁਹਾਈਆ । ਕਲਮਾ ਕੋਈ ਨਾ ਦੇਵੇ ਨਜਾਤ, ਉਲਮਾ ਮਾਣ ਨਾ ਕੋਇ ਰਖਾਈਆ । ਸਚ ਦਿਸੇ ਨਾ ਕੋਇ ਪਰਭਾਤ, ਅੰਧੇਰਾ ਇਕੋ ਨਜ਼ਰੀ ਆਈਆ । ਸ੍ਰਿਸ਼ਟ ਸਬਾਈ ਬੈਠੀ ਬਣ ਜਮਾਤ, ਹੱਕ ਅੱਡੋ ਅੱਡ ਰਖਾਈਆ । ਖੇਲੇ ਖੇਲ ਪੁਰਖ ਅਬਿਨਾਸ਼, ਅਬਿਨਾਸ਼ੀ ਆਪਣਾ ਹੁਕਮ ਵਰਤਾਈਆ । ਲੇਖਾ ਜਾਣੇ ਕਾਇਨਾਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੀੜ ਸਭ ਦੇ ਸਿਰ ਤੇ ਛਾਈਆ । ਕਲਜੁਗ ਭੀੜ ਆਈ ਸਿਰ, ਸਿਰ ਸਕੇ ਨਾ ਕੋਇ ਉਠਾਈਆ । ਸਾਚੀ ਦਿਸੇ ਨਾ ਕੋਇ ਧਿਰ, ਧੁਰ ਧਰਵਾਸਾ ਨਾ ਕੋਇ ਰਖਾਈਆ । ਚਾਰ ਕੁੰਟ ਵੇਖਿਆ ਫਿਰ, ਫਿਰ ਫਿਰ ਥੱਕੀ

ਸਰਬ ਲੋਕਾਈਆ । ਸੱਚਾ ਨਜ਼ਰ ਨਾ ਆਇਆ ਪਿਰ, ਪੀਆ ਪ੍ਰੀਤਮ ਹੋਏ ਸਹਾਈਆ । ਅੰਤਮ ਝੜਨ ਵਾਲੇ ਬਿਰ, ਬਿਰਹੋਂ ਸੱਟ ਰਿਹਾ ਲਗਾਈਆ । ਕੂੜੇ ਕਿਰਮ ਜਾਣ ਕਿਰ, ਲੋਕਮਾਤ ਰਹਿਣ ਨਾ ਪਾਈਆ । ਸਤਿਗੁਰ ਸ਼ਬਦ ਇਕੋ ਥਿਰ, ਥਿਰ ਘਰ ਵਾਸੀ ਦਏ ਸੁਹਾਈਆ । ਉਲਟੀ ਲੱਠ ਰਹੀ ਗਿੜ, ਗੇੜਾ ਇਕੋ ਵਾਰ ਭਵਾਈਆ । ਸ੍ਰੀ ਭਗਵਾਨ ਅੰਤਮ ਆਏ ਆਪਣੇ ਪਿੜ, ਪੈਂਤੜਾ ਆਪਣਾ ਰਿਹਾ ਬਣਾਈਆ । ਲੱਖ ਚੁਰਾਸੀ ਦੇਵੇ ਭੇੜ, ਭੇੜਨਹਾਰਾ ਖ਼ਲਕ ਖ਼ੁਦਾਈਆ । ਛੱਪਰ ਛੰਨ ਦੇਵੇ ਰੇੜ੍ਹ, ਮਹੱਲ ਅਟੱਲ ਨਾ ਕੋਇ ਵਡਿਆਈਆ । ਜੀਵ ਜੰਤ ਲਏ ਘੇਰ, ਘੇਰਾ ਇਕੋ ਇਕ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਪ੍ਰਭ ਚਰਨ ਦਵਾਰੇ ਮੰਗਣ ਮਿਹਰ, ਦੋਏ ਜੋੜ ਵਾਸਤਾ ਪਾਈਆ । ਸ੍ਰੀ ਭਗਵਾਨ ਕਿਉਂ ਲਾਈ ਦੇਰ, ਨੇਤਰ ਨੈਣ ਨੈਣ ਉਠਾਈਆ । ਕਲਜੁਗ ਅੰਤਮ ਛੇੜਾਂ ਰਿਹਾ ਛੇੜ, ਛੜੀ ਫੂਕੀ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ੍ਰਿਸ਼ਟ ਸਬਾਈ ਵੇਖੇ ਥਾਉਂ ਥਾਈਂਆ । ਸ੍ਰਿਸ਼ਟ ਸਬਾਈ ਰਾਹ ਤੰਗ, ਤੰਗਦਸਤੀ ਨਾ ਕੋਇ ਕਟਾਇੰਦਾ । ਗ਼ਰੀਬ ਨਿਮਾਣੇ ਰਹੇ ਮੰਗ, ਮੰਗਿਆਂ ਭਿਛਿਆਂ ਕੋਇ ਨਾ ਪਾਇੰਦਾ । ਰਾਜ ਰਾਜਾਨ ਸ਼ਾਹ ਸੁਲਤਾਨ ਹੋਏ ਮਲੰਗ, ਕੂੜੀ ਕਿਰਿਆ ਨਾਚ ਨਚਾਇੰਦਾ । ਸਾਧਾਂ ਸੰਤਾਂ ਹਰਿ ਦਾ ਛੱਡਿਆ ਛੰਦ, ਛੰਦ ਆਪਣੋ ਆਪਣਾ ਸਭ ਗਾਇੰਦਾ । ਨਜ਼ਰ ਨਾ ਆਏ ਪਰਮਾਨੰਦ, ਨਿਜਾਨੰਦ ਰਸ ਨਾ ਕੋਇ ਚਖਾਇੰਦਾ । ਨਵ ਨੌਂ ਚਾਰ ਭੇਖ ਪਖੰਡ, ਸਚ ਸੁੱਚ ਨਾ ਕੋਇ ਵਡਿਆਇੰਦਾ । ਕਲਜੁਗ ਜੀਵ ਨਾਰ ਦੁਹਾਗਣ ਹੋਈ ਰੰਡ, ਬਿਨ ਹਰਿ ਕੰਤ ਗਲੇ ਨਾ ਕੋਇ ਲਗਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੰਡਾਂ ਗਏ ਵੰਡ, ਦੀਨ ਮਜ਼੍ਹਬ ਇਸਲਾਮ ਵਰਨ ਬਰਨ ਆਪਣਾ ਖੇਲ ਕਰਾਇੰਦਾ । ਪਾਰਬ੍ਰਹਮ ਪਤਿਪਰਮੇਸ਼ਵਰ ਸਚ ਸਵਾਮੀ ਸਦਾ ਨਿਹਕਾਮੀ ਦੇਵਣਹਾਰਾ ਦੰਡ, ਖੰਡਾ ਆਪਣੇ ਹੱਥ ਉਠਾਇੰਦਾ । ਲੱਖ ਚੁਰਾਸੀ ਕਾਇਆ ਚੋਲੀ ਚਾੜ੍ਹੇ ਇਕੋ ਰੰਗ, ਰੰਗ ਰੰਗੀਲਾ ਆਪਣਾ ਫੇਰਾ ਪਾਇੰਦਾ । ਗ਼ਰੀਬ ਨਿਮਾਣਿਆਂ ਵਸੇ ਸੰਗ, ਸਗਲਾ ਸੰਗ ਸਮਝਾਇੰਦਾ । ਭੀੜੀ ਗਲੀ ਪਾਰ ਕਰੇ ਫੇਰ ਨਿਸੰਗ, ਜੋ ਸਤਿਗੁਰ ਦਰਸਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੀੜੀ ਗਲੀ ਪੰਧ ਮੁਕਾਇੰਦਾ । ਭੀੜੀ ਗਲੀ ਪੰਧ ਮੁਕਾਵੇਗਾ । ਸੋ ਪੁਰਖ ਨਿਰੰਜਣ ਨਿਰਗੁਣ ਵੇਸ ਵਟਾਵੇਗਾ । ਜੋਤੀ ਜਾਮਾ ਰੂਪ ਧਰਾਵੇਗਾ । ਸ਼ਬਦ ਡੰਕਾ ਇਕ ਵਜਾਵੇਗਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਹਲਾਵੇਗਾ । ਵਿਸ਼ਨ ਬ੍ਰਹਮਾ ਸ਼ਿਵ ਨੈਣ ਖੁਲ੍ਹਾਵੇਗਾ । ਗੁਰ ਅਵਤਾਰ ਨਾਲ ਮਿਲਾਵੇਗਾ । ਪੀਰ ਪੈਗ਼ੰਬਰ ਸਜਦਾ ਸੀਸ ਝੁਕਾਵੇਗਾ । ਭਗਤ ਭਗਵਾਨ ਰਸਨਾ ਏਕਾ ਗੁਣ ਸੁਣਾਵੇਗਾ । ਸੰਤ ਸੁਜਾਨ ਧਿਆਨ ਲਗਾਵੇਗਾ । ਗੁਰਮੁਖ ਗਿਆਨ ਦ੍ਰਿੜਾਵੇਗਾ । ਗੁਰਸਿਖ ਰਾਹ ਜਣਾਵੇਗਾ । ਮਾਣਸ ਮਨੁਖ ਆਪ ਸਮਝਾਵੇਗਾ । ਧਰਤ ਮਾਤ ਦੀ ਸਫਲ ਕੁੱਖ ਕਰਾਵੇਗਾ । ਦੁਖੀਆਂ ਦੁੱਖ ਵੰਡਾਵੇਗਾ । ਭੁੱਖਿਆਂ ਭੁੱਖ ਗਵਾਵੇਗਾ । ਕਲਜੁਗ ਕੂੜ ਖਪਾਵੇਗਾ । ਚਾਰ ਵਰਨਾਂ ਇਕੋ ਘਰ ਬਣਾਵੇਗਾ । ਰਾਜ ਰਾਜਾਨ ਸ਼ਾਹ ਸੁਲਤਾਨ ਖ਼ਾਕ ਮਿਲਾਵੇਗਾ । ਇਕੋ ਨਾਮ ਜਪਾਵੇਗਾ । ਇਕੋ ਰਾਮ ਨਜ਼ਰੀ ਆਵੇਗਾ । ਇਕੋ ਕ੍ਰਿਸ਼ਨ ਵੇਸ ਵਟਾਵੇਗਾ । ਇਕੋ ਈਸਾ ਮੂਸਾ ਕਲਮਾ ਨਬੀ ਪੜ੍ਹਾਵੇਗਾ । ਇਕੋ ਮੁਹੰਮਦ ਆਇਤ ਸ਼ਰਾਇਤ ਇਕ ਜਣਾਵੇਗਾ । ਇਕੋ ਨਾਨਕ ਨਿਰਗੁਣ ਜੋਤ ਡਗਮਗਾਵੇਗਾ । ਇਕੋ ਗੋਬਿੰਦ ਕਲਗੀ ਤੋੜਾ ਸੀਸ ਸੁਹਾਵੇਗਾ । ਇਕੋ ਜੋਤੀ ਸ਼ਬਦ ਮੇਲ ਮਿਲਾਵੇਗਾ । ਕਲ ਕਲਕੀ ਅਵਤਾਰ ਅਖਵਾਵੇਗਾ । ਭੀੜੀ ਗਲੀ ਰਾਹ ਮੁਕਾਵੇਗਾ । ਗੁਰਮੁਖਾਂ ਸੀਸ ਤਲੀ ਉਤੇ ਟਿਕਾਵੇਗਾ ।

੭੪੬
੧੩

ਵਲ ਛਲ ਖੇਲ ਕਰਾਵੇਗਾ । ਮਹਾਂਬਲੀ ਬਲ ਜਣਾਵੇਗਾ । ਸਤਿਜੁਗ ਸਾਚੀ ਕਲੀ ਮਹਿਕਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੀੜੀ ਗਲੀ ਪੰਧ ਮੁਕਾਵੇਗਾ । ਭੀੜੀ ਗਲੀ ਪੰਧ ਮੁਕੇਗਾ । ਪ੍ਰਭ ਸੱਚਾ ਇਕੋ ਉਠੇਗਾ । ਗੁਰਮੁਖਾਂ ਉਤੇ ਤੁਠੇਗਾ । ਨਿਰਵੈਰ ਕਦੇ ਨਾ ਲੁਕੇਗਾ । ਸ਼ੇਰ ਹੋ ਕੇ ਬੁਕੇਗਾ । ਗ਼ਰੀਬ ਨਿਮਾਣੇ ਗੋਦੀ ਚੁਕੇਗਾ । ਵਡ ਹੰਕਾਰੀ ਫੜ ਫੜ ਕੁਟੇਗਾ । ਸ਼ੌਹ ਦਰਯਾਏ ਸੁਟੇਗਾ । ਕਲਜੁਗ ਕੂੜੀ ਜੜ ਪੁਟੇਗਾ । ਸਤਿਜੁਗ ਬੂਟਾ ਇਕੋ ਫੁਟੇਗਾ । ਸ੍ਰੀ ਭਗਵਾਨ ਘਰ ਘਰ ਸਭ ਨੂੰ ਪੁੱਛੇਗਾ । ਮਨਮੁਖ ਹੋ ਕੋਈ ਨਾ ਰੁੱਸੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭੀੜੀ ਗਲੀ ਅੰਤਮ ਜੜ ਪੁੱਟੇਗਾ । ਭੀੜੀ ਗਲੀ ਪੁੱਟੇ ਜੜ, ਜੜ ਦਏ ਉਖੜਾਈਆ । ਪੁਰਖ ਅਬਿਨਾਸ਼ੀ ਕਿਰਪਾ ਕਰ, ਕਿਰਪਨ ਵੇਖੇ ਥਾਉਂ ਥਾਈਆ । ਦਰਸਨ ਦੇਵੇ ਉਚੇ ਟਿੱਲੇ ਚੜ੍ਹ, ਪਰਬਤ ਇਕੋ ਇਕ ਵਡਿਆਈਆ । ਵੇਸ ਕਰ ਨਰ ਨਰਾਇਣ ਨਰ, ਨਰ ਹਰਿ ਆਪਣਾ ਫੇਰਾ ਪਾਈਆ । ਸਤਿਜੁਗ ਦੇਵੇ ਸਾਚਾ ਵਰ, ਵਰ ਇਕੋ ਨਾਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੀੜੀ ਗਲੀ ਪੰਧ ਮੁਕਾਈਆ । ਭੀੜੀ ਗਲੀ ਮੁਕੇ ਪੰਧ, ਸੋ ਪੁਰਖ ਨਿਰੰਜਣ ਆਪ ਮੁਕਾਇੰਦਾ । ਕਲਜੁਗ ਔਧ ਰਹੀ ਹੰਢ, ਸਤਿਜੁਗ ਸਾਚਾ ਰਾਹ ਤਕਾਇੰਦਾ । ਸ੍ਰਿਸ਼ਟ ਸਬਾਈ ਇਕੋ ਗਾਏ ਢੋਲਾ ਛੰਦ, ਸੋਹਲਾ ਆਪਣਾ ਨਾਮ ਜਪਾਇੰਦਾ । ਪੰਚ ਵਿਕਾਰਾ ਕਰ ਖੰਡ ਖੰਡ, ਨਾਮ ਖੰਡਾ ਤਨ ਪਹਿਨਾਇੰਦਾ । ਨਿਰਗੁਣ ਜੋਤ ਚਾੜ੍ਹ ਚੰਦ, ਅਗਿਆਨ ਅੰਧੇਰ ਮਿਟਾਇੰਦਾ । ਵਰਨ ਬਰਨ ਢਾਹ ਕੰਧ, ਭਾਂਡਾ ਭਰਮ ਭੌ ਭੰਨਾਇੰਦਾ । ਦੀਨ ਦਿਆਲ ਹੋ ਬਖ਼ਸ਼ੰਦ, ਬਖ਼ਸ਼ਸ਼ ਆਪਣੀ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਵਰਤਾਇੰਦਾ । ਭੀੜੀ ਗਲੀ ਵੇਖ ਹਰਿ ਨਿਰੰਕਾਰ, ਨਿਰਗੁਣ ਆਪਣਾ ਰੂਪ ਧਰਾਈਆ । ਜੀਵ ਜੰਤ ਧਾਹਾਂ ਰਹੇ ਮਾਰ, ਧਵਲ ਹੌਲਾ ਭਾਰ ਨਾ ਕੋਇ ਕਰਾਈਆ । ਧਰਨੀ ਦਰ ਡਿਗੀ ਮੂੰਹ ਦੇ ਭਾਰ, ਮਸਤਕ ਟਿੱਕਾ ਧੂੜੀ ਲਾਈਆ । ਧਰਤ ਕਰੇ ਹਾਹਾਕਾਰ, ਹੱਕ ਹਕੀਕਤ ਨਾ ਕੋਇ ਜਣਾਈਆ । ਨੇਤਰ ਨੈਣ ਹੋਏ ਸ਼ਰਮਸਾਰ, ਅੱਖ ਪਰਖੱਤ ਨਾ ਕੋਇ ਦਰਸਾਈਆ । ਕਲਜੁਗ ਜੀਵ ਹੋਏ ਗਵਾਰ, ਗਹਿਰ ਗਵਰ ਤੇਰਾ ਭੇਵ ਕੋਇ ਨਾ ਪਾਈਆ । ਕੂੜੀ ਕਿਰਿਆ ਹੋਏ ਅਸਵਾਰ, ਚਾਰੋਂ ਕੁੰਟ ਰਹੇ ਦੌੜਾਈਆ । ਮਾਇਆ ਮਮਤਾ ਰਹੇ ਝੱਖ ਮਾਰ, ਝਾਕੀ ਅੰਤਰ ਕਿਸੇ ਨਾ ਪਾਈਆ । ਕਾਗ ਰਲੇ ਕਾਗਾਂ ਡਾਰ, ਹੰਸ ਰੂਪ ਨਾ ਕੋਇ ਵਟਾਈਆ । ਗੁਰ ਕਾ ਸ਼ਬਦ ਨਾ ਕੋਇ ਪਿਆਰ, ਹਿਰਦੇ ਹਰਿ ਨਾ ਕੋਇ ਵਸਾਈਆ । ਬਾਹਰੋਂ ਕਰਨ ਤਨ ਸ਼ੰਗਾਰ, ਅੰਤਰ ਦੁਰਮਤ ਮੈਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੀੜਾ ਰਾਹ ਇਕ ਦਰਸਾਈਆ । ਭੀੜਾ ਰਾਹ ਲੰਘਣਾ ਔਖਾ, ਔਖੀ ਘਾਟੀ ਹਰਿ ਜਣਾਇੰਦਾ । ਕਲਜੁਗ ਖੇਲ ਖੇਲਣਾ ਸੌਖਾ, ਬਿਨ ਸੋਚੋਂ ਆਪ ਜਣਾਇੰਦਾ । ਅੰਤਮ ਸਭ ਨਾਲ ਹੋਣਾ ਧੋਖਾ, ਸ੍ਰੀ ਭਗਵਾਨ ਹੁਕਮ ਮਨਾਇੰਦਾ । ਕਿਸੇ ਕੰਮ ਨਾ ਔਣਾ ਪੰਜ ਤੱਤ ਕੋਠਾ, ਕਾਇਆ ਕੱਪੜ ਨਾ ਕੋਇ ਹੰਢਾਇੰਦਾ । ਕਲਜੁਗ ਜੀਵ ਹੋਇਆ ਥੋਥਾ, ਥੋਥੀ ਮਤ ਸਰਬ ਰਖਾਇੰਦਾ । ਬਿਨ ਹਰਿ ਨਾਮੋਂ ਹੋਇਆ ਹੋਛਾ, ਹੋਛੀ ਆਪਣੀ ਕਾਰ ਕਮਾਇੰਦਾ । ਸ੍ਰੀ ਭਗਵਾਨ ਵੇਖੇ ਲੁਕ ਕੇ ਗੋਸ਼ਾ, ਦੋ ਜਹਾਨ ਨੈਣ ਉਠਾਇੰਦਾ । ਪਾਵੇ ਸਾਰ ਲੋਕ ਪਰਲੋਕਾ, ਭੇਵ ਅਭੇਦਾ ਆਪ ਜਣਾਇੰਦਾ । ਕਲਜੁਗ ਅੰਤਮ ਵੇਖਣ ਆਏ ਮੌਕਾ, ਮੋਹਤਬਰ ਆਪਣਾ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੀੜਾ ਰਾਹ



੭੪੭
੧੩

ਇਕ ਦਰਸਾਇੰਦਾ । ਭੀੜਾ ਰਾਹ ਦਿਸੇ ਜਗ, ਜਗ ਜੀਵਣ ਦਾਤਾ ਨਜ਼ਰ ਕਿਸੇ ਨਾ ਆਈਆ । ਤ੍ਰੈਗੁਣ ਮਾਇਆ ਲੱਗੀ ਅੱਗ, ਪੰਜ ਤੱਤ ਜਲਾਈਆ । ਹਰਿ ਕਾ ਦਰਸ ਕੋਈ ਨਾ ਪਾਏ ਉਪਰ ਸ਼ਾਹ ਰਗ, ਸ਼ਹਿਨਸ਼ਾਹ ਨਜ਼ਰ ਕਿਸੇ ਨਾ ਆਈਆ । ਖਾਲੀ ਦਿਸਣ ਹੱਡ, ਬਹੱਤਰ ਨਾੜ ਨਾ ਕੋਇ ਰੁਸ਼ਨਾਈਆ । ਆਤਮਾ ਪਰਮਾਤਮਾ ਪਿਆਰ ਗਈ ਛੱਡ, ਮਨ ਵਾਸਨਾ ਹੋਈ ਹਲਕਾਈਆ । ਨੌਂ ਦਵਾਰੇ ਕੋਈ ਨਾ ਕਰੇ ਪਾਰ ਹੱਦ, ਆਪਣਾ ਪੰਧ ਨਾ ਕੋਇ ਮੁਕਾਈਆ । ਜੂਠ ਝੂਠ ਗਏ ਬੱਝ, ਬੱਧੀ ਲੜੀ ਨਾ ਕੋਇ ਛੁਡਾਈਆ । ਨਜ਼ਰ ਨਾ ਆਇਆ ਸਾਚਾ ਹੱਜ, ਕਾਅਬਾ ਰੂਪ ਨਾ ਕੋਇ ਵਟਾਈਆ । ਅੰਮ੍ਰਿਤ ਪੀਵੇ ਕੋਇ ਨਾ ਮਧ, ਨਾਮ ਖ਼ੁਮਾਰ ਨਾ ਕੋਇ ਰਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਲਜੁਗ ਅੰਤਮ ਸਾਥ ਦੇਣੋਂ ਗਏ ਭੱਜ, ਆਪਣਾ ਪਿਛਾ ਗਏ ਛੁਡਾਈਆ । ਸ੍ਰੀ ਭਗਵਾਨ ਕੋਲ ਜਾ ਕੇ ਰਹੇ ਦੱਸ, ਸਾਚਾ ਆਪਣਾ ਹਾਲ ਸੁਣਾਈਆ । ਸਾਡਾ ਕੋਈ ਅੰਤ ਨਾ ਚਲੇ ਵਸ, ਤੇਰੀ ਉਮਤ ਬੈਠੀ ਤੈਥੋਂ ਮੁਖ ਭਵਾਈਆ । ਅਸੀਂ ਗੌਂਦੇ ਤੇਰਾ ਜਸ, ਤੇਰੇ ਜੀਵ ਤੈਨੂੰ ਲਾਅਨਤਾਂ ਰਹੇ ਪਾਈਆ । ਕਿਉਂ ਆਪਣਾ ਆਪ ਬੈਠੋ ਢਕ, ਲਜਿਆਵਾਨ ਤੈਨੂੰ ਲੱਜਿਆ ਜ਼ਰਾ ਨਾ ਆਈਆ । ਸਚਖੰਡ ਦਵਾਰਿਉਂ ਨਿਰਗੁਣ ਆਪਣਾ ਆਪ ਕੱਢ, ਕਿਉਂ ਬੈਠਾ ਮੁਖ ਛੁਪਾਈਆ । ਜੁਗ ਚੋਕੜੀ ਲਾਰੇ ਦੇ ਦੇ ਸਾਨੂੰ ਲੋਕਮਾਤ ਦਿਤਾ ਛੱਡ, ਸ਼ਹਿਨਸ਼ਾਹ ਆਪਣਾ ਹੁਕਮ ਮਨਾਈਆ । ਕਲਜੁਗ ਅੰਤਮ ਅਸੀਂ ਸਾਰੇ ਕਹਿ ਕੇ ਆਏ ਸ੍ਰੀ ਭਗਵਾਨ ਹੋਏ ਪਰਗਟ, ਨਿਰਗੁਣ ਆਪਣਾ ਰੂਪ ਵਖਾਈਆ । ਵੇਦ ਵਿਆਸਾ ਕਹੇ ਉਚੇ ਟਿੱਲੇ ਪਰਬਤ ਚੜ੍ਹੇ ਝੱਟ, ਆਪ ਆਪਣਾ ਆਸਣ ਲਾਈਆ । ਈਸਾ ਕਹੇ ਆਵੇ ਮੇਰਾ ਬਾਪ, ਪਿਛੇ ਭੱਜੇ ਵਾਹੋ ਦਾਹੀਆ । ਮੁਹੰਮਦ ਕਹੇ ਮੇਰਾ ਅਮਾਮ ਆਏ ਸਾਕ, ਸੱਜਣ ਇਕੋ ਫੇਰਾ ਪਾਈਆ । ਨਾਨਕ ਕਹੇ ਨਿਰਗੁਣ ਮਹਾਂਬਲੀ ਖੋਲ੍ਹੇ ਤਾਕ, ਮਾਤ ਪਿਤ ਨਾ ਕੋਇ ਵਡਿਆਈਆ । ਗੁਰ ਗੋਬਿੰਦ ਕਹੇ ਪੁਰਖ ਅਕਾਲ ਕਲਜੁਗ ਅੰਤਮ ਦੇਵੇ ਨਜਾਤ, ਦੂਸਰ ਅਵਰ ਨਾ ਕੋਇ ਚਤਰਾਈਆ । ਪੀਰ ਪੈਗ਼ੰਬਰ ਭਗਤ ਭਗਵਾਨ ਰਹੇ ਝਾਕ, ਨਿਜ ਨੈਣ ਨੈਣ ਉਠਾਈਆ । ਕਵਣ ਵੇਲਾ ਪੂਰਾ ਕਰੇ ਭਵਿਖਤ ਵਾਕ, ਜੋ ਜੁਗ ਚੌਕੜੀ ਰਿਹਾ ਸੁਣਾਈਆ । ਕੂੜੀ ਕਿਰਿਆ ਮੇਟੇ ਖ਼ਾਕ, ਖ਼ਾਕੀ ਖ਼ਾਕ ਨਾਲ ਮਿਲਾਈਆ । ਨਜ਼ਰੀ ਆਏ ਪਰਵਰਦਿਗਾਰ ਪਾਕ, ਪਾਕੀਜ਼ਾ ਆਪਣਾ ਰਾਹ ਚਲਾਈਆ । ਈਸਾ ਮੂਸਾ ਮੁਹੰਮਦ ਲੇਖਾ ਕਰੇ ਬੇਬਾਕ, ਲਹਿਣਾ ਝੋਲੀ ਦੇਵੇ ਟਿਕਾਈਆ । ਚੌਦਾਂ ਤਬਕਾਂ ਖੋਲ੍ਹ ਹਾਟ, ਸੌਦਾ ਇਕੋ ਇਕ ਵਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੀੜੀ ਗਲੀ ਪੰਧ ਮੁਕਾਈਆ । ਭੀੜੀ ਗਲੀ ਪੰਧ ਮੁੱਕਣਾ, ਮੇਟਣਹਾਰ ਆਪ ਨਿਰੰਕਾਰ । ਕਲਜੁਗ ਕੂੜਾ ਬੂਟਾ ਪੁੱਟਣਾ, ਅੰਤ ਰਹੇ ਨਾ ਵਿਚ ਸੰਸਾਰ । ਬੇਪਰਵਾਹ ਨਿਰਵੈਰ ਸਾਹਿਬ ਸਤਿਗੁਰ ਇਕੋ ਬੁੱਕਣਾ, ਸ਼ਹਿਨਸ਼ਾਹ ਵਡ ਬਲਕਾਰ । ਹਰਿ ਕਾ ਭਾਣਾ ਕਦੇ ਨਾ ਰੁਕਣਾ, ਨਾ ਕੋਈ ਮੇਟੇ ਮੇਟਣਹਾਰ । ਸ੍ਰੀ ਭਗਵਾਨ ਲੱਖ ਚੁਰਾਸੀ ਕੋਲੋਂ ਪੁੱਛਣਾ, ਘਰ ਘਰ ਲੇਖਾ ਦਏ ਵਖਾਲ, ਅੰਤਮ ਮਿਲੇ ਨਾ ਕਿਸੇ ਲੁਕਣਾ, ਫੜ ਫੜ ਬਾਂਹੋਂ ਕੱਢੇ ਬਾਹਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੀੜੀ ਗਲੀ ਕਰੇ ਖ਼ੁਆਰ । ਭੀੜੀ ਗਲੀ ਅੰਤ ਮਿਟਾਵੇਗਾ । ਬੇਅੰਤ ਖੇਲ ਕਰਾਵੇਗਾ । ਸਾਚੇ ਸੰਤ ਸਤਿ ਉਠਾਵੇਗਾ । ਭਗਤ ਭਗਵਾਨ ਜੋੜ ਜੁੜਾਵੇਗਾ । ਹਉਮੇਂ ਮਮਤਾ ਗੜ੍ਹ ਤੁੜਾਵੇਗਾ । ਸਾਚੀ ਰੰਗਤਾ ਰੰਗ ਰੰਗਾਵੇਗਾ । ਚਾਰ ਵਰਨਾਂ ਸੰਗਤਾ ਇਕ ਬਣਾਵੇਗਾ । ਹਰਿ ਕਾ ਨਾਮ ਇਕੋ ਪੰਗਤਾ ਵਿਚ ਵਰਤਾਵੇਗਾ । ਮੰਗਤਾ ਕੋਈ ਨਜ਼ਰ ਨਾ ਆਵੇਗਾ । ਅਖੰਡਤਾ ਇਕੋ ਰੂਪ ਦਰਸਾਵੇਗਾ । ਜੇਰਜ ਅੰਡਤਾ ਲੇਖੇ ਲਾਵੇਗਾ । ਉਤਭੁਜ ਸੇਤਜ


੭੫੮
੧੩

ਫੋਲ ਵਖਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੀੜੀ ਗਲੀ ਪੜਦਾ ਲਾਹਵੇਗਾ । ਭੀੜੀ ਗਲੀ ਪੜਦਾ ਲਾਹ, ਲਹਿਣਾ ਸਭ ਨੂੰ ਆਪ ਜਣਾਇੰਦਾ । ਕਲਜੁਗ ਅੰਤਮ ਕਰੇ ਖੇਲ ਬੇਪਰਵਾਹ, ਬੇਪਰਵਾਹ ਆਪਣਾ ਫੇਰਾ ਪਾਇੰਦਾ । ਗੁਰ ਅਵਤਾਰ ਬੈਠੇ ਸੀਸ ਝੁਕਾ, ਪੀਰ ਪੈਗ਼ੰਬਰ ਸਯਦਾ ਇਕ ਜਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਨੇਤਰ ਨੈਣਾਂ ਨੀਰ ਰਹੇ ਵਹਾ, ਦੋਏ ਦੋਏ ਜੋੜ ਵਾਸਤਾ ਸਰਬ ਪਾਇੰਦਾ । ਲੋਕ ਪਰਲੋਕ ਰਹੇ ਕੁਰਲਾ, ਦੋ ਜਹਾਨ ਧੀਰ ਨਾ ਕੋਇ ਧਰਾਇੰਦਾ । ਕਰੋੜ ਤੇਤੀਸਾ ਮਾਰੇ ਧਾਹ, ਸੁਰਪਤ ਸੰਗ ਨਾ ਕੋਇ ਰਖਾਇੰਦਾ । ਚਾਰ ਕੁੰਟ ਦਿਸੇ ਵੈਰਾਨ, ਵੈਰੀ ਘਰ ਘਰ ਨਜ਼ਰੀ ਆਇੰਦਾ । ਸਾਬਤ ਰਿਹਾ ਨਾ ਕੋਇ ਈਮਾਨ, ਸਿਦਕ ਸਬੂਰੀ ਨਾ ਕੋਇ ਹੰਢਾਇੰਦਾ । ਨਾਤਾ ਤੁਟਾ ਅੰਜੀਲ ਕੁਰਾਨ, ਕਾਇਆ ਕਾਅਬਾ ਨਾ ਕੋਇ ਵਖਾਇੰਦਾ । ਉਮਤ ਉਮਤੀ ਹੋਈ ਹੈਰਾਨ, ਹਰਾਮ ਦਰ ਦਰ ਫੇਰਾ ਪਾਇੰਦਾ । ਚੌਦਾਂ ਤਬਕ ਦਿਸੇ ਸ਼ਾਮ, ਚੌਦਸ ਚੰਦ ਨਾ ਕੋਇ ਚੜ੍ਹਾਇੰਦਾ । ਤਾਰਾ ਚੰਦ ਮਿਟਣ ਵਾਲਾ ਨਿਸ਼ਾਨ, ਸਦੀ ਚੌਧਵੀਂ ਵੇਖ ਵਖਾਇੰਦਾ । ਪਰਗਟ ਹੋਇਆ ਇਕ ਅਮਾਮ, ਅਮਲ ਸਭ ਦੇ ਫੋਲ ਫੁਲਾਇੰਦਾ । ਪੀਰ ਪੈਗ਼ੰਬਰ ਕਰ ਗ਼ੁਲਾਮ, ਬਰਦੇ ਆਪਣੇ ਅੱਗੇ ਲਾਇੰਦਾ । ਅੰਤਮ ਬਦਲ ਦੇਵੇ ਨਜ਼ਾਮ, ਪਿਛਲਾ ਲੇਖਾ ਆਪ ਜਣਾਇੰਦਾ । ਹਰਿ ਜੂ ਹੱਕ ਬਣਾਏ ਮੁਕਾਮ, ਹਕੀਕਤ ਇਕੋ ਇਕ ਦਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੀੜੀ ਗਲੀ ਲੇਖਾ ਆਪ ਮੁਕਾਇੰਦਾ । ਭੀੜੀ ਗਲੀ ਲੇਖਾ ਮੁੱਕੇ ਮਾਤ, ਮਤਾ ਹਰਿ ਜੂ ਰਿਹਾ ਪਕਾਈਆ । ਨਾਤਾ ਛੁੱਟੇ ਜਗਤ ਜਮਾਤ, ਦੂਜੀ ਵੰਡ ਨਾ ਕੋਇ ਵੰਡਾਈਆ । ਨਵ ਨੌਂ ਚਾਰ ਬੰਧਾਏ ਨਾਤ, ਨਰ ਨਰਾਇਣ ਬੇਪਰਵਾਹੀਆ । ਪਰਗਟ ਹੋਏ ਸਾਖਿਆਤ, ਜੋਤੀ ਜਾਮਾ ਵੇਸ ਵਟਾਈਆ ।
੭੪੯ ੧੩ ਮੇਟਣਹਾਰ ਅੰਧੇਰੀ ਰਾਤ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਲੇਖਾ ਲਿਖੇ ਬਿਨ ਕਲਮ ਦਵਾਤ, ਹਰਫ਼ ਹਰਫ਼ ਨਾ ਵੰਡ ਵੰਡਾਈਆ । ਅੱਖਰ ੭੪੯ ੧੩
ਅੱਖਰ ਨਾ ਕੋਇ ਸਫ਼ਾਤ, ਸਿਫ਼ਤੀ ਸਿਫ਼ਤ ਨਾ ਕੋਇ ਸਾਲਾਹੀਆ । ਕਰੇ ਖੇਲ ਪੁਰਖ ਅਬਿਨਾਸ਼, ਅਬਿਨਾਸ਼ੀ ਧਾਰ ਚਲਾਈਆ । ਗੁਰ ਅਵਤਾਰ ਬਣਾ ਸ਼ਾਖ਼, ਸ਼ਨਾਖਤ ਇਕੋ ਨਾਮ ਦਰਸਾਈਆ । ਪੀਰ ਪੈਗ਼ੰਬਰਾਂ ਦੇ ਆਬ ਹਯਾਤ, ਹਯਾਤੀ ਸਭ ਦੀ ਆਪ ਬਦਲਾਈਆ । ਅੰਤਮ ਰੱਖੇ ਡੂੰਘਾ ਖਾਤ, ਕੋਟਨ ਕੋਟ ਪੀਰ ਪੈਗ਼ੰਬਰ ਅੰਦਰ ਲਏ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੀੜੀ ਗਲੀ ਇਕ ਬਣਾਈਆ । ਭੀੜੀ ਗਲੀ ਜਾਣੇ ਨੀਕਨ ਨੀਕਾ, ਨਿੱਕੀ ਨਿੱਕੀ ਧਾਰ ਦਿਖਲਾਇੰਦਾ । ਲੇਖਾ ਜਾਣੇ ਜੀਵ ਜੀਅ ਕਾ, ਜਗ ਜੀਵਣ ਦਾਤਾ ਫੇਰਾ ਪਾਇੰਦਾ । ਭੀੜੀ ਗਲੀ ਲੰਘਣ ਦਾ ਇਕੋ ਤਰੀਕਾ, ਹਰਿ ਸਤਿਗੁਰ ਆਪ ਸਮਝਾਇੰਦਾ । ਪ੍ਰਭ ਚਰਨ ਕਰੋ ਪ੍ਰੀਤਾ, ਪ੍ਰੀਤੀਵਾਨ ਇਕੋ ਨਜ਼ਰੀ ਆਇੰਦਾ । ਕੂੜੀ ਕਿਰਿਆ ਬਦਲੋ ਨੀਤਾ, ਨੀਤੀਵਾਨ ਆਪ ਸਮਝਾਇੰਦਾ । ਮਿੱਠਾ ਕੌੜਾ ਕਰੋ ਰੀਠਾ, ਅੰਮ੍ਰਿਤ ਇਕੋ ਰਸ ਵਖਾਇੰਦਾ । ਕਾਇਆ ਹੋਏ ਠਾਂਡੀ ਸੀਤਾ, ਸੀਤਲ ਧਾਰ ਚੁਆਇੰਦਾ । ਘਰ ਵੇਖੋ ਇਕ ਅਤੀਤਾ, ਤ੍ਰੈਗੁਣ ਨਾਤਾ ਤੋੜ ਤੁੜਾਇੰਦਾ । ਲਹਿਣਾ ਚੁੱਕੇ ਮੰਦਰ ਮਸੀਤਾ, ਮਸਲਾ ਇਕੋ ਨਾਮ ਪੜ੍ਹਾਇੰਦਾ । ਮਿਲਾਏ ਮੇਲ ਲਾਸ਼ਰੀਕਾ, ਸਿਰਕਤ ਸਭ ਦੀ ਆਪ ਗਵਾਇੰਦਾ । ਦੂਰ ਦੁਰਾਡਾ ਨਜ਼ਰ ਆਏ ਨਜ਼ਦੀਕਾ, ਬੇਨਜ਼ੀਰ ਫੇਰਾ ਪਾਇੰਦਾ । ਕਲਮਾ ਪੜ੍ਹੋ ਇਕ ਹਦੀਸਾ, ਹਜ਼ਰਤ ਹਰਿ ਜੂ ਆਪ ਸੁਣਾਇੰਦਾ । ਜਿਸ ਸਾਹਿਬ ਦੇ ਸਿਰ ਤੇ ਝੁੱਲੇ ਸੀਸਾ, ਛਤਰ ਸੀਸ ਰੂਪ ਵਟਾਇੰਦਾ । ਕਲਜੁਗ ਅੰਤਮ ਰਾਜ ਰਾਜਾਨਾਂ ਖ਼ਾਲੀ ਕਰੇ ਖੀਸਾ, ਦਰ ਦਰ ਆਪ ਫਿਰਾਇੰਦਾ । ਰਾਹ ਤੱਕੇ ਬੀਸ ਬੀਸਾ, ਬਿਸਤਰੇ ਸਭ ਦੇ ਬੰਨ੍ਹ ਵਖਾਇੰਦਾ । ਆਪਣਾ

ਨਿਸ਼ਾਨਾ ਮਾਰੇ ਠੀਕਾ, ਠੀਕਰ ਸਭ ਦੇ ਭੰਨ ਜਣਾਇੰਦਾ । ਨਿੱਕੀ ਗਲੀ ਜਿਸ ਮਾਰਗ ਕੀਤਾ, ਔਝੜ ਰਾਹ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਰਾਹ ਤਕਾਇੰਦਾ । ਭੀੜੀ ਗਲੀ ਰਹੀ ਉਡੀਕ, ਨੇਤਰ ਨੈਣ ਉਠਾਈਆ । ਪ੍ਰਭ ਤੇਰੇ ਮਿਲਣ ਦੀ ਨੇੜੇ ਆਈ ਤਰੀਕ, ਤੋਬਾ ਤੋਬ ਕਰੇ ਖ਼ੁਦਾਈਆ । ਤੇਰਾ ਮਾਰਗ ਡੂੰਘਾ ਇਕ ਬਾਰੀਕ, ਸੰਭਲ ਚਰਨ ਨਾ ਕੋਇ ਟਿਕਾਈਆ । ਗੁਰ ਅਵਤਾਰ ਬਣੇ ਸ਼ਰੀਕ, ਸ਼ਿਰਕਤ ਘਰ ਘਰ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੀੜਾ ਰਾਹ ਰਿਹਾ ਦਰਸਾਈਆ । ਭੀੜਾ ਰਾਹ ਵੇਖੇ ਨੇਤਰ, ਨੈਣ ਨੈਣਾਂ ਨਾਲ ਦਰਸਾਇੰਦਾ । ਵਰਭੰਡੀ ਬਣੇ ਖੇਤਰ, ਜਟ ਕਿਰਸਾਣ ਫੇਰਾ ਪਾਇੰਦਾ । ਲੇਖਾ ਲਿਖੇ ਪਹਿਲੀ ਚੇਤਰ, ਚੇਤਨ ਸਭ ਨੂੰ ਆਪ ਕਰਾਇੰਦਾ । ਪੁਰਖ ਅਕਾਲ ਆਇਆ ਵੇਖਣ, ਜੁਗ ਕਰਤਾ ਵੇਸ ਵਟਾਇੰਦਾ । ਕਲਜੁਗ ਮੇਟੇ ਕੂੜੀ ਰੇਖਨ, ਰੇਖਾ ਸਾਚੀ ਫੇਰ ਬਦਲਾਇੰਦਾ । ਨਾਤਾ ਤੋੜੇ ਮੁੱਲਾ ਸ਼ੇਖ਼ਨ, ਕੁਤਬ ਗ਼ੌਸ ਨਜ਼ਰ ਕੋਇ ਨਾ ਆਇੰਦਾ । ਨੌਂ ਖੰਡ ਪ੍ਰਿਥਮੀ ਆਇਆ ਵੇਤਣ, ਬਿਨ ਕਦਮਾਂ ਪੰਧ ਮੁਕਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਕੀਤੀ ਆਇਆ ਪੇਖਣ, ਆਪ ਆਪਣਾ ਨੈਣ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੀੜਾ ਰਾਹ ਇਕ ਜਣਾਇੰਦਾ । ਭੀੜਾ ਰਾਹ ਡੂੰਘਾ ਸਾਗਰ, ਨਜ਼ਰ ਕਿਸੇ ਨਾ ਆਈਆ । ਜੀਵ ਜੰਤ ਫਿਰ ਫਿਰ ਥੱਕੇ ਕਾਇਆ ਗਾਗਰ, ਗਗਰੀਆ ਪਾਰ ਨਾ ਕੋਇ ਕਰਾਈਆ । ਨਜ਼ਰ ਨਾ ਆਇਆ ਕਰੀਮ ਕਾਦਰ, ਕਰਤਾ ਰੂਪ ਨਾ ਕੋਇ ਵਖਾਈਆ । ਕੂੜੀ ਕਿਰਿਆ ਬਣੇ ਬਹਾਦਰ, ਜੂਠਾ ਝੂਠਾ ਖੰਡਾ ਰਹੇ ਚਮਕਾਈਆ । ਅੰਤਰ ਰਿਹਾ ਨਾ ਕੋਇ ਸਾਬਰ, ਸਬਰ ਸੰਤੋਖ ਨਾ ਕੋਇ ਧਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਲਿਖ ਲਿਖ ਦੇ ਕੇ ਗਏ ਪਾਤਰ, ਖਾਣੀ ਬਾਣੀ ਅੰਜੀਲ ਕੁਰਾਨ ਵੇਦ ਪੁਰਾਨ ਮਾਤ ਸਮਝਾਈਆ । ਕਲਜੁਗ ਅੰਤਮ ਨਿਰਗੁਣ ਨਿਰਵੈਰ ਪੁਰਖ ਅਕਾਲ ਸਭ ਨੂੰ ਦੇਵੇ ਆਦਰ, ਆਦਰਸ਼ ਆਪਣਾ ਇਕ ਵਖਾਈਆ । ਨਿਰਮਲ ਕਰਮ ਕਰੇ ਉਜਾਗਰ, ਉਜਰਤ ਕੀਮਤ ਕੋਇ ਨਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੀੜੀ ਗਲੀ ਲੇਖਾ ਦਏ ਮੁਕਾਈਆ । ਭੀੜੀ ਗਲੀ ਚੁੱਕੇ ਲੇਖਾ, ਹਰਿ ਲੇਖਾ ਆਪ ਮੁਕਾਇੰਦਾ । ਗੁਰਮੁਖਾਂ ਕੱਢੇ ਭਰਮ ਭੁਲੇਖਾ, ਭਾਣਾ ਆਪਣਾ ਇਕ ਸਮਝਾਇੰਦਾ । ਨਿਰਵੈਰ ਪੁਰਖ ਕਰ ਵੇਸਾ, ਅਵਲੱੜਾ ਰੂਪ ਵਟਾਇੰਦਾ । ਵਸਣਹਾਰਾ ਸਾਚੇ ਦੇਸਾ, ਸਚਖੰਡ ਆਪਣਾ ਆਸਣ ਲਾਇੰਦਾ । ਕਲਜੁਗ ਅੰਤਮ ਖੇਲੇ ਖੇਡਾ, ਬਣ ਖਲਾਰੀ ਫੇਰਾ ਪਾਇੰਦਾ । ਜੀਵ ਜੰਤ ਕਰਾਏ ਚੇਤਾ, ਭੇਵ ਅਭੇਦ ਖੁਲ੍ਹਾਇੰਦਾ । ਸ੍ਰੀ ਭਗਵਾਨ ਕਰੇ ਹੇਤਾ, ਸਾਚਾ ਮਾਰਗ ਇਕ ਵਖਾਇੰਦਾ । ਭੀੜੀ ਗਲੀ ਮਿਲੇ ਭੇਤਾ, ਕਿਸ ਬਿਧ ਪਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਅੰਤਮ ਫੇਰਾ ਪਾਇੰਦਾ । ਭੀੜੀ ਗਲੀ ਹੋਵੇ ਪਾਰ, ਭੀੜ ਸਭ ਦੀ ਹਰਿ ਕਟਾਈਆ । ਬੀਸ ਬੀਸਾ ਖੇਲ ਕਰੇ ਕਰਤਾਰ, ਨਿਰਗੁਣ ਆਪਣਾ ਬਲ ਧਰਾਈਆ । ਹਰਿ ਜਗਦੀਸਾ ਸਭ ਦੀ ਪਾਏ ਸਾਰ, ਘਟ ਘਟ ਵੇਖ ਵਖਾਈਆ । ਗੁਰਸਿਖ ਸੱਜਣ ਹੋ ਤਿਆਰ, ਵੇਲਾ ਅੰਤਮ ਗਿਆ ਆਈਆ । ਕਲ ਕਲਕੀ ਲੈ ਅਵਤਾਰ, ਕਲਜੁਗ ਕਲੇਸ਼ ਖਪਾਈਆ । ਸੰਬਲ ਵਸੇ ਧਾਮ ਨਿਆਰ, ਸਾਚੇ ਮੰਦਰ ਜੋਤ ਰੁਸ਼ਨਾਈਆ । ਡੰਕਾ ਵੱਜੇ ਅਗੰਮ ਅਪਾਰ, ਦੋ ਜਹਾਨਾਂ ਰਿਹਾ ਜਗਾਈਆ । ਫੜ ਕੇ ਬਾਂਹੋਂ ਕਰੇ ਪਾਰ, ਪਾਰ ਕਿਨਾਰਾ ਇਕ ਵਖਾਈਆ । ਅੰਤ ਕੋਈ ਨਾ ਡੋਬੇ ਮੰਜਧਾਰ, ਚੱਪੂ ਇਕੋ ਨਾਮ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੀੜੀ

ਗਲੀ ਪੰਧ ਮੁਕਾਈਆ । ਭੀੜੀ ਗਲੀ ਰਹੀ ਰੋ, ਵੇਲਾ ਅੰਤਮ ਆਇੰਦਾ । ਆਪਣੀ ਮੀਂਢੀ ਰਹੀ ਖੋਹ, ਧੀਰਜ ਧੀਰ ਨਾ ਕੋਇ ਧਰਾਇੰਦਾ । ਸ੍ਰੀ ਭਗਵਾਨ ਲੈ ਕੇ ਆਇਆ ਢੋਆ ਢੋ, ਨਾਮ ਇਕੋ ਇਕ ਜਣਾਇੰਦਾ । ਪਰਗਟ ਹੋਇਆ ਨਿਰਗੁਣ ਸੋ, ਸੋਹਲਾ ਇਕੋ ਇਕ ਸਮਝਾਇੰਦਾ । ਹੰ ਬ੍ਰਹਮ ਆਪੇ ਹੋ, ਲੱਖ ਚੁਰਾਸੀ ਵੇਖ ਵਖਾਇੰਦਾ । ਆਤਮ ਪਰਮਾਤਮ ਪਰਮਾਤਮ ਆਤਮ ਸਚ ਜਣਾਏ ਮੋਹ, ਮੁਹੱਬਤ ਇਕੋ ਘਰ ਵਖਾਇੰਦਾ । ਪਾਰਬ੍ਰਹਮ ਬ੍ਰਹਮ ਜਾਏ ਛੋਹ, ਸ਼ਹਿਨਸ਼ਾਹ ਆਪਣਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੀੜੀ ਗਲੀ ਵੇਖ ਵਖਾਇੰਦਾ । ਭੀੜੀ ਗਲੀ ਬੂਹਾ ਖੋਲ੍ਹ, ਹਰਿ ਖ਼ਾਲਕ ਰਾਹ ਤਕਾਈਆ । ਕਵਣ ਕੂਟੇ ਰਿਹਾ ਬੋਲ, ਸੋ ਪੁਰਖ ਨਿਰੰਜਣ ਬੇਪਰਵਾਹੀਆ । ਕਲਜੁਗ ਅੰਤਮ ਤੋਲੇ ਤੋਲ, ਨਾਮ ਖੰਡਾ ਹੱਥ ਉਠਾਈਆ । ਲੱਖ ਚੁਰਾਸੀ ਮਾਰਨ ਦੇਵੇ ਨਾ ਕਿਸੇ ਰੋਲ, ਰੌਲਾ ਘਰ ਘਰ ਵੇਖ ਵਖਾਈਆ । ਅੱਗੇ ਲੰਘਣ ਵਾਸਤੇ ਪਿਆ ਘੋਲ, ਲੜ ਲੜ ਮਰੇ ਲੋਕਾਈਆ । ਵੀਹ ਸੌ ਵੀਹ ਬਿਕ੍ਰਮੀ ਵੱਜਣ ਵਾਲਾ ਢੋਲ, ਮਰਦੰਗਾ ਹਰਿ ਜੂ ਹੱਥ ਉਠਾਈਆ । ਸਾਚੀ ਵਸਤ ਨਾ ਦਿਸੇ ਕਿਸੇ ਕੋਲ, ਖ਼ਾਲੀ ਹੱਥ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੀੜੀ ਗਲੀ ਪਾਰ ਕਰਾਈਆ । ਭੀੜੀ ਗਲੀ ਲੰਘਣਾ ਪਾਰ, ਪਾਰਬ੍ਰਹਮ ਜਣਾਈਆ । ਕੂੜੀ ਕਿਰਿਆ ਛੱਡੋ ਹੰਕਾਰ, ਵਿਕਾਰ ਕੰਮ ਕਿਸੇ ਨਾ ਆਈਆ । ਸਤਿਗੁਰ ਸ਼ਬਦ ਕਰੋ ਵਣਜਾਰ, ਸੌਦਾ ਇਕੋ ਹੱਟ ਖੁਲ੍ਹਾਈਆ । ਨੇਤਰ ਨੈਣ ਕਰੋ ਦੀਦਾਰ, ਨਿਜ ਨੇਤਰ ਆਪ ਖੁਲ੍ਹਾਈਆ । ਅੰਮ੍ਰਿਤ ਰਸ ਪੀਓ ਠੰਡਾ ਠਾਰ, ਨਿਝਰ ਝਿਰਨਾ ਸੀਰ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭੀੜੀ ਗਲੀ ਮੂੰਹ ਦੇ ਭਾਰ ਸੁਟਾਈਆ । ਭੀੜੀ ਗਲੀ ਜਾਏ ਢੱਠ, ਕਲਜੁਗ ਅੰਤ ਰਹਿਣ ਨਾ ਪਾਈਆ । ਅਬਿਨਾਸ਼ੀ ਕਰਤਾ ਮਾਰੇ ਸੱਟ, ਚੋਟ ਇਕੋ ਇਕ ਜਣਾਈਆ । ਦੂਈ ਦਵੈਤੀ ਮੇਟ ਫੱਟ, ਪੱਟੀ ਆਪਣੇ ਨਾਮ ਬੰਧਾਈਆ । ਸਚ ਦਵਾਰਾ ਖੋਲ੍ਹ ਹੱਟ, ਨਿਰਗੁਣ ਆਪਣਾ ਰਾਹ ਜਣਾਈਆ । ਪੁਰਖ ਅਕਾਲ ਕਰੋ ਜਸ, ਜਸ ਵੇਦ ਪੁਰਾਨ ਸਿਫ਼ਤ ਸਾਲਾਹੀਆ । ਪ੍ਰਭ ਮਿਲਣ ਦੀ ਰੱਖੋ ਆਸ, ਆਸਾ ਅਵਰ ਨਾ ਕੋਇ ਵਡਿਆਈਆ । ਦੀਨਨ ਹੋ ਹੋ ਬਣੋ ਦਾਸ, ਦਾਸੀ ਦਾਸ ਸੇਵ ਕਮਾਈਆ । ਹਰਿ ਸਤਿਗੁਰ ਵਸੇ ਪਾਸ, ਘਰ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੂੜੀ ਕਿਰਿਆ ਡੇਰਾ ਢਾਹੀਆ । ਭੀੜੀ ਗਲੀ ਰਹੀ ਕੂਕ, ਕੂਕ ਕੂਕ ਸੁਣਾਇਆ । ਮੇਰੀ ਅੰਤਮ ਚੁਕੇ ਚੂਕ, ਚਾਰੋਂ ਕੁੰਟ ਦਏ ਦੁਹਾਇਆ । ਕੂੜੀ ਮਰਜ਼ੀ ਪ੍ਰਭ ਦੇਵੇ ਫੂਕ, ਨਾਮ ਮਵਾਤਾ ਇਕੋ ਲਾਇਆ । ਮੇਰੀ ਹੱਥੀਂ ਪੁੱਟ ਦਏ ਚੂਥ, ਖੁਲ੍ਹਾ ਮੁਖ ਮੁਖ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਸ ਵਟਾਇਆ । ਕਲਜੁਗ ਅੰਤਮ ਵੇਸ ਅਵਲੱੜਾ, ਨਿਹਕਲੰਕ ਬਲੀ ਬਲਵਾਨ । ਕਰੇ ਖੇਲ ਇਕ ਇਕੱਲੜਾ, ਸਚਖੰਡ ਨਿਵਾਸੀ ਨੌਜਵਾਨ । ਸਚ ਸੰਦੇਸ ਏਕਾ ਘਲੜਾ, ਗੁਰ ਅਵਤਾਰ ਪੀਰ ਪੈਗ਼ੰਬਰ ਦੇ ਦੇ ਗਏ ਗਿਆਨ । ਕਲਜੁਗ ਅੰਤਮ ਭਾਰੀ ਕਰੇ ਪੱਲੜਾ, ਪਰਗਟ ਹੋ ਵਿਚ ਜਹਾਨ । ਸਚ ਦਵਾਰੇ ਆਪੇ ਖਲੜਾ, ਸਤਿ ਸਤਿਵਾਦੀ ਵਡ ਮਿਹਰਵਾਨ । ਜੋਤੀ ਸ਼ਬਦ ਧਾਰ ਰਲੜਾ, ਦੇਵਣਹਾਰਾ ਧੁਰ ਫ਼ਰਮਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਦੋ ਜਹਾਨ । ਦੋ ਜਹਾਨਾਂ ਹਰਿ ਜੂ ਵਾਲੀ, ਆਪਣੀ ਖੇਲ ਕਰਾਈਆ । ਭੀੜੀ ਗਲੀ ਕਰੇ ਖ਼ਾਲੀ, ਖ਼ਾਲਕ ਖ਼ਲਕ ਦਏ ਜਣਾਈਆ । ਇਕੋ ਲੇਖਾ ਹੱਕ ਹਲਾਲੀ, ਹਕੀਕਤ ਆਪਣੀ

ਦਏ ਦ੍ਰਿੜਾਈਆ । ਧੁਰਦਰਗਾਹੀ ਸੱਚਾ ਵਾਲੀ, ਵਾਲੀ ਦੋ ਜਹਾਨਾਂ ਫੇਰਾ ਪਾਈਆ । ਜਨ ਭਗਤਾਂ ਕਰੇ ਆਪ ਰਖਵਾਲੀ, ਰੱਖਕ ਇਕੋ ਸੱਚਾ ਮਾਹੀਆ । ਜੋ ਦਰ ਆਏ ਸਵਾਲੀ, ਸਵਾਲ ਸਭ ਦੇ ਹੱਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਕਰਨਾ, ਸਤਿਜੁਗ ਸਚ ਸਚ ਦ੍ਰਿੜਾਇੰਦਾ । ਜਨ ਭਗਤਾਂ ਨੇਤਰ ਖੋਲ੍ਹੇ ਹਰਨਾ ਫਰਨਾ, ਫੁਰਨਾ ਸਭ ਦਾ ਬੰਦ ਵਖਾਇੰਦਾ । ਲੱਖ ਚੁਰਾਸੀ ਭਾਣਾ ਜਰਨਾ, ਭਾਣੇ ਵਿਚ ਆਪ ਸਮਾਇੰਦਾ । ਭੀੜੀ ਗਲੀ ਗੁਰਮੁਖ ਕਦੇ ਨਾ ਵੜਨਾ, ਔਝੜ ਰਾਹ ਕੋਇ ਨਾ ਪਾਇੰਦਾ । ਜਿਸ ਮਿਲੇ ਪ੍ਰਭ ਸਾਚੀ ਸਰਨਾ, ਸੋ ਸਮਰਥ ਦਇਆ ਕਮਾਇੰਦਾ । ਸੋਹੰ ਅੱਖਰ ਇਕੋ ਪੜ੍ਹਨਾ, ਸਾਚੀ ਸਿਖਿਆ ਇਕ ਦ੍ਰਿੜਾਇੰਦਾ । ਸਾਚੇ ਪੌੜੇ ਆਪੇ ਚੜ੍ਹਨਾ, ਨਾਮ ਡੰਡਾ ਹੱਥ ਫੜਾਇੰਦਾ । ਮਹੱਲ ਅਟੱਲ ਆਪੇ ਵੜਨਾ, ਮੰਦਰ ਅੰਦਰ ਕੁੰਡਾ ਲਾਹਿੰਦਾ । ਖੁਲ੍ਹਾ ਵੇਹੜਾ ਸਤਿਗੁਰ ਕਰਨਾ, ਭੀੜਾ ਰਾਹ ਨਾ ਕੋਇ ਜਣਾਇੰਦਾ । ਲੇਖਾ ਚੁਕਾਏ ਮਰਨਾ ਡਰਨਾ, ਜਨਮ ਜਨਮ ਨਾ ਕੋਇ ਭਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਘਰ ਇਕ ਵਖਾਇੰਦਾ । ਸਾਚਾ ਘਰ ਸੱਚੀ ਧਰਮਸਾਲ, ਘਰ ਘਰ ਵਿਚ ਰਿਹਾ ਜਣਾਈਆ । ਭੀੜਾ ਮਾਰਗ ਚੁਕੇ ਜਗਤ ਕੰਗਾਲ, ਸੁਲਤਾਨ ਇਕੋ ਰੰਗ ਰੰਗਾਈਆ । ਸਤਿ ਸਤਿ ਦਾ ਧਰਮ ਨਿਸ਼ਾਨ, ਸਤਿ ਸਤਿਵਾਦੀ ਦਏ ਝੁਲਾਈਆ । ਨਜ਼ਰੀ ਆਏ ਇਕੋ ਕਾਹਨ, ਏਕਾ ਬੰਸਰੀ ਨਾਮ ਵਜਾਈਆ । ਨਜ਼ਰੀ ਆਏ ਇਕ ਅਮਾਮ, ਧੁਰ ਸੰਦੇਸ਼ਾ ਰਿਹਾ ਜਣਾਈਆ । ਨਜ਼ਰੀ ਆਏ ਇਕ ਭਗਵਾਨ, ਨਿਹਕਲੰਕ ਨਾਉਂ ਧਰਾਈਆ । ਨਜ਼ਰੀ ਆਏ ਗੁਣ ਨਿਧਾਨ, ਕਲ ਕਲਕੀ ਫੇਰਾ ਪਾਈਆ । ਨਜ਼ਰੀ ਆਏ ਇਕ ਮਕਾਨ, ਸੰਬਲ ਰੂਪ ਵਖਾਈਆ । ਨਜ਼ਰੀ ਆਏ ਇਕ ਤੂਫ਼ਾਨ, ਨੌਂ ਖੰਡ ਪ੍ਰਿਥਮੀ ਦਏ ਰੁੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਇਕ ਵਖਾਈਆ । ਸਾਚਾ ਰਾਹ ਸੋਹਣਾ ਸੱਚਾ, ਸੋ ਸਤਿਗੁਰ ਆਪ ਜਣਾਇੰਦਾ । ਗੁਰਮੁਖ ਕੋਇ ਨਾ ਰਹੇ ਕੱਚਾ, ਕਾਇਆ ਮਾਟੀ ਰੰਗ ਰੰਗਾਇੰਦਾ । ਬਿਨਾਂ ਵੇਖਿਆਂ ਕੋਈ ਨਾ ਕਹੇ ਅੱਛਾ, ਝੂਠਾ ਰਾਹ ਨਾ ਕੋਇ ਜਣਾਇੰਦਾ । ਨਿਰਗੁਣ ਹੋ ਕੇ ਲੂੰ ਲੂੰ ਰਚਾ, ਸਰਗੁਣ ਆਪਣਾ ਰੰਗ ਰੰਗਾਇੰਦਾ । ਖੇਲੇ ਖੇਲ ਪੁਰਖ ਸਮਰਥਾ, ਸਮਰਥ ਆਪਣੀ ਧਾਰ ਜਣਾਇੰਦਾ । ਲਹਿਣਾ ਦੇਣ ਚੁਕਾਏ ਹੱਥੋ ਹੱਥਾ, ਕਲਜੁਗ ਕੂੜੀ ਕਿਰਿਆ ਝੋਲੀ ਆਪ ਭਰਾਇੰਦਾ । ਸਤਿਜੁਗ ਉਠਾਏ ਨੰਨ੍ਹਾ ਬੱਚਾ, ਬਾਲੀ ਬੁਧ ਆਪ ਜਣਾਇੰਦਾ । ਪਿਛਲੀ ਗਲੀ ਨਿੱਕੀ ਅੱਗੇ ਰਾਹ ਵਖਾਵੇ ਵੱਡਾ, ਵਡ ਵੱਡਾ ਦਇਆ ਕਮਾਇੰਦਾ । ਪਾਰ ਕਰਾਏ ਬੁੱਢਾ ਨੱਢਾ, ਜੋ ਹਰਿ ਸਰਨਾਈ ਆਇੰਦਾ । ਸ਼ਬਦ ਸਰੂਪੀ ਦੇਵੇ ਸੱਦਾ, ਧੁਨ ਅਨਾਦੀ ਨਾਦ ਅਲਾਇੰਦਾ । ਪਿਛਲੀ ਪਾਰ ਕਰੇ ਹੱਦਾ, ਅੱਗੇ ਮਾਰਗ ਇਕ ਵਖਾਇੰਦਾ । ਸ੍ਰੀ ਭਗਵਾਨ ਪਰੇਮ ਪਿਆਰ ਅੰਦਰ ਬੱਝਾ, ਸਾਚੀ ਡੋਰੀ ਤੰਦ ਵਖਾਇੰਦਾ । ਕਲਜੁਗ ਅੰਤਮ ਆਵੇ ਭੱਜਾ, ਭਾਜੜ ਘਰ ਘਰ ਆਪੇ ਪਾਇੰਦਾ । ਸੰਤ ਸੁਹੇਲੇ ਰੱਖੇ ਲੱਜਾ, ਸਿਰ ਆਪਣਾ ਹੱਥ ਟਿਕਾਇੰਦਾ । ਜਗਤ ਨਗਾਰਾ ਇਕੋ ਵੱਜਾ, ਵਾਹਦ ਆਪਣਾ ਹੁਕਮ ਸੁਣਾਇੰਦਾ । ਪੀਰ ਪੈਗ਼ੰਬਰ ਜਿਸ ਨੂੰ ਕਹਿੰਦੇ ਰਹੇ ਨੂਰ ਇਲਾਹੀ ਰੱਬਾ, ਸੋ ਰਬੀ ਉਲਸਾਨੀ ਜਮਾਦ ਉਲਸਾਨੀ ਆਪਣੀ ਕਾਰ ਕਰਾਇੰਦਾ । ਸਚ ਸਿੰਘਾਸਣ ਬਹਿ ਬਹਿ ਸਜਾ, ਤਖ਼ਤ ਨਿਵਾਸੀ ਤਖ਼ਤ ਆਸਣ ਲਾਇੰਦਾ । ਦੋ ਜਹਾਨ ਕਰਾਏ ਇਕੋ ਹੱਜਾ, ਹੁਜਰਾ ਹੱਕ ਹੱਕ ਪਰਗਟਾਇੰਦਾ । ਨਾ ਘੜਿਆ ਨਾ ਭੱਜਾ, ਘੜਨ ਭੰਨਣ ਖੇਲ ਵਖਾਇੰਦਾ । ਕਲਜੁਗ ਅੰਤਮ ਭੀੜੀ ਗਲੀ ਮੇਟੇ ਡੂੰਘੀ ਖੱਡਾ, ਖੰਡਰ ਲੋਕਮਾਤ ਬਣਾਇੰਦਾ । ਸਤਿਜੁਗ

੭੫੨
੧੩

ਵੰਡੇ ਸਾਚੀ ਵੰਡਾ, ਹਿੱਸਾ ਇਕੋ ਜਿਹਾ ਪਾਇੰਦਾ । ਚਾਰ ਵਰਨ ਬਣਾਏ ਆਪਣੀ ਯੱਦਾ, ਵਿਸ਼ਵ ਰਾਹ ਵਖਾਇੰਦਾ । ਸਾਚਾ ਮੰਦਰ ਇਕੋ ਵੱਡਾ, ਜਿਸ ਘਰ ਬਹਿ ਬਹਿ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿੱਕੀ ਗਲੀ ਪਾਰ ਕਰਾਇੰਦਾ । ਨਿੱਕੀ ਗਲੀ ਪਾਰ ਲੰਘ, ਗੁਰਮੁਖ ਗੁਰ ਜਿਹਾ ਜਣਾਈਆ । ਅੰਤਰ ਵੇਖ ਹਰਿ ਪਲੰਘ, ਸਚ ਸਿੰਘਾਸਣ ਰਿਹਾ ਸੁਹਾਈਆ । ਦਿਵਸ ਰੈਣ ਵੱਜੇ ਮਰਦੰਗ, ਮਰਦੰਗਾ ਇਕੋ ਇਕ ਜਣਾਈਆ । ਅੰਮ੍ਰਿਤ ਆਤਮ ਇਕ ਅਨੰਦ, ਝਿਰਨਾ ਨਿਝਰ ਇਕ ਝਿਰਾਈਆ । ਇਕੋ ਢੋਲਾ ਇਕੋ ਛੰਦ, ਇਕੋ ਗੀਤ ਗੋਬਿੰਦ ਅਲਾਈਆ । ਇਕੋ ਸਖੀ ਮੇਲਾ ਪਰਮਾਨੰਦ, ਕੰਤ ਕੰਤੂਹਲ ਸੇਜ ਸੁਹਾਈਆ । ਭੀੜੀ ਗਲੀ ਮੁਕੇ ਪੰਧ, ਖੁਲ੍ਹਾ ਵੇਹੜਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਵਖਾਏ ਖੁਲ੍ਹਾ ਵੇਹੜਾ ਕੂੜੀ ਕਿਰਿਆ ਚੁਕੇ ਝੇੜਾ, ਝਗੜਾ ਮਾਤ ਨਾ ਕੋਇ ਲੜਾਈਆ । ਖੁਲ੍ਹਾ ਖੇੜਾ ਦਏ ਵਖਾ, ਦੂਈ ਦਵੈਤੀ ਵਿਖ ਧਵਾਈਆ । ਪਿਛਲਾ ਲੇਖਾ ਦਏ ਮੁੱਕਾ, ਮੁੱਕੇ ਲੇਖਾ ਸਰਬ ਲੋਕਾਈਆ । ਵਕਤ ਨੇੜੇ ਢੁਕਾ ਰਿਹਾ ਜਣਾ, ਢੋਲਾ ਇਕੋ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਖੇਲ ਆਪ ਕਰਾਈਆ । ਸਾਚਾ ਖੇਲ ਕਰੇ ਅਪਾਰਾ, ਅਪਰੰਪਰ ਧਾਰ ਚਲਾਇੰਦਾ । ਕਲ ਕਲਕੀ ਲੈ ਅਵਤਾਰਾ, ਵੇਸ ਅਵੇਸ ਧਰਾਇੰਦਾ । ਵੇਖਣਹਾਰਾ ਸਾਕਤ ਨਿੰਦਕ ਦੁਸ਼ਟ ਦੁਰਾਚਾਰਾ, ਵਿਭਚਾਰਾ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਆਪਣਾ ਫੇਰਾ ਪਾਇੰਦਾ । ਨਿਰਗੁਣ ਆਪਣਾ ਫੇਰਾ ਪਾਇਆ, ਗਹਿਰ ਗੰਭੀਰ ਵੱਡੀ ਵਡਿਆਈਆ । ਵੇਖਣਹਾਰਾ ਤ੍ਰੈਗੁਣ ਮਾਇਆ, ਤ੍ਰੈ ਤ੍ਰੈ ਡੇਰਾ ਰਿਹਾ ਢਾਹੀਆ । ਮਿਟਾਵਣਹਾਰਾ ਕੂੜੀ ਛਾਇਆ, ਸ਼ਹਿਨਸ਼ਾਹ ਆਪਣਾ ਹੁਕਮ ਜਣਾਈਆ । ਰਹਿਬਰ ਬਣੇ ਇਕ ਖ਼ੁਦਾਇਆ, ਖ਼ਾਲਕ ਖ਼ਲਕ ਦਏ ਸਮਝਾਈਆ । ਮਿਹਰਵਾਨ ਮਿਹਬਾਨ ਮਹਿਬੂਬ ਇਕੋ ਨਜ਼ਰੀ ਆਇਆ, ਸਬੂਤ ਆਪਣਾ ਦਏ ਜਣਾਈਆ । ਸਚ ਅਰੂਜ ਇਕ ਸੁਹਾਇਆ, ਉਲਫ਼ਤ ਕਰੇ ਜਗਤ ਲੋਕਾਈਆ । ਚਾਰੇ ਕੂਟ ਫੇਰਾ ਪਾਇਆ, ਬਣ ਪਾਂਧੀ ਪੰਧ ਮੁਕਾਈਆ । ਜੂਠ ਝੂਠ ਡੇਰਾ ਢਾਹਿਆ, ਮਾਇਆ ਮਮਤਾ ਮੋਹ ਚੁਕਾਈਆ । ਸਚ ਸੁੱਚ ਇਕ ਵਰਤਾਇਆ, ਸਤਿਜੁਗ ਸਾਚਾ ਰਾਹ ਦਰਸਾਈਆ । ਸਤਿਗੁਰ ਸ਼ਬਦ ਇਕ ਪੜ੍ਹਾਇਆ, ਇਕੋ ਕਲਮਾ ਕਰੇ ਸ਼ਨਵਾਈਆ । ਇਸ਼ਟ ਇਕੋ ਨਜ਼ਰੀ ਆਇਆ, ਦ੍ਰਿਸ਼ਟ ਸਭ ਦੀ ਦਏ ਖੁਲ੍ਹਾਈਆ । ਵਸ਼ਿਸ਼ਟ ਸਰਗੁਣ ਸੇਵਾ ਲਾਇਆ, ਰਾਮ ਸਰਗੁਣ ਤਿਲਕ ਲਗਾਈਆ । ਨਿਰਗੁਣ ਰਾਮ ਮੁਖ ਛੁਪਾਇਆ, ਨੂਰ ਜ਼ਹੂਰ ਨਾ ਕੋਇ ਦਰਸਾਈਆ । ਪੰਜ ਤੱਤ ਕਾਇਆ ਚੋਲੇ ਬੰਦ ਕਰਾਇਆ, ਦਸ਼ਰਥ ਬੇਟਾ ਭੇਵ ਨਾ ਆਈਆ । ਕਾਇਆ ਮਾਟੀ ਚੰਮ ਹਾਟੀ ਖੇਲ ਕਰਾਇਆ, ਬਾਜ਼ੀਗਰ ਸਵਾਂਗੀ ਨਾਟ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਖੁਲ੍ਹਾ ਖੇੜਾ ਦਏ ਦਸਾਈਆ । ਖੁਲ੍ਹਾ ਦਿਸੇ ਅੰਤਮ ਖੇੜਾ, ਹਰਿ ਖ਼ਤਰਾ ਸਰਬ ਮਿਟਾਇੰਦਾ । ਬੀਸ ਬੀਸੇ ਚੁਕੇ ਝੇੜਾ, ਝਗੜਾ ਅਵਰ ਨਾ ਕੋਇ ਵਧਾਇੰਦਾ । ਨੌਂ ਖੰਡ ਪ੍ਰਿਥਮੀ ਅੰਦਰ ਸੰਤ ਭਗਤ ਭਗਵੰਤ ਨਿੱਕਾ ਜਿਹਾ ਰਹਿ ਜਾਏ ਟੱਬਰਾ, ਦੂਜਾ ਕੋਈ ਰਹਿਣ ਨਾ ਪਾਇੰਦਾ । ਕਲਜੁਗ ਜੀਵ ਮੇਟ ਮਿਟਾਏ ਆਪੇ ਬੇਸਬਰਾ, ਸਾਬਤ ਮੁਰੀਦ ਮੁਰਸ਼ਦ ਮੇਲ ਮਿਲਾਇੰਦਾ । ਦਰੋਹੀ ਦਰੋਹੀ ਕਰਨ ਕਬਰਾਂ, ਕਬਰਸਤਾਨ ਸਰਬ ਕੁਰਲਾਇੰਦਾ । ਮੜੀ ਮਸਾਣ ਕੋਈ ਨਾ ਦੇਵੇ ਸਧਰਾਂ, ਧੀਰਜ ਧੀਰ ਨਾ ਕੋਇ ਧਰਾਇੰਦਾ । ਲੇਖਾ ਚੁੱਕੇ ਗਰਾਂ ਨਗਰਾਂ, ਖੇੜਾ ਰੂਪ ਨਾ ਕੋਇ ਵਟਾਇੰਦਾ । ਪ੍ਰਭ

੭੫੩
੧੩

ਭੀੜੀ ਗਲੀ ਦੇਵਣਹਾਰਾ ਰਗੜਾ, ਭਾਰ ਆਪਣਾ ਉਪਰ ਪਾਇੰਦਾ। ਅੰਤਮ ਸਭ ਤੋਂ ਹੋ ਜਾਏ ਵੱਖਰਾ, ਵੱਖਰੀ ਧਾਰ ਚਲਾਇੰਦਾ। ਜਿਸ ਨੂੰ ਧੰਨੇ ਪਾਇਆ ਪੱਥਰਾਂ, ਸਿਲ ਪਾਹਨ ਪਾਥਰ ਆਪ ਤਰਾਇੰਦਾ। ਜਿਸ ਦਾ ਗੋਬਿੰਦ ਵਛਾਇਆ ਸੱਥਰਾ, ਸੋ ਸੱਥਰ ਯਾਰ ਹੰਢਾਇੰਦਾ। ਅੰਤਮ ਕਲਜੁਗ ਵੇਖ ਅਸ਼ਾਰੀਆ ਕਸਰਾ, ਇਕੋ ਨੁਕਤਾ ਮਗਰ ਲਗਾਇੰਦਾ। ਨੌਂ ਸੌ ਚੁਰਾਨਵੇ ਚੌਕੜੀ ਜੁਗ ਜੋ ਬੈਠਾ ਰਿਹਾ ਪਛੜਾ, ਪਛੋਤਾਪ ਸਰਬ ਮਿਟਾਇੰਦਾ। ਰਾਏ ਧਰਮ ਹੁਕਮ ਦੇਵੇ ਕਰੜਾ, ਚਿਤਰ ਗੁਪਤ ਨਾਲ ਮਿਲਾਇੰਦਾ। ਰਾਣੀ ਮੌਤ ਵੇਖੇ ਨਖ਼ਰਾ, ਨੈਣ ਕੱਜਲ ਧਾਰ ਪਵਾਇੰਦਾ। ਕੋਈ ਰਹਿਣ ਨਾ ਦੇਵੇ ਮਕਰਾ, ਫ਼ਰੇਬ ਸਭ ਦੇ ਫੋਲ ਫੁਲਾਇੰਦਾ। ਹਰਿ ਕਾ ਸ਼ਬਦ ਫਿਰੇ ਲਗੜਾ, ਦੋ ਜਹਾਨਾਂ ਫੇਰੀ ਪਾਇੰਦਾ। ਗੁਰਮੁਖ ਵਿਰਲਾ ਬਚੇ ਤਕੜਾ, ਜਿਸ ਜਨ ਆਪਣੀ ਬੂਝ ਬੁਝਾਇੰਦਾ। ਵਿਸ਼ਨ ਬ੍ਰਹਮਾ ਸ਼ਿਵ ਰਹਿ ਜਾਏ ਬਕੜਾ ਹਕੜਾ, ਹਰਿ ਕਾ ਭੇਵ ਕੋਏ ਨਾ ਆਇੰਦਾ। ਲੱਖ ਚੁਰਾਸੀ ਉਮਤ ਰਸੂਲਾਂ ਭੇਟ ਚੜ੍ਹਾਏ ਬੱਕਰਾ, ਛੁਰੀ ਕਰਦ ਨਾਮ ਚਲਾਇੰਦਾ। ਕੂੜੀ ਕਿਰਿਆ ਕਰੇ ਝਟਕਾ, ਨਾਮ ਖੰਡਾ ਹੱਥ ਉਠਾਇੰਦਾ। ਆਦਿ ਜੁਗਾਦਿ ਅੱਗੇ ਕੋਈ ਨਾ ਅਟਕਾ, ਜੁਗ ਚੌਕੜੀ ਪੰਧ ਮੁਕਾਇੰਦਾ। ਗੋਬਿੰਦ ਸੀਸ ਚੀਰਾ ਬੰਨ੍ਹੇ ਨਾ ਕੋਈ ਪਟਕਾ, ਜਗਦੀਸ ਇਕੋ ਤਾਜ ਸੁਹਾਇੰਦਾ। ਕਰੇ ਖੇਲ ਬਾਜ਼ੀਗਰ ਨਟ ਦਾ, ਨਟੂਆ ਆਪਣਾ ਸਾਂਗ ਵਰਤਾਇੰਦਾ। ਆਪਣੀ ਕਰਨੀਉਂ ਕਦੇ ਨਾ ਹਟਦਾ, ਜੋ ਘੜਿਆ ਭੰਨ ਵਖਾਇੰਦਾ। ਗੁਰ ਅਵਤਾਰ ਪੀਰ ਪੈਗ਼ੰਬਰ ਚਰਨ ਦਵਾਰੇ ਬਹਿ ਬਹਿ ਨਾਮ ਰਟਦਾ, ਨਿਉਂ ਨਿਉਂ ਧਿਆਨ ਸਰਬ ਲਗਾਇੰਦਾ। ਕਲਜੁਗ ਅੰਤਮ ਖੇਲ ਪੁਰਖ ਸਮਰਥ ਦਾ, ਦੂਜਾ ਸੰਗ ਨਾ ਕੋਇ ਨਿਭਾਇੰਦਾ। ਗੁਰ ਗੋਬਿੰਦ ਮਾਰਗ ਦੱਸਦਾ, ਦਹਿ ਦਿਸ਼ਾ ਆਪ ਸਮਝਾਇੰਦਾ। ਕਲਜੁਗ ਲੇਖਾ ਚੁੱਕੇ ਕੂੜੇ ਰਥ ਦਾ, ਰਥ ਰਥਵਾਹੀ ਵੇਖ ਵਖਾਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੁਲ੍ਹਾ ਵੇਹੜਾ ਆਪ ਕਰਾਇੰਦਾ। ਖੁਲ੍ਹਾ ਵੇਹੜਾ ਹੋਵੇ ਧਰਤ, ਧਵਲ ਮਿਲੇ ਵਡਿਆਈਆ। ਨਿਰਗੁਣ ਸਾਹਿਬ ਆਇਆ ਪਰਤ, ਪਰਤੀਨਿਧ ਇਕ ਅਖਵਾਈਆ। ਚਾਰ ਜੁਗ ਦੇ ਵਰਕੇ ਵੇਖੇ ਪਰਤ, ਖਾਣੀ ਬਾਣੀ ਫੋਲ ਫੁਲਾਈਆ। ਗੁਰ ਅਵਤਾਰ ਪੀਰ ਪੈਗ਼ੰਬਰ ਸਤਿ ਸਤਿਵਾਦੀ ਦੱਸ ਕੇ ਗਏ ਸੜਕ, ਕੌਣ ਬਣਿਆ ਪਾਂਧੀ ਰਾਹੀਆ। ਕਵਣ ਅਧਵਿਚਕਾਰ ਰਿਹਾ ਅਟਕ, ਪਾਰ ਕਿਨਾਰਾ ਨਜ਼ਰ ਕੋਇ ਨਾ ਆਈਆ। ਕਵਣ ਸੁੱਤਾ ਹੋ ਬੇਖਟਕ, ਖਟਕਾ ਸਿਰ ਨਾ ਕੋਇ ਜਣਾਈਆ। ਸ੍ਰੀ ਭਗਵਾਨ ਵੇਖਣ ਆਏ ਨਧੜਕ, ਨਿਰਵੈਰ ਫੇਰਾ ਪਾਈਆ। ਕਲਜੁਗ ਅੰਤਮ ਕੂੜੀ ਕਿਰਿਆ ਕੱਢੇ ਅੜਕ, ਰੋੜਾ ਸਕੇ ਨਾ ਕੋਇ ਅਟਕਾਈਆ। ਪੁਰਖ ਅਕਾਲ ਪਿਛਲਾ ਕੱਢੇ ਫ਼ਰਕ, ਜੋ ਗੋਬਿੰਦ ਗਿਆ ਸਮਝਾਈਆ। ਕਲਜੁਗ ਅੰਤਮ ਨਿਹਕਲੰਕ ਕਰਾਏ ਆਪਣੀ ਚੜ੍ਹਤ, ਧੜਤ ਮੰਗੇ ਨਾ ਕੋਇ ਲੋਕਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਵੈਰ ਖੇਲ ਖਲਾਈਆ। ਨਿਰਵੈਰ ਖੇਲ ਕਰੇ ਆਲਮੀਨ, ਉਲਮਾ ਆਪ ਜਣਾਇੰਦਾ। ਦੋ ਜਹਾਨਾਂ ਕਰ ਤਲਕੀਨ, ਤੁਲਬਾ ਤਾਲਬ ਆਪ ਸਮਝਾਇੰਦਾ। ਸਾਚਾ ਦੇਵਣਹਾਰਾ ਯਕੀਨ, ਅਲਫ਼ ਆਪਣਾ ਨਾਮ ਵਖਾਇੰਦਾ। ਵਖਾਵਣਹਾਰਾ ਸੱਚਾ ਸੀਨ, ਨਿਰਗੁਣ ਨੂਰ ਨੂਰ ਪਰਗਟਾਇੰਦਾ। ਲੇਖਾ ਜਾਣੇ ਸ਼ਾਹ ਮੁਬੀਨ, ਮੁਹਲਤ ਆਪਣੇ ਹੱਥ ਰਖਾਇੰਦਾ। ਪੀਰ ਪੈਗ਼ੰਬਰ ਕਰਨਹਾਰਾ ਅਧੀਨ, ਅਦਾਲਤ ਇਕੋ ਇਕ ਲਗਾਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ। ਸਾਚਾ ਖੇਲ ਅੰਤਮ ਖ਼ਲਕ, ਖ਼ਾਲਕ ਆਪ ਜਣਾਈਆ। ਵੇਖਣਹਾਰਾ ਆਪਣੀ ਖ਼ਲਕ, ਪਰਦਾ ਪਰਦਾ ਦਏ ਚੁਕਾਈਆ।


੭੫੪
੧੩

ਪਾਵੇ ਸਾਰ ਚੌਦਾਂ ਤਬਕ, ਤਰਾਂ ਤਰਾਂ ਜਣਾਈਆ । ਦੇਵਣਹਾਰਾ ਇਕੋ ਸਬਕ, ਨਿਸ਼ਅੱਖਰ ਕਰੇ ਪੜ੍ਹਾਈਆ । ਨਾਮ ਨਾਦ ਸੁਣਾਏ ਕੜਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੀੜੀ ਗਲੀ ਰਹਿਣ ਨਾ ਪਾਈਆ । ਭੀੜੀ ਗਲੀ ਮੁਕਾਵੇਗਾ । ਮੀਰੀ ਪੀਰੀ ਖੇਲ ਖਲਾਵੇਗਾ । ਚੋਟੀ ਚੜ੍ਹ ਅਖ਼ੀਰੀ, ਜੋਤ ਜਗਾਵੇਗਾ । ਨਿਰਗੁਣ ਨੂਰ ਬੇਨਜ਼ੀਰੀ, ਜ਼ਹੂਰ ਦ੍ਰਿੜਾਵੇਗਾ । ਤਿਖੀ ਰੱਖ ਨਾਮ ਸ਼ਮਸ਼ੀਰੀ, ਸ਼ਮਾ ਗੁਲ ਕਰਾਵੇਗਾ । ਲੇਖਾ ਜਾਣ ਸ਼ਾਹ ਹਕੀਰੀ, ਹਕੀਕਤ ਇਕ ਦ੍ਰਿੜਾਵੇਗਾ । ਕੂੜੀ ਕਿਰਿਆ ਮੇਟ ਦਿਲਗੀਰੀ, ਦਿਲਬਰ ਸੱਚਾ ਯਾਰ ਮਿਲਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਦਰ ਇਕ ਵਸਾਵੇਗਾ । ਸਾਚਾ ਮੰਦਰ ਵਸੇਗਾ । ਪੁਰਖ ਅਕਾਲ ਹੱਸੇਗਾ । ਭਗਤਾਂ ਮਾਰਗ ਦੱਸੇਗਾ । ਨਿਮਾਣਾ ਹੋ ਕੇ ਅੱਗੇ ਢੱਠੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਖੁਲ੍ਹੇ ਵੇਹੜੇ ਵਸੇਗਾ । ਖੁਲ੍ਹੇ ਵੇਹੜੇ ਵੜੇਗਾ । ਸਾਚੇ ਪੌੜੇ ਚੜ੍ਹੇਗਾ । ਸੰਤ ਸੁਹੇਲੇ ਫੜੇਗਾ । ਇਕੋ ਅੱਖਰ ਪੜ੍ਹੇਗਾ । ਨਾ ਜਨਮੇ ਨਾ ਮਰੇਗਾ । ਆਪਣੀ ਕਰਨੀ ਕਰੇਗਾ । ਨਿਰਭੌ ਭੈ ਰੱਖ ਨਾ ਕੋਈ ਡਰੇਗਾ । ਸਚ ਮਹੱਲੇ ਆਪੇ ਖੜੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹੱਲ ਅਟੱਲ ਉਚ ਮਨਾਰ ਇਕੋ ਨੂਰ ਰਲੇਗਾ । ਇਕੋ ਨੂਰ ਰਲਾਏਗਾ । ਮੂਸੇ ਕੋਹਤੂਰ ਚੇਤਾ ਕਰਾਏਗਾ । ਈਸੇ ਗਲ ਵਿਚ ਸੂਲੀ ਵਖਾਏਗਾ । ਮੁਹੰਮਦ ਤੋਬਾ ਤੋਬ ਸੁਣਾਏਗਾ । ਚਾਰ ਯਾਰੀ ਪੰਧ ਮੁਕਾਏਗਾ । ਅੱਲਾ ਰਾਣੀ ਨੈਣ ਸ਼ਰਮਾਏਗਾ । ਮੁਖ ਘੁੰਗਟ ਆਪੇ ਲਾਹੇਗਾ । ਪੜਦਾ ਨਕ਼ਾਬ ਨਾ ਕੋਇ ਪਾਏਗਾ । ਹੱਕ ਜਨਾਬ ਫੇਰਾ ਪਾਏਗਾ । ਚੌਦਾਂ ਤਬਕ ਆਪ ਉਠਾਏਗਾ । ਸਾਚਾ ਸਬਕ ਇਕ ਪੜ੍ਹਾਏਗਾ । ਕਾਇਨਾਤ ਵੇਖ ਵਖਾਏਗਾ । ਸ਼ਰਅ ਸ਼ਰੀਅਤ ਇਕ ਜਣਾਏਗਾ । ਨੌਬਤ ਨਾਮ ਪੈਗ਼ਾਮ ਅਲਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੁਲ੍ਹਾ ਵੇਹੜਾ ਇਕ ਬਣਾਏਗਾ । ਖੁਲ੍ਹਾ ਵੇਹੜਾ ਸਚ ਬਣਾਵਾਂਗਾ । ਲੋਕਮਾਤ ਖੇਲ ਕਰਾਵਾਂਗਾ । ਭਗਤੀ ਰੂਪ ਭਗਤ ਦ੍ਰਿੜਾਵਾਂਗਾ । ਚਾਰੇ ਕੂਟ ਸਚ ਵਰਤਾਵਾਂਗਾ । ਹਿਰਦੇ ਅੰਦਰ ਰਚ ਰਚ, ਆਪਣਾ ਨਾਮ ਜਪਾਵਾਂਗਾ । ਮੂਰਖਾਂ ਕੋਲੋਂ ਬਚ ਬਚ, ਆਪਣਾ ਮੁਖ ਛੁਪਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਹੱਲ ਅਟੱਲ ਇਕ ਰੁਸ਼ਨਾਵਾਂਗਾ । ਮਹੱਲ ਅਟੱਲ ਜੋਤੀ ਜਗੇਗੀ । ਗੁਰਮੁਖ ਸੁਰਤੀ ਸੋਈ ਮਘੇਗੀ । ਸਤਿਗੁਰ ਸਰਨਾਈ ਸੱਚੀ ਲਗੇਗੀ । ਆਪਣਾ ਪੜਦਾ ਆਪੇ ਕੱਜੇਗੀ । ਸਚ ਦਵਾਰੇ ਬਹਿ ਬਹਿ ਸਜੇਗੀ । ਦਰਸਨ ਕਰ ਕਰ ਦਰ ਤੇ ਰੱਜੇਗੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੂਰੇ ਸਰਬੱਗੇ ਦੀ । ਸੂਰਾ ਸਰਬੱਗ ਅਖਵਾਏਗਾ । ਕਲਜੁਗ ਜੁਗ ਅੰਤ ਤਰਸਾਏਗਾ । ਸਤਿਜੁਗ ਸਾਚਾ ਰਾਹ ਚਲਾਏਗਾ । ਸੰਤ ਸੁਹੇਲੇ ਚੁਗ ਆਪਣਾ ਮੇਲ ਮਿਲਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੁਲ੍ਹਾ ਵੇਹੜਾ ਆਪ ਬਣਾਏਗਾ । ਖੁਲ੍ਹਾ ਵੇਹੜਾ ਬਿਨ ਚਾਰ ਦੀਵਾਰ, ਛੱਪਰ ਛੰਨ ਨਾ ਕੋਇ ਛੁਹਾਇੰਦਾ । ਸੂਰਜ ਚੰਦ ਨਾ ਕੋਇ ਉਜਿਆਰ, ਤੇਲ ਬਾਤੀ ਦੀਪਕ ਨਾ ਕੋਇ ਵਖਾਇੰਦਾ । ਸਾਕ ਸੱਜਣ ਸੈਣ ਨਾ ਕੋਇ ਯਾਰ, ਦੋਸਤ ਦਸਤ ਨਾ ਕੋਇ ਮਿਲਾਇੰਦਾ । ਮਾਤ ਪਿਤ ਭਾਈ ਭੈਣ ਕੋਇ ਨਾ ਕੰਤ ਨਾਰ, ਪਿਤਾ ਪੂਤ ਨਾ ਗੋਦ ਉਠਾਇੰਦਾ । ਵਣਜਾਰਾ ਹੱਟ ਨਾ ਕੋਇ ਬਾਜ਼ਾਰ, ਹੋਕਾ ਦੇ ਨਾ ਕੋਇ ਜਗਾਇੰਦਾ । ਪੀਰ ਪੈਗ਼ੰਬਰ ਨਾ ਕੋਇ ਅਵਤਾਰ, ਸੰਤ ਸੰਗ ਨਾ ਕੋਇ ਰਖਾਇੰਦਾ । ਪੰਜ ਤੱਤ ਨਾ ਕੋਇ ਆਕਾਰ, ਤ੍ਰੈਗੁਣ ਵੰਡ ਨਾ ਕੋਇ ਵੰਡਾਇੰਦਾ । ਵਿਸ਼ਨ


੭੫੫
੧੩

ਬ੍ਰਹਮਾ ਸ਼ਿਵ ਨਾ ਕੋਇ ਪਸਾਰ, ਰਾਗ ਨਾਦ ਨਾ ਕੋਇ ਸੁਣਾਇੰਦਾ । ਖਾਣੀ ਬਾਣੀ ਨਾ ਕੋਇ ਜੈਕਾਰ, ਸ਼ਰਅ ਸ਼ਰੀਅਤ ਨਾ ਕੋਇ ਰਖਾਇੰਦਾ । ਵਸਣਹਾਰਾ ਧਾਮ ਨਿਆਰ, ਦੇਸ ਸੁਹੰਜਣਾ ਇਕ ਵਡਿਆਇੰਦਾ । ਸਤਿਜੁਗ ਸਾਚਾ ਖੋਲ੍ਹ ਕਵਾੜ, ਬੰਦ ਤਾਕੀ ਕੁੰਡਾ ਲਾਹਿੰਦਾ । ਭਗਤ ਭਗਵੰਤ ਅੰਦਰ ਦਏ ਵਾੜ, ਫੜ ਬਾਂਹੋਂ ਆਪ ਬਹਾਇੰਦਾ । ਤੱਤੀ ਵਾ ਨਾ ਲਾਗੇ ਹਾੜ, ਅਗਨੀ ਤੱਤ ਨਾ ਕੋਇ ਜਲਾਇੰਦਾ । ਨਿਰਗੁਣ ਨਿਰਗੁਣ ਕਰ ਪਿਆਰ, ਸਰਗੁਣ ਨਾਤਾ ਮੋਹ ਚੁਕਾਇੰਦਾ । ਕਾਗਦ ਕਲਮ ਨਾ ਲਿਖਣਹਾਰ, ਸ਼ਾਹੀ ਕਾਗ਼ਜ਼ ਵੰਡ ਨਾ ਕੋਇ ਵੰਡਾਇੰਦਾ । ਕਰੇ ਖੇਲ ਆਪ ਕਰਤਾਰ, ਕੁਦਰਤ ਆਪਣਾ ਰਾਹ ਚਲਾਇੰਦਾ । ਵਸਣਹਾਰਾ ਧਾਮ ਨਿਆਰ, ਬੇਪਰਵਾਹ ਖੇਲ ਕਰਾਇੰਦਾ । ਸਿਫ਼ਤ ਸਾਲਾਹੀ ਸਾਂਝਾ ਯਾਰ, ਸਿਫ਼ਤ ਵਿਚ ਕਦੇ ਨਾ ਆਇੰਦਾ । ਸਚ ਦਵਾਰਾ ਖੋਲ੍ਹ ਕਿਵਾੜ, ਕੁੰਡਾ ਆਪਣੀ ਹੱਥੀਂ ਲਾਹਿੰਦਾ । ਤਖ਼ਤ ਨਿਵਾਸੀ ਨੌਜਵਾਨ, ਸਚ ਸਿੰਘਾਸਣ ਸੋਭਾ ਪਾਇੰਦਾ । ਨਾਉਂ ਰੱਖ ਸ੍ਰੀ ਭਗਵਾਨ, ਭਵਗਨ ਆਪਣਾ ਦਰ ਵਖਾਇੰਦਾ । ਸਤਿ ਸਤਿਵਾਦ ਝੁਲਾਏ ਨਿਸ਼ਾਨ, ਨਿਸ਼ਾਨਾ ਇਕੋ ਨਜ਼ਰੀ ਆਇੰਦਾ । ਜੁਗ ਚੌਕੜੀ ਵੇਖਣਹਾਰਾ ਖੇਲ ਮਹਾਨ, ਖੇਲ ਆਪਣੀ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੀੜੀ ਗਲੀ ਪੈਂਡਾ ਕੱਟ, ਅੱਗੇ ਵਖਾਏ ਸਾਚਾ ਹੱਟ, ਸਤਿਗੁਰ ਆਪਣਾ ਦਰ ਜਣਾਇੰਦਾ । ਸਾਚਾ ਦਰ ਵੇਖੇ ਭਾਈ, ਭਾਈ ਭਾਈਆਂ ਨਾਲ ਮਿਲਾਈਆ । ਸੁਰਤੀ ਸ਼ਬਦ ਕਰੇ ਕੁੜਮਾਈ, ਨਾਤਾ ਇਕੋ ਜੋੜ ਜੁੜਾਈਆ । ਘਰ ਵਿਚ ਧੀ ਘਰ ਜਵਾਈ, ਘਰ ਵਿਚ ਸੌਹਰੇ ਪੇਈਏ ਦਏ ਵਖਾਈਆ । ਘਰ ਵਿਚ ਪਿਤਾ ਘਰ ਵਿਚ ਮਾਈ, ਘਰ ਘਰ ਵਿਚ ਰੰਗ ਰੰਗਾਈਆ । ਘਰ ਵਿਚ ਲਾਗੀ ਬੈਠੇ ਨਾਈ, ਡੂਮ ਆਪਣਾ ਮੁਖ ਛੁਪਾਈਆ । ਘਰ ਵਿਚ ਨਾਦ ਘਰ ਸ਼ਨਵਾਈ, ਘਰ ਛਹਿਬਰ ਨਾਮ ਲਗਾਈਆ । ਘਰ ਮੁਬਾਰਕ ਘਰ ਵਧਾਈ, ਘਰ ਘਰ ਵਿਚ ਰੰਗ ਵਖਾਈਆ । ਘਰ ਵਿਚ ਹਾਰ ਸ਼ੰਗਾਰ ਸੋਭਾ ਪਾਈ, ਘਰ ਕੱਜਲ ਧਾਰ ਜਣਾਈਆ । ਘਰ ਕੰਤ ਕੰਤੂਲ ਲੈਣਾ ਮਨਾਈ, ਨਿਵਣ ਸੋ ਅੱਖਰ ਧਿਆਨ ਲਗਾਈਆ । ਘਰ ਨਾਰੀ ਨਰ ਨਰਾਇਣ ਲਏ ਹੰਢਾਈ, ਗੁਰਮੁਖ ਆਪਣੇ ਅੰਗ ਲਗਾਈਆ । ਆਤਮ ਪਰਮਾਤਮ ਸੇਜਾ ਚੜ੍ਹੇ ਚਾਈਂ ਚਾਈਂ, ਚਾਉ ਘਨੇਰਾ ਇਕ ਵਖਾਈਆ । ਬਿਨ ਹੱਥਾਂ ਬਾਂਹਵਾਂ ਗਲਵਕੜੀ ਲਏ ਪਾਈ, ਤੱਤਵ ਤੱਤ ਨਾ ਕੋਇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਜਨ ਭਗਤਾਂ ਖੁਲ੍ਹਾ ਵੇਹੜਾ ਇਕ ਵਖਾਈਆ । ਖੁਲ੍ਹਾ ਵੇਹੜਾ ਇਕ ਸੁਹੰਜਣਾ, ਸਤਿਗੁਰ ਸੱਚਾ ਆਪ ਜਣਾਇੰਦਾ । ਜੋਤ ਜਗੇ ਇਕ ਨਿਰੰਜਣਾ, ਨੂਰੋ ਨੂਰ ਡਗਮਗਾਇੰਦਾ । ਹੋਏ ਸਹਾਈ ਦਰਦ ਦੁੱਖ ਭੈ ਭੰਜਨਾ, ਭਵ ਸਾਗਰ ਪਾਰ ਕਰਾਇੰਦਾ । ਗੁਰਮੁਖ ਕਰ ਲਓ ਸਤਿਗੁਰ ਚਰਨ ਮਜਨਾ, ਕੂੜੀ ਕਿਰਿਆ ਮੇਟ ਮਿਟਾਇੰਦਾ । ਜੋ ਘੜਿਆ ਸੋ ਭੱਜਣਾ, ਥਿਰ ਕੋਇ ਰਹਿਣ ਨਾ ਪਾਇੰਦਾ । ਖੁਲ੍ਹੇ ਵੇਹੜੇ ਜਿਸ ਨੇ ਅੰਤਮ ਸਜਣਾ, ਤਿਸ ਇਕੋ ਰਾਹ ਜਣਾਇੰਦਾ । ਨਿਹਕਲੰਕ ਡੰਕਾ ਵੱਜਣਾ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਅੰਤਮ ਹਰਿ ਨੇ ਪੜਦਾ ਕੱਜਣਾ, ਸਿਰ ਆਪਣਾ ਹੱਥ ਟਿਕਾਇੰਦਾ । ਸ਼ੇਰ ਹੋ ਕੇ ਬੁੱਕਣਾ, ਭਬਕ ਇਕੋ ਇਕ ਲਗਾਇੰਦਾ । ਜਿਸ ਦੀ ਗੁਰ ਅਵਤਾਰ ਪੀਰ ਪੈਗ਼ੰਬਰ ਸੁੱਖਦੇ ਗਏ ਸੁਖਣਾ, ਸੋ ਸਾਹਿਬ ਫੇਰਾ ਪਾਇੰਦਾ । ਉਜਲ ਕਰੇ ਕਲਜੁਗ ਮੁਖਣਾ, ਮੁਫ਼ਤ ਆਪਣਾ ਨਾਮ ਵੰਡਾਇੰਦਾ । ਏਸ ਵੇਲਿਉਂ ਕਿਸੇ ਨਾ ਉਕਣਾ, ਵੇਲਾ ਗਿਆ ਹੱਥ ਨਾ ਆਇੰਦਾ । ਬੀਸ ਬੀਸੇ ਪੈਂਡਾ ਮੁਕਣਾ, ਕਲਜੁਗ ਆਪਣਾ ਮੁਖ ਛੁਪਾਇੰਦਾ । ਸਤਿਜੁਗ ਸੱਚਾ ਇਕੋ ਉਠਣਾ, ਸੋ ਪੁਰਖ ਨਿਰੰਜਣ ਆਪ

ਉਠਾਇੰਦਾ । ਜਨ ਭਗਤਾਂ ਗੋਦੀ ਚੁੱਕਣਾ, ਚੁੱਕ ਚੁੱਕ ਖ਼ੁਸ਼ੀ ਮਨਾਇੰਦਾ । ਸੱਚਾ ਮਾਰਗ ਜਿਸ ਜਨ ਪੁਛਣਾ, ਜ਼ਾਹਰ ਜ਼ਹੂਰ ਆਪ ਸਮਝਾਇੰਦਾ । ਨਿੱਕੀ ਭੀੜੀ ਗਲੀ ਪੰਧ ਮੁੱਕਣਾ, ਮਹੱਲ ਅਟੱਲ ਇਕ ਵਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਖੁਲ੍ਹਾ ਘਰ ਇਕ ਵਖਾਇੰਦਾ । ਖੁਲ੍ਹਾ ਘਰ ਖੋਲ੍ਹ ਦਰਵਾਜਾ, ਦਰਦੀ ਦਰਦੀਆਂ ਦਰਦ ਵੰਡਾਈਆ । ਖੇਲ ਕਰਾਏ ਗ਼ਰੀਬ ਨਿਵਾਜਾ, ਗ਼ਰੀਬ ਨਿਮਾਣੇ ਰਿਹਾ ਮਿਲਾਈਆ । ਸ਼ਾਹ ਸੁਲਤਾਨ ਕਿਸੇ ਸੀਸ ਨਾ ਰਹੇ ਤਾਜਾ, ਜਗਦੀਸ ਹੁਕਮ ਜਣਾਈਆ । ਬੀਸ ਬੀਸੇ ਰਚਿਆ ਕਾਜਾ, ਕਰਤਾ ਆਪਣਾ ਵੇਸ ਵਟਾਈਆ । ਨਿਰਗੁਣ ਨਿਰਵੈਰ ਆਇਆ ਭਾਜਾ, ਨਿਰਾਕਾਰ ਫੇਰਾ ਪਾਈਆ । ਸ਼ਾਹੋ ਭੂਪ ਬਣ ਬਣ ਰਾਜਾ, ਸ਼ਹਿਨਸ਼ਾਹ ਆਪਣਾ ਹੁਕਮ ਮਨਾਈਆ । ਸੰਬਲ ਨਗਰ ਇਕੋ ਸਾਜਾ, ਸਾਢੇ ਤਿੰਨ ਹੱਥ ਬਣਤ ਬਣਾਈਆ । ਗੁਰ ਗੋਬਿੰਦ ਮਾਰ ਆਵਾਜ਼ਾ, ਸ਼ਬਦੀ ਸ਼ਬਦ ਜਗਾਈਆ । ਮੇਲ ਮਿਲਿਆ ਦੇਸ ਮਾਝਾ, ਮਾਝਾ ਨਿਰਗੁਣ ਸਰਗੁਣ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਖੇਲ ਕਰਾਈਆ । ਮਾਝਾ ਦੇਸ ਪਏ ਮਾਝਾ, ਹਰਿ ਮਜਲਸ ਨਾਮ ਲਗਾਇੰਦਾ । ਦਵਾਬੇ ਮਾਰੇ ਇਕੋ ਦਾਬਾ, ਦੋ ਜਹਾਨਾਂ ਆਪ ਡਰਾਇੰਦਾ । ਵੇਖਣਹਾਰਾ ਮੱਕਾ ਕਾਅਬਾ, ਕਾਬਲ ਆਪਣਾ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਕਰ ਵਖਾਇੰਦਾ । ਆਪਣੀ ਕਰਨੀ ਹਰਿ ਕਰਾਵੇਗਾ । ਆਤਮ ਪਰਮਾਤਮ ਢੋਲਾ ਗਾਵੇਗਾ । ਸ਼ਬਦ ਵਿਚੋਲਾ ਇਕ ਬਣਾਵੇਗਾ । ਕਲਜੁਗ ਹੋਲਾ ਅੰਤ ਖਲਾਵੇਗਾ । ਰੌਲਾ ਘਰ ਘਰ ਅੰਦਰ ਪਾਵੇਗਾ । ਮੌਲਾ ਨਜ਼ਰ ਕਿਸੇ ਨਾ ਆਵੇਗਾ । ਗੁਰ ਗੋਬਿੰਦ ਕੀਤਾ ਕੌਲ, ਤੋੜ ਨਿਭਾਵੇਗਾ । ਸੰਬਲ ਨਗਰ ਢੋਲ ਵਜਾਵੇਗਾ । ਆਪ ਬੈਠ ਅਡੋਲ, ਸ੍ਰਿਸ਼ਟ ਡੁਲਾਵੇਗਾ । ਲੱਖ ਚੁਰਾਸੀ ਕਰ ਕਰ ਘੋਲ, ਡੂੰਘੇ ਖਾਤੇ ਪਾਵੇਗਾ । ਸੰਤ ਸੁਹੇਲੇ ਗੁਰੂ ਗੁਰ ਚੇਲੇ ਲਏ ਵਰੋਲ, ਨਾਮ ਮਧਾਣਾ ਇਕ ਰਖਾਵੇਗਾ । ਭਗਤ ਭਗਵੰਤ ਰੱਖੇ ਕੋਲ, ਕਮਲਾਪਾਤੀ ਮੇਲ ਮਿਲਾਵੇਗਾ । ਗੁਰ ਸ਼ਬਦੀ ਬਦਲੇ ਚੋਲ, ਚੋਲਾ ਗੋਬਿੰਦ ਇਕ ਹੰਢਾਵੇਗਾ । ਭੇਵ ਨਾ ਜਾਣੇ ਪੰਡਤ ਪਾਂਧਾ ਰੌਲ, ਲੇਖਾ ਲਿਖ ਨਾ ਕੋਇ ਸਮਝਾਵੇਗਾ । ਸੰਮਤ ਬੀਸ ਤੱਕ ਸਾਰੇ ਕਰਦੇ ਰਹਿਣ ਮਖ਼ੌਲ, ਮੁਖ ਨਜ਼ਰ ਕਿਸੇ ਨਾ ਆਵੇਗਾ । ਲੱਖ ਚੁਰਾਸੀ ਮਾਰੇ ਅੰਤ ਅਨਭੋਲ, ਭੁੱਲਿਆਂ ਫੇਰ ਨਾ ਕੋਇ ਬਚਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਅਖਵਾਵੇਗਾ । ਕਲ ਕਲਕੀ ਫੇਰਾ ਪਾਏਗਾ । ਕਲ ਕਲਕੀ ਹਰਿ ਹਰਿ ਆਏਗਾ । ਦਰ ਦਰ ਅਲਖ ਜਗਾਏਗਾ । ਘਰ ਘਰ ਆਪ ਉਠਾਏਗਾ । ਪੜ੍ਹ ਪੜ੍ਹ ਨਾਮ ਸੁਣਾਏਗਾ । ਚੜ੍ਹ ਚੜ੍ਹ ਕੁੰਡਾ ਲਾਹੇਗਾ । ਲੜ ਲੜ ਸਾਰੇ ਢਾਹੇਗਾ । ਮਰ ਮਰ ਫੇਰ ਜਵਾਏਗਾ । ਗੁਰਮੁਖ ਗੋਦ ਬਹਾਏਗਾ । ਗੋਬਿੰਦ ਅੰਗ ਲਗਾਏਗਾ । ਚਾਰ ਵਰਨ ਸਮਝਾਏਗਾ । ਇਕੋ ਰਾਹੇ ਪਾਏਗਾ । ਪੁਰਖ ਅਕਾਲ ਮਨਾਏਗਾ । ਦੂਜਾ ਇਸ਼ਟ ਕੋਈ ਰਹਿਣ ਨਾ ਪਾਏਗਾ । ਗੁਰ ਅਵਤਾਰ ਪੀਰ ਪੈਗ਼ੰਬਰ ਸੀਸ ਝੁਕਾਏਗਾ । ਵਿਸ਼ਨ ਬ੍ਰਹਮਾ ਸ਼ਿਵ ਨਿਉਂ ਨਿਉਂ ਲਾਗੇ ਪਾਏ, ਦੋਏ ਜੋੜ ਵਾਸਤਾ ਪਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਇਕੋ ਰਾਹ ਵਖਾਏਗਾ । ਇਕੋ ਰਾਹ ਚਲੇਗਾ । ਸਚ ਸਿੰਘਾਸਣ ਹਰਿ ਜੂ ਮੱਲੇਗਾ । ਨਾਮ ਸੰਦੇਸਾ ਇਕੋ ਘੱਲੇਗਾ । ਜੋ ਅੜਿਆ ਅੰਤਮ ਡੰਨੇਗਾ । ਜੋ ਘੜਿਆ ਭਗਵਨ ਭੰਨੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ

੭੫੭
੧੩

ਸਾਚਾ ਵਰ, ਸਾਚੀ ਚਾਲ ਆਪੇ ਚਲੇਗਾ । ਸਾਚੀ ਚਾਲ ਚਲੇ ਨਿਰਾਲੀ, ਅਕਲ ਕਲ ਵੱਡੀ ਵਡਿਆਈਆ । ਨਿਰਗੁਣ ਨੂਰ ਜੋਤ ਅਕਾਲੀ, ਅਕਲ ਕਲ ਫੇਰਾ ਪਾਈਆ । ਆਪਣੇ ਹੱਥ ਰੱਖੇ ਖ਼ਾਲੀ, ਖ਼ਾਲਕ ਆਪਣਾ ਹੁਕਮ ਵਡਿਆਈਆ । ਲੱਖ ਚੁਰਾਸੀ ਬੂਟਾ ਵੇਖੇ ਮਾਲੀ, ਮਾਲਕ ਆਪਣਾ ਵੇਸ ਵਟਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਕੋਲੋਂ ਮੰਗੇ ਦਲਾਲੀ, ਜੁਗ ਚੌਕੜੀ ਗਿਆ ਸਮਝਾਈਆ । ਹਕੀਕਤ ਵੇਖੇ ਹੱਕ ਹਲਾਲੀ, ਹੁਕਮ ਹਾਕਮ ਰਿਹਾ ਜਣਾਈਆ । ਚਾਰੋਂ ਕੁੰਟ ਹੋਏ ਸਰਬ ਹਰਾਮੀ, ਸ਼ਰਅ ਸ਼ੈਤਾਨ ਕਰੇ ਲੜਾਈਆ । ਵੇਖਣਹਾਰਾ ਅੰਤਰਜਾਮੀ, ਘਟ ਘਟ ਫੋਲ ਫੋਲਾਈਆ । ਨਾਨਕ ਨਿਰਗੁਣ ਗੁਰ ਅਰਜਣ ਤੇਰੀ ਭੁੱਲੀ ਬਾਣੀ, ਬਾਣ ਨਿਰਾਲਾ ਤੀਰ ਨਾ ਕੋਇ ਲਗਾਈਆ । ਰਾਮ ਦਾਸ ਸਰੋਵਰ ਠੰਡਾ ਜਲ ਅੰਮ੍ਰਿਤ ਪੀਏ ਨਾ ਕੋਇ ਪਾਣੀ, ਅਗਨੀ ਤੱਤ ਰਹੀ ਜਲਾਈਆ । ਅਮਰਦਾਸ ਦੇ ਕੇ ਗਿਆ ਸਚ ਨਿਸ਼ਾਨੀ, ਬਿਨ ਸਤਿਗੁਰ ਪਾਰ ਨਾ ਕੋਇ ਕਰਾਈਆ । ਗੁਰ ਅੰਗਦ ਗੁਰ ਨਾਨਕ ਜੋਤ ਜਗਾਈ ਇਕ ਮਹਾਨੀ, ਜੀਵੰਦਿਆਂ ਜਗਤ ਜੁਗਤ ਜਣਾਈਆ । ਕਲਜੁਗ ਜੀਵ ਕਰੋ ਧਿਆਨੀ, ਧਿਆਨ ਧਿਆਨ ਰਿਹਾ ਲਗਾਈਆ । ਵਰਨ ਬਰਨ ਜ਼ਾਤ ਪਾਤ ਲੇਖਾ ਚੁਕੇ ਚਾਰ ਖਾਣੀ, ਖ਼ਾਹਸ਼ ਸਭ ਦੀ ਪੂਰ ਕਰਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਸਾਰੇ ਲੱਭੇ ਸ਼ਬਦ ਹਾਣੀ, ਅੰਤਰ ਆਤਮ ਕਰੇ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰਾ ਇਕ ਖੁਲ੍ਹਾਈਆ । ਸਚ ਦਵਾਰਾ ਹਰਿ ਜੂ ਖੋਲ੍ਹੇ, ਖੋਲ੍ਹ ਖੋਲ੍ਹ ਸਮਝਾਇੰਦਾ । ਸ਼ਬਦ ਅਗੰਮੀ ਹੋ ਕੇ ਬੋਲੇ, ਹੋਕਾ ਹੱਕ ਜਣਾਇੰਦਾ । ਲੱਖ ਚੁਰਾਸੀ ਅੰਤਮ ਰਾਏ ਧਰਮ ਦੇ ਪੈਣੀ ਡੋਲੇ, ਲਾੜੀ ਮੌਤ ਨਾਲ ਪਰਨਾਇੰਦਾ । ਧਰਮ ਰਾਏ ਲੇਖਾ ਗੁਪਤ ਸਭ ਦਾ ਫੋਲੇ, ਚਿਤਰ ਗੁਪਤ ਨਾਲ ਮਿਲਾਇੰਦਾ । ਲੱਖ ਚੁਰਾਸੀ ਜੀਵ ਬਾਹਰੋਂ ਨਿੱਗਰ ਅੰਦਰੋਂ ਪੋਲੇ, ਪੋਲ ਸਭ ਦਾ ਅੰਤ ਖੁਲ੍ਹਾਇੰਦਾ । ਕੂੜੀ ਕਿਰਿਆ ਪੌਂਦੇ ਰਹੇ ਰੌਲੇ, ਰਮਲਾ ਯਮਲਾ ਜੱਟ ਨਜ਼ਰ ਕਿਸੇ ਨਾ ਆਇੰਦਾ । ਜਿਸ ਨੂੰ ਕਹਿੰਦੇ ਪੜਦੇ ਉਹਲੇ, ਸੋ ਪੜਦਾ ਪਾੜ ਵਖਾਇੰਦਾ । ਜਿਸ ਜਣਾਏ ਸੋਹੰ ਬੋਲੇ, ਅਨਬੋਲਤ ਰਾਗ ਅਲਾਇੰਦਾ । ਸੋ ਅਨਡਿਠੜੀ ਧਾਰ ਮੌਲੇ, ਮੌਲਾ ਆਪਣਾ ਖੇਲ ਕਰਾਇੰਦਾ । ਕਲਜੁਗ ਬਦਲ ਦੇਵੇ ਹੌਲੇ ਹੌਲੇ, ਹੌਲਾ ਭਾਰ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਵੇਹੜਾ ਇਕ ਬਣਾਇੰਦਾ । ਸਾਚਾ ਵੇਹੜਾ ਬਣੇ ਮਾਤ, ਸੋ ਪੁਰਖ ਨਿਰੰਜਣ ਆਪ ਬਣਾਈਆ । ਚਾਰ ਵਰਨ ਬਣੇ ਇਕ ਜਮਾਤ, ਇਕੋ ਅੱਖਰ ਦਏ ਸਮਝਾਈਆ । ਆਤਮ ਪਰਮਾਤਮ ਗਾਵਣ ਗਾਥ, ਸੋਹੰ ਸ਼ਬਦ ਨਾਮ ਵਡਿਆਈਆ । ਨਾਤਾ ਤੁਟੇ ਜ਼ਾਤ ਪਾਤ, ਊਚ ਨੀਚ ਰਹਿਣ ਨਾ ਪਾਈਆ । ਮਨ ਵਾਸਨਾ ਮੇਟੇ ਕਮਜ਼ਾਤ, ਮਤਵਾਲੀ ਮਤ ਨਾ ਕੋਇ ਚਤਰਾਈਆ । ਬੁਧੀ ਕਰੇ ਬਿਬੇਕ ਆਪ, ਆਪ ਆਪਣੀ ਦਇਆ ਕਮਾਈਆ । ਬਰਨ ਅਠਾਰਾਂ ਬਣਾਏ ਸਾਕ, ਸੱਜਣ ਇਕੋ ਨਜ਼ਰੀ ਆਈਆ । ਲੇਖਾ ਜਾਣੇ ਰੂਹ ਪਾਕ, ਪੁਨੀਤ ਕਰੇ ਕੁੜਮਾਈਆ । ਆਤਮ ਪਰਮਾਤਮ ਦੇਵੇ ਸਾਥ, ਪੰਜ ਤੱਤ ਵੱਜੇ ਵਧਾਈਆ । ਲੇਖਾ ਚੁਕੇ ਪਿਛਲੀ ਗਾਥ, ਅੱਗੇ ਇਕੋ ਰਾਗ ਸੁਣਾਈਆ । ਤੇਈ ਅਵਤਾਰ ਕਹਿਣ ਅਸੀਂ ਤੇਰੀ ਜਮਾਤ, ਭਗਤ ਅਠਾਰਾਂ ਇਕੋ ਗੰਢ ਪਵਾਈਆ । ਈਸਾ ਮੂਸਾ ਮੁਹੰਮਦ ਕਹਿਣ ਮਿਲੀ ਨਜਾਤ, ਨਛਾਵਰ ਆਪਣਾ ਆਪ ਕਰਾਈਆ । ਚਾਰ ਯਾਰੀ ਕਹੇ ਡਿਗੇ ਡੂੰਘੇ ਖਾਤ, ਫੇਰ ਸਕੇ ਨਾ ਕੋਇ ਉਠਾਈਆ । ਅੱਲਾ ਰਾਣੀ ਰਹੀ ਝਾਕ, ਮੀਆਂ ਨਜ਼ਰ ਕੋਇ ਨਾ ਆਈਆ । ਸਦੀ ਚੌਧਵੀਂ ਸੁੰਞੀ ਖਾਟ, ਬਿਸਤਰ ਹੱਕ ਨਾ ਕੋਇ ਵਿਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ

ਵੇਹੜਾ ਇਕ ਬਣਾਈਆ । ਸਾਚਾ ਵੇਹੜਾ ਸੋਭਾਵੰਤ, ਸਤਿ ਸਤਿਗੁਰ ਆਪ ਬਣਾਇੰਦਾ । ਨਾਰੀ ਮਿਲੇ ਨਿਰਗੁਣ ਕੰਤ, ਆਪਣੀ ਸੇਜ ਹੰਢਾਇੰਦਾ । ਚੋਲੀ ਚਾੜ੍ਹੇ ਰੰਗ ਬਸੰਤ, ਬਸਨ ਬਨਵਾਰੀ ਆਪ ਰੰਗਾਇੰਦਾ । ਨਜ਼ਰੀ ਆਏ ਇਕ ਅਖੰਡਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਘਰ ਆਪ ਵਡਿਆਇੰਦਾ । ਆਪਣਾ ਘਰ ਵੇਖ ਵੱਡਾ, ਹਰਿ ਵੱਡੀ ਕਰੇ ਵਡਿਆਈਆ । ਸੁਤ ਸ਼ਬਦ ਇਕੋ ਨੱਢਾ, ਛੋਟਾ ਬਾਲਾ ਆਸਣ ਲਾਈਆ । ਵਿਸ਼ਨ ਬ੍ਰਹਮਾ ਸ਼ਿਵ ਬਣਾਈ ਯੱਦਾ, ਯੱਦ ਪੁਸ਼ਤ ਹੋਏ ਸਹਾਈਆ । ਜੁਗ ਚੌਕੜੀ ਹੁਕਮੇ ਬੱਧਾ, ਹੁਕਮੀ ਹੁਕਮ ਮਨਾਈਆ । ਗੁਰ ਅਵਤਾਰ ਦੇ ਦੇ ਗਏ ਸੱਦਾ, ਸਦਕੇ ਵਾਰੀ ਘੋਲੀ ਘੋਲ ਘੁਮਾਈਆ । ਪੀਰ ਪੈਗ਼ੰਬਰ ਕਹਿੰਦੇ ਰਹਿੰਦਾ ਪਾਰ ਹੱਦਾ, ਹਦੂਦ ਨਜ਼ਰ ਕਿਸੇ ਨਾ ਆਈਆ । ਭਗਤ ਕਹਿਣ ਭਗਵਾਨ ਪਰੇਮ ਬੱਧਾ, ਨਿਤ ਨਵਿਤ ਵੇਸ ਵਟਾਈਆ । ਜਿਉਂ ਧੰਨੇ ਪੱਥਰੋਂ ਕੱਢਾ, ਤਿਉਂ ਗੁਰਮੁਖਾਂ ਅੱਗੇ ਆਪਣਾ ਦਰਸ ਦਿਖਾਈਆ । ਬਿਨ ਨਗਾਰਿਉਂ ਆਪੇ ਵੱਜਾ, ਆਪਣਾ ਨਾਦ ਸੁਣਾਈਆ । ਰੂਪ ਰੰਗ ਰੇਖ ਨਾ ਕੋਈ ਕੱਦਾ, ਉਚਾ ਲੰਮਾ ਨਾ ਕੋਇ ਜਣਾਈਆ । ਸਚਖੰਡ ਦਵਾਰੇ ਸਚ ਸਿੰਘਾਸਣ ਬਹਿ ਕੇ ਸਜਾ, ਹਰਿ ਸੱਜਣ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੀੜੀ ਗਲੀ ਪੜਦਾ ਕੱਜਾ, ਖੁਲ੍ਹਾ ਵੇਹੜਾ ਦਏ ਵਖਾਈਆ । ਖੁਲ੍ਹਾ ਵੇਹੜਾ ਵੇਖੇ ਦੀਨ ਦਿਆਲ, ਦਇਆਨਿਧ ਆਪ ਵਖਾਇੰਦਾ । ਸਤਿ ਧਰਮ ਦੀ ਸਚ ਧਰਮਸਾਲ, ਧਰਮ ਦਵਾਰ ਇਕ ਪਰਗਟਾਇੰਦਾ । ਨਿਰਗੁਣ ਸੁਣੇ ਮੁਰੀਦਾਂ ਹਾਲ, ਮੁਰਸ਼ਦ ਆਪਣਾ ਫੇਰਾ ਪਾਇੰਦਾ । ਨਾਤਾ ਤੋੜ ਕਾਲ ਮਹਾਂਕਾਲ, ਬਿਧਾਤਾ ਆਪਣਾ ਜੋੜ ਜੁੜਾਇੰਦਾ । ਸਾਚਾ ਮੰਦਰ ਕਦੇ ਨਾ ਹੋਏ ਜ਼ਵਾਲ, ਢੇਰੀ ਢਾਹ ਖ਼ਾਕ ਨਾ ਕੋਇ ਮਿਲਾਇੰਦਾ । ਉਚਾ ਵੇਹੜਾ ਬੇਮਿਸਾਲ, ਮਿਸਲ ਲਿਖ ਨਾ ਕੋਇ ਸਮਝਾਇੰਦਾ । ਛੋਟੀ ਕੁਲੀ ਵਿਚੋਂ ਨਿਕਾਲ, ਮੰਦਰ ਆਪਣੇ ਆਪ ਵਸਾਇੰਦਾ । ਕਲਜੁਗ ਜੀਵ ਸਾਚੇ ਬਣ ਜਾਓ ਲਾਲ, ਹਰਿ ਲਾਲਨ ਆਪ ਸਮਝਾਇੰਦਾ । ਏਥੇ ਓਥੇ ਬਣ ਰਖਵਾਲ, ਰੱਖਕ ਆਪਣੀ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭੀੜੀ ਗਲੀ ਮੁਖ ਭਵਾਇੰਦਾ । ਭੀੜੀ ਗਲੀ ਮੁਖ ਦੇਵੇ ਮੋੜ, ਮੁਹੱਬਤ ਇਕੋ ਇਕ ਦਰਸਾਈਆ । ਸਤਿਜੁਗ ਨਾਤਾ ਦੇਵੇ ਜੋੜ, ਜੋੜੀ ਆਪ ਜੁੜਾਈਆ । ਸ਼ਾਹਸਵਾਰਾ ਵੇਖੇ ਚੜ੍ਹ ਕੇ ਘੋੜ, ਅਸਵ ਪਾਖਰ ਜ਼ੀਨ ਤੰਗ ਕਸਾਈਆ । ਲੱਖ ਚੁਰਾਸੀ ਵੇਖੇ ਰੀਠਾ ਮਿਠਾ ਕੌੜ, ਘਰ ਘਰ ਅੰਦਰ ਕੁੰਡਾ ਲਾਹੀਆ । ਭੇਵ ਚੁਕਾਏ ਪੂਤ ਸਪੂਤਾ ਬ੍ਰਹਿਮਣ ਗੌੜ, ਉਚਾ ਟਿੱਲਾ ਪਰਬਤ ਇਕ ਸੁਹਾਈਆ । ਜ਼ਾਹਰਾ ਪੀਰ ਜਾਏ ਬੌਹੜ, ਬੌਹੜੀ ਬੌਹੜੀ ਕਰੇ ਸਰਬ ਲੋਕਾਈਆ । ਨਿਰਗੁਣ ਵੇਖੇ ਕਰਕੇ ਗ਼ੌਰ, ਗਹਿਰ ਗੰਭੀਰ ਸੱਚਾ ਸ਼ਹਿਨਸ਼ਾਹੀਆ । ਕਰੇ ਬਿਧ ਅਵਰ ਕੀ ਔਰ, ਗਤ ਮਿਤ ਆਪਣੇ ਹੱਥ ਰਖਾਈਆ । ਕਲਜੁਗ ਜੀਵ ਅਗਨੀ ਸੜਦੇ ਕਿਉਂ ਸਿਰ ਤੇ ਝੁਲਦਾ ਚੌਰ, ਸੀਸ ਤਾਜ ਕਵਣ ਟਿਕਾਈਆ । ਕੂੜੀ ਕਿਰਿਆ ਪੌਂਦੇ ਸ਼ੋਰ, ਸ਼ੌਹਰ ਨਜ਼ਰ ਕਿਸੇ ਨਾ ਆਈਆ । ਮਨ ਹੰਗਤਾ ਵਖੌਂਦੇ ਜ਼ੋਰ, ਜ਼ੇਰ ਜ਼ਬਰ ਨਜ਼ਰ ਕਿਸੇ ਨਾ ਆਈਆ । ਜਿਸ ਦਾ ਆਦਿ ਜੁਗਾਦਿ ਮੰਤਰ ਫੋਰ, ਫੁਰਨਾ ਸਭ ਦਾ ਬੰਦ ਕਰਾਈਆ । ਜਿਉਂ ਭਾਵੇ ਤਿਵ ਲਏ ਤੋਰ, ਤੁਰਤ ਆਪਣਾ ਹੁਕਮ ਮਨਾਈਆ । ਕਲਮਿਉਂ ਕਾਫ਼ਰ ਹੋ ਗਏ ਚੋਰ, ਹਰਿ ਕਾ ਨਾਮ ਠੱਗੀ ਨਾ ਕੋਇ ਕਰਾਈਆ । ਜਗਤ ਵਾਸਨਾ ਹੋਈ ਹਰਾਮਖ਼ੋਰ, ਖੋਜੀ ਬਣਿਆ ਕੋਈ ਨਾ ਪਾਂਧੀ ਰਾਹੀਆ । ਅੰਤਮ ਕਲਜੁਗ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਪ੍ਰਭ ਸੱਚੇ ਦੀ ਪੈ ਗਈ ਲੋੜ, ਸਾਰੇ ਬੈਠੇ ਧਿਆਨ ਲਗਾਈਆ । ਸ੍ਰੀ ਭਗਵਾਨ

੭੫੯
੧੩

ਆਏ ਦੌੜ, ਨਿਰਗੁਣ ਆਪਣਾ ਵੇਸ ਵਟਾਈਆ । ਸੱਸੇ ਉਪਰ ਲਾਏ ਹੋੜ, ਸੋ ਪੁਰਖ ਨਿਰੰਜਣ ਬੇਪਰਵਾਹੀਆ । ਹੰ ਬ੍ਰਹਮ ਬ੍ਰਹਮ ਹੰ ਚੁਕਾਏ ਮੋਰ ਤੋਰ, ਤੇਰਾ ਮੇਰਾ ਰਹਿਣ ਨਾ ਪਾਈਆ । ਕਰੇ ਪਰਕਾਸ਼ ਅੰਧ ਘੋਰ, ਚੰਦ ਚਾਂਦਨਾ ਇਕ ਰੁਸ਼ਨਾਈਆ । ਕਵਲ ਪ੍ਰੀਤੀ ਨਾਤਾ ਜੋੜ, ਚਰਨ ਦਏ ਸਰਨਾਈਆ । ਆਪਣੇ ਹੱਥ ਰੱਖੇ ਡੋਰ, ਲੱਖ ਚੁਰਾਸੀ ਗੁਡੀਆ ਪਤੰਗ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਿੱਕੀ ਗਲੀ ਕਰੇ ਪਾਰ, ਵੱਡਾ ਖੋਲ੍ਹੇ ਆਪ ਦਵਾਰ, ਜਿਸ ਦਰਬਾਰ ਵਸੇ ਸੱਚਾ ਮਾਹੀਆ ।

ਸੱਚਾ ਮਾਹੀ ਜਿਸ ਜਨ ਪੌਣਾ, ਪਵਣ ਪਾਣੀ ਜਣਾਇੰਦਾ । ਸੋਹੰ ਢੋਲਾ ਇਕੋ ਗੌਣਾ, ਵਿਛੜੇ ਮੇਲ ਮਿਲਾਇੰਦਾ । ਨਿਹਕਰਮੀ ਨਿਹਕਰਮ ਬਣੌਣਾ, ਕਰਮ ਕਾਂਡ ਨਾ ਕੋਇ ਰਖਾਇੰਦਾ । ਗੁਰਮੁਖ ਦੇ ਬਾਂਹ ਸਰਹਾਣੇ ਸੌਣਾ, ਤੇਰੀ ਸੇਵਾ ਸਤਿਗੁਰ ਆਪ ਕਮਾਇੰਦਾ । ਆਤਮ ਪਰਮਾਤਮ ਬੀਜ ਇਕੋ ਬੋਣਾ, ਪੱਤ ਡਾਲੀ ਫਲ ਫੁਲ ਆਪ ਮਹਿਕਾਇੰਦਾ । ਸ੍ਰਿਸ਼ਟ ਸਬਾਈ ਅੰਤਮ ਪਵੇ ਰੋਣਾ, ਨੇਤਰ ਨੀਰ ਸਰਬ ਵਖਾਇੰਦਾ । ਕਲਜੁਗ ਕਾਲ ਫੜ ਕੇ ਕੋਹਣਾ, ਕੋਹ ਕੋਹ ਆਪਣੇ ਚਰਨਾਂ ਹੇਠ ਦਬਾਇੰਦਾ । ਆਪਣਾ ਬਲ ਕਿਸੇ ਨਾ ਮਿਲੇ ਟੋਹਣਾ, ਭਾਣਾ ਸਭ ਦੇ ਸਿਰ ਤੇ ਛਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਖੁਲ੍ਹਾਵਣਹਾਰਾ ਸਾਚਾ ਦਰ, ਦਰ ਦਰਵਾਜ਼ਾ ਗ਼ਰੀਬ ਨਿਵਾਜਾ ਬੇਮੁਹਤਾਜਾ ਮੁਹੱਬਤ ਆਪਣੀ ਵਿਚ ਖੁਲ੍ਹਾਇੰਦਾ ।



## ❇ ੨੯ ਮਾਘ ੨੦੧੯ ਬਿਕ੍ਰਮੀ ਚਰਨ ਸਿੰਘ ਦੇ ਗ੍ਰਿਹ ਤਰਨ ਤਾਰਨ ਜ਼ਿਲਾ ਅੰਮ੍ਰਿਤਸਰ ❇

ਸਤਿਗੁਰ ਸ਼ਬਦ ਮੇਲਾ ਰਾਮ, ਰਾਮ ਰਮੱਯਾ ਮੇਲ ਮਿਲਾਈਆ । ਸਤਿਗੁਰ ਸ਼ਬਦ ਘਨੱਯਾ ਸ਼ਾਮ, ਕਾਹਨਾ ਬੰਸਰੀ ਇਕ ਵਜਾਈਆ । ਸਤਿਗੁਰ ਸ਼ਬਦ ਸੱਚਾ ਜਾਮ, ਅੰਮ੍ਰਿਤ ਰਸ ਇਕ ਚਖਾਈਆ । ਸਤਿਗੁਰ ਸ਼ਬਦ ਪੂਰਨ ਕਰੇ ਕਾਮ ਪੂਰੀ ਇਛਿਆ ਮਾਤ ਕਰਾਈਆ । ਸਤਿਗੁਰ ਸ਼ਬਦ ਸਚ ਦਏ ਪੈਗ਼ਾਮ, ਧੁਰ ਸੰਦੇਸ਼ਾ ਇਕ ਸੁਣਾਈਆ । ਸਤਿਗੁਰ ਸ਼ਬਦ ਆਤਮ ਸੱਚਾ ਦੇਵੇ ਸਚ ਆਰਾਮ, ਸਚ ਸਿੰਘਾਸਣ ਇਕ ਸੁਹਾਈਆ । ਸਤਿਗੁਰ ਸ਼ਬਦ ਪਕੜਾਏ ਦਾਮ, ਦਾਮਨਗੀਰ ਇਕ ਹੋ ਜਾਈਆ । ਸਤਿਗੁਰ ਸ਼ਬਦ ਸਾਚਾ ਰੱਖੇ ਇਕੋ ਆਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸ਼ਬਦ ਇਕ ਵਡਿਆਈਆ । ਸਤਿਗੁਰ ਸ਼ਬਦ ਸੂਰਬੀਰ, ਵਡ ਵੱਡਾ ਵਡ ਵਡਿਆਈਆ । ਸਤਿਗੁਰ ਸ਼ਬਦ ਨਿਰਾਲਾ ਤੀਰ, ਅਨਿਆਲਾ ਆਪ ਚਲਾਈਆ । ਸਤਿਗੁਰ ਸ਼ਬਦ ਦੂਈ ਦਵੈਤੀ ਹਉਮੇਂ ਹੰਗਤਾ ਮਾਇਆ ਮਮਤਾ ਦੇਵੇ ਚੀਰ, ਕੂੜੀ ਕਿਰਿਆ ਦਏ ਮਿਟਾਈਆ । ਸਤਿਗੁਰ ਸ਼ਬਦ ਹਉਮੇਂ ਹੰਗਤਾ ਕੱਢੇ ਪੀੜ, ਦੁੱਖ ਦਰਦ ਦਏ ਗਵਾਈਆ । ਸਤਿਗੁਰ ਸ਼ਬਦ ਆਤਮ ਮਾਰੇ ਸਚ ਜ਼ੰਜੀਰ, ਪਰੇਮ ਗੰਢਣ ਇਕੋ ਪਾਈਆ । ਸਤਿਗੁਰ ਸ਼ਬਦ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚੋਟੀ ਚਾੜ੍ਹੇ ਫੜ ਅਖ਼ੀਰ, ਆਖ਼ਰ ਸਤਿਗੁਰ ਮੇਲ ਮਿਲਾਈਆ । ਸਤਿਗੁਰ ਸ਼ਬਦ ਗਾ ਗਾ ਥੱਕੇ ਪੀਰ ਫ਼ਕੀਰ, ਪੈਗ਼ੰਬਰ ਢੋਲਾ ਇਕੋ ਗਾਈਆ । ਸਤਿਗੁਰ ਸ਼ਬਦ ਜੁਗ ਜੁਗ ਘੱਤੇ ਵਹੀਰ, ਲੋਕਮਾਤ ਵੇਸ ਵਟਾਈਆ ।

ਸਤਿਗੁਰ ਸ਼ਬਦ ਬੇਨਜ਼ੀਰ, ਨਜ਼ਰ ਕਿਸੇ ਨਾ ਆਈਆ । ਸਤਿਗੁਰ ਸ਼ਬਦ ਸਚ ਸਤਿਗੁਰ ਤਸਵੀਰ, ਨੂਰ ਨੁਰਾਨਾ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਾਮ ਇਕੋ ਇਕ ਸਮਝਾਈਆ । ਸਤਿਗੁਰ ਸ਼ਬਦ ਨਾਮ ਪਿਆਲਾ, ਮਧੁਰ ਰਸ ਇਕ ਪਿਆਇੰਦਾ । ਸਤਿਗੁਰ ਸ਼ਬਦ ਦੀਨ ਦਿਆਲਾ, ਦੀਨਨ ਆਪਣੇ ਗਲੇ ਲਗਾਇੰਦਾ । ਸਤਿਗੁਰ ਸ਼ਬਦ ਸਦਾ ਰਖਵਾਲਾ, ਏਥੇ ਓਥੇ ਦੋ ਜਹਾਨ ਸਿਰ ਆਪਣਾ ਹੱਥ ਟਿਕਾਇੰਦਾ । ਸਤਿਗੁਰ ਸ਼ਬਦ ਕਰੇ ਪ੍ਰਿਤਪਾਲਾ, ਬਣ ਪ੍ਰਿਤਪਾਲਕ ਸੇਵ ਕਮਾਇੰਦਾ । ਸਤਿਗੁਰ ਸ਼ਬਦ ਮਾਰਗ ਦੱਸੇ ਇਕ ਸੁਖਾਲਾ, ਔਝੜ ਰਾਹ ਪੰਧ ਮੁਕਾਇੰਦਾ । ਸਤਿਗੁਰ ਸ਼ਬਦ ਲੇਖਾ ਜਾਣੇ ਸ਼ਾਹ ਕੰਗਾਲਾ, ਰਾਉ ਰੰਕ ਰਾਜ ਰਾਜਾਨ ਏਕਾ ਦਰ ਬਹਾਇੰਦਾ । ਸਤਿਗੁਰ ਸ਼ਬਦ ਦੇਵੇ ਸਚ ਫ਼ਰਮਾਨਾ, ਧੁਰ ਦੀ ਧਾਰ ਆਪ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਨਾਮ, ਵਸਤ ਅਮੋਲਕ ਝੋਲੀ ਪਾਇੰਦਾ । ਸਾਚਾ ਨਾਮ ਸਤਿਗੁਰ ਪਿਆਰ, ਪਿਆਰ ਪਿਆਰ ਵਿਚ ਮਿਲਾਈਆ । ਸਤਿਗੁਰ ਸ਼ਬਦ ਨਾਦ ਧੁਨ ਜੈਕਾਰ, ਸਤਿ ਸਤਿ ਸ਼ਨਵਾਈਆ । ਸਤਿਗੁਰ ਸ਼ਬਦ ਕਾਗ਼ਜ਼ ਕਲਮ ਨਾ ਲਿਖਣਹਾਰ, ਲੇਖਾ ਲਿਖ ਲਿਖ ਸਿਫ਼ਤ ਸਾਲਾਹੀਆ । ਸਤਿਗੁਰ ਸ਼ਬਦ ਦੋ ਜਹਾਨਾਂ ਵਸੇ ਬਾਹਰ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਮੰਡਲ ਚਰਨਾਂ ਵਿਚ ਰਖਾਈਆ । ਸਤਿਗੁਰ ਸ਼ਬਦ ਲੇਖਾ ਜਾਣੇ ਪ੍ਰਿਥਮੀ ਆਕਾਸ਼, ਸਮੁੰਦ ਸਾਗਰ ਉਚੇ ਟਿੱਲੇ ਪਰਬਤ ਖੋਜ ਖੁਜਾਈਆ । ਸਤਿਗੁਰ ਸ਼ਬਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਇਕੋ ਨਾਮ ਆਦਿ ਜੁਗਾਦਿ ਵਰਤਾਈਆ । ਸਤਿਗੁਰ ਸ਼ਬਦ ਸਦਾ ਬੇਅੰਤ, ਅੰਤ ਕਹਿਣ ਕੋਇ ਨਾ ਪਾਈਆ । ਸਤਿਗੁਰ ਸ਼ਬਦ ਸਾਚਾ ਕੰਤ, ਗੁਰਮੁਖ ਸੁਰਤ ਸਵਾਣੀ ਲਏ ਪਰਨਾਈਆ । ਸਤਿਗੁਰ ਸ਼ਬਦ ਆਤਮ ਪਰਮਾਤਮ ਮਣੀਆ ਮੰਤ, ਮਨ ਵਾਸਨਾ ਦਏ ਗਵਾਈਆ । ਸਤਿਗੁਰ ਸ਼ਬਦ ਨਾਤਾ ਤੋੜੇ ਲੱਖ ਚੁਰਾਸੀ ਜੀਵ ਜੰਤ, ਜੀਵਣ ਜੁਗਤ ਦਏ ਜਣਾਈਆ । ਸਤਿਗੁਰ ਸ਼ਬਦ ਲੇਖਾ ਚੁਕਾਏ ਹਉਮੇਂ ਹੰਗਤ, ਹੰ ਬ੍ਰਹਮ ਇਕ ਸਮਝਾਈਆ । ਸਤਿਗੁਰ ਸ਼ਬਦ ਨਾਤਾ ਤੋੜੇ ਭੁੱਖ ਨੰਗਤ, ਸਚ ਭੰਡਾਰ ਝੋਲੀ ਪਾਈਆ । ਸਤਿਗੁਰ ਸ਼ਬਦ ਬੋਧ ਅਗਾਧਾ ਪੰਡਤ, ਨਿਸ਼ਅੱਖਰ ਵੱਖਰ ਕਰੇ ਪੜ੍ਹਾਈਆ । ਸਤਿਗੁਰ ਸ਼ਬਦ ਲੇਖਾ ਜਾਣੇ ਜੇਰਜ ਅੰਡਤ, ਉਤਭੁਜ ਸੇਤਜ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਨਾਮ ਵਰ, ਵਸਤ ਅਮੋਲਕ ਇਕ ਵਰਤਾਈਆ । ਸਤਿਗੁਰ ਸ਼ਬਦ ਨਾਮ ਨਿਧਾਨ, ਨਿਸ਼ਅੱਖਰ ਧਾਰ ਚਲਾਇੰਦਾ । ਸਤਿਗੁਰ ਸ਼ਬਦ ਸਦਾ ਮਿਹਰਵਾਨ, ਮਿਹਰ ਨਜ਼ਰ ਇਕ ਉਠਾਇੰਦਾ । ਸਤਿਗੁਰ ਸ਼ਬਦ ਬ੍ਰਹਮ ਗਿਆਨ, ਬ੍ਰਹਮ ਵਿਦਿਆ ਇਕ ਪੜ੍ਹਾਇੰਦਾ । ਸਤਿਗੁਰ ਸ਼ਬਦ ਸਚ ਨਿਸ਼ਾਨ, ਧਰਮ ਨਿਸ਼ਾਨਾ ਇਕ ਵਖਾਇੰਦਾ । ਸਤਿਗੁਰ ਸ਼ਬਦ ਮੇਲ ਮਿਲਾਏ ਆਤਮ ਰਾਮ, ਪਰਮਾਤਮ ਆਪਣੀ ਗੰਢ ਪਵਾਇੰਦਾ । ਸਤਿਗੁਰ ਸ਼ਬਦ ਵਖਾਏ ਸਚ ਭੂਮਕਾ ਅਸਥਾਨ, ਗ੍ਰਿਹਿ ਮੰਦਰ ਸੋਭਾ ਪਾਇੰਦਾ । ਸਤਿਗੁਰ ਸ਼ਬਦ ਕਰੇ ਪਰਕਾਸ਼ ਕੋਟਨ ਭਾਨ, ਰਵ ਸਸ ਨੈਣ ਸ਼ਰਮਾਇੰਦਾ । ਸਤਿਗੁਰ ਸ਼ਬਦ ਜਿਸ ਸਤਿਗੁਰ ਦੇਵੇ ਆਣ ਸਿਰ ਆਪਣਾ ਹੱਥ ਟਿਕਾਇੰਦਾ । ਸੋ ਸੰਤ ਸੋ ਭਗਤ ਸੋ ਗੁਰਮੁਖ ਸੋ ਹਰਿਜਨ ਚਤਰ ਸੁਜਾਨ, ਮੂਰਖ ਮੂੜ੍ਹੇ ਆਪਣੇ ਧੰਦੇ ਲਾਇੰਦਾ । ਨਾਤਾ ਤੋੜ ਕਾਮ ਕਰੋਧ ਲੋਭ ਮੋਹ ਹੰਕਾਰ ਸ਼ੈਤਾਨ, ਸ਼ਹਿਨਸ਼ਾਹ ਆਪਣੇ ਅੰਗ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਜਿਸ ਜਣਾਇੰਦਾ । ਸਾਚਾ ਨਾਮ ਅੰਮ੍ਰਿਤ ਰਸ, ਆਤਮ ਆਤਮ ਆਪ ਜਣਾਈਆ । ਸਾਚਾ


੭੬੧
੧੩

ਨਾਮ ਹਿਰਦੇ ਜਾਏ ਵਸ, ਹਰਿ ਹਰਿ ਜੀ ਲਏ ਮਿਲਾਈਆ । ਸਾਚਾ ਨਾਮ ਪੰਚ ਵਿਕਾਰਾ ਪਾਏ ਨੱਥ, ਡੋਰੀ ਇਕੋ ਤੰਦ ਉਠਾਈਆ । ਸਾਚਾ ਨਾਮ ਵਸੇ ਘਟ ਘਟ, ਗੁਰਮੁਖ ਵਿਰਲਾ ਖੋਜਣ ਜਾਈਆ । ਸਾਚਾ ਨਾਮ ਵਜਾਏ ਨਾਦ ਅਨਹਦ ਅਗੰਮੀ ਸੱਟ, ਰਾਗ ਧੁਨ ਤਾਲ ਤਲਵਾੜਾ ਆਪਣਾ ਰਾਹ ਜਣਾਈਆ । ਸਾਚਾ ਨਾਉਂ ਨਿਰਗੁਣ ਜੋਤ ਕਰੇ ਪਰਕਾਸ, ਪਰਗਟ ਆਪਣਾ ਨੂਰ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਆਪਣਾ ਨਾਮ, ਅੰਮ੍ਰਿਤ ਮਧ ਪਿਆਏ ਸਾਚਾ ਜਾਮ, ਰਸ ਇਕੋ ਇਕ ਜਣਾਈਆ । ਸਾਚਾ ਨਾਮ ਸਤਿਗੁਰ ਮੀਤਾ, ਮਿੱਤਰ ਪਿਆਰਾ ਆਪ ਜਣਾਇੰਦਾ । ਸਾਚਾ ਨਾਮ ਸਿਫ਼ਤ ਸਾਲਾਹੀ ਸ਼ਾਸਤਰ ਸਿਮਰਤ ਵੇਦ ਪੁਰਾਨਾ ਅਠਾਰਾਂ ਧਿਆਏ ਗੀਤਾ, ਗੀਤਾ ਗਿਆਨ ਗੁਣ ਵਡਿਆਈਆ । ਸਾਚਾ ਨਾਮ ਸਦਾ ਅਨਡੀਠਾ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਸਾਚਾ ਨਾਮ ਆਦਿ ਜੁਗਾਦਿ ਨਾ ਮਰਿਆ ਨਾ ਜੀਤਾ, ਜੀਵਣ ਮਰਨ ਵੰਡ ਨਾ ਕੋਇ ਵੰਡਾਈਆ । ਸਾਚਾ ਨਾਮ ਸਦਾ ਅਤੀਤਾ, ਤ੍ਰੈਗੁਣ ਬੰਧਨ ਦਏ ਕਟਾਈਆ । ਸਾਚਾ ਨਾਮ ਸਦਾ ਰਸ ਮੀਠਾ, ਰਸ ਫੀਕਾ ਨਾ ਕੋਇ ਜਣਾਈਆ । ਸਾਚਾ ਨਾਮ ਗੁਰ ਅਵਤਾਰ ਪੀਰ ਪੈਗ਼ੰਬਰ ਲੋਕਮਾਤ ਲਿਖ ਲਿਖ ਦੇਂਦੇ ਰਹੇ ਚਿੱਠਾ, ਧੁਰ ਸੰਦੇਸ ਇਕੋ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਨਾਮ ਇਕ ਜਣਾਈਆ । ਸਾਚਾ ਨਾਮ ਸੋਹੰ ਸੋ, ਸੋ ਪੁਰਖ ਨਿਰੰਜਣ ਆਪ ਪਰਗਟਾਇੰਦਾ । ਨਿਰਗੁਣ ਸਰਗੁਣ ਆਪੇ ਹੋ, ਸਰਗੁਣ ਨਿਰਗੁਣ ਮੇਲ ਮਿਲਾਇੰਦਾ । ਆਤਮ ਪਰਮਾਤਮ ਢੋਆ ਦੇਵੇ ਢੋ, ਧੁਰ ਦੀ ਵਸਤ ਧੁਰਦਰਗਾਹੀ ਝੋਲੀ ਪਾਇੰਦਾ । ਗ੍ਰਿਹਿ ਮੰਦਰ ਅੰਦਰ ਕਰੇ ਸਚ ਪਰਕਾਸ਼ ਲੋ, ਅਗਿਆਨ ਅੰਧੇਰਾ ਅੰਧ ਚੁਕਾਇੰਦਾ । ਸੁਰਤੀ ਸੰਗ ਸਤਿਗੁਰ ਨਾਮ ਜਾਏ ਛੋਹ, ਬਾਂਕੀ ਛੋਹਰੀ ਸ਼ਹਿਨਸ਼ਾਹ ਇਕੋ ਰੰਗ ਵਖਾਇੰਦਾ । ਵਸਣਹਾਰਾ ਅੰਧ ਘੋਰ, ਮੇਟਣਹਾਰਾ ਪੰਜ ਚੋਰ, ਮਚਾਵਣਹਾਰਾ ਸੱਚਾ ਸ਼ੋਰ, ਅਗੰਮ ਅਥਾਹ ਬੇਪਰਵਾਹ ਅਨਾਦੀ ਨਾਦ ਰਾਗ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਆਪਣਾ ਨਾਮ ਵਰ, ਨਾਤਾ ਤੋੜੇ ਤੋਰ ਮੋਰ, ਮੇਰਾ ਤੇਰਾ ਤੇਰਾ ਮੇਰਾ ਇਕੋ ਦਰ ਜਣਾਇੰਦਾ । ਸਾਚਾ ਨਾਮ ਭਗਤ ਭਗਵੰਤ, ਆਦਿ ਜੁਗਾਦਿ ਜਣਾਈਆ । ਸਾਚਾ ਨਾਮ ਸਰਬ ਗੁਣਵੰਤ, ਗੁਣਵੰਤਾ ਵਡ ਵਡਿਆਈਆ । ਸਾਚਾ ਨਾਮ ਆਤਮ ਪਰਮਾਤਮ ਮੇਲ ਮਿਲਾਵਾ ਸੁਰਤੀ ਸ਼ਬਦੀ ਕੰਤ, ਕੰਤੂਹਲ ਇਕੋ ਨਜ਼ਰੀ ਆਈਆ । ਕਾਇਆ ਚੋਲੀ ਚਾੜ੍ਹ ਰੰਗ ਬਸੰਤ, ਬਸਨ ਬਨਵਾਰੀ ਆਪਣਾ ਰੰਗ ਵਖਾਈਆ । ਕਲਜੁਗ ਅੰਤ ਜੋ ਜਨ ਸੋਹੰ ਜਪੇ ਸਾਚਾ ਮੰਤ, ਮੰਤਰ ਅੰਤਰ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਦਾਨ, ਦਾਤਾ ਦਾਨੀ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਇਕੋ ਏਕ ਏਕੰਕਾਰ ਨਜ਼ਰੀ ਆਈਆ ।

ਲੋੜ ਬਿਨਾਂ ਪਏ ਲੋਹੜਾ, ਗੁਰੂ ਗੁਰਸਿਖ ਦੋਵੇਂ ਲੋੜ ਬਿਨਾਂ ਕੁਰਲਾਈਆ । ਲੋੜ ਅੰਦਰ ਮਿਲੇ ਘੋੜਾ, ਗੁਰ ਸ਼ਬਦੀ ਘੋੜ ਚੜ੍ਹਾਈਆ । ਲੋੜ ਅੰਦਰ ਸੱਸੇ ਉਪਰ ਲੱਗਾ ਹੋੜਾ, ਸੋ ਪੁਰਖ ਨਿਰੰਜਣ ਨਿਰਗੁਣ ਸਰਗੁਣ ਧਾਰ ਜਣਾਈਆ । ਲੋੜ ਅੰਦਰ ਹੰ ਬ੍ਰਹਮ ਆਪੇ ਬੌਹੜਾ, ਪਾਰਬ੍ਰਹਮ ਵੇਸ ਵਟਾਈਆ । ਲੋੜ ਅੰਦਰ ਗੁਰਮੁਖ ਗੁਰ ਸਤਿਗੁਰ ਜੁੜਿਆ ਜੋੜਾ, ਜੋੜੀ ਇਕੋ ਰਾਮ ਬਣਾਈਆ । ਗੁਰਸਿਖ ਮੰਗਦਿਆਂ ਗੁਰ ਭੰਡਾਰ ਕਦੇ

ਨਾ ਹੋਵੇ ਥੋੜਾ, ਦੇਵਣਹਾਰ ਸਹਿਜ ਸੁਖਦਾਈਆ । ਦਇਆ ਅੰਦਰ ਜਨਮ ਜਨਮ ਦੀ ਮਿਟਾਏ ਔੜਾ, ਕਰਮ ਕਾਂਡ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲੋੜ ਸਭ ਦੇ ਵਿਚ ਰਖਾਈਆ ।

### ❇ ੨੯ ਮਾਘ ੨੦੧੯ ਬਿਕ੍ਰਮੀ ਦਲੀਪ ਸਿੰਘ ਦੇ ਗ੍ਰਿਹ ਤਰਨ ਤਾਰਨ ਜ਼ਿਲਾ ਅੰਮ੍ਰਿਤਸਰ ❇

ਸਤਿਗੁਰ ਸ਼ਬਦ ਚਾਰ ਵਰਨ ਮੀਤਾ, ਮਿੱਤਰ ਪਿਆਰਾ ਸਰਬ ਅਖਵਾਇੰਦਾ । ਸਤਿਗੁਰ ਸ਼ਬਦ ਸਦਾ ਅਤੀਤਾ, ਤ੍ਰੈਭਵਣ ਧਨੀ ਆਪਣੇ ਰੰਗ ਰੰਗਾਇੰਦਾ । ਸਤਿਗੁਰ ਸ਼ਬਦ ਤ੍ਰੈਗੁਣ ਠੰਡਾ ਕਰੇ ਅੰਗੀਠਾ, ਅੰਮ੍ਰਿਤ ਮੇਘ ਇਕ ਬਰਸਾਇੰਦਾ । ਸਤਿਗੁਰ ਸ਼ਬਦ ਜਣਾਏ ਸਚ ਪ੍ਰੀਤਾ, ਆਤਮ ਪਰਮਾਤਮ ਜੋੜ ਜੁੜਾਇੰਦਾ । ਸਤਿਗੁਰ ਸ਼ਬਦ ਇਕੋ ਘਰ ਵਖਾਏ ਹਸਤ ਕੀਟਾ, ਕੀਟ ਹਸਤ ਇਕੋ ਦਰ ਬਹਾਇੰਦਾ । ਸਤਿਗੁਰ ਸ਼ਬਦ ਭੇਵ ਜਾਣੇ ਜੀਵ ਜੀਅ ਕਾ, ਗ੍ਰਿਹ ਗ੍ਰਿਹ ਆਪਣਾ ਆਸਣ ਲਾਇੰਦਾ । ਸਤਿਗੁਰ ਸ਼ਬਦ ਵਡ ਨੀਕਨ ਨੀਕਾ, ਜਗਤ ਨੇਤਰ ਨਜ਼ਰ ਕਿਸੇ ਨਾ ਆਇੰਦਾ । ਸਤਿਗੁਰ ਸ਼ਬਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਰੰਗ ਰੰਗਾਇੰਦਾ । ਸਤਿਗੁਰ ਸ਼ਬਦ ਸਦਾ ਸਦਾ ਸਚ, ਸਚ ਸੁੱਚ ਵਡਿਆਈਆ । ਸਤਿਗੁਰ ਸ਼ਬਦ ਭਾਗ ਲਗਾਏ ਕਾਇਆ ਮਾਟੀ ਕੱਚ, ਕੰਚਨ ਰੂਪ ਵਟਾਈਆ । ਸਤਿਗੁਰ ਸ਼ਬਦ ਤੱਤਵ ਤੱਤ ਬੁਝਾਏ ਅੰਚ, ਅਗਨੀ ਪੋਹ ਨਾ ਸਕੇ ਰਾਈਆ । ਸਤਿਗੁਰ ਸ਼ਬਦ ਜਨ ਭਗਤਾਂ ਹਿਰਦੇ ਅੰਦਰ ਜਾਏ ਰਚ, ਰੋਮ ਰੋਮ ਸਮਾਈਆ । ਸਤਿਗੁਰ ਸ਼ਬਦ ਸਚ ਦਵਾਰੇ ਰਿਹਾ ਨੱਚ, ਆਤਮ ਅੰਤਰ ਸੋਭਾ ਪਾਈਆ । ਸਤਿਗੁਰ ਸ਼ਬਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਆਪ ਜਣਾਈਆ । ਸਤਿਗੁਰ ਸ਼ਬਦ ਸਾਚੇ ਮੰਦਰ, ਘਰ ਘਰ ਵਿਚ ਸੋਭਾ ਪਾਈਆ । ਸਤਿਗੁਰ ਸ਼ਬਦ ਭਾਗ ਲਗਾਏ ਡੂੰਘੇ ਖੰਡਰ, ਪਰਕਾਸ਼ ਪਰਕਾਸ਼ ਆਪ ਧਰਾਈਆ । ਸਤਿਗੁਰ ਸ਼ਬਦ ਮੇਟ ਮਿਟਾਏ ਚਾਂਦਨਾ ਚੰਦਰ, ਰਵ ਸੱਸ ਮਾਣ ਗਵਾਈਆ । ਸਤਿਗੁਰ ਸ਼ਬਦ ਮਨ ਵਾਸਨਾ ਮਾਰੇ ਬੰਦਰ, ਦਹਿ ਦਿਸ਼ਾ ਨਾ ਉਠ ਉਠ ਧਾਈਆ । ਸਤਿਗੁਰ ਸ਼ਬਦ ਭਾਗ ਲਗਾਏ ਡੂੰਘੀ ਕੰਦਰ, ਕੁੰਡਾ ਆਪਣੀ ਹੱਥੀਂ ਲਾਹੀਆ । ਸਤਿਗੁਰ ਸ਼ਬਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਤਿਗੁਰ ਸ਼ਬਦ ਸੱਚਾ ਸੱਜਣ, ਘਰ ਸਾਚੇ ਮੇਲ ਮਿਲਾਇੰਦਾ । ਸਤਿਗੁਰ ਸ਼ਬਦ ਕਰਾਏ ਮਜਨ, ਦੁਰਮਤ ਕੂੜੀ ਮੈਲ ਧਵਾਇੰਦਾ । ਸਤਿਗੁਰ ਸ਼ਬਦ ਬਣਾਏ ਸਾਚਾ ਹਾਜੀ ਹੱਜਣ, ਕਾਅਬਾ ਇਕੋ ਇਕ ਵਖਾਇੰਦਾ । ਸਤਿਗੁਰ ਸ਼ਬਦ ਦੋ ਜਹਾਨਾਂ ਰੱਖੇ ਲੱਜਣ, ਲਾਜਾਵੰਤ ਇਕ ਹੋ ਜਾਇੰਦਾ । ਸਤਿਗੁਰ ਸ਼ਬਦ ਸਾਚਾ ਭਜਨ, ਭਵ ਸਾਗਰ ਪਾਰ ਕਰਾਇੰਦਾ । ਸਤਿਗੁਰ ਸ਼ਬਦ ਪੜਦਾ ਪਾਏ ਨੰਗਣ, ਢਾਕਣ ਕੂ ਪਤ ਇਕ ਅਖਵਾਇੰਦਾ । ਸਤਿਗੁਰ ਸ਼ਬਦ ਕਾਇਆ ਮਾਟੀ ਬਣਾਏ ਕੰਚਨ, ਕੰਚਨ ਪਾਰਸ ਨਾਲ ਛੁਹਾਇੰਦਾ । ਸਤਿਗੁਰ ਸ਼ਬਦ ਕਰੇ ਪਰਕਾਸ਼ ਜੋਤ ਨਿਰੰਜਣ, ਜੋਤੀ ਨੂਰ ਡਗਮਗਾਇੰਦਾ । ਸਤਿਗੁਰ ਸ਼ਬਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਸ਼ਬਦ ਇਕ ਸੁਣਾਇੰਦਾ । ਸਤਿਗੁਰ ਸ਼ਬਦ ਅਗੰਮੀ ਨਾਦ, ਸੁਰ ਤਾਲ ਨਾ ਕੋਇ ਵਡਿਆਈਆ । ਸਤਿਗੁਰ ਸ਼ਬਦ ਬ੍ਰਹਮ ਬ੍ਰਹਿਮਾਦ, ਬ੍ਰਹਿਮੰਡ ਖੋਜ ਖੁਜਾਈਆ । ਸਤਿਗੁਰ ਸ਼ਬਦ ਸੰਤ ਸਤਿਗੁਰ ਸਾਧ, ਗੁਰ ਗੁਰ ਵੇਸ ਵਟਾਈਆ । ਸਤਿਗੁਰ ਸ਼ਬਦ

ਲੇਖਾ ਬੋਧ ਅਗਾਧ, ਖਾਣੀ ਬਾਣੀ ਵੰਡ ਵੰਡਾਈਆ । ਸਤਿਗੁਰ ਸ਼ਬਦ ਸਦਾ ਵਿਸਮਾਦ, ਬਿਸਮਲ ਆਪਣਾ ਖੇਲ ਚਲਾਈਆ । ਸਤਿਗੁਰ ਸ਼ਬਦ ਦੋ ਜਹਾਨਾਂ ਖੇਲ ਤਮਾਸ਼, ਖ਼ਾਲਕ ਖ਼ਲਕ ਵਿਚ ਧਰਾਈਆ । ਸਤਿਗੁਰ ਸ਼ਬਦ ਮੰਡਲ ਮੰਡਪ ਪਾਏ ਰਾਸ, ਪ੍ਰਿਥਮੀ ਆਕਾਸ਼ ਗੋਪੀ ਕਾਹਨ ਨਚਾਈਆ । ਸਤਿਗੁਰ ਸ਼ਬਦ ਗੁਰ ਅਵਤਾਰ ਬਣਾਏ ਸ਼ਾਖ਼, ਪੀਰ ਪੈਗ਼ੰਬਰ ਆਪਣਾ ਅੰਗ ਬਣਾਈਆ । ਸਤਿਗੁਰ ਸ਼ਬਦ ਲੱਖ ਚੁਰਾਸੀ ਕਰੇ ਵਾਸ, ਘਟ ਘਟ ਆਪਣਾ ਡੇਰਾ ਲਾਇੰਦਾ । ਸਤਿਗੁਰ ਸ਼ਬਦ ਜੁਗ ਚੌਕੜੀ ਨਾ ਹੋਏ ਵਿਨਾਸ, ਅਬਿਨਾਸ਼ੀ ਆਪਣੀ ਧਾਰ ਵਖਾਇੰਦਾ । ਸਤਿਗੁਰ ਸ਼ਬਦ ਸਚ ਸੰਦੇਸਾ ਦੇਵੇ ਖ਼ਾਸ਼, ਖ਼ਾਹਸ਼ ਸਭ ਦੀ ਪੂਰ ਕਰਾਇੰਦਾ । ਸਤਿਗੁਰ ਸ਼ਬਦ ਸਮਾਏ ਪਵਣ ਸਵਾਸ, ਉਣੰਜਾ ਪਵਣ ਸੇਵਾ ਲਾਇੰਦਾ । ਸਤਿਗੁਰ ਸ਼ਬਦ ਸੇਵਾ ਲਾਏ ਤ੍ਰਿਲੋਕੀ ਨਾਥ, ਲੋਕ ਪਰਲੋਕ ਖੋਜ ਖੁਜਾਇੰਦਾ । ਸਤਿਗੁਰ ਸ਼ਬਦ ਵਿਸ਼ਨ ਬ੍ਰਹਮਾ ਸ਼ਿਵ ਦੇਵੇ ਸਾਥ, ਸਾਚਾ ਸੰਗ ਨਿਭਾਇੰਦਾ । ਸਤਿਗੁਰ ਸ਼ਬਦ ਆਦਿ ਜੁਗਾਦੀ ਪੂਜਾ ਪਾਠ, ਕਲਮਾ ਨਬੀ ਆਪ ਪੜ੍ਹਾਇੰਦਾ । ਸਤਿਗੁਰ ਸ਼ਬਦ ਬਣਾਏ ਤੀਰਥ ਤਾਟ, ਸਰੋਵਰ ਮਠ ਆਪਣੇ ਰੰਗ ਰੰਗਾਇੰਦਾ । ਸਤਿਗੁਰ ਸ਼ਬਦ ਪਾਰ ਕਿਨਾਰਾ ਘਾਟ, ਸਾਚੇ ਪੱਤਣ ਡੇਰਾ ਲਾਇੰਦਾ । ਸਤਿਗੁਰ ਸ਼ਬਦ ਜਨਮ ਜਨਮ ਦੀ ਮੇਟੇ ਵਾਟ, ਪੂਰਬ ਲਹਿਣਾ ਝੋਲੀ ਪਾਇੰਦਾ । ਸਤਿਗੁਰ ਸ਼ਬਦ ਦੋ ਜਹਾਨਾਂ ਅਗੰਮੀ ਦਾਤ, ਅਲੱਖ ਅਗੋਚਰ ਆਪ ਵਰਤਾਇੰਦਾ । ਸਤਿਗੁਰ ਸ਼ਬਦ ਮੇਟੇ ਰੈਣ ਅੰਧੇਰੀ ਰਾਤ, ਚੌਦਸ ਚੰਨ ਇਕ ਚਮਕਾਇੰਦਾ । ਸਤਿਗੁਰ ਸ਼ਬਦ ਆਤਮ ਪਰਮਾਤਮ ਸਾਚੀ ਗਾਥ, ਸੋਹੰ ਢੋਲਾ ਆਪ ਪੜ੍ਹਾਇੰਦਾ । ਸਤਿਗੁਰ ਸ਼ਬਦ ਆਦਿ ਜੁਗਾਦਿ ਜੀਵ ਜੰਤ ਲੱਖ ਚੁਰਾਸੀ ਕਰੇ ਘਾਤ, ਕਾਲ ਮਹਾਂਕਾਲ ਆਪਣਾ ਹੁਕਮ ਜਣਾਇੰਦਾ । ਸਤਿਗੁਰ ਸ਼ਬਦ ਹੋ ਦਿਆਲ ਬਣੇ ਦਾਸ, ਦਾਸੀ ਦਾਸ ਬਣ ਬਣ ਸੇਵ ਕਮਾਇੰਦਾ । ਸਤਿਗੁਰ ਸ਼ਬਦ ਕਦੇ ਨਾ ਹੋਏ ਨਰਾਸ, ਨਿਰਾਸ਼ਾ ਰੂਪ ਨਾ ਕੋਇ ਧਰਾਇੰਦਾ । ਸਤਿਗੁਰ ਸ਼ਬਦ ਬਿਨ ਗੁਰਮੁਖਾਂ ਕੋਈ ਨਾ ਸਕੇ ਭਾਖ, ਖੋਜਿਆਂ ਹੱਥ ਕਿਸੇ ਨਾ ਆਇੰਦਾ । ਸਤਿਗੁਰ ਪੂਰਾ ਜਿਸ ਜਨ ਖੋਲ੍ਹੇ ਅੰਤਰ ਆਖ, ਨਿਝ ਨੇਤਰ ਆਪ ਖੁਲ੍ਹਾਇੰਦਾ । ਤਿਸ ਨਜ਼ਰੀ ਆਏ ਸਾਖਿਆਤ, ਸਵੱਛ ਸਰੂਪੀ ਰੂਪ ਵਟਾਇੰਦਾ । ਸੋ ਗੁਰਮੁਖ ਹੋਏ ਪਾਰਜਾਤ, ਪਰਮ ਪੁਰਖ ਮੇਲ ਮਿਲਾਇੰਦਾ । ਮੁਰੀਦ ਮੁਰਸ਼ਦ ਪਿਆਏ ਆਬ ਹਯਾਤ, ਸਦ ਖ਼ੁਮਾਰੀ ਇਕ ਜਣਾਇੰਦਾ । ਹਰਿਜਨ ਹਰਿ ਹਰਿ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਸ਼ਬਦ ਇਕ ਸਮਝਾਇੰਦਾ । ਸਤਿਗੁਰ ਸ਼ਬਦ ਖੇਵਟ ਖੇਟਾ, ਬੇੜਾ ਆਪਣੇ ਕੰਧ ਉਠਾਈਆ । ਸਤਿਗੁਰ ਸ਼ਬਦ ਗੁਰਸਿਖ ਮੇਲਾ ਬਾਪ ਬੇਟਾ, ਪਿਤਾ ਪੂਤ ਗੋਦ ਉਠਾਈਆ । ਸਤਿਗੁਰ ਸ਼ਬਦ ਸਤਿਗੁਰ ਗੁਰਸਿਖਾਂ ਕਰੇ ਭੇਟਾ, ਆਪਣੀ ਦਇਆ ਝੋਲੀ ਪਾਈਆ । ਸਤਿਗੁਰ ਸ਼ਬਦ ਕਾਇਆ ਪੰਜ ਤੱਤ ਅੰਦਰ ਲਪੇਟਾ, ਨਜ਼ਰ ਕਿਸੇ ਨਾ ਆਈਆ । ਸਤਿਗੁਰ ਸ਼ਬਦ ਆਦਿ ਜੁਗਾਦੀ ਜਾਣੇ ਲੇਖਾ, ਲਿਖਿਆ ਲੇਖ ਭੁੱਲ ਨਾ ਜਾਈਆ । ਸਤਿਗੁਰ ਸ਼ਬਦ ਮੁੱਛ ਦਾੜ੍ਹੀ ਨਾ ਕੋਇ ਕੇਸਾ, ਮੂੰਡ ਮੁੰਡਾਇਆ ਨਜ਼ਰ ਕੋਇ ਨਾ ਆਈਆ । ਸਤਿਗੁਰ ਸ਼ਬਦ ਰਹੇ ਹਮੇਸ਼ਾ, ਜੁਗ ਚੌਕੜੀ ਫੇਰਾ ਪਾਈਆ । ਸਤਿਗੁਰ ਸ਼ਬਦ ਸਚ ਨਰੇਸ਼ਾ, ਸ਼ਾਹ ਪਾਤਸ਼ਾਹ ਇਕ ਅਖਵਾਈਆ । ਸਤਿਗੁਰ ਸ਼ਬਦ ਸਦਾ ਸਦ ਚਲਾਏ ਆਪਣਾ ਪੇਸ਼ਾ, ਪੇਸ਼ਵਾ ਪੇਸ਼ਤਰ ਆਪਣਾ ਹੁਕਮ ਮਨਾਈਆ । ਸਤਿਗੁਰ ਸ਼ਬਦ ਸਦਾ ਸਦ ਸਦ ਆਦੇਸ਼ਾ, ਨਿਉਂ ਨਿਉਂ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸ਼ਬਦ ਦੇਵਣਹਾਰ ਵਡਿਆਈਆ । ਸਤਿਗੁਰ ਸ਼ਬਦ ਦਾਤਾ ਦਾਤਾਰ, ਦਇਆਵਾਨ ਅਖਵਾਇੰਦਾ । ਸਤਿਗੁਰ

ਸ਼ਬਦ ਬਾਲ ਬਿਰਧ ਜਵਾਨ, ਬੁੱਢੇ ਨੱਢੇ ਕਰੇ ਇਕ ਪਿਆਰ, ਮਾਤ ਗਰਭ ਵੇਖ ਵਖਾਇੰਦਾ । ਸਤਿਗੁਰ ਸ਼ਬਦ ਈਸ਼ ਜੀਵ ਦੱਸੇ ਸਚ ਵਿਹਾਰ, ਬਿਵਹਾਰੀ ਆਪਣੀ ਕਾਰ ਕਮਾਇੰਦਾ । ਸਤਿਗੁਰ ਸ਼ਬਦ ਆਤਮ ਪਰਮਾਤਮ ਮੇਲਾ ਨਾਰ ਕੰਤ ਭਤਾਰ, ਸੇਜ ਸੁਹੰਜਣੀ ਇਕ ਸੁਹਾਇੰਦਾ । ਸਤਿਗੁਰ ਸ਼ਬਦ ਪਾਰਬ੍ਰਹਮ ਬ੍ਰਹਮ ਮੀਤ ਮੁਰਾਰ, ਮਿੱਤਰ ਪਿਆਰਾ ਇਕ ਅਖਵਾਇੰਦਾ । ਸਤਿਗੁਰ ਸ਼ਬਦ ਰਾਗਾਂ ਨਾਦਾਂ ਵਸੇ ਬਾਹਰ, ਸਾਰੰਗ ਸਰੰਗਾ ਭੇਵ ਕੋਇ ਨਾ ਪਾਇੰਦਾ । ਸਤਿਗੁਰ ਸ਼ਬਦ ਛੱਤੀ ਰਾਗ ਕਰ ਨਾ ਸਕਣ ਵਿਚਾਰ, ਵਿਚਾਰਿਆਂ ਵਿਚਾਰ ਵਿਚ ਕਦੇ ਨਾ ਆਇੰਦਾ । ਸਤਿਗੁਰ ਸ਼ਬਦ ਸ਼ਾਸਤਰ ਸਿਮਰਤ ਸਿਫ਼ਤ ਸਾਲਾਹੀ ਕਰਨ ਕਾਰ, ਸਿਫ਼ਤੀ ਸਿਫ਼ਤ ਸਿਫ਼ਤ ਸਮਝਾਇੰਦਾ । ਸਤਿਗੁਰ ਸ਼ਬਦ ਸਭ ਤੋਂ ਵਸੇ ਬਾਹਰ, ਪੁਸਤਕ ਆਪਣੀ ਨਾ ਕੋਇ ਵਖਾਇੰਦਾ । ਸਤਿਗੁਰ ਸ਼ਬਦ ਨਿਸ਼ਅੱਖਰ ਧਾਰ, ਅੱਖਰ ਆਪਣੀ ਵੰਡ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੋ ਸ਼ਬਦ ਸ਼ਬਦ ਸਾਰ, ਸਾਰ ਗੁਰਮੁਖਾਂ ਆਪੇ ਪਾਇੰਦਾ । ਸਤਿਗੁਰ ਸ਼ਬਦ ਸ਼ਬਦ ਸਾਰ, ਸਾਰ ਕਿਸੇ ਨਾ ਆਈਆ । ਸਤਿਗੁਰ ਸ਼ਬਦ ਸ਼ਬਦ ਅਗੰਮੀ ਧਾਰ, ਧਾਰ ਧਾਰ ਵਿਚੋਂ ਪਰਗਟਾਈਆ । ਸਤਿਗੁਰ ਸ਼ਬਦ ਸ਼ਬਦ ਪਿਆਰ ਸ਼ਬਦ ਸ਼ਬਦ ਕਰੇ ਕੁੜਮਾਈਆ । ਸਤਿਗੁਰ ਸ਼ਬਦ ਸ਼ਬਦ ਧੁਨਕਾਰ, ਧੁਨਕਾਰ ਸ਼ਬਦ ਸ਼ਨਵਾਈਆ । ਸਤਿਗੁਰ ਸ਼ਬਦ ਵਸੇ ਧਾਮ ਨਿਆਰ, ਧਾਮ ਨਿਆਰ ਮਹੱਲ ਅਟੱਲ ਅਟੱਲ ਇਕ ਵਡਿਆਈਆ । ਸਤਿਗੁਰ ਸ਼ਬਦ ਸਚ ਉਜਿਆਰ, ਉਜਿਆਰ ਨੂਰ ਨੂਰ ਰੁਸ਼ਨਾਈਆ । ਸਤਿਗੁਰ ਸ਼ਬਦ ਵਿਸ਼ਨ ਬ੍ਰਹਮਾ ਸ਼ਿਵ ਦਏ ਆਧਾਰ, ਆਧਾਰ ਆਧਾਰ ਇਕੋ ਆਸ ਜਣਾਈਆ । ਸਤਿਗੁਰ ਸ਼ਬਦ ਲੇਖਾ ਲੇਖੇ ਲਾਏ ਤੇਈ ਅਵਤਾਰ, ਅਵਤਾਰ ਅਵਤਾਰ ਆਪਣੇ ਹੁਕਮ ਭਵਾਈਆ । ਸਤਿਗੁਰ ਸ਼ਬਦ ਭਗਤ ਅਠਾਰਾਂ ਕਰ ਪਸਾਰ, ਪਸਰ ਪਸਾਰੀ ਵੇਖ ਵਖਾਈਆ । ਸਤਿਗੁਰ ਸ਼ਬਦ ਈਸਾ ਮੂਸਾ ਮੁਹੰਮਦ ਖੋਲ ਕਵਾੜ ਕਲਮਾ ਨਬੀ ਰਸੂਲ ਪੜ੍ਹਾਈਆ । ਸਤਿਗੁਰ ਸ਼ਬਦ ਨਾਨਕ ਗੋਬਿੰਦ ਦਏ ਪੈਗ਼ਾਮ, ਪਰਾ ਪਸੰਤੀ ਮਧਮ ਬੈਖਰੀ ਬਾਣੀ ਬਾਣ ਜਣਾਈਆ । ਸਤਿਗੁਰ ਸ਼ਬਦ ਆਦਿ ਜੁਗਾਦਿ ਧੁਰਦਰਗਾਹੀ ਕਲਾਮ, ਕਾਤਬ ਕੋਈ ਲਿਖ ਨਾ ਸਕੇ ਰਾਈਆ । ਸਤਿਗੁਰ ਸ਼ਬਦ ਸਚ ਅਮਾਮ, ਆਮਦ ਆਪਣੀ ਆਪਣੇ ਹੱਥ ਰਖਾਈਆ । ਸਤਿਗੁਰ ਸ਼ਬਦ ਆਦਿ ਜੁਗਾਦਿ ਜੁਗ ਚੌਕੜੀ ਬਦਲ ਦੇਵੇ ਨਜ਼ਾਮ, ਨੌਬਤ ਆਪਣਾ ਡੰਕਾ ਨਾਮ ਵਜਾਈਆ । ਸਤਿਗੁਰ ਸ਼ਬਦ ਕਲਜੁਗ ਅੰਤਮ ਜਨ ਭਗਤਾਂ ਬਣੇ ਗ਼ੁਲਾਮ, ਬਣ ਬਰਦਾ ਸੇਵ ਕਮਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਸੰਤ ਸੁਹੇਲੇ ਵਿਰਲੇ ਪਾਣ, ਜਿਸ ਆਪਣੀ ਬੂਝ ਬੁਝਾਈਆ । ਸੋ ਸਤਿਗੁਰ ਗੁਰ ਸ਼ਬਦ ਗ਼ਰੀਬ ਨਿਮਾਣਿਆਂ ਦੇਵੇ ਆਣ, ਨਿਰਗੁਣ ਸਰਗੁਣ ਝੋਲੀ ਭਰਾਈਆ । ਜੀਂਵਦਿਆਂ ਜਗ ਕਰੇ ਕਲਿਆਣ, ਮਰਿਆਂ ਦੁੱਖ ਨਾ ਲਾਗੇ ਰਾਈਆ । ਲੇਖਾ ਚੁੱਕੇ ਜਗਤ ਮਸਾਣ, ਸਾਢੇ ਤਿੰਨ ਹੱਥ ਭੂਮੀ ਵੰਡ ਨਾ ਕੋਇ ਵੰਡਾਈਆ । ਸਤਿਗੁਰ ਸ਼ਬਦ ਸ਼ਬਦ ਗੁਰ ਸਤਿਗੁਰ ਗੁਰਮੁਖ ਗੋਦੀ ਚੁੱਕੇ ਆਣ, ਵੇਲੇ ਅੰਤ ਹੋਏ ਸਹਾਈਆ । ਸਤਿਗੁਰ ਸ਼ਬਦ ਸੋਹੰ ਢੋਲਾ ਜੋ ਜਨ ਗਾਣ, ਗਾਵਤ ਗਾ ਗਾ ਖ਼ੁਸ਼ੀ ਮਨਾਈਆ । ਘਰ ਭਗਤ ਮਿਲੇ ਭਗਵਾਨ, ਭਗਵਨ ਆਪਣਾ ਫੇਰਾ ਪਾਈਆ । ਆਤਮ ਪਰਮਾਤਮ ਸਿਦਕ ਸਬੂਰੀ ਸਚ ਦੇਵੇ ਈਮਾਨ, ਅਮਾਨਤ ਆਪਣਾ ਨਾਮ ਝੋਲੀ ਪਾਈਆ । ਸਤਿ ਸਤਿ ਸਤਿ ਵਖਾਏ ਨਿਸ਼ਾਨ, ਨਿਸ਼ਾਨਾ ਇਕੋ ਇਕ ਝੁਲਾਈਆ । ਜੋ ਜਨ ਗਾਏ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋ ਨਾਮ ਸਤਿਗੁਰ ਅਨਡਿਠੜਾ ਝੋਲੀ ਪਾਈਆ ।

੭੬੫
੧੩

ਮਨ ਆਤਮਾ ਲਾਓ ਚਰਨ, ਸਚ ਸਚ ਦ੍ਰਿੜਾਇੰਦਾ । ਨੇਤਰ ਖੁਲ੍ਹੇ ਹਰਨ ਫਰਨ, ਹਰਿ ਆਪਣਾ ਰਾਹ ਜਣਾਇੰਦਾ । ਗੁਰਮੁਖ ਗੁਰਸਿਖ ਪੌੜੇ ਚੜ੍ਹਨ, ਇਸ਼ਾਰੇ ਨਾਲ ਚੜ੍ਹਾਇੰਦਾ । ਆਪਣੇ ਘਰ ਵਿਚ ਆਪੇ ਵੜਨ, ਰਾਹ ਵਿਚ ਨਾ ਕੋਇ ਅਟਕਾਇੰਦਾ । ਸਾਚੀ ਤਰਨੀ ਲੋਕਮਾਤ ਤਰਨ, ਤਾਰਨਹਾਰਾ ਪਾਰ ਕਰਾਇੰਦਾ । ਨਿਵਣ ਸੋ ਅੱਖਰ ਇਕੋ ਪੜ੍ਹਨ, ਹੰਗਤਾ ਵੰਡ ਨਾ ਕੋਇ ਵੰਡਾਇੰਦਾ । ਸਤਿਗੁਰ ਨਾਲ ਸਨਮੁਖ ਹੋ ਕੇ ਲੜਨ, ਕਿਉਂ ਸਾਡੀ ਵਸਤ ਸਾਡੀ ਝੋਲੀ ਕਿਉਂ ਨਹੀਂ ਪਾਇੰਦਾ । ਨਾਤਾ ਛੱਡਣ ਵਰਨ ਬਰਨ, ਬਰਨ ਆਤਮਕ ਰਾਹ ਵਖਾਇੰਦਾ । ਕੂੜੀ ਅਗਨੀ ਕਦੇ ਨਾ ਜਲਨ, ਜਲਵਾ ਇਕੋ ਇਕ ਦਰਸਾਇੰਦਾ । ਲੇਖਾ ਚੁਕੇ ਅਵਣ ਗਵਣ, ਤ੍ਰੈਭਵਨ ਪਾਰ ਕਰਾਇੰਦਾ । ਗੂੜ੍ਹੀ ਨੀਂਦੇ ਪ੍ਰਭ ਗੋਦੀ ਸਵਣ, ਸੋਇਆਂ ਫੇਰ ਨਾ ਕੋਇ ਉਠਾਇੰਦਾ । ਪ੍ਰੇਮ ਪਿਆਰ ਦੀ ਵਗੇ ਠੰਡੀ ਪਵਣ, ਅੰਮ੍ਰਿਤ ਜਲ ਮੁਖ ਚੁਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਬਣਾ ਗੁਰਸਿਖ, ਫੇਰ ਲੇਖਾ ਦੇਵੇ ਲਿਖ, ਨਾਮ ਪਾਏ ਸਾਚੀ ਭਿਖ, ਅੰਦਰ ਬਾਹਰ ਆਏ ਦਿਸ, ਗੁਪਤ ਜ਼ਾਹਰ ਆਪਣਾ ਰੰਗ ਵਖਾਇੰਦਾ ।

❇ ੨੯ ਮਾਘ ੨੦੧੯ ਬਿਕ੍ਰਮੀ ਈਸਰ ਸਿੰਘ, ਪਰੇਮ ਸਿੰਘ ਦੇ ਗ੍ਰਹਿ ਪਿੰਡ ਬੁਘੇ ਜ਼ਿਲਾ ਅੰਮ੍ਰਿਤਸਰ ❇



ਸਤਿਗੁਰ ਸਦਾ ਦਇਆਵਾਨ, ਦੀਨ ਦਿਆਲ ਅਖਵਾਇੰਦਾ । ਸਤਿਗੁਰ ਸਦਾ ਮਿਹਰਵਾਨ, ਮਿਹਰ ਨਜ਼ਰ ਉਠਾਇੰਦਾ । ਸਤਿਗੁਰ ਸਦਾ ਦੇਵੇ ਦਾਨ, ਦਾਤ ਵਸਤ ਅਮੋਲਕ ਝੋਲੀ ਪਾਇੰਦਾ । ਸਤਿਗੁਰ ਸੱਚਾ ਸਦਾ ਈਮਾਨ, ਸਿਦਕ ਸਬੂਰੀ ਇਕ ਰਖਾਇੰਦਾ । ਸਤਿਗੁਰ ਸੱਚਾ ਸਦਾ ਨਿਗਾਹਵਾਨ, ਦੋ ਜਹਾਨਾਂ ਖੋਜ ਖੁਜਾਇੰਦਾ । ਸਤਿਗੁਰ ਸੱਚਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਸਿਰ ਆਪਣਾ ਹੁਕਮ ਮਨਾਇੰਦਾ । ਸਤਿਗੁਰ ਸੱਚਾ ਸ਼ਾਹ ਸੁਲਤਾਨ, ਸ਼ਹਿਨਸ਼ਾਹ ਵੱਡੀ ਵਡਿਆਈਆ । ਸਤਿਗੁਰ ਸੱਚਾ ਦੋ ਜਹਾਨਾਂ ਕਾਹਨ, ਲੱਖ ਚੁਰਾਸੀ ਗੋਪੀ ਨਾਚ ਨਚਾਈਆ । ਸਤਿਗੁਰ ਸੱਚਾ ਸੱਚਾ ਰਾਮ, ਰਹਿਮਤ ਆਪਣੇ ਹੱਥ ਰਖਾਈਆ । ਸਤਿਗੁਰ ਸੱਚਾ ਸੱਚਾ ਅਮਾਮ, ਮਹਿਫਲ ਇਕੋ ਇਕ ਜਣਾਈਆ । ਸਤਿਗੁਰ ਸੱਚਾ ਦੇਵਣਹਾਰਾ ਸਤਿ ਪੈਗ਼ਾਮ, ਜੁਗ ਚੌਕੜੀ ਕਰੇ ਪੜ੍ਹਾਈਆ । ਸਤਿਗੁਰ ਸੱਚਾ ਦੇਵਣਹਾਰਾ ਇਕ ਗਿਆਨ, ਅਗਿਆਨ ਅੰਧੇਰ ਮਿਟਾਈਆ । ਸਤਿਗੁਰ ਸੱਚਾ ਝੁਲਾਵਣਹਾਰਾ ਸਚ ਨਿਸ਼ਾਨ, ਨਾਮ ਨਿਸ਼ਾਨਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਦਾਤਾ ਵਡ ਵਡਿਆਈਆ । ਸਤਿਗੁਰ ਸੱਚਾ ਸਾਹਿਬ ਪਰਮੁਖ, ਪਰਮ ਪੁਰਖ ਵਡ ਵਡਿਆਇੰਦਾ । ਸਤਿਗੁਰ ਸੱਚਾ ਆਦਿ ਜੁਗਾਦਿ ਜੁਗ ਜੁਗ ਮੇਟੇ ਦੁੱਖ, ਦੁਖੀਆਂ ਦਰਦ ਵੰਡਾਇੰਦਾ । ਸਤਿਗੁਰ ਸੱਚਾ ਜਨਮ ਕਰਮ ਦੀ ਮੇਟੇ ਭੁੱਖ, ਤ੍ਰਿਸਨਾ ਰੋਗ ਮਿਟਾਇੰਦਾ । ਸਤਿਗੁਰ ਸੱਚਾ ਲੇਖੇ ਲਾਏ ਮਾਣਸ ਮਨੁਖ, ਮਾਨਵ ਆਪਣਾ ਰਾਹ ਵਖਾਇੰਦਾ । ਸਤਿਗੁਰ ਸੱਚਾ ਸੰਤ ਸੁਹੇਲੇ ਗੋਦੀ ਲਏ ਚੁੱਕ, ਬਾਂਹੋਂ ਫੜ ਗਲੇ ਲਗਾਇੰਦਾ । ਸਤਿਗੁਰ ਸੱਚਾ ਗੁਰਮੁਖ ਸੱਜਣ ਲਏ ਪੁੱਛ, ਪੂਰਬ ਲੇਖਾ ਵੇਖ ਵਖਾਇੰਦਾ । ਸਤਿਗੁਰ ਸੱਚਾ ਅੰਦਰ ਵੜ ਕੇ ਵੇਖੇ ਝੁਕ, ਘਰ ਘਰ ਆਪਣਾ ਡੇਰਾ ਲਾਇੰਦਾ । ਸਤਿਗੁਰ ਸੱਚਾ ਸਦਾ ਸਦਾ ਸਦ ਰਹੇ ਲੁਕ, ਬਿਨ ਭਗਤਾਂ ਨਜ਼ਰ ਕਿਸੇ ਨਾ ਆਇੰਦਾ । ਸਤਿਗੁਰ ਸੱਚਾ ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਸਤਿਗੁਰ ਸੱਚਾ ਦੇਵਣਹਾਰਾ ਗੇੜਾ, ਗੇੜਾ ਆਪਣੇ ਹੁਕਮ ਭਵਾਈਆ । ਸਤਿਗੁਰ ਸੱਚਾ ਬੰਨ੍ਹਣਹਾਰਾ ਬੇੜਾ, ਬੇੜਾ ਆਪਣੇ ਕੰਧ ਟਿਕਾਈਆ । ਸਤਿਗੁਰ ਸੱਚਾ ਨੇਰਨ ਨੇਰਾ, ਦੂਰ ਦੁਰਾਡਾ ਪੰਧ ਮੁਕਾਈਆ । ਸਤਿਗੁਰ ਸੱਚਾ ਲੇਖਾ ਚੁਕਾਏ ਤੇਰਾ ਮੇਰਾ, ਮੇਰਾ ਤੇਰਾ ਇਕੋ ਰੰਗ ਰੰਗਾਈਆ । ਸਤਿਗੁਰ ਸੱਚਾ ਸਾਹਿਬ ਵਡ ਸ਼ੇਰ ਸ਼ੇਰਾ, ਸ਼ਹਿਨਸ਼ਾਹ ਇਕੋ ਨਜ਼ਰੀ ਆਈਆ । ਸਤਿਗੁਰ ਸੱਚਾ ਦੋ ਜਹਾਨਾਂ ਪਾਏ ਘੇਰਾ, ਲੋਆਂ ਪੁਰੀਆਂ ਬੰਦ ਕਰਾਈਆ । ਸਤਿਗੁਰ ਸੱਚਾ ਜੁਗ ਚੌਕੜੀ ਧਰਤ ਧਵਲ ਖੁਲ੍ਹਾ ਕਰੇ ਵੇਹੜਾ, ਆਪ ਆਪਣਾ ਭੇਵ ਖੁਲ੍ਹਾਈਆ । ਸਤਿਗੁਰ ਸੱਚਾ ਵਸਣਹਾਰਾ ਧਾਮ ਨਵੇਲਾ, ਸਚਖੰਡ ਬੈਠਾ ਆਸਣ ਲਾਈਆ । ਸਤਿਗੁਰ ਸੱਚਾ ਲੇਖਾ ਜਾਣੇ ਗੁਰੂ ਗੁਰ ਚੇਲਾ, ਗੁਰ ਗੋਬਿੰਦ ਮੇਲ ਮਿਲਾਈਆ । ਸਤਿਗੁਰ ਸੱਚਾ ਸੱਜਣ ਸੁਹੇਲਾ, ਸਗਲਾ ਸੰਗ ਇਕ ਰਖਾਈਆ । ਸਤਿਗੁਰ ਸੱਚਾ ਆਪਣਾ ਜਾਣੇ ਆਪੇ ਵੇਲਾ, ਘੜੀ ਪਲ ਥਿਤ ਵਾਰ ਵੰਡ ਨਾ ਕੋਇ ਵੰਡਾਈਆ । ਸਤਿਗੁਰ ਸੱਚਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਈਆ । ਸਤਿਗੁਰ ਸੱਚਾ ਰਾਜ ਰਾਜਾਨ, ਰੱਯਤ ਆਪਣੀ ਵੇਖ ਵਖਾਇੰਦਾ । ਸਤਿਗੁਰ ਸੱਚਾ ਹੁਕਮਰਾਨ, ਅਸਲੀਅਤ ਆਪਣਾ ਹੁਕਮ ਮਨਾਇੰਦਾ । ਸਤਿਗੁਰ ਸੱਚਾ ਸ੍ਰੀ ਭਗਵਾਨ, ਭਗਤਾਂ ਸਾਚਾ ਮੇਲ ਮਿਲਾਇੰਦਾ । ਸਤਿਗੁਰ ਸੱਚਾ ਬ੍ਰਹਮ ਗਿਆਨ, ਗਿਆਨ ਆਪਣਾ ਨਾਮ ਦ੍ਰਿੜਾਇੰਦਾ । ਸਤਿਗੁਰ ਸੱਚਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਚਰਨ ਧਿਆਨ, ਚਰਨ ਸਰੋਵਰ ਇਕ ਵਖਾਇੰਦਾ । ਸਤਿਗੁਰ ਸੱਚਾ ਸ਼ਾਹ ਭੂਪ, ਭੂਪਤ ਵਡ ਵਡਿਆਈਆ । ਸਤਿਗੁਰ ਸੱਚਾ ਸਤਿ ਸਰੂਪ, ਪੁਰਖ ਅਕਾਲ ਨਾਉਂ ਰਖਾਈਆ । ਸਤਿਗੁਰ ਸੱਚਾ ਵਸਣਹਾਰਾ ਦਹਿ ਦਿਸ਼ਾ ਚਾਰੇ ਕੂਟ, ਜ਼ਿਮੀ ਅਸਮਾਨ ਸੋਭਾ ਪਾਈਆ । ਸਤਿਗੁਰ ਸੱਚਾ ਮੇਟਣਹਾਰਾ ਜੂਠ ਝੂਠ, ਕੂੜੀ ਕਿਰਿਆ ਦਏ ਖਪਾਈਆ । ਸਤਿਗੁਰ ਸੱਚਾ ਲੇਖਾ ਜਾਣੇ ਰੂਹ ਬੁਤ ਕਲਬੂਤ, ਕਾਇਆ ਕਾਅਬਾ ਦੋ ਦੋ ਆਬਾ ਫੋਲ ਫੁਲਾਈਆ । ਸਤਿਗੁਰ ਸੱਚਾ ਆਪਣਾ ਦੇਵੇ ਸਚ ਸਬੂਤ, ਸਾਖਿਆਤ ਨੂਰ ਨੂਰਾਨਾ ਨਜ਼ਰੀ ਆਈਆ । ਸਤਿਗੁਰ ਸੱਚਾ ਸਚ ਮਹਿਬੂਬ, ਮੁਕਾਮੇ ਹੱਕ ਡੇਰਾ ਲਾਈਆ । ਸਤਿਗੁਰ ਸੱਚਾ ਦੱਸੇ ਇਕ ਅਰੂਜ, ਅਰਸ਼ ਕੁਰਸ਼ ਨਾ ਕੋਇ ਵਡਿਆਈਆ । ਸਤਿਗੁਰ ਸੱਚਾ ਹਦ ਅੰਦਰ ਨਾ ਹੋਏ ਮਹਿਦੂਦ, ਬੰਦ ਤਾਕੀ ਨਾ ਕੋਇ ਕਰਾਈਆ । ਸਤਿਗੁਰ ਸੱਚਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਇਕ ਅਖਵਾਈਆ । ਸਤਿਗੁਰ ਸੱਚਾ ਪਾਰਬ੍ਰਹਮ, ਪ੍ਰਭ ਇਕੋ ਇਕ ਅਖਵਾਇੰਦਾ । ਸਤਿਗੁਰ ਸੱਚਾ ਨਾ ਮਰੇ ਨਾ ਪਏ ਜੰਮ, ਜੁਗ ਜੁਗ ਆਪਣਾ ਖੇਲ ਕਰਾਇੰਦਾ । ਸਤਿਗੁਰ ਸੱਚਾ ਕੋਟਨ ਕੋਟ ਬ੍ਰਹਿਮੰਡ ਖੰਡ ਰਹਾਏ ਬਿਨ ਥੰਮ, ਬਿਨ ਥੰਮਾਂ ਗਗਨ ਟਿਕਾਇੰਦਾ । ਸਤਿਗੁਰ ਸੱਚਾ ਆਦਿ ਜੁਗਾਦਿ ਜੁਗ ਚੌਕੜ ਬੇੜਾ ਦੇਵੇ ਬੰਨ੍ਹ, ਚੱਪੂ ਆਪਣਾ ਨਾਮ ਲਗਾਇੰਦਾ । ਸਤਿਗੁਰ ਸੱਚਾ ਲੱਖ ਚੁਰਾਸੀ ਰਾਗ ਸੁਣਾਏ ਕੰਨ, ਬੋਧ ਅਗਾਧਾ ਆਪ ਸੁਣਾਇੰਦਾ । ਸਤਿਗੁਰ ਸੱਚਾ ਲੇਖਾ ਜਾਣੇ ਬੁਧ ਮਤ ਮਨ, ਮਨ ਵਾਸਨਾ ਖੋਜ ਖੁਜਾਇੰਦਾ । ਸਤਿਗੁਰ ਸੱਚਾ ਨਾਤਾ ਜੋੜੇ ਪੰਜ ਤੱਤ ਕਾਇਆ ਤਨ, ਤ੍ਰੈਗੁਣ ਬੰਧਨ ਇਕ ਵਖਾਇੰਦਾ । ਸਤਿਗੁਰ ਸੱਚਾ ਜਨ ਭਗਤਾਂ ਹੋਏ ਜਨਨੀ ਜਨ, ਗੋਦ ਸੁਹੰਜਣੀ ਆਪ ਉਠਾਇੰਦਾ । ਸਤਿਗੁਰ ਸੱਚਾ ਕਰੇ ਵਸੇਰਾ ਬਿਨ ਛਪਰੀ ਛੰਨ, ਮਹੱਲ ਅਟੱਲ ਨਾ ਕੋਇ ਰੁਸ਼ਨਾਇੰਦਾ । ਸਤਿਗੁਰ ਸੱਚਾ ਦੇਵਣਹਾਰਾ ਨਾਮ ਧੰਨ, ਸਚ ਖ਼ਜ਼ੀਨਾ ਆਪ ਵਰਤਾਇੰਦਾ । ਸਤਿਗੁਰ ਸੱਚਾ ਜਗਤ ਨੇਤਰ ਹੋਏ ਅੰਨ੍ਹ, ਗਿਆਨ ਨੇਤਰ ਇਕ ਖੁਲਾਇੰਦਾ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸਾਹਿਬ ਇਕ ਅਖਵਾਇੰਦਾ । ਸਤਿਗੁਰ ਸੱਚਾ ਅਖਵੌਂਦਾ ਏ । ਸਚਖੰਡ ਦਵਾਰੇ ਆਸਣ ਲੌਂਦਾ ਏ । ਥਿਰ ਘਰ ਸ਼ਬਦੀ ਰਾਗ ਸੁਣੌਂਦਾ ਏ । ਜੁਗ ਜੁਗ ਆਪਣਾ ਵੇਸ ਵਟੌਂਦਾ ਏ । ਸਚ ਸੰਦੇਸ ਅਲੌਂਦਾ ਏ । ਨਰ ਨਰੇਸ਼ ਜਣੌਂਦਾ ਏ । ਬ੍ਰਹਮਾ ਵਿਸ਼ਨ ਮਹੇਸ਼ ਸਮਝੌਂਦਾ ਏ । ਇਕ ਆਦੇਸ਼ ਕਰੌਂਦਾ ਏ । ਪੰਜ ਤੱਤ ਹੋ ਪਰਵੇਸ਼, ਜੋਤੀ ਜਾਤਾ ਡਗਮਗੌਂਦਾ ਏ । ਲੱਖ ਚੁਰਾਸੀ ਵੇਖ, ਆਪਣਾ ਆਪ ਛੁਪੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸੱਚਾ ਇਕੋ ਨਾਮ ਦ੍ਰਿੜੌਂਦਾ ਏ । ਸਤਿਗੁਰ ਸੱਚਾ ਨਾਮ ਨਿਧਾਨਾ, ਨਿਰਵੈਰ ਇਕ ਜਣਾਈਆ । ਜੁਗ ਚੌਕੜੀ ਹੋ ਪਰਧਾਨਾ, ਕੋਟਨ ਕੋਟ ਨਾਮ ਵਡਿਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਖੇਲਿਆ ਖੇਲ ਮਹਾਨਾ, ਖ਼ਾਲਕ ਖ਼ਲਕ ਗਿਆ ਸਮਝਾਈਆ । ਕਲਜੁਗ ਅੰਤਮ ਕਲ ਕਲਕੀ ਪਹਿਰੇ ਬਾਣਾ, ਬਾਵਨ ਬੈਠਾ ਸੀਸ ਝੁਕਾਈਆ । ਸਤਿ ਸਤਿਵਾਦੀ ਕਰੇ ਆਪਣਾ ਕਾਮਾ, ਕਰਨੀ ਆਪਣੇ ਹੱਥ ਰਖਾਈਆ । ਦੋ ਜਹਾਨਾਂ ਹੋਵੇ ਅੰਤਰਜਾਮਾ, ਅੰਤਰਗਤ ਖੋਜ ਖੁਜਾਈਆ । ਸ੍ਰਿਸ਼ਟ ਸਬਾਈ ਦੇਵੇ ਬ੍ਰਹਮ ਗਿਆਨਾ, ਬ੍ਰਹਮ ਪਾਰਬ੍ਰਹਮ ਇਕ ਪੜ੍ਹਾਈਆ । ਕੂੜੀ ਕਿਰਿਆ ਮੇਟ ਨਿਸ਼ਾਨਾ, ਸਚ ਸੁੱਚ ਦਏ ਜਣਾਈਆ । ਰੂਪ ਧਰ ਵਿਸ਼ਨੂੰ ਭਗਵਾਨਾ, ਨਿਰਗੁਣ ਆਪਣਾ ਨੂਰ ਕਰੇ ਰੁਸ਼ਨਾਈਆ । ਆਤਮ ਪਰਮਾਤਮ ਗਾਏ ਗਾਣਾ, ਸੋਹੰ ਢੋਲਾ ਇਕ ਸੁਣਾਈਆ । ਜੋਧਾ ਸੂਰ ਬਣੇ ਮਰਦ ਮਰਦਾਨਾ, ਵਡ ਮਰਦਾਨਗੀ ਆਪ ਕਮਾਈਆ । ਉਮਤ ਆਪਣੀ ਬੰਨ੍ਹੇ ਗਾਨਾ, ਮੌਲੀ ਤੰਦ ਇਕ ਵਖਾਈਆ । ਲੇਖਾ ਜਾਣ ਸ੍ਰੀ ਭਗਵਾਨਾ, ਭਗਵਨ ਆਪਣਾ ਪੜਦਾ ਲਾਹੀਆ । ਭਗਤਾਂ ਦੇਵੇ ਇਕ ਨਿਸ਼ਾਨਾ, ਨਿਸ਼ਾਨ ਆਪਣਾ ਨਾਮ ਵਖਾਈਆ । ਅੰਦਰ ਬਾਹਰ ਨਜ਼ਰੀ ਆਏ ਇਕੋ ਕਾਹਨਾ, ਘਨੱਯਾ ਅਵਰ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸਾਹਿਬ ਇਕ ਅਖਵਾਈਆ । ਸਤਿਗੁਰ ਸੱਚਾ ਏਕੰਕਾਰਾ, ਅਕਲ ਕਲਾ ਅਖਵਾਇੰਦਾ । ਆਦਿ ਆਦਿ ਕਰ ਪਸਾਰਾ, ਮਧ ਖੇਲ ਕਰਾਇੰਦਾ । ਅੰਤ ਅੰਤ ਹੋ ਨਿਆਰਾ, ਨਿਰਗੁਣ ਆਪਣੀ ਧਾਰ ਚਲਾਇੰਦਾ । ਸ਼ਾਸਤਰ ਸਿਮਤਰ ਵੇਦ ਪੁਰਾਨ ਵਸੇ ਬਾਹਰਾ, ਭੇਵ ਅਭੇਦ ਨਾ ਕੋਇ ਰਖਾਇੰਦਾ । ਕਾਗਦ ਕਲਮ ਹੋਏ ਨਾਕਾਰਾ, ਕਹਿਣ ਕਥਨ ਨਾ ਕੋਇ ਜਣਾਇੰਦਾ । ਨਰ ਹਰਿ ਨਰਾਇਣ ਅੰਤ ਨਾ ਪਾਰਾਵਾਰਾ, ਪਾਰਬ੍ਰਹਮ ਪ੍ਰਭ ਆਪਣਾ ਪੜਦਾ ਲਾਹਿੰਦਾ । ਨਵ ਨੌਂ ਚਾਰ ਜੋ ਦੇਂਦਾ ਰਿਹਾ ਹੁਲਾਰਾ, ਹੁਲੀਆ ਗੁਰ ਅਵਤਾਰ ਪੀਰ ਪੈਗ਼ੰਬਰ ਮਾਤ ਬਣਾਇੰਦਾ । ਸ਼ਬਦ ਅਗੰਮੀ ਦੱਸਦਾ ਰਿਹਾ ਧਾਰਾ, ਧਾਰ ਧਾਰ ਵਿਚ ਜਣਾਇੰਦਾ । ਜੋਤੀ ਦੀਪ ਕਰਦਾ ਰਿਹਾ ਉਜਿਆਰਾ, ਦੀਪਕ ਇਕੋ ਇਕ ਰੁਸ਼ਨਾਇੰਦਾ । ਕਰਦਾ ਰਿਹਾ ਜਗਤ ਵਪਾਰਾ, ਵਣਜ ਇਕੋ ਹਟ ਵਖਾਇੰਦਾ । ਅੰਤਮ ਕਲ ਰੋਵੇ ਜ਼ਾਰੋ ਜ਼ਾਰਾ, ਨੇਤਰ ਨੈਣਾਂ ਨੀਰ ਵਹਾਇੰਦਾ । ਸੱਜਣ ਮਿਲੇ ਨਾ ਕੋਇ ਪਿਆਰਾ, ਮਜਨ ਧੂੜ ਨਾ ਕੋਇ ਕਰਾਇੰਦਾ । ਕੂੜੀ ਕਿਰਿਆ ਮੋਹ ਹੰਕਾਰਾ, ਲੋਭ ਤੱਤ ਨਾ ਕੋਇ ਮਿਟਾਇੰਦਾ । ਸ਼ਾਸਤਰ ਸਿਮਰਤ ਕਰ ਕਰ ਗਏ ਪੁਕਾਰਾ, ਉਚੀ ਕੂਕ ਕੂਕ ਸੁਣਾਇੰਦਾ । ਪੀਰ ਪੈਗ਼ੰਬਰ ਲੇਖਾ ਲਿਖ ਕੇ ਗਏ ਬਣ ਲਿਖਾਰਾ, ਕਲਮ ਸ਼ਾਹੀ ਵੰਡ ਵੰਡਾਇੰਦਾ । ਕਲਜੁਗ ਅੰਤਮ ਭੇਵ ਨਿਆਰਾ, ਭੇਵ ਕਿਸੇ ਨਾ ਆਇੰਦਾ । ਵਸਣੇਹਾਰਾ ਸਚ ਮਨਾਰਾ, ਮੋਹਤਬਰ ਆਪਣਾ ਫੇਰਾ ਪਾਇੰਦਾ । ਸ਼ਬਦ ਅਗੰਮੀ ਬੋਲ ਜੈਕਾਰਾ, ਜੈ ਜੈਕਾਰ ਸੁਣਾਇੰਦਾ । ਲੇਖਾ ਜਾਣੇ ਧੁਰ ਦਰਬਾਰਾ, ਧੁਰ ਦੀ ਬਾਣੀ ਬਾਣ ਲਗਾਇੰਦਾ । ਦੇਵਣਹਾਰਾ ਸਚ ਸਹਾਰਾ, ਸਿਰ ਆਪਣਾ ਹੱਥ ਟਿਕਾਇੰਦਾ । ਕਲਜੁਗ ਕੂੜਾ ਪਾਰ ਕਿਨਾਰਾ, ਉਰਾਰ ਪਾਰ ਨਾ

ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸੱਚਾ ਖੇਲ ਕਰਾਇੰਦਾ । ਸਤਿਗੁਰ ਸੱਚਾ ਖੇਲ ਅਪਾਰਾ, ਅਬਿਨਾਸ਼ੀ ਆਪ ਕਰਾਈਆ । ਭਗਤ ਵਖਾਏ ਇਕ ਦਵਾਰਾ, ਭਗਵਨ ਆਪਣਾ ਪੜਦਾ ਲਾਹੀਆ । ਸੰਤ ਜਣਾਏ ਇਕ ਸਹਾਰਾ, ਸਿਰ ਆਪਣਾ ਹੱਥ ਟਿਕਾਈਆ । ਗੁਰਮੁਖਾਂ ਖੋਲ੍ਹੇ ਬੰਦ ਕਵਾੜਾ, ਪੜਦਾ ਆਪਣਾ ਆਪ ਚੁਕਾਈਆ । ਗੁਰਸਿਖਾਂ ਵਜਾਏ ਨਾਮ ਨਗਾਰਾ, ਨਾਦ ਅਨਾਦੀ ਨਾਦ ਸੁਣਾਈਆ । ਕਰ ਖੇਲ ਅਪਰ ਅਪਾਰਾ, ਪ੍ਰਭ ਆਪਣਾ ਆਪ ਛੁਪਾਈਆ । ਗਾ ਗਾ ਥੱਕੇ ਜੀਵ ਗਵਾਰਾ, ਨੇਤਰ ਦਰਸ ਕੋਇ ਨਾ ਪਾਈਆ । ਫਿਰ ਫਿਰ ਥੱਕੇ ਜੰਗਲ ਜੂਹ ਉਜਾੜ ਪਹਾੜਾ, ਡੂੰਘੀ ਕੰਦਰ ਆਸਣ ਲਾਈਆ । ਹਰਿ ਜੂ ਮਿਲਿਆ ਨਾ ਮੀਤ ਮੁਰਾਰਾ, ਮਿੱਤਰ ਪਿਆਰਾ ਬੈਠਾ ਮੁਖ ਭਵਾਈਆ । ਸ੍ਰੀ ਭਗਵਾਨ ਹੋ ਉਜਿਆਰਾ, ਕਲਜੁਗ ਅੰਤ ਸ੍ਰਿਸ਼ਟ ਸਬਾਈ ਰਿਹਾ ਸਮਝਾਈਆ । ਸੋਹੰ ਬੋਲੋ ਸਚ ਜੈਕਾਰਾ, ਜੈ ਜੈਕਾਰ ਕਰੇ ਲੋਕਾਈਆ । ਸਤਿਗੁਰ ਸੱਚਾ ਇਕ ਕਰਤਾਰਾ, ਕਰਤਾ ਪੁਰਖ ਖੇਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਬੇਪਰਵਾਹੀਆ । ਸਤਿਗੁਰ ਸਾਹਿਬ ਗਹਿਰ ਗੰਭੀਰ, ਗਵਰ ਨਜ਼ਰ ਕਿਸੇ ਨਾ ਆਇੰਦਾ । ਹਰਿਜਨ ਠਾਂਡਾ ਕਰੇ ਸਰੀਰ, ਸਾਂਤਕ ਸਤਿ ਸਤਿ ਵਰਤਾਇੰਦਾ । ਮਨਮੁਖਾਂ ਖਿਚੇ ਵਿਚ ਲਕੀਰ, ਜੀਵ ਜਹਾਨ ਵੰਡ ਵੰਡਾਇੰਦਾ । ਈਸਾ ਮੂਸਾ ਮੁਹੰਮਦ ਵੇਲੇ ਅੰਤ ਪੜ੍ਹੇ ਨਾ ਕੋਇ ਤਕਬੀਰ, ਤਕਦੀਰ ਸਭ ਦੀ ਆਪਣੇ ਹੱਥ ਰਖਾਇੰਦਾ । ਕਿਸੇ ਚਲੇ ਨਾ ਕੋਇ ਤਦਬੀਰ, ਤਸਬੀ ਮਾਲਾ ਨਾ ਕੋਇ ਭਵਾਇੰਦਾ । ਕਰੇ ਖੇਲ ਬੇਨਜ਼ੀਰ, ਨਜ਼ਰ ਆਪਣੀ ਇਕ ਬਦਲਾਇੰਦਾ । ਕੂੜੀ ਕਿਰਿਆ ਕੱਟ ਭੀੜ, ਮਜਲਸ ਹੱਕ ਹੱਕ ਵਖਾਇੰਦਾ । ਨਜ਼ਰੀ ਆਏ ਸਚ ਤਸਵੀਰ, ਤਸੱਲੀ ਸਭ ਦੀ ਆਪ ਕਰਾਇੰਦਾ । ਜਿਸ ਭੇਜਿਆ ਜੁਲਾਹਾ ਕਬੀਰ, ਭਗਤ ਭਗਵਾਨ ਸੇਵਾ ਲਾਇੰਦਾ । ਸੋ ਕਲਜੁਗ ਅੰਤਮ ਪਰਗਟ ਹੋ ਕੇ ਆਇਆ ਅਖ਼ੀਰ, ਆਖ਼ਰ ਆਪਣਾ ਹੁਕਮ ਸੁਣਾਇੰਦਾ । ਗੁਰਮੁਖ ਕੋਇ ਨਾ ਰਹੇ ਦਿਲਗੀਰ, ਦਿਲਦਾਰ ਆਪਣਾ ਮੇਲ ਮਿਲਾਇੰਦਾ । ਗੁਰਸਿਖ ਕੋਇ ਨਾ ਰਹੇ ਸ਼ਰੀਰ, ਸ਼ਿਰਕਤ ਸਭ ਦੀ ਆਪ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਹੱਥ ਰੱਖੇ ਤੌਫ਼ੀਕ, ਤੋਬਾ ਤੋਬ ਸਰਬ ਕੁਰਲਾਇੰਦਾ । ਸਚ ਤੌਫ਼ੀਕ ਇਕ ਰਹਿਮਾਨ, ਰਹਿਮਤ ਆਪ ਜਣਾਈਆ । ਹੱਕ ਮੁਕਾਮੇ ਹੱਕ ਨਿਸ਼ਾਨ, ਹਕੀਕਤ ਰਿਹਾ ਦਰਸਾਈਆ । ਲਾਸ਼ਰੀਕ ਨੌਜਵਾਨ, ਸ਼ਹਿਨਸ਼ਾਹ ਆਪਣਾ ਖੇਲ ਵਖਾਈਆ । ਬੇਨਜ਼ੀਰ ਨੂਰ ਭਗਵਾਨ, ਜ਼ਹੂਰ ਸ਼ਊਰ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਇਕੋ ਇਕ ਅਖਵਾਈਆ । ਸਤਿਗੁਰ ਸੱਚਾ ਪੁਰਖ ਅਕਾਲ, ਅਕਲ ਕਲਾ ਅਖਵਾਇੰਦਾ । ਸਤਿਗੁਰ ਸੱਚਾ ਦੀਨ ਦਿਆਲ, ਦਇਆਨਿਧ ਧਾਰੀ ਆਪਣੀ ਦਇਆ ਕਮਾਇੰਦਾ । ਸਤਿਗੁਰ ਸੱਚਾ ਸਦਾ ਸਦਾ ਕਰੇ ਪ੍ਰਿਤਪਾਲ, ਗੁਰਮੁਖ ਬਾਲੇ ਗੋਦ ਉਠਾਇੰਦਾ । ਸਤਿਗੁਰ ਸੱਚਾ ਹਰਿਜਨ ਵੇਖੇ ਆਪਣੇ ਲਾਲ, ਲਾਲ ਅਨਮੁਲੱੜੇ ਆਪ ਆਪਣੇ ਹੱਟ ਵਿਕਾਇੰਦਾ । ਸਤਿਗੁਰ ਸੱਚਾ ਲੇਖਾ ਜਾਣੇ ਕਾਇਆ ਮਾਟੀ ਖਾਲ, ਖ਼ਾਲਕ ਖ਼ਲਕ ਰੂਪ ਵਟਾਇੰਦਾ । ਸਤਿਗੁਰ ਸੱਚਾ ਮੁਰੀਦਾਂ ਪੁੱਛਣਹਾਰਾ ਹਾਲ, ਅਹਿਵਾਲਾ ਦੇ ਸਰਬ ਸਮਝਾਇੰਦਾ । ਸਤਿਗੁਰ ਸੱਚਾ ਕੂੜੀ ਕਿਰਿਆ ਲਾਹੇ ਖਾਲ, ਖ਼ਾਲਕ ਖ਼ਲਕ ਆਪ ਰੁਵਾਇੰਦਾ । ਕਰੇ ਖੇਲ ਬੇਮਿਸਾਲ, ਮਿਸਲ ਬਣਾ ਨਾ ਕੋਇ ਜਣਾਇੰਦਾ । ਸਾਹਿਬ ਸਤਿਗੁਰ ਬਣ ਦਲਾਲ, ਦਿਲ ਦਲੇਰੀ ਇਕ ਰਖਾਇੰਦਾ । ਅੰਤ ਰਹਿਣ ਨਾ ਦੇਣਾ ਈਮਾਨ, ਉਲਮਾ ਨਜ਼ਰ ਕੋਇ ਨਾ ਆਇੰਦਾ । ਬਰਦਾ ਰਹੇ ਨਾ ਕੋਇ ਗ਼ੁਲਾਮ, ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਗੁਰ ਸੱਚਾ ਇਕੋ ਇਕ ਜਣਾਇੰਦਾ । ਸਤਿਗੁਰ ਸੱਚਾ ਨਿਹਕਲੰਕ, ਕਲ ਅੰਤ ਵੱਜੇ ਵਧਾਈਆ । ਸੁਹਾਵਣਹਾਰਾ ਸਾਚਾ ਬੰਕ, ਸੰਬਲ ਚਰਨ ਟਿਕਾਈਆ । ਨਾ ਕੋਈ ਚਿੱਲਾ ਤੀਰ ਕਮਾਨ ਤੋਲੇ ਵਜ਼ਨ ਟੰਕ, ਬਨਾਸਪਤ ਭਾਰ ਵੰਡ ਨਾ ਕੋਇ ਵੰਡਾਈਆ । ਹਰਿਜਨ ਉਭਾਰੇ ਕਿਰਪਾ ਧਾਰੇ ਜਿਉਂ ਜਨ ਜਨਕ, ਜਨ ਜਨਨੀ ਵੇਖ ਵਖਾਈਆ । ਸਤਿਗੁਰ ਪੂਰਾ ਵਾਸੀ ਪੁਰੀ ਘਨਕ, ਬਾਰ ਅਨਕ ਫੇਰਾ ਪਾਈਆ । ਸਤਿਗੁਰ ਪੂਰਾ ਗੁਰਮੁਖਾਂ ਅੰਤਰ ਆਤਮ ਲਾਏ ਤਨਕ, ਖਿਚੀ ਆਏ ਵਾਹੋ ਦਾਹੀਆ । ਹਰਿ ਕਾ ਕੋਇ ਨਾ ਪਾਏ ਅੰਤ, ਅੰਤ ਕਹਿਣ ਕੋਇ ਨਾ ਆਈਆ । ਸਾਰੇ ਕਹਿਣ ਬੇਅੰਤ ਬੇਅੰਤ, ਬੇਅੰਤ ਬੇਅੰਤ ਕਹਿ ਕਹਿ ਪੱਲੂ ਗਏ ਛੁਡਾਈਆ । ਸਾਧ ਕਹਿਣ ਤੇਰੀ ਮਹਿਮਾਂ ਅਗਣਤ, ਲੇਖਾ ਲਿਖਤ ਵਿਚ ਨਾ ਆਈਆ । ਸ੍ਰੀ ਭਗਵਾਨ ਕਹੇ ਮੈਂ ਆਦਿ ਅੰਤ, ਜੁਗ ਜੁਗ ਆਪਣਾ ਰਾਹ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਤਿਗੁਰ ਇਕੋ ਨਜ਼ਰੀ ਆਈਆ । ਸਤਿਗੁਰ ਸੱਚਾ ਕਰੇ ਰਹਿਮਤ, ਰਹਿਮ ਆਪਣੇ ਵਿਚ ਰਖਾਇੰਦਾ । ਸਤਿਗੁਰ ਸੱਚਾ ਗੁਰਮੁਖਾਂ ਨਾਲ ਹੋਏ ਸਹਿਮਤ, ਸਹਿਮ ਦੁੱਖ ਸਰਬ ਗਵਾਇੰਦਾ । ਸਤਿਗੁਰ ਸੱਚਾ ਕਦੇ ਨਾ ਹੋਏ ਅਹਿਮਕ, ਅਭੁੱਲ ਭੁੱਲ ਕਦੇ ਨਾ ਜਾਇੰਦਾ । ਸਤਿਗੁਰ ਸੱਚਾ ਹਰਿਜਨ ਲੱਖ ਚੁਰਾਸੀ ਵਿਚੋਂ ਉਠਾਏ ਨਾਲ ਸੈਨਤ, ਨਾਮ ਇਸ਼ਾਰਾ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਮਾਣ ਦਿਵਾਇੰਦਾ । ਸਤਿਗੁਰ ਸਾਚਾ ਸੱਚਾ ਮਾਣ, ਨਿਮਾਣਿਆਂ ਹੋਏ ਸਹਾਈਆ । ਸਤਿਗੁਰ ਸਾਚਾ ਧੁਰ ਫ਼ਰਮਾਨ, ਧੁਰ ਦੀ ਬਾਣੀ ਬਾਣ ਲਗਾਈਆ । ਸਤਿਗੁਰ ਸਾਚਾ ਖੇਲ ਮਹਾਨ, ਖ਼ਾਲਕ ਖ਼ਲਕ ਰਿਹਾ ਵਖਾਈਆ । ਸਤਿਗੁਰ ਸਾਚਾ ਕਲਜੁਗ ਅੰਤਮ ਪਰਗਟ ਹੋ ਸ੍ਰੀ ਭਗਵਾਨ, ਭਗਵਨ ਆਪਣੀ ਧਾਰ ਵਖਾਈਆ । ਸਤਿਗੁਰ ਸਾਚਾ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਦੇਵਣਹਾਰ ਗਿਆਨ, ਅੱਖ ਪਰਤੱਖ ਨੂਰ ਦਰਸਾਈਆ । ਕਾਗਦ ਕਲਮ ਹੋਏ ਹੈਰਾਨ, ਦੋਏ ਜੋੜ ਵਾਸਤਾ ਪਾਣ, ਬੇਅੰਤ ਤੇਰਾ ਅੰਤ ਕੋਇ ਨਾ ਆਈਆ । ਹਉਂ ਬਾਲਕ ਬਾਲ ਅਵਾਣ, ਤੇਰਾ ਝੁਲਦਾ ਇਕ ਨਿਸ਼ਾਨ, ਤੇਰਾ ਵਸੇ ਸਚਖੰਡ ਮਕਾਨ, ਜਿਸ ਘਰ ਬੈਠੋਂ ਨੌਜਵਾਨ, ਬਿਰਧ ਬਾਲ ਰੂਪ ਨਾ ਕੋਇ ਵਟਾਈਆ । ਸਤਿਗੁਰ ਸਾਚਾ ਖੇਲ ਕਰੇ ਮਹਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਜਣਾਈਆ । ਸਤਿਗੁਰ ਸੱਚਾ ਉਚ ਮਹੱਲਾ, ਇਕੋ ਇਕ ਵਸਾਇੰਦਾ । ਸਤਿਗੁਰ ਸੱਚਾ ਸਾਚਾ ਪੱਲਾ, ਪੱਲੂ ਆਪਣਾ ਨਾਮ ਫੜਾਇੰਦਾ । ਸਤਿਗੁਰ ਸੱਚਾ ਜੁਗ ਚੌਕੜੀ ਹੋਵੇ ਝੱਲਾ, ਝਲਕ ਆਪਣੇ ਨਾਮ ਜਣਾਇੰਦਾ । ਸਤਿਗੁਰ ਸੱਚਾ ਲੇਖਾ ਜਾਣੇ ਰਾਣੀ ਅੱਲਾ, ਇਲਾਹੀ ਨੂਰ ਇਕ ਦਰਸਾਇੰਦਾ । ਸਤਿਗੁਰ ਸੱਚਾ ਨਾਮ ਨਿਧਾਨਾ ਤੀਰ ਨਿਰਾਲਾ ਤਿੱਖਾ ਫੜੇ ਭੱਲਾ, ਚਾਰੋਂ ਕੁੰਟ ਭੈ ਵਖਾਇੰਦਾ । ਸਤਿਗੁਰ ਸੱਚਾ ਲਹਿਣਾ ਦੇਣ ਚੁਕਾਏ ਰਾਣੀ ਅੱਲਾ, ਆਦਤ ਆਪਣੀ ਆਪ ਬਦਲਾਇੰਦਾ । ਸਤਿਗੁਰ ਸੱਚਾ ਸਦਾ ਸਦਾ ਮਿਹਰਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਦ੍ਰਿੜਾਇੰਦਾ । ਸਤਿਗੁਰ ਸੱਚਾ ਖੇਲੇ ਖੇਲ, ਖੇਲ ਅਵੱਲੜੀ ਆਪ ਰਚਾਈਆ । ਜੁਗ ਵਿਛੜੇ ਜਗ ਲਏ ਮੇਲ, ਜੀਵਣ ਜੁਗਤ ਜਣਾਈਆ । ਪ੍ਰਭ ਪਾਓ ਸੱਜਣ ਸੁਹੇਲ, ਗੁਣ ਗਾਓ ਇਕੋ ਮਾਹੀਆ । ਵੇਖੋ ਅਚਰਜ ਨਿਰਗੁਣ ਖੇਲ, ਸਰਗੁਣ ਰਿਹਾ ਦ੍ਰਿੜਾਈਆ । ਲੇਖਾ ਜਾਣ ਗੁਰੂ ਗੁਰ ਚੇਲ, ਗੁਰ ਚੇਲਾ ਵੇਸ ਵਟਾਈਆ । ਕੱਟਣਹਾਰਾ ਧਰਮ ਰਾਏ ਦੀ ਜੇਲ, ਬੰਦ ਕਵਾੜੀ ਕੁੰਡਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,


੭੭੦
੧੩

ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਪਾਰਾ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਹਰਿ ਜੂ ਕਰੇ ਸਚ ਵਿਹਾਰਾ, ਬਿਵਹਾਰੀ ਧਾਰ ਚਲਾਇੰਦਾ । ਸਤਿ ਸਤਿਵਾਦੀ ਹੋ ਉਜਿਆਰਾ, ਬ੍ਰਹਮ ਬ੍ਰਹਿਮਾਦੀ ਖੋਜ ਖੁਜਾਇੰਦਾ । ਅਨਾਦ ਅਨਾਦੀ ਆਤਮ ਧੁਨਕਾਰਾ, ਧੁਨ ਮਧੁਰ ਰਾਗ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਆਪ ਪੜ੍ਹਾਇੰਦਾ । ਸਾਚੀ ਸਿਖਿਆ ਪੜ੍ਹੋ ਮੀਤ, ਹਰਿ ਮਿੱਤਰ ਆਪ ਜਣਾਈਆ । ਪੁਰਖ ਅਕਾਲ ਗਾਓ ਗੀਤ, ਸੋਹਲਾ ਇਕੋ ਇਕ ਸਮਝਾਈਆ । ਮੰਦਰ ਮੱਠ ਸ਼ਿਵਦਵਾਲੇ ਛੱਡੋ ਜਗਤ ਮਸੀਤ, ਮਸਲਾ ਇਕੋ ਦਏ ਦ੍ਰਿੜਾਈਆ । ਆਪਣੇ ਹੱਥ ਰਖਾਏ ਇਕ ਤੌਫ਼ੀਕ, ਤੋਬਾ ਤੋਬ ਕਰੇ ਲੋਕਾਈਆ । ਮਾਰਗ ਲਾ ਇਕ ਬਾਰੀਕ, ਬਰੀਖ਼ਾਨਾ ਰਹਿਣ ਕੋਇ ਨਾ ਪਾਈਆ । ਅੰਮ੍ਰਿਤ ਜਾਮ ਸਚ ਪਿਆਲਾ ਪੀਤਾ ਲਾ ਕੇ ਝੀਕ, ਝਾਕੀ ਸਤਿਗੁਰ ਆਪਣੀ ਦਏ ਦਰਸਾਈਆ । ਸਤਿਗੁਰ ਸੱਚਾ ਜਾਣੇ ਕਵਣ ਮਾਰਗ ਚੜ੍ਹਿਆ ਠੀਕ, ਕਵਣ ਰਸਨਾ ਕਹਿ ਕਹਿ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਆਪਣਾ ਆਸਣ ਲਾਈਆ । ਸਤਿਗੁਰ ਸੱਚਾ ਲਾਏ ਆਸਣ, ਅਬਿਨਾਸ਼ੀ ਖੇਲ ਕਰਾਇੰਦਾ । ਸਤਿਗੁਰ ਸੱਚਾ ਵੇਖੇ ਖੇਲ ਤਮਾਸ਼ਨ, ਖ਼ਾਲਕ ਖ਼ਲਕ ਨਾਲ ਰਲਾਇੰਦਾ । ਸਤਿਗੁਰ ਸੱਚਾ ਪਾਵੇ ਮੰਡਲ ਰਾਸਣ, ਗੋਪੀ ਕਾਹਨ ਨਾਚ ਨਚਾਇੰਦਾ । ਸਤਿਗੁਰ ਸੱਚਾ ਹੋਏ ਦਾਸੀ ਦਾਸਣ, ਬਣ ਸੇਵਕ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਮ ਆਪ ਜਪਾਇੰਦਾ । ਹਰਿ ਸੰਗਤ ਹਰਿ ਹਰਿ ਕਰੇ ਹੜਪ, ਆਪਣੇ ਵਿਚ ਛੁਪਾਈਆ । ਜਨਮ ਜਨਮ ਦੀ ਮੇਟੇ ਤੜਪ, ਸਿਰ ਆਪਣਾ ਹੱਥ ਟਿਕਾਈਆ । ਪ੍ਰੀਤੀ ਵਿਚ ਰਹਿਣ ਨਾ ਦੇਵੇ ਕੋਈ ਫ਼ਰਕ, ਫੁਰਨਾ ਆਪਣੇ ਨਾਲ ਮਿਲਾਈਆ । ਲੱਖ ਚੁਰਾਸੀ ਕਰ ਕੇ ਤਰਕ, ਤੁਰਤ ਗੁਰਮੁਖ ਰਿਹਾ ਜਗਾਈਆ । ਸਭ ਦੇ ਪੱਤਰੇ ਰਿਹਾ ਪਰਤ, ਗੁਰਮੁਖਾਂ ਆਪਣਾ ਨਾਮ ਪੜ੍ਹਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਨਾਲ ਕਰਦਾ ਰਿਹਾ ਲਿਖਤ ਪੜ੍ਹਤ, ਹੁਕਮ ਸੰਦੇਸ਼ ਸੁਣਾਈਆ । ਕੋਟਨ ਕੋਟ ਨਾਮ ਵਿਚ ਰੱਖਦਾ ਰਿਹਾ ਧੜਤ, ਧਰਤ ਧਵਲ ਖੇਲ ਕਰਾਈਆ । ਕਲਜੁਗ ਅੰਤਮ ਫੇਰਾ ਪਾਏ ਆਪ ਨਧੜਕ, ਨਿਰਵੈਰ ਬੇਪਰਵਾਹੀਆ । ਚੜ੍ਹਾਵਣਹਾਰਾ ਅਗੰਮੀ ਕੜਕ, ਕਾਲ ਮਹਾਂਕਾਲ ਹੁਕਮ ਜਣਾਈਆ । ਆਪਣੀ ਤਾਕਤ ਆਪੇ ਰਿਹਾ ਫਰਕ, ਬਲ ਆਪਣਾ ਆਪ ਜਣਾਈਆ । ਲੱਖ ਚੁਰਾਸੀ ਵਿਚੋਂ ਕੱਢ ਕੇ ਅਰਕ, ਹਰਿਜਨ ਸਾਚੇ ਬਾਹਰ ਕਢਾਈਆ । ਗੁਰਸਿਖ ਗੁਰਮੁਖ ਹਰਿਜਨ ਹਰਿਭਗਤ ਕਲਜੁਗ ਵਹਿਣ ਵਿਚ ਚਲੋ ਮਟਕ ਮਟਕ, ਚਾਲ ਇਕੋ ਇਕ ਜਣਾਈਆ । ਸੱਚੇ ਸਾਹਿਬ ਨੂੰ ਮਿਲੋ ਹੋ ਨਧੜਕ, ਧੜਕਣ ਪਿਛਲੀ ਦਏ ਗਵਾਈਆ । ਏਥੇ ਓਥੇ ਕਰੇ ਤੁਹਾਡੀ ਚੜ੍ਹਤ, ਚੜ੍ਹਦੀਆਂ ਕਲਾਂ ਦਏ ਵਖਾਈਆ । ਜਿਸ ਦੇ ਪਿਛੇ ਭੁੱਖੇ ਮਰਦੇ ਰਹੇ ਰੱਖ ਰੱਖ ਬਰਤ, ਸੋ ਦਿਵਸ ਰੈਣ ਅੱਠੇ ਪਹਿਰ ਅੰਮ੍ਰਿਤ ਜਾਮ ਪਿਆਈਆ । ਸ੍ਰਿਸ਼ਟ ਸਬਾਈ ਕਰੇ ਹਰਖ, ਗੁਰਮੁਖ ਖ਼ੁਸ਼ੀ ਲਏ ਪਰਨਾਈਆ । ਸਤਿਗੁਰ ਸਾਹਿਬ ਕਰੇ ਤਰਸ, ਤਰਸਦਿਆਂ ਆਪਣੇ ਨਾਲ ਮਿਲਾਈਆ । ਅੰਮ੍ਰਿਤ ਮੇਘ ਦੇਵੇ ਬਰਸ, ਅਮਿਉਂ ਰਸ ਇਕ ਚੁਆਈਆ । ਪਿਛਲਾ ਲਾਹਵੇ ਪੂਰਬ ਕਰਜ਼, ਅੱਗੇ ਦੇਵੇ ਮਾਣ ਵਡਿਆਈਆ । ਇਕੋ ਰਾਗ ਸੁਣਾਇਆ ਬਿਨ ਤਾਲ ਤਰਜ਼, ਤਲਵਾੜਾ ਸਾਜ ਨਾ ਕੋਇ ਵਜਾਈਆ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਨੇ ਕਹਿਣਾ ਗਰਜ, ਗਰਜ਼ ਸਭ ਦੀ ਪੂਰ ਕਰਾਈਆ ।

ਹਰਿ ਸੰਗਤ ਕਰੇ ਮਨਜ਼ੂਰ ਅਰਜ਼, ਆਰਜ਼ੂ ਸਭ ਦੀ ਆਪਣੇ ਵਿਚ ਰਖਾਈਆ । ਦਿਆਲ ਹੋ ਕੇ ਪੂਰਾ ਕਰੇ ਫ਼ਰਜ਼, ਬਣ ਫ਼ਰਮਾਂਬਰਦਾਰ ਸੇਵ ਕਮਾਈਆ । ਹਰਿ ਸੰਗਤ ਹੋਣ ਨਾ ਦੇਵੇ ਹਰਜ, ਹਰਜਾਨਾ ਭਰੇ ਥਾਉਂ ਥਾਈਆ । ਵਸੌਣ ਢੌਣ ਮਾਰਨ ਜਵਾਲਣ ਦੀ ਪ੍ਰਭ ਨੂੰ ਆਦਿ ਜੁਗਾਦਿ ਮਰਜ਼, ਮਰਜ਼ੀ ਆਪਣੀ ਨਾ ਕਿਸੇ ਜਣਾਈਆ । ਜੇ ਕੋਈ ਕਹੇ ਮੈਂ ਲਵਾਂ ਵਰਜ, ਭਾਣਾ ਸਕੇ ਨਾ ਕੋਇ ਮਿਟਾਈਆ । ਕਿਸੇ ਹੱਥ ਨਾ ਆਏ ਗਿਰਜੇ ਚਰਚ, ਚਰਚਾ ਕਰੇ ਸਰਬ ਲੋਕਾਈਆ । ਮੰਦਰ ਮਸੀਤਾਂ ਰਹੇ ਭਟਕ, ਭਟਕਣਾ ਸਕੇ ਨਾ ਕੋਇ ਮਿਟਾਈਆ । ਸ਼ਿਵਦਵਾਲੇ ਮੱਠ ਰਹੇ ਲਟਕ, ਫਾਸੀ ਗਲ ਨਾ ਕੋਇ ਕਟਾਈਆ । ਸਚ ਦਵਾਰਿਉਂ ਪ੍ਰਭ ਸਾਚੇ ਦਿਤੇ ਹਟਕ, ਹਾਟੀ ਸਾਚੀ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸੰਗਤ ਚਾੜ੍ਹ ਨਾਮ ਰੰਗਤ, ਨਾਨਕ ਅੰਗਦ ਰੂਪ ਵਖਾਈਆ ।

## ❇ ਪਹਿਲੀ ਫੱਗਣ ੨੦੧੯ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ❇

ਸੋ ਪੁਰਖ ਨਿਰੰਜਣ ਸਤਿਗੁਰ ਸੂਰਾ, ਸਤਿ ਸਤਿਵਾਦੀ ਇਕ ਅਖਵਾਇੰਦਾ । ਹਰਿ ਪੁਰਖ ਨਿਰੰਜਣ ਜ਼ਾਹਰ ਜ਼ਹੂਰਾ, ਨਿਰਗੁਣ ਆਪਣੀ ਧਾਰ ਚਲਾਇੰਦਾ । ਏਕੰਕਾਰਾ ਸਰਬ ਕਲਾ ਭਰਪੂਰਾ, ਭੇਵ ਅਭੇਦ ਆਪ ਛੁਪਾਇੰਦਾ । ਆਦਿ ਨਿਰੰਜਣ ਜੋਤੀ ਨੂਰਾ, ਨੂਰ ਨੁਰਾਨਾ ਡਗਮਗਾਇੰਦਾ । ਸ੍ਰੀ ਭਗਵਾਨ ਕਰੇ ਖੇਲ ਨੌਜਵਾਨ ਆਪਣੀ ਜ਼ਰੂਰਤ ਕਰੇ ਪੂਰਾ, ਜ਼ਰੂਰਤ ਅਵਰ ਨਾ ਕੋਇ ਰਖਾਇੰਦਾ । ਅਬਿਨਾਸ਼ੀ ਕਰਤਾ ਵਸਣਹਾਰਾ ਨੇੜੇ ਦੂਰਾ, ਦੋ ਜਹਾਨਾਂ ਚਰਨਾਂ ਹੇਠ ਦਬਾਇੰਦਾ । ਪਾਰਬ੍ਰਹਮ ਨਿਰਗੁਣ ਨਿਰਗੁਣ ਰੰਗ ਚਾੜ੍ਹੇ ਗੂੜ੍ਹਾ, ਆਦਿ ਜੁਗਾਦਿ ਉਤਰ ਕਦੇ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਸਾਚਾ ਖੇਲ ਸੋ ਪੁਰਖ ਨਿਰੰਜਣ, ਆਦਿ ਜੁਗਾਦੀ ਆਪ ਕਰਾਈਆ । ਹਰਿ ਪੁਰਖ ਨਿਰੰਜਣ ਦਰਦ ਦੁੱਖ ਭੈ ਭੰਜਨ, ਨਿਰਵੈਰ ਆਪਣੀ ਕਾਰ ਕਮਾਈਆ । ਏਕੰਕਾਰਾ ਮੀਤ ਮੁਰਾਰਾ ਸਾਚਾ ਸੱਜਣ, ਸਗਲਾ ਸੰਗ ਰਖਾਈਆ । ਆਦਿ ਨਿਰੰਜਣ ਜੋਤੀ ਜਾਤਾ ਕਰਾਵਣਹਾਰਾ ਸਾਚਾ ਮਜਨ, ਨਿਰਾਕਾਰ ਨੂਰ ਧਰਾਈਆ । ਅਬਿਨਾਸ਼ੀ ਕਰਤਾ ਸਾਹਿਬ ਸੁਲਤਾਨ ਪੜਦੇ ਕੱਜਣ, ਬੇਅੰਤ ਵੱਡੀ ਵਡਿਆਈਆ । ਸ੍ਰੀ ਭਗਵਾਨ ਕਰੇ ਖੇਲ ਘੜਨ ਭੰਨਣ, ਸਮਰਥ ਸੱਚਾ ਸ਼ਹਿਨਸ਼ਾਹੀਆ । ਪਾਰਬ੍ਰਹਮ ਪ੍ਰਭ ਦਰ ਦਰਵੇਸ਼ ਦਰ ਆਏ ਮੰਗਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਇਕ ਕਮਾਈਆ । ਸਾਚੀ ਕਰਨੀ ਸਚਖੰਡ, ਸਤਿ ਸਤਿਵਾਦੀ ਆਪ ਕਰਾਇੰਦਾ । ਪੁਰਖ ਅਕਾਲ ਸੂਰਾ ਸਰਬੰਗ, ਨਿਰਵੈਰ ਆਪਣੀ ਕਲ ਧਰਾਇੰਦਾ । ਨਾਮ ਨਿਧਾਨ ਵਜਾਏ ਮਰਦੰਗ, ਰਾਗ ਧੁਨ ਆਪਣੇ ਹੱਥ ਰਖਾਇੰਦਾ । ਕੰਤ ਕੰਤੂਹਲ ਸਾਚਾ ਸੰਗ, ਨਰ ਨਰਾਇਣ ਨਾਰੀ ਆਪਣਾ ਰੂਪ ਵਖਾਇੰਦਾ । ਸਚਖੰਡ ਦਵਾਰਾ ਖੇਲ ਸਤਿ ਅਨੰਦ, ਅਨੰਦ ਅਨੰਦ ਵਿਚ ਸਮਾਇੰਦਾ । ਸਚ ਸਿੰਘਾਸਣ ਇਕ ਪਲੰਘ, ਪਰਮ ਪੁਰਖ ਆਪ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰੇ ਸੋਭਾ ਪਾਇੰਦਾ । ਸਚ ਦੁਆਰੇ ਸੋਭਾਵੰਤ, ਸਚਖੰਡ ਵੱਜੇ ਵਧਾਈਆ । ਅਬਿਨਾਸ਼ੀ ਕਰਤਾ ਆਦਿ ਅੰਤ, ਸ੍ਰੀ ਭਗਵਾਨ ਸੋਭਾ ਪਾਈਆ । ਜੁਗੋ ਜੁਗ ਮਹਿਮਾ ਅਗਣਤ, ਲੇਖਾ ਲਿਖਤ ਵਿਚ ਨਾ ਆਈਆ । ਕਰ ਖੇਲ ਨਾਰ ਕੰਤ, ਸੇਜ


੭੭੨
੧੩

ਸੁਹੰਜਣੀ ਸਾਚੇ ਮੰਦਰ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਆਪਣੀ ਧਾਰ ਚਲਾਈਆ । ਸਚਖੰਡ ਨਿਵਾਸਾ ਪੁਰਖ ਅਬਿਨਾਸ਼ਾ, ਬੇਪਰਵਾਹ ਭੇਵ ਕੋਇ ਨਾ ਆਇੰਦਾ । ਆਦਿ ਜੁਗਾਦਿ ਜੁਗ ਜੁਗ ਵੇਖੇ ਖੇਲ ਤਮਾਸ਼ਾ, ਖ਼ਾਲਕ ਖ਼ਲਕ ਰੂਪ ਵਟਾਇੰਦਾ । ਮੰਡਲ ਮੰਡਪ ਪਾਵੇ ਰਾਸਾ, ਲੋਆਂ ਪੁਰੀਆਂ ਨਾਚ ਨਚਾਇੰਦਾ । ਆਪਣੀ ਇੱਛਾ ਆਪੇ ਪੂਰੀ ਕਰੇ ਆਸਾ, ਨਿਰਾਸਾ ਰੂਪ ਨਾ ਕੋਇ ਵਖਾਇੰਦਾ । ਆਪੇ ਦਾਤਾ ਆਪੇ ਸੇਵਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਖੇਲ ਆਪ ਰਚਾਈਆ । ਸਾਚਾ ਖੇਲ ਪਰਵਰਦਿਗਾਰ, ਮੁਕਾਮੇ ਹੱਕ ਹੱਕ ਜਣਾਈਆ । ਨੂਰ ਨੂਰਾਨਾ ਨੂਰ ਉਜਿਆਰ, ਜ਼ਾਹਰ ਜ਼ਹੂਰ ਵੱਡੀ ਵਡਿਆਈਆ । ਅਮਾਮ ਅਮਾਮਾਂ ਵਡ ਸਿਕਦਾਰ, ਬੇਨਜ਼ੀਰ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਗਹਿ ਸਾਚੀ ਸੋਭਾ ਪਾਈਆ । ਦਰਗਹਿ ਸਾਚੀ ਸਾਚਾ ਰਾਮ, ਜੋਤੀ ਜਾਤਾ ਡਗਮਗਾਇੰਦਾ । ਆਦਿ ਜੁਗਾਦਿ ਦੇਵਣਹਾਰ ਪੈਗ਼ਾਮ, ਸਚ ਸੰਦੇਸ਼ਾ ਇਕ ਜਣਾਇੰਦਾ । ਲੇਖਾ ਜਾਣ ਦੋ ਜਹਾਨ, ਨਿਰਗੁਣ ਸਰਗੁਣ ਭੇਵ ਖੁਲ੍ਹਾਇੰਦਾ । ਕਰੇ ਖੇਲ ਨੌਜਵਾਨ, ਬਿਰਧ ਬਾਲ ਨਾ ਰੂਪ ਵਟਾਇੰਦਾ । ਵਸਣਹਾਰਾ ਸਚ ਮਕਾਨ, ਸਚਖੰਡ ਸੋਭਾ ਪਾਇੰਦਾ । ਖੋਲ੍ਹਣਹਾਰ ਆਪ ਦੁਕਾਨ, ਥਿਰ ਘਰ ਦਰਵਾਜਾ ਆਪ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਜਣਾਇੰਦਾ । ਸਾਚੀ ਕਰਨੀ ਕਰਨੇਹਾਰ, ਕਰਤਾ ਪੁਰਖ ਅਖਵਾਈਆ । ਆਦਿ ਜੁਗਾਦੀ ਖੇਲ ਅਪਾਰ, ਜੁਗ ਜੁਗ ਆਪ ਜਣਾਈਆ । ਸੁਤ ਦੁਲਾਰਾ ਕਰ ਤਿਆਰ, ਸ਼ਬਦੀ ਸ਼ਬਦ ਦਏ ਵਡਿਆਈਆ । ਵਿਸ਼ਨ ਬ੍ਰਹਮਾ ਸ਼ਿਵ ਦੇ ਸਹਾਰ, ਰਜੋ ਤਮੋ ਸਤੋ ਬੰਧਨ ਏਕਾ ਪਾਈਆ । ਪੰਜ ਤੱਤ ਲੇਖਾ ਅਗੰਮ ਅਪਾਰ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਕਰੇ ਕੁੜਮਾਈਆ । ਸ਼ਬਦ ਅਗੰਮੀ ਬੋਲ ਜੈਕਾਰ, ਅਗਾਧ ਬੋਧ ਕਰੇ ਪੜ੍ਹਾਈਆ । ਸਾਚਾ ਮੇਲਾ ਸਿਰਜਣਹਾਰ, ਸਾਖਿਆਤ ਆਪ ਕਰਾਈਆ । ਕਾਗਦ ਕਲਮ ਨਾ ਲਿਖਣਹਾਰ, ਕਾਤਬ ਚਲੇ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਆਪਣਾ ਹੁਕਮ ਮਨਾਈਆ । ਸਚਖੰਡ ਦੁਆਰ ਸੱਚਾ ਸ਼ਹਿਨਸ਼ਾਹ, ਸ਼ਾਹ ਪਾਤਸ਼ਾਹ ਇਕ ਅਖਵਾਇੰਦਾ । ਬੇਪਰਵਾਹੀ ਬੇਪਰਵਾਹ, ਬੇਅੰਤ ਨਾਉਂ ਧਰਾਇੰਦਾ । ਜੋਤੀ ਜਾਤਾ ਨੂਰ ਜਗਾ, ਨੂਰ ਨੂਰਾਨਾ ਡਗਮਗਾਇੰਦਾ । ਬਿਨ ਤੇਲ ਬਾਤੀ ਕਰ ਰੁਸ਼ਨਾ, ਅਨਭਵ ਪਰਕਾਸ਼ ਧਰਾਇੰਦਾ । ਸਚ ਸੰਦੇਸਾ ਇਕ ਸੁਣਾ, ਧੁਰ ਫ਼ਰਮਾਨਾ ਆਪ ਅਲਾਇੰਦਾ । ਆਪਣਾ ਹੁਕਮ ਆਪ ਮਨਾ, ਨਿਉਂ ਨਿਉਂ ਆਪੇ ਸੀਸ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਡਿਆਇੰਦਾ । ਸਾਚਾ ਹੁਕਮ ਸ਼ਾਹ ਸੁਲਤਾਨਾ, ਆਦਿ ਪੁਰਖ ਵਡਿਆਈਆ । ਹੁਕਮੇ ਅੰਦਰ ਖੇਲ ਮਹਾਨਾ, ਆਪਣਾ ਆਪ ਲਏ ਪਰਗਟਾਈਆ । ਹੁਕਮੇ ਅੰਦਰ ਬਣ ਮਰਦਾਨਾ, ਸਚ ਮਰਦਾਨਗੀ ਲਏ ਕਮਾਈਆ । ਹੁਕਮੇ ਅੰਦਰ ਸੂਰਬੀਰ ਝੁਲਾਏ ਨਿਸ਼ਾਨਾ, ਨਿਸ਼ਾਨ ਇਕੋ ਇਕ ਦਸਾਈਆ । ਹੁਕਮੇ ਅੰਦਰ ਕਰੇ ਧਿਆਨਾ, ਧਿਆਨ ਧਿਆਨ ਵਿਚੋਂ ਪਰਗਟਾਈਆ । ਹੁਕਮੇ ਅੰਦਰ ਬਣਾਏ ਸਚ ਮਕਾਨਾ, ਸਚਖੰਡ ਸਾਚੇ ਦਏ ਵਡਿਆਈਆ । ਹੁਕਮੇ ਅੰਦਰ ਬੰਨ੍ਹੇ ਗਾਨਾ, ਸਾਚਾ ਸਗਨ ਮਨਾਈਆ । ਹੁਕਮੇ ਅੰਦਰ ਗਾਏ ਤਰਾਨਾ, ਨਾਉਂ ਨਿਰੰਕਾਰਾ ਸਿਫ਼ਤ ਸਾਲਾਹੀਆ । ਹੁਕਮੇ ਅੰਦਰ ਖੇਲ ਕਰੇ ਭਗਵਾਨਾ, ਨਾਰ ਕੰਤ ਰੂਪ ਵਟਾਈਆ । ਹੁਕਮੇ ਅੰਦਰ ਸੇਜ ਸੁਹਾਨਾ, ਸਚ ਸਿੰਘਾਸਣ ਆਸਣ ਲਾਈਆ । ਹੁਕਮੇ ਅੰਦਰ ਨਿਰਗੁਣ ਨਿਰਗੁਣ ਕਰ ਪਰਵਾਨਾ,

੭੭੩
੧੩

੭੭੪
੧੩

ਪਰਮ ਪੁਰਖ ਆਪਣਾ ਰੰਗ ਰੰਗਾਈਆ । ਹੁਕਮੇ ਅੰਦਰ ਸੁਤ ਨਿਧਾਨਾ, ਸ਼ਬਦੀ ਬਾਲ ਰੂਪ ਵਟਾਈਆ । ਹੁਕਮੇ ਅੰਦਰ ਖੇਲ ਮਹਾਨਾ, ਖ਼ਾਲਕ ਆਪਣਾ ਦਏ ਜਣਾਈਆ । ਹੁਕਮੇ ਅੰਦਰ ਵਿਸ਼ਵ ਧਾਰ ਵਿਸ਼ਨੂੰ ਕਲਿਆਣਾ, ਹੁਕਮੇ ਅੰਦਰ ਪਾਰਬ੍ਰਹਮ ਬ੍ਰਹਮ ਆਪਣਾ ਹੁਕਮ ਜਣਾਇੰਦਾ । ਹੁਕਮੇ ਅੰਦਰ ਸ਼ੰਕਰ ਗਿਆਨਾ, ਸੰਸਾ ਰੋਗ ਸਰਬ ਮਿਟਾਇੰਦਾ । ਹੁਕਮੇ ਅੰਦਰ ਰਵ ਸਸ ਕਿਰਨ ਕਿਰਨ ਕਰੇ ਕਲਿਆਨਾ, ਅਨਕ ਕਲ ਆਪਣਾ ਭੇਵ ਜਣਾਇੰਦਾ । ਹੁਕਮੇ ਅੰਦਰ ਵੇਦ ਮਹਾਨਾ, ਮਾਲਕ ਆਪਣੇ ਨਾਲ ਮਿਲਾਇੰਦਾ । ਹੁਕਮੇ ਅੰਦਰ ਰਾਗ ਤਰਾਨਾ, ਤ੍ਰੈਗੁਣ ਅਤੀਤਾ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਆਪਣੀ ਕਾਰ ਕਮਾਇੰਦਾ । ਸਚਖੰਡ ਦੁਆਰੇ ਸਾਚੀ ਵੰਡ, ਹੁਕਮੇ ਅੰਦਰ ਆਪ ਕਰਾਈਆ । ਸਚਖੰਡ ਦੁਆਰੇ ਖੇਲ ਸਰਬੰਗ, ਸਰਬੰਗ ਆਪਣੀ ਕਰਨੀ ਆਪ ਜਣਾਈਆ । ਸਚਖੰਡ ਦੁਆਰੇ ਮੰਗੇ ਮੰਗ, ਬਣ ਭਿਖਾਰੀ ਝੋਲੀ ਡਾਹੀਆ । ਸਚਖੰਡ ਦੁਆਰੇ ਗਾਏ ਛੰਦ, ਸੋਹਲਾ ਢੋਲਾ ਇਕ ਅਲਾਈਆ । ਸਚਖੰਡ ਦੁਆਰੇ ਹੋ ਬਖ਼ਸ਼ੰਦ, ਬਖ਼ਸ਼ਿਸ਼ ਆਪਣੀ ਦਏ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਹੁਕਮੇ ਅੰਦਰ ਬੇਪਰਵਾਹ, ਆਪਣੀ ਧਾਰ ਚਲਾਇੰਦਾ । ਹੁਕਮੇ ਅੰਦਰ ਸਿਫ਼ਤ ਸਲਾਹ, ਧੁਰ ਸੰਦੇਸਾ ਆਪ ਅਲਾਇੰਦਾ । ਹੁਕਮੇ ਅੰਦਰ ਬਣ ਮਲਾਹ, ਖੇਵਟ ਖੇਟਾ ਨਾਉਂ ਧਰਾਇੰਦਾ । ਹੁਕਮੇ ਅੰਦਰ ਰਹਿਬਰ ਬਣ ਖ਼ੁਦਾ, ਨੂਰ ਨੂਰਾਨਾ ਡਗਮਗਾਇੰਦਾ । ਹੁਕਮੇ ਅੰਦਰ ਪਰਦਾ ਦਏ ਉਠਾ, ਮੁਖ ਨਕ਼ਾਬ ਨਾ ਕੋਇ ਰਖਾਇੰਦਾ । ਹੁਕਮੇ ਅੰਦਰ ਮਿਹਬਾਨ ਬੀਦੋ ਲਏ ਅਖਵਾ, ਬੀ ਖੈਰ ਯਾ ਅੱਲਾ ਇਲਾਹੀ ਨੂਰ ਪੜਦਾ ਲਾਹਿੰਦਾ । ਹੁਕਮੇ ਅੰਦਰ ਮੁਕਾਮੇ ਹੱਕ ਦਏ ਵਸਾ, ਹਕੀਕਤ ਆਪਣੇ ਵਿਚ ਛੁਪਾਇੰਦਾ । ਹੁਕਮੇ ਅੰਦਰ ਤਾਰੀਕ ਅੰਧੇਰਾ ਦਏ ਮਿਟਾ, ਨੂਰ ਨੂਰਾਨਾ ਚੰਦ ਚਮਕਾਇੰਦਾ । ਹੁਕਮੇ ਅੰਦਰ ਲਾਸ਼ਰੀਕ ਬਣ ਖ਼ੁਦਾ, ਸ਼ਿਰਕਤ ਸਭ ਦੀ ਆਪ ਗਵਾਇੰਦਾ । ਹੁਕਮੇ ਅੰਦਰ ਤਾਰੀਫ਼ ਕਰ ਦਏ ਦੁਆ, ਤੁਆਰਫ ਆਪਣਾ ਆਪ ਜਣਾਇੰਦਾ । ਹੁਕਮੇ ਅੰਦਰ ਮਾਰਫਤ ਮਾਰਗ ਦੇਵੇ ਲਾ, ਸਿਫਾਰਸ਼ ਹੋਰ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਹਰਿ ਕਰਤਾਰ, ਆਦਿ ਜੁਗਾਦਿ ਕਰਾਈਆ । ਮਧ ਖੇਲ ਅਗੰਮ ਅਪਾਰ, ਅਲਖ ਅਗੋਚਰ ਵਡ ਵਡਿਆਈਆ । ਧੁਰ ਦਰਬਾਰੀ ਬਣ ਭਿਖਾਰ, ਦਰ ਆਪਣੀ ਅਲਖ ਜਗਾਈਆ । ਦੇਵਣਹਾਰਾ ਸਚ ਭੰਡਾਰ, ਸਤਿ ਸਤਿਵਾਦੀ ਆਪ ਵਰਤਾਈਆ । ਗ੍ਰਿਹਿ ਮੰਦਰ ਹੋ ਤਿਆਰ, ਸਾਚਾ ਬੰਕ ਇਕ ਸੁਹਾਈਆ । ਅੰਤਰ ਆਤਮ ਨਾਮ ਜੈਕਾਰ, ਅਨਾਦੀ ਨਾਦ ਸੁਣਾਈਆ । ਲੇਖਾ ਜਾਣ ਧੁਰ ਦਰਬਾਰ, ਧੁਰ ਦੀ ਬਾਣੀ ਬਾਣ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਸਚਖੰਡ ਦੁਆਰਾ ਹਰਿ ਨਿਰੰਕਾਰਾ ਇਕੋ ਰਿਹਾ ਸੁਹਾਈਆ । ਸਚਖੰਡ ਦੁਆਰ ਸੁਹਾਇੰਦਾ । ਸੋ ਪੁਰਖ ਨਿਰੰਜਣ ਸੋਭਾ ਪਾਇੰਦਾ । ਹਰਿ ਪੁਰਖ ਨਿਰੰਜਣ ਆਸਣ ਲਾਇੰਦਾ । ਏਕੰਕਾਰਾ ਬਲ ਵਧਾਇੰਦਾ । ਆਦਿ ਨਿਰੰਜਣ ਡਗਮਗਾਇੰਦਾ । ਅਬਿਨਾਸ਼ੀ ਕਰਤਾ ਸੀਸ ਤਾਜ ਟਿਕਾਇੰਦਾ । ਸ੍ਰੀ ਭਗਵਾਨ ਸਚ ਨਿਸ਼ਾਨ ਝੁਲਾਇੰਦਾ । ਪਾਰਬ੍ਰਹਮ ਪ੍ਰਭ ਨਿਰਗੁਣ ਵੇਖ ਵਖਾਇੰਦਾ । ਸਚਖੰਡ ਰੰਗ ਚੜ੍ਹਾਇੰਦਾ । ਮੁਕਾਮੇ ਹੱਕ ਕੁੰਡਾ ਲਾਹਿੰਦਾ । ਸ਼ਬਦ ਸੁਤ ਇਕ ਜਗਾਇੰਦਾ । ਸਾਚੀ ਰੁੱਤ ਸਰਬ ਵਖਾਇੰਦਾ । ਅਬਿਨਾਸ਼ੀ ਅਚੁਤ ਖੇਲ ਕਰਾਇੰਦਾ । ਬ੍ਰਹਿਮੰਡ ਖੰਡ ਵਸਾਇੰਦਾ । ਵਿਸ਼ਨ ਆਪਣੀ ਧਾਰ ਜਣਾਇੰਦਾ । ਬ੍ਰਹਮਾ ਕਵਲ ਰੂਪ ਸਮਾਇੰਦਾ । ਸ਼ੰਕਰ ਧੂਆਂਧਾਰ ਉਠਾਇੰਦਾ ।

ਸਤੋ ਆਪਣਾ ਰੰਗ ਚੜ੍ਹਾਇੰਦਾ । ਰਜੋ ਰਾਜ ਜੋਗ ਰਖਾਇੰਦਾ । ਤਮੋ ਤ੍ਰਿਸਨਾ ਨਾਲ ਮਿਲਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਆਸਾ ਪੂਰ ਕਰਾਇੰਦਾ । ਸ਼ਬਦੀ ਨਾਦ ਧੁਨ ਵਜਾਇੰਦਾ । ਬ੍ਰਹਮ ਬ੍ਰਹਿਮਾਦ ਵੇਖ ਵਖਾਇੰਦਾ । ਸੱਜਣ ਸਾਕ ਆਪ ਹੋ ਜਾਇੰਦਾ । ਪਾਕੀ ਪਾਕ ਨੂਰ ਡਗਮਗਾਇੰਦਾ । ਧੁਰ ਫ਼ਰਮਾਣਾ ਸਾਚਾ ਰਾਣਾ ਇਕੋ ਹੁਕਮ ਸੁਣਾਇੰਦਾ । ਤ੍ਰੈ ਤ੍ਰੈ ਮੀਤਾ ਇਕ ਅਤੀਤਾ, ਸਾਚਾ ਮਾਰਗ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਰਦਾ ਆਇਆ, ਸੋ ਪੁਰਖ ਨਿਰੰਜਣ ਵੱਡੀ ਵਡਿਆਈਆ । ਤ੍ਰੈਗੁਣ ਮਾਇਆ ਖੇਲ ਰਚਾਇਆ, ਤ੍ਰੈ ਤ੍ਰੈ ਲੇਖਾ ਸਚ ਸਮਝਾਈਆ । ਤ੍ਰੈ ਤ੍ਰੈ ਮੇਲਾ ਆਪ ਮਿਲਾਇਆ, ਵਿਸ਼ਨ ਬ੍ਰਹਮਾ ਸ਼ਿਵ ਕਰ ਕੁੜਮਾਈਆ । ਤ੍ਰੈ ਤ੍ਰੈਲੋਕੀ ਵੰਡ ਵੰਡਾਇਆ, ਸਚ ਸਲੋਕੀ ਨਾਮ ਜਣਾਈਆ । ਕੋਟੀ ਕੋਟ ਵੇਸ ਵਟਾਇਆ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਬੰਧਨ ਪਾਈਆ । ਅੰਡਜ ਜੇਰਜ ਉਤਭੁਜ ਸੇਤਜ ਰੰਗ ਚੜ੍ਹਾਇਆ, ਚਾਰੇ ਖਾਣੀ ਅੰਗ ਲਗਾਈਆ । ਸਾਚਾ ਘਾੜਨ ਘੜ ਵਖਾਇਆ, ਲੱਖ ਚੁਰਾਸੀ ਬਣਤ ਬਣਾਈਆ । ਨਾਮ ਨਿਧਾਨਾ ਇਕੋ ਗਾਇਆ, ਨਿਰਵੈਰ ਕਰੇ ਪੜ੍ਹਾਈਆ । ਹਡ ਮਾਸ ਨਾੜੀ ਚੰਮ ਜਗਤ ਮੰਦਰ ਇਕ ਵਸਾਇਆ, ਅੰਦਰ ਆਪਣਾ ਆਪ ਛੁਪਾਈਆ । ਨੌਂ ਦੁਆਰੇ ਰਾਹ ਚਲਾਇਆ, ਆਸਾ ਤ੍ਰਿਸਨਾ ਹਉਮੇ ਹੰਗਤਾ ਮਾਇਆ ਮਮਤਾ ਮੇਲ ਮਿਲਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਬਣ ਮੰਗਤਾ ਮੰਗਣ ਇਕੋ ਝੋਲੀ ਡਾਹੀਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਰਚਾਈਆ । ਸਾਚੀ ਖੇਲ ਘਾੜਨ ਘੜ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਆਪੇ ਫੜ, ਫੜ ਬਾਂਹੋਂ ਹੁਕਮ ਮਨਾਇੰਦਾ । ਇਕੋ ਅੱਖਰ ਰਿਹਾ ਪੜ੍ਹ, ਨਿਸ਼ਅੱਖਰ ਆਪ ਜਣਾਇੰਦਾ । ਦੇਵਣਹਾਰਾ ਸਾਚਾ ਵਰ, ਵਰ ਆਪਣੀ ਝੋਲੀ ਪਾਇੰਦਾ । ਨਿਹਕਰਮੀ ਆਪਣਾ ਕਰਮ ਕਰ, ਕਰਨੀ ਆਪਣੇ ਹੱਥ ਰਖਾਇੰਦਾ । ਵਿਸ਼ਨੂੰ ਭੰਡਾਰਾ ਆਪੇ ਭਰ, ਸਿਰ ਆਪਣਾ ਹੱਥ ਟਿਕਾਇੰਦਾ । ਬ੍ਰਹਮੇ ਲਾਏ ਆਪਣੇ ਲੜ, ਪਾਰਬ੍ਰਹਮ ਅੰਗੀਕਾਰ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ੰਕਰ ਵਖਾ ਏਕਾ ਘਰ, ਸ਼ਾਕਿਰ ਆਪਣੇ ਉਤੇ ਕਰਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਸਾਚਾ ਮੇਲਾ, ਆਦਿ ਆਦਿ ਕਰਾਈਆ । ਸ਼ਬਦ ਗੁਰੂ ਗੁਰੂ ਗੁਰ ਚੇਲਾ, ਗੁਰ ਏਕਾ ਬੰਧਨ ਪਾਈਆ । ਲੱਖ ਚੁਰਾਸੀ ਸੱਜਣ ਸੁਹੇਲਾ, ਘਰ ਆਪਣਾ ਡੇਰਾ ਲਾਈਆ । ਵਸਣਹਾਰਾ ਸਦ ਨਵੇਲਾ, ਗ੍ਰਹਿ ਮੰਦਰ ਸੋਭਾ ਪਾਈਆ । ਆਤਮ ਪਰਮਾਤਮ ਪਰਮਾਤਮ ਆਤਮ ਅਚਰਜ ਖੇਲ ਆਪ ਪ੍ਰਭ ਖੇਲਾ, ਭੇਵ ਕਿਸੇ ਨਾ ਆਈਆ । ਪਾਰਬ੍ਰਹਮ ਬ੍ਰਹਮ ਆਦਿ ਜੁਗਾਦੀ ਚਾੜ੍ਹੇ ਤੇਲਾ, ਸਾਚਾ ਸਗਨ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਵਿਚ ਸਮਾਈਆ । ਲੱਖ ਚੁਰਾਸੀ ਹਰਿ ਜੂ ਵੜਿਆ, ਨਿਰਗੁਣ ਨਜ਼ਰ ਕਿਸੇ ਨਾ ਆਇੰਦਾ । ਸਾਚੇ ਮੰਦਰ ਆਪੇ ਚੜ੍ਹਿਆ ਤਖ਼ਤ ਨਿਵਾਸੀ ਡੇਰਾ ਲਾਇੰਦਾ । ਨਿਰਵੈਰ ਪੁਰਖ ਨਿਰੰਕਾਰ ਨਿਸ਼ਅੱਖਰ ਆਪੇ ਪੜ੍ਹਿਆ, ਲਿਖਣ ਪੜ੍ਹਨ ਵਿਚ ਕਦੇ ਨਾ ਆਇੰਦਾ । ਨਾ ਜਨਮੇ ਨਾ ਕਦੇ ਮਰਿਆ, ਮਾਤ ਪਿਤ ਨਾ ਕੋਇ ਬਣਾਇੰਦਾ । ਆਪੇ ਵਸੇ ਆਪਣੇ ਘਰਿਆ, ਸਚਖੰਡ ਸਾਚੇ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਰਚਾਇੰਦਾ । ਆਪਣਾ ਖੇਲ ਲੱਖ ਚੁਰਾਸੀ, ਸ੍ਰੀ ਭਗਵਾਨ ਵੰਡ ਵੰਡਾਈਆ । ਲੇਖਾ ਜਾਣ ਪ੍ਰਿਥਮੀ ਆਕਾਸ਼ੀ, ਗਗਨ ਮੰਡਲ ਸੋਭਾ ਪਾਈਆ । ਮੰਡਲ ਮੰਡਪ ਸਾਚੀ ਰਾਸੀ, ਗੋਪੀ ਕਾਹਨ ਨਾਚ ਨਚਾਈਆ । ਨਿਰਗੁਣ ਜੋਤ ਜੋਤ ਦਾਸਣ ਦਾਸੀ,

ਬਣ ਸੇਵਕ ਸੇਵ ਕਮਾਈਆ । ਆਤਮ ਪਰਮਾਤਮ ਭੋਗ ਬਲਾਸੀ, ਭਸਮੜ ਇਕੋ ਸੇਜ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਧਾਰ ਆਪ ਜਣਾਈਆ । ਸਾਚੀ ਧਾਰ ਚਲਾਇੰਦਾ । ਲੱਖ ਚੁਰਾਸੀ ਜੋਤ ਜਗਾਇੰਦਾ । ਨਾਮ ਚੋਟ ਇਕ ਲਗਾਇੰਦਾ । ਓਤ ਪੋਤ ਵੇਖ ਵਖਾਇੰਦਾ । ਕਿਲਾ ਕੋਟ ਸੁਹਾਇੰਦਾ । ਰਾਜ ਰਾਜਾਨ ਵਡਿਆਇੰਦਾ । ਹੁਕਮ ਹਾਕਮ ਮਨਾਇੰਦਾ । ਆਤਮ ਪਰਮਾਤਮ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਵਖਾਇੰਦਾ । ਆਪਣਾ ਖੇਲ ਵਖਾਏ ਏਕੰਕਾਰ, ਅਕਲ ਕਲਾ ਵਡਿਆਈਆ । ਲੱਖ ਚੁਰਾਸੀ ਕਰ ਤਿਆਰ, ਤ੍ਰੈਗੁਣ ਅਤੀਤਾ ਵਿਚ ਸਮਾਈਆ । ਸਾਚੀ ਕਰਨੀ ਕਰੇ ਵਿਹਾਰ, ਬਿਵਹਾਰੀ ਬੇਪਰਵਾਹੀਆ । ਸੁੱਤ ਦੁਲਾਰੇ ਕਰ ਪਿਆਰ, ਅਬਿਨਾਸ਼ੀ ਅਚੁੱਤ ਜਣਾਈਆ । ਉਠ ਬਾਲ ਨੌਜਵਾਨ, ਸਮਰਥ ਰਿਹਾ ਹਿਲਾਈਆ । ਘਟ ਘਟ ਤੇਰਾ ਝੁੱਲੇ ਨਿਸ਼ਾਨ, ਝਲਕ ਇਕੋ ਇਕ ਜਣਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇ ਗਿਆਨ, ਸਤਿ ਸੰਦੇਸਾ ਇਕ ਸੁਣਾਈਆ । ਆਦਿ ਜੁਗਾਦਿ ਮੰਨਣ ਇਕੋ ਆਣ, ਦੂਜਾ ਇਸ਼ਟ ਨਜ਼ਰ ਨਾ ਆਈਆ । ਸਰਬ ਦਾ ਦਾਤਾ ਸ੍ਰੀ ਭਗਵਾਨ, ਸਚਖੰਡ ਬੈਠਾ ਸੱਚਾ ਮਾਹੀਆ । ਖੇਲੇ ਖੇਲ ਆਪ ਮਹਾਨ, ਖੇਲਣਹਾਰ ਨਜ਼ਰ ਨਾ ਆਈਆ । ਨਿਰਗੁਣ ਸਰਗੁਣ ਦੇਵੇ ਦਾਨ, ਦਾਤਾ ਦਾਨੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸੁਤ ਸੁਤ ਜਣਾਈਆ । ਸ਼ਬਦ ਸੁਤ ਕਰ ਅਸੀਸ, ਪ੍ਰਭ ਅੱਗੇ ਸੀਸ ਝੁਕਾਇੰਦਾ । ਸਾਹਿਬ ਸੁਲਤਾਨ ਤੇਰੀ ਸਦਾ ਅਸੀਸ, ਦੋਏ ਜੋੜ ਵਾਸਤਾ ਪਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦਿਆਂ ਹਦੀਸ, ਸਾਚਾ ਮੰਤਰ ਇਕ ਪੜ੍ਹਾਇੰਦਾ । ਤੇਰਾ ਨਾਉਂ ਸਦਾ ਅਤੀਤ, ਦਰ ਘਰ ਸਾਚਾ ਇਕ ਵਖਾਇੰਦਾ । ਤੇਰਾ ਸੋਹਲਾ ਢੋਲਾ ਨਿਰਗੁਣ ਗੀਤ, ਲੱਖ ਚੁਰਾਸੀ ਆਤਮ ਪਰਮਾਤਮ ਮੇਲ ਮਿਲਾਇੰਦਾ । ਤੇਰਾ ਖੇਲ ਸਦਾ ਅਨਡੀਠ, ਨਜ਼ਰ ਕਿਸੇ ਨਾ ਆਇੰਦਾ । ਮੇਰੀ ਨੰਗੀ ਹੋਣ ਨਾ ਦੇਵੀਂ ਪੀਠ, ਇਕ ਤੇਰੀ ਓਟ ਤਕਾਇੰਦਾ । ਤੂੰ ਸੱਜਣ ਸਾਹਿਬ ਮੀਤ, ਮਿੱਤਰ ਪਿਆਰਾ ਇਕ ਅਖਵਾਇੰਦਾ । ਧਰਨੀ ਧਰਤ ਧਵਲ ਚਲਾਵਾਂ ਰੀਤ, ਤੇਰਾ ਨਾਉਂ ਸਿਫ਼ਤ ਸਾਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸ਼ਬਦ ਸੁਤ ਸੁਤ ਦੁਲਾਰਾ ਨਿਉਂ ਨਿਉਂ ਕਰੇ ਦਰ ਨਿਮਸਕਾਰਾ, ਬਣ ਬਰਦਾ ਸੀਸ ਝੁਕਾਇੰਦਾ । ਹਉਂ ਬਰਦਾ ਦਰਵੇਸ਼, ਦਰ ਤੇਰੇ ਅਲਖ ਜਗਾਈਆ । ਤੂੰ ਸਾਹਿਬ ਸੁਲਤਾਨ ਨਰੇਸ਼, ਬੇਅੰਤ ਤੇਰੀ ਵਡਿਆਈਆ । ਸੇਵਾ ਲਾਵਾਂ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼, ਹੁਕਮੀ ਹੁਕਮ ਇਕ ਮਨਾਈਆ । ਫੇਰ ਵਸਾਵਾਂ ਤੇਰਾ ਦੇਸ, ਦਹਿ ਦਿਸ਼ਾ ਖੋਜ ਖੁਜਾਈਆ । ਨਿਰਗੁਣ ਸਰਗੁਣ ਧਰਾਂ ਵੇਸ, ਵੇਸ ਅਵੱਲੜਾ ਵਡ ਵਡਿਆਈਆ । ਪਾਰਬ੍ਰਹਮ ਬ੍ਰਹਮ ਕਰ ਪਰਵੇਸ਼, ਅਵਤਾਰ ਗੁਰ ਗੁਰ ਰੂਪ ਵਟਾਈਆ । ਧੁਰ ਦੀ ਬਾਣੀ ਸਚ ਸੰਦੇਸਾ ਤੇਰਾ ਲਿਖਾਂ ਲੇਖ, ਮਹਿਮਾ ਅਕਥ ਕਥ ਅਲਾਈਆ । ਮੈਂ ਤੇਰਾ ਤੂੰ ਮੇਰਾ ਤੂੰ ਮੈਨੂੰ ਲਈਂ ਵੇਖ, ਤੁਧ ਬਿਨ ਨਜ਼ਰ ਕੋਇ ਨਾ ਆਈਆ । ਆਦਿ ਜੁਗਾਦਿ ਜੁਗਾ ਜੁਗੰਤਰ ਲੱਖ ਚੁਰਾਸੀ ਅੰਦਰ ਕਰਾਂ ਹੇਤ, ਨਿਤ ਨਵਿਤ ਰਾਹ ਤਕਾਈਆ । ਜੁਗ ਚੌਕੜੀ ਖੇਲੇਂ ਖੇਡ, ਬਣ ਖਡਾਰੀ ਖੇਲ ਰਚਾਈਆ । ਤੇਰਾ ਕੋਇ ਨਾ ਪਾਏ ਭੇਤ, ਅਭੇਵ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਝੋਲੀ ਡਾਹੀਆ । ਸ੍ਰੀ ਭਗਵਾਨ ਦਇਆ ਕਮਾਇੰਦਾ । ਸੁਤ ਸ਼ਬਦ ਸਮਝਾਇੰਦਾ । ਇਕੋ ਰਾਹ ਵਖਾਇੰਦਾ । ਇਕੋ ਮਕਾਨ ਬਣਾਇੰਦਾ । ਇਕੋ ਨਾਮ ਜਪਾਇੰਦਾ । ਇਕੋ ਧਿਆਨ ਲਗਾਇੰਦਾ । ਇਕੋ

ਰਾਗ ਸੁਣਾਇੰਦਾ । ਇਕੋ ਸਾਕ ਬਣਾਇੰਦਾ । ਇਕੋ ਵਾਕ ਅਲਾਇੰਦਾ । ਇਕੋ ਤਾਕ ਖੁਲ੍ਹਾਇੰਦਾ । ਇਕੋ ਘਾਟ ਬੁਝਾਇੰਦਾ । ਇਕੋ ਵਾਟ ਮੁਕਾਇੰਦਾ । ਇਕੋ ਜ਼ਾਤ ਬਣਾਇੰਦਾ । ਇਕੋ ਦਾਤ ਵਰਤਾਇੰਦਾ । ਇਕੋ ਸਾਥ ਨਿਭਾਇੰਦਾ । ਇਕੋ ਨਾਥ ਅਖਵਾਇੰਦਾ । ਇਕੋ ਜਾਗ ਖੁਲ੍ਹਾਇੰਦਾ । ਇਕੋ ਵੈਰਾਗ ਉਪਜਾਇੰਦਾ । ਇਕੋ ਮੰਤਰ ਪੜ੍ਹਾਇੰਦਾ । ਸੋਹੰ ਰੂਪ ਸਮਝਾਇੰਦਾ । ਸ਼ਬਦ ਸੁਤ ਸੇਵਾ ਲਾਇੰਦਾ । ਅਬਿਨਾਸ਼ੀ ਅਚੁਤ ਵੇਖ ਵਖਾਇੰਦਾ । ਰੁੱਤ ਬਸੰਤੀ ਆਪ ਸੁਹਾਇੰਦਾ । ਜੋਤ ਨਿਰੰਜਣ ਡਗਮਗਾਇੰਦਾ । ਚਰਨ ਧੂੜ ਮਜਣ ਇਕ ਕਰਾਇੰਦਾ । ਸੱਜਣ ਸਾਹਿਬ ਇਕੋ ਨਜ਼ਰੀ ਆਇੰਦਾ । ਰਾਗ ਨਾਦ ਤਰਜ਼ ਤਾਲ ਇਕ ਵਜਾਇੰਦਾ । ਜਨ ਭਗਤਾਂ ਵੇਖ ਵਖਾਇੰਦਾ । ਲਾਸ਼ਰੀਕ ਰਾਹ ਚਲਾਇੰਦਾ । ਬੇਨਜ਼ੀਰ ਫੇਰਾ ਪਾਇੰਦਾ । ਸਚ ਤਸਵੀਰ ਆਪ ਪਰਗਟਾਇੰਦਾ । ਤਦਬੀਰ ਆਪਣੇ ਹੱਥ ਰਖਾਇੰਦਾ । ਤਕਦੀਰ ਸਭ ਦੀ ਆਪ ਬਦਲਾਇੰਦਾ । ਤਕਸੀਰ ਆਪ ਮੇਟ ਮਿਟਾਇੰਦਾ । ਸ਼ਰਅ ਜ਼ੰਜੀਰ ਆਪ ਬਣਾਇੰਦਾ । ਬ੍ਰਹਮਾਵੇਤਾ ਆਪ ਪੜ੍ਹਾਇੰਦਾ । ਚਾਰੇ ਵੇਦਾਂ ਆਪ ਮਿਟਾਇੰਦਾ । ਸ਼ਾਸਤਰ ਸਿਮਰਤ ਪੁਰਾਨ ਪੌਣਾ ਪਾਇੰਦਾ । ਗੀਤਾ ਗਿਆਨ ਖੋਜ ਖੁਜਾਇੰਦਾ । ਅੰਜੀਲ ਕੁਰਾਨ ਪੜਦਾ ਲਾਹਿੰਦਾ । ਖਾਣੀ ਬਾਣੀ ਵਡ ਵਡਿਆਇੰਦਾ । ਸ਼ਬਦੀ ਰੂਪ ਗੁਰ ਸਮਝਾਇੰਦਾ । ਸ਼ਾਹੋ ਭੂਪ ਇਕੋ ਨਜ਼ਰੀ ਆਇੰਦਾ । ਸਚਖੰਡ ਦਵਾਰੇ ਸੋਭਾ ਪਾਇੰਦਾ । ਜੁਗ ਕਰਨੀ ਕਰ ਵਖਾਇੰਦਾ । ਤੇਈ ਅਵਤਾਰਾਂ ਰਾਹ ਜਣਾਇੰਦਾ । ਭਗਤ ਭਗਵਾਨ ਆਪ ਉਠਾਇੰਦਾ । ਸੰਤ ਸਾਜਨ ਮੇਲ ਮਿਲਾਇੰਦਾ । ਕੰਤ ਇਕੋ ਨਜ਼ਰੀ ਆਇੰਦਾ । ਰੰਗ ਬਸੰਤ ਇਕ ਚੜ੍ਹਾਇੰਦਾ । ਹਉਮੇਂ ਹੰਗਤਾ ਗੜ੍ਹ ਤੁੜਾਇੰਦਾ । ਗੁਰਮੁਖਾਂ ਪੜਦਾ ਆਪੇ ਲਾਹਿੰਦਾ । ਬੰਦ ਕਵਾੜ ਖੁਲ੍ਹਾਇੰਦਾ । ਗੁਰਸਿਖ ਸੋਏ ਮਾਤ ਉਠਾਇੰਦਾ । ਦੁਰਮਤ ਮੈਲ ਧੋਏ, ਪਤਤ ਪੁਨੀਤ ਕਰਾਇੰਦਾ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਵੰਡ ਵੰਡਾਇੰਦਾ । ਖਾਣੀ ਬਾਣੀ ਰਾਹ ਜਣਾਇੰਦਾ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਖੇਲ ਖਲਾਇੰਦਾ । ਰਾਜ ਰਾਜਾਨ ਸਾਹ ਸੁਲਤਾਨ ਸੀਸ ਜਗਦੀਸ ਤਾਜ ਟਿਕਾਇੰਦਾ । ਰਾਉਂ ਰੰਕ ਊਚ ਨੀਚ ਜਗਤ ਜੁਗਤ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਇੰਦਾ । ਸਾਚੀ ਕਰਨੀ ਕਰੇ ਆਦਿ ਜੁਗਾਦਿ, ਜੁਗ ਜੁਗ ਵੱਡੀ ਵਡਿਆਈਆ । ਲੇਖਾ ਜਾਣ ਬ੍ਰਹਮ ਬ੍ਰਹਿਮਾਦ, ਪਾਰਬ੍ਰਹਮ ਆਪਣੇ ਵਿਚ ਛੁਪਾਈਆ । ਦੋ ਜਹਾਨਾਂ ਵੱਜੇ ਨਾਦ, ਪੁਰੀ ਲੋਅ ਆਪ ਜਣਾਈਆ । ਚੌਦਾਂ ਲੋਕ ਖੇਲ ਤਮਾਸ਼, ਪਰਲੋਕ ਖੋਜ ਖੁਜਾਈਆ । ਚੌਦਾਂ ਤਬਕ ਬਣਾਏ ਸ਼ਾਖ਼, ਸ਼ਹਿਨਸ਼ਾਹ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਮਾਈਆ । ਆਪਣੀ ਕਰਨੀ ਕਰੇ ਕਰਤਾ ਪੁਰਖ, ਪੁਰਖੋਤਮ ਵਡ ਵਡਿਆਈਆ । ਨਾ ਕੋਈ ਸੋਗ ਨਾ ਕੋਈ ਹਰਖ, ਚਿੰਤਾ ਗ਼ਮ ਨਾ ਕੋਇ ਜਣਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਨਿਰਗੁਣ ਸਰਗੁਣ ਦੇਵੇ ਦਰਸ, ਆਤਮ ਪਰਮਾਤਮ ਹੋਏ ਸਹਾਈਆ । ਅੰਮ੍ਰਿਤ ਮੇਘ ਆਤਮ ਦਾਨ ਦੇਵੇ ਬਰਸ, ਝਿਰਨਾ ਨਿਝਰ ਇਕ ਝਿਰਾਈਆ । ਜੁਗ ਚੌਕੜੀ ਲਾਹਵੇ ਕਰਜ਼, ਮਕਰੂਜ਼ ਰਹਿਣ ਕੋਇ ਨਾ ਪਾਈਆ । ਸਾਹਿਬ ਸੁਲਤਾਨ ਪੂਰਾ ਕਰੇ ਆਪਣਾ ਫ਼ਰਜ਼, ਫ਼ਰਜ਼ੀ ਕਾਰ ਨਾ ਕੋਇ ਸਮਝਾਈਆ । ਸਦਾ ਸਦਾ ਸਦ ਰੱਖੇ ਆਪਣੀ ਗ਼ਰਜ਼, ਗ਼ਫ਼ਲਤ ਵਿਚ ਕਦੇ ਨਾ ਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਗੀਤਾ ਗਿਆਨ ਖਾਣੀ ਬਾਣੀ ਗੁਰ ਅਵਤਾਰ ਪੀਰ ਪੈਗ਼ੰਬਰ ਕਰ ਕੇ ਗਏ ਅਰਜ਼, ਦੋਏ ਜੋੜ ਆਰਜ਼ੂ ਇਕ ਜਣਾਈਆ । ਖਾਣੀ ਬਾਣੀ ਰਾਗ ਨਾਦ ਤੇਰਾ ਗੌਂਦੇ

ਰਾਗ ਨਾਦ ਤਾਲ ਤਰਜ਼, ਤਲਵਾੜਾ ਤੇਰਾ ਨਜ਼ਰ ਕਿਸੇ ਨਾ ਆਈਆ । ਗੁਰਦੇਵ ਸੰਤ ਸੱਜਣ ਭਗਤ ਭਗਵੰਤ ਗੁਰਮੁਖ ਗੁਰਸਿਖ ਗੁਰ ਗੁਰ ਸਿਖਿਆ
ਦੇ ਦੇ ਗਏ ਵਰਜ, ਵਾਹਦ ਇਕੋ ਨਾਮ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਆਪਣੀ ਆਪ ਕਮਾਈਆ ।
ਆਪਣੀ ਕਰਨੀ ਕਰੇ ਪੁਰਖ ਅਕਾਲ, ਅਕਲ ਕਲਾ ਅਖਵਾਇੰਦਾ । ਵਸਣਹਾਰਾ ਸਚਖੰਡ ਸੱਚੀ ਧਰਮਸਾਲ, ਧਰਮ ਦਵਾਰਾ ਇਕ ਖੁਲ੍ਹਾਇੰਦਾ ।
ਜੁਗ ਚੌਕੜੀ ਹੋ ਦਿਆਲ, ਦੀਨਨ ਆਪਣੇ ਗਲੇ ਲਗਾਇੰਦਾ । ਮਾਰਗ ਮੰਤਰ ਨਾਮ ਤੱਤ ਬ੍ਰਹਮ ਮਤ ਰਾਹ ਦੱਸ ਸੁਖਾਲ, ਸਾਚੇ ਧੰਦੇ ਆਪੇ ਲਾਇੰਦਾ ।
ਸਤਿਗੁਰ ਪੂਰਾ ਨਿਰਗੁਣ ਸਰਗੁਣ ਸੂਰਾ ਨਾਤਾ ਤੋੜ ਕਾਲ ਮਹਾਂਕਾਲ, ਬੇਹਾਲ ਆਪਣੇ ਚਰਨ ਬਹਾਇੰਦਾ । ਆਦਿ ਅੰਤ ਜੁਗਾ ਜੁਗੰਤ ਸ੍ਰੀ ਭਗਵੰਤ
ਧੁਰ ਦਾ ਕੰਤ ਆਪਣਾ ਬਚਨ ਕਰੇ ਪੂਰਾ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਦਰਸ ਮੰਗਦੇ ਰਹੇ ਦਰ ਹਜ਼ੂਰਾ, ਹਜ਼ਰਤ
ਇਕੋ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸਾ ਨਰ ਨਰੇਸ਼ਾ ਏਕੰਕਾਰਾ ਆਪ ਜਣਾਇੰਦਾ । ਸਚ
ਸੰਦੇਸਾ ਏਕੰਕਾਰ, ਨਿਰਗੁਣ ਆਪਣਾ ਆਪ ਜਣਾਈਆ । ਧੁਰ ਫ਼ਰਮਾਨਾ ਸੁਣੋ ਖੋਲ੍ਹ ਕਿਵਾੜ, ਖ਼ਾਲਕ ਖ਼ਲਕ ਆਪ ਜਣਾਈਆ । ਨੇਤਰ ਖੋਲ੍ਹੋ
ਵਿਸ਼ਨ ਬ੍ਰਹਮਾ ਸ਼ਿਵ ਹੋਵੋ ਬੇਦਾਰ, ਆਲਸ ਨਿੰਦਰਾ ਰਿਹਾ ਗਵਾਈਆ । ਗੁਰ ਅਵਤਾਰ ਕਰੋ ਵਿਚਾਰ, ਵਿਚਲਾ ਭੇਵ ਰਿਹਾ ਖੁਲ੍ਹਾਈਆ । ਪੀਰ
ਪੈਗ਼ੰਬਰ ਕਰੋ ਗੁਫ਼ਤਾਰ, ਗੁਫ਼ਤ ਸ਼ੁਨੀਦ ਮੁਰਸ਼ਦ ਮੁਰੀਦ ਆਪਣਾ ਪੜਦਾ ਲਾਹੀਆ । ਭਗਤ ਭਗਵਾਨ ਕਰੋ ਯਾਦ, ਸੁਣੇ ਫ਼ਰਯਾਦ, ਜਿਸ ਰਚਨਾ
ਰਚੀ ਆਦਿ, ਅੰਤਮ ਨਿਰਗੁਣ ਵੇਖਣ ਆਈਆ । ਸਾਚੇ ਸੰਤ ਮੰਨੋ ਕੰਤ ਪੂਰਨ ਭਗਵੰਤ, ਲੇਖਾ ਜਾਣੇ ਜੀਵ ਜੰਤ, ਲੱਖ ਚੁਰਾਸੀ ਵਿਚ ਸਮਾਈਆ ।
ਧਿਆਨ ਕਰੋ ਗੁਰਮੁਖ ਦੂਈ ਦਵੈਤ ਮਿਟਾਓ ਦੁੱਖ, ਮਾਇਆ ਮਮਤਾ ਮਿਟੇ ਭੁੱਖ, ਸਫਲ ਹੋਏ ਮਾਤ ਕੁੱਖ, ਸੁਖ ਸਤਿਗੁਰ ਇਕੋ ਨਜ਼ਰੀ ਆਈਆ ।
ਗੁਰਸਿਖ ਚਰਨ ਜਾਏ ਝੁਕ ਅੱਗੇ ਪੈਂਡਾ ਜਾਏ ਮੁੱਕ, ਨਜ਼ਰੀ ਆਏ ਜੋ ਬੈਠਾ ਲੁਕ, ਆਤਮ ਅੰਤਰ ਪੜਦਾ ਲਾਹੀਆ । ਲੱਖ ਚੁਰਾਸੀ ਲਏ ਪੁੱਛ,
ਖ਼ਾਲੀ ਹੱਥ ਰੋਵਣ ਕੋਲ ਨਾ ਕੁਛ, ਨਾਤਾ ਤੁਟਿਆ ਸਚ ਸੁੱਚ, ਕੂੜੀ ਕਿਰਿਆ ਜਗਤ ਕੁੜਮਾਈਆ । ਬਿਨ ਗੋਬਿੰਦ ਸੱਚਾ ਨਜ਼ਰ ਨਾ ਆਏ ਕੋਈ
ਪੁੱਤ, ਖੇਲੇ ਖੇਲ ਅਬਿਨਾਸ਼ੀ ਅਚੁੱਤ, ਕਲਜੁਗ ਵੇਖੇ ਮੌਲੀ ਰੁੱਤ, ਰੁੱਤ ਰੁਤੜੀ ਆਪ ਮਹਿਕਾਈਆ । ਨਿਰਗੁਣ ਦਾਤਾ ਪਏ ਉਠ, ਭਗਤਾਂ ਉਪਰ
ਜਾਏ ਤੁਠ, ਅੰਮ੍ਰਿਤ ਜਾਮ ਦੇਵੇ ਘੁੱਟ, ਆਵਣ ਜਾਵਣ ਜਾਏ ਛੁੱਟ, ਲੱਖ ਚੁਰਾਸੀ ਫੰਦ ਕਟਾਈਆ । ਕਲਜੁਗ ਜੜ੍ਹ ਦੇਵੇ ਪੁੱਟ, ਸ਼ੌਹ ਦਰਯਾਏ
ਦੇਵੇ ਸੁੱਟ, ਮੁੜ ਕੇ ਫੇਰ ਨਾ ਸਕੇ ਉਠ, ਸਤਿਜੁਗ ਬੱਚਾ ਲਏ ਜਗਾਈਆ । ਕੂੜੀ ਕਿਰਿਆ ਕੱਢੇ ਕੁੱਟ, ਨਾਰ ਦੁਹਾਗਣ ਵੱਢੇ ਗੁੱਤ, ਬਚਿਆ
ਰਹੇ ਨਾ ਕੋਈ ਕਿਸੇ ਗੁੱਠ, ਨੌਂ ਖੰਡ ਪ੍ਰਿਥਮੀ ਸੱਤ ਦੀਪ ਦਹਿ ਦਿਸ਼ਾ ਵੇਖ ਵਖਾਈਆ । ਸਤਿਗੁਰ ਪੂਰਾ ਪੁਰਖ ਅਕਾਲ ਦੀਨ ਦਿਆਲ ਸ਼ਹਿਨਸ਼ਾਹ
ਸ਼ੇਰ ਇਕੋ ਪਏ ਬੁੱਕ, ਸਭ ਦਾ ਭੰਨੇ ਖ਼ਾਕੀ ਚੰਮ ਬੁੱਤ, ਖ਼ਾਲੀ ਵਖਾਏ ਇਕੋ ਠੁਠ, ਠੋਕਰ ਸਭ ਨੂੰ ਦਏ ਲਗਾਈਆ । ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ, ਨਿਰਗੁਣ ਦਾਤਾ ਇਕੋ ਏਕ ਨਜ਼ਰੀ ਆਈਆ । ਇਕੋ ਇਕ ਨਜ਼ਰੀ ਆਵੇਗਾ । ਪਾਰਬ੍ਰਹਮ ਪ੍ਰਭ ਵੇਸ ਵਟਾਵੇਗਾ ।
ਜੋਤੀ ਜਾਮਾ ਮਾਤ ਪਾਵੇਗਾ । ਸਚ ਸਲੋਕੀ ਰਾਗ ਸੁਣਾਵੇਗਾ । ਕੋਟਨ ਕੋਟੀ ਬ੍ਰਹਿਮੰਡ ਚਰਨਾਂ ਹੇਠ ਰਖਾਵੇਗਾ । ਵਿਸ਼ਨ ਬ੍ਰਹਮਾ ਸ਼ਿਵ ਕੁਰਲਾਵੇਗਾ ।
ਹਰਿ ਕਾ ਭੇਵ ਕਿਸੇ ਨਾ ਆਵੇਗਾ । ਨਿਰਗੁਣ ਸਰਗੁਣ ਵੇਖ ਵਖਾਵੇਗਾ । ਅਵਗੁਣ ਕੂੜ ਪਾਰ ਕਰਾਵੇਗਾ । ਗੁਣਵੰਤਾ ਗੁਣ ਰਾਹ ਜਣਾਵੇਗਾ ।

੭੭੮
੧੩

ਗ਼ਰੀਬ ਨਿਮਾਣਿਆਂ ਪੁਕਾਰ ਸੁਣ, ਫੜ ਬਾਂਹੋਂ ਗਲੇ ਲਗਾਵੇਗਾ । ਵਡ ਹੰਕਾਰੀਆਂ ਵਡ ਜਰਵਾਣਿਆਂ ਨਿਸ਼ਾਨ ਮਿਟਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਕਰਾਵੇਗਾ । ਆਪਣਾ ਖੇਲ ਕਰੇਗਾ । ਪ੍ਰਭ ਕਿਸੇ ਕੋਲੋਂ ਨਾ ਡਰੇਗਾ । ਸਾਚੇ ਤਖ਼ਤ ਆਪੇ ਚੜ੍ਹੇਗਾ । ਸਿਰ ਜਗਦੀਸ ਤਾਜ ਧਰੇਗਾ । ਨਾ ਜਨਮੇ ਗਾ ਨਾ ਮਰੇਗਾ । ਜੋ ਚਾਹੇ ਸੋ ਕਰੇਗਾ । ਬਿਨ ਖੰਡਿਉਂ ਤੀਰ ਕਮਾਨੋਂ ਲੜੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਅੱਖਰ ਨਾਮ ਪੜ੍ਹੇਗਾ । ਇਕੋ ਅੱਖਰ ਪੜ੍ਹਾਵਾਂਗਾ । ਸਾਚਾ ਖੇਲ ਕਰਾਵਾਂਗਾ । ਗੁਰ ਅਵਤਾਰ ਨਾਲ ਰਲਾਵਾਂਗਾ । ਪੀਰ ਪੈਗ਼ੰਬਰ ਪੜਦਾ ਲਾਹਵਾਂਗਾ । ਨੂਰ ਇਕੋ ਨਜ਼ਰੀ ਆਵਾਂਗਾ । ਜ਼ਹੂਰ ਆਪਨਾ ਸਚ ਦਰਸਾਵਾਂਗਾ । ਕੂੜਾ ਫ਼ਤੂਰ ਅੰਤ ਮਿਟਾਵਾਂਗਾ । ਗ਼ਰੂਰ ਗ਼ੁਰਬਤ ਖ਼ਾਕ ਮਿਲਾਵਾਂਗਾ । ਬੇਕਸੂਰ ਸਰਬ ਬਚਾਵਾਂਗਾ । ਦਸਤੂਰ ਇਕ ਵਖਾਵਾਂਗਾ । ਕਲਜੁਗ ਜ਼ਰੂਰ ਖਪਾਵਾਂਗਾ । ਸ਼ਾਹ ਗ਼ਫ਼ੂਰ ਇਕੋ ਨੈਣ ਖੁਲ੍ਹਾਵਾਂਗਾ । ਮੁਖੀਆ ਮੁਖ ਕਰਾਵਾਂਗਾ । ਸ਼ਮਸ ਆਪਣੀ ਜੋਤ ਰਲਾਵਾਂਗਾ । ਸ਼ਮਾ ਇਕੋ ਦੀਪ ਜਗਾਵਾਂਗਾ । ਚੌਦਾਂ ਲੋਕਾਂ ਤਮਾਂ ਮਿਟਾਵਾਂਗਾ । ਮੁਹੰਮਦ ਨੇਤਰ ਨੈਣਾਂ ਨਾਲ ਮਿਲਾਵਾਂਗਾ । ਈਸਾ ਉਂਗਲੀਆਂ ਉਤੇ ਨਚਾਵਾਂਗਾ । ਮੂਸਾ ਡਿਗਾ ਫੇਰ ਹਲਾਵਾਂਗਾ । ਤੇਈ ਅਵਤਾਰ ਪਿਛਲਾ ਕੀਤਾ ਸਭ ਵਖਾਵਾਂਗਾ । ਨਾਨਕ ਨਿਰਗੁਣ ਆਪਣਾ ਰੰਗ ਚੜ੍ਹਾਵਾਂਗਾ । ਗੋਬਿੰਦ ਡੰਕਾ ਸਚ ਵਜਾਵਾਂਗਾ । ਰਾਉ ਰੰਕ ਉਠਾਵਾਂਗਾ । ਬ੍ਰਹਿਮੰਡ ਖੰਡ ਸਮਝਾਵਾਂਗਾ । ਸ੍ਰਿਸ਼ਟ ਸਬਾਈ ਰਾਹੇ ਪਾਵਾਂਗਾ । ਚਾਰ ਵਰਨ ਅਠਾਰਾਂ ਬਰਨ ਜ਼ਾਤ ਪਾਤ ਖਪਾਵਾਂਗਾ । ਪੁਰਖ ਅਕਾਲ ਦੀਨ ਦਿਆਲ ਸਾਚੀ ਸਰਨ ਦ੍ਰਿਸ਼ਟ ਇਸ਼ਟ ਇਕ ਜਣਾਵਾਂਗਾ । ਪਰਵਰਦਿਗਾਰ ਸਾਂਝਾ ਯਾਰ ਨੂਰ ਇਲਾਹੀ ਇਕੋ ਨੂਰ ਧਰਾਵਾਂਗਾ । ਰਾਮ ਰਮੱਯਾ ਕਰ ਪਿਆਰ, ਸਚ ਘਨੱਯਾ ਮੁਕੰਦ ਮਨੋਹਰ ਲੱਖਮੀ ਨਰਾਇਣ ਬੰਸਰੀ ਨਾਮ ਸੁਣਾਵਾਂਗਾ । ਸ਼ਬਦ ਸੁਤ ਬਾਲਾ ਨਿੱਕਾ ਵੱਡਾ ਛੋਹਰ, ਰੂਪ ਅਨੂਪ ਆਪ ਜਣਾਵਾਂਗਾ । ਕਲਜੁਗ ਕੂੜ ਕੁੜਿਆਰਾ ਅੰਤਮ ਰੋੜ੍ਹ ਲੋਹੜਾ ਘਰ ਘਰ ਪਿਆ ਵਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗੁਰ ਅਵਤਾਰ ਪੀਰ ਪੈਗ਼ੰਬਰ ਚਾਰ ਜੁਗ ਦੀ ਪਿਛਲੀ ਕੀਤੀ, ਵਰਨ ਗੋਤ ਦੀ ਜਗਤ ਰੀਤੀ, ਮੰਦਰ ਮਸੀਤੀ ਸ਼ਿਵਦਵਾਲੇ ਮੱਠ ਭੇਵ ਚੁਕਾਵਾਂਗਾ । ਗੁਰ ਅਵਤਾਰ ਵੇਖਣ ਨੈਣ, ਅੰਤ ਨੈਨਨ ਨੈਣ ਦਰਸਾਈਆ । ਕਲਜੁਗ ਅੰਤ ਅੰਧੇਰੀ ਰੈਣ, ਸਾਚਾ ਚੰਦ ਨਜ਼ਰ ਨਾ ਆਈਆ । ਨਾਤਾ ਤੁਟਿਆ ਭਾਈ ਭੈਣ, ਮਾਤ ਪਿਤ ਪੂਤ ਨਾ ਕੋਇ ਵਡਿਆਈਆ । ਰਸਨਾ ਜਿਹਵਾ ਨਾਮ ਸਾਰੇ ਕਹਿਣ, ਹਿਰਦੇ ਹਰਿ ਨਾ ਕੋਇ ਵਸਾਈਆ । ਸਾਹਿਬ ਸਤਿਗੁਰ ਦੀਨ ਦਿਆਲ ਅਬਿਨਾਸ਼ੀ ਕਰਤਾ ਮਿਲਿਆ ਨਾ ਸੱਜਣ ਸੈਣ, ਕੂੜਾ ਨਾਤਾ ਜਗਤ ਬੰਧਾਈਆ । ਚਾਰ ਕੁੰਟ ਦਹਿ ਦਿਸ਼ਾ ਨੌਂ ਖੰਡ ਸੱਤ ਦੀਪ ਲੱਖ ਚੁਰਾਸੀ ਜਮ ਕੀ ਫਾਸੀ ਲਾੜੀ ਮੌਤ ਖਾਏ ਡੈਣ, ਕਾਲ ਆਪਣਾ ਕਾਲ ਵਖਾਈਆ । ਭਗਤ ਭਗਵੰਤ ਸਾਚੇ ਸੰਤ ਗੁਰਮੁਖ ਸੱਜਣ ਵਿਰਲੇ ਰਹਿਣ, ਜਿਨ੍ਹਾਂ ਰਹਿਬਰ ਮਿਲਿਆ ਸੱਚਾ ਮਾਹੀਆ । ਸ਼ਾਹ ਸੁਲਤਾਨ ਰਾਜ ਰਾਜਾਨ ਜੰਗਲ ਜੂਹ ਉਜਾੜ ਪਹਾੜ ਸਮੁੰਦ ਸਾਗਰ ਡੂੰਘੀ ਕੰਦਰ ਔਝੜ ਰਾਹੇ ਪੈਣ, ਸਾਚਾ ਰਾਹ ਨਜ਼ਰ ਨਾ ਆਈਆ । ਨੇਤਰ ਖੋਲ੍ਹਣ ਵੇਖਣ ਉਚਾ ਨਜ਼ਰ ਨਾ ਆਏ ਜਿਸ ਦੀ ਸਿਫ਼ਤ ਵੇਦ ਪੁਰਾਨ ਕਹਿਣ, ਜੋ ਭਾਣਾ ਰਿਹਾ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਵ ਨੌਂ ਚਾਰ ਚੌਕੜ ਕੋਟਨ ਕੋਟ ਕਾਲ ਹੁਕਮੇ ਅੰਦਰ ਬਿਤਾਈਆ । ਗੁਰ ਅਵਤਾਰ ਖੋਲ੍ਹ ਅੱਖ, ਅੱਖ ਰਹੇ ਬਦਲਾਈਆ ।

ਪੁਰਖ ਅਕਾਲ ਲੱਖ ਚੁਰਾਸੀ ਭਾਂਡੇ ਸੱਖ, ਨਾਨਕ ਸ਼ਬਦ ਨਾ ਕੋਇ ਕਮਾਈਆ । ਸਾਚਾ ਮਾਰਗ ਆਏ ਦੱਸ, ਵਰਨ ਬਰਨ ਨਾ ਕੋਇ ਲੜਾਈਆ । ਮਨ ਵਾਸਨਾ ਕਰੇ ਵਸ, ਆਤਮ ਪਰਮਾਤਮ ਮੇਲ ਮਿਲਾਈਆ । ਸ੍ਰੀ ਭਗਵਾਨ ਸਾਚਾ ਜਸ, ਦੂਜੀ ਸਿਫ਼ਤ ਨਾ ਕੋਇ ਸਾਲਾਹੀਆ । ਕਲਜੁਗ ਜੀਵ ਸਾਰੇ ਗਏ ਨੱਠ, ਸਾਚਾ ਹੁਕਮ ਨਾ ਕੋਇ ਮਨਾਈਆ । ਨਾਤਾ ਜੁੜਿਆ ਤੱਤ ਅੱਠ, ਨਵ ਦਰ ਦਰ ਹਲਕਾਈਆ । ਨਾਉਂ ਨਿਰੰਕਾਰ ਨਾ ਲਿਆ ਰਟ, ਰੱਟਾ ਪਿਆ ਜਗਤ ਲੋਕਾਈਆ । ਦੂਈ ਦਵੈਤ ਵੱਜਾ ਫੱਟ, ਪੱਟੀ ਨਾਮ ਨਾ ਕੋਇ ਬੰਧਾਈਆ । ਦੀਨ ਮਜ਼੍ਹਬ ਝਗੜਾ ਹੱਟ, ਸੌਦਾ ਹੱਟ ਨਾ ਕੋਇ ਵਖਾਈਆ । ਧਰਮ ਜੜ ਦਿਤੀ ਕੱਟ, ਅਧਰਮ ਰਿਹਾ ਲਹਿਰਾਈਆ । ਸਾਧ ਸੰਤ ਧੀਆਂ ਭੈਣਾਂ ਰਹੇ ਤੱਕ, ਨੇਤਰ ਗਿਆਨ ਨਾ ਕੋਇ ਖੁਲ੍ਹਾਈਆ । ਰਾਜ ਰਾਜਾਨਾਂ ਸੱਚੇ ਸਾਹਿਬ ਉਤੇ ਪਿਆ ਸ਼ੱਕ, ਸ਼ਿਕਵਾ ਕੋਇ ਨਾ ਪੂਰ ਕਰਾਈਆ । ਕੂੜੀ ਮਾਇਆ ਕਹਿਣ ਸਾਡਾ ਹੱਕ, ਹਕੀਕਤ ਸਮਝੇ ਨਾ ਕੋਇ ਰਾਈਆ । ਕਾਇਆ ਚੋਲਾ ਚੀਥੜ ਰਿਹਾ ਫਟ, ਨਾਮ ਸੂਈ ਨਾਲ ਨਾ ਕੋਇ ਸਵਾਈਆ । ਪੀਰ ਪੈਗ਼ੰਬਰ ਪਿਛੇ ਵੇਖਣ ਹਟ, ਅੱਗੇ ਚਰਨ ਨਾ ਕੋਇ ਉਠਾਈਆ । ਕਲਮਾ ਨਬੀ ਰਸੂਲ ਜੋ ਆਏ ਦੱਸ, ਕਾਇਨਾਤ ਸਮਝਾਈਆ । ਅੰਤਮ ਸਾਰੇ ਹੋਏ ਬੇਵਸ, ਬਿਹਬਲ ਉਮਤ ਰਹੀ ਕੁਰਲਾਈਆ । ਸਦੀ ਸਦੀਵੀ ਰਾਹ ਤੱਕ, ਅੱਖੀਂ ਨੀਵੀਂ ਧਿਆਨ ਰਖਾਈਆ । ਬੂਟਾ ਰਿਹਾ ਪੱਕ, ਮੁਹੰਮਦ ਪੱਕੀ ਤਰਾਂ ਗਿਆ ਸਮਝਾਈਆ । ਸਦੀ ਚੌਧਵੀਂ ਪਰਵਰਦਿਗਾਰ ਸਚ ਅਮਾਮ ਹੋਏ ਪਰਗਟ, ਇਕੋ ਨੂਰ ਜ਼ਹੂਰ ਇਲਾਹੀਆ । ਵੇਖਣਹਾਰਾ ਹਸਨ ਹੁਸੈਨ ਦੀ ਰੱਤ, ਹੁਸਨ ਸਭ ਦਾ ਦਏ ਗਵਾਈਆ । ਮੁੱਲਾ ਸ਼ੇਖ਼ ਮਸਾਇਕ ਮਾਰੀ ਜਾਏ ਮਤ, ਮਸਲਾ ਹਲ ਨਾ ਕੋਇ ਕਰਾਈਆ । ਕੂੜੀ ਕਿਰਿਆ ਵਿਚ ਜਾਣ ਫਸ, ਫ਼ਤਵਾ ਸਭ ਦੇ ਉਤੇ ਲਾਈਆ । ਕਰੇ ਨਬੇੜਾ ਹੱਕ ਹੱਕ, ਅਦਲ ਆਦਲ ਇਕ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਖੇਲ ਕਰਾਈਆ । ਕਲਜੁਗ ਅੰਤਮ ਆਵਾਂਗਾ । ਸਾਚੀ ਖੇਲ ਕਰਾਵਾਂਗਾ । ਪਿਛਲਾ ਲੇਖਾ ਪੂਰਾ ਕਰ ਵਖਾਵਾਂਗਾ । ਭਰਮ ਭੁਲੇਖਾ ਕਢਾਵਾਂਗਾ । ਦੇਸ ਪਰਦੇਸਾਂ ਫੇਰਾ ਪਾਵਾਂਗਾ । ਜਗਤ ਨਰੇਸ਼ਾਂ ਆਪ ਉਠਾਵਾਂਗਾ । ਨਾਮ ਸੰਦੇਸਾ ਇਕ ਸੁਣਾਵਾਂਗਾ । ਕਲਜੁਗ ਕੂੜਾ ਭੁਲੇਖਾ ਮੇਟ ਮਿਟਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੀਰ ਪੈਗ਼ੰਬਰ ਆਪ ਪੜ੍ਹਾਵਾਂਗਾ । ਪੀਰ ਪੈਗ਼ੰਬਰ ਪੜ੍ਹਨਗੇ । ਦਰ ਦਵਾਰੇ ਖੜਨਗੇ । ਨਿਰਭੈ ਕੋਲੋਂ ਡਰਨਗੇ । ਚਰਨੀ ਸੀਸ ਧਰਨਗੇ । ਤੋਬਾ ਤੋਬਾ ਕਰਨਗੇ । ਜੀਂਵਦੇ ਹੀ ਮਰਨਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਇਕੋ ਸਰਨੀ ਪੜਨਗੇ । ਸਾਚੀ ਸਰਨ ਪਾਵਾਂਗਾ । ਕਲਮਾ ਇਕ ਦ੍ਰਿੜਾਵਾਂਗਾ । ਉਲਮਾ ਆਪ ਸਮਝਾਵਾਂਗਾ । ਆਲਮ ਇਕ ਰਖਾਵਾਂਗਾ । ਕਾਲਮ ਇਕ ਬਣਾਵਾਂਗਾ । ਆਦਮ ਆਪ ਦਰਸਾਵਾਂਗਾ । ਪਵਣ ਹਵਾ ਜਣਾਵਾਂਗਾ । ਅਵਣ ਗਵਣ ਵੇਖ ਵਖਾਵਾਂਗਾ । ਸਾਚਾ ਦਾਮਨ ਇਕ ਪਕੜਾਵਾਂਗਾ । ਜ਼ਾਮਨ ਹੋ ਕੇ ਫੇਰਾ ਪਾਵਾਂਗਾ । ਰਾਮ ਰਹੀਮ ਲੇਖ ਜਣਾਵਾਂਗਾ । ਕਾਦਰ ਕਰੀਮ ਨਜ਼ਰੀ ਆਵਾਂਗਾ । ਮੁਕਾਮ ਅਜ਼ੀਮ ਸ਼ਾਨ ਇਕ ਜਣਾਵਾਂਗਾ । ਸਾਚੀ ਤਾਅਜ਼ੀਮ ਇਕ ਰਖਾਵਾਂਗਾ । ਆਲਮੀਨ ਆਦਤ ਇਕੋ ਪਾਵਾਂਗਾ । ਮੁਬੀਨ ਮੁਹੱਬਤ ਇਕ ਜਣਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਚੌਦਾਂ ਤਬਕਾਂ ਕੁੰਡਾ ਲਾਹਵਾਂਗਾ । ਚੌਦਾਂ ਤਬਕਾਂ ਖੋਲ੍ਹਾਂਗਾ । ਇਕੋ ਕਲਮਾ ਬੋਲਾਂਗਾ । ਆਦਿ ਅੰਤ ਕਦੇ ਨਾ ਡੋਲਾਂਗਾ । ਉਮਤ ਉਮਤੀ ਆਪੇ ਰੋਲਾਂਗਾ । ਸਾਚੇ ਕੰਡੇ ਤੋਲਾਂਗਾ ।


੭੮੦
੧੩

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਵੇਖਾਂ ਖੇਲ ਪੜਦੇ ਓਹਲੇ ਦਾ । ਪੜਦਾ ਓਹਲਾ ਨਕਾਬ ਪੋਸ਼, ਸਚ ਮਹਿਬੂਬ ਆਪ ਉਠਾਈਆ । ਮੁਕਾਮੇ ਹੱਕ ਪੂਰਾ ਕਰੇ ਸ਼ੌਕ, ਸ਼ੌਹਰ ਬਣੇ ਬੇਪਰਵਾਹੀਆ । ਵੇਖਣਹਾਰਾ ਕਿਲਾ ਕੋਟ, ਕੋਟਨ ਕੋਟ ਵੇਸ ਵਟਾਈਆ । ਅਗੰਮ ਅਥਾਹ ਬੇਪਰਵਾਹ ਹੱਕ ਨਗਾਰੇ ਲਾ ਚੋਟ, ਸਦਾ ਬਾਂਗ ਆਵਾਜ਼ ਇਕ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਕਰੇ ਕੱਲ, ਹਰਿ ਵੱਡਾ ਵਡ ਵਡਿਆਈਆ । ਪਰਗਟ ਹੋ ਅਛਲ ਅਛੱਲ, ਵਲ ਛਲ ਆਪਣੀ ਧਾਰ ਜਣਾਈਆ । ਨਿਰਗੁਣ ਜੋਤ ਸ਼ਬਦ ਆਪੇ ਰਲ, ਰੂਪ ਰੰਗ ਰੇਖ ਨਾ ਕੋਇ ਵਖਾਈਆ । ਸਚ ਸੰਦੇਸਾ ਰਿਹਾ ਘੱਲ, ਸ਼ਬਦੀ ਰਾਗ ਅਲਾਈਆ । ਵਸਣਹਾਰਾ ਜਲ ਥਲ, ਸਮੁੰਦ ਸਾਗਰ ਖੋਜ ਖੁਜਾਈਆ । ਲਹਿਣਾ ਦੇਣਾ ਚੁਕਾਏ ਅੱਜ ਕੱਲ, ਕਲ ਕਾਤੀ ਮੇਟ ਮਿਟਾਈਆ । ਦੋ ਜਹਾਨ ਜਾਇਣ ਹੱਲ, ਧਰਨੀ ਧਰਤ ਧਵਲ ਟਿਕਣ ਨਾ ਪਾਈਆ । ਸ਼ਾਹ ਸੁਲਤਾਨ ਜਗਤ ਆਸਣ ਕੋਈ ਨਾ ਬਹੇ ਮੱਲ, ਸੀਸ ਤਾਜ ਨਾ ਕੋਇ ਰਖਾਈਆ । ਕੂੜੀ ਕਿਰਿਆ ਖ਼ਾਕ ਜਾਣਾ ਰਲ, ਹਰਿ ਖ਼ਾਕੀ ਖ਼ਾਕ ਮਿਲਾਈਆ । ਸਚ ਪਰਕਾਸ਼ ਦੀਪਕ ਇਕੋ ਜਾਣਾ ਬਲ, ਅਗਿਆਨ ਅੰਧੇਰ ਮਿਟਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਚਾਰ ਵਰਨਾਂ ਮਿਲੇ ਇਕੋ ਫਲ, ਫਲ ਅੰਮ੍ਰਿਤ ਨਾਮ ਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਚ ਸਨੇਹੁੜਾ ਇਕੋ ਨਾਮ ਸੁਣਾਈਆ । ਸਚ ਸਨੇਹੁੜਾ ਸੁਣੋ ਗੀਤ, ਹਰਿ ਗੋਬਿੰਦ ਆਪ ਜਣਾਇੰਦਾ । ਅੰਤਮ ਨਾਤਾ ਤੁਟਣਾ ਮੰਦਰ ਮਸੀਤ, ਥਿਰ ਕੋਇ ਰਹਿਣ ਨਾ ਪਾਇੰਦਾ । ਪੁਰਖ ਅਕਾਲ ਨਿਰਵੈਰ ਇਕੋ ਰਹੇ ਅਤੀਤ, ਮਹੱਲ ਅਟੱਲ ਸੋਭਾ ਪਾਇੰਦਾ । ਜੁਗ ਚੌਕੜੀ ਲਏ ਜੀਤ, ਜੀਵਣ ਜੁਗਤ ਆਪਣੇ ਹੱਥ ਰਖਾਇੰਦਾ । ਕਲਜੁਗ ਔਧ ਰਹੀ ਬੀਤ, ਰਫ਼ਤਾ ਰਫ਼ਤਾ ਪੰਧ ਮੁਕਾਇੰਦਾ । ਨਿਰਗੁਣ ਲੇਖਾ ਜਾਣੇ ਹਸਤ ਕੀਟ, ਕੀਟ ਕੀਟਾਂ ਫੋਲ ਫੁਲਾਇੰਦਾ । ਕਰਵਟ ਬਦਲ ਬਦਲੇ ਪੀਠ, ਮੁਖ ਆਪਣਾ ਆਪ ਭਵਾਇੰਦਾ । ਜਨ ਭਗਤਾਂ ਸੀਨਾ ਕਰੇ ਠਾਂਡਾ ਸੀਤ, ਸੀਤਲ ਧਾਰ ਇਕ ਵਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਰ ਹਰਿ ਆਪਣਾ ਹੁਕਮ ਮਨਾਇੰਦਾ । ਸੱਚਾ ਹੁਕਮ ਮਨਾਵੇਗਾ । ਹਾਕਮ ਇਕ ਅਖਵਾਵੇਗਾ । ਆਤਮ ਆਪ ਸਮਝਾਵੇਗਾ । ਪਰਮਾਤਮ ਮੇਲ ਮਿਲਾਵੇਗਾ । ਜ਼ਾਤ ਪਾਤ ਖਪਾਵੇਗਾ । ਅੰਮ੍ਰਿਤ ਬੂੰਦ ਪਿਆਵੇਗਾ । ਗੋਬਿੰਦ ਮੇਲ ਮਿਲਾਵੇਗਾ । ਸਗਲੀ ਚਿੰਦ ਗਵਾਵੇਗਾ । ਨਿੰਦਕ ਨਿੰਦਿਆ ਮੁਖ ਨਾ ਕੋਇ ਰਖਾਵੇਗਾ । ਸੁਤ ਅਨਾਦੀ ਸਰਬ ਬਣਾਵੇਗਾ । ਬ੍ਰਹਮ ਬ੍ਰਹਿਮਾਦੀ ਖ਼ੁਸ਼ੀ ਜਣਾਵੇਗਾ । ਆਦਿ ਜੁਗਾਦੀ ਰੰਗ ਚੜ੍ਹਾਵੇਗਾ । ਸੰਮਤ ਬੀਸ ਉਨੀਸ ਅੰਤ ਖਪਾਵੇਗਾ । ਅੱਲਾ ਰਾਣੀ ਸਿਰ ਤੋਂ ਲੱਥੇ ਚੁੰਨੀ, ਮੀਢੀ ਖੁਲ੍ਹੀ ਆਪ ਵਖਾਵੇਗਾ । ਨਾਤਾ ਤੁੱਟੇ ਮੁਸਲਮ ਸੁੰਨੀ, ਸੀਸ ਸਭ ਦੇ ਹੁਕਮ ਜਣਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਹੁਕਮ ਵਖਾਵੇਗਾ । ਏਕਾ ਹੁਕਮ ਸੁਣਾਏਗਾ । ਅੱਗੇ ਸੀਸ ਨਾ ਕੋਇ ਉਠਾਏਗਾ । ਸ਼ਾਹ ਸੁਲਤਾਨ ਚਰਨੀ ਲਾਏਗਾ । ਬੀਸ ਬੀਸਾ ਖ਼ੁਸ਼ੀ ਮਨਾਏਗਾ । ਨਵ ਨੌਂ ਇਕੋ ਨਜ਼ਰੀ ਆਏਗਾ । ਚਾਰ ਚਾਰ ਗੰਢ ਪਵਾਏਗਾ । ਪੰਜ ਪੰਜ ਆਵਾਜ਼ ਲਗਾਏਗਾ । ਛੇ ਛੇ ਘਰ ਵਖਾਏਗਾ । ਸੱਤ ਸੱਤ ਨਾਦ ਸੁਣਾਏਗਾ । ਅਠ ਅਠ ਖੋਜ ਖੁਜਾਏਗਾ । ਨਵ ਨੌਂ ਪੰਧ ਮੁਕਾਏਗਾ । ਦੱਸ ਦੱਸ ਮੇਲ ਮਿਲਾਏਗਾ । ਦਸ ਇਕ ਗੰਢ ਪਵਾਏਗਾ । ਦਸ

ਦੋ ਵੰਡ ਵੰਡਾਏਗਾ । ਦਸ ਤਿੰਨ ਖੰਡ ਖੰਡ ਕਰਾਏਗਾ । ਦਸ ਚਾਰ ਚੰਡ ਪਰਚੰਡ ਚਮਕਾਏਗਾ । ਦਸ ਪੰਜ ਸੂਰਾ ਸਰਬੰਗ ਹੋ ਜਾਏਗਾ । ਦਸ ਛੇ ਦੂਈ ਦਵੈਤੀ ਕੰਧ ਢਾਹੇਗਾ । ਦਸ ਸੱਤ ਰੁੱਤੀ ਰੁੱਤ ਵੇਖ ਵਖਾਏਗਾ । ਦਸ ਅੱਠ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਦਰ ਘਰ ਜਾ ਆਪ ਸਮਝਾਏਗਾ । ਦਸ ਨੌਂ ਸ੍ਰਿਸ਼ਟ ਸਬਾਈ ਦੇਵੇ ਭੌਂ, ਬਚਿਆ ਕੋਇ ਰਹਿਣ ਨਾ ਪਾਏਗਾ । ਦਸ ਦਸ ਬੀਸ ਕਿਸੇ ਛਤਰ ਨਾ ਝੁੱਲੇ ਸੀਸ, ਮਾਇਆ ਰਾਣੀ ਖ਼ਾਲੀ ਖੀਸ, ਰਾਜ ਰਾਜਾਨਾਂ ਘਰ ਘਰ ਮੰਗਣ ਡਾਹੇਗਾ । ਕਲਜੁਗ ਹੋਏ ਅੰਧੇਰਾ ਤਾਰੀਕ, ਸ੍ਰਿਸ਼ਟ ਸਬਾਈ ਬਣੇ ਸ਼ਰੀਕ, ਬਣ ਵਿਚੋਲਾ ਸ਼ਿਰਕਤ ਨਾ ਕੋਇ ਮਿਟਾਏਗਾ । ਕੂੜੀ ਸਿਆਸਤ ਜਾਏ ਪੀਸ, ਕਰੇ ਖੇਲ ਆਪ ਜਗਦੀਸ ਜਗਤ ਜੁਗਤੀ ਇਕ ਜਣਾਏਗਾ । ਹੁਕਮ ਦੇਵੇ ਸਾਹਿਬ ਠੀਕ, ਜਿਸ ਦੀ ਈਸਾ ਮੂਸਾ ਮੁਹੰਮਦ ਕਰਦੇ ਗਏ ਉਡੀਕ, ਨਾਨਕ ਗੋਬਿੰਦ ਦੱਸਦੇ ਗਏ ਪ੍ਰੀਤ, ਸੋ ਪ੍ਰੀਤੀਵਾਨ ਫੇਰਾ ਪਾਏਗਾ । ਜਿਸ ਨੂੰ ਲੱਭਦੇ ਮੰਦਰ ਮਸੀਤ, ਜਿਸ ਦਾ ਅੰਮ੍ਰਿਤ ਪੀਂਦੇ ਲਾ ਝੀਕ, ਜਿਸ ਨੂੰ ਮਿਲਿਆਂ ਦੋ ਜਹਾਨ ਲੈਣ ਜੀਤ, ਸੋ ਜਗਤ ਨਾਤਾ ਤੋੜ ਤੁੜਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਸਾਚੇ ਪੌੜੇ ਚੜ੍ਹ ਚੜ੍ਹ ਸੋਭਾ ਪਾਏਗਾ । ਸਾਚਾ ਪੌੜਾ ਵੇਖੇ ਚੌਥਾ, ਚੌਥੇ ਜੁਗ ਭੇਵ ਖੁਲ੍ਹਾਈਆ । ਪਿਛਲਾ ਲੇਖਾ ਕਰੇ ਥੋਥਾ, ਥੋਥੀ ਮਤ ਗਵਾਈਆ । ਅੱਗੇ ਸਭ ਨੂੰ ਦੇਵੇ ਸੱਚਾ ਮੌਕਾ, ਧੁਰ ਫ਼ਰਮਾਨਾ ਹੁਕਮ ਜਣਾਈਆ । ਕਿਸੇ ਨਾਲ ਨਾ ਕਰੇ ਧੋਖਾ, ਧੋਖੇ ਵਿਚ ਆਪ ਕਦੇ ਨਾ ਆਈਆ । ਸਤਿਜੁਗ ਮਾਰਗ ਦੱਸੇ ਸੌਖਾ, ਸੁੱਤਿਆਂ ਲਏ ਜਗਾਈਆ । ਨਿਰਗੁਣ ਨਿਰਗੁਣ ਹੋ ਕੇ ਦੇਵੇ ਹੋਕਾ, ਉਚੀ ਕੂਕ ਕੂਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚੜ੍ਹਨਹਾਰਾ ਚੌਥੀ ਮੰਜ਼ਲ, ਮਜ਼ਾ ਇਕੋ ਇਕ ਦਰਸਾਈਆ । ਚੌਥੀ ਮੰਜ਼ਲ ਵੇਖੋ ਮਜ਼ਾ, ਮਜ਼ਲੂਮਾਂ ਆਪ ਜਣਾਇੰਦਾ । ਕਲਜੁਗ ਜ਼ਾਲਮ ਜ਼ੁਲਮ ਦੇਵਣ ਵਾਲਾ ਸਜ਼ਾ, ਸਾਹਿਬ ਆਪਣਾ ਖੇਲ ਕਰਾਇੰਦਾ । ਸਭ ਦੇ ਸਿਰ ਤੇ ਕੂਕੇ ਕਜ਼ਾ, ਕਾਲ ਆਪਣਾ ਡੰਕ ਵਜਾਇੰਦਾ । ਕਲਜੁਗ ਘਰ ਘਰ ਕਰਦਾ ਗਜਾ, ਸਚ ਸੁੱਚ ਕਿਸੇ ਘਰ ਰਹਿਣ ਨਾ ਪਾਇੰਦਾ । ਭੁੱਖਾ ਨੰਗਾ ਫਿਰਦਾ ਭੱਜਾ, ਵਾਹੋ ਦਾਹੀ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੰਧ ਆਪ ਮੁਕਾਇੰਦਾ । ਸਾਚਾ ਪੰਧ ਮੁਕਾਏ ਸਾਹਿਬ ਸੁਲਤਾਨ, ਸੋ ਪੁਰਖ ਨਿਰੰਜਣ ਵੱਡੀ ਵਡਿਆਈਆ । ਨਿਰਗੁਣ ਦਾਤਾ ਹੋ ਪਰਧਾਨ, ਸਚ ਪਰਧਾਨਗੀ ਇਕ ਕਮਾਈਆ । ਈਸਾ ਮੂਸਾ ਮੁਹੰਮਦ ਨਾਤਾ ਤੁਟੇ ਅੰਜੀਲ ਕੁਰਾਨ, ਮਸਲਾ ਇਕੋ ਇਕ ਜਣਾਈਆ । ਸ਼ਰਅ ਰਹੇ ਨਾ ਕੋਇ ਸ਼ੈਤਾਨ, ਸ਼ਰੀਅਤ ਆਪਣੇ ਵਿਚ ਛੁਪਾਈਆ । ਇਕ ਦਰਸਾਏ ਸਚ ਈਮਾਨ, ਅਮਾਮ ਇਕੋ ਨਜ਼ਰੀ ਆਈਆ । ਨਿਰਵੈਰ ਦੇ ਪੈਗ਼ਾਮ, ਕਹਿਰ ਕਲਜੁਗ ਦਏ ਗਵਾਈਆ । ਸ਼ਾਇਰ ਕਰੇ ਨਾ ਕੋਇ ਬਿਆਨ, ਸਿਫ਼ਤ ਸਿਫ਼ਤ ਨਾ ਕੋਇ ਸਾਲਾਹੀਆ । ਅਲਫ਼ ਯੇ ਨਾ ਪਾਏ ਮੁਕਾਮ, ਬੇਮੁਕਾਮ ਬੇਪਰਵਾਹੀਆ । ਨੁਕਤਾ ਨੂਨ ਨਾ ਕੋਇ ਹੈਰਾਨ, ਐਨ ਅੱਖ ਨਾ ਕੋਇ ਖੁਲ੍ਹਾਈਆ । ਗ਼ਫ਼ਲਤ ਵਿਚ ਹੋਏ ਗ਼ਲਤਾਨ, ਗ਼ਾਲਬ ਕੂੜੀ ਕਿਰਿਆ ਸਿਰ ਤੇ ਛਾਈਆ । ਮਸਕਰਾ ਬਣਿਆ ਨਾਲ ਸ਼ੈਤਾਨ, ਨਟੂਆ ਆਪਣਾ ਨਾਚ ਨਚਾਈਆ । ਪੰਜੇ ਵਕਤ ਨਿਮਾਜ਼ ਨਿਮਾਜ਼ੀ ਸਕੇ ਨਾ ਕੋਇ ਪਹਿਚਾਨ, ਨੂਰ ਨਜ਼ਰ ਕਿਸੇ ਨਾ ਆਈਆ । ਬਿਨ ਮੁਰਸ਼ਦ ਬਿਨ ਕਲਮੇ ਸਾਰੇ ਹੋਏ ਹਰਾਮ, ਰਹਿਮਾਨ ਨਜ਼ਰ ਕੋਇ ਨਾ ਪਾਈਆ । ਪੀਰ ਪੈਗ਼ੰਬਰ ਦੇਵਣ ਆਪ ਬਿਆਨ, ਬੇਵਾ ਹੋਈ ਸਰਬ ਲੋਕਾਈਆ । ਖ਼ਾਵੰਦ ਦਿਸੇ ਨਾ ਕਿਸੇ ਨਾਲ, ਖ਼ੌਂਤ ਕੰਤ ਨਾ ਕੋਇ ਹੰਢਾਈਆ । ਨਜ਼ਰ ਆਏ ਨਾ ਨਾਰ ਰਕਾਨ ਜੋਬਨ ਮਤੀ,

ਆਪਣੇ ਪਤੀ ਪਰਮ ਪੁਰਖ ਧਿਆਨ ਲਗਾਈਆ । ਚਰਨ ਕਵਲ ਨਾ ਕੋਈ ਸਤੀ, ਰੱਤ ਸੁਕਾਏ ਨਾ ਕੋਇ ਰੱਤੀ, ਪਲੰਘ ਰੰਗੀਲਾ ਨਾ ਕੋਇ ਹੰਢਾਈਆ । ਅਲਫ਼ ਆਰਫ਼ਾਂ ਪੜ੍ਹੀ ਨਾ ਕੋਇ ਪੱਟੀ, ਪੇ ਯੁਕਤੀ ਕੋਈ ਨਾ ਦੱਸੀ, ਮੁਫ਼ਤੋ ਮੁਫ਼ਤੀ ਆਪਣਾ ਆਪ ਗਏ ਗਵਾਈਆ । ਕਲਜੁਗ ਅੰਤਮ ਅੱਲਾ ਰਾਣੀ ਚਤਰ ਸੁਘੜ ਸਵਾਣੀ ਹੋਈ ਹੱਕੀ ਬੱਕੀ, ਨੇਤਰ ਨੈਣ ਨੈਣ ਸ਼ਰਮਾਈਆ । ਪਰਵਰਦਿਗਾਰ ਸਾਂਝਾ ਯਾਰ ਸਭ ਦੀ ਜੜ੍ਹ ਰਿਹਾ ਪੱਟੀ, ਉਖੇੜਾ ਇਕੋ ਇਕ ਲਗਾਈਆ । ਚੌਦਾਂ ਤਬਕ ਦਿਸਣ ਖ਼ਾਲੀ ਹੱਟੀ, ਹਟਵਾਣਾ ਨਜ਼ਰ ਕੋਇ ਨਾ ਆਈਆ । ਹੱਥ ਵਿਚ ਲੈ ਕੇ ਮੌਲੀ ਅੱਟੀ, ਤੰਦ ਤੰਦ ਨਾਲ ਤੁੜਾਈਆ । ਮੱਕੇ ਕਾਅਬਿਉਂ ਆਈ ਨੱਠੀ, ਥਲਾਂ ਵਿਚ ਦੇਂਦੀ ਦਰਦ ਦੁਹਾਈਆ । ਮੇਰੀ ਪਤ ਕਿਸੇ ਨਾ ਰੱਖੀ, ਸਿਰ ਸਾਲੂ ਨਾ ਕੋਇ ਟਿਕਾਈਆ । ਚਾਰੋਂ ਕੁੰਟ ਮਾਰੀ ਗਈ ਮਤੀ, ਮਤਵਾਲੀ ਹੋਈ ਲੋਕਾਈਆ । ਮੈਨੂੰ ਵੇਖ ਕੇ ਪੈਂਦੀ ਗ਼ਸ਼ੀ, ਸੁਰਤ ਸੰਬਲ ਨਾ ਸਕਾਂ ਰਾਈਆ । ਜਿਸ ਦੇ ਬਿਰਹੋਂ ਵੈਰਾਗ ਵਿਚ ਤੜਫਦੀ ਰਹੀ ਮੱਛੀ, ਸੋ ਸਮੁੰਦ ਆਪਣਾ ਨੀਰ ਨਾ ਕੋਇ ਪਿਆਈਆ । ਮੈਂ ਕੋਝੀ ਕਮਲੀ ਹੋਈ ਕੱਚੀ, ਕੁਚੀਲ ਆਪਣਾ ਆਪ ਨਜ਼ਰੀ ਆਈਆ । ਕਿਉਂ ਮੇਰੀ ਉਮਤ ਨਾ ਰਹੀ ਸੱਚੀ, ਭੁਲਿਆ ਬੇਪਰਵਾਹੀਆ । ਮੈਂ ਦਰ ਦਰ ਜਾ ਕੇ ਨੱਚੀ, ਮੁਖ ਆਪਣਾ ਘੁੰਗਟ ਲਾਹੀਆ । ਕਿਸੇ ਮਸਜਦ ਰਹਿਣਾ ਨਾ ਦੀਵਾ ਬੱਤੀ, ਕਬਰਸਤਾਨ ਦੇਣ ਦੁਹਾਈਆ । ਬਿਨ ਪਰਵਰਦਿਗਾਰ ਖੱਟੀ ਕਿਸੇ ਨਾ ਖੱਟੀ, ਖਟਕਾ ਘਰ ਘਰ ਰਹੀ ਜਣਾਈਆ । ਵੇਖੇ ਦੋਜ਼ਖ਼ ਬਹਿਸ਼ਤ ਦੋ ਜਹਾਨ ਤਪਦੀ ਭੱਠੀ, ਭਾਣਾ ਹਰਿ ਜੂ ਰਿਹਾ ਵਰਤਾਈਆ । ਕਿਸੇ ਦੀ ਰਹਿਣੀ ਨਹੀਂ ਪੰਜ ਤੱਤ ਮਟੀ, ਮਟਕਾ ਸਭ ਦਾ ਭੰਨ ਵਖਾਈਆ । ਪੀਰ ਪੈਗ਼ੰਬਰ ਵੇਖੋ ਖ਼ਾਲੀ ਹੱਥੀਂ, ਨੇਤਰ ਨੈਣਾਂ ਨੀਰ ਵਹਾਈਆ । ਗਲ ਪਾ ਪੱਲੂ ਵਾਸਤਾ ਰਹੇ ਘੱਤੀ, ਬਣ ਬਰਦੇ ਸਯਦਾ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਆਪਣਾ ਖੇਲ ਵਰਤਾਈਆ । ਪੀਰ ਪੈਗ਼ੰਬਰ ਤੱਕਣ ਰਾਹ, ਨੈਣ ਨੈਣ ਧਿਆਨ ਲਗਾਇਆ । ਅੱਲਾ ਰਾਣੀ ਹੋਈ ਬੇਪਨਾਹ, ਦਰ ਨਜ਼ਰ ਕੋਇ ਨਾ ਆਇਆ । ਬਖ਼ਸ਼ੇ ਕੋਈ ਨਾ ਜਗਤ ਗੁਨਾਹ, ਉਮਤ ਲਏ ਨਾ ਕੋਇ ਬਚਾਇਆ । ਹੋਣਾ ਪਏ ਸਰਬ ਫਨਾਹ, ਫਤਵਾ ਸਾਦਰ ਆਪ ਕਰਾਇਆ । ਚਾਰ ਕੁੰਟ ਹੋਏ ਹੈਰਾਨ, ਹਰਿ ਕਾ ਭੇਵ ਕਿਸੇ ਨਾ ਆਇਆ । ਮੁੱਲਾ ਸ਼ੇਖ਼ ਹੋਏ ਪਰੇਸ਼ਾਨ, ਪਰੇਸ਼ਾਨੀ ਨਾ ਕੋਇ ਗਵਾਇਆ । ਮਿਲਿਆ ਹੱਕ ਨਾ ਕੋਇ ਈਮਾਨ, ਆਦਮ ਰੂਪ ਨਾ ਕੋਇ ਜਣਾਇਆ । ਭੁਲਿਆ ਹਜ਼ਰਤ ਇਕ ਪੈਗ਼ਾਮ, ਬੀੜਾ ਕਿਸੇ ਨਾ ਆਤਮ ਉਠਾਇਆ । ਨਿਰਗੁਣ ਬਦਲੇ ਅੰਤ ਨਜ਼ਾਮ, ਨਗ਼ਮਾ ਇਕੋ ਨਾਮ ਸੁਣਾਇਆ । ਪਿਛਲਾ ਰਹੇ ਨਾ ਕੋਇ ਮੁਕਾਮ, ਹੁਕਮ ਇਕੋ ਇਕ ਦਰਸਾਇਆ । ਲੇਖਾ ਚੁਕੇ ਜਗਤ ਤਮਾਮ, ਤੁਖ਼ਮ ਸਭ ਦਾ ਦਏ ਮਿਟਾਇਆ । ਪਰਗਟ ਹੋ ਸ੍ਰੀ ਭਗਵਾਨ, ਭਾਣਾ ਆਪਣਾ ਰਿਹਾ ਜਣਾਇਆ । ਚੌਦਾਂ ਲੋਕ ਮਿਟੇ ਨਿਸ਼ਾਨ, ਨਿਸ਼ਾਨਾ ਇਕੋ ਇਕ ਦਰਸਾਇਆ । ਲੇਖਾ ਜਾਣ ਦੋ ਜਹਾਨ, ਦੋਏ ਦੋਏ ਧਾਰਾ ਰਾਹ ਵਖਾਇਆ । ਨੇਤਰ ਪੇਖੋ ਇਕੋ ਰਾਮ, ਘਰ ਘਰ ਬੈਠਾ ਨਜ਼ਰੀ ਆਇਆ । ਮੇਟੇ ਰੈਣ ਅੰਧੇਰੀ ਸ਼ਾਮ, ਸ਼ਮਾ ਇਕੋ ਨੂਰ ਰੁਸ਼ਨਾਇਆ । ਸਾਰੇ ਬਰਦੇ ਬਣੇ ਗ਼ੁਲਾਮ, ਬਰੀਖ਼ਾਨਾ ਦਏ ਵਖਾਇਆ । ਪੀਰ ਪੈਗ਼ੰਬਰ ਗੁਰ ਅਵਤਾਰ ਕਲਮਾ ਪੜ੍ਹੇ ਕਲਾਮ, ਨਾਮ ਸੋਹਲਾ ਇਕ ਜਣਾਇਆ । ਢੋਲਾ ਗਾਏ ਆਪ ਭਗਵਾਨ, ਪੜਦਾ ਉਹਲਾ ਦਏ ਉਠਾਇਆ । ਮੌਲਾ ਬਣੇ ਨੌਜਵਾਨ, ਨੌਬਤ ਆਪਣੇ ਨਾਮ ਵਜਾਇਆ । ਚੌਥੀ ਮੰਜ਼ਲ ਹੋ ਪਰਧਾਨ, ਚੌਥਾ ਘਰ ਦਏ ਦਸਾਇਆ । ਨਜ਼ਰੀ ਆਏ ਇਕੋ ਕਾਹਨ, ਗਹਿਰ ਗੰਭੀਰ ਵਡ ਵਡਿਆਇਆ ।

੭੮੩
੧੩

ਪਹਿਲੀ ਚੇਤਰ ਦਿਵਸ ਮਹਾਨ, ਚੇਤਾ ਸਭ ਨੂੰ ਦਏ ਕਰਾਇਆ । ਲੇਖਾ ਲਿਖੇ ਆਪ ਜਣਾਏ ਸਚ ਵਿਧਾਨ, ਵਿਦਤ ਮਾਣ ਨਾ ਕੋਇ ਵਡਿਆਇਆ । ਅੰਤਮ ਝੁੱਲਣਾ ਇਕ ਨਿਸ਼ਾਨ, ਨਿਸ਼ਾਨਾ ਸਭ ਨੂੰ ਦਏ ਦਰਸਾਇਆ । ਸ਼ਾਹ ਸੁਲਤਾਨਾ ਚਰਨੀ ਡਿਗਣਾ ਆਣ, ਚਰਨ ਚਰਨੋਦਕ ਮੁਖ ਚੁਆਇਆ । ਰਾਸ਼ਟਰਪਤ ਦਏ ਪੈਗ਼ਾਮ, ਪਰਮ ਪੁਰਖ ਹੁਕਮ ਸੁਣਾਇਆ । ਪੰਚਮ ਜੇਠ ਮਿਲਣਾ ਪਏ ਨਾਲ ਭਗਵਾਨ, ਰਾਜ ਮੰਤਰੀ ਨਾਲ ਮਿਲਾਇਆ । ਘਰ ਦੱਸ ਕੇ ਆਵੇ ਅਗਲਾ ਬਿਆਨ, ਜਿਸ ਦਾ ਭੇਵ ਕਿਸੇ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਚਮ ਜੇਠ ਲੇਖਾ ਸਾਚਾ ਦਏ ਜਣਾਇਆ । ਪੰਚਮ ਜੇਠ ਦਿਲੀ ਦਵਾਰ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਭਾਰਤ ਖੰਡ ਰਹਿਣਾ ਖ਼ਬਰਦਾਰ, ਪਾਰਬ੍ਰਹਮ ਬ੍ਰਹਮ ਜਣਾਈਆ । ਮੰਤਰੀ ਮੰਡਲ ਰਹਿਣਾ ਤਿਆਰ, ਮੰਤਰ ਇਕੋ ਇਕ ਸਮਝਾਈਆ । ਜਿਸ ਅੰਤਮ ਸਭ ਦੀ ਪੌਣੀ ਸਾਰ, ਹੋਏ ਸਰਬ ਸਹਾਈਆ । ਕਲ ਕਲਕੀ ਲੈ ਅਵਤਾਰ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਲੁਕਿਆ ਰਹੇ ਨਾ ਅੰਤਮ ਵਾਰ, ਪੜਦਾ ਆਪਣਾ ਆਪ ਉਠਾਈਆ । ਜੋਤ ਸਰੂਪੀ ਕਰੇ ਨਾ ਕੋਇ ਗਰਿਫ਼ਤਾਰ, ਗਰਿਫ਼ਤ ਵਿਚ ਕਦੇ ਨਾ ਆਈਆ । ਦੋ ਜਹਾਨਾਂ ਆਪ ਮੁਖ਼ਤਿਆਰ, ਮੁਫ਼ਤ ਆਪਣਾ ਫੇਰਾ ਪਾਈਆ । ਕਲਜੁਗ ਕੂੜਾ ਮੇਟੇ ਵਿਕਾਰ, ਵਿਸ਼ਵ ਆਪਣਾ ਰਾਹ ਜਣਾਈਆ । ਪੰਡਤ ਪਾਂਧੇ ਲਏ ਉਠਾਲ, ਚੌਦਾਂ ਵਿਦਿਆ ਭੇਵ ਖੁਲ੍ਹਾਈਆ । ਲੇਖਾ ਜਾਣੇ ਦੀਨ ਦਿਆਲ, ਦੇਵਣਹਾਰਾ ਥਾਉਂ ਥਾਈਂਆ । ਮੇਲ ਮਿਲਾਏ ਸ਼ਾਹ ਕੰਗਾਲ, ਸ਼ਾਹ ਕੰਗਾਲ ਇਕੋ ਰੂਪ ਜਣਾਈਆ । ਸੁਣਨਹਾਰਾ ਮੁਰੀਦਾਂ ਹਾਲ, ਮੁਰਸ਼ਦ ਆਪਣਾ ਫੇਰਾ ਪਾਈਆ । ਪੂਤ ਸਪੂਤਾ ਬ੍ਰਹਿਮਣ ਗੌੜਾ ਉਚੇ ਟਿੱਲੇ ਪਰਬਤ ਰਹੇ ਭਾਲ, ਭਾਲਿਆਂ ਹੱਥ ਕਿਸੇ ਨਾ ਆਈਆ । ਈਸਾ ਮੂਸਾ ਮੁਹੰਮਦ ਸੁਰਤ ਲਏ ਸੰਭਾਲ, ਸਵਾਣੀ ਭੱਜੇ ਨਾ ਵਾਹੋ ਦਾਹੀਆ । ਨਾਨਕ ਗੋਬਿੰਦ ਭਵਿਖਤ ਵਾਕ ਲਏ ਪਾਲ, ਵਾਕਿਆ ਵੇਖੇ ਥਾਉਂ ਥਾਈਂਆ । ਖ਼ਾਕਾ ਖਿਚੇ ਬੇਮਿਸਾਲ, ਕਲਮ ਸ਼ਾਹੀ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚੌਥਾ ਮਹੱਲਾ ਇਕ ਇਕੱਲਾ ਏਕੰਕਾਰਾ ਇਕ ਜਣਾਈਆ । ਚੌਥੇ ਮੰਦਰ ਚੜ੍ਹ ਕੇ ਬੋਲੇ, ਅਨਬੋਲਤ ਭੇਵ ਜਣਾਈਆ । ਭਗਤ ਜਨਾਂ ਦਾ ਕੁੰਡਾ ਖੋਲ੍ਹੇ, ਆਤਮ ਪੜਦਾ ਦਏ ਉਠਾਈਆ । ਨਿਰਗੁਣ ਹੋ ਕੇ ਨਿਰਗੁਣ ਮੌਲੇ, ਮੌਲਾ ਨਜ਼ਰ ਕਿਸੇ ਨਾ ਆਈਆ । ਸੰਤਨ ਕਰੇ ਭਾਰ ਹੌਲੇ, ਭਾਰ ਆਪਣੇ ਕੰਧ ਉਠਾਈਆ । ਗੁਰਮੁਖਾਂ ਵਸੇ ਸਦਾ ਕੋਲੇ, ਕਵਲ ਨਾਭੀ ਅੰਮ੍ਰਿਤ ਝਿਰਨਾ ਆਪ ਝਿਰਾਈਆ । ਗੁਰਸਿਖ ਵੇਖੇ ਕਾਇਆ ਡੋਲੇ, ਮੁਖ ਘੁੰਗਟ ਪੜਦਾ ਲਾਹੀਆ । ਨਿਰਗੁਣ ਸਰਗੁਣ ਸੁਣਾਏ ਢੋਲੇ, ਸੋਹੰ ਇਕ ਪੜ੍ਹਾਈਆ । ਨਾੜ ਬਹੱਤਰ ਰੱਤ ਮੂਲ ਨਾ ਖੌਲੇ, ਸਾਂਤਕ ਸਤਿ ਸਤਿ ਕਰਾਈਆ । ਮਨ ਵਾਸਨਾ ਨਾ ਪਾਏ ਰੌਲੇ, ਦਹਿ ਦਿਸ਼ਾ ਨਾ ਉਠ ਉਠ ਧਾਈਆ । ਲੱਖ ਚੁਰਾਸੀ ਆਪੇ ਟੋਹ ਲਏ, ਘਰ ਘਰ ਬੈਠਾ ਮਾਹੀਆ । ਆਪਣੀ ਵਸਤ ਰੱਖੇ ਕੋਲੇ, ਜਿਸ ਭਾਵੇ ਦਏ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਉਚੇ ਮੰਦਰ ਫੇਰਾ ਪਾਈਆ । ਸਾਚੇ ਮੰਦਰ ਚੜ੍ਹੇ ਛੱਤ, ਹਰਿਜਨ ਛਾਤੀ ਨਾਲ ਲਗਾਇੰਦਾ । ਇਕੋ ਦੇਵੇ ਬ੍ਰਹਮ ਮਤ, ਬ੍ਰਹਮ ਵਿਦਿਆ ਆਪ ਪੜ੍ਹਾਇੰਦਾ । ਚਾਰ ਵਰਨ ਮਾਰਗ ਦੱਸ, ਚਾਰ ਯਾਰੀ ਪੰਧ ਗਵਾਇੰਦਾ । ਪੁਰਖ ਅਕਾਲ ਇਕੋ ਨਤ, ਸਾਚਾ ਨਾਤਾ ਜੋੜ ਜੁੜਾਇੰਦਾ । ਆਤਮ ਪਰਮਾਤਮ ਦੇਵੇ ਦਾਤ, ਦਾਤਾ ਦਾਨੀ ਝੋਲੀ ਪਾਇੰਦਾ । ਸ੍ਰਿਸ਼ਟ ਸਬਾਈ ਬਣੇ ਇਕ ਜਮਾਤ, ਇਕੋ ਪੱਟੀ ਆਪ ਸਮਝਾਇੰਦਾ । ਇਕੋ ਕਲਮ ਇਕ ਦਵਾਤ, ਇਕੋ ਸ਼ਾਹੀ ਪਾਣੀ ਮੇਲ ਮਿਲਾਇੰਦਾ । ਇਕੋ ਨੂਰ ਇਕੋ ਜ਼ਾਤ,

ਜ਼ਹੂਰ ਇਕੋ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਉਚ ਮਹੱਲੇ ਆਸਣ ਲਾਇੰਦਾ । ਉਚੀ ਛੱਤ ਦੇਵੇ ਸਾਂਤ, ਸਤਿ ਸਤਿ ਵਰਤਾਈਆ । ਗੁਰਮੁਖਾਂ ਕੱਢੇ ਭਰਮ ਭਰਾਂਤ, ਭਰਮ ਗੜ੍ਹ ਤੁੜਾਈਆ । ਨਜ਼ਰੀ ਆਏ ਇਕ ਅਬਿਨਾਸ਼, ਅਬਿਨਾਸ਼ੀ ਦਇਆ ਕਮਾਈਆ । ਪਹਿਲੀ ਚੇਤਰ ਸਭ ਦੀ ਪੂਰੀ ਕਰੇ ਖਾਹਸ਼, ਜੋ ਬੈਠੇ ਧਿਆਨ ਲਗਾਈਆ । ਜੂਠ ਝੂਠ ਕਰਕੇ ਫ਼ਾਸ ਫ਼ਾਸ, ਫ਼ੈਸਲਾ ਦੇਵੇ ਦੂਰ ਮੁਕਾਈਆ । ਨਜ਼ਰੀ ਆਏ ਸਾਖਿਆਤ, ਸਾਹਿਬ ਆਪਣਾ ਰੂਪ ਵਟਾਈਆ । ਸਚ ਸੰਦੇਸਾ ਦੱਸੇ ਇਕੋ ਬਾਤ, ਜ਼ਾਹਰ ਬਾਤਨ ਕਰ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੇਤਰ ਨੈਣ ਇਕ ਦਰਸਾਈਆ । ਉਚੇ ਮੰਦਰ ਖੋਲ੍ਹੇ ਨੈਣ, ਨੈਣ ਨੈਣ ਜਣਾਈਆ । ਸਾਹਿਬ ਸਤਿਗੁਰ ਆਏ ਲੈਣ, ਲਹਿਣਾ ਝੋਲੀ ਪਾਈਆ । ਹਰਿ ਸੰਗਤ ਵਿਚ ਦੱਸਣਾ ਬਹਿਣ, ਦੂਈ ਦਵੈਤੀ ਪੰਧ ਮੁਕਾਈਆ । ਗੁਰਮੁਖ ਨਾਤਾ ਭਾਈ ਭੈਣ, ਅੱਖ ਅੱਖ ਨਾ ਕੋਇ ਉਠਾਈਆ । ਸਤਿਗੁਰ ਸਰਨਾਈ ਗੁਰਸਿਖ ਢਹਿਣ, ਢਹਿ ਢਹਿ ਖ਼ੁਸ਼ੀ ਮਨਾਈਆ । ਅੰਤ ਨਾ ਖਾਏ ਲਾੜੀ ਮੌਤ ਡੈਣ, ਰਾਏ ਧਰਮ ਨਾ ਦਏ ਸਜ਼ਾਈਆ । ਸਾਹਿਬ ਸਤਿਗੁਰ ਆਏ ਲੈਣ, ਚਿਤਰ ਗੁਪਤ ਲੇਖਾ ਦਏ ਮੁਕਾਈਆ । ਸਾਚੇ ਘਰ ਗੁਰਮੁਖ ਬਹਿਣ, ਜਿਸ ਘਰ ਵੱਜੇ ਹਰਿ ਵਧਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਭਗਤ ਭਗਵਾਨ ਗਾਇਣ ਇਕੋ ਗਾਇਣ, ਗਹਿਰ ਗੰਭੀਰ ਖ਼ੁਸ਼ੀ ਮਨਾਈਆ । ਨਾ ਕੋਈ ਦਿਵਸ ਨਾ ਕੋਈ ਰੈਣ, ਸੂਰਜ ਚੰਦ ਨਾ ਕੋਇ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚੌਥਾ ਪਦ ਦਏ ਵਖਾਈਆ । ਗੁਰਮੁਖ ਵੇਖਣਾ ਚੌਥਾ ਪਦ, ਪਰਭਾਤੀ ਆਪ ਜਣਾਈਆ । ਜੁਗ ਜੁਗ ਵਿਛੜੇ ਲਏ ਸੱਦ, ਸੱਦਾ ਨਾਮ ਸੁਣਾਈਆ । ਕਲਜੁਗ ਕੂੜੀ ਕਿਰਿਆ ਪਾਰ ਕਰੇ ਹੱਦ, ਹਦੂਦ ਕੋਈ ਰਹਿਣ ਨਾ ਪਾਈਆ । ਪਾਰਬ੍ਰਹਮ ਦੀ ਇਕੋ ਯੱਦ, ਬ੍ਰਹਮ ਵੰਡ ਵੰਡਾਈਆ । ਜ਼ਾਤ ਪਾਤ ਊਚ ਨੀਚ ਖਹਿੜਾ ਦਿਓ ਛੱਡ, ਸ੍ਰੀ ਭਗਵਾਨ ਚਰਨ ਧਿਆਨ ਲਗਾਈਆ । ਬਿਨ ਹਰਿ ਨਾਮੇ ਖ਼ਾਲੀ ਦਿਸਣ ਹੱਡ, ਜਗਤ ਵਿਦਿਆ ਕੰਮ ਕਿਸੇ ਨਾ ਆਈਆ । ਅੰਮ੍ਰਿਤ ਪੀਊ ਇਕੋ ਨਾਮ ਮਧ, ਮਧ ਪਿਆਲਾ ਦਿਓ ਰੁੜ੍ਹਾਈਆ । ਹਲਾਲੀ ਕੁਠਾ ਖਾਣਾ ਦਿਓ ਛੱਡ, ਝਟਕਾ ਝਟਕ ਨਾ ਕੋਇ ਕਰਾਈਆ । ਪ੍ਰਭ ਸੱਚੇ ਦਾ ਮਾਣੋ ਰਸ, ਜਿਸ ਰਸ ਵਿਚ ਬ੍ਰਹਮਾ ਵਿਸ਼ਨ ਸ਼ਿਵ ਸਮਾਈਆ । ਆਤਮ ਪਰਮਾਤਮ ਲੈ ਲਓ ਹੱਕ, ਹਿੱਸਾ ਆਪਣਾ ਅੰਤ ਵੰਡਾਈਆ । ਸ੍ਰੀ ਭਗਵਾਨ ਅੱਗੇ ਭਗਤੋ ਜਾਓ ਡਟ, ਆਪਣਾ ਬਲ ਵਖਾਈਆ । ਜਿੰਨਾਂ ਚਿਰ ਸਾਡੇ ਅੰਦਰ ਨਾ ਖੋਲ੍ਹੇਂ ਹੱਟ, ਆਪਣੀ ਸੇਵ ਕਮਾਈਆ । ਜੋਤ ਪਰਕਾਸ਼ ਨਾ ਹੋਵੇ ਲਟ ਲਟ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਪੁਰਖ ਅਕਾਲ ਤੂੰ ਦੇਂਦਿਆ ਨਾ ਜਾਏਂ ਥੱਕ, ਤੇਰੇ ਘਰ ਤੋਟ ਨਾ ਰਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਵੇਂਹਦਿਆਂ ਗਏ ਥੱਕ, ਕਵਣ ਵੇਲਾ ਨਿਹਕਲੰਕ ਫੇਰਾ ਪਾਈਆ । ਕਲਜੁਗ ਜੀਵਾਂ ਕੋਲੋਂ ਫਿਰਦੇ ਬਚ ਬਚ, ਕੋਈ ਦੇਵੇ ਨਾ ਧੱਕਾ ਲਾਈਆ । ਬੌਹੜੀ ਦਰੋਹੀ ਖ਼ੁਦਾ ਦੀ ਪਰਵਰਦਿਗਾਰ ਕਿਸੇ ਦਵਾਰਿਉਂ ਮਿਲੇ ਨਾ ਸਚ, ਮੰਦਰ ਮਸਜਦ ਸ਼ਿਵਦਵਾਲੇ ਮੱਠ, ਕੂੜੀ ਕਿਰਿਆ ਕੁਕਰਮੀ ਕੁਕਰਮ ਕਮਾਈਆ । ਧੀਰਜ ਸੰਤੋਖ ਛੱਡਿਆ ਸਭ ਨੇ ਹਠ, ਵਿਭਚਾਰ ਰਹੇ ਕਮਾਈਆ । ਕਿਸੇ ਸੰਤ ਨਾ ਰਿਹਾ ਸਤਿ, ਸਤੀ ਨਾਰ ਨਾ ਕੋਇ ਜਣਾਈਆ । ਕਲਜੁਗ ਸਭ ਦੀ ਮਾਰੀ ਮਤ, ਮਤਵਾਲੀ ਹੋਈ ਜਗਤ ਲੋਕਾਈਆ । ਰਾਜ ਰਾਜਾਨ ਸ਼ਾਹ ਸੁਲਤਾਨ ਹਾਕਮ ਮਦਿਰਾ ਹੱਥੀਂ ਪੀਣ ਗਟ ਗਟ, ਰਸਨਾ ਬੱਤੀ ਦੰਦ ਨਾਲ ਮਿਲਾਈਆ । ਫਿਰ ਉਚੀ ਕੂਕਣ ਪਾਰਬ੍ਰਹਮ ਦੀ ਜੜ੍ਹ ਦੇਈਏ ਪੱਟ, ਸਾਡੇ ਹੱਥ ਹੁਕਮ ਆਪਣਾ ਬਲ ਜਣਾਈਆ ।

੭੮੬
੧੩

ਕੂੜੀ ਕਿਰਿਆ ਸੱਬਰ ਬੈਠੇ ਘੱਤ, ਵਿਸ਼ਾ ਸਚ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਇਕੋ ਮਾਰਗ ਦੇਵੇ ਲਾਈਆ । ਇਕੋ ਮਾਰਗ ਲਾਵੇਗਾ । ਹਰਿ ਸਾਜਣ ਸਚ ਮਿਲਾਵੇਗਾ । ਰਾਜਨ ਰਾਜ ਸਮਝਾਵੇਗਾ । ਕਾਜਨ ਕਾਜ ਰਚਾਵੇਗਾ । ਲਾਜਨ ਲਾਜ ਰਖਾਵੇਗਾ । ਨਾਚਨ ਨਾਚ ਨਚਾਵੇਗਾ । ਆਂਚਨ ਆਂਚ ਲਗਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਇਕੋ ਘਰ ਵਖਾਵੇਗਾ । ਜਨ ਭਗਤਾਂ ਇਕੋ ਘਰ ਵਖਾਵਾਂਗਾ । ਇਕੋ ਦਰ ਖੁਲ੍ਹਾਵਾਂਗਾ । ਇਕੋ ਨਰ ਜਣਾਵਾਂਗਾ । ਇਕੋ ਡਰ ਮੁਕਾਵਾਂਗਾ । ਇਕੋ ਸਰ ਨੁਹਾਵਾਂਗਾ । ਇਕੋ ਗੜ੍ਹ ਤੁੜਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹੱਲ ਅਟੱਲ ਇਕ ਰੁਸ਼ਨਾਵਾਂਗਾ । ਮਹੱਲ ਅਟੱਲ ਇਕ ਰੁਸ਼ਨਾਏਗਾ । ਨਿਹਚਲ ਧਾਮ ਸੁਹਾਏਗਾ । ਅਸਥਲ ਘਰ ਵਸਾਏਗਾ । ਥਿਰ ਘਰ ਸੋਭਾ ਪਾਏਗਾ । ਸਚਖੰਡ ਡੇਰਾ ਲਾਏਗਾ । ਸੋ ਪੁਰਖ ਨਿਰੰਜਣ ਨਾਮ ਧਰਾਏਗਾ । ਹਰਿ ਪੁਰਖ ਨਿਰੰਜਣ ਫੇਰਾ ਪਾਏਗਾ । ਏਕੰਕਾਰਾ ਵੇਖ ਵਖਾਏਗਾ । ਆਦਿ ਨਿਰੰਜਣ ਜੋਤ ਨਿਰੰਜਣ ਪੜਦਾ ਲਾਹੇਗਾ । ਸ੍ਰੀ ਭਗਵਾਨ ਸਗਲਾ ਭੇਵ ਚੁਕਾਏਗਾ । ਅਬਿਨਾਸ਼ੀ ਕਰਤਾ ਘਰ ਘਰ ਵੇਖ ਵਖਾਏਗਾ । ਪਾਰਬ੍ਰਹਮ ਬ੍ਰਹਮ ਸਮਝਾਏਗਾ । ਕਰਮ ਧਰਮ ਇਕ ਜਣਾਏਗਾ । ਨਿਹਕਰਮੀ ਨਿਹਕਰਮੀ ਕਰ ਵਖਾਏਗਾ । ਵਰਨ ਬਰਨ ਡੇਰਾ ਢਾਹੇਗਾ । ਤਰਨ ਤਾਰਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚੌਥਾ ਪਦ ਇਕ ਵਖਾਏਗਾ । ਚੌਥੇ ਘਰ ਪਹਿਲਾ ਕਦਮ, ਜਨ ਭਗਤਾਂ ਆਪ ਰਖਾਈਆ । ਲੇਖਾ ਜਾਣੇ ਨਿਰਗੁਣ ਅਦਮ, ਅੰਤ ਵਡ ਵਡਿਆਈਆ । ਸਭ ਦੇ ਨਿਰਗੁਣ ਚਰਨ ਵਿਚ ਨਿਰਗੁਣ ਰੱਖੇ ਪਦਮ, ਪਰਦਾ ਸਰਗੁਣ ਚਮੜਾ ਉਤੇ ਪਾਈਆ । ਆਤਮਾ ਬੰਦ ਰੱਖੇ ਕਾਇਆ ਬਦਨ, ਪੰਜ ਤੱਤ ਚੋਲਾ ਇਕ ਵਖਾਈਆ । ਕਰ ਕਿਰਪਾ ਜੁਗ ਜੁਗ ਭਗਤਾਂ ਆਵੇ ਸੱਦਣ, ਸਦਾ ਇਕੋ ਇਕ ਸੁਣਾਈਆ । ਅੰਤਮ ਲਹਿੰਦੀ ਦਿਸ਼ਾ ਮੁਸਲਮ ਲੇਖਾ ਮੇਲਾ ਹੋਏ ਅਦਨ, ਅਦਨਾ ਸਭ ਨੂੰ ਦਏ ਕਰਾਈਆ । ਜਲੋਂ ਥਲੋਂ ਬਾਹਰ ਆਏ ਕੱਢਣ, ਡੂੰਘੇ ਸਾਗਰ ਫੇਰਾ ਪਾਈਆ । ਭਾਈਆਂ ਕੋਲ ਭਾਈ ਆਏ ਛੱਡਣ, ਖਹਿੜਾ ਜਗਤ ਲੋਕਾਈਆ । ਗੁਰਮੁਖ ਸੱਚੇ ਗੁਰ ਦਰ ਗੱਜਣ, ਸੋਹੰ ਢੋਲਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਲੱਖ ਚੁਰਾਸੀ ਆਪ ਪੜ੍ਹਾਈਆ । ਲੱਖ ਚੁਰਾਸੀ ਇਕੋ ਅੱਖਰ ਪੜ੍ਹਨਾ, ਹਰਿ ਸਤਿਗੁਰ ਆਪ ਪੜ੍ਹਾਈਆ । ਸਾਚੇ ਪੌੜੇ ਘਰ ਵਿਚ ਚੜ੍ਹਨਾ, ਘਰ ਘਰ ਵਿਚ ਦਏ ਦਰਸਾਈਆ । ਸੁਰਤ ਸਵਾਣੀ ਸ਼ਬਦੀ ਪੱਲੂ ਫੜਨਾ, ਏਕਾ ਗੰਢ ਪਵਾਈਆ । ਲੇਖਾ ਚੁਕੇ ਜੰਮਣਾ ਮਰਨਾ, ਜਨਮ ਮਰਨ ਰਹੇ ਨਾ ਰਾਈਆ । ਸ੍ਰੀ ਭਗਵਾਨ ਇਕੋ ਵਰਨਾ, ਕੰਤ ਭਗਵੰਤ ਬੇਪਰਵਾਹੀਆ । ਸਾਚੀ ਸੇਜੇ ਸਹਿਜ ਸੁਭਾਉ ਚੜ੍ਹਨਾ, ਅੱਗੇ ਹੋ ਨਾ ਕੋਇ ਅਟਕਾਈਆ । ਮਿਲ ਕੇ ਮੇਲ ਸੋਹੰ ਢੋਲਾ ਪੜ੍ਹਨਾ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਸਤਿਗੁਰ ਤੇਰਾ ਭਾਣਾ ਜਰਨਾ, ਪੰਜ ਤੱਤ ਮਾਟੀ ਕੰਮ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਭੇਵ ਆਪ ਖੁਲ੍ਹਾਈਆ । ਸਾਚਾ ਭੇਵ ਖੋਲ੍ਹੇ ਗੋਬਿੰਦ, ਗਹਿਰ ਗੰਭੀਰ ਦਇਆ ਕਮਾਇੰਦਾ । ਨਵ ਨੌਂ ਚਾਰ ਮੇਟ ਚਿੰਦ, ਪਿਛਲਾ ਲੇਖਾ ਸਭ ਦੀ ਝੋਲੀ ਪਾਇੰਦਾ । ਦੀਨ ਦਿਆਲ ਬਣ ਬਖ਼ਸ਼ੰਦ, ਬਖ਼ਸ਼ਿਸ਼ ਮਿਹਰ ਨਜ਼ਰ ਉਠਾਇੰਦਾ । ਲਹਿਣਾ ਦੇਣਾ ਚੁਕਾ ਸੁਰਪਤ ਇੰਦ, ਵਿਸ਼ਨ ਬ੍ਰਹਮਾ ਸ਼ਿਵ ਪੰਧ ਮੁਕਾਇੰਦਾ । ਜਨ ਭਗਤਾਂ

ਅੰਮ੍ਰਿਤ ਆਤਮ ਧਾਰ ਦੇ ਸਿੰਧ, ਆਪਣੇ ਸਾਗਰ ਵਿਚ ਮਿਲਾਇੰਦਾ । ਆਪ ਪਰਗਟਾ ਅਨਾਦੀ ਬਿੰਦ, ਪੂਤ ਸਪੂਤੇ ਗੋਦ ਸੁਹਾਇੰਦਾ । ਜੋਧਾ ਸੂਰਬੀਰ ਮਰਗਿੰਦ, ਬਲ ਇਕੋ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਲੇਖਾ ਆਪਣੇ ਹੱਥ ਰਖਾਇੰਦਾ । ਲੇਖਾ ਆਪਣੇ ਰੱਖੇ ਹੱਥ, ਹੱਥੋ ਹੱਥ ਮੁਕਾਈਆ । ਕਰੇ ਖੇਲ ਪੁਰਖ ਸਮਰਥ, ਸਮਰਥ ਵੱਡੀ ਵਡਿਆਈਆ । ਲੱਖ ਚੁਰਾਸੀ ਪਾਏ ਨੱਥ, ਡੋਰੀ ਆਪਣਾ ਨਾਮ ਬੰਧਾਈਆ । ਭਗਤ ਭਗਵਾਨ ਕਰ ਇਕੱਠ, ਇਕੋ ਵਾਰ ਮੰਜ਼ਲ ਦਏ ਚੜ੍ਹਾਈਆ । ਅਧਵਿਚਕਾਰ ਕੋਈ ਨਾ ਜਾਏ ਢੱਠ, ਈੜਾ ਪਿੰਗਲ ਸੁਖਮਨ ਟੇਢੀ ਬੰਕ ਪੰਚ ਵਿਕਾਰ ਆਸਾ ਮਨਸਾ ਕੋਇ ਨਾ ਸਕੇ ਅਟਕਾਈਆ । ਕਰ ਪਰਕਾਸ਼ ਨਿਰਮਲ ਜੋਤ ਜਗਾਏ ਲਟ ਲਟ, ਨੂਰੋ ਨੂਰ ਨੂਰ ਰੁਸ਼ਨਾਈਆ । ਗੁਰਮੁਖ ਗੁਰਸਿਖ ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਮਾਰਗ ਦੱਸ, ਆਦਿ ਜੁਗਾਦੀ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੁਹੰਜਣੀ ਸਾਚੀ ਸੇਜ ਜਨ ਭਗਤਾਂ ਆਪ ਵਿਛਾਈਆ । ਹਰਿ ਭਗਤ ਸੇਜ ਸੁਹਾਵਣੀ, ਸੋਭਾਵੰਤ ਏਕ । ਸ੍ਰੀ ਭਗਵਾਨ ਆਪ ਵਿਛਾਵਣੀ, ਕਰ ਆਤਮ ਬੁਧ ਬਿਬੇਕ । ਕਰੇ ਕਰਾਏ ਪੂਰੀ ਭਾਵਨੀ, ਪੂਰਬ ਲੇਖਾ ਵੇਖ । ਮੇਟ ਮਿਟਾਏ ਕਾਮਨ ਕਾਮਨੀ, ਦੇਵੇ ਸਚ ਸੰਦੇਸ਼ । ਸੇਜ ਇਕੋ ਨਰ ਹਰਿ ਰਾਵਣੀ, ਨਿਰਵੈਰ ਖੋਲ੍ਹੇ ਭੇਤ । ਪ੍ਰਭ ਦੇਵੇ ਸੱਚੀ ਜ਼ਾਮਨੀ, ਗੁਰਮੁਖ ਝੂਜੇ ਸਾਚੇ ਖੇਤ । ਦਰਸ ਕਰਾਏ ਕਰੇ ਆਮ੍ਹਣੇ ਸਾਮ੍ਹਣੀ, ਲੇਖਾ ਚੁਕੇ ਨੇਤਨ ਨੇਤ । ਗੁਰਮੁਖ ਪੂਰੀ ਕਰੇ ਭਾਵਨੀ, ਅੰਦਰ ਵੜ ਕੇ ਦੱਸੇ ਭੇਤ । ਲੇਖਾ ਚੁਕੇ ਬਲ ਬਾਵਨੀ, ਸਤਿਜੁਗ ਚਲੇ ਅਵੱਲੜੀ ਖੇਡ । ਨਾਤਾ ਤੁਟੇ ਰਾਮ ਰਾਵਨੀ, ਤੀਰ ਕਮਾਨ ਲਾਏ ਨਾ ਕੋਈ ਛੇਕ । ਲੇਖਾ ਜਾਣੇ ਕੰਸਾ ਕਾਹਨਾ ਸ਼ਾਮਨੀ, ਸ਼ਹਿਨਸ਼ਾਹ ਖੇਲ ਕਰੇ ਅਨੇਕ । ਈਸਾ ਮੂਸਾ ਮੁਹੰਮਦ ਕਰੇ ਸਲਾਮਨੀ, ਅਲੈਕਮ ਕੋਈ ਨਾ ਜਾਣੇ ਭੇਤ । ਨਾਨਕ ਗੋਬਿੰਦ ਇਕ ਪਹਿਚਾਨਨੀ, ਸਤਿਗੁਰ ਸਾਹਿਬ ਜਨ ਭਗਤਾਂ ਲੱਗਣ ਨਾ ਦੇਵੇ ਸੇਕ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਚ ਸੰਦੇਸ । ਸਚ ਸੰਦੇਸਾ ਸੁਣੋ ਗੁਰਮੁਖ, ਗੁਰਸਿਖ ਮਿਲੇ ਵਡਿਆਈਆ । ਜਨਮ ਜਨਮ ਦਾ ਮਿਟੇ ਦੁੱਖ, ਦਲਿੱਦਰ ਰਹਿਣ ਨਾ ਪਾਈਆ । ਸਫਲ ਹੋਏ ਮਾਤ ਕੁੱਖ, ਧੰਨ ਧੰਨ ਜਣੇਂਦੀ ਮਾਈਆ । ਸ੍ਰੀ ਭਗਵਾਨ ਗੋਦੀ ਲਏ ਚੁੱਕ, ਚੁੱਕ ਚੁੱਕ ਖ਼ੁਸ਼ੀ ਮਨਾਈਆ । ਕਲਜੁਗ ਵੇਲਾ ਆਇਆ ਢੁਕ, ਨੇਰਨ ਨੇਰ ਰਿਹਾ ਦਰਸਾਈਆ । ਕਲਜੁਗ ਕੂੜੀ ਕਿਰਿਆ ਵਿਚੋਂ ਜਾਓ ਉਠ, ਜੂਠ ਝੂਠ ਤਜਾਈਆ । ਸਤਿਗੁਰੂ ਦਵਾਰਾ ਲਓ ਪੁੱਛ, ਜਿਸ ਮਿਲਿਆਂ ਅਗਲਾ ਪਿਛਲਾ ਵਛੋੜਾ ਰਹੇ ਨਾ ਰਾਈਆ । ਅੰਤਮ ਬੂਟਾ ਰਿਹਾ ਸੁੱਕ, ਹਰਿਆ ਸਿੰਚ ਨਾ ਕੋਇ ਕਰਾਈਆ । ਅਬਿਨਾਸ਼ੀ ਕਰਤਾ ਬੀਸ ਬੀਸਾ ਬਹੇ ਨਾ ਲੁਕ, ਲੁਕਵੀਂ ਖੇਲ ਨਾ ਕੋਇ ਜਣਾਈਆ । ਸ਼ਹਿਨਸ਼ਾਹ ਹੋ ਕੇ ਪਏ ਬੁੱਕ, ਰਾਸ਼ਟਰਪਤ ਦਏ ਸਮਝਾਈਆ । ਪ੍ਰਭ ਸਾਚੇ ਦੇ ਸਾਚੇ ਬਣ ਜਾਓ ਪੁੱਤ, ਪਿਤਾ ਪੂਤ ਵੱਜੇ ਵਧਾਈਆ । ਪੰਚਮ ਜੇਠ ਜੋ ਗਏ ਰੁੱਸ, ਰੁਸਿਆਂ ਫੇਰ ਨਾ ਕੋਇ ਮਨਾਈਆ । ਕਿਸੇ ਹੱਥ ਨਾ ਰਹਿਣਾ ਕੁਛ, ਕਿਸ਼ਤੀ ਕਲਜੁਗ ਰਿਹਾ ਡੁਬਾਈਆ । ਮੰਗੋ ਦਾਨ ਸੀਸ ਝੁਕ, ਝੁਕਵੀਂ ਖੇਲ ਸਮਝਾਈਆ । ਜੋ ਏਸ ਨਿਸ਼ਾਨਿਉਂ ਗਿਆ ਉਕ, ਨਸ਼ਾ ਲੱਥੇ ਜਗਤ ਖ਼ੁਦਾਈਆ । ਅੰਤਮ ਖ਼ਾਲੀ ਦਿਸਣੇ ਬੁੱਤ, ਰੂਹ ਮੇਲ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਚਾਰ ਵਰਨ ਖੁਲ੍ਹਾਏ ਇਕੋ ਦਰ, ਬਰਨ ਅਠਾਰਾਂ ਹੋਏ ਸਹਾਈਆ । ਚਾਰ ਵਰਨ ਆਓ ਨੱਠੇ, ਚਾਰੇ ਖਾਣੀ ਰਿਹਾ ਜਣਾਈਆ । ਬਰਨ ਅਠਾਰਾਂ

੭੮੭
੧੩

ਹੋ ਇਕੱਠੇ, ਪੁਰਾਨ ਅਠਾਰਾਂ ਦਏ ਦ੍ਰਿੜਾਈਆ । ਗ਼ਰੀਬ ਨਿਮਾਣਿਆਂ ਏਕਾ ਨਾਮ ਰੰਗ ਰੱਤੇ, ਰੱਤੀ ਰੱਤ ਕੂੜੀ ਦਏ ਸੁਕਾਈਆ । ਵਿਸ਼ਵ ਦੇਵੇ ਇਕੋ ਮੱਤੇ, ਵਿਸ਼ਵਾਸ਼ ਸਭ ਦਾ ਆਪ ਰਖਾਈਆ । ਪਹਿਲੀ ਚੇਤਰ ਖ਼ਾਲੀ ਦਿਸਣ ਭਾਂਡੇ ਮਦੀਨੇ ਮੱਕੇ, ਮਤਲਬ ਹੱਲ ਨਾ ਕੋਇ ਕਰਾਈਆ । ਈਸਾ ਮੂਸਾ ਜੋ ਬਣ ਕੇ ਬੈਠੇ ਭਾਈ ਸਕੇ, ਭਾਰੀ ਸਭ ਤੇ ਦਏ ਵਰਤਾਈਆ । ਅੱਲਾ ਰਾਣੀ ਕਿਸੇ ਦਾ ਲੈ ਕੇ ਜਾਏ ਨਾ ਭੱਤੇ, ਠੰਡਾ ਪਾਣੀ ਨਾ ਕਿਸੇ ਪਿਆਈਆ । ਕੁਰਾਨ ਟੰਗੇ ਰਹਿ ਜਾਣ ਉਪਰ ਛੱਤੇ, ਛਾਤੀ ਨਾਲ ਨਾ ਕੋਇ ਲਗਾਈਆ । ਖ਼ਿਜ਼ਾਂ ਰੁੱਤ ਝੜਨੇ ਪੱਤੇ, ਬਸੰਤ ਰੂਪ ਨਾ ਕੋਇ ਵਖਾਈਆ । ਗੋਬਿੰਦ ਡੰਕਾ ਇਕੋ ਵੱਜੇ ਫ਼ਤਹਿ, ਫ਼ਤਵਾ ਸਭ ਦੇ ਉਤੇ ਲਾਈਆ । ਵੇਖੇ ਖੇਲ ਦੀਗਰੇ ਬਾਅਦ ਯੱਕੇ, ਆਪਣਾ ਖੇਲ ਰਿਹਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਦਰੁਸਤ ਹੋ ਕੇ ਚੁਸਤ ਚੁਕੰਨਾ, ਨੇਤਰੋਂ ਅੰਨ੍ਹਾਂ ਦੋ ਜਹਾਨ ਫਿਰੇ ਭੰਨਾਂ, ਕਿਸੇ ਕੋਲੋਂ ਨਾ ਮੰਨਾ, ਪੀਰ ਪੈਗ਼ੰਬਰ ਰਹੇ ਕੁਰਲਾਈਆ । ਅੰਤਮ ਕਿਸੇ ਕੋਲੋਂ ਨਾ ਮੰਨਦਾ, ਸਾਰੇ ਦੇਣ ਦੁਹਾਈਆ । ਵੇਖੋ ਖੇਲ ਸ੍ਰੀ ਭਗਵਾਨ ਦਾ, ਲੋਕ ਪਰਲੋਕ ਪੜ੍ਹਾਈਆ । ਨਾਤਾ ਤੋੜੇ ਝੂਠੇ ਗਿਆਨ ਦਾ, ਸ਼ਰਅ ਵੰਡ ਨਾ ਕੋਇ ਰਖਾਈਆ । ਨਿਸ਼ਾਨਾ ਮਾਰੇ ਤੀਰ ਮਿਹਰਵਾਨ ਦਾ, ਮਿਹਰ ਨਜ਼ਰ ਇਕ ਉਠਾਈਆ । ਲੇਖਾ ਚੁਕਣਾ ਚੌਦਸ ਭਾਨ ਦਾ, ਚੌਦਸ ਚੰਦ ਨਾ ਕੋਇ ਰੁਸ਼ਨਾਈਆ । ਹੁਣ ਵੇਲਾ ਹੋਇਆ ਨਿਹਕਲੰਕ ਨੌਜਵਾਨ ਦਾ, ਬਲ ਸਭ ਦੇ ਦਏ ਗਵਾਈਆ । ਪੂਰਬ ਜਨਮ ਦੇ ਵਿਛੜੇ ਆਪ ਪਛਾਣ ਦਾ, ਜਾਗਦਿਆਂ ਸੁੱਤਿਆਂ ਰਿਹਾ ਮਿਲਾਈਆ । ਲਹਿਣਾ ਚੁਕੇ ਢੋਲੇ ਗਾਣ ਦਾ, ਰਾਗ ਸਤਾਰ ਤੰਦ ਨਾ ਕੋਇ ਹਿਲਾਈਆ । ਇਕੋ ਆਸਰਾ ਰਹਿ ਜਾਏ ਸ੍ਰੀ ਭਗਵਾਨ ਦਾ, ਦੂਜੀ ਓਟ ਨਾ ਕੋਇ ਰਖਾਈਆ । ਲੱਖ ਚੁਰਾਸੀ ਬੇਲਾ ਜਗਤ ਮਹਿਮਾਨ ਦਾ,

੭੮੮
੧੩

ਅੰਤਮ ਬਸਤਾ ਸਭ ਦਾ ਸੀਸ ਟਿਕਾਈਆ । ਆਦਿ ਜੁਗਾਦੀ ਸਰਬ ਜੀਆਂ ਘਟ ਆਪੇ ਜਾਣਦਾ, ਜਾਨਣਹਾਰਾ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਰੇ ਖੇਲ ਨਿਗਹਬਾਨ ਦਾ । ਨਿਗਹਬਾਨ ਹੋਇਆ ਬਿਨ ਅੱਖ, ਬਿਨ ਨੇਤਰਾਂ ਵੇਖ ਵਖਾਈਆ । ਨਿਗਹਬਾਨ ਹੋਇਆ ਪਰਤੱਖ, ਬਿਨ ਲੱਤਾਂ ਬਾਂਹਵਾਂ ਭੱਜਾ ਫਿਰੇ ਵਾਹੋ ਦਾਹੀਆ । ਨਿਗਹਬਾਨ ਹੋਇਆ ਪਰਗਟ, ਬਿਨ ਮੰਦਰ ਮਕਾਨ ਚਾਰ ਦੀਵਾਰ ਛੱਪਰ ਛੰਨ ਡੇਰਾ ਲਾਈਆ । ਨਿਗਾਹਬਾਨ ਖੋਲ੍ਹ ਹੱਟ, ਖ਼ਾਲਕ ਖ਼ਲਕ ਰਿਹਾ ਸਮਝਾਈਆ । ਨਿਗਹਬਾਨ ਨਾਮ ਨਿਧਾਨ ਮਾਰੇ ਸੱਟ, ਅਨਹਦ ਨਾਦੀ ਨਾਦ ਜਣਾਈਆ । ਨਿਗਹਬਾਨ ਦੂਈ ਦਵੈਤੀ ਸ਼ਰਅ ਸ਼ਰਾਇਤੀ ਮੇਟ ਫੱਟ, ਘਾਉ ਆਪਣੀ ਹੱਥੀਂ ਬੰਦ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਾਜ ਰਾਜਾਨ ਸ਼ਾਹ ਸੁਲਤਾਨ ਰਾਉ ਰੰਕ ਊਚ ਨੀਚ ਸਾਧ ਸੰਤ ਜੀਵ ਜੰਤ ਆਤਮ ਪਰਮਾਤਮ ਮਾਰਗ ਦੱਸ, ਪਾਰਬ੍ਰਹਮ ਈਸ਼ ਜੀਵ ਜਗਦੀਸ ਜਗਦੀਸਰ ਆਪ ਮਿਲਾਈਆ । ਹਰਿ ਸਤਿਗੁਰ ਆਪ ਮਲੰਦੜਾ, ਮੇਲਣਹਾਰ ਕਰਤਾਰ । ਕਲਜੁਗ ਅੰਤਮ ਵੇਸ ਵਟੰਦੜਾ, ਸ਼ਹਿਨਸ਼ਾਹ ਸ਼ਾਹ ਸਿਕਦਾਰ । ਦਰ ਦਰਵੇਸ਼ ਆਪ ਅਖਵੰਦੜਾ, ਮੰਗਣਹਾਰਾ ਬਣ ਭਿਖਾਰ । ਸੋਭਾਵੰਤ ਧਾਮ ਸੁਹੰਦੜਾ, ਸੰਬਲ ਨਗਰ ਅਗੰਮ ਅਪਾਰ । ਨਿਰਗੁਣ ਇਕੋ ਵਿਚ ਵਸੰਦੜਾ, ਜੋਤੀ ਜਾਤਾ ਹੋ ਉਜਿਆਰ । ਨਾਮ ਡੰਕਾ ਇਕ ਸੁਣੰਦੜਾ, ਸਤਿ ਸਤਿਵਾਦੀ ਖੇਲ ਅਪਾਰ । ਦੋ ਜਹਾਨਾਂ ਵੇਖ ਵਖੰਦੜਾ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਵਸੇ ਬਾਹਰ । ਸੰਤ ਸੁਹੇਲੇ ਮੇਲ ਮਲੰਦੜਾ, ਮੇਲ ਮਿਲਾਵਾ ਕੰਤ ਭਤਾਰ । ਭਗਤ ਭਗਵਾਨ ਆਪ ਜਗੰਦੜਾ, ਨੇਤਰ ਅੱਖ ਖੋਲ੍ਹ ਕਵਾੜ । ਸ਼ਬਦੀ ਹੁਕਮ ਆਪ ਸੁਣੰਦੜਾ, ਉਠੋ ਹੋ ਤਿਆਰ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਕਰ ਪਿਆਰ । ਹਰਿ ਸੰਗਤ ਮੇਲਾ ਦੋ ਦੋ, ਦੋ ਦੋ ਧਾਰ ਚਲਾਈਆ । ਹਰਿ ਸੰਗਤ ਚੇਲਾ ਹੋ ਹੋ, ਹੋ ਹੋ ਸੇਵ ਕਮਾਈਆ । ਹਰਿ ਸੰਗਤ ਅੰਮ੍ਰਿਤ ਚੋ ਚੋ, ਨਿਝਰ ਰਸ ਚਖਾਈਆ । ਹਰਿ ਸੰਗਤ ਵਸਤੂ ਖੋ ਖੋ, ਝੋਲੀ ਤੁਹਾਡੀ ਰਿਹਾ ਭਰਾਈਆ । ਹਰਿ ਸੰਗਤ ਸਾਚੀ ਲੋ ਲੋ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਹਰਿ ਸੰਗਤ ਸਾਚੀ ਮੋਹ ਮੋਹ, ਮੁਹੱਬਤ ਇਕ ਦਰਸਾਈਆ । ਹਰਿ ਸੰਗਤ ਸਾਚੀ ਟੋਹ ਟੋਹ, ਗੁਰਮੁਖ ਰੂਪ ਵਟਾਈਆ । ਹਰਿ ਸੰਗਤ ਕੂੜੀ ਕਿਰਿਆ ਕੋਹ ਕੋਹ, ਬੱਕਰਾ ਮਾਰੇ ਬਣ ਕਸਾਈਆ । ਹਰਿ ਸੰਗਤ ਵਸੇ ਲੂੰ ਲੂੰ, ਰੋਮ ਰੋਮ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਬੇਅੰਤ ਬੇਪਰਵਾਹੀਆ । ਦੋ ਦੋ ਮੇਲ ਹਰਿ ਕਾ ਖੇਲ, ਭੇਵ ਭੇਵ ਜਣਾਇੰਦਾ । ਸਾਚੇ ਬਸਤਰ ਚੜ੍ਹੇ ਤੇਲ, ਸਚ ਵਛੌਣਾ ਆਪ ਵਛਾਇੰਦਾ । ਲੇਖਾ ਜਾਣ ਸੱਜਣ ਸੁਹੇਲ, ਸਗਲਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰੰਗ ਵਖਾਇੰਦਾ । ਹਰਿ ਸੰਗਤ ਰੰਗ ਅਪਾਰ, ਗੁਰਮੁਖ ਵਡ ਵਡਿਆਈਆ । ਦਵਾਬਾ ਫੜਿਆ ਦਿਤਾ ਤਾਰ, ਆਪਣੇ ਨਾਲ ਮਿਲਾਈਆ । ਸੇਵਾ ਪੂਰੀ ਕਰੇ ਇਕੋ ਵਾਰ, ਪਿਛੇ ਅੱਗੇ ਰਹਿਣ ਕੋਇ ਨਾ ਪਾਈਆ । ਸਾਚੇ ਬਿਸਤਰੇ ਉਤੇ ਦਏ ਸੁਆਲ, ਜੋ ਸੀਸ ਲਏ ਟਿਕਾਈਆ । ਹਰਿ ਕਾ ਖੇਲ ਬੇਮਿਸਾਲ, ਮਿਸਲ ਸਕੇ ਨਾ ਕੋਇ ਬਣਾਈਆ । ਅਠਾਈ ਅਠਾਈ ਕੁੰਡਾਂ ਵਿਚੋਂ ਕੀਤੇ ਪਾਰ, ਅਠਾਈ ਗੁਰਮੁਖ ਬਿਸਤਰੇ ਭੇਟ ਕਰਾਈਆ । ਪਹਿਲੋਂ ਨਹੀਂ ਦਿਤੇ ਸਿਖਾਲ, ਬਿਨ ਦੱਸਿਆਂ ਬਿਨ ਪੁੱਛਿਆਂ ਲੈ ਕੇ ਆਏ ਵਾਹੋ ਦਾਹੀਆ । ਪ੍ਰਭ ਆਪਣੀ ਗੋਦੀ ਲਏ ਉਠਾਲ, ਫੇਰ ਸਕੇ ਨਾ ਕੋਇ ਜਗਾਈਆ । ਸਾਚੇ ਮੰਦਰ ਨਾ ਕੋਇ ਸ਼ਾਹ ਰਿਹਾ ਨਾ ਕੰਗਾਲ, ਸ਼ਹਿਨਸ਼ਾਹ ਇਕੋ ਰੰਗ ਵਖਾਈਆ । ਹਰਿ ਸੰਗਤ ਫੜ ਫੜ ਬਾਂਹੋਂ ਪਰੇਮ ਬਿਸਤਰਿਆਂ ਉਤੇ ਦਏ ਸੁਆਲ, ਥਪਕ ਥਪਕ ਆਪਣੀ ਨੀਂਦ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਾ ਠੋਕਰ ਲਏ ਉਠਾਈਆ । ਠੋਕਰ ਲਾ ਉਠਾਏ ਛੋਕਰੇ, ਸ਼ਕਤੀ ਇਕ ਸਮਝਾਈਆ । ਕੱਠੇ ਹੋ ਜਾਓ ਬਾਬੇ ਪੋਤਰੇ, ਨਿੱਕਾ ਵੱਡਾ ਪਿਛੇ ਕੋਇ ਰਹਿਣ ਨਾ ਪਾਈਆ । ਗੁਰਸਿਖ ਅੰਤ ਰਿਹੋ ਨਾ ਮਾਤ ਔਂਤਰੇ, ਸੌਂਤਰਾ ਆਪਣਾ ਆਪ ਵਖਾਈਆ । ਸਚਖੰਡ ਬਹਿ ਜਾਇਓ ਲਾ ਕੇ ਚੌਂਕੜੇ, ਸਚ ਸਿੰਘਾਸਣ ਹੇਠਾਂ ਦਏ ਵਿਛਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਲਾ ਕੇ ਵੇਖਣ ਓਕੜੇ, ਨੇਤਰ ਨੈਣ ਨੈਣ ਉਠਾਈਆ । ਜਿਸ ਦੇ ਪਿਛੇ ਕਈਆਂ ਜਨਮਾਂ ਵਿਚ ਮਾਂਵਾਂ ਧੋਂਦੀਆਂ ਰਹੀਆਂ ਪੋਤੜੇ, ਬਣਾ ਪੁੱਤਰ ਲਾਡ ਕਰਾਈਆ । ਖਾਰੀ ਚੁਕ ਕੇ ਫਿਰਦੀਆਂ ਰਹੀਆਂ ਵਿਚ ਟੋਕਰੇ, ਹੋਕਾ ਦੇਵਣ ਥਾਉਂ ਥਾਈਆ । ਜਿਸ ਦੇ ਅੱਖਰਾਂ ਨਾਲ ਗਿਣਦੇ ਰਹੇ ਅੰਕੜੇ, ਉਂਗਲਾਂ ਉਤੇ ਹਿਸਾਬ ਲਗਾਈਆ । ਉਸ ਦੇ ਸੋਈਏ ਜਾ ਕੇ ਬੰਕੜੇ, ਬੰਕ ਦਵਾਰਾ ਇਕੋ ਨਜ਼ਰੀ ਆਈਆ । ਅੱਗੋਂ ਸਾਹਿਬ ਸੱਚਾ ਟੱਕਰੇ, ਟੱਕਰ ਸਿਧੀ ਆਪਣੇ ਨਾਲ ਲਗਾਈਆ । ਹੁਣ ਰਹਿਣ ਨਾ ਦੇਵੇ ਮਕਰੇ, ਪਿਛਲਾ ਫ਼ਰੇਬ ਦਏ ਗਵਾਈਆ । ਗੁਰਸਿਖ ਕਿਉਂ ਹੋਏ ਬੇਸਬਰੇ, ਸਬਰ ਪਿਆਲਾ ਦਏ ਪਿਆਈਆ । ਆਪਣੀ ਹੱਥੀਂ ਭਰਤੀ ਕਰੇ ਜਬਰੇ, ਜ਼ਬਰਦਸਤੀ ਕਰੇ ਲੋਕਾਈਆ । ਗਰਜੇ ਇਕੋ ਸਿੰਘ ਸ਼ੇਰ ਬੱਬਰੇ, ਬੱਬਰ ਸਭ ਦੇ ਪਾੜ ਧਰਾਈਆ । ਤੁਸੀਂ ਚਰਨਾਂ ਹੇਠਾਂ ਕਿਉਂ ਅੰਬਰੇ, ਅਮਰ ਮਿਲੇ ਹੋ ਕੇ ਇਕੋ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੇਜ ਸੁਹੰਜਣੀ ਰਿਹਾ ਵਛਾਈਆ । ਸੇਜ ਸੁਹੰਜਣੀ ਹਰਿ ਵਛੌਣਾ, ਨਰ ਹਰਿ ਸਾਚਾ ਆਪ ਵਛਾਇੰਦਾ । ਰਾਹ ਤੱਕੇ ਮੂਲ ਨਾ ਥੱਕੇ ਮੇਰੇ ਗੁਰਮੁਖ ਔਣਾ, ਨੈਣ

ਨੈਣ ਨੈਣ ਉਠਾਇੰਦਾ । ਦੋਹੀਂ ਹੱਥੀਂ ਸਾਫ਼ ਕਰੌਣਾ, ਆਪਣੀ ਸੇਵਾ ਆਪ ਕਮੌਣਾ, ਕਰ ਕਰ ਸੇਵਾ ਸ਼ੁਕਰ ਮਨਾਇੰਦਾ । ਜਿਸ ਸੇਜੇ ਮੇਰਾ ਭਗਤ ਸੌਣਾ, ਉਸ ਨੂੰ ਪਰੇਮ ਨਾਲ ਮੈਂ ਧੋਣਾ, ਬਣ ਧੋਬੀ ਆਪਣਾ ਫ਼ਰਜ਼ ਪੂਰ ਕਰਾਇੰਦਾ । ਜਿਸ ਪਰੇਮ ਵਿਚ ਸੰਤ ਸੁਹੇਲੇ ਰੌਣਾ, ਸੋ ਆਪਣੀ ਅੱਖ ਹੋਰ ਨਾ ਕਿਸੇ ਵਖਾਇੰਦਾ । ਜਿਸ ਸਵਾਦ ਨਾਲ ਗੁਰਮੁਖ ਰਾਗ ਗੌਣਾ, ਸੋ ਨਾਦ ਨਾ ਕਿਸੇ ਜਣਾਇੰਦਾ । ਜਿਸ ਗੁਰਸਿਖ ਪਿਛੇ ਲੋਕਮਾਤ ਤਜੌਣਾ, ਫਿਰ ਫਿਰ ਚੱਕਰ ਲਗਾਇੰਦਾ । ਸੋ ਗੁਰਮੁਖ ਗੁਰ ਸਤਿਗੁਰ ਜਿਹਾ ਹੋਣਾ, ਹੋਰ ਰੰਗ ਨਾ ਕੋਇ ਬਦਲਾਇੰਦਾ । ਗੁਰਮੁਖੋ ਗੁਰਸਿਖੋ ਜਨ ਭਗਤੋ ਅੱਗੇ ਕਿਸੇ ਨਾ ਪਏ ਰੋਣਾ, ਜੀਂਵਦਿਆਂ ਰੋਣਾ ਸਰਬ ਮੁਕਾਇੰਦਾ । ਪ੍ਰਭ ਦੀ ਸੇਜੇ ਚੜ੍ਹ ਕੇ ਸੌਣਾ, ਸੁੱਤਿਆਂ ਨਾ ਕੋਇ ਉਠਾਇੰਦਾ । ਇਹ ਖੇਲ ਹੋਣਾ ਅਨਹੋਣਾ, ਜਿਸ ਦਾ ਭੇਵ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਨ ਮੋਹਣ ਮੋਹਣ ਮਨ ਮੋਹਣਾ ਰੂਪ ਵਟਾਇੰਦਾ । ਮੋਹਣ ਆਇਆ ਲੈ ਕੇ ਮੋਹ, ਮੋਹਰ ਆਪਣੇ ਨਾਮ ਲਗਾਈਆ । ਅੰਦਰ ਵੜ ਕੇ ਗਿਆ ਨਾਲ ਛੋਹ, ਬਾਹਰੋਂ ਨਜ਼ਰ ਕੋਇ ਨਾ ਪਾਈਆ । ਜਨ ਭਗਤਾਂ ਜੋਗਾ ਗਿਆ ਹੋ, ਜੁਗਤੀ ਪਿਛਲੀ ਦਿਤੀ ਗਵਾਈਆ । ਡਰਦਾ ਡਰਦਾ ਲੈ ਕੇ ਆਇਆ ਧੁਰ ਦਾ ਢੋਆ ਢੋ, ਨਾਮ ਵਸਤ ਅਮੋਲਕ ਝੋਲੀ ਪਾਈਆ । ਨਿਰਗੁਣ ਹੋ ਕੇ ਰਿਹਾ ਸੋ, ਸੋ ਪੁਰਖ ਨਿਰੰਜਣ ਰਿਹਾ ਜਣਾਈਆ । ਹੰ ਬ੍ਰਹਮ ਬੀਜ ਆਪਣਾ ਬੋ, ਫੁਲ ਫੁਲਵਾੜੀ ਵੇਖੇ ਚਾਈਂ ਚਾਈਆ । ਗੁਰਮੁਖ ਫੁਲ ਦੂਜਾ ਕੋਈ ਨਾ ਲਵੇ ਖੋਹ, ਕਲਜੁਗ ਕੰਡਿਆਂ ਵਾੜ ਹੱਥ ਨਾ ਕੋਇ ਪਾਈਆ । ਹਰਿ ਸੰਗਤ ਜਿਸ ਨਾਤਾ ਜੋੜਿਆ ਛੱਬੀ ਪੋਹ, ਆਪਣਾ ਆਪ ਗਵਾਈਆ । ਸਭ ਦੇ ਨਾਲੋਂ ਹੋ ਨਿਰਮੋਹ, ਮੁਹੱਬਤ ਗੁਰਮੁਖਾਂ ਵਿਚ ਪਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਸੰਗਤ ਹਰਿ ਸ਼ਬਦ ਕਰੇ ਕੁੜਮਾਈਆ । ਹੋਏ ਕੁੜਮਾਈ ਪਾਏ ਸਗਨ, ਸਗਲੀ ਚਿੰਤ ਮਿਟਾਇੰਦਾ । ਆਤਮ ਪਰਮਾਤਮ ਪਰੇਮ ਪ੍ਰੀਤੀ ਰੱਖੇ ਮਘਨ, ਮੋਹ ਮੁਹੱਬਤ ਇਕ ਵਧਾਇੰਦਾ । ਅਨਡਿਠ ਸਾਹਿਬ ਚਾੜ੍ਹੇ ਰੰਗਣ, ਰੰਗ ਰੰਗੀਲਾ ਦਇਆ ਕਮਾਇੰਦਾ । ਕਿਰਪਾਨਿਧਾਨ ਸਵਾਮੀ ਠਾਕਰ ਲਾਏ ਅੰਗਨ, ਅੰਗੀਕਾਰ ਇਕ ਅਖਵਾਇੰਦਾ । ਜਨ ਭਗਤਾਂ ਲਾਹੇ ਝੂਠੀ ਸੰਗਣ, ਮੁਖ ਪੜਦਾ ਆਪ ਚੁਕਾਇੰਦਾ । ਦੇਵਣਹਾਰਾ ਅਨੰਦ ਅਨੰਦਨ, ਅਨੰਦ ਅਨੰਦ ਵਿਚ ਜਣਾਇੰਦਾ । ਤੋੜਨਹਾਰਾ ਬੰਦੀ ਬੰਧਨ, ਬੰਦਨ ਇਕੋ ਵੇਰ ਲੇਖੇ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸਾਚਾ ਗੀਤ ਛੰਦਨ, ਸੋਹਲਾ ਸਚ ਦ੍ਰਿੜਾਇੰਦਾ । ਛੰਦ ਬੰਦ ਬਿਨ ਬੱਤੀ ਦੰਦ, ਸੂਰਾ ਸਰਬੰਗ ਜਣਾਈਆ । ਨੂਰ ਚੰਦ ਸਾਹਿਬ ਬਖ਼ਸ਼ੰਦ, ਬੇਅੰਤ ਵੱਡੀ ਵਡਿਆਈਆ । ਬ੍ਰਹਿਮੰਡ ਖੰਡ ਵਰਭੰਡ, ਗ੍ਰਹਿ ਮੰਦਰ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਸੰਗਤ ਮੇਲਾ ਦੋ ਜਹਾਨ, ਗੁਰ ਚੇਲਾ ਵਖਾਏ ਇਕ ਅਸਥਾਨ, ਨਜ਼ਰੀ ਆਏ ਸ੍ਰੀ ਭਗਵਾਨ, ਭਗਵਨ ਆਪਣੇ ਰੰਗ ਰੰਗਾਈਆ ।

## ❇ ੨ ਫੱਗਣ ੨੦੧੯ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ❇

ਹਰਿ ਵਧਾਈ ਸੰਗਤ ਵਾਧਾ, ਸਤਿਗੁਰ ਦਇਆ ਕਮਾਇੰਦਾ । ਪੁਤ ਪਿਉ ਨਾਲ ਤਰੇ ਦਾਦਾ, ਸ੍ਰੀ ਭਗਵਾਨ ਆਪ ਤਰਾਇੰਦਾ । ਜਨਮ ਜਨਮ ਦਾ ਪੂਰਾ ਕਰੇ ਵਾਅਦਾ, ਕੀਤੀ ਕਰਨੀ ਭੁੱਲ ਨਾ ਜਾਇੰਦਾ । ਠਾਕਰ ਸਵਾਮੀ ਬਣ ਕੇ ਸਾਕਾ, ਸੱਜਣ ਘਰ ਘਰ ਮੇਲ ਮਿਲਾਇੰਦਾ । ਨਿਰਵੈਰ ਜੋੜ ਨਾਤਾ, ਬਿਧਾਤਾ ਆਪਣਾ ਰੰਗ ਵਖਾਇੰਦਾ । ਆਤਮ ਆਤਮ ਬਣੇ ਸਾਥਾ, ਪਰਮਾਤਮ ਰਾਹ ਜਣਾਇੰਦਾ । ਭਾਗ ਲੱਗੇ ਮਸਤਕ ਮਾਥਾ, ਮਸਤ ਖ਼ੁਮਾਰੀ ਨਾਮ ਵਖਾਇੰਦਾ । ਸਤਿ ਪੁਰਖ ਦੀ ਸਾਚੀ ਗਾਥਾ, ਸਤਿ ਸਤਿਵਾਦੀ ਆਪ ਜਣਾਇੰਦਾ । ਜੀਵਣ ਜੁਗਤੀ ਚਲੇ ਰਾਥਾ, ਰਥ ਰਥਵਾਹੀ ਸੇਵ ਕਮਾਇੰਦਾ । ਅੱਗੇ ਪਿਛੇ ਰਹੇ ਨਾ ਘਾਟਾ, ਏਥੇ ਓਥੇ ਵੇਖ ਵਖਾਇੰਦਾ । ਉਤਮ ਰੱਖੇ ਹਰਿ ਜੂ ਜ਼ਾਤਾ, ਜ਼ਾਤ ਆਪਣੀ ਆਪ ਦ੍ਰਿੜਾਇੰਦਾ । ਕਰੇ ਖੇਲ ਬਣ ਕੇ ਪਿਤਾ ਮਾਤਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਮਾਤਾ ਪਿਤਾ ਵੇਖੇ ਬਾਲਕ, ਬਚਪਨ ਆਪਣਾ ਦਏ ਜਣਾਈਆ । ਦੀਨ ਦਿਆਲ ਸਾਚਾ ਖ਼ਾਲਕ, ਖ਼ਾਲਕ ਇਕੋ ਧੰਦੇ ਲਾਈਆ । ਸਤਿ ਸਰੂਪੀ ਬਣ ਪ੍ਰਿਤਪਾਲਕ, ਸਮਰਥ ਦੇਵੇ ਵਡਿਆਈਆ । ਪਿਛਲੀ ਲਾਹੇ ਨਿੰਦਰਾ ਆਲਸ, ਜਾਗ ਇਕੋ ਇਕ ਜਣਾਈਆ । ਚਾਰ ਵਰਨ ਅਠਾਰਾਂ ਬਰਨ ਬਣੇ ਖ਼ਾਲਸਾ ਖ਼ਾਲਸ, ਖ਼ਾਹਸ਼ ਆਪਣੇ ਨਾਲ ਮਿਲਾਈਆ । ਸਤਿਗੁਰ ਸ਼ਬਦ ਵਿਚੋਲਾ ਸਾਲਸ, ਲੇਖਾ ਜਾਣੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬਾਲਕ ਬਾਲਾ ਬਾਲ ਅਵਾਣ, ਏਕਾ ਗੁਣ ਜਣਾਈਆ । ਚਤੁਰ ਸੁਘੜ ਵੇਖੇ ਮਾਰ ਧਿਆਨ, ਬੇਅੰਤ ਬੇਪਰਵਾਹੀਆ । ਸਤਿ ਸਤਿਵਾਦੀ ਸਚ ਵਿਧਾਨ, ਸਤਿ ਪੁਰਖ ਨਿਰੰਜਣ ਆਪ ਬਣਾਈਆ । ਚਾਰ ਵਰਨਾਂ ਇਕ ਗਿਆਨ, ਚਾਰ ਕੁੰਟ ਸਮਝਾਈਆ । ਚਾਰ ਜੁਗ ਖੇਲ ਮਹਾਨ, ਜੁਗ ਜੁਗ ਕਥ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬਾਲ ਅੰਵਾਣਾ ਬਾਲੀ ਬੁਧ, ਬਲ ਇਕੋ ਇਕ ਜਣਾਇੰਦਾ । ਗੁਰਮੁਖ ਵੇਖ ਨਿਰਮਲ ਦੁੱਧ, ਸੀਰ ਸੀਰ ਨਾਲ ਮਿਲਾਇੰਦਾ । ਸਤਿ ਦਵਾਰੇ ਆਪੇ ਪੁੱਜ, ਸਚ ਪੂਜਾ ਇਕ ਦ੍ਰਿੜਾਇੰਦਾ । ਆਤਮ ਪਰਮਾਤਮ ਭੇਵ ਖੋਲ੍ਹੇ ਗੁਝ, ਤੱਤ ਤੱਤ ਨਾਲ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਸਤਿਗੁਰ ਓਟ, ਓਟ ਅਕਾਲ ਜਣਾਈਆ । ਕੂੜੀ ਕਿਰਿਆ ਨਿਕਲੇ ਖੋਟ, ਦੁਰਗੰਧ ਵਾਸਨਾ ਰਹਿਣ ਨਾ ਪਾਈਆ । ਮੇਲ ਮਿਲਾਵਾ ਨਿਰਮਲ ਜੋਤ, ਜੋਤ ਜੋਤ ਰੁਸ਼ਨਾਈਆ । ਘਰ ਬੰਕ ਦਵਾਰਾ ਵੇਖੇ ਕੋਟ, ਕੰਚਨ ਗੜ੍ਹ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਇਕ ਵਖਾਈਆ । ਸਾਚਾ ਰੰਗ ਰੰਗ ਰੰਗੀਲਾ, ਰੰਗ ਇਕੋ ਇਕ ਜਣਾਇੰਦਾ । ਭਗਤ ਭਗਵਾਨ ਬਣ ਵਸੀਲਾ, ਵਸਤ ਸਾਚੀ ਝੋਲੀ ਪਾਇੰਦਾ । ਹਰਿ ਸੰਗਤ ਬਣਾਏ ਨਾਮ ਕਬੀਲਾ, ਗੁਰਮੁਖ ਸੱਜਣ ਮੇਲ ਮਿਲਾਇੰਦਾ । ਨਜ਼ਰੀ ਆਏ ਛੈਲ ਛਬੀਲਾ, ਸ਼ਹਿਨਸ਼ਾਹ ਆਪਣਾ ਰੂਪ ਵਟਾਇੰਦਾ । ਦੂਜੀ ਦੇਵੇ ਨਾ ਕੋਇ ਦਲੀਲਾ, ਦਿਲਦਾਰ ਇਕੋ ਰਾਹ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਸਾਚਾ ਖੇਲ ਜਗਤ ਜੁਗ, ਹਰਿ ਕਰਤਾ ਆਪ ਕਰਾਈਆ । ਪਿਛਲਾ ਪੈਂਡਾ ਰਿਹਾ ਮੁੱਕ, ਅੱਗੇ ਮਾਰਗ ਰਿਹਾ ਜਣਾਈਆ । ਚਾਰ ਵਰਨ ਇਕੋ ਸੁਖ, ਸੁਖ ਆਤਮ ਇਕ ਸਮਝਾਈਆ । ਊਚ ਨੀਚ ਮੇਟ ਦੁੱਖ, ਦੁਖੀਆਂ



੭੯੧ ੧੩

ਦਰਦ ਵੰਡਾਈਆ । ਨਾਤਾ ਤੋੜ ਮਾਇਆ ਭੁੱਖ, ਭੁੱਖਿਆ ਦਏ ਰਜਾਈਆ । ਗੁਰਮੁਖ ਸੱਜਣ ਗੋਦੀ ਚੁੱਕ, ਇਕ ਹੁਲਾਰ ਵਖਾਈਆ । ਸਫਲ ਕਰਾ ਮਾਤ ਕੁੱਖ, ਜਨ ਜਨਨੀ ਦਏ ਵਡਿਆਈਆ । ਬਣ ਵਿਚੋਲਾ ਕਰੇ ਉਜਲ ਮੁਖ, ਮੁਖ ਮੁਖੜਾ ਆਪ ਧਵਾਈਆ । ਹਰਿਜਨ ਬੂਟਾ ਨਾ ਜਾਏ ਸੁੱਕ, ਪੱਤ ਡਾਲੀ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕੋ ਲਾਈਆ । ਸਾਚਾ ਮਾਰਗ ਲੱਗਣਾ ਮਾਤ, ਹਰਿ ਸਤਿਗੁਰ ਆਪ ਲਗਾਇੰਦਾ । ਸਤਿਜੁਗ ਬਣਨਾ ਇਕ ਜਮਾਤ, ਦੂਜਾ ਰਾਹ ਨਾ ਕੋਇ ਵਖਾਇੰਦਾ । ਬਿਨ ਹਰਿ ਨਾਮ ਤੋਂ ਦੂਜੀ ਕੋਈ ਨਾ ਦੇਵੇ ਦਾਤ, ਭੂਸ਼ਨ ਬਸਤਰ ਕੰਮ ਕਿਸੇ ਨਾ ਆਇੰਦਾ । ਮਾਤਾ ਪਿਤਾ ਪੁੱਤਰ ਧੀਆਂ ਸਮਝਾਵੇ ਸਾਚੀ ਗਾਥ, ਸੋਹੰ ਅੱਖਰ ਇਕ ਪੜ੍ਹਾਇੰਦਾ । ਬਾਲੀ ਬਾਲਾ ਜੁੜੇ ਨਾਤ, ਨਾਤਾ ਇਕੋ ਇਕ ਜੁੜਾਇੰਦਾ । ਆਤਮ ਪਰਮਾਤਮ ਇਕੋ ਜ਼ਾਤ, ਪਤ ਪਤਨੀ ਇਕੋ ਓਟ ਵਖਾਇੰਦਾ । ਕਹਿਣ ਸੁਣਨ ਦੀ ਨਹੀਂ ਬਾਤ, ਸਤਿਜੁਗ ਕਰਨੀ ਕਰ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣਾ ਰਾਹ ਜਣਾਇੰਦਾ । ਸਾਚਾ ਰਾਹ ਜਣਾਏ ਆਪ, ਜਨ ਜਨਨੀ ਵਡ ਵਡਿਆਈਆ । ਭਗਤ ਭਗਵੰਤ ਬਣ ਮਾਈ ਬਾਪ, ਪਿਤਾ ਪੂਤ ਸਗਨ ਵਖਾਈਆ । ਦੇਵਣਹਾਰਾ ਇਕੋ ਜਾਪ, ਜੀਵਣ ਜੁਗਤ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵਿਚੋਲਾ ਇਕ ਅਖਵਾਈਆ । ਹਰਿਜਨ ਤੇਰਾ ਸ਼ਬਦ ਵਚੋਲਾ, ਸੌਹਰੇ ਪੇਈਏ ਫੇਰਾ ਪਾਇੰਦਾ । ਖ਼ੁਸ਼ੀਆਂ ਨਾਲ ਸੁਣਾਵੇ ਢੋਲਾ, ਦੋਵੇਂ ਘਰ ਸਮਝਾਇੰਦਾ । ਬਿਨ ਸਤਿਗੁਰ ਪੂਰੇ ਕੋਇ ਨਾ ਖੋਲ੍ਹੇ ਉਹਲਾ, ਪੜਦਾ ਦੂਈ ਨਾ ਕੋਇ ਹਟਾਇੰਦਾ । ਕੂੜੇ ਸਾਕ ਪਾਵਣ ਰੌਲਾ, ਮੁਖ ਥੁੱਕਾਂ ਨਾਲ ਭਰਾਇੰਦਾ । ਹਰਿਜਨ ਅੰਮ੍ਰਿਤ ਮਿਲੇ ਆਤਮ ਕੌਲਾ, ਕਵਲ ਨਾਭੀ ਆਪ ਉਲਟਾਇੰਦਾ । ਜਿਸ ਨੇ ਜਨਮ ਦਵਾਇਆ ਉਪਰ ਧੌਲਾ, ਸੋ ਜਨਮ ਕਰਮ ਆਪ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਇਕ ਸੁਹਾਇੰਦਾ । ਸਾਚਾ ਘਰ ਸਤਿਗੁਰ, ਗੁਰ ਸਤਿਗੁਰ ਦਏ ਵਡਿਆਈਆ । ਮੇਲ ਮਿਲਾਏ ਲੇਖਾ ਧੁਰ, ਧੁਰ ਸੰਜੋਗੀ ਵੇਖ ਵਖਾਈਆ । ਲੋਕ ਲੱਜਿਆ ਵਿਚ ਨਾ ਆਏ ਮੁਖ, ਮੁਖ ਮੁਖੜਾ ਗੁਰ ਸਾਲਾਹੀਆ । ਹਰਿ ਸੰਗਤ ਵਿਚ ਮਿਟੇ ਦੁੱਖ, ਦੁਖੀਆਂ ਦਰਦ ਆਪ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਪ੍ਰੀਤੀ ਭਗਤਾਂ ਨਾਲ ਪਰਨਾਈਆ । ਭਗਤ ਪ੍ਰੀਤੀ ਭਗਤ ਕੁੜਮਾਈ, ਕੁੜਮ ਕੁੜਮੇਟਾ ਵੇਖ ਵਖਾਇੰਦਾ । ਇਕੋ ਘਰ ਧੀ ਜਵਾਈ, ਸੌਹਰੇ ਪੇਈਏ ਇਕੋ ਘਰ ਬਣਾਇੰਦਾ । ਇਕੋ ਪਰਮਾਤਮ ਇਕੋ ਆਤਮ ਲਏ ਪਰਨਾਈ, ਪਰਨਾਈ ਆਤਮ ਆਤਮ ਨਾਲ ਮਿਲਾਇੰਦਾ । ਨਿਰਗੁਣ ਦਾਤਾ ਪੁਰਖ ਬਿਧਾਤਾ ਸਾਚੇ ਦੀਪਕ ਕਰ ਰੁਸ਼ਨਾਈ, ਅਗਿਆਨ ਅੰਧੇਰ ਮਿਟਾਇੰਦਾ । ਘਰ ਆਇਆ ਚਲ ਦਵਾਰੇ ਆਦਿ ਸ਼ਕਤ ਮਾਈ, ਨਿਰਗੁਣ ਸਾਚਾ ਸਗਨ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਇਕ ਸਮਝਾਇੰਦਾ । ਆਦਿ ਸ਼ਕਤ ਚੜ੍ਹਿਆ ਚਾ, ਸੂਹੇ ਕਪੜੇ ਰਹੀ ਵਖਾਈਆ । ਆਓ ਵੇਖੋ ਸੱਚਾ ਥਾਂ, ਪ੍ਰਭ ਸਾਚਾ ਆਸਣ ਲਾਈਆ । ਹਰਿ ਸੰਗਤ ਫੜ ਕੇ ਬੈਠਾ ਬਾਂਹ, ਸਭਨਾਂ ਸਿਰ ਆਪਣਾ ਹੱਥ ਟਿਕਾਈਆ । ਸਤਿਜੁਗ ਸਾਚਾ ਦੱਸੇ ਰਾਹ, ਰਹਿਬਰ ਬਣ ਨੂਰ ਇਲਾਹੀਆ । ਜਗਤ ਨਾਤਾ ਰਿਹਾ ਜੁੜਾ, ਪੁਰਖ ਬਿਧਾਤਾ ਦਇਆ ਕਮਾਈਆ । ਪਤ ਪਤਨੀ ਮੇਲ ਮਿਲਾ, ਪਾਤਰ ਇਕੋ ਇਕ ਦਰਸਾਈਆ । ਨਿਰਗੁਣ ਨਿਰਵੈਰ ਪੁਰਖ ਅਕਾਲ ਸਰਗੁਣ ਪੰਜ ਤੱਤ ਕਾਇਆ ਬਣ ਮਲਾਹ, ਬੇੜਾ ਆਪਣੇ ਕੰਧ ਉਠਾਈਆ । ਸ਼ੱਤਰੀ ਬ੍ਰਹਿਮਣ

ਸ਼ੂਦਰ ਵੈਸ਼ ਆਪਣੀ ਗੰਢ ਪਵਾ, ਪਿਛਲੀ ਗੰਢ ਦਏ ਖੁਲ੍ਹਾਈਆ । ਗਾਨਾਂ ਬੰਨ੍ਹੇ ਨਾਲ ਚਾ, ਤੰਦ ਇਕੋ ਨਾਮ ਜਣਾਈਆ । ਵਟਣਾ ਮਲੇ ਸਹਿਜ ਸੁਭਾ, ਮਿਹਰ ਨਜ਼ਰ ਇਕ ਉਠਾਈਆ । ਗੁਰਮੁਖ ਖਾਰੇ ਦਏ ਚੜ੍ਹਾ, ਸਚ ਅਸ਼ਨਾਨ ਇਕ ਕਰਾਈਆ । ਮਾਤਲੋਕ ਵਿਚੋਂ ਉਚੀ ਛਾਤੀ ਦਏ ਕਰਾ, ਸਚਖੰਡ ਦਵਾਰ ਬਹਾਈਆ । ਭੰਨੀ ਆਵੇ ਪਿਛੇ ਵਾਹੋ ਦਾਹ, ਫੜਿਆ ਪੱਲੂ ਛੁਟ ਨਾ ਜਾਈਆ । ਸੱਚਾ ਵਿਵਾਹ ਸੱਚਾ ਨਕਾਹ, ਬਿਨ ਬੇਦੀ ਦਏ ਕਰਾਈਆ । ਗੁਰਮੁਖ ਚਾਰ ਜੁਗ ਦੇ ਵਿਛੜੇ ਬਣਨ ਗਵਾਹ, ਅੰਤ ਮੁਕਰ ਕੋਇ ਨਾ ਜਾਈਆ । ਪ੍ਰਭ ਦਾ ਸਾਰੇ ਕਹਿੰਦੇ ਕਦੇ ਨਾ ਕਰੋ ਵਸਾਹ, ਅਛਲ ਅਛੱਲ ਆਪਣੀ ਧਾਰ ਚਲਾਈਆ । ਪਾਰਬ੍ਰਹਮ ਕਹੇ ਮੈਂ ਕਿਰਪਾ ਕਰਕੇ ਕੋਟ ਜਨਮ ਦੇ ਬਖ਼ਸ਼ ਦੇਵਾਂ ਗੁਨਾਹ, ਜੋ ਜਨ ਆਇਣ ਸਰਨਾਈਆ । ਜਨਮ ਦੇਣ ਵਾਲੇ ਜਗਤ ਪਿਤਾ ਮਾਂ, ਆਤਮ ਪਰਮਾਤਮ ਪੁਰਖ ਅਕਾਲ ਆਪਣੀ ਅੰਸ ਬਣਾਈਆ । ਨਥਾਵਿਆਂ ਦੇਵਣਹਾਰਾ ਥਾਂ, ਗਰੀਬ ਨਿਮਾਣਿਆਂ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਦਏ ਸਮਝਾਈਆ । ਹਰਿ ਸੰਗਤ ਕੂੜੀ ਛੱਡਣੀ ਆਸ, ਆਸਾ ਆਪ ਮੁਕਾਇੰਦਾ । ਦਾਜ ਦੌਣ ਦੀ ਰਹੇ ਨਾ ਪਿਆਸ, ਪਿਆਸ ਅੰਮ੍ਰਿਤ ਨਾਲ ਬੁਝਾਇੰਦਾ । ਆਤਮ ਪਰਮਾਤਮ ਆਏ ਰਾਸ, ਰਸ ਇਕੋ ਇਕ ਵਖਾਇੰਦਾ । ਸਾਚੀ ਵਸਤ ਮੰਗੋ ਪ੍ਰਭ ਵਸੀਏ ਚਰਨਾਂ ਪਾਸ, ਦੂਜਾ ਸ਼ੰਗਾਰ ਕੰਮ ਕਿਸੇ ਨਾ ਆਇੰਦਾ । ਪਤ ਪਤਣੀ ਹੋਵਣ ਇਕ ਦੂਜੇ ਦੇ ਦਾਸੀ ਦਾਸ, ਆਪਣਾ ਮਾਣ ਨਾ ਕੋਇ ਰਖਾਇੰਦਾ । ਦੁੱਖ ਰੋਗ ਸੋਗ ਜਾਇਣ ਵਿਨਾਸ, ਅਬਿਨਾਸ਼ੀ ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਆਪ ਸਮਝਾਇੰਦਾ । ਸਾਚਾ ਰਾਹ ਦੱਸੇ ਮੀਤ, ਮਿੱਤਰ ਪਿਆਰਾ ਵਡ ਵਡਿਆਈਆ । ਇਕੋ ਹਰਿ ਹਰਿ ਗਾਓ ਗੀਤ, ਗੀਤ ਗੋਬਿੰਦ ਰਿਹਾ ਜਣਾਈਆ । ਕਾਇਆ ਠੰਡੀ ਹੋਏ ਸੀਤ, ਸਤਿਗੁਰ ਮਿਲੇ ਸਰਨਾਈਆ । ਦਿਵਸ ਰੈਣ ਪੂਰੀ ਕਰੇ ਰੀਝ, ਜਿਸ ਜਨ ਆਪਣਾ ਦਰਸ ਕਰਾਈਆ । ਨੇਤਰ ਨੈਣ ਜਾਣ ਪਤੀਜ, ਕੱਜਲ ਧਾਰ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਨੂੰ ਆਪਣੀ ਅੱਖ ਦਰਸਾਈਆ । ਵੱਡਾ ਛੋਟਾ ਛੱਡੋ ਖਹਿੜਾ, ਹਰਿ ਖ਼ਾਲਕ ਖ਼ਲਕ ਜਣਾਇੰਦਾ । ਜਿਸ ਨੂੰ ਪ੍ਰਭ ਨੇ ਕਿਹਾ ਤੂੰ ਮੇਰਾ ਮੈਂ ਤੇਰਾ, ਸੋ ਗੁਰਮੁਖ ਇਕੋ ਰੰਗ ਨਜ਼ਰੀ ਆਇੰਦਾ । ਲੋਕ ਲੱਜਿਆ ਛੱਡੋ ਕਰ ਕੇ ਵੱਡਾ ਜੇਰਾ, ਜੇਰਜ ਅੰਡ ਕੰਮ ਕਿਸੇ ਨਾ ਆਇੰਦਾ । ਕੂੜੀ ਕਿਰਿਆ ਰੰਗ ਮਾਣਿਆ ਪਿਛੇ ਬਥੇਰਾ, ਅੱਗੇ ਸਤਿਗੁਰ ਪੱਲੂ ਆਪ ਛੁਡਾਇੰਦਾ । ਸੇਵਕ ਬਣ ਕੇ ਬੰਨ੍ਹੇ ਬੇੜਾ, ਬੇੜਾ ਆਪਣੇ ਕੰਧ ਉਠਾਇੰਦਾ । ਨਜ਼ਰੀ ਆਏ ਨੇਰਨ ਨੇਰਾ, ਦੂਰ ਦੁਰਾਡਾ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸੰਗਤ ਆਪ ਸਮਝਾਇੰਦਾ । ਹਰਿਜਨ ਨਾਰੀ ਹਰਿਜਨ ਕੰਤ, ਭਗਵੰਤ ਦਏ ਵਡਿਆਈਆ । ਹਰਿਜਨ ਸਾਧ ਹਰਿਜਨ ਸੰਤ, ਸਤਿਗੁਰ ਮੇਲਾ ਸਹਿਜ ਸੁਭਾਈਆ । ਹਰਿਜਨ ਭੂਸ਼ਨ ਹਰਿਜਨ ਚੜ੍ਹੇ ਰੰਗ ਬਸੰਤ, ਰੰਗ ਉਤਰ ਕਦੇ ਨਾ ਜਾਈਆ । ਹਰਿਜਨ ਮਣੀਆਂ ਹਰਿਜਨ ਮੰਤ, ਹਰਿ ਇਕੋ ਨਾਮ ਪੜ੍ਹਾਈਆ । ਹਰਿਜਨ ਮਹਿਮਾ ਹਰਿਜਨ ਅਗਣਤ, ਲੇਖਾ ਗਣਤ ਵਿਚ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਮੇਲਾ ਸਹਿਜ ਸੁਭਾਈਆ । ਘਰ ਮੇਲਾ ਗੁਰਮੁਖ ਮੀਤ, ਹਰਿ ਸੱਜਣ ਸਚ ਦ੍ਰਿੜਾਇਆ । ਨਾਤਾ ਚੁਕੇ ਪਿਛਲੀ ਰੀਤ, ਪਿਛਾ ਦੂਰ ਨੇੜਾ ਅੱਗੇ ਆਇਆ । ਹਰਿ ਸੰਗਤ ਨਾਤਾ ਤੁਟੇ ਮੰਦਰ ਮਸੀਤ, ਮੋਹ ਮੁਹੱਬਤ ਇਕ ਜਣਾਇਆ । ਜੋ ਜਨ ਸੋਹੰ ਮਹਾਰਾਜ

੭੯੩
੧੩

ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗਾਏ ਗੀਤ, ਜੁਗ ਜਨਮ ਦੀ ਵਿਛੜੀ ਜੋੜੀ ਜੋੜ ਜੁੜਾਇਆ । ਗੁਰਮੁਖ ਕੋਲੋਂ ਗੁਰਮੁਖ ਚਲੀ ਰੀਤ, ਗੁਰਮੁਖ ਗੁਰਮੁਖ ਝੋਲੀ ਪਾਇਆ । ਸਤਿਗੁਰ ਕਹਿਣਾ ਮੰਨੋ ਠੀਕ, ਕਾਇਆ ਠੀਕਰ ਅੰਤਮ ਕੰਮ ਕਿਸੇ ਨਾ ਆਇਆ । ਜਿਸ ਨੂੰ ਗੋਬਿੰਦ ਕਹਿ ਕੇ ਗਿਆ ਧਾਰ ਬਾਰੀਕ, ਸੋ ਨੀਕਨ ਨੀਕੀ ਰਿਹਾ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਜਣਾਏ ਸਾਚੀ ਰੀਤ, ਗੁਰਮੁਖ ਜੋੜੀ ਫੂਲਨਹਾਰ ਗਲ ਪਹਿਨਾਇਆ ।

## ❇ ੬ ਫੱਗਣ ੨੦੧੯ ਬਿਕ੍ਰਮੀ ਹਰਬੰਸ ਸਿੰਘ ਦੇ ਗ੍ਰਿਹ ਠੀਕਰੀ ਛੰਨਾਂ ਜ਼ਿਲਾ ਕਰਨਾਲ ❇

ਬਿਰਹੋਂ ਕੁਠੀ ਰੋਵੇ ਕੂੰਜ, ਮਨ ਵੈਰਾਗੀ ਨੈਣ ਉਠਾਈਆ । ਜ਼ਿਮੀ ਅਸਮਾਨ ਪਾਏ ਗੂੰਜ, ਚਲੇ ਵਾਹੋ ਦਾਹੀਆ । ਬਿਨ ਸਤਿ ਪ੍ਰੇਮ ਪ੍ਰੀਤੀ ਕੋਈ ਨਾ ਜਾਏ ਝੂਜ, ਰੋਵਤ ਰੋਵੇ ਸਰਬ ਲੋਕਾਈਆ । ਗੁਰਮੁਖ ਨੇਤਰ ਗੁਰ ਸਤਿਗੁਰ ਦੇਵੇ ਪੂੰਝ, ਛਹਿਬਰ ਆਪਣੇ ਵਿਚ ਮਿਲਾਈਆ । ਹਰ ਘਟ ਅੰਦਰ ਰਿਹਾ ਬੂਝ, ਬੂਝ ਆਪਣੀ ਆਪ ਜਣਾਈਆ । ਲੇਖਾ ਜਾਣੇ ਡੂੰਘੇ ਸਾਗਰ ਗੂਝ, ਭੇਵ ਅਭੇਦ ਆਪ ਚੁਕਾਈਆ । ਸਤਿ ਵਸਤ ਹਰਿਜਨ ਹਰਿ ਦਵਾਰੇ ਰਿਹਾ ਲੂਝ, ਆਤਮ ਅੰਤਰ ਧਿਆਨ ਲਗਾਈਆ । ਦੇਵਣਹਾਰ ਆਪ ਮਹਿਬੂਬ, ਮਿਹਰਵਾਨ ਬੇਨਜ਼ੀਰ ਦਇਆ ਕਮਾਈਆ । ਹੁਜਰਾ ਹੱਕ ਵਖਾਏ ਅਰੂਜ, ਨੂਰ ਜ਼ਹੂਰ ਮਹਿਰਾਬ ਰੁਸ਼ਨਾਈਆ । ਜਗਤ ਕਿਨਾਰਾ ਪਾਰ ਹਦੂਦ, ਭਗਤ ਦਵਾਰ ਵਡਿਆਈਆ । ਦੇਵਣਹਾਰਾ ਅਸਲ ਨਾਲ ਸੂਦ, ਪੂਰਬ ਲੇਖਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਸਾ ਤ੍ਰਿਸਨਾ ਤ੍ਰਿਸਨਾ ਆਸਾ ਆਸਾ ਨਾਲ ਵਖਾਈਆ । ਆਸਾ ਤ੍ਰਿਸਨਾ ਮਿਟੇ ਪਿਆਸ, ਧੀਰਜ ਧੀਰ ਇਕ ਧਰਾਇੰਦਾ । ਵੇਖਣਹਾਰਾ ਖੇਲ ਤਮਾਸ਼, ਖ਼ਾਲਕ ਖ਼ਲਕ ਵਿਚ ਸਮਾਇੰਦਾ । ਜੁਗ ਚੌਕੜੀ ਪਾਵੇ ਰਾਸ, ਬ੍ਰਹਿਮੰਡ ਖੰਡ ਨਾਚ ਨਚਾਇੰਦਾ । ਨਿਰਗੁਣ ਨਿਰਵੈਰ ਜੋਤ ਕਰ ਪਰਕਾਸ਼, ਸਰਗੁਣ ਸਾਚਾ ਸੰਗ ਨਿਭਾਇੰਦਾ । ਵੇਖਣਹਾਰ ਪ੍ਰਿਥਮੀ ਆਕਾਸ਼, ਭਗਤ ਭਗਵੰਤ ਭੇਵ ਚੁਕਾਇੰਦਾ । ਜਨਮ ਕਰਮ ਧਰਮ ਪੂਰਬ ਪੂਰੀ ਕਰੇ ਆਸ, ਆਸਾ ਪੂਰਨ ਆਪ ਅਖਵਾਇੰਦਾ । ਗਹਿਰ ਗੰਭੀਰ ਡੂੰਘਾ ਵਖਾਏ ਖਾਤ, ਘਾਟਾ ਕੋਇ ਨਜ਼ਰ ਨਾ ਆਇੰਦਾ । ਹਰਿਜਨ ਵੇਖੇ ਮਾਰ ਝਾਤ, ਬਜਰ ਕਪਾਟੀ ਤੋੜ ਤੁੜਾਇੰਦਾ । ਨਾਤਾ ਤੁਟੇ ਆਫ਼ਤਾਬ, ਚੰਦ ਨੂਰ ਨਾ ਕੋਇ ਚਮਕਾਇੰਦਾ । ਲਹਿਣਾ ਚੁੱਕੇ ਹਯਾਤ ਆਬ, ਝਿਰਨਾ ਨਿਝਰ ਨਾ ਕੋਇ ਵਖਾਇੰਦਾ । ਜਿਸ ਜਨ ਕਰ ਕਿਰਪਾ ਮਿਲੇ ਆਪ, ਆਪ ਆਪਣਾ ਰੰਗ ਵਖਾਇੰਦਾ । ਏਥੇ ਓਥੇ ਮਾਈ ਬਾਪ, ਪਿਤਾ ਪੂਤ ਗੋਦ ਸੁਹਾਇੰਦਾ । ਜਿਸ ਜਨ ਦੇਵੇ ਸੱਚਾ ਜਾਪ, ਪੁੱਤ ਪੋਤਰੇ ਰੰਗ ਰੰਗਾਇੰਦਾ । ਸੋ ਸਾਹਿਬ ਪਾਕੀ ਪਾਕ, ਪਤਤ ਪੁਨੀਤ ਵੇਖ ਵਖਾਇੰਦਾ । ਖੋਲ੍ਹਣਹਾਰ ਅਗੰਮੀ ਤਾਕ, ਪੜਦਾ ਦਵੈਤ ਆਪ ਉਠਾਇੰਦਾ । ਆਤਮ ਪਰਮਾਤਮ ਵਖਾਏ ਇਕੋ ਜ਼ਾਤ, ਦੂਜੀ ਵੰਡ ਨਾ ਕੋਇ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰੀ ਆਸਾ ਆਸਾ ਪੂਰ ਪੂਰਨ ਭਰਵਾਸਾ ਇਕ ਵਖਾਇੰਦਾ । ਪੂਰੀ ਆਸਾ ਸਤਿਗੁਰ ਪਾਇਆ, ਮਨ ਤਨ ਵੱਜੇ ਵਧਾਈਆ । ਤ੍ਰੈਗੁਣ ਡੇਰਾ ਜਗਤ ਢਾਇਆ, ਢਾਹ ਢਾਹ ਖ਼ਾਕ ਵਖਾਈਆ । ਕੂੜੀ ਕਿਰਿਆ ਪੰਧ ਚੁਕਾਇਆ, ਮਾਇਆ ਮਮਤਾ ਮੋਹ ਤਜਾਈਆ । ਆਸਾ ਤ੍ਰਿਸਨਾ ਧੱਕਾ ਲਾਇਆ, ਹਉਮੈਂ

੭੯੫
੧੩

ਹੰਗਤਾ ਗੜ੍ਹ ਤੁੜਾਈਆ । ਸਾਚੀ ਸੰਗਤਾ ਮੇਲ ਮਿਲਾਇਆ, ਸ਼ਰਅ ਸੰਗਲ ਕੱਟ ਵਖਾਈਆ । ਸਾਚੇ ਅੰਗਣ ਆਪ ਉਠਾਇਆ, ਗੋਦੀ ਗੋਦ ਗੋਦ ਬਹਾਈਆ । ਨਾਮ ਮਰਦੰਗਣ ਇਕ ਵਜਾਇਆ, ਨਾਦ ਅਨਾਦੀ ਰਾਗ ਅਲਾਈਆ । ਸਾਚਾ ਛੰਦਨ ਇਕ ਸੁਣਾਇਆ, ਗੀਤ ਗੋਬਿੰਦ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਲੇਖਾ ਆਪ ਜਣਾਈਆ । ਸਾਚਾ ਲੇਖਾ ਦੇਵਣਹਾਰ, ਦਾਤਾ ਦਾਨੀ ਇਕ ਅਖਵਾਇੰਦਾ । ਭਰਨਹਾਰ ਖ਼ਾਲੀ ਭੰਡਾਰ, ਭਰੇ ਖ਼ਾਲੀ ਆਪ ਜਣਾਇੰਦਾ । ਲੇਖਾ ਜਾਣ ਧੁਰ ਦਰਬਾਰ, ਧੁਰ ਦੀ ਵਸਤ ਮਾਤ ਵਰਤਾਇੰਦਾ । ਮਾਤਲੋਕ ਖੇਲ ਅਪਾਰ, ਨਿਰਗੁਣ ਸਰਗੁਣ ਰਾਹ ਚਲਾਇੰਦਾ । ਨਿਰਗੁਣ ਸਰਗੁਣ ਲੇਖਾ ਸੰਸਾਰ, ਸੰਸਾਰ ਸਾਗਰ ਵਿਚ ਫਿਰਾਇੰਦਾ । ਲੱਖ ਚੁਰਾਸੀ ਜੋਤ ਆਧਾਰ, ਸ਼ਬਦ ਰਾਗ ਅਲਾਇੰਦਾ । ਜੁਗ ਚੌਕੜੀ ਕਰ ਕਰ ਪਾਰ, ਕੋਟਨ ਕੋਟ ਕਾਲ ਚਰਨਾਂ ਹੇਠ ਰਖਾਇੰਦਾ । ਭਗਤ ਵਛਲ ਹੋ ਦਿਆਲ, ਭਗਵਨ ਆਪਣੀ ਦਇਆ ਕਮਾਇੰਦਾ । ਗੁਰਮੁਖ ਸੱਜਣ ਵੇਖੇ ਲਾਲ, ਸਤਿਗੁਰ ਆਪਣਾ ਮੇਲ ਮਿਲਾਇੰਦਾ । ਨਾਤਾ ਤੋੜ ਕਾਲ ਮਹਾਂਕਾਲ, ਸਿਰ ਆਪਣਾ ਹੱਥ ਟਿਕਾਇੰਦਾ । ਚਰਨ ਦਵਾਰ ਸੱਚੀ ਧਰਮਸਾਲ, ਧਰਮ ਦਵਾਰਾ ਇਕ ਵਖਾਇੰਦਾ । ਨਿਰਗੁਣ ਨਿਰਵੈਰ ਚਲੇ ਨਾਲ ਨਾਲ, ਮੂਰਤ ਅਕਾਲ ਅਜੂਨੀ ਰਹਿਤ ਨਜ਼ਰੀ ਆਇੰਦਾ । ਸਤਿ ਸਤਿਵਾਦੀ ਬਣ ਦਲਾਲ, ਵਣਜ ਵਣਜਾਰਾ ਇਕੋ ਹੱਟ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਆਪਣਾ ਵਰ, ਸੋ ਜਨ ਗੁਰਮੁਖ ਰੂਪ ਵਟਾਇੰਦਾ । ਨਾਮ ਧੰਨ ਅਤੁਟ ਖ਼ਜ਼ਾਨਾ, ਸ਼ਹਿਨਸ਼ਾਹ ਆਪ ਵਰਤਾਈਆ । ਜੁਗ ਚੌਕੜੀ ਹੋ ਪਰਧਾਨਾ, ਦੋ ਜਹਾਨਾਂ ਵੇਖੇ ਥਾਉਂ ਥਾਈਂਆ । ਗੁਰਮੁਖਾਂ ਮਾਰੇ ਤੀਰ ਨਿਸ਼ਾਨਾ, ਅਣਿਆਲਾ ਬਾਣ ਚਲਾਈਆ । ਦੇਵੇ ਦਰਸ ਸ੍ਰੀ ਭਗਵਾਨਾ, ਦੀਦ ਈਦ ਚੰਦ ਰੁਸ਼ਨਾਈਆ । ਕਾਗ਼ਜ਼ ਕਲਮ ਹੋਏ ਹੈਰਾਨਾ, ਹਰਿ ਕਾ ਭੇਵ ਕੋਇ ਨਾ ਪਾਈਆ । ਭਗਤ ਭਗਵਾਨ ਵਸਣ ਇਕ ਮਕਾਨਾ, ਸਾਢੇ ਤਿੰਨ ਹੱਥ ਅੰਦਰ ਡੇਰਾ ਲਾਈਆ । ਪਿਤਾ ਪੂਤ ਵੇਖੇ ਚਤੁਰ ਸੁਜਾਨਾ, ਸੁਘੜ ਆਪਣਾ ਰਾਹ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਦਿ ਜੁਗਾਦਿ ਜੁਗਾ ਜੁਗੰਤਰ ਜਨ ਭਗਤਾਂ ਇਕੋ ਨਾਮ ਕਰੇ ਰੁਸ਼ਨਾਈਆ । ਜਨ ਭਗਤਾਂ ਲਾਏ ਸਾਚੀ ਜੜ, ਲੋਕਮਾਤ ਨਾ ਕੋਇ ਉਖੜਾਇੰਦਾ । ਧੁਰ ਦਰਗਾਹੀ ਆਪੇ ਫੜ, ਬੇਪਰਵਾਹੀ ਮੇਲ ਮਿਲਾਇੰਦਾ । ਨਾਤਾ ਤੋੜ ਸੀਸ ਧੜ, ਆਤਮ ਪਰਮਾਤਮ ਜੋੜ ਜੁੜਾਇੰਦਾ । ਡੂੰਘੀ ਕੰਦਰ ਆਪ ਵੜ, ਸਚ ਮਹੱਲੇ ਸੋਭਾ ਪਾਇੰਦਾ । ਸੋਹੰ ਅੱਖਰ ਇਕੋ ਪੜ੍ਹ, ਤੂੰ ਮੇਰਾ ਮੈਂ ਤੇਰਾ ਏਕਾ ਰਾਹ ਜਣਾਇੰਦਾ । ਕਰ ਪਰਕਾਸ਼ ਬਹੱਤਰ ਨੜ, ਜੋਤੀ ਜੋਤ ਡਗਮਗਾਇੰਦਾ । ਦੇਵਣਹਾਰਾ ਸਾਚਾ ਵਰ, ਬ੍ਰਹਮ ਪਾਰਬ੍ਰਹਮ ਸਮਝਾਇੰਦਾ । ਈਸ਼ ਜੀਵ ਜਗਦੀਸ ਕਿਰਪਾ ਕਰ, ਜੀਵਣ ਜੁਗਤ ਜਗਤ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਆਪਣਾ ਵਰ, ਤਿਸ ਆਪਣਾ ਘਰ ਵਖਾਇੰਦਾ ।

❋ ੬ ਫੱਗਣ ੨੦੧੯ ਬਿਕ੍ਰਮੀ ਅਰਜਣ ਸਿੰਘ ਦੇ ਗ੍ਰਿਹਿ ਬਲੋਚ ਪੁਰਾ ਜ਼ਿਲਾ ਕਰਨਾਲ ❋

ਸਚਖੰਡ ਦਵਾਰ ਸੁਹਾ, ਸੋ ਪੁਰਖ ਨਿਰੰਜਣ ਖੇਲ ਕਰਾਇੰਦਾ । ਥਿਰ ਘਰ ਖੇਲ ਬੇਪਰਵਾਹ, ਹਰਿ ਪੁਰਖ ਨਿਰੰਜਣ ਵੇਸ ਵਟਾਇੰਦਾ । ਏਕੰਕਾਰ ਅਗੰਮ ਅਥਾਹ, ਨਿਰਗੁਣ ਆਪਣੀ ਧਾਰ ਪਰਗਟਾਇੰਦਾ । ਆਦਿ ਨਿਰੰਜਣ ਨੂਰ ਰੁਸ਼ਨਾ, ਜੋਤੀ ਜਾਤਾ ਡਗਮਗਾਇੰਦਾ । ਅਬਿਨਾਸ਼ੀ ਕਰਤਾ ਸੱਚਾ ਸ਼ਹਿਨਸ਼ਾਹ, ਸ਼ਾਹੋ ਭੂਪ ਖੇਲ ਕਰਾਇੰਦਾ । ਸ੍ਰੀ ਭਗਵਾਨ ਬੇਅੰਤ ਅਖਵਾ, ਸਾਚੇ ਤਖ਼ਤ ਸੋਭਾ ਪਾਇੰਦਾ । ਪਾਰਬ੍ਰਹਮ ਪ੍ਰਭ ਦੋਏ ਜੋੜ ਸੀਸ ਝੁਕਾ, ਨਿਉਂ ਨਿਉਂ ਸਜਦਾ ਇਕ ਕਰਾਇੰਦਾ । ਸ਼ਾਹ ਸੁਲਤਾਨਾ ਨੌਜਵਾਂ, ਰੂਪ ਰੰਗ ਰੇਖ ਨਾ ਕੋਇ ਰਖਾਇੰਦਾ । ਮੁਕਾਮੇ ਹੱਕ ਡੇਰਾ ਲਾ, ਲਾਸ਼ਰੀਕ ਸੋਭਾ ਪਾਇੰਦਾ । ਸਚ ਤੌਫ਼ੀਕ ਇਕ ਖ਼ੁਦਾ, ਨੂਰ ਜ਼ਹੂਰ ਆਪ ਪਰਗਟਾਇੰਦਾ । ਮਹੱਲ ਅਟੱਲ ਕਰ ਰੁਸ਼ਨਾ, ਨਿਰਵੈਰ ਰੰਗ ਰੰਗਾਇੰਦਾ । ਰਾਜਨ ਰਾਜ ਭੂਪਤ ਭੂਪ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਸਾਚਾ ਖੇਲ ਸਚਖੰਡ ਦਵਾਰ, ਹਰਿ ਸਾਚਾ ਸਚ ਕਰਾਇੰਦਾ । ਅਲੱਖ ਅਗੋਚਰ ਅਗੰਮ ਅਪਾਰ, ਬੇਪਰਵਾਹ ਆਸਣ ਲਾਇੰਦਾ । ਸ਼ਾਹੋ ਭੂਪ ਬਣ ਸਿਕਦਾਰ, ਧੁਰ ਫ਼ਰਮਾਨਾ ਹੁਕਮ ਅਲਾਇੰਦਾ । ਨਿਰਗੁਣ ਨਿਰਗੁਣ ਪਾਵੇ ਸਾਰ, ਦੂਸਰ ਸੰਗ ਨਾ ਕੋਇ ਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੇ ਮੰਦਰ ਸੋਭਾ ਪਾਇੰਦਾ । ਸਾਚਾ ਮੰਦਰ ਉਚ ਮਹੱਲਾ, ਮਿਹਰਵਾਨ ਦਇਆ ਕਮਾਈਆ । ਸੋ ਪੁਰਖ ਨਿਰੰਜਣ ਇਕ ਇਕੱਲਾ, ਹਰਿ ਪੁਰਖ ਨਿਰੰਜਣ ਸੋਭਾ ਪਾਈਆ । ਏਕੰਕਾਰ ਫੜਾ ਪੱਲਾ, ਪੱਲੂ ਆਪਣੀ ਗੰਢ ਬੰਧਾਈਆ । ਆਦਿ ਨਿਰੰਜਣ ਦੀਪਕ ਜੋਤ ਪਰਕਾਸ਼ ਆਪੇ ਬਲਾ, ਦੀਵਾ ਬਾਤੀ ਨਾ ਕੋਇ ਵਡਿਆਈਆ । ਸ੍ਰੀ ਭਗਵਾਨ ਸਚ ਸੰਦੇਸ਼ ਨਰ ਨਰੇਸ਼ ਨਿਰਵੈਰ ਪੁਰਖ ਏਕਾ ਘੱਲਾ, ਬੋਧ ਅਗਾਧ ਪੜ੍ਹਾਈਆ । ਅਬਿਨਾਸ਼ੀ ਕਰਤਾ ਆਦਿ ਜੁਗਾਦਿ ਅਟੱਲ ਅਟੱਲਾ, ਬੇਨਜ਼ੀਰ ਨਜ਼ਰ ਕਿਸੇ ਨਾ ਆਈਆ । ਪਾਰਬ੍ਰਹਮ ਦਰ ਦਰਵੇਸ਼ ਗਲ ਪਾ ਪੱਲਾ, ਅਲੱਖ ਨਿਰੰਜਣ ਇਕ ਅਲਖ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੇ ਤਖ਼ਤ ਸੋਭਾ ਪਾਈਆ । ਸਾਚੇ ਤਖ਼ਤ ਸਚ ਤੌਫ਼ੀਕ, ਮਿਹਬਾਨ ਬੀਦੋ ਬੀ ਖ਼ੈਰ ਯਾ ਅੱਲਾ ਨੂਰ ਨੂਰਾਨਾ ਡਗਮਗਾਇੰਦਾ । ਮੂਰਤ ਅਕਾਲ ਅਜੂਨੀ ਰਹਿਤ ਲਾਸ਼ਰੀਕ, ਬੇਨਜ਼ੀਰ ਵਾਹਦ ਆਪਣੀ ਕਾਰ ਕਮਾਇੰਦਾ । ਆਦਿ ਜੁਗਾਦਿ ਸਦ ਰਫ਼ੀਕ, ਵੇਖਣਹਾਰਾ ਹੱਕ ਤਹਿਕੀਕ, ਦੂਸਰ ਸੰਗ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਆਪ ਖੜ, ਨਿਰਗੁਣ ਆਪਣਾ ਨੈਣ ਉਠਾਇੰਦਾ । ਨਿਰਗੁਣ ਨੈਣ ਖੋਲ੍ਹ ਅੱਖ, ਆਖਰ ਆਪਣੀ ਧਾਰ ਚਲਾਈਆ । ਸਚ ਦਵਾਰੇ ਹੋ ਪਰਤੱਖ, ਦਰਗਹਿ ਸਾਚੀ ਦਏ ਵਡਿਆਈਆ । ਸਰਬ ਕਲ ਹੋ ਸਮਰਥ, ਸਮਰਥ ਖੇਲ ਕਰਾਈਆ । ਆਪਣੀ ਮਹਿਮਾ ਜਾਣ ਅਕੱਥ, ਆਪ ਆਪਣੇ ਵਿਚ ਛੁਪਾਈਆ । ਆਦਿ ਆਦਿ ਚਲਾਏ ਰਥ, ਜੁਗ ਜੁਗ ਵੇਸ ਵਟਾਈਆ । ਵਸਣਹਾਰਾ ਹਰ ਘਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਸਚਖੰਡ, ਸਚਖੰਡ ਨਿਵਾਸੀ ਆਪ ਕਮਾਇੰਦਾ । ਨਿਰਗੁਣ ਨਿਰਗੁਣ ਕਰ ਕਰ ਵੰਡ, ਹਿੱਸਾ ਆਪਣੀ ਝੋਲੀ ਪਾਇੰਦਾ । ਪਰਕਾਸ਼ ਪਰਕਾਸ਼ ਸਾਚਾ ਚੰਦ, ਕਿਰਨ ਕਿਰਨ ਵੇਸ ਵਟਾਇੰਦਾ । ਜੁਗਾਦਿ ਜੁਗਾਦਿ ਇਕ ਅਨੰਦ, ਅਨੰਦ ਅਨੰਦ ਵਿਚ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ

ਹਰਿ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਰਤਾ ਪੁਰਖ, ਪਰਮ ਪੁਰਖ ਆਪ ਕਮਾਈਆ । ਨਿਰਗੁਣ ਦੇਵੇ ਨਿਰਗੁਣ ਦਰਸ, ਦਰਸ ਦਰਸ ਨਾਲ ਮਿਲਾਈਆ । ਨਿਰਾਕਾਰ ਮਿਟਾਏ ਨਿਰਗੁਣ ਹਰਸ, ਹਵਸ ਹਵਸ ਨਾ ਕੋਇ ਵਧਾਈਆ । ਨਿਰਵੈਰ ਕਰੇ ਨਿਰਵੈਰ ਤਰਸ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਜੁਗਾਦਿ ਜੁਗਾ ਜੁਗੰਤਰ ਆਪਣੀ ਕਾਰ ਕਮਾਈਆ । ਆਪਣੀ ਕਾਰ ਕਰੇ ਕਰਤਾਰਾ, ਕਰਨਹਾਰ ਆਪ ਅਖਵਾਇੰਦਾ । ਆਦਿ ਆਦਿ ਕਰ ਪਸਾਰਾ, ਜੁਗ ਜੁਗ ਵੇਖ ਵਖਾਇੰਦਾ । ਵਸਣਹਾਰਾ ਧਾਮ ਨਿਆਰਾ, ਸਚਖੰਡ ਸਾਚੇ ਸੋਭਾ ਪਾਇੰਦਾ । ਖੋਲ੍ਹਣਹਾਰਾ ਧਰਮ ਕਿਵਾੜਾ, ਥਿਰ ਘਰ ਆਪਣਾ ਕੁੰਡਾ ਲਾਹਿੰਦਾ । ਦੇਵਣਹਾਰਾ ਸਚ ਪਿਆਰਾ, ਸੁਤ ਦੁਲਾਰਾ ਸ਼ਬਦ ਬਹਾਇੰਦਾ । ਕਰਾਵਣਹਾਰਾ ਵਣਜ ਵਪਾਰਾ, ਸਾਚਾ ਹੱਟ ਆਪ ਜਣਾਇੰਦਾ । ਕਰਨਹਾਰ ਸਤਿ ਉਜਿਆਰਾ, ਵਿਸ਼ਨ ਬ੍ਰਹਮਾ ਸ਼ਿਵ ਰੰਗ ਰੰਗਾਇੰਦਾ । ਵੇਖਣਹਾਰ ਫੁਲ ਫੁਲਵਾੜਾ, ਤ੍ਰੈਗੁਣ ਆਪਣਾ ਬੰਧਨ ਪਾਇੰਦਾ । ਲਗਾਵਣਹਾਰ ਸਚ ਅਖਾੜਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਨਾਚ ਨਚਾਇੰਦਾ । ਲੇਖਾ ਜਾਣ ਧੁਰ ਦਰਬਾਰਾ, ਧੁਰ ਦੀ ਬਾਣੀ ਬਾਣ ਲਗਾਇੰਦਾ । ਸ਼ਬਦ ਅਗੰਮੀ ਬੋਲ ਜੈਕਾਰਾ, ਵਿਸ਼ਨ ਬ੍ਰਹਮਾ ਸ਼ਿਵ ਪੜ੍ਹਾਇੰਦਾ । ਬੋਧ ਅਗਾਧਾ ਖੇਲ ਨਿਆਰਾ, ਅਲੱਖ ਨਿਰੰਜਣ ਬੇਪਰਵਾਹ ਆਪਣੀ ਕਲ ਵਰਤਾਇੰਦਾ । ਕਾਤਬ ਕੋਇ ਨਾ ਬਣੇ ਲਿਖਾਰਾ, ਲਿਖ ਲਿਖ ਲੇਖ ਨਾ ਕੋਇ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਤਖ਼ਤ ਨਿਵਾਸੀ ਸਾਚੇ ਤਖ਼ਤ ਸੋਭਾ ਪਾਇੰਦਾ । ਸਾਚੇ ਤਖ਼ਤ ਨਿਰਵੈਰ ਚੜ੍ਹ, ਸਚਖੰਡ ਵੱਜੇ ਵਧਾਈਆ । ਦੋ ਜਹਾਨਾਂ ਵੇਖੇ ਖੜ, ਬੇਅੰਤ ਬੇਪਰਵਾਹੀਆ । ਸੁਤ ਦੁਲਾਰਾ ਫੜਾਵੇ ਲੜ, ਵਿਸ਼ਨ ਬ੍ਰਹਮਾ ਸ਼ਿਵ ਕਰੇ ਕੁੜਮਾਈਆ । ਤ੍ਰੈ ਪੰਜ ਲੱਖ ਚੁਰਾਸੀ ਭਾਂਡਾ ਘੜ, ਘੜ ਘੜ ਆਪਣਾ ਰੰਗ ਰੰਗਾਈਆ । ਸਰਗੁਣ ਰੂਪ ਆਪੇ ਧਰ, ਧਰਨੀ ਧਰਤ ਧਵਲ ਦਏ ਵਡਿਆਈਆ । ਨਿਰਾਕਾਰ ਅੰਦਰ ਵੜ, ਘਟ ਘਟ ਜੋਤ ਕਰੇ ਰੁਸ਼ਨਾਈਆ । ਬੋਧ ਅਗਾਧੀ ਨਿਸ਼ਅੱਖਰ ਪੜ੍ਹ, ਅੱਖਰ ਅੱਖਰ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ੍ਰਿਸ਼ਟ ਸਬਾਈ ਖੋਜ ਖੁਜਾਈਆ । ਸ੍ਰਿਸ਼ਟ ਸਬਾਈ ਖੇਲ ਅਪਾਰਾ, ਲੱਖ ਚੁਰਾਸੀ ਵੰਡ ਵੰਡਾਇੰਦਾ । ਅੰਡਜ ਜੇਰਜ ਉਤਭੁਜ ਸੇਤਜ ਦੇ ਸਹਾਰਾ, ਸਤਿ ਸਤਿਵਾਦੀ ਵੇਖ ਵਖਾਇੰਦਾ । ਬੋਧ ਅਗਾਧਾ ਬੋਲ ਜੈਕਾਰਾ, ਪਾਰਬ੍ਰਹਮ ਬ੍ਰਹਮ ਵੇਤਾ ਬ੍ਰਹਮ ਵਿਦਿਆ ਇਕ ਪੜ੍ਹਾਇੰਦਾ । ਆਤਮ ਪਰਮਾਤਮ ਦਸਾਏ ਸਾਚਾ ਨੇਤਾ, ਸ਼ਾਹੋ ਭੂਪ ਇਕੋ ਨਜ਼ਰੀ ਆਇੰਦਾ । ਦੋ ਜਹਾਨ ਖੇਲੇ ਖੇਡਾ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਗੋਪੀ ਕਾਹਨ ਨਾਚ ਨਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਰੇ ਆਪ, ਆਪਣੇ ਹੱਥ ਰੱਖੇ ਵਡਿਆਈਆ । ਆਦਿ ਜੁਗਾਦੀ ਮਾਈ ਬਾਪ, ਪਿਤਾ ਪੂਤ ਗੋਦ ਉਠਾਈਆ । ਆਤਮ ਪਰਮਾਤਮ ਬ੍ਰਹਮ ਪਾਰਬ੍ਰਹਮ ਦੇਵੇ ਜਾਪ, ਸੋਹੰ ਅੱਖਰ ਇਕ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਮੰਤਰ ਇਕੋ ਪਾਠ, ਇਕ ਸਰੋਵਰ ਮਾਰੇ ਠਾਠ, ਤਟ ਕਿਨਾਰਾ ਇਕ ਦ੍ਰਿੜਾਈਆ । ਤਟ ਕਿਨਾਰਾ ਏਕੋ ਏਕ, ਇਕ ਇਕੱਲਾ ਆਪ ਜਣਾਇੰਦਾ । ਸੋ ਪੁਰਖ ਨਿਰੰਜਣ ਸਾਚੀ ਟੇਕ, ਹਰਿ ਪੁਰਖ ਨਿਰੰਜਣ ਵੇਖ ਵਖਾਇੰਦਾ । ਏਕੰਕਾਰਾ ਕਰੇ ਬਿਬੇਕ, ਆਦਿ ਨਿਰੰਜਣ ਨੂਰ ਧਰਾਇੰਦਾ । ਅਬਿਨਾਸ਼ੀ ਕਰਤਾ ਲਿਖਣਹਾਰਾ ਲੇਖ, ਸ੍ਰੀ ਭਗਵਾਨ


੭੯੭ ੧੩

ਗੰਢ ਪਵਾਇੰਦਾ । ਪਾਰਬ੍ਰਹਮ ਬ੍ਰਹਮ ਕਰੇ ਹੇਤ, ਨਿਤ ਨਵਿਤ ਵੇਖ ਵਖਾਇੰਦਾ । ਲੱਖ ਚੁਰਾਸੀ ਖੇਲੇ ਖੇਲ, ਨਿਰਗੁਣ ਸਰਗੁਣ ਧਾਰ ਚਲਾਇੰਦਾ । ਮੇਲ ਮਿਲਾਵਾ ਗੁਰੂ ਗੁਰ ਚੇਲ, ਗੁਰ ਚੇਲਾ ਆਪ ਸਮਝਾਇੰਦਾ । ਪਾਰਬ੍ਰਹਮ ਪਤਿਪਰਮੇਸ਼ਵਰ ਸਾਹਿਬ ਸੱਜਣ ਸੁਹੇਲ, ਸਤਿਗੁਰ ਆਪਣੀ ਕਾਰ ਕਮਾਇੰਦਾ । ਆਤਮ ਪਰਮਾਤਮ ਜੋਤ ਨਿਰੰਜਣ ਆਦਿ ਪੁਰਖ ਅਬਿਨਾਸ਼ੀ ਕਰਤਾ ਚਾੜ੍ਹੇ ਤੇਲ, ਘਰ ਘਰ ਵਿਚ ਸਗਨ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾਇੰਦਾ । ਸਾਚੀ ਸਿਖਿਆ ਆਦਿ, ਆਦਿ ਸ਼ਬਦੀ ਸੁਤ ਸਤਿ ਪੜ੍ਹਾਈਆ । ਵਜਾਵਣਹਾਰਾ ਨਾਦ ਅਨਾਦ, ਬ੍ਰਹਮ ਬ੍ਰਹਿਮਾਦ ਕਰੇ ਸ਼ਨਵਾਈਆ । ਲੇਖਾ ਜਾਣ ਬੋਧ ਅਗਾਧ, ਧੁਰ ਦੀ ਬਾਣੀ ਬਾਣ ਲਗਾਈਆ । ਆਪਣੇ ਵਿਚੋਂ ਆਪਾ ਕਾਢ, ਵੇਖਣਹਾਰਾ ਥਾਉਂ ਥਾਈਆ । ਵਿਸ਼ਨ ਕਰੇ ਵਿਸ਼ਵ ਲਾਡ, ਵਸਤੂ ਇਕੋ ਇਕ ਦਰਸਾਈਆ । ਬ੍ਰਹਮ ਮੇਲਾ ਪਾਰਬ੍ਰਹਮ ਕਮਲਾਪਾਤ, ਕਵਲ ਨੈਣ ਸੱਚਾ ਸ਼ਹਿਨਸ਼ਾਹੀਆ । ਸ਼ੰਕਰ ਚਰਨ ਧੂੜੀ ਟਿੱਕਾ ਲਾਏ ਮਾਥ, ਖ਼ਾਕੀ ਖ਼ਾਕ ਖ਼ਾਕ ਰਮਾਈਆ । ਤ੍ਰੈਗੁਣ ਮਾਇਆ ਦਾਸੀ ਦਾਸ, ਰਜੋ ਤਮੋ ਸਤੋ ਨਾ ਕੋਇ ਵਡਿਆਈਆ । ਪੰਜ ਤੱਤ ਖੇਲ ਤਮਾਸ਼, ਖ਼ਾਲਕ ਖ਼ਲਕ ਦਏ ਜਣਾਈਆ । ਲੇਖਾ ਜਾਣੇ ਰੂਹ ਬੁੱਤ ਪਾਕੀ ਪਾਕ, ਤਨ ਮਾਟੀ ਖੋਜ ਖੁਜਾਈਆ । ਮੁਰੀਦ ਮੁਰਸ਼ਦ ਸੱਚਾ ਸਾਕ, ਪਰਵਰਦਿਗਾਰ ਆਪ ਬਣਾਈਆ । ਬੰਧਾਵਣਹਾਰਾ ਸੱਚਾ ਨਾਤ, ਨਾਤਾ ਇਕੋ ਘਰ ਜੁੜਾਈਆ । ਵੇਖਣਹਾਰਾ ਸਾਚੀ ਜ਼ਾਤ, ਅਜ਼ਾਤੀ ਰੂਪ ਨਾ ਕੋਇ ਵਟਾਈਆ । ਆਦਿ ਜੁਗਾਦਿ ਜੁਗ ਜੁਗ ਪਾਏ ਨਾ ਕਦੇ ਵਫ਼ਾਤ, ਫ਼ਤਵਾ ਰੂਪ ਨਾ ਕੋਇ ਦਰਸਾਈਆ । ਵੇਖਣਹਾਰਾ ਕਾਇਨਾਤ, ਕਲਮਾ ਇਕੋ ਇਕ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਫ਼ਰਮਾਨਾ ਹੁਕਮ ਸੁਣਾਈਆ । ਧੁਰ ਫ਼ਰਮਾਨਾ ਸ਼ਬਦ ਸੰਦੇਸਾ, ਨਰ ਨਿਰੰਕਾਰਾ ਆਪ ਜਣਾਇੰਦਾ । ਜੁਗ ਚੌਕੜੀ ਧਰ ਧਰ ਵੇਸਾ, ਵੇਸ ਅਨੇਕਾ ਰੂਪ ਵਟਾਇੰਦਾ । ਹੁਕਮੇ ਅੰਦਰ ਵਿਸ਼ਨ ਬ੍ਰਹਮਾ ਸ਼ਿਵ ਮਹੇਸ਼ ਗਣੇਸ਼ਾ, ਦਰ ਦਰਵੇਸ਼ਾ ਸੀਸ ਝੁਕਾਇੰਦਾ । ਹੁਕਮੇ ਅੰਦਰ ਦੋ ਜਹਾਨ ਜਾਣੇ ਲੇਖਾ, ਬ੍ਰਹਿਮੰਡ ਖੰਡ ਹੁਕਮੇ ਅੰਦਰ ਆਪ ਫਿਰਾਇੰਦਾ । ਹੁਕਮੇ ਅੰਦਰ ਸ੍ਰੀ ਭਗਵਾਨ ਬਣੇ ਸਾਚਾ ਨੇਤਾ, ਧੁਰ ਫ਼ਰਮਾਨਾ ਹੁਕਮ ਅਲਾਇੰਦਾ । ਹੁਕਮੇ ਅੰਦਰ ਨਿਰਗੁਣ ਸਰਗੁਣ ਕਰੇ ਹੇਤਾ, ਹਿਤਕਾਰੀ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਖੇਲ ਆਪ ਜਣਾਇੰਦਾ । ਸਾਚੀ ਖੇਲ ਹਰਿ ਕਰਤਾਰਾ, ਕੁਦਰਤ ਕਾਦਰ ਆਪ ਜਣਾਈਆ । ਦੇਵਣਹਾਰਾ ਸਚ ਹੁਲਾਰਾ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਕਰਨਹਾਰ ਸਚ ਸ਼ੰਗਾਰਾ, ਬਸਤਰ ਭੂਸ਼ਨ ਇਕ ਸੁਹਾਈਆ । ਕਰਨਹਾਰ ਏਕੰਕਾਰਾ, ਅਕਲ ਕਲ ਵੱਡੀ ਵਡਿਆਈਆ । ਆਦਿ ਜੁਗਾਦੀ ਇਕ ਅਵਤਾਰਾ, ਜੁਗ ਜੁਗ ਫੇਰਾ ਪਾਈਆ । ਸ਼ਬਦ ਅਗੰਮੀ ਇਕੋ ਨਾਅਰਾ, ਨਰ ਨਰਾਇਣ ਦਏ ਸੁਣਾਈਆ । ਚਾਰੇ ਵੇਦਾਂ ਕਰ ਪਿਆਰਾ, ਚਾਰੇ ਮੁਖ ਮੁਖ ਵਡਿਆਈਆ । ਚਾਰੇ ਖਾਣੀ ਪਾਵੇ ਸਾਰਾ, ਚਾਰੇ ਬਾਣੀ ਨਾਦ ਵਜਾਈਆ । ਚਾਰ ਜੁਗ ਦਏ ਆਧਾਰਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੰਡ ਵੰਡਾਈਆ । ਚਾਰ ਯਾਰੀ ਅੰਤ ਕਿਨਾਰਾ, ਚਾਰੋਂ ਕੁੰਟ ਦਏ ਜਣਾਈਆ । ਕਰੇ ਖੇਲ ਅਗੰਮ ਅਪਾਰਾ, ਭੇਵ ਅਭੇਦ ਆਪਣੇ ਹੱਥ ਰਖਾਈਆ । ਸੇਵਾ ਲਾ ਗੁਰੂ ਅਵਤਾਰਾ, ਸਾਚੀ ਸਿਖਿਆ ਇਕ ਦ੍ਰਿੜਾਈਆ । ਪੀਰ ਪੈਗ਼ੰਬਰ ਦੇ ਸਹਾਰਾ, ਮੁਰੀਦ ਮੁਰਸ਼ਦ ਕਰੇ ਜਣਾਈਆ । ਭਗਤ ਭਗਵੰਤ ਇਕ ਵਿਹਾਰਾ, ਬਿਵਹਾਰੀ ਆਪ ਸਮਝਾਈਆ । ਸੰਤ ਸੱਜਣ

੭੯੮
੧੩

ਦੇ ਸਹਾਰਾ, ਸਿਰ ਆਪਣਾ ਹੱਥ ਟਿਕਾਈਆ । ਗੁਰਮੁਖਾਂ ਖੋਲ੍ਹ ਬੰਦ ਕਵਾੜਾ, ਨਿਜ ਨੇਤਰ ਦਰਸ ਦਿਖਾਈਆ । ਗੁਰਸਿਖਾਂ ਬਖ਼ਸ਼ੇ ਚਰਨ ਪਿਆਰਾ, ਚਰਨੋਦਕ ਅੰਮ੍ਰਿਤ ਮੁਖ ਚੁਆਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਕਰੇ ਖੇਲ ਵਾਰੋ ਵਾਰਾ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਗੀਤਾ ਗਿਆਨ ਸਾਰ ਕੋਇ ਨਾ ਆਈਆ । ਖਾਣੀ ਬਾਣੀ ਉਚੀ ਕੂਕ ਕੂਕ ਕਰੇ ਪੁਕਾਰਾ, ਹਾਹਾਕਾਰਾ ਸਰਬ ਲੋਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਬੋਲਣ ਨਾਅਰਾ, ਹੱਕ ਹੱਕ ਦ੍ਰਿੜਾਈਆ । ਕਾਗਦ ਕਲਮ ਸ਼ਾਹੀ ਬਣ ਵਣਜਾਰਾ, ਸੇਵਕ ਸੇਵਾ ਰੂਪ ਵਟਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗੁਰ ਅਵਤਾਰ ਪੀਰ ਪੈਗ਼ੰਬਰ ਕੋਈ ਨਾ ਜਾਣੇ ਅੰਤ ਪਾਰਾਵਾਰਾ, ਬੇਅੰਤ ਕਹਿ ਕਹਿ ਸ਼ੁਕਰ ਮਨਾਈਆ । ਹੁਕਮੇ ਅੰਦਰ ਖੇਲ ਨਿਆਰਾ, ਨਿਰਗੁਣ ਨਿਰਵੈਰ ਆਪ ਕਮਾਈਆ । ਸਚ ਸੰਦੇਸਾ ਦੇਵਣਹਾਰਾ, ਸ਼ਬਦੀ ਸ਼ਬਦ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਅੰਤ ਸ੍ਰੀ ਭਗਵੰਤ, ਭਗਵਨ ਆਪਣਾ ਰਾਹ ਚਲਾਈਆ । ਸਾਚਾ ਰਾਹ ਚਲਾਏ ਲੋਕਮਾਤ, ਨਿਰਗੁਣ ਆਪਣਾ ਖੇਲ ਕਰਾਇੰਦਾ । ਗੁਰ ਅਵਤਾਰਾਂ ਦੇਵਣਹਾਰਾ ਦਾਤ, ਪੀਰ ਪੈਗ਼ੰਬਰਾਂ ਝੋਲੀ ਆਪ ਭਰਾਇੰਦਾ । ਜਣਾਵਣਹਾਰਾ ਸਾਚੀ ਗਾਥ, ਅੱਖਰ ਵੱਖਰ ਆਪ ਪੜ੍ਹਾਇੰਦਾ । ਚਲਾਵਣਹਾਰਾ ਸੱਚਾ ਰਾਥ, ਬਣ ਰਥਵਾਹੀ ਸੇਵ ਕਮਾਇੰਦਾ । ਅਖਵਾਵਣਹਾਰਾ ਅਨਾਥਾਂ ਨਾਥ, ਨਿਉਂ ਨਿਉਂ ਆਪਣਾ ਸੀਸ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਚੌਕੜੀ ਆਪਣਾ ਹੁਕਮ ਮਨਾਇੰਦਾ । ਜੁਗ ਚੌਕੜੀ ਗੁਰ ਅਵਤਾਰ, ਪੀਰ ਪੈਗ਼ੰਬਰ ਲੋਕਮਾਤ ਵਡਿਆਈਆ । ਸ਼ਬਦ ਅਗੰਮੀ ਸਚ ਗੁਫ਼ਤਾਰ, ਗੁਫ਼ਤ ਸ਼ਨੀਦ ਕਰੇ ਪੜ੍ਹਾਈਆ । ਮਜਲਸ ਲਾਏ ਇਕ ਦਰਬਾਰ, ਮਹਿਬੂਬ ਬੇਪਰਵਾਹੀਆ । ਸਚਖੰਡ ਦਵਾਰਾ ਖੇਲ ਅਪਾਰ, ਖ਼ਾਲਕ ਖ਼ਲਕ ਭੇਵ ਨਾ ਰਾਈਆ । ਦੇਵਣਹਾਰਾ ਧੁਰ ਫ਼ਰਮਾਨ, ਸਚ ਸੰਦੇਸਾ ਇਕ ਜਣਾਈਆ । ਨਿਰਗੁਣ ਸਰਗੁਣ ਕਰੇ ਧਿਆਨ, ਇਸ਼ਟ ਦੇਵ ਗੁਰ ਇਕ ਮਨਾਈਆ । ਨਾਮ ਸਤਿ ਇਕ ਪਰਨਾਣ, ਪਰਮ ਪੁਰਖ ਸਿਫ਼ਤ ਸਾਲਾਹੀਆ । ਨੂਰੀ ਜਲਵਾ ਨੂਰ ਮਹਾਨ, ਨੂਰੋ ਨੂਰ ਨੂਰ ਰੁਸ਼ਨਾਈਆ । ਵਸਣਹਾਰਾ ਸਚ ਮਕਾਨ, ਮੁਕਾਮ ਇਕੋ ਇਕ ਦ੍ਰਿੜਾਈਆ । ਦੇਵਣਹਾਰਾ ਨਾਮ ਗਿਆਨ, ਵੱਖਰ ਅੱਖਰ ਇਕ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਚੌਕੜੀ ਆਪਣਾ ਬੰਧਨ ਪਾਈਆ । ਜੁਗ ਚੌਕੜੀ ਪਾਏ ਬੰਧਨ, ਬੰਦਗੀ ਆਪਣੇ ਨਾਮ ਜਣਾਇੰਦਾ । ਕੋਈ ਕਹੇ ਤ੍ਰਲੋਕੀ ਨੰਦਨ, ਕੋਈ ਰਾਮ ਰਾਮ ਵਡਿਆਇੰਦਾ । ਕਿਸੇ ਲਾਏ ਜੋਤ ਲਲਾਟੀ ਚੰਦਨ, ਮਸਤਕ ਟਿੱਕਾ ਇਕ ਵਖਾਇੰਦਾ । ਕਿਸੇ ਨਜ਼ਰੀ ਆਏ ਸੂਰਾ ਸਰਬੰਗਨ, ਸ਼ਹਿਨਸ਼ਾਹ ਆਪਣਾ ਨਾਮ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਹੋਏ ਸਰਬ ਖੰਡਨ, ਬ੍ਰਹਿਮੰਡਨ ਖੋਜ ਖੁਜਾਇੰਦਾ । ਬ੍ਰਹਿਮੰਡ ਖੇਲ ਅਵੱਲਾ, ਹਰਿ ਜੂ ਹਰਿ ਹਰਿ ਆਪ ਕਰਾਈਆ । ਆਦਿ ਜੁਗਾਦੀ ਇਕ ਇਕੱਲਾ, ਜੁਗ ਜੁਗ ਫੇਰਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਚ ਸਨੇਹੜਾ ਦੇ ਕੇ ਘੱਲਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੰਡ ਵੰਡਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਅੰਤਮ ਖੇਲ ਕਰੇ ਜਲਾ ਥਲਾ, ਮਹੀਅਲ ਆਪਣਾ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸਾ ਇਕ ਸੁਣਾਈਆ । ਸਚ ਸੰਦੇਸਾ ਸਾਚਾ ਗੀਤ, ਜੁਗ ਚੌਕੜੀ ਆਪ ਜਣਾਇੰਦਾ । ਗੁਰ ਅਵਤਾਰਾਂ ਦੱਸ ਦੱਸ ਰੀਤ, ਰਾਹ ਰਹਿਬਰ ਆਪ ਸਮਝਾਇੰਦਾ ।


੭੯੯
੧੩

ਖੇਲੇ ਖੇਲ ਮੰਦਰ ਮਸੀਤ, ਸ਼ਿਵਦਵਾਲੇ ਮੱਠ ਨਾਲ ਵਡਿਆਇੰਦਾ । ਆਪ ਬੈਠਾ ਰਹੇ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਇੰਦਾ । ਲੱਖ ਚੁਰਾਸੀ ਪਰਖਣਹਾਰਾ ਨੀਤ, ਘਰ ਘਰ ਕਾਇਆ ਬੰਕ ਫੋਲ ਫੁਲਾਇੰਦਾ । ਦੱਸਣਹਾਰਾ ਸਚ ਪ੍ਰੀਤ, ਗੁਰ ਅਵਤਾਰ ਪੀਰ ਪੈਗ਼ੰਬਰ ਆਪਣੇ ਮਾਰਗ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾਇੰਦਾ । ਸਾਚਾ ਲੇਖਾ ਜੁਗ ਜੁਗ, ਜੁਗ ਕਰਤਾ ਆਪ ਜਣਾਈਆ । ਲੱਖ ਚੁਰਾਸੀ ਵਿਚੋਂ ਚੁਗ ਚੁਗ, ਭਗਤ ਭਗਵਾਨ ਦਏ ਵਡਿਆਈਆ । ਉਜਲ ਕਰੇ ਮੁਖੜਾ ਮੁਖ, ਸਿਰ ਆਪਣਾ ਹੱਥ ਟਿਕਾਈਆ । ਜਨਮ ਕਰਮ ਮੇਟ ਦੁੱਖ, ਆਤਮ ਸੁਖ ਇਕ ਉਪਜਾਈਆ । ਲੇਖੇ ਲਾਏ ਜਨਨੀ ਕੁੱਖ, ਧੰਨ ਧੰਨ ਜਣੇਂਦੀ ਮਾਈਆ । ਸੁੱਕਾ ਹਰਿਆ ਕਰੇ ਰੁੱਖ, ਅੰਮ੍ਰਿਤ ਬੂੰਦ ਸਵਾਂਤੀ ਮੇਘ ਬਰਸਾਈਆ । ਦਿਆਲ ਠਾਕਰ ਆਪਣੀ ਗੋਦੀ ਲਏ ਚੁੱਕ, ਭਗਤ ਭਗਵਾਨ ਦਏ ਵਡਿਆਈਆ । ਆਵਣ ਜਾਵਣ ਪੈਂਡਾ ਜਾਏ ਮੁੱਕ, ਪਾਂਧੀ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪ ਕਮਾਈਆ । ਆਪਣੀ ਕਰਨੀ ਕਰ ਭਗਵਾਨ, ਭਗਵਨ ਆਪਣੀ ਦਇਆ ਕਮਾਇੰਦਾ । ਆਦਿ ਜੁਗਾਦੀ ਇਕ ਗਿਆਨ, ਬ੍ਰਹਮ ਵਿਦਿਆ ਆਪ ਪੜ੍ਹਾਇੰਦਾ । ਆਤਮ ਪਰਮਾਤਮ ਮੇਲਾ ਸਚ ਮਕਾਨ, ਘਰ ਘਰ ਵਿਚ ਖੇਲ ਕਰਾਇੰਦਾ । ਦੀਆ ਬਾਤੀ ਇਕ ਮਹਾਨ, ਕਮਲਾਪਾਤੀ ਆਪ ਜਗਾਇੰਦਾ । ਆਤਮ ਸੇਜਾ ਕਰ ਪਰਵਾਨ, ਸਚ ਸਿੰਘਾਸਣ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਵੇਖ ਵਖਾਇੰਦਾ । ਜੁਗ ਚੌਕੜੀ ਵੇਖੇ ਜਗ, ਜਾਗਰਤ ਜੋਤ ਕਰ ਰੁਸ਼ਨਾਈਆ । ਸੰਤ ਸੁਹੇਲੇ ਆਪੇ ਲੱਭ, ਪਰਮ ਪੁਰਖ ਮੇਲ ਮਿਲਾਈਆ । ਕੂੜੀ ਕਿਰਿਆ ਪਾਰ ਹੱਦ, ਹਦੂਦ ਆਪਣੀ ਦਏ ਸਮਝਾਈਆ । ਅਨਹਦ ਵਜਾਏ ਸਾਚਾ ਨਦ, ਅਨਰਾਗੀ ਰਾਗ ਸੁਣਾਈਆ । ਅੰਮ੍ਰਿਤ ਜਾਮ ਪਿਆਏ ਮਧ, ਮਧੁਰ ਰਸ ਇਕ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਚ ਦਵਾਰੇ ਸੱਦ, ਸਦਕੇ ਵਾਰੀ ਘੋਲੀ ਨਿਵਣ ਸੋ ਅੱਖਰ ਕਰੇ ਪੜ੍ਹਾਈਆ । ਆਪਣੇ ਵਿਚੋਂ ਆਪਣੀ ਧਾਰ ਕੱਢ, ਧਾਰ ਧਾਰ ਕਰੇ ਰੁਸ਼ਨਾਈਆ । ਤੇਈ ਅਵਤਾਰ ਵਿਸ਼ਵ ਯੱਦ, ਵਿਸ਼ਵ ਇਕੋ ਇਕ ਵਖਾਈਆ । ਪੀਰ ਪੈਗ਼ੰਬਰ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਪੜ੍ਹਾਈਆ । ਸਾਚੀ ਸਿਖਿਆ ਪੈਗ਼ੰਬਰ ਪੀਰ, ਪਾਰਬ੍ਰਹਮ ਪ੍ਰਭ ਆਪ ਜਣਾਇੰਦਾ । ਦਾਤਾ ਦਾਨੀ ਦਸਤਗੀਰ, ਦਸਤ ਦਸਤ ਨਾਲ ਮਿਲਾਇੰਦਾ । ਲੇਖਾ ਜਾਣ ਸ਼ਾਹ ਹਕੀਰ, ਹਕੀਕਤ ਆਪਣੀ ਆਪ ਸਮਝਾਇੰਦਾ । ਬਦਲਣਹਾਰਾ ਤਕਦੀਰ, ਤਕਬੀਰ ਤਦਬੀਰ ਆਪਣੇ ਹੱਥ ਵਖਾਇੰਦਾ । ਜੁਗ ਚੌਕੜੀ ਕੱਟਣਹਾਰ ਜ਼ੰਜੀਰ, ਬੇਨਜ਼ੀਰ ਨਜ਼ਰ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜੁਗ ਜੁਗ ਆਪਣਾ ਹੁਕਮ ਮਨਾਇੰਦਾ । ਜੁਗ ਜੁਗ ਹੁਕਮ ਪੁਰਖ ਅਕਾਲ, ਅਕਲ ਕਲਾ ਜਣਾਈਆ । ਕਰੇ ਖੇਲ ਦੀਨ ਦਿਆਲ, ਦੀਨਨ ਆਪਣਾ ਰੰਗ ਰੰਗਾਈਆ । ਭਗਤ ਭਗਵੰਤ ਕਰ ਪ੍ਰਿਤਪਾਲ, ਪ੍ਰਿਤਪਾਲਕ ਹੋਏ ਸਹਾਈਆ । ਦੀਨਾਂ ਬੰਧਪ ਦੀਨ ਦਿਆਲ, ਬੰਧਨ ਕੂੜਾ ਦਏ ਤੁੜਾਈਆ । ਨਾਤਾ ਤੋੜ ਕਾਲ ਮਹਾਂਕਾਲ, ਭੈ ਭਿਆਨਕ ਨਜ਼ਰ ਕੋਇ ਨਾ ਆਈਆ । ਸਤਿ ਵਖਾਏ ਇਕ ਧਰਮਸਾਲ, ਧਰਮ ਦਵਾਰੇ ਦਏ ਵਡਿਆਈਆ । ਸਾਹਿਬ ਸਤਿਗੁਰ ਵਸੇ ਨਾਲ ਨਾਲ, ਵਿਛੜ ਕਦੇ ਨਾ ਜਾਈਆ । ਕਲਜੁਗ ਅੰਤਮ ਖੇਲ ਕਮਾਲ, ਸੋ ਪੁਰਖ ਨਿਰੰਜਣ ਆਪ ਕਰਾਈਆ । ਜੋਤੀ ਜਲਵਾ ਨੂਰ ਜਲਾਲ,



੮੦੦
੧੩

ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰਗਹਿ ਸਾਚੀ ਧਾਮ ਸੁਹਾਈਆ । ਦਰਗਹਿ ਸਾਚੀ ਧਾਮ ਸੁਹਾ, ਨਿਹਚਲ ਦੇਵਣਹਾਰ ਵਡਿਆਈਆ । ਪੀਰ ਪੈਗ਼ੰਬਰ ਦਰ ਮੰਗਾ, ਧੁਰ ਫ਼ਰਮਾਨਾ ਇਕ ਸਮਝਾਈਆ । ਆਪਣਾ ਲੇਖਾ ਵੇਖੇ ਥਾਉਂ ਥਾਂ, ਥਾਨ ਥਨੰਤਰ ਖੋਜ ਖੁਜਾਈਆ । ਚੌਦਾਂ ਤਬਕ ਨੈਣ ਲਓ ਉਠਾ, ਅੱਖ ਪਰਤੱਖ ਰਿਹਾ ਖੁਲ੍ਹਾਈਆ । ਚਾਰੋਂ ਕੁੰਟ ਅੰਧੇਰਾ ਰਿਹਾ ਛਾ, ਚੌਦਸ ਚੰਦ ਨਾ ਕੋਇ ਚੜ੍ਹਾਈਆ । ਸ਼ਰਅ ਜ਼ੰਜੀਰ ਨਾ ਰਿਹਾ ਕੋਈ ਕਟਾ, ਕੂੜੀ ਕਿਰਿਆ ਵੰਡ ਨਾ ਕੋਇ ਵੰਡਾਈਆ । ਟਿੱਲੇ ਪਰਬਤ ਡੂੰਘੇ ਸਾਗਰ ਜ਼ਿਮੀ ਅਸਮਾਨ ਨੇਤਰ ਰੋਵਣ ਮਾਰਨ ਧਾਹ, ਧੀਰਜ ਧੀਰ ਨਾ ਕੋਇ ਧਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਲਿਖ ਲਿਖ ਲੇਖਾ ਜੋ ਗਏ ਸਮਝਾ, ਸਮਝ ਸਮਝ ਵਿਚ ਕਿਸੇ ਨਾ ਆਈਆ । ਕਲਜੁਗ ਅੰਤਮ ਵੇਲਾ ਗਿਆ ਆ, ਅੰਤ ਹੋਏ ਨਾ ਕੋਇ ਸਹਾਈਆ । ਗੁਰ ਅਵਤਾਰ ਬਣੇ ਨਾ ਕੋਇ ਗਵਾਹ, ਪੱਲੂ ਸਾਰੇ ਰਹੇ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਆਏ ਦਰ, ਦਰਵੇਸ਼ ਦੇਣ ਦੁਹਾਈਆ । ਗਲ ਪੱਲੂ ਮੰਗਣ ਵਰ, ਨੇਤਰ ਨੈਣਾਂ ਨੀਰ ਵਹਾਈਆ । ਨਿਰਵੈਰ ਤੇਰੇ ਕੋਲੋਂ ਆਵੇ ਡਰ, ਸਾਡੀ ਚਲੇ ਨਾ ਕੋਇ ਚਤਰਾਈਆ । ਦੀਨ ਮਜ਼੍ਹਬ ਜ਼ਾਤ ਪਾਤ ਰਹੇ ਲੜ, ਝਗੜਾ ਪਿਆ ਸਰਬ ਲੋਕਾਈਆ । ਅੱਖਰ ਵੱਖਰ ਨਾਉਂ ਨਿਰੰਕਾਰਾ ਕੋਈ ਨਾ ਲਏ ਪੜ੍ਹ, ਕਲਮਾ ਨਬੀ ਨਾ ਕੋਇ ਸੁਣਾਈਆ । ਕੂੜੀ ਕਿਰਿਆ ਅੰਦਰ ਗਏ ਵੜ, ਸ਼ਿਵਦਵਾਲੇ ਮੱਠ ਮੰਦਰ ਮਸਜਦ ਗੁਰੂਦਵਾਰ ਧੀਰਜ ਧੀਰ ਨਾ ਕੋਇ ਧਰਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਵਿਕੇ ਹੱਟ, ਸਚ ਸੁੱਚ ਵਣਜ ਨਾ ਕੋਇ ਵਖਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਕੂੜੀ ਕਿਰਿਆ ਰਹੇ ਤੱਕ, ਤਕਵਾ ਇਕ ਨਾ ਕੋਇ ਰਖਾਈਆ । ਨਜ਼ਰ ਨਾ ਆਏ ਰੱਬੀ ਰੱਬ ਯਾਮਬੀਨ, ਆਲਮੀਨ ਬੇਵਫ਼ਾ ਹੋਈ ਸਰਬ ਲੋਕਾਈਆ । ਸਾਹਿਬ ਮਿਹਰਵਾਨ ਕਰੇ ਅੰਤ ਤਲਕੀਨ, ਤਅੱਲਕ ਸਭ ਦੇ ਦਏ ਗਵਾਈਆ । ਮੁਰੀਦ ਮੁਰਸ਼ਦ ਰੱਖੇ ਯਕੀਨ, ਗੁਰ ਗੋਬਿੰਦ ਗਿਆ ਸਮਝਾਈਆ । ਨੁਕਤਾ ਰਹੇ ਨਾ ਕੋਇ ਸੀਨ, ਸ਼ੀਨ ਐਨ ਗੈਨ ਨਾ ਕੋਇ ਵਡਿਆਈਆ । ਹਮਜ਼ਾ ਅੰਤ ਹੋਏ ਗ਼ਮਗ਼ੀਨ, ਮੁਹੰਮਦ ਨੇਤਰ ਨੈਣਾਂ ਨੀਰ ਵਹਾਈਆ । ਈਸਾ ਮੂਸਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰ ਇਕੋ ਇਕ ਦਰਸਾਈਆ । ਈਸਾ ਮੂਸਾ ਦਰ ਦਰਵੇਸ਼, ਨੇਤਰ ਨੈਣ ਨੈਣ ਸ਼ਰਮਾਈਆ । ਪਰਵਰਦਿਗਾਰ ਬੇਪਰਵਾਹ ਅੱਗੇ ਚਲੇ ਕੋਇ ਨਾ ਪੇਸ਼, ਪੇਸ਼ਵਾ ਇਕੋ ਨਜ਼ਰੀ ਆਈਆ । ਆਦਿ ਜੁਗਾਦਿ ਜੁਗਾ ਜੁਗੰਤਰ ਨਿਰਵੈਰ ਹੋ ਕੇ ਰਿਹਾ ਵੇਖ, ਦੀਨ ਮਜ਼੍ਹਬ ਸ਼ਰਅ ਵੰਡ ਨਾ ਕੋਇ ਲੜਾਈਆ । ਨਾ ਰੂਪ ਰੰਗ ਦਿਸੇ ਰੇਖ, ਜ਼ਾਤ ਪਾਤ ਨਾ ਕੋਇ ਰਖਾਈਆ । ਭਗਤ ਭਗਵਾਨ ਕਰੇ ਹੇਤ, ਹਿਤਕਾਰੀ ਇਕੋ ਇਕ ਅਖਵਾਈਆ । ਜੁਗ ਚੌਕੜੀ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਖੇਲਦਾ ਆਇਆ ਖੇਡ, ਬਣ ਖਡਾਰੀ ਜੋਤ ਨਿਰੰਕਾਰੀ ਨਿਰਗੁਣ ਦਾਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਕਰਨੇ ਆਇਆ, ਕਰਤਾ ਪੁਰਖ ਕਰਤਾਰ । ਮੇਟਣ ਆਇਆ ਤ੍ਰੈਗੁਣ ਮਾਇਆ, ਮਾਇਆ ਮਮਤਾ ਕਰੇ ਖ਼ਵਾਰ । ਬਣਨਹਾਰਾ ਦਾਈ ਦਾਇਆ, ਲੱਖ ਚੁਰਾਸੀ ਪਾਵੇ ਸਾਰ, ਭਗਤ ਭਗਵੰਤ ਲਏ ਜਗਾਇਆ, ਨੇਤਰ ਖੋਲ੍ਹ ਬੰਦ ਕਵਾੜ । ਆਤਮ ਪਰਮਾਤਮ ਮੇਲ ਮਿਲਾਇਆ, ਸਚ ਸੱਚੀ ਕਿਰਪਾ ਧਾਰ । ਨੂਰੋ


੮੦੧
੧੩

ਨੂਰ ਨੂਰ ਰੁਸ਼ਨਾਇਆ, ਜੋਤੀ ਜਾਤਾ ਜੋਤੀ ਜੋਤ ਕਰੇ ਉਜਿਆਰ । ਨਾਦ ਅਨਾਦੀ ਨਾਦ ਵਜਾਇਆ, ਸ਼ਬਦ ਰਾਗ ਧੁਨਕਾਰ । ਗ੍ਰਿਹ ਮੰਦਰ ਸੋਭਾ ਪਾਇਆ, ਘਰ ਸਖੀਆਂ ਮੰਗਲਾਚਾਰ । ਮਹੱਲ ਅਟੱਲ ਇਕ ਰੁਸ਼ਨਾਇਆ, ਮਹਿਫਲ ਲਾ ਏਕੰਕਾਰ । ਗੁਰ ਅਵਤਾਰ ਪੀਰ ਪੈਗ਼ੰਬਰ ਦਰ ਬੁਲਾਇਆ, ਖੇਲੇ ਖੇਲ ਅਗੰਮ ਅਪਾਰ, ਬਿਨ ਮਾਸ ਨਾੜੀ ਚੰਮ ਖੇਲ ਰਚਾਇਆ, ਪਵਣ ਸਵਾਸ ਨਾ ਕੋਇ ਪਿਆਰ । ਰਸਨਾ ਜਿਹਵਾ ਬੱਤੀ ਦੰਦ ਨਾ ਕੋਇ ਸਾਲਾਹਿਆ, ਤਨ ਖ਼ਾਕੀ ਨਾ ਕੋਇ ਆਧਾਰ । ਜੋਤੀ ਸ਼ਬਦੀ ਸ਼ਬਦੀ ਜੋਤੀ ਆਪਣੀ ਗੰਢ ਪਵਾਇਆ, ਨਿਰਗੁਣ ਨਿਰਗੁਣ ਕਰ ਪਿਆਰ । ਕਲਜੁਗ ਅੰਤਮ ਰੰਡੇਪਾ ਰੰਡ ਦਏ ਗਵਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗੁਰਮੁਖ ਵੇਖੇ ਸੁਲੱਖਣੀ ਨਾਰ । ਗੁਰਮੁਖ ਨਾਰ ਸੁਲੱਖਣੀ, ਸੋਭਾਵੰਤ ਸਮਝਾਇੰਦਾ । ਸਚਖੰਡ ਦਵਾਰ ਚਰਨ ਸਰਨ ਪ੍ਰਭ ਸਾਚੇ ਰੱਖਣੀ, ਰੱਖਿਆ ਕਰੇ ਆਪ ਕਰਤਾਰ, ਲੱਖ ਚੁਰਾਸੀ ਜੀਵ ਜੰਤ ਕੂੜੀ ਕਿਰਿਆ ਨੱਥਣੀ, ਨਾਮ ਮਧਾਣਾ ਏਕਾ ਡਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਚ ਦਵਾਰੇ ਆਪੇ ਖੜ, ਦਰ ਸੱਦੇ ਗੁਰ ਅਵਤਾਰ । ਗੁਰ ਅਵਤਾਰ ਧੁਰ ਦਰਬਾਰ, ਬੈਠੇ ਧਿਆਨ ਲਗਾਈਆ । ਪੀਰ ਪੈਗ਼ੰਬਰ ਕਰ ਨਿਮਸਕਾਰ, ਸਯਦਾ ਇਕ ਜਣਾਈਆ । ਬਣ ਵਚੋਲਾ ਏਕੰਕਾਰ, ਆਪਣੀ ਕਲ ਸਮਝਾਈਆ । ਕਲਜੁਗ ਅੰਤਮ ਕਰੋ ਵਿਚਾਰ, ਭੇਵ ਅਭੇਦ ਖੁਲ੍ਹਾਈਆ । ਸ੍ਰਿਸ਼ਟ ਸਬਾਈ ਗਈ ਹਾਰ, ਹਰਿ ਕਾ ਨਾਮ ਨਾ ਕੋਇ ਧਿਆਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਰੋਵਣ ਜ਼ਾਰੋ ਜ਼ਾਰ, ਧੀਰਜ ਧੀਰ ਨਾ ਕੋਇ ਰਖਾਈਆ । ਦੀਨ ਮਜ਼੍ਹਬ ਲੱਗਾ ਅਖਾੜ, ਜ਼ਾਤ ਪਾਤ ਕਰੇ ਲੜਾਈਆ । ਲੱਗੀ ਅੱਗ ਬਹੱਤਰ ਨਾੜ, ਅੰਮ੍ਰਿਤ ਮੇਘ

੮੦੨ ੧੩ ਨਾ ਕੋਇ ਬਰਸਾਈਆ । ਆਤਮ ਪਰਮਾਤਮ ਨਾ ਕੋਇ ਪਿਆਰ, ਪਰਮ ਪੁਰਖ ਨਾ ਕੋਇ ਮਨਾਈਆ । ਕੂੜੀ ਕਿਰਿਆ ਜਗਤ ਸ਼ੰਗਾਰ, ਵੇਸਵਾ ਰੂਪ ਵਟਾਈਆ । ਹਰਿ ਕੰਤ ਨਾ ਪਾਇਆ ਘਰ ਸੱਚੇ ਦਰਬਾਰ, ਮਹੱਲ ਅਟੱਲ ਨਾ ਕੋਇ ਰੁਸ਼ਨਾਈਆ । ਲੱਖ ਚੁਰਾਸੀ ਧੁਆਂਧਾਰ, ਅੰਧ ਅੰਧੇਰ ਨਾ ਕੋਇ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੀਰ ਪੈਗ਼ੰਬਰਾਂ ਰਿਹਾ ਵਖਾਈਆ । ਪੀਰ ਪੈਗ਼ੰਬਰ ਮਾਰਨ ਧਿਆਨ, ਨੇਤਰ ਨੈਣ ਉਠਾਇਆ । ਸਚ ਨਾ ਦਿਸੇ ਕੋਇ ਈਮਾਨ, ਸਿਦਕ ਸਬੂਰੀ ਨਾ ਕੋਇ ਹੰਢਾਇਆ । ਮੁੱਲਾ ਸ਼ੇਖ਼ ਬਗ਼ਲੇ ਪਕੜ ਕੁਰਾਨ, ਕਾਇਆ ਕੁਰਾ ਨਾ ਕਿਸੇ ਸੁਹਾਇਆ । ਮੱਕਾ ਕਾਅਬਾ ਨਾ ਕੋਇ ਨਿਸ਼ਾਨ, ਸਚ ਮਹਿਰਾਬ ਨਾ ਕੋਇ ਬਹਾਇਆ । ਨਜ਼ਰੀ ਆਏ ਨਾ ਹੱਕ ਅਮਾਮ, ਹੁਜਰੇ ਹੱਜ ਨਾ ਕੋਇ ਕਰਾਇਆ । ਕੂੜੀ ਕਿਰਿਆ ਹੋਏ ਗ਼ੁਲਾਮ, ਗ਼ੁਰਬਤ ਘਰ ਘਰ ਡੇਰਾ ਲਾਇਆ । ਪਰਵਰਦਿਗਾਰ ਭੁੱਲਿਆ ਇਕ ਨਿਸ਼ਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਭ ਦਾ ਰਿਹਾ ਜਣਾਇਆ । ਪੀਰ ਪੈਗ਼ੰਬਰ ਵੇਖੋ ਚੌਦਾਂ ਤਬਕ, ਪਰਵਰਦਿਗਾਰ ਰਿਹਾ ਜਣਾਈਆ । ਕੋਈ ਨਾ ਪੜ੍ਹੇ ਕਲਮਾ ਸਬਕ, ਸਾਬਤ ਨਜ਼ਰ ਕੋਇ ਨਾ ਆਈਆ । ਤੀਸ ਬਤੀਸਾ ਪੱਤਰੇ ਲਏ ਪਰਤ, ਮਨ ਪੜਦਾ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੇਤਰ ਨੈਣਾਂ ਰਿਹਾ ਦਰਸਾਈਆ । ਨੇਤਰ ਵੇਖ ਪੀਰ ਪੈਗ਼ੰਬਰ ਰੋਂਦੇ, ਉਚੀ ਕੂਕਣ ਮਾਰਨ ਧਾਹੀਆ । ਤੇਰਾ ਨਾਉਂ ਈਸਾ ਮੂਸਾ ਮੁਹੰਮਦ ਧਿਔਂਦੇ, ਧਿਆ ਧਿਆ ਸ਼ੁਕਰ ਮਨਾਈਆ । ਸਿਫ਼ਤ ਸਾਲਾਹੀ ਤੈਨੂੰ ਗੌਂਦੇ, ਅੰਜੀਲ ਕੁਰਾਨ ਕਰ ਪੜ੍ਹਾਈਆ । ਕਲਜੁਗ ਜੀਵ ਗੂੜ੍ਹੀ ਨੀਂਦੇ ਸੌਂਦੇ, ਗ਼ਫ਼ਲਤ ਘਰ ਘਰ ਘੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

੮੦੨ ੧੩

ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਪੀਰ ਪੈਗ਼ੰਬਰ ਚਰਨ ਧਿਆਨ ਲਗਾਈਆ । ਪੀਰ ਪੈਗ਼ੰਬਰ ਕਰੇ ਖਿਆਲ, ਖ਼ਾਲਕ ਆਪ ਜਣਾਇੰਦਾ । ਵੇਲੇ ਅੰਤ ਬਣੇ ਦਲਾਲ, ਸਚ ਦਲਾਲੀ ਆਪ ਜਣਾਇੰਦਾ । ਹਕੀਕਤ ਵੇਖੇ ਹੱਕ ਹਲਾਲ, ਲਾਸ਼ਰੀਕ ਪੜਦਾ ਲਾਹਿੰਦਾ । ਕਲਜੁਗ ਅੰਤਮ ਸਦੀ ਚੌਧਵੀਂ ਔਣ ਵਾਲਾ ਜ਼ਵਾਲ, ਜ਼ੇਰ ਜ਼ਬਰ ਨਾ ਕੋਇ ਰਖਾਇੰਦਾ । ਸਭ ਦੇ ਸਿਰ ਤੇ ਕੂਕੇ ਕਾਲ, ਕਲਜੁਗ ਕਾਲ ਨਗਾਰਾ ਡੰਕ ਵਜਾਇੰਦਾ । ਉਮਤ ਉਮਤੀ ਹੋਈ ਬੇਹਾਲ, ਬਿਹਬਲ ਰੂਪ ਸਰਬ ਵਖਾਇੰਦਾ । ਮੁਰਸ਼ਦੋ ਮੁਰੀਦ ਲਓ ਭਾਲ, ਦੀਦ ਦੀਦ ਨਾਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਪੀਰ ਪੈਗ਼ੰਬਰ ਆਪ ਉਠਾਇੰਦਾ । ਪੀਰ ਪੈਗ਼ੰਬਰ ਮਾਰਨ ਧਾਹ, ਵੇਲਾ ਅੰਤ ਨੇੜੇ ਆਈਆ । ਤੇਰੀ ਰਹਿਮਤ ਇਕ ਖ਼ੁਦਾ, ਇਕ ਦੁਆ ਮੰਗ ਮੰਗਾਈਆ । ਤੇਰੇ ਨਾਲੋਂ ਨਾ ਹੋਈਏ ਜੁਦਾ, ਜੁਜ਼ ਹੋਰ ਨਾ ਕੋਇ ਵਖਾਈਆ । ਤੇਰੇ ਚਰਨਾਂ ਅੰਤ ਫ਼ਿਦਾ, ਫ਼ਿਤਰਤ ਪਿਛਲੀ ਦਈਏ ਗਵਾਈਆ । ਉਮਤ ਨਬੀ ਰਸੂਲ ਤੇਰਾ ਕਲਮਾ ਗਏ ਭੁਲਾ, ਭੁੱਲੀ ਸਰਬ ਲੋਕਾਈਆ । ਖ਼ਾਲਕ ਖ਼ਲਕ ਵੇਖਣ ਥਾਂ ਥਾਂ, ਥਾਨ ਥਨੰਤਰ ਖੋਜ ਖੁਜਾਈਆ । ਸਾਡੀ ਚਲੇ ਨਾ ਕੋਇ ਵਾਹ, ਚੌਦਾਂ ਸਦੀਆਂ ਚੋਦਾਂ ਤਬਕ ਦੱਸ ਦੱਸ ਥੱਕੇ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਸੰਦੇਸਾ ਹੁਕਮ ਸੁਣਾਈਆ । ਧੁਰ ਸੰਦੇਸਾ ਕਰੋ ਕਬੂਲ, ਹਰਿ ਸਾਚਾ ਸਚ ਜਣਾਇੰਦਾ । ਨਾਤਾ ਛੋਡੋ ਨਬੀ ਰਸੂਲ, ਰਸੂਲ ਇਕੋ ਇਕ ਵਡਿਆਇੰਦਾ । ਸਾਰੇ ਮੰਨੋ ਹੱਕ ਅਸੂਲ, ਅਸਲੀਅਤ ਆਪ ਵਖਾਇੰਦਾ । ਧੁਰ ਫ਼ਰਮਾਨਾ ਹੁਕਮ ਮਾਅਕੂਲ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਅੱਗੇ ਕੋਈ ਨਾ ਜਾਏ ਭੂਲ, ਭੁੱਲਿਆਂ ਮਾਰਗ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸਮਝਾਇੰਦਾ । ਸਾਚਾ ਹੁਕਮ ਸ੍ਰੀ ਭਗਵਾਨਾ, ਏਕਾ ਏਕ ਜਣਾਈਆ । ਪੀਰ ਪੈਗ਼ੰਬਰ ਦੇ ਗਿਆਨਾ, ਇਸ਼ਟ ਦੇਵ ਇਕ ਵਖਾਈਆ । ਸਤਿਜੁਗ ਚਲੇ ਸਚ ਵਿਧਾਨਾ, ਵਿਦਤ ਮਿਲੇ ਨਾ ਕੋਇ ਵਡਿਆਈਆ । ਇਕੋ ਹੁਕਮ ਦੋ ਜਹਾਨਾਂ, ਬ੍ਰਹਿਮੰਡ ਖੰਡ ਇਕ ਸ਼ਨਵਾਈਆ । ਇਕੋ ਰਾਗ ਇਕ ਤਰਾਨਾ, ਇਕੋ ਨਾਦ ਧੁਨ ਵਜਾਈਆ । ਇਕੋ ਮੰਦਰ ਇਕ ਮਕਾਨਾ, ਧਾਮ ਇਕੋ ਇਕ ਦਰਸਾਈਆ । ਇਕੋ ਨੂਰ ਸ੍ਰੀ ਭਗਵਾਨਾ, ਇਕੋ ਜਲਵਾ ਨਜ਼ਰੀ ਆਈਆ । ਇਕੋ ਰਾਗ ਇਕੋ ਗਾਣਾ, ਇਕੋ ਅੱਖਰ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਲੇਖਾ ਰਿਹਾ ਜਣਾਈਆ । ਸਾਚਾ ਲੇਖਾ ਦੱਸੇ ਆਪ, ਆਪਣਾ ਭੇਵ ਖੁਲਾਇੰਦਾ । ਮੂਸੇ ਜਿਸ ਦਾ ਵੇਖਿਆ ਪਰਤਾਪ, ਮੂੰਹ ਦੇ ਭਾਰ ਸੁਟਾਇੰਦਾ । ਈਸਾ ਕਹੇ ਜਿਸ ਨੂੰ ਬਾਪ, ਸੋ ਖ਼ੁਦਾਵੰਦ, ਫੇਰਾ ਪਾਇੰਦਾ । ਮੁਹੰਮਦ ਕਹੇ ਮੇਰਾ ਸਾਕ, ਅਮਾਮ ਆਪਣਾ ਰੰਗ ਰੰਗਾਇੰਦਾ । ਚਾਰ ਯਾਰੀ ਕਰਨਹਾਰਾ ਪਾਕੀ ਪਾਕ, ਪਤਤ ਪੁਨੀਤ ਖੋਜ ਖੁਜਾਇੰਦਾ । ਗੋਬਿੰਦ ਕਿਹਾ ਭਵਿਖਤ ਵਾਕ, ਕਲ ਕਲਕੀ ਫੇਰਾ ਪਾਇੰਦਾ । ਸੰਬਲ ਦੇਵਣਹਾਰਾ ਸਾਥ, ਸਗਲਾ ਸੰਗ ਨਿਭਾਇੰਦਾ । ਵੇਖਣਹਾਰਾ ਖੇਲ ਤਮਾਸ਼, ਕਲਜੁਗ ਅੰਤਮ ਫੇਰਾ ਪਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕੱਠਾ ਕਰੇ ਸਾਥ, ਸਗਲਾ ਸੰਗ ਜਣਾਇੰਦਾ । ਅੰਤਮ ਲਹਿਣਾ ਦੇਣਾ ਚੁਕਾਏ ਹੱਥੋ ਹਾਥ, ਚਾਰ ਜੁਗ ਦੀ ਕੀਤੀ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਅੰਤਮ ਇਕ ਜਣਾਇੰਦਾ । ਸਚ ਸੰਦੇਸਾ ਅੰਤਮ ਅੰਤ, ਅੰਤਰਜਾਮੀ ਹਰਿ ਜਣਾਈਆ । ਕਰੇ ਖੇਲ ਸ੍ਰੀ ਭਗਵੰਤ, ਭਗਵਨ ਆਪਣੀ ਕਾਰ ਕਮਾਈਆ । ਲੱਖ ਚੁਰਾਸੀ ਵੇਖਣਹਾਰਾ

ਜੀਵ ਜੰਤ, ਜੁਗ ਚੌਕੜੀ ਗੁਰ ਅਵਤਾਰ ਪੀਰ ਪੈਗ਼ੰਬਰ ਕਰ ਕਰ ਗਏ ਮਾਤ ਪੜ੍ਹਾਈਆ । ਭੇਵ ਖੁਲ੍ਹਾਵਣਹਾਰਾ ਮਣੀਆ ਮੰਤ, ਮੰਤਰ ਇਸ਼ਟ ਦੇਵ ਨਮੋ ਨਮੋ ਖੋਜ ਖੁਜਾਈਆ । ਦਰਸਾਵਣਹਾਰਾ ਵਖਾਵਣਹਾਰਾ ਮਿਲਾਵਣਹਾਰਾ ਨਾਰ ਕੰਤ, ਆਤਮ ਪਰਮਾਤਮ ਪਰਮ ਪੁਰਖ ਇਕੋ ਘਰ ਵਖਾਈਆ । ਬਣਾਵਣਹਾਰਾ ਸਾਚੀ ਬਣਤ, ਘੜਨ ਭੰਨਣਹਾਰ ਸਮਰਥ ਸਵਾਮੀ ਨਿਹਕਰਮੀ ਆਪਣਾ ਕਰਮ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗੁਰ ਅਵਤਾਰ ਪੀਰ ਪੈਗ਼ੰਬਰ ਸਾਚੀ ਸਿਖਿਆ ਇਕ ਦ੍ਰਿੜਾਈਆ । ਸਾਚੀ ਸਿਖਿਆ ਦ੍ਰਿੜਾਵੇਗਾ । ਪੁਰਖ ਅਕਾਲ ਖੇਲ ਰਚਾਵੇਗਾ । ਨਿਰਗੁਣ ਇਕੋ ਹੁਕਮ ਸੁਣਾਵੇਗਾ । ਦੋ ਜਹਾਨ ਉਠਾਵੇਗਾ । ਵਿਸ਼ਨ ਬ੍ਰਹਮਾ ਸ਼ਿਵ ਸੀਸ ਝੁਕਾਵੇਗਾ । ਗੁਰ ਅਵਤਾਰ ਪੀਰ ਪੈਗ਼ੰਬਰ ਖ਼ਾਲੀ ਝੋਲੀ ਸਰਬ ਵਖਾਵੇਗਾ । ਲੱਖ ਚੁਰਾਸੀ ਜੀਵ ਜੰਤ, ਨੇਤਰ ਨੈਣਾਂ ਸਰਬ ਰੁਵਾਵੇਗਾ । ਗੁਰਮੁਖ ਵਿਰਲਾ ਸੰਤ, ਹਰਿ ਚਰਨੀ ਸੀਸ ਝੁਕਾਵੇਗਾ । ਕਲਜੁਗ ਮਾਇਆ ਪਾਏ ਬੇਅੰਤ, ਪੜਦਾ ਲੋਕਮਾਤ ਨਾ ਕੋਇ ਉਠਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਦਰ ਘਰ ਸਾਚਾ ਇਕ ਵਡਿਆਵੇਗਾ । ਦਰ ਘਰ ਸਾਚਾ ਇਕ ਵਡਿਆਏਗਾ । ਸਚਖੰਡ ਦਵਾਰ ਵਸਾਏਗਾ । ਸ਼ਬਦੀ ਸੁਤ ਉਠਾਏਗਾ । ਥਿਰ ਘਰ ਕੁੰਡਾ ਇਕੋ ਲਾਹੇਗਾ । ਦੋ ਜਹਾਨਾਂ ਵੇਖ ਵਖਾਏਗਾ । ਬ੍ਰਹਿਮੰਡ ਖੰਡ ਖੋਜ ਖੁਜਾਏਗਾ । ਰਵ ਸਸ ਆਪ ਚਮਕਾਏਗਾ । ਗੋਪੀ ਕਾਹਨ ਨਾਚ ਨਚਾਏਗਾ । ਕੋਟਨ ਕੋਟ ਜੁਗ ਚੌਕੜੀ ਵੇਖ ਵਖਾਏਗਾ । ਤੇਈ ਅਵਤਾਰ ਨਾਲ ਮਿਲਾਏਗਾ । ਭਗਤ ਅਠਾਰਾਂ ਅੰਗ ਫੜਾਏਗਾ । ਈਸਾ ਮੂਸਾ ਮੁਹੰਮਦ ਜੋੜ ਜੁੜਾਏਗਾ । ਨਾਨਕ ਗੋਬਿੰਦ ਘੋੜ ਚੜ੍ਹਾਏਗਾ । ਭਗਤ ਭਗਵੰਤ ਲੱਗੀ ਤੋੜ ਨਿਭਾਏਗਾ । ਕਲਜੁਗ ਅੰਤਮ ਸ਼ੌਹ ਦਰਯਾਏ ਰੋੜ੍ਹ, ਸਤਿਜੁਗ ਸਾਚਾ ਰਾਹ ਚਲਾਏਗਾ । ਲੱਖ ਚੁਰਾਸੀ ਰੀਠਾ ਵੇਖ ਮਿਠਾ ਕੌੜ, ਗੁਰਮੁਖ ਵਿਰਲੇ ਬਾਹਰ ਕਢਾਏਗਾ । ਰੈਣ ਅੰਧੇਰੀ ਵੇਖੇ ਘੋਰ, ਗੁਰਸਿਖ ਸਾਚੇ ਚੰਨ ਚਮਕਾਏਗਾ । ਨਾਤਾ ਤੋੜ ਚੋਰ ਹਰਾਮਖ਼ੋਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਮਾਏਗਾ । ਆਪਣੀ ਕਰਨੀ ਉਠੇਗਾ । ਪ੍ਰਭ ਦੀਨ ਦਿਆਲ ਤੁਠੇਗਾ । ਗ਼ਰੀਬ ਨਿਮਾਣਿਆਂ ਪੁੱਛੇਗਾ । ਰਾਜੇ ਰਾਣਿਆਂ ਤਖ਼ਤੋਂ ਲਾਹ ਸੁੱਟੇਗਾ । ਨਿਰਗੁਣ ਹੋ ਕੇ ਬੁੱਕੇਗਾ । ਨਿਰਵੈਰ ਕਦੇ ਨਾ ਲੁਕੇਗਾ । ਕੂੜੀ ਕਿਰਿਆ ਲੁੱਟੇਗਾ । ਕਲਜੁਗ ਜੜ ਪੁੱਟੇਗਾ । ਸਤਿਜੁਗ ਬੂਟਾ ਫੁੱਟੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗੁਰਮੁਖ ਸੱਜਣ ਆਪੇ ਪੁਛੇਗਾ । ਪੁਛਣਹਾਰ ਗੋਪਾਲ, ਬੇਅੰਤ ਵੱਡੀ ਵਡਿਆਈਆ । ਸਚਖੰਡ ਸੱਚੀ ਧਰਮਸਾਲ, ਧਰਮ ਦਵਾਰਾ ਇਕ ਦਰਸਾਈਆ । ਕਲਜੁਗ ਕੂੜੀ ਕਿਰਿਆ ਕੱਢੇ ਬਾਹਰ, ਸਤਿਜੁਗ ਸਾਚਾ ਮਾਰਗ ਲਾਈਆ । ਚਾਰ ਵਰਨ ਕਰ ਪਿਆਰ, ਸਾਚੀ ਸਰਨ ਇਕ ਦਰਸਾਈਆ । ਚਾਰੇ ਖਾਣੀ ਖੋਲ੍ਹ ਕਿਵਾੜ, ਚਾਰੇ ਬਾਣੀ ਰਾਗ ਅਲਾਈਆ । ਚਾਰੋਂ ਕੁੰਟ ਕਰ ਜੈਕਾਰ, ਜੈ ਜੈਕਾਰ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਮੰਤਰ ਦਏ ਸਮਝਾਈਆ । ਏਕਾ ਮੰਤਰ ਸਤਿਗੁਰ ਧਾਰ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਹੰ ਬ੍ਰਹਮ ਕਰ ਪਿਆਰ, ਪਾਰਬ੍ਰਹਮ ਵਡਿਆਇੰਦਾ । ਆਤਮ ਪਰਮਾਤਮ ਪਰਮਾਤਮ ਆਤਮ ਇਕ ਦਵਾਰ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ । ਪਾਰਬ੍ਰਹਮ ਬ੍ਰਹਮ ਪੈਜ ਸੁਆਰ, ਸਿਰ ਆਪਣਾ ਹੱਥ ਟਿਕਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰਨ ਜੈਕਾਰ, ਜੈ ਜੈਕਾਰ ਸਰਬ ਅਲਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਨਿਮਸਕਾਰ, ਨਿਉਂ ਨਿਉਂ ਸਯਦਾ ਸੀਸ


੮੦੪
੧੩

ਝੁਕਾਇੰਦਾ । ਸਤਿਜੁਗ ਸਾਚੀ ਕਰੇ ਕਾਰ, ਕਰਨੀ ਕਰਤਾ ਆਪ ਕਮਾਇੰਦਾ । ਨੌਂ ਖੰਡ ਪ੍ਰਿਥਮੀ ਸੱਤ ਦੀਪ ਵਰਤਾਵਣਹਾਰਾ ਨਾਮ ਭੰਡਾਰ, ਅਤੋਟ ਅਤੁਟ ਆਪ ਵਰਤਾਇੰਦਾ । ਲੇਖਾ ਚੁਕਾ ਚਾਰ ਯਾਰ, ਪੰਚਮ ਆਪਣੀ ਧਾਰ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਰੇ ਜਗ, ਜਾਗਰਤ ਜੋਤ ਕਰ ਰੁਸ਼ਨਾਈਆ । ਭਗਤ ਭਗਵਾਨ ਘਰ ਸਾਚੇ ਸੱਦ, ਸੱਦਾ ਨਾਮ ਦਵਾਈਆ । ਇਕੋ ਵਖਾਏ ਮੱਕਾ ਕਾਅਬਾ ਹੱਜ, ਸ਼ਿਵਦਵਾਲਾ ਮੰਦਰ ਮੱਠ ਇਕ ਦਰਸਾਈਆ । ਇਕ ਵਜਾਏ ਅਨਹਦ ਨਦ, ਅਨਾਦੀ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਹਰਿ ਰੰਗ ਅਨ ਰੰਗ ਰਾਤਾ ਆਪ ਰੰਗਾਈਆ । ਜਨਮ ਕਰਮ ਦੀ ਮਿਟੇ ਬੀਮਾਰੀ, ਕਰਮ ਰੋਗ ਰਹੇ ਨਾ ਰਾਈਆ । ਅੰਮ੍ਰਿਤ ਨਾਮ ਮਿਲੇ ਖ਼ੁਮਾਰੀ, ਮਖ਼ਮੂਰ ਆਪ ਰਖਾਈਆ । ਰਸਨਾ ਜਿਹਵਾ ਸ਼ਬਦ ਜੈਕਾਰੀ, ਸੋਹੰ ਢੋਲਾ ਗਾਈਆ । ਜੋ ਜਨ ਦਰ ਆਏ ਬਣ ਵਪਾਰੀ, ਨਾਮ ਖ਼ਜ਼ਾਨਾ ਦਏ ਲੁਟਾਈਆ । ਅੰਤਰ ਆਤਮ ਵੇਖੇ ਡੂੰਘੀ ਗਾਰੀ, ਨਿਜ ਘਰ ਬੈਠਾ ਬੇਪਰਵਾਹੀਆ । ਸਚ ਪ੍ਰੀਤੀ ਸਚ ਬਿਵਹਾਰੀ, ਬਿਧ ਨਾਤਾ ਜੋੜ ਜੁੜਾਈਆ । ਕਾਗਦ ਕਲਮ ਨਾ ਲਿਖਣਹਾਰੀ, ਨੇਤਰ ਰੋਵੇ ਜਗਤ ਸ਼ਾਹੀਆ । ਜੋ ਜਨ ਸਤਿਗੁਰ ਚਰਨ ਸਰਨ ਕਰੇ ਪਿਆਰੀ, ਤਿਸ ਕਾਇਆ ਕੂੜਾ ਕਪੜ ਰੋਗ ਰਹਿਣ ਨਾ ਪਾਈਆ । ਜਗਤ ਸੰਤਾਨ ਜਗਤ ਨਾਤਾ, ਪਿਤਾ ਪੂਤ ਗੰਢ ਪਵਾਈਆ । ਕਿਰਪਾ ਕਰੇ ਪੁਰਖ ਬਿਧਾਤਾ, ਬਿਧਨਾ ਲੇਖ ਨਾ ਕੋਇ ਵਡਿਆਈਆ । ਦੇਵਣਹਾਰ ਅਗੰਮੀ ਦਾਤਾ, ਅਨਡਿਠੜੀ ਵਸਤ ਝੋਲੀ ਪਾਈਆ । ਆਤਮ ਪਰਮਾਤਮ ਗਾਏ ਗਾਥਾ, ਗਾ ਗਾ ਸ਼ੁਕਰ ਮਨਾਈਆ । ਸਾਹਿਬ ਸਤਿਗੁਰ ਸਦਾ ਸਾਥਾ, ਸਗਲਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਾਸ ਆਸ ਵਿਚ ਬਦਲਾਈਆ । ਨਾਮ ਧਾਰੀ ਮਿਲਿਆ ਨਾਮ, ਨਾਮ ਰੰਗਣ ਰੰਗ ਰੰਗਾਈਆ । ਅੰਮ੍ਰਿਤ ਆਤਮ ਪਿਆ ਜਾਮ, ਪਿਆਲਾ ਸਤਿਗੁਰ ਹੱਥ ਫੜਾਈਆ । ਕਾਇਆ ਖੇੜਾ ਵਸੇ ਗਰਾਮ, ਜਿਸ ਘਰ ਗੁਰ ਗੁਰ ਬੈਠਾ ਡੇਰਾ ਲਾਈਆ । ਹਰਿ ਸੰਗਤ ਵਿਚ ਮਿਲੇ ਜੋ ਜਨ ਆਣ, ਤਿਸ ਜਮ ਕੀ ਕਾਣ ਰਹਿਣ ਨਾ ਪਾਈਆ । ਏਥੇ ਓਥੇ ਕਰੇ ਪਹਿਚਾਨ, ਬੇਪਹਿਚਾਨ ਫੇਰਾ ਪਾਈਆ । ਸੋਹੰ ਢੋਲਾ ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਗਾਣ, ਬਿਨ ਸੋਹੰ ਰੂਪ ਗੁਰ ਅਵਤਾਰ ਪੀਰ ਪੈਗ਼ੰਬਰ ਨਜ਼ਰ ਕੋਇ ਨਾ ਆਈਆ । ਨਾਨਕ ਨਿਰਗੁਣ ਸਰਗੁਣ ਦੇ ਕੇ ਗਿਆ ਗਿਆਨ, ਸਿਖਿਆ ਸਾਖਿਆਤ ਸਮਝਾਈਆ । ਗੋਬਿੰਦ ਤੀਰ ਭੱਥਾ ਦੇ ਕੇ ਗਿਆ ਨਿਸ਼ਾਨ, ਚਿੱਲਾ ਕਮਾਨ ਟੰਕ ਹੱਥ ਉਠਾਈਆ । ਕਲਜੁਗ ਅੰਤਮ ਨਿਹਕਲੰਕ ਪਰਗਟ ਹੋਏ ਬਲੀ ਬਲਵਾਨ, ਬਲ ਆਪਣਾ ਆਪ ਜਣਾਈਆ । ਲੇਖਾ ਜਾਣ ਜ਼ਿਮੀ ਅਸਮਾਨ, ਬ੍ਰਹਿਮੰਡ ਖੰਡ ਚਰਨਾਂ ਹੇਠ ਰਖਾਈਆ । ਦੋ ਜਹਾਨਾਂ ਦੇਵੇ ਇਕ ਗਿਆਨ, ਪੀਰ ਪੈਗ਼ੰਬਰਾਂ ਕਰੇ ਪੜ੍ਹਾਈਆ । ਧਰਮ ਵਖਾਏ ਇਕ ਨਿਸ਼ਾਨ, ਧਰਮ ਦਵਾਰੇ ਆਪ ਝੁਲਾਈਆ । ਈਸ਼ ਜੀਵ ਦੇਵੇ ਮਾਣ, ਜਗਦੀਸ ਹੋ ਸਹਾਈਆ । ਸੋਹੰ ਅੱਖਰ ਕਰ ਪਰਧਾਨ, ਸਰਗੁਣ ਨਿਰਗੁਣ ਮੇਲ ਮਿਲਾਈਆ । ਪਾਰਬ੍ਰਹਮ ਬ੍ਰਹਮ ਕਰ ਪਹਿਚਾਨ, ਪਸਚਾਤਾਪ ਦਏ ਗਵਾਈਆ । ਕਾਇਆ ਅੰਦਰ ਮੰਦਰ ਵਖਾਏ ਮਕਾਨ, ਗੁਰੂਦਵਾਰ ਸਚ ਵਡਿਆਈਆ । ਜਿਸ ਘਰ ਵਸੇ ਭਗਵਾਨ, ਸੋ ਮੰਡਲ ਮੰਡਪ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਨਾਮ ਵਰ, ਤਿਸ ਧਾਰ ਆਪਣੀ ਵਿਚ ਚਲਾਈਆ ।

## ❇ ੭ ਫੱਗਣ ੨੦੧੯ ਬਿਕ੍ਰਮੀ ਬਿਸ਼ਨ ਸਿੰਘ ਦੇ ਗ੍ਰਿਹਿ ਗੁੜਗਾਉਂ ❇

ਏਕਾ ਨਾਇਆਂ ਪ੍ਰਭ ਦੀ ਉਨੀ, ਉਨਤ ਆਪਣੇ ਹੱਥ ਰਖਾਇੰਦਾ । ਸਾਹਿਬ ਸੁਲਤਾਨ ਵਡ ਗੁਣ ਗੁਣੀ, ਗਹਿਰ ਗੰਭੀਰ ਵੇਖ ਵਖਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਭਗਤ ਭਗਵਾਨ ਫ਼ਰਯਾਦ ਸੁਣੀ, ਦੋ ਜਹਾਨਾਂ ਵੇਖ ਵਖਾਇੰਦਾ । ਲੱਖ ਚੁਰਾਸੀ ਵਿਚੋਂ ਗੁਰਮੁਖ ਸੱਜਣ ਰਿਹਾ ਚੁਣੀ, ਗ੍ਰਿਹਿ ਗ੍ਰਿਹਿ ਘਰ ਘਰ ਮੰਦਰ ਫੋਲ ਫੁਲਾਇੰਦਾ । ਆਤਮ ਪਰਮਾਤਮ ਬੋਧ ਅਗਾਧ ਵਜਾਏ ਧੁਨੀ, ਨਾਦ ਅਨਾਦੀ ਸੇਵ ਲਗਾਇੰਦਾ । ਲੱਖ ਚੁਰਾਸੀ ਜੀਵ ਜੰਤ ਕੂੜੀ ਕਿਰਿਆ ਚੋਟੀ ਜਾਏ ਮੁਨੀ, ਸਿਰ ਹੱਥ ਨਾ ਕੋਇ ਟਿਕਾਇੰਦਾ । ਜਗਤ ਵਾਸਨਾ ਸ੍ਰੀ ਭਗਵਾਨ ਛਾਣੀ ਪੁਣੀ, ਅੰਤਰਜਾਮੀ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਇਆ ਮੇਲ ਮਿਲਾਇੰਦਾ । ਏਕਾ ਨਾਇਆ ਏਕਾ ਰੰਗ, ਏਕੰਕਾਰਾ ਦਏ ਵਡਿਆਈਆ । ਸੋ ਪੁਰਖ ਨਿਰੰਜਣ ਸੂਰਾ ਸਰਬੰਗ, ਵੇਖਣਹਾਰਾ ਬੇਪਰਵਾਹੀਆ । ਹਰਿ ਪੁਰਖ ਨਿਰੰਜਣ ਦੇਵਣਹਾਰ ਸਤਿ ਅਨੰਦ, ਏਕੰਕਾਰਾ ਆਪਣੇ ਅੰਗ ਲਗਾਈਆ । ਆਦਿ ਨਿਰੰਜਣ ਨਿਰਗੁਣ ਜੋਤ ਚਾੜ੍ਹਨਹਾਰਾ ਚੰਦ, ਅਬਿਨਾਸ਼ੀ ਕਰਤਾ ਏਕਾ ਨੂਰ ਜ਼ਹੂਰ ਕਰੇ ਰੁਸ਼ਨਾਈਆ । ਸ੍ਰੀ ਭਗਵਾਨ ਸਦਾ ਬਖ਼ਸ਼ੰਦ, ਬਖ਼ਸ਼ਸ਼ ਇਕੋ ਝੋਲੀ ਪਾਈਆ । ਪਾਰਬ੍ਰਹਮ ਬ੍ਰਹਮ ਦੇਵਣਹਾਰਾ ਪਰਮਾਨੰਦ, ਨਿਜਾਨੰਦ ਅਨੰਦ ਦਰਸਾਈਆ । ਏਕਾ ਢਾਏ ਨਾਇਆ ਕੰਧ, ਨਵ ਨੌਂ ਆਪਣਾ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਏਕਾ ਉਨੀ ਦਏ ਸਮਝਾਈਆ । ਏਕਾ ਉਨੀ ਆਦਿ ਅੰਤ, ਏਕਾ ਨਾਇਆ ਖੇਲ ਖਲਾਇੰਦਾ । ਦੋ ਜਹਾਨ ਸ੍ਰੀ ਭਗਵੰਤ, ਭਗਵਨ ਆਪਣਾ ਰਾਹ ਜਣਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਖੇਲ ਬੇਅੰਤ, ਭੇਵ ਅਭੇਦ ਨਾ ਕੋਇ ਪਾਇੰਦਾ । ਜੁਗ ਚੌਕੜੀ ਸੇਵਾ ਲਾ ਸਾਧ ਸੰਤ, ਗੁਰ ਅਵਤਾਰ ਪੀਰ ਪੈਗ਼ੰਬਰ ਨਾਲ ਮਿਲਾਇੰਦਾ । ਧੁਰਦਰਗਾਹੀ ਬੇਪਰਵਾਹੀ ਕਲਮਾ ਨਬੀ ਨਾਮ ਮੰਤ, ਮੰਤਰ ਇਕੋ ਇਕ ਦ੍ਰਿੜਾਇੰਦਾ । ਆਤਮ ਪਰਮਾਤਮ ਵੇਖਣਹਾਰਾ ਲੱਖ ਚੁਰਾਸੀ ਜੀਵ ਜੰਤ, ਅੰਡਜ ਜੇਰਜ ਉਤਭੁਜ ਸੇਤਜ ਖੋਜ ਖੁਜਾਇੰਦਾ । ਪਾਰਬ੍ਰਹਮ ਬ੍ਰਹਮ ਮੇਲਣਹਾਰਾ ਨਾਰ ਕੰਤ, ਸੇਜ ਸੁਹੰਜਣੀ ਸੋਭਾ ਪਾਇੰਦਾ । ਤ੍ਰੈਗੁਣ ਅਤੀਤਾ ਠਾਂਡਾ ਸੀਤਾ ਚਾੜ੍ਹਨਹਾਰ ਰੰਗ ਬਸੰਤ, ਨਾਮ ਰੰਗਣ ਇਕ ਰੰਗਾਇੰਦਾ । ਦੋ ਜਹਾਨ ਸ੍ਰੀ ਭਗਵਾਨ ਦੇਵਣਹਾਰਾ ਸਾਚਾ ਮੰਤ, ਵਿਸ਼ਨ ਬ੍ਰਹਮਾ ਸ਼ਿਵ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਇਆ ਵੰਡ ਵੰਡਾਇੰਦਾ । ਏਕਾ ਨਾਇਆ ਵੰਡੇ ਵੰਡ, ਵੰਡਣਹਾਰ ਵੱਡੀ ਵਡਿਆਈਆ । ਲੇਖਾ ਜਾਣ ਕੋਟਨ ਬ੍ਰਹਿਮੰਡ, ਬ੍ਰਹਿਮਾਂਡ ਸਿਫ਼ਤ ਸਾਲਾਹੀਆ । ਸੁਣਾਵਣਹਾਰ ਅਗੰਮੀ ਛੰਦ, ਢੋਲਾ ਸੋਹਲਾ ਇਕ ਪਰਗਟਾਈਆ । ਪਾਵਣਹਾਰਾ ਲੱਖ ਚੁਰਾਸੀ ਬੰਦੀ ਬੰਦ, ਨਾਮ ਡੋਰੀ ਤੰਦ ਰਖਾਈਆ । ਕਰਨਹਾਰਾ ਲੱਖ ਚੁਰਾਸੀ ਅੰਤਰ ਅੰਧ, ਅਗਿਆਨ ਅੰਧੇਰ ਇਕ ਦਰਸਾਈਆ । ਮੁਕਾਵਣਹਾਰਾ ਜੁਗ ਚੌਕੜੀ ਪੰਧ, ਇਕ ਇਕੱਲਾ ਸੱਚਾ ਮਾਹੀਆ । ਨਵ ਨੌਂ ਵੇਖਣਹਾਰਾ ਕੂੜੀ ਕਿਰਿਆ ਗੰਦ, ਦਰ ਦਵਾਰੇ ਅਲਖ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਇਕ ਇਕੱਲਾ ਏਕੰਕਾਰਾ ਹਰਿ ਅਖਵਾਇੰਦਾ । ਵਸਣਹਾਰਾ ਸਚ ਮਹੱਲਾ, ਸਚਖੰਡ ਸਾਚੇ ਡੇਰਾ ਲਾਇੰਦਾ । ਜੋਤੀ ਧਾਰ ਸ਼ਬਦੀ ਰਲਾ, ਸ਼ਬਦੀ ਸ਼ਬਦ ਰੂਪ ਪਰਗਟਾਇੰਦਾ । ਥਿਰ ਘਰ ਫੜਾਏ ਆਪਣਾ ਪੱਲਾ, ਆਪਣੀ ਗੰਢ ਪਵਾਇੰਦਾ । ਸਤਿ ਸੰਦੇਸ਼ ਨਿਰਗੁਣ ਘੱਲਾ, ਵਿਸ਼ਨ ਬ੍ਰਹਮਾ ਸ਼ਿਵ ਸਮਝਾਇੰਦਾ । ਵਸਣਹਾਰਾ

ਨਿਹਚਲ ਧਾਮ ਅਟੱਲਾ, ਮਹੱਲ ਅਟੱਲ ਇਕ ਰੁਸ਼ਨਾਇੰਦਾ । ਜੁਗ ਚੌਕੜੀ ਅਛਲ ਅਛੱਲਾ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਵੇਖ ਵਖਾਇੰਦਾ । ਇਕ ਇਕੱਲਾ ਵੇਖਣਹਾਰਾ, ਆਦਿ ਪੁਰਖ ਵੱਡੀ ਵਡਿਆਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਬਣ ਵਣਜਾਰਾ, ਲੋਕ ਪਰਲੋਕ ਅਵਣ ਗਵਣ ਤ੍ਰੈਗੁਣ ਸੰਗ ਮਿਲਾਈਆ । ਕਾਗ਼ਜ਼ ਕਲਮ ਨਾ ਲਿਖਣਹਾਰਾ, ਲੇਖਾ ਲਿਖ ਨਾ ਕੋਇ ਸਮਝਾਈਆ । ਨਵ ਨੌਂ ਖੋਲ੍ਹ ਦਵਾਰਾ, ਦਰ ਦਰ ਆਪਣਾ ਭੇਵ ਜਣਾਈਆ । ਨਵ ਨੌਂ ਚਾਰ ਹੋ ਉਜਿਆਰਾ, ਚਾਰ ਜੁਗ ਡੰਕ ਵਜਾਈਆ । ਚਾਰ ਖਾਣੀ ਦਏ ਸਹਾਰਾ, ਚਾਰੇ ਬਾਣੀ ਨਾਮ ਵਡਿਆਈਆ । ਚਾਰੇ ਕੁੰਟ ਬੋਲ ਜੈਕਾਰਾ, ਚਾਰ ਵਰਨ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਇਆ ਮੇਲ ਮਿਲਾਈਆ । ਏਕਾ ਨਾਇਆ ਨਿਰਗੁਣ ਮੇਲਾ, ਸਰਗੁਣ ਸੰਗ ਨਿਭਾਈਆ । ਧਾਰ ਬੰਧਾਏ ਗੁਰੂ ਗੁਰ ਚੇਲਾ, ਚੇਲਾ ਗੁਰੂ ਰੂਪ ਸਮਾਈਆ । ਪਾਰਬ੍ਰਹਮ ਪ੍ਰਭ ਸੱਜਣ ਸੁਹੇਲਾ, ਸਗਲਾ ਸੰਗ ਨਿਭਾਈਆ । ਵਸਣਹਾਰਾ ਧਾਮ ਨਵੇਲਾ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਕੱਟਣਹਾਰਾ ਧਰਮ ਰਾਏ ਦੀ ਜੇਲਾ, ਬੰਧਨ ਆਪਣਾ ਨਾਮ ਪਾਈਆ । ਜਾਨਣਹਾਰਾ ਸਾਚਾ ਵੇਲਾ, ਥਿਤ ਵਾਰ ਨਾ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਕਰਤਾ ਪੁਰਖ, ਆਪਣੇ ਹੱਥ ਰਖਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤ ਨਾ ਕੋਈ ਸੋਗ ਨਾ ਕੋਈ ਹਰਖ਼, ਚਿੰਤਾ ਗ਼ਮ ਨਾ ਕੋਈ ਜਣਾਇੰਦਾ । ਜੀਵ ਜੰਤ ਸਾਧ ਸੰਤ ਭਗਤ ਭਗਵੰਤ ਸੰਤ ਲਏ ਪਰਖ, ਬਣ ਪਾਰਖੂ ਫੇਰਾ ਪਾਇੰਦਾ । ਨਿਰਵੈਰ ਨਿਰਾਕਾਰ ਇਕ ਵਖਾਏ ਆਪਣਾ ਆਦਰਸ਼, ਦਰਸ ਇਕੋ ਘਰ ਵਖਾਇੰਦਾ । ਲੇਖਾ ਜਾਣ ਅਰਸ਼ ਫ਼ਰਸ਼, ਕਾਇਆ ਕੁਰਾ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਇਆ ਮੇਲ ਮਿਲਾਇੰਦਾ । ਏਕਾ ਨਾਇਆ ਸਾਚਾ ਜੋੜਾ, ਨਿਰਗੁਣ ਸਰਗੁਣ ਬੰਧਨ ਪਾਈਆ । ਅਗੰਮ ਅਥਾਹ ਸਾਚਾ ਘੋੜਾ, ਸ਼ਾਹਸਵਾਰਾ ਆਪ ਦੌੜਾਈਆ । ਦੋ ਜਹਾਨਾਂ ਲਾਏ ਪੌੜਾ, ਨੇਤਰ ਨਜ਼ਰ ਕਿਸੇ ਨਾ ਆਈਆ । ਦੋ ਜਹਾਨਾਂ ਫਿਰੇ ਦੌੜਾ, ਬ੍ਰਹਿਮੰਡ ਖੰਡ ਚਰਨਾਂ ਹੇਠ ਦਬਾਈਆ । ਜੁਗ ਚੌਕੜੀ ਆਪੇ ਬੌਹੜਾ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਆਪ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦਏ ਜਣਾਈਆ । ਸਾਚਾ ਲੇਖਾ ਨਾਇਆ ਏਕ, ਏਕੰਕਾਰਾ ਆਪ ਜਣਾਇੰਦਾ । ਭਗਤ ਭਗਵਾਨ ਸਾਚੀ ਟੇਕ, ਸਰਨ ਚਰਨ ਇਕ ਵਡਿਆਇੰਦਾ । ਕਰਨਹਾਰਾ ਬੁਧ ਬਿਬੇਕ, ਬਿਬੇਕੀ ਰੂਪ ਦਰਸਾਇੰਦਾ । ਬਿਨ ਨੇਤਰ ਨੈਨਾਂ ਲਏ ਵੇਖ, ਅੱਖ ਪਲਕ ਨਾ ਕੋਇ ਉਠਾਇੰਦਾ । ਆਤਮ ਪਰਮਾਤਮ ਕਰਨਹਾਰਾ ਹੇਤ, ਨਿਤ ਨਵਿਤ ਵੇਸ ਵਟਾਇੰਦਾ । ਲੇਖਾ ਜਾਣੇ ਨੇਤਨ ਨੇਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਸਮਝਾਇੰਦਾ । ਸਾਚੀ ਖੇਲ ਪੁਰਖ ਸਮਰਥ, ਸਮਰਥ ਦਏ ਵਡਿਆਈਆ । ਏਕਾ ਨਾਇਆ ਮਹਿਮਾ ਅਕਥ, ਸ਼ਾਸਤਰ ਸਿਮਰਤ ਵੇਦ ਪੁਰਾਨ ਰਹੇ ਜਸ ਗਾਈਆ । ਅੰਜੀਲ ਕੁਰਾਨ ਤੀਸ ਬਤੀਸਾ ਆਪੇ ਦੱਸ, ਉਚੀ ਕੂਕ ਕੂਕ ਅਲਾਈਆ । ਖਾਣੀ ਬਾਣੀ ਪੰਧ ਮੁਕਾਏ ਨੱਠ ਨੱਠ, ਦਿਵਸ ਰੈਣ ਚਲੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਗੰਮ, ਅਲੱਖ ਅਗੋਚਰ ਆਪ ਕਰਾਇੰਦਾ । ਨਾ ਮਰੇ ਨਾ ਪਏ ਜੰਮ, ਜਨਮ ਮਰਨ ਵਿਚ ਨਾ ਆਇੰਦਾ । ਜੁਗ ਚੌਕੜੀ ਕਰਨੀ ਕਰੇ ਕੰਮ, ਕਰਤਾ

੮੦੭
੧੩

ਪੁਰਖ ਸੇਵ ਕਮਾਇੰਦਾ । ਨਿਰਗੁਣ ਸਰਗੁਣ ਬੇੜਾ ਬੰਨ੍ਹ, ਆਪ ਆਪਣੇ ਕੰਧ ਉਠਾਇੰਦਾ । ਕਲਜੁਗ ਅੰਤਮ ਖੇਲ ਸ੍ਰੀ ਭਗਵਨ, ਭੇਵ ਅਭੇਦਾ ਆਪ ਜਣਾਇੰਦਾ । ਦੇਵਣਹਾਰਾ ਸਾਚਾ ਦਾਨ, ਦਾਤਾ ਦਾਨੀ ਦਇਆ ਕਮਾਇੰਦਾ । ਉਠਾਵਣਹਾਰਾ ਸਚ ਨਿਸ਼ਾਨ, ਦੋ ਜਹਾਨਾਂ ਆਪ ਝੁਲਾਇੰਦਾ । ਵੇਖਣਹਾਰਾ ਜੀਵ ਜਹਾਨ, ਲੱਖ ਚੁਰਾਸੀ ਖੋਜ ਖੁਜਾਇੰਦਾ । ਸੁਣਾਵਣਹਾਰਾ ਰਾਗ ਕਾਨ, ਅਨਹਦ ਨਾਦੀ ਨਾਦ ਸੁਣਾਇੰਦਾ । ਕਰਨਹਾਰਾ ਪਰਕਾਸ਼ ਕੋਟਨ ਭਾਨ, ਜੋਤੀ ਜਾਤਾ ਡਗਮਗਾਇੰਦਾ । ਕਰਨਹਾਰ ਸਚ ਪਹਿਚਾਨ, ਬੇਪਹਿਚਾਨ ਫੇਰਾ ਪਾਇੰਦਾ । ਦੇਵਣਹਾਰਾ ਬ੍ਰਹਮ ਗਿਆਨ, ਬ੍ਰਹਮ ਵਿਦਿਆ ਇਕ ਪੜ੍ਹਾਇੰਦਾ । ਦੇਵਣਹਾਰਾ ਧੁਰ ਫ਼ਰਮਾਨ, ਸਚ ਸੰਦੇਸ਼ਾ ਇਕ ਅਲਾਇੰਦਾ । ਏਕਾ ਨਾਇਆ ਮਿਟੇ ਨਿਸ਼ਾਨ, ਨਿਸ਼ਾਨਾ ਇਕੋ ਇਕ ਝੁਲਾਇੰਦਾ । ਗੁਰਮੁਖ ਚਤਰ ਸੁਘੜ ਸੁਜਾਨ, ਹਰਿਜਨ ਸਾਚੇ ਵੇਖ ਵਖਾਇੰਦਾ । ਆਤਮ ਪਰਮਾਤਮ ਮੇਲ ਮਿਲਾਵਾ ਗੋਪੀ ਕਾਹਨ, ਸੁਰਤੀ ਸ਼ਬਦੀ ਜੋੜ ਜੁੜਾਇੰਦਾ । ਘਰ ਮੰਦਰ ਸਚ ਮਕਾਨ, ਸ਼ਿਵਦਵਾਲਾ ਮੱਠ ਇਕੋ ਨਜ਼ਰੀ ਆਇੰਦਾ । ਕਰੇ ਖੇਲ ਨੌਜਵਾਨ, ਨੱਯਾ ਜਗਤ ਆਪ ਡੋਲਾਇੰਦਾ । ਚਾਰ ਵਰਨ ਹੋਣ ਹੈਰਾਨ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਧੀਰ ਨਾ ਕੋਇ ਧਰਾਇੰਦਾ । ਅਠਾਰਾਂ ਬਰਨ ਅੰਤ ਕੁਰਲਾਣ, ਅੰਮ੍ਰਿਤ ਮੇਘ ਨਾ ਕੋਇ ਬਰਸਾਇੰਦਾ । ਪੀਰ ਪੈਗ਼ੰਬਰ ਨੈਣ ਸ਼ਰਮਾਣ, ਨੇਤਰ ਅੱਖ ਨਾ ਕੋਇ ਉਠਾਇੰਦਾ । ਜ਼ਿਮੀ ਅਸਮਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਉਨੀ ਬਣਤ ਬਣਾਇੰਦਾ । ਏਕਾ ਉਨੀ ਜਣਾਏ ਬਣਤ, ਮਿਹਰਵਾਨ ਵਡ ਵਡਿਆਈਆ । ਆਦਿ ਜੁਗਾਦੀ ਮਹਿਮਾ ਅਗਣਤ, ਲੇਖਾ ਲਿਖਤ ਵਿਚ ਨਾ ਆਈਆ । ਗਾ ਗਾ ਥੱਕੇ ਕੋਟਨ ਕੋਟ ਸਾਧ ਸੰਤ, ਸਾਦਕ ਸਿਦਕ ਸਬੂਰੀ ਗਏ ਹੰਢਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੱਸ ਦੱਸ ਮਣੀਆਂ ਗਏ ਮੰਤ, ਨਿਤ ਨਵਿਤ ਧੁਰ ਫ਼ਰਮਾਨਾ ਹੁਕਮ ਜਣਾਈਆ । ਭਗਤ ਭਗਵਾਨ ਲੱਭਦੇ ਰਹੇ ਸਾਜਣ ਕੰਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਆਪ ਕਮਾਵੇਗਾ । ਪੁਰਖ ਅਕਾਲ ਖੇਲ ਰਚਾਵੇਗਾ । ਸਚਖੰਡ ਵਾਸੀ ਫੇਰਾ ਪਾਵੇਗਾ । ਦੋ ਜਹਾਨਾਂ ਵੇਖ ਵਖਾਵੇਗਾ । ਏਕਾ ਨਾਇਆ ਪੰਧ ਮੁਕਾਵੇਗਾ । ਅਗਨੀ ਤੱਤ ਵੇਖ ਵਖਾਵੇਗਾ । ਰੁੱਤ ਰੁੱਤੜੀ ਨਾਲ ਮਿਲਾਵੇਗਾ । ਗੁਰਮੁਖ ਆਤਮ ਸੁਤੜੀ ਆਪ ਜਗਾਵੇਗਾ । ਲੱਖ ਚੁਰਾਸੀ ਟੰਗ ਪੁਠੜੀ, ਵੇਲੇ ਅੰਤ ਖੱਲ ਲੁਹਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਰ ਵਖਾਵੇਗਾ । ਸਾਚੀ ਕਰਨੀ ਕਰੇਗਾ । ਕਿਸੇ ਕੋਲੋਂ ਨਾ ਡਰੇਗਾ । ਦੋ ਜਹਾਨਾਂ ਆਪੇ ਵੜੇਗਾ । ਗੁਰਮੁਖ ਸੱਜਣ ਫੜੇਗਾ । ਸ਼ਾਹ ਸੁਲਤਾਨ ਹੋ ਕੇ ਚੜ੍ਹੇਗਾ । ਸੀਸ ਜਗਦੀਸ ਤਾਜ ਧਰੇਗਾ । ਆਪਣਾ ਭਾਣਾ ਆਪੇ ਜਰੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪੇ ਕਰੇਗਾ । ਆਪਣਾ ਖੇਲ ਖਲਾਵਾਂਗਾ । ਦੋ ਜਹਾਨ ਰੁਲਾਵਾਂਗਾ । ਪੀਰ ਪੈਗ਼ੰਬਰ ਫੜ ਫੜ ਦਰ ਬਹਾਵਾਂਗਾ । ਜੁਗ ਚੌਕੜੀ ਕਰਨੀ ਸਭ ਦੀ ਝੋਲੀ ਪਾਵਾਂਗਾ । ਲੱਖ ਚੁਰਾਸੀ ਜੀਵ ਜੰਤ ਕੂੜੀ ਕਿਰਿਆ ਹੋਲੀ ਇਕ ਵਖਾਵਾਂਗਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪੀਰ ਪੈਗ਼ੰਬਰ ਮਾਰੀ ਬੋਲੀ, ਪੂਰੀ ਕਰ ਵਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਖੇਲ ਇਕ ਰਚਾਵਾਂਗਾ । ਸਾਚੀ ਖੇਲ ਰਚਾਊਂਗਾ । ਨਿਰਵੈਰ ਪੁਰਖ ਅਖਵਾਊਂਗਾ । ਕੂੜੀ ਕਿਰਿਆ ਮੇਟ ਮਿਟਾਊਂਗਾ । ਗੁਰਮੁਖ ਸੱਜਣ ਆਪ ਉਠਾਊਂਗਾ । ਆਤਮ ਰੰਗਣ ਆਪ ਰੰਗਾਊਂਗਾ । ਦਰ ਮੰਗਣ

ਕਿਸੇ ਨਾ ਜਾਊਂਗਾ । ਦੋ ਜਹਾਨਾਂ ਸੱਜਣ ਇਕ ਅਖਵਾਊਂਗਾ । ਲੱਖ ਚੁਰਾਸੀ ਚਰਨ ਧੂੜੀ ਮਜਨ ਇਕ ਨੁਹਾਊਂਗਾ । ਏਕਾ ਨਾਇਆ ਪੰਧ ਮੁਕਾਊਂਗਾ । ਇਕ ਦਵਾਰ ਖੁਲਾਊਂਗਾ । ਗ਼ਰੀਬ ਨਿਵਾਜਾ ਨਾਮ ਧਰਾਊਂਗਾ । ਅਨਹਦ ਵਾਜਾ ਆਪ ਵਜਾਊਂਗਾ । ਜਗਤ ਰੀਤੀ ਵੇਖ ਵਖਾਊਂਗਾ । ਨੀਤੀ ਆਪਣੇ ਹੱਥ ਰਖਾਊਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਵਡ ਵਡਿਆਊਂਗਾ । ਆਪਣੀ ਕਰਨੀ ਹਰਿ ਵਡਿਆਏਗਾ । ਜੋਤੀ ਜਾਮਾ ਵੇਸ ਵਟਾਏਗਾ । ਬੀਸ ਬੀਸਾ ਡੰਕ ਵਜਾਏਗਾ । ਏਕਾ ਨਾਇਆ ਡੇਰਾ ਢਾਹੇਗਾ । ਜਗਤ ਹੋਲੀ ਖੇਲ ਖਲਾਏਗਾ । ਜਨ ਭਗਤਾਂ ਡੋਲੀ ਆਪਣੇ ਕੰਧ ਉਠਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰ ਅਵਤਾਰ ਪੀਰ ਪੈਗ਼ੰਬਰ ਹੁਕਮੇ ਅੰਦਰ ਹੁਕਮ ਮਨਾਏਗਾ । ਹੁਕਮੇ ਅੰਦਰ ਹੁਕਮ ਮਨਾਵਾਂਗਾ । ਸਚ ਸੰਦੇਸ਼ ਸੁਣਾਵਾਂਗਾ । ਗੁਰ ਅਵਤਾਰ ਪੀਰ ਪੈਗ਼ੰਬਰ ਸੋਏ ਆਪ ਜਗਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਨੈਣ ਖੁਲ੍ਹਾਵਾਂਗਾ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਏਕਾ ਘਰ ਬੰਦ ਕਰਾਵਾਂਗਾ । ਰਾਓ ਰੰਕਾ ਸਚ ਨਿਸ਼ਾਨ ਹੋ ਮਿਹਰਵਾਨ, ਲੋਕਮਾਤ ਦਰਸਾਵਾਂਗਾ । ਸ੍ਰਿਸ਼ਟ ਸਬਾਈ ਸ਼ਬਦ ਗਿਆਨ, ਆਤਮ ਪਰਮਾਤਮ ਵਿਦਿਆ ਇਕ ਪੜ੍ਹਾਵਾਂਗਾ । ਅੰਮ੍ਰਿਤ ਆਤਮ ਪੀਣ ਖਾਣ, ਨਿਝਰ ਝਿਰਨਾ ਇਕ ਝਿਰਾਵਾਂਗਾ । ਸਰਬ ਜੀਆਂ ਦਾ ਸਾਂਝਾ ਭਗਵਾਨ, ਇਸ਼ਟ ਦੇਵ ਇਕ ਮਨਾਵਾਂਗਾ । ਮੁਕਾਮੇ ਹੱਕ ਹੋ ਪਰਧਾਨ, ਨੌਬਤ ਇਕੋ ਨਾਮ ਵਜਾਵਾਂਗਾ । ਲਾਸ਼ਰੀਕ ਮਿਹਰਵਾਨ, ਤੌਫ਼ੀਕ ਇਕ ਖ਼ੁਦਾਏ ਦਰਸਾਵਾਂਗਾ । ਮਿਹਬਾਨ ਬੀਦੋ ਬੀ ਖ਼ੈਰ ਯਾ ਅੱਲਾ ਦੇ ਧਿਆਨ, ਕਲਮਾ ਨਬੀ ਇਕ ਪੜ੍ਹਾਵਾਂਗਾ । ਸਾਚਾ ਹੁਜਰਾ ਕਰ ਪਰਵਾਨ, ਦਰਗਹਿ ਸਾਚੀ ਆਸਣ ਲਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਰੰਗ ਰੰਗ ਵਖਾਵਾਂਗਾ । ਏਕਾ ਰੰਗ ਰੰਗੇਗਾ । ਬੇਪਰਵਾਹ ਕਦੇ ਨਾ ਸੰਗੇਗਾ । ਦੂਜਾ ਦਰ ਕਦੇ ਨਾ ਮੰਗੇਗਾ । ਸੰਤ ਸੁਹੇਲੇ ਗੁਰੂ ਗੁਰ ਚੇਲੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪਣੀ ਗੋਦੀ ਚੁਕੇਗਾ । ਉਨੀ ਹਾੜ ਹਰਿਜਨ ਹੋਲੀ, ਹੌਲੀ ਹੌਲੀ ਆਪ ਖਲਾਈਆ । ਨਿਰਵੈਰ ਪੂਰਾ ਤੋਲ ਰਿਹਾ ਤੋਲੀ, ਤੋਲਣਹਾਰ ਵਡ ਵਡਿਆਈਆ । ਜਨ ਭਗਤਾਂ ਉਪਰ ਘੋਲ ਘੋਲੀ, ਆਪ ਆਪਣਾ ਭੇਟ ਚੜ੍ਹਾਈਆ । ਆਤਮ ਪਰਮਾਤਮ ਖੇਲ ਅਨਮੋਲੀ, ਅਨਡਿਠੜੀ ਕਾਰ ਕਮਾਈਆ । ਲੱਖ ਚੁਰਾਸੀ ਪਾਏ ਰੌਲੀ, ਚਾਰ ਵਰਨ ਰਸਨਾ ਜਿਹਵਾ ਬੱਤੀ ਦੰਦ ਲੜਾਈਆ । ਜਨ ਭਗਤਾਂ ਪੜਦਾ ਰਿਹਾ ਖੋਲੀ, ਖ਼ਾਲਕ ਖ਼ਲਕ ਦਇਆ ਕਮਾਈਆ । ਨਾਮ ਵਸਤ ਭਰਾਏ ਝੋਲੀ, ਮਿਹਰਬਾਨ ਬੇਨਜ਼ੀਰ ਮਿਹਰ ਨਜ਼ਰ ਉਠਾਈਆ । ਸ੍ਰਿਸ਼ਟ ਸਬਾਈ ਹੋਏ ਗੋਲੀ, ਸਿਰ ਸਕੇ ਨਾ ਕੋਇ ਉਠਾਈਆ । ਜੋਤ ਅਕਾਲਣ ਬਣੀ ਵਚੋਲੀ, ਬਣ ਸੇਵਕ ਸੇਵ ਕਮਾਈਆ । ਹੱਥੀਂ ਲੈ ਕੇ ਅੱਟੀ ਮੌਲੀ, ਮੌਲਾ ਵੇਖੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਹੋਲੀ ਦਏ ਵਖਾਈਆ । ਸਾਚੀ ਹੋਲੀ ਵੇਖੋ ਹੋਲਾ, ਹਰਿ ਹਰਿ ਜੂ ਆਪ ਜਣਾਇੰਦਾ । ਜਨ ਭਗਤਾਂ ਅੰਦਰੋਂ ਕੱਢੇ ਪੜਦਾ ਉਹਲਾ, ਸਵੱਛ ਸਰੂਪੀ ਆਪਣਾ ਦਰਸ ਵਖਾਇੰਦਾ । ਪੂਰਬ ਪੂਰਾ ਕਰੇ ਕੀਤਾ ਕੌਲਾ, ਇਕਰਾਰ ਆਪਣੇ ਹੱਥ ਰਖਾਇੰਦਾ । ਦੇਵੇ ਵਡਿਆਈ ਉਪਰ ਧੌਲਾ, ਧਰਨੀ ਧਰਤ ਧਵਲ ਭਾਰ ਵੰਡਾਇੰਦਾ । ਸਚ ਦਵਾਰਾ ਇਕੋ ਖੋਲ੍ਹਾ, ਦਰ ਦਰਵਾਜ਼ਾ ਇਕ ਜਣਾਇੰਦਾ । ਨਿਰਗੁਣ ਹੋ ਕੇ ਘਟ ਘਟ ਮੌਲਾ, ਸਰਗੁਣ ਆਪਣੀ ਗੰਢ ਪਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ,

ਸਾਚੀ ਹੋਲੀ ਇਕ ਵਖਾਇੰਦਾ । ਸਾਚੀ ਹੋਲੀ ਲਾਲ ਗੁਲਾਲ, ਰੰਗ ਇਕੋ ਇਕ ਜਣਾਈਆ । ਜਲਵਾ ਨੂਰ ਬੇਮਿਸਾਲ, ਮਿਸਲ ਸਕੇ ਨਾ ਕੋਇ ਲਿਖਾਈਆ । ਬੇਪਰਵਾਹ ਬਣ ਦਲਾਲ, ਪਰਵਰਦਿਗਾਰ ਵੇਖ ਵਖਾਈਆ । ਸ੍ਰਿਸ਼ਟ ਸਬਾਈ ਹੋਏ ਬੇਹਾਲ, ਧੀਰਜ ਧੀਰ ਨਾ ਕੋਇ ਧਰਾਈਆ । ਸਭ ਦੇ ਸਿਰ ਤੇ ਕੂਕੇ ਕਾਲ, ਕਲਜੁਗ ਡੌਰੂ ਡੰਕ ਵਜਾਈਆ । ਗੁਰਮੁਖਾਂ ਅੰਤਰ ਵੱਜੇ ਤਾਲ, ਛੱਤੀ ਰਾਗ ਭੇਵ ਨਾ ਰਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਹੋਏ ਹੈਰਾਨ, ਹਰਿ ਕਾ ਅੰਤ ਕਹਿਣ ਨਾ ਪਾਈਆ । ਗੁਰ ਅਵਤਾਰ ਕਰਨ ਧਿਆਨ, ਨੇਤਰ ਅੱਖ ਨਾ ਕੋਇ ਉਠਾਈਆ । ਪੀਰ ਪੈਗ਼ੰਬਰ ਨੀਰ ਵਹਾਣ, ਛਹਿਬਰ ਇਕੋ ਇਕ ਲਗਾਈਆ । ਸਾਚੇ ਤਖ਼ਤ ਤਖ਼ਤ ਨਿਵਾਸੀ ਬੈਠਾ ਨੌਜਵਾਨ, ਭੂਪਤ ਭੂਪ ਰਾਜ ਰਾਜਾਨ ਸ਼ਾਹ ਸੁਲਤਾਨ ਇਕ ਅਖਵਾਈਆ । ਜੋਧਾ ਸੂਰਬੀਰ ਬਲੀ ਬਲਵਾਨ, ਬਲ ਆਪਣਾ ਆਪ ਪਰਗਟਾਈਆ । ਜੁਗ ਚੌਕੜੀ ਵੇਖਣਹਾਰਾ ਮਾਰ ਧਿਆਨ, ਸੰਮਤ ਸੰਮਤੀ ਪੰਧ ਮੁਕਾਈਆ । ਬੀਸ ਬੀਸਾ ਖੇਲ ਮਹਾਨ, ਖ਼ਾਲਕ ਖ਼ਲਕ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਹੋਲੀ ਇਕੋ ਵਾਰ ਦਰਸਾਈਆ । ਸਾਚੀ ਹੋਲੀ ਰੰਗ ਅਪਾਰ, ਰੰਗ ਰਤੜਾ ਆਪ ਰੰਗਾਇੰਦਾ । ਖ਼ਾਲਕ ਖ਼ਲਕ ਵੇਖੇ ਸੰਸਾਰ, ਵਡ ਸੰਸਾਰੀ ਫੇਰਾ ਪਾਇੰਦਾ । ਭਗਤ ਭਗਵੰਤ ਲਏ ਉਠਾਲ, ਨਿਰਗੁਣ ਸਰਗੁਣ ਮੇਲ ਮਿਲਾਇੰਦਾ । ਗ੍ਰਿਹਿ ਮੰਦਰ ਵੱਜੇ ਤਾਲ, ਸ਼ਬਦ ਅਗੰਮੀ ਰਾਗ ਅਲਾਇੰਦਾ । ਸਤਿ ਦੀਪਕ ਇਕੋ ਬਾਲ, ਜੋਤੀ ਜਾਤਾ ਡਗਮਗਾਇੰਦਾ । ਲੇਖਾ ਜਾਣ ਸ਼ਾਹ ਕੰਗਾਲ, ਸ਼ਹਿਨਸ਼ਾਹ ਆਪਣੀ ਦਇਆ ਕਮਾਇੰਦਾ । ਉਨੀ ਹਾੜ ਬੇਮਿਸਾਲ, ਬਸਤਾ ਸਭ ਦਾ ਆਪ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਹੋਲੀ ਆਪਣੇ ਨਾਮ ਰੰਗ ਰੰਗਾਇੰਦਾ ।


੮੧੦ ੧੩

## ❇ ੮ ਫੱਗਣ ੨੦੧੯ ਬਿਕ੍ਰਮੀ ਨੇਸ਼ਨਲ ਹਾਈ ਸਕੂਲ ਬਾਦਸ਼ਾਹ ਪੁਰ ❇

ਆਪਣੀ ਆਤਮਾ ਕਰੋ ਸਵਾਧਾਨ, ਸ੍ਰਿਸ਼ਟ ਸਬਾਈ ਹਰਿ ਜਣਾਇੰਦਾ । ਆਤਮ ਪਰਮਾਤਮ ਮਿਲੇ ਗਿਆਨ, ਅਗਿਆਨ ਅੰਧੇਰ ਮਿਟਾਇੰਦਾ । ਸਤਿ ਧਰਮ ਦਿਸੇ ਇਕ ਨਿਸ਼ਾਨ, ਕੂੜੀ ਕਿਰਿਆ ਮੋਹ ਮਿਟਾਇੰਦਾ । ਜੀਵ ਜੰਤ ਨੇਤਰ ਖੋਲ੍ਹ ਮਾਰ ਧਿਆਨ, ਗ੍ਰਿਹਿ ਮੰਦਰ ਭੇਵ ਚੁਕਾਇੰਦਾ । ਨਿਰਗੁਣ ਰੂਪ ਹਰ ਘਟ ਵਸੇ ਭਗਵਾਨ, ਭਗਵਨ ਆਪਣੀ ਖੇਲ ਕਰਾਇੰਦਾ । ਜੋਤੀ ਨੂਰ ਜਗੇ ਮਹਾਨ, ਜ਼ਹੂਰ ਇਕੋ ਨਜ਼ਰੀ ਆਇੰਦਾ । ਚਾਰ ਵਰਨ ਇਕ ਧਿਆਨ, ਸਰਨ ਸਰਨਾਈ ਹਰਿ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਸੰਦੇਸਾ ਇਕ ਸੁਣਾਇੰਦਾ । ਸਵਾਧਾਨ ਕਰੋ ਮਨ, ਮਨ ਆਸਾ ਜਗਤ ਮਿਟਾਈਆ । ਸਵਾਧਾਨ ਕਰੋ ਕੰਨ, ਹਰਿ ਜਸ ਸੁਣਨ ਚਾਈਂ ਚਾਈਂਆ । ਸਵਾਧਾਨ ਕਰੋ ਤਨ, ਕਾਮ ਕਰੋਧ ਲੋਭ ਮੋਹ ਹੰਕਾਰ ਮਿਟਾਈਆ । ਸਵਾਧਾਨ ਹੋ ਬੇੜਾ ਲਓ ਬੰਨ੍ਹ, ਆਪ ਆਪਣਾ ਭਾਰ ਉਠਾਈਆ । ਸਵਾਧਾਨ ਹੋ ਲਾਓ ਡੰਨ, ਵੈਰੀ ਵੇਖੋ ਥਾਉਂ ਥਾਈਂਆ । ਸਵਾਧਾਨ ਹੋ ਗਾਓ ਜਨ ਗਨ ਮਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਵਾਧਾਨ ਕਰੇ ਸਰਬ ਲੋਕਾਈਆ । ਸਵਾਧਾਨ ਹੋ ਜਾਣਾ ਜਾਗ, ਜਾਗਰਤ ਜੋਤ ਇਕ ਜਣਾਇੰਦਾ । ਨੌਂ ਖੰਡ ਪ੍ਰਿਥਮੀ ਲੱਗੀ ਆਗ, ਚਾਰ ਵਰਨ ਕੁਰਲਾਇੰਦਾ ।

੮੧੧
੧੩

ਆਤਮ ਪਰਮਾਤਮ ਕੋਈ ਨਾ ਗਾਏ ਸੱਚਾ ਰਾਗ, ਵੈਰਾਗੀ ਰੂਪ ਨਾ ਕੋਇ ਵਖਾਇੰਦਾ । ਜਗਤ ਵਾਸਨਾ ਦਿਓ ਤਿਆਗ, ਸਚ ਸੁਗੰਧ ਇਕ ਜਣਾਇੰਦਾ । ਕਾਇਆ ਅੰਦਰ ਖੋਲ੍ਹ ਤਾਕ, ਬਜਰ ਕਪਾਟੀ ਕੁੰਡਾ ਲਾਹਿੰਦਾ । ਨਿਰਮਲ ਜੋਤ ਹੋਏ ਪਰਕਾਸ਼, ਪਰਕਾਸ਼ ਇਕੋ ਨਜ਼ਰੀ ਆਇੰਦਾ । ਲੇਖੇ ਲੱਗੇ ਪਵਣ ਸਵਾਸ, ਸਵਾਸ ਸਵਾਸਾਂ ਵਿਚ ਸਮਾਇੰਦਾ । ਭੇਵ ਚੁਕਾਏ ਪ੍ਰਿਥਮੀ ਆਕਾਸ਼, ਗਗਨ ਮੰਡਲ ਖੋਜ ਖੁਜਾਇੰਦਾ । ਪਾਰਬ੍ਰਹਮ ਬ੍ਰਹਮ ਪੂਰੀ ਕਰੇ ਆਸ, ਈਸ਼ ਜੀਵ ਗੋਦ ਬਹਾਇੰਦਾ । ਕਾਇਆ ਮੰਡਲ ਸਾਚੀ ਰਾਸ, ਗੋਪੀ ਕਾਹਨ ਨਚਾਇੰਦਾ । ਰਾਮ ਰਾਮਾ ਵਸੇ ਪਾਸ, ਵਿਛੜ ਕਦੇ ਨਾ ਜਾਇੰਦਾ । ਸਵਾਧਾਨ ਹੋ ਕਰਨੀ ਬੰਦ ਖ਼ਲਾਸ, ਬੰਦੀਖ਼ਾਨਾ ਤੋੜ ਤੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਜਣਾਇੰਦਾ । ਸਵਾਧਾਨ ਹੋ ਖੋਲ੍ਹੋ ਅੱਖ, ਆਖ਼ਰ ਹਰਿ ਜਣਾਇੰਦਾ । ਨਿਰਗੁਣ ਰੂਪ ਹੋ ਪਰਤੱਖ, ਪਾਰਬ੍ਰਹਮ ਪ੍ਰਭ ਵੇਖ ਵਖਾਇੰਦਾ । ਨਵ ਨੌਂ ਚਾਰ ਮਾਰਗ ਰਿਹਾ ਦੱਸ, ਜੀਵ ਜੰਤ ਸਰਬ ਪੜ੍ਹਾਇੰਦਾ । ਆਤਮ ਪਰਮਾਤਮ ਮੇਲ ਮਿਲਾਵਾ ਹੱਸ ਹੱਸ, ਘਰ ਮੰਦਰ ਸੋਭਾ ਪਾਇੰਦਾ । ਨਿਰਗੁਣ ਸਰਗੁਣ ਕਰੇ ਜਸ, ਜਸ ਵੇਦ ਪੁਰਾਨ ਸ਼ਾਸਤਰ ਸਿਮਰਤ ਸਰਬ ਸਾਲਾਹਿੰਦਾ । ਗੀਤਾ ਗਿਆਨ ਭਗਤ ਭਗਵਾਨ ਏਕਾ ਜਪ, ਇਕੋ ਇਕ ਦ੍ਰਿੜਾਇੰਦਾ । ਵੇਖਣਹਾਰ ਤੀਰਥ ਤਟ, ਸਰੋਵਰ ਆਤਮ ਇਕ ਦਰਸਾਇੰਦਾ । ਪੰਧ ਮੁਕੌਣਾ ਨੱਠ ਨੱਠ, ਕਦਮ ਅੱਗੇ ਅੱਗੇ ਬੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਇਕੋ ਇਕ ਜਣਾਇੰਦਾ । ਸਵਾਧਾਨ ਹੋ ਜਵਾਨ, ਜੀਵਣ ਯੁਗਤ ਇਕ ਜਣਾਈਆ । ਚਾਰ ਕੁੰਟ ਦਿਸੇ ਵੈਰਾਨ, ਵੈਰੀ ਘਰ ਘਰ ਡੇਰਾ ਲਾਈਆ । ਕੂੜੀ ਕਿਰਿਆ ਦਿਸੇ ਤੁਫ਼ਾਨ, ਤਾਅਰੀਫ਼ ਖ਼ੁਦਾ ਨਾ ਸਿਫ਼ਤ ਸਾਲਾਹੀਆ । ਨਜ਼ਰ ਨਾ ਆਏ ਮਿਹਰਬਾਨ, ਮਿਹਬਾਨ ਬੀ ਖ਼ੈਰ ਯਾ ਅੱਲਾ ਇਲਾਹੀ ਨੂਰ ਜ਼ਹੂਰ ਕਰ ਰੁਸ਼ਨਾਈਆ । ਪਰਵਰਦਿਗਾਰ ਬੇਪਹਿਚਾਨ, ਬੇਨਜ਼ੀਰ ਖੇਲ ਕਰਾਈਆ । ਲੇਖਾ ਜਾਣ ਦੋ ਜਹਾਨ, ਜੁਗ ਚੌਕੜੀ ਫੇਰਾ ਪਾਈਆ । ਦੇਵਣਹਾਰ ਸਤਿ ਗਿਆਨ, ਅਸਤਿ ਦਏ ਮੁਕਾਈਆ । ਕਾਗ਼ਜ਼ ਕਲਮ ਸ਼ਾਹੀ ਸਰਬ ਪਛਤਾਣ, ਪਸਚਾਤਾਪ ਕਰੇ ਲੋਕਾਈਆ । ਬਿਨ ਭਗਤਾਂ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਹੋਏ ਨਾ ਕੋਈ ਸਵਾਧਾਨ, ਗੂੜ੍ਹੀ ਨੀਂਦ ਸੁੱਤੀ ਜਗਤ ਲੋਕਾਈਆ । ਰਾਜ ਰਾਜਾਨ ਸ਼ਾਹ ਸੁਲਤਾਨ ਹੋਏ ਅਣਜਾਣ, ਹਰਿ ਕਾ ਭੇਵ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸੁਣਾਈਆ । ਸਵਾਧਾਨ ਕਰੇ ਭਗਵਾਨ, ਸਚ ਸੰਦੇਸਾ ਇਕ ਜਣਾਈਆ । ਵੇਖਣਹਾਰਾ ਜਗਤ ਵਿਧਾਨ, ਚੌਦਾਂ ਵਿਦਿਆ ਫੋਲ ਫੁਲਾਈਆ । ਝੁਲਾਵਣਹਾਰਾ ਸਚ ਨਿਸ਼ਾਨ, ਦੋ ਜਹਾਨਾਂ ਦਏ ਵਡਿਆਈਆ । ਦੇਵਣਹਾਰਾ ਨਾਮ ਨਿਧਾਨ, ਵਿਸ਼ਨ ਬ੍ਰਹਮਾ ਸ਼ਿਵ ਸੇਵ ਕਮਾਈਆ । ਬਿਨ ਨੇਤਰ ਹੋਏ ਨਿਗਹਬਾਨ, ਨਰ ਨਰਾਇਣ ਵੱਡੀ ਵਡਿਆਈਆ । ਟੀਚਰ ਉਸਤਾਦ ਸੋ ਪਰਵਾਨ, ਜੋ ਅੰਤਰ ਆਤਮ ਖੋਜ ਖੁਜਾਈਆ । ਸੋ ਵਿਦਿਆ ਬਲਵਾਨ, ਜਿਸ ਪੜ੍ਹਿਆਂ ਮਿਲੇ ਪਾਰਬ੍ਰਹਮ ਬੇਪਰਵਾਹੀਆ । ਸੋ ਕਲਮ ਕਰੇ ਪਰਵਾਨ, ਜਿਸ ਦਾ ਲਿਖਾ ਨਾ ਕੋਈ ਮੇਟ ਮਿਟਾਈਆ । ਸੋ ਕਾਗ਼ਜ਼ ਹੋਏ ਸਵਾਧਾਨ, ਜੋ ਲੋਕਮਾਤ ਜੀਵ ਜਗਤ ਯੁਗਤ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਇਕ ਦਰਸਾਈਆ । ਸਵਾਧਾਨ ਕਰੇ ਆਪ, ਘਰ ਘਰ ਸੇਵ ਲਗਾਇੰਦਾ । ਅੰਤਰ ਵੜ ਵੜ ਦੱਸੇ ਜਾਪ, ਅਜੱਪਾ ਰੂਪ ਵਖਾਇੰਦਾ । ਤ੍ਰੈਗੁਣ ਮਾਇਆ ਮੇਟੇ ਤਾਪ, ਰਜੋ ਤਮੋ ਸਤੋ ਮੋਹ ਚੁਕਾਇੰਦਾ । ਪਤਤ ਪਾਪੀ ਕਰੇ ਪਾਕ, ਪੁਨੀਤ ਆਪਣੇ ਅੰਗ ਲਗਾਇੰਦਾ । ਦੱਸਣਹਾਰਾ ਭਵਿਖਤ

ਵਾਕ, ਗੁਰ ਅਵਤਾਰ ਪੀਰ ਪੈਗ਼ੰਬਰ ਮੁੱਲਾ ਸ਼ੇਖ਼ ਮਸਾਇਕ ਸਿਫ਼ਤ ਸਾਲਾਹਿੰਦਾ । ਵੇਖਣਹਾਰਾ ਸਾਖਿਆਤ, ਦਿਆਲ ਠਾਕਰ ਸਵਾਮੀ ਅੰਤਰਜਾਮੀ ਫੇਰਾ ਪਾਇੰਦਾ । ਉਤਮ ਰੱਖਣਹਾਰਾ ਜ਼ਾਤ, ਵਰਨ ਗੋਤ ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਨਾ ਵੰਡ ਵੰਡਾਇੰਦਾ । ਆਤਮ ਪਰਮਾਤਮ ਬਣਾਏ ਸੱਚਾ ਸਾਕ, ਭਗਤ ਭਗਵਾਨ ਸੰਗ ਨਿਭਾਇੰਦਾ । ਕਲਜੁਗ ਵੇਖ ਅੰਧੇਰੀ ਰਾਤ, ਚਾਰ ਕੁੰਟ ਅੰਧੇਰਾ ਛਾਇੰਦਾ । ਵਿਦਿਆਰਥੀ ਅਧਿਆਪਕ ਇਕ ਜਮਾਤ, ਜੁਮਲਾ ਇਕੋ ਅੱਖਰ ਪੜ੍ਹਾਇੰਦਾ । ਹੈਡ ਮਾਸਟਰ ਦੇਵੇ ਨਾਲ ਸਾਥ, ਮਿੱਤਲ ਮਿੱਤਰ ਇਕ ਸਦਵਾਇੰਦਾ । ਇਕੋ ਰਾਮ ਇਕੋ ਕ੍ਰਿਸ਼ਨ ਇਕੋ ਈਸਾ ਮੂਸਾ ਮੁਹੰਮਦ ਨਾਨਕ ਗੋਬਿੰਦ ਜਣਾਏ ਪਾਠ, ਨਾਮ ਨਿਧਾਨਾ ਇਕ ਵਡਿਆਇੰਦਾ । ਇਕੋ ਤੀਰਥ ਤਟ ਕਿਨਾਰਾ ਘਾਟ, ਅੰਮ੍ਰਿਤ ਇਕੋ ਨਜ਼ਰੀ ਆਇੰਦਾ । ਇਕੋ ਪਿਆਵਣਹਾਰਾ ਆਬ ਹਯਾਤ, ਪਰਵਰਦਿਗਾਰ ਸਾਂਝਾ ਯਾਰ ਇਕ ਅਖਵਾਇੰਦਾ । ਇਕੋ ਪਰਗਟਾਵਣਹਾਰਾ ਆਫ਼ਤਾਬ, ਨੂਰੋ ਨੂਰ ਡਗਮਗਾਇੰਦਾ । ਇਕੋ ਕਰਨਹਾਰ ਆਦਾਬ, ਸਯਦਾ ਸੀਸ ਇਕ ਝੁਕਾਇੰਦਾ । ਇਕੋ ਦੇਵਣਹਾਰ ਖ਼ਤਾਬ, ਸਿਰ ਆਪਣਾ ਹੱਥ ਟਿਕਾਇੰਦਾ । ਇਕੋ ਦੇਵਣਹਾਰ ਜਵਾਬ, ਲਾਜਵਾਬ ਇਕ ਅਖਵਾਇੰਦਾ । ਇਕੋ ਪੜ੍ਹਾਵਣਹਾਰਾ ਕਿਤਾਬ, ਬਿਨ ਅੱਖਰਾਂ ਨਾਮ ਸਾਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਵਸਤ ਝੋਲੀ ਪਾਇੰਦਾ । ਰੋਸ਼ਨ ਹੋਏ ਰੋਸ਼ਨ ਜ਼ਮੀਰ, ਜ਼ਾਹਰ ਜ਼ਹੂਰ ਆਪ ਜਣਾਇੰਦਾ । ਚੋਟੀ ਚੜ੍ਹ ਵੇਖੇ ਅਖ਼ੀਰ, ਆਖ਼ਰ ਇਕੋ ਨਜ਼ਰੀ ਆਇੰਦਾ । ਪੜ੍ਹਨਹਾਰ ਸਚ ਤਕਬੀਰ, ਤਸਬੀ ਮਾਲਾ ਇਕ ਵਖਾਇੰਦਾ । ਬਦਲਣਹਾਰਾ ਇਕ ਤਕਦੀਰ, ਤਦਬੀਰ ਆਪਣੇ ਹੱਥ ਰਖਾਇੰਦਾ । ਕੱਟਣਹਾਰ ਜ਼ੰਜੀਰ, ਸ਼ਰਅ ਜ਼ੰਜੀਰ ਇਕ ਕਟਾਇੰਦਾ । ਦੇਵਣਹਾਰਾ ਧੀਰ, ਆਤਮ ਅੰਤਰ ਬੂਝ ਬੁਝਾਇੰਦਾ । ਪਿਲਾਵਣਹਾਰਾ ਸੀਰ, ਅੰਮ੍ਰਿਤ ਮੇਘ ਬਰਸਾਇੰਦਾ । ਵੇਖਣਹਾਰਾ ਸ਼ਾਹ ਹਕੀਰ, ਊਚ ਨੀਚ ਰੰਗ ਰੰਗਾਇੰਦਾ । ਬਜਰ ਕਪਾਟੀ ਪੜਦਾ ਚੀਰ, ਦੂਈ ਦਵੈਤੀ ਮੇਟ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਘਰ ਘਰ, ਰੋਸ਼ਨ ਰੋਸ਼ਨ ਕਰੇ ਮਨਾਰ, ਜਿਸ ਜਨ ਦੇਵੇ ਦਰਸ ਦੀਦਾਰ, ਦਰਸ ਇਕੋ ਇਕ ਦਰਸਾਇੰਦਾ । ਗੁਰ ਕਿਰਪਾ ਮਨ ਸ਼ਾਂਤ, ਦਹਿ ਦਿਸ਼ਾ ਨਾ ਉਠ ਉਠ ਧਾਈਆ । ਗੁਰ ਕਿਰਪਾ ਮਨ ਹੋਏ ਇਕਾਂਤ, ਮਨ ਵਾਸਨਾ ਮਨ ਹੀ ਵਿਚ ਸਮਾਈਆ । ਗੁਰ ਕਿਰਪਾ ਮਿਟੇ ਅੰਧੇਰੀ ਰਾਤ, ਅੰਧ ਅੰਧੇਰ ਰਹਿਣ ਨਾ ਪਾਈਆ । ਗੁਰ ਕਿਰਪਾ ਖੁਲ੍ਹੇ ਤਾਕ, ਬੰਦ ਕਵਾੜੀ ਪੜਦਾ ਉਠਾਈਆ । ਗੁਰ ਕਿਰਪਾ ਮਿਲੇ ਅਜੱਪਾ ਜਾਪ, ਬੱਤੀ ਦੰਦ ਰਸਨਾ ਜਿਹਵਾ ਨਾ ਸਿਫ਼ਤ ਸਾਲਾਹੀਆ । ਗੁਰ ਕਿਰਪਾ ਬੂਝੇ ਆਪਣਾ ਆਪ, ਆਪ ਆਪਣਾ ਵੇਖ ਵਖਾਈਆ । ਗੁਰ ਕਿਰਪਾ ਗੁਰ ਦੀਜੇ ਸਾਥ, ਸਗਲਾ ਸੰਗ ਨਿਭਾਈਆ । ਗੁਰ ਕਿਰਪਾ ਮਨ ਮਿਲੇ ਨਜਾਤ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਆਪਣਾ ਵਰ, ਮਨ ਸ਼ਬਦੀ ਬੰਧਨ ਪਾਈਆ ।



## ❇ ੮ ਫੱਗਣ ੨੦੧੯ ਬਿਕ੍ਰਮੀ ਗੁੜਗਾਉਂ ❇

ਹਰਿਭਗਤ ਮੰਗੇ ਇਕੋ ਮੰਗ, ਚਰਨ ਸਰਨ ਮਿਲੇ ਸਰਨਾਈਆ । ਆਤਮ ਨਾਦ ਵੱਜੇ ਮਰਦੰਗ, ਜਗਤ ਰਾਗ ਨਾ ਕੋਇ ਵਡਿਆਈਆ । ਨਿਜਾਨੰਦ ਮਿਲੇ ਅਨੰਦ, ਅਨੰਦ ਅਨੰਦ ਵਿਚ ਸਮਾਈਆ । ਗੀਤ ਸੁਹਾਗੀ ਸੁਣੇ ਛੰਦ, ਸੋਹੰ ਢੋਲਾ ਇਕੋ ਗਾਈਆ । ਦੂਈ ਦਵੈਤੀ ਭਰਮਾਂ ਢੱਠੇ

ਕੰਧ, ਪੜਦਾ ਰਹਿਣ ਕੋਇ ਨਾ ਪਾਈਆ । ਹੋਏ ਪਰਕਾਸ਼ ਬਿਨ ਸੂਰਜ ਚੰਦ, ਨਿਰਗੁਣ ਜੋਤ ਨੂਰ ਰੁਸ਼ਨਾਈਆ । ਨਾਮ ਧਿਆਏ ਬਿਨ ਬੱਤੀ
ਦੰਦ, ਰਸਨਾ ਜਿਹਵਾ ਨਾ ਸਿਫ਼ਤ ਸਾਲਾਹੀਆ । ਨਿਰਗੁਣ ਵਸੇ ਨਿਰਗੁਣ ਸੰਗ, ਸਰਗੁਣ ਸੇਜ ਹੰਢਾਈਆ । ਮੇਲ ਮਿਲਾਵਾ ਸੂਰੇ ਸਰਬੰਗ,
ਸ਼ਹਿਨਸ਼ਾਹ ਇਕੋ ਨਜ਼ਰੀ ਆਈਆ । ਜਨਮ ਜਨਮ ਕਰਮ ਕਰਮ ਕੱਟੇ ਭੁੱਖ ਨੰਗ, ਮਿਹਰ ਨਜ਼ਰ ਇਕ ਉਠਾਈਆ । ਆਵਣ ਜਾਵਣ ਨਾਤਾ ਤੋੜੇ
ਲੱਖ ਚੁਰਾਸੀ ਫੰਦ, ਜਮ ਕੀ ਫਾਸੀ ਰਹਿਣ ਨਾ ਪਾਈਆ । ਕੋਟਨ ਕੋਟ ਜਨਮ ਗਏ ਹੰਢ, ਕਾਇਆ ਚੋਲਾ ਜਗਤ ਹੰਢਾਈਆ । ਕੋਟਨ ਕੋਟ
ਫਿਰ ਫਿਰ ਵੇਖੇ ਬ੍ਰਹਿਮੰਡ, ਬ੍ਰਹਿਮਾਂਡ ਵੇਸ ਵਟਾਈਆ । ਤੁਧ ਬਿਨ ਕੋਇ ਨਾ ਚਲੇ ਸੰਗ, ਸਗਲਾ ਸੰਗ ਨਾ ਕੋਇ ਰਖਾਈਆ । ਜੁਗ ਚੌਕੜੀ
ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜਗਤ ਸਦੀਵੀ ਗਏ ਹੰਢ, ਥਿਰ ਕੋਇ ਰਹਿਣ ਨਾ ਪਾਈਆ । ਠਾਕਰ ਸਵਾਮੀ ਦੀਨ ਦਿਆਲ ਭਗਤ ਭਗਵਾਨ
ਟੁੱਟੀ ਗੰਢ, ਗੰਢਣਹਾਰ ਤੇਰੇ ਹੱਥ ਵਡਿਆਈਆ । ਨਾਤਾ ਤੁਟੇ ਜੇਰਜ ਅੰਡ, ਉਤਭੁਜ ਸੇਤਜ ਪੰਧ ਮੁਕਾਈਆ । ਜਗਤ ਵਿਕਾਰਾ ਹੋਏ ਖੰਡ ਖੰਡ,
ਕੂੜੀ ਕਿਰਿਆ ਡੇਰਾ ਢਾਹੀਆ । ਆਤਮ ਸੁਹਾਗਣ ਹੋਏ ਰੰਡ, ਪਰਮਾਤਮ ਮੇਲਾ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ
ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਭਗਤ ਕਰੇ ਅਰਜ਼ੋਈਆ । ਭਗਤਨ ਸੁਣ ਅਰਦਾਸ, ਭਗਵਨ ਦਇਆ ਕਮਾਇੰਦਾ । ਆਦਿ ਜੁਗਾਦੀ
ਦਾਸੀ ਦਾਸ, ਬਣ ਸੇਵਕ ਸੇਵ ਕਮਾਇੰਦਾ । ਲੇਖਾ ਜਾਣ ਮੰਡਲ ਰਾਸ, ਗੋਪੀ ਕਾਹਨ ਨਾਚ ਨਚਾਇੰਦਾ । ਵਸਣਹਾਰਾ ਸਦਾ ਪਾਸ, ਅੰਤਰ
ਬਾਹਰ ਸੋਭਾ ਪਾਇੰਦਾ । ਨਿਰਗੁਣ ਨੂਰ ਕਰ ਪਰਕਾਸ਼, ਜੋਤੀ ਜਾਤਾ ਡਗਮਗਾਇੰਦਾ । ਸਤਿ ਸਤਿਵਾਦੀ ਦੇਵੇ ਸਾਥ, ਬ੍ਰਹਮ ਬ੍ਰਹਿਮਾਦੀ ਵੇਖ
ਵਖਾਇੰਦਾ । ਜੁਗ ਚੌਕੜੀ ਚਲਾਵਣਹਾਰਾ ਰਾਥ, ਬਣ ਰਥਵਾਹੀ ਖੇਲ ਕਰਾਇੰਦਾ । ਦੱਸਣਹਾਰਾ ਪੂਜਾ ਪਾਠ, ਇਸ਼ਟ ਦ੍ਰਿਸ਼ਟ ਆਪ ਸਮਝਾਇੰਦਾ ।
ਵਖਾਵਣਹਾਰਾ ਸਰੋਵਰ ਤੀਰਥ ਤਾਟ, ਜਲ ਅੰਮ੍ਰਿਤ ਆਪ ਭਰਾਇੰਦਾ । ਕਰਾਵਣਹਾਰਾ ਪਾਰ ਘਾਟ, ਨੱਯਾ ਨੌਕਾ ਆਪ ਚਲਾਇੰਦਾ । ਪੁੱਛਣਹਾਰਾ
ਸਦਾ ਵਾਤ, ਨਿਤ ਨਵਿਤ ਫੇਰਾ ਪਾਇੰਦਾ । ਦੇਵਣਹਾਰਾ ਨਾਮ ਦਾਤ, ਵਸਤ ਅਮੋਲਕ ਆਪ ਵਰਤਾਇੰਦਾ । ਵੇਖਣਹਾਰਾ ਸਾਚੀ ਜ਼ਾਤ, ਵਰਨ
ਬਰਨ ਨਾ ਕੋਇ ਰਖਾਇੰਦਾ । ਵਸਣਹਾਰਾ ਇਕ ਇਕਾਂਤ, ਨਿਰਗੁਣ ਆਪਣਾ ਫੇਰਾ ਪਾਇੰਦਾ । ਖੋਲ੍ਹਣਹਾਰਾ ਬੰਦ ਤਾਕ, ਬਜਰ ਕਪਾਟੀ ਤੋੜ
ਤੁੜਾਇੰਦਾ । ਵਖਾਵਣਹਾਰਾ ਸੱਚਾ ਹਾਟ, ਚੌਦਾਂ ਲੋਕ ਪੜਦਾ ਲਾਹਿੰਦਾ । ਵੇਖਣਹਾਰਾ ਖੇਲ ਤਮਾਸ਼, ਖ਼ਾਲਕ ਖ਼ਲਕ ਭੇਵ ਚੁਕਾਇੰਦਾ । ਭਗਤਨ
ਪੂਰੀ ਕਰਨਹਾਰਾ ਆਸ, ਭਗਵਨ ਆਪਣੀ ਦਇਆ ਕਮਾਇੰਦਾ । ਲੇਖਾ ਜਾਣੇ ਪਵਣ ਸਵਾਸ, ਪਵਣ ਪਵਣਾ ਫੋਲ ਫੁਲਾਇੰਦਾ । ਲਹਿਣਾ ਦੇਣਾ
ਚੁਕਾ ਪ੍ਰਿਥਮੀ ਆਕਾਸ਼, ਗਗਨ ਮੰਡਲ ਡੇਰਾ ਢਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤ
ਭਗਵਾਨ ਵੇਖ ਵਖਾਇੰਦਾ । ਭਗਤ ਮੰਗੇ ਦਰ ਦਰਬਾਨ, ਇਕੋ ਅਲਖ ਜਗਾਈਆ । ਸੋ ਪੁਰਖ ਨਿਰੰਜਣ ਹੋ ਮਿਹਰਵਾਨ, ਮਿਹਰ ਨਜ਼ਰ ਉਠਾਈਆ ।
ਹਰਿ ਪੁਰਖ ਨਿਰੰਜਣ ਇਕ ਧਿਆਨ, ਧਿਆਨ ਧਿਆਨ ਦਏ ਵੰਡਾਈਆ । ਏਕੰਕਾਰਾ ਦਏ ਦਾਨ, ਦਾਤਾ ਦਾਨੀ ਵਡ ਵਡਿਆਈਆ । ਆਦਿ
ਨਿਰੰਜਣ ਨੂਰ ਮਹਾਨ ਨੂਰ ਜ਼ਹੂਰ ਇਕ ਰੁਸ਼ਨਾਈਆ । ਸ੍ਰੀ ਭਗਵਾਨ ਦਏ ਗਿਆਨ, ਸੋਹਲਾ ਢੋਲਾ ਇਕ ਸੁਣਾਈਆ । ਅਬਿਨਾਸ਼ੀ ਕਰਤੇ ਕਰ
ਪਹਿਚਾਨ, ਬੇਪਹਿਚਾਨ ਤੇਰੀ ਸਰਨਾਈਆ । ਪਾਰਬ੍ਰਹਮ ਵੇਖ ਮਾਰ ਧਿਆਨ, ਬਿਨ ਨੇਤਰ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ

੮੧੩
੧੩

ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਭਗਤ ਭਗਵਾਨ ਪਏ ਸਰਨਾਈਆ । ਸ੍ਰੀ ਭਗਵਾਨ ਸਦਾ ਸੁਹੇਲਾ, ਸਗਲਾ ਸੰਗ ਰਖਾਇੰਦਾ । ਆਦਿ ਜੁਗਾਦੀ ਇਕ ਇਕੇਲਾ, ਜੁਗ ਜੁਗ ਵੇਸ ਵਟਾਇੰਦਾ । ਨਿਰਗੁਣ ਸਰਗੁਣ ਕਰੇ ਮੇਲਾ, ਮੇਲ ਮਿਲਾਵਾ ਆਪਣੇ ਹੱਥ ਰਖਾਇੰਦਾ । ਜੋਤੀ ਸ਼ਬਦੀ ਗੁਰੂ ਗੁਰ ਚੇਲਾ, ਗੁਰ ਚੇਲਾ ਨਾਉਂ ਪਰਗਟਾਇੰਦਾ । ਆਪੇ ਜਾਣੇ ਆਪਣਾ ਵੇਲਾ, ਵਾਰ ਥਿਤ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਗਤਨ ਚਾੜ੍ਹੇ ਸਾਚਾ ਤੇਲਾ, ਦਰਗਹਿ ਸਾਚੀ ਸਗਨ ਮਨਾਇੰਦਾ । ਭਗਤ ਕਹੇ ਮੋਹੇ ਤੇਰੀ ਉਡੀਕ, ਨਿਤ ਨਿਤ ਧਿਆਨ ਲਗਾਇਆ । ਚਾਰੋਂ ਕੁੰਟ ਅੰਧੇਰਾ ਤਾਰੀਕ, ਸਾਚਾ ਚੰਦ ਨਾ ਕੋਇ ਚਮਕਾਇਆ । ਨਜ਼ਰ ਨਾ ਆਏ ਕੋਈ ਲਾਸ਼ਰੀਕ, ਪਰਵਰਦਿਗਾਰ ਮੇਲ ਨਾ ਕੋਇ ਮਿਲਾਇਆ । ਹੱਕ ਦਿਸੇ ਨਾ ਕੋਇ ਤੌਫ਼ੀਕ, ਵਾਹਦ ਨੂਰ ਨਾ ਕੋਇ ਰੁਸ਼ਨਾਇਆ । ਸਦਾ ਸਾਹਿਬ ਵਸ ਚੀਤ, ਚੇਤਨ ਇਕੋ ਧਾਰ ਰਖਾਇਆ । ਨਿਤ ਨਿਤ ਗਾਵਾਂ ਤੇਰੇ ਗੀਤ, ਗੀਤ ਗੋਬਿੰਦ ਇਕ ਅਲਾਇਆ । ਤੂੰ ਬੈਠਾ ਧਾਮ ਅਨਡੀਠ, ਨਜ਼ਰ ਕਿਸੇ ਨਾ ਆਇਆ । ਸਚਖੰਡ ਨਿਵਾਸੀ ਤੇਰੀ ਸਚ ਪ੍ਰੀਤ, ਚਤਰਭੁਜ ਤੇਰੀ ਵਡਿਆਇਆ । ਆਦਿ ਸ਼ਕਤ ਤੇਰੀ ਕੋਈ ਨਾ ਕਰੇ ਰੀਸ, ਸੀਸ ਜਗਦੀਸ ਤਾਜ ਨਾ ਕੋਇ ਟਿਕਾਇਆ । ਜੁਗ ਚੌਕੜੀ ਪੀਸਣ ਲਿਆ ਪੀਸ, ਲੋਕਮਾਤ ਨਿਰਗੁਣ ਸਰਗੁਣ ਵੇਸ ਵਟਾਇਆ । ਖਾਣੀ ਬਾਣੀ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਗਾਏ ਤੇਰੇ ਗੀਤ, ਗੀਤ ਇਕੋ ਇਕ ਵਡਿਆਇਆ । ਕੁਰਾਨ ਅੰਜੀਲ ਮਸਲਾ ਹੱਕ ਮਸੀਤ, ਮੁੱਲਾ ਸ਼ੇਖ਼ ਮਸਾਇਕ ਦੇਣ ਦੁਹਾਇਆ । ਪੀਰ ਪੈਗ਼ੰਬਰ ਗੁਰ ਅਵਤਾਰ ਤੇਰੀ ਦੱਸਦੇ ਗਏ ਤਾਰੀਖ਼, ਲਿਖ ਲਿਖ ਲੇਖਾ ਜਗਤ ਸੁਣਾਇਆ । ਕਲਜੁਗ ਅੰਤਮ ਆਵੇ ਠੀਕ, ਠੋਕਰ ਆਪਣੇ ਨਾਮ ਲਗਾਇਆ । ਲੇਖਾ ਜਾਣੇ ਹਸਤ ਕੀਟ, ਲੱਖ ਚੁਰਾਸੀ ਵੇਖ ਵਖਾਇਆ । ਅੰਮ੍ਰਿਤ ਦੇਵੇ ਠੰਡਾ ਸੀਤ, ਨਿਝਰ ਝਿਰਨਾ ਆਪ ਝਿਰਾਇਆ । ਪਤਤ ਪਾਪੀ ਪਾਰ ਉਤਾਰੇ ਵੇਖਣਹਾਰ ਪਲੀਤ, ਪਾਵਨ ਆਪਣਾ ਰੰਗ ਰੰਗਾਇਆ । ਸਦੀ ਚੌਧਵੀਂ ਰਹੀ ਬੀਤ, ਚਾਰ ਕੁੰਟ ਅੰਧੇਰਾ ਛਾਇਆ । ਚੌਦਾਂ ਤਬਕ ਹੋਏ ਸ਼ਰੀਕ, ਸਿਰਕਤ ਘਰ ਘਰ ਵੇਖ ਵਖਾਇਆ । ਨਿਰਗੁਣ ਸਰਗੁਣ ਪਰਖ ਨੀਤ, ਨੀਤੀਵਾਨ ਬੇਪਰਵਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਇਆ । ਭਗਵਾਨ ਕਹੇ ਭਗਤ ਮੀਤ, ਮਿੱਤਰ ਪਿਆਰੇ ਤੇਰੀ ਵਡ ਵਡਿਆਈਆ । ਤੇਰਾ ਢੋਲਾ ਸੱਚਾ ਗੀਤ, ਸੋ ਪੁਰਖ ਨਿਰੰਜਣ ਸੁਣੇ ਚਾਈਂ ਚਾਈਆ । ਕਲਜੁਗ ਅੰਤਮ ਨਾਤਾ ਤੁਟੇ ਮੰਦਰ ਮਸੀਤ, ਸ਼ਿਵਦਵਾਲੇ ਮੱਠ ਗੁਰੂਦਵਾਰ ਨਾ ਕੋਇ ਵਡਿਆਈਆ । ਭਗਤ ਭਗਵਾਨ ਇਕ ਜਣਾਏ ਗੀਤ, ਇਕੋ ਨਾਮ ਵੱਜੇ ਵਧਾਈਆ । ਸਦਾ ਸੁਹੇਲਾ ਵਸੇ ਚੀਤ, ਚਿਤ ਵਿਤ ਠਗੋਰੀ ਕੋਇ ਨਾ ਪਾਈਆ । ਲੱਖ ਚੁਰਾਸੀ ਪਰਖਣਹਾਰਾ ਨੀਤ, ਨੇਤਾ ਬਣੇ ਸੱਚਾ ਮਾਹੀਆ । ਸਚ ਨਿਸ਼ਾਨਾ ਦੱਸੇ ਠੀਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭੇਵ ਅਭੇਦ ਆਪ ਜਣਾਈਆ । ਭਗਤ ਕਹੇ ਭਗਵਾਨ ਦੱਸ, ਦਰ ਤੇਰੇ ਅਰਜ਼ੋਈਆ । ਜੁਗ ਚੌਕੜੀ ਪੰਧ ਮੁਕਾਇਆ ਨੱਸ ਨੱਸ, ਬਣ ਪਾਂਧੀ ਫੇਰਾ ਪਾਈਆ । ਨਿਰਗੁਣ ਸਰਗੁਣ ਅੰਦਰ ਵਸ ਵਸ, ਵਸਤ ਆਪਣੀ ਇਕ ਸਮਝਾਈਆ । ਅੰਮ੍ਰਿਤ ਆਤਮ ਦੇ ਰਸ ਰਸ, ਨਿਝਰ ਝਿਰਨਾ ਇਕ ਝਿਰਾਈਆ । ਤੀਰ ਨਿਰਾਲਾ ਅਣਿਆਲਾ ਮਾਰ ਕਸ ਕਸ, ਸ਼ਬਦੀ ਸ਼ਬਦ ਬਾਣ ਲਗਾਈਆ । ਆਤਮ ਪਰਮਾਤਮ ਗਾ ਗਾ ਜਸ, ਜਸ ਵੇਦ ਪੁਰਾਨ ਸੁਣਾਈਆ । ਲੇਖਾ ਜਾਣ ਤੱਤ ਅੱਠ, ਅਪ ਤੇਜ ਵਾਏ

ਪ੍ਰਿਥਮੀ ਆਕਾਸ਼ ਮਨ ਮਤ ਬੁਧ ਕਰ ਕੁੜਮਾਈਆ । ਉਲਟੀ ਗੇੜ ਲੱਠ ਲੱਠ, ਗੇੜਾ ਇਕੋ ਇਕ ਜਣਾਈਆ । ਜਗਤ ਵਿਦਿਆ ਖੋਲ੍ਹ ਹੱਟ, ਚੌਦਾਂ ਵਿਦਿਆ ਕਰ ਪੜ੍ਹਾਈਆ । ਨਿਰਗੁਣ ਖੇਲ ਪੁਰਖ ਸਮਰਥ, ਮਹਿਮਾ ਅਕਥ ਕਥ ਪਰਗਟਾਈਆ । ਭਗਤ ਭਗਵਾਨ ਪੂਰੀ ਕਰ ਆਸ, ਆਸਾ ਤੇਰੇ ਅੱਗੇ ਇਕੋ ਇਕ ਟਿਕਾਈਆ । ਜੁਗ ਚੌਕੜੀ ਤੇਰੀ ਸ਼ਾਖ਼, ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਸੱਚੇ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਇਕੋ ਮੰਗ ਦਰ ਦਰਵੇਸ਼, ਹਰਿ ਦਰਦੀ ਦਰਦ ਵੰਡਾਇੰਦਾ । ਲੇਖਾ ਜਾਣ ਵਿਸ਼ਨ ਬ੍ਰਹਮਾ ਸ਼ਿਵ ਮਹੇਸ਼, ਸੁਰਪਤ ਇੰਦ ਕਰੋੜ ਤੇਤੀਸਾ ਰੰਗ ਰੰਗਾਇੰਦਾ । ਵਸਣਹਾਰਾ ਸਾਚੇ ਦੇਸ, ਦੇਸ ਦਸੰਤਰ ਖੋਜ ਖੁਜਾਇੰਦਾ । ਜੁਗ ਜੁਗ ਬਦਲਣਹਾਰਾ ਵੇਸ, ਵੇਸ ਅਨੇਕਾ ਰੂਪ ਵਟਾਇੰਦਾ । ਨਿਰਗੁਣ ਸਰਗੁਣ ਖੇਡੇ ਖੇਡ, ਖ਼ਾਲਕ ਖ਼ਲਕ ਫੇਰਾ ਪਾਇੰਦਾ । ਤੇਰਾ ਲੇਖਾ ਜਾਣੇ ਸਦਾ ਹਮੇਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾਇੰਦਾ । ਸਾਚੀ ਸਿਖਿਆ ਭਗਤ ਭਗਵਾਨ, ਸੋ ਪੁਰਖ ਨਿਰੰਜਣ ਆਪ ਦ੍ਰਿੜਾਈਆ । ਹਰਿ ਸਾਹਿਬ ਸਤਿਗੁਰ ਹੋ ਮਿਹਰਵਾਨ, ਏਕੰਕਾਰ ਹੋਏ ਸਹਾਈਆ । ਆਦਿ ਨਿਰੰਜਣ ਨੂਰ ਮਹਾਨ, ਅਬਿਨਾਸ਼ੀ ਕਰਤਾ ਦਏ ਵਡਿਆਈਆ । ਸ੍ਰੀ ਭਗਵਾਨ ਸਤਿ ਨਿਸ਼ਾਨ, ਪਾਰਬ੍ਰਹਮ ਦਏ ਦਰਸਾਈਆ । ਬ੍ਰਹਮਾ ਮੇਲਾ ਵਿਚ ਜਹਾਨ, ਨਿਰਗੁਣ ਸਰਗੁਣ ਲਏ ਮਿਲਾਈਆ । ਏਕਾ ਸ਼ਬਦ ਸੁਣਾਏ ਸੱਚੀ ਧੁਨਕਾਨ, ਅਨਰਾਗੀ ਰਾਗ ਅਲਾਈਆ । ਅੰਤਰ ਆਤਮ ਅੰਮ੍ਰਿਤ ਬਖ਼ਸ਼ੇ ਪੀਣ ਖਾਣ, ਤ੍ਰਿਸਨਾ ਭੁੱਖ ਮਿਟਾਈਆ । ਨਾਤਾ ਤੁਟੇ ਆਵਣ ਜਾਣ, ਲੱਖ ਚੁਰਾਸੀ ਫੰਦ ਕਟਾਈਆ । ਸਚ ਵਖਾਏ ਮੰਦਰ ਮਕਾਨ, ਹੱਕ ਹਕੀਕਤ ਖੋਜ ਖੁਜਾਈਆ । ਲਾਸ਼ਰੀਕ ਹੋ ਮਿਹਰਵਾਨ, ਸ਼ਿਰਕਤ ਸਭ ਦੀ ਦਏ ਗਵਾਈਆ । ਹੁਜਰਾ ਹੱਕ ਸੁਹਾਏ ਆਣ, ਮਹਿਰਾਬ ਇਕੋ ਇਕ ਰੁਸ਼ਨਾਈਆ । ਸਾਚਾ ਢੋਲਾ ਗਾਏ ਗਾਣ, ਗੋਬਿੰਦ ਇਕੋ ਗੀਤ ਅਲਾਈਆ । ਬਣ ਵਚੋਲਾ ਦੋ ਜਹਾਨ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਖੋਜ ਖੁਜਾਈਆ । ਚੌਦਾਂ ਲੋਕ ਵੇਖ ਦੁਕਾਨ, ਦਰ ਦਰ ਆਪਣੀ ਅਲਖ ਜਗਾਈਆ । ਚੌਦਾਂ ਤਬਕ ਹੋਣ ਹੈਰਾਨ, ਹਰਿ ਕਾ ਭੇਵ ਕੋਇ ਨਾ ਪਾਈਆ । ਪੀਰ ਪੈਗ਼ੰਬਰ ਨੇਤਰ ਖੋਲ੍ਹ ਕਰਨ ਧਿਆਨ, ਧਿਆਨ ਧਿਆਨ ਵਿਚੋਂ ਪਰਗਟਾਈਆ । ਗੁਰ ਅਵਤਾਰ ਵੇਖਣ ਖੇਲ ਨੌਜਵਾਨ, ਨਿਰਗੁਣ ਆਪਣਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤ ਭਗਵਾਨ ਰਿਹਾ ਸਮਝਾਈਆ । ਭਗਤ ਕਹੇ ਪ੍ਰਭ ਸਚ ਜਗਦੀਸ, ਤੇਰੇ ਹੱਥ ਵੱਡੀ ਵਡਿਆਈਆ । ਹਉਂ ਬਾਲਕ ਕਰਾਂ ਅਸੀਸ, ਨਿਉਂ ਨਿਉਂ ਲਾਗਾਂ ਪਾਈਆ । ਚਾਰ ਵਰਨ ਚਾਰ ਕੁੰਟ ਦੇਣੀ ਇਕ ਹਦੀਸ, ਇਕੋ ਇਕ ਪੜ੍ਹਾਈਆ । ਏਕਾ ਰੰਗ ਰੰਗੌਣਾ ਹਸਤ ਕੀਟ, ਊਚ ਨੀਚ ਨਜ਼ਰ ਕੋਇ ਨਾ ਆਈਆ । ਇਕ ਸੁਣੌਣਾ ਸਾਚਾ ਗੀਤ, ਆਤਮ ਪਰਮਾਤਮ ਰੰਗ ਵਖਾਈਆ । ਨਾਤਾ ਤੁਟੇ ਮੰਦਰ ਮਸੀਤ, ਘਰ ਘਰ ਵਿਚ ਵੱਜੇ ਵਧਾਈਆ । ਨਜ਼ਰੀ ਆਏ ਸਾਹਿਬ ਅਤੀਤ, ਤ੍ਰੈਗੁਣ ਲੇਖਾ ਦਏ ਮੁਕਾਈਆ । ਪੰਜ ਤੱਤ ਕਰੇ ਪ੍ਰੀਤ, ਪੰਚ ਨਾਦ ਸ਼ਬਦ ਸ਼ਨਵਾਈਆ । ਸਾਂਤਕ ਸਤਿ ਸਤਿ ਕਰਾਏ ਸੀਤ, ਠਾਂਡੀ ਧਾਰ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਓਟ ਤਕਾਈਆ । ਸ੍ਰੀ ਭਗਵਾਨ ਦੱਸੇ ਬੋਲ, ਸ਼ਬਦ ਅਗੰਮ ਜਣਾਇੰਦਾ । ਆਦਿ ਜੁਗਾਦੀ ਤੋਲੇ ਤੋਲ, ਤੋਲਣਹਾਰਾ ਇਕ ਅਖਵਾਇੰਦਾ । ਜੁਗ ਚੌਕੜੀ ਕੁੰਡਾ ਖੋਲ੍ਹ,

੮੧੫
੧੩

ਲੋਕਮਾਤ ਰਾਹ ਚਲਾਇੰਦਾ । ਨਿਰਗੁਣ ਸਰਗੁਣ ਕਰ ਕਰ ਘੋਲ, ਜਗਤ ਅਖਾੜਾ ਵੇਖ ਵਖਾਇੰਦਾ । ਆਪ ਬੈਠਾ ਰਹੇ ਅਡੋਲ, ਲੱਖ ਚੁਰਾਸੀ ਜੀਵ ਡੁਲਾਇੰਦਾ । ਸਦਾ ਸਦਾ ਸਦ ਖੇਲਾਂ ਹੋਲ, ਹੌਲਾ ਧਰਨੀ ਭਾਰ ਕਰਾਇੰਦਾ । ਜਨ ਭਗਤਾਂ ਅੰਦਰ ਜਾਵਾਂ ਮੌਲ, ਮੌਲਾ ਆਪਣਾ ਨਾਉਂ ਰਖਾਇੰਦਾ । ਸਦਾ ਸਦਾ ਸਦ ਪੂਰਾ ਕਰਾਂ ਕੌਲ, ਕੀਤਾ ਕੌਲ ਭੁੱਲ ਨਾ ਜਾਇੰਦਾ । ਭੇਵ ਨਾ ਜਾਣੇ ਕੋਈ ਪੰਡਤ ਪਾਂਧਾ ਰੌਲ, ਸ਼ਾਸਤਰੀ ਸ਼ਾਸਤਰਾਂ ਵਿਚੋਂ ਭੇਵ ਕੋਇ ਨਾ ਪਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਨਿਰਗੁਣ ਰਹੇ ਆਪ ਅਡੋਲ, ਮਹੱਲ ਅਟੱਲ ਇਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਆਪ ਜਣਾਇੰਦਾ । ਸਾਚੇ ਭਗਤ ਲੈਣਾ ਜਾਣ, ਜਾਣੀ ਜਾਣ ਆਪ ਜਣਾਇੰਦਾ । ਸਰਬ ਜੀਆਂ ਦਾ ਇਕ ਭਗਵਾਨ, ਦੂਜਾ ਨਜ਼ਰ ਕੋਇ ਨਾ ਆਇੰਦਾ । ਆਤਮ ਪਰਮਾਤਮ ਸਚ ਕਹਾਣ, ਪਾਰਬ੍ਰਹਮ ਬ੍ਰਹਮ ਵਿਦਿਆ ਆਪ ਪੜ੍ਹਾਇੰਦਾ । ਈਸ਼ ਜੀਵ ਕਰੇ ਕਲਿਆਣ, ਕਲਮਾ ਨਬੀ ਆਪ ਸਮਝਾਇੰਦਾ । ਕਾਇਨਾਤ ਵੇਖਣਹਾਰ ਮਾਰ ਧਿਆਨ, ਮਹਿਬੂਬ ਆਪਣਾ ਰੰਗ ਰੰਗਾਇੰਦਾ । ਮੇਟਣਹਾਰ ਸ਼ਰਅ ਸ਼ੈਤਾਨ, ਸ਼ਰੀਅਤ ਵੰਡ ਨਾ ਕੋਇ ਵੰਡਾਇੰਦਾ । ਭਗਤ ਭਗਵਾਨ ਕਰ ਪਹਿਚਾਨ, ਬੇਪਹਿਚਾਨ ਮੇਲ ਮਿਲਾਇੰਦਾ । ਆਤਮ ਅੰਤਰ ਦਏ ਗਿਆਨ, ਨਿਸ਼ਅੱਖਰ ਆਪ ਪੜ੍ਹਾਇੰਦਾ । ਸਚ ਵਖਾਏ ਧਰਮ ਨਿਸ਼ਾਨ, ਸਚਖੰਡ ਦਵਾਰੇ ਆਪ ਝੁਲਾਇੰਦਾ । ਥਿਰ ਘਰ ਹੋਏ ਸ਼ਬਦ ਪਰਧਾਨ, ਸ਼ਬਦੀ ਸ਼ਬਦੀ ਵੇਸ ਵਟਾਇੰਦਾ । ਪੀਰ ਪੈਗ਼ੰਬਰ ਕਰਨ ਸਲਾਮ, ਸਯਦਾ ਸੀਸ ਸਰਬ ਝੁਕਾਇੰਦਾ । ਗੁਰ ਅਵਤਾਰ ਮੰਗਣ ਦਾਨ, ਖ਼ਾਲੀ ਝੋਲੀ ਸਰਬ ਭਰਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਸੁਣ ਫ਼ਰਮਾਨ, ਫ਼ਰਮਾਂਬਰਦਾਰ ਸਰਬ ਅਖਵਾਇੰਦਾ । ਜੁਗ ਚੌਕੜੀ ਖੇਲ ਮਹਾਨ, ਹਰਿ ਕਰਤਾ ਆਪ ਕਰਾਇੰਦਾ । ਕਲਜੁਗ ਅੰਤਮ ਲੇਖਾ ਜਾਣੇ ਜੀਵ ਜਹਾਨ, ਜੋਤੀ ਜਾਤਾ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੇ ਭਗਤ ਆਪ ਜਣਾਇੰਦਾ । ਸਾਚੇ ਭਗਤ ਦੱਸੇ ਹਾਲ, ਹੱਲ ਸਵਾਲ ਕਰਾਈਆ । ਕਲਜੁਗ ਅੰਤਮ ਸਭ ਦੇ ਸਿਰ ਤੇ ਕੂਕੇ ਕਾਲ, ਕਾਲ ਨਗਾਰਾ ਰਿਹਾ ਵਜਾਈਆ । ਕੂੜੀ ਕਿਰਿਆ ਵੱਜਾ ਤਾਲ, ਸਚ ਸੁੱਚ ਨਜ਼ਰ ਨਾ ਆਈਆ । ਸ੍ਰਿਸ਼ਟ ਸਬਾਈ ਹੋਈ ਬੇਹਾਲ, ਸ਼ਾਹ ਸੁਲਤਾਨ ਰਹੇ ਕੁਰਲਾਈਆ । ਬਿਨ ਹਰਿ ਨਾਮੇ ਹੋਏ ਕੰਗਾਲ, ਖ਼ਾਲੀ ਹੱਥ ਰਹੇ ਫਿਰਾਈਆ । ਗੁਰ ਕਾ ਸ਼ਬਦ ਨਾ ਕੋਇ ਦਲਾਲ, ਵੇਲੇ ਅੰਤ ਨਾ ਕੋਇ ਛੁਡਾਈਆ । ਤ੍ਰੈਗੁਣ ਮਾਇਆ ਪਿਆ ਜਾਲ, ਚਾਰ ਵਰਨ ਬੱਧਾ ਥਾਉਂ ਥਾਈਂਆ । ਮਾਇਆ ਮਮਤਾ ਘਾਲੀ ਘਾਲ, ਹਉਮੇਂ ਹੰਗਤਾ ਨਾਲ ਮਿਲਾਈਆ । ਭੁੱਖਾ ਨੰਗਤਾ ਜੀਵ ਜਹਾਨ, ਨੇਤਰ ਨੈਣਾਂ ਨੀਰ ਵਹਾਈਆ । ਵੇਲੇ ਅੰਤ ਆਏ ਜ਼ਵਾਲ, ਜ਼ੇਰ ਜ਼ਬਰ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤ ਰਿਹਾ ਸਮਝਾਈਆ । ਸਾਚੇ ਭਗਤ ਕਰ ਖਿਆਲ, ਹਰਿ ਸਤਿਗੁਰ ਆਪ ਜਣਾਇੰਦਾ । ਕਲਜੁਗ ਅੰਤ ਹੋਇਆ ਬੇਹਾਲ, ਬਿਹਬਲ ਹੋ ਹੋ ਨੈਣਾਂ ਨੀਰ ਵਹਾਇੰਦਾ । ਚਾਰ ਲੱਖ ਬੱਤੀ ਹਜ਼ਾਰ ਨਾ ਚਲੀ ਨਾਲ, ਨਾਤਾ ਨਿਰਗੁਣ ਆਪ ਤੁੜਾਇੰਦਾ । ਪੱਤ ਨਾ ਦਿਸੇ ਕਿਸੇ ਡਾਲ, ਖ਼ਿਜ਼ਾਂ ਰੁੱਤ ਆਪ ਜਣਾਇੰਦਾ । ਸਚ ਨਾ ਦਿਸੇ ਕੋਈ ਧਰਮਸਾਲ, ਜਗਤ ਅਖਾੜਾ ਨਾਚ ਨਚਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕੋਈ ਨਾ ਕਰੇ ਪ੍ਰਿਤਪਾਲ, ਅੰਦਰ ਵੜ ਰਾਹ ਨਾ ਕੋਇ ਵਖਾਇੰਦਾ । ਆਤਮ ਪਰਮਾਤਮ ਵਸੇ ਨਾ ਕਿਸੇ ਨਾਲ, ਦੂਈ ਦਵੈਤੀ ਡੇਰਾ ਕੋਇ ਨਾ ਢਾਹਿੰਦਾ । ਸਰ ਸਰੋਵਰ ਅੰਮ੍ਰਿਤ ਮਾਰੇ ਨਾ ਕੋਈ

ਉਛਾਲ, ਕੂੜੀ ਕਿਰਿਆ ਨਾ ਕੋਇ ਰੁੜ੍ਹਾਇੰਦਾ । ਨਾ ਕੋਈ ਸੁਣੇ ਮੁਰੀਦਾਂ ਹਾਲ, ਮੁਰਸ਼ਦ ਫੇਰਾ ਕੋਇ ਨਾ ਪਾਇੰਦਾ । ਮਾਇਆ ਰਾਣੀ ਵੱਜੇ ਤਾਲ, ਤਲਵਾੜਾ ਨਾਦ ਨਾ ਕੋਇ ਸੁਣਾਇੰਦਾ । ਚਾਰੋਂ ਕੁੰਟ ਦਿਸੇ ਵੈਰਾਨ, ਵੈਰੀ ਘਰ ਘਰ ਨਜ਼ਰੀ ਆਇੰਦਾ । ਦੀਨ ਮਜ਼੍ਹਬ ਸ਼ਰਅ ਹੋਈ ਸ਼ੈਤਾਨ, ਸ਼ਰੀਅਤ ਸਚ ਨਾ ਕੋਇ ਜਣਾਇੰਦਾ । ਅਸਲੀਅਤ ਵੇਖਣਹਾਰਾ ਨਿਗਾਹਬਾਨ, ਦੋ ਜਹਾਨਾਂ ਫੋਲ ਫੁਲਾਇੰਦਾ । ਜਨ ਭਗਤਾਂ ਦੇਵੇ ਇਕ ਗਿਆਨ, ਆਤਮ ਪਰਮਾਤਮ ਪਰਮਾਤਮ ਆਤਮ ਸਾਚੀ ਸਿਖਿਆ ਇਕ ਸਮਝਾਇੰਦਾ । ਸੋਹੰ ਢੋਲਾ ਧੁਰ ਫ਼ਰਮਾਨ, ਸਚ ਸੰਦੇਸਾ ਆਪ ਅਲਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਸਾਰੇ ਗਾਣ, ਗਾ ਗਾ ਸ਼ੁਕਰ ਮਨਾਇੰਦਾ । ਕਰੋੜ ਤੇਤੀਸਾ ਸਿਫ਼ਤ ਸਾਲਾਹਣ, ਸੁਰਪਤ ਇੰਦ ਵਡ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਆਪ ਜਗਾਇੰਦਾ । ਸਾਚੇ ਭਗਤ ਜਾਣਾ ਉਠ, ਹਰਿ ਸਤਿਗੁਰ ਆਪ ਜਗਾਈਆ । ਕਿਰਪਾ ਨਿਧਾਨ ਜਾਏ ਤੁਠ, ਮਿਹਰਵਾਨ ਹੋਏ ਸਹਾਈਆ । ਜਾਮ ਪਿਆਏ ਰਸਨਾ ਘੁੱਟ, ਦਿਵਸ ਰੈਣ ਖ਼ੁਮਾਰ ਰਖਾਈਆ । ਕੂੜੀ ਕਿਰਿਆ ਕੱਢੇ ਕੁੱਟ, ਮਾਇਆ ਮਮਤਾ ਨਾ ਹੋਏ ਹਲਕਾਈਆ । ਕਲਜੁਗ ਮੇਟਣਹਾਰਾ ਫੁੱਟ, ਪਰੇਮ ਬੰਧਨ ਇਕ ਜਣਾਈਆ । ਵੇਖਣਹਾਰਾ ਚੜ੍ਹ ਕੇ ਚੋਟ, ਚੋਟੀ ਇਕੋ ਆਸਣ ਲਾਈਆ । ਲਗਾਵਣਹਾਰਾ ਨਾਮ ਚੋਟ, ਸਚ ਨਗਾਰਾ ਰਿਹਾ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਮੇਲਾ ਰਿਹਾ ਮਿਲਾਈਆ । ਸਾਚੇ ਭਗਤ ਹੋ ਤਿਆਰ, ਤ੍ਰੈਭਵਣ ਧਨੀ ਆਪ ਜਣਾਇੰਦਾ । ਕਲਜੁਗ ਕਰੇ ਖ਼ਬਰਦਾਰ, ਬੇਖ਼ਬਰ ਖ਼ਬਰ ਸੁਣਾਇੰਦਾ । ਪਰਗਟ ਹੋਏ ਸਾਂਝਾ ਯਾਰ, ਸਗਲਾ ਸੰਗ ਰਖਾਇੰਦਾ । ਮੁਰੀਦ ਮੁਰਸ਼ਦ ਦਏ ਦੀਦਾਰ, ਦੀਦ ਈਦ ਚੰਦ ਚੜ੍ਹਾਇੰਦਾ । ਨਿਰਗੁਣ ਸਰਗੁਣ ਕਰੇ ਗੁਫ਼ਤਾਰ, ਗੁਫ਼ਤ ਸ਼ਨੀਦ ਖੇਲ ਵਖਾਇੰਦਾ । ਰਹਿਮਤ ਕਰ ਆਪ ਨਿਰੰਕਾਰ, ਰਹਿਮ ਆਪਣਾ ਦਰ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵਾਨ ਮੇਲ ਮਿਲਾਇੰਦਾ । ਭਗਤ ਭਗਵਾਨ ਮੇਲੇ ਆਪ, ਆਪਣੇ ਹੱਥ ਰੱਖੇ ਵਡਿਆਈਆ । ਪਾਰਬ੍ਰਹਮ ਬ੍ਰਹਮ ਦੇਵੇ ਜਾਪ, ਸੋਹੰ ਅੱਖਰ ਇਕ ਪੜ੍ਹਾਈਆ । ਜਨਮ ਕਰਮ ਦਾ ਮਿਟੇ ਤਾਪ, ਤ੍ਰੈਗੁਣ ਬੰਧਨ ਦਏ ਤੁੜਾਈਆ । ਦਿਵਸ ਰੈਣ ਇਕੋ ਪਾਠ, ਪੂਜਾ ਇਕੋ ਇਕ ਸਮਝਾਈਆ । ਇਕ ਸਰੋਵਰ ਸੱਚਾ ਤਾਟ, ਮਜਨ ਇਕੋ ਘਰ ਕਰਾਈਆ । ਇਕੋ ਜੋਤ ਕਰ ਪਰਕਾਸ਼, ਗ੍ਰਿਹ ਮੰਦਰ ਕਰੇ ਰੁਸ਼ਨਾਈਆ । ਇਕੋ ਪਿਆਏ ਆਬ ਹਯਾਤ, ਸਚ ਖ਼ੁਮਾਰੀ ਨਾਮ ਚੜ੍ਹਾਈਆ । ਇਕੋ ਮੇਟ ਅੰਧੇਰੀ ਰਾਤ, ਸਾਚਾ ਚੰਨ ਕਰੇ ਰੁਸ਼ਨਾਈਆ । ਇਕੋ ਪੁੱਛਣਹਾਰਾ ਵਾਤ, ਜਨ ਭਗਤਾਂ ਹੋਏ ਸਹਾਈਆ । ਇਕੋ ਦੇਵਣਹਾਰਾ ਦਾਤ, ਦੀਨ ਦਿਆਲ ਬੇਪਰਵਾਹੀਆ । ਇਕੋ ਪੂਰੀ ਕਰਨਹਾਰਾ ਖ਼ਾਹਸ਼, ਖ਼ਾਹਸ਼ ਸਭ ਦੀ ਪੂਰ ਕਰਾਈਆ । ਇਕੋ ਦੇਵਣਹਾਰਾ ਧਰਵਾਸ, ਧੀਰਜ ਇਕੋ ਇਕ ਧਰਾਈਆ । ਇਕੋ ਵਸਣਹਾਰਾ ਪਾਸ, ਕਰਵਟ ਆਪਣੀ ਦਏ ਬਦਲਾਈਆ । ਇਕੋ ਕਰਨਹਾਰਾ ਬੰਦ ਖ਼ੁਲਾਸ, ਬੰਦੀਖ਼ਾਨਾ ਤੋੜ ਤੁੜਾਈਆ । ਇਕੋ ਪਰਗਟਾਵਣਹਾਰਾ ਭਗਤ ਭਗਵਾਨ ਸਾਚੀ ਸ਼ਾਖ਼, ਸੱਚੀ ਸ਼ਨਾਖ਼ਤ ਇਕੋ ਇਕ ਜਣਾਈਆ । ਇਕੋ ਜਿਉਂ ਭਾਵੇ ਤਿਉਂ ਲਏ ਰਾਖ, ਜੁਗ ਜੁਗ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਭਗਤ ਸੰਗ ਰਖਾਈਆ । ਸਾਚੇ ਭਗਤ ਸਾਚਾ ਸੰਗ, ਸਗਲ ਸੰਗੀ ਆਪ ਜਣਾਇੰਦਾ । ਉਠ ਸਾਜਣ ਲਾਗ ਅੰਗ, ਅੰਗੀਕਾਰ ਆਪ ਕਰਾਇੰਦਾ । ਜਨਮ ਕਰਮ ਦਾ ਮਿਟੇ ਨੰਗ, ਪੜਦਾ ਇਕੋ ਨਾਮ ਪਾਇੰਦਾ । ਡੂੰਘੀ ਕੰਦਰ ਅੰਦਰ ਲੰਘ, ਸੱਚਾ ਸੰਗ ਸਮਝਾਇੰਦਾ । ਸ਼ਬਦ ਅਗੰਮ ਵਜਾਏ

ਮਰਦੰਗ, ਤਾਰ ਸਤਾਰ ਨਾ ਕੋਇ ਵਖਾਇੰਦਾ । ਅੰਮ੍ਰਿਤ ਧਾਰ ਵਹਾਏ ਗੰਗ, ਜਮਨਾ ਸੁਰਸਤੀ ਗੋਦਾਵਰੀ ਮੂਲ ਮੁਕਾਇੰਦਾ । ਨੌਂ ਦਵਾਰੇ ਚੁਕੇ ਪੰਧ, ਦਸਵੇਂ ਆਪਣੀ ਗੰਢ ਪਵਾਇੰਦਾ । ਕਰ ਪਰਕਾਸ਼ ਬਿਨ ਸੂਰਜ ਚੰਦ, ਮੰਡਲ ਮੰਡਪ ਆਪ ਰੁਸ਼ਨਾਇੰਦਾ । ਸੋਹਲਾ ਸੁਣਾ ਸਾਚਾ ਛੰਦ, ਗੀਤ ਇਕੋ ਇਕ ਰਖਾਇੰਦਾ । ਦੇਵਣਹਾਰਾ ਪਰਮਾਨੰਦ, ਨਿਜਾਨੰਦ ਆਪ ਦਰਸਾਇੰਦਾ । ਮੁਕਾਵਣਹਾਰਾ ਪਿਛਲਾ ਪੰਧ, ਅਗਲਾ ਮਾਰਗ ਆਪ ਜਣਾਇੰਦਾ । ਸੁਰਤ ਸ਼ਬਦ ਦੇਵੇ ਗੰਢ, ਪੱਲੂ ਆਪਣੇ ਨਾਲ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵਾਨ ਆਪ ਸਾਲਾਹਿੰਦਾ । ਭਗਤ ਭਗਵਾਨ ਸਿਫ਼ਤ ਸਲਾਹ, ਸਲਾਹਗੀਰ ਬੇਪਰਵਾਹੀਆ । ਨਿਰਗੁਣ ਸਰਗੁਣ ਬਣ ਮਲਾਹ, ਬੇੜਾ ਆਪਣੇ ਕੰਧ ਉਠਾਈਆ । ਗੁਰ ਅਵਤਾਰ ਸੇਵਾ ਲਾ, ਪੀਰ ਪੈਗ਼ੰਬਰ ਹੁਕਮ ਮਨਾਈਆ । ਪਰਵਰਦਿਗਾਰ ਇਕ ਖ਼ੁਦਾ, ਖ਼ੁਦੀ ਸਭ ਦੀ ਦਏ ਗਵਾਈਆ । ਰਾਮ ਰੂਪ ਆਪ ਅਖਵਾ, ਘਟ ਘਟ ਡੇਰਾ ਲਾਈਆ । ਮੋਰ ਮੁਕਟ ਸੀਸ ਟਿਕਾ, ਕਾਹਨਾ ਬੰਸਰੀ ਨਾਮ ਸੁਣਾਈਆ । ਈਸਾ ਮੂਸਾ ਤੌਫ਼ੀਕ ਦੱਸ ਖ਼ੁਦਾ, ਤਾਅਰੀਫ਼ ਤੁਆਰਫ਼ ਦਏ ਸਮਝਾਈਆ । ਮੁਹੰਮਦ ਨੇਤਰ ਨੈਣ ਖੁਲ੍ਹਾ, ਅੱਖ ਪਰਤੱਖ ਦਏ ਵਖਾਈਆ । ਨਾਨਕ ਗੋਬਿੰਦ ਗੋਦ ਬਹਾ, ਸਮਰਥ ਦੇਵਣਹਾਰ ਵਡਿਆਈਆ । ਧੁਰ ਦਾ ਲੇਖਾ ਆਪ ਜਣਾ, ਸਚ ਸੰਦੇਸ਼ਾ ਇਕ ਸੁਣਾਈਆ । ਕਲਜੁਗ ਅੰਤ ਸ੍ਰੀ ਭਗਵੰਤ ਨਿਰਗੁਣ ਜਾਵੇ ਆ, ਦੂਜਾ ਸੰਗ ਨਾ ਕੋਇ ਰਲਾਈਆ । ਨਿਹਕਲੰਕਾ ਨਾਉਂ ਧਰਾ, ਨਾਮ ਡੰਕਾ ਇਕ ਵਜਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਖੋਜ ਖੁਜਾ, ਰਵ ਸਸ ਵੇਖੇ ਨੂਰ ਰੁਸ਼ਨਾਈਆ । ਮੰਡਲ ਮੰਡਪ ਪਰਦਾ ਦੇਵੇ ਲਾਹ, ਕਰੇ ਖੇਲ ਬੇਪਰਵਾਹੀਆ । ਧਰਤ ਧਵਲ ਡੇਰਾ ਲਏ ਲਗਾ, ਰੂਪ ਰੰਗ ਰੇਖ ਨਾ ਕੋਇ ਰਖਾਈਆ । ਵੇਦ ਵਿਆਸਾ ਦਏ ਭਰਵਾਸਾ, ਸਚ ਸੰਦੇਸਾ ਇਕ ਜਣਾਈਆ । ਬ੍ਰਹਿਮਣ ਗੌੜਾ ਪੂਤ ਸਪੂਤਾ ਲਏ ਪਰਗਟਾ, ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤਨ ਮੇਲਾ ਸਹਿਜ ਸੁਭਾਈਆ । ਭਗਤਨ ਮੇਲਾ ਗ਼ਰੀਬ ਨਿਵਾਜਾ, ਇਕ ਇਕੱਲਾ ਆਪ ਕਰਾਇੰਦਾ । ਨਿਰਗੁਣ ਨਿਰਗੁਣ ਫਿਰੇ ਭਾਜਾ, ਸਰਗੁਣ ਆਪਣਾ ਭੇਵ ਚੁਕਾਇੰਦਾ । ਰਾਗ ਅਨਾਦ ਵਜਾਏ ਅਗੰਮੀ ਵਾਜਾ, ਸੁਰ ਤਾਲ ਨਾ ਕੋਇ ਵਖਾਇੰਦਾ । ਸ਼ਾਹੋ ਭੂਪ ਬਣ ਰਾਜਨ ਰਾਜਾ, ਸ਼ਹਿਨਸ਼ਾਹ ਆਪਣਾ ਖੇਲ ਕਰਾਇੰਦਾ । ਸੀਸ ਜਗਦੀਸ ਸੁਹਾਏ ਤਾਜਾ, ਤਖ਼ਤ ਨਿਵਾਸੀ ਵੇਸ ਵਟਾਇੰਦਾ । ਜਨ ਭਗਤਾਂ ਰੱਖੇ ਕਲਜੁਗ ਲਾਜਾ, ਲਾਸ਼ਰੀਕ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤ ਭਗਵਾਨ ਇਕੋ ਘਰ ਵਸਾਇੰਦਾ । ਭਗਤ ਭਗਵਾਨ ਇਕੋ ਦਰ, ਦਰ ਸੱਚਾ ਦਏ ਜਣਾਈਆ । ਭਗਤ ਭਗਵਾਨ ਇਕੋ ਘਰ, ਘਰ ਮੰਦਰ ਮਿਲੇ ਵਡਿਆਈਆ । ਭਗਤ ਭਗਵਾਨ ਇਕੋ ਸਰ, ਸਰ ਸਰੋਵਰ ਇਕ ਦਰਸਾਈਆ । ਭਗਤ ਭਗਵਾਨ ਘਾੜਨ ਘੜ, ਘੜ ਵੇਖੇ ਥਾਉਂ ਥਾਈਂਆ । ਭਗਤ ਭਗਵਾਨ ਇਕ ਦੂਜੇ ਦੇ ਅੰਦਰ ਜਾਣ ਵੜ, ਨਜ਼ਰ ਕਿਸੇ ਨਾ ਆਈਆ । ਭਗਤ ਭਗਵਾਨ ਪੱਲੂ ਲਏ ਫੜ, ਫੜਿਆ ਲੜ ਨਾ ਕੋਇ ਛੁਡਾਈਆ । ਭਗਤ ਭਗਵਾਨ ਅੱਖਰ ਲਏ ਪੜ੍ਹ, ਸੋਹੰ ਸ਼ਬਦ ਕਰੇ ਪੜ੍ਹਾਈਆ । ਭਗਤ ਭਗਵਾਨ ਨਾ ਜਨਮੇ ਨਾ ਜਾਏ ਮਰ, ਆਵਣ ਜਾਵਣ ਖੇਲ ਕਰਾਈਆ । ਭਗਤ ਭਗਵਾਨ ਆਪਣੀ ਕਰਨੀ ਆਪੇ ਕਰ, ਕਰਤਾ ਆਪਣੀ ਖੇਲ ਕਰਾਈਆ । ਭਗਤ ਭਗਵਾਨ ਨਾ ਭੌ ਨਾ ਕੋਇ ਡਰ, ਭਿਆਨਕ ਰੂਪ ਨਜ਼ਰ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ

ਸਾਚਾ ਵਰ, ਜਨ ਭਗਤਾਂ ਆਪਣੀ ਗੋਦ ਬਹਾਈਆ । ਜਨ ਭਗਤ ਸਾਚੀ ਗੋਦੀ ਬਹਿਣਾ, ਸ੍ਰੀ ਭਗਵਾਨ ਆਪ ਜਣਾਇੰਦਾ । ਹਰਿ ਕਾ ਦਰਸਨ ਕਰਨਾ ਨੈਣਾਂ, ਨਿਜ ਨੇਤਰ ਆਪ ਖੁਲ੍ਹਾਇੰਦਾ । ਇਕੋ ਇਕ ਮੰਨਣਾ ਕਹਿਣਾ, ਧੁਰ ਫ਼ਰਮਾਨਾ ਹੁਕਮ ਸੁਣਾਇੰਦਾ । ਸਚ ਸਰਨਾਈ ਸਾਚੀ ਢਹਿਣਾ, ਮਸਤਕ ਧੂੜੀ ਟਿੱਕਾ ਲਾਇੰਦਾ । ਝੂਠੇ ਵਹਿਣ ਕਦੀ ਨਾ ਵਹਿਣਾ, ਕੂੜੀ ਕਿਰਿਆ ਨਾ ਕੋਇ ਰੁੜ੍ਹਾਇੰਦਾ । ਲਾੜੀ ਮੌਤ ਨਾ ਖਾਏ ਡੈਣਾ, ਰਾਏ ਧਰਮ ਨਾ ਡੰਨ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਭਗਤਾਂ ਆਪ ਉਠਾਇੰਦਾ । ਸਾਚੇ ਭਗਤ ਗੋਦੀ ਚੁੱਕ, ਚੁੱਕ ਚੁੱਕ ਖ਼ੁਸ਼ੀ ਮਨਾਈਆ । ਸਾਚੇ ਮੰਦਰ ਬਹਿ ਬਹਿ ਰਿਹਾ ਪੁੱਛ, ਭੇਵ ਅਭੇਦ ਖੁਲ੍ਹਾਈਆ । ਕਵਣ ਵਸਤ ਕੋਲ ਕੁਛ, ਦਿਓ ਮੋਹੇ ਬਤਾਈਆ । ਭਗਤ ਕਹੇ ਕਿਉਂ ਬੈਠਾ ਲੁਕ, ਲੁਕਵੀਂ ਖੇਲ ਰਚਾਈਆ । ਬਿਨ ਤੇਰੇ ਨਾਮ ਨਾਲ ਰੱਖਿਆ ਨਾ ਕੁਛ, ਚੁੱਕ ਚੁੱਕ ਖ਼ਾਲੀ ਹੱਥ ਰਹੇ ਵਖਾਈਆ । ਕਰ ਕਿਰਪਾ ਨੇੜੇ ਢੁੱਕ, ਦੂਰ ਦੁਰਾਡਾ ਪੰਧ ਮੁਕਾਈਆ । ਸ਼ੇਰ ਹੋ ਕੇ ਬੁੱਕ, ਸ਼ਹਿਨਸ਼ਾਹ ਤੇਰੀ ਭਬਕ ਇਕ ਸੁਹਾਈਆ । ਕੂੜੀ ਕਿਰਿਆ ਕਲਜੁਗ ਪੈਂਡਾ ਜਾਏ ਮੁੱਕ, ਪਾਂਧੀ ਪੰਧ ਨਾ ਕੋਇ ਵਖਾਈਆ । ਸਾਡੇ ਅੰਦਰ ਵੜ ਕੇ ਪੁੱਛ, ਤੇਰਾ ਵਛੋੜਾ ਰਿਹਾ ਸਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਭਗਤ ਝੋਲੀ ਰਿਹਾ ਡਾਹੀਆ । ਭਗਵਾਨ ਕਹੇ ਅੰਦਰ ਵੜਾਂਗਾ । ਭਗਤ ਦਵਾਰੇ ਚੜ੍ਹਾਂਗਾ । ਸੁਰਤ ਸਵਾਣੀ ਫੜਾਂਗਾ । ਪੰਚ ਵਿਕਾਰੇ ਲੜਾਂਗਾ । ਇਕੋ ਅੱਖਰ ਪੜ੍ਹਾਂਗਾ । ਤੂੰ ਮੇਰਾ ਮੈਂ ਤੇਰਾ ਦੂਜਾ ਹੋਰ ਨਾ ਕੋਈ ਵਰਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤ ਦਵਾਰੇ ਖੜਾਂਗਾ । ਭਗਤ ਦਵਾਰੇ ਜਾਵਾਂਗਾ । ਸੋਹੰ ਗੀਤ ਅਲਾਵਾਂਗਾ । ਸਤਿਜੁਗ ਰੀਤ ਚਲਾਵਾਂਗਾ । ਮੰਦਰ ਮਸੀਤ ਪੰਧ ਮੁਕਾਵਾਂਗਾ । ਹਸਤ ਕੀਟ ਰੰਗ ਰੰਗਾਵਾਂਗਾ । ਅਨਡੀਠ ਖੇਲ ਕਰਾਵਾਂਗਾ । ਲੱਖ ਚੁਰਾਸੀ ਜੀਤ, ਸਿਰ ਇਕੋ ਤਾਜ ਵਖਾਵਾਂਗਾ । ਸਦੀ ਬੀਸਵੀਂ ਜਾਏ ਬੀਤ, ਬੀਤੀ ਕਹਾਣੀ ਸਭ ਦੀ ਝੋਲੀ ਪਾਵਾਂਗਾ । ਗੁਰ ਅਵਤਾਰ ਪੀਰ ਪੈਗ਼ੰਬਰ ਨਿਸ਼ਾਨਾ ਦੱਸ ਕੇ ਗਏ ਠੀਕ, ਤੀਰ ਅਣਿਆਲਾ ਆਪ ਉਠਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤ ਮੇਲ ਮਿਲਾਵਾਂਗਾ । ਭਗਤਾਂ ਮੇਲ ਮਿਲੇਗਾ । ਦੋ ਜਹਾਨ ਹਿਲੇਗਾ । ਕੂੜ ਕੁੜਿਆਰਾ ਸ਼ੌਹ ਦਰਯਾਏ ਠਿਲੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ ਆਪੇ ਮਿਲੇਗਾ । ਕਵਣ ਦਵਾਰੇ ਮਿਲੇਂ ਆਪ, ਪ੍ਰਭ ਆਪਣੀ ਦਇਆ ਕਮਾਈਆ । ਭਗਤ ਕਹਿਣ ਤੂੰ ਸੱਚਾ ਬਾਪ, ਮਾਤ ਪਿਤ ਤੇਰੀ ਵਡਿਆਈਆ । ਸਤਿ ਸਤਿਵਾਦੀ ਤੇਰਾ ਜਾਪ, ਜਪਤ ਜਪਤ ਸੁਖ ਪਾਈਆ । ਆਦਿ ਜੁਗਾਦੀ ਤੇਰਾ ਨਾਤ, ਨਾਤਾ ਸਕੇ ਨਾ ਕੋਇ ਤੁੜਾਈਆ । ਨਿਰਗੁਣ ਸਰਗੁਣ ਤੇਰਾ ਸਾਥ, ਸਗਲਾ ਸੰਗ ਨਿਭਾਈਆ । ਜੀਵ ਜੰਤ ਤੇਰਾ ਪਾਠ, ਸਾਧ ਸੰਤ ਪੜ੍ਹਾਈਆ । ਲਹਿਣਾ ਦੇਣਾ ਮਸਤਕ ਮਾਥ, ਝੋਲੀ ਨਾਮ ਭਰਾਈਆ । ਆਤਮ ਪਰਮਾਤਮ ਤੇਰੀ ਜ਼ਾਤ, ਅਜ਼ਾਤੀ ਰੂਪ ਨਾ ਕੋਇ ਵਟਾਈਆ । ਸੂਰਜ ਚੰਨ ਤੇਰੀ ਦਾਤ, ਦਿਵਸ ਰੈਣ ਰੁਸ਼ਨਾਈਆ । ਵਰਨ ਬਰਨ ਤੇਰੀ ਜਮਾਤ, ਜਗਤ ਜੁਗ ਕੁੜਮਾਈਆ । ਖਾਣੀ ਬਾਣੀ ਸ਼ਾਸਤਰ ਸਿਮਰਤ ਵੇਦ ਪੁਰਾਨ ਤੇਰੀ ਗਾਥ, ਕਲਮ ਸ਼ਾਹੀ ਕਾਗ਼ਜ਼ ਸੇਵ ਕਮਾਈਆ । ਤਟ ਸਰੋਵਰ ਤੇਰਾ ਘਾਟ, ਅਠਸਠ ਤੇਰੀ ਵਡਿਆਈਆ । ਕਾਇਆ ਮਾਟੀ ਖੇਲ ਤਮਾਸ਼, ਕਾਚੀ ਗਗਰੀਆ ਵੇਖ ਵਖਾਈਆ । ਮੰਡਲ ਮੰਡਪ ਤੇਰੀ ਰਾਸ, ਗੋਪੀ

ਕਾਹਨ ਨਾਚ ਨਚਾਈਆ । ਇਸ਼ਟ ਦੇਵ ਗੁਰ ਤੇਰਾ ਬਲਾਸ, ਭੇਵ ਅਭੇਦ ਤੇਰੀ ਬੇਪਰਵਾਹੀਆ । ਗੁਰ ਅਵਤਾਰ ਪੀਰ ਪੈਗੰਬਰ ਤੇਰੀ ਸ਼ਾਖ਼, ਜੁਗ ਜੁਗ ਆਪਣਾ ਰਾਹ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਦਵਾਰ ਮਿਲੇ ਸਰਨਾਈਆ । ਕਵਣ ਦਵਾਰੇ ਮਿਲੇ ਸਰਨਾ, ਸਰਨਗਤ ਕਵਣ ਵਡਿਆਈਆ । ਨਾਤਾ ਤੁਟੇ ਜੰਮਣਾ ਮਰਨਾ, ਜਨਮ ਮਰਨ ਵਿਚ ਨਾ ਆਈਆ । ਕਰ ਕਿਰਪਾ ਆਪਣੇ ਜਿਹਾ ਕਰਨਾ, ਕਰਮ ਕਾਂਡ ਰਹਿਣ ਨਾ ਪਾਈਆ । ਨੇਤਰ ਖੁਲ੍ਹੇ ਹਰਨਾ ਫਰਨਾ, ਨਿਜ ਨੇਤਰ ਇਕ ਖੁਲ੍ਹਾਈਆ । ਨਾਤਾ ਤੁਟੇ ਬਰਨਾਂ ਵਰਨਾਂ, ਅਠਾਰਾਂ ਚਾਰ ਨਾ ਬੰਧ ਬੰਧਾਈਆ । ਸਦਾ ਸਦਾ ਸਦ ਭਾਣਾ ਜਰਨਾ, ਸਭ ਤੇਰੀ ਓਟ ਤਕਾਈਆ । ਤੇਰੇ ਗ੍ਰਿਹਿ ਤੇਰੇ ਮੰਦਰ ਤੇਰੇ ਘਰ ਵੜਨਾ, ਘਰ ਸਚ ਮਿਲੇ ਵਡਿਆਈਆ । ਅਧਵਿਚਕਾਰ ਕਦੇ ਨਾ ਅੜਨਾ, ਮੰਝਧਾਰ ਨਾ ਕੋਇ ਰੁੜ੍ਹਾਈਆ । ਪਾਰਬ੍ਰਹਮ ਤੇਰਾ ਇਕੋ ਅੱਖਰ ਪੜ੍ਹਨਾ, ਬ੍ਰਹਮ ਤੇਰੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਦਰ ਮਿਲੇ ਸਰਨਾਈਆ । ਸਾਚਾ ਵਰ ਦਏ ਭਗਵਾਨ, ਭਗਤ ਜਨ ਸਮਝਾਇੰਦਾ । ਸੋਹੰ ਸ਼ਬਦ ਸਤਿ ਗਿਆਨ, ਸਤਿਜੁਗ ਸਾਚਾ ਰਾਹ ਜਣਾਇੰਦਾ । ਏਥੇ ਓਥੇ ਦੇਵੇ ਮਾਣ, ਦੋ ਜਹਾਨਾਂ ਪੰਧ ਮੁਕਾਇੰਦਾ । ਸਚ ਦਵਾਰ ਮਿਲੇ ਮਕਾਨ, ਥਿਰ ਘਰ ਆਪਣਾ ਰੰਗ ਰੰਗਾਇੰਦਾ । ਸਚਖੰਡ ਕਰ ਪਰਵਾਨ, ਪਰਵਾਨਾ ਇਕੋ ਹੱਥ ਫੜਾਇੰਦਾ । ਨਾਤਾ ਤੋੜ ਜ਼ਿਮੀਂ ਅਸਮਾਨ, ਬ੍ਰਹਿਮੰਡ ਖੰਡ ਪੰਧ ਮੁਕਾਇੰਦਾ । ਚਰਨ ਕਵਲ ਇਕ ਧਿਆਨ, ਧਰਤ ਧਵਲ ਡੇਰਾ ਢਾਹਿੰਦਾ । ਨਜ਼ਰੀ ਆਏ ਨੌਜਵਾਨ, ਬੇਨਜ਼ੀਰ ਨਜ਼ਰ ਇਕੋ ਇਕ ਬਦਲਾਇੰਦਾ । ਧਰਮ ਵਖਾਏ ਸਚ ਨਿਸ਼ਾਨ, ਸ਼ਹਿਨਸ਼ਾਹ ਸਾਹਿਬ ਆਪ ਝੁਲਾਇੰਦਾ । ਤਖ਼ਤ ਨਿਵਾਸੀ ਰਾਜ ਰਾਜਾਨ, ਸ਼ਾਹੋ ਭੂਪ ਸੋਭਾ ਪਾਇੰਦਾ । ਦੂਸਰ ਦਿਸੇ ਨਾ ਕੋਇ ਨਿਸ਼ਾਨ, ਰੂਪ ਰੰਗ ਰੇਖ ਵੰਡ ਨਾ ਕੋਇ ਵੰਡਾਇੰਦਾ । ਜਨ ਭਗਤ ਕਰੇ ਪਰਵਾਨ, ਪਰਮ ਪੁਰਖ ਮੇਲ ਮਿਲਾਇੰਦਾ । ਦਰ ਸੋਹੇ ਇਕ ਦਰਬਾਨ, ਦਰ ਦਰਵੇਸ਼ ਆਪ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤ ਵਚੋਲਾ ਬਣ ਪਾਂਧੀ ਫੇਰਾ ਪਾਇੰਦਾ । ਭਗਤ ਵਚੋਲਾ ਸ੍ਰੀ ਭਗਵੰਤ, ਭਗਵਾਨ ਵੱਡੀ ਵਡਿਆਈਆ । ਆਦਿ ਜੁਗਾਦੀ ਦੇਵਣਹਾਰਾ ਸਾਚਾ ਮੰਤ, ਮੰਤਰ ਇਕੋ ਨਾਮ ਸਮਝਾਈਆ । ਆਤਮ ਪਰਮਾਤਮ ਪਰਮਾਤਮ ਆਤਮ ਮੇਲਾ ਨਾਰ ਕੰਤ, ਕੰਤ ਸੁਹਾਗੀ ਸ਼ਬਦ ਵੈਰਾਗੀ ਆਪਣੇ ਅੰਗ ਲਗਾਈਆ । ਇਕੋ ਚਾੜ੍ਹ ਰੰਗ ਬਸੰਤ, ਸਤਿ ਜਣਾਏ ਮਹਿਮਾ ਅਗਣਤ, ਅਲੱਖ ਅਗੋਚਰ ਬੇਪਰਵਾਹ ਵੱਡੀ ਵਡਿਆਈਆ । ਹਰਿ ਕਾ ਭੇਵ ਨਾ ਜਾਣੇ ਕੋਈ ਪੰਡਤ, ਜਗਤ ਵਿਦਿਆ ਕਰੇ ਖੰਡਤ ਖੰਡਾ ਇਕੋ ਰੂਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤਨ ਮੇਲਾ ਸਹਿਜ ਸੁਭਾਈਆ । ਭਗਤਨ ਮੇਲਾ ਦਰ ਸੁਹੰਜਣਾ, ਸੋਭਾਵੰਤ ਆਪ ਸੁਹਾਇੰਦਾ । ਕਿਰਪਾ ਕਰ ਅਲੱਖ ਨਿਰੰਜਣਾ, ਅਲੱਖ ਅਗੋਚਰ ਖੇਲ ਵਖਾਇੰਦਾ । ਦੀਨਾਂ ਨਾਥ ਦਰਦ ਦੁੱਖ ਭੈ ਭੰਜਨਾ, ਦੀਨਨ ਆਪਣੀ ਦਇਆ ਕਮਾਇੰਦਾ । ਕਰਾਵਣਹਾਰਾ ਧੁਰਦਰਗਾਹੀ ਸਾਚਾ ਮਜਨਾ, ਦੁਰਮਤ ਮੈਲ ਆਪ ਧਵਾਇੰਦਾ । ਭਗਤ ਭਗਵਾਨ ਇਕ ਦੂਜੇ ਦਾ ਪੜਦਾ ਕੱਜਣਾ, ਸਗਲਾ ਸੰਗ ਆਪ ਰਖਾਇੰਦਾ । ਸਤਿਜੁਗ ਸਚ ਨਗਾਰਾ ਵੱਜਣਾ, ਸ੍ਰੀ ਭਗਵਾਨ ਤਾਲ ਵਜਾਇੰਦਾ । ਕਲਜੁਗ ਕੂੜਾ ਠੂਠਾ ਭੱਜਣਾ, ਬਚਿਆ ਕੋਇ ਰਹਿਣ ਨਾ ਪਾਇੰਦਾ । ਕਾਲ ਕਲੰਦਰ ਘਰ ਘਰ ਨੱਚਣਾ, ਡੌਰੂ ਡੰਕ ਵਜਾਇੰਦਾ । ਭਗਤ ਸੁਹੇਲਾ ਗੁਰਮੁਖ ਵਿਰਲਾ ਬਚਣਾ,

ਜਿਸ ਦਾ ਬਚਪਨ ਆਪ ਬਣਾਇੰਦਾ । ਦੋ ਜਹਾਨ ਅੰਗੀਠਾ ਤਪਣਾ, ਤ੍ਰੈਗੁਣ ਭੱਠੀ ਇਕ ਤਪਾਇੰਦਾ । ਪੰਜ ਤੱਤ ਲੱਖ ਚੁਰਾਸੀ ਮਘਣਾ, ਜਗਤ ਅੰਗਿਆਰਾ ਰੂਪ ਵਟਾਇੰਦਾ । ਚਾਰ ਕੁੰਟ ਕਿਸੇ ਨਾ ਮਿਲੇ ਭੱਜਣਾ, ਪਾਂਧੀ ਨਜ਼ਰ ਕੋਇ ਨਾ ਆਇੰਦਾ । ਹੁਕਮੇ ਅੰਦਰ ਸਭ ਨੇ ਬੱਝਣਾ, ਧੁਰਫ਼ਰਮਾਨਾ ਹੁਕਮ ਮਨਾਇੰਦਾ । ਨਾ ਕੋਈ ਸਾਕ ਸੈਣ ਸੱਜਣਾ, ਸਾਥੀ ਅੱਗੇ ਹੋ ਨਾ ਕੋਇ ਛੁਡਾਇੰਦਾ । ਲੌਂਣ ਦੇਵੇ ਨਾ ਅੱਜ ਪੱਜਣਾ, ਪਾਜੀ ਸਭ ਨੂੰ ਆਪ ਬਣਾਇੰਦਾ । ਸ੍ਰੀ ਭਗਵਾਨ ਇਕੋ ਗੱਜਣਾ, ਗਰਜ ਆਪਣੇ ਨਾਮ ਸੁਣਾਇੰਦਾ । ਰਾਜ ਰਾਜਾਨਾਂ ਤਖ਼ਤ ਤਾਜ ਤਜਣਾ, ਤਖ਼ਤ ਨਿਵਾਸੀ ਖੇਲ ਰਚਾਇੰਦਾ । ਭਗਤ ਭਗਵਾਨ ਇਕ ਦੂਜੇ ਦੇ ਕੋਲ ਬਹਿ ਬਹਿ ਸਜਦਾ, ਤੀਜਾ ਨਜ਼ਰ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਆਪ ਮਿਲਾਇੰਦਾ । ਜਨ ਸਾਚੇ ਭਗਤ ਮਿਲਾਵਾਂਗਾ । ਇਕੋ ਗੀਤ ਅਲਾਵਾਂਗਾ । ਸਾਚੀ ਰੀਤ ਚਲਾਵਾਂਗਾ । ਤ੍ਰੈਗੁਣ ਅਤੀਤ ਕਹਾਵਾਂਗਾ । ਚਾਰ ਵਰਨ ਪ੍ਰੀਤ ਬਣਾਵਾਂਗਾ । ਸੁਰਤ ਸਵਾਣੀ ਸ਼ਬਦ ਮਿਲਾਵਾਂਗਾ । ਸਚ ਕਹਾਣੀ ਇਕ ਅਲਾਵਾਂਗਾ । ਸੋਹਲਾ ਢੋਲਾ ਗਾਵਾਂਗਾ । ਦੋ ਜਹਾਨਾਂ ਫੜ ਉਠਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਸੇਵ ਲਗਾਵਾਂਗਾ । ਗੁਰ ਅਵਤਾਰ ਪੀਰ ਪੈਗ਼ੰਬਰ ਆਪਣੇ ਵਿਚ ਛੁਪਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਇਕੋ ਭਗਤ ਵਡਿਆਵਾਂਗਾ । ਇਕੋ ਭਗਤ ਵਡਿਆਏਗਾ । ਪ੍ਰਭ ਅਚਰਜ ਖੇਲ ਰਚਾਏਗਾ । ਨਿਰਗੁਣ ਇਸ਼ਟ ਨਜ਼ਰੀ ਆਏਗਾ । ਸ੍ਰਿਸ਼ਟ ਸਬਾਈ ਦ੍ਰਿਸ਼ਟ ਖੁਲ੍ਹਾਏਗਾ । ਜਿਉਂ ਰਾਮਾ ਵਸ਼ਿਸ਼ਟ ਵਿਸ਼ਨੂੰ ਆਪਣੀ ਧਾਰ ਜਣਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਆਪਣੇ ਰੰਗ ਰੰਗਾਏਗਾ । ਭਗਤਾਂ ਰੰਗ ਰੰਗੇ ਅਨਮੋਲ, ਅਨਮੁੱਲੜੀ ਖੇਲ ਕਰਾਇੰਦਾ । ਸਾਚੇ ਕੰਡੇ ਸਾਹਿਬ ਤੋਲ, ਤਰਾਜ਼ੂ ਆਪਣੇ ਹੱਥ ਉਠਾਇੰਦਾ । ਧਾਰਨ ਇਕੋ ਵਾਰ ਬੋਲ, ਏਕੰਕਾਰਾ ਰਾਗ ਸੁਣਾਇੰਦਾ । ਦੋ ਜਹਾਨਾਂ ਪੜਦਾ ਖੋਲ੍ਹ, ਭੇਵ ਅਭੇਦਾ ਆਪ ਸਮਝਾਇੰਦਾ । ਨਿਰੰਕਾਰ ਨਿਰਾਕਾਰ ਨਿਰਾਧਾਰ ਨਿਰਵੈਰ ਹਰ ਘਟ ਜਾਏ ਮੌਲ, ਮੌਲਾ ਆਪਣਾ ਵੇਸ ਵਟਾਇੰਦਾ । ਅੰਮ੍ਰਿਤ ਆਤਮ ਪਰਮਾਤਮ ਦੇਵੇ ਪੌਹਲ, ਰਸ ਮਿੱਠਾ ਇਕ ਵਖਾਇੰਦਾ । ਚਾਰ ਵਰਨ ਇਕੋ ਢੋਲਾ ਲੈਣ ਬੋਲ, ਅਨਬੋਲਤ ਆਪਣਾ ਰਾਗ ਸਮਝਾਇੰਦਾ । ਸਚ ਦਵਾਰਾ ਦੇਵੇ ਖੋਲ੍ਹ, ਖ਼ਾਲਕ ਖ਼ਲਕ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵਾਨ ਸਚ ਨਿਸ਼ਾਨ ਇਕੋ ਇਕ ਝੁਲਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਦ ਸਦ ਮਿਹਰਵਾਨ, ਮਿਹਰ ਨਜ਼ਰ ਇਕ ਉਠਾਇੰਦਾ । ਪਰੇਮ ਅੰਤਰ ਪਰੇਮ ਨਾਤਾ, ਗੁਰ ਸ਼ਬਦ ਪਰੇਮ ਜਣਾਈਆ । ਮਿਲੇ ਮੇਲ ਪੁਰਖ ਬਿਧਾਤਾ, ਬਿਧ ਇਕੋ ਇਕ ਸਮਝਾਈਆ । ਆਤਮ ਪਰਮਾਤਮ ਸਾਚੀ ਗਾਥਾ, ਸੋਹੰ ਢੋਲਾ ਸਚ ਪੜ੍ਹਾਈਆ । ਮਿਟੇ ਰੈਣ ਅੰਧੇਰੀ ਰਾਤਾ, ਨਿਰਗੁਣ ਨੂਰ ਨਜ਼ਰੀ ਆਈਆ । ਹਰਿਭਗਤ ਹਰਿ ਭਗਵਾਨ ਪਿਤਾ ਮਾਤਾ, ਪੂਤ ਸਪੂਤ ਗੋਦ ਸੁਹਾਈਆ । ਦੇਵਣਹਾਰਾ ਸਾਚੀ ਦਾਤਾ, ਨਾਮ ਦਾਨ ਝੋਲੀ ਪਾਈਆ । ਬੋਧ ਅਗਾਧ ਹੋਏ ਗਿਆਤਾ, ਬੁਧ ਬਿਬੇਕੀ ਰੂਪ ਦਰਸਾਈਆ । ਬੰਦ ਕਵਾੜੀ ਖੋਲ੍ਹੇ ਤਾਕਾ, ਬਜਰ ਕਪਾਟੀ ਪਾਰ ਕਰਾਈਆ । ਨਜ਼ਰੀ ਆਏ ਇਕੋ ਖ਼ਾਕਾ, ਬੇਤਸਵੀਰ ਬੇਨਜ਼ੀਰ ਨੂਰ ਨੂਰ ਰੁਸ਼ਨਾਈਆ । ਜਾਮ ਪਿਆਏ ਇਕੋ ਸਾਕਾ, ਸਾਕੀ ਸਚ ਸੁਰਾਹੀ ਹੱਥ ਉਠਾਈਆ । ਅੰਤਰ ਬਾਹਰ ਪੁਛੇ ਵਾਤਾ, ਮਿਹਰਵਾਨ ਹੋ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਸਤ ਭੰਡਾਰ ਹਰਿ ਨਾਮ ਆਤਮ ਝੋਲੀ ਪਾਈਆ ।

੮੨੧
੧੩

❇ ੯ ਫੱਗਣ ੨੦੧੯ ਬਿਕ੍ਰਮੀ ਰੇਸ਼ਮ ਸਿੰਘ ਦੇ ਗ੍ਰਿਹ ਮੇਰਠ ਛੌਣੀ ❇

ਸ੍ਰੀ ਭਗਵਾਨ ਖੇਲ ਅਕੱਥ, ਅਕੱਥ ਕਥ ਦ੍ਰਿੜਾਇੰਦਾ । ਸਚਖੰਡ ਦਵਾਰੇ ਸਾਚੇ ਵਸ, ਬੰਕ ਦਵਾਰਾ ਇਕ ਵਡਿਆਇੰਦਾ । ਕਰੇ ਖੇਲ ਪੁਰਖ ਸਮਰਥ, ਨਿਰਗੁਣ ਆਪਣਾ ਰਾਹ ਜਣਾਇੰਦਾ । ਗੁਰ ਅਵਤਾਰਾਂ ਰਿਹਾ ਦੱਸ, ਨੇਤਰ ਨੈਣ ਨੈਣ ਦਰਸਾਇੰਦਾ । ਪੀਰ ਪੈਗ਼ੰਬਰਾਂ ਇਸ਼ਾਰੇ ਨਾਲ ਮਿਲਾਏ ਹੱਥ, ਬੇਪਰਵਾਹ ਦਇਆ ਕਮਾਇੰਦਾ । ਜੁਗ ਚੌਕੜੀ ਰੱਖੇ ਵੱਖ ਵੱਖ, ਭੇਵ ਅਭੇਦ ਕਿਸੇ ਨਾ ਆਇੰਦਾ । ਕਲਜੁਗ ਅੰਤਮ ਹੋ ਪਰਗਟ, ਨਿਰਵੈਰ ਆਪਣੀ ਕਾਰ ਕਮਾਇੰਦਾ । ਸਚ ਦਵਾਰਾ ਖੋਲ੍ਹ ਹੱਟ, ਭਗਤ ਭਗਵਾਨ ਆਪ ਵਡਿਆਇੰਦਾ । ਏਕਾ ਦੇਵੇ ਨਾਮ ਰਸ, ਰਸ ਇਕੋ ਇਕ ਚਖਾਇੰਦਾ । ਆਤਮ ਪਰਮਾਤਮ ਗਾਏ ਜਸ, ਸੋਹਲਾ ਢੋਲਾ ਆਪ ਪੜ੍ਹਾਇੰਦਾ । ਮੇਲ ਮਿਲਾਵਾ ਨੱਸ ਨੱਸ, ਦੋ ਜਹਾਨਾਂ ਪੰਧ ਮੁਕਾਇੰਦਾ । ਹਿਰਦੇ ਅੰਦਰ ਵਸ ਵਸ, ਦੂਈ ਦਵੈਤੀ ਪੜਦਾ ਲਾਹਿੰਦਾ । ਨਿਰਮਲ ਜੋਤ ਕਰ ਪਰਕਾਸ਼ ਘਟ ਘਟ, ਪੂਰਬ ਘਾਟਾ ਪੂਰ ਕਰਾਇੰਦਾ । ਨੇੜੇ ਰੱਖੇ ਅੱਗੇ ਵਾਟ, ਬਣ ਪਾਂਧੀ ਫੇਰਾ ਪਾਇੰਦਾ । ਵਖਾਵਣਹਾਰਾ ਸਚ ਸਰੋਵਰ ਤੀਰਥ ਤਾਟ, ਗ੍ਰਿਹ ਝਿਰਨਾ ਇਕ ਝਿਰਾਇੰਦਾ । ਦੇਵਣਹਾਰ ਅਗੰਮੀ ਦਾਤ, ਨਾਮ ਨਿਧਾਨ ਝੋਲੀ ਪਾਇੰਦਾ । ਦੇਵਣਹਾਰਾ ਸੱਚਾ ਸਾਥ, ਸਗਲਾ ਸੰਗ ਨਿਭਾਇੰਦਾ । ਹੋਵਣਹਾਰ ਸਹਾਈ ਅਨਾਥਾਂ ਨਾਥ, ਦੀਨਨ ਆਪਣਾ ਰੰਗ ਰੰਗਾਇੰਦਾ । ਕੂੜੀ ਕਿਰਿਆ ਕਰਨਹਾਰਾ ਘਾਤ, ਨਾਮ ਖੰਡਾ ਇਕ ਚਮਕਾਇੰਦਾ । ਚਾਰ ਵਰਨ ਬਣਾਵਣਹਾਰਾ ਸਚ ਜਮਾਤ, ਸਾਚੀ ਸਿਖਿਆ ਇਕ ਸਮਝਾਇੰਦਾ । ਵੇਖਣਹਾਰਾ ਕਾਇਨਾਤ, ਨਵ ਸੱਤ ਫੇਰਾ ਪਾਇੰਦਾ । ਖੇਲਣਹਾਰਾ ਖੇਲ ਤਮਾਸ਼, ਬ੍ਰਹਿਮੰਡ ਖੰਡ ਮੰਡਲ ਰਾਸ ਰਚਾਇੰਦਾ । ਪੂਰੀ ਕਰਨਹਾਰਾ ਆਸ, ਜੁਗ ਚੌਕੜੀ ਨਿਰਗੁਣ ਸਰਗੁਣ ਵੇਸ ਵਟਾਇੰਦਾ । ਦਾਤਾ ਦਾਨੀ ਸਰਬ ਗੁਣ ਤਾਸ, ਗਹਿਰ ਗੰਭੀਰ ਆਪਣਾ ਰਾਹ ਚਲਾਇੰਦਾ । ਸ਼ਾਹੋ ਭੂਪ ਸ਼ਾਹ ਸ਼ਾਬਾਸ਼, ਸ਼ਹਿਨਸ਼ਾਹ ਇਕੋ ਹੁਕਮ ਮਨਾਇੰਦਾ । ਲੇਖਾ ਜਾਣ ਪ੍ਰਿਥਮੀ ਆਕਾਸ਼, ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਖੋਜ ਖੁਜਾਇੰਦਾ । ਸਚ ਦਵਾਰੇ ਕਰ ਨਿਵਾਸ, ਥਿਰ ਘਰ ਆਪਣਾ ਪੜਦਾ ਲਾਹਿੰਦਾ । ਜੋਤੀ ਜਾਤਾ ਹੋ ਪਰਕਾਸ਼, ਨਿਰਗੁਣ ਆਪਣਾ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਆਪ ਵਖਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਰਿਹਾ ਵਖਾਲ, ਬਿਨ ਨੇਤਰ ਨੈਣ ਜਣਾਈਆ । ਸਾਹਿਬ ਸਤਿਗੁਰ ਹੋ ਦਿਆਲ, ਪਾਰਬ੍ਰਹਮ ਬੇਪਰਵਾਹੀਆ । ਸਚ ਦਵਾਰ ਸੱਚੀ ਧਰਮਸਾਲ, ਸਚਖੰਡ ਵੱਜੇ ਵਧਾਈਆ । ਦੀਆ ਬਾਤੀ ਕੋਈ ਨਾ ਸਕੇ ਬਾਲ, ਨਿਰਗੁਣ ਜੋਤ ਜੋਤ ਰੁਸ਼ਨਾਈਆ । ਨਾਦ ਧੁਨ ਨਾ ਕੋਇ ਤਾਲ, ਤਲਵਾੜਾ ਨਜ਼ਰ ਕੋਇ ਨਾ ਆਈਆ । ਸਾਧ ਸੰਤ ਨਾ ਕੋਇ ਗਿਆਨ, ਵੇਦ ਸ਼ਾਸਤਰ ਸਿਮਰਤ ਨਾ ਕੋਇ ਪੜ੍ਹਾਈਆ । ਸੂਰਜ ਚੰਦ ਨਾ ਕੋਇ ਭਾਨ, ਮੰਡਲ ਮੰਡਪ ਨਾ ਕੋਇ ਵਡਿਆਈਆ । ਨਾਤਾ ਕੋਇ ਨਾ ਜ਼ਿਮੀਂ ਅਸਮਾਨ, ਲੋਕ ਪਰਲੋਕ ਨਾ ਕੋਇ ਵਖਾਈਆ । ਬ੍ਰਹਮਾ ਵਿਸ਼ਨ ਸ਼ਿਵ ਨਾ ਦੇਵੇ ਕੋਈ ਦਾਨ, ਝੋਲੀ ਅੱਗੇ ਨਾ ਕੋਇ ਡਾਹੀਆ । ਕਰੇ ਖੇਲ ਸ੍ਰੀ ਭਗਵਾਨ, ਭਗਵਨ ਆਪਣੀ ਖੇਲ ਕਰਾਈਆ । ਇਕ ਇਕੱਲਾ ਨੌਜਵਾਨ, ਨਿਰਵੈਰ ਆਸਣ ਲਾਈਆ । ਤਖ਼ਤ ਨਿਵਾਸੀ ਸ਼ਾਹ ਸੁਲਤਾਨ, ਸ਼ਹਿਨਸ਼ਾਹ ਆਪਣਾ ਹੁਕਮ ਮਨਾਈਆ । ਜੁਗ ਚੌਕੜੀ ਖੇਲ ਮਹਾਨ, ਕੋਟਨ ਕੋਟ ਕਾਲ ਗੇੜੇ ਵਿਚ ਰਖਾਈਆ । ਗੁਰ ਅਵਤਾਰਾਂ ਦੇ ਦੇ ਦਾਨ, ਸਮਰਥ ਆਪਣਾ ਭੇਵ ਖੁਲ੍ਹਾਈਆ । ਪੀਰ ਪੈਗ਼ੰਬਰਾਂ ਦੱਸ ਕਲਾਮ, ਕਲਮਾ ਨਬੀ ਰਸੂਲ ਜਣਾਈਆ ।

ਮਿਹਬਾਨ ਬੀਦੋ ਸਚ ਘਰ ਧਾਮ, ਮੁਕਾਮੇ ਹੱਕ ਖੇਲ ਰਚਾਈਆ । ਦਰਗਹਿ ਸਾਚੀ ਹੋ ਪਰਧਾਨ, ਸਤਿ ਪਰਧਾਨਗੀ ਇਕ ਦ੍ਰਿੜਾਈਆ । ਨੇਤਰ ਖੋਲ੍ਹ ਕਰੋ ਪਹਿਚਾਨ, ਪਹਿਚਾਨ ਰਿਹਾ ਸਮਝਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦੇਂਦੇ ਰਹੇ ਗਿਆਨ, ਜਗਤ ਵਿਦਿਆ ਕਰ ਪੜ੍ਹਾਈਆ । ਅੱਖਰਾਂ ਅੱਖਰਾਂ ਨਾਲ ਕਰ ਵਖਿਆਨ, ਵੱਖਰੋ ਵੱਖਰ ਧਾਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰ ਅਵਤਾਰ ਪੀਰ ਪੈਗ਼ੰਬਰ ਰਿਹਾ ਜਗਾਈਆ । ਪੀਰ ਪੈਗ਼ੰਬਰ ਜਾਗੋ ਖੋਲ੍ਹੋ ਅੱਖ, ਸੋ ਸਾਹਿਬ ਆਪ ਜਗਾਇੰਦਾ । ਨਿਰਗੁਣ ਨੂਰ ਵੇਖ ਪਰਤੱਖ, ਪਰਮ ਪੁਰਖ ਭੇਵ ਖੁਲ੍ਹਾਇੰਦਾ । ਨਾ ਕੋਈ ਦਿਸੇ ਕੁੱਲੀ ਕੱਖ, ਮਹੱਲ ਅਟੱਲ ਨਾ ਕੋਇ ਸੁਹਾਇੰਦਾ । ਘਟ ਘਟ ਅੰਦਰ ਰਿਹਾ ਵਸ, ਵਸਣਹਾਰਾ ਨਜ਼ਰ ਕਿਸੇ ਨਾ ਆਇੰਦਾ । ਨਿਰਗੁਣ ਜੋਤ ਕਰ ਪਰਕਾਸ਼, ਨੂਰ ਨੂਰਾਨਾ ਡਗਮਗਾਇੰਦਾ । ਖੇਲੇ ਖੇਲ ਅਗੰਮ ਅਥਾਹ ਬੇਪਰਵਾਹ ਸਾਚੇ ਮੰਡਲ ਪਾਵੇ ਰਾਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਖੇਲ ਆਪ ਸਮਝਾਇੰਦਾ । ਸਾਚਾ ਖੇਲ ਕਰੇ ਭਗਵਾਨ, ਭਗਵਨ ਆਪਣੀ ਦਇਆ ਕਮਾਈਆ । ਜੁਗ ਚੌਕੜੀ ਵੇਖੇ ਮਾਰ ਧਿਆਨ, ਧਿਆਨ ਧਿਆਨ ਵਿਚ ਰਖਾਈਆ । ਗੁਰ ਅਵਤਾਰ ਕਰਦੇ ਗਏ ਕਲਿਆਣ, ਕਲਮਾ ਨਬੀ ਰਸੂਲ ਪੜ੍ਹਾਈਆ । ਸੱਚਾ ਸੰਦੇਸਾ ਦੇਂਦੇ ਗਏ ਵਖਿਆਨ, ਸਿਫ਼ਤੀ ਸਿਫ਼ਤ ਸਾਲਾਹੀਆ । ਸਰਗੁਣ ਨਿਰਗੁਣ ਧਰਦੇ ਗਏ ਧਿਆਨ, ਚਰਨ ਕਵਲ ਕਵਲ ਸਰਨਾਈਆ । ਗੁਰ ਅਵਤਾਰ ਸ਼ਬਦੀ ਸ਼ਬਦ ਦੇਂਦੇ ਗਏ ਬਿਆਨ, ਰਸਨਾ ਜਿਹਵਾ ਢੋਲੇ ਗਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੁਗ ਚੌਕੜੀ ਹੋ ਪਰਧਾਨ, ਪੰਜ ਤੱਤ ਦਏ ਵਡਿਆਈਆ । ਤੱਤਵ ਤੱਤ ਖੇਲ ਮਹਾਨ, ਖ਼ਾਲਕ ਖ਼ਲਕ ਵੇਖ ਵਖਾਈਆ । ਪਰਵਰਦਿਗਾਰ ਬੇਪਹਿਚਾਨ, ਨੂਰ ਜ਼ਹੂਰ ਨਜ਼ਰ ਕਿਸੇ ਨਾ ਆਈਆ । ਲੇਖਾ ਜਾਣੇ ਦੋ ਜਹਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਰਿਹਾ ਦ੍ਰਿੜਾਈਆ । ਸਾਚਾ ਲੇਖਾ ਦੱਸੇ ਆਪ, ਪ੍ਰਭ ਆਪਣੀ ਦਇਆ ਕਮਾਇੰਦਾ । ਜੁਗ ਚੌਕੜੀ ਜਿਸ ਦਾ ਕਰਦੇ ਰਹੇ ਜਾਪ, ਸੋ ਪੁਰਖ ਨਿਰੰਜਣ ਆਪ ਸਮਝਾਇੰਦਾ । ਆਦਿ ਅੰਤ ਜੁਗਾ ਜੁਗੰਤ ਜਿਸ ਦਾ ਸੱਚਾ ਪਾਠ, ਪਾਠਸ਼ਾਲਾ ਇਕ ਵਖਾਇੰਦਾ । ਸਚ ਸਰੋਵਰ ਵਖਾਏ ਘਾਟ, ਤਟ ਕਿਨਾਰਾ ਨਜ਼ਰ ਕੋਇ ਨਾ ਆਇੰਦਾ । ਜਿਸ ਦੀ ਤੱਕਦੇ ਰਹੇ ਵਾਟ, ਸੋ ਪਾਂਧੀ ਆਪਣਾ ਫੇਰਾ ਪਾਇੰਦਾ । ਕਲਜੁਗ ਵੇਖ ਅੰਧੇਰੀ ਰਾਤ, ਨਿਰਗੁਣ ਨੂਰ ਚੰਦ ਚਮਕਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਭਗਤ ਭਗਵਾਨ ਦੱਸੇ ਸਾਚੀ ਗਾਥ, ਸਾਚਾ ਮੰਤਰ ਇਕ ਪੜ੍ਹਾਇੰਦਾ । ਲੇਖਾ ਜਾਣ ਤ੍ਰੈਲੋਕੀ ਨਾਥ, ਲੋਕ ਪਰਲੋਕ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰ ਅਵਤਾਰਾਂ ਲੇਖਾ ਆਪ ਜਣਾਇੰਦਾ । ਆਓ ਵੇਖੋ ਸੱਚਾ ਰਾਹ, ਹਰਿ ਸਤਿਗੁਰ ਆਪ ਜਣਾਈਆ । ਪਰਗਟ ਹੋਇਆ ਬੇਪਰਵਾਹ, ਬੇਅੰਤ ਵਡ ਵਡਿਆਈਆ । ਸਚ ਇਸ਼ਾਰਾ ਦਏ ਜਣਾ, ਰਹਿਬਰ ਨੂਰ ਖ਼ੁਦਾਈਆ । ਰਹਿਮਤ ਆਪ ਦਏ ਕਮਾ, ਮਿਹਰ ਨਜ਼ਰ ਆਪ ਉਠਾਈਆ । ਲੇਖਾ ਚੁਕੇ ਕਾਗ਼ਜ਼ ਕਲਮ ਛਾਹ, ਸ਼ਹਿਨਸ਼ਾਹ ਇਕੋ ਹੁਕਮ ਜਣਾਈਆ । ਵੇਖਣਹਾਰਾ ਥਾਉਂ ਥਾਂ, ਚੌਦਾਂ ਲੋਕ ਚੌਦਾਂ ਤਬਕ ਫੇਰਾ ਪਾਈਆ । ਦ੍ਰਿੜਾਵਣਹਾਰਾ ਸੱਚਾ ਨਾਂ, ਨਾਉਂ ਨਿਰੰਕਾਰਾ ਇਕ ਸਮਝਾਈਆ । ਆਤਮ ਪਰਮਾਤਮ ਪਰਮਾਤਮ ਆਤਮ ਲਏ ਮਿਲਾ, ਮੇਲ ਮਿਲਾਵਾ ਆਪਣੇ ਹੱਥ ਰਖਾਈਆ । ਫੜ ਫੜ ਹੰਸ ਬਣਾਏ ਕਾਂ, ਕਾਗੋਂ ਹੰਸ ਉਡਾਈਆ । ਦੇਵਣਹਾਰਾ ਠੰਡੀ ਛਾਂ, ਸਿਰ ਆਪਣਾ ਹੱਥ ਟਿਕਾਈਆ । ਭਗਤ ਭਗਵਾਨ ਲਏ ਜਗਾ,

ਜਾਗਰਤ ਜੋਤ ਕਰੇ ਰੁਸ਼ਨਾਈਆ । ਸਾਚੀ ਸਿਖਿਆ ਦਏ ਦ੍ਰਿੜਾ, ਦ੍ਰਿੜ ਵਿਸ਼ਵਾਸ਼ ਇਕ ਸਿਖਾਈਆ । ਨਾ ਕੋਈ ਖਾਏ ਸੂਰ ਨਾ ਕੋਈ ਗਾਂ, ਕੂੜੀ ਕਿਰਿਆ ਨਾਤਾ ਦਏ ਤੁੜਾਈਆ । ਧਰਮ ਵਖਾਏ ਇਕ ਨਿਸ਼ਾਨ, ਚਾਰ ਵਰਨ ਇਕ ਸਰਨਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਰੰਗ ਰੰਗਾ, ਦੁਰਮਤ ਮੈਲ ਧਵਾਈਆ । ਘਰ ਡੰਕਾ ਇਕ ਵਜਾ, ਘਰ ਅਨਹਦ ਨਾਦ ਸੁਣਾਈਆ । ਬ੍ਰਹਮ ਬ੍ਰਹਿਮਾਦੀ ਖੋਜ ਖੁਜਾ, ਡੂੰਘੀ ਕੰਦਰ ਵੇਖ ਵਖਾਈਆ । ਸੂਰਾ ਸਰਬੰਗਾ ਦਇਆ ਕਮਾ, ਸ਼ਹਿਨਸ਼ਾਹ ਮਿਹਰ ਨਜ਼ਰ ਉਠਾਈਆ । ਜ਼ਾਤ ਪਾਤ ਦੀਨ ਮਜ਼੍ਹਬ ਲੇਖਾ ਦਏ ਮੁਕਾ, ਲੇਖਾ ਚੁਕੇ ਸਰਬ ਲੋਕਾਈਆ । ਨਵ ਖੰਡ ਪ੍ਰਿਥਮੀ ਸੱਤ ਦੀਪ ਏਕਾ ਹੁਕਮ ਦਏ ਮਨਾ, ਹੁਕਮੇ ਅੰਦਰ ਸਰਬ ਸਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਨੇਤਰ ਵੇਖੇ ਨੈਣ ਉਠਾ, ਨਿਰਗੁਣ ਨਿਰੰਕਾਰ ਰਿਹਾ ਸਮਝਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੋ ਵੰਡਾਂ ਆਏ ਪਾ, ਵੇਲੇ ਅੰਤ ਲੇਖਾ ਦਏ ਮੁਕਾਈਆ । ਪਿਛਲੀਆਂ ਗੰਢਾਂ ਲਓ ਖੁਲ੍ਹਾ, ਅੱਗੇ ਬੰਦ ਨਾ ਕੋਇ ਕਰਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਚਾਰ ਖਾਣੀ ਚਾਰ ਬਾਣੀ ਇਕੋ ਮੰਤਰ ਦਏ ਪੜ੍ਹਾ, ਚਾਰ ਵਰਨ ਇਕ ਸਰਨਾਈਆ । ਸਾਚਾ ਮੰਦਰ ਮਹੱਲ ਅਟੱਲ ਉਚ ਮਨਾਰਾ ਦਏ ਵਸਾ, ਮਹਿਫ਼ਲ ਆਪਣੇ ਨਾਮ ਲਗਾਈਆ । ਸਚ ਸੰਦੇਸ ਨਰ ਨਰੇਸ਼ ਨਿਰਗੁਣ ਦਾਤਾ ਪੁਰਖ ਬਿਧਾਤਾ ਦੋ ਜਹਾਨਾਂ ਦਏ ਸੁਣਾ, ਵਿਸ਼ਨ ਬ੍ਰਹਮਾ ਸ਼ਿਵ ਆਪ ਜਣਾਈਆ । ਕਰੇ ਖੇਲ ਬੇਪਰਵਾਹ, ਬੇਪਰਵਾਹੀ ਆਪਣੀ ਆਪ ਜਣਾਈਆ । ਲੱਖ ਚੁਰਾਸੀ ਖੋਜ ਖੁਜਾ, ਘਰ ਘਰ ਆਪਣਾ ਫੇਰਾ ਪਾਈਆ । ਭਗਤ ਭਗਵੰਤ ਲਏ ਮਿਲਾ, ਮਿਲ ਮਿਲ ਆਪਣਾ ਭੇਵ ਜਣਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਪਹਿਲੋਂ ਲਏ ਉਠਾ, ਫੇਰ ਕਰੇ ਸਚ ਰਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਚ ਰਿਹਾ ਜਣਾਈਆ । ਸਚ ਸੰਦੇਸਾ ਦੇਵੇ ਆ, ਮਿਹਰਵਾਨ ਦਇਆ ਕਮਾਇੰਦਾ । ਕਰੇ ਖੇਲ ਸੱਚਾ ਸ਼ਹਿਨਸ਼ਾਹ, ਸ਼ਾਹ ਪਾਤਸ਼ਾਹ ਆਪਣਾ ਹੁਕਮ ਚਲਾਇੰਦਾ । ਸਚਖੰਡ ਦਵਾਰਾ ਇਕ ਖੁਲ੍ਹਾ, ਖ਼ਾਲਕ ਖ਼ਲਕ ਵੇਖ ਵਖਾਇੰਦਾ । ਸਾਚੀ ਸਦਾ ਆਵਾਜ਼ ਇਕ ਲਗਾ, ਨਾਅਰਾ ਹੱਕ ਹੱਕ ਦ੍ਰਿੜਾਇੰਦਾ । ਮੰਤਰ ਅੰਤਰ ਇਕ ਪੜ੍ਹਾ, ਪੁਸਤਕ ਹੱਥ ਨਾ ਕੋਇ ਫੜਾਇੰਦਾ । ਬਣਤਰ ਸਾਚੀ ਲਏ ਬਣਾ, ਭਗਤ ਭਗਵਾਨ ਆਪ ਜਣਾਇੰਦਾ । ਜਿਸ ਦਾ ਤੱਕਦੇ ਰਾਹ, ਨੇਤਰ ਨੈਣ ਸਰਬ ਉਠਾਇੰਦਾ । ਜਿਸ ਨੂੰ ਕਬੀਰ ਨਾਨਕ ਰਹੇ ਸਾਲਾਹ, ਸੋ ਸਾਹਿਬ ਫੇਰਾ ਪਾਇੰਦਾ । ਕਲਜੁਗ ਲਹਿਣਾ ਦਏ ਮਿਟਾ, ਦੇਣਾ ਆਪਣੇ ਹੱਥ ਰਖਾਇੰਦਾ । ਸਾਚੀ ਕਰਨੀ ਆਪ ਕਮਾ, ਕਰਤਾ ਪੁਰਖ ਨਿਹਕਰਮੀ ਕਰਮ ਕਮਾਇੰਦਾ । ਦੋ ਜਹਾਨਾਂ ਮਾਰਗ ਇਕੋ ਲਾ, ਦੇਵਤ ਸੁਰ ਆਪ ਸਮਝਾਇੰਦਾ । ਬ੍ਰਹਮਾਵੇਤਾ ਨੈਣ ਸ਼ਰਮਾ, ਸ਼ੰਕਰ ਅੱਖ ਨਾ ਕੋਇ ਉਠਾਇੰਦਾ । ਵਿਸ਼ਨੂੰ ਦੋਏ ਜੋੜ ਸਰਨਾ, ਸਰਨਗਤ ਇਕ ਤਕਾਇੰਦਾ । ਗੁਰ ਅਵਤਾਰ ਬੈਠੇ ਧਿਆਨ ਲਗਾ, ਧਿਆਨ ਧਿਆਨ ਵਿਚ ਜਣਾਇੰਦਾ । ਪੀਰ ਪੈਗ਼ੰਬਰ ਨੇਤਰ ਨੈਣਾਂ ਨੀਰ ਰਹੇ ਵਹਾ, ਧੀਰਜ ਧੀਰ ਨਾ ਕੋਇ ਵਖਾਇੰਦਾ । ਕਰੇ ਖੇਲ ਆਪ ਖ਼ੁਦਾ, ਖ਼ੁਦੀ ਸਭ ਦੀ ਮੇਟ ਮਿਟਾਇੰਦਾ । ਵਰਨ ਬਰਨ ਜੋ ਕੀਤੇ ਜੁਦਾ, ਸਰਨ ਇਕੋ ਇਕ ਦਰਸਾਇੰਦਾ । ਭਗਤ ਭਗਵਾਨ ਨੇਤਰ ਹਰਨ ਫਰਨ ਦਏ ਖੁਲ੍ਹਾ, ਅਗਿਆਨ ਅੰਧੇਰ ਨਾ ਕੋਇ ਰਖਾਇੰਦਾ । ਸਾਚੀ ਉਂਗਲੀ ਆਪੇ ਲਾ, ਸਾਚੇ ਮਾਰਗ ਆਪੇ ਪਾਇੰਦਾ । ਮਹੱਲ ਅਟੱਲ ਇਕ ਰੋਸ਼ਨਾ, ਦੀਵਾ ਬਾਤੀ ਡਗਮਗਾਇੰਦਾ । ਕਮਲਾਪਾਤੀ ਖੇਲ ਖਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਧੁਰ ਦੀ ਧਾਰ ਆਪ ਸਮਝਾਇੰਦਾ । ਸੋ ਪੁਰਖ

੮੨੪
੧੩

ਨਿਰੰਜਣ ਬੇਪਰਵਾਹ, ਕਲਜੁਗ ਅੰਤਮ ਵੇਸ ਵਟਾਇੰਦਾ । ਜੋਤੀ ਜਾਤਾ ਸ਼ਹਿਨਸ਼ਾਹ, ਪਿਛਲੀ ਕਰਨੀ ਆਪਣੇ ਲੇਖੇ ਪਾਇੰਦਾ । ਅਗਲਾ ਮਾਰਗ ਦਏ ਸਮਝਾ, ਸਾਚੀ ਰੀਤੀ ਇਕ ਸਿਖਾਇੰਦਾ । ਦੂਸਰ ਦੇਵੇ ਨਾ ਕੋਇ ਸਲਾਹ, ਭਗਤ ਭਗਵਾਨ ਮੇਲ ਮਿਲਾਇੰਦਾ । ਮੇਲ ਮਿਲਾਵਾ ਆਤਮ ਪਰਮਾਤਮ ਏਕਾ ਥਾਂ, ਸਾਚਾ ਸੰਗ ਆਪ ਰਖਾਇੰਦਾ । ਆਪ ਆਪਣੀ ਸੇਵ ਕਮਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸੁਣਾਇੰਦਾ । ਸਚ ਸੰਦੇਸਾ ਸੁਣੋ ਮੀਤ, ਗੁਰ ਅਵਤਾਰ ਪੀਰ ਪੈਗ਼ੰਬਰ ਹਰਿ ਜਣਾਇੰਦਾ । ਸਤਿਜੁਗ ਚਲਾਏ ਸਾਚੀ ਰੀਤ, ਰੀਤੀਵਾਨ ਫੇਰਾ ਪਾਇੰਦਾ । ਭਗਤ ਭਗਵਾਨ ਰੱਖੇ ਅਤੀਤ, ਤ੍ਰੈਗੁਣ ਨਾਤਾ ਤੋੜ ਤੁੜਾਇੰਦਾ । ਪੰਜ ਤੱਤ ਕਰੇ ਠੰਡਾ ਸੀਤ, ਸੀਤਲ ਧਾਰਾ ਅੰਮ੍ਰਿਤ ਮੇਘ ਬਰਸਾਇੰਦਾ । ਸਚ ਸੁਣਾਏ ਸੁਹਾਗੀ ਗੀਤ, ਸੋਹੰ ਅੱਖਰ ਇਕ ਪੜ੍ਹਾਇੰਦਾ । ਕਰੇ ਕਰਾਏ ਪਤਤ ਪੁਨੀਤ, ਪਤਤ ਪਾਪੀ ਲੇਖੇ ਲਾਇੰਦਾ । ਜਿਨ੍ਹਾਂ ਵਸਿਆ ਸਾਹਿਬ ਚੀਤ, ਚਿਤਵਿਤ ਠਗੋਰੀ ਕੋਇ ਨਾ ਪਾਇੰਦਾ । ਲੇਖਾ ਇਕੋ ਜਿਹਾ ਹਸਤ ਕੀਟ, ਊਚ ਨੀਚ ਨਾ ਕੋਇ ਵਡਿਆਇੰਦਾ । ਕਰਵਟ ਦੇਵਣਹਾਰਾ ਬਦਲੇ ਆਪਣੀ ਪੀਠ, ਜਨ ਭਗਤਾਂ ਵੇਖ ਵਖਾਇੰਦਾ । ਸਾਹਿਬ ਸੁਲਤਾਨ ਕਰ ਬਖ਼ਸ਼ੀਸ਼, ਬਖ਼ਸ਼ਸ਼ ਆਪਣੀ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਰਹਿਬਰ ਇਕੋ ਇਕ ਅਖਵਾਇੰਦਾ । ਰਹਿਬਰ ਬਣ ਸ੍ਰੀ ਭਗਵੰਤ, ਸਾਹਿਬ ਵੱਡੀ ਵਡਿਆਈਆ । ਵੇਖਣਹਾਰਾ ਲੱਖ ਚੁਰਾਸੀ ਜੀਵ ਜੰਤ, ਜੀਵਣ ਯੁਗਤੀ ਇਕ ਸਮਝਾਈਆ । ਭਗਤ ਭਗਵਾਨ ਮੇਲ ਮਿਲਾਵਾ ਨਾਰ ਕੰਤ, ਆਤਮ ਪਰਮਾਤਮ ਸੁਹੰਜਣੀ ਸੇਜ ਹੰਢਾਈਆ । ਅੰਦਰ ਬਾਹਰ ਬਣਾਏ ਸਾਚੀ ਬਣਤ, ਨੇਤਰ ਨਜ਼ਰ ਕਿਸੇ ਨਾ ਆਈਆ । ਹਰਿਜਨ ਵਖਾਏ ਮਹਿਮਾ ਅਗਣਤ, ਬੇਅੰਤ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕੋ ਇਕ ਅਲਾਈਆ । ਸਚ ਸੰਦੇਸਾ ਦੇਵੇ ਬੋਲ, ਸ੍ਰੀ ਭਗਵਾਨ ਦਇਆ ਕਮਾਇੰਦਾ । ਸਤਿ ਦਵਾਰਾ ਇਕੋ ਖੋਲ੍ਹ, ਧਰਮ ਦਵਾਰਾ ਆਪ ਵਡਿਆਇੰਦਾ । ਭਗਤਾਂ ਰੱਖੇ ਸਦਾ ਕੋਲ, ਜਗਤ ਵਛੋੜਾ ਪੰਧ ਮੁਕਾਇੰਦਾ । ਧਾਮ ਜਣਾਏ ਇਕ ਅਡੋਲ, ਆਦਿ ਜੁਗਾਦਿ ਨਾ ਕੋਇ ਡੁਲਾਇੰਦਾ । ਅੰਮ੍ਰਿਤ ਦੇਵੇ ਸਾਚੀ ਪੌਹਲ, ਰਸ ਇਕੋ ਇਕ ਵਖਾਇੰਦਾ । ਹਰਿਜਨ ਲੱਖ ਚੁਰਾਸੀ ਕੱਢੇ ਵਰੋਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਇਕ ਸਮਝਾਇੰਦਾ । ਸਚ ਦਵਾਰ ਸੁਹਾਵਣਾ, ਸੋ ਸਾਹਿਬ ਆਪ ਸੁਹਾਈਆ । ਬਿਨ ਭਗਤਾਂ ਨਜ਼ਰ ਕਿਸੇ ਨਾ ਆਵਣਾ, ਨੇਤਰ ਬੰਦ ਸਰਬ ਲੋਕਾਈਆ । ਗੁਰ ਅਵਤਾਰ ਢੋਲਾ ਗਾਵਣਾ, ਪੀਰ ਪੈਗ਼ੰਬਰ ਕਰਨ ਸ਼ਨਵਾਈਆ । ਭਗਤ ਭਗਵਾਨ ਵੇਖ ਵਖਾਵਣਾ, ਵੇਖਣਹਾਰਾ ਥਾਉਂ ਥਾਈਂਆ । ਕਲਜੁਗ ਵੇਲਾ ਅੰਤ ਸੁਹਾਵਣਾ, ਸੋਭਾਵੰਤ ਰੁੱਤ ਰੁੱਤੜੀ ਆਪ ਮਹਿਕਾਈਆ । ਸਾਚਾ ਮੰਦਰ ਇਕ ਵਡਿਆਵਣਾ, ਨਿਰਗੁਣ ਜੋਤ ਕਰ ਰੁਸ਼ਨਾਈਆ । ਪਰਮ ਪੁਰਖ ਏਕਾ ਪਾਵਣਾ, ਪਾਰਬ੍ਰਹਮ ਸੱਚੀ ਸਰਨਾਈਆ । ਪੀਰ ਪੈਗ਼ੰਬਰ ਵੇਖ ਕੁਰਲਾਵਣਾ, ਉਚੀ ਕੂਕਣ ਦੇਣ ਦੁਹਾਈਆ । ਕਰੇ ਖੇਲ ਕੀ ਸ੍ਰੀ ਭਗਵਾਨਨਾ, ਭੇਵ ਅਭੇਦ ਨਾ ਕਿਸੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਪੀਰ ਪੈਗ਼ੰਬਰ ਹੋਏ ਹੈਰਾਨ, ਹਰਿ ਕਾ ਭੇਵ ਕੋਇ ਨਾ ਆਈਆ । ਦੂਰ ਦੁਰਾਡੇ ਦੱਸਦੇ ਰਹੇ ਨਿਸ਼ਾਨ, ਸਿਫ਼ਤੀ ਸਿਫ਼ਤ ਸਿਫ਼ਤ ਸਲਾਹੀਆ । ਕਲਮਾ ਸਿਫ਼ਤ ਕਰੇ ਕੁਰਾਨ, ਕਾਇਆ ਕਾਅਬਾ ਦੋ ਦੋ ਆਬਾ ਰੂਪ ਨਜ਼ਰ ਕੋਇ ਨਾ ਆਈਆ । ਨਜ਼ਰ ਨਾ ਆਏ ਹੱਕ ਅਮਾਮ, ਈਮਾਨ ਰੂਪ ਨਾ ਕੋਇ ਦਰਸਾਈਆ ।

ਕਰੇ ਖੇਲ ਨੌਜਵਾਨ, ਕਲਜੁਗ ਅੰਤਮ ਬੇਪਰਵਾਹੀਆ । ਚੌਦਾਂ ਤਬਕ ਸਰਬ ਪਛਤਾਣ, ਪਸਚਾਤਾਪ ਕਰੇ ਲੋਕਾਈਆ । ਪਰਗਟ ਹੋਇਆ ਇਕ ਬਲਵਾਨ, ਗ਼ਲਬਾ ਸਭ ਦੇ ਉਪਰ ਪਾਈਆ । ਵਸਣਹਾਰਾ ਸਚ ਮਕਾਨ, ਬੇਮੁਕਾਮ ਆਪ ਅਖਵਾਈਆ । ਕਰਨਹਾਰਾ ਬਰਦੇ ਗ਼ੁਲਾਮ, ਪੀਰ ਪੈਗ਼ੰਬਰ ਦਰ ਦਰਵੇਸ਼ ਬਹਾਈਆ । ਮਿਟਾਵਣਹਾਰ ਅੰਧੇਰੀ ਸ਼ਾਮ, ਸ਼ਮਾ ਨੂਰ ਚੰਦ ਰੁਸ਼ਨਾਈਆ । ਜਣਾਵਣਹਾਰਾ ਸਚ ਕਲਾਮ, ਕਲਮਾ ਕਾਇਨਾਤ ਪੜ੍ਹਾਈਆ । ਅਖਵੌਣਹਾਰਾ ਸੱਚਾ ਰਾਮ, ਰਾਮ ਇਕੋ ਨਜ਼ਰੀ ਆਈਆ । ਪਰਗਟਾਵਣਹਾਰਾ ਸੱਚਾ ਕਾਹਨ, ਘਨੱਯਾ ਆਪਣਾ ਰੰਗ ਰੰਗਾਈਆ । ਪਿਆਵਣਹਾਰਾ ਸੱਚਾ ਜਾਮ, ਅੰਮ੍ਰਿਤ ਝਿਰਨਾ ਇਕ ਝਿਰਾਈਆ । ਦੇਵਣਹਾਰਾ ਸਚ ਪੈਗ਼ਾਮ, ਹੱਕ ਹਕੀਕਤ ਦਏ ਦ੍ਰਿੜਾਈਆ । ਦ੍ਰਿੜਾਵਣਹਾਰਾ ਸਤਿ ਨਾਮ, ਸਤਿ ਸਤਿਵਾਦ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਦੇਵਣਹਾਰ ਵਡਿਆਈਆ । ਭਗਤਨ ਦੇਵੇ ਹਰਿ ਵਡਿਆਈ, ਹਰਿ ਵੱਡਾ ਵਡ ਵਡਿਆਇੰਦਾ । ਕਲਜੁਗ ਅੰਤ ਕਰ ਕੁੜਮਾਈ, ਜੋਤੀ ਸ਼ਬਦੀ ਜੋੜ ਜੁੜਾਇੰਦਾ । ਆਤਮ ਪਰਮਾਤਮ ਵੱਜੇ ਵਧਾਈ, ਸਗਲਾ ਸੰਗ ਰਖਾਇੰਦਾ । ਸਤਿ ਦਵਾਰ ਇਕ ਖੁਲ੍ਹਾਈ, ਦਰ ਦਰਵਾਜ਼ਾ ਆਪੇ ਲਾਹਿੰਦਾ । ਨਿਰਗੁਣ ਸਰਗੁਣ ਵੇਖੇ ਚਾਈਂ ਚਾਈਂ, ਚਾਉ ਘਨੇਰਾ ਇਕ ਜਣਾਇੰਦਾ । ਸੰਤ ਸੁਹੇਲੇ ਪਕੜ ਉਠਾਏ ਫੜ ਫੜ ਬਾਂਹੀਂ, ਫੜ ਬਾਂਹੋਂ ਗਲੇ ਲਗਾਇੰਦਾ । ਗੁਰਮੁਖਾਂ ਮੇਲੇ ਇਕੋ ਥਾਈਂ, ਥਾਨ ਥਨੰਤਰ ਆਪ ਜਣਾਇੰਦਾ । ਗੁਰਸਿਖਾਂ ਮੇਟੇ ਪਿਛਲੀ ਛਾਹੀ, ਦੁਰਮਤ ਮੈਲ ਧਵਾਇੰਦਾ । ਸਾਚੇ ਮਾਰਗ ਪਾਏ ਰਾਹੀ, ਜੁਗ ਚੌਕੜੀ ਪੰਧ ਮੁਕਾਇੰਦਾ । ਅੱਗੇ ਪਿਛੇ ਹੋ ਕੇ ਸੇਵ ਕਮਾਈ, ਸੇਵਾਦਾਰ ਆਪਣੀ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਆਪ ਵਡਿਆਇੰਦਾ । ਭਗਤਾਂ ਦੇਵੇ ਮਾਣ, ਵੱਡੀ ਵਡਿਆਈਆ । ਸਚ ਸੰਦੇਸਾ ਧੁਰ ਫ਼ਰਮਾਨ, ਸਤਿ ਸਤਿਵਾਦੀ ਰਾਹ ਜਣਾਈਆ । ਨਿਰਗੁਣ ਸਰਗੁਣ ਕਰ ਪਹਿਚਾਨ, ਆਤਮ ਪਰਮਾਤਮ ਜੋੜ ਜੁੜਾਈਆ । ਸਾਚਾ ਢੋਲਾ ਸੁਣਾਏ ਗਾਣ, ਗਾਵਤ ਗਾ ਗਾ ਖ਼ੁਸ਼ੀ ਮਨਾਈਆ । ਧਰਮ ਵਖਾਏ ਇਕ ਨਿਸ਼ਾਨ, ਨਿਸ਼ਾਨਾ ਇਕੋ ਇਕ ਝੁਲਾਈਆ । ਲੇਖਾ ਚੁਕੇ ਆਵਣ ਜਾਣ, ਗੇੜ ਚੁਰਾਸੀ ਰਹਿਣ ਨਾ ਪਾਈਆ । ਰਾਏ ਧਰਮ ਦੀ ਮੁਕੇ ਕਾਣ, ਚਿਤਰ ਗੁਪਤ ਨਾ ਲੇਖ ਵਖਾਈਆ । ਲਾੜੀ ਮੌਤ ਹੋਏ ਹੈਰਾਨ, ਨੇਤਰ ਨੈਣਾਂ ਨੀਰ ਵਹਾਈਆ । ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਜਨ ਭਗਤਾਂ ਗੋਦ ਉਠਾਈਆ । ਗੋਦੀ ਚੁੱਕ ਬਾਲ ਅੰਞਾਣ, ਆਪ ਆਪਣੇ ਅੰਗ ਲਗਾਈਆ । ਸਚ ਵਖਾਏ ਇਕ ਬਬਾਣ, ਨਾਮ ਬਬਾਣਾ ਆਪ ਪਰਗਟਾਈਆ । ਚਾਰੇ ਜੁਗ ਕਰਨ ਧਿਆਨ, ਨੇਤਰ ਨੈਣ ਨੈਣ ਉਠਾਈਆ । ਗੁਰ ਅਵਤਾਰ ਵੇਖਣ ਆਣ, ਆ ਆ ਸ਼ੁਕਰ ਮਨਾਈਆ । ਪੀਰ ਪੈਗ਼ੰਬਰ ਚਰਨ ਧੂੜੀ ਖ਼ਾਕ ਰਮਾਣ, ਟਿੱਕਾ ਮਸਤਕ ਇਕੋ ਲਾਈਆ । ਵਿਸ਼ਨ ਬ੍ਰਹਮਾ ਸ਼ਿਵ ਗਾਇਨ ਗਾਨ, ਮੰਗਲਾਚਾਰ ਥਾਉਂ ਥਾਈਆ । ਭਗਤ ਭਗਵਾਨ ਇਕੱਠੇ ਜਾਣ, ਅਧਵਿਚਕਾਰ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਧਾਰ ਰਿਹਾ ਵਖਾਈਆ । ਧੁਰ ਦੀ ਧਾਰ ਦੱਸਣ ਜੋਗ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਭਗਤ ਭਗਵਾਨ ਹੋਇਆ ਸੰਜੋਗ, ਧੁਰ ਸੰਜੋਗੀ ਮੇਲ ਮਿਲਾਇੰਦਾ । ਜਿਸ ਜਨ ਸੋਹੰ ਚੁਗੀ ਚੋਗ, ਜਗਤ ਤ੍ਰਿਸ਼ਨਾ ਭੁੱਖ ਮਿਟਾਇੰਦਾ । ਜਨਮ ਕਰਮ ਦਾ ਕੱਟ ਰੋਗ, ਨਿਹਕਰਮੀ ਕਰਮ ਕਮਾਇੰਦਾ । ਸਚ ਦਰਸਾਏ ਇਕੋ ਓਟ, ਪੁਰਖ ਅਕਾਲ ਵੇਖ ਵਖਾਇੰਦਾ । ਨਾਮ ਨਗਾਰੇ ਲਾਏ ਚੋਟ, ਤੱਤਵ ਤੱਤ ਤਾਲ ਜਣਾਇੰਦਾ । ਮੇਲ ਮਿਲਾਵਾ ਨਿਰਮਲ ਜੋਤ, ਜੋਤੀ

੮੨੬
੧੩

ਜੋਤ ਆਪ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਆਪ ਵਡਿਆਇੰਦਾ । ਜਨ ਭਗਤ ਵਡਿਆਏ ਕਲਜੁਗ ਅੰਤ, ਹਰਿ ਸਤਿਗੁਰ ਵਡ ਵਡਿਆਈਆ । ਇਕ ਦ੍ਰਿੜਾਏ ਸਾਚਾ ਮੰਤ, ਮੰਤਰ ਇਕੋ ਨਾਮ ਸਮਝਾਈਆ । ਗੜ੍ਹ ਤੋੜ ਹਉਮੇਂ ਹੰਗਤ, ਹੰ ਬ੍ਰਹਮ ਕਰੇ ਰੁਸ਼ਨਾਈਆ । ਸਾਹਿਬ ਸਤਿਗੁਰ ਲਾਏ ਅੰਗਤ, ਅੰਗੀਕਾਰ ਆਪ ਹੋ ਜਾਈਆ । ਹਰਿਜਨ ਦੂਜੇ ਦਰ ਨਾ ਹੋਵੇ ਮੰਗਤ, ਅਨਡਿਠੜੀ ਵਸਤ ਝੋਲੀ ਪਾਈਆ । ਨਾਤਾ ਤੋੜ ਜੇਰਜ ਅੰਡਜ, ਉਤਭੁਜ ਸੇਤਜ ਮੋਹ ਮੁਕਾਈਆ । ਸਤਿ ਸਤਿਵਾਦ ਬਣਾਏ ਬਣਤ, ਘੜਨ ਭੰਨਣਹਾਰ ਹੱਥ ਵਡਿਆਈਆ । ਸਾਚਾ ਮੇਲਾ ਨਾਰ ਕੰਤ, ਭਗਤ ਭਗਵਾਨ ਸੇਜ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਆ । ਥਾਨ ਥਨੰਤਰ ਲੇਖਾ ਜਾਣ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਕਲਜੁਗ ਅੰਤਮ ਕਰ ਪਹਿਚਾਨ, ਪਰਮ ਪੁਰਖ ਮੇਲ ਮਿਲਾਇੰਦਾ । ਸਚ ਵਖਾਏ ਇਕੋ ਧਾਮ, ਧਾਮ ਅਵੱਲੜਾ ਆਪ ਸੁਹਾਇੰਦਾ । ਜਿਸ ਗ੍ਰਿਹਿ ਵਸੇ ਨਿਰਗੁਣ ਰਾਮ, ਰੂਪ ਰੰਗ ਰੇਖ ਨਾ ਕੋਇ ਰਖਾਇੰਦਾ । ਜਿਸ ਮੰਦਰ ਸੋਹੇ ਕਾਹਨ, ਬੰਸਰੀ ਆਪਣੇ ਨਾਮ ਸੁਣਾਇੰਦਾ । ਜਿਸ ਹੁਜਰੇ ਦਏ ਪੈਗ਼ਾਮ, ਪੀਰ ਪੈਗ਼ੰਬਰ ਆਪ ਪੜ੍ਹਾਇੰਦਾ । ਜਿਸ ਦਵਾਰੇ ਗਾਏ ਗਾਣ, ਨਾਨਕ ਗੋਬਿੰਦ ਰਾਗ ਅਲਾਇੰਦਾ । ਸੋ ਸਾਹਿਬ ਹੋ ਪਰਧਾਨ, ਸਚ ਪਰਧਾਨਗੀ ਆਪ ਕਮਾਇੰਦਾ । ਜਨ ਭਗਤਾਂ ਵੇਖੇ ਆਣ, ਆਣ ਪਿਛਲੀ ਸਰਬ ਮੁਕਾਇੰਦਾ । ਦੂਜਾ ਇਸ਼ਟ ਰਹੇ ਨਾ ਕੋਇ ਜਹਾਨ, ਦ੍ਰਿਸ਼ਟ ਸਭ ਦੀ ਆਪਣੇ ਵਿਚ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਇਕ ਵਸਾਇੰਦਾ । ਸਚ ਦਵਾਰੇ ਵਸੇ ਭਗਤ, ਸ੍ਰੀ ਭਗਵਾਨ ਆਪ ਵਸਾਈਆ । ਨੇਤਰ ਰੋਵੇ ਕਲਜੁਗ ਜਗਤ, ਕੂਕਣ ਦੇਣ ਦੁਹਾਈਆ । ਕਿਸੇ ਲੇਖੇ ਨਾ ਲੱਗੇ ਬੂੰਦ ਰਕਤ, ਪੰਜ ਤੱਤ ਨਾ ਕੋਇ ਚਤਰਾਈਆ । ਹੱਥ ਨਾ ਆਵੇ ਗਿਆ ਵਕਤ, ਪੀਰ ਪੈਗ਼ੰਬਰ ਬੈਠੇ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵਸਾਏ ਸਾਚੇ ਥਾਈਂਆ । ਸਾਚਾ ਥਾਉਂ ਉਚ ਮਹੱਲਾ, ਹਰਿਭਗਤ ਜਨ ਵਸਾਇੰਦਾ । ਜਿਥੇ ਵਸੇ ਇਕ ਇਕੱਲਾ, ਦੂਜਾ ਨਜ਼ਰ ਕੋਇ ਨਾ ਆਇੰਦਾ । ਨਿਰਗੁਣ ਸਰਗੁਣ ਫੜਾਏ ਪੱਲਾ, ਪੱਲੂ ਆਪਣੀ ਗੰਢ ਪਵਾਇੰਦਾ । ਸਚ ਸੰਦੇਸ ਸਾਚਾ ਘੱਲਾ, ਗੁਰ ਅਵਤਾਰ ਪੀਰ ਪੈਗ਼ੰਬਰ ਜੁਗ ਜੁਗ ਢੋਲਾ ਗਾਇੰਦਾ । ਆਪ ਬਣਿਆ ਰਿਹਾ ਅਛਲ ਅਛੱਲਾ, ਵਲ ਛਲਧਾਰੀ ਨਜ਼ਰ ਕਿਸੇ ਨਾ ਆਇੰਦਾ । ਵਸਣਹਾਰਾ ਜਲਾਂ ਥਲਾਂ, ਸਮੁੰਦ ਸਾਗਰ ਉਚੇ ਟਿੱਲੇ ਪਰਬਤ ਡੂੰਘੀ ਕੰਦਰ ਸੋਭਾ ਪਾਇੰਦਾ । ਕਲਜੁਗ ਅੰਤਮ ਵੇਸ ਅਵੱਲਾ, ਜੋਤੀ ਜਾਤਾ ਡਗਮਗਾਇੰਦਾ । ਸਚ ਸਿੰਘਾਸਣ ਇਕੋ ਮੱਲਾ, ਸੰਬਲ ਆਪਣਾ ਆਸਣ ਲਾਇੰਦਾ । ਜੋਤੀ ਸ਼ਬਦੀ ਨਿਰਗੁਣ ਰੱਲਾ, ਸਰਗੁਣ ਰੰਗ ਨਾ ਕੋਇ ਵਖਾਇੰਦਾ । ਮੰਤਰ ਮੰਤ ਬੋਲੇ ਅੱਲਾ, ਧੁਰ ਫ਼ਰਮਾਨਾ ਹੁਕਮ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ ਆਪ ਵਸਾਇੰਦਾ । ਜਨ ਭਗਤ ਵਸੇ ਸਾਚੇ ਖੇੜੇ, ਖੇੜਾ ਇਕੋ ਇਕ ਜਣਾਈਆ । ਆਵਣ ਜਾਵਣ ਚੁਕਣ ਝੇੜੇ, ਝੇੜਾ ਕੋਇ ਰਹਿਣ ਨਾ ਪਾਈਆ । ਪ੍ਰਭ ਜੂ ਵਸੇ ਨੇਰਨ ਨੇਰੇ, ਦੂਰ ਦੁਰਾਡਾ ਪੰਧ ਮੁਕਾਈਆ । ਮੇਲ ਮਿਲਾਵਾ ਤੇਰੇ ਮੇਰੇ, ਤੇਰਾ ਮੇਰਾ ਇਕੋ ਘਰ ਵਸਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਨਿਰਗੁਣ ਬੈਠਾ ਰਿਹਾ ਕਰ ਕੇ ਵੱਡੇ ਜੇਰੇ, ਸਰਗੁਣ ਆਪਣਾ ਰਾਹ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਕਰਨ ਆਇਆ,

ਕਰਤਾ ਪੁਰਖ ਦੀਨ ਦਿਆਲ । ਜਨ ਭਗਤਾਂ ਦੇਵੇ ਠਾਂਡੀ ਛਾਇਆ, ਸਿਰ ਰੱਖ ਹੱਥ ਕਿਰਪਾਲ, ਨਾਤਾ ਤੋੜੇ ਤ੍ਰੈਗੁਣ ਮਾਇਆ, ਕੂੜੀ ਕਿਰਿਆ ਤੋੜ ਜੰਜਾਲ । ਲੇਖਾ ਜਾਣੇ ਦਾਈ ਦਾਇਆ, ਸਚ ਸਤਿਗੁਰ ਸੱਜਣ ਵਸਣਹਾਰਾ ਸੱਚੀ ਧਰਮਸਾਲ । ਏਕਾ ਮਾਈ ਲਏ ਉਠਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਮਿਸਾਲ । ਬੇਮਿਸਾਲ ਨਾ ਕੋਈ ਮਿਸਲ, ਲੇਖਾ ਲਿਖਤ ਵਿਚ ਨਾ ਆਈਆ । ਆਦਿ ਜੁਗਾਦੀ ਨੂਰ ਜਣਾਏ ਇਕ ਅਸਲ, ਅਸਲੀਅਤ ਆਪਣੇ ਹੱਥ ਰਖਾਈਆ । ਮੁਰੀਦ ਮੁਰਸ਼ਦ ਕਰਾਏ ਵਸਲ, ਭਗਤ ਭਗਵਾਨ ਸੇਜ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰ ਹਰਿ ਨਿਰੰਕਾਰ, ਜਨ ਭਗਤਾਂ ਵੰਡ ਵੰਡਾਈਆ । ਸਚਖੰਡ ਦਵਾਰ ਭਗਤ ਜਨ ਚੜ੍ਹਨਾ, ਸੋ ਪੁਰਖ ਨਿਰੰਜਣ ਆਪ ਚੜ੍ਹਾਇੰਦਾ । ਨਿਰਭੌ ਹੋ ਨਿਰਵੈਰ ਦਵਾਰੇ ਵੜਨਾ, ਅੱਗੇ ਹੋ ਨਾ ਕੋਇ ਅਟਕਾਇੰਦਾ । ਪੁਰਖ ਅਕਾਲ ਪੱਲੂ ਫੜਨਾ, ਫੜ ਬਾਂਹੋਂ ਗਲੇ ਲਗਾਇੰਦਾ । ਹਰਿਜਨ ਹਰਿ ਦਵਾਰੇ ਬਹਿ ਕੇ ਅੜਨਾ, ਸਾਚੀ ਸਿਖਿਆ ਹਰਿ ਜਣਾਇੰਦਾ । ਸਾਚਾ ਢੋਲਾ ਇਕੋ ਪੜ੍ਹਨਾ, ਸੋਹੰ ਅੱਖਰ ਆਪ ਪੜ੍ਹਾਇੰਦਾ । ਲੱਖ ਚੁਰਾਸੀ ਚੁੱਕੇ ਜੰਮਣਾ ਮਰਨਾ, ਜਨਮ ਮਰਨ ਰਹਿਣ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਮੰਦਰ ਆਪ ਵਸਾਇੰਦਾ । ਸਾਚੇ ਮੰਦਰ ਹਰਿ ਵਸਾਏਗਾ । ਜਨ ਭਗਤਾਂ ਦਇਆ ਕਮਾਏਗਾ । ਨਿਰਗੁਣ ਨੂਰ ਜੋਤ ਮਿਲਾਏਗਾ । ਕਾਇਆ ਕਾਅਬਾ ਇਕ ਵਖਾਏਗਾ । ਨਾਮ ਨਗਾਰੇ ਚੋਟ ਲਗਾਏਗਾ । ਵਰਨ ਗੋਤ ਪੰਧ ਮੁਕਾਏਗਾ । ਦੀਨ ਮਜ਼੍ਹਬ ਸਰਬ ਖਪਾਏਗਾ । ਕਰ ਗ਼ਜ਼ਬ ਖੇਲ ਵਰਤਾਏਗਾ । ਲੱਖ ਚੁਰਾਸੀ ਕਰ ਕੇ ਆਪਣੇ ਵਿਚ ਜਜ਼ਬ, ਜਲਵਾ ਨੂਰ ਇਕ ਪਰਗਟਾਏਗਾ । ਲੇਖਾ ਜਾਣ ਅਰਬ ਖਰਬ, ਕੋਟਨ ਕੋਟ ਸੰਖ ਅਸੰਖ ਆਪਣਾ ਨਾਮ ਡੰਕ ਵਜਾਏਗਾ । ਜੁਗ ਚੌਕੜੀ ਲਾਹਵਣਹਾਰਾ ਕਰਜ਼, ਮਕਰੂਜ਼ ਕਰਜ਼ ਅਦਾ ਆਪ ਕਰਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਮਾਣ ਰਖਾਏਗਾ । ਜਨ ਭਗਤਾਂ ਮਾਣ ਰਖਾਵੇਗਾ । ਸਚਖੰਡ ਦਵਾਰ ਸੁਹਾਵੇਗਾ । ਸੀਸ ਜਗਦੀਸ ਛਤਰ ਝੁਲਾਵੇਗਾ । ਰਹਿਬਰ ਇਕੋ ਨਜ਼ਰੀ ਆਵੇਗਾ । ਸਬਰ ਪਿਆਲਾ ਜਾਮ ਪਿਆਵੇਗਾ । ਬੱਬਰ ਸ਼ੇਰ ਭਬਕ ਲਗਾਵੇਗਾ । ਦੋ ਜਹਾਨਾਂ ਸਬਕ ਪੜ੍ਹਾਵੇਗਾ । ਚੌਦਾਂ ਤਬਕ ਖ਼ਾਕ ਮਿਲਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਸਾਚੇ ਦਰ ਵਸਾਵੇਗਾ । ਜਨ ਭਗਤ ਸਚ ਦਵਾਰੇ ਵਸੇਗਾ । ਮਿਲ ਪ੍ਰਭ ਨੂੰ ਖ਼ੁਸ਼ੀਆਂ ਵਿਚ ਹੱਸੇਗਾ । ਚਾਰ ਜੁਗ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਮਾਰਗ ਸਾਚਾ ਦੱਸੇਗਾ । ਕੂੜੀ ਕਿਰਿਆ ਕੋਲੋਂ ਨੱਸੇਗਾ । ਮਾਇਆ ਮਮਤਾ ਵਿਚ ਕਦੇ ਨਾ ਫਸੇਗਾ । ਪ੍ਰਭ ਸਰਨੀ ਇਕੋ ਢੱਠੇਗਾ । ਨਿਰਗੁਣ ਨਾਉਂ ਇਕੋ ਜਪੇਗਾ । ਤ੍ਰੈਗੁਣ ਅਗਨੀ ਕਦੇ ਨਾ ਮੱਚੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਕਾ ਭਗਤ ਕਦੇ ਨਾ ਛੁਪੇਗਾ । ਹਰਿਭਗਤ ਕਦੇ ਨਾ ਛੁਪਣਾ, ਸੋ ਪੁਰਖ ਨਿਰੰਜਣ ਆਪ ਵਡਿਆਇੰਦਾ । ਹਰਿ ਪੁਰਖ ਨਿਰੰਜਣ ਕਲਜੁਗ ਅੰਤਮ ਪੁੱਛਣਾ, ਦਰ ਦਰ ਘਰ ਘਰ ਵੇਖ ਵਖਾਇੰਦਾ । ਸੰਤ ਸੁਹੇਲੇ ਕਦੇ ਨਾ ਲੁਕਣਾ, ਪ੍ਰਭ ਲੁਕਿਆ ਬਾਹਰ ਕਢਾਇੰਦਾ । ਬਿਨ ਦੀਨ ਦਿਆਲ ਪੈਂਡਾ ਕਿਸੇ ਦਾ ਨਾ ਮੁਕਣਾ, ਕੋਟਨ ਕੋਟ ਪਾਂਧੀ ਰਾਹ ਵਿਚ ਧਿਆਨ ਲਗਾਇੰਦਾ । ਬਿਨ ਸਤਿਗੁਰ ਪੂਰੇ ਗੋਦ ਕਿਸੇ ਨਾ ਚੁੱਕਣਾ, ਜੂਨ ਅਜੂਨੀ ਸਰਬ ਭਵਾਇੰਦਾ । ਗੁਰਮੁਖ ਵਿਰਲੇ ਕਲਜੁਗ ਅੰਤਮ ਉਠਣਾ, ਗੁਰ ਸਤਿਗੁਰ ਆਪ ਉਠਾਇੰਦਾ । ਹਰਿ ਕਾ ਭਾਣਾ ਕਦੇ ਨਾ ਰੁਕਣਾ, ਨਾ

ਕੋਈ ਮੇਟੇ ਮੇਟ ਮਿਟਾਇੰਦਾ । ਕੂੜੀ ਕਿਰਿਆ ਬੂਟਾ ਸੁੱਕਣਾ, ਹਰਿਆ ਸਿੰਚ ਨਾ ਕੋਇ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ
ਕਿਰਪਾ ਕਰ, ਜਨ ਭਗਤਾਂ ਆਪ ਵਸਾਇੰਦਾ । ਜਨ ਭਗਤ ਵਸੇ ਉਚ ਮਹੱਲ, ਹਰਿ ਸਤਿਗੁਰ ਆਪ ਵਸਾਈਆ । ਆਦਿ ਜੁਗਾਦਿ ਰਹੇ ਅਟੱਲ,
ਛੱਪਰ ਛੰਨ ਨਾ ਕੋਇ ਛੁਹਾਈਆ । ਨਾਉਂ ਰੱਖ ਹਰਿ ਅਬਚਲ, ਸਿੰਘਾਸਣ ਆਸਣ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ
ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸੱਜਣ ਆਪ ਟਿਕਾਈਆ । ਹਰਿ ਸੱਜਣ ਦੇਵੇ ਸਚ ਟਿਕਾਣਾ, ਟਿੱਕਾ ਮਸਤਕ ਨਾਮ ਲਗਾਇੰਦਾ ।
ਸ਼ਬਦ ਸਰੂਪੀ ਸਤਿ ਬਬਾਣਾ, ਦੋ ਜਹਾਨਾਂ ਪਾਰ ਕਰਾਇੰਦਾ । ਕੋਈ ਵੇਖ ਨਾ ਸਕੇ ਰਾਜਾ ਰਾਣਾ, ਸ਼ਾਹ ਸੁਲਤਾਨਾਂ ਨਜ਼ਰ ਕਿਸੇ ਨਾ ਆਇੰਦਾ ।
ਜਨ ਭਗਤਾਂ ਉਪਰ ਹੋਏ ਮਿਹਰਵਾਨਾ, ਭਗਵਨ ਆਪਣੀ ਦਇਆ ਕਮਾਇੰਦਾ । ਕਲਜੁਗ ਅੰਤ ਕਰ ਪਰਵਾਨਾ, ਨਾਮ ਪਰਵਾਨਾ ਹੱਥ ਫੜਾਇੰਦਾ ।
ਸੋਹੰ ਢੋਲਾ ਇਕੋ ਗਾਣਾ, ਨਾਨਕ ਗੋਬਿੰਦ ਗਾ ਗਾ ਸ਼ੁਕਰ ਮਨਾਇੰਦਾ । ਆਤਮ ਪਰਮਾਤਮ ਪਰਮਾਤਮ ਆਤਮ ਏਕਾ ਘਰ ਵਸਾਨਾ, ਗ੍ਰਿਹ ਮੰਦਰ
ਕੁੰਡਾ ਲਾਹਿੰਦਾ । ਪਾਰਬ੍ਰਹਮ ਬ੍ਰਹਮ ਰੰਗ ਰੰਗਾਨਾ, ਰੰਗ ਰੰਗੀਲਾ ਇਕੋ ਮਾਹੀ ਨਜ਼ਰੀ ਆਇੰਦਾ । ਸਚ ਸੰਦੇਸਾ ਨਰ ਨਰੇਸ਼ਾ ਇਕ ਸੁਣਾਨਾ,
ਧੁਰ ਫ਼ਰਮਾਨਾ ਸ਼ਬਦ ਜਣਾਇੰਦਾ । ਕਲਜੁਗ ਅੰਤਮ ਮਿਟੇ ਨਿਸ਼ਾਨਾ, ਕੂੜੀ ਕਿਰਿਆ ਬਾਹਰ ਕਢਾਇੰਦਾ । ਸਤਿਜੁਗ ਸਾਚਾ ਬੰਨ੍ਹੇ ਗਾਨਾ, ਗੁਰਮੁਖ
ਸਗਨ ਮਨਾਇੰਦਾ । ਗੁਰ ਅਵਤਾਰ ਕਰਨ ਧਿਆਨਾ, ਪੀਰ ਪੈਗ਼ੰਬਰ ਨੈਣ ਉਠਾਇੰਦਾ । ਪਰਗਟ ਹੋਇਆ ਜੋਧਾ ਸੂਰਬੀਰ ਬਲੀ ਬਲਵਾਨਾ, ਬਲ
ਆਪਣਾ ਆਪ ਰਖਾਇੰਦਾ । ਲੇਖਾ ਜਾਣ ਦੋ ਜਹਾਨਾਂ, ਵਿਸ਼ਨ ਬ੍ਰਹਮਾ ਸ਼ਿਵ ਸਮਝਾਇੰਦਾ । ਕਰੋੜ ਤੇਤੀਸਾ ਦੇਵੇ ਦਾਨਾ, ਸੁਰਪਤ ਇੰਦ ਨਾਲ
੮੨੯ ਮਿਲਾਇੰਦਾ । ਰਵ ਸਸ ਹੋਏ ਹੈਰਾਨਾ, ਨਿਉਂ ਨਿਉਂ ਚਰਨੀ ਸੀਸ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ੮੨੯
੧੩ ਸਾਚਾ ਵਰ, ਲੱਖ ਚੁਰਾਸੀ ਵਿਚੋਂ ਫੜ ਕਾਇਆ ਮੰਦਰ ਅੰਦਰ ਚੜ੍ਹ, ਸਚ ਮਹੱਲੇ ਆਪੇ ਖੜ, ਸੋਹੰ ਢੋਲਾ ਇਕੋ ਪੜ੍ਹ, ਲੇਖਾ ਜਾਣੇ ਨਾਰੀ ਨਰ, ੧੩
ਨਰਾਇਣ ਗੁਰਮੁਖ ਇਕੋ ਇਕ ਜਗਾਇੰਦਾ । ਇਕੋ ਇਕ ਜਾਏ ਜਾਗ, ਜਿਸ ਆਪਣੀ ਯੁਗਤ ਜਣਾਈਆ । ਭਗਤ ਭਗਵਾਨ ਕਰੇ ਵਡ ਵਡ
ਭਾਗ, ਵਡ ਭਾਗੀ ਹਰਿ ਜੂ ਨਜ਼ਰੀ ਆਈਆ । ਦਿਵਸ ਰੈਣ ਰਹੇ ਵੈਰਾਗ, ਬਿਰਹੋਂ ਚੋਟ ਇਕ ਲਗਾਈਆ । ਕੂੜੀ ਕਿਰਿਆ ਦਏ ਤਿਆਗ,
ਸਚ ਸਮਗਰੀ ਇਕ ਦਰਸਾਈਆ । ਜਨਮ ਕਰਮ ਦੀ ਬੁਝੇ ਆਗ, ਤ੍ਰੈਗੁਣ ਅਗਨ ਨਾ ਲਾਗੇ ਰਾਈਆ । ਚਰਨ ਧੂੜ ਕਰਾਏ ਮਜਨ ਮਾਘ,
ਦੁਰਮਤ ਮੈਲ ਧਵਾਈਆ । ਘਰ ਮਿਲਾਵਾ ਕੰਤ ਸੁਹਾਗ, ਭਿੰਨੜੀ ਰੈਣ ਖ਼ੁਸ਼ੀ ਵਖਾਈਆ । ਸੋਈ ਸਵਾਣੀ ਹੰਸ ਬਣੀ ਕਾਗ, ਕਾਗੋਂ ਹੰਸ ਰੂਪ
ਵਟਾਈਆ । ਲੱਖ ਚੁਰਾਸੀ ਵਿਚੋਂ ਕਾਢ, ਆਪ ਆਪਣੀ ਗੋਦ ਸੁਹਾਈਆ । ਸਾਹਿਬ ਸਤਿਗੁਰ ਕਰੇ ਲਾਡ, ਪਰੇਮ ਪ੍ਰੀਤੀ ਇਕ ਸਿਖਾਈਆ ।
ਸ਼ਾਹਸਵਾਰਾ ਹਰਿ ਨਿਰੰਕਾਰਾ ਪਕੜੇ ਆਪਣੇ ਹੱਥ ਵਾਗ, ਦੋ ਜਹਾਨਾਂ ਆਪ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,
ਦੇਵਣਹਾਰਾ ਸਾਚਾ ਵਰ, ਭਗਤ ਭਗਵਾਨ ਲੇਖਾ ਏਕਾ ਥਾਈਂਆ । ਇਕੋ ਧਾਮ ਸੁਹੰਜਣਾ, ਸੋਭਾਵੰਤ ਸੁਹਾਏ ਰਾਮ । ਦਾਤਾ ਦਾਨੀ ਦਰਦ ਦੁੱਖ
ਭੈ ਭੰਜਨਾ, ਜਨ ਭਗਤਾਂ ਪੂਰਨ ਕਰੇ ਕਾਮ । ਨੇਤਰ ਪਾਏ ਨਾਮ ਅੰਜਨਾ, ਅੰਧ ਅੰਧੇਰਾ ਮੇਟੇ ਸ਼ਾਮ । ਚਰਨ ਧੂੜ ਕਰਾਏ ਮਜਨਾ, ਜੋਤੀ ਜੋਤ
ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਦੇਵੇ ਸਚ ਬਿਸਰਾਮ । ਸਚ ਦਵਾਰੇ ਸਚ ਬਿਸਰਾਮ, ਆਸਣ ਸਿੰਘਾਸਣ ਇਕ ਦਰਸਾਈਆ ।

੮੩੦
੧੩

ਨਜ਼ਰੀ ਆਏ ਇਕੋ ਰਾਮ, ਨੂਰੋ ਨੂਰ ਨੂਰ ਰੁਸ਼ਨਾਈਆ । ਦਰਸ ਦਿਖਾਏ ਇਕ ਅਮਾਮ, ਆਪ ਆਪਣਾ ਪੜਦਾ ਉਠਾਈਆ । ਲੇਖਾ ਵੇਖ ਸ੍ਰੀ ਭਗਵਾਨ, ਲੇਖ ਆਪਣਾ ਦਏ ਜਣਾਈਆ । ਮੁੱਛ ਦਾੜ੍ਹੀ ਕੇਸ ਨਾ ਕੋਇ ਨਿਸ਼ਾਨ, ਮੂੰਡ ਮੁੰਡਾਇਆ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਮੀਤਾ ਭਗਤਨ ਵਿਚ ਸਮਾਈਆ । ਭਗਤਨ ਮੀਤਾ ਭਗਤ ਸਮਾ, ਭਗਵਨ ਭੇਵ ਚੁਕਾਇੰਦਾ । ਨਿਰਗੁਣ ਦੇਵੇ ਨਿਰਗੁਣ ਰਾਹ, ਸਰਗੁਣ ਸਰਗੁਣ ਮਾਰਗ ਲਾਇੰਦਾ । ਜੋਤੀ ਜੋਤ ਜੋਤ ਕਰ ਰੁਸ਼ਨਾ, ਜੋਤੀ ਜਾਤਾ ਭੇਵ ਚੁਕਾਇੰਦਾ । ਸ਼ਬਦੀ ਸ਼ਬਦ ਡੰਕ ਵੱਜਾ, ਸ਼ਬਦੀ ਸ਼ਬਦ ਸੇਵ ਕਮਾਇੰਦਾ । ਹਰਫ਼ ਬਹਰਫ਼ ਜਗਤ ਪੜ੍ਹਾ, ਚੌਦਾਂ ਵਿਦਿਆ ਵੇਖ ਵਖਾਇੰਦਾ । ਯਕਤਰਫ਼ ਸਚ ਫ਼ੈਸਲਾ ਦਏ ਸੁਣਾ, ਹੁਕਮ ਹਾਕਮ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਧੁਰ ਫ਼ਰਮਾਨਾ ਆਪ ਜਣਾਇੰਦਾ । ਗੁਰ ਅਵਤਾਰ ਅੰਤਮ ਲੈਣਾ ਜਾਣ, ਜਾਨਣਹਾਰ ਜਣਾਇੰਦਾ । ਭਗਤਾਂ ਮਿਲੇ ਆਪ ਭਗਵਾਨ, ਭਗਵਨ ਆਪਣਾ ਫੇਰਾ ਪਾਇੰਦਾ । ਦਰਗਹਿ ਸਾਚੀ ਦਏ ਅਸਥਾਨ, ਭੂਮਕਾ ਆਪਣੀ ਵੰਡ ਵੰਡਾਇੰਦਾ । ਸਤਿਜੁਗ ਸਚ ਕਰ ਪਰਧਾਨ, ਨਾਮ ਪਰਧਾਨਗੀ ਇਕ ਵਖਾਇੰਦਾ । ਪਿਛਲੀ ਛੱਡੋ ਸਾਰੇ ਕਲਾਮ, ਕਲਮਾ ਰਹਿਣ ਕੋਇ ਨਾ ਪਾਇੰਦਾ । ਸਯਦਾ ਕਰੋ ਇਕ ਅਮਾਮ, ਨਿਰਗੁਣ ਤਖ਼ਤ ਨਿਵਾਸੀ ਤਖ਼ਤ ਸੋਭਾ ਪਾਇੰਦਾ । ਅੱਗੇ ਬਣੋ ਨਾ ਬਾਲ ਅਵਾਣ, ਬਾਲੀ ਬੁੱਧ ਆਪ ਮੁਕਾਇੰਦਾ । ਰਸਤਾ ਇਕੋ ਇਕ ਮਿਹਰਬਾਨ, ਦੋ ਜਹਾਨ ਆਪ ਜਣਾਇੰਦਾ । ਸਾਚੀ ਸਿਖਿਆ ਕਰੋ ਪਰਵਾਨ, ਸਿਖਾਵਣਹਾਰਾ ਆਪ ਸਮਝਾਇੰਦਾ । ਇਕੋ ਇਸ਼ਟ ਕਰੋ ਪਰਵਾਨ, ਦ੍ਰਿਸ਼ਟ ਆਪਣੇ ਲੇਖੇ ਲਾਇੰਦਾ । ਲੇਖਾ ਛੱਡੋ ਅੰਜੀਲ ਕੁਰਾਨ, ਕਾਤਬ ਨਜ਼ਰ ਕੋਇ ਨਾ ਆਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ, ਸਾਹ ਸਾਹ ਸਿਫ਼ਤ ਸਾਲਾਹਿੰਦਾ । ਜਿਸ ਦਾ ਕਰਦੇ ਰਹੇ ਧਿਆਨ, ਧਰਨੀ ਧਰਤ ਧਵਲ ਸੁਹਾਇੰਦਾ । ਜਿਸ ਉਪਜਾਇਆ ਜ਼ਿਮੀਂ ਅਸਮਾਨ, ਸੋ ਆਲਮੀਨ ਫੇਰਾ ਪਾਇੰਦਾ । ਜਿਸ ਦੇ ਦੇਂਦੇ ਰਹੇ ਪੈਗ਼ਾਮ, ਜ਼ਬਰਾਈਲ ਮੇਕਾਈਲ ਅਸਰਾਫ਼ੀਲ ਅਜ਼ਰਾਈਲ ਸੀਸ ਝੁਕਾਇੰਦਾ । ਜਿਸ ਨੇ ਵਿਸ਼ਨ ਬ੍ਰਹਮਾ ਸ਼ਿਵ ਬਣਾਇਆ ਨਜ਼ਾਮ, ਨਜ਼ਮ ਇਕੋ ਇਕ ਅਲਾਇੰਦਾ । ਜਿਸ ਨੇ ਤ੍ਰੈ ਪੰਜ ਖੇਲ ਖਲਾਇਆ ਵਿਚ ਜਹਾਨ, ਸੋ ਰਹਿਮਤ ਆਪ ਕਮਾਇੰਦਾ । ਨੇਤਰ ਖੋਲ੍ਹ ਸੁਣ ਲਓ ਕਾਨ, ਕਰਨਹਾਰ ਇਕ ਜਣਾਇੰਦਾ । ਬਿਨ ਭਗਤਾਂ ਮਿਲੇ ਨਾ ਕਿਸੇ ਮਾਣ, ਅਭਿਮਾਨ ਸਭ ਦਾ ਮੇਟ ਮਿਟਾਇੰਦਾ । ਸਤਿਜੁਗ ਸਾਚਾ ਬਣੇ ਵਿਧਾਨ, ਵਿਦਤ ਕੰਮ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਆਪ ਖੁਲ੍ਹਾਇੰਦਾ । ਭੇਵ ਅਭੇਦਾ ਖੁਲ੍ਹੇਗਾ । ਦੋ ਜਹਾਨ ਤੁਲੇਗਾ । ਜੀਵ ਜੰਤ ਰੁਲੇਗਾ । ਲੇਖਾ ਚੁੱਕੇ ਕਾਇਆ ਕੁਲੇ ਦਾ । ਕਲਜੁਗ ਬੂਟਾ ਹੁਲੇਗਾ । ਭਗਤ ਭਗਵਾਨ ਫੁਲੇਗਾ । ਗੁਰਮੁਖ ਅੰਮ੍ਰਿਤ ਕਦੇ ਨਾ ਡੁੱਲੇਗਾ । ਹਰਿਜਨ ਲੋਕਮਾਤ ਕਦੇ ਨਾ ਰੁਲੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸਤਿਗੁਰ ਇਕੋ ਉਠੇਗਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਸੱਚਾ ਦਾਨ, ਜਨ ਭਗਤਾਂ ਉਪਰ ਮਿਹਰਵਾਨ ਹੋ ਕੇ ਤੁਠੇਗਾ ।

ਪਿਤਾ ਪੁੱਤਰ ਤੁਟਾ ਨਾਤਾ, ਪੰਜ ਤੱਤ ਨਾ ਸੰਗ ਰਖਾਈਆ । ਦੁੱਖ ਕਲੇਸ਼ ਕੂੜਾ ਵਾਸਾ, ਕਿਰਿਆ ਜਗਤ ਲੜਾਈਆ । ਸਤਿਗੁਰ ਸਰਨਾਈ

ਧਰ ਭਰਵਾਸਾ, ਧੁਰ ਦੀ ਧਾਰ ਜਣਾਈਆ । ਪ੍ਰਭ ਮਿਲਣ ਦੀ ਰੱਖੇ ਆਸਾ, ਆਸਾ ਅੱਗੇ ਪੂਰੀ ਆਪ ਕਰਾਈਆ । ਦੁੱਖ ਦਲਿਦਰ ਹੋਏ ਵਿਨਾਸਾ, ਅਬਿਨਾਸ਼ੀ ਆਪ ਗਵਾਈਆ । ਮਾਣਸ ਜਨਮ ਕਰੇ ਬੰਦ ਖ਼ਲਾਸਾ, ਬੰਦੀਖ਼ਾਨਾ ਦਏ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗਿਆ ਪੂਤ ਪਿਤਾ ਪੁੱਤਰ ਝੋਲੀ ਪਾਈਆ । ਹਰਿ ਸੰਗਤ ਜਨਮ ਲੇਖੇ ਲੌਣਾ, ਪਿਛਲਾ ਲੇਖਾ ਸਰਬ ਚੁਕਾਇੰਦਾ । ਪਿਤਾ ਪੂਤ ਗੋਦ ਉਠੌਣਾ, ਸ੍ਰੀ ਭਗਵਾਨ ਕੁੱਖ ਸੁਹਾਇੰਦਾ । ਜਨਮ ਜਨਮ ਦਾ ਰੋਗ ਮਿਟੌਣਾ, ਪੂਰਬ ਪੂਰਬ ਵੇਖ ਵਖਾਇੰਦਾ । ਆਵਣ ਜਾਵਣ ਪੰਧ ਗਵੌਣਾ, ਪਤਤ ਪਾਵਣ ਦਇਆ ਕਮਾਇੰਦਾ । ਸਮਰਥ ਪੁਰਖ ਸਿਰ ਹੱਥ ਟਿਕੌਣਾ, ਮਹਿਮਾ ਅਕਥ ਕਥ ਜਣਾਇੰਦਾ । ਹਰਿਜਨ ਤੇਰਾ ਰਥ ਚਲੌਣਾ, ਬਣ ਰਥਵਾਹੀ ਸੇਵ ਕਮਾਇੰਦਾ । ਨੱਸ ਨੱਸ ਜਗ ਪੰਧ ਮੁਕੌਣਾ, ਪਾਂਧੀ ਇਕੋ ਨਜ਼ਰੀ ਆਇੰਦਾ । ਜੁਗ ਜਨਮ ਦੀ ਟੁੱਟੀ ਗੰਢ ਪਵੌਣਾ, ਗੰਢਣਹਾਰ ਗੋਪਾਲ ਸਵਾਮੀ ਆਪ ਆਪਣੇ ਅੰਗ ਲਗਾਇੰਦਾ । ਗੀਤ ਸੁਹਾਗੀ ਛੰਦ ਸੁਣੌਣਾ, ਸੋਹੰ ਢੋਲਾ ਆਪ ਪੜ੍ਹਾਇੰਦਾ । ਆਤਮ ਪਰਮਾਤਮ ਮੇਲ ਮਿਲੌਣਾ, ਘਰ ਮੰਦਰ ਇਕ ਵਖਾਇੰਦਾ । ਦਰਗਹਿ ਸਾਚੀ ਫੜ ਬਹੌਣਾ, ਸਚਖੰਡ ਇਕੋ ਰੰਗ ਰੰਗਾਇੰਦਾ । ਸਰਨ ਸਰਨਾਈ ਜਿਸ ਜਨ ਸੀਸ ਝੁਕੌਣਾ, ਤਿਸ ਸੀਸ ਜਗਦੀਸ ਆਪਣੇ ਲੇਖੇ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸੰਗਤ ਆਪਣੇ ਵਿਚ ਸਮਾਇੰਦਾ । ਹਰਿ ਸੰਗਤ ਜਨਮ ਲੱਗੇ ਲੇਖੇ, ਲੇਖਾ ਇਕੋ ਇਕ ਜਣਾਈਆ । ਕੱਢਣਹਾਰਾ ਭਰਮ ਭੁਲੇਖੇ, ਭਾਂਡਾ ਭਰਮ ਭੌ ਭੰਨਾਈਆ । ਨਿਰਗੁਣ ਆ ਕੇ ਸਰਗੁਣ ਵੇਖੇ, ਨਿਰਵੈਰ ਆਪਣਾ ਫੇਰਾ ਪਾਈਆ । ਬੇਪਰਵਾਹ ਨਾ ਭੁੱਲੇ ਚੇਤੇ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵਿਛੜੇ ਮੇਲੇ ਚਾਈਂ ਚਾਈਆ । ਪਿਤਾ ਪੂਤ ਕਰੇ ਸਾਚੇ ਹੇਤੇ, ਬਣ ਮਾਤਾ ਗੋਦ ਉਠਾਈਆ । ਗੁਰਮੁਖ ਵਿਰਲਾ ਨੇਤਰ ਪੇਖੇ, ਸ੍ਰਿਸ਼ਟ ਸਬਾਈ ਗੂੜ੍ਹੀ ਨੀਂਦ ਸਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸੰਤ ਬਣਾਏ ਪੁੱਤਰ ਜੇਠੇ, ਵਰ ਇਕੋ ਝੋਲੀ ਪਾਈਆ । ਹਰਿ ਸੰਗਤ ਲੇਖੇ ਲੱਗਾ ਜਰਮ, ਜਨਮ ਵਿਚ ਕਦੇ ਨਾ ਆਈਆ । ਲਹਿਣਾ ਚੁੱਕਾ ਪੂਰਬ ਕਰਮ, ਕਰਮ ਕਾਂਡ ਨਾ ਕੋਇ ਵਖਾਈਆ । ਨਾਤਾ ਤੁਟਾ ਵਰਨ ਬਰਨ, ਮਿਲੀ ਸਚ ਸਰਨਾਈਆ । ਨੇਤਰ ਖੋਲ੍ਹ ਹਰਨ ਫਰਨ, ਅੱਖੀਂ ਨੈਣਾਂ ਦਰਸ ਦਿਖਾਈਆ । ਭੇਵ ਚੁਕਾਏ ਕਰਨੀ ਕਰਨ, ਕਰਤਾ ਪੁਰਖ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਆਪਣੇ ਲੇਖੇ ਪਾਈਆ । ਹਰਿ ਸੰਗਤ ਹਰਿ ਕਦੇ ਨਾ ਛੱਡੇ, ਛੇਕੜ ਆਪਣਾ ਮੇਲ ਮਿਲਾਇੰਦਾ । ਲੱਖ ਚੁਰਾਸੀ ਵਿਚੋਂ ਕੱਢੇ, ਫੜ ਬਾਂਹੋਂ ਆਪ ਉਠਾਇੰਦਾ । ਫੜ ਬਾਂਹੋਂ ਲਡਾਏ ਲੱਡੇ, ਥਿਤ ਵਾਰ ਨਾ ਵੰਡ ਵੰਡਾਇੰਦਾ । ਵਿਸ਼ਵ ਬਣਾ ਕੇ ਇਕੋ ਯੱਦੇ, ਭਗਤ ਭਗਵਾਨ ਰਾਹ ਚਲਾਇੰਦਾ । ਜਗਤ ਕਿਨਾਰ ਪਾਰ ਹੱਦੇ, ਹਦੂਦ ਆਪਣੀ ਇਕ ਦਰਸਾਇੰਦਾ । ਕਰ ਕਿਰਪਾ ਦਵਾਰ ਜਿਸ ਜਨ ਸੱਦੇ, ਤਿਸ ਸਦਕੇ ਘੋਲੀ ਵਾਰੀ ਆਪਣਾ ਬੰਧਨ ਪਾਇੰਦਾ । ਗੁਰਮੁਖ ਗੁਰਸਿਖ ਨਾਮ ਪਿਆਰ ਪੀਏ ਮਧੇ, ਮਧਰ ਰਸ ਇਕ ਜਣਾਇੰਦਾ । ਘਰ ਘਰ ਕਰਾਏ ਸਾਚਾ ਹੱਜੇ, ਮੱਕਾ ਕਾਅਬਾ ਡੇਰਾ ਢਾਹਿੰਦਾ । ਭਗਤ ਭਗਵੰਤ ਇਕੋ ਨਾਦ ਵੱਜੇ, ਅਨਹਦ ਰਾਗੀ ਰਾਗ ਸੁਣਾਇੰਦਾ । ਸੇਵਕ ਹੋ ਕੇ ਸ੍ਰੀ ਭਗਵਾਨ ਜਨ ਭਗਤਾਂ ਪਿਛੇ ਭੱਜੇ, ਜੁਗ ਜੁਗ ਆਪਣਾ ਫੇਰਾ ਪਾਇੰਦਾ । ਮਿਹਰਵਾਨ ਹੋ ਪੜਦਾ ਕੱਜੇ, ਨਾਮ ਦੋਸ਼ਾਲਾ ਹੱਥ ਉਠਾਇੰਦਾ । ਜਿਧਰ ਵੇਖੋ ਨਜ਼ਰੀ ਆਏ ਸੱਜੇ ਖੱਬੇ, ਅੱਗਾ ਪਿੱਛਾ ਨਾ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲੇਖੇ ਜਨਮ ਲਗਾਇੰਦਾ । ਲੇਖੇ ਲਗੇ ਜਨਮ ਮਾਤ, ਮਤਾ ਸਤਿਗੁਰ ਇਕ ਪਕਾਈਆ । ਜਨ ਭਗਤਾਂ ਦੇਵੇ ਨਾਮ ਦਾਤ, ਅਨਮੁਲੜੀ ਵਸਤ ਵਰਤਾਈਆ । ਜਿਸ ਨੂੰ ਗੁਰ ਅਵਤਾਰ ਪੀਰ ਪੈਗ਼ੰਬਰ ਕਹਿੰਦੇ ਗਏ ਕਰਾਮਾਤ, ਕਰਾਮਾਤ ਚਰਨ ਦਏ ਵਡਿਆਈਆ । ਮੇਟਣਹਾਰ ਅੰਧੇਰੀ ਰਾਤ, ਸਾਚਾ ਚੰਦ ਕਰੇ ਰੁਸ਼ਨਾਈਆ । ਜਿਸ ਜਨ ਜਣਾਏ ਆਤਮ ਪਰਮਾਤਮ ਗਾਥ, ਸੋਹਲਾ ਆਪਣਾ ਨਾਮ ਵਡਿਆਈਆ । ਤਿਸ ਵੇਲੇ ਅੰਤਮ ਪੁੱਛੇ ਵਾਤ, ਦਰ ਦਰ ਘਰ ਘਰ ਫੇਰਾ ਪਾਈਆ । ਨੇੜ ਨਾ ਆਏ ਲਾੜੀ ਮੌਤ ਨਾਰ ਕਮਜ਼ਾਤ, ਕੁਲਖੱਣੀ ਆਪਣਾ ਮੁਖ ਛੁਪਾਈਆ । ਰਾਏ ਧਰਮ ਚਿਤਰ ਗੁਪਤ ਨਾ ਦੇਵੇ ਕੋਈ ਸਾਥ, ਬੈਠਣ ਮੁਖ ਭਵਾਈਆ । ਸਾਹਿਬ ਸਤਿਗੁਰ ਸਵਾਮੀ ਚਲ ਕੇ ਆਏ ਆਪ, ਸ਼ਬਦ ਬਬਾਣਾ ਨਾਲ ਰਖਾਈਆ । ਗੁਰਮੁਖ ਗੁਰਸਿਖ ਵੇਖੇ ਸੱਚੇ ਸਾਕ, ਸੱਜਣ ਆਪਣੇ ਨਾਲ ਮਿਲਾਈਆ । ਆਪ ਉਤਾਰੇ ਆਪਣੇ ਘਾਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਣਸ ਜਨਮ ਲੇਖੇ ਲਾਈਆ । ਮਾਣਸ ਜਨਮ ਲੇਖੇ ਜਾਏ ਲੱਗ, ਹਰਿ ਸਤਿਗੁਰ ਆਪ ਲਗਾਇੰਦਾ । ਜੁਗ ਜਨਮ ਦੀ ਬੁੱਝੇ ਅੱਗ, ਅੰਮ੍ਰਿਤ ਮੇਘ ਬਰਸਾਇੰਦਾ । ਜਿਸ ਨੂੰ ਆਦਿ ਜੁਗਾਦਿ ਕੋਟਨ ਕੋਟ ਰਹੇ ਲੱਭ, ਲੱਭਿਆਂ ਹੱਥ ਕਿਸੇ ਨਾ ਆਇੰਦਾ । ਜਿਸ ਦਾ ਗੁਰ ਅਵਤਾਰ ਪੀਰ ਪੈਗ਼ੰਬਰ ਗੌਂਦੇ ਗਏ ਛੰਦ, ਬੱਤੀ ਦੰਦ ਸਿਫ਼ਤ ਸਾਲਾਹਿੰਦਾ । ਜਿਸ ਦਾ ਅੰਤਰ ਆਤਮ ਮੰਗਦੇ ਗਏ ਅਨੰਦ, ਅਨੰਦ ਹੱਥ ਨਾ ਕਿਸੇ ਫੜਾਇੰਦਾ । ਸੋ ਕਲਜੁਗ ਅੰਤਮ ਹੋ ਬਖ਼ਸ਼ੰਦ, ਬਖ਼ਸ਼ਸ਼ ਆਪਣੀ ਝੋਲੀ ਪਾਇੰਦਾ । ਜਨ ਭਗਤਾਂ ਅੰਦਰ ਹੋਇਆ ਆਪ ਬੰਦ, ਬੰਦੀਖ਼ਾਨਾ ਅੰਤ ਤੁੜਾਇੰਦਾ । ਆਪਣੇ ਮਿਲਣ ਦਾ ਆਪੇ ਦੱਸੇ ਢੰਗ, ਜੋਗ ਅਭਿਆਸ ਨਾ ਕੋਇ ਕਰਾਇੰਦਾ । ਕਰ ਕਿਰਪਾ ਜਿਸ ਨੂੰ ਚਾੜ੍ਹੇ ਰੰਗ, ਰੰਗ ਇਕੋ ਨਜ਼ਰੀ ਆਇੰਦਾ । ਅੰਦਰ ਬਾਹਰ ਵਸੇ ਸੰਗ, ਸਗਲਾ ਸੰਗ ਨਿਭਾਇੰਦਾ । ਗੁਰਮੁਖ ਕਹੇ ਮੇਰਾ ਮੁੱਕਾ ਪੰਧ, ਸਤਿਗੁਰ ਕਹੇ ਮੈਂ ਨੱਠ ਨੱਠ ਫੇਰਾ ਪਾਇੰਦਾ । ਬਣ ਵਚੋਲਾ ਸੂਰਾ ਸਰਬੰਗ, ਸੁਰਤੀ ਸ਼ਬਦ ਮੇਲ ਮਿਲਾਇੰਦਾ । ਜਾਗਦਿਆਂ ਸੁੱਤਿਆਂ ਇਕੋ ਜਿਹਾ ਦੇਵੇ ਅਨੰਦ, ਕਾਣੀ ਵੰਡ ਨਾ ਕੋਇ ਵੰਡਾਇੰਦਾ । ਗੁਰਮੁਖਾਂ ਨਾਲ ਸਤਿਗੁਰ ਪੂਰਾ ਜਾਏ ਹੰਢ, ਆਪਣਾ ਜੋਬਨ ਹੋਰ ਨਾ ਕਿਸੇ ਵਖਾਇੰਦਾ । ਲੱਖ ਚੁਰਾਸੀ ਵਿਚ ਅੰਦਰ ਰੱਖੀ ਕੰਧ, ਜਨ ਭਗਤਾਂ ਪੜਦਾ ਆਪੇ ਲਾਹਿੰਦਾ । ਬਿਨ ਭਗਤਾਂ ਭਗਵਾਨ ਨੂੰ ਕੋਈ ਨਾ ਪਾਵੇ ਠੰਡ, ਦੋ ਜਹਾਨ ਅਗਨੀ ਤੱਤ ਨਜ਼ਰੀ ਆਇੰਦਾ । ਗੁਰਮੁਖ ਸੱਚੇ ਚੜ੍ਹਨ ਚੰਦ, ਬ੍ਰਹਿਮੰਡ ਖੰਡ ਆਪ ਰੁਸ਼ਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਜਨਮ ਲੇਖੇ ਪਾਇੰਦਾ । ਜਨਮ ਲੇਖਾ ਹਰਿ ਜੂ ਲਿਖਿਆ, ਲਿਖਣ ਵਾਲਾ ਨਜ਼ਰ ਕਿਸੇ ਨਾ ਆਈਆ । ਆਦਿ ਜੁਗਾਦਿ ਜੀਵ ਜਗਤ ਜਹਾਨ ਮਿਥਿਆ, ਥਿਰ ਕੋਇ ਰਹਿਣ ਨਾ ਪਾਈਆ । ਭਗਤ ਭਗਵਾਨ ਸਦਾ ਸਦ ਦੇਵੇ ਸਾਚੀ ਸਿਖਿਆ, ਕਰੇ ਸਤਿ ਪੜ੍ਹਾਈਆ । ਕਲਜੁਗ ਅੰਤਮ ਹਰਿ ਸੰਗਤ ਪੂਰੀ ਕਰੇ ਇਛਿਆ, ਨਿਰਇਛਤ ਬੇਪਰਵਾਹੀਆ । ਦਾਤਾ ਦਾਨੀ ਪਾਏ ਭਿਖਿਆ, ਭਿੱਖਕ ਗੁਰਮੁਖ ਨਜ਼ਰੀ ਆਈਆ । ਨੇਤਰ ਨੈਣ ਨਿਜ ਆਪਣੇ ਦਿਸਿਆ, ਜਗਤ ਨੇਤਰ ਰਹੇ ਸ਼ਰਮਾਈਆ । ਕਰੇ ਖੇਲ ਆਪ ਅਨਡਿਠਿਆ, ਅਨਡਿਠੜੀ ਕਾਰ ਕਮਾਈਆ । ਭਗਤ ਭਗਵਾਨ ਇਕ ਦੂਜੇ ਨਾਲ ਵੰਡਣ ਹਿਸਿਆ, ਜੁਗ ਜੁਗ ਰਾਹ ਜਣਾਈਆ । ਖਾਣੀ ਬਾਣੀ ਵੇਦ ਪੁਰਾਣੀ ਅੰਜੀਲ ਕੁਰਾਨੀ ਜਗਤ ਕਹਾਣੀ ਰਹਿ ਜਾਏ ਕਿਸਿਆ, ਅੱਗੇ ਹੋ ਨਾ ਕੋਇ ਬਚਾਈਆ । ਨੇਤਰ ਲੋਚਣ ਨੈਣ ਨਿਝ ਆਤਮ ਪਰਮਾਤਮ ਜਿਸ ਪੇਖਿਆ, ਤਿਸ ਪ੍ਰਿਥਮੀ ਆਕਾਸ਼ ਸੀਸ ਝੁਕਾਈਆ ।


੮੩੨
੧੩

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਦੇਵਣਹਾਰਾ ਸਾਚਾ ਵਰ, ਜਨਮ ਕਰਮ ਧਰਮ ਵਰਨ ਬਰਨ ਆਪਣੀ ਝੋਲੀ ਪਾਈਆ ।

❇ ੧੦ ਫੱਗਣ ੨੦੧੯ ਬਿਕ੍ਰਮੀ ਹਰਿਭਜਨ ਸਿੰਘ ਦੇ ਗ੍ਰਿਹਿ ਲੰਗਰ ਪੂਰਾ ਮੇਰਠ ਛੌਣੀ ❇

ਭਗਤਾਂ ਅੰਦਰ ਵਸਾਏ ਨਾਉਂ, ਸ੍ਰੀ ਭਗਵਾਨ ਦਇਆ ਕਮਾਇੰਦਾ । ਵੇਖਣਹਾਰਾ ਥਾਈਂ ਥਾਉਂ, ਨਵ ਨੌਂ ਚਾਰ ਖੋਜ ਖੁਜਾਇੰਦਾ । ਪਕੜਨਹਾਰਾ ਅਗੰਮੀ ਬਾਂਹੋਂ, ਨਿਰਗੁਣ ਨਜ਼ਰ ਕਿਸੇ ਨਾ ਆਇੰਦਾ । ਕਰਨਹਾਰਾ ਸਚ ਨਿਆਉਂ, ਸਾਚੇ ਤਖ਼ਤ ਸੋਭਾ ਪਾਇੰਦਾ । ਭਗਤ ਮਿਲਾਵਾ ਜਿਉਂ ਬਾਲਕ ਪਿਤਾ ਮਾਉਂ, ਪੂਤ ਸਪੂਤਾ ਅੰਗ ਲਗਾਇੰਦਾ । ਸਦਾ ਮਿਲਣ ਦਾ ਰੱਖੇ ਚਾਓ, ਚਾਓ ਘਨੇਰਾ ਇਕ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਆਪ ਦਰਸਾਇੰਦਾ । ਸਾਚਾ ਨਾਮ ਦੇਵਣਹਾਰਾ, ਸਤਿਗੁਰ ਪੂਰਾ ਇਕ ਅਖਵਾਈਆ । ਜੁਗ ਚੌਕੜੀ ਲਏ ਅਵਤਾਰਾ, ਨਿਰਗੁਣ ਸਰਗੁਣ ਵੇਸ ਵਟਾਈਆ । ਧੁਰ ਦੀ ਧਾਰ ਸ਼ਬਦ ਅਗੰਮ ਜੈਕਾਰਾ, ਪਾਰਬ੍ਰਹਮ ਬ੍ਰਹਮ ਦ੍ਰਿੜਾਈਆ । ਆਤਮ ਪਰਮਾਤਮ ਕਰ ਪਿਆਰਾ, ਘਰ ਸਾਚੇ ਦਏ ਵਸਾਈਆ । ਅਨਹਦ ਨਾਦ ਸੱਚੀ ਧੁਨਕਾਰਾ, ਧੁਨ ਇਕੋ ਨਾਦ ਅਲਾਈਆ । ਕਾਗ਼ਜ਼ ਕਲਮ ਨਾ ਲਿਖਣਹਾਰਾ, ਲਿਖ ਲਿਖ ਲੇਖ ਨਾ ਕੋਇ ਸਮਝਾਈਆ । ਜਨ ਭਗਤਾਂ ਦੇਵੇ ਕਰ ਪਿਆਰਾ, ਪੀਆ ਪ੍ਰੀਤਮ ਫੇਰਾ ਪਾਈਆ । ਸਦਾ ਸੁਹੇਲਾ ਬਣ ਵਣਜਾਰਾ, ਹੱਟ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਇਕ ਦਰਸਾਈਆ । ਸਾਚਾ ਨਾਮ ਸਤਿਗੁਰ ਹੱਥ, ਦੂਸਰ ਨਜ਼ਰ ਕਿਤੇ ਨਾ ਆਇੰਦਾ । ਜਨ ਭਗਤਾਂ ਮਾਰਗ ਦੇਵੇ ਦੱਸ, ਆਪ ਆਪਣਾ ਭੇਵ ਖੁਲ੍ਹਾਇੰਦਾ । ਅੰਤਰ ਆਤਮ ਆਪੇ ਵਸ, ਆਪ ਆਪਣਾ ਮੇਲ ਮਿਲਾਇੰਦਾ । ਤੀਰ ਨਿਰਾਲਾ ਮਾਰ ਕਸ, ਬਜਰ ਕਪਾਟੀ ਤੋੜ ਤੁੜਾਇੰਦਾ । ਪੰਚ ਵਿਕਾਰ ਜਾਏ ਢੱਠ, ਆਸਾ ਤ੍ਰਿਸਨਾ ਮੇਟ ਮਿਟਾਇੰਦਾ । ਦੁਰਮਤ ਮੈਲ ਦੇਵੇ ਕੱਟ, ਅੰਮ੍ਰਿਤ ਆਤਮ ਸੀਰ ਪਿਆਇੰਦਾ । ਆਤਮ ਸੇਜ ਵਛਾਏ ਖਾਟ, ਸੁਹੰਜਣੀ ਰੁੱਤ ਆਪ ਪਰਗਟਾਇੰਦਾ । ਦੂਰ ਦੁਰਾਡੀ ਮੇਟ ਵਾਟ, ਨੇਰਨ ਨੇਰਾ ਨਜ਼ਰੀ ਆਇੰਦਾ । ਕਰੇ ਖੇਲ ਬਹੁ ਬਿਧ ਭਾਂਤ, ਭੇਵ ਅਭੇਦ ਨਾ ਕਿਸੇ ਜਣਾਇੰਦਾ । ਜਨ ਭਗਤਾਂ ਵਸੇ ਸਾਥ, ਨਾਉਂ ਨਿਰੰਕਾਰਾ ਆਪ ਜਪਾਇੰਦਾ । ਕੋਟਨ ਕੋਟ ਰਸਨਾ ਜਿਹਵਾ ਕਰਨ ਜਾਪ, ਬੱਤੀ ਦੰਦ ਸਰਬ ਕੁਰਲਾਇੰਦਾ । ਸਤਿਗੁਰ ਪੂਰਾ ਕਰ ਕਿਰਪਾ ਜਿਸ ਜਨ ਬੁਝਾਏ ਆਪਣਾ ਆਪ, ਤਿਸ ਆਪਣਾ ਨਾਉਂ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਇਕ ਵਖਾਇੰਦਾ । ਸਾਚਾ ਨਾਮ ਏਕਾ ਏਕ, ਅਕਲ ਕਲਾ ਵਡਿਆਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੇਵੇ ਟੇਕ, ਭਗਤ ਭਗਵਾਨ ਆਪ ਸਮਝਾਈਆ । ਸਾਧਾਂ ਸੰਤਾਂ ਕਰੇ ਬੁਧ ਬਿਬੇਕ, ਬਿਬੇਕੀ ਆਪਣੀ ਧਾਰ ਦਰਸਾਈਆ । ਜੁਗ ਚੌਕੜੀ ਕਿਸੇ ਨਾ ਆਵੇ ਵਿਚ ਭੇਖ, ਸ਼ਾਸਤਰ ਸਿਮਰਤ ਵੇਦ ਪੁਰਾਨ ਖਾਣੀ ਬਾਣੀ ਸਿਫ਼ਤ ਸਲਾਹੀਆ । ਨਿਰਗੁਣ ਨਿਰਗੁਣ ਕਰੇ ਹੇਤ, ਨਿਤ ਨਵਿਤ ਫੇਰਾ ਪਾਈਆ । ਗੁਰਮੁਖ ਗੁਰਸਿਖ ਸਾਚੇ ਨਾਉਂ ਨਾਲ ਲੈਣ ਖੇਡ, ਘਰ ਘਰ ਵਿਚ ਖੇਲ ਵਖਾਈਆ । ਕਰ ਕਿਰਪਾ ਦੱਸੇ ਆਪਣਾ ਭੇਤ, ਭੇਵ ਅਭੇਦ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ


੮੩੩ ੧੩

ਕਰ, ਅੰਤਰ ਆਤਮ ਇਕੋ ਨਾਮ ਦਰਸਾਈਆ । ਆਤਮ ਅੰਤਰ ਸੱਚਾ ਨਾਮ, ਸ੍ਰੀ ਭਗਵਾਨ ਆਪ ਜਣਾਇੰਦਾ । ਸਾਹਿਬ ਸਤਿਗੁਰ ਚਰਨ ਚਰਨ ਧਿਆਨ, ਧਿਆਨ ਧਿਆਨ ਵਿਚ ਮਿਲਾਇੰਦਾ । ਗਾਵਤ ਗਾਏ ਬਿਨ ਰਸਨਾ ਜਿਹਵਾ ਜ਼ਬਾਨ, ਆਸਾ ਤ੍ਰਿਸਨਾ ਨਾ ਕੋਇ ਵਡਿਆਇੰਦਾ । ਛੰਦ ਸੁਹਾਗੀ ਸੁਣਾਏ ਕਲਾਮ, ਕਲਮਾ ਨਬੀ ਆਪ ਪੜ੍ਹਾਇੰਦਾ । ਅੰਮ੍ਰਿਤ ਅਮਿਉਂ ਰਸ ਪਿਆਏ ਸੱਚਾ ਜਾਮ, ਸਚ ਪਿਆਲਾ ਹੱਥ ਉਠਾਇੰਦਾ । ਆਤਮ ਦੇਵੇ ਪਰਮਾਤਮ ਆਰਾਮ, ਸੁਖ ਇਕੋ ਘਰ ਵਖਾਇੰਦਾ । ਸੁਖ ਘਰ ਪਾਇਆ ਮਿਲਿਆ ਰਾਮ, ਬਿਨ ਰਾਮ ਸੁਖ ਨਜ਼ਰ ਕੋਇ ਨਾ ਆਇੰਦਾ । ਪਾਇਆ ਸੁਖ ਕਾਇਆ ਖੇੜਾ ਨਗਰ ਗਰਾਮ, ਨੌਂ ਦਰ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਆਪਣਾ ਨਾਮ ਆਪ ਪੜ੍ਹਾਇੰਦਾ । ਗੁਰਮੁਖ ਵਿਰਲਾ ਜਾਏ ਪੜ੍ਹ, ਜਿਸ ਸਤਿਗੁਰ ਆਪ ਪੜ੍ਹਾਈਆ । ਜਿਸ ਕਿਰਪਾ ਕਰ ਲਾਏ ਆਪਣੇ ਲੜ, ਪੱਲੂ ਆਪਣੀ ਗੰਢ ਬੰਧਾਈਆ । ਨਿਰਗੁਣ ਵੇਖੇ ਅੰਦਰ ਵੜ, ਸਰਗੁਣ ਅੱਖ ਖੁਲ੍ਹਾਈਆ । ਸਚ ਮਹੱਲੇ ਆਪਣੇ ਖੜ, ਮਹੱਲ ਅਟੱਲ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਇਕ ਜਣਾਈਆ । ਸਾਚਾ ਨਾਮ ਜਨਨੀ ਜਨ, ਜਗਜੀਵਣ ਦਾਤਾ ਆਪ ਜਣਾਇੰਦਾ । ਅੰਦਰ ਕਰੇ ਵਸ ਮਨੂਆ ਮਨ, ਮਨ ਵਾਸਨਾ ਮੇਟ ਮਿਟਾਇੰਦਾ । ਨਾਮ ਸੁਖ ਵਸੇ ਤਨ, ਜੋ ਤਨ ਸਤਿਗੁਰ ਚਰਨ ਧੂੜ ਮਸਤਕ ਟਿੱਕਾ ਲਾਇੰਦਾ । ਏਕਾ ਰਾਗ ਸੁਣੇ ਕੰਨ, ਅਨਹਦ ਨਾਦੀ ਰਾਗ ਅਲਾਇੰਦਾ । ਕੂੜੀ ਕਿਰਿਆ ਭਾਂਡਾ ਦੇਵੇ ਭੰਨ, ਭਰਮ ਭੌ ਗੜ੍ਹ ਤੁੜਾਇੰਦਾ । ਕਰੇ ਪਰਕਾਸ਼ ਬਿਨ ਸੂਰਜ ਚੰਨ, ਅਗਿਆਨ ਅੰਧੇਰ ਮਿਟਾਇੰਦਾ । ਏਥੇ ਓਥੇ ਬੇੜਾ ਦੇਵੇ ਬੰਨ੍ਹ, ਸੋ ਨਾਮ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਭੇਵ ਆਪ ਜਣਾਇੰਦਾ । ਸਾਚਾ ਨਾਮ ਮੰਗੋ ਇਕ, ਜਿਸ ਮੰਗਿਆਂ ਭੁੱਖ ਰਹੇ ਨਾ ਰਾਈਆ । ਪ੍ਰਭ ਮਿਲਣ ਦੀ ਰੱਖੋ ਸਿਕ, ਜਿਸ ਮਿਲਿਆਂ ਵਿਛੜ ਨਾ ਜਾਈਆ । ਸਚ ਦਵਾਰੇ ਮੰਗੋ ਭਿਖ, ਭਿਖ ਇਕੋ ਇਕ ਵਰਤਾਈਆ । ਸਾਹਿਬ ਸਤਿਗੁਰ ਹਰ ਘਟ ਆਵੇ ਦਿਸ, ਦਹਿ ਦਿਸ਼ਾ ਕਰੇ ਰੁਸ਼ਨਾਈਆ । ਦਿਵਸ ਰੈਣ ਨਾ ਦੇਵੇ ਪਿਠ, ਕਰਵਟ ਲਏ ਨਾ ਕਦੇ ਬਦਲਾਈਆ । ਮੇਲ ਮਿਲਾਏ ਨਿਤ ਨਵਿਤ, ਕਰ ਕਰ ਹਿਤ ਬੇਪਰਵਾਹੀਆ । ਮਾਣਸ ਜਨਮ ਲੈਣਾ ਜਿਤ, ਹਾਰ ਨਜ਼ਰ ਕੋਇ ਨਾ ਆਈਆ । ਸਾਚਾ ਨਾਮ ਕਲਜੁਗ ਅੰਤਮ ਲੈਣਾ ਸਿਖ, ਜਿਸ ਨੂੰ ਸਿਖ ਸਿਖ ਗੁਰ ਅਵਤਾਰ ਪੀਰ ਪੈਗ਼ੰਬਰ ਸ਼ੁਕਰ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਨਾਮ ਰਿਹਾ ਸਮਝਾਈਆ । ਸੋ ਪੁਰਖ ਨਿਰੰਜਣ ਸਾਚਾ ਨਾਮ, ਨਾਉਂ ਨਿਰੰਕਾਰਾ ਆਪ ਦ੍ਰਿੜਾਇੰਦਾ । ਜੁਗ ਚੌਕੜੀ ਪੂਰਨ ਕਰੇ ਕਾਮ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਇੰਦਾ । ਦੋ ਜਹਾਨ ਵਸਾਏ ਨਗਰ ਖੇੜਾ ਗਰਾਮ, ਬ੍ਰਹਿਮੰਡ ਖੰਡ ਆਪਣਾ ਹੁਕਮ ਵਰਤਾਇੰਦਾ । ਲੱਖ ਚੁਰਾਸੀ ਵਸੇ ਕਾਇਆ ਮਾਟੀ ਚਾਮ, ਅੰਡਜ ਜੇਰਜ ਉਤਭੁਜ ਸੇਹਤਜ ਆਪਣੀ ਵੰਡ ਵੰਡਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰੋੜ ਤੇਤੀਸਾ ਸੁਰਪਤ ਇੰਦ ਦੇਵੇ ਨਾਮ, ਅੰਮਿਉਂ ਰਸ ਇਕੋ ਇਕ ਚਖਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਦੇਵੇ ਸਚ ਕਲਾਮ, ਕਲਮਾ ਨਬੀ ਰਸੂਲ ਸਿਖਾਇੰਦਾ । ਭਗਤ ਭਗਵਾਨ ਦੇਵੇ ਦਾਨ, ਦਾਤਾ ਦਾਨੀ ਦਇਆ ਕਮਾਇੰਦਾ । ਸੰਤ ਸੱਜਣ ਕਰ ਪਰਵਾਨ, ਸਾਚੀ ਸਿਖਿਆ ਇਕ ਪੜ੍ਹਾਇੰਦਾ । ਗੁਰਮੁਖਾਂ ਦੇਵੇ ਗੁਰ ਗਿਆਨ, ਗੁਰ ਇਸ਼ਟ ਇਕੋ ਨਜ਼ਰੀ ਆਇੰਦਾ । ਗੁਰਸਿਖ ਮੇਲਾ ਵਿਚ ਜਹਾਨ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਬੰਧਨ ਇਕ ਵਖਾਇੰਦਾ ।

ਆਦਿ ਜੁਗਾਦੀ ਖੇਲ ਮਹਾਨ, ਜੁਗ ਜੁਗ ਆਪਣਾ ਰਾਹ ਚਲਾਇੰਦਾ । ਸਾਚਾ ਨਾਮ ਕਰ ਪਰਧਾਨ, ਵਡ ਪਰਧਾਨਗੀ ਆਪ ਕਮਾਇੰਦਾ । ਸੋ ਪੁਰਖ ਨਿਰੰਜਣ ਸਾਹਿਬ ਸੁਲਤਾਨ, ਸਾਚੇ ਤਖ਼ਤ ਸੋਭਾ ਪਾਇੰਦਾ । ਹੰ ਬ੍ਰਹਮ ਬਾਲ ਅਵਾਣ, ਪਾਰਬ੍ਰਹਮ ਖੋਜ ਖੁਜਾਇੰਦਾ । ਦੋਹਾਂ ਵਿਚੋਲਾ ਨੌਜਵਾਨ, ਨਿਰਗੁਣ ਨਿਰਗੁਣ ਗੰਢ ਪਵਾਇੰਦਾ । ਕਲਜੁਗ ਅੰਤਮ ਹੋ ਮਿਹਰਵਾਨ, ਮਿਹਰ ਨਜ਼ਰ ਇਕ ਉਠਾਇੰਦਾ । ਅੰਤਰ ਵਸਾਏ ਆਪਣਾ ਨਾਮ, ਬਾਹਰ ਸੁਖ ਇਕੋ ਇਕ ਜਣਾਇੰਦਾ । ਅੰਤਰ ਵਸ ਸ੍ਰੀ ਭਗਵਾਨ, ਬਾਹਰ ਭਗਵੰਤ ਸਰਗੁਣ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਘਰ ਘਰ ਆਪ ਵਰਤਾਇੰਦਾ । ਸਾਚਾ ਨਾਮ ਸਤਿਗੁਰ ਵੰਡ, ਵੰਡਣਹਾਰ ਦਇਆ ਕਮਾਈਆ । ਜੁਗ ਜੁਗ ਮੇਟੇ ਭੇਖ ਪਖੰਡ, ਕੂੜੀ ਕਿਰਿਆ ਮਾਤ ਖਪਾਈਆ । ਭਗਤਨ ਦੇਵੇ ਇਕ ਅਨੰਦ, ਨਿਜਾਨੰਦ ਰਸ ਚਖਾਈਆ । ਗੀਤ ਸੁਹਾਗੀ ਸੁਣਾਏ ਛੰਦ, ਸੋਹੰ ਇਕੋ ਅੱਖਰ ਪੜ੍ਹਾਈਆ । ਖ਼ੁਸ਼ੀ ਕਰਾਏ ਬੰਦ ਬੰਦ, ਬੰਦੀਖ਼ਾਨਾ ਰਹਿਣ ਨਾ ਪਾਈਆ । ਕਰੇ ਪਰਕਾਸ਼ ਸਾਚੇ ਚੰਦ, ਜੋਤੀ ਜੋਤ ਡਗਮਗਾਈਆ । ਘਰ ਦੇ ਪਰਮਾਨੰਦ, ਪਰਮ ਪੁਰਖ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਦਰ ਬਾਹਰ ਇਕੋ ਸੁਖ, ਦੇਵਣਹਾਰ ਮਾਣਸ ਮਨੁਖ, ਮਾਨਵ ਆਪਣੇ ਰੰਗ ਰੰਗਾਈਆ । ਅੰਦਰ ਵਸਾਏ ਕਿਰਪਾਨਿਧ ਆਪਣਾ ਨਾਮ ਦਇਆ ਕਮਾਈਆ । ਹਰਿਜਨ ਕਾਰਜ ਕਰੇ ਸਿੱਧ, ਬਿਧ ਆਪਣੇ ਹੱਥ ਰਖਾਈਆ । ਵੇਖਣਹਾਰਾ ਜੀਉ ਪਿੰਡ, ਘਰ ਘਰ ਖੋਜ ਕਰਾਈਆ । ਪਾਵੇ ਸਾਰ ਜੇਰਜ ਅੰਡ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਨਾਮ ਦਏ ਵਡਿਆਈਆ । ਇਕੋ ਨਾਮ ਵੱਡਾ ਸਾਗਰ, ਗਹਿਰ ਗੰਭੀਰ ਜਣਾਇੰਦਾ । ਜਨ ਭਗਤਾਂ ਲੁਕਾਏ ਕਾਇਆ ਗਾਗਰ, ਆਪ ਆਪਣਾ ਖੇਲ ਕਰਾਇੰਦਾ । ਸਦਾ ਸਦਾ ਹਰਿ ਬਣ ਸੌਦਾਗਰ, ਜੁਗ ਜੁਗ ਹੱਟ ਚਲਾਇੰਦਾ । ਹਰਿਜਨ ਦੇਵੇ ਇਕੋ ਆਦਰ, ਆਦਰਸ਼ ਆਪਣਾ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਆਪ ਉਪਾਇੰਦਾ । ਸਾਚਾ ਨਾਮ ਉਪਮਾ ਜੋਗ, ਪਰਾਪਤ ਆਪ ਕਰਾਈਆ । ਜੋਤੀ ਸ਼ਬਦੀ ਧੁਰ ਸੰਜੋਗ, ਸੁਰਤ ਕਰੇ ਕੁੜਮਾਈਆ । ਜਗਤ ਤ੍ਰਿਸਨਾ ਮਿਟੇ ਰੋਗ, ਹਉਮੈਂ ਹੰਗਤਾ ਰਹਿਣ ਨਾ ਪਾਈਆ । ਨਾਤ ਤੁਟੇ ਲੋਕ ਪਰਲੋਕ, ਸਾਚਾ ਸੋਹਲਾ ਇਕ ਸੁਣਾਈਆ । ਚਰਨਾਂ ਹੇਠ ਰਖਾਏ ਮੁਕਤੀ ਮੋਖ, ਜਿਸ ਜਨ ਆਪਣਾ ਨਾਮ ਸਮਝਾਈਆ । ਤਿਸ ਦਾ ਵਿਸ਼ਨ ਬ੍ਰਹਮਾ ਸ਼ਿਵ ਦਰਸਨ ਰਹੇ ਲੋਚ, ਜੋ ਭਗਤ ਭਗਵਾਨ ਮਿਲ ਮਿਲ ਖ਼ੁਸ਼ੀ ਮਨਾਈਆ । ਹਰਿ ਕਾ ਨਾਮ ਕਿਸੇ ਨਾ ਆਵੇ ਵਿਚ ਸੋਚ, ਸੋਚ ਥੱਕੀ ਸਰਬ ਲੋਕਾਈਆ । ਹਰਿ ਕਾ ਨਾਮ ਵਸਾਵਣਹਾਰਾ ਕਿਲਾ ਕੋਟ, ਬੰਕ ਦਵਾਰ ਦਏ ਵਡਿਆਈਆ । ਜਨ ਭਗਤਾਂ ਲਾਏ ਇਕੋ ਚੋਟ, ਤਨ ਨਗਾਰੇ ਕਰੇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਦਰ ਬਾਹਰ ਗੁਪਤ ਜ਼ਾਹਰ ਇਕੋ ਨਾਮ ਸਾਲਾਹੀਆ । ਸੱਚਾ ਨਾਮ ਸੱਚਾ ਰਸ, ਗੁਰ ਸਤਿਗੁਰ ਆਪ ਜਣਾਇੰਦਾ । ਜਨ ਭਗਤਾਂ ਅੰਤਰ ਆਤਮ ਵਸ, ਹਿਰਦੇ ਹਰਿ ਹਰਿ ਨਜ਼ਰੀ ਆਇੰਦਾ । ਬੋਧ ਅਗਾਧ ਗਾਵੇ ਜਸ, ਲੇਖਾ ਲਿਖਤ ਨਾ ਕੋਇ ਜਣਾਇੰਦਾ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਮੇਲ ਮਿਲਾਵਾ ਹੱਸ, ਹੰਸ ਮੁਖ ਸੋਹੰ ਸ਼ਬਦ ਸਾਚੀ ਚੋਗ ਚੁਗਾਇੰਦਾ । ਜਨ ਜਨਨੀ ਲੇਖੇ ਲਾਏ ਕੁੱਖ, ਗਰਭ ਵਾਸ ਫੰਦ ਕਟਾਇੰਦਾ । ਉਜਲ ਕਰੇ ਮੁਖ, ਜੋ ਹਰਿ ਹਰਿ ਨਾਮ ਧਿਆਇੰਦਾ । ਅੰਦਰ ਬਾਹਰ ਇਕੋ ਸੁਖ, ਸਤਿਗੁਰ ਪੂਰਾ ਆਪ ਦਰਸਾਇੰਦਾ । ਕਲਜੁਗ ਅੰਤਮ ਜਨ ਭਗਤਾਂ ਗੋਦੀ ਚੁੱਕ, ਆਪਣੇ ਅੰਗਣ ਆਪ ਬਹਾਇੰਦਾ ।

ਲੋਕਮਾਤ ਦਾ ਬੂਟਾ ਪੁੱਟ, ਸਤਿਜੁਗ ਫਲ ਫੁਲਵਾੜੀ ਆਪ ਮਹਿਕਾਇੰਦਾ । ਅੰਦਰ ਬਾਹਰ ਵਖਾਏ ਇਕੋ ਰੁੱਤ, ਬਸੰਤ ਬਹਾਰ ਆਪ ਜਣਾਇੰਦਾ । ਸੰਤ ਸੁਹੇਲੇ ਸਾਚੇ ਸੁਤ, ਸਤਿ ਸਤਿਵਾਦੀ ਆਪ ਉਠਾਇੰਦਾ । ਕਰੇ ਖੇਲ ਅਬਿਨਾਸ਼ੀ ਅਚੁੱਤ, ਚੇਤਨ ਆਪਣਾ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਿਰਦੇ ਨਾਮ ਆਪ ਵਸਾਇੰਦਾ । ਹਿਰਦੇ ਨਾਮ ਵਸਾਏ ਆਪ, ਪ੍ਰਭ ਆਪਣੀ ਦਇਆ ਕਮਾਈਆ । ਜਨ ਭਗਤਾਂ ਬਣ ਮਾਈ ਬਾਪ, ਘਰ ਵੇਖੇ ਚਾਈਂ ਚਾਈਂਆ । ਆਤਮ ਪਰਮਾਤਮ ਇਕੋ ਜਾਪ, ਜੀਵਣ ਯੁਗਤ ਦਏ ਜਣਾਈਆ । ਜਿਸ ਦਾ ਨਾਨਕ ਨਿਰਗੁਣ ਕਰਿਆ ਪਾਠ, ਦਿਵਸ ਰੈਣ ਧਿਆਨ ਲਗਾਈਆ । ਸੋ ਸਾਹਿਬ ਪੁਰਖ ਸਮਰਾਥ, ਨਿਰਵੈਰ ਨੂਰ ਇਲਾਹੀਆ । ਜੁਗ ਜੁਗ ਦੇਵਣਹਾਰਾ ਦਾਤ, ਵਡ ਭੰਡਾਰੀ ਬੇਪਰਵਾਹੀਆ । ਜਨ ਭਗਤਾਂ ਵਸੇ ਸਦਾ ਸਾਥ, ਵਿਛੜ ਕਦੇ ਨਾ ਜਾਈਆ । ਸਾਢੇ ਤਿੰਨ ਹੱਥ ਚਲਾਏ ਕਾਇਆ ਰਾਥ, ਰਥਵਾਹੀ ਨਜ਼ਰ ਕਿਸੇ ਨਾ ਆਈਆ । ਅੰਦਰ ਬਾਹਰ ਮੇਲ ਮਿਲਾਵਾ ਕਮਲਾਪਾਤ, ਨੈਣ ਨੈਣ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਅੰਦਰ ਆਪਣਾ ਨਾਮ ਟਿਕਾਈਆ । ਜਨ ਭਗਤਾਂ ਲਾਏ ਨਾਮ ਟਿੱਕਾ, ਮਸਤਕ ਇਕੋ ਰੰਗ ਰੰਗਾਇੰਦਾ । ਨਜ਼ਰ ਨਾ ਆਏ ਨੀਕਨ ਨੀਕਾ, ਰੂਪ ਰੰਗ ਰੇਖ ਨਾ ਕੋਇ ਵਖਾਇੰਦਾ । ਕੂੜਾ ਰਸ ਕੱਢੇ ਫੀਕਾ, ਅੰਮ੍ਰਿਤ ਮੁਖ ਚੁਆਇੰਦਾ । ਲੇਖਾ ਜਾਣੇ ਜੀਵ ਜੀਅ ਕਾ, ਲੱਖ ਚੁਰਾਸੀ ਖੋਜ ਖੁਜਾਇੰਦਾ । ਹਰਿਜਨ ਲਹਿਣਾ ਚੁਕਾਏ ਸੀਆਂ ਸਾਢੇ ਤਿੰਨ ਹੱਥ ਸੀਂ ਕਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਪਣਾ ਨਾਮ ਆਪਣੇ ਰੰਗ ਵਖਾਇੰਦਾ । ਹਰਿ ਕਾ ਨਾਮ ਵਖਾਏ ਰੰਗ, ਰੰਗ ਰਤੜਾ ਬੇਪਰਵਾਹੀਆ । ਹਰਿ ਕਾ ਨਾਮ ਸੂਰਾ ਸਰਬੰਗ, ਸੂਰਬੀਰ ਸਿਫ਼ਤ ਸਾਲਾਹੀਆ । ਹਰਿ ਕਾ ਨਾਮ ਸਚ ਮਰਦੰਗ, ਆਦਿ ਜੁਗਾਦਿ ਵੱਜੇ ਵਧਾਈਆ । ਹਰਿ ਕਾ ਨਾਮ ਨਿਰਗੁਣ ਸਰਗੁਣ ਵੇਖੇ ਲੰਘ, ਡੂੰਘੀ ਕੰਦਰ ਫੇਰਾ ਪਾਈਆ । ਹਰਿ ਕਾ ਨਾਮ ਕਰੇ ਪਰਕਾਸ਼ ਨਿਰਮਲ ਚੰਦ, ਅਗਿਆਨ ਅੰਧੇਰ ਮਿਟਾਈਆ । ਹਰਿ ਕਾ ਨਾਮ ਗੀਤ ਸੁਹਾਗੀ ਛੰਦ, ਗੁਰ ਅਵਤਾਰ ਰਹੇ ਜਸ ਗਾਈਆ । ਹਰਿ ਕਾ ਨਾਮ ਸਦਾ ਬਖ਼ਸ਼ੰਦ, ਬਖ਼ਸ਼ਸ਼ ਇਕੋ ਇਕ ਜਣਾਈਆ । ਹਰਿ ਕਾ ਨਾਮ ਹਰਿ ਸਤਿਗੁਰ ਦਏ ਵੰਡ, ਗੁਰ ਗੁਰ ਸ਼ਬਦੀ ਸੇਵ ਕਮਾਈਆ । ਹਰਿ ਕਾ ਨਾਮ ਹਰਿਜਨ ਹੋਣ ਨਾ ਦੇਵੇ ਰੰਡ, ਨਾਰ ਸੁਹਾਗਣ ਇਕ ਵਖਾਈਆ । ਹਰਿ ਕਾ ਨਾਮ ਸਿਫ਼ਤ ਸਾਲਾਹਨ ਸਾਲਾਹ ਨਾ ਸਕਣ ਬੱਤੀ ਦੰਦ, ਕਾਤਬ ਕਰੇ ਨਾ ਕੋਇ ਲਿਖਾਈਆ । ਹਰਿ ਕਾ ਨਾਮ ਗੁਰਮੁਖ ਜਾਣੇ ਜਿਸ ਦੇਵੇ ਪਰਮਾਨੰਦ, ਪਰਮ ਪੁਰਖ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਕਲਜੁਗ ਅੰਤਮ ਇਕੋ ਨਾਮ ਦਏ ਵਡਿਆਈਆ । ਇਕੋ ਨਾਮ ਸਾਚਾ ਸੋਹਲਾ, ਸੋ ਪੁਰਖ ਨਿਰੰਜਣ ਅੰਤ ਜਣਾਇੰਦਾ । ਅੰਤਮ ਕਲਜੁਗ ਬਦਲੇ ਚੋਲਾ, ਸਤਿਜੁਗ ਸਾਚਾ ਰੂਪ ਵਟਾਇੰਦਾ । ਨੌਂ ਖੰਡ ਪ੍ਰਿਥਮੀ ਸੱਤ ਦੀਪ ਲੱਖ ਚੁਰਾਸੀ ਗਾਏ ਢੋਲਾ, ਢੋਲਾ ਇਕੋ ਇਕ ਪੜ੍ਹਾਇੰਦਾ । ਆਤਮ ਪਰਮਾਤਮ ਪਰਮਾਤਮ ਆਤਮ ਰੰਗ ਵਖਾਏ ਆਪਣਾ ਮੌਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਇਕ ਉਪਾਇੰਦਾ । ਸਾਚਾ ਨਾਮ ਆਦਿ ਜੁਗਾਦਿ, ਇਕੋ ਇਕ ਵਡਿਆਈਆ । ਵਿਸ਼ਨ ਬ੍ਰਹਮਾ ਸ਼ਿਵ ਕਰਨ ਯਾਦ, ਨਿਜ ਨੇਤਰ ਧਿਆਨ ਲਗਾਈਆ । ਗੁਰ ਅਵਤਾਰ ਕਰਨ ਫ਼ਰਯਾਦ, ਦੋਏ ਜੋੜ ਜੋੜ ਸਰਨਾਈਆ । ਪੀਰ ਪੈਗ਼ੰਬਰ ਮੰਗਣ ਦਾਦ, ਨੇਤਰ ਨੈਣਾਂ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਸੋ ਨਾਮ ਇਕ ਪਰਗਟਾਈਆ । ਸੋ ਨਾਮ ਕਰੇ ਪਰਗਟ, ਪਰਗਟ ਆਪਣੀ ਧਾਰ ਚਲਾਇੰਦਾ । ਆਦਿ ਜੁਗਾਦਿ ਵਸੇ ਹਰ ਘਟ, ਘਟ ਘਟ ਡੇਰਾ ਲਾਇੰਦਾ । ਜੁਗ ਚੌਕੜੀ ਖੇਲ ਬਾਜ਼ੀਗਰ ਨਟ, ਨਟੂਆ ਸਾਂਗ ਵਰਤਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਮਾਰਗ ਦੱਸ, ਜੁਗ ਚੌਕੜੀ ਰਾਹ ਚਲਾਇੰਦਾ । ਕੋਟਨ ਕੋਟ ਸਿਫ਼ਤੀ ਨਾਮ ਗਏ ਰੱਖ, ਸਿਫ਼ਤ ਸਿਫ਼ਤ ਨਾਲ ਵਡਿਆਇੰਦਾ । ਅੰਤ ਮਾਰਗ ਇਕੋ ਦੱਸ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਇਕੋ ਘਰ ਸੋਭਾ ਪਾਇੰਦਾ । ਇਕੋ ਨਾਮ ਕਰੇ ਪਰਕਾਸ਼, ਸਾਰ ਸ਼ਬਦ ਰੂਪ ਵਟਾਇੰਦਾ । ਸਭ ਦੀ ਪੂਰੀ ਕਰੇ ਆਸ, ਨਿਰਾਸਾ ਨਜ਼ਰ ਕੋਇ ਨਾ ਆਇੰਦਾ । ਥਿਰ ਘਰ ਸਾਚੇ ਕਰੇ ਵਾਸ, ਘਰ ਮੰਦਰ ਇਕ ਸੁਹਾਇੰਦਾ । ਪਾਰਬ੍ਰਹਮ ਪ੍ਰਭ ਰੱਖੇ ਆਪਣੇ ਪਾਸ, ਸਿਰ ਆਪਣਾ ਹੱਥ ਟਿਕਾਇੰਦਾ । ਜੁਗ ਚੌਕੜੀ ਖੇਲ ਤਮਾਸ਼, ਖ਼ਾਲਕ ਖ਼ਲਕ ਆਪ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਹਿਰਦੇ ਆਪ ਵਸਾਇੰਦਾ । ਸਾਚਾ ਨਾਮ ਹਿਰਦੇ ਵਸੇ, ਵਸਤ ਆਪਣੀ ਆਪ ਟਿਕਾਈਆ । ਸਾਹਿਬ ਸਤਿਗੁਰ ਜਨ ਭਗਤਾਂ ਸੰਗ ਵਸੇ, ਹੱਸ ਹੱਸ ਖ਼ੁਸ਼ੀ ਮਨਾਈਆ । ਅੰਦਰ ਵੜ ਵੜ ਮਾਰਗ ਦੱਸੇ, ਬਾਹਰ ਕਰੇ ਨਾ ਕੋਇ ਪੜ੍ਹਾਈਆ । ਪੰਚ ਵਿਕਾਰਾ ਡਰ ਡਰ ਨੱਠੇ, ਗੁਰ ਸ਼ਬਦ ਇਕੋ ਡੰਕ ਵਜਾਈਆ । ਆਤਮ ਪਰਮਾਤਮ ਇਕੋ ਘਰ ਇਕੱਠੇ, ਪਾਰਬ੍ਰਹਮ ਮਿਲ ਬ੍ਰਹਮ ਖ਼ੁਸ਼ੀ ਮਨਾਈਆ । ਸੋਹੰ ਢੋਲਾ ਦੋਵੇਂ ਰਟੇ, ਰੱਟਾ ਪਿਛਲਾ ਦੇਣ ਮੁਕਾਈਆ । ਦੂਈ ਦਵੈਤੀ ਮਿਟੇ ਫੱਟੇ, ਘਾਉ ਇਕੋ ਨਾਮ ਲਗਾਈਆ । ਆਤਮ ਪਰਮਾਤਮ ਰਸ ਚੱਟੇ, ਪਰਮਾਤਮ ਨਿਝਰ ਝਿਰਨਾ ਇਕ ਝਿਰਾਈਆ । ਇਕ ਦੂਜੇ ਨੂੰ ਦੋਵੇਂ ਜਿਤੇ, ਹਾਰ ਜਿਤ ਨਾ ਕੋਇ ਰਖਾਈਆ । ਭਗਤ ਭਗਵਾਨ ਲੇਖ ਕੋਇ ਨਾ ਲਿਖੇ, ਲੇਖਾ ਲਿਖਤ ਵਿਚ ਨਾ ਆਈਆ । ਸੰਤ ਇਕੋ ਇਕ ਅੱਖਰ ਸਿਖੇ, ਦੂਜੀ ਕਰੇ ਨਾ ਕੋਇ ਪੜ੍ਹਾਈਆ । ਕੋਟਨ ਕੋਟ ਰਸ ਹੋਣ ਫਿਕੇ, ਫਿਕ ਰੂਪ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਿਰਦੇ ਆਪਣਾ ਨਾਮ ਧਰਾਈਆ । ਹਿਰਦੇ ਨਾਮ ਦੇਵੇ ਧਰ, ਧਰਨੀ ਧਰਤ ਧਵਲ ਵਡਿਆਇੰਦਾ । ਆਪਣੀ ਕਰਨੀ ਆਪੇ ਕਰ, ਕਰਤਾ ਪੁਰਖ ਸੇਵ ਕਮਾਇੰਦਾ । ਸੰਤ ਸਾਜਣ ਸਾਚੇ ਫੜ ਫੜ, ਬਾਂਹੋਂ ਗਲੇ ਲਗਾਇੰਦਾ । ਕਾਇਆ ਕਵਰੀ ਡੂੰਘੀ ਭਵਰੀ ਆਪੇ ਵੜ, ਉਚਾ ਟਿੱਲਾ ਪਰਬਤ ਫੋਲ ਫੁਲਾਇੰਦਾ । ਸਚ ਸਿੰਘਾਸਣ ਪੁਰਖ ਅਬਿਨਾਸ਼ਨ ਆਪੇ ਚੜ੍ਹ, ਤਖ਼ਤ ਨਿਵਾਸੀ ਸੋਭਾ ਪਾਇੰਦਾ । ਦਰ ਦਰਵੇਸ਼ ਨਰ ਨਰੇਸ਼ ਵਖਾਵਣਹਾਰਾ ਆਪਣਾ ਘਰ, ਗ੍ਰਿਹ ਮੰਦਰ ਆਪ ਸੁਹਾਇੰਦਾ । ਨਿਰਭੌ ਚੁਕਾਏ ਭੈ ਡਰ, ਭਿਆਨਕ ਰੂਪ ਆਪ ਮਿਟਾਇੰਦਾ । ਅੰਦਰ ਬਾਹਰ ਇਕੋ ਜਿਹਾ ਕਰ, ਨਾਮ ਆਪਣਾ ਰੰਗ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣ ਸੀਸ ਧੜ, ਨਧੜਕ ਆਪਣਾ ਮੇਲ ਮਿਲਾਇੰਦਾ । ਕਰ ਕਿਰਪਾ ਦੇਵੇ ਨਾਮ ਦਾਨ, ਦਾਤਾ ਦਾਨੀ ਇਕ ਅਖਵਾਈਆ । ਕਲਜੁਗ ਅੰਤ ਹੋ ਮਿਹਰਵਾਨ, ਸ੍ਰੀ ਭਗਵੰਤ ਫੇਰਾ ਪਾਈਆ । ਗੁਰਮੁਖ ਸੱਜਣ ਕਰ ਪਹਿਚਾਨ, ਬੇਪਹਿਚਾਨ ਹੋਏ ਸਹਾਈਆ । ਦਿਵਸ ਰੈਣ ਮਿਲੇ ਆਣ, ਘੜੀ ਪਲ ਨਾ ਕੋਇ ਰਖਾਈਆ । ਬਿਨ ਪੜ੍ਹਿਆਂ ਦੇਵੇ ਗਿਆਨ, ਅੰਤਰ ਆਤਮ ਬੂਝ ਬੁਝਾਈਆ । ਘਰ ਵਿਚ ਘਰ ਨਜ਼ਰ ਆਏ ਭਗਵਾਨ, ਨਿਰਗੁਣ ਬੈਠਾ ਆਸਣ ਲਾਈਆ । ਗੁਰਮੁਖ ਸਾਚੇ ਖ਼ੁਸ਼ੀ ਮਨਾਣ, ਘਰ ਸਖੀਆਂ ਮੰਗਲ ਗਾਈਆ । ਸ੍ਰਿਸ਼ਟ ਸਬਾਈ ਹੋਈ ਹੈਰਾਨ, ਹਰਿ ਕਾ ਭੇਵ ਕੋਇ ਨਾ ਪਾਈਆ । ਪੜ੍ਹ ਪੜ੍ਹ ਥੱਕੇ ਜੀਵ ਜਹਾਨ, ਜਾਗਰਤ ਜੋਤ ਨਾ ਕੋਇ

ਜਗਾਈਆ । ਅਠਸਠ ਤੀਰਥ ਫਿਰੇ ਨਾਦਾਨ, ਦੁਰਮਤ ਮੈਲ ਨਾ ਕੋਇ ਧਵਾਈਆ । ਮੁੱਲਾ ਸ਼ੇਖ਼ ਮਸਾਇਕ ਸਰਬ ਕੁਰਲਾਣ ਕਾਇਆ ਕਾਅਬਾ ਕਿਸੇ ਨਜ਼ਰ ਨਾ ਆਈਆ । ਪੰਡਤ ਪਾਂਧੇ ਕੁਲ ਪਛਤਾਣ, ਬੋਧ ਅਗਾਧ ਕਰੇ ਨਾ ਕੋਇ ਪੜ੍ਹਾਈਆ । ਸਾਧ ਸੰਤ ਹੋਏ ਵੈਰਾਨ, ਵੈਰੀ ਮਨ ਨਾ ਜਿਤਿਆ ਜਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਸ਼ੈਤਾਨ, ਸ਼ਰਅ ਘਰ ਘਰ ਕਰੇ ਲੜਾਈਆ । ਰਸਨਾ ਗਾਵਣ ਹਰਿ ਕਾ ਨਾਮ, ਹਿਰਦੇ ਹਰਿ ਨਾ ਕੋਇ ਵਸਾਈਆ । ਕੂੜੀ ਕਿਰਿਆ ਜਗਤ ਨਾਦਾਨ, ਮੂਰਖ ਮੂੜ੍ਹੇ ਦੇਣ ਦੁਹਾਈਆ । ਜਿਨ੍ਹਾਂ ਉਪਰ ਮਿਹਰ ਕਰੇ ਆਪ ਮਿਹਰਵਾਨ, ਮਿਹਰ ਨਜ਼ਰ ਇਕ ਉਠਾਈਆ । ਅੰਦਰ ਨਜ਼ਰੀ ਆਏ ਰਾਮ, ਰਾਮ ਰਮੱਯਾ ਆਪਣਾ ਪੜਦਾ ਲਾਹੀਆ । ਘਰ ਬਸੰਰੀ ਵਜਾਏ ਸ਼ਾਮ, ਮਧਰ ਧੁਨ ਇਕ ਸੁਣਾਈਆ । ਘਰ ਈਸਾ ਮੂਸਾ ਮੁਹੰਮਦ ਦਏ ਪੈਗ਼ਾਮ, ਕਲਮਾ ਇਕੋ ਇਕ ਜਣਾਈਆ । ਘਰ ਨਾਨਕ ਗੋਬਿੰਦ ਮੰਤਰ ਜਣਾਏ ਸਤਿ ਨਾਮ, ਪੁਰਖ ਅਕਾਲ ਕਰੇ ਪੜ੍ਹਾਈਆ । ਸੋ ਭਗਤ ਹੋਏ ਪਰਵਾਨ, ਜਿਸ ਪਰਵਾਨਾ ਆਪਣਾ ਨਾਮ ਫੜਾਈਆ । ਸੋ ਸੰਤ ਹੋਏ ਨਿਸ਼ਾਨ, ਜਿਸ ਸਚ ਨਿਸ਼ਾਨਾ ਦਏ ਵਖਾਈਆ । ਸੋ ਗੁਰਮੁਖ ਚਤਰ ਸੁਜਾਨ, ਜਿਸ ਚਤਰਭੁਜ ਨਜ਼ਰੀ ਆਈਆ । ਸੋ ਗੁਰਸਿਖ ਹੋਏ ਕੁਰਬਾਨ, ਜਿਸ ਕਾਇਆ ਆਪਣੇ ਰੰਗ ਰੰਗਾਈਆ । ਨਾਤਾ ਤੋੜ ਜਗਤ ਜਹਾਨ, ਸਤਿਗੁਰ ਸਰਨ ਦਏ ਸਰਨਾਈਆ । ਅੰਤਰ ਦੇ ਇਕੋ ਨਾਮ, ਨਾਮ ਰਾਮ ਰਹੀਮ ਨਜ਼ਰੀ ਆਈਆ । ਰਾਮ ਰਾਮ ਕਰੇ ਕਲਿਆਣ, ਸਾਢੇ ਤਿੰਨ ਹੱਥ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਜਨ ਭਗਤਾਂ ਮੰਦਰ ਸਾਚੇ ਚੜ੍ਹ, ਆਪਣਾ ਨਾਮ ਦਏ ਜਣਾਈਆ । ਸਚ ਨਾਮ ਬੋਲ ਅਲੱਖ, ਅਲਖ ਅਲਖਨਾ ਆਪ ਜਣਾਇੰਦਾ । ਪੁਰਖ ਅਕਾਲ ਹੋ ਪਰਤੱਖ, ਪਰਤੱਖ ਵੇਸ ਵਟਾਇੰਦਾ । ਸਤਿ ਸਤਿਵਾਦੀ ਮਾਰਗ ਦੱਸ, ਦਹਿ ਦਿਸ਼ਾ ਖੋਜ ਖੁਜਾਇੰਦਾ । ਜੁਗ ਜਨਮ ਵਿਛੜਿਆਂ ਪੂਰੀ ਕਰੇ ਆਸ, ਆਸਾ ਆਪਣੇ ਨਾਲ ਮਿਲਾਇੰਦਾ । ਨਿਰਮਲ ਜੋਤ ਕਰ ਪਰਕਾਸ਼, ਅਗਿਆਨ ਅੰਧੇਰ ਚੁਕਾਇੰਦਾ । ਘਰ ਘਰ ਵਿਚ ਵਖਾਏ ਰਾਸ, ਗੋਪੀ ਕਾਹਨ ਨਾਚ ਨਚਾਇੰਦਾ । ਰਾਤੀਂ ਸੁੱਤਿਆਂ ਵਸੇ ਪਾਸ, ਜਨ ਭਗਤਾਂ ਪਾਸਾ ਆਪ ਬਦਲਾਇੰਦਾ । ਅੰਦਰ ਵੜਿਆ ਰਹੇ ਸਵਾਸ ਸਵਾਸ, ਸਵਾਸ ਸਵਾਸਾਂ ਆਪ ਸਮਾਇੰਦਾ । ਆਤਮ ਸੇਜਾ ਕਰੇ ਭੋਗ ਬਲਾਸ, ਭਸਮੜ ਆਪਣੀ ਧਾਰ ਨਾ ਕੋਇ ਜਣਾਇੰਦਾ । ਇਕੋ ਨਾਮ ਇਕੋ ਰਾਮ ਇਕੋ ਸ਼ਾਮ ਇਕੋ ਕੰਮ ਕਰੇ ਖ਼ਾਸ਼, ਖ਼ਾਹਸ਼ ਗੁਰਮੁਖਾਂ ਪੂਰ ਕਰਾਇੰਦਾ । ਅੰਦਰ ਬਾਹਰ ਕਰ ਨਿਵਾਸ, ਨਿਜ ਨੇਤਰ ਦਰਸ ਦਿਖਾਇੰਦਾ । ਸੋਹੰ ਢੋਲਾ ਸੱਚਾ ਪਾਠ, ਪਾਠਸ਼ਾਲਾ ਕਾਇਆ ਮੰਦਰ ਆਪ ਜਣਾਇੰਦਾ । ਦਿਵਸ ਰੈਣ ਸਰੋਵਰ ਅੰਮ੍ਰਿਤ ਮਾਰੇ ਠਾਠ, ਅਠਸਠ ਤੀਰਥ ਨਜ਼ਰ ਕੋਇ ਨਾ ਆਇੰਦਾ । ਸੱਚਾ ਨਾਮ ਨਾ ਕੋਈ ਜ਼ਾਤ ਨਾ ਕੋਈ ਪਾਤ, ਵਰਨ ਗੋਤ ਨਾ ਵੰਡ ਵੰਡਾਇੰਦਾ । ਮੇਲ ਮਿਲਾਏ ਕਮਲਾਪਾਤ, ਕਵਲ ਨੈਣ ਇਕੋ ਨਜ਼ਰੀ ਆਇੰਦਾ । ਗੁਰਮੁਖ ਗੁਰਸਿਖ ਅੰਦਰ ਵੇਖੇ ਮਾਰ ਝਾਤ, ਝਾਕੀ ਸਤਿਗੁਰ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਆਪਣੀ ਹੱਥੀਂ ਆਪ ਟਿਕਾਇੰਦਾ । ਸਾਚਾ ਨਾਮ ਡੂੰਘੀ ਕੰਦਰ, ਸਤਿਗੁਰ ਪੂਰਾ ਆਪ ਟਿਕਾਈਆ । ਕਰ ਕਿਰਪਾ ਮਨ ਵਾਸਨਾ ਬੰਨ੍ਹੇ ਬੰਦਰ, ਦਹਿ ਦਿਸ਼ਾ ਨਾ ਉਠ ਉਠ ਧਾਈਆ । ਕਰੇ ਪਰਕਾਸ਼ ਅੰਧੇਰੇ ਖੰਡਰ, ਨੂਰ ਜ਼ਹੂਰ ਇਕ ਰੁਸ਼ਨਾਈਆ । ਹਰਿਜਨ ਵਖਾਏ ਸੱਚਾ ਹਰਿ ਮੰਦਰ, ਜਿਸ ਘਰ ਵਸੇ ਬੇਪਰਵਾਹੀਆ । ਗੁਰਮੁਖ ਦੋਏ ਜੋੜ ਕਰੇ ਬੰਦਨ, ਆਤਮ ਪਰਮਾਤਮ ਲਏ ਪਰਨਾਈਆ । ਘਰ

ਨਜ਼ਰ ਆਏ ਤ੍ਰਲੋਕੀ ਨੰਦਨ, ਅਨੰਦ ਇਕੋ ਇਕ ਵਖਾਈਆ । ਨਾਨਕ ਮੇਲਾ ਸੂਰੇ ਸਰਬੰਗਣ, ਗੋਬਿੰਦ ਅੰਗਣ ਗੋਦ ਸੁਹਾਈਆ । ਭਗਤ ਭਗਵਾਨ ਇਕੋ ਨਾਮ ਮੰਗਣ, ਪਰੇਮ ਪ੍ਰੀਤੀ ਵਡ ਵਡਿਆਈਆ । ਮਸਤਕ ਧੂੜੀ ਲੱਗੇ ਚੰਦਨ, ਨਿਮ ਵਾਸਨਾ ਸਚ ਮਹਿਕਾਈਆ । ਪਿਛਲਾ ਲੇਖਾ ਹੋਵੇ ਖੰਡਨ, ਖੰਡਾ ਨਾਮ ਵਿਚ ਫਿਰਾਈਆ । ਨਾਤਾ ਤੋੜੇ ਜੇਰਜ ਅੰਡਣ, ਬ੍ਰਹਿਮੰਡਣ ਲੇਖਾ ਰਹੇ ਨਾ ਰਾਈਆ । ਹਰਿ ਭਗਤ ਦੂਜੇ ਦਰ ਨਾ ਜਾਏ ਮੰਗਣ, ਜਿਸ ਮਿਲਿਆ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਦਰ ਬਾਹਰ ਆਪਣਾ ਨਾਮ ਵਸਾਈਆ । ਅੰਦਰ ਬਾਹਰ ਨਾਮ ਵਸੇ ਖੇੜੇ, ਕਾਇਆ ਖੇੜਾ ਇਕ ਜਣਾਇੰਦਾ । ਕੂੜੀ ਕਿਰਿਆ ਮੁੱਕੇ ਝੇੜੇ, ਝਗੜਾ ਅਵਰ ਨਾ ਕੋਇ ਵਖਾਇੰਦਾ । ਸੁਰਤੀ ਸ਼ਬਦੀ ਦੇਵੇ ਫੇਰੇ, ਘਰ ਸਾਚਾ ਸਗਨ ਮਨਾਇੰਦਾ । ਲੇਖੇ ਲਾਏ ਤੇਰੇ ਮੇਰੇ, ਮੇਰਾ ਤੇਰਾ ਇਕੋ ਘਰ ਜਣਾਇੰਦਾ । ਨਜ਼ਰੀ ਆਏ ਨੇਰਨ ਨੇਰੇ, ਦੂਰ ਦੁਰਾਡਾ ਪੰਧ ਚੁਕਾਇੰਦਾ । ਜਨ ਭਗਤਾਂ ਜੁਗ ਜੁਗ ਬੰਨ੍ਹੇ ਬੇੜੇ, ਕੰਧ ਆਪਣੇ ਭਾਰ ਉਠਾਇੰਦਾ । ਕਲਜੁਗ ਅੰਤਮ ਉਲਟੀ ਲੱਠ ਆਪੇ ਗੇੜੇ, ਗੇੜਾ ਨਜ਼ਰ ਕਿਸੇ ਨਾ ਆਇੰਦਾ । ਜਿਸ ਜਨ ਉਪਰ ਕਰੇ ਮਿਹਰੇ, ਮਿਹਰ ਨਜ਼ਰ ਇਕ ਉਠਾਇੰਦਾ । ਲੱਖ ਚੁਰਾਸੀ ਵਿਚੋਂ ਗੁਰਮੁਖ ਥੋੜੇ ਹੋਣ ਬਥੇਰੇ, ਬਹੁਤਿਆਂ ਧਰਮ ਰਾਏ ਹੱਥ ਫੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਿਰਦੇ ਹਰਿ ਨਾਉਂ ਵਸਾਇੰਦਾ । ਹਰਿ ਕਾ ਨਾਉਂ ਸਦਾ ਵਸਨੀਕ, ਘਰ ਘਰ ਡੇਰਾ ਲਾਈਆ । ਦੂਜਾ ਰਹਿਣ ਨਾ ਦੇਵੇ ਕੋਈ ਸ਼ਰੀਕ, ਸ਼ਿਰਕਤ ਸਭ ਦੀ ਦਏ ਮਿਟਾਈਆ । ਮਾਰਗ ਦੱਸੇ ਇਕ ਬਾਰੀਕ, ਔਝੜ ਘਾਟੀ ਦਏ ਚੜ੍ਹਾਈਆ । ਦੂਰ ਦੁਰਾਡਾ ਆਏ ਨਜ਼ਦੀਕ, ਨੇਰਨ ਨੇਰਾ ਫੇਰਾ ਪਾਈਆ ।

ਸਾਚਾ ਮੰਦਰ ਦੱਸੇ ਠੀਕ, ਕਾਇਆ ਠੀਕਰ ਪੜਦਾ ਲਾਹੀਆ । ਜਿਸ ਦੇ ਨਾਮ ਦੀ ਜੁਗ ਜੁਗ ਕਰਦੇ ਰਹੇ ਉਡੀਕ, ਸੋ ਨਾਮ ਦਾਤਾ ਫੇਰਾ ਪਾਈਆ । ਕਰ ਕਿਰਪਾ ਦੱਸੇ ਇਕੋ ਚਰਨ ਪ੍ਰੀਤ, ਚਰਨ ਪ੍ਰੀਤੀ ਵਿਚ ਕੋਟਨ ਕੋਟ ਨਾਮ ਛੁਪਾਈਆ । ਜਨ ਭਗਤਾਂ ਕਾਇਆ ਕਰੇ ਠੰਡੀ ਸੀਤ, ਅਗਨੀ ਤੱਤ ਨਾ ਲਾਗੇ ਰਾਈਆ । ਜੋ ਜਨ ਗਾਏ ਸੋਹੰ ਗੀਤ, ਸੋ ਪੁਰਖ ਨਿਰੰਜਣ ਮੇਲਾ ਸਹਿਜ ਸੁਭਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਸੰਤ ਸਾਜਣ ਰਹੇ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਈਆ । ਮਾਣਸ ਜਨਮ ਲੈਣਾ ਜੀਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪਣਾ ਨਾਮ ਗੁਰਮੁਖਾਂ ਜਾਮ ਬਿਨ ਪਿਆਲਿਉਂ ਰਿਹਾ ਪਿਆਈਆ । ਬਿਨ ਪਿਆਲਿਉਂ ਪਿਆਏ ਨਾਮ ਮਦਿ, ਰਸ ਇਕੋ ਇਕ ਵਖਾਇੰਦਾ । ਹਰਿਜਨ ਸੱਜਣ ਸਾਚੇ ਸੱਦ, ਧੁਰ ਸੰਦੇਸ ਅਲਾਇੰਦਾ । ਨਵ ਖੰਡ ਪ੍ਰਿਥਮੀ ਨੌਂ ਦਵਾਰੇ ਪਾਰ ਹੱਦ, ਕੂੜਾ ਨਾਤਾ ਤੋੜ ਤੁੜਾਇੰਦਾ । ਚਾਰ ਵਰਨ ਵਖਾਏ ਵਿਸ਼ਵ ਯੱਦ, ਬ੍ਰਹਮ ਪਾਰਬ੍ਰਹਮ ਸਮਝਾਇੰਦਾ । ਕੋਟਨ ਕੋਟ ਲੋਕਮਾਤ ਜੀਵ ਜੰਤ ਗਏ ਲੱਦ, ਬਿਨ ਪੂਰੇ ਸਤਿਗੁਰ ਪਾਰ ਨਾ ਕੋਇ ਕਰਾਇੰਦਾ । ਗੁਰਮੁਖ ਜੀਵਦਿਆਂ ਜਗਤ ਨਾਲੋਂ ਹੋ ਜਾਓ ਅੱਡ, ਮਰਨ ਇਕੋ ਇਕ ਸਮਝਾਇੰਦਾ । ਸਚ ਪ੍ਰੀਤੀ ਜਾਣਾ ਬੱਝ, ਨਾਤਾ ਬਿਧਾਤਾ ਜੋੜ ਜੁੜਾਇੰਦਾ । ਕਿਰਪਾਨਿਧਾਨ ਅੰਤਮ ਪੜਦਾ ਲਏ ਕੱਜ, ਸਿਰ ਆਪਣਾ ਹੱਥ ਟਿਕਾਇੰਦਾ । ਸਚਖੰਡ ਦਵਾਰੇ ਬਹਿਣਾ ਸਜ, ਹਰਿ ਸੰਗਤ ਮੇਲ ਮਿਲਾਇੰਦਾ । ਜਿਸ ਨੂੰ ਕੋਈ ਨਾ ਜਾਣੇ ਅੱਜ, ਬੀਤੇ ਕਾਲ ਸਰਬ ਪਛਤਾਇੰਦਾ । ਜੋ ਘੜਿਆ ਸੋ ਰਿਹਾ ਭੱਜ, ਕਲਜੁਗ ਕਾਲ ਨਗਾਰਾ ਡੰਕ ਵਜਾਇੰਦਾ । ਨਾਮ ਨਿਧਾਨ ਅੰਮ੍ਰਿਤ ਰਸ ਪ੍ਰਭ ਚਰਨ ਦਵਾਰੇ ਪੀਓ ਰੱਜ ਰੱਜ, ਪੂਰਬ ਜਨਮ ਤ੍ਰਿਸਨਾ ਭੁੱਖ ਗਵਾਇੰਦਾ । ਘਰ ਮੰਦਰ ਘਰ

ਠਾਕਰ ਬਹੇ ਸਜ, ਘਰ ਮੱਕਾ ਕਾਅਬਾ ਘਰ ਹੁਜਰਾ ਇਕੋ ਇਕ ਸੁਹਾਇੰਦਾ । ਉਚੀ ਕੂਕ ਸ੍ਰਿਸ਼ਟ ਸਬਾਈ ਕਹੋ ਗੱਜ, ਪ੍ਰਭ ਅੰਦਰ ਬਾਹਰ ਇਕੋ ਰਸ ਵਖਾਇੰਦਾ । ਦੂਜੀ ਆਸ ਦੇਣੀ ਛੱਡ, ਖਹਿੜਾ ਸਭ ਤੋਂ ਆਪ ਛੁਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿ ਭਗਤ ਮੇਲੇ ਭੱਜ ਭੱਜ, ਭਾਜੜ ਘਰ ਘਰ ਆਪ ਵਖਾਇੰਦਾ ।

## ❇ ੧੦ ਫੱਗਣ ੨੦੧੯ ਬਿਕ੍ਰਮੀ ਸ਼ਿਵ ਸਿੰਘ ਦੇ ਗ੍ਰਿਹਿ ਮੇਰਠ ਛੌਣੀ ❇

ਹਰਿ ਨਾਮ ਹਰਿ ਅੰਦਰ ਰੱਖਣਾ, ਰੱਖਣਹਾਰ ਵੱਡੀ ਵਡਿਆਈਆ । ਗੁਰਮੁਖ ਕੋਇ ਨਾ ਰਹੇ ਸੱਖਣਾ, ਖਾਲੀ ਭਾਂਡੇ ਆਪ ਭਰਾਈਆ । ਸਤਿਜੁਗ ਸਾਚੀ ਦੇਵੇ ਦੱਛਣਾ, ਦਹਿ ਦਿਸ਼ਾ ਕਰ ਰੁਸ਼ਨਾਈਆ । ਲੂੰ ਲੂੰ ਅੰਦਰ ਆਪੇ ਰਚਣਾ, ਰਚ ਰਚ ਖ਼ੁਸ਼ੀ ਵਖਾਈਆ । ਸਚ ਸੁਣਾਏ ਇਕੋ ਬਚਨਾ, ਬਚਪਨ ਸਭ ਦਾ ਦਏ ਬਦਲਾਈਆ । ਕਾਇਆ ਮਾਟੀ ਬਣਾਏ ਕੰਚਨਾ, ਕੰਚਨ ਸਵਰਨ ਰੰਗ ਵਖਾਈਆ । ਸਾਹਿਬ ਸਤਿਗੁਰ ਜਨ ਭਗਤ ਦਵਾਰੇ ਬਹਿ ਬਹਿ ਹੱਸਣਾ, ਘਰ ਸਾਚੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਇਕੋ ਦਰ ਵਸਾਈਆ । ਅੰਦਰ ਰੱਖੇ ਨਾਮ ਨਿਧਾਨ, ਬੇਪਰਵਾਹ ਦਇਆ ਕਮਾਇੰਦਾ । ਭਾਗ ਲੱਗੇ ਭਗਤ ਮਕਾਨ, ਕਾਇਆ ਬੰਕ ਵਡਿਆਇੰਦਾ । ਨਾਦ ਵੱਜੇ ਸਚ ਧੁਨਕਾਨ, ਅਨਾਦ ਆਪ ਅਲਾਇੰਦਾ । ਦੇਵਣਹਾਰਾ ਦੇਵੇ ਮਾਣ, ਮਹਾਨ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਨਾਮ ਹਰਿਜਨ ਹਿਰਦੇ ਆਪ ਵਸਾਇੰਦਾ । ਸਾਚਾ ਨਾਮ ਗੁਰਮੁਖ ਮੀਤ, ਗੁਰ ਸਤਿਗੁਰ ਆਪ ਜਣਾਈਆ । ਸਤਿ ਸਤਿਵਾਦੀ ਸਾਚੀ ਰੀਤ, ਸ਼ਬਦੀ ਧਾਰ ਬੰਧਾਈਆ । ਦੇਵਣਹਾਰ ਸਦਾ ਅਨਡੀਠ, ਅਨਡਿਠੜੀ ਵਸਤ ਵਰਤਾਈਆ । ਸਤਿਜੁਗ ਸਾਚੀ ਚਲੇ ਰੀਤ, ਰੀਤੀਵਾਨ ਵੇਖ ਵਖਾਈਆ । ਸੋਹੰ ਢੋਲਾ ਇਕੋ ਗੀਤ, ਗਹਿਰ ਗੰਭੀਰ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਦੇਵੇ ਥਾਉਂ ਥਾਈਂਆ ।

## ❇ ੧੦ ਫੱਗਣ ੨੦੧੯ ਬਿਕ੍ਰਮੀ ਪਰੇਮੀ ਦੇਵੀ ਦੇ ਗ੍ਰਿਹਿ ਗਰਾਸ ਮੰਡੀ ਮੇਰਠ ਛੌਣੀ ❇

ਸਤਿਗੁਰ ਦਵਾਰਾ ਨਾਮ ਹੱਟ, ਚੌਦਾਂ ਲੋਕ ਮੰਗ ਮੰਗਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਔਣ ਨੱਠ ਨੱਠ, ਦੋ ਜਹਾਨਾਂ ਪੰਧ ਆਪ ਮੁਕਾਇੰਦਾ । ਜਨ ਭਗਤਾਂ ਦੇਵੇ ਹਰਿ ਜੂ ਸੱਦ, ਸੱਚਾ ਆਪਣਾ ਨਾਮ ਲਗਾਇੰਦਾ । ਆਪਣੇ ਨਾਲ ਵੰਡੇ ਅੱਧ, ਹਿੱਸਾ ਸਾਂਝਾ ਝੋਲੀ ਪਾਇੰਦਾ । ਮੇਰਾ ਗਾਓ ਇਕੋ ਛੰਦ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਹੰ ਬ੍ਰਹਮ ਕੀਤਾ ਬੰਦ, ਪੜਦਾ ਆਪਣਾ ਇਕ ਜਣਾਇੰਦਾ । ਮੇਲ ਮਿਲਾਵਾ ਸਾਚਾ ਪਦ, ਦਰ ਘਰ ਸਾਚਾ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰਵਾਜ਼ਾ ਇਕ ਵਖਾਇੰਦਾ । ਸਚ ਦਰਵਾਜ਼ਾ ਜਾਏ ਖੁਲ੍ਹ, ਹਰਿ ਨਾਮ ਹੱਟ ਚਲਾਇੰਦਾ । ਦੇਵਣਹਾਰ ਸਦਾ ਅਨਮੁਲ, ਕਰਤਾ ਕੀਮਤ ਕੋਇ ਨਾ ਲਾਇੰਦਾ । ਦਰ ਦਵਾਰੇ ਆਏ ਜੋ ਜਨ ਭੁੱਲ,


੮੪੦
੧੩

ਫੜ ਬਾਂਹੋਂ ਗਲੇ ਲਗਾਇੰਦਾ । ਨਾਮ ਬੂਟਾ ਨਾ ਜਾਏ ਹੁੱਲ, ਪੱਤ ਡਾਲੀ ਆਪ ਮਹਿਕਾਇੰਦਾ । ਭਗਤ ਭਗਵਾਨ ਦੀ ਸਾਚੀ ਕੁਲ, ਜੁਗ ਜੁਗ ਆਪਣੀ ਧਾਰ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਇਕੋ ਹੱਟ ਵਿਕਾਇੰਦਾ । ਇਕੋ ਨਾਮ ਸਚ ਦਵਾਰ, ਦਰ ਦਰਬਾਰੀ ਆਪ ਜਣਾਇੰਦਾ । ਗੁਰਮੁਖ ਸੱਜਣ ਬਣ ਭਿਖਾਰ, ਭਿਛਿਆ ਨਰ ਹਰਿ ਸੱਚਾ ਪਾਇੰਦਾ । ਮਾਂਗਤ ਬਣੇ ਏਕਾ ਵਾਰ, ਦੂਜਾ ਦਰ ਨਾ ਕੋਇ ਜਣਾਇੰਦਾ । ਹਰਿ ਸੰਗਤ ਮੇਲਾ ਸਚ ਪਿਆਰ, ਗੁਰ ਚੇਲਾ ਗੰਢ ਪਵਾਇੰਦਾ । ਵਕਤ ਸੁਹੇਲਾ ਵਿਚ ਸੰਸਾਰ, ਦੁਹੇਲਾ, ਨਜ਼ਰ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਭੰਡਾਰਾ ਇਕ ਦਰਸਾਇੰਦਾ । ਨਾਮ ਭੰਡਾਰਾ ਵੱਡਾ ਵਡ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਆਦਿ ਆਪਣੇ ਵਿਚੋਂ ਕੱਢ, ਅੰਤ ਆਪਣੇ ਵਿਚ ਰਖਾਇੰਦਾ । ਜੁਗ ਚੌਕੜੀ ਕਥਾ ਕਹਾਣੀ ਗਾਏ ਛੰਦ, ਰਸਨਾ ਜਿਹਵਾ ਮੇਲ ਮਿਲਾਇੰਦਾ । ਭਗਤ ਭਗਵਾਨ ਅੰਤਰ ਦੇਵੇ ਇਕ ਅਨੰਦ, ਆਤਮ ਆਪਣਾ ਰੰਗ ਚੜ੍ਹਾਇੰਦਾ । ਚੁਰਾਸੀ ਵਛੋੜਾ ਕੱਟ ਫੰਦ, ਨਾਮ ਡੋਰੀ ਤੰਦ ਬੰਧਾਇੰਦਾ । ਦਵੈਤ ਦੂਈ ਢਾਹ ਕੰਧ, ਘਰ ਇਕੋ ਇਕ ਵਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਸਤਾਰ ਇਕ ਸੁਣਾਇੰਦਾ । ਨਾਮ ਸਤਾਰ ਸਚ ਸਰੰਗੀ, ਸਾਰੰਗਾ ਨਜ਼ਰ ਕੋਇ ਨਾ ਆਇੰਦਾ । ਨਾ ਕੋਈ ਤਾਰ ਨਾ ਕੋਈ ਤੰਦੀ, ਕਿਲੀ ਹੱਥ ਨਾ ਕੋਇ ਰਖਾਇੰਦਾ । ਖਿਚਣਹਾਰ ਸੂਰਾ ਸਰਬੰਗੀ, ਸੁਰਤੀ ਸ਼ਬਦੀ ਮੇਲ ਮਿਲਾਇੰਦਾ । ਚਲੇ ਚਾਲ ਆਪ ਬੇਢੰਗੀ, ਬਿਨ ਭਗਤਾਂ ਢੰਗ ਨਾ ਕਿਸੇ ਜਣਾਇੰਦਾ । ਕਲਜੁਗ ਅੰਤਮ ਆਇਆ ਕੰਢੀ, ਕੰਢਾ ਦੋ ਜਹਾਨਾਂ ਵੇਖ ਵਖਾਇੰਦਾ । ਸੱਚਾ ਨਾਮ ਜਣਾਏ ਇਕੋ ਛੰਦੀ, ਛੰਦ ਬੰਦ ਆਪਣਾ



ਆਪ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਮ ਆਪਣੇ ਵਿਚ ਰਖਾਇੰਦਾ । ਨਾਮ ਅੰਦਰ ਨਾਮ ਉਹਲਾ, ਨਜ਼ਰ ਕਿਸੇ ਨਾ ਆਈਆ । ਨਾਮ ਅੰਦਰ ਨਾਮ ਗੋਲਾ, ਸੇਵਕ ਸੇਵ ਕਮਾਈਆ । ਨਾਮ ਅੰਦਰ ਨਾਮ ਬੋਲਾ, ਅਨਬੋਲਤ ਰਾਗ ਅਲਾਈਆ । ਨਾਮ ਅੰਦਰ ਨਾਮ ਪਾਵੇ ਰੌਲਾ, ਸੁਣੇ ਜਗਤ ਲੋਕਾਈਆ । ਨਾਮ ਅੰਦਰ ਨਾਮ ਵਸੇ ਕੋਲਾ, ਨਜ਼ਰ ਕਿਸੇ ਨਾ ਆਈਆ । ਨਾਮ ਅੰਦਰ ਨਾਮ ਵਜਾਏ ਢੋਲਾ, ਮਰਦੰਗ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਅੰਦਰ ਰਹੇ ਮੌਲਾ, ਮੌਲਾ ਆਪਣਾ ਨਾਮ ਸਿਫ਼ਤ ਸਾਲਾਹੀਆ । ਨਾਮ ਅੰਦਰ ਨਾਮ ਰਸ, ਰਸ ਰਸੀਆ ਆਪ ਜਣਾਇੰਦਾ । ਨਾਮ ਅੰਦਰ ਨਾਮ ਵਸ, ਵਸੀਕਾਰ ਖੇਲ ਕਰਾਇੰਦਾ । ਨਾਮ ਅੰਦਰ ਨਾਮ ਮਸ, ਜਸ ਨਾਮ ਸਿਫ਼ਤ ਸਾਲਾਹਿੰਦਾ । ਨਾਮ ਅੰਦਰ ਨਾਮ ਰੱਖ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਸਮਝਾਇੰਦਾ । ਨਾਮ ਅੰਦਰ ਨਾਮ ਨਿਵਾਸ, ਵਾਸਾ ਨਜ਼ਰ ਕਿਸੇ ਨਾ ਆਇੰਦਾ । ਨਾਮ ਅੰਦਰ ਨਾਮ ਦਾਸ, ਬਣ ਸੇਵਕ ਸੇਵ ਕਮਾਇੰਦਾ । ਨਾਮ ਅੰਦਰ ਨਾਮ ਆਸ, ਆਸਾ ਆਸਾ ਵਿਚ ਪਰਗਟਾਇੰਦਾ । ਨਾਮ ਅੰਦਰ ਨਾਮ ਸ਼ਾਖ਼, ਗੁਰ ਅਵਤਾਰ ਪੀਰ ਪੈਗ਼ੰਬਰ ਜੁਗ ਜੁਗ ਰਾਗ ਅਲਾਇੰਦਾ । ਨਾਮ ਅੰਦਰ ਆਪਣਾ ਨਾਮ ਰੱਖੇ ਆਪਣੇ ਪਾਸ, ਪੀਰ ਪੈਗ਼ੰਬਰਾਂ ਭੇਵ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਅੰਦਰ ਨਾਮ ਪਰਕਾਸ਼, ਪਰਕਾਸ਼ ਆਪਣੇ ਵਿਚ ਮਿਲਾਇੰਦਾ । ਨਾਮ ਅੰਦਰ ਨਾਮ ਅਨਡਿਠ, ਅਨਡਿਠੜੇ ਧਾਮ ਟਿਕਾਈਆ । ਨਾਮ ਅੰਦਰ ਨਾਮ ਸਿਖਿਆ ਲਏ ਸਿਖ, ਸਿਖ ਸਿਖ ਕਰੇ ਪੜ੍ਹਾਈਆ । ਨਾਮ ਅੰਦਰ ਨਾਮ ਸਿਫ਼ਤ ਲਏ ਲਿਖ, ਲੇਖਾ ਜਾਣੇ ਕਲਮ ਸ਼ਾਹੀਆ । ਨਾਮ

ਅੰਦਰ ਨਾਮ ਵੰਡੇ ਹਿਸ, ਹਿੱਸਾ ਦੇਵੇ ਜਗਤ ਲੋਕਾਈਆ । ਨਾਮ ਅੰਦਰ ਨਾਮ ਰਿਹਾ ਵਿਕ, ਕੀਮਤ ਨਜ਼ਰ ਕਿਸੇ ਨਾ ਆਈਆ । ਨਾਮ ਅੰਦਰ ਨਾਮ ਬਣੇ ਮਾਤ ਪਿਤ, ਪਿਤਾ ਪੂਤ ਨਾਮ ਅਖਵਾਈਆ । ਸਾਚਾ ਨਾਮ ਪ੍ਰਭ ਦੇਵੇ ਜਨ ਭਗਤਾਂ ਕਰ ਕਰ ਹਿਤ, ਦੂਸਰ ਹੱਥ ਨਾ ਕਿਸੇ ਫੜਾਈਆ । ਨਾਮ ਦਿਤਾ ਜਿਸ ਜਿਸ, ਸੋ ਗੁਰ ਅਵਤਾਰ ਪੀਰ ਪੈਗ਼ੰਬਰ ਭਗਤ ਹਰਿ ਕਾ ਢੋਲਾ ਗਏ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪਣਾ ਨਾਮ ਆਪਣੇ ਹੱਥ ਰਖਾਈਆ । ਨਾਮ ਅੰਦਰ ਨਾਮ ਬੋਧ, ਬੋਧ ਕਰੇ ਪੜ੍ਹਾਈਆ । ਨਾਮ ਅੰਦਰ ਨਾਮ ਸਤਿ ਗੋਦ, ਸੁਖ ਆਸਣ ਡੇਰਾ ਲਾਈਆ । ਨਾਮ ਅੰਦਰ ਨਾਮ ਕਰੇ ਜੋਧ, ਜੋਧਾ ਸੂਰਬੀਰ ਨਾਮ ਅਖਵਾਈਆ । ਨਾਮ ਅੰਦਰ ਨਾਮ ਲਾਏ ਚੋਟ, ਚੋਟ ਨਗਾਰਾ ਇਕ ਲਗਾਈਆ । ਨਾਮ ਅੰਦਰ ਨਾਮ ਹੋਏ ਮੋਹਤ, ਮੁਹੱਬਤ ਇਕੋ ਇਕ ਰਖਾਈਆ । ਨਾਮ ਅੰਦਰ ਨਾਮ ਓਤ ਪੋਤ, ਪੁੱਤ ਪੋਤਰੇ ਵੰਡ ਵੰਡਾਈਆ । ਨਾਮ ਅੰਦਰ ਨਾਮ ਗੋਤ, ਗੁਰ ਅਵਤਾਰ ਪੀਰ ਪੈਗ਼ੰਬਰ ਦੀਨ ਮਜ਼੍ਹਬ ਰਾਹ ਗਏ ਚਲਾਈਆ । ਨਾਮ ਅੰਦਰ ਨਾਮ ਸਰੋਤ, ਸੁਣਾਵਣਹਾਰਾ ਨਾਮ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਆਪਣੇ ਹੁਕਮ ਚਲਾਈਆ । ਨਾਮ ਅੰਦਰ ਨਾਰ ਕੰਤ, ਨਿਰਗੁਣ ਸਰਗੁਣ ਖੇਲ ਕਰਾਇੰਦਾ । ਨਾਮ ਅੰਦਰ ਰੁੱਤ ਬਸੰਤ, ਫੁਲ ਫੁਲਵਾੜੀ ਆਪ ਮਹਿਕਾਇੰਦਾ । ਨਾਮ ਅੰਦਰ ਜੀਵ ਜੰਤ, ਲੱਖ ਚੁਰਾਸੀ ਨਾਚ ਨਚਾਇੰਦਾ । ਨਾਮ ਅੰਦਰ ਮਣੀਆ ਮੰਤ, ਅੱਖਰ ਵੱਖਰ ਆਪ ਪੜ੍ਹਾਇੰਦਾ । ਨਾਮ ਅੰਦਰ ਭਗਤ ਭਗਵੰਤ, ਭਗਵਨ ਆਪਣਾ ਰਾਹ ਚਲਾਇੰਦਾ । ਨਾਮ ਅੰਦਰ ਸਾਧ ਸੰਤ, ਕੋਟਨ ਕੋਟ ਸੇਵ ਕਮਾਇੰਦਾ । ਨਾਮ ਅੰਦਰ ਮਹਿਮਾਂ ਅਗਣਤ, ਗੁਰਮੁਖ ਗੁਰ ਗੁਰ ਆਪ ਪੜ੍ਹਾਇੰਦਾ ।

੮੪੨ ੧੩ ਨਾਮ ਅੰਦਰ ਖੇਲ ਅਨੰਤ, ਗੁਰਸਿਖ ਗੁਰ ਸਿਖਿਆ ਇਕ ਦ੍ਰਿੜਾਇੰਦਾ । ਨਾਮ ਅੰਦਰ ਬਣਾਏ ਬਣਤ, ਨਾਮ ਵਣਜਾਰਾ ਹੱਟ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਨਾਮ ਆਦਿ ਜੁਗਾਦਿ ਜੁਗ ਜੁਗ ਜੁਗ ਕਰਤਾ ਆਪ ਜਣਾਇੰਦਾ । ਨਾਮ ਅੰਦਰ ਨਾਮ ਸੋ, ਸੋ ਪੁਰਖ ਨਿਰੰਜਣ ਆਪ ਪਰਗਟਾਈਆ । ਨਾਮ ਅੰਦਰ ਨਾਮ ਹੰ ਬ੍ਰਹਮ ਹੋ, ਹਰਿ ਜੂ ਆਪਣੀ ਖੇਲ ਕਰਾਈਆ । ਨਾਮ ਅੰਦਰ ਨਾਮ ਆਤਮ ਪਰਮਾਤਮ ਵਧਾਏ ਮੋਹ, ਮੋਹ ਮੁਹੱਬਤ ਇਕ ਦਰਸਾਈਆ । ਨਾਮ ਅੰਦਰ ਨਾਮ ਜਾਏ ਛੋਹ, ਅੰਗੀਕਾਰ ਅੰਗ ਲਗਾਈਆ । ਨਾਮ ਅੰਦਰ ਨਾਮ ਦੇਵੇ ਢੋਆ ਢੋ, ਸਾਚੀ ਵਸਤ ਝੋਲੀ ਪਾਈਆ । ਨਾਮ ਅੰਦਰ ਨਾਮ ਕਰੇ ਲੋ, ਲੋਆਂ ਪੁਰੀਆਂ ਪਰਕਾਸ਼ ਕਰਾਈਆ । ਨਾਮ ਅੰਦਰ ਨਾਮ ਰਿਹਾ ਰੋ, ਬਣ ਵੈਰਾਗੀ ਨੇਤਰ ਨੈਣਾਂ ਨੀਰ ਵਹਾਈਆ । ਨਾਮ ਅੰਦਰ ਨਾਮ ਜਾਣੇ ਕੋ, ਜਿਸ ਜਨ ਆਪਣੀ ਬੂਝ ਬੁਝਾਈਆ । ਨਾਮ ਅੰਦਰ ਨਾਮ ਜਿਹਾ ਪ੍ਰਭ ਆਪੇ ਹੋ, ਹਰਿਜਨ ਸਾਚੇ ਮੇਲ ਮਿਲਾਈਆ । ਨਾਮ ਅੰਦਰ ਨਾਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਨਾਮ ਆਪਣਾ ਆਪ ਜਣਾਈਆ । ਨਾਮ ਅੰਦਰ ਨਾਮ ਅਕਾਲ, ਅਕਲ ਕਲਾ ਅਖਵਾਇੰਦਾ । ਨਾਮ ਅੰਦਰ ਨਾਮ ਦਿਆਲ, ਦੀਨ ਦਿਆਲ ਵੇਖ ਵਖਾਇੰਦਾ । ਨਾਮ ਅੰਦਰ ਨਾਮ ਪ੍ਰਿਤਪਾਲ, ਪ੍ਰਿਤਪਾਲਕ ਸੇਵ ਕਮਾਇੰਦਾ । ਨਾਮ ਅੰਦਰ ਨਾਮ ਲਾਲ, ਸਤਿ ਸਤਿਵਾਦੀ ਸੋਭਾ ਪਾਇੰਦਾ । ਨਾਮ ਅੰਦਰ ਨਾਮ ਜਲਾਲ, ਜਲਵਾ ਨੂਰ ਜ਼ਹੂਰ ਪਰਗਟਾਇੰਦਾ । ਨਾਮ ਅੰਦਰ ਨਾਮ ਗ਼ੁਲਾਮ, ਬਣ ਬਰਦਾ ਸੇਵ ਕਮਾਇੰਦਾ । ਨਾਮ ਅੰਦਰ ਨਾਮ ਪਰਵਾਨ, ਪਰਮ ਪੁਰਖ ਆਪ ਸਮਝਾਇੰਦਾ । ਨਾਮ ਅੰਦਰ ਨਾਮ ਨਿਸ਼ਾਨ, ਸਤਿਗੁਰ ਸਾਚਾ ਆਪ ਝੁਲਾਇੰਦਾ । ਇਕੋ ਨਾਮ

ਸ੍ਰੀ ਭਗਵਾਨ, ਆਤਮ ਪਰਮਾਤਮ ਪਰਮਾਤਮ ਆਤਮ ਜੋੜ ਜੁੜਾਇੰਦਾ । ਸੋਹੰ ਨਾਮ ਸਦਾ ਪਰਵਾਨ, ਪਾਰਬਤੀ ਸ਼ਿਵ ਸ਼ਿਵ ਸ਼ੰਕਰ - - - - - - - - - ।

### ❇ ੧੦ ਫੱਗਣ ੨੦੧੯ ਬਿਕ੍ਰਮੀ ਰੇਸ਼ਮ ਸਿੰਘ ਦੇ ਗ੍ਰਿਹ ਮੇਰਠ ਛੌਣੀ ❇

ਸੋ ਪੁਰਖ ਨਿਰੰਜਣ ਸਚ ਦਰਬਾਰਾ, ਦਰਗਹਿ ਸਾਚੀ ਆਪ ਲਗਾਇੰਦਾ । ਹਰਿ ਪੁਰਖ ਨਿਰੰਜਣ ਖੇਲ ਨਿਆਰਾ, ਨਿਰਗੁਣ ਨਿਰਵੈਰ ਆਪ ਕਰਾਇੰਦਾ । ਏਕੰਕਾਰਾ ਵਡ ਬਲਕਾਰਾ, ਬਲ ਆਪਣਾ ਆਪ ਪਰਗਟਾਇੰਦਾ । ਆਦਿ ਨਿਰੰਜਣ ਨੂਰ ਉਜਿਆਰਾ, ਜੋਤੀ ਜੋਤ ਜੋਤ ਰੁਸ਼ਨਾਇੰਦਾ । ਸ੍ਰੀ ਭਗਵਾਨ ਪਰਵਰਦਿਗਾਰਾ, ਬੇਪਰਵਾਹ ਖੇਲ ਕਰਾਇੰਦਾ । ਅਬਿਨਾਸ਼ੀ ਕਰਤਾ ਸਤਿ ਹੁਲਾਰਾ, ਸਤਿ ਸਤਿਵਾਦੀ ਆਪ ਰਖਾਇੰਦਾ । ਪਾਰਬ੍ਰਹਮ ਪ੍ਰਭ ਵੇਖਣਹਾਰਾ, ਪੇਖ ਆਪਣੀ ਖ਼ੁਸ਼ੀ ਮਨਾਇੰਦਾ । ਸਤਿ ਸਤਿਵਾਦੀ ਖੋਲ੍ਹ ਦਵਾਰਾ, ਦਰ ਬੰਕ ਇਕ ਵਡਿਆਇੰਦਾ । ਕਰੇ ਖੇਲ ਅਗੰਮ ਅਪਾਰਾ, ਦੂਜਾ ਸੰਗ ਨਾ ਕੋਇ ਰਖਾਇੰਦਾ । ਆਪਣੀ ਇਛਿਆ ਕਰ ਵਰਤਾਰਾ, ਸਾਚੀ ਭਿਛਿਆ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਲ ਆਪ ਧਰਾਇੰਦਾ । ਆਪਣੀ ਕਲ ਆਪੇ ਧਾਰ, ਅਕਲ ਕਲ ਅਖਵਾਈਆ । ਖੋਲ੍ਹਣਹਾਰਾ ਸਚ ਦਵਾਰ, ਦਰ ਦਰਵਾਜ਼ਾ ਵੇਖ ਵਖਾਈਆ । ਮਹੱਲ ਅਟੱਲ ਉਚ ਮਨਾਰ, ਨਿਰਗੁਣ ਦਾਤਾ ਆਪ ਪਰਗਟਾਈਆ । ਨਾਉਂ ਰੱਖ ਸਚਖੰਡ ਦਵਾਰ, ਸਚ ਸਚ ਦਏ ਵਡਿਆਈਆ । ਦੀਆ ਬਾਤੀ ਕਰ ਉਜਿਆਰ, ਕਮਲਾਪਾਤੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਕਰ ਕਰ ਆਪ, ਆਪਣੀ ਖੇਲ ਕਰਾਇੰਦਾ । ਆਦਿ ਆਦੀ ਮਾਈ ਬਾਪ, ਪਿਤਾ ਪੂਤ ਗੰਢ ਪਵਾਇੰਦਾ । ਘਰ ਘਰ ਖੇਲ ਖੇਲ ਤਮਾਸ਼, ਨਿਰਗੁਣ ਆਪਣਾ ਰੰਗ ਰੰਗਾਇੰਦਾ । ਸਚ ਦਵਾਰੇ ਕਰ ਨਿਵਾਸ, ਸਚਖੰਡ ਨਿਵਾਸੀ ਸੋਭਾ ਪਾਇੰਦਾ । ਸ਼ਾਹੋ ਭੂਪ ਬਣ ਸ਼ਾਹੋ ਸ਼ਾਬਾਸ਼, ਸ਼ਹਿਨਸ਼ਾਹ ਆਪਣਾ ਨਾਉਂ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਮਾਇੰਦਾ । ਆਪਣੀ ਕਰਨੀ ਆਪੇ ਕਰ, ਕਰਤਾ ਪੁਰਖ ਖੇਲ ਕਰਾਈਆ । ਸਾਚੇ ਤਖ਼ਤ ਨਿਰਗੁਣ ਚੜ੍ਹ, ਤਖ਼ਤ ਨਿਵਾਸੀ ਸੋਭਾ ਪਾਈਆ । ਨਿਰਵੈਰ ਪੁਰਖ ਪੱਲੂ ਫੜ, ਪੁਰਖ ਅਕਾਲ ਗੰਢ ਪਵਾਈਆ । ਨਰ ਨਿਰੰਕਾਰਾ ਅੱਖਰ ਪੜ੍ਹ, ਏਕੰਕਾਰਾ ਗੀਤ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਈਆ । ਆਪਣਾ ਭੇਵ ਦੱਸੇ ਖੋਲ੍ਹ, ਭੇਦ ਆਪ ਜਣਾਇੰਦਾ । ਤੋਲਣਹਾਰਾ ਸਾਚਾ ਤੋਲ, ਅਤੁਲ ਆਪਣੀ ਧਾਰ ਚਲਾਇੰਦਾ । ਸਚ ਦਵਾਰਾ ਏਕਾ ਖੋਲ੍ਹ, ਸਚ ਦਵਾਰੇ ਸੋਭਾ ਪਾਇੰਦਾ । ਸਦਾ ਸਦਾ ਰਹੇ ਅਡੋਲ, ਅਡੁਲ ਕਦੇ ਨਾ ਜਾਇੰਦਾ । ਸਾਚੀ ਵਸਤ ਰੱਖੇ ਕੋਲ, ਨਜ਼ਰ ਕਿਸੇ ਨਾ ਆਇੰਦਾ । ਆਦਿ ਜੁਗਾਦਿ ਸਦਾ ਅਨਮੋਲ, ਅਨਮੁਲੜੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਮੰਦਰ ਆਪ ਵਡਿਆਇੰਦਾ । ਦਰ ਮੰਦਰ ਵੱਡਾ ਸੋਭਾਵੰਤ, ਸੋ ਪੁਰਖ ਨਿਰੰਜਣ ਆਪ ਸੁਹਾਈਆ । ਖੇਲੇ ਖੇਲ ਸ੍ਰੀ

ਭਗਵੰਤ, ਨਿਰਗੁਣ ਆਪਣੀ ਕਾਰ ਕਮਾਈਆ । ਆਪਣਾ ਲੇਖਾ ਆਦਿ ਅੰਤ, ਆਪਣੇ ਵਿਚ ਛੁਪਾਈਆ । ਬ੍ਰਹਿਮੰਡ ਖੰਡ ਇਕੋ ਮੰਤ, ਮੰਤਰ ਆਪਣਾ ਨਾਮ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਾਚੇ ਸੋਭਾ ਪਾਈਆ । ਸਚਖੰਡ ਸਾਚਾ ਸੋਭਨੀਕ, ਸੋ ਪੁਰਖ ਨਿਰੰਜਣ ਆਪ ਸੁਹਾਇੰਦਾ । ਵਸਣਹਾਰਾ ਲਾਸ਼ਰੀਕ, ਸ਼ਿਰਕਤ ਹੋਰ ਨਾ ਕੋਇ ਜਣਾਇੰਦਾ । ਧਾਰ ਰੱਖੇ ਇਕ ਬਾਰੀਕ, ਰੂਪ ਰੰਗ ਰੇਖ ਨਾ ਕੋਇ ਰਖਾਇੰਦਾ । ਸਚ ਨਿਸ਼ਾਨਾ ਮਾਰੇ ਠੀਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਸਮਝਾਇੰਦਾ । ਆਪਣੀ ਕਰਨੀ ਸ੍ਰੀ ਭਗਵਾਨ, ਆਦਿ ਆਦਿ ਜਣਾਈਆ । ਸੋ ਪੁਰਖ ਨਿਰੰਜਣ ਹੋ ਮਿਹਰਵਾਨ, ਹਰਿ ਪੁਰਖ ਨਿਰੰਜਣ ਵੇਸ ਵਟਾਈਆ । ਏਕੰਕਾਰ ਵਡ ਬਲਵਾਨ, ਆਦਿ ਨਿਰੰਜਣ ਨੂਰ ਰੁਸ਼ਨਾਈਆ । ਅਬਿਨਾਸ਼ੀ ਕਰਤਾ ਸ਼ਾਹ ਸੁਲਤਾਨ, ਸ੍ਰੀ ਭਗਵਾਨ ਛਤਰ ਝੁਲਾਈਆ । ਪਾਰਬ੍ਰਹਮ ਪ੍ਰਭ ਨੌਜਵਾਨ, ਨਾ ਮਰੇ ਨਾ ਜਾਈਆ । ਵਸਣਹਾਰਾ ਸਚ ਮਕਾਨ, ਸਚਖੰਡ ਸਾਚੇ ਸੋਭਾ ਪਾਈਆ । ਭੂਪਤ ਭੂਪ ਰਾਜ ਰਾਜਾਨ, ਧੁਰ ਫ਼ਰਮਾਨਾ ਦਏ ਜਣਾਈਆ । ਨਿਰਗੁਣ ਨਿਰਗੁਣ ਖੇਲ ਮਹਾਨ, ਨਿਰਾਕਾਰ ਕਮਾਈਆ । ਦਰਗਹਿ ਸਾਚੀ ਕਰ ਪਰਵਾਨ, ਪਰਮ ਪੁਰਖ ਵੇਸ ਵਟਾਈਆ । ਨਾਰ ਕੰਤ ਨੌਜਵਾਨ, ਸੇਜ ਸੁਹੰਜਣੀ ਇਕ ਹੰਢਾਈਆ । ਸੁਤ ਦੁਲਾਰਾ ਬਾਲ ਅੰਞਾਣ, ਸ਼ਬਦੀ ਗੋਦ ਬਿਠਾਈਆ । ਦਾਈ ਦਾਇਆ ਬਣ ਮਿਹਰਵਾਨ, ਮਿਹਰ ਨਜ਼ਰ ਇਕ ਉਠਾਈਆ । ਥਿਰ ਘਰ ਸਾਚੀ ਖੋਲ੍ਹ ਦੁਕਾਨ, ਇਛਿਆ ਭਿਛਿਆ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਇਕੋ ਇਕ ਸਮਝਾਈਆ । ਥਿਰ ਘਰ ਦਵਾਰਾ ਨਿੱਕਾ ਦਰ, ਸਚਖੰਡ ਨਿਵਾਸੀ ਆਪ ਖੁਲ੍ਹਾਇੰਦਾ । ਦੇਵਣਹਾਰਾ ਸਾਚਾ ਵਰ, ਸਮਰਥ ਆਪਣੀ ਦਇਆ ਕਮਾਇੰਦਾ । ਛੋਟਾ ਬਾਲਾ ਨਿੱਕਾ ਲਾਲ, ਸੁਤ ਦੁਲਾਰਾ ਵਿਚ ਟਿਕਾਇੰਦਾ । ਲੇਖਾ ਜਾਣ ਆਦਿ ਜੁਗਾਦਿ, ਚੋਟੀ ਮਧ ਆਪਣਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਇਕ ਸੁਣਾਇੰਦਾ । ਧੁਰ ਫ਼ਰਮਾਨਾ ਹਰਿ ਨਿਰੰਕਾਰ, ਇਕੋ ਇਕ ਜਣਾਈਆ । ਸੁਤ ਸ਼ਬਦ ਰਹਿਣਾ ਖ਼ਬਰਦਾਰ, ਬੇਪਰਵਾਹ ਰਿਹਾ ਸਮਝਾਈਆ । ਥਿਰ ਘਰ ਤੇਰਾ ਇਕ ਕਵਾੜ, ਕੁੰਡਾ ਬੰਦ ਨਾ ਕੋਇ ਕਰਾਈਆ । ਆਦਿ ਜੁਗਾਦੀ ਸਾਚੀ ਕਾਰ, ਹਰਿ ਕਰਨੀ ਝੋਲੀ ਪਾਈਆ । ਪੁਰਖ ਪੁਰਖੋਤਮ ਹੋ ਉਜਿਆਰ, ਨੂਰੋ ਨੂਰ ਰੁਸ਼ਨਾਈਆ । ਬੇਐਬ ਖ਼ੁਦਾਈ ਪਰਵਰਦਿਗਾਰ, ਮੁਕਾਮੇ ਹੱਕ ਡੇਰਾ ਲਾਈਆ । ਸਚ ਤੌਫ਼ੀਕ ਇਕ ਦਿਲਦਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਦੇਵੇ ਮਾਣ ਵਡਿਆਈਆ । ਥਿਰ ਘਰ ਖੋਲ੍ਹ ਹਰਿ ਦਰਵਾਜ਼ਾ, ਚਰਨ ਕਵਲ ਕਵਲ ਟਿਕਾਇੰਦਾ । ਵੇਖਣਹਾਰ ਗ਼ਰੀਬ ਨਿਵਾਜ਼ਾ, ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਇਕ ਟਿਕਾਇੰਦਾ । ਸੁਤ ਦੁਲਾਰੇ ਮਾਰੇ ਵਾਜ਼ਾਂ, ਧੁਰ ਦੀ ਬਾਣੀ ਆਪ ਅਲਾਇੰਦਾ । ਨਿਰਗੁਣ ਨਿਰਗੁਣ ਰਚ ਰਚ ਕਾਜਾ, ਹਰਿ ਕਰਤਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸ਼ਬਦ ਦੇਵੇ ਵਰ, ਸਾਰ ਸ਼ਬਦ ਵਸਾਏ ਘਰ, ਨਿਰਭੌ ਚੁਕਾਏ ਭੈ ਡਰ, ਸਿਰ ਆਪਣਾ ਹੱਥ ਟਿਕਾਇੰਦਾ । ਛੋਟਾ ਬਾਲਾ ਗਿਆ ਉਠ, ਹਰਿ ਸ਼ਬਦ ਲਏ ਅੰਗੜਾਈਆ । ਸ੍ਰੀ ਭਗਵਾਨ ਗਿਆ ਤੁਠ, ਮਿਹਰਵਾਨ ਦਇਆ ਕਮਾਈਆ । ਕਰਿਆ ਖੇਲ ਅਬਿਨਾਸ਼ੀ ਅਚੁਤ, ਚੇਤਨ ਰੰਗ ਰੰਗਾਈਆ । ਆਪਣੀ ਗੋਦੀ ਲਿਆ ਚੁੱਕ, ਅੰਗੀਕਾਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਦੁਲਾਰੇ ਦਿਤੀ ਵਡਿਆਈਆ ।

ਸੁਤ ਦੁਲਾਰਾ ਗਿਆ ਜਾਗ, ਹਰਿ ਚਰਨ ਧਿਆਨ ਲਗਾਇੰਦਾ । ਬਾਲੇ ਹੋਏ ਵਡ ਵਡ ਭਾਗ, ਪ੍ਰਭ ਆਪਣੀ ਗੋਦ ਬਹਾਇੰਦਾ । ਨਿਰਗੁਣ ਬਣਿਆ ਸੱਜਣ ਸਾਕ, ਸਗਲਾ ਸੰਗ ਨਿਭਾਇੰਦਾ । ਥਿਰ ਘਰ ਖੋਲ੍ਹਿਆ ਮੇਰਾ ਤਾਕ, ਦੂਜਾ ਦਰ ਨਾ ਕੋਇ ਵਖਾਇੰਦਾ । ਚਾਰ ਕੁੰਟ ਦਹਿ ਦਿਸ਼ਾ ਵੇਖੇ ਝਾਕ, ਹਰਿ ਜੂ ਇਕੋ ਨਜ਼ਰੀ ਆਇੰਦਾ । ਸਤਿ ਸਤਿਵਾਦੀ ਸਾਚੀ ਗਾਥ, ਨਰ ਨਿਰੰਕਾਰਾ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੁਤ ਦੁਲਾਰੇ ਆਪ ਵਡਿਆਇੰਦਾ । ਸੁਤ ਦੁਲਾਰੇ ਨਿੱਕੇ ਬਾਲੇ, ਸੋ ਪੁਰਖ ਨਿਰੰਜਣ ਦਏ ਵਡਿਆਈਆ । ਪੁਰਖ ਅਕਾਲ ਤੇਰੇ ਨਾਲੇ, ਆਦਿ ਜੁਗਾਦਿ ਸੰਗ ਨਿਭਾਈਆ । ਜੁਗ ਚੌਕੜੀ ਕਰੇ ਪ੍ਰਿਤਪਾਲੇ, ਪ੍ਰਿਤਪਾਲਕ ਸੇਵ ਕਮਾਈਆ । ਸਚ ਦਵਾਰ ਵਖਾਏ ਸੱਚੀ ਧਰਮਸਾਲੇ, ਧਰਮ ਦਵਾਰ ਇਕ ਵਖਾਈਆ । ਨਿਰਵੈਰ ਪੁਰਖ ਤੇਰੀ ਘਾਲਨ ਘਾਲੇ, ਅਜੂਨੀ ਰਹਿਤ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੁਤ ਸ਼ਬਦ ਆਪ ਜਣਾਈਆ । ਸੁਤ ਦੁਲਾਰਾ ਨੀਕਨ ਨੀਕਾ, ਨਿਉਂ ਨਿਉਂ ਚਰਨ ਧਿਆਨ ਲਗਾਇੰਦਾ । ਤੇਰਾ ਦਿਸੇ ਨਾ ਕੋਇ ਸ਼ਰੀਕਾ, ਸੰਗੀ ਸੰਗ ਨਾ ਕੋਇ ਵਖਾਇੰਦਾ । ਪਾਰਬ੍ਰਹਮ ਪ੍ਰਭ ਆਪਣੇ ਮਿਲਣ ਦਾ ਦੱਸ ਸਚ ਤਰੀਕਾ ਦੂਜੀ ਓਟ ਨਾ ਕੋਇ ਤਕਾਇੰਦਾ । ਲੱਗੀ ਰਹੇ ਇਕ ਪ੍ਰੀਤਾ, ਪ੍ਰੀਤੀਵਾਨ ਸਾਚੀ ਮੰਗ ਮੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਆਪ ਸਮਝਾਇੰਦਾ । ਸੁਤ ਸ਼ਬਦ ਸੁਣ ਸਾਚੀ ਰੀਤ, ਸ੍ਰੀ ਭਗਵਾਨ ਆਪ ਜਣਾਇੰਦਾ । ਆਦਿ ਬੰਧਾਏ ਤੇਰੀ ਪ੍ਰੀਤ, ਜੁਗਾਦਿ ਆਪਣੀ ਝੋਲੀ ਪਾਇੰਦਾ । ਨਿਰਗੁਣ ਬੈਠਾ ਰਹੇ ਅਤੀਤ, ਸਚ ਦਵਾਰੇ ਸੋਭਾ ਪਾਇੰਦਾ । ਨਾਮ ਜਣਾਏ ਇਕੋ ਗੀਤ, ਗੀਤ ਗੋਬਿੰਦ ਅਲਾਇੰਦਾ । ਸਚ ਵਖਾਏ ਨਿਸ਼ਾਨਾ ਠੀਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਆਪ ਸਮਝਾਇੰਦਾ । ਸਾਚੇ ਸੁਤ ਸੁਣ ਲਾ ਕੰਨ, ਬਿਨ ਕੰਨਾਂ ਆਪ ਜਣਾਈਆ । ਸਾਚਾ ਕਹਿਣਾ ਲੈਣਾ ਮੰਨ, ਹੁਕਮੀ ਹੁਕਮ ਮਿਲੇ ਵਡਿਆਈਆ । ਇਕੋ ਵਸਤ ਸੱਚਾ ਧਨ, ਸਚ ਪ੍ਰੀਤੀ ਝੋਲੀ ਪਾਈਆ । ਪੁਰਖ ਅਕਾਲ ਤੇਰਾ ਜਨਨੀ ਜਨ, ਬਣੇ ਧੰਨ ਧੰਨ ਜਣੇਂਦੀ ਮਾਈਆ । ਜੁਗ ਚੌਕੜੀ ਤੈਨੂੰ ਕੋਈ ਨਾ ਦੇਵੇ ਡੰਨ, ਸਮਰਥ ਸਿਰ ਤੇਰੇ ਹੱਥ ਟਿਕਾਈਆ । ਆਦਿ ਬੇੜਾ ਦਿਤਾ ਬੰਨ੍ਹ, ਥਿਰ ਘਰ ਤੇਰਾ ਡੇਰਾ ਲਾਈਆ । ਨਾ ਕੋਈ ਸੂਰਜ ਨਾ ਕੋਈ ਚੰਨ, ਮੰਡਲ ਮੰਡਪ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਆਪਣਾ ਹੱਥ ਰਖਾਈਆ । ਸੁਤ ਦੁਲਾਰਾ ਨਿੱਕਾ ਬਾਲ, ਬਾਲੀ ਬੁਧ ਜਣਾਇੰਦਾ । ਤੂੰ ਸਾਹਿਬ ਸੱਚਾ ਸੁਲਤਾਨ, ਪ੍ਰਭ ਤੇਰਾ ਅੰਤ ਨਾ ਆਇੰਦਾ । ਤਖ਼ਤ ਨਿਵਾਸੀ ਨੌਜਵਾਨ, ਸਾਚੇ ਤਖ਼ਤ ਸੋਭਾ ਪਾਇੰਦਾ । ਧੁਰ ਦਰਬਾਰੀ ਹੁਕਮਰਾਨ, ਤੇਰਾ ਹੁਕਮ ਮੋਹੇ ਭਾਇੰਦਾ । ਮੈਂ ਬਾਲਾ ਨੱਢਾ ਇਕ ਅਵਾਣ, ਹੋਛੀ ਮਤ ਤੇਰਾ ਅੰਤ ਕਹਿਣ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੂਜੀ ਓਟ ਨਾ ਕੋਇ ਤਕਾਇੰਦਾ । ਸਾਚੀ ਮਤ ਦੇਵੇ ਭਗਵਾਨ, ਭਗਵਨ ਆਪਣੀ ਦਇਆ ਕਮਾਈਆ । ਸੁਤ ਦੁਲਾਰੇ ਮਾਰ ਧਿਆਨ, ਬਿਨ ਅੱਖਾਂ ਦਏ ਵਖਾਈਆ । ਸਚਖੰਡ ਮੇਰਾ ਮਕਾਨ, ਨਿਰਗੁਣ ਜੋਤ ਨੂਰ ਰੁਸ਼ਨਾਈਆ । ਥਿਰ ਘਰ ਤੇਰਾ ਸਚ ਅਸਥਾਨ, ਪ੍ਰਭ ਚਰਨ ਕਵਲ ਸਰਨਾਈਆ । ਜੁਗ ਜੁਗ ਸੁਣਦੇ ਰਹਿਣਾ ਧੁਰ ਫ਼ਰਮਾਨ, ਸਚ ਸੰਦੇਸਾ ਦਏ ਜਣਾਈਆ । ਦੋਏ ਜੋੜ ਕਰ ਪਰਨਾਮ, ਬੇਨੰਤੀ ਇਕੋ ਇਕ ਵਖਾਈਆ । ਕਰਤਾ ਪੂਰਾ ਕਰੇ ਕਾਮ, ਕਾਰਜ


੮੪੫
੧੩

ਆਪਣਾ ਆਪ ਸਮਝਾਈਆ । ਤੇਰਾ ਪਕੜੇ ਸਾਚਾ ਦਾਮ, ਦਾਮਨਗੀਰ ਇਕ ਅਖਵਾਈਆ । ਤੇਰਾ ਪਰਗਟ ਕਰੇ ਨਾਮ, ਨਾਮ ਨਿਧਾਨਾ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਦ੍ਰਿੜਾਈਆ । ਸਚ ਸੰਦੇਸਾ ਆਦਿ ਪੁਰਖ, ਹਰਿ ਸਤਿਗੁਰ ਸਚ ਸੁਣਾਇੰਦਾ । ਸਤਿ ਸਤਿ ਕਰ ਦਰਸ, ਦੀਦ ਇਕੋ ਇਕ ਵਖਾਇੰਦਾ । ਪਹਿਲੀ ਵਾਰ ਮੇਟੇ ਹਰਸ, ਹਵਸ ਫੇਰ ਨਾ ਕੋਇ ਵਧਾਇੰਦਾ । ਸਚਖੰਡ ਨਿਵਾਸੀ ਕਰਿਆ ਤਰਸ, ਸਿਰ ਆਪੇ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਜਣਾਇੰਦਾ । ਸਾਚੀ ਖੇਲ ਦੱਸੇ ਮੀਤ, ਮਿੱਤਰ ਪਿਆਰਾ ਆਪ ਜਣਾਇੰਦਾ । ਸੁਤ ਦੁਲਾਰੇ ਤੇਰੀ ਰੀਤ, ਰੀਤੀਵਾਨ ਆਪ ਸਮਝਾਇੰਦਾ । ਮੇਰਾ ਨਾਉਂ ਤੇਰਾ ਗੀਤ, ਗੀਤ ਇਕੋ ਇਕ ਵਡਿਆਇੰਦਾ । ਤੇਰਾ ਖੇਲ ਕਰਾਂ ਅਨਡੀਠ, ਨੇਤਰ ਨਜ਼ਰ ਕਿਸੇ ਨਾ ਆਇੰਦਾ । ਹੱਥ ਰੱਖਾਂ ਤੇਰੀ ਪੀਠ, ਪਿਛਾ ਦੇ ਨਾ ਮੁਖ ਭਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੀ ਧਾਰ ਆਪ ਬੰਧਾਇੰਦਾ । ਸ਼ਬਦ ਸੁਤ ਤੇਰੀ ਧਾਰ ਬੰਧਾਵਾਂਗਾ । ਸਾਚਾ ਮਾਰਗ ਲਾਵਾਂਗਾ । ਆਦਿ ਪੁਰਖ ਅਖਵਾਵਾਂਗਾ । ਜੁਗਾਦਿ ਵੇਖ ਵਖਾਵਾਂਗਾ । ਮਧ ਖੇਲ ਇਕ ਰਚਾਵਾਂਗਾ । ਘਰ ਸੱਚਾ ਸਚ ਸੁਹਾਵਾਂਗਾ । ਹੱਦ ਆਪਣੀ ਪਾਰ ਕਰਾਵਾਂਗਾ । ਥਿਰ ਘਰ ਕੁੰਡਾ ਲਾਹਵਾਂਗਾ । ਦਰ ਦਰਵਾਜ਼ਾ ਇਕ ਖੁਲ੍ਹਾਵਾਂਗਾ । ਨਿਰਗੁਣ ਮੇਲਾ ਮੇਲ ਮਿਲਾਵਾਂਗਾ । ਘਰ ਸਾਚੇ ਸੋਭਾ ਪਾਵਾਂਗਾ । ਆਪਣਾ ਬੰਸ ਪ੍ਰਭ ਵਡਿਆਵਾਂਗਾ । ਵਿਸ਼ਨੂੰ ਵਿਸ਼ਵ ਪਰਗਟਾਵਾਂਗਾ । ਅੰਮ੍ਰਿਤ ਮੁਖ ਚੁਆਵਾਂਗਾ । ਕਵਲ ਨਾਭ ਦਰਸਾਵਾਂਗਾ । ਬ੍ਰਹਮਾ ਰੰਗ ਰੰਗਾਵਾਂਗਾ । ਪਾਰਬ੍ਰਹਮ ਆਪਣਾ ਅੰਗ ਵਡਿਆਵਾਂਗਾ । ਨਾਮ ਮਰਦੰਗ ਸੁਣਾਵਾਂਗਾ । ਸੁੰਨ ਅਗੰਮ ਵਸਾਵਾਂਗਾ । ਧੁਆਂਧਾਰ ਪਾਰ ਕਰਾਵਾਂਗਾ । ਸ਼ੰਕਰ ਗੰਢ ਪਵਾਵਾਂਗਾ । ਤਿੰਨਾਂ ਮੇਲ ਮਿਲਾਵਾਂਗਾ । ਤੇਰਾ ਨਾਮ ਸਮਝਾਵਾਂਗਾ । ਸ਼ਬਦੀ ਡੰਕ ਵਜਾਵਾਂਗਾ । ਸਾਚਾ ਸੰਖ ਸੁਣਾਵਾਂਗਾ । ਬਾਰ ਅਨਕ ਖੇਲ ਕਰਾਵਾਂਗਾ । ਦਰ ਮੰਗਣ ਭਿਛਿਆ ਪਾਵਾਂਗਾ । ਆਪਣੀ ਇਛਿਆ ਨਾਲ ਰਲਾਵਾਂਗਾ । ਤ੍ਰੈਗੁਣ ਮਾਇਆ ਜੋੜ ਜੁੜਾਵਾਂਗਾ । ਰਜੋ ਤਮੋ ਸਤੋ ਸਗਲਾ ਸੰਗ ਵਖਾਵਾਂਗਾ । ਤੇਰਾ ਮਰਦੰਗ ਵਜਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਲਾ ਲਾ ਅੰਗ, ਅੰਗੀਕਾਰ ਇਕ ਅਖਵਾਵਾਂਗਾ । ਪੰਜ ਤੱਤ ਨਾਤਾ ਜੋੜ ਜੁੜਾਵਾਂਗਾ । ਅਪ ਤੇਜ ਵਾਏ ਪ੍ਰਿਥਮੀ ਆਕਾਸ਼, ਆਪਣਾ ਬੰਧਨ ਪਾਵਾਂਗਾ । ਧੁਰ ਦਾ ਦੇ ਧਰਵਾਸ, ਧੁਰ ਦੀ ਧਾਰ ਜਣਾਵਾਂਗਾ । ਮੰਡਲ ਮੰਡਪ ਪਾ ਪਾ ਰਾਸ, ਖੰਡ ਬ੍ਰਹਿਮੰਡ ਨਾਚ ਨਚਾਵਾਂਗਾ । ਸੂਰਜ ਚੰਨ ਦੇ ਪਰਕਾਸ਼, ਕਿਰਨ ਕਿਰਨ ਨਾਲ ਪਰਗਟਾਵਾਂਗਾ । ਧਰਤ ਧਵਲ ਖੇਲ ਤਮਾਸ਼, ਜਲ ਥਲ ਮਹੀਅਲ ਡੇਰਾ ਲਾਵਾਂਗਾ । ਆਪਣਾ ਨਾਉਂ ਰੱਖ ਪੁਰਖ ਅਬਿਨਾਸ਼, ਅਬਿਨਾਸ਼ੀ ਆਪਣੀ ਕਾਰ ਕਮਾਵਾਂਗਾ । ਸੁਤ ਦੁਲਾਰਾ ਕਰਕੇ ਦਾਸੀ ਦਾਸ, ਸੇਵਾ ਇਕੋ ਇਕ ਸਮਝਾਵਾਂਗਾ । ਚਾਰੇ ਖਾਣੀ ਕਰ ਪਰਕਾਸ਼, ਅੰਡਜ ਜੇਰਜ ਉਤਭੁਜ ਸੇਤਜ ਬੰਧਨ ਪਾਵਾਂਗਾ । ਚਾਰੇ ਬਾਣੀ ਕਰ ਬੰਦ ਖ਼ਲਾਸ, ਪਰਾ ਪਸੰਤੀ ਮਧਮ ਬੈਖਰੀ ਗਾਵਾਂਗਾ । ਲੱਖ ਚੁਰਾਸੀ ਅੰਦਰ ਕਰ ਕਰ ਵਾਸ, ਨਿਰਗੁਣ ਸਰਗੁਣ ਮੇਲ ਮਿਲਾਵਾਂਗਾ । ਜੁਗ ਚੌਕੜੀ ਵੇਖਾਂ ਖ਼ਾਸ਼, ਖ਼ਾਹਸ਼ ਸਭ ਦੀ ਪੂਰ ਕਰਾਵਾਂਗਾ । ਸਰਗੁਣ ਨਿਰਗੁਣ ਵਸੇ ਪਾਸ, ਘਰ ਮੰਦਰ ਡੇਰਾ ਲਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦ ਸੁਤ ਤੇਰਾ ਖੇੜਾ ਇਕ ਵਸਾਵਾਂਗਾ । ਤੇਰਾ ਖੇੜਾ ਸਚ ਵਸਾਊਂਗਾ । ਬੰਨ੍ਹ ਬੇੜਾ ਆਪ ਚਲਾਊਂਗਾ । ਲੱਖ ਚੁਰਾਸੀ ਮਾਤ ਪਰਗਟਾਊਂਗਾ ।


੮੪੬
੧੩

ਘਟ ਘਟ ਆਪਣਾ ਨੂਰ ਧਰਾਊਂਗਾ । ਸ਼ਬਦ ਅਗੰਮੀ ਨਾਦ ਵਜਾਊਂਗਾ । ਅੰਮ੍ਰਿਤ ਜਾਮ ਇਕ ਵਖਾਊਂਗਾ । ਨਿਝਰ ਝਿਰਨਾ ਇਕ ਝਿਰਾਊਂਗਾ । ਅਚਰਜ ਖੇਲ ਆਪ ਵਰਤਾਊਂਗਾ । ਕਾਮ ਕਰੋਧ ਲੋਭ ਮੋਹ ਹੰਕਾਰ ਬੰਧਨ ਪਾਊਂਗਾ । ਆਸਾ ਤ੍ਰਿਸਨਾ ਜੋੜ ਜੁੜਾਊਂਗਾ । ਮਾਇਆ ਮਮਤਾ ਮੇਲ ਮਿਲਾਊਂਗਾ । ਹਉਮੇਂ ਹੰਗਤਾ ਗੜ੍ਹ ਬਣਾਊਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੁਤ ਸ਼ਬਦ ਤੇਰਾ ਰਾਹ ਚਲਾਊਂਗਾ । ਤੇਰਾ ਰਾਹ ਚਲਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਸੇਵ ਲਗਾਵਾਂਗਾ । ਪੰਜ ਤਿੰਨ ਲੱਖ ਚੁਰਾਸੀ ਜੋੜ ਜੁੜਾਵਾਂਗਾ । ਸਾਚਾ ਸੋਹਲਾ ਰਾਗ ਅਲਾਵਾਂਗਾ । ਬ੍ਰਹਮੇ ਮੁਖ ਮੁਖ ਸਾਲਾਹਵਾਂਗਾ । ਗੁਰ ਅਵਤਾਰ ਆਪ ਪਰਗਟਾਵਾਂਗਾ । ਪੀਰ ਪੈਗ਼ੰਬਰ ਨਾਲ ਰਲਾਵਾਂਗਾ । ਭਗਤ ਭਗਵਾਨ ਆਪ ਉਠਾਵਾਂਗਾ । ਸੰਤ ਸਾਜਣ ਰੰਗ ਚੜ੍ਹਾਵਾਂਗਾ । ਗੁਰਮੁਖ ਗੁਰ ਗੁਰ ਬੂਝ ਬੁਝਾਵਾਂਗਾ । ਗੁਰਸਿਖ ਲਹਿਣਾ ਦੇਣਾ ਚੁਕਾ ਕੇ ਏਕਾ ਦੂਜ, ਏਕੰਕਾਰਾ ਵਡ ਵਡਿਆਵਾਂਗਾ । ਆਪਣਾ ਭੇਵ ਦੱਸ ਗੂਝ, ਪੜਦਾ ਆਪ ਉਠਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਕਰ ਵਖਾਵਾਂਗਾ । ਸਾਚੀ ਕਰਨੀ ਕਰੇਗਾ । ਪਾਰਬ੍ਰਹਮ ਨਿਰਭੈ ਹੋ, ਲੱਖ ਚੁਰਾਸੀ ਅੰਦਰ ਵੜੇਗਾ । ਗੁਰ ਅਵਤਾਰ ਪੀਰ ਪੈਗ਼ੰਬਰ ਦੇਵੇ ਸਾਚੀ ਸੋ, ਨਾਮ ਨਿਧਾਨਾ ਇਕੋ ਪੜ੍ਹੇਗਾ । ਆਤਮ ਪਰਮਾਤਮ ਆਪੇ ਹੋ, ਜਗਤ ਵਿਕਾਰਾ ਆਪੇ ਲੜੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪੇ ਕਰੇਗਾ । ਸਾਚੀ ਕਰਨੀ ਕਰੇ ਕਰਤਾਰ, ਆਦਿ ਪੁਰਖ ਜਣਾਈਆ । ਸੁਤ ਦੁਲਾਰੇ ਹੋ ਖ਼ਬਰਦਾਰ, ਬੇਖ਼ਬਰ ਰਿਹਾ ਉਠਾਈਆ । ਜੁਗ ਚੌਕੜੀ ਤੇਰੀ ਧਾਰ, ਨਿਰਗੁਣ ਸਰਗੁਣ ਕਾਰ ਕਮਾਈਆ । ਸੇਵਾ ਲਾਏ ਗੁਰ ਅਵਤਾਰ, ਪੀਰ ਪੈਗ਼ੰਬਰ ਨਾਲ ਮਿਲਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖੇ ਵਾਰੋ ਵਾਰ, ਨਵ ਨੌਂ ਚਾਰ ਪੰਧ ਮੁਕਾਈਆ । ਲੇਖਾ ਜਾਣ ਸ਼ਾਸਤਰ ਸਿਮਰਤ ਵੇਦ ਪੁਰਾਨ, ਗੀਤਾ ਗਿਆਨ ਅੰਜੀਲ ਕੁਰਾਨ ਕਰੇ ਪੜ੍ਹਾਈਆ । ਖਾਣੀ ਬਾਣੀ ਦੇ ਆਧਾਰ, ਅੰਡਜ ਜੇਰਜ ਉਤਭੁਜ ਸੇਤਜ ਜੈ ਜੈਕਾਰ ਕਰੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੁਤ ਸ਼ਬਦ ਤੇਰੀ ਨਿਰਗੁਣ ਧਾਰ ਵਖਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖੇ ਵਾਰੋ ਵਾਰ , ਸਰਗੁਣ ਤੇਰਾ ਬੰਧਨ ਪਾਈਆ । ਸੁਤ ਦੁਲਾਰਾ ਪਿਆ ਰੋ, ਨੇਤਰ ਨੈਣਾਂ ਨੀਰ ਵਹਾਈਆ । ਤੁਧ ਬਿਨ ਨਜ਼ਰ ਨਾ ਆਏ ਕੋ, ਪਾਰਬ੍ਰਹਮ ਤੇਰੀ ਸਰਨਾਈਆ । ਕਰ ਕਿਰਪਾ ਮੇਰੇ ਜੋਗਾ ਹੋ, ਦੂਜੀ ਓਟ ਨਾ ਕੋਇ ਤਕਾਈਆ । ਤੇਰੇ ਚਰਨਾਂ ਜਾਵਾਂ ਛੋਹ, ਅੰਗੀਕਾਰ ਕਰ ਰਘਰਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਤੇਰੀ ਲੋ, ਰੋਸ਼ਨੀ ਇਕੋ ਇਕ ਨੂਰ ਖ਼ੁਦਾਈਆ । ਅੰਮ੍ਰਿਤ ਮੇਘ ਸਾਚਾ ਚੋ, ਚਰਨ ਚਰਨ ਨਾਲ ਰਗੜਾਈਆ । ਬੀਜ ਇਕੋ ਦੇਣਾ ਬੋ, ਲੱਖ ਚੁਰਾਸੀ ਫੁਲ ਫੁਲਵਾੜੀ ਮਾਤ ਮਹਿਕਾਈਆ । ਆਪਣਾ ਨਾਮ ਦੇਣਾ ਢੋਆ ਢੋ, ਜੁਗ ਚੌਕੜੀ ਹੁਕਮ ਮਨਾਈਆ । ਤੇਰੀ ਵਸਤ ਕੋਈ ਨਾ ਲਵੇ ਖੋਹ, ਸ਼ਾਹ ਸੁਲਤਾਨ ਸੀਸ ਨਾ ਕੋਇ ਉਠਾਈਆ । ਪਾਰਬ੍ਰਹਮ ਤੇਰਾ ਬਣਿਆ ਰਹੇ ਮੋਹ, ਮੇਰੀ ਮੁਹੱਬਤ ਤੇਰੇ ਨਾਲ ਪਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਆਦਿ ਸ਼ਬਦ ਆਪਣੀ ਝੋਲੀ ਰਿਹਾ ਡਾਹੀਆ । ਆਦਿ ਸ਼ਬਦ ਸੁਣ ਸਚ ਬਾਤ, ਹਰਿ ਬਾਤਨ ਆਪ ਜਣਾਇੰਦਾ । ਧੁਰਦਰਗਾਹੀ ਇਕੋ ਦਾਤ, ਵਸਤ ਅਮੋਲਕ ਝੋਲੀ ਪਾਇੰਦਾ । ਜੁਗ ਚੌਕੜੀ ਖੇਲ ਤਮਾਸ਼, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖ ਵਖਾਇੰਦਾ । ਪੰਜ ਤੱਤ ਕਰ ਨਿਵਾਸ,

ਗੁਰ ਅਵਤਾਰ ਪੀਰ ਪੈਗ਼ੰਬਰ ਮਾਤ ਵਡਿਆਇੰਦਾ । ਦੀਨ ਮਜ਼੍ਹਬ ਬਣਾ ਜਮਾਤ, ਜ਼ਾਤ ਪਾਤ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਤੇਰਾ ਭੇਵ ਆਪਣੇ ਵਿਚ ਸਮਾਇੰਦਾ । ਸ਼ਬਦ ਦੁਲਾਰਾ ਪਿਆ ਹੱਸ, ਵਾਹ ਵਾ ਵੱਡੀ ਤੇਰੀ ਵਡਿਆਈਆ । ਪ੍ਰਭ ਜੂ ਮੈਂ ਹੋਇਆ ਤੇਰੇ ਵਸ, ਢੈ ਪਿਆ ਸਰਨਾਈਆ । ਕਰ ਕਿਰਪਾ ਮਾਰਗ ਦਿਤਾ ਦੱਸ, ਮੈਂ ਚਲਾਂ ਸੱਦ ਰਜ਼ਾਈਆ । ਨਵ ਨੌਂ ਚਾਰ ਚੌਕੜੀ ਪੰਧ ਮੁਕਾਵਾਂ ਨੱਸ ਨੱਸ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕੋਟਨ ਵਾਰ ਹੰਢਾਈਆ । ਤੇਰੇ ਮਿਲਣ ਦੀ ਰੱਖਾਂ ਆਸ, ਇਕ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਵੇਲਾ ਹੋਏਂ ਸਹਾਈਆ । ਸਾਚਾ ਵੇਲਾ ਦੱਸ ਭਗਵੰਤ, ਇਕੋ ਮੰਗ ਮੰਗਾਈਆ । ਜੁਗ ਚੌਕੜੀ ਤੇਰਾ ਮੰਤ, ਕੋਟਨ ਕੋਟ ਨਾਮ ਸਿਫ਼ਤ ਸਾਲਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਰਾਹ ਤੱਕਣ ਤੇਰਾ ਕੰਤ, ਬਣ ਨਾਰੀ ਸੇਵ ਕਮਾਈਆ । ਲੱਖ ਚੁਰਾਸੀ ਗੜ੍ਹ ਬਣੇ ਹਉਮੇਂ ਹੰਗਤ, ਹੰ ਬ੍ਰਹਮ ਨਾ ਕੋਇ ਮਿਲਾਈਆ । ਰਸਨਾ ਜਿਹਵਾ ਗਾਇਣ ਸਾਧ ਸੰਤ, ਬੱਤੀ ਦੰਦ ਕਰ ਕੁੜਮਾਈਆ । ਤੇਰਾ ਕੋਈ ਨਾ ਪਾਏ ਅੰਤ, ਬੇਅੰਤ ਤੇਰੀ ਸ਼ਹਿਨਸ਼ਾਹੀਆ । ਲੱਖ ਚੁਰਾਸੀ ਖੇਲ ਜੀਵ ਜੰਤ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਤੇਰੀ ਮਹਿਮਾਂ ਸਦਾ ਅਗਣਤ, ਕਥਨੀ ਕਥ ਨਾ ਸਕੇ ਕੋਇ ਰਾਈਆ । ਤੇਰਾ ਲੇਖਾ ਕੋਈ ਨਾ ਜਾਣੇ ਪੰਡਤ, ਬੋਧ ਅਗਾਧ ਤੇਰੀ ਵਡਿਆਈਆ । ਤੇਰਾ ਲੇਖਾ ਜੇਰਜ ਅੰਡਤ, ਉਤਭੁਜ ਸੇਤਜ ਤੇਰੀ ਚਤਰਾਈਆ । ਆਦਿ ਜੁਗਾਦਿ ਰਹੇ ਅਖੰਡਤ, ਖੰਡ ਖੰਡ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਚਰਨਾਂ ਮਿੰਨਤ ਕਰ ਕਰ ਤੇਰਾ ਸੁਤ ਆਪਣਾ ਵਾਸਤਾ ਪਾਈਆ । ਸੁਤ ਦੁਲਾਰੇ ਉਠ ਬਾਲ, ਬਾਲੀ ਬੁਧ ਜਣਾਇੰਦਾ । ਜੁਗ ਚੌਕੜੀ ਬੀਤਣ ਕਾਲ, ਕਲਜੁਗ ਅੰਤਮ ਵੇਖ ਵਖਾਇੰਦਾ । ਤੇਈ ਅਵਤਾਰ ਹੋਣ ਬੇਹਾਲ, ਭਗਤ ਅਠਾਰਾਂ ਸਰਬ ਕੁਰਲਾਇੰਦਾ । ਈਸਾ ਮੂਸਾ ਮੁਹੰਮਦ ਰੋਵਣ ਜ਼ਾਰੋ ਜ਼ਾਰ, ਧੀਰਜ ਧੀਰ ਨਾ ਕੋਇ ਧਰਾਇੰਦਾ । ਨਾਨਕ ਗੋਬਿੰਦ ਕਰੇ ਪੁਕਾਰ, ਪੁਰਖ ਅਕਾਲ ਇਕ ਤਕਾਇੰਦਾ । ਸ੍ਰਿਸ਼ਟ ਸਬਾਈ ਜਾਏ ਹਾਰ, ਹਰਿ ਕਾ ਨਾਮ ਨਾ ਕੋਇ ਧਿਆਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਦਏ ਨਾ ਕੋਇ ਆਧਾਰ, ਧੀਰਜ ਧੀਰ ਨਾ ਕੋਇ ਧਰਾਇੰਦਾ । ਲੱਖ ਚੁਰਾਸੀ ਹੋਏ ਨਾਰ ਵਿਭਚਾਰ, ਨਰ ਹਰਿ ਕੰਤ ਨਾ ਕੋਇ ਹੰਢਾਇੰਦਾ । ਦਹਿ ਦਿਸ਼ਾ ਧੂਆਂਧਾਰ, ਸਾਚਾ ਚੰਦ ਨਾ ਕੋਇ ਚੜ੍ਹਾਇੰਦਾ । ਚੌਦਾਂ ਤਬਕ ਕਰਨ ਪੁਕਾਰ, ਚੌਦਸ ਨੂਰ ਨਾ ਕੋਇ ਰਖਾਇੰਦਾ । ਚੌਦਾਂ ਲੋਕ ਹੋਣ ਖ਼ੁਵਾਰ, ਖ਼ੁਵਾਰੀ ਕੋਈ ਨਾ ਹੋਰ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਦੁਲਾਰੇ ਆਪ ਜਣਾਇੰਦਾ । ਸੁਤ ਦੁਲਾਰੇ ਰੱਖਣੀ ਉਡੀਕ, ਨਿਰਗੁਣ ਨਿਰਗੁਣ ਹਰਿ ਜਣਾਈਆ । ਜੁਗ ਚੌਕੜੀ ਜਾਏ ਬੀਤ, ਥਿਰ ਕੋਇ ਰਹਿਣ ਨਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮੇਰਾ ਸੰਦੇਸਾ ਦੇਵਣ ਠੀਕ, ਵਾਕ ਭਵਿਖਤ ਕਰ ਲਿਖਾਈਆ । ਕਲਜੁਗ ਅੰਤ ਹੋਏ ਅੰਧੇਰਾ ਤਾਰੀਕ, ਨੂਰ ਨਜ਼ਰ ਕੋਇ ਨਾ ਆਈਆ । ਸਦੀ ਚੌਧਵੀਂ ਜਾਏ ਬੀਤ, ਬੀਤੀ ਕਹਾਣੀ ਸਭ ਦੀ ਝੋਲੀ ਪਾਈਆ । ਚੌਦਾਂ ਤਬਕ ਬਣੇ ਸ਼ਰੀਕ, ਲਾਸ਼ਰੀਕ ਖੇਲ ਕਰਾਈਆ । ਤੇਰੇ ਸੰਗ ਕਰੇ ਇਕ ਪ੍ਰੀਤ, ਦੂਜਾ ਨਾਤਾ ਦਏ ਤੁੜਾਈਆ । ਦੋ ਜਹਾਨ ਸੁਣਾਏ ਇਕੋ ਗੀਤ, ਗੋਬਿੰਦ ਇਕੋ ਨਾਮ ਵਡਿਆਈਆ । ਨਾਤਾ ਤੁਟੇ ਮੰਦਰ ਮਸੀਤ, ਸ਼ਿਵਦਵਾਲੇ ਮੱਠ ਦੇਣ ਦੁਹਾਈਆ । ਤੀਰਥ ਤਟ ਰਹੇ ਨਾ ਕੋਇ ਰੀਤ,

ਤ੍ਰੈਗੁਣ ਘਰ ਘਰ ਡੇਰਾ ਲਾਈਆ । ਝਗੜਾ ਪਿਆ ਹਸਤ ਕੀਟ, ਊਚ ਨੀਚਾਂ ਸੰਗ ਨਾ ਕੋਇ ਰਖਾਈਆ । ਮੇਰਾ ਸਾਹਿਬ ਪਰਗਟ ਹੋਵੇ ਨਿਰਗੁਣ ਧਾਰ ਆਪ ਬਾਰੀਕ, ਰੂਪ ਰੰਗ ਰੇਖ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਦੁਲਾਰੇ ਇਕੋ ਗੁਣ ਜਣਾਈਆ । ਸੁਤ ਦੁਲਾਰੇ ਆਵਾਂਗਾ । ਕਲ ਅੰਤਮ ਫੇਰਾ ਪਾਵਾਂਗਾ । ਜੋਤੀ ਜਾਮਾ ਵੇਸ ਵਟਾਵਾਂਗਾ । ਠੀਕ ਨਾਉਂ ਰਖਾਵਾਂਗਾ । ਡੰਕਾ ਸ਼ਬਦ ਵਜਾਵਾਂਗਾ । ਬ੍ਰਹਿਮੰਡ ਖੰਡ ਉਠਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਹਲਾਵਾਂਗਾ । ਕਰੋੜ ਤੇਤੀਸਾ ਅੱਖ ਖੁਲ੍ਹਾਵਾਂਗਾ । ਜਗਤ ਜਗਦੀਸਾ ਮਾਣ ਦਿਵਾਵਾਂਗਾ । ਮਨਜੀਤ ਅਜਿਤ ਕਰਾਵਾਂਗਾ । ਵੇਖਣਹਾਰਾ ਵਾਰ ਥਿਤਿਆ, ਸਾਚੀ ਥਿਤਾ ਵੰਡ ਵੰਡਾਵਾਂਗਾ । ਕਰਾਂ ਖੇਲ ਇਕ ਅਨਡਿਠਿਆ, ਨੇਤਰ ਨਜ਼ਰ ਕਿਸੇ ਨਾ ਆਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਕਰ ਵਖਾਵਾਂਗਾ । ਸਾਚੀ ਕਰਨੀ ਆਪ ਕਮਾਵਾਂਗਾ । ਕਲਜੁਗ ਅੰਤਮ ਫੇਰਾ ਪਾਵਾਂਗਾ । ਸ਼ਾਹੋ ਭੂਪ ਇਕ ਅਖਵਾਵਾਂਗਾ । ਰਾਜ ਰਾਜਾਨਾਂ ਖ਼ਾਕ ਮਿਲਾਵਾਂਗਾ । ਕਿਰਿਆ ਕੂੜੀ ਜੜ੍ਹ ਉਖੜਾਵਾਂਗਾ । ਜੂਠ ਝੂਠ ਸ਼ੌਹ ਦਰਯਾਏ ਆਪ ਰੁੜ੍ਹਾਵਾਂਗਾ । ਸਤਿਜੁਗ ਸਾਚਾ ਫੇਰ ਲਗਾਵਾਂਗਾ । ਗੋਬਿੰਦ ਮੇਲਾ ਮੇਲ ਮਿਲਾਵਾਂਗਾ । ਚੇਲਾ ਗੁਰ ਵਖਾਵਾਂਗਾ । ਸੰਬਲ ਆਪਣਾ ਡੇਰਾ ਲਾਵਾਂਗਾ । ਚਾਰ ਵਰਨ ਇਕੋ ਦਰ ਦਰਸਾਵਾਂਗਾ । ਊਚ ਨੀਚ ਰਾਉ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਹਸਤ ਕੀਟ, ਇਕੋ ਅੱਖਰ ਨਾਮ ਜਪਾਵਾਂਗਾ । ਆਤਮ ਸਭ ਦੀ ਜੀਤ, ਪਰਮਾਤਮ ਰੰਗ ਰੰਗਾਵਾਂਗਾ । ਨਜ਼ਰੀ ਆਵਾਂ ਇਕ ਅਤੀਤ, ਤ੍ਰੈਗੁਣ ਲੇਖਾ ਅੰਤ ਮੁਕਾਵਾਂਗਾ । ਸ਼ਬਦ ਸੁਹਾਗੀ ਤੇਰਾ ਗੀਤ, ਬਣ ਵਿਚੋਲਾ ਆਪ ਸੁਣਾਵਾਂਗਾ । ਨਿਰਗੁਣ ਲੱਗੇ ਨਿਰਗੁਣ ਪ੍ਰੀਤ, ਨਿਰਗੁਣ ਫੜ ਫੜ ਆਪ ਹਲਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕਲਜੁਗ ਅੰਤਮ ਵੇਖ ਵਖਾਵਾਂਗਾ । ਕਲਜੁਗ ਅੰਤਮ ਵੇਖੇ ਆਪ, ਬੇਅੰਤ ਬੇਪਰਵਾਹੀਆ । ਸੁਤ ਦੁਲਾਰੇ ਤੇਰਾ ਜਾਪ, ਇਕੋ ਇਕ ਕਰੇ ਪੜ੍ਹਾਈਆ । ਦੋ ਜਹਾਨ ਵਡ ਪਰਤਾਪ, ਪਾਰਬ੍ਰਹਮ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਲੇਖਾ ਆਪ ਲਿਖਾਈਆ । ਸਾਚਾ ਲੇਖਾ ਲਿਖੇ ਲੇਖ, ਲਿਖਣਹਾਰ ਆਪ ਅਖਵਾਇਆ । ਨਿਰਗੁਣ ਨਿਰਗੁਣ ਆਪੇ ਪੇਖ, ਸਰਗੁਣ ਸਰਗੁਣ ਬੰਧਨ ਪਾਇਆ । ਕਲਜੁਗ ਅੰਤਮ ਕਰ ਕਰ ਹੇਤ, ਜੋਤੀ ਸ਼ਬਦੀ ਰੰਗ ਚੜ੍ਹਾਇਆ । ਲੱਖ ਚੁਰਾਸੀ ਕਾਇਆ ਖੇਤ, ਘਰ ਘਰ ਡੇਰਾ ਲਾਇਆ । ਜਨ ਭਗਤਾਂ ਨਜ਼ਰੀ ਆਏ ਨੇਤਨ ਨੇਤ, ਨਿਝ ਆਤਮ ਵੇਖ ਵਖਾਇਆ । ਗੁਰ ਸ਼ਬਦੀ ਖੋਲ੍ਹੇ ਭੇਤ, ਭੇਵ ਆਪ ਸਮਝਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਤ ਤੇਰਾ ਮਾਣ ਕਲਜੁਗ ਅੰਤਮ ਆਪ ਜਣਾਇਆ । ਸੁਤ ਸ਼ਬਦ ਤੇਰਾ ਵੱਡਾ ਬਲ, ਬਲ ਬਾਵਨ ਭੇਵ ਚੁਕਾਈਆ । ਕਲਜੁਗ ਖੇਲ ਅਛਲ ਅਛੱਲ, ਵਲ ਛਲਧਾਰੀ ਆਪ ਕਰਾਈਆ । ਨਿਰਗੁਣ ਜੋਤ ਰਿਹਾ ਰਲ, ਰੂਪ ਰੰਗ ਨਾ ਕੋਇ ਰਖਾਈਆ । ਸੰਬਲ ਆਸਣ ਬੈਠਾ ਮੱਲ, ਸਚ ਸਿੰਘਾਸਣ ਸੋਭਾ ਪਾਈਆ । ਕਰੇ ਖੇਲ ਘੜੀ ਘੜੀ ਪਲ ਪਲ, ਪਲਕ ਸਭ ਦੀ ਰਿਹਾ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਸ਼ਬਦ ਤੇਰਾ ਸਾਚਾ ਰਾਗ, ਦੋ ਜਹਾਨਾਂ ਆਪ ਜਣਾਈਆ । ਦੋ ਜਹਾਨਾਂ ਇਕੋ ਰਾਗ, ਹਰਿ ਸ਼ਬਦੀ ਸ਼ਬਦ ਜਣਾਇੰਦਾ । ਕਲਜੁਗ ਕੂੜਾ ਮਿਟੇ ਵੈਰਾਗ, ਸਤਿਜੁਗ ਸਾਚਾ ਰਾਹ ਜਣਾਇੰਦਾ । ਭਗਤ ਭਗਵਾਨ ਖੋਲ੍ਹੇ ਜਾਗ, ਜਾਗਰਤ ਜੋਤ ਇਕ

ਦਰਸਾਇੰਦਾ । ਕੂੜੀ ਕਿਰਿਆ ਮੇਟੇ ਆਗ, ਤ੍ਰਿਸਨਾ ਭੁੱਖ ਗਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਢੋਲਾ ਇਕੋ ਗਾਇੰਦਾ । ਸ਼ਬਦੀ ਢੋਲਾ ਗਾਏ ਸੋ, ਸੋ ਪੁਰਖ ਨਿਰੰਜਣ ਵੱਡੀ ਵਡਿਆਈਆ । ਹਰਿ ਪੁਰਖ ਨਿਰੰਜਣ ਆਪੇ ਹੋ, ਹੰ ਬ੍ਰਹਮ ਕਰੇ ਕੁੜਮਾਈਆ । ਏਕੰਕਾਰ ਵਧਾਏ ਮੋਹ, ਮੁਹੱਬਤ ਇਕੋ ਘਰ ਵਖਾਈਆ । ਆਦਿ ਨਿਰੰਜਣ ਕਰ ਕਰ ਲੋ, ਅੰਧ ਅੰਧੇਰਾ ਦਏ ਗਵਾਈਆ । ਅਬਿਨਾਸ਼ੀ ਕਰਤਾ ਲੈ ਕੇ ਆਇਆ ਢੋਆ ਢੋ, ਜਨ ਭਗਤਾਂ ਝੋਲੀ ਪਾਈਆ । ਸ੍ਰੀ ਭਗਵਾਨ ਨਿਰਗੁਣ ਨਿਰਗੁਣ ਆਤਮ ਪਰਮਾਤਮ ਜਾਏ ਛੋਹ, ਆਪ ਆਪਣਾ ਮੇਲ ਮਿਲਾਈਆ । ਪਾਰਬ੍ਰਹਮ ਬ੍ਰਹਮ ਲੇਖਾ ਦੇਵੇ ਖੋਹ, ਆਪਣੀ ਵੰਡ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੇ ਸ਼ਬਦ ਸਿਫ਼ਤ ਸਾਲਾਹੀਆ । ਸਾਚੇ ਸ਼ਬਦ ਸੁਤ ਦੁਲਾਰ, ਸਤਿ ਸਤਿਵਾਦੀ ਦਇਆ ਕਮਾਇੰਦਾ । ਸੋਹੰ ਰੂਪ ਸਰਬ ਸੰਸਾਰ, ਵਡ ਸੰਸਾਰੀ ਆਪ ਬਣਾਇੰਦਾ । ਕਲਜੁਗ ਅੰਤ ਦਏ ਆਧਾਰ, ਸਤਿਜੁਗ ਸਾਚਾ ਰਾਹ ਵਖਾਇੰਦਾ । ਗੁਰ ਅਵਤਾਰ ਪੀਰ ਪੈਗੰਬਰ ਕਰਨ ਨਿਮਸਕਾਰ, ਨਿਉਂ ਨਿਉਂ ਸਜਦਾ ਸੀਸ ਝੁਕਾਇੰਦਾ । ਭਗਤ ਭਗਵਾਨ ਬੋਲਣ ਇਕ ਜੈਕਾਰ, ਜੈ ਜੈਕਾਰ ਆਪ ਅਲਾਇੰਦਾ । ਤਖ਼ਤ ਨਿਵਾਸੀ ਬਣ ਸਿਕਦਾਰ, ਧੁਰ ਫ਼ਰਮਾਨਾ ਹੁਕਮ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਆਪ ਪਰਗਟਾਇੰਦਾ । ਸਾਚਾ ਨਾਮ ਸਾਚਾ ਬੋਲ, ਸੋ ਪੁਰਖ ਨਿਰੰਜਣ ਆਪ ਸੁਣਾਈਆ । ਸੋਹੰ ਭੰਡਾਰਾ ਨਿਰਗੁਣ ਖੋਲ੍ਹ, ਨਿਰਵੈਰ ਰਾਹ ਚਲਾਈਆ । ਜਨ ਭਗਤਾਂ ਅੰਤਰ ਦੇਵੇ ਘੋਲ, ਘੋਲੀ ਘੋਲ ਆਪ ਘੁਮਾਈਆ । ਸਾਹਿਬ ਸਤਿਗੁਰ ਕੂੜਾ ਮਾਰੇ ਨਾ ਕੋਈ ਰੋਲ, ਰੌਲਾ ਸਭ ਦਾ ਦਏ ਮੁਕਾਈਆ । ਸੰਮਤ ਬੀਸ ਕਰਨ ਸਾਰੇ ਮਖ਼ੌਲ, ਕੂੜੀ ਕਿਰਿਆ ਮੁਖ ਰਖਾਈਆ । ਸੰਮਤ ਇਕੀ ਵੱਜੇ ਢੋਲ, ਘਰ ਘਰ ਨਰ ਨਾਰੀ ਬੈਠਣ ਧਿਆਨ ਲਗਾਈਆ । ਪਿਛਲੀ ਵਸਤ ਰਹੇ ਨਾ ਕਿਸੇ ਕੋਲ, ਖ਼ਾਲੀ ਭਾਂਡੇ ਦਏ ਵਖਾਈਆ । ਕਲਜੁਗ ਅੰਤਮ ਖੇਲੇ ਹੋਲ, ਹੋਲੀ ਇਕੋ ਰੰਗ ਰੰਗਾਈਆ । ਮਾਇਆ ਮਮਤਾ ਹਉਮੇਂ ਹੰਗਤਾ ਕੂੜੀ ਕਿਰਿਆ ਕੱਢੇ ਪੋਲ, ਪੜਦਾ ਸਭ ਦਾ ਦਏ ਚੁਕਾਈਆ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੋ ਜਹਾਨ ਬੋਲਣ ਇਕੋ ਬੋਲ, ਜੈ ਜੈਕਾਰ ਕਰੇ ਲੋਕਾਈਆ । ਸ਼ਬਦ ਦਵਾਰਾ ਦੇਵੇ ਖੋਲ੍ਹ, ਖ਼ਾਲਕ ਖ਼ਲਕ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਵੇਖੇ ਥਾਉਂ ਥਾਈਆ । ਵੇਖਣਹਾਰਾ ਥਾਨ ਥਨੰਤਰ, ਨਿਰਗੁਣ ਨਿਰਗੁਣ ਖੋਜ ਖੁਜਾਇੰਦਾ । ਬੁਝਾਵਣਹਾਰਾ ਲੱਗੀ ਬਸੰਤਰ, ਅੰਮ੍ਰਿਤ ਮੇਘ ਇਕ ਬਰਸਾਇੰਦਾ । ਜਪਾਵਣਹਾਰਾ ਸਾਚਾ ਮੰਤਰ, ਸੋਹੰ ਨਾਮ ਇਕ ਦ੍ਰਿੜਾਇੰਦਾ । ਵੇਖਣਹਾਰ ਗਗਨ ਗਗਨੰਤਰ, ਪ੍ਰਿਥਮੀ ਆਕਾਸ਼ ਡੇਰਾ ਢਾਹਿੰਦਾ । ਸਤਿਜੁਗ ਸਚ ਬਣਾਏ ਬਣਤਰ, ਘਾੜਤ ਘੜਨ ਆਪ ਹੋ ਜਾਇੰਦਾ । ਸਰਬ ਜੀਆਂ ਬਿਧ ਜਾਣੇ ਅੰਤਰ, ਅੰਤਰਜਾਮੀ ਵੇਖ ਵਖਾਇੰਦਾ । ਵੇਖਣਹਾਰਾ ਬ੍ਰਹਮ ਨਿਰੰਤਰ, ਮਾਇਆ ਬ੍ਰਹਮ ਡੇਰਾ ਢਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਇਕ ਸਾਲਾਹਿੰਦਾ । ਸਾਚਾ ਨਾਮ ਸਿਫ਼ਤ ਸਾਲਾਹ, ਸਾਲਾਹਗੀਰ ਇਕ ਅਖਵਾਇੰਦਾ । ਸਾਚਾ ਨਾਮ ਜਗਤ ਮਲਾਹ, ਜੁਗ ਜੁਗ ਬੇੜਾ ਮਾਤ ਚਲਾਇੰਦਾ । ਸਾਚਾ ਨਾਮ ਸਾਚਾ ਥਾਂ, ਸਚਖੰਡ ਦਵਾਰ ਇਕ ਵਖਾਇੰਦਾ । ਸਾਚਾ ਨਾਮ ਪਕੜੇ ਬਾਂਹ, ਭਗਤ ਭਗਵਾਨ ਮੇਲ ਮਿਲਾਇੰਦਾ । ਸਾਚਾ ਨਾਮ ਸਾਚਾ ਰਾਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਇਕੋ ਇਕ ਵਖਾਇੰਦਾ । ਇਕੋ

ਨਾਮ ਸਦਾ ਅਤੀਤਾ, ਤ੍ਰੈਗੁਣ ਵਿਚ ਕਦੇ ਨਾ ਆਇਆ । ਇਕੋ ਨਾਮ ਸਦਾ ਅਨਡੀਠਾ, ਸਤਿਗੁਰ ਆਪਣੇ ਵਿਚ ਸਮਾਇਆ । ਇਕੋ ਨਾਮ ਸਦਾ ਰਸ ਮੀਠਾ, ਫਿਕਾ ਰਸ ਨਾ ਕੋਇ ਜਣਾਇਆ । ਇਕੋ ਨਾਮ ਆਦਿ ਜੁਗਾਦਿ ਜੁਗ ਚੌਕੜੀ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਗੀਤਾ ਗਿਆਨ ਸਿਫ਼ਤ ਸਾਲਾਹੀ ਚਲਾਏ ਰੀਤਾ, ਰੀਤੀਵਾਨ ਇਕ ਅਖਵਾਇਆ । ਇਕੋ ਨਾਮ ਕਿਸੇ ਹੱਥ ਨਾ ਆਏ ਮੰਦਰ ਮਸੀਤਾ, ਸ਼ਿਵਦਵਾਲੇ ਮੱਠ ਹੱਟ ਨਾ ਕੋਇ ਵਿਕਾਇਆ । ਇਕੋ ਨਾਮ ਵਸੇ ਹਸਤ ਕੀਟਾ, ਊਚਾਂ ਨੀਚਾਂ ਅੰਦਰ ਡੇਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਨਾਮ ਜਨ ਭਗਤਾਂ ਅੰਦਰੋਂ ਆਪ ਪਰਗਟਾਇਆ । ਜਨ ਭਗਤਾਂ ਅੰਦਰੋਂ ਕੱਢੇ ਨਾਮ, ਯੁਗਤੀ ਇਕੋ ਇਕ ਜਣਾਈਆ । ਚਰਨ ਪ੍ਰੀਤੀ ਭਗਤੀ ਨਿਸ਼ਕਾਮ, ਨਿਸ਼ਅੱਖਰ ਕਰੇ ਪੜ੍ਹਾਈਆ । ਘਰ ਮੰਦਰ ਨਜ਼ਰੀ ਆਏ ਰਾਮ, ਰਮੱਯਾ ਆਪਣਾ ਫੇਰਾ ਪਾਈਆ । ਸਚ ਸੰਦੇਸਾ ਦਏ ਪੈਗ਼ਾਮ, ਢੋਲਾ ਸੋਹਲਾ ਇਕ ਸੁਣਾਈਆ । ਅੰਮ੍ਰਿਤ ਮਦ ਪਿਆਏ ਜਾਮ, ਰਸ ਇਕੋ ਇਕ ਰਖਾਈਆ । ਭਾਗ ਲਗਾਏ ਕਾਇਆ ਖੇੜਾ ਗਰਾਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਇਕੋ ਇਕ ਦਰਸਾਈਆ । ਹਰਿ ਕਾ ਨਾਮ ਹਰਿ ਕੀ ਹੱਦ, ਹਦੂਦ ਆਪਣੀ ਆਪ ਜਣਾਇੰਦਾ । ਭਗਤ ਭਗਵਾਨ ਦਵਾਰੇ ਸੱਦ, ਸਾਚੀ ਕਰਨੀ ਆਪ ਕਮਾਇੰਦਾ । ਦਿਵਸ ਰੈਣ ਨਾਦ ਵਜਾਏ ਅਨਹਦ, ਸੇਵਕ ਸੇਵਾ ਇਕ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਇਕੋ ਇਕ ਵਡਿਆਇੰਦਾ । ਸਾਚਾ ਨਾਉਂ ਹੰ ਬ੍ਰਹਮ, ਪਾਰਬ੍ਰਹਮ ਜਣਾਈਆ । ਸਤਿਗੁਰ ਸਰਨਾਈ ਸਾਚਾ ਧਰਮ, ਕਰਮ ਕਾਂਡ ਨਾ ਕੋਇ ਰਖਾਈਆ । ਗੁਰ ਸਰਨਾਈ ਸਾਚਾ ਵਰਨ, ਬਰਨ ਅਠਾਰਾਂ ਡੇਰਾ ਢਾਹੀਆ । ਸ੍ਰੀ ਭਗਵਾਨ ਸਰਨਾਈ ਤਰਨੀ ਤਰਨ, ਤਾਰਨਹਾਰ ਲੇਖੇ ਲਾਈਆ । ਭਗਤ ਭਗਵਾਨ ਇਕੋ ਅੱਖਰ ਪੜ੍ਹਨ, ਚੌਦਾਂ ਵਿਦਿਆ ਨਾ ਕੋਇ ਵਡਿਆਈਆ । ਇਕ ਦੂਜੇ ਦੇ ਅੰਦਰ ਵੜਨ, ਮਿਲ ਮਿਲ ਖ਼ੁਸ਼ੀ ਮਨਾਈਆ । ਇਕ ਦੂਜੇ ਦੀ ਸਿਫ਼ਤ ਕਰਨ, ਸਿਫ਼ਤੀ ਸਿਫ਼ਤ ਸਾਲਾਹੀਆ । ਇਕ ਦੂਜੇ ਦੇ ਚਰਨ ਫੜਨ, ਨਿਉਂ ਨਿਉਂ ਲਾਗਣ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਭਗਤਾਂ ਹੱਟ ਵਿਕਾਈਆ । ਨਾਮ ਕਹੇ ਮੈਂ ਭਗਤ ਵਣਜਾਰਾ, ਜੁਗ ਜੁਗ ਹੱਟ ਚਲਾਇੰਦਾ । ਭਗਤ ਕਹੇ ਮੈਂ ਨਾਮ ਪਿਆਰਾ, ਪ੍ਰੀਤੀ ਇਕ ਰਖਾਇੰਦਾ । ਦੋਹਾਂ ਵਿਚੋਲਾ ਸਿਰਜਣਹਾਰਾ, ਆਪਣੀ ਖੇਲ ਕਰਾਇੰਦਾ । ਗੁਰੂ ਕਹੇ ਗੁਰਸਿਖ ਪਿਆਰਾ, ਸਿਖਿਆ ਇਕ ਦ੍ਰਿੜਾਇੰਦਾ । ਸਿਖ ਕਹੇ ਗੁਰੂ ਪਸਾਰਾ, ਘਟ ਘਟ ਨਜ਼ਰੀ ਆਇੰਦਾ । ਸ੍ਰੀ ਭਗਵਾਨ ਕਹੇ ਮੇਰਾ ਅੰਤ ਨਾ ਪਾਰਾਵਾਰਾ, ਨਿਰਗੁਣ ਸਰਗੁਣ ਧਾਰ ਚਲਾਇੰਦਾ । ਗੁਰਮੁਖ ਕਹੇ ਠਾਂਡਾ ਦਰਬਾਰਾ, ਸਤਿਗੁਰ ਸਰਨਾਈ ਇਕ ਤਕਾਇੰਦਾ । ਸਤਿਗੁਰ ਕਹੇ ਗੁਰਮੁਖ ਪਿਆਰਾ, ਘਰ ਇਕੋ ਨਜ਼ਰੀ ਆਇੰਦਾ । ਪੁਰਖ ਅਕਾਲ ਕਹੇ ਮੈਂ ਦੋਹਾਂ ਦੇਵਾਂ ਸਹਾਰਾ, ਸਿਰ ਆਪਣਾ ਹੱਥ ਟਿਕਾਇੰਦਾ । ਸੰਤ ਕਹੇ ਮੈਂ ਸਚ ਦੁਲਾਰਾ, ਪ੍ਰਭ ਸਰਨ ਮਿਲੀ ਵਡਿਆਈਆ । ਪ੍ਰਭ ਕਹੇ ਬਿਨ ਸੰਤਾਂ ਮੈਨੂੰ ਦਏ ਨਾ ਕੋਇ ਹੁਲਾਰਾ, ਸਚ ਹੁਲਾਰ ਨਾ ਕੋਇ ਵਖਾਈਆ । ਅਬਿਨਾਸ਼ੀ ਕਰਤਾ ਕਹੇ ਮੇਰਾ ਖੇਲ ਅਪਾਰਾ, ਜੁਗ ਜੁਗ ਆਪਣੀ ਕਾਰ ਕਮਾਈਆ । ਭਗਤ ਕਹੇ ਭਗਵਾਨ ਅਨਡੀਠਾ, ਬਿਨ ਨਜ਼ਰ ਨਜ਼ਰ ਨਾ ਆਈਆ । ਭਗਵਾਨ ਕਹੇ ਭਗਤ ਰਸ ਸਭ ਤੋਂ ਮਿਠਾ, ਰਸ ਅਵਰ ਨਾ ਕੋਇ ਚਖਾਈਆ । ਸੋ ਪੁਰਖ ਨਿਰੰਜਣ ਕਹੇ ਮੈਂ ਆਦਿ ਜੁਗਾਦਿ ਜੁਗਾ ਜੁਗੰਤਰ ਨਿਰਗੁਣ ਸਰਗੁਣ ਹੋ ਕੇ ਕਰਾਂ ਹਿਤਾ, ਹਿਤਕਾਰੀ

ਇਕ ਅਖਵਾਈਆ । ਇਕੋ ਮੇਰਾ ਸ਼ਬਦ ਪੁੱਤ ਮੈਂ ਆਦਿ ਜੁਗਾਦੀ ਪਿਤਾ, ਮਾਤਾ ਮੇਰਾ ਰੂਪ ਵਖਾਈਆ । ਕਲਜੁਗ ਅੰਤਮ ਨੌਂ ਸੌ ਚੁਰਾਨਵੇ ਚੌਕੜੀ ਜੁਗ ਦਾ ਕੱਢੇ ਸਿਟਾ, ਸਤਿਗੁਰ ਇਕੋ ਫੇਰਾ ਪਾਈਆ । ਸਤਿਜੁਗ ਧੁਰ ਫ਼ਰਮਾਨਾ ਲੈ ਕੇ ਆਵੇ ਚਿੱਠਾ, ਚਾਰ ਵਰਨ ਕਰੇ ਪੜ੍ਹਾਈਆ । ਭਗਤ ਕਹੇ ਮੈਂ ਭਗਵਾਨ ਜਿਤਾ, ਨਿਤ ਨਵਿਤ ਸੇਵ ਕਮਾਈਆ । ਭਗਵਾਨ ਕਹੇ ਮੈਂ ਭਗਤਾਂ ਗਾਵਾਂ ਕਿੱਸਾ, ਖ਼ਾਣੀ ਬਾਣੀ ਰਾਗ ਸੁਣਾਈਆ । ਮੇਰਾ ਲੇਖ ਕਿਸੇ ਨਾ ਲਿਖਾ, ਬੇਅੰਤ ਬੇਅੰਤ ਬੇਅੰਤ ਕਹਿ ਕਹਿ ਪੱਲੂ ਗਏ ਛੁਡਾਈਆ । ਸ਼ਬਦ ਸੁਤ ਆਦਿ ਜੁਗਾਦਿ ਜੁਗਾ ਜੁਗੰਤਰ ਤੂੰ ਬਲਕਾਰਾ ਹੋ ਕੇ ਜਿਤਾ, ਤੇਰਾ ਬਲ ਨਾ ਕੋਇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਖੇੜਾ ਤੇਰਾ ਮੰਦਰ ਮਹੱਲ ਅਟੱਲ ਕਰੇ ਰੁਸ਼ਨਾਈਆ । ਪ੍ਰਭ ਜੂ ਮੇਰਾ ਦੱਸ ਮਹੱਲਾ, ਕਵਣ ਕਵਣ ਬਣਾਇੰਦਾ । ਤੂੰ ਸਚਖੰਡ ਵਸੇਂ ਇਕ ਇਕੱਲਾ, ਥਿਰ ਘਰ ਮੇਰਾ ਡੇਰਾ ਲਾਇੰਦਾ । ਨਿਰਗੁਣ ਹੋ ਕੇ ਲੱਖ ਚੁਰਾਸੀ ਰਲਾ, ਸਰਗੁਣ ਵੰਡਣ ਵੰਡ ਵੰਡਾਇੰਦਾ । ਕਲਜੁਗ ਅੰਤਮ ਕਵਣ ਦਵਾਰ ਫੜਾਏ ਪੱਲਾ, ਪੱਲੂ ਆਪਣੀ ਗੰਢ ਬੰਧਾਇੰਦਾ । ਸਚ ਸੰਦੇਸ ਨਰ ਹਰਿ ਘੱਲਾ, ਨਾਉਂ ਨਿਰੰਕਾਰਾ ਆਪ ਜਣਾਇੰਦਾ । ਸੁਤ ਦੁਲਾਰੇ ਹੋ ਨਾ ਝੱਲਾ, ਹਰਿ ਆਪਣੀ ਝਲਕ ਜਣਾਇੰਦਾ । ਨਾ ਦਿਸੇ ਅੱਲਾ, ਵਾਹਦ ਆਪਣੀ ਖੇਲ ਖਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਇਕੋ ਇਕ ਵਡਿਆਇੰਦਾ । ਸ਼ਬਦ ਸੁਤ ਤੇਰਾ ਮਾਰਗ ਇਕ, ਗੁਰ ਅਵਤਾਰ ਪੀਰ ਪੈਗ਼ੰਬਰ ਗਏ ਜਣਾਈਆ । ਸੁਤ ਸ਼ਬਦ ਤੇਰਾ ਭੇਖ ਇਕ, ਆਦਿ ਅੰਤ ਵਡਿਆਈਆ । ਸੁਤ ਸ਼ਬਦ ਤੇਰਾ ਲੇਖ ਇਕ, ਤੇਰਾ ਲੇਖਾ ਲੇਖ ਸਮਝ ਕਿਸੇ ਨਾ ਆਈਆ । ਸੁਤ ਸ਼ਬਦ ਤੇਰਾ ਹੇਤ ਇਕ, ਹਿਤਕਾਰੀ ਨਿਤ ਨਿਤ ਫੇਰਾ ਪਾਈਆ । ਸੁਤ ਸ਼ਬਦ ਤੇਰਾ ਪਿਤ ਇਕ, ਪੁਰਖ ਅਕਾਲ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦੀ ਸ਼ਬਦ ਦੇਵੇ ਗਿਆਨ, ਦੋ ਜਹਾਨਾਂ ਸਚ ਨਿਸ਼ਾਨ, ਨਿਗਾਹਬਾਨ ਆਪ ਝੁਲਾਈਆ ।


੮੫੨
੧੩

### ❇ ੧੧ ਫੱਗਣ ੨੦੧੯ ਗ਼ਾਜ਼ੀ ਆਬਾਦ ਦਰਬਾਰੀ ਲਾਲ ਦੇ ਗ੍ਰਿਹਿ ❇

ਹਰਿ ਭਗਤੀ ਰੰਗ ਅਪਾਰ, ਭਾਉ ਭਗਤ ਜਣਾਇੰਦਾ । ਭਾਉ ਭਗਤ ਆਧਾਰ, ਭਰਮ ਭੌ ਮਿਟਾਇੰਦਾ । ਭਰਮ ਭੌ ਨਿਵਾਰ, ਸਹਿਜ ਸੁਖ ਉਪਜਾਇੰਦਾ । ਸਹਿਜ ਸੁਖ ਧਾਰ, ਸਤਿਗੁਰ ਵੇਖ ਵਖਾਇੰਦਾ । ਸਤਿਗੁਰ ਮੇਲਾ ਸੰਸਾਰ, ਸੰਸਾਰ ਸਾਗਰ ਪਾਰ ਕਰਾਇੰਦਾ । ਸੰਸਾਰ ਸਾਗਰ ਡੂੰਘੀ ਗਾਰ, ਗੁਰਮੁਖ ਵਿਰਲਾ ਤਾਰੀ ਲਾਇੰਦਾ । ਸਾਚੀ ਤਾਰੀ ਤਾਰਨਹਾਰ, ਹਰਿ ਚਰਨ ਕਵਲ ਜਣਾਇੰਦਾ । ਹਰਿ ਚਰਨ ਕਵਲ ਪਿਆਰ, ਨਾਤਾ ਬਿਧਾਤਾ ਜੋੜ ਜੁੜਾਇੰਦਾ । ਨਾਤਾ ਬਿਧਾਤਾ ਵੇਖਣਹਾਰ, ਜੁਗ ਚੌਕੜੀ ਖੋਜ ਖੁਜਾਇੰਦਾ । ਜੁਗ ਚੌਕੜੀ ਪਾਰ ਉਤਾਰ, ਹਰਿਜਨ ਆਪਣੇ ਰੰਗ ਰੰਗਾਇੰਦਾ । ਹਰਿਜਨ ਮੇਲਾ ਅਗੰਮ ਅਪਾਰ, ਬੇਪਰਵਾਹ ਖੇਲ ਖਲਾਇੰਦਾ । ਬੇਪਰਵਾਹ ਸਾਂਝਾ ਯਾਰ, ਸਗਲਾ ਸੰਗ ਨਿਭਾਇੰਦਾ । ਲੇਖਾ ਜਾਣ ਧੁਰ ਦਰਬਾਰ, ਧੁਰ ਦਾ ਲੇਖਾ ਆਪ ਮੁਕਾਇੰਦਾ । ਵੇਖਣਹਾਰਾ ਜੰਗਲ ਜੂਹ ਉਜਾੜ ਪਹਾੜ, ਥਲ ਸਾਗਰ ਫੋਲ ਫੁਲਾਇੰਦਾ । ਪੂਰਬ ਕਰਮਾਂ ਕਰ ਵਿਚਾਰ, ਲਹਿਣਾ ਲਹਿਣੇ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਮਾਇੰਦਾ ।

ਆਪਣੀ ਕਰਨੀ ਪੂਰਬ ਲਹਿਣਾ, ਵਡ ਪਰਭਾਸੀ ਆਪ ਚੁਕਾਈਆ । ਨੇਤਰ ਪੇਖਿਆ ਦਰਸਨ ਨੈਣਾਂ, ਨੈਣ ਕਵਲ ਸ਼ਰਮਾਈਆ । ਰਸਨਾ ਜਿਹਵਾ ਸਕੇ ਨਾ ਕਹਿਣਾ, ਅੰਤਰ ਹੁਕਮ ਕਹਿਣ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਪੂਰਬ ਲੇਖਾ, ਜੁਗ ਜੁਗ ਆਪ ਚੁਕਾਇੰਦਾ । ਬੀਆਬਾਨ ਮਹਾਂਬੀਰ ਪੇਖਾ, ਮਿਹਰਵਾਨ ਖੇਲ ਖਲਾਇੰਦਾ । ਕਰਾਵਣਹਾਰਾ ਹਰਿ ਜੂ ਚੇਤਾ, ਚੇਤਨ ਧਾਰ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਇੰਦਾ । ਸਾਚੀ ਕਰਨੀ ਦਿਤਾ ਵਰ, ਅੰਤ ਧਿਆਨ ਲਗਾਇਆ । ਖਰ ਚਰਨੀ ਡਿਗਾ ਦੜ, ਸੀਸ ਰਘਬੰਸ ਚਰਨ ਟਿਕਾਇਆ । ਬਿਨ ਧੜ ਬੇਨੰਤੀ ਦਿਤੀ ਕਰ, ਤੇਰਾ ਤੇਰੀ ਇਕ ਸ਼ਰਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦ ਸੰਦੇਸਾ ਇਕ ਸੁਣਾਇਆ । ਸ਼ਬਦ ਸੰਦੇਸਾ ਬਿਨ ਰਸਨਾ ਬੋਲ, ਆਤਮ ਆਤਮ ਜਣਾਈਆ । ਤੇਰੇ ਨਾਲ ਕਰਿਆ ਕੌਲ, ਤ੍ਰੇਤਾ ਤਿਰੀਆ ਨਾਰ ਭੁੱਲ ਨਾ ਜਾਈਆ । ਦੁਆਪਰ ਜੁਗ ਰਹਿਣਾ ਅਡੋਲ, ਅਡੁਲ ਆਪ ਰਖਾਈਆ । ਚੌਥੇ ਜੁਗ ਚਲ ਕੇ ਆਵੇ ਤੇਰੇ ਕੋਲ, ਬੇਪਰਵਾਹ ਸੱਚਾ ਸ਼ਹਿਨਸ਼ਾਹੀਆ । ਲਹਿਣਾ ਚੁਕਾਏ ਉਪਰ ਧੌਲ, ਧਰਨੀ ਤੇਰੀ ਰੁੱਤ ਰੰਗਾਈਆ । ਅੰਤਰ ਆਤਮ ਜਾਏ ਮੌਲ, ਮੋਹ ਮੁਹੱਬਤ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪੂਰਬ ਲੇਖਾ ਲੇਖੇ ਪਾਈਆ । ਖਰ ਤੇਰਾ ਦੇਵੇ ਖ਼ਰਾਜ, ਖ਼ਰਚਾ ਆਪਣੇ ਹੱਥ ਰਖਾਇੰਦਾ । ਜੰਗਲ ਵਿਚ ਨਾ ਕਰ ਇਤਰਾਜ਼, ਹਰਿ ਭਾਣੇ ਸਦ ਸਮਾਇੰਦਾ । ਜਿਸ ਦਾ ਸੀਸ ਕੱਟਿਆ ਆਜ, ਸੋ ਸੀਸ ਅੰਤਮ ਲੇਖੇ ਲਾਇੰਦਾ । ਮਿਲੇ ਮੇਲ ਸ਼ਾਹ ਪਾਤਸ਼ਾਹ ਗੁਰੂ ਮਹਾਰਾਜ, ਮਹਿਮਾ ਅਕਥ ਕਥ ਵਡਿਆਇੰਦਾ । ਲੇਖਾ ਦੇਵੇ ਸਿਰ ਰੱਖ ਕੇ ਤਾਜ, ਦੋ ਜਹਾਨਾਂ ਹੁਕਮ ਚਲਾਇੰਦਾ । ਪੰਜ ਤੱਤ ਕਾਇਆ ਰੱਖੇ ਲਾਜ, ਆਤਮ ਆਪਣੇ ਰੰਗ ਰੰਗਾਇੰਦਾ । ਏਕਾ ਨਾਇਆਂ ਦੇਵੇ ਦਾਜ, ਬੇਪਰਵਾਹ ਖੇਲ ਖਲਾਇੰਦਾ । ਸਚ ਦਰਬਾਰ ਮਾਰ ਆਵਾਜ਼, ਜਗਤ ਦਰਬਾਰੀ ਮੇਲ ਮਿਲਾਇੰਦਾ । ਲਾਲ ਲਾਲਨ ਰਚ ਰਚ ਕਾਜ, ਕਰਤਾ ਪੁਰਖ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਪਿਛਲਾ ਵਰ, ਖਰ ਲਹਿਣਾ ਦਰ ਦੇਣਾ ਚਰਨ ਪ੍ਰੀਤੀ ਝੋਲੀ ਪਾਇੰਦਾ ।



੮੫੩
੧੩

### ❇ ੧੧ ਫੱਗਣ ੨੦੧੯ ਦਰਸ਼ਨ ਸਿੰਘ ਦੇ ਗ੍ਰਿਹ ਧੀਰ ਪੁਰ ਢੱਕਾ ਦਿਲੀ ❇

ਸਤਿਜੁਗ ਤੇਰਾ ਸਾਚਾ ਰੰਗ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਹਰਿ ਪੁਰਖ ਨਿਰੰਜਣ ਵਜਾਏ ਮਰਦੰਗ, ਘਰ ਘਰ ਨਾਦ ਸੁਣਾਇੰਦਾ । ਏਕੰਕਾਰ ਸੂਰਾ ਸਰਬੰਗ, ਸ਼ਹਿਨਸ਼ਾਹ ਆਪਣਾ ਹੁਕਮ ਮਨਾਇੰਦਾ । ਆਦਿ ਨਿਰੰਜਣ ਜੋਤ ਨਿਰੰਜਣ ਚਾੜ੍ਹੇ ਚੰਦ, ਅਗਿਆਨ ਅੰਧੇਰ ਸਰਬ ਮਿਟਾਇੰਦਾ । ਸ੍ਰੀ ਭਗਵਾਨ ਸੁਣਾਏ ਸੁਹਾਗੀ ਛੰਦ, ਅਨਬੋਲਤ ਰਾਗ ਅਲਾਇੰਦਾ । ਅਬਿਨਾਸ਼ੀ ਕਰਤਾ ਲੱਖ ਚੁਰਾਸੀ ਅੰਦਰ ਵੇਖੇ ਲੰਘ, ਘਰ ਘਰ ਆਪਣਾ ਡੇਰਾ ਲਾਇੰਦਾ । ਪਾਰਬ੍ਰਹਮ ਬ੍ਰਹਮ ਦੇਵੇ ਇਕ ਅਨੰਦ, ਅਨੰਦ ਅਨੰਦ ਵਿਚ ਜਣਾਇੰਦਾ । ਆਤਮ ਪਰਮਾਤਮ ਪਾਏ ਗੰਢ, ਸਗਲਾ ਸੰਗ ਰਖਾਇੰਦਾ । ਸੁਰਤੀ ਸ਼ਬਦੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਸਤਿਜੁਗ ਸਾਚੇ ਚੜ੍ਹੇ ਚਾ, ਚਾਉ ਘਨੇਰਾ

ਇਕ ਜਣਾਈਆ । ਸਤਿਗੁਰ ਸ਼ਬਦ ਬਣੇ ਮਲਾਹ, ਬੇੜਾ ਆਪਣੇ ਕੰਧ ਉਠਾਈਆ । ਲੱਖ ਚੁਰਾਸੀ ਜੀਵ ਜੰਤ ਦਏ ਸਮਝਾ, ਆਤਮ ਪਰਮਾਤਮ ਭੇਵ ਖੁਲ੍ਹਾਈਆ । ਸਾਚਾ ਮਾਰਗ ਇਕੋ ਲਾ, ਇਕੋ ਮੰਦਰ ਦਏ ਦਰਸਾਈਆ । ਨਾਮ ਨਿਧਾਨਾ ਇਕ ਜਣਾ, ਰਾਗ ਅਨਾਦੀ ਇਕ ਸ਼ਨਵਾਈਆ । ਇਸ਼ਟ ਦੇਵ ਗੁਰ ਇਕ ਮਨਾ, ਦਰ ਦਵਾਰਾ ਆਪ ਖੁਲ੍ਹਾਈਆ । ਤੀਰਥ ਤਟ ਇਕ ਜਣਾ, ਦੁਰਮਤ ਮੈਲ ਦਏ ਧਵਾਈਆ । ਦੂਈ ਦਵੈਤੀ ਡੇਰਾ ਢਾਹ, ਭਾਂਡਾ ਭਰਮ ਭੌ ਭੰਨਾਈਆ । ਚਾਰ ਵਰਨ ਏਕਾ ਰੰਗ ਰੰਗਾ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਇਕੋ ਘਰ ਵਖਾਈਆ । ਬਰਨ ਅਠਾਰਾਂ ਪੰਧ ਮੁਕਾ, ਕੂੜੀ ਕਿਰਿਆ ਲੇਖਾ ਦਏ ਚੁਕਾਈਆ । ਰਸਨਾ ਜਿਹਵਾ ਬੱਤੀ ਦੰਦ ਸੋਹਲਾ ਢੋਲਾ ਇਕੋ ਗਾ, ਕਰੇ ਕਰਾਏ ਸਚ ਪੜ੍ਹਾਈਆ । ਚੌਦਾਂ ਵਿਦਿਆ ਨੈਣ ਜਾਏ ਸ਼ਰਮਾ, ਚੌਦਾਂ ਲੋਕ ਇਕੋ ਰਾਗ ਅਲਾਈਆ । ਚੌਦਾਂ ਤਬਕ ਦਏ ਸਮਝਾ, ਵਡ ਦਾਤਾ ਬੇਪਰਵਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਦਰ ਦਰਵੇਸ਼ ਲਏ ਬਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਜੁਗ ਇਕੋ ਰਾਹ ਜਣਾਈਆ । ਸਤਿਜੁਗ ਮਾਰਗ ਦੇਵੇ ਦੱਸ, ਦੋ ਜਹਾਨਾਂ ਖੋਜ ਖੁਜਾਇੰਦਾ । ਬ੍ਰਹਿਮੰਡਾਂ ਖੰਡਾਂ ਆਪੇ ਵਸ, ਨਿਰਗੁਣ ਆਪਣੀ ਧਾਰ ਚਲਾਇੰਦਾ । ਸ਼ਬਦ ਅਗੰਮੀ ਤੀਰ ਨਿਰਾਲਾ ਮਾਰੇ ਕਸ, ਅਣਿਆਲਾ ਆਪ ਚਲਾਇੰਦਾ । ਪਾਰਬ੍ਰਹਮ ਬ੍ਰਹਮ ਜਣਾਏ ਸਾਚਾ ਜਸ, ਜਸ ਵੇਦ ਪੁਰਾਨ ਸਿਫ਼ਤ ਸਾਲਾਹਿੰਦਾ । ਲੇਖਾ ਜਾਣ ਅੱਠ ਤੱਤ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਆਪਣਾ ਬੰਧਨ ਪਾਇੰਦਾ । ਕਾਇਆ ਮੰਦਰ ਪਾਏ ਰਾਸ, ਨਿਰਗੁਣ ਸਰਗੁਣ ਗੋਪੀ ਕਾਹਨ ਨਚਾਇੰਦਾ । ਘਟ ਘਟ ਅੰਦਰ ਕਰ ਕਰ ਵਾਸ, ਤਖ਼ਤ ਨਿਵਾਸੀ ਵੇਖ ਵਖਾਇੰਦਾ । ਨਿਰਮਲ ਜੋਤ ਕਰ ਪਰਕਾਸ਼, ਸਤਿਗੁਰ ਸਾਚਾ ਚੰਦ ਚੜ੍ਹਾਇੰਦਾ । ਭਗਤ ਭਗਵੰਤ ਇਕ ਦੂਜੇ ਦੇ ਰਹਿਣ ਦਾਸ, ਦਾਸੀ ਦਾਸ ਸੇਵਕ ਰੂਪ ਵਟਾਇੰਦਾ । ਕਲਜੁਗ ਕੂੜੀ ਕਿਰਿਆ ਵਿਨਾਸ, ਕੂੜ ਕੁੜਿਆਰਾ ਆਪ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਰਾਹ ਜਣਾਇੰਦਾ । ਸਤਿਜੁਗ ਸਾਚਾ ਲਗੇ ਮਾਤ, ਸੋ ਪੁਰਖ ਨਿਰੰਜਣ ਆਪ ਲਗਾਈਆ । ਨਿਰਵੈਰ ਦੇਵੇ ਇਕੋ ਦਾਤ, ਜ਼ਾਤ ਪਾਤ ਨਾ ਵੰਡ ਵੰਡਾਈਆ । ਦੀਨ ਮਜ਼੍ਹਬ ਨਾ ਕੋਈ ਖਾਤ, ਸ਼ੂਦਰ ਬ੍ਰਹਿਮਣ ਨਾ ਕੋਇ ਅਖਵਾਈਆ । ਸਰਬ ਜੀਆਂ ਪ੍ਰਭ ਵਸੇ ਸਾਥ, ਦੀਨਾ ਬੰਧਨ ਦੀਨ ਦਿਆਲ ਵੱਡੀ ਵਡਿਆਈਆ । ਜਨਮ ਕਰਮ ਮੇਟੇ ਪਾਪ, ਨਿਹਕਰਮੀ ਕਰਮ ਕਮਾਈਆ । ਸਚ ਜਣਾਏ ਇਕੋ ਜਾਪ, ਸੋਹੰ ਅੱਖਰ ਅੱਖਰ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਲ ਮਿਲਾਵਾ ਕਮਲਾਪਾਤ, ਕਵਲ ਨੈਣ ਇਕੋ ਨਜ਼ਰੀ ਆਈਆ । ਕਵਲ ਨੈਣ ਇਕ ਸਵਾਮੀ, ਘਟ ਘਟ ਡੇਰਾ ਲਾਇੰਦਾ । ਆਦਿ ਜੁਗਾਦਿ ਅੰਤਰਜਾਮੀ, ਭੇਵ ਅਭੇਦ ਆਪ ਖੁਲ੍ਹਾਇੰਦਾ । ਸਦਾ ਸੁਹੇਲਾ ਹਰਿ ਨਿਹਕਾਮੀ, ਨਿਹਚਲ ਆਪਣਾ ਡੇਰਾ ਲਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਅਗੰਮ ਸੁਣਾਏ ਅਕਥ ਕਹਾਣੀ, ਸ਼ਬਦ ਸੰਦੇਸਾ ਇਕ ਅਲਾਇੰਦਾ । ਅੰਮ੍ਰਿਤ ਆਤਮ ਦੇਵੇ ਠੰਡਾ ਪਾਣੀ, ਨਿਝਰ ਝਿਰਨਾ ਆਪ ਝਿਰਾਇੰਦਾ । ਵੇਖਣਹਾਰਾ ਚਾਰ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਫੋਲ ਫੁਲਾਇੰਦਾ । ਸੁਣਾਵਣਹਾਰਾ ਚਾਰ ਬਾਣੀ, ਪਰਾ ਪਸੰਤੀ ਮਧਮ ਬੈਖਰੀ ਘਰ ਘਰ ਰਾਗ ਅਲਾਇੰਦਾ । ਮਿਲਾਵਣਹਾਰਾ ਸੁਰਤ ਸ਼ਬਦ ਹਾਣੀ, ਸਚ ਸਵਾਣੀ ਵੇਖ ਵਖਾਇੰਦਾ । ਕਲਜੁਗ ਅੰਤਮ ਖੇਲ ਕਰੇ ਮਹਾਨੀ, ਖ਼ਾਲਕ ਖ਼ਲਕ ਫੇਰਾ ਪਾਇੰਦਾ । ਪਰਵਰਦਿਗਾਰ ਦੇਵੇ ਸਚ ਨਿਸ਼ਾਨੀ, ਲਾਸ਼ਰੀਕ ਵੇਸ ਵਟਾਇੰਦਾ । ਸਚ ਤੌਫ਼ੀਕ ਇਕ ਨਿਗਹਬਾਨੀ, ਬੇਪਰਵਾਹ ਨਜ਼ਰ ਕਿਸੇ

ਨਾ ਆਇੰਦਾ । ਦੋ ਜਹਾਨਾਂ ਵੇਖਣਹਾਰਾ ਖੇਲ ਕਰੇ ਲਾਸਾਨੀ, ਲਾਸ਼ਰੀਕ ਖੇਲ ਕਰਾਇੰਦਾ । ਜੋਧਾ ਸੂਰ ਵਡ ਬਲਵਾਨੀ, ਬਲ ਆਪਣਾ ਆਪ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਸਾਚਾ ਖੇਲ ਕਰਾਇੰਦਾ । ਸਤਿਜੁਗ ਖੇਲੇ ਖੇਲ ਆਪ, ਸੋ ਪੁਰਖ ਨਿਰੰਜਣ ਵੱਡੀ ਵਡਿਆਈਆ । ਹਰਿ ਪੁਰਖ ਨਿਰੰਜਣ ਦੇਵੇ ਇਕੋ ਜਾਪ, ਏਕੰਕਾਰ ਕਰੇ ਪੜ੍ਹਾਈਆ । ਆਦਿ ਜੁਗਾਦੀ ਕਰ ਪਰਕਾਸ਼, ਨੂਰ ਜ਼ਹੂਰ ਇਕ ਦਰਸਾਈਆ । ਅਬਿਨਾਸ਼ੀ ਕਰਤਾ ਬਣ ਬਣ ਦਾਸੀ ਦਾਸ, ਸਾਚੀ ਸੇਵ ਕਮਾਈਆ । ਸ੍ਰੀ ਭਗਵਾਨ ਵੇਖਣਹਾਰਾ ਖੇਲ ਤਮਾਸ਼, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਪੜਦਾ ਲਾਹੀਆ । ਪਾਰਬ੍ਰਹਮ ਬ੍ਰਹਮ ਕਰ ਪਰਕਾਸ਼, ਘਰ ਘਰ ਦੀਵਾ ਬੱਤੀ ਇਕ ਟਿਕਾਈਆ । ਸ਼ਬਦ ਗੁਰ ਪਾਵੇ ਰਾਸ, ਮੰਡਲ ਮੰਡਪ ਆਪਣੀ ਧਾਰ ਚਲਾਈਆ । ਲੇਖਾ ਜਾਣੇ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਖੋਜ ਖੁਜਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਵੇਖਣਹਾਰਾ ਪਿਛਲੀ ਗਾਥ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਪੜਦਾ ਆਪ ਉਠਾਈਆ । ਪਾਵੇ ਸਾਰ ਤ੍ਰਿਲੋਕੀ ਨਾਥ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਭੇਵ ਅਭੇਦਾ ਆਪ ਜਣਾਈਆ । ਰਾਮ ਰਮੱਯਾ ਲੇਖਾ ਜਾਣੇ ਪੁਰਖ ਸਮਰਾਥ, ਵਡ ਦਾਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਜੁਗ ਇਕੋ ਰੰਗ ਰੰਗਾਈਆ । ਸਤਿਜੁਗ ਰੰਗੇ ਸਚ ਰੰਗ, ਰੰਗ ਰੰਗੀਲਾ ਆਪ ਜਣਾਇੰਦਾ । ਭਗਤ ਭਗਵਾਨ ਸੁਹਾਏ ਸੇਜ ਪਲੰਘ, ਆਤਮ ਅੰਤਰ ਡੇਰਾ ਲਾਇੰਦਾ । ਸ਼ਬਦ ਨਾਦ ਅਨਾਦੀ ਵਜਾਏ ਮਰਦੰਗ, ਤਾਰ ਸਤਾਰ ਨਾ ਕੋਇ ਹਿਲਾਇੰਦਾ । ਅੰਮ੍ਰਿਤ ਸਰੋਵਰ ਨਿਝਰ ਝਿਰਨਾ ਵਹਾਏ ਸਾਚੀ ਗੰਗ, ਗੰਗਾ ਜਮਨਾ ਸੁਰਸਤੀ ਗੋਦਾਵਰੀ ਨੈਣ ਸ਼ਰਮਾਇੰਦਾ । ਆਤਮ ਪਰਮਾਤਮ ਲਾਏ ਅੰਗ, ਅੰਗੀਕਾਰ ਆਪੇ ਅਖਵਾਇੰਦਾ । ਇਕੋ ਨਾਮ ਸ੍ਰਿਸ਼ਟ ਸਬਾਈ ਦਏ ਵੰਡ, ਕੋਟਨ ਕੋਟ ਨਾਮ ਸਿਫ਼ਤ ਸਾਲਾਹੀ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿ ਆਪਣੀ ਧਾਰ ਜਣਾਇੰਦਾ । ਸਤਿ ਸਤਿਵਾਦੀ ਸਾਚੀ ਧਾਰ, ਧਰਮ ਦਵਾਰੇ ਆਪ ਜਣਾਈਆ । ਸਚਖੰਡ ਨਿਵਾਸੀ ਹੋ ਤਿਆਰ, ਥਿਰ ਘਰ ਆਪਣਾ ਕੁੰਡਾ ਲਾਹੀਆ । ਸੁੰਨ ਅਗੰਮੀ ਆਰ ਪਾਰ ਕਿਨਾਰ, ਵਿਸ਼ਨ ਬ੍ਰਹਮਾ ਸ਼ਿਵ ਸਚ ਸੰਦੇਸਾ ਇਕ ਅਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਲਏ ਉਠਾਲ, ਜੁਗ ਚੌਕੜ ਨਵ ਨੌਂ ਚਾਰ ਵੇਖਣਹਾਰਾ ਥਾਉਂ ਥਾਈਂਆ । ਸਤਿਗੁਰ ਬਣ ਦਲਾਲ, ਸੰਗ ਰਖਾ ਪੁਰਖ ਅਕਾਲ, ਮਹਾਂਕਾਲ ਭੇਵ ਅਭੇਦ ਆਪਣਾ ਆਪ ਖੁਲ੍ਹਾਈਆ । ਦੀਨਾਂ ਬੰਧਪ ਹੋ ਦਿਆਲ, ਸਤਿਜੁਗ ਬਣਾਏ ਸੱਚੀ ਧਰਮਸਾਲ, ਧੁਰ ਦਰਬਾਰਾ ਇਕ ਜਣਾਈਆ । ਮੰਦਰ ਮਸਜਦ ਸ਼ਿਵਦਵਾਲੇ ਮੱਠ ਗੁਰ ਦਰ ਅੰਤਮ ਹੋਣ ਬੇਹਾਲ, ਕਲਜੁਗ ਕੂਕੇ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸਾ ਨਰ ਨਰੇਸ਼ਾ ਨਿਰਗੁਣ ਦਾਤਾ ਪੁਰਖ ਬਿਧਾਤਾ ਚਤਰਭੁਜ ਭੇਵ ਜਾਣੇ ਗੁਝ, ਬੋਧ ਅਗਾਧ ਸ਼ਬਦ ਨਾਦ ਨਿਸ਼ਅੱਖਰ ਕਰੇ ਪੜ੍ਹਾਈਆ । ਨਿਸ਼ਅੱਖਰ ਨਾਮ ਹਰਿ ਕਾ ਰੂਪ ਨਿਰਗੁਣ ਆਪਣੇ ਵਿਚ ਸਮਾਇੰਦਾ । ਤਖ਼ਤ ਨਿਵਾਸੀ ਸ਼ਾਹੋ ਭੂਪ, ਸਚਖੰਡ ਨਿਵਾਸੀ ਸੋਭਾ ਪਾਇੰਦਾ । ਵਸਣਹਾਰਾ ਦਹਿ ਦਿਸ਼ਾ ਚਾਰੇ ਕੂਟ, ਅਨਭਵ ਆਪਣੀ ਖੇਲ ਕਰਾਇੰਦਾ । ਜੁਗ ਚੌਕੜੀ ਦੋ ਜਹਾਨ ਸਾਚਾ ਸਾਹਿਬ ਸਤਿਗੁਰ ਦੇਵਣਹਾਰ ਸਬੂਤ, ਤ੍ਰੈਭਵਣ ਧਨੀ ਆਪਣੀ ਖੇਲ ਕਰਾਇੰਦਾ । ਕੋਟਨ ਕੋਟ ਗੁਰ ਅਵਤਾਰ ਪੀਰ ਪੈਗ਼ੰਬਰ ਤਾਣਾ ਪੇਟਾ ਪਾਏ ਸੂਤ, ਤੰਦੀ ਤੰਦ ਗੰਢ ਬੰਨ੍ਹਾਇੰਦਾ ।

ਕਿਰਨ ਕਿਰਨ ਦੇਵੇ ਨਿਰਮਲ ਜੋਤ, ਨਾਦ ਅਨਾਦ ਸ਼ਬਦ ਧੁਨ ਰਾਗ ਅਲਾਇੰਦਾ । ਪੰਜ ਤੱਤ ਵਖਾਏ ਕਾਇਆ ਕੋਟ, ਘਰ ਮੰਦਰ ਡੇਰਾ ਲਾਇੰਦਾ । ਅਗੰਮ ਅਥਾਹ ਬੇਪਰਵਾਹ ਲਗਾਏ ਚੋਟ, ਸਤਿ ਸਤਾਰ ਆਪ ਹਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਸਾਚੇ ਇਕੋ ਇਸ਼ਟ ਜਣਾਇੰਦਾ । ਸਤਿਜੁਗ ਸਾਚਾ ਇਕੋ ਇਸ਼ਟ, ਇਸ਼ਟ ਦੇਵ ਨਿਰਗੁਣ ਨਿਹਕਰਮੀ ਆਪ ਅਖਵਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਖੋਲ੍ਹਣਹਾਰਾ ਦ੍ਰਿਸ਼ਟ, ਦੀਦ ਈਦ ਚੰਦ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਪਾਰਬ੍ਰਹਮ ਇਕੋ ਨੇਤਰ ਨੈਣ ਖੁਲ੍ਹਾਈਆ । ਇਕੋ ਨੇਤਰ ਨੈਣ ਖੋਲ੍ਹੇ ਅੱਖ, ਆਖ਼ਰ ਆਪਣਾ ਭੇਵ ਜਣਾਇੰਦਾ । ਨਿਰਗੁਣ ਨਜ਼ਰ ਆਏ ਪਰਤੱਖ, ਜੋਤੀ ਜਾਤਾ ਡਗਮਗਾਇੰਦਾ । ਸੰਤ ਸੁਹੇਲੇ ਭਗਤ ਭਗਵੰਤ ਲੱਖ ਚੁਰਾਸੀ ਵਿਚੋਂ ਕਰੇ ਵੱਖ, ਆਪ ਆਪਣਾ ਪੜਦਾ ਉਠਾਇੰਦਾ । ਸਾਚਾ ਮਾਰਗ ਇਕੋ ਦੱਸ, ਕਾਇਆ ਕਵਰੀ ਡੂੰਘੀ ਭਵਰੀ ਸੁਖਮਨ ਟੇਢੀ ਬੰਕ ਪਾਰ ਕਰਾਇੰਦਾ । ਹਿਰਦੇ ਅੰਦਰ ਆਪੇ ਵਸ, ਅੰਮ੍ਰਿਤ ਦੇਵੇ ਸਾਚਾ ਰਸ, ਕਵਲ ਨਾਭੀ ਆਪ ਉਲਟਾਇੰਦਾ । ਕਰੇ ਖੇਲ ਪੁਰਖ ਸਮਰਥ, ਲੇਖਾ ਜਾਣੇ ਸੁਖਲਾ ਕਿਸ਼ਨਾ ਪੱਖ, ਅੰਧ ਅੰਧੇਰਾ ਆਪ ਚੁਕਾਇੰਦਾ । ਨਿਰਗੁਣ ਜੋਤ ਕਰ ਪਰਗਟ, ਭੇਵ ਖੁਲ੍ਹਾਏ ਚੌਦਾਂ ਲੋਕ ਹੱਟ, ਮੰਦਰ ਅੰਦਰ ਕੁੰਡਾ ਲਾਹਿੰਦਾ । ਅਨਹਦ ਨਾਦ ਲਗਾਏ ਸਾਚੀ ਸੱਟ, ਦੁਰਮਤ ਮੈਲ ਦੇਵੇ ਕੱਟ, ਕਾਮ ਕਰੋਧ ਲੋਭ ਮੋਹ ਹੰਕਾਰ ਆਸਾ ਤ੍ਰਿਸਨਾ ਮੇਟ ਮਿਟਾਇੰਦਾ । ਸੁਰਤ ਸਵਾਣੀ ਸ਼ਬਦ ਹਾਣੀ ਆਤਮ ਸੇਜਾ ਲਏ ਸੱਦ, ਪਰੇਮ ਜਾਮ ਪਿਆਏ ਮਦਿ, ਰਸ ਇਕੋ ਇਕ ਵਖਾਇੰਦਾ । ਸਾਚੀ ਸੇਜਾ ਬਹਿਣ ਸਜ, ਦਰਸ ਕਰਨ ਰੱਜ ਰੱਜ, ਆਤਮ ਪਰਮਾਤਮ ਪਰਮਾਤਮ ਆਤਮ ਘਰ ਇਕੋ ਸੋਭਾ ਪਾਇੰਦਾ । ਪਾਰਬ੍ਰਹਮ ਬ੍ਰਹਮ ਕਰਿਆ ਹੱਜ, ਮੱਕਾ ਕਾਅਬਾ ਦੇਵੇ ਤਜ, ਹੁਜਰਾ ਇਕੋ ਇਕ ਸੁਹਾਇੰਦਾ । ਕਰੇ ਖੇਲ ਸੂਰਾ ਸਰਬੱਗ, ਭਗਤ ਭਗਵਾਨ ਬੁਝਾਏ ਅੱਗ, ਤ੍ਰੈਗੁਣ ਨਾਤਾ ਤੋੜ ਤੁੜਾਇੰਦਾ । ਵਸਣਹਾਰਾ ਉਪਰ ਸ਼ਾਹ ਰਗ, ਫੜ ਫੜ ਹੰਸ ਬਣਾਏ ਕਗ, ਸ਼ਬਦ ਚੋਗ ਚੁਗਾਇੰਦਾ । ਏਥੇ ਓਥੇ ਦੋ ਜਹਾਨ ਨਿਰਵੈਰ ਪੁਰਖ ਪੜਦਾ ਦਏ ਕੱਜ, ਸਚ ਦੋਸ਼ਾਲਾ ਨਾਮ ਹੱਥ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਜੁਗ ਇਕੋ ਘਰ ਵਖਾਇੰਦਾ । ਸਤਿਜੁਗ ਵਖਾਏ ਇਕੋ ਘਰ, ਚਾਰ ਵਰਨ ਸਰਨਾਈਆ । ਸਤਿਜੁਗ ਵਖਾਏ ਇਕੋ ਦਰ, ਚਾਰ ਵਰਨ ਇਕੋ ਪੜ੍ਹਾਈਆ । ਸਤਿਜੁਗ ਫੜਾਏ ਇਕੋ ਲੜ, ਚਾਰ ਵਰਨ ਵਡਿਆਈਆ । ਸਤਿਜੁਗ ਚੁਕਾਏ ਇਕੋ ਡਰ, ਨਿਰਭੈ ਫੇਰਾ ਪਾਈਆ । ਸਤਿਜੁਗ ਚਾਰ ਵਰਨ ਅੰਦਰ ਜਾਏ ਵੜ, ਨਿਰਗੁਣ ਸਰਗੁਣ ਵੇਖ ਵਖਾਈਆ । ਸਤਿਜੁਗ ਚਾਰ ਵਰਨ ਇਕੋ ਰੰਗ ਦੇਵੇ ਕਰ, ਊਚ ਨੀਚ ਰਹਿਣ ਕੋਇ ਨਾ ਪਾਈਆ । ਸਤਿਜੁਗ ਚਾਰ ਵਰਨ ਸਾਚਾ ਦੇਵੇ ਵਰ, ਘਰ ਘਰ ਵਿਚ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕੋ ਇਕ ਸਮਝਾਈਆ । ਚਾਰ ਵਰਨ ਸਾਚੀ ਸਿਖਿਆ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਨਾਮ ਦਾਨ ਪਾਏ ਭਿਛਿਆ, ਵਸਤ ਅਮੋਲਕ ਆਪ ਵਰਤਾਇੰਦਾ । ਗ਼ਰੀਬ ਨਿਮਾਣਿਆਂ ਕਰੇ ਰਿਛਿਆ, ਪ੍ਰਿਤਪਾਲਕ ਖੇਲ ਕਰਾਇੰਦਾ । ਜਗਤ ਨੇਤਰ ਕਦੇ ਨਾ ਦਿਸਿਆ, ਗਿਆਨ ਨੇਤਰ ਨਜ਼ਰੀ ਆਇੰਦਾ । ਪੂਰਬ ਲਹਿਣਾ ਵੇਖ ਲਿਖਿਆ, ਕੋਝੇ ਕਮਲੇ ਗਲੇ ਲਗਾਇੰਦਾ । ਦੋ ਜਹਾਨ ਕਦੇ ਨਾ ਜਿਤਿਆ, ਹਾਰ ਜਿਤ ਆਪਣੇ ਹੱਥ ਰਖਾਇੰਦਾ । ਜਨ ਭਗਤਾਂ ਕਰੇ ਸਦਾ

ਹਿਤਿਆ, ਨਿਤ ਨਵਿਤ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਇਕੋ ਧੰਦੇ ਲਾਇੰਦਾ । ਸਤਿਜੁਗ ਧੰਦੇ ਦੇਵੇ ਲਾ, ਹਰਿ ਆਪਣੀ ਦਇਆ ਕਮਾਈਆ । ਸਾਹਿਬ ਪਰਵਰਦਿਗਾਰ ਫੇਰਾ ਪਾ, ਮੁਖ ਨਕਾਬ ਦਏ ਉਠਾਈਆ । ਨੂਰ ਇਲਾਹੀ ਹੋ ਰੁਸ਼ਨਾ, ਰੋਸ਼ਨ ਕਰੇ ਸਰਬ ਲੋਕਾਈਆ । ਪੀਰ ਪੈਗ਼ੰਬਰ ਦਸਤਗੀਰ ਦਰ ਬੁਲ੍ਹਾ, ਬੇਨਜ਼ੀਰ ਖੇਲ ਕਰਾਈਆ । ਲਾਸ਼ਰੀਕ ਸਭ ਦੇ ਉਪਰ ਫ਼ਤਵਾ ਦਏ ਲਗਾ, ਬਚਿਆ ਕੋਇ ਰਹਿਣ ਨਾ ਪਾਈਆ । ਕਲਮਾ ਅਮਾਮ ਦਏ ਸਮਝਾ, ਕਾਇਨਾਤ ਇਕ ਸ਼ਨਵਾਈਆ । ਸਚ ਸੰਦੇਸਾ ਇਕ ਅਲ੍ਹਾ, ਇਲਾਹੀ ਨੂਰ ਇਕ ਦਰਸਾਈਆ । ਚੌਦਾਂ ਤਬਕ ਦੱਸੇ ਥਾਉਂ ਥਾਂ, ਬੇਪਹਿਚਾਨ ਫੇਰਾ ਪਾਈਆ । ਕਾਤਬ ਲੇਖ ਸਕੇ ਨਾ ਕੋਇ ਲਿਖਾ, ਕੁਤਬਖ਼ਾਨੇ ਨੈਣ ਸ਼ਰਮਾਈਆ । ਈਸਾ ਮੂਸਾ ਮੁਹੰਮਦ ਲੇਖਾ ਝੋਲੀ ਦੇਵੇ ਪਾ, ਕਲਜੁਗ ਅੰਤਮ ਲਹਿਣਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੀਨ ਇਸਲਾਮ ਸਚ ਕਲਾਮ ਸਚ ਅਸੂਲ ਮਾਕੂਲ ਚੌਦਾਂ ਹੱਟ ਇਕੋ ਇਕ ਜਣਾਈਆ । ਇਕੋ ਇਕ ਸਤਿਜੁਗ ਧਾਰ, ਚਾਰ ਵਰਨ ਜਣਾਇੰਦਾ । ਸੁਰਤ ਸ਼ਬਦ ਸਤਿ ਪਿਆਰ, ਪਰੇਮ ਪਿਆਰ ਇਕ ਵਧਾਇੰਦਾ । ਕਾਇਆ ਮੰਦਰ ਖੋਲ੍ਹ ਕਵਾੜ, ਹਰਿ ਮੰਦਰ ਇਕ ਵਖਾਇੰਦਾ । ਮੰਦਰ ਮਸਜਦ ਨਜ਼ਰੀ ਆਏ ਉਚ ਮਨਾਰ, ਹੁਜਰਾ ਹੱਕ ਹੱਕ ਵਖਾਇੰਦਾ । ਸ਼ਿਵਦਵਾਲੇ ਮੱਠ ਕਰੇ ਆਪ ਗੁਫ਼ਤਾਰ, ਦੀਦ ਈਦ ਚੰਦ ਆਪਣਾ ਰੰਗ ਰੰਗਾਇੰਦਾ । ਕਰੇ ਖੇਲ ਅਗੰਮ ਅਪਾਰ, ਬੋਧ ਅਗਾਧ ਅੱਖਰ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਬਣੇ ਸਤਿ ਮਲਾਹ, ਸਚ ਸੁੱਚ ਜਨਮ ਦਏ ਦਵਾ, ਜੁਗ ਜੁਗ ਕਰਮ ਧਰਮ ਇਕੋ ਇਕ ਵਖਾਇੰਦਾ । ਦੁੱਖ ਅੰਦਰ ਸਦਾ ਸੁਖ, ਦੁੱਖ ਸਤਿਗੁਰ ਮੇਲ ਮਿਲਾਇੰਦਾ । ਸਤਿਗੁਰ ਉਜਲ ਕਰੇ ਮੁਖ, ਚਿੰਤਾ ਰੋਗ ਸਰਬ ਗਵਾਇੰਦਾ । ਸੁਫਲ ਕਰਾਏ ਮਾਤ ਕੁੱਖ, ਜੋ ਜਨ ਸਰਨਾਈ ਆਇੰਦਾ । ਅੰਦਰ ਵੜ ਕੇ ਆਤਮ ਪਰਮਾਤਮ ਗੋਦੀ ਲਏ ਚੁੱਕ, ਬਾਲਕ ਆਪਣੀ ਗੋਦ ਸੁਹਾਇੰਦਾ । ਜਗਤ ਵਿਕਾਰਾ ਕੱਢੇ ਕੁੱਟ, ਨਾਮ ਖੰਡਾ ਹੱਥ ਚਮਕਾਇੰਦਾ । ਕਰੇ ਪਿਆਰ ਜਿਉਂ ਪਿਤਾ ਪੁੱਤ, ਪੂਤ ਸਪੂਤ ਆਪ ਸੁਹਾਇੰਦਾ । ਹਰਿਜਨ ਹਰਿਭਗਤ ਸੁਹਾਏ ਸੱਚੀ ਰੁੱਤ, ਰੁੱਤ ਰੁੱਤੜੀ ਆਪ ਮਹਿਕਾਇੰਦਾ । ਰਾਤੀਂ ਸੁੱਤਿਆਂ ਵਾਤ ਲਏ ਪੁੱਛ, ਜਾਗਦਿਆਂ ਬਿਨ ਨੈਣਾਂ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਰੋਗ ਸੋਗ ਚਿੰਤਾ ਸਤਿ ਪੁਰਖ ਆਪਣੀ ਝੋਲੀ ਪਾਇੰਦਾ ।



### ❋ ੧੧ ਫੱਗਣ ੨੦੧੯ ਬਿਕ੍ਰਮੀ ਅਵਤਾਰ ਸਿੰਘ ਨਿਰੰਕਾਰੀ ਨਾਲ ਦਿਲੀ ❋

ਬਾਣੀ ਆਈ ਧੁਰ ਦਰਗਾਹ, ਧੁਰ ਸੰਦੇਸ ਸੁਣਾਈਆ । ਸਚਖੰਡ ਵਸੇ ਇਕ ਮਲਾਹ, ਬੇਪਰਵਾਹ ਆਸਣ ਲਾਈਆ । ਪਰਵਰਦਿਗਾਰ ਨੂਰ ਖ਼ੁਦਾ, ਜਲਵਾ ਇਕ ਰੁਸ਼ਨਾਈਆ । ਨਿਰਵੈਰ ਨਿਰਾਕਾਰ ਪੁਰਖ ਅਕਾਲ ਆਪ ਅਖਵਾ, ਤਖ਼ਤ ਨਿਵਾਸੀ ਬੇਪਰਵਾਹੀਆ । ਸੀਸ ਜਗਦੀਸ ਤਾਜ ਟਿਕਾ, ਦੋ ਜਹਾਨਾਂ ਹੁਕਮ ਮਨਾਈਆ । ਸ਼ਬਦ ਅਗੰਮੀ ਧਾਰ ਚਲਾ, ਵਿਸ਼ਨ ਬ੍ਰਹਮਾ ਸ਼ਿਵ ਪਰਗਟਾਈਆ । ਸਾਚੀ ਸੇਵਾ ਆਪ ਸਮਝਾ, ਲੱਖ ਚੁਰਾਸੀ ਘਾੜਤ ਲਏ ਘੜਾਈਆ । ਤ੍ਰੈ ਪੰਜ ਮੇਲਾ ਮੇਲ ਮਿਲਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਸਗਲਾ ਸੰਗ ਨਿਭਾਈਆ ।

ਜੁਗ ਚੌਕੜੀ ਵੰਡ ਵੰਡਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਰਾਹ ਵਖਾਈਆ । ਸਦਾ ਸੁਹੇਲਾ ਪੰਜ ਤੱਤ ਕਾਇਆ ਭਾਗ ਲਗਾ, ਗੁਰ ਅਵਤਾਰ ਪੀਰ ਪੈਗ਼ੰਬਰ ਸ਼ਬਦੀ ਨਾਦ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਰਖ ਅਕਾਲਾ ਦੀਨ ਦਿਆਲਾ ਸੱਚਾ ਸਤਿਗੁਰ ਇਕੋ ਇਕ ਨਜ਼ਰੀ ਆਈਆ । ਸੱਚਾ ਸਤਿਗੁਰ ਦੀਨ ਦਿਆਲ, ਸੋ ਪੁਰਖ ਨਿਰੰਜਣ ਆਪ ਅਖਵਾਇੰਦਾ । ਹਰਿ ਪੁਰਖ ਨਿਰੰਜਣ ਮਿਹਰਵਾਨ, ਮਿਹਬਾਨ ਬੀਦੋ ਬੀ ਖ਼ੈਰ ਯਾ ਅੱਲਾ ਇਲਾਹੀ ਨੂਰ ਘਰ ਸਾਚੇ ਮੁਕਾਮੇ ਹੱਕ ਸੋਭਾ ਪਾਇੰਦਾ । ਏਕੰਕਾਰਾ ਖੇਲ ਖਲਾ, ਆਦਿ ਜੁਗਾਦਿ ਜੁਗਾ ਜੁਗੰਤਰ ਆਪਣੀ ਧਾਰ ਬੰਧਾਇੰਦਾ । ਆਦਿ ਨਿਰੰਜਣ ਜੋਤ ਰੁਸ਼ਨਾ, ਜੋਤੀ ਜੋਤ ਨੂਰ ਡਗਮਗਾ, ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਵਿਚ ਟਿਕਾਇੰਦਾ । ਸ੍ਰੀ ਭਗਵਾਨ ਸਚ ਮਕਾਨ ਸੁਹਾ, ਸਚਖੰਡ ਦਵਾਰਾ ਏਕੰਕਾਰਾ ਆਪਣਾ ਬੰਕ ਆਪ ਵਡਿਆਇੰਦਾ । ਅਬਿਨਾਸ਼ੀ ਕਰਤਾ ਸ਼ਬਦ ਨਿਸ਼ਾਨਾ ਰਿਹਾ ਝੁਲਾ, ਸਚ ਨਿਸ਼ਾਨਾ ਆਪਣੇ ਹੱਥ ਰਖਾਇੰਦਾ । ਪਾਰਬ੍ਰਹਮ ਬ੍ਰਹਮ ਖੇਲ ਖਲਾ, ਖ਼ਾਲਕ ਖ਼ਲਕ ਰੂਪ ਵਟਾਇੰਦਾ । ਸਤਿਗੁਰ ਸੱਚਾ ਸ਼ਹਿਨਸ਼ਾਹ, ਸ਼ਾਹ ਪਾਤਸ਼ਾਹ ਰੂਪ ਰੰਗ ਰੇਖ ਨਾ ਕੋਇ ਰਖਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨੌਂ ਸੌ ਚੁਰਾਨਵੇਂ ਚੌਕੜੀ ਜੁਗ ਕੋਟਨ ਕੋਟ ਵਾਰ ਲਏ ਹੰਢਾ, ਬ੍ਰਹਿਮੰਡ ਖੰਡ ਆਪਣੇ ਚਰਨਾਂ ਹੇਠ ਦਬਾਇੰਦਾ । ਜੇਰਜ ਅੰਡਜ ਉਤਭੁਜ ਸੇਤਜ ਚਾਰ ਖਾਣੀ ਚਾਰ ਬਾਣੀ ਆਪਣਾ ਨਾਉਂ ਜਣਾ, ਨਿੱਕਾ ਨਿੱਕਾ ਨਾਦ ਵਜਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕਲਮਾ ਇਲਾਹੀ ਇਕ ਪੜ੍ਹਾ, ਕਾਤਬ ਕੋਟ ਸੇਵ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਬਾਣੀ ਧੁਰ ਸੰਦੇਸ ਆਦਿ ਜੁਗਾਦਿ ਆਪ ਸੁਣਾਏ ਨਰ ਨਰੇਸ਼, ਗੁਰ ਅਵਤਾਰ ਪੀਰ ਪੈਗ਼ੰਬਰ ਆਪਣੀ ਸੇਵਾ ਲਾਇੰਦਾ । ਤਖ਼ਤ ਨਿਵਾਸੀ ਨਰ ਨਰੇਸ਼, ਏਕੰਕਾਰ ਵਡ ਵਡਿਆਈਆ । ਜੁਗਾ ਜੁਗੰਤਰ ਰਿਹਾ ਵੇਖ, ਬਿਨ ਨੇਤਰ ਅੱਖ ਖੁਲ੍ਹਾਈਆ । ਪਾਰਬ੍ਰਹਮ ਬ੍ਰਹਮ ਦੇ ਆਦੇਸ਼, ਨਿਉਂ ਨਿਉਂ ਸਯਦਾ ਸੀਸ ਝੁਕਾਈਆ । ਮੁੱਛ ਦਾੜ੍ਹੀ ਨਾ ਕੋਇ ਕੇਸ, ਸੀਸ ਜਗਦੀਸ ਨਾ ਕੋਇ ਮੁੰਡਾਈਆ । ਆਦਿ ਜੁਗਾਦਿ ਰਹੇ ਹਮੇਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਇਕੋ ਹਰਿ, ਸਤਿਗੁਰ ਸੱਚਾ ਆਪਣਾ ਨਾਮ ਰਖਾਈਆ । ਨਾਨਕ ਸਤਿਗੁਰ ਸੱਚਾ ਪਾਇਆ । ਪੁਰਖ ਅਕਾਲ ਨਜ਼ਰੀ ਆਇਆ । ਭਾਂਡਾ ਕੱਚਾ ਤਨ ਗਵਾਇਆ । ਨੌਂ ਦਵਾਰ ਖੋਜ ਖੁਜਾਇਆ । ਪਾਰਬ੍ਰਹਮ ਅਬਿਨਾਸ਼ੀ ਕਰਤੇ ਨਾਨਕ ਬੱਚਾ ਆਪ ਪੜ੍ਹਾਇਆ । ਸਾਚੀ ਪੱਟੀ ਇਕ ਪੜ੍ਹਾਇਆ । ਲੂੰ ਲੂੰ ਅੰਦਰ ਆਪ ਰਚਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਰੰਗ ਵਖਾਇਆ । ਸੌਦਾ ਕੀਤਾ ਇਕੋ ਸੱਚਾ, ਆਪ ਆਪਣਾ ਹੱਟ ਖੁਲ੍ਹਾਇਆ । ਜੇ ਕੋਈ ਹੋਰ ਕਹੇ ਹੁਣ ਕੱਚਾ, ਅਭੁੱਲ ਭੁੱਲ ਕਦੇ ਨਾ ਜਾਇਆ । ਤ੍ਰੈਗੁਣ ਅਤੀਤਾ ਠਾਂਡਾ ਸੀਤਾ, ਮਾਇਆ ਮਮਤਾ ਨੇੜ ਨਾ ਕੋਇ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਨਕ ਏਕਾ ਇਕੋ ਇਕ ਸਤਿਗੁਰ ਪੁਰਖ ਅਕਾਲ ਦੀਨ ਦਿਆਲ ਸਚ ਸਿੰਘਾਸਣ ਆਸਣ ਲਾਇਆ । ਨਾਨਕ ਗੁਰ ਪਾਇਆ ਵਾਰ ਏਕ, ਏਕਾ ਘਰ ਵੱਜੀ ਵਧਾਈਆ । ਰੂਪ ਰੰਗ ਤੇ ਵਸਿਆ ਬਾਹਰ ਭੇਖ, ਨਜ਼ਰ ਕੋਇ ਨਾ ਆਈਆ । ਨਿਉਂ ਨਿਉਂ ਨਿਮਸਕਾਰ ਕਰੇ ਆਦੇਸ਼, ਦੋਏ ਜੋੜ ਲਾਗੇ ਪਾਈਆ । ਮੇਰਾ ਸਤਿਗੁਰ ਰਹੇ ਹਮੇਸ਼, ਮਰਨ ਜਨਮ ਵਿਚ ਨਾ ਆਈਆ । ਸਚਖੰਡ ਵਸੇ ਸਾਚੇ ਦੇਸ, ਲੋਕਮਾਤ ਆਪਣੀ ਧਾਰ ਸ਼ਬਦ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਗੁਰ ਸੱਚਾ ਇਕੋ ਇਕ, ਆਦਿ ਜੁਗਾਦਿ


੮੫੮
੧੩

ਜੁਗਾ ਜੁਗੰਤਰ ਗੁਰ ਅਵਤਾਰ ਪੀਰ ਪੈਗ਼ੰਬਰ ਆਪਣੇ ਰਾਹ ਚਲਾਈਆ । ਸਤਿਗੁਰ ਸੱਚਾ ਨਾਨਕ ਵੇਖ, ਨੇਤਰ ਨੈਣ ਨੈਣ ਨਿਹਾਲਿਆ । ਚਰਨ ਕਵਲ ਸੱਚਾ ਹੇਤ, ਧੂੜੀ ਟਿੱਕਾ ਮਸਤਕ ਲਾ ਲਿਆ । ਬਾਲੀ ਬੁੱਧ ਸਾਚੀ ਗੋਦੀ ਰਿਹਾ ਖੇਡ, ਸ੍ਰੀ ਭਗਵਾਨ ਆਪਣੀ ਗੋਦ ਬਹਾ ਲਿਆ । ਸਚ ਸੁਹੰਜਣੀ ਵਖਾਏ ਸੇਜ, ਸੋਭਾਵੰਤ ਰੰਗ ਰੰਗਾ ਲਿਆ । ਸ਼ਬਦ ਅਗੰਮ ਆਪ ਆਪਣਾ ਨਾਉਂ ਭੇਜ, ਪੰਜ ਤੱਤ ਕਾਇਆ ਚੋਲਾ ਆਪਣਾ ਰੰਗ ਰੰਗਾ ਲਿਆ । ਜੋਤੀ ਨੂਰ ਇਕੋ ਤੇਜ, ਬ੍ਰਹਮ ਪਾਰਬ੍ਰਹਮ ਵਖਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਨਕ ਨਿਰਗੁਣ ਪਾਇਆ ਇਕੋ ਹਰਿ, ਨਿਰਵੈਰ ਪੁਰਖ ਇਕੋ ਨਜ਼ਰੀ ਆ ਰਿਹਾ । ਨਾਨਕ ਸੌਦਾ ਸਚ ਹੱਟ, ਚੌਦਾਂ ਲੋਕ ਭੇਵ ਨਾ ਆਈਆ । ਚੌਦਾਂ ਵਿਦਿਆ ਸਕੇ ਨਾ ਕਥ, ਰਸਨਾ ਜਿਹਵਾ ਨਾ ਕੋਇ ਪੜ੍ਹਾਈਆ । ਦਿਤੀ ਮਤ ਪੁਰਖ ਸਮਰਥ, ਮਹਿਮਾ ਅਕਥ ਆਪ ਜਣਾਈਆ । ਅੰਤਰ ਪਰੇਮ ਬਾਹਰ ਰੱਤ, ਤਨ ਖਲੜੀ ਚੰਮ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਨਕ ਨਿਰਗੁਣ ਬ੍ਰਹਮ ਮਤ, ਸਰਗੁਣ ਨਾਨਕ ਇਕ ਤੱਤ, ਦੋਹਾਂ ਵਚੋਲਾ ਪੁਰਖ ਸਮਰਥ, ਸੌਦਾ ਆਪਣੇ ਹੱਟ ਵਿਕਾਈਆ । ਠੀਕ ਹੋਏ ਲੱਗਿਆਂ ਠੋਕਰ, ਠੋਕਰ ਨਾਮ ਲਗਾਈਆ । ਬਿਨ ਸਮਝਿਆਂ ਦਿਸੇ ਬਾਲ ਛੋਕਰ, ਹੋਛੀ ਮਤ ਜਣਾਈਆ । ਪ੍ਰਭ ਮਿਲਣ ਦੀ ਇਕੋ ਔਕੜ, ਦੂਈ ਦਵੈਤੀ ਪੜਦਾ ਵਿਚ ਰਖਾਈਆ । ਬਿਨ ਸਤਿਗੁਰ ਪੂਰੇ ਕਾਇਆ ਤੱਤ ਦਿਸੇ ਫੋਕੜ, ਬ੍ਰਹਮ ਗਿਆਨ ਨਾ ਕੋਇ ਸਮਝਾਈਆ । ਕੋਟਨ ਕੋਟ ਕਲਜੁਗ ਫਿਰਦੇ ਜੋਕਰ, ਨਿਰਗੁਣ ਨੂਰ ਨਜ਼ਰ ਕਿਸੇ ਨਾ ਆਈਆ । ਅੰਤਮ ਸਭ ਤੇ ਔਣੀ ਔਕੜ, ਬੰਦੀਖ਼ਾਨਾ ਨਾ ਕੋਇ ਤੁੜਾਈਆ । ਹਰਿ ਲੇਖਾ ਵੇਖੇ ਵਹੀ ਰੋਕੜ, ਖਾਤਾ ਸਭ ਦਾ ਵੱਖੋ ਵੱਖ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਆਪਣਾ ਭੇਵ ਜਣਾਈਆ । ਕਹਿਣ ਸੁਣਨ ਤੋਂ ਵਸੇ ਬਾਹਰ, ਲਿਖਣ ਪੜ੍ਹਨ ਵਿਚ ਨਾ ਆਇਆ । ਸਾਹਿਬ ਸਤਿਗੁਰ ਆਤਮ ਅੰਤਰ ਕਰੇ ਪਿਆਰ, ਜਗਤ ਨੇਤਰ ਦਰਸ ਕੋਇ ਨਾ ਪਾਇਆ । ਨਰ ਨਿਰੰਕਾਰ ਆਪਣਾ ਖੋਲ੍ਹ ਕਿਵਾੜ, ਭੇਵ ਅਭੇਦ ਸ਼ਬਦ ਰੂਪ ਜਣਾਇਆ । ਕਰ ਪਰਕਾਸ਼ ਬਹੱਤਰ ਨਾੜ, ਨੂਰ ਨੂਰ ਨਾਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਆਪ ਕਰਤਾਰ, ਕੁਦਰਤ ਕਾਦਰ ਵੇਖ ਵਖਾਇਆ । ਸਚਖੰਡ ਦੀ ਕਹੋ ਗਾਥਾ, ਘਰ ਸੱਜਣ ਸੱਚਾ ਆਇਆ । ਪ੍ਰਭ ਮਿਲਣ ਦੀ ਦੱਸੋ ਬਾਤਾ, ਕਿਸ ਬਿਧ ਮੇਲ ਮਿਲਾਇਆ । ਜਨਮ ਕਰਮ ਦਾ ਤੋੜੇ ਨਾਤਾ, ਨਾਤਾ ਬਿਧਾਤਾ ਕਵਣ ਬੰਧਾਇਆ । ਪਹਿਲੋਂ ਮੇਟੋ ਆਪਣੀ ਅੰਧੇਰੀ ਰਾਤਾ, ਫੇਰ ਜਗਤ ਚੰਦ ਰੁਸ਼ਨਾਇਆ । ਦੇਵਣਹਾਰਾ ਇਕੋ ਦਾਤਾ, ਆਦਿ ਜੁਗਾਦੀ ਬੇਪਰਵਾਹਿਆ । ਸਾਹਿਬ ਦਿਆਲ ਸਦਾ ਸਮਰਾਥਾ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਏਕੰਕਾਰਾ ਕਰ ਪਸਾਰਾ ਸਚ ਸਿੰਘਾਸਣ ਆਸਣ ਲਾਇਆ । ਨਾਤਾ ਤੋੜ ਜ਼ਾਤਾ ਪਾਤਾ, ਵਰਨਾਂ ਗੋਤਾਂ ਸੁੱਟੇ ਖਾਤਾ, ਪੂਰਬ ਜਨਮ ਪੂਰਾ ਕਰੇ ਘਾਟਾ, ਅਗਲਾ ਲੇਖਾ ਆਪਣੇ ਹੱਥ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁੱਛਣਹਾਰਾ ਆਪਣਾ ਘਰ, ਘਰ ਦੱਸੇ ਘਰ ਵਸੇ ਘਰ ਵੇਖੇ ਘਰ ਪੇਖੇ ਕਵਣ ਰੂਪ ਨਿਰਗੁਣ ਧਾਰ ਨਰਾਇਣ ਨਜ਼ਰੀ ਆਇਆ । ਨਿਰੰਕਾਰ ਨਾਲ ਮਿਲੇ ਨਿਰੰਕਾਰ, ਨਿਰੰਕਾਰ ਨਿਰੰਕਾਰ ਵੇਖ ਵਖਾਈਆ । ਨਿਰੰਕਾਰ ਆਪਣੀ ਕਰੇ ਗੁਫ਼ਤਾਰ, ਨਿਰੰਕਾਰ ਆਪਣੀ ਕਹਾਣੀ ਦਏ ਸੁਣਾਈਆ । ਖਾਣੀ ਬਾਣੀ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਨਾ ਕੋਈ ਵਿਚਾਰ, ਪਿਛਲਾ ਲੇਖਾ ਪਿਛਲਿਆਂ ਝੋਲੀ ਪਾਈਆ ।

੮੫੯
੧੩

ਅੱਗੇ ਨਿਤ ਨਵਿਤ ਆਪਣੀ ਆਪ ਹਿਲਾਏ ਸਤਾਰ, ਦੂਜੀ ਓਟ ਨਾ ਕੋਇ ਤਕਾਈਆ । ਪੁਰਖ ਅਕਾਲ ਸਦਾ ਸਦਾ ਰਾਹ ਪਾਵਣਹਾਰ ਸੰਸਾਰ, ਗੁਰ ਅਵਤਾਰ ਪੀਰ ਪੈਗ਼ੰਬਰ ਸਾਧ ਸੰਤ ਭਗਤ ਭਗਵੰਤ ਆਪਣੀ ਸੇਵਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰੰਕਾਰ ਮੇਲਾ ਨਿਰੰਕਾਰ, ਦਰ ਦਰਵਾਜ਼ਾ ਨਿਰੰਕਾਰ ਨਿਰੰਕਾਰ ਦਏ ਖੁਲ੍ਹਾਈਆ । ਨਿਰੰਕਾਰ ਘਰ ਆਇਆ ਨਿਰੰਕਾਰਾ, ਨਿਰਗੁਣ ਆਪਣਾ ਵੇਸ ਵਟਾਈਆ । ਇਕ ਦੂਜੇ ਦੀ ਪੁੱਛੇ ਧਾਰਾ, ਕਵਣ ਬੈਠੇ ਆਸਣ ਲਾਈਆ । ਕਵਣ ਕਰੇ ਸਰਬ ਪਸਾਰਾ, ਕਵਣ ਘਟ ਘਟ ਰਿਹਾ ਸਮਾਈਆ । ਕਵਣ ਸ਼ਬਦ ਨਾਦ ਧੁਨਕਾਰਾ, ਕਵਣ ਅਨਹਦ ਰਾਗ ਅਲਾਈਆ । ਕਵਣ ਅੰਮ੍ਰਿਤ ਆਤਮ ਦੇਵੇ ਠੰਡਾ ਠਾਰਾ, ਨਿਝਰ ਝਿਰਨਾ ਆਪ ਪਿਆਈਆ । ਧੁਰ ਕੀ ਬਾਣੀ ਨਾ ਜਾਣੇ ਆਵਾਰਾ, ਜੀਵ ਜੰਤ ਕਹਿਣ ਨਾ ਪਾਈਆ । ਬਿਨ ਸਚਖੰਡ ਨਿਵਾਸੀ ਸਾਚੇ ਸ਼ਬਦ ਨਾ ਬਣੇ ਕੋਈ ਲਿਖਾਰਾ, ਲਿਖ ਲਿਖ ਥੱਕੀ ਸਰਬ ਲੋਕਾਈਆ । ਇਕੋ ਨਿਰੰਕਾਰ ਘਰ ਘਰ ਪਾਏ ਪੁਆੜਾ, ਦਰ ਦਰ ਪਈ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰੰਕਾਰ ਵੇਖੇ ਨਿਰੰਕਾਰ ਘਰ, ਬਿਨ ਨਿਰੰਕਾਰ ਨਿਰੰਕਾਰ ਵੇਖਣ ਕੋਇ ਨਾ ਆਈਆ । ਤੂੰ ਹੀ ਨਿਰੰਕਾਰ ਤੂੰ, ਤੁਧ ਬਿਨ ਨਜ਼ਰ ਕੋਇ ਨਾ ਆਈਆ । ਨਾ ਬੁੱਤ ਨਾ ਰੂਹ, ਰੂਪ ਰੰਗ ਰੇਖ ਨਾ ਕੋਇ ਵਖਾਈਆ । ਨਾ ਹਾਂ ਨਾ ਹੂੰ, ਰਸਨਾ ਜਿਹਵਾ ਬੱਤੀ ਦੰਦ ਨਾ ਕੋਇ ਰਖਾਈਆ । ਹੱਥ ਕੰਨ ਨੱਕ ਨਾ ਮੂੰਹ, ਨਾਰੀ ਪੁਰਸ਼ ਇੰਗ ਲਿੰਗ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰੰਕਾਰ ਵੇਖੇ ਨਿਰੰਕਾਰ, ਦਰ ਦਰ ਮੰਦਰ ਅੰਦਰ ਮਹੱਲ ਅਟੱਲ ਉਚ ਮਨਾਰ, ਪਰਦਾ ਆਪ ਉਠਾਈਆ । ਸੱਚਾ ਘਰ ਨਿਰੰਕਾਰ ਦਵਾਰ, ਇੱਟਾਂ ਪੱਥਰ ਕੰਮ ਕਿਸੇ ਨਾ ਆਈਆ । ਸੱਚਾ ਦਰ ਹਰਿ ਸੰਗਤ ਕਰੇ ਪਿਆਰ, ਦਰ ਦਰਵਾਜ਼ਾ ਇਕ ਸੁਹਾਈਆ । ਇਕ ਦੂਜੇ ਦਾ ਇਕੋ ਜਿਹਾ ਵਿਹਾਰ, ਨਿਰੰਕਾਰ ਨਿਰੰਕਾਰ ਮੇਲਾ ਚਾਈਂ ਚਾਈਂਆ । ਸੱਚਾ ਜਣਾਓ ਮੰਦਰ ਮਹੱਲ ਅਟੱਲ ਅਪਾਰ, ਜਿਸ ਘਰ ਨਿਰੰਕਾਰ ਬੈਠਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁੱਛਣਹਾਰਾ ਸਾਚਾ ਘਰ, ਸਚ ਸਚ ਰਿਹਾ ਦ੍ਰਿੜਾਈਆ । ਦਿਵਸ ਰੈਣ ਮਾਸ ਰੁੱਤ ਥਿਤ ਵਾਰ ਏਥੇ ਰਹਿਣਾ, ਘੜੀ ਪਲ ਵੰਡ ਨਾ ਕੋਇ ਵੰਡਾਈਆ । ਨਿਰੰਕਾਰ ਵੇਖੇ ਆਪਣਿਆਂ ਨੈਣਾਂ, ਨੈਣ ਆਪਣਾ ਬੰਦ ਖੁਲ੍ਹਾਈਆ । ਨਿਰਗੁਣ ਸੱਜਣ ਸਾਕ ਸੈਣਾ, ਸਗਲਾ ਸੰਗ ਨਿਭਾਈਆ । ਨਾ ਕੋਈ ਨਾਤਾ ਮਾਤ ਪਿਤ ਭਾਈ ਭੈਣਾ, ਕੰਤ ਸੁਹਾਗ ਨਾ ਕੋਇ ਵਖਾਈਆ । ਪਰੇਮ ਪਿਆਰ ਸੱਚਾ ਗਹਿਣਾ, ਤਨ ਸ਼ੰਗਾਰ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰਹਿਣਾ ਇਕੋ ਵਾਰ ਸਮਝਾਈਆ ।

❇ ੧੧ ਫੱਗਣ ੨੦੧੯ ਬਿਕ੍ਰਮੀ ਕਰਤਾਰ ਸਿੰਘ ਦੇ ਗ੍ਰਹਿ ਸ਼ਕੂਰ ਬਸਤੀ ਦਿਲੀ ❇

ਭੋਲਾ ਕਹੇ ਭੋਲੇ ਭਾਓ, ਭਰਮ ਭਾਵ ਜਣਾਇੰਦਾ । ਬੇਪਰਵਾਹ ਅਗੰਮ ਅਥਾਹੋ, ਅਲੱਖ ਅਗੋਚਰ ਖੇਲ ਕਰਾਇੰਦਾ । ਵਸਣਹਾਰਾ ਸਾਚੇ ਥਾਉਂ, ਸਚ ਦਵਾਰ ਇਕ ਸੁਹਾਇੰਦਾ । ਉਪਜਾਵਣਹਾਰਾ ਸਾਚਾ ਨਾਉਂ, ਨਾਉਂ ਨਿਰੰਕਾਰਾ ਆਪ ਅਖਵਾਇੰਦਾ । ਦੇਵਣਹਾਰਾ ਠਾਂਡੀ ਛਾਉਂ, ਸਿਰ ਸ਼ੰਕਰ ਹੱਥ ਟਿਕਾਇੰਦਾ । ਪਕੜਨਹਾਰਾ ਸਦਾ ਬਾਂਹੋਂ, ਨਿਰਗੁਣ ਆਪਣੀ ਸੇਵ ਕਮਾਇੰਦਾ । ਬਣਨਹਾਰਾ ਪਿਤਾ ਮਾਉਂ, ਬਾਲਕ ਆਪਣੀ ਗੋਦ

ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਪਾਰਬਤੀ ਵੇਖ ਆਪਣਾ ਪਤੀ, ਪਰਤੀਤ ਰਹੀ ਧਰਾਈਆ । ਚਰਨ ਬਲਹਾਰ ਹੋਵੇ ਸਤੀ, ਸਤਿ ਇਕ ਧਰਾਈਆ । ਸਿਮਰਨ ਨਾ ਜਾਣੇ ਸਾਹਿਬ ਰਤੀ, ਰਤੀ ਰਤ ਨਾ ਕੋਇ ਸੁਕਾਈਆ । ਬਣ ਬੈਰਾਗਣ ਫਿਰੇ ਨੱਠੀ, ਭੱਜੀ ਵਾਹੋ ਦਾਹੀਆ । ਤੱਤਾਂ ਅੰਦਰ ਤੱਤਵ ਬੱਧੀ, ਬਾਂਦੀ ਬੈਠੀ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਸਮਝਾਈਆ । ਭੋਲਾ ਕਹੇ ਭੋਲੀ ਨਾਰ, ਭੇਵ ਅਭੇਦ ਜਣਾਇੰਦਾ । ਤੂੰ ਕੀ ਜਾਣੇਂ ਸਾਚੀ ਸਾਰ, ਹਰਿ ਜੂ ਕੀ ਕੀ ਖੇਲ ਵਰਤਾਇੰਦਾ । ਤੇਰਾ ਸੰਗ ਰੰਗ ਪਿਆਰ, ਉਮੰਗ ਰੂਪ ਨਾ ਕੋਇ ਵਖਾਇੰਦਾ । ਮਰਦੰਗ ਅਨਹਦ ਧੁਰ ਦੀ ਧਾਰ, ਤੁਰੰਗ ਸੁਰੰਗ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਖੁਲ੍ਹਾਇੰਦਾ । ਸਾਚਾ ਭੇਵ ਦੱਸੇ ਏਕ, ਏਕ ਏਕ ਵਡਿਆਈਆ । ਪਾਰਬਤੀ ਪਰਬਤ ਟੇਕ, ਚੋਟੀ ਪੱਥਰ ਆਸ ਰਖਾਈਆ । ਆਪੇ ਜਣਾਏ ਸਾਚਾ ਲਿਖੇ ਲੇਖ, ਸ਼ੰਕਰ ਕੰਕਰ ਇਕ ਜਣਾਈਆ । ਜਿਸ ਦਾ ਲੇਖਾ ਅਨੰਤ ਲੇਖ, ਬੇਪਰਵਾਹ ਵਡ ਵਡਿਆਈਆ । ਨਿਤ ਨਵਿਤ ਲਏ ਪੇਖ, ਪੇਖਣਹਾਰ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪਣੇ ਹੱਥ ਰਖਾਈਆ । ਸਾਚਾ ਖੇਲ ਦੱਸੇ ਭਗਵਾਨ, ਆਪਣਾ ਭੇਵ ਜਣਾਇੰਦਾ । ਤਖ਼ਤ ਨਿਵਾਸੀ ਨੌਜਵਾਨ, ਸਾਚੇ ਤਖ਼ਤ ਸੋਭਾ ਪਾਇੰਦਾ । ਜੋਤੀ ਨੂਰ ਨੂਰ ਮਹਾਨ, ਪਰਗਟ ਆਪਣੀ ਧਾਰ ਚਲਾਇੰਦਾ । ਆਪਣਾ ਹੁਕਮ ਕਰ ਬਲਵਾਨ, ਨਿਰਗੁਣ ਆਪਣੀ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਇੰਦਾ । ਸਾਚਾ ਭੇਵ ਸ੍ਰੀ ਭਗਵੰਤ, ਆਪਣੇ ਹੱਥ ਰਖਾਇੰਦਾ । ਸਚ ਪਿਆਰ ਆਪਣਾ ਮੰਤ, ਮੰਤਰ ਆਪ ਦ੍ਰਿੜਾਇੰਦਾ । ਸੇਜ ਵਿਛਾਏ ਬਣ ਬਣ ਕੰਤ, ਕੰਤੂਹਲ ਸੇਜ ਹੰਢਾਇੰਦਾ । ਸਚ ਦਰਗਹਿ ਚਾੜ੍ਹੇ ਰੰਗਤ, ਰੰਗ ਰੰਗੀਲਾ ਆਪ ਅਖਵਾਇੰਦਾ । ਸਚ ਮਿਹਰਵਾਨ ਲਾਏ ਅੰਗਤ, ਅੰਗੀਕਾਰ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਆਪ ਸਮਝਾਇੰਦਾ । ਸਾਚੀ ਸਿਖਿਆ ਬਾਲੀ ਨੱਢੀ, ਨਿਰਗੁਣ ਨਰਾਇਣ ਆਪ ਜਣਾਈਆ । ਸ਼ੰਕਰ ਵਾਸਨਾ ਦਰ ਸੱਦੀ, ਸੱਦਾ ਇਕੋ ਨਾਮ ਸੁਣਾਈਆ । ਪਰੇਮ ਡੋਰੀ ਨਾਮ ਬੱਧੀ, ਬੰਧਨ ਹੋਰ ਨਾ ਕੋਇ ਰਖਾਈਆ । ਭੋਲੀ ਭਾਲੀ ਵੇਖੇ ਲੱਧੀ, ਚਲਣ ਦੇਵੇ ਨਾ ਕੋਇ ਚਤਰਾਈਆ । ਅੰਗੀਕਾਰ ਕਰੇ ਨਾ ਕੋਈ ਹੱਡੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਰੰਗਾਈਆ । ਪਾਰਬਤੀ ਸੁਣ ਲਾ ਕਰ ਕਾਨ, ਭੋਲਾ ਭੋਲੇ ਭਾਉ ਜਣਾਇੰਦਾ । ਤੇਰਾ ਮੇਰੇ ਵਿਚ ਧਿਆਨ, ਮੇਰਾ ਧਿਆਨ ਇਕੋ ਭਗਵਨ ਨੈਣ ਦਰਸਾਇੰਦਾ । ਤੂੰ ਵੇਖੀ ਮੇਰੀ ਸ਼ਾਨ, ਮੈਨੂੰ ਸ਼ਹਿਨਸ਼ਾਹ ਨਜ਼ਰੀ ਆਇੰਦਾ । ਤੂੰ ਮੇਰੀ ਕਰੀ ਪਹਿਚਾਨ, ਮੈਂ ਬੇਪਹਿਚਾਨ ਅੱਗੇ ਸੀਸ ਝੁਕਾਇੰਦਾ । ਤੂੰ ਮੈਨੂੰ ਕਰ ਪਰਵਾਨ, ਮੈਂ ਆਪਣਾ ਪਰਵਾਨਾ ਪ੍ਰਭ ਸਾਚੇ ਅੱਗੇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਆਪ ਜਣਾਇੰਦਾ । ਭੋਲਾ ਕਹੇ ਸੁਣ ਸਾਚੀ ਰੀਤ, ਸਚ ਸਚ ਦਿਆਂ ਦ੍ਰਿੜਾਈਆ । ਨਰ ਨਰਾਇਣ ਕਰ ਪ੍ਰੀਤ, ਪ੍ਰੀਤੀਵਾਨ ਮੇਰਾ ਮਾਹੀਆ । ਬੈਠਾ ਰਹੇ ਸਦਾ ਅਤੀਤ, ਆਪ ਆਪਣੀ ਸੇਜ ਸੁਹਾਈਆ । ਕਰੇ ਖੇਲ ਇਕ ਅਨਡੀਠ, ਅਨਡਿਠੜੀ ਕਾਰ ਕਮਾਈਆ । ਆਦਿ ਜੁਗਾਦਿ ਜੁਗ ਜੁਗ ਕਦੇ ਨਾ ਦੇਵੇ ਪੀਠ, ਕਰਵਟ ਸਕੇ ਨਾ ਕੋਇ ਬਦਲਾਈਆ । ਜੁਗ ਜੁਗ ਚਲਾਵਣਹਾਰਾ ਆਪਣੀ ਰੀਤ, ਸਾਚੀ ਸਿਖਿਆ ਦਏ ਸਮਝਾਈਆ ।

੮੬੧
੧੩

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਸਿਖਿਆ ਇਕ ਦ੍ਰਿੜਾਈਆ । ਸਾਚੀ ਸਿਖਿਆ ਦੇਵੇ ਭਗਵੰਤ, ਮਿਹਰਵਾਨ ਮਿਹਰ ਨਜ਼ਰ ਉਠਾਇੰਦਾ । ਨਰ ਨਰਾਇਣ ਬਣ ਬਣ ਕੰਤ, ਆਪ ਆਪਣਾ ਪੜਦਾ ਲਾਹਿੰਦਾ । ਰੰਗ ਚਾੜ੍ਹ ਇਕ ਬਸੰਤ, ਚੋਲੀ ਆਪਣੇ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੇਜ ਸੁਹੰਜਣੀ ਇਕ ਵਿਛਾਇੰਦਾ । ਸੇਜ ਸੁਹੰਜਣੀ ਚਰਨ ਦਵਾਰ, ਸੋ ਪੁਰਖ ਨਿਰੰਜਣ ਆਪ ਵਿਛਾਈਆ । ਹਰਿ ਪੁਰਖ ਨਿਰੰਜਣ ਵੇਖੇ ਨੈਣ ਉਘਾੜ, ਨਿਰਗੁਣ ਦਾਤਾ ਬੇਪਰਵਾਹੀਆ । ਏਕੰਕਾਰਾ ਹੋ ਤਿਆਰ, ਸੇਜੇ ਆਏ ਚਾਈਂ ਚਾਈਂਆ । ਆਦਿ ਨਿਰੰਜਣ ਨਿਰਗੁਣ ਬਾਤੀ ਦੀਪਕ ਬਾਲ, ਇਕੋ ਨੂਰ ਕਰੇ ਰੁਸ਼ਨਾਈਆ । ਅਬਿਨਾਸ਼ੀ ਕਰਤਾ ਸਾਚੇ ਮੰਦਰ ਸੁਘੜ ਸੁਚੱਜੀ ਆਪੇ ਬਿਠਾਲ, ਆਪ ਆਪਣੇ ਅੰਗ ਲਗਾਈਆ । ਸ੍ਰੀ ਭਗਵਾਨ ਸਤਿ ਸਰੂਪੀ ਦੇ ਨਿਸ਼ਾਨ, ਸਤਿ ਵਸਤੂ ਝੋਲੀ ਪਾਈਆ । ਪਾਰਬ੍ਰਹਮ ਪ੍ਰਭ ਕਰ ਧਿਆਨ, ਧਿਆਨ ਧਿਆਨ ਵਿਚ ਮਿਲਾਈਆ । ਸਾਚਾ ਕੰਤ ਕਰੇ ਖੇਲ ਮਹਾਨ, ਮਹਿਮਾ ਆਪਣੀ ਦਏ ਜਣਾਈਆ । ਸਚ ਦਵਾਰ ਵਖਾਏ ਮਕਾਨ, ਛੱਪਰ ਛੰਨ ਨਾ ਕੋਇ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੰਤ ਆਪਣਾ ਰੰਗ ਰੰਗਾਈਆ । ਸਖੀ ਵੇਖ ਸਾਹਿਬ ਕੰਤ, ਕੰਤੂਹਲ ਵੱਡੀ ਵਡਿਆਈਆ । ਜਿਸ ਨੇ ਰਚਨਾ ਰਚਾਈ ਆਦਿ ਸੋ ਵੇਖਣਹਾਰਾ ਅੰਤ, ਅੰਤ ਆਦਿ ਆਪ ਹੋ ਜਾਈਆ । ਸਤਿ ਪਿਆਰ ਦਰਸਾਏ ਇਕੋ ਮੰਤ, ਮੰਤਰ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਅੰਗ ਲਗਾਈਆ । ਆਪਣੇ ਅੰਗ ਆਪੇ ਰੱਖ, ਆਪਣੀ ਦਇਆ ਕਮਾਇੰਦਾ । ਸਾਹਿਬ ਦਿਆਲ ਹੋ ਪਰਤੱਖ, ਪਾਰਬ੍ਰਹਮ ਪ੍ਰਭ ਖੇਲ ਕਰਾਇੰਦਾ । ਲੇਖਾ ਜਾਣੇ ਬਿਨ ਰੱਤੀ ਰੱਤ, ਰੱਤ ਆਪਣਾ ਰੂਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਦਰ ਆਪ ਵਖਾਇੰਦਾ । ਸਾਚਾ ਮੰਦਰ ਹੋ ਮਿਹਰਵਾਨ, ਇਕੋ ਇਕ ਜਣਾਈਆ । ਨਾਰ ਕੰਤ ਕਰ ਪਰਵਾਨ, ਭਗਵੰਤ ਲਏ ਵਡਿਆਈਆ । ਸੇਜ ਸੁਹੰਜਣੀ ਵੇਖੇ ਆਣ, ਆਦਿ ਨਿਰੰਜਣ ਨੂਰ ਰੁਸ਼ਨਾਈਆ । ਦਰਦ ਦੁਖ ਭੈ ਭੰਜਨ ਦੇਵੇ ਦਾਨ, ਦਾਤਾ ਦਾਨੀ ਦਇਆ ਕਮਾਈਆ । ਸਦਾ ਸਦਾ ਸਦ ਹੋਏ ਨਿਗਾਹਬਾਨ, ਨੇਤਰ ਨੈਣ ਨੈਣ ਤਕਾਈਆ । ਬਾਲੀ ਨੱਢੀ ਵੇਖ ਅਵਾਣ, ਸਾਚੀ ਸਿਖਿਆ ਕਰੇ ਪੜ੍ਹਾਈਆ । ਕੋਝੀ ਕਮਲੀ ਕਰ ਪਰਵਾਨ, ਸਿਰ ਆਪਣਾ ਹੱਥ ਟਿਕਾਈਆ । ਅਨਮੰਗਿਆ ਦੇਵੇ ਦਾਨ, ਝੋਲੀ ਵਸਤ ਭਰਾਈਆ । ਸੋ ਸਾਹਿਬ ਮੇਰਾ ਸੁਲਤਾਨ, ਸਚਖੰਡ ਵਸੇ ਸੱਚਾ ਮਾਹੀਆ । ਦੇਵਣਹਾਰ ਧੁਰ ਫ਼ਰਮਾਨ, ਸਚ ਸੰਦੇਸਾ ਰਿਹਾ ਸੁਣਾਈਆ । ਪਾਰਬਤੀ ਸੁਣ ਲਾ ਕਰ ਕਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਮੇਲਾ ਸਹਿਜ ਸੁਭਾਈਆ । ਪਾਰਬਤੀ ਕੀ ਜਾਣੇ ਸਾਰ, ਸਾਰ ਹੱਥ ਕਿਸੇ ਨਾ ਆਈਆ । ਜਗਤ ਵਿਵਹਾਰੀ ਕਰੇ ਜਗਤ ਵਿਹਾਰ, ਆਪਣਾ ਭੇਵ ਨਾ ਕਿਸੇ ਸਮਝਾਈਆ । ਜੋਬਨ ਰੱਤੀ ਹੋ ਤਿਆਰ, ਨੇਤਰ ਨੈਣ ਰਹੀ ਮਟਕਾਈਆ । ਭੋਲਾ ਨਾਥ ਨੈਣ ਸ਼ੰਗਾਰ, ਦਰ ਮੰਗਤ ਭਿੱਖਕ ਰਿਹਾ ਸਮਝਾਈਆ । ਜਟਾ ਜੂਟ ਖੇਲ ਅਪਾਰ, ਤਰਸੂਲ ਇਕੋ ਹੱਥ ਉਠਾਈਆ । ਹੱਸੇ ਰੋਵੇ ਰੋਵੇ ਹੱਸੇ ਵੇਖੇ ਦੋਹਰੀ ਧਾਰ, ਛਹਿਬਰ ਨੈਣਾਂ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਜਣਾਈਆ । ਕਦੇ ਪਿਆਰ ਕਦੇ ਵੱਖ, ਵੱਖ ਪਿਆਰ ਵਿਚ ਵੰਡਾਇੰਦਾ । ਕਦੇ ਨਿਰਮਲ ਕਦੇ ਉਜਲ ਕਦੇ ਤੋਲਿਆ ਲੱਖ, ਕਦੇ ਭਬੂਤੀ ਆਪਣੀ ਰਮਾਇੰਦਾ । ਕਦੇ ਸਵਾਰੇ ਕਦੇ ਪਏ ਉਠ, ਨੇਤਰ ਨੈਣ ਨਾ ਕੋਇ ਖੁਲ੍ਹਾਇੰਦਾ ।

੮੬੨
੧੩

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲ ਇਕੋ ਇਕ ਸਮਝਾਇੰਦਾ । ਜਿਸ ਵਕਤ ਦੀ ਕਰੋ ਤਲਾਸ਼, ਢੂੰਡਿਆਂ ਨਜ਼ਰ ਕਿਸੇ ਨਾ ਆਈਆ । ਉਹ ਵਕਤ ਸਤਿਗੁਰ ਪਾਸ, ਛਿਨ ਮਾਤਰ ਦਏ ਵਖਾਈਆ । ਗੁਰ ਸਤਿਗੁਰ ਹੋਵੇ ਦਾਸ, ਸਾਚੀ ਸਿਖਿਆ ਦਏ ਪੜ੍ਹਾਈਆ । ਸਾਚੇ ਵਕਤ ਦੀ ਪੂਰੀ ਕਰੇ ਆਸ, ਨਿਰਾਸਾ ਰੂਪ ਨਾ ਕੋਇ ਰਖਾਈਆ । ਵਕਤ ਦੀ ਗੁਰ ਅਵਤਾਰ ਪੀਰ ਪੈਗ਼ੰਬਰ ਕਰਦੇ ਗਏ ਖ਼ਾਹਸ਼, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਧਿਆਨ ਲਗਾਈਆ । ਵਕਤ ਅੰਦਰ ਗੋਪੀ ਕਾਹਨ ਪੌਂਦੇ ਗਏ ਰਾਸ, ਮੰਡਲ ਮੰਡਪ ਨਾਚ ਨਚਾਈਆ । ਵਕਤ ਅੰਦਰ ਨਿਰਗੁਣ ਸਰਗੁਣ ਵੇਂਹਦਾ ਰਿਹਾ ਖੇਲ ਤਮਾਸ਼, ਖ਼ਾਲਕ ਖ਼ਲਕ ਰੂਪ ਵਟਾਈਆ । ਵਕਤ ਅੰਦਰ ਕੋਟਨ ਕੋਟ ਸਾਧ ਸੰਤ ਗਾ ਗਾ ਥੱਕੇ ਪਵਣ ਸਵਾਸ, ਸਵਾਸ ਸਵਾਸਾਂ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ ਵਕਤ ਆਪਣੇ ਹੱਥ ਰਖਾਈਆ । ਸਾਚੇ ਵਕਤ ਦੀ ਜਿਸ ਜਨ ਦਲੀਲ, ਹਰਿ ਸਤਿਗੁਰ ਆਪ ਜਣਾਇੰਦਾ । ਸਾਹਿਬ ਸਤਿਗੁਰ ਇਕੋ ਕਰੋ ਵਕੀਲ, ਦੋ ਜਹਾਨਾਂ ਵੇਖ ਵਖਾਇੰਦਾ । ਸਚ ਦਵਾਰ ਕਰੋ ਅਪੀਲ, ਮਿਹਰਵਾਨ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਵਕਤ ਨੇਰਨ ਨੇਰਾ ਦੂਰਨ ਦੂਰਾ ਆਪਣੇ ਹੱਥ ਰਖਾਇੰਦਾ । ਜਿਸ ਵਕਤ ਦਾ ਤੱਕੋ ਰਾਹ, ਤਕਵਾ ਇਕ ਰਖਾਈਆ । ਤਿਸ ਵਕਤ ਦਾ ਪੁਰਖ ਅਕਾਲ ਮਲਾਹ, ਬੇੜਾ ਰਿਹਾ ਚਲਾਈਆ । ਗੁਰ ਸ਼ਬਦ ਕੋਲੋਂ ਪੁਛੋ ਸਲਾਹ, ਸਚ ਸਚ ਦਏ ਜਣਾਈਆ । ਫੜ ਫੜ ਬਾਹੋਂ ਰਾਹੇ ਦੇਵੇ ਪਾ, ਔਝੜ ਪੰਧ ਰਹਿਣ ਨਾ ਪਾਈਆ । ਨਿਜ ਨੇਤਰ ਨਜ਼ਰੀ ਜਾਵੇ ਆ, ਪਿਛਲਾ ਲੇਖਾ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਕਤ ਇਕੋ ਇਕ ਵਡਿਆਈਆ । ਇਕੋ ਵਕਤ ਹੋਏ ਸੁਹੇਲਾ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਸੁਰਤੀ ਸ਼ਬਦੀ ਹੋਏ ਮੇਲਾ, ਗੁਰ ਚੇਲਾ ਏਕਾ ਰੰਗ ਰੰਗਾਇੰਦਾ । ਨਜ਼ਰੀ ਆਏ ਵਸਣਹਾਰਾ ਧਾਮ ਨਵੇਲਾ, ਗ੍ਰਹਿ ਮੰਦਰ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਵਕਤ ਆਪ ਸੁਹਾਇੰਦਾ । ਸਾਚਾ ਵਕਤ ਹੋਏ ਸੁਹੰਜਣਾ, ਸੋਭਾਵੰਤ ਸੁਹਾਈਆ । ਕਰ ਪਰਕਾਸ਼ ਆਦਿ ਨਿਰੰਜਣਾ, ਅਗਿਆਨ ਅੰਧੇਰ ਚੁਕਾਈਆ । ਮੇਲ ਮਿਲਾਏ ਦਰਦ ਦੁੱਖ ਭੈ ਭੰਜਨਾ, ਭਵ ਸਾਗਰ ਪਾਰ ਕਰਾਈਆ । ਚਰਨ ਧੂੜ ਕਰਾਏ ਮਜਨਾ, ਨੇਰਨ ਨੇਰਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਵਕਤ ਇਕੋ ਇਕ ਵਖਾਈਆ । ਸਾਚਾ ਵਕਤ ਵੇਖੋ ਜਗ, ਵਖਾਵਣਹਾਰਾ ਆਪ ਦਰਸਾਈਆ । ਦਰਸ ਕਰਾਏ ਉਪਰ ਸ਼ਾਹ ਰਗ ਸ਼ਹਿਨਸ਼ਾਹ ਆਪਣਾ ਮੇਲ ਮਿਲਾਈਆ । ਨਿਰਮਲ ਦੀਪਕ ਜਾਏ ਜਗ, ਜੋਤ ਜੋਤ ਰੁਸ਼ਨਾਈਆ । ਆਤਮ ਪਰਮਾਤਮ ਜੋ ਬੈਠੀ ਹੋ ਕੇ ਅੱਡ, ਦੋਹਾਂ ਮੇਲਾ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਵੇਲਾ ਵਕਤ ਇਕੋ ਇਕ ਸਲਾਹੀਆ । ਸਾਚਾ ਵਕਤ ਰੱਖੋ ਯਾਦ, ਯਾਦਦਾਸ਼ਤ ਆਪ ਕਰਾਇੰਦਾ । ਹਰਿ ਜੂ ਸੁਣਨਹਾਰਾ ਫ਼ਰਯਾਦ, ਸ਼ਹਿਨਸ਼ਾਹ ਆਪਣਾ ਫੇਰਾ ਪਾਇੰਦਾ । ਪਿਛਲੀ ਮੰਗ ਅਗਲੀ ਪੂਰੀ ਦੇਵੇ ਦਾਦ, ਦਾਤਾ ਦਾਨੀ ਆਪ ਵਰਤਾਇੰਦਾ । ਬਿਨ ਪੜ੍ਹਿਆਂ ਬਿਨ ਸੁਣਿਆਂ ਬਿਨ ਜਾਗਿਆਂ ਬਿਨ ਸੁੱਤਿਆਂ ਵੱਜੇ ਨਾਦ, ਨਾਦ ਅਨਾਦੀ ਆਪ ਵਜਾਇੰਦਾ । ਬਿਨ ਰਸਨਾ ਬਿਨ ਜਿਹਵਾ ਬਿਨ ਚੱਖਿਆਂ ਆਏ ਸਵਾਦ, ਅੰਮ੍ਰਿਤ ਰਸ ਇਕ ਵਖਾਇੰਦਾ । ਜਗਤ ਦਵਾਰਾ ਦੇਵੇ ਕਾਢ, ਪਾਰ ਹੱਦ ਆਪ ਵਖਾਇੰਦਾ । ਸਚ ਸੁਹੰਜਣੀ ਸੇਜਾ ਕਰੇ ਲਾਡ, ਮਿਹਰਵਾਨ ਮਿਹਰਵਾਨ



੮੬੩
੧੩

ਮਿਹਰ ਨਜ਼ਰ ਆਪ ਤਕਾਇੰਦਾ । ਦੂਰ ਦੁਰਾਡਾ ਨੇਰਨ ਨੇਰਾ ਆਏ ਭਾਜ, ਬਣ ਪਾਂਧੀ ਪੰਧ ਮੁਕਾਇੰਦਾ । ਵਕਤ ਸੁਹੇਲਾ ਗੁਰ ਚੇਲਾ ਕਰੇ ਕਾਜ, ਜਗਤ ਮੇਲਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸਮਾਂ ਆਪ ਸੁਹਾਇੰਦਾ । ਸਾਚੇ ਸਮੇਂ ਦੀ ਸਚ ਤਲਾਸੀ, ਗੁਰਮੁਖ ਬੈਠੇ ਧਿਆਨ ਲਗਾਈਆ । ਕੋਈ ਭੇਵ ਨਾ ਜਾਣੇ ਪੰਡਤ ਕਾਸ਼ੀ, ਮੁੱਲਾ ਸ਼ੇਖ਼ ਸਮਝ ਨਾ ਆਈਆ । ਅੰਤਰ ਆਤਮ ਲਾ ਕੇ ਬੈਠੇ ਆਸੀ, ਆਸਾ ਆਸਾ ਨਾਲ ਮਿਲਾਈਆ । ਪਾਰਬ੍ਰਹਮ ਪ੍ਰਭ ਸਤਿਗੁਰ ਸੱਜਣ ਲਾਹਵਣਹਾਰ ਉਦਾਸੀ, ਚਿੰਤਾ ਦੁੱਖ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਵਕਤ ਰਿਹਾ ਦਰਸਾਈਆ । ਸਾਚਾ ਵਕਤ ਆਏ ਨੇੜੇ, ਨੇਰਨ ਨੇਰਾ ਆਪ ਜਣਾਇੰਦਾ । ਹਰਿਜਨ ਭਾਗ ਲੱਗੇ ਕਾਇਆ ਖੇੜੇ, ਮੰਦਰ ਇਕੋ ਇਕ ਸੁਹਾਇੰਦਾ । ਸਤਿਗੁਰ ਸੱਚਾ ਆ ਜਾਏ ਆਪਣੇ ਵੇਹੜੇ, ਦੂਈ ਦਵੈਤੀ ਪੜਦਾ ਲਾਹਿੰਦਾ । ਸਾਚੇ ਸੰਤਾਂ ਬੰਨ੍ਹੇ ਬੇੜੇ, ਕੰਧ ਆਪਣੇ ਭਾਰ ਉਠਾਇੰਦਾ । ਨਾਤੇ ਚੁੱਕਣ ਤੇਰੇ ਮੇਰੇ, ਮੇਰਾ ਤੇਰਾ ਇਕੋ ਨਜ਼ਰੀ ਆਇੰਦਾ । ਅੰਤਮ ਦੇਵਣਹਾਰਾ ਗੇੜੇ, ਉਲਟੀ ਲੱਠ ਆਪ ਭਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਕਤ ਸੁਹਾਵਣਾ ਆਪ ਸੁਹਾਇੰਦਾ । ਸਾਚਾ ਵਕਤ ਹੋਏ ਸੁਹਾਵਣਾ, ਸੋ ਪੁਰਖ ਨਿਰੰਜਣ ਆਪ ਸੁਹਾਈਆ । ਗੁਰਮੁਖਾਂ ਗੁਰ ਘਰ ਘਰ ਪਾਵਣਾ, ਦਰ ਮੰਦਰ ਵੱਜੇ ਵਧਾਈਆ । ਹਰਿਜਨ ਨਾਰੀ ਪਿਰ ਪਤੀ ਰਾਵਣਾ, ਨਰ ਨਰਾਇਣ ਬੇਪਰਵਾਹੀਆ । ਆਤਮ ਪਰਮਾਤਮ ਢੋਲਾ ਗਾਵਣਾ, ਘਰ ਘਰ ਵਿਚ ਖ਼ੁਸ਼ੀ ਵਖਾਈਆ । ਦੂਰ ਦੁਰਾਡਾ ਨੇੜੇ ਹੋ ਕੇ ਪਕੜੇ ਦਾਮਨਾ, ਦਾਮਨਗੀਰ ਇਕ ਹੋ ਜਾਈਆ । ਕਲਜੁਗ ਮੇਟੇ ਅੰਧੇਰੀ ਸ਼ਾਮਨਾ, ਸ਼ਮਅ ਇਕੋ ਨੂਰ ਕਰੇ ਰੁਸ਼ਨਾਈਆ । ਗੁਰਮੁਖਾਂ ਦਰਸ ਦਿਖਾਏ ਆਮਣੇ ਸਾਮਣਾ, ਭਰਮ ਭੁਲੇਖਾ ਦੂਰ ਕਢਾਈਆ । ਸੋ ਵਕਤ ਹੋਏ ਸੁਹਾਵਣਾ, ਜਿਸ ਵੇਲੇ ਪ੍ਰਭ ਮਿਲੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਵਕਤ ਦੀ ਆਪੇ ਰੱਖੇ ਤਲਾਸ਼, ਜਨ ਭਗਤਾਂ ਪੂਰੀ ਕਰੇ ਖ਼ਾਹਸ਼, ਖ਼ਸੂਸੀਅਤ ਆਪਣੀ ਆਪ ਜਣਾਇੰਦਾ । ਭਗਤ ਪਿਆਰ ਵੱਡਾ ਭਾਰਾ, ਤੋਲਿਆਂ ਤੋਲ ਨਾ ਕੋਇ ਤੁਲਾਈਆ । ਸ੍ਰੀ ਭਗਵਾਨ ਜਨ ਭਗਤਾਂ ਕੋਲੋਂ ਮੰਗੇ ਆਪ ਸਹਾਰਾ, ਨਿਰਗੁਣ ਬਣ ਬਣ ਫੇਰਾ ਪਾਈਆ । ਕਲਜੁਗ ਅੰਤਮ ਆਇਆ ਪਾਰ ਕਿਨਾਰਾ, ਗੁਰ ਅਵਤਾਰ ਪੀਰ ਪੈਗ਼ੰਬਰ ਬੈਠੇ ਢੇਰੀਆਂ ਢਾਹੀਆ । ਸ੍ਰਿਸ਼ਟ ਸਬਾਈ ਆਈ ਹਾਰਾ, ਸਿਰ ਸਕੇ ਨਾ ਕੋਇ ਉਠਾਈਆ । ਚਾਰ ਕੁੰਟ ਦਹਿ ਦਿਸ਼ਾ ਹੋਏ ਖ਼ਵਾਰਾ, ਦਰ ਦਰ ਘਰ ਘਰ ਪਈ ਲੜਾਈਆ । ਬਿਨ ਭਗਤ ਹਰਿ ਕਾ ਹੱਕ ਨਾ ਲਾਏ ਕੋਈ ਨਾਅਰਾ, ਸਚ ਸਚ ਨਾ ਕੋਇ ਜਣਾਈਆ । ਸ੍ਰੀ ਭਗਵਾਨ ਜਨ ਭਗਤਾਂ ਕੋਲੋਂ ਡਰਦਾ ਆ ਆ ਕਰੇ ਪਿਆਰਾ, ਪਰੇਮ ਪਿਆਰ ਵਿਚ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਵੇਸ ਅਵੱਲੜਾ ਰੂਪ ਵਖਾਈਆ । ਪਿਆਰ ਸਿੱਖਣ ਆਏ ਭਗਵਾਨ, ਨਿਰਗੁਣ ਆਪਣਾ ਰੂਪ ਧਰਾਇੰਦਾ । ਗੁਰਮੁਖ ਵੇਖ ਸੱਚਾ ਸੁਲਤਾਨ, ਘਰ ਜਾ ਜਾ ਅਲਖ ਜਗਾਇੰਦਾ । ਗੁਰਮੁਖ ਉਠੇ ਨੌਜਵਾਨ, ਆਪ ਆਪਣਾ ਬਲ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਾਚੀ ਰੀਤੀ ਭਗਤਾਂ ਵਿਚ ਪਰਗਟਾਇੰਦਾ । ਭਗਤਾਂ ਅੰਦਰ ਪਿਆਰ ਡੂੰਘਾ, ਨਜ਼ਰ ਕਿਸੇ ਨਾ ਆਇਆ । ਸ੍ਰੀ ਭਗਵਾਨ ਬਣ ਕੇ ਸੂੰਘਾ, ਨਿਰਗੁਣ ਅੰਦਰ ਵੜ ਵੜ ਵੇਖ ਵਖਾਇਆ । ਕਵਲ ਨਾਭੀ ਵੱਡਾ ਹੋਇਆ ਮੂਧਾ, ਆਪ ਆਪਣਾ ਮੁਖ ਭਵਾਇਆ । ਬ੍ਰਹਮ ਭੇਵ ਖੁਲ੍ਹਾਏ ਗੂੜ੍ਹਾ, ਪਾਰਬ੍ਰਹਮ


੮੬੪
੧੩

ਪੜਦਾ ਆਪ ਚੁਕਾਇਆ । ਲੇਖਾ ਚੁਕਿਆ ਏਕਾ ਦੂਜਾ, ਏਕੰਕਾਰਾ ਘਰ ਨਜ਼ਰੀ ਆਇਆ । ਏਕੰਕਾਰ ਸਚ ਦਵਾਰ ਸੂਝਾ, ਦਰ ਭਗਤਾਂ ਫੇਰਾ ਪਾਇਆ । ਪਰੇਮ ਪ੍ਰੀਤੀ ਅੰਦਰ ਝੂਝਾ, ਨਛਾਵਰ ਆਪਣਾ ਆਪ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਪਿਆਰ ਭਗਵਾਨ ਆਪਣੀ ਝੋਲੀ ਪਾਇਆ । ਸਚ ਪ੍ਰੀਤੀ ਸਤਿਗੁਰ ਪਿਆਰ, ਸਤਿ ਸਤਿਵਾਦੀ ਝੋਲੀ ਪਾਇੰਦਾ । ਸਚ ਪ੍ਰੀਤੀ ਜੋਤ ਆਕਾਰ, ਨਿਰਾਕਾਰ ਨੂਰ ਦਰਸਾਇੰਦਾ । ਸਚ ਪ੍ਰੀਤੀ ਸ਼ਬਦ ਧੁਨਕਾਰ, ਅਨਹਦ ਨਾਦੀ ਨਾਦ ਸੁਣਾਇੰਦਾ । ਸਚ ਪ੍ਰੀਤੀ ਬਖ਼ਸ਼ੇ ਅੰਮ੍ਰਿਤ ਠੰਡਾ ਠਾਰ, ਨਿਝਰ ਝਿਰਨਾ ਇਕ ਝਿਰਾਇੰਦਾ । ਸਚ ਪ੍ਰੀਤੀ ਡੂੰਘੀ ਕਵਰੀ ਕਰੇ ਪਾਰ, ਭਵਰੀ ਰੋੜ੍ਹ ਨਾ ਕੋਇ ਰੁੜ੍ਹਾਇੰਦਾ । ਸਚ ਪ੍ਰੀਤੀ ਨਾਤਾ ਤੋੜੇ ਕਾਮ ਕਰੋਧ ਲੋਭ ਮੋਹ ਹੰਕਾਰ, ਆਸਾ ਤ੍ਰਿਸਨਾ ਮੇਟ ਮਿਟਾਇੰਦਾ । ਸਚ ਪ੍ਰੀਤੀ ਹਉਮੇਂ ਹੰਗਤਾ ਦਏ ਨਵਾਰ, ਕੂੜੀ ਕਿਰਿਆ ਮੋਹ ਚੁਕਾਇੰਦਾ । ਸਚ ਪ੍ਰੀਤੀ ਗੁਰਸਿਖ ਰੂਪ ਬਣਾਏ ਵਿਚ ਸੰਸਾਰ, ਸਚ ਸੁੱਚ ਇਕੋ ਝੋਲੀ ਪਾਇੰਦਾ । ਸਚ ਪ੍ਰੀਤੀ ਗੁਰਮੁਖ ਰੰਗ ਰੰਗੇ ਕਰਤਾਰ, ਰੰਗ ਅਨਮੋਲਾ ਆਪ ਚੜ੍ਹਾਇੰਦਾ । ਸਚ ਪ੍ਰੀਤੀ ਸਤਿ ਬਣਾਏ ਸੁਤ ਦੁਲਾਰ, ਪੂਤ ਸਪੂਤਾ ਰੂਪ ਵਟਾਇੰਦਾ । ਸਚ ਪ੍ਰੀਤੀ ਭਗਤ ਭਗਵਾਨ ਦਏ ਵਖਾਲ, ਘਰ ਸਾਚੇ ਮੇਲ ਮਿਲਾਇੰਦਾ । ਸਚ ਪ੍ਰੀਤੀ ਏਥੇ ਓਥੇ ਬਣੇ ਦਲਾਲ, ਦੋ ਜਹਾਨਾਂ ਪਾਰ ਕਰਾਇੰਦਾ । ਸਚ ਪ੍ਰੀਤੀ ਨਾਤਾ ਤੋੜੇ ਕਾਲ ਮਹਾਂਕਾਲ, ਮਿਹਰਵਾਨ ਮਿਹਰ ਨਜ਼ਰ ਤਕਾਇੰਦਾ । ਸਚ ਪ੍ਰੀਤੀ ਲੇਖਾ ਚੁਕਾਏ ਤ੍ਰੈਗੁਣ ਮਾਇਆ ਜਗਤ ਜੰਜਾਲ, ਜੀਵਣ ਯੁਗਤ ਇਕ ਜਣਾਇੰਦਾ । ਸਚ ਪ੍ਰੀਤੀ ਧਰਮ ਦਵਾਰਾ ਵਖਾਏ ਸੱਚੀ ਧਰਮਸਾਲ, ਜਿਸ ਗ੍ਰਿਹਿ ਹਰਿ ਜੂ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਭਗਤਾਂ ਆਪ ਜਣਾਇੰਦਾ । ਸਚ ਪ੍ਰੀਤੀ ਸਚ ਦਵਾਰ, ਧੁਰ ਦਰਬਾਰੀ ਆਪ ਜਣਾਈਆ । ਸਚ ਪ੍ਰੀਤੀ ਮੇਲ ਮਿਲਾਏ ਏਕੰਕਾਰ, ਅਕਲ ਕਲਾ ਵਡ ਵਡਿਆਈਆ । ਸਚ ਪ੍ਰੀਤੀ ਜੁਗ ਚੌਕੜੀ ਡੂੰਘੇ ਸਾਗਰ ਕਰੇ ਪਾਰ, ਭਵਰ ਸਕੇ ਨਾ ਕੋਇ ਰੁੜ੍ਹਾਈਆ । ਸਚ ਪ੍ਰੀਤੀ ਅਠਸਠ ਤੀਰਥ ਤਟ ਕਿਨਾਰਾ ਕਰੇ ਪਾਰ, ਸਰੋਵਰ ਇਕੋ ਇਕ ਜਣਾਈਆ । ਸਚ ਪ੍ਰੀਤੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਝੋਲੀ ਪਾਈਆ । ਸਚ ਪ੍ਰੀਤੀ ਜੋ ਜਨ ਕਰੇ, ਸੋ ਪੁਰਖ ਨਿਰੰਜਣ ਹਰਿ ਜਣਾਇੰਦਾ । ਨਿਰਭੌ ਹੋ ਕਦੇ ਨਾ ਡਰੇ, ਜਮ ਨੇੜ ਕਦੇ ਨਾ ਆਇੰਦਾ । ਧਰਮ ਰਾਏ ਲੇਖਾ ਕੋਇ ਨਾ ਮੰਗੇ, ਚਿਤਰ ਗੁਪਤ ਨਾ ਹਿਸਾਬ ਵਖਾਇੰਦਾ । ਮਿਲੇ ਮੇਲ ਸੂਰੇ ਸਰਬੰਗੇ, ਅਧਵਿਚਕਾਰ ਨਾ ਕੋਇ ਅਟਕਾਇੰਦਾ । ਸਚ ਪ੍ਰੀਤੀ ਦੇਵੇ ਸਤਿ ਅਨੰਦੇ, ਅਨੰਦ ਆਤਮ ਆਪ ਜਣਾਇੰਦਾ । ਸਚ ਪ੍ਰੀਤੀ ਕਰ ਨਾ ਸਕੇ ਚਕੋਰ ਚੰਦੇ, ਚੰਦ ਅਮਾਵਸ ਨਜ਼ਰ ਕਿਸੇ ਨਾ ਆਇੰਦਾ । ਸਚ ਪ੍ਰੀਤੀ ਗੁਰਮੁਖ ਕਾਇਆ ਚੋਲੀ ਰੰਗ ਰੰਗੇ, ਰੰਗ ਮਜੀਠੀ ਇਕ ਚੜ੍ਹਾਇੰਦਾ । ਸਚ ਪ੍ਰੀਤੀ ਗੁਰਸਿਖ ਕਰ ਲੋਆਂ ਪੁਰੀਆਂ ਪਾਰ ਲੰਘੇ, ਵਿਸ਼ਨ ਬ੍ਰਹਮਾ ਸ਼ਿਵ ਨਿਉਂ ਨਿਉਂ ਸੀਸ ਝੁਕਾਇੰਦਾ । ਸਚ ਪ੍ਰੀਤੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਵਿਰਲੇ ਆਪ ਕਰਾਇੰਦਾ । ਸਚ ਪ੍ਰੀਤੀ ਜਿਸ ਲਈ ਕਰ, ਕਰਤਾ ਪੁਰਖ ਦਏ ਵਡਿਆਈਆ । ਤਿਸ ਗੁਰਮੁਖ ਮਿਲੇ ਸਾਚਾ ਘਰ, ਘਰ ਘਰ ਵਿਚ ਵੱਜੇ ਵਧਾਈਆ । ਮੇਲ ਮਿਲਾਏ ਨਰਾਇਣ ਨਰ, ਨਾਰੀ ਆਪਣੇ ਅੰਗ ਲਗਾਈਆ । ਸਚ ਪ੍ਰੀਤੀ ਸੁਰਤੀ ਸ਼ਬਦ ਲਏ ਫੜ, ਫੜ ਪੱਲੂ ਗੰਢ ਪਵਾਈਆ । ਸਾਚੇ ਮੰਦਰ ਵੇਖੇ ਚੜ੍ਹ, ਉਚੇ ਟਿੱਲੇ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤੀ ਅੰਦਰ ਗੁਰ ਅਵਤਾਰ ਪੀਰ ਪੈਗ਼ੰਬਰ ਆਪਣੀ ਸੇਵਾ

ਲਾਈਆ । ਹਰਿ ਸੰਗਤ ਸੇਵਾ ਸਾਚਾ ਮੂਲ, ਅਨਮੁਲ ਆਪ ਜਣਾਇੰਦਾ । ਪਰੇਮ ਪਿਆਰ ਦੇ ਬਰਖੇ ਫੂਲ, ਦੂਜੀ ਮੰਗ ਨਾ ਕੋਇ ਮੰਗਾਇੰਦਾ । ਕੂੜੀ ਕਿਰਿਆ ਕਾਂਟਾ ਚੁਭੋਣੀ ਨਾ ਕੋਇ ਤ੍ਰਿਸੂਲ, ਤ੍ਰੈਗੁਣ ਸੂਲ ਆਪ ਜਣਾਇੰਦਾ । ਗੁਰਸਿਖ ਗੁਰਸਿਖ ਦੀ ਚੁਗਲੀ ਨਿੰਦਿਆ ਨਾ ਕਰਨੀ ਭੂਲ, ਸਚ ਸੁੱਚ ਝੋਲੀ ਪਾਇੰਦਾ । ਪ੍ਰਭ ਮਿਲਣ ਦਾ ਇਕੋ ਅਸੂਲ, ਗੁਰਸਿਖ ਅਸਲੀਯਤ ਰੂਪ ਵਟਾਇੰਦਾ । ਜੋ ਸਤਿਗੁਰ ਬਚਨ ਕਰੇ ਕਬੂਲ, ਸੋ ਗੁਰਸਿਖ ਹਰਿ ਸੰਗਤ ਸੇਵ ਕਮਾਇੰਦਾ । ਸਤਿਗੁਰ ਲਹਿਣਾ ਦੇਣਾ ਚੁਕਾਵੇ ਮੂਲ, ਅਗਲਾ ਪਿਛਲਾ ਲੇਖਾ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਦੀ ਸਚ ਪ੍ਰੀਤੀ, ਪਰੇਮ ਪਿਆਰ ਦੀ ਇਕੋ ਰੀਤੀ, ਜੀਵਣ ਜੁਗਤ ਦੀ ਸੱਚੀ ਨੀਤੀ, ਇਕੋ ਰੰਗ ਵੇਖਣਾ ਹਸਤ ਕੀਟੀ, ਊਚ ਨੀਚ ਭੇਵ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਪ੍ਰੀਤੀ ਇਕ ਦਰਸਾਇੰਦਾ । ਸਤਿਗੁਰ ਚਰਨ ਸੱਚਾ ਸੰਤੋਖ, ਧੀਰਜ ਧੀਰ ਇਕ ਧਰਾਇੰਦਾ । ਪਾਰ ਕਰਾਏ ਮੁਕਤੀ ਮੋਖ, ਮੁਫ਼ਤ ਆਪਣਾ ਨਾਮ ਵਰਤਾਇੰਦਾ । ਸਚਖੰਡ ਬਹਾਏ ਸਾਚੇ ਕੋਟ ਕਿਲਾ ਬੰਕ ਵਡਿਆਇੰਦਾ । ਦੇਵੇ ਨਾਮ ਭੰਡਾਰ ਅਤੋਟ, ਤੋਟ ਨਾ ਕੋਇ ਰਖਾਇੰਦਾ । ਆਹਲਣਿਉਂ ਡਿਗੇ ਉਠਾਏ ਬੋਟ, ਫੜ ਬਾਂਹੋਂ ਗੋਦ ਬਹਾਇੰਦਾ । ਅੰਤ ਮਿਲਾਵਾ ਨਿਰਮਲ ਜੋਤ, ਜੋਤੀ ਜੋਤ ਵਿਚ ਸਮਾਇੰਦਾ । ਸਤਿਗੁਰ ਗੁਰਸਿਖ ਉਤੇ ਕਦੇ ਨਾ ਦੇਵੇ ਦੋਸ਼, ਨਿਰਦੋਸ਼ਿਆਂ ਪਾਰ ਕਰਾਇੰਦਾ । ਸਾਚੀ ਗ਼ਰੀਬੀ ਕਾਇਆ ਅੰਦਰ, ਬਾਹਰੋਂ ਮੰਗਿਆਂ ਹੱਥ ਨਾ ਆਈਆ । ਮਨ ਵਾਸਨਾ ਰੋਕੋ ਬੰਦਰ, ਦਹਿ ਦਿਸ਼ਾ ਨਾ ਉਠ ਉਠ ਧਾਈਆ । ਕਰ ਪਰਕਾਸ਼ ਸੂਰਜ ਚੰਦਰ, ਕੋਟਨ ਕੋਟ ਰਵ ਸਸ ਰੁਸ਼ਨਾਈਆ । ਗੁਰਸਿਖ ਗ਼ਰੀਬੀ ਕਿਸੇ ਦਰ ਨਾ ਜਾਏ ਮੰਗਣ, ਸਤਿਗੁਰ ਪੂਰਾ ਪਰੇਮ ਗ਼ਰੀਬੀ ਹਿਰਦੇ ਦਏ ਵਸਾਈਆ । ਨਾਤਾ ਤੋੜ ਭੁੱਖ ਨੰਗਣ, ਭੁਖਿਆਂ ਨੰਗਿਆਂ ਆਪਣੇ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖਿਮਾਂ ਗ਼ਰੀਬੀ ਚਾਕਰੀ ਜਗਤ ਜੁਗ ਬਿਨ ਭਗਤਾਂ ਹੱਥ ਨਾ ਕਿਸੇ ਫੜਾਈਆ । ਬੁਧੀ ਮਨ ਚਿਤ ਕਰੇ ਵਸ਼ੇਸ਼, ਵਸ਼ੇਸ਼ਤਾਈ ਆਪ ਜਣਾਇੰਦਾ । ਲੇਖਾ ਚੁਕਾ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼, ਗਣਪਤ ਆਪਣਾ ਰਾਹ ਵਖਾਇੰਦਾ । ਆਦਿ ਜੁਗਾਦਿ ਜੀਵ ਜੰਤ ਲਿਖਣਹਾਰਾ ਲੇਖ, ਲੇਖਾ ਸਭ ਦਾ ਆਪਣੇ ਹੱਥ ਵਖਾਇੰਦਾ । ਜੁਗ ਚੋਕੜੀ ਬਦਲਣਹਾਰਾ ਭੇਸ, ਵੇਸ ਅਨੇਕ ਵਟਾਇੰਦਾ । ਵਸਣਹਾਰਾ ਸਚਖੰਡ ਦੇਸ, ਕਾਇਆ ਅੰਦਰ ਫੇਰਾ ਪਾਇੰਦਾ । ਮਨ ਮਤ ਬੁਧ ਨਾ ਜਾਣੇ ਪ੍ਰਭ ਕਾ ਭੇਵ, ਕਰ ਕਿਰਪਾ ਆਪਣਾ ਮੇਲ ਮਿਲਾਇੰਦਾ । ਹਿਤਕਾਰੀ ਕਰੇ ਸਾਚਾ ਹੇਤ, ਨਿਤ ਨਵਿਤ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪਣਾ ਰੰਗ ਰੰਗ ਬਿਬੇਕ, ਗੁਰਮੁਖ ਨਿਜ ਨੇਤਰ ਲਏ ਵੇਖ, ਜਗਤ ਨੇਤਰ ਨਜ਼ਰ ਕਿਸੇ ਨਾ ਆਇੰਦਾ । ਮਨ ਵਾਸਨਾ ਮਨ ਵਿਚ ਖਪਾਏ, ਮਿਹਰ ਨਜ਼ਰ ਉਠਾਈਆ । ਗੁਰਸਿਖ ਗੁਰ ਗੁਰ ਸਤਿਗੁਰ ਇਕ ਰੰਗ ਹੋ ਜਾਏ, ਦੂਸਰ ਰੂਪ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਨ ਮਨੂਆ ਆਪ ਟਿਕਾਈਆ । ਮਨ ਮਨੂਆ ਕੀ ਕਰੇ ਵਿਚਾਰਾ, ਨਿਕਾ ਬਾਲਾ ਅਖਵਾਇੰਦਾ । ਸਤਿਗੁਰ ਜੋਧਾ ਸੂਰ ਬਲਕਾਰਾ, ਬਲ ਆਪਣਾ ਆਪ ਪਰਗਟਾਇੰਦਾ । ਸ਼ਬਦ ਖੰਡਾ ਖਿਚ ਦੋ ਧਾਰਾ, ਨਿਰਭੈ ਭੌ ਵਖਾਇੰਦਾ । ਆਸਾ ਰੋਵੇ ਜ਼ਾਰੋ ਜ਼ਾਰਾ, ਤ੍ਰਿਸਨਾ ਨੀਰ ਵਹਾਇੰਦਾ । ਮਨ ਕਰੇ ਹਾਹਾਕਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਮਨ

੮੬੬
੧੩

ਮਮਤਾ ਮੋਹ ਚੁਕਾਇੰਦਾ । ਮਨ ਮਾਰੇ ਮਨ ਦਏ ਜਵਾਲ । ਮਨ ਵਿਚਾਰੇ ਮਨ ਸਿਫ਼ਤ ਸਵਾਲ । ਮਨ ਉਠਾਲੇ ਮਨ ਦਏ ਬਹਾਲ । ਮਨ ਕਾਇਆ ਅੰਦਰ ਕਰੇ ਖੇਲ ਨਿਆਰੇ, ਪੰਜ ਤੱਤ ਜਗਤ ਧਰਮਸਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਆਪਣਾ ਨਾਮ ਵਰ, ਤਿਸ ਮਨ ਵਾਸਨਾ ਹੋਏ ਜ਼ਿਵਾਲ । ਮਨ ਉਠ ਨਾ ਉਠ ਉਠ ਨੱਠੇ, ਆਪਣੀ ਦੌੜ ਲਗਾਈਆ । ਸਤਿਗੁਰ ਸਰਨਾਈ ਢੈ ਢੈ ਢੱਠੇ, ਬਲਹੀਣ ਹੋ ਜਾਈਆ । ਅੰਤਰ ਆਤਮ ਪਰਮਾਤਮ ਨਿਰਗੁਣ ਨਾਮ ਜਪੇ, ਜਪਤ ਜਪਤ ਸੁਖ ਪਾਈਆ । ਤ੍ਰੈਗੁਣ ਮਾਇਆ ਮੂਲ ਨਾ ਤਪੇ, ਬੁਧੀ ਮਤ ਨਾ ਕੋਇ ਚਤਰਾਈਆ । ਅੰਤਰ ਰਸ ਮਿਲੇ ਨਿਝਰ ਰਸੇ, ਮੁਖ ਬੂੰਦ ਸਵਾਂਤ ਚੁਆਈਆ । ਗੁਰਮੁਖ ਮਿਲ ਗੁਰ ਸਤਿਗੁਰ ਹੱਸੇ, ਜਗਤ ਤ੍ਰਿਸਨਾ ਰੋਗ ਗਵਾਈਆ । ਜਿਸ ਗ੍ਰਿਹਿ ਜਿਸ ਘਰ ਜਿਸ ਮੰਦਰ ਜਿਸ ਖੇੜੇ ਜਿਸ ਦਵਾਰ ਸਤਿਗੁਰ ਸ਼ਬਦ ਵਸੇ, ਤਿਸ ਮਨ ਕਰੇ ਨਾ ਕੋਇ ਚਤਰਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਹਰਿ ਸਰਨਾਈ ਢੱਠੇ, ਮਾਣ ਅਭਿਮਾਨ ਮੋਹ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਆਪਣਾ ਨਾਮ ਵਰ, ਤਿਸ ਮਨ ਮੰਤਰ ਮੰਤਵ ਇਕੋ ਇਕ ਜਣਾਈਆ । ਸੱਚਾ ਪਾਠ ਸਤਿਗੁਰ ਚਰਨ, ਚਰਨ ਮਿਲੇ ਸਰਨਾਈਆ । ਸਤਿਗੁਰ ਖੋਲ੍ਹੇ ਨੇਤਰ ਹਰਨ ਫਰਨ, ਨਿਜ ਨੇਤਰ ਕਰੇ ਰੁਸ਼ਨਾਈਆ । ਦੀਨ ਦਿਆਲ ਤਰਨੀ ਤਰਨ, ਤਾਰਨਹਾਰਾ ਹੋਏ ਸਹਾਈਆ । ਗੁਰਮੁਖ ਗੁਰਸਿਖ ਗੁਰ ਸਤਿਗੁਰੂ ਦਵਾਰੇ ਵੜਨ, ਦੂਈ ਦਵੈਤੀ ਪੜਦਾ ਬਜਰ ਕਪਾਟੀ ਆਤਮ ਕੁੰਡਾ ਲਾਹੀਆ । ਰਲ ਮਿਲ ਦੋਵੇਂ ਇਕੋ ਢੋਲਾ ਪੜ੍ਹਨ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਨਾਤਾ ਤੁਟੇ ਜੰਮਣ ਮਰਨ, ਮਰਨ ਜਨਮ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਜਾਪ ਇਕੋ ਇਕ ਸਮਝਾਈਆ । ਸਾਚਾ ਜਾਪ ਸਤਿਗੁਰ ਟੇਕ, ਹਰਿ ਸਚ ਸਚ ਜਣਾਇਆ । ਆਤਮ ਪਰਕਾਸ਼ ਬੁਧੀ ਬਿਬੇਕ, ਮਤ ਮਤਵਾਲੀ ਆਪ ਸਮਝਾਇਆ । ਤ੍ਰੈਗੁਣ ਪੰਜ ਤੱਤ ਨਾ ਲਾਏ ਸੇਕ, ਮਨ ਵਾਸਨਾ ਮੇਟ ਮਿਟਾਇਆ । ਨਿਝ ਨੇਤਰ ਨਿਝ ਖੇਤਰ ਨਿਝ ਕਾਇਆ ਆਪ ਆਪਣਾ ਲਏ ਵੇਖ, ਪੇਖ ਆਪਣੀ ਖ਼ੁਸ਼ੀ ਮਨਾਇਆ । ਪਾਰਬ੍ਰਹਮ ਬ੍ਰਹਮ ਕਰੇ ਹੇਤ, ਦਰ ਮੇਲਾ ਸਹਿਜ ਸੁਭਾਇਆ । ਅੰਤਰ ਆਤਮ ਸੱਚਾ ਪਾਠ ਅਚਨ ਅਚੇਤ, ਅਜੱਪਾ ਜਾਪ ਬਿਨ ਰਸਨਾ ਜਿਹਵਾ ਗਾਇਆ । ਗੁਰ ਸਤਿਗੁਰ ਕਰੇ ਸਾਚਾ ਹੇਤ, ਹਰਿਜਨ ਆਪਣੇ ਰੰਗ ਰੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਪਾਠ ਅੰਤਰ ਨਾਮ ਦ੍ਰਿੜਾਇਆ । ਪੂਜਾ ਪਾਠ ਪਵਣ ਸਵਾਸ, ਸਵਾਸੀ ਸਵਾਸ ਜਣਾਇੰਦਾ । ਨਿਜ ਘਰ ਵਾਸੀ ਸਦ ਵਸੇ ਪਾਸ, ਵਸੇਰਾ ਇਕੋ ਘਰ ਜਣਾਇੰਦਾ । ਭਗਤ ਭਗਵਾਨ ਪੂਰੀ ਕਰੇ ਆਸ, ਨਿਰਾਸਾ ਰੂਪ ਨਾ ਕੋਇ ਵਖਾਇੰਦਾ । ਆਤਮ ਪਰਮਾਤਮ ਸੋਹੰ ਢੋਲਾ ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਪਾਠ, ਪਾਠਸ਼ਾਲਾ ਕਾਇਆ ਘਰ ਵਖਾਇੰਦਾ । ਬਿਨ ਰਸਨਾ ਜਿਹਵਾ ਆਏ ਸਵਾਦ, ਰਸ ਮਿਠਾ ਇਕ ਵਖਾਇੰਦਾ । ਮੇਟ ਮਿਟਾਏ ਵਾਦ ਵਿਵਾਦ, ਵਿਖ ਅੰਮ੍ਰਿਤ ਰੂਪ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ ਜਨ ਭਗਤਾਂ ਜਣਾਏ ਆਪਣਾ ਮੰਤਰ, ਨਿਸ਼ਅੱਖਰ ਅੱਖਰ ਧਾਰ ਸਿਫ਼ਤ ਸਾਲਾਹਿੰਦਾ । ਓਥੇ ਚਲੇ ਸਤਿਗੁਰ ਸਾਥ, ਸਦਾ ਸਦਾ ਸਹਿਜ ਸੁਖਦਾਈਆ । ਡੂੰਘੀ ਕੰਦਰ ਅੰਦਰ ਵੜ ਕੇ ਮਾਰੇ ਝਾਤ, ਨੌਂ ਦਵਾਰੇ ਸੁਖਮਨ ਟੇਢੀ ਡੂੰਘੀ ਗਾਰ ਪਾਰ ਕਰਾਈਆ । ਈੜਾ ਪਿੰਗਲ ਬਣੇ ਸਫ਼ਾਤ, ਅੰਮ੍ਰਿਤ ਦੇਵੇ ਬੂੰਦ ਸਵਾਂਤ, ਨਿਝਰ ਝਿਰਨਾ ਆਪ ਝਿਰਾਈਆ । ਮੇਟੇ ਰੈਣ

ਅੰਧੇਰੀ ਰਾਤ, ਨਿਰਮਲ ਜੋਤ ਕਰੇ ਪਰਕਾਸ਼, ਅਨਹਦ ਨਾਦੀ ਨਾਦ ਸੁਣਾਈਆ । ਸ਼ਬਦ ਅਗੰਮੀ ਦਏ ਦਾਤ, ਅੱਠੇ ਪਹਿਰ ਰਖਾਏ ਪਰਭਾਤ, ਮਿਲ ਸਖੀਆਂ ਮੰਗਲ ਇਕੋ ਗਾਈਆ । ਸੁਰਤੀ ਸ਼ਬਦ ਬੰਧਾਏ ਨਾਤ, ਕਰੇ ਖੇਲ ਪੁਰਖ ਸਮਰਾਥ, ਬੰਦ ਕਵਾੜੀ ਖੋਲ੍ਹ ਤਾਕ, ਬਜਰ ਕਪਾਟੀ ਤੋੜ ਤੁੜਾਈਆ । ਆਤਮ ਸੇਜਾ ਖੇਲ ਤਮਾਸ਼, ਕੋਟਨ ਕੋਟ ਰਵ ਸਸ ਪਰਕਾਸ਼, ਨਿਰਗੁਣ ਸ਼ਹਿਨਸ਼ਾਹ ਸ਼ਾਹੋ ਭੂਪ ਸ਼ਾਬਾਸ਼, ਸਤਿ ਸਰੂਪੀ ਆਸਣ ਲਾਈਆ । ਗੁਰਮੁਖ ਵਸੇ ਸਦਾ ਪਾਸ, ਆਤਮ ਪਰਮਾਤਮ ਮਿਲ ਮਿਲ ਪਾਏ ਰਾਸ, ਗੋਪੀ ਕਾਹਨ ਨਾਚ ਨਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਵਖਾਏ ਅਗਲਾ ਘਰ, ਜਿਸ ਘਰ ਵਸੇ ਬੇਪਰਵਾਹੀਆ । ਅਗਲਾ ਘਰ ਰੰਗ ਮਹੱਲ, ਛੱਪਰ ਛੰਨ ਨਾ ਕੋਇ ਛੁਹਾਇੰਦਾ । ਨਿਰਗੁਣ ਦੀਪਕ ਰਿਹਾ ਬਲ, ਜੋਤੀ ਜੋਤ ਡਗਮਗਾਇੰਦਾ । ਸਚ ਸਿੰਘਾਸਣ ਬੈਠਾ ਮਲ, ਪੁਰਖ ਅਕਾਲ ਸੋਭਾ ਪਾਇੰਦਾ । ਸ਼ਬਦ ਸੰਦੇਸਾ ਰਿਹਾ ਘੱਲ, ਗੁਰਮੁਖ ਸੱਜਣ ਆਪ ਉਠਾਇੰਦਾ । ਨਿਰਗੁਣ ਸਰਗੁਣ ਜਾਏ ਰਲ, ਰਲ ਮਿਲ ਆਪਣਾ ਖੇਲ ਕਰਾਇੰਦਾ । ਵਖਾਵਣਹਾਰਾ ਨਿਹਚਲ ਧਾਮ ਅਟੱਲ, ਸਚ ਸਿੰਘਾਸਣ ਸੋਭਾ ਪਾਇੰਦਾ । ਗੁਰਮੁਖ ਵਿਰਲਾ ਵੇਖੇ ਚਲ, ਕੋਟਨ ਕੋਟ ਪਾਂਧੀ ਰਾਹ ਵਿਚ ਬੈਠਾ ਨੇਤਰ ਨੈਣਾਂ ਨੀਰ ਵਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਦਵਾਰਾ ਹਰਿ ਨਿਰੰਕਾਰਾ, ਸ਼ਬਦੀ ਧਾਰਾ ਜੋਤੀ ਉਜਿਆਰਾ, ਇਕੋ ਇਕ ਜਣਾਇੰਦਾ । ਅਗਲਾ ਘਰ ਸੱਚਾ ਸੋਹਣਾ, ਸਚਖੰਡ ਵੱਜੇ ਵਧਾਈਆ । ਨਾ ਹੱਸਣਾ ਨਾ ਓਥੇ ਰੋਣਾ, ਚਿੰਤਾ ਰੋਗ ਨਾ ਕੋਇ ਜਣਾਈਆ । ਨਾ ਜਾਗਣਾ ਨਾ ਕਦੇ ਸੌਣਾ, ਚਿੰਤਾ ਦੁੱਖ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲੇ ਘਰ ਦੇਵਣਹਾਰ ਵਡਿਆਈਆ । ਅਗਲਾ ਘਰ ਸਦਾ ਸਦ ਚੰਗਾ, ਸਤਿਗੁਰ ਚੰਗੀ ਤਰ੍ਹਾ ਸਮਝਾਈਆ । ਇਕੋ ਵਸੇ ਸੂਰਾ ਸਰਬੰਗਾ, ਸ਼ਹਿਨਸ਼ਾਹ ਆਪਣਾ ਆਸਣ ਲਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਇਕੋ ਜਿਹਾ ਅਨੰਦਾ, ਰਸ ਫਿਕਾ ਨਾ ਕੋਇ ਵਖਾਈਆ । ਨਾ ਕੋਈ ਦਿਸੇ ਖ਼ਾਕੀ ਬੰਦਾ, ਜਲਵਾ ਨੂਰ ਨੂਰ ਰੁਸ਼ਨਾਈਆ । ਦਾਤਾ ਦਾਨੀ ਗੁਣੀ ਗਹਿੰਦਾ । ਗਹਿਰ ਗੰਭੀਰ ਬੈਠਾ ਡੇਰਾ ਲਾਈਆ । ਜਨ ਭਗਤਾਂ ਚੜ੍ਹਾਏ ਫੜ ਕੇ ਬਾਂਹੋਂ ਡੰਡਾ, ਡੰਡਾ ਚੌਥੇ ਡੰਡੇ ਆਪਣਾ ਦਰਸ ਦਿਖਾਈਆ । ਪਿਛਲਾ ਪਿਛੇ ਰਹਿ ਜਾਏ ਕੰਢਾ, ਅੱਗੇ ਆਪਣਾ ਕੁੰਡਾ ਲਾਹੀਆ । ਭਗਤ ਭਗਵਾਨ ਸਦਾ ਬਖ਼ਸ਼ੰਦਾ, ਬਖ਼ਸ਼ਸ਼ ਇਕੋ ਇਕ ਜਣਾਈਆ । ਸਚ ਸੁਹੰਜਣਾ ਧਾਮ ਸੁਹੰਦਾ, ਜੋਤੀ ਜਾਤਾ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਰਾਹ ਬਣ ਮਲਾਹ, ਹਰਿਜਨ ਸਾਚੇ ਆਪ ਵਖਾਈਆ । ਓਸ ਮੰਦਰ ਸੱਚਾ ਮੇਲਾ, ਮਿਲਣੀ ਹਰਿ ਜਗਦੀਸ ਕਰਾਇੰਦਾ । ਇਕੋ ਘਰ ਵਸੇ ਗੁਰੂ ਗੁਰ ਚੇਲਾ, ਗੁਰ ਚੇਲਾ ਆਪਣੇ ਰੰਗ ਰੰਗਾਇੰਦਾ । ਦੀਨ ਦਿਆਲ ਠਾਕਰ ਸਵਾਮੀ ਸਦਾ ਸੁਹੇਲਾ, ਸਾਹਿਬ ਸਤਿਗੁਰ ਦਇਆ ਕਮਾਇੰਦਾ । ਵਸਣਹਾਰਾ ਧਾਮ ਨਵੇਲਾ, ਨਿਰਗੁਣ ਆਪਣਾ ਖੇਲ ਵਖਾਇੰਦਾ । ਜਨ ਭਗਤ ਮਿਲਾਏ ਆਪ ਆਪਣੇ ਵੇਲਾ, ਵਾਰ ਥਿਤ ਹੱਥ ਨਾ ਕਿਸੇ ਰਖਾਇੰਦਾ । ਰਾਏ ਧਰਮ ਦੀ ਕੱਟ ਜੇਲਾ, ਲੱਖ ਚੁਰਾਸੀ ਫੰਦ ਕਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਉਚੇ ਮੰਦਰ ਹਰਿਜਨ ਸਾਚੇ ਆਪ ਬਹਾਇੰਦਾ ।

## ❇ ੧੨ ਫੱਗਣ ੨੦੧੯ ਬਿਕ੍ਰਮੀ ਦਿਲੀ ਦਰਬਾਰ ਪਹਾੜ ਗੰਜ ❇

ਸਿੰਘਾਸਣ ਸੁੱਤੇ ਸ਼ੇਰ ਉਠ, ਕਿਉਂ ਬੈਠਾ ਮੁਖ ਲੁਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਰੋਂਦੇ ਤੇਰੇ ਪੁੱਤ, ਨੇਤਰ ਨੈਣ ਧਿਆਨ ਲਗਾਈਆ । ਨਿਰਵੈਰ ਹੋ ਕੇ ਕਿਉਂ ਬੈਠਾ ਲੁਕ, ਨਿਰਾਕਾਰ ਬੇਪਰਵਾਹੀਆ । ਦੋ ਜਹਾਨਾਂ ਕਰਨੀ ਪੁੱਛ, ਕਰਤਾ ਪੁਰਖ ਤੇਰੀ ਵਡਿਆਈਆ । ਨੌਂ ਖੰਡ ਪ੍ਰਿਥਮੀ ਖ਼ਾਲੀ ਹੱਥ ਮਿਲੇ ਕਿਸੇ ਨਾ ਕੁਛ, ਕੂੜੀ ਕਿਰਿਆ ਦਏ ਦੁਹਾਈਆ । ਜੀਵ ਜਗਤ ਜਹਾਨ ਗਏ ਰੁੱਸ, ਤੇਰਾ ਦਰਸ ਕੋਇ ਨਾ ਪਾਈਆ । ਦਾਤਾਰ ਸਵਾਮੀ ਸ਼ੇਰ ਹੋ ਕੇ ਬੁੱਕ, ਭਬਕ ਇਕੋ ਇਕ ਲਗਾਈਆ । ਗ਼ਰੀਬ ਨਿਮਾਣੇ ਕੋਝੇ ਕਮਲੇ ਭਗਤ ਭਗਵਾਨ ਗੋਦੀ ਚੁੱਕ, ਤੈਨੂੰ ਲਾਜ ਕੋਇ ਨਾ ਆਈਆ । ਮਿਹਰਵਾਨ ਨਿਗਾਹਵਾਨ ਨਰ ਨਰਾਇਣ ਕਿਉਂ ਬੈਠਾ ਚੁਪ, ਤੇਰੀ ਚੁੱਪ ਨਾ ਕਿਸੇ ਖੁਲ੍ਹਾਈਆ । ਦੋ ਜਹਾਨ ਅੰਧੇਰਾ ਘੁੱਪ, ਤੇਰਾ ਨੂਰ ਨਾ ਕੋਇ ਰੁਸ਼ਨਾਈਆ । ਜੁਗ ਚੌਕੜੀ ਗੁਰ ਅਵਤਾਰ ਪੀਰ ਪੈਗ਼ੰਬਰ ਤੇਰੀ ਸੇਵਾ ਕਰ ਕਰ ਗਏ ਹੁੱਸ, ਆਪਣਾ ਬਲ ਨਾ ਕੋਇ ਧਰਾਈਆ । ਲੋਆਂ ਪੁਰੀਆਂ ਬ੍ਰਹਿਮੰਡਾ ਖੰਡਾ ਖ਼ਾਲੀ ਹੋਏ ਠੁੱਠ, ਸਚ ਪਿਆਲਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੜਦਾ ਦੇ ਉਠਾਈਆ । ਪੜਦਾ ਲਾਹ ਬੇਪਰਵਾਹ, ਬੇਪਰਵਾਹੀ ਤੇਰੀ ਕੰਮ ਕਿਸੇ ਨਾ ਆਈਆ । ਦੋ ਜਹਾਨਾਂ ਬਣ ਸ਼ਹਿਨਸ਼ਾਹ, ਸ਼ਾਹ ਆਪਣਾ ਹੁਕਮ ਨਾ ਕਿਉਂ ਮਨਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਤੂੰ ਬਣਿਆ ਰਿਹੋਂ ਵਡ ਗੁਮਰਾਹ, ਗਹਿਰ ਗੰਭੀਰ ਤੇਰਾ ਭੇਵ ਕੋਇ ਸਕਿਆ ਨਾ ਪਾਈਆ । ਭੇਵ ਅਭੇਦਾ ਤੇਰਾ ਦੱਸਦੇ ਗਏ ਰਾਹ, ਫੜ ਬਾਹੋਂ ਤੇਰੇ ਨਾਲ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੜਦਾ ਦੇ ਉਠਾਈਆ । ਨਹੀਂ ਵੇਲਾ ਸਿੰਘਾਸਣ ਸੌਣ ਦਾ । ਨਹੀਂ ਵੇਲਾ ਰਾਗਾਂ ਗੌਣ ਦਾ । ਨਹੀਂ ਵੇਲਾ ਠੰਡੀ ਪੌਣ ਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸੱਚਾ ਵਰ, ਘਰ ਆਪਣਾ ਇਕ ਸੁਹੌਣ ਦਾ । ਉਠ ਕੇ ਨੇਤਰ ਖੋਲ੍ਹ ਅੱਖ, ਤੇਰੀ ਅੱਖ ਨਾ ਕਿਸੇ ਖੁਲ੍ਹਾਈਆ । ਜੁਗ ਚੌਕੜੀ ਸਭ ਤੋਂ ਰਿਹੋਂ ਵੱਖ, ਵੱਖਰੀ ਧਾਰ ਚਲਾਈਆ । ਚਾਰ ਜੁਗ ਤੇਰਾ ਮਾਰਗ ਗਏ ਦੱਸ, ਸ਼ਾਸਤਰ ਸਿਮਰਤ ਵੇਦ ਪੁਰਾਨ ਕਰ ਪੜ੍ਹਾਈਆ । ਕਲਜੁਗ ਅੰਤਮ ਹੋਵੇ ਪਰਗਟ, ਬੇਪਰਵਾਹ ਬੇਪਰਵਾਹੀਆ । ਨਿਰਮਲ ਜੋਤ ਕਰ ਪਰਕਾਸ਼, ਪਰਕਾਸ਼ਵਾਨ ਤੇਰਾ ਨੂਰ ਇਕ ਰੁਸ਼ਨਾਈਆ । ਸਦਾ ਸਦਾ ਸਦ ਤੇਰੀ ਰੱਖੀ ਆਸ, ਕਰ ਕਿਰਪਾ ਖੇੜਾ ਦੇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੜਦਾ ਦੇ ਚੁਕਾਈਆ । ਪਹਿਲੀ ਚੇਤ ਪੜਦਾ ਚੁਕਾਂਗਾ । ਜਗਤ ਸਿੰਘਾਸਣ ਉਤੋਂ ਉਠਾਂਗਾ । ਪ੍ਰਿਥਮੀ ਆਕਾਸ਼ ਕੋਲੋਂ ਪੁਛਾਂਗਾ । ਦੋ ਜਹਾਨ ਲੁਕਾਇਆ ਕਿਸੇ ਕੋਲੋਂ ਨਾ ਲੁਕਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਕਰ, ਜਨ ਭਗਤਾਂ ਕੋਲੋਂ ਕਦੇ ਨਾ ਰੁੱਸਾਂਗਾ । ਵੀਹ ਸੌ ਨੌਂ ਬਿਕ੍ਰਮੀ ਥਾਨ ਸੁਹਾਇਆ, ਸਿਹਰਾ ਸੀਸ ਜਗਦੀਸ ਬੰਧਾਈਆ । ਰਾਮ ਮਿਲਾਇਆ ਖੇਲ ਖਲਾਇਆ, ਬੇਅੰਤ ਵੱਡੀ ਵਡਿਆਈਆ । ਦਸ ਸਾਲ ਨਾ ਭੇਵ ਜਣਾਇਆ, ਅੱਧਾ ਨਾਲ ਮਿਲਾਈਆ । ਨਿਰਗੁਣ ਹੋ ਕੇ ਮੁਖ ਛੁਪਾਇਆ, ਸਰਗੁਣ ਰਾਹ ਚਲਾਈਆ । ਸਰਗੁਣ ਗੋਬਿੰਦ ਢੋਲਾ ਗਾਇਆ, ਪੁਰਖ ਅਕਾਲ ਪੜਦਾ ਪਾਈਆ । ਅੰਤਮ ਲੇਖਾ ਆਪਣੇ ਹੱਥ ਰਖਾਇਆ, ਲਹਿਣਾ ਲਹਿਣੇਦਾਰ ਰਿਹਾ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੜਦਾ ਰਿਹਾ ਵਖਾਈਆ । ਸਰਗੁਣ


੮੬੯
੧੩

੮੭੦
੧੩

ਹੋ ਕੇ ਹੋਇਆ ਨਿਰਗੁਣ, ਨਿਰਗੁਣ ਆਪਣਾ ਆਪ ਤਜਾਇਆ । ਨਿਰਗੁਣ ਹੋ ਕੇ ਬਣਿਆ ਸਰਗੁਣ, ਸਰਗੁਣ ਰੰਗ ਰੰਗਾਇਆ । ਲੇਖਾ ਜਾਣੇ ਤ੍ਰੈਗੁਣ, ਤ੍ਰੈਗੁਣ ਆਪਣਾ ਵੇਸ ਵਟਾਇਆ । ਲੱਖ ਚੁਰਾਸੀ ਛਾਣ ਪੁਣ, ਗੁਰਮੁਖ ਸੱਜਣ ਮੇਲ ਮਿਲਾਇਆ । ਕਵਣ ਜਾਣੇ ਪ੍ਰਭ ਸਾਚੇ ਗੁਣ, ਭੇਵ ਅਭੇਦ ਆਪਣੇ ਹੱਥ ਰਖਾਇਆ । ਧਰਨੀ ਧਰਤ ਧਵਲ ਪ੍ਰਿਥਮੀ ਆਕਾਸ਼ ਪੁਕਾਰ ਸੁਣ, ਜੀਵ ਜੰਤ ਵੇਖ ਵਖਾਇਆ । ਸੰਤ ਸੁਹੇਲੇ ਸਾਚੇ ਚੁਣ, ਗੁਰਮੁਖ ਆਪਣੇ ਰੰਗ ਰੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਰਿਹਾ ਕਮਾਇਆ । ਨਿਰਗੁਣ ਹੋ ਕੇ ਗਿਆ ਲੁਕ, ਲੁਕਵੀਂ ਖੇਲ ਰਚਾਈਆ । ਸਾਢੇ ਦਸ ਹੋ ਚੁਪ, ਬੋਲ ਬੁਲਾਰਾ ਨਾ ਕੋਇ ਜਣਾਈਆ । ਬੀਸ ਬੀਸਾ ਪਹਿਲੀ ਚੇਤਰ ਪਏ ਉਠ, ਚੇਤਨ ਸਭ ਨੂੰ ਦਏ ਕਰਾਈਆ । ਗੁਰ ਅਵਤਾਰਾਂ ਲਏ ਪੁੱਛ, ਬਚਿਆ ਕੋਇ ਰਹਿਣ ਨਾ ਪਾਈਆ । ਆਪਣਾ ਬਦਲੇ ਆਪੇ ਰੁਖ਼, ਦਿਸ਼ਾ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸਾ ਇਕ ਸੁਣਾਈਆ । ਸਚ ਸੰਦੇਸਾ ਲਾਹੇ ਪੜਦਾ, ਪੜਦਾ ਆਪਣਾ ਆਪ ਉਠਾਈਆ । ਵੇਖੋ ਨਿਰਗੁਣ ਸੂਰਜ ਕੇਹੜੀ ਤਰਫ਼ੋਂ ਚੜ੍ਹਦਾ, ਉਤਰ ਪੂਰਬ ਪੱਛਮ ਦੱਖਣ ਚਾਰੇ ਕੁੰਟਾਂ ਦੇਣ ਦੁਹਾਈਆ । ਕਲਮਾ ਨਬੀ ਰਸੂਲ ਦੋ ਜਹਾਨ ਇਕੋ ਪੜ੍ਹਦਾ, ਕਾਇਨਾਤ ਸਿਫ਼ਤ ਸਾਲਾਹੀਆ । ਪੀਰ ਪੈਗੰਬਰ ਗੁਰ ਅਵਤਾਰ ਨਿਉਂ ਨਿਉਂ ਸਯਦਾ ਕਰਦਾ, ਸੀਸ ਜਗਦੀਸ ਝੁਕਾਈਆ । ਪਿਛਲਾ ਕੀਤਾ ਸਭ ਦਾ ਹਰਦਾ, ਅੱਗੇ ਮਾਰਗ ਇਕੋ ਲਾਈਆ । ਨਿਰਭੌ ਨਿਰਵੈਰ ਨਿਰਾਕਾਰ ਕਦੇ ਨਾ ਡਰਦਾ, ਡਰ ਸਭ ਨੂੰ ਰਿਹਾ ਵਖਾਈਆ । ਲੱਖ ਚੁਰਾਸੀ ਭਾਂਡੇ ਘੜਦਾ, ਘੜ ਘੜ ਭੰਨ ਵਖਾਈਆ । ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਭੂਪਤ ਭੂਪ ਆਪੇ ਖੜਦਾ, ਸੀਸ ਜਗਦੀਸ ਤਾਜ ਸੁਹਾਈਆ । ਭਗਤ ਭਗਵਾਨ ਸੰਤ ਸੁਹੇਲੇ ਆਪੇ ਵਰਦਾ, ਮੇਲ ਮਿਲਾਵੇ ਸਹਿਜ ਸੁਭਾਈਆ । ਕਰੇ ਖੇਲ ਨਰਾਇਣ ਨਰ ਦਾ, ਨਰ ਇਕੋ ਨਜ਼ਰੀ ਆਈਆ । ਉਠ ਵੇਖ ਲੇਖਾ ਦਰ ਦਰ ਦਾ, ਸਚ ਸੰਦੇਸਾ ਆਪ ਸੁਣਾਈਆ । ਏਕਾ ਸਿਫ਼ਰਾ ਏਕਾ ਏਕੰਕਾਰ ਇਕੋ ਅੱਖਰ ਪੜ੍ਹਦਾ, ਦੂਜੀ ਕਰੇ ਨਾ ਕੋਇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੜਦਾ ਸਚ ਸਿੰਘਾਸਣ ਆਪਣੇ ਉਤੋਂ ਉਠਾਈਆ । ਪਰਦਾ ਲਾਹ ਆਪ ਭਗਵਾਨ, ਆਪਣੀ ਖੇਲ ਵਖਾਈਆ । ਪਰਗਟ ਹੋ ਜੋਧਾ ਸੂਰਬੀਰ ਨੌਜਵਾਨ, ਨਾਉਂ ਆਪਣਾ ਇਕ ਵਡਿਆਈਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾ ਅਗੰਮੀ ਤੀਰ ਮਾਰੇ ਬਾਣ, ਤਿੱਖੀ ਮੁਖੀ ਧਾਰ ਵਖਾਈਆ । ਲੇਖਾ ਜਾਣ ਜ਼ਿਮੀ ਅਸਮਾਨ, ਭੇਵ ਅਭੇਦਾ ਆਪ ਖੁਲ੍ਹਾਈਆ । ਆਪੇ ਹੋ ਸਦਾ ਮਿਹਰਵਾਨ, ਮਿਹਰ ਨਜ਼ਰ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਢੇ ਤਿੰਨ ਹੱਥ ਸਤਿ ਸਤਿਵਾਦ ਵਖਾਏ ਇਕ ਨਿਸ਼ਾਨ, ਨਿਸ਼ਾਨਾ ਇਕੋ ਇਕ ਝੁਲਾਈਆ । - - ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਈਆ । ਪਰਦਾ ਲਾਹੇ ਪਿਛਲੀ ਧਾਰ, ਧਾਰ ਧਾਰ ਆਪ ਜਣਾਇੰਦਾ । ਸਰਗੁਣ ਵਿਚੋਂ ਨਿਰਗੁਣ ਆਏ ਬਾਹਰ, ਨਿਰਗੁਣ ਆਪਣਾ ਰਾਹ ਵਖਾਇੰਦਾ । ਗੁਪਤ ਹੋਏ ਜ਼ਾਹਰ, ਜ਼ਾਹਰ ਜ਼ਹੂਰ ਖੇਲ ਕਰਾਇੰਦਾ । ਨਾਮ ਖੰਡਾ ਮਾਰੇ ਇਕੋ ਵਾਰ, ਦੂਜੀ ਵਾਰ ਸਿਰ ਨਾ ਕੋਇ ਉਠਾਇੰਦਾ । ਦੇ ਕੇ ਆਇਆ ਤਿਖੀ ਧਾਰ, ਤਲਵਾਰ ਪਿਆਰ ਨਾਲ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸਾ ਨਰ ਨਰੇਸ਼ਾ ਨਰ ਨਿਰੰਕਾਰ ਖੇਲ ਅਪਾਰ ਏਕੰਕਾਰਾ ਆਪ

ਸੁਣਾਇੰਦਾ । ਸਿੰਘਾਸਣ ਸੌਣਾ ਦੇਵੇ ਛੱਡ, ਸੁੱਤਿਆਂ ਕੋਟਨ ਕੋਟ ਕਾਲ ਬਿਤਾਈਆ । ਦੋ ਜਹਾਨਾਂ ਕਰ ਪਾਰ ਹੱਦ, ਹਦੀਸ ਇਕੋ ਇਕ ਸੁਣਾਈਆ । ਭਗਤ ਭਗਵਾਨ ਘਰ ਆਪਣੇ ਸੱਦ, ਸਚ ਮੰਦਰ ਦਏ ਵਡਿਆਈਆ । ਚੌਥੀ ਮੰਜ਼ਲ ਬੋਲੇ ਗੱਜ, ਗਰਜ ਇਕੋ ਨਾਮ ਲਗਾਈਆ । ਨਿਰਵੈਰ ਪੁਰਖ ਹੋ ਪਰਤੱਖ, ਪਰਤੱਖ ਦਏ ਵਖਾਈਆ । ਕਿਸੇ ਫਰਕਣ ਨਾ ਦੇਵੇ ਅੱਖ, ਪਲਕ ਪਲਕ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੇਵਣਹਾਰਾ ਇਕੋ ਵਰ, ਵਰ ਆਪਣੇ ਹੱਥ ਰਖਾਈਆ । ਪੜਦਾ ਲਾਹੇ ਕਲ ਪਾਟੇ ਚਾਦਰ, ਹਰਿ ਨੂਰ ਜੋਤ ਰੁਸ਼ਨਾਈਆ । ਪਰਗਟ ਹੋਵੇ ਇਕ ਬਹਾਦਰ, ਪੁਰਖ ਅਕਾਲ ਵਡ ਵਡਿਆਈਆ । ਪੀਰ ਪੈਗ਼ੰਬਰ ਕਹਿਣ ਪਰਵਰਦਿਗਾਰ ਆਇਆ ਕਾਦਰ, ਕੁਦਰਤ ਵੇਖੇ ਚਾਈਂ ਚਾਈਂਆ । ਗੁਰ ਅਵਤਾਰ ਕਹਿਣ ਪਾਵੇ ਸਾਰ ਡੂੰਘੇ ਸਾਗਰ, ਗਹਿਰ ਗੰਭੀਰ ਵੱਡੀ ਵਡਿਆਈਆ । ਭਗਤ ਭਗਵਾਨ ਕਹਿਣ ਹੋਇਆ ਉਜਾਗਰ, ਨਿਰਮਲ ਜੋਤ ਕਰ ਰੁਸ਼ਨਾਈਆ । ਸ੍ਰੀ ਭਗਵਾਨ ਹਰਿਜਨ ਬਣਾਏ ਸਚ ਸੌਦਾਗਰ, ਵਣਜ ਇਕੋ ਇਕ ਕਰਾਈਆ । ਧੁਰ ਸੰਦੇਸਾ ਦੇਵੇ ਆਡਰ, ਅਨਡਿਠੜੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਪੜਦਾ ਆਪੇ ਦਏ ਹਟਾਈਆ । ਜਗਤ ਪਰਦਾ ਜਾਏ ਹਟ, ਭਗਤ ਵੇਖ ਵਖਾਈਆ । ਪਰਗਟ ਹੋ ਪੁਰਖ ਸਮਰਥ, ਸਾਚੀ ਕਾਰ ਕਮਾਈਆ । ਰਾਜ ਰਾਜਾਨਾਂ ਪਾਏ ਨੱਥ, ਸ਼ਬਦੀ ਤੰਦ ਉਠਾਈਆ । ਫੜ ਫੜ ਕਰੇ ਵੱਖੋ ਵੱਖ, ਵੱਖਰੀ ਕਾਰ ਕਮਾਈਆ । ਦੋ ਜਹਾਨਾਂ ਭਾਂਡੇ ਕਰ ਕਰ ਸਖ, ਚਾਰ ਕੁੰਟ ਫਿਰੇ ਇਕ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜਗਤ ਸਿੰਘਾਸਣ ਤਜ, ਸ਼ਬਦ ਘੋੜੇ ਚੜ੍ਹੇ ਭੱਜ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪਣਾ ਫੇਰਾ ਪਾਈਆ । ਸਿੰਘਾਸਣ ਛੱਡ ਕੇ ਆਵਾਂਗਾ । ਨਿਰੰਕਾਰ ਅਖਵਾਵਾਂਗਾ । ਸ਼ਬਦ ਜੈਕਾਰ ਬੁਲਾਵਾਂਗਾ । ਮਹੱਲ ਅਟੱਲ ਸੁਹਾਵਾਂਗਾ । ਸਾਚੇ ਪੌੜੇ ਚੜ੍ਹ ਕੇ ਦਰਸ ਦਿਖਾਵਾਂਗਾ । ਉਚੀ ਮੰਜ਼ਲ ਇਕੋ ਰਾਗ ਅਲਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਖੇਲ ਕਰਾਵਾਂਗਾ । ਆਪਣੀ ਖੇਲ ਕਰੇ ਕਰਤਾਰ, ਕਰਤਾ ਪੁਰਖ ਵੱਡੀ ਵਡਿਆਈਆ । ਵੀਹ ਸੌ ਨੌਂ ਬਿਕ੍ਰਮੀ ਕੀਤਾ ਸਚ ਵਿਹਾਰ, ਸਚ ਸਿੰਘਾਸਣ ਆਸਣ ਲਾਈਆ । ਨੌਂ ਜੇਠ ਖ਼ਬਰਦਾਰ, ਖ਼ਬਰ ਇਕੋ ਇਕ ਸੁਣਾਈਆ । ਲੇਖਾ ਜਾਣ ਧੁਰ ਦਰਬਾਰ, ਧੁਰ ਦੀ ਬਾਣੀ ਆਪ ਅਲਾਈਆ । ਕਰੇ ਕਰਾਏ ਸਾਚੀ ਕਾਰ, ਕਰਤਾ ਪੁਰਖ ਸੱਚਾ ਸ਼ਹਿਨਸ਼ਾਹੀਆ । ਵੀਹ ਸੌ ਉਨੀ ਦਏ ਆਧਾਰ, ਏਕਾ ਨਾਇਆ ਜੋੜ ਜੁੜਾਈਆ । ਭਗਤਨ ਮੀਤਾ ਅਲਖ ਅਪਾਰ, ਸ਼ਹਿਨਸ਼ਾਹ ਆਪਣਾ ਰੰਗ ਵਖਾਈਆ । ਗੁਰਮੁਖ ਲਾਈ ਫੁਲਵਾੜ ਵਾੜ, ਆਪਣੇ ਨਾਮ ਕਰਾਈਆ । ਗੁਲਸ਼ਨ ਵੇਖੇ ਇਕ ਨਿਰੰਕਾਰ, ਕਲੀ ਕਲੀ ਮਾਤ ਮਹਿਕਾਈਆ । ਪਰਗਟ ਹੋ ਜੋਧਾ ਬਲਕਾਰ, ਸੂਰਬੀਰ ਦਰਸ ਦਿਖਾਈਆ । ਸਚ ਸਿੰਘਾਸਣ ਉਤੋਂ ਹੋਏ ਬਾਹਰ, ਬੇਪਰਵਾਹ ਅੱਖ ਖੁਲ੍ਹਾਈਆ । ਗ਼ਫ਼ਲਤ ਵਿਚ ਸੁੱਤਾ ਰਹੇ ਪੈਰ ਪਸਾਰ, ਨੇਤਰ ਨਜ਼ਰ ਕਿਸੇ ਨਾ ਆਈਆ । ਚੁਪ ਚੁਪੀਤਾ ਕਰਦਾ ਰਿਹਾ ਵਿਹਾਰ, ਬਣ ਵਿਵਹਾਰਾ ਧਾਰ ਰਖਾਈਆ । ਪੰਡਤ ਪਾਂਧਾ ਮੁੱਲਾ ਸ਼ੇਖ਼ ਕੋਈ ਪਾ ਨਾ ਸਕੇ ਸਾਰ, ਸਾਰ ਹੱਥ ਕਿਸੇ ਨਾ ਆਈਆ । ਹਰਿ ਕਾ ਲੱਭਣਾ ਆਦਿ ਜੁਗਾਦਿ ਬੜਾ ਦੁਸ਼ਵਾਰ, ਦੁਸ਼ਮਣ ਹੋਏ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪ ਉਠਾਈਆ । ਵੀਹ ਸੌ ਨੌਂ ਅੰਦਰ ਵੜਿਆ, ਸਚ ਸਿੰਘਾਸਣ ਮੁਖ ਛੁਪਾਈਆ ।

ਵੀਹ ਸੌ ਉਨੀ ਉਪਰ ਚੜ੍ਹਿਆ, ਬੇਪਰਵਾਹ ਬੇਪਰਵਾਹੀਆ । ਆਪਣਾ ਨਾਮ ਆਪੇ ਪੜ੍ਹਿਆ, ਆਪੇ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਪਰਦਾ ਰਿਹਾ ਉਠਾਈਆ । ਸਾਚਾ ਪਰਦਾ ਕਰੇ ਦੂਰ, ਦੂਰ ਦੁਰਾਡਾ ਦਇਆ ਕਮਾਈਆ । ਘਰ ਅਬਿਨਾਸ਼ੀ ਹਾਜ਼ਰ ਹਜ਼ੂਰ, ਹਰਿ ਇਕੋ ਨਜ਼ਰੀ ਆਈਆ । ਆਪਣੀ ਭੁੱਲ ਮੰਨ ਬਖ਼ਸ਼ਾਵੇ ਕਸੂਰ, ਜਨ ਭਗਤਾਂ ਅੱਗੇ ਕਰ ਅਰਜ਼ੋਈਆ । ਜੁਗ ਚੌਕੜੀ ਪ੍ਰਭ ਦਾ ਸਚ ਦਸਤੂਰ, ਨਾ ਕੋਈ ਮੇਟੇ ਮੇਟ ਮਿਟਾਈਆ । ਜੁਗ ਚੌਕੜੀ ਰਾਜ ਰਾਜਾਨ ਸ਼ਾਹ ਸੁਲਤਾਨ ਕਰ ਮਫ਼ਰੂਰ, ਮਨ ਵਾਸਨਾ ਕੂੜ ਭਰਾਈਆ । ਨਵ ਨੌਂ ਚਾਰ ਮਚਾ ਫ਼ਤੂਰ, ਫ਼ਤਵਾ ਸਭ ਦੇ ਉਤੇ ਲਾਈਆ । ਹੁਕਮੇ ਅੰਦਰ ਕਰ ਮਜਬੂਰ, ਮੁਜਰਮ ਸਭ ਨੂੰ ਦਏ ਬਣਾਈਆ । ਅੰਤ ਕਰੇ ਚੂਰੋ ਚੂਰ, ਨਾ ਸਕੇ ਕੋਇ ਬਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਦ੍ਰਿੜਾਈਆ । ਆਪਣੀ ਕਰਨੀ ਦੱਸੇ ਆਪ, ਭੇਵ ਅਭੇਦ ਜਣਾਇੰਦਾ । ਲੁਕ ਲੁਕ ਅੰਦਰ ਵੜ ਵੜ ਜਨ ਭਗਤਾਂ ਦੱਸਦਾ ਰਿਹਾ ਜਾਪ, ਨਾਮ ਨਿਧਾਨਾ ਇਕ ਸਮਝਾਇੰਦਾ । ਕਲਜੁਗ ਅੰਤਮ ਬੀਸ ਬੀਸਾ ਪਰਗਟ ਹੋ ਵਖਾਏ ਵਡ ਪਰਤਾਪ, ਪਰਤਾਪੀ ਆਪਣਾ ਫੇਰਾ ਪਾਇੰਦਾ । ਨਵ ਨੌਂ ਚਾਰ ਚਰਨਾਂ ਹੇਠਾਂ ਲਏ ਨਾਪ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਖਲਾਇੰਦਾ । ਵੇਖ ਖੇਲ ਸਿੰਘਾਸਣ ਪਿਆ ਹੱਸ, ਆਪਣੀ ਖ਼ੁਸ਼ੀ ਮਨਾਈਆ । ਪ੍ਰਭ ਤੂੰ ਮੇਰੇ ਉਤੇ ਰਿਹਾ ਵਸ, ਵੱਖਰੀ ਧਾਰ ਚਲਾਈਆ । ਜਾਂਦੀ ਵਾਰ ਕੁਛ ਸਨੇਹੁੜਾ ਦੱਸ, ਤੇਰੇ ਚਰਨ ਧਿਆਨ ਲਗਾਈਆ । ਤੂੰ ਸਾਹਿਬ ਸਦਾ ਸਮਰਥ, ਹੱਥ ਤੇਰੇ ਵਡਿਆਈਆ । ਪਾਰਬ੍ਰਹਮ ਮਿਹਰਵਾਨ ਮਹਿਮਾ ਜਣਾਏ ਅਕਥ, ਕਥਨੀ ਕਥ ਨਾ ਸਕੇ ਰਾਈਆ । ਮੈਂ ਨਿਰਗੁਣ ਹੋ ਕੇ ਰਿਹਾ ਨੱਸ, ਦੋ ਜਹਾਨਾਂ ਫੇਰਾ ਪਾਈਆ । ਹਰਿਜਨ ਵੇਖਾਂ ਜੋ ਗੌਂਦੇ ਮੇਰਾ ਜਸ, ਕਲਜੁਗ ਅੰਤਮ ਅੰਤਰ ਆਤਮ ਧਿਆਨ ਲਗਾਈਆ । ਕੂੜੀ ਕਿਰਿਆ ਪਾਵਾਂ ਨੱਥ, ਸਰਗੁਣ ਬਚਿਆ ਕੋਇ ਰਹਿਣ ਨਾ ਪਾਈਆ । ਫਿਰ ਫਿਰ ਵੇਖਾਂ ਤੀਰਥ ਤਟ, ਗੁਰਦਰ ਮੰਦਰ ਮਸਜਦ ਮੱਠ ਸ਼ਿਵਦਵਾਲੇ ਫੋਲ ਫੁਲਾਈਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਘਰ ਘਰ ਵੇਖਾਂ ਲੱਗੀ ਅੱਗ, ਨਵ ਨੌਂ ਚਾਰ ਪੰਧ ਮੁਕਾਈਆ । ਜੁਗ ਚੌਕੜੀ ਮੇਰਾ ਖੇਲ ਜੱਗ, ਯੁਗਤੀ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਸਿੰਘਾਸਣ ਰਿਹਾ ਸਮਝਾਈਆ । ਜਗਤ ਸਿੰਘਾਸਣ ਚਰਨ ਲਾਗ, ਇਕ ਕਰੇ ਅਰਜ਼ੋਈਆ । ਪ੍ਰਭ ਤੁਧ ਬਿਨ ਕੋਈ ਦਿਸੇ ਨਾ ਕੰਤ ਸੁਹਾਗ, ਜੋ ਮੇਰੀ ਸੇਜ ਹੰਢਾਈਆ । ਤੁਧ ਬਿਨ ਰੱਖੇ ਨਾ ਮੇਰੀ ਕੋਈ ਲਾਜ, ਸ਼ਾਹ ਸੁਲਤਾਨ ਰੋਵਣ ਮਾਰਨ ਧਾਹੀਂਆ । ਸੀਸ ਕਿਸੇ ਨਾ ਰਹਿਣਾ ਤਾਜ, ਤਖ਼ਤ ਨਜ਼ਰ ਕੋਇ ਨਾ ਆਈਆ । ਕਲਜੁਗ ਤੂੰ ਬਦਲਣਹਾਰ ਸਮਾਜ, ਸਮਗਰੀ ਸਭ ਦੀ ਝੋਲੀ ਵਿਚੋਂ ਬਾਹਰ ਕਢਾਈਆ । ਤੁਧ ਬਿਨ ਕੋਈ ਨਾ ਲਾਏ ਭਾਗ, ਭਾਗ ਹੀਣ ਸਰਬ ਲੋਕਾਈਆ । ਨਜ਼ਰ ਨਾ ਆਏ ਕੋਇ ਚਿਰਾਗ਼, ਦੀਪਕ ਦੀਆ ਨਾ ਕੋਇ ਰੁਸ਼ਨਾਈਆ । ਸਤਿ ਸਰੂਪੀ ਕੋਈ ਨਾ ਲਾਏ ਆਵਾਜ਼, ਰਸਨਾ ਜਿਹਵਾ ਸਰਬ ਕੁਰਲਾਈਆ । ਸਾਚਾ ਕਰੇ ਨਾ ਕੋਈ ਰਾਜ, ਸ਼ਹਿਨਸ਼ਾਹ ਨਜ਼ਰ ਕੋਇ ਨਾ ਆਈਆ । ਤੂੰ ਦਾਤਾ ਗ਼ਰੀਬ ਨਿਵਾਜ਼, ਮੈਂ ਢਹਿ ਪਿਆ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸਾ ਰਖਾਈਆ । ਸੁਣ ਸਿੰਘਾਸਣ ਮੇਰੇ ਸੱਜਣ, ਹਰਿ ਸਚ ਸਚ ਦ੍ਰਿੜਾਇੰਦਾ । ਮੇਰਾ ਪਰੇਮ ਤੇਰੀ ਲਗਨ, ਤੇਰਾ ਤੇਰੇ ਨਾਲ ਰਖਾਇੰਦਾ । ਕਲਜੁਗ ਅੰਤਮ ਪਹਿਲੀ ਵਾਰ ਪਹਿਲੀ ਚੇਤ ਕਰਾਂ ਸਗਨ, ਜਨ

ਭਗਤਾਂ ਵੇਖ ਵਖਾਇੰਦਾ । ਅੱਠੇ ਪਹਿਰ ਰਹਿਣ ਮਗਨ, ਸਤਿ ਸੰਤੋਖ ਇਕ ਦ੍ਰਿੜਾਇੰਦਾ । ਸ੍ਰਿਸ਼ਟ ਸਬਾਈ ਲਗੀ ਅੱਗ ਲੱਗਣ, ਸ੍ਰੀ ਭਗਵਾਨ ਆਪ ਲਗਾਇੰਦਾ । ਤੇਰੇ ਉਤੇ ਪੰਜ ਤੱਤ ਹੰਢਾਇਆ ਬਦਨ, ਤੱਤਵ ਤੱਤ ਰੰਗ ਰੰਗਾਇੰਦਾ । ਮੁਸਲਮ ਸੁੰਨੀ ਕੱਠੇ ਹੋਣ ਸਾਗਰ ਕੰਢੇ ਅਦਨ, ਅਦਲੀ ਇਕੋ ਹੁਕਮ ਜਣਾਇੰਦਾ । ਜਗਤ ਵਿਵਹਾਰ ਦੇਵੇ ਬਦਲ, ਦਲੀਲ ਪਿਛਲੀ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਿੰਘਾਸਣ ਆਪ ਸਮਝਾਇੰਦਾ । ਸਿੰਘਾਸਣ ਕਹੇ ਪ੍ਰਭ ਤੇਰਾ ਭਰਵਾਸਾ, ਤੁਧ ਬਿਨ ਨਜ਼ਰ ਕੋਇ ਨਾ ਆਈਆ । ਹਉਂ ਸੇਵਕ ਦਾਸੀ ਦਾਸਾ, ਸਦਾ ਸਦ ਸੇਵ ਕਮਾਈਆ । ਨਿਤ ਨਵਿਤ ਤੇਰੇ ਮਿਲਣ ਦੀਆਂ ਰੱਖਾਂ ਆਸਾਂ, ਆਸ ਆਸ ਵਿਚ ਪਰਗਟਾਈਆ । ਕਰ ਕਿਰਪਾ ਦੇ ਦਿਲਾਸਾ, ਕਵਣ ਵੇਲਾ ਫੇਰਾ ਪਾਈਆ । ਮੇਰਾ ਪੂਰਾ ਕਰੀਂ ਘਾਟਾ, ਪਿਛਲਾ ਲੇਖਾ ਝੋਲੀ ਪਾਈਆ । ਕੀ ਹੋਇਆ ਚਾਰ ਪਾਵੇ ਨਾਲ ਬਣੀ ਮੇਰੀ ਚੁਗਾਠਾ, ਚਾਰ ਜੁਗ ਤੇਰੀ ਸੇਵ ਕਮਾਈਆ । ਤੇਰਾ ਖੇਲ ਨਟੂਆ ਨਾਟਾ, ਬਾਜ਼ੀਗਰ ਆਪਣਾ ਸਵਾਂਗ ਵਖਾਈਆ । ਮੈਂ ਤੇਰੇ ਥੱਲੇ ਪਿਆ ਆਪਣੀ ਛਾਤੀ ਅੱਗੇ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਨਜ਼ਰ ਕੋਇ ਨਾ ਆਈਆ । ਸ੍ਰੀ ਭਗਵਾਨ ਕਹੇ ਸਿੰਘਾਸਣ, ਸੁਣ ਸੱਜਣ ਮੀਤ ਮੁਰਾਰਿਆ । ਤੇਰੀ ਪੂਰੀ ਕਰਾਂ ਆਸਨ, ਲਹਿਣਾ ਦੇਣਾ ਕਰਜ਼ ਉਤਾਰਿਆ । ਤੇਰੇ ਉਤੇ ਕਰਿਆ ਵਾਸਨ, ਆਪ ਆਪਣਾ ਖੇਲ ਵਖਾ ਲਿਆ । ਤੇਰਾ ਦੇਵਾਂ ਸੱਚਾ ਸਾਥਨ, ਸ੍ਰੀ ਭਗਵਾਨ ਆਪ ਸਮਝਾ ਲਿਆ । ਸਤਿ ਸਤਿਵਾਦੀ ਚਲੇ ਰਾਥਨ, ਸਚ ਮਾਰਗ ਇਕ ਵਖਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਤੇਰਾ ਸੰਗ ਆਪ ਨਿਭਾ ਲਿਆ । ਜਗਤ ਸਿੰਘਾਸਣ ਰੋਵੇ ਨੀਰ, ਪਲਕ ਪਲਕ ਉਠਾਈਆ । ਤੁਧ ਬਿਨ ਕੋਈ ਨਾ ਦੇਵੇ ਧੀਰ, ਧੀਰਜਵਾਨ ਨਜ਼ਰ ਕੋਇ ਨਾ ਆਈਆ । ਬੌਹੜੀ ਮੇਰੀ ਭੁੱਲ ਬਖ਼ਸ਼ ਤਕਸੀਰ, ਮੇਰੀ ਤਕਦੀਰ ਦੇ ਉਲਟਾਈਆ । ਮੇਰੀ ਲੱਗੀ ਨਿਭੇ ਤੇਰੇ ਨਾਲ ਅਖ਼ੀਰ, ਸੁੰਞੀ ਸੇਜ ਨਾ ਮੋਹੇ ਭਾਈਆ । ਮੈਂ ਸਦਾ ਰਹਾਂ ਦਿਲਗੀਰ, ਦਿਲਬਰ ਤੇਰੀ ਝੱਲੀ ਨਾ ਜਾਏ ਜੁਦਾਈਆ । ਤੂੰ ਮੇਰਾ ਸੱਚਾ ਪੀਰ, ਮੁਰਸ਼ਦ ਇਕੋ ਨਜ਼ਰੀ ਆਈਆ । ਮੇਰੇ ਉਤੇ ਬੈਠ ਕਰੇਂ ਲੀਲ, ਗੁਣੀ ਗਹੀਰ ਗਹਿਰ ਗਵਰ ਤੇਰੀ ਵਡਿਆਈਆ । ਤੇਰੇ ਭਾਰ ਨਾਲ ਮੇਰੀ ਮਿਟੇ ਪੀੜ, ਦੁੱਖ ਦਰਦ ਨਾ ਲਾਗੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਚਰਨ ਕਵਲ ਮਿਲੇ ਸਰਨਾਈਆ । ਸ੍ਰੀ ਭਗਵਾਨ ਬੋਲੇ ਆਪ, ਸ਼ਬਦ ਅਗੰਮ ਜਣਾਇੰਦਾ । ਸਚ ਸਿੰਘਾਸਣ ਤੇਰਾ ਪਰਤਾਪ, ਵਡ ਪਰਤਾਪੀ ਆਪ ਜਣਾਇੰਦਾ । ਕਲਜੁਗ ਕੂੜਾ ਮੇਟ ਸੰਤਾਪ, ਫਿਰ ਤੇਰੇ ਉਤੇ ਆਸਣ ਲਾਇੰਦਾ । ਲੱਖ ਚੁਰਾਸੀ ਜਪਾਵਾਂ ਸੱਚਾ ਜਾਪ, ਮੰਤਰ ਇਕੋ ਇਕ ਦ੍ਰਿੜਾਇੰਦਾ । ਤੇਰਾ ਆਰ ਪਾਰ ਕਿਨਾਰਾ ਲਵਾਂ ਮਾਪ, ਸਾਢੇ ਤਿੰਨ ਹੱਥ ਤੇਰੀ ਝੋਲੀ ਪਾਇੰਦਾ । ਤੇਰਾ ਪਾਵਾ ਚੂਲ ਕਰਾਂ ਪਾਕੀ ਪਾਕ, ਦੁਰਮਤ ਮੈਲ ਨਾ ਕੋਇ ਰਖਾਇੰਦਾ । ਅੱਗੇ ਪਿਛੇ ਤੇਰੇ ਸਾਥ, ਭਗਤ ਦਵਾਰਾ ਰਾਹ ਜਣਾਇੰਦਾ । ਪਰਗਟ ਹੋ ਪੁਰਖ ਸਮਰਾਥ, ਤੇਰਾ ਭਾਰ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਆਪ ਜਣਾਇੰਦਾ । ਸੁਣ ਸਿੰਘਾਸਣ ਹਰਿ ਕੀ ਬਾਤ, ਹਰਿ ਚਰਨ ਪਿਆ ਸਰਨਾਈਆ । ਧੰਨ ਭਾਗ ਪ੍ਰਭ ਦੇਵੇਂ ਸਾਥ, ਤੇਰੇ ਹੱਥ ਮੇਰੀ ਵਡਿਆਈਆ । ਮੈਂ ਬਣ ਵਿਛੌਣਾ ਰੂਪ ਵਟਾਇਆ ਖਾਟ, ਤਾਣਾ ਪੇਟਾ ਤੰਦ ਬੰਧਾਈਆ । ਤੂੰ ਉਪਰ ਸੁਤੋਂ ਪੁਰਖ ਅਬਿਨਾਸ਼, ਕਿਰਪਾ

ਧਾਰ ਆਪਣੀ ਦਇਆ ਕਮਾਈਆ । ਮੈਨੂੰ ਭੁੱਲੀ ਦਿਨ ਰਾਤ, ਘੜੀ ਪਲ ਨਜ਼ਰ ਕੋਇ ਨਾ ਆਈਆ । ਜੁਗ ਚੌਕੜੀ ਤੱਕਦਾ ਰਿਹਾ ਆਸ, ਆਸਾ ਇਕੋ ਧਿਆਨ ਲਗਾਈਆ । ਕਵਣ ਵੇਲਾ ਪ੍ਰਭ ਲੋਕਮਾਤ ਹੋਏ ਪਰਕਾਸ਼, ਪਰਕਾਸ਼ਵਾਨ ਕਰੇ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਮਾਣ ਵਡਿਆਈਆ । ਪੁਰਖ ਅਬਿਨਾਸ਼ੀ ਹੋ ਦਿਆਲ, ਸਚ ਸਿੰਘਾਸਣ ਆਪ ਜਣਾਇੰਦਾ । ਸੁਣ ਨੱਢੇ ਸਾਚੇ ਲਾਲ, ਲਾਲਨ ਆਪਣੇ ਰੰਗ ਰੰਗਾਇੰਦਾ । ਏਕਾ ਨਾਇਆ ਬੇਮਿਸਾਲ, ਮਿਸਲ ਸਾਚੀ ਆਪ ਬਣਾਇੰਦਾ । ਸਚਖੰਡ ਸੱਚੀ ਧਰਮਸਾਲ, ਧਰਮ ਦਵਾਰਾ ਲੋਕਮਾਤ ਪਰਗਟਾਇੰਦਾ । ਕਰੇ ਖੇਲ ਸ੍ਰੀ ਭਗਵਾਨ, ਭਗਵਨ ਆਪਣੀ ਧਾਰ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਿੰਘਾਸਣ ਆਪ ਸੁਣਾਇੰਦਾ । ਸਚ ਸਿੰਘਾਸਣ ਭਗਤ ਦਵਾਰੇ, ਹਰਿ ਦਰ ਮਿਲੇ ਵਡਿਆਈਆ । ਜੁਗ ਚੌਕੜੀ ਤੇਰੇ ਪੈਂਦੇ ਰਹੇ ਪਵਾੜੇ, ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਲੜਾਈਆ । ਕੋਟਨ ਕੋਟ ਤੇਰੇ ਉਤੇ ਬਹਿ ਬਹਿ ਪ੍ਰਭ ਦੇ ਨਾਮ ਉਚਾਰੇ, ਅੰਤ ਕਹਿਣ ਕੋਇ ਨਾ ਪਾਈਆ । ਤੂੰ ਬੇਪਰਵਾਹ ਜਗਤ ਸਿੰਘਾਸਣ ਕੋਟਨ ਕੋਟ ਰਾਜ ਰਾਜਾਨ ਸ਼ਾਹ ਸੁਲਤਾਨ ਕਰ ਖ਼ਵਾਰੇ, ਖ਼ਾਕੀ ਖ਼ਾਕ ਮਿਲਾਈਆ । ਆਪੇ ਬੈਠਾ ਰਿਹੋਂ ਮੰਦਰ ਮਸਜਦ ਸ਼ਿਵਦਵਾਲੇ ਮੱਠ ਗੁਰੂਦਵਾਰੇ, ਉਤੇ ਅੱਖਰ ਸਿਫ਼ਤੀ ਢੇਰੀ ਲਾਈਆ । ਦਿਨੇ ਜਾਗਣ ਰਾਤੀਂ ਸਵਾਏਂ, ਜਗਤ ਕਰਨੀ ਬੰਦ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਤੇਰੀ ਕੀਤੀ ਘਾਲ ਲੇਖੇ ਦਏ ਲਗਾਈਆ । ਤੇਰੀ ਕੀਤੀ ਘਾਲ ਲੇਖੇ ਲੌਣੀ, ਸਚ ਦਰਬਾਰ ਆਪ ਜਣਾਇੰਦਾ । ਤੇਰੀ ਸੇਵਾ ਕੀਤੀ ਪੂਰ ਕਰੌਣੀ, ਊਨੀ ਸਾਲ ਸੇਜ ਹੰਢਾਇੰਦਾ । ਇਕ ਇਕੱਲੇ ਖੇਲ ਖਲੌਣੀ, ਨੌਂ ਖੰਡ ਪ੍ਰਿਥਮੀ ਪੰਧ ਮੁਕਾਇੰਦਾ । ਪਹਿਲੀ ਚੇਤ ਕਰੇ ਬੌਹਣੀ, ਤੇਰਾ ਬੌਹੜੀ ਹਾਲ ਸੁਣ ਤੇਰਾ ਦਰਦੀ ਦਰਦ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਮੇਲਾ ਮੇਲ ਮਿਲਾਇੰਦਾ । ਤੇਰਾ ਮੇਲ ਮਿਲਾਵੇ ਆਪ, ਪ੍ਰਭ ਆਪਣੀ ਦਇਆ ਕਮਾਈਆ । ਧੰਨ ਵਡਿਆਈ ਵੱਡਾ ਭਾਗ, ਭਾਗ ਹਿੱਸਾ ਰਿਹਾ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਘਰ ਵਿਚ ਲੱਭਦੇ ਰਹੇ ਚਿਰਾਗ਼, ਜੋਤੀ ਨੂਰ ਨੂਰ ਰੁਸ਼ਨਾਈਆ । ਨਿਉਂ ਨਿਉਂ ਸਯਦਾ ਕਰਦੇ ਰਹੇ ਗੁਰੂ ਮਹਾਰਾਜ, ਮਹਿਮਾ ਅਕਥ ਕਥ ਜਣਾਈਆ । ਸੋ ਸਾਹਿਬ ਸਤਿਗੁਰ ਤੇਰੀ ਰੱਖੇ ਲਾਜ, ਆਪ ਆਪਣੇ ਚਰਨ ਲਗਾਈਆ । ਲੋਕਮਾਤ ਵਿਚੋਂ ਚੁਕ ਜਹਾਜ਼, ਸਚ ਦਵਾਰੇ ਆਪ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਰਾਜ ਦਏ ਗਵਾਈਆ । ਸਚ ਦੱਸ ਮੇਰੇ ਭਗਵਾਨ, ਕਿਸ ਬਿਧ ਰਹਿਮ ਕਮਾਈਆ । ਮੈਂ ਬਰਦਾ ਤੇਰਾ ਗ਼ੁਲਾਮ, ਸਦ ਸਦ ਸੇਵ ਕਮਾਈਆ । ਤੂੰ ਸ਼ਹਿਨਸ਼ਾਹ ਅਮਾਮ, ਬੇਅੰਤ ਤੇਰੀ ਵਡਿਆਈਆ । ਤੂੰ ਮੇਰਾ ਲੇਖੇ ਲਾਏ ਕਾਮ, ਨਿਹਕਰਮੀ ਕਰਮ ਕਮਾਈਆ । ਜੁਗ ਚੌਕੜੀ ਮੈਂ ਬਣਿਆ ਰਿਹਾ ਆਮ, ਕੋਟਨ ਕੋਟ ਮੇਰੇ ਉਤੇ ਚੜ੍ਹ ਚੜ੍ਹ ਹੁਕਮ ਸੁਣਾਈਆ । ਮਾਇਆ ਮਮਤਾ ਨਾਲ ਦਰਸ਼ੌਂਦੇ ਰਹੇ ਮੇਰਾ ਨਿਸ਼ਾਨ, ਤੇਰਾ ਰੰਗ ਨਾ ਕੋਇ ਰੰਗਾਈਆ । ਜਿਧਰ ਵੇਖਾਂ ਮੇਰੇ ਨੈਣ ਸ਼ਰਮਾਣ, ਮੇਰੇ ਉਤੇ ਰਾਜ ਰਾਜਨ ਬਹਿ ਧਰੋਹ ਜ਼ੁਲਮ ਕਮਾਈਆ । ਮੇਰੇ ਉਤੇ ਬੈਠ ਕਿਸੇ ਨਾ ਝੁਲਾਇਆ ਸਚ ਨਿਸ਼ਾਨ, ਕੋਟਨ ਕੋਟ ਜਗਤ ਨਿਸ਼ਾਨੇ ਰੰਗ ਰਹੇ ਵਟਾਈਆ । ਮੈਂ ਦੋਏ ਜੋੜ ਬੇਨੰਤੀ ਕਰਾਂ ਮੇਰੇ ਮਿਹਰਵਾਨ, ਤੇਰੇ ਸਰਨ ਮਿਲੇ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਸੰਗ ਰਖਾਈਆ । ਤੇਰਾ ਸੰਗ ਰੱਖਾਂ ਸੁਖਆਸਣ, ਸੁਖ ਤੇਰੇ

੮੭੫
੧੩

ਵਿਚ ਵਸਾਇੰਦਾ । ਲੇਖਾ ਚੁਕਾ ਪ੍ਰਿਥਮੀ ਆਕਾਸ਼ਨ, ਗਗਨ ਗਗਨੰਤਰ ਪਾਰ ਕਰਾਇੰਦਾ । ਪਰਗਟ ਹੋ ਪੁਰਖ ਅਬਿਨਾਸ਼ਨ, ਪ੍ਰਭ ਤੇਰਾ ਮੇਲ ਮਿਲਾਇੰਦਾ । ਸਤਿ ਸਤਿਵਾਦੀ ਪੂਰੀ ਕਰੇ ਆਸਨ, ਤ੍ਰਿਸਨਾ ਰੋਗ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਮੇਲਾ ਆਪ ਮਿਲਾਇੰਦਾ । ਧੰਨ ਭਾਗ ਤੇਰਾ ਹੋਏ ਮੇਲਾ, ਮਿਲਣੀ ਹਰਿ ਆਪ ਕਰਾਈਆ । ਤੂੰ ਗੁਰੂ ਮੈਂ ਤੇਰਾ ਚੇਲਾ, ਬਣ ਸੇਵਕ ਸੇਵ ਕਮਾਈਆ । ਸਾਚਾ ਦੱਸ ਧਾਮ ਨਵੇਲਾ, ਜਿਸ ਮੰਦਰ ਦੇਵੇਂ ਟਿਕਾਈਆ । ਤੁਧ ਬਿਨ ਮੈਂ ਕਦੇ ਨਾ ਹੋਵਾਂ ਵੇਹਲਾ, ਨਿਤ ਨਵਿਤ ਤੇਰਾ ਭਾਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬਖ਼ਸ਼ ਸਚ ਸਰਨਾਈਆ । ਸਚ ਸਰਨਾਈ ਦੱਸੇ ਭਗਵੰਤ, ਆਪਣੀ ਦਇਆ ਕਮਾਇੰਦਾ । ਨਿਰਵੈਰ ਪੁਰਖ ਨਿਰਗੁਣ ਕੰਤ, ਕੰਤ ਕੰਤੂਹਲ ਫੇਰਾ ਪਾਇੰਦਾ । ਧੁਰਦਰਗਾਹੀ ਸਾਚਾ ਮੰਤ, ਮੰਤਰ ਗੁਰਮੁਖਾਂ ਆਪ ਪੜ੍ਹਾਇੰਦਾ । ਚੌਥੇ ਜੁਗ ਕਰ ਭਸਮੰਤ, ਨਿਯਮ ਆਪਣੀ ਧਾਰ ਜਣਾਇੰਦਾ । ਪੰਜਾਂ ਪਿਆਰਿਆਂ ਬਸਤਰ ਪਾ ਬਸੰਤ, ਬਸੰਤੀ ਆਪਣੀ ਰੁੱਤ ਸੁਹਾਇੰਦਾ । ਨਾਲ ਰਲਾ ਹਰਿ ਜੂ ਹਰਿ ਸੰਗਤ, ਸਗਲਾ ਕਾਜ ਰਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਰੰਗ ਵਖਾਇੰਦਾ । ਤੇਰਾ ਰੰਗ ਵਖਾਏ ਕਰਤਾਰ, ਹਰਿ ਕਰਤਾ ਆਪ ਜਣਾਈਆ । ਪਹਿਲੀ ਚੇਤ ਕਰਾਂ ਵਿਹਾਰ, ਬਣ ਵਿਵਹਾਰੀ ਸੇਵ ਕਮਾਈਆ । ਪੰਜ ਪਿਆਰੇ ਰੱਖੇ ਨਾਲ, ਲਿਖਾਰੀ ਲਿਖੇ ਸਿਫ਼ਤ ਸਾਲਾਹੀਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਪੁਛੇ ਤੇਰਾ ਹਾਲ, ਬੇਹਾਲ ਲਏ ਬਚਾਈਆ । ਤੇਰੇ ਉਤੇ ਰੱਖ ਕੇ ਇਕ ਚਿੱਟਾ ਰੁਮਾਲ, ਸਾਚੀ ਸੇਵਾ ਸਚ ਸਮਝਾਈਆ । ਦਵਾਬਾ ਸੰਗਤ ਕਰੇ ਤੇਰੀ ਪ੍ਰਿਤਪਾਲ, ਮਾਝੇ ਮਾਲੀ ਕਰੇ ਕੁੜਮਾਈਆ । ਮਾਲਵਾ ਮਿਲ ਮਿਲ ਵਜਾਏ ਤਾਲ, ਜੰਮੂ ਰਿਹਾ ਖੇਲ ਖਲਾਈਆ । ਚੌਹਾਂ ਵਿਚ ਵੜੇ ਦੀਨ ਦਿਆਲ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਆਪ ਨੰਗੀਂ ਪੈਰੀਂ ਬਣੇ ਕੰਗਾਲ, ਜਨ ਭਗਤਾਂ ਛਤਰ ਸੀਸ ਝੁਲਾਈਆ । ਤੇਰੇ ਪਿਛੇ ਗੁਰਮੁਖਾਂ ਦਾ ਵਿੰਗਾ ਹੋਣ ਨਾ ਦੇਵੇ ਵਾਲ, ਪਾਰਬ੍ਰਹਮ ਪ੍ਰਭ ਦਇਆ ਕਮਾਈਆ । ਜੁਗ ਵਿਛੜਿਆਂ ਵੇਖੇ ਹਾਲ, ਮੁਰੀਦਾਂ ਆਪ ਸੁਣਾਈਆ । ਪਿਛਲਾ ਨਾਤਾ ਤੋੜ ਜੰਜਾਲ, ਅੱਗੇ ਇਕੋ ਰੰਗ ਰੰਗਾਈਆ । ਕਰੇ ਖੇਲ ਆਪ ਭਗਵਾਨ, ਭਗਵਨ ਵੱਡਾ ਬੇਪਰਵਾਹੀਆ । ਜਗਤ ਸਿੰਘਾਸਣ ਤੇਰੇ ਉਤੋਂ ਪੰਜ ਤੱਤ ਕੀਤਾ ਕੁਰਬਾਨ, ਸਿੰਘ ਸ਼ੇਰ ਨਜ਼ਰ ਕਿਸੇ ਨਾ ਆਈਆ । ਬੱਬਰ ਹੋ ਕੇ ਭਬਕ ਮਾਰੇ ਬਲਵਾਨ, ਦੋ ਜਹਾਨਾਂ ਰਿਹਾ ਜਗਾਈਆ । ਪਿਛਲੀ ਸ਼ਰਅ ਮੇਟੇ ਜਗਤ ਜਹਾਨ, ਸਾਚੀ ਕਰਨੀ ਆਪ ਕਮਾਈਆ । ਭਗਤ ਦਵਾਰ ਖੋਲ੍ਹ ਮਹਾਨ, ਭਗਤੀ ਇਕੋ ਇਕ ਸਿਖਾਈਆ । ਡੂੰਘੀ ਕੰਦਰੋਂ ਕੱਢ ਦੇਵੇ ਦਾਨ, ਦੂਜੀ ਮੰਜ਼ਲ ਆਪ ਚੜ੍ਹਾਈਆ । ਦੂਜੀ ਮੰਜ਼ਲ ਕਰ ਪਰਵਾਨ, ਤੀਜੇ ਦਰ ਦਏ ਬਹਾਈਆ । ਤੀਜੇ ਘਰ ਕਰ ਪਰਵਾਨ, ਚੌਥੇ ਤੇਰਾ ਆਸਣ ਲਾਈਆ । ਉਪਰ ਬੈਠ ਸ਼ਾਹ ਸੁਲਤਾਨ, ਸਚ ਫ਼ਰਮਾਨ ਹੁਕਮ ਜਣਾਈਆ । ਭਗਤ ਭਗਵਾਨ ਪਾਏ ਇਕੋ ਆਣ, ਬੰਧਨ ਇਕੋ ਇਕ ਜਣਾਈਆ । ਇਕ ਸੌ ਇਕ ਲੇਖ ਲਿਖੇ ਜਗਤ ਰਾਜਾਨ, ਨਵ ਖੰਡ ਪ੍ਰਿਥਮੀ ਆਪ ਸਮਝਾਈਆ । ਆਓ ਵੇਖੋ ਖੇਲ ਕਰੇ ਭਗਵਾਨ, ਭਾਵੀ ਸਭ ਦੇ ਸਿਰ ਤੇ ਛਾਈਆ । ਸਚ ਸਿੰਘਾਸਣ ਤੇਰਾ ਮਾਣ, ਮਹੱਲ ਅਟੱਲ ਆਪ ਰਖਾਈਆ । ਨਿਹਕਰਮੀ ਕਰੇ ਤੇਰੀ ਕਲਿਆਣ, ਕਲਾ ਕੁਦਰਤ ਆਪਣੇ ਵਿਚ ਛੁਪਾਈਆ । ਉਪਰ ਚੜ੍ਹ ਨਾਮ ਖੰਡਾ ਖਿਚੇ ਵਿਚੋਂ ਮਿਆਨ, ਮਹਿਮਾਂ ਅਗਣਤ ਗਣੀ ਨਾ ਜਾਈਆ । ਚੌਥੇ ਮਹੱਲ ਗੁਰ ਅਵਤਾਰ ਪੀਰ ਪੈਗ਼ੰਬਰ ਦਰ ਆ ਕੇ ਆਪਣਾ ਆਪ ਕਰਨ ਕੁਰਬਾਨ, ਭੇਟਾ ਸਭ ਕੁਛ ਦੇਣ ਚੜ੍ਹਾਈਆ । ਪੁਰਖ

ਅਕਾਲ ਤੇਰੀ ਮੰਨੀਏ ਆਣ, ਦੂਜੀ ਓਟ ਨਾ ਕੋਇ ਤਕਾਈਆ । ਤੇਰਾ ਹੁਕਮ ਸੁਣੀਏ ਫ਼ਰਮਾਨ, ਫ਼ਰਮਾਨਾ ਇਕੋ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਸਿੰਘਾਸਣ ਦੇਵੇ ਵਰ, ਆਪਣਾ ਪਰਦਾ ਆਪੇ ਲਾਹੀਆ । ਪਰਦਾ ਜਾਏ ਲੱਥ, ਬਿਨ ਹੱਥਾਂ ਆਪੇ ਲਾਹਿੰਦਾ । ਗੁਰਮੁਖ ਸੜਦਾ ਜਾਏ ਬਚ, ਕਰ ਕਿਰਪਾ ਆਪ ਬਚਾਇੰਦਾ । ਨਿਰਗੁਣ ਅੰਦਰ ਹੋ ਕੇ ਜਾਏ ਰਚ, ਜਗਤ ਨੇਤਰ ਨਜ਼ਰ ਨਾ ਆਇੰਦਾ । ਆਪਣੀ ਕਰਨੀ ਕਰੇ ਸਚ, ਸਚ ਸਾਚੀ ਖੇਲ ਵਖਾਇੰਦਾ । ਜਨ ਭਗਤਾਂ ਦੇਵੇ ਇਕੋ ਮਤ, ਬ੍ਰਹਮਮਤ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਤਖ਼ਤ ਸੋਭਾ ਪਾਇੰਦਾ । ਸਾਚਾ ਤਖ਼ਤ ਸਿੰਘਾਸਣ ਸੁਹੌਣਾ, ਸੁਹਾਵਣੀ ਰੁੱਤ ਮਹਿਕਾਈਆ । ਪੰਜਾਂ ਪਿਆਰਿਆਂ ਤੇਰਾ ਭਾਰ ਉਠੌਣਾ, ਹਰਿ ਭਗਵਾਨ ਉਂਗਲੀ ਆਪ ਲਗਾਈਆ । ਹਰਿ ਸੰਗਤ ਢੋਲਾ ਇਕੋ ਗੌਣਾ, ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਵੱਜੀ ਵਧਾਈਆ । ਦੋ ਜਹਾਨ ਘਰ ਘਰ ਰੋਣਾ, ਰੋਵੇ ਸਰਬ ਲੋਕਾਈਆ । ਸਤਿ ਪੁਰਖ ਨਿਰੰਜਣ ਤੇਰੇ ਉਪਰ ਡੇਰਾ ਲੌਣਾ, ਸੱਜਾ ਚਰਨ ਆਪ ਟਿਕਾਈਆ । ਖੱਬਾ ਚਰਨ ਚੁਕ ਜਗਤ ਠੋਕਰ ਲੌਣਾ, ਧੱਕਾ ਇਕੋ ਵਾਰ ਲਗਾਈਆ । ਚਾਰੋਂ ਕੁੰਟ ਸਿੰਘਾਸਣ ਆਪ ਭਵੌਣਾ, ਗੇੜਾ ਗੇੜੇ ਨਾਲ ਰਖਾਈਆ । ਚੌਥੇ ਗੇੜੇ ਬੰਦ ਕਰੌਣਾ, ਬੰਦੀਖ਼ਾਨਾ ਸਭ ਨੂੰ ਪਾਈਆ । ਭਗਤ ਅਨੰਦ ਇਕ ਦਰਸੌਣਾ, ਅਨੰਦ ਅਨੰਦ ਅਨੰਦ ਵੱਜੇ ਵਧਾਈਆ । ਪੈਂਦ ਸਰਹਾਣੇ ਤੇਰੇ ਸੌਣਾ, ਲਹਿੰਦਾ ਚੜ੍ਹਦਾ ਦਏ ਹਲਾਈਆ । ਸਜੇ ਖੱਬੇ ਬਾਜ਼ੂ ਆਪ ਫੈਲੌਣਾ, ਚਾਰੋਂ ਕੁੰਟ ਰਿਹਾ ਡਰਾਈਆ । ਫੂਲਣ ਮਾਲਾ ਹੱਥ ਰਖੌਣਾ, ਏਕਾ ਇਕੀ ਗੰਢ ਵਖਾਈਆ । ਸਾਚਾ ਮੇਘ ਆਪ ਬਰਸੌਣਾ, ਕਰੋੜ ਤੇਤੀਸਾ ਸੇਵ ਲਗਾਈਆ । ਵਿਸ਼ਨ ਬ੍ਰਹਮਾ ਸ਼ਿਵ ਢੋਲਾ ਗੌਣਾ, ਪ੍ਰਭ ਚਰਨ ਮਿਲੀ ਸਰਨਾਈਆ । ਸਚ ਸਿੰਘਾਸਣ ਇਕ ਵਡਿਔਣਾ, ਪ੍ਰਭ ਵੱਡਾ ਰਿਹਾ ਜਣਾਈਆ । ਅੰਮ੍ਰਿਤ ਮੇਘ ਇਕ ਬਰਸੌਣਾ, ਬੂੰਦ ਸਵਾਂਤੀ ਗੁਰਮੁਖਾਂ ਮੁਖ ਚੁਆਈਆ । ਸਾਚੀ ਧਾਰ ਇਕ ਰਖੌਣਾ, ਧਾਰ ਧਾਰ ਵਿਚੋਂ ਪਰਗਟਾਈਆ । ਹਾਰ ਸ਼ੰਗਾਰ ਹਰਿ ਸੰਗਤ ਆਪ ਕਰੌਣਾ, ਆਪ ਆਪਣੀ ਸੇਵ ਕਮਾਈਆ । ਚੌਥੇ ਘਰ ਬਹਿ ਕੇ ਗੁਰਮੁਖਾਂ ਦਾ ਢੋਲਾ ਗੌਣਾ, ਜਿਸ ਦਾ ਗਾ ਨਾ ਸਕਿਆ ਕੋਈ ਪੀਰ ਪੈਗ਼ੰਬਰ ਲੋਕਮਾਤ ਦੇਵੇ ਗਵਾਹੀਆ । ਸੋ ਮੰਦਰ ਸਾਹਿਬ ਇਕ ਸੁਹੌਣਾ, ਜਿਸ ਉਪਰ ਤੇਰਾ ਆਸਣ ਲਾਈਆ । ਆਪਣੇ ਮਸਤਕ ਸਰਗੁਣ ਖ਼ੂਨੀ ਧਾਰ ਬਹੌਣਾ, ਗੁਰਮੁਖਾਂ ਟਿੱਕਾ ਆਪ ਲਗਾਈਆ । ਅਜੂਨੀ ਰਹਿਤ ਨਜ਼ਰੀ ਔਣਾ, ਸਚ ਤੈਨੂੰ ਇਕ ਦ੍ਰਿੜਾਈਆ । ਪਿਛਲਾ ਕਾਨੂੰਨ ਸਰਬ ਮਿਟੌਣਾ, ਮਮਨੂਨ ਕਰੇ ਆਪ ਲੋਕਾਈਆ । ਦੋ ਜਹਾਨ ਅਸੂਲ ਇਕ ਬੰਧੌਣਾ, ਸਾਹਿਬ ਪੜਦਾ ਦਏ ਚੁਕਾਈਆ । ਮਾਅਕੂਲ ਹੁਕਮ ਇਕ ਜਣੌਣਾ, ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਗਤ ਸਿੰਘਾਸਣ ਪੁਰਖ ਅਬਿਨਾਸ਼ਨ ਆਪਣੇ ਨਾਲ ਜੁੜਾਈਆ । ਸਿੰਘਾਸਣ ਕਹੇ ਪ੍ਰਭ ਮੇਰੇ ਬਾਪ, ਪਿਤਾ ਤੇਰੀ ਵਡਿਆਈਆ । ਕਿਸ ਬਿਧ ਮੈਨੂੰ ਦੇਵੇਂ ਦਾਤ, ਮਿਹਰ ਨਜ਼ਰ ਉਠਾਈਆ । ਮੈਂ ਨਾ ਜਾਤਾ ਆਪਣਾ ਆਪ, ਭੁਲਿਆ ਵਿਚ ਲੋਕਾਈਆ । ਚਾਰ ਜੁਗ ਨਾ ਹੋਇਆ ਪਾਕ, ਪਤਤ ਆਪਣਾ ਆਪ ਨਜ਼ਰੀ ਆਈਆ । ਕੋਟਨ ਕੋਟ ਬਣਾਏ ਸਾਕ, ਸੱਜਣ ਆਪਣੇ ਆਪ ਹੰਢਾਈਆ । ਸਾਹਿਬ ਸਾਚੀ ਕਿਸੇ ਨਾ ਦਿਤੀ ਦਾਤ, ਕੂੜੀ ਝੋਲੀ ਗਏ ਭਰਾਈਆ । ਦੂਜਾ ਮਲਦਾ ਰਹਿ ਗਿਆ ਹਾਥ, ਮੇਰਾ ਸੰਗ ਨਾ ਕੋਇ ਰਖਾਈਆ । ਨਾਚ ਕਰ ਕਰ ਗਏ ਤ੍ਰੈਲੋਕੀ ਨਾਥ, ਮੰਡਲ ਮੰਡਪ ਰਾਸ ਰਚਾਈਆ । ਅੰਤਮ ਸਭ

ਦਾ ਤੁਟਾ ਸਾਕ, ਸਗਲਾ ਸੰਗ ਨਾ ਕੋਇ ਨਿਭਾਈਆ । ਮੈਂ ਥੱਕ ਕੇ ਸਭ ਦੀ ਲਾਹੀ ਆਸ, ਹੋ ਨਿਰਾਸਾ ਤੇਰਾ ਧਿਆਨ ਲਗਾਈਆ । ਕਵਣ ਵੇਲਾ ਪ੍ਰਭ ਆਏ ਪਾਸ, ਮੇਰਾ ਦੁੱਖ ਮਿਟਾਈਆ । ਮੈਂ ਲੱਭ ਲੱਭ ਥੱਕਾ ਜੰਗਲ ਪਰਭਾਸ, ਗਗਨ ਗਗਨੰਤਰਾਂ ਖੋਜ ਖੁਜਾਈਆ । ਤੇਰੀ ਕਿਤੋਂ ਨਾ ਮਿਲੀ ਸੁਰਾਖ, ਤੇਰੀ ਸ਼ੂਹ ਨਾ ਕਿਸੇ ਸਮਝਾਈਆ । ਮੇਰਾ ਮਨ ਹੋਇਆ ਉਦਾਸ, ਹੈਰਾਨ ਹੋ ਕੇ ਰਿਹਾ ਜਣਾਈਆ । ਜੀਵਾਂ ਜੰਤਾਂ ਲੱਗੀ ਆਗ, ਰਾਜ ਰਾਜਾਨ ਰੋਵਣ ਕੁਰਲਾਵਣ ਮਾਰਨ ਧਾਹੀਂਆ । ਨੌਂ ਖੰਡ ਪ੍ਰਿਥਮੀ ਵੇਖ ਭਾਜ, ਚਾਰ ਕੁੰਟ ਆਪਣਾ ਪੰਧ ਮੁਕਾਈਆ । ਤੇਰਾ ਸੱਚਾ ਨਾ ਮਿਲਿਆ ਸਮਾਜ, ਵਰਨ ਬਰਨ ਕਰੇ ਲੜਾਈਆ । ਸ਼ਹਿਨਸ਼ਾਹ ਕਰੇ ਕੋਈ ਨਾ ਰਾਜ, ਰੱਯਤ ਨੇਤਰ ਨੈਣਾਂ ਨੀਰ ਰਹੀ ਵਹਾਈਆ । ਕਰ ਕਿਰਪਾ ਆਪ ਮਹਾਰਾਜ, ਮੇਰਾ ਦੁਖੜਾ ਦੇਣਾ ਗਵਾਈਆ । ਤੂੰ ਤਖ਼ਤ ਨਿਵਾਸੀ ਤਖ਼ਤ ਨਿਵਾਜ, ਤੁਧ ਬਿਨ ਤਖ਼ਤ ਨਾ ਕੋਇ ਸੁਹਾਈਆ । ਧੰਨ ਭਾਗ ਪ੍ਰਭ ਮਿਲਿਆ ਆਜ, ਆਪ ਆਪਣਾ ਫੇਰਾ ਪਾਈਆ । ਆਪਣੇ ਸਿਰ ਤੋਂ ਲਾਹ ਕੇ ਤਾਜ, ਮੇਰਾ ਓਢਣ ਉਪਰ ਟਿਕਾਈਆ । ਆਪ ਬਣਿਆ ਗ਼ਰੀਬ ਨਿਵਾਜ, ਵਿਚ ਗ਼ਰੀਬਾਂ ਡੇਰਾ ਲਾਈਆ । ਸ਼ਾਹ ਸੁਲਤਾਨਾਂ ਕਰ ਦੇ ਖ਼ਾਕ, ਖ਼ਾਕੀ ਖ਼ਾਕ ਰੂਪ ਬਣਾਈਆ । ਮੈਨੂੰ ਇਕੋ ਲੱਭਾ ਸਾਕ, ਹਰਿ ਸੰਗਤ ਨਜ਼ਰੀ ਆਈਆ । ਜਿਸ ਦਾ ਹੋ ਕੇ ਰਹਾਂ ਦਾਸ, ਬਣ ਸੇਵਕ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦਿਤਾ ਇਕੋ ਵਰ, ਪ੍ਰਭ ਆਪਣੇ ਚਰਨ ਲਗਾਈਆ । ਸੁਣ ਸਿੰਘਾਸਣ ਸਚ ਗੱਲ, ਹਰਿ ਸਚ ਸਚ ਜਣਾਇੰਦਾ । ਜੁਗ ਚੌਕੜੀ ਕਰਦਾ ਰਿਹਾ ਵਲ ਛਲ, ਅਛਲ ਛਲ ਧਾਰੀ ਭੇਵ ਕੋਇ ਨਾ ਪਾਇੰਦਾ । ਕਲਜੁਗ ਵੇਲਾ ਅੰਤ ਹਰਿ ਸੰਗਤ ਰਲ, ਬਿਨ ਹਰਿ ਸੰਗਤ ਤੇਰਾ ਕਦਰ ਕੋਇ ਨਾ ਪਾਇੰਦਾ । ਪ੍ਰਭ ਅਬਿਨਾਸ਼ ਤੇਰਾ ਆਸਣ ਲਏ ਮੱਲ, ਨਿਰਗੁਣ ਆਪਣਾ ਡੇਰਾ ਲਾਇੰਦਾ । ਅੰਦਰੋਂ ਕੱਢ ਚੌਥੀ ਮੰਜ਼ਲ ਦੇਵੇ ਘੱਲ, ਘੱਲੂ ਘਾਰਾ ਵੇਖ ਵਖਾਇੰਦਾ । ਤੇਰਾ ਭਾਰ ਪੰਜ ਪਿਆਰੇ ਲੈਣ ਝੱਲ, ਜਿਨ੍ਹਾਂ ਵਿਚ ਅੰਦਰ ਵੜ ਕੇ ਡੇਰਾ ਲਾਇੰਦਾ । ਹਰਿ ਸੰਗਤ ਸਨੇਹੁੜਾ ਇਕੋ ਘੱਲ, ਤੇਰਾ ਸੰਗ ਵਖਾਇੰਦਾ । ਅੰਮ੍ਰਿਤ ਭੰਡਾਰਾ ਭਰ ਜਲ, ਜਲ ਖ਼ੁਸ਼ੀਆਂ ਨਾਲ ਬਰਸਾਇੰਦਾ । ਚਾਰ ਵਰਨ ਮੇਟ ਸਲ, ਇਕੋ ਘਰ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਿੰਘਾਸਣ ਸਚ ਸਾਚਾ ਆਸਣ ਲਾਇੰਦਾ । ਪਾਰਬ੍ਰਹਮ ਪ੍ਰਭ ਤੇਰਾ ਮੰਨਾਂ ਕਹਿਣਾ, ਤੇਰੇ ਚਰਨ ਸਰਨਾਈਆ । ਸ੍ਰੀ ਭਗਵਾਨ ਤੇਰੇ ਭਗਤਾਂ ਵੇਖਾਂ ਨੈਣਾਂ, ਤੇਰੀ ਸੰਗਤ ਦਰਸਨ ਪਾਈਆ । ਮੈਂ ਕਰਾਂ ਪਰਵਾਨ ਓਨ੍ਹਾਂ ਵਿਚ ਰਹਿਣਾ, ਵੱਖਰੀ ਧਾਰ ਨਾ ਕੋਇ ਰਖਾਈਆ । ਜਿਸ ਦਵਾਰੇ ਮੈਂ ਮੂਧੇ ਹੋ ਕੇ ਡਹਿਣਾ, ਤਿਸ ਦਵਾਰੇ ਜਨ ਭਗਤਾਂ ਸੇਵ ਕਮਾਈਆ । ਓਥੇ ਇਕ ਭਗਵਾਨ ਇਕ ਭਗਤ ਰਹਿਣਾ, ਦੂਜਾ ਨਜ਼ਰ ਕੋਇ ਨਾ ਆਈਆ । ਜਿਧਰ ਵੇਖਾਂ ਮੈਨੂੰ ਨਜ਼ਰੀ ਆਏ ਤੇਰੇ ਪਰੇਮ ਪਿਆਰ ਦਾ ਗਹਿਣਾ, ਗੁਰਮੁਖ ਗੁਰਸਿਖ ਹਰਿ ਕੰਤ ਪਿਆਰੀ ਨਾਰੀ ਤਨ ਹੰਢਾਈਆ । ਦੂਜੇ ਵਹਿਣ ਕਦੇ ਨਾ ਵਹਿਣਾ, ਇਕੋ ਮਿਲੀ ਸਤਿ ਸਰਨਾਈਆ । ਤੇਰਾ ਭਾਣਾ ਸਦਾ ਸਦ ਸਹਿਣਾ, ਸਦ ਭਾਣੇ ਵਿਚ ਰਖਾਈਆ । ਲੱਖ ਚੁਰਾਸੀ ਦੇਵੇ ਮੇਹਣਾ, ਮੇਰਾ ਘਟ ਕੁਛ ਨਾ ਜਾਈਆ । ਤੂੰ ਸਾਹਿਬ ਸਾਨੂੰ ਦੇਣਾ, ਮੰਗਤੇ ਤੇਰੇ ਦਰ ਖ਼ਾਲੀ ਝੋਲੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿੰਘਾਸਣ ਤੇਰਾ ਸੰਗ ਭਗਤਾਂ ਨਾਲ ਰਖਾਈਆ । ਵੇਖ ਸਿੰਘਾਸਣ ਸਾਚੇ ਭਗਤ, ਬਿਨ ਭਗਤੀਉਂ ਪ੍ਰਭ ਬਣਾਏ । ਪਾਰਬ੍ਰਹਮ ਦੀ ਬ੍ਰਹਮ ਰਕਤ, ਰਕਤ ਬੂੰਦ ਵੰਡ ਨਾ ਕੋਇ

ਵੰਡਾਏ । ਕਰ ਕਿਰਪਾ ਆਇਆ ਪਰਤ, ਬੇਪਰਵਾਹ ਫੇਰਾ ਪਾਏ । ਇਕ ਦੂਜੇ ਨਾਲ ਸਚ ਦਵਾਰੇ ਲਾ ਲਓ ਸ਼ਰਤ, ਕੂੜੀ ਸ਼ਰਅ ਵਿਚ ਕੋਇ ਨਾ ਆਏ । ਜੇ ਮੇਰੇ ਵਲੋਂ ਰਹਿ ਜਾਏ ਫ਼ਰਕ, ਫੜ ਬਾਂਹੋਂ ਲਓ ਮਨਾਏ । ਜੇ ਗੁਰਮੁਖ ਚੌਥੇ ਪਦ ਵਿਚੋਂ ਜਾਏ ਅਟਕ, ਕੱਠੇ ਹੋ ਕੇ ਲਓ ਢਾਹੇ । ਕਿਉਂ ਝੂਠੀ ਦੱਸੀ ਸੜਕ, ਰਾਹ ਵਿਚ ਚੋਰ ਯਾਰ ਠੱਗ ਰਹੇ ਡਰਾਏ । ਅੱਗੋਂ ਸਤਿਗੁਰ ਪੂਰਾ ਕਹੇ ਖੜਕ, ਆਓ ਮੇਰੇ ਬੱਚੋ ਫੜ ਬਾਂਹੋਂ ਲਏ ਉਠਾਏ । ਪਿਛਲਾ ਲੇਖਾ ਕਰੇ ਤਰਕ, ਤੁਰਤ ਆਪਣਾ ਰੰਗ ਰੰਗਾਏ । ਲੱਖ ਚੁਰਾਸੀ ਨਚੋੜ ਕੱਢਿਆ ਅਰਕ, ਗੁਰਮੁਖ ਥੋੜੇ ਗੋਦ ਰਹਾਏ ਮੇਲ ਮਿਲਾਏ । ਭੇਵ ਨਾ ਪਾਏ ਨੈਣ ਅੱਖ ਫਰਕ, ਫੁਰਤੀ ਆਪਣੀ ਇਕ ਜਣਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸਿੰਘਾਸਣ ਹਰਿ ਭਗਤ ਇਕੋ ਰੰਗ ਰੰਗਾਏ । ਸਿੰਘਾਸਣ ਤੇਰੇ ਉਤੇ ਚੜ੍ਹਿਆ, ਸ੍ਰੀ ਭਗਵਾਨ ਖ਼ੁਸ਼ੀ ਵਖਾਇੰਦਾ । ਗੁਰਮੁਖਾਂ ਦੇ ਅੰਦਰ ਵੜਿਆ, ਨਜ਼ਰ ਕਿਸੇ ਨਾ ਆਇੰਦਾ । ਦੋਹਾਂ ਵਚੋਲਾ ਆਪੇ ਬਣਿਆ, ਆਪੇ ਆਪਣੀ ਖੇਲ ਕਰਾਇੰਦਾ । ਵਿਛੜਿਆਂ ਮੇਲਾ ਆਪਣੇ ਦਰਿਆ, ਦਰ ਆਪਣਾ ਇਕ ਸਮਝਾਇੰਦਾ । ਭਗਤ ਭਗਵਾਨ ਇਕੋ ਜਿਹਾ ਕਰਿਆ, ਸਿੰਘਾਸਣ ਤੇਰਾ ਰੰਗ ਵਖਾਇੰਦਾ । ਚੌਥੀ ਮੰਜ਼ਲ ਜੋ ਜਨ ਚੜ੍ਹਿਆ, ਬਾਂਹੋਂ ਫੜ ਥੱਲੇ ਕੋਈ ਨਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਿੰਘਾਸਣ ਤੇਰਾ ਸਾਥਣ, ਸਤਿ ਪੁਰਖ ਨਿਰੰਜਣ ਇਕ ਅਖਵਾਇੰਦਾ । ਸਿੰਘਾਸਣ ਕਹੇ ਪ੍ਰਭ ਤੂੰ ਬੜਾ ਦਲੇਰ, ਮੈਂ ਵੇਖ ਹੋਇਆ ਹੈਰਾਨਾ । ਮੈਂ ਨਿੱਕੀ ਜਿਹੀ ਮੰਗੀ ਮਿਹਰ, ਤੂੰ ਭਰਿਆ ਵਡ ਖ਼ਜ਼ਾਨਾ । ਕਰ ਕਿਰਪਾ ਮੇਰਾ ਚਾਰ ਜੁਗ ਦਾ ਪੈਂਡਾ ਦਿਤਾ ਨਬੇੜ, ਨਾਲ ਭਗਤਾਂ ਬੱਧਾ ਗਾਨਾ । ਆਪਣਾ ਖੇਲ ਦੱਸਿਆ ਨਖੇੜ, ਪੜਦਾ ਕੂੜਾ ਪਾਰ ਕਰਾਨਾ । ਮੈਂ ਭੁੱਲ ਗਿਆ ਮੇਰ ਤੇਰ, ਤੇਰਾ ਮੇਰਾ ਇਕੋ ਘਰ ਟਿਕਾਣਾ । ਜਿਧਰ ਵੇਖਾਂ ਨਜ਼ਰੀ ਆਏ ਸ਼ਹਿਨਸ਼ਾਹ ਸ਼ੇਰ, ਸ਼ਾਹ ਪਾਤਸ਼ਾਹ ਸੱਚਾ ਸੁਲਤਾਨਾ । ਮੈਂ ਨਾ ਜਾਣਿਆ ਕਿਸ ਬਿਧ ਹਰਿ ਭਗਤ ਲਿਆਂਦੇ ਘੇਰ, ਨਾ ਕੋਈ ਰਾਗ ਸੁਣਾਇਆ ਗਾਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਇਆ ਆਪਣਾ ਘਰ, ਜਿਸ ਘਰ ਝੁੱਲੇ ਸਚ ਨਿਸ਼ਾਨਾ । ਸਾਚੇ ਤਖ਼ਤ ਹਰਿ ਤਖ਼ਤ ਨਿਵਾਸੀ, ਤਾਕਤ ਆਪਣੇ ਹੱਥ ਰਖਾਇੰਦਾ । ਸਚ ਦਵਾਰੇ ਕਰੇ ਖੇਲ ਸਚਖੰਡ ਨਿਵਾਸੀ, ਸਾਚੀ ਕਾਰ ਕਮਾਇੰਦਾ । ਦੋ ਜਹਾਨਾਂ ਪਾਵੇ ਰਾਸੀ, ਰਾਸ ਮੰਡਲ ਆਪ ਰਚਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਪਾਰਬ੍ਰਹਮ ਪੂਰੀ ਕਰੇ ਆਸੀ, ਆਸਾ ਆਪਣੇ ਨਾਲ ਮਿਲਾਇੰਦਾ । ਤੇਰੀ ਲਾਹੇ ਫੇਰ ਉਦਾਸੀ, ਪਿਛਲਾ ਦੁੱਖ ਗਵਾਇੰਦਾ । ਸਤਿ ਸਤਿਵਾਦੀ ਸਤਿ ਰੰਗ ਨਿਸ਼ਾਨਾ ਇਕ ਝੁਲਾਸੀ, ਆਪ ਆਪਣੇ ਹੱਥ ਰਖਾਇੰਦਾ । ਕਲਜੁਗ ਕੂੜੀ ਕਿਰਿਆ ਦੇਵੇ ਫਾਸੀ, ਫੱਟਾ ਇਕੋ ਇਕ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਸਾਚਾ ਦਾਨ, ਸੱਤ ਰੰਗ ਨਿਸ਼ਾਨਾ ਜੰਮੂ ਸੰਗਤ ਕਰੇ ਪਰਵਾਨਾ, ਉਪਰ ਆਪਣਾ ਲੇਖ ਲਿਖਾਇੰਦਾ । ਸੱਤ ਰੰਗ ਨਿਸ਼ਾਨਾ ਫੜੇ ਹੱਥ, ਹੱਥ ਆਪਣੇ ਵਿਚ ਉਠਾਈਆ । ਨੀਚੇ ਉਪਰ ਮਾਰਗ ਦੇਵੇ ਦੱਸ, ਅਧਵਿਚਕਾਰ ਸਮਝਾਈਆ । ਜੋ ਲਿਖਿਆ ਸੋ ਹੋਵੇ ਸਚ, ਸਚ ਮਿਲੇ ਵਡਿਆਈਆ । ਸ਼ਬਦ ਜੋਤ ਜੋਤ ਸ਼ਬਦ ਨਿਰਗੁਣ ਨਿਰਗੁਣ ਵਿਚ ਗਏ ਰਚ, ਸਰਗੁਣ ਸਰਗੁਣ ਖੇਲ ਖਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲੇਖਾ ਫੇਰ ਸਮਝਾਈਆ । ਸਿੰਘ ਗੱਜਣ ਗੱਜਣ ਗੁਰਮੇਜ, ਗੁਰਮੁਖ ਗੁਰਮਤ ਰਾਹ ਚਲਾਈਆ । ਚਿਟੀ ਚਾਦਰ ਬਣੌਣੀ ਸੇਜ, ਦੋਹਾਂ ਮੇਲਾ ਸਹਿਜ

ਸੁਭਾਈਆ । ਪ੍ਰਭ ਨਿਰਗੁਣ ਲਪੇਟੇ ਵਿਚ ਆਪਣਾ ਤੇਜ, ਤਿਖੀ ਧਾਰ ਚਲਾਈਆ । ਸ਼ਬਦ ਸੰਦੇਸਾ ਦੇਵੇ ਭੇਜ, ਭਾਜੀ ਘਰ ਘਰ ਆਪ ਪੁਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚੌਥੇ ਘਰ ਸਿੰਘਾਸਣ ਉਪਰ ਦਏ ਵਿਛਾਈਆ ।

## ❇ ੧੨ ਫੱਗਣ ੨੦੧੯ ਬਿਕ੍ਰਮੀ ਸਰੂਪ ਸਿੰਘ ਦੇ ਗ੍ਰਹਿ ਚਾਂਕੀਆ ਪੁਰੀ ਨਵੀਂ ਦਿਲੀ ❇

ਸਚ ਸਿੰਘਾਸਣ ਸੋਹੇ ਸੁਲਤਾਨ, ਸਤਿ ਪੁਰਖ ਨਿਰੰਜਣ ਵਡ ਵਡਿਆਈਆ । ਭੂਪ ਬਣੇ ਰਾਜ ਰਾਜਾਨ, ਸ਼ਹਿਨਸ਼ਾਹ ਇਕੋ ਇਕ ਅਖਵਾਈਆ । ਸਚਖੰਡ ਵਸਾਏ ਸਚ ਮਕਾਨ, ਦਰਗਹਿ ਸਾਚੀ ਕਰ ਰੁਸ਼ਨਾਈਆ । ਦੋ ਜਹਾਨਾਂ ਬਣ ਹੁਕਮਰਾਨ, ਸ਼ਬਦ ਸੰਦੇਸਾ ਇਕ ਸੁਣਾਈਆ । ਬ੍ਰਹਿਮੰਡ ਖੰਡ ਵੇਖੇ ਮਾਰ ਧਿਆਨ, ਲੋਆਂ ਪੁਰੀਆਂ ਪੰਧ ਮੁਕਾਈਆ । ਨਿਰਗੁਣ ਨਿਰਗੁਣ ਹੋ ਪਰਧਾਨ, ਸ੍ਰਿਸ਼ਟ ਸਬਾਈ ਵੇਖ ਵਖਾਈਆ । ਜੁਗ ਚੌਕੜੀ ਖੇਲ ਮਹਾਨ, ਸਤਿ ਸਤਿਵਾਦੀ ਆਪ ਹੰਢਾਈਆ । ਧੁਰ ਸੰਦੇਸਾ ਦਏ ਗਿਆਨ, ਨਰ ਨਰੇਸ਼ਾ ਕਰੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਰਾਜਨ ਰਾਜਾ, ਤਖ਼ਤ ਨਿਵਾਸੀ ਸੋਭਾ ਪਾਇੰਦਾ । ਆਦਿ ਜੁਗਾਦਿ ਰਚ ਰਚ ਕਾਜਾ, ਜੁਗ ਜੁਗ ਆਪਣਾ ਖੇਲ ਕਰਾਇੰਦਾ । ਨਾਮ ਨਿਧਾਨ ਦੇਵਣਹਾਰਾ ਦਾਜਾ, ਲੱਖ ਚੁਰਾਸੀ ਜੀਵ ਜੰਤ ਝੋਲੀ ਆਪ ਭਰਾਇੰਦਾ । ਬੋਧ ਅਗਾਧ ਮਾਰਨਹਾਰਾ ਵਾਜਾ, ਭੇਵ ਅਭੇਦ ਖੁਲ੍ਹਾਇੰਦਾ । ਆਤਮ ਪਰਮਾਤਮ ਰਚ ਰਚ ਕਾਜਾ, ਜੀਵ ਜੰਤ ਰੰਗ ਰੰਗਾਇੰਦਾ । ਸਦਾ ਸੁਹੇਲਾ ਫਿਰੇ ਭਾਜਾ, ਆਵਣ ਜਾਵਣ ਖੇਲ ਵਖਾਇੰਦਾ । ਮੁਕੰਦ ਮਨੋਹਰ ਲਖਮੀ ਨਰਾਇਣ ਮਾਧਵ ਮਾਧਾ, ਬੇਨਜ਼ੀਰ ਦਸਤਗੀਰ ਆਪਣੀ ਧਾਰ ਚਲਾਇੰਦਾ । ਜੁਗ ਚੌਕੜੀ ਪੇਖਣਹਾਰਾ ਸਮਾਜਾ, ਸਾਚੀ ਕਰਨੀ ਆਪ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਸਚ ਸਿੰਘਾਸਣ ਇਕ ਸੁਹਾਇੰਦਾ । ਸਚ ਸਿੰਘਾਸਣ ਸੁਹਾਏ ਆਪ ਪ੍ਰਭ, ਹਰਿ ਵੱਡਾ ਵਡ ਵਡਿਆਈਆ । ਨਿਰਗੁਣ ਨਿਰਵੈਰ ਉਪਰ ਬਹੇ ਝੱਬ, ਝਲਕ ਇਕੋ ਜੋਤ ਨੂਰ ਰੁਸ਼ਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦਰ ਦਵਾਰ ਲਏ ਸੱਦ, ਸਚ ਸੰਦੇਸਾ ਹੁਕਮ ਸੁਣਾਈਆ । ਨਵ ਨੌਂ ਚਾਰ ਵੇਲਾ ਰਿਹਾ ਲੱਦ, ਕਲਜੁਗ ਅੰਤਮ ਦਏ ਦੁਹਾਈਆ । ਨਵ ਨੌਂ ਅੰਧੇਰਾ ਖੱਡ, ਡੂੰਘੀ ਗਾਰ ਸ੍ਰਿਸ਼ਟ ਲੋਕਾਈਆ । ਕਿਸੇ ਨਾ ਮਿਲੇ ਅਮਰਾਪਦ, ਅਮਰ ਆਤਮ ਨਾ ਕੋਇ ਕਰਾਈਆ । ਕੋਟਨ ਕੋਟ ਮੱਕਾ ਕਾਅਬਾ ਕਰਦੇ ਹੱਜ, ਹਾਜਤ ਪੂਰੀ ਨਾ ਕੋਇ ਵਖਾਈਆ । ਕੋਟਨ ਕੋਟ ਮੰਦਰ ਮਸਜਦ ਬੈਠੇ ਸਜ, ਨਿਉਂ ਨਿਉਂ ਸੀਸ ਝੁਕਾਈਆ । ਕੋਟਨ ਕੋਟ ਨਹਾ ਨਹਾ ਥੱਕੇ ਤੀਰਥ ਤਟ, ਦੁਰਮਤ ਮੈਲ ਨਾ ਕੋਇ ਧਵਾਈਆ । ਸਚ ਸਿੰਘਾਸਣ ਪ੍ਰਭ ਬੈਠ ਪੁਰਖ ਸਮਰਥ, ਅਕਲ ਕਲ ਆਪਣੀ ਧਾਰ ਚਲਾਈਆ । ਚਲਾਵਣਹਾਰਾ ਸੱਚਾ ਰਥ, ਰਥ ਰਥਵਾਹੀ ਨਜ਼ਰ ਕਿਸੇ ਨਾ ਆਈਆ । ਅੰਤ ਭਗਵੰਤ ਵੇਖਣਹਾਰਾ ਖੇਲ ਤਮਾਸ਼, ਖ਼ਾਲਕ ਖ਼ਲਕ ਰੂਪ ਵਟਾਈਆ । ਜੋਤੀ ਜਾਤਾ ਹੋ ਪਰਗਟ, ਪਰਗਟ ਆਪਣਾ ਰਾਹ ਵਖਾਈਆ । ਲੇਖਾ ਜਾਣ ਚੌਦਾਂ ਲੋਕ ਚੌਦਾਂ ਤਬਕ ਜਗਤ ਹੱਟ, ਬਣ ਵਣਜਾਰਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਿੰਘਾਸਣ

ਇਕੋ ਡੇਰਾ ਲਾਈਆ । ਸਚ ਸਿੰਘਾਸਣ ਚੜ੍ਹੇ ਆਪ, ਤਖ਼ਤ ਨਿਵਾਸੀ ਦਇਆ ਕਮਾਇੰਦਾ । ਕਰੇ ਖੇਲ ਪੁਰਖ ਅਬਿਨਾਸ਼, ਦੂਸਰ ਸੰਗ ਨਾ ਕੋਇ ਮਿਲਾਇੰਦਾ । ਨਿਰਗੁਣ ਜੋਤ ਕਰ ਪਰਕਾਸ਼, ਲੋਕਮਾਤ ਰਾਹ ਜਣਾਇੰਦਾ । ਵੇਖਣਹਾਰਾ ਖੇਲ ਤਮਾਸ਼, ਮੰਡਲ ਆਪਣੀ ਰਾਸ ਵਖਾਇੰਦਾ । ਪੂਰੀ ਕਰਨਹਾਰਾ ਆਸ, ਭਗਤ ਭਗਵਾਨ ਮੇਲ ਮਿਲਾਇੰਦਾ । ਲੇਖਾ ਜਾਣ ਪ੍ਰਿਥਮੀ ਆਕਾਸ਼, ਡੂੰਘੇ ਸਾਗਰ ਫੋਲ ਫੁਲਾਇੰਦਾ । ਸ਼ਾਹੋ ਭੂਪ ਬਣ ਸ਼ਾਬਾਸ਼, ਸ਼ਹਿਨਸ਼ਾਹ ਆਪਣਾ ਹੁਕਮ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਿੰਘਾਸਣ ਇਕ ਸੁਹਾਇੰਦਾ । ਸਚ ਸਿੰਘਾਸਣ ਹਰਿ ਸੁਹੰਜਣਾ, ਸੋਭਾਵੰਤ ਸੁਹਾਈਆ । ਜਗੇ ਜੋਤ ਆਦਿ ਨਿਰੰਜਣਾ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਭਗਤ ਭਗਵਾਨ ਬਣੇ ਸੱਜਣਾ, ਘਰ ਮੇਲਾ ਸਹਿਜ ਸੁਭਾਈਆ । ਚਰਨ ਧੂੜ ਕਰਾਏ ਮਜਨਾ, ਇਕੋ ਅੰਮ੍ਰਿਤ ਨੀਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪਣੇ ਹੱਥ ਰਖਾਈਆ । ਸਾਚੀ ਕਰਨੀ ਰੱਖੇ ਹੱਥ, ਬੇਪਰਵਾਹ ਖੇਲ ਕਰਾਇੰਦਾ । ਜੁਗ ਚੌਕੜੀ ਮਥਨ ਮਥ, ਲੱਖ ਚੁਰਾਸੀ ਵੇਖ ਵਖਾਇੰਦਾ । ਕਲਜੁਗ ਅੰਤ ਹੋ ਪਰਗਟ, ਪਾਰਬ੍ਰਹਮ ਪ੍ਰਭ ਵੇਸ ਵਟਾਇੰਦਾ । ਕਰੇ ਖੇਲ ਪੁਰਖ ਸਮਰਥ, ਸਮਰਥ ਆਪਣਾ ਰਾਹ ਜਣਾਇੰਦਾ । ਸਚ ਦਵਾਰੇ ਆਪੇ ਵਸ, ਜਨ ਭਗਤਾਂ ਆਪ ਵਡਿਆਇੰਦਾ । ਮੇਲ ਮਿਲਾਵੇ ਨੱਸ ਨੱਸ, ਆਤਮ ਪਰਮਾਤਮ ਪੰਧ ਚੁਕਾਇੰਦਾ । ਨਿਝਰ ਦੇਵੇ ਇਕੋ ਰਸ, ਰਸ ਫਿਕਾ ਮੇਟ ਮਿਟਾਇੰਦਾ । ਕਰ ਕਿਰਪਾ ਪੂਰੀ ਕਰੇ ਆਸ, ਆਸਾ ਇਕੋ ਇਕ ਜਣਾਇੰਦਾ । ਸਚ ਸਿੰਘਾਸਣ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸਾਜਣ ਡੇਰਾ ਲਾਇੰਦਾ । ਸਚ ਸਿੰਘਾਸਣ ਡੇਰਾ ਇਕ, ਏਕੰਕਾਰ ਆਪ ਲਗਾਈਆ । ਆਦਿ ਜੁਗਾਦਿ ਲੇਖਾ ਲਿਖ, ਜੁਗ ਜੁਗ ਕਰੇ ਪੜ੍ਹਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਪਾਏ ਭਿਖ, ਗੀਤਾ ਗਿਆਨ ਅੰਜੀਲ ਕੁਰਾਨ ਨਾਲ ਮਿਲਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੰਡਣਹਾਰਾ ਹਿਸ, ਜ਼ਾਤ ਪਾਤ ਵਰਨ ਗੋਤ ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਖਾਣੀ ਬਾਣੀ ਜੇਰਜ ਅੰਡਜ ਉਤਭੁਜ ਸੇਤਜ ਬਣਤ ਬਣਾਈਆ । ਚਲਾਵਣਹਾਰ ਰਥ ਪੁਰਖ ਸਮਰਥ ਮਹਿਮਾ ਅਕਥ, ਬੋਧ ਅਗਾਧ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਅੱਖਰ ਵੱਖਰ ਕਰੇ ਜਣਾਈਆ । ਸ਼ਾਹ ਸੁਲਤਾਨ ਰਾਜ਼ ਰਾਜਾਨ ਭੂਪਤ ਭੂਪ ਮਾਰਗ ਦੱਸ, ਰੱਯਤ ਰਾਉ ਰੰਕ ਜੀਵ ਜੰਤ ਸਾਧ ਸੰਤ ਆਪਣਾ ਹੁਕਮ ਜਣਾਈਆ । ਲੇਖਾ ਜਾਣ ਜੁਗਾ ਜੁਗੰਤ, ਪਰਗਟ ਹੋ ਸ੍ਰੀ ਭਗਵੰਤ, ਮੇਲਾ ਨਾਰ ਕੰਤ, ਆਤਮ ਸੇਜਾ ਸਚ ਸੁਹੰਜਣੀ ਇਕ ਵਖਾਈਆ । ਸ਼ਬਦ ਅਗੰਮੀ ਮਣੀਆਂ ਮੰਤ, ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਗੜ੍ਹ ਤੋੜ੍ਹੇ ਹਉਮੇਂ ਹੰਗਤ, ਨਿਵਣ ਸੋ ਅੱਖਰ ਇਕ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਿੰਘਾਸਣ ਇਕ ਸੁਹਾਈਆ । ਸਚ ਸਿੰਘਾਸਣ ਹਰਿ ਸੁਹੌਣਾ, ਸੋ ਪੁਰਖ ਨਿਰੰਜਣ ਖੇਲ ਕਰਾਇੰਦਾ । ਹਰਿ ਪੁਰਖ ਨਿਰੰਜਣ ਵੇਸ ਵਟੌਣਾ, ਨਿਰਗੁਣ ਆਪਣੀ ਕਲ ਵਰਤਾਇੰਦਾ । ਏਕੰਕਾਰ ਬਲ ਰਖੌਣਾ, ਬਲ ਆਪਣਾ ਆਪ ਜਣਾਇੰਦਾ । ਆਦਿ ਨਿਰੰਜਣ ਦੀਪ ਡਗਮਗੌਣਾ, ਜੋਤੀ ਜੋਤ ਜੋਤ ਰੁਸ਼ਨਾਇੰਦਾ । ਸ੍ਰੀ ਭਗਵਾਨ ਸਾਚਾ ਹੁਕਮ ਸੁਣੌਣਾ, ਹੁਕਮੇ ਅੰਦਰ ਖੇਲ ਰਚਾਇੰਦਾ । ਅਬਿਨਾਸ਼ੀ ਕਰਤੇ ਸੀਸ ਝੁਕੌਣਾ, ਬਣ ਬਰਦਾ ਸੇਵ ਕਮਾਇੰਦਾ । ਪਾਰਬ੍ਰਹਮ ਪ੍ਰਭ ਪੜਦਾ ਲੌਹਣਾ, ਮੁਖ ਨਕਾਬ ਨਾ ਕੋਇ ਰਖਾਇੰਦਾ । ਤਖ਼ਤ ਨਿਵਾਸੀ ਸਾਚਾ ਤਖ਼ਤ ਇਕ ਵਡਿਔਣਾ, ਜਿਸ ਆਪਣਾ ਚਰਨ ਛੁਹਾਇੰਦਾ । ਭਗਤ ਦਵਾਰੇ ਆਪ ਵਛੌਣਾ, ਭਗਵਨ ਆਪਣੀ ਕਾਰ ਕਮਾਇੰਦਾ । ਸਾਚਾ ਸੰਗ

ਇਕ ਰਖੌਣਾ, ਏਕੰਕਾਰਾ ਸੰਗ ਜਣਾਇੰਦਾ । ਧੁਰ ਨਿਸ਼ਾਨਾ ਆਪ ਝੁਲੌਣਾ, ਦੋ ਜਹਾਨਾਂ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਨਿਸ਼ਾਨਾ ਇਕ ਵਡਿਆਇੰਦਾ । ਸਚ ਨਿਸ਼ਾਨਾ ਝੁੱਲੇ ਜੱਗ, ਜਗ ਜੀਵਣ ਦਾਤਾ ਆਪ ਝੁਲਾਈਆ । ਪਰਗਟ ਹੋ ਸੂਰਾ ਸਰਬੱਗ, ਨਿਹਕਲੰਕ ਖ਼ੁਸ਼ੀ ਮਨਾਈਆ । ਦੀਨ ਮਜ਼੍ਹਬ ਪਾਰ ਕਰ ਹੱਦ, ਆਤਮ ਪਰਮਾਤਮ ਰੰਗ ਰੰਗਾਈਆ । ਅਨਹਦ ਨਾਦ ਵਜਾਏ ਨਦ, ਅਨਰਾਗੀ ਰਾਗ ਸੁਣਾਈਆ । ਪਰੇਮ ਪਿਆਰ ਆਪਣੇ ਵਿਚੋਂ ਕੱਢ, ਜਨ ਭਗਤਾਂ ਝੋਲੀ ਪਾਈਆ । ਕੂੜੀ ਕਿਰਿਆ ਦੇਵੇ ਛੱਡ, ਸਚ ਸੁੱਚ ਕਰੇ ਕੁੜਮਾਈਆ । ਸਚ ਜਣਾਏ ਇਕੋ ਜਾਪ, ਆਤਮ ਪਰਮਾਤਮ ਢੋਲਾ ਆਪ ਸੁਣਾਈਆ । ਮੇਟ ਮਿਟਾਏ ਤੀਨੋਂ ਤਾਪ, ਤ੍ਰੈਗੁਣ ਅਗਨ ਨਾ ਲਾਗੇ ਰਾਈਆ । ਜਨਮ ਜਨਮ ਦਾ ਮੇਟੇ ਪਾਪ, ਕਰਮ ਕਾਂਡ ਰਹਿਣ ਨਾ ਪਾਈਆ । ਨਜ਼ਰੀ ਆਏ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਦਰਸ ਦਿਖਾਈਆ । ਨਿਜ ਆਤਮ ਕਰੇ ਵਾਸ, ਘਰ ਮੰਦਰ ਡੇਰਾ ਲਾਈਆ । ਸ਼ਬਦ ਜੋਤੀ ਜੋਤ ਜੋਤ ਪਰਕਾਸ਼, ਅਗਿਆਨ ਅੰਧੇਰ ਮਿਟਾਈਆ । ਲੇਖਾ ਜਾਣ ਪਵਣ ਸਵਾਸ, ਸਵਾਸ ਸਵਾਸਾਂ ਵਿਚ ਸਮਾਈਆ । ਸਾਚੇ ਤਖ਼ਤ ਬੈਠ ਸ਼ਾਹੋ ਸ਼ਾਬਾਸ਼, ਸ਼ਹਿਨਸ਼ਾਹ ਆਪਣਾ ਹੁਕਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਤਖ਼ਤ ਨਿਵਾਸੀ ਸਚ ਨਿਸ਼ਾਨਾ ਸਤਿ ਸਤਿਵਾਦੀ ਆਪ ਪਰਗਟਾਇੰਦਾ । ਵਖਾਵਣਹਾਰਾ ਦੋ ਜਹਾਨਾਂ, ਨਿਰਗੁਣ ਸਰਗੁਣ ਦੋਏ ਦੋਏ ਰੂਪ ਵਖਾਇੰਦਾ । ਦੇਵਣਹਾਰਾ ਬ੍ਰਹਮ ਗਿਆਨਾ, ਪਾਰਬ੍ਰਹਮ ਪ੍ਰਭ ਆਤਮ ਪਰਮਾਤਮ ਪਰਮਾਤਮ ਆਤਮ ਮੇਲ ਮਿਲਾਇੰਦਾ । ਸੁਣਾਵਣਹਾਰਾ ਰਾਗ ਤਰਾਨਾ, ਨਿਸ਼ਅੱਖਰ ਵੱਖਰ ਨਰ ਨਰਾਇਣ ਆਪ ਸੁਣਾਇੰਦਾ । ਬਿਠਾਵਣਹਾਰਾ ਸਚ ਬਬਾਣਾ, ਸ਼ਬਦ ਅਗੰਮੀ ਆਪ ਉਡਾਇੰਦਾ । ਵਖਾਵਣਹਾਰਾ ਸਚ ਮਕਾਨਾ, ਸਚਖੰਡ ਕੁੰਡਾ ਆਪੇ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਵਖਾਇੰਦਾ । ਆਪਣਾ ਰੰਗ ਰੰਗੇ ਕਰਤਾਰ, ਕਰਤਾ ਭੁੱਲ ਕਦੇ ਨਾ ਜਾਈਆ । ਕਲਜੁਗ ਅੰਤਮ ਲੈ ਅਵਤਾਰ, ਨਿਰਗੁਣ ਆਪਣਾ ਵੇਸ ਵਟਾਈਆ । ਵੇਦ ਵਿਆਸਾ ਕਰੇ ਵਿਚਾਰ, ਉਚੇ ਟਿੱਲੇ ਪਰਬਤ ਬੈਠਾ ਧਿਆਨ ਲਗਾਈਆ । ਬ੍ਰਹਿਮਣ ਗੌੜਾ ਪੂਤ ਸਪੂਤਾ ਪਰਗਟ ਹੋਏ ਨੌਜਵਾਨ, ਨੱਯਾ ਨੌਕਾ ਦੋ ਜਹਾਨ ਚਲਾਈਆ । ਈਸਾ ਮੂਸਾ ਕਰੇ ਧਿਆਨ, ਮੁਹੰਮਦ ਚਰਨ ਕਵਲ ਇਕੋ ਆਸ ਰਖਾਈਆ । ਪਰਗਟ ਹੋਏ ਹੱਕ ਅਮਾਮ, ਪਰਵਰਦਿਗਾਰ ਸੱਚਾ ਮਾਹੀਆ । ਸਚ ਸੁਣਾਏ ਇਕ ਕਲਾਮ, ਕਲਮਾ ਨਬੀ ਰਸੂਲ ਪੜ੍ਹਾਈਆ । ਨਾਨਕ ਨਿਰਗੁਣ ਵੇਖੇ ਮਾਰ ਧਿਆਨ, ਆਦਿ ਨਿਰੰਜਣ ਨੂਰ ਕਰੇ ਰੁਸ਼ਨਾਈਆ । ਪਰਗਟ ਹੋਏ ਜੋਧਾ ਸੂਰਬੀਰ ਬਲਵਾਨ, ਬਲ ਆਪਣਾ ਆਪ ਰਖਾਈਆ । ਗੋਬਿੰਦ ਵੇਖੇ ਪੁਰਖ ਅਕਾਲ, ਅਕਲ ਕਲ ਹਰਿ ਅਖਵਾਈਆ । ਲੇਖਾ ਜਾਣੇ ਦੋ ਜਹਾਨ, ਨਿਰਗੁਣ ਸਰਗੁਣ ਕਾਰ ਕਮਾਈਆ । ਅੰਤਮ ਆਵੇ ਬਣ ਪਰਧਾਨ, ਸਚ ਪਰਧਾਨਗੀ ਇਕ ਕਮਾਈਆ । ਸ਼ਹਿਨਸ਼ਾਹ ਭੂਪ ਬਣ ਰਾਜਾਨ, ਰੱਯਤ ਵੇਖੇ ਜਗਤ ਲੋਕਾਈਆ । ਸੱਤ ਰੰਗ ਨਿਸ਼ਾਨ ਝੁਲਾਏ ਆਣ, ਰਾਜ ਰਾਜਾਨਾਂ ਹੁਕਮ ਸੁਣਾਈਆ । ਸਤਿ ਸਤਿਵਾਦੀ ਬਣਾਏ ਇਕ ਵਿਧਾਨ, ਧਾਰਾ ਇਕੋ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਜਣਾਈਆ । ਸਾਚਾ ਹੁਕਮ ਦੇਵੇ ਭਗਵਾਨ, ਭਗਵਨ ਦਇਆ ਕਮਾਇੰਦਾ । ਸਤਿ ਧਰਮ ਦਾ ਝੁੱਲੇ ਨਿਸ਼ਾਨ, ਜਗਤ ਨਿਸ਼ਾਨਾ ਮੇਟ ਮਿਟਾਇੰਦਾ । ਨੌਂ ਖੰਡ ਪ੍ਰਿਥਮੀ ਇਕ ਗਿਆਨ, ਆਤਮ ਪਰਮਾਤਮ ਆਪ ਪੜ੍ਹਾਇੰਦਾ । ਸੱਤਾਂ ਦੀਪਾਂ ਇਕ ਰਾਜਾਨ, ਸ਼ਹਿਨਸ਼ਾਹ ਇਕੋ ਨਜ਼ਰੀ ਆਇੰਦਾ । ਲੱਖ

ਚੁਰਾਸੀ ਇਕ ਧਿਆਨ, ਬੰਧਨ ਇਕੋ ਇਕ ਪਾਇੰਦਾ । ਚਾਰ ਵਰਨਾਂ ਇਕ ਮਕਾਨ, ਗੁਰ ਇਸ਼ਟ ਦੇਵ ਇਕੋ ਇਕ ਸਮਝਾਇੰਦਾ । ਚਾਰੇ ਖਾਣੀ ਇਕ ਨਿਸ਼ਾਨ, ਚਾਰ ਕੁੰਟ ਵਖਾਇੰਦਾ । ਚਾਰੇ ਬਾਣੀ ਕਰ ਪਰਵਾਨ, ਨਾਮ ਬਾਣ ਤੀਰ ਚਲਾਇੰਦਾ । ਚੌਥੇ ਪਦ ਹੋ ਪਰਧਾਨ, ਸਚ ਸਿੰਘਾਸਣ ਇਕ ਵਛਾਇੰਦਾ । ਕਲਜੁਗ ਅੰਤ ਕਰ ਕਲਿਆਣ, ਭੇਵ ਆਪਣੇ ਵਿਚ ਰਖਾਇੰਦਾ । ਸਤਿਜੁਗ ਸਤਿ ਸੁੱਤ ਦੇ ਮਾਣ, ਸਤਿ ਸਤਿਵਾਦੀ ਰਾਹ ਵਖਾਇੰਦਾ । ਹਰਿ ਪੁਰਖ ਨਿਰੰਜਣ ਨੌਜਵਾਨ, ਨੌਬਤ ਆਪਣੇ ਨਾਮ ਵਜਾਇੰਦਾ । ਸ੍ਰਿਸ਼ਟ ਸਬਾਈ ਇਕ ਚਰਨ ਕਰਾਏ ਧਿਆਨ, ਧਿਆਨ ਧਿਆਨ ਵਿਚ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਤਖ਼ਤ ਇਕੋ ਇਕ ਪਰਗਟਾਇੰਦਾ । ਸਾਚਾ ਤਖ਼ਤ ਪਰਗਟ ਮਾਤ, ਹਰਿ ਸਤਿਗੁਰ ਆਪ ਪਰਗਟਾਈਆ । ਚਾਰ ਵਰਨ ਬਣਾਏ ਇਕ ਜਮਾਤ, ਊਚ ਨੀਚ ਨਾ ਕੋਇ ਰਖਾਈਆ । ਸ੍ਰਿਸ਼ਟ ਸਬਾਈ ਬਣੇ ਸੱਜਣ ਸਾਕ, ਨਾਤਾ ਇਕੋ ਘਰ ਵਖਾਈਆ । ਮੁਰਸ਼ਦ ਮੁਰੀਦਾਂ ਕਰੇ ਪਾਕ, ਪਤਤ ਪੁਨੀਤ ਦਇਆ ਕਮਾਈਆ । ਸ੍ਰੀ ਭਗਵਾਨ ਸਾਚੀ ਦੇਵੇ ਭਾਖਿਆ ਭਾਖ, ਭਵਿਖਤ ਲੇਖਾ ਦਏ ਜਣਾਈਆ । ਪਾਰਬ੍ਰਹਮ ਬ੍ਰਹਮ ਬਣੇ ਸਾਕ, ਘਰ ਮੇਲਾ ਸਹਿਜ ਸੁਭਾਈਆ । ਆਤਮ ਪਰਮਾਤਮ ਖੋਲ੍ਹੇ ਤਾਕ, ਦੂਈ ਦਵੈਤੀ ਪੜਦਾ ਲਾਹੀਆ । ਸਾਚੇ ਗ੍ਰਿਹਿ ਵਖਾਏ ਘਾਟ, ਸਰੋਵਰ ਤਟ ਤੀਰਥ ਇਕੋ ਨਜ਼ਰੀ ਆਈਆ । ਕਲਜੁਗ ਕੂੜੀ ਮਿਟੇ ਵਾਟ, ਸਤਿਜੁਗ ਮਾਰਗ ਇਕ ਲਗਾਈਆ । ਪਾਰਬ੍ਰਹਮ ਪ੍ਰਭ ਮਿਲੇ ਕਮਲਾਪਾਤ, ਕਵਲ ਨੈਣ ਦਰਸ ਦਿਖਾਈਆ । ਚਤਰਭੁਜ ਸਾਖਿਆਤ, ਸਾਹਿਬ ਆਪਣਾ ਵੇਸ ਵਟਾਈਆ । ਆਦਿ ਸ਼ਕਤ ਸਾਥ ਸਾਥ, ਨੂਰ ਨੂਰਾਨਾ ਕਰ ਰੁਸ਼ਨਾਈਆ । ਪਰਵਰਦਿਗਾਰ ਦੇਵੇ ਦਾਤ, ਬੇਨਜ਼ੀਰ ਝੋਲੀ ਪਾਈਆ । ਪੀਰ ਪੈਗ਼ੰਬਰ ਬਹੌਣਾ ਇਕ ਜਮਾਤ, ਦੋ ਦੋ ਆਬ ਮੇਲ ਮਿਲਾਈਆ । ਲੇਖਾ ਜਾਣੇ ਮੱਕਾ ਕਾਅਬ, ਕਾਅਬਾ ਇਕੋ ਇਕ ਦ੍ਰਿੜਾਈਆ । ਮੰਦਰ ਮਸਜਦ ਪੂਜਾ ਪਾਠ, ਕਾਇਆ ਬੰਕ ਇਕ ਵਖਾਈਆ । ਲੇਖਾ ਜਾਣ ਪੁਰਖ ਸਮਰਾਥ, ਸਰਬ ਸ੍ਰਿਸ਼ਟ ਦਏ ਸਮਝਾਈਆ । ਸਚ ਸਿੰਘਾਸਣ ਬਹੇ ਆਪ, ਆਪ ਆਪਣੀ ਕਲ ਵਰਤਾਈਆ । ਜਨ ਭਗਤਾਂ ਬਣੇ ਮਾਈ ਬਾਪ, ਪਿਤਾ ਪੂਤ ਗੋਦ ਉਠਾਈਆ । ਲੱਖ ਚੁਰਾਸੀ ਵਿਚੋਂ ਕਾਢ, ਨਿਰਗੁਣ ਆਪਣਾ ਜੋੜ ਜੁੜਾਈਆ । ਸਾਚੇ ਦਰ ਲਡਾਏ ਲਾਡ, ਹਰਿ ਮੰਦਰ ਇਕ ਵਖਾਈਆ । ਧਰਮ ਨਿਸ਼ਾਨਾ ਦੇਵੇ ਗਾਡ, ਸੱਤ ਰੰਗਾ ਆਪ ਲਹਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਇਕ ਸਿੰਘਾਸਣ ਦਏ ਉਪਜਾਈਆ । ਇਕ ਸਿੰਘਾਸਣ ਉਪਜੇ ਮਾਤ, ਸ੍ਰੀ ਭਗਵਾਨ ਆਪ ਉਪਜਾਇੰਦਾ । ਕਲਜੁਗ ਮਿਟੇ ਅੰਧੇਰੀ ਰਾਤ, ਜਗਤ ਅੰਧੇਰਾ ਆਪ ਗਵਾਇੰਦਾ । ਸਤਿਜੁਗ ਸਤਿ ਕਰ ਪਰਕਾਸ਼, ਧੁਰ ਧਰਮ ਵੇਖ ਵਖਾਇੰਦਾ । ਕੂੜੀ ਕਿਰਿਆ ਮੇਟ ਨਾਰ ਕਮਜ਼ਾਤ, ਕਮਲਾਪਾਤੀ ਆਪਣੇ ਰੰਗ ਰੰਗਾਇੰਦਾ । ਸਚ ਸੁਣਾਏ ਇਕੋ ਗਾਥ, ਸੋਹੰ ਢੋਲਾ ਆਪ ਪੜ੍ਹਾਇੰਦਾ । ਅੰਤਰ ਬਾਹਰ ਗੁਪਤ ਜ਼ਾਹਰ ਦੇਵੇ ਸਾਥ, ਸਗਲਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਕਲ ਵਖਾਇੰਦਾ । ਆਪਣੀ ਕਲ ਰੱਖੇ ਕਲ, ਕਲਜੁਗ ਅੰਤਮ ਫੇਰਾ ਪਾਈਆ । ਕਰੇ ਖੇਲ ਅਛਲ ਅਛੱਲ, ਵਲ ਛਲ ਧਾਰੀ ਬੇਪਰਵਾਹੀਆ । ਸਚ ਸਿੰਘਾਸਣ ਇਕੋ ਮੱਲ, ਨਿਰਗੁਣ ਸਰਗੁਣ ਵੇਖੇ ਚਾਈਂ ਚਾਈਆ । ਪਾਵੇ ਸਾਰ ਜਲ ਥਲ, ਡੂੰਘੇ ਸਾਗਰ ਉਚੇ ਟਿੱਲੇ ਪਰਬਤ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਮੰਦਰ ਇਕ ਵਖਾਈਆ ।

ਸਾਚਾ ਮੰਦਰ ਸਚ ਮਹੱਲਾ, ਹਰਿ ਸਾਚਾ ਸਚ ਪਰਗਟਾਇੰਦਾ । ਨਿਰਗੁਣ ਬੈਠਾ ਇਕ ਇਕੱਲਾ, ਸਰਗੁਣ ਰਾਹ ਚਲਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਪਕੜਨ ਪੱਲਾ, ਪੱਲੂ ਗੰਢ ਬੰਧਾਇੰਦਾ । ਲੇਖਾ ਚੁਕਾਏ ਰਾਣੀ ਅੱਲਾ, ਮੀਆਂ ਵੇਸ ਵਟਾਇੰਦਾ । ਰਾਮ ਰਹੀਮ ਮੇਟੇ ਸੱਲਾ, ਦੂਈ ਦਵੈਤੀ ਪੰਧ ਮੁਕਾਇੰਦਾ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਚਾਰ ਖਾਣੀ ਆਪੇ ਰਲਾ, ਦੂਜੀ ਵੰਡ ਨਾ ਕੋਇ ਵੰਡਾਇੰਦਾ । ਸ਼ਬਦ ਸੰਦੇਸ਼ ਆਦਿ ਜੁਗਾਦਿ ਜੁਗਾ ਜੁਗੰਤਰ ਘੱਲਾ, ਅੱਖਰ ਵੱਖਰ ਲਿਖ ਲਿਖ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮੰਦਰ ਇਕੋ ਇਕ ਵਡਿਆਇੰਦਾ । ਸੋ ਮੰਦਰ ਵੱਡਾ ਹੋਏ ਜੱਗ, ਜਿਸ ਸਾਹਿਬ ਆਪ ਵਡਿਆਈਆ । ਨਿਰਮਲ ਦੀਪਕ ਜੋਤ ਜਾਏ ਜਗ, ਅੰਧ ਅੰਧੇਰ ਗਵਾਈਆ । ਭਗਤ ਭਗਵਾਨ ਲਏ ਸੱਦ, ਘਰ ਆਪਣਾ ਆਪ ਵਖਾਈਆ । ਰਲ ਮਿਲ ਇਕੋ ਗਾਓ ਛੰਦ, ਸੋਹੰ ਢੋਲਾ ਨਾਦ ਅਲਾਈਆ । ਕੂੜੀ ਕਿਰਿਆ ਤਜੋ ਗੰਦ, ਸਚ ਸੁੱਚ ਝੋਲੀ ਪਾਈਆ । ਖ਼ੁਸ਼ੀ ਕਰੇ ਬੰਦ ਬੰਦ, ਬੰਦੀਖ਼ਾਨਾ ਤੋੜ ਤੁੜਾਈਆ । ਘਰ ਵਖਾਏ ਸਾਚਾ ਚੰਦ, ਚੰਦ ਨੂਰ ਜੋਤ ਰੁਸ਼ਨਾਈਆ । ਆਤਮ ਪਰਮਾਤਮ ਇਕ ਅਨੰਦ, ਦੁੱਖ ਦਰਦ ਦਏ ਗਵਾਈਆ । ਨਾਤਾ ਤੋੜ ਭੇਖ ਪਖੰਡ, ਏਕਾ ਨਾਮ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਦਰ ਇਕ ਜਣਾਈਆ । ਸਾਚਾ ਮੰਦਰ ਉਚ ਅਟਾਰੀ, ਊਚੋ ਊਚ ਅਖਵਾਇੰਦਾ । ਨਿਰਗੁਣ ਜੋਤ ਜਗੇ ਨਿਰੰਕਾਰੀ, ਪੁਰਖ ਅਕਾਲ ਵੇਸ ਵਟਾਇੰਦਾ । ਆਦਿ ਜੁਗਾਦੀ ਸ਼ਾਹ ਸਿਕਦਾਰੀ, ਸ਼ਹਿਨਸ਼ਾਹ ਆਪਣਾ ਹੁਕਮ ਮਨਾਇੰਦਾ । ਕਲਜੁਗ ਖੇਲ ਅਗੰਮ ਅਪਾਰੀ, ਬੇਪਰਵਾਹ ਅਥਾਹ ਪੜਦਾ ਆਪ ਚੁਕਾਇੰਦਾ । ਲੇਖਾ ਜਾਣ ਧੁਰ ਦਰਬਾਰੀ, ਧੁਰ ਦੀ ਕਾਰ ਆਪ ਕਮਾਇੰਦਾ । ਨਿਹਕਲੰਕ ਨਰਾਇਣ ਨਰ ਅਵਤਾਰੀ, ਨਿਰਗੁਣ ਆਪਣਾ ਵੇਸ ਵਟਾਇੰਦਾ । ਕਰੇ ਖੇਲ ਵਿਚ ਸੰਸਾਰੀ, ਵਡ ਸੰਸਾਰੀ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਦਰ ਆਪ ਵਡਿਆਇੰਦਾ । ਸਾਚਾ ਮੰਦਰ ਵਡਿਆਏ ਭਗਵਾਨ, ਭਗਵਨ ਦਇਆ ਕਮਾਈਆ । ਜਿਸ ਉਪਰ ਝੁੱਲੇ ਧਰਮ ਨਿਸ਼ਾਨ, ਵਿਸ਼ਨ ਬ੍ਰਹਮਾ ਸ਼ਿਵ ਧਿਆਨ ਲਗਾਈਆ । ਜਿਸ ਗ੍ਰਿਹਿ ਗੁਰ ਪੀਰ ਅਵਤਾਰ ਮਿਲੇ ਗਿਆਨ, ਨਾਮ ਵਸਤ ਰਿਹਾ ਵਰਤਾਈਆ । ਜਿਸ ਗ੍ਰਿਹਿ ਇਕੋ ਦੀਪਕ ਜਗੇ ਮਹਾਨ, ਤੇਲ ਬਾਤੀ ਨਾ ਕੋਇ ਰਖਾਈਆ । ਸੋ ਕਲਜੁਗ ਅੰਤ ਕਰੇ ਪਰਧਾਨ, ਸਾਹਿਬ ਸਤਿਗੁਰ ਫੇਰਾ ਪਾਈਆ । ਭਗਤਨ ਮੇਲਾ ਵਿਚ ਜਹਾਨ, ਦੋ ਜਹਾਨਾਂ ਵਾਲੀ ਆਪ ਕਰਾਈਆ । ਚੌਥੇ ਜੁਗ ਦਾ ਇਕ ਨਿਸ਼ਾਨ, ਸਾਢੇ ਤਿੰਨ ਹੱਥ ਦਏ ਵਡਿਆਈਆ । ਉਪਰ ਚੜ੍ਹ ਵੇਖੇ ਭਗਵਾਨ, ਆਖ਼ਰ ਆਪਣਾ ਕਦਮ ਟਿਕਾਈਆ । ਦਸਮ ਦਵਾਰੀ ਅਧਵਿਚਕਾਰੀ ਨੇਤਰ ਨੈਣ ਸ਼ਰਮਾਣ, ਸ਼ਾਸਤਰ ਸਿਮਰਤ ਦੇਣ ਗਵਾਹੀਆ । ਸਾਚੇ ਤਖ਼ਤ ਬਹੇ ਨੌਜਵਾਨ, ਹੁਕਮ ਇਕੋ ਇਕ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਿੰਘਾਸਣ ਆਪੇ ਚੜ੍ਹ ਕੇ, ਸ਼ਾਹ ਸੁਲਤਾਨ ਨਿਰਗੁਣ ਸਰਗੁਣ ਫੜ ਕੇ, ਭਾਣਾ ਇਕੋ ਇਕ ਮਨਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਕਰਨੀ ਜਾਏ ਕਰ ਕੇ, ਪਿਛਲੀ ਕਰਨੀ ਜਗਤ ਉਲਟਾਈਆ ।

## ❇ ੧੩ ਫੱਗਣ ੨੦੧੯ ਬਿਕ੍ਰਮੀ ਗੁਰਚਰਨ ਸਿੰਘ ਦੇ ਗ੍ਰਿਹ ਚਾਂਕੀਆਂ ਪੁਰੀ ਨਵੀਂ ਦਿਲੀ ❇

ਸ਼ਾਹ ਪਾਤਸ਼ਾਹ ਸਾਹਿਬ ਮਰਗਿੰਦ, ਮਹਿਬੂਬ ਤੇਰੀ ਵਡਿਆਈਆ । ਦੋ ਜਹਾਨ ਤੇਰੇ ਨਾਮ ਵੱਜੇ ਕਿੰਗ, ਕਿੰਗਰੀ ਕਿੰਗਰੀ ਨਾਦ ਸੁਣਾਈਆ । ਰਾਹ ਤੱਕਣ ਵਿਸ਼ਨ ਬ੍ਰਹਮਾ ਸ਼ਿਵ ਇੰਦ, ਕਰੋੜ ਤੇਤੀਸ ਨੈਣ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਸਾਹਿਬ ਬਖ਼ਸ਼ਿੰਦ, ਭਗਤ ਭਗਵਾਨ ਮੇਲ ਮਿਲਾਈਆ । ਸੰਤ ਸਾਜਣ ਕਹਿਣ ਗਹਿਰ ਗੰਭੀਰ ਗੁਣੀ ਗਹਿੰਦ, ਗਵਰਾ ਆਪਣੀ ਖੇਲ ਕਰਾਈਆ । ਗੁਰਮੁਖ ਕਹਿਣ ਸਦ ਮੇਟੇ ਚਿੰਦ, ਚਿੰਤਾ ਰੋਗ ਗਵਾਈਆ । ਗੁਰਸਿਖ ਕਹਿਣ ਅੰਮ੍ਰਿਤ ਧਾਰ ਬਖ਼ਸ਼ੇ ਬੂੰਦ ਸਾਗਰ ਸਿੰਧ, ਸਰੋਵਰ ਇਕੋ ਇਕ ਨੁਹਾਈਆ । ਮਨਮੁਖ ਕਹਿਣ ਕਾਲ ਦਵਾਰੇ ਕੱਢੇ ਜਿੰਦ, ਮਹਾਂਕਾਲ ਭੈ ਜਣਾਈਆ । ਸ੍ਰੀ ਭਗਵਾਨ ਕਹੇ ਆਦਿ ਜੁਗਾਦੀ ਮੇਰੀ ਇਕੋ ਬਿੰਦ, ਸ਼ਬਦੀ ਸੁਤ ਵਡਿਆਈਆ । ਲੇਖਾ ਜਾਣੇ ਜੀਉ ਪਿੰਡ, ਬ੍ਰਹਿਮੰਡ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਜਣਾਈਆ । ਸਾਚਾ ਖੇਲ ਸਚ ਦਵਾਰ, ਸਚ ਸਾਚਾ ਸਚ ਕਰਾਇੰਦਾ । ਸਾਚਾ ਮੇਲ ਸਚ ਨਿਰੰਕਾਰ, ਸਚ ਸਾਚਾ ਜੋੜ ਜੁੜਾਇੰਦਾ । ਸਾਚਾ ਨੂਰ ਜੋਤ ਉਜਿਆਰ, ਸਚ ਸਾਚਾ ਡਗਮਗਾਇੰਦਾ । ਸਾਚਾ ਮੰਦਰ ਖੋਲ੍ਹ ਕਿਵਾੜ, ਸਚ ਸਾਚਾ ਆਸਣ ਲਾਇੰਦਾ । ਸਾਚਾ ਨਾਮ ਸਤਿ ਸਤਾਰ, ਸਚ ਸਾਚਾ ਆਪ ਸੁਣਾਇੰਦਾ । ਸਾਚਾ ਰੰਗ ਅਗੰਮ ਅਪਾਰ, ਸਚ ਸਾਚਾ ਆਪ ਚੜ੍ਹਾਇੰਦਾ । ਸਾਚਾ ਅਨੰਦ ਵਿਚ ਸੰਸਾਰ, ਹਰਿ ਸਾਚਾ ਸਚ ਜਣਾਇੰਦਾ । ਸਾਚਾ ਚੰਦ ਤੇਜ ਪਰਕਾਸ਼, ਸਚ ਸਾਚਾ ਆਪ ਚਮਕਾਇੰਦਾ । ਸਾਚਾ ਪੰਧ ਸਰਬ ਗੁਣਤਾਸ, ਸਚ ਸਾਚਾ ਆਪ ਚੁਕਾਇੰਦਾ । ਸਾਚਾ ਬਖ਼ਸ਼ੰਦ ਸਚ ਸਿਰਜਣਹਾਰ, ਸਚ ਸਾਚਾ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਚ ਸਾਚਾ ਸਾਹਿਬ ਸੁਲਤਾਨ, ਸਾਚੀ ਕਾਰ ਕਮਾਈਆ । ਤਖ਼ਤ ਨਿਵਾਸੀ ਨਿਗਹਬਾਨ, ਬਿਨ ਅੱਖਾਂ ਵੇਖ ਵਖਾਈਆ । ਓਮ ਆਮ ਖੇਲ ਮਹਾਨ, ਹਰਿ ਖ਼ਾਲਕ ਵੇਖ ਵਖਾਈਆ । ਧਰਮ ਸੰਦੇਸ ਸਤਿ ਗਿਆਨ, ਸਚ ਕਰੇ ਪੜ੍ਹਾਈਆ । ਨਾਮ ਪਰਧਾਨ ਪਰਮ ਨਿਸ਼ਾਨ, ਦੋ ਜਹਾਨ ਝੁਲਾਈਆ । ਭਗਤ ਮਕਾਨ ਸੰਤਨ ਦਾਨ ਗੁਰਮੁਖ ਅਸ਼ਨਾਨ ਗੁਰਸਿਖ ਮਾਣ, ਹਰਿ ਸਤਿਗੁਰ ਸਿਰ ਹੱਥ ਟਿਕਾਈਆ । ਨਾਤਾ ਜਹਾਨ ਬਿਧਾਤਾ ਭਗਵਾਨ, ਬੂੰਦ ਸਵਾਂਤਾ ਪੀਣ ਖਾਣ, ਮਿਹਰਵਾਨ ਇਕੋ ਏਕ ਏਕ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸਚ ਸਚ ਰਿਹਾ ਸਮਝਾਈਆ । ਸਚ ਜਾਣ ਹੋਏ ਸਚ, ਸਚ ਸਚ ਦ੍ਰਿੜਾਇੰਦਾ । ਨਾਤਾ ਤੁਟੇ ਮਾਟੀ ਕੱਚ, ਕੱਚ ਕੰਚਨ ਰੂਪ ਵਖਾਇੰਦਾ । ਰਾਮ ਰਹੀਮ ਅੰਦਰ ਰਚ, ਰਚ ਰਚ ਏਕਾ ਰਾਹ ਵਖਾਇੰਦਾ । ਲੱਖ ਚੁਰਾਸੀ ਕੋਲੋਂ ਬਚ, ਬਚ ਬਚ ਆਪਣਾ ਮੁਖ ਛੁਪਾਇੰਦਾ । ਜਨ ਭਗਤਾਂ ਮਾਰਗ ਭਗਤੀ ਦੱਸ, ਭਗਵਨ ਆਪਣਾ ਭੇਵ ਖੁਲਾਇੰਦਾ । ਨਿਰਗੁਣ ਸਰਗੁਣ ਦਵਾਰੇ ਆਏ ਨੱਸ, ਨੱਸ ਨੱਸ ਬਣ ਪਾਂਧੀ ਪੰਧ ਮੁਕਾਇੰਦਾ । ਪਾਰਬ੍ਰਹਮ ਪਤਿਪਰਮੇਸ਼ਵਰ ਪਰਮ ਪੁਰਖ ਆਪਣੀ ਪੂਰੀ ਕਰੇ ਆਸ, ਆਸਾ ਜਨ ਭਗਤਾਂ ਮੇਲ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਚ ਆਪ ਵਡਿਆਇੰਦਾ । ਸਚ ਸਚ ਸਰਬ ਗੁਣ ਮੀਤ, ਗੁਣਵੰਤਾ ਆਪ ਜਣਾਈਆ । ਸਚ ਸਚ ਸਦਾ ਅਤੀਤ, ਤ੍ਰੈਗੁਣ ਲੇਖਾ ਰਿਹਾ ਮੁਕਾਈਆ । ਸਚ ਸਚ ਹਰਿ ਸਚ ਪ੍ਰੀਤ, ਪ੍ਰੀਤੀਵਾਨ ਇਕ ਸਮਝਾਈਆ । ਸਚ ਸਚ ਹਰਿ ਸਾਚਾ ਗੀਤ, ਸੋਹੰ ਢੋਲਾ ਕਰੇ ਪੜ੍ਹਾਈਆ । ਸਚ



੮੮੪
੧੩

ਸਚ ਹਰਿ ਸਾਚੀ ਨੀਤ, ਆਤਮ ਪਰਮਾਤਮ ਇਕੋ ਨਜ਼ਰੀ ਆਈਆ । ਸਚ ਸਚ ਮੇਟੇ ਅੰਧੇਰਾ ਤਾਰੀਕ, ਅੰਧ ਅੰਧੇਰ ਗਵਾਈਆ । ਸਚ ਸਚ ਨਜ਼ਰ ਦਰਸਾਏ ਲਾਸ਼ਰੀਕ, ਵਾਹਦ ਇਕੋ ਰੂਪ ਵਖਾਈਆ । ਸਚ ਸਚ ਨਿਸ਼ਾਨਾ ਦੱਸੇ ਠੀਕ, ਗੁਰਚਰਨ ਮਿਲੇ ਵਡਿਆਈਆ । ਸਚ ਸਚ ਮਾਣਸ ਮਾਨੁਖ ਮਾਨਵ ਜਨਮ ਜਾਏ ਜੀਤ, ਆਵਣ ਜਾਵਣ ਫੰਦ ਕਟਾਈਆ । ਸਚ ਸਚ ਕਾਇਆ ਕਰੇ ਠਾਂਡੀ ਸੀਤ, ਸੀਤਲ ਧਾਰ ਇਕ ਵਖਾਈਆ । ਸਚ ਸਚ ਸਚ ਦ੍ਰਿੜਾਏ ਹਸਤ ਕੀਟ, ਊਚ ਨੀਚ ਇਕ ਵਡਿਆਈਆ । ਸਚ ਸਚ ਗੁਰਸਿਖ ਨੰਗੀ ਹੋਣ ਨਾ ਦੇਵੇ ਪੀਠ, ਪੁਸ਼ਤ ਦਰ ਪੁਸ਼ਤ ਸਿਰ ਆਪਣਾ ਹੱਥ ਟਿਕਾਈਆ । ਸਚ ਸਚ ਮਿੱਠਾ ਕਰੇ ਕੌੜਾ, ਰੀਠ, ਅੰਮ੍ਰਿਤ ਮਿੱਠਾ ਰਸ ਭਰਾਈਆ । ਸਚ ਸਚ ਖ਼ਾਲੀ ਭਰੇ ਆਪ ਖੀਸ, ਨਾਮ ਭੰਡਾਰਾ ਝੋਲੀ ਪਾਈਆ । ਸਚ ਸਚ ਲੇਖਾ ਚੁਕਾਏ ਦੰਦ ਬੱਤੀਸ, ਰਸਨਾ ਜਿਹਵਾ ਪੰਧ ਮੁਕਾਈਆ । ਸਚ ਸਚ ਮੇਲ ਮਿਲਾਏ ਹਰਿ ਜਗਦੀਸ, ਜਗਦੀਸ ਘਰ ਵਿਚ ਨਜ਼ਰੀ ਆਈਆ । ਸਚ ਸਚ ਨਾਮ ਨਿਧਾਨ ਸੁਣਾਏ ਇਕ ਹਦੀਸ, ਕਲਮਾ ਨਬੀ ਰਸੂਲ ਜਣਾਈਆ । ਸਚ ਸਚ ਭਗਤ ਭਗਵੰਤ ਇਕ ਦੂਜੇ ਨੂੰ ਕਰਨ ਅਸੀਸ, ਨਿਉਂ ਨਿਉਂ ਸੀਸ ਝੁਕਾਈਆ । ਸਚ ਸਚ ਲੇਖਾ ਜਾਣੇ ਬੀਸ ਬੀਸ, ਬੀਸ ਬੀਸਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਕਰਾਈਆ । ਸਚ ਸਚ ਸਚ ਸਿੰਘਾਸਣ, ਸਚ ਸਚ ਸੋਭਾ ਪਾਇੰਦਾ । ਸਚ ਸਚ ਪੁਰਖ ਅਬਿਨਾਸ਼ਨ, ਸਚ ਸਚ ਕਾਰ ਕਮਾਇੰਦਾ । ਸਚ ਸਚ ਦਾਸੀ ਦਾਸਨ, ਸਚ ਸਚ ਸੇਵਕ ਸੇਵਾ ਆਪਣੇ ਹੱਥ ਰਖਾਇੰਦਾ । ਸਚ ਸਚ ਖੇਲ ਪ੍ਰਿਥਮੀ ਆਕਾਸਨ, ਸਚ ਸਚ ਆਕਾਸ਼ ਪਰਕਾਸ਼ ਸੋਭਾ ਪਾਇੰਦਾ । ਸਚ ਸਚ ਵਿਸ਼ਨ ਬ੍ਰਹਮਾ ਸ਼ਿਵ ਪੂਰੀ ਕਰੇ ਆਸਨ, ਸਚ ਸਚ ਆਸਾ ਤ੍ਰਿਸ਼ਨਾ ਸਭ ਦੀ ਮੇਟ ਮਿਟਾਇੰਦਾ । ਸਚ ਸਚ ਗੁਰ ਅਵਤਾਰ ਪੀਰ ਪੈਗ਼ੰਬਰ ਹਰਿ ਸੱਚਾ ਕਰੇ ਭੋਗ ਬਲਾਸਨ, ਨਾਰ ਕੰਤ ਨਿਰਗੁਣ ਸਚ ਸਚ ਖੇਲ ਕਰਾਇੰਦਾ । ਸਚ ਸਚ ਲੱਖ ਚੁਰਾਸੀ ਆਤਮ ਬ੍ਰਹਮ ਘਟ ਘਟ ਕਰੇ ਵਾਸਨ, ਸਚ ਸਚ ਪਾਰਬ੍ਰਹਮ ਬ੍ਰਹਮ ਸਾਚਾ ਵੰਡ ਵੰਡਾਇੰਦਾ । ਸਚ ਸਚ ਸ਼ਬਦ ਧੁਨ ਰਾਗ ਅਨਾਦ ਸ਼ਾਹੋ ਸ਼ਾਬਾਸ਼ਨ, ਸਚ ਸਚ ਸ਼ਹਿਨਸ਼ਾਹ ਆਪਣਾ ਹੁਕਮ ਮਨਾਇੰਦਾ । ਸਚ ਸਚ ਭਗਤ ਭਗਵਾਨ ਇਕ ਦੂਜੇ ਦੇ ਵਸਣ ਪਾਸਨ, ਸਚ ਸਚ ਪਾਸਾ ਜ਼ਿਮੀਂ ਅਸਮਾਨ ਰਖਾਇੰਦਾ । ਸਚ ਸਚ ਪਰੇਮ ਪਿਆਰ ਪ੍ਰੀਤੀ ਹਾਸ ਬਲਾਸਨ, ਸਚ ਸਚ ਪਰਮ ਪੁਰਖ ਆਪਣਾ ਰੰਗ ਰੰਗਾਇੰਦਾ । ਸਚ ਸਚ ਹਰਿ ਸੱਜਣ ਵਖਾਏ ਸਾਚਾ ਘਾਟਨ, ਸਚ ਸਚ ਤਟ ਕਿਨਾਰਾ ਨਜ਼ਰੀ ਆਇੰਦਾ । ਸਚ ਸਚ ਸਿਰ ਓਢਨ ਦੇਵੇ ਪਾਟਨ, ਸੀਸ ਜਗਦੀਸ ਤਾਜ ਸੁਹਾਇੰਦਾ । ਸਚ ਸਚ ਕਰੇ ਖੇਲ ਬਾਜ਼ੀਗਰ ਨਾਟਨ, ਸਚ ਸਚ ਸਵਾਂਗੀ ਆਪਣਾ ਸਵਾਂਗ ਰਚਾਇੰਦਾ । ਸਚ ਸਚ ਜੁਗ ਚੌਕੜੀ ਮੇਟੇ ਵਾਟਣ, ਸਚ ਸਚ ਦੋ ਜਹਾਨਾਂ ਪੰਧ ਮੁਕਾਇੰਦਾ । ਸਚ ਸਚ ਖੇਲ ਕਰੇ ਨਿਰਗੁਣ ਬਾਤਨ, ਸਚ ਸਚ ਜ਼ਾਹਰ ਆਪਣੀ ਕਲ ਧਰਾਇੰਦਾ । ਸਚ ਸਚ ਜਨ ਭਗਤਾਂ ਬਣੇ ਪਿਤਾ ਮਾਤਨ, ਸਚ ਸਚ ਗੁਰਮੁਖ ਬਾਲ ਅਵਾਣੇ ਗੋਦ ਉਠਾਇੰਦਾ । ਸਚ ਸਚ ਗ਼ਰੀਬ ਨਿਮਾਣਿਆਂ ਸੰਗ ਕਰੇ ਬਾਤਨ, ਸਚ ਸਚ ਪਰਮ ਪੁਰਖ ਆਪਣਾ ਖੇਲ ਕਰਾਇੰਦਾ । ਸਚ ਸਚ ਨਿਰਗੁਣ ਸਰਗੁਣ ਬੰਨ੍ਹੇ ਨਾਤਨ, ਸਚ ਸਚ ਦੋ ਜਹਾਨਾਂ ਨਾਤਾ ਜੋੜ ਜੁੜਾਇੰਦਾ । ਸਚ ਸਚ ਕਲਜੁਗ ਮੇਟੇ ਲੱਗੀ ਆਗਨ, ਸਚ ਸਚ ਅਗਨੀ ਤੱਤ ਵੇਖ ਵਖਾਇੰਦਾ । ਸਚ ਸਚ ਗੁਰਸਿਖਾਂ ਕੱਟੇ ਜਮ ਕਾ ਫਾਸਨ, ਸਚ ਸਚ ਫਾਸੀ ਲੱਖ ਚੁਰਾਸੀ ਗਲ ਪਵਾਇੰਦਾ । ਸਚ ਸਚ ਲੇਖਾ ਜਾਣੇ ਮਾਤ ਗਰਭ ਦਸ ਦਸ ਮਾਸਨ, ਸਚ ਸਚ ਜੂਨੀ ਜੂਨ ਭਵਾਇੰਦਾ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਿੰਘਾਸਣ ਸੋਭਾ ਪਾਇੰਦਾ । ਸਚ ਸਚ ਸੁਹਾਗਣ ਰੰਗ, ਸਚ ਸੁਹਾਗੀ ਆਪ ਰੰਗਾਈਆ । ਸਚ ਸਚ ਸਾਹਿਬ ਸਰਬੰਗ, ਸਚ ਸਚ ਸੂਰਬੀਰ ਦਏ ਵਡਿਆਈਆ । ਸਚ ਸਚ ਨਾਮ ਮਰਦੰਗ, ਸਚ ਸਚ ਪਰਮਾਨੰਦ ਦਰਸਾਈਆ । ਸਚ ਸਚ ਜੁਗ ਜਨਮ ਦੀ ਟੁੱਟੀ ਗੰਢ, ਸਚ ਸਚ ਹਰਿਜਨ ਦਇਆ ਕਮਾਈਆ । ਸਚ ਸਚ ਮੇਟ ਭੇਖ ਪਖੰਡ, ਸਚ ਸੁੱਚ ਕਰੇ ਕੁੜਮਾਈਆ । ਸਚ ਸਚ ਨਾਮ ਨਿਧਾਨ ਇਕੋ ਵੰਡ, ਸਚ ਸਚ ਸਚ ਸਤਿ ਝੋਲੀ ਪਾਈਆ । ਸਚ ਸਚ ਭਾਂਡਾ ਭਰਮ ਢਾਹੇ ਕੰਧ, ਸਚ ਸਚ ਨਿਰਗੁਣ ਇਕੋ ਨਜ਼ਰੀ ਆਈਆ । ਸਚ ਸਚ ਸੋਹੰ ਢੋਲਾ ਗਾਏ ਛੰਦ, ਸਚ ਸਚ ਦੋ ਜਹਾਨ ਕਰੇ ਪੜ੍ਹਾਈਆ । ਸਚ ਸਚ ਗੁਰਮੁਖਾਂ ਅੰਦਰ ਪਾਏ ਠੰਡ, ਸਚ ਸਚ ਸ੍ਰਿਸ਼ਟੀ ਅਗਨੀ ਰੂਪ ਵਖਾਈਆ । ਸਚ ਸਚ ਹਰਿਜਨ ਪੂਰੀ ਕਰੇ ਮੰਗ, ਸਚ ਸਚ ਸ਼ਾਹ ਸੁਲਤਾਨਾਂ ਰਾਜ ਰਾਜਾਨਾਂ ਦਰ ਦਰ ਮੰਗਣ ਡਾਹੀਆ । ਸਚ ਸਚ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚੜ੍ਹਾਵਣਹਾਰਾ ਸਚ ਚੰਦ, ਸਚ ਸਚ ਕਰੇ ਰੁਸ਼ਨਾਈਆ । ਸਚ ਰੁਸ਼ਨਾਈ ਰੋਸ਼ਨ ਜ਼ਮੀਰ, ਰਹਿਮਤ ਰਹਿਮਾਨ ਕਮਾਇੰਦਾ । ਵੇਖਣਹਾਰ ਤਾ ਆਖ਼ਰ ਅਖ਼ੀਰ, ਕਾਇਨਾਤ ਖੋਜ ਖੁਜਾਇੰਦਾ । ਆਦਿ ਜੁਗਾਦਿ ਦੋ ਜਹਾਨ ਤਲਬਗੀਰ, ਤਾਲਬ ਤੁਲਬਾ ਆਲਮ ਉਲਮਾ ਆਪ ਪੜ੍ਹਾਇੰਦਾ । ਸਦਾ ਸਦਾ ਸ਼ਾਹ ਹਕੀਰ, ਬੇਨਜ਼ੀਰ ਨੈਣ ਖੁਲ੍ਹਾਇੰਦਾ । ਜੁਗੋ ਜੁਗ ਜ਼ਾਹਰਾ ਪੀਰ, ਬੇਪਰਵਾਹ ਵੇਸ ਵਟਾਇੰਦਾ । ਵਸਣਹਾਰਾ ਚੋਟੀ ਅਖ਼ੀਰ, ਪੜਦਾਨਸ਼ੀਂ ਪੜਦਾ ਆਪਣਾ ਆਪ ਉਠਾਇੰਦਾ । ਕੱਟਣਹਾਰਾ ਦੋ ਜਹਾਨ ਭੀੜ, ਭੀੜ ਸਭ ਨੂੰ ਆਪ ਵਖਾਇੰਦਾ । ਲੋਕ ਪਰਲੋਕ ਪੈਂਡਾ ਪਾਂਧੀ ਚੀਰ, ਦਰ ਦਰ ਘਰ ਘਰ ਦਰ ਦਰਬਾਨ ਅਲਖ ਜਗਾਇੰਦਾ । ਵੇਸ ਕਰ ਜਗਤ ਫ਼ਕੀਰ, ਫ਼ਿਕਰਾ ਆਪਣਾ ਨਾਮ ਪੜ੍ਹਾਇੰਦਾ । ਸਚ ਸੁੱਚ ਪੜ੍ਹ ਤਕਬੀਰ, ਤੱਕਵਾ ਇਕੋ ਇਕ ਜਣਾਇੰਦਾ । ਨਜ਼ਰ ਨਾ ਆਏ ਬੇਤਸਵੀਰ, ਤਸਵੱਰ ਆਪਣਾ ਆਪ ਨਾ ਕਿਸੇ ਸਮਝਾਇੰਦਾ । ਬਖ਼ਸ਼ਣਹਾਰ ਸਰਬ ਤਕਸੀਰ, ਤਾਕਤ ਆਪਣੇ ਹੱਥ ਰਖਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਕਦੇ ਨਾ ਹੋਏ ਦਿਲਗੀਰ, ਦਰਗਹਿ ਸਾਚੀ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੁੱਚ ਸਾਚੀ ਕਲ, ਕਲ ਕਰਤਾ ਆਪ ਰਖਾਇੰਦਾ । ਦਿਲਗੀਰ ਨਾ ਹੋ ਹੱਕ ਮਹਿਬੂਬ, ਮਿਹਬਾਨ ਵੱਡੀ ਵਡਿਆਈਆ । ਵਸਣਹਾਰਾ ਉਚ ਅਰੂਜ, ਅਰਸ਼ ਕੁਰਸ਼ ਵੇਖ ਵਖਾਈਆ । ਭੇਵ ਨਾ ਪਾਏ ਚੰਦ ਦੂਜ, ਏਕਮ ਰੰਗ ਨਾ ਕੋਇ ਵਖਾਈਆ । ਪੀਰ ਪੈਗ਼ੰਬਰ ਪਾ ਨਾ ਸਕੇ ਸੂਝ, ਸਮਝ ਰਮਜ਼ ਨਾ ਕੋਇ ਲਗਾਈਆ । ਆਪਣਾ ਭੇਵ ਰੱਖੇ ਗੂਝ, ਗਹਿਰ ਗੰਭੀਰ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੁੱਚ ਇਕੋ ਘਰ ਵਸਾਈਆ । ਸਚ ਸੁੱਚ ਅਰਸ਼ ਨੂਰਾਨੀ, ਨੂਰ ਨੂਰਾਨਾ ਆਪ ਜਣਾਇੰਦਾ । ਹੱਕ ਮਹਿਬੂਬ ਲਾਸਾਨੀ, ਅਸਲੀਯਤ ਹੱਥ ਨਾ ਕਿਸੇ ਫੜਾਇੰਦਾ । ਭੇਵ ਨਾ ਪਾਏ ਕੋਈ ਵਿਦਵਾਨੀ, ਵਿਦਤ ਰੂਪ ਨਾ ਕੋਇ ਵਡਿਆਇੰਦਾ । ਕਲਮਾ ਕਲਾਮ ਦੇਵਣਹਾਰਾ ਨਿੱਕੀ ਨਿੱਕੀ ਨਿਸ਼ਾਨੀ, ਨਿਸ਼ਾਨਾ ਆਪਣਾ ਆਪਣੇ ਵਿਚ ਛੁਪਾਇੰਦਾ । ਲੇਖਾ ਲਿਖ ਨਾ ਸਕੇ ਕੋਈ ਕਲਮ ਕਾਨੀ, ਕਾਗ਼ਜ਼ ਕਲਮ ਨਾ ਕੋਇ ਸਾਲਾਹਿੰਦਾ । ਵਸਣਹਾਰਾ ਆਲਮੇ ਜਾਵਦਾਨੀ, ਜਹਾਨ ਇਕੋ ਇਕ ਵਖਾਇੰਦਾ । ਜੁਗ ਚੌਕੜੀ ਚੜ੍ਹਾਵਣਹਾਰਾ ਇਕ ਤੁਗਿਆਨੀ, ਨਾਮ ਲਹਿਰ ਇਕ ਉਠਾਇੰਦਾ । ਸ੍ਰਿਸ਼ਟ ਸਬਾਈ ਦਿਸੇ ਫਾਨੀ, ਫ਼ਤਵਾ ਸਭ ਦੇ ਉਪਰ ਲਗਾਇੰਦਾ । ਮੁਰੀਦ ਮੁਰਸ਼ਦ ਰੱਖੇ ਇਕ ਨਿਸ਼ਾਨੀ, ਸਿਰ ਆਪਣਾ ਹੱਥ ਟਿਕਾਇੰਦਾ । ਸਚ ਸੁੱਚ ਕਲਜੁਗ

ਅੰਤਮ ਕਰੇ ਮਿਹਰਵਾਨੀ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਇਕ ਉਠਾਇੰਦਾ । ਜਨ ਭਗਤਾਂ ਉਤੋਂ ਹੋ ਆਪ ਕੁਰਬਾਨੀ, ਕਰਬਲਾ ਮਾਣ ਗਵਾਇੰਦਾ । ਵੇਲੇ ਅੰਤ ਮੇਟੇ ਪਰੇਸ਼ਾਨੀ, ਪੇਸ਼ਤਰ ਆਪਣਾ ਮੇਲ ਮਿਲਾਇੰਦਾ । ਲੇਖਾ ਜਾਣੇ ਦੋ ਜਹਾਨੀ, ਨਿਰਗੁਣ ਸਰਗੁਣ ਧਾਰ ਵਖਾਇੰਦਾ । ਆਬੇ ਹਯਾਤ ਅੰਮਿਉਂ ਰਸ ਠੰਡਾ ਪਾਣੀ, ਸਤਿ ਪਿਆਲਾ ਮੁਖ ਲਗਾਇੰਦਾ । ਦਰ ਦਰ ਘਰ ਘਰ ਸੁਣਾਏ ਆਪਣੀ ਅਕਥ ਕਹਾਣੀ, ਮਹਿਮਾਂ ਆਪਣੇ ਰੰਗ ਵਖਾਇੰਦਾ । ਲੇਖਾ ਚੁਕੇ ਅੱਲਾ ਰਾਣੀ, ਰਹਿਬਰ ਇਕੋ ਫੇਰਾ ਪਾਇੰਦਾ । ਜੰਗਲ ਜੂਹ ਉਜਾੜ ਪਹਾੜ ਟਿੱਲੇ ਪਰਬਤ ਲੱਭਦੀ ਫਿਰੇ ਸੱਚਾ ਹਾਣੀ, ਸਾਹਿਬ ਨਜ਼ਰ ਕਿਤੇ ਨਾ ਆਇੰਦਾ । ਛੋਟੀ ਨੱਢੀ ਬਾਲ ਅਵਾਣੀ, ਖੁਲ੍ਹੀ ਮੀਂਢੀ ਰਾਹ ਭਵਾਇੰਦਾ । ਕਰ ਖੇਲ ਖੇਲੇ ਖ਼ਲਕ ਰੁਹਾਨੀ, ਰੂਹ ਬੁੱਤ ਭੇਵ ਕੋਇ ਨਾ ਪਾਇੰਦਾ । ਹਦੂਦ ਮਹਿਦੂਦ ਮਹਿਬੂਬ ਲਾਸਾਨੀ, ਲਾਸ਼ਰੀਕ ਸਿਰਕਤ ਰੂਪ ਨਾ ਕੋਇ ਵਟਾਇੰਦਾ । ਜਾਨਣਹਾਰ ਜੀਵ ਜੰਤ ਜਗਤ ਯੁਗਤ ਪਰਾਣੀ, ਪਰਮ ਪੁਰਖ ਆਪਣਾ ਵੇਸ ਵਟਾਇੰਦਾ । ਵੇਖਣਹਾਰਾ ਤਸਬੀ ਮਣਕੇ ਗਲ ਵਿਚ ਗਾਨੀ, ਕੁਤਬਖ਼ਾਨਾ ਫੋਲ ਫੁਲਾਇੰਦਾ । ਕਾਤਬ ਕੋਈ ਨਾ ਜਾਣੇ ਕਹਾਣੀ, ਤੀਸ ਬੱਤੀਸ ਵੰਡ ਨਾ ਕੋਇ ਵੰਡਾਇੰਦਾ । ਪਾਕ ਰਸੂਲ ਪਾਕ ਨਿਸ਼ਾਨੀ, ਇਤਫ਼ਾਕਨ ਇਤਫ਼ਾਕੀਆ ਰਾਹ ਜਣਾਇੰਦਾ । ਦੇਵਣਹਾਰ ਨਜਾਤ ਚਰਨ ਕਵਲ ਧਿਆਨੀ, ਵਫ਼ਾਤ ਆਪਣੀ ਝੋਲੀ ਪਾਇੰਦਾ । ਕੋਈ ਲੁਗਾਤ ਨਾ ਜਾਣੇ ਹਰਿ ਕੀ ਕਥਾ ਕਹਾਣੀ, ਅਕਾਥ ਆਲਮ ਨਾ ਕੋਇ ਵਡਿਆਇੰਦਾ । ਪੀਰ ਪੈਗ਼ੰਬਰਾਂ ਦੱਸਦਾ ਰਿਹਾ ਨਿੱਕੀ ਨਿੱਕੀ ਬੱਚਿਆਂ ਵਾਲੀ ਬਾਣੀ, ਆਪਣਾ ਬਾਣਾ ਨਾ ਕਿਸੇ ਸਮਝਾਇੰਦਾ । ਸਚ ਸੁੱਚ ਇਕੋ ਜੋਤ ਨੂਰਾਨੀ, ਨੂਰ ਆਪਣੇ ਵਿਚ ਪਰਗਟਾਇੰਦਾ । ਜੁਗ ਚੌਕੜੀ ਗੁਰ ਅਵਤਾਰ ਪੀਰ ਪੈਗ਼ੰਬਰ ਭਗਤ ਸੰਤ ਗੁਰਮੁਖ ਗੁਰਸਿਖ ਜਿਸ ਦੀ ਦੱਸਦੇ ਗਏ ਨਿਸ਼ਾਨੀ, ਸੋ ਨਿਸ਼ਾਨਾ ਕਲਜੁਗ ਅੰਤ ਗੁਰਮੁਖਾਂ ਆਪ ਲਗਾਇੰਦਾ । ਝੂਠ ਸਚ ਦੋਹਾਂ ਕਰੇ ਮਿਹਰਵਾਨੀ, ਬਿਨ ਝੂਠ ਸਚ ਨਜ਼ਰ ਕਿਤੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਆਪਣੀ ਕਾਰ ਕਮਾਇੰਦਾ ।



### ❇ ੧੩ ਫੱਗਣ ੨੦੧੯ ਬਿਕ੍ਰਮੀ ਚੰਦਾ ਸਿੰਘ ਰਾਜ ਸਿੰਘ ਪਰਤਾਪ ਨਗਰ ਦਿਲੀ ❇

ਨਿਰਗੁਣ ਸ਼ਬਦ ਨਿਰਗੁਣ ਜੋਤ, ਨਿਰਗੁਣ ਨਿਰਗੁਣ ਆਪ ਅਖਵਾਈਆ । ਨਿਰਗੁਣ ਮੰਦਰ ਦਵਾਰ ਕਿਲਾ ਕੋਟ, ਨਿਰਗੁਣ ਨਿਰਗੁਣ ਬੈਠਾ ਆਸਣ ਲਾਈਆ । ਨਿਰਗੁਣ ਨਾਮ ਨਗਾਰਾ ਵੱਜੇ ਚੋਟ, ਨਿਰਗੁਣ ਨਿਰਗੁਣ ਰਿਹਾ ਸੁਣਾਈਆ । ਨਿਰਗੁਣ ਨਿਰਗੁਣ ਉਤੇ ਹੋਏ ਮੋਹਤ, ਮੁਹੱਬਤ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਕਰਨੀ ਆਪ ਕਮਾਈਆ । ਨਿਰਗੁਣ ਸ਼ਾਹ ਨਿਰਗੁਣ ਸੁਲਤਾਨ, ਸ਼ਹਿਨਸ਼ਾਹ ਨਿਰਗੁਣ ਆਪ ਅਖਵਾਇੰਦਾ । ਨਿਰਗੁਣ ਰਾਜ ਨਿਰਗੁਣ ਰਾਜਾਨ, ਭੂਪਤ ਭੂਪ ਨਿਰਗੁਣ ਆਪ ਹੋ ਜਾਇੰਦਾ । ਨਿਰਗੁਣ ਭਿਖਾਰੀ ਨਿਰਗੁਣ ਦੇਵਣਹਾਰਾ ਦਾਨ, ਨਿਰਗੁਣ ਝੋਲੀ ਅੱਗੇ ਡਾਹਿੰਦਾ । ਨਿਰਗੁਣ ਵਸਤ ਵਸਤ ਮਹਾਨ, ਨਿਰਗੁਣ ਦਸਤ ਬਦਸਤ ਦੇਵੇ ਆਣ, ਨਿਰਗੁਣ ਆਪਣੀ ਧਾਰਾ ਆਪ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਇੰਦਾ । ਨਿਰਗੁਣ ਦਰ ਨਿਰਗੁਣ ਦਰਵੇਸ਼, ਨਿਰਗੁਣ ਨਿਰਗੁਣ ਅਲਖ ਜਗਾਈਆ । ਨਿਰਗੁਣ ਸ਼ਾਹ ਨਿਰਗੁਣ ਨਰੇਸ਼, ਨਰ ਨਰਾਇਣ ਨਿਰਗੁਣ ਅਖਵਾਈਆ ।

ਨਿਰਗੁਣ ਸਦਾ ਸਦਾ ਰਹੇ ਹਮੇਸ਼, ਨਿਰਗੁਣ ਰੂਪ ਰੰਗ ਰੇਖ ਨਾ ਕੋਇ ਵਖਾਈਆ । ਨਿਰਗੁਣ ਨਿਰਗੁਣ ਕਰੇ ਆਦੇਸ਼, ਨਿਰਗੁਣ ਨਿਰਗੁਣ ਸੀਸ ਝੁਕਾਈਆ । ਨਿਰਗੁਣ ਨਿਰਗੁਣ ਲਏ ਵੇਖ, ਨਿਰਗੁਣ ਨੇਤਰ ਨੈਣ ਅੱਖ ਨਾ ਕੋਇ ਖੁਲ੍ਹਾਈਆ । ਨਿਰਗੁਣ ਵਸੇ ਸਾਚੇ ਦੇਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਈਆ । ਨਿਰਗੁਣ ਦਿਆਲ ਠਾਕਰ ਸਵਾਮੀ, ਨਿਰਵੈਰ ਪੁਰਖ ਨਿਰਗੁਣ ਅਖਵਾਇੰਦਾ । ਨਿਰਗੁਣ ਆਦਿ ਜੁਗਾਦਿ ਸਦਾ ਨਿਹਕਾਮੀ, ਨਿਰਗੁਣ ਨਿਹਚਲ ਧਾਮ ਆਸਣ ਲਾਇੰਦਾ । ਨਿਰਗੁਣ ਸਦਾ ਸਦਾ ਅੰਤਰਜਾਮੀ, ਨਿਰਗੁਣ ਦੋ ਜਹਾਨਾਂ ਵੇਖ ਵਖਾਇੰਦਾ । ਨਿਰਗੁਣ ਬੋਧ ਅਗਾਧ ਅਗੰਮੀ ਬਾਣੀ, ਨਿਰਗੁਣ ਭੇਵ ਅਭੇਦ ਖੁਲਾਇੰਦਾ । ਨਿਰਗੁਣ ਨਿਰਗੁਣ ਖੇਲ ਮਹਾਨੀ, ਨਿਰਗੁਣ ਖ਼ਾਲਕ ਆਪਣੀ ਕਾਰ ਕਮਾਇੰਦਾ । ਨਿਰਗੁਣ ਪਰਵਰਦਿਗਾਰ ਨੂਰ ਨੂਰਾਨੀ, ਨਿਰਗੁਣ ਲਾਸ਼ਰੀਕ ਅਖਵਾਇੰਦਾ । ਨਿਰਗੁਣ ਮੁਕਾਮੇ ਹੱਕ ਹੋਏ ਪਰਧਾਨੀ, ਨਿਰਗੁਣ ਆਪਣਾ ਹੁਕਮ ਮਨਾਇੰਦਾ । ਨਿਰਗੁਣ ਸਚਖੰਡ ਵਖਾਏ ਆਪਣੀ ਸਚ ਨਿਸ਼ਾਨੀ, ਨਿਰਗੁਣ ਸਚ ਨਿਸ਼ਾਨਾ ਆਪ ਝੁਲਾਇੰਦਾ । ਨਿਰਗੁਣ ਮਹਿਮਾ ਗਾਏ ਅਕਥ ਕਹਾਣੀ, ਨਿਰਗੁਣ ਭੇਵ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣੀ ਖੇਲ ਆਪਣੇ ਹੱਥ ਰਖਾਇੰਦਾ । ਨਿਰਗੁਣ ਦਾਤਾ ਪੁਰਖ ਸਮਰਥ, ਨਿਰਗੁਣ ਨਿਰਾਕਾਰ ਅਖਵਾਈਆ । ਨਿਰਗੁਣ ਚਲਾਵਣਹਾਰਾ ਰਾਥ, ਨਿਰਗੁਣ ਖੇਵਟ ਖੇਟ ਰੂਪ ਵਟਾਈਆ । ਨਿਰਗੁਣ ਨਿਰਗੁਣ ਰੱਖਣਹਾਰ ਹਾਥ, ਨਿਰਗੁਣ ਬੇਪਰਵਾਹ ਵੱਡੀ ਵਡਿਆਈਆ । ਨਿਰਗੁਣ ਨਿਰਗੁਣ ਪੂਰੀ ਕਰੇ ਆਸ, ਨਿਰਗੁਣ ਆਸਾ ਪੂਰ ਆਪ ਹੋ ਜਾਈਆ । ਨਿਰਗੁਣ ਨਿਰਗੁਣ ਦੇਵੇ ਸਾਥ, ਨਿਰਗੁਣ ਸਗਲਾ ਸੰਗ ਨਿਭਾਈਆ । ਨਿਰਗੁਣ ਦੇਵਣਹਾਰਾ ਦਾਤ, ਵਸਤ ਅਮੋਲਕ ਝੋਲੀ ਪਾਈਆ । ਨਿਰਗੁਣ ਸਾਹਿਬ ਕਮਲਾਪਾਤ, ਨਿਰਗੁਣ ਨਾਰੀ ਕੰਤ ਰੂਪ ਵਟਾਈਆ । ਨਿਰਗੁਣ ਵੇਖੇ ਖੇਲ ਤਮਾਸ਼, ਨਿਰਗੁਣ ਮੰਡਲ ਰਾਸ ਰਚਾਈਆ । ਨਿਰਗੁਣ ਧਾਰ ਬੰਧਾਏ ਪ੍ਰਿਥਮੀ ਆਕਾਸ਼, ਨਿਰਗੁਣ ਰਵ ਸਸ ਸੂਰਜ ਚੰਨ ਕਰੇ ਰੁਸ਼ਨਾਈਆ । ਨਿਰਗੁਣ ਵਿਸ਼ਨ ਬ੍ਰਹਮਾ ਸ਼ਿਵ ਕਰੇ ਦਾਸ, ਨਿਰਗੁਣ ਏਕਾ ਡੋਰੀ ਨਾਮ ਤੰਦ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਪੁਰਖ ਸਮਰਥ, ਸਮਰਥ ਆਪਣੀ ਕਾਰ ਕਮਾਈਆ । ਨਿਰਗੁਣ ਨਿਰਗੁਣ ਪੁਰਖ ਅਗੰਮ, ਅਗੰਮੜੀ ਕਾਰ ਕਮਾਇੰਦਾ । ਆਦਿ ਜੁਗਾਦਿ ਨਾ ਮਰੇ ਨਾ ਪਏ ਜੰਮ, ਜੀਵਣ ਯੁਗਤ ਨਾ ਕੋਇ ਜਣਾਇੰਦਾ । ਸਚਖੰਡ ਨਿਵਾਸੀ ਕਰੇ ਆਪਣਾ ਕੰਮ, ਨਿਰਗੁਣ ਆਪਣੀ ਕਾਰ ਕਮਾਇੰਦਾ । ਨਿਰਗੁਣ ਆਪਣਾ ਬੇੜਾ ਬੰਨ੍ਹ, ਨਿਰਗੁਣ ਆਪਣੇ ਕੰਧ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਜੁਗਾਦਿ ਮਧ ਏਕਾ ਧਾਰ ਚਲਾਇੰਦਾ । ਨਿਰਗੁਣ ਆਦਿ ਪੁਰਖ ਆਪ, ਨਿਰਗੁਣ ਅੰਤ ਆਪ ਅਖਵਾਈਆ । ਨਿਰਗੁਣ ਮਧ ਖੇਲ ਤਮਾਸ਼, ਕੋਟਨ ਕੋਟ ਜੁਗ ਆਪਣਾ ਰਾਹ ਜਣਾਈਆ । ਨਿਰਗੁਣ ਖੇਲ ਖੇਲ ਜੁਗਾਦਿ, ਜੁਗ ਚੌਕੜੀ ਪੰਧ ਮੁਕਾਈਆ । ਨਿਰਗੁਣ ਲੇਖਾ ਜਾਣ ਗੁਰ ਅਵਤਾਰ, ਭਗਤ ਭਗਵੰਤ ਸਾਧ ਸਾਚੀ ਸਾਧਨਾ ਇਕ ਰਖਾਈਆ । ਨਿਰਗੁਣ ਨਿਰਗੁਣ ਸ਼ਬਦ ਅਗੰਮ ਦੇਵਣਹਾਰਾ ਦਾਦ, ਨਾਮ ਨਿਧਾਨ ਸ੍ਰੀ ਭਗਵਾਨ ਇਕ ਜਣਾਈਆ । ਨਿਰਗੁਣ ਵੇਖਣਹਾਰਾ ਵਾਦ ਵਿਵਾਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਨਿਰਗੁਣ ਨਿਰਵੈਰ ਪੁਰਖ ਅਕਾਲ, ਇਕ ਇਕੱਲਾ ਹਰਿ ਅਖਵਾਇੰਦਾ । ਨਿਰਗੁਣ ਦਾਤਾ

ਦੀਨ ਦਿਆਲ, ਦੀਨਾ ਨਾਥ ਵੇਸ ਵਟਾਇੰਦਾ । ਨਿਰਗੁਣ ਸੇਵਾ ਲਾਏ ਸਚਖੰਡ ਸੱਚੀ ਧਰਮਸਾਲ, ਧਰਮ ਦਵਾਰਾ ਥਿਰ ਘਰ ਆਪ ਪਰਗਟਾਇੰਦਾ । ਨਿਰਗੁਣ ਹੁਕਮੇ ਅੰਦਰ ਹੁਕਮ ਰਖਾਏ ਮਹਾਂਕਾਲ, ਮਹਿਮਾਂ ਆਪਣੀ ਆਪ ਸਮਝਾਇੰਦਾ । ਹੁਕਮ ਅੰਦਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣੀ ਕਲ ਪਰਗਟਾਇੰਦਾ ।

ਨਿਰਗੁਣ ਜੋਤ ਨਿਰਗੁਣ ਪਰਕਾਸ਼, ਨਿਰਗੁਣ ਅੰਧ ਅੰਧੇਰ ਮਿਟਾਈਆ । ਨਿਰਗੁਣ ਮੰਡਲ ਨਿਰਗੁਣ ਰਾਸ, ਗੋਪੀ ਕਾਹਨ ਨਚਾਈਆ । ਨਿਰਗੁਣ ਪ੍ਰਿਥਮੀ ਨਿਰਗੁਣ ਆਕਾਸ਼, ਨਿਰਗੁਣ ਸੂਰਜ ਚੰਦ ਰੁਸ਼ਨਾਈਆ । ਨਿਰਗੁਣ ਖੇਲ ਨਿਰਗੁਣ ਤਮਾਸ਼, ਖੇਲਣਹਾਰ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਮੇਲਾ ਨਿਰਗੁਣ ਮੇਲ ਮਿਲਾਈਆ । ਨਿਰਗੁਣ ਨਾਰ ਨਿਰਗੁਣ ਕੰਤ, ਸੇਜ ਸੁਹੰਜਣੀ ਨਿਰਗੁਣ ਆਪ ਹੰਢਾਇੰਦਾ । ਨਿਰਗੁਣ ਜੋਤ ਨਿਰਗੁਣ ਭਗਵੰਤ, ਨਿਰਗੁਣ ਸ੍ਰੀ ਭਗਵਾਨ ਨਾਉਂ ਰਖਾਇੰਦਾ । ਨਿਰਗੁਣ ਪੁਰਖ ਅਗੰਮ ਮਹਿਮਾਂ ਅਗਣਤ, ਨਿਰਗੁਣ ਨਿਰਾਕਾਰ ਅਜੂਨੀ ਰਹਿਤ ਅਨਭਵ ਪਰਕਾਸ਼ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਦਵਾਰ ਖੇਲ ਅਪਾਰ, ਕਰੇ ਕਰਾਏ ਕਰਨੇਹਾਰ, ਕਰਤਾ ਪੁਰਖ ਆਪਣੀ ਵੰਡ ਆਪਣੇ ਹੱਥ ਰਖਾਇੰਦਾ । ਨਿਰਗੁਣ ਵੰਡ ਸਰਗੁਣ ਰੰਗ, ਰੰਗ ਰੰਗੀਲਾ ਆਪ ਜਣਾਈਆ । ਨਿਰਗੁਣ ਦਾਤ ਨਿਰਗੁਣ ਭਿਖਾਰੀ ਮੰਗੇ ਮੰਗ, ਸਰਗੁਣ ਇਕੋ ਘਰ ਜਣਾਈਆ । ਤੱਤਵ ਤੱਤ ਇਕ ਅਨੰਦ, ਬੰਧਨ ਬੰਧਪ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਖੇਲ ਕਰਾਈਆ । ਨਿਰਗੁਣ ਖੇਲ ਅਪਾਰ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਤ੍ਰੈਗੁਣ ਮਾਇਆ ਕਰ ਪਸਾਰ, ਪੰਜ ਤੱਤ ਨਾਤਾ ਜੋੜ ਜੁੜਾਇੰਦਾ । ਪਾਰਬ੍ਰਹਮ ਬ੍ਰਹਮ ਕਰ ਪਿਆਰ, ਆਤਮ ਪਰਮਾਤਮ ਮੇਲ ਮਿਲਾਇੰਦਾ । ਮਨ ਮਤ ਬੁਧ ਕਰ ਸ਼ੰਗਾਰ, ਦਰ ਦਵਾਰਾ ਆਪ ਖੁਲ੍ਹਾਇੰਦਾ । ਆਸਾ ਤ੍ਰਿਸਨਾ ਭਰ ਭੰਡਾਰ, ਮਾਇਆ ਮਮਤਾ ਹਉਮੇਂ ਨਾਲ ਰਲਾਇੰਦਾ । ਕਾਇਆ ਮੰਦਰ ਕਰ ਪਸਾਰ, ਡੂੰਘੀ ਕੰਦਰ ਆਸਣ ਲਾਇੰਦਾ । ਅਨਹਦ ਨਾਦ ਸ਼ਬਦ ਧੁਨਕਾਰ, ਅਨਰਾਗੀ ਰਾਗ ਅਲਾਇੰਦਾ । ਜੋਤੀ ਜੋਤ ਜੋਤ ਉਜਿਆਰ, ਨੂਰ ਨੂਰਾਨਾ ਡਗਮਗਾਇੰਦਾ । ਲੱਖ ਚੁਰਾਸੀ ਕਰ ਤਿਆਰ, ਤ੍ਰੈਗੁਣ ਅਤੀਤਾ ਠਾਂਡਾ ਸੀਤਾ ਸਾਚੀ ਰੀਤਾ ਆਪ ਚਲਾਇੰਦਾ । ਜੁਗ ਚੌਕੜੀ ਸਰਗੁਣ ਨਿਰਗੁਣ ਸੰਗ ਲਾਏ ਪ੍ਰੀਤਾ, ਨਿਰਗੁਣ ਪਰੇਮ ਪਿਆਰ ਇਕ ਸਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਇਕੋ ਭੇਵ ਖੁਲ੍ਹਾਇੰਦਾ । ਨਿਰਗੁਣ ਖੋਲ੍ਹੇ ਭੇਵ, ਅਭੇਦ ਆਪ ਹੋ ਜਾਈਆ । ਆਦਿ ਪੁਰਖ ਸਦਾ ਨਿਹਕੇਵ, ਨਿਹਚਲ ਆਪਣਾ ਆਸਣ ਲਾਈਆ । ਨਾਮ ਜਣਾਏ ਰਸਨਾ ਜਿਹਵ, ਪਵਣ ਸਵਾਸ ਸਮਾਈਆ । ਅਗੰਮ ਅਥਾਹ ਅਲੱਖ ਅਭੇਵ, ਬੇਅੰਤ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਦਏ ਵਡਿਆਈਆ । ਸਰਗੁਣ ਨਾਤਾ ਪੰਜ ਤੱਤ, ਨਿਰਗੁਣ ਜੋਤ ਰੁਸ਼ਨਾਈਆ । ਨਿਰਗੁਣ ਦੇਵੇ ਬ੍ਰਹਮ ਮਤ, ਪਾਰਬ੍ਰਹਮ ਪੜ੍ਹਾਈਆ । ਸਰਗੁਣ ਨਿਰਗੁਣ ਹੋਏ ਵਸ, ਦੋਏ ਜੋੜ ਸਰਨਾਈਆ । ਜਗਤ ਜੀਵਣ ਚਲੇ ਰਥ, ਰਥਵਾਹੀ

ਬੇਪਰਵਾਹੀਆ । ਸ਼ਬਦ ਅਨਾਦੀ ਵਜਾਏ ਨਦ, ਅਗੰਮੀ ਧਾਰ ਵਖਾਈਆ । ਸਾਚਾ ਮਾਰਗ ਦੇਵੇ ਦੱਸ, ਪਾਰਬ੍ਰਹਮ ਬ੍ਰਹਮ ਕਰੇ ਪੜ੍ਹਾਈਆ । ਨਿਝਰ ਦੇਵੇ ਇਕੋ ਰਸ, ਅੰਮ੍ਰਿਤ ਝਿਰਨਾ ਆਪ ਝਿਰਾਈਆ । ਸਤਿ ਸਤਿਵਾਦੀ ਸਾਚਾ ਰਾਹ ਦੱਸ, ਦਹਿ ਦਿਸ਼ਾ ਖੋਜ ਖੁਜਾਈਆ । ਮਹਿਮਾਂ ਜਣਾਏ ਅਕਥਨਾ ਅਕਥ, ਕਾਤਬ ਲਿਖ ਲਿਖ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਦਿ ਨਿਰਗੁਣ ਜੁਗਾਦਿ ਨਿਰਗੁਣ ਜੁਗ ਜੁਗ ਵੰਡ ਵੰਡਾਈਆ । ਜੁਗ ਜੁਗ ਸਰਗੁਣ ਧਾਰ, ਨਿਰਗੁਣ ਆਪ ਚਲਾਇੰਦਾ । ਲੱਖ ਚੁਰਾਸੀ ਕਰ ਪਸਾਰ, ਘਟ ਘਟ ਡੇਰਾ ਲਾਇੰਦਾ । ਲੇਖਾ ਜਾਣ ਧੁਰ ਦਰਬਾਰ, ਧੁਰ ਦੀ ਕਾਰ ਆਪ ਕਰਾਇੰਦਾ । ਪਾਰਬ੍ਰਹਮ ਪ੍ਰਭ ਹੋ ਤਿਆਰ, ਬ੍ਰਹਮ ਆਪਣਾ ਮੇਲ ਮਿਲਾਇੰਦਾ । ਨਾਉਂ ਧਰ ਗੁਰ ਅਵਤਾਰ, ਗੁਰ ਗੁਰ ਸ਼ਬਦੀ ਰਾਗ ਅਲਾਇੰਦਾ । ਬ੍ਰਹਮ ਬ੍ਰਹਿਮਾਦੀ ਖੋਲ੍ਹ ਕਿਵਾੜ, ਦੋ ਜਹਾਨਾਂ ਹੱਟ ਚਲਾਇੰਦਾ । ਲੇਖਾ ਜਾਣ ਸੱਚੀ ਸਰਕਾਰ, ਸ਼ਹਿਨਸ਼ਾਹ ਆਪਣਾ ਹੁਕਮ ਮਨਾਇੰਦਾ । ਜੁਗ ਚੌਕੜੀ ਰਚ ਸੰਸਾਰ, ਖਾਣੀ ਬਾਣੀ ਮੇਲ ਮਿਲਾਇੰਦਾ । ਧੁਰ ਫ਼ਰਮਾਨਾ ਦੇਵੇ ਨਿਰੰਕਾਰ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਆਪ ਦ੍ਰਿੜਾਇੰਦਾ । ਅੰਜੀਲ ਕੁਰਾਨ ਦਏ ਆਧਾਰ, ਸ਼ਬਦੀ ਧਾਰ ਵੇਸ ਵਟਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਿਰਗੁਣ ਸਰਗੁਣ ਕਰ ਉਜਿਆਰ, ਮਹਾਂਸਾਰਥੀ ਆਪਣਾ ਰਥ ਚਲਾਇੰਦਾ । ਸਚ ਸੰਦੇਸਾ ਵਾਰੋ ਵਾਰ, ਜੁਗ ਚੌਕੜੀ ਆਪ ਸੁਣਾਇੰਦਾ । ਸਿਫ਼ਤੀ ਸਿਫ਼ਤ ਭਰੇ ਭੰਡਾਰ, ਗੁਰ ਅਵਤਾਰ ਰਸਨਾ ਜਿਹਵਾ ਗਾਇੰਦਾ । ਪੀਰ ਪੈਗ਼ੰਬਰ ਕਰਨ ਗੁਫ਼ਤਾਰ, ਕਲਮਾ ਨਬੀ ਰਸੂਲ ਸਮਝਾਇੰਦਾ । ਭਗਤ ਭਗਵਾਨ ਦਰਸ ਦਿਖਾਲ, ਦੀਦ ਈਦ ਚੰਦ ਚੜ੍ਹਾਇੰਦਾ । ਸੰਤ ਸੁਹੇਲੇ ਰੱਖੇ ਨਾਲ, ਸਹਿਜ ਸੁਭਾਉ ਮੇਲ ਮਿਲਾਇੰਦਾ । ਗੁਰਮੁਖਾਂ ਅੰਤਰ ਆਤਮ ਕਰ ਪਛਾਣ, ਪਰਮਾਤਮ ਜੋੜ ਜੁੜਾਇੰਦਾ । ਗੁਰਸਿਖਾਂ ਲੱਗੀ ਨਿਭੇ ਨਾਲ, ਸਿਰ ਆਪਣਾ ਹੱਥ ਟਿਕਾਇੰਦਾ । ਜੁਗ ਚੌਕੜੀ ਮਾਰਗ ਆਪ ਸਿਖਾਲ, ਰਹਿਬਰ ਇਕੋ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਰਗੁਣ ਸਰਗੁਣ ਆਪ ਪੜ੍ਹਾਇੰਦਾ । ਨਿਰਗੁਣ ਸਰਗੁਣ ਪੜ੍ਹਾਏ ਬੋਧ, ਅਗਾਧ ਵੱਡੀ ਵਡਿਆਈਆ । ਨਿਰਵੈਰ ਨਿਰੰਕਾਰ ਸਾਰ ਸਮਾਲ ਹਿਰਦਾ ਸੋਧ, ਹਰਿ ਜੂ ਆਪਣਾ ਰੰਗ ਵਖਾਈਆ । ਭਾਗ ਲਗਾਏ ਕਾਇਆ ਮਾਟੀ ਕੋਟ, ਸ਼ਬਦ ਚੋਟ ਇਕ ਜਣਾਈਆ । ਨਿਰਾਲੀ ਪਰਕਾਸ਼ ਕਰ ਜੋਤ, ਜੋਤੀ ਜੋਤ ਜੋਤ ਰੁਸ਼ਨਾਈਆ । ਨਿਰਵੈਰ ਖੋਲ੍ਹ ਸੋਤ, ਸੁਰਤੀ ਸ਼ਬਦੀ ਆਪ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਜੁਗ ਸਰਗੁਣ ਦੇਵੇ ਪੰਜ ਤੱਤ ਵਡਿਆਈਆ । ਸਰਗੁਣ ਪੰਜ ਤੱਤ ਵਡਿਆ, ਲੋਕਮਾਤ ਦਇਆ ਕਮਾਇੰਦਾ । ਗੁਰ ਅਵਤਾਰ ਮਾਰਗ ਲਾ, ਪੀਰ ਪੈਗ਼ੰਬਰ ਸਿਫ਼ਤ ਸਲਾਹ ਜਣਾਇੰਦਾ । ਕੋਟਨ ਕੋਟ ਨਾਮ ਧਰਾ, ਰਸਨਾ ਜਿਹਵਾ ਸਰਬ ਪੜ੍ਹਾਇੰਦਾ । ਆਪ ਛੁਪਿਆ ਰਹੇ ਬੇਪਰਵਾਹ, ਨੇਤਰ ਨਜ਼ਰ ਕਿਤੇ ਨਾ ਆਇੰਦਾ । ਚਾਰ ਜੁਗ ਭਵਿਖਤ ਭਵਿਖਤ ਭਵਿਖਤੀ ਗਿਆ ਜਣਾ, ਭਾਖਿਆ ਆਪਣੀ ਆਪ ਜਣਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਣ ਬਣ ਗਵਾਹ, ਸ਼ਹਾਦਤ ਇਕੋ ਨਾਮ ਪਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸਚ ਨਿਸ਼ਾਨਾ ਗਏ ਜਣਾ, ਲਿਖਿਆ ਲੇਖ ਨਾ ਕੋਇ ਮਿਟਾਇੰਦਾ । ਕਲਜੁਗ ਅੰਤਮ ਆਵੇ ਬੇਪਰਵਾਹ, ਪੜਦਾ ਆਪਣਾ ਆਪ ਉਠਾਇੰਦਾ । ਕਲ ਕਲਕੀ ਜਾਮਾ ਪਾ, ਨਿਹਕਲੰਕਾ ਡੰਕ ਵਜਾਇੰਦਾ । ਸ਼ਬਦ ਅਗੰਮੀ ਚੋਟ ਲਗਾ, ਦੋ ਜਹਾਨਾਂ ਆਪ ਉਠਾਇੰਦਾ । ਸੰਬਲ ਆਪਣਾ ਡੇਰਾ ਲਾ, ਚਾਉ ਘਨੇਰਾ

ਇਕ ਰਖਾਇੰਦਾ । ਨਵ ਖੰਡ ਪ੍ਰਿਥਮੀ ਘੇਰਾ ਪਾ, ਸੱਤਾਂ ਦੀਪਾਂ ਵੰਡ ਵੰਡਾਇੰਦਾ । ਕੂੜੀ ਕਿਰਿਆ ਡੇਰਾ ਢਾਹ, ਸਾਚਾ ਮਾਰਗ ਇਕ ਜਣਾਇੰਦਾ । ਲੱਖ ਚੁਰਾਸੀ ਜੀਵ ਜੰਤ ਵੇਖੇ ਥਾਉਂ ਥਾਂ, ਥਾਨ ਥਨੰਤਰ ਖੋਜ ਖੁਜਾਇੰਦਾ । ਦੋ ਜਹਾਨਾਂ ਜਣਾਏ ਇਕੋ ਨਾਂ, ਵਿਸ਼ਨ ਬ੍ਰਹਮਾ ਸ਼ਿਵ ਪੜ੍ਹਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਜੁਗ ਜੁਗ ਦੇ ਵਿਛੜੇ ਲਏ ਮਿਲਾ, ਪੂਰਬ ਲੇਖਾ ਸਰਬ ਵਖਾਇੰਦਾ । ਦੀਨ ਮਜ਼੍ਹਬ ਜ਼ਾਤ ਪਾਤ ਨੇਤਰ ਨੈਣਾਂ ਨਾਲ ਦਰਸਾ, ਸ਼ਬਦ ਇਸ਼ਾਰਾ ਇਕ ਕਰਾਇੰਦਾ । ਸਰਗੁਣ ਭੁਲਿਆ ਬੇਪਰਵਾਹ, ਪਾਰਬ੍ਰਹਮ ਨਜ਼ਰ ਕਿਸੇ ਨਾ ਆਇੰਦਾ । ਪੜ੍ਹ ਪੜ੍ਹ ਵਿਦਿਆ ਸ੍ਰੀ ਭਗਵਾਨ ਗਏ ਭੁੱਲਾ, ਭੁਲਿਆਂ ਮਾਰਗ ਨਾ ਕੋਇ ਪਵਾਇੰਦਾ । ਅੰਜੀਲ ਕੁਰਾਨ ਵੇਦ ਪੁਰਾਨਾਂ ਝਗੜਾ ਪਿਆ ਥਾਂ ਥਾਂ, ਖਾਣੀ ਬਾਣੀ, ਵੰਡ ਨਾ ਕੋਇ ਵੰਡਾਇੰਦਾ । ਨਿਰਗੁਣ ਦਾਤਾ ਨੇਤਰ ਨੈਣ ਵੇਖੇ ਇਕ ਧਿਆਨ, ਪੜਦਾ ਉਹਲਾ ਲਾਹਿੰਦਾ । ਮੁਕਾਮੇ ਹੱਕ ਹੋ ਰੋਸ਼ਨਾ, ਰੋਸ਼ਨ ਜ਼ਮੀਰ ਇਕ ਕਰਾਇੰਦਾ । ਤਹਿਕੀਕ ਕਰੇ ਆਪ ਖ਼ੁਦਾ, ਖ਼ੁਦੀ ਸਭ ਦੀ ਵੇਖ ਵਖਾਇੰਦਾ । ਚੌਦਾਂ ਤਬਕਾਂ ਪੜਦਾ ਆਪ ਉਠਾ, ਮੁਖ ਨਕ਼ਾਬ ਨਾ ਕੋਇ ਰਖਾਇੰਦਾ । ਰਹਿਬਰ ਬਣ ਦੋ ਜਹਾਨ, ਨਿਰਵੈਰ ਆਪਣਾ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਦਾਤਾ ਪੁਰਖ ਬਿਧਾਤਾ ਨਿਰਵੈਰ ਆਪਣੀ ਕਾਰ ਕਰਾਇੰਦਾ । ਨਿਰਵੈਰ ਆਏ ਪੁਰਖ ਅਕਾਲ, ਅਕਲ ਕਲਾ ਵਡਿਆਈਆ । ਸਚਖੰਡ ਵਖਾਏ ਸੱਚੀ ਧਰਮਸਾਲ, ਧਰਮ ਦਵਾਰਾ ਇਕ ਪਰਗਟਾਈਆ । ਚਾਰੇ ਵਰਨਾਂ ਹੋ ਦਿਆਲ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਅੰਗ ਲਗਾਈਆ । ਨਾਤਾ ਤੋੜ ਸ਼ਾਹ ਕੰਗਾਲ, ਸ਼ਹਿਨਸ਼ਾਹ ਇਕੋ ਘਰ ਵਸਾਈਆ । ਸ਼ਬਦ ਸਰੂਪੀ ਬਣ ਦਲਾਲ, ਨਿਰਗੁਣ ਆਤਮ ਨਿਰਗੁਣ ਪਰਮਾਤਮ ਨਿਰਗੁਣ ਮਨ ਨਿਰਗੁਣ ਬੁਧੀ ਨਿਰਗੁਣ ਮਤ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਨਿਰਗੁਣ ਅੰਸ ਸਰਗੁਣ ਬੰਸ ਸਰਬੰਸਾ ਵੇਖ ਵਖਾਇੰਦਾ । ਨਿਰਗੁਣ ਮਣੀਆਂ ਨਿਰਗੁਣ ਮੰਤ, ਸਰਗੁਣ ਮੰਤਰ ਆਪ ਪੜ੍ਹਾਇੰਦਾ । ਨਿਰਗੁਣ ਨਾਰ ਨਿਰਗੁਣ ਕੰਤ, ਸਰਗੁਣ ਕਾਇਆ ਚੋਲੀ ਸੇਜ ਹੰਢਾਇੰਦਾ । ਨਿਰਗੁਣ ਮਹਿਮਾ ਨਿਰਗੁਣ ਅਗਣਤ, ਸਰਗੁਣ ਰਸਨਾ ਜਿਹਵਾ ਗਾਇੰਦਾ । ਨਿਰਗੁਣ ਗੜ੍ਹ ਸਰਗੁਣ ਹਉਮੇਂ ਹੰਗਤ, ਮਾਇਆ ਮਮਤਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਨਿਰਗੁਣ ਆਪ ਉਠਾਇੰਦਾ । ਨਿਰਗੁਣ ਪਾਰਬ੍ਰਹਮ, ਬ੍ਰਹਮ ਨਿਰਗੁਣ ਆਪ ਜਗਾਈਆ । ਨਿਰਗੁਣ ਕਰੇ ਸਾਚਾ ਕਰਮ, ਨਿਹਕਰਮੀ ਵਡ ਵਡਿਆਈਆ । ਨਿਰਗੁਣ ਆਦਿ ਜੁਗਾਦੀ ਇਕੋ ਧਰਮ, ਵਰਨ ਗੋਤ ਨਾ ਕੋਇ ਰਖਾਈਆ । ਨਿਰਗੁਣ ਨਿਰਵੈਰ ਇਕੋ ਰੱਖੇ ਸਰਨ, ਸ਼ਿਵਦਵਾਲਾ ਮੱਠ ਮੰਦਰ ਮਸਜਦ ਗੁਰੂਦਵਾਰ ਨਾ ਕੋਇ ਜਣਾਈਆ । ਨਿਰਗੁਣ ਨਿਰਵੈਰ ਇਕੋ ਜੋਤ ਪਰਕਾਸ਼, ਅੰਧ ਅੰਧੇਰ ਨਾ ਕੋਇ ਰਖਾਈਆ । ਨਿਰਗੁਣ ਘਟ ਘਟ ਅੰਦਰ ਰੱਖੇ ਵਾਸ, ਘਰ ਘਰ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਜੁਗਾਦੀ ਇਕੋ ਨਰ, ਨਰ ਨਰਾਇਣ ਵੱਡੀ ਵਡਿਆਈਆ । ਨਿਰਗੁਣ ਨਰ ਨਿਰਗੁਣ ਨਾਰ, ਨਿਰਗੁਣ ਪੂਤ ਸਪੂਤ ਬਣਾਇੰਦਾ । ਨਿਰਗੁਣ ਭੂਸ਼ਨ ਨਿਰਗੁਣ ਸ਼ੰਗਾਰ, ਨਿਰਗੁਣ ਵੇਸ ਅਨੇਕ ਵਟਾਇੰਦਾ । ਨਿਰਗੁਣ ਨਾਦ ਸ਼ਬਦ ਧੁਨਕਾਰ, ਨਿਰਗੁਣ ਲਿਖ ਲਿਖ ਲੇਖ ਜਗਤ ਜਣਾਇੰਦਾ । ਨਿਰਗੁਣ ਸ਼ਾਸਤਰ ਸਿਮਰਤ ਵੇਦ ਪੁਰਾਨ ਕਰ ਉਜਿਆਰ, ਨਿਰਗੁਣ ਖਾਣੀ ਬਾਣੀ ਵੰਡ ਵੰਡਾਇੰਦਾ । ਨਿਰਗੁਣ ਸਭ ਦਾ ਲੇਖਾ ਕਰੇ ਆਰ ਪਾਰ, ਬੇਪਰਵਾਹ ਆਪਣੇ ਵਿਚ ਛੁਪਾਇੰਦਾ ।


੮੯੧
੧੩

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਅੰਤ ਜੁਗਾ ਜੁਗੰਤ ਸ਼ਬਦ ਸ਼ਬਦੀ ਇਕੋ ਮੰਤ, ਮੰਤਰ ਇਕੋ ਇਕ ਜਣਾਇੰਦਾ । ਨਿਰਗੁਣ ਮੰਤ ਆਦਿ ਸੋ, ਸੋ ਪੁਰਖ ਨਿਰੰਜਣ ਆਪ ਜਣਾਈਆ । ਨਿਰਗੁਣ ਹੰ ਬ੍ਰਹਮ ਹੋ, ਪਾਰਬ੍ਰਹਮ ਵੰਡ ਵੰਡਾਈਆ । ਦੋਹਾਂ ਵਿਚੋਲਾ ਭੇਵ ਨਾ ਜਾਣੇ ਕੋ ਨੇਤਰ ਨਜ਼ਰ ਕਿਸੇ ਨਾ ਆਈਆ । ਆਪਣਾ ਬੀਜ ਆਪੇ ਬੋ, ਪੱਤ ਡਾਲੀ ਆਪ ਮਹਿਕਾਈਆ । ਅੰਤਮ ਮਾਲਣ ਬਣ ਕੇ ਆਪੇ ਲਏ ਖੋਹ, ਕਲੀ ਕਲੀ ਲੱਖ ਚੁਰਾਸੀ ਆਪ ਤੁੜਾਈਆ । ਗੁਰਮੁਖ ਵਿਰਲੇ ਸੰਤ ਸੁਹੇਲੇ ਭਗਤ ਭਗਵਾਨ ਸਾਚੀ ਲੜੀ ਲਏ ਪਰੋ, ਨਾਮ ਤੰਦ ਹੱਥ ਉਠਾਈਆ । ਸਾਚਾ ਨਾਮ ਦ੍ਰਿੜਾਏ ਸੋਹੰ ਸੋ, ਆਦਿ ਅੰਤ ਮਧ ਆਪਣੀ ਧਾਰ ਜਣਾਈਆ । ਪਾਰਬ੍ਰਹਮ ਬ੍ਰਹਮ ਆਪੇ ਹੋ, ਬ੍ਰਹਮ ਮੇਲਾ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨਿਰਗੁਣ ਕਰੇ ਪੜ੍ਹਾਈਆ । ਹੰ ਬ੍ਰਹਮ ਨਿਰਗੁਣ ਯਾਦ, ਹਰਿ ਸਤਿਗੁਰ ਆਪ ਜਣਾਇੰਦਾ । ਸੋ ਪੁਰਖ ਨਿਰੰਜਣ ਸੁਣ ਫਰਯਾਦ, ਸਤਿ ਸਤਿਵਾਦੀ ਫੇਰਾ ਪਾਇੰਦਾ । ਮੇਲ ਮਿਲਾਵਾ ਮਾਧਵ ਮਾਧ, ਮੋਹਣ ਮੋਹਣੀ ਆਪਣਾ ਰੰਗ ਵਖਾਇੰਦਾ । ਦੇਵਣਹਾਰਾ ਧੁਰਦਰਗਾਹੀ ਦਾਦ, ਵਸਤ ਅਮੋਲਕ ਝੋਲੀ ਪਾਇੰਦਾ । ਰੱਖਣਹਾਰਾ ਸਾਚ ਲਾਜ, ਸਿਰ ਆਪਣਾ ਹੱਥ ਰਖਾਇੰਦਾ । ਵਕਤ ਸੁਹੰਜਣਾ ਕਰੇ ਕਾਜ, ਆਦਿ ਨਿਰੰਜਣ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਵੰਡ ਖੇਲ ਬ੍ਰਹਿਮੰਡ, ਹਰਿ ਸ਼ਬਦ ਅਗੰਮੀ ਸਾਚਾ ਛੰਦ, ਦੋ ਜਹਾਨਾਂ ਆਪ ਅਲਾਇੰਦਾ । ਦੋ ਜਹਾਨਾਂ ਨਿਰਗੁਣ ਧਾਰ, ਹਰਿ ਸ਼ਬਦ ਸ਼ਬਦ ਜਣਾਈਆ । ਸਤਿਜੁਗ ਸਤਿ ਸਤਿ ਵਰਤਾਰ, ਸਤਿ ਸਤਿਵਾਦੀ ਆਪ ਵਰਤਾਈਆ । ਸਤਿ ਸਤਿ ਦਏ ਆਧਾਰ, ਬ੍ਰਹਮ ਮਤ ਇਕ ਜਣਾਈਆ । ਰੱਤੀ ਰੱਤ ਕਰ ਖੁਆਰ, ਚੋਲੀ ਅਗੰਮੜੇ ਰੰਗ ਰੰਗਾਈਆ । ਗੜ੍ਹ ਝੂਠ ਹੰਕਾਰ, ਕੂੜੀ ਕਿਰਿਆ ਡੇਰਾ ਢਾਈਆ । ਸਚ ਸਚ ਕਰ ਪਿਆਰ, ਸੁਰਤੀ ਸ਼ਬਦ ਦਏ ਮਿਲਾਈਆ । ਗੁਰਮੁਖ ਹਰਿਜਨ ਦਏ ਉਧਾਰ, ਅੰਤਰ ਆਤਮ ਖੋਜ ਖੁਜਾਈਆ । ਸਾਚੇ ਸੰਤਨ ਖੋਲ੍ਹ ਕਿਵਾੜ, ਬਜਰ ਕਪਾਟੀ ਤੋੜ ਤੁੜਾਈਆ । ਭਗਤਨ ਮੇਲਾ ਧੁਰ ਦਰਬਾਰ, ਧੁਰ ਦਰਬਾਰਾ ਇਕ ਵਖਾਈਆ । ਸਾਚੇ ਮੰਦਰ ਦਏ ਬਹਾਲ, ਚੌਥੇ ਪਦ ਮਿਲੇ ਵਡਿਆਈਆ । ਚੌਥੇ ਪਦ ਆਪ ਸੰਭਾਲ, ਨਿਰਗੁਣ ਆਪਣੇ ਅੰਗ ਲਗਾਈਆ । ਥਿਰ ਘਰ ਵਖਾ ਸੱਚੀ ਧਰਮਸਾਲ, ਸ਼ਬਦ ਸ਼ਬਦੀ ਵਿਚ ਸਮਾਈਆ । ਜੋਤੀ ਜੋਤ ਕਰ ਪਿਆਰ, ਥਿਰ ਘਰ ਪੰਧ ਆਪ ਮੁਕਾਈਆ । ਸਚਖੰਡ ਦੇਵੇ ਸੱਚੀ ਧਰਮਸਾਲ, ਧਰਮ ਦਵਾਰੇ ਸੋਭਾ ਪਾਈਆ । ਨਿਰਗੁਣ ਨਿਰਗੁਣ ਲੈ ਕੇ ਜਾਏ ਨਾਲ, ਗੁਰਮੁਖ ਆਤਮ ਪਰਮਾਤਮ ਮੇਲ ਮਿਲਾਈਆ । ਨਾਤਾ ਤੋੜ ਕਾਲ ਮਹਾਂਕਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਰਗੁਣ ਰੂਪ ਪੁਰਖ ਅਬਿਨਾਸ਼ੀ ਜਨ ਭਗਤਾਂ ਰੱਖੇ ਉਤਮ ਜ਼ਾਤ, ਆਤਮ ਜੋੜੇ ਸਾਚਾ ਨਾਤ, ਜੋਤੀ ਜੋਤ ਮਿਲਾਈਆ । ਨਿਰਗੁਣ ਮੇਲਾ ਨਿਰਗੁਣ ਜੋਤ, ਜੋਤੀ ਜੋਤ ਮਿਲਾਇੰਦਾ । ਨਿਰਗੁਣ ਗੁਰੂ ਨਿਰਗੁਣ ਚੇਲਾ ਨਿਰਗੁਣ ਵਸੇ ਸਾਚੇ ਕੋਟ, ਮੰਦਰ ਸਾਚਾ ਸੋਭਾ ਪਾਇੰਦਾ । ਨਿਰਗੁਣ ਖੇਲ ਪਿਤਾ ਪੂਤ, ਸਪੂਤ ਆਪਣੇ ਘਰ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਇਕੋ ਕਾਹਨ, ਵੇਖਣਹਾਰਾ ਦੋ ਜਹਾਨ, ਵਸਣਹਾਰਾ ਸਚ ਮਕਾਨ, ਸਚਖੰਡ ਨਿਵਾਸ ਪੁਰਖ ਅਬਿਨਾਸ਼ੀ ਅਲੱਖ ਅਗੋਚਰ ਅਗੰਮ ਅਥਾਹ ਦਾਤਾ ਦਾਨੀ ਬੇਪਰਵਾਹ, ਜਨ ਭਗਤਾਂ ਬਣੇ ਆਪ

ਮਲਾਹ, ਬੇੜਾ ਆਪਣੇ ਕੰਧ ਉਠਾਇੰਦਾ । ਨਿਰਗੁਣ ਬੇੜਾ ਚੁਕੇ ਕੰਧ, ਕੰਧ ਆਪਣੇ ਭਾਰ ਉਠਾਈਆ । ਸੰਗ ਸੁਹੇਲਾ ਹਰਿ ਬਖ਼ਸ਼ੰਦ, ਬਖ਼ਸ਼ਸ਼ ਆਪ ਕਰਾਈਆ । ਦੋ ਜਹਾਨਾਂ ਮੇਟ ਪੰਧ, ਪਾਂਧੀ ਆਪਣਾ ਚਰਨ ਉਠਾਈਆ । ਗੀਤ ਸੁਣਾਏ ਸੁਹਾਗੀ ਛੰਦ, ਸੋਹੰ ਢੋਲਾ ਇਕ ਜਣਾਈਆ । ਆਤਮ ਪਰਮਾਤਮ ਇਕ ਅਨੰਦ, ਨਿਝ ਆਤਮ ਕਰੇ ਰਸਾਈਆ । ਸਚ ਦਰਵਾਜ਼ਾ ਜਾਏ ਲੰਘ, ਅਧਵਿਚਕਾਰ ਨਾ ਕੋਈ ਅਟਕਾਈਆ । ਸਚਖੰਡ ਦਾ ਸਿੰਘਾਸਣ ਸੋਹੇ ਪਲੰਘ, ਪਾਵਾ ਚੂਲ ਨਾ ਕੋਇ ਵਡਿਆਈਆ । ਸ਼ਬਦ ਰਾਗ ਨਾ ਕੋਈ ਮਰਦੰਗ, ਨਾਦ ਧੁਨ ਨਾ ਕੋਇ ਸ਼ਨਵਾਈਆ । ਨਿਰਗੁਣ ਰੂਪ ਸਦਾ ਸਰਬੰਗ, ਪਰਮ ਪੁਰਖ ਬੈਠਾ ਆਸਣ ਲਾਈਆ । ਭਗਤ ਭਗਵਾਨ ਇਕ ਦੂਜੇ ਦਾ ਰੱਖਣ ਸੰਗ, ਵਿਛੋੜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਰਗੁਣ ਵਿਛੋੜਾ ਨਿਰਗੁਣ ਮੇਲਾ ਨਿਰਗੁਣ ਸਰਗੁਣ ਆਪਣੇ ਘਰ ਮਿਲਾਈਆ ।

### ❇ ੧੩ ਫੱਗਣ ੨੦੧੯ ਬਿਕ੍ਰਮੀ ਅਵਤਾਰ ਸਿੰਘ ਦੇ ਗ੍ਰਹਿ ਦਿਲੀ ❇

ਕਲਜੁਗ ਅੰਤਮ ਅੰਧੇਰਾ, ਨੌ ਖੰਡ ਪ੍ਰਿਥਮੀ ਰਹੀ ਕੁਰਲਾਈਆ । ਕੂੜੀ ਕਿਰਿਆ ਪਾਇਆ ਘੇਰਾ, ਮਾਇਆ ਮਮਤਾ ਹਉਮੇਂ ਹੰਗਤਾ ਕਰੇ ਲੜਾਈਆ । ਰਾਜ ਰਾਜਾਨ ਸ਼ਾਹ ਸੁਲਤਾਨ ਕਹਿਣ ਮੇਰਾ ਮੇਰਾ, ਤੇਰਾ ਨਜ਼ਰ ਕਿਸੇ ਨਾ ਆਈਆ । ਜੀਵਾਂ ਜੰਤਾਂ ਅੰਦਰ ਸਾਧਾ ਸੰਤਾਂ ਲਾਇਆ ਡੇਰਾ, ਪੰਜ ਤੱਤ ਜਗਤ ਆਸਣ ਰਹੇ ਬੰਧਾਈਆ । ਅੰਤਰ ਆਤਮ ਚੁਕੇ ਕਿਸੇ ਨਾ ਝੇੜਾ, ਝਗੜਾ ਝੰਝਟ ਨਾ ਕੋਈ ਮੁਕਾਈਆ । ਸਚ ਨਾ ਦਿਸੇ ਸਾਡੇ ਤਿੰਨ ਹੱਥ ਖੇੜਾ, ਸਾਚੀ ਖਿੜਕੀ ਨਾ ਕੋਈ ਖੁਲ੍ਹਾਈਆ । ਮਨ ਮਨੂਆ ਨਾ ਕਰੇ ਹੇਰਾ ਫੇਰਾ, ਕਟਾਕਸ਼ ਤੀਰ ਨਾ ਕੋਈ ਲਗਾਈਆ । ਪਰਮਾਤਮ ਨਜ਼ਰ ਨਾ ਆਏ ਨੇਰਨ ਨੇਰਾ, ਦੂਰ ਦੁਰਾਡਾ ਰਹੇ ਜਸ ਗਾਈਆ । ਸਚ ਮਹੱਲ ਨਾ ਦਿਸੇ ਖੁਲ੍ਹਾ ਵੇਹੜਾ, ਘਰ ਜੋਤ ਨਾ ਕੋਈ ਰੁਸ਼ਨਾਈਆ । ਆਪਣਾ ਬੰਧ ਨਾ ਸਕਣ ਬੇੜਾ, ਭਾਰ ਦੂਜਿਆਂ ਰਹੇ ਉਠਾਈਆ । ਜਿਸ ਪ੍ਰਭ ਮਿਲਿਆ ਸ਼ਹਿਨਸ਼ਾਹ ਇਕੋ ਵੇਰਾ, ਸ਼ਾਹ ਪਾਤਸ਼ਾਹ ਆਪਣੇ ਰੰਗ ਰੰਗਾਈਆ । ਹਰਿਜਨ ਮੁਕਾਏ ਤੂੰ ਸਤਿਗੁਰ ਮੇਰਾ ਮੈਂ ਤੇਰਾ, ਤੇਰਾ ਤੁਧ ਬਿਨ ਨਜ਼ਰ ਕੋਈ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਾਧ ਸੰਤ ਜੀਵ ਜੰਤ ਵੇਖੇ ਥਾਉਂ ਥਾਈਆ । ਸਾਧ ਸੰਤ ਮਾਨਣ ਰੰਗ, ਰੰਗ ਰਲੀਆਂ ਜਗਤ ਵਖਾਇੰਦਾ । ਅੰਤਮ ਮਿਲੇ ਨਾ ਕਿਸੇ ਅਨੰਦ, ਸਚ ਰਸ ਨਾ ਕੋਈ ਚੁਆਇੰਦਾ । ਆਤਮ ਸੇਜ ਚੜ੍ਹਿਆ ਨਾ ਕੋਈ ਪਲੰਘ, ਜਗਤ ਕੁੜਿਆਰੀ ਸੇਜ ਸਰਬ ਹੰਢਾਇੰਦਾ । ਬੱਤੀ ਦੰਦ ਗੌਂਦੇ ਛੰਦ, ਬੋਧ ਅਗਾਧ ਭੇਵ ਨਾ ਕੋਇ ਖੁਲ੍ਹਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਕਹਿਣ ਬਖ਼ਸ਼ੰਦ, ਬਖ਼ਸ਼ਣਹਾਰ ਨਜ਼ਰ ਕਿਸੇ ਨਾ ਆਇੰਦਾ । ਨਿਰੰਕਾਰ ਬੋਲਣ ਜੇਰਜ ਅੰਡ, ਉਤਭੁਜ ਸੇਤਜ ਪੰਧ ਨਾ ਕੋਇ ਮੁਕਾਇੰਦਾ । ਕੂੜੀ ਕਿਰਿਆ ਖਾਇਣ ਗੰਦ, ਸਚ ਸੁੱਚ ਅੰਮ੍ਰਿਤ ਰਸ ਘਰ ਮੰਦਰ ਨਾ ਕੋਇ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਅੰਤਮ ਕਲਜੁਗ ਖੇਲ ਕਲਜੁਗ ਹੱਥ ਰਖਾਇੰਦਾ । ਕਲਜੁਗ ਸੰਤ ਰਹੇ ਕੁਰਲਾ, ਉਚੀ ਕੂਕ ਕੂਕ ਦੇਣ ਦੁਹਾਈਆ । ਨਿਰਗੁਣ ਮਿਲੇ ਨਾ ਸਰਗੁਣ ਆ, ਸਾਰ

ਸ਼ਬਦ ਨਾ ਕੋਇ ਜਣਾਈਆ । ਪਾਰਬ੍ਰਹਮ ਪ੍ਰਭ ਪੜਦਾ ਨਾ ਦਏ ਉਠਾ, ਤਾਕੀ ਬੰਦ ਨਾ ਕੋਇ ਖੁਲ੍ਹਾਈਆ । ਸਤਿ ਸਤਿਵਾਦੀ ਸਤਿ ਸ਼ਬਦ ਅਨਰਾਗੀ ਰਾਗ ਨਾ ਦਏ ਕੋਈ ਸੁਣਾ, ਜਗਤ ਰਾਗੀ ਰਸਨਾ ਜਿਹਵਾ ਰਹੇ ਜਸ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਤੇਰੀ ਕਲ ਤੇਰੇ ਹੱਥ ਰਖਾਈਆ । ਕਲਜੁਗ ਅੰਤ ਕਲ ਵਧਾਈ, ਚਾਰ ਕੁੰਟ ਵੇਖ ਵਖਾਇੰਦਾ । ਰੈਣ ਅੰਧੇਰੀ ਇਕੋ ਛਾਈ, ਛਹਿਬਰ ਕੂੜੀ ਕਿਰਿਆ ਲਾਇੰਦਾ । ਗੁਰਦਰ ਮੰਦਰ ਮਸਜਦ ਸ਼ਿਵਦਵਾਲੇ ਮੱਠ ਸਾਧ ਸੰਤ ਧੀਆਂ ਭੈਣਾਂ ਰਹੇ ਤੱਕ, ਸਤਿ ਧਰਮ ਸੰਤੋਖ ਨਾ ਕੋਇ ਰਖਾਇੰਦਾ । ਨਾਮ ਨਿਧਾਨ ਸ੍ਰੀ ਭਗਵਾਨ ਅਗੰਮ ਅਥਾਹ ਬੇਪਰਵਾਹ ਮਹਿਮਾ ਸੁਣਾਏ ਨਾ ਕੋਈ ਅਕਥ, ਜਗਤ ਕਹਾਣੀ ਜਗਤ ਸੁਣਾਇੰਦਾ । ਬਸਤਰ ਪਹਿਨ ਤਨ ਸੁਹਾਇਣ ਪਟ, ਸਚ ਪਟੋਲਾ ਨਾਮ ਓਢਣ ਨਾ ਕੋਇ ਰਖਾਇੰਦਾ । ਆਪਣੀ ਕਰਨੀ ਖੋਲ੍ਹ ਹੱਟ, ਜਗਤ ਵਣਜਾਰਾ ਜਗਤ ਵਸਤ ਵਖਾਇੰਦਾ । ਕਿਸੇ ਨਜ਼ਰ ਨਾ ਆਏ ਪੁਰਖ ਸਮਰਥ, ਸਮਰਥ ਹੱਥ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕਲਜੁਗ ਕੂੜਾ ਬੰਧਨ ਪਾਇੰਦਾ । ਕਲਜੁਗ ਸੰਤ ਕਰਨ ਪੁਕਾਰ, ਕੂਕ ਕੂਕ ਸੁਣਾਈਆ । ਪੁਰਖ ਅਬਿਨਾਸ਼ੀ ਨਜ਼ਰ ਨਾ ਆਏ ਕਾਇਆ ਅੰਦਰ ਮੰਦਰ ਦੁਆਰ, ਨੌਂ ਦਰ ਪਾਰ ਨਾ ਕੋਇ ਕਰਾਈਆ । ਆਸਾ ਤ੍ਰਿਸਨਾ ਮਾਇਆ ਮਮਤਾ ਹਉਮੇਂ ਹੰਗਤਾ ਤਨ ਮਾਟੀ ਪਹਿਨ ਕਰਨ ਸ਼ੰਗਾਰ, ਸਾਚਾ ਬਸਤਰ ਤਨ ਨਾ ਕੋਇ ਸੁਹਾਈਆ । ਅੱਠੇ ਪਹਿਰ ਕਾਮ ਕਰੋਧ ਲੋਭ ਮੋਹ ਹੰਕਾਰ ਰਹਿਣ ਅਸਵਾਰ, ਸ਼ਾਹ ਅਸਵਾਰ ਨਜ਼ਰ ਕਿਸੇ ਨਾ ਆਈਆ । ਸ੍ਰਿਸ਼ਟ ਸਬਾਈ ਦੱਸਣ ਜਗਤ ਵਿਹਾਰ, ਵਿਵਹਾਰੀ ਆਪਣੀ ਕਾਰ ਨਾ ਕੋਇ ਕਮਾਈਆ । ਜੋਗ ਅਭਿਆਸ ਹਠ ਤਪ ਜਪ ਸਤਿ ਕਰਨ ਬਾਹਰ ਮੁਖੀ ਕਾਰ, ਅੰਤਰ ਸੁਖੀ ਆਤਮ ਰੰਗ ਨਾ ਕੋਇ ਰੰਗਾਈਆ । ਸ਼ਾਨੋ ਸ਼ੌਕਤ ਜਗਤ ਉਜਿਆਰ, ਦੁਆਰ ਮੰਦਰ ਇਕੋ ਇਕ ਵਡਿਆਈਆ । ਨਜ਼ਰ ਨਾ ਆਏ ਨਿਰਗੁਣ ਸੁੰਦਰ ਬੇਨਜ਼ੀਰ ਸ਼ਾਹ ਹਕੀਰ ਸ਼ਹਿਨਸ਼ਾਹ ਸੁਲਤਾਨ ਅੰਦਰ ਗਿਰਹਬਾਨ, ਗ੍ਰਿਹਿ ਅੰਦਰ ਪੜਦਾ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਸੰਤ ਮਾਇਆ ਪਾਏ ਆਪ ਬੇਅੰਤ, ਅੰਤ ਆਪਣੇ ਹੱਥ ਰਖਾਈਆ । ਕਲਜੁਗ ਮਾਇਆ ਹੋ ਬਲਵਾਨ, ਚਾਰ ਕੁੰਟ ਲਏ ਅੰਗੜਾਈਆ । ਪੰਜ ਤੱਤ ਵੇਖੇ ਮਾਰ ਧਿਆਨ, ਬਿਨ ਨੇਤਰ ਨੈਣ ਉਠਾਈਆ । ਕਲਜੁਗ ਸਿਖਿਆ ਕੂੜੀ ਕਿਰਿਆ ਕਰੇ ਗਿਆਨ, ਅਗਿਆਨ ਅੰਧੇਰ ਇਕੋ ਘਰ ਵਖਾਈਆ । ਗੁਰ ਕਾ ਸ਼ਬਦ ਭੁੱਲੇ ਬਣ ਅਵਾਣ, ਆਪ ਆਪਣਾ ਮਾਰਗ ਲਾਈਆ । ਸਤਿਗੁਰ ਸ਼ਬਦ ਇਕ ਬਿਆਨ, ਆਦਿ ਜੁਗਾਦਿ ਜੁਗਾ ਜੁਗੰਤਰ ਦੇਵੇ ਸਚ ਸਾਲਾਹੀਆ । ਆਤਮ ਅੰਤਰ ਕਰੇ ਨਾ ਕੋਇ ਪਰਵਾਨ, ਸਿਫ਼ਤ ਸਾਲਾਹੀ ਸਿਫ਼ਤ ਰਹੇ ਗਾਈਆ । ਜਗਤ ਲੇਖਾ ਜਗਤ ਵਿਧਾਨ, ਵਿਦਤ ਵਿਦਿਆ ਚੌਦਾਂ ਚੌਦਾਂ ਇਕੋ ਗੰਢ ਪਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਦੇਵਣਹਾਰਾ ਵਰ, ਸੰਤ ਜਗਤ ਸੰਤ ਬਣਾਈਆ । ਜਗਤ ਸੰਤ ਕੋਟਨ ਕੋਟ, ਘਰ ਘਰ ਡੇਰਾ ਲਾਈਆ । ਹਰਿ ਕਾ ਸੰਤ ਨਿਰਮਲ ਜੋਤ, ਨਿਰਾਕਾਰ ਵਿਚ ਸਮਾਈਆ । ਸ਼ਬਦ ਅਗੰਮ ਲਗਾਏ ਚੋਟ, ਸਚ ਨਗਾਰਾ ਇਕ ਵਜਾਈਆ । ਸਾਚਾ ਸੰਤ ਸਤਿ ਸਤਿਵਾਦੀ ਕੱਢੇ ਕੂੜਾ ਖੋਟ, ਕਿਰਿਆ ਕਰਮ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਚ ਸਭ ਦੀ ਵਿਥਿਆ ਦਏ ਜਣਾਈਆ । ਕਲਜੁਗ ਸੰਤ ਕਲਜੁਗ ਨਾਤਾ, ਕਲਕਾਤੀ ਰੂਪ ਵਟਾਈਆ । ਨਜ਼ਰ ਨਾ ਆਏ

ਪੁਰਖ ਬਿਧਾਤਾ, ਬਿਧ ਆਪਣੇ ਹੱਥ ਰਖਾਈਆ । ਗਾ ਗਾ ਥੱਕੇ ਰਸਨਾ ਗਾਥਾ, ਅਨਹਦ ਨਾਦੀ ਨਾਦ ਨਾ ਕੋਇ ਸੁਣਾਈਆ । ਕਲਜੁਗ ਅੰਤ ਸ੍ਰੀ ਭਗਵੰਤ ਸਭ ਦਾ ਲਹਿਣਾ ਦੇਣਾ ਬਾਕਾ, ਬਾਕੀ ਸਭ ਦੀ ਫੋਲ ਫੁਲਾਈਆ । ਅੰਤਮ ਮੇਟੇ ਕੂੜਾ ਖ਼ਾਕਾ, ਖ਼ਾਕੀ ਖ਼ਾਕ ਧੂੜ ਉਡਾਈਆ । ਸ੍ਰੀ ਭਗਵਾਨ ਮਿਹਰਵਾਨ ਸਰਬ ਜੀਆਂ ਦਾ ਇਕੋ ਸਾਕਾ, ਸਗਲਾ ਸੰਗ ਨਿਭਾਈਆ । ਚਾਰ ਜੁਗ ਪੂਰਾ ਕਰੇ ਲਿਖਿਆ ਭਵਿਖਤ ਵਾਕਾ, ਵਾਤਾਵਰਨ ਆਪਣੇ ਹੱਥ ਰਖਾਈਆ । ਪਰਗਟ ਹੋਏ ਮਹਾਂਬਲੀ ਪੁਰਖ ਸਮਰਾਥਾ, ਨਰ ਨਰਾਇਣ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੂੜੀ ਕਿਰਿਆ ਕੂੜੀ ਰੰਗਣ ਜਗਤ ਯੁਗਤ ਕਰੀ ਕੁੜਮਾਈਆ । ਅੰਤਰ ਆਤਮ ਸੱਚਾ ਦਰਸ, ਬਿਨ ਅੱਖਾਂ ਆਪ ਕਰਾਈਆ । ਅੰਤਰ ਆਤਮ ਅੰਮ੍ਰਿਤ ਬਰਸ, ਨਿਝਰ ਝਿਰਨਾ ਇਕ ਝਿਰਾਈਆ । ਅੰਤਰ ਆਤਮ ਮੇਟ ਹਰਸ, ਹਵਸ ਦਏ ਗਵਾਈਆ । ਅੰਤਰ ਆਤਮ ਕਰ ਤਰਸ, ਨਿਰਗੁਣ ਨਿਰਗੁਣ ਪੜਦਾ ਲਾਹੀਆ । ਅੰਤਰ ਆਤਮ ਲਾਹੇ ਕਰਜ, ਪਿਛਲਾ ਲਹਿਣਾ ਝੋਲੀ ਪਾਈਆ । ਅੰਤਰ ਆਤਮ ਸਤਿਗੁਰ ਪੂਰਾ ਕਰੇ ਫ਼ਰਜ਼, ਬਣ ਫ਼ਰਮਾਂਬਰਦਾਰ ਸੇਵ ਕਮਾਈਆ । ਅੰਤਰ ਆਤਮ ਗੁਰ ਗੁਰਸਿਖ ਹੋਣ ਨਾ ਦੇਵੇ ਹਰਜ, ਹਰਜਾਨਾ ਆਪਣੀ ਝੋਲੀ ਪਾਈਆ । ਅੰਤਰ ਆਤਮ ਸਾਚਾ ਰਾਗ ਅਨਹਦ ਨਾਦ ਸੁਣਾਏ ਤਰਜ਼, ਤਲਵਾੜਾ ਇਕੋ ਇਕ ਵਜਾਈਆ । ਅੰਤਰ ਆਤਮ ਸ਼ਬਦ ਅਗੰਮ ਸੁਣਾਏ ਗ਼ਰਜ਼, ਰਸਨਾ ਜਿਹਵਾ ਨਾ ਕੋਇ ਹਿਲਾਈਆ । ਅੰਤਰ ਆਤਮ ਜਗਤ ਵਿਕਾਰਾ ਦੇਵੇ ਵਰਜ, ਭੈ ਭੌ ਇਕੋ ਘਰ ਵਖਾਈਆ । ਅੰਤਰ ਆਤਮ ਸੁਰਤ ਸਵਾਣੀ ਸੁਣ ਅਰਜ਼, ਸ਼ਬਦ ਹਾਣੀ ਮੇਲ ਮਿਲਾਈਆ । ਅੰਤਰ ਆਤਮ ਪਰਮਾਤਮ ਵੇਖ ਹੋਏ ਅਸਚਰਜ, ਮਹਿਮਾ ਅਕਥ ਕਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਰਸ ਇਕੋ ਘਰ ਜਣਾਈਆ । ਅੰਤਰ ਆਤਮ ਦਰਸਨ ਨੇਤ, ਨੇਰਨ ਨੇਰ ਕਰਾਇੰਦਾ । ਅੰਤਰ ਆਤਮ ਇਕੋ ਹੇਤ, ਹਿਤਕਾਰੀ ਆਪ ਜਣਾਇੰਦਾ । ਅੰਤਰ ਆਤਮ ਰੁੱਤ ਬਸੰਤੀ ਚੇਤ, ਫੁਲ ਫਲਵਾੜੀ ਆਪ ਮਹਿਕਾਇੰਦਾ । ਅੰਤਰ ਆਤਮ ਨਿਜ ਨੇਤਰ ਗੁਰਮੁਖ ਲਏ ਵੇਖ, ਜਗਤ ਲੋਚਣ ਬੰਦ ਕਰਾਇੰਦਾ । ਅੰਤਰ ਆਤਮ ਸਦ ਰੱਖੇ ਸਾਇਆ ਹੇਠ, ਸਿਰ ਆਪਣਾ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਰਸ ਆਪ ਜਣਾਇੰਦਾ । ਸਾਚਾ ਦਰਸ ਆਤਮ ਜੋਤ, ਪਰਮਾਤਮ ਮੇਲ ਮਿਲਾਈਆ । ਨਾਤਾ ਤੁੱਟੇ ਵਰਨ ਗੋਤ, ਜ਼ਾਤ ਪਾਤ ਨਾ ਕੋਇ ਰਖਾਈਆ । ਅਗਲੀ ਪਿਛਲੀ ਰਹੇ ਨਾ ਹੋਸ਼, ਮਦਹੋਸ਼ ਫਿਰੀ ਦੁਹਾਈਆ । ਕਰ ਦਰਸ ਹੋਏ ਖ਼ਾਮੋਸ਼, ਰਸਨਾ ਜਿਹਵਾ ਨਾ ਕੋਇ ਹਿਲਾਈਆ । ਦੋਸ਼ੀ ਬਣੇ ਦਰ ਨਿਰਦੋਸ਼, ਹਾਣ ਨਾ ਲਾਗੇ ਰਾਈਆ । ਸਤਿਗੁਰ ਪੂਰਾ ਹਰਿ ਸੱਜਣ ਲਏ ਖੋਜ, ਖੋਜ ਆਪਣੀ ਦਏ ਜਣਾਈਆ । ਸਚ ਦੁਆਰੇ ਜਾਏ ਪਹੁੰਚ, ਬੇਪਰਵਾਹ ਫੇਰਾ ਪਾਈਆ । ਦੇਵੇ ਦਰਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਸ ਦੀਦਾਰ ਇਕ ਜਣਾਈਆ । ਆਤਮ ਅੰਤਰ ਦਰਸ ਦੀਦਾਰ, ਦੀਦਨ ਦੀਦ ਕਰਾਇੰਦਾ । ਪਾਰਬ੍ਰਹਮ ਬ੍ਰਹਮ ਦੱਸ ਗੁਫ਼ਤਾਰ, ਗੁਫ਼ਤ ਸ਼ੁਨੀਦ ਜਣਾਇੰਦਾ । ਸਾਚੇ ਮੰਦਰ ਖੇਲ ਅਪਾਰ, ਘਰ ਘਰ ਵਿਚ ਸੋਭਾ ਪਾਇੰਦਾ । ਡੰਕਾ ਵੱਜੇ ਅਗੰਮ ਅਪਾਰ, ਢੋਲਕ ਛੈਣਾ ਨਾ ਕੋਇ ਰਖਾਇੰਦਾ । ਨਿਰਮਲ ਦੀਆ ਬਾਤੀ ਕਰ ਉਜਿਆਰ, ਤੇਲ ਬਾਤੀ ਨਾ ਕੋਇ ਟਿਕਾਇੰਦਾ । ਕਮਲਾਪਾਤੀ ਮੀਤ ਮੁਰਾਰ, ਮਿੱਤਰ ਪਿਆਰਾ ਨਜ਼ਰੀ ਆਇੰਦਾ । ਆਤਮ ਸੇਜਾ ਕਰ ਪਸਾਰ, ਸਚ ਵਿਹਾਰੀ ਖੇਲ ਕਰਾਇੰਦਾ । ਦਰਸਨ ਦੇਵੇ ਆਪਣੀ ਧਾਰ, ਧਾਰ ਧਾਰ ਵਿਚ ਮਿਲਾਇੰਦਾ ।


੯੦੫
੧੩

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਰਸ ਇਕੋ ਘਰ ਜਣਾਇੰਦਾ । ਦਰਸ ਹੋਵੇ ਸਾਚੇ ਘਰ, ਘਰ ਮੰਦਰ ਵੱਜੇ ਵਧਾਈਆ । ਆਤਮ ਪਰਮਾਤਮ ਮਿਲੇ ਵਰ, ਵਰ ਇਕੋ ਨਜ਼ਰੀ ਆਈਆ । ਦੋ ਜਹਾਨ ਚੁੱਕੇ ਡਰ, ਲੋਕ ਪਰਲੋਕ ਭੈ ਨਾ ਕੋਇ ਰਖਾਈਆ । ਸੰਤ ਸਤਿਗੁਰ ਪੱਲੂ ਫੜ, ਗੁਰਮੁਖ ਗੁਰ ਗੁਰ ਅੰਗ ਲਗਾਈਆ । ਸਚ ਮਹੱਲੇ ਜਾਣ ਚੜ੍ਹ, ਬਣ ਪਾਂਧੀ ਪੰਧ ਮੁਕਾਈਆ । ਦਰਸ ਕਰਨ ਅੱਗੇ ਖੜ, ਖਟਕਾ ਕੋਇ ਰਹਿਣ ਨਾ ਪਾਈਆ । ਸਾਚਾ ਢੋਲਾ ਲੈਣ ਪੜ੍ਹ, ਤੂੰ ਮੇਰਾ ਮੈਂ ਤੇਰਾ ਇਕੋ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਸ ਇਕੋ ਦਰ ਵਖਾਈਆ । ਹੋਵੇ ਦਰਸ ਦਰ ਸੁਹੰਜਣਾ, ਸੋਭਾਵੰਤ ਸੁਹਾਇੰਦਾ । ਮਿਲੇ ਪਰਕਾਸ਼ ਆਦਿ ਨਿਰੰਜਣਾ, ਜੋਤ ਨਿਰੰਜਣ ਮੇਲ ਮਿਲਾਇੰਦਾ । ਹੋਏ ਸਹਾਈ ਦਰਦ ਦੁੱਖ ਭੈ ਭੰਜਨਾ, ਭਵ ਸਾਗਰ ਪਾਰ ਕਰਾਇੰਦਾ । ਨੇਤਰ ਨਾਮ ਪਾਏ ਅੰਜਨਾ, ਅਗਿਆਨ ਅੰਧੇਰ ਚੁਕਾਇੰਦਾ । ਚਰਨ ਧੂੜ ਕਰਾਏ ਸਾਚਾ ਮਜਨਾ, ਦੁਰਮਤ ਮੈਲ ਧਵਾਇੰਦਾ । ਅੰਤ ਪੜਦਾ ਕੱਜਣਾ, ਜਿਸ ਜਨ ਆਪਣਾ ਦਰਸ ਦਿਖਾਇੰਦਾ । ਸਚ ਦੁਆਰੇ ਬਹਿ ਕੇ ਸਯਦਾ, ਧਰਮ ਦੁਆਰਾ ਇਕ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਰਸ ਜਿਸ ਜਨ ਬਿਨ ਅੱਖਾਂ ਆਪ ਜਣਾਇੰਦਾ । ਸਾਚਾ ਦਰਸ ਕਰਾਏ ਬਿਨ ਜਗਤ ਅੱਖ, ਨੇਤਰ ਦੋਏ ਨਜ਼ਰ ਨਾ ਆਈਆ । ਨਿਰਗੁਣ ਘਰ ਨਿਰਗੁਣ ਹੋ ਪਰਤੱਖ, ਪਾਰਬ੍ਰਹਮ ਬ੍ਰਹਮ ਆਪਣਾ ਲਏ ਜਗਾਈਆ । ਸਾਚਾ ਮਾਰਗ ਸਚ ਦੱਸ, ਸਤਿ ਕਰੇ ਪੜ੍ਹਾਈਆ । ਅੰਤਰ ਦੇਵੇ ਇਕੋ ਰਸ, ਰਸ ਰਸੀਆ ਹਰਿ ਚੁਆਈਆ । ਸਚ ਦੁਆਰੇ ਹੋਏ ਵਸ, ਵਸਤੂ ਆਪਣੀ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਸਾਚਾ ਵਰ, ਦਰਸ ਇਕੋ ਮੰਦਰ ਦਏ ਵਖਾਈਆ । ਸਾਚਾ ਦਰਸ ਸੋਹੰ ਹੰਸਾ, ਕਾਗ ਹੰਸ ਬਣਾਇੰਦਾ । ਭਗਤ ਭਗਵਾਨ ਸਾਚਾ ਬੰਸਾ, ਜੁਗ ਜੁਗ ਖੇਲ ਕਰਾਇੰਦਾ । ਸੰਤ ਸਤਿਗੁਰ ਮੇਲਾ ਨਾਰ ਕੰਤਾ, ਸੇਜ ਸੁਹੰਜਣੀ ਆਪ ਹੰਢਾਇੰਦਾ । ਗੁਰਮੁਖ ਗੁਰ ਗੁਰ ਲਾਏ ਅੰਗਤਾ, ਅੰਗੀਕਾਰ ਆਪ ਹੋ ਜਾਇੰਦਾ । ਗੁਰਸਿਖ ਗੁਰ ਚੋਲੀ ਰੰਗਦਾ, ਰੰਗ ਮਜੀਠੀ ਇਕ ਚੜ੍ਹਾਇੰਦਾ । ਸਾਹਿਬ ਸਤਿਗੁਰ ਬਣ ਦਿਆਲ, ਠਾਕਰ ਸਵਾਮੀ ਆਦਿ ਜੁਗਾਦਿ ਜੁਗਾ ਜੁਗੰਤ ਜਨ ਭਗਤਾਂ ਦਰਸ ਮੰਗਦਾ, ਦਰਸ ਭਗਤਾਂ ਆਪਣਾ ਆਪ ਕਰਾਇੰਦਾ । ਅੰਦਰ ਬਾਹਰ ਸਚ ਦੁਆਰ ਆਪੇ ਲੰਘਦਾ, ਔਂਦਾ ਜਾਂਦਾ ਨਜ਼ਰ ਕਿਸੇ ਨਾ ਆਇੰਦਾ । ਨਿਰਗੁਣ ਹੋ ਕੇ ਸਰਗੁਣ ਨਾਲ ਹੰਢਦਾ, ਆਪ ਆਪਣੀ ਕਾਰ ਕਮਾਇੰਦਾ । ਲੇਖਾ ਜਾਣੇ ਸੂਰਜ ਚੰਦ ਦਾ, ਚੌਦਸ ਚੰਦ ਆਪ ਚਮਕਾਇੰਦਾ । ਪੈਂਡਾ ਜਾਣੇ ਦੋ ਜਹਾਨ ਦਾ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਚਰਨਾਂ ਹੇਠ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਵਖਾਏ ਆਪਣਾ ਦਰਸ, ਤਿਸ ਨਾਤਾ ਤੋੜੇ ਅਰਸ਼ ਫ਼ਰਸ਼, ਕਾਇਆ ਕੁਰਾ ਇਕੋ ਵਾਰ ਪਾਰ ਕਰਾਇੰਦਾ । ਕਾਇਆ ਕਾਅਬਾ ਵੇਖੇ ਮੁਕਾਬ, ਬੇਪਰਵਾਹ ਬੇਪਰਵਾਹੀਆ । ਦੀਦ ਦਰਸ ਕਰੇ ਆਦਾਬ, ਸਯਦਾ ਸੀਸ ਝੁਕਾਈਆ । ਸ਼ਾਹੋ ਭੂਪ ਸ਼ਹਿਨਸ਼ਾਹ ਨਵਾਬ, ਲਾਸ਼ਰੀਕ ਇਕ ਖ਼ੁਦਾਈਆ । ਵਸਣਹਾਰਾ ਸਚ ਮਹਿਰਾਬ, ਮਹਿਬੂਬ ਬੇਪਰਵਾਹੀਆ । ਦੇ ਦਰਸ ਮੁਰੀਦ ਮੁਰਸ਼ਦ ਕਰੇ ਲਾਜਵਾਬ, ਸਵਾਲ ਜਵਾਬ ਕੋਇ ਰਹਿਣ ਨਾ ਪਾਈਆ । ਸੰਤ ਸਤਿਗੁਰ ਦੇਵਣਹਾਰ ਖ਼ਤਾਬ, ਪਿਛਲੀ ਖ਼ਤਾ ਸਭ ਦੀ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਰਸ ਕਰ ਤਰਸ, ਜਨ ਭਗਤਾਂ ਝੋਲੀ ਪਾਈਆ । ਪਾਓ ਦਰਸ ਪਏ ਠੰਡ, ਤ੍ਰੈਗੁਣ ਅਗਨੀ ਰਹਿਣ ਨਾ ਪਾਈਆ ।

ਪੰਜ ਤੱਤ ਵੰਡੇ ਵੰਡ, ਪੰਜ ਵਿਕਾਰ ਦਏ ਖਪਾਈਆ । ਤਿੰਨ ਪੰਜ ਨਾ ਹੋਏ ਰੰਡ, ਕੰਤ ਸੁਹਾਗ ਮਿਲੇ ਚਾਈਂ ਚਾਈਆ । ਨਾਤਾ ਤੋੜੇ ਕੋਟ ਬ੍ਰਹਿਮੰਡ, ਸਾਚਾ ਅਨੰਦ ਇਕ ਦਰਸਾਈਆ । ਸਚ ਪਰਕਾਸ਼ ਨਿਰਮਲ ਚੜ੍ਹੇ ਚੰਦ, ਨਿਰਗੁਣ ਜੋਤ ਜੋਤ ਰੁਸ਼ਨਾਈਆ । ਭਗਤ ਭਗਵਾਨ ਇਕ ਦੂਜੇ ਦਾ ਦਰਸ ਰਹੇ ਮੰਗ, ਭਗਤਾਂ ਬਿਨ ਭਗਵਾਨ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਸੁਣਾਏ ਆਪਣਾ ਛੰਦ, ਸੰਸਾ ਰੋਗ ਦਏ ਚੁਕਾਈਆ । ਦਰਸ ਕਰ ਹੋਏ ਨਿਹਾਲ, ਨਿਜ ਨੇਤਰ ਨੈਣ ਨਿਹਾਲਿਆ । ਘਰ ਗੋਬਿੰਦ ਮਿਲੇ ਗੋਪਾਲ, ਸਾਹਿਬ ਸਤਿਗੁਰ ਦੀਨ ਦਿਆਲਿਆ । ਸਦਾ ਸਦਾ ਕਰੇ ਪ੍ਰਿਤਪਾਲ, ਸਿਰ ਆਪਣਾ ਹੱਥ ਟਿਕਾ ਲਿਆ । ਗੁਰਮੁਖ ਉਠਾਏ ਅਞਾਣੇ ਬਾਲ, ਬਾਲਕ ਆਪਣੀ ਗੋਦ ਸੁਹਾ ਲਿਆ । ਵਖਾਵਣਹਾਰਾ ਸਚ ਸੱਚੀ ਧਰਮਸਾਲ, ਚਰਨ ਦੁਆਰ ਰਾਹ ਜਣਾ ਲਿਆ । ਨਾਤਾ ਤੋੜ ਕਾਲ ਮਹਾਂਕਾਲ, ਪੁਰਖ ਬਿਧਾਤਾ ਮੇਲ ਮਿਲਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਪਣਾ ਦਰਸ ਦਏ ਵਖਾਲ, ਤਿਸ ਲੇਖਾ ਚੁਕੇ ਦੋ ਜਹਾਨਿਆਂ ।

### ❇ ੧੩ ਫੱਗਣ ੨੦੧੯ ਬਿਕ੍ਰਮੀ ਕਰਮ ਸਿੰਘ ਦੇ ਗ੍ਰਹਿ ਕਰੋਲ ਬਾਗ਼ ਦਿਲੀ ❇

ਮਿਹਰ ਕਰੇ ਪ੍ਰਭ ਦੀਨ ਦਿਆਲ, ਦਇਆਨਿਧ ਵੱਡੀ ਵਡਿਆਈਆ । ਗੁਰਮੁਖ ਵੇਖੇ ਸੱਚੇ ਲਾਲ, ਬੇਪਰਵਾਹ ਹੋਏ ਸਹਾਈਆ । ਅੰਤਰ ਆਤਮ ਚਲੇ ਨਾਲ, ਸੁਰਤੀ ਸ਼ਬਦੀ ਸੰਗ ਨਿਭਾਈਆ । ਏਥੇ ਓਥੇ ਕਰੇ ਪ੍ਰਿਤਪਾਲ, ਸਿਰ ਆਪਣਾ ਹੱਥ ਟਿਕਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਜੀਵਣ ਜੁਗਤ ਇਕ ਜਣਾਈਆ । ਭਾਗ ਲਗਾਏ ਕਾਇਆ ਮਾਟੀ ਖਾਲ, ਪੰਜ ਤੱਤ ਦਏ ਵਡਿਆਈਆ । ਅੰਮ੍ਰਿਤ ਸਰੋਵਰ ਦਏ ਉਛਾਲ, ਨਿਝਰ ਝਿਰਨਾ ਇਕ ਝਿਰਾਈਆ । ਘਰ ਵਿਚ ਘਰ ਵਖਾਏ ਸੱਚੀ ਧਰਮਸਾਲ, ਧਰਮ ਦੁਆਰਾ ਇਕੋ ਨਜ਼ਰੀ ਆਈਆ । ਲਹਿਣਾ ਦੇਣਾ ਚੁੱਕੇ ਕਾਲ ਮਹਾਂਕਾਲ, ਮਹਾਬਲੀ ਆਪਣੇ ਚਰਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਪਣੀ ਮਿਹਰ ਨਜ਼ਰ ਟਿਕਾਈਆ । ਮਿਹਰ ਨਜ਼ਰ ਕਰੇ ਮਿਹਰਵਾਨ, ਲੱਖ ਚੁਰਾਸੀ ਵੇਖ ਵਖਾਇੰਦਾ । ਆਤਮ ਪਰਮਾਤਮ ਦੇਵੇ ਦਾਨ, ਜੀਵ ਜੰਤ ਖੋਜ ਖੁਜਾਇੰਦਾ । ਸਤਿ ਵਖਾਏ ਇਕ ਨਿਸ਼ਾਨ, ਧਰਮ ਨਿਸ਼ਾਨਾ ਇਕ ਝੁਲਾਇੰਦਾ । ਆਤਮ ਪਰਮਾਤਮ ਪਰਮਾਤਮ ਆਤਮ ਦੇਵੇ ਇਕ ਗਿਆਨ, ਬੋਧ ਅਗਾਧ ਆਪ ਪੜ੍ਹਾਇੰਦਾ । ਅਨਰਾਗੀ ਰਾਗ ਸੁਣਾਏ ਧੁਨਕਾਨ, ਅਨਹਦ ਨਾਦ ਆਪ ਵਜਾਇੰਦਾ । ਅੰਮ੍ਰਿਤ ਆਤਮ ਸਰੋਵਰ ਦੇਵੇ ਪੀਣ ਖਾਣ, ਜਗਤ ਤ੍ਰਿਸਨਾ ਭੁੱਖ ਮਿਟਾਇੰਦਾ । ਜਿਸ ਜਨ ਉਪਰ ਮਿਹਰ ਕਰੇ ਸ੍ਰੀ ਭਗਵਾਨ, ਤਿਸ ਆਪਣੀ ਸਿਫ਼ਤ ਸੁਣਾਇੰਦਾ । ਨਾਮ ਅਮੋਲਕ ਦੇਵੇ ਦਾਨ, ਗੁਰ ਗਿਆਨ ਝੋਲੀ ਪਾਇੰਦਾ । ਲੇਖਾ ਤੋੜ ਜਗਤ ਜਹਾਨ, ਨਾਤਾ ਆਪਣੇ ਨਾਲ ਬੰਧਾਇੰਦਾ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਦਰਗਹਿ ਸਾਚੀ ਦੇਵੇ ਮਾਣ, ਦਰ ਸੁਹੰਜਣਾ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਮਿਹਰ ਨਜ਼ਰ ਕਰ ਕਿਰਪਾ ਆਪ ਤਕਾਇੰਦਾ । ਮਿਹਰ ਨਜ਼ਰ ਪਾਏ ਪੁਰਖ ਸਮਰਥ, ਸਮਰਥ ਵੱਡੀ ਵਡਿਆਈਆ । ਲਹਿਣਾ ਦੇਣਾ ਚੁਕਾਏ ਸੀਆਂ ਸਾਢੇ ਤਿੰਨ ਹੱਥ, ਹੱਥੋ ਹੱਥ ਲੇਖਾ ਦਏ ਮੁਕਾਈਆ । ਜਗਤ ਵਿਕਾਰਾ ਨਾਮ ਡੋਰੀ ਪਾਏ ਨੱਥ, ਮਨ ਵਾਸਨਾ ਬੰਧ ਵਖਾਈਆ । ਨਜ਼ਰੀ ਆਏ ਘਟ ਘਟ, ਘਰ ਬੈਠਾ ਆਸਣ ਲਾਈਆ । ਨਿਰਮਲ

੮੯੮
੧੩

ਕਰ ਜੋਤ ਪਰਕਾਸ਼, ਗ੍ਰਹਿ ਮੰਦਰ ਕਰੇ ਰੁਸ਼ਨਾਈਆ । ਮਿਹਰਵਾਨ ਪੁਰਖ ਅਬਿਨਾਸ਼, ਜੋਤੀ ਜਾਤਾ ਇਕ ਰਘੁਰਾਈਆ । ਭਗਤ ਭਗਵੰਤ ਹੋਏ ਦਾਸ, ਬਣ ਦਾਸੀ ਸੇਵ ਕਮਾਈਆ । ਪੂਰਬ ਕਰਮ ਮਾਣਸ ਜਨਮ ਪੂਰੀ ਕਰੇ ਆਸ, ਆਸਾ ਤ੍ਰਿਸਨਾ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਅੱਖ ਇਕੋ ਇਕ ਖੁਲ੍ਹਾਈਆ । ਮਿਹਰ ਕਰੇ ਮਿਹਰਵਾਨ ਪ੍ਰਭ ਦਾਤਾ, ਦੀਨ ਦਿਆਲ ਹਰਿ ਅਖਵਾਇੰਦਾ । ਉਤਮ ਕਰੇ ਗੁਰਮੁਖ ਜ਼ਾਤਾ, ਜ਼ਾਤ ਅਜ਼ਾਤੀ ਮੇਟ ਮਿਟਾਇੰਦਾ । ਮੇਟ ਮਿਟਾਏ ਅੰਧੇਰੀ ਰਾਤਾ, ਸਤਿਗੁਰ ਸਾਚਾ ਚੰਦ ਚੜ੍ਹਾਇੰਦਾ । ਬੋਧ ਅਗਾਧ ਸੁਣਾਏ ਗਾਥਾ, ਅਗੰਮ ਅਥਾਹ ਬੇਪਰਵਾਹ ਆਪਣਾ ਭੇਵ ਖੁਲ੍ਹਾਇੰਦਾ । ਸਦਾ ਸਦਾ ਸਦ ਦੇਵੇ ਸਾਥਾ, ਸਗਲਾ ਸੰਗ ਨਿਭਾਇੰਦਾ । ਮੇਟਣਹਾਰਾ ਪਿਛਲਾ ਘਾਟਾ, ਅੱਗੇ ਝੋਲੀ ਆਪ ਭਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਇਕ ਤਕਾਇੰਦਾ । ਮਿਹਰ ਨਜ਼ਰ ਕਰੇ ਬੇਨਜ਼ੀਰ, ਨਜ਼ਰ ਨਜ਼ਰ ਨਾਲ ਮਿਲਾਇੰਦਾ । ਬਦਲ ਦੇਵੇ ਤਕਦੀਰ, ਤਦਬੀਰ ਆਪਣੇ ਹੱਥ ਰਖਾਇੰਦਾ । ਮੇਟਣਹਾਰ ਕੂੜੀ ਜ਼ਮੀਰ, ਸਚ ਖੰਡਾ ਨਾਮ ਚਮਕਾਇੰਦਾ । ਮੇਟਣਹਾਰ ਸਰਗੁਣ ਭੀੜ, ਨਿਰਗੁਣ ਆਪਣਾ ਰਾਹ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਆਪਣੀ ਰਹਿਮਤ ਝੋਲੀ ਪਾਇੰਦਾ ।

## ❇ ੧੩ ਫੱਗਣ ੨੦੧੯ ਰਤਨ ਸਿੰਘ ਦੇ ਨਵਿਤ ਦਿਲੀ ਦਰਬਾਰ ਪਹਾੜ ਗੰਜ ❇

ਜਗਤ ਸਿੰਘਾਸਣ ਪਾਵਾ ਚਾਰ, ਚੌਖਟ ਰੂਪ ਵਖਾਈਆ । ਭਗਤ ਸਿੰਘਾਸਣ ਖੇਲ ਅਪਾਰ, ਸਾਢੇ ਤਿੰਨ ਹੱਥ ਵੰਡ ਵੰਡਾਈਆ । ਕਲਜੁਗ ਸਿੰਘਾਸਣ ਪਏ ਭਾਰ, ਬਲਹੀਣ ਦਏ ਦੁਹਾਈਆ । ਭਗਤ ਸਿੰਘਾਸਣ ਕਰੇ ਪਿਆਰ, ਘਰ ਖ਼ੁਸ਼ੀ ਇਕ ਵਖਾਈਆ । ਜਗਤ ਸਿੰਘਾਸਣ ਜਾਏ ਹਾਰ, ਆਪਣਾ ਮਾਣ ਗਵਾਈਆ । ਭਗਤ ਸਿੰਘਾਸਣ ਹੋਏ ਉਜਿਆਰ, ਦੋ ਜਹਾਨ ਵੱਜੇ ਵਧਾਈਆ । ਜਗਤ ਸਿੰਘਾਸਣ ਜਗਤ ਖ਼ਵਾਰ, ਜਗਤ ਕੂਕ ਕੂਕ ਸੁਣਾਈਆ । ਭਗਤ ਸਿੰਘਾਸਣ ਸੁਹਾਏ ਆਪ ਨਿਰੰਕਾਰ, ਨਿਰਗੁਣ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲ ਆਪਣਾ ਰਿਹਾ ਜਣਾਈਆ । ਜਗਤ ਸਿੰਘਾਸਣ ਰਿਹਾ ਚੀਕ, ਰੋ ਰੋ ਨੈਣਾਂ ਨੀਰ ਵਹਾਇੰਦਾ । ਭਗਤ ਸਿੰਘਾਸਣ ਰਿਹਾ ਉਡੀਕ, ਪ੍ਰਭ ਚਰਨ ਧਿਆਨ ਲਗਾਇੰਦਾ । ਜਗਤ ਸਿੰਘਾਸਣ ਜਗਤ ਸ਼ਰੀਕ, ਸ਼ਿਰਕਤ ਘਰ ਘਰ ਆਪ ਬਣਾਇੰਦਾ । ਭਗਤ ਸਿੰਘਾਸਣ ਮੇਟੇ ਅੰਧੇਰਾ ਤਾਰੀਕ, ਨਿਰਗੁਣ ਨੂਰ ਚੰਦ ਚਮਕਾਇੰਦਾ । ਜਗਤ ਸਿੰਘਾਸਣ ਧੋਖਾ ਦੇਵੇ ਹਸਤ ਕੀਟ, ਗ਼ਰੀਬ ਨਿਮਾਣਿਆਂ ਧੱਕਾ ਲਾਇੰਦਾ । ਭਗਤ ਸਿੰਘਾਸਣ ਸਚ ਕਰਾਏ ਪ੍ਰੀਤ, ਨਿਮਾਣ ਨਿਮਾਣਿਆਂ ਆਪ ਉਠਾਇੰਦਾ । ਜਗਤ ਸਿੰਘਾਸਣ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਖੇਲ ਆਪ ਲਗਾਇੰਦਾ । ਜਗਤ ਸਿੰਘਾਸਣ ਨੇਤਰ ਰੋਵੇ, ਨੈਣਾਂ ਛਹਿਬਰ ਲਾਈਆ । ਭਗਤ ਸਿੰਘਾਸਣ ਦੁਰਮਤ ਮੈਲ ਧੋਵੇ, ਬਣ ਸੇਵਕ ਸੇਵ ਕਮਾਈਆ । ਜਗਤ ਸਿੰਘਾਸਣ ਸੀਸ ਵਾਲ ਖੋਹਵੇ, ਖੁਲੀ ਮੀਢੀ ਰਿਹਾ ਵਖਾਈਆ । ਭਗਤ ਸਿੰਘਾਸਣ ਲੈ ਕੇ ਆਏ ਸਾਚਾ ਢੋਏ, ਸੋਹੰ ਢੋਲਾ ਇਕ ਸੁਣਾਈਆ । ਜਗਤ ਸਿੰਘਾਸਣ ਅੰਤਮ ਮੋਏ, ਜੀਵਣ ਨਜ਼ਰ ਕੋਇ ਨਾ ਆਈਆ । ਭਗਤ ਸਿੰਘਾਸਣ ਲੇਖਾ ਜਾਣੇ ਜਹਾਨ ਦੋਏ, ਨਿਰਗੁਣ

ਸਰਗੁਣ ਆਪਣੇ ਅੰਗ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਮਾਣ ਵਡਿਆਈਆ । ਜਗਤ ਸਿੰਘਾਸਣ ਗਿਆ ਥੱਕ, ਆਪਣਾ ਬਲ ਗਵਾਈਆ । ਭਗਤ ਸਿੰਘਾਸਣ ਰਾਹ ਰਿਹਾ ਤੱਕ, ਜਗਤ ਧਿਆਨ ਲਗਾਈਆ । ਜਗਤ ਸਿੰਘਾਸਣ ਗਿਆ ਅੱਕ, ਕੂੜੇ ਰਾਜੇ ਬੈਠੇ ਆਸਣ ਲਾਈਆ । ਭਗਤ ਸਿੰਘਾਸਣ ਰਿਹਾ ਨੱਠ, ਕਵਣ ਵੇਲਾ ਪ੍ਰਭ ਮੇਰੇ ਉਤੇ ਚਰਨ ਟਿਕਾਈਆ । ਜਗਤ ਸਿੰਘਾਸਣ ਉਲਟੀ ਹੋਈ ਮਤ, ਸਾਚੀ ਸਿਖਿਆ ਨਾ ਕੋਇ ਦ੍ਰਿੜਾਈਆ । ਭਗਤ ਸਿੰਘਾਸਣ ਚਰਨ ਕਵਲ ਬੰਧਾਏ ਨਤ, ਨਾਤਾ ਬਿਧਾਤਾ ਜੋੜ ਜੁੜਾਈਆ । ਜਗਤ ਸਿੰਘਾਸਣ ਖ਼ਾਲੀ ਵਖਾਏ ਹੱਥ, ਭੰਡਾਰ ਨਜ਼ਰ ਕੋਇ ਨਾ ਆਈਆ । ਭਗਤ ਸਿੰਘਾਸਣ ਸੇਵਾ ਕਰੇ ਪੁਰਖ ਸਮਰਥ, ਬਣ ਚਾਕਰ ਸੇਵ ਕਮਾਈਆ । ਜਗਤ ਸਿੰਘਾਸਣ ਤੁਟਾ ਹਠ, ਧੀਰਜ ਧੀਰ ਨਾ ਕੋਇ ਰਖਾਈਆ । ਭਗਤ ਸਿੰਘਾਸਣ ਹੋ ਪਰਗਟ, ਪਾਰਬ੍ਰਹਮ ਵੇਖੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਿੰਘਾਸਣ ਇਕੋ ਇਕ ਜਣਾਈਆ । ਜਗਤ ਸਿੰਘਾਸਣ ਮਾਰੇ ਧਾਹ, ਸੰਗੀ ਨਜ਼ਰ ਕੋਇ ਨਾ ਆਇੰਦਾ । ਭਗਤ ਸਿੰਘਾਸਣ ਬਣ ਮਲਾਹ, ਲੋਕਮਾਤ ਫੇਰਾ ਪਾਇੰਦਾ । ਜਗਤ ਸਿੰਘਾਸਣ ਕਰੇ ਨਾਂਹ, ਮੈਥੋਂ ਭਾਰ ਝੱਲਿਆ ਨਾ ਜਾਇੰਦਾ । ਭਗਤ ਸਿੰਘਾਸਣ ਕਰੇ ਹਾਂ, ਨਿਉਂ ਨਿਉਂ ਖ਼ੁਸ਼ੀ ਨਾਲ ਸੀਸ ਝੁਕਾਇੰਦਾ । ਜਗਤ ਸਿੰਘਾਸਣ ਭੁੱਲੇ ਆਪਣਾ ਥਾਂ, ਥਾਨ ਥਨੰਤਰ ਨਜ਼ਰ ਕੋਇ ਨਾ ਆਇੰਦਾ । ਭਗਤ ਸਿੰਘਾਸਣ ਪਕੜੇ ਬਾਂਹ, ਫੜ ਬਾਂਹੋਂ ਆਪ ਉਠਾਇੰਦਾ । ਜਗਤ ਸਿੰਘਾਸਣ ਬੁਧੀ ਹੋਈ ਕਾਂ, ਕਾਗ ਵਾਂਗ ਕੁਰਲਾਇੰਦਾ । ਭਗਤ ਸਿੰਘਾਸਣ ਕਹੇ ਪਾਰਬ੍ਰਹਮ ਆਇਆ ਸਭ ਦਾ ਪਿਤਾ ਮਾਂ, ਮੇਰੇ ਉਪਰ ਆਸਣ ਲਾਇੰਦਾ । ਭਗਤ ਜਨ ਵੇਖੋ ਨੇਤਰ ਨੈਣ ਕਰੋ ਚਾ, ਚਾਉ ਘਨੇਰਾ ਇਕ ਰਖਾਇੰਦਾ । ਭੁੱਲਿਆਂ ਭਟਕਿਆਂ ਪਾਵੇ ਰਾਹ, ਰਹਿਬਰ ਇਕੋ ਨਜ਼ਰੀ ਆਇੰਦਾ । ਜਗ ਉਜੜਿਆਂ ਦਏ ਵਸਾ, ਸਚ ਦੁਆਰੇ ਆਪ ਬਹਾਇੰਦਾ । ਗੁਰਮੁਖ ਮੁਕਰਿਆਂ ਲਏ ਮਨਾ, ਮੋਹ ਮੁਹੱਬਤ ਆਪਣੇ ਨਾਲ ਬੰਧਾਇੰਦਾ । ਸਾਚਾ ਦਰ ਦਏ ਖੁਲ੍ਹਾ, ਖੁੱਲ੍ਹਾ ਵੇਹੜਾ ਆਪ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਸਿੰਘਾਸਣ ਇਕ ਵਡਿਆਇੰਦਾ । ਭਗਤ ਸਿੰਘਾਸਣ ਉਚਾ ਵੱਡਾ, ਹਰਿ ਵੱਡਾ ਆਪ ਵਡਿਆਈਆ । ਜਗਤ ਸਿੰਘਾਸਣ ਜਾਵੇ ਨੱਸਾ, ਥਾਂ ਨਜ਼ਰ ਕੋਇ ਨਾ ਆਈਆ । ਭਗਤ ਸਿੰਘਾਸਣ ਭਗਤ ਦੁਆਰੇ ਦੇਵੇ ਸੱਦਾ, ਜਨ ਭਗਤਾਂ ਰਿਹਾ ਜਗਾਈਆ । ਜਗਤ ਸਿੰਘਾਸਣ ਜਾਏ ਭੱਜਾ, ਅੱਗੇ ਹੋ ਨਾ ਕੋਇ ਬਚਾਈਆ । ਭਗਤ ਸਿੰਘਾਸਣ ਘਰ ਘਰ ਦੇਵੇ ਸੱਦਾ, ਉਚੀ ਕੂਕ ਕੂਕ ਅਲਾਈਆ । ਜਗਤ ਸਿੰਘਾਸਣ ਟੱਪਦਾ ਜਾਏ ਆਪਣੀ ਹੱਦਾ, ਦੂਰ ਦੁਰਾਡਾ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਈਆ । ਭਗਤ ਸਿੰਘਾਸਣ ਕਰੇ ਅਰਦਾਸ, ਪ੍ਰਭ ਚਰਨ ਧਿਆਨ ਲਗਾਈਆ । ਕਰ ਕਿਰਪਾ ਸ਼ਹਿਨਸ਼ਾਹ ਸ਼ਾਬਾਸ਼, ਤੇਰੇ ਹੱਥ ਮੇਰੀ ਵਡਿਆਈਆ । ਨਿਤ ਨਿਤ ਰੱਖਦਾ ਰਹਾਂ ਤੇਰੀ ਆਸ, ਜੁਗ ਜੁਗ ਧਿਆਨ ਲਗਾਈਆ । ਕਵਣ ਵੇਲਾ ਕਰੇ ਜੋਤ ਪਰਕਾਸ਼, ਜੋਤੀ ਜਾਤਾ ਬੇਪਰਵਾਹੀਆ । ਮੇਰੀ ਪੂਰੀ ਕਰੇ ਪੂਰਬ ਆਸ, ਮਿਹਰਵਾਨ ਹੋ ਸਹਾਈਆ । ਮੇਰੀ ਤ੍ਰਿਸਨਾ ਹੋਏ ਤ੍ਰਿਪਤਾਸ, ਭੁੱਖ ਨਾ ਲਾਗੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨ ਕਵਲ ਇਕ ਟਿਕਾਈਆ । ਭਗਤ ਸਿੰਘਾਸਣ ਮੰਗੇ ਚਰਨ ਧੂੜ, ਪ੍ਰਭ ਅੱਗੇ ਸੀਸ ਝੁਕਾਇਆ । ਸਾਹਿਬ ਸਤਿਗੁਰ ਆਸਾ ਪੂਰ, ਮਨਸਾ ਮਨ ਹੀ ਮਾਹੇ ਖਪਾਇਆ । ਜੁਗ ਚੌਕੜੀ ਵਸਦਾ

ਰਿਹੋਂ ਦੂਰ, ਕਲਜੁਗ ਅੰਤਮ ਨੇੜੇ ਆਇਆ । ਤੂੰ ਸਰਬ ਕਲਾ ਭਰਪੂਰ, ਬੇਅੰਤ ਤੇਰੀ ਸ਼ਹਿਨਸ਼ਾਹਿਆ । ਮੈਂ ਤੇਰਾ ਹੁਕਮ ਮੰਨਾਂ ਜ਼ਰੂਰ, ਜ਼ਰੂਰਤ ਆਪਣੀ ਪੂਰ ਕਰਾਇਆ । ਕਰ ਕਿਰਪਾ ਬਖ਼ਸ਼ ਨੂਰ, ਨੂਰ ਨੂਰਾਨਾ ਨੂਰ ਦਰਸਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਓਟ ਤਕਾਇਆ । ਚਰਨ ਕਵਲ ਰੱਖ ਭਗਵਾਨ, ਮੈਂ ਇਕੋ ਓਟ ਤਕਾਈਆ । ਉਪਰ ਬੈਠ ਹੋ ਨਿਗਾਹਬਾਨ, ਜਨ ਭਗਤਾਂ ਦੇ ਵਡਿਆਈਆ । ਮੈਂ ਵੇਖਾਂ ਤੇਰਾ ਖੇਲ ਮਹਾਨ, ਖ਼ਾਲਕ ਤੇਰੀ ਕੀ ਚਤੁਰਾਈਆ । ਹੁਕਮ ਦੇ ਬਣ ਹੁਕਮਰਾਨ, ਧੁਰ ਫ਼ਰਮਾਨਾ ਆਪ ਜਣਾਈਆ । ਦੋ ਜਹਾਨਾਂ ਦੇ ਗਿਆਨ, ਨਿਸ਼ਅੱਖਰ ਕਰ ਪੜ੍ਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮੈਂ ਵੇਖਾਂ ਤੇਰੇ ਮਿਹਮਾਨ, ਦਰ ਬੈਠਣ ਸੀਸ ਝੁਕਾਈਆ । ਮੈਂ ਤੇਰਾ ਸੰਦੇਸਾ ਦੇਵਾਂ ਘਰ ਘਰ ਬਣ ਅਵਾਣ, ਬਾਲੀ ਬਾਲਾ ਵਡ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨ ਕਵਲ ਉਪਰ ਧਰ, ਮੇਰੀ ਪੂਰੀ ਆਸ ਕਰਾਈਆ । ਚਰਨ ਰੱਖ ਪ੍ਰਭ ਮੇਰੇ ਸੀਸ, ਤੇਰੇ ਚਰਨਾਂ ਸੀਸ ਨਿਵਾਇਆ । ਤੂੰ ਸਾਹਿਬ ਸੱਚਾ ਜਗਦੀਸ, ਜਗਦੀਸ਼ਰ ਤੇਰਾ ਅੰਤ ਕਿਸੇ ਨਾ ਆਇਆ । ਤੇਰੇ ਛਤਰ ਝੁੱਲੇ ਸੀਸ, ਦੋ ਜਹਾਨ ਤੇਰੇ ਹੁਕਮੇ ਅੰਦਰ ਹੁਕਮ ਮਨਾਇਆ । ਤੇਰੀ ਕੋਈ ਨਾ ਕਰੇ ਰੀਸ, ਸਾਨੀ ਨਜ਼ਰ ਕੋਇ ਨਾ ਆਇਆ । ਤੇਰੀ ਇਕੋ ਇਕ ਹਦੀਸ, ਸਾਚਾ ਕਲਮਾ ਲਏਂ ਪੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਇਆ । ਆਪਣਾ ਚਰਨ ਰੱਖ ਕੰਧੇ, ਦੋਏ ਚਰਨ ਧਿਆਨ ਲਗਾਇਆ । ਭਗਤ ਭਗਵਾਨ ਤੇਰੇ ਬੰਦੇ, ਬੈਠੇ ਤੇਰਾ ਰਾਹ ਤਕਾਇਆ । ਲੱਖ ਚੁਰਾਸੀ ਜੀਵ ਅੰਧੇ, ਤੇਰਾ ਨੂਰ ਨਜ਼ਰ ਨਾ ਆਇਆ । ਕੂੜੀ ਕਿਰਿਆ ਲੱਗੇ ਧੰਦੇ, ਧੰਦਾ ਜਗਤ ਨਾ ਕਿਸੇ ਮੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਇਆ । ਆਪਣਾ ਚਰਨ ਰੱਖ ਮੇਰੀ ਪਿਠ, ਮੈਂ ਬੈਠਾ ਮਾਣ ਗਵਾਈਆ । ਤੇਰਾ ਖੇਲ ਸਦਾ ਅਨਡਿਠ, ਨੇਤਰ ਨਜ਼ਰ ਕਿਸੇ ਨਾ ਆਈਆ । ਮੈਂ ਹਾਰਿਆ ਤੂੰ ਗਿਆ ਜਿਤ, ਤੇਰੀ ਜਿਤ ਮੇਰੀ ਵਡਿਆਈਆ । ਮੈਂ ਸਾਚੀ ਸਿਖਿਆ ਲਵਾਂ ਸਿਖ, ਸਿਖਾਂ ਇਕੋ ਨਾਮ ਪੜ੍ਹਾਈਆ । ਸੇਵਾ ਕਰਨ ਦਾ ਰੱਖਾਂ ਹਿਤ, ਨਿਤ ਨਵਿਤ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨ ਕਵਲ ਮੇਰੇ ਉਪਰ ਟਿਕਾਈਆ । ਚਰਨ ਕਵਲ ਰੱਖ ਮੇਰੇ ਪੱਟ, ਬੇਪਰਵਾਹ ਤੇਰੀ ਵਡਿਆਈਆ । ਮੈਂ ਤੇਰਾ ਵੇਖਾਂ ਖੇਲ ਸਮਰਥ, ਨਿਰਗੁਣ ਧਾਰ ਚਲਾਈਆ । ਕਿਸ ਬਿਧ ਲਹਿਣਾ ਦੇਣਾ ਚੁਕਾਏ ਚੌਦਾਂ ਹੱਟ, ਚੌਦਾਂ ਤਬਕ ਪੰਧ ਮੁਕਾਈਆ । ਨਿਰਗੁਣ ਨੂਰ ਕਰ ਪਰਗਟ, ਪਰਤੱਖ ਆਪਣੀ ਖੇਲ ਵਖਾਈਆ । ਭਗਤ ਭਗਵਾਨ ਲਏ ਰੱਖ, ਭਗਵਨ ਆਪਣੀ ਦਇਆ ਕਮਾਈਆ । ਸੱਚਾ ਮਾਰਗ ਇਕੋ ਦੱਸ, ਸਾਚੀ ਸਿਖਿਆ ਸਿਖ ਸਮਝਾਈਆ । ਆਤਮ ਪਰਮਾਤਮ ਹੋਏ ਵਸ, ਪਾਰਬ੍ਰਹਮ ਬ੍ਰਹਮ ਮੇਲਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੇ ਉਪਰ ਆਸਣ ਲਾਈਆ । ਲਾ ਆਸਣ ਮੇਰੇ ਪ੍ਰਭ, ਪਰਮ ਪੁਰਖ ਤੇਰੀ ਵਡਿਆਈਆ । ਆਪਣੇ ਚਰਨ ਨਾਲ ਮੈਨੂੰ ਦੱਬ, ਮੇਰਾ ਦੁੱਖੜਾ ਰਹੇ ਨਾ ਰਾਈਆ । ਮੇਰਾ ਨੈਣ ਖੁਲ੍ਹਾ ਝੱਬ, ਨਿਤ ਤੇਰਾ ਦਰਸਨ ਪਾਈਆ । ਤੇਰੇ ਚਰਨੀ ਬਹਿਵਾਂ ਫਬ, ਮੁਖ ਵੇਖਾਂ ਚਾਈਂ ਚਾਈਂਆ । ਦਰਸਨ ਕਰਾਂ ਰੱਜ, ਜੁਗ ਚੌਕੜੀ ਆਪਣੀ ਭੁੱਖ ਮਿਟਾਈਆ । ਮੇਰਾ ਪੜਦਾ ਸਤਿਗੁਰ ਕੱਜ, ਉਪਰ ਆਪਣਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਪਤ ਮਾਤ ਰਖਾਈਆ ।

੯੦੦
੧੩

ਤੇਰੇ ਉਤੇ ਚੜ੍ਹਾਂਗਾ । ਸੱਜਾ ਚਰਨ ਪਹਿਲੋਂ ਧਰਾਂਗਾ । ਭਗਤ ਭਗਵਾਨ ਬਣ ਕੇ ਫੜਾਂਗਾ । ਸ਼ਾਹ ਸੁਲਤਾਨ ਬਣ ਕੇ ਲੜਾਂਗਾ । ਰਾਜ ਰਾਜਾਨ ਬਣ ਕੇ ਅੜਾਂਗਾ । ਮੂਰਖ ਮੁਗਧ ਅਵਾਣ ਬਣ ਕੇ ਚੜ੍ਹਾਂਗਾ । ਚਤੁਰ ਸੁਘੜ ਸੁਜਾਨ ਬਣ ਕੇ ਸੱਚਾ ਢੋਲਾ ਪੜ੍ਹਾਂਗਾ । ਗਹਿਰ ਗੰਭੀਰ ਗੁਣ ਨਿਧਾਨ ਬਣ ਕੇ ਹੁਕਮ ਹਾਕਮ ਕਰਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪੇ ਕਰਾਂਗਾ । ਤੇਰੇ ਉਪਰ ਆਸਣ ਲੱਗੇਗਾ । ਪੁਰਖ ਅਕਾਲ ਦੀਪਕ ਜਗੇਗਾ । ਭਗਤ ਭਗਵਾਨ ਪਰੇਮ ਅੰਦਰ ਮਘੇਗਾ । ਲੱਖ ਚੁਰਾਸੀ ਜੀਵ ਜੰਤ ਅਗਨੀ ਤੱਤ ਦਗੇਗਾ । ਪਰਮ ਪੁਰਖ ਸੁਲਤਾਨ ਮਿਹਰਵਾਨ ਸੇਵਾਦਾਰ ਗੱਜੇਗਾ । ਸ਼ਬਦ ਧੁਰ ਨਿਸ਼ਾਨ ਸੱਜੇ ਹੱਥ ਵਿਚ ਸਜੇਗਾ । ਚੌਥੀ ਮੰਜ਼ਲ ਚੜ੍ਹ ਨਿਗਹਬਾਨ, ਗ਼ਰੀਬ ਨਿਮਾਣਿਆਂ ਪੜਦੇ ਕਜੇਗਾ । ਕਰ ਖ਼ਾਲਕ ਖੇਲ ਮਹਾਨ, ਆਪਣੀ ਕਰਨੀ ਕਰ ਕਰ ਕਦੇ ਨਾ ਰੱਜੇਗਾ । ਗੁਰਮੁਖਾਂ ਦੇ ਦਾਨ, ਸਦਾ ਸੰਗ ਰਖੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਚਰਨ ਕਵਲ ਕਵਲ ਚਰਨ ਮੇਰਾ ਪੜਦਾ ਢਕੇਗਾ । ਪ੍ਰਭ ਤੇਰੇ ਚਰਨ ਦੀ ਇਕ ਆਸ, ਆਸਾ ਸਰਬ ਤਜਾਈਆ । ਤੇਰੇ ਮਿਲਣ ਦੀ ਇਕ ਪਿਆਸ, ਪਿਆਸ ਰਿਹਾ ਵਧਾਈਆ । ਤੇਰੇ ਦਰਸ ਦੀ ਇਕ ਖ਼ਾਸ, ਖ਼ਾਹਸ਼ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਘਰ ਮੇਲਾ ਲਏ ਮਿਲਾਈਆ । ਮੇਲ ਮਿਲਾਵਾਂਗਾ । ਨਿਰਗੁਣ ਹੋ ਕੇ ਆਵਾਂਗਾ । ਭਗਤ ਦੁਆਰ ਸੁਹਾਵਾਂਗਾ । ਢਾਡੀ ਹੋ ਕੇ ਗਾਵਾਂਗਾ । ਰਾਗੀ ਹੋ ਕੇ ਅਲਾਵਾਂਗਾ । ਬਾਗ਼ੀ ਹੋ ਕੇ ਸਭ ਨੂੰ ਢਾਵਾਂਗਾ । ਸਵਾਂਗੀ ਹੋ ਕੇ ਜਗਤ ਭੁਲਾਵਾਂਗਾ । ਵਿਸਮਾਦੀ ਹੋ ਕੇ ਗੁਰਮੁਖਾਂ ਅੰਦਰ ਡੇਰਾ ਲਾਵਾਂਗਾ । ਬ੍ਰਹਿਮਾਦੀ ਹੋ ਕੇ ਬ੍ਰਹਮ ਗਿਆਨ ਜਣਾਵਾਂਗਾ । ਧੁਰ ਦੀ ਵਾਦੀ ਪਿਛਲੀ ਮੇਟ ਮਿਟਾਵਾਂਗਾ । ਬਣ ਕੇ ਗਾਡੀ ਨਵਾਂ ਰਾਹ ਚਲਾਵਾਂਗਾ । ਸ੍ਰਿਸ਼ਟ ਸਬਾਈ ਥੱਕੀ ਮਾਂਦੀ, ਰਾਏ ਧਰਮ ਦੇ ਹੱਥ ਫੜਾਵਾਂਗਾ । ਗੁਰਸਿਖੀ ਸੱਚੀ ਔਂਦੀ ਜਾਂਦੀ, ਯੱਦ ਆਪਣੀ ਫੇਰ ਪਰਗਟਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਿੰਘਾਸਣ ਤੇਰੇ ਉਤੇ ਆਪਣਾ ਆਸਣ ਲਾਵਾਂਗਾ । ਤੇਰੇ ਉਪਰ ਆਸਣ ਲਾਏਗਾ । ਮਿਹਰਵਾਨ ਦਇਆ ਕਮਾਏਗਾ । ਚਰਨ ਕਵਲ ਉਪਰ ਟਿਕਾਏਗਾ । ਧਰਤ ਧਵਲ ਸਰਬ ਹਿਲਾਏਗਾ । ਜ਼ਿਮੀਂ ਅਸਮਾਨ ਸਰਬ ਕੁਰਲਾਏਗਾ । ਜੰਗਲ ਜੂਹ ਉਜਾੜ ਬੀਆਬਾਨ ਧੀਰਜ ਧੀਰ ਨਾ ਕੋਇ ਧਰਾਏਗਾ । ਸਮੁੰਦ ਸਾਗਰ ਹਾਹਾਕਾਰ, ਨੇਤਰ ਨੈਣਾਂ ਨੀਰ ਵਹਾਏਗਾ । ਗੁਰ ਅਵਤਾਰ ਪੀਰ ਪੈਗ਼ੰਬਰ ਦੋਏ ਜੋੜ ਸੀਸ ਝੁਕਾਏਗਾ । ਭਗਤ ਭਗਵੰਤ ਕਰ ਨਿਮਸਕਾਰ, ਸਯਦਾ ਇਕੋ ਇਕ ਜਣਾਏਗਾ । ਕੁਦਰਤ ਵੇਖੇ ਕਾਇਨਾਤ, ਕਾਦਰ ਕਲਮਾ ਨਬੀ ਇਕ ਪੜ੍ਹਾਏਗਾ । ਪਿਛਲਾ ਸਭ ਦਾ ਜਾਏ ਇਤਬਾਰ, ਮੁਜਰਮ ਸਭ ਨੂੰ ਆਪ ਵਖਾਏਗਾ । ਸ੍ਰਿਸ਼ਟੀ ਭੁੱਲੀ ਭੁੱਲੇ ਜੀਵ ਗਵਾਰ, ਗੁਰੂ ਪੀਰ ਅਵਤਾਰ ਪੈਗ਼ੰਬਰ ਅੱਗੇ ਹੋ ਨਾ ਕੋਇ ਛੁਡਾਏਗਾ । ਵੇਖੋ ਪੈਂਦੀ ਮਾਰ, ਮਾਰਨਹਾਰ ਹੁਕਮ ਚਲਾਏਗਾ । ਸ੍ਰਿਸ਼ਟ ਸਬਾਈ ਸੁੱਟੇ ਡੂੰਘੀ ਗਾਰ, ਫੜ ਕੇ ਬਾਹਰ ਨਾ ਕੋਇ ਕਢਾਏਗਾ । ਅੱਗੇ ਪਿਛੇ ਸੱਜੇ ਖੱਬੇ ਨਜ਼ਰ ਨਾ ਆਏ ਕੋਈ ਯਾਰ, ਚੌਥੀ ਯਾਰੀ ਚੌਥੇ ਜੁਗ ਮੇਟ ਮਿਟਾਏਗਾ । ਨਾਰ ਕੰਤ ਨਾ ਕਰੇ ਪਿਆਰ, ਪੁੱਤਰ ਧੀ ਗੋਦ ਨਾ ਕੋਇ ਸੁਹਾਏਗਾ । ਪਾਰਬ੍ਰਹਮ ਪਤਿਪਰਮੇਸ਼ਵਰ ਆਪਣੀ ਗੋਦ ਉਠਾਲ, ਅੰਗ ਲਗਾਏਗਾ । ਇਕੋ ਘਰ ਸੁਹਾਏ ਆਪ ਆਪਣੇ ਲਾਲ, ਦੂਸਰਿਆਂ ਮੁਖ ਨਾ ਕਦੇ ਦਰਸਾਏਗਾ । ਆਪ ਫਿਰੇ ਬਣ ਕੰਗਾਲ, ਭਗਤਾਂ ਉਚੇ ਤਖ਼ਤ ਬਹਾਏਗਾ । ਜਲਵਾ

ਨੂਰੀ ਦੇ ਜਲਾਲ, ਜੋਬਨ ਆਪਣੇ ਰੰਗ ਰੰਗਾਏਗਾ । ਪਰਗਟ ਹੋ ਦੀਨ ਦਿਆਲ, ਦੀਨਨ ਆਪਣੀ ਗੋਦ ਬਹਾਏਗਾ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਦਾ ਹੱਲ ਕਰੇ ਆਪ ਸਵਾਲ, ਫਿਕਰਾ ਅੱਗੇ ਹੋ ਸਮਝਾਏਗਾ । ਵੇਖੇ ਔਂਦਾ ਜ਼ਿਵਾਲ, ਜ਼ੇਰ ਜ਼ਬਰ ਮੇਟ ਮਿਟਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਿੰਘਾਸਣ ਆਪਣਾ ਆਸਣ ਲਾਏਗਾ । ਸਿੰਘਾਸਣ ਕਹੇ ਪ੍ਰਭ ਮੇਰੇ ਉਤੇ ਸਜ, ਤੇਰਾ ਧਿਆਨ ਲਗਾਇਆ । ਵੇਖੀਂ ਧੋਖਾ ਦੇ ਨਾ ਜਾਈਂ ਭੱਜ, ਵੇਲਾ ਵਕਤ ਦੇ ਸੁਹਾਇਆ । ਸ਼ੇਰ ਹੋ ਕੇ ਸ਼ਬਦ ਗੱਜ, ਕਿਉਂ ਬੈਠਾ ਮੁਖ ਛੁਪਾਇਆ । ਪੀਰ ਪੈਗ਼ੰਬਰ ਗੁਰ ਅਵਤਾਰ ਸਾਰੇ ਕਹਿੰਦੇ ਸਾਡੀ ਮੁੱਕੀ ਹੱਦ, ਅੱਗੇ ਰਾਹ ਨਾ ਕੋਇ ਵਖਾਇਆ । ਮਿਹਰਵਾਨ ਹੋ ਕੇ ਪੜਦਾ ਕੱਜ, ਦੋਸ਼ਾਲਾ ਆਪਣੇ ਹੱਥ ਉਠਾਇਆ । ਤੇਰੀ ਕਿਰਪਾ ਬਿਨ ਕੋਇ ਨਾ ਸਕੇ ਬਚ, ਕਲਜੁਗ ਬਾਜ਼ੀ ਰਿਹਾ ਉਲਟਾਇਆ । ਦੀਨ ਦਿਆਲ ਤੇਰੇ ਅੱਗੇ ਬੋਲਿਆ ਸਚ, ਸੱਚਾ ਗੁਰਮੁਖ ਬਿਨ ਤੇਰੀ ਕਿਰਪਾ ਨਜ਼ਰ ਕੋਇ ਨਾ ਆਇਆ । ਜਿਧਰ ਵੇਖਾਂ ਭਾਂਡੇ ਕੱਚ, ਦਰ ਦਰ ਘਰ ਘਰ ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਇਆ । ਜੋ ਤੇਰੇ ਅੰਦਰ ਗਿਆ ਰਚ, ਤੂੰ ਆਪਣੀ ਛਾਤੀ ਲਗਾਇਆ । ਤੇਰਾ ਖੇਲ ਪੁਰਖ ਸਮਰਥ, ਨਜ਼ਰ ਕਿਸੇ ਨਾ ਆਇਆ । ਸ੍ਰੀ ਭਗਵਾਨ ਹੋ ਕੇ ਡਟ, ਡੰਕਾ ਆਪਣਾ ਨਾਮ ਵਜਾਇਆ । ਕੀ ਹੋਇਆ ਪੰਜ ਤੱਤ ਕਾਇਆ ਗਵਾਰ ਜੱਟ, ਅੰਦਰ ਸਮਰਥ ਪੁਰਖ ਬੈਠਾ ਆਸਣ ਲਾਇਆ । ਇਕੋ ਖੋਲ੍ਹ ਭਗਤ ਹੱਟ, ਬਿਨ ਭਗਤੀ ਸਭ ਦੀ ਝੋਲੀ ਦਏ ਭਰਾਇਆ । ਰਾਤੀਂ ਸੁੱਤਿਆਂ ਦੇ ਦੇ ਮਤ, ਦਿਨੇ ਉਠਦਿਆਂ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਜ਼ਰੀ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸਿੰਘਾਸਣ ਭਗਤ ਆਪਣੀ ਝੋਲੀ ਰਿਹਾ ਡਾਹਿਆ । ਭਗਤ ਸਿੰਘਾਸਣ ਉਠ ਵੇਖ ਮਾਰ ਧਿਆਨ, ਪ੍ਰਭ ਕੀ ਕੀ ਖੇਲ ਰਚਾਇੰਦਾ । ਸਾਰੇ ਮੰਗਣ ਦਰ ਤੇ ਦਾਨ, ਨੇਤਰ ਅੱਖ ਨਾ ਕੋਇ ਉਠਾਇੰਦਾ । ਪੁਰਖ ਅਬਿਨਾਸ਼ੀ ਬੜਾ ਸ਼ੈਤਾਨ, ਸ਼ਰਅ ਸਬਦ ਦੀ ਅਗਲੀ ਸ਼ਬਦ ਫੜਾਇੰਦਾ । ਕਿਸੇ ਹੱਥ ਅੰਜੀਲ ਕਿਸੇ ਹੱਥ ਬਾਈਬਲ ਸ਼ਾਸਤਰ ਸਿਮਰਤ ਵੇਦ ਪੁਰਾਨ ਕਿਸੇ ਪੜ੍ਹਾ ਗੀਤਾ ਗਿਆਨ, ਤ੍ਰਿਲੋਕੀ ਨਾਥ ਵੰਡ ਵੰਡਾਇੰਦਾ । ਕਿਸੇ ਮਾਰ ਬਾਣੀ ਨਾਮ ਬਾਣ, ਅਣਿਯਾਲਾ ਤੀਰ ਚਲਾਇੰਦਾ । ਆਪ ਬੈਠਾ ਹੋ ਬੇਪਛਾਣ, ਬੇਖ਼ਬਰ ਖ਼ਬਰ ਆਪਣੀ ਆਪ ਸਮਝਾਇੰਦਾ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਦੇਂਦਾ ਰਿਹਾ ਦਾਨ, ਸਰਗੁਣ ਆਪਣਾ ਹੁਕਮ ਮਨਾਇੰਦਾ । ਕਲਜੁਗ ਅੰਤ ਪਰਗਟ ਹੋਇਆ ਆਣ, ਪ੍ਰਭ ਆਪਣਾ ਵੇਸ ਵਟਾਇੰਦਾ । ਸਾਚੇ ਤਖ਼ਤ ਬਹੇ ਨੌਜਵਾਨ, ਤਖ਼ਤਾ ਸਰਬ ਉਲਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜਗਤ ਤਖ਼ਤ ਦਏ ਗਵਾ, ਭਗਤ ਸਿੰਘਾਸਣ ਦਏ ਬਿਠਾ, ਆਸਣ ਅਬਿਨਾਸ਼ਨ ਆਪ ਲਗਾਇੰਦਾ । ਸੱਤ ਨਾਲ ਲੱਗੇ ਵੀਹ, ਬੀਸ ਬੀਸ ਧਿਆਨ ਲਗਾਈਆ । ਸਿੰਘਾਸਣ ਕਹੇ ਪ੍ਰਭ ਮੈਂ ਤੇਰੇ ਚਰਨ ਲੱਗ ਜਾਵਾਂ ਜੀ, ਜੀਵਣ ਮੇਰੀ ਝੋਲੀ ਪਾਈਆ । ਜਨ ਭਗਤਾਂ ਘਰ ਖ਼ੁਸ਼ੀ ਵਖਾਵੀਂ ਤੀਂ, ਤ੍ਰਿੰਞਣ ਇਕੋ ਵਾਰ ਲਗਾਈਆ । ਸ੍ਰਿਸ਼ਟ ਸਬਾਈ ਪੁੱਟ ਦੇ ਨੀਂਹ, ਜੜ ਰਹਿਣ ਕਿਸੇ ਨਾ ਪਾਈਆ । ਵਖ ਵਖ ਕਰਦੇ ਬੱਕਰੀ ਸ਼ੀਂਹ, ਸ਼ੇਰ ਆਪਣਾ ਰੂਪ ਵਟਾਈਆ । ਜਨ ਭਗਤਾਂ ਉਪਰ ਥੀਂ, ਥਾਪੜ ਥਾਪੜ ਗੋਦ ਸਲਾਈਆ । ਮਨਮੁਖ ਦੋਂਹ ਹੱਥਾਂ ਦੇ ਧਰੀਂਹ, ਸ਼ੌਹ ਦਰਯਾਏ ਆਪ ਰੁੜ੍ਹਾਈਆ । ਅੱਗੇ ਬੀਜ ਸੱਚਾ ਬੀ, ਫੁਲਵਾੜੀ ਭਗਤ ਇਕ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਤ ਵੀਹ ਸਤਿ ਸਤਿਵਾਦ ਦੂਆ ਨਿਰਗੁਣ ਸਰਗੁਣ ਦਾਦ ਸਿਫ਼ਰਾ ਮੇਟੇ ਸਰਬ ਸੁਆਦ, ਸਿਫ਼ਰ ਸਿਫ਼ਰ ਸਿਫ਼ਰ ਸਰਬ ਲੋਕਾਈਆ ।

## ❇ ੧੪ ਫੱਗਣ ੨੦੧੯ ਬਿਕ੍ਰਮੀ ਭਗਤ ਸਿੰਘ ਦੇ ਗ੍ਰਿਹ ਇਟਾਰਸੀ ❇

ਦੋ ਜਹਾਨ ਰਹੇ ਤਕਾ, ਨਿਰਗੁਣ ਧਿਆਨ ਲਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਨੈਣ ਰਹੇ ਉਠਾ, ਨੂਰ ਨੂਰ ਵੇਖੇ ਰੁਸ਼ਨਾਈਆ । ਵਿਸ਼ਨ ਬ੍ਰਹਮਾ ਸ਼ਿਵ ਧਿਆਨ ਰਹੇ ਲਗਾ, ਚਰਨ ਕਵਲ ਕਵਲ ਸਰਨਾਈਆ । ਕਰੋੜ ਤੇਤੀਸਾ ਫੂਲ ਰਹੇ ਬਰਖਾ, ਸੇਵਕ ਸੇਵਾ ਸਚ ਕਮਾਈਆ । ਚੌਦਾਂ ਲੋਕ ਸ਼ੁਕਰ ਰਹੇ ਮਨਾ, ਸ਼ਹਿਨਸ਼ਾਹ ਇਕੋ ਓਟ ਤਕਾਈਆ । ਚੌਦਾਂ ਤਬਕ ਕਹਿਣ ਬੇਪਰਵਾਹ ਇਕ ਖ਼ੁਦਾ, ਬੇਨਜ਼ੀਰ ਵੱਡੀ ਵਡਿਆਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਲੇਖਾ ਰਿਹਾ ਚੁਕਾ, ਵਡ ਦਾਤਾ ਦਾਨੀ ਦਇਆ ਕਮਾਈਆ । ਲੋਕਮਾਤ ਪਰਗਟ ਹੋਇਆ ਆ, ਜੋਤੀ ਜਾਤਾ ਵੇਸ ਵਟਾ, ਸ਼ਬਦ ਅਗੰਮ ਡੰਕ ਵਜਾਈਆ । ਸ੍ਰਿਸ਼ਟ ਸਬਾਈ ਰਿਹਾ ਜਣਾ, ਵੇਖਣਹਾਰਾ ਥਾਉਂ ਥਾਂ, ਗਗਨ ਗਗਨੰਤਰ ਖੋਜ ਖੁਜਾਈਆ । ਸਚਖੰਡ ਨਿਵਾਸੀ ਸਚ ਦੁਆਰ ਕਰ ਰੋਸ਼ਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੱਕਣ ਰਾਹ, ਨੇਤਰ ਨੈਣ ਨੈਣ ਉਠਾਇਆ । ਪਰਗਟ ਹੋਇਆ ਬੇਪਰਵਾਹ, ਪੜਦਾ ਆਪਣਾ ਰਿਹਾ ਚੁਕਾਇਆ । ਜਨ ਭਗਤਾਂ ਦੇਵੇ ਸਚ ਸਲਾਹ, ਮੰਤਰ ਇਕੋ ਨਾਮ ਦ੍ਰਿੜਾਇਆ । ਵੇਖਣਹਾਰਾ ਜਲ ਅਸਗਾਹ, ਟਿੱਲੇ ਪਰਬਤ ਫੋਲ ਫੁਲਾਇਆ । ਪਾਂਧੀ ਬਣ ਦੋ ਜਹਾਨ, ਨਿਰਗੁਣ ਸਰਗੁਣ ਪੰਧ ਮੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇਆ । ਗੁਰ ਅਵਤਾਰ ਪੀਰ ਪੈਗ਼ੰਬਰ ਨੇਤਰ ਖੋਲ੍ਹ ਅੱਖ, ਲੋਕਮਾਤ ਧਿਆਨ ਲਗਾਈਆ । ਜੋਧਾ ਸੂਰਬੀਰ ਮਹਾਂਬਲੀ ਹੋਇਆ ਆਪ ਪਰਤੱਖ, ਨਿਰਗੁਣ ਦਾਤਾ ਪੁਰਖ ਬਿਧਾਤਾ ਨੂਰ ਕਰ ਰੁਸ਼ਨਾਈਆ । ਮਹਿਮਾ ਜਣਾਏ ਇਕ ਅਕੱਥ, ਬੋਧ ਅਗਾਧ ਕਰ ਪੜ੍ਹਾਈਆ । ਸਤਿਜੁਗ ਸਚ ਚਲਾਏ ਰਥ, ਸ੍ਰਿਸ਼ਟ ਸਬਾਈ ਦੇਵੇ ਮਤ, ਦੋ ਜਹਾਨਾਂ ਵੇਖ ਵਖਾਈਆ । ਲੱਖ ਚੁਰਾਸੀ ਪਾਏ ਨੱਥ, ਵਸਣਹਾਰਾ ਘਟ ਘਟ, ਆਤਮ ਪਰਮਾਤਮ ਲੇਖਾ ਜਾਣੇ ਬੇਪਰਵਾਹੀਆ । ਭਗਤ ਭਗਵਾਨ ਦਰ ਸਾਚੇ ਸੱਦ, ਅੰਮ੍ਰਿਤ ਨਾਮ ਪਿਆਏ ਮਦ, ਕੂੜੀ ਕਿਰਿਆ ਪਾਰ ਕਰਾਏ ਹੱਦ, ਸਾਚਾ ਮੰਦਰ ਇਕ ਵਖਾਈਆ । ਲੱਖ ਚੁਰਾਸੀ ਵਿਚੋਂ ਕੱਢ, ਸ੍ਰੀ ਭਗਵਾਨ ਕਰੇ ਅੱਡ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਮਾਈਆ । ਪੀਰ ਪੈਗ਼ੰਬਰ ਚੜ੍ਹਿਆ ਚਾਉ, ਗੁਰ ਅਵਤਾਰ ਖ਼ੁਸ਼ੀ ਮਨਾਈਆ । ਪ੍ਰਭ ਖੇਲ ਕਰੇ ਅਗੰਮ ਅਥਾਹੋ, ਬੇਪਰਵਾਹ ਵੱਡੀ ਵਡਿਆਈਆ । ਜਨ ਭਗਤਾਂ ਜਣਾਏ ਏਕਾ ਨਾਉਂ, ਨਾਉਂ ਨਿਰੰਕਾਰਾ ਆਪ ਜਣਾਈਆ । ਦੇਵਣਹਾਰਾ ਸਚ ਸਲਾਹੇ, ਸਲਾਹਗੀਰ ਫੇਰਾ ਪਾਈਆ । ਨਿਰਗੁਣ ਸਰਗੁਣ ਬਣੇ ਪਿਤਾ ਮਾਉਂ, ਬਾਲ ਅਵਾਣੇ ਗੋਦ ਉਠਾਈਆ । ਫੜ ਫੜ ਹੰਸ ਬਣਾਏ ਕਾਉਂ, ਸੋਹੰ ਹੰਸਾ ਮਾਣਕ ਮੋਤੀ ਚੋਗ ਚੁਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਆਪ ਦਰਸਾਈਆ । ਪੀਰ ਪੈਗ਼ੰਬਰ ਗੁਰ ਅਵਤਾਰ ਮੰਗਣ ਧੂੜ, ਧੂੜੀ ਟਿੱਕਾ ਮਸਤਕ ਲਾਈਆ । ਪੁਰਖ ਅਬਿਨਾਸ਼ੀ ਰੰਗ ਚਾੜ੍ਹੇ ਇਕੋ ਗੂੜ੍ਹ, ਦੋ ਜਹਾਨਾਂ ਉਤਰ ਕਦੇ ਨਾ ਜਾਈਆ । ਲੇਖਾ ਜਾਣੇ ਮੂਰਖ ਮੂੜ੍ਹ, ਚਤੁਰ ਸੁਘੜ ਸੁਚੱਜੇ ਆਪੇ ਖੇਲ ਖਲਾਈਆ । ਵਸਣਹਾਰਾ ਨੇੜੇ ਦੂਰ, ਦੂਰ ਦੁਰਾਡਾ ਪੰਧ ਮੁਕਾਈਆ । ਕਲਜੁਗ ਅੰਤਮ ਪਰਗਟ ਹੋਇਆ ਹਾਜ਼ਰ ਹਜ਼ੂਰ, ਸ੍ਰਿਸ਼ਟ ਸਬਾਈ ਵੇਖ ਵਖਾਈਆ । ਸਰਬ ਕਲਾ ਭਰਪੂਰ, ਭਰਪੂਰ ਰਿਹਾ ਸਰਬ ਠਾਈਆ । ਗੁਰਮੁਖਾਂ ਅੰਤਰ ਦੇਵੇ ਜੋਤੀ ਨੂਰ, ਨੂਰ ਨੂਰਾਨਾ ਨੂਰ ਰੁਸ਼ਨਾਈਆ । ਮਾਇਆ ਮਮਤਾ

ਹਉਮੇਂ ਹੰਗਤਾ ਕੂੜੀ ਕਿਰਿਆ ਕਰੇ ਚੂਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਵੇਸ ਆਪ ਵਟਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਨੇਤਰ ਖੋਲ੍ਹਣ, ਖੋਲ੍ਹ ਖੋਲ੍ਹ ਸਮਾਈਆ । ਸ਼ਬਦ ਅਗੰਮੀ ਇਕੋ ਬੋਲਣ, ਸਮਝ ਕਿਸੇ ਨਾ ਆਈਆ । ਸ੍ਰੀ ਭਗਵਾਨ ਪੂਰਾ ਤੋਲ ਆਇਆ ਤੋਲਣ, ਨਾਮ ਕੰਡਾ ਹੱਥ ਉਠਾਈਆ । ਲੱਖ ਚੁਰਾਸੀ ਆਇਆ ਵਰੋਲਣ, ਨਾਮ ਮਧਾਣਾ ਇਕੋ ਪਾਈਆ । ਸਚ ਦੁਆਰ ਆਇਆ ਖੋਲ੍ਹਣ, ਚਾਰ ਵਰਨ ਇਕ ਸਰਨਾਈਆ । ਜਨ ਭਗਤਾਂ ਰੱਖਣ ਆਇਆ ਅਡੋਲਨ, ਸਿਰ ਸਾਚਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖਣ ਰਾਸ, ਮੰਡਲ ਮੰਡਪ ਵੱਜੇ ਵਧਾਈਆ । ਸ੍ਰੀ ਭਗਵਾਨ ਵਸਿਆ ਭਗਤਾਂ ਪਾਸ, ਭਗਵਨ ਆਪਣਾ ਰੰਗ ਜਣਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵਿਛੜੇ ਪੂਰੀ ਕਰੇ ਆਸ, ਆਸਾ ਆਪਣੇ ਨਾਲ ਮਿਲਾਈਆ । ਨਾਤਾ ਤੋੜ ਪ੍ਰਿਥਮੀ ਆਕਾਸ਼, ਚਰਨ ਕਵਲ ਦਏ ਸਰਨਾਈਆ । ਆਤਮ ਪਰਮਾਤਮ ਦੇਵੇ ਸਾਥ, ਸਗਲਾ ਸੰਗ ਨਿਭਾਈਆ । ਪਾਰਬ੍ਰਹਮ ਬ੍ਰਹਮ ਜਣਾਏ ਇਕੋ ਗਾਥ, ਇਕੋ ਢੋਲਾ ਰਾਗ ਸੁਣਾਈਆ । ਲੇਖਾ ਜਾਣੇ ਪ੍ਰਿਥਮੀ ਆਕਾਸ਼, ਲੋਆਂ ਪੁਰੀਆਂ ਫੋਲ ਫੁਲਾਈਆ । ਸਾਚਾ ਸਰੋਵਰ ਤੀਰਥ ਤਾਟ, ਗ੍ਰਿਹ ਮੰਦਰ ਦਏ ਵਖਾਈਆ । ਪੂਰਬ ਲੇਖਾ ਇਕੋ ਇਕ ਵਖਾਲ ਨਿਰਗੁਣ ਜੋਤ ਕਰ ਪਰਕਾਸ਼, ਅਗਿਆਨ ਅੰਧੇਰ ਚੁਕਾਈਆ । ਸਦਾ ਸੁਹੇਲਾ ਇਕ ਇਕੇਲਾ ਵਸੇ ਪਾਸ, ਵਿਛੜ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਮੇਲ ਮਿਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖਣ ਰੁੱਤ, ਰੁੱਤ ਰੁੱਤੜੀ ਹਰਿ ਮਹਿਕਾਈਆ । ਕਰੇ ਖੇਲ ਅਬਿਨਾਸ਼ੀ ਅਚੁੱਤ, ਭੇਵ ਕੋਇ ਨਾ ਪਾਈਆ । ਨਿਰਗੁਣ ਧਾਰੋਂ ਨਿਰਗੁਣ ਉਠ, ਲੋਕਮਾਤ ਕਰੇ ਕੁੜਮਾਈਆ । ਗੋਬਿੰਦ ਮੇਲਾ ਸਾਚੇ ਸੁਤ, ਸਿਰ ਆਪਣਾ ਹੱਥ ਟਿਕਾਈਆ । ਬਾਹਰੋਂ ਦਿਸੇ ਕਾਇਆ ਬੁੱਤ, ਅੰਤਰ ਸ੍ਰੀ ਭਗਵਾਨ ਆਸਣ ਲਾਈਆ । ਸੰਤ ਸੁਹੇਲੇ ਲੱਖ ਚੁਰਾਸੀ ਵਿਚੋਂ ਆਪਣੀ ਗੋਦੀ ਚੁੱਕ, ਆਪ ਆਪਣੇ ਅੰਗ ਲਗਾਈਆ । ਜਨਮ ਜਨਮ ਦੀ ਮੇਟੇ ਭੁੱਖ, ਕਰਮ ਕਰਮ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮੇਲਾ ਮੇਲ ਮਿਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖਣ ਆਵਣ ਮੇਲਾ, ਮੇਲਾ ਹਰਿ ਜੂ ਆਪ ਲਗਾਇੰਦਾ । ਏਕਾ ਦਰ ਗੁਰੂ ਗੁਰ ਚੇਲਾ, ਗੁਰ ਚੇਲਾ ਰੰਗ ਵਖਾਇੰਦਾ । ਨਿਰਗੁਣ ਹੋਇਆ ਸੱਜਣ ਸੁਹੇਲਾ, ਸਰਗੁਣ ਆਪਣੀ ਗੋਦ ਸੁਹਾਇੰਦਾ । ਕਲਜੁਗ ਅੰਤਮ ਪ੍ਰਭ ਮਿਲਣ ਦਾ ਇਕੋ ਵੇਲਾ, ਵੇਲਾ ਗਿਆ ਹੱਥ ਨਾ ਆਇੰਦਾ । ਸਾਹਿਬ ਸਤਿਗੁਰ ਆਇਆ ਸੱਜਣ ਸੁਹੇਲਾ, ਦੋ ਜਹਾਨਾਂ ਪੰਧ ਮੁਕਾਇੰਦਾ । ਕੱਟਣਹਾਰਾ ਰਾਏ ਧਰਮ ਦੀ ਜੇਲਾ, ਲੱਖ ਚੁਰਾਸੀ ਨਾਤਾ ਤੋੜ ਤੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਲੇਖਾ ਆਪ ਜਣਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਆਏ ਨੇੜੇ, ਦੂਰ ਦੁਰਾਡਾ ਪੰਧ ਮੁਕਾਈਆ । ਚਲੋ ਵੇਖੋ ਗੁਰਮੁਖ ਖੇੜੇ, ਹਰਿ ਸਤਿਗੁਰ ਡੇਰਾ ਲਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਕਰੇ ਖੇਲ ਬੇਅੰਤ ਬਥੇਰੇ, ਬਹੁ ਭਾਂਤੀ ਰੂਪ ਵਟਾਈਆ । ਚਾਰ ਜੁਗ ਕੀਤੇ ਚੇਰੇ, ਚੇਲਾ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪਰਵਰਦਿਗਾਰ, ਬੇਪਰਵਾਹ ਖੇਲ ਖਲਾਇੰਦਾ । ਆਦਿ ਜੁਗਾਦੀ ਸਾਂਝਾ ਯਾਰ, ਸਾਹਿਬ ਸੁਲਤਾਨ ਵੇਸ ਵਟਾਇੰਦਾ ।

ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਊਚਾਂ ਨੀਚਾਂ ਰਾਉ ਰੰਕਾਂ ਕਰੇ ਪਿਆਰ, ਦੂਈ ਦਵੈਤ ਨਾ ਕੋਇ ਰਖਾਇੰਦਾ । ਬਜਰ ਕਪਾਟੀ ਕਾਇਆ ਹਾਟੀ ਪੜਦਾ ਦੇਵੇ ਪਾੜ, ਅਗਿਆਨ ਅੰਧੇਰ ਮਿਟਾਇੰਦਾ । ਅੰਮ੍ਰਿਤ ਬੂੰਦ ਸਵਾਂਤੀ ਦੇਵੇ ਠੰਡੀ ਠਾਰ, ਨਿਝਰ ਝਿਰਨਾ ਆਪ ਝਿਰਾਇੰਦਾ । ਨਿਰਮਲ ਜੋਤ ਕਰ ਪਰਕਾਸ਼, ਆਤਮ ਪਰਮਾਤਮ ਵਖਾਏ ਸਚ ਨਿਵਾਸ, ਸੇਜ ਸੁਹੰਜਣੀ ਆਪ ਵਡਿਆਇੰਦਾ । ਨਿਰਗੁਣ ਨਿਰਗੁਣ ਹੋਏ ਦਾਸ, ਸਰਗੁਣ ਸਰਗੁਣ ਬੰਧਨ ਪਾਇੰਦਾ । ਭਗਤ ਭਗਵਾਨ ਪੂਰੀ ਕਰੇ ਆਸ, ਭਗਤਨ ਆਪਣੇ ਲੇਖੇ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਰਹੇ ਨੱਚ, ਸਚ ਦਵਾਰ ਵੱਜੇ ਵਧਾਈਆ । ਪ੍ਰਭ ਪਰਗਟ ਹੋਇਆ ਇਕ ਸਮਰਥ, ਸਮਰਥ ਆਪਣੀ ਕਾਰ ਕਮਾਈਆ । ਸੰਤ ਸੁਹੇਲੇ ਸੱਜਣ ਲਏ ਰੱਖ, ਸਿਰ ਆਪਣਾ ਹੱਥ ਟਿਕਾਈਆ । ਨਿਜ ਆਤਮ ਖੋਲ੍ਹ ਅੱਖ, ਆਖ਼ਰ ਆਪਣਾ ਦਰਸ ਕਰਾਈਆ । ਲੱਖ ਚੁਰਾਸੀ ਨਾਲੋਂ ਕਰ ਕਰ ਵੱਖ, ਕੂੜਾ ਨਾਤਾ ਦਏ ਤੁੜਾਈਆ । ਲਹਿਣਾ ਦੇਣ ਮੁਕਾਏ ਹੱਥੋ ਹੱਥ, ਜਗਤ ਉਧਾਰ ਨਾ ਕੋਇ ਜਣਾਈਆ । ਅੰਤਰ ਆਤਮ ਤੇਰੇ ਵਸ, ਹਰਿ ਜੂ ਆਪਣੀ ਬੂਝ ਬੁਝਾਈਆ । ਕੂੜੀ ਕਿਰਿਆ ਮਾਇਆ ਮਮਤਾ ਮਥ, ਸਚ ਸੁੱਚ ਦਏ ਸਮਝਾਈਆ । ਨਿਰਮਲ ਜੋਤ ਕਰ ਪਰਕਾਸ਼ ਕੋਟਨ ਰਵ ਸਸ, ਨੂਰੀ ਜਲਵਾ ਇਕ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਰਿਹਾ ਕਰਾਈਆ । ਸਾਚੀ ਖੇਲ ਕਰਾਏ ਖ਼ਲਕ, ਬੇਪਰਵਾਹ ਭੇਵ ਨਾ ਆਇੰਦਾ । ਪਰਵਰਦਿਗਾਰ ਆਏ ਫਕਤ, ਸ਼ਾਹ ਹਕੀਰ ਵੇਖ ਵਖਾਇੰਦਾ । ਹਰਿਜਨ ਵੇਖੇ ਆਪਣੇ ਬਾਲਕ, ਨਿਰਗੁਣ ਆਪਣਾ ਫੇਰਾ ਪਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਕਦੀ ਨਾ ਕਰੇ ਆਲਸ, ਨਿੰਦਰਾ ਰੂਪ ਨਾ ਕੋਇ ਵਟਾਇੰਦਾ । ਜੁਗ ਚੌਕੜੀ ਬਣੇ ਸਾਲਸ, ਨਿਰਗੁਣ ਸਰਗੁਣ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਆਵਣ ਨੱਠੇ, ਵਾਹੋ ਦਾਹੀ ਪੰਧ ਮੁਕਾਈਆ । ਸਚ ਦਵਾਰੇ ਹੋਵਣ ਕੱਠੇ, ਘਰ ਇਕੋ ਵੱਜੇ ਵਧਾਈਆ । ਹਰਿ ਸਰਨਾਈ ਸਾਰੇ ਢੱਠੇ, ਨਿਉਂ ਨਿਉਂ ਸਯਦਾ ਸੀਸ ਝੁਕਾਈਆ । ਸ੍ਰੀ ਭਗਵਾਨ ਜੁਗ ਜੁਗ ਤੇਰੇ ਦੇਂਦੇ ਰਹੇ ਪਤੇ, ਲਿਖ ਲਿਖ ਲੇਖਾ ਹੁਕਮ ਸੁਣਾਈਆ । ਤੁਧ ਬਿਨ ਵੇਲੇ ਅੰਤ ਪੱਤ ਕੋਈ ਨਾ ਰੱਖੇ, ਲੱਖ ਚੁਰਾਸੀ ਕੂਕ ਕੂਕ ਦਏ ਦੁਹਾਈਆ । ਨੌਂ ਖੰਡ ਪ੍ਰਿਥਮੀ ਤ੍ਰੈਗੁਣ ਮਾਇਆ ਅਗਨੀ ਕੀਤੇ ਤੱਤੇ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਬਿਨ ਭਗਤਾਂ ਤੇਰੇ ਰੰਗ ਕੋਈ ਨਾ ਰੱਤੇ, ਰੱਤੀ ਰੱਤ ਨਜ਼ਰ ਕਿਤੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸਾ ਨਰ ਨਰੇਸ਼ਾ ਨਿਰਗੁਣ ਇਕੋ ਇਕ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਨੇਤਰ ਖੋਲ੍ਹ ਕਰੋ ਧਿਆਨ, ਮਿਹਰਵਾਨ ਆਪ ਜਣਾਇੰਦਾ । ਪ੍ਰਭ ਪਰਗਟ ਹੋਇਆ ਨੌਜਵਾਨ, ਦੂਸਰ ਵੰਡ ਨਾ ਕੋਈ ਵੰਡਾਇੰਦਾ । ਲੇਖਾ ਜਾਣੇ ਦੋ ਜਹਾਨ, ਲੋਕ ਪਰਲੋਕ ਖੋਜ ਖੁਜਾਇੰਦਾ । ਤ੍ਰੈਭਵਣ ਧਨੀ ਖੇਲ ਮਹਾਨ, ਮਹਿਮਾ ਅਕਥ ਅਕਥ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸੰਤ ਸੁਹੇਲਾ ਇਕ ਅਖਵਾਇੰਦਾ । ਸੰਤ ਸੁਹੇਲਾ ਦਏ ਉਪਦੇਸ਼, ਆਪਣੀ ਦਇਆ ਕਮਾਈਆ । ਅੰਮ੍ਰਿਤ ਜਾਮ ਦੇਵੇ ਘੁੱਟ, ਅੰਮਿਓ ਰਸ ਚੁਆਈਆ । ਕਰ ਪਰਕਾਸ਼ ਨਿਰਗੁਣ ਜੋਤ, ਜੋਤ ਨੂਰ ਰੁਸ਼ਨਾਈਆ । ਲਹਿਣਾ ਦੇਣਾ ਚੁਕਾ ਵਰਨ ਗੋਤ, ਬ੍ਰਹਮ ਇਕੋ ਇਕ ਸਮਝਾਈਆ । ਨਾਤਾ ਤੁਟੇ ਹਰਖ਼ ਸੋਗ, ਚਿੰਤਾ ਗ਼ਮ ਰਹੇ ਨਾ ਰਾਈਆ ।

ਪਾਰਬ੍ਰਹਮ ਬ੍ਰਹਮ ਕਰੇ ਸੰਜੋਗ, ਘਰ ਮੇਲਾ ਸਹਿਜ ਸੁਭਾਈਆ । ਆਤਮ ਰਸ ਭੋਗੇ ਭੋਗ, ਭਸਮੜ ਰੂਪ ਨਾ ਕੋਈ ਵਟਾਈਆ । ਸਚ ਮੁਨਾਰਾ ਸੋਹੇ ਗੋਬਿੰਦ ਸੇਜ, ਸਿੰਘਾਸਣ ਡੇਰਾ ਲਾਈਆ । ਸ਼ਬਦ ਗੁਰੂ ਲਗਾਏ ਚੋਟ, ਸਤਿ ਨਗਾਰਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਦਵਾਰਾ ਇਕ ਸੁਹਾਈਆ । ਭਗਤ ਦੁਆਰੇ ਆਇਆ ਆਪ, ਪ੍ਰਭ ਆਪਣੀ ਦਇਆ ਕਮਾਈਆ । ਕੋਟਨ ਕੋਟ ਜਨਮ ਉਤਾਰੇ ਪਾਪ, ਪਤਤ ਪੁਨੀਤ ਕਰੇ ਬੇਪਰਵਾਹੀਆ । ਸੋਹੰ ਸੋ ਜਪਾਏ ਜਾਪ, ਗੁਰ ਅਵਤਾਰ ਪੀਰ ਪੈਗ਼ੰਬਰ ਰਹੇ ਜਸ ਗਾਈਆ । ਆਦਿ ਜੁਗਾਦੀ ਸੱਚਾ ਬਾਪ, ਪੁਰਖ ਅਕਾਲ ਫੇਰਾ ਪਾਈਆ । ਤ੍ਰੈਗੁਣ ਮੇਟੇ ਤੀਨੋ ਤਾਪ, ਅਗਨੀ ਤੱਤ ਰਹੇ ਨਾ ਰਾਈਆ । ਹਰਿ ਸੰਗਤ ਮੇਲਾ ਸਾਚਾ ਸਾਕ, ਬੰਧਪ ਇਕੋ ਇਕ ਦਰਸਾਈਆ । ਨਜ਼ਰੀ ਆਏ ਕਮਲਾਪਾਤ, ਨਿਝ ਨੇਤਰ ਨੈਣ ਖੁਲ੍ਹਾਈਆ । ਦੂਰ ਦੁਰਾਡੀ ਮੁੱਕੇ ਵਾਟ, ਪੰਧ ਨੇਰਨ ਨੇਰ ਜਣਾਈਆ । ਸਚ ਦਵਾਰੇ ਖੋਲ੍ਹੇ ਤਾਕ, ਸੌਦਾ ਇਕੋ ਨਾਮ ਵਖਾਈਆ । ਗੁਰ ਅਵਤਾਰ ਜਾ ਬੈਠੇ ਆਪਣੇ ਘਾਟ, ਸੰਤਨ ਲੇਖਾ ਬੇਪਰਵਾਹੀਆ । ਨਾਮ ਅਨਮੁਲੀ ਦੇਵੇ ਦਾਤ, ਕਾਇਆ ਕੁਲੀ ਆਪ ਟਿਕਾਈਆ । ਪਿਆਵਣਹਾਰਾ ਆਬੇਹਯਾਤ, ਸਬਰ ਪਿਆਲਾ ਹੱਥ ਉਠਾਈਆ । ਵੇਖਣਹਾਰਾ ਕਾਇਨਾਤ, ਕਲਮਾ ਨਬੀ ਰਿਹਾ ਜਣਾਈਆ । ਜਨ ਭਗਤਾਂ ਦੇਵੇ ਸਚ ਸੁਗਾਤ, ਸਚ ਸਮਗਰੀ ਝੋਲੀ ਪਾਈਆ । ਇਕੋ ਇਕ ਰੰਗ ਰੰਗਾਏ ਦਿਵਸ ਰਾਤ, ਘੜੀ ਪਲ ਨਾ ਕੋਈ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਦਵਾਰਾ ਦਏ ਵਡਿਆਈਆ । ਭਗਤ ਦਵਾਰੇ ਵੱਜੇ ਨਗਾਰਾ, ਹਰਿ ਸਤਿਗੁਰ ਆਪ ਵਜਾਇੰਦਾ । ਸੰਤ ਭਗਤ ਪਰਮ ਪੁਰਖ ਹਰਿ ਕਰ ਪਿਆਰਾ, ਹਰਿ ਮੰਦਰ ਇਕੋ ਇਕ ਦਰਸਾਇੰਦਾ । ਇਕੋ ਮੰਦਰ ਇਕੋ ਗੁਰੂਦਵਾਰਾ, ਠਾਕਰ ਇਕੋ ਨਜ਼ਰੀ ਆਇੰਦਾ । ਇਕੋ ਸ਼ਹਿਨਸ਼ਾਹ ਸਿਕਦਾਰਾ, ਸ਼ਾਹ ਪਾਤਸ਼ਾਹ ਇਕੋ ਹੁਕਮ ਮਨਾਇੰਦਾ । ਇਕੋ ਆਦਿ ਜੁਗਾਦਿ ਜੁਗਾ ਜੁਗੰਤਰ ਲਏ ਅਵਤਾਰਾ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਇਕੋ ਰਾਗ ਇਕੋ ਛੰਦ ਸੁਣਾਏ ਸਰਬ ਸੰਸਾਰਾ, ਸਾਧ ਸੰਤ ਇਕੋ ਰੰਗ ਰੰਗਾਇੰਦਾ । ਕਲਜੁਗ ਅੰਤਮ ਕਲ ਕਲਕੀ ਲਏ ਅਵਤਾਰਾ, ਸਤਿਜੁਗ ਸਾਚਾ ਰਾਹ ਵਖਾਇੰਦਾ । ਸ੍ਰਿਸ਼ਟ ਸਬਾਈ ਕਰੇ ਖ਼ਬਰਦਾਰਾ, ਨਿੰਦਰਾ ਆਲਸ ਨਾ ਕੋਈ ਜਣਾਇੰਦਾ । ਤੋੜਨਹਾਰਾ ਗੜ੍ਹ ਹੰਕਾਰਾ, ਸ਼ਾਹ ਸੁਲਤਾਨਾਂ ਖ਼ਾਕ ਮਿਲਾਇੰਦਾ । ਗ਼ਰੀਬ ਨਿਮਾਣਿਆਂ ਦਏ ਸਹਾਰਾ, ਦੋ ਜਹਾਨਾਂ ਪਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਇੰਦਾ । ਸਾਚੀ ਕਰਨੀ ਕਰਨੇ ਆਇਆ, ਪਾਰਬ੍ਰਹਮ ਕਰਤਾਰ । ਹਰਿਜਨ ਸਾਚੇ ਲਏ ਜਗਾਇਆ, ਸ਼ਬਦ ਅਗੰਮੀ ਕਰ ਗੁਫਤਾਰ । ਨੇਤਰ ਨੈਣ ਇਕ ਖੁਲ੍ਹਾਇਆ, ਆਪੇ ਤੋੜੇ ਬੰਦ ਕਿਵਾੜ । ਹਰਿ ਸੰਗਤ ਸਾਚਾ ਸੰਗ ਨਿਭਾਇਆ, ਲੇਖਾ ਜਾਣੇ ਅੰਦਰ ਬਾਹਰ । ਗੁਪਤ ਜ਼ਾਹਿਰ ਨਾਦ ਵਜਾਇਆ, ਸਚ ਸੁਣਾਏ ਸੱਚੀ ਧੁਨਕਾਰ । ਧੁਰ ਸੰਦੇਸਾ ਇਕ ਸੁਣਾਇਆ, ਹਰਿ ਸੱਜਣ ਮੀਤ ਮੁਰਾਰ । ਪਾਂਧੀ ਬਣਕੇ ਫੇਰਾ ਪਾਇਆ, ਦਰ ਆਇਆ ਬਣ ਭਿਖਾਰ । ਹਰਿਜਨ ਸਾਚੇ ਰੰਗ ਰੰਗਾਇਆ, ਕਰੇ ਖੇਲ ਆਪ ਨਿਰੰਕਾਰ । ਜਗਤ ਨਗਾਰਾ ਜਗਤ ਸੁਣਾਇਆ, ਢੋਲਾ ਮਰਦੰਗ ਹਾਹਾਕਾਰ । ਗੁਰਮੁਖ ਪਰੇਮ ਅੰਤ ਨਾ ਕਿਸੇ ਨਜ਼ਰ ਆਇਆ, ਕਲਜੁਗ ਸੁੱਤਾ ਪੈਰ ਪਸਾਰ । ਸਚ ਸਿੰਘਾਸਣ ਸੋਭਾ ਪਾਇਆ, ਤਖ਼ਤ ਨਿਵਾਸੀ ਨੌਜਵਾਨ । ਗੁਰਮੁਖਾਂ ਪ੍ਰੀਤੀ ਚਿੱਟੀ ਚਾਦਰ ਚਰਨ ਟਿਕਾਇਆ, ਤੇਗ ਬਹਾਦਰ ਜਗਤ ਵਿਹਾਰ । ਆਦਰ ਦੇਣ ਘਰ ਘਰ ਆਇਆ, ਲੇਖਾ ਜਾਣ ਸੱਚੀ ਸਰਕਾਰ । ਫੂਲਨ ਬਰਖਾ

੯੦੬
੧੩

ਗੁਰਮੁਖ ਲਾਇਆ, ਦੋ ਜਹਾਨ ਪਏ ਫੁਹਾਰ । ਸਚਖੰਡ ਸਾਚੇ ਵੱਜੇ ਵਧਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਵੇਖਣਹਾਰ । ਕੋਟ ਕੋਟਨ ਨਗਾਰਾ ਵੱਜੇ ਮਰਦੰਗ, ਢੋਲਕ ਢੋਲ ਨਾ ਕੋਇ ਜਣਾਈਆ । ਵੇਖਣਹਾਰ ਸੂਰਾ ਸਰਬੰਗ, ਸ਼ਹਿਨਸ਼ਾਹ ਇਕੋ ਨਜ਼ਰੀ ਆਈਆ । ਆਤਮ ਅੰਤਰ ਦੇਵੇ ਅਨੰਦ, ਬਾਹਰੋਂ ਵੇਖ ਗੋਬਿੰਦ ਚੰਦ, ਨਿਰਗੁਣ ਸਰਗੁਣ ਧੁਰ ਦੀ ਧਾਰ ਰੁਸ਼ਨਾਈਆ । ਛੱਡ ਕੇ ਆਇਆ ਕੋਟ ਬ੍ਰਹਿਮੰਡ, ਭਗਤ ਦਵਾਰ ਵੰਡੀ ਵੰਡ, ਬੇਪਰਵਾਹ ਆਪਣੀ ਦਇਆ ਕਮਾਈਆ । ਗੀਤ ਗੋਬਿੰਦ ਸੁਹਾਗੀ ਰਸਨਾ ਜਿਹਵਾ ਗਾਏ ਦੰਦ, ਸਾਚਾ ਛੰਦ ਇਕੋ ਇਕ ਜਣਾਈਆ । ਕਰ ਦਰਸ ਮਿਟੇ ਹਿਰਸ ਸ਼ਬਦ ਸੁਤ ਪਾਏ ਠੰਡ, ਅਗਨੀ ਤੱਤ ਤੱਤ ਬੁਝਾਈਆ । ਜੁਗ ਜਨਮ ਦੀ ਟੁਟੀ ਗੰਢ, ਪੱਲੂ ਆਪਣੀ ਗੰਢ ਰਖਾਈਆ । ਦੂਈ ਦਵੈਤੀ ਢਾਹ ਕੰਧ, ਘਰ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤ ਪਿਆਰ ਜਗਤ ਆਧਾਰ ਸਚ ਸਤਾਰ ਰਿਹਾ ਜਣਾਈਆ । ਭਗਤ ਪਿਆਰ ਸਾਚੀ ਸਿਖਿਆ, ਆਦਿ ਜੁਗਾਦਿ ਸੁਣਾਵਣਹਾਰ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਧੁਰ ਲੇਖਾ ਲਿਖਿਆ, ਲੇਖਾ ਲੇਖ ਅਗੰਮ ਅਪਾਰ । ਨਿਰਗੁਣ ਨਿਰਾਕਾਰ ਨਿਰਵੈਰ ਅਜੂਨੀ ਰਹਿਤ ਬਿਨ ਭਗਤਾਂ ਕਿਸੇ ਨਾ ਦਿਸਿਆ, ਲੱਖ ਚੁਰਾਸੀ ਨੇਤਰ ਰੋਵੇ ਜ਼ਾਰੋ ਜ਼ਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਉਪਜਾਏ ਆਪਣੀ ਧਾਰ । ਹਰਿਜਨ ਉਪਜੇ ਧਾਰ ਨਿਰਾਲੀ, ਨਿਰਗੁਣ ਨਿਰਵੈਰ ਆਪ ਉਪਜਾਈਆ । ਮੇਲ ਮਿਲਾਵਾ ਜੋਤ ਅਕਾਲੀ, ਅਕਲ ਕਲਾ ਅਖਵਾਈਆ । ਕਾਇਆ ਮੰਡਲ ਦੀਪਕ ਬਾਲੀ, ਜੋਤੀ ਜੋਤ ਡਗਮਗਾਈਆ । ਆਤਮ ਪਰਮਾਤਮ ਸਾਚੇ ਮੰਦਰ ਆਪ ਬਹਾਲੀ, ਛੱਪਰ ਛੰਨ ਨਾ ਕੋਇ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ ਨਿਰਗੁਣ ਸਰਗੁਣ ਅੱਗੇ ਹੋਏ ਸਵਾਲੀ, ਪਰੇਮ ਭਿਛਿਆ ਮੰਗ ਮੰਗਾਈਆ । ਪਰੇਮ ਭਿਛਿਆ ਪ੍ਰਭ ਦੀ ਭੁੱਖ, ਬਿਨ ਭਗਤਾਂ ਪੂਰ ਨਾ ਕੋਇ ਕਰਾਇੰਦਾ । ਦੋ ਜਹਾਨ ਨਿਰਗੁਣ ਵਿਛੋੜਾ ਦੁੱਖ, ਬਿਨ ਸਰਗੁਣ ਸੁਖ ਨਾ ਕੋਇ ਉਪਜਾਇੰਦਾ । ਲੋਕਮਾਤ ਹੋਏ ਨਾ ਉਜਲ ਮੁਖ, ਗੁਰਮੁਖ ਸੰਗ ਹਰਿ ਸਤਿਗੁਰ ਚੰਦ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭਗਤ ਦਵਾਰੇ ਆਏ ਚਲ, ਜਨ ਭਗਤਾਂ ਬਿਨ ਨੇਤਰ ਦਰਸਨ ਪਾਇੰਦਾ । ਸ਼ਬਦ ਗੁਰੂ ਇਕੋ ਚੇਲਾ, ਸਤਿਗੁਰ ਪੁਰਖ ਅਕਾਲ ਅਖਵਾਈਆ । ਆਦਿ ਜੁਗਾਦਿ ਜੁਗ ਜੁਗ ਮੇਲਾ, ਮਿਲਿਆ ਮੇਲ ਵਿਛੜ ਨਾ ਜਾਈਆ । ਨਿਰਗੁਣ ਹੋ ਕੇ ਸਰਗੁਣ ਖੇਲ ਖੇਲਾ, ਪੰਜ ਤੱਤ ਦਏ ਵਡਿਆਈਆ । ਅੰਤਮ ਹੋਏ ਇਕ ਇਕੇਲਾ, ਏਕੰਕਾਰਾ ਬੇਪਰਵਾਹੀਆ । ਜਿਉਂ ਭਾਵੇ ਤਿਉਂ ਜਾਣੇ ਆਪਣਾ ਵੇਲਾ, ਵਾਰ ਥਿਤ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਚੇਲਾ ਇਕੋ ਕਰ, ਲੱਖ ਚੁਰਾਸੀ ਦੇਵੇ ਵਰ, ਘਰ ਘਰ ਚੇਲਾ ਗੁਰ ਕਾ ਰਾਗ ਸੁਣਾਈਆ । ਚੇਲਾ ਸੁਣਾਵੇ ਗੁਰ ਕਾ ਨਾਦ, ਬਿਨ ਤੰਦੀ ਤੰਦ ਰਾਗ ਅਲਾਇੰਦਾ । ਕੋਟਨ ਕੋਟ ਸੁਣਨ ਬ੍ਰਹਿਮਾਦ, ਬ੍ਰਹਿਮਾਂਡ ਭੇਵ ਕੋਇ ਨਾ ਪਾਇੰਦਾ ।

ਸਵਾਗਤ ਸੰਗਤ ਹੋਇਆ ਕਬੂਲ, ਪ੍ਰਭ ਲੇਖੇ ਆਪਣੇ ਪਾਈਆ । ਲੇਖੇ ਲੱਗਾ ਇਕ ਇਕ ਫੂਲ, ਬੱਚੇ ਬੁੱਢੇ ਨੱਢੇ ਜਵਾਨ ਜੋ ਰਹੇ ਬਰਸਾਈਆ । ਜਨਮ ਜਨਮ ਦੀ ਬਖ਼ਸ਼ ਭੂਲ, ਭੁੱਲਿਆਂ ਗਲੇ ਲਗਾਈਆ । ਸਾਹਿਬ ਸਤਿਗੁਰ ਦਾ ਇਕੋ ਅਸੂਲ, ਭਗਤਾਂ ਆਪਣੇ ਰੰਗ ਰੰਗਾਈਆ । ਮੇਲ ਮਿਲਾਏ ਆਤਮ ਪਰਮਾਤਮ ਨਾਰ ਕੰਤ ਕੰਤੂਹਲ, ਸੁਹੰਜਣੀ ਸੇਜ ਫੂਲ ਵਿਛਾਈਆ । ਚੁਕਾਵਣਹਾਰਾ ਸੂਦ ਨਾਲ ਮੂਲ, ਲਹਿਣਾ ਸਭ ਦੀ ਝੋਲੀ ਪਾਈਆ । ਗੁਰਮੁਖ ਪੰਘੂੜਾ ਗੁਰ ਸਤਿਗੁਰ ਰਿਹਾ ਝੂਲ, ਹੁਲਾਰਾ ਦੋ ਜਹਾਨ ਲਗਾਈਆ । ਪ੍ਰਭ ਕੋਲ ਵੱਡਾ ਬਚਨ ਨਾ ਕੋਈ ਮਾਅਕੂਲ, ਜਿਸ ਨਾਲ ਗੁਰਮੁਖਾਂ ਸ਼ੁਕਰੀਆ ਅਦਾ ਕਰਾਈਆ । ਸਵਾਗਤ ਹੋਇਆ ਰਾਸ, ਸਗਲ ਸਮਗਰੀ ਮਿਲੀ ਵਡਿਆਈਆ । ਲੇਖੇ ਲੱਗੀ ਸੰਗਤ ਤੇਰੇ ਚਰਨਾਂ ਖ਼ਾਕ, ਜੋ ਉਡ ਉਡ ਮਸਤਕ ਲਾਈਆ । ਰੂਹ ਬੁੱਤ ਦੋਵੇਂ ਹੋਏ ਪਾਕ, ਪਾਕੀਜ਼ਗੀ ਇਕੋ ਘਰ ਵਖਾਈਆ । ਹਰਿ ਜੂ ਮਿਲਿਆ ਹਰਿਜਨ ਸਾਕ, ਨਾਤਾ ਆਪਣੇ ਨਾਲ ਜੁੜਾਈਆ । ਪਾਰਬ੍ਰਹਮ ਜਿਧਰ ਵੇਖੇ ਮਾਰ ਝਾਤ, ਅੱਗੇ ਪਿਛੇ ਸੱਜੇ ਖੱਬੇ ਗੁਰਮੁਖ ਫੂਲ ਰਹੇ ਬਰਸਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰੋੜ ਤੇਤੀਸਾ ਸੁਰ ਨਰ ਮੁਨ ਜਨ ਪੀਰ ਪੈਗ਼ੰਬਰ ਗੁਰ ਅਵਤਾਰ ਭਗਤ ਪ੍ਰਭ ਨੇ ਲੋਕਮਾਤ ਖੋਲ੍ਹਿਆ ਤਾਕ, ਆਪਣਾ ਪਰਦਾ ਆਪ ਉਠਾਈਆ । ਦੋ ਜਹਾਨਾਂ ਸ੍ਰੀ ਭਗਵਾਨ ਨਿਰਗੁਣ ਕੱਟ ਕੇ ਆਇਆ ਵਾਟ, ਪੰਧ ਮੁਕਾ ਵਾਹੋ ਦਾਹੀਆ । ਕਲਜੁਗ ਵੇਖ ਅੰਧੇਰੀ ਰਾਤ, ਗੁਰਮੁਖ ਸਾਚਾ ਚੰਦ ਚਮਕਾਈਆ । ਲੈ ਕੇ ਆਇਆ ਧੁਰ ਸੁਗ਼ਾਤ, ਨਾਮ ਇਕੋ ਝੋਲੀ ਪਾਈਆ । ਗੁਰਸਿਖਾਂ ਸਵਾਗਤ ਕੀਤਾ ਬੰਨ੍ਹ ਹਾਥ, ਗੁਰਮੁਖਾਂ ਪ੍ਰਭ ਕਰ ਕਿਰਪਾ ਲਹਿਣਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਫੂਲ ਪੰਖੜੀਆਂ ਗੁੰਚੇ ਹੱਸਣ, ਹੱਸ ਹੱਸ ਖ਼ੁਸ਼ੀ ਮਨਾਈਆ । ਇਕ ਦੂਜੇ ਨੂੰ ਹਾਲ ਦੱਸਣ, ਭੇਵ ਅਭੇਦ ਸਮਝਾਈਆ । ਵੇਖੇ ਪ੍ਰਭ ਜੂ ਹਿਰਦੇ ਆਇਆ ਵਸਣ, ਆਪ ਆਪਣੀ ਕਲ ਧਰਾਈਆ । ਬਾਲੇ ਬੱਚੇ ਅੱਗੇ ਅੱਗੇ ਨੱਸਣ, ਖ਼ੁਸ਼ੀਆਂ ਰੰਗ ਚੜ੍ਹਾਈਆ । ਦੀਨ ਦਿਆਲ ਠਾਕਰ ਸਵਾਮੀ ਗਾਇਣ ਜਸਣ, ਵੇਦ ਪੁਰਾਨ ਰਹੇ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਵਾਗਤ ਭਗਤ ਸਿੰਘ ਜੋ ਆਏ ਭਾਗਤ, ਭਗਵਤੀ ਭਗੌਤੀ ਸਿਮਰਤੀ ਸਤਿਵਾਦੀ ਅਨਾਦੀ ਵਿਸਮਾਦੀ ਬ੍ਰਹਿਮਾਦੀ ਆਦਿ ਸ਼ਕਤ ਸਰਬ ਦੀ ਦਾਦੀ ਸੇਵਾ ਰਹੀ ਕਮਾਈਆ । ਮਾਅਕੂਲ ਜਵਾਬ ਅੱਜੇ ਛੋਟਾ, ਨਿੱਕੀ ਨਿੱਕੀ ਗੱਲ ਸਮਝਾਈਆ । ਗੁਰਸਿਖ ਸਵਾਗਤ ਏਡਾ ਵੱਡਾ ਮੋਟਾ, ਦੋ ਜਹਾਨ ਕੋਈ ਚੁੱਕ ਨਾ ਸਕੇ ਰਾਈਆ । ਸ੍ਰੀ ਭਗਵਾਨ ਮਿਹਰਵਾਨ ਨਿਰਗੁਣ ਆਇਆ ਕਸ ਲੰਗੋਟਾ, ਨਿਰਗੁਣ ਆਪਣਾ ਬਲ ਧਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿੰਦੇ ਰਹੇ ਦੱਸ ਪ੍ਰਭ ਆਪਣਾ ਪੋਤਾ, ਪੁੱਤਰ ਗੁਰਮੁਖ ਮਾਤ ਵਡਿਆਈਆ । ਸ੍ਰੀ ਭਗਵਾਨ ਸਦਾ ਮਿਹਰਵਾਨ ਜੁਗ ਚੌਕੜੀ ਹੋਏ ਭਗਤਾਂ ਜੋਗਾ, ਆਪਣੀ ਰੱਖੇ ਨਾ ਕੋਇ ਵਡਿਆਈਆ । ਉਚੀ ਕੂਕ ਸੁਣਾਏ ਚੌਦਾਂ ਲੋਕਾ, ਪਰਲੋਕ ਵੱਜੇ ਵਧਾਈਆ । ਜਿਸ ਨੇ ਹਰਿ ਕਾ ਨਾਮ ਸਤਿ ਗਾਇਆ ਸਲੋਕਾ, ਤਿਸ ਦਾ ਭਾਰ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਜਵਾਬ ਕਰੇ ਲਾਜਵਾਬ, ਕਿਉਂ, ਸਚ ਲੋਕਮਾਤ ਨਜ਼ਰ ਕਿਸੇ ਨਾ ਆਈਆ ।

ਤਖ਼ਤ ਕਹੇ ਪ੍ਰਭ ਸੱਚਾ ਤਾਜ, ਆਦਿ ਜੁਗਾਦਿ ਵਡਿਆਈਆ । ਤਾਜ ਕਹੇ ਸ਼ਹਿਨਸ਼ਾਹ ਗ਼ਰੀਬ ਨਿਵਾਜ਼, ਬੇਅੰਤ ਬੇਪਰਵਾਹੀਆ । ਬੇਪਰਵਾਹ ਕਹੇ ਮੈਂ ਕਲਗੀ ਰੱਖਾਂ ਲਾਜ, ਗੋਬਿੰਦ ਬੈਠਾ ਧਿਆਨ ਲਗਾਈਆ । ਗੋਬਿੰਦ ਕਹੇ ਮੇਰਾ ਪਿਤਾ ਪੁਰਖ ਅਕਾਲ ਗੁਰੂ ਮਹਾਰਾਜ, ਮਹਿਮਾ ਅਕਥ ਕਥੀ ਨਾ ਜਾਈਆ । ਤਾਜ ਕਹੇ ਪ੍ਰਭ ਸਾਜਣ ਸਾਜ, ਸਾਚੀ ਤਖ਼ਤ ਵੰਡ ਵੰਡਾਈਆ । ਤਖ਼ਤ ਕਹੇ ਮੇਰੀ ਰੱਖੀ ਲਾਜ, ਮਿਹਰਵਾਨ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਂਆ । ਤਖ਼ਤ ਕਹੇ ਤਾਜ ਬਲਕਾਰਾ, ਬਲ ਆਪਣਾ ਆਪ ਰਖਾਇੰਦਾ । ਤਾਜ ਕਹੇ ਸ਼ਹਿਨਸ਼ਾਹ ਖੇਲ ਅਗੰਮ ਅਪਾਰਾ, ਭੇਵ ਕੋਇ ਨਾ ਆਇੰਦਾ । ਸ਼ਹਿਨਸ਼ਾਹ ਕਹੇ ਮੈਂ ਕਲਗ਼ੀ ਦੇਵਾਂ ਸਹਾਰਾ, ਸਿਰ ਆਪਣਾ ਹੱਥ ਰਖਾਇੰਦਾ । ਕਲਗੀ ਕਹੇ ਮੈਨੂੰ ਗੋਬਿੰਦ ਲੱਗੇ ਪਿਆਰਾ, ਦੂਜਾ ਨਜ਼ਰ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਤਖ਼ਤ ਕਹੇ ਤਾਜ ਬਲਵਾਨ, ਏਕਾ ਏਕ ਏਕ ਅਖਵਾਇੰਦਾ । ਤਾਜ ਕਹੇ ਮੇਰਾ ਸਾਹਿਬ ਸੁਲਤਾਨ, ਨਿਰਗੁਣ ਆਪਣੀ ਖੇਲ ਕਰਾਇੰਦਾ । ਨਿਰਗੁਣ ਕਹੇ ਮੈਂ ਕਲਗੀ ਦੇਵਾਂ ਦਾਨ, ਵਸਤ ਅਮੋਲਕ ਵੰਡ ਵੰਡਾਇੰਦਾ । ਕਲਗ਼ੀ ਕਹੇ ਮੈਂ ਗੋਬਿੰਦ ਕਰਾਂ ਪਰਵਾਨ, ਦੂਸਰ ਅੰਗ ਨਾ ਕੋਇ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਤਖ਼ਤ ਕਹੇ ਤਾਜ ਸਚ ਮੀਤਾ, ਮਿੱਤਰ ਪਿਆਰਾ ਇਕ ਅਖਵਾਈਆ । ਤਾਜ ਕਹੇ ਸ੍ਰੀ ਭਗਵਾਨ ਅਤੀਤਾ, ਆਦਿ ਜੁਗਾਦਿ ਸਚ ਸਿੰਘਾਸਣ ਸੋਭਾ ਪਾਈਆ । ਸ੍ਰੀ ਭਗਵਾਨ ਕਹੇ ਗੋਬਿੰਦ ਮੇਰੀ ਚਲਾਏ ਰੀਤਾ, ਰੀਤੀਵਾਨ ਇਕ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਜਣਾਈਆ । ਤਖ਼ਤ ਕਹੇ ਤਾਜ ਅਪਾਰ, ਲੇਖਾ ਲਿਖਤ ਵਿਚ ਨਾ ਆਇੰਦਾ । ਤਾਜ ਕਹੇ ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਸੱਚੀ ਸਰਕਾਰ, ਧੁਰ ਦੀ ਧਾਰ ਆਪ ਪਰਗਟਾਇੰਦਾ । ਧੁਰਦਰਗਾਹੀ ਕਹੇ ਮੇਰਾ ਨੂਰ ਕਿਰਨ ਕਲਗੀ ਚਮਤਕਾਰ, ਜ਼ਹੂਰ ਇਕੋ ਇਕ ਦਰਸਾਇੰਦਾ । ਕਲਗ਼ੀ ਕਹੇ ਮੇਰਾ ਗੋਬਿੰਦ ਸਰਦਾਰ, ਦੋ ਜਹਾਨਾਂ ਇਕੋ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵੇਸ ਵਟਾਇੰਦਾ । ਗੋਬਿੰਦ ਕਹੇ ਮੇਰੇ ਸੀਸ ਕਲਗ਼ੀ, ਹਰਿ ਸਤਿਗੁਰ ਆਪ ਟਿਕਾਈਆ । ਹਰਿ ਸਤਿਗੁਰ ਕਹੇ ਮੈਂ ਦਿਤੀ ਵੰਨਗੀ, ਲੋਕਮਾਤ ਰਾਹ ਜਣਾਈਆ । ਦੋ ਜਹਾਨ ਵਾਹੋ ਦਾਹ ਫਿਰਦੀ, ਬਣ ਬਣ ਪਾਂਧੀ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਜਣਾਈਆ । ਕਲਗੀ ਕਹੇ ਮੇਰਾ ਸਾਹਿਬ ਏਕ, ਜਿਸ ਦਿਤੀ ਮੈਨੂੰ ਵਡਿਆਈਆ । ਮੈਂ ਨੇਤਰ ਲੋਚਣ ਲਵਾਂ ਪੇਖ, ਮੁਖ ਪਰਦਾ ਆਪ ਉਠਾਈਆ । ਦੀਨ ਦਿਆਲ ਦੇਵਣਹਾਰਾ ਟੇਕ, ਸਮਰਥ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਦਏ ਜਣਾਈਆ । ਕਲਗ਼ੀ ਕਹੇ ਮੇਰਾ ਤਾਜਾਂ ਵਾਲਾ, ਸਾਚਾ ਤਖ਼ਤ ਹੰਢਾਇੰਦਾ । ਲੇਖਾ ਜਾਣੇ ਦੋ ਜਹਾਨਾਂ, ਦੋਏ ਦੋਏ ਧਾਰ ਚਲਾਇੰਦਾ । ਨਿਰਗੁਣ ਸਰਗੁਣ ਪਹਿਰੇ ਬਾਣਾ, ਵੇਸ ਅਨੇਕ ਕਰਾਇੰਦਾ । ਜੁਗ ਚੌਕੜੀ ਹੋ ਪਰਧਾਨਾ, ਮੰਤਰ ਨਾਮ ਦ੍ਰਿੜਾਇੰਦਾ । ਭੂਪਤ ਭੂਪ ਰਾਜ ਰਾਜਾਨਾਂ, ਸ਼ਾਹ ਸੁਲਤਾਨਾ ਹੁਕਮ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਕਲ ਵਰਤਾਇੰਦਾ । ਤਾਜ ਕਹੇ ਤਖ਼ਤ ਸੁਹੰਜਣਾ, ਸੋਭਾਵੰਤ ਵੱਡੀ ਵਡਿਆਈਆ । ਚਰਨ ਛੁਹਾਏ ਆਦਿ ਨਿਰੰਜਣਾ, ਸ੍ਰੀ ਭਗਵਾਨ ਬੇਪਰਵਾਹੀਆ । ਦੋ ਜਹਾਨਾਂ ਪਰਦਾ ਕੱਜਣਾ, ਮਿਹਰ ਨਜ਼ਰ ਨੈਣ ਉਠਾਈਆ । ਸਚ ਦਵਾਰੇ

੯੦੯
੧੩

ਬਹਿ ਕੇ ਸਯਦਾ, ਸਚਖੰਡ ਖ਼ੁਸ਼ੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਇਕੋ ਇਕ ਜਣਾਈਆ । ਤਖ਼ਤ ਕਹੇ ਮੇਰਾ ਤਾਜ ਵੀਰ, ਪਰੇਮ ਪਰੇਮ ਨਾਲ ਵੰਡਾਇੰਦਾ । ਤਾਜ ਕਹੇ ਪ੍ਰਭ ਗੁਣੀ ਗਹੀਰ, ਗਹਿਰ ਗੰਭੀਰ ਸਮਾਇੰਦਾ । ਪਾਰਬ੍ਰਹਮ ਕਹੇ ਮੇਰਾ ਗੋਬਿੰਦ ਤੀਰ, ਸ਼ਬਦ ਨਿਸ਼ਾਨਾ ਇਕ ਉਠਾਇੰਦਾ । ਗੋਬਿੰਦ ਕਹੇ ਮੈਂ ਤੇਰੀ ਉਡੀਕ ਰੱਖਾਂ ਅਖ਼ੀਰ, ਆਖ਼ਰ ਇਕ ਧਿਆਨ ਲਗਾਇੰਦਾ । ਮੇਰੀ ਕਲਗ਼ੀ ਹੋਈ ਦਿਲਗੀਰ, ਕਲ ਕਾਤੀ ਚਾਰ ਕੁੰਟ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਮਾਇੰਦਾ । ਗੋਬਿੰਦ ਕਹੇ ਪੁਰਖ ਅਕਾਲ, ਤੇਰੇ ਹੱਥ ਮੇਰੀ ਵਡਿਆਈਆ । ਮੇਰੀ ਕਲਗ਼ੀ ਹੋਏ ਨਿਹਾਲ, ਨੇਤਰ ਦਰਸ ਤੇਰੇ ਵਡਿਆਈਆ । ਤੇਰਾ ਤਾਜ ਹੋਏ ਪਰਵਾਨ, ਮਿਹਰਵਾਨ ਤੇਰੀ ਸ਼ਰਨਾਈਆ । ਤੇਰਾ ਜਲਵਾ ਨੂਰ ਜਮਾਲ, ਜ਼ਾਹਰ ਜ਼ਹੂਰ ਨਜ਼ਰੀ ਆਈਆ । ਮੇਰਾ ਤਖ਼ਤ ਤੇਰਾ ਅਸਥਾਨ, ਭੂਮਕਾ ਰੂਪ ਨਾ ਕੋਇ ਵਟਾਈਆ । ਲੇਖਾ ਜਾਣੇ ਆਪ ਭਗਵਾਨ, ਬੇਅੰਤ ਤੇਰੀ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖੌਣਾ ਸਾਚਾ ਘਰ, ਜਿਸ ਘਰ ਆਪਣੀ ਧਾਰ ਚਲਾਈਆ । ਤਖ਼ਤ ਕਹੇ ਮੇਰਾ ਸੱਚਾ ਸ਼ਾਹ, ਸ਼ਹਿਨਸ਼ਾਹ ਇਕ ਅਖਵਾਇਆ । ਸ਼ਹਿਨਸ਼ਾਹ ਕਹੇ ਮੇਰਾ ਲੇਖਾ ਬੇਪਰਵਾਹ, ਅੰਤ ਕਿਸੇ ਨਾ ਪਾਇਆ । ਨਿਰਗੁਣ ਸਰਗੁਣ ਵੇਸ ਵਟਾ, ਆਦਿ ਜੁਗਾਦੀ ਖੇਲ ਰਚਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਰਿਹਾ ਜਣਾਇਆ । ਸਾਚਾ ਭੇਵ ਖੋਲ੍ਹੇ ਆਦਿ, ਆਦਿ ਪੁਰਖ ਵੱਡੀ ਵਡਿਆਈਆ । ਸਾਚਾ ਖੇਲ ਉਪਾਏ ਬ੍ਰਹਿਮਾਦ, ਬ੍ਰਹਿਮੰਡ ਵੱਜੇ ਵਧਾਈਆ । ਸਾਚਾ ਰਾਗ ਸੁਣਾਏ ਅਨਾਦ, ਨਾਦੀ ਨਾਦ ਅਲਾਈਆ । ਸਾਚਾ ਖੇਲ ਵੇਖੇ ਤਮਾਸ਼, ਨਿਰਗੁਣ ਸਰਗੁਣ ਨਾਚ ਨਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਤਖ਼ਤ ਇਕ ਸਿੰਘਾਸਣ, ਏਕਾ ਤਾਜ ਪੁਰਖ ਅਬਿਨਾਸ਼ਨ, ਏਕਾ ਕਲਗ਼ੀ ਦਾਸੀ ਦਾਸਨ ਚਰਨ ਕਵਲ ਕਰੇ ਵਾਸ, ਨਿਵਾਸਾ ਇਕੋ ਘਰ ਰਖਾਈਆ । ਗੋਬਿੰਦ ਕਹੇ ਮੈਂ ਤੇਰਾ ਪੁੱਤ, ਪਿਤਾ ਤੇਰੇ ਹੱਥ ਵਡਿਆਈਆ । ਕਲਗ਼ੀ ਕਹੇ ਮੇਰੀ ਗਈ ਰੁੱਤ, ਰੁੱਤੜੀ ਹੋਰ ਨਾ ਸੰਗ ਨਿਭਾਈਆ । ਤਾਜ ਕਹੇ ਮੈਂ ਪਵਾਂ ਉਠ, ਆਪਣਾ ਬਲ ਧਰਾਈਆ । ਤਖ਼ਤ ਕਹੇ ਮੇਰੇ ਉਤੇ ਬਹਿ ਅਬਿਨਾਸ਼ੀ ਅਚੁੱਤ, ਦੂਜਾ ਨਜ਼ਰ ਕੋਇ ਨਾ ਆਈਆ । ਰਾਹ ਚਲਾਏ ਸਚ ਸੁੱਚ, ਕੂੜੀ ਕਿਰਿਆ ਮੇਟ ਮਿਟਾਈਆ । ਦੋ ਜਹਾਨਾਂ ਲਏ ਪੁੱਛ, ਬਚਿਆ ਕੋਇ ਰਹਿਣ ਨਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕੋਈ ਨਾ ਸਕੇ ਲੁਕ, ਲੋਕ ਪਰਲੋਕ ਵੇਖ ਵਖਾਈਆ । ਸ਼ਾਹ ਸੁਲਤਾਨ ਹੋ ਪਏ ਬੁੱਕ, ਭਭਕ ਆਪਣੇ ਨਾਮ ਲਗਾਈਆ । ਜਨ ਭਗਤਾਂ ਉਪਰ ਜਾਏ ਤੁਠ, ਮਿਹਰ ਨਜ਼ਰ ਇਕ ਉਠਾਈਆ । ਤੀਰ ਨਿਰਾਲਾ ਏਕਾ ਜਾਏ ਛੁੱਟ, ਸ਼ਬਦ ਅਗੰਮੀ ਬਾਣ ਚਲਾਈਆ । ਕਲਜੁਗ ਕੂੜਾ ਬੂਟਾ ਦੇਵੇ ਪੁੱਟ, ਧੀਰਜ ਧੀਰ ਨਾ ਕੋਇ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਸੁਤ ਕਹੇ ਮੈਂ ਤਕਾਂ ਰਾਹ, ਨੇਤਰ ਨੈਣ ਨੈਣ ਉਠਾਇਆ । ਤਾਜ ਕਹੇ ਕਵਣ ਵੇਲਾ ਪ੍ਰਭ ਬਣੇ ਮਲਾਹ, ਬੇੜਾ ਆਪਣੇ ਕੰਧ ਉਠਾਇਆ । ਸ੍ਰੀ ਭਗਵਾਨ ਕਹੇ ਮੈਂ ਦੇਵਾਂ ਸਲਾਹ, ਸਾਚੀ ਸਿਖਿਆ ਇਕ ਦ੍ਰਿੜਾਇਆ । ਗੋਬਿੰਦ ਕਹੇ ਮੈਂ ਪਕੜੀ ਬਾਂਹ, ਪੁਰਖ ਅਕਾਲ ਸਗਲਾ ਸੰਗ ਨਿਭਾਇਆ । ਲੇਖਾ ਜਾਣੇ ਦੋ ਜਹਾਨ, ਦੋਏ ਦੋਏ ਆਪਣੀ ਧਾਰ ਵਡਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਰਿਹਾ ਜਣਾਇਆ ।

ਸਾਚਾ ਭੇਵ ਤਖ਼ਤ ਨਿਵਾਸੀ, ਹਰਿ ਭਗਵਾਨ ਆਪ ਜਣਾਇੰਦਾ । ਭੂਪਤ ਭੂਪ ਸ਼ਾਹੋ ਸ਼ਾਬਾਸੀ, ਸ਼ਹਿਨਸ਼ਾਹ ਆਪਣਾ ਖੇਲ ਕਰਾਇੰਦਾ । ਆਦਿ ਜੁਗਾਦਿ ਮੰਡਲ ਮੰਡਪ ਪਾਵੇ ਰਾਸੀ, ਗੋਪੀ ਕਾਹਨ ਨਾਚ ਨਚਾਇੰਦਾ । ਲੇਖਾ ਜਾਣੇ ਪ੍ਰਿਥਮੀ ਆਕਾਸ਼ੀ, ਗਗਨ ਗਗਨੰਤਰ ਵੇਖ ਵਖਾਇੰਦਾ । ਹਰ ਘਟ ਨਿਰਗੁਣ ਸਰਗੁਣ ਜੋਤ ਕਰੇ ਪਰਕਾਸ਼ੀ, ਪਰਕਾਸ਼ਵਾਨ ਆਪਣਾ ਭੇਵ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਸਮਝਾਇੰਦਾ । ਸਾਚਾ ਖੇਲ ਪੁਰਖ ਅਕਾਲ, ਏਕਾ ਏਕ ਜਣਾਈਆ । ਤਖ਼ਤ ਨਿਵਾਸੀ ਹੋ ਦਿਆਲ, ਦੀਨਨ ਵੇਖੇ ਥਾਉਂ ਥਾਈਆ । ਸ਼ਾਹ ਪਾਤਸ਼ਾਹ ਬੇਮਿਸਾਲ, ਸਾਚੀ ਮਿਸਲ ਨਾਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਤਖ਼ਤ ਦਏ ਦ੍ਰਿੜਾਈਆ । ਏਕਾ ਤਖ਼ਤ ਸਚ ਸਿੰਘਾਸਣ, ਸੋਭਾਵੰਤ ਆਪ ਸੁਹਾਇੰਦਾ । ਉਪਰ ਬੈਠ ਪੁਰਖ ਅਬਿਨਾਸ਼ਨ, ਸ਼ਹਿਨਸ਼ਾਹ ਆਪਣਾ ਹੁਕਮ ਮਨਾਇੰਦਾ । ਲੇਖਾ ਜਾਣੇ ਖ਼ਾਕ ਖ਼ਾਕਨ, ਜ਼ਿਮੀਂ ਅਸਮਾਨਾਂ ਖੋਜ ਖੁਜਾਇੰਦਾ । ਨਿਰਗੁਣ ਸਰਗੁਣ ਖੇਲ ਤਮਾਸ਼ਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਿੰਘਾਸਣ ਬਹਿ ਬਹਿ ਹੁਕਮ ਮਨਾਇੰਦਾ । ਸਚ ਸਿੰਘਾਸਣ ਬਹੇ ਨਿਰੰਕਾਰ, ਨਿਰਗੁਣ ਆਪਣੀ ਧਾਰ ਜਣਾਈਆ । ਆਦਿ ਜੁਗਾਦੀ ਇਕ ਅਵਤਾਰ, ਪੁਰਖ ਅਬਿਨਾਸ਼ੀ ਵੇਸ ਵਟਾਈਆ । ਮਹੱਲ ਅਟੱਲ ਉਚ ਮਨਾਰ, ਨਿਰਗੁਣ ਜੋਤ ਜੋਤ ਰੁਸ਼ਨਾਈਆ । ਸ਼ਬਦ ਡੰਕਾ ਅਗੰਮ ਅਪਾਰ, ਦੋ ਜਹਾਨ ਆਪ ਸੁਣਾਈਆ । ਲੇਖਾ ਜਾਣ ਧੁਰ ਦਰਬਾਰ, ਧੁਰ ਦੀ ਬਾਣੀ ਬਾਣ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਹਿਨਸ਼ਾਹ ਆਪਣਾ ਖੇਲ ਸਮਝਾਈਆ । ਸ਼ਹਿਨਸ਼ਾਹ ਸਿਰ ਰੱਖ ਤਾਜ, ਤਖ਼ਤ ਨਿਵਾਸੀ ਖੇਲ ਕਰਾਇੰਦਾ । ਭਗਤ ਭਗਵੰਤ ਰੱਖੇ ਲਾਜ, ਸਿਰ ਆਪਣਾ ਹੱਥ ਟਿਕਾਇੰਦਾ । ਸਤਿਜੁਗ ਸਾਚਾ ਰਚ ਰਚ ਕਾਜ, ਕੂੜੀ ਕਿਰਿਆ ਮੇਟ ਮਿਟਾਇੰਦਾ । ਏਕਾ ਬੇੜਾ ਚਲਾਏ ਜਹਾਜ਼, ਚੱਪੂ ਆਪਣਾ ਨਾਮ ਲਗਾਇੰਦਾ । ਸੰਤ ਸੁਹੇਲੇ ਉਠਾਏ ਮਾਰ ਆਵਾਜ਼, ਨਿਜ ਨੇਤਰ ਨੈਣ ਖੁਲ੍ਹਾਇੰਦਾ । ਲੱਖ ਚੁਰਾਸੀ ਰਚ ਰਚ ਕਾਜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੀਸ ਜਗਦੀਸ ਤਾਜ ਰਖਾਇੰਦਾ । ਤਾਜ ਕਹੇ ਮੇਰੀ ਕਲਗ਼ੀ ਧਾਰ, ਧਾਰ ਧਾਰ ਵਿਚੋਂ ਪਰਗਟਾਈਆ । ਕਲਜੁਗ ਕਲਗ਼ੀ ਕਰ ਪਿਆਰ, ਸਚ ਪ੍ਰੀਤੀ ਇਕ ਸਮਝਾਈਆ । ਮੇਲ ਮਿਲਾਵਾ ਪੁਰਖ ਅਕਾਲ, ਦੂਜੀ ਓਟ ਨਾ ਕੋਇ ਤਕਾਈਆ । ਸਚਖੰਡ ਦਵਾਰ ਸੱਚੀ ਧਰਮਸਾਲ, ਦਰਗਹਿ ਸਾਚੀ ਵਿਚ ਵਸਾਈਆ । ਨਾਤਾ ਤੋੜ ਕਾਲ ਮਹਾਂਕਾਲ, ਮਹਿਮਾ ਇਕੋ ਇਕ ਸੁਣਾਈਆ । ਕਿਰਪਾਨਿਧ ਹੋ ਦਿਆਲ, ਮਿਹਰਵਾਨ ਦਿਤੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਗ਼ੀ ਏਕਾ ਧਾਰ ਜਣਾਈਆ । ਕਲਗੀ ਕਹੇ ਮੇਰਾ ਕਲਗ਼ੀ ਵਾਲਾ, ਕਲ ਇਕੋ ਨਜ਼ਰੀ ਆਇੰਦਾ । ਜਿਸ ਦਾ ਨੂਰ ਬੇਮਿਸਾਲਾ, ਚੰਦ ਚਮਕ ਨਾ ਕੋਇ ਵਡਿਆਇੰਦਾ । ਜੁਗ ਚੌਕੜੀ ਖੇਲ ਨਿਰਾਲਾ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਵਸਣਹਾਰਾ ਸੱਚੀ ਧਰਮਸਾਲਾ, ਥਿਰ ਘਰ ਆਪਣਾ ਡੇਰਾ ਲਾਇੰਦਾ । ਲੇਖਾ ਜਾਣ ਦੋ ਜਹਾਨਾਂ, ਤਿਖੀ ਧਾਰ ਸ਼ਬਦ ਖੰਡਾ ਹੱਥ ਚਮਕਾਇੰਦਾ । ਗ਼ਰੀਬ ਨਿਮਾਣਿਆਂ ਦੇ ਸਹਾਰਾ, ਰਾਜ ਰਾਜਾਨਾਂ ਖ਼ਾਕ ਮਿਲਾਇੰਦਾ । ਦੋਏ ਜੋੜ ਕਰੇ ਨਿਮਸਕਾਰਾ, ਨਿਮਖ ਨਿਮਖ ਆਪਣਾ ਆਪ ਕਟਾਇੰਦਾ । ਨੇਤਰ ਨੈਣ ਉਠਾ ਰਾਹ ਤੱਕੇ ਸਾਂਝੇ ਯਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਗੋਬਿੰਦ ਕਹੇ ਮੇਰੀ ਇਕੋ ਆਸ, ਆਸਾ ਆਪ ਜਣਾਈਆ । ਪੁਰਖ ਅਕਾਲ ਬੁਝਾ ਪਿਆਸ, ਤ੍ਰਿਸਨਾ ਤ੍ਰਿਖਾ ਰਹੀ


੯੧੧
੧੩

ਸਤਾਈਆ । ਨਿਰਗੁਣ ਹੋ ਕੇ ਦੇ ਸਾਥ, ਸਾਚਾ ਸੰਗ ਨਿਭਾਈਆ । ਪਰਗਟ ਹੋ ਪੁਰਖ ਸਮਰਾਥ, ਸਮਰਥ ਖੇਲ ਕਰਾਈਆ । ਨਾਤਾ ਤੋੜ ਜ਼ਾਤ ਪਾਤ, ਵਰਨ ਗੋਤ ਦੇ ਖਪਾਈਆ । ਸ੍ਰਿਸ਼ਟ ਸਬਾਈ ਬਣਾ ਕੇ ਇਕ ਜਮਾਤ, ਪੱਟੀ ਇਕੋ ਨਾਮ ਪੜ੍ਹਾਈਆ । ਆਤਮ ਪਰਮਾਤਮ ਸੁਣਾ ਕੇ ਗਾਥ, ਸੋਹਲਾ ਇਕੋ ਇਕ ਵਡਿਆਈਆ । ਸਚ ਦਵਾਰ ਵਖਾ ਕੇ ਘਾਟ, ਪੱਤਣ ਬਹਿ ਬਹਿ ਬੇਪਰਵਾਹੀਆ । ਮਨਮਤ ਮਿਟਾ ਕੇ ਨਾਰ ਕਮਜ਼ਾਤ, ਗੁਰਮਤ ਇਕੋ ਇਕ ਸਮਝਾਈਆ । ਦਰਸਨ ਦੇਵੇ ਸਾਖਿਆਤ, ਨਿਰਗੁਣ ਆਪਣਾ ਪੜਦਾ ਲਾਹੀਆ । ਲੇਖਾ ਜਾਣੇ ਕਾਇਨਾਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਭੇਵ ਜਣਾਈਆ । ਗੋਬਿੰਦ ਕਹੇ ਮੈਂ ਵੇਖਾਂ ਰੰਗ, ਪ੍ਰਭ ਇਕ ਧਿਆਨ ਲਗਾਈਆ । ਕਲਗ਼ੀ ਕਹੇ ਮੈਂ ਮੰਗਾਂ ਮੰਗ, ਦੋਏ ਜੋੜ ਵਾਸਤਾ ਪਾਈਆ । ਕਵਣ ਵੇਲਾ ਪ੍ਰਭ ਆਏ ਸੂਰਾ ਸਰਬੰਗ, ਨਿਰਗੁਣ ਆਪਣਾ ਫੇਰਾ ਪਾਈਆ । ਬੋਧ ਅਗਾਧ ਵਜਾਏ ਮਰਦੰਗ, ਨਾਮ ਮਰਦੰਗਾ ਹੱਥ ਉਠਾਈਆ । ਪੁਰੀਆਂ ਲੋਆਂ ਜਾਏ ਲੰਘ, ਕੋਟਨ ਕੋਟ ਬ੍ਰਹਿਮੰਡ ਚਰਨਾਂ ਹੇਠ ਰਖਾਈਆ । ਸ੍ਰਿਸ਼ਟ ਸਬਾਈ ਇਕ ਸੁਣਾਏ ਸੁਹਾਗੀ ਛੰਦ, ਸੋਹੰ ਏਕਾ ਨਾਮ ਦ੍ਰਿੜਾਈਆ । ਜਨ ਭਗਤਾਂ ਕੱਟੇ ਫਾਸੀ ਫੰਦ, ਬੰਦੀਖ਼ਾਨਾ ਤੋੜ ਤੁੜਾਈਆ । ਨਿਰਗੁਣ ਜੋਤ ਚਾੜ੍ਹੇ ਚੰਦ, ਜਗਤ ਅੰਧੇਰ ਮਿਟਾਈਆ । ਗੁਰਸਿਖ ਸੁਰਤ ਨਾਰ ਦੁਹਾਗਣ ਨਾ ਹੋਏ ਰੰਡ, ਸ਼ਬਦ ਹਾਣੀ ਮੇਲ ਮਿਲਾਈਆ । ਕਲਜੁਗ ਮੇਟੇ ਭੇਖ ਪਖੰਡ, ਕੂੜੀ ਕਿਰਿਆ ਸ਼ੌਹ ਦਰਯਾਏ ਰੁੜ੍ਹਾਈਆ । ਸਚ ਸਚ ਆਪਣਾ ਨਾਮ ਦੇਵੇ ਵੰਡ, ਘਰ ਘਰ ਇਕੋ ਵਸਤ ਵਖਾਈਆ । ਜ਼ਾਤ ਪਾਤ ਦੂਈ ਦਵੈਤ ਢਾਹੇ ਕੰਧ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਆਸਾ ਪੂਰ ਕਰਾਈਆ । ਗੋਬਿੰਦ ਕਹੇ ਮੈਂ ਰੱਖੀ ਆਸਾ, ਇਕੋ ਇਕ ਧਿਆਨ ਲਗਾਈਆ । ਸਾਹਿਬ ਉਤੇ ਪੂਰਾ ਭਰਵਾਸਾ, ਭਰਮ ਭੁਲੇਖਾ ਨਾ ਕੋਇ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਇਸ ਦੀਆਂ ਨਿਕੀਆਂ ਸ਼ਾਖ਼ਾਂ, ਸ਼ਹਿਨਸ਼ਾਹ ਇਕੋ ਨਜ਼ਰੀ ਆਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਚਾਰ ਖਾਣੀ ਚਾਰ ਬਾਣੀ ਉਹਦੀ ਸਿਫ਼ਤ ਦੀਆਂ ਕਰਦੇ ਬਾਤਾਂ, ਭੇਵ ਅਭੇਦ ਨਾ ਕੋਇ ਖੁਲ੍ਹਾਈਆ । ਕਰ ਕਿਰਪਾ ਜਿਸ ਜਨ ਦੱਸੇ ਆਪਣਾ ਸਾਕਾ, ਸਾਖਿਆਤ ਨਜ਼ਰੀ ਆਈਆ । ਕਲਜੁਗ ਅੰਤਮ ਆ ਕੇ ਮੇਟੇ ਅੰਧੇਰੀ ਰਾਤਾ, ਨਿਹਕਲੰਕਾ ਨਾਉਂ ਰਖਾਈਆ । ਕਲ ਕਲਕੀ ਪੁਛੇ ਵਾਤਾ, ਸੰਬਲ ਆਪਣਾ ਚਰਨ ਟਿਕਾਈਆ । ਜਨ ਭਗਤਾਂ ਬਣੇ ਪਿਤਾ ਮਾਤਾ, ਗੁਰਮੁਖ ਬਾਲ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਆਸਾ ਪੂਰ ਕਰਾਈਆ । ਗੋਬਿੰਦ ਕਹੇ ਮੈਂ ਨੇਤਰ ਖੋਲ੍ਹਾਂ, ਖ਼ਾਲਕ ਖ਼ਲਕ ਵੇਖ ਵਖਾਈਆ । ਇਕੋ ਢੋਲਾ ਸੱਚਾ ਬੋਲਾਂ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਏਕਾ ਖੇਲਾਂ ਅੰਤਮ ਹੋਲਾ, ਲੱਖ ਚੁਰਾਸੀ ਰੰਗ ਰੰਗਾਈਆ । ਦੋ ਜਹਾਨ ਸੁਣਾਵਾਂ ਸੱਚਾ ਸੋਹਲਾ, ਪੁਰਖ ਅਕਾਲ ਕਰੇ ਪੜ੍ਹਾਈਆ । ਪੀਰ ਪੈਗ਼ੰਬਰ ਨਜ਼ਰੀ ਆਏ ਮੌਲਾ, ਘਟ ਘਟ ਰਿਹਾ ਸਮਾਈਆ । ਮੇਰਾ ਪੂਰਾ ਕਰੇ ਕੌਲਾ, ਕੀਤਾ ਕੌਲ ਭੁੱਲ ਨਾ ਜਾਈਆ । ਭਾਰ ਹੌਲਾ ਕਰੇ ਧੌਲਾ, ਧਰਨੀ ਧਰਤ ਧਵਲ ਦਏ ਵਡਿਆਈਆ । ਕੂੜੀ ਕਿਰਿਆ ਕੋਈ ਨਾ ਪਾਏ ਰੌਲਾ, ਸਚ ਸੁੱਚ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਆਸਾ ਪੂਰ ਵਖਾਈਆ । ਗੋਬਿੰਦ ਕਹੇ ਪੁਰਖ ਅਕਾਲ ਆਵੇਗਾ । ਮੇਰੀ ਆਸਾ ਪੂਰ ਕਰਾਵੇਗਾ । ਸਗਲਾ ਸੰਗ ਨਿਭਾਵੇਗਾ । ਜੋਤੀ ਜਾਮਾ ਪਾਵੇਗਾ । ਨਿਹਕਲੰਕਾ ਨਾਉਂ ਰਖਾਵੇਗਾ । ਨਾਮ ਡੰਕ ਵਜਾਵੇਗਾ । ਦੋ ਜਹਾਨ ਹਿਲਾਵੇਗਾ । ਵਿਸ਼ਨ

ਬ੍ਰਹਮਾ ਸ਼ਿਵ ਕੁਰਲਾਵੇਗਾ । ਕਰੋੜ ਤੇਤੀਸਾ ਧੀਰ ਨਾ ਕੋਇ ਧਰਾਵੇਗਾ । ਤੇਈ ਅਵਤਾਰਾਂ ਚਰਨ ਬਹਾਵੇਗਾ । ਭਗਤ ਅਠਾਰਾਂ ਸੱਦ ਲਿਆਵੇਗਾ । ਈਸਾ ਮੂਸਾ ਮੁਹੰਮਦ ਨਿਉਂ ਨਿਉਂ ਸਯਦਾ ਸੀਸ ਝੁਕਾਵੇਗਾ । ਨਾਨਕ ਗੋਬਿੰਦ ਪੁਰਖ ਅਕਾਲ ਇਕੋ ਨਜ਼ਰੀ ਆਵੇਗਾ । ਤੂੰ ਮੇਰਾ ਮੈਂ ਤੇਰਾ ਲੇਖਾ ਆਦਿ ਅੰਤ ਵਖਾਵੇਗਾ । ਸ਼ਬਦ ਅਗੰਮੀ ਸਾਚਾ ਸਿਹਰਾ, ਗੁਰ ਗੋਬਿੰਦ ਤਾਜ ਪਹਿਨਾਵੇਗਾ । ਲੱਖ ਚੁਰਾਸੀ ਪਾਏ ਘੇਰਾ, ਸੱਤਾਂ ਦੀਪਾਂ ਆਪ ਉਠਾਵੇਗਾ । ਕੂੜੀ ਕਿਰਿਆ ਢਾਹੇ ਢੇਰਾ, ਸਾਚਾ ਮਾਰਗ ਲਾਵੇਗਾ । ਭਗਤ ਭਗਵਾਨ ਵਸਾਏ ਖੇੜਾ, ਭਗਤ ਦਵਾਰ ਇਕ ਵਡਿਆਵੇਗਾ । ਕਲਜੁਗ ਅੰਤਮ ਦੇਵੇ ਗੇੜਾ, ਉਲਟੀ ਲਠ ਗੜਾਵੇਗਾ । ਸ਼ਾਹ ਸੁਲਤਾਨਾ ਭੇੜ ਭੇੜਾ, ਜੀਵ ਜੰਤ ਕੁਰਲਾਵੇਗਾ । ਗੁਰਮੁਖਾਂ ਨਜ਼ਰੀ ਆਏ ਨੇੜਨ ਨੇੜਾ, ਮੇਰਾ ਲਹਿਣਾ ਅੰਤ ਚੁਕਾਵੇਗਾ । ਇਕੋ ਢੱਯਾ ਕਰ ਕੇ ਬੈਠਾ ਜੇਰਾ, ਅੰਤਮ ਆਪਣਾ ਮੇਲ ਮਿਲਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਆਸਾ ਪੂਰ ਕਰਾਵੇਗਾ । ਮੇਰੀ ਆਸਾ ਅੰਤਮ ਕਰੇ ਪੂਰ, ਪਰਮ ਪੁਰਖ ਭਗਵਾਨਾ । ਦਰ ਮੇਲੇ ਹਾਜ਼ਰ ਹਜ਼ੂਰ, ਸ਼ਹਿਨਸ਼ਾਹ ਸੁਲਤਾਨਾ । ਮੇਰਾ ਸੰਗ ਦੇਵੇ ਜ਼ਰੂਰ, ਨਿਰਗੁਣ ਨਿਰਗੁਣ ਉਠ ਬਲਵਾਨਾ । ਕਲਜੁਗ ਕਿਰਿਆ ਕਰੇ ਚੂਰ, ਨਾਮ ਖੰਡਾ ਖਿਚ ਮਿਆਨਾ । ਜਨ ਭਗਤਾਂ ਦੇਵੇ ਮਸਤਕ ਧੂੜ, ਮਿਹਰਵਾਨ ਹੋ ਮਿਹਰਵਾਨਾ । ਗੁਰਮੁਖ ਚਾੜ੍ਹੇ ਰੰਗ ਗੂੜ੍ਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਦਾਨਾ । ਸਾਚਾ ਦਾਨ ਦੇਵੇ ਆਪ ਪ੍ਰਭ, ਕਲ ਆਪਣੀ ਕਿਰਪਾ ਧਾਰ । ਨਿਰਗੁਣ ਸਰਗੁਣ ਵੇਖੇ ਲੱਭ, ਸੰਤ ਸੁਹੇਲੇ ਵਿਚ ਸੰਸਾਰ । ਉਲਟੀ ਕਰੇ ਕਵਲ ਨਭ, ਅੰਮ੍ਰਿਤ ਝਿਰਨਾ, ਝਿਰੇ ਅਪਾਰ । ਸੰਤ ਸੁਹੇਲੇ ਸੱਜਣ ਸੱਦ, ਦੇਵੇ ਦਰਸ ਦੀਦਾਰ । ਨਾਮ ਵਜਾਏ ਸਾਚਾ ਨਦ, ਧੁਨ ਆਤਮਕ ਸਚ ਧੁਨਕਾਰ । ਲੱਖ ਚੁਰਾਸੀ ਵਿਚੋਂ ਕੱਢ, ਬਖ਼ਸ਼ੇ ਚਰਨ ਪਿਆਰ । ਜਗਤ ਦਵਾਰ ਪਾਰ ਹੱਦ, ਹਰਿ ਸਤਿਗੁਰ ਮੇਲਾ ਨਾਰ ਕੰਤ ਭਤਾਰ । ਅੰਮਿਉਂ ਰਸ ਜਾਮ ਪਿਆਏ ਮਧ, ਦਿਵਸ ਰੈਣ ਖ਼ੁਮਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਆਪ ਕਰਤਾਰ । ਹਰਿ ਕਰਤਾ ਕਲ ਆਵੇਗਾ । ਅਕਲ ਕਲਾ ਖੇਲ ਕਰਾਵੇਗਾ । ਕਲ ਕਲਕੀ ਅਖਵਾਵੇਗਾ । ਸੰਬਲ ਡੇਰਾ ਲਾਵੇਗਾ । ਸਾਚਾ ਬੰਕ ਸੁਹਾਵੇਗਾ । ਰਾਓ ਰੰਕ ਉਠਾਵੇਗਾ । ਜੀਵ ਜੰਤ ਜਗਾਵੇਗਾ । ਸਾਧ ਸੰਤ ਮਿਲਾਵੇਗਾ । ਤਟ ਤੀਰਥ ਵੇਖ ਵਖਾਵੇਗਾ । ਗੁਰਦਰ ਮੰਦਰ ਮਸਜਦ ਮੱਠ ਸ਼ਿਵਦਵਾਲੇ ਫੋਲ ਫੁਲਾਵੇਗਾ । ਚਾਰ ਕੁੰਟ ਰਾਹ ਤਕਾਵੇਗਾ । ਨੱਠ ਨੱਠ ਪ੍ਰਭ ਆਪਣਾ ਪੰਧ ਮੁਕਾਵੇਗਾ । ਜਨ ਭਗਤਾਂ ਦੁਰਮਤ ਮੈਲ ਕੱਟ ਕੱਟ, ਕੰਚਨ ਰੂਪ ਵਟਾਵੇਗਾ । ਸ੍ਰਿਸ਼ਟ ਸਬਾਈ ਫਟ ਫਟ, ਦੋ ਧਾਰੀ ਖੰਡਾ ਇਕ ਚਲਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਫੇਰਾ ਆਪੇ ਪਾਵੇਗਾ । ਆਪਣਾ ਫੇਰਾ ਹਰਿ ਜੂ ਪਾਏਗਾ । ਅਚਰਜ ਖੇਲ ਰਚਾਏਗਾ । ਨਜ਼ਰ ਕਿਸੇ ਨਾ ਆਏਗਾ । ਸ੍ਰਿਸ਼ਟ ਸਬਾਈ ਖ਼ਾਕ ਰਲਾਏਗਾ । ਗੁਰਮੁਖ ਸੱਜਣ ਫੜ ਉਠਾਏਗਾ । ਧੂੜੀ ਮਜਨ ਇਕ ਕਰਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਆਪਣੀ ਕਾਰ ਕਮਾਏਗਾ । ਹਰਿ ਆਪਣੀ ਕਾਰ ਕਮਾਵੇਗਾ । ਸੋ ਪੁਰਖ ਨਿਰੰਜਣ ਬਣ ਕੇ ਆਵੇਗਾ । ਹਰਿ ਪੁਰਖ ਨਿਰੰਜਣ ਰਾਹ ਜਣਾਵੇਗਾ । ਏਕੰਕਾਰਾ ਪੜਦਾ ਲਾਹਵੇਗਾ । ਆਦਿ ਨਿਰੰਜਣ ਜੋਤ ਚਮਕਾਵੇਗਾ । ਅਬਿਨਾਸ਼ੀ ਕਰਤਾ ਸ਼ੁਕਰ ਮਨਾਵੇਗਾ । ਸ੍ਰੀ ਭਗਵਾਨ ਨਿਸ਼ਾਨ ਝੁਲਾਵੇਗਾ । ਪਾਰਬ੍ਰਹਮ ਪ੍ਰਭ ਆਪਣਾ ਖੇਲ ਰਚਾਵੇਗਾ । ਲੱਖ ਚੁਰਾਸੀ ਸਮਝਾਵੇਗਾ । ਸ਼ਬਦ ਅਨਾਦੀ ਨਾਦ ਗਾਵੇਗਾ । ਪਿਛਲੀ ਵਾਦੀ


੯੧੩
੧੩

ਸਰਬ ਮਿਟਾਵੇਗਾ । ਲੱਖ ਚੁਰਾਸੀ ਹਾਡੀ ਨਾੜੀ ਫੋਲ ਫੁਲਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪ ਚੁਕਾਵੇਗਾ । ਆਪਣਾ ਲੇਖਾ ਚੁਕਾਏਗਾ । ਦੀਨ ਦਿਆਲ ਦਇਆ ਕਮਾਏਗਾ । ਮਹਾਂਕਾਲ ਹੁਕਮ ਸੁਣਾਏਗਾ । ਕਾਲ ਨਿਉਂ ਨਿਉਂ ਸੀਸ ਨਿਵਾਏਗਾ । ਧਰਮ ਰਾਏ ਹੱਥ ਫੜਾਏਗਾ । ਚਿਤਰ ਗੁਪਤ ਲਾੜੀ ਮੌਤ ਨਾਲ ਰਲਾਏਗਾ । ਲੱਖ ਚੁਰਾਸੀ ਸੱਤ ਦੀਪ ਨਵ ਖੰਡ ਖੰਨ ਖੰਨ ਕਰਾਏਗਾ । ਸਯਦਾ ਪੀਰ ਪੈਗ਼ੰਬਰ ਇਕ ਝੁਕਾਏਗਾ । ਜਗਤ ਬਸੰਤਰ ਮੇਟ ਮਿਟਾਏਗਾ । ਜਨ ਭਗਤਾਂ ਰੰਗ ਰੰਗਾਏਗਾ । ਆਤਮ ਅਨੰਦ ਇਕ ਦਰਸਾਏਗਾ । ਕਾਇਆ ਮੰਦਰ ਅੰਦਰ ਲੰਘ, ਦਰਸ ਦਿਖਾਏਗਾ । ਆਤਮ ਸੇਜ ਸੁਹੰਜਣਾ ਪਲੰਘ, ਸਤਿਗੁਰ ਬਹਿ ਬਹਿ ਖ਼ੁਸ਼ੀ ਮਨਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਮਾਏਗਾ । ਆਪਣੀ ਕਰਨੀ ਕਮਾਵੇਗਾ । ਸੋਹੰ ਢੋਲਾ ਗਾਵੇਗਾ । ਸ਼ਬਦ ਵਚੋਲਾ ਆਪ ਬਣਾਵੇਵਾ । ਪੰਜ ਤੱਤ ਨਜ਼ਰ ਕੋਇ ਨਾ ਆਵੇਗਾ । ਬ੍ਰਹਮਮਤ ਸਮਝਾਵੇਗਾ । ਗਤਮਿਤ ਆਪਣੇ ਹੱਥ ਰਖਾਵੇਗਾ । ਕਮਲਾਪਤ ਵੇਸ ਵਟਾਵੇਗਾ । ਸਤਿਜੁਗ ਸਾਚਾ ਰਾਹ ਚਲਾਵੇਗਾ । ਚਾਰ ਵਰਨ ਇਕੋ ਘਰ ਬਹਾਵੇਗਾ । ਸ੍ਰੀ ਭਗਵਾਨ ਸਾਚੀ ਸਰਨ, ਦੂਜਾ ਇਸ਼ਟ ਨਾ ਕੋਇ ਮਨਾਵੇਗਾ । ਭਗਤ ਭਗਵਾਨ ਖੋਲ੍ਹ ਦ੍ਰਿਸ਼ਟ, ਦ੍ਰਿਸ਼ਟੀ ਆਪਣੀ ਉਤੇ ਪਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਮਾਵੇਗਾ । ਆਪਣੀ ਕਰਨੀ ਕਰੇ ਕਰਤਾਰ, ਕਰਨਹਾਰ ਅਖਵਾਇੰਦਾ । ਤਖ਼ਤ ਨਿਵਾਸੀ ਹੋ ਉਜਿਆਰ, ਸ਼ਹਿਨਸ਼ਾਹ ਆਪਣਾ ਹੁਕਮ ਮਨਾਇੰਦਾ । ਤਾਜ ਕਹੇ ਪ੍ਰਭ ਸੁਣੇ ਪੁਕਾਰ, ਤਜ ਅਭਿਮਾਨ ਜੋ ਚਰਨੀ ਆਇੰਦਾ । ਕਲਗ਼ੀ ਕਹੇ ਕਲ ਕਰਾਂ ਪਰਵਾਨ, ਜੋ ਗੋਬਿੰਦ ਧਿਆਨ ਲਗਾਇੰਦਾ । ਗੋਬਿੰਦ ਕਹੇ ਮੈਂ ਦੇਵਾਂ ਦਾਨ, ਗੁਰਸਿਖ ਪੁਰਖ ਅਕਾਲ ਦੀ ਝੋਲੀ ਪਾਇੰਦਾ । ਅੰਤਮ ਲੇਖਾ ਮੁੱਕੇ ਜਹਾਨ, ਸ੍ਰੀ ਭਗਵਾਨ ਆਪ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰ ਘਰ ਸਾਚਾ ਇਕ ਸੁਹਾਇੰਦਾ ।



### ❊ ੧੫ ਫੱਗਣ ੨੦੧੯ ਬਿਕ੍ਰਮੀ ਜਸਵੰਤ ਸਿੰਘ ਦੇ ਗ੍ਰਿਹਿ ਇਟਾਰਸੀ ❊

ਭਗਤੋ ਸਾਚਾ ਦੱਸੋ ਪਰੇਮ, ਪਰਮ ਪੁਰਖ ਮੰਗ ਮੰਗਾਇੰਦਾ । ਸ੍ਰੀ ਭਗਵਾਨ ਕਰੇ ਨੇਮ, ਕੀਤਾ ਕੌਲ ਭੁੱਲ ਨਾ ਜਾਇੰਦਾ । ਜਿਸ ਭਗਤੀ ਕੀਤੀ ਕੁੰਟ ਹੇਮ, ਸੋ ਕੁੰਟ ਗੁਰਮੁਖਾਂ ਅੰਦਰ ਵੇਖ ਵਖਾਇੰਦਾ । ਦਰਸ ਕਰਨ ਆਏ ਨੇਤਰ ਨੈਣ, ਨੈਣਾਂ ਦੇਵੀ ਰਾਹ ਤਜਾਇੰਦਾ । ਵਿਛੜੇ ਵੇਖੇ ਸੱਜਣ ਸੈਣ, ਸਗਲਾ ਸੰਗ ਬਣਾਇੰਦਾ । ਆਪਣੀ ਕਹਾਣੀ ਆਇਆ ਕਹਿਣ, ਕਹਿ ਕਹਿ ਆਪ ਸੁਣਾਇੰਦਾ । ਪਿਛਲਾ ਲਓ ਮੈਥੋਂ ਲੈਣ, ਅਗਲਾ ਲੇਖਾ ਅੱਗੇ ਰਾਹ ਜਣਾਇੰਦਾ । ਦੂਜਾ ਰਹੇ ਨਾ ਕੋਈ ਦੇਣ, ਦੇ ਦੇ ਆਪਣਾ ਸ਼ੁਕਰ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਸਮਝਾਇੰਦਾ । ਭਗਤੋ ਦੱਸੋ ਪਰੇਮ ਰੀਤ, ਰੀਤੀਵਾਨ ਮੰਗ ਮੰਗਾਇੰਦਾ । ਸਚ ਸੁੱਚ ਵੇਖੋ ਪ੍ਰੀਤ, ਪ੍ਰੀਤੀਵਾਨ ਵੇਖ ਵਖਾਇੰਦਾ । ਮੈਂ ਤੁਹਾਡਾ ਗਾਵਾਂ ਗੀਤ, ਢੋਲਾ ਵਿਚੋਲਾ ਇਕ ਬਣਾਇੰਦਾ । ਸਾਰੇ ਛੱਡੇ ਮੰਦਰ ਮਸੀਤ, ਸ਼ਿਵਦਵਾਲੇ ਮੱਠ ਨਾ ਕੋਈ ਵਡਿਆਇੰਦਾ । ਲੱਖ ਚੁਰਾਸੀ ਦੇ ਕੇ ਪੀਠ ਆਪਣੀ ਕਰਵਟ ਨਾ ਕੋਈ ਬਦਲਾਇੰਦਾ । ਜਨ ਭਗਤਾਂ ਪਰਖੇ ਨੀਤ, ਨਿਰਗੁਣ ਆਪਣੀ ਧਾਰ ਜਣਾਇੰਦਾ । ਆਓ

ਰਲ ਮਿਲ ਕੇ ਪ੍ਰਭ ਦਾ ਵੇਖੋ ਧਾਮ ਅਨਡੀਠ, ਅਨਡਿਠੜਾ ਆਪ ਦਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ
ਸਾਚੀ ਮੰਗ ਮੰਗਾਇੰਦਾ । ਭਗਤੋ ਪ੍ਰੀਤੀ ਦਿਓ ਦੱਸ, ਹਰਿ ਸਤਿਗੁਰ ਮੰਗ ਮੰਗਾਈਆ । ਜੁਗ ਚੌਕੜੀ ਪੂਰੀ ਕਰੇ ਆਸ, ਆਸਾ ਆਸਾ ਵਿਚ
ਸਮਾਈਆ । ਦੋ ਜਹਾਨਾਂ ਮਿਟਾਏ ਤਰਾਸ, ਤ੍ਰਿਸਨਾ ਭੁੱਖ ਰਹੇ ਨਾ ਰਾਈਆ । ਰਾਹ ਤੱਕਣ ਪ੍ਰਿਥਮੀ ਆਕਾਸ਼, ਗਗਨ ਮੰਡਲ ਨੈਣ ਉਠਾਈਆ ।
ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਕਰਨ ਖਾਹਸ਼, ਖ਼ਾਹਸ਼ ਆਪਣੀ ਨਾਲ ਪਰਗਟਾਈਆ । ਪਵਣ ਉਨੰਜਾ ਲਏ ਸਾਸ, ਠੰਡੀ ਧਾਰ ਚਲਾਈਆ ।
ਬ੍ਰਹਿਮੰਡ ਖੰਡ ਕਰੇ ਦਾਸ, ਬਣ ਦਾਸੀ ਦਾਸ ਸੇਵ ਕਮਾਈਆ । ਮੰਡਲ ਮੰਡਪ ਪਾਇਨ ਰਾਸ, ਬਣ ਗੋਪੀ ਕਾਹਨ ਨਾਚ ਨਚਾਈਆ । ਲੋਕ ਪਰਲੋਕ
ਮੰਗਣ ਦਾਤ, ਬੈਠੇ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਿਨ ਭਗਤਾਂ ਪਰਗਟ ਹੋਏ ਨਾ ਕਿਤੇ ਸਾਖਿਆਤ,
ਸਤਿ ਸਰੂਪ ਨਾ ਕੋਈ ਦ੍ਰਿੜਾਈਆ । ਭਗਤੋ ਦੱਸੋ ਆਪਣਾ ਰੰਗ, ਰੰਗ ਰੰਗੀਲਾ ਪੁੱਛ ਪੁਛਾਇੰਦਾ । ਕਰ ਕਿਰਪਾ ਦਿਓ ਸੰਗ, ਸਗਲਾ ਸੰਗ
ਵਡਿਆਇੰਦਾ । ਜੇ ਆਖੋ ਅੰਦਰ ਆਵਾਂ ਲੰਘ, ਮੰਦਰ ਕਾਇਆ ਸੋਭਾ ਪਾਇੰਦਾ । ਤੁਸੀਂ ਸੁਣੋ ਮੈਂ ਵਜਾਵਾਂ ਮਰਦੰਗ, ਰਾਗ ਆਪਣਾ ਨਾਮ ਸੁਣਾਇੰਦਾ ।
ਦੂਈ ਦਵੈਤੀ ਢਾਹ ਕੰਧ, ਭਾਂਡਾ ਭਰਮ ਭੌ ਭੰਨਾਇੰਦਾ । ਬਿਨ ਖਾਦਿਆਂ ਪੀਤੀਆਂ ਰਸਨਾ ਜਿਹਵਾ ਦਿਆਂ ਅਨੰਦ, ਅਨੰਦ ਇਕੋ ਇਕ ਵਖਾਇੰਦਾ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਮੰਗ ਆਪ ਮੰਗਾਇੰਦਾ । ਭਗਤੋ ਦੱਸੋ ਵਕਤ ਸੁਹੇਲਾ, ਸੁਹੰਜਣੀ ਰੁੱਤ ਮਿਲੇ ਵਡਿਆਈਆ ।
ਕਵਣ ਦਵਾਰੇ ਹੋਵੇ ਮੇਲਾ, ਮਿਲਨੀ ਜਗਦੀਸ ਕਰਾਈਆ । ਰਾਹ ਤੱਕੇ ਗੋਬਿੰਦ ਚੇਲਾ, ਸਤਿਗੁਰ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ
੯੧੫ ੧੩ ਹਰਿ, ਆਪ ਆਪਣੀ ਕਿਰਪਾ ਕਰ, ਖੇਲਣਹਾਰਾ ਖੇਲ ਦਰਸਾਈਆ । ਭਗਤ ਕਹਿਣ ਸੁਣ ਸ੍ਰੀ ਭਗਵਾਨ, ਸਚ ਸੁੱਚ ਦ੍ਰਿੜਾਈਆ । ਜਿਨ੍ਹਾਂ ੯੧੫ ੧੩
ਚਿਰ ਸਾਡਾ ਪਰੇਮ ਨਾ ਕਰੇਂ ਪਰਵਾਨ, ਪਰਵਾਨਾ ਤੇਰੇ ਹੱਥ ਨਾ ਕੋਈ ਫੜਾਈਆ । ਦਰ ਆ ਕੇ ਬਣ ਨਿਧਾਨ, ਬਣ ਨਿਮਾਣਾ ਸੀਸ ਝੁਕਾਈਆ ।
ਪਹਿਲੋਂ ਸਾਡੀ ਮੰਨ ਆਣ, ਆਪਣਾ ਮਾਣ ਮਿਟਾਈਆ । ਪਹਿਲੋ ਸਾਡਾ ਕਰ ਧਿਆਨ, ਆਪਣੀ ਅੱਖ ਖੁਲ੍ਹਾਈਆ । ਪਹਿਲੋਂ ਸਾਡਾ ਸੁਣ ਬਿਆਨ,
ਦੁਖੀ ਹੋਏ ਰਹੇ ਕੁਰਲਾਈਆ । ਕੀ ਹੋਇਆ ਤੂੰ ਬਣਿਆ ਭਗਵਾਨ, ਬਿਨ ਭਗਤਾਂ ਤੇਰੀ ਚਲੇ ਨਾ ਕੋਈ ਵਡਿਆਈਆ । ਸਚ ਪੁੱਛੇਂ ਅਸੀਂ ਤੇਰਾ
ਨਿਸ਼ਾਨ, ਜੁਗ ਚੌਕੜੀ ਰਹੇ ਝੁਲਾਈਆ । ਕਿਉਂ ਬਣਿਆ ਨਾਦਾਨ, ਬੇਪਰਵਾਹ ਤੇਰੀ ਬੇਪਰਵਾਹੀਆ । ਅਸੀਂ ਤੇਰੇ ਸੁਤ ਚਤਰ ਸੁਘੜ ਸੁਜਾਨ,
ਤੇਰੀ ਰਹਿਮਤ ਇਕੋ ਨਜ਼ਰੀ ਆਈਆ । ਸਾਡਾ ਤਨ ਗਾਤਰਾ ਤੈਨੂੰ ਰੱਖੇ ਵਿਚ ਮਿਆਨ, ਸਾਡੇ ਬਿਨਾ ਤੇਰਾ ਰੂਪ ਨਾ ਕੋਈ ਦਿਖਾਈਆ । ਬਿਨ
ਸਾਡੇ ਤੇਰਾ ਕੋਈ ਨਾ ਗਾਏ ਗਾਨ, ਬੈਠਾ ਰਹੇਂ ਸਚਖੰਡ ਆਪਣਾ ਮੁਖ ਛੁਪਾਈਆ । ਬਿਨ ਸਾਡੇ ਤੂੰ ਮਾਤਲੋਕ ਨਾ ਹੋਏਂ ਪਰਧਾਨ, ਤੇਰੀ ਪਰਧਾਨਗੀ
ਕੰਮ ਕਿਸੇ ਨਾ ਆਈਆ । ਬਿਨ ਭਗਤਾਂ ਝੁਲੇ ਨਾ ਤੇਰਾ ਨਿਸ਼ਾਨ, ਤੇਰੀ ਖ਼ਾਕ ਮਿਟੀ ਮਟ ਕਿਸੇ ਨਾ ਪਾਈਆ । ਸਾਡੇ ਦਰ ਬਣ ਦਰਬਾਨ, ਭਗਤ
ਇਕੋ ਇਕ ਹੁਕਮ ਮਨਾਈਆ । ਪਿਛਲਾ ਲੇਖਾ ਚੁੱਕਿਆ ਪਿਛਲੇ ਜਹਾਨ, ਅੱਗੇ ਇਕੋ ਇਕ ਵਖਾਈਆ । ਜਿੰਨਾਂ ਚਿਰ ਸਾਡਾ ਪਰੇਮ ਨਾ ਕਰੇਂ
ਪਰਵਾਨ, ਪੱਖੀ ਵਾਸ ਬਣੇ ਥਾਉਂ ਥਾਈਆ । ਕੋਟਨ ਕੋਟ ਮੰਦਰ ਮਸਜਦ ਮੱਠ ਸ਼ਿਵਦਵਾਲੇ ਤੈਨੂੰ ਕੁਰਲਾਣ, ਤੇਰੀ ਸਾਰ ਕਿਸੇ ਨਾ ਪਾਈਆ ।
ਜਿੰਨਾਂ ਚਿਰ ਸਾਨੂੰ ਨਾ ਮਿਲੇਂ ਆਣ, ਤੇਰੀ ਕੀਮਤ ਨਾ ਕੋਇ ਰਖਾਈਆ । ਹੁਣ ਭਗਤ ਹੋਏ ਬਲਵਾਨ, ਬਲ ਤੇਰਾ ਦੇਵਣ ਢਾਹੀਆ । ਕਲਜੁਗ

ਇਕੱਠੇ ਹੋਏ ਨੌਜਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਈਆ । ਭਗਤ ਕਹਿਣ ਆ ਦਰ, ਦਰ ਸੱਚਾ ਸਚ ਜਣਾਈਆ । ਪਿਛੇ ਦੇਂਦਾ ਰਿਹਾ ਵਰ, ਅਛਲ ਅਛੱਲਾ ਖੇਲ ਕਰਾਈਆ । ਨਿਰਗੁਣ ਹੋ ਕੇ ਸਚਖੰਡ ਦਵਾਰੇ ਬੈਠੋਂ ਵੜ, ਆਪਣਾ ਪੜਦਾ ਨਾ ਕੋਇ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰਾ ਨਾਮ ਅੱਖਰ ਗਏ ਪੜ੍ਹ, ਸਿਫ਼ਤੀ ਸਿਫ਼ਤ ਸਿਫ਼ਤ ਸਾਲਾਹੀਆ । ਹੁਣ ਅਸੀਂ ਹੱਥੀਂ ਲਈਏ ਫੜ, ਫੜ ਬਾਂਹੋਂ ਵਿਚ ਲੈਣਾ ਬਹਾਈਆ । ਜੇ ਅੱਗੋਂ ਜਾਏਂ ਅੜ, ਬਣ ਬਾਲੇ ਲਈਏ ਮਨਾਈਆ । ਤੇਰੀ ਛਾਤੀ ਉਤੇ ਜਾਈਏ ਚੜ੍ਹ, ਆਪ ਆਪਣਾ ਬਲ ਰਖਾਈਆ । ਕਿਉਂ, ਨਿਰਭੈ ਹੋ ਕੇ ਕੋਈ ਨਾ ਰੱਖਿਆ ਡਰ, ਭੌ ਨਜ਼ਰ ਕੋਇ ਨਾ ਆਈਆ । ਤੇਰਾ ਪੱਲੂ ਲਿਆ ਫੜ, ਪੱਲੂ ਸਕੇ ਨਾ ਕੋਇ ਛੁਡਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨੌਂ ਸੌ ਚੁਰਾਨਵੇਂ ਚੌਕੜੀ ਤੇਰਾ ਭਾਣਾ ਰਹੇ ਜਰ, ਹੁਣ ਆਪਣੇ ਭਾਣੇ ਵਿਚ ਤੈਨੂੰ ਚਲਾਈਆ । ਸਾਡੀ ਮਰਜ਼ੀ ਆਪਣੀ ਕਿਰਪਾ ਕਰ, ਤੇਰੀ ਕਿਰਪਾ ਸਾਡੀ ਮਰਜ਼ੀ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਦੇਣਾ ਸੱਚਾ ਵਰ, ਦਰ ਤੇਰੇ ਤੇਰੀ ਅਲਖ ਜਗਾਈਆ । ਭਗਵਾਨ ਕਹੇ ਮੈਂ ਸਦਾ ਭਗੌੜਾ, ਹੱਥ ਕਿਸੇ ਨਾ ਆਇੰਦਾ । ਮੇਰਾ ਪੰਧ ਲੰਮਾਂ ਚੌੜਾ, ਕੋਟਨ ਕੋਟ ਪਾਂਧੀ ਦਰ ਦਰ ਆਪ ਫਿਰਾਇੰਦਾ । ਸਭ ਤੋਂ ਉਚਾ ਮੇਰਾ ਪੌੜਾ, ਹੱਥ ਕਿਸੇ ਨਾ ਆਇੰਦਾ । ਕੋਟੀ ਕੋਟ ਸੁਣਾਵੇ ਮੈਂ ਹੋਇਆ ਰਹਾਂ ਢੋਰਾ, ਜੇ ਕੋਈ ਵੇਖਣ ਆਏ ਮੈਂ ਨੈਣ ਬੰਦ ਕਰਾਇੰਦਾ । ਜੇ ਕੋਈ ਕਹੇ ਪ੍ਰਭ ਸਾਚਾ ਬੌਹੜਾ, ਮੈਂ ਸ਼ਬਦੀ ਰਾਗ ਸੁਣਾਇੰਦਾ । ਜੇ ਕੋਈ ਕਹੇ ਮੈਂ ਕਰਾਂ ਜ਼ੋਰਾ, ਜ਼ੋਰ ਜ਼ਬਰ ਸਭ ਦਾ ਰੂਪ ਵਖਾਇੰਦਾ । ਜੇ ਕੋਈ ਕਹੇ ਮੈਂ ਪ੍ਰਭ ਦਾ ਬਾਂਕਾ ਛੋਹਰਾ, ਭਗਤ ਰੂਪ ਵਟਾਇੰਦਾ । ਆਪਣੇ ਹੱਥ ਰੱਖੇ ਡੋਰਾ, ਡੋਰੀ ਆਪਣਾ ਤੰਦ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਦਾਤਾ ਸ਼ਿਸ਼ ਬਣੇ ਦਿਆਲ, ਆਪਣੀ ਖੇਲ ਕਰਾਈਆ । ਜਨ ਭਗਤਾਂ ਅੰਦਰ ਵੜੇ ਹੋ ਬੇਪਹਿਚਾਨ, ਨਜ਼ਰ ਕਿਸੇ ਨਾ ਆਈਆ । ਸੇਵਾ ਕਰੇ ਸ੍ਰੀ ਭਗਵਾਨ, ਕਾਇਆ ਮਾਟੀ ਅੰਦਰ ਕੂੜੀ ਕਿਰਿਆ ਹੂੰਝ ਹੁੰਝਾਈਆ । ਸੇਵਕ ਬਣ ਕੇ ਕਰੇ ਖੇਲ ਮਹਾਨ, ਗੁਰਮੁਖ ਸੋਈ ਸੁਰਤ ਜਗਾਈਆ । ਸੁਰਤ ਜਗਾ ਕੇ ਦੇਵੇ ਦਾਨ, ਨਾਮ ਨਿਧਾਨ ਝੋਲੀ ਪਾਈਆ । ਨਾਮ ਨਿਧਾਨ ਦੇ ਗਿਆਨ, ਆਤਮ ਅੰਤਰ ਬੂਝ ਬੁਝਾਈਆ । ਆਤਮ ਅੰਤਰ ਸਚ ਅਸਥਾਨ, ਸਚ ਸਿੰਘਾਸਣ ਸੋਭਾ ਪਾਈਆ । ਸਚ ਸਿੰਘਾਸਣ ਨੌਜਵਾਨ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਜੋਤੀ ਜਾਤਾ ਹੋ ਪਰਧਾਨ, ਇਕੋ ਹੁਕਮ ਸੁਣਾਈਆ । ਪਰਮਾਤਮ ਆਤਮ ਖੇਲ ਮਹਾਨ, ਪੁਰਖ ਅਕਾਲ ਦਏ ਵਡਿਆਈਆ । ਸਤਿਗੁਰ ਬਣੇ ਸ਼ਾਹ ਸੁਲਤਾਨ, ਚੇਲਾ ਸੁਰਤੀ ਸ਼ਬਦ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਹਿਲੀ ਧਾਰ ਬਣੇ ਸ਼ਿਸ਼, ਦੂਜੀ ਧਾਰ ਲੇਖਾ ਲਿਖ, ਤੀਜੀ ਧਾਰ ਬਦਲ ਪਿਠ, ਚੌਥੀ ਧਾਰ ਹੋ ਅਨਡਿਠ, ਆਪਣਾ ਰੂਪ ਵਟਾਈਆ । ਭਗਤ ਕਹਿਣ ਭਗਵਾਨ ਸੁਣ ਗੱਲ, ਅੱਛੀ ਤਰ੍ਹਾ ਜਣਾਈਆ । ਹੁਣ ਕਰਨ ਨਹੀਂ ਦੇਣਾ ਵਲ ਛਲ, ਅਛਲ ਅਛੱਲ ਤੇਰੀ ਚਲੇ ਨਾ ਕੋਇ ਚਤੁਰਾਈਆ । ਸ਼ੇਰ ਹੋ ਕੇ ਜੇ ਵੜੇਂ ਝੱਲ, ਝੱਲ ਭਗਤ ਆਪਣੀ ਦੇਣ ਦਰਸਾਈਆ । ਜੇ ਨੱਠ ਕੇ ਲੁਕੇਂ ਜਲ, ਮਛ ਕਛ ਰੂਪ ਨਾ ਕੋਇ ਵਟਾਈਆ । ਜੇ ਉਚੇ ਟਿੱਲੇ ਪਰਬਤ ਚੜ੍ਹੇਂ ਅਟੱਲ, ਫੜ ਚਰਨਾਂ ਹੇਠਾਂ ਲਈਏ ਲਾਹੀਆ । ਜੇ ਡੂੰਘੀ ਵੜੇਂ ਡਲ, ਫੜ ਬਾਂਹੋਂ ਬਾਹਰ ਕਢਾਈਆ । ਜੇ ਨਿਰਗੁਣ ਹੋ ਕੇ ਜੋਤ ਜਾਏਂ ਰਲ, ਆਪਣੀ ਜੋਤ ਲਈਏ ਮਿਲਾਈਆ ।

੯੧੬
੧੩

ਜੇ ਦੀਆ ਹੋ ਕੇ ਜਾਏਂ ਬਲ, ਆਪਣੇ ਨੂਰ ਵਿਚ ਸਮਾਈਆ । ਜੇ ਸਨੇਹੁੜਾ ਦੇਵੇਂ ਘੱਲ, ਸ਼ਬਦੀ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਤੇਰਾ ਇਕੋ ਮੰਗ ਮੰਗਾਈਆ । ਭਗਤ ਕਹਿਣ ਭਗਵਾਨ ਵੇਖ, ਸਚ ਸਚ ਦ੍ਰਿੜਾਇਆ । ਨਿਰਗੁਣ ਹੋ ਕੇ ਕਰਿਆ ਭੇਖ, ਸਰਗੁਣ ਭਰਮ ਭੁਲਾਇਆ । ਜੁਗ ਚੌਕੜੀ ਤੇਰਾ ਥੋੜਾ ਥੋੜਾ ਕੀਤਾ ਹੇਤ, ਸਮੁੱਚਾ ਰੰਗ ਨਾ ਕੋਇ ਰੰਗਾਇਆ । ਕਲਜੁਗ ਅੰਤਮ ਸਾਨੂੰ ਆਇਆ ਤੇਰਾ ਭੇਤ, ਆਪਣਾ ਪੜਦਾ ਦੇ ਉਠਾਇਆ । ਜੇ ਹੋ ਕਿਰਸਾਣਾ ਫਿਰੇਂ ਖੇਤ, ਚਾਰੋਂ ਕੁੰਟ ਘੇਰਾ ਪਾਇਆ । ਜੇ ਵਖਾਏਂ ਧੁਪ ਅਗਨੀ ਜੇਠ, ਤੇਰਾ ਹੱਥ ਸੀਸ ਟਿਕਾਇਆ । ਜੇ ਲਿਖਣ ਲੱਗੇਂ ਲੇਖ, ਪਿਛਲਾ ਲੇਖਾ ਤੈਨੂੰ ਦਈਏ ਵਖਾਇਆ । ਫੇਰ ਕਿਉਂ ਨਾ ਕਰੇਂ ਹੇਤ, ਆਪ ਆਪਣਾ ਮਾਣ ਗਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਤੇਰਾ ਇਕ ਸੁਹਾਇਆ । ਭਗਵਾਨ ਕਹੇ ਨਾ ਮਾਰੋ ਤਾਅਨਾ, ਮੇਰਾ ਤਨ ਨਜ਼ਰ ਨਾ ਆਈਆ । ਮੇਰਾ ਰੂਪ ਬੁੱਢਾ ਨੱਢਾ ਨੌਜਵਾਨਾ, ਆਦਿ ਜੁਗਾਦਿ ਵੱਡੀ ਵਡਿਆਈਆ । ਮੇਰਾ ਖੇਲ ਗੋਪੀ ਕਾਹਨਾ, ਮੰਡਲ ਰਾਸੀ ਰਾਸ ਰਚਾਈਆ । ਮੇਰਾ ਮੇਲ ਦੋ ਜਹਾਨਾਂ, ਨਿਰਗੁਣ ਸਰਗੁਣ ਵੇਖ ਵਖਾਈਆ । ਮੇਰਾ ਨਾਉਂ ਨਾਮ ਤਰਾਨਾ, ਤੁਰਯਾ ਨੈਣ ਸ਼ਰਮਾਈਆ । ਮੇਰਾ ਮੰਦਰ ਭਗਤ ਮਕਾਨਾ, ਬਿਨ ਭਗਤਾਂ ਸੋਭਾ ਦਰ ਨਾ ਕੋਇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਰਿਹਾ ਸਾਲਾਹੀਆ । ਭਗਤ ਜਨ ਨਾ ਮਾਰੋ ਤੀਰ, ਆਪਣਾ ਰੂਪ ਨਾ ਕੋਇ ਵਖਾਇੰਦਾ । ਮੈਂ ਤੁਹਾਡੀ ਕੱਟਾਂ ਭੀੜ, ਜੁਗ ਸਾਚੀ ਸੇਵ ਕਮਾਇੰਦਾ । ਭਗਤ ਕਹਿਣ ਪਹਿਲੋਂ ਚੋਟੀ ਚਾੜ੍ਹ ਅਖ਼ੀਰ, ਇਕੋ ਮੰਗ ਮੰਗਾਇੰਦਾ । ਭਗਵਾਨ ਕਹੇ ਮੈਂ ਬੇ ਨਜ਼ੀਰ, ਨਜ਼ਰ ਕਿਸੇ ਨਾ ਆਇੰਦਾ । ਭਗਤ ਕਹਿਣ ਜਿੰਨਾਂ ਚਿਰ ਨਾ ਵਖਾਏਂ ਆਪਣੀ ਸਚ ਤਸਵੀਰ, ਤੇਰਾ ਇਤਬਾਰ ਨਾ ਕੋਈ ਧਰਾਇੰਦਾ । ਜੁਗ ਚੌਕੜੀ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਕਰੇਂ ਦਿਲਗੀਰ, ਸ਼ਰਅ ਸ਼ਰੀਅਤ ਵਿਚ ਫਸਾਇੰਦਾ । ਦੀਨ ਮਜ਼੍ਹਬ ਪਾ ਲਕੀਰ, ਕੂੜੀ ਕਿਰਿਆ ਵੰਡ ਵੰਡਾਇੰਦਾ । ਕੋਈ ਸ਼ਾਹ ਕੋਈ ਹਕੀਰ, ਦਰ ਦਰ ਅਲਖ ਕੋਇ ਜਗਾਇੰਦਾ । ਤੇਰੇ ਭਗਤ ਤੇਰਾ ਅੰਮ੍ਰਿਤ ਮੰਗਣ ਸ਼ੀਰ, ਦੂਜੀ ਵੰਡ ਨਾ ਕੋਇ ਵਖਾਇੰਦਾ । ਜਿੰਨਾਂ ਚਿਰ ਨਾ ਬਖ਼ਸ਼ੇ ਪਿਛਲੀ ਤਕਸੀਰ, ਤਦਬੀਰ ਆਪਣੀ ਆਪ ਸਮਝਾਇੰਦਾ । ਭਗਵਾਨ ਕਹੇ ਮੈਂ ਸਾਂਝਾ ਪੀਰ, ਸਭਨਾਂ ਸੰਗ ਨਿਭਾਇੰਦਾ । ਭਗਤ ਕਹੇ ਤੂੰ ਜੁਗ ਜੁਗ ਭਗਤਾਂ ਪਾਵੇਂ ਭੀੜ, ਤੇਰਾ ਭੇਵ ਕੋਇ ਨਾ ਆਇੰਦਾ । ਕਲਜੁਗ ਅੰਤ ਜਿੰਨਾਂ ਚਿਰ ਨਾ ਬੰਨ੍ਹੇ ਬੀੜ, ਬੇੜਾ ਆਪਣੇ ਕੰਧ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਇਕ ਜਣਾਇੰਦਾ । ਭਗਤ ਕਹਿਣ ਭਗਵਾਨ ਅਨੋਖਾ, ਅਨਡਿਠੜੀ ਕਾਰ ਕਮਾਈਆ । ਭਗਵਾਨ ਕਹੇ ਮੈਂ ਜੁਗ ਜੁਗ ਦੇਵਾਂ ਧੋਖਾ, ਮੇਰਾ ਅੰਤ ਕੋਇ ਨਾ ਪਾਈਆ । ਭਗਤ ਕਹਿਣ ਕਲ ਸਾਨੂੰ ਮਿਲਿਆ ਮੌਕਾ, ਤੇਰੀ ਪਿਛਲੀ ਰੀਤੀ ਦੇਈਏ ਗਵਾਈਆ । ਜਿੰਨਾਂ ਚਿਰ ਨਾ ਦੱਸੇਂ ਰਾਹ ਸੌਖਾ, ਅਸਾਂ ਨਹੀਂ ਮੰਨਣਾ ਰੁੱਸੇ ਕਿਵੇਂ ਮਨਾਈਆ । ਸ੍ਰੀ ਭਗਵਾਨ ਵੇਖ ਕਹੇ ਬੌਹੜੀ ਮੈਂ ਹੋ ਨਾ ਜਾਵਾਂ ਔਂਤਾ, ਜੇ ਗੁਰਮੁਖ ਬੈਠੇ ਮੁਖ ਭਵਾਈਆ । ਸਚਖੰਡ ਮੇਰਾ ਪੋਚਿਆ ਰਹਿ ਜਾਏ ਚੌਂਕਾ, ਬਹਿਣ ਵਾਲਾ ਨਜ਼ਰ ਕੋਇ ਨਾ ਆਈਆ । ਨਿਰਗੁਣ ਕੂਕਰ ਹੋ ਕੇ ਭਗਤ ਦਵਾਰੇ ਭੌਂਕਾ, ਉਚੀ ਕੂਕ ਕੂਕ ਸੁਣਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਮੈਂ ਲਾਇਆ ਆਪਣਾ ਢੌਂਕਾ, ਅੱਖ ਪਲਕ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਰਿਹਾ ਸਮਝਾਈਆ । ਭਗਤ ਕਹਿਣ ਹੋ ਜਾ ਦੂਰ, ਦੂਰ ਦੁਰਾਡੇ ਬੇਪਰਵਾਹੀਆ ।

ਪਹਿਲਾਂ ਕਰ ਸਾਡਾ ਮੁਆਫ਼ ਕਸੂਰ, ਕਸਰ ਪਿਛਲੀ ਰਹਿ ਕੋਇ ਨਾ ਜਾਈਆ । ਦਰਸਨ ਦੇ ਘਰ ਆ ਜ਼ਰੂਰ, ਜ਼ਰੂਰਤ ਸਭ ਦੀ ਪੂਰ ਕਰਾਈਆ । ਜੇ ਸਰਬ ਕਲਾ ਭਰਪੂਰ, ਕਿਉਂ ਬੈਠਾ ਮੁਖ ਛੁਪਾਈਆ । ਤੇਰਾ ਜੋਤੀ ਜੋਤ ਨੂਰ, ਨਿਰਭੈ ਤੇਰੀ ਚਤੁਰਾਈਆ । ਦਰ ਆ ਕੇ ਸਾਡੇ ਅੰਦਰੋਂ ਕੂੜਾ ਹੂੰਝ, ਬਣ ਸੇਵਕ ਸੇਵ ਕਮਾਈਆ । ਸਾਡੇ ਨੇਤਰ ਰੋਂਦੇ ਪੂੰਝ, ਆਪਣਾ ਪੱਲੂ ਹੱਥ ਉਠਾਈਆ । ਪਹਿਲੋਂ ਸਾਡੇ ਪਰੇਮ ਅੰਦਰ ਝੂਝ, ਸਾਚੀ ਸਿਖਿਆ ਦੇ ਸਮਝਾਈਆ । ਆਪ ਆਪਣਾ ਭੇਵ ਦੱਸ ਗੂਝ, ਦੂਈ ਦਵੈਤ ਪੜਦਾ ਲਾਹੀਆ । ਫੇਰ ਸਾਨੂੰ ਆਵੇ ਸੂਝ, ਤੇਰੀ ਸਮਝ ਸਮਝ ਨਾਲ ਮਿਲਾਈਆ । ਪੰਜ ਤੱਤ ਆਪਣਾ ਵੇਹੜਾ ਕਰ ਕੇ ਕੂਚ, ਕੂਚੇ ਗਲੀ ਗੁਰਮੁਖਾਂ ਹੋਕਾ ਦਏ ਸੁਣਾਈਆ । ਤੇਰੀ ਕਹਾਣੀ ਸੁਣੀਏ ਸੂਚਨਾ ਸੂਚ, ਸਚ ਸੁੱਚ ਤੇਰੀ ਵਡਿਆਈਆ । ਸਾਡੇ ਮਿਲਣ ਦੀ ਰੱਖ ਭੁਖ, ਪ੍ਰਭ ਜੇ ਤੂੰ ਭੁੱਖਾ ਹੋਏ ਆਪਣੀ ਪਰੇਮ ਪ੍ਰੀਤੀ ਤੇਰੀ ਝੋਲੀ ਪਾਈਆ । ਫੇਰ ਤੈਨੂੰ ਆਵੇ ਸੁਖ, ਤੂੰ ਆਪਣਾ ਸੁਖ ਜਨ ਭਗਤਾਂ ਵਿਚ ਟਿਕਾਈਆ । ਜਨ ਭਗਤ ਨਾ ਮਾਣਸ ਰਹੇ ਨਾ ਮਨੁੱਖ, ਤੇਰੀ ਜੋਤ ਰੁਸ਼ਨਾਈਆ । ਤੇਰਾ ਬਾਲਕ ਬਹਿ ਜਾਏ ਤੇਰੀ ਕੁੱਖ, ਦੂਜਾ ਸਕੇ ਨਾ ਕੋਇ ਉਠਾਈਆ । ਤੂੰ ਪਰੇਮ ਪਿਆਰ ਨਾਲ ਵੇਖ ਮੁਖ, ਮੁਖ ਆਪਣਾ ਦੇ ਵਖਾਈਆ । ਓਨਾਂ ਚਿਰ ਨੇੜੇ ਨਾ ਜਾਵੀਂ ਢੁੱਕ, ਅਸੀਂ ਮੰਨੀਏ ਨਾ ਤੇਰੀ ਰਜ਼ਾਈਆ । ਜੇ ਤੁਠਾਂ ਗ਼ਰੀਬ ਨਿਮਾਣਿਆਂ ਆ ਕੇ ਪੁਛ, ਕਿਉਂ ਰੋਂਦੇ ਮਾਰੋ ਧਾਹੀਆ । ਅਸੀਂ ਅੱਗੋਂ ਕਹੀਏ ਸ੍ਰੀ ਭਗਵਾਨ ਸਾਡੇ ਕੋਲ ਨਹੀਂ ਕੁਛ, ਇਕੋ ਤੇਰੇ ਤੇਰੀ ਓਟ ਤਕਾਈਆ । ਫੇਰ ਵੇਖੀਂ ਸਾਨੂੰ ਝੁਕ, ਝੁਕਵੀਂ ਧਾਰ ਚਲਾਈਆ । ਸਾਨੂੰ ਇਹੋ ਰੀਤੀ ਰਹੀ ਪੁੱਗ, ਦੂਜੀ ਵੰਡ ਨਾ ਕੋਇ ਵੰਡਾਈਆ । ਜੇ ਸਚਖੰਡ ਬੈਠਾ ਰਿਹੋਂ ਲੁਕ, ਤੇਰਾ ਸੰਗ ਨਾ ਕੋਇ ਰਖਾਈਆ । ਨਿਰਭੈ ਨਿਰਵੈਰ ਹੋ ਕੇ ਬੁੱਕ, ਭਬਕ ਆਪਣੀ ਇਕ ਜਣਾਈਆ । ਤੇਰਾ ਨਾਂ ਅਬਿਨਾਸ਼ੀ ਅਚੁੱਤ, ਚੇਤਨ ਸਭ ਨੂੰ ਦੇ ਕਰਾਈਆ । ਤੇਰੀ ਸੁਹੰਜਣੀ ਸੋਹੇ ਰੁੱਤ, ਰੁੱਤ ਰੁੱਤੜੀ ਇਕ ਮਹਿਕਾਈਆ । ਕੀ ਹੋਇਆ ਸਾਨੂੰ ਪੰਜ ਤੱਤ ਦਿਤਾ ਕਾਇਆ ਬੁੱਤ, ਅੰਸ ਤੇਰੀ ਰੂਪ ਅਖਵਾਈਆ । ਕਿਉਂ ਬੈਠਾ ਹੋ ਕੇ ਚੁਪ, ਚੁਪ ਬੈਠਿਆਂ ਤੈਨੂੰ ਲਾਜ ਨਾ ਆਈਆ । ਤੇਰੇ ਭਗਤ ਵਸਣ ਅੰਧੇਰੇ ਘੁੱਪ, ਤੇਰਾ ਚੰਦ ਨਾ ਕੋਇ ਰੁਸ਼ਨਾਈਆ । ਕਿਰਪਾਨਿਧ ਠਾਕਰਸਵਾਮੀ ਮਿਹਰਵਾਨ ਹੋ ਕੇ ਉਠ, ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਭਗਤ ਭਗਵਾਨ ਇਕੋ ਘਰ ਵਧਾਈਆ । ਭਗਵਾਨ ਕਹੇ ਮੇਰਾ ਹੋਏ ਵਾਧਾ, ਵਲਦੀਅਤ ਆਪ ਜਣਾਇੰਦਾ । ਭਗਤ ਕਹੇ ਅਸੀਂ ਨਾ ਜਾਣੀਏ ਪਿਉ ਦਾਦਾ, ਤੁਧ ਬਿਨ ਨਜ਼ਰ ਕੋਇ ਨਾ ਆਇੰਦਾ । ਭਗਵਾਨ ਕਹੇ ਮੈਂ ਸਿਧਾ ਸਾਦਾ, ਵਲ ਛਲ ਨਾ ਕੋਇ ਰਖਾਇੰਦਾ । ਭਗਤ ਕਹੇ ਮੈਂ ਪੱਕਾ ਰਿਧਾ, ਤੇਰੇ ਅੱਗੇ ਆਪ ਟਿਕਾਇੰਦਾ । ਭਗਵਾਨ ਕਹੇ ਮੈਨੂੰ ਆਏ ਸਵਾਦਾ, ਬਿਨ ਰਸਨਾ ਰਸ ਸੁਹਾਇੰਦਾ । ਭਗਤ ਕਹੇ ਤੂੰ ਰੱਖੇਂ ਲਾਜਾ, ਮਿਹਰਵਾਨ ਇਕੋ ਨਜ਼ਰੀ ਆਇੰਦਾ । ਭਗਵਾਨ ਕਹੇ ਮੈਂ ਸੰਤ ਭਗਤ ਮਾਰਾਂ ਵਾਜਾਂ, ਬਣ ਦਰਬਾਨ ਸੇਵ ਕਮਾਇੰਦਾ । ਭਗਤ ਕਹੇ ਮੈਂ ਆਵਾਂ ਭਾਜਾ, ਚਰਨਾਂ ਰਾਹ ਤਕਾਇੰਦਾ । ਭਗਵਾਨ ਕਹੇ ਮੈਂ ਵਜਾਵਾਂ ਵਾਜਾ, ਅਨਹਦ ਨਾਦੀ ਨਾਦ ਸੁਣਾਇੰਦਾ । ਭਗਤ ਕਹੇ ਮੇਰਾ ਪੜਦਾ ਕਾਜਾ, ਸਿਰ ਮੇਰੇ ਹੱਥ ਟਿਕਾਇੰਦਾ । ਭਗਵਾਨ ਕਹੇ ਜਨ ਭਗਤ ਮੈਂ ਆਪਣਾ ਸਾਜਣ ਸਾਜਾ, ਬਿਨ ਭਗਤਾਂ ਭਗਵਾਨ ਨਜ਼ਰ ਕਿਸੇ ਨਾ ਆਇੰਦਾ । ਭਗਤ ਕਹੇ ਮੇਰਾ ਗ਼ਰੀਬ ਨਿਵਾਜਾ, ਗ਼ਰੀਬ ਨਿਮਾਣਿਆਂ ਮੇਲ ਮਿਲਾਇੰਦਾ । ਭਗਵਾਨ ਕਹੇ ਭਗਤ ਸੱਚਾ ਰਾਜਾ, ਦੋ ਜਹਾਨਾਂ ਰਾਜ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਭਗਤ ਭਗਵਾਨ ਇਕ ਦੂਜੇ ਦਾ ਰੱਖਣ ਡਰ, ਨਿਡਰ ਦੋਵੇਂ ਰੂਪ ਵਖਾਇੰਦਾ । ਸਚਖੰਡ ਸੱਚੀ ਕੁੱਲੀ, ਕੁਲਵੰਤਾ ਆਪ ਬਣਾਈਆ । ਜਨ ਭਗਤਾਂ ਦਏ ਆਪ ਅਣਮੁਲੀ, ਕਰਤਾ ਕੀਮਤ ਨਾ ਕੋਈ ਲਾਈਆ । ਭਗਤ ਫੁਲਵਾੜੀ ਸਾਚੀ ਫੁੱਲੀ, ਪੱਤ ਡਾਲੀ ਆਪ ਮਹਿਕਾਈਆ । ਮੰਗੀ ਦਾਤ ਰਸਨਾ ਜਿਹਵਾ ਬੁਲ੍ਹੀਂ, ਬੱਤੀ ਦੰਦ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਬੰਧਨ ਚੰਦਨ ਬੰਦਨ ਨੰਦਨ ਦੋਹਾਂ ਦਏ ਚੁਕਾਈਆ ।

## ❇ ੧੫ ਫੱਗਣ ੨੦੧੯ ਬਿਕ੍ਰਮੀ ਭਗਤ ਸਿੰਘ ਦੇ ਗ੍ਰਿਹ ਇਟਾਰਸੀ ❇

ਹਰਿ ਭਗਤੋ ਵੇਖੋ ਹਰੀ ਦਵਾਰ, ਨਿਰਮਲ ਜੋਤ ਜੋਤ ਰੁਸ਼ਨਾਈਆ । ਦਰਸ਼ਨ ਕਰੋ ਅਗੰਮ ਅਪਾਰ, ਅਲੱਖ ਅਗੋਚਰ ਬੇਪਰਵਾਹੀਆ । ਸੋ ਪੁਰਖ ਨਿਰੰਜਣ ਮੰਦਰ ਵਖਾਏ ਮਹੱਲ ਅਟਾਰ, ਊਚੋ ਊਚ ਸੱਚਾ ਸ਼ਹਿਨਸ਼ਾਹੀਆ । ਹਰਿ ਪੁਰਖ ਨਿਰੰਜਣ ਕਰ ਤਿਆਰ, ਨਿਰਗੁਣ ਆਪਣੀ ਕਾਰ ਕਮਾਈਆ । ਏਕੰਕਾਰਾ ਕਰ ਪਸਾਰ, ਵੇਖਣਹਾਰਾ ਚਾਈਂ ਚਾਈਂਆ । ਆਦਿ ਨਿਰੰਜਣ ਕਰ ਉਜਿਆਰ, ਨੂਰੋ ਨੂਰ ਨੂਰ ਧਰਾਈਆ । ਅਬਿਨਾਸ਼ੀ ਕਰਤਾ ਪਾਵੇ ਸਾਰ, ਸਾਹਿਬ ਸਤਿਗੁਰ ਸਹਿਜ ਸੁਖਦਾਈਆ । ਸ੍ਰੀ ਭਗਵਾਨ ਝੁਲਾਏ ਨਿਸ਼ਾਨ, ਸਤਿ ਸਤਿਵਾਦੀ ਹੱਥ ਉਠਾਈਆ । ਪਾਰਬ੍ਰਹਮ ਪ੍ਰਭ ਹੋ ਪਰਧਾਨ, ਸਚ ਪਰਧਾਨਗੀ ਆਪ ਕਮਾਈਆ । ਸਚਖੰਡ ਦਵਾਰ ਇਕ ਮਕਾਨ, ਸਚ ਸਿੰਘਾਸਣ ਰਿਹਾ ਵਛਾਈਆ । ਜੋਧਾ ਸੂਰਬੀਰ ਬਲਵਾਨ, ਨੌਜਵਾਨ ਆਪਣਾ ਨੈਣ ਉਠਾਈਆ । ਸ਼ਾਹੋ ਭੂਪ ਰਾਜ ਰਾਜਾਨ, ਸ਼ਹਿਨਸ਼ਾਹ ਆਪਣੀ ਖੇਲ ਕਰਾਈਆ । ਦੇਵਣਹਾਰਾ ਧੁਰ ਫ਼ਰਮਾਨ, ਸਚ ਸੰਦੇਸਾ ਇਕ ਸੁਣਾਈਆ । ਮੰਦਰ ਸੋਹਣਾ ਸਚ ਮਕਾਨ, ਸ੍ਰੀ ਭਗਵਾਨ ਆਪ ਬਣਾਈਆ । ਦਿਸ਼ਾ ਕੂਟ ਸਕੇ ਨਾ ਕੋਇ ਵਖਾਣ, ਸੂਰਜ ਚੰਦ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਰਿਹਾ ਜਣਾਈਆ । ਜਨ ਵੇਖੋ ਨੇਤਰ ਨੈਣ, ਨਿਰਗੁਣ ਨਰਾਇਣ ਆਪ ਜਣਾਇੰਦਾ । ਮਹਿਮਾ ਕੋਈ ਨਾ ਸਕੇ ਕਹਿਣ, ਅਕਥ ਕਥਨੀ ਕਥ ਕਥ ਦ੍ਰਿੜਾਇੰਦਾ । ਸਾਹਿਬ ਸਤਿਗੁਰ ਇਕੋ ਸਾਕ ਸੱਜਣ ਸੈਣ, ਸ੍ਰੀ ਭਗਵਾਨ ਨਜ਼ਰੀ ਆਇੰਦਾ । ਦੇਵਣਹਾਰਾ ਲਹਿਣ ਦੇਣ, ਵਸਤ ਅਮੋਲਕ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਇਕ ਵਖਾਇੰਦਾ । ਸਚ ਦਵਾਰਾ ਵੇਖੋ ਏਕ, ਏਕੰਕਾਰ ਜਣਾਈਆ । ਆਦਿ ਜੁਗਾਦਿ ਜਿਸ ਦੀ ਟੇਕ, ਸੋ ਸਾਹਿਬ ਰਿਹਾ ਉਪਜਾਈਆ । ਨਿਰਗੁਣ ਸਰਗੁਣ ਲਿਖਣਹਾਰਾ ਲੇਖ, ਲੇਖਾ ਆਪਣਾ ਦਏ ਜਣਾਈਆ । ਨਿਰਵੈਰ ਨਿਰਾਕਾਰ ਅਜੂਨੀ ਰਹਿਤ ਧਾਰਨਹਾਰਾ ਭੇਖ, ਵੇਸ ਅਵਲੱੜਾ, ਦਏ ਸਮਝਾਈਆ । ਸਦਾ ਸਦਾ ਸਦ ਕਰਨਹਾਰਾ ਹੇਤ, ਨਿਤ ਨਵਿਤ ਕਾਰ ਕਮਾਈਆ । ਦੋ ਜਹਾਨਾਂ ਖੇਲਣਹਾਰਾ ਖੇਲ, ਖ਼ਾਲਕ ਖ਼ਲਕ ਵਡ ਵਡਿਆਈਆ । ਆਪਣਾ ਦੱਸਣਹਾਰਾ ਭੇਤ, ਅਨਭਵ ਪਰਕਾਸ਼ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਦਰ ਰਿਹਾ ਸਮਝਾਈਆ । ਸਾਚਾ ਮੰਦਰ ਵੇਖੋ ਆਣ, ਅਨਡਿਠੜਾ ਆਪ ਵਖਾਇੰਦਾ । ਮੇਲ ਮਿਲਾਏ ਸ੍ਰੀ ਭਗਵਾਨ, ਮੇਲਾ ਇਕੋ ਘਰ ਜਣਾਇੰਦਾ । ਗੁਰ ਅਵਤਾਰ ਕਰਨ ਧਿਆਨ, ਪੀਰ ਪੈਗ਼ੰਬਰ ਨੈਣ ਉਠਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਸੀਸ ਝੁਕਾਣ, ਨਿਉਂ ਨਿਉਂ ਸਯਦਾ ਸਰਬ ਕਰਾਇੰਦਾ । ਨਿਰਮਲ ਜੋਤ ਜਗੇ ਮਹਾਨ, ਸ਼ਬਦ ਅਨਾਦੀ ਰਾਗ ਅਲਾਇੰਦਾ । ਭੂਪਤ ਭੂਪ ਨੌਜਵਾਨ, ਨਰ ਨਰਾਇਣ ਨਜ਼ਰੀ ਆਇੰਦਾ । ਸਦਾ

ਸਦਾ ਸਦ ਭਗਤ ਭਗਵੰਤ ਕਰੇ ਪਰਵਾਨ, ਸਚ ਪਰਵਾਨਾ ਹੱਥ ਫੜਾਇੰਦਾ । ਦਰ ਸਦੇ ਆਪ ਮਿਹਮਾਨ, ਮਿਹਰ ਨਜ਼ਰ ਇਕ ਉਠਾਇੰਦਾ । ਦੇਵਣਹਾਰਾ ਦਰਸ ਦਾਨ, ਦਾਤਾ ਦਾਨੀ ਝੋਲੀ ਆਪ ਭਰਾਇੰਦਾ । ਆਦਿ ਜੁਗਾਦੀ ਸੱਚਾ ਕਾਹਨ, ਸਤਿ ਸਰੂਪੀ ਨਜ਼ਰੀ ਆਇੰਦਾ । ਆ ਕੇ ਵੇਖੇ ਹਰਿ ਦੀ ਸ਼ਾਨ, ਸ਼ਹਿਨਸ਼ਾਹ ਆਪਣਾ ਰੰਗ ਰੰਗਾਇੰਦਾ । ਜੁਗ ਚੌਕੜੀ ਖੇਲੇ ਖੇਲ ਵਿਚ ਜਹਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਆਪ ਜਣਾਇੰਦਾ । ਸਾਚੇ ਭਗਤ ਵੇਖੇ ਦਰਵਾਜ਼ਾ, ਦੀਨ ਦਿਆਲ ਆਪ ਖੁਲ੍ਹਾਈਆ । ਕਿਰਪਾ ਕਰੇ ਗ਼ਰੀਬ ਨਿਵਾਜ਼ਾ, ਜਗਤ ਨਿਮਾਣੇ ਰਿਹਾ ਜਗਾਈਆ । ਨਿਰਗੁਣ ਹੋ ਕੇ ਫਿਰੇ ਭਾਜਾ, ਸਰਗੁਣ ਮੇਲ ਮਿਲਾਈਆ । ਸ਼ਬਦ ਅਗੰਮ ਵਜਾਏ ਵਾਜਾ, ਸੁਰ ਤਾਲ ਨਾ ਕੋਇ ਵਜਾਈਆ । ਆਤਮ ਪਰਮਾਤਮ ਰਚਿਆ ਕਾਜਾ, ਬ੍ਰਹਮ ਪਾਰਬ੍ਰਹਮ ਵਖਾਈਆ । ਸਦਾ ਸੁਹੇਲਾ ਰੱਖੇ ਲਾਜਾ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮਹੱਲ ਰਿਹਾ ਜਣਾਈਆ । ਆਓ ਭਗਤੋ ਵੇਖੋ ਮਹੱਲਾ, ਨਿਰਗੁਣ ਨਿਰਵੈਰ ਆਪ ਜਣਾਇੰਦਾ । ਪਾਰਬ੍ਰਹਮ ਪ੍ਰਭ ਬੈਠਾ ਇਕ ਇਕੱਲਾ, ਦੂਜਾ ਨਜ਼ਰ ਕੋਇ ਨਾ ਆਇੰਦਾ । ਨਿਰਗੁਣ ਦੀਪਕ ਆਪੇ ਬਲਾ, ਤੇਲ ਬਾਤੀ ਕੋਇ ਨਾ ਪਾਇੰਦਾ । ਸਤਿ ਸਤਿਵਾਦੀ ਸਤਿ ਪੁਰਖ ਨਿਰੰਜਣ ਫੜਾਏ ਪੱਲਾ, ਪੱਲੂ ਆਪਣੀ ਗੰਢ ਪਵਾਇੰਦਾ । ਵਸਣਹਾਰਾ ਨਿਹਚਲ ਧਾਮ ਅਟੱਲਾ, ਅਸਥਲ ਦਵਾਰਾ ਇਕ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਆਪ ਮਿਲਾਇੰਦਾ । ਆਓ ਭਗਤੋ ਵੇਖੋ ਭਗਵਾਨ, ਸਚ ਦਵਾਰਾ ਇਕ ਵਡਿਆਈਆ । ਜਿਸ ਦਾ ਝੁਲਦਾ ਰਹੇ ਨਿਸ਼ਾਨ, ਜੁਗ ਚੌਕੜੀ ਆਪ ਝੁਲਾਈਆ । ਜਿਸ ਦਾ ਧੁਰ ਫ਼ਰਮਾਨ, ਸਚ ਸੰਦੇਸਾ ਇਕ ਅਲਾਈਆ । ਜਿਸ ਦਾ ਨਾਮ ਸ਼ਾਸਤਰ ਸਿਮਰਤ ਵੇਦ ਪੁਰਾਨ, ਗੀਤਾ ਗਿਆਨ ਦਏ ਸਮਝਾਈਆ । ਜਿਸ ਦੀ ਪਛਾਣ ਅੰਜੀਲ ਕੁਰਾਨ, ਖਾਣੀ ਬਾਣੀ ਕਰੇ ਧਿਆਨ, ਧਿਆਨ ਵਿਚ ਕਦੇ ਨਾ ਆਈਆ । ਜਿਸ ਦਾ ਗੁਰ ਅਵਤਾਰ ਪੀਰ ਪੈਗ਼ੰਬਰ ਜੁਗ ਚੌਕੜੀ ਗਾਵਣ ਗਾਣ, ਗਾ ਗਾ ਸ਼ੁਕਰ ਮਨਾਈਆ । ਜਿਸ ਦਾ ਵਿਸ਼ਨ ਬ੍ਰਹਮਾ ਸ਼ਿਵ ਕਰੇ ਧਿਆਨ, ਧਿਆਨ ਧਿਆਨ ਵਿਚ ਮਿਲਾਈਆ । ਜਿਸ ਦਾ ਇਕੋ ਨਾਮ ਪਰਵਾਨ, ਕੋਟਨ ਕੋਟ ਨਾਮ ਸਿਫ਼ਤ ਸਾਲਾਹੀਆ । ਜਿਸ ਦਾ ਇਕੋ ਇਕ ਵਿਧਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਦਰ ਰਿਹਾ ਜਣਾਈਆ । ਆਓ ਭਗਤੋ ਵੇਖੋ ਨੱਠ, ਹਰਿ ਸਤਿਗੁਰ ਆਪ ਜਣਾਇੰਦਾ । ਵਸਣਹਾਰਾ ਘਟ ਘਟ, ਦਰ ਮੰਦਰ ਕੁੰਡਾ ਲਾਹਿੰਦਾ । ਆਪਣਾ ਪੜਦਾ ਲਾਹੇ ਝੱਟ, ਬਜਰ ਕਪਾਟੀ ਤੋੜ ਤੁੜਾਇੰਦਾ । ਨਿਰਗੁਣ ਵੇਖੋ ਪੁਰਖ ਸਮਰਥ, ਨਰ ਨਰਾਇਣ ਨਜ਼ਰੀ ਆਇੰਦਾ । ਲੇਖੇ ਲਾਓ ਆਪਣੀ ਰੱਤ, ਰੱਤੀ ਰਤ ਰਤ ਰੰਗਾਇੰਦਾ । ਇਕੋ ਸਿਖੋ ਬ੍ਰਹਮ ਮਤ, ਬ੍ਰਹਮ ਵਿਦਿਆ ਆਪ ਪੜ੍ਹਾਇੰਦਾ । ਨਾਤਾ ਤੁਟੇ ਪੰਜ ਤੱਤ, ਤੱਤ ਕੰਮ ਕਿਸੇ ਨਾ ਆਇੰਦਾ । ਮੇਲ ਮਿਲੇ ਕਮਲਾਪਤ, ਕਵਲ ਨੈਣ ਵੇਖ ਵਖਾਇੰਦਾ । ਸਚ ਸਰਨਾਈ ਜਾਓ ਢੱਠ, ਸਚ ਦਵਾਰਾ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਆਪ ਜਣਾਇੰਦਾ । ਭਗਤ ਕਹਿਣ ਪ੍ਰਭ ਆਵਾਂਗੇ । ਤੇਰਾ ਦਰਸਨ ਪਾਵਾਂਗੇ । ਨੇਤਰ ਨੈਣ ਰਜਾਵਾਂਗੇ ਮਨ ਬੁੱਧੀ ਮਤ ਤੇਰੀ ਭੇਟ ਚੜ੍ਹਾਵਾਂਗੇ । ਸੁਰਤੀ ਸੁਰਤ ਚੜ੍ਹਾਵਾਂਗੇ । ਸ਼ਬਦੀ ਰਾਗ ਅਲਾਵਾਂਗੇ । ਬਣ ਵੈਰਾਗੀ ਨੇਤਰ ਨੈਣਾਂ ਨੀਰ ਵਹਾਵਾਂਗੇ । ਤੇਰੀ ਪਿਛਲੀ ਵਾਦੀ, ਕਰ ਫ਼ਨਾਹ ਆਸਾਨ ਵਖਾਵਾਂਗੇ । ਤੂੰ ਬਣੇਂ ਕੰਤ ਸੁਹਾਗੀ, ਹਉਂ ਸੇਵਕ ਨਾਰ ਅਖਵਾਵਾਂਗੇ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰਾ ਮੰਦਰ ਵੇਖ ਵਖਾਵਾਂਗੇ । ਤੇਰੇ ਮੰਦਰ ਵੇਖਣ ਦਾ ਚਾਉ, ਭਗਤ ਭਗਵਾਨ ਰਹੇ ਜਣਾਈਆ । ਆਦਿ ਅੰਤ ਤੇਰਾ ਪਸਾਉ, ਬੇਪਰਵਾਹ ਤੇਰੀ ਵਡਿਆਈਆ । ਤੇਰਾ ਕਿਸੇ ਨਜ਼ਰ ਨਾ ਆਏ ਥਾਉਂ, ਜਿਸ ਘਰ ਵਸੇਂ ਸੱਚੇ ਮਾਹੀਆ । ਕਰ ਕਿਰਪਾ ਆਪਣੀ ਪਕੜਾ ਬਾਂਹੋਂ, ਪੱਲੂ ਆਪਣੇ ਨਾਲ ਗੰਢਾਈਆ । ਪਹਿਲੋਂ ਦੱਸ ਆਪਣਾ ਸੱਚਾ ਨਾਉਂ, ਨਾਉਂ ਨਿਰੰਕਾਰਾ ਆਪ ਸਮਝਾਈਆ । ਫੇਰ ਦੇ ਠੰਡੀ ਛਾਉਂ, ਤ੍ਰੈਗੁਣ ਅਗਨੀ ਤੱਤ ਨਾ ਲਾਗੇ ਰਾਈਆ । ਆਪ ਬਣ ਪਿਤਾ ਮਾਉਂ, ਭਗਤ ਬਾਲਕ ਰੂਪ ਸਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਮੰਦਰ ਮਿਲੇ ਵਡਿਆਈਆ । ਤੇਰੇ ਮੰਦਰ ਆਵਾਂਗੇ । ਗੀਤ ਗੋਬਿੰਦ ਅਲਾਵਾਂਗੇ । ਸੋਹੰ ਢੋਲਾ ਗਾਵਾਂਗੇ । ਤੂੰ ਮੇਰਾ ਮੈਂ ਤੇਰਾ ਇਕੋ ਬੰਧਨ ਪਾਵਾਂਗੇ । ਮਨ ਹੋਏ ਚਾਉ ਘਨੇਰਾ, ਮਨ ਵਾਸਨਾ ਮੇਟ ਮਿਟਾਵਾਂਗੇ । ਤੇਰੇ ਮੰਦਰ ਕਰ ਕੇ ਡੇਰਾ, ਫਿਰ ਬਾਹਰ ਕਦੇ ਨਾ ਧਾਵਾਂਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਤੇਰਾ ਦਰਸਨ ਪਾਵਾਂਗੇ । ਘਰ ਦਰਸਨ ਤੇਰਾ ਕਰਾਂਗੇ । ਸ੍ਰੀ ਭਗਵਾਨ ਤੈਨੂੰ ਵਰਾਂਗੇ । ਕਲਜੁਗ ਅੰਤ ਮੂਲ ਨਾ ਡਰਾਂਗੇ । ਤੇਰੇ ਸਾਚੇ ਪੌੜੇ ਚੜ੍ਹਾਂਗੇ । ਨਿਰਗੁਣ ਤੇਰੀ ਧਾਰ ਫੜਾਂਗੇ । ਜੋਤੀ ਸ਼ਬਦੀ ਕਰ ਪਿਆਰ, ਤੇਰੇ ਮਹੱਲ ਅਟੱਲ ਵੜਾਂਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਲੱਗ ਚਰਨੀ ਤੇਰੇ ਤਰਾਂਗੇ । ਚਰਨ ਲਾ ਤਰਾਵਾਂਗਾ । ਸਚ ਮਲਾਹ ਅਖਵਾਵਾਂਗਾ । ਬੇੜਾ ਪਾਰ ਕਰਾਵਾਂਗਾ । ਆਪਣੇ ਕੰਧ ਉਠਾਵਾਂਗਾ । ਦੋ ਜਹਾਨਾਂ ਚਰਨਾਂ ਹੇਠ ਦਬਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਕੋਲੋਂ ਸੀਸ ਝੁਕਾਵਾਂਗਾ । ਸਤਿਜੁਗ ਸਾਚੀ ਰੀਤ ਚਲਾਵਾਂਗਾ । ਦੋ ਜਹਾਨਾਂ ਇਕ ਹਦੀਸ ਪੜ੍ਹਾਵਾਂਗਾ । ਲਹਿਣਾ ਚੁਕਾ ਤੀਸ ਬਤੀਸ, ਛੱਤੀ ਪੰਧ ਮੁਕਾਵਾਂਗਾ । ਲੱਖ ਚੁਰਾਸੀ ਜੀਤ, ਭਗਤ ਭਗਵਾਨ ਵਡਿਆਵਾਂਗਾ । ਗੁਰਸਿਖ ਕਾਇਆ ਮੰਦਰ ਦੇਹੁਰਾ ਮਸੀਤ ਬਣਾਵਾਂਗਾ । ਪਾ ਸਾਰ ਡੂੰਘੀ ਕੰਦਰ, ਕਾਇਆ ਹਾਟੀ ਖੋਜ ਖੁਜਾਵਾਂਗਾ । ਮਨ ਵਾਸਨਾ ਬੰਨ੍ਹ ਬੰਦਰ, ਇਕੋ ਧਿਆਨ ਜਣਾਵਾਂਗਾ । ਲੇਖਾ ਜਾਣ ਡੇਰਾ ਖੰਡਰ, ਖੰਡਾ ਨਾਮ ਚਮਕਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ ਮੇਲ ਮਿਲਾਵਾਂਗਾ । ਜਨ ਭਗਤਾਂ ਮੇਲਾ ਹੋਏਗਾ । ਸ੍ਰੀ ਭਗਵਾਨ ਦੁਰਮਤ ਮੈਲ ਧੋਏਗਾ । ਅੰਮ੍ਰਿਤ ਨਿਝਰ ਰਸ ਝਿਰਨਾ ਚੋਏਗਾ । ਭਗਤ ਭਗਵਾਨ ਇਕੋ ਜਿਹਾ ਹੋਏਗਾ । ਆਤਮਾ ਪਰਮਾਤਮਾ ਨਾਲ ਛੋਏਗਾ । ਪਾਰਬ੍ਰਹਮ ਬ੍ਰਹਮ ਆਪਣਾ ਬੀਜ ਬੋਏਗਾ । ਗੁਰਮੁਖ ਵਿਛੋੜੇ ਵਿਚ ਕਦੇ ਨਾ ਰੋਏਗਾ । ਸੁਰਤੀ ਸ਼ਬਦੀ ਜੋੜ ਜੋੜੇ, ਆਪਣੇ ਧਾਗੇ ਵਿਚ ਪਰੋਏਗਾ । ਕੂੜੀ ਕਿਰਿਆ ਦਰ ਤੋਂ ਹੋੜੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪ ਭਗਤਾਂ ਜੋਗਾ ਹੋਏਗਾ । ਭਗਤਾਂ ਜੋਗਾ ਹੋਵਾਂਗਾ । ਦਿਵਸ ਰੈਣ ਕਦੇ ਨਾ ਸੋਵਾਂਗਾ । ਸਾਚਾ ਨਾਮ ਢੋਆ ਢੋਵਾਂਗਾ । ਲੱਖ ਚੁਰਾਸੀ ਕੋਲੋਂ ਪਿਛਲੀ ਕੀਤੀ ਸਾਰੀ ਖੋਹਵਾਂਗਾ । ਸਤਿਜੁਗ ਅੱਗੇ ਬੀਜ ਬੋਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ ਆਤਮ ਸੇਜਾ ਸੋਵਾਂਗਾ । ਪ੍ਰਭ ਆਤਮ ਸੇਜ ਵਿਛਾਵਾਂਗੇ । ਤੇਰੇ ਪਰੇਮ ਦੀ ਬਰਖਾ ਲਾਵਾਂਗੇ । ਨਿਤ ਨਵਿਤ ਤੇਰਾ ਰਾਹ ਤਕਾਵਾਂਗੇ । ਤੂੰ ਸਾਹਿਬ ਸਦਾ ਅਨਡਿਠ, ਮਿੰਨਤਾਂ ਕਰ ਕਰ ਤੈਨੂੰ ਮਨਾਵਾਂਗੇ । ਤੇਰੇ ਪਰੇਮ ਨਾਲ ਤੈਨੂੰ ਜਿਤ, ਆਪਣੇ ਘਰ ਵਸਾਵਾਂਗੇ । ਜੇ ਕਰਵਟ ਬਦਲ ਦੇਵੇਂ ਪਿਠ, ਫੜ ਬਾਂਹੋਂ ਗਲੇ ਲਗਾਵਾਂਗੇ । ਕਰੀਏ ਪਿਆਰ ਪੁੱਤਰ

ਮਾਤ ਪਿਤ, ਤੇਰੀ ਸੇਜ ਸੁਹੰਜਣੀ ਚੜ੍ਹ ਕੇ ਖ਼ੁਸ਼ੀ ਮਨਾਵਾਂਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਮੰਦਰ ਸੋਹਣੇ ਆਵਾਂਗੇ । ਸੋਹਣਾ ਮੰਦਰ ਵਖਾਵਾਂਗਾ । ਜਗ ਔਣਾ ਜਾਣਾ ਪੰਧ ਮੁਕਾਵਾਂਗਾ । ਸਾਚੀ ਸੇਜੇ ਸੌਣਾ ਆਪ ਸਮਝਾਵਾਂਗਾ । ਸੋਹੰ ਢੋਲਾ ਨਾਮ ਗੌਣਾ, ਦੂਜਾ ਪੜ੍ਹਨਾ ਬੰਦ ਕਰਾਵਾਂਗਾ । ਚਰਨੀ ਛੋਹਣਾ, ਸਾਚੀ ਰੀਤ ਦ੍ਰਿੜ੍ਹਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ ਆਪ ਉਠਾਵਾਂਗਾ । ਜਨ ਭਗਤਾਂ ਆਪ ਉਠਾਊਂਗਾ । ਬਣ ਸੇਵਕ ਸੇਵ ਕਮਾਊਂਗਾ । ਦਰ ਦਰ ਘਰ ਘਰ ਫੇਰਾ ਪਾਊਂਗਾ । ਜਗ ਰੁਸੜੇ ਆਪ ਮਨਾਊਂਗਾ । ਜਗ ਵਿਛੜੇ ਗਲੇ ਲਗਾਊਂਗਾ । ਸੁਣ ਦੁਖੜੇ ਦੁੱਖ ਮਿਟਾਊਂਗਾ । ਅਗੰਮੀ ਕੁਖੜੇ ਭਾਰ ਕਰਾਊਂਗਾ । ਉਜਲ ਮੁਖੜੇ ਮਾਤ ਵਖਾਊਂਗਾ । ਸੁਕੜੇ ਰੁਖ ਹਰੇ ਕਰਾਊਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਮੰਦਰ ਆਪ ਜਣਾਊਂਗਾ । ਹਰਿ ਮੰਦਰ ਇਕ ਵਡਿਆਵਾਂਗਾ । ਡੂੰਘੀ ਕੰਦਰ ਪੰਧ ਮੁਕਾਵਾਂਗਾ । ਰਵ ਸਸ ਨੈਣ ਸ਼ਰਮਾਵਾਂਗਾ । ਹੱਸ ਹੱਸ ਜਨ ਭਗਤਾਂ ਅੰਗ ਲਗਾਵਾਂਗਾ । ਨੱਸ ਨੱਸ ਦੋ ਜਹਾਨਾਂ ਪੰਧ ਮੁਕਾਵਾਂਗਾ । ਦੱਸ ਦੱਸ ਸਾਚੇ ਮਾਰਗ ਆਪੇ ਲਾਵਾਂਗਾ । ਰਸ ਰਸ ਅੰਮ੍ਰਿਤ ਰਸ ਇਕ ਛਿਟਕਾਵਾਂਗਾ । ਜਸ ਜਸ ਦੋ ਜਹਾਨਾਂ ਢੋਲਾ ਅਲਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕਲਜੁਗ ਅੰਤਮ ਭੇਵ ਜਣਾਵਾਂਗਾ । ਕਲਜੁਗ ਅੰਤਮ ਭੇਵ ਖੋਲ੍ਹਾਂਗਾ । ਨਿਰਗੁਣ ਹੋ ਕੇ ਬੋਲਾਂਗਾ । ਸਰਗੁਣ ਤੋਲ ਤੋਲਾਂਗਾ । ਭਗਤ ਭਗਤੀ ਵਿਚੋਂ ਫੋਲਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਦਿ ਜੁਗਾਦਿ ਕਦੇ ਨਾ ਡੋਲਾਂਗਾ । ਆਦਿ ਜੁਗਾਦਿ ਕਦੇ ਨਾ ਡੁੱਲੇਗਾ । ਸ੍ਰੀ ਭਗਵਾਨ ਬੂਟਾ ਨਾ ਹੁਲੇਗਾ । ਹਰਿ ਭਗਤ ਸਦਾ ਸਦਾ ਫੁਲ ਫੁਲੇਗਾ । ਲੋਕਮਾਤ ਕਦੇ ਨਾ ਰੁਲੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ ਕਦੇ ਨਾ ਭੁਲੇਗਾ । ਭਗਤ ਕਹਿਣ ਪ੍ਰਭ ਸਚ ਰੀਤ, ਇਕੋ ਵਾਰ ਜਣਾਈਆ । ਕਵਣ ਦਵਾਰੇ ਬਣੇਂ ਮੀਤ, ਮਿੱਤਰ ਪਿਆਰਾ ਅਖਵਾਈਆ । ਕਵਣ ਸੁਣਾਏਂ ਅਗੰਮ ਗੀਤ, ਅਨਡਿਠੜੀ ਧਾਰ ਚਲਾਈਆ । ਕਵਣ ਰੂਪ ਵਸੇਂ ਮੀਤ, ਰੇਖ ਰੰਗ ਨਾ ਕੋਇ ਜਣਾਈਆ । ਕਵਣ ਬਿਧ ਕਰਾਏਂ ਪ੍ਰੀਤ, ਪ੍ਰੀਤੀਵਾਨ ਤੇਰੀ ਵਡਿਆਈਆ । ਕਵਣ ਧਾਰ ਲਏਂ ਜੀਤ, ਹਾਰ ਨਜ਼ਰ ਕੋਇ ਨਾ ਆਈਆ । ਕਵਣ ਮਿਹਰ ਕਰੇਂ ਕਾਇਆ ਠਾਂਡੀ ਸੀਤ, ਅੰਮ੍ਰਿਤ ਮੇਘ ਬਰਸਾਈਆ । ਕਵਣ ਜਸ ਕਰਿਆ ਅਤੀਤ, ਤ੍ਰੈਗੁਣ ਲੇਖਾ ਮਾਤ ਚੁਕਾਈਆ । ਕਵਣ ਰੰਗ ਵਸੇਂ ਹਸਤ ਕੀਟ, ਬੇਪਰਵਾਹ ਸੱਚੇ ਸ਼ਹਿਨਸ਼ਾਹੀਆ । ਕਵਣ ਹੁਕਮ ਪਰਖੇਂ ਨੀਤ, ਲੱਖ ਚੁਰਾਸੀ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਜਨ ਭਗਤ ਮੰਗ ਮੰਗਾਈਆ । ਭਗਵਾਨ ਕਹੇ ਕੀ ਦੱਸਾਂ ਸੱਜਣ, ਸਚ ਸਚ ਜਣਾਈਆ । ਪਹਿਲਾਂ ਦੇਵਾਂ ਚਰਨ ਧੂੜ ਮਜਨ, ਦੁਰਮਤ ਮੈਲ ਧਵਾਈਆ । ਪਰੇਮ ਭਗਤੀ ਜੂਠੇ ਝੂਠੇ ਭਾਂਡੇ ਭੱਜਣ, ਭਰਮ ਭੌ ਗੜ੍ਹ ਰਹਿਣ ਨਾ ਪਾਈਆ । ਨਿਰਮਲ ਕਾਇਆ ਹੋਏ ਕੰਚਨ, ਕਾਇਆ ਮਾਟੀ ਲੇਖੇ ਲਾਈਆ । ਨੇਤਰ ਨਾਮ ਪਾਵਾਂ ਅੰਜਨ, ਅਗਿਆਨ ਅੰਧੇਰ ਚੁਕਾਈਆ । ਅਨਹਦ ਨਾਦ ਅਨਾਦੀ ਵੱਜਣ, ਸੁਰ ਤਾਲ ਨਾ ਕੋਇ ਸਮਝਾਈਆ । ਫਿਰ ਹੋਵਾਂ ਪੜਦੇ ਕੱਜਣ, ਮਿਹਰ ਨਜ਼ਰ ਇਕ ਉਠਾਈਆ । ਸੰਤ ਸੁਹੇਲੇ ਕੂੜੀ ਕਿਰਿਆ ਤੱਜਣ, ਨਜ਼ਰੀ ਇਕੋ ਇਕ ਆਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਜਨ ਭਗਤਾਂ ਰਿਹਾ ਜਣਾਈਆ । ਭਗਤ ਕਹਿਣ ਪ੍ਰਭ ਦੱਸ ਹਾਲ, ਹਾਲਤ ਆਪਣੀ ਦੇ ਜਣਾਈਆ । ਕਿਸ ਬਿਧ ਤੋੜੇਂ ਤ੍ਰੈਗੁਣ ਮਾਇਆ ਜੰਜਾਲ, ਜੀਵਣ ਯੁਗਤ ਦਏਂ ਜਣਾਈਆ । ਕਿਸ ਬਿਧ ਭੈ ਚੁਕਾਏਂ ਕਾਲ, ਮਹਾਂਕਾਲ ਨੇੜ ਨਾ ਆਈਆ । ਕਿਸ ਬਿਧ ਜਨਮ ਜਨਮ ਨਾ ਹੋਏ ਜ਼ਿਵਾਲ, ਲੱਖ ਚੁਰਾਸੀ ਫੰਦ ਕਟਾਈਆ । ਕਿਸ ਬਿਧ ਚਿਤਰ ਗੁਪਤ ਲੇਖਾ ਨਾ ਸਕੇ ਵਖਾਲ, ਰਾਏ ਧਰਮ ਨਾ ਦਏ ਸਜ਼ਾਈਆ । ਕਿਸ ਬਿਧ ਲਾੜੀ ਮੌਤ ਨਾ ਵਜਾਏ ਤਾਲ, ਘਰ ਘਰ ਫੇਰਾ ਪਾਈਆ । ਸਾਡਾ ਤੇਰੇ ਅੱਗੇ ਇਕੋ ਸਵਾਲ, ਕਰ ਕਿਰਪਾ ਹੱਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਰਿਹਾ ਜਣਾਈਆ । ਜਨ ਭਗਤੋ ਚਰਨ ਕਰੋ ਧਿਆਨ, ਹਰਿ ਸਰਨ ਮਿਲੇ ਵਡਿਆਈਆ । ਤ੍ਰੈਗੁਣ ਮਾਇਆ ਰਹੇ ਨਾ ਕਾਣ, ਪੰਚ ਵਿਕਾਰ ਨਾ ਕੋਇ ਲੜਾਈਆ । ਕਾਲ ਮਹਾਂਕਾਲ ਨਾ ਕੋਇ ਨਿਸ਼ਾਨ, ਰਾਏ ਧਰਮ ਨਾ ਕੋਇ ਸਜ਼ਾਈਆ । ਚਿਤਰ ਗੁਪਤ ਲੇਖ ਨਾ ਸਕੇ ਵਖਾਲ, ਲਾੜੀ ਮੌਤ ਨਾ ਲਏ ਪਰਨਾਈਆ । ਆਤਮ ਪਰਮਾਤਮ ਦੇਵੇ ਇਕੋ ਗਿਆਨ, ਸੋਹੰ ਢੋਲਾ ਗੌਣਾ ਚਾਈਂ ਚਾਈਂਆ । ਸਾਹਿਬ ਸਤਿਗੁਰ ਮਿਲੇ ਆਣ, ਬੇਪਰਵਾਹ ਫੇਰਾ ਪਾਈਆ । ਜੀਵੰਦਿਆਂ ਕਰੇ ਕਲਿਆਣ, ਮਰਿਆਂ ਨੇੜ ਕੋਇ ਨਾ ਆਈਆ । ਅੰਤਮ ਦੇਵੇ ਸ਼ਬਦ ਬਬਾਣ, ਫੜ ਬਾਂਹੋਂ ਵਿਚ ਬਿਠਾਈਆ । ਜੋਤੀ ਜੋਤ ਮਿਲਾਏ ਸ੍ਰੀ ਭਗਵਾਨ, ਆਵਣ ਜਾਵਣ ਰਹਿਣ ਨਾ ਪਾਈਆ । ਉਠੋ ਭਗਤੋ ਕਰੋ ਧਿਆਨ, ਹਰਿ ਧਿਆਨੀ ਰਿਹਾ ਜਣਾਈਆ । ਸਾਚਾ ਮੰਦਰ ਵੇਖੋ ਮਕਾਨ, ਬੇ ਮੁਕਾਮ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਖੁਲ੍ਹਾਈਆ । ਭਗਤ ਕਹਿਣ ਅਸੀਂ ਚੱਲਾਂਗੇ । ਪ੍ਰਭ ਤੇਰਾ ਦਰ ਮੱਲਾਂਗੇ । ਜੋਤੀ ਧਾਰ ਵਿਚ ਰਲਾਂਗੇ । ਮੁੜ ਕੇ ਫੇਰ ਕਦੇ ਨਾ ਹੱਲਾਂਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੀ ਸਾਇਆ ਹੇਠ ਪਲਾਂਗੇ । ਤੇਰੀ ਸਾਹਿਬ ਸਾਇਆ ਤੱਕਾਂਗੇ । ਆਦਿ ਜੁਗਾਦਿ ਕਦੇ ਨਾ ਅੱਕਾਂਗੇ । ਦਰਸ ਕਰ ਕਰ ਮੂਲ ਨਾ ਥੱਕਾਂਗੇ । ਤੇਰੇ ਚਰਨਾਂ ਉਤੇ ਆਪਣਾ ਸੀਸ ਸੱਟਾਂਗੇ । ਪਿਛਾਂਹ ਕਰੇਂ ਤੇ ਮੂਲ ਨਾ ਹਟਾਂਗੇ । ਕਰ ਪਿਆਰ ਅੱਗੇ ਡਟਾਂਗੇ । ਤੇਰਾ ਨਾਮ ਇਕੋ ਰਟਾਂਗੇ । ਤੇਰਾ ਪਰੇਮ ਰਸ ਚੱਟਾਂਗੇ । ਤੇਰੇ ਦਰ ਤੇ ਲਾਹਾ ਖੱਟਾਂਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਪਰੇਮ ਵਿਚ ਆਪਣਾ ਪਰੇਮ ਰੰਗਾਂਗੇ । ਸਚ ਪਰੇਮ ਰੰਗਾਵਾਂਗਾ । ਹਰਿ ਭਗਤਾਂ ਮੇਲ ਮਿਲਾਵਾਂਗਾ । ਅੰਗੀਕਾਰ ਅਖਵਾਵਾਂਗਾ । ਸੰਗੀ ਬਣ ਕੇ ਜਾਵਾਂਗਾ । ਬਹੁ ਰੰਗੀ ਖੇਲ ਕਰਾਵਾਂਗਾ । ਅਣਮੰਗੀ ਭਿਛਿਆ ਪਾਵਾਂਗਾ । ਸਚ ਸਰੰਗੀ ਨਾਮ ਵਜਾਵਾਂਗਾ । ਮਰਦੰਗੀ ਇਕੋ ਹੱਥ ਉਠਾਵਾਂਗਾ । ਗੁਰਮੁਖ ਨੰਗੀ ਨਾ ਹੋਏ ਕੰਡੀ, ਸਿਰ ਆਪਣਾ ਹੱਥ ਟਿਕਾਵਾਂਗਾ । ਲੱਖ ਚੁਰਾਸੀ ਹੋਏ ਰੰਡੀ, ਕੰਤ ਸੁਹਾਗ ਸਰਬ ਵਖਾਵਾਂਗਾ । ਨਾ ਕੋਈ ਦਿਸੇ ਭੇਖ ਪਖੰਡੀ, ਕੂੜੀ ਕਿਰਿਆ ਮੋਹ ਤੁੜਾਵਾਂਗਾ । ਨਾਮ ਫੜ ਚੰਡ ਪਰਚੰਡੀ, ਦੋ ਜਹਾਨਾਂ ਵੇਖ ਵਖਾਵਾਂਗਾ । ਜਨ ਭਗਤਾਂ ਇਕੋ ਛੰਦੀ, ਸੋਹੰ ਢੋਲਾ ਨਾਮ ਜਪਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਰਹਿਬਰ ਹੋ ਕੇ ਆਵਾਂਗਾ । ਰਹਿਬਰ ਹੋ ਕੇ ਆਏਗਾ । ਨੂਰ ਇਲਾਹੀ ਨੂਰ ਰੁਸ਼ਨਾਏਗਾ । ਮੁਕਾਮੇ ਹੱਕ ਸੋਭਾ ਪਾਏਗਾ । ਕਲਮਾ ਨਬੀ ਇਕ ਜਣਾਏਗਾ । ਰਸੂਲ ਆਪਣਾ ਪੜਦਾ ਲਾਹੇਗਾ । ਕਾਇਨਾਤ ਵੇਖ ਵਖਾਏਗਾ । ਮਾਰ ਝਾਤ ਤਾਕ ਖੁਲ੍ਹਾਏਗਾ । ਪਿਛਲੀ ਵਾਟ ਯਾਦ ਕਰਾਏਗਾ । ਚੌਦਾਂ ਤਬਕ ਵੇਖ ਵਖਾਏਗਾ । ਈਸਾ ਮੂਸਾ ਮੁਹੰਮਦ ਉਠਾਏਗਾ ।

੯੨੩
੧੩

ਸਾਚਾ ਸੂਸਾ ਤਨ ਪਹਿਨਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਘਰ ਜਣਾਏਗਾ । ਜਨ ਭਗਤਾਂ ਘਰ ਜਣਾਵਾਂਗਾ । ਪਿਛਲਾ ਲੇਖ ਮੁਕਾਵਾਂਗਾ । ਅਗਲਾ ਹੇਤ ਦ੍ਰਿੜਾਵਾਂਗਾ । ਨੇਤਨ ਨੇਤ ਨਜ਼ਰੀ ਆਵਾਂਗਾ । ਪਹਿਲੀ ਚੇਤ ਰੁੱਤ ਸੁਹਾਵਾਂਗਾ । ਨਿਰਗੁਣ ਹੋ ਕੇ ਭੇਤ ਖੁਲ੍ਹਾਵਾਂਗਾ । ਸਰਗੁਣ ਆਪਣੇ ਵਿਚ ਲਪੇਟ, ਪੜਦਾ ਪਾਵਾਂਗਾ । ਬਣ ਖੇਵਟ ਖੇਟ, ਬੇੜਾ ਆਪਣੇ ਕੰਧ ਉਠਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਵਾਂਗਾ । ਸਾਚੀ ਸੇਵਾ ਕਾਰ ਕਮਾਊਂਗਾ । ਜਨ ਭਗਤ ਦਵਾਰੇ ਆਊਂਗਾ । ਬਣ ਬਰਦਾ ਫੇਰਾ ਪਾਊਂਗਾ । ਡਰਦਾ ਡਰਦਾ ਪੜਦਾ ਲਾਹੂੰਗਾ । ਦਰ ਝੋਲੀ ਮੰਗ ਮੰਗਾਊਂਗਾ । ਹੌਲੀ ਹੌਲੀ ਖੇਲ ਵਖਾਊਂਗਾ । ਧਰਤ ਧਵਲ ਧੌਲ ਭਾਰ ਲਾਹੂੰਗਾ । ਨਾਲ ਨਾਲ ਅੱਟੀ ਮੌਲੀ ਬੰਨ੍ਹ ਲਿਆਊਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਵਖਾਊਂਗਾ । ਆਪਣੀ ਮੌਲੀ ਲੈ ਕੇ ਆਵਾਂ ਅੱਟੀ, ਤਨ ਰਤੜਾ ਰੰਗ ਰੰਗਾਇਆ । ਪੀਰ ਪੈਗ਼ੰਬਰ ਭਰਨ ਚੱਟੀ, ਬੈਠੇ ਸੀਸ ਝੁਕਾਇਆ । ਪਿਛਲੀ ਵੇਖਣ ਲਿਖੀ ਪੱਟੀ, ਅਲਫ਼ ਯੇ ਪੜਦਾ ਲਾਹਿਆ । ਆਲਮ ਉਲਮਾ ਖੱਟੀ ਕਿਸੇ ਨਾ ਖੱਟੀ, ਖਟਕਾ ਘਰ ਘਰ ਨਜ਼ਰੀ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਤੰਦੀ ਤੰਦ ਉਠਾਇਆ । ਏਕਾ ਤੰਦੀ ਮਹਿੰਦੀ ਰੰਗ, ਮੌਲਾ ਰੂਪ ਵਖਾਈਆ । ਸਚ ਦਵਾਰੇ ਸਚ ਪਲੰਘ, ਨਿਰਗੁਣ ਨੱਚੇ ਉਪਰ ਮਲੰਗ, ਸੇਲੀ ਟੋਪੀ ਨਜ਼ਰ ਕੋਇ ਨਾ ਆਈਆ । ਕਰੇ ਖੇਲ ਸੂਰਾ ਸਰਬੰਗ, ਦੋ ਜਹਾਨਾਂ ਇਕ ਅਨੰਦ, ਅਨੰਦ ਆਪਣੇ ਵਿਚੋਂ ਪਰਗਟਾਈਆ । ਚਾਰ ਦੀਵਾਰੀ ਪਾਰ ਕੰਧ ਕਰੇ ਬਖ਼ਸ਼ੰਦ, ਬਖ਼ਸ਼ਸ਼ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਗਾਨਾ ਇਕ ਵਖਾਈਆ । ਸਾਚਾ ਗਾਨਾ ਨੌਜਵਾਨ, ਨਿਰਗੁਣ ਆਪਣੇ ਹੱਥ ਰਖਾਇੰਦਾ । ਚੌਥੇ ਦਰ ਹੋ ਬਲਵਾਨ, ਮਿਹਰਵਾਨ ਭੇਵ ਚੁਕਾਇੰਦਾ । ਦੋ ਜਹਾਨਾਂ ਹੁਕਮਰਾਨ, ਸਚ ਸੰਦੇਸਾ ਇਕ ਸੁਣਾਇੰਦਾ । ਪੀਰ ਪੈਗ਼ੰਬਰ ਕਰਨ ਧਿਆਨ, ਨੇਤਰ ਨੈਣ ਸਰਬ ਕੁਰਲਾਇੰਦਾ । ਮੀਆਂ ਬੀਵੀ ਹੋਏ ਹੈਰਾਨ, ਸ਼ਰਅ ਸ਼ਰੀਅਤ ਪੰਧ ਮੁਕਾਇੰਦਾ । ਲੇਖਾ ਜਾਣ ਅੰਜੀਲ ਕੁਰਾਨ, ਕਲਮਾ ਨਬੀ ਫੋਲ ਫੁਲਾਇੰਦਾ । ਪੜਦਾ ਖੋਲ੍ਹ ਦੀਨ ਇਸਲਾਮ, ਅਲੈਕਮ ਇਕੋ ਘਰ ਸਮਝਾਇੰਦਾ । ਨਜ਼ਰੀ ਆਏ ਇਕ ਅਮਾਮ, ਅਮਨ ਦੋ ਜਹਾਨ ਕਰਾਇੰਦਾ । ਪੇਸ਼ਤਰ ਪੇਸ਼ੀਨਗੋਈ ਕੋਈ ਨਾ ਸਕੇ ਪਹਿਚਾਨ, ਪਸਚਾਤਾਪ ਸਰਬ ਵਖਾਇੰਦਾ । ਪੀਰ ਪੈਗ਼ੰਬਰ ਗੁਰ ਅਵਤਾਰ ਸੰਦੇਸਾ ਦੇ ਦੇ ਦੱਸ ਗਏ ਨਿਸ਼ਾਨ, ਪੜਦਾ ਪਾੜ ਬੇ ਪੜਦਾ ਨਾ ਕੋਇ ਕਰਾਇੰਦਾ । ਆਪਣੀ ਆਪ ਜਾਣੇ ਭਗਵਾਨ, ਜਨ ਭਗਤਾਂ ਵਖਾਏ ਸਾਚੀ ਸ਼ਾਨ, ਮਹੱਲ ਅਟੱਲ ਇਕ ਮਕਾਨ, ਬੇਮਿਸਾਲ ਬੇਨਜ਼ੀਰ ਅਖ਼ੀਰ ਆਪਣੀ ਕਲ ਧਰਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰੂਪ ਰੰਗ ਰੇਖ ਨਾ ਕੋਇ ਨਿਸ਼ਾਨ, ਸ਼ਬਦ ਅਗੰਮ ਇਕ ਧੁਨਕਾਨ, ਰਾਗ ਨਾਦ ਸਭ ਦਾ ਪੰਧ ਮੁਕਾਇੰਦਾ ।

## ❇ ੧੬ ਫੱਗਣ ੨੦੧੯ ਬਿਕ੍ਰਮੀ ਭਗਤ ਸਿੰਘ ਦੇ ਗ੍ਰਿਹਿ ਇਟਾਰਸੀ ❇

ਸਚਖੰਡ ਕਹੇ ਪ੍ਰਭ ਦੱਸ ਸਰੋਤ, ਬਿਨ ਸਰਵਣਾਂ ਦੇ ਸਮਝਾਈਆ । ਸਚ ਤੂੰ ਭਗਤਾਂ ਉਤੇ ਹੋਇਆ ਮੋਹਤ, ਮਿਹਰ ਨਜ਼ਰ ਉਠਾਈਆ ।


੯੨੪ ੧੩

ਮੇਲ ਮਿਲਾਇਆ ਨਿਰਮਲ ਜੋਤ, ਜੋਤੀ ਜੋਤ ਜੋਤ ਰੁਸ਼ਨਾਈਆ । ਨਾਤਾ ਤੋੜਿਆ ਵਰਨ ਗੋਤ, ਕੂੜੀ ਕਿਰਿਆ ਪੰਧ ਮੁਕਾਈਆ । ਮਾਇਆ ਮਮਤਾ ਕੱਢਿਆ ਖੋਟ, ਵਾਸਨਾ ਦੁਰਗੰਧ ਰਹਿਣ ਨਾ ਪਾਈਆ । ਦਿਤਾ ਨਾਮ ਭੰਡਾਰਾ ਅਤੋਟ, ਅਤੁਟ ਆਪ ਵਰਤਾਈਆ । ਰਾਹ ਤੱਕੇ ਤੇਰਾ ਸਚ ਦਵਾਰ ਕੋਟ, ਨੈਣ ਨੈਣ ਉਠਾਈਆ । ਕਵਣ ਵੇਲਾ ਤੇਰੇ ਭਗਤਾਂ ਪੂਰਾ ਹੋਵੇ ਸ਼ੌਂਕ, ਸੰਸਾ ਰਹੇ ਨਾ ਰਾਈਆ । ਮੈਂ ਅੰਮ੍ਰਿਤ ਤੇਰਾ ਦੇਵਾਂ ਤਰੌਂਕ, ਸਦਾ ਸਦ ਸੇਵ ਕਮਾਈਆ । ਕਵਣ ਵੇਲੇ ਜਾਣ ਪਹੁੰਚ, ਆਪਣਾ ਪੰਧ ਮੁਕਾਈਆ । ਸਤਿਜੁਗ ਸਾਚੀ ਚਲੇ ਰੌਂਸ, ਰਹਿਬਰ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਈਆ । ਸਚਖੰਡ ਕਹੇ ਮੈਂ ਕਰਾਂ ਸਫ਼ਾਈ, ਆਪ ਆਪਣੀ ਸੇਵਾ ਲਾਈਆ । ਕਵਣ ਵੇਲਾ ਵੱਜੇ ਵਧਾਈ, ਗ੍ਰਿਹਿ ਮੰਦਰ ਹੋਏ ਸ਼ਨਵਾਈਆ । ਤੇਰੇ ਭਗਤ ਆਵਣ ਚਾਈਂ ਚਾਈਂ, ਚਾਉ ਘਨੇਰਾ ਇਕ ਰਖਾਈਆ । ਤੂੰ ਪਕੜੇਂ ਆਪਣੀ ਹੱਥੀਂ ਬਾਂਹੀਂ, ਫੜ ਬਾਂਹੋਂ ਨਾਲ ਮਿਲਾਈਆ । ਵੇਖ ਵਖਾਏਂ ਥਾਉਂ ਥਾਈਂ, ਲੱਖ ਚੁਰਾਸੀ ਖੋਜ ਖੁਜਾਈਆ । ਚਾਰ ਵਰਨਾਂ ਦੇਵੇਂ ਛਾਈਂ, ਗੋਬਿੰਦ ਅੰਗ ਲਗਾਈਆ । ਗੋਬਿੰਦ ਲੇਖਾ ਚੁਕੇ ਛੀਂਬੇ ਝੀਵਰ ਨਾਈ, ਨੇਤਰ ਨੈਣਾਂ ਨੈਣ ਦਰਸਾਈਆ । ਲੋਕਮਾਤ ਪੁਟਿਆ ਬੂਟਾ ਕਾਹੀ, ਕਾਗ਼ਜ਼ ਕਲਮ ਲਿਖੇ ਕੋਇ ਨਾ ਸ਼ਾਹੀਆ । ਸਚਖੰਡ ਸਾਚੇ ਸਾਚਾ ਰੰਗ ਵਖਾਈਂ, ਰੰਗ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਚਰਨਾਂ ਸੀਸ ਟਿਕਾਈਆ । ਸਚਖੰਡ ਕਹੇ ਮੈਂ ਖੋਲ੍ਹਾਂ ਤਾਕੀ, ਪੜਦਾ ਆਪਣਾ ਆਪ ਉਠਾਇੰਦਾ । ਕਵਣ ਵੇਲਾ ਚੜ੍ਹੇਂ ਸਾਚੇ ਰਾਕੀ, ਅਸਵ ਇਕੋ ਨਜ਼ਰੀ ਆਇੰਦਾ । ਜਨ ਭਗਤਾਂ ਦੇਵੇਂ ਲਹਿਣਾ ਬਾਕੀ, ਪੂਰਬ ਲੇਖਾ ਝੋਲੀ ਪਾਇੰਦਾ । ਲੋਕਮਾਤ ਬਦਲ ਦੇਵੇਂ ਹਯਾਤੀ, ਆਪ ਆਪਣੇ ਰੰਗ ਰੰਗਾਇੰਦਾ । ਏਕਾ ਦੇਵੇਂ ਨਾਮ ਸਚ ਨਿਸ਼ਾਨੀ, ਨਛਾਵਰ ਆਪਣਾ ਆਪ ਕਰਾਇੰਦਾ । ਇਕ ਸੁਣਾਏਂ ਸਾਚੀ ਸਾਖੀ, ਸਾਖਿਆਤ ਆਪਣਾ ਰੂਪ ਦਰਸਾਇੰਦਾ । ਨਿਰਗੁਣ ਹੋ ਕੇ ਬਣੇ ਸਾਥੀ, ਸਰਗੁਣ ਸੰਗ ਨਿਭਾਇੰਦਾ । ਕਰੇਂ ਖੇਲ ਪੁਰਖ ਸਮਰਾਥੀ, ਸਮਰਥ ਆਪਣੀ ਕਲ ਵਰਤਾਇੰਦਾ । ਨੇਤਰ ਰੋਵੇ ਐਰਾਪਤ ਹਾਥੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੋਏ ਜੋੜ ਵਾਸਤਾ ਪਾਇੰਦਾ । ਸਚਖੰਡ ਕਹੇ ਮੈਂ ਤੱਕਾਂ ਰਾਹ, ਨੇਤਰ ਨੈਣ ਉਠਾਇਆ । ਪੁਰਖ ਅਬਿਨਾਸ਼ੀ ਦੇ ਸਲਾਹ, ਗਲ ਪੱਲੂ ਇਕੋ ਪਾਇਆ । ਕਵਣ ਵੇਲਾ ਜਨ ਭਗਤਾਂ ਬਹਾਏ ਮੇਰੇ ਥਾਂ, ਮੇਰੀ ਤ੍ਰਿਸਨਾ ਭੁੱਖ ਮਿਟਾਇਆ । ਜੋ ਇਕੋ ਗਾਵਣ ਤੇਰਾ ਨਾਂ, ਦੂਜਾ ਇਸ਼ਟ ਨਾ ਕੋਇ ਮਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਬਣ ਦਰਦੀ ਦਰਦ ਵੰਡਾਇਆ । ਸਚਖੰਡ ਸਚ ਕਰ ਖਿਆਲ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਨਿਰਗੁਣ ਹੋ ਕੇ ਬਣਾਂ ਦਲਾਲ, ਲੋਕਮਾਤ ਵੇਖ ਵਖਾਇੰਦਾ । ਭਗਤ ਉਠਾਵਾਂ ਸਾਚੇ ਲਾਲ, ਲਾਲਨ ਆਪਣੇ ਰੰਗ ਰੰਗਾਇੰਦਾ । ਮੁਰੀਦਾਂ ਜਾ ਕੇ ਪੁੱਛਾਂ ਹਾਲ, ਮੁਰਸ਼ਦ ਆਪਣਾ ਨਾਉਂ ਪਰਗਟਾਇੰਦਾ । ਗੋਬਿੰਦ ਹੱਲ ਕਰਾਂ ਸਵਾਲ, ਪਿਛਲਾ ਲੇਖਾ ਝੋਲੀ ਪਾਇੰਦਾ । ਸ਼ਬਦ ਅਗੰਮ ਵਜਾਵਾਂ ਤਾਲ, ਰਾਗ ਨਾਦ ਨਾ ਕੋਇ ਸਾਲਾਹਿੰਦਾ । ਨਾਤਾ ਤੋੜ ਕੂੜੀ ਕਿਰਿਆ ਕਾਲ, ਕਾਲਖ ਟਿੱਕਾ ਮਸਤਕ ਲਾਹਿੰਦਾ । ਲੋਕਮਾਤ ਕਰ ਪ੍ਰਿਤਪਾਲ, ਬਣ ਸੇਵਕ ਸੇਵ ਕਮਾਇੰਦਾ । ਆਪਣੀ ਪੂਰੀ ਕਰ ਘਾਲ, ਕੀਤੀ ਘਾਲ ਭਗਤਾਂ ਝੋਲੀ ਪਾਇੰਦਾ । ਅੰਦਰ ਬਾਹਰ ਚਲਾਂ ਨਾਲ ਨਾਲ, ਦਿਵਸ ਰੈਣ ਸੰਗ ਨਿਭਾਇੰਦਾ । ਗਗਨ ਮੰਡਲ ਦੀਪਕ ਵੇਖਾਂ ਥਾਲ, ਸਤਿ

ਆਪਣਾ ਨੂਰ ਧਰਾਇੰਦਾ । ਜਗਤ ਯੁਗਤ ਚਲਾਂ ਅਵਲੜੀ ਚਾਲ, ਭੇਵ ਕੋਇ ਨਾ ਪਾਇੰਦਾ । ਭਾਗ ਲਗਾ ਕਾਇਆ ਮਾਟੀ ਖਾਲ, ਤਨ ਮੰਦਰ ਆਪ ਸੁਹਾਇੰਦਾ । ਜਗਤ ਮਾਇਆ ਤੋੜ ਜੰਜਾਲ, ਜੀਵਣ ਯੁਗਤ ਆਪ ਜਣਾਇੰਦਾ । ਲੱਖ ਚੁਰਾਸੀ ਵਿਚੋਂ ਭਾਲ, ਭੱਲਾ ਇਕੋ ਨਾਮ ਹੱਥ ਫੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਤਿ ਕਰਮ ਕਮਾਇੰਦਾ । ਸਚਖੰਡ ਸਚ ਲੈਣਾ ਵੇਖ, ਸਚ ਸਚ ਦ੍ਰਿੜਾਇੰਦਾ । ਸਚ ਪ੍ਰਭ ਸਚ ਧਾਰੇ ਭੇਖ, ਸਚ ਸਾਚੀ ਕਾਰ ਕਮਾਇੰਦਾ । ਸਚ ਦਾਤਾ ਅਲਖਨਾ ਅਲੇਖ, ਸਚ ਆਦੇਸ ਕਰਾਇੰਦਾ । ਸਚ ਨਿਰਵੈਰ ਖੋਲ੍ਹੇ ਭੇਤ, ਨਰ ਨਿਰੰਕਾਰ ਫੇਰਾ ਪਾਇੰਦਾ । ਸਚ ਸਚ ਸਚ ਕਰੇ ਹੇਤ, ਹਿਤਕਾਰੀ ਦਇਆ ਕਮਾਇੰਦਾ । ਲੱਖ ਚੁਰਾਸੀ ਵੇਖ ਖੇਤ, ਹਰਿਜਨ ਸਾਚੇ ਪਕੜ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੀ ਆਸਾ ਮੇਲ ਮਿਲਾਇੰਦਾ । ਸਚਖੰਡ ਪ੍ਰਭ ਦਏ ਭਰਵਾਸਾ, ਇਕੋ ਹੁਕਮ ਜਣਾਈਆ । ਦੀਨ ਦਿਆਲ ਪੂਰੀ ਕਰੇ ਆਸਾ, ਆਸਾ ਤ੍ਰਿਸਨਾ ਦਏ ਮਿਟਾਈਆ । ਕਲਜੁਗ ਅੰਤਮ ਉਲਟਣਹਾਰਾ ਪਾਸਾ, ਉਲਟਾਵਣਹਾਰਾ ਆਪ ਉਲਟਾਈਆ । ਜਨ ਭਗਤਾਂ ਦੇਵੇ ਸਗਲਾ ਸਾਥਾ, ਸਾਹਿਬ ਸਤਿਗੁਰ ਬੇਪਰਵਾਹੀਆ । ਹੋਏ ਸਹਾਈ ਨਾਥ ਅਨਾਥਾਂ, ਨਿਰਧਨ ਸਰਧਨ ਵੇਖੇ ਥਾਉਂ ਥਾਈਂਆ । ਲੇਖਾ ਚੁਕੇ ਜ਼ਾਤ ਪਾਤਾਂ, ਪਤ ਪਤਵੰਤਾ ਇਕੋ ਨਜ਼ਰੀ ਆਈਆ । ਸਚਖੰਡ ਤੇਰੀ ਦੱਸੇ ਸੱਚੀਆਂ ਬਾਤਾਂ, ਸਚ ਕਹਾਣੀ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਰਿਹਾ ਜਣਾਈਆ । ਸਚਖੰਡ ਕਹੇ ਪ੍ਰਭ ਜਾ ਦੌੜ, ਆਪਣਾ ਪੰਧ ਮੁਕਾਈਆ । ਬਿਨ ਭਗਤਾਂ ਲੱਗੀ ਮੈਨੂੰ ਔੜ, ਮੇਰੀ ਤ੍ਰਿਖਾ ਨਾ ਕੋਇ ਬੁਝਾਈਆ । ਮੇਰਾ ਦਵਾਰ ਦਿਸੇ ਚੌੜ, ਚਾਰ ਕੁੰਟ ਨਾ ਕੋਇ ਰੁਸ਼ਨਾਈਆ । ਜੇ ਮੈਂ ਵੇਖਾਂ ਕਰ ਕੇ ਗ਼ੌਰ, ਗਹਿਰ ਗੰਭੀਰ ਤੇਰੀ ਵਡਿਆਈਆ । ਦੋ ਜਹਾਨ ਕੂੜਾ ਪਿਆ ਸ਼ੋਰ, ਸ਼ੌਹਰ ਨਜ਼ਰ ਕਿਸੇ ਨਾ ਆਈਆ । ਕੀ ਤੂੰ ਹੋਰ ਕਿ ਭਗਤ ਹੋਰ, ਆਪਣਾ ਭੇਤ ਦੇ ਸਮਝਾਈਆ । ਜੇ ਤੇਰੇ ਸਿਰ ਤੇ ਝੁਲਦਾ ਚੌਰ, ਕਿਉਂ ਭਗਤਾਂ ਖ਼ਾਕ ਮਿਲਾਈਆ । ਪ੍ਰਭ ਤੇਰੇ ਹੱਥ ਡੋਰ, ਕਿਉਂ ਗੁਡੀ ਅਸਮਾਨੋਂ ਨੀਚੇ ਸੁਟਾਈਆ । ਕੀ ਹੋਇਉਂ ਅੰਧਾ ਬੋਲ, ਨੇਤਰ ਨਾ ਪੇਖੇਂ ਭਗਤਾਂ ਆਵਾਜ਼ ਕੰਨ ਤੇਰੇ ਸੁਣਨ ਨਾ ਪਾਈਆ । ਕੋਟਨ ਕੋਟ ਕਬੀਰ ਤੇਰੇ ਦਰ ਤੇ ਵਜਾ ਗਏ ਢੋਲ, ਤੇਰੀ ਸੁਰਤ ਨਾ ਕਿਸੇ ਖੁਲ੍ਹਾਈਆ । ਨਾਨਕ ਨਿਰਗੁਣ ਹੋ ਕੇ ਤੋਲ ਗਿਆ ਤੋਲ, ਸਰਗੁਣ ਆਪਣੇ ਕੰਡੇ ਪਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੂੰ ਗ਼ਰੀਬਾਂ ਨਾਲ ਕਰੇਂ ਮਖ਼ੌਲ, ਤੈਨੂੰ ਲੱਜਿਆ ਜ਼ਰਾ ਨਾ ਆਈਆ । ਤੂੰ ਗੋਬਿੰਦ ਨਾਲ ਕੀਤਾ ਕੌਲ, ਕਲਜੁਗ ਅੰਤਮ ਆਵਾਂ ਹੋ ਕੇ ਬੇਪਰਵਾਹੀਆ । ਹੌਲਾ ਭਾਰ ਕਰਾਂ ਧਰਨੀ ਧੌਲ, ਧਵਲ ਆਪਣਾ ਚਰਨ ਟਿਕਾਈਆ । ਜਾ ਕੇ ਭਗਤਾਂ ਅੰਦਰ ਮੌਲ, ਆਪਣਾ ਮੁਲ ਲੈ ਪਵਾਈਆ । ਸਚ ਦਵਾਰ ਜਾ ਕੇ ਖੋਲ੍ਹ, ਸਚਖੰਡ ਰੋਵੇ ਕੁਰਲਾਵੇ ਮਾਰੇ ਧਾਹੀਂਆ । ਜਾ ਕੇ ਬੱਧੀ ਗਠੜੀ ਫੋਲ, ਆਪਣਾ ਪੜਦਾ ਆਪ ਚੁਕਾਈਆ । ਜੇ ਬਣਿਆ ਰਿਹੋਂ ਅਨਬੋਲ, ਤੇਰਾ ਨਿਸ਼ਾਨਾ ਜਗਤ ਵਿਚ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਚ ਰਿਹਾ ਮੰਗ ਮੰਗਾਈਆ । ਸਚਖੰਡ ਮੇਰੇ ਅਸਥਾਨ, ਤੇਰੀ ਮੰਨਾਂ ਅਰਜ਼ੋਈਆ । ਮੈਂ ਵਸਾਂ ਤੇਰੇ ਮਕਾਨ, ਦਰ ਤੇਰੇ ਮੈਨੂੰ ਢੋਈਆ । ਸੁਣ ਤੇਰਾ ਫ਼ਰਮਾਨ, ਮੈਂ ਆਪਣਾ ਬਲ ਗਵਾਈਆ । ਸਚ ਮੈਂ ਭਗਵਾਨ, ਮੇਰਾ ਕੀਤਾ ਸਮਝ ਕੁਛ ਨਾ ਪਾਈਆ । ਦੋ ਜਹਾਨ ਮੈਨੂੰ ਕਹਿਣ ਅਣਜਾਣ, ਮੇਰਾ ਭੇਵ ਕੋਇ ਨਾ ਪਾਈਆ । ਬਿਨ ਭਗਤਾਂ ਕਿਸੇ ਨਾ ਆਵੇ ਗਿਆਨ, ਪੜਦਾ ਸਕੇ ਨਾ ਕੋਇ ਉਠਾਈਆ ।

ਮੈਂ ਜਾ ਕੇ ਦੇਵਾਂ ਧੁਰ ਫ਼ਰਮਾਨ, ਸਚ ਸੰਦੇਸਾ ਇਕ ਸੁਣਾਈਆ । ਆਓ ਬੱਚਿਓ ਮਿਲੋ ਮੇਰੇ ਨਾਲ, ਪਿਛਲਾ ਦੁੱਖ ਗਵਾਈਆ । ਅੱਗੇ ਮਾਰਗ ਦੱਸਾਂ ਸੁਖਾਲ, ਸੁੱਤਿਆਂ ਆਪ ਜਗਾਈਆ । ਅੰਦਰ ਵੜ ਕੇ ਚਲਾਂ ਨਾਲ ਨਾਲ, ਬਾਹਰੋਂ ਨਜ਼ਰ ਕਿਸੇ ਨਾ ਆਈਆ । ਨਾ ਕੋਈ ਵੇਖਾਂ ਸ਼ਾਹ ਕੰਗਾਲ, ਗ਼ਰੀਬਾਂ ਅੰਦਰ ਵੜ ਵੜ ਖ਼ੁਸ਼ੀ ਮਨਾਈਆ । ਜੇ ਕੋਈ ਲੱਭੇ ਮੇਰੀ ਚਾਲ, ਦੋ ਜਹਾਨ ਪੈੜ ਨਜ਼ਰ ਕਿਸੇ ਨਾ ਆਈਆ । ਨਿਰਗੁਣ ਹੋ ਕੇ ਘਾਲਣ ਲਵਾਂ ਘਾਲ, ਸਰਗੁਣ ਸਾਚੀ ਸੇਵ ਕਮਾਈਆ । ਭਗਤ ਪਿਆਰ ਪਿਛੇ ਹੋਵਾਂ ਬੇਹਾਲ, ਬਿਹਬਲ ਹੋ ਕੇ ਦਿਆਂ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚਖੰਡ ਦਵਾਰੇ ਰਿਹਾ ਸਮਝਾਈਆ । ਸਚਖੰਡ ਕਹੇ ਪ੍ਰਭ ਮੈਂ ਤੇਰਾ ਲਾੜਾ, ਜੁਗ ਜੁਗ ਵੇਂਹਦਾ ਆਇਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਤੂੰ ਰਿਹੋਂ ਕਵਾਰਾ, ਆਪਣੇ ਅੰਗ ਨਾ ਕਿਸੇ ਲਗਾਇਆ । ਦੂਰ ਦੁਰਾਡਾ ਹੁਕਮੇ ਅੰਦਰ ਦੱਸਦਾ ਰਿਹੋਂ ਇਸ਼ਾਰਾ, ਸ਼ਬਦੀ ਨਾਉਂ ਉਪਜਾਇਆ । ਪੰਜ ਤੱਤ ਵਜੌਂਦਾ ਰਿਹੋਂ ਨਗਾਰਾ, ਆਪਣਾ ਮੁਖ ਛੁਪਾਇਆ । ਨਾਂ ਰੱਖ ਗੁਰ ਅਵਤਾਰਾ, ਭੇਵ ਕਿਸੇ ਨਾ ਹੱਥ ਫੜਾਇਆ । ਪੀਰ ਪੈਗ਼ੰਬਰ ਗੌਂਦੇ ਗਏ ਤੇਰੀ ਵਾਰਾ, ਵਿਤਕਰਾ ਸਭ ਦੇ ਵਿਚ ਭਰਾਇਆ । ਆਪ ਵੜਿਆ ਰਿਹੋਂ ਮੇਰੇ ਅੰਦਰ ਡੂੰਘੀ ਗ਼ਾਰਾ, ਆਪਣਾ ਮੁਖ ਨਾ ਕਿਸੇ ਵਖਾਇਆ । ਜਿਸ ਵੇਲੇ ਤੇਰਾ ਭਗਤ ਦੁਖੀ ਹੋ ਕੇ ਮਾਰੇ ਨਾਅਰਾ, ਨਿਰਗੁਣ ਸਰਗੁਣ ਹੋ ਕੇ ਮੇਲ ਮਿਲਾਇਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਲੁਕ ਲੁਕ ਕਰਿਆ ਖੇਲ ਨਿਆਰਾ, ਅਛਲ ਅਛੱਲ ਆਪਣੀ ਧਾਰ ਚਲਾਇਆ । ਕਲਜੁਗ ਅੰਤਮ ਤੇਰਾ ਵੇਖਣਾ ਸਚ ਪਸਾਰਾ, ਪਸਰ ਪਸਾਰੀ ਬੇਪਰਵਾਹਿਆ । ਤੇਰੇ ਭਗਤ ਤੇਰਾ ਮੰਗਣ ਦੀਦਾਰਾ, ਦੂਜਾ ਦਰਸ ਕਿਸੇ ਨਾ ਭਾਇਆ । ਗੋਬਿੰਦ ਲਿਖ ਕੇ ਗਿਆ ਲਿਖਾਰਾ, ਲਿਖਿਆ ਲੇਖ ਨਾ ਕਿਸੇ ਮਿਟਾਇਆ । ਕਹਿ ਕੇ ਗਿਆ ਪੁਰਖ ਅਕਾਲ ਪਿਤਾ ਹਮਾਰਾ, ਪੂਤ ਸਪੂਤਾ ਗੋਦ ਸੁਹਾਇਆ । ਕਲ ਰੱਖੇ ਨਾਉਂ ਨਿਹਕਲੰਕ ਕਲ ਕਲਕੀ ਅਵਤਾਰਾ, ਕਲ ਕਲੇਸ਼ ਮੇਟ ਮਿਟਾਇਆ । ਜਾ ਕੇ ਭਗਤਾਂ ਦੇ ਸਹਾਰਾ, ਕਿਉਂ ਬੈਠਾ ਮੁਖ ਛੁਪਾਇਆ । ਉਨੀ ਸਾਲ ਬਣਿਆ ਰਿਹਾ ਵਣਜਾਰਾ, ਜਗਤ ਹੱਟੋ ਹੱਟ ਜਣਾਇਆ । ਹੁਣ ਕਰੀਂ ਨਾ ਹੋਰ ਉਧਾਰਾ, ਰਾਹ ਤੱਕਦਿਆਂ ਤੱਕਦਿਆਂ ਤੇਰਿਆਂ ਭਗਤਾਂ ਔਖਾ ਝਟ ਲੰਘਾਇਆ । ਇਕ ਵਾਰ ਦੇ ਕੇ ਆ ਇਸ਼ਾਰਾ, ਆਸ਼ਰਮ ਆਪਣਾ ਦੇ ਸਮਝਾਇਆ । ਬੰਦ ਕਿਵਾੜੀ ਖੋਲ੍ਹ ਕਵਾੜਾ, ਘਰ ਮੰਦਰ ਸੋਭਾ ਪਾਇਆ । ਅੰਦਰ ਵੜ ਕੇ ਤੂੰ ਕਹਿ ਮੈਂ ਭਗਤਾਂ ਪਿਆਰਾ, ਪਿਆਰ ਭਗਤਾਂ ਵਿਚ ਵਖਾਇਆ । ਫਿਰ ਤੇਰਾ ਲਾਵਣ ਨਾਅਰਾ, ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਕੁੰਟ ਨਜ਼ਰੀ ਆਇਆ । ਫਿਰ ਤੈਨੂੰ ਕੋਈ ਨਾ ਕਹੇ ਕਵਾਰਾ, ਕਿਉਂ, ਤੂੰ ਮੇਰਾ ਮੈਂ ਤੇਰਾ ਦੋਹਾਂ ਦਾ ਇਕੋ ਘਰ ਜੋੜ ਜੁੜਾਇਆ । ਸਚਖੰਡ ਕਹੇ ਮੈਂ ਦੋਹ ਹੱਥਾਂ ਨਾਲ ਵਜਾਵਾਂ ਨਗਾਰਾ, ਦੋ ਜਹਾਨਾਂ ਦਿਆਂ ਸੁਣਾਇਆ । ਪੀਰ ਪੈਗ਼ੰਬਰ ਕਰਾਂ ਖ਼ਬਰਦਾਰਾ, ਤੇਰੀ ਸਾਚੀ ਖ਼ਬਰ ਜਣਾਇਆ । ਆਓ ਵੇਖੋ ਪਰਵਰਦਿਗਾਰਾ, ਜਿਸ ਨੇ ਆਪਣਾ ਨੂਰ ਧਰਾਇਆ । ਜਿਸ ਨੂੰ ਈਸਾ ਮੂਸਾ ਮੁਹੰਮਦ ਕਹੇ ਸਾਡਾ ਯਾਰਾ, ਯਾਰੀ ਯਾਰਾਂ ਨਾਲ ਹੰਢਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਆਪਣਾ ਵਰ, ਘਰ ਸਾਚਾ ਸੋਭਾ ਪਾਇਆ ।

੯੨੭
੧੩

## ❇ ੧੯ ਫੱਗਣ ੨੦੧੯ ਬਿਕ੍ਰਮੀ ਸੁਰਿੰਦਰ ਸਿੰਘ ਦੇ ਗ੍ਰਿਹ ਇਟਾਰਸੀ ❇



ਪ੍ਰਭ ਭਗਤਾਂ ਦੱਸ ਆਪਣਾ ਢੰਗ, ਪੜਦਾ ਆਪ ਉਠਾਈਆ । ਨਿਰਗੁਣ ਹੋ ਚਾੜ੍ਹ ਰੰਗ, ਸਰਗੁਣ ਰੰਗ ਰੰਗਾਈਆ । ਅੰਦਰੋਂ ਵਜਾ ਮਰਦੰਗ, ਨਾਮ ਸਤਾਰ ਹਿਲਾਈਆ । ਕਰ ਪਰਕਾਸ਼ ਆਪਣਾ ਚੰਦ, ਨੂਰ ਜੋਤ ਰੁਸ਼ਨਾਈਆ । ਅੰਮ੍ਰਿਤ ਪਿਆਇਆ ਠੰਡ, ਤ੍ਰਿਸਨਾ ਭੁੱਖ ਗਵਾਈਆ । ਪਿਛਲੀ ਟੁੱਟੀ ਆਪਣੀ ਹੱਥੀਂ ਗੰਢ, ਗੰਢਣਹਾਰ ਗੋਸਾਈਂਆ । ਜਗਤ ਰੰਡੇਪਾ ਕਟ ਰੰਡ, ਸੁਹਾਗ ਰੂਪ ਵਟਾਈਆ । ਆਪਣਾ ਢੋਲਾ ਸੁਣਾ ਛੰਦ, ਸੋਹੰ ਅੱਖਰ ਕਰ ਪੜ੍ਹਾਈਆ । ਖ਼ੁਸ਼ੀ ਕਰਾਂ ਬੰਦ ਬੰਦ, ਬੰਦੀਖ਼ਾਨਾ ਰਿਹਾ ਤੁੜਾਈਆ । ਲੇਖਾ ਚੁਕਾ ਬੱਤੀ ਦੰਦ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਅੰਤਰ ਆਤਮ ਦੇ ਅਨੰਦ, ਰਸ ਇਕੋ ਇਕ ਚਖਾਈਆ । ਜਗਤ ਵਿਕਾਰਾ ਕਰ ਖੰਡ ਖੰਡ, ਖੰਡਾ ਨਾਮ ਖੜਕਾਈਆ । ਆਵਣ ਜਾਵਣ ਮੁਕਾ ਪੰਧ, ਬਣ ਪਾਂਧੀ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਹੋਏ ਸਹਾਈਆ । ਭਗਤਾਂ ਜਾ ਕੇ ਦੱਸਾਂ ਆਪ, ਆਪਣੀ ਸੇਵ ਕਮਾਈਆ । ਪੂਰਬ ਜਨਮ ਲਾਹ ਪਾਪ, ਪਤਤ ਪੁਨੀਤ ਕਰਾਈਆ । ਨਿਰਗੁਣ ਹੋ ਕੇ ਬਣਾਂ ਸਾਕ, ਸਰਗੁਣ ਸੰਗ ਵਖਾਈਆ । ਨਜ਼ਰੀ ਆਵਾਂ ਇਕੋ ਬਾਪ, ਗੁਰ ਅਵਤਾਰ ਪੀਰ ਪੈਗ਼ੰਬਰ ਚਾਚਾ ਰਹਿਣ ਕੋਇ ਨਾ ਪਾਈਆ । ਇਕੋ ਦੱਸਾਂ ਆਤਮ ਪਰਮਾਤਮ ਜਾਪ, ਜੀਵਣ ਯੁਗਤ ਜਗਤ ਜਣਾਈਆ । ਬੰਦ ਕਵਾੜੀ ਖੋਲ੍ਹਾਂ ਤਾਕ, ਪੜਦਾ ਆਪਣਾ ਆਪ ਉਠਾਈਆ । ਬਿਨ ਨੇਤਰ ਵੇਖਾਂ ਝਾਕ, ਝਾਕੀ ਆਪਣੀ ਆਪ ਦਿਵਾਈਆ । ਬਿਨ ਰਸਨਾ ਜਿਹਵਾ ਕਰਾਂ ਬਾਤ, ਸ਼ਬਦ ਅਗੰਮ ਅਥਾਹ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਵੇਖ ਵਖਾਈਆ । ਭਗਤਾਂ ਕੋਲ ਜਾ ਭੱਜ, ਆਪਣਾ ਪੰਧ ਮੁਕਾਈਆ । ਮੇਰਾ ਘਰ ਦੇ ਤਜ, ਭਗਤ ਦਵਾਰ ਮਿਲੇ ਵਡਿਆਈਆ । ਜਾ ਕੇ ਦਰਸਨ ਕਰ ਰੱਜ, ਆਪਣੀ ਭੁੱਖ ਗਵਾਈਆ । ਹੁਣ ਲਾਵੀਂ ਨਾ ਕੋਈ ਪਜ, ਤੇਰੇ ਅੱਗੇ ਵਾਸਤਾ ਪਾਈਆ । ਸਚ ਸਿੰਘਾਸਣ ਬਹਿ ਕੇ ਸਜ, ਬੈਠਾ ਤੇਰਾ ਰਾਹ ਤਕਾਈਆ । ਨਿਰਧਨਾਂ ਜਾ ਕੇ ਪੜਦਾ ਕਜ, ਸਿਰ ਆਪਣਾ ਹੱਥ ਟਿਕਾਈਆ । ਸਚ ਨਗਾਰਾ ਹੋ ਕੇ ਵੱਜ, ਨਾਮ ਆਪਣੇ ਚੋਟ ਲਗਾਈਆ । ਸ਼ੇਰ ਬੱਬਰ ਹੋ ਕੇ ਗੱਜ, ਗਰਜ ਇਕੋ ਇਕ ਸੁਣਾਈਆ । ਕੋੜਿਆਂ ਕਮਲਿਆਂ ਰੱਖ ਲੱਜ, ਲਜ ਪਤ ਤੇਰੇ ਹੱਥ ਫੜਾਈਆ । ਦਰ ਦਰਵੇਸ਼ ਹੋ ਕੇ ਨੱਚ, ਮਲੰਗ ਰੂਪ ਬਣਾਈਆ । ਸਚ ਢੋਲਾ ਜਾ ਕੇ ਦੱਸ, ਸੱਚੋ ਸਚ ਪੜ੍ਹਾਈਆ । ਹਿਰਦੇ ਅੰਦਰ ਜਾ ਕੇ ਰਚ, ਲੂੰ ਲੂੰ ਤੇਰਾ ਨਾਮ ਧਿਆਈਆ । ਵੇਖੀਂ ਕੌਲ ਨਾ ਕਰੀਂ ਕਚ, ਇਕਰਾਰ ਇਕੋ ਇਕ ਜਣਾਈਆ । ਅੱਗੋਂ ਸ੍ਰੀ ਭਗਵਾਨ ਕਹੇ ਹੱਸ, ਮੈਂ ਜਾਵਾਂ ਚਾਈਂ ਚਾਈਂਆ । ਜਾ ਕੇ ਭਗਤਾਂ ਹੋਵਾਂ ਵਸ, ਆਪਣਾ ਮਾਣ ਨਾ ਕੁਛ ਰਖਾਈਆ । ਜਿਧਰ ਕਹਿਣ ਓਧਰ ਜਾਵਾਂ ਨੱਠ, ਬਣ ਪਾਂਧੀ ਫਿਰਾਂ ਰਾਹੀਆ । ਜੇ ਅੱਗੋਂ ਘੂਰਨ ਮੂਧਾ ਪੈ ਕੇ ਜਾਵਾਂ ਢੱਠ, ਆਪਣਾ ਬਲ ਮਿਟਾਈਆ । ਜੇ ਨਿਉਂ ਕੇ ਵੇਖਣ ਨਜ਼ਰੀ ਆਵਾਂ ਪੁਰਖ ਸਮਰਥ, ਬੇਪਰਵਾਹ ਬੇਪਰਵਾਹੀਆ । ਜੇ ਭੱਜਣ ਲੱਗਣ ਅੰਦਰ ਵੜ ਕੇ ਪਾਵਾਂ ਨੱਥ, ਡੋਰੀ ਆਪਣਾ ਨਾਮ ਬੰਧਾਈਆ । ਜੇ ਗਾਵਣ ਲੱਗਣ ਜਸ, ਸੋਹੰ ਢੋਲਾ ਦਿਆਂ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਰਿਹਾ ਜਣਾਈਆ । ਜਾ ਛੇਤੀ ਮੇਰੇ ਪਰਵਰਦਿਗਾਰ, ਦੋ ਜਹਾਨ ਆਪ ਸਹਾਈਆ । ਵੇਖ ਆਪਣੇ ਯਾਰ, ਯਾਰੜਾ ਸਥਰ ਇਕ ਹੰਢਾਈਆ । ਤੇਰੇ ਪਿਛੇ ਹੋਏ ਖ਼ਵਾਰ, ਖ਼ਵਾਰੀ ਸਭ ਦੇ ਸਿਰ ਤੇ ਛਾਈਆ ।

੯੨੮
੧੩

ਬਿਨ ਤਬੀਬੋਂ ਹੋਏ ਬੀਮਾਰ, ਸਾਰ ਕੋਇ ਨਾ ਪਾਈਆ । ਬਿਨ ਹਦੀਸੋਂ ਹੋਏ ਗਵਾਰ, ਕਲਮਾ ਹੱਕ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਘਰ ਤੋਟ ਨਾ ਦਿਸੇ ਰਾਈਆ । ਸ੍ਰੀ ਭਗਵਾਨ ਕਹੇ ਮੈਂ ਕੀ ਕਰਾਂ, ਕਰਤਬ ਨਜ਼ਰ ਕੋਇ ਨਾ ਆਈਆ । ਜਨ ਭਗਤਾਂ ਕੋਲੋਂ ਡਰਾਂ, ਡਰ ਡਰ ਆਪਣਾ ਮੁਖ ਛੁਪਾਈਆ । ਕਿਸ ਬਿਧ ਜਾ ਕੇ ਅੰਦਰ ਵੜਾਂ, ਔਂਦਾਂ ਜਾਂਦਾ ਨਜ਼ਰ ਨਾ ਆਈਆ । ਰਾਤੀਂ ਸੁੱਤਿਆਂ ਜਾ ਕੇ ਫੜਾਂ, ਗ਼ਫ਼ਲਤ ਵਿਚ ਵੇਖਾਂ ਸਰਬ ਲੋਕਾਈਆ । ਸਾਚੇ ਮੰਦਰ ਜਾ ਕੇ ਚੜ੍ਹਾਂ, ਚੜ੍ਹ ਚੜ੍ਹ ਖ਼ੁਸ਼ੀ ਮਨਾਈਆ । ਭਗਤ ਭਗਵਾਨ ਦਾ ਇਕੋ ਅੱਖਰ ਪੜ੍ਹਾਂ, ਸੋਹੰ ਢੋਲਾ ਆਪੇ ਗਾਈਆ । ਪੰਚ ਵਿਕਾਰੇ ਨਾਲ ਲੜਾਂ, ਆਪਣਾ ਬਲ ਧਰਾਈਆ । ਨਿਮਾਣਾਂ ਹੋ ਕੇ ਸੇਵ ਕਰਾਂ, ਸੇਵਕ ਆਪਣਾ ਰੂਪ ਵਖਾਈਆ । ਭਗਤਾਂ ਮਰਨੀ ਆਪ ਮਰਾਂ, ਜਨ ਭਗਤਾਂ ਤੱਤੀ ਵਾ ਨਾ ਲਾਗੇ ਰਾਈਆ । ਨਿਰਗੁਣ ਹੋ ਕੇ ਭਾਣਾ ਆਪ ਜਰਾਂ, ਸਰਗੁਣ ਆਪਣੀ ਗੋਦ ਬਹਾਈਆ । ਪਾਰਬ੍ਰਹਮ ਹੋ ਕੇ ਬ੍ਰਹਮ ਵਰਾਂ, ਨਾਰ ਕੰਤ ਰੂਪ ਦਰਸਾਈਆ । ਦੋ ਜਹਾਨ ਲੱਖ ਚੁਰਾਸੀ ਅੱਗੇ ਬਲਕਾਰੀ ਹੋ ਕੇ ਅੜਾਂ, ਬਲ ਆਪਣਾ ਆਪ ਸਮਝਾਈਆ । ਨਾਤਾ ਤੁੜਾਵਾਂ ਸਿਰਾਂ ਧੜਾਂ, ਧੜ ਸੀਸ ਰਹਿਣ ਕੋਇ ਨਾ ਪਾਈਆ । ਸਭ ਦੀਆਂ ਪੁੱਟਾਂ ਜੜਾਂ, ਫੇਰ ਸਕੇ ਨਾ ਕੋਇ ਲਗਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਕਿਸੇ ਕੋਲੋਂ ਨਾ ਹਰਾਂ, ਹਾਰ ਗੁਰ ਅਵਤਾਰ ਪੀਰ ਪੈਗ਼ੰਬਰ ਮੰਨ ਮੰਨ ਬੈਠੇ ਢੇਰੀਆਂ ਢਾਹੀਆ । ਜਨ ਭਗਤਾਂ ਭਾਣਾ ਸਦਾ ਜਰਾਂ, ਜਰ ਜਰ ਆਪਣਾ ਸ਼ੁਕਰ ਮਨਾਈਆ । ਕਦੇ ਨਾ ਆਵਾਂ ਵਿਚ ਸ਼ਰਅ, ਸ਼ਰੀਅਤ ਉਂਗਲੀਆਂ ਉਤੇ ਨਚਾਈਆ । ਪਾਵਾਂ ਸਾਰ ਦਰ ਦਰਾਂ, ਘਰ ਗੁਰਮਖਾਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਾਚੀ ਰਿਹਾ ਜਣਾਈਆ । ਸਚਖੰਡ ਕਹੇ ਮੈਂ ਹੋਇਆ ਖ਼ੁਸ਼, ਸੁਣੀ ਤੇਰੀ ਕਹਾਣੀ । ਜਿੰਨਾਂ ਚਿਰ ਭਗਤਾਂ ਵਲ ਨਾ ਵੇਖੇਂ ਝੁਕ, ਤੇਰੀ ਮਿਲੇ ਨਾ ਕੋਇ ਨਿਸ਼ਾਨੀ । ਜੇ ਬੈਠਾ ਰਿਹੋਂ ਚੁਪ, ਅੰਤ ਹੋਊ ਤੇਰੀ ਹਾਨੀ । ਤੇਰਾ ਗੋਬਿੰਦ ਬੂਟਾ ਰਿਹਾ ਸੁਕ, ਜਾ ਕੇ ਅੰਮ੍ਰਿਤ ਦੇ ਪਾਣੀ । ਛੋਟੇ ਬਾਲਿਆਂ ਗੋਦੀ ਚੁੱਕ, ਜਿਨ੍ਹਾਂ ਨੀਹਾਂ ਹੇਠ ਦਿਤੀ ਕੁਰਬਾਨੀ । ਜਾ ਆਪਣੀ ਮੇਟ ਭੁੱਖ, ਰਾਹ ਤੱਕੇ ਤੇਰਾ ਚਾਰ ਖਾਣੀ । ਧਰਤ ਧਵਲ ਸੁਖਣਾ ਰਹੀ ਸੁਖ, ਨੇਤਰ ਨੈਣਾਂ ਨੀਰ ਵਹਾਈਆ । ਚੌਕੜੀ ਔਧ ਰਹੀ ਪੁਗ, ਦਿਸੇ ਸੁਘੜ ਸੁਚੱਜੀ ਨਾ ਕੋਇ ਸਵਾਣੀ । ਹੁਣ ਕਿਉਂ ਬੈਠਾ ਸਾਹਿਬ ਲੁਕ, ਪਿਛੇ ਜੁਗ ਚੌਕੜੀ ਆਪਣੀ ਦੱਸਦਾ ਰਿਹੋਂ ਬਾਣੀ । ਸੂਰਬੀਰ ਹੋ ਕੇ ਉਠ, ਕਰ ਖੇਲ ਆਪ ਮਹਾਨੀ । ਮੇਲ ਮਿਲਾ ਗੋਬਿੰਦ ਸੁਤ, ਦੇ ਆਪਣੇ ਨਾਮ ਜਵਾਨੀ । ਦੋ ਜਹਾਨਾਂ ਜਾ ਕੇ ਪੁੱਛ, ਸ਼ਹਿਨਸ਼ਾਹ ਸ਼ਾਹ ਸੁਲਤਾਨੀ । ਆਪਣੇ ਨਿਸ਼ਾਨਿਉਂ ਮੂਲ ਨਾ ਉਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰਾ ਘਰ ਪਦ ਨਿਰਬਾਣੀ । ਸਚਖੰਡ ਸੁਣ, ਸੱਚੀ ਸਚ ਜਣਾਈਆ । ਮੈਂ ਛੇਤੀ ਜਾਵਾਂ ਹੁਣ, ਆਪਣਾ ਪੰਧ ਮੁਕਾਈਆ । ਭਗਤ ਸਾਚੇ ਲਵਾਂ ਚੁਣ, ਲੱਖ ਚੁਰਾਸੀ ਖੋਜ ਖੁਜਾਈਆ । ਇਕ ਸਮਝਾਵਾਂ ਆਪਣਾ ਗੁਣ, ਗੁਰਾ ਇਕ ਦੇਹਿ ਬੁਝਾਈਆ । ਜੀਵ ਜੰਤ ਛਾਣ ਪੁਣ, ਸਾਧ ਸੰਤ ਬਾਹਰ ਕਢਾਈਆ । ਨਾਮ ਨਿਧਾਨ ਵਜਾਵਾਂ ਧੁਨ, ਧੁਨ ਆਤਮਕ ਰਾਗ ਸੁਣਾਈਆ । ਕਰਾਂ ਖੇਲ ਆਪਣਾ ਫੁਨ, ਫੁਰੇ ਮੰਤਰ ਸਭਨੀ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਰਿਹਾ ਜਣਾਈਆ । ਸਚਖੰਡ ਕਹੇ ਸਾਹਿਬ ਬੜਾ ਦੂਲ੍ਹਾ, ਬੇਅੰਤ ਤੇਰੀ ਵੱਡੀ ਵਡਿਆਈਆ । ਜੁਗ ਚੌਕੜੀ ਫਲਿਆ ਫੂਲਾ, ਲੱਖ ਚੁਰਾਸੀ ਮਾਤ ਲਹਿਰਾਈਆ । ਗੁਰ


੯੨੯
੧੩

ਅਵਤਾਰ ਪੀਰ ਪੈਗ਼ੰਬਰ ਤੇਰਾ ਲੈਂਦੇ ਗਏ ਝੂਲਾ, ਝੂਲਾ ਜੀਵ ਜੰਤ ਜਣਾਈਆ । ਨਿਰਗੁਣ ਤੇਰਾ ਦੱਸਦੇ ਗਏ ਸਤਿ ਅਸੂਲਾ, ਅਸਲੀਯਤ ਲਿਖ ਲਿਖ ਲੇਖ ਸਮਝਾਈਆ । ਤੇਰਾ ਆਦਿ ਨਾ ਜਾਣੇ ਕੋਈ ਮੂਲਾ, ਅੰਤ ਭੇਵ ਕਹਿਣ ਨਾ ਪਾਈਆ । ਤੇਰਾ ਹਕੀਕਤ ਵਿਚ ਜਵਾਬ ਦਿਤਾ ਨਾ ਕਿਸੇ ਮਾਅਕੂਲਾ, ਮੁਖ਼ਬਰ ਬਣ ਕੇ ਮੁਖ਼ਬਰੀ ਗਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਵੱਜੀ ਵਧਾਈਆ । ਸਚਖੰਡ ਰੱਖ ਉਡੀਕ, ਹਰਿ ਹਰਿ ਜੂ ਆਪ ਜਣਾਇੰਦਾ । ਕਰੇ ਖੇਲ ਲਾਸ਼ਰੀਕ, ਸ਼ਿਰਕਤ ਸਭ ਦੀ ਮੇਟ ਮਿਟਾਇੰਦਾ । ਤੇਰੇ ਵੇਂਹਦਿਆਂ ਮੇਰੀ ਆਈ ਤਰੀਕ, ਜਨ ਭਗਤਾਂ ਮੇਲ ਮਿਲਾਇੰਦਾ । ਸਚ ਦਵਾਰੇ ਬੱਝੇ ਪ੍ਰੀਤ, ਪ੍ਰੀਤੀ ਇਕੋ ਇਕ ਸਮਝਾਇੰਦਾ । ਸਤਿ ਧਰਮ ਦੀ ਚਲੇ ਰੀਤ, ਰੀਤੀਵਾਨ ਆਪ ਦਰਸਾਇੰਦਾ । ਇਕੋ ਗਾਵਣ ਢੋਲਾ ਗੀਤ, ਮੰਦਰ ਇਕੋ ਨਜ਼ਰੀ ਆਇੰਦਾ । ਇਕੋ ਬੈਠਾ ਰਹੇ ਅਤੀਤ, ਤ੍ਰੈਗੁਣ ਮਾਇਆ ਡੇਰਾ ਢਾਹਿੰਦਾ । ਇਕੋ ਸਭ ਨੂੰ ਲਏ ਜੀਤ, ਜਿਤ ਆਪਣੇ ਹੱਥ ਰਖਾਇੰਦਾ । ਜਨ ਭਗਤਾਂ ਕਰ ਕਾਇਆ ਠਾਂਡੀ ਸੀਤ, ਸੀਤਲ ਧਾਰ ਵਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਤੇਰੀ ਆਸਾ ਪੂਰ ਕਰਾਇੰਦਾ । ਤੇਰੀ ਆਸਾ ਪੂਰ ਕਰਾਵਾਂਗਾ । ਬਣ ਪਾਂਧੀ ਰਾਹੀ ਜਾਵਾਂਗਾ । ਗੁਰ ਅਵਤਾਰ ਪੀਰ ਰਾਹ ਵਿਚੋਂ ਨਾਲ ਮਿਲਾਵਾਂਗਾ । ਪੈਗ਼ੰਬਰ ਇਸ਼ਾਰਿਆਂ ਨਾਲ ਸਮਝਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਹਨੋਰਿਆਂ ਨਾਲ ਉਠਾਵਾਂਗਾ । ਕਰੋੜ ਤੇਤੀਸਾ ਫੇਰਿਆਂ ਨਾਲ ਮਿਲਾਵਾਂਗਾ । ਬਣ ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਅਸਵ ਘੋੜੇ ਆਸਣ ਪਾਵਾਂਗਾ । ਸੇਵਾ ਲਾ ਰਾਗ ਛਤੀਸਾ, ਛੱਤੀ ਜੁਗ ਦਾ ਗੇੜ ਚੁਕਾਵਾਂਗਾ । ਖ਼ਾਲੀ ਕਰ ਸਭ ਦਾ ਖੀਸਾ, ਖ਼ਾਲੀ ਹੱਥ ਫਿਰਾਵਾਂਗਾ । ਨਿਰਗੁਣ ਵੇਖ ਸਰਗੁਣ ਬੀਸਾ, ਬਿਸਤਰਾ ਸਭ ਦਾ ਗੋਲ ਕਰਾਵਾਂਗਾ । ਸਾਚੇ ਤਖ਼ਤ ਬੈਠ ਜਗਦੀਸਾ, ਜਗਦੀਸ਼ਰ ਆਪ ਅਖਵਾਵਾਂਗਾ । ਛਤਰ ਝੁਲੇ ਏਕਾ ਸੀਸਾ, ਸੀਸ ਜਗਦੀਸ ਤਾਜ ਵਡਿਆਵਾਂਗਾ । ਦੋ ਜਹਾਨਾਂ ਪੀਸਣ ਪੀਸਾ, ਲੋਆਂ ਪੁਰੀਆਂ ਵੇਖ ਵਖਾਵਾਂਗਾ । ਲੇਖਾ ਜਾਣੇ ਸਿੰਘ ਮਨਜੀਤਾ, ਮਨ ਜਿਤ ਸਰਬ ਸਮਝਾਵਾਂਗਾ । ਖੇਲੇ ਖੇਲ ਆਪ ਜਗਦੀਸਾ, ਜਗਤ ਜੁਗ ਰਾਹ ਜਣਾਵਾਂਗਾ । ਭਗਤ ਦਵਾਰ ਮੇਲ ਅਨਡੀਠਾ, ਅਨਡਿਠੜੀ ਕਾਰ ਕਮਾਵਾਂਗਾ । ਮਿਠਾ ਕਰ ਕੇ ਕੌੜਾ ਰੀਠਾ, ਅੰਮ੍ਰਿਤ ਰਸ ਭਰਾਵਾਂਗਾ । ਭਗਤ ਭਗਵਾਨ ਸਚ ਪ੍ਰੀਤਾ, ਪਰਮ ਪੁਰਖ ਹੋ ਸਮਝਾਵਾਂਗਾ । ਨਿਰਗੁਣ ਹੋ ਕੇ ਵਸ ਚੀਤਾ, ਚੇਤਨ ਸਰਬ ਕਰਾਵਾਂਗਾ । ਸਚ ਸਿੰਘਾਸਣ ਬੈਠ ਅਤੀਤਾ, ਲੋਕ ਪਰਲੋਕ ਇਕੋ ਨਾਦ ਵਜਾਵਾਂਗਾ । ਨਾਉਂ ਧਰ ਪੁਰਖ ਅਬਿਨਾਸ਼ਨ , ਅਬਿਨਾਸ਼ੀ ਰਾਹ ਚਲਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤ ਦਵਾਰੇ ਬਹਿ ਬਹਿ ਆਪਣਾ ਰਾਗ ਅਲਾਵਾਂਗਾ । ਸਚਖੰਡ ਕਹੇ ਕੇਹੜਾ ਭਗਤ ਦਵਾਰ, ਕਵਣ ਕੂਟੇ ਰਿਹਾ ਬਣਾਈਆ । ਜਿਸ ਗ੍ਰਿਹਿ ਕਰੇਂ ਸ਼ੰਗਾਰ, ਆਪਣੀ ਸ਼ਾਨ ਵਖਾਈਆ । ਜਿਸ ਅੰਦਰ ਕਰੇਂ ਉਜਿਆਰ, ਆਪਣਾ ਨੂਰ ਧਰਾਈਆ । ਜਿਸ ਮੰਦਰ ਦਏਂ ਆਧਾਰ, ਦੋ ਜਹਾਨ ਮਿਲੇ ਵਡਿਆਈਆ । ਜਿਸ ਗ੍ਰਿਹਿ ਭਗਤਾਂ ਕਰੇਂ ਪਿਆਰ, ਪਰੇਮ ਪ੍ਰੀਤੀ ਇਕ ਸਿਖਾਈਆ । ਜਿਸ ਦਵਾਰੇ ਗੁਰ ਅਵਤਾਰ ਰੱਖੇਂ ਨਾਲ, ਪੀਰ ਪੈਗ਼ੰਬਰ ਚਰਨਾਂ ਵਿਚ ਬਿਠਾਈਆ । ਜਿਸ ਘਰ ਵਿਸ਼ਨ ਬ੍ਰਹਮਾ ਸ਼ਿਵ ਵਜਾਵਣ ਤਾਲ, ਬੈਠੇ ਤਾੜੀਆਂ ਲਾਈਆ । ਜਿਸ ਦਰ ਆਪਣੀ ਘਾਲਣ ਲਏ ਘਾਲ, ਕੀਤੀ ਘਾਲ ਲੇਖੇ ਪਾਈਆ । ਸੋ ਮੰਦਰ ਕਵਣ ਬੇਮਿਸਾਲ, ਮਿਸਲ ਸਾਚੀ ਰਿਹਾ ਬਣਾਈਆ । ਮੇਰਾ ਪੂਰਾ ਕਰ ਸਵਾਲ, ਆਪਣਾ ਖੋਲ੍ਹ ਹਾਲ ਜਣਾਈਆ । ਪੁਰਖ ਅਬਿਨਾਸ਼ੀ

ਹੋ ਦਿਆਲ, ਸਚ ਦਵਾਰੇ ਰਿਹਾ ਜਣਾਈਆ । ਜਿਸ ਦਵਾਰੇ ਨੀਹਾਂ ਹੇਠਾਂ ਦਿਤੇ ਬਾਲ, ਸੋ ਦਵਾਰਾ ਦੋ ਜਹਾਨਾਂ ਕਰੇ ਰੁਸ਼ਨਾਈਆ । ਉਸ ਦਵਾਰੇ ਨੇੜ ਨਾ ਆਏ ਕਾਲ ਮਹਾਂਕਾਲ, ਰਾਏ ਧਰਮ ਨਾ ਦਏ ਸਜ਼ਾਈਆ । ਪਹਿਲੀ ਚੇਤਰ ਸੱਚਾ ਮਾਰਗ ਆਵਾਂ ਸਿਖਾਲ, ਚੌਥੀ ਮੰਜ਼ਲ ਚੜ੍ਹ ਕੇ ਆਪਣਾ ਹੁਕਮ ਸੁਣਾਈਆ । ਦੋਹਾਂ ਹੱਥਾਂ ਉਤੇ ਸੁਆਲ, ਦੋਹਾਂ ਦਾ ਲੇਖਾ ਅੱਗੇ ਫੇਰ ਬੁਝਾਈਆ । ਕਰੇ ਖੇਲ ਆਪ ਕਮਾਲ, ਕਰਤਬ ਨਜ਼ਰ ਕਿਸੇ ਨਾ ਆਈਆ । ਭਗਤ ਵਛਲ ਹੋ ਕਿਰਪਾਲ, ਭਗਤਾਂ ਦੇਵੇ ਮਾਣ ਵਡਿਆਈਆ । ਆਪਣੀ ਪ੍ਰੀਤੀ ਕਰ ਹਲਾਲ, ਛੁਰੀ ਗੁਰਮੁਖ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰ ਰਿਹਾ ਬਣਾਈਆ । ਸਚਖੰਡ ਦਵਾਰਾ ਖੋਲ੍ਹੇ ਅੱਖ, ਨੈਣ ਨੈਣ ਉਠਾਈਆ । ਮੈਂ ਵੇਖਾਂ ਪ੍ਰਭ ਦਾ ਖੇਲ ਪਰਤੱਖ, ਜੋ ਲੋਕਮਾਤ ਰਿਹਾ ਕਰਾਈਆ । ਜਨ ਭਗਤਾਂ ਕਰੇ ਕਿਵੇਂ ਪੱਖ, ਪੱਤ ਪਤਵੰਤਾ ਸੱਚਾ ਮਾਹੀਆ । ਜੁਗ ਚੌਕੜੀ ਇਹਦਾ ਗੌਂਦੇ ਆਏ ਜਸ, ਕਿਉਂ ਇਹ ਭਗਤਾਂ ਜਸ ਰਿਹਾ ਗਾਈਆ । ਨਿਰਗੁਣ ਹੋ ਕੇ ਹੋਇਆ ਵਸ, ਸਰਗੁਣ ਅੰਦਰ ਡੇਰਾ ਲਾਈਆ । ਗ਼ਰੀਬਾਂ ਵਿਚ ਗਿਆ ਫਸ, ਭੁੱਖਿਆਂ ਅੱਗੇ ਆਪਣਾ ਵਾਸਤਾ ਪਾਈਆ । ਭੱਜਾ ਫਿਰੇ ਹੋ ਅਨਥੱਕ, ਚਾਰੋਂ ਕੁੰਟ ਵਾਹੋ ਦਾਹੀਆ । ਅੱਗੋਂ ਕੋਈ ਨਾ ਸਕੇ ਡੱਕ, ਕੋਟਨ ਕੋਟ ਬੈਠੇ ਆਪਣਾ ਬਲ ਧਰਾਈਆ । ਨੇੜੇ ਆ ਕੇ ਸਭ ਨੂੰ ਵੱਜੇ ਫੱਟ, ਮੂੰਹ ਦੇ ਭਾਰ ਰਿਹਾ ਸੁਟਾਈਆ । ਜਨ ਭਗਤਾਂ ਖੋਲ੍ਹ ਹੱਟ, ਦਵਾਰਾ ਇਕੋ ਇਕ ਦਰਸਾਈਆ । ਕਰੇ ਖੇਲ ਪੁਰਖ ਸਮਰਥ, ਸਮਰਥ ਆਪਣੀ ਕਲ ਵਰਤਾਈਆ । ਦਵਾਰਾ ਖੋਲ੍ਹ ਨਾ ਕਰੇ ਬਸ, ਅੱਗੇ ਭੇਵ ਅਭੇਦ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਵਿਕਿਆ ਭਗਤਾਂ ਹੱਟ, ਭਗਤ ਆਪਣੇ ਪਰੇਮ ਹਟ ਵਿਕਾਈਆ । ਪਰੇਮ ਹੱਟ ਔਝੜ ਰਾਹ, ਪੀਰ ਪੈਗ਼ੰਬਰ ਗੁਰ ਅਵਤਾਰ ਲਏ ਫਸਾ, ਆਪ ਆਪਣੀ ਕਲ ਧਰਾਇੰਦਾ । ਫੇਰ ਸੂਲੀਆਂ ਉਤੇ ਦਏ ਚੜ੍ਹਾ, ਤਨ ਖਲੜੀ ਆਪ ਲੁਹਾਇੰਦਾ । ਤਤੀਆਂ ਲੋਹਾਂ ਉਤੇ ਦਏ ਬਹਾ, ਸੀਸ ਧੜ ਵੰਡ ਵੰਡਾਇੰਦਾ । ਬਾਲੇ ਨੀਹਾਂ ਹੇਠ ਦਬਾ, ਸਬਰ ਸ਼ੁਕਰ ਇਕ ਸਮਝਾਇੰਦਾ । ਏਸੇ ਕਰ ਕੇ ਬੇਪਰਵਾਹ, ਬੇਪਰਵਾਹੀ ਖੇਲ ਕਰਾਇੰਦਾ । ਜਿਸ ਨੂੰ ਆਪਣਾ ਪਰੇਮ ਪਿਆਰ ਦਿਤਾ ਸਿਖਾ, ਜਗਤ ਨਾਤਾ ਤੋੜ ਤੁੜਾਇੰਦਾ । ਸੋ ਗੁਰਮੁਖ ਗੁਰ ਸਤਿਗੁਰ ਉਤੋਂ ਹੋਏ ਫ਼ਿਦਾ, ਫ਼ੈਸਲਾ ਇਕੋ ਵਾਰ ਜਣਾਇੰਦਾ । ਭਗਤ ਭਗਵਾਨ ਰਾਹ ਵਖਾ ਸਿਧਾ, ਉਚੇ ਡੰਡੇ ਆਪ ਚੜ੍ਹਾਇੰਦਾ । ਆਪਣੇ ਮਿਲਣ ਦੀ ਆਪ ਜਣਾਏ ਬਿਧਾ, ਬਿਧ ਅੰਤਰ ਆਤਮ ਆਪ ਰਖਾਇੰਦਾ । ਜੇ ਕੋਈ ਪੁਛੇ ਭਗਵਾਨ ਕਿਡਾ, ਕਹੇ, ਨਿੱਕਾ ਹੋ ਕੇ ਸਾਡੇ ਅੰਦਰ ਡੇਰਾ ਲਾਇੰਦਾ । ਪਰੇਮ ਪ੍ਰੀਤੀ ਅੰਦਰ ਭਿਜਾ, ਭਿੰਨੜੀ ਰੁੱਤ ਸੁਹਾਇੰਦਾ । ਜੇ ਕੋਈ ਪੁਛੇ ਕਿਵੇਂ ਖੋਲ੍ਹੇ ਨੈਣ ਤੀਜਾ, ਰਸਨਾ ਕਹੇ ਰਾਤੀਂ ਸੁੱਤਿਆਂ ਦਰਸ ਕਰਾਇੰਦਾ । ਜੇ ਕੋਈ ਪੁਛੇ ਕਿਉਂ ਕਰ ਰੀਝਾ, ਰਸਨਾ ਕਹੇ ਫੜ ਬਾਂਹੋਂ ਗੋਦ ਬਹਾਇੰਦਾ । ਜੇ ਕੋਈ ਪੁਛੇ ਭਗਤ ਬੀਜ ਕਿਵੇਂ ਬੀਜਾ, ਰਸਨਾ ਕਹੇ ਸੁਤ ਅਨਾਦੀ ਨਾਉਂ ਧਰਾਇੰਦਾ । ਜੇ ਕੋਈ ਪੁੱਛੇ ਤੁਹਾਨੂੰ ਕੇਹੜੀ ਦੇਵੇ ਚੀਜਾ, ਰਸਨਾ ਕਹੇ ਅੰਮ੍ਰਿਤ ਰਸ ਪਰੇਮ ਪਿਆਲਾ ਨਿਝਰ ਝਿਰਨਾ ਝਿਰਾਇੰਦਾ । ਜੇ ਕੋਈ ਪੁਛੇ ਕਿਵੇਂ ਕਰੇ ਪਾਰ ਦਹਿਲੀਜਾਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤ ਭਗਵਾਨ ਇਕੋ ਘਰ ਵਸਾਇੰਦਾ । ਪ੍ਰਭੂ ਅਸੀਂ ਨਹੀਂ ਦੱਸਣ ਜੋਗ, ਭਗਤ ਰਹੇ ਜਣਾਈਆ । ਸਾਨੂੰ ਨਹੀਂ ਪਤਾ ਕਿਉਂ ਕੀਤਾ ਸੰਜੋਗ, ਕਿਸ ਬਿਧ ਮੇਲ ਮਿਲਾਈਆ । ਕਿਉਂ ਕੱਟਿਆ ਵਛੋੜਾ ਰੋਗ, ਦੁਖੀਆਂ ਸੁਖ

ਵਖਾਈਆ । ਨਾ ਜਾਣੀਏ ਕਿਵ ਚੁਗਾਏਂ ਚੋਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੇ ਦਰ ਤੇਰਾ ਵਰ, ਤੇਰੇ ਵਿਚ ਵਖਾਈਆ ।

### ❇ ੧੯ ਫੱਗਣ ੨੦੧੯ ਬਿਕ੍ਰਮੀ ਕੌੜਾ ਮਲ ਦੇ ਗ੍ਰਹਿ ਇਟਾਰਸੀ ❇

ਸਚ ਦੱਸ ਪ੍ਰਭ ਏਕੰਕਾਰ, ਸਚਖੰਡ ਦਵਾਰ ਧਿਆਨ ਲਗਾਇੰਦਾ । ਤੇਰਾ ਖੇਲ ਅਗੰਮ ਅਪਾਰ, ਅਥਾਹ ਭੇਵ ਕੋਇ ਨਾ ਪਾਇੰਦਾ । ਕਲਜੁਗ ਅੰਤ ਲੈ ਅਵਤਾਰ, ਨਿਰਗੁਣ ਰੂਪ ਵਟਾਇੰਦਾ । ਸਾਚੇ ਮੰਦਰ ਹੋ ਉਜਿਆਰ, ਤਖ਼ਤ ਨਿਵਾਸੀ ਸੋਭਾ ਪਾਇੰਦਾ । ਸਚ ਸੰਦੇਸਾ ਦਏ ਸੰਸਾਰ, ਸ਼ਬਦ ਅਗੰਮੀ ਰਾਹ ਜਣਾਇੰਦਾ । ਭਗਤ ਭਗਵੰਤ ਮਾਤ ਉਠਾਲ, ਸਾਚੀ ਸਿਖਿਆ ਸਿਖ ਸਮਝਾਇੰਦਾ । ਨਾਤਾ ਤੋੜ ਸ਼ਾਹ ਕੰਗਾਲ, ਸ਼ਹਿਨਸ਼ਾਹ ਇਕੋ ਰੰਗ ਵਖਾਇੰਦਾ । ਧਰਮ ਦਵਾਰ ਇਕ ਧਰਮਸਾਲ, ਸ਼ਿਵਦਵਾਲਾ ਮੱਠ ਇਕੋ ਨਜ਼ਰੀ ਆਇੰਦਾ । ਇਸ਼ਟ ਗੁਰਦੇਵ ਇਕੋ ਨਿਭੇ ਨਾਲ, ਆਤਮ ਪਰਮਾਤਮ ਆਪ ਜਣਾਇੰਦਾ । ਹਰਿਜਨ ਅਨਮੁਲੜੇ ਵੇਖ ਲਾਲ, ਲੱਖ ਚੁਰਾਸੀ ਫੋਲ ਫੁਲਾਇੰਦਾ । ਨਿਰਵੈਰ ਹੋ ਬਣੇ ਦਲਾਲ, ਨਿਰਾਕਾਰ ਸੇਵ ਕਮਾਇੰਦਾ । ਸਾਚੀ ਸਿਖਿਆ ਇਕ ਸਿਖਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਮਾਇੰਦਾ । ਸਚਖੰਡ ਹੋਏ ਹੈਰਾਨ, ਹੈਰਾਨਗੀ ਆਪਣੀ ਰਿਹਾ ਜਣਾਈਆ । ਪਰਗਟ ਹੋ ਸ੍ਰੀ ਭਗਵਾਨ, ਲੋਕਮਾਤ ਦਏ ਵਡਿਆਈਆ । ਜਨ ਭਗਤ ਕਰ ਪਰਵਾਨ, ਨਾਮ ਪਰਵਾਨਾ ਹੱਥ ਫੜਾਈਆ । ਸਚ ਸੰਦੇਸਾ ਦਏ ਜਹਾਨ, ਜੀਵਣ ਜੁਗਤ ਇਕ ਜਣਾਈਆ । ਸੋਹੰ ਅੱਖਰ ਨਾਮ ਮਹਾਨ, ਆਤਮ ਪਰਮਾਤਮ ਕਰੇ ਕੁੜਮਾਈਆ । ਕੂੜੀ ਕਿਰਿਆ ਮਿਟੇ ਅੰਧ ਅੰਧਿਆਨ, ਜਗਤ ਅੰਧੇਰਾ ਦਏ ਗਵਾਈਆ । ਸਚ ਵਖਾਏ ਇਕ ਮਕਾਨ, ਭਗਤ ਦਵਾਰ ਸੋਭਾ ਪਾਈਆ । ਨਿਰਮਲ ਨੂਰ ਧਰ ਮਹਾਨ, ਦੀਵਾ ਬਾਤੀ ਇਕੋ ਡਗਮਗਾਈਆ । ਕਾਗ਼ਜ਼ ਕਲਮ ਸਰਬ ਸ਼ਰਮਾਣ, ਹਰਿ ਕਾ ਜਸ ਲਿਖਿਆ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਰਿਹਾ ਵਖਾਈਆ । ਸਚਖੰਡ ਦਵਾਰ ਖੋਲ੍ਹੇ ਤਾਕ, ਆਪਣਾ ਪੜਦਾ ਆਪ ਉਠਾਇੰਦਾ । ਪਾਰਬ੍ਰਹਮ ਪ੍ਰਭ ਪੂਰਾ ਕਰੇ ਭਵਿਖਤ ਵਾਕ, ਪਿਛਲੀ ਕਰਨੀ ਆਪਣੇ ਹੱਥ ਰਖਾਇੰਦਾ । ਸ਼ਾਹ ਅਸਵਾਰਾ ਚੜ੍ਹ ਕੇ ਜਾਏ ਸਾਚੇ ਰਾਕ, ਅਸਵ ਇਕੋ ਇਕ ਦੌੜਾਇੰਦਾ । ਲੋਕ ਪਰਲੋਕ ਵੇਖੇ ਮਾਰ ਝਾਕ, ਨੇਤਰ ਨੈਣ ਆਪ ਖੁਲ੍ਹਾਇੰਦਾ । ਭਗਤ ਭਗਵਾਨ ਲੱਭੇ ਸਾਥ, ਸਗਲਾ ਸੰਗ ਨਿਭਾਇੰਦਾ । ਨਾਮ ਅਗੰਮ ਦੇਵੇ ਦਾਤ, ਅਨਮੁਲੜੀ ਦਾਤ ਵਰਤਾਇੰਦਾ । ਆਤਮ ਪਰਮਾਤਮ ਜਣਾ ਸਚ ਕਰਾਮਾਤ, ਕਰਵਟ ਆਪਣੀ ਆਪ ਬਦਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਵਖਾਇੰਦਾ । ਸਚਖੰਡ ਦਵਾਰੇ ਮਾਰ ਧਿਆਨ, ਸੋ ਪੁਰਖ ਨਿਰੰਜਣ ਆਪ ਜਣਾਈਆ । ਕਲਜੁਗ ਅੰਤ ਹੋ ਮਿਹਰਵਾਨ, ਮਿਹਰ ਨਜ਼ਰ ਇਕ ਉਠਾਈਆ । ਸਾਚੇ ਸੰਤ ਕਰ ਪਰਵਾਨ, ਭਗਤ ਭਗਵਾਨ ਹੋਏ ਸਹਾਈਆ । ਸਾਚੀ ਕਿਰਪਾ ਕਰੇ ਆਣ, ਨਿਹਕਰਮੀ ਕਰਮ ਕਮਾਈਆ । ਲੇਖਾ ਲਿਖੇ ਆਪ ਮਹਾਨ, ਮਹਿਮਾ ਅਗਣਤ ਗਣੀ ਨਾ ਜਾਈਆ । ਸਾਚਾ ਮੰਦਰ ਸਤਿ ਮਕਾਨ, ਸਤਿ ਸਤਿਵਾਦੀ ਕਰੇ ਰੁਸ਼ਨਾਈਆ । ਭਗਤ ਦਵਾਰ ਵਡ ਬਲਵਾਨ, ਬਲ ਬਾਵਨ ਮੰਗ ਮੰਗਾਈਆ । ਦਰਗਹਿ ਸਾਚੀ ਬਣਿਆ ਇਕ ਵਿਧਾਨ, ਪੰਚਮ ਮੇਲਾ ਚਾਈਂ ਚਾਈਂਆ । ਪੰਚਮ ਪੰਚ ਹੋਏ ਸਵਾਧਾਨ, ਆਪ ਆਪਣਾ ਆਲਸ ਲਾਹੀਆ । ਮੰਗਣ

ਮੰਗ ਨੌਜਵਾਨ, ਅੱਗੇ ਆਪਣੀ ਝੋਲੀ ਡਾਹੀਆ । ਤ੍ਰੈ ਪੰਜ ਹੋਏ ਪਰਧਾਨ, ਸਚ ਪਰਧਾਨਗੀ ਦੇ ਸੱਚੇ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਰਿਹਾ ਜਣਾਈਆ । ਸਚਖੰਡ ਦਵਾਰੇ ਤੇਰੀ ਵੰਡ, ਲੋਕਮਾਤ ਜਣਾਇੰਦਾ । ਪਰਗਟ ਹੋ ਸੂਰਾ ਸਰਬੰਗ, ਸਾਹਿਬ ਸਤਿਗੁਰ ਧਾਰ ਵਖਾਇੰਦਾ । ਭਗਤ ਭਗਵਾਨ ਪੂਰੀ ਕਰੇ ਮੰਗ, ਆਸਾ ਆਸਾ ਝੋਲੀ ਪਾਇੰਦਾ । ਨਾਮ ਨਿਧਾਨ ਵਜਾਏ ਮਰਦੰਗ, ਦੋ ਜਹਾਨ ਸੁਣਾਇੰਦਾ । ਪੰਚਮ ਚਾੜ੍ਹੇ ਸਾਚਾ ਰੰਗ, ਰੰਗ ਰੰਗੀਲਾ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਰਾਇੰਦਾ । ਪੰਚ ਹੋਏ ਪਰਧਾਨ, ਪੰਚ ਮਿਲੇ ਵਡਿਆਈਆ । ਪੰਚਾਂ ਮਿਲਿਆ ਦਰਗਹਿ ਮਾਣ, ਦਰ ਸਾਚੇ ਖ਼ੁਸ਼ੀ ਵਖਾਈਆ । ਪੰਚਾਂ ਦਾ ਗੁਰ ਇਕ ਧਿਆਨ, ਪੁਰਖ ਅਕਾਲ ਨਜ਼ਰੀ ਆਈਆ । ਪੰਜਾਂ ਮਿਲਿਆ ਸ਼ਾਹ ਸੁਲਤਾਨ, ਰਾਜ ਰਾਜਾਨ ਬੇਪਰਵਾਹੀਆ । ਪੰਚਾਂ ਦਿਤਾ ਇਕ ਗਿਆਨ, ਨਿਰਗੁਣ ਨਿਰਗੁਣ ਕਰ ਪੜ੍ਹਾਈਆ । ਪੰਚਾਂ ਚਰਨ ਕਵਲ ਦੇ ਧਿਆਨ, ਸਚ ਮਕਾਨ ਇਕ ਵਖਾਈਆ । ਸਚਖੰਡ ਬਹਾਏ ਨੌਜਵਾਨ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਈਆ । ਪੰਚਮ ਹੋਏ ਨੌਜਵਾਨ, ਆਪਣਾ ਬਲ ਧਰਾਈਆ । ਨੇਤਰ ਖੋਲ੍ਹਣ ਸਚ ਮਕਾਨ, ਨੈਣ ਅੱਖ ਬਦਲਾਈਆ । ਮੰਗਣ ਮੰਗ ਸ੍ਰੀ ਭਗਵਾਨ, ਹਰਿ ਜੂ ਅੱਗੇ ਝੋਲੀ ਡਾਹੀਆ । ਪਿਛਲੀ ਚੁਕੇ ਪਿਛੇ ਕਾਣ, ਅਗਲਾ ਮਾਰਗ ਇਕ ਦਰਸਾਈਆ । ਤੇਰਾ ਮੇਲਾ ਵਿਚ ਜਹਾਨ, ਨਿਰਗੁਣ ਇਸ਼ਟ ਤੇਰਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਝੋਲੀ ਡਾਹੀਆ । ਪੰਜੇ ਮੰਗਣ ਮੰਗ, ਝੋਲੀ ਡਾਹੀਆ । ਸ੍ਰੀ ਭਗਵਾਨ ਦੇ ਅਨੰਦ, ਇਕੋ ਆਸ ਰਖਾਈਆ । ਭਗਤ ਤੇਰੇ ਚੜ੍ਹਨ ਚੰਦ, ਲੋਕਮਾਤ ਹੋਏ ਰੁਸ਼ਨਾਈਆ । ਤੇਰਾ ਢੋਲਾ ਗਾਵਣ ਛੰਦ, ਗੀਤ ਗੋਬਿੰਦ ਇਕ ਅਲਾਈਆ । ਤੇਰਾ ਨਾਮ ਵੱਜੇ ਮਰਦੰਗ, ਦੂਜੀ ਅਵਰ ਨਾ ਕੋਇ ਸ਼ਨਵਾਈਆ । ਤ੍ਰੈਲੋਆਂ ਬਹਿਣ ਲੰਘ, ਤੇਰੇ ਮੰਦਰ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਰ ਵਖਾਈਆ । ਪੰਚ ਕਹਿਣ ਪ੍ਰਭ ਹੋ ਤਿਆਰ, ਤੇਰੇ ਅੱਗੇ ਇਕ ਅਰਦਾਸ । ਜਨ ਭਗਤਾਂ ਕਰ ਸਚ ਪਿਆਰ, ਲੋਕਮਾਤ ਹੋ ਪਰਕਾਸ਼ । ਗ਼ਰੀਬ ਨਿਮਾਣਿਆਂ ਦੇ ਧਰਵਾਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਦ ਵਸਣ ਤੇਰੇ ਪਾਸ । ਸ੍ਰੀ ਭਗਵਾਨ ਗਿਆ ਮੰਨ, ਸਤਿ ਸਚ ਦ੍ਰਿੜ੍ਹਾਇੰਦਾ । ਭਗਤ ਭਗਵਾਨ ਚੜ੍ਹਾਏ ਚੰਨ, ਚੰਦ ਕਿਰਨ ਰੂਪ ਰੁਸ਼ਨਾਇੰਦਾ । ਅੰਤਮ ਬੇੜਾ ਦੇਵੇ ਬੰਨ੍ਹ, ਭਾਰ ਆਪਣੇ ਕੰਧ ਉਠਾਇੰਦਾ । ਲੇਖਾ ਜਾਣੇ ਜਨਨੀ ਜਨ, ਦਰ ਘਰ ਸਾਚਾ ਫੋਲ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਚਾਂ ਏਕਾ ਹੁਕਮ ਜਣਾਇੰਦਾ । ਪੰਚ ਪੰਚ ਮੈਂ ਜਾਵਾਂਗਾ । ਪਰਪੰਚ ਜਗਤ ਮਿਟਾਵਾਂਗਾ । ਰੰਚਕ ਇਕੋ ਨਾਮ ਜਪਾਵਾਂਗਾ । ਸੰਝ ਸਵੇਰ ਇਕ ਵਖਾਵਾਂਗਾ । ਕਲਜੁਗ ਅੰਤ ਦੇਰ ਨਾ ਲਾਵਾਂਗਾ । ਗੁਰਮੁਖ ਘੇਰ ਘੇਰ ਉਠਾਵਾਂਗਾ । ਸਚ ਦਵਾਰੇ ਫੜ ਬਹਾਵਾਂਗਾ । ਨਿਰਗੁਣ ਰੂਪ ਨਜ਼ਰੀ ਆਵਾਂਗਾ । ਸਤਿ ਸਰੂਪ ਵਖਾਵਾਂਗਾ । ਚਾਰੇ ਕੂਟਾਂ ਕੂੜੀ ਕਿਰਿਆ ਡੇਰਾ ਢਾਵਾਂਗਾ । ਸਚ ਸਪੂਤ ਆਪ ਉਪਜਾਵਾਂਗਾ । ਬਿਨ ਤਾਣਾ ਪੇਟਾ ਸੂਤ, ਆਪਣੀ ਗੰਢ ਰਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਮੇਲ ਮਿਲਾਵਾਂਗਾ । ਪੰਚ ਪਰਵਾਨ ਪਏ ਹੱਸ, ਸੋਹੰ ਢੋਲਾ ਗਾਈਆ । ਕੀ ਜੋ ਕੁਛ ਸਾਨੂੰ ਰਿਹਾ ਦੱਸ, ਸੋ ਲੋਕਮਾਤ

ਕਮਾਈਆ । ਵੇਖੀਂ ਪਿਛਾ ਦੇ ਨਾ ਆਈਂ ਨੱਠ, ਅਛਲ ਅਛੱਲ ਤੇਰੀ ਬੇਪਰਵਾਹੀਆ । ਤੇਰਾ ਨਾਉਂ ਤੇਰੇ ਭਗਤ ਰਹੇ ਰਟ, ਰੱਟਾ ਪਿਆ ਜਗਤ ਲੋਕਾਈਆ । ਜਾ ਕੇ ਦੂਈ ਦਵੈਤ ਮੇਟ ਫੱਟ, ਪੱਟੀ ਆਪਣੇ ਨਾਮ ਬੰਧਾਈਆ । ਹਿਰਦੇ ਅੰਦਰ ਜਾ ਕੇ ਵਸ, ਕਿਉਂ ਬੈਠਾ ਮੁਖ ਛੁਪਾਈਆ । ਜਾ ਕੇ ਸਾਡਾ ਹਾਲ ਦੱਸ, ਗੁਰਮੁਖ ਰਾਹ ਤੱਕਣ ਚਾਈਂ ਚਾਈਂਆ । ਭਗਤੋ ਅੱਗੇ ਪਿਛੇ ਆਓ ਨੱਸ, ਪ੍ਰਭ ਮਿਲਦਾ ਕਰ ਕੇ ਲੰਮੀਆਂ ਬਾਹੀਂਆ । ਇਕ ਦੂਜੇ ਦਾ ਗਾਓ ਜਸ, ਜਸ ਵੇਦ ਪੁਰਾਨ ਗਾ ਨਾ ਸਕੇ ਰਾਈਆ । ਪੰਧ ਮੁਕਾਓ ਨੱਠ ਨੱਠ, ਦੋ ਜਹਾਨ ਚਰਨਾਂ ਹੇਠ ਦਬਾਈਆ । ਏਥੇ ਇਕੋ ਹੋਵੇ ਇਕੱਠ, ਦੂਜਾ ਨਜ਼ਰ ਕੋਇ ਨਾ ਆਈਆ । ਨਿਰਗੁਣ ਮਿਲੇ ਪੁਰਖ ਸਮਰਥ, ਪਾਰਬ੍ਰਹਮ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਨੇਹੁੜਾ ਜਾ ਸੁਣਾਈਆ । ਸਚ ਸਨੇਹੁੜਾ ਦੱਸਾਂਗਾ । ਜਨ ਭਗਤਾਂ ਹਿਰਦੇ ਵਸਾਂਗਾ । ਫੜ ਬਾਂਹੋਂ ਸਚਖੰਡ ਨੱਠਾਂਗਾ । ਇਕੋ ਲਾਹਾ ਲੋਕਮਾਤ ਵਿਚ ਖੱਟਾਂਗਾ । ਕਿਰਪਾ ਕਰਨੋਂ ਪਿਛੇ ਨਾ ਹਟਾਂਗਾ । ਮਿਹਰ ਗੁਰਮੁਖਾਂ ਝੋਲੀ ਸੱਟਾਂਗਾ । ਹੋ ਸ਼ੇਰ ਜਗਤ ਨੂੰ ਤਕਾਂਗਾ । ਹਰਿਜਨ ਆਪਣੀ ਗੋਦੀ ਚੱਕਾਂਗਾ । ਸਚਖੰਡ ਦਵਾਰੇ ਆ ਕੇ ਲੁਕਾਂਗਾ । ਫਿਰ ਪੰਚਾਂ ਤਾਈਂ ਪੁਛਾਂਗਾ । ਭਗਤ ਦਵਾਰ ਕਰ ਇਕੱਠੇ, ਨਿਉਂ ਨਿਉਂ ਸਭ ਦੇ ਅੱਗੇ ਝੁਕਾਂਗਾ । ਆਪਣੀ ਕਰਨੀ ਕਰਨੋਂ ਕਦੇ ਨਾ ਉਕਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੂਰਬੀਰ ਹੋ ਕੇ ਉਠਾਂਗਾ । ਪੰਜ ਕਹਿਣ ਤੇਰੀ ਵਡਿਆਈ, ਤੂੰ ਵੱਡਾ ਨਜ਼ਰੀ ਆਇੰਦਾ । ਜਾ ਭਗਤਾਂ ਨਾਲ ਕਰ ਕੁੜਮਾਈ, ਕਿਉਂ ਬੈਠਾ ਦੇਰ ਲਗਾਇੰਦਾ । ਸੌਹਰੇ ਪੇਈਏ ਇਕੋ ਘਰ ਵਖਾਈ, ਦੂਜਾ ਦਰ ਨਜ਼ਰ ਨਾ ਆਇੰਦਾ । ਇਕੋ ਘਰ ਧੀ ਜਵਾਈ, ਸੇਜ ਸੁਹੰਜਣੀ ਇਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰਾ ਇਕੋ ਨਜ਼ਰੀ ਆਇੰਦਾ । ਉਠ ਜਾ ਪਾਰਬ੍ਰਹਮ, ਪੰਚ ਰਹੇ ਜਣਾਈਆ । ਨਿਹਕਰਮੀ ਕਰ ਆਪਣਾ ਕਰਮ, ਜਨ ਭਗਤਾਂ ਕਰਮ ਕਾਂਡ ਮਿਟਾਈਆ । ਸਚ ਦਵਾਰੇ ਦੱਸ ਸਚ ਧਰਮ, ਜ਼ਾਤ ਪਾਤ ਨਾ ਕੋਇ ਰਖਾਈਆ । ਨਾਤਾ ਤੋੜ ਬਰਨ ਵਰਨ, ਸਾਚੀ ਸਰਨ ਇਕ ਸਮਝਾਈਆ । ਨੇਤਰ ਖੋਲ੍ਹ ਹਰਨ ਫਰਨ, ਆਪਣਾ ਫੁਰਨਾ ਦੇ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਮੇਲ ਥਾਉਂ ਥਾਈਂਆ । ਜਨ ਭਗਤਾਂ ਮੇਲ ਮਿਲਾਵਾਂਗਾ । ਕੱਠੇ ਕਰ ਕੇ ਏਥੇ ਬਹਾਵਾਂਗਾ । ਨਿਹੱਥੇ ਕਰ ਬਹਾਵਾਂਗਾ । ਸਾਚੇ ਰਸਤੇ ਆਪੇ ਪਾਵਾਂਗਾ । ਪਿਛਲੇ ਬਸਤੇ ਬੰਦ ਕਰਾਵਾਂਗਾ । ਬਿਨ ਦੰਦਾਂ ਰਾਗ ਅਲਾਵਾਂਗਾ । ਬਿਨ ਕੰਨਾਂ ਆਪ ਸੁਣਾਵਾਂਗਾ । ਬਿਨ ਛੰਨਾਂ ਆਪ ਵਸਾਵਾਂਗਾ । ਬਿਨ ਮੰਦਰਾਂ ਡੇਰੇ ਲਗਾਵਾਂਗਾ । ਬਿਨ ਰੰਗਾਂ ਰੰਗ ਚੜ੍ਹਾਵਾਂਗਾ । ਬਿਨ ਕੰਦਰਾਂ ਖੇਲ ਵਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ ਮੇਲ ਮਿਲਾਵਾਂਗਾ । ਜਨ ਭਗਤ ਸਾਚੇ ਔਣਗੇ । ਪੰਚ ਬਹਿ ਬਹਿ ਖ਼ੁਸ਼ੀ ਮਨੌਣਗੇ । ਸਾਚਾ ਢੋਲਾ ਇਕੋ ਗੌਣਗੇ । ਤੇਰਾ ਨਾਮ ਧਿਔਣਗੇ । ਗੂੜ੍ਹੀ ਨੀਂਦੇ ਸੌਣਗੇ । ਤੇਰੀ ਸੇਜਾ ਇਕ ਹੰਢੌਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲੱਖ ਲੱਖ ਸ਼ੁਕਰ ਮਨੌਣਗੇ । ਜਨ ਭਗਤ ਲੈ ਕੇ ਆਊਂਗਾ । ਫੜ ਬਾਂਹੋਂ ਸਰਬ ਮਿਲਾਊਂਗਾ । ਪਿਛਲਾ ਲੇਖਾ ਮੂਲ ਚੁਕਾਊਂਗਾ । ਇਕੋ ਰੰਗ ਰੰਗਾਊਂਗਾ । ਕੂੜੀ ਕਿਰਿਆ ਸੰਗ ਮਿਟਾਊਂਗਾ । ਅਨੰਦ ਅਨੰਦ ਵਿਚ ਜਣਾਊਂਗਾ । ਬਿਨ ਚੰਦ ਪਰਕਾਸ਼ ਕਰਾਊਂਗਾ । ਸਚਖੰਡ ਦਵਾਰ ਵਸਾਊਂਗਾ । ਫਿਰ ਬਹਿ ਕੇ ਖ਼ੁਸ਼ੀ

ਮਨਾਊਂਗਾ । ਪੰਚਮ ਰਾਹ ਇਕ ਜਣਾਊਂਗਾ । ਦੋ ਜਹਾਨਾਂ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਣ ਨਿਰਗੁਣ ਆਪ ਸਮਝਾਊਂਗਾ । ਜਦ ਭਗਤ ਮਿਲਾਵਾ ਹੋਵੇਗਾ । ਦੁਖੀਆ ਫੇਰ ਕੋਈ ਨਾ ਰੋਵੇਗਾ । ਸਿਖਿਆ ਇਕੋ ਇਕ ਬਲੋਵੇਗਾ । ਅੰਮ੍ਰਿਤ ਰਸ ਆਪਣਾ ਚੋਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨਿਰਵੈਰ ਕਦੇ ਨਾ ਸੋਵੇਗਾ । ਜਨ ਭਗਤ ਦਵਾਰੇ ਆਵਣਗੇ । ਗੀਤ ਸੁਹਾਗੀ ਗਾਵਣਗੇ । ਪ੍ਰਭ ਦਾ ਦਰਸਨ ਪਾਵਣਗੇ । ਚੁਪ ਹੋ ਬਹਿ ਜਾਵਣਗੇ । ਪੁੱਛ ਪੁੱਛ ਵੇਖ ਵਖਾਵਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਖੇਲ ਖਲਾਵਣਗੇ । ਭਗਤ ਦਵਾਰ ਬਹਿਣਗੇ । ਸੋ ਪੁਰਖ ਨਿਰੰਜਣ ਨਾਮ ਲੈਣਗੇ । ਧੰਨ ਧੰਨ ਇਕੋ ਵਾਰ ਕਹਿਣਗੇ । ਨਾਤੇ ਬੱਝਣ ਸਾਕ ਸੈਣ ਦੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲਹਿਣੇ ਮੁਕਾਏ ਲਹਿਣ ਦੇਣ ਦੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਘਰ ਇਕੋ ਮੰਦਰ ਭਗਤ ਭਗਵਾਨ ਇਕੱਠੇ ਰਹਿਣਗੇ ।

## ❇ ੧੬ ਫੱਗਣ ੨੦੧੯ ਬਿਕ੍ਰਮੀ ਟੋਪਨ ਰਾਮ ਦੇ ਗ੍ਰਿਹਿ ਇਟਾਰਸੀ ❇

ਪਿਛਲਾ ਲੇਖਾ ਮੇਟਿਆ, ਜੋ ਲਿਖਿਆ ਬਣ ਅਣਜਾਣ । ਅੱਗੇ ਕਰੇ ਹੇਤਿਆ, ਕਰ ਕਿਰਪਾ ਸ੍ਰੀ ਭਗਵਾਨ । ਜੋ ਦਰ ਤੋਂ ਜਾਵੇ ਛੇਕਿਆ, ਜਗਾ ਮਿਲੇ ਨਾ ਦੋ ਜਹਾਨ । ਪੂਰਬ ਕਦੇ ਨਾ ਭੁੱਲੇ ਚੇਤਿਆ, ਵੇਖਣਹਾਰਾ ਨਿਗਹਬਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦੇਵੇ ਮਿਹਰਵਾਨ ਪਿਛਲਾ ਲੇਖਾ ਚੁਕਾਏ ਆਣ । ਤੁਸੀਂ ਕਹੋ ਪ੍ਰਭ ਤੇਰੇ ਪੁੱਤ, ਤੇਰੇ ਹੱਥ ਵਡਿਆਈਆ । ਪ੍ਰਭ ਕਹੇ ਕਿਉਂ ਇਕ ਦੂਜੇ ਨਾਲੋਂ ਗਏ ਰੁੱਠ, ਹੱਥ ਨਾਲ ਹੱਥ ਲਓ ਮਿਲਾਈਆ । ਜੇ ਮੈਨੂੰ ਲਓ ਪੁੱਛ, ਤੁਹਾਡੇ ਬਿਨਾ ਦੂਜਾ ਨਜ਼ਰ ਕੋਇ ਨਾ ਆਈਆ । ਮੇਰੇ ਕੋਲ ਇਹੋ ਕੁਛ, ਗੁਰਮੁਖ ਨਜ਼ਰੀ ਆਈਆ । ਜੇ ਅੰਦਰ ਵੇਖੋ ਝੁਕ, ਨਿਰਗੁਣ ਹੋ ਕੇ ਆਸਣ ਲਾਈਆ । ਜੇ ਉਹਲੇ ਜਾਓ ਲੁਕ, ਫੜ ਬੋਦੀਉਂ ਬਾਹਰ ਕਢਾਈਆ । ਹੁਣ ਵੇਲਾ ਰਿਹਾ ਢੁਕ, ਕਿਉਂ ਬੈਠੇ ਮੁਖ ਛੁਪਾਈਆ । ਮਾਰ ਛਾਲ ਬਹੋ ਉਠ, ਪ੍ਰਭ ਮਿਲਿਆ ਇਕੋ ਮਾਹੀਆ । ਜਗਤ ਕੂੜ ਅੰਧੇਰਾ ਘੁੱਪ, ਅਗਿਆਨ ਬੈਠਾ ਅੰਧੇਰਾ ਪਾਈਆ । ਸ੍ਰੀ ਭਗਵਾਨ ਤੁਹਾਡੀਆਂ ਸੁਖਣਾਂ ਰਿਹਾ ਸੁਖ, ਚਾਰ ਜੁਗ ਮੇਲ ਮਿਲਾਵਾ ਏਕਾ ਥਾਈਆ । ਕਿਉਂ ਲੁਕੌਂਦੇ ਫਿਰਦੇ ਮੁਖ, ਲੁਕਿਆ ਕੋਇ ਰਹਿਣ ਨਾ ਪਾਈਆ । ਥੱਲੇ ਡਿਗਿਆਂ ਗੋਦੀ ਲਏ ਚੁੱਕ, ਹਲੂਣਾ ਦੋ ਜਹਾਨ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਿਛਲਾ ਲੇਖਾ ਲੇਖੇ ਨਾਲ ਮਿਟਾਈਆ । ਕਿਸ ਦੇ ਨਾਲ ਹੋਵੇ ਗ਼ੁੱਸੇ, ਗ਼ੁੱਸਾ ਕਵਣ ਜਣਾਈਆ । ਪ੍ਰਭ ਨਾਲੋਂ ਕਿਉਂ ਬੈਠੇ ਰੁੱਸੇ, ਰੁਸਿਆਂ ਲਏ ਮਨਾਈਆ । ਜੇ ਤੁਸੀਂ ਨਹੀਂ ਝੁਕਦੇ ਪ੍ਰਭ ਤੁਹਾਨੂੰ ਝੁਕੇ, ਤੁਹਾਡੇ ਕੋਲੋਂ ਆਪਣੀ ਭੁੱਲ ਲਏ ਬਖ਼ਸ਼ਾਈਆ । ਜਸਵੰਤ ਰੋ ਰੋ ਦਿਨੇ ਰਾਤ ਪੁੱਛੇ, ਪ੍ਰਭ ਇਹ ਕੀ ਖੇਲ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪਣੇ ਬੱਚਿਆਂ ਇਕੋ ਹੱਥ ਰਖਾਈਆ । ਪਿਛਲੀ ਰੁੱਸਣ ਦੀ ਛੱਡ ਦਿਓ ਵਾਦੀ, ਅਗਲਾ ਹਾਲ ਸੁਣਾਇੰਦਾ । ਤੁਹਾਡੇ ਅੱਗੇ ਹੋ ਕੇ ਪ੍ਰਭ ਆਪ ਫ਼ਰਯਾਦੀ, ਤੁਹਾਡੀ ਫ਼ਰਯਾਦ ਆਪਣੀ ਝੋਲੀ ਪਾਇੰਦਾ । ਜੇ ਸਚ ਪੁੱਛੋ ਗੋਬਿੰਦ ਕਹੇ ਮਾਤਾ ਗੁਜਰੀ ਸਭ ਦੀ ਦਾਦੀ, ਵੰਡ ਹੋਰ ਨਾ ਕੋਇ


੯੩੫
੧੩

ਵੰਡਾਇੰਦਾ । ਤੁਹਾਡੇ ਪਿਛੇ ਤਰਨ ਆਂਢੀ ਗਵਾਂਢੀ, ਕਰ ਕਿਰਪਾ ਪਾਰ ਕਰਾਇੰਦਾ । ਪ੍ਰਭ ਦਾ ਦਿਤਾ ਸ੍ਰਿਸ਼ਟ ਸਬਾਈ ਖਾਂਦੀ, ਦੂਜਾ ਵੰਡ ਨਾ ਕੋਇ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਤੁੱਟੀ ਗੰਢ ਵਖਾਇੰਦਾ । ਪਰੇਮ ਪ੍ਰੀਤੀ ਕਿਉਂ ਬੈਠੇ ਤੋੜ, ਪ੍ਰੀਤ ਰਹੀ ਸ਼ਰਮਾਈਆ । ਨੇਤਰ ਰੋਵੇ ਪ੍ਰਭ ਸਾਨੂੰ ਜੋੜ, ਗਲ ਪੱਲੂ ਵਾਸਤਾ ਪਾਈਆ । ਦੂਈ ਦਵੈਤੀ ਵਿਚੋਂ ਹੋੜ, ਹਾੜਾ ਕੱਢੇ ਨੈਣ ਛਹਿਬਰ ਲਾਈਆ । ਜਗਤ ਵਾਸਨਾ ਨਾ ਪਾਏ ਸ਼ੋਰ, ਸੰਸਾ ਅਵਰ ਨਾ ਕੋਇ ਰਖਾਈਆ । ਫੜ ਕੇ ਬਾਂਹਵਾਂ ਨਾਲ ਦੋਹਾਂ ਨੂੰ ਆਪਣੇ ਅੱਗੇ ਤੋਰ, ਮਿਹਰਵਾਨ ਹੋ ਗੋਸਾਈਆ । ਜੇ ਏਨ੍ਹਾਂ ਨੂੰ ਨਹੀਂ ਲੋੜ, ਪ੍ਰਭ ਤੈਨੂੰ ਏਨ੍ਹਾਂ ਦੀ ਲੋੜ, ਬਿਨ ਭਗਤਾਂ ਨਾ ਕੋਇ ਵਡਿਆਈਆ । ਜੇ ਆਪਣਾ ਵਖੌਣ ਜ਼ੋਰ, ਤੂੰ ਨੀਵਾਂ ਹੋ ਕੇ ਵਕਤ ਲੈ ਲੰਘਾਈਆ । ਜੇ ਔਕੜ ਬਣੇ ਤੇ ਜਾਵੀਂ ਬੌਹੜ, ਤੇਰੇ ਭਗਤਾਂ ਤੱਤੀ ਵਾ ਨਾ ਲਾਗੇ ਰਾਈਆ । ਤਿਨ੍ਹਾਂ ਅੱਗੇ ਕਿਸੇ ਦਾ ਕੋਈ ਨਾ ਚੱਲੇ ਜ਼ੋਰ, ਜਿਨ੍ਹਾਂ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਗੁਰਮੁਖਾਂ ਨਾਲ ਮਿਲਾਈਆ ।

## ❇ ੧੬ ਫੱਗਣ ੨੦੧੯ ਬਿਕ੍ਰਮੀ ਭਗਤ ਸਿੰਘ ਦੇ ਗ੍ਰਿਹ ਇਟਾਰਸੀ ❇



ਸੋ ਪੁਰਖ ਨਿਰੰਜਣ ਸ਼ਾਹ ਸੁਲਤਾਨਾ, ਸ਼ਹਿਨਸ਼ਾਹ ਇਕੋ ਇਕ ਅਖਵਾਈਆ । ਹਰਿ ਪੁਰਖ ਨਿਰੰਜਣ ਮਿਹਰਵਾਨਾ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਏਕੰਕਾਰਾ ਵਡ ਬਲਵਾਨਾ, ਬਲ ਆਪਣਾ ਆਪ ਧਰਾਈਆ । ਆਦਿ ਨਿਰੰਜਣ ਖੇਲ ਮਹਾਨਾ, ਅਨਭਵ ਪਰਕਾਸ਼ ਕਰਾਈਆ । ਅਬਿਨਾਸ਼ੀ ਕਰਤਾ ਮਰਦ ਮਰਦਾਨਾ, ਸਚ ਮਰਦਾਨਗੀ ਆਪ ਕਮਾਈਆ । ਸ੍ਰੀ ਭਗਵਾਨ ਸਚ ਨਿਸ਼ਾਨਾ, ਨਿਰਵੈਰ ਪੁਰਖ ਝੁਲਾਈਆ । ਪਾਰਬ੍ਰਹਮ ਪ੍ਰਭ ਹੋ ਪਰਧਾਨਾ, ਸਚ ਪਰਧਾਨਗੀ ਆਪ ਕਮਾਈਆ । ਸਤਿ ਪੁਰਖ ਨਿਰੰਜਣ ਦਾਨੀ ਦਾਨਾ, ਦਾਤਾ ਦਾਨੀ ਇਕ ਹੋ ਜਾਈਆ । ਕਰੇ ਖੇਲ ਆਪ ਮਹਾਨਾ, ਮਹਿਮਾ ਅਕਥ ਕਥੀ ਨਾ ਜਾਈਆ । ਆਪਣੀ ਇਛਿਆ ਕਰ ਪਰਵਾਨਾ, ਸਾਚੀ ਭਿਛਿਆ ਝੋਲੀ ਪਾਈਆ । ਮਹੱਲ ਅਟੱਲ ਇਕ ਮਕਾਨਾ, ਬਿਨ ਛੱਪਰ ਛੰਨ ਛੁਹਾਈਆ । ਸਚਖੰਡ ਵਸਾਏ ਹੋ ਨਿਗਾਹਬਾਨਾ, ਬੇਅੰਤ ਬੇਪਰਵਾਹੀਆ । ਸ਼ਾਹੋ ਭੂਪ ਬਣ ਰਾਜ ਰਾਜਾਨਾ, ਸੀਸ ਜਗਦੀਸ ਤਾਜ ਟਿਕਾਈਆ । ਦੇਵਣਹਾਰਾ ਧੁਰ ਫ਼ਰਮਾਨਾ, ਧੁਰ ਦੀ ਧਾਰ ਆਪ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਬੇਪਰਵਾਹੀਆ । ਸੋ ਪੁਰਖ ਨਿਰੰਜਣ ਠਾਂਡਾ ਸੀਤਾ, ਨਿਰਗੁਣ ਆਪਣੀ ਖੇਲ ਕਰਾਇੰਦਾ । ਹਰਿ ਪੁਰਖ ਨਿਰੰਜਣ ਏਕੋ ਮੀਤਾ, ਅਜੂਨੀ ਰਹਿਤ ਨਜ਼ਰੀ ਆਇੰਦਾ । ਏਕੰਕਾਰਾ ਸਦਾ ਅਤੀਤਾ, ਰੂਪ ਰੰਗ ਰੇਖ ਨਾ ਕੋਇ ਜਣਾਇੰਦਾ । ਆਦਿ ਨਿਰੰਜਣ ਖੇਲ ਅਨਡੀਠਾ, ਆਪਣੀ ਕਾਰ ਕਮਾਇੰਦਾ । ਅਬਿਨਾਸ਼ੀ ਕਰਤਾ ਆਪੇ ਜਾਣੇ ਆਪਣੀ ਰੀਤਾ, ਰੀਤੀਵਾਨ ਆਪ ਹੋ ਜਾਇੰਦਾ । ਸ੍ਰੀ ਭਗਵਾਨ ਸਚ ਬੰਨ੍ਹਾਏ ਪ੍ਰੀਤਾ, ਪ੍ਰੀਤੀ ਇਕੋ ਦਰ ਵਖਾਇੰਦਾ । ਪਾਰਬ੍ਰਹਮ ਪ੍ਰਭ ਆਪਣਾ ਰੰਗ ਚਾੜ੍ਹੇ ਆਪ ਮਜੀਠਾ, ਦੂਜਾ ਵੇਸ ਨਾ ਕੋਇ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪਣੇ ਹੱਥ ਰਖਾਇੰਦਾ । ਸੋ ਪੁਰਖ ਨਿਰੰਜਣ ਖੇਲ ਅਵੱਲਾ, ਹਰਿ ਪੁਰਖ ਨਿਰੰਜਣ ਆਪ ਜਣਾਈਆ । ਏਕੰਕਾਰ ਫੜਾਏ ਪੱਲਾ, ਆਦਿ

੯੩੬
੧੩

ਨਿਰੰਜਣ ਮੇਲਾ ਸਹਿਜ ਸੁਭਾਈਆ । ਅਬਿਨਾਸ਼ੀ ਕਰਤਾ ਵਸੇ ਨਿਹਚਲ ਧਾਮ ਅਟੱਲਾ, ਸ੍ਰੀ ਭਗਵਾਨ ਸੋਭਾ ਪਾਈਆ । ਪਾਰਬ੍ਰਹਮ ਸਚ ਸੰਦੇਸ਼ ਘੱਲਾ, ਨਰ ਨਿਰੰਕਾਰ ਆਪ ਜਣਾਈਆ । ਸਚ ਸਿੰਘਾਸਣ ਇਕੋ ਮੱਲਾ, ਤਖ਼ਤ ਨਿਵਾਸੀ ਸੋਭਾ ਪਾਈਆ । ਜੋਤੀ ਸ਼ਬਦੀ ਆਪੇ ਰੱਲਾ, ਨਿਰਗੁਣ ਧਾਰ ਧਾਰ ਵਿਚੋਂ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਰਚਨਾ ਆਪ ਰਚਾਈਆ । ਆਪਣੀ ਰਚਨਾ ਰਚ ਕਰਤਾਰ, ਨਿਰਗੁਣ ਆਪੇ ਵੇਖ ਵਖਾਇੰਦਾ । ਨਾ ਕੋਈ ਦੂਜਾ ਮੀਤ ਮੁਰਾਰ, ਸਗਲਾ ਸੰਗ ਨਾ ਕੋਇ ਨਿਭਾਇੰਦਾ । ਆਪਣੀ ਇਛਿਆ ਭਰ ਭੰਡਾਰ, ਸਾਚੀ ਭਿਛਿਆ ਝੋਲੀ ਪਾਇੰਦਾ । ਆਪਣਾ ਲੇਖਾ ਵੇਖਣਹਾਰ, ਦੂਜਾ ਲੇਖ ਨਾ ਕੋਇ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣੀ ਕਰਨੀ ਆਪ ਕਮਾਇੰਦਾ । ਆਪਣੀ ਕਰਨੀ ਆਪੇ ਕਰ, ਕਰਤਾ ਸਾਚੀ ਖੇਲ ਰਚਾਈਆ । ਆਪਣੇ ਮੰਦਰ ਆਪੇ ਵੜ, ਵੇਖਣਹਾਰਾ ਚਾਈਂ ਚਾਈਂਆ । ਆਪਣਾ ਅੱਖਰ ਆਪੇ ਪੜ੍ਹ, ਨਾਉਂ ਨਿਰੰਕਾਰਾ ਆਪ ਪਰਗਟਾਈਆ । ਆਪਣਾ ਫੜ ਆਪੇ ਲੜ, ਪੱਲੂ ਗੰਢ ਵਖਾਈਆ । ਆਪੇ ਬਣ ਨਾਰੀ ਨਰ, ਨਰਾਇਣ ਸੇਜ ਸੁਹਾਈਆ । ਆਪੇ ਬਣ ਜਨਨੀ ਜਨ, ਧੰਨ ਧੰਨ ਜਣੇਂਦੀ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਖੇਲ ਅਪਾਰ, ਨਿਰਗੁਣ ਆਪ ਕਰਾਇੰਦਾ । ਸਚਖੰਡ ਸੋਹੇ ਇਕ ਦਵਾਰ, ਹਰਿ ਸਾਚਾ ਆਪ ਸੁਹਾਇੰਦਾ । ਨੂਰ ਇਲਾਹੀ ਹੋ ਉਜਿਆਰ, ਜਲਵਾ ਇਕੋ ਇਕ ਪਰਗਟਾਇੰਦਾ । ਮੁਕਾਮੇ ਹੱਕ ਕਰ ਪਸਾਰ, ਸੋਭਾਵੰਤ ਸੋਭਾ ਪਾਇੰਦਾ । ਸ਼ਬਦ ਅਗੰਮ ਬੋਲ ਜੈਕਾਰ, ਜੈ ਜੈਕਾਰ ਇਕੋ ਨਾਮ ਸੁਣਾਇੰਦਾ । ਮਹੱਲ ਅਟੱਲ ਕਰ ਉਜਿਆਰ, ਦੀਵਾ ਬਾਤੀ ਕਮਲਾਪਾਤੀ ਆਪ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪਣੇ ਹੱਥ ਰਖਾਇੰਦਾ । ਸਾਚਾ ਖੇਲ ਰੱਖੇ ਹੱਥ, ਲੇਖਾ ਲਿਖਤ ਵਿਚ ਨਾ ਆਈਆ । ਪਾਰਬ੍ਰਹਮ ਪੁਰਖ ਸਮਰਥ, ਬੇਅੰਤ ਬੇਪਰਵਾਹੀਆ । ਸਚਖੰਡ ਦਵਾਰ ਚਲਾਏ ਰਥ, ਬਣ ਰਥਵਾਹੀ ਸੇਵ ਕਮਾਈਆ । ਸਚਖੰਡ ਨਿਵਾਸੀ ਹੋ ਪਰਗਟ, ਪਰਗਟ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਜਣਾਈਆ । ਸਾਚੀ ਕਰਨੀ ਕਰਨੇ ਜੋਗ, ਕਰਤਾ ਪੁਰਖ ਇਕ ਅਖਵਾਇੰਦਾ । ਦਰਗਹਿ ਸਾਚੀ ਭੋਗੇ ਭੋਗ, ਭਸਮੜ ਆਪਣਾ ਰੂਪ ਵਟਾਇੰਦਾ । ਨਿਰਗੁਣ ਨਿਰਗੁਣ ਕਰ ਸੰਜੋਗ, ਧੁਰ ਸੰਜੋਗੀ ਮੇਲ ਮਿਲਾਇੰਦਾ । ਭਾਗ ਲਗਾਏ ਸਾਚੇ ਕੋਟ, ਕਿਲਾ ਬੰਕ ਆਪ ਵਸਾਇੰਦਾ । ਮੇਲ ਮਿਲਾਵਾ ਨਿਰਗੁਣ ਜੋਤ, ਜੋਤੀ ਜੋਤ ਵਿਚ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਸਚਖੰਡ ਦਵਾਰ, ਸਚ ਸਾਚਾ ਆਪ ਕਰਾਇੰਦਾ । ਨਿਰਗੁਣ ਨਾਰੀ ਕੰਤ ਭਤਾਰ, ਨਿਰਗੁਣ ਸਾਚੀ ਸੇਜ ਹੰਢਾਇੰਦਾ । ਨਿਰਗੁਣ ਅੰਦਰ ਨਿਰਗੁਣ ਬਾਹਰ, ਨਿਰਗੁਣ ਗੁਪਤ ਜ਼ਾਹਰ ਰੂਪ ਵਖਾਇੰਦਾ । ਨਿਰਗੁਣ ਨਿਰਗੁਣ ਕਰੇ ਪਸਾਰ, ਆਪ ਆਪਣੇ ਰੰਗ ਰੰਗਾਇੰਦਾ । ਨਿਰਗੁਣ ਨਿਰਗੁਣ ਕਰੇ ਵਣਜਾਰ, ਬਣ ਵਣਜਾਰਾ ਹੱਟ ਚਲਾਇੰਦਾ । ਨਿਰਗੁਣ ਨਿਰਗੁਣ ਖੇਲ ਖਲਾਰ, ਆਪ ਆਪਣਾ ਖੇਲ ਖਲਾਇੰਦਾ । ਨਿਰਗੁਣ ਨਿਰਗੁਣ ਕਰ ਪਸਾਰ, ਪਸਰ ਪਸਾਰੀ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਲ ਆਪ ਧਰਾਇੰਦਾ । ਆਪਣੀ ਕਲ ਆਪੇ ਰੱਖ, ਅਕਲ ਕਲਾ ਵਡਿਆਈਆ । ਨਿਰਗੁਣ ਘਰ ਨਿਰਗੁਣ ਹੋ ਪਰਤੱਖ, ਘਰ

੯੩੭
੧੩

ਸਾਚੇ ਵੱਜੇ ਵਧਾਈਆ । ਘਰ ਖੇਲ ਪੁਰਖ ਸਮਰਥ, ਘਰ ਇਕੋ ਰੂਪ ਧਰਾਈਆ । ਸ਼ਬਦ ਅਗੰਮ ਬੋਲ ਅਲੱਖ, ਅਲੱਖ ਅਲੱਖਣਾ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਈਆ । ਆਪਣਾ ਭੇਵ ਖੋਲ੍ਹੇ ਆਪ, ਘਰ ਆਪਣੇ ਸੋਭਾ ਪਾਇੰਦਾ । ਨਿਰਗੁਣ ਪਿਤਾ ਮਾਈ ਬਾਪ, ਪੂਤ ਨਿਰਗੁਣ ਗੋਦ ਸੁਹਾਇੰਦਾ । ਸ਼ਬਦੀ ਸ਼ਬਦ ਵਡ ਪਰਤਾਪ, ਬਾਲ ਬਾਲਾ ਰੂਪ ਜਣਾਇੰਦਾ । ਇਕ ਜਣਾਏ ਆਪਣਾ ਜਾਪ, ਸੋ ਪੁਰਖ ਨਿਰੰਜਣ ਆਪ ਪੜ੍ਹਾਇੰਦਾ । ਹੰ ਰੂਪ ਜਾਨਣਾ ਆਪ, ਨਿਰਗੁਣ ਨਿਰਗੁਣ ਧਾਰ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਰਗਹਿ ਸਾਚੀ ਆਪ ਸੁਹਾਇੰਦਾ । ਸੁਤ ਦੁਲਾਰਾ ਸ਼ਬਦੀ ਜਾ, ਪਾਰਬ੍ਰਹਮ ਪ੍ਰਭ ਖ਼ੁਸ਼ੀ ਮਨਾਈਆ । ਅਬਿਨਾਸ਼ੀ ਕਰਤਾ ਬਣ ਮਲਾਹ, ਸਾਚਾ ਰਾਹ ਸਮਝਾਈਆ । ਸ੍ਰੀ ਭਗਵਾਨ ਹੋ ਸਹਾ, ਸਿਰ ਆਪਣਾ ਹੱਥ ਟਿਕਾਈਆ । ਆਦਿ ਨਿਰੰਜਣ ਕਰ ਰੁਸ਼ਨਾ, ਦੀਵਾ ਬਾਤੀ ਇਕ ਜਗਾਈਆ । ਏਕੰਕਾਰਾ ਫੜ ਬਾਂਹ, ਆਪ ਉਂਗਲੀ ਰਿਹਾ ਲਗਾਈਆ । ਹਰਿ ਪੁਰਖ ਨਿਰੰਜਣ ਦੇਵਣਹਾਰਾ ਸੱਚਾ ਥਾਂ, ਥਾਨ ਥਨੰਤਰ ਇਕ ਦਰਸਾਈਆ । ਸੋ ਪੁਰਖ ਨਿਰੰਜਣ ਬਣ ਪਿਤਾ ਮਾਂ, ਸੁਤ ਦੁਲਾਰੇ ਸਤਿ ਸਮਝਾਈਆ । ਸਚਖੰਡ ਦਵਾਰੇ ਸਚ ਸਿੰਘਾਸਣ ਬੈਠਾ ਆਸਣ ਲਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਤੇਰਾ ਮੰਦਰ ਦਏ ਬਣਾ, ਘਰ ਘਰ ਵਿਚ ਲਏ ਪਰਗਟਾਈਆ । ਥਿਰ ਘਰ ਦਵਾਰਾ ਆਪ ਖੁਲ੍ਹਾ, ਸੁਤ ਸ਼ਬਦੀ ਵੰਡ ਵੰਡਾਈਆ । ਨਾਮ ਨਗਾਰਾ ਦਏ ਵਜਾ, ਆਦਿ ਜੁਗਾਦਿ ਕਰੇ ਸ਼ਨਵਾਈਆ । ਨਿਰਗੁਣ ਜੋਤ ਕਰ ਰੁਸ਼ਨਾ, ਏਕਾ ਦੀਪ ਟਿਕਾਈਆ । ਮੇਲ ਮਿਲਾਵਾ ਸਹਿਜ ਸੁਭਾ, ਪੜਦਾ ਵਿਚ ਨਾ ਕੋਇ ਟਿਕਾਈਆ । ਅਲੱਖ ਅਗੰਮ ਅਥਾਹ ਬੇਪਰਵਾਹ ਭੇਵ ਜਣਾਈਆ । ਤੇਰੀ ਸੇਵਾ ਦਏ ਲਗਾ, ਸਾਚੀ ਸਿਖਿਆ ਇਕ ਪੜ੍ਹਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਸੁਣਾ, ਦੂਜਾ ਰਾਗ ਨਾ ਕੋਇ ਅਲਾਈਆ । ਵਚੋਲਾ ਬਣੇ ਆਪ ਖ਼ੁਦਾ, ਪਰਵਰਦਿਗਾਰ ਹੋਏ ਸਹਾਈਆ । ਮੁਕਾਮੇ ਹੱਕ ਇਕ ਦਰਸਾ, ਨੌਬਤ ਇਕੋ ਨਾਮ ਵਜਾਈਆ । ਕਲਮਾ ਇਕੋ ਇਕ ਪੜ੍ਹਾ, ਨਿਸ਼ਅੱਖਰ ਦਏ ਜਣਾਈਆ । ਤੂੰ ਮੇਰਾ ਮੈਂ ਤੇਰੇ ਉਤੋਂ ਹੋਇਆ ਫ਼ਿਦਾ, ਫ਼ਿਤਰਤ ਨਜ਼ਰ ਕੋਇ ਨਾ ਆਈਆ । ਤੇਰਾ ਮੇਰਾ ਰਾਹ ਸਿਧਾ, ਦਵੈਤ ਵਿਚ ਨਾ ਕੋਇ ਰਖਾਈਆ । ਸ਼ਬਦੀ ਸੁਤ ਖ਼ੁਸ਼ੀ ਵਿਚ ਪਾਏ ਗਿਧਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਦਿ ਪੁਰਖ ਆਪ ਜਣਾਈਆ । ਸ਼ਬਦ ਸੁਤ ਉਠ ਦੁਲਾਰੇ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਅਸਥਲ ਸੋਹਣ ਤੇਰੇ ਚੁਬਾਰੇ, ਥਿਰ ਘਰ ਤੇਰਾ ਰੰਗ ਰੰਗਾਇੰਦਾ । ਤੇਰਾ ਪਿਤਾ ਪੁਰਖ ਅਕਾਲੇ, ਦੂਜਾ ਨਜ਼ਰ ਕੋਇ ਨਾ ਆਇੰਦਾ । ਸਦ ਵਸੇ ਸਚਖੰਡ ਸੱਚੀ ਧਰਮਸਾਲੇ, ਬੰਕ ਇਕੋ ਇਕ ਵਡਿਆਇੰਦਾ । ਆਦਿ ਜੁਗਾਦਿ ਜੁਗ ਜੁਗ ਚਲੇ ਤੇਰੇ ਨਾਲੇ, ਸਗਲਾ ਸੰਗ ਨਿਭਾਇੰਦਾ । ਨਿਰਗੁਣ ਹੋ ਕੇ ਸੁਰਤ ਸੰਭਾਲੇ, ਆਪ ਆਪਣਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਆਪ ਸਮਝਾਇੰਦਾ । ਸ਼ਬਦ ਸੁਤ ਚਰਨ ਦਵਾਰ, ਢਹਿ ਢਹਿ ਸੀਸ ਝੁਕਾਈਆ । ਪਾਰਬ੍ਰਹਮ ਪ੍ਰਭ ਦੇ ਪਿਆਰ, ਇਕੋ ਮੰਗ ਮੰਗਾਈਆ । ਤੇਰੀ ਧੂੜੀ ਮਸਤਕ ਲਾਵਾਂ ਛਾਰ, ਸ਼ਹਿਨਸ਼ਾਹ ਦੇਣੀ ਵਡਿਆਈਆ । ਸੇਵਾ ਕਰਾਂ ਬਣ ਸੇਵਾਦਾਰ, ਜੁਗ ਚੌਕੜੀ ਤੇਰਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮੇਰੀ ਇਛਿਆ ਪੂਰ ਕਰਾਈਆ । ਤੇਰੀ ਇਛਿਆ ਪੂਰ ਕਰਾਵਾਂਗਾ, ਸ੍ਰੀ ਭਗਵਾਨ ਸਚ ਸੁਣਾਇੰਦਾ । ਤੇਰਾ ਮੰਦਰ ਸਚ ਵਸਾਵਾਂਗਾ,

ਕਰ ਕਿਰਪਾ ਭੇਵ ਜਣਾਇੰਦਾ । ਤੇਰੀ ਧਾਰ ਚਲਾਵਾਂਗਾ, ਨਿਰਗੁਣ ਨੂਰ ਡਗਮਗਾਇੰਦਾ । ਤੇਰਾ ਡੰਕ ਵਜਾਵਾਂਗਾ, ਆਪਣਾ ਨਾਮ ਪਰਗਟਾਇੰਦਾ । ਤੇਰਾ ਬੰਸ ਬਣਾਵਾਂਗਾ, ਵਿਸ਼ਨੂੰ ਰੂਪ ਧਰਾਇੰਦਾ । ਤੇਰਾ ਰੰਗ ਰੰਗਾਵਾਂਗਾ, ਪਾਰਬ੍ਰਹਮ ਬ੍ਰਹਮ ਵੰਡ ਵੰਡਾਇੰਦਾ । ਤੇਰਾ ਚੰਦ ਚੜ੍ਹਾਵਾਂਗਾ, ਨਿਰਗੁਣ ਜੋਤ ਜੋਤ ਚਮਕਾਇੰਦਾ । ਤੇਰਾ ਅੰਧਿਆਰ ਗਵਾਵਾਂਗਾ, ਸ਼ੰਕਰ ਤੇਰਾ ਕੁੰਡਾ ਲਾਹਿੰਦਾ । ਤੇਰਾ ਰਾਗ ਗਾਵਾਂਗਾ, ਢੋਲਾ ਇਕੋ ਇਕ ਦ੍ਰਿੜਾਇੰਦਾ । ਤੇਰੀ ਗੰਢ ਪਵਾਵਾਂਗਾ, ਤ੍ਰੈਗੁਣ ਮਾਇਆ ਵੇਸ ਵਟਾਇੰਦਾ । ਤੇਰਾ ਰੰਗ ਜਣਾਵਾਂਗਾ, ਪੰਜ ਤੱਤ ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਖੇਲ ਖਲਾਇੰਦਾ । ਸੂਰਾ ਸਰਬੰਗ ਅਖਵਾਵਾਂਗਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੇ ਸੁਤ ਜਣਾਇੰਦਾ । ਸਾਚਾ ਸੁਤ ਨਿੱਕਾ ਬਾਲਾ, ਪ੍ਰਭ ਅੱਗੇ ਸੀਸ ਝੁਕਾਈਆ । ਦੀਨ ਦਿਆਲ ਸਾਹਿਬ ਕਿਰਪਾਲਾ, ਤੇਰੇ ਹੱਥ ਮੇਰੀ ਵਡਿਆਈਆ । ਮੈਂ ਚਲਾਂ ਨਿਤ ਨਿਤ ਤੇਰੀ ਚਾਲਾ, ਜਿਉਂ ਭਾਵੇ ਲੈਣਾ ਚਲਾਈਆ । ਮੈਨੂੰ ਦੱਸਣਾ ਰਾਹ ਸੁਖਾਲਾ, ਸਿਖਿਆ ਇਕੋ ਵਾਰ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਕਰੇ ਪੜ੍ਹਾਈਆ । ਸਾਚੀ ਸਿਖਿਆ ਲੈ ਪੜ੍ਹ, ਸ੍ਰੀ ਭਗਵਾਨ ਆਪ ਜਣਾਇੰਦਾ । ਨਿਰਗੁਣ ਫੜਾਏ ਆਪਣਾ ਲੜ, ਪੱਲੂ ਤੇਰੇ ਨਾਲ ਬੰਧਾਇੰਦਾ । ਸਾਚੇ ਮੰਦਰ ਵੇਖ ਖੜ, ਸ੍ਰੀ ਭਗਵਾਨ ਪੜਦਾ ਲਾਹਿੰਦਾ । ਨਿਰਗੁਣ ਨਜ਼ਰੀ ਆਏ ਇਕੋ ਨਰ, ਨਰ ਨਰਾਇਣ ਖੇਲ ਕਰਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਖੋਲ੍ਹੇ ਤੇਰਾ ਦਰ, ਦਰ ਦਵਾਰਾ ਆਪ ਖੁਲ੍ਹਾਇੰਦਾ । ਤ੍ਰੈਗੁਣ ਮਾਇਆ ਭੰਡਾਰ ਦੇਵੇ ਭਰ, ਪੰਜ ਤੱਤ ਜੋੜ ਜੁੜਾਇੰਦਾ । ਲੱਖ ਚੁਰਾਸੀ ਘਾੜਨ ਘੜ, ਤੇਰਾ ਖੇਲ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸੁਤ ਆਪ ਜਣਾਇੰਦਾ । ਸ਼ਬਦ ਸੁਤ ਕਰ ਧਿਆਨ, ਹਰਿ ਸਾਚਾ ਸਚ ਜਣਾਈਆ । ਤੇਰਾ ਨਾਮ ਦਿਆਂ ਗਿਆਨ, ਆਪਣਾ ਨਾਉਂ ਸਿਫ਼ਤ ਸਾਲਾਹੀਆ । ਵਿਸ਼ਨ ਬ੍ਰਹਮਾ ਸ਼ਿਵ ਕਰਨ ਪਰਨਾਮ, ਨਿਉਂ ਨਿਉਂ ਚਰਨਾਂ ਸੀਸ ਝੁਕਾਈਆ । ਸਾਚੇ ਘਰ ਬਣਾਵਾਂ ਵਿਧਾਨ, ਮਾਰਗ ਇਕੋ ਇਕ ਦ੍ਰਿੜਾਈਆ । ਧਰਮ ਝੁਲਾਵਾਂ ਇਕ ਨਿਸ਼ਾਨ, ਦੋ ਜਹਾਨ ਕਰੇ ਰੁਸ਼ਨਾਈਆ । ਮਹਿਮਾਂ ਅਕਥ ਸੁਣਾਵਾਂ ਗਾਨ, ਕਥਨੀ ਕਥ ਨਾ ਸਕੇ ਕੋਈ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਆਪ ਜਣਾਈਆ । ਸੁਤ ਸ਼ਬਦ ਚਰਨੀ ਢੱਠ, ਦੋਏ ਜੋੜ ਵਾਸਤਾ ਪਾਇਆ । ਕਰ ਕਿਰਪਾ ਪੁਰਖ ਸਮਰਥ, ਦਰ ਤੇਰੇ ਮੰਗ ਮੰਗਾਇਆ । ਲੱਖ ਚੁਰਾਸੀ ਤੇਰੀ ਵਥ, ਹਉਂ ਸੇਵਕ ਸੇਵ ਕਮਾਇਆ । ਤੇਰਾ ਨਾਉਂ ਹੋਏ ਪਰਗਟ, ਦੋ ਜਹਾਨਾਂ ਹੱਟ ਚਲਾਇਆ । ਕਰ ਕਿਰਪਾ ਦੇ ਇਕੋ ਮਤ, ਬ੍ਰਹਮ ਮਤ ਆਪ ਸਮਝਾਇਆ । ਮੇਰਾ ਨਾਤਾ ਜੁੜੇ ਪੰਜ ਤੱਤ, ਤੱਤਵ ਆਪਣੇ ਰੰਗ ਰੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਵਾਸਤਾ ਪਾਇਆ । ਪੁਰਖ ਅਬਿਨਾਸ਼ੀ ਹੋ ਦਿਆਲ, ਆਦਿ ਆਦਿ ਜਣਾਈਆ । ਉਠ ਸ਼ਬਦ ਸੁਤ ਸਾਚੇ ਲਾਲ, ਹਰਿ ਲਾਲਨ ਰੰਗ ਰੰਗਾਈਆ । ਤੇਰਾ ਖੇੜਾ ਸੱਚੀ ਧਰਮਸਾਲ, ਧਰਮ ਦਵਾਰ ਇਕ ਜਣਾਈਆ । ਲੱਖ ਚੁਰਾਸੀ ਅੰਦਰ ਬਹਾਲ, ਗ੍ਰਿਹ ਮੰਦਰ ਇਕ ਵਡਿਆਈਆ । ਅਨਾਦ ਅਨਾਦੀ ਵੱਜੇ ਤਾਲ, ਬ੍ਰਹਮ ਬ੍ਰਹਿਮਾਦੀ ਆਪ ਸੁਣਾਈਆ । ਲੇਖਾ ਜਾਣ ਸ਼ਾਹ ਕੰਗਾਲ, ਤੇਰੀ ਰਹਿਮਤ ਝੋਲੀ ਪਾਈਆ । ਵਿਸ਼ਨ ਬ੍ਰਹਮਾ ਸ਼ਿਵ ਘਾਲਣ ਘਾਲ, ਪੀਸਣ ਪੀਸ ਸੇਵ ਕਮਾਈਆ । ਦੋ ਜਹਾਨ ਵੱਜੇ ਤੇਰਾ ਤਾਲ, ਬ੍ਰਹਿਮੰਡ ਖੰਡ ਤੇਰਾ ਰਾਗ ਅਲਾਈਆ । ਤੇਰੀ ਸੇਵਾ ਕਰੇ ਮਹਾਂਕਾਲ,

ਕਾਲ ਤੇਰੇ ਚਰਨਾਂ ਸੀਸ ਝੁਕਾਈਆ । ਰਾਏ ਧਰਮ ਸੇਵਕ ਦਿਆਂ ਬਹਾਲ, ਚਿਤਰ ਗੁਪਤ ਕਰੇ ਲਿਖਾਈਆ । ਤੇਰਾ ਖੇਲ ਕਰਾਂ ਕਮਾਲ, ਬੇਮਿਸਾਲ ਧਾਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਜਣਾਈਆ । ਸਾਚੀ ਸਿਖਿਆ ਸੁਣ ਕੰਨ, ਬਿਨ ਕੰਨਾਂ ਧਿਆਨ ਲਗਾਇੰਦਾ । ਸੁਤ ਦੁਲਾਰਾ ਗਿਆ ਮੰਨ, ਬਿਨ ਮਨ ਆਸ ਤਕਾਇੰਦਾ । ਤੇਰੀ ਵਡਿਆਈ ਸਾਹਿਬ ਧੰਨ, ਧੰਨ ਕਹਿ ਕਹਿ ਸ਼ੁਕਰ ਮਨਾਇੰਦਾ । ਤੂੰ ਆਦਿ ਪੁਰਖ ਜਨਨੀ ਜਨ, ਦਾਈ ਦਾਇਆ ਅਖਵਾਇੰਦਾ । ਹੁਕਮੇ ਅੰਦਰ ਦਿਤਾ ਘੱਲ, ਬਣ ਸੇਵਕ ਸੇਵ ਕਮਾਇੰਦਾ । ਤੇਰਾ ਮਹੱਲ ਇਕ ਅਟੱਲ, ਨਿਰਗੁਣ ਸਾਹਿਬ ਨਜ਼ਰੀ ਆਇੰਦਾ । ਮੈਂ ਲੱਖ ਚੁਰਾਸੀ ਅੰਦਰ ਜਾਵਾਂ ਰਲ, ਆਪ ਆਪਣਾ ਫੇਰਾ ਪਾਇੰਦਾ । ਘਰ ਵਿਚ ਘਰ ਲਵਾਂ ਮੱਲ, ਸਚ ਸਿੰਘਾਸਣ ਆਪ ਸੁਹਾਇੰਦਾ । ਤੇਰਾ ਪੀਵਾਂ ਅੰਮ੍ਰਿਤ ਜਲ, ਨਿਝਰ ਝਿਰਨਾ ਇਕ ਵਖਾਇੰਦਾ । ਤੇਰਾ ਦੀਪਕ ਜਾਏ ਬਲ, ਜੋਤ ਨਿਰੰਜਣ ਰੰਗ ਰੰਗਾਇੰਦਾ । ਤੂੰ ਆਦਿ ਜੁਗਾਦਿ ਰਹਿਣਾ ਮੇਰੇ ਵਲ, ਮੈਂ ਤੇਰੀ ਆਸ ਤਕਾਇੰਦਾ । ਤੇਰੀ ਕਿਰਪਾ ਨਾਲ ਲੱਗੇ ਮੈਨੂੰ ਫਲ, ਫੁਲ ਫਲਵਾੜੀ ਲੋਕਮਾਤ ਮਹਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਦੇਣਾ ਸਾਚਾ ਵਰ, ਦਰ ਤੇਰੇ ਸੀਸ ਝੁਕਾਇੰਦਾ । ਸਾਚੇ ਸੁਤ ਉਠ ਜਾ, ਸੋ ਪੁਰਖ ਨਿਰੰਜਣ ਆਪ ਜਣਾਈਆ । ਲੱਖ ਚੁਰਾਸੀ ਬਣ ਮਲਾਹ, ਬੇੜਾ ਮਾਤ ਚਲਾਈਆ । ਸਰਗੁਣ ਦੇਣੀ ਸਤਿ ਸਲਾਹ, ਨਿਰਗੁਣ ਨਾਮ ਦ੍ਰਿੜਾਈਆ । ਚਾਰ ਖਾਣੀ ਵੰਡ ਵੰਡਾ, ਅੰਡਜ ਜੇਰਜ ਉਤਭੁਜ ਸੇਤਜ ਆਪਣਾ ਮਾਰਗ ਪਾਈਆ । ਚਾਰੇ ਬਾਣੀ ਡੰਕ ਵਜਾ, ਪਰਾ ਪਸੰਤੀ ਮਧਮ ਬੈਖਰੀ ਗਾਈਆ । ਚਾਰੇ ਜੁਗ ਖੇਲ ਖਲਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਰੰਗ ਰੰਗਾਈਆ । ਚਾਰੋਂ ਕੁੰਟ ਫੇਰਾ ਪਾ, ਉਤਰ ਪੂਰਬ ਪੱਛਮ ਦੱਖਣ ਵੇਖ ਵਖਾਈਆ । ਚਾਰ ਵਰਨ ਵੰਡ ਵੰਡਾ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਭੇਵ ਜਣਾਈਆ । ਚੌਕੜ ਗੰਢ ਆਪ ਪਵਾ, ਨਵ ਨੌਂ ਵੇਸ ਧਰਾਈਆ । ਚਾਰ ਯਾਰੀ ਅੰਗ ਲਗਾ, ਏਕਾ ਗੰਢ ਪਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾਈਆ । ਸਾਚੀ ਸਿਖਿਆ ਸੁਣ ਬਾਲਕ, ਸ੍ਰੀ ਭਗਵਾਨ ਆਪ ਜਣਾਇੰਦਾ । ਤੇਰਾ ਖੇਲ ਵੇਖੇ ਖ਼ਾਲਕ, ਮਖ਼ਲੂਕ ਤੇਰੇ ਰੰਗ ਰੰਗਾਇੰਦਾ । ਆਦਿ ਜੁਗਾਦਿ ਨਾ ਕਰਨਾ ਆਲਸ, ਨਿੰਦਰਾ ਰੂਪ ਨਾ ਕੋਇ ਵਟਾਇੰਦਾ । ਜੁਗ ਚੌਕੜੀ ਬਣਨਾ ਸਾਲਸ, ਡੋਰੀ ਤੇਰੇ ਹੱਥ ਫੜਾਇੰਦਾ । ਤੇਰਾ ਰੂਪ ਇਕੋ ਖ਼ਾਲਸ, ਖ਼ਾਹਸ਼ ਸਭ ਦੀ ਪੂਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਆਪ ਜਣਾਇੰਦਾ । ਸਾਚਾ ਸੁਤ ਦੋਏ ਜੋੜ, ਪ੍ਰਭ ਅੱਗੇ ਸੀਸ ਨਿਵਾਈਆ । ਸ੍ਰੀ ਭਗਵਾਨ ਮੇਰੀ ਪੂਰੀ ਕਰਨੀ ਲੋੜ, ਨਿਤ ਨਿਤ ਤੇਰਾ ਧਿਆਨ ਲਗਾਈਆ । ਚੜ੍ਹ ਕੇ ਔਣਾ ਅਗੰਮੀ ਘੋੜ, ਸ਼ਾਹਅਸਵਾਰਾ ਫੇਰਾ ਪਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਪੰਧ ਮੁਕੌਣਾ ਦੌੜ ਦੌੜ, ਬੇਪਰਵਾਹ ਤੇਰੀ ਬੇਪਰਵਾਹੀਆ । ਮੇਰੀ ਤ੍ਰਿਸਨਾ ਬੁਝੌਣੀ ਔੜ, ਦੇਣਾ ਦਰਸ ਰਘੁਰਾਈਆ । ਆਦਿ ਜੁਗਾਦਿ ਤੇਰੀ ਲੋੜ, ਜੁਗ ਜੁਗ ਵਿਸਰ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਤੇਰੇ ਓਟ ਤਕਾਈਆ । ਸਾਚੇ ਸੁਤ ਪ੍ਰਭ ਦਏ ਦਿਲਾਸਾ, ਸਚਖੰਡ ਨਿਵਾਸੀ ਦਇਆ ਕਮਾਇੰਦਾ । ਜੁਗ ਚੌਕੜੀ ਵੇਖਾਂ ਤੇਰਾ ਖੇਲ ਤਮਾਸ਼ਾ, ਨਿਰਗੁਣ ਸਰਗੁਣ ਧਾਰ ਚਲਾਇੰਦਾ । ਚਰਨ ਕਵਲ ਇਕ ਭਰਵਾਸਾ, ਸ੍ਰੀ ਭਗਵਾਨ ਆਪ ਸਮਝਾਇੰਦਾ । ਸਦਾ ਸਦਾ ਸਦ ਪੂਰੀ ਕਰੇ ਆਸਾ,

ਨਿਰਾਸ਼ਾ ਰੂਪ ਨਾ ਕੋਇ ਰਖਾਇੰਦਾ । ਪਾਵਾਂ ਸਾਰ ਪ੍ਰਿਥਮੀ ਆਕਾਸਾ, ਗਗਨ ਮੰਡਲ ਖੋਜ ਖੁਜਾਇੰਦਾ । ਤੇਰੇ ਗ੍ਰਿਹਿ ਵੇਖਾਂ ਰਾਸਾ, ਗੋਪੀ ਕਾਹਨ ਨਚਾਇੰਦਾ । ਗੁਰ ਅਵਤਾਰ ਤੇਰੀਆਂ ਸ਼ਾਖ਼ਾਂ, ਪੀਰ ਪੈਗ਼ੰਬਰ ਗੰਢ ਪਵਾਇੰਦਾ । ਧੁਰਦਰਗਾਹੀ ਤੇਰੀਆਂ ਦਾਤਾਂ, ਸਰਗੁਣ ਝੋਲੀ ਆਪ ਭਰਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਗਾਏ ਤੇਰੀਆਂ ਗਾਥਾਂ, ਅੰਜੀਲ ਕੁਰਾਨ ਸਿਫ਼ਤ ਸਾਲਾਹਿੰਦਾ । ਖਾਣੀ ਬਾਣੀ ਟੇਕੇ ਮਾਥਾ, ਨਿਉਂ ਨਿਉਂ ਸੀਸ ਸਰਬ ਝੁਕਾਇੰਦਾ । ਤੇਰਾ ਖੇਲ ਪੁਰਖ ਸਮਰਾਥਾ, ਗੁਰ ਚੇਲਾ ਰੰਗ ਵਖਾਇੰਦਾ । ਤੇਰਾ ਨਾਉਂ ਪੂਜਾ ਪਾਠਾ, ਦੋ ਜਹਾਨਾਂ ਆਪ ਸਮਝਾਇੰਦਾ । ਤੇਰਾ ਪਰੇਮ ਸਰੋਵਰ ਤੀਰਥ ਤਾਟਾ, ਅੰਮ੍ਰਿਤ ਮੇਘ ਬਰਸਾਇੰਦਾ । ਤੇਰਾ ਪਿਆਰ ਚੌਦਾਂ ਹਾਟਾ, ਚੌਦਾਂ ਲੋਕ ਕੁੰਡਾ ਲਾਹਿੰਦਾ । ਤੇਰਾ ਖੇਲ ਖ਼ਲਕ ਤਮਾਸ਼ਾ, ਚੌਦਾਂ ਤਬਕਾਂ ਭੇਵ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਸਾਚੇ ਸੁਤ ਆਪ ਜਣਾਇੰਦਾ । ਸ਼ਬਦ ਸੁਤ ਮੰਗੇ ਅਸੀਸ, ਪ੍ਰਭ ਨਿਉਂ ਨਿਉਂ ਲਾਗੇ ਪਾਈਆ । ਕਿਰਪਾ ਕਰ ਹਰਿ ਜਗਦੀਸ, ਇਕ ਤੇਰੀ ਓਟ ਤਕਾਈਆ । ਜੁਗ ਚੌਕੜੀ ਤੇਰਾ ਖੇਲ ਖੇਲਾਂ ਠੀਕ, ਲੱਖ ਚੁਰਾਸੀ ਠੀਕਰ ਵੇਖ ਵਖਾਈਆ । ਅੰਤਮ ਵੇਲਾ ਦੇ ਤਾਰੀਖ਼, ਜਿਸ ਵੇਲੇ ਲਏਂ ਮਿਲਾਈਆ । ਤੂੰ ਸਾਹਿਬ ਲਾਸ਼ਰੀਕ, ਸਿਰਕਤ ਵਿਚ ਕਦੇ ਨਾ ਆਈਆ । ਤੇਰੀ ਸਿਫ਼ਤ ਕਰੇ ਨਾ ਕੋਇ ਤਾਅਰੀਫ਼, ਲੇਖਾ ਲਿਖਤ ਨਾ ਕੋਇ ਜਣਾਈਆ । ਜੁਗ ਚੌਕੜੀ ਤੇਰੀ ਪੜ੍ਹਾਂ ਹਦੀਸ, ਕਲਮਾ ਇਕੋ ਨਜ਼ਰੀ ਆਈਆ । ਤੇਰੀ ਕਿਰਪਾ ਦੋ ਜਹਾਨ ਲਵਾਂ ਜੀਤ, ਹਾਰ ਰੂਪ ਨਾ ਕੋਇ ਵਖਾਈਆ । ਤੇਰੇ ਮੰਦਰ ਬੈਠਾ ਰਹਾਂ ਅਤੀਤ, ਤ੍ਰੈਗੁਣ ਪੋਹ ਨਾ ਸਕੇ ਰਾਈਆ । ਨਿਰਗੁਣ ਦੱਸਾਂ ਸਚ ਪ੍ਰੀਤ, ਸਾਹਿਬ ਸਤਿਗੁਰ ਮੇਲਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਵੇਲਾ ਦਏ ਜਣਾਈਆ । ਸਾਚਾ ਵੇਲਾ ਸ੍ਰੀ ਭਗਵਾਨ, ਨਿਰਗੁਣ ਨਿਰਗੁਣ ਆਪ ਜਣਾਇੰਦਾ । ਜੁਗ ਚੌਕੜੀ ਖੇਲ ਮਹਾਨ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਇੰਦਾ । ਨਵ ਨੌਂ ਹੋ ਆਪ ਪਰਧਾਨ, ਨਿਰਗੁਣ ਸਰਗੁਣ ਰੰਗ ਰੰਗਾਇੰਦਾ । ਤੇਈ ਅਵਤਾਰ ਕਰ ਪਰਵਾਨ, ਨਾਮ ਪਰਵਾਨਾ ਹੱਥ ਫੜਾਇੰਦਾ । ਅਠਾਰਾਂ ਭਗਤ ਕਰ ਕਲਿਆਣ, ਨਿਹਕਰਮੀ ਕਰਮ ਕਮਾਇੰਦਾ । ਈਸਾ ਮੂਸਾ ਮੁਹੰਮਦ ਦੇ ਪੈਗ਼ਾਮ, ਪੀਰ ਪੈਗ਼ੰਬਰ ਆਪ ਜਣਾਇੰਦਾ । ਨਾਨਕ ਨਿਰਗੁਣ ਸਚਖੰਡ ਦਵਾਰੇ ਵਖਾ ਇਕ ਨਿਸ਼ਾਨ, ਸਚ ਨਿਸ਼ਾਨਾ ਇਕ ਝੁਲਾਇੰਦਾ । ਮੰਤਰ ਇਕੋ ਸਤਿ ਨਾਮ, ਦੋ ਜਹਾਨਾਂ ਝੋਲੀ ਪਾਇੰਦਾ । ਚਾਰ ਵਰਨਾਂ ਦੇ ਗਿਆਨ, ਊਚਾਂ ਨੀਚਾਂ ਰਾਉ ਰੰਕਾਂ ਇਕੋ ਘਰ ਵਸਾਇੰਦਾ । ਸ਼ਬਦ ਅਗੰਮੀ ਸਤਿ ਬਬਾਣ, ਜੀਵਾਂ ਜੰਤਾਂ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਗੁਰ ਤੇਰਾ ਨਾਉਂ ਧਰਾਇੰਦਾ । ਸ਼ਬਦ ਸੁਤ ਤੇਰਾ ਨਾਉਂ ਸਤਿਗੁਰ, ਗੁਰ ਗੁਰ ਰੂਪ ਵਖਾਈਆ । ਨਾਨਕ ਨਿਰਗੁਣ ਜਾਏ ਜੁੜ, ਸਰਗੁਣ ਕਰੇ ਕੁੜਮਾਈਆ । ਸਚ ਸੁਹੇਲਾ ਜਾਏ ਬੌਹੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਇਕੋ ਰਾਗ ਅਲਾਈਆ । ਸ਼ਬਦ ਗੁਰ ਦਾਤਾ ਗਹਿਰ ਗੰਭੀਰ, ਹਰਿ ਸਤਿਗੁਰ ਗੁਰ ਆਪ ਜਣਾਇੰਦਾ । ਨਾਤਾ ਜੋੜ ਪੰਜ ਤੱਤ ਸਰੀਰ, ਸਰਗੁਣ ਆਪਣੀ ਗੰਢ ਪਵਾਇੰਦਾ । ਅੰਮ੍ਰਿਤ ਆਤਮ ਦੇ ਠੰਡਾ ਸੀਰ, ਸਾਚਾ ਝਿਰਨਾ ਇਕ ਝਿਰਾਇੰਦਾ । ਚੋਟੀ ਚਾੜ੍ਹ ਫੜ ਅਖ਼ੀਰ, ਆਖ਼ਰ ਆਪਣਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਤੇਰਾ ਰੰਗ ਵਖਾਇੰਦਾ । ਸ਼ਬਦ ਰੰਗ ਰੰਗ ਅਪਾਰਾ, ਸੋ ਪੁਰਖ ਨਿਰੰਜਣ ਆਪ ਜਣਾਈਆ । ਏਕਾ ਜੋਤੀ ਦਸ ਅਵਤਾਰਾ, ਦਹਿ

੯੪੧
੧੩

ਦਿਸ਼ਾ ਵੇਖ ਵਖਾਈਆ । ਗੋਬਿੰਦ ਸੂਰਾ ਸ਼ਾਹ ਸਿਕਦਾਰਾ, ਸ਼ਹਿਨਸ਼ਾਹ ਇਕੋ ਅਖਵਾਈਆ । ਕਲਗ਼ੀ ਤੋੜਾ ਸੀਸ ਦਸਤਾਰਾ, ਚੰਡੀ ਇਕੋ ਨਾਮ ਚਮਕਾਈਆ । ਖੰਡਾ ਖੜਗ ਵੇਖ ਦੋ ਧਾਰਾ, ਦੋ ਜਹਾਨਾਂ ਰਿਹਾ ਡਰਾਈਆ । ਪੁਰਖ ਅਕਾਲ ਮੀਤ ਪਿਆਰਾ, ਜੀਵਾਂ ਜੰਤਾਂ ਰਿਹਾ ਸਮਝਾਈਆ । ਸ਼ਬਦ ਅਗੰਮ ਵੱਜੇ ਨਗਾਰਾ, ਨੌਬਤ ਇਕੋ ਨਾਮ ਸੁਣਾਈਆ । ਵਿਸ਼ਨ ਬ੍ਰਹਮਾ ਸ਼ਿਵ ਹੋਏ ਖ਼ਬਰਦਾਰਾ, ਨੇਤਰ ਨੈਣ ਸਰਬ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਸ਼ਬਦ ਦਏ ਵਡਿਆਈਆ । ਸੁਤ ਸ਼ਬਦ ਤੇਰਾ ਰੂਪ ਅਗੰਮ, ਨਜ਼ਰ ਕਿਸੇ ਨਾ ਆਇੰਦਾ । ਆਦਿ ਜੁਗਾਦਿ ਨਾ ਮਰੇ ਨਾ ਪਏ ਜੰਮ, ਮਾਤ ਗਰਭ ਨਾ ਫੇਰਾ ਪਾਇੰਦਾ । ਪਵਣ ਸਵਾਸ ਨਾ ਲਏ ਦਮ, ਨੇਤਰ ਨੈਣ ਨਾ ਕੋਇ ਵਹਾਇੰਦਾ । ਹਡ ਮਾਸ ਨਾੜੀ ਨਾ ਕੋਇ ਚੰਮ, ਦ੍ਰਿਸ਼ਟੀ ਦਰ ਨਾ ਕੋਇ ਜਣਾਇੰਦਾ । ਹਰਖ਼ ਸੋਗ ਨਾ ਕੋਇ ਗ਼ਮ, ਚਿੰਤਾ ਨਾ ਕੋਇ ਜਣਾਇੰਦਾ । ਬੁਧ ਮਤ ਨਾ ਕੋਇ ਮਨ, ਬ੍ਰਹਮ ਵੰਡ ਨਾ ਕੋਇ ਵੰਡਾਇੰਦਾ । ਰਾਗ ਨਾਦ ਨਾ ਕੋਇ ਕੰਨ, ਰਸਨਾ ਜਿਹਵਾ ਨਾ ਕੋਇ ਹਲਾਇੰਦਾ । ਮੰਦਰ ਮਹੱਲ ਨਾ ਕੋਇ ਛੰਨ, ਛੱਪਰ ਰੂਪ ਨਾ ਕੋਇ ਵਖਾਇੰਦਾ । ਤੇਰਾ ਮੇਲਾ ਇਕੋ ਸ੍ਰੀ ਭਗਵਨ, ਦੂਜਾ ਸੰਗ ਨਾ ਕੋਇ ਰਖਾਇੰਦਾ । ਤੇਰਾ ਨਾਮ ਸੱਚਾ ਧੰਨ, ਜੁਗ ਚੌਕੜੀ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਰੇ ਕਰਤਾਰ, ਕਰਤਾ ਪੁਰਖ ਵੱਡੀ ਵਡਿਆਈਆ । ਦੇਵਣਹਾਰਾ ਸਚ ਸਹਾਰ, ਸਾਹਿਬ ਇਕੋ ਦਏ ਸਰਨਾਈਆ । ਜੁਗ ਚੌਕੜੀ ਖੇਲ ਅਪਾਰ, ਬੇਪਰਵਾਹ ਆਪ ਸਮਝਾਈਆ । ਸਰਗੁਣ ਨਾਤਾ ਜੋੜ ਵਿਚ ਸੰਸਾਰ, ਗੁਰ ਅਵਤਾਰ ਵੰਡ ਵੰਡਾਈਆ । ਪੀਰ ਪੈਗ਼ੰਬਰ ਲਾ ਅਖਾੜ, ਬਣ ਮਲੰਗ ਨਾਚ ਨਚਾਈਆ । ਕਲਮਾ ਨਬੀ ਰਸੂਲ ਦੇ ਧਾਰ, ਕਾਇਨਾਤ ਕਰੇ ਪੜ੍ਹਾਈਆ । ਆਲਮ ਉਲਮਾ ਕਰ ਖ਼ਬਰਦਾਰ, ਬੇਖ਼ਬਰ ਆਪ ਸੁਣਾਈਆ । ਗ਼ਫ਼ਲਤ ਵਿਚ ਨਾ ਆਏ ਪਰਵਰਦਿਗਾਰ, ਬੇਦਾਰ ਕਰੇ ਲੋਕਾਈਆ । ਰਾਮ ਰਹੀਮ ਸਾਂਝਾ ਯਾਰ, ਰਹਿਮਤ ਆਪਣੇ ਹੱਥ ਰਖਾਈਆ । ਗੋਬਿੰਦ ਗੁਰ ਕਰ ਪਿਆਰ, ਦੋ ਜਹਾਨਾਂ ਦਏ ਵਡਿਆਈਆ । ਤੇਰਾ ਰੂਪ ਅਪਰ ਅਪਾਰ, ਜਗ ਨੇਤਰ ਨਜ਼ਰ ਨਾ ਆਈਆ । ਸ਼ਬਦੀ ਸ਼ਬਦ ਖੇਲ ਕਰਤਾਰ ਜਨ ਭਗਤਾਂ ਦਏ ਵਖਾਲ, ਜਲਵਾਗਰ ਪਰਵਰਦਿਗਾਰ ਨੂਰੋ ਨੂਰ ਡਗਮਗਾਈਆ । ਕਰੇ ਖੇਲ ਅਗੰਮ ਅਪਾਰ, ਅਗੋਚਰ ਜਾਣੇ ਨਾ ਕੋਇ ਵਡਿਆਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਲਿਖ ਲਿਖ ਗਏ ਹਾਰ, ਲੇਖਾ ਲਿਖਤ ਵਿਚ ਨਾ ਆਈਆ । ਸੁਤ ਸ਼ਬਦ ਤੇਰਾ ਪਿਆਰ, ਪ੍ਰਭ ਅੰਤ ਲਏ ਪਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਮਾਣ ਵਡਿਆਈਆ । ਸੁਤ ਸ਼ਬਦ ਤੈਨੂੰ ਵਡਿਆਵਾਂਗਾ । ਜੁਗ ਚੌਕੜੀ ਰਾਹ ਵਖਾਵਾਂਗਾ । ਗੁਰ ਅਵਤਾਰ ਖੇਲ ਖਲਾਵਾਂਗਾ । ਪੀਰ ਪੈਗ਼ੰਬਰ ਮੇਲ ਮਿਲਾਵਾਂਗਾ । ਬਿਨ ਨਾਨਕ ਨਿਰਗੁਣ ਸਚਖੰਡ ਦਵਾਰ ਕਿਸੇ ਨਾ ਜਣਾਵਾਂਗਾ । ਬਿਨ ਗੋਬਿੰਦ ਸਾਚਾ ਚੰਦ ਨਾ ਕਿਸੇ ਦਰਸਾਵਾਂਗਾ । ਨਿਰਗੁਣ ਹੋ ਕੇ ਨਿਰਵੈਰ ਵੇਸ ਵਟਾਵਾਂਗਾ । ਤੇਰਾ ਲੇਖਾ ਪੂਰ ਕਰਾਵਾਂਗਾ । ਕਲ ਕਲਕੀ ਫੇਰਾ ਪਾਵਾਂਗਾ । ਜੋਤੀ ਜਾਮਾ ਵੇਖ ਵਖਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਉਠਾਵਾਂਗਾ । ਕਰੋੜ ਤੇਤੀਸ ਹਲਾਵਾਂਗਾ । ਸਚ ਨਗਾਰਾ ਇਕ ਵਜਾਵਾਂਗਾ । ਬਣ ਵਣਜਾਰਾ ਸੇਵ ਕਮਾਵਾਂਗਾ । ਭਗਤ ਪਿਆਰਾ ਗਲੇ ਲਗਾਵਾਂਗਾ । ਕਲਜੁਗ ਅੰਧਿਆਰਾ ਅੰਤ ਮਿਟਾਵਾਂਗਾ । ਸਤਿਜੁਗ ਸਾਚਾ ਰਾਹ ਚਲਾਵਾਂਗਾ । ਚਾਰ ਵਰਨਾਂ ਇਕੋ ਘਰ ਵਸਾਵਾਂਗਾ । ਜਨ ਭਗਤਾਂ ਮੰਤਰ ਫੇਰ, ਫੁਰਨਾ ਇਕ ਸਮਝਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਦੇਵਣਹਾਰਾ ਸਾਚਾ ਵਰ, ਸ਼ਬਦੀ ਗੰਢ ਪਵਾਵਾਂਗਾ । ਸ਼ਬਦੀ ਗੰਢ ਗੰਢੇਗਾ । ਕਲਜੁਗ ਅੰਤਮ ਹੰਢੇਗਾ । ਸ੍ਰੀ ਭਗਵਾਨ ਕਦੇ ਨਾ ਸੰਗੇਗਾ । ਦੇਣਾ ਲਹਿਣਾ ਸਭ ਤੋਂ ਮੰਗੇਗਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪੇ ਲੰਘੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਬੇੜਾ ਆਪੇ ਬੰਨ੍ਹੇਗਾ । ਸੁਤ ਸ਼ਬਦ ਰੱਖ ਸਾਚੀ ਧੀਰ, ਧੁਰ ਦਰਬਾਰੀ ਆਪ ਜਣਾਇੰਦਾ । ਨਵ ਨੌਂ ਚਾਰ ਆਏ ਅਖ਼ੀਰ, ਆਖ਼ਰ ਆਪਣਾ ਮੇਲ ਮਿਲਾਇੰਦਾ । ਪਰਗਟ ਹੋਏ ਜ਼ਾਹਰਾ ਪੀਰ, ਬੇਨਜ਼ੀਰ ਵੇਸ ਵਟਾਇੰਦਾ । ਦੋ ਜਹਾਨਾਂ ਬਣੇ ਦਸਤਗੀਰ, ਦਸਤ ਆਪਣਾ ਆਪ ਮਿਲਾਇੰਦਾ । ਲੇਖਾ ਜਾਣ ਗੁਣੀ ਗਹੀਰ, ਗਹਿਰ ਗਵਰ ਖੇਲ ਖਲਾਇੰਦਾ । ਜਨ ਭਗਤਾਂ ਦਰਸਾਏ ਸਚ ਤਸਵੀਰ, ਨੂਰੋ ਨੂਰ ਨਜ਼ਰੀ ਆਇੰਦਾ । ਸ਼ਰਅ ਸ਼ਰੀਅਤ ਕੱਟ ਜ਼ੰਜੀਰ, ਲਾਸ਼ਰੀਕ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਤੌਫ਼ੀਕ ਤੇਰੇ ਹੱਥ ਫੜਾਇੰਦਾ । ਸਚ ਤੌਫ਼ੀਕ ਦੇਵੇ ਖ਼ੁਦਾ, ਨਿਰਗੁਣ ਆਪਣੀ ਵੰਡ ਵੰਡਾਈਆ । ਕਲਜੁਗ ਅੰਤਮ ਰਹਿਣ ਨਾ ਦੇਵੇ ਜੁਦਾ, ਜੁਜ਼ ਆਪਣੇ ਵਿਚ ਸਮਾਈਆ । ਸਤਿਜੁਗ ਮਾਰਗ ਦੱਸੇ ਸਿਧਾ, ਵਰਨ ਬਰਨ ਨਾ ਕੋਇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸ਼ਬਦ ਵਡਿਆਈਆ । ਸ਼ਬਦ ਸੁਤ ਤੇਰਾ ਸਾਚਾ ਮਾਣ, ਸ੍ਰੀ ਭਗਵਾਨ ਆਪ ਰਖਾਇੰਦਾ । ਕਲਜੁਗ ਅੰਤ ਹੋ ਪਰਧਾਨ, ਨਾਮ ਪਰਧਾਨਗੀ ਇਕ ਜਣਾਇੰਦਾ । ਰਾਜ ਰਾਜਾਨ ਸ਼ਾਹ ਸੁਲਤਾਨ ਸਰਬ ਮਿਟ ਜਾਣ, ਸੀਸ ਤਾਜ ਨਾ ਕੋਇ ਟਿਕਾਇੰਦਾ । ਕਲਜੁਗ ਭੇਖ ਪਖੰਡ ਨਾ ਦਿਸੇ ਨਿਸ਼ਾਨ, ਕੂੜੀ ਕਿਰਿਆ ਸ਼ੌਹ ਦਰਯਾਏ ਰੁੜ੍ਹਾਇੰਦਾ । ਸਚ ਸੁੱਚ ਕਰ ਪਰਵਾਨ, ਨਾਮ ਪਰਵਾਨਾ ਭਗਤਾਂ ਹੱਥ ਫੜਾਇੰਦਾ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਦੇਵੇ ਇਕ ਗਿਆਨ, ਆਤਮ ਪਰਮਾਤਮ ਮੇਲ ਮਿਲਾਇੰਦਾ । ਅੰਮ੍ਰਿਤ ਬਖ਼ਸ਼ੇ ਪੀਣ ਖਾਣ, ਨਿਝਰ ਝਿਰਨਾ ਰਸ ਝਿਰਾਇੰਦਾ । ਦੀਪਕ ਜੋਤ ਜਗਾਏ ਮਹਾਨ, ਅੰਧ ਅੰਧੇਰ ਮਿਟਾਇੰਦਾ । ਤੇਰਾ ਨਾਉਂ ਢੋਲਾ ਸਾਰੇ ਗਾਣ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਇੰਦਾ । ਵਚੋਲਾ ਬਣੇ ਨੌਜਵਾਨ, ਨਿਰਗੁਣ ਆਪਣਾ ਨਾਉਂ ਰਖਾਇੰਦਾ । ਕਾਗ਼ਦ ਕਲਮ ਹੋਏ ਹੈਰਾਨ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਤੇਰਾ ਰਾਹ ਚਲਾਇੰਦਾ । ਸ਼ਬਦ ਸੁਤ ਤੇਰਾ ਸਾਚਾ ਰਾਹ, ਸ੍ਰੀ ਭਗਵਾਨ ਆਪ ਚਲਾਈਆ । ਸਤਿਜੁਗ ਬਣੇ ਸਤਿ ਮਲਾਹ, ਬੇੜਾ ਆਪਣੇ ਕੰਧ ਉਠਾਈਆ । ਜਨ ਭਗਤਾਂ ਦ੍ਰਿੜਾਏ ਇਕੋ ਨਾਂ, ਸੋਹੰ ਢੋਲਾ ਸੱਚਾ ਗਾਈਆ । ਗ਼ਰੀਬ ਨਿਮਾਣਿਆਂ ਪਕੜੇ ਬਾਂਹ, ਕੋੜ੍ਹੇ ਕਮਲਿਆਂ ਗਲੇ ਲਗਾਈਆ । ਸ਼ਾਹ ਸੁਲਤਾਨਾਂ ਖ਼ਾਕ ਮਿਲਾ, ਊਚਾਂ ਨੀਚਾਂ ਇਕੋ ਘਰ ਬਹਾਈਆ । ਏਕਾ ਮੰਦਰ ਦਏ ਪਰਗਟਾ, ਜਿਸ ਘਰ ਵੱਜੇ ਪ੍ਰਭ ਵਧਾਈਆ । ਪੁਰਖ ਅਕਾਲ ਨਜ਼ਰੀ ਜਾਏ ਆ, ਇਸ਼ਟ ਇਕੋ ਇਕ ਦਰਸਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਬੈਠਣ ਸੀਸ ਝੁਕਾ, ਭਗਤ ਭਗਵਾਨ ਧਿਆਨ ਲਗਾਈਆ । ਸੰਤ ਸਾਜਣ ਲੈਣ ਗਾ, ਰਸਨਾ ਜਿਹਵਾ ਸਿਫ਼ਤ ਸਾਲਾਹੀਆ । ਗੁਰਮੁਖ ਸੱਜਣ ਲੈਣ ਧਿਆ, ਧਿਆਨ ਧਿਆਨ ਨਾਲ ਮਿਲਾਈਆ । ਗੁਰਸਿਖ ਧੂੜੀ ਖ਼ਾਕ ਲੈਣ ਰਮਾ, ਮਸਤਕ ਇਕੋ ਟਿੱਕਾ ਲਾਈਆ । ਸਤਿਗੁਰ ਗੋਬਿੰਦ ਬਣੇ ਮਲਾਹ, ਹਰਿਜਨ ਸਾਚੇ ਪਾਰ ਕਰਾਈਆ । ਦੋ ਜਹਾਨਾਂ ਇਕੋ ਡੰਕਾ ਦਏ ਵਜਾ, ਨਾਮ ਨਗਾਰਾ ਹੱਥ ਵਖਾਈਆ । ਸੀਸ ਜਗਦੀਸ ਤਾਜ ਸੁਹਾ, ਤਾਜਾਂ ਵਾਲੇ ਚਰਨ ਲਗਾਈਆ । ਰਹਿਬਰ ਬਣ ਬੇਪਰਵਾਹ, ਵਸਤ ਦੇਵੇ ਸਰਬ ਲੋਕਾਈਆ । ਸਬਰ ਪਿਆਲਾ ਜਾਮ ਪਿਆ, ਬੇਸਬਰੀ ਦਏ ਮਿਟਾਈਆ । ਧੁਰ ਦੀ ਖ਼ਬਰ ਆਪ

ਸੁਣਾ, ਸਚ ਸੰਦੇਸਾ ਇਕ ਅਲਾਈਆ । ਗੁਰ ਅਵਤਾਰ ਪੀਰ ਪੈਗੰਬਰ ਇਕ ਦੂਜੇ ਦੀ ਪਕੜਨ ਬਾਂਹ, ਦੀਨ ਮਜ਼੍ਹਬ ਸ਼ਰਅ ਸ਼ਰੀਅਤ ਕੋਇ ਰਹਿਣ ਨਾ ਪਾਈਆ । ਜਿਧਰ ਵੇਖਣ ਸਹੀ ਸਲਾਮਤ ਨਜ਼ਰੀ ਆਏ ਖ਼ੁਦਾ, ਖ਼ੁਦੀ ਸਭ ਦੀ ਰਿਹਾ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸ਼ਬਦ ਮਿਲੇ ਵਡਿਆਈਆ । ਸਾਚੇ ਸ਼ਬਦ ਤੇਰਾ ਜੈਕਾਰ, ਕਲਜੁਗ ਅੰਤ ਅੰਤ ਕਰਾਈਆ । ਸਾਚੇ ਸ਼ਬਦ ਤੇਰਾ ਪਿਆਰ, ਚਾਰ ਵਰਨ ਕੁੜਮਾਈਆ । ਸਾਚੇ ਸ਼ਬਦ ਤੇਰਾ ਆਧਾਰ, ਗੁਰਸਿਖ ਧਿਆਨ ਲਗਾਈਆ । ਸਾਚੇ ਸ਼ਬਦ ਤੇਰਾ ਵਾਪਾਰ, ਗੁਰਮੁਖ ਹੱਟ ਚਲਾਈਆ । ਸਾਚੇ ਸ਼ਬਦ ਤੇਰਾ ਉਜਿਆਰ, ਜਨ ਭਗਤਾਂ ਨੈਣ ਖੁਲ੍ਹਾਈਆ । ਸਾਚੇ ਸ਼ਬਦ ਤੇਰਾ ਭੰਡਾਰ, ਹਰਿ ਭਗਤਾਂ ਆਪ ਵਰਤਾਈਆ । ਸਾਚੇ ਸ਼ਬਦ ਤੇਰਾ ਦਵਾਰ, ਥਿਰ ਘਰ ਸਾਚਾ ਦਏ ਵਸਾਈਆ । ਸਾਚੇ ਸ਼ਬਦ ਤੇਰਾ ਕਰਤਾਰ, ਸਚਖੰਡ ਇਕੋ ਨਜ਼ਰੀ ਆਈਆ । ਸਾਚੇ ਸ਼ਬਦ ਤੇਰਾ ਸੰਸਾਰ, ਸਰਗੁਣ ਵੰਡ ਵੰਡਾਈਆ । ਸਾਚੇ ਸ਼ਬਦ ਤੇਰਾ ਵਿਹਾਰ, ਵਿਵਹਾਰੀ ਆਪ ਕਰਾਈਆ । ਸਾਚੇ ਸ਼ਬਦ ਤੇਰਾ ਲੇਖਾ ਜੁਗ ਚੌਕੜੀ ਚਾਰ, ਚਾਰੋਂ ਕੁੰਟ ਖੇਲ ਕਰਾਈਆ । ਸਾਚੇ ਸ਼ਬਦ ਤੇਰਾ ਲਹਿਣਾ ਦੇਣ ਚੁਕਾਏ ਅਗੰਮ ਅਪਾਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸ਼ਬਦ ਦਏ ਵਡਿਆਈਆ । ਸਾਚੇ ਸ਼ਬਦ ਤੇਰਾ ਮਾਣ, ਦੋ ਜਹਾਨ ਰਖਾਇੰਦਾ । ਸਾਚੇ ਸ਼ਬਦ ਤੇਰਾ ਫ਼ਰਮਾਨ, ਖਾਣੀ ਬਾਣੀ ਰੂਪ ਵਟਾਇੰਦਾ । ਸਾਚੇ ਸ਼ਬਦ ਤੇਰਾ ਨਿਸ਼ਾਨ, ਨਿਰਗੁਣ ਸਰਗੁਣ ਨਜ਼ਰੀ ਆਇੰਦਾ । ਸਾਚੇ ਸ਼ਬਦ ਤੇਰਾ ਮਕਾਨ, ਘਟ ਘਟ ਅੰਦਰ ਫੇਰੀ ਪਾਇੰਦਾ । ਸਾਚੇ ਸ਼ਬਦ ਤੇਰਾ ਪੀਣ ਖਾਣ, ਲੱਖ ਚੁਰਾਸੀ ਧੀਰਜ ਧੀਰ ਧਰਾਇੰਦਾ । ਸਾਚੇ ਸ਼ਬਦ ਤੇਰਾ ਬਬਾਣ, ਬਿਨ ਭਗਤਾਂ ਹੱਥ ਕਿਸੇ ਨਾ ਆਇੰਦਾ । ਕਲਜੁਗ ਅੰਤਮ ਖੇਲ ਕਰੇ ਭਗਵਾਨ, ਭਗਵਨ ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸ਼ਬਦ ਸ਼ਬਦ ਨਾਉਂ ਰਖਾਇੰਦਾ । ਸਾਚੇ ਸ਼ਬਦ ਤੂੰ ਸੱਚਾ ਗੁਰ, ਆਦਿ ਜੁਗਾਦਿ ਤੇਰੀ ਚਤਰਾਈਆ । ਤੇਰਾ ਮੇਲਾ ਸਦਾ ਸਦਾ ਸਦ ਧੁਰ, ਧੁਰ ਮੇਲਾ ਤੇਰੇ ਹੱਥ ਰਖਾਈਆ । ਨਿਰਗੁਣ ਹੋ ਕੇ ਸਰਗੁਣ ਨਾਲ ਜਾਈਂ ਜੁੜ, ਲੋਕਮਾਤ ਕਰੀਂ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਤੇਰਾ ਰੂਪ ਵਖਾਈਆ । ਸ਼ਬਦ ਗੁਰੂ ਗੁਰਦੇਵ, ਸ਼ਬਦੀ ਵਡ ਵਡਿਆਈਆ । ਪੰਜ ਤੱਤ ਕਰੇ ਤੇਰੀ ਸੇਵ, ਸਤਿਜੁਗ ਚਲੇ ਨਾ ਕੋਇ ਚਤਰਾਈਆ । ਤੇਰਾ ਲੇਖਾ ਅਲੱਖ ਅਭੇਵ, ਅਗੰਮ ਤੇਰੀ ਵਡਿਆਈਆ । ਤੇਰਾ ਲਹਿਣਾ ਸਦਾ ਨਿਹਕੇਵ, ਨਿਹਚਲ ਧਾਮ ਤੇਰੀ ਰੁਸ਼ਨਾਈਆ । ਕਿਆ ਕੋਈ ਗਾਏ ਰਸਨਾ ਜਿਹਵ, ਬੱਤੀ ਦੰਦ ਨਾ ਸਿਫ਼ਤ ਸਾਲਾਹੀਆ । ਤੇਰਾ ਲੇਖਾ ਜਾਣੇ ਕੁੰਟ ਹੇਮ, ਦੂਜਾ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸ਼ਬਦ ਤੇਰੀ ਸ਼ਰਨਾਈਆ । ਗੁਰ ਸ਼ਬਦ ਤੇਰੀ ਸਰਨਾਗਤ, ਜੀਵ ਜੰਤ ਜਣਾਇੰਦਾ । ਆਤਮ ਪਰਮਾਤਮ ਤੇਰੀ ਮਤ, ਬ੍ਰਹਮ ਵਿਦਿਆ ਇਕ ਦ੍ਰਿੜਾਇੰਦਾ । ਨਾੜ ਬਹੱਤਰ ਤੇਰੀ ਰੱਤ, ਹਾਡੀ ਤਿੰਨ ਸੌ ਸੱਠ ਜੋੜ ਜੁੜਾਇੰਦਾ । ਨਿਰਗੁਣ ਹੋ ਕੇ ਸਰਗੁਣ ਜਾਣੇ ਮਿਤ ਗਤ, ਗਤ ਮਿਤ ਆਪਣੇ ਹੱਥ ਰਖਾਇੰਦਾ । ਕਲਜੁਗ ਅੰਤਮ ਭਗਤਾਂ ਰੱਖਣੀ ਪਤ, ਭਗਵਾਨ ਤੇਰੀ ਸੇਵਾ ਲਾਇੰਦਾ । ਘਰ ਘਰ ਜਾ ਕੇ ਮਾਰਗ ਦੱਸ, ਨਿਰਗੁਣ ਆਪਣਾ ਰਾਹ ਵਖਾਇੰਦਾ । ਨਿੱਕਾ ਹੋ ਕੇ ਹਿਰਦੇ ਵਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਆਪ ਸਮਝਾਇੰਦਾ । ਸੁਤ ਦੁਲਾਰਾ ਸ਼ਬਦੀ ਗੁਰ, ਉਠ ਉਠ ਕਰੇ

ਧਾਈਆ । ਜਨ ਭਗਤ ਦਵਾਰੇ ਜਾਏ ਬੌਹੜ, ਆਪਣਾ ਪੰਧ ਮੁਕਾਈਆ । ਸੰਦੇਸਾ ਦੇਵੇ ਪਰਗਟ ਹੋਇਆ ਬ੍ਰਹਿਮਣ ਗੌੜ, ਪੂਤ ਸਪੂਤਾ ਹੁਕਮ ਮਨਾਈਆ । ਦੋ ਜਹਾਨਾਂ ਵਾਲੀ ਨਿਰਗੁਣ ਆਇਆ ਦੌੜ, ਨਿਹਕਲੰਕਾ ਨਾਉਂ ਰਖਾਈਆ । ਸੰਬਲ ਨਗਰ ਵਸਿਆ ਕਰ ਕੇ ਵੇਖੇ ਗੌਰ, ਗਹਿਰ ਗੰਭੀਰ ਆਸਣ ਲਾਈਆ । ਗੋਬਿੰਦ ਚੇਲੇ ਕਲਜੁਗ ਅੰਤਮ ਬੌਹੜ, ਰੂਪ ਰੰਗ ਰੇਖ ਨਾ ਕੋਇ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਗੁਰ ਭਗਤਾਂ ਨਾਲ ਮਿਲਾਈਆ । ਸ਼ਬਦ ਗੁਰ ਉਠ ਉਠ ਧਾਵੇ, ਆਪਣਾ ਬਲ ਜਣਾਈਆ । ਸੋਏ ਭਗਤ ਮਾਤ ਉਠਾਵੇ, ਰਾਤੀਂ ਸੁੱਤਿਆਂ ਲਏ ਮਿਲਾਈਆ । ਕੋਈ ਨਾ ਮਰੇ ਪ੍ਰਭ ਕੇ ਹਾਵੇ, ਪਿਛਲਾ ਲੇਖਾ ਰਿਹਾ ਚੁਕਾਈਆ । ਜਿਨ੍ਹਾਂ ਗੋਬਿੰਦ ਦਿਤੇ ਬੇਦਾਵੇ, ਅੰਤਮ ਆਪਣੀ ਝੋਲੀ ਪਾਈਆ । ਆਪਣੇ ਕੰਡੇ ਤੋਲੇ ਸਾਂਵੇਂ, ਤਰਾਜ਼ੂ ਆਪਣੇ ਹੱਥ ਉਠਾਈਆ । ਜਿਨ੍ਹਾਂ ਤੇਰੇ ਲਾਏ ਨਾਵੇਂ, ਤਿਨ੍ਹਾਂ ਇਕੋ ਗਿਆ ਨਾਮ ਪੜ੍ਹਾਈਆ । ਜੋ ਨਾਨਕ ਨਿਰਗੁਣ ਢੋਲੇ ਗਾਵੇ, ਸੋਹੰ ਅੱਖਰ ਕਰੇ ਪੜ੍ਹਾਈਆ । ਪੁਰਖ ਅਬਿਨਾਸ਼ੀ ਪਾਰਬ੍ਰਹਮ ਪਤਿਪਰਮੇਸ਼ਵਰ ਸੋ ਨਾਰ ਸੁਹੰਜਣੀ ਆਪੇ ਰਾਵੇ, ਰਵ ਰਿਹਾ ਹਰ ਘਟ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਗੁਰ ਦਏ ਵਡਿਆਈਆ । ਸ਼ਬਦ ਗੁਰ ਕਹੇ ਮੈਂ ਸਤਿਗੁਰ ਪੂਰਾ, ਆਦਿ ਜੁਗਾਦਿ ਅਖਵਾਇੰਦਾ । ਜੁਗ ਚੌਕੜੀ ਕੌਲ ਕਰਾਂ ਪੂਰਾ, ਕੀਤਾ ਕੌਲ ਭੁੱਲ ਨਾ ਜਾਇੰਦਾ । ਜਨ ਭਗਤ ਦਵਾਰੇ ਹਾਜ਼ਰ ਹਜ਼ੂਰਾ, ਮੁਖ ਆਪਣਾ ਪੜਦਾ ਲਾਹਿੰਦਾ । ਨਾਮ ਵਜਾਵਾਂ ਅਗੰਮ ਤੂਰਾ, ਤੁਰਯਾ ਰਾਗ ਮੁਖ ਸ਼ਰਮਾਇੰਦਾ । ਜਨ ਭਗਤਾਂ ਅੰਦਰੋਂ ਹੂੰਝਾਂ ਕੂੜਾ, ਦੁਰਮਤ ਮੈਲ ਧਵਾਇੰਦਾ । ਗੁਰਮੁਖ ਸਵਾਣੀ ਚਾੜ੍ਹਾਂ ਚੂੜਾ, ਲਾਲ ਰੰਗੀਲਾ ਰੰਗ ਰੰਗਾਇੰਦਾ । ਇਕੋ ਜੋਤੀ ਦੇਵਾਂ ਨੂਰਾ, ਇਕੋ ਸੇਜ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸ਼ਬਦ ਆਪ ਸਮਝਾਇੰਦਾ । ਸ਼ਬਦ ਗੁਰੂ ਕਹੇ ਮੈਂ ਸਾਚਾ ਮੀਤ, ਮਿੱਤਰ ਪਿਆਰਾ ਇਕ ਅਖਵਾਈਆ । ਜੁਗ ਚੌਕੜੀ ਚਲਾਵਾਂ ਆਪਣੀ ਰੀਤ, ਨਿਤ ਨਿਤ ਆਪਣੀ ਧਾਰ ਬੰਧਾਈਆ । ਕੋਟਨ ਕੋਟ ਵਿਸ਼ਨ ਬ੍ਰਹਮਾ ਸ਼ਿਵ ਗੌਂਦੇ ਮੇਰੇ ਗੀਤ, ਗੌਂਦਿਆਂ ਅੰਤ ਕੋਇ ਨਾ ਪਾਈਆ । ਜੁਗ ਚੌਕੜੀ ਖੇਲ ਕਰਾਵਾਂ ਸ਼ਿਵਦਵਾਲੇ ਮੱਠ ਮੰਦਰ ਮਸੀਤ, ਗੁਰਦਵਾਰੇ ਗੰਢ ਪਵਾਈਆ । ਆਪ ਵਸਾਂ ਧਾਮ ਅਨਡੀਠ, ਬਿਨ ਭਗਤਾਂ ਨਜ਼ਰ ਕਿਸੇ ਨਾ ਆਈਆ । ਖਾਣੀ ਬਾਣੀ ਸ਼ਾਸਤਰ ਸਿਮਰਤ ਵੇਦ ਪੁਰਾਨੀ ਸਿਫ਼ਤ ਸਾਲਾਹੀ ਗੀਤ, ਸਾਹਿਬ ਆਪਣੀ ਸੇਵਾ ਲਾਈਆ । ਸਾਚੇ ਸੰਤਾਂ ਧਾਮ ਵਖਾਵਾਂ ਇਕ ਅਤੀਤ, ਤ੍ਰੈਗੁਣ ਨਾਤਾ ਤੋੜ ਤੁੜਾਈਆ । ਗੁਰਮੁਖਾਂ ਦੱਸਾਂ ਸਚ ਪ੍ਰੀਤ, ਚਰਨ ਕਵਲ ਪ੍ਰਭ ਸਰਨਾਈਆ । ਗੁਰਸਿਖਾਂ ਮੇਲ ਮਿਲਾਵਾਂ ਠੀਕ, ਕੂੜੀ ਕਿਰਿਆ ਠੀਕਰ ਭੰਨ ਵਖਾਈਆ । ਜੁਗ ਚੌਕੜੀ ਲਵਾਂ ਜੀਤ, ਬਚਿਆ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਮੇਰਾ ਦੇਣਾ ਇਕੋ ਸਾਚਾ ਵਰ, ਤੇਰੇ ਭਗਤਾਂ ਸੇਵ ਕਮਾਈਆ । ਤੇਰੇ ਭਗਤਾਂ ਸੇਵ ਕਮਾਵਾਂਗਾ । ਪ੍ਰਭ ਘਰ ਘਰ ਜਾ ਉਠਾਵਾਂਗਾ । ਨਿਰਗੁਣ ਜੋਤੀ ਮੇਲ ਮਿਲਾਵਾਂਗਾ । ਸ਼ਬਦੀ ਰਾਗ ਅਲਾਵਾਂਗਾ । ਸੋਈ ਸੁਰਤੀ ਆਪ ਹਿਲਾਵਾਂਗਾ । ਅਕਾਲ ਮੂਰਤੀ ਇਕ ਦਰਸਾਵਾਂਗਾ । ਨਾਦ ਤੂਰਤੀ ਇਕ ਜਣਾਵਾਂਗਾ । ਆਸਾ ਪੂਰਤੀ ਪੂਰ ਕਰਾਵਾਂਗਾ । ਸਤਿਜੁਗ ਸਚ ਮਹੂਰਤ ਤੇਰੇ ਚਰਨਾਂ ਨਾਲ ਵਖਾਵਾਂਗਾ । ਨਾਤਾ ਤੋੜ ਕੂੜੇ ਕੂੜਤ, ਸਚ ਸੁੱਚ ਝੋਲੀ ਪਾਵਾਂਗਾ । ਚਤਰ ਸੁਘੜ ਬਣਾ ਮੂਰਖ ਮੂੜ੍ਹਤ, ਅਗਿਆਨ ਅੰਧੇਰ ਮਿਟਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਭਗਤਾਂ ਰੰਗ ਰੰਗਾਵਾਂਗਾ ।


੯੪੫
੧੩

੯੪੬
੧੩

ਤੇਰੇ ਭਗਤ ਰੰਗ ਚੜ੍ਹੇਗਾ । ਦਰ ਮੰਦਰ ਤੇਰੇ ਵੜੇਗਾ । ਨਿਰਭੈ ਹੋ ਨਾ ਡਰੇਗਾ । ਸੋਹੰ ਢੋਲਾ ਇਕੋ ਪੜ੍ਹੇਗਾ । ਚਰਨ ਦਵਾਰੇ ਤੇਰੇ ਖੜੇਗਾ । ਜੇ ਬਾਹਰ ਕੱਢੇਂ ਤਾਂ ਅੱਗੋਂ ਅੜੇਗਾ । ਹੋ ਨਿਮਾਣਾ ਸਰਨੀ ਪੜੇਗਾ । ਤੇਰੀ ਪ੍ਰੀਤੀ ਇਕੋ ਵਰੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਗੁਰ ਸ਼ਬਦ ਸਾਚੀ ਸੇਵ ਕਰੇਗਾ । ਸਚ ਸਾਚੀ ਸੇਵ ਕਮਾਵਾਂਗਾ । ਪ੍ਰਭ ਤੇਰਾ ਜਸ ਸੁਣਾਵਾਂਗਾ । ਜਨ ਭਗਤਾਂ ਹੱਸ ਹੱਸ ਮੇਲ ਮਿਲਾਵਾਂਗਾ । ਨੱਸ ਨੱਸ ਪੰਧ ਮੁਕਾਵਾਂਗਾ । ਦੱਸ ਦੱਸ ਬਾਂਹ ਫੜਾਵਾਂਗਾ । ਅੰਦਰ ਵੜ ਡੂੰਘੀ ਕੰਦਰ ਢੱਠ ਆਪ ਜਣਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੋ ਜਹਾਨਾਂ ਲੱਠ ਉਲਟਾਵਾਂਗਾ । ਦੋ ਜਹਾਨਾਂ ਗੇੜਾ ਗਿੜੇਗਾ । ਕੂੜੀ ਕਿਰਿਆ ਬੇੜਾ ਰੁੜ੍ਹੇਗਾ । ਗੁਰਮੁਖ ਵਿਰਲਾ ਹਰਿ ਸਰਨ ਸਰਨਾਈ ਜੁੜੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪਣੀ ਕਰਨੀ ਆਪੇ ਕਰੇਗਾ । ਸ਼ਬਦ ਗੁਰੂ ਕਹੇ ਤੇਰਾ ਨਾਉਂ ਸਚ, ਸਚ ਤੇਰੀ ਵਡਿਆਈਆ । ਸ੍ਰਿਸ਼ਟ ਸਬਾਈ ਦੇਵਾਂ ਦੱਸ, ਉਚੀ ਕੂਕ ਕੂਕ ਸੁਣਾਈਆ । ਪਰਗਟ ਹੋਇਆ ਪੁਰਖ ਸਮਰਥ, ਵਡ ਦਾਤਾ ਬੇਪਰਵਾਹੀਆ । ਜੀਵ ਜੰਤ ਸਾਧ ਸੰਤ ਚਰਨੀ ਜਾਓ ਢੱਠ, ਦਰ ਡਿਗਿਆਂ ਪਾਰ ਕਰਾਈਆ । ਨਾਤਾ ਤੋੜ ਤੱਤ ਅੱਠ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਰਹੇ ਨਾ ਚਤਰਾਈਆ । ਬੀਜ ਬੀਜੇ ਸਾਚੇ ਵਤ, ਬਣ ਕਿਰਸਾਣਾ ਹੱਲ ਚਲਾਈਆ । ਦੇਵਣਹਾਰਾ ਧੀਰਜ ਜਤ, ਸਤਿ ਸੰਤੋਖ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰਾ ਸੰਦੇਸਾ ਦਿਆਂ ਸੁਣਾਈਆ । ਤੇਰਾ ਸੰਦੇਸਾ ਸੁਣਾਵਾਂ ਢੋਲਾ, ਸੋ ਪੁਰਖ ਨਿਰੰਜਣ ਤੇਰੀ ਸਰਨਾਈਆ । ਕਲਜੁਗ ਅੰਤਮ ਕੋਈ ਨਾ ਰਹੇ ਓਹਲਾ, ਹਰਿ ਪੁਰਖ ਨਿਰੰਜਣ ਵੇਸ ਜਣਾਈਆ । ਨਿਰਗੁਣ ਹੋ ਕੇ ਬਣਿਆ ਵਿਚੋਲਾ, ਏਕੰਕਾਰਾ ਫੇਰਾ ਪਾਈਆ । ਆਦਿ ਨਿਰੰਜਣ ਆਪਣੇ ਨੂਰ ਮੌਲਾ, ਮੌਲਾ ਇਕੋ ਨਜ਼ਰੀ ਆਈਆ । ਸ੍ਰੀ ਭਗਵਾਨ ਪੂਰਾ ਕਰੇ ਕੌਲਾ, ਪਿਛਲਾ ਕੀਤਾ ਤੋੜ ਨਿਭਾਈਆ । ਸ੍ਰੀ ਭਗਵਾਨ ਧਰਨੀ ਭਾਰ ਕਰੇ ਹੌਲਾ, ਕੂੜੀ ਕਿਰਿਆ ਦਏ ਖਪਾਈਆ । ਪਾਰਬ੍ਰਹਮ ਬ੍ਰਹਮ ਚੁਕਾਏ ਆਪਣਾ ਓਹਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਸੇਵ ਕਮਾਈਆ । ਦਰ ਤੇਰੇ ਪ੍ਰਭ ਸਾਚੀ ਸੇਵਾ, ਇਕੋ ਨਜ਼ਰੀ ਆਈਆ । ਦੋ ਜਹਾਨ ਦਾ ਸੱਚਾ ਮੇਵਾ, ਤੇਰੇ ਚਰਨ ਮਿਲੇ ਸਰਨਾਈਆ । ਚੌਦਾਂ ਰਤਨ ਮਸਤਕ ਥੇਵਾ, ਤੇਰੀ ਮਿਹਰ ਨਜ਼ਰ ਵਡਿਆਈਆ । ਜੁਗ ਚੌਕੜੀ ਕੋਟਨ ਕੋਟ ਗਾ ਗਾ ਥੱਕੀ ਰਸਨਾ ਜਿਹਵਾ, ਬਣ ਮਸਤ ਤੇਰਾ ਦਰ ਨਾ ਕੋਇ ਵਖਾਈਆ । ਕੋਟਨ ਕੋਟ ਗੌਂਦੇ ਦੇਵੀ ਦੇਵਾ, ਸੁਰਪਤ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਦੇਣਾ ਵਰ, ਦਰ ਤੇਰੇ ਅਲੱਖ ਜਗਾਈਆ । ਦਰ ਤੇਰੇ ਅਲੱਖ ਨਿਰੰਜਣ, ਇਕੋ ਅਲੱਖ ਜਗਾਈਆ । ਤੂੰ ਦਾਤਾ ਦਾਨੀ ਦਰਦ ਦੁਖ ਭੈ ਭੰਜਨ, ਭਵ ਸਾਗਰ ਪਾਰ ਕਰਾਈਆ । ਕਿਰਪਾ ਕਰ ਪਾਵੇ ਨਾਮ ਅੰਜਨ, ਅਗਿਆਨ ਅੰਧੇਰ ਮਿਟਾਈਆ । ਨਿਰਗੁਣ ਸਰਗੁਣ ਹੋਵੇ ਸੱਜਣ, ਸਗਲਾ ਸੰਗ ਨਿਭਾਈਆ । ਅੰਤਮ ਆਇਉਂ ਪੜਦੇ ਕੱਜਣ, ਬੇਪਰਵਾਹ ਤੇਰੀ ਸਰਨਾਈਆ । ਤੇਰੇ ਹੁਕਮੇ ਅੰਦਰ ਜੋ ਘੜਿਆ ਸੋ ਅੰਤਮ ਭੱਜਣ, ਥਿਰ ਕੋਇ ਰਹਿਣ ਨਾ ਪਾਈਆ । ਭਗਤ ਭਗਵਾਨ ਤੇਰੀ ਚਰਨੀ ਆਏ ਲੱਗਣ, ਨੇਤਰ ਨੈਣ ਰਹੇ ਤਰਸਾਈਆ । ਕੋਟ ਜਨਮ ਦੀ ਬੁਝੇ ਅਗਨ, ਤ੍ਰੈਗੁਣ ਤੱਤ ਰਹਿਣ ਨਾ ਪਾਈਆ । ਕਰ ਕਿਰਪਾ ਆਪਣਾ

ਨਾਮ ਮੁਖ ਲਗਾ ਸਗਨ, ਸੋਹੰ ਢੋਲਾ ਗੌਣ ਚਾਈਂ ਚਾਈਆ । ਦਿਵਸ ਰੈਣ ਤੇਰੇ ਨਾਮ ਅੰਦਰ ਰਹਿਣ ਮਗਨ, ਜਗਤ ਤ੍ਰਿਸਨਾ ਭੁੱਖ ਗਵਾਈਆ । ਬਿਨ ਤੇਰੇ ਨਾਮ ਹੋਏ ਨਗਨ, ਉਤੇ ਪੜਦਾ ਨਾ ਕੋਇ ਪਾਈਆ । ਚਾਰ ਕੁੰਟ ਚਾਰ ਵਰਨ ਖ਼ਾਲੀ ਹੱਥ ਮੰਗਣ, ਦਰ ਦਰ ਘਰ ਘਰ ਫੇਰਾ ਪਾਈਆ । ਬਿਨ ਤੇਰੇ ਪਾਰਬ੍ਰਹਮ ਬ੍ਰਹਮ ਕੋਈ ਨਾ ਆਏ ਸੱਦਣ, ਅੰਤਰ ਆਤਮ ਹੋਕਾ ਨਾ ਕੋਇ ਜਣਾਈਆ । ਕੋਟਨ ਕੋਟ ਸਾਧ ਸੰਤ ਆਪਣਾ ਭਾਰ ਲੱਦਣ, ਦੂਜਾ ਭਾਰ ਨਾ ਕੋਇ ਉਠਾਈਆ । ਗ਼ਰੀਬ ਨਿਮਾਣੇ ਕਲਜੁਗ ਅੰਤਮ ਤੇਰੇ ਅੱਗੇ ਹਾੜੇ ਕੱਢਣ, ਨਿਉਂ ਨਿਉਂ ਸੀਸ ਝੁਕਾਈਆ । ਦਰੋਹੀ ਖ਼ੁਦਾ ਦੀ ਤੇਰੇ ਪਿਛੇ ਕੂੜੀ ਦੁਨੀਆ ਛੱਡਣ, ਪਰਵਰਦਿਗਾਰ ਮਿਲੇ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਭਗਤਾਂ ਦਿਆਂ ਮਿਲਾਈਆ । ਭਗਤ ਮਿਲਾਵਾ ਏਕਾ ਘਰ, ਹਰਿ ਸਤਿਗੁਰ ਆਪ ਜਣਾਇੰਦਾ । ਅਬਿਨਾਸ਼ੀ ਕਰਤਾ ਦੇਵੇ ਵਰ, ਸ੍ਰੀ ਭਗਵਾਨ ਝੋਲੀ ਪਾਇੰਦਾ । ਨਿਰਭੌ ਚੁਕਾਏ ਭੈ ਡਰ, ਭਿਆਨਕ ਰੂਪ ਨਾ ਕੋਇ ਵਖਾਇੰਦਾ । ਸੰਤ ਸਾਜਣ ਲਿਆਏ ਫੜ, ਅੰਦਰ ਵੜ ਵੜ ਸੇਵ ਕਮਾਇੰਦਾ । ਭਗਤ ਦਵਾਰੇ ਆਪੇ ਚੜ੍ਹ, ਬੰਦ ਤਾਕੀ ਕੁੰਡਾ ਲਾਹਿੰਦਾ । ਗੁਰਮੁਖਾਂ ਦਰਸ ਦਿਖਾਏ ਅੱਗੇ ਖੜ, ਸਵੱਛ ਸਰੂਪੀ ਰੂਪ ਵਟਾਇੰਦਾ । ਗੁਰਸਿਖ ਲਗਾਏ ਆਪਣੇ ਲੜ, ਪੱਲੂ ਗੰਢ ਪਵਾਇੰਦਾ । ਪਰੇਮ ਪਿਆਰਿਆਂ ਦੀ ਮਰਨੀ ਮਰ, ਸਾਚਾ ਮਰਨਾ ਆਪ ਸਿਖਾਇੰਦਾ । ਮਿਹਰਵਾਨ ਸਰਨਾਈ ਜਾਣਾ ਤਰ, ਤਾਰਨਹਾਰ ਦਇਆ ਕਮਾਇੰਦਾ । ਕਿਲਾ ਤੋੜ ਹੰਕਾਰੀ ਗੜ੍ਹ, ਡੂੰਘੀ ਕੰਦਰ ਵੇਖ ਵਖਾਇੰਦਾ । ਸੁਰਤ ਸਵਾਣੀ ਸੋਈ ਫੜ, ਗੁਰ ਸ਼ਬਦੀ ਆਪ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਆਪ ਮਿਲਾਇੰਦਾ । ਭਗਤ ਮਿਲਾਵਾ ਸਾਚੇ ਮੰਦਰ, ਨਿਰਗੁਣ ਸਰਗੁਣ ਆਪ ਕਰਾਈਆ । ਮਨ ਵਾਸਨਾ ਬੰਨ੍ਹ ਬੰਦਰ, ਡੋਰੀ ਤੰਦ ਪਵਾਈਆ । ਬਜਰ ਕਪਾਟੀ ਤੋੜ ਜੰਦਰ, ਪੜਦਾ ਆਪ ਉਠਾਈਆ । ਕਰ ਪਰਕਾਸ਼ ਅੰਧੇਰੀ ਕੰਦਰ, ਨਿਰਗੁਣ ਜੋਤ ਜੋਤ ਜਗਾਈਆ । ਕੋਟਨ ਕੋਟ ਪਰਕਾਸ਼ ਰਵ ਸਸ ਸੂਰਯਾ ਚੰਦਰ, ਮੰਡਲ ਮੰਡਪ ਨੈਣ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਆਪ ਮਿਲਾਈਆ । ਜਨ ਭਗਤ ਮੇਲੇ ਆਪ ਪ੍ਰਭ, ਆਪਣੀ ਦਇਆ ਕਮਾਈਆ । ਲੱਖ ਚੁਰਾਸੀ ਵਿਚੋਂ ਲੱਭ, ਭੇਵ ਅਭੇਦ ਖੁਲ੍ਹਾਈਆ । ਨੌਂ ਦਵਾਰੇ ਪਾਰ ਹੱਦ, ਦਸਵੇਂ ਬੂਝ ਬੁਝਾਈਆ । ਨਾਦ ਅਨਾਦੀ ਸੁਣਾਏ ਛੰਦ, ਅਨਹਦ ਰਾਗ ਅਲਾਈਆ । ਅੰਮ੍ਰਿਤ ਜਾਮ ਪਿਆਏ ਮਧ, ਕਵਲ ਨਾਭੀ ਆਪ ਉਲਟਾਈਆ । ਆਤਮ ਸੇਜਾ ਸਾਚੀ ਸੱਦ, ਜਨ ਭਗਤ ਕਰੇ ਕੁੜਮਾਈਆ । ਲੇਖੇ ਲਾਏ ਕਾਇਆ ਮਾਟੀ ਹੱਡ, ਰਕਤ ਬੂੰਦ ਹੋਏ ਸਹਾਈਆ । ਵਿਸ਼ਵ ਬਣਾਏ ਇਕੋ ਯੱਦ, ਵਰਨ ਗੋਤ ਨਾ ਕੋਇ ਰਖਾਈਆ । ਦੇਵਣਹਾਰਾ ਚੌਥਾ ਪਦ, ਚੌਥੀ ਮੰਜ਼ਲ ਦਏ ਚੜ੍ਹਾਈਆ । ਕੂੜੀ ਕਿਰਿਆ ਨਾਲੋਂ ਕਰ ਅੱਡ, ਅੱਡਰਾ ਘਰ ਵਖਾਈਆ । ਫੜ ਬਾਂਹੋਂ ਭਗਤ ਭਗਵਾਨ ਸਚ ਦਵਾਰੇ ਆਏ ਛੱਡ, ਜਿਸ ਦਰ ਕਬੀਰ ਬੈਠਾ ਧਿਆਨ ਲਗਾਈਆ । ਇਕੋ ਨਾਨਕ ਨਿਰਗੁਣ ਨਿਰਵੈਰ ਪਾਰ ਕਰ ਕੇ ਗਿਆ ਹੱਦ, ਗੋਬਿੰਦ ਆਪਣੇ ਨਾਲ ਮਿਲਾਈਆ । ਕੋਟਨ ਕੋਟ ਪੀਰ ਪੈਗ਼ੰਬਰ ਬੈਠੇ ਵਿਚ ਅੱਧ, ਬੱਲੇ ਉਪਰ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਭਗਤ ਭਗਵਾਨ ਇਕ ਨਿਸ਼ਾਨ ਏਥੇ ਓਥੇ ਇਕ ਮਕਾਨ, ਮੜੀ ਮਕਬਰਾ ਨਜ਼ਰ ਕੋਇ ਨਾ ਆਈਆ ।

## ❇ ੧੮ ਫੱਗਣ ੨੦੧੯ ਬਿਕ੍ਰਮੀ ਲੈਫ਼ਟੀਨੈਂਟ ਮਹਿੰਦਰ ਸਿੰਘ ਦੇ ਗ੍ਰਹਿ ਔਰੰਗਾਬਾਦ ❇

ਸੁਤ ਸ਼ਬਦ ਕਰੇ ਨਿਮਸਕਾਰਾ, ਪ੍ਰਭ ਅੱਗੇ ਸੀਸ ਝੁਕਾਈਆ । ਸੋ ਪੁਰਖ ਨਿਰੰਜਣ ਤੇਰਾ ਠਾਂਡਾ ਦਰਬਾਰਾ, ਬੇਅੰਤ ਤੇਰੀ ਵਡਿਆਈਆ । ਹਰਿ ਪੁਰਖ ਨਿਰੰਜਣ ਤੇਰਾ ਸਹਾਰਾ, ਦੂਜੀ ਓਟ ਨਾ ਕੋਇ ਰਖਾਈਆ । ਏਕੰਕਾਰ ਤੇਰਾ ਪਸਾਰਾ, ਬੇਪਰਵਾਹ ਵੇਖ ਵਖਾਈਆ । ਆਦਿ ਨਿਰੰਜਣ ਤੇਰਾ ਉਜਿਆਰਾ, ਜੋਤੀ ਜੋਤ ਜੋਤ ਰੁਸ਼ਨਾਈਆ । ਸ੍ਰੀ ਭਗਵਾਨ ਤੇਰਾ ਜੈਕਾਰਾ, ਨਾਦ ਅਨਾਦੀ ਨਾਦ ਸ਼ਨਵਾਈਆ । ਅਬਿਨਾਸ਼ੀ ਕਰਤੇ ਤੇਰਾ ਹੁਲਾਰਾ, ਦੋ ਜਹਾਨ ਦਏ ਵਡਿਆਈਆ । ਪਾਰਬ੍ਰਹਮ ਤੇਰਾ ਪਰੇਮ ਪਿਆਰਾ, ਆਦਿ ਅੰਤ ਭੁੱਲ ਨਾ ਜਾਈਆ । ਹਉਂ ਬਾਲਕ ਸੇਵਕ ਚਾਕਰ ਪਾ ਖ਼ਾਰਾ, ਸਾਚੀ ਸੇਵ ਕਮਾਈਆ । ਮਹੱਲ ਅਟੱਲ ਤੇਰਾ ਮਨਾਰਾ, ਸ਼ਾਹ ਪਾਤਸ਼ਾਹ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਰੰਗ ਰੰਗਾਈਆ । ਸ੍ਰੀ ਭਗਵਾਨ ਹੋ ਮਿਹਰਵਾਨ, ਮਿਹਰ ਨਜ਼ਰ ਉਠਾਇੰਦਾ । ਸੁੱਤ ਦੁਲਾਰੇ ਨੌਜਵਾਨ, ਸਿਰ ਤੇਰੇ ਹੱਥ ਟਿਕਾਇੰਦਾ । ਸਚ ਸੰਦੇਸਾ ਧੁਰ ਫ਼ਰਮਾਨ, ਤੇਰੀ ਝੋਲੀ ਪਾਇੰਦਾ । ਦੋ ਜਹਾਨਾਂ ਇਕ ਗਿਆਨ, ਨਿਰਗੁਣ ਨਿਰਬਾਣ ਆਪ ਸਮਝਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰਨ ਧਿਆਨ, ਕਰੋੜ ਤੇਤੀਸਾ ਰਾਹ ਤਕਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਨੇਤਰ ਨੈਣ ਉਠਾਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਆਪਣਾ ਹੱਥ ਟਿਕਾਇੰਦਾ । ਸੁਤ ਦੁਲਾਰਾ ਪਿਆ ਹੱਸ, ਪ੍ਰਭ ਅੱਗੇ ਸੀਸ ਝੁਕਾਈਆ । ਸਾਹਿਬ ਸੁਲਤਾਨ ਮੇਰੇ ਸਮਰਥ, ਬੇਅੰਤ ਤੇਰੀ ਵਡਿਆਈਆ । ਮੈਂ ਪੰਧ ਮੁਕਾਵਾਂ ਨੱਠ ਨੱਠ, ਬਣ ਪਾਂਧੀ ਫੇਰਾ ਪਾਈਆ । ਲੋਕ ਪਰਲੋਕ ਤੇਰਾ ਸੰਦੇਸਾ ਦੇਵਾਂ ਚਾਰ ਕੁੰਟ ਗਾਵਾਂ ਜਸ, ਦਹਿ ਦਿਸ਼ਾ ਰਾਗ ਅਲਾਈਆ । ਕਰ ਕਿਰਪਾ ਕਿਰਪਾਨਿਧਾਨ ਮੇਰੇ ਅੰਤਰ ਵਸ, ਨਿਜ ਆਪਣਾ ਡੇਰਾ ਲਾਈਆ । ਸਦਾ ਸੁਹੇਲੇ ਤੇਰਾ ਇਕੋ ਮਿਲੇ ਰਸ, ਦੂਜਾ ਰਸ ਨਜ਼ਰ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਸੀਸ ਝੁਕਾਈਆ । ਸ੍ਰੀ ਭਗਵਾਨ ਪੁਰਖ ਸਮਰਥ, ਬੇਪਰਵਾਹ ਆਪ ਜਣਾਇੰਦਾ । ਸੁਤ ਦੁਲਾਰੇ ਸਾਚੀ ਵੱਥ, ਨਿਰਗੁਣ ਤੇਰੀ ਝੋਲੀ ਪਾਇੰਦਾ । ਲੋਕਮਾਤ ਹੋ ਪਰਗਟ, ਸਾਚਾ ਮਾਰਗ ਇਕ ਜਣਾਇੰਦਾ । ਸਤਿ ਸਤਿਵਾਦੀ ਖੋਲ੍ਹ ਹੱਟ, ਸਤਿ ਪੁਰਖ ਨਿਰੰਜਣ ਆਪ ਸਮਝਾਇੰਦਾ । ਆਤਮ ਪਰਮਾਤਮ ਤੇਰੇ ਵਸ, ਪਾਰਬ੍ਰਹਮ ਬ੍ਰਹਮ ਤੇਰੀ ਵੰਡ ਵੰਡਾਇੰਦਾ । ਬੋਧ ਅਗਾਧ ਤੇਰਾ ਨਦ, ਸ਼ਬਦੀ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਸਮਝਾਇੰਦਾ । ਸਾਚੀ ਸਿਖਿਆ ਦੇਵਣਹਾਰ, ਏਕੰਕਾਰ ਇਕ ਅਖਵਾਈਆ । ਸੋ ਪੁਰਖ ਨਿਰੰਜਣ ਮੀਤ ਮੁਰਾਰ, ਹਰਿ ਪੁਰਖ ਨਿਰੰਜਣ ਸਿਫ਼ਤ ਸਾਲਾਹੀਆ । ਏਕੰਕਾਰਾ ਦਏ ਆਧਾਰ, ਆਦਿ ਨਿਰੰਜਣ ਨੂਰ ਰੁਸ਼ਨਾਈਆ । ਅਬਿਨਾਸ਼ੀ ਕਰਤਾ ਖੋਲ੍ਹ ਕਿਵਾੜ, ਸ੍ਰੀ ਭਗਵਾਨ ਦਏ ਵਖਾਈਆ । ਪਾਰਬ੍ਰਹਮ ਬ੍ਰਹਮ ਪਾਏ ਸਾਰ, ਲੇਖਾ ਜਾਣੇ ਥਾਉਂ ਥਾਈਆ । ਸ਼ਬਦੀ ਸੁਤ ਬਣ ਵਣਜਾਰ, ਦੋ ਜਹਾਨਾਂ ਹੱਟ ਚਲਾਈਆ । ਚੌਦਾਂ ਲੋਕ ਤੱਕਣ ਤੇਰਾ ਇਕ ਨਜ਼ਾਰ, ਚੌਦਾਂ ਤਬਕ ਇਕ ਧਿਆਨ ਲਗਾ ਨਿਰਗੁਣ ਸਰਗੁਣ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਸਮਝਾਈਆ । ਸਾਚੀ ਕਰਨੀ ਸਮਝਾਏ ਅਬਿਨਾਸ਼ੀ ਅਚੁਤ, ਚੇਤਨ ਆਪ ਕਰਾਇੰਦਾ । ਸੁਤ ਦੁਲਾਰੇ ਛੇਤੀ ਉਠ, ਆਲਸ ਨਿੰਦਰਾ ਨਾ ਕੋਇ ਰਖਾਇੰਦਾ । ਨਿਰਗੁਣ ਹੋ ਕੇ ਨਿਰਗੁਣ ਪੁਛ, ਬੇਪਰਵਾਹ

ਪ੍ਰਭ ਆਪਣਾ ਭੇਵ ਖੁਲ੍ਹਾਇੰਦਾ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਬੈਠਾ ਰਿਹੋਂ ਲੁਕ, ਤੇਰਾ ਪੜਦਾ ਕੋਇ ਨਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਆਪ ਜਣਾਇੰਦਾ । ਸੁਤ ਦੁਲਾਰਾ ਹੋ ਤਿਆਰ, ਆਪਣਾ ਬਲ ਧਰਾਈਆ । ਨਿਰਗੁਣ ਹੋ ਕੇ ਪਾਵਾਂ ਸਾਰ, ਸਰਗੁਣ ਭੇਵ ਜਣਾਈਆ । ਨਾਮ ਨਿਧਾਨ ਬੋਲ ਜੈਕਾਰ, ਅਗੰਮ ਅਥਾਹ ਢੋਲਾ ਰਾਗ ਸੁਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰਾਂ ਬੇਦਾਰ, ਸਦਾ ਸੁਹੇਲਾ ਸੰਗ ਜਣਾਈਆ । ਵਿਸ਼ਨ ਬ੍ਰਹਮਾ ਸ਼ਿਵ ਨੇਤਰ ਨੈਣ ਦਿਆਂ ਵਖਾਲ, ਵਡ ਦਾਤਾ ਪੁਰਖ ਅਕਾਲ ਇਕੋ ਨਜ਼ਰੀ ਆਈਆ । ਲੋਕਮਾਤ ਹੋ ਪਰਧਾਨ, ਸਚ ਪਰਧਾਨਗੀ ਮਾਤ ਜਣਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖਣਹਾਰਾ ਨੌਜਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਇਕ ਸਮਝਾਈਆ । ਸੁਤ ਸ਼ਬਦ ਕਹੇ ਮੈਂ ਜਾਵਾਂਗਾ । ਪਾਰਬ੍ਰਹਮ ਪ੍ਰਭ ਤੇਰੀ ਸੇਵ ਕਮਾਵਾਂਗਾ । ਬੋਧ ਅਗਾਧਾ ਨਾਦ ਵਜਾਵਾਂਗਾ । ਸ਼ਬਦ ਅਨਰਾਗੀ ਸੇਵਾ ਲਾਵਾਂਗਾ । ਵਿਸਮਾਦੀ ਹੋ ਵਿਸਮਾਦ, ਆਪਣੀ ਕਲ ਧਰਾਵਾਂਗਾ । ਚਾਰ ਜੁਗ ਦਾ ਪਿਛਲਾ ਲਹਿਣਾ, ਕਲਜੁਗ ਅੰਤ ਮੁਕਾਵਾਂਗਾ । ਜਗਤ ਵਿਛੜੇ ਤੇਰੇ ਭਗਤ, ਸ੍ਰੀ ਭਗਵਾਨ ਤੇਰੇ ਨਾਲ ਮਿਲਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਗ੍ਰਹਿ ਮੰਦਰ ਸਾਚੀ ਸੇਵ ਕਮਾਵਾਂਗਾ । ਸੁਤ ਦੁਲਾਰਾ ਦੋਏ ਜੋੜ, ਪ੍ਰਭ ਅੱਗੇ ਸੀਸ ਝੁਕਾਇੰਦਾ । ਸ੍ਰੀ ਭਗਵਾਨ ਇਕ ਤੇਰੀ ਲੋੜ, ਦੂਜੀ ਓਟ ਨਾ ਕੋਇ ਤਕਾਇੰਦਾ । ਤੇਰੇ ਸੁਤ ਤੇਰੇ ਨਾਲ ਦੇਵਾਂ ਜੋੜ, ਜਗਤ ਵਿਛੋੜਾ ਪੰਧ ਮੁਕਾਇੰਦਾ । ਰਸ ਵੇਖਾਂ ਮਿਠਾ ਕੌੜ, ਕੂੜੀ ਕਿਰਿਆ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਸੀਸ ਝੁਕਾਇੰਦਾ । ਸੁਣ ਸੁਤ ਮੇਰੇ ਸਾਚੇ ਲਾਲ, ਪੁਰਖ ਸਾਜਣ ਰਿਹਾ ਜਣਾਈਆ । ਲੋਕਮਾਤ ਬਣ ਦਲਾਲ, ਭੇਵ ਅਭੇਦਾ ਇਕ ਖੁਲ੍ਹਾਈਆ । ਚਾਰ ਵਰਨ ਚਾਰ ਕੁੰਟ ਵਖਾ ਸੱਚੀ ਧਰਮਸਾਲ, ਕਾਇਆ ਮੰਦਰ ਅੰਦਰ ਵਸੇ ਬੇਪਰਵਾਹੀਆ । ਲੱਖ ਚੁਰਾਸੀ ਫਲ ਨਾ ਦਿਸੇ ਕਿਸੇ ਡਾਲ, ਸਿੰਮਲ ਰੁੱਖ ਰਹੇ ਲਹਿਰਾਈਆ । ਤ੍ਰੈਗੁਣ ਮਾਇਆ ਪਿਆ ਜੰਜਾਲ, ਕੋਈ ਤੋੜ ਨਾ ਸਕੇ ਰਾਈਆ । ਪੜ੍ਹ ਪੜ੍ਹ ਜੀਵ ਜੰਤ ਸਾਧ ਸੰਤ ਹੋਏ ਬੇਹਾਲ, ਆਤਮ ਪਰਮਾਤਮ ਮੇਲ ਨਾ ਕੋਇ ਮਿਲਾਈਆ । ਬਿਨ ਹਰਿ ਨਾਮੇ ਹੋਏ ਕੰਗਾਲ, ਖ਼ਾਲੀ ਹੱਥ ਦੇਣ ਦੁਹਾਈਆ । ਕਲਜੁਗ ਅਵੱਲੜੀ ਚਲੀ ਚਾਲ, ਚਾਰੋਂ ਕੁੰਟ ਅੰਧੇਰਾ ਛਾਈਆ । ਅੰਮ੍ਰਿਤ ਆਤਮ ਸਰੋਵਰ ਕੋਈ ਨਾ ਸਕੇ ਉਛਾਲ, ਕੋਟਨ ਕੋਟ ਅਠਸਠ ਤੀਰਥ ਰਹੇ ਨਹਾਈਆ । ਧੁਨ ਅਨਾਦ ਅਨਹਦ ਵੱਜੇ ਨਾ ਕੋਇ ਤਾਲ, ਸੁੰਨ ਸਮਾਧ ਨਾ ਕੋਇ ਖੁਲ੍ਹਾਈਆ । ਜੋਤ ਨਿਰੰਜਣ ਦੀਪਕ ਦੀਆ ਕੋਈ ਨਾ ਸਕੇ ਬਾਲ, ਸਚ ਪਰਕਾਸ਼ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਇਕੋ ਸ਼ਬਦ ਸੁਤ ਉਠਾਈਆ । ਸ਼ਬਦ ਸੁਤ ਕਹੇ ਮੈਂ ਬੜਾ ਬਲਵਾਨ, ਬਲ ਆਪਣੇ ਵਿਚ ਰਖਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੇਵਾਂ ਦਾਨ, ਖਾਣੀ ਬਾਣੀ ਸ਼ਾਸਤਰ ਸਿਮਰਤ ਵੇਦ ਪੁਰਾਨ ਤੇਰਾ ਨਾਮ ਦ੍ਰਿੜਾਇੰਦਾ । ਦੋ ਜਹਾਨਾਂ ਵੇਖਾਂ ਮਾਰ ਧਿਆਨ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਇਕੋ ਰਾਹ ਵਖਾਇੰਦਾ । ਜੁਗ ਚੌਕੜੀ ਖੇਲ ਕਰਾਂ ਮਹਾਨ, ਮਹਿਮਾ ਅਕਥ ਕਥ ਸਮਝਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਵ ਨੌਂ ਚਾਰ ਵੇਖਾਂ ਆਣ, ਅਨਡਿਠ ਫੇਰਾ ਪਾਇੰਦਾ । ਮੇਰਾ ਰੂਪ ਰੰਗ ਰੇਖ ਕੋਈ ਨਾ ਸਕੇ ਪਹਿਚਾਨ, ਨਜ਼ਰ ਨਜ਼ਰ ਨਾਲ ਨਾ ਕੋਈ ਮਿਲਾਇੰਦਾ । ਮੈਂ ਵਸਾਂ ਤੇਰੇ ਚਰਨ ਕਵਲ ਸਚ ਅਸਥਾਨ, ਥਿਰ ਘਰ ਸਾਚੇ ਸੋਭਾ ਪਾਇੰਦਾ । ਤੇਰਾ


੯੪੯
੧੩

ਮੰਦਰ ਸਚਖੰਡ ਮਕਾਨ, ਬੇਮੁਕਾਮ ਤੇਰਾ ਭੇਵ ਕੋਇ ਨਾ ਆਇੰਦਾ । ਪਰਵਰਦਿਗਾਰ ਮੁਕਾਮੇ ਹੱਕ ਤੇਰਾ ਨਿਸ਼ਾਨ, ਬੇਨਜ਼ੀਰ ਤੇਰੀ ਖੇਲ ਜਣਾਇੰਦਾ । ਸਚ ਤੌਫ਼ੀਕ ਤੋਹੇ ਮਿਹਬਾਨ, ਮਿਹਬਾਨ ਬੀਦੋ ਬੀ ਖ਼ੈਰ ਯਾ ਅੱਲਾ ਤੇਰਾ ਨਾਅਰਾ ਇਕ ਜਣਾਇੰਦਾ । ਲੋਕਮਾਤ ਹੋ ਪਰਧਾਨ, ਸਚ ਨਿਸ਼ਾਨ ਇਕ ਵਖਾਇੰਦਾ । ਸਰਬ ਜੀਆਂ ਦਾ ਸ੍ਰੀ ਭਗਵਾਨ, ਦੂਜਾ ਨਜ਼ਰ ਕੋਇ ਨਾ ਆਇੰਦਾ । ਆਤਮ ਪਰਮਾਤਮ ਦੇਵਾਂ ਆਪ ਗਿਆਨ, ਦੂਈ ਦਵੈਤੀ ਪੜਦਾ ਪਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੀ ਸੇਵ ਕਮਾਇੰਦਾ । ਤੇਰੀ ਸੇਵ ਕਮਾਵਾਂਗਾ । ਨਿਰਗੁਣ ਹੋ ਕੇ ਜਾਵਾਂਗਾ । ਸ਼ਬਦੀ ਰਾਗ ਅਲਾਵਾਂਗਾ । ਚਾਰੇ ਖਾਣੀ ਵੇਖ ਵਖਾਵਾਂਗਾ । ਚਾਰੇ ਬਾਣੀ ਭੇਵ ਚੁਕਾਵਾਂਗਾ । ਗੁਰਮੁਖ ਸੱਜਣ ਹਾਣੀ ਆਪ ਉਠਾਵਾਂਗਾ । ਸਾਚੇ ਸੰਤਾਂ ਅਕਥ ਕਹਾਣੀ, ਤੇਰਾ ਨਾਮ ਜਣਾਵਾਂਗਾ । ਭਗਤ ਭਗਵਾਨ ਤੇਰੀ ਦਰਗਹਿ ਸਾਚੀ ਰਾਣੀ, ਨਾਰ ਕੰਤ ਮੇਲ ਮਿਲਾਵਾਂਗਾ । ਅੰਮ੍ਰਿਤ ਆਤਮ ਠੰਡਾ ਪਾਣੀ, ਨਿਝਰ ਝਿਰਨਾ ਸਚ ਝਿਰਾਵਾਂਗਾ । ਏਕਾ ਪਦ ਦੇ ਨਿਰਬਾਣੀ, ਤੇਰੇ ਚਰਨ ਕਵਲ ਦਰਸਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਇਕ ਵਰ, ਬਿਨ ਤੇਰੇ ਦੂਜੀ ਆਸ ਨਾ ਕੋਇ ਰਖਾਵਾਂਗਾ । ਪ੍ਰਭ ਮੇਰੇ ਦੀਨ ਦਿਆਲ, ਹੱਥ ਤੇਰੇ ਵਡਿਆਈਆ । ਮੈਂ ਕਲਜੁਗ ਅੰਤਮ ਦੋ ਜਹਾਨ ਵਖਾਵਾਂ ਇਕ ਸੱਚੀ ਧਰਮਸਾਲ, ਧਰਮ ਦਵਾਰਾ ਇਕ ਪਰਗਟਾਈਆ । ਜਿਥੇ ਲੇਖਾ ਚੁਕੇ ਸ਼ਾਹ ਕੰਗਾਲ, ਸ਼ਹਿਨਸ਼ਾਹ ਇਕੋ ਨਜ਼ਰੀ ਆਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਗੀਤਾ ਗਿਆਨ, ਹਰਿ ਕਾ ਭੇਵ ਕੋਇ ਨਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੇ ਕੇ ਗਏ ਆਪਣਾ ਬਿਆਨ, ਸ਼ਬਦ ਬਿਆਨ ਜਗਤ ਰਖਾਈਆ । ਕਲਜੁਗ ਅੰਤਮ ਪਰਗਟ ਹੋਏ ਸ੍ਰੀ ਭਗਵਾਨ, ਨਿਰਗੁਣ ਆਪਣਾ ਜਾਮਾ ਪਾਈਆ । ਲੇਖਾ ਜਾਣੇ ਦੋ ਜਹਾਨ, ਘਰ ਘਰ ਦਰ ਦਰ ਵੇਖ ਵਖਾਈਆ । ਸ਼ਬਦ ਅਗੰਮ ਦੇਵੇ ਸਰਬ ਗਿਆਨ, ਜੀਵ ਜੰਤ ਕਰੇ ਪੜ੍ਹਾਈਆ । ਅਣਿਆਲਾ ਮਾਰੇ ਹਰਿ ਨਿਸ਼ਾਨ, ਮੰਝਧਾਰੇ ਪਾਰ ਕਰਾਈਆ । ਭਗਤ ਭਗਵੰਤ ਲਏ ਪਛਾਣ, ਬੇਪਹਿਚਾਨ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਮਾਰਗ ਇਕ ਦਰਸਾਈਆ । ਸਾਚਾ ਮਾਰਗ ਦੱਸੇ ਰੀਤ, ਮਿੱਤਰ ਪਿਆਰਾ ਆਪ ਜਣਾਇੰਦਾ । ਸ਼ਬਦ ਸੁਤ ਵੇਖ ਕਲਜੁਗ ਰੀਤ, ਚਾਰੋਂ ਕੁੰਟ ਅੰਧੇਰਾ ਛਾਇੰਦਾ । ਲੱਖ ਚੁਰਾਸੀ ਮੰਦਰ ਮਸਜਦ ਸ਼ਿਵਦਵਾਲੇ ਮਠ ਗੌਂਦੀ ਗੀਤ, ਮਸਲਾ ਹੱਲ ਨਾ ਕੋਇ ਕਰਾਇੰਦਾ । ਪਾਰਬ੍ਰਹਮ ਪਤਿਪਰਮੇਸ਼ਵਰ ਨਿਜ ਆਤਮ ਬੈਠਾ ਰਹੇ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਇੰਦਾ । ਲੇਖਾ ਜਾਣੇ ਹਸਤ ਕੀਟ, ਊਚ ਨੀਚ ਰਾਉ ਰੰਕ ਰਾਜ ਰਾਜਾਨ ਆਪਣੇ ਰੰਗ ਰੰਗਾਇੰਦਾ । ਜਨ ਭਗਤ ਮੰਗਣ ਇਕ ਪ੍ਰੀਤ, ਸਚ ਪ੍ਰੀਤੀ ਤੇਰੇ ਨਾਲ ਬੰਧਾਇੰਦਾ । ਕਾਇਆ ਕਰ ਠਾਂਡੀ ਸੀਤ, ਅਗਨੀ ਤੱਤ ਨੇੜ ਨਾ ਆਇੰਦਾ । ਸਦੀ ਚੌਧਵੀਂ ਰਹੀ ਬੀਤ, ਈਸਾ ਮੂਸਾ ਮੁਹੰਮਦ ਨੈਣ ਉਠਾਇੰਦਾ । ਸਦੀ ਬੀਸਵੀਂ ਗੁਰ ਅਵਤਾਰ ਰਹੇ ਉਡੀਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਸ਼ਬਦ ਆਪ ਸਮਝਾਇੰਦਾ । ਸੁਤ ਸ਼ਬਦ ਕਹੇ ਮੈਂ ਬਲਕਾਰ, ਬਲ ਆਪਣਾ ਆਪ ਜਣਾਈਆ । ਆਦਿ ਜੁਗਾਦਿ ਮੇਰੇ ਹੁਕਮੇ ਅੰਦਰ ਕਾਰ, ਦੋ ਜਹਾਨ ਸੇਵ ਕਮਾਈਆ । ਬ੍ਰਹਿਮੰਡ ਖੰਡ ਕਰਨ ਨਿਮਸਕਾਰ, ਨਿਉਂ ਨਿਉਂ ਸਯਦਾ ਸੀਸ ਝੁਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪਰਵਰਦਿਗਾਰ, ਲੋਕਮਾਤ ਫੇਰਾ ਪਾਈਆ । ਮੇਰਾ ਸਿਫ਼ਤੀ ਸਾਲਾਹਨ ਨਾਮ ਨਿਰੰਕਾਰ, ਰਸਨਾ ਜਿਹਵਾ ਢੋਲਾ ਗਾਈਆ । ਮੇਰਾ ਅੰਤ ਨਾ ਪਾਰਾਵਾਰ, ਬੇਅੰਤ ਕਹਿ

ਕਹਿ ਗਏ ਸ਼ੁਕਰ ਮਨਾਈਆ । ਮੈਂ ਵਸਾਂ ਤੇਰੇ ਚਰਨ ਦਵਾਰ, ਚਰਨ ਚਰਨੋਦਕ ਮਿਲੇ ਸਰਨਾਈਆ । ਕਲਜੁਗ ਅੰਤਮ ਲੋਕਮਾਤ ਖੋਲ੍ਹਾਂ ਕਵਾੜ, ਬੰਦ ਤਾਕੀ ਕੁੰਡਾ ਲਾਹੀਆ । ਭਗਤ ਭਗਵੰਤ ਦੇਵਾਂ ਉਠਾਲ, ਫੜ ਬਾਂਹੋਂ ਦਿਆਂ ਜਗਾਈਆ । ਸਾਚੇ ਸੰਤਾਂ ਚਲਾਂ ਨਾਲ ਨਾਲ, ਨਿਜ ਆਤਮ ਮੇਲ ਮਿਲਾਈਆ । ਗੁਰਮੁਖਾਂ ਪੂਰੀ ਕਰਾਂ ਘਾਲ, ਜੋ ਜਨਮ ਜਨਮ ਤੇਰਾ ਨਾਉਂ ਰਹੇ ਧਿਆਈਆ । ਗੁਰਸਿਖਾਂ ਵਖਾਵਾਂ ਸੱਚੀ ਧਰਮਸਾਲ, ਧਰਮ ਦਵਾਰਾ ਇਕ ਪਰਗਟਾਈਆ । ਸਾਚੀ ਵਸਤ ਦੇਵਾਂ ਨਾਮ ਧਨ ਮਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇਣਾ ਨਾਮ ਵਰ, ਜਨ ਭਗਤਾਂ ਝੋਲੀ ਪਾਈਆ । ਸਾਚਾ ਨਾਮ ਸਤਿ ਚਰਨ, ਸਤਿ ਸਤਿਵਾਦੀ ਆਪ ਜਣਾਇੰਦਾ । ਜਨ ਭਗਤਾਂ ਖੋਲ੍ਹ ਹਰਨ ਫਰਨ, ਨਿਜ ਨੇਤਰ ਪੜਦਾ ਲਾਹਿੰਦਾ । ਨਾਤਾ ਚੁਕੇ ਮਰਨ ਡਰਨ, ਭੈ ਭੌ ਨਾ ਕੋਇ ਵਖਾਇੰਦਾ । ਸਾਹਿਬ ਸਤਿਗੁਰ ਆਵੇ ਕਰਨੀ ਕਰਨ, ਕਰਤਾ ਪੁਰਖ ਆਪਣਾ ਵੇਸ ਵਟਾਇੰਦਾ । ਨਾਤਾ ਤੋੜੇ ਵਰਨ ਬਰਨ, ਜ਼ਾਤ ਪਾਤ ਨਾ ਕੋਇ ਰਖਾਇੰਦਾ । ਕੂੜੀ ਕਿਰਿਆ ਆਇਆ ਫੜਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਇੰਦਾ । ਸ਼ਬਦ ਸੁਤ ਦਏ ਸੰਦੇਸਾ, ਆਪਣਾ ਆਪ ਜਣਾਈਆ । ਪਰਗਟ ਹੋਏ ਨਰ ਨਰੇਸ਼ਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੋਤ ਸਰੂਪੀ ਧਾਰੇ ਭੇਸਾ, ਭੇਖੀ ਆਪਣਾ ਭੇਖ ਵਟਾਈਆ । ਰੂਪ ਰੰਗ ਨਾ ਕੋਇ ਰੇਖਾ, ਰੇਖ ਆਪਣੀ ਨਾ ਕੋਇ ਜਣਾਈਆ । ਮੁੱਛ ਦਾੜ੍ਹੀ ਨਾ ਕੋਇ ਕੇਸਾ, ਪਾਰਬ੍ਰਹਮ ਮੂੰਡ ਨਾ ਕੋਇ ਮੁੰਡਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਰਹੇ ਹਮੇਸ਼ਾ, ਜਨਮ ਮਰਨ ਨਾ ਕੋਇ ਜਣਾਈਆ । ਕਲਜੁਗ ਅੰਤਮ ਨਵ ਨੌਂ ਚਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਸਿਖਿਆ ਆਪ ਜਣਾਈਆ । ਕਲਜੁਗ ਅੰਤਮ ਲੇਖਾ ਭਗਵਾਨ, ਨਰ ਹਰਿ ਨਰਾਇਣ ਆਪ ਜਣਾਇੰਦਾ । ਹਰਿ ਪਰਗਟ ਹੋਵੇ ਨੌਜਵਾਨ, ਦਾਤਾ ਦਾਨੀ ਵੇਸ ਵਟਾਇੰਦਾ । ਹਰਿਜਨ ਸਾਚੇ ਲਏ ਪਹਿਚਾਣ, ਨਿਰਗੁਣ ਆਪਣੀ ਕਲ ਧਰਾਇੰਦਾ । ਬੋਧ ਅਗਾਧ ਦੇ ਗਿਆਨ, ਨਿਸ਼ਅੱਖਰ ਆਪ ਪੜ੍ਹਾਇੰਦਾ । ਕਾਗ਼ਜ਼ ਕਲਮ ਸ਼ਾਹੀ ਹੋਏ ਹੈਰਾਨ, ਹਰਿ ਕਾ ਲੇਖਾ ਲਿਖਤ ਵਿਚ ਨਾ ਆਇੰਦਾ । ਸੰਤ ਸਾਜਣ ਕਰ ਪਰਵਾਨ, ਨਾਮ ਪਰਵਾਨਾ ਹੱਥ ਫੜਾਇੰਦਾ । ਗੁਰਮੁਖਾਂ ਦੇ ਇਕ ਧਿਆਨ, ਧਿਆਨ ਧਿਆਨ ਵਿਚ ਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪਣੇ ਹੱਥ ਰਖਾਇੰਦਾ । ਸਾਚਾ ਖੇਲ ਕਰੇ ਕਰਤਾਰ, ਕੁਦਰਤ ਕਾਦਰ ਵੇਖ ਵਖਾਈਆ । ਪਰਗਟ ਹੋ ਸਾਂਝਾ ਯਾਰ, ਸਗਲਾ ਸੰਗ ਨਿਭਾਈਆ । ਬੇਐਬ ਖ਼ੁਦਾਈ ਪਰਵਰਦਿਗਾਰ, ਨੂਰ ਨੂਰਾਨਾ ਸੱਚਾ ਮਾਹੀਆ । ਆਪਣੀ ਹਕੀਕਤ ਲਏ ਵਿਚਾਰ, ਲਾਸ਼ਰੀਕ ਫੇਰਾ ਪਾਈਆ । ਮੁਰੀਦ ਮੁਰਸ਼ਦ ਲਏ ਉਠਾਲ, ਫੜ ਬਾਂਹੋਂ ਗਲੇ ਲਗਾਈਆ । ਕਲਮਾ ਨਬੀ ਦਏ ਸਿਖਾਲ, ਰਸੂਲ ਇਕੋ ਨਜ਼ਰੀ ਆਈਆ । ਗੁਰ ਅਵਤਾਰ ਦਏ ਸਹਾਰ, ਪੀਰ ਪੈਗ਼ੰਬਰ ਗੋਦ ਬਹਾਈਆ । ਭਗਤ ਭਗਵੰਤ ਮਿਲਾਏ ਨਾਲ, ਕਲ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸ਼ਬਦੀ ਇਕੋ ਇਕ ਵਡਿਆਈਆ । ਇਕੋ ਸ਼ਬਦ ਸੁਤ ਦੁਲਾਰਾ, ਗੁਰ ਸਤਿਗੁਰ ਆਪ ਉਠਾਇੰਦਾ । ਕਲਜੁਗ ਕਰੇ ਪਾਰ ਕਿਨਾਰਾ, ਸਤਿਜੁਗ ਸਾਚਾ ਰੰਗ ਚੜ੍ਹਾਇੰਦਾ । ਭਗਤ ਭਗਵਾਨ ਮੇਲਾ ਇਕ ਦਵਾਰਾ, ਦੂਜਾ ਘਰ ਨਾ ਕੋਇ ਵਖਾਇੰਦਾ । ਦੇਵਣਹਾਰਾ ਦਰਸ ਦੀਦਾਰਾ, ਦੀਦ ਈਦ ਚੰਦ ਚੜ੍ਹਾਇੰਦਾ । ਖੋਲ੍ਹਣਹਾਰਾ ਬਜਰ ਕਿਵਾੜਾ, ਬਜਰ ਕਪਾਟੀ ਤੋੜ ਤੁੜਾਇੰਦਾ ।


੯੫੧
੧੩

ਦੇਵਣਹਾਰਾ ਵਸਤ ਠੰਡਾ ਠਾਰਾ, ਨਾਭ ਕਵਲ ਉਲਟਾਇੰਦਾ । ਬਖ਼ਸ਼ਣਹਾਰ ਜੋਤ ਚਮਤਕਾਰਾ, ਜੋਤ ਨਿਰੰਜਣ ਦੀਆ ਡਗਮਗਾਇੰਦਾ । ਪਰੇਮ ਪ੍ਰੀਤੀ ਕਰ ਪਿਆਰਾ, ਪੀਆ ਪਰੀਤਮ ਮੇਲ ਮਿਲਾਇੰਦਾ । ਭਗਤ ਵਛਲ ਸਦਾ ਗਿਰਧਾਰਾ, ਜੁਗ ਜੁਗ ਆਪਣਾ ਖੇਲ ਕਰਾਇੰਦਾ । ਕਲਜੁਗ ਅੰਤਮ ਦਏ ਸਹਾਰਾ, ਸਤਿ ਸਤਿਵਾਦੀ ਪੜਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਮੇਲ ਮਿਲਾਇੰਦਾ । ਸਾਚਾ ਮੇਲਾ ਸ਼ਬਦੀ ਧਾਰ, ਗੁਰ ਸਤਿਗੁਰ ਆਪ ਮਿਲਾਈਆ । ਪਤਿਪਰਮੇਸ਼ਵਰ ਮੀਤ ਮੁਰਾਰ, ਪਾਰਬ੍ਰਹਮ ਬ੍ਰਹਮ ਆਪਣੇ ਰੰਗ ਰੰਗਾਈਆ । ਈਸ਼ ਜੀਵ ਖੋਲ੍ਹ ਕਿਵਾੜ, ਜਗਦੀਸਰ ਹੋਏ ਸਹਾਈਆ । ਸਾਚੇ ਮੰਦਰ ਆਪੇ ਵਾੜ, ਗ੍ਰਿਹ ਪੜਦਾ ਦਏ ਉਠਾਈਆ । ਕਰ ਪਰਕਾਸ਼ ਬਹੱਤਰ ਨਾੜ, ਜਗਤ ਅੰਧੇਰ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਲ ਮਿਲਾਵੇ ਸਹਿਜ ਸੁਭਾਈਆ । ਮੇਲ ਮਿਲਾਵਾ ਸ਼ਬਦੀ ਗੁਰ, ਗੁਰ ਚੇਲਾ ਧਾਰ ਜਣਾਇੰਦਾ । ਬ੍ਰਹਮ ਬ੍ਰਹਿਮਾਦ ਇਕੋ ਸੁਰ, ਨਾਦ ਅਨਾਦ ਜਣਾਇੰਦਾ । ਭਗਤ ਭਗਵਾਨ ਅੰਤਰ ਆਤਮ ਜਾਇਣ ਜੁੜ, ਰੂਪ ਅਵਰ ਨਾ ਕੋਇ ਵਖਾਇੰਦਾ । ਇਕ ਦੂਜੇ ਦੀ ਪੂਰੀ ਕਰਨ ਥੁੜ, ਘਾਟਾ ਨਜ਼ਰ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪਣੇ ਰੰਗ ਰੰਗਾਇੰਦਾ । ਹਰਿਜਨ ਰੰਗੇ ਆਪ ਪ੍ਰਭ, ਪ੍ਰਭ ਆਪਣੀ ਦਇਆ ਕਮਾਈਆ । ਲੱਖ ਚੁਰਾਸੀ ਵਿਚੋਂ ਲੱਭ, ਗੁਰ ਸ਼ਬਦੀ ਬੂਝ ਬੁਝਾਈਆ । ਧਰਮ ਦਵਾਰੇ ਆਪੇ ਸੱਦ, ਸੱਦਾ ਨਾਮ ਲਗਾਈਆ । ਜਗਤ ਕਿਰਿਆ ਪਾਰ ਹੱਦ, ਹਦੂਦ ਇਕ ਦਰਸਾਈਆ । ਅੰਮ੍ਰਿਤ ਜਾਮ ਪਿਆਏ ਨਿਰਗੁਣ ਮਦਿ, ਸਰਗੁਣ ਖ਼ੁਮਾਰ ਰਖਾਈਆ । ਲੱਖ ਚੁਰਾਸੀ ਨਾਲੋਂ ਕਰ ਅੱਡ, ਆਪਣਾ ਬੰਧਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਥਾਉਂ ਥਾਈਂਆ । ਹਰਿਜਨ ਮੇਲਾ ਥਾਨ ਥਨੰਤਰ, ਸਤਿ ਪੁਰਖ ਨਿਰੰਜਣ ਆਪ ਕਰਾਇੰਦਾ । ਆਤਮ ਪਰਮਾਤਮ ਏਕਾ ਮੰਤਰ, ਸੋਹੰ ਢੋਲਾ ਇਕ ਪੜ੍ਹਾਇੰਦਾ । ਸਰਬ ਜੀਆਂ ਬਿਧ ਜਾਣੇ ਅੰਤਰ, ਘਟ ਘਟ ਖੋਜ ਖੁਜਾਇੰਦਾ । ਪਾਵੇ ਸਾਰ ਗਗਨ ਗਗਨੰਤਰ, ਲੱਖ ਚੁਰਾਸੀ ਪੜਦਾ ਲਾਹਿੰਦਾ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸਤਿਜੁਗ ਬਣਾਏ ਸਾਚੀ ਬਣਤਰ, ਕਲਜੁਗ ਕੂੜੀ ਕਿਰਿਆ ਕਾਲਖ ਟਿੱਕਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸੁਹੇਲੇ ਆਪ ਮਿਲਾਇੰਦਾ । ਸੰਤ ਸੁਹੇਲਾ ਸੱਜਣ ਮੀਤ, ਮਿੱਤਰ ਪਿਆਰਾ ਨਜ਼ਰੀ ਆਈਆ । ਜਿਸ ਮਿਲਿਆ ਪ੍ਰਭ ਅਤੀਤ, ਤ੍ਰੈਗੁਣ ਨਾਤਾ ਦਏ ਤੁੜਾਈਆ । ਸ਼ਬਦ ਅਗੰਮੀ ਢੋਲਾ ਗੀਤ, ਗ੍ਰਿਹ ਮੰਦਰ ਰਾਗ ਸੁਣਾਈਆ । ਚਰਨ ਕਵਲ ਉਪਰ ਧਵਲ ਸਚ ਸਚ ਪ੍ਰੀਤ, ਪ੍ਰੀਤੀਵਾਨ ਇਕ ਸਮਝਾਈਆ । ਨਾਤਾ ਤੁਟੇ ਮੰਦਰ ਮਸੀਤ, ਜਿਸ ਸਤਿਗੁਰ ਪੂਰਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲੇਖਾ ਰਿਹਾ ਚੁਕਾਈਆ । ਹਰਿਜਨ ਲੇਖਾ ਚੁੱਕੇ ਮਾਤ, ਸ੍ਰੀ ਭਗਵਾਨ ਆਪ ਚੁਕਾਇੰਦਾ । ਜਨ ਭਗਤਾਂ ਦੇਵੇ ਇਕੋ ਦਾਤ, ਨਾਮ ਨਿਧਾਨ ਝੋਲੀ ਪਾਇੰਦਾ । ਲੇਖਾ ਲਿਖੇ ਬਿਨ ਕਲਮ ਦਵਾਤ, ਸ਼ਾਹੀ ਰੰਗ ਨਾ ਕੋਇ ਰੰਗਾਇੰਦਾ । ਨਿਰਗੁਣ ਨਿਰਵੈਰ ਪੁਰਖ ਅਕਾਲ ਵੇਖਣਹਾਰਾ ਮਾਰ ਝਾਤ, ਅਨਭਵ ਆਪਣੀ ਧਾਰ ਚਲਾਇੰਦਾ । ਪਰਵਰਦਿਗਾਰ ਬੇਪਰਵਾਹ ਦੇਵਣਹਾਰ ਨਜਾਤ, ਸਮਰਥ ਸਿਰ ਆਪਣਾ ਹੱਥ ਟਿਕਾਇੰਦਾ । ਮੁਰੀਦ ਮੁਰਸ਼ਦ ਹੋਣ ਨਾ ਦੇਵੇ ਵਫ਼ਾਤ, ਫਤਵਾ ਅੰਤ ਨਾ ਕੋਇ ਲਗਾਇੰਦਾ । ਪਿਆਵਣਹਾਰਾ ਆਬ ਹਯਾਤ, ਸਚ ਪਿਆਲਾ ਇਕ ਵਖਾਇੰਦਾ । ਵੇਖਣਹਾਰਾ ਕਾਇਨਾਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਦੇਵਣਹਾਰਾ ਸਾਚਾ ਵਰ, ਭਗਤ ਵਛਲ ਦਇਆ ਕਮਾਇੰਦਾ । ਭਗਤ ਵਛਲ ਵਛਲ ਗਿਰਧਾਰਾ, ਆਪਣੀ ਦਇਆ ਕਮਾਈਆ । ਬਿਨ ਨੇਤਰ ਨੈਣਾਂ ਵੇਖੇ ਸੰਸਾਰਾ, ਬਿਨ ਕੰਨਾਂ ਸੁਣੇ ਲੋਕਾਈਆ । ਬਿਨ ਰਸਨਾ ਜਿਹਵਾ ਗਾਏ ਵਾਰਾ, ਵਾਰਤਾ ਆਪਣੀ ਆਪ ਅਲਾਈਆ । ਬਿਨ ਪੰਜ ਤੱਤ ਕਰੇ ਸ਼ੰਗਾਰਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਨਾ ਬੰਧਨ ਪਾਈਆ । ਬਿਨ ਤ੍ਰੈਗੁਣ ਮਾਇਆ ਦਏ ਸਹਾਰਾ, ਬਿਨ ਬ੍ਰਹਮਾ ਵਿਸ਼ਨ ਸ਼ਿਵ ਕਰੇ ਵਡਿਆਈਆ । ਬਿਨ ਕਾਗ਼ਜ਼ ਕਲਮ ਬਣੇ ਲਿਖਾਰਾ, ਆਪਣਾ ਲੇਖਾ ਦਏ ਸਮਝਾਈਆ । ਇਕੋ ਸ਼ਬਦ ਸੁਤ ਦੁਲਾਰਾ, ਆਦਿ ਜੁਗਾਦਿ ਜੁਗਾ ਜੁਗੰਤਰ ਵਣਜ ਵਖਾਈਆ । ਪਾਰਬ੍ਰਹਮ ਪ੍ਰਭ ਖੇਲ ਨਿਆਰਾ, ਨਿਰਗੁਣ ਸਾਰ ਕੋਇ ਨਾ ਆਈਆ । ਕਲਜੁਗ ਅੰਤਮ ਨਿਹਕਲੰਕ ਲੈ ਅਵਤਾਰਾ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਪੁੱਛੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਦਰ ਦਰ ਘਰ ਘਰ ਭਗਤ ਭਗਵਾਨ ਇਕੋ ਅਲਖ ਜਣਾਈਆ । ਸਚਖੰਡ ਨਿਵਾਸੀ ਸਚ ਦਰਬਾਰ, ਸਤਿ ਸਤਿਵਾਦੀ ਖੇਲ ਕਰਾਇੰਦਾ । ਅਲੱਖ ਅਗੋਚਰ ਅਗੰਮ ਅਪਾਰ, ਬੇਪਰਵਾਹ ਰਾਹ ਚਲਾਇੰਦਾ । ਨਿਰਗੁਣ ਜੋਤ ਕਰ ਉਜਿਆਰ, ਦੀਆ ਬਾਤੀ ਕਮਲਾਪਾਤੀ ਆਪ ਟਿਕਾਇੰਦਾ । ਮਹੱਲ ਅਟੱਲ ਉਚ ਮਨਾਰ, ਸੋਭਾਵੰਤ ਆਪ ਸੁਹਾਇੰਦਾ । ਸ਼ਾਹੋ ਭੂਪ ਬਣ ਸਿਕਦਾਰ, ਸ਼ਹਿਨਸ਼ਾਹ ਆਪਣਾ ਹੁਕਮ ਮਨਾਇੰਦਾ । ਸੋ ਪੁਰਖ ਨਿਰੰਜਣ ਕਰੇ ਖੇਲ ਅਪਾਰ, ਰੂਪ ਰੰਗ ਰੇਖ ਨਾ ਕੋਇ ਜਣਾਇੰਦਾ । ਹਰਿ ਪੁਰਖ ਨਿਰੰਜਣ ਠਾਂਡਾ ਦਰਬਾਰ, ਨਿਰਾਕਾਰ ਆਪ ਵਸਾਇੰਦਾ । ਏਕੰਕਾਰਾ ਵਡ ਬਲਕਾਰ, ਬਲ ਆਪਣਾ ਆਪ ਪਰਗਟਾਇੰਦਾ । ਆਦਿ ਨਿਰੰਜਣ ਨਿਰਾਕਾਰ ਨਿਰਵੈਰ ਹੋ ਜ਼ਾਹਰ, ਜ਼ਹੂਰ ਆਪਣਾ ਇਕ ਦਰਸਾਇੰਦਾ । ਅਬਿਨਾਸ਼ੀ ਕਰਤਾ ਖੋਲ੍ਹ ਕਵਾੜ, ਮੰਦਰ ਅੰਦਰ ਸੋਭਾ ਪਾਇੰਦਾ । ਸ੍ਰੀ ਭਗਵਾਨ ਸਾਚੇ ਲਾਲ, ਪੁਰਖ ਅਕਾਲ ਆਪ ਜਗਾਇੰਦਾ । ਪਾਰਬ੍ਰਹਮ ਪ੍ਰਭ ਹੋ ਤਿਆਰ, ਆਪ ਆਪਣੀ ਖੇਲ ਕਰਾਇੰਦਾ । ਕਰਨੀ ਕਰਤਾ ਕਰੇ ਆਪ ਕਰਤਾਰ, ਕੁਦਰਤ ਕਾਦਰ ਵੇਖ ਵਖਾਇੰਦਾ । ਸ਼ਬਦੀ ਸੁਤ ਜੋਧਾ ਬਲਕਾਰ, ਬਲਧਾਰੀ ਆਪ ਉਠਾਇੰਦਾ । ਥਿਰ ਘਰ ਪਾਵੇ ਸਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਸਤਿ ਪੁਰਖ ਨਿਰੰਜਣ, ਸਤਿ ਸਤਿਵਾਦੀ ਆਪ ਕਰਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਦੋ ਜਹਾਨ ਲੇਖਾ ਜਾਣੇ ਦਰਦ ਦੁਖ ਭੈ ਭੰਜਨ, ਭੇਵ ਅਭੇਦਾ ਭੇਵ ਆਪ ਖੁਲ੍ਹਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਦੀਨ ਦਿਆਲ ਠਾਕਰ ਸਵਾਮੀ ਨਾਮ ਨਿਧਾਨ ਪਾਏ ਇਕੋ ਅੰਜਨ, ਜੁਗਾ ਜੁਗੰਤਰ ਏਕਾ ਏਕ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਇਕ ਸੁਹਾਈਆ । ਸਚਖੰਡ ਦਵਾਰ ਸਚ ਸੁਲਤਾਨਾ, ਸੋਭਾਵੰਤ ਆਪ ਸੁਹਾਈਆ । ਸੋ ਪੁਰਖ ਨਿਰੰਜਣ ਵਡ ਮਰਦ ਮਰਦਾਨਾ, ਵਡ ਮਰਦਾਨਗੀ ਆਪ ਕਮਾਈਆ । ਸ਼ਬਦੀ ਸ਼ਬਦ ਹੋ ਮਿਹਰਵਾਨਾ, ਬੇਪਰਵਾਹ ਆਪਣਾ ਰਾਹ ਚਲਾਈਆ । ਜੁਗ ਚੌਕੜੀ ਖੇਲ ਮਹਾਨਾ, ਕਰਨੀ ਕਰਤਾ ਆਪ ਕਮਾਈਆ । ਦੇਵਣਹਾਰਾ ਧੁਰ ਫ਼ਰਮਾਨਾ, ਸਚ ਸੰਦੇਸਾ ਇਕ ਅਲਾਈਆ । ਬ੍ਰਹਮਾ ਵਿਸ਼ਨ ਸ਼ਿਵ ਦੇਵਣਹਾਰਾ ਇਕ ਗਿਆਨਾ, ਬੋਧ ਅਗਾਧ ਕਰੇ ਪੜ੍ਹਾਈਆ । ਖਾਣੀ ਬਾਣੀ ਕਰ ਨਿਸ਼ਾਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਆਪਣੀ ਕਰਨੀ ਆਪ ਕਰਾਈਆ । ਸਚਖੰਡ ਦਵਾਰ ਇਕ ਮਹੱਲਾ, ਨਿਰਗੁਣ ਆਪਣਾ ਆਸਣ ਲਾਇੰਦਾ । ਨਿਰਗੁਣ ਧਾਰ ਨਿਰਗੁਣ ਨੂਰ ਨਿਰਗੁਣ ਦੀਪਕ ਬਲਾ, ਨਿਰਗੁਣ ਸ਼ਬਦੀ ਸ਼ਬਦ ਵੰਡ ਵੰਡਾਇੰਦਾ । ਨਿਰਗੁਣ

ਫੜਾਏ ਨਿਰਗੁਣ ਪੱਲਾ, ਆਪ ਆਪਣੀ ਗੰਢ ਪਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਿੰਘਾਸਣ ਆਪੇ ਚੜ੍ਹ, ਸਤਿ ਸਤਿਵਾਦੀ ਸੋਭਾ ਪਾਇੰਦਾ । ਸਤਿ ਸਤਿਵਾਦੀ ਸਤਿ ਪੁਰਖ, ਬੇਅੰਤ ਵੱਡੀ ਵਡਿਆਈਆ । ਆਦਿ ਜੁਗਾਦਿ ਨਾ ਕੋਈ ਸੋਗ ਨਾ ਕੋਈ ਹਰਖ਼, ਚਿੰਤਾ ਰੋਗ ਨਾ ਕੋਇ ਰਾਈਆ । ਨਿਰਗੁਣ ਹੋਏ ਸਤਿ ਪੁਰਖ, ਨਿਤ ਨਵਿਤ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪਣੇ ਹੱਥ ਰਖਾਈਆ । ਆਪਣਾ ਭੇਵ ਰੱਖੇ ਹੱਥ, ਦੂਸਰ ਸੰਗ ਨਾ ਕੋਇ ਰਖਾਇੰਦਾ । ਨਿਰਗੁਣ ਨੂਰ ਹੋ ਪਰਗਟ, ਹਰਿ ਜੂ ਆਪਣਾ ਵੇਸ ਵਟਾਇੰਦਾ । ਸ਼ਬਦ ਅਗੰਮ ਚਲਾਏ ਰਥ, ਬਣ ਰਥਵਾਹੀ ਸੇਵ ਕਮਾਇੰਦਾ । ਜੁਗ ਚੌਕੜੀ ਮਾਰਗ ਦੱਸ, ਨਿਰਗੁਣ ਸਰਗੁਣ ਰਾਹ ਜਣਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸਤਿ ਸਤਿਵਾਦੀ ਦੇ ਵਥ, ਵਸਤ ਅਮੋਲਕ ਝੋਲੀ ਪਾਇੰਦਾ । ਨਾਮ ਨਿਧਾਨ ਜਣਾਏ ਮਹਿਮਾ ਅਕੱਥ, ਮਿੱਤਰ ਮੀਤਾ ਨਾਮ ਸਮਝਾਇੰਦਾ । ਆਤਮ ਪਰਮਾਤਮ ਸਾਚੇ ਮੰਦਰ ਵਸ, ਕਾਇਆ ਬੰਕ ਡੇਰਾ ਲਾਇੰਦਾ । ਨਿਰਮਲ ਜੋਤ ਕਰ ਪਰਕਾਸ਼, ਜੋਤ ਨਿਰੰਜਣ ਡਗਮਗਾਇੰਦਾ । ਲੇਖਾ ਜਾਣ ਸਵਾਸ ਸਵਾਸ, ਸਵਾਸ ਸਵਾਸਾਂ ਵਿਚ ਸਮਾਇੰਦਾ । ਖੇਲ ਕਰ ਪ੍ਰਿਥਮੀ ਆਕਾਸ਼, ਗਗਨ ਮੰਡਲ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਆਪਣਾ ਬੰਧਨ ਪਾਇੰਦਾ । ਜੁਗ ਚੌਕੜੀ ਖੇਲ ਅਪਾਰ, ਹਰਿ ਕਰਤਾ ਆਪ ਕਰਾਈਆ । ਵਿਸ਼ਨ ਬ੍ਰਹਮਾ ਸ਼ਿਵ ਸੇਵਾਦਾਰ, ਸਾਚੀ ਸੇਵਾ ਇਕ ਸਮਝਾਈਆ । ਤ੍ਰੈਗੁਣ ਮਾਇਆ ਭਰ ਭੰਡਾਰ, ਪੰਚਮ ਤੱਤ ਕਰੇ ਕੁੜਮਾਈਆ । ਚਾਰ ਖਾਣੀ ਬੋਲ ਜੈਕਾਰ, ਅੰਡਜ ਜੇਰਜ ਉਤਭੁਜ ਸੇਤਜ ਰੰਗ ਰੰਗਾਈਆ । ਚਾਰ ਬਾਣੀ ਕਰ ਪਸਾਰ, ਪਰਾ ਪਸੰਤੀ ਮਧਮ ਬੈਖਰੀ ਆਪੇ ਗਾਈਆ । ਲੇਖਾ ਜਾਣ ਧੁਰ ਦਰਬਾਰ, ਧੁਰ ਦੀ ਕਾਰ ਕਮਾਈਆ । ਨਿਰਗੁਣ ਦੇਵਣਹਾਰ ਸਹਾਰ, ਸਤਿ ਪੁਰਖ ਨਿਰੰਜਣ ਇਕੋ ਨਜ਼ਰੀ ਆਈਆ । ਨਿਰਗੁਣ ਲੈ ਮਾਤ ਅਵਤਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪ ਕਰਾਈਆ । ਸਾਚੀ ਕਰਨੀ ਜੁਗ ਜੁਗ ਕਰਦਾ, ਕਰਤਾ ਪੁਰਖ ਕਰਨਹਾਰ । ਨਿਰਭੈ ਹੋ ਕਦੇ ਨਾ ਡਰਦਾ, ਦੋ ਜਹਾਨਾਂ ਪਾਵੇ ਸਾਰ । ਲੱਖ ਚੁਰਾਸੀ ਅੰਦਰ ਵੜਦਾ, ਜੋਤੀ ਜਾਤਾ ਖੇਲ ਅਪਾਰ । ਸਾਚੇ ਮੰਦਰ ਆਪੇ ਚੜ੍ਹਦਾ, ਮਹੱਲ ਅਟੱਲ ਉਚ ਮਨਾਰ । ਆਤਮ ਪਰਮਾਤਮ ਢੋਲਾ ਇਕੋ ਪੜ੍ਹਦਾ, ਸੋਹੰ ਸ਼ਬਦ ਜੈਕਾਰ । ਸਚਖੰਡ ਦਵਾਰ ਗੁਰ ਅਵਤਾਰ ਪੀਰ ਪੈਗ਼ੰਬਰ ਆਪੇ ਘੜਦਾ, ਥਿਰ ਘਰ ਦੇਵੇ ਆਪ ਬਹਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਦੀਨ ਦਿਆਲ । ਦੀਨ ਦਿਆਲ ਖੇਲ ਅਪਾਰ, ਥਿਰ ਘਰ ਸ਼ਬਦੀ ਦਏ ਵਡਿਆਈਆ । ਸ਼ਬਦੀ ਸ਼ਬਦ ਵਡ ਭੰਡਾਰ, ਬੇਪਰਵਾਹ ਆਪ ਵਰਤਾਈਆ । ਨਿਰਗੁਣ ਸਰਗੁਣ ਕਰ ਪਿਆਰ, ਵਸਤ ਅਮੋਲਕ ਝੋਲੀ ਪਾਈਆ । ਗੁਰ ਅਵਤਾਰ ਖੇਲ ਨਿਆਰ, ਨਿਰਗੁਣ ਸਰਗੁਣ ਧਾਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਦਿ ਆਪਣੀ ਖੇਲ ਰਚਾਈਆ । ਆਦਿ ਖੇਲ ਰਚ ਨਿਰੰਕਾਰ, ਨਿਰਗੁਣ ਆਪਣੀ ਧਾਰ ਚਲਾਇੰਦਾ । ਲੱਖ ਚੁਰਾਸੀ ਕਰ ਪਿਆਰ ਪਾਰਬ੍ਰਹਮ ਬ੍ਰਹਮ ਆਪਣੀ ਵੰਡ ਵੰਡਾਇੰਦਾ । ਆਤਮ ਪਰਮਾਤਮ ਭੇਵ ਨਿਆਰ, ਆਪ ਆਪਣਾ ਖੇਲ ਖਲਾਇੰਦਾ । ਈਸ਼ ਜੀਵ ਦਏ ਆਧਾਰ, ਜਗਦੀਸ਼ ਰੰਗ ਰੰਗਾਇੰਦਾ । ਸ਼ਬਦ ਅਨਾਦ ਸੱਚੀ ਧੁਨਕਾਰ, ਧੁਨ ਆਤਮਕ ਰਾਗ ਸੁਣਾਇੰਦਾ । ਸੇਵਾ ਲਾ ਗੁਰ ਅਵਤਾਰ, ਆਪ ਆਪਣਾ ਕਰਮ ਕਮਾਇੰਦਾ । ਨਿਹਕਰਮੀ

ਹੋ ਖ਼ਬਰਦਾਰ, ਸਾਚੀ ਖ਼ਬਰ ਆਪ ਸੁਣਾਇੰਦਾ । ਜੁਗ ਚੌਕੜੀ ਦਏ ਆਧਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵੇਸ ਆਪ ਜਣਾਇੰਦਾ । ਜੁਗ ਚੌਕੜੀ ਵੇਸ ਲੋਕਮਾਤ, ਨਿਰਗੁਣ ਸਰਗੁਣ ਆਪ ਕਰਾਈਆ । ਸਰਗੁਣ ਦੇਵਣਹਾਰਾ ਦਾਤ, ਇਛਿਆ ਭਿਛਿਆ ਪੂਰ ਕਰਾਈਆ । ਬੋਧ ਅਗਾਧ ਸ਼ਬਦ ਗਿਆਨ, ਨਾਮ ਨਿਧਾਨ ਕਰੇ ਪੜ੍ਹਾਈਆ । ਨਿਸ਼ਅੱਖਰ ਕਰ ਪਰਵਾਨ, ਪਰਵਾਨਾ ਘਰ ਘਰ ਵੰਡ ਵੰਡਾਈਆ । ਵਸਣਹਾਰਾ ਸਚ ਮਕਾਨ, ਸਚਖੰਡ ਸਾਚੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਆਪਣਾ ਰਾਹ ਜਣਾਈਆ । ਜੁਗ ਚੋਕੜੀ ਰਾਹ ਅਨਡਿਠ, ਨਰ ਨਿਰੰਕਾਰ ਆਪ ਜਣਾਇੰਦਾ । ਗੁਰ ਅਵਤਾਰ ਕਰ ਕਰ ਹਿਤ, ਪੀਰ ਪੈਗ਼ੰਬਰ ਭੇਵ ਖੁਲ੍ਹਾਇੰਦਾ । ਵੇਸ ਵਟਾਏ ਨਿਤ ਨਵਿਤ, ਜੁਗ ਜੁਗ ਆਪਣਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਭੇਵ ਆਪ ਜਣਾਇੰਦਾ । ਸਾਚਾ ਭੇਵ ਧੁਰ ਦਰਬਾਰ, ਧੁਰਦਰਗਾਹੀ ਆਪ ਜਣਾਈਆ । ਹੁਕਮੇ ਅੰਦਰ ਵਿਸ਼ਨ ਬ੍ਰਹਮਾ ਸ਼ਿਵ ਆਧਾਰ, ਕਰੋੜ ਤੇਤੀਸਾ ਆਪਣੀ ਖੇਲ ਕਰਾਈਆ । ਹੁਕਮੇ ਅੰਦਰ ਗੁਰ ਅਵਤਾਰ, ਤੇਈ ਅਵਤਾਰ ਨਿਰਗੁਣ ਨਿਰਗੁਣ ਖੇਲ ਖਲਾਈਆ । ਹੁਕਮੇ ਅੰਦਰ ਪੀਰ ਪੈਗ਼ੰਬਰ ਦੇ ਆਧਾਰ, ਕਲਮਾ ਨਬੀ ਰਸੂਲ ਜਣਾਈਆ । ਹੁਕਮੇ ਅੰਦਰ ਭਗਤ ਭਗਵਾਨ ਖੋਲ੍ਹ ਕਵਾੜ, ਆਤਮ ਹਾਟੀ ਕੁੰਡਾ ਲਾਹੀਆ । ਹੁਕਮੇ ਅੰਦਰ ਮੇਲ ਮਿਲਾਵਾ ਘਰ ਜੈਕਾਰ, ਸ਼ਬਦ ਸ਼ਬਦੀ ਨਾਦ ਸੁਣਾਈਆ । ਹੁਕਮੇ ਅੰਦਰ ਸ਼ਾਹੋ ਭੂਪ ਬਣ ਸਿਕਦਾਰ, ਸ਼ਹਿਨਸ਼ਾਹ ਆਪਣਾ ਹੁਕਮ ਮਨਾਈਆ । ਹੁਕਮੇ ਅੰਦਰ ਬਣ ਭਿਖਾਰ, ਦਰ ਦਰਵੇਸ਼ ਅੱਗੇ ਆਪਣੀ ਝੋਲੀ ਡਾਹੀਆ । ਹੁਕਮੇ ਅੰਦਰ ਬਣੇ ਵਰਤਾਰ, ਦਾਤਾ ਦਾਨੀ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪਣੇ ਹੱਥ ਰਖਾਈਆ । ਸਾਚੀ ਕਰਨੀ ਕਰਨੇਹਾਰ, ਕਰਤਾ ਪੁਰਖ ਇਕ ਅਖਵਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਲੈ ਅਵਤਾਰ, ਨਿਰਵੈਰ ਪੁਰਖ ਆਪਣਾ ਰਾਹ ਚਲਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖੇ ਵਾਰੋ ਵਾਰ, ਵੇਖਣਹਾਰਾ ਨਜ਼ਰ ਕਿਸੇ ਨਾ ਆਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਬਣ ਲਿਖਾਰ, ਗੀਤਾ ਗਿਆਨ ਇਕ ਦ੍ਰਿੜਾਇੰਦਾ । ਅੰਜੀਲ ਕੁਰਾਨ ਕਰ ਪਿਆਰ, ਕਾਇਆ ਕਾਅਬਾ ਮੰਦਰ ਸੁਹੰਜਣਾ ਇਕ ਸੁਹਾਇੰਦਾ । ਖਾਣੀ ਬਾਣੀ ਬੋਲ ਜੈਕਾਰ, ਸਾਚਾ ਨਾਅਰਾ ਇਕ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜੁਗ ਚੌਕੜੀ ਵੰਡ ਵੰਡਾਇੰਦਾ । ਜੁਗ ਚੌਕੜੀ ਵੰਡ, ਗਹਿਰ ਗੰਭੀਰ ਆਪ ਜਣਾਈਆ । ਆਦਿ ਜੁਗਾਦਿ ਆਪੇ ਜਾਣੇ ਆਪਣਾ ਕੰਮ, ਦੂਸਰ ਭੇਵ ਕੋਇ ਨਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਬੇੜਾ ਬੰਨ੍ਹ, ਦੋ ਜਹਾਨਾਂ ਪਾਰ ਕਰਾਈਆ । ਵਸਣਹਾਰ ਬਿਨ ਛੱਪਰ ਛੰਨ, ਸਾਚੇ ਮੰਦਰ ਸੋਭਾ ਪਾਈਆ । ਦੇਵਣਹਾਰਾ ਨਾਮ ਧੰਨ, ਵਸਤ ਅਮੋਲਕ ਇਕ ਜਣਾਈਆ । ਸੁਣਾਵਣਹਾਰਾ ਰਾਗ ਕੰਨ, ਬਿਨ ਰਸਨਾ ਜਿਹਵਾ ਗਾਈਆ । ਚੜ੍ਹਾਵਣਹਾਰਾ ਸਾਚਾ ਚੰਨ, ਬਿਨ ਸੂਰਜ ਚੰਦ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਹੁਕਮ ਜਣਾਈਆ । ਕਲਜੁਗ ਅੰਤਮ ਹਰਿ ਕਰਤਾਰ, ਹਰਿ ਕਰਤਾ ਆਪ ਜਣਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖਿਆ ਵਾਰੋ ਵਾਰ, ਨਵ ਨੌਂ ਚਾਰ ਵੰਡ ਵੰਡਾਇੰਦਾ । ਗੁਰ ਅਵਤਾਰ ਸੇਵਾਦਾਰ, ਪੀਰ ਪੈਗ਼ੰਬਰ ਸੀਸ ਝੁਕਾਇੰਦਾ । ਵਰਨ ਬਰਨ ਜ਼ਾਤ ਪਾਤ ਰੰਗ ਰੰਗੇ ਕਰਤਾਰ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਗੰਢ ਪਵਾਇੰਦਾ ।

੯੫੬
੧੩

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਖੇਲ ਕਰਾਇੰਦਾ । ਜੁਗ ਚੌਕੜੀ ਖੇਲ ਖ਼ਾਲਕ, ਮਖਲੂਕ ਰੰਗ ਚੜ੍ਹਾਈਆ । ਪੀਰ ਪੈਗ਼ੰਬਰ ਬਣ ਸਾਲਸ, ਸਚ ਸਾਲਸੀ ਮਾਤ ਕਰਾਈਆ । ਨਿਰਗੁਣ ਧਾਰ ਸਰਗੁਣ ਖ਼ਾਲਸ, ਖ਼ਾਲਸ ਆਪਣਾ ਰੂਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਕਰਦਾ ਆਇਆ, ਕਰਨਹਾਰ ਇਕ ਅਖਵਾਈਆ । ਲੇਖਾ ਜਾਣ ਤ੍ਰੈਗੁਣ ਮਾਇਆ, ਪੰਜ ਤੱਤ ਕਰੇ ਕੁੜਮਾਈਆ । ਜੁਗ ਚੌਕੜੀ ਰਾਹ ਚਲਾਇਆ, ਗੁਰ ਅਵਤਾਰ ਸੇਵ ਕਮਾਈਆ । ਸ਼ਾਸਤਰ ਸਿਮਰਤ ਦਏ ਉਪਜਾਇਆ, ਨਾਮ ਨਿਧਾਨ ਸਿਫ਼ਤ ਸਾਲਾਹੀਆ । ਰਸਨਾ ਜਿਹਵਾ ਸਰਗੁਣ ਗਾਇਆ, ਨਿਰਗੁਣ ਭੇਵ ਚੁਕਾਈਆ । ਕਲਮ ਸ਼ਾਹੀ ਮਾਣ ਦਿਵਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਵਖਾਈਆ । ਆਪਣਾ ਖੇਲ ਕਰੇ ਮਾਤ, ਨਿਰਗੁਣ ਆਪਣੀ ਧਾਰ ਚਲਾਇੰਦਾ । ਜੁਗ ਜੁਗ ਪੂਰੀ ਕਰੇ ਖ਼ਾਹਸ਼, ਖ਼ਾਹਸ਼ ਖ਼ਾਹਸ਼ ਨਾਲ ਪਰਨਾਇੰਦਾ । ਨਿਰਗੁਣ ਸਰਗੁਣ ਵੇਖੇ ਖੇਲ ਤਮਾਸ਼, ਗੋਪੀ ਕਾਹਨ ਮੰਡਲ ਰਾਸ ਰਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਦਵਾਰ ਏਕੰਕਾਰ ਏਕਾ ਏਕ ਸੁਹਾਇੰਦਾ । ਸਚਖੰਡ ਦਵਾਰੇ ਨਿਰਗੁਣ ਜੋਤ, ਨਿਰਵੈਰ ਪੁਰਖ ਅਖਵਾਈਆ । ਵਸਣਹਾਰਾ ਏਕਾ ਕੋਟ, ਦੂਜਾ ਬੰਕ ਨਾ ਕੋਇ ਵਡਿਆਈਆ । ਸ਼ਬਦ ਅਗੰਮ ਨਗਾਰਾ ਚੋਟ, ਦੋ ਜਹਾਨ ਸ਼ਣਵਾਈਆ । ਦੇਵਣਹਾਰ ਸਦ ਅਤੋਟ, ਭੰਡਾਰ ਇਕੋ ਇਕ ਵਰਤਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਨਿਰਗੁਣ ਨਿਰਗੁਣ ਬਣਾਏ ਗੋਤ, ਸਰਗੁਣ ਸਰਗੁਣ ਘਰ ਵਖਾਈਆ । ਸ਼ਬਦੀ ਧਾਰ ਓਤ ਪੋਤ, ਪੁਤ ਪੋਤਰੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਵਸੇ ਸੱਚਾ ਮਾਹੀਆ । ਸਚਖੰਡ ਵਸੇ ਏਕੰਕਾਰ, ਅਕਲ ਕਲਾ ਅਖਵਾਇੰਦਾ । ਨਿਰਗੁਣ ਨੂਰ ਜੋਤ ਉਜਿਆਰ, ਰੂਪ ਰੰਗ ਰੇਖ ਨਾ ਕੋਇ ਜਣਾਇੰਦਾ । ਜੁਗ ਚੌਕੜੀ ਕਰ ਪਸਾਰ, ਪਰਮ ਪੁਰਖ ਫੇਰਾ ਪਾਇੰਦਾ । ਲੇਖਾ ਜਾਣ ਗੁਰ ਅਵਤਾਰ, ਭੇਵ ਅਭੇਦ ਆਪ ਖੁਲ੍ਹਾਇੰਦਾ । ਦਰ ਦਰਵੇਸ਼ ਮੰਗਦੇ ਗਏ ਬਣ ਭਿਖਾਰ, ਖ਼ਾਲੀ ਝੋਲੀ ਸਰਬ ਭਰਾਇੰਦਾ । ਦੇਵਣਹਾਰ ਹਰਿ ਭੰਡਾਰ, ਆਦਿ ਅੰਤ ਆਪ ਵਰਤਾਇੰਦਾ । ਕਾਗ਼ਜ਼ ਕਲਮ ਨਾ ਲਿਖਣਹਾਰ, ਲਿਖ ਲਿਖ ਲੇਖ ਨਾ ਕੋਇ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣੇ ਹੱਥ ਰਖਾਇੰਦਾ । ਜੁਗ ਜੁਗ ਪੰਧ ਗਿਆ ਮੁੱਕ, ਲੋਕਮਾਤ ਰਹਿਣ ਨਾ ਪਾਈਆ । ਕਲਜੁਗ ਅੰਤਮ ਨੇੜੇ ਆਇਆ ਢੁਕ, ਦੋ ਜਹਾਨ ਦੇਣ ਗਵਾਹੀਆ । ਚੌਦਾਂ ਤਬਕਾਂ ਬੂਟਾ ਰਿਹਾ ਸੁੱਕ, ਆਬੇ ਹਯਾਤ ਨਾ ਕੋਇ ਪਿਆਈਆ । ਚੌਦਾਂ ਲੋਕ ਵੇਖਣ ਲੁਕ ਲੁਕ, ਨੇਤਰ ਨੈਣ ਨੈਣ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸ਼ਬਦੀ ਰਾਹ ਤੱਕਣ ਸੁਤ, ਕਵਣ ਦਵਾਰੇ ਫੇਰਾ ਪਾਈਆ । ਕਰੇ ਖੇਲ ਅਬਿਨਾਸ਼ੀ ਅਚੁਤ, ਚੇਤਨ ਸਭ ਨੂੰ ਦਏ ਕਰਾਈਆ । ਨਿਰਵੈਰ ਸੁਹਾਏ ਆਪਣੀ ਰੁੱਤ, ਰੁੱਤ ਰੁੱਤੜੀ ਆਪ ਮਹਿਕਾਈਆ । ਲੱਖ ਚੁਰਾਸੀ ਵੇਖੇ ਕਾਇਆ ਬੁੱਤ, ਘਰ ਘਰ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਾਂਧੀ ਬਣੇ ਇਕੋ ਰਾਹੀਆ । ਕਵਣ ਵੇਲਾ ਬਣੇ ਪਾਂਧੀ ਰਾਹੀ, ਰਹਿਬਰ ਇਕੋ ਨਜ਼ਰੀ ਆਈਆ । ਦੋ ਜਹਾਨਾਂ ਕੱਟੇ ਫਾਹੀ, ਨਿਰਗੁਣ ਦਾਤਾ ਬੇਪਰਵਾਹੀਆ । ਕਲਜੁਗ ਕੂੜੀ ਮਿਟੇ ਸ਼ਾਹੀ, ਦੁਰਮਤ ਮੈਲ ਧਵਾਈਆ । ਗੋਬਿੰਦ ਏਕਾ ਬੂਟਾ ਪੁੱਟਿਆ ਕਾਹੀ, ਕੂੜੀ ਕਿਰਿਆ ਦਏ ਉਖੜਾਈਆ । ਮੇਲ ਮਿਲਾਏ ਝੀਵਰ ਛੀਂਬੇ ਨਾਈ,

ਜ਼ਾਤ ਪਾਤ ਰਹਿਣ ਨਾ ਪਾਈਆ । ਚਾਰ ਵਰਨ ਬਣਾਏ ਭਾਈ ਭਾਈ, ਬਰਨ ਅਠਾਰਾਂ ਦਏ ਰੁੜ੍ਹਾਈਆ । ਨਿਰਮਲ ਜੋਤ ਕਰੇ ਰੁਸ਼ਨਾਈ, ਅਗਿਆਨ ਅੰਧੇਰ ਗਵਾਈਆ । ਆਤਮ ਪਰਮਾਤਮ ਹੋਏ ਸਹਾਈ, ਦੂਜਾ ਲੇਖ ਰਹਿਣ ਨਾ ਪਾਈਆ । ਬ੍ਰਹਮ ਪਾਰਬ੍ਰਹਮ ਮੇਲ ਮਿਲਾਏ ਸਚ ਗੋਸਾਈਂ, ਗਹਿਰ ਗੰਭੀਰ ਥਾਉਂ ਥਾਈਂਆ । ਗ਼ਰੀਬ ਨਿਮਾਣਿਆਂ ਕੋਝੇ ਕਮਲਿਆਂ ਪਕੜੇ ਬਾਂਹੀ, ਜਗਤ ਰੁਸਿਆਂ ਲਏ ਮਨਾਈਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਦਏ ਖ਼ਾਕ ਰਲਾਈ, ਸੀਸ ਤਾਜ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਦਾਤਾ ਪੁਰਖ ਬਿਧਾਤਾ ਕਲਜੁਗ ਆਪਣਾ ਵੇਸ ਵਟਾਈਆ । ਗੁਰ ਅਵਤਾਰ ਰਹੇ ਉਡੀਕ, ਪੀਰ ਪੈਗ਼ੰਬਰ ਧਿਆਨ ਲਗਾਈਆ । ਨਿਰਵੈਰ ਪੁਰਖ ਤੇਰੀ ਆਈ ਤਰੀਕ, ਕਿਉਂ ਬੈਠਾ ਮੁਖ ਛੁਪਾਈਆ । ਤੇਰਾ ਨਾਉਂ ਲਾਸ਼ਰੀਕ, ਸਿਰਕਤ ਮੇਟ ਖ਼ੁਦਾਈਆ । ਤੇਰੇ ਵਿਚ ਇਕ ਤੌਫ਼ੀਕ, ਮਿਹਬਾਨ ਬੀਦੋ ਬੀ ਖ਼ੈਰ ਯਾ ਅੱਲਾ ਇਲਾਹੀ ਨੂਰ ਬੇਪਰਵਾਹੀਆ । ਵੇਲਾ ਅੰਤਮ ਆਇਆ ਠੀਕ, ਗੋਬਿੰਦ ਲੇਖਾ ਗਿਆ ਸਮਝਾਈਆ । ਨਿਰਗੁਣ ਜਾਣੇ ਸਚ ਪ੍ਰੀਤ, ਸ੍ਰੀ ਭਗਵਾਨ ਤੋੜ ਨਿਭਾਈਆ । ਵੇਦ ਵਿਆਸਾ ਵੇਖੀਏ ਨਜ਼ਦੀਕ, ਨੇਤਰ ਨੈਣ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸਾ ਇਕ ਸੁਣਾਈਆ । ਸਚ ਸੰਦੇਸਾ ਸ੍ਰੀ ਭਗਵਾਨ, ਹਰਿ ਸ਼ਬਦੀ ਸ਼ਬਦ ਜਣਾਇੰਦਾ । ਵਿਸ਼ਨੂੰ ਉਠ ਕਰ ਧਿਆਨ, ਹਰਿ ਵਿਸ਼ਵ ਖੇਲ ਕਰਾਇੰਦਾ । ਬ੍ਰਹਮੇ ਬ੍ਰਹਮ ਨਾ ਹੋ ਅਣਜਾਣ, ਬਾਲੀ ਬੁਧ ਵਡਿਆਇੰਦਾ । ਸ਼ੰਕਰ ਵੇਖ ਧੂਆਂਧਾਰ, ਹਰਿ ਨਿਰਗੁਣ ਜੋਤ ਜੋਤ ਚਮਕਾਇੰਦਾ । ਕਰੋੜ ਤੇਤੀਸਾ ਚੁਕੇ ਕਾਣ, ਸੁਰਪਤ ਇੰਦ ਰਹਿਣ ਨਾ ਪਾਇੰਦਾ । ਤ੍ਰੈਗੁਣ ਮਾਇਆ ਹੋਏ ਵੈਰਾਨ, ਵੈਰੀ ਘਰ ਘਰ ਨਜ਼ਰੀ ਆਇੰਦਾ । ਪੰਜ ਤੱਤ ਚੜ੍ਹੇ ਤੂਫ਼ਾਨ, ਅੰਮ੍ਰਿਤ ਮੇਘ ਨਾ ਕੋਇ ਬਰਸਾਇੰਦਾ । ਲੱਖ ਚੁਰਾਸੀ ਹੋਏ ਵੈਰਾਨ, ਧੀਰਜ ਧੀਰ ਨਾ ਕੋਇ ਧਰਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਮੰਗਣ ਦਾਨ, ਪ੍ਰਭ ਅੱਗੇ ਝੋਲੀ ਡਾਹਿੰਦਾ । ਤੂੰ ਦਾਤਾ ਦਾਨੀ ਵਡ ਮਿਹਰਵਾਨ, ਤੇਰੀ ਮਿਹਰ ਅੰਦਰ ਸਭ ਕੁਛ ਨਜ਼ਰੀ ਆਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਦੱਸ ਦੱਸ ਆਏ ਵਿਚ ਜਹਾਨ, ਕਲਮ ਸ਼ਾਹੀ ਕਾਗ਼ਜ਼ ਰੰਗ ਰੰਗਾਇੰਦਾ । ਤੇਰਾ ਭੇਵ ਨਾ ਪਾਏ ਕੋਈ ਨੌਜਵਾਨ, ਨਿਝ ਘਰ ਨਜ਼ਰ ਕਿਸੇ ਨਾ ਆਇੰਦਾ । ਕੂੜੀ ਕਿਰਿਆ ਘਰ ਘਰ ਵੜਿਆ ਸ਼ੈਤਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਦਰ ਘਰ ਆਸਣ ਲਗਾਇੰਦਾ । ਗੁਰ ਅਵਤਾਰ ਤੱਕਣ ਰਾਹ, ਨੇਤਰ ਨੈਣ ਉਠਾਈਆ । ਬ੍ਰਹਮ ਪਾਰਬ੍ਰਹਮ ਮਿਲੇ ਮਲਾਹ, ਦੋ ਜਹਾਨਾਂ ਬੇੜਾ ਰਿਹਾ ਤਰਾਈਆ । ਭਗਤ ਅਠਾਰਾਂ ਕਰਨ ਸਲਾਹ, ਮਿਲ ਮਿਲ ਆਪਣਾ ਮਤਾ ਪਕਾਈਆ । ਕਵਣ ਵੇਲਾ ਬਖ਼ਸ਼ੇ ਸਰਬ ਗੁਨਾਹ, ਗੁਣ ਅਵਗੁਣ ਮੇਟਣਹਾਰਾ ਹਰਿ ਨਿਰੰਕਾਰ ਅਖਵਾਈਆ । ਕਵਣ ਵੇਲਾ ਦੇਵੇ ਚਰਨ ਪਨਾਹ, ਸਿਰ ਆਪਣਾ ਹੱਥ ਟਿਕਾਈਆ । ਲੇਖਾ ਮੁਕਾਏ ਥਾਉਂ ਥਾਂ, ਬਚਿਆ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਦਸਤ ਉਠਾਈਆ । ਵਿਸ਼ਨ ਕਹੇ ਪ੍ਰਭ ਛੇਤੀ ਆ, ਮੈਂ ਤੇਰੀ ਆਸ ਰਖਾਈਆ । ਬ੍ਰਹਮਾ ਕਹੇ ਪਾਰਬ੍ਰਹਮ ਫੇਰਾ ਪਾ, ਮੇਰੀ ਚਲੇ ਨਾ ਕੋਇ ਚਤਰਾਈਆ । ਸ਼ੰਕਰ ਕਹੇ ਮੈਂ ਮਸਤਕ ਚਰਨ ਧੂੜੀ ਟਿੱਕਾ ਰਿਹਾ ਲਗਾ, ਨੇਤਰ ਨੈਣ ਨੈਣ ਦਰਸਾਈਆ । ਕਰੋੜ ਤੇਤੀਸਾ ਕਹੇ ਸਾਡਾ ਪੰਧ ਮੁਕਾ, ਧੀਰਜ ਧੀਰ ਨਾ ਕੋਇ ਵਖਾਈਆ । ਤੇਈ ਅਵਤਾਰ ਕਹਿਣ ਸਾਡੀ ਚਲੇ ਨਾ ਕੋਈ ਵਾਹ, ਕਲਜੁਗ ਜੀਵ ਤੇਰਾ

ਨਾਉਂ ਗਏ ਭੁਲਾਈਆ । ਭਗਤ ਅਠਾਰਾਂ ਮਾਰਨ ਧਾਹ, ਉਚੀ ਕੂਕ ਕੂਕ ਸੁਣਾਈਆ । ਕਬੀਰ ਕਹੇ ਮੈਂ ਆਇਆ ਸਮਝਾ, ਪ੍ਰਭ ਇਕੋ ਸੱਚਾ ਮਾਹੀਆ । ਮੂਸਾ ਕਹੇ ਤੇਰਾ ਜਲਵਾ ਤੱਕਿਆ ਬੇਪਰਵਾਹ, ਮੇਰੀ ਸੁਧ ਰਹੀ ਨਾ ਰਾਈਆ । ਈਸਾ ਕਹੇ ਮੈਂ ਕਹਿ ਕੇ ਆਇਆ ਇਕ ਖ਼ੁਦਾ, ਮੇਰਾ ਪਿਤਾ ਮੇਰੇ ਪਿਛੇ ਆਵੇ ਵਾਹੋ ਦਾਹੀਆ । ਮੁਹੰਮਦ ਕਹੇ ਮੈਂ ਤੇਰੇ ਦਰ ਮੰਗਦਾ ਰਿਹਾ ਪਨਾਹ, ਦੋਏ ਜੋੜ ਸੀਸ ਝੁਕਾਈਆ । ਅਮਾਮ ਅਮਾਮਾਂ ਸਿਰ ਆਵੇ ਨੂਰ ਧਰਾ, ਨੂਰੋ ਨੂਰ ਨੂਰ ਰੁਸ਼ਨਾਈਆ । ਆਪਣਾ ਜਲਵਾ ਦਏ ਵਖਾ, ਬੇਨਜ਼ੀਰ ਫੇਰਾ ਪਾਈਆ । ਚੋਦਾਂ ਤਬਕ ਲਹਿਣਾ ਦੇਣਾ ਦਏ ਮੁਕਾ, ਚੌਦਸ ਚੰਦ ਵੇਖ ਵਖਾਈਆ । ਨਾਨਕ ਨਿਰਗੁਣ ਕਹੇ ਮੈਂ ਨਿਰਗੁਣ ਆਇਆ ਸਮਝਾ, ਪੁਰਖ ਅਕਾਲ ਵਡ ਵਡਿਆਈਆ । ਇਕੋ ਢੋਲਾ ਲੈਣਾ ਗਾ, ਆਤਮ ਪਰਮਾਤਮ ਮੇਲ ਮਿਲਾਈਆ । ਸੋਹੰ ਵਚੋਲਾ ਲੈਣਾ ਬਣਾ, ਅੰਗੀਕਾਰ ਇਕ ਕਰਾਈਆ । ਮੰਤਰ ਸਤਿ ਨਾਮ ਦ੍ਰਿੜਾ, ਦ੍ਰਿਸ਼ਟ ਇਸ਼ਟ ਦਏ ਖੁਲ੍ਹਾਈਆ । ਏਕਾ ਜੋਤੀ ਜੋਤ ਸਚ ਰੁਸ਼ਨਾ, ਦਹਿ ਦਿਸ਼ਾ ਵੱਜੇ ਵਧਾਈਆ । ਗੋਬਿੰਦ ਨੂਰੀ ਨੂਰ ਧਰਾ, ਪਿਤਾ ਪੁਰਖ ਅਕਾਲ ਮਾਈਆ । ਸੁਤ ਦੁਲਾਰਾ ਇਕ ਵਡਿਆ, ਖੜਗ ਖੰਡਾ ਨਾਮ ਚਮਕਾਈਆ । ਚਾਰ ਵਰਨਾਂ ਭੇਵ ਚੁਕਾ, ਅੰਮ੍ਰਿਤ ਆਤਮ ਜਾਮ ਪਿਆਈਆ । ਕਰ ਕਰ ਖੇਲ ਵਿਚ ਜਹਾਨ, ਦਰ ਦਰ ਇਕੋ ਆਣ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰਾ ਰਾਹ ਰਹੇ ਤਕਾਈਆ । ਸ੍ਰੀ ਭਗਵਾਨ ਹੋ ਖ਼ੁਸ਼ਹਾਲ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਹਰਿ ਪੁਰਖ ਨਿਰੰਜਣ ਸਦਾ ਮਿਹਰਵਾਨ, ਮਿਹਰ ਨਜ਼ਰ ਇਕ ਉਠਾਇੰਦਾ । ਏਕੰਕਾਰ ਵਡ ਬਲਵਾਨ, ਬਲਧਾਰੀ ਭੇਵ ਚੁਕਾਇੰਦਾ । ਆਦਿ ਨਿਰੰਜਣ ਜੋਤ ਮਹਾਨ, ਨੂਰ ਨੂਰਾਨਾ ਨੂਰ ਰੁਸ਼ਨਾਇੰਦਾ । ਸ੍ਰੀ ਭਗਵਾਨ ਦੇਵਣਹਾਰਾ ਦਾਨ, ਸਚ ਸੰਦੇਸਾ ਇਕ ਸੁਣਾਇੰਦਾ । ਅਬਿਨਾਸ਼ੀ ਕਰਤਾ ਹੱਥ ਲੈ ਨਿਸ਼ਾਨ, ਦੋ ਜਹਾਨਾਂ ਆਪ ਝੁਲਾਇੰਦਾ । ਪਾਰਬ੍ਰਹਮ ਕਰ ਪਰਵਾਨ, ਸਤਿ ਪਰਵਾਨਾ ਆਪ ਅਲਾਇੰਦਾ । ਬ੍ਰਹਮ ਦੇਵਣਹਾਰਾ ਮਾਣ, ਨਿਰਗੁਣ ਆਪਣਾ ਫੇਰਾ ਪਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਤੇਰੀ ਕਰੇ ਕਲਿਆਣ, ਮਿਹਰ ਨਜ਼ਰ ਆਪ ਟਿਕਾਇੰਦਾ । ਤੇਈ ਅਵਤਾਰਾਂ ਕਰੇ ਪਰਵਾਨ, ਪਿਛਲਾ ਲੇਖਾ ਆਪਣੀ ਝੋਲੀ ਪਾਇੰਦਾ । ਭਗਤ ਅਠਾਰਾਂ ਬਖ਼ਸ਼ੇ ਇਕ ਧਿਆਨ, ਚਰਨ ਸਰਨ ਸਰਨਾਈ ਇਕ ਰਖਾਇੰਦਾ । ਈਸਾ ਮੂਸਾ ਮੁਹੰਮਦ ਜਣਾਏ ਇਕ ਕਲਾਮ, ਕਲਮਾ ਨਿਸ਼ਅੱਖਰ ਆਪ ਪੜ੍ਹਾਇੰਦਾ । ਨਾਨਕ ਗੋਬਿੰਦ ਕਰ ਪਰਨਾਮ, ਪਰਮ ਪੁਰਖ ਵੇਖ ਵਖਾਇੰਦਾ । ਸਾਚੇ ਮੰਦਰ ਵਸੇ ਆਣ, ਸੰਬਲ ਆਪਣਾ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਆਪ ਜਣਾਇੰਦਾ । ਧੁਰ ਫ਼ਰਮਾਨਾ ਸਚ ਸੰਦੇਸਾ, ਸ੍ਰੀ ਭਗਵਾਨ ਆਪ ਜਣਾਈਆ । ਪਰਗਟ ਹੋਏ ਨਰ ਨਰੇਸ਼ਾ, ਨਿਰਗੁਣ ਆਪਣੀ ਕਲ ਧਰਾਈਆ । ਵੇਖਣਹਾਰਾ ਦੇਸ ਪਰਦੇਸਾ, ਬ੍ਰਹਿਮੰਡੀ ਖੰਡੀ ਖੋਜ ਖੁਜਾਈਆ । ਜੋਤੀ ਨੂਰ ਕਰੇ ਵੇਸਾ, ਰੂਪ ਰੰਗ ਰੇਖ ਨਾ ਕੋਇ ਰਖਾਈਆ । ਕਲਜੁਗ ਅੰਤਮ ਖੇਲੇ ਖੇਡਾ, ਬਣ ਖਲਾਰੀ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸਮਝਾਈਆ । ਕਲਜੁਗ ਅੰਤਮ ਆਵਾਂਗਾ । ਬੇਪਰਵਾਹ ਅਖਵਾਵਾਂਗਾ । ਨਿਰਗੁਣ ਜੋਤੀ ਜਾਮਾ ਪਾਵਾਂਗਾ । ਜੋਤੀ ਜੋਤ ਰੁਸ਼ਨਾਵਾਂਗਾ । ਸ਼ਬਦੀ ਰਾਗ ਸੁਣਾਵਾਂਗਾ । ਦੋ ਜਹਾਨ ਉਠਾਵਾਂਗਾ । ਬ੍ਰਹਿਮੰਡ ਖੰਡ ਪੜਦਾ ਲਾਹਵਾਂਗਾ । ਲੋਆਂ ਪੁਰੀਆਂ ਫੋਲ ਫੁਲਾਵਾਂਗਾ । ਗੁਰ ਅਵਤਾਰ ਦਰ ਬਹਾਵਾਂਗਾ । ਪੀਰ ਪੈਗ਼ੰਬਰ ਹੁਕਮੇ ਵਿਚ ਰਖਾਵਾਂਗਾ । ਸ੍ਰਿਸ਼ਟ ਸਬਾਈ ਵੇਖ ਵਖਾਵਾਂਗਾ । ਹਰਿਜਨ ਸਾਚੇ


੯੫੮
੧੩

੯੫੯
੧੩

ਆਪ ਜਗਾਵਾਂਗਾ । ਆਤਮ ਪਰਮਾਤਮ ਦੇ ਟੇਕ, ਬੁਧ ਬਿਬੇਕ ਵਖਾਵਾਂਗਾ । ਕਲਜੁਗ ਅੰਤਮ ਮੇਟ ਰੇਖ, ਸਤਿਜੁਗ ਸਾਚਾ ਰਾਹ ਚਲਾਵਾਂਗਾ । ਜਨ ਭਗਤਾਂ ਕਰ ਹੇਤ, ਹਿਤਕਾਰੀ ਹਰਿ ਅਖਵਾਵਾਂਗਾ । ਅੰਦਰ ਵੜ ਕੇ ਦੱਸਾਂ ਭੇਤ, ਦੂਈ ਦਵੈਤੀ ਪੜਦਾ ਲਾਹਵਾਂਗਾ । ਦੋ ਜਹਾਨਾਂ ਬਣ ਨਰੇਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਹਿਨਸ਼ਾਹ ਇਕੋ ਇਕ ਅਖਵਾਵਾਂਗਾ । ਲੇਖਾ ਲਿਖ ਕੇ ਪਹਿਲੀ ਚੇਤ, ਵੀਹ ਸੌ ਵੀਹ ਸ਼ਾਹ ਸੁਲਤਾਨਾਂ ਮੂੰਹ ਦੇ ਭਾਰ ਸੁਟਾਵਾਂਗਾ । ਅੱਗ ਲੱਗੇ ਪੰਚਮ ਜੇਠ, ਸ੍ਰਿਸ਼ਟ ਸਬਾਈ ਜੋਤੀ ਲੰਬੂ ਲਾਵਾਂਗਾ । ਗੁਰਮੁਖ ਰੱਖਾਂ ਸਾਇਆ ਹੇਠ, ਗੁਰਸਿਖ ਚਰਨੀ ਆਪ ਬਹਾਵਾਂਗਾ । ਹਰਿ ਜੀ ਵੇਖੇ ਜਗਤ ਖੇਤ, ਕਲ ਕਲਕੀ ਫੇਰਾ ਪਾਵਾਂਗਾ । ਉਤਰ ਪੂਰਬ ਪੱਛਮ ਦੱਖਣ ਚਾਰੋਂ ਕੁੰਟ ਬਾਲੂ ਰੇਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਏਕਾ ਘਰ ਵਖਾਵਾਂਗਾ । ਆਪਣੀ ਖੇਲ ਰਚਾਵਾਂਗਾ । ਪਿਛਲਾ ਲੇਖਾ ਸਰਬ ਵਖਾਵਾਂਗਾ । ਕਲਜੁਗ ਵੇਲਾ ਪੰਧ ਮੁਕਾਵਾਂਗਾ । ਗੁਰਮੁਖ ਮੇਲਾ ਮੇਲ ਮਿਲਾਵਾਂਗਾ । ਬਣ ਸੱਜਣ ਸੁਹੇਲਾ ਡੰਕ ਨਾਮ ਇਕ ਵਜਾਵਾਂਗਾ । ਜਨ ਭਗਤਾਂ ਵਾਲੀ ਅਖਵਾਵਾਂਗਾ । ਸੰਤ ਸਾਚਾ ਸਗਨ ਮਨਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਕਰ ਵਖਾਵਾਂਗਾ । ਸਾਚੀ ਕਰਨੀ ਕਰ ਵਖਾਵਾਂਗਾ । ਨਿਹਕਲੰਕ ਹੋ ਕੇ ਆਵਾਂਗਾ । ਦਵਾਰ ਬੰਕ ਇਕ ਸੁਹਾਵਾਂਗਾ । ਸੰਬਲ ਆਪਣਾ ਆਸਣ ਲਾਵਾਂਗਾ । ਸਾਢੇ ਤਿੰਨ ਹੱਥ ਮੰਦਰ ਵਡਿਆਵਾਂਗਾ । ਉਚੇ ਟਿੱਲੇ ਪਰਬਤ ਢਾਵਾਂਗਾ । ਸਮੁੰਦ ਸਾਗਰ ਫੋਲ ਫੁਲਾਵਾਂਗਾ । ਡੂੰਘੀ ਕੰਦਰ ਪੰਧ ਮੁਕਾਵਾਂਗਾ । ਲੱਖ ਚੁਰਾਸੀ ਪੜਦਾ ਲਾਹਵਾਂਗਾ । ਗੁਰਮੁਖ ਸੜਦਾ ਆਪ ਬਚਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਇਕੋ ਰਾਹੇ ਪਾਵਾਂਗਾ । ਗੁਰ ਅਵਤਾਰ ਪੀਰ ਪੈਗ਼ੰਬਰ ਖੋਲ੍ਹੋ ਅੱਖ, ਸੋ ਪੁਰਖ ਨਿਰੰਜਣ ਰਿਹਾ ਜਣਾਈਆ । ਪਾਰਬ੍ਰਹਮ ਪ੍ਰਭ ਹੋ ਪਰਤੱਖ, ਪਰਤੱਖ ਆਪਣੀ ਧਾਰ ਚਲਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਦੋ ਜਹਾਨਾਂ ਉਡਣ ਕੱਖ, ਕੁੱਲੀ ਕੱਖ ਨਜ਼ਰ ਕੋਇ ਨਾ ਆਏਗਾ । ਸੰਤ ਸੁਹੇਲੇ ਗੁਰੂ ਗੁਰ ਚੇਲੇ ਗੁਰਸਿਖ ਸੱਜਣ ਸ੍ਰੀ ਭਗਵਾਨ ਲਏ ਰੱਖ, ਸਿਰ ਆਪਣਾ ਹੱਥ ਟਿਕਾਏਗਾ । ਆਤਮ ਪਰਮਾਤਮ ਦੇਵੇ ਨਾਮ ਵੱਥ, ਵਸਤ ਅਮੋਲਕ ਆਪ ਵਰਤਾਏਗਾ । ਬਣ ਰਥਵਾਹੀ ਚਲਾਏ ਰਥ, ਰਥ ਇਕੋ ਨਜ਼ਰੀ ਆਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਜਣਾਏਗਾ । ਸਾਚਾ ਮਾਰਗ ਦੱਸਾਂਗਾ । ਹਰ ਘਟ ਅੰਦਰ ਵਸਾਂਗਾ । ਪਰੇਮ ਪਿਆਰ ਅੰਦਰ ਫਸਾਂਗਾ । ਦੂਈ ਦਵੈਤ ਕੋਲੋਂ ਨੱਸਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪਣੀ ਕਰਨੀਉਂ ਕਦੇ ਨਾ ਹਟਾਂਗਾ । ਗੁਰ ਅਵਤਾਰ ਪੀਰ ਪੈਗ਼ੰਬਰ ਮੰਗਣ ਦਰ, ਪ੍ਰਭ ਚਰਨ ਧਿਆਨ ਲਗਾਈਆ । ਜੁਗ ਜੁਗ ਤੇਰਾ ਮੰਨਦੇ ਰਹੇ ਡਰ, ਤੇਰੇ ਹੁਕਮੇ ਸੇਵ ਕਮਾਈਆ । ਸਦਾ ਸਦਾ ਸਦ ਦੇਂਦਾ ਰਿਹੋਂ ਵਰ, ਵਰ ਆਪਣਾ ਨਾਮ ਝੋਲੀ ਪਾਈਆ । ਤੇਰਾ ਸਿਫ਼ਤ ਸਾਲਾਹੀ ਅੱਖਰ ਨਾਉਂ ਆਏ ਪੜ੍ਹ, ਨਿਸ਼ਅੱਖਰ ਤੇਰੇ ਦਰ ਤੇ ਨਜ਼ਰੀ ਆਈਆ । ਕਰ ਕਿਰਪਾ ਅੰਤ ਬਾਂਹੋਂ ਫੜ, ਆਪਣੀ ਕਰਵਟ ਲੈ ਬਦਲਾਈਆ । ਨਾਤਾ ਛਡ ਕੇ ਆਏ ਸੀਸ ਧੜ, ਪੰਜ ਤੱਤ ਰਹਿਣ ਨਾ ਪਾਈਆ । ਤੇਰੀ ਸਰਨਾਈ ਡਿਗੇ ਦੜ, ਨਧੜਕ ਤੇਰੀ ਓਟ ਤਕਾਈਆ । ਤੂੰ ਹੀ ਚੋਟੀ ਤੂੰ ਹੀ ਜੜ, ਮਧ ਤੂੰ ਹੀ ਨਜ਼ਰੀ ਆਈਆ । ਤੇਰਾ ਦਵਾਰ ਸੱਚਾ ਘਰ, ਦੂਜਾ ਮੰਦਰ ਨਾ ਕੋਇ

ਸੁਹਾਈਆ । ਲੋਕਮਾਤ ਦੀਨ ਮਜ਼੍ਹਬ ਜ਼ਾਤ ਪਾਤ ਕਲਜੁਗ ਜੀਵ ਰਹੇ ਸੜ, ਝਗੜਾ ਤੇਰੇ ਨਾਮ ਪਾਈਆ । ਮੁੱਲਾ ਸ਼ੇਖ਼ ਮਸਾਇਕ ਸਚ ਹਦੀਸ ਸਕੇ ਨਾ ਕੋਈ ਪੜ੍ਹ, ਕਲਮਾ ਨਬੀ ਨਾ ਕੋਇ ਸਮਝਾਈਆ । ਅਲਫ਼ ਯੇ ਗਈ ਹਰ, ਹੈਰਾਨੀ ਚਾਰ ਕੁੰਟ ਛਾਈਆ । ਮੰਦਰ ਮਸਜਦ ਸ਼ਿਵਦਵਾਲੇ ਮੱਠ ਆਵੇ ਡਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਨਜ਼ਰ ਕੋਇ ਨਾ ਆਈਆ । ਪੀਰ ਪੈਗ਼ੰਬਰੋ ਤੱਕੋ ਰਾਹ, ਹਰਿ ਰਹਿਬਰ ਆਪ ਜਣਾਇੰਦਾ । ਜੋ ਸਿਖਿਆ ਆਏ ਸਿਖਾ, ਕਵਣ ਲੋਕਮਾਤ ਨਾਲ ਨਿਭਾਇੰਦਾ । ਉਮਤ ਉਮਤੀ ਗਏ ਭੁਲਾ, ਭੇਵ ਅਭੇਦ ਨਾ ਕੋਇ ਜਣਾਇੰਦਾ । ਆਪੇ ਦੱਸੇ ਪਰਵਰਦਿਗਾਰ ਕੀ ਦੇਵੇ ਸਜ਼ਾ, ਕਲਜੁਗ ਵੇਲਾ ਅੰਤਮ ਆਇੰਦਾ । ਈਸਾ ਮੂਸਾ ਮੁਹੰਮਦ ਲਏ ਸੀਸ ਝੁਕਾ, ਨੇਤਰ ਨੈਣ ਨੀਰ ਵਹਾਇੰਦਾ । ਤੇਰੇ ਅੱਗੇ ਇਕ ਦੁਆ, ਦੋਏ ਜੋੜ ਵਾਸਤਾ ਪਾਇੰਦਾ । ਜਿਉਂ ਭਾਵੇ ਤਿਉਂ ਕਰ ਰਜ਼ਾ, ਸਾਡਾ ਬਲ ਨਾ ਸੰਗ ਨਿਭਾਇੰਦਾ । ਤੂੰ ਲਾਸ਼ਰੀਕ ਵਾਹਦ ਇਕ ਖ਼ੁਦਾ, ਖ਼ੁਦੀ ਸਭ ਦੀ ਮੇਟ ਮਿਟਾਇੰਦਾ । ਜੋ ਤੇਰੇ ਨਾਲੋਂ ਹੋਏ ਜੁਦਾ, ਜੁਜ਼ ਤੇਰਾ ਨਾ ਕੋਇ ਰਖਾਇੰਦਾ । ਅਜੂਨੀ ਜੂਨ ਦੇ ਭਵਾ, ਰਾਏ ਧਰਮ ਰਾਹ ਤਕਾਇੰਦਾ । ਲਾੜੀ ਮੌਤ ਹੱਥ ਫੜਾ, ਜ਼ਬਰਾਈਲ ਮੇਕਾਈਲ ਅਸਰਾਫ਼ੀਲ ਅਜ਼ਰਾਈਲ ਸੰਗ ਨਾ ਕੋਇ ਨਿਭਾਇੰਦਾ । ਮੁਰਸ਼ਦ ਆਪਣੇ ਮੁਰੀਦ ਲੈ ਬਚਾ, ਜੋ ਤੇਰਾ ਕਲਮਾ ਇਕ ਧਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਇੰਦਾ । ਤੇਰੇ ਦਰ ਅਲਖ ਮਿਹਰਵਾਨ, ਮਿਹਰ ਨਜ਼ਰ ਟਿਕਾਈਆ । ਦਰ ਬਰਦੇ ਬਣੇ ਗ਼ੁਲਾਮ, ਗ਼ੁਰਬਤ ਰਹੀ ਨਾ ਰਾਈਆ । ਅੱਗੇ ਚਲੇ ਨਾ ਕੋਇ ਇਸਲਾਮ, ਇਸਮ ਆਜ਼ਮ ਨਾ ਕੋਇ ਜਣਾਈਆ । ਤੇਰਾ ਕਲਮਾ ਹੱਕ ਕਲਾਮ, ਕਾਇਨਾਤ ਤੇਰੀ ਤੇਰੇ ਵਿਚ ਸਮਾਈਆ । ਤੂੰ ਅਮਾਮ ਮਹਿਦੀ ਦੇਵਣਹਾਰ ਪੈਗ਼ਾਮ, ਸਚ ਸੰਦੇਸ ਸੁਣਾਈਆ । ਤੂੰ ਆਦਿ ਜੁਗਾਦੀ ਇਕੋ ਰਾਮ, ਰਮਿਆ ਹਰ ਘਟ ਥਾਈਆ । ਤੇਰਾ ਖੇਲ ਅੰਤ ਮਹਾਨ, ਪੀਰ ਪੈਗ਼ੰਬਰ ਭੇਵ ਕੋਇ ਨਾ ਪਾਈਆ । ਅੰਜੀਲ ਕੁਰਾਨ ਹੋਈ ਹੈਰਾਨ, ਤੀਸ ਬਤੀਸ ਨਾ ਕੋਇ ਸਾਲਾਹੀਆ । ਸਿਦਕ ਸਬੂਰੀ ਨਾ ਕੋਇ ਈਮਾਨ, ਸਦਕਾ ਸਚ ਨਾ ਕੋਇ ਰਖਾਈਆ । ਜਿਉਂ ਭਾਵੇ ਤਿਉਂ ਮੇਟ ਨਿਸ਼ਾਨ, ਤੇਰੇ ਹੱਥ ਤੇਰੀ ਵਡਿਆਈਆ । ਕਰ ਕਿਰਪਾ ਸਾਨੂੰ ਕਰ ਪਰਵਾਨ, ਦੂਰ ਦੁਰਾਡੇ ਤੇਰਾ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੀ ਸਰਨ ਮਿਲੇ ਸਰਨਾਈਆ । ਸਾਚੀ ਸਰਨ ਦੇਵਾਂਗਾ ਅੰਤ, ਸ੍ਰੀ ਭਗਵਾਨ ਆਪ ਜਣਾਇੰਦਾ । ਸਦੀ ਬੀਸਵੀਂ ਬਣਾਏ ਬਣਤ, ਘੜਨ ਭੰਨਣਹਾਰ ਖੇਲ ਕਰਾਇੰਦਾ । ਲੱਖ ਚੁਰਾਸੀ ਲੇਖਾ ਵੇਖੇ ਜੀਵ ਜੰਤ, ਜਗਤ ਜਹਾਨ ਫੋਲ ਫੁਲਾਇੰਦਾ । ਕਵਣ ਗਾਏ ਮਣੀਆਂ ਮੰਤ, ਆਤਮ ਪਰਮਾਤਮ ਕਵਣ ਵੇਖ ਵਖਾਇੰਦਾ । ਕਵਣ ਹੰਢਾਏ ਸਚ ਸੁਹੰਜਣਾ ਕੰਤ, ਵਿਭਚਾਰ ਕਵਣ ਹੰਢਾਇੰਦਾ । ਕਵਣ ਮਹਿਮਾਂ ਜਣਾਏ ਅਗਣਤ, ਭੇਵ ਅਭੇਦ ਖੁਲਾਇੰਦਾ । ਕਵਣ ਤੋੜੇ ਗੜ੍ਹ ਹਉਮੇਂ ਹੰਗਤ, ਮਾਇਆ ਮਮਤਾ ਮੋਹ ਮਿਟਾਇੰਦਾ । ਕਵਣ ਹੋਏ ਸਾਚਾ ਪੰਡਤ, ਨਿਸ਼ਅੱਖਰ ਨਾਮ ਸਾਲਾਹਿੰਦਾ । ਲੇਖ ਮੁਕਾਏ ਜੇਰਜ ਅੰਡਜ, ਉਤਭੁਜ ਸੇਤਜ ਪੜਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਲੇਖ ਲਿਖਾਇੰਦਾ । ਭਗਤ ਅਠਾਰਾਂ ਪਏ ਰੋ, ਪ੍ਰਭ ਚਰਨ ਧਿਆਨ ਲਗਾਈਆ । ਸ੍ਰੀ ਭਗਵਾਨ ਸਵਾਧਾਨ ਹੋ, ਤੇਰੀ ਗ਼ਫ਼ਲਤ ਕੰਮ ਕਿਸੇ ਨਾ ਆਈਆ । ਚਾਰ ਕੁੰਟ ਚੌਥੇ ਜੁਗ ਚਾਰ ਵਰਨ ਆਤਮ ਪਰਮਾਤਮ ਸਭ ਦੀ ਟੋਹ, ਭਰਮੇ ਭੁੱਲੀ ਸਰਬ ਲੋਕਾਈਆ ।

ਤੇਰਾ ਨਾਮ ਨਿਸ਼ਾਨ ਬੈਠੇ ਖੋ, ਕੂੜੀ ਕਿਰਿਆ ਕਰ ਕੁੜਮਾਈਆ । ਅੰਮ੍ਰਿਤ ਆਤਮ ਕੋਈ ਨਾ ਸਕੇ ਚੋ, ਅਠਸਠ ਫਿਰਨ ਵਾਹੋ ਦਾਹੀਆ । ਦੁਰਮਤ ਮੈਲ ਕੋਈ ਨਾ ਸਕੇ ਧੋ, ਗੁਰ ਦਰ ਮੰਦਰ ਮਸਜਦ ਮੱਠ ਸ਼ਿਵਦਵਾਲੇ ਬੈਠੇ ਡੇਰੇ ਲਾਈਆ । ਤੇਰੀ ਸਚ ਨਾ ਸੁਣੇ ਕੋਈ ਸੋ, ਸੋ ਪੁਰਖ ਨਿਰੰਜਣ ਤੇਰਾ ਰੂਪ ਨਜ਼ਰ ਕਿਸੇ ਨਾ ਆਈਆ । ਕੂੜੀ ਕਿਰਿਆ ਫਸੇ ਕਾਮ ਕਰੋਧ ਲੋਭ ਮੋਹ ਹੰਕਾਰ ਰਿਹਾ ਛੋਹ, ਹੋਛਾਪਨ ਜਗਤ ਵਡਿਆਈਆ । ਚੰਦ ਪਰਕਾਸ਼ ਕਰੇ ਨਾ ਕੋਈ ਲੋ, ਅੰਧ ਅੰਧੇਰ ਨਾ ਕੋਇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਭਗਤ ਤੇਰਾ ਰਾਹ ਤਕਾਈਆ । ਭਗਤ ਜਨੋ ਮੈਂ ਆਵਾਂਗਾ । ਦੁਖੀਆਂ ਦੁੱਖ ਮਿਟਾਵਾਂਗਾ । ਆਤਮ ਸੁਖ ਉਪਜਾਵਾਂਗਾ । ਮਾਤ ਗਰਭ ਦਾ ਉਲਟਾ ਰੁਖ, ਆਪਣੀ ਹੱਥੀਂ ਜੜ੍ਹ ਉਖੜਾਵਾਂਗਾ । ਸੰਤ ਸੁਹੇਲੇ ਗੋਦੀ ਚੁੱਕ, ਲੱਖ ਲੱਖ ਸ਼ੁਕਰ ਮਨਾਵਾਂਗਾ । ਉਜਲ ਕਰਾਂ ਮਾਤ ਮੁਖ, ਸ਼ਬਦ ਬੋਧ ਅਗਾਧ ਪੜ੍ਹਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਬਣ ਸੇਵਕ ਸੇਵ ਕਮਾਵਾਂਗਾ । ਸੇਵਕ ਹੋ ਕੇ ਆਏਗਾ । ਪ੍ਰਭ ਆਪਣੀ ਦਇਆ ਕਮਾਏਗਾ । ਲੱਖ ਚੁਰਾਸੀ ਖੋਜ ਖੁਜਾਏਗਾ । ਭਗਤ ਭਗਵਾਨ ਫੜ ਉਠਾਏਗਾ । ਅੰਤਰ ਆਤਮ ਬੂਝ ਬੁਝਾਏਗਾ । ਸੋਹੰ ਮੰਤਰ ਇਕ ਪੜ੍ਹਾਏਗਾ । ਗਗਨ ਗਗਨੰਤਰ ਖੋਜ ਖੁਜਾਏਗਾ । ਬਿਧ ਅੰਤਰ ਆਪ ਵਖਾਏਗਾ । ਬ੍ਰਹਮ ਨਿਰੰਤਰ ਮੇਲ ਮਿਲਾਏਗਾ । ਬ੍ਰਹਮ ਨਜ਼ਰ ਨਾ ਆਏਗਾ । ਨਿਹਕਰਮੀ ਕਰਮ ਕਰਾਏਗਾ । ਸਰਨ ਇਕੋ ਵੇਖ ਵਖਾਏਗਾ । ਮਰਨ ਇਕੋ ਇਕ ਸਿਖਾਏਗਾ । ਨੌਂ ਖੰਡ ਪ੍ਰਿਥਮੀ ਰਾਜ ਰਾਜਾਨਾਂ ਚਰਨਾਂ ਹੇਠ ਦਬਾਏਗਾ । ਸੀਸ ਤਾਜ ਇਕ ਟਿਕਾਏਗਾ । ਗੁਰੂ ਮਹਾਰਾਜ ਆਪ ਅਖਵਾਏਗਾ । ਸ਼ਬਦ ਰਾਗ ਇਕ ਸੁਣਾਏਗਾ । ਛੱਤੀ ਰਾਗ ਪੰਧ ਮੁਕਾਏਗਾ । ਭੇਵ ਅਭੇਦਾ ਭੇਵ ਖੁਲ੍ਹਾਏਗਾ । ਚਾਰ ਵਰਨ ਨੈਣ ਸ਼ਰਮਾਏਗਾ । ਅਠਾਰਾਂ ਬਰਨ ਡੇਰਾ ਢਾਹੇਗਾ । ਅੰਜੀਲ ਕੁਰਾਨ ਰਹਿਣ ਨਾ ਪਾਏਗਾ । ਗੀਤਾ ਗਿਆਨ ਭਗਤ ਭਗਵਾਨ ਇਕ ਦ੍ਰਿੜਾਏਗਾ । ਕਾਇਆ ਮੰਦਰ ਇਕ ਵਸਾਏਗਾ । ਜਿਸ ਘਰ ਬਹਿ ਬਹਿ ਖ਼ੁਸ਼ੀ ਵਖਾਏਗਾ । ਅਨਹਦ ਨਾਦੀ ਨਾਦ ਸੁਣਾਏਗਾ । ਬ੍ਰਹਮ ਬ੍ਰਹਿਮਾਦੀ ਫੇਰਾ ਪਾਏਗਾ । ਪਿਛਲੀ ਵਾਦੀ ਆਪ ਮੁਕਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ ਇਕੋ ਰਾਹ ਤਕਾਏਗਾ । ਜਨ ਭਗਤ ਇਕੋ ਰਾਹ ਲੱਭੇਗਾ । ਪੁਰਖ ਅਕਾਲ ਸੂਰਾ ਗੱਜੇਗਾ । ਜਗਤ ਵਿਕਾਰਾ ਕੂੜਾ ਭੱਜੇਗਾ । ਮੂਰਖ ਮੂੜ੍ਹਾ ਚਰਨੀ ਲੱਗੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦੋ ਜਹਾਨ ਸ੍ਰੀ ਭਗਵਾਨ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸਚ ਸਿੰਘਾਸਣ ਇਕੋ ਸਜੇਗਾ । ਨਾਨਕ ਗੋਬਿੰਦ ਪਏ ਹੱਸ, ਦਰ ਸਾਚੇ ਆਸਣ ਲਾਈਆ । ਪਾਰਬ੍ਰਹਮ ਤੇਰਾ ਖੇਲ ਸਮਰਥ, ਭੇਵ ਕੋਇ ਨਾ ਆਈਆ । ਜਗਤ ਪੰਧ ਮੁਕਾਏਂ ਨੱਸ ਨੱਸ, ਬਣ ਪਾਂਧੀ ਪਾਂਧੀ ਰਾਹੀਆ । ਜਨ ਭਗਤਾਂ ਪੂਰੀ ਕਰੇਂ ਆਸ, ਨਿਰਾਸਾ ਕੋਇ ਰਹਿਣ ਨਾ ਪਾਈਆ । ਜਿਨ੍ਹਾਂ ਤੇਰੇ ਮਿਲਣ ਦੀ ਲੱਗੀ ਪਿਆਸ, ਆਤਮ ਤ੍ਰਿਸਨਾ ਭੁੱਖ ਮਿਟਾਈਆ । ਘਰ ਮੰਦਰ ਵਖਾਏਂ ਰਾਸ, ਗੋਪੀ ਕਾਹਨ ਨਚਾਈਆ । ਨਾਤਾ ਤੋੜ ਜ਼ਾਤ ਪਾਤ, ਬ੍ਰਹਮ ਪਾਰਬ੍ਰਹਮ ਦਰਸਾਈਆ । ਡੂੰਘੀ ਕੰਦਰ ਪੁਛੇਂ ਵਾਤ, ਉਚੇ ਮੰਦਰ ਦਏਂ ਵਡਿਆਈਆ । ਬੰਦ ਕਵਾੜੀ ਖੋਲੇਂ ਤਾਕ, ਨਿਰਗੁਣ ਜੋਤ ਕਰ ਰੁਸ਼ਨਾਈਆ । ਲੇਖਾ ਮੁਕਾਏ ਚੌਦਾਂ ਲੋਕ ਵਾਟ, ਪਰਲੋਕ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜੁਗ ਜੁਗ

੯੬੨
੧੩

ਹੱਥ ਤੇਰੇ ਵਡਿਆਈਆ । ਨਾਨਕ ਗੋਬਿੰਦ ਸਚ ਖਿਆਲ, ਹਰਿ ਸਾਚਾ ਸਚ ਜਣਾਇੰਦਾ । ਗੋਬਿੰਦ ਸ਼ਬਦ ਇਕ ਦਲਾਲ, ਦੂਜਾ ਨਜ਼ਰ ਕੋਇ ਨਾ ਆਇੰਦਾ । ਲੱਖ ਚੁਰਾਸੀ ਵਿਚੋਂ ਵੇਖੇ ਲਾਲ, ਲਾਲਨ ਆਪਣੇ ਰੰਗ ਰੰਗਾਇੰਦਾ । ਭਗਤ ਭਗਵਾਨ ਲਏ ਭਾਲ, ਆਪ ਭਾਲਿਆਂ ਹੱਥ ਕਿਸੇ ਨਾ ਆਇੰਦਾ । ਘਰ ਵਿਚ ਘਰ ਵਖਾ ਸੱਚੀ ਧਰਮਸਾਲ, ਧਰਮ ਦਵਾਰਾ ਇਕ ਜਣਾਇੰਦਾ । ਤ੍ਰੈਗੁਣ ਮਾਇਆ ਤੋੜ ਜੰਜਾਲ, ਜਾਗਰਤ ਜੋਤ ਡਗਮਗਾਇੰਦਾ । ਜਾ ਕੇ ਪੁਛੇ ਮੁਰੀਦਾਂ ਹਾਲ, ਮੁਰਸ਼ਦ ਆਪਣਾ ਫੇਰਾ ਪਾਇੰਦਾ । ਅੰਦਰ ਬਾਹਰ ਗੁਪਤ ਜ਼ਾਹਰ ਚਲੇ ਨਾਲ ਨਾਲ, ਬਣ ਸੇਵਕ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਦ੍ਰਿੜਾਇੰਦਾ । ਨਾਨਕ ਗੋਬਿੰਦ ਕਰ ਧਿਆਨ, ਨੇਤਰ ਨੈਣ ਨੈਣ ਨਿਹਾਲਿਆ । ਤੇਰਾ ਖੇਲ ਵਡ ਮਹਾਨ, ਬੇਪਰਵਾਹ ਸ੍ਰੀ ਭਗਵਾਨਿਆ । ਕਲਜੁਗ ਅੰਤਮ ਹੋਏਂ ਪਰਧਾਨ, ਨਿਹਕਲੰਕ ਨੌਜਵਾਨਿਆ । ਕਲ ਕਲਕੀ ਤੇਰਾ ਨਿਸ਼ਾਨ, ਜੋਧੇ ਸੂਰ ਮਰਦ ਮਰਦਾਨਿਆ । ਤੇਰਾ ਸੰਬਲ ਇਕ ਮਕਾਨ, ਬੇਮੁਕਾਮ ਆਪ ਸੁਹਾ ਲਿਆ । ਤੇਰਾ ਧਰਮ ਇਕ ਨਿਸ਼ਾਨ, ਦੋ ਜਹਾਨਾਂ ਆਪ ਝੁਲਾ ਲਿਆ । ਤੇਰਾ ਨਾਮ ਇਕ ਨਿਧਾਨ, ਸੋਹੰ ਅੱਖਰ ਆਪ ਸਿਖਾ ਲਿਆ । ਗੋਬਿੰਦ ਅੰਤ ਕਹਿ ਕੇ ਗਿਆ ਮੇਰਾ ਸੋਹੰ ਚਿਲਾ ਤੀਰ ਕਮਾਨ, ਸ਼ਸਤਰ ਹੱਥ ਨਾ ਕੋਇ ਉਠਾ ਲਿਆ । ਖੰਡਾ ਕੋਈ ਨਾ ਰੱਖੇ ਮਿਆਨ, ਲੋਹਾਰ ਤਰਖਾਣ ਨਾ ਕੋਇ ਘੜਾ ਲਿਆ । ਮੇਰਾ ਨਾਤਾ ਜੁੜਿਆ ਨਾਲ ਸ੍ਰੀ ਭਗਵਾਨ, ਪੁਰਖ ਅਕਾਲ ਮੇਰਾ ਸੰਗ ਨਿਭਾ ਲਿਆ । ਕਲਜੁਗ ਅੰਤ ਹੋਏ ਪਰਧਾਨ, ਦੋ ਜਹਾਨਾਂ ਵੇਖ ਵਖਾ ਲਿਆ । ਜਨ ਭਗਤਾਂ ਕਰੇ ਪਰਵਾਨ, ਆਪ ਆਪਣਾ ਮੇਲ ਮਿਲਾ ਲਿਆ । ਸੱਤਰ ਬਹੱਤਰ ਚੁਹੱਤਰ ਕਰ ਪਰਵਾਨ, ਕਿਲਾ ਇਕੋ ਇਕ ਦਰਸਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰ ਪੀਰ ਪੈਗ਼ੰਬਰ ਆਪਣਾ ਭੇਵ ਜਣਾ ਲਿਆ । ਆਪਣਾ ਭੇਵ ਦੱਸ ਗੋਬਿੰਦ, ਗਹਿਰ ਗੰਭੀਰ ਦਇਆ ਕਮਾਈਆ । ਕਲਜੁਗ ਅੰਤਮ ਮੇਟੇ ਚਿੰਦ, ਚਿੰਤਾ ਚਿਖਾ ਰਹਿਣ ਨਾ ਪਾਈਆ । ਦਾਤਾ ਦਾਨੀ ਗੁਣੀ ਗਹਿੰਦ, ਨਿਰਗੁਣ ਆਪਣਾ ਵੇਸ ਵਟਾਈਆ । ਸੰਤ ਸੁਹੇਲੇ ਵੇਖੇ ਅਨਾਦੀ ਬਿੰਦ, ਪੂਤ ਸਪੂਤੇ ਲਏ ਜਗਾਈਆ । ਪਾਵੇ ਸਾਰ ਜੀਓ ਪਿੰਡ, ਇੰਡ ਬ੍ਰਹਿਮੰਡ ਖੋਜ ਖੁਜਾਈਆ । ਧਾਰ ਅੰਮ੍ਰਿਤ ਦੇਵੇ ਸਾਗਰ ਸਿੰਧ, ਨਿਝਰ ਝਿਰਨਾ ਆਪ ਝਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਰਿਹਾ ਜਣਾਈਆ । ਸਚਖੰਡ ਨਿਵਾਸੀ ਧੁਰ ਫ਼ਰਮਾਨਾ, ਧੁਰ ਸ਼ਬਦੀ ਸ਼ਬਦ ਜਣਾਇੰਦਾ । ਕਲਜੁਗ ਅੰਤਮ ਵਰਤੇ ਭਾਣਾ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਤਖ਼ਤੋਂ ਲਾਹਵਾਂ ਰਾਜਾ ਰਾਣਾ, ਸੀਸ ਤਾਜ ਨਾ ਕੋਇ ਟਿਕਾਇੰਦਾ । ਚਾਰ ਵਰਨ ਅਠਾਰਾਂ ਬਰਨ ਸਰਬ ਕੁਰਲਾਣਾ, ਧੀਰਜ ਧੀਰ ਨਾ ਕੋਇ ਧਰਾਇੰਦਾ । ਨਾ ਕੋਈ ਦਿਸੇ ਮੁੱਲਾ ਸ਼ੇਖ਼ ਮੁਲਾਣਾ, ਪੰਡਤ ਪਾਂਧਾ ਪੰਧ ਮੁਕਾਇੰਦਾ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਮਿਟੇ ਨਿਸ਼ਾਨਾ, ਆਤਮ ਪਰਮਾਤਮ ਭੇਵ ਖੁਲਾਇੰਦਾ । ਚਾਰ ਵਰਨਾਂ ਇਕੋ ਗਾਣਾ, ਰਾਗ ਅਨਾਦ ਇਕ ਅਲਾਇੰਦਾ । ਚਾਰ ਵਰਨਾਂ ਇਕ ਮਕਾਨਾ, ਕਾਇਆ ਮੰਦਰ ਅੰਦਰ ਆਪ ਵਖਾਇੰਦਾ । ਚਾਰ ਵਰਨਾਂ ਇਕ ਸੁਲਤਾਨਾ, ਸ਼ਹਿਨਸ਼ਾਹ ਇਕੋ ਨਜ਼ਰੀ ਆਇੰਦਾ । ਚਾਰ ਵਰਨਾਂ ਇਕੋ ਮਾਣਾ, ਊਚ ਨੀਚ ਨਾ ਕੋਇ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪ ਜਣਾਇੰਦਾ । ਸਾਚੀ ਕਰਨੀ ਕਰੇ ਕਰਤਾਰ, ਕਲਜੁਗ ਅੰਤਮ ਵੇਖ ਵਖਾਈਆ । ਬੀਸ ਬੀਸਾ ਹੋ ਉਜਿਆਰ, ਜਗਤ ਜਗਦੀਸਾ ਰੰਗ ਰੰਗਾਈਆ । ਸਚ ਸੰਦੇਸਾ ਦੇਵੇ

ਇਕੋ ਵਾਰ, ਏਕੰਕਾਰ ਕਰ ਸਿਖਾਈਆ । ਨਾ ਕੋਈ ਮੇਟੇ ਮੇਟਣਹਾਰ, ਅਮਿਟ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸੰਦੇਸਾ ਨਰ ਨਰੇਸ਼ਾ ਨਿਰਗੁਣ ਇਕੋ ਇਕ ਜਣਾਈਆ । ਸ਼ਬਦ ਸੰਦੇਸਾ ਉਠੇ ਦੂਤ, ਸੋ ਪੁਰਖ ਨਿਰੰਜਣ ਆਪ ਉਠਾਇੰਦਾ । ਪਹਿਲੀ ਚੇਤ ਜਗਾਏ ਚਾਰੇ ਕੂਟ, ਦਹਿ ਦਿਸ਼ਾ ਪੜਦਾ ਲਾਹਿੰਦਾ । ਕਲਜੁਗ ਮੇਟਣਾ ਜੂਠ ਝੂਠ, ਕੂੜੀ ਕਿਰਿਆ ਪੰਧ ਮੁਕਾਇੰਦਾ । ਦਵੈਤ ਰਹਿਣ ਨਾ ਦੇਣੀ ਫੂਟ, ਮਾਇਆ ਮਮਤਾ ਮੋਹ ਚੁਕਾਇੰਦਾ । ਏਕਾ ਤਾਗਾ ਏਕਾ ਕਰਨਾ ਤਾਣਾ ਪੇਟਾ ਸੂਤ, ਸੂਤਰਧਾਰੀ ਇਕੋ ਨਜ਼ਰੀ ਆਇੰਦਾ । ਮਨੁਸ਼ ਮਨੁਖ ਰਹੇ ਨਾ ਕੋਇ ਕਪੂਤ, ਵਿਭਚਾਰੀ ਧੀਰ ਨਾ ਕੋਇ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸ਼ਬਦ ਆਪ ਜਗਾਇੰਦਾ । ਸ਼ਬਦ ਗੁਰ ਉਠ ਜਾਣਾ ਦੌੜ, ਦੋ ਜਹਾਨਾਂ ਵਾਲੀ ਆਪ ਜਣਾਈਆ । ਨੌਂ ਖੰਡ ਪ੍ਰਿਥਮੀ ਵੇਖਣਾ ਰਸ ਮਿਠਾ ਕੌੜ, ਲੱਖ ਚੁਰਾਸੀ ਫੋਲ ਫੁਲਾਈਆ । ਜਨ ਭਗਤ ਦਵਾਰੇ ਜਾਣਾ ਬੌਹੜ, ਤੇਰਾ ਮੇਰਾ ਭੇਵ ਚੁਕਾਈਆ । ਨੇਤਰ ਖੋਲ੍ਹ ਵੇਖਣਾ ਗ਼ੌਰ, ਗਹਿਰ ਗੰਭੀਰ ਰਿਹਾ ਸਮਝਾਈਆ । ਅੱਗੇ ਪਿਛੇ ਵੇਲਾ ਹੋਰ ਅੱਗੇ ਹੋਏ ਹੋਰ, ਵਾਰ ਥਿਤ ਆਪਣੇ ਹੱਥ ਰਖਾਈਆ । ਸਦੀ ਬੀਸਵੀਂ ਰਾਜ ਰਾਜਾਨ ਸ਼ਾਹ ਸੁਲਤਾਨ ਇਕ ਦੂਜੇ ਦੇ ਪਿਛੇ ਦਿਤੇ ਤੋਰ, ਰਾਏ ਧਰਮ ਹੱਥ ਫੜਾਈਆ । ਅੰਤਮ ਰਹਿਣ ਨਾ ਦੇਵੇ ਕੋਈ ਠੱਗ ਚੋਰ, ਕੂੜੀ ਕਿਰਿਆ ਸ਼ੌਹ ਦਰਯਾ ਰੁੜ੍ਹਾਈਆ । ਮਾਣਸ ਮਾਨੁਖ ਕੋਈ ਨਾ ਦਿਸੇ ਢੋਰ, ਮਨੁਸ਼ ਮਾਨਵ ਇਕੋ ਰੰਗ ਰੰਗਾਈਆ । ਅੱਗੇ ਚਲਣ ਨਾ ਦੇਵੇ ਕਿਸੇ ਦਾ ਜ਼ੋਰ, ਜ਼ੋਰੂ ਜ਼ਰ ਖ਼ਾਕ ਮਿਲਾਈਆ । ਏਕਾ ਮੰਤਰ ਫੇਰੇ ਫੁਰਨਾ ਫੇਰ, ਫੁਰਨੇ ਸਭ ਦੇ ਬੰਦ ਕਰਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਆਪਣੇ ਹੱਥ ਰੱਖੇ ਡੋਰ, ਜਿਉਂ ਭਾਵੇ ਲਏ ਚਲਾਈਆ । ਅਗੰਮ ਅਥਾਹ ਬੇਪਰਵਾਹ ਬੇਨਜ਼ੀਰ ਚੜ੍ਹ ਕੇ ਵੇਖੇ ਸਾਚੇ ਘੋੜ, ਸ਼ਾਹਸਵਾਰਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਸ਼ਬਦ ਰਿਹਾ ਜਣਾਈਆ । ਸੁਤ ਸ਼ਬਦ ਕਹੇ ਮੈਂ ਉਠਾਂਗਾ । ਤੇਰੇ ਹੁਕਮੇ ਅੰਦਰ ਨੱਠਾਂਗਾ । ਪ੍ਰਭ ਲੱਖ ਚੁਰਾਸੀ ਕੁਠਾਂਗਾ । ਕਲਜੁਗ ਜੜ ਪੁੱਟਾਂਗਾ । ਸ਼ੌਹ ਦਰਯਾਏ ਸੁੱਟਾਂਗਾ । ਤੇਰੇ ਭਗਤਾਂ ਜਾ ਕੇ ਪੁੱਛਾਂਗਾ । ਉਨ੍ਹਾਂ ਦੇ ਅੰਦਰ ਵੜ ਕੇ ਲੁਕਾਂਗਾ । ਨਿਰਭੈ ਹੋ ਕੇ ਬੁਕਾਂਗਾ । ਆਪਣੇ ਨਿਸ਼ਾਨਿਉਂ ਕਦੇ ਨਾ ਉਕਾਂਗਾ । ਗ਼ਰੀਬ ਨਿਮਾਣਿਆਂ ਗੋਦੀ ਚੁਕਾਂਗਾ । ਵੀਹ ਸੌ ਇਕੀ ਕਰ ਖੇਲ ਤੇਰੇ ਚਰਨਾਂ ਸੁਟਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਭਾਣਿਉਂ ਕਦੇ ਨਾ ਉਕਾਂਗਾ । ਗੁਰ ਸ਼ਬਦ ਭਾਣਾ ਕਦੇ ਨਾ ਰੁਕਣਾ, ਨਾ ਕੋਈ ਮੇਟੇ ਮੇਟੇ ਮਿਟਾਈਆ । ਕਲਜੁਗ ਅੰਤਮ ਪੈਂਡਾ ਮੁੱਕਣਾ, ਲੋਕਮਾਤ ਰਹਿਣ ਨਾ ਪਾਈਆ । ਲੱਖ ਚੁਰਾਸੀ ਬੂਟਾ ਸੁੱਕਣਾ, ਹਰਿਆ ਸਿੰਚ ਨਾ ਕੋਇ ਕਰਾਈਆ । ਗੁਰਮੁਖ ਵਿਰਲਾ ਲੋਕਮਾਤ ਫੁੱਟਣਾ, ਫੁਲ ਫੁਲਵਾੜੀ ਆਪ ਮਹਿਕਾਈਆ । ਜਿਸ ਸਤਿ ਪੁਰਖ ਨਿਰੰਜਣ ਗੋਦੀ ਚੁਕਣਾ, ਤਿਸ ਮਿਲੇ ਮਾਣ ਵਡਿਆਈਆ । ਕੂੜ ਕੁੜਿਆਰਾਂ ਮਿਲੇ ਨਾ ਅੰਤਮ ਲੁਕਣਾ, ਚਾਰ ਕੁੰਟ ਥਾਉਂ ਨਜ਼ਰ ਕੋਇ ਨਾ ਆਈਆ । ਧਰਮ ਰਾਏ ਫੜ ਫੜ ਕੁਸਣਾ, ਚਿਤਰ ਗੁਪਤ ਲੇਖ ਵਖਾਈਆ । ਸ੍ਰੀ ਭਗਵਾਨ ਬਿਨ ਭਗਤਾਂ ਸਭ ਦੇ ਨਾਲੋਂ ਰੁੱਸਣਾ, ਆਪਣਾ ਮੁਖ ਨਾ ਕਿਸੇ ਵਖਾਈਆ । ਦੋ ਜਹਾਨ ਨਿਰਗੁਣ ਚਰਨੀ ਝੁਕਣਾ, ਸਰਗੁਣ ਮਿਲੇ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਰਿਹਾ ਸਮਝਾਈਆ । ਤੇਰਾ ਸੰਦੇਸਾ ਸੁਣ ਭਗਵਾਨ, ਵਿਸ਼ਨ ਬ੍ਰਹਮਾ ਸ਼ਿਵ ਨੀਰ ਵਹਾਈਆ । ਹਉਂ ਬਾਲੇ ਨੱਢੇ ਅਞਾਣ, ਬੇਵਸ ਧਿਆਨ

ਲਗਾਈਆ । ਕਰ ਕਿਰਪਾ ਸ੍ਰੀ ਭਗਵਾਨ, ਮਿਹਰ ਨਜ਼ਰ ਉਠਾਈਆ । ਅੰਤਮ ਦੇ ਇਕੋ ਦਾਨ, ਦਰ ਤੇਰੇ ਮੰਗ ਮੰਗਾਈਆ । ਚਰਨ ਕਵਲ ਰਹੇ ਧਿਆਨ, ਦੂਜੀ ਪਲਕ ਨਾ ਕੋਇ ਖੁਲ੍ਹਾਈਆ । ਤੇਰਾ ਨਾਮ ਮਿਲੇ ਗਿਆਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਤੇਰੀ ਸਰਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਹੋ ਇਕੱਠੇ, ਇਕ ਧਿਆਨ ਲਗਾਇਆ । ਅੰਤਮ ਸਰਨੀ ਤੇਰੀ ਢੱਠੇ, ਆਪਣਾ ਮਾਣ ਗਵਾਇਆ । ਦੀਨ ਮਜ਼ਬ ਚੁਕੇ ਸਭ ਦੇ ਰੱਟੇ, ਰੱਟਾ ਕੋਈ ਰਹਿਣ ਨਾ ਪਾਇਆ । ਅਸੀਂ ਲਿਖ ਲਿਖ ਦੇ ਕੇ ਆਏ ਤੇਰੇ ਪਤੇ, ਸਚ ਨਿਸ਼ਾਨਾ ਦੇ ਝੁਲਾਇਆ । ਤੇਰੀ ਵੇਖ ਖੇਲ ਹੋਏ ਹੱਕੇ ਬੱਕੇ, ਤੇਰਾ ਅੰਤ ਕੋਇ ਨਾ ਪਾਇਆ । ਤੇਰੀ ਧੂੜੀ ਚਰਨ ਖ਼ਾਕ, ਨਾਲ ਰੱਤੇ, ਰੱਤੀ ਰੱਤ ਨਾ ਕੋਇ ਦਸਾਇਆ । ਦਰੋਹੀ ਖ਼ੁਦਾ ਅਸੀਂ ਛੱਡੇ ਮਦੀਨੇ ਮੱਕੇ, ਮਕਬਰਿਆਂ ਵਿਚ ਦਿਤੀ ਦੁਹਾਇਆ । ਅਸੀਂ ਗੁਰ ਅਵਤਾਰ ਬਣ ਗਏ ਸਾਰੇ ਭਾਈ ਭਾਈ ਸਕੇ, ਪਿਛਲਾ ਰੱਟਾ ਨਾ ਕੋਇ ਰਖਾਇਆ । ਨਾਨਕ ਨਿਰਗੁਣ ਸਾਨੂੰ ਇਕੋ ਮਾਰਗ ਦੱਸੇ, ਸਚ ਸਚ ਰਿਹਾ ਸਮਝਾਇਆ । ਸ੍ਰੀ ਭਗਵਾਨ ਹਰ ਘਟ ਹਿਰਦੇ ਵਸੇ, ਲੱਖ ਚੁਰਾਸੀ ਡੇਰਾ ਲਾਇਆ । ਕਿਉਂ ਦੀਨਾਂ ਮਜ਼੍ਹਬਾਂ ਵਿਚ ਫਸੇ, ਆਤਮ ਸਭ ਦਾ ਸ਼ਬਦ ਦਿਓ ਵਡਿਆਇਆ । ਸਾਡੇ ਪਿਛਲੇ ਲੇਖੇ ਰਹਿ ਜਾਣ ਠੱਪੇ, ਅੰਜੀਲ ਕੁਰਾਨ ਤੇਰੀ ਝੋਲੀ ਪਾਇਆ । ਤੇਰੇ ਦਰ ਤੇ ਆਏ ਸੱਦੇ, ਆਪਣਾ ਮਾਣ ਗਵਾਇਆ । ਸਾਡੀ ਕੋਈ ਨਾ ਰਹੀ ਹੱਦੇ, ਕਿਨਾਰਾ ਰੂਪ ਨਾ ਕੋਇ ਵਖਾਇਆ । ਅਸੀਂ ਤੇਰੀ ਬਣ ਗਏ ਯੱਦੇ, ਵਿਸ਼ਨੂੰ ਆਪਣਾ ਆਪ ਮਿਲਾਇਆ । ਜਿਸ ਧਾਰੋਂ ਹਰਿ ਜੂ ਆਪ ਕੱਢੇ, ਅੰਤ ਓਸੇ ਵਿਚ ਲਏ ਮਿਲਾਇਆ । ਕਿਉਂ ਚੌਦਾਂ ਸਦੀਆਂ ਅੱਧ ਵਿਚ ਛੱਡੇ, ਅੱਗੇ ਮਿਲੀ ਨਾ ਕੋਈ ਸਰਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਦਰਵੇਸ਼, ਬਣ ਕੇ ਫੇਰਾ ਪਾਇਆ । ਪਰਵਰਦਿਗਾਰ ਸਚ ਸਮਝਾਇੰਦਾ । ਧੁਰ ਫ਼ਰਮਾਨਾ ਹੁਕਮ ਅਲਾਇੰਦਾ । ਨੂਰ ਇਲਾਹੀ ਡਗਮਗਾਇੰਦਾ । ਮੁਕਾਮੇ ਹੱਕ ਇਕ ਰੁਸ਼ਨਾਇੰਦਾ । ਹਕੀਕਤ ਹੱਕ ਫੋਲ ਫੁਲਾਇੰਦਾ । ਤਾਰੀਕ ਜਗਤ ਮੇਟ ਮਿਟਾਇੰਦਾ । ਲਾਸ਼ਰੀਕ ਵੇਖ ਵਖਾਇੰਦਾ । ਹੋ ਨਜ਼ਦੀਕ ਭੇਵ ਚੁਕਾਇੰਦਾ । ਪਹਿਲੀ ਚੇਤਰ ਨੇੜੇ ਆਇੰਦਾ । ਵੀਹ ਸੌ ਵੀਹ ਬਿਕਰਮੀ ਰਾਹ ਤਕਾਇੰਦਾ । ਚੌਥੀ ਮੰਜ਼ਲ ਡੇਰਾ ਲਾਇੰਦਾ । ਭਗਤ ਭਗਵਾਨ ਨਾਲ ਰਲਾਇੰਦਾ । ਧੁਰ ਫ਼ਰਮਾਨਾ ਇਕ ਸੁਣਾਇੰਦਾ । ਪਿਛਲੀ ਕੀਤੀ ਸਰਬ ਮਿਟਾਇੰਦਾ । ਈਸਾ ਮੂਸਾ ਮੁਹੰਮਦ ਖ਼ਾਲੀ ਖੀਸੀ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਸਰਬ ਸੁਣਾਇੰਦਾ । ਸਚ ਸੰਦੇਸਾ ਦੇਵੇ ਆਪ, ਆਪਣੀ ਦਇਆ ਕਮਾਈਆ । ਪਹਿਲੀ ਚੇਤ ਚਲ ਕੇ ਔਣਾ ਜਿਥੇ ਵਸੇ ਸੱਚਾ ਬਾਪ, ਪਿਤਾ ਇਕੋ ਇਕ ਅਖਵਾਈਆ । ਚੌਦਾਂ ਤਬਕ ਕਦਮਾਂ ਨਾਲ ਔਣੇ ਨਾਪ, ਕਦਮ ਕਦਮ ਸਮਝਾਈਆ । ਵੇਖ ਕੇ ਔਣਾ ਉਮਤ ਉਮਤੀ ਪਾਕ, ਪਾਕ ਰਸੂਲ ਰਿਹਾ ਸਮਝਾਈਆ । ਆਪਣਿਆਂ ਮਕਬਰਿਆਂ ਦੀ ਲੈ ਕੇ ਔਣੀ ਖ਼ਾਕ, ਖ਼ਾਕੀ ਖ਼ਾਕ ਦਏ ਵਿਛਾਈਆ । ਚੌਥੀ ਮੰਜ਼ਲ ਚੜ੍ਹ ਕੇ ਫੇਰ ਵਖਾ ਖੋਲ੍ਹੇ ਤਾਕ, ਅੱਗੋਂ ਪਿਛੋਂ ਨਜ਼ਰੀ ਆਈਆ । ਗੁਰ ਗੋਬਿੰਦ ਦਾ ਪੂਰਾ ਕਰੇ ਭਵਿਖਤ ਵਾਕ, ਵਾਕਿਆ ਅੱਖੀਂ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਜਾਤ ਆਪਣੇ ਹੱਥ ਰਖਾਈਆ । ਪੀਰ ਪੈਗ਼ੰਬਰ ਕਹਿਣ ਪ੍ਰਭੂ ਅਸੀਂ ਆਵਾਂਗੇ । ਦਰ ਆ ਕੇ ਦਰਸਨ ਪਾਵਾਂਗੇ । ਸਯਦਾ ਸੀਸ ਝੁਕਾਵਾਂਗਾ । ਧੂੜੀ ਟਿੱਕਾ ਮਸਤਕ ਲਾਵਾਂਗੇ ਆਪਣਾ ਆਪ ਮਿਟਾਵਾਂਗੇ । ਸਗਨ ਇਕੋ ਇਕ ਮਨਾਵਾਂਗੇ ।

ਜੋ ਕਹੇਂ ਸੋ ਝੋਲੀ ਪਾਵਾਂਗੇ । ਤੇਰੇ ਹੁਕਮੇ ਅੰਦਰ ਆਪਣੀ ਕਾਰ ਕਮਾਵਾਂਗੇ । ਮੱਕੇ ਕਾਅਬੇ ਵੱਜੇ ਜੰਦਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰਾ ਲੱਖ ਲੱਖ ਸ਼ੁਕਰ ਮਨਾਵਾਂਗੇ । ਸਚ ਸੰਦੇਸ ਜਣਾਊਂਗਾ । ਫੜ ਉਂਗਲੀ ਰਾਹੇ ਪਾਊਂਗਾ । ਆਪਣਾ ਪਰਦਾ ਆਪ ਖੁਲ੍ਹਾਊਂਗਾ । ਮੁਖ ਨਕਾਬ ਨਾ ਕੋਇ ਰਖਾਊਂਗਾ । ਸਚ ਨਵਾਬ ਨਜ਼ਰੀ ਆਊਂਗਾ । ਪੁੰਨ ਸਵਾਬ ਪੰਧ ਮੁਕਾਊਂਗਾ । ਅਸਵ ਘੋੜੇ ਚਰਨ ਰਕਾਬ ਟਿਕਾਊਂਗਾ । ਮਹਿਰਾਬ ਹੁਜਰਾ ਵੇਖ ਵਖਾਊਂਗਾ । ਆਦਾਬ ਇਕੋ ਇਕ ਸਮਝਾਊਂਗਾ । ਸਚ ਨਵਾਬ ਨਜ਼ਰੀ ਆਊਂਗਾ । ਨਗ਼ਮਾ ਨਾਮ ਆਪਣਾ ਦ੍ਰਿੜਾਊਂਗਾ । ਨੂਰ ਨੂਰ ਵਿਚ ਮਿਲਾਊਂਗਾ । ਜ਼ਹੂਰ ਜ਼ਹੂਰ ਵਿਚ ਰੁਸ਼ਨਾਊਂਗਾ । ਮਜਬੂਰ ਮਜਬੂਰ ਕਰ ਸਮਝਾਊਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭੇਵ ਅਭੇਦ ਖਲਾਊਂਗਾ । ਭੇਵ ਅਭੇਦ ਖੋਲਾਂਗਾ । ਸਚ ਦਵਾਰੇ ਇਕੋ ਬੋਲ ਬੋਲਾਂਗਾ । ਪੀਰ ਪੈਗ਼ੰਬਰੋ ਪੂਰਾ ਤੋਲ ਤੋਲਾਂਗਾ । ਅੰਦਰ ਵੜ ਕੇ ਸਭ ਨੂੰ ਫੋਲਾਂਗਾ । ਆਦਿ ਅੰਤ ਕਦੇ ਨਾ ਡੋਲਾਂਗਾ । ਲੱਖ ਚੁਰਾਸੀ ਖ਼ਾਕ ਵਰੋਲਾਂਗਾ । ਜਨ ਭਗਤਾਂ ਉਤੋਂ ਆਪਣਾ ਆਪ ਘੋਲ ਘੋਲਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਅਰਾ ਇਕੋ ਬੋਲਾਂਗਾ । ਸਾਚਾ ਨਾਅਰਾ ਇਕ ਸੁਣਾਊਂਗਾ । ਫੜ ਬਾਂਹੋਂ ਮਾਰਗ ਲਾਊਂਗਾ । ਸੋਹੰ ਢੋਲਾ ਇਕ ਜਣਾਊਂਗਾ । ਪੜਦਾ ਉਹਲਾ ਆਪ ਉਠਾਊਂਗਾ । ਘਰ ਘਰ ਵਿਚ ਮੌਲਾ ਹੋ ਕੇ ਨਜ਼ਰੀ ਆਊਂਗਾ । ਪਿਛਲਾ ਰੌਲਾ ਸਰਬ ਚੁਕਾਊਂਗਾ । ਉਲਟਾ ਕਰ ਕੌਲਾ ਆਬੇ ਹਯਾਤ ਪਿਆਊਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪਹਿਲੀ ਚੇਤਰ ਸਚ ਸਚ ਦ੍ਰਿੜਾਊਂਗਾ । ਸਚ ਸਚ ਦ੍ਰਿੜਾਵਾਂਗਾ । ਗੁਰ ਅਵਤਾਰਾਂ ਨਾਲ ਰਲਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਫੜ ਉਠਾਵਾਂਗਾ । ਇਕਵੰਜਾ ਬਵੰਜਾ ਧਾਰ ਇਕੋ ਘਰ ਜਣਾਵਾਂਗਾ । ਸੱਤ ਚਾਰ ਕਰ ਚੁਹੱਤਰ ਅੰਕ ਆਪ ਬਣਾਵਾਂਗਾ । ਬਹੱਤਰ ਕਰ ਪਿਆਰ, ਦੋ ਸਤ ਸਾਤਾ ਸੱਚੀ ਖੇਲ ਰਚਾਵਾਂਗਾ । ਸੱਤਰ ਨਾਲ ਰਲਾਵਾਂਗਾ । ਦੋ ਜਹਾਨਾਂ ਦੇ ਬ੍ਰਹਮ ਮਤ, ਬ੍ਰਹਮ ਵਿਦਿਆ ਇਕ ਪੜ੍ਹਾਵਾਂਗਾ । ਲੱਖ ਚੁਰਾਸੀ ਜਾਣ ਆਪ ਘਟ ਘਟ, ਤੰਦ ਆਪਣੇ ਹੱਥ ਰਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਸਾਚਾ ਭੇਵ ਖੁਲ੍ਹਾਵਾਂਗਾ । ਸਾਚਾ ਭੇਵ ਖੁੱਲੇਗਾ । ਗੁਰਮੁਖ ਕਦੇ ਮਾਤ ਨਾ ਰੁਲੇਗਾ । ਜਨ ਭਗਤ ਕਦੇ ਨਾ ਭੁੱਲੇਗਾ । ਭਗਤ ਭਗਵਾਨ ਕਦੇ ਨਾ ਡੁਲੇਗਾ । ਸੰਤ ਸੁਹੇਲਾ ਫਲੇ ਫੁਲੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸਾ ਇਕੋ ਘੱਲੇਗਾ । ਗੁਰਸਿਖ ਭੁੱਲ ਵੱਡੀ ਹੋਈ ਪਰਵਾਨ, ਸਤਿਗੁਰ ਆਪਣੀ ਝੋਲੀ ਪਾਈਆ । ਗੁਰਸਿਖ ਜਗਤ ਭੁਲਿਆ ਜਹਾਨ, ਨੇਂਹ ਸਤਿਗੁਰ ਨਾਲ ਲਗਾਈਆ । ਗੁਰਸਿਖ ਦੀ ਭੁੱਲ ਲੱਖ ਚੁਰਾਸੀ ਵਿਚੋਂ ਪਰਗਟ ਕੀਤਾ ਗਿਆਨ, ਘਰ ਪਰਮਾਤਮ ਮੇਲ ਮਿਲਾਈਆ । ਗੁਰਸਿਖ ਵੱਡੀ ਭੁੱਲ ਘਰ ਪਾਇਆ ਪੁਰਖ ਸੁਜਾਨ, ਛੱਡੀ ਜਗਤ ਲੋਕਾਈਆ । ਗੁਰਸਿਖ ਵੱਡੀ ਭੁੱਲ ਹੋਈ ਚਤਰ ਸੁਘੜ ਸੁਜਾਨ, ਜਿਸ ਆਪਾ ਤਜ ਪਰਮਾਤਮ ਗੰਢ ਪਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖਾਂ ਦੀ ਗੁਰਸਿਖੀ ਭੁੱਲ, ਧੁਰ ਦੀ ਲਿਖੀ ਰੱਖੇ ਅਡੁਲ, ਆਪਣੇ ਲੇਖੇ ਲਏ ਲਗਾਈਆ । ਇਹ ਭੁੱਲਾਂ ਦੀ ਵੱਡੀ ਰਾਣੀ, ਜੇਹੜੀ ਸ਼ਬਦ ਮਿਲਾਵੇ ਹਾਣੀ, ਘਰ ਸਾਚੇ ਸੋਭਾ ਪਾਈਆ । ਸਤਿਗੁਰ ਦੀ ਸੁਣਾਵੇ ਅਕਥ ਕਹਾਣੀ, ਵੇਦ ਪੁਰਾਨ ਕਹਿਣ ਨਾ ਪਾਈਆ । ਜਿਸ ਦੀ ਚਾਰ ਬਾਣੀ

ਬਣੀ ਸਵਾਣੀ, ਸੋ ਸਾਹਿਬ ਮੇਲ ਮਿਲਾਵਾ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਭੁੱਲ ਅੰਮ੍ਰਿਤ ਦੇਵੇ ਠੰਡਾ ਪਾਣੀ, ਤ੍ਰਿਸਨਾ ਭੁੱਖ ਗਵਾਈਆ । ਭੁੱਲ ਕਹੇ ਮੈਂ ਬੜੀ ਵੱਡੀ, ਗੁਰਮੁਖ ਜਗਤ ਨਾਲੋਂ ਭੁਲਾਇਆ । ਕੂੜੀ ਵਾਸਨਾ ਵਿਚੋਂ ਕੱਢੀ, ਮਾਇਆ ਮਮਤਾ ਮੋਹ ਚੁਕਾਇਆ । ਆਪਣਾ ਨਾਮ ਪੰਜ ਤੱਤ ਵਸਾਇਆ ਹੱਡੀਂ, ਰੱਤ ਨਾੜੀ ਮਾਸ ਰੰਗ ਰੰਗਾਇਆ । ਕਰ ਜੋਤ ਪਰਕਾਸ਼ ਡੂੰਘੀ ਖੱਡੀ, ਅੰਧ ਅੰਧੇਰ ਗਵਾਇਆ । ਮੈਂ ਭਗਤਾਂ ਘਰ ਆਈ ਸੱਦੀ, ਸੱਦਾ ਸਤਿਗੁਰ ਨਾਮ ਸੁਣਾਇਆ । ਨੌਂ ਦਵਾਰੇ ਕਰ ਕੇ ਪਾਰ ਹੱਦੀ, ਸੁਖਮਨ ਟੇਢੀ ਬੰਕ ਡੂੰਘੀ ਭਵਰੀ ਡੇਰਾ ਢਾਇਆ । ਆਸਾ ਤ੍ਰਿਸਨਾ ਮਾਇਆ ਮਮਤਾ ਛੱਡੀ, ਜਗਤ ਵਿਕਾਰ ਨਾਤਾ ਤੋੜ ਤੁੜਾਇਆ । ਭੁਲ ਕੇ ਸਵਾਣੀ ਮਿਲੀ ਸ਼ਬਦ ਹਾਣੀ ਗੁਰਸਿਖ ਆਤਮ ਸੇਜ ਬਹਿ ਕੇ ਸਜੀ, ਘਰ ਆਪਣਾ ਕੰਤ ਪਾਇਆ । ਪਰੇਮ ਪਿਆਰ ਅੰਦਰ ਬੱਧੀ, ਮਤ ਮਤਵਾਲੀ ਹੋਈ ਨੈਣ ਸ਼ਰਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਵਖਾਇਆ ਆਪਣਾ ਘਰ, ਤਿਸ ਲੇਖਾ ਲੇਖੇ ਲਏ ਲਗਾਇਆ । ਗੁਰਮੁਖ ਭੁੱਲ ਕਹੇ ਮੈਂ ਸਦਾ ਸੁਹਾਗਣ, ਰੰਡੇਪਾ ਨਜ਼ਰ ਕੋਇ ਨਾ ਆਈਆ । ਅੱਠੇ ਪਹਿਰ ਰਹਾਂ ਵੈਰਾਗਣ, ਬਿਰਹੋਂ ਰੋਗ ਸਤਾਈਆ । ਦਿਵਸ ਰੈਣ ਮੇਰੇ ਨੈਣ ਜਾਗਣ, ਆਲਸ ਨਿੰਦਰਾ ਦਿਤੀ ਮੁਕਾਈਆ । ਮੈਂ ਹੰਸ ਹੋਈ ਕਾਗਣ, ਸੋਹੰ ਢੋਲਾ ਇਕੋ ਗਾਈਆ । ਚਰਨ ਧੂੜੀ ਅਸ਼ਨਾਨ ਮਿਲਿਆ ਮਾਘਨ, ਦੁਰਮਤ ਮੈਲ ਧਵਾਈਆ । ਮੈਂ ਦੱਸਣ ਆਈ ਆਂਢਣ ਗਵਾਂਢਣ, ਪ੍ਰਭ ਮਿਲੇ ਸੱਚੇ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਵਖਾਏ ਆਪਣਾ ਘਰ ਸੋ ਭੁੱਲੀ ਭਟਕੀ ਦਰ ਤੇਰੇ ਆ ਸੋਭਾ ਪਾਈਆ । ਏਕਾ ਢੱਯਾ ਦੇ ਕੇ ਗਿਆ ਮੁਨਿਆਦ, ਗੁਰ ਗੋਬਿੰਦ ਲੇਖ ਜਣਾਈਆ । ਕਲਜੁਗ ਅੰਤ ਸੁਣੇ ਫ਼ਰਯਾਦ, ਬੇਪਰਵਾਹ ਬੇਪਰਵਾਹੀਆ । ਸਤਾਰਾਂ ਸੌ ਛਪੰਜਾ ਬਿਕ੍ਰਮੀ ਫੇਰ ਕਰਾਏ ਯਾਦ, ਬੀਸ ਬੀਸਾ ਹਰਿ ਰਘੁਰਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਚਾਰ ਵਰਨ ਲਏ ਸਾਧ, ਸਾਧਨਾ ਇਕੋ ਇਕ ਜਣਾਈਆ । ਅੱਗੇ ਸਮਾਂ ਥੋੜਾ ਰਹਿ ਗਿਆ ਕੋਈ ਸੀਸ ਤੋਂ ਬਾਲ ਨਾ ਸਕੇ ਕਾਟ, ਜੋ ਕੱਟੇ ਤਿਸ ਦੇਵੇ ਸਜ਼ਾਈਆ । ਕਲਜੁਗ ਅੰਤਮ ਖੇਲਿਆ ਖੇਲ ਬਾਜ਼ੀਗਰ ਨਾਟ, ਬਣ ਨਟੂਆ ਸਾਂਗ ਵਰਤਾਈਆ । ਸੂਰਤ ਸਚ ਰੱਬ ਦੀ ਕਰੇ ਸਾਖਿਆਤ, ਸਖੀ ਸਰਵਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਵ ਖੰਡ ਪ੍ਰਿਥਮੀ ਜਟਾ ਜੂਟ ਬਣਾਈਆ । ਚਰਨ ਕਵਲ ਡੂੰਘਾ ਸਾਗਰ, ਸੰਸਾਰ ਪਾਰ ਕਰਾਈਆ । ਭਾਗ ਲਗਾਏ ਕਾਇਆ ਗਾਗਰ, ਗਹਿਰ ਗੰਭੀਰ ਵੇਖ ਵਖਾਈਆ । ਦੇਵੇ ਨਾਮ ਰਤੀ ਰਤਨਾਗਰ, ਰਤਨ ਅਮੋਲਕ ਝੋਲੀ ਪਾਈਆ । ਦਰ ਆਇਆਂ ਘਰ ਦੇਵੇ ਆਦਰ, ਆਪਣਾ ਆਦਰਸ਼ ਵਖਾਈਆ । ਨਾਮ ਪਾਏ ਚਿਟੀ ਚਾਦਰ, ਗੁਰ ਤੇਗ਼ ਬਹਾਦਰ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨ ਕਵਲ ਕਵਲ ਚਰਨ ਇਕੋ ਇਕ ਦਰਸਾਈਆ । ਚਰਨ ਕਵਲ ਸਚ ਸਹਾਰਾ, ਲੋਕਮਾਤ ਦਰਸਾਇੰਦਾ । ਗੁਰ ਸਤਿਗੁਰ ਸਿਖ ਕਰੇ ਪਿਆਰਾ, ਪਰੇਮ ਪ੍ਰੀਤੀ ਰਾਹ ਜਣਾਇੰਦਾ । ਕਲਜੁਗ ਅੰਤ ਬਣ ਵਣਜਾਰਾ, ਸਚ ਸਚ ਹਟ ਖੁਲ੍ਹਾਇੰਦਾ । ਗੁਰਮੁਖ ਗੁਰ ਗੁਰ ਇਕੋ ਧਾਰਾ, ਧਾਰ ਧਾਰ ਵਿਚੋਂ ਜਣਾਇੰਦਾ । ਨਿਰਮਲ ਦੀਆ ਕਰ ਉਜਿਆਰਾ, ਜੋਤੀ ਜਾਤਾ ਨੂਰ ਰੁਸ਼ਨਾਇੰਦਾ । ਅੰਮ੍ਰਿਤ ਆਤਮ ਠੰਡਾ ਠਾਰਾ, ਭਰ ਪਿਆਲਾ ਜਾਮ ਪਿਆਇੰਦਾ । ਬਜਰ ਕਪਾਟੀ ਤੋੜ ਤਾਲਾ, ਦੂਈ ਦਵੈਤੀ ਪੜਦਾ ਲਾਹਿੰਦਾ । ਆਤਮ ਪਰਮਾਤਮ ਪਰਮਾਤਮ ਆਤਮ

ਦਏ ਸਿਖਾਲਾ, ਸੋ ਪੁਰਖ ਆਪ ਜਣਾਇੰਦਾ । ਅਜੱਪਾ ਜਾਪ ਅੰਤਰ ਪਾਏ ਮਾਲਾ, ਰਸਨਾ ਜਿਹਵਾ ਨਾ ਕੋਇ ਹਿਲਾਇੰਦਾ । ਪੂਰਬ ਲੇਖੇ ਲਾਏ ਘਾਲਾ, ਘਾਲੀ ਘਾਲ ਲੇਖੇ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨ ਕਵਲ ਇਕ ਵਡਿਆਇੰਦਾ । ਜਨ ਚਰਨ ਕਵਲ ਸਾਚੀ ਧੂਲ, ਮਸਤਕ ਟਿੱਕਾ ਨਾਮ ਲਗਾਈਆ । ਕਾਇਆ ਚੋਲੀ ਰੰਗ ਚਾੜ੍ਹੇ ਗੂੜ੍ਹ, ਉਤਰ ਕਦੇ ਨਾ ਜਾਈਆ । ਮਨ ਮਨਸਾ ਹੋਏ ਦੂਰ, ਰੋਗ ਸੋਗ ਨਾ ਕੋਇ ਵਖਾਈਆ । ਦਰਸ ਦਿਖਾਏ ਹਾਜ਼ਰ ਹਜ਼ੂਰ, ਹਰਿਜਨ ਆਸਾ ਪੂਰ ਕਰਾਈਆ । ਸਰਬ ਕਲਾ ਸਤਿਗੁਰ ਭਰਪੂਰ, ਭਰਪੂਰ ਰਿਹਾ ਸਰਬ ਠਾਈਂਆ । ਵਸਣਹਾਰਾ ਨੇੜੇ ਦੂਰ, ਦੂਰ ਦੁਰਾਡਾ ਪੰਧ ਮੁਕਾਈਆ । ਜਿਸ ਜਲਵਾ ਦਿਤਾ ਮੂਸੇ ਕੋਹਤੂਰ, ਤੁਰਤ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨ ਕਵਲ ਦਏ ਵਡਿਆਈਆ । ਚਰਨ ਕਵਲ ਮਿਲੇ ਮੀਤ, ਮਿੱਤਰ ਪਿਆਰਾ ਇਕੋ ਨਜ਼ਰੀ ਆਇੰਦਾ । ਆਤਮ ਪਰਮਾਤਮ ਗਾਏ ਗੀਤ, ਸੋਹੰ ਢੋਲਾ ਰਾਗ ਅਲਾਇੰਦਾ । ਨਜ਼ਰੀ ਆਏ ਸਤਿਗੁਰ ਅਤੀਤ, ਤ੍ਰੈਗੁਣ ਬੰਧਨ ਨਾ ਕੋਇ ਪਾਇੰਦਾ । ਕਰ ਕਿਰਪਾ ਵਸੇ ਚੀਤ, ਮਨ ਚਿਤ ਠਗੌਰੀ ਨਾ ਕੋਇ ਵਖਾਇੰਦਾ । ਕਾਇਆ ਕਰੇ ਪਤਤ ਪੁਨੀਤ, ਪਤਤ ਪਾਪੀ ਪਾਰ ਕਰਾਇੰਦਾ । ਅੰਮ੍ਰਿਤ ਮੇਘ ਬਰਸੇ ਠਾਂਡਾ ਸੀਤ, ਅਗਨੀ ਤੱਤ ਬੁਝਾਇੰਦਾ । ਘਰ ਵਿਚ ਘਰ ਵਖਾਏ ਠੀਕ, ਕੂੜੀ ਕਿਰਿਆ ਠੀਕਰ ਭੰਨ ਵਖਾਇੰਦਾ । ਚਰਨ ਕਵਲ ਲੱਗੀ ਪ੍ਰੀਤ, ਪ੍ਰੀਤੀਵਾਨ ਤੋੜ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਸਿਰ ਆਪਣਾ ਹੱਥ ਟਿਕਾਇੰਦਾ । ਚਰਨ ਕਵਲ ਮੰਗੇ ਮੰਗ, ਦੋਏ ਜੋੜ ਸਰਨਾਈਆ । ਸੁਰਤੀ ਸ਼ਬਦ ਡੋਰ ਪਤੰਗ, ਘਰ ਮੰਦਰ ਖੇਲ ਵਖਾਈਆ । ਅਨਹਦ ਸ਼ਬਦ ਵਜਾ ਮਰਦੰਗ, ਅਨਾਦੀ ਨਾਦ ਸੁਣਾਈਆ । ਸੇਜ ਸੁਹੰਜਣੀ ਵੇਖ ਪਲੰਘ, ਆਤਮ ਸੋਭਾ ਪਾਈਆ । ਨਿਜ ਘਰ ਦੇਵੇ ਅਨੰਦ, ਨਿਜਾਨੰਦ ਇਕ ਦਰਸਾਈਆ । ਭਾਂਡਾ ਭਰਮ ਭੌ ਢਾਹੇ ਕੰਧ, ਦੂਈ ਦਵੈਤ ਡੇਰਾ ਢਾਹੀਆ । ਕਰ ਪਰਕਾਸ਼ ਅੰਧੇਰੇ ਅੰਧ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਜਿਸ ਜਨ ਆਪਣਾ ਨਾਮ ਦੇਵੇ ਸੋਹੰ ਸੁਹਾਗੀ ਛੰਦ, ਆਵਣ ਜਾਵਣ ਪਤਤ ਪਾਵਣ ਲੱਖ ਚੁਰਾਸੀ ਫੰਦ ਦੇਵੇ ਕਟਾਈਆ ।



### ❇ ੧੯ ਫੱਗਣ ੨੦੧੯ ਬਿਕ੍ਰਮੀ ਔਰੰਗਜ਼ੇਬ ਦੇ ਮਕਬਰੇ ਉਤੇ ਖ਼ੁਲਦਾਬਾਦ ❇

ਨਾਬੂਦੇ ਬਤਰਫ਼, ਪੇਸ਼ਵਾ ਪੇਸ਼ਗੋਈ । ਮੁਜ਼ਾਹਿਰ ਦਾਊਦੇ ਹਰਫ਼, ਤਾਲਬ ਉਲਮਾਨਾ ਹਜ਼ਰਤੇ ਅਨੋਹੀ । ਗੋਬਿੰਦੇ ਸ਼ਰਕ, ਆਫ਼ਤਾਬ ਤਲੋਈ । ਸ਼ਹਿਨਸ਼ਾਹ ਸ਼ਕਰ, ਨੌਸ਼ੇ ਨਜ਼ੋਹੀ । ਖ਼ੁਦਾਵੰਦ ਮੁਸ਼ਰੱਕ, ਮਸਲਤੇ ਸਨੋਹੀ । ਰਹਿਮਤ ਕਰੀਮ, ਕਿਆਮਤੇ ਦਰੋਹੀ । ਬੇਨਜ਼ੀਰ ਆਮਦ, ਖ਼ੁਸ਼ਾਮਦ ਮਬੋਹੀ । ਜ਼ਰੀ ਖ਼ਾਕ ਦਾਮਨ, ਪੁਸ਼ਤ ਬੇ ਵਜੋਹੀ । ਕਾਦਰੇ ਕਾਇਨਾਤ ਮੁਸ਼ਾਹਿਦ, ਮੁਸਤਫ਼ਾ ਸ਼ਨੋਈ । ਜ਼ਾਹਰਾ ਪੀਰ ਵਾਹਦ, ਲਾਸ਼ਰੀਕ ਇਕ ਸ਼ਨੋਈ । ਰਹਿਬਰ ਨਜਾਤ ਵਫ਼ਾਤ ਆਕਾਤ ਲੁਗਾਤੇ ਸਫ਼ਾਤ ਮਹਿਵਖ਼ਾਨਾ ਸੁਰਾਹੀ । ਕਦਮਬੂਸ ਸ਼ਬਨੂਸ ਹਵਸ ਹੂਸ ਹਾਜਤ ਅਲੋਹੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਮਾ ਆਲਮੀਨ ਮਿਹਰਵਾਨ ਯਾ ਮੁਬੀਨ ਗੋਬਿੰਦ ਸਚ ਤਲਕੀਂ ਤੁਆਰਫ਼ ਬੇਨਜ਼ੀਂ ਮੁਤਯੱਨ ਮੁਤਆਸਰ ਮੁਹਾਸਰ ਖ਼ਵਾਬ ਫ਼ਰਸ਼ੋਰੇ ਬਜ਼ੂਦ ਆਜ਼ਰੀਂ ।

## ❇ ੧੯ ਫੱਗਣ ੨੦੧੯ ਬਿਕ੍ਰਮੀ ਮਹਿੰਦਰ ਸਿੰਘ ਦੇ ਗ੍ਰਿਹ ਔਰੰਗਾਬਾਦ ❇

ਤੇਰਾ ਖੇਲ ਅਨਡਿਠ ਭਗਵਾਨ, ਆਦਿ ਜੁਗਾਦਿ ਨਜ਼ਰ ਕਿਸੇ ਨਾ ਆਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕੱਠੇ ਕੀਤੇ ਆਣ, ਧੁਰ ਸੰਦੇਸਾ ਸਚ ਸੁਣਾਇੰਦਾ । ਪੀਰ ਪੈਗ਼ੰਬਰ ਚਰਨ ਕਵਲ ਕਰਨ ਧਿਆਨ, ਸਯਦਾ ਸੀਸ ਸਰਬ ਝੁਕਾਇੰਦਾ । ਭਗਤ ਦਰਵੇਸ਼ ਹੋਏ ਹੈਰਾਨ, ਨੇਤਰ ਨੈਣ ਨਾ ਕੋਇ ਉਠਾਇੰਦਾ । ਕਲਜੁਗ ਕੂਕੇ ਆਪਣਾ ਦੇਵੇ ਬਿਆਨ, ਉਚੀ ਕੂਕ ਕੂਕ ਸੁਣਾਇੰਦਾ । ਤੂੰ ਸਾਹਿਬ ਸਦਾ ਨਿਗਾਹਬਾਨ, ਆਦਿ ਜੁਗਾਦਿ ਜੁਗ ਜੁਗ ਵੇਖ ਵਖਾਇੰਦਾ । ਮੈਂ ਤੇਰਾ ਬਾਲ ਅਵਾਣ, ਛੋਟਾ ਸੁਤ ਅਖਵਾਇੰਦਾ । ਚਾਰ ਕੁੰਟ ਮੇਰਾ ਨਿਸ਼ਾਨ, ਪ੍ਰਭ ਤੇਰੇ ਸਹਾਰੇ ਝੁਲਾਇੰਦਾ । ਤੂੰ ਦਿਤਾ ਮੈਨੂੰ ਦਾਨ, ਮੈਂ ਤੇਰੀ ਆਸ ਰਖਾਇੰਦਾ । ਨਵ ਖੰਡ ਪ੍ਰਿਥਮੀ ਵੇਖ ਮਾਰ ਧਿਆਨ, ਘਰ ਘਰ ਮੇਰਾ ਰੰਗ ਨਜ਼ਰੀ ਆਇੰਦਾ । ਮੈਂ ਸਾਬਤ ਰਹਿਣ ਨਾ ਦਿਤਾ ਕਿਸੇ ਦਾ ਈਮਾਨ, ਸ਼ਰਅ ਸ਼ਰਅ ਨਾਲ ਟਕਰਾਇੰਦਾ । ਲੱਖ ਚੁਰਾਸੀ ਅੰਦਰ ਵਾੜਿਆ ਇਕ ਸ਼ੈਤਾਨ, ਹੁਕਮ ਹਾਕਮ ਆਪ ਸਮਝਾਇੰਦਾ । ਚਾਰ ਖਾਣੀ ਹੋਈ ਵੈਰਾਨ, ਬਾਣੀ ਬਾਣ ਨਾ ਕੋਇ ਲਗਾਇੰਦਾ । ਇਕਵੰਜਾ ਬਵੰਜਾ ਤੇਰਾ ਖੇਲ ਮਹਾਨ, ਪੰਜ ਦੋ ਤੋਹੇ ਸੋਭਾ ਪਾਇੰਦਾ । ਮੈਂ ਸੁਣ ਕੇ ਹੋਇਆ ਹੈਰਾਨ, ਨਿਰਗੁਣ ਕੀ ਕੀ ਖੇਲ ਰਚਾਇੰਦਾ । ਸਭਨਾ ਕੋਲੋਂ ਲਏ ਬਿਆਨ, ਪੂਰਬ ਲੇਖਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਇੰਦਾ । ਕਲਜੁਗ ਕਹੇ ਸੁਣ ਭਗਵਾਨ, ਮੇਰੀ ਤੇਰੇ ਅੱਗੇ ਅਰਜ਼ੋਈਆ । ਮੈਂ ਜੋਧਾ ਸੂਰ ਬੜਾ ਬਲਵਾਨ, ਬਲ ਆਪਣਾ ਆਪ ਧਰਾਈਆ । ਤੇਰਾ ਮੰਨਿਆ ਧੁਰ ਫ਼ਰਮਾਨ, ਲੋਕਮਾਤ ਸੇਵ ਕਮਾਈਆ । ਕਿਸੇ ਦਾ ਚੱਲਣ ਨਾ ਦਿਤਾ ਗਿਆਨ, ਅਗਿਆਨ ਅੰਧੇਰ ਰਖਾਈਆ । ਨਾਦ ਸੁਣਨ ਨਾ ਦਿਤਾ ਕਿਸੇ ਕਾਨ, ਆਤਮ ਰਸ ਨਾ ਕੋਇ ਵਖਾਈਆ । ਨਵ ਨੌਂ ਚਾਰ ਕੀਤੀ ਬੀਆਬਾਨ, ਫੁਲ ਫੁਲਵਾੜੀ ਨਾ ਕੋਇ ਮਹਿਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜੋ ਦੱਸ ਕੇ ਗਏ ਸ਼ਰਅ ਈਮਾਨ, ਮੈਂ ਸ਼ਿਰਕਤ ਘਰ ਘਰ ਦਿਤੀ ਪਾਈਆ । ਸਚ ਧਰਮ ਦਾ ਰਹਿਣ ਨਾ ਦਿਤਾ ਨਿਸ਼ਾਨ, ਕੂੜਾ ਰੰਗ ਇਕ ਰੰਗਾਈਆ । ਭਰਮ ਭੁਲਾਏ ਰਾਜ ਰਾਜਾਨ, ਤਖ਼ਤ ਨਿਵਾਸੀ ਨਜ਼ਰ ਕੋਇ ਨਾ ਆਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਕੁੱਠਾ ਖਾਣ, ਛੁਰੀ ਹਲਾਲ ਜਗਤ ਕਸਾਈਆ । ਤੇਰਾ ਰੂਪ ਨਜ਼ਰ ਨਾ ਆਏ ਮਿਹਰਵਾਨ, ਜਗ ਨੇਤਰ ਧੀਆਂ ਭੈਣਾਂ ਰਹੇ ਤਕਾਈਆ । ਸਾਚਾ ਮੰਦਰ ਨਾ ਦਿਸੇ ਕੋਇ ਮਕਾਨ, ਦੀਨ ਮਜ਼੍ਹਬ ਜ਼ਾਤ ਪਾਤ ਕਰੇ ਲੜਾਈਆ । ਭੋਜ ਮਿਲੇ ਨਾ ਕਿਸੇ ਖਾਣ, ਭੱਖ ਖਾਏ ਜਗਤ ਲੋਕਾਈਆ । ਪਵਣ ਸਵਾਸ ਮੇਲ ਨਾ ਕੋਇ ਪਰਾਣ, ਪਰਾਣੀ ਆਪਣਾ ਆਪ ਪੜਦਾ ਨਾ ਕੋਇ ਲਾਹੀਆ । ਨੇਤਰ ਨੈਣ ਸ਼ਰਮਾਏ ਅੰਜੀਲ ਕੁਰਾਨ, ਅੱਖ ਪਰਤੱਖ ਨਾ ਸਕੇ ਉਠਾਈਆ । ਊਚ ਨੀਚ ਰਾਉ ਰੰਕ ਨੇਤਰ ਨੈਣ ਸਰਬ ਵਹਾਣ, ਸੁਖ ਆਤਮਕ ਨਾ ਕੋਇ ਦਰਸਾਈਆ । ਕੂੜੀ ਕਿਰਿਆ ਜਗਤ ਢੋਲਾ ਗਾਣ, ਤੇਰਾ ਬੋਲਾ ਨਾ ਕੋਇ ਸੁਣਾਈਆ । ਕਿਉਂ ਅੰਤ ਹੋਏਂ ਅਵਾਣ, ਪ੍ਰਭ ਮੈਨੂੰ ਰਿਹਾ ਭੁਲਾਈਆ । ਤੇਰੀ ਚਰਨੀ ਡਿਗਾ ਆਣ, ਦੋਏ ਦੋਏ ਜੋੜ ਲਾਗਾਂ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਲਜੁਗ ਰੋਵੇ ਮਾਰੇ ਧਾਹੀਆ । ਕਲਜੁਗ ਰੋਵੇ ਮਾਰੇ ਕੂਕ, ਕੂਕ ਕੂਕ ਸੁਣਾਇੰਦਾ । ਮੈਂ ਆਪਣਾ ਦੇਵਾਂ ਸਚ ਸਬੂਤ, ਸਾਬਤ ਮਾਨੁਖ ਨਜ਼ਰ ਕੋਇ ਨਾ ਆਇੰਦਾ । ਕਾਮ ਕਰੋਧ ਲੋਭ ਮੋਹ ਹੰਕਾਰ ਵਸਿਆ ਪੰਜ ਤੱਤ ਕਲਬੂਤ, ਕਲਮਾ ਨਬੀ ਨਾ ਕੋਇ ਵਸਾਇੰਦਾ ।

ਕੂੜੀ ਕਿਰਿਆ ਝੂਠੀ ਮਲੀ ਭਬੂਤ, ਤਨ ਮਾਟੀ ਖ਼ਾਕ ਨਾ ਕੋਇ ਰਮਾਇੰਦਾ । ਸਾਚਾ ਮੰਦਰ ਨਾ ਦਿਸੇ ਅਰੂਜ, ਅਰਸ ਕੁਰਸ ਡੇਰਾ ਢਾਹਿੰਦਾ । ਸਾਧ ਸੰਤ ਕੋਈ ਰਹਿਣ ਨਾ ਦਿਤਾ ਮਹਿਫ਼ੂਜ਼, ਮੁਫ਼ਲਸ ਸਭ ਨੂੰ ਆਪ ਬਣਾਇੰਦਾ । ਸ੍ਰੀ ਭਗਵਾਨ ਕਿਉਂ ਮੇਰੇ ਲਈ ਹੋਇਆ ਕੰਜੂਸ, ਦਰ ਤੇਰੇ ਵਾਸਤਾ ਪਾਇੰਦਾ । ਮੇਰੀ ਕਰਨੀ ਕਰ ਮਹਿਸੂਸ, ਮਹਿਬੂਬ ਇਕੋ ਓਟ ਤਕਾਇੰਦਾ । ਮੈਂ ਹੁਕਮ ਜਣਾਇਆ ਖ਼ੂਬ, ਸਾਚੀ ਖ਼ਸਲਤ ਆਪ ਜਣਾਇੰਦਾ । ਨਵ ਖੰਡ ਪ੍ਰਿਥਮੀ ਸੱਤ ਦੀਪ ਮੇਰੀ ਹਦੂਦ, ਹੱਦ ਤੇਰੀ ਵਿਚ ਕਦੇ ਨਾ ਆਇੰਦਾ । ਕਿਸੇ ਦੀ ਰਹਿਣ ਨਾ ਦਿਤੀ ਸੂਝ ਬੂਝ, ਬੁਧ ਬਿਬੇਕ ਨਾ ਕੋਇ ਰਖਾਇੰਦਾ । ਸਭ ਦੇ ਉਤੇ ਚੜ੍ਹਿਆ ਕੂਦ, ਬਲ ਆਪਣਾ ਆਪ ਵਖਾਇੰਦਾ । ਦਰ ਤੇਰੇ ਆਇਆ ਨਿਰਗੁਣ ਢੂੰਡ, ਜਗਤ ਵਿਛੋੜਾ ਪੰਧ ਮੁਕਾਇੰਦਾ । ਮੇਰੀ ਇਛਿਆ ਆਪੇ ਬੂਝ, ਤੇਰੇ ਅੱਗੇ ਝੋਲੀ ਡਾਹਿੰਦਾ । ਤੇਰਾ ਭੇਵ ਸਦਾ ਗੂਝ, ਗਹਿਰ ਗੰਭੀਰ ਨਜ਼ਰ ਨਾ ਆਇੰਦਾ । ਤੂੰ ਮੇਰੇ ਨਾਲ ਕਰੇਂ ਦੂਜ, ਮੈਂ ਤੇਰਾ ਨਿੱਕਾ ਬਾਲਾ ਦੋਏ ਜੋੜ ਵਾਸਤਾ ਪਾਇੰਦਾ । ਮੈਨੂੰ ਗੋਬਿੰਦ ਦੱਸੀ ਸੂਝ, ਸਾਚੀ ਸਿਖਿਆ ਇਕ ਦਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਤਕਾਇੰਦਾ । ਕਲਜੁਗ ਰੋਵੇ ਮਾਰੇ ਧਾਹ, ਨਾਅਰਾ ਇਕ ਸੁਣਾਈਆ । ਨੇਤਰ ਖੋਲ੍ਹ ਬੇਪਰਵਾਹ, ਆਪਣੀ ਅੱਖ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਭਗਤ ਭਗਵਾਨ ਲਏ ਦਰ ਬੁਲਾ, ਕਿਉਂ ਮੈਨੂੰ ਦਿਤਾ ਭੁਲਾਈਆ । ਉਠ ਵੇਖ ਮੇਰਾ ਰਾਹ, ਮੈਂ ਆਪਣੀ ਸੇਵਾ ਦਿਆਂ ਜਣਾਈਆ । ਲੱਖ ਚੁਰਾਸੀ ਕੂੜੇ ਧੰਦੇ ਦਿਤੀ ਲਾ, ਮਾਇਆ ਮਮਤਾ ਨਾਲ ਪਰਨਾਈਆ । ਹਉਮੇਂ ਹੰਗਤਾ ਸੇਜੇ ਦਿਤੀ ਸਵਾ, ਸੇਜ ਸੁਹੰਜਣੀ ਨਜ਼ਰ ਕੋਇ ਨਾ ਆਈਆ । ਕਿਸੇ ਨੂੰ ਸੂਰ ਖਵਾਇਆ ਕਿਸੇ ਨੂੰ ਗਾਂ, ਸਾਬਤ ਕੋਇ ਰਹਿਣ ਨਾ ਪਾਈਆ । ਸਭ ਨੂੰ ਭੁਲਿਆ ਤੇਰਾ ਨਾਂ, ਨਾਉਂ ਨਿਰੰਕਾਰ ਨਜ਼ਰ ਕਿਤੇ ਨਾ ਆਈਆ । ਲੋਕਮਾਤ ਵੇਖ ਮੇਰਾ ਥਾਂ, ਥਾਨ ਥਨੰਤਰ ਇਕੋ ਅਗਨ ਵਖਾਈਆ । ਜਗਤ ਜੀਵ ਬਣੇ ਹੰਸੋਂ ਕਾਂ, ਕਾਗ ਹੰਸ ਨਾ ਰੂਪ ਵਟਾਈਆ । ਪੁੱਤਰ ਮਾਂਵਾਂ ਰਹੇ ਤਕਾ, ਮਾਵਾਂ ਪੁੱਤਰਾਂ ਧਿਆਨ ਰਖਾਈਆ । ਨਾਤਾ ਤੁੱਟਾ ਭੈਣ ਭਰਾ, ਚਤਰਾਈ ਰਹੀ ਨਾ ਧੀ ਜਵਾਈਆ । ਨੂੰਹ ਸੱਸ ਨਾ ਸ਼ਰਮ ਹਯਾ, ਪ੍ਰਭ ਜੂ ਮੈਂ ਆਪਣੀ ਖੇਲ ਵਖਾਈਆ । ਮੰਦਰ ਮਸਜਦ ਸ਼ਿਵਦਵਾਲੇ ਮੱਠ ਵੇਸਵਾ ਘਰ ਦਿਤੇ ਬਣਾ, ਸਾਬਤ ਨਜ਼ਰ ਕੋਇ ਨਾ ਆਈਆ । ਅਠਸਠ ਤੀਰਥ ਕਲਜੁਗ ਜੀਵ ਨੰਗੇ ਤਾਰੀਆਂ ਰਹੇ ਲਾ, ਗੰਗਾ ਗੋਦਾਵਰੀ ਜਮਨਾ ਸੁਰਸਤੀ ਨੈਣ ਨਾ ਕੋਇ ਉਠਾਈਆ । ਨੇਤਰ ਰੋਵਣ ਥਾਉਂ ਥਾਈਂ ਰਹੇ ਕੁਰਲਾ, ਕਰਬਲਾ ਘਰ ਘਰ ਨਜ਼ਰੀ ਆਈਆ । ਮੇਰੇ ਲਈ ਕਿਉਂ ਹੋਇਆ ਬੇਵਫ਼ਾ, ਮੈਂ ਤੇਰਾ ਵਫ਼ਾਦਾਰ ਬਣ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਚਰਨਾਂ ਸੀਸ ਰਖਾਈਆ । ਕਲਜੁਗ ਰੋ ਦੱਸੇ ਹਾਲ, ਆਪਣਾ ਹਾਲ ਜਣਾਈਆ । ਪਾਰਬ੍ਰਹਮ ਮੇਰਾ ਇਕੋ ਮਨ ਸਵਾਲ, ਤੇਰੇ ਅੱਗੇ ਰਿਹਾ ਲਿਖਾਈਆ । ਕਰ ਕਿਰਪਾ ਮੇਰੇ ਨਾਲ ਦੇ ਦੇ ਮਹਾਂਕਾਲ, ਕਾਲ ਮੇਰੀ ਪੂਰੀ ਆਸ ਕਰਾਈਆ । ਮੇਰੇ ਸਿਰ ਤੇ ਦੇ ਰੁਮਾਲ, ਓਢਨ ਇਕੋ ਪੜਦਾ ਪਾਈਆ । ਮੇਰੀ ਕਰਨੀ ਵੇਖ ਕਮਾਲ, ਮੈਂ ਤੇਰੀ ਕਰਨੀ ਦਿਤੀ ਗਵਾਈਆ । ਤੇਰਾ ਨਜ਼ਰ ਨਾ ਆਵੇ ਕੋਈ ਸੱਚਾ ਲਾਲ, ਬਿਨ ਗੋਬਿੰਦ ਚੇਲਾ ਰੂਪ ਨਾ ਕੋਇ ਵਟਾਈਆ । ਸ਼ਹਿਨਸ਼ਾਹ ਹੋਏ ਕੰਗਾਲ, ਨਾਮ ਹੱਟ ਨਾ ਕੋਇ ਚਲਾਈਆ । ਪ੍ਰਿਥਮੀ ਆਕਾਸ਼ ਵੱਜੇ ਤਾਲ, ਗਗਨ ਮੰਡਲ ਦੇਣ ਦੁਹਾਈਆ । ਵਿਸ਼ਨ ਬ੍ਰਹਮਾ ਸ਼ਿਵ ਹੋਏ ਬੇਹਾਲ, ਬਿਹਬਲ ਹੋ ਹੋ ਰਹੇ ਕੁਰਲਾਈਆ । ਗੁਰ ਅਵਤਾਰ

ਪੀਰ ਪੈਗ਼ੰਬਰ ਅਪਣੀਆਂ ਘਾਲਾਂ ਗਏ ਘਾਲ, ਲਿਖ ਲਿਖ ਤੇਰਾ ਸੰਦੇਸਾ ਲੋਕਮਾਤ ਜਗਤ ਪੜ੍ਹਾਈਆ । ਮੈਂ ਕਿਸੇ ਨੂੰ ਚੱਲਣ ਨਾ ਦਿਤਾ ਕਿਸੇ ਦੇ ਨਾਲ, ਅੰਦਰ ਵੜ ਕੇ ਪੜਦਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਅੱਗੇ ਅਰਦਾਸ ਸੁਣਾਈਆ । ਤੇਰੇ ਅੱਗੇ ਮੇਰੀ ਅਰਦਾਸ, ਅਰਦਾਸਾ ਇਕੋ ਵਾਰ ਕਰਾਇੰਦਾ । ਤੂੰ ਸਾਹਿਬ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਨਾਉਂ ਧਰਾਇੰਦਾ । ਜੁਗ ਜੁਗ ਤੇਰਾ ਖੇਲ ਤਮਾਸ਼, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰਾ ਗੀਤ ਅਲਾਇੰਦਾ । ਮੈਂ ਤੇਰਾ ਛੋਟਾ ਪੁੱਤ ਤੇਰੇ ਪਿਆਰ ਵਿਚ ਹੋਇਆ ਬਦਮਾਸ਼, ਬਦਮਾਸ਼ੀ ਘਰ ਘਰ ਆਪ ਸਿਖਾਇੰਦਾ । ਖ਼ਾਲੀ ਕੋਈ ਰਹਿਣ ਨਾ ਦਿਤੀ ਲਾਸ਼, ਪੰਜ ਤੱਤ ਅੰਦਰ ਡੇਰਾ ਲਾਇੰਦਾ । ਮਾਇਆ ਮਮਤਾ ਗ੍ਰਿਹ ਗ੍ਰਿਹ ਪਾਵੇ ਰਾਸ, ਕੂੜੀ ਕਿਰਿਆ ਨਾਚ ਨਚਾਇੰਦਾ । ਤੇਰੀ ਨਿੱਕੀ ਜਿਹੀ ਮੁਹੰਮਦ ਸ਼ਾਖ਼, ਮਹਿਮਾਨ ਲੋਕਮਾਤ ਅਖਵਾਇੰਦਾ । ਤੇਰਾ ਗੋਬਿੰਦ ਦਾਸੀ ਦਾਸ, ਬਣ ਸੇਵਕ ਸੇਵ ਕਮਾਇੰਦਾ । ਮੈਂ ਤੇਰਾ ਪੁੱਤਰ ਖ਼ਾਸ, ਖ਼ਾਲਕ ਤੇਰੇ ਰੰਗ ਰੰਗਾਇੰਦਾ । ਮੇਰੇ ਵਲ ਵੇਖ ਮਾਰ ਝਾਤ, ਝਾਕੀ ਤੇਰੀ ਆਪ ਜਣਾਇੰਦਾ । ਚਾਰੋਂ ਕੁੰਟ ਪਈ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਚੜ੍ਹਾਇੰਦਾ । ਕਲਜੁਗ ਜੀਵ ਨਾਰ ਹੋਏ ਕਮਜ਼ਾਤ, ਹਰਿ ਜੂ ਕੰਤ ਨਾ ਕੋਇ ਹੰਢਾਇੰਦਾ । ਰਸਨਾ ਜਿਹਵਾ ਬੱਤੀ ਦੰਦ ਗੌਂਦੇ ਗਾਥ, ਅੰਤਰ ਆਤਮ ਮੇਲ ਨਾ ਕੋਇ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰਾ ਇਕੋ ਨਜ਼ਰੀ ਆਇੰਦਾ । ਕਲਜੁਗ ਅੰਤ ਹੋ ਬਲਵਾਨ, ਆਪਣਾ ਬਲ ਜਣਾਈਆ । ਸਾਹਿਬ ਮੇਰੇ ਵੇਖ ਸੁਲਤਾਨ, ਸੁੱਤੀ ਜਗਤ ਲੋਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਛੱਡ ਗਏ ਮੈਦਾਨ, ਅੰਤ ਕੋਇ ਰਹਿਣ ਨਾ ਪਾਈਆ । ਮਸਲਾ ਘਰ ਘਰ ਤੇਰੀ ਮਹਿਮਾ ਲਿਖ ਗਏ ਅੰਜੀਲ ਕੁਰਾਨ, ਖਾਣੀ ਬਾਣੀ ਰਾਗ ਅਲਾਈਆ । ਅੰਤ ਸਾਰੇ ਪਏ ਪਛਤਾਣ, ਪਸਚਾਤਾਪ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਤੇਰਾ ਸੁਤ ਤੇਰੀ ਓਟ ਤਕਾਈਆ । ਮੈਂ ਛੋਟਾ ਪੁੱਤ ਸੋਹਣਾ ਚੰਗਾ, ਕਲਜੁਗ ਇਕੋ ਇਕੋ ਸੁਣਾਇੰਦਾ । ਤੇਰਾ ਹੁਕਮ ਵਜਾਇਆ ਮਰਦੰਗਾ, ਮਰਦਾਨਗੀ ਆਪਣੀ ਇਕ ਰਖਾਇੰਦਾ । ਜੀਵ ਜਹਾਨ ਕੀਤਾ ਨੰਗਾ, ਪੜਦਾ ਉਪਰ ਨਾ ਕੋਇ ਪਾਇੰਦਾ । ਨੇਤਰ ਹੁੰਦਿਆਂ ਹੋਇਆ ਅੰਧਾ, ਤੇਰਾ ਰੂਪ ਨਜ਼ਰ ਕਿਸੇ ਨਾ ਆਇੰਦਾ । ਬਿਨ ਬੰਦਗੀਉਂ ਖ਼ਾਲੀ ਕੀਤਾ ਬੰਦਾ, ਬੰਦੀਖ਼ਾਨਾ ਇਕ ਵਖਾਇੰਦਾ । ਤੇਰੀ ਮਿਹਰ ਅੰਦਰ ਆਇਆ ਅੰਤਮ ਕੰਢਾ, ਕੰਢੀ ਬਹਿ ਕੇ ਡੇਰਾ ਲਾਇੰਦਾ । ਤੇਰਾ ਖੇਲ ਸਦਾ ਬਹੁਰੰਗਾ, ਭੇਵ ਅਭੇਦ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਖ਼ਾਲੀ ਹੱਥ ਦਰ ਵਖਾਇੰਦਾ । ਕਲਜੁਗ ਕਹੇ ਮੇਰੇ ਖ਼ਾਲੀ ਹੱਥ, ਖ਼ਾਲੀ ਕਰੀ ਲੋਕਾਈਆ । ਜੀਵ ਜੰਤ ਸਾਧ ਸੰਤ ਪਾਈ ਨੱਥ, ਕੂੜੀ ਕਿਰਿਆ ਡੋਰੀ ਇਕ ਉਠਾਈਆ । ਵਰਨ ਬਰਨ ਜ਼ਾਤ ਪਾਤ ਲਾਏ ਫੱਟ, ਦੂਈ ਦਵੈਤ ਨਾ ਕੋਇ ਮਿਟਾਈਆ । ਰਾਜ ਰਾਜਾਨ ਸ਼ਾਹ ਸੁਲਤਾਨ ਖੇੜਾ ਹੋਇਆ ਭੱਠ, ਭਾਂਡਾ ਭਰਮ ਨਾ ਕੋਇ ਭੰਨਾਈਆ । ਹਉਮੇਂ ਹੰਗਤਾ ਦੂਈ ਦਵੈਤ ਮਾਇਆ ਮਮਤਾ ਕੂੜੀ ਕਿਰਿਆ ਵੱਜੀ ਸੱਟ, ਸਿਰ ਸਕੇ ਨਾ ਕੋਇ ਉਠਾਈਆ । ਆਤਮ ਪਰਮਾਤਮ ਤੇਰਾ ਮੰਤਰ ਸਾਚਾ ਨਾਮ ਸਕੇ ਨਾ ਕੋਈ ਰਟ, ਰੱਟਾ ਦੀਨ ਮਜ਼੍ਹਬ ਲੜਾਈਆ । ਚੌਦਾਂ ਲੋਕ ਵੇਖ ਹੱਟ, ਚੌਦਾਂ ਤਬਕ ਨਾਚ ਨਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਤੇਰਾ ਤੇਰੀ ਪਏ ਸਰਨਾਈਆ । ਕਲਜੁਗ ਕਹੇ ਮੈਂ ਡਿਗਾਂ ਸਰਨ,

ਤੇਰੀ ਓਟ ਤਕਾਈਆ । ਮੇਰਾ ਭਾਣਾ ਸਾਰੇ ਜਰਨ, ਤੇਰਾ ਨਾਉਂ ਭੁਲਾਈਆ । ਬਿਨ ਤੇਰੇ ਮੈਨੂੰ ਕੋਈ ਨਾ ਆਏ ਫੜਨ, ਗੁਰ ਅਵਤਾਰ ਪੀਰ ਪੈਗ਼ੰਬਰ ਦੇ ਕੇ ਗਏ ਗਵਾਹੀਆ । ਅੰਤਮ ਆਏ ਪ੍ਰਭ ਕਰਨੀ ਕਰਨ, ਕਰਤਾ ਪੁਰਖ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਅੰਤ ਤੇਰੀ ਸਾਰ ਤੇਰੇ ਵਿਚੋਂ ਨਜ਼ਰੀ ਆਈਆ । ਪੁਰਖ ਅਬਿਨਾਸ਼ ਹੋ ਦਿਆਲ, ਠਾਕਰ ਸਵਾਮੀ ਆਪ ਜਣਾਇੰਦਾ । ਛੋਟੇ ਸੁਤ ਮੇਰੇ ਲਾਲ, ਲਾਲਨ ਤੇਰਾ ਰੰਗ ਰੰਗਾਇੰਦਾ । ਜੁਗ ਚੌਕੜੀ ਬੀਤੇ ਕਾਲ, ਕੋਟਨ ਕੋਟ ਰੂਪ ਵਟਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਮਾਰਗ ਮਾਤ ਸਿਖਾਲ, ਸਾਚੀ ਸਿਖਿਆ ਇਕ ਦ੍ਰਿੜਾਇੰਦਾ । ਅੰਦਰ ਬਾਹਰ ਗੁਪਤ ਜ਼ਾਹਰ ਚਲਾਂ ਨਾਲ ਨਾਲ, ਆਤਮ ਪਰਮਾਤਮ ਖੋਜ ਖੁਜਾਇੰਦਾ । ਸਦਾ ਸਦਾ ਸਦ ਹੋ ਕਿਰਪਾਲ, ਕਿਰਪਨ ਆਪਣੀ ਦਇਆ ਕਮਾਇੰਦਾ । ਵੇਲੇ ਅੰਤ ਨਾ ਹੋ ਬੇਹਾਲ, ਤੇਰਾ ਦੁਖੜਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਇੰਦਾ । ਮਿਹਰ ਨਜ਼ਰ ਨਾਲ ਤੱਕ, ਤੱਕਵਾ ਇਕੋ ਇਕ ਜਣਾਈਆ । ਕਲਜੁਗ ਮੇਟਣਾ ਸ਼ੱਕ, ਸ਼ਹਿਨਸ਼ਾਹ ਸਮਝਾਈਆ । ਕਰੇ ਨਬੇੜਾ ਹੱਕੋ ਹੱਕ, ਹਕੀਕਤ ਵੇਖੇ ਥਾਉਂ ਥਾਈਂਆ । ਤੇਰਾ ਫਲ ਗਿਆ ਪੱਕ, ਸ੍ਰੀ ਭਗਵਾਨ ਤੋੜਨ ਆਈਆ । ਤੇਰੀ ਲੇਖੇ ਲੱਗੇ ਰੱਤ, ਰੱਤੀ ਰੱਤ ਰਤ ਮਹਿਕਾਈਆ । ਤੇਰੀ ਸੋਹਣੀ ਚੰਗੀ ਮਤ, ਕਲਜੁਗ ਜੀਵ ਦਏ ਭੁਲਾਈਆ । ਸਭ ਦਾ ਖੇੜਾ ਕੀਤਾ ਭੱਠ, ਤ੍ਰੈਗੁਣ ਅਗਨੀ ਇਕੋ ਲਾਈਆ । ਸਾਚਾ ਮਾਰਗ ਦੇਵਾਂ ਦੱਸ, ਨੇਤਰ ਖੋਲ੍ਹ ਖੋਲ੍ਹ ਸਮਝਾਈਆ । ਤੂੰ ਉਠ ਕੇ ਜਾਣਾ ਨੱਸ, ਪ੍ਰਭ ਸਾਚਾ ਰਿਹਾ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਇਕੋ ਇਕ ਜਣਾਈਆ । ਕਲਜੁਗ ਕਹੇ ਪ੍ਰਭ ਦੱਸ ਸੇਵਾ, ਮੈਂ ਸੇਵਕ ਦਰ ਤੇ ਆਇਆ । ਤੂੰ ਆਦਿ ਜੁਗਾਦਿ ਸਦਾ ਨਿਹਕੇਵਾ, ਨਿਹਚਲ ਆਪਣਾ ਧਾਮ ਸੁਹਾਇਆ । ਅੰਮ੍ਰਿਤ ਆਪਣਾ ਦੇ ਮੇਵਾ, ਰਸ ਇਕੋ ਮਿਠਾ ਨਜ਼ਰੀ ਆਇਆ । ਵਡ ਗਹਿਰ ਗੰਭੀਰ ਦੇਵੀ ਦੇਵਾ, ਦੇਵਤ ਸੁਰ ਤੇਰੀ ਸਰਨਾਇਆ । ਗੁਣ ਗਾਵਾਂ ਰਸਨਾ ਜਿਹਵਾ, ਸਾਚਾ ਢੋਲਾ ਨਾਦ ਵਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕਲਜੁਗ ਸਾਚੇ ਆਪ ਜਗਾਇਆ । ਕਲਜੁਗ ਉਠ ਬਾਲ ਅਵਾਣੇ, ਬਾਲੀ ਬੁਧ ਜਣਾਈਆ । ਤੇਰੇ ਖੇਲ ਬੇਮੁਹਾਣੇ, ਜੀਵ ਜੰਤ ਕੁਰਲਾਈਆ । ਜਗਤ ਸੰਦੇਸ ਤੇਰੇ ਗਾਣੇ, ਕੂਕੇ ਸਰਬ ਲੋਕਾਈਆ । ਨਜ਼ਰ ਨਾ ਆਏ ਸ੍ਰੀ ਭਗਵਾਨੇ, ਅੰਤਰ ਆਤਮ ਦਰਸ ਕੋਇ ਨਾ ਪਾਈਆ । ਰਸਨਾ ਜਿਹਵਾ ਕੂੜੇ ਖਾਣੇ, ਅੰਮਿਉਂ ਰਸ ਨਾ ਕੋਇ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕਲਜੁਗ ਇਕੋ ਇਕ ਜਣਾਈਆ । ਕਲਜੁਗ ਉਠ ਹੋ ਤਿਆਰ, ਸੋ ਸਾਹਿਬ ਆਪ ਸਮਝਾਇੰਦਾ । ਜਾ ਕੇ ਮੇਰੇ ਭਗਤਾਂ ਕਰ ਨਿਮਸਕਾਰ, ਜੋ ਮੇਰਾ ਨਾਮ ਧਿਆਇੰਦਾ । ਤੇਰਾ ਦੁਖੜਾ ਦਏ ਨਿਵਾਰ, ਦੁਖ ਸੁਖ ਵਿਚ ਬਦਲਾਇੰਦਾ । ਤੈਨੂੰ ਲੈ ਕੇ ਆਏ ਨਾਲ, ਮੇਰੇ ਚਰਨਾਂ ਵਿਚ ਬਹਾਇੰਦਾ । ਫਿਰ ਤੇਰਾ ਪੂਰਾ ਕਰਾਂ ਸਵਾਲ, ਸਿਰ ਤੇਰੇ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਦ੍ਰਿੜਾਇੰਦਾ । ਕਲਜੁਗ ਦੋਏ ਜੋੜ ਮੰਗੇ ਨਿਸ਼ਾਨੀ, ਪ੍ਰਭ ਭਗਤਾਂ ਭੇਵ ਜਣਾਈਆ । ਸ੍ਰੀ ਭਗਵਾਨ ਕਹੇ ਮੇਰੀ ਜੋਤ ਨੂਰਾਨੀ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਘਰ ਘਰ ਦੱਸ ਕੇ ਆਇਆ ਆਪਣੀ ਸਚ ਕਹਾਣੀ, ਸਤਿ ਸਤਿਵਾਦੀ ਕਰ ਪੜ੍ਹਾਈਆ । ਜੋ ਆਤਮ ਪਰਮਾਤਮ ਸੋਹੰ ਗਾਏ ਬਾਣੀ ਸੋ ਭਗਤ ਭਗਵਾਨ

ਨਜ਼ਰੀ ਆਈਆ । ਬਾਕੀ ਦਿਸੇ ਨਾ ਕੋਈ ਚਾਰ ਖਾਣੀ, ਚਾਰੋਂ ਕੁੰਟ ਰਹੀ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਨੇਹੁੜਾ ਇਕ ਜਣਾਈਆ । ਕਲਜੁਗ ਕਹੇ ਮੈਂ ਜਾਵਾਂਗਾ । ਪ੍ਰਭ ਤੇਰਾ ਸ਼ੁਕਰ ਮਨਾਵਾਂਗਾ । ਦਰ ਭਗਤਾਂ ਵੇਖ ਵਖਾਵਾਂਗਾ । ਸੋਹੰ ਢੋਲਾ ਸੁਣ ਕੇ, ਆਪਣਾ ਪੰਧ ਮੁਕਾਵਾਂਗਾ । ਲੱਖ ਚੁਰਾਸੀ ਵਿਚੋਂ ਚੁਣ ਕੇ, ਚਰਨੀ ਸੀਸ ਨਿਵਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਵੇਲੇ ਉਠ ਧਾਵਾਂਗਾ । ਸਾਚਾ ਵੇਲਾ ਹਰਿ ਸਮਝਾਏਗਾ । ਹੁਕਮ ਇਕੋ ਇਕ ਸੁਣਾਏਗਾ । ਕਲਜੁਗ ਭੁੱਲ ਕਦੇ ਨਾ ਜਾਏਗਾ । ਅਨਮੁਲ ਆਪਣੀ ਧਾਰ ਵਖਾਏਗਾ । ਪਹਿਲੀ ਚੇਤਰ ਦਿਵਸ ਜਣਾਏਗਾ । ਕਲਜੁਗ ਖੇਤਰ ਇਕ ਵਡਿਆਏਗਾ । ਬਣ ਹੇਤਰ ਦਇਆ ਕਮਾਏਗਾ । ਭਗਤ ਭਗਵਾਨ ਕਲਜੁਗ ਨੇਤਰ ਆਪ ਵਖਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਿਫ਼ਲ ਇਕੋ ਘਰ ਲਗਾਏਗਾ । ਪਹਿਲੀ ਚੇਤਰ ਨੱਸਾਂਗਾ । ਪ੍ਰਭ ਤੇਰੇ ਭਗਤ ਦਵਾਰੇ ਢੱਠਾਂਗਾ । ਸਿਰ ਚਰਨਾਂ ਉਤੇ ਸੱਟਾਂਗਾ । ਪਿਛੇ ਮੂਲ ਨਾ ਹਟਾਂਗਾ । ਆਪਣਾ ਹੱਕ ਲੈਣ ਨੂੰ ਡਟਾਂਗਾ । ਮੂੰਹੋਂ ਉਚੀ ਕੂਕ ਕੂਕ ਬਕਾਂਗਾ । ਅਨਝਕ ਹੋ ਨਾ ਝਕਾਂਗਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਸਭ ਦੀ ਕੀਤੀ ਦੱਸਾਂਗਾ । ਭੈ ਵਿਚ ਕਦੀ ਨਾ ਨੱਸਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰਾ ਇਕੋ ਮੰਗਾਂਗਾ । ਪੁਰਖ ਅਬਿਨਾਸ਼ੀ ਕਹੇ ਚਲ ਕੇ ਔਣਾ, ਵਾਰ ਥਿਤ ਜਣਾਈਆ । ਭਗਤ ਦਵਾਰੇ ਸੀਸ ਨਵੌਣਾ, ਮਿਲੇ ਮਾਣ ਵਡਿਆਈਆ । ਸ੍ਰੀ ਭਗਵਾਨ ਆਸਣ ਲੌਣਾ, ਸਚ ਮਹੱਲੇ ਸੋਭਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦਰ ਬਹੌਣਾ, ਬਚਿਆ ਕੋਇ ਰਹਿਣ ਨਾ ਪਾਈਆ । ਆਮ੍ਹਣੇ ਸਾਮ੍ਹਣਾ ਸਭ ਦਾ ਬਿਆਨ ਕਰੌਣਾ, ਚੁਗ਼ਲੀ ਨਿੰਦਿਆ ਨਾ ਕੋਇ ਰਖਾਈਆ । ਚਾਰ ਜੁਗ ਦਾ ਲੇਖਾ ਅੱਗੇ ਕੱਢ ਵਖੌਣਾ, ਕਰਨੀ ਕਰਤਾ ਭੁੱਲ ਕਦੇ ਨਾ ਜਾਈਆ । ਜੋ ਮੰਗੇ ਸੋ ਝੋਲੀ ਪੌਣਾ, ਮਿਹਰਵਾਨ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਚ ਜਣਾਈਆ । ਮੈਂ ਮੰਗਾਂ ਇਕੋ ਦਾਤ, ਕਲਜੁਗ ਰਿਹਾ ਜਣਾਈਆ । ਮੇਰੀ ਸੋਹੇ ਅੰਧੇਰੀ ਰਾਤ, ਸਾਚਾ ਚੰਦ ਨਜ਼ਰ ਨਾ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਲੋਕਮਾਤ ਛੱਡਣ ਸਾਥ, ਜਗਤ ਸੰਗ ਨਾ ਕੋਇ ਨਿਭਾਈਆ । ਤੇਰੇ ਚਰਨ ਮੰਗਣ ਨਾਤ, ਦੀਨ ਮਜ਼੍ਹਬ ਨਾਤਾ ਨਾ ਕੋਇ ਜੁੜਾਈਆ । ਫਿਰ ਮੈਂ ਵੀ ਜੋੜਾਂ ਦੋਵੇਂ ਹਾਥ, ਢੈ ਪਵਾਂ ਸਰਨਾਈਆ । ਕਰ ਕਿਰਪਾ ਮੇਰੇ ਰਘੁਨਾਥ, ਸ਼ਹਿਨਸ਼ਾਹ ਤੇਰੀ ਸਰਨਾਈਆ । ਪਰਗਟ ਹੋ ਪੁਰਖ ਸਮਰਾਥ, ਸਮਰਥ ਆਪਣੀ ਕਲ ਧਰਾਈਆ । ਮੇਰਾ ਲਹਿਣਾ ਮੇਰੀ ਝੋਲੀ ਘੱਤ, ਲੱਖ ਚੁਰਾਸੀ ਗੂੜ੍ਹੀ ਨੀਂਦ ਸਵਾਈਆ । ਭਗਤ ਭਗਵਾਨ ਵਿਚੋਂ ਲੈਣੇ ਰੱਖ, ਜਿਨ੍ਹਾਂ ਆਪਣਾ ਮੇਲ ਮਿਲਾਈਆ । ਗੋਬਿੰਦ ਖੋਲ੍ਹੇ ਇਕੋ ਹੱਟ, ਦੂਜਾ ਨਜ਼ਰ ਕੋਇ ਨਾ ਆਈਆ । ਨਿਰਗੁਣ ਜੋਤ ਜਗੇ ਲੱਟ ਲੱਟ, ਇਸ਼ਟ ਦੇਵ ਅਵਰ ਨਾ ਕੋਇ ਮਨਾਈਆ । ਪੁਰਖ ਅਕਾਲ ਤੇਰਾ ਢੋਲਾ ਤੇਰੀ ਗਾਥ, ਦਰ ਤੇਰੇ ਇਕੋ ਗਾਈਆ । ਪਿਛਲਾ ਲੇਖਾ ਵੇਖੀਂ ਫ਼ੇਲ ਪਾਸ, ਪਰਚੇ ਸਭ ਦੇ ਹੱਲ ਕਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰੀ ਸ਼ਾਖ਼, ਬਿਨ ਤੇਰੇ ਸ਼ਨਾਖ਼ਤ ਨਾ ਕਿਸੇ ਕਰਾਈਆ । ਮੈਂ ਸਚ ਸਚ ਸਚ ਦਰਬਾਰੇ ਦੇਵਾਂ ਆਖ, ਮੈਂ ਸਭ ਦੇ ਉਤੇ ਹੁਕਮ ਚਲਾਈਆ । ਇਕ ਗੋਬਿੰਦ ਤੇਰੇ ਨਾਲ ਬੰਨ੍ਹ ਕੇ ਆਇਆ ਨਾਤ, ਪੁਰਖ ਅਕਾਲ ਮੇਰਾ ਪਿਤਾ ਮਾਈਆ । ਮੈਂ ਨਿਰਗੁਣ ਉਸ ਦੀ ਜ਼ਾਤ, ਸਰਗੁਣ ਚੋਲਾ ਜਗਤ ਹੰਢਾਈਆ ।

ਅੰਤਮ ਵੇਖੇ ਖੇਲ ਤਮਾਸ਼, ਖ਼ਾਲਕ ਖ਼ਲਕ ਵੇਸ ਵਟਾਈਆ । ਨਿਹਕਲੰਕ ਨਰਾਇਣ ਨਰ ਜੋਤੀ ਜਾਮਾ ਸ੍ਰੀ ਭਗਵਾਨਾ ਨੌਜਵਾਨਾ ਮਰਦ ਮਰਦਾਨਾ ਸ਼ਾਹ ਸੁਲਤਾਨਾ ਮੰਡਲ ਪਾਵੇ ਰਾਸ, ਗੋਪੀ ਕਾਹਨ ਨਾਚ ਨਚਾਈਆ । ਉਚ ਮਹੱਲੇ ਸਦਾ ਅਟੱਲੇ ਨਿਹਚਲ ਧਾਮ ਆਦੀ ਰਾਮ ਪਾਵੇ ਸਾਰ, ਸਾਰ ਸ਼ਬਦ ਕਰ ਤਿਆਰ ਹਰਿ ਹੋ ਨਿਆਰ, ਦੋ ਜਹਾਨ ਬੇਪਹਿਚਾਨ ਸ੍ਰੀ ਭਗਵਾਨ ਏਕਾ ਡੰਕ ਆਪਣਾ ਨਾਮ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਚਰਨਾਂ ਰਾਹ ਤਕਾਈਆ । ਚਰਨ ਦਵਾਰੇ ਔਣਾ ਭੱਜ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਤੇਰਾ ਪੜਦਾ ਲਵਾਂ ਕੱਜ, ਮਿਹਰ ਨਜ਼ਰ ਉਠਾਇੰਦਾ । ਚਰਨ ਦਵਾਰੇ ਬਹਿਣਾ ਸਜ, ਪਿਛਲਾ ਪੰਧ ਮੁਕਾਇੰਦਾ । ਲੋਕਮਾਤ ਦਾ ਮੁੱਕੇ ਹੱਜ, ਹਾਜੀ ਰੂਪ ਨਾ ਕੋਇ ਵਟਾਇੰਦਾ । ਪਿਛਲਾ ਨਾਤਾ ਦੇਣਾ ਤਜ, ਅੱਗੇ ਜੋੜ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸਾ ਨਰ ਨਰੇਸ਼ਾ ਇਕ ਸੁਣਾਇੰਦਾ । ਤੇਰੀ ਚਰਨੀ ਪ੍ਰਭ ਜੂ ਆਵਾਂਗਾ । ਬਹਿ ਚਰਨਾਂ ਖ਼ੁਸ਼ੀ ਮਨਾਵਾਂਗਾ । ਧੂੜੀ ਟਿੱਕਾ ਮਸਤਕ ਲਾਵਾਂਗਾ । ਪਿਛਲਾ ਲੇਖਾ ਲਿਖਾ, ਆਪਣੀ ਝੋਲੀ ਪਾਵਾਂਗਾ । ਅੱਗੇ ਤੇਰੇ ਨਾਮ ਦੀ ਮੰਗਾਂ ਭਿਛਾ, ਦੂਜੀ ਵਸਤ ਨਾ ਕੋਇ ਵਖਾਵਾਂਗਾ । ਤਿੰਨ ਜੁਗ ਕਰਨੀ ਰਛਾ, ਇਕੋ ਓਟ ਰਖਾਵਾਂਗਾ । ਸਚ ਦਵਾਰ ਤੇਰਾ ਦਿਸਾ, ਦਹਿ ਦਿਸ਼ਾ ਨੇਤਰ ਬੰਦ ਕਰਾਵਾਂਗਾ । ਤੇਰੇ ਭਗਤਾਂ ਅੱਗੇ ਵਿਕਾ, ਕੀਮਤ ਆਪਣੀ ਨਾ ਕੋਇ ਰਖਾਵਾਂਗਾ । ਜੇ ਪਿਛੇ ਬੋਲਿਆ ਫਿਕਾ, ਪਹਿਲੀ ਚੇਤਰ ਚਰਨੀ ਡਿਗ ਕੇ ਭੁੱਲ ਬਖ਼ਸ਼ਾਵਾਂਗਾ । ਮੈਂ ਤੇਰਾ ਬਾਲਾ ਨਿੱਕਾ, ਨਿੱਕੀ ਨਿਕੀ ਗੱਲ ਸੁਣਾਵਾਂਗਾ । ਮੇਰਾ ਸੱਚਾ ਹੋ ਜਾਏ ਸਿਕਾ, ਸਿਕਦਾਰ ਤੈਨੂੰ ਇਕ ਅਖਵਾਵਾਂਗਾ । ਜੇ ਤੂੰ ਮੇਰਾ ਖੇਲ ਡਿਠਾ, ਮੈਂ ਖ਼ੁਸ਼ੀ ਖ਼ੁਸ਼ੀ ਤੇਰਾ ਢੋਲਾ ਗਾਵਾਂਗਾ । ਮੈਨੂੰ ਦੇ ਨਾ ਜਾਵੀਂ ਪਿਠਾ, ਬਿਨ ਤੇਰੇ ਪ੍ਰਭੂ ਜੀ ਜੀਵੰਦਿਆਂ ਮਰ ਜਾਵਾਂਗਾ । ਮੇਰਾ ਮੇਰੀ ਝੋਲੀ ਪਾ ਦੇ ਹਿੱਸਾ, ਲੱਖ ਚੁਰਾਸੀ ਮੰਗ ਮੰਗਾਵਾਂਗਾ । ਤੇਰਾ ਭਗਤ ਤੇਰਾ ਗਾਵੇ ਕਿੱਸਾ, ਉਸ ਦੇ ਕੋਲ ਕਦੇ ਨਾ ਜਾਵਾਂਗਾ । ਉਹ ਮੈਨੂੰ ਲੋਕਮਾਤ ਵਿਚ ਜਿਤਾ, ਮੈਂ ਹਾਰ ਮੰਨ ਕੇ ਆਪਣਾ ਮੂੰਹ ਭਵਾਵਾਂਗਾ । ਤੂੰ ਸੱਚਾ ਕੀਤਾ ਹਿਤਾ, ਨੇਂਹ ਤੇਰਾ ਵੇਖ ਖ਼ੁਸ਼ੀ ਖ਼ੁਸ਼ੀ ਗੁਣ ਗਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਭਿੱਖਕ ਬਣ ਕੇ ਆਵਾਂਗਾ । ਭਿੱਖਕ ਬਣ ਕੇ ਆਵਾਂ ਸਵਾਲੀ, ਸ਼ਹਿਨਸ਼ਾਹ ਤੇਰੀ ਵਡਿਆਈਆ । ਤੇਰੀ ਨਿਰਗੁਣ ਜੋਤ ਅਕਾਲੀ, ਗੁਰ ਅਵਤਾਰ ਪੀਰ ਪੈਗ਼ੰਬਰ ਬੈਠੇ ਤੇਰਾ ਧਿਆਨ ਲਗਾਈਆ । ਤੂੰ ਆਦਿ ਜੁਗਾਦਿ ਜੁਗਾ ਜੁਗੰਤਰ ਦੋ ਜਹਾਨਾਂ ਮਾਲੀ, ਲੱਖ ਚੁਰਾਸੀ ਬੂਟਾ ਆਪ ਲਗਾਈਆ । ਨਿਰਗੁਣ ਸਰਗੁਣ ਸਰਗੁਣ ਨਿਰੁਗਣ ਵੱਜੇ ਤੇਰੀ ਤਾਲੀ, ਤਾਲ ਤਲਵਾੜਾ ਇਕੋ ਨਜ਼ਰੀ ਆਈਆ । ਸ਼ਬਦ ਅਗੰਮ ਬਣ ਮਾਤ ਪਿਤਾ ਜੋ ਪਿਤਾ ਬਣ ਕਰੀ ਦਲਾਲੀ, ਜੁਗ ਜੁਗ ਆਪਣਾ ਫੇਰਾ ਪਾਈਆ । ਤੇਰੇ ਦਰ ਤੋਂ ਕੋਈ ਨਾ ਜਾਏ ਖ਼ਾਲੀ, ਨਿਰਾਸਾ ਰੂਪ ਨਾ ਕੋਇ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸੱਚਾ ਵਰ, ਤੁਧ ਬਿਨ ਨਜ਼ਰ ਕੋਇ ਨਾ ਆਈਆ । ਖਾਲੀ ਕੋਈ ਨਾ ਗਿਆ ਜੱਗ, ਜੋ ਹਰਿ ਸਰਨਾਈ ਆਇੰਦਾ । ਕਲਜੁਗ ਤੇਰੀ ਲਾਜ ਰੱਖੇ ਪੱਗ, ਪਗੜੀ ਤੇਰੀ ਵੇਖ ਵਖਾਇੰਦਾ । ਤੇਰੀ ਕਰਨੀ ਵੇਖ ਹਰਿ ਜੂ ਗਿਆ ਰੱਜ, ਰੱਜ ਰੱਜ ਆਪਣੀ ਖ਼ੁਸ਼ੀ ਮਨਾਇੰਦਾ । ਤੇਰਾ ਵੇਲਾ ਅੰਤਮ ਜਾਏ ਸਜ, ਸਾਹਿਬ ਸਤਿਗੁਰ ਆਪ ਸੁਹਾਇੰਦਾ । ਮਿਹਰਵਾਨ ਪੜਦਾ ਦੇਵੇ ਕਜ, ਨਾਮ ਦੁਸ਼ਾਲਾ ਉਪਰ ਰਖਾਇੰਦਾ । ਭਗਤ ਭਗਵੰਤ ਲਏ ਸੱਦ, ਤੇਰਾ ਸੰਗ ਨਿਭਾਇੰਦਾ ।

੯੭੩
੧੩

ਪਿਛਲੀ ਪਾਰ ਕਰ ਕੇ ਹੱਦ, ਅੱਗੇ ਆਪਣਾ ਰਾਹ ਵਖਾਇੰਦਾ । ਲੱਖ ਚੁਰਾਸੀ ਵਿਚੋਂ ਕੱਢ, ਜਮ ਕੀ ਫਾਸੀ ਆਪ ਤੁੜਾਇੰਦਾ । ਅੰਮ੍ਰਿਤ ਜਾਮ ਪਿਆਏ ਮਧ, ਮਧੁਰ ਧੁਨ ਰਾਗ ਅਲਾਇੰਦਾ । ਸਚ ਨਗਾਰਾ ਜਾਏ ਵੱਜ, ਨਿਰਗੁਣ ਸਰਗੁਣ ਆਪ ਸੁਣਾਇੰਦਾ । ਚਾਰ ਵਰਨ ਇਕੋ ਡੋਰ ਜਾਏ ਬੱਝ, ਜ਼ਾਤ ਪਾਤ ਰਹਿਣ ਨਾ ਪਾਇੰਦਾ । ਸਤਿਜੁਗ ਸਾਚਾ ਧਰਤ ਮਾਤ ਦੀ ਛਾਤੀ ਚੜ੍ਹੇ ਭੱਜ, ਆਪ ਆਪਣਾ ਬਲ ਵਖਾਇੰਦਾ । ਕਰੇ ਖੇਲ ਪੁਰਖ ਸਮਰਥ, ਸਮਰਥ ਆਪਣੀ ਧਾਰ ਚਲਾਇੰਦਾ । ਇਕੋ ਦੇਵੇ ਨਾਮ ਵਥ, ਸੋਹੰ ਢੋਲਾ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰਾ ਮੁੱਕੇ ਲਹਿਣਾ ਆਪ ਵਖਾਏ ਨੇਤਰ ਨੈਣਾਂ, ਘਰ ਆਪਣੇ ਖੇਲ ਕਰਾਇੰਦਾ । ਘਰ ਆਪਣੇ ਖੇਲ ਵਖਾਵਾਂਗਾ । ਤੇਰੀ ਕਰਨੀ ਝੋਲੀ ਪਾਵਾਂਗਾ । ਸਾਚੀ ਸਰਨੀ ਇਕ ਰਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪਹਿਲੀ ਚੇਤ ਕਰ ਕੇ ਹੇਤ, ਸਾਚੇ ਦਰ ਆਪ ਮੰਗਾਵਾਂਗਾ ।

### ❋ ੨੦ ਫੱਗਣ ੨੦੧੯ ਬਿਕ੍ਰਮੀ ਮਹਿੰਦਰ ਸਿੰਘ ਦੇ ਗ੍ਰਿਹ ਔਰੰਗਾਬਾਦ ❋

ਧਰਨੀ ਕਹੇ ਮੇਰੀ ਸੋਹੇ ਕੁੱਖ, ਪਾਰਬ੍ਰਹਮ ਤੇਰੀ ਵਡਿਆਈਆ । ਸਤਿਜੁਗ ਸਾਚੇ ਵੇਖਾਂ ਮੁਖ, ਗ੍ਰਿਹ ਸਾਚੇ ਵੱਜੇ ਵਧਾਈਆ । ਪਿਛਲਾ ਮਿਟੇ ਮੇਰਾ ਦੁੱਖ, ਦਰਦ ਰਹਿਣ ਨਾ ਪਾਈਆ । ਨੇਤਰ ਨੈਣ ਵੇਖਾਂ ਝੁਕ, ਅੱਖ ਪਰਤੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਧਰਨੀ ਕਹੇ ਮੈਨੂੰ ਚੜ੍ਹੇ ਚਾਅ, ਚਾਉ ਘਨੇਰਾ ਇਕ ਰਖਾਈਆ । ਸਤਿਜੁਗ ਮੱਲੇ ਕਲਜੁਗ ਥਾ, ਆਪ ਆਪਣਾ ਫੇਰਾ ਪਾਈਆ । ਤੇਰਾ ਜਣਾਏ ਇਕੋ ਨਾਂ, ਨਾਉਂ ਨਿਰੰਕਾਰਾ ਵਡ ਵਡਿਆਈਆ । ਦੋ ਜਹਾਨਾਂ ਦਏ ਸਮਝਾ, ਲੋਆਂ ਪੁਰੀਆਂ ਭੇਵ ਖੁਲ੍ਹਾਈਆ । ਚੋਦਾਂ ਤਬਕਾਂ ਪਾਏ ਰਾਹ, ਚੌਦਾਂ ਲੋਕ ਰਾਗ ਸ਼ਨਵਾਈਆ । ਬਣ ਕੇ ਬਾਲਾ ਮੇਰੀ ਪਕੜੇ ਬਾਂਹ, ਭੱਜਾ ਫਿਰੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦਿਤਾ ਸਾਚਾ ਵਰ, ਘਰ ਸਾਚੇ ਖ਼ੁਸ਼ੀ ਵਖਾਈਆ । ਧਰਤ ਕਹੇ ਮੇਰਾ ਸੋਹਣਾ ਰੰਗ, ਸਤਿਜੁਗ ਸਾਚਾ ਵੰਡ ਵੰਡਾਈਆ । ਸ੍ਰੀ ਭਗਵਾਨ ਵੱਜੇ ਮਰਦੰਗ, ਨਾਦ ਇਕੋ ਇਕ ਸੁਣਾਈਆ । ਸਚ ਦਵਾਰਾ ਆਪੇ ਲੰਘ, ਸੁਹੰਜਣੀ ਸੇਜ ਸੋਭਾ ਪਾਈਆ । ਆਤਮ ਪਰਮਾਤਮ ਦੇਵੇ ਅਨੰਦ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਕੂੜੀ ਕਿਰਿਆ ਕਰੇ ਖੰਡ ਖੰਡ, ਖੰਡਾ ਪ੍ਰਭ ਕਾ ਨਾਮ ਖੜਕਾਈਆ । ਗੀਤ ਸੁਹਾਗੀ ਸੁਣਾਏ ਛੰਦ, ਸੋਹੰ ਢੋਲਾ ਇਕ ਸੁਣਾਈਆ । ਖ਼ੁਸ਼ੀ ਕਰਾਈ ਬੰਦ ਬੰਦ, ਬੰਦੀਖ਼ਾਨਾ ਦਏ ਤੁੜਾਈਆ । ਮੇਰੀ ਪੂਰੀ ਹੋਵੇ ਮੰਗ, ਤ੍ਰਿਸਨਾ ਰਹੇ ਨਾ ਰਾਈਆ । ਘਰ ਮੇਰੇ ਚੜ੍ਹੇ ਚੰਦ, ਅੰਧ ਅੰਧੇਰਾ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਪੂਰੀ ਆਸ ਕਰਾਈਆ । ਧਵਲ ਕਹੇ ਪ੍ਰਭ ਹੋ ਦਿਆਲ, ਦੀਨਨ ਦਇਆ ਕਮਾਈਆ । ਭਗਤ ਭੇਜੇ ਆਪਣੇ ਲਾਲ, ਸਿਰ ਆਪਣਾ ਹੱਥ ਟਿਕਾਈਆ । ਆ ਕੇ ਸੁਣੇ ਗ਼ਰੀਬਾਂ ਹਾਲ, ਨਿਮਾਣਿਆਂ ਲਏ ਜਗਾਈਆ । ਨਿਰਗੁਣ ਮਿਲਾਏ ਹੋ ਦਿਆਲ, ਸ਼ਬਦੀ ਖੇਲ ਕਰਾਈਆ । ਚਾਰ ਵਰਨ ਦਸਾਏ ਇਕੋ ਧਰਮਸਾਲ, ਬਰਨ ਅਠਾਰਾਂ ਇਕੋ ਘਰ ਵਡਿਆਈਆ । ਇਕੋ ਨਾਮ ਇਕੋ ਅਨਾਦ ਇਕੋ ਨਾਦ ਵੱਜੇ ਤਾਲ, ਅਨਾਦੀ ਆਪਣਾ

ਰਾਗ ਸੁਣਾਈਆ । ਇਕ ਸਰੋਵਰ ਅੰਮ੍ਰਿਤ ਮਾਰੇ ਉਛਾਲ, ਲਹਿਰ ਲਹਿਰ ਨਾਲ ਮਿਲਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਜੀਵਣ ਯੁਗਤ ਦਏ ਜਣਾਈਆ । ਸਾਚੀ ਚਲੇ ਆਪਣੀ ਚਾਲ, ਅਵਲੜੀ ਇਕੋ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੌਲ ਹੌਲਾ ਭਾਰ ਕਰਾਈਆ । ਧਵਲ ਕਹੇ ਮੇਰੀ ਇਕੋ ਮੰਗ, ਪ੍ਰਭ ਤੇਰੇ ਅੱਗੇ ਸੀਸ ਨਿਵਾਇਆ । ਧਰਨੀ ਕਹੇ ਪ੍ਰਭ ਚਾੜ੍ਹੇ ਰੰਗ, ਦੂਜੀ ਵਾਰ ਉਤਰ ਕਦੇ ਨਾ ਜਾਇਆ । ਧਰਤ ਕਹੇ ਮੇਰਾ ਸਾਹਿਬ ਸੂਰਾ ਸਰਬੰਗ, ਮਿਹਰਵਾਨ ਇਕ ਅਖਵਾਇਆ । ਜੁਗ ਜੁਗ ਵਜਾਏ ਮਰਦੰਗ, ਨਾਮ ਢੋਲਾ ਰਿਹਾ ਗਾਇਆ । ਕਰੇ ਖੇਲ ਸੂਰਾ ਸਰਬੰਗ, ਦੂਜੀ ਓਟ ਨਾ ਕੋਇ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਰਿਹਾ ਜਣਾਇਆ । ਸਾਚਾ ਲੇਖਾ ਸਾਹਿਬ ਸੁਲਤਾਨ, ਆਪਣੇ ਹੱਥ ਰਖਾਈਆ । ਧਰਨੀ ਧਰਤ ਦੇਵੇ ਦਾਨ, ਧਵਲ ਇਕੋ ਇਕ ਵਡਿਆਈਆ । ਸੁਣ ਸੰਦੇਸਾ ਲਾ ਕੇ ਕਾਨ, ਮਿਹਰਵਾਨ ਰਿਹਾ ਜਣਾਈਆ । ਸਤਿਜੁਗ ਆਵੇ ਬਾਲ ਅਵਾਣ, ਆਪਣਾ ਬਲ ਰਖਾਈਆ । ਅਬਿਨਾਸ਼ੀ ਕਰਤਾ ਦੇਵੇ ਇਕ ਗਿਆਨ, ਅੱਖਰ ਇਕੋ ਇਕ ਸਮਝਾਈਆ । ਚਾਰ ਵਰਨ ਕਰਨ ਪਰਵਾਨ, ਸਰਨ ਇਕੋ ਇਕ ਰਘੁਰਾਈਆ । ਆਤਮ ਪਰਮਾਤਮ ਦੱਸੇ ਖੇਲ ਮਹਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਰਿਹਾ ਜਣਾਈਆ । ਸਤਿਜੁਗ ਸਾਚਾ ਦੇਵੇ ਭੇਜ, ਪ੍ਰਭ ਆਪਣੀ ਦਇਆ ਕਮਾਈਆ । ਜੋਤੀ ਸ਼ਬਦੀ ਦੇਵੇ ਤੇਜ, ਨੂਰ ਨੁਰਾਨਾ ਹੋ ਸਹਾਈਆ । ਭਗਤ ਭਗਵਾਨ ਲਏ ਵੇਖ, ਭੇਵ ਅਭੇਦ ਖੁਲ੍ਹਾਈਆ । ਜੁਗ ਚੌਕੜੀ ਮੇਟ ਰੇਖ, ਲੇਖਾ ਆਪਣੇ ਹੱਥ ਰਖਾਈਆ । ਨਾਤਾ ਤੋੜ ਮੁੱਲਾ ਸ਼ੇਖ਼, ਪੰਡਤ ਪਾਂਧੇ ਮਾਣ ਗਵਾਈਆ । ਗ੍ਰੰਥੀ ਪੰਥੀ ਕਰੇ ਨਾ ਕੋਇ ਹੇਤ, ਹਿਤਕਾਰੀ ਇਕੋ ਨਜ਼ਰੀ ਆਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਨਿਜ ਆਤਮ ਲਏ ਪੇਖ, ਬੰਦ ਕਿਵਾੜੀ ਕੁੰਡਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਈਆ । ਸਤਿਜੁਗ ਸਾਚਾ ਜਾਏ ਉਠ, ਉਠ ਆਪਣੀ ਲਏ ਅੰਗੜਾਈਆ । ਸੋ ਪੁਰਖ ਨਿਰੰਜਣ ਗਿਆ ਤੁਠ, ਹਰਿ ਪੁਰਖ ਨਿਰੰਜਣ ਦੇਵੇ ਸਿਫ਼ਤ ਸਾਲਾਹੀਆ । ਏਕੰਕਾਰਾ ਭੰਡਾਰਾ ਦਏ ਅਤੁਟ, ਆਦਿ ਨਿਰੰਜਣ ਵੇਖਣਾ ਥਾਉਂ ਥਾਈਂਆ । ਅਬਿਨਾਸ਼ੀ ਕਰਤਾ ਅੰਮ੍ਰਿਤ ਜਾਮ ਪਿਆਏ ਘੁੱਟ, ਸ੍ਰੀ ਭਗਵਾਨ ਇਕੋ ਰਸ ਵਖਾਈਆ । ਪਾਰਬ੍ਰਹਮ ਬ੍ਰਹਮ ਕੋਲੋਂ ਲਏ ਪੁਛ, ਲੱਖ ਚੁਰਾਸੀ ਅੰਦਰ ਘਰ ਘਰ ਫੇਰਾ ਪਾਈਆ । ਵੇਖਣਹਾਰ ਸਚ ਸੁੱਚ, ਜੁਗ ਚੌਕੜੀ ਵੇਸ ਵਟਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਖੇਲ ਕਰਦਾ ਰਿਹਾ ਲੁਕ ਲੁਕ, ਗੁਰ ਅਵਤਾਰ ਹੁਕਮ ਮਨਾਈਆ । ਕਲਜੁਗ ਅੰਤ ਸ੍ਰੀ ਭਗਵਾਨ ਪਾਰਬ੍ਰਹਮ ਪਤਿਪਰਮੇਸ਼ਵਰ ਸ਼ੇਰ ਹੋ ਕੇ ਰਿਹਾ ਬੁੱਕ, ਭਬਕ ਆਪਣੇ ਨਾਮ ਲਗਾਈਆ । ਧਰਨੀ ਧਰਤ ਧਵਲ ਰਿਹਾ ਪੁਛ, ਪਿਛਲਾ ਪੜਦਾ ਆਪ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਿਹਰਵਾਨ ਬੇਪਰਵਾਹੀਆ । ਸਤਿਜੁਗ ਕਹੇ ਦੋ ਦੋ ਜੋੜ, ਪ੍ਰਭ ਜੋੜੀ ਜੋੜ ਜੁੜਾਈਆ । ਤੇਰੇ ਹੁਕਮੇ ਅੰਦਰ ਚੜ੍ਹਾਂ ਘੋੜ, ਅਸਵ ਇਕੋ ਨਜ਼ਰੀ ਆਈਆ । ਲੋਕਮਾਤ ਜਾਵਾਂ ਦੌੜ, ਪੁਨਹਿ ਪੁਨਹਿ ਸੇਵ ਕਮਾਈਆ । ਕੂੜੀ ਕਿਰਿਆ ਮੇਟਾਂ ਕੂੜ, ਅੰਮ੍ਰਿਤ ਤੇਰਾ ਰਸ ਖਵਾਈਆ । ਵਰਨ ਬਰਨ ਜ਼ਾਤ ਪਾਤ ਦੀਨ ਮਜ਼੍ਹਬ ਵੇਖਾਂ ਕਰ ਕੇ ਗ਼ੌਰ, ਗਹਿਰ ਗੰਭੀਰ ਤੇਰੀ ਮੰਨ ਸਰਨਾਈਆ । ਰਹਿਣ ਨਾ ਦੇਵਾਂ ਕੋਈ ਠੱਗ ਚੋਰ, ਮਾਇਆ ਮਮਤਾ ਹੋਏ ਨਾ ਕੋਇ ਹਲਕਾਈਆ । ਕਾਮ ਕਰੋਧ ਹੰਕਾਰ ਨਾ ਪਾਏ ਸ਼ੋਰ, ਹਾਹਾਕਾਰ ਨਾ ਕਰੇ ਲੋਕਾਈਆ । ਭਗਤ

੯੭੫
੧੩

ਭਗਵਾਨ ਤੇਰੀ ਲੋੜ, ਆਪ ਆਪਣਾ ਮੇਲ ਮਿਲਾਈਆ । ਨਾਮ ਅਗੰਮੀ ਸਾਚੀ ਡੋਰ, ਸੁਰਤੀ ਸ਼ਬਦੀ ਤੰਦ ਬੰਧਾਈਆ । ਪਾਵਾਂ ਸਾਰ ਅੰਧੇਰੇ ਘੋਰ ਕਾਇਆ ਮੰਦਰ ਡੂੰਘੀ ਕੰਦਰ ਫੋਲ ਫੁਲਾਈਆ । ਸਾਚੇ ਮਾਰਗ ਦੇਵਾਂ ਤੋਰ, ਰਾਹ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਬਣ ਬਰਦਾ ਸੇਵ ਕਮਾਈਆ । ਬਰਦਾ ਬਣਾਂ ਪਾ ਖ਼ਾਕ, ਪਾਕੀ ਪਾਕ ਰੂਪ ਵਟਾਇੰਦਾ । ਤੇਰੀ ਕਿਰਪਾ ਖੋਲ੍ਹਾਂ ਤਾਕ, ਆਤਮ ਪਰਮਾਤਮ ਪੜਦਾ ਲਾਹਿੰਦਾ । ਪੂਰਾ ਕਰਾਂ ਭਵਿਖਤ ਵਾਕ, ਪੂਰਬ ਲੇਖਾ ਪੰਧ ਮੁਕਾਇੰਦਾ । ਨਾਤਾ ਤੋੜ ਜ਼ਾਤ ਪਾਤ, ਪਾਰਬ੍ਰਹਮ ਬ੍ਰਹਮ ਜੀਵ ਜੰਤ ਸਮਝਾਇੰਦਾ । ਕਲਜੁਗ ਮੇਟ ਅੰਧੇਰੀ ਰਾਤ, ਸਤਿਜੁਗ ਸਾਚਾ ਚੰਦ ਚੜ੍ਹਾਇੰਦਾ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਸ੍ਰਿਸ਼ਟ ਸਬਾਈ ਗਾਏ ਇਕੋ ਗਾਥ, ਢੋਲਾ ਸੋਹਲਾ ਤੇਰਾ ਨਾਮ ਪੜ੍ਹਾਇੰਦਾ । ਭਗਤ ਭਗਵੰਤ ਮਿਲੇ ਇਕੋ ਦਾਤ, ਦੂਜੀ ਵੰਡ ਨਾ ਕੋਇ ਵੰਡਾਇੰਦਾ । ਊਚ ਨੀਚ ਰਾਉ ਰੰਕ ਬਣਾ ਇਕ ਜਮਾਤ, ਪੱਟੀ ਇਕੋ ਇਕ ਵਖਾਇੰਦਾ । ਨਿਰਗੁਣ ਸਰਗੁਣ ਬੱਝੇ ਨਾਤ, ਨਾਤਾ ਬਿਧਾਤਾ ਜੋੜ ਜੁੜਾਇੰਦਾ । ਕੂੜਾ ਕਲਜੁਗ ਛੱਡੇ ਨਾਤ, ਕੂੜੀ ਕਿਰਿਆ ਧੱਕਾ ਲਾਇੰਦਾ । ਚਾਰ ਕੁੰਟ ਦਹਿ ਦਿਸ਼ਾ ਵੇਖ ਖੇਲ ਤਮਾਸ਼, ਖ਼ਾਲਕ ਖ਼ਲਕ ਤੇਰੇ ਰੰਗ ਰੰਗਾਇੰਦਾ । ਤੂੰ ਸਰਬ ਜੀਆਂ ਪਿਤਾ ਮਾਤ, ਆਦਿ ਜੁਗਾਦੀ ਇਕ ਅਖਵਾਇੰਦਾ । ਤੁਧ ਬਿਨ ਕੋਇ ਨਾ ਪੁੱਛੇ ਵਾਤ, ਸਿਰ ਹੱਥ ਨਾ ਕੋਇ ਟਿਕਾਇੰਦਾ । ਮੈਂ ਲੈ ਕੇ ਜਾਵਾਂ ਤੇਰੀ ਦਾਤ, ਸੋਹੰ ਮੰਤਰ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਇੰਦਾ । ਤੇਰਾ ਰਾਹ ਤੱਕਣ ਸਮੁੰਦ ਸਾਗਰ, ਨੇਤਰ ਨੈਣ ਨੈਣ ਤਰਸਾਈਆ । ਤੂੰ ਵਸਣਹਾਰਾ ਡੂੰਘੀ ਗਾਗਰ, ਬੇਅੰਤ ਬੇਪਰਵਾਹੀਆ । ਤੇਰਾ ਆਦਿ ਜੁਗਾਦੀ ਖੇਲ ਜਗਤ ਸੌਦਾਗਰ, ਬਣ ਵਣਜਾਰਾ ਵੇਖ ਵਖਾਈਆ । ਤੇਰਾ ਨਾਉਂ ਕਰਤਾ ਕਾਦਰ, ਕੁਦਰਤ ਤੇਰਾ ਰੰਗ ਦਰਸਾਈਆ । ਤੂੰ ਜੋਧਾ ਸੂਰਬੀਰ ਬਹਾਦਰ, ਬਲ ਆਪਣਾ ਆਪ ਪਰਗਟਾਈਆ । ਤੂੰ ਪਿਸਰ ਪਿਦਰ ਮਾਦਰ, ਬੇਪਰਵਾਹ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਝੋਲੀ ਡਾਹੀਆ । ਦੇ ਵਸਤ ਅਨਮੋਲ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਸਤਿਜੁਗ ਸਚ ਦਵਾਰ ਜਾ ਕੇ ਖੋਲ੍ਹ, ਸ੍ਰੀ ਭਗਵਾਨ ਆਪ ਸਮਝਾਇੰਦਾ । ਸਤਿਜੁਗ ਸਾਚਾ ਤੋਲ ਤੋਲ, ਕੰਡਾ ਤੇਰੇ ਹੱਥ ਫੜਾਇੰਦਾ । ਸੋਹੰ ਸ਼ਬਦ ਵਜੌਣਾ ਢੋਲ, ਢੋਲਕ ਛੈਣਾ ਨਾ ਕੋਈ ਰਖਾਇੰਦਾ । ਬਜਰ ਕਪਾਟੀ ਪੜਦਾ ਦੇਣਾ ਖੋਲ੍ਹ, ਜਨ ਭਗਤਾਂ ਰਾਹ ਜਣਾਇੰਦਾ । ਤੇਰੇ ਕੋਲ ਵਸਤ ਅਨਮੋਲ, ਅਨਮੁਲੜੀ ਦਾਤ ਝੋਲੀ ਪਾਇੰਦਾ । ਕੋਈ ਨਾ ਜਾਣੇ ਪੰਡਤ ਪਾਂਧਾ ਰੌਲ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਤ ਕੋਈ ਨਾ ਆਇੰਦਾ । ਤੇਰਾ ਮੇਰਾ ਇਕੋ ਕੌਲ, ਸਾਚੀ ਕਰਨੀ ਆਪ ਸਮਝਾਇੰਦਾ । ਦਏ ਦਲਾਸਾ ਧਰਨੀ ਧਰਤ ਧਵਲ ਧੌਲ, ਤੇਰਾ ਹੌਲਾ ਭਾਰ ਕਰਾਇੰਦਾ । ਹਰ ਘਟ ਅੰਦਰ ਜਾਣਾ ਮੌਲ, ਮੌਲਾ ਇਕੋ ਰੰਗ ਵਖਾਇੰਦਾ । ਬੋਧ ਅਗਾਧਾ ਸ਼ਬਦ ਲੈਣਾ ਬੋਲ, ਅੰਤਰ ਆਤਮ ਆਪ ਜਣਾਇੰਦਾ । ਸਚ ਪ੍ਰੀਤੀ ਘੋਲੀ ਘੋਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਆਪ ਚੁਕਾਇੰਦਾ । ਸਾਚਾ ਲੇਖਾ ਦੱਸ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਧੁਰ ਸੰਦੇਸਾ ਇਕ ਗਿਆਨ, ਇਕੋ ਇਕ ਪੜ੍ਹਾਈਆ । ਸ਼ਾਹੋ ਭੂਪ ਰਾਜ ਰਾਜਾਨ, ਸ਼ਹਿਨਸ਼ਾਹ ਹੁਕਮ ਜਣਾਈਆ । ਕਲਜੁਗ ਅੰਤਮ ਮੇਟ ਨਿਸ਼ਾਨ, ਸਤਿਜੁਗ ਰੰਗ ਰੰਗਾਈਆ । ਜਾ ਕੇ ਭਗਤਾਂ ਕਰ ਪਰਵਾਨ, ਪਹਿਲੋਂ ਆਪਣਾ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸੁਣਾਈਆ । ਸਚ ਸੰਦੇਸਾ ਦੇਵੇ ਪੁਰਖ, ਪਰਖੋਤਮ ਆਪ ਜਣਾਈਆ । ਹਰਖ ਨਾ ਕੋਈ ਸੋਗ ਨਾ ਕੋਈ ਪਰਖ, ਪ੍ਰੀਖਿਆ ਵਿਚ ਕਦੇ ਨਾ ਆਈਆ । ਭਗਤ ਦਵਾਰੇ ਜਾ ਕੇ ਕਰ ਦਰਸ, ਦੀਦ ਈਦ ਚੰਦ ਰੁਸ਼ਨਾਈਆ । ਆਪੇ ਮਿਹਰਵਾਨ ਅੰਮ੍ਰਿਤ ਮੇਘ ਦੇਵੇ ਬਰਸ, ਕਰੋੜ ਛਿਆਨਵੇ ਨੈਣ ਸ਼ਰਮਾਈਆ । ਤੇਰੀ ਸਾਚੀ ਕਰੇ ਚੜ੍ਹਤ, ਚੜ੍ਹਦੀਆਂ ਕਲਾ ਆਪ ਵਖਾਈਆ । ਤੇਰਾ ਕੋਈ ਨਾ ਮੰਗੇ ਧੜਤ, ਜਗਤ ਦੁਕਾਨ ਨਾ ਕੋਈ ਵਖਾਈਆ । ਤੇਰੀ ਆਪਣੇ ਨਾਲ ਕਰੇ ਲਿਖਤ ਪੜ੍ਹਤ, ਦੂਜਾ ਖਾਤਾ ਹੋਰ ਨਾ ਕੋਈ ਵਖਾਈਆ । ਵੇਖੀਂ ਡਰਕੇ ਨਾ ਜਾਈਂ ਪਰਤ, ਪਾਰਬ੍ਰਹਮ ਪ੍ਰਭ ਆਪ ਸਮਝਾਈਆ । ਜਨ ਭਗਤ ਲਾ ਕੇ ਬੈਠੇ ਸ਼ਰਤ, ਲੋਕਮਾਤ ਖੇਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਤਿਵਾਦੀ ਰਿਹਾ ਜਣਾਈਆ । ਸਤਿ ਸਤਿਵਾਦੀ ਦੱਸੇ ਮੀਤ, ਮਿੱਤਰ ਪਿਆਰਾ ਆਪ ਜਣਾਇੰਦਾ । ਸਾਚਾ ਗਾਉਣਾ ਇਕੋ ਗੀਤ, ਗੋਬਿੰਦ ਰਾਗ ਅਲਾਇੰਦਾ । ਅੰਤਮ ਨਾਤਾ ਤੁਟੇ ਮੰਦਰ ਮਸੀਤ, ਸ਼ਿਵਦਵਾਲਾ ਮੱਠ ਮਾਣ ਨਾ ਕੋਈ ਰਖਾਇੰਦਾ । ਘਰ ਪਾਰਬ੍ਰਹਮ ਬੈਠਾ ਰਹੇ ਅਤੀਤ, ਤ੍ਰੈਗੁਣ ਨਾਤਾ ਤੋੜ ਤੁੜਾਇੰਦਾ । ਸਤਿਜੁਗ ਤੇਰੀ ਸੱਚੀ ਰੀਤ, ਸਾਹਿਬ ਸੁਲਤਾਨ ਆਪ ਲਗਾਇੰਦਾ । ਢੋਲਾ ਗਾਉਣਾ ਸੋਹੰ ਗੀਤ, ਰਾਗ ਤਾਲ ਨਾ ਕੋਈ ਵਜਾਇੰਦਾ । ਪਿਛਲੀ ਕੀਤੀ ਪਿਛੇ ਗਈ ਬੀਤ, ਅਗਲੀ ਕਹਾਣੀ ਆਪਣੇ ਹੱਥ ਰਖਾਇੰਦਾ । ਅਬਿਨਾਸ਼ੀ ਕਰਤਾ ਬੀਠਲੋ ਬੀਠ, ਬੇਅੰਤ ਬੇਪਰਵਾਹ ਆਪਣੀ ਧਾਰ ਚਲਾਇੰਦਾ । ਮਿਹਰਵਾਨ ਵਸੇ ਸਦਾ ਨਜ਼ਦੀਕ, ਨਿਝ ਨੇਤਰ ਦਰਸ ਦਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਆਪ ਸੁਣਾਇੰਦਾ । ਸਚ ਸੰਦੇਸਾ ਸੁਣ ਸਤਿਜੁਗ, ਸਤਿ ਸਤਿ ਧਿਆਨ ਲਗਾਇਆ । ਪ੍ਰਭ ਤੇਰੇ ਭਗਤ ਮੇਲਾਂ ਚੁੱਕ ਚੁੱਕ, ਲੱਖ ਚੁਰਾਸੀ ਖੋਜ ਖੁਜਾਇਆ । ਅੰਦਰ ਵੜਾਂ ਲੁਕ ਲੁਕ, ਆਪਣਾ ਮੁਖ ਛੁਪਾਇਆ । ਸਚ ਸਨੇਹੁੜਾ ਤੇਰਾ ਨਾਮ ਦੇਵਾਂ ਨਿਮਸਕਾਰ ਕਰਾਂ ਝੁਕ ਝੁਕ, ਝੁਕ ਝੁਕ ਮਾਣ ਅਭਿਮਾਨ ਗਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮੇਰਾ ਸੰਗ ਲੈਣ ਨਿਭਾਇਆ । ਸ੍ਰੀ ਭਗਵਾਨ ਵਡ ਦਾਤਾਰ, ਦਇਆਨਿਧ ਅਖਵਾਈਆ । ਆਪਣੀ ਹੱਥੀਂ ਦਏ ਪਿਆਰ, ਬਾਲੇ ਰਿਹਾ ਵਡਿਆਈਆ । ਲੋਕਮਾਤ ਕਰ ਵਿਹਾਰ, ਬਿਵਹਾਰੀ ਆਪ ਸਮਝਾਈਆ । ਮੇਰਾ ਭਗਤ ਤੇਰਾ ਅਧਾਰ, ਤੇਰਾ ਸੰਗ ਰਖਾਈਆ । ਸਦਾ ਸਦਾ ਕਰੇ ਪਿਆਰ, ਪਰੇਮ ਪ੍ਰੀਤੀ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਤੇਰੇ ਨਾਲ ਸਾਚੇ ਸੰਤ ਆਪ ਮਿਲਾਈਆ । ਸਾਚੇ ਭਗਤੋ ਉਠੋ ਜੱਗ, ਸ੍ਰੀ ਭਗਵਾਨ ਆਪ ਜਗਾਇੰਦਾ । ਹੰਸ ਬਣੇ ਹੋਏ ਕੱਗ, ਕਾਗੋਂ ਹੰਸ ਬਣਾਇੰਦਾ । ਸੋਹੰ ਮੋਤੀ ਮਾਣਕ ਚੋਗ ਚੁਗੋ ਰੱਜ, ਤ੍ਰਿਸਨਾ ਭੁੱਖ ਮੁਕਾਇੰਦਾ । ਕਰੋ ਦਰਸ ਉਪਰ ਸ਼ਾਹ ਰਗ, ਸ਼ਹਿਨਸ਼ਾਹ ਇਕੋ ਨਜ਼ਰੀ ਆਇੰਦਾ । ਕੂੜੀ ਕਿਰਿਆ ਦੇਵੋ ਤਜ, ਸਚ ਸੁੱਚ ਦ੍ਰਿੜਾਇੰਦਾ । ਅੰਤਮ ਸੇਜਾ ਚੜ੍ਹੋ ਭੱਜ, ਪਾਰਬ੍ਰਹਮ ਬ੍ਰਹਮ ਰਾਹ ਤਕਾਇੰਦਾ । ਸਚ ਦਵਾਰੇ ਬਹਿਣਾ ਸਜ, ਸਤਿਗੁਰ ਆਪਣਾ ਮੇਲ ਮਿਲਾਇੰਦਾ । ਬਿਨ ਮੱਕੇ ਕਾਅਬਿਉਂ ਕਰਾਏ ਹੱਜ, ਹੁਜਰਾ ਇਕੋ ਇਕ ਵਖਾਇੰਦਾ । ਅੰਮ੍ਰਿਤ ਜਾਮ ਪੀਓ ਰੱਜ, ਸਚ ਪਿਆਲਾ ਹੱਥ ਫੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਆਪ ਜਗਾਇੰਦਾ । ਉਠੋ ਭਗਤੋ ਕਰੋ ਧਿਆਨ, ਸ੍ਰੀ ਭਗਵਾਨ ਰਿਹਾ ਜਗਾਈਆ । ਬਿਨ ਪੜ੍ਹਿਆਂ ਦੇਵੇ ਗਿਆਨ, ਨਿਜ ਨੇਤਰ ਆਪ ਖੁਲ੍ਹਾਈਆ । ਨਾਤਾ ਤੋੜੇ ਸ਼ਰਅ ਈਮਾਨ,

ਦੀਨ ਮਜ਼੍ਹਬ ਮੋਹ ਮਿਟਾਈਆ । ਨਜ਼ਰ ਆਏ ਇਕ ਭਗਵਾਨ, ਭਾਵੀ ਹੋਰ ਨਾ ਕੋਇ ਡਰਾਈਆ । ਸਚ ਧਰਮ ਦਾ ਸਚ ਨਿਸ਼ਾਨ, ਸਤਿ ਸਤਿਵਾਦੀ ਆਪ ਵਖਾਈਆ । ਆਵਣ ਜਾਵਣ ਲੇਖਾ ਚੁੱਕੇ ਦੋ ਜਹਾਨ, ਲੱਖ ਚੁਰਾਸੀ ਮਾਤ ਗਰਭ ਦੇਵੇ ਨਾ ਕੋਇ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਉਠੋ ਭਗਤੋ ਖੋਲ੍ਹੋ ਅੱਖ, ਸ੍ਰੀ ਭਗਵਾਨ ਆਪ ਖੁਲ੍ਹਾਇੰਦਾ । ਪਾਰਬ੍ਰਹਮ ਪ੍ਰਭ ਪਰਗਟ ਹੋਇਆ ਪਰਤੱਖ, ਪਰਤੱਖ ਖੇਲ ਵਖਾਇੰਦਾ । ਜਿਉਂ ਭਾਵੇ ਤਿਉਂ ਲਏ ਰੱਖ, ਆਪ ਆਪਣੀ ਕਲ ਧਰਾਇੰਦਾ । ਲੱਖ ਚੁਰਾਸੀ ਨਾਲੋਂ ਹੋਵੇ ਵੱਖ, ਵੱਖਰਾ ਰਾਹ ਚਲਾਇੰਦਾ । ਆਤਮ ਪਰਮਾਤਮ ਮਾਰਗ ਦੇਵੇ ਦਸ, ਦਹਿ ਦਿਸ਼ਾ ਪੰਧ ਮੁਕਾਇੰਦਾ । ਮਨ ਮਨੂਆ ਹੰਕਾਰੀ ਜਾਏ ਢੱਠ, ਮਤ ਮਤਵਾਲੀ ਪੰਧ ਮੁਕਾਇੰਦਾ । ਬੁਧ ਬਿਬੇਕੀ ਜਾਣੇ ਮਿਤਗਤ, ਗਤਮਿਤ ਆਪਣੀ ਧਾਰ ਰਖਾਇੰਦਾ । ਦੇਵਣਹਾਰਾ ਧੀਰਜ ਸੰਤੋਖ ਸਤਿ, ਜਤ ਇਕੋ ਇਕ ਜਣਾਇੰਦਾ । ਨਾੜ ਬਹੱਤਰ ਨਾ ਉਬਲੇ ਰੱਤ, ਰੱਤੀ ਰੱਤ ਵੇਖ ਵਖਾਇੰਦਾ । ਅੰਤਰ ਆਤਮ ਪਰਮਾਤਮ ਦੇਵੇ ਬ੍ਰਹਮ ਮਤ, ਬ੍ਰਹਮ ਵਿਦਿਆ ਇਕ ਪੜ੍ਹਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰੋੜ ਤੇਤੀਸਾ ਚਰਨੀਂ ਜਾਏ ਢੱਠ, ਕਿਸੇ ਸੀਸ ਨਾ ਕੋਇ ਝੁਕਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਬੱਸ, ਬਸਤੇ ਸਭ ਦੇ ਆਪ ਬੰਧਾਇੰਦਾ । ਪਰਗਟ ਹੋ ਪੁਰਖ ਸਮਰਥ, ਸਤਿਜੁਗ ਆਪਣਾ ਰਾਹ ਚਲਾਇੰਦਾ । ਜੀਵ ਜੰਤ ਚੜ੍ਹਾਏ ਇਕੋ ਰਥ, ਬਣ ਰਥਵਾਹੀ ਸੇਵ ਕਮਾਇੰਦਾ । ਏਥੇ ਓਥੇ ਰੱਖਣਹਾਰਾ ਪੱਤ, ਪਤਿਪਰਮੇਸ਼ਵਰ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਅਲਾਇੰਦਾ । ਉਠੋ ਭਗਤੋ ਮਾਰੋ ਝਾਕ, ਹਰਿ ਝਾਕੀ ਆਪ ਜਣਾਈਆ । ਪ੍ਰਭ ਖੋਲ੍ਹਣ ਆਇਆ ਬੰਦ ਤਾਕ, ਬਜਰ ਕਪਾਟੀ ਤੋੜ ਤੁੜਾਈਆ । ਮੰਦਰ ਅੰਦਰ ਵਖਾਏ ਆਪਣਾ ਹਾਟ, ਚੌਦਾਂ ਲੋਕ ਨੈਣ ਸ਼ਰਮਾਈਆ । ਨਿਰਮਲ ਜੋਤ ਕਰ ਪਰਕਾਸ਼, ਆਦਿ ਨਿਰੰਜਣ ਦੀਪ ਡਗਮਗਾਈਆ । ਅੰਮ੍ਰਿਤ ਆਤਮ ਦੇਵੇ ਬੂੰਦ ਸਵਾਂਤ, ਨਿਝਰ ਝਿਰਨਾ ਆਪ ਝਿਰਾਈਆ । ਅਨਹਦ ਸ਼ਬਦ ਵਜਾਏ ਨਾਦ, ਅਨਰਾਗੀ ਰਾਗ ਸੁਣਾਈਆ । ਮੇਟ ਮਿਟਾਏ ਵਾਦ ਵਿਵਾਦ, ਰੇਖ ਰੂਪ ਰਹਿਣ ਨਾ ਪਾਈਆ । ਦਰਸ ਦਿਖਾਏ ਬਹੁ ਬਿਧ ਭਾਂਤ, ਜੋਤੀ ਜਾਤਾ ਸੱਚਾ ਸ਼ਹਿਨਸ਼ਾਹੀਆ । ਨਜ਼ਰੀ ਆਏ ਇਕ ਇਕਾਂਤ, ਇਕ ਇਕੱਲਾ ਆਸਣ ਲਾਈਆ । ਸਚ ਸੁਣਾਏ ਆਪਣੀ ਗਾਥ, ਸੋਹੰ ਢੋਲਾ ਇਕ ਪੜ੍ਹਾਈਆ । ਪਿਛਲਾ ਚੁੱਕੇ ਪੂਜਾ ਪਾਠ, ਮੰਤਰ ਇਕੋ ਨਾਮ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਮੰਦਰ ਇਕ ਦਰਸਾਈਆ । ਉਠੋ ਭਗਤੋ ਵੇਖੋ ਮਹੱਲ, ਉਪਰ ਮਹਿਫ਼ਲ ਆਪ ਲਗਾਇੰਦਾ । ਨਿਰਗੁਣ ਵਸੇ ਇਕ ਅਟੱਲ, ਦੂਜਾ ਨਜ਼ਰ ਕੋਇ ਨਾ ਆਇੰਦਾ । ਨਾਉਂ ਰਖਾਏ ਸਦਾ ਅਸਥਲ, ਜੋਤੀ ਜੋਤ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਇਕੋ ਇਕ ਦਰਸਾਇੰਦਾ । ਉਠੋ ਭਗਤੋ ਵੇਖੋ ਅਟਾਰੀ, ਛੱਪਰ ਛੰਨ ਨਾ ਕੋਇ ਛੁਹਾਈਆ । ਜਗਾਏ ਜੋਤ ਆਪ ਨਿਰੰਕਾਰੀ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਜੁਗ ਜੁਗ ਵੇਖੇ ਖੇਲ ਅਪਾਰੀ, ਪੀਰ ਪੈਗ਼ੰਬਰ ਆਪਣੀ ਧਾਰ ਚਲਾਈਆ । ਸਤਿਜੁਗ ਸਾਚੇ ਆਈ ਵਾਰੀ, ਆਪਣੀ ਵਾਰਤਾ ਰਿਹਾ ਸੁਣਾਈਆ । ਸੰਤ ਭਗਤ ਭਗਵਾਨ ਖੇਲ ਨਿਆਰੀ, ਕੋਈ ਸਮਝ ਨਾ ਸਕੇ ਰਾਈਆ । ਮਨ ਮਤ ਬੁਧ ਠੱਗਣਹਾਰੀ, ਠਗੌਰੀ ਇਕੋ ਇਕ ਦਸਾਈਆ । ਭਗਤ ਆਤਮ ਸਦਾ ਕਵਾਰੀ, ਬਿਨ ਭਗਵਾਨ ਨਾ ਕਿਸੇ ਪਰਨਾਈਆ । ਲੱਖ ਚੁਰਾਸੀ ਜੂਏ ਬਾਜ਼ੀ ਹਾਰੀ, ਜਿਤ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ


੯੭੮
੧੩

ਭਗਤਾਂ ਭੇਵ ਖੁਲ੍ਹਾਈਆ । ਉਠੋ ਭਗਤੋ ਵੇਖੋ ਭੇਵ, ਅਭੇਦੀ ਆਪ ਜਣਾਇੰਦਾ । ਪਾਰਬ੍ਰਹਮ ਪ੍ਰਭ ਅਲੱਖ ਅਭੇਵ, ਨਿਰਗੁਣ ਰੂਪ ਵਟਾਇੰਦਾ । ਦਾਤਾ ਦਾਨੀ ਵਡ ਦੇਵੀ ਦੇਵ, ਦੇਵਤ ਸੁਰ ਪੰਧ ਮੁਕਾਇੰਦਾ । ਵਸਣਹਾਰਾ ਨਿਹਚਲ ਧਾਮ ਸਦਾ ਨਿਹਕੇਵ, ਨਰ ਨਰਾਇਣ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪਣੇ ਹੱਥ ਰਖਾਇੰਦਾ । ਉਠੋ ਭਗਤੋ ਕਰੋ ਸੰਗ, ਸਗਲਾ ਸੰਗ ਨਿਭਾਈਆ । ਆਪਣਾ ਦਵਾਰਾ ਵੇਖੋ ਲੰਘ, ਘਰ ਬੈਠਾ ਬੇਪਰਵਾਹੀਆ । ਪਾਰਬ੍ਰਹਮ ਦੇ ਗਾਓ ਛੰਦ, ਤੂੰ ਮੇਰਾ ਮੈਂ ਤੇਰਾ ਦੂਜੀ ਵੰਡ ਨਾ ਕੋਇ ਵੰਡਾਈਆ । ਨਿਜ ਆਤਮ ਮਾਣੋ ਇਕ ਅਨੰਦ, ਨਿਜਾਨੰਦ ਰਸ ਵਖਾਈਆ । ਦੂਈ ਦਵੈਤੀ ਢਾਓ ਕੰਧ, ਭਾਂਡਾ ਭਰਮ ਭੰਨਾਈਆ । ਲੇਖਾ ਚੁਕੇ ਜੇਰਜ ਅੰਡ, ਉਤਭੁਜ ਸੇਤਜ ਰਹਿਣ ਨਾ ਪਾਈਆ । ਚਾਰੇ ਬਾਣੀ ਮੁੱਕੇ ਪੰਧ, ਪਰਾ ਪਸੰਤੀ ਮਧਮ ਬੈਖਰੀ ਬੈਠੀ ਸੀਸ ਝੁਕਾਈਆ । ਦਰਸਨ ਪਾਓ ਦਵਾਰੇ ਸਚਖੰਡ, ਸਚ ਦਵਾਰ ਇਕੋ ਨਜ਼ਰੀ ਆਈਆ । ਮੇਲ ਮੇਲੇ ਸੂਰਾ ਸੂਰਾ ਸਰਬੰਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤਾਂ ਰਿਹਾ ਉਠਾਈਆ । ਭਗਤੋ ਉਠੋ ਕਰੋ ਵਿਚਾਰ, ਹਰਿ ਵਿਚਾਰ ਵਿਚ ਕਿਸੇ ਨਾ ਆਈਆ । ਸੋਚ ਸੋਚ ਗਏ ਗੁਰੂ ਅਵਤਾਰ, ਸੋਚ ਵਿਚ ਪੰਧ ਨਾ ਕੋਇ ਮੁਕਾਈਆ । ਬੇਅੰਤ ਬੇਅੰਤ ਬੇਅੰਤ ਕਹਿ ਕਹਿ ਗਏ ਪੁਕਾਰ, ਅੰਤ ਲਿਖਣ ਵਿਚ ਨਾ ਆਈਆ । ਦੋਏ ਦੋਏ ਜੋੜ ਕਰਦੇ ਗਏ ਨਿਮਸਕਾਰ, ਸਜਦਾ ਸੀਸ ਝੁਕਾਈਆ । ਤੇਰਾ ਲੇਖਾ ਬੇਅੰਤ ਪਾਰਾਵਾਰ, ਭੇਵ ਅਭੇਦ ਨਾ ਕੋਇ ਖੁਲ੍ਹਾਈਆ । ਸਾਰੇ ਮੰਗਦੇ ਗਏ ਦੀਦਾਰ, ਨੇਤਰ ਨੈਣ ਨੈਣ ਉਠਾਈਆ । ਜੁਗ ਚੌਕੜੀ ਬਣ ਲਿਖਾਰ, ਲੇਖਾ ਜੀਵ ਜੰਤ ਸਮਝਾਈਆ । ਕਲਜੁਗ ਅੰਤਮ ਨਿਹਕਲੰਕ ਲਏ ਅਵਤਾਰ, ਕਲ ਕਲਕੀ ਫੇਰਾ ਪਾਈਆ । ਸਾਚੇ ਭਗਤ ਲਏ ਉਠਾਲ, ਭਗਵਨ ਆਪਣੇ ਰੰਗ ਰੰਗਾਈਆ । ਸਾਚੇ ਸੰਤਾਂ ਕਰੇ ਵਸਾਲ, ਵਸਲ ਇਕੋ ਇਕ ਵਖਾਈਆ । ਗੁਰਮੁਖਾਂ ਚਲੇ ਨਾਲ ਨਾਲ, ਅੰਦਰ ਬਾਹਰ ਹੋਏ ਸਹਾਈਆ । ਗੁਰਸਿਖਾਂ ਬਣੇ ਆਪ ਦਲਾਲ, ਸ਼ਬਦ ਸਰੂਪੀ ਸੇਵ ਕਮਾਈਆ । ਨਾਤਾ ਤੋੜ ਸ਼ਾਹ ਕੰਗਾਲ, ਸ਼ਹਿਨਸ਼ਾਹ ਇਕ ਰੰਗ ਚੜ੍ਹਾਈਆ । ਸਚ ਦਵਾਰ ਵਖਾਏ ਸੱਚੀ ਧਰਮਸਾਲ, ਕਾਇਆ ਮੰਦਰ ਅੰਦਰ ਘਰ ਘਰ ਵਿਚ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤ ਭਗਵਾਨ ਮੇਲ ਮਿਲਾਵਾ ਸਚ ਸਮਝਾਈਆ । ਭਗਤ ਜਨਾਂ ਜਗ ਸਾਚਾ ਮੇਲਾ, ਮਿਲਣੀ ਜਗਦੀਸ ਕਰਾਇੰਦਾ । ਸਾਹਿਬ ਸਤਿਗੁਰ ਸੱਜਣ ਸੁਹੇਲਾ, ਨਿਰਗੁਣ ਆਪਣਾ ਰੰਗ ਰੰਗਾਇੰਦਾ । ਵਸਣਹਾਰਾ ਧਾਮ ਨਵੇਲਾ, ਲੋਕਮਾਤ ਫੇਰਾ ਪਾਇੰਦਾ । ਲੇਖਾ ਜਾਣ ਗੁਰੂ ਗੁਰ ਚੇਲਾ, ਚੇਲਾ ਗੁਰ ਵੰਡ ਵੰਡਾਇੰਦਾ । ਕੱਟਣਹਾਰਾ ਧਰਮ ਰਾਏ ਦੀ ਜੇਲਾ, ਬੰਦੀਖ਼ਾਨਾ ਤੋੜ ਤੁੜਾਇੰਦਾ । ਆਪਣੇ ਹੱਥ ਰੱਖੇ ਆਪਣਾ ਵੇਲਾ, ਵਾਰ ਥਿਤ ਨਾ ਕਿਸੇ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧਰਨੀ ਧਰਤ ਧਵਲ ਸਿਰ ਆਪਣਾ ਹੱਥ ਟਿਕਾਇੰਦਾ । ਧਰਨੀ ਧਰਤ ਧਵਲ ਰੱਖ ਉਡੀਕ, ਸਮੁੰਦ ਸਾਗਰ ਉਚੇ ਟਿੱਲੇ ਆਪ ਜਣਾਈਆ । ਸਤਿਜੁਗ ਤੇਰੀ ਗੋਦੀ ਬਹੇ ਠੀਕ, ਲੋਕਮਾਤ ਫੇਰਾ ਪਾਈਆ । ਭਗਤ ਭਗਵਾਨ ਬੰਨ੍ਹਾਏ ਪ੍ਰੀਤ, ਪ੍ਰੀਤੀ ਇਕੋ ਇਕ ਜਣਾਈਆ । ਜ਼ਿਮੀਂ ਅਸਮਾਨ ਰਲ ਕੇ ਗੌਣਾ ਗੀਤ, ਸੋਹੰ ਢੋਲਾ ਇਕ ਵਡਿਆਈਆ । ਲੇਖਾ ਚੁਕਾਏ ਤ੍ਰੈਗੁਣ ਅਤੀਤ, ਪੰਜ ਤੱਤ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਥਾਉਂ ਥਾਈਂਆ । ਧਰਨੀ ਧਰਤ ਧਵਲ ਨਾ ਹੋ ਨਿਰਾਸ, ਨਿਰਗੁਣ ਆਸਾ

ਇਕ ਰਖਾਇੰਦਾ । ਕੂੜੀ ਕਿਰਿਆ ਤੇਰੀ ਬੁਝੇ ਤਰਾਸ, ਤ੍ਰਿਸਨਾ ਰੋਗ ਆਪ ਮਿਟਾਇੰਦਾ । ਸਤਿ ਸਤਿਵਾਦੀ ਸਤਿਜੁਗ ਵਸੇ ਤੇਰੇ ਪਾਸ, ਸ੍ਰੀ ਭਗਵਾਨ ਆਪ ਵਸਾਇੰਦਾ । ਭਗਤ ਭਗਵਾਨ ਲੇਖਾ ਜਾਣੇ ਖ਼ਾਸ, ਖ਼ਾਲਸ ਆਪਣੇ ਰੰਗ ਰੰਗਾਇੰਦਾ । ਸਤਿ ਧਰਮ ਦੀ ਲਾਏ ਸਾਖ਼, ਸ਼ਹਿਨਸ਼ਾਹ ਆਪਣਾ ਹੁਕਮ ਮਨਾਇੰਦਾ । ਕੂੜੀ ਕਿਰਿਆ ਮੇਟ ਰਾਤ, ਚੰਦ ਚਾਂਦਨਾ ਇਕ ਚਮਕਾਇੰਦਾ । ਲੱਖ ਚੁਰਾਸੀ ਸ਼ਬਦ ਸਵਾਸ ਗਾਥ, ਅੰਤਰ ਆਤਮ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਕਰਤਾ ਆਪ ਕਮਾਇੰਦਾ । ਧਰਨੀ ਧਰਤ ਧਵਲ ਕਹੇ ਪ੍ਰਭ ਛੇਤੀ ਕਰ, ਸ਼ਹਿਨਸ਼ਾਹ ਦੁੱਖ ਨਾ ਝੱਲਿਆ ਜਾਈਆ । ਚਾਰੋਂ ਕੁੰਟ ਆਏ ਡਰ, ਕੂੜ ਕੁੜਿਆਰੇ ਰਹੇ ਡਰਾਈਆ । ਸਾਧ ਸੰਤ ਡੂੰਘੀ ਭਵਰੀ ਗਏ ਵੜ, ਬਾਹਰ ਸਕੇ ਨਾ ਕੋਇ ਕਢਾਈਆ । ਕਾਮ ਕਰੋਧ ਦਾ ਵਹੇ ਹੜ, ਮਾਇਆ ਮਮਤਾ ਨਾਲ ਰਲਾਈਆ । ਸਭ ਦੀ ਉਖੜਨ ਵਾਲੀ ਜੜ, ਫੇਰ ਸਕੇ ਨਾ ਕੋਇ ਲਗਾਈਆ । ਕਿਰਪਾਨਿਧ ਠਾਕਰ ਸਵਾਮੀ ਠੱਗ ਚੋਰ ਯਾਰ ਫੜ, ਆਪ ਆਪਣਾ ਬਲ ਧਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰਾਂ ਕੋਲੋਂ ਹੋ ਗਏ ਨਡਰ, ਸਿਰ ਭੈ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਫੇਰਾ ਪਾਈਆ । ਧਰਨੀ ਧਰਤ ਧਵਲ ਨਾ ਨੇਤਰ ਰੋ, ਨਰ ਨਰਾਇਣ ਆਪ ਸਮਝਾਇੰਦਾ । ਗੁਰ ਦੁਰਮਤ ਮੁਖੜਾ ਦੇਵੇ ਧੋ, ਸਵੱਛ ਸਰੂਪੀ ਰੂਪ ਧਰਾਇੰਦਾ । ਅੰਮ੍ਰਿਤ ਰਸ ਦੇਵੇ ਚੋ, ਤੇਰੀ ਤ੍ਰਿਸਨਾ ਭੁੱਖ ਮਿਟਾਇੰਦਾ । ਸਾਚਾ ਢੋਆ ਦੇਵੇ ਢੋ, ਵਸਤ ਤੇਰੀ ਝੋਲੀ ਪਾਇੰਦਾ । ਸਤਿਜੁਗ ਬੀਜ ਦੇਵੇ ਬੋ, ਸਤਿ ਸਰੂਪੀ ਆਪ ਸੁਣਾਇੰਦਾ । ਨਾਮ ਦੇਵੇ ਸੋਹੰ ਸੋ, ਸੋ ਪੁਰਖ ਨਿਰੰਜਣ ਖੇਲ ਖਲਾਇੰਦਾ । ਜਨ ਭਗਤ ਜੋਗਾ ਆਪੇ ਹੋ, ਭਗਵਾਨ ਆਪਣਾ ਸੰਗ ਰਖਾਇੰਦਾ । ਲੋਆਂ ਪੁਰੀਆਂ ਕਰੇ ਲੋ, ਪਰਕਾਸ਼ ਪਰਕਾਸ਼ ਵਿਚੋਂ ਪਰਗਟਾਇੰਦਾ । ਚਰਨ ਕਵਲ ਤੇਰੇ ਨਾਲ ਜਾਏ ਛੋਹ, ਛਹਿਬਰ ਇਕੋ ਇਕ ਲਗਾਇੰਦਾ । ਪਿਛਲੀ ਵਸਤੂ ਸਭ ਦੇ ਕੋਲੋਂ ਲਵੇ ਖੋਹ, ਖ਼ਾਲੀ ਹੱਥ ਸਰਬ ਫਿਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਮਗਰੀ ਆਪਣੇ ਹੱਥ ਵਖਾਇੰਦਾ ।

### ❇ ੨੦ ਫੱਗਣ ੨੦੧੯ ਬਿਕ੍ਰਮੀ ਜਸਵੰਤ ਸਿੰਘ ਦੇ ਗ੍ਰਿਹ ਔਰੰਗਾਬਾਦ ❇

ਫੁੱਲ ਕਹੇ ਪ੍ਰਭ ਤੇਰੇ ਨਾਲ ਛੂਹ, ਸ਼ਹਿਨਸ਼ਾਹ ਮਿਲੀ ਵਡਿਆਈਆ । ਮੇਰੀ ਬਦਲ ਗਈ ਖ਼ੁਸ਼ਬੂ, ਖ਼ੁਸ਼ਨੂਦੀ ਇਕੋ ਨਜ਼ਰੀ ਆਈਆ । ਮੈਂ ਬਨਾਸਪਤ ਛੱਡੀ ਜੂਹ, ਚਰਨ ਸਰਨ ਮਿਲੀ ਸਰਨਾਈਆ । ਮੇਰੀ ਬਖ਼ਸ਼ੀ ਗਈ ਰੂਹ, ਦਰ ਤੇਰੇ ਸੇਵ ਕਮਾਈਆ । ਨਾ ਹਾਂ ਰਹੀ ਨਾ ਹੂੰ, ਮੈਂ ਤੂੰ ਨਾ ਕੋਇ ਦਰਸਾਈਆ । ਜਿਧਰ ਵੇਖਾਂ ਨਜ਼ਰੀ ਆਏਂ ਤੂ ਹੀ ਤੂੰ, ਤੁਧ ਬਿਨ ਨਜ਼ਰ ਨਾ ਕੋਇ ਉਠਾਈਆ । ਮੇਰਾ ਖ਼ੁਸ਼ੀ ਹੋਇਆ ਲੂੰ ਲੂੰ, ਪੰਖੜੀ ਪੰਖੜੀ ਨਾਚ ਨਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਮੇਰੇ ਉਤੇ ਉਠਾਈਆ । ਫੁਲ ਕਹੇ ਮੇਰੀ ਪੰਖੜੀ ਪੱਤ, ਪਤ ਪਤਵੰਤ ਤੇਰੀ ਸੇਵ ਕਮਾਈਆ । ਧੰਨ ਭਾਗ ਮੇਰੀ ਲੇਖੇ ਲੱਗੀ ਰੱਤ, ਤੇਰੇ ਚਰਨਾਂ ਘੋਲ ਘੁਮਾਈਆ । ਖੰਡ ਖੰਡ ਹੋ ਕੇ ਚਰਨ ਦਵਾਰੇ ਗਿਆ ਢੱਠ, ਆਪਣਾ ਮੂਲ ਮੁਕਾਈਆ । ਅੱਗੇ ਜਿਉਂ ਭਾਵੇ ਤਿਉਂ ਰੱਖ, ਮੇਰੀ ਚਲੇ ਨਾ ਕੋਇ ਚਤਰਾਈਆ । ਮੈਂ ਤੇਰੇ ਚਰਨਾਂ ਸਬਰ ਬੈਠਾ

ਘੱਤ, ਤੂੰ ਸਬਰ ਯਾਰੜਾ ਸੇਜ ਹੰਢਾਈਆ । ਮੇਰਾ ਲਹਿਣਾ ਦੇਣਾ ਮੁਕਿਆ ਡਾਲੀ ਪਤ, ਕੰਡਾ ਤਨ ਨਾ ਕੋਇ ਚੁਭਾਈਆ । ਮੈਂ ਸੁਣ ਕੇ ਆਇਆ ਤੇਰਾ ਜਸ, ਜਸ ਤੇਰਾ ਵੇਦ ਪੁਰਾਨ ਨਾ ਸਕੇ ਗਾਈਆ । ਹੋ ਨਿਮਾਣਾ ਚਰਨੀ ਗਿਆ ਢੱਠ, ਆਪਣਾ ਆਪ ਮਿਟਾਈਆ । ਇਕ ਤੇਰਾ ਨਾਮ ਲਵਾਂ ਰਟ, ਰੱਟਾ ਮੁੱਕੇ ਜਗਤ ਲੋਕਾਈਆ । ਮੈਂ ਵਿਕਿਆ ਤੇਰੇ ਹੱਟ, ਕਰਤਾ ਕੀਮਤ ਆਪੇ ਪਾਈਆ । ਮੈਨੂੰ ਮਾਰਗ ਦੇਣਾ ਦੱਸ, ਦਰ ਇਕੋ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਦਰ ਮਿਲੇ ਵਡਿਆਈਆ । ਦਰ ਤੇਰੇ ਆ ਕੇ ਹੋਇਆ ਸ਼ਹੀਦ, ਸ਼ਹਾਦਤ ਆਪਣੀ ਆਪ ਜਣਾਇੰਦਾ । ਮੇਰੀ ਇਕੋ ਅੰਤਮ ਈਦ, ਆਦਰਸ਼ ਤੇਰਾ ਨਜ਼ਰੀ ਆਇੰਦਾ । ਆਪਣੇ ਹੱਥੀਂ ਕੱਟ ਕੇ ਦੇ ਰਸੀਦ, ਤੇਰਾ ਲੇਖਾ ਕੋਈ ਰਹਿਣ ਨਾ ਪਾਇੰਦਾ । ਮੇਰੀ ਜਨਮ ਜਨਮ ਦੀ ਚੁਕੇ ਨੀਂਦ, ਆਲਸ ਰੂਪ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸੱਚਾ ਵਰ, ਦਰ ਤੇਰੇ ਆਸ ਰਖਾਇੰਦਾ । ਫੁਲ ਕਹੇ ਮੇਰੀ ਪੱਤੀ ਡੋਡੀ, ਤੇਰਾ ਧਿਆਨ ਲਗਾਈਆ । ਤੇਰਾ ਭੇਵ ਨਾ ਜਾਣੇ ਕੋਈ ਗਿਆਨੀ ਬੋਧੀ, ਪੜ੍ਹ ਪੜ੍ਹ ਸਾਰ ਕਿਸੇ ਨਾ ਆਈਆ । ਮੇਰੀ ਆਤਮ ਪਰਮਾਤਮ ਸੋਧੀ, ਸੁਧ ਆਪਣੇ ਚਰਨ ਲਗਾਈਆ । ਦੂਜੇ ਘਰ ਮੇਰੀ ਕੀਮਤ ਹੋਵੇ ਨਾ ਕੌਡੀ, ਖ਼ਾਕੀ ਖ਼ਾਕ ਖ਼ਾਕ ਮਿਲਾਈਆ । ਤੇਰਾ ਲੇਖਾ ਜਾਣਿਆ ਵੇਦੀ ਸੋਢੀ, ਨਾਨਕ ਗੋਬਿੰਦ ਗਿਆ ਸਮਝਾਈਆ । ਬੇਸ਼ਕ ਮੈਂ ਚੜ੍ਹ ਕੇ ਬਹਿਵਾ ਉਚੀ ਚੋਟੀ, ਬੋਦੀ ਵਿਚ ਕੰਡਿਆਂ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਦੇਣਾ ਨਾਮ ਵਰ, ਦਰ ਤੇਰੇ ਮਿਲੇ ਵਡਿਆਈਆ । ਫੁੱਲ ਕਹੇ ਮੈਂ ਲਾਲ ਗੁਲਾਬੀ, ਗੁਲਸ਼ਨ ਵਿਚ ਸੁਹਾਇੰਦਾ । ਤੇਰਾ ਨੂਰ ਆਫ਼ਤਾਬੀ, ਤਾਬ ਨਾ ਕੋਇ ਲਿਆਇੰਦਾ । ਪਾਰਬ੍ਰਹਮ ਪਤਿਪਰਮੇਸ਼ਵਰ ਮੇਰੀ ਬਦਲ ਦੇ ਹਯਾਤੀ, ਤੇਰੇ ਚਰਨਾਂ ਸੀਸ ਨਿਵਾਇੰਦਾ । ਆਵਣ ਜਾਵਣ ਲੱਖ ਚੁਰਾਸੀ ਵਿਚੋਂ ਮਿਲੇ ਆਜ਼ਾਦੀ, ਇਕੋ ਤੇਰਾ ਧਿਆਨ ਲਗਾਇੰਦਾ । ਮੈਂ ਨਾ ਜਾਣਾ ਮਾਤ ਪਿਤਾ ਪਿਉ ਦਾਦੀ, ਕਵਣ ਮੈਨੂੰ ਗੋਦ ਉਠਾਇੰਦਾ । ਮੈਂ ਸੁਣਿਆ ਸਚ ਤੇਰੀ ਆਦਿ ਜੁਗਾਦੀ ਇਕੋ ਵਾਦੀ, ਜਨ ਭਗਤਾਂ ਮੇਲ ਮਿਲਾਇੰਦਾ । ਸ੍ਰੀ ਭਗਵਾਨ ਮੈਂ ਵੀ ਤੇਰੇ ਦਰ ਦਾ ਬਣਿਆ ਹਾਜੀ, ਦਰ ਤੇਰੇ ਫੇਰਾ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਵਾਸਤਾ ਪਾਇੰਦਾ । ਫੁੱਲ ਕਹੇ ਮੇਰਾ ਰੰਗ ਫਿਕਾ, ਨਜ਼ਰ ਕਿਸੇ ਨਾ ਆਈਆ । ਬੇਸ਼ਕ ਮੈਂ ਵਜੂਦੋਂ ਨਿੱਕਾ, ਪਿਆਰ ਵਿਚ ਤੇਰਾ ਰਾਹ ਤਕਾਈਆ । ਮੇਰਾ ਮੇਰੇ ਭਗਵਾਨ ਮੇਰੀ ਝੋਲੀ ਪਾ ਦੇ ਹਿੱਸਾ, ਕਿਉਂ ਬੈਠਾ ਮੁਖ ਛੁਪਾਈਆ । ਪਿਛੋਂ ਤੇਰਾ ਕਹਾਣੀ ਰਹਿ ਜਾਏ ਕਿੱਸਾ, ਹਾਜ਼ਰ ਹਜ਼ੂਰ ਹਜ਼ਰਤ ਤੇਰਾ ਮੇਲਾ ਇਕ ਗੋਸਾਈਆ । ਤੇਰੇ ਚਰਨ ਕਵਲ ਦਵਾਰ ਰਸ ਮਿਲਿਆ ਮਿਠਾ, ਅੰਮ੍ਰਿਤ ਇਕੋ ਨਜ਼ਰੀ ਆਈਆ । ਵੇਖੀਂ ਕਰਵਟ ਬਦਲ ਨਾ ਦੇਵੀਂ ਪਿਠਾ, ਪੁਸ਼ਤ ਮੇਰੇ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮਿਲੇ ਵਡਿਆਈਆ । ਫੁੱਲ ਕਹੇ ਮੈਂ ਕੰਡਾ ਖ਼ਾਰ, ਮੇਰਾ ਭੇਵ ਕੋਇ ਨਾ ਪਾਇੰਦਾ । ਮੇਰਾ ਗੁਲਸ਼ਨ ਮੇਰਾ ਗ਼ੁੰਚਾ ਤੇਰਾ ਰੂਪ ਵੇਖਾਂ ਬਹਾਰ, ਬਿਹਬਲ ਹੋ ਹੋ ਧਿਆਨ ਲਗਾਇੰਦਾ । ਤੇਰਾ ਵਿਛੋੜਾ ਤੇਰਾ ਵੈਰਾਗ ਕਰੇ ਖ਼ਵਾਰ, ਖ਼ਵਾਰੀ ਵਿਚ ਨੀਰ ਵਹਾਇੰਦਾ । ਕਵਣ ਵੇਲਾ ਮਿਲੇ ਪ੍ਰਭ ਸਾਂਝਾ ਯਾਰ, ਸਗਲਾ ਸੰਗ ਨਿਭਾਇੰਦਾ । ਜੁਗ ਚੌਕੜੀ ਬੀਤੇ ਵਿਚ ਸੰਸਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪੰਧ ਮੁਕਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਗਲ ਵਿਚ ਪਾ ਪਾ ਗਏ

ਹਾਰ, ਮੇਰੀ ਹਾਰ ਜਿਤ ਵਿਚ ਨਾ ਕੋਇ ਲਿਆਇੰਦਾ । ਸ਼ਾਹ ਸੁਲਤਾਨਾਂ ਨੌਜਵਾਨਾਂ ਬਿਰਧ ਬਾਲਾਂ ਕਰਿਆ ਤਨ ਸ਼ੰਗਾਰ, ਸੁਹੰਦਾ ਆਪਣੇ ਅੰਗ ਰਖਾਇੰਦਾ । ਜਿਧਰ ਵੇਖਿਆ ਚਾਰੋਂ ਕੁੰਟ ਅੰਤ ਪੈਂਦੀ ਮੈਨੂੰ ਮਾਰ, ਫੜ ਫੜ ਬਾਂਹੋਂ ਸਰਬ ਬਾਹਰ ਕਢਾਇੰਦਾ । ਦੁਖੀ ਹੋ ਕੇ ਆਇਆ ਤੇਰੇ ਦਰਬਾਰ, ਦਰ ਆ ਕੇ ਸੀਸ ਨਿਵਾਇੰਦਾ । ਪੰਖੜੀ ਪੰਖੜੀ ਹੋ ਕੇ ਡਿਗਾ ਮੂੰਹ ਦੇ ਭਾਰ, ਆਪਣਾ ਬਲ ਨਾ ਕੋਇ ਜਣਾਇੰਦਾ । ਮੇਰੀ ਹਾਲਤ ਵੇਖ ਗ਼ਮਖ਼ਾਰ, ਗ਼ਮਗ਼ੀਨ ਦਿਲਗੀਰ ਦਰ ਤੇਰੇ ਨੇਤਰ ਨੀਰ ਵਹਾਇੰਦਾ । ਮੈਂ ਵੇਖ ਹੋਇਆ ਸ਼ਰਮਸਾਰ, ਮਿਹਰਵਾਨ ਨੇਤਰ ਨੈਣ ਅੱਖ ਨਾ ਕੋਇ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾਇੰਦਾ । ਸਾਚੀ ਸਿਖਿਆ ਸੁਣ ਫੁੱਲ, ਸ੍ਰੀ ਭਗਵਾਨ ਆਪ ਜਣਾਈਆ । ਤੇਰਾ ਅੰਤਮ ਪਏ ਮੁੱਲ, ਕਰਤਾ ਕੀਮਤ ਆਪ ਚੁਕਾਈਆ । ਲੋਕਮਾਤ ਨਾ ਜਾਏਂ ਰੁੱਲ, ਖ਼ਾਕੀ ਖ਼ਾਕ ਨਾ ਕੋਇ ਮਿਲਾਈਆ । ਤੂੰ ਦਰ ਤੇ ਆਇਉਂ ਭੁੱਲ, ਪ੍ਰਭ ਭੁਲਿਆਂ ਮਾਰਗ ਪਾਈਆ । ਲੇਖੇ ਲਾਏ ਤੇਰੀ ਕੁਲ, ਕੁਲਵੰਤਾ ਬੇਪਰਵਾਹੀਆ । ਤੇਰਾ ਬੂਟਾ ਨਾ ਜਾਏ ਹੁਲ, ਪਤ ਡਾਲੀ ਆਪ ਮਹਿਕਾਈਆ । ਤੂੰ ਚਰਨ ਪ੍ਰੀਤੀ ਗਿਉਂ ਘੁਲ, ਘੋਲ ਘੋਲੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਚ ਰਿਹਾ ਜਣਾਈਆ । ਸੁਣ ਫੁਲ ਕਰ ਧਿਆਨ, ਹਰਿ ਸਤਿਗੁਰ ਆਪ ਜਣਾਇੰਦਾ । ਤੇਰੀ ਅੰਤ ਹੋਏ ਕਲਿਆਣ, ਕਰਨੀ ਕਰਤਾ ਆਪ ਕਮਾਇੰਦਾ । ਤੈਨੂੰ ਗੁਰਮੁਖਾਂ ਚਾੜ੍ਹਿਆ ਦਾਨ, ਗੁਰ ਸਤਿਗੁਰ ਵੇਖ ਵਖਾਇੰਦਾ । ਨਾਲ ਗੁਰਸਿਖਾਂ ਦੇਵੇ ਮਾਣ, ਅਭਿਮਾਨ ਰੂਪ ਨਾ ਕੋਇ ਜਣਾਇੰਦਾ । ਤੇਰੀ ਪਿਛਲੀ ਚੁੱਕੀ ਕਾਣ, ਅੱਗੇ ਆਪਣੇ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਇੰਦਾ । ਫੁੱਲ ਆਇਉਂ ਗੁਰਮੁਖ ਹੱਥ, ਤੈਨੂੰ ਮਿਲੇ ਵਡਿਆਈਆ । ਤੇਰੀ ਪਤ ਲਏ ਰੱਖ, ਰੱਖਿਆ ਕਰੇ ਹਰ ਘਟ ਥਾਈਂਆ । ਤੇਰੀ ਮਹਿਮਾਂ ਅਕਥ, ਕਥਨੀ ਕਥ ਨਾ ਸਕੇ ਰਾਈਆ । ਤੂੰ ਸੇਵਾ ਕਰੀ ਪੁਰਖ ਸਮਰਥ, ਸਮਰਥ ਆਪਣੀ ਝੋਲੀ ਪਾਈਆ । ਤੂੰ ਡਾਲੀ ਨਾਲੋਂ ਆਇਆਂ ਲੱਥ, ਘਰ ਸਾਚੇ ਵੱਜੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੀ ਪੰਖੜੀ ਆਪਣੇ ਚਰਨ ਛੁਹਾਈਆ । ਸਾਚੇ ਫੁਲ ਤੇਰਾ ਗੁਰਮੁਖ ਸੰਗੀ, ਹਰਿ ਸਤਿਗੁਰ ਆਪ ਜਣਾਇੰਦਾ । ਤੇਰੀ ਖੇਲ ਸਦਾ ਬਹੁ ਰੰਗੀ, ਭੇਵ ਅਭੇਦ ਖੁਲ੍ਹਾਇੰਦਾ । ਮਿਲੇ ਦਾਤ ਮੂੰਹੋਂ ਮੰਗੀ, ਆਵਣ ਜਾਵਣ ਪੰਧ ਕਟਾਇੰਦਾ । ਤੇਰੀ ਜਨਮ ਜਨਮ ਦੀ ਕੱਟੇ ਤੰਗੀ, ਦੁੱਖ ਸੁਖ ਵਿਚ ਬਦਲਾਇੰਦਾ । ਤੇਰੀ ਪਿਠ ਨਾ ਹੋਵੇ ਨੰਗੀ, ਸਿਰ ਆਪਣਾ ਹੱਥ ਟਿਕਾਇੰਦਾ । ਦੀਨ ਦਿਆਲ ਸਦਾ ਬਖ਼ਸ਼ੰਦੀ, ਬਖ਼ਸ਼ਸ਼ ਇਕੋ ਇਕ ਵਰਤਾਇੰਦਾ । ਵੇਖ ਖੇਲ ਵਿਚ ਵਰਭੰਡੀ, ਬ੍ਰਹਿਮੰਡੀ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਫੂਲ ਤੇਰਾ ਨਾਉਂ ਵਡ ਵਡਿਆਇੰਦਾ । ਸਾਚੇ ਫੂਲ ਤੇਰਾ ਗੁਰਸਿਖ ਸਹਾਰਾ, ਤੇਰਾ ਸੰਗ ਮਿਲਾਈਆ । ਦੋਹਾਂ ਵਿਚੋਲਾ ਆਪ ਨਿਰੰਕਾਰਾ, ਨਿਰਗੁਣ ਸਰਗੁਣ ਵੇਖ ਵਖਾਈਆ । ਪਰੇਮ ਨਾਲ ਕਰੇ ਪਿਆਰਾ, ਪਿਆਰ ਪਰੇਮ ਨਾਲ ਵਟਾਈਆ । ਨੇਤਰ ਵੇਖੇ ਖੋਲ੍ਹ ਉਘਾੜਾ, ਅੱਖ ਪਰਤੱਖ ਰੂਪ ਪਰਗਟਾਈਆ । ਕਾਗ਼ਜ਼ ਕਲਮ ਨਾ ਲਿਖਣਹਾਰਾ, ਬਨਾਸਪਤ ਨੇਤਰ ਨੈਣਾਂ ਨੀਰ ਵਹਾਈਆ । ਜਿਸ ਸਾਹਿਬ ਸਤਿਗੁਰ ਮਿਲਿਆ ਪੀਰ ਜ਼ਾਹਰਾ, ਤਿਸ ਅੱਗੇ ਚਲੇ ਨਾ ਕੋਇ ਚਤਰਾਈਆ । ਜਿਸ ਦਾ ਨਾਉਂ ਜਪਦੇ ਗਏ ਗੁਰ ਅਵਤਾਰਾ, ਪੀਰ ਪੈਗ਼ੰਬਰ ਢੋਲਾ ਰਾਗ ਅਲਾਈਆ । ਸੋ ਪਰਗਟ ਹੋਇਆ ਮਹਾਂਬਲੀ ਅਵਤਾਰਾ, ਨਿਰਗੁਣ ਆਪਣਾ ਰੂਪ ਵਟਾਈਆ ।


੯੮੨
੧੩

ਕਰ ਕਿਰਪਾ ਜਿਸ ਚਾਹੇ ਤਿਸ ਕਰੇ ਪਾਰ ਉਤਾਰਾ, ਜਨਮ ਮਰਨ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਰਬ ਵਡਿਆਈਆ । ਫੁਲ ਨਿਮਾਣਾ ਪਿਆ ਹੱਸ, ਹੱਸ ਹੱਸ ਖ਼ੁਸ਼ੀ ਮਨਾਇੰਦਾ । ਸ੍ਰੀ ਭਗਵਾਨ ਮੈਂ ਹੋਇਆ ਭਗਤਾਂ ਵਸ, ਤੇਰੇ ਭਗਤਾਂ ਨਾਲ ਹੱਥ ਮਿਲਾਇੰਦਾ । ਦੋਹਾਂ ਅੰਦਰ ਗਿਉਂ ਵਸ, ਦੂਜਾ ਰੰਗ ਨਾ ਕੋਇ ਰਖਾਇੰਦਾ । ਕੀ ਗਾਈਏ ਤੇਰਾ ਜਸ, ਜਸ ਗਾਇਆਂ ਤੇਰਾ ਅੰਤ ਨਾ ਕੋਇ ਪਾਇੰਦਾ । ਤੇਰੀ ਵਡਿਆਈ ਸਚਖੰਡ ਦਵਾਰਿਉਂ ਆਏਂ ਨੱਠ, ਗ਼ਰੀਬ ਨਿਮਾਣਿਆਂ ਗਲੇ ਲਗਾਇੰਦਾ । ਮੇਰੀ ਪੰਖੜੀ ਮੇਰੀ ਡੋਡੀ ਮੇਰਾ ਫੂਲ ਮੇਰਾ ਕਵਲ ਫੜ ਆਪਣੇ ਹੱਥ, ਆਪ ਆਪਣੀ ਗੋਦ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਿਤਾ ਇਕ ਵਰ, ਮੇਰੀ ਪਿਛਲੀ ਪੂਰੀ ਆਸ ਕਰਾਇੰਦਾ । ਸੁਣ ਫੁੱਲ ਹਰਿ ਦੀ ਗੱਲ, ਹਰਿ ਜੂ ਆਪ ਜਣਾਈਆ । ਜੁਗ ਚੌਕੜੀ ਖੇਲ ਅਛਲ ਅਛੱਲ, ਭੇਵ ਕਿਸੇ ਨਾ ਆਈਆ । ਤੂੰ ਗੁਰਮੁਖਾਂ ਨਾਲ ਗਿਉਂ ਰਲ, ਗੁਰਮੁਖ ਤੇਰਾ ਸੰਗ ਨਿਭਾਈਆ । ਦੋਹਾਂ ਮਿਲੇ ਇਕੋ ਫਲ, ਇਕੋ ਵਸਤੂ ਝੋਲੀ ਪਾਈਆ । ਵੇਖਣਹਾਰ ਜੰਗਲ ਜੂਹ ਉਜਾੜ ਪਹਾੜ ਡੂੰਘੀ ਡਲ, ਉਚੇ ਟਿੱਲੇ ਪਰਬਤ ਫੇਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖ ਫੁਲਵਾੜੀ ਆਪ ਮਹਿਕਾਈਆ । ਉਠ ਫੁਲ ਵੇਖ ਗੁਰਮੁਖ ਰੰਗ, ਸੋ ਸਤਿਗੁਰ ਆਪ ਰੰਗਾਇੰਦਾ । ਆਤਮ ਸੇਜਾ ਸੋਹੇ ਪਲੰਘ, ਉਤੇ ਤੇਰੀ ਬਰਖਾ ਲਾਇੰਦਾ । ਨਿਰਗੁਣ ਹੋ ਕੇ ਅੰਦਰ ਲੰਘ, ਨਿਰਵੈਰ ਆਪਣੀ ਕਲ ਧਰਾਇੰਦਾ । ਸ਼ਬਦ ਅਗੰਮ ਵਜਾਏ ਮਰਦੰਗ, ਅਨਹਦ ਰਾਗ ਸੁਣਾਇੰਦਾ । ਅੰਮ੍ਰਿਤ ਧਾਰ ਵਹੇ ਗੰਗ, ਨਿਝਰ ਝਿਰਨਾ ਆਪ ਝਿਰਾਇੰਦਾ । ਆਤਮ ਪਰਮਾਤਮ ਇਕ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਇੰਦਾ । ਢੋਲਾ ਸੁਣਾਏ ਇਕੋ ਛੰਦ, ਤੂੰ ਮੇਰਾ ਮੈਂ ਤੇਰਾ ਦੂਜਾ ਰੂਪ ਨਾ ਕੋਇ ਵਖਾਇੰਦਾ । ਜੁਗ ਜਨਮ ਦੀ ਟੁੱਟੀ ਗੰਢ, ਜਗਤ ਆਪਣਾ ਮੇਲ ਮਿਲਾਇੰਦਾ । ਬੰਦੀਖ਼ਾਨਾ ਤੋੜ ਬੰਦ, ਬੰਦਸ਼ ਆਪਣੇ ਨਾਮ ਪਾਇੰਦਾ । ਲੇਖਾ ਚੁਕੇ ਗੌਣਾ ਬੱਤੀ ਦੰਦ, ਜਿਸ ਜਨ ਆਪਣਾ ਦਰਸ ਦਿਖਾਇੰਦਾ । ਕਰ ਪਰਕਾਸ਼ ਨਿਰਗੁਣ ਚੰਦ, ਜੋਤ ਨਿਰੰਜਣ ਡਗਮਗਾਇੰਦਾ । ਪਿਛਲੀ ਜਗਤ ਨਾਲ ਗਈ ਹੰਢ, ਅੱਗੇ ਗੁਰਮੁਖਾਂ ਮੇਲ ਮਿਲਾਇੰਦਾ । ਏਥੇ ਓਥੇ ਮੁੱਕੇ ਪੰਧ, ਅਧਵਿਚਕਾਰ ਨਾ ਕੋਇ ਅਟਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਇੰਦਾ । ਫੁਲ ਕਹੇ ਮੇਰੇ ਵੱਡੇ ਭਾਗ, ਗੁਰਮੁਖਾਂ ਸੰਗ ਰਖਾਇਆ । ਮੇਰਾ ਸੱਜਣ ਮਿਲਿਆ ਸਾਕ, ਘਰ ਸਾਹਿਬ ਇਕੋ ਪਾਇਆ । ਮੇਰਾ ਬੰਦ ਖੁਲਿਆ ਤਾਕ, ਅੰਧ ਅੰਧੇਰ ਮੁਕਾਇਆ । ਮੈਂ ਨੇਤਰ ਵੇਖਿਆ ਝਾਕ, ਪਾਰਬ੍ਰਹਮ ਪ੍ਰਭ ਇਕੋ ਨਜ਼ਰੀ ਆਇਆ । ਮੇਰੀ ਲੇਖੇ ਲੱਗੇ ਰਾਖ, ਪੱਤ ਡਾਲੀ ਪਰੇਮ ਪ੍ਰੀਤੀ ਵਿਚ ਭਸਮ ਕਰਾਇਆ । ਚਰਨ ਕਵਲ ਬੱਝੇ ਨਾਤ, ਨਾ ਕੋਈ ਤੋੜੇ ਤੋੜ ਤੁੜਾਇਆ । ਲੇਖਾ ਲਿਖਿਆ ਜਗਤ ਵਿਹਾਰ ਕਲਮ ਦਵਾਤ, ਬਿਨ ਕਲਮ ਸ਼ਾਹੀ ਰੰਗ ਚੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮੇਰਾ ਲੇਖਾ ਅੰਤ ਮੁਕਾਇਆ । ਲੇਖਾ ਅੰਤਮ ਮੁਕਿਆ ਗੁਲ, ਲੋਕਮਾਤ ਰਹਿਣ ਨਾ ਪਾਈਆ । ਹਰਿ ਜੂ ਖੇਲ ਕਰੇ ਅਨਮੁਲ, ਅਨਮੁਲੜੀ ਦਾਤ ਵਰਤਾਈਆ । ਅੰਮ੍ਰਿਤ ਆਤਮ ਨਾ ਜਾਏ ਡੁੱਲ, ਗ੍ਰਿਹ ਮੰਦਰ ਆਪ ਟਿਕਾਈਆ । ਸਤਿ ਦਵਾਰਾ ਗਿਆ ਖੁਲ੍ਹ, ਖ਼ਾਲਕ ਖ਼ਲਕ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਜਗਤ ਵਡਿਆਈਆ । ਜਗਤ ਵਡਿਆਈ ਭਗਤ ਭਗਵਾਨ,

ਭੈ ਭੰਜਨ ਭੇਵ ਜਣਾਇੰਦਾ । ਸਾਚਾ ਮੇਲਾ ਜੀਵ ਜਹਾਨ, ਜਾਗਰਤ ਜੋਤ ਜੋਤ ਡਗਮਗਾਇੰਦਾ । ਆਤਮ ਪਰਮਾਤਮ ਦੇ ਗਿਆਨ, ਅੱਖਰ ਵੱਖਰ ਆਪ ਪੜ੍ਹਾਇੰਦਾ । ਸਚ ਵਖਾਏ ਇਕ ਮਕਾਨ, ਛੱਪਰ ਛੰਨ ਨਾ ਕੋਇ ਛੁਹਾਇੰਦਾ । ਦੀਵਾ ਬਾਤੀ ਜਗੇ ਮਹਾਨ, ਅਗੰਮ ਅਥਾਹ ਬੇਪਰਵਾਹ ਆਪਣਾ ਨੂਰ ਪਰਗਟਾਇੰਦਾ । ਸੰਤ ਸਾਜਣ ਕਰ ਪਰਵਾਨ, ਗੁਰਮੁਖ ਆਪਣੇ ਅੰਗ ਲਗਾਇੰਦਾ । ਗੁਰਸਿਖਾਂ ਬਖ਼ਸ਼ੇ ਚਰਨ ਧਿਆਨ, ਚਰਨੋਦਕ ਮੁਖ ਚੁਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਰ ਦਾਤਾ ਇਕੋ ਇਕ ਅਖਵਾਇੰਦਾ । ਵਰ ਦਾਤਾ ਹਰਿ ਗਹਿਰ ਗੰਭੀਰ, ਗੁਣਵੰਤਾ ਵਡ ਵਡਿਆਈਆ । ਸਭ ਦਾ ਲੇਖਾ ਵੇਖੇ ਅਖ਼ੀਰ, ਆਖ਼ਰ ਆਪਣਾ ਮੇਲ ਮਿਲਾਈਆ । ਭਗਤ ਭਗਵਾਨ ਚੋਟੀ ਚਾੜ੍ਹੇ ਫੜ ਅਖ਼ੀਰ, ਜਗਤ ਜਹਾਨ ਭਗਤ ਹੱਦ ਮੁਕਾਈਆ । ਨਾਤਾ ਤੋੜ ਸ਼ਰਅ ਜ਼ੰਜੀਰ, ਸਾਖਿਆਤ ਦਰਸ ਦਿਖਾਈਆ । ਆਵਣ ਜਾਵਣ ਕੱਟ ਭੀੜ, ਲੱਖ ਚੁਰਾਸੀ ਫੰਦ ਕਟਾਈਆ । ਅੰਮ੍ਰਿਤ ਆਤਮ ਬਖ਼ਸ਼ ਸੀਰ, ਤ੍ਰਿਸਨਾ ਭੁੱਖ ਗਵਾਈਆ । ਬਦਲਣਹਾਰ ਆਪ ਤਕਦੀਰ, ਤਦਬੀਰ ਆਪਣੀ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲੇਖਾ ਆਪ ਚੁਕਾਈਆ । ਹਰਿਜਨ ਲੇਖਾ ਚੁੱਕੇ ਮਾਤ, ਬਾਕੀ ਨਜ਼ਰ ਕੋਇ ਨਾ ਆਇਆ । ਜਿਸ ਜਨ ਬਖ਼ਸ਼ੇ ਨਾਮ ਦਾਤ, ਤਿਸ ਆਪਣਾ ਰੰਗ ਰੰਗਾਇਆ । ਦਰਸ ਦਿਖਾਏ ਬਹੁ ਬਿਧ ਭਾਂਤ, ਰੂਪ ਅਨੂਪ ਆਪ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖ ਸੰਤ ਸੁਹੇਲੇ ਫੜ, ਗੁਰ ਚੇਲੇ ਆਪਣੀ ਗੰਢ ਪਵਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਲਗਾਇਆ ਆਪਣੇ ਲੜ, ਪੌੜੇ ਸਾਚੇ ਫੜ ਚੜ੍ਹਾਇਆ ।



### ❇ ੨੦ ਫੱਗਣ ੨੦੧੯ ਬਿਕ੍ਰਮੀ ਜਗਜੀਤ ਸਿੰਘ ਦੇ ਗ੍ਰਿਹ ਔਰੰਗਾਬਾਦ ❇

ਗੁਰਸਿਖ ਬਾਲ ਸਦਾ ਅਞਾਣ, ਬਾਲੀ ਬੁਧ ਰਖਾਈਆ । ਗੁਰ ਸ਼ਬਦ ਚਤਰ ਸੁਘੜ ਸੁਜਾਨ, ਸਦਾ ਸਦਾ ਸਮਝਾਈਆ । ਸਾਹਿਬ ਸਤਿਗੁਰ ਹੋ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਨਾਮ ਨਿਧਾਨਾ ਦੇ ਗਿਆਨ, ਕਰੇ ਸਚ ਪੜ੍ਹਾਈਆ । ਮੰਦਰ ਵਖਾਏ ਇਕ ਅਸਥਾਨ, ਸਚ ਦਵਾਰ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਬਾਲੇ ਵੇਖ ਵਖਾਈਆ । ਗੁਰਮੁਖ ਬਾਲਾ ਨਿੱਕਾ ਨੱਢਾ, ਜੁਗ ਜੁਗ ਵੇਖ ਵਖਾਇੰਦਾ । ਪ੍ਰੇਮ ਪਿਆਰ ਅੰਦਰ ਬੱਧਾ, ਆਪਣਾ ਬੰਧਨ ਪਾਇੰਦਾ । ਲੱਖ ਚੁਰਾਸੀ ਵਿਚੋਂ ਕੱਢਾ, ਆਪਣੇ ਰੰਗ ਰੰਗਾਇੰਦਾ । ਆਵਣ ਜਾਵਣ ਪਾਰ ਕਰਾਏ ਹੱਦਾ, ਘਰ ਸਾਚੇ ਮੇਲ ਮਿਲਾਇੰਦਾ । ਆਪਣੀ ਉਪਜਾਏ ਸਾਚੀ ਯੱਦਾ, ਵਿਸ਼ਵ ਆਪਣਾ ਰਾਹ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਆਪਣਾ ਖੇਲ ਵਖਾਇੰਦਾ । ਗੁਰਮੁਖ ਬਾਲਾ ਬਾਲੀ ਬੁਧ, ਬਚਪਨ ਹਰਿ ਜਣਾਈਆ । ਬੁਧ ਬਿਬੇਕੀ ਦੇਵੇ ਸੁਧ, ਸੁਰਤੀ ਸ਼ਬਦ ਮਿਲਾਈਆ । ਆਤਮ ਪਰਮਾਤਮ ਵੇਖੇ ਕੁੱਦ, ਘਰ ਘਰ ਵਿਚ ਹੋਏ ਸਹਾਈਆ । ਆਪ ਆਪਾ ਲਏ ਬੁੱਝ, ਮਮਤਾ ਮੋਹ ਮਿਟਾਈਆ । ਹਰਿ ਚਰਨ ਪ੍ਰੀਤੀ ਜਾਏ ਰੁਝ, ਇਕੋ ਸੇਵ ਕਮਾਈਆ । ਭੇਵ ਚੁਕੇ ਆਤਮ ਪਰਮਾਤਮ ਗੁਝ, ਪੜਦਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਆਪਣੇ ਰੰਗ ਵਖਾਈਆ । ਗੁਰਸਿਖ ਨੰਨ੍ਹਾਂ ਨਿੱਕਾ ਬੱਚਾ, ਸਤਿਗੁਰ ਦੇਵੇ ਮਾਣ

ਵਡਿਆਈਆ । ਹਿਰਦੇ ਅੰਦਰ ਆਪੇ ਰਚਾ, ਰਚ ਰਚ ਵੇਖ ਵਖਾਈਆ । ਨਾਮ ਜਣਾਏ ਇਕੋ ਸੱਚਾ, ਸਾਚੀ ਸਚ ਕਰੇ ਪੜ੍ਹਾਈਆ । ਧੁਰ ਦਰਗਾਹੀ ਦੇਵੇ ਪਤਾ, ਪਾਤੀ ਇਕੋ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਲੇਖਾ ਆਪਣੇ ਹੱਥ ਰਖਾਈਆ । ਗੁਰਸਿਖ ਸਦਾ ਬਾਲ ਅਞਾਣ, ਬਾਲੀ ਬੁਧ ਰਖਾਇੰਦਾ । ਗੁਰਮੁਖ ਦੇਵੇ ਇਕ ਗਿਆਨ, ਗਿਆਨ ਅੰਤਰ ਆਤਮ ਜਣਾਇੰਦਾ । ਸਤਿ ਸਤਿਵਾਦੀ ਮਿਲੇ ਆਣ, ਸਤਿ ਸਤਿ ਭੇਵ ਖੁਲਾਇੰਦਾ । ਭਗਤ ਭਗਵਾਨ ਕਰੇ ਕਲਿਆਣ, ਨਿਹਕਰਮੀ ਕਰਮ ਕਮਾਇੰਦਾ । ਲੇਖਾ ਜਾਣ ਜੀਵ ਜਹਾਨ, ਹਰਿਜਨ ਸਾਚੇ ਖੋਜ ਖੁਜਾਇੰਦਾ । ਸ਼ਬਦ ਅਗੰਮ ਇਕ ਬਬਾਣ, ਪਾਰਬ੍ਰਹਮ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਗੁਰ ਗੁਰ ਸੇਵ ਲਗਾਇੰਦਾ । ਗੁਰਸਿਖ ਬਾਲ ਕਰੇ ਨਿਮਸਕਾਰ, ਨਿਉਂ ਨਿਉਂ ਸੀਸ ਝੁਕਾਈਆ । ਆਪਣੀ ਕਿਰਪਾ ਗੁਰ ਸਤਿਗੁਰ ਧਾਰ, ਤੇਰੀ ਧਾਰ ਸਮਝ ਵਿਚ ਨਾ ਆਈਆ । ਚਰਨ ਕਵਲ ਦੇ ਪਿਆਰ, ਪਰੇਮ ਪ੍ਰੀਤੀ ਇਕ ਸਿਖਾਈਆ । ਨੇਤਰ ਦਰਸ ਦੀਦ ਦੀਦਾਰ, ਦਰਦੀ ਦਰਦ ਵੰਡਾਈਆ । ਹਾਲ ਸੁਣ ਮੁਰੀਦਾਂ ਆਣ, ਮੁਰਸ਼ਦ ਫੇਰਾ ਪਾਈਆ । ਗ਼ਰੀਬ ਨਿਮਾਣਿਆਂ ਕਰ ਪਹਿਚਾਨ, ਪਿਛਲਾ ਦੁੱਖ ਗਵਾਈਆ । ਅਗਲਾ ਦੇ ਧੁਰ ਫ਼ਰਮਾਨ, ਸਚ ਸੰਦੇਸ ਸੁਣਾਈਆ । ਸ੍ਰੀ ਭਗਵਾਨ ਹੋ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਪੂਰਬ ਵਿਛੜੇ ਮੇਲੇ ਆਣ, ਆਪਣੇ ਅੰਗ ਲਗਾਈਆ । ਸੋਹੰ ਦਿਤਾ ਇਕ ਗਿਆਨ, ਨਾਮ ਮੰਤਰ ਦ੍ਰਿੜਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਕਰੇ ਪਰਵਾਨ, ਪਰਮ ਪੁਰਖ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖ ਬਾਲ ਗੁਰਸਿਖ ਅਞਾਣ, ਬਾਲੀ ਬੁਧ ਫੜ ਬਾਂਹੋਂ ਪਾਰ ਕਰਾਈਆ ।



### ❇ ੨੦ ਫੱਗਣ ੨੦੧੯ ਬਿਕ੍ਰਮੀ ਸਰਮੈਲ ਸਿੰਘ ਦੇ ਗ੍ਰਹਿ ਔਰੰਗਾਬਾਦ ❇

ਸਤਿਗੁਰ ਸਾਹਿਬ ਸਦਾ ਦਿਆਲ, ਦਇਆ ਧਾਰ ਅਖਵਾਇੰਦਾ । ਗੁਰ ਗੁਰ ਹੋਏ ਸਦਾ ਕਿਰਪਾਲ, ਕਰ ਕਿਰਪਾ ਵੇਖ ਵਖਾਇੰਦਾ । ਭਗਤ ਭਗਵੰਤ ਖੇਲ ਮਹਾਨ, ਸ੍ਰੀ ਭਗਵਾਨ ਆਪ ਕਰਾਇੰਦਾ । ਸੰਤ ਸੁਹੇਲੇ ਦੇਵੇ ਦਾਨ, ਨਾਮ ਨਿਧਾਨਾ ਝੋਲੀ ਪਾਇੰਦਾ । ਗੁਰਮੁਖ ਵੇਖੇ ਚਤਰ ਸੁਘੜ ਸੁਜਾਨ, ਮੂਰਖ ਮੂੜ੍ਹੇ ਧੰਦੇ ਲਾਇੰਦਾ । ਗੁਰਸਿਖ ਚਰਨ ਧੂੜੀ ਦੇਵੇ ਦਾਨ, ਵਸਤ ਅਮੋਲਕ ਝੋਲੀ ਪਾਇੰਦਾ । ਮਨਮੁਖ ਜੀਵ ਸਰਬ ਕੁਰਲਾਣ, ਧੀਰਜ ਧੀਰ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣਾ ਭੇਵ ਖੁਲ੍ਹਾਇੰਦਾ । ਸਤਿਗੁਰ ਦਾਤਾ ਜੋਧਾ ਸੂਰ, ਮਹਾਂਬਲੀ ਅਖਵਾਈਆ । ਗੁਰ ਗੁਰ ਸਦਾ ਆਸਾ ਪੂਰ, ਮਨਸਾ ਮੇਟ ਮਿਟਾਈਆ । ਭਗਤ ਭਗਵਾਨ ਮੇਲਾ ਹਾਜ਼ਰ ਹਜ਼ੂਰ, ਨਿਤ ਨਵਿਤ ਵੇਖ ਵਖਾਈਆ । ਸੰਤਨ ਨਾਤੇ ਤੋੜੇ ਕੂੜੋ ਕੂੜ, ਕੂੜੀ ਕਿਰਿਆ ਮੇਟ ਮਿਟਾਈਆ । ਗੁਰਮੁਖਾਂ ਬਖ਼ਸ਼ੇ ਚਰਨ ਧੂੜ, ਮਸਤਕ ਟਿੱਕਾ ਇਕੋ ਲਾਈਆ । ਗੁਰਸਿਖਾਂ ਮਾਣ ਗੁਰਬਤ ਤੋੜੇ ਗ਼ਰੂਰ, ਪਰੇਮ ਪ੍ਰੀਤੀ ਇਕ ਜਣਾਈਆ । ਮਨਮੁਖਾਂ ਰੱਖੇ ਦੂਰ ਦੂਰ, ਦਰ ਕੋਇ ਬਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਕਰਤਾ ਵੇਖ ਵਖਾਈਆ । ਸਤਿਗੁਰ ਸੱਚਾ ਦੀਨ ਦਿਆਲ, ਨਿਰਗੁਣ

ਨਿਰਾਕਾਰ ਅਖਵਾਇੰਦਾ । ਗੁਰ ਗੁਰ ਰੂਪ ਸ਼ਬਦ ਦਿਆਲ, ਸਰਗੁਣ ਆਪਣਾ ਬੰਧਨ ਪਾਇੰਦਾ । ਭਗਤ ਭਗਵੰਤ ਬਣ ਦਲਾਲ, ਦਰ ਘਰ ਸਾਚੇ ਮੇਲ ਮਿਲਾਇੰਦਾ । ਸੰਤਨ ਦੇਵੇ ਨਾਮ ਨਿਧਾਨ, ਵਸਤ ਅਮੋਲਕ ਝੋਲੀ ਪਾਇੰਦਾ । ਗੁਰਮੁਖਾਂ ਦੇਵੇ ਇਕ ਗਿਆਨ, ਅਗਿਆਨ ਅੰਧੇਰ ਚੁਕਾਇੰਦਾ । ਗੁਰਸਿਖਾਂ ਵੇਖੇ ਮਾਰ ਧਿਆਨ, ਨੇਤਰ ਲੋਚਣ ਨੈਣ ਖੁਲ੍ਹਾਇੰਦਾ । ਮਨਮੁਖ ਜੀਵ ਸਰਬ ਪਛਤਾਣ, ਦਰ ਢੋਈ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਕਰਤਾ ਖੇਲ ਕਰਾਇੰਦਾ । ਸਤਿਗੁਰ ਪੂਰਾ ਸਦਾ ਬਲਵਾਨ, ਬਲ ਆਪਣਾ ਆਪ ਧਰਾਈਆ । ਗੁਰ ਗੁਰ ਖੇਲ ਵਿਚ ਜਹਾਨ, ਬੋਧ ਅਗਾਧ ਪੜ੍ਹਾਈਆ । ਭਗਤ ਭਗਵਾਨ ਕਰ ਪਹਿਚਾਣ, ਮੇਲ ਮਿਲਾਏ ਬੇਪਰਵਾਹੀਆ । ਸੰਤ ਸਾਜਣ ਬਖ਼ਸ਼ ਧਿਆਨ, ਚਰਨ ਕਵਲ ਸਰਨਾਈਆ । ਗੁਰਮੁਖ ਨਾਤਾ ਤੋੜ ਸ਼ਰਅ ਸ਼ੈਤਾਨ, ਸ਼ਖ਼ਸੀਯਤ ਇਕੋ ਇਕ ਜਣਾਈਆ । ਗੁਰਸਿਖ ਰਾਗ ਸੁਣਾਏ ਕਾਨ, ਮੰਤਰ ਨਾਮ ਪੜ੍ਹਾਈਆ । ਮਨਮੁਖ ਜੀਵ ਸਰਬ ਕੁਰਲਾਣ, ਸਤਿ ਸੰਤੋਖ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣਾ ਰੰਗ ਰੰਗਾਈਆ । ਸਤਿਗੁਰ ਪੂਰਾ ਗਹਿਰ ਗੰਭੀਰ, ਗੁਣਵੰਤ ਅਖਵਾਇੰਦਾ । ਗੁਰ ਗੁਰ ਮੇਲਾ ਜੁਗ ਜੁਗ ਪੀਰ, ਪੀਰ ਪੈਗ਼ੰਬਰ ਵੇਖ ਵਖਾਇੰਦਾ । ਭਗਤ ਭਗਵਾਨ ਚੋਟੀ ਇਕ ਅਖ਼ੀਰ, ਆਖ਼ਰ ਆਪ ਚੜ੍ਹਾਇੰਦਾ । ਸੰਤ ਸਾਜਣ ਬੇਨਜ਼ੀਰ, ਨਿਰਗੁਣ ਨੂਰ ਨੂਰ ਦਰਸਾਇੰਦਾ । ਗੁਰਮੁਖਾਂ ਕੱਟ ਮਾਤ ਭੀੜ, ਮਾਰਗ ਸਾਚੇ ਲਾਇੰਦਾ । ਗੁਰਸਿਖਾਂ ਲੇਖਾ ਚੁਕਾ ਸ਼ਾਹ ਹਕੀਰ, ਇਕੋ ਰੰਗ ਵਖਾਇੰਦਾ । ਮਨਮੁਖ ਜੀਵ ਸਦਾ ਦਿਲਗੀਰ, ਸਚ ਭਰਵਾਸਾ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਆਪਣਾ ਭੇਵ ਚੁਕਾਇੰਦਾ । ਮਨਮੁਖ ਨੇਤਰ ਰੋਵੇ ਨੀਰ, ਨੈਣ ਰਹੇ ਕੁਰਲਾਈਆ । ਗੁਰਸਿਖ ਮਿਲੇ ਇਕੋ ਧੀਰ, ਸਾਂਤਕ ਸਤਿ ਜਣਾਈਆ । ਗੁਰਮੁਖ ਪੜਦਾ ਚੀਰ, ਆਪਣਾ ਘਰ ਦਰਸਾਈਆ । ਸੰਤ ਸਾਜਣ ਮੇਟ ਲਕੀਰ, ਦਵੈਤੀ ਪੰਧ ਚੁਕਾਈਆ । ਭਗਤ ਭਗਵਾਨ ਨਾਮ ਸ਼ਮਸ਼ੀਰ, ਇਕੋ ਹੱਥ ਫੜਾਈਆ । ਗੁਰ ਗੁਰ ਨਾਤਾ ਤੋੜ ਸਰੀਰ, ਸ਼ਬਦੀ ਸ਼ਬਦ ਰੂਪ ਵਟਾਈਆ । ਸਤਿਗੁਰ ਦਾਤਾ ਗੁਣੀ ਗਹੀਰ, ਨਿਰਗੁਣ ਜੋਤ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਥਾਉਂ ਥਾਈਆ । ਸਤਿਗੁਰ ਸਾਹਿਬ ਪੁਰਖ ਅਗੰਮ, ਅਗੰਮੜੀ ਖੇਲ ਕਰਾਇੰਦਾ । ਗੁਰ ਗੁਰ ਰੂਪ ਨਾ ਮਰੇ ਨਾ ਪਏ ਜੰਮ, ਸ਼ਬਦੀ ਧਾਰ ਜਣਾਇੰਦਾ । ਭਗਤ ਭਗਵਾਨ ਜਾਣੇ ਕੰਮ, ਨਿਹਕਰਮੀ ਵੇਖ ਵਖਾਇੰਦਾ । ਸੰਤ ਸਾਜਣ ਬੇੜਾ ਬੰਨ੍ਹ, ਆਪਣੇ ਕੰਧ ਉਠਾਇੰਦਾ । ਗੁਰਮੁਖ ਰਾਗ ਸੁਣਾ ਕੰਨ, ਅਨਾਦੀ ਨਾਦ ਵਜਾਇੰਦਾ । ਗੁਰਸਿਖ ਸਾਚੇ ਚਾੜ੍ਹ ਚੰਨ, ਲੋਕਮਾਤ ਰੁਸ਼ਨਾਇੰਦਾ । ਮਨਮੁਖਾਂ ਅੰਤਮ ਦੇਵੇ ਡੰਨ, ਲੱਖ ਚੁਰਾਸੀ ਵਿਚ ਭਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸ੍ਰੀ ਭਗਵਨ, ਭਗਵਾਨ ਆਪਣੀ ਧਾਰ ਚਲਾਇੰਦਾ । ਮਨਮੁਖ ਰੋਵਣ ਮਾਰਨ ਧਾਹ, ਹੌਲਾ ਭਾਰ ਨਾ ਕੋਇ ਕਰਾਈਆ । ਗੁਰਸਿਖ ਤੱਕਣ ਇਕੋ ਰਾਹ, ਨੇਤਰ ਨੈਣ ਉਠਾਈਆ । ਗੁਰਮੁਖਾਂ ਮਿਲੇ ਆਪ ਮਲਾਹ, ਪ੍ਰਭ ਆਪਣਾ ਫੇਰਾ ਪਾਈਆ । ਸੰਤ ਸਾਜਣ ਲਏ ਜਗਾ, ਜਾਗਰਤ ਜੋਤ ਕਰ ਰੁਸ਼ਨਾਈਆ । ਭਗਤ ਭਗਵਾਨ ਲੇਖਾ ਦਏ ਚੁਕਾ, ਆਪ ਆਪਣਾ ਪੜਦਾ ਲਾਹੀਆ । ਗੁਰ ਗੁਰ ਡੰਕਾ ਦਏ ਵਜਾ, ਸ਼ਬਦ ਸ਼ਬਦੀ ਸੇਵ ਕਮਾਈਆ । ਸਤਿਗੁਰ ਪੂਰਾ ਨਿਰਗੁਣ ਜੋਤ ਕਰ ਰੁਸ਼ਨਾ, ਪਾਰਬ੍ਰਹਮ ਪ੍ਰਭ ਆਪਣਾ ਵੇਸ ਵਟਾਈਆ । ਦੋ ਜਹਾਨਾਂ ਸ਼ਾਹ ਪਾਤਸ਼ਾਹ, ਸ਼ਹਿਨਸ਼ਾਹ ਇਕੋ ਇਕ ਅਖਵਾਈਆ ।

ਕਲਜੁਗ ਅੰਤਮ ਖੇਲ ਖਲਾ, ਖ਼ਾਲਕ ਵੇਖੇ ਥਾਉਂ ਥਾਈਂਆ । ਰਹਿਬਰ ਬਣ ਆਪ ਖ਼ੁਦਾ, ਖ਼ੁਦੀ ਸਭ ਦੀ ਦਏ ਮਿਟਾਈਆ । ਮੁਰੀਦ ਮੁਰਸ਼ਦ ਰਹਿਣ ਨਾ ਦੇਵੇ ਜੁਦਾ, ਆਪ ਆਪਣੇ ਅੰਗ ਲਗਾਈਆ । ਗੁਰਮੁਖ ਗੁਰਸਿਖ ਹਰਿਜਨ ਸੰਤ ਸੁਹੇਲੇ ਗੋਦ ਉਠਾ, ਭਗਤ ਭਗਵਾਨ ਦਏ ਵਡਿਆਈਆ । ਸ਼ਬਦ ਨਾਦ ਧੁਨ ਬ੍ਰਿਮਾਦ ਹੋ ਵਿਸਮਾਦ ਦਏ ਵਜਾ, ਆਪ ਆਪਣਾ ਹੁਕਮ ਸੁਣਾਈਆ । ਸਤਿਗੁਰ ਸੱਜਣ ਧੂੜੀ ਮਜਨ ਦਏ ਨੁਹਾ, ਜਨਮ ਕਰਮ ਦੁਰਮਤ ਮੈਲ ਧਵਾਈਆ । ਕਲਜੁਗ ਅੰਤ ਸ੍ਰੀ ਭਗਵੰਤ ਪਾਰਬ੍ਰਹਮ ਪਤਿਪਰਮੇਸ਼ਵਰ ਸਚ ਸਵਾਮੀ ਪਕੜੇ ਬਾਂਹ, ਨਿਹਕਾਮੀ ਨਿਹਕਰਮੀ ਕਰਮ ਕਾਂਡ ਗੁਰਮੁਖ ਦਏ ਮੁਕਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦ ਦੇਵਣਹਾਰਾ ਠੰਡੀ ਛਾਂ, ਸਿਰ ਸਿਰ ਆਪਣਾ ਹੱਥ ਟਿਕਾਈਆ ।

### ❇ ੨੦ ਫੱਗਣ ੨੦੧੯ ਬਿਕ੍ਰਮੀ ਮਹਿੰਦਰ ਸਿੰਘ ਦੇ ਗ੍ਰਿਹ ਔਰੰਗਾਬਾਦ ❇

ਤਖ਼ਤ ਨਿਵਾਸੀ ਏਕੰਕਾਰਾ, ਅਕਲ ਕਲ ਹਰਿ ਖੇਲ ਖਲਾਇੰਦਾ । ਸ਼ਾਹੋ ਭੂਪ ਵਡ ਸਿਕਦਾਰਾ, ਸ਼ਹਿਨਸ਼ਾਹ ਆਪਣਾ ਹੁਕਮ ਸੁਣਾਇੰਦਾ । ਨਿਰਗੁਣ ਨਿਰਗੁਣ ਖੋਲ੍ਹ ਕਿਵਾੜਾ, ਬੇਪਰਵਾਹ ਆਪਣੀ ਕਾਰ ਕਮਾਇੰਦਾ । ਪਕੜ ਉਠਾਏ ਸੁਤ ਦੁਲਾਰਾ, ਸ਼ਬਦੀ ਨੈਣ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਾਚੇ ਖੇਲ ਰਚਾਇੰਦਾ । ਸਚਖੰਡ ਨਿਵਾਸੀ ਪੁਰਖ ਅਗੰਮ, ਬੇਅੰਤ ਵੱਡੀ ਵਡਿਆਈਆ । ਨਿਰਵੈਰ ਜਾਣੇ ਆਪਣਾ ਕੰਮ, ਕਰਨੀ ਕਰਤਾ ਆਪ ਕਮਾਈਆ । ਜੁਗ ਚੌਕੜੀ ਬੇੜਾ ਬੰਨ੍ਹ, ਵੇਖਣਹਾਰਾ ਥਾਉਂ ਥਾਈਂਆ । ਸਚ ਸੰਦੇਸਾ ਨਾਮ ਧੰਨ, ਨਾਉਂ ਨਿਰੰਕਾਰਾ ਆਪ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਆਪਣਾ ਹੁਕਮ ਵਰਤਾਈਆ । ਸਚਖੰਡ ਨਿਵਾਸੀ ਪੁਰਖ ਅਥਾਹ, ਆਪਣੀ ਕਾਰ ਕਮਾਇੰਦਾ । ਸੋ ਪੁਰਖ ਨਿਰੰਜਣ ਬੇਪਰਵਾਹ, ਭੇਵ ਅਭੇਦ ਜਣਾਇੰਦਾ । ਹਰਿ ਪੁਰਖ ਨਿਰੰਜਣ ਬਣ ਮਲਾਹ, ਬੇੜਾ ਆਪਣੇ ਕੰਧ ਉਠਾਇੰਦਾ । ਏਕੰਕਾਰਾ ਦਏ ਸਲਾਹ, ਸਾਚੀ ਸਿਖਿਆ ਆਪ ਸਮਝਾਇੰਦਾ । ਆਦਿ ਨਿਰੰਜਣ ਦੀਪ ਜਗਾ, ਨੂਰ ਨੁਰਾਨਾ ਡਗਮਗਾਇੰਦਾ । ਸ੍ਰੀ ਭਗਵਾਨ ਖੇਲ ਰਚਾ, ਨਿਰਗੁਣ ਆਪਣੀ ਕਾਰ ਕਮਾਇੰਦਾ । ਅਬਿਨਾਸ਼ੀ ਕਰਤਾ ਪਕੜਨਹਾਰਾ ਬਾਂਹ, ਪੱਲੂ ਆਪਣੀ ਗੰਢ ਬੰਧਾਇੰਦਾ । ਪਾਰਬ੍ਰਹਮ ਲੇਖਾ ਦਏ ਜਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਆਪਣੀ ਧਾਰ ਜਣਾਇੰਦਾ । ਸਚਖੰਡ ਨਿਵਾਸੀ ਸ੍ਰੀ ਭਗਵਾਨ, ਵੱਡਾ ਵਡ ਵਡਿਆਈਆ । ਜੋਧਾ ਸੂਰਬੀਰ ਨੌਜਵਾਨ, ਬਲ ਆਪਣਾ ਆਪ ਰਖਾਈਆ । ਜੋਤੀ ਜਾਤਾ ਹੋ ਪਰਧਾਨ, ਪੁਰਖ ਅਕਾਲ ਆਪਣਾ ਹੁਕਮ ਮਨਾਈਆ । ਸਚ ਸੰਦੇਸਾ ਦੇਵੇ ਆਣ, ਧੁਰ ਫ਼ਰਮਾਣਾ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਆਪਣਾ ਖੇਲ ਰਚਾਈਆ । ਸਚਖੰਡ ਹਰਿ ਖੇਲ ਅਵੱਲਾ, ਨਿਰਗੁਣ ਨਿਰਵੈਰ ਆਪ ਕਰਾਇੰਦਾ । ਵਸਣਹਾਰਾ ਨਿਹਚਲ ਧਾਮ ਅਟੱਲਾ, ਸਚ ਸਿੰਘਾਸਣ ਸੋਭਾ ਪਾਇੰਦਾ । ਆਦਿ ਜੁਗਾਦੀ ਇਕ ਇਕੱਲਾ, ਅਕਲ ਕਲ ਆਪਣੀ ਧਾਰ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਆਪਣਾ ਭੇਵ ਜਣਾਇੰਦਾ । ਸਚਖੰਡ ਨਿਵਾਸੀ ਭੂਪਤ ਰਾਜਾ, ਮਿਹਰਵਾਨ ਵੱਡੀ ਵਡਿਆਈਆ ।



੯੮੭
੧੩

ਵੇਖਣਹਾਰਾ ਆਪਣਾ ਸਚ ਤਮਾਸ਼ਾ, ਮੰਡਲ ਰਾਸ ਆਪ ਰਚਾਈਆ । ਸਾਚੇ ਗ੍ਰਿਹ ਕਰ ਪਰਕਾਸਾ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਦਰ ਦਰਵੇਸ਼ ਬਣ ਦਾਸੀ ਦਾਸਾ, ਘਰ ਬੈਠਾ ਸੀਸ ਝੁਕਾਈਆ । ਆਪਣੀ ਇਛਿਆ ਪੂਰੀ ਕਰੇ ਆਸਾ, ਭਿਛਿਆ ਆਪਣੀ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਆਪਣਾ ਰੰਗ ਰੰਗਾਈਆ । ਸਚਖੰਡ ਨਿਵਾਸੀ ਸਾਚਾ ਰੰਗ, ਨਿਰਗੁਣ ਨਿਰਵੈਰ ਆਪ ਰੰਗਾਇੰਦਾ । ਸਿੰਘਾਸਣ ਸੁਹਾਏ ਇਕ ਪਲੰਘ, ਪਾਵਾ ਚੂਲ ਨਾ ਕੋਇ ਵਖਾਇੰਦਾ । ਸਤਿ ਸਤਿਵਾਦ ਵਜਾਏ ਮਰਦੰਗ, ਤਾਰ ਸਤਾਰ ਨਾ ਕੋਇ ਹਿਲਾਇੰਦਾ । ਕਰ ਪਰਕਾਸ਼ ਬਿਨ ਸੂਰਜ ਚੰਦ, ਨਿਰਮਲ ਜੋਤ ਡਗਮਗਾਇੰਦਾ । ਆਪਣੀ ਵੰਡੇ ਸਾਚੀ ਵੰਡ, ਵੰਡਣਹਾਰ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਆਪਣਾ ਰਾਹ ਚਲਾਇੰਦਾ । ਸਚਖੰਡ ਨਿਵਾਸੀ ਸਚ ਸੁਲਤਾਨ, ਸਾਚਾ ਰਾਹ ਚਲਾਈਆ । ਪੁਰਖ ਅਬਿਨਾਸ਼ੀ ਨੌਜਵਾਨ, ਬਿਰਧ ਬਾਲ ਨਾ ਰੂਪ ਵਟਾਈਆ । ਜੋਤੀ ਜਾਤਾ ਹੋ ਪਰਧਾਨ, ਸਚ ਪਰਧਾਨਗੀ ਆਪ ਕਮਾਈਆ । ਧੁਰ ਸੰਦੇਸਾ ਸਚ ਫ਼ਰਮਾਨ, ਸਤਿ ਸਤਿਵਾਦੀ ਆਪ ਅਲਾਈਆ । ਕਰੇ ਖੇਲ ਸ੍ਰੀ ਭਗਵਾਨ, ਰੂਪ ਰੰਗ ਰੇਖ ਨਾ ਕੋਇ ਰਖਾਈਆ । ਆਪਣੀ ਕਰਨੀ ਕਰ ਪਰਵਾਨ, ਕਰਤਾ ਪੁਰਖ ਧਾਰ ਬੰਧਾਈਆ । ਸੀਸ ਜਗਦੀਸ ਸੁਹਾਏ ਆਣ, ਬੇਪਰਵਾਹ ਆਪਣਾ ਪੜਦਾ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਆਪਣਾ ਭੇਵ ਚੁਕਾਈਆ । ਸਚਖੰਡ ਹਰਿ ਖੋਲ੍ਹੇ ਭੇਵ, ਅਭੇਦ ਭੇਦ ਆਪ ਜਣਾਇੰਦਾ । ਨਿਰਗੁਣ ਕਰੇ ਨਿਰਗੁਣ ਸੇਵ, ਸੇਵਕ ਸੇਵਾ ਰੂਪ ਵਟਾਇੰਦਾ । ਦਾਤਾ ਦਾਨੀ ਬਣ ਅਲੱਖ ਅਭੇਦ, ਵਸਤ ਅਮੋਲਕ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਸਾਚੇ ਚੜ੍ਹ, ਤਖ਼ਤ ਨਿਵਾਸੀ ਪੁਰਖ ਅਬਿਨਾਸ਼ੀ ਏਕੰਕਾਰਾ ਸੋਭਾ ਪਾਇੰਦਾ । ਸਚਖੰਡ ਦਵਾਰੇ ਨਿਰਗੁਣ ਚੜ੍ਹਿਆ, ਰੂਪ ਰੰਗ ਰੇਖ ਨਜ਼ਰ ਕਿਸੇ ਨਾ ਆਈਆ । ਸਾਚੇ ਮੰਦਰ ਆਪੇ ਖੜਿਆ, ਭੂਪਤ ਭੂਪ ਵਡ ਵਡਿਆਈਆ । ਨਾਉਂ ਨਿਰੰਕਾਰ ਆਪੇ ਪੜ੍ਹਿਆ, ਲੇਖਾ ਲਿਖ ਨਾ ਸਕੇ ਕੋਈ ਰਾਈਆ । ਆਪਣਾ ਘਾੜਨ ਆਪੇ ਘੜਿਆ, ਤੱਤਵ ਤੱਤ ਨਾ ਕੋਇ ਵਡਿਆਈਆ । ਆਪਣਾ ਪਰਕਾਸ਼ ਆਪੇ ਧਰਿਆ, ਅਸੁਤੇ ਵੇਸ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਏ ਵਡਿਆਈਆ । ਸਚਖੰਡ ਸੁਹਾਏ ਸਚ ਮਹੱਲ, ਨਿਰਗੁਣ ਜੋਤ ਜੋਤ ਰੁਸ਼ਨਾਈਆ । ਦੀਪਕ ਦੀਆ ਗਿਆ ਬਲ, ਤੇਲ ਬਾਤੀ ਨਾ ਕੋਇ ਟਿਕਾਈਆ । ਆਪਣੇ ਅੰਤਰ ਆਪੇ ਰਲ, ਆਪੇ ਵੇਖ ਵਖਾਈਆ । ਆਪਣਾ ਸਿੰਘਾਸਣ ਆਪੇ ਮਲ, ਹਰਿ ਜੂ ਆਪੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਦਏ ਵਡਿਆਈਆ । ਸਚਖੰਡ ਦਵਾਰਾ ਸੋਭਾਵੰਤ, ਸੋ ਪੁਰਖ ਨਿਰੰਜਣ ਆਪ ਸੁਹਾਇੰਦਾ । ਹਰਿ ਪੁਰਖ ਨਿਰੰਜਣ ਮਹਿਮਾ ਅਗਣਤ, ਭੇਵ ਅਭੇਦ ਨਾ ਕੋਇ ਰਖਾਇੰਦਾ । ਏਕੰਕਾਰਾ ਕਰ ਖੇਲ ਨਾਰ ਕੰਤ, ਸੇਜ ਸੁਹੰਜਣੀ ਆਪ ਹੰਢਾਇੰਦਾ । ਆਦਿ ਨਿਰੰਜਣ ਨਾਉਂ ਨਿਰੰਕਾਰਾ ਮਣੀਆਂ ਮੰਤ, ਸੋਹਲਾ ਢੋਲਾ ਇਕ ਦ੍ਰਿੜਾਇੰਦਾ । ਅਬਿਨਾਸ਼ੀ ਕਰਤਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਇਕ ਸੁਹਾਇੰਦਾ । ਸਚਖੰਡ ਦਵਾਰ ਸੁਹੰਜਣਾ, ਸ੍ਰੀ ਭਗਵਾਨ ਆਪ ਸੁਹਾਈਆ । ਦੀਪਕ ਜਗੇ ਆਦਿ ਨਿਰੰਜਣਾ, ਜੋਤੀ ਜੋਤ ਜੋਤ ਰੁਸ਼ਨਾਈਆ । ਕਰੇ ਵਸੇਰਾ ਦਰਦ ਦੁੱਖ ਭੈ ਭੰਜਣਾ, ਬੇਅੰਤ ਬੇਪਰਵਾਹ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੇਵੇ ਮਾਣ ਵਡਿਆਈਆ ।

ਸਚਖੰਡ ਦਵਾਰ ਸੁਹਾਏ ਆਪ, ਪ੍ਰਭ ਆਪਣੀ ਦਇਆ ਕਮਾਇੰਦਾ । ਨਾ ਕੋਈ ਪੂਜਾ ਨਾ ਕੋਈ ਪਾਠ, ਇਸ਼ਟ ਦੇਵ ਨਾ ਕੋਇ ਰਖਾਇੰਦਾ । ਨਾ ਕੋਈ ਤੀਰਥ ਨਾ ਕੋਈ ਤਾਟ, ਕਿਨਾਰਾ ਨਜ਼ਰ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਆਪਣਾ ਖੇਲ ਵਖਾਇੰਦਾ । ਸਚਖੰਡ ਹਰਿ ਖੇਲ ਅਪਾਰ, ਅਪਰੰਪਰ ਆਪ ਕਰਾਈਆ । ਨਾ ਕੋਈ ਸ਼ਬਦ ਨਾਦ ਧੁਨਕਾਰ, ਰਾਗੀ ਰਾਗ ਨਾ ਕੋਇ ਅਲਾਈਆ । ਨਾ ਕੋਈ ਜੀਵ ਜੰਤ ਪਸਾਰ, ਸਾਧ ਸੰਤ ਨਾ ਕੋਇ ਵਡਿਆਈਆ । ਨਾ ਕੋਈ ਸੂਰਜ ਚੰਦ ਸਤਾਰ, ਮੰਡਲ ਮੰਡਪ ਨਾ ਕੋਇ ਰੁਸ਼ਨਾਈਆ । ਨਾ ਕੋਈ ਜ਼ਿਮੀਂ ਅਸਮਾਨ ਪਹਾੜ, ਸਮੁੰਦ ਸਾਗਰ ਨਾ ਕੋਇ ਦਰਸਾਈਆ । ਨਾ ਕੋਈ ਪੁਰਖ ਨਾ ਕੋਈ ਨਾਰ, ਕੰਤ ਸੇਜ ਨਾ ਕੋਇ ਸੁਹਾਈਆ । ਇਕ ਇਕੱਲਾ ਏਕੰਕਾਰ, ਨਿਰਗੁਣ ਬੈਠਾ ਡੇਰਾ ਲਾਈਆ । ਅਲੱਖ ਅਗੋਚਰ ਅਗੰਮ ਅਥਾਹ ਕਰੇ ਆਪਣੀ ਕਾਰ, ਦੂਜਾ ਸੰਗ ਨਾ ਕੋਇ ਰਲਾਈਆ । ਆਪਣੀ ਇਛਿਆ ਕਰ ਤਿਆਰ, ਨਿਰਇਛਤ ਆਪਣੀ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਇਕੋ ਇਕ ਸੁਹਾਈਆ । ਸਚਖੰਡ ਦਵਾਰਾ ਹੋਏ ਵੱਡਾ, ਹਰਿ ਵੱਡਾ ਆਪ ਵਡਿਆਇੰਦਾ । ਨਿਰਗੁਣ ਵਸੇ ਬਾਲਾ ਨੱਢਾ, ਨਜ਼ਰ ਕਿਸੇ ਨਾ ਆਇੰਦਾ । ਆਪੇ ਜਾਣੇ ਆਪਣੀ ਆਰ ਪਾਰ ਹੱਦਾ, ਹਦੂਦ ਵਿਚ ਕਦੇ ਨਾ ਆਇੰਦਾ । ਆਪਣੇ ਪਰੇਮ ਪਿਆਰ ਆਪੇ ਬੱਧਾ, ਦੂਜਾ ਬੰਧਨ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਇਕ ਵਸਾਇੰਦਾ । ਸਚਖੰਡ ਦਵਾਰ ਵਸਾਏ ਨਿਰਗੁਣ ਜੋਤ, ਨਿਰਵੈਰ ਪੁਰਖ ਵੱਡੀ ਵਡਿਆਈਆ । ਆਪ ਬਣਾਏ ਆਪਣਾ ਕੋਟ, ਛੱਪਰ ਛੰਨ ਨਾ ਕੋਇ ਛੁਹਾਈਆ । ਕਰਿਆ ਖੇਲ ਬੇਅੰਤ ਬਹੁਤ, ਬਹੁ ਬਿਧ ਧਾਰ ਆਪਣਾ ਰਾਹ ਚਲਾਈਆ । ਆਪਣੇ ਉਤੇ ਹੋਏ ਮੋਹਤ, ਮੁਹੱਬਤ ਆਪਣੇ ਨਾਲ ਬੰਧਾਈਆ । ਆਪਣੀ ਦੇਵੇ ਸਚ ਸਰੋਤ, ਸੋਭਾਵੰਤ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਇਕੋ ਇਕ ਰੁਸ਼ਨਾਈਆ । ਸਚਖੰਡ ਦਵਾਰੇ ਇਕੋ ਨੂਰ, ਨੂਰ ਨੁਰਾਨਾ ਆਪ ਅਖਵਾਇੰਦਾ । ਪਰਗਟ ਹੋ ਜ਼ਾਹਰ ਜ਼ਹੂਰ, ਜ਼ਾਹਰਾ ਕਲ ਧਰਾਇੰਦਾ । ਮੁਕਾਮੇ ਹੱਕ ਸਚ ਦਸਤੂਰ, ਬੇਪਰਵਾਹ ਰਾਹ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੂਰੀ ਜਲਵਾ ਡਗਮਗਾਇੰਦਾ । ਨੂਰੀ ਜਲਵਾ ਪਰਵਰਦਿਗਾਰ, ਏਕਾ ਏਕ ਨਜ਼ਰੀ ਆਈਆ । ਆਦਿ ਜੁਗਾਦੀ ਏਕੰਕਾਰ, ਆਪਣੀ ਕਲ ਧਰਾਈਆ । ਸਾਚੇ ਮੰਦਰ ਖੋਲ੍ਹ ਕਿਵਾੜ, ਸਚ ਸਿੰਘਾਸਣ ਸੋਭਾ ਪਾਈਆ । ਲੇਖਾ ਜਾਣ ਧੁਰ ਦਰਬਾਰ, ਦਰਗਹਿ ਸਾਚੀ ਦੇਵੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਵਸੇ ਸਾਚੇ ਥਾਈਂਆ । ਸਚਖੰਡ ਦਵਾਰ ਵਸੇ ਸਤਿ, ਸਤਿ ਸਤਿ ਸਮਝਾਇੰਦਾ । ਸਚਖੰਡ ਦਵਾਰੇ ਖੇਲ ਹਰਿ ਸਮਰਥ, ਸਮਰਥ ਆਪਣੀ ਧਾਰ ਵਖਾਇੰਦਾ । ਸਚਖੰਡ ਦਵਾਰੇ ਨਿਰਗੁਣ ਨਿਰਾਕਾਰ ਹੋ ਪਰਗਟ, ਪਰਗਟ ਆਪਣੀ ਕਲ ਵਖਾਇੰਦਾ । ਸਚਖੰਡ ਦਵਾਰੇ ਇਕੋ ਹੱਟ, ਹਟਵਾਣਾ ਇਕੋ ਨਜ਼ਰੀ ਆਇੰਦਾ । ਸਚਖੰਡ ਦਵਾਰੇ ਇਕੋ ਤਟ, ਸਰੋਵਰ ਇਕੋ ਇਕ ਜਣਾਇੰਦਾ । ਸਚਖੰਡ ਦਵਾਰੇ ਇਕੋ ਵਤ, ਬੀਜ ਮੰਤਰ ਆਪਣਾ ਆਪ ਬਿਜਾਇੰਦਾ । ਸਚਖੰਡ ਦਵਾਰੇ ਇਕੋ ਕਮਲਾਪਤ, ਨਰ ਨਿਰੰਕਾਰਾ ਨਜ਼ਰੀ ਆਇੰਦਾ । ਸਚਖੰਡ ਦਵਾਰੇ ਇਕੋ ਜਸ, ਸਾਚਾ ਸੋਹਲਾ ਆਪੇ ਗਾਇੰਦਾ । ਸਚਖੰਡ ਦਵਾਰੇ ਇਕੋ ਖਾਟ, ਸ੍ਰੀ ਭਗਵਾਨ ਸੋਭਾ ਪਾਇੰਦਾ । ਸਚਖੰਡ ਦਵਾਰੇ ਇਕੋ ਵਾਟ, ਪਾਂਧੀ ਅੱਗੇ ਪੰਧ ਨਾ ਕੋਇ ਮੁਕਾਇੰਦਾ । ਸਚਖੰਡ ਦਵਾਰੇ ਇਕੋ ਜ਼ਾਤ,


੯੮੯ ੧੩

੯੯੦
੧੩

ਦੂਜਾ ਰੂਪ ਨਾ ਕੋਇ ਧਰਾਇੰਦਾ । ਸਚਖੰਡ ਦਵਾਰੇ ਖੇਲ ਤਮਾਸ਼, ਸਚਖੰਡ ਨਿਵਾਸੀ ਆਪ ਕਰਾਇੰਦਾ । ਸਚਖੰਡ ਦਵਾਰੇ ਪੂਰੀ ਕਰੇ ਆਸ, ਆਪਣੀ ਆਸਾ ਪੂਰ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚਖੰਡ ਦਵਾਰੇ ਆਪਣਾ ਡੇਰਾ ਲਾਇੰਦਾ । ਸਚਖੰਡ ਦਵਾਰ ਮੰਗੇ ਮੰਗ, ਪ੍ਰਭ ਅੱਗੇ ਸੀਸ ਝੁਕਾਈਆ । ਸੋ ਪੁਰਖ ਨਿਰੰਜਣ ਚਾੜ੍ਹਿਆ ਮੈਨੂੰ ਰੰਗ, ਬੇਪਰਵਾਹ ਤੇਰੀ ਵਡਿਆਈਆ । ਹਰਿ ਪੁਰਖ ਨਿਰੰਜਣ ਦਿਤਾ ਇਕ ਅਨੰਦ, ਅਨੰਦ ਅਨੰਦ ਦਰਸਾਈਆ । ਏਕੰਕਾਰ ਹੋ ਬਖ਼ਸ਼ੰਦ, ਬਖ਼ਸ਼ਸ਼ ਮੇਰੀ ਝੋਲੀ ਪਾਈਆ । ਆਦਿ ਨਿਰੰਜਣ ਚਾੜ੍ਹਿਆ ਚੰਦ, ਜੋਤੀ ਜੋਤ ਜੋਤ ਰੁਸ਼ਨਾਈਆ । ਅਬਿਨਾਸ਼ੀ ਕਰਤੇ ਗਾਇਆ ਛੰਦ, ਸਾਚਾ ਢੋਲਾ ਇਕ ਅਲਾਈਆ । ਸ੍ਰੀ ਭਗਵਾਨ ਪਾਈ ਠੰਡ, ਮੇਰੇ ਅੰਤਰ ਚਰਨ ਕਵਲ ਟਿਕਾਈਆ । ਪਾਰਬ੍ਰਹਮ ਮੇਰਾ ਦੇਣਾ ਸੰਗ, ਵਿਛੜ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮਿਲੇ ਸਰਨ ਸਰਨਾਈਆ । ਸ੍ਰੀ ਭਗਵਾਨ ਹੋ ਦਿਆਲ, ਸਚਖੰਡ ਦਵਾਰ ਜਣਾਇੰਦਾ । ਤੇਰਾ ਲੇਖਾ ਬੇਮਿਸਾਲ, ਤੇਰੀ ਮਿਸਲ ਨਾ ਕੋਇ ਬਣਾਇੰਦਾ । ਆਦਿ ਜੁਗਾਦਿ ਵੇਖਾਂ ਤੇਰਾ ਹਾਲ, ਨਿਰਗੁਣ ਆਪਣਾ ਫੇਰਾ ਪਾਇੰਦਾ । ਸਤਿ ਸਤਿਵਾਦੀ ਬਣ ਦਲਾਲ, ਜੁਗ ਜੁਗ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸੁਣਾਇੰਦਾ । ਸਚਖੰਡ ਦਵਾਰ ਨੇਤਰ ਰੋ, ਨੈਣਾਂ ਨੀਰ ਵਹਾਈਆ । ਧੰਨ ਭਾਗ ਤੇਰੇ ਚਰਨ ਗਏ ਛੋਹ, ਮੇਰੀ ਛਾਤੀ ਉਤੇ ਟਿਕਾਈਆ । ਮੈਂ ਸੁਣਦਾ ਰਹਾਂ ਤੇਰੇ ਨਾਮ ਦੀ ਸੋ, ਛੰਦ ਇਕੋ ਇਕ ਅਲਾਈਆ । ਮੇਰੀ ਵਸਤ ਮੇਰੇ ਕੋਲੋਂ ਨਾ ਲਈਂ ਖੋਹ, ਤੇਰੇ ਚਰਨ ਪਵਾਂ ਸਰਨਾਈਆ । ਮੈਂ ਤੇਰੇ ਜੋਗਾ ਗਿਆ ਹੋ, ਮੈਂ ਦੂਜੀ ਓਟ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚਖੰਡ ਦਏ ਵਡਿਆਈਆ । ਸਚਖੰਡ ਸੁਣ ਮੇਰੀ ਆਸ, ਆਸਾਵੰਦ ਜਣਾਇੰਦਾ । ਤੇਰਾ ਸੰਗ ਪੁਰਖ ਅਬਿਨਾਸ਼, ਆਦਿ ਜੁਗਾਦਿ ਰਖਾਇੰਦਾ । ਤੂੰ ਰਹਿਣਾ ਦਾਸੀ ਦਾਸ, ਸਾਚੀ ਸੇਵਾ ਇਕ ਸਮਝਾਇੰਦਾ । ਤੇਰੇ ਥੱਲੇ ਖੇਲ ਕਰਾਂ ਪ੍ਰਿਥਮੀ ਆਕਾਸ਼, ਗਗਨ ਮੰਡਲ ਰਾਹ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਜਣਾਇੰਦਾ । ਸਚਖੰਡ ਕਹੇ ਮੈਂ ਹੋ ਨਿਮਾਣਾ, ਪ੍ਰਭ ਤੇਰੀ ਸੇਵ ਕਮਾਈਆ । ਤੂੰ ਸ਼ਾਹ ਪਾਤਸ਼ਾਹ ਸੱਚਾ ਸੁਲਤਾਨਾ, ਹਉਂ ਭਿੱਖਕ ਰੂਪ ਵਟਾਈਆ । ਦਰ ਦਰਵੇਸ਼ ਹੋ ਕੇ ਮੰਗਾਂ ਦਾਨਾ, ਆਪਣੀ ਖ਼ਾਲੀ ਝੋਲੀ ਰਿਹਾ ਡਾਹੀਆ । ਤੂੰ ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰਵਾਨਾ, ਤੂੰ ਮਿਹਰ ਨਜ਼ਰ ਇਕ ਰਖਾਈਆ । ਮੈਂ ਬਰਦਾ ਬਣਾਂ ਗ਼ੁਲਾਮਾ, ਤੂੰ ਗ਼ਫ਼ਲਤ ਵਿਚ ਕਦੇ ਨਾ ਆਈਆ । ਮੇਰੀ ਸਲਾਮਾ ਕਰ ਪਰਵਾਨਾ, ਅਲੈਕਮ ਇਕੋ ਇਕ ਜਣਾਈਆ । ਤੇਰੇ ਪਰੇਮ ਬੱਧਾ ਗਾਨਾ, ਤੁਧ ਬਿਨ ਸਕੇ ਨਾ ਕੋਇ ਖੁਲ੍ਹਾਈਆ । ਤੂੰ ਸਾਹਿਬ ਮਰਦ ਮਰਦਾਨਾ, ਤੇਰੀ ਮਰਦਾਨਗੀ ਮੋਹੇ ਭਾਈਆ । ਤੂੰ ਸ਼ਹਿਨਸ਼ਾਹ ਸੁਲਤਾਨਾ, ਸੀਸ ਤਾਜ ਇਕ ਰਖਾਈਆ । ਤੇਰਾ ਹੁਕਮ ਦੋ ਜਹਾਨਾਂ, ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚਖੰਡ ਦਵਾਰੇ ਰਿਹਾ ਜਣਾਈਆ । ਸਚਖੰਡ ਦਵਾਰੇ ਸੁਣ ਲਾ ਕਰ ਕਾਨ, ਹਰਿ ਕਰਤਾ ਆਪ ਜਣਾਇੰਦਾ । ਤੇਰੇ ਘਰ ਵਿਚ ਬਣਾਵਾਂ ਮਕਾਨ, ਥਿਰ ਘਰ ਨਾਉਂ ਰਖਾਇੰਦਾ । ਥਿਰ ਘਰ ਦੇਵਾਂ ਮਾਣ, ਸ਼ਬਦੀ ਸੁਤ ਵੰਡ ਵੰਡਾਇੰਦਾ । ਸ਼ਬਦੀ ਸੁਤ ਕਰ ਪਰਵਾਨ, ਸਾਚੀ ਭਿਛਿਆ ਝੋਲੀ ਪਾਇੰਦਾ । ਸਾਚੀ ਭਿਛਿਆ ਇਕ ਮਹਾਨ,

ਆਪਣੀ ਦਾਤ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਆਪ ਜਣਾਇੰਦਾ । ਸਚਖੰਡ ਦਵਾਰੇ ਸੁਣ ਲੈ ਬੋਲ, ਅਨਬੋਲਤ ਆਪ ਜਣਾਈਆ । ਸਦਾ ਸਦਾ ਸਦ ਵਸਾਂ ਤੇਰੇ ਕੋਲ, ਵਿਛੜ ਕਦੇ ਨਾ ਜਾਈਆ । ਥਿਰ ਘਰ ਕੁੰਡਾ ਦੇਵਾਂ ਖੋਲ੍ਹ, ਸ਼ਬਦ ਸੁਤ ਬਹਾਈਆ । ਅੱਗੇ ਖੇਲ ਕਰਾਂ ਅਨਮੋਲ, ਅਨਮੁਲੜੀ ਦਾਤ ਵਰਤਾਈਆ । ਤੂੰ ਸੁੱਤਾ ਨਾ ਰਹਿਣਾ ਬਣ ਅਨਭੋਲ, ਬੇਪਰਵਾਹ ਰਿਹਾ ਜਗਾਈਆ । ਆਦਿ ਜੁਗਾਦਿ ਰਹਿਣਾ ਅਡੋਲ, ਡੋਲ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਨੇਹੁੜਾ ਇਕ ਸੁਣਾਈਆ । ਸਚਖੰਡ ਦਵਾਰੇ ਖੋਲ੍ਹ ਅੱਖ, ਸੋ ਪੁਰਖ ਨਿਰੰਜਣ ਆਪ ਖੁਲ੍ਹਾਇੰਦਾ । ਸੁਤ ਦੁਲਾਰਾ ਕਰਾਂ ਪਰਤੱਖ, ਸਿਰ ਆਪਣਾ ਹੱਥ ਟਿਕਾਇੰਦਾ । ਥਿਰ ਘਰ ਸਾਚੇ ਦੇਵਾਂ ਰੱਖ, ਰੱਖਕ ਆਪਣਾ ਭੇਵ ਚੁਕਾਇੰਦਾ । ਅਗਲਾ ਮਾਰਗ ਦੇਵਾਂ ਦੱਸ, ਵਿਸ਼ਨ ਬ੍ਰਹਮਾ ਸ਼ਿਵ ਝੋਲੀ ਪਾਇੰਦਾ । ਤ੍ਰੈਗੁਣ ਮਾਇਆ ਬੰਨ੍ਹਾਂ ਨੱਤ, ਪੰਜ ਤੱਤ ਮੇਲ ਮਿਲਾਇੰਦਾ । ਲੱਖ ਚੁਰਾਸੀ ਕਰ ਪਰਗਟ, ਸਾਚੀ ਘਾੜਨ ਘੜਤ ਘੜਾਇੰਦਾ । ਨਿਰਗੁਣ ਨਿਰਗੁਣ ਖੇਲ ਤਮਾਸ਼, ਲੋਕਮਾਤ ਰਾਹ ਚਲਾਇੰਦਾ । ਰਵ ਸਸ ਕਰ ਪਰਕਾਸ਼, ਮੰਡਲ ਮੰਡਪ ਤੇਰਾ ਦੇਸ ਸੁਹਾਇੰਦਾ । ਘਟ ਘਟ ਅੰਦਰ ਕਰ ਕਰ ਵਾਸ, ਜੋਤੀ ਜਾਤਾ ਖੇਲ ਖਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰ ਆਪ ਸਮਝਾਇੰਦਾ । ਸਚਖੰਡ ਦਵਾਰ ਗਿਆ ਮੰਨ, ਪ੍ਰਭ ਅੱਗੇ ਸੀਸ ਝੁਕਾਈਆ । ਤੇਰੀ ਵਡਿਆਈ ਸਾਹਿਬ ਧੰਨ, ਹਉਂ ਬਾਲਕ ਕਹਿਣ ਨਾ ਪਾਈਆ । ਸੁਤ ਦੁਲਾਰ ਪਰਗਟ ਹੋਵੇ ਤੇਰਾ ਜਨ, ਵਿਸ਼ਨ ਬ੍ਰਹਮਾ ਸ਼ਿਵ ਕਰੇ ਕੁੜਮਾਈਆ । ਤੂੰ ਸਭ ਦਾ ਬਣਨਾ ਜਨਨੀ ਜਨ, ਮਾਤ ਪਿਤ ਅਖਵਾਈਆ । ਦਾਈ ਦਾਇਆ ਬਣ ਕੇ ਬੇੜਾ ਦੇਣਾ ਬੰਨ੍ਹ, ਨਿਰਗੁਣ ਆਪ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਇਕ ਉਠਾਈਆ । ਸਚਖੰਡ ਦਵਾਰੇ ਦੇ ਦਿਲਾਸਾ, ਸ੍ਰੀ ਭਗਵਾਨ ਆਪ ਸਮਝਾਇੰਦਾ । ਨਿਰਗੁਣ ਹੋ ਕੇ ਖੋਲ੍ਹਾਂ ਖ਼ੁਲਾਸਾ, ਸਰਗੁਣ ਆਪ ਸਮਝਾਇੰਦਾ । ਵੇਖ ਵਖਾਵਾਂ ਪ੍ਰਿਥਮੀ ਆਕਾਸਾ, ਗਗਨ ਮੰਡਲ ਰਾਹ ਜਣਾਇੰਦਾ । ਆਤਮ ਪਰਮਾਤਮ ਦੇਵਾਂ ਭਰਵਾਸਾ, ਪੂਰੀ ਇਛਿਆ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਜਣਾਇੰਦਾ । ਸਾਚੀ ਕਰਨੀ ਸ਼ਬਦ ਦੁਲਾਰ, ਗੁਰ ਸਤਿਗੁਰ ਆਪ ਜਣਾਈਆ । ਵਿਸ਼ਨ ਬ੍ਰਹਮਾ ਸ਼ਿਵ ਮਾਰਗ ਦਿਆਂ ਸਖਾਲ, ਸਾਚੀ ਸਿਖਿਆ ਇਕ ਦ੍ਰਿੜਾਈਆ । ਦੀਨਾ ਬੰਧਪ ਹੋ ਦਿਆਲ, ਦੀਨਨ ਆਪਣੀ ਦਇਆ ਕਮਾਈਆ । ਸਚ ਵਖਾਵਾਂ ਇਕ ਧਰਮਸਾਲ, ਧਰਮ ਦਵਾਰਾ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚਖੰਡ ਦਵਾਰ ਤੇਰਾ ਭੇਵ ਨਿਆਰ ਆਪਣੇ ਹੱਥ ਰਖਾਈਆ । ਸਚਖੰਡ ਕਹੇ ਪ੍ਰਭ ਦੱਸ ਕਹਾਣੀ, ਤੇਰੇ ਅੱਗੇ ਮੇਰੀ ਅਰਜ਼ੋਈਆ । ਨਿਰਗੁਣ ਰੂਪ ਤੇਰਾ ਨੁਰਾਨੀ, ਨਿਰੰਕਾਰ ਤੇਰੀ ਸ਼ਹਿਨਸ਼ਾਹੀਆ । ਤੇਰਾ ਖੇਲ ਦੋ ਜਹਾਨੀ, ਨਿਰਗੁਣ ਸਰਗੁਣ ਦਏ ਵਡਿਆਈਆ । ਵਿਸ਼ਨ ਬ੍ਰਹਮਾ ਸ਼ਿਵ ਭਰਨ ਪਾਣੀ, ਬਣ ਸੇਵਕ ਸੇਵ ਕਮਾਈਆ । ਤੇਰਾ ਨਾਉਂ ਰਚਾਏ ਖਾਣੀ ਬਾਣੀ, ਸ਼ਾਸਤਰ ਸਿਮਰਤ ਵੇਦ ਪੁਰਾਨ ਜਸ ਜਸ ਸੁਣਾਈਆ । ਤੇਰੀ ਸਚ ਕਵਣ ਨਿਸ਼ਾਨੀ, ਲੋਕਮਾਤ ਲਏਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚਖੰਡ ਦਵਾਰੇ ਰਿਹਾ ਜਣਾਈਆ । ਸਚਖੰਡ ਸਚ ਨਿਸ਼ਾਨਾ, ਸ੍ਰੀ ਭਗਵਾਨ ਆਪ ਜਣਾਇੰਦਾ । ਨਿਰਗੁਣ ਹੋ

ਕੇ ਸਰਗੁਣ ਪਹਿਨਾਂ ਬਾਣਾ, ਬਾਣ ਨਿਰਾਲਾ ਤੀਰ ਚਲਾਇੰਦਾ । ਘਟ ਘਟ ਅੰਦਰ ਹੋਵਾਂ ਜਾਣੀ ਜਾਣਾ, ਭੇਵ ਅਭੇਦ ਖੁਲ੍ਹਾਇੰਦਾ । ਅਗੰਮ ਅਥਾਹ ਬੋਧ ਅਗਾਧ ਸ਼ਬਦ ਅਨਾਦ ਗਾਵਾਂ ਗਾਣਾ, ਅਨਹਦ ਆਪ ਪੜ੍ਹਾਇੰਦਾ । ਭੂਪਤ ਭੂਪ ਬਣ ਕੇ ਰਾਣਾ, ਆਤਮ ਪਰਮਾਤਮ ਵੇਖ ਵਖਾਇੰਦਾ । ਏਕਾ ਘਰ ਕਰੇ ਟਿਕਾਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਜਣਾਇੰਦਾ । ਸਚਖੰਡ ਕਹੇ ਪ੍ਰਭ ਦੱਸ ਹਾਲ, ਕਿਸ ਬਿਧ ਆਪਣੀ ਖੇਲ ਚਲਾਈਆ । ਕਵਣ ਅਵੱਲੜੀ ਚਲੇਂ ਚਾਲ, ਨਿਰਾਲੀ ਮਾਤ ਰਖਾਈਆ । ਨਿਰਗੁਣ ਸਰਗੁਣ ਮਾਰਗ ਦਏਂ ਸਖਾਲ, ਸਾਚੀ ਸਿਖਿਆ ਕਰ ਪੜ੍ਹਾਈਆ । ਕਵਣ ਦਵਾਰੇ ਹੋਏਂ ਦਲਾਲ, ਜਗਤ ਵਚੋਲਾ ਬਣੇਂ ਮਾਹੀਆ । ਵੇਖ ਵਖਾਏ ਹੱਕ ਹਲਾਲ, ਹਕੀਕਤ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਗੁਰ ਸਾਚੇ ਸਾਚੀ ਕਹਾਣੀ ਦਏ ਸਮਝਾਈਆ । ਸਚਖੰਡ ਸੁਣ ਸਾਚੀ ਬਾਤ, ਹਰਿ ਬਾਤਨ ਆਪ ਜਣਾਇੰਦਾ । ਸਤਿਜੁਗ ਖੇਲਾਂ ਖੇਲ ਤਮਾਸ਼, ਮਿਹਰਵਾਨ ਵਡਿਆਇੰਦਾ । ਸੁਤ ਦੁਲਾਰਾ ਕਰ ਪਰਕਾਸ਼, ਸੰਤ ਕੁਮਾਰਾ ਸੋਭਾ ਪਾਇੰਦਾ । ਬਰਾਹ ਰੂਪ ਪ੍ਰਿਥਮੀ ਆਕਾਸ਼, ਆਪਣਾ ਰੰਗ ਰੰਗਾਇੰਦਾ । ਯਗੈ ਪੁਰਸ਼ ਕਰ ਦਾਸੀ ਦਾਸ, ਸਾਚਾ ਮਾਰਗ ਲਾਇੰਦਾ । ਹਾਵ ਗ਼ਰੀਵ ਖੇਲ ਤਮਾਸ਼, ਨਰ ਨਰਾਇਣ ਆਪ ਜਣਾਇੰਦਾ । ਕਪਲ ਮੁਨ ਪੂਰੀ ਕਰੇ ਆਸ, ਰਿਖਪ ਦੇਵ ਪੜਦਾ ਲਾਹਿੰਦਾ । ਪਿਰਥੂ ਦੇਵੇ ਆਪਣਾ ਸਾਥ, ਮਤਸ ਆਪਣਾ ਰੰਗ ਰੰਗਾਇੰਦਾ । ਕਛਪ ਵੇਖੇ ਖੇਲ ਤਮਾਸ਼, ਧਨੰਤਰ ਆਪਣਾ ਭੇਵ ਚੁਕਾਇੰਦਾ । ਮੋਹਣੀ ਵਖਾਏ ਆਪਣੀ ਰਾਸ, ਹੰਸਾ ਆਪਣਾ ਰਾਗ ਅਲਾਇੰਦਾ । ਬਾਵਨ ਭੇਖ ਧਰੇ ਪੁਰਖ ਅਬਿਨਾਸ਼, ਨਰ ਸਿੰਘ ਆਪਣੀ ਕਲ ਵਟਾਇੰਦਾ । ਹਰੀ ਹਰਿ ਕਦੇ ਨਾ ਹੋਏ ਉਦਾਸ, ਗਜ ਲੇਖਾ ਆਪ ਚੁਕਾਇੰਦਾ । ਨਰ ਨਰਾਇਣ ਸ਼ਾਹੋ ਸ਼ਾਬਾਸ਼, ਸ਼ਹਿਨਸ਼ਾਹ ਆਪਣਾ ਭੇਵ ਚੁਕਾਇੰਦਾ । ਪੰਡਤ ਦੇਵੇ ਇਕ ਗਿਆਨ, ਬੋਧ ਅਗਾਧ ਸਮਝਾਇੰਦਾ । ਰਾਮ ਰਾਮਾ ਕਰ ਪਰਵਾਨ, ਪਰਮ ਪੁਰਖ ਖੇਲ ਖਲਾਇੰਦਾ । ਵੇਦ ਵਿਆਸਾ ਦੇ ਗਿਆਨ, ਅਗਿਆਨ ਅੰਧੇਰ ਚੁਕਾਇੰਦਾ । ਤ੍ਰਿਲੋਕੀ ਨਾਥ ਭੇਵ ਮਹਾਨ, ਕਾਹਨਾ ਕ੍ਰਿਸ਼ਨਾ ਬੰਸਰੀ ਰਾਗ ਸੁਣਾਇੰਦਾ । ਬੋਧ ਅਗਾਧਾ ਨੌਜਵਾਨ, ਸ਼ਬਦ ਅਨਾਦਾ ਨਾਦ ਵਜਾਇੰਦਾ । ਮੂਸੇ ਭੇਵ ਚੁਕਾਏ ਆਣ, ਜਲਵਾ ਨੂਰ ਨੂਰ ਸਮਝਾਇੰਦਾ । ਈਸੇ ਦੇਵੇ ਇਕ ਧਿਆਨ, ਆਪ ਆਪਣਾ ਘਰ ਵਖਾਇੰਦਾ । ਮੁਹੰਮਦ ਦੇ ਧੁਰ ਫ਼ਰਮਾਨ, ਨਾਮ ਸੰਦੇਸਾ ਇਕ ਸੁਣਾਇੰਦਾ । ਪੰਜ ਤੱਤ ਕਰ ਪਰਵਾਨ, ਨਿਰਗੁਣ ਆਪਣੀ ਜੋਤ ਜਗਾਇੰਦਾ । ਨਾਨਕ ਨਾਮ ਕਰ ਪਰਧਾਨ, ਜੋਤੀ ਜਾਤਾ ਵੰਡ ਵੰਡਾਇੰਦਾ । ਦਸ ਦਸ ਵੇਖੇ ਖੇਲ ਮਹਾਨ, ਕਾਇਆ ਚੋਲਾ ਆਪ ਹੰਢਾਇੰਦਾ । ਗੋਬਿੰਦ ਮੇਲਾ ਵਿਚ ਜਹਾਨ, ਚੇਲਾ ਗੁਰ ਰੂਪ ਸਮਝਾਇੰਦਾ । ਭਗਤਾਂ ਦੇ ਚਰਨ ਧਿਆਨ, ਸਰਨ ਸਰਨਾਈ ਇਕ ਸਮਝਾਇੰਦਾ । ਆਤਮ ਪਰਮਾਤਮ ਕਰ ਪਰਵਾਨ, ਸਾਚਾ ਪਰਵਾਨਾ ਹੱਥ ਫੜਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਪਰਗਟ ਹੋ ਵਿਚ ਜਹਾਨ, ਜੀਵਣ ਯੁਗਤ ਜਗਤ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਸਾਚੇ ਸਚ ਸਚ ਦ੍ਰਿੜਾਇੰਦਾ । ਸਚਖੰਡ ਵੇਖੇ ਪ੍ਰਭ ਤੇਰੀ ਵਡਿਆਈ, ਦੂਜੇ ਨਜ਼ਰ ਕੋਇ ਨਾ ਆਈਆ । ਕਿਸ ਬਿਧ ਕਰੇਂ ਮਾਤ ਕੁੜਮਾਈ, ਸਰਗੁਣ ਆਪਣੇ ਅੰਗ ਲਗਾਈਆ । ਸਾਚਾ ਢੋਲਾ ਗਾਏਂ ਚਾਈਂ ਚਾਈਂ, ਨਾਉਂ ਨਿਰੰਕਾਰਾ ਨਾਮ ਪਰਗਟਾਈਆ । ਵੇਖ ਵਖਾਏਂ ਥਾਉਂ ਥਾਈਂ, ਨਵ ਨੌਂ ਚਾਰ ਫੇਰਾ ਪਾਈਆ । ਭਗਤ ਉਠਾਏਂ ਫੜ

ਕੇ ਬਾਂਹੀਂ, ਫੜ ਬਾਂਹੋਂ ਗਲੇ ਲਗਾਈਆ । ਸੰਤਾਂ ਦੇਵੇਂ ਠੰਡੀ ਛਾਈਂ, ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮੈਂ ਵੀ ਵੇਖਾਂ ਤੇਰਾ ਘਰ, ਲੋਕਮਾਤ ਮੇਰੀ ਬਣਤ ਬਣਾਈਆ । ਸਚਖੰਡ ਪ੍ਰਭ ਚਰਨਾਂ ਰੱਖੇ ਸੀਸ, ਆਦਿ ਆਦਿ ਸੀਸ ਝੁਕਾਈਆ । ਤੂੰ ਸਾਹਿਬ ਸੱਚਾ ਜਗਦੀਸ, ਜਗਦੀਸਰ ਤੇਰੀ ਵਡਿਆਈਆ । ਤੇਰੀ ਕੋਈ ਨਾ ਕਰੇ ਰੀਸ, ਸ਼ਹਿਨਸ਼ਾਹ ਇਕੋ ਇਕ ਅਖਵਾਈਆ । ਜੁਗ ਚੌਕੜੀ ਪੀਸਣ ਲਏ ਪੀਸ, ਤੇਰੀ ਸੇਵ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰੀ ਪੜ੍ਹਨ ਹਦੀਸ, ਕਲਮਾ ਨਬੀ ਰਸੂਲ ਜਣਾਈਆ । ਤੇਰਾ ਲੇਖਾ ਤੇਰੀ ਮਹਿਮਾ ਤੇਰਾ ਰਾਗ ਤੇਰਾ ਨਾਦ ਤੇਰੀ ਸਿਫ਼ਤ ਕਰੇ ਛਤੀਸ, ਰਾਗ ਰਾਗਾਂ ਵਿਚ ਕਦੇ ਨਾ ਆਈਆ । ਸਦ ਸਵਾਮੀ ਹੋ ਵਿਸਮਾਦ, ਬਿਸਮਲ ਆਪਣੀ ਕਾਰ ਕਮਾਈਆ । ਤੂੰ ਮੇਰੀ ਰਚਨਾ ਰਚੀ ਆਦਿ, ਆਦਿ ਪੁਰਖ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਲੋਕਮਾਤ ਮੈਂ ਵੇਖਾਂ ਤੇਰਾ ਘਰ, ਜਿਸ ਘਰ ਆਪਣਾ ਡੇਰਾ ਲਾਈਆ । ਸ੍ਰੀ ਭਗਵਾਨ ਹੋ ਮਿਹਰਵਾਨ, ਸਚਖੰਡ ਦਵਾਰੇ ਆਪ ਜਣਾਇੰਦਾ । ਤੇਰੀ ਬੇਨੰਤੀ ਹੋਈ ਪਰਵਾਨ, ਪਰਮ ਪੁਰਖ ਝੋਲੀ ਪਾਇੰਦਾ । ਨੌਂ ਸੌ ਚੁਰਾਨਵੇ ਚੌਕੜੀ ਜੁਗ ਬੀਤੇ ਵਿਚ ਜਹਾਨ, ਕੋਟਨ ਕੋਟ ਕਾਲ ਵਿਹਾਇੰਦਾ । ਨਿਰਗੁਣ ਪਰਗਟ ਹੋਵੇ ਵਿਚ ਜਹਾਨ ਨਿਰਵੈਰ ਆਪਣੀ ਧਾਰ ਚਲਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਮੰਗਦੇ ਜਾਣ ਦਾਨ, ਦੋਏ ਦੋਏ ਜੋੜ ਵਾਸਤਾ ਸਰਬ ਪਾਇੰਦਾ । ਕਲਜੁਗ ਅੰਤਮ ਖੇਲੇ ਖੇਲ ਨੌਜਵਾਨ, ਨਿਹਕਲੰਕਾ ਆਪਣਾ ਨਾਮ ਜਣਾਇੰਦਾ । ਜੋਧਾ ਸੂਰ ਬਲੀ ਬਲਵਾਨ, ਬਲ ਆਪਣਾ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਆਪ ਜਣਾਇੰਦਾ । ਸਚਖੰਡ ਦਵਾਰਾ ਕਹੇ ਮੈਨੂੰ ਮਨਜ਼ੂਰ, ਪ੍ਰਭ ਚਰਨੀ ਸੀਸ ਨਿਵਾਇਆ । ਜੁਗ ਚੌਕੜੀ ਪੈਂਡਾ ਨਹੀਂ ਦੂਰ, ਤੇਰੇ ਪਿਆਰ ਅੰਦਰ ਖ਼ੁਸ਼ੀ ਨਾਲ ਬਿਤਾਇਆ । ਅੰਤਮ ਪਰਗਟ ਹੋਏ ਜ਼ਾਹਰ ਜ਼ਹੂਰ, ਨਿਰਗੁਣ ਆਪਣਾ ਨੂਰ ਕਰ ਰੁਸ਼ਨਾਇਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰੀ ਆਸਾ ਰੱਖ ਕੇ ਗਏ ਜ਼ਰੂਰ, ਜ਼ਰੂਰਤ ਸਭ ਦੀ ਪੂਰ ਕਰਾਇਆ । ਬੇਪਰਵਾਹ ਨੌਂ ਸੌ ਚੁਰਾਨਵੇ ਚੌਕੜੀ ਜੁਗ ਤੂੰ ਹੋਇਆ ਰਿਹਾ ਮਫ਼ਰੂਰ, ਹੱਥ ਕਿਸੇ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਧਿਆਨ ਲਗਾਇਆ । ਪੁਰਖ ਅਬਿਨਾਸ਼ੀ ਕਹੇ ਭਗਵਾਨ, ਭਗਵਨ ਆਪਣੀ ਦਇਆ ਕਮਾਈਆ । ਕਲਜੁਗ ਅੰਤਮ ਪਰਗਟ ਹੋ ਕੇ ਆਵਾਂ ਵਿਚ ਜਹਾਨ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਮੰਗਿਆ ਦਾਨ, ਬਣ ਕੇ ਦਾਤਾ ਝੋਲੀ ਪਾਈਆ । ਦੋ ਜਹਾਨਾਂ ਵੇਖਾਂ ਮਾਰ ਧਿਆਨ, ਵਿਸ਼ਨ ਬ੍ਰਹਮਾ ਸ਼ਿਵ ਫੜ ਬਾਂਹੋਂ ਲਵਾਂ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਰਿਹਾ ਦ੍ਰਿੜਾਈਆ । ਸਚਖੰਡ ਦਵਾਰਾ ਰੱਖੇ ਆਸ, ਪ੍ਰਭ ਆਸਾ ਪੂਰ ਕਰਾਈਆ । ਕਲਜੁਗ ਅੰਤਮ ਨਿਰਗੁਣ ਜੋਤ ਕਰੇ ਪਰਕਾਸ਼, ਪਰਕਾਸ਼ਵਾਨ ਬੇਪਰਵਾਹੀਆ । ਕਰ ਕਿਰਪਾ ਤੈਨੂੰ ਖੜੇ ਸਾਥ, ਆਪ ਆਪਣੀ ਉਂਗਲੀ ਲਾਈਆ । ਤੇਰਾ ਲਹਿਣਾ ਚੁਕੇ ਮਸਤਕ ਮਾਥ, ਪੂਰਬ ਝੋਲੀ ਪਾਈਆ । ਚਰਨ ਕਵਲ ਬੰਧਾਏ ਨਾਤ, ਨਾਤਾ ਲੋਕਮਾਤ ਜੁੜਾਈਆ । ਫਿਰ ਪੁਛੇ ਮੇਰੀ ਵਾਤ, ਕਹਾਣੀ ਆਪਣੀ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਦਏ ਵਡਿਆਈਆ । ਸਚਖੰਡ ਦਵਾਰੇ ਰਹਿਣਾ ਤਿਆਰ, ਸ੍ਰੀ ਭਗਵਾਨ ਆਪ ਜਣਾਇੰਦਾ । ਜੁਗ ਚੌਕੜੀ ਬੀਤੇ ਚਾਰ,



੯੯੩
੧੩

ਚਾਰ ਯਾਰੀ ਪਾਰ ਕਰਾਇੰਦਾ । ਕਲ ਕਲਕੀ ਲਏ ਅਵਤਾਰ, ਗੋਬਿੰਦ ਮੇਲਾ ਮੇਲ ਮਿਲਾਇੰਦਾ । ਪਰਗਟ ਹੋ ਵਿਚ ਸੰਸਾਰ, ਸ੍ਰੀ ਭਗਵਾਨ ਰਾਹ ਜਣਾਇੰਦਾ । ਸ਼ਬਦ ਅਗੰਮ ਬੋਲ ਜੈਕਾਰ, ਅਨਾਦੀ ਨਾਦ ਸੁਣਾਇੰਦਾ । ਸਚ ਦਵਾਰ ਖੋਲ੍ਹ ਕਵਾੜ, ਆਸਣ ਸਿੰਘਾਸਣ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੀ ਵਾਸਨਾ ਪੂਰ ਕਰਾਇੰਦਾ । ਤੇਰੀ ਵਾਸਨਾ ਅੰਤਮ ਕਰੇ ਪੂਰੀ, ਪ੍ਰਭ ਆਪਣੀ ਦਇਆ ਕਮਾਈਆ । ਆਸਾ ਰਹੇ ਨਾ ਅੰਤ ਅਧੂਰੀ ਨਿਰਗੁਣ ਜੋਤ ਕਰੇ ਰੁਸ਼ਨਾਈਆ । ਪਰਮ ਪੁਰਖ ਪਰਮਾਤਮ ਕੱਟੇ ਮਜਬੂਰੀ, ਆਪ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਕਲਜੁਗ ਅੰਤਮ ਗਿਆ ਆ, ਸਚਖੰਡ ਨਿਵਾਸੀ ਸਚਖੰਡ ਦਵਾਰੇ ਰਿਹਾ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਨੂੰ ਗਏ ਧਿਆ, ਧਿਆਨ ਰਹੇ ਲਗਾਈਆ । ਜਿਸ ਨੂੰ ਕਹਿੰਦੇ ਵਾਹਦ ਲਾਸ਼ਰੀਕ ਇਕ ਖ਼ੁਦਾ, ਸ਼ਿਰਕਤ ਸਭ ਦੀ ਦਏ ਮਿਟਾਈਆ । ਵੇਦ ਪੁਰਾਨ ਬਣਾਏ ਆਪ ਗਵਾਹ, ਜਗਤ ਸ਼ਹਾਦਤ ਇਕ ਵਖਾਈਆ । ਨਿਰਗੁਣ ਦਾਤਾ ਪੁਰਖ ਬਿਧਾਤਾ ਜੋਤੀ ਜਾਤਾ ਆਪ ਆਪਣਾ ਵੇਸ ਵਟਾ, ਨੂਰੋ ਨੂਰ ਰੁਸ਼ਨਾਈਆ । ਸਚ ਦਵਾਰ ਹਰਿ ਨਿਰੰਕਾਰ ਧਰਨੀ ਧਰਤ ਧਵਲ ਦਏ ਸੁਹਾ, ਆਪ ਆਪਣਾ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਦੇਵੇ ਦਾਤ, ਚਰਨ ਕਵਲ ਬੰਧਾਏ ਨਾਤ, ਨਾਤਾ ਬਿਧਾਤਾ ਆਪ ਜੁੜਾਈਆ । ਸਚਖੰਡ ਦਵਾਰੇ ਤੇਰਾ ਲਹਿਣਾ, ਸੋ ਪੁਰਖ ਨਿਰੰਜਣ ਅੰਤ ਚੁਕਾਈਆ । ਆਪ ਵਖਾਏ ਤੇਰੇ ਨੈਣਾਂ, ਨੇਤਰ ਨੈਣ ਨੈਣ ਖੁਲ੍ਹਾਈਆ । ਹਰਿ ਸਰਨਾਈ ਸਾਚੀ ਬਹਿਣਾ, ਮਿਲੇ ਮਾਣ ਵਡਿਆਈਆ । ਇਕੋ ਮੰਨਣਾ ਪ੍ਰਭ ਦਾ ਕਹਿਣਾ, ਦੂਜੀ ਓਟ ਨਾ ਕੋਇ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਇਕ ਵਸਾਈਆ । ਸਚ ਦਵਾਰੇ ਵਸਣਾ ਖੇੜਾ, ਸਚਖੰਡ ਨਿਵਾਸੀ ਆਪ ਵਸਾਇੰਦਾ । ਜਿਸ ਘਰ ਬਹਿ ਕੇ ਭਗਤਾਂ ਬੰਨ੍ਹਣਾ ਬੇੜਾ, ਸਤਿਜੁਗ ਸਾਚਾ ਰਾਹ ਚਲਾਇੰਦਾ । ਧਰਤ ਮਾਤ ਦਾ ਖੁਲ੍ਹਾ ਕਰਨਾ ਵੇਹੜਾ, ਸ਼ਾਹ ਸੁਲਤਾਨਾਂ ਖ਼ਾਕ ਮਿਲਾਇੰਦਾ । ਲੱਖ ਚੁਰਾਸੀ ਉਲਟਾ ਦੇਣਾ ਗੇੜਾ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਦੀਨ ਮਜ਼੍ਹਬ ਦਾ ਚੁਕਣਾ ਝੇੜਾ, ਜ਼ਾਤ ਪਾਤ ਨਾ ਕੋਇ ਰਖਾਇੰਦਾ । ਚਾਰ ਵਰਨਾਂ ਪੌਣਾ ਘੇਰਾ, ਸ਼ਰਅ ਸ਼ਰੀਅਤ ਡੇਰਾ ਢਾਇੰਦਾ । ਕੂੜੀ ਕਿਰਿਆ ਚੁਕਣਾ ਹੇਰਾ ਫੇਰਾ, ਸਚ ਸੁੱਚ ਇਕ ਸਮਝਾਇੰਦਾ । ਸਭ ਨੇ ਕਹਿਣਾ ਤੂੰ ਮੇਰਾ ਮੈਂ ਤੇਰਾ, ਬਿਨ ਪਾਰਬ੍ਰਹਮ ਬ੍ਰਹਮ ਨਜ਼ਰ ਕੋਇ ਨਾ ਆਇੰਦਾ । ਨਾਉਂ ਰਖਾ ਸ੍ਰੀ ਭਗਵਾਨ ਸਿੰਘ ਸ਼ੇਰਾ, ਦੋ ਜਹਾਨਾਂ ਭਬਕ ਲਗਾਇੰਦਾ । ਚੌਥੇ ਜੁਗ ਢਹਿਣਾ ਡੇਰਾ, ਅੱਗੇ ਸਿਰ ਨਾ ਕੋਇ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਮਹੱਲਾ ਇਕ ਵਸਾਇੰਦਾ । ਸਚ ਮਹੱਲਾ ਵਸੇ ਮਾਤ, ਸਚਖੰਡ ਦਏ ਵਡਿਆਈਆ । ਭਗਤ ਭਗਵਾਨ ਇਕ ਜਮਾਤ, ਇਕੋ ਅੱਖਰ ਪੜ੍ਹਾਈਆ । ਕਲਜੁਗ ਮੇਟ ਅੰਧੇਰੀ ਰਾਤ, ਸਤਿਜੁਗ ਸਾਚਾ ਚੰਦ ਚੜ੍ਹਾਈਆ । ਮਨਮਤ ਰਹੇ ਨਾ ਨਾਰ ਕਮਜ਼ਾਤ, ਗੁਰਮਤ ਇਕੋ ਇਕ ਜਣਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਮੇਲ ਮਿਲਾਏ ਪੁਰਖ ਸਮਰਾਥ, ਮਿਲਾਵਣਹਾਰਾ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਤੇਰਾ ਮਾਣ ਵਧਾਈਆ । ਸਚਖੰਡ ਦਵਾਰੇ ਮਾਤਲੋਕ, ਤੇਰਾ ਰੰਗ ਰੰਗਾਇੰਦਾ । ਜਿਸ ਦਵਾਰੇ ਸੁਣਾਏ ਇਕ ਸਲੋਕ, ਸੋਹਲਾ ਆਪਣੇ ਨਾਮ ਪੜ੍ਹਾਇੰਦਾ । ਪਾਵੇ ਸਾਰ ਲੋਕ ਪਰਲੋਕ ਦੋ ਜਹਾਨਾਂ ਖੋਜ ਖੁਜਾਇੰਦਾ । ਬੰਕ ਦਵਾਰ

੯੯੫
੧੩

ਸੁਹਾਏ ਕੋਟ, ਕੋਟਨ ਕੋਟ ਦਵਾਰੇ ਢਾਹਿੰਦਾ । ਜਨ ਭਗਤਾਂ ਦੱਸੇ ਇਕੋ ਨਿਰਗੁਣ ਓਟ, ਦੂਜਾ ਇਸ਼ਟ ਨਾ ਕੋਇ ਵਖਾਇੰਦਾ । ਮੇਲ ਮਿਲਾਏ ਨਿਰਮਲ ਜੋਤ, ਆਤਮ ਪਰਮਾਤਮ ਬੰਧਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰਾ ਮਾਤ ਬਣਾਇੰਦਾ । ਸਚ ਦਵਾਰਾ ਬਣਨਾ ਮਾਤ, ਮਿੱਤਰ ਪਿਆਰਾ ਆਪ ਜਣਾਈਆ । ਦੇਵੇ ਵਡਿਆਈ ਕਾਇਨਾਤ, ਕਲਮਾ ਨਬੀ ਰਸੂਲ ਜਣਾਈਆ । ਅੰਮ੍ਰਿਤ ਜਾਮ ਪਿਆਏ ਹਯਾਤ ਆਬ, ਆਬ ਹਯਾਤ ਮੁਖ ਚੁਆਈਆ । ਮੇਲ ਮਿਲਾਏ ਸਚ ਅਹਿਬਾਬ, ਮਹਿਬੂਬ ਸੱਚਾ ਸ਼ਹਿਨਸ਼ਾਹੀਆ । ਨਜ਼ਰੀ ਆਏ ਇਕ ਨਵਾਬ, ਨੌਬਤ ਆਪਣੇ ਨਾਮ ਵਜਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੇ ਪੂਰੇ ਕਰੇ ਖ਼ਵਾਬ, ਜੋ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗਏ ਧਿਆਨ ਲਗਾਈਆ । ਨਜ਼ਰੀ ਆਏ ਪਾਕੀ ਪਾਕ, ਪਤਤ ਪੁਨੀਤ ਇਕ ਅਖਵਾਈਆ । ਸਚ ਦਵਾਰਾ ਖੋਲ੍ਹੇ ਤਾਕ, ਬੰਦ ਤਾਕੀ ਕੁੰਡਾ ਲਾਹੀਆ । ਨਜ਼ਰੀ ਆਏ ਸ਼ਹਿਨਸ਼ਾਹ ਸ਼ਾਹ ਸ਼ਾਬਾਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚਖੰਡ ਦਵਾਰ ਸਮਝਾਈਆ । ਸਚਖੰਡ ਕਹੇ ਪ੍ਰਭੂ ਤੇਰੀ ਪਨਾਹ, ਪੁਨਹਿ ਪੁਨਹਿ ਸੀਸ ਝੁਕਾਈਆ । ਲੋਕਮਾਤ ਚਲਾਏਂ ਸਚ ਰਾਹ, ਰਹਿਬਰ ਇਕ ਅਖਵਾਈਆ । ਲੱਖ ਚੁਰਾਸੀ ਦਏਂ ਪਨਾਹ, ਸਿਰ ਆਪਣਾ ਹੱਥ ਟਿਕਾਈਆ । ਚਾਰ ਵਰਨਾਂ ਏਕਾ ਦਰ ਦਏਂ ਬਹਾ, ਕੂੜੀ ਕਿਰਿਆ ਨਾਤਾ ਤੋੜ ਤੁੜਾਈਆ । ਆਤਮ ਪਰਮਾਤਮ ਮੇਲਾ ਲਏਂ ਮਿਲਾ, ਜਗਤ ਵਛੋੜਾ ਪੰਧ ਕਟਾਈਆ । ਸਾਚਾ ਸੋਹਲਾ ਦਏਂ ਸੁਣਾ, ਸੋਹੰ ਢੋਲਾ ਗਾਈਆ । ਪੜਦਾ ਉਹਲਾ ਦਏਂ ਚੁਕਾ, ਬਜਰ ਕਪਾਟੀ ਤੋੜ ਤੁੜਾਈਆ । ਨਿਝਰ ਝਿਰਨਾ ਇਕ ਝਿਰਾ, ਕਵਲ ਨਾਭ ਉਲਟਾਈਆ । ਨਿਰਗੁਣ ਜੋਤ ਕਰ ਰੁਸ਼ਨਾ, ਜੋਤ ਨਿਰੰਜਣ ਡਗਮਗਾਈਆ । ਆਤਮ ਸੇਜਾ ਡੇਰਾ ਲਾ, ਸਚ ਸਿੰਘਾਸਣ ਸੋਭਾ ਪਾਈਆ । ਭਗਤਾਂ ਖੇੜਾ ਦਏਂ ਵਸਾ, ਘਰ ਆਪਣਾ ਮੰਗਲ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਵਾਂ ਚਾਈਂ ਚਾਈਂਆ । ਸਚਖੰਡ ਦਵਾਰੇ ਅੰਤਮ ਔਣਾ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਨੌਂ ਸੌ ਚੁਰਾਨਵੇ ਚੌਕੜੀ ਜੁਗ ਸਚ ਦਵਾਰੇ ਗੂੜ੍ਹੀ ਨੀਂਦ ਸਵੌਣਾ, ਫੜ ਬਾਂਹੋਂ ਨਾ ਤੈਨੂੰ ਕੋਇ ਉਠਾਇੰਦਾ । ਨਿਰਗੁਣ ਨਿਰਵੈਰ ਅਕਾਲ ਦੀਨ ਦਿਆਲ ਜੋਤੀ ਜਾਮਾ ਭੇਸ ਵਟੌਣਾ, ਭੇਵ ਅਭੇਦ ਆਪ ਖੁਲਾਇੰਦਾ । ਕਲਜੁਗ ਕੂੜੀ ਕਿਰਿਆ ਪੰਧ ਮੁਕੌਣਾ, ਸਤਿਜੁਗ ਸਾਚਾ ਰਾਹ ਜਣਾਇੰਦਾ । ਭਗਤ ਭਗਵਾਨ ਆਪ ਮਿਲੌਣਾ, ਆਪ ਆਪਣਾ ਮੇਲ ਮਿਲਾਇੰਦਾ । ਮਿਲ ਮਿਲ ਭਗਤਾਂ ਮੰਗਲ ਗੌਣਾ, ਗੀਤ ਗੋਬਿੰਦ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰ ਇਕ ਜਣਾਇੰਦਾ । ਸਚਖੰਡ ਦਵਾਰੇ ਤੇਰੀ ਵਡਿਆਈ ਸਾਢੇ ਤਿੰਨ ਹੱਥ, ਸ੍ਰੀ ਭਗਵਾਨ ਆਪ ਜਣਾਈਆ । ਕਲਜੁਗ ਅੰਤਮ ਹੋ ਪਰਗਟ, ਤੇਰਾ ਮਹੱਲ ਦਏ ਸੁਹਾਈਆ । ਨਿਰਮਲ ਜੋਤ ਜਗੇ ਲਟ, ਨੂਰੋ ਨੂਰ ਨੂਰ ਰੁਸ਼ਨਾਈਆ । ਸਤਿ ਪੁਰਖ ਦਾ ਖੁਲ੍ਹੇ ਹੱਟ, ਦੋ ਜਹਾਨਾਂ ਵਣਜ ਕਰਾਈਆ । ਵਸਣਹਾਰਾ ਘਟ ਘਟ, ਤੇਰੇ ਮੰਦਰ ਡੇਰਾ ਲਾਈਆ । ਸਾਚਾ ਮਾਰਗ ਦੇਵੇ ਦੱਸ, ਤੋੜੇ ਭਰਮ ਭੌ ਲੋਕਾਈਆ । ਲਹਿਣਾ ਦੇਣ ਚੁਕਾਏ ਤੀਰਥ ਅਠਸਠ, ਗੰਗਾ ਗੋਦਾਵਰੀ ਜਮਨਾ ਸੁਰਸਤੀ ਨੇਤਰ ਰੋਵੇ ਮਾਰੇ ਧਾਈਆਂ । ਗੁਰ ਅਵਤਾਰ ਪੀਰ ਪੈਗ਼ੰਬਰ ਹੋਣ ਬੇਬਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰ ਇਕੋ ਇਕ ਸਮਝਾਈਆ । ਸਚਖੰਡ ਦਵਾਰ ਪੁਰਖ ਅਬਿਨਾਸ਼ਾ, ਇਕੋ ਇਕ ਸਮਝਾਇੰਦਾ । ਜਿਸ ਮੰਦਰ ਵੇਖੇ ਖੇਲ ਤਮਾਸ਼ਾ, ਖ਼ਾਲਕ ਖ਼ਲਕ ਪੰਧ ਮੁਕਾਇੰਦਾ । ਤੇਰੀ ਪੂਰੀ ਕਰ ਆਸਾ, ਤ੍ਰਿਸਨਾ

ਤੇਰੀ ਝੋਲੀ ਪਾਇੰਦਾ । ਸ਼ਾਹੋ ਭੂਪ ਹਰਿ ਸ਼ਾਹ ਸ਼ਾਬਾਸ਼ਾ, ਸ਼ਹਿਨਸ਼ਾਹ ਇਕੋ ਨਜ਼ਰੀ ਆਇੰਦਾ । ਜਨ ਭਗਤਾਂ ਦੇਵੇ ਧੁਰ ਭਰਵਾਸਾ, ਧੁਨ ਆਤਮਕ ਰਾਗ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਦਰ ਆਪ ਵਡਿਆਇੰਦਾ । ਸਚਖੰਡ ਕਹੇ ਪ੍ਰਭ ਤੇਰਾ ਮੰਦਰ, ਤੇਰੇ ਨਾਲ ਸੁਹਾਈਆ । ਕਰ ਕਿਰਪਾ ਜਿਸ ਵਸੇਂ ਅੰਦਰ, ਤਿਸ ਮਿਲੇ ਮਾਣ ਵਡਿਆਈਆ । ਭਾਗ ਲੱਗੇ ਅੰਧੇਰੇ ਕੰਦਰ, ਜਿਸ ਗ੍ਰਿਹਿ ਜੋਤ ਕਰੇਂ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸੱਚਾ ਵਰ, ਤੇਰਾ ਦਰਸਨ ਵੇਖਾਂ ਚਾਈਂ ਚਾਈਂਆ । ਸਚ ਦਰਸ ਕਰਨ ਦਾ ਚਾਉ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਕਲਜੁਗ ਅੰਤਮ ਮੇਲ ਮਿਲਾਏ ਬੇਪਰਵਾਹੋ, ਆਪ ਆਪਣਾ ਭੇਵ ਖੁਲ੍ਹਾਇੰਦਾ । ਸਚ ਸਿੰਘਾਸਣ ਪੁਰਖ ਅਬਿਨਾਸ਼ਨ ਵੇਖਣਹਾਰਾ ਥਾਈਂ ਥਾਉਂ, ਥਾਨ ਥਨੰਤਰ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਵੇਖੇ ਅੰਤਮ ਵਾਰ, ਵਰ ਆਪਣਾ ਇਕ ਜਣਾਇੰਦਾ । ਕਲਜੁਗ ਅੰਤਮ ਖੇਲ ਅਪਾਰਾ, ਸੋ ਪੁਰਖ ਨਿਰੰਜਣ ਆਪ ਕਰਾਈਆ । ਸਚਖੰਡ ਦਾ ਸਚ ਦਵਾਰਾ, ਹਰਿ ਸਤਿਗੁਰ ਆਪ ਵਸਾਈਆ । ਗੁਰ ਗੁਰ ਵੱਜੇ ਸ਼ਬਦ ਨਗ਼ਾਰਾ, ਨਾਦ ਅਨਾਦ ਸੁਣਾਈਆ । ਭਗਤ ਭਗਵਾਨ ਕਰੇ ਪਿਆਰਾ, ਪੀਆ ਪ੍ਰੀਤਮ ਵੇਖ ਵਖਾਈਆ । ਸੰਤ ਸਾਜਣ ਦਏ ਸਹਾਰਾ, ਸਿਰ ਆਪਣਾ ਹੱਥ ਟਿਕਾਈਆ । ਗੁਰਮੁਖਾਂ ਖੋਲ੍ਹੇ ਬੰਦ ਕਵਾੜਾ, ਬੰਦ ਤਾਕੀ ਕੁੰਡਾ ਲਾਹੀਆ । ਗੁਰਸਿਖਾਂ ਦੇਵੇ ਚਰਨ ਧੂੜ ਛਾਰਾ, ਮਸਤਕ ਟਿੱਕਾ ਲਾਈਆ । ਮੁਰੀਦ ਮੁਰਸ਼ਦ ਇਕ ਅਧਾਰਾ, ਆਸਾ ਪੂਰ ਵਖਾਈਆ । ਕਾਗ਼ਜ਼ ਕਲਮ ਨਾ ਲਿਖਣਹਾਰਾ, ਲਿਖ ਲਿਖ ਲੇਖ ਨਾ ਕੋਇ ਮੁਕਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰਨ ਨਿਮਸਕਾਰਾ, ਦਰ ਬੈਠੇ ਸੀਸ ਝੁਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਉਚੀ ਬੋਲਣ ਇਕ ਜੈਕਾਰਾ, ਜੈ ਜੈਕਾਰ ਸੁਣਾਈਆ । ਸਰਬ ਜੀਆਂ ਦਾ ਸਾਂਝਾ ਯਾਰਾ, ਪੁਰਖ ਅਕਾਲ ਨਜ਼ਰੀ ਆਈਆ । ਕਲਜੁਗ ਅੰਤਮ ਪਾਰ ਕਿਨਾਰਾ, ਦੀਨ ਮਜ਼੍ਹਬ ਰਹਿਣ ਨਾ ਪਾਈਆ । ਨਜ਼ਰੀ ਆਵੇ ਇਕੋ ਪਰਵਰਦਿਗਾਰਾ, ਬੇਮੁਕਾਮ ਸੱਚਾ ਸ਼ਹਿਨਸ਼ਾਹੀਆ । ਆਤਮ ਪਰਮਾਤਮ ਦੇਵੇ ਸਚ ਨਜ਼ਾਰਾ, ਨਜ਼ਰੀਆ ਆਪਣਾ ਇਕ ਟਿਕਾਈਆ । ਮੁਕਾਮੇ ਹੱਕ ਹੋ ਉਜਿਆਰਾ, ਹੁਜਰਾ ਹੱਕ ਹੱਕ ਸੁਹਾਈਆ । ਸਚਖੰਡ ਵਸਣਹਾਰਾ ਏਕੰਕਾਰਾ, ਆਪ ਆਪਣੀ ਕਲ ਧਰਾਈਆ । ਲੋਕਮਾਤ ਦਾ ਧਰਮ ਅਖਾੜਾ, ਇਕੋ ਇਕ ਵਖਾਈਆ । ਜਨ ਭਗਤਾਂ ਖੋਲ੍ਹੇ ਸਚ ਦਵਾਰਾ, ਦਰ ਦਰਵਾਜ਼ਾ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਸਚ ਦਵਾਰਾ ਖੋਲ੍ਹੇ ਆਪ, ਆਪਣੀ ਦਇਆ ਕਮਾਇੰਦਾ । ਸ੍ਰਿਸ਼ਟ ਸਬਾਈ ਮਾਈ ਬਾਪ, ਪਿਤਾ ਪੂਤ ਵੇਖ ਵਖਾਇੰਦਾ । ਚਾਰ ਵਰਨ ਜਣਾਏ ਇਕੋ ਜਾਪ, ਸੋਹੰ ਮੰਤਰ ਆਪ ਪੜ੍ਹਾਇੰਦਾ । ਤ੍ਰੈਗੁਣ ਮਾਇਆ ਮੇਟੇ ਤਾਪ, ਅਗਨੀ ਤੱਤ ਨਾ ਕੋਇ ਤਪਾਇੰਦਾ । ਨਾਤਾ ਤੋੜ ਜ਼ਾਤ ਪਾਤ, ਬ੍ਰਹਮ ਇਕੋ ਇਕ ਸਮਝਾਇੰਦਾ । ਪੰਜ ਤੱਤ ਨਾਤਾ ਜਗਤ ਖ਼ਾਕ, ਖ਼ਾਕੀ ਰੂਪ ਖ਼ਾਕ ਸਮਾਇੰਦਾ । ਮੜੀ ਗੋਰ ਨਾ ਕੋਈ ਪੁੰਨ ਨਾ ਸਵਾਬ, ਬਿਨ ਸਤਿਗੁਰ ਪੂਰੇ ਪਾਰ ਨਾ ਕੋਇ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਅੰਤਮ ਵੇਖ ਵਖਾਇੰਦਾ । ਕਲਜੁਗ ਅੰਤਮ ਅੰਤ ਅੰਤ ਪ੍ਰਭ ਆਇਆ, ਆਪਣੀ ਦਇਆ ਕਮਾਈਆ । ਮੇਟਣਹਾਰਾ ਤ੍ਰੈਗੁਣ ਮਾਇਆ, ਤ੍ਰੈ ਤ੍ਰੈ ਲੇਖਾ ਦਏ ਜਣਾਈਆ । ਦੇਵਣਹਾਰਾ ਠੰਡੀ ਛਾਇਆ, ਸਿਰ ਆਪਣਾ ਹੱਥ ਟਿਕਾਈਆ । ਸਾਚਾ ਰਾਗ ਇਕ ਅਲਾਇਆ, ਅਨਾਦੀ ਨਾਦ ਵਜਾਈਆ । ਆਤਮ ਪਰਮਾਤਮ ਢੋਲਾ ਗਾਇਆ,

ਦੂਜੀ ਕਰੇ ਨਾ ਕੋਇ ਪੜ੍ਹਾਈਆ । ਚੌਦਾਂ ਵਿਦਿਆ ਨੈਣ ਸ਼ਰਮਾਇਆ, ਚੌਦਾਂ ਲੋਕ ਭੇਵ ਨਾ ਪਾਈਆ । ਚੌਦਾਂ ਤਬਕਾਂ ਕਰ ਰੁਸ਼ਨਾਇਆ, ਜ਼ਿਮੀਂ ਅਸਮਾਨ ਨਾ ਕੋਇ ਸੁਹਾਈਆ । ਸਤਿ ਸਤਿਵਾਦੀ ਸਾਚਾ ਰਾਹ ਚਲਾਇਆ, ਰਹਿਬਰ ਬਣਿਆ ਨੂਰ ਇਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰੇ ਦੇਵੇ ਵਰ, ਲੋਕਮਾਤ ਆਪ ਵਡਿਆਈਆ । ਸਚ ਦਵਾਰਾ ਸਚਖੰਡ, ਲੋਕਮਾਤ ਵਡਿਆਇੰਦਾ । ਜਨ ਭਗਤਾਂ ਦਿਤੀ ਇਕੋ ਵੰਡ, ਸ੍ਰੀ ਭਗਵਾਨ ਝੋਲੀ ਪਾਇੰਦਾ । ਅੰਤਰ ਆਤਮ ਇਕ ਅਨੰਦ, ਬਿਨ ਬੱਤੀ ਦੰਦ ਵਖਾਇੰਦਾ । ਸਤਿਜੁਗ ਸਤਿ ਸਤਿਵਾਦੀ ਚੜ੍ਹੇ ਚੰਦ, ਚੰਦ ਚਾਂਦਨਾ ਆਪ ਚਮਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਚਖੰਡ ਦਵਾਰਾ ਏਕੰਕਾਰਾ ਜੋਤ ਉਜਿਆਰਾ ਸ਼ਬਦ ਨਗਾਰਾ, ਸੰਗਤ ਸਹਾਰਾ ਘਰ ਇਕੋ ਇਕ ਵਸਾਇੰਦਾ । ਇਕੋ ਵਸੇ ਸੱਚਾ ਘਰ, ਘਰ ਘਰ ਵਿਚ ਵੱਜੇ ਵਧਾਈਆ । ਪ੍ਰਭ ਆਪ ਚੁਕਾਏ ਭੌ ਡਰ, ਭਿਆਨਕ ਰੂਪ ਨਾ ਕੋਇ ਵਖਾਈਆ । ਆਤਮ ਪਰਮਾਤਮ ਸੇਜਾ ਵੇਖੇ ਚੜ੍ਹ, ਸਾਚੇ ਪੌੜੇ ਦਏ ਚੜ੍ਹਾਈਆ । ਦਰਸ ਦਿਖਾਏ ਅੱਗੇ ਖੜ, ਚਤਰਭੁਜ ਸੱਚਾ ਸ਼ਹਿਨਸ਼ਾਹੀਆ । ਸਾਚਾ ਢੋਲਾ ਲਏ ਪੜ੍ਹ, ਬਿਨ ਰਸਨਾ ਜਿਹਵਾ ਗਾਈਆ । ਆਪਣੀ ਕਿਰਪਾ ਕਰਤਾ ਪੁਰਖ ਕਰ, ਹਰਿਜਨ ਸਾਚੇ ਮੇਲ ਮਿਲਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਜੀਂਵਦਿਆਂ ਜਗ ਜਾਏ ਮਰ, ਪ੍ਰਭ ਚਰਨ ਮਿਲੇ ਵਡਿਆਈਆ । ਦੋਜ਼ਖ਼ ਬਹਿਸ਼ਤ ਦੋਹਾਂ ਨੂੰ ਪਾਰ ਜਾਏ ਕਰ, ਸਵਰਗ ਚਰਨਾਂ ਹੇਠ ਦਬਾਈਆ । ਸਾਹਿਬ ਸਤਿਗੁਰ ਦਾ ਪੱਲੂ ਫੜ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਡੇਰਾ ਢਾਹੀਆ । ਵਿਸ਼ਨ ਬ੍ਰਹਮਾ ਸ਼ਿਵ ਹਰਿ ਭਗਤ ਤੇਰਾ ਦਰਸਨ ਕਰਨ, ਨੇਤਰ ਨੈਣ ਨੈਣ ਉਠਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਜਿਸ ਲਿਆ ਵਰ, ਘਰ ਸਾਚੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਭਗਤ ਭਗਵਾਨ ਸਾਚੀ ਰੀਤੀ, ਨਾਤਾ ਤੁਟਾ ਮੰਦਰ ਮਸੀਤੀ, ਸ਼ਿਵਦਵਾਲੇ ਮੱਠ ਗੁਰੂਦਵਾਰ ਗੁਰਮੁਖ ਕਾਇਆ ਵਿਚ ਵਖਾਈਆ । ਗੁਰਸਿਖ ਕਾਇਆ ਸਚ ਦਵਾਰਾ, ਗੁਰੂ ਗੁਰ ਅੰਦਰ ਆਸਣ ਲਾਇੰਦਾ । ਅੱਠੇ ਪਹਿਰ ਵੱਜੇ ਨਗਾਰਾ, ਅਨਹਦ ਨਾਦੀ ਨਾਦ ਸੁਣਾਇੰਦਾ । ਮਨ ਮਨੂਆ ਨਾ ਹੋਏ ਪਨਹਾਰਾ, ਸੁਰਤੀ ਸ਼ਬਦੀ ਮੇਲ ਮਿਲਾਇੰਦਾ । ਗ੍ਰਿਹ ਮੰਦਰ ਵਖਾਏ ਸੱਚੀ ਧਰਮਸਾਲਾ, ਧਰਮ ਦਵਾਰਾ ਇਕ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਵਖਾਏ ਆਪਣਾ ਘਰ, ਤਿਸ ਆਪਣੇ ਰੰਗ ਰੰਗਾਇੰਦਾ । ਭਗਤ ਕਹੇ ਪ੍ਰਭ ਦਰਸਨ ਪਾ, ਮੇਰੀ ਨੀਤੀ ਰਹੀ ਨਾ ਰਾਈਆ । ਪੂਜਾ ਪਾਠ ਤੋਂ ਖਹਿੜਾ ਲਿਆ ਛੁਡਾ, ਹਵਨੀ ਹਵਨ ਨਾ ਕੋਇ ਵਡਿਆਈਆ । ਨਿਰਗੁਣ ਮਿਲਿਆ ਨਿਰਗੁਣ ਆ, ਪੰਜ ਤੱਤ ਲੇਖਾ ਦਏ ਚੁਕਾਈਆ । ਆਤਮ ਪਰਮਾਤਮ ਗੰਢ ਲਈ ਪਵਾ, ਨਾ ਸਕੇ ਕੋਇ ਖੁਲ੍ਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਭਗਤਾਂ ਬਣੇ ਗਵਾਹ, ਸ਼ਹਾਦਤ ਇਕੋ ਇਕ ਜਣਾਈਆ । ਜਿਨ੍ਹਾਂ ਦਾ ਦਾਤਾ ਬੇਪਰਵਾਹ, ਤਿਨ੍ਹਾਂ ਡਰ ਨਾ ਕੋਇ ਵਖਾਈਆ । ਰਾਏ ਧਰਮ ਨੈਣ ਰਿਹਾ ਸ਼ਰਮਾ, ਚਿਤਰ ਗੁਪਤ ਨਾ ਲੇਖ ਵਖਾਈਆ । ਲਾੜੀ ਮੌਤ ਮਾਰੇ ਧਾਹ, ਨੇਤਰ ਨੈਣਾਂ ਨੀਰ ਵਹਾਈਆ । ਸਾਚੇ ਭਗਤਾਂ ਪ੍ਰਭੂ ਅੰਤਮ ਆਪਣੀ ਗੋਦੀ ਲਏ ਉਠਾ, ਪੰਜ ਤੱਤ ਕਾਇਆ ਮਾਟੀ ਕੰਮ ਕਿਸੇ ਨਾ ਆਈਆ । ਕੋਈ ਸਾੜੇ ਕੋਈ ਦੇਵੇ ਦਫ਼ਨਾ, ਕੋਈ ਪੰਛੀਆਂ ਕੋਲੋਂ ਤੁੜਾਈਆ । ਕੋਈ ਜਲ ਧਾਰਾ ਦਏ ਵਹਾ, ਕੋਈ ਅੰਗ ਭੰਗ ਕਟਾਈਆ । ਆਤਮ ਪਰਮਾਤਮ ਪਾਰਬ੍ਰਹਮ ਪ੍ਰਭ ਭਗਤਾਂ ਲਏ ਆਪਣੀ ਗੋਦ

੯੯੭ ੧੩

ਬਹਾ, ਦੋ ਜਹਾਨਾਂ ਨਾਤਾ ਤੋੜ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਆਪਣਾ ਮੇਲ ਮਿਲਾਈਆ ।

## ❋ ੨੧ ਫੱਗਣ ੨੦੧੯ ਬਿਕ੍ਰਮੀ ਹਰਬੰਸ ਸਿੰਘ ਦੇ ਗ੍ਰਿਹ ਪੂਨਾ ❋

ਸਾਹਿਬ ਸਤਿਗੁਰ ਖੇਲ ਕਰਿਆ, ਕਰਤੇ ਹੱਥ ਵਡਿਆਈਆ । ਭਗਤਾਂ ਅੰਦਰ ਚੋਰੀ ਵੜਿਆ, ਆਪਣਾ ਮਾਣ ਗਵਾਈਆ । ਗੁਰਮੁਖ ਸਾਚੇ ਸੀਸ ਹੱਥ ਧਰਿਆ, ਜਗਦੀਸ ਹੋਏ ਸਹਾਈਆ । ਨਿਮਾਣਾ ਹੋ ਕੇ ਗੁਰਮੁਖਾਂ ਲੇਖਾ ਚੁਕਾਏ ਸੀਸ ਧੜਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕਰਨੀ ਗੁਰਮੁਖਾਂ ਹੱਥ ਵਖਾਈਆ । ਹੋਇਆ ਨਿਮਾਣਾ ਦਰ ਦਰਵੇਸ਼, ਦਰ ਦਰ ਘਰ ਘਰ ਫੇਰਾ ਪਾਈਆ । ਗੁਰਮੁਖ ਵੇਖੇ ਸੱਚੇ ਨਰੇਸ਼, ਸ਼ਹਿਨਸ਼ਾਹ ਦੇਵੇ ਮਾਣ ਵਡਿਆਈਆ । ਅੰਦਰ ਵੜ ਕੇ ਕਰੇ ਹੇਤ, ਬਾਹਰੋਂ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੀਤਾ ਖੇਲ ਸਾਚੇ ਹਰਿ, ਹਰਿਜਨ ਦੇਵੇ ਮਾਣ ਵਡਿਆਈਆ । ਖੇਲ ਅਗੰਮ ਅਪਾਰ, ਭੇਵ ਨਾ ਆਇਆ । ਵੇਖੇ ਭਗਤ ਦਵਾਰ, ਪੁਰਖ ਅਬਿਨਾਸ਼ੀ ਵੇਸ ਵਟਾਇਆ । ਮੰਗਤਾ ਆਇਆ ਬਣ ਭਿਖਾਰ, ਖ਼ਾਲੀ ਝੋਲੀ ਅੱਗੇ ਡਾਹਿਆ । ਗੁਰਮੁਖ ਬਾਹਰੋਂ ਆਵਣ ਹੋ ਹੁਸ਼ਿਆਰ, ਆਪ ਆਪਣਾ ਬਲ ਧਰਾਇਆ । ਵੇਖੇ ਕਿਥੇ ਲੁਕਿਆ ਠੱਗ ਚੋਰ ਯਾਰ, ਜੁਗ ਚੌਕੜੀ ਜੋ ਗੁਰ ਅਵਤਾਰਾਂ ਰਿਹਾ ਭੁਲਾਇਆ । ਪੁਰਖ ਅਬਿਨਾਸ਼ੀ ਕਿਰਪਾਨਿਧ, ਠਾਕਰ ਸਵਾਮੀ ਹੌਲੀ ਹੌਲੀ ਆਏ ਬਾਹਰ, ਜਨ ਭਗਤਾਂ ਵੇਖ ਖ਼ੁਸ਼ੀ ਮਨਾਇਆ । ਬਿਨ ਗੁਰਮੁਖਾਂ ਕੋਈ ਨਜ਼ਰ ਨਾ ਆਏ ਵਿਚ ਸੰਸਾਰ, ਜੋ ਕਰ ਸਵਾਗਤ ਉਡੀਕ ਪਰੇਮ ਪ੍ਰੀਤੀ ਸਾਚੀ ਰਹੇ ਜਣਾਇਆ । ਧੁਰ ਦਰਗਾਹੀ ਸੱਚਾ ਮਾਹੀ ਗੁਰਮੁਖਾਂ ਗਲ ਪਾਏ ਆਪ ਹਾਰ, ਬਣ ਸੇਵਕ ਸੇਵ ਕਮਾਇਆ । ਆਪਣਾ ਤਜਾ ਸਰਬ ਸ਼ੰਗਾਰ, ਗੁਰਸਿਖ ਆਪਣੇ ਰੰਗ ਰੰਗਾਇਆ । ਗੁਰਸਿਖਾਂ ਧੂੜੀ ਮਸਤਕ ਲਾਵੇ ਛਾਰ, ਆਪਣਾ ਟਿੱਕਾ ਗੁਰਸਿਖ ਸਿਹਰਾ ਸੀਸ ਬੰਧਾਇਆ । ਹਰਿ ਸੰਗਤ ਕਰੇ ਆਪ ਪਿਆਰ, ਚਾੜ੍ਹੇ ਰੰਗਤ ਏਕੰਕਾਰ, ਰੰਗ ਰੰਗੀਲਾ ਇਕ ਰੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੰਗਤ ਵਰ, ਪੂਨਾ ਸੰਗਤ ਦੋ ਜਹਾਨ ਸ੍ਰੀ ਭਗਵਾਨ ਆਪਣੇ ਅੱਗੇ ਅੱਗੇ ਰਖਾਇਆ । ਗੁਰਮੁਖ ਘਰ ਸਤਿਗੁਰ ਡੇਰਾ, ਦੂਜੀ ਵੰਡ ਨਾ ਕੋਇ ਵੰਡਾਈਆ । ਅਬਿਨਾਸ਼ੀ ਕਰਤਾ ਕਰ ਕੇ ਮਿਹਰਾਂ, ਮਿਹਰਵਾਨ ਆਇਆ ਵਾਹੋ ਦਾਹੀਆ । ਰੂਪ ਦੱਸੇ ਬਣ ਕੇ ਚੇਰਾ, ਚੇਲਾ ਆਪਣਾ ਨਾਉਂ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਦਵਾਰੇ ਆਪਣਾ ਆਸਣ ਲਾਈਆ । ਹਰਿ ਦਵਾਰ ਲੱਗਾ ਮਿਠਾ, ਸ੍ਰੀ ਭਗਵਾਨ ਖ਼ੁਸ਼ੀ ਮਨਾਈਆ । ਕਰਿਆ ਖੇਲ ਇਕ ਅਨਡਿਠਾ, ਅਨਡਿਠੜੀ ਧਾਰ ਚਲਾਈਆ । ਹਰਿਜਨ ਹਰੀ ਹਰਿ ਆਪੇ ਜਿਤਾ, ਹਾਰ ਨਜ਼ਰ ਕੋਇ ਨਾ ਆਈਆ । ਘਰ ਔਂਦਿਆਂ ਦਾ ਸ੍ਰੀ ਭਗਵਾਨ ਗੁਰਸਿਖਾਂ ਮੁਖ ਡਿਠਾ, ਅੱਗੋਂ ਹੋ ਕੇ ਮਿਲੇ ਚਾਈਂ ਚਾਈਆ । ਜਿਸ ਦਾ ਗੁਰ ਅਵਤਾਰ ਪੀਰ ਪੈਗ਼ੰਬਰ ਜਗਤ ਸੰਦੇਸਾ ਦੇਂਦੇ ਰਹੇ ਚਿਠਾ, ਸੋ ਸ਼ਹਿਨਸ਼ਾਹ ਆਪਣਾ ਦਰ ਵਖਾਈਆ । ਪੂਰਬ ਜਨਮ ਦਾ ਪਿਛਲਾ ਹਿੱਸਾ, ਦਰ ਆ ਕੇ ਝੋਲੀ ਪਾਈਆ । ਸ੍ਰੀ ਭਗਵਾਨ

ਭਗਤੋ ਤੁਹਾਡੇ ਨਾਲੋਂ ਨਿੱਕਾ, ਦੇਵਣਹਾਰ ਸਰਬ ਚਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ ਫੂਲਨਹਾਰ ਪਹਿਨਾਈਆ । ਫੂਲਨਹਾਰ ਕਹਿਣ ਪ੍ਰਭ ਤੇਰੀ ਲੋੜ, ਤੁਧ ਬਿਨ ਨਜ਼ਰ ਕੋਇ ਨਾ ਆਈਆ । ਕਰ ਕਿਰਪਾ ਜੁਗ ਜਨਮ ਦੇ ਵਿਛੜੇ ਜੋੜ, ਜੋੜੀ ਭਗਤਾਂ ਮੇਲ ਮਿਲਾਈਆ । ਬੇਅੰਤ ਸਵਾਮੀ ਕਲਜੁਗ ਕਲੀ ਫੂਲ ਤੇਰੀ ਪਈ ਲੋੜ, ਦੂਜਾ ਨਜ਼ਰ ਕੋਇ ਨਾ ਆਈਆ । ਗੁਰਸਿਖਾਂ ਅੰਦਰ ਵੜਿਉਂ ਆਪ ਆ ਕੇ ਗੋਰ, ਦੀਵਾ ਬਾਤੀ ਨਾ ਕੋਇ ਜਗਾਈਆ । ਸਚ ਤੈਨੂੰ ਸਾਰੇ ਕਹਿੰਦੇ ਰਹੇ ਚੋਰ, ਚੋਰੀ ਚੋਰੀ ਗੁਰਮੁਖਾਂ ਕਾਰਜ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸ਼ੰਗਾਰ ਜਨ ਭਗਤਾਂ ਆਪ ਜਣਾਈਆ । ਦੋ ਹੱਥੀਂ ਪ੍ਰਭ ਚੁੱਕੇ ਕੰਧੇ, ਗੁਰਮੁਖਾਂ ਭਾਰ ਉਠਾਈਆ । ਕੋਈ ਨਾ ਵੇਖੇ ਗੰਦੇ ਮੰਦੇ, ਨਿਰਮਲ ਨੂਰ ਰੂਪ ਦਰਸਾਈਆ । ਆਪ ਬਣਾਏ ਆਪਣੇ ਬੰਦੇ, ਬਿਨ ਬੰਦਗੀਉਂ ਪਾਰ ਕਰਾਈਆ । ਸਾਚੇ ਪੌੜੇ ਚਾੜ੍ਹੇ ਡੰਡੇ, ਡੰਡਾ ਆਪਣਾ ਨਾਮ ਵਖਾਈਆ । ਕੋਈ ਨਾ ਰਹੇ ਉਰਾਰ ਕੰਢੇ, ਪਾਰ ਕਿਨਾਰਾ ਇਕੋ ਚਰਨ ਦਵਾਰਾ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਕੰਧ ਉਠਾਈਆ । ਹਰਿਜਨ ਤੇਰਾ ਚੁਕਿਆ ਭਾਰ, ਭਾਵੀ ਜਗਤ ਵਰਤਾਈਆ । ਅੰਦਰੇ ਅੰਦਰ ਸਚ ਪਿਆਰ, ਬਾਹਰੋਂ ਬਹੁ ਰੂਪੀ ਭੇਵ ਨਾ ਕੋਇ ਜਣਾਈਆ । ਸਚ ਸਿੰਘਾਸਣ ਦੇ ਆਧਾਰ, ਅਬਿਨਾਸ਼ੀ ਆਪਣਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਮੇਲਾ ਸਹਿਜ ਸੁਭਾਈਆ । ਸਤਿਗੁਰ ਘਰ ਰਿਪੋਟ ਨਾ ਹੋਏ ਖ਼ਰਾਬ, ਖ਼ਰਾਬੀ ਜਗਤ ਮਿਟਾਇੰਦਾ । ਸ੍ਰੀ ਭਗਵਾਨ ਭਗਤਾਂ ਕਰੇ ਆਪ ਆਦਾਬ, ਨਿਉਂ ਨਿਉਂ ਸੀਸ ਝੁਕਾਇੰਦਾ । ਤੁਸੀਂ ਮੇਰੇ ਸਾਹਿਬ ਜਨਾਬ, ਹਉਂ ਸੇਵਕ ਰੂਪ ਵਟਾਇੰਦਾ । ਪ੍ਰਭ ਦੇਵਣ ਆਇਆ ਖ਼ਤਾਬ, ਮਸਤਕ ਟਿੱਕਾ ਨਾਮ ਲਗਾਇੰਦਾ । ਜਿਸ ਦਾ ਕੋਈ ਦੇ ਨਾ ਸਕੇ ਜਵਾਬ, ਸੋ ਕਰਨੀ ਆਪ ਕਮਾਇੰਦਾ । ਗੁਰਮੁਖ ਰੋਸ਼ਨ ਕਰੇ ਆਫ਼ਤਾਬ, ਨੂਰ ਜਲਵਾ ਇਕ ਦਰਸਾਇੰਦਾ । ਅੱਗੇ ਕੋਈ ਨਾ ਦੇਵੇ ਅਜ਼ਾਬ, ਜਨਮ ਮਰਨ ਦਾ ਦੁੱਖ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਪਿਛਲਾ ਲੇਖਾ ਸਾਫ਼ ਕਰਾਇੰਦਾ ।



## ❇ ੨੧ ਫੱਗਣ ੨੦੧੯ ਬਿਕ੍ਰਮੀ ਹਰਬੰਸ ਸਿੰਘ ਦੇ ਗ੍ਰਿਹ ਪੂਨਾ ❇

ਸੋ ਪੁਰਖ ਨਿਰੰਜਣ ਸ਼ਾਹ ਸੁਲਤਾਨ, ਸ਼ਹਿਨਸ਼ਾਹ ਆਪਣੀ ਖੇਲ ਕਰਾਈਆ । ਹਰਿ ਪੁਰਖ ਨਿਰੰਜਣ ਨੌਜਵਾਨ, ਬਲ ਆਪਣਾ ਆਪ ਪਰਗਟਾਈਆ । ਏਕੰਕਾਰਾ ਬਣ ਪਰਧਾਨ, ਸਚ ਪਰਧਾਨਗੀ ਆਪ ਜਣਾਈਆ । ਆਦਿ ਨਿਰੰਜਣ ਨੂਰ ਮਹਾਨ, ਜੋਤੀ ਜਾਤਾ ਡਗਮਗਾਈਆ । ਅਬਿਨਾਸ਼ੀ ਕਰਤਾ ਵਸਣਹਾਰਾ ਸਚਖੰਡ ਸੱਚੇ ਮਕਾਨ, ਬੇਪਰਵਾਹ ਬੇਪਰਵਾਹੀਆ । ਸ੍ਰੀ ਭਗਵਾਨ ਸਚ ਨਿਸ਼ਾਨ, ਨਿਰਗੁਣ ਨਿਰਗੁਣ ਰਿਹਾ ਝੁਲਾਈਆ । ਪਾਰਬ੍ਰਹਮ ਪ੍ਰਭ ਕਰ ਪਰਵਾਨ, ਸਚ ਪਰਵਾਨਗੀ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਕਰਾਈਆ । ਸਾਚੀ ਖੇਲ ਕਰੇ ਪੁਰਖ ਸਮਰਥ, ਭੇਵ ਅਭੇਦ ਜਣਾਇੰਦਾ । ਨਿਰਗੁਣ ਨਿਰਾਕਾਰ ਨਿਰਵੈਰ ਹੋ ਪਰਗਟ, ਅਜੂਨੀ ਰਹਿਤ ਵੇਸ ਵਟਾਇੰਦਾ । ਨਿਰਗੁਣ

ਸਰਗੁਣ ਸਰਗੁਣ ਨਿਰਗੁਣ ਜਾਣ ਖੇਲ ਤਮਾਸ਼, ਦੋ ਜਹਾਨਾਂ ਸ੍ਰੀ ਭਗਵਾਨਾ ਆਪਣੀ ਕਾਰ ਕਮਾਇੰਦਾ । ਆਦਿ ਪੁਰਖ ਦੇਵਣਹਾਰਾ ਇਕੋ ਸਾਚੀ ਦਾਤ, ਸਚਖੰਡ ਦਵਾਰੇ ਸਚ ਸਚ ਸਮਝਾਇੰਦਾ । ਜੁਗ ਚੌਕੜੀ ਪਾਵੇ ਰਾਸ, ਗੋਪੀ ਕਾਹਨ ਨਾਚ ਨਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਸਮਝਾਇੰਦਾ । ਸਾਚਾ ਖੇਲ ਸ੍ਰੀ ਭਗਵਾਨ, ਸੋ ਪੁਰਖ ਨਿਰੰਜਣ ਆਪ ਜਣਾਈਆ । ਹਰਿ ਪੁਰਖ ਨਿਰੰਜਣ ਹੋ ਮਿਹਰਵਾਨ, ਏਕੰਕਾਰਾ ਦਏ ਵਡਿਆਈਆ । ਆਦਿ ਨਿਰੰਜਣ ਸਾਚਾ ਦਾਨ, ਅਬਿਨਾਸ਼ੀ ਕਰਤਾ ਝੋਲੀ ਪਾਈਆ । ਸ੍ਰੀ ਭਗਵਾਨ ਮਰਦ ਮਰਦਾਨ, ਪਾਰਬ੍ਰਹਮ ਪ੍ਰਭ ਵੇਖ ਵਖਾਈਆ । ਸਚਖੰਡ ਦਵਾਰ ਸੁਹਾਏ ਮਕਾਨ, ਛੱਪਰ ਛੰਨ ਨਾ ਕੋਇ ਛੁਹਾਈਆ । ਭੂਪਤ ਭੂਪ ਰਾਜ ਰਾਜਾਨ, ਸੀਸ ਤਾਜ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਰਿਹਾ ਖੁਲ੍ਹਾਈਆ । ਭੇਵ ਅਭੇਦ ਖੋਲ੍ਹੇ ਭਗਵੰਤ, ਮਹਿਮਾ ਅਕਥ ਕਥੀ ਨਾ ਜਾਈਆ । ਜਨ ਭਗਤਾਂ ਜਾਣੇ ਆਦਿ ਅੰਤ, ਜੁਗ ਜੁਗ ਆਪਣੇ ਹੱਥ ਰੱਖੇ ਵਡਿਆਈਆ । ਨਿਰਗੁਣ ਸਰਗੁਣ ਦੇਵਣਹਾਰਾ ਨਾਮ ਮੰਤ, ਬੋਧ ਅਗਾਧ ਪੜ੍ਹਾਈਆ । ਲੱਖ ਚੁਰਾਸੀ ਬਣ ਨਾਰ ਕੰਤ, ਸੇਜ ਸੁਹੰਜਣੀ ਆਪ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਜਣਾਈਆ । ਸਾਚਾ ਭੇਵ ਦੇਵੇ ਖੋਲ੍ਹ, ਬੇਅੰਤ ਬੇਪਰਵਾਹੀਆ । ਅਗੰਮ ਅਥਾਹ ਤੋਲੇ ਆਪਣਾ ਤੋਲ, ਨਾਮ ਕੰਡਾ ਹੱਥ ਉਠਾਈਆ । ਨਿਰਵੈਰ ਨਿਰਾਕਾਰ ਰਹੇ ਅਡੋਲ, ਡੁਲ ਕਦੇ ਨਾ ਜਾਈਆ । ਜੁਗ ਚੌਕੜੀ ਨਿਰਗੁਣ ਸਰਗੁਣ ਵੇਖੇ ਘੋਲ, ਧੁਰ ਫ਼ਰਮਾਨਾ ਹੁਕਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਕਰਤਾ ਆਪ ਜਣਾਈਆ । ਕਰਨੀ ਕਰਤਾ ਦੱਸੇ ਮੀਤ, ਮਿੱਤਰ ਪਿਆਰਾ ਦਇਆ ਕਮਾਇੰਦਾ । ਨੌਂ ਸੌ ਚੁਰਾਨਵੇ ਚੌਕੜੀ ਜੁਗ ਗਏ ਬੀਤ, ਲੇਖਾ ਆਪਣੇ ਹੱਥ ਰਖਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਲੋਕਮਾਤ ਚਲਾਈ ਰੀਤ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਵਰਨ ਬਰਨ ਵੰਡ ਵੰਡਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਸੁਣਾਇਆ ਗੀਤ, ਅੰਜੀਲ ਕੁਰਾਨ ਸੋਹਲਾ ਢੋਲਾ ਆਪ ਜਣਾਇੰਦਾ । ਨਾਤਾ ਜੁੜਿਆ ਸ਼ਿਵਦਵਾਲੇ ਮੱਠ ਮੰਦਰ ਮਸੀਤ, ਗੁਰੂਦਵਾਰ ਆਪਣਾ ਭੇਵ ਜਣਾਇੰਦਾ । ਵਸਣਹਾਰਾ ਧਾਮ ਅਨਡੀਠ, ਸਚਖੰਡ ਸਾਚੇ ਆਸਣ ਲਾਇੰਦਾ । ਸਦ ਬੈਠਾ ਰਹੇ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਇੰਦਾ । ਵਸਣਹਾਰਾ ਹਸਤ ਕੀਟ, ਘਟ ਘਟ ਜੋਤ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਸਾਚਾ ਭੇਦ ਸੋ ਪੁਰਖ ਨਿਰੰਜਣ, ਇਕ ਇਕੱਲਾ ਆਪ ਖੁਲ੍ਹਾਈਆ । ਦਾਤਾ ਦਾਨੀ ਦਰਦ ਦੁਖ ਭੈ ਭੰਜਨ, ਜੁਗ ਜੁਗ ਆਪਣਾ ਵੇਸ ਵਟਾਈਆ । ਸਚ ਸਰੋਵਰ ਕਰਾਏ ਏਕਾ ਮਜਨ, ਦੁਰਮਤ ਮੈਲ ਧਵਾਈਆ । ਨੇਤਰ ਪਾਏ ਨਾਮ ਅੰਜਨ, ਅਗਿਆਨ ਅੰਧੇਰ ਚੁਕਾਈਆ । ਕਾਇਆ ਮਾਟੀ ਕਰੇ ਕੰਚਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਆਪਣੇ ਹੱਥ ਰਖਾਈਆ । ਕਰਨੀ ਰੱਖੇ ਆਪਣੇ ਹੱਥ, ਬੇਪਰਵਾਹ ਵੱਡੀ ਵਡਿਆਈਆ । ਜੁਗ ਚੌਕੜੀ ਚਲਾਏ ਰਥ, ਬਣ ਰਥਵਾਹੀ ਸੇਵ ਕਮਾਈਆ । ਵਿਸ਼ਨ ਬ੍ਰਹਮਾ ਸ਼ਿਵ ਮਾਰਗ ਦੱਸ, ਕਰੋੜ ਤੇਤੀਸਾ ਕਰੇ ਪੜ੍ਹਾਈਆ । ਸਰਗੁਣ ਅੰਤਰ ਆਪੇ ਵਸ, ਬ੍ਰਹਮ ਆਪਣੀ ਵੰਡ ਵੰਡਾਈਆ । ਨਿਰਮਲ ਜੋਤ ਕਰ ਪਰਗਟ, ਜੋਤ ਨਿਰੰਜਣ ਨੂਰ ਰੁਸ਼ਨਾਈਆ । ਸ਼ਬਦ ਅਗੰਮੀ ਸੁਣਾਏ ਅਨਹਦ, ਅਨਾਦੀ ਨਾਦ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਚੋਕੜੀ ਆਪਣੀ ਧਾਰ ਬੰਧਾਈਆ ।

੧੦੦੦
੧੩

ਜੁਗ ਚੌਕੜੀ ਬੰਨ੍ਹੇ ਧਾਰ, ਨਿਰਗੁਣ ਸਰਗੁਣ ਖੇਲ ਖਲਾਇੰਦਾ । ਲੇਖਾ ਜਾਣ ਗੁਰੂ ਅਵਤਾਰ, ਪੀਰ ਪੈਗ਼ੰਬਰ ਆਪ ਜਣਾਇੰਦਾ । ਮੁਕਾਮੇ ਹੱਕ ਹੋ ਉਜਿਆਰ, ਜਲਵਾ ਨੂਰ ਨੂਰ ਰੁਸ਼ਨਾਇੰਦਾ । ਸਚਖੰਡ ਸਾਚਾ ਖੋਲ੍ਹ ਕਵਾੜ, ਸਚ ਸਿੰਘਾਸਣ ਸੋਭਾ ਪਾਇੰਦਾ । ਘਰ ਵਿਚ ਘਰ ਨਿਆਰ, ਥਿਰ ਘਰ ਆਪਣਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਪਾਰ ਕਰਾਇੰਦਾ । ਜੁਗ ਚੋਕੜੀ ਜਾਏ ਲੰਘ, ਲੋਕਮਾਤ ਰਹਿਣ ਨਾ ਪਾਈਆ । ਨਿਰਗੁਣ ਸਰਗੁਣ ਸਗਲਾ ਸੰਗ, ਪੁਰਖ ਅਕਾਲ ਆਪ ਨਿਭਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗੁਰ ਅਵਤਾਰ ਪੀਰ ਪੈਗ਼ੰਬਰ ਮੰਗਦੇ ਗਏ ਮੰਗ, ਪ੍ਰਭ ਅੱਗੇ ਝੋਲੀ ਡਾਹੀਆ । ਦਾਤਾ ਦਾਨੀ ਸੂਰਾ ਸਰਬੰਗ, ਸ਼ਹਿਨਸ਼ਾਹ ਇਕੋ ਇਕ ਅਖਵਾਈਆ । ਕਾਇਆ ਚੋਲੀ ਚਾੜ੍ਹਨਹਾਰਾ ਰੰਗ, ਰੰਗ ਮਜੀਠੀ ਇਕ ਰੰਗਾਈਆ । ਅਸਵ ਘੋੜੇ ਕਸਣਹਾਰਾ ਤੰਗ, ਸ਼ਾਹਸਵਾਰਾ ਫੇਰਾ ਪਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪੇ ਲੰਘ, ਲੋਕ ਪਰਲੋਕ ਚਰਨਾਂ ਹੇਠ ਦਬਾਈਆ । ਲਹਿਣਾ ਦੇਣਾ ਵੇਖ ਰਵ ਸਸ ਸੂਰਜ ਚੰਦ, ਮੰਡਲ ਮੰਡਪ ਖੋਜ ਖੁਜਾਈਆ । ਰਾਗਾਂ ਨਾਦਾਂ ਕਰ ਖੰਡ ਖੰਡ, ਨਾਮ ਵਜਾਏ ਇਕ ਮਰਦੰਗ, ਰਾਗ ਇਕੋ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਆਪਣਾ ਦਏ ਜਣਾਈਆ । ਸਾਚਾ ਲੇਖਾ ਦੱਸੇ ਆਪ, ਪ੍ਰਭ ਆਪਣੀ ਦਇਆ ਕਮਾਇੰਦਾ । ਆਦਿ ਜੁਗਾਦੀ ਮਾਈ ਬਾਪ, ਪਿਤਾ ਪੂਤ ਵੇਖ ਵਖਾਇੰਦਾ । ਸਤਿ ਸਤਿਵਾਦੀ ਸਾਚਾ ਜਾਪ, ਸੋ ਪੁਰਖ ਨਿਰੰਜਣ ਆਪ ਪੜ੍ਹਾਇੰਦਾ । ਮੇਟਣਹਾਰਾ ਤੀਨੋਂ ਤਾਪ, ਤ੍ਰੈਗੁਣ ਮਾਇਆ ਪੜਦਾ ਲਾਹਿੰਦਾ । ਸਚ ਬੰਧਾਏ ਏਕਾ ਨਾਤ, ਨਾਤਾ ਬਿਧਾਤਾ ਜੋੜ ਜੁੜਾਇੰਦਾ । ਬੰਦ ਕਵਾੜੀ ਖੋਲ੍ਹ ਤਾਕ, ਆਤਮ ਅੰਤਰ ਕੁੰਡਾ ਲਾਹਿੰਦਾ । ਅੰਮ੍ਰਿਤ ਦੇ ਬੂੰਦ ਸਵਾਂਤ, ਨਿਝਰ ਝਿਰਨਾ ਇਕ ਝਿਰਾਇੰਦਾ । ਨਿਰਮਲ ਜੋਤ ਕਰ ਪਰਕਾਸ਼, ਅਗਿਆਨ ਅੰਧੇਰ ਮਿਟਾਇੰਦਾ । ਆਤਮ ਪਰਮਾਤਮ ਕਰ ਕੇ ਦਾਸੀ ਦਾਸ, ਸਾਚੀ ਸੇਵਾ ਇਕ ਸਮਝਾਇੰਦਾ । ਨਾਤਾ ਤੁਟੇ ਪ੍ਰਿਥਮੀ ਆਕਾਸ਼, ਗਗਨ ਮੰਡਲ ਨਾ ਖੋਜ ਖੁਜਾਇੰਦਾ । ਸਦਾ ਸੁਹੇਲਾ ਵਸੇ ਪਾਸ, ਵਿਛੜ ਕਦੇ ਨਾ ਜਾਇੰਦਾ । ਅਗੰਮੀ ਸੁਣਾਏ ਆਪਣੀ ਗਾਥ, ਮੰਤਰ ਇਕੋ ਇਕ ਦ੍ਰਿੜਾਇੰਦਾ । ਪਰਗਟ ਹੋ ਪੁਰਖ ਸਮਰਾਥ, ਲੋਕਮਾਤ ਫੇਰਾ ਪਾਇੰਦਾ । ਵੇਖਣਹਾਰ ਤ੍ਰਿਲੋਕੀ ਨਾਥ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਆਪ ਦ੍ਰਿੜਾਇੰਦਾ । ਸਾਚੀ ਸਿਖਿਆ ਦੇਵਣ ਜੋਗ, ਹਰਿ ਇਕੋ ਇਕ ਅਖਵਾਈਆ । ਜੁਗ ਚੌਕੜੀ ਭੋਗਿਆ ਭੋਗ, ਭਸਮੜ ਆਪਣੀ ਧਾਰ ਚਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰ ਸੰਜੋਗ, ਨਿਰਗੁਣ ਸਰਗੁਣ ਨਾਤਾ ਜੋੜ ਜੁੜਾਈਆ । ਨਾਮ ਸੁਣਾਇਆ ਇਕ ਸਲੋਕ, ਨਿਸ਼ਅੱਖਰ ਰੂਪ ਵਟਾਈਆ । ਮੰਦਰ ਵਖਾਇਆ ਸਚਖੰਡ ਦਵਾਰ ਕਿਲਾ ਕੋਟ, ਛੱਪਰ ਛੰਨ ਨਾ ਕੋਇ ਛੁਹਾਈਆ । ਹੋਏ ਪਰਕਾਸ਼ ਨਿਰਮਲ ਜੋਤ, ਦੀਵਾ ਬਾਤੀ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭੇਵ ਅਭੇਦਾ ਆਪ ਜਣਾਈਆ । ਭੇਵ ਅਭੇਦਾ ਦੱਸੇ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਕਲਜੁਗ ਅੰਤਮ ਹੋ ਪਰਧਾਨ, ਨਾਮ ਪਰਧਾਨਗੀ ਇਕ ਕਮਾਈਆ । ਸਚਖੰਡ ਦਾ ਸਚ ਮਕਾਨ, ਧਰਤ ਧਵਲ ਦਏ ਵਖਾਈਆ । ਲੇਖਾ ਜਾਣ ਦੋ ਜਹਾਨ, ਜੀਵਣ ਯੁਗਤ ਜਗਤ ਦਏ ਸਮਝਾਈਆ । ਆਦਿ ਜੁਗਾਦੀ ਸੱਚਾ ਕਾਹਨ, ਲੱਖ ਚੁਰਾਸੀ ਗੋਪੀ ਵੇਖੇ ਥਾਉਂ ਥਾਈਆ । ਨਿਰਗੁਣ ਰੂਪ ਸ੍ਰੀ ਭਗਵਾਨ, ਭਗਵਨ ਆਪਣੀ ਕਾਰ ਕਮਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਗੀਤਾ ਗਿਆਨ

੧੦੦੧
੧੩

ਖਾਣੀ ਬਾਣੀ ਹੋਏ ਹੈਰਾਨ, ਹਰਿ ਕਾ ਭੇਵ ਕੋਇ ਨਾ ਪਾਈਆ । ਵਿਸ਼ਨ ਬ੍ਰਹਮਾ ਸ਼ਿਵ ਸੀਸ ਝੁਕਾਣ, ਨੇਤਰ ਸਕੇ ਨਾ ਕੋਇ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦਰ ਦਰਵੇਸ਼ ਮੰਗਣ ਦਾਨ, ਆਪਣੀ ਝੋਲੀ ਰਹੇ ਵਖਾਈਆ । ਕਰੇ ਕੀ ਖੇਲ ਵਾਲੀ ਦੋ ਜਹਾਨ, ਕਲਜੁਗ ਅੰਤਮ ਆਪਣਾ ਫੇਰਾ ਪਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਜੀਵ ਜੰਤ ਸਾਧ ਸੰਤ ਵੇਖੇ ਮਾਰ ਧਿਆਨ, ਬਿਨ ਨੇਤਰ ਅੱਖ ਖੁਲ੍ਹਾਈਆ । ਕਵਣ ਦਵਾਰ ਕਵਣ ਮਕਾਨ ਕਵਣ ਡੇਰਾ ਜਿਸ ਦੇਵੇ ਮਾਣ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਲੇਖਾ ਰਿਹਾ ਜਣਾਈਆ । ਸਾਚਾ ਲੇਖਾ ਦੱਸੇ ਮੀਤ ਮੁਰਾਰਾ, ਸ੍ਰੀ ਭਗਵਾਨ ਦਇਆ ਕਮਾਇੰਦਾ । ਕਲ ਕਲਕੀ ਲੈ ਅਵਤਾਰਾ, ਜੋਤੀ ਜਾਮਾ ਵੇਸ ਵਟਾਇੰਦਾ । ਸਚਖੰਡ ਸੁਹਾਏ ਇਕ ਦਵਾਰਾ, ਜਨ ਭਗਤਾਂ ਸੇਵ ਕਮਾਇੰਦਾ । ਨਿਰਮਲ ਦੀਆ ਕਰ ਉਜਿਆਰਾ, ਜੋਤੀ ਜਾਤਾ ਡਗਮਗਾਇੰਦਾ । ਸ਼ਬਦ ਅਗੰਮ ਵੱਜੇ ਨਗਾਰਾ, ਦੂਜਾ ਰਾਗ ਨਾ ਕੋਇ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਆਪ ਜਣਾਇੰਦਾ । ਸਾਚਾ ਲੇਖਾ ਦੱਸਾਂਗਾ । ਨਿਰਗੁਣ ਹੋ ਕੇ ਵਸਾਂਗਾ । ਸ਼ਬਦੀ ਤੀਰ ਨਿਰਾਲਾ ਕਸਾਂਗਾ । ਦੋ ਜਹਾਨਾਂ ਚਰਨਾਂ ਹੇਠਾਂ ਝੱਸਾਂਗਾ । ਅਗਲਾ ਮਾਰਗ ਜਨ ਭਗਤਾਂ ਸਾਚਾ ਇਕੋ ਦੱਸਾਂਗਾ । ਨੇੜੇ ਆ ਪਿਛੇ ਨਾ ਹਟਾਂਗਾ । ਸ਼ਾਹ ਪਾਤਸ਼ਾਹ ਹੋ ਕੇ ਡਟਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖਾਂ ਹਿਰਦੇ ਆਪੇ ਵਸਾਂਗਾ । ਸਾਚਾ ਮਾਰਗ ਲਾਵਾਂਗਾ । ਸਚਖੰਡ ਦਵਾਰ ਵਖਾਵਾਂਗਾ । ਭਗਤ ਭਗਵਾਨ ਰੂਪ ਬਣਾਵਾਂਗਾ । ਸਚ ਨਿਸ਼ਾਨ ਇਕ ਵਖਾਵਾਂਗਾ । ਅੰਤਮ ਕੰਤਾ ਇਕ ਮਿਲਾਵਾਂਗਾ । ਬਜਰ ਕਪਾਟੀ ਤੋੜ ਤੁੜਾਵਾਂਗਾ । ਨਿਝਰ ਝਿਰਨਾ ਇਕ ਝਿਰਾਵਾਂਗਾ । ਬੂੰਦ ਸਵਾਂਤੀ ਕਵਲ ਪਿਆਵਾਂਗਾ । ਅਨਹਦ ਰਾਗੀ ਰਾਗ ਸੁਣਾਵਾਂਗਾ । ਰਸਨਾ ਜਿਹਵਾ ਬੋਲਣਾ ਬੰਦ ਕਰਾਵਾਂਗਾ । ਸੁਰਤੀ ਸ਼ਬਦ ਨਾਲ ਮਿਲਾਵਾਂਗਾ । ਦੂਰ ਦੁਰਾਡੇ ਸੁੱਤੇ ਫੜ ਉਠਾਵਾਂਗਾ । ਜੁਗ ਚੌਕੜੀ ਲੇਖੇ ਆਪ ਜਣਾਵਾਂਗਾ । ਭਾਗ ਲਗਾ ਕੇ ਪੰਜ ਤੱਤ ਕਾਇਆ ਬੁੱਤੇ, ਅਗੰਮੀ ਰੀਤੀ ਸਚ ਵਖਾਵਾਂਗਾ । ਜੇਹੜੇ ਗੁਰਮੁਖ ਹੋ ਜਾਣ ਗ਼ੁੱਸੇ, ਫੜ ਬਾਂਹੋਂ ਗਲੇ ਲਗਾਵਾਂਗਾ । ਜੇ ਕੋਈ ਸੱਚੀ ਪੁਛੇ, ਸਾਮ੍ਹਣੇ ਹੋ ਕੇ ਨਜ਼ਰੀ ਆਵਾਂਗਾ । ਹੁਣ ਭੇਵ ਨਾ ਰਹਿਣਾ ਲੁਕੇ, ਪੜਦਾ ਆਪਣਾ ਚੁਕ ਉਠਾਵਾਂਗਾ । ਸ਼ਾਹ ਸੁਲਤਾਨਾਂ ਮੂੰਹ ਦੇ ਭਾਰ ਸੁੱਟੇ, ਸੀਸ ਤਾਜ ਨਾ ਕੋਈ ਰਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਮੇਲ ਮਿਲਾਵਾਂਗਾ । ਜਨ ਭਗਤਾਂ ਮੇਲ ਮਿਲਾਏਗਾ । ਨਰ ਨਰਾਇਣ ਦਇਆ ਕਮਾਏਗਾ । ਨਵ ਖੰਡ ਪ੍ਰਿਥਮੀ ਸੱਤ ਦੀਪ ਦਹਿ ਦਿਸ਼ਾ ਵੇਖ ਵਖਾਏਗਾ । ਹਿੰਦੂ ਮੁਸਲਮ ਸਿੱਖ ਈਸਾਈ ਪਾਰਸੀ ਲੁਕਿਆ ਕੋਇ ਰਹਿਣ ਨਾ ਪਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਹਿਣ ਨਾ ਦੇਵੇ ਕੋਈ ਸਫ਼ਾਰਸ਼ੀ, ਆਪਣੀ ਅੱਖੀਂ ਵੇਖ ਹਰਿਜਨ ਆਪਣੇ ਨਾਲ ਮਿਲਾਏਗਾ । ਹਰਿਜਨ ਸਾਚੇ ਨਾਲ ਰਲਾਵਾਂਗਾ । ਪਿਛਲੀ ਭੁੱਲ ਬਖ਼ਸ਼ਾਵਾਂਗਾ । ਸਤਿਜੁਗ ਰਾਹ ਵਖਾਵਾਂਗਾ । ਇਕੋ ਨਾਮ ਜਪਾਵਾਂਗਾ । ਨਿਰਗੁਣ ਨੂਰ ਨਜ਼ਰੀ ਆਵਾਂਗਾ । ਪਰਵਰਦਿਗਾਰ ਖੇਲ ਕਰਾਵਾਂਗਾ । ਅਮਾਮ ਮਹਿੰਦੀ ਰੂਪ ਵਟਾਵਾਂਗਾ । ਕਲਮਾ ਨਬੀ ਰਸੂਲ ਪੜ੍ਹਾਵਾਂਗਾ । ਸਚ ਅਸੂਲ ਆਪ ਬਣਾਵਾਂਗਾ । ਕਾਤਲ ਮਕਤੂਲ ਖੇਲ ਕਰਾਵਾਂਗਾ । ਬੇਨਜ਼ੀਰ ਨਜ਼ਰ ਕਿਸੇ ਨਾ ਆਵਾਂਗਾ । ਮੁਰੀਦ ਮੁਰਸ਼ਦ ਸਚ ਤਸਵੀਰ ਵਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਘਰ ਬਹਾਵਾਂਗਾ । ਗੁਰਮੁਖਾਂ


੧੦੦੨
੧੩

ਗੋਦੀ ਚੁਕੇਗਾ । ਵੇਲਾ ਨੇੜੇ ਢੁਕੇਗਾ । ਪ੍ਰਭ ਸ਼ੇਰ ਵਾਂਗੂੰ ਉਠੇਗਾ । ਭਾਣਾ ਕਦੇ ਨਾ ਰੁਕੇਗਾ । ਸ਼ਾਹ ਪਾਤਸ਼ਾਹ ਕੋਈ ਨਾ ਲੁਕੇਗਾ । ਹਰਿ ਜੂ ਮੂੰਹ ਦੇ ਭਾਰ ਸੁੱਟੇਗਾ । ਲੱਖ ਚੁਰਾਸੀ ਦਿਨ ਦਿਹਾੜੇ ਲੁੱਟੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਆਪੇ ਪੁੱਛੇਗਾ । ਜਨ ਭਗਤਾਂ ਆਪ ਉਠਾਏਗਾ । ਸੋ ਪੁਰਖ ਨਿਰੰਜਣ ਦਇਆ ਕਮਾਏਗਾ । ਹਰਿ ਪੁਰਖ ਨਿਰੰਜਣ ਸੇਵ ਕਮਾਏਗਾ । ਆਦਿ ਨਿਰੰਜਣ ਜੋਤ ਜਗਾਏਗਾ । ਸ੍ਰੀ ਭਗਵਾਨ ਘਰ ਘਰ ਫੇਰਾ ਪਾਏਗਾ । ਅਬਿਨਾਸ਼ੀ ਕਰਤਾ ਅੰਦਰ ਵੜ ਰਾਹ ਵਖਾਏਗਾ । ਪਾਰਬ੍ਰਹਮ ਬ੍ਰਹਮ ਆਪਣੇ ਅੰਗ ਲਗਾਏਗਾ । ਨਿਰਗੁਣ ਸਰਗੁਣ ਇਕ ਮਰਦੰਗ ਵਜਾਏਗਾ । ਕਾਇਆ ਚੋਲੀ ਰੰਗ ਚੜ੍ਹਾਏਗਾ । ਨਵ ਖੰਡ ਪ੍ਰਿਥਮੀ ਖੰਡ ਖੰਡ ਵਖਾਏਗਾ । ਲੱਖ ਚੁਰਾਸੀ ਨਾਰ ਦੁਹਾਗਣ ਰੰਡ, ਹਰਿ ਜੂ ਕੰਤ ਨਜ਼ਰ ਨਾ ਆਏਗਾ । ਜਨ ਭਗਤਾਂ ਪੂਰੀ ਕਰੇ ਮੰਗ, ਬਣ ਦਰਵੇਸ਼ ਸੇਵ ਕਮਾਏਗਾ । ਆਤਮ ਸੇਜਾ ਬੈਠ ਪਲੰਘ, ਸਚ ਸਨੇਹੁੜਾ ਆਪ ਸੁਣਾਏਗਾ । ਨੰਗੀ ਹੋਣ ਨਾ ਦੇਵੇ ਕੰਡ, ਸਿਰ ਆਪਣਾ ਹੱਥ ਟਿਕਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦੂਰ ਦੁਰਾਡੇ ਨੇਰਨ ਨੇਰਾ ਹੋ ਕੇ ਆਪ ਉਠਾਏਗਾ । ਗੁਰਮੁਖ ਸੱਚਾ ਉਠੇਗਾ । ਸ੍ਰੀ ਭਗਵਾਨ ਤੁਠੇਗਾ । ਘਰ ਘਰ ਜਾ ਕੇ ਪੁਛੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕਲਜੁਗ ਅੰਤ ਕਦੇ ਨਾ ਲੁਕੇਗਾ । ਸਾਚੇ ਭਗਤੋ ਕਰੋ ਖਿਆਲ, ਸ੍ਰੀ ਭਗਵਾਨ ਆਪ ਜਣਾਇੰਦਾ । ਨਿਰਗੁਣ ਬਣਿਆ ਆਪ ਦਲਾਲ, ਸ਼ਬਦ ਵਿਚੋਲਾ ਵਿਚ ਰਖਾਇੰਦਾ । ਗੋਬਿੰਦ ਨੀਹਾਂ ਹੇਠਾਂ ਦਿਤੇ ਬਾਲ, ਕਲਜੁਗ ਨੀਂਹ ਜਗਤ ਉਖੜਾਇੰਦਾ । ਸਤਿ ਦਵਾਰ ਬਣੇ ਸੱਚੀ ਧਰਮਸਾਲ, ਜੀਵਾਂ ਜੰਤਾਂ ਆਪ ਵਖਾਇੰਦਾ । ਓਥੇ ਲੇਖਾ ਚੁਕੇ ਸ਼ਾਹ ਕੰਗਾਲ, ਊਚ ਨੀਚ ਰਹਿਣ ਕੋਇ ਨਾ ਪਾਇੰਦਾ । ਨਜ਼ਰੀ ਆਏ ਪੁਰਖ ਅਕਾਲ, ਦੂਜਾ ਇਸ਼ਟ ਨਾ ਕੋਇ ਮਨਾਇੰਦਾ । ਸਤਿਜੁਗ ਚਲੇ ਅਵੱਲੜੀ ਚਾਲ, ਕਲਜੁਗ ਕੂੜਾ ਪੰਧ ਮੁਕਾਇੰਦਾ । ਭਗਤਾਂ ਤੋੜੇ ਨਾਤਾ ਕਾਲ ਮਹਾਂਕਾਲ, ਭਗਤਾਂ ਆਪਣੀ ਗੋਦ ਉਠਾਇੰਦਾ । ਦੇਵੇ ਨਾਮ ਸੱਚਾ ਧੰਨ ਮਾਲ, ਠੱਗ ਚੋਰ ਯਾਰ ਲੁਟ ਕੋਇ ਨਾ ਜਾਇੰਦਾ । ਅੰਦਰ ਬਾਹਰ ਗੁਪਤ ਜ਼ਾਹਰ ਦੂਰ ਦੁਰਾਡਾ ਚਲੇ ਨਾਲ ਨਾਲ, ਵਿਛੜ ਕਦੇ ਨਾ ਜਾਇੰਦਾ । ਤੁਹਾਡਾ ਹੱਲ ਕਰੇ ਸਵਾਲ, ਪਰਗਟ ਹੋ ਅਬਿਨਾਸ਼ੀ ਦੀਨ ਦਿਆਲ ਆਪਣਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸੁਣਾਇੰਦਾ । ਸਚ ਸੰਦੇਸਾ ਦੇਵੇ ਕਰਤਾਰ, ਕਰਤਾ ਪੁਰਖ ਵੱਡੀ ਵਡਿਆਈਆ । ਬੁੱਢੇ ਨੱਢੇ ਬਾਲੇ ਸਰਬ ਪਰਵਾਰ, ਬਚਿਆ ਕੋਇ ਰਹਿਣ ਨਾ ਪਾਈਆ । ਜਿਸ ਜਨ ਨਿਝ ਨੇਤਰ ਦਿਤਾ ਇਕ ਦੀਦਾਰ, ਦੀਦ ਈਦ ਚੰਦ ਚੜ੍ਹਾਈਆ । ਬੇਪਰਵਾਹ ਪਰਵਰਦਿਗਾਰ, ਪੱਲੂ ਆਪਣਾ ਨਾਮ ਫੜਾਈਆ । ਲੇਖਾ ਜਾਣੇ ਸਾਂਝਾ ਯਾਰ, ਸਖੀ ਸਰਵਰ ਇਕੋ ਇਕ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਵੇਲਾ ਦਏ ਸਮਝਾਈਆ । ਸਾਚਾ ਵੇਲਾ ਔਣਾ ਜਗ, ਜਗ ਜੀਵਣ ਦਾਤਾ ਆਪ ਜਣਾਇੰਦਾ । ਪ੍ਰਭ ਸਨੇਹੁੜਾ ਦੇਵੇ ਉਪਰ ਚੜ੍ਹ ਕੇ ਸ਼ਾਹ ਰਗ, ਜਨ ਭਗਤਾਂ ਆਪ ਜਣਾਇੰਦਾ । ਭਗਤ ਦਵਾਰੇ ਆਓ ਭੱਜ, ਰਾਹ ਇਕੋ ਇਕ ਵਖਾਇੰਦਾ । ਜਿਥੇ ਕਿਸੇ ਦਾ ਕੋਈ ਨਿਸ਼ਾਨਾ ਨਾ ਜਾਏ ਲੱਗ, ਤੀਰ ਤਲਵਾਰ ਘਾਉ ਨਾ ਕੋਇ ਰਖਾਇੰਦਾ । ਕਲਜੁਗ ਅਗਨੀ ਪੋਹ ਨਾ ਸਕੇ ਅੱਗ, ਅੰਮ੍ਰਿਤ ਮੇਘ ਇਕ ਬਰਸਾਇੰਦਾ । ਗੁਰਮੁਖੋ ਤੁਹਾਡੀ ਦੋ ਜਹਾਨ ਹੱਦ, ਸ੍ਰੀ ਭਗਵਾਨ ਵੰਡ ਵੰਡਾਇੰਦਾ । ਲੱਖ ਚੁਰਾਸੀ ਵਿਚੋਂ ਕੱਢ, ਆਪਣੀ ਗੋਦ ਬਹਾਇੰਦਾ ।

ਸੋਹੰ ਢੋਲਾ ਗੌਣਾ ਛੰਦ, ਸਾਚੀ ਸਿਖਿਆ ਇਕ ਜਣਾਇੰਦਾ । ਸੋਵਤ ਜਾਗਤ ਇਕੋ ਅਨੰਦ, ਜੀਵਣ ਮਰਨ ਇਕੋ ਘਰ ਵਖਾਇੰਦਾ । ਏਥੇ ਓਥੇ ਮੁੱਕੇ ਪੰਧ, ਲੇਖਾ ਹੋਰ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਰਮ ਭੁਲੇਖਾ ਆਪ ਕਢਾਇੰਦਾ । ਭਰਮ ਭੁਲੇਖਾ ਕਰੇ ਦੂਰ, ਦਰ ਦਵਾਰ ਰਿਹਾ ਜਣਾਈਆ । ਪਰਗਟ ਹੋਇਆ ਹਾਜ਼ਰ ਹਜ਼ੂਰ, ਹਜ਼ਰਤ ਆਪਣਾ ਫੇਰਾ ਪਾਈਆ । ਪਹਿਲੋਂ ਬਖ਼ਸ਼ੇ ਸਰਬ ਕਸੂਰ, ਫੇਰ ਦਿਤੀ ਚਰਨ ਸਰਨਾਈਆ । ਅੰਤਮ ਆਸਾ ਕਰੇ ਪੂਰ, ਨਿਰਾਸਾ ਕੋਇ ਰਹਿਣ ਨਾ ਪਾਈਆ । ਨਾਤਾ ਤੁਟੇ ਸ੍ਰਿਸ਼ਟੀ ਕੂੜ, ਸਤਿਗੁਰ ਚਰਨ ਮਿਲੇ ਸਰਨਾਈਆ । ਸਤਿਗੁਰ ਸਰਨ ਸਾਚੀ ਧੂੜ, ਨਿਰਮਲ ਜੋਤ ਕਰੇ ਰੁਸ਼ਨਾਈਆ । ਚਤਰ ਸੁਘੜ ਬਣਾਏ ਮੂੜ੍ਹ, ਜਿਸ ਜਨ ਆਪਣਾ ਭੇਵ ਖੁਲ੍ਹਾਈਆ । ਨਾਦ ਸੁਣਾਏ ਇਕੋ ਤੂਰ, ਤੁਰਯਾ ਨੈਣ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਏ ਵਡਿਆਈਆ । ਜਨ ਭਗਤਾਂ ਚਾੜ੍ਹੇ ਇਕ ਰੰਗ, ਰੰਗ ਰੰਗੀਲਾ ਦਇਆ ਕਮਾਈਆ । ਆਤਮ ਸੁਹਾਏ ਸੇਜ ਪਲੰਘ, ਪਾਵਾ ਚੂਲ ਨਾ ਕੋਇ ਬਣਾਈਆ । ਦਿਵਸ ਰੈਣ ਵੱਜੇ ਮਰਦੰਗ, ਧੁਨ ਆਤਮਕ ਰਾਗ ਸੁਣਾਈਆ । ਪੰਚ ਵਿਕਾਰਾ ਕਰੇ ਖੰਡ ਖੰਡ, ਕਾਮ ਕਰੋਧ ਲੋਭ ਮੋਹ ਹੰਕਾਰ ਰਹਿਣ ਨਾ ਪਾਈਆ । ਨਿਝ ਆਤਮ ਦੇਵੇ ਇਕ ਅਨੰਦ, ਅਨੰਦ ਅਨੰਦ ਵਿਚ ਦਰਸਾਈਆ । ਸੋਹੰ ਢੋਲਾ ਸਾਚਾ ਛੰਦ, ਚਾਰ ਵਰਨ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਲੇਖਾ ਰਿਹਾ ਚੁਕਾਈਆ । ਕਲਜੁਗ ਲੇਖਾ ਮੁੱਕੇ ਮਾਤ, ਮਾਤ ਰਹਿਣ ਨਾ ਪਾਈਆ । ਜਨ ਭਗਤਾਂ ਬਣੇ ਇਕ ਜਮਾਤ, ਪੱਟੀ ਇਕੋ ਇਕ ਪੜ੍ਹਾਈਆ । ਲੇਖਾ ਲਿਖੇ ਬਿਨ ਕਲਮ ਦਵਾਤ, ਸ਼ਹਿਨਸ਼ਾਹ ਆਪਣੀ ਦਇਆ ਕਮਾਈਆ । ਆਤਮ ਪਰਮਾਤਮ ਸਾਚੀ ਗਾਥ, ਬ੍ਰਹਮ ਪਾਰਬ੍ਰਹਮ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਸਿਖਿਆ ਦਏ ਦ੍ਰਿੜ੍ਹਾਈਆ । ਸਤਿਜੁਗ ਸਿਖਿਆ ਚਾਰ ਵਰਨ, ਹਰਿ ਕਰਤਾ ਆਪ ਜਣਾਇੰਦਾ । ਜਨ ਭਗਤਾਂ ਨੇਤਰ ਖੋਲ੍ਹੇ ਹਰਨ ਫਰਨ, ਨਿਜ ਨੇਤਰ ਪੜਦਾ ਲਾਹਿੰਦਾ । ਨਾਤਾ ਤੁਟੇ ਮਰਨ ਜਨਮ, ਜਨਮ ਮਰਨ ਇਕੋ ਘਰ ਵਖਾਇੰਦਾ । ਸਾਹਿਬ ਆਇਆ ਤਰਨੀ ਤਰਨ, ਹਰਿਜਨ ਸਾਚੇ ਪਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਡੂੰਘੀ ਭਵਰੀ ਵੇਖ ਵਖਾਇੰਦਾ । ਡੂੰਘੀ ਭਵਰੀ ਵੇਖੇ ਸਾਗਰ, ਗਹਿਰ ਗੰਭੀਰ ਖੋਜ ਖੁਜਾਈਆ । ਲੇਖਾ ਜਾਣੇ ਪੰਜ ਤੱਤ ਕਾਇਆ ਗਾਗਰ, ਤ੍ਰੈਗੁਣ ਲੇਖਾ ਥਾਉਂ ਥਾਈਆ । ਗ਼ਰੀਬ ਨਿਮਾਣਿਆ ਜਗਤ ਨਿਤਾਣਿਆਂ ਦੇਵੇ ਆਦਰ, ਆਦਰਸ਼ ਆਪਣਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਮਿਹਰ ਮਿਹਰ ਮਿਹਰ ਬੇਪਰਵਾਹੀਆ । ਮਿਹਰਵਾਨ ਮਿਹਰਵਾਨ ਮਿਹਰਵਾਨ ਦੇਵੇ ਦਾਨ, ਦਾਤਾ ਦਾਨੀ ਇਕ ਅਖਵਾਇੰਦਾ । ਕਲਜੁਗ ਅੰਤ ਹੋ ਪਰਧਾਨ, ਸੰਤ ਸਾਜਣ ਵੇਖ ਵਖਾਇੰਦਾ । ਬਿਨ ਕਲਮਿਉਂ ਕਰੇ ਕਲਿਆਣ, ਮੁਰੀਦ ਮੁਰਸ਼ਦ ਆਪ ਜਣਾਇੰਦਾ । ਕਾਇਨਾਤ ਵੇਖੇ ਮਾਰ ਧਿਆਨ, ਨੇਤਰ ਨੈਣ ਨੈਣ ਉਠਾਇੰਦਾ । ਪੀਰ ਪੈਗ਼ੰਬਰ ਹੋਣ ਹੈਰਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪਣੇ ਹੱਥ ਰਖਾਇੰਦਾ । ਕਲਜੁਗ ਅੰਤ ਉਠਾਵਾਂਗਾ । ਧੁਰ ਸੰਦੇਸਾ ਹੁਕਮ ਸੁਣਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਦਰ ਬਹਾਵਾਂਗਾ । ਗੁਰ ਅਵਤਾਰ ਪੀਰ ਪੈਗ਼ੰਬਰ ਨਾਲ ਰਲਾਵਾਂਗਾ । ਤ੍ਰੈਗੁਣ ਲੇਖਾ ਆਪ ਚੁਕਾਵਾਂਗਾ । ਪੰਜ ਤੱਤ ਭਰਮ ਭੁਲੇਖਾ ਬਾਹਰ ਕਢਾਵਾਂਗਾ । ਮੁੱਲਾ ਸ਼ੇਖ਼

ਪੜਦਾ ਲਾਹਵਾਂਗਾ । ਪੰਡਤ ਪਾਂਧੇ ਦੱਸ ਸੰਦੇਸ ਜਣਾਵਾਂਗਾ । ਲੱਖ ਚੁਰਾਸੀ ਹੋਣਾ ਖੇਤ, ਰਣ ਭੂਮੀ ਰੰਗ ਰੰਗਾਵਾਂਗਾ । ਨਿਰਗੁਣ ਹੋ ਕੇ ਖੇਲਾਂ ਖੇਡ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਰਦੰਗ ਵਜਾਵਾਂਗਾ । ਸਚ ਮਰਦੰਗ ਵੱਜੇਗਾ । ਕਲਜੁਗ ਕੂੜਾ ਭੱਜੇਗਾ । ਸਤਿਜੁਗ ਸਾਚਾ ਸਜੇਗਾ । ਭਗਤ ਭਗਵਾਨ ਪੜਦਾ ਕੱਜੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੰਤ ਸੁਹੇਲੇ ਆਪੇ ਸੱਦੇਗਾ । ਗੁਰ ਗੋਬਿੰਦ ਧੁਰ ਦੀ ਕਾਰ, ਨਿਰਗੁਣ ਸਰਗੁਣ ਰਿਹਾ ਜਣਾਈਆ । ਅੰਮ੍ਰਿਤ ਆਤਮ ਭਰ ਭੰਡਾਰ, ਜੀਵ ਜੰਤ ਵਰਤਾਈਆ । ਸ਼ਬਦ ਮਿਆਨੋਂ ਖਿਚ ਕਟਾਰ, ਖੜਗ ਖੰਡਾ ਚਮਕਾਈਆ । ਜੀਵ ਰੱਖਿਆ ਕਰੇ ਸਰਬ ਸੰਸਾਰ, ਦੁਸ਼ਟਾਂ ਮੇਟ ਮਿਟਾਈਆ । ਬੇਜ਼ਬਾਨਾਂ ਉਤੇ ਕਦੇ ਨਾ ਕਰੇ ਵਾਰ, ਗ਼ਰੀਬ ਨਿਮਾਣਿਆਂ ਹੋਏ ਸਹਾਈਆ । ਗੋਬਿੰਦ ਸੂਰਾ ਸੂਰਬੀਰ ਬਲਕਾਰ, ਨਿਹਥਿਆਂ ਉਤੇ ਹੱਥ ਨਾ ਕਦੇ ਉਠਾਈਆ । ਜੀਵਾਂ ਜੰਤਾਂ ਸਾਂਝਾ ਕਰੇ ਪਿਆਰ, ਦੂਈ ਦਵੈਤ ਨਾ ਕੋਇ ਰਖਾਈਆ । ਨਾਨਕ ਨਿਰਗੁਣ ਜੋਤੀ ਦਿਤੀ ਬਾਲ, ਗੋਬਿੰਦ ਜੋਤ ਰੁਸ਼ਨਾਈਆ । ਜਿਸ ਦਾ ਪਿਤਾ ਪੁਰਖ ਅਕਾਲ, ਕਿਉਂ ਦੁਸ਼ਟ ਰੂਪ ਵਟਾਈਆ । ਉਹਦੇ ਪਰੇਮ ਅੰਦਰ ਸਾਰੇ ਹੋਏ ਹਲਾਲ, ਝਟਕਾ ਕਰਨ ਦੀ ਲੋੜ ਰਹੀ ਨਾ ਰਾਈਆ । ਜਿਨ੍ਹਾਂ ਅੰਦਰ ਵਸੇ ਆਪ ਦੀਨ ਦਿਆਲ, ਮਿਹਰਵਾਨ ਆਪਣਾ ਡੇਰਾ ਲਾਈਆ । ਓਨ੍ਹਾਂ ਦਾ ਗੁਰੂ ਗੋਬਿੰਦ ਬਣੇ ਕਾਲ, ਕਾਲ ਗਰਾਸੀ ਆਪ ਹੋ ਜਾਈਆ । ਸਤਿਗੁਰ ਸਦਾ ਸਦਾ ਦਿਆਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਸਾਚਾ ਦਰ, ਗੋਬਿੰਦ ਖੰਡਾ ਤਿਖੀ ਧਾਰ, ਗੁਰਸਿਖਾਂ ਕਰੇ ਸਚ ਪਿਆਰ ਪਰੇਮ ਪਿਆਰ, ਕਟਾਰ ਲਾਲ ਧਾਰ ਵਖਾਈਆ । ਗੁਰ ਗੋਬਿੰਦ ਨਾ ਕੀਤਾ ਝਟਕਾ, ਸੀਸ ਧੜ ਨਾ ਅੱਡ ਕਰਾਈਆ । ਏਹੋ ਸਭ ਨੂੰ ਖਾ ਗਿਆ ਖਟਕਾ, ਖੱਟੀ ਹੱਥ ਕਿਸੇ ਨਾ ਆਈਆ । ਧਰਮ ਦਵਾਰੇ ਜੀਵ ਲਟਕਾ, ਜੋ ਬਣਿਆ ਬੱਕਰਾ ਮਾਤ ਕਸਾਈਆ । ਅੱਗੇ ਕਿਸੇ ਨਾ ਪਲਟਿਆ ਪੱਤਰਾ, ਨਾਨਕ ਗੋਬਿੰਦ ਦਏ ਨਾ ਕੋਇ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਚ ਰਿਹਾ ਜਣਾਈਆ । ਸਤਿਗੁਰ ਗੋਬਿੰਦ ਬੱਕਰੇ ਕਦੀ ਨਾ ਵੱਢੇ, ਦੁਖੀਆਂ ਦਰਦ ਆਪ ਵੰਡਾਇੰਦਾ । ਜਿਸ ਆਪਣੇ ਬੱਚੇ ਨੀਹਾਂ ਹੇਠਾਂ ਦੱਬੇ, ਕਿਉਂ ਮਾਸੂਮਾਂ ਉਤੇ ਹੱਥ ਉਠਾਇੰਦਾ । ਰਸਨ ਹਲਕਾਏ ਸਾਰੇ ਬੱਧੇ, ਕੂੜੀ ਰਸ ਜਗਤ ਲੋਭਾਇੰਦਾ । ਅੰਮ੍ਰਿਤ ਧਾਰ ਗੁਰਮੁਖ ਪਿਆਰ ਗੋਬਿੰਦ ਵਿਚਾਰ ਲੱਖ ਚੁਰਾਸੀ ਵਿਚੋਂ ਥੋੜੇ ਲੱਭੇ, ਜਿਸ ਜਨ ਆਪਣਾ ਮੇਲ ਮਿਲਾਇੰਦਾ । ਬਾਕੀ ਧਰਮ ਰਾਏ ਦਵਾਰੇ ਛੱਡੇ, ਅੱਗੇ ਹੋ ਨਾ ਕੋਇ ਬਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਾਚਾ ਘਰ, ਗੁਰ ਗੋਬਿੰਦ ਗੋਬਿੰਦ ਗੁਰ ਗੁਰਮੁਖ ਪਿਆਰ ਰੰਗ ਰੰਗਾਇੰਦਾ । ਮਨ ਪੰਖੀ ਨਾ ਜਾਏ ਦੌੜ, ਉਡ ਉਡ ਨਾ ਦਹਿ ਦਿਸ਼ ਧਾਈਆ । ਜਿਸ ਸਤਿਗੁਰ ਪੂਰਾ ਜਾਏ ਬੌਹੜ, ਸ਼ਬਦ ਡੋਰ ਬੰਧਾਈਆ । ਬੁਧੀ ਕਰੇ ਅਵਰ ਦੀ ਔਰ, ਮਨ ਚਲੇ ਨਾ ਕੋਇ ਚਤਰਾਈਆ । ਪੰਚ ਵਿਕਾਰ ਨਾ ਪਾਏ ਸ਼ੋਰ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਹੋਏ ਹਲਕਾਈਆ । ਮਾਇਆ ਮਮਤਾ ਹਉਮੇਂ ਹੰਗਤਾ ਗੜ੍ਹ ਹੰਕਾਰੀ ਦੇਵੇ ਤੋੜ, ਨਿਵਣ ਸੋ ਅੱਖਰ ਇਕ ਸਮਝਾਈਆ । ਸੁਰਤ ਸਵਾਣੀ ਸ਼ਬਦ ਹਾਣੀ ਦੇਵੇ ਜੋੜ, ਆਪ ਆਪਣੀ ਦਇਆ ਕਮਾਈਆ । ਗੁਰਮੁਖ ਚੜ੍ਹੇ ਸਾਚੇ ਘੋੜ, ਕਾਇਆ ਮੰਦਰ ਅੰਦਰ ਨੱਠੇ ਵਾਹੋ ਦਾਹੀਆ । ਸਤਿਗੁਰ ਵਖਾਏ ਇਕੋ ਪੌੜ, ਪੌੜਾ ਆਪਣਾ ਨਾਮ ਜਣਾਈਆ । ਨਜ਼ਰੀ ਆਏ ਪਰਕਾਸ਼ ਅੰਧ ਘੋਰ, ਅੰਧੇਰ ਰਹੇ ਨਾ ਰਾਈਆ । ਮਨ ਦਾ ਰਹੇ ਨਾ ਕੋਈ ਜ਼ੋਰ, ਨਿਉਂ ਨਿਉਂ ਲਾਗੇ

ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਆਪਣਾ ਵਰ, ਮਨ ਮਮਤਾ ਦਏ ਮਿਟਾਈਆ । ਮਨ ਮਮਤਾ ਮਿਟੇ ਆਸਾ, ਤ੍ਰਿਸਨਾ ਰਹੇ ਨਾ ਰਾਈਆ । ਜਿਸ ਸਤਿਗੁਰ ਚਰਨ ਕਵਲ ਦੇਵੇ ਭਰਵਾਸਾ, ਘਰ ਇਕੋ ਨਜ਼ਰੀ ਆਈਆ । ਲੇਖਾ ਜਾਣੇ ਪਵਣ ਸਵਾਸਾ, ਪਵਣ ਪਵਣੀ ਆਪ ਸਮਾਈਆ । ਆਪਣਾ ਖੇਲ੍ਹ ਸੁਣਾਏ ਖੁਲਾਸਾ, ਭੇਵ ਅਭੇਦ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਨ ਇਕੋ ਬੰਧਨ ਪਾਈਆ । ਮਨ ਵਾਸਨਾ ਪਾਏ ਬੰਧਨ, ਤੰਦੀ ਤੰਦ ਬੰਧਾਇੰਦਾ । ਗੁਰਮੁਖ ਮਸਤਕ ਲਾਏ ਚੰਦਨ, ਟਿੱਕਾ ਇਕ ਜਣਾਇੰਦਾ । ਅੰਤਮ ਦੇਵੇ ਸਚ ਅਨੰਦਨ, ਕੂੜੀ ਕਿਰਿਆ ਬਾਹਰ ਕਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਨ ਵਾਸਨਾ ਬੰਦ ਕਰਾਇੰਦਾ । ਮਨ ਵਾਸਨਾ ਦੇਵੇ ਕੱਟ, ਕਟਾਕਸ਼ ਆਪਣਾ ਨਾਮ ਲਗਾਈਆ । ਸਚ ਦਵਾਰ ਵਖਾਏ ਹੱਟ, ਜਿਸ ਘਰ ਸਤਿਗੁਰ ਆਸਣ ਲਾਈਆ । ਹਰਿਜਨ ਚਰਨੀ ਜਾਏ ਢੱਠ, ਮਾਣ ਅਭਿਮਾਨ ਮਿਟਾਈਆ । ਦੀਨ ਦਿਆਲ ਸਿਰ ਰੱਖੇ ਦੇ ਕਰ ਹੱਥ, ਸਮਰਥ ਹੋਏ ਸਹਾਈਆ । ਕਰ ਕਿਰਪਾ ਪਾਏ ਨਾਮ ਨੱਥ, ਮਨ ਚਲੇ ਨਾ ਕੋਇ ਚਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਸਾਚਾ ਵਰ, ਮਨ ਵਾਸਨਾ ਮਨ ਹੀ ਵਿਚ ਖਪਾਈਆ । ਮਨ ਵਾਸਨਾ ਮਨ ਵਿਚ ਦੱਬੇ, ਆਪਣਾ ਭਾਰ ਰਖਾਈਆ । ਗੁਰਮੁਖ ਆਤਮ ਅੰਤਰ ਸਾਚੀ ਸੇਜਾ ਸੱਦੇ, ਨਾਮ ਸਨੇਹੁੜਾ ਜਣਾਈਆ । ਪਾਰ ਕਰਾਏ ਕੂੜੀ ਹੱਦੇ, ਸਾਚੇ ਮੰਦਰ ਆਪ ਬਹਾਈਆ । ਜੋ ਜਨ ਗਾਏ ਸੋਹੰ ਛੰਦੇ, ਤਿਸ ਮਨ ਸਕੇ ਨਾ ਕਦੇ ਡੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਬਿਨ ਸਤਿਗੁਰ ਸ਼ਬਦ ਮਨ ਹੱਥ ਕਿਸੇ ਨਾ ਆਈਆ । ਏਥੇ ਠੀਕ ਓਥੇ ਨਾਲ, ਵਿਛੋੜਾ ਨਾ ਕੋਇ ਰਖਾਇੰਦਾ । ਕਿਰਪਾ ਕਰ ਆਪ ਕਿਰਪਾਲ, ਜਗਤ ਦੁੱਖ ਜਨਮ ਦੁੱਖ ਕਰਮ ਦੁੱਖ ਆਪ ਮਿਟਾਇੰਦਾ । ਦੇਵਣਹਾਰਾ ਸਾਚਾ ਸੁੱਖ, ਉਜਲ ਕਰੇ ਮਾਤ ਮੁਖ, ਮੁਖ ਮੁਖੜਾ ਆਪ ਸਾਲਾਹਿੰਦਾ । ਸੰਤ ਸੁਹੇਲੇ ਗੁਰੂ ਗੁਰ ਚੇਲੇ ਭਗਤ ਭਗਵਾਨ ਆਦਿ ਜੁਗਾਦਿ ਗੋਦੀ ਲਏ ਚੁੱਕ, ਚੁਕ ਆਪਣੀ ਖ਼ੁਸ਼ੀ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਥੇ ਓਥੇ ਦੋ ਜਹਾਨ ਸਾਚਾ ਸੁਖ ਉਪਜਾਇੰਦਾ ।



❈ ੨੨ ਫੱਗਣ ੨੦੧੯ ਬਿਕ੍ਰਮੀ ਜਮਾਦਾਰ ਹਰਚੰਦ ਸਿੰਘ ਦੇ ਗ੍ਰਿਹ ਸੀ० ਐਮ० ਈ० ਕਿਰਕੀ ਬੰਗਲਾ ਜੇ ੯ ਪੂਨਾ ❈

ਭਗਤ ਸੇਜਾ ਆਤਮ ਪਲੰਘ, ਜੁਗ ਜੁਗ ਧਿਆਨ ਲਗਾਈਆ । ਕਵਣ ਵੇਲਾ ਪ੍ਰਭ ਮਿਲੇ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਫੇਰਾ ਪਾਈਆ । ਆਤਮ ਪਰਮਾਤਮ ਦੇਵੇ ਇਕ ਅਨੰਦ, ਅਨੰਦ ਅਨੰਦ ਵਿਚੋਂ ਦਰਸਾਈਆ । ਗੀਤ ਸੁਹਾਗੀ ਸੁਣਾਏ ਛੰਦ, ਅਨਬੋਲਤ ਰਾਗ ਅਲਾਈਆ । ਨਿਰਮਲ ਜੋਤ ਚਾੜ੍ਹੇ ਚੰਦ, ਨੂਰੋ ਨੂਰ ਨੂਰ ਰੁਸ਼ਨਾਈਆ । ਅਨਹਦ ਵਜਾਏ ਨਦ, ਧੁਨ ਆਤਮਕ ਨਾਮ ਜਣਾਈਆ । ਕੂੜੀ ਕਿਰਿਆ ਕਰੇ ਪਾਰ ਹੱਦ, ਸਚ ਦਵਾਰਾ ਇਕ ਦਰਸਾਈਆ । ਮਾਇਆ ਮਮਤਾ ਖਹਿੜਾ ਜਾਏ ਛੱਡ, ਹਉਮੇਂ ਹੰਗਤਾ ਰਹਿਣ ਨਾ ਪਾਈਆ । ਨਿਰਗੁਣ ਸਰਗੁਣ ਪੜਦਾ ਦੇਵੇ ਕੱਜ, ਸਿਰ ਆਪਣਾ ਹੱਥ ਟਿਕਾਈਆ । ਅੰਮ੍ਰਿਤ ਜਾਮ ਪਿਆਏ ਮਧ, ਰਸ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਮਿਹਰਵਾਨ ਮਿਹਰਵਾਨ ਮਿਹਰਵਾਨ ਹੋਏ ਆਪ ਸਹਾਈਆ । ਭਗਤ ਸੇਜਾ ਤੱਕੇ ਰਾਹ, ਨਿਤ ਨਿਤ ਧਿਆਨ ਲਗਾਈਆ । ਕਵਣ ਵੇਲਾ ਪ੍ਰਭ ਮਿਲੇ ਮਲਾਹ, ਬੇੜਾ ਆਪਣੇ ਕੰਧ ਉਠਾਈਆ । ਬੋਧ ਅਗਾਧ ਦਏ ਸਲਾਹ, ਸ਼ਬਦੀ ਨਾਮ ਦ੍ਰਿੜਾਈਆ । ਡੂੰਘੀ ਕਵਰੀ ਬਾਹਰ ਲਏ ਕਢਾ, ਭਵਰੀ ਭੇਵ ਰਹੇ ਨਾ ਰਾਈਆ । ਸਾਚਾ ਮਾਰਗ ਦਏ ਦਰਸਾ, ਗ੍ਰਿਹ ਮੰਦਰ ਕੁੰਡਾ ਲਾਹੀਆ । ਅੰਦਰੇ ਅੰਦਰ ਲਏ ਮਿਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਆਪ ਉਠਾਈਆ । ਭਗਤ ਸੱਚਾ ਕਰੇ ਪੁਕਾਰ, ਨਿਤ ਨਿਤ ਧਿਆਨ ਲਗਾਇਆ । ਕਵਣ ਵੇਲਾ ਪ੍ਰਭ ਮਿਲੇ ਪਰਵਰਦਿਗਾਰ, ਬੇਪਰਵਾਹ ਫੇਰਾ ਪਾਇਆ । ਮੁਰੀਦ ਮੁਰਸ਼ਦ ਦਏ ਦੀਦਾਰ, ਨਿਰਗੁਣ ਦੀਦ ਇਕੋ ਚੰਦ ਚੜ੍ਹਾਇਆ । ਲੇਖਾ ਜਾਣੇ ਗੁਪਤ ਜ਼ਾਹਰ, ਭੇਵ ਅਭੇਦਾ ਆਪ ਖੁਲਾਇਆ । ਮਹੱਲ ਸੁਹਾਏ ਇਕ ਮਨਾਰ, ਛੱਪਰ ਛੰਨ ਨਾ ਕੋਇ ਛੁਹਾਇਆ । ਕਮਲਾਪਤ ਕਰੇ ਪਿਆਰ, ਬਹੁ ਭਾਂਤੀ ਵੇਖ ਵਖਾਇਆ । ਬੂੰਦ ਸਵਾਂਤੀ ਦੇਵੇ ਠੰਡੀ ਠਾਰ, ਅੰਮ੍ਰਿਤ ਆਤਮ ਜਲ ਪਿਆਇਆ । ਜੁਗ ਜੁਗ ਦਾ ਦੁਖੜਾ ਦਏ ਨਵਾਰ, ਲੱਖ ਚੁਰਾਸੀ ਫੰਦ ਕਟਾਇਆ । ਚਰਨ ਕਵਲ ਦੇਵੇ ਸਚ ਪਿਆਰ, ਪਰੇਮ ਪ੍ਰੀਤੀ ਇਕ ਜਣਾਇਆ । ਫੜ ਬਾਂਹੋਂ ਕਰੇ ਪਾਰ, ਰਾਏ ਧਰਮ ਨਾ ਦਏ ਸਜ਼ਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜੁਗ ਚੌਕੜੀ ਵੇਖ ਵਖਾਇਆ । ਭਗਤ ਆਤਮ ਸੇਜਾ ਰਹੀ ਉਡੀਕ, ਇਕੋ ਧਿਆਨ ਲਗਾਈਆ । ਕਵਣ ਵੇਲਾ ਪ੍ਰਭ ਮਿਲੇ ਲਾਸ਼ਰੀਕ, ਸ਼ਹਿਨਸ਼ਾਹ ਆਪਣਾ ਫੇਰਾ ਪਾਈਆ । ਮੇਰਾ ਮਿਟੇ ਅੰਧੇਰਾ ਤਾਰੀਕ, ਸਾਚਾ ਚੰਦ ਕਰੇ ਰੁਸ਼ਨਾਈਆ । ਪਿਛਲਾ ਲਹਿਣਾ ਚੁੱਕੇ ਠੀਕ, ਅੱਗੇ ਠੀਕਰ ਭੰਨ ਵਖਾਈਆ । ਵਸਣਹਾਰਾ ਹਸਤ ਕੀਟ,
੧੦੦੭ ੧੩ ਦਰ ਮੇਰਾ ਦਏ ਸੁਹਾਈਆ । ਸਚ ਸੁਹੰਜਣੀ ਦੱਸੇ ਪ੍ਰੀਤ, ਪੀਆ ਪ੍ਰੀਤਮ ਵਡ ਵਡਿਆਈਆ । ਨਿਰਗੁਣ ਨਿਰਵੈਰ ਨਿਰਾਕਾਰ ਜਣਾਏ ਗੀਤ, ਬਿਨ ਮੰਦਰ ਮਸੀਤ ਆਪ ਸੁਣਾਈਆ । ਨਜ਼ਰੀ ਆਏ ਇਕ ਅਤੀਤ, ਤ੍ਰੈਗੁਣ ਡੇਰਾ ਦੇਵੇ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਵੇ ਇਕ ਵਰ, ਖ਼ਾਲੀ ਝੋਲੀ ਦਏ ਭਰਾਈਆ । ਭਗਤ ਆਤਮ ਸੇਜਾ ਨੇਤਰ ਖੋਲ੍ਹ, ਨੈਣ ਨੈਣ ਤਕਾਈਆ । ਕਵਣ ਵੇਲਾ ਪ੍ਰਭ ਵਸੇ ਕੋਲ, ਘਰ ਸਾਚੇ ਹੋਏ ਸਹਾਈਆ । ਸ਼ਬਦ ਅਗੰਮ ਵਜਾਏ ਢੋਲ, ਅਨਾਦੀ ਨਾਦ ਸੁਣਾਈਆ । ਬਜਰ ਕਪਾਟੀ ਪੜਦਾ ਦੇਵੇ ਖੋਲ੍ਹ, ਦੂਈ ਦਵੈਤੀ ਰਹਿਣ ਨਾ ਪਾਈਆ । ਨਾਮ ਭੰਡਾਰਾ ਦਏ ਅਤੋਲ, ਤੁਲ ਕਦੇ ਨਾ ਜਾਈਆ । ਉਲਟਾ ਕਰੇ ਨਾਭ ਕੌਲ, ਝਿਰਨਾ ਨਿਝਰ ਆਪ ਝਿਰਾਈਆ । ਲੇਖਾ ਚੁਕੇ ਧਰਨੀ ਧਰਤ ਧੌਲ, ਸਿਰ ਆਪਣਾ ਹੱਥ ਰਖਾਈਆ । ਸਾਚਾ ਅੰਮ੍ਰਿਤ ਆਤਮ ਰਸ ਪਿਆਏ ਇਕੋ ਪੌਹਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਸਤ ਅਮੋਲਕ ਦਏ ਵਰਤਾਈਆ । ਭਗਤ ਸੇਜਾ ਹੋ ਨਿਮਾਣੀ, ਨੇਤਰ ਨੈਣਾਂ ਨੀਰ ਵਹਾਈਆ । ਕਵਣ ਵੇਲਾ ਪਾਰਬ੍ਰਹਮ ਪਤਿਪਰਮੇਸ਼ਵਰ ਮਿਲੇ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਆਪਣੀ ਦਇਆ ਕਮਾਈਆ । ਜਨਮ ਜਨਮ ਦੀ ਸੁਣਾਏ ਕਹਾਣੀ, ਬੋਧ ਅਗਾਧ ਕਰੇ ਪੜ੍ਹਾਈਆ । ਅੰਤਰ ਦੇਵੇ ਠੰਡਾ ਪਾਣੀ, ਅੰਮ੍ਰਿਤ ਰਸ ਪਿਆਈਆ । ਭੇਵ ਖੁਲ੍ਹਾਏ ਚਾਰੇ ਬਾਣੀ, ਪਰਾ ਪਸੰਤੀ ਮਧਮ ਬੈਖਰੀ ਇਕੋ ਘਰ ਜਣਾਈਆ । ਨਾਤਾ ਤੁਟੇ ਚਾਰ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਬੰਧਨ ਰਹੇ ਨਾ ਰਾਈਆ । ਇਕ ਜਣਾਏ ਪਦ ਨਿਰਬਾਣੀ, ਜਿਸ ਘਰ ਵਸੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਤ ਨਿਤ ਆਸਾ ਪੂਰ ਕਰਾਈਆ ।

੧੦੦੭ ੧੩

ਭਗਤ ਸੇਜਾ ਨੇਤਰ ਰੋ, ਇਕ ਧਿਆਨ ਲਗਾਈਆ । ਕਵਣ ਵੇਲਾ ਪ੍ਰਭ ਮੇਰੇ ਨਾਲ ਜਾਏ ਛੋਹ, ਚਰਨ ਕਵਲ ਆਪ ਟਿਕਾਈਆ । ਦੀਨ ਦਿਆਲ ਠਾਕਰ ਸਵਾਮੀ ਮਿਹਰਵਾਨ ਮੇਰੇ ਜੋਗਾ ਜਾਏ ਹੋ, ਮੈਂ ਉਸ ਦੀ ਸੇਵ ਕਮਾਈਆ । ਅੰਦਰ ਬਾਹਰ ਗੁਪਤ ਜ਼ਾਹਰ ਕਰੇ ਲੋ, ਪਰਕਾਸ਼ ਪਰਕਾਸ਼ ਨਾਲ ਮਿਲਾਈਆ । ਦੁਰਮਤ ਮੈਲ ਦੇਵੇ ਧੋ, ਕਾਗ ਹੰਸ ਰੂਪ ਵਟਾਈਆ । ਸਾਚਾ ਢੋਆ ਦੇਵੇ ਢੋ, ਧੁਰ ਦੀ ਵਸਤ ਝੋਲੀ ਪਾਈਆ । ਮੇਰਾ ਭੇਵ ਨਾ ਜਾਣੇ ਕੋ, ਬਿਹਬਲ ਹੋ ਹੋ ਦਿਆਂ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਮੇਰਾ ਦੁਖੜਾ ਦਏ ਗਵਾਈਆ । ਭਗਤ ਸੇਜਾ ਨਿਤ ਨਿਤ ਉਠ, ਹਰਿ ਚਰਨ ਧਿਆਨ ਲਗਾਈਆ । ਸੋ ਪੁਰਖ ਨਿਰੰਜਣ ਜਾਏ ਤੁਠ, ਹਰਿ ਪੁਰਖ ਨਿਰੰਜਣ ਹੋਏ ਸਹਾਈਆ । ਏਕੰਕਾਰਾ ਅੰਮ੍ਰਿਤ ਜਾਮ ਪਿਆਏ ਘੁੱਟ, ਆਦਿ ਨਿਰੰਜਣ ਨੂਰ ਰੁਸ਼ਨਾਈਆ । ਅਬਿਨਾਸ਼ੀ ਕਰਤਾ ਦੇਵੇ ਭੰਡਾਰ ਅਤੁਟ, ਸ੍ਰੀ ਭਗਵਾਨ ਝੋਲੀ ਦਏ ਭਰਾਈਆ । ਪਾਰਬ੍ਰਹਮ ਕਰ ਕਿਰਪਾ ਮੈਨੂੰ ਲਏ ਪੁਛ, ਬ੍ਰਹਮ ਮਿਲੇ ਸਹਿਜ ਸੁਭਾਈਆ । ਮੇਰੀ ਸੁਹੰਜਣੀ ਸੋਹੇ ਰੁੱਤ, ਪਤ ਡਾਲੀ ਫੁਲ ਮਹਿਕਾਈਆ । ਮੈਂ ਦਰਸ ਕਰਾਂ ਅਬਿਨਾਸ਼ੀ ਅਚੁਤ, ਬਿਨ ਨੈਣਾਂ ਨਜ਼ਰੀ ਆਈਆ । ਅਗਲਾ ਲੇਖਾ ਲਵਾਂ ਪੁੱਛ, ਕਿਉਂ ਬੈਠਾ ਮੋਹੇ ਭੁਲਾਈਆ । ਕੇਹੜੀ ਗਲੋਂ ਗਿਆ ਰੁੱਸ, ਸੇਜ ਸੁਹੰਜਣੀ ਨਾ ਕੋਇ ਹੰਢਾਈਆ । ਘਰ ਵਿਚ ਘਰ ਬੈਠੋਂ ਲੁਕ, ਆਪਣੀ ਮਾਇਆ ਪੜਦਾ ਪਾਈਆ । ਅੰਤਮ ਵੇਲਾ ਗਿਆ ਢੁਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਈਆ । ਭਗਤ ਸੇਜਾ ਮੰਗੇ ਮੰਗ, ਪ੍ਰਭ ਅੱਗੇ ਝੋਲੀ ਡਾਹੀਆ । ਜੁਗ ਚੌਕੜੀ ਤੇਰਾ ਸੰਗ, ਵਿਛੜ ਕਦੇ ਨਾ ਜਾਈਆ । ਠਾਕਰ ਸਵਾਮੀ ਦੀਨ ਦਿਆਲ ਤੂੰ


੧੦੦੮
੧੩

ਹੋਏ ਕਦੇ ਨਾ ਨੰਗ, ਬੇਅੰਤ ਤੇਰੀ ਸ਼ਹਿਨਸ਼ਾਹੀਆ । ਕਰ ਕਿਰਪਾ ਮੇਰੇ ਅੰਤਰ ਲੰਘ, ਮਿਹਰ ਨਜ਼ਰ ਨੈਣ ਉਠਾਈਆ । ਸੁੰਞੀ ਹੋਈ ਸੇਜ ਪਲੰਘ, ਬਿਨ ਪਾਵਾ ਚੂਲ ਤੇਰਾ ਰਾਹ ਤਕਾਈਆ । ਜਨਮ ਜਨਮ ਦੀ ਟੁੱਟੀ ਗੰਢ, ਗੰਢਣਹਾਰ ਗੋਪਾਲ ਸਵਾਮੀ ਤੇਰੀ ਇਕੋ ਇਕ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਇਕੋ ਵਰ, ਤੇਰੇ ਚਰਨਾਂ ਸੀਸ ਨਿਵਾਈਆ । ਸ੍ਰੀ ਭਗਵਾਨ ਹੋ ਦਿਆਲ, ਦੀਨਨ ਦਇਆ ਕਮਾਇੰਦਾ । ਨਿਰਗੁਣ ਹੋ ਕੇ ਵੇਖਾਂ ਆਣ, ਸਰਗੁਣ ਭੇਵ ਚੁਕਾਇੰਦਾ । ਕਾਇਆ ਮੰਦਰ ਵੜ ਮਕਾਨ, ਦੋਂਹ ਹੱਥੀਂ ਪੜਦਾ ਆਪੇ ਲਾਹਿੰਦਾ । ਦੀਪਕ ਦੀਆ ਬਾਲ ਮਹਾਨ, ਜੋਤੀ ਜੋਤ ਡਗਮਗਾਇੰਦਾ । ਬਿਨ ਅੱਖਾਂ ਵੇਖੇ ਮਾਰ ਧਿਆਨ, ਬਿਨ ਨੇਤਰ ਨੈਣ ਖੁਲ੍ਹਾਇੰਦਾ । ਬਿਨ ਰਸਨਾ ਜਿਹਵਾ ਗਾਏ ਗਾਨ, ਬਿਨ ਬੱਤੀ ਦੰਦ ਸਿਫ਼ਤ ਸਾਲਾਹਿੰਦਾ । ਬਿਨ ਪੜ੍ਹਿਆਂ ਦੇਵੇ ਗਿਆਨ, ਬੋਧ ਅਗਾਧੀ ਗਿਆਨ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਨਰ ਨਰੇਸ਼ਾ ਏਕੰਕਾਰਾ ਨਿਰੰਕਾਰਾ ਨਿਰਗੁਣ ਧਾਰਾ ਆਪ ਜਣਾਇੰਦਾ । ਭਗਤ ਸੇਜ ਸੁਹਾਵਾਂਗਾ । ਨਿਰਵੈਰ ਹੋ ਕੇ ਆਵਾਂਗਾ । ਮਿਹਰਵਾਨ ਆਪ ਅਖਵਾਵਾਂਗਾ । ਧੁਰ ਦਾ ਦਾਨ ਝੋਲੀ ਪਾਵਾਂਗਾ । ਸ਼ਬਦ ਨਿਸ਼ਾਨ ਇਕ ਵਖਾਵਾਂਗਾ । ਦੋ ਜਹਾਨਾਂ ਵੇਖ ਵਖਾਵਾਂਗਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਪੰਧ ਮੁਕਾਵਾਂਗਾ । ਭਗਤ ਸਾਚੇ ਕਰ ਪਰਵਾਨ, ਪਰਵਾਨਗੀ ਇਕੋ ਇਕ ਜਣਾਵਾਂਗਾ । ਅੰਮ੍ਰਿਤ ਆਤਮ ਪੀਣ ਖਾਣ, ਵਸਤ ਅਮੋਲਕ ਝੋਲੀ ਪਾਵਾਂਗਾ । ਨਿਸ਼ਅੱਖਰ ਦੇ ਗਿਆਨ, ਅੱਖਰ ਵੰਡ ਨਾ ਕੋਇ ਵੰਡਾਵਾਂਗਾ । ਚੌਦਾਂ ਵਿਦਿਆ ਹੋਏ ਹੈਰਾਨ, ਚੌਦਾਂ ਤਬਕਾਂ ਡੇਰਾ ਢਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਸੇਜ ਸੁਹਾਵਾਂਗਾ । ਜਨ ਭਗਤਾਂ

ਸੇਜ ਸੁਹਾਏਗਾ । ਪ੍ਰਭ ਆਪਣੀ ਦਇਆ ਕਮਾਏਗਾ । ਘਰ ਘਰ ਨਿਰਗੁਣ ਫੇਰਾ ਪਾਏਗਾ । ਸੋਈ ਸੁਰਤੀ ਆਪ ਜਗਾਏਗਾ । ਅਕਾਲ ਮੂਰਤੀ ਮੇਲ ਮਿਲਾਏਗਾ । ਨਾਦ ਤੂਰਤੀ ਰਾਗ ਸੁਣਾਏਗਾ । ਆਸਾ ਪੂਰਤੀ ਕਰ ਵਖਾਏਗਾ । ਰੰਗ ਗੂੜ੍ਹਤੀ ਇਕ ਚੜ੍ਹਾਏਗਾ । ਲੋਕਮਾਤ ਉਤਰ ਨਾ ਜਾਏਗਾ । ਗੁਰਮੁਖ ਸੇਜੇ ਬਹਿ ਕੇ ਸ਼ੁਕਰ ਮਨਾਏਗਾ । ਕੀਤਾ ਕੌਲ ਮੁਕਰ ਨਾ ਜਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵਾਨ ਇਕੋ ਦਰ ਖੁਲ੍ਹਾਏਗਾ । ਭਗਤ ਦਵਾਰੇ ਆਵਾਂਗਾ । ਭੇਵ ਅਭੇਦ ਖੁਲ੍ਹਾਵਾਂਗਾ । ਦੇਵੀ ਦੇਵ ਆਪ ਜਣਾਵਾਂਗਾ । ਬਣ ਸੇਵਕ ਸੇਵ ਕਮਾਵਾਂਗਾ । ਬਿਨ ਰਸਨਾ ਜਿਹਵ ਗੀਤ ਗੋਬਿੰਦ ਅਲਾਵਾਂਗਾ । ਆਤਮ ਸੇਜਾ ਵੇਖ ਨਿਹਕੇਵ, ਨਿਹਚਲ ਆਪਣਾ ਧਾਮ ਵਡਿਆਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ ਪੰਧ ਮੁਕਾਵਾਂਗਾ । ਜਨ ਭਗਤਾਂ ਪੰਧ ਮੁਕਾਏਗਾ । ਆਵਣ ਜਾਵਣ ਫੰਦ ਕਟਾਏਗਾ । ਲੱਖ ਚੁਰਾਸੀ ਰਹਿਣ ਨਾ ਪਾਏਗਾ । ਜਮ ਕੀ ਫਾਸੀ ਆਪ ਤੁੜਾਏਗਾ । ਰਾਏ ਧਰਮ ਦਰ ਦੁਰਕਾਏਗਾ । ਚਿਤਰ ਗੁਪਤ ਨਾ ਲੇਖ ਵਖਾਏਗਾ । ਲਾੜੀ ਮੌਤ ਨੈਣ ਸ਼ਰਮਾਏਗਾ । ਪਾਰਬ੍ਰਹਮ ਬ੍ਰਹਮ ਇਕੋ ਨਜ਼ਰੀ ਆਏਗਾ । ਨਿਹਕਰਮੀ ਆਪਣਾ ਕਰਮ ਕਮਾਏਗਾ । ਸਾਚੀ ਸਰਨ ਇਕ ਦਰਸਾਏਗਾ । ਨੇਤਰ ਹਰਨ ਫਰਨ ਖੁਲ੍ਹਾਏਗਾ । ਨਾਤਾ ਚਰਨ ਪ੍ਰੀਤੀ ਜੁੜਾਏਗਾ । ਜ਼ਾਤ ਪਾਤ ਨਾ ਕੋਇ ਰਖਾਏਗਾ । ਅੰਦਰ ਮਾਰ ਝਾਤ, ਆਪਣਾ ਆਸਣ ਲਾਏਗਾ । ਬੰਦ ਕਵਾੜੀ ਖੋਲ੍ਹ ਤਾਕ, ਦਸਮ ਦਵਾਰੀ ਕੁੰਡਾ ਆਪ ਤੁੜਾਏਗਾ । ਪੂਰਾ ਕਰੇ ਭਵਿਖਤ ਵਾਕ, ਗੋਬਿੰਦ ਮੇਲਾ ਆਪ ਕਰਾਏਗਾ । ਗੁਰ ਚੇਲਾ ਇਕੋ ਘਰ ਵਸਾਏਗਾ । ਜੋਤ ਨਿਰੰਜਣ ਚਾੜ੍ਹੇ ਤੇਲਾ, ਆਦਿ ਨਿਰੰਜਣ ਵੇਖ ਵਖਾਏਗਾ । ਘਰ ਆਏ ਸੱਜਣ ਸੁਹੇਲਾ, ਪੁਰਖ ਅਬਿਨਾਸ਼ੀ ਫੇਰਾ ਪਾਏਗਾ । ਬਿਨ ਭਗਤਾਂ ਕੋਈ ਨਾ ਜਾਣੇ ਵੇਲਾ, ਲੱਖ ਚੁਰਾਸੀ ਭਰਮ ਭੁਲਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਤਮ ਸੇਜਾ ਤੇਰੀ ਪੂਰੀ ਆਸ ਕਰਾਏਗਾ । ਤੇਰੀ ਪੂਰੀ ਆਸ ਕਰਾਵਾਂਗਾ । ਜਨਮ ਜਨਮ ਦੀ ਤਰਾਸ ਮਿਟਾਵਾਂਗਾ । ਕਰ ਪਰਕਾਸ਼ ਮਾਤ ਪਰਗਟਾਵਾਂਗਾ । ਸ਼ਬਦ ਅਨਾਦੀ ਨਾਦ ਸੁਣਾਵਾਂਗਾ । ਬਣ ਹਾਜੀ ਹੱਜ ਕਰਾਵਾਂਗਾ । ਮੱਕਾ ਕਾਅਬਾ ਇਕੋ ਦਰ ਵਖਾਵਾਂਗਾ । ਹੁਜਰਾ ਹੱਕ ਨਜ਼ਰੀ ਆਵਾਂਗਾ । ਲਾਸ਼ਰੀਕ ਫੇਰ ਅਖਵਾਵਾਂਗਾ । ਜਗਤ ਤਾਰੀਕ ਅੰਧੇਰ ਮਿਟਾਵਾਂਗਾ । ਪੀਰ ਪੈਗ਼ੰਬਰ ਨਾਲ ਮਿਲਾਵਾਂਗਾ । ਕੂੜਾ ਅਡੰਬਰ ਆਪ ਮਿਟਾਵਾਂਗਾ । ਸਚ ਸਵੰਬਰ ਇਕ ਰਚਾਵਾਂਗਾ । ਆਤਮ ਪਰਮਾਤਮ ਪਰਮਾਤਮ ਆਤਮ ਇਕੋ ਘਰ ਵਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਆਪੇ ਚੜ੍ਹ, ਜਨ ਭਗਤਾਂ ਵੇਖ ਵਖਾਵਾਂਗਾ । ਆਤਮ ਸੇਜੇ ਚੜ੍ਹਾਂਗਾ । ਸਚ ਦਵਾਰੇ ਆਪੇ ਖੜਾਂਗਾ । ਆਤਮ ਪਰਮਾਤਮ ਢੋਲਾ ਪੜ੍ਹਾਂਗਾ । ਨਿਰਭੈ ਹੋ ਕਦੇ ਨਾ ਡਰਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੰਤ ਸੁਹੇਲੇ ਸਚ ਦਵਾਰੇ ਖੜਾਂਗਾ । ਆਤਮ ਸੇਜ ਸੁਹਾਵਾਂਗਾ । ਨਿਰਬਾਣ ਪਦ ਦਰਸਾਵਾਂਗਾ । ਜਗਤ ਦਵਾਰ ਹੱਦ ਪੰਧ ਮੁਕਾਵਾਂਗਾ । ਗੀਤ ਸੁਹਾਗੀ ਛੰਦ ਅਲਾਵਾਂਗਾ । ਅਜੱਪਾ ਜਾਪ ਕਰਾਵਾਂਗਾ । ਬੱਤੀ ਦੰਦ ਨਾ ਕੋਇ ਹਿਲਾਵਾਂਗਾ । ਮੰਦਰ ਮਸਜਦ ਮੱਠ ਸ਼ਿਵਦਵਾਲਾ ਘਰ ਘਰ ਵਿਚ ਆਪ ਪਰਗਟਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੇਜ ਸੁਹੰਜਣੀ ਇਕੋ ਰਾਵਾਂਗਾ । ਪ੍ਰਭ ਸੇਜ ਸੁਹੰਜਣੀ ਰਾਵੇਗਾ । ਕੰਤ ਕੰਤੂਹਲ ਅਖਵਾਵੇਗਾ । ਜਨ ਭਗਤਾਂ ਸੇਜ ਫੂਲ

ਬਰਸਾਵੇਗਾ । ਅਨਮੋਲ ਸੇਵਾ ਕਮਾਏਗਾ । ਅਭੁੱਲ ਭੁੱਲ ਕਦੇ ਨਾ ਜਾਏਗਾ । ਸਾਚੀ ਕੁਲ ਆਪ ਉਪਜਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੇਜ ਸੁਹੰਜਣੀ ਇਕ ਵਡਿਆਏਗਾ । ਸੇਜ ਸੁਹੰਜਣੀ ਚੜ੍ਹਿਆ ਚਾ, ਘਰ ਆਪਣੇ ਖ਼ੁਸ਼ੀ ਮਨਾਈਆ । ਪਾਰਬ੍ਰਹਮ ਪ੍ਰਭ ਮਿਲੇ ਆ, ਮੇਰੀ ਆਸਾ ਰਹੇ ਨਾ ਰਾਈਆ । ਸਚ ਸਿੰਘਾਸਣ ਡੇਰਾ ਲਏ ਲਾ, ਸੋਭਾਵੰਤ ਵੱਡੀ ਵਡਿਆਈਆ । ਮੇਰਾ ਮੰਦਰ ਦਏ ਸੁਹਾ, ਅੰਦਰੇ ਅੰਦਰ ਕਰ ਰੁਸ਼ਨਾਈਆ । ਦੀਪਕ ਦੀਆ ਦਏ ਜਗਾ, ਬਾਤੀ ਤੇਲ ਕੋਇ ਨਾ ਪਾਈਆ । ਸਾਕੀ ਜਾਮ ਦਏ ਪਿਆ, ਮਧੁਰ ਇਕੋ ਰਸ ਵਖਾਈਆ । ਮੇਰੀ ਪਿਛਲੀ ਰੀਤੀ ਦਏ ਮਿਟਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਵੇ ਆਪਣਾ ਵਰ, ਘਰ ਮੇਰੇ ਫੇਰਾ ਪਾਈਆ । ਘਰ ਮੇਰੇ ਆਵੇ ਮੇਰਾ ਮਾਹੀ, ਮੈਂ ਇਕ ਧਿਆਨ ਲਗਾਇਆ । ਸਚ ਸੁਹੰਜਣੀ ਸੇਜ ਵਿਛਾਈ, ਆਪਣਾ ਆਪ ਆਸਣ ਡਾਹਿਆ । ਹੋ ਨਿਮਾਣੀ ਸੇਵ ਕਮਾਈ, ਬਲਹੀਣ ਦਏ ਦੁਹਾਇਆ । ਨੇਤਰ ਨੈਣ ਕੱਜਲ ਕੋਇ ਨਾ ਪਾਈ, ਮੀਢੀ ਸੀਸ ਨਾ ਕੋਇ ਗੁੰਦਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਵੇ ਇਕ ਵਰ, ਘਰ ਸਾਚੇ ਹੋਏ ਸਹਾਇਆ । ਸ੍ਰੀ ਭਗਵਾਨ ਅੱਗੋਂ ਹੱਸ, ਸਚ ਸੰਦੇਸ ਸੁਣਾਇੰਦਾ । ਮੈਂ ਪੰਧ ਮੁਕਾਵਾਂ ਨੱਸ ਨੱਸ, ਅੰਤਮ ਰਾਹ ਤਕਾਇੰਦਾ । ਬੀਸ ਬੀਸਾ ਹੋ ਪਰਗਟ, ਘਰ ਘਰ ਡੇਰਾ ਲਾਇੰਦਾ । ਸ਼ਬਦ ਅਗੰਮੀ ਵੱਜੇ ਨੱਦ, ਛੱਤੀ ਰਾਗ ਭੇਵ ਨਾ ਆਇੰਦਾ । ਪੂਰਬ ਜਨਮ ਦੀ ਮੁੱਕੇ ਹੱਦ, ਅਗਲਾ ਜਨਮ ਆਪਣੇ ਹੱਥ ਰਖਾਇੰਦਾ । ਸੰਤ ਸੁਹੇਲੇ ਦਰ ਆਪਣੇ ਸੱਦ, ਦਰ ਦਰਵਾਜ਼ਾ ਇਕੋ ਇਕ ਵਖਾਇੰਦਾ । ਨਵ ਦਵਾਰੇ ਪਾਰ ਕਰ ਹੱਦ, ਘਰ ਦਸਵੇਂ ਆਸਣ ਆਪ ਲਾਇੰਦਾ । ਪਰੇਮ ਪ੍ਰੀਤੀ ਅੰਦਰ ਬੱਝ, ਸਚ ਪ੍ਰੀਤੀ ਇਕ ਜਣਾਇੰਦਾ । ਤੇਰੇ ਉਤੇ ਬਹਿਵਾਂ ਸਜ, ਰੂਪ ਰੇਖ ਰੰਗ ਨਾ ਕੋਇ ਰਖਾਇੰਦਾ । ਤੇਰਾ ਪੜਦਾ ਲਵਾਂ ਕੱਜ, ਨਾਮ ਦੋਸ਼ਾਲਾ ਨਾਲ ਲਿਆਇੰਦਾ । ਭਗਤ ਭਗਵਾਨ ਦੋਹਾਂ ਦਾ ਇਕ ਨਗਾਰਾ ਜਾਏ ਵੱਜ, ਸੋਹੰ ਢੋਲਾ ਰਾਗ ਅਲਾਇੰਦਾ । ਜੋ ਘੜਿਆ ਸੋ ਜਾਏ ਭੱਜ, ਬਚਿਆ ਕੋਇ ਰਹਿਣ ਨਾ ਪਾਇੰਦਾ । ਕਰੇ ਖੇਲ ਪੁਰਖ ਸਮਰਥ, ਸਮਰਥ ਆਪਣੀ ਕਾਰ ਕਮਾਇੰਦਾ । ਕਲਜੁਗ ਅੰਤਮ ਲਹਿਣਾ ਚੁੱਕੇ ਸੀਆਂ ਸਾਢੇ ਤਿੰਨ ਹੱਥ, ਹੱਥੋ ਹੱਥ ਆਪ ਚੁਕਾਇੰਦਾ । ਸਚਖੰਡ ਦਵਾਰ ਹਰਿ ਨਿਰੰਕਾਰ ਕਿਰਪਾ ਧਾਰ ਗੁਰ ਅਵਤਾਰ ਪੀਰ ਪੈਗ਼ੰਬਰ ਭਗਤ ਭਗਵਾਨ ਲਏ ਸੱਦ, ਸੱਦਾ ਆਪਣਾ ਨਾਮ ਦਿਵਾਇੰਦਾ । ਦਰਸਨ ਕਰਨਾ ਰੱਜ ਰੱਜ, ਨਿਜ ਨੇਤਰ ਨੈਣ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਸੇਜਾ ਕਰ ਪਰਵਾਨ, ਪੁਰਖ ਅਬਿਨਾਸ਼ੀ ਦੇਵੇ ਦਾਨ, ਹੋ ਮਿਹਰਵਾਨ ਦਇਆ ਕਮਾਇੰਦਾ । ਮਿਹਰਵਾਨ ਪ੍ਰਭ ਠਾਕਰ ਸਵਾਮੀ, ਆਪਣੀ ਦਇਆ ਕਮਾਈਆ । ਆਦਿ ਜੁਗਾਦੀ ਅੰਤਰਜਾਮੀ, ਇਕੋ ਇਕ ਅਖਵਾਈਆ । ਜੁਗ ਚੌਕੜੀ ਸ਼ਬਦ ਅਗੰਮ ਜਣਾਏ ਬਾਣੀ, ਗੁਰ ਅਵਤਾਰ ਪੀਰ ਪੈਗ਼ੰਬਰ ਕਰ ਪੜ੍ਹਾਈਆ । ਧੁਰ ਦਰਗਾਹ ਦੀ ਸਚ ਨਿਸ਼ਾਨੀ, ਸਚਖੰਡ ਨਿਵਾਸੀ ਝੋਲੀ ਪਾਈਆ । ਲੇਖਾ ਜਾਣੇ ਸ਼ਾਸਤਰ ਸਿਮਰਤ ਵੇਦ ਪੁਰਾਨੀ, ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਨਾਮ ਸਿਫ਼ਤ ਸਾਲਾਹੀਆ । ਨਿਸ਼ਅੱਖਰ ਸਭ ਤੋਂ ਵੱਖਰ ਗੁਰ ਅਵਤਾਰਾਂ ਲਾਹੇ ਸੱਥਰ, ਭੇਵ ਅਭੇਦਾ ਅਛਲ ਅਛੇਦਾ ਅਗੰਮ ਅਥਾਹ ਬੇਪਰਵਾਹ ਨਿਰਗੁਣ ਦਾਤਾ ਪੁਰਖ ਬਿਧਾਤਾ ਆਪਣੀ ਕਰਨੀ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਤਮ ਸੇਜ ਸੁਹੰਜਣੀ, ਜੋਤ ਜਗੇ ਇਕ ਨਿਰੰਜਣੀ, ਨਿਰਗੁਣ ਆਪਣਾ ਫੇਰਾ ਪਾਈਆ । ਨਿਰਗੁਣ ਫੇਰਾ ਪਾਏ

ਆਪ, ਆਪਣੀ ਦਇਆ ਕਮਾਈਆ । ਭਗਤ ਭਗਵਾਨ ਕਰੇ ਮਿਲਾਪ, ਵਿਛੋੜਾ ਕੋਇ ਰਹਿਣ ਨਾ ਪਾਈਆ । ਦੋਵੇਂ ਇਕ ਦੂਜੇ ਦਾ ਕਰਨ ਜਾਪ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਆਤਮ ਪਰਮਾਤਮ ਨਾਤਾ ਬਣੇ ਸਾਕ, ਨਾ ਕੋਈ ਤੋੜੇ ਤੋੜ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸੱਚਾ ਘਾਟ, ਪੱਤਣ ਬੈਠਾ ਇਕੋ ਮਾਹੀਆ । ਇਕੋ ਪਤਣ ਇਕੋ ਘਾਟ, ਹਰਿ ਇਕੋ ਵੇਖ ਵਖਾਇੰਦਾ । ਇਕੋ ਦਾਤਾ ਦੇਵਣਹਾਰਾ ਦਾਤ, ਇਕ ਇਕੱਲਾ ਆਪ ਵਰਤਾਇੰਦਾ । ਇਕੋ ਵੇਖਣਹਾਰਾ ਮਾਰ ਝਾਤ, ਬੰਦ ਤਾਕੀ ਕੁੰਡਾ ਲਾਹਿੰਦਾ । ਇਕੋ ਪੂਰੀ ਕਰਨਹਾਰਾ ਖ਼ਾਹਸ਼, ਆਸਾ ਤ੍ਰਿਸਨਾ ਮੇਟ ਮਿਟਾਇੰਦਾ । ਇਕੋ ਮੰਡਲ ਮੰਡਪ ਪਾਵੇ ਰਾਸ, ਗੋਪੀ ਕਾਹਨ ਨਾਚ ਨਚਾਇੰਦਾ । ਇਕੋ ਬ੍ਰਹਮਾ ਵਿਸ਼ਨ ਸ਼ਿਵ ਕਰੇ ਦਾਸੀ ਦਾਸ, ਕਰੋੜ ਤੇਤੀਸਾ ਸੁਰਪਤ ਇੰਦ ਸੇਵ ਲਗਾਇੰਦਾ । ਇਕੋ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਨਿਰਮਲ ਜੋਤ ਕਰੇ ਪਰਕਾਸ਼, ਸ਼ਬਦ ਅਨਾਦ ਅਨਾਦੀ ਰਾਗ ਸੁਣਾਇੰਦਾ । ਇਕੋ ਭਗਤ ਭਗਵਾਨ ਵਸੇ ਸਦਾ ਪਾਸ, ਆਤਮ ਸੇਜਾ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤ ਆਪਣਾ ਦਰ ਵਖਾਇੰਦਾ । ਭਗਤ ਸੇਜ ਰਹਿਣਾ ਤਿਆਰ, ਤ੍ਰੈਗੁਣ ਅਤੀਤਾ ਰਿਹਾ ਜਣਾਈਆ । ਸ੍ਰੀ ਭਗਵਾਨ ਆਵੇ ਨਿਰਗੁਣ ਧਾਰ, ਰੂਪ ਰੰਗ ਨਾ ਕੋਇ ਵਖਾਈਆ । ਰਾਤੀਂ ਸੁਤਿਆਂ ਲਏ ਉਠਾਲ, ਅੰਦਰ ਵੜ ਵੜ ਆਪ ਜਗਾਈਆ । ਪੁੱਛੇ ਆਣ ਮੁਰੀਦਾਂ ਹਾਲ, ਮੁਰਸ਼ਦ ਆਪਣਾ ਫੇਰਾ ਪਾਈਆ । ਸਾਚੀ ਵੇਖ ਧਰਮਸਾਲ, ਕਾਇਆ ਮੰਦਰ ਦਏ ਵਡਿਆਈਆ । ਦੀਪਕ ਦੀਆ ਇਕੋ ਬਾਲ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਅੰਮ੍ਰਿਤ ਆਤਮ ਜਾਮ ਦਏ ਪਿਆਲ, ਰਸ ਇਕੋ ਇਕ ਵਖਾਈਆ । ਨਾਤਾ
੧੦੧੧ ੧੩ ਤੋੜ ਕਾਲ ਮਹਾਂਕਾਲ, ਚਰਨ ਕਵਲ ਦਏ ਸਰਨਾਈਆ । ਪੂਰਬ ਲੇਖੇ ਲਾਏ ਘਾਲ, ਕੀਤੀ ਘਾਲ ਥਾਏਂ ਪਾਈਆ । ਅੱਗੇ ਵਸੇ ਸਦਾ ਨਾਲ, ੧੦੧੧ ੧੩
ਨਿਜ ਆਤਮ ਡੇਰਾ ਲਾਈਆ । ਸਤਿਜੁਗ ਦੱਸੇ ਅਵਲੜੀ ਚਾਲ, ਪੂਜਾ ਇਕੋ ਇਕ ਦ੍ਰਿੜਾਈਆ । ਲੇਖੇ ਲੱਗੇ ਕਾਇਆ ਮਾਟੀ ਖਾਲ, ਪੰਜ ਤੱਤ ਕੰਚਨ ਰੂਪ ਵਟਾਈਆ । ਤ੍ਰੈਗੁਣ ਮਾਇਆ ਹੋਏ ਬੇਹਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤਨ ਇਕੋ ਰੰਗ ਰੰਗਾਈਆ । ਭਗਤਨ ਸੇਜ ਰੰਗ ਚਲੂਲ, ਸੋ ਪੁਰਖ ਨਿਰੰਜਣ ਆਪ ਰੰਗਾਈਆ । ਹਰਿ ਪੁਰਖ ਨਿਰੰਜਣ ਜੁਗ ਚੌਕੜੀ ਕਦੇ ਨਾ ਜਾਏ ਭੂਲ, ਭੁੱਲ ਵਿਚ ਕਦੇ ਨਾ ਆਈਆ । ਏਕੰਕਾਰਾ ਚੁਕਾਏ ਤੇਰਾ ਮੂਲ, ਲਹਿਣਾ ਪੂਰਬ ਝੋਲੀ ਪਾਈਆ । ਪਰਵਰਦਿਗਾਰ ਦਾ ਸਚ ਅਸੂਲ, ਅਸਲੀਯਤ ਵੇਖੇ ਥਾਉਂ ਥਾਈਂਆ । ਮੁਰੀਦ ਮੁਰਸ਼ਦ ਕਰੇ ਕਬੂਲ, ਬੇਪਰਵਾਹ ਬੇਨਜ਼ੀਰ ਨਜ਼ਰੀਆ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੇਜ ਇਕੋ ਇਕ ਵਡਿਆਈਆ । ਸਚ ਸੇਜ ਸੋਭਾਵੰਤ ਭਗਤ ਭਗਵਾਨ ਜਣਾਇੰਦਾ । ਘਰ ਮਿਲੇ ਨਰ ਨਰਾਇਣ ਕੰਤ, ਨਿਰਇਛਤ ਫੇਰਾ ਪਾਇੰਦਾ । ਚਾੜ੍ਹੇ ਰੰਗ ਇਕ ਬਸੰਤ, ਉਤਰ ਕਦੇ ਨਾ ਜਾਇੰਦਾ । ਗੜ੍ਹ ਤੋੜ ਹਉਮੇਂ ਹੰਗਤ, ਨਿਵਣ ਸੋ ਅੱਖਰ ਇਕ ਪੜ੍ਹਾਇੰਦਾ । ਮਹਿਮਾ ਜਣਾਏ ਆਪ ਅਗਣਤ, ਬੋਧ ਅਗਾਧ ਸਮਝਾਇੰਦਾ । ਆਤਮ ਪਰਮਾਤਮ ਇਕੋ ਮੰਤ, ਗੁਰ ਸ਼ਬਦੀ ਭੇਵ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਿੰਘਾਸਣ ਇਕੋ ਲਾਇੰਦਾ । ਸਚ ਸਿੰਘਾਸਣ ਜਾਏ ਲੱਗ, ਸੇਜ ਸੁਹੰਜਣੀ ਮਿਲੇ ਵਡਿਆਈਆ । ਪਰਗਟ ਹੋ ਸੂਰਾ ਸਰਬੱਗ, ਨਿਰਗੁਣ ਆਪਣਾ ਦਰਸ ਦਿਖਾਈਆ । ਮੇਲ ਮਿਲਾਵਾ ਉਪਰ ਸ਼ਾਹ ਰਗ, ਨੌਂ ਦਵਾਰ ਡੇਰਾ

ਢਾਹੀਆ । ਕਿਰਪਾਨਿਧਾਨ ਰੱਖੇ ਲੱਜ, ਮਿਹਰ ਨਜ਼ਰ ਇਕ ਉਠਾਈਆ । ਸਚ ਨਗਾਰਾ ਜਾਏ ਵੱਜ, ਨੌਬਤ ਨਾਮ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖ ਆਤਮ ਸੇਜ ਤੇਰਾ ਨਿਰਗੁਣ ਜਾਣੇ ਲੇਖ, ਭਗਤ ਭਗਵਾਨ ਮਿਲ ਮਿਲ ਲਏ ਖੇਡ, ਖੇਲ ਆਪਣੀ ਨਾ ਕਿਸੇ ਜਣਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਜੋਤ ਨੂਰੀ ਤੇਜ, ਸ਼ਬਦੀ ਗੁਰ ਸਤਿਗੁਰ ਧਾਰ ਆਦਿ ਜੁਗਾਦਿ ਜੁਗਾ ਜੁਗੰਤਰ ਇਕੋ ਇਕ ਅਖਵਾਈਆ ।

### ❇ ੨੨ ਫੱਗਣ ੨੦੧੯ ਬਿਕ੍ਰਮੀ ਗੁਰਬਲਵਿੰਦਰ ਸਿੰਘ ਦੇ ਗ੍ਰਹਿ ਕਿਰਕੀ ਪੂਨਾ ❇

ਭਗਤ ਸੇਜ ਸੁਹਾਵਣੀ, ਹਰਿ ਪਾਇਆ ਕੰਤ ਭਤਾਰ । ਪੂਰੀ ਹੋਈ ਭਾਵਨੀ, ਭਾਉ ਮਿਟਿਆ ਸੰਸਾਰ । ਮਿਟੀ ਅੰਧੇਰੀ ਸ਼ਾਮਨੀ, ਸ਼ੌਹ ਕਿਰਪਾ ਕੀਤੀ ਆਣ । ਅੱਗੇ ਦੇਵੇ ਜ਼ਾਮਨੀ, ਸਿਰ ਹੱਥ ਰੱਖ ਨਿਰੰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਸੁਹੇਲਾ ਵਿਚ ਸੰਸਾਰ । ਭਗਤ ਸੁਹੇਲਾ ਸਾਹਿਬ ਸਤਿਗੁਰ, ਸਦਾ ਸਦਾ ਵਡਿਆਈਆ । ਲੇਖਾ ਜਾਣੇ ਜਨਮ ਕਰਮ ਪੂਰਬ ਧੁਰ, ਵੇਖਣਹਾਰਾ ਥਾਉਂ ਥਾਈਆ । ਕਰ ਕਿਰਪਾ ਦੀਨਨ ਜਾਏ ਬੌਹੜ, ਜੁਗ ਜੁਗ ਫੇਰਾ ਪਾਈਆ । ਆਤਮ ਪਰਮਾਤਮ ਦੇਵੇ ਜੋੜ, ਜੋੜੀ ਇਕੋ ਘਰ ਵਖਾਈਆ । ਪੂਰੀ ਕਰੇ ਭਗਤਨ ਲੋੜ, ਆਸਾ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਸਦਾ ਹੋ ਸਹਾਈਆ । ਭਗਤਨ ਆਸਾ ਪੂਰੀ ਕਰ, ਪਰਮ ਪੁਰਖ ਦਇਆ ਕਮਾਇੰਦਾ । ਦਰਸਨ ਦੇਵੇ ਆਤਮ ਘਰ, ਘਰ ਮੰਦਰ ਆਪ ਸੁਹਾਇੰਦਾ । ਲੇਖ ਚੁਕਾਏ ਚੇਤਨ ਜੜ੍ਹ, ਜੜ੍ਹ ਚੇਤਨ ਆਪਣੇ ਵਿਚ ਮਿਲਾਇੰਦਾ । ਗਹਿਰ ਗੰਭੀਰ ਸਤਿਗੁਰ ਫੜ, ਫੜ ਬਾਂਹੋਂ ਪਾਰ ਕਰਾਇੰਦਾ । ਸੋਹੰ ਅੱਖਰ ਜਿਸ ਜਨ ਲਿਆ ਪੜ੍ਹ, ਤਿਸ ਪਾਰ ਕਿਨਾਰਾ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਸੰਗਤ ਲਗਾਏ ਆਪਣੇ ਲੜ, ਪੱਲੂ ਇਕੋ ਨਾਮ ਬੰਧਾਇੰਦਾ ।

### ❇ ੨੨ ਫੱਗਣ ੨੦੧੯ ਬਿਕ੍ਰਮੀ ਗੁਰਦੇਵ ਸਿੰਘ ਦੇ ਗ੍ਰਹਿ ਕਿਰਕੀ ਪੂਨਾ ❇

ਭਗਤ ਭਗਵਾਨ ਇਕੋ ਰਾਗ, ਇਕੋ ਘਰ ਵਧਾਈਆ । ਭਗਤ ਭਗਵਾਨ ਇਕੋ ਨਾਦ, ਇਕੋ ਇਕ ਸ਼ਨਵਾਈਆ । ਭਗਤ ਭਗਵਾਨ ਇਕੋ ਸਾਜ, ਤਾਲ ਤਲਵਾੜਾ ਇਕ ਅਖਵਾਈਆ । ਭਗਤ ਭਗਵਾਨ ਇਕੋ ਆਵਾਜ਼, ਸੋਹੰ ਢੋਲਾ ਸਦਾ ਗਾਈਆ । ਭਗਤ ਭਗਵਾਨ ਇਕੋ ਕਾਜ, ਆਤਮ ਪਰਮਾਤਮ ਹੋਏ ਕੁੜਮਾਈਆ । ਭਗਤ ਭਗਵਾਨ ਇਕੋ ਸਵਾਦ, ਰਸ ਫੀਕੇ ਜਗਤ ਤਜਾਈਆ । ਭਗਤ ਭਗਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਰੰਗ ਵਖਾਈਆ । ਭਗਤ ਭਗਵਾਨ ਇਕੋ ਘਰ, ਘਰ ਸੱਚਾ ਇਕ ਅਖਵਾਇੰਦਾ । ਭਗਤ ਭਗਵਾਨ ਇਕੋ ਵਰ, ਨਾਰ ਕੰਤ ਰੂਪ ਵਟਾਇੰਦਾ । ਭਗਤ ਭਗਵਾਨ ਇਕੋ ਡਰ, ਭੈ ਭੈ ਵਿਚ ਸਮਝਾਇੰਦਾ । ਭਗਤ ਭਗਵਾਨ ਇਕੋ ਲੜ, ਆਤਮ

ਪਰਮਾਤਮ ਜੋੜ ਜੁੜਾਇੰਦਾ । ਭਗਤ ਭਗਵਾਨ ਇਕੋ ਧੜ, ਸੀਸ ਜਗਦੀਸ ਨਾ ਵੰਡ ਵੰਡਾਇੰਦਾ । ਭਗਤ ਭਗਵਾਨ ਇਕੋ ਅੱਖਰ ਲੈਣ ਪੜ੍ਹ, ਦੂਜੀ ਵਿਦਿਆ ਨਾ ਕੋਇ ਅਲਾਇੰਦਾ । ਭਗਤ ਭਗਵਾਨ ਇਕ ਦੂਜੇ ਨੂੰ ਵੇਖਣ ਖੜ, ਨੈਣ ਨੈਣ ਨੈਣ ਦਰਸਾਇੰਦਾ । ਭਗਤ ਭਗਵਾਨ ਇਕ ਦੂਜੇ ਦੀ ਸਰਨੀ ਜਾਇਣ ਪੜ੍ਹ, ਅਭਿਮਾਨ ਦੋਹਾਂ ਵਿਚ ਨਜ਼ਰ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਵਾਨ ਭਗਤ ਇਕੋ ਰੰਗ ਰੰਗਾਇੰਦਾ । ਭਗਵਾਨ ਭਗਤ ਇਕੋ ਡੇਰਾ, ਮੰਦਰ ਇਕ ਵਡਿਆਈਆ । ਭਗਵਾਨ ਭਗਤ ਇਕੋ ਘੇਰਾ, ਸ਼ਬਦ ਡੋਰੀ ਤੰਦ ਬੰਧਾਈਆ । ਭਗਵਾਨ ਭਗਤ ਇਕੋ ਵੇਹੜਾ, ਚਾਰ ਦੀਵਾਰ ਨਾ ਕੋਇ ਵਖਾਈਆ । ਭਗਤ ਭਗਵਾਨ ਇਕੋ ਬੇੜਾ, ਜੁਗ ਜੁਗ ਬਿਨ ਭਗਤਾਂ ਭਗਵਾਨ ਕੰਮ ਕਿਸੇ ਨਾ ਆਈਆ । ਭਗਤ ਭਗਵਾਨ ਇਕੋ ਖੇੜਾ, ਸਾਢੇ ਤਿੰਨ ਹੱਥ ਮਿਲੇ ਵਡਿਆਈਆ । ਭਗਵਾਨ ਭਗਤ ਇਕੋ ਝੇੜਾ, ਇਕ ਦੂਜੇ ਨੂੰ ਕਹਿਣ ਤੂੰ ਮੇਰਾ ਮੈਂ ਤੇਰਾ, ਦੂਜਾ ਰੂਪ ਨਾ ਕੋਇ ਵਖਾਈਆ । ਭਗਤ ਭਗਵਾਨ ਇਕੋ ਨਬੇੜਾ, ਅੰਤਮ ਮੇਲਾ ਸਹਿਜ ਸੁਭਾਈਆ । ਭਗਤ ਭਗਵਾਨ ਇਕੋ ਗੁਰ ਚੇਲਾ, ਚੇਲਾ ਗੁਰ ਰੂਪ ਜਣਾਈਆ । ਭਗਤ ਭਗਵਾਨ ਕਲਜੁਗ ਅੰਤਮ ਹੋਏ ਮੇਲਾ, ਮਿਲਣੀ ਜਗਦੀਸ ਕਰਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਹੱਥ ਰੱਖੇ ਆਪਣਾ ਵੇਲਾ, ਵੇਦ ਪੁਰਾਨ ਕਹਿਣ ਨਾ ਪਾਈਆ ।



## ❇ ੨੨ ਫੱਗਣ ੨੦੧੯ ਬਿਕ੍ਰਮੀ ਹਰਬੰਸ ਸਿੰਘ ਦੇ ਗ੍ਰਿਹ ਕਿਰਕੀ ਪੂਨਾ ❇

੧੦੧੩ ੧੩

ਸਚ ਦਰਬਾਰ ਸ਼ਾਹ ਸੁਲਤਾਨ, ਸੋ ਪੁਰਖ ਨਿਰੰਜਣ ਆਪ ਲਗਾਇੰਦਾ । ਹਰਿ ਪੁਰਖ ਨਿਰੰਜਣ ਹੋ ਪਰਧਾਨ, ਸਚ ਪਰਧਾਨਗੀ ਆਪ ਕਮਾਇੰਦਾ । ਏਕੰਕਾਰਾ ਬਣ ਬਲਵਾਨ, ਬਲ ਆਪਣਾ ਆਪ ਪਰਗਟਾਇੰਦਾ । ਆਦਿ ਨਿਰੰਜਣ ਖੇਲ ਮਹਾਨ, ਨੂਰ ਨੂਰਾਨਾ ਨੂਰ ਰੁਸ਼ਨਾਇੰਦਾ । ਅਬਿਨਾਸ਼ੀ ਕਰਤਾ ਹੋ ਜਵਾਨ, ਬਿਰਧ ਬਾਲ ਨਾ ਰੂਪ ਵਟਾਇੰਦਾ । ਸ੍ਰੀ ਭਗਵਾਨ ਸਚ ਨਿਸ਼ਾਨ, ਨਿਰਗੁਣ ਨਿਰਵੈਰ ਆਪ ਉਠਾਇੰਦਾ । ਪਾਰਬ੍ਰਹਮ ਪ੍ਰਭ ਕਰ ਧਿਆਨ, ਬਿਨ ਨੇਤਰ ਨੈਣ ਅੱਖ ਖੁਲ੍ਹਾਇੰਦਾ । ਸਚ ਦਵਾਰਾ ਕਰ ਪਰਵਾਨ, ਸਚ ਸਿੰਘਾਸਣ ਸੋਭਾ ਪਾਇੰਦਾ । ਦੇਵਣਹਾਰਾ ਧੁਰ ਫ਼ਰਮਾਨ, ਨਾਮ ਸੰਦੇਸਾ ਇਕ ਅਲਾਇੰਦਾ । ਸਾਚੇ ਸੁਤ ਉਠ ਬਲਵਾਨ, ਸ਼ਬਦੀ ਸ਼ਬਦ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਣਾ ਖੇਲ ਕਰਾਇੰਦਾ । ਸ਼ਬਦੀ ਸੁਤ ਉਠ ਜਾਗ, ਸਚਖੰਡ ਨਿਵਾਸੀ ਆਪ ਜਗਾਈਆ । ਪਾਰਬ੍ਰਹਮ ਪ੍ਰਭ ਸਤਿ ਕਰਾਏ ਯਾਦ, ਭੇਵ ਅਭੇਦ ਖੁਲ੍ਹਾਈਆ । ਨਿਰਗੁਣ ਵਜਾਏ ਨਿਰਾਕਾਰ ਨਾਦ, ਧੁਨ ਆਪਣੀ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਦੁਲਾਰੇ ਰਿਹਾ ਉਠਾਈਆ । ਸੁਤ ਦੁਲਾਰਾ ਖੋਲ੍ਹ ਅੱਖ, ਪ੍ਰਭ ਚਰਨ ਧਿਆਨ ਲਗਾਇੰਦਾ । ਸਚ ਸਿੰਘਾਸਣ ਹੋ ਪਰਤੱਖ, ਅਬਿਨਾਸ਼ੀ ਕਰਤਾ ਆਸਣ ਲਾਇੰਦਾ । ਬਣ ਨਿਮਾਣਾ ਚਰਨੀਂ ਗਿਆ ਢੱਠ, ਮਸਤਕ ਟਿੱਕਾ ਸੀਸ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਤੇਰੇ ਅਲਖ ਜਗਾਇੰਦਾ । ਸਾਚੇ ਸੁਤ ਰਹਿ ਤਿਆਰ, ਸਤਿ ਸਤਿਵਾਦੀ ਆਪ ਜਣਾਈਆ । ਸ਼ਬਦੀ ਸ਼ਬਦ ਤੇਰਾ ਨਗਾਰ, ਨਿਰਗੁਣ ਦਾਤਾ ਆਪ ਵਜਾਈਆ । ਕਰੇ ਖੇਲ ਅਗੰਮ ਅਪਾਰ, ਅਲੱਖ ਅਗੋਚਰ ਆਪਣੇ ਹੱਥ ਰੱਖੇ ਵਡਿਆਈਆ । ਸਾਚੀ ਦੱਸੇ ਤੈਨੂੰ ਕਾਰ,

ਕਰਨੀ ਕਰਤਾ ਹੁਕਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਸੁਤ ਦੁਲਾਰੇ ਕਰ ਧਿਆਨ, ਹਰਿ ਸਾਚਾ ਸਚ ਜਣਾਇੰਦਾ । ਵਿਸ਼ਨੂੰ ਦੱਸ ਇਕ ਫ਼ਰਮਾਨ, ਅਬਿਨਾਸ਼ੀ ਕਰਤਾ ਆਪ ਅਲਾਇੰਦਾ । ਦਾਤਾ ਦਾਨੀ ਦੋ ਜਹਾਨ, ਨਿਰਵੈਰ ਆਪਣੀ ਕਲ ਧਰਾਇੰਦਾ । ਨੇਤਰ ਖੋਲ੍ਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਸ਼ਬਦ ਦੁਲਾਰਾ ਲਿਆ ਉਠਾ, ਰਹਿਬਰ ਆਪ ਅਖਵਾਈਆ । ਵਿਸ਼ਨੂੰ ਵਿਸ਼ਵ ਦਏ ਜਗਾ, ਸਚ ਸੰਦੇਸ ਸੁਣਾਈਆ । ਪਾਰਬ੍ਰਹਮ ਪ੍ਰਭ ਰਿਹਾ ਫ਼ਰਮਾ, ਧੁਰ ਸੰਦੇਸਾ ਇਕ ਘਲਾਈਆ । ਚਰਨ ਦਵਾਰੇ ਜਾਣਾ ਆ, ਦੇਵਣਹਾਰਾ ਇਕ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਰਿਹਾ ਜਣਾਈਆ । ਵਿਸ਼ਨੂੰ ਕਹੇ ਸਚ ਦੱਸ, ਦਰ ਤੇਰੇ ਧਿਆਨ ਲਗਾਈਆ । ਕਵਣ ਵੇਲਾ ਆਵਾਂ ਨੱਸ, ਪ੍ਰਭ ਸਰਨ ਮਿਲੇ ਸਰਨਾਈਆ । ਸਚ ਦਵਾਰੇ ਜਾਵਾਂ ਢੱਠ, ਮਿਲੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਲ ਮਿਲਾਏ ਸਹਿਜ ਸੁਭਾਈਆ । ਸ਼ਬਦ ਕਹੇ ਸੁਣ ਸਚ ਕਹਾਣੀ, ਸਚ ਸੰਦੇਸਾ ਇਕ ਅਲਾਇੰਦਾ । ਪੁਰਖ ਅਕਾਲ ਦੀ ਅਗੰਮ ਬਾਣੀ, ਬੋਧ ਅਗਾਧ ਦ੍ਰਿੜਾਇੰਦਾ । ਸਚ ਸੰਦੇਸਾ ਦੋ ਜਹਾਨੀ, ਨਿਰਗੁਣ ਦਾਤਾ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਰੇ ਕਰਤਾਰ, ਹਰਿ ਕਰਤਾ ਵਡ ਵਡਿਆਈਆ । ਆਪਣੀ ਕਿਰਪਾ ਆਪੇ ਧਾਰ, ਵੇਖਣਹਾਰਾ ਚਾਈਂ ਚਾਈਆ । ਪਾਰਬ੍ਰਹਮ ਬ੍ਰਹਮ ਕਰ ਉਜਿਆਰ, ਧੁਰ ਫ਼ਰਮਾਨਾ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਭੇਵ ਅਭੇਦਾ ਖੋਲ੍ਹੇ ਆਪ, ਪ੍ਰਭ ਆਪਣੀ ਦਇਆ ਕਮਾਇੰਦਾ । ਸ਼ੰਕਰ ਵੇਖ ਆਪਣੀ ਜ਼ਾਤ, ਅਜ਼ਾਤੀ ਆਪ ਸਮਝਾਇੰਦਾ । ਜਿਸ ਨੇ ਦਿਤੀ ਤੈਨੂੰ ਦਾਤ, ਸੋ ਸਾਹਿਬ ਹੁਕਮ ਸੁਣਾਇੰਦਾ । ਚਰਨ ਕਵਲ ਕਵਲ ਚਰਨ ਬੰਧੌਣਾ ਨਾਤ, ਨਾਤਾ ਬਿਧਾਤਾ ਇਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਜਣਾਇੰਦਾ । ਸਚ ਸੰਦੇਸਾ ਤ੍ਰੈਗੁਣ ਮਾਇਆ, ਤ੍ਰੈਭਵਣ ਧਨੀ ਆਪ ਜਣਾਈਆ । ਆਦਿ ਪੁਰਖ ਆਦਿ ਬਣਿਆ ਜੋ ਦਾਈ ਦਾਇਆ, ਬਣ ਸੇਵਕ ਸਾਚੀ ਸੇਵ ਕਮਾਈਆ । ਜਿਸ ਦੀ ਸਭ ਦੇ ਉਪਰ ਛਾਇਆ, ਸੋ ਸ਼ਹਿਨਸ਼ਾਹ ਹੁਕਮ ਸੁਣਾਈਆ । ਸਚ ਸੰਦੇਸਾ ਇਕ ਘਲਾਇਆ, ਧੁਰ ਫ਼ਰਮਾਨਾ ਆਪ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪੜਦਾ ਸਭ ਦਾ ਰਿਹਾ ਉਠਾਈਆ । ਸਚ ਸੰਦੇਸਾ ਪੰਜ ਤੱਤ, ਤੱਤਵੇਤਾ ਆਪ ਜਣਾਇੰਦਾ । ਦੇਵਣਹਾਰਾ ਸਾਚੀ ਮਤ, ਪਾਰਬ੍ਰਹਮ ਪ੍ਰਭ ਭੇਵ ਖੁਲ੍ਹਾਇੰਦਾ । ਸਚ ਦਵਾਰੇ ਔਣਾ ਨੱਠ, ਦਰ ਇਕੋ ਇਕ ਸਮਝਾਇੰਦਾ । ਵਸਣਹਾਰਾ ਘਟ ਘਟ, ਪੜਦਾ ਆਪੇ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸੁਣਾਇੰਦਾ । ਸਚ ਸੰਦੇਸਾ ਸ੍ਰੀ ਭਗਵਾਨਾ, ਏਕਾ ਇਕ ਜਣਾਈਆ । ਬ੍ਰਹਮਾ ਸੁਤ ਉਠੇ ਨਾਦਾਨਾ, ਨੇਤਰ ਨੈਣ ਖੁਲ੍ਹਾਈਆ । ਸਚ ਸੰਦੇਸ ਦਏ ਗਿਆਨਾ, ਮੰਤਰ ਇਕੋ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪ ਜਣਾਈਆ । ਸਾਚੀ ਕਰਨੀ ਦੱਸੇ ਮਿਹਰਵਾਨ, ਭੇਵ ਅਭੇਦ ਖੁਲ੍ਹਾਈਆ । ਸਚਖੰਡ ਦਾ ਸਚ ਨਿਸ਼ਾਨ, ਇਕੋ ਇਕ ਜਣਾਈਆ । ਗੁਰ ਅਵਤਾਰ ਕਰੋ ਧਿਆਨ, ਧਿਆਨ ਧਿਆਨ ਨਾਲ ਮਿਲਾਈਆ ।


੧੦੧੪
੧੩

ਪਾਰਬ੍ਰਹਮ ਪ੍ਰਭ ਹੋ ਪਰਧਾਨ, ਸਚ ਪਰਧਾਨਗੀ ਇਕ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਕੁਮਾਰ ਰਿਹਾ ਜਣਾਈਆ । ਸੰਤ ਕੁਮਾਰ ਕਹੇ ਦੋਏ ਜੋੜ, ਪ੍ਰਭ ਤੇਰੀ ਸਚ ਸਰਨਾਈਆ । ਦਰ ਤੇਰੇ ਤੇ ਆਵਾਂ ਦੌੜ, ਪਿਛਲਾ ਮਾਣ ਗਵਾਈਆ । ਨਿਰਗੁਣ ਨਿਰਵੈਰ ਜਾਣਾ ਬੌਹੜ, ਬੇਅੰਤ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਜਣਾਈਆ । ਸੰਤ ਕੁਮਾਰ ਬਰਾਹ ਦੱਸ, ਇਕੋ ਇਕ ਜਣਾਈਆ । ਬਰਾਹ ਯਗੈ ਪੁਰਸ਼ ਮੇਲ ਮਿਲਾਵਾ ਹੱਸ ਹੱਸ, ਸ੍ਰੀ ਭਗਵਾਨ ਰਿਹਾ ਦ੍ਰਿੜਾਈਆ । ਯਗੈ ਪੁਰਸ਼ ਹਾਵ ਗਰੀਵ ਉਠੌਣਾ ਨੱਠ ਨੱਠ, ਵੇਲਾ ਅੰਤ ਰਿਹਾ ਆਈਆ । ਹਾਵ ਗਰੀਵ ਨਰਾਇਣ ਮਿਲਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਨੇਹੜਾ ਇਕ ਜਣਾਈਆ । ਸਚ ਸਨੇਹੜਾ ਕਪਲ ਮੁਨ, ਬੇਪਰਵਾਹ ਆਪ ਜਣਾਇੰਦਾ । ਬਿਨ ਕੰਨਾਂ ਲੈਣਾਂ ਸੁਣ, ਬਿਨ ਰਸਨਾ ਆਪ ਸੁਣਾਇੰਦਾ । ਦਤਾ ਤ੍ਰੈ ਲਹਿਣਾ ਦੇਣ ਰਿਖਵ ਦੇਵ ਨਾਲ ਮਿਲਾਇੰਦਾ । ਪਿਰਥੂ ਦੱਸੇ ਸਾਚੇ ਕੰਨ, ਮਤਸ ਆਪਣਾ ਪਰਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸਨੇਹੜਾ ਆਪ ਜਣਾਇੰਦਾ । ਸਚ ਸਨੇਹੜਾ ਕੱਛਪ ਧਾਰ, ਸੋ ਪੁਰਖ ਨਿਰੰਜਣ ਆਪ ਜਣਾਈਆ । ਮੋਹਣੀ ਰਹਿਣਾ ਖ਼ਬਰਦਾਰ, ਮਨ ਮੋਹਣ ਰਿਹਾ ਸਮਝਾਈਆ । ਧਨੰਤਰ ਤੇਰੀ ਪਾਵੇ ਸਾਰ, ਮੰਤਰ ਆਪਣਾ ਨਾਮ ਦ੍ਰਿੜਾਈਆ । ਹੰਸਾ ਤੇਰਾ ਬੋਲ ਜੈਕਾਰ, ਬੇਅੰਤ ਵੇਖ ਵਖਾਈਆ । ਨਰ ਸਿੰਘ ਉਠ ਨੈਣ ਉਘਾੜ, ਨਰ ਨਰਾਇਣ ਰਿਹਾ ਜਗਾਈਆ । ਜੋਤੀ ਜੋਤ ਸਰੂਪ ਹਰਿ,
੧੦੧੫ ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਬਲ ਬਾਵਨ ਰਿਹਾ ਹਿਲਾਈਆ । ਬਲ ਬਾਵਨ ਉਠ ਹੋ ਤਿਆਰ, ਸਤਿਗੁਰ ਸਾਚਾ ਆਪ ੧੦੧੫
੧੩ ਜਣਾਇੰਦਾ । ਨਰ ਸਿੰਘ ਨਾਲ ਕਰ ਪਿਆਰ, ਹਰੀ ਹਰਿ ਤੇਰੀ ਗੰਢ ਪਵਾਇੰਦਾ । ਨਰਾਇਣ ਖੋਲ੍ਹਣਹਾਰ ਕਵਾੜ, ਪਰਸਰਾਮ ਪੜਦਾ ਲਾਹਿੰਦਾ । ੧੩
ਵੇਖਣਹਾਰਾ ਦਸਰਥ ਬੇਟਾ ਰਾਮ ਅਵਤਾਰ, ਰਮੱਯਾ ਇਕੋ ਹੁਕਮ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਖੇਲ ਆਪ ਸਮਝਾਇੰਦਾ । ਧੁਰ ਦੀ ਖੇਲ ਵੇਦ ਵਿਆਸ, ਪੁਰਾਨ ਪੁਰਾਨੀ ਆਪ ਜਣਾਈਆ । ਬਾਰਾਂ ਅਕਸ਼ਰੀ ਜਿਸ ਨਿਵਾਸ, ਨਿਹਚਲ ਬੈਠਾ ਆਸਣ ਲਾਈਆ । ਕਰਿਆ ਖੇਲ ਪ੍ਰਿਥਮੀ ਆਕਾਸ਼, ਗਗਨ ਮੰਡਲ ਸੋਭਾ ਪਾਈਆ । ਦੋ ਜਹਾਨਾਂ ਪਾਵੇ ਰਾਸ, ਨਿਰਗੁਣ ਸਰਗੁਣ ਰਾਸ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸੁਣਾਈਆ । ਸਚ ਸੰਦੇਸਾ ਮੁਕੰਦ ਮਨੋਹਰ ਲਖਮੀ ਨਰਾਇਣ, ਨਿਰਗੁਣ ਸਰਗੁਣ ਆਪ ਜਣਾਇੰਦਾ । ਵੇਖਣਹਾਰਾ ਸਾਚੇ ਨੈਣ, ਨੈਣ ਇਕੋ ਇਕ ਖੁਲ੍ਹਾਇੰਦਾ । ਸਾਚਾ ਢੋਲਾ ਆਇਆ ਕਹਿਣ, ਅਨਬੋਲਤ ਆਪ ਜਣਾਇੰਦਾ । ਚੁਕਾਵਣਹਾਰਾ ਲਹਿਣ ਦੇਣ, ਤਰਲੋਕੀ ਨਾਥ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮ ਇਕੋ ਇਕ ਜਣਾਇੰਦਾ । ਸਾਚਾ ਹੁਕਮ ਸ਼ਾਹ ਸੁਲਤਾਨ, ਇਕੋ ਇਕ ਜਣਾਈਆ । ਭੁੱਲ ਨਾ ਜਾਏ ਕੋਈ ਅਣਜਾਣ, ਬੇਪਰਵਾਹ ਰਿਹਾ ਦ੍ਰਿੜਾਈਆ । ਸਚਖੰਡ ਨਿਵਾਸੀ ਨੌਜਵਾਨ, ਸ਼ਹਿਨਸ਼ਾਹ ਇਕੋ ਨਜ਼ਰੀ ਆਈਆ । ਲੇਖਾ ਜਾਣੇ ਵਿਚ ਜਹਾਨ, ਬੋਧ ਅਗਾਧ ਕਰੇ ਪੜ੍ਹਾਈਆ । ਬੁਧੀ ਪਾਵਣਹਾਰਾ ਸਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਅਵਤਾਰ ਤੇਈ ਰਿਹਾ ਜਗਾਈਆ । ਅਵਤਾਰ ਤੇਈ ਖੋਲ੍ਹੋ ਅੱਖ, ਹਰਿ ਆਖ਼ਰ ਆਪ ਜਣਾਇੰਦਾ । ਸਤਿਜੁਗ ਤ੍ਰੇਤਾ ਦਵਾਪਰ ਜਿਸ ਰੱਖੀ ਤੁਹਾਡੀ ਪਤ, ਸੋ ਪਤਿਪਰਮੇਸ਼ਵਰ ਖੇਲ ਵਖਾਇੰਦਾ । ਜਿਸ ਸਰਗੁਣ ਨਾਲ

ਬੰਧਾਇਆ ਨਤ, ਨਿਰਗੁਣ ਆਪਣੀ ਧਾਰ ਜਣਾਇੰਦਾ । ਜਿਸ ਧੀਰਜ ਦਿਤਾ ਸਤਿ, ਸੰਤੋਖ ਆਪਣਾ ਇਕੋ ਇਕ ਸਮਝਾਇੰਦਾ । ਨਿਰਮਲ ਜੋਤ ਕਰ ਪਰਗਟ, ਨੂਰ ਨੁਰਾਨਾ ਨੂਰ ਰੁਸ਼ਨਾਇੰਦਾ । ਜਿਸ ਚੋਦਾਂ ਲੋਕ ਵਖਾਇਆ ਹੱਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਆਪ ਸੁਣਾਇੰਦਾ । ਧੁਰ ਫ਼ਰਮਾਨਾ ਸਚ ਸੰਦੇਸਾ, ਏਕੰਕਾਰਾ ਆਪ ਜਣਾਈਆ । ਚਤਰਭੁਜ ਕਰੇ ਅਦੇਸਾ, ਆਦਿ ਸ਼ਕਤ ਸੀਸ ਝੁਕਾਈਆ । ਜਿਸ ਦਾ ਕੋਈ ਨਾ ਜਾਣੇ ਲੇਖਾ, ਬੇਅੰਤ ਬੇਪਰਵਾਹੀਆ । ਜੁਗ ਚੌਕੜੀ ਖੋਲ੍ਹੇ ਭੇਤਾ, ਬੇਅੰਤ ਬੇਅੰਤ ਆਪਣੀ ਕਾਰ ਕਮਾਈਆ । ਨਿਤ ਨਵਿਤ ਕਰੇ ਹੇਤਾ, ਸਰਗੁਣ ਆਪਣਾ ਰੰਗ ਰੰਗਾਈਆ । ਸਾਰੇ ਪਿਛਲਾ ਕਰੋ ਚੇਤਾ, ਪ੍ਰਭ ਚੇਤਨ ਰਿਹਾ ਕਰਾਈਆ । ਪੰਚ ਤੱਤ ਕਾਇਆ ਝੂਠਾ ਖੇਤਾ, ਲੋਕਮਾਤ ਅੰਤ ਰਹਿਣ ਨਾ ਪਾਈਆ । ਰਾਮ ਰਾਮ ਦਾ ਇਕੋ ਬੇਟਾ, ਕਾਹਨ ਕਾਹਨ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਸਿਖਿਆ ਇਕ ਦ੍ਰਿੜਾਈਆ । ਸਾਚੀ ਸਿਖਿਆ ਨੌਜਵਾਨਾ, ਇਕੋ ਇਕ ਜਣਾਇੰਦਾ । ਧੁਰ ਸੰਦੇਸਾ ਸਚ ਪਰਵਾਨਾ, ਬੇਪਰਵਾਹ ਆਪ ਘਲਾਇੰਦਾ । ਜੋ ਦੇਂਦਾ ਰਿਹਾ ਧੁਰਦਰਗਾਹੀ ਦਾਨਾ, ਵਸਤ ਅਮੋਲਕ ਝੋਲੀ ਪਾਇੰਦਾ । ਸੋ ਸਾਹਿਬ ਮਰਦ ਮਰਦਾਨਾ, ਸਚ ਮਰਦਾਨਗੀ ਆਪ ਕਮਾਇੰਦਾ । ਲੇਖਾ ਜਾਣ ਦੋ ਜਹਾਨਾਂ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਨੇਹੁੜਾ ਇਕ ਜਣਾਇੰਦਾ । ਸਚ ਸ਼ਬਦ ਵਿਸ਼ਨ ਬ੍ਰਹਮਾ ਸ਼ਿਵ ਧਾਰ, ਸ਼ੰਕਰ ਆਪ ਜਣਾਈਆ । ਸਚ ਤਖ਼ਤ ਨਿਵਾਸੀ ਸਾਚੇ ਤਖ਼ਤ ਬੈਠ ਸੱਚੀ ਸਰਕਾਰ ਵੇਖਣਹਾਰਾ ਥਾਉਂ ਥਾਈਂਆ । ਜਿਸ ਲੇਖਾ ਦਿਤਾ ਵੇਦ ਚਾਰ, ਚਾਰ ਵਰਨ ਕਰ ਪੜ੍ਹਾਈਆ । ਜਿਸ ਵਿਸ਼ਨ ਭਰਿਆ ਭੰਡਾਰ, ਵਸਤ ਅਮੋਲਕ ਆਪ ਵਰਤਾਈਆ । ਜਿਸ ਸ਼ੰਕਰ ਦਿਤੀ ਧੂੜੀ ਛਾਰ, ਮਸਤਕ ਟਿੱਕਾ ਇਕੋ ਲਾਈਆ । ਜਟਾ ਜੂਟ ਪਾਏ ਸਾਰ, ਤ੍ਰਸੂਲ ਆਪਣੇ ਨਾਮ ਵਡਿਆਈਆ । ਤ੍ਰੈਗੁਣ ਮਾਇਆ ਕਰ ਸ਼ੰਗਾਰ ਪੰਜ ਤੱਤ ਕਰੀ ਕੁੜਮਾਈਆ । ਲੱਖ ਚੁਰਾਸੀ ਹੋ ਉਜਿਆਰ, ਚਾਰੇ ਖਾਣੀ ਵੰਡ ਵੰਡਾਈਆ । ਚਾਰੇ ਬਾਣੀ ਬੋਲ ਜੈਕਾਰ, ਪਰਾ ਪਸੰਤੀ ਮਧਮ ਬੈਖਰੀ ਆਪਣਾ ਨਾਮ ਜਣਾਈਆ । ਤੇਈ ਅਵਤਾਰ ਕਰ ਖ਼ਬਰਦਾਰ, ਖ਼ਬਰ ਆਪਣੀ ਆਪ ਜਣਾਈਆ । ਲਹਿਣਾ ਦੇਣਾ ਚੁੱਕੇ ਸਚ ਦਰਬਾਰ, ਧੁਰ ਦਰਬਾਰੀ ਭੁੱਲ ਕਦੇ ਨਾ ਜਾਈਆ । ਵੇਖਣਹਾਰਾ ਜੁਗ ਚੌਕੜੀ ਚਾਰ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਨੇਹੁੜਾ ਇਕ ਘਲਾਈਆ । ਸਚ ਸਨੇਹੁੜਾ ਸੁਣਿਆ ਕੰਨ, ਇਕ ਧਿਆਨ ਲਗਾਇਆ । ਇਕ ਦੂਜੇ ਦਾ ਨਿਕਲੇ ਜਨ, ਭਰਮ ਭੁਲੇਖਾ ਭੌ ਚੁਕਾਇਆ । ਜਿਸ ਨੇ ਦਿਤਾ ਪੰਜ ਤੱਤ ਤਨ, ਸੋ ਸਾਹਿਬ ਵੇਖਣ ਆਇਆ । ਜੇਹੜਾ ਆਦਿ ਬਣਿਆ ਜਨਨੀ ਜਨ, ਧੰਨ ਧੰਨ ਜਣੇਂਦੀ ਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਮੰਗੇ ਥਾਉਂ ਥਾਇਆ । ਅਵਤਾਰ ਤੇਈ ਇਕ ਦੂਜੇ ਨੂੰ ਰਹੇ ਦੱਸ, ਆਪਣਾ ਹਾਲ ਸੁਣਾਈਆ । ਲੇਖਾ ਮੰਗੇ ਪੁਰਖ ਸਮਰਥ, ਬੇਅੰਤ ਵੱਡੀ ਵਡਿਆਈਆ । ਚਾਰੋਂ ਕੁੰਟ ਕੋਈ ਨਾ ਸਕੇ ਨੱਠ, ਜਿਧਰ ਵੇਖੋ ਨਜ਼ਰੀ ਆਈਆ । ਤ੍ਰਿਲੋਕੀ ਪਿਛੇ ਗਏ ਛੱਡ, ਅੱਗੇ ਇਕੋ ਇਕ ਬੈਠਾ ਬੇਪਰਵਾਹੀਆ । ਜਿਸ ਦਾ ਗਾਇਆ ਨਾਮ ਜਣਾਈ ਪੂਜਾ ਪਾਠ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਸੱਚਾ ਵਡ ਵਡਿਆਈਆ । ਹਰਿ ਸੱਚਾ ਬੇਪਰਵਾਹ, ਬੇਪਰਵਾਹੀ

੧੦੧੬
੧੩

ਖੇਲ ਕਰਾਇੰਦਾ । ਸਾਚੇ ਭਗਤ ਲਏ ਉਠਾ, ਧਰੂ ਪ੍ਰਹਿਲਾਦ ਪਰਦਾ ਲਾਹਿੰਦਾ । ਬਲ ਉਂਗਲੀ ਨਾਲ ਲਏ ਲਗਾ, ਅਮਰੀਕ ਆਪਣਾ ਰਾਹ ਜਣਾਇੰਦਾ । ਜਨਕ ਲੇਖਾ ਸਚ ਸਮਝਾ, ਭੇਦ ਅਭੇਦ ਜਣਾਇੰਦਾ । ਬਿਦਰ ਸੁਦਾਮਾ ਜੈ ਦੇਵ ਲਏ ਜਗਾ, ਜਗ ਜੀਵਣ ਦਾਤਾ ਆਪ ਉਠਾਇੰਦਾ । ਰਵਦਾਸ ਚੁਮਾਰਾ ਸੰਗ ਰਲਾ, ਕਬੀਰ ਜੁਲਾਹਾ ਆਪਣੇ ਮੰਦਰ ਆਪ ਵਸਾਇੰਦਾ । ਸਾਚੀ ਕਰਨੀ ਦਏ ਵਖਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹੁਕਮ ਇਕੋ ਇਕ ਜਣਾਇੰਦਾ । ਕਬੀਰ ਸੁਣਿਆ ਹਰਿ ਕਾ ਰਾਗ, ਕੂਕ ਕੂਕ ਸੁਣਾਈਆ । ਭਗਤੋ ਸੁਣੋ ਅਗੰਮ ਆਵਾਜ਼, ਬੇਪਰਵਾਹ ਲਗਾਈਆ । ਜਿਸ ਨੇ ਵਖਾਇਆ ਆਪਣਾ ਸਵਾਂਗ, ਸੋ ਸਵਾਂਗੀ ਸਾਂਗ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਮੇਲਾ ਸਹਿਜ ਸੁਭਾਈਆ । ਮੇਲ ਮਿਲਾਵਾ ਇਕੋ ਇਕ, ਏਕ ਏਕ ਜਣਾਇੰਦਾ । ਸ਼ਬਦ ਅਗੰਮੀ ਰੱਖੇ ਟੇਕ, ਦੂਜਾ ਹੁਕਮ ਨਾ ਕੋਇ ਮਨਾਇੰਦਾ । ਜਿਸ ਨੇ ਲੋਕਮਾਤ ਦਿਤਾ ਭੇਜ ਸੋ ਆਪਣਾ ਖੇਲ ਖਲਾਇੰਦਾ । ਜਿਸ ਦਾ ਜੋਤੀ ਨੂਰ ਤੇਜ, ਨੂਰ ਨੁਰਾਨਾ ਪੜਦਾ ਲਾਹਿੰਦਾ । ਵੇਖਣਹਾਰਾ ਸਾਚੀ ਸੇਜ, ਨਿਰਗੁਣ ਆਪਣਾ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਰਾਇੰਦਾ । ਸਚ ਸਨੇਹੁੜਾ ਪਰਵਰਦਿਗਾਰ, ਏਕਾ ਏਕ ਜਣਾਈਆ । ਮੂਸਾ ਹੋ ਖ਼ਬਰਦਾਰ, ਬੇਪਰਵਾਹ ਰਿਹਾ ਸਮਝਾਈਆ । ਜਿਸ ਦਾ ਜਲਵਾ ਤੱਕ ਡਿਗਾ ਮੂੰਹ ਦੇ ਭਾਰ, ਕੋਹਤੂਰ ਨਾ ਕੋਇ ਚਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਰਿਹਾ ਅਲਾਈਆ । ਸੁਣ ਈਸਾ ਹਜ਼ਰਤ ਆਪ ਜਣਾਏ, ਸਚ ਸਚ ਸਮਝਾਈਆ । ਜਿਸ ਨੂੰ ਮੰਨੇ ਨੂਰ ਖ਼ੁਦਾਏ, ਨੂਰ ਨੁਰਾਨਾ ਬੇਪਰਵਾਹੀਆ । ਪਿਤਾ ਪੂਤ ਜਿਸ ਵਡਿਆਏ, ਸੋ ਵੱਡਾ ਦਏ ਵਡਿਆਈਆ । ਲੇਖਾ ਅੰਤਮ ਦਏ ਚੁਕਾਏ, ਲੇਖਾ ਆਪਣੇ ਹੱਥ ਰਖਾਈਆ । ਦਰਗਹਿ ਸਾਚੀ ਲਏ ਮਿਲਾਏ, ਮੁਕਾਮੇ ਹੱਕ ਹੱਕ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਸੰਦੇਸਾ ਰਿਹਾ ਜਣਾਈਆ । ਸਚ ਸੰਦੇਸਾ ਮੁਹੰਮਦ ਮੀਤ, ਮਿਹਰਵਾਨ ਜਣਾਇੰਦਾ । ਜਿਸ ਜਣਾਈ ਆਪਣੀ ਰੀਤ, ਕਲਮਾ ਨਬੀ ਪੜ੍ਹਾਇੰਦਾ । ਸੋ ਸਾਹਿਬ ਨਿਸ਼ਾਨਾ ਦੱਸੇ ਠੀਕ, ਧੁਰ ਦਰਗਾਹੀ ਆਪ ਅਲਾਇੰਦਾ । ਅੰਤਮ ਨੇੜੇ ਆਈ ਤਰੀਕ, ਚੌਦਾਂ ਸਦੀਆਂ ਪੰਧ ਮੁਕਾਇੰਦਾ । ਚੌਦਾਂ ਤਬਕ ਵੇਖੇ ਲਾਸ਼ਰੀਕ, ਵਾਹਦ ਆਪਣਾ ਫੇਰਾ ਪਾਇੰਦਾ । ਉਮਤ ਉਮਤੀ ਵੇਖੇ ਨੀਤ, ਨੀਤੀਵਾਨ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਆਪ ਅਲਾਇੰਦਾ । ਧੁਰ ਫ਼ਰਮਾਨਾ ਆਲਮੀਨ, ਨਬੀ ਰਸੂਲਾਂ ਆਪ ਜਣਾਈਆ । ਧੁਰਦਰਗਾਹੀ ਕਰੇ ਤਲਕੀਨ, ਤਾਲਬ ਤੁਲਬਾ ਲਏ ਉਠਾਈਆ । ਦਰ ਦੇ ਬਰਦੇ ਬਣੋ ਮਸਕੀਨ, ਮਸਲਾ ਇਕੋ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਦਾ ਦੇਵੇ ਥਾਉਂ ਥਾਈਂਆ । ਸੱਦਾ ਦੇਵੇ ਨਿਰਗੁਣ ਜੋਤ, ਨਾਨਕ ਧਾਰ ਧਾਰ ਜਣਾਈਆ । ਨਾ ਕੋਈ ਵਰਨ ਨਾ ਕੋਈ ਗੋਤ, ਰੂਪ ਰੰਗ ਰੇਖ ਨਾ ਕੋਇ ਵਖਾਈਆ । ਸ਼ਬਦ ਅਗੰਮ ਲਗਾਏ ਚੋਟ, ਨਗਾਰਾ ਇਕੋ ਇਕ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਦ੍ਰਿੜਾਈਆ । ਧੁਰ ਫ਼ਰਮਾਨਾ ਨੌਜਵਾਨ, ਇਕੋ ਇਕ ਜਣਾਇੰਦਾ । ਨਾਨਕ ਨਿਰਗੁਣ ਕਰ ਪਰਵਾਨ, ਨਾਨਕ ਸਰਗੁਣ ਆਪ ਸਮਝਾਇੰਦਾ । ਦੋਹਾਂ ਵਚੋਲਾ ਮਿਹਰਵਾਨ, ਨਜ਼ਰ ਕਿਸੇ ਨਾ ਆਇੰਦਾ । ਸਚਖੰਡ ਵਸੇ ਸਚ ਮਕਾਨ, ਸਚ ਸਿੰਘਾਸਣ ਸੋਭਾ ਪਾਇੰਦਾ ।

੧੦੨੭
੧੩

ਜੋਤੀ ਜਾਤਾ ਖੇਲ ਮਹਾਨ, ਬੇਪਰਵਾਹ ਆਪ ਕਰਾਇੰਦਾ । ਜਿਸ ਨੇ ਦਿਤਾ ਸਤਿ ਨਾਮ, ਮੰਤਰ ਆਪਣਾ ਇਕ ਦ੍ਰਿੜਾਇੰਦਾ । ਆਦਿ ਜੁਗਾਦੀ ਇਕ ਗਿਆਨ, ਦੂਜੀ ਵੰਡ ਨਾ ਕੋਇ ਵੰਡਾਇੰਦਾ । ਲੇਖਾ ਜਾਣੇ ਦੋ ਜਹਾਨ, ਨਿਰਗੁਣ ਸਰਗੁਣ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਹਾਣੀ ਆਪ ਸਮਝਾਇੰਦਾ । ਸਚ ਕਹਾਣੀ ਸੁਣ ਨਿਰੰਕਾਰ, ਨਾਨਕ ਖ਼ੁਸ਼ੀ ਮਨਾਈਆ । ਤੇਰਾ ਅੰਤ ਨਾ ਪਾਰਾਵਾਰ, ਬੇਅੰਤ ਤੇਰੀ ਸ਼ਹਿਨਸ਼ਾਹੀਆ । ਹਉਂ ਸੇਵਕ ਸੇਵਾਦਾਰ, ਬਣ ਚਾਕਰ ਸੇਵ ਕਮਾਈਆ । ਤੇਰਾ ਲੇਖਾ ਵਿਚ ਦਰਬਾਰ, ਸਚ ਸਚ ਤੇਰੀ ਵਡਿਆਈਆ । ਦਾਤਾ ਦਾਨੀ ਦੇਵਣਹਾਰ ਭੰਡਾਰ, ਅਤੋਟ ਅਤੁਟ ਵਰਤਾਈਆ । ਤੇਰੀ ਮਹਿਮਾਂ ਜੁਗ ਚਾਰ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਤੇਰਾ ਜਸ ਗਾਈਆ । ਗੁਰ ਅਵਤਾਰ ਦਰ ਮੰਗਣ ਬਣ ਭਿਖਾਰ, ਆਪਣੀ ਅਲਖ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਉਂ ਚਲਾਂ ਸਦ ਰਜ਼ਾਈਆ । ਸਚ ਸੰਦੇਸਾ ਨਾਨਕ ਨਿਰਗੁਣ, ਨਿਰਗੁਣ ਨਿਰਗੁਣ ਆਪ ਜਣਾਇੰਦਾ । ਸ੍ਰੀ ਭਗਵਾਨ ਮੇਟਣਹਾਰਾ ਚਿੰਦ, ਚਿੰਤਾ ਚਿਖਾ ਨਾ ਕੋਇ ਰਖਾਇੰਦਾ । ਦਾਤਾ ਦਾਨੀ ਗਹਿਰ ਗੰਭੀਰ ਗੁਣੀ ਗਹਿੰਦ, ਭੇਵ ਅਭੇਦ ਆਪ ਜਣਾਇੰਦਾ । ਸ਼ਬਦ ਅਨਾਦੀ ਗੋਬਿੰਦ ਬਿੰਦ, ਸੁਤ ਦੁਲਾਰਾ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸ਼ਬਦ ਸ਼ਬਦ ਵਡਿਆਇੰਦਾ । ਸ਼ਬਦ ਅਗੰਮ ਗੋਬਿੰਦ ਰੰਗ, ਸ੍ਰੀ ਭਗਵਾਨ ਆਪ ਜਣਾਈਆ । ਬੇਪਰਵਾਹ ਵਜਾਏ ਮਰਦੰਗ, ਮਰਦੰਗ ਇਕੋ ਇਕ ਦਰਸਾਈਆ । ਏਥੇ ਓਥੇ ਦੋ ਜਹਾਨ ਆਪੇ ਲੰਘ, ਪਰਦਾ ਓਹਲਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਨੈਣ ਅੱਖ ਖੁਲ੍ਹਾਈਆ । ਗੋਬਿੰਦ ਗੋਬਿੰਦ ਖੋਲ੍ਹ ਨੈਣ, ਨਿਰਗੁਣ ਦਾਤਾ ਆਪ ਸਮਝਾਇੰਦਾ । ਮੈਂ ਮੰਨਿਆ ਤੇਰਾ ਕਹਿਣ, ਤੇਰੀ ਕੀਤੀ ਭੁੱਲ ਨਾ ਜਾਇੰਦਾ । ਨਿਰਗੁਣ ਹੋ ਕੇ ਬਣਿਆ ਸਾਕ ਸੱਜਣ ਸੈਣ, ਸਰਗੁਣ ਰੂਪ ਨਾ ਕੋਇ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਦੇਵੇ ਘਰ ਘਰ, ਸੁਹੰਜਣਾ ਸੱਚਾ ਥਾਂ ਆਪੇ ਖੋਜ ਖੁਜਾਇੰਦਾ । ਗੋਬਿੰਦ ਕਹੇ ਦੱਸ ਭਗਵਾਨ, ਕਵਣ ਸੰਦੇਸਾ ਦਏਂ ਸੁਣਾਈਆ । ਮੈਂ ਤੇਰਾ ਸੁਤ ਨਾਦਾਨ, ਬਾਲਕ ਬਾਲਾ ਰੂਪ ਵਟਾਈਆ । ਪੁਰਖ ਅਕਾਲ ਹੋ ਮਿਹਰਵਾਨ ਦੇਣਾ ਦਾਨ, ਦਾਤੇ ਦਾਨੀ ਤੇਰੀ ਵਡਿਆਈਆ । ਕਵਣ ਵੇਲਾ ਮੇਲਾ ਕਰੇਂ ਵਿਚ ਜਹਾਨ, ਨਿਰਗੁਣ ਆਪਣੇ ਅੰਗ ਲਗਾਈਆ । ਮੈਂ ਤੀਰ ਚਿਲਾ ਛੱਡਿਆ ਕਮਾਨ, ਪੰਜ ਤੱਤ ਦੇਹ ਨਾ ਕੋਇ ਰਖਾਈਆ । ਸ਼ਬਦ ਸੁਤ ਹੋ ਨੌਜਵਾਨ, ਤੇਰਾ ਧਿਆਨ ਲਗਾਈਆ । ਤੂੰ ਯਾਰੜੇ ਸੱਥਰ ਕਰਿਆ ਪਰਵਾਨ, ਮੈਂ ਸੂਲਾਂ ਸੇਜ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਆਵਾਂ ਚਾਈਂ ਚਾਈਆ । ਸਾਚਾ ਦਰ ਦੱਸੇ ਭਗਵਾਨਾ, ਕਲਜੁਗ ਅੰਤ ਅੰਤ ਜਣਾਇੰਦਾ । ਪਹਿਲੀ ਚੇਤਰ ਦਿਵਸ ਮਹਾਨਾ, ਬੀਸ ਬੀਸਾ ਵੇਖ ਵਖਾਇੰਦਾ । ਸਚ ਦਰਬਾਰ ਲਗਾਏ ਨੌਜਵਾਨਾ, ਪੁਰਖ ਅਬਿਨਾਸ਼ੀ ਆਸਣ ਲਾਇੰਦਾ । ਦੇਵੇ ਹੁਕਮ ਧੁਰ ਫ਼ਰਮਾਨਾ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦਰ ਆਏ ਹੋਏ ਨਿਮਾਣਾ, ਅੱਗੇ ਸੀਸ ਨਾ ਕੋਇ ਉਠਾਇੰਦਾ । ਤ੍ਰੈਗੁਣ ਮਾਇਆ ਅੰਤ ਪਛਤਾਣਾ, ਪਸਚਾਤਾਪ ਨਾ ਕੋਇ ਮਿਟਾਇੰਦਾ । ਪੰਜ ਤੱਤ ਹੋਏ ਹੈਰਾਨਾ, ਹਰਿ ਕਾ ਭੇਵ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਥਿਤ ਆਪ ਦ੍ਰਿੜਾਇੰਦਾ । ਪਹਿਲੀ ਚੇਤਰ ਤੇਈ ਅਵਤਾਰ ਔਣਗੇ । ਦਰ ਬਹਿ ਕੇ

੧੦੧੮
੧੩

ਸੀਸ ਝੁਕੌਣਗੇ । ਦੋਏ ਜੋੜ ਵਾਸਤਾ ਪੌਣਗੇ । ਚਾਰ ਜੁਗ ਦਾ ਲੇਖਾ ਕੱਢ ਵਖੌਣਗੇ । ਸਾਚਾ ਢੋਲਾ ਇਕੋ ਗੌਣਗੇ । ਰਾਮ ਰਾਮ ਵਿਚ ਸਮੌਣਗੇ । ਕ੍ਰਿਸ਼ਨ ਕ੍ਰਿਸ਼ਨ ਵਿਚ ਰਲੌਣਗੇ । ਜੋਤ ਜੋਤ ਵਿਚ ਮਿਲੌਣਗੇ । ਆਪਣੇ ਅੰਤਰ ਵਿਚ ਸ਼ਰਮੌਣਗੇ । ਚੋਟ ਚੋਟ ਵਿਚ ਡੰਕ ਵਜੌਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਦਰ ਬੰਕ ਇਕ ਵਖੌਣਗੇ । ਪੀਰ ਪੈਗ਼ੰਬਰ ਆਵਣਗੇ । ਬੇਪਰਵਾਹ ਢੋਲਾ ਗਾਵਣਗੇ । ਬਣ ਬਰਦੇ ਸੀਸ ਝੁਕਾਵਣਗੇ । ਸਯਦਾ ਕਰ ਕਰ ਸ਼ੁਕਰ ਮਨਾਵਣਗੇ । ਕਲਮਾ ਇਕੋ ਇਕ ਗਾਵਣਗੇ । ਆਪਣਾ ਲੇਖਾ ਪ੍ਰਭ ਅੱਗੇ ਕੱਢ ਵਖਾਵਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਖੇਲ ਵੇਖ ਵਖਾਵਣਗੇ । ਭਗਤ ਅਠਾਰਾਂ ਔਣਗੇ । ਪ੍ਰਭ ਨੇਤਰ ਦਰਸਨ ਪੌਣਗੇ । ਚਰਨ ਕਵਲ ਸੀਸ ਟਿਕੌਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਿਖਿਆ ਇਕ ਦਰਸੌਣਗੇ । ਨਾਨਕ ਗੋਬਿੰਦ ਦਸ ਦਸ ਧਾਰੀ ਆਵੇਗਾ । ਪ੍ਰਭ ਆਪਣਾ ਮੇਲ ਮਿਲਾਵੇਗਾ । ਜੋਤੀ ਨੂਰ ਚੰਦ ਰੁਸ਼ਨਾਵੇਗਾ । ਗੀਤ ਸੁਹਾਗੀ ਛੰਦ ਸੁਣਾਵੇਗਾ । ਅਨੰਦ ਅਨੰਦ ਵਿਚੋਂ ਪਰਗਟਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਜੁਗ ਦੇ ਵਿਛੜੇ ਘਰ ਸਾਚੇ ਮੇਲ ਮਿਲਾਵੇਗਾ । ਕਲਜੁਗ ਅੰਤਮ ਮੇਲ ਮਿਲਾਵਾਂਗਾ । ਪਹਿਲੀ ਚੇਤਰ ਰੁੱਤ ਸੁਹਾਵਾਂਗਾ । ਬੀਸ ਬੀਸਾ ਨੀਂਹ ਧਰਾਵਾਂਗਾ । ਜਗਤ ਜਗਦੀਸਾ ਫੇਰ ਅਖਵਾਵਾਂਗਾ । ਗੁਰ ਅਵਤਾਰ ਪੀਰ ਪੈਗ਼ੰਬਰ ਨਾਮ ਹਦੀਸਾ ਇਕ ਪੜ੍ਹਾਵਾਂਗਾ । ਖ਼ਾਲੀ ਖੀਸਾ ਸਭ ਦਾ ਆਪ ਕਰਾਵਾਂਗਾ । ਪਿਛਲੀ ਰੀਤਾ ਲੋਕ ਮਾਤ ਮਿਟਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ
੧੦੨੯ ੧੩ ਸਾਚਾ ਵਰ, ਸਾਚੀ ਕਰਨੀ ਕਰ ਵਖਾਵਾਂਗਾ । ਚਾਰ ਵੇਦ ਬੋਲਣਗੇ । ਪੁਰਾਨ ਅਠਾਰਾਂ ਤੋਲਣਗੇ । ਸ਼ਾਸਤਰ ਸਿਮਰਤ ਆਪਣਾ ਭੇਵ ਵਰੋਲਣਗੇ । ੧੦੨੯ ੧੩
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦੋ ਜਹਾਨ ਦਰ ਇਕੋ ਸੱਚਾ ਖੋਲ੍ਹਣਗੇ । ਅਠਾਰਾਂ ਧਿਆਏ ਗੀਤਾ ਗੁਣ ਗਾਏਗੀ । ਪ੍ਰਭ ਇਕੋ ਵੇਖ ਵਖਾਏਗੀ । ਅੰਜੀਲ ਕੁਰਾਨ ਦਰਸਨ ਪਾਏਗੀ । ਨੇਤਰ ਨੈਣ ਨਾ ਕੋਇ ਦਸਾਏਗੀ । ਅੱਲਾ ਰਾਣੀ ਮੁਖ ਨਕ਼ਾਬ ਚੁਕਾਏਗੀ । ਪਰਦਾਨਸ਼ੀਂ ਬੇਪਰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਜੋਤ ਇਕੋ ਵੇਸ ਵਟਾਏਗੀ । ਗੁਰ ਦਸ ਉਠਣਗੇ । ਪ੍ਰਭ ਸਾਹਿਬ ਕੋਲੋਂ ਪੁਛਣਗੇ । ਸਚਖੰਡ ਦਵਾਰ ਨਾ ਲੁਕਣਗੇ । ਸ਼ੇਰ ਵਾਂਗੂੰ ਬੁੱਕਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੋਏ ਦੋਏ ਜੋੜ ਸਰਬ ਝੁਕਣਗੇ । ਸਚ ਸੰਦੇਸਾ ਦੋ ਜਹਾਨ, ਦੋਏ ਦੋਏ ਧਾਰ ਆਪ ਜਣਾਈਆ । ਕਰੇ ਖੇਲ ਆਪ ਭਗਵਾਨ, ਭਗਵਨ ਆਪਣਾ ਭੇਵ ਚੁਕਾਈਆ । ਪਰਗਟ ਹੋ ਵਿਚ ਜਹਾਨ, ਨਿਹਕਲੰਕ ਨਾਉਂ ਰਖਾਈਆ । ਆਦਿ ਪੁਰਖ ਜਿਸ ਦਿਤਾ ਦਾਨ, ਅੰਤ ਆਪੇ ਵੇਖਣ ਆਈਆ । ਜੁਗ ਚੌਕੜੀ ਕਰ ਪਹਿਚਾਨ, ਨਵ ਨੌਂ ਚਾਰ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਸਚ ਸਨੇਹੁੜਾ ਇਕੋ ਇਕ ਉਪਜਾਈਆ । ਸਚ ਸਨੇਹੁੜਾ ਸ਼ਬਦ ਅਮੋਲਾ, ਧੁਰਦਰਗਾਹੀ ਆਪ ਉਪਜਾਇੰਦਾ । ਸਚਖੰਡ ਦਵਾਰੇ ਜਿਸ ਨੇ ਤੋਲ ਤੋਲਾ, ਸੋ ਲੋਕਮਾਤ ਵੇਖ ਵਖਾਇੰਦਾ । ਜੋ ਜੁਗ ਚੌਕੜੀ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਕੋਲੋਂ ਰੱਖਦਾ ਰਿਹਾ ਉਹਲਾ, ਆਪਣਾ ਭੇਵ ਨਾ ਕਿਸੇ ਸਮਝਾਇੰਦਾ । ਨਾਮ ਨਿਧਾਨ ਸ੍ਰੀ ਭਗਵਾਨ ਸੁਣੌਂਦਾ ਰਿਹਾ ਸੋਹਲਾ, ਕੋਟਨ ਕੋਟ

ਨਾਮ ਧਰਾਇੰਦਾ । ਸਰਗੁਣ ਹੋ ਕੇ ਬਦਲਦਾ ਰਿਹਾ ਚੋਲਾ, ਪੰਜ ਤੱਤ ਕਾਇਆ ਜਗਤ ਹੰਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਜੋ ਦੀਨ ਮਜ਼੍ਹਬ ਜ਼ਾਤ ਪਾਤ ਪੌਂਦਾ ਰਿਹਾ ਰੌਲਾ, ਵਰਨ ਗੋਤ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਆਪ ਸਮਝਾਇੰਦਾ । ਸਾਚੀ ਧਾਰ ਜੋ ਰਿਹਾ ਵੰਡ, ਵੰਡਣਹਾਰਾ ਬੇਪਰਵਾਹੀਆ । ਜਿਸ ਨੇ ਰਚੇ ਕੋਟ ਬ੍ਰਹਿਮੰਡ, ਮੰਡਲ ਆਪਣੀ ਰਾਸ ਜਣਾਈਆ । ਜਿਸ ਨੂਰ ਦਿਤਾ ਸੂਰਜ ਚੰਦ, ਕਿਰਨ ਕਿਰਨ ਜੋਤ ਰੁਸ਼ਨਾਈਆ । ਜਿਸ ਲੱਖ ਚੁਰਾਸੀ ਬੇੜਾ ਬੰਨ੍ਹ, ਜਗ ਸਾਗਰ ਦਿਤਾ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਨਿਰਗੁਣ ਆਪਣਾ ਫੇਰਾ ਪਾਈਆ । ਸੋ ਨਿਰਗੁਣ ਦਾਤਾ ਹੋ ਮਿਹਰਵਾਨ, ਨਿਰਵੈਰ ਖੇਲ ਕਰਾਈਆ । ਪਰਗਟ ਹੋ ਵਿਚ ਜਹਾਨ, ਪਿਛਲਾ ਲੇਖਾ ਦਏ ਚੁਕਾਈਆ । ਕਲਜੁਗ ਕੂੜੀ ਕਿਰਿਆ ਮਿਟੇ ਨਿਸ਼ਾਨ, ਮਾਇਆ ਮਮਤਾ ਦਏ ਖਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਰਬਾਰ ਸਚ ਨਿਰੰਕਾਰ ਇਕੋ ਇਕ ਲਗਾਈਆ । ਸਚ ਦਰਬਾਰ ਲੱਗੇ ਅੰਤ, ਸ੍ਰੀ ਭਗਵਾਨ ਆਪ ਲਗਾਇੰਦਾ । ਨਾਮ ਜਣਾਏ ਇਕੋ ਮੰਤ, ਮੰਤਰ ਆਪਣਾ ਨਾਮ ਸਮਝਾਇੰਦਾ । ਲੱਖ ਚੁਰਾਸੀ ਨਜ਼ਰੀ ਆਏ ਸਾਚਾ ਕੰਤ, ਕੰਤ ਕੰਤੂਹਲ ਸੇਜ ਹੰਢਾਇੰਦਾ । ਲੇਖਾ ਜਾਣੇ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਆਪਣਾ ਰਾਹ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਇਕ ਸਮਝਾਇੰਦਾ । ਸਚ ਦਵਾਰਾ ਲੋਕਮਾਤ, ਮਿਹਰਵਾਨ ਲਗਾਈਆ । ਕਲਜੁਗ ਅੰਤਮ ਦੇਵੇ ਦਾਤ, ਸਤਿਜੁਗ ਧਾਰ ਚਲਾਈਆ । ਕੂੜੀ ਕਿਰਿਆ ਮੇਟ ਅੰਧੇਰੀ ਰਾਤ, ਨਿਰਗੁਣ ਚੰਦ ਕਰੇ ਰੁਸ਼ਨਾਈਆ । ਚਾਰ ਵਰਨ ਬਣਾਏ ਇਕ ਜਮਾਤ, ਊਚ ਨੀਚ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਇਕ ਖੁਲ੍ਹਾਈਆ । ਸਚ ਦਵਾਰ ਇਕੋ ਖੋਲ੍ਹਣਾ, ਬੇਅੰਤ ਆਪ ਜਣਾਇੰਦਾ । ਨਾਮ ਢੋਲਾ ਇਕੋ ਬੋਲਣਾ, ਗੁਰ ਅਵਤਾਰ ਪੀਰ ਪੈਗ਼ੰਬਰ ਆਪ ਪੜ੍ਹਾਇੰਦਾ । ਸਾਚਾ ਤੋਲ ਇਕੋ ਤੋਲਣਾ, ਦੋ ਜਹਾਨ ਕੰਡਾ ਹੱਥ ਨਾ ਕੋਇ ਰਖਾਇੰਦਾ । ਲੱਖ ਚੁਰਾਸੀ ਆਪ ਵਰੋਲਣਾ, ਭਗਤ ਭਗਵਾਨ ਬਾਹਰ ਕਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰਬਾਰਾ ਇਕ ਵਖਾਇੰਦਾ । ਸਚ ਦਰਬਾਰਾ ਇਕ ਵਖਾਵੇਗਾ । ਜਿਸ ਦਰ ਬਹਿ ਕੇ ਹੁਕਮ ਚਲਾਵੇਗਾ । ਨਵ ਨੌਂ ਚਾਰ ਪੰਧ ਮੁਕਾਵੇਗਾ । ਗੁਰ ਅਵਤਾਰ ਪੀਰ ਪੈਗ਼ੰਬਰ ਇਕੋ ਮਾਣ ਜਣਾਵੇਗਾ । ਜੁਗ ਚੌਕੜੀ ਵਿਛੜਿਆਂ ਮੇਲ ਮਿਲਾਵੇਗਾ । ਮੁਹੰਮਦ ਗੋਬਿੰਦ ਅੱਗੇ ਝੋਲੀ ਡਾਹਵੇਗਾ । ਨਾਨਕ ਨਿਰਗੁਣ ਵਸਤ ਵਰਤਾਵੇਗਾ । ਦਸਤ ਦਸਤ ਨਾਲ ਮਿਲਾਵੇਗਾ । ਕੀਟ ਹਸਤ ਨਜ਼ਰ ਕੋਇ ਨਾ ਆਵੇਗਾ । ਹੁਕਮ ਇਕੋ ਸਖ਼ਤ ਸੁਣਾਵੇਗਾ । ਕਲਜੁਗ ਵੇਲਾ ਵਕਤ ਸਰਬ ਸਮਝਾਵੇਗਾ । ਲੱਖ ਚੁਰਾਸੀ ਕੂੜੀ ਕਿਰਿਆ ਹੋਵੇ ਗ਼ਰਕ, ਗ਼ਰਕ ਆਪ ਕਰਾਵੇਗਾ । ਕਰ ਕੇ ਗ਼ਰਕ, ਸ਼ੌਂਹ ਦਰਯਾਏ ਰੁੜ੍ਹਾਵੇਗਾ । ਲੇਖੇ ਵਿਚ ਨਾ ਰਹੇ ਫ਼ਰਕ, ਗੋਬਿੰਦ ਫੁਰਨਾ ਇਕ ਜਣਾਵੇਗਾ । ਪਿਛਲੀ ਕੀਤੀ ਕਰੇ ਤਰਕ, ਤੁਰਤ ਆਪਣਾ ਹੁਕਮ ਮਨਾਵੇਗਾ । ਸਚਖੰਡ ਵਿਚੋਂ ਆਇਆ ਪਰਤ ਪਰਤੀਨਿਧ ਇਕ ਅਖਵਾਵੇਗਾ । ਨਾ ਕੋਈ ਸੋਗ ਨਾ ਕੋਈ ਹਰਖ਼, ਚਿੰਤਾ ਦੁੱਖ ਨਾ ਕੋਇ ਜਣਾਵੇਗਾ । ਅਧਵਿਚਕਾਰ ਨਾ ਜਾਵੇ ਅਟਕ, ਦੋ ਜਹਾਨਾਂ ਚਰਨਾਂ ਹੇਠ ਦਬਾਵੇਗਾ । ਕਲਜੁਗ ਕੂੜ ਕੁੜਿਆਰ ਦੇਵੇ ਝਟਕ, ਮੂੰਹ ਦੇ ਭਾਰ ਸੁਟਾਵੇਗਾ । ਜਨ ਭਗਤਾਂ ਸਵੌਣਾ ਹੋ ਬੇਖਟਕ, ਸਿਰ ਆਪਣਾ ਹੱਥ ਰਖਾਵੇਗਾ । ਲੱਖ ਚੁਰਾਸੀ ਧਰਮ

ਦਵਾਰੇ ਰਹੀ ਲਟਕ, ਫਾਸੀ ਇਕੋ ਵਾਰ ਲਟਕਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਲੇਖਾ ਸਰਬ ਚੁਕਾਵੇਗਾ । ਸਚ ਦਰਬਾਰ ਲਗੇਗਾ । ਸਾਹਿਬ ਸੁਲਤਾਨ ਸੂਰਾ ਫਬੇਗਾ । ਦੀਪਕ ਜੋਤੀ ਇਕੋ ਜਗੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਦਾਤਾ ਨਿਰਵੈਰ ਪੁਰਖ ਅਜੂਨੀ ਰਹਿਤ ਇਕੋ ਮਘੇਗਾ । ਅਜੂਨੀ ਰਹਿਤ ਪ੍ਰਭ ਖੇਲ ਅਵੱਲਾ, ਅਕਲ ਕਲਧਾਰੀ ਆਪ ਕਰਾਈਆ । ਕਲਜੁਗ ਅੰਤਮ ਹੋ ਅਛਲ ਅਛੱਲਾ, ਵਲ ਛਲ ਭੇਵ ਨਾ ਜਾਣੇ ਕੋਈ ਰਾਈਆ । ਸਚ ਸਿੰਘਾਸਣ ਇਕੋ ਮੱਲਾ, ਸੰਬਲ ਆਪਣਾ ਡੇਰਾ ਲਾਈਆ । ਧੁਰ ਸੰਦੇਸ ਨਾਮ ਘੱਲਾ, ਸਚ ਸਚ ਕਰੇ ਪੜ੍ਹਾਈਆ । ਨੂਰ ਇਲਾਹੀ ਨੂਰ ਅੱਲਾ, ਜਲਵਾ ਇਕੋ ਇਕ ਰੁਸ਼ਨਾਈਆ । ਵਸਣਹਾਰਾ ਮੁਕਾਮੇ ਹੱਕ ਸਚ ਮਹੱਲਾ, ਮਹਿਫ਼ਲ ਆਪਣੇ ਨਾਮ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਪ੍ਰਭ ਆਪ ਕਮਾਵੇਗਾ । ਦੂਜਾ ਸੰਗ ਨਾ ਕੋਇ ਰਲਾਵੇਗਾ । ਨਾਮ ਮਰਦੰਗ ਇਕ ਸੁਣਾਵੇਗਾ । ਦੋ ਜਹਾਨਾਂ ਲੰਘ, ਆਪਣਾ ਡੰਕ ਵਜਾਵੇਗਾ । ਕਲਜੁਗ ਕੂੜੀ ਕਿਰਿਆ ਢਾਹ ਕੰਧ, ਸਤਿਜੁਗ ਸਾਚਾ ਰਾਹ ਵਖਾਵੇਗਾ । ਸ੍ਰਿਸ਼ਟ ਸਬਾਈ ਇਕੋ ਛੰਦ, ਸੋਹੰ ਢੋਲਾ ਆਪ ਪੜ੍ਹਾਵੇਗਾ । ਜਨ ਭਗਤਾਂ ਮੁੱਕੇ ਪੰਧ, ਪੁਰਖ ਅਬਿਨਾਸ਼ੀ ਮੇਲ ਮਿਲਾਵੇਗਾ । ਸਤਿਜੁਗ ਸਾਚਾ ਦੇ ਰਸ, ਮਦਿਰਾ ਮਾਸ ਰਸਨਾ ਕੋਈ ਨਾ ਲਾਵੇਗਾ । ਅੰਮ੍ਰਿਤ ਆਤਮ ਜਾਮ ਪਿਆਵੇਗਾ । ਸੁਰਤ ਸਵਾਣੀ ਕੋਈ ਨਾ ਰਹੇ ਰੰਡ, ਹਰਿ ਕੰਤ ਇਕੋ ਨਜ਼ਰੀ ਆਵੇਗਾ । ਨਾਤਾ ਤੁਟੇ ਬੱਤੀ ਦੰਦ, ਅਜੱਪਾ ਜਾਪ ਕਰਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਲਗਾਵੇਗਾ । ਸਾਚਾ ਮਾਰਗ ਇਕੋ ਦੱਸੇਗਾ । ਪ੍ਰਭ ਹਰ ਹਿਰਦੇ ਵਿਚ ਵਸੇਗਾ । ਮੁਖ ਮੋੜ ਕਦੇ ਨਾ ਨੱਸੇਗਾ । ਨਿਰਧਨ ਹੋ ਕੇ ਭਗਤਾਂ ਚਰਨੀ ਢੱਠੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੰਨੇ ਲਹਿਣਾ ਵੱਟੇ ਚੁਕੇਗਾ । ਲਹਿਣਾ ਵੱਟੇ ਆਪ ਚੁਕਾਏਗਾ । ਗੁਰਮੁਖ ਧੰਨਾ ਰੂਪ ਵਟਾਏਗਾ । ਜਨ ਭਗਤਾਂ ਰਾਗ ਸੁਣਾਏਗਾ । ਨੇਤਰ ਅੰਨ੍ਹਾ ਪੜਦਾ ਲਾਹੇਗਾ । ਬਿਨ ਸੂਰਜ ਚੰਨਾਂ ਚੰਦ ਚਮਕਾਏਗਾ । ਸੋਹੰ ਛੰਦਾ ਇਕ ਪੜ੍ਹਾਏਗਾ । ਬੰਦਾ ਬਿਨ ਬੰਦਗੀਉਂ ਪਾਰ ਕਰਾਏਗਾ । ਨਾਮ ਰੰਦਾ ਇਕ ਫਿਰਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਖਲਾਏਗਾ । ਸਾਚਾ ਖੇਲ ਖਲਾਵੇਗਾ । ਚਾਰ ਵਰਨ ਸਮਝਾਵੇਗਾ । ਏਕਾ ਨਾਮ ਦ੍ਰਿੜ੍ਹਾਵੇਗਾ । ਏਕਾ ਰਾਮ ਮਿਲਾਵੇਗਾ । ਏਕਾ ਕਾਹਨ ਸਮਝਾਵੇਗਾ । ਏਕਾ ਜਾਮ ਪਿਆਵੇਗਾ । ਏਕਾ ਇਸਲਾਮ ਚਲਾਵੇਗਾ । ਏਕਾ ਅਮਾਮ ਨਜ਼ਰੀ ਆਵੇਗਾ । ਏਕਾ ਪੈਗ਼ਾਮ ਪੜ੍ਹਾਵੇਗਾ । ਏਕਾ ਨਜ਼ਾਮ ਬਣਾਵੇਗਾ । ਏਕਾ ਨਿਸ਼ਾਨ ਝੁਲਾਵੇਗਾ । ਏਕਾ ਹੁਕਮਰਾਨ ਅਖਵਾਵੇਗਾ । ਏਕਾ ਦਾਨ ਵਰਤਾਵੇਗਾ । ਏਕਾ ਮਾਣ ਧਰਾਵੇਗਾ । ਏਕਾ ਭਗਵਾਨ ਆਪਣਾ ਰਾਹ ਵਖਾਵੇਗਾ । ਏਕਾ ਮੰਦਰ ਸ਼ਿਵਦਵਾਲਾ ਮੱਠ ਸਮਝਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਰਾਵੇਗਾ । ਸਾਚੀ ਕਰਨੀ ਆਪ ਕਰਾਵੇਗਾ । ਧੁਰ ਦਾ ਢੋਲਾ ਰਾਗ ਅਲਾਵੇਗਾ । ਕਲਜੁਗ ਚੇਲਾ ਨਜ਼ਰ ਕੋਈ ਨਾ ਆਵੇਗਾ । ਸਤਿਜੁਗ ਹੋਲਾ ਆਪ ਖਲ੍ਹਾਵੇਗਾ । ਮੌਲਾ ਇਕੋ ਨਜ਼ਰੀ ਆਵੇਗਾ । ਧਰਨੀ ਧਰਤ ਧੌਲਾ, ਹੌਲਾ ਭਾਰ ਕਰਾਵੇਗਾ । ਗੋਬਿੰਦ ਕੀਤਾ ਕੌਲਾ, ਤੋੜ ਨਿਭਾਵੇਗਾ । ਵੇਦ ਵਿਆਸਾ ਪੂਤ ਸਪੂਤਾ ਬ੍ਰਹਿਮਣ ਗੌੜਾ, ਉਚਾ ਟਿੱਲਾ ਪਰਬਤ ਵੇਖ ਵਖਾਵੇਗਾ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਚਾਰ ਕੁੰਟ ਨਜ਼ਰੀ ਆਵੇਗਾ । ਚਾਰ ਕੁੰਟ ਅਮਾਮ ਅਖਵਾਏਗਾ । ਕਲਮਾ ਨਬੀ ਇਕ ਜਣਾਏਗਾ । ਸਯਦਾ ਸੀਸ ਇਕ ਵਖਾਏਗਾ । ਜਗਦੀਸ ਆਪਣੀ ਕਲ ਧਰਾਏਗਾ । ਹਦੀਸ ਆਪਣੇ ਨਾਮ ਪੜ੍ਹਾਏਗਾ । ਲਾਸ਼ਰੀਕ ਫੇਰਾ ਪਾਏਗਾ । ਹਕੀਕਤ ਹੱਕ ਖੋਜ ਖੁਜਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਮ ਇਕੋ ਇਕ ਵਡਿਆਏਗਾ । ਇਕੋ ਨਾਮ ਸਦਾ ਜੁਗ ਚਾਰ, ਜੁਗ ਜੁਗ ਵੇਸ ਵਟਾਈਆ । ਇਕੋ ਨਾਮ ਥਿਰ ਘਰ ਦਵਾਰ, ਸ਼ਬਦੀ ਗੁਰ ਪਰਗਟਾਈਆ । ਇਕੋ ਨਾਮ ਸੁਨ ਅਗੰਮ ਕਰੇ ਪਾਰ, ਪੜਦਾ ਆਪ ਚੁਕਾਈਆ । ਇਕੋ ਨਾਮ ਵਿਸ਼ਨ ਬ੍ਰਹਮਾ ਸ਼ਿਵ ਕਰੇ ਖ਼ਬਰਦਾਰ, ਸਚ ਸੰਦੇਸਾ ਇਕ ਜਣਾਈਆ । ਇਕੋ ਨਾਮ ਕਰੋੜ ਤੇਤੀਸਾ ਦਏ ਆਧਾਰ, ਸੁਰਪਤ ਇੰਦ ਵੇਖ ਵਖਾਈਆ । ਇਕੋ ਨਾਮ ਕਾਇਆ ਪੰਜ ਤੱਤ ਕਰੇ ਸ਼ੰਗਾਰ, ਤ੍ਰੈਗੁਣ ਮੇਲਾ ਸਹਿਜ ਸੁਭਾਈਆ । ਏਕਾ ਨਾਮ ਸ਼ਬਦ ਧੁਨਕਾਰ, ਘਟ ਘਟ ਰਾਗੀ ਰਾਗ ਸੁਣਾਈਆ । ਏਕਾ ਨਾਮ ਲੱਖ ਚੁਰਾਸੀ ਕਰ ਪਸਾਰ, ਕਾਇਆ ਮੰਦਰ ਬੰਦ ਰਖਾਈਆ । ਏਕਾ ਨਾਮ ਵੇਦ ਚਾਰ, ਚਾਰ ਚਾਰ ਸਿਫ਼ਤ ਸਾਲਾਹੀਆ । ਏਕਾ ਨਾਮ ਧਾਰ ਅਵਤਾਰ, ਤੱਤਵ ਤੱਤ ਕਰੇ ਪੜ੍ਹਾਈਆ । ਏਕੋ ਨਾਮ ਕਰ ਪਸਾਰ, ਪਸਰ ਪਸਾਰੀ ਵੇਖ ਵਖਾਈਆ । ਏਕੋ ਨਾਮ ਭਗਤ ਆਧਾਰ, ਭਗਵਨ ਇਕੋ ਇਕ ਜਣਾਈਆ । ਇਕੋ ਨਾਮ ਸੰਤ ਕਰੇ ਪਿਆਰ, ਸੱਜਣ ਸਾਚੇ ਵੇਖ ਵਖਾਈਆ । ਇਕੋ ਨਾਮ ਗੁਰਮੁਖਾਂ ਖੋਲ੍ਹ ਕਿਵਾੜ, ਬੰਦ ਹਾਟੀ ਦਏ ਜਣਾਈਆ । ਇਕੋ ਨਾਮ ਗੁਰਸਿਖਾਂ ਕਰੇ ਪਿਆਰ, ਨਿਵਣ ਸੋ ਪ੍ਰੀਤੀ ਇਕ ਜਣਾਈਆ । ਇਕੋ ਨਾਮ ਪੀਰ ਪੈਗ਼ੰਬਰ ਕਰੇ ਉਜਿਆਰ, ਉਜਰਤ ਮੂਲ ਨਾ ਲਾਗੇ ਰਾਈਆ । ਇਕੋ ਨਾਮ ਮੁੱਲਾ ਸ਼ੇਖ਼ ਮਸਾਇਕ ਕਰੇ ਸ਼ੰਗਾਰ, ਮਿਹਰਵਾਨ ਦਇਆ ਕਮਾਈਆ । ਇਕੋ ਨਾਮ ਗੁਰ ਗੁਰ ਖੇਲ ਕਰੇ ਸੰਸਾਰ, ਸਤਿਗੁਰ ਦੇਵੇ ਮਾਣ ਵਡਿਆਈਆ । ਇਕੋ ਨਾਮ ਅੰਦਰ ਬਾਹਰ, ਗੁਪਤ ਜ਼ਾਹਰ ਕਰੇ ਪੜ੍ਹਾਈਆ । ਇਕੋ ਨਾਮ ਖਾਣੀ ਬਾਣੀ ਹੋ ਉਜਿਆਰ, ਚਾਰ ਚਾਰ ਰੰਗ ਰੰਗਾਈਆ । ਇਕੋ ਨਾਮ ਦਿਸੇ ਜੁਗ ਚਾਰ, ਚੌਕੜੀ ਆਪਣਾ ਬੰਧਨ ਪਾਈਆ । ਇਕੋ ਨਾਮ ਵਖਾਏ ਸਚ ਦਰਬਾਰ, ਦਰ ਦਰਵਾਜ਼ਾ ਇਕੋ ਨਾਮ ਖੁਲ੍ਹਾਈਆ । ਇਕੋ ਨਾਮ ਵੰਡਣ ਵੰਡੇ ਵਿਚ ਸੰਸਾਰ, ਵਰਨ ਬਰਨ ਗੋਤ ਦਏ ਜਣਾਈਆ । ਇਕੋ ਨਾਮ ਕਰੇ ਪਾਰ, ਮੰਝਧਾਰ ਨਾ ਕੋਇ ਰੁੜ੍ਹਾਈਆ । ਇਕੋ ਨਾਮ ਸਰਬ ਪਿਆਰ, ਸਾਂਝਾ ਯਾਰ ਇਕ ਅਖਵਾਈਆ । ਇਕੋ ਨਾਮ ਤਲਬਗਾਰ, ਆਦਿ ਜੁਗਾਦਿ ਧਿਆਨ ਲਗਾਈਆ । ਇਕੋ ਨਾਮ ਕਾਤਬ ਬਣ ਕੇ ਬਣੇ ਲਿਖਾਰ, ਦੇਵੇ ਵਡਿਆਈ ਕਲਮ ਸ਼ਾਹੀਆ । ਇਕੋ ਨਾਮ ਸਮੁੰਦ ਸਾਗਰ, ਬੰਨ੍ਹੇ ਧਾਰ, ਇਕੋ ਨਾਮ ਜੰਗਲ ਜੂਹ ਉਜਾੜ ਪਹਾੜ ਕਰੇ ਰੁਸ਼ਨਾਈਆ । ਇਕੋ ਨਾਮ ਖੇਲ ਕਰੇ ਸੂਰਜ ਚੰਨ ਸਤਾਰ, ਮੰਡਲ ਮੰਡਪ ਕਰੇ ਰੁਸ਼ਨਾਈਆ । ਇਕੋ ਨਾਮ ਲੇਖਾ ਜਾਣ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਵੇਖ ਵਖਾਈਆ । ਇਕੋ ਨਾਮ ਗੋਪੀ ਕਾਹਨ ਪਾਏ ਰਾਸ, ਵੇਸ ਅਨੇਕ ਧਰਾਈਆ । ਇਕੋ ਨਾਮ ਵਸੇ ਸਦਾ ਪਾਸ, ਵਿਛੜ ਕਦੇ ਨਾ ਜਾਈਆ । ਇਕੋ ਨਾਮ ਪੂਰੀ ਕਰੇ ਆਸ, ਨਿਰਾਸਾ ਕੋਇ ਰਹਿਣ ਨਾ ਪਾਈਆ । ਇਕੋ ਨਾਮ ਆਦਿ ਅੰਤ ਪਵਣ ਸਵਾਸ, ਉਨੰਜਾ ਪਵਣ ਛਤਰ ਝੁਲਾਈਆ । ਇਕੋ ਨਾਮ ਸੁਣਾਏ ਧੁਰ ਦੀ ਬਾਤ, ਜੁਗ ਜੁਗ ਬਾਣੀ ਇਕ ਪਰਗਟਾਈਆ । ਇਕੋ ਨਾਮ ਡੂੰਘਾ ਖਾਤ, ਹੱਥ ਕਿਸੇ ਨਾ ਆਈਆ । ਇਕੋ ਨਾਮ ਦੇਵਣਹਾਰ ਨਜਾਤ, ਏਥੇ ਓਥੇ ਵੇਖ ਵਖਾਈਆ । ਇਕੋ ਨਾਮ ਨਾਮ ਪਾਰਜਾਤ, ਪਾਰਸ ਕੰਚਨ ਲੋਹਾ ਰੂਪ ਵਟਾਈਆ । ਇਕੋ ਨਾਮ ਸਾਖਿਆਤ, ਆਦਿ ਜੁਗਾਦਿ ਕੋਈ ਨਾ ਸਕੇ ਛੁਪਾਈਆ । ਇਕੋ ਨਾਮ ਸਭ ਦਾ ਪਿਤਾ ਮਾਤ,

ਪੁੱਤ ਪੋਤਰੇ ਗੁਰ ਅਵਤਾਰ ਪੀਰ ਪੈਗ਼ੰਬਰ ਗੋਦ ਵਿਚ ਉਠਾਈਆ । ਇਕੋ ਨਾਮ ਆਬਹਯਾਤ, ਅੰਮ੍ਰਿਤ ਇਕੋ ਨਾਮ ਵਖਾਈਆ । ਏਕਾ ਨਾਮ ਕਾਇਨਾਤ, ਨਿਰਗੁਣ ਆਪਣਾ ਆਪ ਜਣਾਈਆ । ਸੋ ਨਾਮ ਸਾਹਿਬ ਸੱਚੇ ਦੀ ਸਾਚੀ ਦਾਤ, ਸੋ ਪੁਰਖ ਨਿਰੰਜਣ ਸਾਰ ਸ਼ਬਦ ਆਪਣਾ ਨਾਮ ਜਣਾਈਆ । ਕਲਜੁਗ ਅੰਤਮ ਲੈ ਕੇ ਆਇਆ ਆਪਣੇ ਸਾਥ, ਮਿਹਰਵਾਨ ਦਇਆ ਕਮਾਈਆ । ਮਿਹਰ ਨਜ਼ਰ ਕਰ ਜਿਸ ਵਲ ਲਏ ਝਾਕ, ਤਿਸ ਪੜਦਾ ਦਏ ਖੁਲ੍ਹਾਈਆ । ਏਥੇ ਓਥੇ ਆਵਣ ਜਾਵਣ ਦੋ ਜਹਾਨਾਂ ਮੁੱਕੇ ਵਾਟ, ਲੱਖ ਚੁਰਾਸੀ ਪੰਧ ਰਹਿਣ ਨਾ ਪਾਈਆ । ਚਰਨ ਕਵਲ ਉਪਰ ਧਵਲ ਬੰਨ੍ਹੇ ਨਾਤ, ਸਚਖੰਡ ਮਿਲੇ ਸਰਨ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਆਪ ਵਡਿਆਈਆ । ਦੇਵੇ ਵਡਿਆਈ ਪ੍ਰਭ ਜੂ ਭਗਤ, ਭਗਤਨ ਮੀਤਾ ਆਪ ਅਖਵਾਇੰਦਾ । ਵੇਖਣਹਾਰਾ ਲੱਖ ਚੁਰਾਸੀ ਜੀਵ ਜੰਤ ਵਿਚ ਜਗਤ, ਯੁਗਤ ਆਪਣੇ ਹੱਥ ਰਖਾਇੰਦਾ । ਫੋਲਣਹਾਰਾ ਹੱਡ ਮਾਸ ਨਾੜੀ ਬੂੰਦ ਰਕਤ, ਭੇਵ ਅਭੇਦ ਖੁਲ੍ਹਾਇੰਦਾ । ਆਦਿ ਅੰਤ ਸ੍ਰੀ ਭਗਵੰਤ ਸਾਚਾ ਕੰਤ ਆਪਣੇ ਹੱਥ ਰੱਖੇ ਵਕਤ, ਵਾਰ ਥਿਤ ਨਾ ਕਿਸੇ ਸਮਝਾਇੰਦਾ । ਨਵ ਖੰਡ ਪ੍ਰਿਥਮੀ ਸੱਤ ਦੀਪ ਸ਼ਬਦ ਅਗੰਮੀ ਚਾੜ੍ਹੇ ਕਟਕ, ਬੇਪਰਵਾਹ ਆਪਣਾ ਹੁਕਮ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਜੂ ਆਪਣੀ ਖੇਲ ਵਖਾਇੰਦਾ । ਸਾਚੀ ਖੇਲ ਕਰੇ ਸਚਖੰਡ, ਸਚਖੰਡ ਲੋਕਮਾਤ ਪਰਗਟਾਈਆ । ਲੇਖਾ ਜਾਣ ਜੇਰਜ ਅੰਡ, ਉਤਭੁਜ ਸੇਤਜ ਲਹਿਣਾ ਰਿਹਾ ਮੁਕਾਈਆ । ਭਗਤ ਭਗਵਾਨ ਦੇਵੇ ਇਕ ਅਨੰਦ, ਅਨੰਦ ਆਤਮ ਰਸ ਚਖਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਆਦਿ ਜੁਗਾਦੀ ਸ਼ਬਦ ਅਨਾਦੀ ਜਣਾਏ ਛੰਦ, ਸੋਹਲਾ ਢੋਲਾ ਇਕੋ ਇਕ ਗਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਗੁਰਸਿਖ ਤੇਰੀ ਨੰਗੀ ਨਾ ਹੋਏ ਕੰਡ, ਪ੍ਰਭ ਆਪਣਾ ਹੱਥ ਸੀਸ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਕਲਜੁਗ ਅੰਤਮ ਹਰਿਜਨ ਵੇਖੇ ਹਰ ਘਟ ਥਾਈਆ । ਹਰ ਘਟ ਥਾਈਂ ਖੋਜੇ ਆਪ, ਖੋਜਤ ਖੋਜਤ ਵੇਖ ਵਖਾਇੰਦਾ । ਭਗਤ ਸੁਹੇਲਾ ਪਿਤਾ ਬਾਪ, ਪੂਤ ਸਪੂਤ ਆਪ ਜਗਾਇੰਦਾ । ਸ਼ਬਦ ਅਗੰਮ ਬੰਧਾਏ ਨਾਤ, ਬਿਧਾਤਾ ਨਿਰਗੁਣ ਨਿਰਗੁਣ ਜੋੜ ਜੁੜਾਇੰਦਾ । ਆਤਮ ਪਰਮਾਤਮ ਬਣਾਏ ਸੱਚਾ ਸਾਕ, ਸੱਜਣ ਇਕੋ ਨਜ਼ਰੀ ਆਇੰਦਾ । ਕਰ ਕਿਰਪਾ ਖੋਲ੍ਹੇ ਤਾਕ, ਨਿਜ ਨੇਤਰ ਪੜਦਾ ਲਾਹਿੰਦਾ । ਪੂਰੀ ਕਰੇ ਆਸ, ਪੂਰੀ ਆਸਾ ਆਪ ਕਰਾਇੰਦਾ । ਗ੍ਰਿਹਿ ਮੰਦਰ ਕਰ ਕੇ ਵਾਸ, ਸਾਚੀ ਸੇਜ ਸੁਹਾਇੰਦਾ । ਨਿਰਮਲ ਜੋਤ ਕਰ ਪਰਕਾਸ਼, ਦੀਆ ਬਾਤੀ ਇਕ ਜਗਾਇੰਦਾ । ਪਰਗਟ ਹੋ ਪ੍ਰਭ ਸਾਖਿਆਤ, ਸਵੱਛ ਸਰੂਪੀ ਦਰਸ ਦਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਦਵਾਰਾ ਇਕੋ ਇਕ ਵਡਿਆਇੰਦਾ ।

## ❇ ੨੩ ਫੱਗਣ ੨੦੧੯ ਬਿਕ੍ਰਮੀ ਹਰਬੰਸ ਸਿੰਘ ਦੇ ਗ੍ਰਿਹਿ ਕਿਰਕੀ ਪੂਨਾ ❇

ਗੁਰਮੁਖ ਝੁੱਗੀ ਸਭ ਤੋਂ ਚੰਗੀ, ਵਿਸ਼ਨ ਬ੍ਰਹਮਾ ਸ਼ਿਵ ਧਿਆਨ ਲਗਾਈਆ । ਜਿਥੇ ਮਿਲੇ ਵਸਤ ਅਨਮੰਗੀ, ਭਗਤ ਭਗਵਾਨ ਇਕ ਦੂਜੇ ਦੀ ਝੋਲੀ ਪਾਈਆ । ਜਿਥੇ ਜਨਮ ਜਨਮ ਦੀ ਮਿਟੇ ਤੰਗੀ, ਦੁੱਖ ਦਰਦ ਰਹੇ ਨਾ ਰਾਈਆ । ਜਿਥੇ ਸਾਹਿਬ ਸਤਿਗੁਰ ਬਣੇ ਸੰਗੀ, ਬਣ ਸੇਵਕ ਸੇਵ ਕਮਾਈਆ । ਜਿਥੇ ਨੇਤਰ ਨੈਣ ਅੱਖ ਨਾ ਰਹੇ ਅੰਧੀ, ਪਰਤੱਖ ਰੂਪ ਦਰਸਾਈਆ । ਜਿਥੇ ਨਾਤਾ ਤੁੱਟੇ ਖ਼ਾਨਾਬੰਦੀ, ਬੰਧਨ ਦੂਈ ਦਏ ਮਿਟਾਈਆ । ਜਿਥੇ ਪਾਰ ਕਿਨਾਰਾ ਦਿਸੇ ਕੰਢੀ, ਪੱਤਣ ਬੈਠਾ ਬੇਪਰਵਾਹੀਆ । ਜਿਥੇ ਵਾਸਨਾ ਚੁੱਕੇ ਮੰਦੀ, ਸੁਗੰਧੀ ਇਕੋ ਨਾਮ ਦਰਸਾਈਆ । ਜਿਥੇ ਰਾਗ ਸੁਣੇ ਬਿਨ ਰਾਗ ਤੰਦੀ, ਸਤਾਰ ਨੈਣ ਨੈਣ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਿਸ ਝੁੱਗੀ ਦੇਵੇ ਵਡਿਆਈਆ । ਝੁੱਗੀ ਕਹੇ ਮੇਰੀ ਸੋਹਣੀ ਕੰਧ, ਇੱਟਾਂ ਪੱਥਰ ਮਿਲੇ ਵਡਿਆਈਆ । ਜਿਸ ਅੰਦਰ ਸਾਹਿਬ ਆਇਆ ਲੰਘ, ਹਰਿ ਸੰਗਤ ਦਏ ਵਡਿਆਈਆ । ਦੋ ਜਹਾਨ ਨਾ ਮਿਲੇ ਅਨੰਦ, ਜੋ ਮੇਰੇ ਘਰ ਵਿਚ ਰਿਹਾ ਵਖਾਈਆ । ਮੈਂ ਸੁਲੱਖਣੀ ਭਾਗਾਂ ਵਾਲੀ ਗਾਵਾਂ ਛੰਦ, ਸੱਚਾ ਢੋਲਾ ਇਕੋ ਮਾਹੀਆ । ਮੇਰੀ ਕੰਕਰ ਕੰਕਰ ਆਪਣੇ ਨਾਲ ਗੰਢ, ਗੰਢਣਹਾਰ ਸਵਾਮੀ ਤੇਰੇ ਹੱਥ ਵਡਿਆਈਆ । ਜਿਧਰ ਵੇਖਾਂ ਪਵੇ ਠੰਡ, ਤੱਤੀ ਵਾ ਨਾ ਲਾਗੇ ਰਾਈਆ । ਦੂਰ ਦੁਰਾਡੇ ਤਰਸਣ ਸੂਰਜ ਚੰਦ, ਤੇਰੀ ਸਰਨ ਨਾ ਮਿਲੇ ਵਡਿਆਈਆ । ਧੰਨ ਭਾਗ ਤੂੰ ਕੱਟ ਕੇ ਆਇਉਂ ਆਪਣਾ ਪੰਧ, ਬਣ ਪਾਂਧੀ ਫੇਰਾ ਪਾਈਆ । ਦੀਨ ਦਿਆਲ ਹੋ ਬਖ਼ਸ਼ੰਦ, ਬਖ਼ਸ਼ਸ਼ ਇਕੋ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਝੁੱਗੀ ਦੇਵੇ ਮਾਣ ਵਡਿਆਈਆ । ਝੁੱਗੀ ਕਹੇ ਮੇਰੀ ਸੋਹਣੀ ਛੱਤ, ਗਗਨ ਮੰਡਲ ਨੈਣ ਸ਼ਰਮਾਈਆ । ਜਿਸ ਅੰਦਰ ਪੁਰਖ ਅਕਾਲ ਰਿਹਾ ਵਸ, ਨਿਰਗੁਣ ਆਪਣਾ ਆਸਣ ਲਾਈਆ । ਮੈਂ ਕੋਝੀ ਕਮਲੀ ਰਹੀ ਹੱਸ, ਪ੍ਰਭ ਆਇਆ ਬੇਪਰਵਾਹੀਆ । ਮੈਂ ਦੋ ਜਹਾਨਾਂ ਰਹੀ ਦੱਸ, ਵੇਖੋ ਘਰ ਗ਼ਰੀਬਾਂ ਬੈਠਾ ਸੱਥਰ ਵਿਛਾਈਆ । ਅੰਮ੍ਰਿਤ ਆਤਮ ਦੇਵੇ ਰਸ, ਸਚ ਅੰਮ੍ਰਿਤ ਇਕ ਚੁਆਈਆ । ਜਿਸ ਦਾ ਗੁਰ ਅਵਤਾਰ ਗੌਂਦੇ ਆਏ ਜਸ, ਸੋ ਗੁਰਸਿਖਾਂ ਗ਼ਰੀਬ ਨਿਮਾਣਿਆਂ ਢੋਲਾ ਗਾਈਆ । ਖ਼ਾਲੀ ਹੱਥੀਂ ਹੋ ਗਿਆ ਵਸ, ਆਪ ਆਪਣਾ ਮਾਣ ਤਜਾਈਆ । ਪਰੇਮ ਪ੍ਰੀਤੀ ਅੰਦਰ ਗਿਆ ਫਸ, ਆਪ ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਸੱਚੀ ਰੁੱਤ ਸੁਹਾਈਆ । ਝੁੱਗੀ ਕਹੇ ਉਠ ਭਿੰਨੜੀ ਰੈਣ, ਸਚ ਦਿਆਂ ਦ੍ਰਿੜਾਈਆ । ਪਾਰਬ੍ਰਹਮ ਪ੍ਰਭ ਬਣਿਆ ਮੇਰਾ ਸਾਕ ਸੱਜਣ ਸੈਣ, ਘਰ ਚਲ ਕੇ ਆਇਆ ਮਾਹੀਆ । ਜਨ ਭਗਤਾਂ ਚੁਕਾਵੇ ਲਹਿਣ ਦੇਣ, ਪੂਰਬ ਲੇਖਾ ਝੋਲੀ ਪਾਈਆ । ਮੇਰੀ ਰਸਨਾ ਕੁਛ ਨਾ ਸਕੇ ਕਹਿਣ, ਕਹਿਣ ਜੋਗ ਨਾ ਮੇਰੀ ਚਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਸੋਭਾ ਪਾਈਆ । ਭਿੰਨੜੀਏ ਰੈਣੇ ਖੋਲ੍ਹ ਅੱਖ, ਝੁੱਗੀ ਉਠ ਉਠ ਆਪ ਜਣਾਇੰਦੀ । ਪਰਗਟ ਹੋਇਆ ਪਰਤੱਖ, ਸਚ ਸਚ ਤੈਨੂੰ ਜਣਾਇੰਦੀ । ਜਿਨ ਰੱਖੀ ਮੇਰੀ ਪੱਤ, ਪਰਮੇਸ਼ਵਰ ਇਕੋ ਇਕ ਮਨਾਇੰਦੀ । ਸਾਹਿਬ ਦਾਤਾ ਪੁਰਖ ਸਮਰਥ, ਢਹਿ ਚਰਨਾਂ ਸੀਸ ਨਿਵਾਇੰਦੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕੁਲੀ ਆਪਣਾ ਸ਼ੁਕਰ ਮਨਾਇੰਦੀ । ਝੁੱਗੀ ਕਹੇ ਮੈਨੂੰ ਆਵੇ ਹਾਸਾ, ਪ੍ਰਭ ਕਿਸ ਬਿਧ ਫੇਰਾ ਪਾਈਆ । ਆਦਿ ਜੁਗਾਦਿ ਜੁਗ ਜੁਗ ਵੇਖਣਹਾਰਾ ਖੇਲ ਤਮਾਸਾ, ਸਚਖੰਡ ਵਸੇ ਬੇਪਰਵਾਹੀਆ । ਹੋਈ ਹੈਰਾਨ ਕਲਜੁਗ ਅੰਤਮ ਜਨ

੧੦੨੫
੧੩

ਭਗਤਾਂ ਦੇਣ ਆਇਆ ਭਰਵਾਸਾ, ਪ੍ਰਭ ਆਪਣਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ੍ਰਿਹਿ ਮੇਰੇ ਸੋਭਾ ਪਾਈਆ । ਗ੍ਰਿਹਿ ਮੇਰਾ ਹੋਏ ਸੁਹੰਜਣਾ, ਝੱਗੀ ਘਰ ਆਪਣੇ ਖ਼ੁਸ਼ੀ ਮਨਾਇੰਦੀ । ਪ੍ਰਭ ਆਇਆ ਆਦਿ ਨਿਰੰਜਣਾ, ਜਿਸ ਦਾ ਗੀਤ ਸ੍ਰਿਸ਼ਟ ਸਬਾਈ ਗਾਇੰਦੀ । ਦੁੱਖ ਕੱਟੇ ਦਰਦ ਦੁਖ ਭੈ ਭੰਜਨਾ, ਹਰਿ ਸੰਗਤ ਸ਼ੁਕਰ ਮਨਾਇੰਦੀ । ਨੇਤਰ ਨਾਮ ਪਾਏ ਅੰਜਨਾ, ਕਲਜੁਗ ਅੰਧੇਰੀ ਰੈਣ ਸ਼ਰਮਾਇੰਦੀ । ਚਰਨ ਧੂੜ ਕਰਾਏ ਮਜਨਾ, ਦੁਰਮਤ ਮੈਲ ਧਵਾਇੰਦੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰ ਵੇਖ ਖ਼ੁਸ਼ੀ ਮਨਾਇੰਦੀ । ਝੱਗੀ ਕਹੇ ਪ੍ਰਭ ਦੇਵੇ ਝਲਕ, ਨਿਰਗੁਣ ਜੋਤ ਜੋਤ ਰੁਸ਼ਨਾਈਆ । ਮੈਂ ਪਰਤ ਨਾ ਸਕੀ ਪਲਕ, ਨੈਣ ਨੈਣ ਨਾ ਕੋਇ ਉਠਾਈਆ । ਠੰਡੀ ਠਾਰ ਹੋਈ ਕਰਕੇ ਦਰਸ, ਅਗਨੀ ਤੱਤ ਨਾ ਕੋਇ ਤਪਾਈਆ । ਗੁਰਮੁਖਾਂ ਬੁਝਾਈ ਪਿਆਸ ਕਰ ਤਰਸ, ਨਿਰਗੁਣ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਆਇਆ ਦਰਦ ਵੰਡਾਈਆ । ਝੱਗੀ ਕਹੇ ਮੇਰਾ ਵੇਖ ਰੰਗ, ਸ੍ਰੀ ਭਗਵਾਨ ਖ਼ੁਸ਼ੀ ਮਨਾਈਆ । ਮੇਰੇ ਘਰ ਹਰਿ ਭਗਤਾਂ ਬਣਿਆ ਸੰਗ, ਸੰਗਤ ਵੱਜੀ ਵਧਾਈਆ । ਬਿਨ ਤਾਲ ਤਲਵਾੜੇ ਆਏ ਅਨੰਦ, ਅਨੰਦ ਇਕੋ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ ।

ਤਿਤਰ ਬਣਿਆ ਉਹ ਮਲਾਹ, ਜਿਸ ਬਾਜ਼ ਕੋਲੋਂ ਦਿਤਾ ਤੁੜਾਈਆ । ਅੰਤਮ ਵੇਲੇ ਮੰਗੀ ਪਨਾਹ, ਗੁਰ ਗੋਬਿੰਦ ਵਲ ਧਿਆਨ ਲਗਾਈਆ । ਸ਼ਾਹ ਪਾਤਸ਼ਾਹ ਸੱਚੇ ਸ਼ਹਿਨਸ਼ਾਹ, ਤੇਰੇ ਹੱਥ ਤੇਰੀ ਵਡਿਆਈਆ । ਪਿਛਲੇ ਗੁਨਾਹ ਦੀ ਦਿਤੀ ਸਜ਼ਾ, ਅੱਗੇ ਬੇੜਾ ਕਿਵੇਂ ਚਲਾਈਆ । ਹਸ ਕੇ ਕਿਹਾ ਬੇਪਰਵਾਹ, ਅਚਰਜ ਖੇਲ ਵਖਾਈਆ । ਪੰਖੀਉਂ ਮਾਨਸ ਦੇਹ ਦਏ ਵਟਾ, ਆਪਣਾ ਰੰਗ ਰੰਗਾਈਆ । ਗੋਬਿੰਦ ਚੋਲਾ ਆਏ ਬਦਲਾ, ਸ਼ਬਦੀ ਰੂਪ ਧਰਾਈਆ । ਦੱਖਣ ਦਿਸ਼ਾ ਦੇਸ ਵਸਾ, ਦਹਿ ਦਿਸ਼ਾ ਖੋਜ ਖੁਜਾਈਆ । ਦਰ ਤੇਰੇ ਆਵੇ ਬੇਪਰਵਾਹ, ਆਪਣਾ ਫੇਰਾ ਪਾਈਆ । ਹਰਿ ਸੰਗਤ ਬੇੜਾ ਦਏ ਵਖਾ, ਬਿਨ ਚੱਪੂ ਜਗਤ ਚਲਾਈਆ । ਕੰਢੀ ਡੇਰਾ ਲਵੇ ਲਾ, ਪਤਣ ਮਿਲੇ ਸੱਚਾ ਮਾਹੀਆ । ਸੱਜਾ ਚਰਨ ਵਿਚ ਲਏ ਟਿਕਾ, ਖੱਬਾ ਅੱਧਾ ਫੇਰ ਉਠਾਈਆ । ਪਿਛੋਂ ਅੱਗੇ ਆਸਣ ਲਏ ਲਾ, ਸਚ ਸੇਜ ਸੁਹਾਈਆ । ਤਿੰਨ ਵੇਰ ਤੇਰੇ ਵਲ ਨੇਤਰ ਨੈਣ ਵੇਖੇ ਉਠਾ, ਅਗਲਾ ਪਿਛਲਾ ਜਨਮ ਲੇਖੇ ਲਾਈਆ । ਜਿਸ ਵੇਲੇ ਕੰਢੀ ਲੱਗੇ ਆ, ਪਾਰ ਕਿਨਾਰਾ ਇਕ ਦਰਸਾਈਆ । ਹਿਰਦੇ ਅੰਦਰ ਚੋਟ ਲਗਾ, ਸੁਰਤੀ ਸੁਰਤ ਭਵਾਈਆ । ਛੱਡ ਬੇੜੀ ਚਰਨੀ ਡਿਗੇ ਆ, ਦੋਏ ਜੋੜ ਪਏ ਸਰਨਾਈਆ । ਏਸੇ ਕਾਰਨ ਧੁਰ ਦੀ ਮਾਇਆ ਹਰਿ ਸੰਗਤ ਹੱਥ ਲਿਆਂਦੀ ਫੜਾ, ਪੰਚਮ ਵੰਡ ਵੰਡਾਈਆ । ਪਿਛੇ ਪੁੱਛਦੇ ਰਹੇ ਦੱਸਿਆ ਨਾ ਰਾਹ, ਵੇਲੇ ਸਿਰ ਦਿਤੀ ਵਰਤਾਈਆ । ਚਾਰ ਰੁਪਯੀਏ ਚਾਰ ਜੁਗ ਦਾ ਬਖ਼ਸ਼ ਗੁਨਾਹ, ਚੌਥੇ ਜਨਮ ਲੇਖਾ ਮੂਲ ਚੁਕਾਈਆ । ਕਿਰਪਾ ਕਰ ਸੱਚਾ ਸ਼ਹਿਨਸ਼ਾਹ, ਆਵਣ ਜਾਵਣ ਦਏ ਮੁਕਾਈਆ । ਨੌਂ ਸਾਲ ਬੱਤੀ ਦਿਨ ਹੋਰ ਕਾਇਆ ਚੋਲਾ ਲਏ ਹੰਢਾ, ਫਿਰ ਲੇਖਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਿਨ ਕਰਨੀਉਂ ਕਿਸੇ ਥਾਂ ਨਾ ਆਵੇ ਜਾਈਆ ।

ਪਿਛਲੇ ਗੁਰੂ ਦਾ ਚੁੱਕਾ ਝੇੜਾ, ਘਰ ਵਿਚ ਰਹਿਣ ਨਾ ਪਾਈਆ । ਸਾਹਿਬ ਸਤਿਗੁਰ ਦਾ ਵਸੇ ਖੇੜਾ, ਨਿਰਗੁਣ ਆਪ ਵਸਾਈਆ । ਵੱਡਿਆਂ ਛੋਟਿਆਂ ਬੰਨ੍ਹੇ ਬੇੜਾ, ਬਿਰਧ ਬਾਲਾਂ ਲਏ ਤਰਾਈਆ । ਅੱਗੇ ਨਾ ਕਰੇ ਹੇਰਾ ਫੇਰਾ, ਦੇਵੇ ਮਾਣ ਵਡਿਆਈਆ । ਜਗਤ ਦੁਖ ਜੋ ਪਾਇਆ ਘੇਰਾ, ਸੁਖ ਵਿਚ ਬਦਲਾਈਆ । ਕਿਰਪਾ ਨਿਧਾਨ ਕਰੇ ਮਿਹਰਾਂ, ਮਿਹਰ ਨਜ਼ਰ ਉਠਾਈਆ । ਬੱਤੀ ਸਾਲ ਜੋ ਰੱਖਿਆ ਡੇਰਾ, ਬੱਤੀਵੇਂ ਸਾਲ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਸ਼ਤ ਉਤੇ ਰੱਖੇ ਹੱਥ, ਅੰਗੁਸ਼ਤ ਨਾਲ ਦੇਵੇ ਦੱਬ, ਕੂੜ ਕੂੜਿਆਰ ਮੇਟੇ ਆਪ, ਸਬੱਬ ਆਪਣਾ ਇਕ ਜਣਾਈਆ । ਦੁਖ ਲੱਥੇ ਉਪਜੇ ਸੁਖ, ਸੁਖ ਦੁਖ ਨਾਲ ਵਟਾਇੰਦਾ । ਉਜਲ ਕਰੇ ਮਾਤ ਮੁਖ, ਮੁਖ ਮੁਖ ਸਿਫ਼ਤ ਸਾਲਾਹਿੰਦਾ । ਸਫ਼ਲ ਕਰੇ ਮਾਤ ਕੁੱਖ, ਜਨ ਜਨਨੀ ਲੇਖੇ ਲਾਇੰਦਾ । ਆਪ ਆਪਣੀ ਗੋਦੀ ਚੁੱਕ, ਰੋਗ ਸੋਗ ਗਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਿਛਲਾ ਲੇਖਾ ਵਿਚੋਂ ਕੱਢੇ ਕੁੱਟ, ਅੱਗੇ ਆਪਣੇ ਘਰ ਵਸਾਇੰਦਾ । ਨਾਮ ਬਾਜ਼ ਸ਼ਬਦ ਉਡਾਰੀ, ਗੋਬਿੰਦ ਰਿਹਾ ਉਡਾਈਆ । ਨਿਰਗੁਣ ਜੋਤ ਨੂਰ ਨਿਰੰਕਾਰੀ, ਪੁਰਖ ਅਕਾਲ ਵਡਿਆਈਆ । ਸਾਚੇ ਘੋੜੇ ਸ਼ਾਹਸਵਾਰੀ, ਸ਼ਹਿਨਸ਼ਾਹ ਆਪਣਾ ਆਸਣ ਲਾਈਆ । ਸੋਲਾਂ ਕਲੀਆਂ ਕਰੇ ਸ਼ੰਗਾਰੀ, ਸੋਲਾਂ ਇਛਿਆ ਪੂਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਬਾਜ਼ ਦਏ ਦਰਸਾਈਆ । ਸਾਚਾ ਬਾਜ਼ ਚੁਗੇ ਚੋਗ, ਪਰੇਮ ਰਸ ਇਕੋ ਰਖਾਇੰਦਾ । ਮਾਰ ਉਡਾਰੀ ਗੁਰਮੁਖਾਂ ਅੰਦਰੋਂ ਕੱਢੇ ਖੋਟ, ਕੂੜੀ ਕਿਰਿਆ ਮੇਟ ਮਿਟਾਇੰਦਾ । ਨਾਮ ਅਗੰਮ ਵਜਾਏ ਚੋਟ, ਨਗਾਰਾ ਗੋਬਿੰਦ ਹੱਥ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਬਾਜ਼ ਇਕ ਦਰਸਾਇੰਦਾ । ਸਾਚਾ ਬਾਜ਼ ਇਕੋ ਏਕ, ਆਦਿ ਜੁਗਾਦਿ ਰਖਾਇਆ । ਬਾਜ਼ ਪਕੜੀ ਗੋਬਿੰਦ ਟੇਕ, ਟੇਕ ਗੋਬਿੰਦ ਪੁਰਖ ਅਕਾਲ ਧਰਾਇਆ । ਕਲਜੁਗ ਅੰਤਮ ਧਾਰ ਭੇਖ, ਅਵਲੱੜੀ ਚਾਲ ਜਣਾਇਆ । ਜੋਤ ਸ਼ਬਦ ਇਕੋ ਹੇਤ, ਹਿਤਕਾਰੀ ਫੇਰਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਬਾਜ਼ ਇਕ ਉਡਾਇਆ । ਸਾਚਾ ਬਾਜ਼ ਲਏ ਅੰਗੜਾਈ, ਆਪਣਾ ਬਲ ਧਰਾਈਆ । ਗੋਬਿੰਦ ਪ੍ਰਿਥਮੀ ਆਕਾਸ਼ ਤੇਰੇ ਨਾਲੋਂ ਨਾ ਹੋਏ ਜੁਦਾਈ, ਤੇਰੀ ਉਂਗਲੀ ਇਕੋ ਸੋਭਾ ਪਾਈਆ । ਪਿਛਲੇ ਜਨਮ ਮੈਂ ਬਣਿਆ ਰਿਹਾ ਸ਼ੈਦਾਈ, ਆਪਣੇ ਪੈਰ ਤੇਰੇ ਹੱਥਾਂ ਉਤੇ ਟਿਕਾਈਆ । ਮੇਰੀ ਚੁੰਜ ਕਿਸੇ ਕੰਮ ਨਾ ਆਈ, ਜਿਸ ਤੇਰੇ ਚਰਨਾਂ ਨਾ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਘਰ ਸਾਚੇ ਮਿਲੇ ਵਧਾਈਆ । ਵੇਲੇ ਅੰਤ ਬਾਜ਼ ਹੋਇਆ ਸ਼ਰਮਸਾਰ, ਗੋਬਿੰਦ ਅੱਗੇ ਸੀਸ ਝੁਕਾਇੰਦਾ । ਤੂੰ ਮੇਰੇ ਨਾਲ ਕੀਤਾ ਪਿਆਰ, ਕਿਉਂ ਨਹੀਂ ਮੈਨੂੰ ਆਪਣਾ ਪਿਆਰ ਸਿਖਾਇੰਦਾ । ਮੈਂ ਅਸਮਾਨ ਵਿਚ ਲਾਵਾਂ ਉਡਾਰ, ਤੇਰੇ ਚਰਨਾਂ ਕਿਉਂ ਨਹੀਂ ਮਸਤਕ ਲਾਇੰਦਾ । ਬਿਨ ਤੇਰੇ ਹੋਵਾਂ ਖ਼ਵਾਰ, ਦਰ ਨਜ਼ਰ ਕੋਇ ਨਾ ਆਇੰਦਾ । ਮੈਂ ਸੁਣਿਆ ਤੂੰ ਗ਼ਰੀਬਾਂ ਦਾ ਯਾਰ, ਨਿੱਕਿਆਂ ਬੱਚਿਆਂ ਮਾਣ ਦਿਵਾਇੰਦਾ । ਮੇਰੇ ਨੇਤਰ ਰੋਵਣ ਜ਼ਾਰੋ ਜ਼ਾਰ, ਜਿਨ੍ਹਾਂ ਨੇਤਰਾਂ ਨਾਲ ਆਪਣੀ ਖ਼ਾਕ ਉਡਾਇੰਦਾ । ਵੇਖੀਂ ਮੁੜ ਕੇ ਮੇਰੇ ਨਾਲ ਏਵੇਂ ਨਾ ਕਰੀਂ ਪਿਆਰ, ਦੋਏ ਜੋੜ ਵਾਸਤਾ ਪਾਇੰਦਾ । ਮੈਨੂੰ ਆਪਣੇ ਚਰਨਾਂ ਦੀ ਦੇਵੀਂ ਸੱਚੀ ਛਾਰ, ਮਸਤਕ ਟਿੱਕਾ ਇਕ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਾਜ਼ ਆਪਣੀ ਆਪ ਸਮਝਾਇੰਦਾ । ਗੋਬਿੰਦ ਕਹੇ ਸੁਣ ਬਾਜ਼, ਬਾਜ਼ਾਂ ਵਾਲਾ ਤੈਨੂੰ ਸਮਝਾਈਆ । ਏਸ ਜਨਮ ਦਾ ਤੇਰਾ ਕਾਜ, ਪੰਜ ਤੱਤ ਵਡਿਆਈਆ ।

ਪੀਰ ਪੈਗ਼ੰਬਰ ਸਾਹਿਬ ਸਤਿਗੁਰੂ ਮਹਾਰਾਜ, ਮਿਹਰਵਾਨ ਹੋਏ ਸਹਾਈਆ । ਤੇਰੀ ਰੱਖੇ ਲਾਜ, ਮੇਰਾ ਬੰਧਨ ਪਾਈਆ । ਸਚ ਉਡਾਰੀ ਧੁਰ ਦੀ ਆਵਾਜ਼, ਤੇਰਾ ਖੰਬ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬਾਜ਼ ਅੱਗੋਂ ਚਰਨੀ ਢੱਠ, ਆਪਣਾ ਮਾਣ ਗਵਾਈਆ । ਗੋਬਿੰਦ ਉਹ ਵੇਲਾ ਦੱਸ, ਜਿਸ ਵੇਲੇ ਮੇਲਾ ਲਏਂ ਮਿਲਾਈਆ । ਤੇਰੇ ਕੋਲੋਂ ਫੇਰ ਨਾ ਜਾਵਾਂ ਨੱਠ, ਵਿਛੋੜਾ ਕੋਇ ਨਜ਼ਰ ਨਾ ਆਈਆ । ਮੈਂ ਤੇਰਾ ਮਾਣਾਂ ਰਸ, ਤੂੰ ਮੇਰਾ ਸੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲ ਇਕੋ ਇਕ ਜਣਾਈਆ । ਗੋਬਿੰਦ ਕਹੇ ਸੁਣ ਬਾਜ਼ ਮਿੱਤਰ, ਮਿੱਤਰ ਪਿਆਰਾ ਜਣਾਈਆ । ਹੁਣ ਤੇਰਾ ਸ਼ਿਕਾਰ ਬਟੇਰਾ ਚਿੜੀਆਂ ਤਿਤਰ, ਫਿਰ ਲੱਖ ਚੁਰਾਸੀ ਵੇਖ ਵਖਾਈਆ । ਦੋ ਜਹਾਨ ਤੈਨੂੰ ਵੇਖਣ ਬਿਟਰ ਬਿਟਰ, ਤੇਰਾ ਭੇਵ ਕੋਇ ਨਾ ਪਾਈਆ । ਤੇਰਾ ਗੋਬਿੰਦ ਸਚ ਦਵਾਰਿਉਂ ਆਏ ਨਿਕਲ, ਰੂਪ ਰੰਗ ਰੇਖ ਨਾ ਕੋਇ ਜਣਾਈਆ । ਨਾਮ ਖੰਡਾ ਧੁਰ ਦਰਗਾਹੋਂ ਹੋਏ ਸਿਕਲ, ਕਾਰੀਗਰ ਨਾ ਕੋਇ ਬਣਾਈਆ । ਨਾ ਕੋਈ ਸੋਨਾ ਰੁਪਾ ਚਾਂਦੀ ਲਾਏ ਪਿੱਤਲ, ਲੋਹਾਰ ਤਰਖਾਣ ਨਾ ਦੇਵੇ ਕੋਈ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਬਾਜ਼ ਇਕੋ ਇਕ ਜਣਾਈਆ । ਬਾਜ਼ ਕਹੇ ਮੈਂ ਤੱਕਾਂ ਰਾਹ, ਇਕ ਧਿਆਨ ਲਗਾਇਆ । ਵੇਖੀਂ ਲੱਖ ਚੁਰਾਸੀ ਨਾ ਪਾਈਂ ਫਾਹ, ਤੇਰੀ ਓਟ ਤਕਾਇਆ । ਮੈਂ ਪੰਛੀ ਬੇਗੁਨਾਹ, ਪੰਖੀ ਹੋ ਕੇ ਸੇਵ ਤੇਰੀ ਕਮਾਇਆ । ਮੈਂ ਅੱਖੀਂ ਦਰਸਨ ਕਰਾਂ ਆ, ਨਿਜ ਨੇਤਰ ਧਿਆਨ ਲਗਾਇਆ । ਸਿਰ ਰੱਖੀਂ ਠੰਡੀ ਛਾਂ, ਇਕ ਤੇਰੀ ਓਟ ਜਣਾਇਆ । ਤੂੰ ਪਕੜੀਂ ਮੇਰੀ ਬਾਂਹ, ਦੋਏ ਜੋੜ ਵਾਸਤਾ ਪਾਇਆ । ਮੇਰਾ ਪਿਛਲਾ ਬਖ਼ਸ਼ੀਂ ਗੁਨਾਹ, ਮੈਂ ਤੇਰੇ ਸੀਸ ਉਤੇ ਆਪਣਾ ਆਪ ਝੁਲਾਇਆ । ਅੰਤਮ ਦੋਏ ਜੋੜ ਮੰਗਾਂ ਪਨਾਹ, ਚਰਨ ਕਵਲ ਧਿਆਨ ਰਖਾਇਆ । ਵੇਖੀਂ ਮੈਨੂੰ ਨਾ ਦੇਵੀਂ ਸਜ਼ਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭੇਵ ਆਪਣੇ ਵਿਚ ਰਖਾਇਆ । ਗੋਬਿੰਦ ਕਹੇ ਜਗਤ ਬਾਜ਼, ਤੇਰੀ ਬਾਜ਼ੀ ਦਏ ਉਲਟਾਈਆ । ਗੋਬਿੰਦ ਨਿਰਗੁਣ ਹੋ ਕੇ ਕਰੇ ਕਾਜ, ਨਿਰਗੁਣ ਤੇਰੀ ਧਾਰ ਚਲਾਈਆ । ਪੁਰਖ ਅਕਾਲ ਮਾਰ ਆਵਾਜ਼, ਦੋਹਾਂ ਲਏ ਮਿਲਾਈਆ । ਤੂੰ ਮੇਰੀ ਵੇਖੀ ਕਲਗ਼ੀ ਮੈਂ ਤੈਨੂੰ ਵਖਾਵਾਂ ਤਾਜ, ਤਾਜ ਇਕੋ ਨਜ਼ਰੀ ਆਈਆ । ਤੂੰ ਸਦਾ ਸੁਣੀਂ ਮੇਰੀ ਆਵਾਜ਼, ਸਚ ਸੰਦੇਸਾ ਦਿਆਂ ਜਣਾਈਆ । ਜਿਨ੍ਹਾਂ ਹੱਥਾਂ ਉਤੇ ਰੱਖ ਕੇ ਤੈਨੂੰ ਕਰਿਆ ਜਗਤ ਕਾਜ, ਤੇਰੇ ਕੋਲੋਂ ਆਪਣਾ ਲੇਖਾ ਲਵਾਂ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਬਾਜ਼ ਦਏ ਵਡਿਆਈਆ । ਬਾਜ਼ ਕਹੇ ਗੋਬਿੰਦ ਦੱਸ ਸਚ, ਕੀ ਵਿਚ ਭੇਦ ਰਖਾਇਆ । ਮੈਂ ਤੇਰੇ ਉਤੇ ਰਿਹਾ ਨੱਚ, ਆਪਣਾ ਸਾਂਗ ਵਰਤਾਇਆ । ਤੂੰ ਜੋਧਾ ਸੂਰਬੀਰ ਹੋ ਕੇ ਰੱਖਿਆ ਹਠ, ਮੇਰਾ ਮਾਣ ਵਧਾਇਆ । ਮੈਂ ਚੌਤੀ ਸਾਲ ਤੇਰੇ ਚਰਨਾਂ ਨਾ ਗਿਆ ਢੱਠ, ਮੂਰਖ ਮੁਗਧ ਮੂੜ੍ਹ ਅਖਵਾਇਆ । ਕਵਣ ਵੇਲਾ ਮੇਰਾ ਪਿਛਲਾ ਲੇਖਾ ਦਏਂ ਕੱਟ, ਕਟਾਕਸ਼ ਆਪਣਾ ਨਾਮ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਖੇਲ ਜਣਾਇਆ । ਤੇਰਾ ਪਿਛਲਾ ਲੇਖਾ ਕੱਟਾਂਗਾ । ਆਪਣੀ ਕਰਨੀਉਂ ਕਦੇ ਨਾ ਹਟਾਂਗਾ । ਫੜ ਚਰਨਾਂ ਉਤੇ ਸੱਟਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਬਾਜ਼ ਇਕੋ ਦਵਾਰੇ ਰੱਖਾਂਗਾ । ਗੋਬਿੰਦ ਬਾਜ਼ ਦੋਵੇਂ ਨਜ਼ਰ ਨਾ ਔਂਦੇ, ਹਰਿ ਸ਼ਬਦੀ ਰੂਪ ਵਟਾਈਆ । ਪੁਰਖ ਅਕਾਲ ਦਾ ਢੋਲਾ ਗੌਂਦੇ,

ਵੱਜੇ ਨਾਮ ਵਧਾਈਆ । ਭਗਤ ਭਗਵਾਨ ਮੇਲ ਮਿਲੌਂਦੇ, ਘਰ ਘਰ ਫੇਰਾ ਪਾਈਆ । ਨਾਮ ਉਡਾਰੀ ਇਕ ਰਖੌਂਦੇ, ਬਣ ਪਾਂਧੀ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਬਾਜ਼ ਗੋਬਿੰਦ ਦਏ ਜਣਾਈਆ । ਗੋਬਿੰਦ ਬਾਜ਼ ਪਹਿਲੀ ਚੇਤਰ ਦੇਵੇ ਦੱਸ, ਕਵਣ ਰੂਪ ਵਟਾਈਆ । ਚੌਥੀ ਮੰਜ਼ਲ ਜਾਏ ਢੱਠ, ਚੜ੍ਹ ਚਰਨਾਂ ਸੀਸ ਨਿਵਾਈਆ । ਮੇਰਾ ਪਿਛਲਾ ਲੇਖਾ ਕੱਟ, ਅੱਗੇ ਦੁੱਖ ਰਹੇ ਨਾ ਰਾਈਆ । ਪਰੇਮ ਪਿਆਰ ਦੀ ਮਾਰ ਚਪਟ, ਝਪਟ ਇਕੋ ਇਕ ਦਰਸਾਈਆ । ਬਿਨ ਢਾਹਿਆਂ ਜਾਵਾਂ ਢੱਠ, ਜਿਤ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਗਤ ਬਾਜ਼ ਰੱਖੇ ਲਾਜ, ਗੁਰਮੁਖ ਸਾਚੇ ਮਾਣਸ ਰੂਪ ਵਟਾਈਆ । ਜੀਵਣ ਵਿਚ ਬਦਲੇ ਜੀਵਣ, ਜੀਵਣ ਯੁਗਤ ਵਡਿਆਈਆ । ਨਾਮ ਰਸ ਅੰਮ੍ਰਿਤ ਪੀਣ ਪੀਵਣ, ਪੀ ਪੀ ਖ਼ੁਸ਼ੀ ਵਖਾਈਆ । ਸਰਨਾਈ ਸਦਾ ਥੀਵਣ, ਮਾਣ ਅਭਿਮਾਨ ਮਿਟਾਈਆ । ਚਰਨ ਕਵਲ ਗੁਰ ਸਾਚੇ ਨੀਵਣ, ਨਿਉਂ ਨਿਉਂ ਲਾਗਣ ਪਾਈਆ । ਸਾਚਾ ਬੀਜ ਨਾਮ ਬੀਵਣ, ਪੱਤ ਡਾਲੀ ਫੁਲ ਮਹਿਕਾਈਆ । ਨਾਤਾ ਤੁਟੇ ਸਾਵੇ ਤਿੰਨ ਹੱਥ ਸੀਮਨ, ਸਾਹਿਬ ਸਤਿਗੁਰ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਿਛਲਾ ਦੁਖ ਮੇਟ ਕਰੇ ਸੁਰਜੀਤ, ਸਰਜੀਤ ਪ੍ਰਭ ਚਰਨ ਹੋਏ ਅਤੀਤ, ਤ੍ਰੈਗੁਣ ਤੀਨੋਂ ਤਾਪ ਰਹਿਣ ਨਾ ਪਾਈਆ ।

## ❇ ੨੩ ਫੱਗਣ ੨੦੧੯ ਬਿਕ੍ਰਮੀ ਪ੍ਰੀਤਮ ਸਿੰਘ ਦੇ ਗ੍ਰਿਹ ਕਿਰਕੀ ਪੂਨਾ ❇



ਹਰਿ ਨਾਮ ਕਹੇ ਮੇਰੀ ਹੋਈ ਖ਼ਵਾਰੀ, ਕਲ ਸਾਰ ਕਿਸੇ ਨਾ ਪਾਈਆ । ਚਾਰੋਂ ਕੁੰਟ ਕੂੜੀ ਯਾਰੀ, ਸਚ ਪਿਆਰ ਨਾ ਕੋਇ ਰਖਾਈਆ । ਤੇਰੀ ਭੁੱਲੀ ਪ੍ਰਭੂ ਸਿਕਦਾਰੀ, ਭੈ ਸੀਸ ਨਾ ਕੋਇ ਰਖਾਈਆ । ਮੇਰੀ ਲਏ ਨਾ ਕੋਇ ਖ਼ੁਮਾਰੀ, ਜਗਤ ਵਾਸਨਾ ਰਸ ਵਡਿਆਈਆ । ਮੈਂ ਬੈਠਾ ਬੰਦ ਕਵਾੜੀ, ਮੇਰਾ ਕੁੰਡਾ ਨਾ ਕੋਇ ਖੁਲ੍ਹਾਈਆ । ਜਗਤ ਜੀਵ ਖੇਲਣ ਖੇਲ ਨਵ ਦਵਾਰੀ, ਆਪ ਆਪਣਾ ਰੰਗ ਰੰਗਾਈਆ । ਜਿਧਰ ਵੇਖਾਂ ਰੈਣ ਅੰਧਿਆਰੀ, ਸਾਚਾ ਨੂਰ ਨਾ ਕੋਇ ਰੁਸ਼ਨਾਈਆ । ਕਰ ਕਿਰਪਾ ਤੇਰੇ ਚਰਨ ਜਾਵਾਂ, ਬਲਹਾਰੀ, ਬਲ ਆਪਣਾ ਆਪ ਧਰਾਈਆ । ਸਾਚਾ ਮੰਦਰ ਵਸਾ ਅਟਾਰੀ, ਮਿਹਰ ਨਜ਼ਰ ਉਠਾਈਆ । ਬਣ ਵਣਜਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਇਕੋ ਮੰਗ ਮੰਗਾਈਆ । ਨਾਮ ਕਹੇ ਮੇਰਾ ਕੋਈ ਨਾ ਕੰਮ, ਨਕੰਮਾ ਨਜ਼ਰੀ ਆਇੰਦਾ । ਕੋਈ ਨਾ ਸੁਣੇ ਰਾਗ ਕੰਨ, ਧਿਆਨ ਧਿਆਨ ਨਾ ਕੋਇ ਵਖਾਇੰਦਾ । ਜੇ ਸਾਹਿਬ ਮੈਂ ਤੇਰੇ ਘਰ ਪਿਆ ਜੰਮ, ਕਿਉਂ ਮੈਥੋਂ ਮੁਖ ਛੁਪਾਇੰਦਾ । ਆ ਵੇਖ ਮੇਰੇ ਭਗਵਨ, ਮੈਂ ਤੇਰਾ ਰਾਹ ਤਕਾਇੰਦਾ । ਸ੍ਰਿਸ਼ਟ ਸਬਾਈ ਹੋਈ ਨਾਦਾਨ, ਨੇਤਰ ਅੱਖ ਨਾ ਕੋਇ ਖੁਲ੍ਹਾਇੰਦਾ । ਲੋਕਮਾਤ ਕਰੇ ਨਾ ਕੋਇ ਪਹਿਚਾਨ, ਬੇਮੁਖ ਜੀਵ ਨਜ਼ਰੀ ਆਇੰਦਾ । ਮੇਰੇ ਪਿਛੇ ਤੈਨੂੰ ਆਵੇ ਹਾਣ, ਤੇਰੀ ਸਿਫ਼ਤ ਨਾ ਕੋਇ ਸਾਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਚ ਵਰ, ਚਰਨ ਕਵਲ ਆਸ ਰਖਾਇੰਦਾ । ਨਾਮ ਕਹੇ ਮੈਂ ਗਿਆ ਲੁੱਟ, ਹੱਟ ਨਜ਼ਰ ਨਾ ਆਈਆ । ਮੈਨੂੰ ਕੋਈ ਨਾ ਕਹੇ ਤੇਰਾ ਪੁੱਤ, ਮਾਣ ਤਾਣ ਨਾ ਕੋਇ ਵਡਿਆਈਆ । ਤੂੰ ਡੂੰਘੀ ਕੰਦਰ ਦਿਤਾ ਸੁੱਟ, ਅੰਦਰ ਮਿਲਣ ਕੋਇ ਨਾ ਆਈਆ । ਮੈਂ ਗੁਰ ਅਵਤਾਰਾਂ ਪੀਰ ਪੈਗੰਬਰਾਂ ਲਿਆ ਪੁੱਛ, ਅੰਤਮ

੧੦੨੮ ੧੩

ਮਿਲੋ ਆਪਣੇ ਸਾਕ ਸੱਜਣ ਭੈਣ ਭਾਈਆ । ਜੇਹੜੇ ਸੀਸ ਨਵੌਂਦੇ ਰਹੇ ਝੁਕ, ਕਿਧਰ ਗਏ ਪਾਂਧੀ ਰਾਹੀਆ । ਜਿੰਨਾਂ ਚਿਰ ਨਾ ਪਵੇਂ ਉਠ, ਪ੍ਰਭ ਆਪਣਾ ਬਲ ਧਰਾਈਆ । ਕਿਰਪਾ ਕਰ ਨਾ ਫੜੇਂ ਗੁਟ, ਆਪ ਆਪਣੀ ਖੇਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦੇਵਣਹਾਰ ਇਕ ਗੁਸਾਈਂਆ । ਹਰਿ ਨਾਮ ਕਹੇ ਮੇਰੀ ਖ਼ੁੱਸੀ ਪੂੰਜੀ, ਖ਼ਜ਼ਾਨਾ ਨਜ਼ਰ ਕੋਇ ਨਾ ਆਈਆ । ਤੂੰ ਸੰਤਾਂ ਹੱਥ ਦਿਤੀ ਕੁੰਜੀ, ਕਲਜੁਗ ਸੰਤ ਧੀਆਂ ਭੈਣਾਂ ਰਹੇ ਹੰਢਾਈਆ । ਕੂੜੀ ਕਿਰਿਆ ਖਾਣ ਜਗਤ ਰਸਨਾ ਚੁੰਜੀਂ, ਬੱਤੀ ਦੰਦ ਹੋਏ ਹਲਕਾਈਆ । ਮੇਰੀ ਰਮਜ਼ ਨਾ ਜਾਣੇ ਕੋਇ ਗੁਝੀ, ਭੇਵ ਅਭੇਦ ਨਾ ਕੋਇ ਸਮਝਾਈਆ । ਕੂੜੀ ਕਿਰਿਆ ਜਗਤ ਵਾਸਨਾ ਰੁਝੀ, ਮਾਇਆ ਮਮਤਾ ਨਾਲ ਮਿਲਾਈਆ । ਮੇਰੀ ਨਿਸ਼ਾਨੀ ਨਾ ਕਿਸੇ ਬੁੱਝੀ, ਪੜਦਾ ਸਕੇ ਨਾ ਕੋਇ ਉਠਾਈਆ । ਠੱਗ ਚੋਰ ਯਾਰ ਪਾਵਣ ਲੁੱਡੀ, ਗੁਰਮੁਖ ਬੈਠੇ ਮੁਖ ਛੁਪਾਈਆ । ਸਭ ਦੀ ਮਾਰੀ ਗਈ ਬੁੱਧੀ, ਬੁਧ ਬਿਬੇਕ ਨਾ ਕੋਇ ਕਰਾਈਆ । ਕਿਉਂ ਮੈਨੂੰ ਬੰਦ ਕੀਤਾ ਕਾਇਆ ਕੁਜੀ, ਉਪਰ ਆਪਣਾ ਪਰਦਾ ਪਾਈਆ । ਪਿਛਲੀ ਔਧ ਸਭ ਦੀ ਪੁੱਜੀ, ਲੇਖਾ ਕੋਇ ਰਹਿਣ ਨਾ ਪਾਈਆ । ਹੁਣ ਆਪਣੀ ਜੋਤ ਕਰ ਉਘੀ, ਉਦੇ ਅਸਤ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਦੇਣਾ ਜਣਾਈਆ । ਹਰਿ ਨਾਮ ਕਹੇ ਮੈਂ ਹੋਇਆ ਹੈਰਾਨ, ਹੈਰਾਨਗੀ ਬੰਦ ਨਾ ਕੋਇ ਕਰਾਈਆ । ਚਾਰੋਂ ਕੁੰਟ ਜੀਵ ਸ਼ੈਤਾਨ, ਸ਼ਰਅ ਕਰਨ ਪੜ੍ਹਾਈਆ । ਅੰਤਰ ਵੇਖੇ ਨਾ ਕੋਈ ਮਾਰ ਧਿਆਨ ਆਪਾ ਚੀਨ ਨਾ ਕੋਇ ਜਣਾਈਆ । ਮੇਰੀ ਕਰੇ ਨਾ ਕੋਈ ਪਹਿਚਾਨ, ਭਰਮੇ ਭੁੱਲੀ ਸਰਬ ਲੋਕਾਈਆ । ਪ੍ਰਭੂ ਮੇਰੇ ਪਿਛੇ ਤੇਰੀ ਹੋ ਜਾਊ ਬੰਦ ਦੁਕਾਨ, ਲੋਕਮਾਤ ਤੇਰਾ ਨਾਮ ਨਾ ਕੋਇ ਧਿਆਈਆ । ਜੇ ਸੁੱਤਾ ਰਿਹੋਂ ਬਣ ਅਞਾਣ, ਗ਼ਫ਼ਲਤ ਆਲਸ ਨਿੰਦਰਾ ਇਕ ਰਖਾਈਆ । ਮਿਟ ਜਾਊ ਤੇਰਾ ਨਿਸ਼ਾਨ, ਤੇਰੀ ਆਣ ਨਾ ਕੋਇ ਰਖਾਈਆ । ਤੂੰ ਮੇਰਾ ਸੰਦੇਸਾ ਕਰ ਪਰਵਾਨ, ਅੱਖੀਂ ਵੇਖਿਆ ਹਾਲ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਆਪਣਾ ਦੇਣਾ ਖੁਲ੍ਹਾਈਆ ।



੧੦੨੯
੧੩

### ❇ ੨੩ ਫੱਗਣ ੨੦੧੯ ਬਿਕ੍ਰਮੀ ਪਿਆਰਾ ਸਿੰਘ ਦੇ ਗ੍ਰਿਹ ਕਿਰਕੀ ਪੂਨਾ ❇

ਹਰਿ ਨਾਮ ਤੇਰਾ ਵੱਜੇ ਨਾਦ, ਸ੍ਰੀ ਭਗਵਾਨ ਆਪ ਜਣਾਇੰਦਾ । ਮਿਲੇ ਵਡਿਆਈ ਬ੍ਰਹਮ ਬ੍ਰਹਿਮਾਦ, ਲੱਖ ਚੁਰਾਸੀ ਧਿਆਨ ਲਗਾਇੰਦਾ । ਮੇਟ ਮਿਟਾਏ ਕਲਜੁਗ ਵਾਦ ਵਿਵਾਦ, ਸਤਿਜੁਗ ਸਾਚਾ ਰਾਹ ਵਖਾਇੰਦਾ । ਸ੍ਰਿਸ਼ਟ ਸਬਾਈ ਢੋਲਾ ਗਾਏ ਬੋਧ ਅਗਾਧ, ਆਤਮ ਪਰਮਾਤਮ ਆਪ ਸਮਝਾਇੰਦਾ । ਚਾਰ ਵਰਨ ਬਣਾਏ ਸਾਂਝ, ਸਗਲਾ ਸੰਗ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਪੜਦਾ ਆਪ ਚੁਕਾਇੰਦਾ । ਸਚ ਨਾਮ ਤੇਰਾ ਵੱਜੇ ਢੋਲ, ਸੋ ਪੁਰਖ ਨਿਰੰਜਣ ਆਪ ਵਜਾਈਆ । ਸਚ ਦਵਾਰਾ ਦੇਵੇ ਖੋਲ੍ਹ, ਨੌਂ ਖੰਡ ਪ੍ਰਿਥਮੀ ਦਏ ਵਖਾਈਆ । ਨਿਰਗੁਣ ਤੋਲੇ ਸਰਗੁਣ ਤੋਲ, ਤੋਲਣਹਾਰਾ ਫੇਰਾ ਪਾਈਆ । ਆਪ ਚੁਕਾਏ ਪੜਦਾ ਓਹਲ, ਦੂਈ ਦਵੈਤੀ ਦਏ ਮਿਟਾਈਆ । ਘਟ ਘਟ ਅੰਦਰ ਜਾਏ ਮੌਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਸਾਚੇ ਨਾਮ ਤੇਰੀ ਗਾਇਣ ਗਾਥਾ, ਜੀਵ

ਜੰਤ ਪੜ੍ਹਾਈਆ । ਚਾਰੋਂ ਕੁੰਟ ਤੇਰਾ ਸਾਕਾ, ਅਕਥ ਕਥਾ ਸਮਝਾਈਆ । ਆਤਮ ਪਰਮਾਤਮ ਪਰਮਾਤਮ ਆਤਮ ਹੋਏ ਪੂਜਾ ਪਾਠਾ, ਹਵਨ ਇਕੋ ਇਕ ਵਖਾਈਆ । ਘਰ ਘਰ ਨਜ਼ਰੀ ਆਏ ਪੁਰਖ ਸਮਰਾਥਾ, ਮਿਹਰਵਾਨ ਫੇਰਾ ਪਾਈਆ । ਹੋਏ ਸਹਾਈ ਨਾਥ ਅਨਾਥਾਂ, ਦੀਨਨ ਆਪਣੇ ਗਲੇ ਲਗਾਈਆ । ਨਾਤਾ ਤੋੜ ਜ਼ਾਤ ਪਾਤਾਂ, ਊਚਾਂ ਨੀਚਾਂ ਏਕਾ ਦਰ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਮਾਣ ਵਡਿਆਈਆ । ਸਚ ਨਾਮ ਤੇਰਾ ਹੋਏ ਗੀਤ, ਗੋਬਿੰਦ ਆਪ ਜਣਾਈਆ । ਘਰ ਘਰ ਵਿਚ ਮੱਕਾ ਕਾਅਬਾ ਨਜ਼ਰ ਆਏ ਮਸੀਤ, ਸ਼ਿਵਦਵਾਲਾ ਮੱਠ ਮੰਦਰ ਇਕੋ ਇਕ ਜਣਾਈਆ । ਜੀਵ ਜੰਤ ਕਾਇਆ ਹੋਏ ਠੰਡੀ ਸੀਤ, ਮੇਲਾ ਤੇਰਾ ਸਹਿਜ ਸੁਭਾਈਆ । ਘਰ ਨਜ਼ਰ ਆਏ ਅਤੀਤ, ਤ੍ਰੈਗੁਣ ਡੇਰਾ ਦੇਵੇ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਮਾਣ ਵਡਿਆਈਆ । ਹਰਿ ਨਾਮ ਪ੍ਰਭ ਦੇਵੇ ਮਾਣ, ਅਭਿਮਾਨ ਨਾ ਕੋਇ ਰਖਾਇੰਦਾ । ਸਤਿ ਧਰਮ ਦਾ ਝੁੱਲੇ ਨਿਸ਼ਾਨ, ਧੁਰਦਰਗਾਹੀ ਆਪ ਝੁਲਾਇੰਦਾ । ਵਰਨਾਂ ਬਰਨਾਂ ਇਕ ਗਿਆਨ, ਢੋਲਾ ਇਕੋ ਇਕ ਜਣਾਇੰਦਾ । ਇਕੋ ਦਰ ਸਰਬ ਪਰਨਾਮ, ਨਮੋ ਨਮੋ ਸਰਬ ਸਮਝਾਇੰਦਾ । ਇਕੋ ਕਲਮਾ ਦੱਸੇ ਕਲਾਮ, ਮਿਹਰਵਾਨ ਇਕੋ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਨਾਮ ਤੇਰਾ ਰੰਗ ਵਖਾਇੰਦਾ । ਹਰਿ ਨਾਮ ਤੇਰਾ ਰੰਗ ਅਪਾਰ, ਪੰਜ ਤੱਤ ਕਾਇਆ ਚੋਲੀ ਦਏ ਚੜ੍ਹਾਈਆ । ਘਰ ਘਰ ਵੱਜੇ ਨਾਮ ਸ਼ਬਦ ਧੁਨਕਾਰ, ਅਨਹਦ ਰਾਗੀ ਰਾਗ ਸੁਣਾਈਆ । ਕੂੜੀ ਕਿਰਿਆ ਕਰੇ ਪਾਰ ਕਿਨਾਰ, ਮਾਇਆ ਮਮਤਾ ਹਉਮੇਂ ਹੰਗਤਾ ਡੇਰਾ ਢਾਹੀਆ । ਸਚ ਵਸਾਏ ਇਕ ਦਰਬਾਰ, ਜਿਸ ਦਰ ਤੇਰਾ ਡੇਰਾ ਲਾਈਆ । ਦੋ ਜਹਾਨ ਵੱਜੇ ਨਗਾਰ, ਪੁਰੀਆਂ ਲੋਆਂ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਾਮ ਇਕੋ ਇਕ ਪਰਗਟਾਈਆ । ਨਾਮ ਪਰਗਟਾਏ ਲੋਕਮਾਤ, ਨਿਰਵੈਰ ਪੁਰਖ ਦਇਆ ਕਮਾਈਆ । ਜਨ ਭਗਤਾਂ ਦੇਵੇ ਆਪਣੀ ਦਾਤ, ਦਾਤਾ ਦਾਨੀ ਝੋਲੀ ਪਾਈਆ । ਕਲਜੁਗ ਅੰਤਮ ਪੁਛੇ ਵਾਤ, ਬੇਪਰਵਾਹ ਹੋਏ ਸਹਾਈਆ । ਚਾਰ ਵਰਨ ਬਣਾ ਇਕ ਜਮਾਤ, ਕਰੇ ਸਤਿ ਪੜ੍ਹਾਈਆ । ਤੇਰੀ ਪੁਛਣਹਾਰਾ ਵਾਤ, ਨਿਰਗੁਣ ਆਪਣਾ ਫੇਰਾ ਪਾਈਆ । ਜੋਤੀ ਨੂਰ ਕਰੇ ਪਰਕਾਸ਼, ਅਗਿਆਨ ਅੰਧੇਰ ਮਿਟਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰੋੜ ਤੇਤੀਸਾ ਗਾਏ ਤੇਰੀ ਗਾਥ, ਸੁਰਪਤ ਇੰਦ ਦਰ ਦਰ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਨਾਮ ਲਏ ਪਰਗਟਾਈਆ । ਸਾਚਾ ਨਾਮ ਪਰਗਟਾਏ ਸ੍ਰੀ ਭਗਵਾਨ, ਸਤਿਜੁਗ ਸਾਚਾ ਮਾਣ ਰਖਾਇੰਦਾ । ਪੰਜ ਤੱਤ ਨਾ ਕੋਇ ਪਰਧਾਨ, ਸਚ ਪਰਧਾਨਗੀ ਇਕ ਕਮਾਇੰਦਾ । ਨਜ਼ਰੀ ਆਏ ਸ੍ਰੀ ਭਗਵਾਨ, ਦੂਜਾ ਇਸ਼ਟ ਨਾ ਕੋਇ ਰਖਾਇੰਦਾ । ਢੋਲਾ ਗਾਏ ਜੀਵ ਜਹਾਨ, ਸੋਹਲਾ ਤੇਰਾ ਨਾਮ ਸੁਣਾਇੰਦਾ । ਸੋਹੰ ਸ਼ਬਦ ਕਰ ਪਰਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਆਪ ਉਪਾਇੰਦਾ । ਸਾਚਾ ਨਾਮ ਉਪਾਏ ਆਪ, ਪ੍ਰਭ ਆਪਣੀ ਦਇਆ ਕਮਾਇੰਦਾ । ਲੱਖ ਚੁਰਾਸੀ ਜੀਵ ਜੰਤ ਇਕੋ ਜਾਪ, ਜੀਵਣ ਜੁਗਤ ਜਣਾਇੰਦਾ । ਕਾਇਆ ਮੰਦਰ ਅੰਦਰ ਹੋਏ ਪੂਜਾ ਪਾਠ, ਦੂਜਾ ਨਗਰ ਨਾ ਕੋਇ ਵਸਾਇੰਦਾ । ਸਾਢੇ ਤਿੰਨ ਹੱਥ ਮੰਦਰ ਵਖਾਏ ਤੀਰਥ ਤਾਟ, ਸਚ ਸਰੋਵਰ ਇਕ ਨੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੰਤਰ ਇਕੋ ਇਕ ਉਪਜਾਇੰਦਾ । ਸਚ ਨਾਮ ਤੇਰਾ ਮੰਤਰ ਮਾਤ, ਸ੍ਰੀ ਭਗਵਾਨ ਆਪ

ਉਪਜਾਈਆ । ਪਿਛਲਾ ਲੇਖਾ ਚੁਕੇ ਗਾਥ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਆਪਣੀ ਝੋਲੀ ਪਾਈਆ । ਸਤਿ ਧਰਮ ਦਾ ਇਕੋ ਪਾਠ, ਨਿਰਗੁਣ ਸਰਗੁਣ ਦਏ ਦ੍ਰਿੜਾਈਆ । ਘਰ ਘਰ ਹੋਵੇ ਪਾਰਬ੍ਰਹਮ ਬ੍ਰਹਮ ਪੂਜਾ ਪਾਠ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਆਪਣਾ ਹੱਥ ਟਿਕਾਈਆ । ਹਰਿ ਨਾਮ ਹੋਏ ਬਲਵਾਨ, ਸੋ ਪੁਰਖ ਨਿਰੰਜਣ ਆਪ ਬਣਾਇੰਦਾ । ਰਸਨਾ ਜਿਹਵਾ ਬੱਤੀ ਦੰਦ ਸਾਰੇ ਗਾਣ, ਅਜਪਾ ਜਾਪ ਆਪਣੀ ਕਾਰ ਜਣਾਇੰਦਾ । ਆਤਮ ਧੁਨ ਰਾਗ ਸੁਣਾਣ, ਮਧਰ ਰਸ ਇਕੋ ਇਕ ਵਖਾਇੰਦਾ । ਜੋਤੀ ਨੂਰ ਜਲਵਾ ਮਹਾਨ, ਸ਼ਹਿਨਸ਼ਾਹ ਇਕੋ ਨਜ਼ਰੀ ਆਇੰਦਾ । ਚਾਰ ਕੁੰਟ ਜਣਾਏ ਧੁਨਕਾਨ, ਦਹਿ ਦਿਸ਼ਾ ਰਾਗ ਅਲਾਇੰਦਾ । ਡੰਕਾ ਵੱਜੇ ਦੋ ਜਹਾਨ, ਜ਼ਿਮੀਂ ਅਸਮਾਨ ਭੇਵ ਖੁਲ੍ਹਾਇੰਦਾ । ਗਗਨ ਮੰਡਲ ਸਾਰੇ ਗਾਣ, ਪੁਰੀ ਲੋਅ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਇਕੋ ਨਾਮ ਇਕੋ ਇਸ਼ਟ, ਇਕ ਖੁਲ੍ਹਾਵਣਹਾਰਾ ਦ੍ਰਿਸ਼ਟ, ਸ੍ਰਿਸ਼ਟ ਲੇਖਾ ਇਕ ਚੁਕਾਇੰਦਾ ।

### ❇ ੨੩ ਫੱਗਣ ੨੦੧੯ ਬਿਕ੍ਰਮੀ ਗਿਆਨ ਸਿੰਘ ਦੇ ਗ੍ਰਹਿ ਕਿਰਕੀ ਪੂਨਾ ❇

ਹਰਿਨਾਮ ਤੇਰਾ ਹੋਏ ਜਸ, ਸਾਰ ਸ਼ਬਦ ਮਿਲੇ ਵਡਿਆਈਆ । ਸਰਗੁਣ ਹੋਵੇ ਤੇਰੇ ਵਸ, ਤੇਰੀ ਓਟ ਤਕਾਈਆ । ਤੇਰਾ ਮਿਲੇ ਇਕੋ ਰਸ, ਦੂਜਾ ਰਸ ਨਜ਼ਰ ਨਾ ਆਈਆ । ਭਗਤਾਂ ਮਿਲਾਵਾ ਹੱਸ ਹੱਸ, ਸ੍ਰੀ ਭਗਵਾਨ ਆਪ ਕਰਾਈਆ । ਤੇਰੀ ਧਾਰ ਕਰ ਪਰਗਟ, ਪਰਗਟ ਦਏ ਵਖਾਈਆ । ਤੇਰਾ ਖੋਲ੍ਹੇ ਸੱਚਾ ਹੱਟ, ਬਣ ਹਟਵਾਣਾ ਹੱਟ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਨਾਮ ਦਏ ਵਡਿਆਈਆ । ਸਚ ਨਾਮ ਤੇਰਾ ਤੁਲੇ ਤੋਲ, ਸਤਿਗੁਰ ਪੂਰਾ ਆਪ ਤੁਲਾਈਆ । ਤੇਰਾ ਦਵਾਰਾ ਦੇਵੇ ਖੋਲ੍ਹ, ਗ਼ਰੀਬ ਨਿਵਾਜਾ ਹੋਏ ਸਹਾਈਆ । ਵਰਨ ਬਰਨ ਵੱਜੇ ਢੋਲ, ਜੀਵ ਜੰਤ ਕਰੇ ਸ਼ਨਵਾਈਆ । ਭਗਤ ਭਗਵੰਤ ਵਸੇ ਕੋਲ, ਮੇਲ ਮਿਲਾਵਾ ਏਕਾ ਥਾਈਆ । ਤੂੰ ਰਹਿਣਾ ਅੰਤ ਅਡੋਲ, ਤੇਰਾ ਬੇੜਾ ਦਏ ਚਲਾਈਆ । ਤੇਰੀ ਵਸਤ ਅਨਮੋਲ, ਗੁਰਮੁਖਾਂ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪ ਕਮਾਈਆ । ਹਰਿਨਾਮ ਤੇਰਾ ਚੜ੍ਹੇ ਰੰਗ, ਰੰਗ ਸਤਿਗੁਰ ਆਪ ਰੰਗਾਇੰਦਾ । ਹਰਿਨਾਮ ਤੇਰਾ ਵੱਜੇ ਮਰਦੰਗ, ਪਰਮੇਸ਼ਵਰ ਆਪ ਵਜਾਇੰਦਾ । ਹਰਿਨਾਮ ਤੇਰਾ ਉਪਜੇ ਛੰਦ, ਹਰਿ ਸਤਿਗੁਰ ਢੋਲਾ ਗਾਇੰਦਾ । ਹਰਿਨਾਮ ਤੇਰਾ ਮਿਲੇ ਅਨੰਦ, ਹਰਿ ਸਤਿਗੁਰ ਅਨੰਦ ਵਖਾਇੰਦਾ । ਹਰਿ ਨਾਮ ਤੇਰਾ ਚੜ੍ਹੇ ਚੰਦ, ਹਰਿ ਸਤਿਗੁਰ ਆਪ ਚਮਕਾਇੰਦਾ । ਹਰਿਨਾਮ ਤੇਰੀ ਪੂਰੀ ਹੋਏ ਮੰਗ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਸੂਰਾ ਸਰਬੰਗ ਤੇਰਾ ਦਰ ਵਡਿਆਇੰਦਾ ।

### ❇ ੨੩ ਫੱਗਣ ੨੦੧੯ ਬਿਕ੍ਰਮੀ ਪਿਆਰਾ ਸਿੰਘ ਦੇ ਗ੍ਰਹਿ ਕਿਰਕੀ ਪੂਨਾ ❇

ਹਰਿ ਨਾਮ ਤੇਰੀ ਸਾਚੀ ਰੀਤ, ਸੋ ਪੁਰਖ ਨਿਰੰਜਣ ਆਪ ਚਲਾਇੰਦਾ । ਜਨ ਭਗਤਾਂ ਬੰਨ੍ਹ ਸਚ ਪ੍ਰੀਤ, ਪ੍ਰੀਤੀਵਾਨ ਆਪ ਸਮਝਾਇੰਦਾ । ਤੇਰਾ ਢੋਲਾ ਗਾਇਣ ਗੀਤ, ਸੋਹਲਾ ਇਕੋ ਇਕ ਵਡਿਆਇੰਦਾ । ਤੇਰਾ ਗ੍ਰਹਿ ਮੰਦਰ ਮਸੀਤ, ਗੁਰੂਦਵਾਰਾ ਇਕ ਵਖਾਇੰਦਾ । ਸੋ ਖੇੜਾ ਹੋਏ ਪਤਤ ਪੁਨੀਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੀ ਧਾਰ ਵਡਿਆਇੰਦਾ । ਹਰਿਨਾਮ ਕਹੇ ਮੇਰੇ ਭਗਵਾਨ, ਤੇਰੇ ਹੱਥ ਵਡਿਆਈਆ । ਮੈਂ ਬਾਲਾ ਨੱਢਾ ਬਾਲ ਅਵਾਣ, ਚਲੇ ਨਾ ਕੋਇ ਚਤਰਾਈਆ । ਕਲਜੁਗ ਭੁੱਲੇ ਜੀਵ ਜਹਾਨ, ਮੇਰੀ ਚਲੇ ਨਾ ਕੋਇ ਚਤਰਾਈਆ । ਮੰਦਰ ਮਸਜਦ ਸ਼ਿਵਦਵਾਲੇ ਮੱਠ ਹੋਏ ਹੈਰਾਨ, ਵੈਰੀ ਘਰ ਘਰ ਨਜ਼ਰੀ ਆਈਆ । ਤੇਰਾ ਮਿਲੇ ਨਾ ਸਚ ਨਿਸ਼ਾਨ, ਧੁਰ ਨਿਸ਼ਾਨ ਨਾ ਕੋਇ ਝੁਲਾਈਆ । ਕਾਗ਼ਜ਼ ਕਲਮ ਸ਼ਾਹੀ ਲਿਖਣਹਾਰੀ ਨੈਣ ਸ਼ਰਮਾਣ, ਨੇਤਰ ਰੋਵੇ ਮਾਰੇ ਧਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦਿਤਾ ਮਾਤ ਬਿਆਨ, ਆਪ ਆਪਣਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਤੁਧ ਬਿਨ ਮਿਲੇ ਨ ਕੋਇ ਵਡਿਆਈਆ । ਸ੍ਰੀ ਭਗਵਾਨ ਕਹੇ ਸਤਿ, ਸਤਿ ਸਤਿ ਦ੍ਰਿੜਾਇੰਦਾ । ਇਕੋ ਨਾਮ ਹੋਏ ਪਰਗਟ, ਪਾਰਬ੍ਰਹਮ ਪ੍ਰਭ ਆਪ ਪਰਗਟਾਇੰਦਾ । ਸਤਿਜੁਗ ਖੁਲ੍ਹਾਏ ਸਾਚਾ ਹਟ, ਘਰ ਇਕੋ ਇਕ ਵਖਾਇੰਦਾ । ਭਗਤਾਂ ਬੱਝੇ ਸਾਚਾ ਨਤ, ਨਾਤਾ ਬਿਧਾਤਾ ਜੋੜ ਜੁੜਾਇੰਦਾ । ਸ੍ਰਿਸ਼ਟ ਸਬਾਈ ਆਵੇ ਇਕੋ ਮਤ, ਮਨਮਤ ਮੇਟ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੇ ਨਾਮ ਤੋਹੇ ਵਡਿਆਇੰਦਾ । ਹਰਿਨਾਮ



ਕਹੇ ਮੈਂ ਨਿੱਕਾ ਬਾਲਾ, ਨਜ਼ਰ ਕਿਸੇ ਨਾ ਆਇੰਦਾ । ਕਾਇਆ ਵੜਿਆ ਡੂੰਘੀ ਧਰਮਸਾਲਾ, ਬੰਦ ਕਵਾੜੀ ਕੁੰਡਾ ਕੋਇ ਨਾ ਲਾਹਿੰਦਾ । ਰਸਨਾ ਜਿਹਵਾ ਬੱਤੀ ਦੰਦ ਕੋਟਨ ਕੋਟ ਹੱਥਾਂ ਨਾਲ ਫੇਰਦੇ ਮਾਲਾ, ਮਨ ਕਾ ਮਣਕਾ ਨਾ ਕੋਇ ਭਵਾਇੰਦਾ । ਤ੍ਰੈਗੁਣ ਮਾਇਆ ਕੋਇ ਨਾ ਤੋੜੇ ਤਾਲਾ, ਗ੍ਰਹਿ ਮੰਦਰ ਖੋਜ ਨਾ ਕੋਇ ਖੋਜਾਇੰਦਾ । ਮੈਂ ਕਲਜੁਗ ਅੰਤਮ ਹੋਇਆ ਬੇਹਾਲਾ, ਬਿਹਬਲ ਬਹਿ ਬਹਿ ਵਾਸਤਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਇੰਦਾ । ਸ੍ਰੀ ਭਗਵਾਨ ਹੋ ਮਿਹਰਵਾਨ, ਸਚ ਨਾਮ ਦ੍ਰਿੜਾਈਆ । ਕਲਜੁਗ ਕੂੜੀ ਕਿਰਿਆ ਮਿਟੇ ਨਿਸ਼ਾਨ, ਲੋਕਮਾਤ ਰਹਿਣ ਨਾ ਪਾਈਆ । ਸਤਿਜੁਗ ਸਤਿ ਹੋਏ ਪਰਧਾਨ, ਮਿਲੇ ਤੈਨੂੰ ਮਾਣ ਵਡਿਆਈਆ । ਭਗਤ ਤੇਰਾ ਢੋਲਾ ਗਾਣ, ਹੋਰ ਕਰਨ ਨਾ ਕੋਇ ਪੜ੍ਹਾਈਆ । ਸਾਚਾ ਮੰਦਰ ਸੋਹੇ ਸਚ ਮਕਾਨ, ਸਚ ਦਵਾਰ ਇਕ ਖੁਲ੍ਹਾਈਆ । ਜੀਵ ਜੰਤ ਸਾਧ ਸੰਤ ਲੱਖ ਚੁਰਾਸੀ ਸੁਣਨ ਤੇਰਾ ਫ਼ਰਮਾਨ, ਭੁੱਲ ਕੋਇ ਰਹਿਣ ਨਾ ਪਾਈਆ । ਤੇਰੇ ਨਾਮ ਵੱਜੇ ਧੁਨਕਾਨ, ਅਨਹਦ ਰਾਗੀ ਨਾਦ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਨਾਮ ਤੇਰਾ ਘਰ ਦਏ ਵਸਾਈਆ । ਹਰਿ ਨਾਮ ਤੇਰਾ ਵਸੇ ਘਰ, ਸੋ ਪੁਰਖ ਨਿਰੰਜਣ ਆਪ ਵਸਾਈਆ । ਨਿਰਗੁਣ ਸਰਗੁਣ ਖੁਲ੍ਹਾ ਦਰ, ਦਰ ਦਰਵਾਜ਼ਾ ਇਕ ਜਣਾਈਆ । ਸੰਤ ਸੁਹੇਲੇ ਸਾਚੇ ਫੜ, ਤੇਰਾ ਮੇਲ ਮਿਲਾਈਆ । ਨਿਰਭੌ ਚੁਕਾ ਭੈ ਡਰ, ਭੇਵ ਆਪਣਾ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਸ਼ਅੱਖਰ ਨਾਮ ਵੱਖਰ ਦੇਵਣਹਾਰ ਵਡਿਆਈਆ । ਅੱਖਰ ਨਾਮ ਕਹੇ ਨਿਸ਼ਅੱਖਰ ਦੱਸ, ਆਪਣਾ ਭੇਵ ਖੁਲ੍ਹਾਈਆ । ਨਿਸ਼ਅੱਖਰ ਕਹੇ ਅੱਖਰ ਮੇਰੇ ਵਸ, ਜੁਗ ਜੁਗ ਬਣਤ ਬਣਾਈਆ ।

ਦੋਹਾਂ ਦਾ ਦਾਤਾ ਪੁਰਖ ਸਮਰਥ, ਹੁਕਮੇ ਅੰਦਰ ਫਿਰਾਈਆ । ਕਲਜੁਗ ਅੰਤਮ ਹੋ ਪਰਗਟ, ਨਿਹਕਲੰਕਾ ਨਾਉਂ ਰਖਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਪਾਤਾਲ ਆਕਾਸ਼ ਗਗਨ ਜਿਮੀਂ ਅਸਮਾਨ ਵਿਸ਼ਨ ਬ੍ਰਹਮਾ ਸ਼ਿਵ ਕਰੋੜ ਤੇਤੀਸ ਗੁਰ ਅਵਤਾਰ ਪੀਰ ਪੈਗ਼ੰਬਰ ਮੁੱਲਾ ਸ਼ੇਖ਼ ਮਸਾਇਕ ਦਸਤਗੀਰ ਇਕੋ ਰਾਗ ਅਲਾਈਆ । ਦਾਤਾ ਦਾਨੀ ਗਹਿਰ ਗੰਭੀਰ ਗੁਣੀ ਗਹਿੰਦ ਪਰਵਰਦਿਗਾਰ, ਪਰਗਟੇ ਹੋ ਵਿਚ ਸੰਸਾਰ, ਲੇਖਾ ਸਭ ਦਾ ਦਏ ਮਿਟਾਈਆ । ਕਾਗ਼ਜ਼ ਕਲਮ ਸ਼ਾਹੀ ਨੇਤਰ ਰੋਵੇ ਜ਼ਾਰੋ ਜ਼ਾਰ, ਸਮੁੰਦ ਸਾਗਰ ਕਰੇ ਪੁਕਾਰ, ਧਰਨੀ ਧਰਤ ਧਵਲ ਉਜਾੜ ਪਹਾੜ ਡੂੰਘੀ ਕੰਦਰ ਫੋਲ ਫੁਲਾਈਆ । ਇਕੋ ਨਾਮ ਜਣਾਏ ਨਿਸ਼ਕਾਮ, ਸੋਹੰ ਢੋਲਾ ਜਗਤ ਵਿਚੋਲਾ ਆਦਿ ਜੁਗਾਦੀ ਪਾਰਬ੍ਰਹਮ ਬ੍ਰਹਮ ਜਣਾਏ ਆਪਣਾ ਬੋਲਾ, ਰਾਗ ਅਨਾਦ ਨਾਦ ਇਕੋ ਇਕ ਜਣਾਈਆ । ਤ੍ਰੈਗੁਣ ਅਤੀਤਾ ਸਚ ਸਵਾਮੀ ਹੋਏ ਤੋਲਾ, ਨਾਮ ਕੰਡਾ ਵਿਚ ਬ੍ਰਹਿਮੰਡਾ ਜੇਰਜ ਅੰਡਾ ਤੋਲ ਤੁਲਾਏ ਥਾਉਂ ਥਾਈਂਆ । ਦੀਨ ਦਿਆਲ ਸਦਾ ਬਖ਼ਸ਼ੰਦਾ, ਜਨ ਭਗਤਾਂ ਦੇਵੇ ਪਰਮਾਨੰਦਾ, ਗੁਰਮੁਖਾਂ ਰੱਖੇ ਸਦਾ ਠੰਡਾ, ਅੰਮ੍ਰਿਤ ਮੁਖ ਨਿਜ ਦਵਾਰ ਸਾਚਾ ਰਸ ਧਾਰ ਚੁਆਈਆ । ਕਲਜੁਗ ਅੰਤਮ ਵੇਖੇ ਕੰਢਾ, ਪਰਗਟ ਹੋ ਵਿਚ ਵਰਭੰਡਾ, ਨਾਮ ਉਠਾਏ ਸਾਚਾ ਖੰਡਾ, ਤੇਜ਼ ਧਾਰ ਰਖਾਏ ਚੰਡ ਪਰਚੰਡਾ, ਦੋ ਜਹਾਨਾਂ ਸ੍ਰੀ ਭਗਵਾਨਾ ਨੌਜਵਾਨਾ ਮਰਦ ਮਰਦਾਨਾ ਸਚ ਮਰਦਾਨਗੀ ਆਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਸਤਿ ਦੇਵੇ ਵਰ, ਸਚ ਨਾਮ ਵਸੇ ਘਰ, ਘਰ ਮੰਦਰ ਭਗਤ ਦਵਾਰ ਕਰ ਉਜਿਆਰ, ਨਿਰਗੁਣ ਦਵਾਰਾ ਹਰਿ ਨਿਰੰਕਾਰਾ, ਨਿਰਵੈਰ ਆਪਣੀ ਕਲ ਵਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਇਕ ਅਵਤਾਰ, ਜੁਗ ਜੁਗ ਖੇਲ ਕਰੇ ਅਪਾਰ, ਅਪਰੰਪਰ ਸਵਾਮੀ ਸਦਾ ਨਿਹਕਾਮੀ, ਨਿਹਚਲ ਧਾਮ ਇਕੋ ਇਕ ਵਸਾਈਆ ।



### ❇ ੨੩ ਫੱਗਣ ੨੦੧੯ ਬਿਕ੍ਰਮੀ ਗੁਰਬਖ਼ਸ਼ ਸਿੰਘ ਦੇ ਗ੍ਰਿਹਿ ਕਿਰਕੀ ਪੂਨਾ ❇

ਹਰਿ ਕਾ ਨਾਮ ਗੁਰਮੁਖ ਵੰਡ, ਹਰਿ ਸਤਿਗੁਰ ਝੋਲੀ ਪਾਇੰਦਾ । ਹਰਿ ਕਾ ਨਾਮ ਗੁਰਮੁਖ ਠੰਡ, ਹਰਿ ਸਤਿਗੁਰ ਆਪ ਵਰਤਾਇੰਦਾ । ਹਰਿ ਕਾ ਨਾਮ ਗੁਰਮੁਖ ਚੰਦ, ਹਰਿ ਸਤਿਗੁਰ ਆਪ ਚਮਕਾਇੰਦਾ । ਹਰਿ ਕਾ ਨਾਮ ਗੁਰਮੁਖ ਛੰਦ, ਹਰਿ ਸਤਿਗੁਰ ਆਪ ਸੁਣਾਇੰਦਾ । ਹਰਿ ਕਾ ਨਾਮ ਗੁਰਮੁਖ ਬਖ਼ਸ਼ੰਦ, ਹਰਿ ਬਖ਼ਸ਼ਸ਼ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਨਾਮ ਆਪ ਵਡਿਆਇੰਦਾ । ਹਰਿ ਕਾ ਨਾਮ ਗੁਰਮੁਖ ਮੇਲਾ, ਸ੍ਰੀ ਭਗਵਾਨ ਕਰਾਈਆ । ਹਰਿ ਕਾ ਨਾਮ ਸੱਜਣ ਸੁਹੇਲਾ, ਸ੍ਰੀ ਭਗਵਾਨ ਦਏ ਵਡਿਆਈਆ । ਹਰਿ ਕਾ ਨਾਮ ਧਰਮ ਰਾਏ ਦੀ ਕੱਟੇ ਜੇਲਾ, ਸ੍ਰੀ ਭਗਵਾਨ ਲੱਖ ਚੁਰਾਸੀ ਫੰਦ ਕਟਾਈਆ । ਹਰਿ ਕਾ ਨਾਮ ਆਤਮ ਪਰਮਾਤਮ ਚਾੜ੍ਹੇ ਤੇਲਾ, ਸ੍ਰੀ ਭਗਵਾਨ ਸਗਨ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਹਰਿ ਕਾ ਨਾਮ ਗੁਰਮੁਖ ਮੀਤ ਸੋ ਪੁਰਖ ਨਿਰੰਜਣ ਆਪ ਬਣਾਇੰਦਾ । ਹਰਿ ਕਾ ਨਾਮ ਗੁਰਸਿਖ ਰੀਤ, ਸੋ ਪੁਰਖ ਨਿਰੰਜਣ ਰਾਹ ਚਲਾਇੰਦਾ । ਹਰਿ ਕਾ ਨਾਮ ਗੁਰਮੁਖ ਪਰਖੇ ਨੀਤ, ਸੋ ਪੁਰਖ ਨਿਰੰਜਣ ਖੋਜ ਖੁਜਾਇੰਦਾ । ਹਰਿ ਕਾ ਨਾਮ ਗੁਰਸਿਖ ਗੀਤ ਸੋ ਪੁਰਖ ਨਿਰੰਜਣ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਹਰਿ ਕਾ ਨਾਮ ਗੁਰਮੁਖ ਰਸ, ਹਰਿ ਪੁਰਖ ਨਿਰੰਜਣ ਆਪ ਜਣਾਈਆ । ਹਰਿ ਕਾ ਨਾਮ ਗੁਰਮੁਖ ਵਸ, ਹਰਿ ਪੁਰਖ ਨਿਰੰਜਣ ਸੇਵ ਕਮਾਈਆ । ਹਰਿ ਕਾ ਨਾਮ ਗੁਰਮੁਖ ਦੱਸ, ਹਰਿ ਪੁਰਖ ਨਿਰੰਜਣ ਭੇਵ ਖੁਲ੍ਹਾਈਆ । ਹਰਿ ਕਾ ਨਾਮ ਗੁਰਮੁਖ ਘਟ, ਹਰਿ ਪੁਰਖ ਨਿਰੰਜਣ ਆਪ ਵਸਾਈਆ । ਹਰਿ ਕਾ ਨਾਮ ਗੁਰਮੁਖ ਤਟ, ਹਰਿ ਪੁਰਖ ਨਿਰੰਜਣ ਸਰੋਵਰ ਇਕ ਸੁਹਾਈਆ । ਹਰਿ ਕਾ ਨਾਮ ਗੁਰਮੁਖ ਹੱਟ, ਹਰਿ ਪੁਰਖ ਨਿਰੰਜਣ ਆਪ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਹਰਿ ਕਾ ਨਾਮ ਗੁਰਮੁਖ ਮੀਤ, ਏਕੰਕਾਰਾ ਆਪ ਰਖਾਇੰਦਾ । ਹਰਿ ਕਾ ਨਾਮ ਗੁਰਮੁਖ ਚੀਤ, ਹਰਿ ਨਿਰੰਕਾਰਾ ਆਪ ਵਸਾਇੰਦਾ । ਹਰਿ ਕਾ ਨਾਮ ਹੋ ਅਨਡੀਠ, ਹਰਿ ਨਿਰੰਕਾਰਾ ਗੁਰਮੁਖਾਂ ਅੰਦਰ ਆਪ ਟਿਕਾਇੰਦਾ । ਹਰਿ ਕਾ ਨਾਮ ਗੁਰਮੁਖ ਆਤਮ ਲਏ ਜੀਤ, ਏਕੰਕਾਰਾ ਪਰਮਾਤਮ ਆਪਣਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਖਲਾਇੰਦਾ । ਹਰਿ ਕਾ ਨਾਮ ਗੁਰਮੁਖ ਲਾਲ, ਆਦਿ ਨਿਰੰਜਣ ਕਰੇ ਰੁਸ਼ਨਾਈਆ । ਹਰਿ ਕਾ ਨਾਮ ਗੁਰਮੁਖ ਵਖਾਏ ਸੱਚੀ ਧਰਮਸਾਲ, ਆਦਿ ਨਿਰੰਜਣ ਅੰਧ ਅੰਧੇਰ ਮਿਟਾਈਆ । ਹਰਿ ਕਾ ਨਾਉਂ ਗੁਰਮੁਖ ਬਣੇ ਦਲਾਲ, ਆਦਿ ਨਿਰੰਜਣ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਹਰਿ ਕਾ ਨਾਮ ਗੁਰਮੁਖ ਵੇਸਾ, ਸ੍ਰੀ ਭਗਵਾਨ ਆਪ ਧਰਾਇੰਦਾ । ਹਰਿ ਕਾ ਨਾਮ ਗੁਰਮੁਖ ਦੇਸਾ, ਸ੍ਰੀ ਭਗਵਾਨ ਆਪ ਸੁਹਾਇੰਦਾ । ਹਰਿ ਕਾ ਨਾਮ ਗੁਰਮੁਖ ਨੇਤਾ, ਸ੍ਰੀ ਭਗਵਾਨ ਨਰੇਸ਼ ਇਕੋ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਹਰਿ ਕਾ ਨਾਮ ਗੁਰਮੁਖ ਸਾਗਰ, ਅਬਿਨਾਸ਼ੀ ਕਰਤਾ ਦਏ ਜਣਾਈਆ । ਹਰਿ ਕਾ ਨਾਮ ਗੁਰਮੁਖ ਭਾਗ ਲਗਾਏ ਕਾਇਆ ਗਾਗਰ, ਸ੍ਰੀ ਭਗਵਾਨ ਹੋਏ ਸਹਾਈਆ । ਹਰਿ ਕਾ ਨਾਮ ਗੁਰਮੁਖ ਸੌਦਾਗਰ, ਸ੍ਰੀ ਭਗਵਾਨ ਹੱਟ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਹਰਿ ਕਾ ਨਾਮ ਗੁਰਮੁਖ ਪਿਆਰ, ਪਾਰਬ੍ਰਹਮ ਪ੍ਰਭ ਆਪ ਕਰਾਇੰਦਾ । ਹਰਿ ਕਾ ਨਾਮ ਗੁਰਮੁਖ ਸ਼ੰਗਾਰ, ਪਾਰਬ੍ਰਹਮ ਪ੍ਰਭ ਵੇਖ ਵਖਾਇੰਦਾ । ਹਰਿ ਕਾ ਨਾਮ ਗੁਰਮੁਖ ਭੰਡਾਰ, ਪਾਰਬ੍ਰਹਮ ਪ੍ਰਭ ਆਪ ਵਰਤਾਇੰਦਾ । ਹਰਿ ਕਾ ਨਾਮ ਗੁਰਮੁਖ ਯਾਰ, ਪਾਰਬ੍ਰਹਮ ਪ੍ਰਭ ਬਣਤ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਆਪ ਮਿਲਾਇੰਦਾ । ਹਰਿ ਕਾ ਨਾਉਂ ਗੁਰਮੁਖ ਧਰਮ, ਬ੍ਰਹਮ ਆਪਣਾ ਭੇਵ ਜਣਾਈਆ । ਹਰਿ ਕਾ ਨਾਉਂ ਗੁਰਮੁਖ ਕਰਮ, ਬ੍ਰਹਮ ਵੇਖੇ ਥਾਉਂ ਥਾਈਂਆ । ਹਰਿ ਕਾ ਨਾਉਂ ਗੁਰਮੁਖ ਵਰਨ, ਬ੍ਰਹਮ ਵੰਡ ਨਾ ਕੋਇ ਵੰਡਾਈਆ । ਹਰਿ ਕਾ ਨਾਉਂ ਗੁਰਮੁਖ ਸਰਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਸਰਨਾਈਆ । ਹਰਿ ਕਾ ਨਾਉਂ ਗੁਰਮੁਖ ਮਰਦੰਗ, ਸ਼ਬਦੀ ਨਾਦ ਵਜਾਇੰਦਾ । ਹਰਿ ਕਾ ਨਾਉਂ ਗੁਰਮੁਖ ਅੰਗ, ਗੁਰ ਗੁਰ ਆਪਣੀ ਗੋਦ ਸੁਹਾਇੰਦਾ । ਹਰਿ ਕਾ ਨਾਉਂ ਗੁਰਮੁਖ ਮੇਟੇ ਪੰਧ, ਦੂਰ ਦੁਰਾਡਾ ਨੇਰਨ ਨੇਰਾ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਸਾਚਾ ਦਾਨ, ਇਕੋ ਨਾਮ ਗੁਰਮੁਖਾਂ ਕਾਇਆ ਮੰਦਰ ਆਪ ਟਿਕਾਇੰਦਾ ।

## ✻ ੨੩ ਫੱਗਣ ੨੦੧੯ ਬਿਕ੍ਰਮੀ ਮਲ ਸਿੰਘ, ਸੰਤੋਖ ਸਿੰਘ ਓਮ ਪਰਕਾਸ਼ ਸਕੰਦਰਾਬਾਦ ✻

ਭਗਤਾਂ ਅੱਗੇ ਸੀਸ ਰਿਹਾ ਝੁਕ, ਸ੍ਰੀ ਭਗਵਾਨ ਆਪ ਝੁਕਾਈਆ । ਨਵ ਨੌਂ ਚਾਰ ਜੋ ਰਿਹਾ ਲੁਕ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਉਜਲ ਕਰੇ ਮਾਤ ਮੁਖ, ਦੇਵਣਹਾਰ ਵਡਿਆਈਆ । ਲੇਖਾ ਜਾਣੇ ਮਾਤ ਕੁੱਖ, ਜਨ ਜਨਨੀ ਵੇਖ ਵਖਾਈਆ । ਸਚ ਸੁਹਾਏ ਆਪਣੀ ਰੁੱਤ, ਰੁੱਤ ਰੁੱਤੜੀ ਆਪ ਮਹਿਕਾਈਆ । ਦਇਆ ਕਮਾਏ ਅਬਿਨਾਸ਼ੀ ਅਚੁੱਤ, ਚੇਤਨ ਦਏ ਕਰਾਈਆ । ਜੁਗ ਜਨਮ ਜੋ ਬੈਠੇ ਰੁੱਸ, ਫੜ ਬਾਂਹੋਂ ਲਏ ਮਿਲਾਈਆ । ਠਾਕਰ ਸਵਾਮੀ ਇਕੋ ਤੁਠ, ਦੀਨਨ ਦਏ ਵਡਿਆਈਆ । ਅੰਮ੍ਰਿਤ ਜਾਮ ਪਿਆਏ ਘੁੱਟ, ਰਸ ਇਕੋ ਇਕ ਵਖਾਈਆ । ਆਵਣ ਜਾਵਣ ਜਾਏ ਛੁੱਟ, ਬੰਧਨ ਕੋਇ ਰਹਿਣ ਨਾ ਪਾਈਆ । ਲੋਕਮਾਤ ਦਾ ਬੂਟਾ ਪੁੱਟ, ਸਚਖੰਡ ਦਏ ਟਿਕਾਈਆ । ਇਕ ਵਖਾਏ ਸਾਚਾ ਕੋਟ, ਛੱਪਰ ਛੰਨ ਨਾ ਕੋਇ ਛੁਹਾਈਆ । ਮੇਲ ਮਿਲਾਵਾ ਨਿਰਮਲ ਜੋਤ, ਜੋਤੀ ਜੋਤ ਜੋਤ ਰੁਸ਼ਨਾਈਆ । ਪਾਰਬ੍ਰਹਮ ਪ੍ਰਭ ਆਪਣਾ ਪੂਰਾ ਕਰੇ ਸ਼ੌਕ, ਸ਼ਹਿਨਸ਼ਾਹ ਆਪਣਾ ਖੇਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਸੀਸ ਝੁਕਾਈਆ । ਜਨ ਭਗਤਾਂ ਬਣੇ ਗੋਬਿੰਦ ਸੈਣ, ਪ੍ਰਭ ਆਪਣੀ ਖੇਲ ਕਰਾਇੰਦਾ । ਪਰਗਟ ਹੋ ਨਰ ਨਰਾਇਣ, ਨਿਰਵੈਰ ਆਪਣਾ ਫੇਰਾ ਪਾਇੰਦਾ । ਸਚ ਦਵਾਰੇ ਹਰਿ ਨਿਰੰਕਾਰੇ ਬਣਿਆ ਸਾਕ ਸੱਜਣ ਸੈਣ, ਸਗਲਾ ਸੰਗ ਨਿਭਾਇੰਦਾ । ਪੂਰਬ ਜਨਮ ਦਾ ਚੁਕਾਵਣ ਆਇਆ ਲਹਿਣਾ ਦੇਣਾ, ਅਗਲਾ ਲੇਖਾ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਕਰਾਇੰਦਾ । ਸੀਸ ਝੁਕੇ ਭਗਤ ਦਵਾਰੇ, ਭਗਵਾਨ ਆਪ ਝੁਕਾਈਆ । ਸੋ ਪੁਰਖ ਨਿਰੰਜਣ ਖੇਲ ਅਪਾਰੇ, ਅਗੰਮ ਅਗੋਚਰ ਆਪ ਕਰਾਈਆ । ਹਰਿ ਪੁਰਖ ਨਿਰੰਜਣ ਵਸਣਹਾਰਾ ਠਾਂਡੇ ਦਰਬਾਰੇ, ਨਿਰਗੁਣ ਆਪਣਾ ਫੇਰਾ ਪਾਈਆ । ਏਕੰਕਾਰਾ ਕਰ ਪਸਾਰੇ ਵੇਖਣਹਾਰਾ ਥਾਉਂ ਥਾਈਂਆ । ਆਦਿ ਨਿਰੰਜਣ ਨੂਰ ਉਜਿਆਰੇ, ਜੋਤੀ ਜੋਤ ਜੋਤ ਜਣਾਈਆ । ਅਬਿਨਾਸ਼ੀ ਕਰਤਾ ਹੋ ਖ਼ਬਰਦਾਰੇ, ਬੇਖ਼ਬਰ ਆਪ ਸੁਣਾਈਆ । ਸ੍ਰੀ ਭਗਵਾਨ ਦਏ ਹੁਲਾਰੇ, ਹੁਲਾਰਾ ਇਕੋ ਇਕ ਜਣਾਈਆ । ਪਾਰਬ੍ਰਹਮ ਪ੍ਰਭ ਬਣ ਸੇਵਾਦਾਰੇ, ਸਾਚੀ ਸੇਵਾ ਇਕ ਕਮਾਈਆ । ਚਲ ਕੇ ਆਇਆ ਵਿਚ ਸੰਸਾਰੇ, ਨਿਰਗੁਣ ਜੋਤੀ ਜਾਤਾ ਵੇਸ ਵਟਾਈਆ । ਭਗਤ ਭਗਵੰਤ ਆਪ ਉਠਾਲੇ, ਫੜ ਬਾਂਹੋਂ ਲਏ ਜਗਾਈਆ । ਸਾਚਾ ਮਾਰਗ ਇਕ ਵਖਾਲੇ, ਪਿਛਲੀ ਰੀਤੀ ਦਏ ਮੁਕਾਈਆ । ਨਾਤਾ ਤੋੜੇ ਸ਼ਾਹ ਕੰਗਾਲੇ, ਸ਼ਹਿਨਸ਼ਾਹ ਇਕੋ ਇਕ ਦਰਸਾਈਆ । ਗ਼ਰੀਬ ਨਿਮਾਣਿਆਂ ਪੁੱਛੇ ਹਾਲੇ, ਆਪਣਾ ਅਹਿਵਾਲ ਦਏ ਸਮਝਾਈਆ । ਸ਼ਬਦ ਅਗੰਮ ਵਜਾਏ ਤਾਲੇ, ਤੁਰਯਾ ਬੈਠੀ ਨੈਣ ਸ਼ਰਮਾਈਆ । ਪਰਗਟ ਹੋ ਪੁਰਖ ਅਕਾਲੇ, ਅਕਲ ਆਪਣੀ ਰਿਹਾ ਵਖਾਈਆ । ਅੰਦਰ ਬਾਹਰ ਚਲੇ ਨਾਲ ਨਾਲੇ, ਸਗਲਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਸੀਸ ਝੁਕਾਈਆ । ਭਗਤਨ ਕਹਿਣ ਵੇਖੋ ਅੱਖ, ਹਰਿ ਆਪਣੀ ਖੇਲ ਰਚਾਇੰਦਾ । ਜੇਹੜਾ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਮਾਰਗ ਰਿਹਾ ਦੱਸ, ਸੋ ਗ਼ਰੀਬ ਨਿਮਾਣਿਆਂ ਦਰ ਦਰ ਅਲਖ ਜਗਾਇੰਦਾ । ਜਿਸ ਦੇ ਅੱਗੇ ਚਲੇ ਨਾ ਕਿਸੇ ਦਾ ਕੋਈ ਵਸ, ਸੋ ਬੇਬਸ ਹੋ ਸੇਵ ਕਮਾਇੰਦਾ । ਦਰਸਨ ਕਰੀਏ ਹੱਸ ਹੱਸ, ਹੰਸ ਮੁਖ ਵੇਖ ਵਖਾਇੰਦਾ । ਬਣ ਨਿਮਾਣਾ ਸ੍ਰੀ ਭਗਵਾਨ ਨਿਰਗੁਣ ਦਾਤਾ ਚਰਨੀ ਰਿਹਾ ਢੱਠ, ਜਗ ਨੇਤਰ ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ


੧੦੩੫
੧੩

ਕਮਾਇੰਦਾ । ਭਗਤ ਦਵਾਰੇ ਹਰਿ ਜਗਦੀਸ, ਆਪਣਾ ਸੀਸ ਝੁਕਾਈਆ । ਜੁਗ ਚੌਕੜੀ ਪੀਸਣ ਲਿਆ ਪੀਸ, ਅੱਗੇ ਚੱਕੀ ਨਾ ਕੋਇ ਵਖਾਈਆ । ਭਗਤੋ ਇਕੋ ਸਿਖੋ ਮੇਰੀ ਹਦੀਸ, ਕਲਮਾ ਅਵਰ ਨਾ ਕੋਇ ਪੜ੍ਹਾਈਆ । ਦੋ ਜਹਾਨਾਂ ਵਾਲੀ ਤਾਜ ਸੁਹਾਏ ਏਕਾ ਸੀਸ, ਰਾਜਨ ਰਾਜ ਵਡ ਵਡਿਆਈਆ । ਲੇਖਾ ਜਾਣੇ ਹਸਤ ਕੀਟ, ਘਟ ਘਟ ਆਪਣਾ ਡੇਰਾ ਲਾਈਆ । ਕਲਜੁਗ ਅੰਤਮ ਰਿਹਾ ਬੀਤ, ਪਿਛਲਾ ਲੇਖਾ ਰਿਹਾ ਚੁਕਾਈਆ । ਸਤਿਜੁਗ ਸਾਚੀ ਚਲੇ ਰੀਤ, ਰੀਤੀਵਾਨ ਆਪ ਜਣਾਈਆ । ਇਕੋ ਢੋਲਾ ਰਲ ਮਿਲ ਗੌਣਾ ਗੀਤ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਹਰਿ ਕਾ ਭਗਤ ਨਾ ਜਾਏ ਮੰਦਰ ਮਸੀਤ, ਸ਼ਿਵਦਵਾਲਾ ਮੱਠ ਕੰਮ ਕਿਸੇ ਨਾ ਆਈਆ । ਪ੍ਰਭ ਦਿਵਸ ਰੈਣ ਨਜ਼ਰੀ ਆਏ ਅਤੀਤ, ਘਰ ਘਰ ਆਪਣੀ ਜੋਤ ਕਰੇ ਰੁਸ਼ਨਾਈਆ । ਦੱਸਣਹਾਰਾ ਨਿਸ਼ਾਨਾ ਠੀਕ, ਨਾਮ ਨਿਧਾਨਾ ਤੀਰ ਚਲਾਈਆ । ਚਰਨ ਕਵਲ ਬੰਧਾਏ ਪ੍ਰੀਤ, ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਦੇਵਣਹਾਰ ਵਡਿਆਈਆ । ਭਗਤ ਕਹਿਣ ਉਠੋ ਲਓ ਭੱਜ, ਸ੍ਰੀ ਭਗਵਾਨ ਰਿਹਾ ਜਣਾਈਆ । ਪਿਛਲੀ ਕਰਨੀ ਸਾਰੇ ਦਿਓ ਤਜ, ਸੁਗੰਧ ਇਕੋ ਵਾਰ ਖਾਈਆ । ਪਾਰਬ੍ਰਹਮ ਦੀ ਸਾਚੀ ਸੇਜਾ ਚੜ੍ਹੋ ਭੱਜ, ਸਤਿ ਸਤਿਵਾਦੀ ਰਿਹਾ ਵਖਾਈਆ । ਦਰਸਨ ਕਰੋ ਰੱਜ ਰੱਜ, ਬਿਨ ਨੈਣਾਂ ਨੈਣ ਮਿਲਾਈਆ । ਬਿਨ ਮੱਕਿਉਂ ਕਾਅਬਿਉਂ ਕਰੋ ਹੱਜ, ਹੁਜਰਾ ਸਾਚਾ ਦਏ ਸੁਹਾਈਆ । ਕਿਰਪਾ ਨਿਧਾਨ ਦਰ ਆਪਣੇ ਰਿਹਾ ਸੱਦ, ਸੱਦਾ ਇਕੋ ਨਾਮ ਲਗਾਈਆ । ਕੂੜੀ ਕਿਰਿਆ ਛੱਡੋ ਹੱਦ, ਮਾਇਆ ਮਮਤਾ ਰਿਹਾ ਮਿਟਾਈਆ ।
ਅੰਮ੍ਰਿਤ ਜਾਮ ਪੀਓ ਮਧ, ਕੂੜੀ ਮਧ ਰਸਨ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ੧੦੩੯ ੧੦੩੯
੧੩ ਝੁਕਿਆ ਸੀਸ ਭਗਤ ਦਵਾਰ, ਸ੍ਰੀ ਭਗਵਾਨ ਖੇਲ ਕਰਾਇੰਦਾ । ਨਿਰਗੁਣ ਹੋ ਕੇ ਆਇਆ ਪਰਵਰਦਿਗਾਰ, ਜਲਵਾ ਨੂਰ ਨੂਰ ਧਰਾਇੰਦਾ । ਠਾਂਡਾ ੧੩
ਖੋਲ੍ਹ ਇਕ ਕਵਾੜ, ਦੋ ਜਹਾਨ ਭੇਵ ਖੁਲ੍ਹਾਇੰਦਾ । ਇਕੱਠੇ ਕਰ ਗੁਰ ਅਵਤਾਰ, ਪੀਰ ਪੈਗ਼ੰਬਰ ਹੁਕਮ ਮਨਾਇੰਦਾ । ਪਿਛਲੀ ਛੱਡੋ ਸਰਬ ਗੁਫ਼ਤਾਰ, ਗੁਫ਼ਤ ਸ਼ਨੀਦ ਆਪ ਜਣਾਇੰਦਾ । ਮੰਨੋ ਇਕ ਏਕੰਕਾਰ, ਦੂਜਾ ਇਸ਼ਟ ਨਾ ਕੋਇ ਵਖਾਇੰਦਾ । ਸਾਰੇ ਕਰਨ ਉਚੀ ਪੁਕਾਰ, ਕੂਕ ਕੂਕ ਕੂਕ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਸਾਚਾ ਖੇਲ ਸ੍ਰੀ ਭਗਵਾਨਾ, ਜਨ ਭਗਤਾਂ ਦਏ ਵਡਿਆਈਆ । ਜਨ ਭਗਤ ਕਰਨ ਪਰਵਾਨਾ, ਪ੍ਰਭ ਅੱਗੇ ਸੀਸ ਝੁਕਾਈਆ । ਪ੍ਰਭ ਸਦਾ ਸਦਾ ਮਿਹਰਵਾਨਾ, ਮਿਹਰ ਨਜ਼ਰ ਉਠਾਈਆ । ਭਗਤ ਚਰਨ ਕਵਲ ਕਰਨ ਧਿਆਨਾ, ਨੇਤਰ ਨੈਣ ਨੈਣ ਉਠਾਈਆ । ਸ੍ਰੀ ਭਗਵਾਨ ਮਰਦ ਮਰਦਾਨਾ, ਸਿਰ ਆਪਣਾ ਹੱਥ ਰਖਾਈਆ । ਭਗਤ ਨਿੱਕਾ ਬਾਲ ਅਵਾਣਾ, ਬਾਲੀ ਬੁਧ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਭਗਤਾਂ ਦੇਵੇ ਦਾਤ, ਭਗਤ ਵਡਿਆਈਆ । ਭਗਤਾਂ ਬੰਧਾਏ ਨਾਤ, ਜਗਤ ਜਣਾਈਆ । ਭਗਤਾਂ ਪਿਆਏ ਅੰਮ੍ਰਿਤ ਬੂੰਦ ਸਵਾਂਤ, ਭਗਤਨ ਠਾਂਡਾ ਦਰ ਵਖਾਈਆ । ਭਗਤਾਂ ਨਜ਼ਰੀ ਆਏ ਇਕ ਇਕਾਂਤ, ਭਗਤਾਂ ਇਕੋ ਘਰ ਦਏ ਵਡਿਆਈਆ । ਭਗਤਾਂ ਬਣੇ ਪਿਤਾ ਮਾਤ, ਭਗਤਾਂ ਨਾਤਾ ਜੋੜੇ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਭਗਤ ਕਹਿਣ ਪ੍ਰਭ ਮਿਲਿਆ ਏਕ, ਏਕ ਏਕ ਵਡਿਆਈਆ । ਜਿਸ ਸੱਚੀ ਦੱਸੀ ਟੇਕ, ਚਰਨ ਕਵਲ ਸਰਨਾਈਆ । ਬੁਧੀ ਕਰੀ ਬਿਬੇਕ, ਬਿਬੇਕੀ ਆਪ ਜਣਾਈਆ । ਨਿਰਗੁਣ

ਹੋ ਕੇ ਕਰੇ ਹੇਤ, ਸਰਗੁਣ ਮੇਲ ਮਿਲਾਈਆ । ਬਾਲਾਂ ਵਾਂਗਾਂ ਰਿਹੋ ਖੇਡ, ਬਚਪਨ ਸਭ ਦਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਦੇਵੇ ਮਾਣ ਵਡਿਆਈਆ । ਭਗਤ ਜਨ ਗਏ ਉਠ, ਨੇਤਰ ਨੈਣ ਉਘਾੜਿਆ । ਸ੍ਰੀ ਭਗਵਾਨ ਗਿਆ ਤੁਠ, ਦੇਵੇ ਨਾਮ ਆਧਾਰਿਆ । ਘਰ ਘਰ ਦਰ ਦਰ ਲਏ ਪੁੱਛ, ਬਣ ਦਰਵੇਸ਼ ਅਲਖ ਜਗਾ ਰਿਹਾ । ਗੁਰਮੁਖ ਬੂਟਾ ਨਾ ਜਾਏ ਸੁੱਕ, ਬਣ ਮਾਲੀ ਸੇਵ ਕਮਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਵਖਾ ਲਿਆ । ਭਗਤ ਭਗਵਾਨ ਜੁੜਿਆ ਨਾਤਾ, ਜੋੜੀ ਸਚ ਬਣਾਈਆ । ਕਲਜੁਗ ਮੇਟੇ ਅੰਧੇਰੀ ਰਾਤਾ, ਸਤਿਜੁਗ ਚੰਦ ਰੁਸ਼ਨਾਈਆ । ਇਕ ਸੁਣਾਏ ਸਾਚੀ ਗਾਥਾ, ਸੋ ਪੁਰਖ ਨਿਰੰਜਣ ਕਰੇ ਪੜ੍ਹਾਈਆ । ਹੰ ਬ੍ਰਹਮ ਨਾਥ ਅਨਾਥਾ, ਦੀਨਨ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਦਏ ਜਣਾਈਆ । ਭਗਤ ਜਨੋ ਸਾਚਾ ਨਾਮ ਸੋ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਸੰਤ ਜਨੋ ਸਾਚਾ ਨਾਮ ਸੋ, ਹਰਿ ਪੁਰਖ ਨਿਰੰਜਣ ਆਪ ਪਰਗਟਾਇੰਦਾ । ਗੁਰਮੁਖ ਜਨੋ ਸਾਚਾ ਨਾਮ ਸੋ, ਏਕੰਕਾਰਾ ਆਪ ਦਰਸਾਇੰਦਾ । ਗੁਰਸਿਖ ਜਨੋ ਸਾਚਾ ਨਾਮ ਸੋ, ਆਦਿ ਨਿਰੰਜਣ ਹਰਿ ਰੁਸ਼ਨਾਇੰਦਾ । ਮੁਰੀਦ ਜਨੋ ਸਾਚਾ ਨਾਮ ਸੋ, ਪਰਵਰਦਿਗਾਰ ਭੇਵ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੰਤਰ ਇਕੋ ਇਕ ਦ੍ਰਿੜਾਇੰਦਾ । ਸੋ ਕਹੇ ਮੇਰੀ ਅੰਸ ਹੰ, ਦੂਜਾ ਨਜ਼ਰ ਕੋਇ ਨਾ ਆਈਆ । ਸੋ ਕਹੇ ਮੇਰਾ ਬੇਟਾ ਬ੍ਰਹਮ, ਬ੍ਰਹਮ ਵੰਡ ਵੰਡਾਈਆ । ਸੋ ਕਹੇ ਮੇਰਾ ਨਿਰਮਲ ਕਰਮ, ਨਿਰਗੁਣ ਨਿਰਗੁਣ ਵੇਖ ਵਖਾਈਆ । ਸੋ ਕਹੇ ਮੇਰਾ ਸਾਚਾ ਧਰਮ, ਅਧਰਮ ਨਾ ਕੋਇ ਜਣਾਈਆ । ਸੋ ਕਹੇ ਮੇਰਾ ਸਾਚਾ ਵਰਨ, ਅਵਰਨ ਨਾ ਰੂਪ ਵਟਾਈਆ । ਸੋ ਕਹੇ ਮੈਂ ਕਰਨੀ ਕਰਨ, ਹੰ ਆਪਣੀ ਧਾਰ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹੰ ਇਕੋ ਇਕ ਜਣਾਈਆ । ਹੰ ਕਹੇ ਮੇਰਾ ਸੋ ਬਾਪ, ਚਾਚਾ ਗੁਰੂ ਨਜ਼ਰ ਕੋਇ ਨਾ ਆਇੰਦਾ । ਜਿਸ ਰਚਨਾ ਰਚੀ ਆਦਿ, ਸੋ ਪੁਰਖ ਨਿਰੰਜਣ ਖੇਲ ਕਰਾਇੰਦਾ । ਜਿਸ ਜੁਗ ਚੌਕੜੀ ਵਜਾਇਆ ਨਾਦ, ਹੰ ਬ੍ਰਹਮ ਸਮਝਾਇੰਦਾ । ਜਿਸ ਦਾ ਲੇਖਾ ਬੋਧ ਅਗਾਧ, ਭੇਵ ਕੋਇ ਨਾ ਪਾਇੰਦਾ । ਜਿਸ ਦਾ ਅੰਮ੍ਰਿਤ ਇਕ ਸਵਾਦ, ਅਨਰਸ ਨਾ ਕੋਇ ਵਖਾਇੰਦਾ । ਜੋ ਸਦਾ ਰੱਖੇ ਯਾਦ, ਭੁੱਲ ਵਿਚ ਕਦੇ ਨਾ ਆਇੰਦਾ । ਸੋ ਸਾਹਿਬ ਗ਼ਰੀਬ ਨਿਵਾਜ਼, ਹੰ ਬ੍ਰਹਮ ਵੇਖ ਵਖਾਇੰਦਾ । ਸਦਾ ਸਦਾ ਸਦ ਸੁਣੇ ਫ਼ਰਯਾਦ, ਗ਼ਫ਼ਲਤ ਵਿਚ ਨਾ ਵਕਤ ਲੰਘਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹੰ ਸੋਹਣਾ ਬੰਸ ਬਣਾਇੰਦਾ । ਸੋ ਕਹੇ ਮੇਰੀ ਸਾਚੀ ਧਾਰ, ਹੰ ਜਣਾਈਆ । ਹੰ ਬਿਨ ਨਾ ਕੋਇ ਪਸਾਰ, ਵਿਸ਼ਨ ਬ੍ਰਹਮਾ ਸ਼ਿਵ ਰੂਪ ਨਾ ਕੋਇ ਵਟਾਈਆ । ਬਿਨ ਹੰ ਨਾ ਤ੍ਰੈਗੁਣ ਪਿਆਰ, ਪੰਜ ਤੱਤ ਨਾ ਕੋਇ ਕੁੜਮਾਈਆ । ਬਿਨ ਹੰ ਨਾ ਨਾਤਾ ਜੁੜੇ ਵਿਚ ਸੰਸਾਰ, ਲੱਖ ਚੁਰਾਸੀ ਰੂਪ ਨਾ ਕੋਇ ਧਰਾਈਆ । ਬਿਨ ਹੰ ਗੁਰ ਅਵਤਾਰ ਨਾ ਕੋਇ ਵਿਚਾਰ, ਬ੍ਰਹਮ ਲੇਖਾ ਆਪ ਸਮਝਾਈਆ । ਸੋ ਪੁਰਖ ਨਿਰੰਜਣ ਏਕਾ ਸ਼ਬਦ ਬੋਲ ਜੈਕਾਰ, ਸਚ ਜੈਕਾਰਾ ਦਏ ਲਗਾਈਆ । ਹੰ ਕਹੇ ਪ੍ਰਭ ਇਕੋ ਮੀਤਾ, ਜਿਸ ਵਿਚ ਵੱਡੀ ਵਡਿਆਈਆ । ਸਚਖੰਡ ਦਵਾਰ ਜਿਸ ਦੀ ਰੀਤਾ, ਥਿਰ ਘਰ ਸ਼ਬਦੀ ਸੁਤ ਸੁਹਾਈਆ । ਸ਼ਬਦੀ ਸੁਤ ਖੇਲ ਅਨਡੀਠਾ, ਹੰ ਬ੍ਰਹਮ ਭੇਵ ਖੁਲ੍ਹਾਈਆ । ਵਿਸ਼ਨ ਬ੍ਰਹਮਾ ਸ਼ਿਵ ਜਿਸ ਕੀਤਾ ਸਰਜੀਤਾ, ਸਿਰ ਆਪਣਾ ਹੱਥ ਟਿਕਾਈਆ । ਸੋ ਸਾਹਿਬ ਆਪਣੇ ਦਰ ਵਸੇ, ਜੋਤੀ ਜੋਤ ਸਰੂਪ

੧੦੩੭
੧੩

ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਨਾਮ ਦਏ ਵਡਿਆਈਆ । ਸੋਹੰ ਕਹੇ ਮੈਂ ਸੱਚਾ ਨਾਮ, ਗੁਰ ਅਵਤਾਰ ਆਪ ਜਣਾਇੰਦਾ । ਸੋਹੰ ਕਹੇ ਮੈਂ ਧੁਰ ਫ਼ਰਮਾਨ, ਨਾਮ ਸਤਿ ਮੇਰਾ ਵਣਜ ਕਰਾਇੰਦਾ । ਸੋਹੰ ਕਹੇ ਮੇਰਾ ਸੱਚਾ ਕਾਮ, ਜੁਗ ਜੁਗ ਆਪਣਾ ਰਾਹ ਵਖਾਇੰਦਾ । ਸੋਹੰ ਕਹੇ ਮੇਰਾ ਸਚ ਪੈਗ਼ਾਮ, ਧੁਰ ਦਾ ਕਲਮਾ ਛੰਦ ਸਾਲਾਹਿੰਦਾ । ਸੋਹੰ ਕਹੇ ਮੇਰਾ ਸਚ ਅਮਾਮ, ਮੁਕਾਮੇ ਹੱਕ ਡੇਰਾ ਲਾਇੰਦਾ । ਸੋਹੰ ਕਹੇ ਮੇਰਾ ਲੇਖਾ ਤਮਾਮ, ਲੱਖ ਚੁਰਾਸੀ ਵਿਚ ਸਮਾਇੰਦਾ । ਸੋਹੰ ਕਹੇ ਬਿਨ ਸਾਹਿਬ ਕੋਈ ਨਾ ਜਾਣੇ ਨਾਮ, ਵਿਸ਼ਨੂੰ ਮੇਰੇ ਸੰਗ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਧਾਰ ਆਪ ਚਲਾਇੰਦਾ । ਸੋਹੰ ਕਹੇ ਮੋਹੇ ਚੜ੍ਹਿਆ ਚਾ, ਘਰ ਸਾਚੇ ਵੱਜੇ ਵਧਾਈਆ । ਸੋ ਪੁਰਖ ਨਿਰੰਜਣ ਲਿਆ ਜਗਾ, ਚੌਕੜੀ ਜੁਗ ਪਿਛੋਂ ਮੇਰੀ ਅੱਖ ਖੁਲ੍ਹਾਈਆ । ਹਰਿ ਪੁਰਖ ਨਿਰੰਜਣ ਕਿਰਪਾ ਕਰ ਲਿਆ ਮਿਲਾ, ਪਿਛਲਾ ਵਛੋੜਾ ਪੰਧ ਕਟਾਈਆ । ਏਕੰਕਾਰ ਪੱਲੂ ਲਿਆ ਫੜਾ, ਆਪ ਆਪਣੀ ਗੰਢ ਪਵਾਈਆ । ਆਦਿ ਨਿਰੰਜਣ ਕਰ ਰੁਸ਼ਨਾ, ਜੁਗ ਚੌਕੜੀ ਅੰਧੇਰਾ ਦਿਤਾ ਮਿਟਾਈਆ । ਅਬਿਨਾਸ਼ੀ ਕਰਤਾ ਹੋ ਸਹਾ, ਸਹਾਇਤਾ ਕਰਨੀ ਆਪ ਸਿਖਾਈਆ । ਸ੍ਰੀ ਭਗਵਾਨ ਸਚ ਨਿਸ਼ਾਨ ਝੁਲਾ, ਦੋ ਜਹਾਨਾਂ ਦਿਤਾ ਜਣਾਈਆ । ਪਾਰਬ੍ਰਹਮ ਬ੍ਰਹਮ ਲੇਖ ਲਿਖਾ, ਧੁਰ ਦਾ ਲੇਖਾ ਰਿਹਾ ਦ੍ਰਿੜਾਈਆ । ਧੰਨ ਭਾਗ ਹੋਏ ਸਚਖੰਡ ਨਾਨਕ ਨਿਰਗੁਣ ਬਣਿਆ ਗਵਾਹ, ਬਿਨ ਸੋਹੰ ਗੁਰ ਅਵਤਾਰ ਨਜ਼ਰ ਕੋਇ ਨਾ ਆਈਆ । ਮੈਂ ਵੇਖਿਆ ਨੈਣ ਉਠਾ, ਗੋਬਿੰਦ ਭੱਥਾ ਤੀਰ ਚਿੱਲਾ ਦਿਤਾ ਸੁਟਾ, ਸੋਹੰ ਮੇਰਾ ਰੂਪ ਦਰਸਾਈਆ । ਮੈਂ ਆਪਣਾ ਨੈਣ ਲਿਆ ਖੁਲ੍ਹਾ, ਚਾਰੋਂ ਕੁੰਟ ਧਿਆਨ ਲਗਾ, ਪਾਰਬ੍ਰਹਮ ਪ੍ਰਭ ਇਕੋ ਨਜ਼ਰੀ ਆਈਆ । ਹੋਏ ਨਿਮਾਣਾਂ ਚਰਨੀ ਡਿਗਾ ਉਚੀ ਮਾਰੀ ਧਾਹ, ਪਿਛਲਾ ਦੁਖੜਾ ਫੋਲ ਸੁਣਾਈਆ । ਮੇਰੇ ਸ਼ਹਿਨਸ਼ਾਹ ਪਾਤਸ਼ਾਹ, ਤੁਧ ਬਿਨ ਦੇਵੇ ਨਾ ਕੋਇ ਵਡਿਆਈਆ । ਮੇਰਾ ਨਾਂ ਅੱਖਰਾਂ ਵਿਚ ਆਏ ਲਿਖਾ, ਨਿਸ਼ਅੱਖਰ ਧਾਰ ਨਾ ਕਿਸੇ ਜਣਾਈਆ । ਮੈਂ ਪੱਥਰਾਂ ਦੇਵਾਂ ਡੇਰਾ ਢਾਹ, ਸੱਥਰ ਸਭ ਦਾ ਦਿਆਂ ਵਿਛਾਈਆ । ਵੱਖਰਾ ਤੇਰਾ ਰੂਪ ਦਿਆਂ ਵਖਾ, ਆਪ ਆਪਣੀ ਸੇਵ ਕਮਾਈਆ । ਪ੍ਰਭ ਜੋ ਤੈਨੂੰ ਗਏ ਭੁਲਾ, ਤੇਰੇ ਨਾਲ ਦਿਆਂ ਮਿਲਾਈਆ । ਤੂੰ ਵੀ ਮੇਰੇ ਸਿਰ ਤੇ ਹੱਥ ਟਿਕਾ, ਮੈਂ ਜਾਵਾਂ ਚਾਈਂ ਚਾਈਂਆ । ਪਹਿਲੋਂ ਭਗਤ ਲਵਾਂ ਉਠਾ, ਜਿਨ੍ਹਾਂ ਲੇਖਾ ਪਿਛਲਾ ਝੋਲੀ ਪਾਈਆ । ਫੜ ਬਾਂਹੋਂ ਦਵਾਰਾ ਤੇਰਾ ਦਿਆਂ ਵਖਾ, ਭੁਲਿਆ ਕੋਇ ਰਹਿਣ ਨਾ ਪਾਈਆ । ਤੂੰ ਦੇਵੀਂ ਆਪਣੇ ਪਰੇਮ ਦੀ ਸੱਚੀ ਦਵਾ, ਦੁੱਖ ਕੋਇ ਰਹਿਣ ਨਾ ਪਾਈਆ । ਜੇ ਭੁੱਲ ਗਿਉਂ ਨਾਨਕ ਨਿਰਗੁਣ ਸੱਦ ਕੇ ਲਿਆਵਾਂ ਗਵਾਹ, ਜੋ ਤੇਰਾ ਢੋਲਾ ਸੋਹੰ ਆਪੇ ਗਾਈਆ । ਹੁਣ ਪੜਦਾ ਉਹਲਾ ਰਹਿਣਾ ਨਾ ਰਾ, ਪੜਦੇ ਸਭ ਦੇ ਰਿਹਾ ਪੜਾਈਆ । ਜੇ ਤੂੰ ਲੁਕ ਕੇ ਬੈਠਾ ਰਿਹੋਂ ਖ਼ੁਦਾ, ਤੇਰੀ ਖ਼ੁਦੀ ਕੰਮ ਕਿਸੇ ਨਾ ਆਈਆ । ਹੁਣ ਤੈਨੂੰ ਰਹਿਣ ਨਾ ਦੇਣਾ ਜੁਦਾ, ਮੁਰਸ਼ਦ ਮੁਰੀਦਾਂ ਨਾਲ ਦੇਣਾ ਮਿਲਾਈਆ । ਤੂੰ ਲੁਕ ਲੁਕ ਆਪਣਾ ਝੱਟ ਰਿਹਾ ਲੰਘਾ, ਅੰਤਮ ਆਪਣਾ ਪੜਦਾ ਦੇ ਉਠਾਈਆ । ਤੇਰੀ ਨਕ਼ਾਬ ਤੈਨੂੰ ਰਹੀ ਸ਼ਰਮਾ, ਤੇਰੇ ਨੈਣ ਨਾ ਕੋਇ ਵਡਿਆਈਆ । ਉਠ ਕਰ ਕਿਰਪਾ ਜਨ ਭਗਤਾਂ ਦਰਸ ਦਿਖਾ, ਪਹਿਲੀ ਚੇਤਰ ਨੇੜੇ ਆਈਆ । ਅੱਗੇ ਬੀਸਾ ਮਾਰੇ ਧਾਹ, ਗਲ ਪੱਲੂ ਰਿਹਾ ਪਾਈਆ । ਕਿਸ ਵੇਲੇ ਦੇਵਾਂ ਫਾਹ, ਲੱਖ ਚੁਰਾਸੀ ਬੈਠੀ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮੰਗ ਇਕੋ ਮੰਗ ਮੰਗਾਈਆ । ਸੋ ਕਹੇ ਮੈਂ ਬਣਾਂ ਨਿਮਾਣਾ, ਆਪਣਾ ਮਾਣ ਗਵਾਈਆ । ਹੰ ਬ੍ਰਹਮ ਤੇਰਾ ਖੇਲ ਮਹਾਨਾ, ਲੋਕਮਾਤ ਵਡਿਆਈਆ ।

੧੦੩੮
੧੩

ਤਖ਼ਤੋਂ ਲਾਹਵਾਂ ਰਾਜਾ ਰਾਣਾ, ਚਾਰ ਕੁੰਟ ਕੁਰਲਾਈਆ । ਦੋ ਜਹਾਨ ਹੋਵੇ ਬੇਮੁਹਾਣਾ, ਮਲਾਹ ਬੇੜਾ ਪਾਰ ਨਾ ਕੋਇ ਕਰਾਈਆ । ਨਵ ਖੰਡ ਪ੍ਰਿਥਮੀ ਹੋਏ ਹੈਰਾਨਾ, ਹਰਿ ਕਾ ਭੇਵ ਕੋਇ ਨਾ ਪਾਈਆ । ਮੰਦਰ ਮਸਜਦ ਸ਼ਿਵਦਵਾਲੇ ਮੱਠ ਭੁੱਲੇ ਗਾਣਾ, ਰਾਗ ਤਾਲ ਨਾ ਕੋਇ ਵਜਾਈਆ । ਕਰੇ ਖੇਲ ਸ੍ਰੀ ਭਗਵਾਨਾ, ਪੂਰਬ ਲੇਖਾ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਹੰ ਕਹੇ ਪ੍ਰਭ ਤੇਰੀ ਲੋੜ, ਦਰ ਤੇਰੇ ਓਟ ਤਕਾਈਆ । ਕਰ ਕਿਰਪਾ ਸੰਗ ਸਾਚਾ ਜੋੜ, ਜੋੜੀ ਜੁੜੇ ਸੱਚੇ ਸ਼ਹਿਨਸ਼ਾਹੀਆ । ਕਲਜੁਗ ਵੇਖ ਅੰਧੇਰਾ ਘੋਰ, ਨੂਰ ਨਜ਼ਰ ਕੋਇ ਨਾ ਆਈਆ । ਵਰਨ ਬਰਨ ਜ਼ਾਤ ਪਾਤ ਦੀਨ ਮਜ਼੍ਹਬ ਪਿਆ ਸ਼ੋਰ, ਸਾਚਾ ਸ਼ੌਹਰ ਨਾ ਕੋਇ ਮਨਾਈਆ । ਅੰਤਰ ਵਿਸ ਵਿਖ ਹੋਈ ਕੌੜ, ਅੰਮ੍ਰਿਤ ਰੂਪ ਨਾ ਕੋਇ ਵਟਾਈਆ । ਆਸਾ ਤ੍ਰਿਸਨਾ ਮਾਇਆ ਮਮਤਾ ਹਉਮੇਂ ਹੰਗਤਾ ਰਹੀ ਦੌੜ, ਚਾਰੋਂ ਕੁੰਟ ਵਾਹੋ ਦਾਹੀਆ । ਸ਼ਾਹ ਸੁਲਾਤਾਨਾਂ ਜੀਵ ਜਹਾਨਾਂ ਜੂਠਾ ਝੂਠਾ ਵਧਿਆ ਜ਼ੋਰ, ਨਿਵਣ ਸੋ ਅੱਖਰ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਇਕ ਵਰ, ਤੁਧ ਬਿਨ ਮੇਰੀ ਚਲੇ ਨਾ ਕੋਇ ਵਡਿਆਈਆ । ਸੋ ਕਹੇ ਹੰ ਬਲ ਧਾਰ, ਤੇਰਾ ਸਾਚਾ ਸੰਗ ਨਿਭਾਈਆ । ਤੇਰੇ ਪਿਛੇ ਆਪ ਕਰਤਾਰ, ਬੇਪਰਵਾਹ ਬੇਪਰਵਾਹੀਆ । ਦੋ ਜਹਾਨਾਂ ਬੋਲ ਜੈਕਾਰ, ਜੈ ਜੈਕਾਰ ਇਕ ਅਲਾਈਆ । ਸ੍ਰਿਸ਼ਟ ਸਬਾਈ ਕਰ ਖ਼ਬਰਦਾਰ, ਸਚ ਸੰਦੇਸਾ ਇਕ ਸੁਣਾਈਆ । ਪ੍ਰਭ ਆਇਆ ਸਾਂਝਾ ਯਾਰ, ਪਰਵਰਦਿਗਾਰ ਫੇਰਾ ਪਾਈਆ । ਆਤਮ ਪਰਮਾਤਮ ਕਰੇ ਪਿਆਰ, ਦੂਜੀ ਇਛਿਆ ਨਾ ਕੋਇ ਰਖਾਈਆ । ਪਾਰਬ੍ਰਹਮ ਬ੍ਰਹਮ ਮੇਲੇ ਆਣ, ਜਗਤ ਜੁਗ ਜਨਮ ਵਿਛੋੜਾ ਰਿਹਾ ਕਟਾਈਆ । ਈਸ਼ ਜੀਵ ਦਏ ਧਿਆਨ, ਜਗਦੀਸ ਹੋ ਸਹਾਈਆ । ਅਣਿਆਲਾ ਮਾਰੇ ਇਕੋ ਬਾਣ, ਤੀਰ ਆਪਣਾ ਨਾਮ ਚਲਾਈਆ । ਸੰਤ ਸੁਹੇਲੇ ਕਰ ਪਹਿਚਾਨ, ਭਗਤ ਭਗਵਾਨ ਲਏ ਮਿਲਾਈਆ । ਗੁਰਮੁਖਾਂ ਦੇਵੇ ਸਾਚਾ ਦਾਨ, ਵਸਤ ਅਮੋਲਕ ਝੋਲੀ ਪਾਈਆ । ਗੁਰਸਿਖ ਵੇਖੇ ਬਾਲ ਅਵਾਣ, ਬਾਂਹੋਂ ਫੜ ਗਲੇ ਲਗਾਈਆ । ਧੁਰ ਸੰਦੇਸਾ ਦੇਵੇ ਆਪ ਫ਼ਰਮਾਨ, ਸਾਚੀ ਕਰੇ ਨਾਮ ਪੜ੍ਹਾਈਆ । ਨਜ਼ਰੀ ਆਏ ਇਕ ਭਗਵਾਨ, ਭਗਵਨ ਆਪਣਾ ਭੇਵ ਚੁਕਾਈਆ । ਰਾਗ ਸੁਣਾਏ ਏਕਾ ਕਾਨ, ਨਾਦ ਧੁਨ ਇਕ ਸ਼ਨਵਾਈਆ । ਘਰ ਵਖਾਏ ਇਕ ਮਕਾਨ, ਕਾਇਆ ਮੰਦਰ ਸੋਭਾ ਪਾਈਆ । ਜੋਤ ਜਗਾਏ ਇਕ ਮਹਾਨ, ਨਿਰਗੁਣ ਜੋਤ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਇਕੋ ਕਰੇ ਸਚ ਪੜ੍ਹਾਈਆ । ਸਚ ਪੜ੍ਹਾਈ ਇਕੋ ਅੱਖਰ, ਹਰਿ ਆਖ਼ਰ ਆਪ ਜਣਾਇੰਦਾ । ਬਜਰ ਕਪਾਟੀ ਤੋੜੇ ਪੱਥਰ, ਸਿਲਾ ਰੂਪ ਨਾ ਕੋਇ ਵਟਾਇੰਦਾ । ਜਗਤ ਵਿਕਾਰਾ ਲਾਹੇ ਸੱਥਰ, ਮੂੰਹ ਦੇ ਭਾਰ ਸੁਟਾਇੰਦਾ । ਨੇਤਰ ਨੀਰ ਨਾ ਵਰੋਲੇ ਕੋਈ ਅੱਥਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਤਰ ਇਕ ਦ੍ਰਿੜਾਇੰਦਾ । ਸਾਚਾ ਮੰਤਰ ਸੋਹੰ ਸੋ, ਪ੍ਰਭ ਦੇਵਣਹਾਰ ਮਾਣ ਵਡਿਆਈਆ । ਤੇਰੇ ਮੰਦਰ ਕਰ ਕਰ ਲੋ, ਅਗਿਆਨ ਅੰਧੇਰ ਚੁਕਾਈਆ । ਆਤਮ ਪਰਮਾਤਮ ਪਰਮਾਤਮ ਆਤਮ ਇਕੋ ਜਿਹਾ ਜਾਏ ਹੋ, ਦੂਈ ਦਵੈਤੀ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਸੋਹੰ ਸ਼ਬਦ ਸਾਚਾ ਢੋਲਾ, ਸਤਿ ਸਤਿਗੁਰ ਆਪ ਜਣਾਇੰਦਾ । ਸਤਿਜੁਗ ਬਣੇ ਮਾਤ ਵਚੋਲਾ, ਗੁਰ ਸ਼ਬਦੀ ਸੇਵ ਕਮਾਇੰਦਾ । ਆਪ ਉਠਾਏ ਪੜਦਾ ਉਹਲਾ, ਸਨਮੁਖ ਆਪਣਾ ਰੂਪ ਦਰਸਾਇੰਦਾ ।


੧੦੩੯
੧੩

ਦਿਵਸ ਰੈਣ ਵਸੇ ਕੋਲਾ, ਵਿਛੜ ਕਦੇ ਨਾ ਜਾਇੰਦਾ । ਪਰੇਮ ਪ੍ਰੀਤੀ ਖੇਲੇ ਹੋਲਾ, ਲਾਲ ਗੁਲਾਲਾ ਰੰਗ ਚੜ੍ਹਾਇੰਦਾ । ਕਾਇਆ ਬਦਲੇ ਸਰਗੁਣ ਚੋਲਾ, ਨਿਰਗੁਣ ਆਪਣਾ ਖੇਲ ਵਖਾਇੰਦਾ । ਪੰਚ ਵਿਕਾਰ ਨਾ ਪਾਵੇ ਰੌਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹੰ ਇਕੋ ਨਾਮ ਵਡਿਆਇੰਦਾ । ਸੋਹੰ ਉਠ ਬਣ ਮਲੰਗ, ਨਾਮ ਸਨੇਹੁੜਾ ਹੱਥ ਫੜਾਈਆ । ਦੋ ਜਹਾਨਾਂ ਲੋਆਂ ਪੁਰੀਆਂ ਲੰਘ, ਘਰ ਘਰ ਨਾਚ ਵਖਾਈਆ । ਪਹਿਲੋਂ ਭਗਤ ਦਵਾਰੇ ਜਾ ਕੇ ਲੈਂਹਣੀ ਸੰਗ, ਤੇਰਾ ਪੜਦਾ ਦਏ ਉਠਾਈਆ । ਮਿਲ ਸਖੀਆਂ ਵੇਖ ਅਨੰਦ, ਮੰਗਲ ਇਕੋ ਇਕ ਜਣਾਈਆ । ਤੇਰਾ ਪੜਦਾ ਢਾਹੇ ਕੰਧ, ਦੂਈ ਵਿਚ ਨਜ਼ਰ ਨਾ ਆਈਆ । ਤੂੰ ਮੇਰਾ ਗਾਵੀਂ ਛੰਦ, ਮੈਂ ਤੇਰੀ ਕਰਾਂ ਵਡਿਆਈਆ । ਚਾਰ ਜੁਗ ਮੁੱਕੇ ਰੰਡੇਪਾ ਰੰਡ, ਕੰਤ ਸੁਹਾਗੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਰਿਹਾ ਜਣਾਈਆ । ਸੋਹੰ ਕਹੇ ਮੈਂ ਜਾਵਾਂਗਾ । ਆਪਣਾ ਪੜਦਾ ਲਾਹਵਾਂਗਾ । ਭਗਤ ਦਵਾਰੇ ਨਾਮ ਵਖਾਵਾਂਗਾ । ਬਿਨ ਪੈਰਾਂ ਧਾਰ ਜਣਾਵਾਂਗਾ । ਬਿਨ ਹੱਥਾਂ ਖੇਲ ਵਖਾਵਾਂਗਾ । ਬਿਨ ਅੱਖਾਂ ਵੇਖ ਵਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰਾ ਹੁਕਮ ਸੀਸ ਟਿਕਾਵਾਂਗਾ । ਭਗਤ ਦਵਾਰੇ ਜਾਊਂਗਾ । ਪ੍ਰਭ ਤੇਰਾ ਨਾਮ ਸੁਣਾਊਂਗਾ । ਹੰ ਤੇਰੇ ਨਾਲ ਮਿਲਾਊਂਗਾ । ਬ੍ਰਹਮ ਪੜਦਾ ਆਪ ਚੁਕਾਊਂਗਾ । ਨਿਹਕਰਮੀ ਕਰਮ ਕਾਂਡ ਨਾ ਕੋਇ ਜਣਾਊਂਗਾ । ਤੇਰੀ ਸਰਨੀ ਆਪਣਾ ਸੀਸ ਟਿਕਾਊਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮਾਰਗ ਇਕੋ ਇਕ ਦਰਸਾਊਂਗਾ । ਸ੍ਰੀ ਭਗਵਾਨ ਦੱਸੇ ਆਪ, ਆਪਣੀ ਦਇਆ ਕਮਾਈਆ । ਮੇਰੇ ਭਗਤਾਂ ਤੇਰਾ ਜਾਪ, ਤੇਰਾ ਜਾਪ ਭਗਤ ਵਡਿਆਈਆ । ਲੋਕਮਾਤ ਬਣਾਇਆ ਸਾਕ, ਨਾਤਾ ਇਕੋ ਇਕ ਜੁੜਾਈਆ । ਸਚ ਸੁਣਾ ਆਪਣਾ ਵਾਕ, ਵਾਕਿਆ ਆਪਣਾ ਦਏ ਜਣਾਈਆ । ਮੈਂ ਚਲ ਕੇ ਆਇਆ ਦਾਸ, ਬਣ ਸੇਵਕ ਸੇਵ ਕਮਾਈਆ । ਜਨ ਭਗਤੇ ਮੈਨੂੰ ਰੱਖੋ ਪਾਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਇਕ ਰਿਹਾ ਜਣਾਈਆ । ਭਗਤ ਕਹਿਣ ਆ ਸਚ ਮੀਤ, ਤੇਰਾ ਰਾਹ ਤਕਾਈਆ । ਹੰ ਬ੍ਰਹਮ ਰਿਹਾ ਉਡੀਕ, ਨੈਣ ਨੈਣ ਉਠਾਈਆ । ਸੋ ਪੁਰਖ ਨਿਰੰਜਣ ਕਵਣ ਵੇਲਾ ਕਰੇ ਪ੍ਰੀਤ, ਪ੍ਰੀਤੀਵਾਨ ਦਇਆ ਕਮਾਈਆ । ਸਾਡਾ ਅੰਦਰ ਬਾਹਰ ਹੋਏ ਠੰਡਾ ਸੀਤਾ, ਅਗਨੀ ਤੱਤ ਨਾ ਲਾਗੇ ਰਾਈਆ । ਇਕੋ ਢੋਲਾ ਗਾਏ ਗੀਤ, ਘਰ ਸਾਚੇ ਵੱਜੇ ਵਧਾਈਆ । ਕਾਇਆ ਮੰਦਰ ਅੰਦਰ ਨਜ਼ਰ ਆਏ ਮੰਦਰ ਮਸੀਤ, ਗੁਰਦਵਾਰੇ ਗੁਰ ਬੈਠਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੋਹਾਂ ਵਚੋਲਾ ਜਾਣਾ ਬਣ, ਤੇਰੀ ਆਸ ਰਖਾਈਆ । ਭਗਵਾਨ ਕਹੇ ਮੈਂ ਭਗਤ ਵਚੋਲਾ, ਜੁਗ ਜੁਗ ਸੇਵ ਕਮਾਇੰਦਾ । ਸ਼ਬਦ ਕਹੇ ਮੈਂ ਧੁਰ ਦਾ ਢੋਲਾ, ਸ੍ਰੀ ਭਗਵਾਨ ਰਾਗ ਅਲਾਇੰਦਾ । ਭਗਤ ਕਹੇ ਮੇਰਾ ਪੜਦਾ ਉਹਲਾ, ਬਿਨ ਤੁਧ ਨਾ ਕੋਇ ਚੁਕਾਇੰਦਾ । ਸ਼ਬਦ ਕਹੇ ਮੇਰਾ ਕੰਮ ਨਾ ਆਵੇ ਰੌਲਾ, ਤੁਧ ਬਿਨ ਸਾਰ ਕੋਇ ਨਾ ਪਾਇੰਦਾ । ਸ੍ਰੀ ਭਗਵਾਨ ਕਹੇ ਮੈਂ ਦੋਹਾਂ ਦਾ ਇਕੋ ਮੌਲਾ, ਨਿਰਗੁਣ ਆਪਣਾ ਆਸਣ ਲਾਇੰਦਾ । ਦਰ ਦਵਾਰ ਕਰੋ ਕੌਲਾ, ਕਰਨੀ ਕਰਤਾ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਨੇਹੁੜਾ ਇਕੋ ਇਕ ਜਣਾਇੰਦਾ । ਸਾਚਾ ਕੌਲ ਕਰਨ ਇਕਰਾਰ, ਦਰਗਹਿ ਸਾਚੀ ਸੀਸ ਨਿਵਾਈਆ । ਸ਼ਬਦ ਭਗਤ ਦਾ ਬਣੇ ਪਿਆਰ, ਬ੍ਰਹਮ ਪਾਰਬ੍ਰਹਮ ਸਮਾਈਆ । ਸਤਿਜੁਗ ਸਾਚੀ ਚਲੇ ਧਾਰ,


੧੦੪੦
੧੩

ਧਰਨੀ ਧਰਤ ਧਵਲ ਵਡਿਆਈਆ । ਨਜ਼ਰੀ ਆਏ ਇਕ ਦਵਾਰ, ਮਿਹਰ ਨਜ਼ਰ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਦਹਾਰਾ ਸਾਚਾ ਵਰ, ਜਨ ਭਗਤਾਂ ਦੇਵੇ ਮਾਣ ਵਡਿਆਈਆ । ਮਾਣ ਵਡਿਆਈ ਸਤਿਜੁਗ ਰੰਗ, ਹਰਿ ਸਾਚਾ ਆਪ ਰੰਗਾਇੰਦਾ । ਬਿਨ ਮੰਗਿਆ ਝੋਲੀ ਪਾਏ ਮੰਗ, ਵਸਤ ਅਮੋਲਕ ਆਪ ਵਰਤਾਇੰਦਾ । ਸਾਚੀ ਸੇਜਾ ਸੋਹੇ ਪਲੰਘ, ਸਿੰਘਾਸਣ ਇਕੋ ਇਕ ਵਖਾਇੰਦਾ । ਆਤਮ ਪਰਮਾਤਮ ਆਏ ਅਨੰਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਸਾਚਾ ਦਾਨ, ਦਾਤਾ ਦਾਨੀ ਦਇਆ ਕਮਾਇੰਦਾ ।

ਹਰਿ ਸੰਗਤ ਤੇਰੀ ਪੂਰੀ ਘਾਲ, ਸਾਹਿਬ ਸਤਿਗੁਰ ਲੇਖੇ ਲਾਈਆ । ਪਾਰ ਉਤਾਰੇ ਬਿਰਧ ਬਾਲ, ਨੌਜਵਾਨ ਦਏ ਵਡਿਆਈਆ । ਅੰਤ ਪੋਹ ਨਾ ਸਕੇ ਕਾਲ, ਜੋ ਜਨ ਚਰਨਾਂ ਸੀਸ ਨਿਵਾਈਆ । ਸਚਖੰਡ ਵਖਾਏ ਸੱਚੀ ਧਰਮਸਾਲ, ਧਰਮ ਦਵਾਰੇ ਆਪ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਦਏ ਵਡਿਆਈਆ । ਹਰਿ ਸੰਗਤ ਤੇਰਾ ਸੱਚਾ ਰੂਪ, ਸਤਿਗੁਰ ਵਿਚ ਸਮਾਇੰਦਾ । ਸਤਿਗੁਰ ਵੇਖੇ ਚਾਰੇ ਕੂਟ, ਦਹਿ ਦਿਸ਼ਾ ਖੋਜ ਖੁਜਾਇੰਦਾ । ਦਹਿ ਦਿਸ਼ਾ ਨਾਤਾ ਜੂਠ ਝੂਠ, ਗੁਰਮੁਖ ਵਿਰਲਾ ਨਜ਼ਰੀ ਆਇੰਦਾ । ਬਿਨ ਹਰਿ ਨਾਮੇ ਖ਼ਾਲੀ ਦਿਸਣ ਕਲਬੂਤ, ਪੰਜ ਤੱਤ ਪੰਚ ਵਿਕਾਰਾ ਸਰਬ ਕੁਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਮਾਣ ਰਖਾਇੰਦਾ । ਹਰਿ ਸੰਗਤ ਵੇਖੇ ਬਾਲੇ ਨੱਢੇ, ਦੇਵਣਹਾਰ ਵਡਿਆਈਆ । ਲੱਖ ਚੁਰਾਸੀ ਵਿਚੋਂ ਕੱਢੇ, ਇਕੋ ਪ੍ਰੀਤੀ ਜਣਾਈਆ । ਪਰੇਮ ਪ੍ਰੀਤੀ ਅੰਦਰ ਬੱਧੇ, ਦਿਵਸ ਰੈਣ ਰੰਗ ਰੰਗਾਈਆ । ਢੋਲੇ ਗੌਂਦੇ ਸੋਹੰ ਛੰਦੇ, ਗੀਤ ਗੋਬਿੰਦ ਅਲਾਈਆ । ਬਾਹਰੋਂ ਦਿਸਣ ਮਨੁੱਖ ਬੰਦੇ, ਅੰਦਰ ਮਿਲਿਆ ਪ੍ਰਭ ਬੇਪਰਵਾਹੀਆ । ਹਰਿ ਸੰਗਤ ਤੇਰੀ ਪ੍ਰੀਤੀ ਹਰਿ ਸਤਿਗੁਰ ਨਾਲ ਹੰਢੇ, ਅਧਵਿਚਕਾਰ ਨਾ ਕੋਇ ਤੁੜਾਈਆ । ਗੁਰਮੁਖ ਸੱਚੇ ਸੀਨੇ ਰਹਿਣ ਠੰਡੇ ਤੱਤੀ ਵਾ ਨਾ ਲਾਗੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਦੇਵੇ ਮਾਣ ਵਡਿਆਈਆ । ਹਰਿ ਸੰਗਤ ਤੇਰਾ ਸਚ ਪਿਆਰ, ਪਿਆਰ ਪਿਆਰ ਵਿਚੋਂ ਪਰਗਟਾਇੰਦਾ । ਹਰਿ ਸੰਗਤ ਤੇਰਾ ਸਚ ਦੀਦਾਰ, ਸਤਿਗੁਰ ਵੇਖ ਵੇਖ ਬਿਗਸਾਇੰਦਾ । ਹਰਿ ਸੰਗਤ ਤੇਰਾ ਸਚ ਵਿਹਾਰ, ਸਤਿ ਸਤਿਵਾਦੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰਵਾਨ ਮੇਲਾ ਆਪ ਮਿਲਾਇੰਦਾ । ਹਰਿ ਸੰਗਤ ਤੁਹਾਨੂੰ ਦਿਤਾ ਦੁੱਖ, ਦਿਵਸ ਰੈਣ ਜਗਾਈਆ । ਕਿਉਂ, ਪ੍ਰਭ ਵੇਖ ਕੇ ਖ਼ੁਸ਼ ਹੋਵੇ ਤੁਹਾਡਾ ਮੁਖ, ਲੱਖ ਚੁਰਾਸੀ ਧੱਕਾ ਲਾਈਆ । ਨਿਰਗੁਣ ਬਦਲਿਆ ਆਪਣਾ ਰੁਖ਼, ਨਜ਼ਰ ਕਿਸੇ ਨਾ ਆਈਆ । ਕੋਝੇ ਕਮਲੇ ਗ਼ਰੀਬ ਨਿਮਾਣੇ ਗੋਦੀ ਲਏ ਚੁੱਕ, ਚੁੱਕ ਚੁੱਕ ਖ਼ੁਸ਼ੀ ਮਨਾਈਆ । ਜੇ ਕੋਈ ਬਾਹਰੋਂ ਲਏ ਪੁੱਛ, ਹਰਿ ਕਾ ਭੇਵ ਦੱਸ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ ਕੋਲੋਂ ਆਪਣੀ ਭੁੱਲ ਬਖ਼ਸ਼ਾਈਆ । ਜਨ ਭਗਤ ਭੁੱਲ ਕਰੋ ਮੁਆਫ਼, ਸ੍ਰੀ ਭਗਵਾਨ ਮੰਗ ਮੰਗਾਇੰਦਾ । ਪਾਰਬ੍ਰਹਮ ਸਦਾ ਗੁਸਤਾਖ਼, ਜੁਗ ਜੁਗ ਗੇੜ ਭਵਾਇੰਦਾ । ਨਿਤ ਨਵਿਤ ਜਨ ਭਗਤਾਂ ਧੂੜੀ ਮੰਗੇ ਖ਼ਾਕ, ਆਪਣੇ ਮਸਤਕ ਲਾਇੰਦਾ । ਆਪ ਹੋਏ ਅਨਾਥਾਂ

ਨਾਥ, ਜਨ ਭਗਤਾਂ ਮਾਣ ਦਿਵਾਇੰਦਾ । ਆਪਣੇ ਰੱਖੇ ਖ਼ਾਲੀ ਹਾਥ, ਗੁਰਮੁਖਾਂ ਭੰਡਾਰੇ ਆਪ ਭਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇੰਦਾ । ਜਨ ਭਗਤੋ ਪਿਛਲਾ ਬਖ਼ਸ਼ੇ ਕਸੂਰ, ਬੇਪਰਵਾਹ ਮੰਗ ਮੰਗਾਈਆ । ਜਨਮ ਜਨਮ ਦਾ ਤੁਟਾ ਗ਼ਰੂਰ, ਗ਼ੁਰਬਤ ਕੋਇ ਰਹਿਣ ਨਾ ਪਾਈਆ । ਕਲਜੁਗ ਅੰਤਮ ਮਿਲਿਆ ਜ਼ਰੂਰ, ਜ਼ਰੂਰਤ ਸਭ ਦੀ ਪੂਰ ਕਰਾਈਆ । ਭਗਤਨ ਵਿਚ ਰਿਹਾ ਭਰਪੂਰ, ਆਪ ਆਪਣਾ ਆਪ ਤਜਾਈਆ । ਇਕੋ ਕਰ ਕੇ ਜੋਤੀ ਨੂਰ, ਨੂਰ ਨੂਰ ਨਾਲ ਮਿਲਾਈਆ । ਜਨ ਭਗਤਾਂ ਵੇਖੇ ਹਾਜ਼ਰ ਹਜ਼ੂਰ, ਆਪਣੀ ਹਾਜ਼ਰੀ ਭਗਤ ਦਵਾਰ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵਣਹਾਰ ਵਡਿਆਈਆ । ਭਗਤ ਜਨੋ ਪਿਛਲੀ ਭੁੱਲ, ਭੁੱਲ ਨਾ ਕੋਇ ਰਖਾਈਆ । ਸਾਹਿਬ ਸੱਚੇ ਦੀ ਤੁਸੀਂ ਕੁਲ, ਕੁਲਵੰਤਾ ਹੋਏ ਸਹਾਈਆ । ਅੰਤਮ ਪਾਏ ਕੀਮਤ ਮੁੱਲ, ਕਰਤਾ ਆਪ ਚੁਕਾਈਆ । ਲੋਕਮਾਤ ਰਹਿਣਾ ਅਡੋਲ, ਸਕੇ ਨਾ ਕੋਇ ਡੁਲਾਈਆ । ਤੁਹਾਡੇ ਅੰਦਰ ਰੱਖੀ ਵਸਤ ਅਨਮੋਲ, ਸੋ ਪੁਰਖ ਨਿਰੰਜਣ ਆਪ ਵਰਤਾਈਆ । ਹੰ ਬ੍ਰਹਮ ਅਤੁਲ ਅਤੋਲ, ਕੰਡਾ ਆਪਣੇ ਹੱਥ ਰਖਾਈਆ । ਹੋ ਨਿਮਾਣਾ ਅੰਦਰ ਗਿਆ ਮੌਲ, ਰੂਪ ਰੰਗ ਰੇਖ ਨਾ ਕੋਇ ਜਣਾਈਆ । ਤੁਹਾਡਾ ਕਰੇ ਭਾਰ ਹੌਲ, ਸਿਰ ਆਪਣੇ ਆਪ ਉਠਾਈਆ । ਗੋਬਿੰਦ ਨਾਲ ਕੀਤਾ ਕੌਲ, ਕਲਜੁਗ ਅੰਤਮ ਪੂਰ ਕਰਾਈਆ । ਸੰਬਲ ਨਗਰ ਨਜ਼ਰ ਨਾ ਆਏ ਉਪਰ ਧੌਲ, ਧਰਨੀ ਮਿਲੇ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤ ਭਗਵਾਨ ਭਗਵਾਨ ਭਗਤ ਦੋਹਾਂ ਦਾ ਇਕੋ ਘਰ ਵਖਾਈਆ । ਪੂਨਾ ਸੰਗਤ ਪੁਨਹਿ ਪਰਨਾਮ, ਪਰਮ ਪਰਮ ਵਡਿਆਈਆ । ਪ੍ਰੀਤਮ ਪ੍ਰੀਤਮ ਪੂਰਾ ਕਾਮ, ਪੁਰਖ ਪੁਰਖ ਸ਼ਨਵਾਈਆ । ਸ਼ਬਦ ਸ਼ਬਦ ਮਿਲੇ ਦਾਨ, ਭਗਤ ਭਗਤ ਸਮਝਾਈਆ । ਗੁਰਮੁਖ ਗੁਰਸਿਖ ਸਦਾ ਬਾਲ ਅਵਾਣ, ਪਿਤਾ ਪੁਰਖ ਵੇਖੇ ਚਾਈਂ ਚਾਈਂਆ । ਸਭ ਦਾ ਲੇਖਾ ਹੋਇਆ ਪਰਵਾਨ, ਦਰ ਮਿਲੇ ਮਾਣ ਵਡਿਆਈਆ । ਜਿਸ ਜਨ ਸੋਹੰ ਢੋਲਾ ਗਾਇਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤਿਸ ਆਪਣੀ ਗੋਦ ਬਹਾਈਆ । ਸੰਮਤ ਵੀਹ ਸੌ ਉਨੀ ਦਾ ਰਹੇ ਨਿਸ਼ਾਨ, ਸਚ ਨਿਸ਼ਾਨਾ ਆਪ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਭਗਤ ਭਗਵੰਤ ਬੰਨ੍ਹੇ ਲੜ, ਜੜ ਆਪਣੀ ਹੱਥੀਂ ਲਾਈਆ । ਹਾਰ ਕਹਿਣ ਅਸੀਂ ਫੁਲ ਡਾਲੀ ਪੱਤ, ਪਤਿਪਰਮੇਸ਼ਵਰ ਤੇਰਾ ਧਿਆਨ ਲਗਾਈਆ । ਬਨਾਸਪਤ ਦੇ ਬ੍ਰਹਮ ਮਤ, ਅਗਿਆਨ ਅੰਧੇਰ ਚੁਕਾਈਆ । ਹਰਿ ਸੰਗਤ ਰੱਖ ਸਿਰ ਦੇ ਹੱਥ, ਮਿਹਰ ਨਜ਼ਰ ਉਠਾਈਆ । ਤੇਰੀ ਮਹਿਮਾਂ ਗਾਇਣ ਪੁਰਖ ਸਮਰਥ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਅਸੀਂ ਰਲ ਕੇ ਨਾਲ ਪਈਏ ਵਸ, ਘਰ ਇਕੋ ਨਜ਼ਰੀ ਆਈਆ । ਚਰਨ ਕਵਲ ਸਰਨਾਈ ਢੱਠ, ਆਪਣੀ ਖ਼ੁਸ਼ੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਤੇਰਾ ਸੱਥਰ ਲਈਏ ਘਤ, ਦੂਜੀ ਸੇਜ ਨਾ ਕੋਇ ਹੰਢਾਈਆ । ਫੁੱਲ ਕਹਿਣ ਕਲੀ ਕਲੀ ਕਲ ਬਣਿਆ ਹਾਰ, ਕਲਜੁਗ ਮਿਲੀ ਵਡਿਆਈਆ । ਭਗਤਾਂ ਕੀਤਾ ਸਚ ਪਿਆਰ, ਹਰਿ ਸੰਗਤ ਰੂਪ ਵਟਾਈਆ । ਹਰਿ ਸੰਗਤ ਪਿਛੇ ਅਸਾਂ ਕੀਤਾ ਤੇਰਾ ਦੀਦਾਰ, ਨੇਤਰ ਨੈਣ ਖ਼ੁਸ਼ੀ ਮਨਾਈਆ । ਬਖ਼ਸ਼ਣਹਾਰੇ ਬਖ਼ਸ਼ ਸਚ ਪਿਆਰ, ਪਰੇਮ ਪ੍ਰੀਤੀ ਇਕ ਸਮਝਾਈਆ । ਹਰਿ ਸੰਗਤ ਤੇਰੇ ਗਲ ਦਾ ਬਣ ਜਾਏ ਹਾਰ, ਆਪਣਾ ਮਾਣ ਤਾਣ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਵੇ ਸੱਚਾ ਵਰ,

ਭੂਲਣਹਾਰ ਹਰਿ ਸੰਗਤ ਅੰਤਰ ਆਤਮ ਪਿਆਰ, ਦੋ ਜਹਾਨ ਵਿਛੋੜਾ ਕੋਇ ਰਹਿਣ ਨਾ ਪਾਈਆ ।

ਪੂਨੇ ਦੀ ਹਰਿ ਸੰਗਤ ਨਿਸ਼ਾਨੀ, ਸਤਿਗੁਰ ਪੁਰਖ ਮਨਾਇਆ । ਸ੍ਰਿਸ਼ਟ ਸਬਾਈ ਦਿਸੇ ਫ਼ਾਨੀ, ਬਿਨ ਸਤਿਗੁਰ ਲੇਖ ਕੰਮ ਕੋਇ ਨਾ ਆਇਆ । ਅੰਤਮ ਕੀਮਤ ਪਏ ਨਾ ਪੈਸਾ ਧੇਲਾ ਦਵਾਨੀ, ਜਨ ਭਗਤਾਂ ਹਰਿ ਜੂ ਆਪਣੇ ਕੰਧ ਉਠਾਇਆ । ਚਰਨ ਕਵਲ ਦੇ ਧਿਆਨੀ, ਰਾਏ ਧਰਮ ਫੰਦ ਕਟਾਇਆ । ਸਚ ਦਰਬਾਰ ਰਹੇ ਸਚ ਨਿਸ਼ਾਨੀ, ਸਤਿਜੁਗ ਸਾਚਾ ਮਾਣ ਦਿਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਦਰ ਦਏ ਵਸਾਇਆ ।

❇ ❇ ❇ ❇ ❇